☆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ☆

# ਨਿਹਕਲੰਕ ਹਰਿਸ਼ਬਦ ਭੰਡਾਰ

## ਗਿਆਰਵਾਂ ਭਾਗ

http://nehklankharshabad.com/

## ਤਤਕਰਾ





| ਮਿਤੀ-ਸੰਮਤ | ਨਾਮ | ਸਥਾਨ | ਪੰਨਾ ਨੰ: |
|---|---|---|---|
| ੦੧ ਮੱਘਰ ੨੦੧੮ ਬਿਕ੍ਰਮੀ | ਜੇਠੂਵਾਲ ਦਰਬਾਰ | ਜੇਠੂਵਾਲ ਅੰਮ੍ਰਿਤਸਰ | ੦੦੧ |
| ੦੨ ਮੱਘਰ ੨੦੧੮ ਬਿਕ੍ਰਮੀ | ਜੇਠੂਵਾਲ ਦਰਬਾਰ | ਜੇਠੂਵਾਲ ਅੰਮ੍ਰਿਤਸਰ | ੦੧੯ |
| ੦੩ ਮੱਘਰ ੨੦੧੮ ਬਿਕ੍ਰਮੀ | ਜੇਠੂਵਾਲ ਦਰਬਾਰ | ਜੇਠੂਵਾਲ ਅੰਮ੍ਰਿਤਸਰ | ੦੨੮ |
| ੦੬ ਮੱਘਰ ੨੦੧੮ ਬਿਕ੍ਰਮੀ | ਜੇਠੂਵਾਲ ਦਰਬਾਰ | ਜੇਠੂਵਾਲ ਅੰਮ੍ਰਿਤਸਰ | ੦੪੦ |
| ੦੭ ਮੱਘਰ ੨੦੧੮ ਬਿਕ੍ਰਮੀ | ਪ੍ਰੀਤਮ ਸਿੰਘ ਦੇ ਨਵਿਤ | ਜੇਠੂਵਾਲ ਦਰਬਾਰ ਅੰਮ੍ਰਿਤਸਰ | ੦੫੪ |
| ੦੮ ਮੱਘਰ ੨੦੧੮ ਬਿਕ੍ਰਮੀ | ਗੁਰਬਖ਼ਸ਼ ਸਿੰਘ ਦੇ ਨਵਿਤ | ਜੇਠੂਵਾਲ ਦਰਬਾਰ ਅੰਮ੍ਰਿਤਸਰ | ੦੫੯ |
| ੦੯ ਮੱਘਰ ੨੦੧੮ ਬਿਕ੍ਰਮੀ | ਬੂੜ ਸਿੰਘ ਭਗਵਾਨ ਸਿੰਘ | ਜੇਠੂਵਾਲ ਦਰਬਾਰ ਅੰਮ੍ਰਿਤਸਰ | ੦੬੮ |
| ੧੦ ਮੱਘਰ ੨੦੧੮ ਬਿਕ੍ਰਮੀ | | ਜੇਠੂਵਾਲ ਦਰਬਾਰ ਅੰਮ੍ਰਿਤਸਰ | ੦੭੫ |
| ੧੧ ਮੱਘਰ ੨੦੧੮ ਬਿਕ੍ਰਮੀ | ਦੀਦਾਰ ਸਿੰਘ ਸੰਤਾ ਸਿੰਘ ਬਾਬੂਪੁਰ | ਜੇਠੂਵਾਲ ਦਰਬਾਰ | ੦੮੩ |
| ੧੨ ਮੱਘਰ ੨੦੧੮ ਬਿਕ੍ਰਮੀ | ਹਜ਼ਾਰਾ ਸਿੰਘ ਪਿਆਰਾ ਸਿੰਘ | ਜੇਠੂਵਾਲ ਦਰਬਾਰ ਅੰਮ੍ਰਿਤਸਰ | ੦੮੭ |
| ੧੩ ਮੱਘਰ ੨੦੧੮ ਬਿਕ੍ਰਮੀ | ਦਲੀਪ ਸਿੰਘ ਬਾਬੂ ਪੁਰਾ | ਜੇਠੂਵਾਲ ਦਰਬਾਰ ਅੰਮ੍ਰਿਤਸਰ | ੦੯੪ |
| ੧੪ ਮੱਘਰ ੨੦੧੮ ਬਿਕ੍ਰਮੀ | ਦਲੀਪ ਸਿੰਘ ਬਾਬੂ ਪੁਰਾ | ਜੇਠੂਵਾਲ ਦਰਬਾਰ ਅੰਮ੍ਰਿਤਸਰ | ੧੦੮ |
| ੧੫ ਮੱਘਰ ੨੦੧੮ ਬਿਕ੍ਰਮੀ | ਭਾਗ ਸਿੰਘ ਬਾਬੂ ਪੁਰਾ | ਜੇਠੂਵਾਲ ਦਰਬਾਰ ਅੰਮ੍ਰਿਤਸਰ | ੧੧੫ |
| ੧੬ ਮੱਘਰ ੨੦੧੮ ਬਿਕ੍ਰਮੀ | ਵਿਰਸਾ ਸਿੰਘ ਪਿਰਤਾ ਸਿੰਘ ਬਾਬੂ ਪੁਰਾ | ਜੇਠੂਵਾਲ ਦਰਬਾਰ | ੧੧੭ |
| ੧੭ ਮੱਘਰ ੨੦੧੮ ਬਿਕ੍ਰਮੀ | ਕਰਤਾਰ ਕੌਰ ਬਲਵੰਤ ਕੌਰ ਬਾਬੂ ਪੁਰਾ | ਜੇਠੂਵਾਲ ਦਰਬਾਰ | ੧੨੬ |
| ੧੮ ਮੱਘਰ ੨੦੧੮ ਬਿਕ੍ਰਮੀ | ਬਚਨ ਸਿੰਘ ਬਾਵਾ ਸਿੰਘ ਬਾਬੂ ਪੁਰਾ | ਜੇਠੂਵਾਲ ਦਰਬਾਰ | ੧੩੦ |
| | ਆਤਮਾ ਸਿੰਘ ਦੇ ਨਵਿਤ | | ੧੩੩ |
| ੧੯ ਮੱਘਰ ੨੦੧੮ ਬਿਕ੍ਰਮੀ | ਕਿਸ਼ਨ ਸਿੰਘ ਅੱਲੜਪਿੰਡੀ ਦੇ ਨਵਿਤ | ਜੇਠੂਵਾਲ ਦਰਬਾਰ | ੧੩੪ |
| ੨੦ ਮੱਘਰ ੨੦੧੮ ਬਿਕ੍ਰਮੀ | ਰਵੇਲ ਕੌਰ ਸਵਰਨ ਕੌਰ ਬਾਬੂ ਪੁਰਾ | ਜੇਠੂਵਾਲ ਦਰਬਾਰ | ੧੪੬ |
| ੨੧ ਮੱਘਰ ੨੦੧੮ ਬਿਕ੍ਰਮੀ | ਬਖਸ਼ੀਸ ਸਿੰਘ ਬਚਨ ਸਿੰਘ ਅਜੀਤ ਸਿੰਘ | ਜੇਠੂਵਾਲ ਦਰਬਾਰ | ੧੫੮ |







1
੧੧





੨੨ ਮੱਘਰ ੨੦੧੮ ਬਿਕ੍ਰਮੀ ਛਾਹਣੀ, ਮਹਿੰਦਰ ਸਿੰਘ ਦੇ ਨਵਿਤ ਜੇਠੂਵਾਲ ਦਰਬਾਰ ੧੬੩

੨੩ ਮੱਘਰ ੨੦੧੮ ਬਿਕ੍ਰਮੀ ਸੁਰਜਨ ਸਿੰਘ ਲਾਲ ਸਿੰਘ ਦੇ ਨਵਿਤ ਜੇਠੂਵਾਲ ਦਰਬਾਰ ੧੭੫

੨੪ ਮੱਘਰ ੨੦੧੮ ਬਿਕ੍ਰਮੀ ਕੁੰਦਨ ਸਿੰਘ ਪ੍ਰੀਤਮ ਸਿੰਘ ਦੇ ਨਵਿਤ ਜੇਠੂਵਾਲ ਦਰਬਾਰ ੧੮੨

੨੫ ਮੱਘਰ ੨੦੧੮ ਬਿਕ੍ਰਮੀ ਠਾਕਰ ਸਿੰਘ ਦੇ ਨਵਿਤ ਜੇਠੂਵਾਲ ਦਰਬਾਰ ੧੯੫

੨੬ ਮੱਘਰ ੨੦੧੮ ਬਿਕ੍ਰਮੀ ਮਨੀ ਰਾਮ ਹਰਬੰਸ ਸਿੰਘ ਦੇ ਨਵਿਤ ਜੇਠੂਵਾਲ ਦਰਬਾਰ ੧੯੮

੨੭ ਮੱਘਰ ੨੦੧੮ ਬਿਕ੍ਰਮੀ ਸੋਹਣ ਸਿੰਘ ਮਹਿੰਦਰ ਸਿੰਘ ਦੇ ਨਵਿਤ ਜੇਠੂਵਾਲ ਦਰਬਾਰ ੨੦੪

੨੮ ਮੱਘਰ ੨੦੧੮ ਬਿਕ੍ਰਮੀ ਬਖਸ਼ੀਸ਼ ਸਿੰਘ ਦੇ ਨਵਿਤ ਦੇ ਨਵਿਤ ਜੇਠੂਵਾਲ ਦਰਬਾਰ ੨੦੯

੨੯ ਮੱਘਰ ੨੦੧੮ ਬਿਕ੍ਰਮੀ ਗਿਰਧਾਰਾ ਸਿੰਘ ਦੇ ਨਵਿਤ ਜੇਠੂਵਾਲ ਦਰਬਾਰ ਅੰਮ੍ਰਿਤਸਰ ੨੧੩

੦੧ ਪੋਹ ੨੦੧੮ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ਅੰਮ੍ਰਿਤਸਰ ੨੧੪

੦੩ ਪੋਹ ੨੦੧੮ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ਅੰਮ੍ਰਿਤਸਰ ੨੩੫

੨੫ ਪੋਹ ੨੦੧੮ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ਅੰਮ੍ਰਿਤਸਰ ੨੪੨

੨੬ ਪੋਹ ੨੦੧੮ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ਅੰਮ੍ਰਿਤਸਰ ੨੪੬

੨੮ ਪੋਹ ੨੦੧੮ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ਅੰਮ੍ਰਿਤਸਰ ੨੯੧

੦੧ ਮਾਘ ੨੦੧੮ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ਅੰਮ੍ਰਿਤਸਰ ੨੯੯

੦੪ ਮਾਘ ੨੦੧੮ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ਅੰਮ੍ਰਿਤਸਰ ੩੦੯

੦੬ ਮਾਘ ੨੦੧੮ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ ਮਾਂਗਾ ਸਰਾਏ ਅੰਮ੍ਰਿਤਸਰ ੩੧੭

੦੭ ਮਾਘ ੨੦੧੮ ਬਿਕ੍ਰਮੀ ਸੁਰਜਣ ਸਿੰਘ ਦੇ ਗ੍ਰਿਹਿ ਮਾਂਗਾ ਸਰਾਏ ਅੰਮ੍ਰਿਤਸਰ ੩੨੬

੦੭ ਮਾਘ ੨੦੧੮ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਿਹਿ ਮੈਣੀਆਂ ਅੰਮ੍ਰਿਤਸਰ ੩੩੧

੦੭ ਮਾਘ ੨੦੧੮ ਬਿਕ੍ਰਮੀ ਡਡਵਾਂ ਅੰਮ੍ਰਿਤਸਰ ੩੩੩

੦੮ ਮਾਘ ੨੦੧੮ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਿਹਿ ਸੋਹਲ ਗੁਰਦਾਸ ਪੁਰ ੩੪੭

੦੮ ਮਾਘ ੨੦੧੮ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹਿ ਨਇਆਸਾਲਾ ਗੁਰਦਾਸ ਪੁਰ ੩੫੪

੦੯ ਮਾਘ ੨੦੧੮ ਬਿਕ੍ਰਮੀ ਮਹਿੰਦਰ ਸਿੰਘ ਗੁਰਬਚਨ ਸਿੰਘ ਦੇ ਗ੍ਰਿਹਿ ਨਇਆ ਸਾਲਾ ੩੬੯







2 ੧੧




| | | | | | | |
|---|---|---|---|---|---|---|
| ੦੯ ਮਾਘ ੨੦੧੮ ਬਿਕ੍ਰਮੀ | ਗੁਰਬਚਨ ਸਿੰਘ ਦੇ ਗ੍ਰਹਿ | ਕਤੋਵਾਲ | ਗੁਰਦਾਸਪੁਰ | ੩੭੪ |
| ੧੦ ਮਾਘ ੨੦੧੮ ਬਿਕ੍ਰਮੀ | ਜਸਵੰਤ ਸਿੰਘ ਦੇ ਗ੍ਰਹਿ | ਨਵਾਂ ਪਿਡ | ਗੁਰਦਾਸਪੁਰ | ੩੮੪ |
| ੧੦ ਮਾਘ ੨੦੧੮ ਬਿਕ੍ਰਮੀ | ਚਰਨ ਸਿੰਘ ਦੇ ਗ੍ਰਹਿ | ਨਵਾਂ ਪਿੰਡ | ਗੁਰਦਾਸਪੁਰ | ੩੮੯ |
| ੧੦ ਮਾਘ ੨੦੧੮ ਬਿਕ੍ਰਮੀ | ਦਰਸ਼ਨ ਸਿੰਘ ਦੇ ਗ੍ਰਹਿ | ਮਹਰਾਜ ਪੁਰ | ਗੁਰਦਾਸਪੁਰ | ੩੯੦ |
| ੧੧ ਮਾਘ ੨੦੧੮ ਬਿਕ੍ਰਮੀ | ਕਰਮ ਸਿੰਘ ਦੇ ਗ੍ਰਹਿ | ਸਦਾ | ਗੁਰਦਾਸਪੁਰ | ੪੦੧ |
| ੧੧ ਮਾਘ ੨੦੧੮ ਬਿਕ੍ਰਮੀ | ਬੂੜ ਸਿੰਘ ਦੇ ਗ੍ਰਹਿ | ਵਜੀਰ ਪੁਰ | ਗੁਰਦਾਸਪੁਰ | ੪੦੪ |
| ੧੧ ਮਾਘ ੨੦੧੮ ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਹਿ | ਬਾਬੂ ਪੁਰ | ਗੁਰਦਾਸਪੁਰ | ੪੦੭ |
| ੧੨ ਮਾਘ ੨੦੧੮ ਬਿਕ੍ਰਮੀ | ਸੰਤ ਸਿੰਘ ਦੇ ਗ੍ਰਹਿ | ਬਾਬੂ ਪੁਰ | ਗੁਰਦਾਸਪੁਰ | ੪੧੮ |
| ੧੨ ਮਾਘ ੨੦੧੮ ਬਿਕ੍ਰਮੀ | ਦੀਦਾਰ ਸਿੰਘ ਦੇ ਗ੍ਰਹਿ | ਬਾਬੂ ਪੁਰ | ਗੁਰਦਾਸਪੁਰ | ੪੨੦ |
| ੧੨ ਮਾਘ ੨੦੧੮ ਬਿਕ੍ਰਮੀ | ਮਨਸਾ ਸਿੰਘ ਮੇਲਾ ਸਿੰਘ | ਬਾਬੂ ਪੁਰ | ਗੁਰਦਾਸਪੁਰ | ੪੨੯ |
| ੧੩ ਮਾਘ ੨੦੧੮ ਬਿਕ੍ਰਮੀ | ਕਿਸਨ ਸਿੰਘ ਦੇ ਗ੍ਰਹਿ | ਅੱਲੜ ਪਿੰਡੀ | ਗੁਰਦਾਸਪੁਰ | ੪੩੩ |
| ੧੩ ਮਾਘ ੨੦੧੮ ਬਿਕ੍ਰਮੀ | ਅੱਛਰ ਸਿੰਘ ਦੇ ਗ੍ਰਹਿ | ਅੱਲੜ ਪਿੰਡੀ | ਗੁਰਦਾਸਪੁਰ | ੪੪੦ |
| ੧੩ ਮਾਘ ੨੦੧੮ ਬਿਕ੍ਰਮੀ | ਬੀਬੀ ਦੀਪੋ ਦੇ ਗ੍ਰਹਿ | ਦੋਸਤ ਪੁਰਾ | ਗੁਰਦਾਸਪੁਰ | ੪੪੩ |
| ੧੩ ਮਾਘ ੨੦੧੮ ਬਿਕ੍ਰਮੀ | ਗੁਰਮੁਖ ਸਿੰਘ ਦੇ ਗ੍ਰਹਿ | ਸ਼ੋਨ | ਗੁਰਦਾਸਪੁਰ | ੪੪੪ |
| ੧੪ ਮਾਘ ੨੦੧੮ ਬਿਕ੍ਰਮੀ | ਦੇਵ ਸਿੰਘ ਦੇ ਗ੍ਰਹਿ | ਸ਼ੋਨ | ਗੁਰਦਾਸਪੁਰ | ੪੫੨ |
| ੧੪ ਮਾਘ ੨੦੧੮ ਬਿਕ੍ਰਮੀ | ਪਿਰਤਾ ਸਿੰਘ ਦੇ ਗ੍ਰਹਿ | ਕਲਾਨੋਰ | ਗੁਰਦਾਸਪੁਰ | ੪੫੭ |
| ੧੫ ਮਾਘ ੨੦੧੮ ਬਿਕ੍ਰਮੀ | ਪਿਰਤਾ ਸਿੰਘ ਦੇ ਗ੍ਰਹਿ | ਕਲਾਨੋਰ | ਗੁਰਦਾਸਪੁਰ | ੪੬੮ |
| ੧੫ ਮਾਘ ੨੦੧੮ ਬਿਕ੍ਰਮੀ | ਸਵਰਨ ਸਿੰਘ ਦੇ ਗ੍ਰਹਿ | ਹਜਾਤ ਪੁਰਾ | ਗੁਰਦਾਸਪੁਰ | ੪੭੪ |
| ੧੫ ਮਾਘ ੨੦੧੮ ਬਿਕ੍ਰਮੀ | ਚੇਲਾ ਸਿੰਘ ਦੇ ਗ੍ਰਹਿ | ਜੰਮੂ | ਜੰਮੂ | ੪੭੭ |
| ੧੬ ਮਾਘ ੨੦੧੮ ਬਿਕ੍ਰਮੀ | ਅਮਰੋ ਦੇਵੀ ਦੇ ਗ੍ਰਹਿ | ਜੰਮੂ | ਜੰਮੂ | ੪੮੭ |
| ੧੬ ਮਾਘ ੨੦੧੮ ਬਿਕ੍ਰਮੀ | ਤੇਜ ਭਾਨ ਦੇ ਗ੍ਰਹਿ | ਸੇਖ ਸਰ | ਜੰਮੂ | ੪੯੦ |
| ੧੭ ਮਾਘ ੨੦੧੮ ਬਿਕ੍ਰਮੀ | ਤੇਜ ਭਾਨ ਦੇ ਗ੍ਰਹਿ | ਸੇਖ ਸਰ | ਜੰਮੂ | ੪੯੯ |





3
੧੧




| | | | | |
|---|---|---|---|---|
| ੧੭ ਮਾਘ ੨੦੧੮ ਬਿਕ੍ਰਮੀ | | ਸਰਦਾਰੀ | ਜੰਮੂ | ੫੦੩ |
| ੧੭ ਮਾਘ ੨੦੧੮ ਬਿਕ੍ਰਮੀ | | ਸੇਖ਼ਸਰ | ਜੰਮੂ | ੫੦੮ |
| ੧੭ ਮਾਘ ੨੦੧੮ ਬਿਕ੍ਰਮੀ | ਤੇਜ ਭਾਨ ਦੇ ਗ੍ਰਿਹਿ | ਸੇਖ਼ਸਰ | ਜੰਮੂ | ੫੦੯ |
| ੧੮ ਮਾਘ ੨੦੧੮ ਬਿਕ੍ਰਮੀ | ਗੁੜ੍ਹ ਰਾਮ ਦੇ ਗ੍ਰਿਹਿ | ਸ਼ੇਖਸ਼ਰ | ਜੰਮੂ | ੫੧੪ |
| ੧੮ ਮਾਘ ੨੦੧੮ ਬਿਕ੍ਰਮੀ | ਸਿਵ ਸਿੰਘ ਦੇ ਗ੍ਰਿਹਿ | ਸੇਖ਼ਸਰ | ਜੰਮੂ | ੫੧੭ |
| ੧੮ ਮਾਘ ੨੦੧੮ ਬਿਕ੍ਰਮੀ | ਫਰੰਗੀ ਰਾਮ ਦੇ ਗ੍ਰਿਹਿ | | ਜੰਮੂ | ੫੨੨ |
| ੧੮ ਮਾਘ ੨੦੧੮ ਬਿਕ੍ਰਮੀ | ਕਥਾ ਸਿੰਘ ਦੇ ਗ੍ਰਿਹਿ | ਮੋਇਲ | ਜੰਮੂ | ੫੨੪ |
| ੧੮ ਮਾਘ ੨੦੧੮ ਬਿਕ੍ਰਮੀ | ਦੇਵਾ ਸਿੰਘ ਦੇ ਗ੍ਰਿਹਿ | ਪੰਗਾਲੀ | ਜੰਮੂ | ੫੩੦ |
| ੧੯ ਮਾਘ ੨੦੧੮ ਬਿਕ੍ਰਮੀ | | ਪੰਗਾਲੀ | ਜੰਮੂ | ੫੩੨ |
| ੧੯ ਮਾਘ ੨੦੧੮ ਬਿਕ੍ਰਮੀ | ਇੰਦਰ ਰਾਮ ਦੇ ਗ੍ਰਿਹਿ | ਪੰਗਾਲੀ | ਜੰਮੂ | ੫੩੭ |
| ੧੯ ਮਾਘ ੨੦੧੮ ਬਿਕ੍ਰਮੀ | ਵਕੀਲ ਸਿੰਘ ਦੇ ਗ੍ਰਿਹਿ | ਪੰਗਾਲੀ | ਜੰਮੂ | ੫੩੮ |
| ੧੯ ਮਾਘ ੨੦੧੮ ਬਿਕ੍ਰਮੀ | ਲਛਮਣ ਸਿੰਘ ਦੇ ਗ੍ਰਿਹਿ | ਪੰਗਾਲੀ | ਜੰਮੂ | ੫੪੦ |
| ੧੯ ਮਾਘ ੨੦੧੮ ਬਿਕ੍ਰਮੀ | ਗਿਆਨ ਚੰਦ ਦੇ ਗ੍ਰਿਹਿ | ਖੈਰੋਵਾਲੀ | ਜੰਮੂ | ੫੪੪ |
| ੧੯ ਮਾਘ ੨੦੧੮ ਬਿਕ੍ਰਮੀ | ਦੌਲਤ ਸਿੰਘ ਦੇ ਗ੍ਰਿਹਿ | ਨਵਾਂਚੱਕ | ਜੰਮੂ | ੫੪੭ |
| ੧੯ ਮਾਘ ੨੦੧੮ ਬਿਕ੍ਰਮੀ | ਪੂਰਨ ਚੰਦ ਦੇ ਗ੍ਰਿਹਿ | ਮਲਕ ਕੈਂਪ | ਜੰਮੂ | ੫੪੮ |
| ੧੯ ਮਾਘ ੨੦੧੮ ਬਿਕ੍ਰਮੀ | ਭਾਗ ਸਿੰਘ ਦੇ ਗ੍ਰਿਹਿ | ਮਲਕ ਕੈਂਪ | ਜੰਮੂ | ੫੫੧ |
| ੧੯ ਮਾਘ ੨੦੧੮ ਬਿਕ੍ਰਮੀ | ਧਰਮ ਚੰਦ ਦੇ ਗ੍ਰਿਹਿ | ਬਾਲੇ ਵਾਲਾ | ਜੰਮੂ | ੫੫੨ |
| ੧੯ ਮਾਘ ੨੦੧੮ ਬਿਕ੍ਰਮੀ | ਗੁਰਦਿਤ ਸਿੰਘ ਸੰਸਾਰ ਸਿੰਘ | ਛੰਬ | ਜੰਮੂ | ੫੫੪ |
| ੨੦ ਮਾਘ ੨੦੧੮ ਬਿਕ੍ਰਮੀ | ਸਰਦਾਰਾ ਸਿੰਘ ਦੇ ਗ੍ਰਿਹਿ | ਛੰਬ | ਜੰਮੂ | ੫੬੦ |
| ੨੦ ਮਾਘ ੨੦੧੮ ਬਿਕ੍ਰਮੀ | ਰਾਮ ਕੌਰ ਦੇ ਗ੍ਰਿਹਿ | ਛੰਬ | ਜੰਮੂ | ੫੬੩ |
| ੨੦ ਮਾਘ ੨੦੧੮ ਬਿਕ੍ਰਮੀ | ਤਾਰਾ ਸਿੰਘ ਦੇ ਗ੍ਰਿਹਿ | ਦੀਵਾਨ ਗੜ | ਜੰਮੂ | ੫੬੮ |
| ੨੧ ਮਾਘ ੨੦੧੮ ਬਿਕ੍ਰਮੀ | ਬਾਬੂ ਰਾਮ ਦੇ ਗ੍ਰਿਹਿ | ਹੰਸਾ | ਜੰਮੂ | ੫੭੬ |

4 ੧੧

4 ੧੧







| | | | | | | |
|---|---|---|---|---|---|---|
| ੨੧ | ਮਾਘ | ੨੦੧੮ ਬਿਕ੍ਰਮੀ | ਦੇਵੀ ਸਿੰਘ ਦੇ ਗ੍ਰਿਹਿ | ਮਘੋ ਵਾਲੀ | ਜੰਮੂ | ੫੮੧ |
| ੨੧ | ਮਾਘ | ੨੦੧੮ ਬਿਕ੍ਰਮੀ | ਰਾਜਿੰਦਰ ਸਿੰਘ ਦੇ ਗ੍ਰਿਹਿ | ਸੀੜ | ਜੰਮੂ | ੫੮੪ |
| ੨੧ | ਮਾਘ | ੨੦੧੮ ਬਿਕ੍ਰਮੀ | ਸਰਦਾਰ ਸਿੰਘ ਦੇ ਗ੍ਰਿਹਿ | ਸੀੜ | ਜੰਮੂ | ੫੮੯ |
| ੨੧ | ਮਾਘ | ੨੦੧੮ ਬਿਕ੍ਰਮੀ | ਸੇਵਾ ਸਿੰਘ ਦੇ ਗ੍ਰਿਹਿ | ਕੋਟਲੀ ਸਾਹ ਦੌਲਾ | ਜੰਮੂ | ੫੯੧ |
| ੨੧ | ਮਾਘ | ੨੦੧੮ ਬਿਕ੍ਰਮੀ | ਅੰਗਰੇਜ ਸਿੰਘ ਦੇ ਗ੍ਰਿਹਿ | ਸਤਵਾਰੀ | ਜੰਮੂ | ੫੯੪ |
| ੨੨ | ਮਾਘ | ੨੦੧੮ ਬਿਕ੍ਰਮੀ | ਮੇਲਾ ਰਾਮ ਪਰਕਾਸ ਚੰਦ | ਜੰਮੂ | ਜੰਮੂ | ੫੯੮ |
| ੦੧ | ਫੱਗਣ | ੨੦੧੮ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੦੨ |
| ੦੨ | ਫੱਗਣ | ੨੦੧੮ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੬੧੬ |
| ੧੧ | ਫੱਗਣ | ੨੦੧੮ ਬਿਕ੍ਰਮੀ | ਭਗਤ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ | ੬੨੯ |
| ੧੨ | ਫੱਗਣ | ੨੦੧੮ ਬਿਕ੍ਰਮੀ | | ਇਟਾਰਸੀ | ਮੱਧ ਪ੍ਰਦੇਸ | ੬੪੧ |
| ੧੩ | ਫੱਗਣ | ੨੦੧੮ ਬਿਕ੍ਰਮੀ | ਹਰਦਿਤ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ | ੬੫੭ |
| ੧੩ | ਫੱਗਣ | ੨੦੧੮ ਬਿਕ੍ਰਮੀ | ਸੁਰਿਦੰਰ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ | ੬੬੦ |
| ੧੪ | ਫੱਗਣ | ੨੦੧੮ ਬਿਕ੍ਰਮੀ | ਜਸਵੰਤ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ | ੬੭੧ |
| ੧੪ | ਫੱਗਣ | ੨੦੧੮ ਬਿਕ੍ਰਮੀ | ਟੋਪਨ ਰਾਮ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ | ੬੭੫ |
| ੧੪ | ਫੱਗਣ | ੨੦੧੮ ਬਿਕ੍ਰਮੀ | | ਇਟਾਰਸੀ | ਮੱਧ ਪ੍ਰਦੇਸ | ੬੭੮ |
| ੧੪ | ਫੱਗਣ | ੨੦੧੮ ਬਿਕ੍ਰਮੀ | ਭਗਤ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ | ੬੮੦ |
| ੧੪ | ਫੱਗਣ | ੨੦੧੮ ਬਿਕ੍ਰਮੀ | ਇੰਦਰ ਸਿੰਘ ਦੇ ਗ੍ਰਿਹਿ | ਭੁਪਾਲ | ਮੱਧ ਪ੍ਰਦੇਸ | ੬੮੫ |
| ੧੬ | ਫੱਗਣ | ੨੦੧੮ ਬਿਕ੍ਰਮੀ | ਮੰਗਲ ਸਿੰਘ ਦੇ ਗ੍ਰਿਹਿ | ਭੁਪਾਲ | ਮੱਧ ਪ੍ਰਦੇਸ | ੬੯੬ |
| ੧੭ | ਫੱਗਣ | ੨੦੧੮ ਬਿਕ੍ਰਮੀ | | ਕਾਨਪੁਰ | ਉਤਰ ਪ੍ਰਦੇਸ | ੬੯੯ |
| ੧੭ | ਫੱਗਣ | ੨੦੧੮ ਬਿਕ੍ਰਮੀ | ਅਵਤਾਰ ਸਿੰਘ ਦੇ ਗ੍ਰਿਹਿ | ਕਾਨਪੁਰ | ਉਤਰ ਪ੍ਰਦੇਸ | ੭੦੦ |
| ੧੮ | ਫੱਗਣ | ੨੦੧੮ ਬਿਕ੍ਰਮੀ | ਦੇ ਗ੍ਰਿਹਿ ਸ਼ਾਸ਼ਤਰੀ ਨਗਰ | ਕਾਨਪੁਰ | ਉਤਰ ਪ੍ਰਦੇਸ | ੭੦੭ |
| ੧੮ | ਫੱਗਣ | ੨੦੧੮ ਬਿਕ੍ਰਮੀ | ਗੁਰਦਿਤ ਸਿੰਘ ਦੇ ਗ੍ਰਿਹਿ | ਕਾਨਪੁਰ | ਉਤਰ ਪ੍ਰਦੇਸ | ੭੧੩ |





5
੧੧




| | | | |
|---|---|---|---|
| ੧੮ ਫੱਗਣ ੨੦੧੮ ਬਿਕ੍ਰਮੀ ਸਰਧਾ ਸਿੰਘ ਦੇ ਗ੍ਰਹਿ | ਕਾਨਪੁਰ | ਉਤਰ ਪ੍ਰਦੇਸ | ੭੧੬ |
| ੧੮ ਫੱਗਣ ੨੦੧੮ ਬਿਕ੍ਰਮੀ ਦੇ ਗ੍ਰਹਿ | ਸ਼ਾਸ਼ਤਰੀ ਨਗਰ ਕਾਨਪੁਰ | ਉਤਰ ਪ੍ਰਦੇਸ | ੭੧੭ |
| ੧੯ ਫੱਗਣ ੨੦੧੮ ਬਿਕ੍ਰਮੀ ਤਾਰੂ ਸਿੰਘ ਦੇ ਗ੍ਰਹਿ | ਕੋਰਾ ਪੁਰ ਫਾਰਮ | ਲਖੀਮਪੁਰ | ੭੨੪ |
| ੨੦ ਫੱਗਣ ੨੦੧੮ ਬਿਕ੍ਰਮੀ ਤਾਰੂ ਸਿੰਘ ਦੇ ਗ੍ਰਹਿ | ਕੋਰਾ ਪੁਰ ਫਾਰਮ | ਲਖੀਮਪੁਰ | ੭੩੪ |
| ੦੧ ਚੇਤ ੨੦੧੯ ਬਿਕ੍ਰਮੀ ਹਰਿ ਭਗਤ ਦੁਆਰ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੭੫੫ |
| ੪ ਚੇਤ ੨੦੧੯ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੭੯੮ |
| ੫ ਚੇਤ ੨੦੧੯ ਸੁਰੈਣ ਸਿੰਘ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੦੪ |
| ੫ ਚੇਤ ੨੦੧੯ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੦੮ |
| ੫ ਚੇਤ ੨੦੧੯ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਹਿ | ਟਾਂਗਰਾ | ਅੰਮ੍ਰਿਤਸਰ | ੮੧੦ |
| ੫ ਚੇਤ ੨੦੧੯ ਬਿਕ੍ਰਮੀ ਪਾਲ ਸਿੰਘ ਦੇ ਗ੍ਰਹਿ | ਭਲਾਈਪੁਰ ਡੋਗਰਾਂ | ਅੰਮ੍ਰਿਤਸਰ | ੮੨੧ |
| ੬ ਚੇਤ ੨੦੧੯ ਬਿਕ੍ਰਮੀ ਊਧਮ ਸਿੰਘ ਦੇ ਗ੍ਰਹਿ | ਜਲਾਲਾਬਾਦ | ਅੰਮ੍ਰਿਤਸਰ | ੮੨੬ |
| ੬ ਚੇਤ ੨੦੧੯ ਬਿਕ੍ਰਮੀ ਧਰਮ ਬੀਰ ਦੇ ਗ੍ਰਹਿ | ਜਲਾਲਾਬਾਦ | ਅੰਮ੍ਰਿਤਸਰ | ੮੨੮ |
| ੬ ਚੇਤ ੨੦੧੯ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਹਿ | ਰਾਮਪੁਰ | ਅੰਮ੍ਰਿਤਸਰ | ੮੩੦ |
| ੭ ਚੇਤ ੨੦੧੯ ਬਿਕ੍ਰਮੀ ਉਤਮ ਸਿੰਘ ਦੇ ਗ੍ਰਹਿ | ਵੈਰੋਵਾਲ | ਅੰਮ੍ਰਿਤਸਰ | ੮੩੭ |
| ੭ ਚੇਤ ੨੦੧੯ ਬਿਕ੍ਰਮੀ ਸਰਮੁਖ ਸਿੰਘ, ਗੁਰਮੁਖ ਸਿੰਘ ਦੇ ਗ੍ਰਹਿ | ਪਿੰਡ ਕਲਾ | ਅੰਮ੍ਰਿਤਸਰ | ੮੪੪ |
| ੮ ਚੇਤ ੨੦੧੯ ਬਿਕ੍ਰਮੀ ਹਰੀ ਸਿੰਘ ਦੇ ਗ੍ਰਹਿ | ਕਲਾ | ਅੰਮ੍ਰਿਤਸਰ | ੮੫੭ |
| ੮ ਚੇਤ ੨੦੧੯ ਬਿਕ੍ਰਮੀ ਰੂੜ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੮੬੦ |
| ੮ ਚੇਤ ੨੦੧੯ ਬਿਕ੍ਰਮੀ ਸੁਖਦੇਵ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੮੬੪ |
| ੮ ਚੇਤ ੨੦੧੯ ਬਿਕ੍ਰਮੀ ਨਰੈਣ ਸਿੰਘ ਦੇ ਗ੍ਰਹਿ | ਕੰਗ | ਅੰਮ੍ਰਿਤਸਰ | ੮੬੯ |
| ੯ ਚੇਤ ੨੦੧੯ ਬਿਕ੍ਰਮੀ ਕੁੰਦਨ ਸਿੰਘ ਦੇ ਗ੍ਰਹਿ | ਮਾਲ ਚੱਕ | ਅੰਮ੍ਰਿਤਸਰ | ੮੭੫ |
| ੯ ਚੇਤ ੨੦੧੯ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੮੮੪ |
| ੧੦ ਚੇਤ ੨੦੧੯ ਬਿਕ੍ਰਮੀ ਮੱਖਣ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੮੮੯ |




6
੧੧




| | | | | | | |
|---|---|---|---|---|---|---|
| ੧੦ ਚੇਤ | ੨੦੧੯ ਬਿਕ੍ਰਮੀ | ਦਾਰਾ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੮੯੨ |
| ੧੦ ਚੇਤ | ੨੦੧੯ ਬਿਕ੍ਰਮੀ | ਪ੍ਰੇਮ ਸਿੰਘ ਦੇ ਗ੍ਰਿਹਿ | ਬੁਘੇ | ਅੰਮ੍ਰਿਤਸਰ | ੮੯੬ |
| ੧੦ ਚੇਤ | ੨੦੧੯ ਬਿਕ੍ਰਮੀ | ਗੁਰਬਚਨ ਸਿੰਘ ਦੇ ਗ੍ਰਿਹਿ | ਉਸਮਾਂ | ਅੰਮ੍ਰਿਤਸਰ | ੮੯੭ |
| ੧੧ ਚੇਤ | ੨੦੧੯ ਬਿਕ੍ਰਮੀ | ਹਰਿ ਸੰਗਤ | ਚੰਬਲ | ਅੰਮ੍ਰਿਤਸਰ | ੯੧੧ |
| ੧੧ ਚੇਤ | ੨੦੧੯ ਬਿਕ੍ਰਮੀ | ਤੇਜਾ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੯੧੬ |
| ੧੨ ਚੇਤ | ੨੦੧੯ ਬਿਕ੍ਰਮੀ | ਨਿਰੰਜਣ ਸਿੰਘ ਕਰਤਾਰ ਸਿੰਘ | ਚੰਬਲ | ਅੰਮ੍ਰਿਤਸਰ | ੯੨੬ |
| ੧੨ ਚੇਤ | ੨੦੧੯ ਬਿਕ੍ਰਮੀ | ਚੰਨਣ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੯੨੬ |
| ੧੨ ਚੇਤ | ੨੦੧੯ ਬਿਕ੍ਰਮੀ | ਕੇਸ਼ੋਰਾਮ ਦੇ ਗ੍ਰਿਹਿ | ਜੰਡੋਕੇ ਸਰਹਾਲੀ | ਅੰਮ੍ਰਿਤਸਰ | ੯੨੭ |
| ੧੨ ਚੇਤ | ੨੦੧੯ ਬਿਕ੍ਰਮੀ | ਮੱਖਣ ਸਿੰਘ ਦੇ ਗ੍ਰਿਹਿ | ਜੋੜੇ | ਅੰਮ੍ਰਿਤਸਰ | ੯੩੩ |
| ੧੩ ਚੇਤ | ੨੦੧੯ ਬਿਕ੍ਰਮੀ | ਬਲੀ ਸਿੰਘ ਦੇ ਗ੍ਰਿਹਿ | ਕੈਰੋਂ | ਅੰਮ੍ਰਿਤਸਰ | ੯੪੫ |
| ੧੩ ਚੇਤ | ੨੦੧੯ ਬਿਕ੍ਰਮੀ | ਗੰਡਾ ਸਿੰਘ ਦੇ ਗ੍ਰਿਹਿ | ਦਰਾਜ਼ਕੇ | ਅੰਮ੍ਰਿਤਸਰ | ੯੫੧ |
| ੧੪ ਚੇਤ | ੨੦੧੯ ਬਿਕ੍ਰਮੀ | ਸਮੁੰਦ ਸਿੰਘ ਦੇ ਗ੍ਰਿਹਿ | ਮਾੜੀ ਮੇਘਾ | ਅੰਮ੍ਰਿਤਸਰ | ੯੫੮ |
| ੧੪ ਚੇਤ | ੨੦੧੯ ਬਿਕ੍ਰਮੀ | ਪ੍ਰੀਤਮ ਸਿੰਘ ਦੇ ਗ੍ਰਿਹਿ | ਨਾਰਲਾ | ਅੰਮ੍ਰਿਤਸਰ | ੯੬੫ |
| ੧੫ ਚੇਤ | ੨੦੧੯ ਬਿਕ੍ਰਮੀ | ਮਨੀ ਸਿੰਘ ਦੇ ਗ੍ਰਿਹਿ | ਸਿਧਵਾਂ | ਅੰਮ੍ਰਿਤਸਰ | ੯੭੪ |
| ੧੫ ਚੇਤ | ੨੦੧੯ ਬਿਕ੍ਰਮੀ | ਮੋਤਾ ਸਿੰਘ ਦੇ ਗ੍ਰਿਹਿ | ਕਲਸੀਆਂ | ਅੰਮ੍ਰਿਤਸਰ | ੯੭੯ |
| ੧੬ ਚੇਤ | ੨੦੧੯ ਬਿਕ੍ਰਮੀ | ਸੰਗਾਰਾ ਸਿੰਘ ਦੇ ਗ੍ਰਿਹਿ | ਕਲਸੀਆਂ | ਅੰਮ੍ਰਿਤਸਰ | ੯੯੧ |
| ੧੬ ਚੇਤ | ੨੦੧੯ ਬਿਕ੍ਰਮੀ | ਬੀਬੀ ਪਾਰ ਦੇ ਗ੍ਰਿਹਿ | ਖਾਲੜਾ | ਅੰਮ੍ਰਿਤਸਰ | ੯੯੫ |
| ੧੬ ਚੇਤ | ੨੦੧੯ ਬਿਕ੍ਰਮੀ | ਸੁਰਜਣ ਸਿੰਘ ਦੇ ਗ੍ਰਿਹਿ | ਭੁੱਚਰ | ਅੰਮ੍ਰਿਤਸਰ | ੯੯੯ |
| ੧੬ ਚੇਤ | ੨੦੧੯ ਬਿਕ੍ਰਮੀ | ਅਰਜਣ ਸਿੰਘ ਦੇ ਗ੍ਰਿਹਿ | ਭਰੋਭਾਲ | ਅੰਮ੍ਰਿਤਸਰ | ੧੦੦੨ |
| ੧੭ ਚੇਤ | ੨੦੧੯ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਿਹਿ | ਸੋਹਲ | ਅੰਮ੍ਰਿਤਸਰ | ੧੦੧੬ |
| ੧੭ ਚੇਤ | ੨੦੧੯ ਬਿਕ੍ਰਮੀ | ਮੰਗਲ ਸਿੰਘ ਦਰਬਾਰਾ ਸਿੰਘ | ਸੋਹਲ | ਅੰਮ੍ਰਿਤਸਰ | ੧੦੨੩ |
| ੧੭ ਚੇਤ | ੨੦੧੯ ਬਿਕ੍ਰਮੀ | ਪੂਰਨ ਸਿੰਘ ਦੇ ਗ੍ਰਿਹਿ | ਸੋਹਲ | ਅੰਮ੍ਰਿਤਸਰ | ੧੦੨੬ |





7
੧੧

| | | | |
|---|---|---|---|
| ੧੭ ਚੇਤ ੨੦੧੯ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਿਹਿ | ਗਗੋ ਬੂਆ | ਅੰਮ੍ਰਿਤਸਰ | ੧੦੨੮ |
| ੧੭ ਚੇਤ ੨੦੧੯ ਬਿਕ੍ਰਮੀ ਗੁਰਬਖਸ਼ ਸਿੰਘ ਦੇ ਗ੍ਰਿਹਿ | ਗਗੋ ਬੂਆ | ਅੰਮ੍ਰਿਤਸਰ | ੧੦੩੧ |
| ੧੭ ਚੇਤ ੨੦੧੯ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹਿ | ਗਗੋ ਬੂਆ | ਅੰਮ੍ਰਿਤਸ | ੧੦੩੪ |
| ੧੭ ਚੇਤ ੨੦੧੯ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ | ਗਗੋ ਬੂਆ | ਅੰਮ੍ਰਿਤਸ | ੧੦੩੬ |
| ੧੮ ਚੇਤ ੨੦੧੯ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹਿ | ਝਬਾਲ | ਅੰਮ੍ਰਿਤਸਰ | ੧੦੪੩ |
| ੧੮ ਚੇਤ ੨੦੧੯ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ | ਭੋਜੀਆਂ | ਅੰਮ੍ਰਿਤਸਰ | ੧੦੪੯ |
| ੨੦ ਚੇਤ ੨੦੧੯ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹਿ | ਡੱਲੇ ਵਾਲ | ਅੰਮ੍ਰਿਤਸਰ | ੧੦੫੯ |
| ੨੦ ਚੇਤ ੨੦੧੯ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹਿ | ਠੀਕਰਾ ਛੰਨਾ | ਕਰਨਾਲ | ੧੦੬੪ |
| ੨੧ ਚੇਤ ੨੦੧੯ ਬਿਕ੍ਰਮੀ ਸੌਦਾਗਰ ਸਿੰਘ ਦੇ ਗ੍ਰਿਹਿ | ਠੀਕਰਾ ਛੰਨਾ | ਕਰਨਾਲ | ੧੦੬੯ |
| ੨੧ ਚੇਤ ੨੦੧੯ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹਿ | ਗੜੀ ਲਾਂਗਰੀ | ਕਰਨਾਲ | ੧੦੭੧ |
| ੨੧ ਚੇਤ ੨੦੧੯ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ | ਕੌਮੀ ਫਾਰਮ | ਕਰਨਾਲ | ੧੦੭੫ |
| ੨੨ ਚੇਤ ੨੦੧੯ ਬਿਕ੍ਰਮੀ ਚਾਨਣ ਸਿੰਘ ਦੇ ਗ੍ਰਿਹਿ | ਹੰਡੋਲਾ | ਕਰਨਾਲ | ੧੦੮੩ |
| ੨੨ ਚੇਤ ੨੦੧੯ ਬਿਕ੍ਰਮੀ ਕਰਨੈਲ ਸਿੰਘ ਦੇ ਗ੍ਰਿਹਿ | ਖਰਕਾ | | ੧੦੮੮ |


8
੧੧



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



## ★ ਪਹਿਲੀ ਮੱਘਰ ੨੦੧੮ ਬਿਕਰਮੀ ਜੇਠੂਵਾਲ ਦਰਬਾਰ ★

ਸਚਖੰਡ ਸੋਹੇ ਸਚ ਦੁਆਰਾ, ਸਚਖੰਡ ਨਿਵਾਸੀ ਆਪ ਸੁਹਾਈਆ । ਨਿਰਗੁਣ ਨੂਰ ਕਰ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਮਹੱਲ ਅਟੱਲ ਉਚ ਮਨਾਰਾ, ਸੋਭਾਵੰਤ ਆਪ ਸੁਹਾਈਆ । ਇਕ ਇਕੱਲਾ ਕਰ ਪਸਾਰਾ, ਨਿਰਗੁਣ ਆਪਣਾ ਖੇਲ ਵਖਾਈਆ । ਆਦਿ ਪੁਰਖ ਆਦੀ ਧਾਰਾ, ਆਪਣੀ ਆਪ ਪਰਗਟਾਈਆ । ਜੁਗਾਦਿ ਰੂਪ ਅਗੰਮ ਅਪਾਰਾ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਈਆ । ਸਚਖੰਡ ਸੋਭਨੀਕ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਪਰਵਰਦਿਗਾਰ ਲਾਸ਼ਰੀਕ, ਹਰਿ ਪੁਰਖ ਨਿਰੰਜਣ ਡੇਰਾ ਲਾਇੰਦਾ । ਏਕੰਕਾਰਾ ਬੈਠਾ ਰਹੇ ਇਕ ਅਤੀਤ, ਆਦਿ ਨਿਰੰਜਣ ਨੂਰ ਪਰਗਟਾਇੰਦਾ । ਅਬਿਨਾਸ਼ੀ ਕਰਤਾ ਠਾਂਡਾ ਸੀਤ, ਸ੍ਰੀ ਭਗਵਾਨ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਆਪੇ ਜਾਣੇ ਆਪਣੀ ਰੀਤ, ਸਚ ਦੁਆਰੇ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਵਡਿਆਇੰਦਾ । ਸਚਖੰਡ ਦੁਆਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਆਪਣੀ ਮਹਿਮਾ ਜਾਣੇ ਅਗਣਤ, ਬੇਅੰਤ ਵਡ ਵਡਿਆਈਆ । ਆਪਣਾ ਖੇਲ ਕਰੇ ਆਦਿ ਅੰਤ, ਅੰਤ ਆਦਿ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਆਪ ਪਰਗਟਾਈਆ । ਸਚ ਪਰਗਟਾਇਆ ਸਚਖੰਡ, ਸਚ ਸਾਚਾ ਦਇਆ ਕਮਾਇੰਦਾ । ਆਪ ਰਖਾਏ ਆਪਣਾ ਅਨੰਦ, ਅਨੰਦ ਅਨੰਦ ਵਿਚ ਮਿਲਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਦ, ਨੂਰ ਨੁਰਾਨਾ ਡਗਮਗਾਇੰਦਾ । ਨਾਮ ਨਿਧਾਨਾ ਅਗੰਮੀ ਛੰਦ, ਬਿਨ ਰਸਨਾ ਜਿਹਵਾ ਗਾਇੰਦਾ । ਦਾਤਾ ਦਾਨੀ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਵੇਸ ਵਟਾਇੰਦਾ । ਆਪੇ ਹੋਏ ਸਦਾ ਬਖ਼ਸ਼ੰਦ, ਮਿਹਰਵਾਨ ਆਪਣਾ ਨਾਉਂ ਧਰਾਇੰਦਾ । ਆਪੇ ਜਾਣੇ ਆਪਣਾ ਪੰਧ, ਦੂਸਰ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਵਡਿਆਇੰਦਾ । ਸਚ ਮਹੱਲਾ ਸਾਚਾ ਘਰ, ਹਰਿ ਸਾਚਾ ਆਪ ਸੁਹਾਈਆ । ਨਿਰਗੁਣ ਨਿਰਵੈਰ ਖੋਲ੍ਹ ਦਰ, ਦਰ ਦਰਵਾਜ਼ਾ ਆਪ ਪਰਗਟਾਈਆ । ਨਿਰਭੌ ਹੋ ਅੰਦਰ ਵੜ, ਭੈ ਅਵਰ ਨਾ ਕੋਇ ਰਖਾਈਆ । ਸਾਚੇ ਪੌੜੇ ਆਪੇ ਚੜ੍ਹ, ਸਚ ਸਿੰਘਾਸਣ ਸੋਭਾ ਪਾਈਆ । ਸ਼ਾਹੋ ਭੂਪ ਰਾਜਨ ਰਾਜ ਬਣ, ਤਖ਼ਤ ਨਿਵਾਸੀ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ

ਖੇਲ ਆਪ ਕਰਾਈਆ । ਸਚਖੰਡ ਨਿਵਾਸੀ ਖੇਲ ਅਵੱਲਾ, ਏਕੰਕਾਰਾ ਆਪ ਕਰਾਇੰਦਾ । ਆਦਿ ਜੁਗਾਦਿ ਵਸਣਹਾਰਾ ਸਚ ਮਹੱਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਨਿਰਾਕਾਰਾ ਜੋਤ ਨੂਰ ਨੂਰ ਵਿਚ ਰੱਲਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਆਪੇ ਫੜੇ ਆਪਣਾ ਪੱਲਾ, ਆਪਣਾ ਸੰਗ ਨਿਭਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਸ਼ਾਹੋ ਭੂਪ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸੋਹਿਆ, ਸੁਹਾਏ ਆਪ ਕਰਤਾਰ । ਆਪਣੇ ਜੇਹਾ ਆਪੇ ਹੋਇਆ, ਦੂਸਰ ਕਰੇ ਨਾ ਕੋਇ ਵਿਚਾਰ । ਆਦਿ ਜੁਗਾਦਿ ਨਵਾਂ ਨਰੋਆ, ਮਰੇ ਨਾ ਜੰਮੇ ਵਿਚ ਸੰਸਾਰ । ਸਚਖੰਡ ਦੁਆਰੇ ਆਪਣਾ ਆਪੇ ਲੈ ਕੇ ਆਏ ਢੋਇਆ, ਵਸਤ ਅਮੋਲਕ ਏਕੰਕਾਰ । ਏਕਾ ਬੀਜ ਆਪੇ ਬੋਇਆ, ਆਪੇ ਪੁਰਖ ਆਪੇ ਨਾਰ, ਆਪਣੀ ਸੇਜ ਆਪੇ ਸੋਇਆ, ਆਪੇ ਬਣੇ ਕੰਤ ਭਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੀਪਕ ਆਪੇ ਹੋਇਆ, ਆਪੇ ਹੋਏ ਉਜਿਆਰ । ਸਚਖੰਡ ਹੋਏ ਉਜਾਲਾ, ਨਿਰਗੁਣ ਆਪਣੀ ਜੋਤ ਜਗਾਈਆ । ਆਪੇ ਹੋਏ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਬੇਪਰਵਾਹੀਆ । ਆਦਿ ਜੁਗਾਦੀ ਬਣ ਰਖਵਾਲਾ, ਦਰ ਘਰ ਸਾਚੇ ਸੇਵ ਕਮਾਈਆ । ਆਪੇ ਜਾਣੇ ਆਪਣਾ ਰਾਹ ਸੁਖਾਲਾ, ਆਪਣਾ ਮਾਰਗ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਆਪ ਸੁਹਾਈਆ । ਸਚਖੰਡ ਸੁਹਾਏ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਨਿਰਗੁਣ ਨੂਰ ਜੋਤ ਮਹਾਨ, ਪੁਰਖ ਅਕਾਲਾ ਡਗਮਗਾਇੰਦਾ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣੀ ਧਾਰ ਵਖਾਇੰਦਾ । ਨਿਰਗੁਣ ਸਰਗੁਣ ਸਾਚੀ ਕਾਰ, ਕਿਰਤੀ ਆਪਣੀ ਕਿਰਤ ਕਮਾਇੰਦਾ । ਤ੍ਰੈ ਤ੍ਰੈ ਮੇਲਾ ਅਪਰ ਅਪਾਰ, ਪੰਚਮ ਚੇਲਾ ਰੂਪ ਵਟਾਇੰਦਾ । ਸੱਜਣ ਸੁਹੇਲਾ ਠਾਂਡੇ ਦਰਬਾਰ, ਸਾਚੀ ਘਾੜਤ ਘੜਤ ਘੜਾਇੰਦਾ । ਭਾਂਡਾ ਘੜੇ ਅਪਰ ਅਪਾਰ, ਨਾਮ ਥਥਵਾ ਹੱਥ ਰਖਾਇੰਦਾ । ਚੱਕ ਗੇੜ੍ਹੇ ਏਕਾ ਵਾਰ, ਦੂਜੀ ਵਾਰ ਨਾ ਕੋਇ ਭੁਵਾਇੰਦਾ । ਆਪਣੀ ਕਿਰਪਾ ਆਪੇ ਧਾਰ, ਆਪ ਆਪਣਾ ਬੰਧਨ ਪਾਇੰਦਾ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਰੂਪ ਵਟਾਇੰਦਾ । ਆਪੇ ਮਾਤ ਪਿਤ ਕਰੇ ਪਿਆਰ, ਸੁਤ ਦੁਲਾਰ ਆਪ ਅਖਵਾਇੰਦਾ । ਆਪੇ ਮੰਗੇ ਬਣ ਭਿਖਾਰ, ਆਪੇ ਵਸਤ ਅਮੋਲਕ ਝੋਲੀ ਪਾਇੰਦਾ । ਆਪੇ ਸ਼ਾਹੋ ਭੂਪ ਬਣੇ ਸਿਕਦਾਰ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਵੇਖੇ ਵਿਗਸੇ ਕਰੇ ਵਿਚਾਰ, ਆਪੇ ਆਪਣਾ ਮੁਖ ਛੁਪਾਇੰਦਾ । ਆਪੇ ਸਚਖੰਡ ਦੁਆਰਾ ਖੋਲ੍ਹ ਕਿਵਾੜ, ਸਚ ਸਿੰਘਾਸਣ ਆਸਣ ਲਾਇੰਦਾ । ਆਪੇ ਜਾਣੇ ਆਪਣੀ ਕਾਰ, ਆਦਿ ਜੁਗਾਦੀ ਸੇਵ ਕਮਾਇੰਦਾ । ਆਪੇ ਆਪਣਾ ਸੁਤ ਅਨਾਦੀ ਕਰ ਤਿਆਰ, ਏਕਾ ਹੁਕਮ ਵਰਤਾਇੰਦਾ । ਬ੍ਰਹਿਮੰਡ ਖੰਡ ਤੇਰਾ ਪਸਾਰ, ਸਾਚੀ ਧਾਰ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਵਖਾਇੰਦਾ । ਸਾਚਾ ਰਾਹ ਪੁਰਖ ਅਬਿਨਾਸ਼, ਆਪਣਾ ਆਪ ਚਲਾਈਆ । ਸੁਤ ਦੁਲਾਰੇ ਦੇ ਧਰਵਾਸ, ਧੀਰਜ ਧੀਰ ਰਖਾਈਆ । ਆਦਿ ਜੁਗਾਦਿ ਦੇਵਾਂ ਤੇਰਾ ਸਾਥ, ਵਿਛੜ ਕਦੇ ਨਾ ਜਾਈਆ । ਜੁਗ ਜੁਗ ਚਲਾਵਾਂ ਰਾਥ, ਬਣ ਰਥਵਾਹੀ ਸੇਵ ਕਮਾਈਆ । ਇਕ ਸੁਣਾਵਾਂ ਆਪਣੀ ਗਾਥ, ਬਿਨ ਅੱਖਰਾਂ ਕਰਾਂ ਪੜ੍ਹਾਈਆ । ਇਕ ਵਖਾਵਾਂ ਆਪਣੀ ਜ਼ਾਤ, ਜ਼ਾਤ ਪਾਤ ਨਾ ਕੋਇ ਵਡਿਆਈਆ । ਇਕ ਵਖਾਵਾਂ ਆਪਣਾ ਖਾਤ, ਅਤੋਟ ਅਤੁਟ ਭਰਾਈਆ । ਇਕ ਵਖਾਵਾਂ ਆਪਣਾ ਹਾਟ, ਸਾਚੇ ਹੱਟ ਇਕ ਵਡਿਆਈਆ । ਇਕ ਵਖਾਵਾਂ ਆਪਣੀ ਖਾਟ, ਤੇਰੀ ਸੇਜਾ ਇਕ ਸੁਹਾਈਆ । ਤੇਰੀ ਪੁਛਾਂ ਸਦਾ

ਵਾਤ, ਅਭੁੱਲ ਭੁੱਲ ਕਦੇ ਨਾ ਜਾਈਆ । ਤੂੰ ਮੇਰਾ ਸੱਜਣ ਤੂੰ ਮੇਰਾ ਸਾਕ, ਤੂੰ ਪਿਤਾ ਪੂਤ ਤੂੰ ਹੀ ਮੇਰੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਸੁਤ ਦੁਲਾਰੇ ਚੜ੍ਹਿਆ ਚਾ, ਸ਼ਬਦੀ ਸ਼ਬਦ ਖ਼ੁਸ਼ੀ ਮਨਾਇੰਦਾ । ਪੁਰਖ ਅਬਿਨਾਸ਼ੀ ਬਣਿਆ ਮਲਾਹ, ਸਾਚਾ ਬੇੜਾ ਆਪ ਉਠਾਇੰਦਾ । ਆਪਣੇ ਮਾਰਗ ਦੇਵੇ ਪਾ, ਔਝੜ ਰਾਹ ਨਾ ਕੋਇ ਰਖਾਇੰਦਾ । ਆਪਣਾ ਨਾਉਂ ਦਏ ਧਰਾ, ਏਕੰਕਾਰਾ ਆਪੇ ਗਾਇੰਦਾ । ਆਪਣੀ ਦੇਵੇ ਸਚ ਸਲਾਹ, ਸਲਾਹਗੀਰ ਆਪ ਹੋ ਜਾਇੰਦਾ । ਮੈਨੂੰ ਦੇਵੇ ਮੇਰਾ ਥਾਂ, ਮੇਰੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸੁਤ ਦੁਲਾਰੇ ਵੰਡੀ ਵੰਡ, ਸਤਿਗੁਰ ਪੂਰਾ ਆਪ ਵੰਡਾਈਆ । ਸੋ ਪੁਰਖ ਨਿਰੰਜਣ ਸਾਹਿਬ ਬਖ਼ਸ਼ੰਦ, ਬੇਅੰਤ ਵਡੀ ਵਡਿਆਈਆ । ਆਪ ਬਣਾਏ ਆਪਣੀ ਬਣਤ, ਘਰ ਘਰ ਵਿਚ ਲਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦਏ ਸਮਝਾਈਆ । ਸਾਚਾ ਘਰ ਤੇਰਾ ਪਸਾਰਾ, ਹਰਿ ਪੁਰਖ ਨਿਰੰਜਣ ਆਪ ਜਣਾਇਆ । ਸਚਖੰਡ ਵਸੇ ਆਪ ਨਿਰੰਕਾਰਾ, ਥਿਰ ਘਰ ਤੇਰਾ ਦੁਆਰਾ ਸੁਹਾਇਆ । ਆਦਿ ਜੁਗਾਦਿ ਰਹੇ ਦੀਦਾਰਾ, ਚਰਨ ਕਵਲ ਮਿਲੇ ਸ਼ਰਨਾਇਆ । ਜੁਗਾ ਜੁਗੰਤਰ ਦਏ ਹੁਲਾਰਾ, ਆਪ ਆਪਣਾ ਮੇਲ ਮਿਲਾਇਆ । ਦੋ ਜਹਾਨ ਕਰੇ ਵਣਜਾਰਾ, ਏਕਾ ਹੱਟ ਖੁਲ੍ਹਾਇਆ । ਅੰਤਰ ਰੱਖੇ ਇਕ ਭੰਡਾਰਾ, ਦਿਸ ਕਿਸੇ ਨਾ ਆਇਆ । ਤੇਰਾ ਲਹਿਣਾ ਅਗੰਮ ਅਪਾਰਾ, ਅਲੱਖ ਅਗੋਚਰ ਆਪ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇਆ । ਆਪਣਾ ਭੇਵ ਹਰਿ ਜੂ ਖੋਲ੍ਹ, ਸ਼ਬਦੀ ਸ਼ਬਦ ਜਣਾਇੰਦਾ । ਤੇਰਾ ਮੇਰਾ ਇਕੋ ਤੋਲ, ਤੋਲਣਹਾਰਾ
੩ ੧੧ ਇਕ ਹੋ ਆਇੰਦਾ । ਤੇਰਾ ਮੇਰਾ ਪੂਰਾ ਕੌਲ, ਕੀਤਾ ਕੌਲ ਨਾ ਕਦੇ ਭੁਲਾਇੰਦਾ । ਤੇਰੇ ਅੰਤਰ ਜਾਵਾਂ ਮੌਲ, ਆਪ ਆਪਣਾ ਵੇਸ ਵਟਾਇੰਦਾ । ੩ ੧੧
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਲਾਹ ਆਪਣੀ ਆਪ ਬਣਾਇੰਦਾ । ਆਪੇ ਸਲਾਹ ਆਪੇ ਸਲਾਹਕਾਰ, ਆਪ ਆਪਣਾ ਮਤਾ ਪਕਾਈਆ । ਆਪੇ ਜਾਣੇ ਆਪਣੀ ਕਾਰ, ਕਰਤਾ ਪੁਰਖ ਆਪ ਕਮਾਈਆ । ਆਪੇ ਘਰ ਆਪੇ ਘਰ ਬਾਹਰ, ਆਪੇ ਸਚਖੰਡ ਵੇਖੇ ਚਾਈਂ ਚਾਈਂਆ । ਆਪੇ ਥਿਰ ਘਰ ਖੋਲ੍ਹ ਕਿਵਾੜ, ਸੁਤ ਦੁਲਾਰਾ ਦਏ ਬਹਾਈਆ । ਆਪੇ ਵਸਤ ਭਰੇ ਭੰਡਾਰ, ਅਮੋਲਕ ਝੋਲੀ ਪਾਈਆ । ਆਪੇ ਜਨਨੀ ਜਨ ਬਣ ਨਿਰੰਕਾਰ, ਰੂਪ ਅਨੂਪ ਵੇਸ ਵਟਾਈਆ । ਦਾਈ ਦਾਇਆ ਸਿਰਜਣਹਾਰ, ਦਰ ਘਰ ਸਾਚੇ ਸੇਵ ਕਮਾਈਆ । ਅੰਸ ਬੰਸ ਕਰ ਤਿਆਰ, ਕਰੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਪਰਗਟਾਈਆ । ਨਿਰਗੁਣ ਅੰਦਰ ਨਿਰਗੁਣ ਰੱਖ, ਨਿਰਗੁਣ ਖੇਲ ਕਰਾਇਆ । ਨਿਰਗੁਣ ਅੰਤਰ ਹੋ ਪਰਤੱਖ, ਆਪਣਾ ਨਾਉਂ ਧਰਾਇਆ । ਆਪਣਾ ਨਾਉਂ ਵਿਸ਼ਵ ਰੱਖ, ਸਾਚੀ ਸੇਵ ਕਮਾਇਆ । ਆਪਣਾ ਕਰ ਆਪੇ ਪੱਖ, ਆਪਣਾ ਦਰ ਵਡਿਆਇਆ । ਆਪਣਾ ਪਰਦਾ ਆਪੇ ਢਕ, ਸਿਰ ਆਪਣਾ ਹੱਥ ਟਿਕਾਇਆ । ਆਪੇ ਬਣ ਕਮਲਾਪਤ, ਕਵਲ ਨੈਣ ਆਪ ਮਟਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਚਲਾਇਆ । ਆਪੇ ਵਿਸ਼ਵ ਵਿਸ਼ਨ ਧਾਰ, ਬ੍ਰਹਮ ਆਪਣਾ ਰੂਪ ਜਣਾਈਆ । ਪਾਰਬ੍ਰਹਮ ਪ੍ਰਭ ਕਰ ਪਸਾਰ, ਆਪਣੀ ਖੇਲ ਖਲਾਈਆ । ਆਪੇ ਸ਼ੰਕਰ ਦਏ ਆਧਾਰ, ਸੰਸਾ ਰੋਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸ਼ਬਦੀ ਸੁਤ

ਦੇਵੇ ਵਰ, ਤਿੰਨਾਂ ਏਕਾ ਤੰਦ ਬੰਧਾਈਆ । ਏਕਾ ਤੰਦ ਤਨਿਆ ਤਾਣਾ, ਪੁਰਖ ਅਬਿਨਾਸ਼ੀ ਖੇਲ ਖਲਾਇੰਦਾ । ਆਪੇ ਜਾਣੇ ਆਪਣਾ ਭਾਣਾ, ਭੇਵ ਕੋਇ ਨਾ ਪਾਇੰਦਾ । ਆਪਣੇ ਹੱਥ ਰੱਖਿਆ ਆਵਣ ਜਾਣਾ, ਦਿਸ ਕਿਸੇ ਨਾ ਆਇੰਦਾ । ਆਪ ਸੁਣਾਏ ਆਪਣਾ ਗਾਣਾ, ਵਿਸ਼ਨ ਬ੍ਰਹਮਾ ਸ਼ਿਵ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲਾਇੰਦਾ । ਆਪਣਾ ਭੇਵ ਖੁਲ੍ਹਾਏ ਨਰ, ਹਰਿ ਨਰਾਇਣ ਵਡੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਵਰ ਦਾਤਾ ਝੋਲੀ ਪਾਈਆ । ਜਿਸ ਨੇ ਘਾੜਨ ਲਿਆ ਘੜ੍ਹ, ਘੜ੍ਹਨ ਭੰਨਣਹਾਰ ਅਖਵਾਈਆ । ਤਿਸ ਸਾਹਿਬ ਸ਼ਰਨ ਜਾਣਾ ਪੜ, ਨਿਉਂ ਨਿਉਂ ਸੀਸ ਝੁਕਾਈਆ । ਆਪ ਬੰਧਾਏ ਆਪਣਾ ਲੜ, ਏਕਾ ਗੰਢ ਪੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਸਮਝਾਈਆ । ਸਾਚਾ ਰਾਹ ਹਰਿ ਜੂ ਦੱਸੇ, ਨਿਰਗੁਣ ਨਿਰਗੁਣ ਆਪ ਸਮਝਾਇੰਦਾ । ਤਖ਼ਤ ਨਿਵਾਸੀ ਤਖ਼ਤ ਬਹਿ ਬਹਿ ਹੱਸੇ, ਆਪਣੀ ਖ਼ੁਸ਼ੀ ਮਨਾਇੰਦਾ । ਤਿੰਨਾਂ ਅੰਤਰ ਆਪੇ ਵਸੇ, ਆਪਣੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਖੋਲ੍ਹੇ ਭੇਵ ਪੁਰਖ ਅਗੰਮਾ, ਅਗੰਮ ਵਡੀ ਵਡਿਆਈਆ । ਵਿਸ਼ਨੂੰ ਤੇਰਾ ਇਕੋ ਮੰਮਾਂ, ਸੋ ਪੁਰਖ ਨਿਰੰਜਣ ਦਏ ਚੁੰਘਾਈਆ । ਨਾ ਕੋਈ ਜਾਣੇ ਉਚਾ ਲੰਮਾ, ਗਿਣਤੀ ਗਣਤ ਵਿਚ ਨਾ ਆਈਆ । ਨਾ ਘੜਿਆ ਨਾ ਕਿਸੇ ਭੰਨਾ, ਨਾ ਕੋਈ ਨੇਤਰ ਵੇਖਣ ਪਾਈਆ । ਜਿਸ ਸਾਹਿਬ ਮੈਨੂੰ ਜਣਾ, ਬਣਿਆ ਪਿਤਾ ਮਾਈਆ । ਤਿਸ ਸੀਰ ਏਕਾ ਘੱਲਾ, ਅੰਮ੍ਰਿਤ ਨਾਮ ਵਡਿਆਈਆ । ਬਿਨ ਰਸਨਾ ਜਿਹਵਾ ਪੀ ਪੀ ਪਲਾ, ਸਾਂਤਕ ਸਤਿ ਰਖਾਈਆ । ਬਿਨ ਲੜ ਫੜਾਇਆ ਪੱਲਾ, ਫੜਿਆ ਪੱਲਾ ਛੁੱਟ ਨਾ ਜਾਈਆ । ਜਿਸ ਆਪਣੇ ਪ੍ਰੇਮ ਕੀਤਾ ਝੱਲਾ, ਏਕਾ ਝਲਕ ਨੂਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਆਪਣਾ ਭੇਵ ਆਪੇ ਦੱਸ, ਹਰਿ ਜੂ ਦਇਆ ਕਮਾਇੰਦਾ । ਨਿਰਗੁਣ ਰੂਪ ਅੰਦਰ ਵਸ, ਆਪ ਆਪਣੀ ਕਲ ਧਰਾਇੰਦਾ । ਏਕਾ ਨੂਰ ਕਰ ਪਰਕਾਸ਼, ਜੋਤੀ ਜੋਤ ਡਗਮਗਾਇੰਦਾ । ਏਕਾ ਭੋਗ ਇਕ ਬਲਾਸ, ਏਕਾ ਰਸਯਾ ਰਸ ਵਖਾਇੰਦਾ । ਏਕਾ ਪੂਰੀ ਕਰੇ ਆਸ, ਆਸ ਆਸ਼ਾ ਨਾਲ ਮਿਲਾਇੰਦਾ । ਏਕਾ ਦੱਸੇ ਸਾਚਾ ਸਾਥ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਦੇਵੇ ਏਕਾ ਵਰ, ਆਪਣਾ ਨਾਮ ਜਪਾਇੰਦਾ । ਵਿਸ਼ਨੂੰ ਤੇਰਾ ਸਾਚਾ ਸੀਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਮੇਰਾ ਰੂਪ ਤੇਰੀ ਤਕਸੀਰ, ਮੇਰੀ ਤਦਬੀਰ ਨਜ਼ਰ ਨਾ ਆਈਆ । ਮੇਰਾ ਪ੍ਰੇਮ ਤੇਰਾ ਜੰਜ਼ੀਰ, ਨਾ ਕੋਈ ਤੋੜੇ ਤੋੜ ਤੁੜਾਈਆ । ਮੇਰਾ ਘਰ ਤੇਰੀ ਚੋਟੀ ਅਖ਼ੀਰ, ਚਰਨ ਕਵਲ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਈਆ । ਵਿਸ਼ਨੂੰ ਮੰਗੇ ਦਾਨ, ਪ੍ਰਭ ਅੱਗੇ ਝੋਲੀ ਡਾਹਿਆ । ਤੂੰ ਕਿਰਪਾ ਕਰੀ ਭਗਵਾਨ, ਮੇਰਾ ਰੂਪ ਪਰਗਟਾਇਆ । ਤੇਰੇ ਚਰਨ ਧੂੜ ਕਰਾਂ ਅਸ਼ਨਾਨ, ਸਾਚਾ ਨਹਾਵਣ ਨਹਾਇਆ । ਤੂੰ ਆਦਿ ਜੁਗਾਦਿ ਰੱਖਣਾ ਮੇਰਾ ਮਾਣ, ਮੈਂ ਤੇਰੀ ਓਟ ਤਕਾਇਆ । ਮੈਂ ਸੁਣਿਆ ਤੇਰਾ ਧੁਰ ਫ਼ਰਮਾਣ, ਨਾਮ ਸੰਦੇਸ਼ਾ ਜੋ ਘਲਾਇਆ । ਤੇਰਾ ਰੂਪ ਅਨੂਪ ਮਹਾਨ, ਤੇਰੀ ਮਹਿਮਾ ਕਥਨ ਵਿਚ ਨਾ ਆਇਆ । ਤੂੰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨ, ਸਾਚੇ ਤਖ਼ਤ ਸੋਭਾ ਪਾਇਆ । ਤੂੰ ਭੂਪਤ ਭੂਪ ਰਾਜ ਰਾਜਾਨ, ਬੇਅੰਤ ਤੇਰੀ ਵਡਿਆਇਆ । ਕੋਟਨ ਕੋਟ ਵਿਸ਼ਨੂੰ ਤੈਨੂੰ ਗਾਣ, ਤੇਰੇ ਅੱਗੇ ਸੀਸ ਝੁਕਾਇਆ । ਧੰਨ ਭਾਗ ਤੂੰ ਦਿਤਾ ਦਾਨ, ਮੈਂ ਆਪਣੀ ਝੋਲੀ

ਰਿਹਾ ਭਰਾਇਆ । ਕਵਣ ਵੇਲਾ ਅੰਤਮ ਮਿਲਾਂ ਆਣ, ਦਰ ਤੇਰੇ ਸੋਭਾ ਪਾਇਆ । ਮੇਰੀ ਕਰੀ ਆਪ ਪਹਿਚਾਨ, ਤੂੰ ਪਹਿਚਾਨ ਵਿਚ ਕਦੇ ਨਾ ਆਇਆ । ਮੈਂ ਨਿਤ ਗਾਵਾਂ ਤੇਰਾ ਗਾਨ, ਗਾ ਗਾ ਆਪਣਾ ਸ਼ੁਕਰ ਮਨਾਇਆ । ਮੇਰੀ ਸੇਵਾ ਦੱਸ ਸ੍ਰੀ ਭਗਵਾਨ, ਬਣ ਬਣ ਸੇਵਕ ਸੇਵ ਕਮਾਇਆ । ਤੇਰੀ ਮੰਨਦਾ ਰਹਾਂ ਆਣ, ਤੇਰਾ ਹੁਕਮ ਆਪਣੇ ਸਿਰ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਆਪਣਾ ਹੱਥ ਰਖਾਇਆ । ਸਾਚਾ ਵਰ ਸ੍ਰੀ ਭਗਵਾਨਾ, ਏਕਾ ਵਾਰ ਜਣਾਈਆ । ਵਿਸ਼ਨੂੰ ਤੇਰਾ ਖੇਲ ਮਹਾਨਾ, ਬ੍ਰਹਮਾ ਸ਼ੰਕਰ ਕਰੇ ਕੁੜਮਾਈਆ । ਤਿੰਨਾਂ ਦੇਵੇ ਸੱਚਾ ਦਾਨਾ, ਤ੍ਰੈਗੁਣ ਮਾਇਆ ਝੋਲੀ ਪਾਈਆ । ਲੱਖ ਚੁਰਾਸੀ ਬੰਨੇ ਗਾਨਾਂ, ਸਾਚਾ ਸਗਨ ਮਨਾਈਆ । ਪੰਜ ਤੱਤ ਕਰੇ ਪਰਧਾਨਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਾਲ ਵਖਾਈਆ । ਰਵ ਸਸ ਕਰੇ ਪਰਕਾਸ਼ ਆਪਣੇ ਭਾਨਾ, ਨੂਰ ਨੂਰ ਨੂਰ ਪਰਗਟਾਈਆ । ਲੇਖਾ ਜਾਣੇ ਦੋ ਜਹਾਨਾਂ, ਬ੍ਰਹਿਮੰਡ ਖੰਡ ਵੰਡ ਵੰਡਾਈਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨਾ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਸ਼ਬਦ ਅਗੰਮੀ ਦੇਵੇ ਧੁਰ ਫ਼ਰਮਾਣਾ, ਨਾਦ ਅਨਾਦ ਵਜਾਈਆ । ਜੁਗ ਚੌਕੜੀ ਖੇਲ ਖਲਾਨਾ, ਆਪਣੀ ਵੰਡ ਵੰਡਾਈਆ । ਬ੍ਰਹਮਾ ਵੇਤਾ ਇਕ ਪੜ੍ਹਾਨਾ, ਨਿਸ਼ਅੱਖਰ ਦਏ ਜਣਾਈਆ । ਚਾਰੇ ਵੇਦਾਂ ਗਾਏ ਗਾਨਾ, ਚਾਰੇ ਯੁਗ ਸਮਝਾਈਆ । ਚਾਰੇ ਬਾਣੀ ਗਾਏ ਤਰਾਨਾ, ਚਾਰੇ ਖਾਣੀ ਦਏ ਵਖਾਈਆ । ਚਾਰ ਵਰਨ ਰੱਖੇ ਆਣਾ, ਚਾਰ ਕੁੰਟ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਖੇਲ ਵੇਖ ਵਖਾਈਆ । ਤੇਰਾ ਖੇਲ ਨਿਰਗੁਣ ਸਰਗੁਣ ਰੰਗ, ਸੋ ਪੁਰਖ ਨਿਰੰਜਣ ਆਪ ਜਣਾਇਆ । ਲੱਖ ਚੁਰਾਸੀ ਵੱਜੇ ਮਰਦੰਗ, ਘਟ ਘਟ ਮਰਦੰਗਾ ਆਪ ਉਠਾਇਆ । ਜੀਵ ਜੰਤ ਵੰਡੀ ਵੰਡ, ਵੰਡਣਹਾਰਾ ਬੇਪਰਵਾਹਿਆ । ਕਰੇ ਖੇਲ ਸੂਰਾ ਸਰਬੰਗ, ਨਿਰਭੌ ਆਪਣੀ ਧਾਰ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਦਏ ਸਮਝਾਇਆ । ਜੁਗ ਚੌਕੜੀ ਤੇਰਾ ਰਾਹ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਲੱਖ ਚੁਰਾਸੀ ਘਾੜਨ ਲਏ ਘੜਾ, ਘੜ ਭਾਂਡੇ ਵੇਖ ਵਖਾਇੰਦਾ । ਅੰਤਮ ਭੰਨੇ ਠੀਕਰ ਦਏ ਬਣਾ, ਠੀਕਰ ਖ਼ਾਕੀ ਖ਼ਾਕ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਯੁਗ ਚੌਕੜੀ ਕੀਤਾ ਪਰਵਾਨ, ਵਿਸ਼ਨੂੰ ਸੀਸ ਝੁਕਾਇਆ । ਕਵਣ ਰੂਪ ਮਿਲੇਂ ਭਗਵਾਨ, ਲੋਕਮਾਤ ਫੇਰਾ ਪਾਇਆ । ਕਵਣ ਵਸਤ ਦੇਵੇਂ ਦਾਨ, ਲੱਖ ਚੁਰਾਸੀ ਆਪ ਵਰਤਾਇਆ । ਕਵਣ ਘਰ ਬਣੇਂ ਕਾਹਨ, ਨਿਰਗੁਣ ਆਪਣਾ ਰੂਪ ਧਰਾਇਆ । ਕਵਣ ਵੇਲਾ ਲਏਂ ਪਛਾਣ, ਵਿਛੜੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭਿੱਖਕ ਝੋਲੀ ਰਿਹਾ ਵਖਾਇਆ । ਭਿੱਖਕ ਦੇਵੇ ਦਾਤ, ਵਡੀ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਖੇਲ ਤਮਾਸ਼, ਪੁਰਖ ਅਬਿਨਾਸ਼ੀ ਆਪ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾਵੇ ਰਾਸ, ਯੁਗ ਚੌਕੜੀ ਵੰਡ ਵੰਡਾਈਆ । ਜੋ ਉਪਜੇ ਸੋ ਹੋਏ ਵਿਨਾਸ, ਥਿਰ ਕੋਇ ਰਹਿਣ ਨਾ ਪਾਈਆ । ਆਪਣਾ ਨੂਰ ਕਰੇ ਪਰਕਾਸ਼, ਗੁਰ ਅਵਤਾਰ ਮਾਤ ਪਰਗਟਾਈਆ । ਪੰਜ ਤੱਤ ਦੇਵੇ ਸਾਥ, ਬ੍ਰਹਮ ਪਾਰਬ੍ਰਹਮ ਮਿਲਾਈਆ । ਏਕਾ ਖੋਲ੍ਹੇ ਨਾਮ ਹਾਟ, ਬਣ ਵਣਜਾਰਾ ਸੇਵ ਕਮਾਈਆ । ਕਰੇ ਖੇਲ ਪੁਰਖ ਸਮਰਾਥ, ਮਹਿਮਾ ਕਥ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਈਆ । ਸਾਚੀ ਦੇਵੇ ਭਗਤਾਂ ਵਸਤ, ਵਿਸ਼ਵ ਆਪਣੀ ਆਪ ਪਰਗਟਾਈਆ ।

ਨਾ ਕੋਈ ਜਾਣੇ ਕੀਟ ਹਸਤ, ਊਚ ਨੀਚ ਨਾ ਕੋਇ ਵਡਿਆਈਆ । ਲਹਿਣਾ ਦੇਣ ਚੁਕਾਏ ਦਸਤ ਬਦਸਤ, ਲੋਕਮਾਤ ਕਰ ਰੁਸ਼ਨਾਈਆ । ਹਰਿਜਨ ਰੱਖੇ ਆਪਣੇ ਨਾਮ ਮਸਤ, ਮਸਤੀ ਏਕਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੂਪ ਵਟਾਈਆ । ਯੁਗ ਯੁਗ ਆਪਣਾ ਰੂਪ ਧਰ, ਆਪਣੀ ਦਇਆ ਕਮਾਈਆ । ਸੰਤ ਸੁਹੇਲੇ ਸਾਚੇ ਵਰ, ਆਪਣੀ ਬੂਝ ਬੁਝਾਈਆ । ਗੁਰਮੁਖਾਂ ਚੁਕਾਏ ਝੂਠਾ ਡਰ, ਮਾਇਆ ਮਮਤਾ ਮੋਹ ਤੁੜਾਈਆ । ਗੁਰਸਿਖਾਂ ਫੜਾਏ ਏਕਾ ਲੜ, ਏਕਾ ਘਰ ਵਖਾਈਆ । ਯੁਗ ਚੌਕੜੀ ਜਾਇਣ ਹਰ, ਲੋਕਮਾਤ ਰਹਿਣ ਨਾ ਪਾਈਆ । ਸੇਵਾ ਕਰਨ ਗੁਰ ਅਵਤਾਰ, ਜੁਗ ਜੁਗ ਸੇਵ ਕਮਾਈਆ । ਭਗਤ ਭਗਵੰਤ ਮੰਗਣ ਦਰ, ਦਰ ਦਰ ਸੀਸ ਝੁਕਾਈਆ । ਸੰਤ ਰੋਵਣ ਜ਼ਾਰੋ ਜ਼ਾਰ, ਬਿਨ ਡਿਠਿਆਂ ਜੀਵਣ ਮੁਕਤ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਨਿਭਾਈਆ । ਨਵ ਨੌਂ ਚਾਰ ਜਾਏ ਬੀਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਹਿਣ ਨਾ ਪਾਈਆ । ਕਰੇ ਖੇਲ ਇਕ ਅਤੀਤ, ਤ੍ਰੈਗੁਣ ਅਤੀਤਾ ਸੱਚਾ ਮਾਹੀਆ । ਲੱਖ ਚੁਰਾਸੀ ਕਰੇ ਬਿਪਰੀਤ, ਬਿਪਰ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਚੌਕੜ ਆਪਣਾ ਭੇਵ ਜਣਾਈਆ । ਅੰਤਮ ਚੌਕੜ ਖੇਲ ਨਿਆਰਾ, ਨਿਰਗੁਣ ਆਪ ਕਰਾਇਆ । ਸੇਵਾ ਲਾ ਤੇਈ ਅਵਤਾਰਾ, ਗੁਰ ਦਸ ਮੇਲ ਮਿਲਾਇਆ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰਾ, ਏਕਾ ਨਾਆਰਾ ਹੱਕ ਸੁਣਾਇਆ । ਭਗਤ ਭਗਵੰਤ ਬੋਲ ਜੈਕਾਰਾ, ਏਕਾ ਓਟ ਤਕਾਇਆ । ਲੋਕਮਾਤ ਖੋਲ੍ਹ ਦੁਆਰਾ, ਆਪਣਾ ਨਾਉਂ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਜਣਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜਾਏ ਲੰਘ, ਕਲਜੁਗ ਹਰਿ ਜੀ ਆਪ ਜਣਾਇੰਦਾ । ਗੁਰ ਅਵਤਾਰ ਮੰਗਣ ਮੰਗ, ਪ੍ਰਭ ਅੱਗੇ ਸਰਬ ਝੋਲੀ ਡਾਹਿੰਦਾ । ਭਗਤ ਭਗਵੰਤ ਲਾਏ ਅੰਗ, ਅੰਗੀਕਾਰ ਆਪ ਹੋ ਜਾਇੰਦਾ । ਸੰਤ ਮੰਗਣ ਸਾਚਾ ਸੰਗ, ਸਗਲਾ ਸੰਗ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਹੋਏ ਨੰਗ, ਉਤੇ ਪੜਦਾ ਕੋਇ ਨਾ ਪਾਇੰਦਾ । ਜੂਠ ਝੂਠ ਭਰੇ ਵਿਚ ਵਰਭੰਡ, ਭੰਡੀ ਮਗਰ ਮਗਰ ਆਪ ਕਰਾਇੰਦਾ । ਹਰਿ ਕਾ ਨਾਉਂ ਨਾ ਸਿਮਰੇ ਕੋਇ ਬੱਤੀ ਦੰਦ, ਰਸਨਾ ਜੇਹਵਾ ਨਾ ਕੋਇ ਮਿਲਾਇੰਦਾ । ਆਪਣਾ ਪੂਰਾ ਕੋਇ ਨਾ ਕਰੇ ਪੰਧ, ਜੀਵ ਜੰਤ ਸਰਬ ਕੁਰਲਾਇੰਦਾ । ਵਰਨ ਬਰਨ ਪਾਏ ਫੰਦ, ਸ਼ਰਅ ਸ਼ਰੀਅਤ ਨਾ ਕੋਇ ਤੁੜਾਇੰਦਾ । ਨਾ ਕੋਈ ਟੁੱਟੀ ਦੇਵੇ ਗੰਢ, ਟੁੱਟੀ ਗੰਢਣਹਾਰ ਨਜ਼ਰ ਨਾ ਆਇੰਦਾ । ਨਾ ਕੋਇ ਸਹਾਈ ਸੂਰਜ ਚੰਦ, ਵਿਸ਼ਨ ਬ੍ਰਹਮਾ ਸ਼ਿਵ ਸਿਰ ਨਾ ਕੋਇ ਉਠਾਇੰਦਾ । ਕਰੋੜ ਤੇਤੀਸਾ ਦਿਸ ਨਾ ਆਏ ਭਾਗਾਂ ਮੰਦ, ਇਸ਼ਟ ਦੇਵ ਨਾ ਕੋਇ ਜਣਾਇੰਦਾ । ਗੁਰ ਅਵਤਾਰ ਦੇਵਣ ਕੰਡ, ਨੂਰੀ ਮੁਖੜਾ ਨਾ ਕੋਇ ਵਖਾਇੰਦਾ । ਕਲਜੁਗ ਕੂੜੇ ਚੜ੍ਹੇ ਘਮੰਡ, ਆਪਣਾ ਬਲ ਆਪ ਧਰਾਇੰਦਾ । ਦਰੋਹੀ ਫਿਰੇ ਵਿਚ ਨਵ ਖੰਡ, ਏਕਾ ਖੰਡਾ ਹੱਥ ਚਮਕਾਇੰਦਾ । ਸਾਧਾਂ ਸੰਤਾਂ ਆਤਮ ਕਰੇ ਰੰਡ, ਹਰਿ ਜੂ ਕੰਤ ਨਾ ਕੋਇ ਹੰਢਾਇੰਦਾ । ਕੋਈ ਰਾਮ ਨਾ ਖਿੱਚੇ ਕਮੰਦ, ਕ੍ਰਿਸ਼ਨਾ ਰਥ ਨਾ ਕੋਇ ਚਲਾਇੰਦਾ । ਨਾ ਕੋਈ ਮੁਹੰਮਦ ਦੇਵੇ ਸੰਗ, ਮੂਸਾ ਮੁਖ ਨਾ ਕੋਇ ਵਖਾਇੰਦਾ । ਨਾਨਕ ਨਿਰਗੁਣ ਨਾ ਚਾੜ੍ਹੇ ਕੋਈ ਚੰਦ, ਗੋਬਿੰਦ ਅੰਗ ਨਾ ਕੋਇ ਲਗਾਇੰਦਾ । ਕਿਸੇ ਹੱਥ ਨਾ ਆਏ ਪਰਮਾਨੰਦ, ਨਿਜਾਨੰਦ ਨਾ ਕੋਇ ਸਮਾਇੰਦਾ । ਰਸਨਾ ਜਿਹਵਾ ਪਾਇਣ ਡੰਡ, ਉਚੀ ਕੂਕ ਕੂਕ ਅਲਾਇੰਦਾ । ਤ੍ਰੈਗੁਣ ਮਾਇਆ ਲੱਗੇ ਫੰਦ, ਫਾਂਦੀ ਬਣ ਨਾ ਕੋਇ ਛੁਡਾਇੰਦਾ ।

ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਜੀਵ ਜੰਤ ਨਾਰ ਦੁਹਾਗਣ ਹੋਏ ਰੰਡ, ਕੰਤ ਕੰਤੂਹਲ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਸਮਝਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਹਰਿ ਵਿਸ਼ਨੂੰ ਕਰੇ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਦਾ ਪੰਧ ਮੁਕੌਣਾ, ਆਪ ਆਪਣਾ ਫੇਰਾ ਪਾਈਆ । ਚਾਰ ਯੁਗ ਦਾ ਹਿਸਾਬ ਮਕੌਣਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਲ ਰਲਾਈਆ । ਗੁਰ ਅਵਤਾਰਾਂ ਫੜ ਉਠੌਣਾ, ਆਪ ਆਪਣਾ ਹੁਕਮ ਸੁਣਾਈਆ । ਭਗਤ ਭਗਵੰਤ ਦਰ ਰਖੌਣਾ, ਦਰਦੀ ਦਰਦ ਵੰਡਾਈਆ । ਸਾਚੇ ਸੰਤ ਗਲੇ ਲਗੌਣਾ, ਬੇਅੰਤ ਦਇਆ ਕਮਾਈਆ । ਆਪਣਾ ਮੰਤ ਆਪ ਜਪੌਣਾ, ਆਪੇ ਨਾਮ ਆਪ ਸਹਾਈਆ । ਆਪਣਾ ਕੰਤ ਰੂਪ ਆਪ ਵਖੌਣਾ, ਆਪੇ ਨਾਰ ਲਏ ਪਰਨਾਈਆ । ਆਪਣੀ ਰੁੱਤ ਬਸੰਤ ਆਪ ਸੁਹੌਣਾ, ਪੱਤ ਡਾਲੀ ਆਪ ਮਹਿਕਾਈਆ । ਨਿਰਗੁਣ ਰੂਪ ਜਾਮਾ ਪੌਣਾ, ਨਾ ਕੋਈ ਪਿਤਾ ਨਾ ਕੋਈ ਮਾਈਆ । ਗੁਰ ਅਵਤਾਰਾਂ ਮਿਲ ਮਿਲ ਸਭ ਨੇ ਗੌਣਾ, ਲੱਖ ਲੱਖ ਸੁਕਰ ਮਨਾਈਆ । ਸਾਡੀ ਪੂਰੀ ਕਰੇ ਭਾਵਨੀ ਭੌਣਾ, ਜੋ ਆਏ ਆਸ ਲਗਾਈਆ । ਚਾਰ ਯੁਗ ਜਿਸ ਤਾਈ ਤੌਣਾ, ਤ੍ਰੈਗੁਣ ਅਗਨੀ ਅੱਗ ਲਗਾਈਆ । ਦਿਤਾ ਹੁਕਮ ਉਨੰਜਾ ਪੌਣਾ, ਪੌਣਾ ਵਿਚ ਸਮਾਈਆ । ਲੇਖਾ ਜਾਣੇ ਅਵਣਾ ਗਵਣਾ, ਹਰਿ ਕੰਤ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਯੁਗ ਦਾ ਲਹਿਣਾ ਵੇਖ ਵਖਾਈਆ । ਵਿਸ਼ਨੂੰ ਚਾਰ ਯੁਗ ਦਾ ਵੇਖਣਾ ਲਹਿਣਾ, ਕਲਜੁਗ ਅੰਤ ਖੇਲ ਰਚਾਇਆ । ਮੇਰਾ ਮੰਨਣਾ ਇਕੋ ਕਹਿਣਾ, ਭੁੱਲ ਕਦੇ ਨਾ ਜਾਇਆ । ਬਿਨ ਮੇਰੇ ਕਿਸੇ ਨਾ ਰਹਿਣਾ, ਜੋ ਆਇਆ ਸੋ ਭੰਨ ਵਖਾਇਆ । ਆਦਿ ਜੁਗਾਦਿ ਯੁਗ ਯੁਗ ਮੈਂ ਇਕੋ ਦੇਣਾ, ਦੇਵਣਹਾਰ ਹੋਰ ਨਾ ਕੋਇ ਰਖਾਇਆ । ਜਿਸ ਦਾ ਭਾਣਾ ਸਭ ਨੇ ਸਹਿਣਾ, ਆਪਣਾ ਭਾਣਾ ਲਏ ਮਨਾਇਆ । ਜਿਸ ਦੁਆਰੇ ਮੇਰੇ ਬਹਿਣਾ, ਤਿਸ ਮਾਰਗ ਦਏ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਬਿਧ ਲਏ ਮਿਲਾਇਆ । ਪੁਰਖ ਅਬਿਨਾਸ਼ੀ ਦੱਸੇ ਹਾਲ, ਆਪਣਾ ਹਾਲ ਜਣਾਈਆ । ਕਰਾਂ ਖੇਲ ਕਾਲ ਮਹਾਂਕਾਲ, ਮਹਾਂਕਾਲ ਦਿਆਂ ਵਡਿਆਈਆ । ਲੱਖ ਚੁਰਾਸੀ ਬਣ ਦਲਾਲ, ਕਾਇਆ ਧਰਮਸਾਲ ਮੁਖ ਛੁਪਾਈਆ । ਜੁਗ ਜੁਗ ਗੁਰਮੁਖ ਵੇਖਾਂ ਸਾਚੇ ਲਾਲ, ਹਰਿ ਭਗਤ ਲਵਾਂ ਉਠਾਈਆ । ਸਦਾ ਸੁਹੇਲਾ ਬਣ ਕਰਾਂ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਫੜ ਫੜ ਗਲੇ ਲਗਾਵਾਂ ਕੰਗਾਲ, ਕੰਗਾਲੋਂ ਸ਼ਾਹ ਬਣਾਈਆ । ਜਨ ਭਗਤਾਂ ਕਰਾਂ ਹੱਲ ਸਵਾਲ, ਲੇਖਾ ਲਿਖਾਂ ਬਿਨ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਭਗਤ ਤੇਰੇ ਦੁਆਰੇ ਆਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਹੁਕਮ ਸੁਣਾਇਆ । ਵਿਸ਼ਨੂੰ ਉਠ ਧਿਆਨ ਲਗਾ, ਧਿਆਨ ਧਿਆਨ ਨਾਲ ਮਿਲਾਇਆ । ਜਿਸ ਤੇਰੀ ਬਣਤ ਲਈ ਬਣਾ, ਅੰਤ ਲੇਖਾ ਦਏ ਮੁਕਾਇਆ । ਆਪਣਾ ਗੁਣ ਦਏ ਸਮਝਾ, ਅਵਗੁਣ ਦਿਸ ਕਿਸੇ ਨਾ ਆਇਆ । ਸਾਚੇ ਭਗਤ ਲਏ ਪਰਗਟਾ, ਆਪ ਆਪਣੀ ਭਗਤੀ ਲਾਇਆ । ਜਗਤ ਵਿਦਿਆ ਦਏ ਭੁਲਾ, ਆਪਣੀ ਵਿਦਿਆ ਆਪ ਪੜ੍ਹਾਇਆ । ਆਪੇ ਦਰਸ਼ਨ ਦੇਵੇ ਆ, ਦੂਜਾ ਇਸ਼ਟ ਨਾ ਕੋਇ ਰਖਾਇਆ । ਪਹਿਲੋਂ ਬਖ਼ਸ਼ੇ ਸਰਬ ਗੁਨਾਹ, ਫੇਰ ਆਪਣੇ ਗਲੇ ਲਗਾਇਆ । ਜੇ ਕੋਈ ਦੂਜਾ ਪੁੱਛੇ ਮੇਰਾ ਭਗਤ ਅੱਗੋਂ ਕਰੇ ਨਾ, ਹਰਿ ਜੂ ਵੰਡ ਨਾ ਕਿਸੇ ਵੰਡਾਇਆ । ਜੇ ਪ੍ਰਭ ਮਿਲਣਾ ਚਰਨੀ ਡਿਗੋ

ਆ, ਚਰਨ ਦੁਆਰਾ ਇਕ ਸਮਝਾਇਆ । ਜੁਗ ਜੁਗ ਨਿਥਾਵਿਆਂ ਦੇਵੇ ਥਾਂ, ਨਿਮਾਣਿਆਂ ਹੋਏ ਸਹਾਇਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਇਆ । ਬਿਨ ਬਿਰਛਾਂ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇਆ । ਜੁਗ ਜੁਗ ਸਨੇਹੁੜਾ ਦੇਵੇ ਸੱਚਾ ਸ਼ਹਿਨਸ਼ਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਤ ਦਏ ਸਮਝਾਇਆ । ਚਾਰ ਯੁਗ ਖੇਲ ਅਪਾਰਾ, ਭਗਵਨ ਭਗਤ ਦਏ ਵਡਿਆਈਆ । ਭਗਤ ਮੰਗਣ ਇਕ ਦੁਆਰਾ, ਏਕਾ ਓਟ ਤਕਾਈਆ । ਏਕਾ ਵਸੇ ਧਾਮ ਨਿਆਰਾ, ਅਵੱਲੜਾ ਘਰ ਆਪ ਸੁਹਾਈਆ । ਏਕਾ ਵੇਖੇ ਵੇਖਣਹਾਰਾ, ਜਿਸ ਜਨ ਬੂਝ ਬੁਝਾਈਆ । ਭਗਤਨ ਪੰਧ ਮੁਕਾਇਣ ਵਿਚ ਸੰਸਾਰਾ, ਥਿਰ ਘਰ ਡੇਰਾ ਲਾਈਆ । ਥਿਰ ਘਰ ਮਿਲੇ ਸ਼ਬਦ ਸਹਾਰਾ, ਸ਼ਬਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਸ਼ਬਦੀ ਅੰਦਰ ਭਗਤਨ ਭੇਤ, ਅਭੇਦੀ ਭੇਦ ਰਖਾਇੰਦਾ । ਆਪੇ ਵੇਖੇ ਨੇਤਨ ਨੇਤ, ਨਿਤ ਨਿਤ ਵੇਸ ਵਟਾਇੰਦਾ । ਆਦਿ ਜੁਗਾਦੀ ਚੇਤਨ ਚੇਤ, ਅਬਿਨਾਸ਼ੀ ਅਚੁੱਤ ਖੇਲ ਖਲਾਇੰਦਾ । ਕਰ ਕਿਰਪਾ ਇਕੋ ਵਾਰ ਕਰਿਆ ਸੱਚਾ ਹੇਤ, ਆਪ ਆਪਣਾ ਹਿਤ ਸਮਝਾਇੰਦਾ । ਕਬੀਰ ਜੁਲਾਹਾ ਨੇਤਰ ਲਏ ਪੇਖ, ਸਚਖੰਡ ਦੁਆਰੇ ਚਰਨਾਂ ਉਪਰ ਸੀਸ ਟਿਕਾਇੰਦਾ । ਵੱਜੀ ਵਧਾਈ ਵਸਿਆ ਦੇਸ, ਪਰਦੇਸ ਰਾਹ ਤਜਾਇੰਦਾ । ਨਜ਼ਰੀ ਆਇਆ ਇਕ ਨਰੇਸ਼, ਸੀਸ ਆਪਣੇ ਤਾਜ ਟਿਕਾਇੰਦਾ । ਨਾ ਕੋਈ ਉਥੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਨਾ ਕੋਈ ਝੋਲੀ ਅੱਗੇ ਡਾਹਿੰਦਾ । ਨਾ ਕੋਈ ਰੂਪ ਨਾ ਕੋਈ ਰੇਖ, ਇਕੋ ਨੂਰ ਡਗਮਗਾਇੰਦਾ ।
੮ ਨਾਨਕ ਦਿਸਿਆ ਬਿਨ ਖੂੰਡੀ ਭੂਰੀ ਖੇਸ, ਹੱਥ ਸਤਾਰ ਨਾ ਕੋਇ ਵਜਾਇੰਦਾ । ਬਿਨ ਰਸਨਾ ਕਰੇ ਆਦੇਸ ਆਦੇਸ, ਨਿਰੰਕਾਰ ਨਿਰੰਕਾਰ ਨਿਰੰਕਾਰ ੮
੧੧ ਢੋਲਾ ਗਾਇੰਦਾ । ਉਥੇ ਚਲੇ ਨਾ ਕੋਈ ਪੇਸ਼, ਕਬੀਰਾ ਨਿਉਂ ਨਿਉਂ ਸੀਸ ਝੁਕਾਇੰਦਾ । ਮੈਂ ਤੇਰਾ ਨੂਰ ਨਾ ਸਕਾਂ ਵੇਖ, ਬਿਨ ਤੇਰੀ ਮਿਹਰ ਮੇਰਾ ੧੧
ਨੈਣ ਕੰਮ ਕਿਸੇ ਨਾ ਆਇੰਦਾ । ਆ ਪ੍ਰਭ ਪ੍ਰੀਤਮ ਕੰਤ ਸੁਹੇਲੇ ਆਪਣੀ ਨਾਰ ਵੇਖ, ਲੋਕਮਾਤ ਤੁਧ ਬਿਨ ਮੇਰਾ ਜੋਬਨ ਨਾ ਕੋਇ ਹੰਢਾਇੰਦਾ । ਮੈਂ ਤੇਰੇ ਵੈਰਾਗ ਬਣ ਦੁਹਾਗਣ ਖੁੱਲ੍ਹੇ ਛੱਡੇ ਕੇਸ, ਮੇਰੀ ਮੀਂਢੀ ਸੁਹਾਗ ਨਾ ਕੋਇ ਗੁੰਦਾਇੰਦਾ । ਮੈਂ ਥੱਲੇ ਤੱਕ ਕੇ ਆਇਆ ਵਿਸ਼ਨੂੰ ਸੁੱਤਾ ਉਤੇ ਬਾਸ਼ਕ ਸੇਜ, ਸਾਂਗੋਂ ਪਾਂਗ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਏਕਾ ਸੋਭਾ ਪਾਇੰਦਾ । ਪੁਰਖ ਅਬਿਨਾਸ਼ੀ ਦੀਨ ਦਿਆਲ, ਆਪਣੀ ਦਇਆ ਕਮਾਈਆ । ਸੁਣ ਸੱਜਣ ਮੀਤ ਮੇਰੇ ਛੋਟੇ ਲਾਲ, ਲਾਲਨ ਲਾਲ ਵੰਡ ਵੰਡਾਈਆ । ਮਦਨ ਮੋਹਨ ਮੂਰਤੀ ਗੋਪਾਲ, ਕਪਾਲ ਨਾ ਕੋਇ ਵਡਿਆਈਆ । ਮੇਰਾ ਮੰਦਰ ਇਕ ਧਰਮਸਾਲ, ਧਰਮ ਦੁਆਰਾ ਇਕ ਸਮਝਾਈਆ । ਜਿਥੇ ਪੋਹ ਨਾ ਸਕੇ ਕਾਲ, ਮਹਾਂਕਾਲ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਭਗਤ ਭਗਵਾਨ ਰਿਹਾ ਸਮਝਾਈਆ । ਕਬੀਰ ਤੇਰੀ ਪੂਰੀ ਆਸ਼ਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਇਕੋ ਏਕ ਇਕ ਭਰਵਾਸਾ, ਏਕਾ ਘਰ ਸੁਹਾਇੰਦਾ । ਜੁਗ ਜੁਗ ਬਣਿਆ ਰਹੇ ਦਾਸੀ ਦਾਸਾ, ਨਿਰਗੁਣ ਸਰਗੁਣ ਸੇਵ ਕਮਾਇੰਦਾ । ਲੱਖ ਚੁਰਾਸੀ ਕਰੇ ਹਾਸਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਦਰ ਦਰ ਫਿਰੇ ਫੜ ਫੜ ਕਾਸਾ, ਤਨ ਅਲਫੀ ਇਕ ਹੰਢਾਇੰਦਾ । ਆਦਿ ਜੁਗਾਦਿ ਨਾ ਕਦੇ ਵਿਨਾਸ਼ਾ, ਪੁਰਖ ਅਬਿਨਾਸ਼ਾ ਖੇਲ ਕਰਾਇੰਦਾ । ਕਲਜੁਗ ਅੰਤਮ ਆਵੇ ਹਾਰ ਪਾਸਾ, ਜਿੱਤ ਕੋਇ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ

ਆਪ ਜਣਾਇੰਦਾ । ਕਲਜੁਗ ਵੇਲਾ ਆਏ ਅੰਤ, ਅੰਤ ਆਪ ਸਮਝਾਈਆ । ਪਰਗਟ ਹੋਏ ਸ੍ਰੀ ਭਗਵੰਤ, ਲੋਕਮਾਤ ਕਰੇ ਰੁਸ਼ਨਾਈਆ । ਆਪ ਜਣਾਏ ਆਪਣਾ ਮੰਤ, ਇਕੋ ਇਕ ਨਾਮ ਵਡਿਆਈਆ । ਹਰਿਜਨ ਵੇਖੇ ਸਾਚੇ ਸੰਤ, ਸਾਹਿਬ ਲਏ ਮਿਲਾਈਆ । ਆਪੇ ਹੋਏ ਪਤੀ ਪਤਵੰਤ, ਪਤ ਆਪਣੀ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਲਏ ਮਿਲਾਈਆ । ਕਬੀਰ ਅੱਗੋਂ ਰਿਹਾ ਪੁੱਛ, ਪ੍ਰਭ ਅੱਗੇ ਸੀਸ ਝੁਕਾਇਆ । ਸਾਨੂੰ ਦਰਸ ਦਿਤਾ ਲੁਕ ਲੁਕ, ਆਪਣਾ ਭੇਵ ਨਾ ਕਿਸੇ ਖੁਲ੍ਹਾਇਆ । ਤੇਰੇ ਫ਼ਰਾਕ ਅੰਦਰ ਗਏ ਸੁੱਕ, ਖ਼ਾਕੀ ਤੱਤ ਖ਼ਾਕ ਮਿਲਾਇਆ । ਤੇਰੇ ਵੈਰਾਗ ਅੰਦਰ ਗਏ ਲੁੱਟ, ਆਪ ਆਪਣਾ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਬਿਧ ਕਲਜੁਗ ਅੰਤ ਲਏਂ ਕਰਾਇਆ । ਕਲਜੁਗ ਅੰਤਮ ਅਵੱਲੜਾ ਵੇਸ, ਸੋ ਪੁਰਖ ਨਿਰੰਜਣ ਆਪ ਜਣਾਈਆ । ਦੱਸ ਕੇ ਜਾਏ ਗੁਰ ਦਸਮੇਸ਼, ਆਪਣਾ ਡੰਕ ਵਜਾਈਆ । ਪਰਗਟ ਹੋਏ ਨਰ ਨਰੇਸ਼, ਨਿਹਕਲੰਕ ਨਾਉਂ ਰਖਾਈਆ । ਸੰਬਲ ਵਸੇ ਸਾਚੇ ਦੇਸ, ਭੇਵ ਕੋਇ ਨਾ ਪਾਈਆ । ਗੁਰਮੁਖ ਵਿਰਲਾ ਲਏ ਵੇਖ, ਜਿਸ ਆਪਣੀ ਬੂਝ ਬੁਝਾਈਆ । ਲੱਖ ਚੁਰਾਸੀ ਸੁੰਞਾ ਹੋਏ ਖੇਤ, ਗੁਰ ਪੀਰ ਅਵਤਾਰ ਨਾ ਕੋਇ ਸਹਾਈਆ । ਅਰਜਨ ਸੀਸ ਪੁਵਾਏ ਤੱਤੀ ਰੇਤ, ਰੇਤਾ ਤੱਤੀ ਸ੍ਰਿਸ਼ਟ ਸਬਾਈ ਦਏ ਤਪਾਈਆ । ਤੇਗ਼ ਬਹਾਦਰ ਆਪਣਾ ਸੀਸ ਲਾਏ ਆਪਣੇ ਹੇਤ, ਹਿੱਤ ਆਪਣਾ ਆਪ ਜਣਾਈਆ । ਬਾਲ ਨਿਧਾਨੇ ਝੂਜਨ ਖੇਤ, ਧਰਤ ਮਾਤ ਮਿਲੇ ਵਡਿਆਈਆ । ਗੋਬਿੰਦ ਆਪਣੇ ਨੇਤਰ ਪੇਖ, ਕਲਜੁਗ ਲੇਖ ਦਏ ਸਮਝਾਈਆ । ਅੰਤਮ ਆਏ ਨਰ ਨਰੇਸ਼, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ,
੯ ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਦਏ ਚੁਕਾਈਆ । ਕਿਸ ਬਿਧ ਲਹਿਣਾ ਚੁਕਾਏ ਭਗਵਾਨ, ਆਪਣਾ ਮਾਰਗ ਦੇਣਾ ਦੱਸ । ਕਿਸ ੯
੧੧ ਬਿਧ ਝੁਲਾਏ ਨਿਸ਼ਾਨ, ਲੋਕਮਾਤ ਹੋ ਪਰਗਟ । ਕਿਸ ਬਿਧ ਦੇਵੇ ਦਾਨ, ਅੰਤਰ ਆਤਮ ਜੋਤ ਲਟ ਲਟ । ਕਿਸ ਬਿਧ ਕਰੇ ਪਛਾਣ, ਜੋਤੀ ੧੧
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਣਾ ਭੇਵ ਦੱਸ । ਸਚਖੰਡ ਦੁਆਰ ਦਇਆ ਕਮਾ, ਸ੍ਰੀ ਭਗਵਾਨ ਦਇਆ ਕਮਾਈਆ । ਬਿਨ ਕਬਰੋਂ ਖੇੜਾ ਦਿਤਾ ਸਮਝਾ, ਸਮਝ ਸਮਝ ਨਾਲ ਮਿਲਾਈਆ । ਰਮਜ਼ ਨਾਲ ਰਮਜ਼ ਰਲਾ, ਰਹਿਮਤ ਰਹੀਮ ਕਮਾਈਆ । ਏਕਾ ਹਮਜ਼ਾ ਰੂਪ ਆਪਣਾ ਦਿਤਾ ਵਖਾ, ਅਲਫ਼ ਯੇ ਕਰ ਸਫਾਈਆ । ਅਰਜ਼ ਤੂਲ ਪੰਧ ਮੁਕਾ, ਮਾਕੂਲ ਸ਼ਰਅ ਜਣਾਈਆ । ਅਸਬੂਲ ਡੇਰਾ ਆਪੇ ਢਾਹ, ਨਿਰਾਕਾਰ ਮਿਲੇ ਵਡਿਆਈਆ । ਸਾਕਾਰ ਮੇਲਾ ਸਹਿਜ ਸੁਭਾ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਕਾਗਦ ਕਲਮ ਨਾ ਰੱਖੇ ਕੋਈ ਸ਼ਾਹ, ਅੰਕ ਅੰਕ ਨਾ ਕੋਇ ਮਿਲਾਈਆ । ਦੁਆਰ ਬੰਕ ਛੱਪਰ ਛੰਨ ਨਾ ਲਏ ਕੋਇ ਛੁਹਾ, ਮੰਦਰ ਮਸਜਿਦ ਨਾ ਕੋਇ ਵਖਾਈਆ । ਬਿਨ ਥਾਉਂ ਸਾਚੇ ਧਾਮ ਲਏ ਬਹਾ, ਜ਼ਿਮੀ ਅਸਮਾਨ ਨਜ਼ਰ ਨਾ ਆਈਆ । ਬਿਨ ਸੂਰਜ ਚੰਨ ਕਰੇ ਰੁਸ਼ਨਾ, ਬਿਨ ਤਾਰਿਆਂ ਮੰਡਲ ਆਪ ਸੁਹਾਈਆ । ਬਿਨ ਪਿਤਾ ਮਾਤ ਗੋਦ ਲਏ ਬਹਾ, ਬਿਨ ਮੰਮਾਂ ਸੀਰ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਕਬੀਰ ਦਏ ਸਮਝਾਈਆ । ਕਬੀਰ ਇਕ ਸੁਣ ਗੱਲ, ਹਰਿ ਜੂ ਆਖ ਸੁਣਾਇਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਕਰਦਾ ਰਿਹਾ ਵਲ ਛਲ, ਮੇਰਾ ਭੇਵ ਕਿਸੇ ਨਾ ਪਾਇਆ । ਭਗਤਾਂ ਦਰਸ਼ਨ ਦੇ ਕੇ ਆਇਆ ਘੜੀ ਪਲ, ਛਿੰਨ ਭੰਗਰ ਆਪਣਾ ਖੇਲ ਕਰਾਇਆ । ਸਚ ਸਿੰਘਾਸਣ ਬੈਠਾ ਮੱਲ, ਸਚ ਸਿੰਘਾਸਣ ਇਕ ਸੁਹਾਇਆ ।

ਗੁਰ ਅਵਤਾਰਾਂ ਸ਼ਬਦ ਸੁਨੇਹੁੜਾ ਘੱਲ, ਆਪਣਾ ਹੁਕਮ ਮਨਾਇਆ । ਅੰਤਮ ਸੁੱਟਿਆ ਆਪਣੇ ਖਾਤੇ ਡੂੰਘੀ ਡੱਲ, ਆਪ ਆਪਣੇ ਵਿਚ ਛੁਪਾਇਆ । ਜਿਸ ਨੂੰ ਕਹਿੰਦੇ ਅਬਚਲ, ਅਬਚਲ ਆਪਣਾ ਨਗਰ ਬਣਾਇਆ । ਕਰੇ ਖੇਲ ਸੂਰਾ ਪਰਬਲ, ਪਰਬਲ ਆਪਣੀ ਜੋਤ ਜਗਾਇਆ । ਆਪੇ ਲਾਇਆ ਆਪਣਾ ਫਲ, ਸੰਤ ਭਗਤ ਭਗਵਾਨ ਮਾਤ ਮਹਿਕਾਇਆ । ਅੰਤਮ ਆਪਣੇ ਪਾਏ ਆਪੇ ਡੱਲ, ਆਪਣੀ ਖਾਰੀ ਲਏ ਉਠਾਇਆ । ਕੋਈ ਕਹੇ ਜੋਤੀ ਗਿਆ ਰਲ, ਕੋਈ ਕਹੇ ਸਚਖੰਡ ਡੇਰਾ ਲਾਇਆ । ਪੁਰਖ ਅਬਿਨਾਸ਼ੀ ਕਹੇ ਮੈਂ ਚਰਨਾਂ ਹੇਠਾਂ ਰਿਹਾ ਮਿਲ, ਚਰਨ ਸਹਾਰਾ ਇਕ ਬਣਾਇਆ । ਦਰਸ ਦੇਵਾਂ ਘੜੀ ਘੜੀ ਪਲ ਪਲ, ਆਪ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਸਮਝਾਇਆ । ਜੁਗ ਚੌਕੜੀ ਸਚਖੰਡ, ਹਰਿ ਜੂ ਆਸਣ ਲਾਇੰਦਾ । ਆਪੇ ਕਰ ਕਰ ਆਪਣੀ ਵੰਡ, ਲੋਕਮਾਤ ਦਰਸ ਦਿਖਾਇੰਦਾ । ਗੁਰਮੁਖ ਵਿਰਲਾ ਚੜ੍ਹੇ ਚੰਦ, ਜਿਸ ਜਨ ਆਪਣੀ ਜੋਤ ਜਗਾਇੰਦਾ । ਕੋਟਨ ਕੋਟ ਬੈਠੇ ਰਹੇ ਮੰਗ, ਗਿਣਤੀ ਗਣਤ ਨਾ ਕੋਇ ਗਣਾਇੰਦਾ । ਇਕ ਕਬੀਰ ਵੇਖਿਆ ਅੰਦਰ ਲੰਘ, ਸਚ ਸਿੰਘਾਸਣ ਹਰਿ ਜੂ ਸੋਭਾ ਪਾਇੰਦਾ । ਨਾ ਕੋਈ ਤਾਰ ਸਤਾਰ ਵੱਜੇ ਮਰਦੰਗ, ਨਾ ਕੋਈ ਗੀਤ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਪੁਰਖ ਅਬਿਨਾਸ਼ੀ ਦੱਸਿਆ ਭੇਵ, ਅਭੇਦ ਆਪ ਖੁਲ੍ਹਾਇਆ । ਜਿਸ ਦੀ ਕਰਦੇ ਰਹੇ ਸੇਵ, ਸੋ ਸੇਵਕ ਰੂਪ ਧਰਾਇਆ । ਆਦਿ ਜੁਗਾਦਿ ਸਦਾ ਨੇਹਕੇਵ, ਨਿਹਚਲ ਧਾਮ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਵਰ ਆਪਣਾ ਆਪ ਸਮਝਾਇਆ । ਸੁਣ ਕਬੀਰ ਕਰ ਧਿਆਨ, ਚਾਰ ਕੁੰਟ ਵਖਾਈਆ । ਮੇਰਾ ਮੰਦਰ ਸਚ ਮਕਾਨ, ਮਕਬਰਾ ਕੋਇ ਨਜ਼ਰ ਨਾ ਆਈਆ । ਕੋਟਨ ਕੋਟ ਮੁਲਾਂ ਸ਼ੇਖ਼ ਮੁਸਇਕ ਪੀਰ ਪੈਗ਼ੰਬਰ ਏਸ ਖਾਤੇ ਡਿੱਗੇ ਆਣ, ਨਿਸ਼ਾਨ ਸਕੇ ਨਾ ਕੋਇ ਝੁਲਾਈਆ । ਕੋਟਨ ਕੋਟ ਰਾਮ ਕਰਨ ਪਰਨਾਮ, ਕੋਟਨ ਕੋਟ ਕ੍ਰਿਸ਼ਨ ਧਿਆਨ ਲਗਾਈਆ । ਕੋਟਨ ਕੋਟ ਭਗਤ ਪੀ ਪੀ ਜਾਮ, ਅੰਮ੍ਰਿਤ ਰਸ ਰਹੇ ਪਾਈਆ । ਜਿਸ ਕਿਰਪਾ ਕਰੇ ਆਪ ਭਗਵਾਨ, ਤਿਸ ਆਪਣੇ ਘਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੁਆਰਾ ਦਏ ਵਖਾਈਆ । ਕਬੀਰ ਵੇਖਿਆ ਹਰਿ ਦੁਆਰ, ਦੁਆਰਾ ਹਰਿ ਸੁਹਾਇਆ । ਉਤਰ ਪੂਰਬ ਪੱਛਮ ਹੋਏ ਉਜਿਆਰ, ਦੱਖਣ ਨਜ਼ਰ ਕੋਇ ਨਾ ਆਇਆ । ਕਰਿਆ ਖੇਲ ਆਪ ਕਰਤਾਰ, ਆਪਣਾ ਭੇਵ ਆਪ ਛੁਪਾਇਆ । ਦੋਏ ਜੋੜ ਕਰੇ ਨਿਮਸਕਾਰ, ਕਬੀਰਾ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵਖਾਲ ਸੱਚਾ ਘਰ, ਚੌਥਾ ਦਰ ਨਜ਼ਰ ਨਾ ਆਇਆ । ਚੌਥਾ ਦਰ ਨਾ ਪਿਆ ਦਿਸ, ਚਾਰੋਂ ਕੁੰਟ ਨਜ਼ਰ ਉਠਾਈਆ । ਮੈਂ ਬਣ ਕੇ ਆਇਆ ਤੇਰਾ ਸਿਖ, ਤੇਰੀ ਸਿਖਿਆ ਮੋਹੇ ਭਾਈਆ । ਤੂੰ ਮੇਰਾ ਲੇਖਾ ਦਿਤਾ ਲਿਖ, ਬਿਨ ਲਿਖਿਆ ਕਲਮ ਸ਼ਾਹੀਆ । ਆਪ ਆਪਣਾ ਦੱਸ ਭੇਤ, ਕਿਉਂ ਬੈਠਾ ਮੁਖ ਭੁਵਾਈਆ । ਕਰ ਸੱਚਾ ਇਕੋ ਹੇਤ, ਮੈਂ ਢਹਿ ਪਿਆ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਸੁਣ ਕਬੀਰ ਖੇਲ ਨਿਆਰਾ, ਹਰਿ ਜੂ ਆਪ ਜਣਾਇੰਦਾ । ਦੱਖਣ ਦਿਸ਼ਾ ਅਗੰਮ ਅਪਾਰਾ, ਆਪਣਾ ਦਰ ਸੁਹਾਇੰਦਾ । ਅੰਦਰ ਲੁਕਾਏ ਗੁਰ ਅਵਤਾਰਾ, ਆਪਣੀ ਸਾਇਆ ਹੇਠ ਰਖਾਇੰਦਾ । ਭਗਤ ਬਹਾਏ ਏਸ ਕਿਨਾਰਾ, ਸਾਚੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ


੧੦
੧੧

ਰਾਹ ਆਪ ਜਣਾਇੰਦਾ । ਦੱਖਣ ਦਿਸ਼ਾ ਗੁਰ ਅਵਤਾਰ, ਭਗਤਾਂ ਨਾਲ ਮਿਲਾਈਆ । ਜਿਉਂ ਭਾਵੇ ਤਿਉਂ ਕਰੇ ਪਿਆਰ, ਆਪ ਆਪਣੀ ਖੇਲ ਖਲਾਈਆ । ਕੋਟਨ ਕੋਟ ਕਬੀਰ ਏਹਦੇ ਵਿਚ ਛੱਡੇ ਵਾੜ, ਇਕ ਦੂਜੇ ਨੂੰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੱਖਣ ਦਿਸ਼ਾ ਆਪ ਛੁਪਾਈਆ । ਕਬੀਰ ਅੱਗੋਂ ਪਿਆ ਰੁੱਸ, ਲੈ ਕਰਵਟ ਮੁਖ ਭੁਵਾਇਆ । ਮੈਂ ਤੇਰਾ ਦੁਆਰਾ ਰਿਹਾ ਪੁੱਛ, ਤੂੰ ਮੈਥੋਂ ਭੇਵ ਛੁਪਾਇਆ । ਮੈਂ ਕਰ ਕੇ ਆਇਆ ਤੇਰਾ ਰੁਖ, ਤੇਰੇ ਚਰਨ ਦੁਆਰੇ ਡੇਰਾ ਲਾਇਆ । ਜਿੰਨਾਂ ਚਿਰ ਨਾ ਵਖਾਏਂ ਮੇਰੀ ਮਿਟੇ ਨਾ ਤ੍ਰਿਸ਼ਨਾ ਭੁੱਖ, ਮੇਰੀ ਸਾਂਤ ਨਾ ਕੋਇ ਜਣਾਇਆ । ਮੈਂ ਵੇਖਾਂ ਕਿਥੇ ਕਬੀਰ ਬੈਠੇ ਲੁੱਕ, ਜਿਨ੍ਹਾਂ ਤੇਰਾ ਨਾਮ ਧਿਆਇਆ । ਤੂੰ ਲੋਕਮਾਤ ਵਿਚੋਂ ਆਂਦੇ ਪੁੱਟ, ਸਚਖੰਡ ਵਿਚ ਬੂਟਾ ਲਾਇਆ । ਮੈਂ ਉਨ੍ਹਾਂ ਦੀ ਸ਼ਾਖ਼ ਤੇਰੇ ਦੁਆਰੇ ਗਈ ਫੁੱਟ, ਤੇਰੀ ਮਹਿਕ ਨਾਲ ਮਹਿਕਾਇਆ । ਮੈਂ ਵੇਖਾਂ ਤੇਰੀ ਰੁੱਤ, ਬਸੰਤ ਰੂਪ ਵਟਾਇਆ । ਮੈਂ ਤੇਰਾ ਆਇਆ ਨਿੱਕਾ ਪੁੱਤ, ਫੜ ਗਲੇ ਲੈ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਦੇ ਵਖਾਇਆ । ਕਬੀਰ ਵੇਲਾ ਅਜੇ ਦੂਰ, ਹਰਿ ਸਾਚਾ ਸਚ ਜਣਾਈਆ । ਆਪ ਵਖਾਏ ਹਾਜ਼ਰਾ ਹਜ਼ੂਰ, ਨੇਤਰ ਨੈਣ ਨੈਣ ਖੁਲ੍ਹਾਈਆ । ਤੇਰੀ ਸ਼ਰਧਾ ਕਰੇ ਪੂਰ, ਨਿਰਾਸ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਕਬੀਰ ਅੱਗੋਂ ਕਹੇ ਬੋਲ, ਏਕਾ ਬੋਲ ਸੁਣਾਇਆ । ਚੌਥੀ ਕੂਟ ਕੁੰਡਾ ਖੋਲ੍ਹ, ਕਿਉਂ ਮੇਰਾ ਮੇਰਾ ਡੁਲਾਇਆ । ਮੇਰੇ ਨਾਲ ਕਿਉਂ ਮਾਰੇ ਰੋਲ, ਮੈਂ ਤੇਰਾ ਰੋਲ ਕੋਈ ਨਾ ਝੋਲੀ ਪਾਇਆ । ਤੂੰ ਜੁਗ ਜੁਗ ਕਰਦਾ ਰਿਹਾ ਮਖੌਲ, ਤੇਰਾ ਮਸਖਰਾਪਣ ਮਿਟ ਕਦੇ ਨਾ ਜਾਇਆ । ਮੈਂ ਛੱਡ ਕੇ ਆਇਆ ਧਰਨੀ ਧੌਲ, ਤੇਰੇ ਘਰ ਸਿੰਘਾਸਣ ਲਾਇਆ । ਮੇਰੇ ਨਾਲ ਕਰ ਕੌਲ, ਕਵਣ ਵੇਲੇ ਦਏਂ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਇਆ । ਸਚ ਕਬੀਰ ਰੱਖ ਉਡੀਕ, ਹਰਿ ਸੱਜਣ ਸਚ ਜਣਾਇੰਦਾ । ਪ੍ਰਭ ਦੱਸੇ ਇਕ ਤਰੀਕ, ਏਕਾ ਲੇਖ ਲਿਖਾਇੰਦਾ । ਤੇਰਾ ਦੂਸਰ ਹੋਏ ਨਾ ਕੋਇ ਸ਼ਰੀਕ, ਸ਼ਿਰਕਤ ਨਾਲ ਨਾ ਕੋਇ ਮਿਲਾਇੰਦਾ । ਤੇਰੀ ਤੋੜ ਨਿਭੇ ਲੱਗੀ ਪ੍ਰੀਤ, ਪ੍ਰੀਤੀਵਾਨ ਆਪ ਨਿਭਾਇੰਦਾ । ਤੂੰ ਰਹਿਣਾ ਬੈਠ ਅਤੀਤ, ਤ੍ਰੈਗੁਣ ਅਤੀਤਾ ਆਪ ਸਮਝਾਇੰਦਾ । ਕਲਜੁਗ ਅੰਤਮ ਲਹਿਣਾ ਚੁਕਣਾ ਮੰਦਰ ਮਸੀਤ, ਪੁਰਖ ਅਬਿਨਾਸ਼ੀ ਆਪ ਚੁਕਾਇੰਦਾ । ਏਕਾ ਗੌਣਾ ਸਭ ਨੇ ਗੀਤ, ਏਕਾ ਇਸ਼ਟ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਆਪ ਉਠਾਇੰਦਾ । ਸਾਚਾ ਪਰਦਾ ਜਾਏ ਉਠ, ਸੋ ਪੁਰਖ ਨਿਰੰਜਣ ਆਪ ਉਠਾਈਆ । ਕਲਜੁਗ ਅੰਤਮ ਜਾਏ ਤੁਠ, ਨਿਰਗੁਣ ਰੂਪ ਬੇਪਰਵਾਹੀਆ । ਸਚਖੰਡ ਜੋ ਬੈਠਾ ਲੁਕ, ਲੋਕਮਾਤ ਕਰੇ ਰੁਸ਼ਨਾਈਆ । ਆਪਣੀ ਜਾਣੇ ਆਪੇ ਪੁੱਛ, ਆਪਣੀ ਪੁੱਛਣਾ ਆਪ ਪੁਵਾਈਆ । ਆਪਣੇ ਕੋਲ ਰੱਖੇ ਨਾ ਕੁਛ, ਜਨ ਭਗਤਾਂ ਝੋਲੀ ਦਏ ਭਰਾਈਆ । ਦੇਵੇ ਵਡਿਆਈ ਸਾਚੇ ਸੁਤ, ਸੁਤ ਦੁਲਾਰੇ ਲਏ ਉਪਜਾਈਆ । ਆਪ ਸੁਹਾਏ ਆਪਣੀ ਰੁੱਤ, ਪੱਤ ਡਾਲੀ ਆਪ ਮਹਿਕਾਈਆ । ਆਪਣੇ ਬੂਟੇ ਲੋਕਮਾਤ ਲਾਏ ਏਥੋਂ ਪੁੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਲਾਈਆ । ਸਾਚਾ ਖੇਲ ਆਪ ਖਲੌਣਾ, ਹਰਿ ਸੱਜਣ ਸਚ ਜਣਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਦੱਖਣ ਦਿਸ਼ਾ ਭੇਵ ਚੁਕੌਣਾ, ਆਪਣਾ ਪਰਦਾ ਲਾਹਿੰਦਾ । ਭਗਤ ਦੁਆਰਾ ਮਾਤ ਬਣੌਣਾ, ਉਤਰ ਪੂਰਬ ਪੱਛਮ ਦਿਸ਼ਾ ਆਪ

ਖੁਲ੍ਹਾਇੰਦਾ । ਦੱਖਣ ਆਪੇ ਬੰਦ ਕਰੌਣਾ, ਆਪਣਾ ਆਸਣ ਆਪ ਸਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇੰਦਾ । ਕਬੀਰ ਸਚ ਦੁਆਰਾ ਬਣੇ ਮਾਤ, ਸੋ ਪੁਰਖ ਨਿਰੰਜਣ ਆਪ ਬਣਾਈਆ । ਚਾਰ ਕੁੰਟ ਦੀ ਚਾਰ ਕਨਾਤ, ਚਾਰ ਦੀਵਾਰ ਸਮਝਾਈਆ । ਦੱਖਣ ਦਿਸ਼ਾ ਵੇਖੇ ਕਮਲਾਪਾਤ, ਆਪ ਆਪਣਾ ਆਸਣ ਲਾਈਆ । ਜਨ ਭਗਤਾਂ ਦੇਵੇ ਦਾਤ, ਅਨਮੰਗੀ ਵਸਤ ਝੋਲੀ ਪਾਈਆ । ਏਕਾ ਵਾਰ ਭਰੇ ਖਾਤ, ਘਾਟਾ ਕੋਇ ਨਜ਼ਰ ਨਾ ਆਈਆ । ਏਕਾ ਵਾਰ ਚੁਕਾਏ ਵਾਟ, ਪਾਂਧੀ ਪੰਧ ਆਪ ਮੁਕਾਈਆ । ਏਕਾ ਵਾਰ ਬਹਾਏ ਸਾਚੀ ਖਾਟ, ਸਾਚੀ ਗੋਦੀ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੱਖਣ ਦਿਸ਼ਾ ਭਗਤ ਦੁਆਰਾ ਲੋਕਮਾਤ ਲਏ ਪਰਗਟਾਈਆ । ਲੋਕਮਾਤ ਸਚ ਦੁਆਰ ਬਨੌਣਾ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਸਚ ਸਿੰਘਾਸਣ ਆਸਣ ਲੌਣਾ, ਆਸਾ ਮਨਸਾ ਪੂਰ ਕਰਾਇੰਦਾ । ਗੁਰਮੁਖ ਸਾਚੇ ਆਪ ਮਿਲੌਣਾ, ਆਪ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਤ ਵਾਰ ਇਕ ਜਣਾਇੰਦਾ । ਥਿਤ ਵਾਰ ਨਿਰਗੁਣ ਸਰਗੁਣ, ਦੋਏ ਦੋਏ ਰੂਪ ਸਮਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜਾਏ ਬਣ, ਆਦਿ ਅੰਤ ਭੇਵ ਨਾ ਰਾਈਆ । ਆਦਿ ਅੰਤ ਏਕਾ ਸਿਫਰਾ ਨਾ ਕੋਈ ਕੰਨ, ਅੰਕ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵਕਤ ਦਏ ਸਮਝਾਈਆ । ਦੋਆ ਸਿਫਰਾ ਨਿਰਗੁਣ ਧਾਰ, ਸਿਫ਼ਰ ਸਿਫ਼ਰ ਵਿਚ ਸਮਾਈਆ । ਸਿਫਰਿਉਂ ਹੋਇਆ ਏਕੰਕਾਰ, ਏਕਾ ਕਲ ਵਰਤਾਈਆ । ਅੱਠਾਂ ਤੱਤਾਂ ਕਰੇ ਪਿਆਰ, ਏਕਾ ਆਠਾ ਨਾਲ ਰਲਾਈਆ । ਦੋਆ ਸਿਫ਼ਰਾ ਏਕਾ ਆਠਾ ਚਾਰ ਯੁਗ ਦਾ ਚੁੱਕੇ ਭਾਰ, ਚਾਰੇ ਅੰਕ ਦਏ ਗਣਾਈਆ । ਵੀਹ ਸੌ ਅਠਾਰਾਂ ਬਿਕਰਮੀ ਹੋ ਉਜਿਆਰ, ਏਕਾ ਨਾਏਂ ਨਾਲ ਮਿਲਾਈਆ । ਏਕੰਕਾਰਾ ਕਰ ਪਸਾਰ, ਨੌਂ ਦੁਆਰੇ ਖੋਜ ਖੁਜਾਈਆ । ਨੌਂ ਖੰਡ ਬੋਲ ਜੈਕਾਰ, ਨੌਂ ਦਰ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਸਮਝਾਈਆ । ਏਕਾ ਨਾਇਆਂ ਇਕੋ ਉਨੀ, ਇਕ ਨੌਂ ਮੇਲ ਮਿਲਾਇਆ । ਕਬੀਰ ਤੇਰੀ ਆਸਾ ਪੁੰਨੀ, ਪੂਰਨ ਆਸਾ ਦਏ ਕਰਾਇਆ । ਕਲਜੁਗ ਰੈਣ ਇਕੋ ਭਿੰਨੀ, ਪੁਰਖ ਅਬਿਨਾਸ਼ੀ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਉਨੀ ਵਾਰ ਖੇਲ ਅਪਾਰਾ, ਥਿਤ ਆਪ ਜਣਾਈਆ । ਕੱਕਾ ਕਰਮ ਨਾ ਟਲੇ ਵਿਚ ਸੰਸਾਰਾ, ਤੱਤਾ ਤਲਬ ਨਾ ਕੋਇ ਵਖਾਈਆ । ਕੱਕਾ ਰੋਵੇ ਜ਼ਾਰੋ ਜ਼ਾਰਾ, ਛੇਵੇਂ ਘਰ ਪਈ ਦੁਹਾਈਆ । ਹਾਹਾ ਹੱਸੇ ਮਾਰੇ ਨਾਅਰਾ, ਪੰਚਮ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਈਆ । ਉਨੀ ਕੱਤਕ ਬੀਸ ਅਠਾਰਾਂ, ਹਰਿ ਜੂ ਖੇਲ ਰਚਾਇਆ । ਕਰੇ ਖੇਲ ਅਗੰਮ ਅਪਾਰਾ, ਅਗੰਮੜੀ ਧਾਰ ਚਲਾਇਆ । ਲੋਕਮਾਤ ਬਣੇ ਮੁਨਾਰਾ, ਭਗਤ ਦੁਆਰਾ ਨਾਉਂ ਰਖਾਇਆ । ਪੁਰਖ ਅਬਿਨਾਸ਼ੀ ਸੇਵਾਦਾਰਾ, ਸਾਚੀ ਸੇਵ ਕਮਾਇਆ । ਕਬੀਰ ਵੇਖੇ ਹਰਿ ਨਜ਼ਾਰਾ, ਨੇਤਰ ਨੈਣ ਖੁਲ੍ਹਾਇਆ । ਤੇਰੀ ਰਹਿਮਤ ਮੇਰੇ ਪਰਵਰਦਿਗਾਰਾ, ਤੇਰਾ ਭੇਵ ਕਿਸੇ ਨਾ ਪਾਇਆ । ਵਾਜਾਂ ਮਾਰੇ ਆਪਣਿਆਂ ਯਾਰਾ, ਉਠੋ ਇਕੋ ਰਿਹਾ ਸਮਝਾਇਆ । ਪਾਰਬ੍ਰਹਮ ਕੀ ਕਰੇ ਕਾਰਾ, ਲੋਕਮਾਤ ਵੇਸ ਵਟਾਇਆ । ਜਿਸ ਦੀ ਕੱਢਦੇ ਆਏ ਵਗਾਰਾ, ਸੋ ਬਣ ਵਗਾਰੀ ਸੇਵ ਕਮਾਇਆ । ਜਿਸ ਦਾ ਲੌਂਦੇ ਆਏ ਨਾਅਰਾ, ਸੋ ਭਗਤਾਂ ਨਾਅਰਾ ਰਿਹਾ ਲਗਾਇਆ । ਜਿਸ

ਦੀਆਂ ਗੌਂਦੇ ਆਏ ਵਾਰਾ, ਸੋ ਭਗਤਾਂ ਵਾਰਾਂ ਰਿਹਾ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਚਾਇਆ । ਉਠੋ ਭਗਤੋ ਜਾਓ ਜਾਗ, ਕਬੀਰ ਹਲੂਣਾ ਰਿਹਾ ਲਗਾਈਆ । ਜਿਸ ਨੂੰ ਕਹਿੰਦੇ ਰਹੇ ਸਾਡਾ ਸਾਕ, ਸੋ ਲੋਕਮਾਤ ਫੇਰਾ ਪਾਈਆ । ਜਿਸ ਨੂੰ ਮੰਨ ਕੇ ਬੈਠੇ ਪਾਕੀ ਪਾਕ, ਪਰਵਰਦਿਗਾਰ ਖ਼ੁਦਾਈਆ । ਜਿਸ ਨੂੰ ਕਹਿੰਦੇ ਰਹੇ ਲੁਕਿਆ ਸਾਡੀ ਜ਼ਾਤ, ਜ਼ਾਤ ਨਾਲ ਮਿਲਾਈਆ । ਸੋ ਕਲਜੁਗ ਵੇਖੋ ਜਨ ਭਗਤਾਂ ਦੇਵਣ ਗਿਆ ਦਾਤ, ਆਪਣਾ ਪੰਧ ਮੁਕਾਈਆ । ਨਾਲ ਰਲਿਆ ਇਕ ਰਵਿਦਾਸ, ਚੁਮਾਰ ਜਗਤ ਚਮਰੇਟੇ ਮਿਲੀ ਵਡਿਆਈਆ । ਲਿਖ ਲਿਖ ਲੇਖਾ ਕਰੇ ਹਾਸ ਬਲਾਸ, ਆਪਣੀ ਖ਼ੁਸ਼ੀ ਮਨਾਈਆ । ਨਾਲ ਰਲਾਇਆ ਇਕ ਗੁਰਦਾਸ, ਗੁਰ ਗੁਰ ਬੂਝ ਬੁਝਾਈਆ । ਮੈਨੂੰ ਦੱਸ ਕੇ ਗਿਆ ਖਾਸ, ਮੈਂ ਲੋਕਮਾਤ ਜਾਵਾਂ ਚਾਈਂ ਚਾਈਆ । ਬਿਨ ਗੋਪੀ ਪਾਵਾਂ ਰਾਸ, ਆਪਣਾ ਨਾਚ ਨਚਾਈਆ । ਬਿਨ ਦੀਪ ਕਰਾਂ ਪਰਕਾਸ਼, ਨਿਰਗੁਣ ਜੋਤ ਕਰ ਰੁਸ਼ਨਾਈਆ । ਬਿਨ ਭਗਤੀ ਵਸਾਂ ਪਾਸ, ਪੂਰਬ ਲਹਿਣਾ ਲੇਖੇ ਪਾਈਆ । ਮੇਰਾ ਭਗਤ ਨਾ ਹੋਏ ਉਦਾਸ, ਲੋਕਮਾਤ ਮਿਲੇ ਵਡਿਆਈਆ । ਆਪਣੀ ਹੱਥੀਂ ਖੋਲ੍ਹਾਂ ਜਾ ਕੇ ਤਾਕ, ਨੌਂ ਦੁਆਰੇ ਮਾਤ ਖੁਲ੍ਹਾਈਆ । ਆਪਣੇ ਵੇਲੇ ਪੁਛਾਂ ਜਾ ਕੇ ਵਾਤ, ਆਪਣਾ ਵਕਤ ਨਾ ਕਦੇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਕਬੀਰ ਕਹੇ ਉਠੋ ਬਲ ਧਾਰੋ, ਹਰਿ ਸਾਚੇ ਖੇਲ ਕਰਾਇਆ । ਲੋਕਮਾਤ ਲੱਗਾ ਸਚ ਦਰਬਾਰੋ, ਦਰਗਹਿ ਸਾਚੀ ਰੂਪ ਵਟਾਇਆ । ਚਲੋ ਚਲ ਕੇ ਕਰੋ ਨਿਮਸਕਾਰੋ, ਨਿਉਂ ਨਿਉਂ ਆਪਣਾ ਸੀਸ ਝੁਕਾਇਆ । ਜਾ ਕੇ ਮਿਲੋ ਸਚ ਪਰਵਾਰੋ, ਪੁਰਖ ਅਬਿਨਾਸ਼ੀ ਪਰਵਾਰ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਸੁਣਾਇਆ । ਸੁਣੋ ਸੰਦੇਸ਼ਾ ਮੇਰੇ ਮੀਤ, ਮਿੱਤਰ ਪਿਆਰਾ ਆਪ ਸੁਣਾਈਆ । ਸਚਖੰਡ ਬੈਠੇ ਸੁਣੋ ਗੀਤ, ਜਨ ਭਗਤਾਂ ਲੋਕਮਾਤ ਹਰਿ ਗਾਈਆ । ਜਿਸ ਨੇ ਢੌਣਾ ਮੰਦਰ ਮਸੀਤ, ਸੋ ਮੰਦਰ ਲਏ ਬਣਾਈਆ । ਜਿਸ ਚਲੌਣੀ ਭਗਤਾਂ ਰੀਤ, ਤਿਸ ਦੇਵੇ ਮਾਣ ਵਡਿਆਈਆ । ਜਿਸ ਤਪਦੇ ਹਿਰਦੇ ਕਰਨੇ ਸੀਤ, ਸਾਂਤਕ ਸਤਿ ਵਰਤਾਈਆ । ਜਿਸ ਸੁਣੌਣੇ ਸੁਹਾਗੀ ਗੀਤ, ਢੋਲੇ ਸੱਚੇ ਮਾਹੀਆ । ਜਿਸ ਪੱਤਤ ਪਾਪੀ ਕਰਨੇ ਪੁਨੀਤ, ਦੁਰਮਤ ਮੈਲ ਧੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕਾਰਜ ਆਪ ਰਚਾਈਆ । ਸਚਖੰਡ ਬੈਠੇ ਤੱਕੋ ਰਾਹ, ਹਰਿ ਜੂ ਆਖ ਸੁਣਾਇਆ । ਇਕ ਦੂਜੇ ਨਾਲ ਕਰੋ ਸਲਾਹ, ਸਾਚਾ ਬਚਨ ਜਣਾਇਆ । ਪਾਰਬ੍ਰਹਮ ਪਤਿਪਰਮੇਸ਼ਵਰ ਏਕਾ ਸਾਹ ਰਿਹਾ ਸੁਧਾ, ਸਾਚੀ ਥਿਤ ਵਾਰ ਵਖਾਇਆ । ਏਕਾ ਵਾਰ ਦੇਵੇ ਸਰਬ ਪਨਾਹ, ਸਿਰ ਆਪਣਾ ਹੱਥ ਟਿਕਾਇਆ । ਜੋ ਦੀਸੇ ਹੋਏ ਫਨਾਹ, ਨਾ ਸਕੇ ਕੋਇ ਬਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਜਣਾਇਆ । ਧੁਰ ਫ਼ਰਮਾਣਾ ਰਿਹਾ ਘੱਲ, ਘੜੀ ਪਲ ਨਾ ਕੋਇ ਜਣਾਈਆ । ਇਕ ਦੂਜੇ ਨਾਲ ਬਹੋ ਰਲ, ਏਕਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਵੇਲੇ ਲਏ ਬੁਲਾਈਆ । ਆਪਣਾ ਵੇਲਾ ਹਰਿ ਜਣੌਣਾ, ਬਿਨ ਅੱਖਰ ਕਰ ਪੜ੍ਹਾਈਆ । ਪਹਿਲੋਂ ਭਗਤ ਦੁਆਰ ਬਣੌਣਾ, ਲੋਕਮਾਤ ਕਰ ਰੁਸ਼ਨਾਈਆ । ਸਚ ਸਿੰਘਾਸਣ ਇਕ ਸੁਹੌਣਾ, ਤਖ਼ਤ ਨਿਵਾਸੀ ਸੋਭਾ ਪਾਈਆ । ਛੱਤੀ ਧਾਰ ਲੇਖੇ ਲੌਣਾ, ਛੱਤੀ ਛੱਤੀ ਲਏ ਪਰਨਾਈਆ । ਨੇਤਰ ਨੈਣ ਜਿਸ ਦਰਸ਼ਨ ਪਾਉਣਾ, ਤਿਸ ਦੀਦ ਈਦ ਚੰਦ ਚੜ੍ਹਾਈਆ । ਚਰਨ ਕਵਲ ਜਿਸ ਸੀਸ ਝੁਕੌਣਾ, ਤਿਸ ਮਿਲੇ ਸਚ ਸ਼ਰਨਾਈਆ । ਸੋਹੰ

ਢੋਲਾ ਜਿਸ ਨੇ ਗੌਣਾ, ਤਿਸ ਚੋਲਾ ਦਏ ਬਦਲਾਈਆ । ਹੌਲਾ ਭਾਰ ਆਪ ਕਰੌਣਾ, ਸਿਰ ਆਪਣੇ ਭਾਰ ਉਠਾਈਆ । ਕੀਤਾ ਕੌਲ ਪੂਰ ਨਿਭੌਣਾ, ਕਬੀਰ ਜੁਲਾਹਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਲਿਖਾਈਆ । ਸਾਚਾ ਲੇਖਾ ਲਿਖੇ ਕਰਤਾਰ, ਆਪਣਾ ਕਰਮ ਕਮਾਈਆ । ਛੱਬੀ ਪੋਹ ਦਿਵਸ ਵਿਚਾਰ, ਦੇਵੇ ਵਡ ਵਡੀ ਵਡਿਆਈਆ । ਚਾਰ ਯੁਗ ਦੇ ਵਿਛੜੇ ਸੱਦੇ ਯਾਰ, ਭਗਤ ਭਗਤਾਂ ਨਾਲ ਮਿਲਾਈਆ । ਜੋ ਆ ਕੇ ਬੋਲੇ ਕਬੀਰ ਪੁਕਾਰ, ਸੋ ਲੇਖਾ ਦਏ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਦਏ ਵਡਿਆਈਆ । ਸਚ ਦੁਆਰਾ ਸਾਚਾ ਘਰ, ਘਰ ਮੰਦਰ ਆਪ ਸੁਹਾਇੰਦਾ । ਜਿਸ ਅੰਦਰ ਵੜਿਆਂ ਚੁੱਕੇ ਡਰ, ਜਗਤ ਭੈ ਨਾ ਕੋਇ ਵਖਾਇੰਦਾ । ਜਿਸ ਮਿਲਿਆਂ ਜੀਵਤ ਜਾਈਏ ਮਰ, ਮਰ ਜੀਵਣ ਏਕਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸਚ ਅਟਾਰੀ, ਅਟੱਲ ਨਾਮ ਰਖਾਇਆ । ਕਲਜੁਗ ਅੰਤ ਆਈ ਵਾਰੀ, ਪੁਰਖ ਅਬਿਨਾਸ਼ੀ ਵੇਸ ਵਟਾਇਆ । ਚੌਥੇ ਯੁਗ ਦੀ ਸਾਚੀ ਯਾਰੀ, ਅਠਾਰਾਂ ਚੌਕੇ ਬਹੱਤਰਾਂ ਨਾਲ ਮਿਲਾਈਆ । ਖਿੱਚੀ ਤੰਦ ਏਕਾ ਵਾਰੀ, ਬਿਨ ਤੰਦੀ ਤਾਰ ਹਲਾਇਆ । ਸਾਹਿਬ ਬਖ਼ਸ਼ੰਦ ਜੋਤ ਨਿਰੰਕਾਰੀ, ਨਿਰਗੁਣ ਆਪਣਾ ਖੇਲ ਖਲਾਇਆ । ਜਨ ਭਗਤਾਂ ਉਤੋਂ ਜਾਏ ਆਪ ਬਲਿਹਾਰੀ, ਜਿਨ੍ਹਾਂ ਹਰਿ ਜੂ ਮਾਤ ਬੁਲਾਇਆ । ਬਿਨ ਹਰਿ ਜੂ ਕਰੇ ਨਾ ਕੋਇ ਸੱਚੀ ਦਾਰੀ, ਔਖਦ ਨਾਮ ਨਾ ਕੋਇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰੀ । ਅਗੰਮ ਅਪਾਰ ਖੇਲ ਖਲੰਦੜਾ, ਖੇਲਣਹਾਰ ਪੁਰਖ ਅਕਾਲ । ਜਨ ਭਗਤ ਦੁਆਰਾ ਇਕ ਸੁਹੰਦੜਾ, ਆਪੇ ਘਾਲੇ ਸਾਚੀ ਘਾਲ । ਬਣ ਸੇਵਕ ਸੇਵ ਕਮੰਦੜਾ, ਕਰੇ ਸੇਵਾ ਦੀਨ ਦਿਆਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਰਹੇ ਸਦਾ ਖ਼ੁਸ਼ਹਾਲ । ਖ਼ੁਸ਼ਹਾਲ ਰਹੇ ਖ਼ੁਸ਼ਹਾਲਾ, ਖ਼ੁਸ਼ੀ ਖ਼ੁਸ਼ੀ ਨਾਲ ਮਿਲਾਈਆ । ਖ਼ੁਸ਼ੀ ਵੇਖੇ ਸਿੰਘ ਪਾਲਾ, ਘਰ ਸਾਚੇ ਵੱਜੇ ਵਧਾਈਆ । ਵੱਜੇ ਵਧਾਈ ਵਜਾਏ ਦੀਨ ਦਿਆਲਾ, ਜਗਤ ਜਗਦੀਸ਼ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਰਖਾਈਆ । ਵੱਜੀ ਵਧਾਈ ਕਰਿਆ ਹਿੱਤ, ਆਪਣਾ ਹਿੱਤ ਜਣਾਇਆ । ਬਾਲੇ ਮਿਲਿਆ ਇਕੋ ਮਿੱਤ, ਮੀਤ ਮੁਰਾਰਾ ਸਹਿਜ ਸੁਖਦਾਇਆ । ਆਦਿ ਜੁਗਾਦੀ ਸੱਚਾ ਪਿੱਤ, ਸਾਚੀ ਗੋਦ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇਆ । ਸਾਚਾ ਖੇਲ ਭਗਤ ਦੁਆਰ, ਭਾਵੀ ਭਗਤਾਂ ਆਪ ਮਿਟਾਈਆ । ਜੋ ਰਾਵੀ ਰੁੜ੍ਹਿਆ ਜਲ ਧਾਰ, ਰਵੀ ਆਪਣਾ ਰੰਗ ਵਖਾਈਆ । ਸਾਵਲ ਸੁੰਦਰ ਮੀਤ ਮੁਰਾਰ, ਕਵਲ ਨੈਣ ਵਡਿਆਈਆ । ਰਹਿਬਰ ਹੋਏ ਦਸਤ ਬਰਦਾਰ, ਆਪਣਾ ਦਸਤ ਮਿਲਾਈਆ । ਬੇਖਬਰ ਹੋਇਆ ਖਬਰਦਾਰ, ਖਬਰ ਲਏ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਬਰੂ ਰਿਹਾ ਵਧਾਈਆ । ਭਗਤਾਂ ਆਬਰੂ ਨਾਮ ਤਾਕਤ, ਲੋਕਲਾਜ ਰਖਾਇੰਦਾ । ਮੇਟ ਮਿਟਾਏ ਦੁਸ਼ਟ ਨਾਸਤਕ, ਨਸ਼ਟ ਸਰਬ ਕਰਾਇੰਦਾ । ਹਰਿਜਨ ਵੇਖੇ ਇਕੋ ਆਸਤਕ, ਅਸਥਲ ਘਰ ਬਹਾਇੰਦਾ । ਨੂਰ ਨੁਰਾਨੀ ਜੋਤ ਪਰਕਾਸ਼ਤ, ਪਰਕਾਸ਼ ਰੂਪ ਵਟਾਇੰਦਾ । ਸੂਰਤ ਸੱਚੀ ਇਕੋ ਸਾਬਤ, ਸਾਬਰ ਆਪਣਾ ਆਪ ਵਖਾਇੰਦਾ । ਮੁਰੀਦਾਂ ਮੁਰਸ਼ਦ ਕਰੇ ਤੁਆਕਬ, ਆਪ ਆਪਣੀ ਮੰਜ਼ਲ ਚੁਕਾਇੰਦਾ । ਲੋਕਮਾਤ ਕਰੇ ਅਬਾਦਤ, ਸਜਦਾ ਸੀਸ ਆਪ ਝੁਕਾਇੰਦਾ । ਜਨ ਜਨ

ਕਰੇ ਸਚ ਰਫ਼ਾਕਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਆਪ ਮਿਲੌਣਾ ਕਿਰਪਾ ਕਰ, ਆਪਣੀ ਦਇਆ ਕਮਾਈਆ । ਆਪੇ ਦਿਤਾ ਆਪਣਾ ਵਰ, ਆਪੇ ਵੇਖ ਵਖਾਈਆ । ਆਪੇ ਗੁਰਮੁਖ ਸੱਜਣ ਲਏ ਫੜ, ਵਾਰੋ ਵਾਰੀ ਲਏ ਜਗਾਈਆ । ਆਪੇ ਰਾਤੀਂ ਸੁਤਿਆਂ ਅੰਦਰ ਜਾਏ ਵੜ੍ਹ, ਆਪਣਾ ਕੁੰਡਾ ਆਪੇ ਲਾਹੀਆ । ਆਪੇ ਸੁਰਤ ਸਵਾਣੀ ਲਏ ਫੜ, ਸ਼ਬਦੀ ਕੰਤ ਮਨਾਈਆ । ਆਪੇ ਆਪਣੀ ਬਾਣੀ ਲਏ ਪੜ੍ਹ, ਆਪੇ ਖਾਣੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਖੇਲ ਕਰਾਈਆ । ਆਦਿ ਜੁਗਾਦਿ ਜਾਣੇ ਅੰਤ, ਅੰਤ ਖੇਲ ਕਰਾਇਆ । ਪਰਗਟ ਜੋਤ ਸ੍ਰੀ ਭਗਵੰਤ, ਨਿਰਗੁਣ ਨੂਰ ਡਗਮਗਾਈਆ । ਗੁਰਮੁਖ ਨਾਰੀ ਮੇਲੇ ਸਾਚੇ ਕੰਤ, ਕੰਤ ਕੰਤੂਹਲ ਹੋਏ ਸਹਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇਆ । ਗੜ੍ਹ ਤੋੜੇ ਹਉਮੇ ਹੰਗਤ, ਨਿਵਣ ਸੁ ਅੱਖਰ ਇਕ ਸਮਝਾਇਆ । ਜੋ ਮਿਲੇ ਸਾਚੀ ਸੰਗਤ, ਅੰਤਮ ਨਾਲ ਕਬੀਰੇ ਦਏ ਬਹਾਇਆ । ਜਿਉਂ ਸੰਮਤ ਸੋਲਾਂ ਬਣਾਈ ਪੰਗਤ, ਸਚਖੰਡ ਦੁਆਰੇ ਸਾਚੀ ਵਸਤ ਦਏ ਵਰਤਾਇਆ । ਨਾਤਾ ਤੋੜੇ ਜ਼ੇਰਜ ਅੰਡਜ, ਉਤਭੁਜ ਸੇਤਜ ਭੇਵ ਚੁਕਾਇਆ । ਭਗਤ ਭਗਵਾਨ ਬਿਨ ਦੂਜੇ ਦਰ ਨਾ ਹੋਏ ਮੰਗਤ, ਨਾ ਕੋਈ ਭਿਛਿਆ ਦਏ ਵਰਤਾਇਆ । ਚਾਰ ਕੁੰਟ ਹਰਿ ਜੂ ਕਲਜੁਗ ਅੰਤਮ ਕੀਤੇ ਸਾਰੇ ਨੰਗਤ, ਆਪਣਾ ਪਰਦਾ ਆਪਣੇ ਉਤੇ ਸਕੇ ਨਾ ਕੋਈ ਪਾਇਆ । ਰਸਨਾ ਕਹਿ ਕਹਿ ਸੁਣਾਉਂਦੇ ਜੰਤ, ਜੀਵ ਜੰਤਾਂ ਗੀਤ ਸੁਣਾਇਆ । ਆਪਣਾ ਕੋਈ ਨਾ ਜਾਣੇ ਅੰਤ, ਕਵਣ ਵੇਲੇ ਹੋਏ ਸਫ਼ਾਇਆ । ਘਰ ਘਰ ਫੜ ਫੜ ਬੈਠੇ ਨਾਮ ਧਨਖ, ਮਨ ਰਾਵਣ ਰਹੇ ਮਿਟਾਇਆ । ਬਿਨ ਨਾਮੋਂ ਝੂਠੀ ਚੜ੍ਹੀ ਅਣਖ, ਆਪਣੀ ਅਣਖ ਰਹੇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖ ਵਖਾਇਆ । ਆਪਣੀ ਕੀਤੀ ਨਾ ਕਿਸੇ ਕਲਿਆਣ, ਕਾਇਆ ਕਸ਼ਟ ਨਾ ਕੋਇ ਗਵਾਈਆ । ਦੂਜੇ ਵਲ ਕੀ ਕਰਨ ਧਿਆਨ, ਜਿਸ ਧਿਆਇਆਂ ਹੱਥ ਨਾ ਆਈਆ । ਅੱਠੇ ਪਹਿਰ ਅੰਦਰ ਵੜਿਆ ਰਹੇ ਸ਼ੈਤਾਨ, ਸ਼ਰਅ ਸ਼ੈਤਾਨ ਕਰੇ ਲੜਾਈਆ । ਪੜ੍ਹਿਆਂ ਆਵੇ ਨਾ ਕਿਸੇ ਗਿਆਨ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜਿਸ ਉਪਰ ਹੋਏ ਆਪ ਮਿਹਰਵਾਨ, ਸਿਰ ਆਪਣਾ ਹੱਥ ਟਿਕਾਈਆ । ਸਰਬ ਜੀਆਂ ਦਾ ਇਕ ਭਗਵਾਨ, ਇਕੋ ਵਾਰ ਸਰਬ ਦਏ ਸਮਝਾਈਆ । ਵਿਸ਼ਵ ਰਸਨਾ ਨਾਲ ਗਾਣ, ਨੇਤਰ ਵਿਸ਼ਵ ਰੂਪ ਵੇਖਣ ਵਿਚ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਨਟੂਆ ਨਾਟਕ ਆਪਣਾ ਆਪ ਵਖਾਈਆ । ਦੱਖਣ ਦਿਸ਼ਾ ਡੂੰਘਾ ਖਾਤ, ਹਰਿ ਜੂ ਆਪ ਬਣਾਇਆ । ਜੁਗ ਜੁਗ ਵਾਰੀ ਵਾਰੀ ਖੋਲ੍ਹੇ ਤਾਕ, ਗੁਰ ਅਵਤਾਰ ਬਾਹਰ ਲਏ ਕਢਾਇਆ । ਫੜ ਫੜ ਫੇਰ ਉਹਦੇ ਵਿਚ ਰੱਖੇ ਢਾਕ, ਉਪਰ ਆਪਣਾ ਪਰਦਾ ਪਾਇਆ । ਉਪਰ ਬੈਠਾ ਸੁਣੌਂਦਾ ਰਿਹਾ ਵਾਕ, ਸਚ ਸੰਦੇਸ਼ਾ ਇਕ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹਿੱਸਾ ਆਪ ਵੰਡਾਇਆ । ਦੱਖਣ ਦਿਸ਼ਾ ਨਾਉਂ ਬੇ ਦਰ, ਵੇਦ ਕਤੇਬ ਭੇਵ ਨਾ ਰਾਈਆ । ਰਸੂਲ ਮਸੂਲ ਦੇ ਨਾ ਸਕੇ ਚੜ੍ਹ, ਕਬੂਲ ਸ਼ਰਅ ਨਾ ਕੋਇ ਕਰਾਈਆ । ਮਕਤੂਲ ਕਾਤਲ ਦੋਵੇਂ ਨਾ ਸਕੇ ਫੜ, ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਅੰਦਰ ਸਕੇ ਨਾ ਵੜ, ਜਬ ਤੱਕ ਆਪਣੀ ਦਇਆ ਨਾ ਆਪ ਕਮਾਈਆ । ਜਿਸ ਨੂੰ ਲਿਖਾਇਆ ਦਰ ਬਦਰ, ਸੋ ਦਰ ਦਖਸ਼ਨ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਸਮੇਂ ਆਜ਼ਮ

ਆਜ਼ਮ ਤਾਰੀਫ਼ ਤੁਲਬਾ ਤਾਲਬ ਪੜ੍ਹਾਈਆ । ਖ਼ੁਦਾ ਕਾ ਨਾਉਂ ਬੜਾ ਸ਼ਰੀਫ਼, ਸੁਣਨ ਬੋਲਣ ਵਿਚ ਨਾ ਆਈਆ । ਵੇਖਣ ਵਿਚ ਬੜਾ ਬਰੀਕ, ਨਜ਼ਰ ਨਾ ਕੋਇ ਟਿਕਾਈਆ । ਕਦੇ ਨਾ ਬਣੇ ਕਿਸੇ ਦਾ ਸ਼ਰੀਕ, ਸ਼ਰਅ ਬਣ ਨਾ ਕਰੇ ਲੜਾਈਆ । ਇਕ ਖ਼ੁਦਾਏ ਸਚ ਤੌਫ਼ੀਕ, ਤੌਬਾ ਕਰੇ ਖ਼ੁਦਾਈਆ । ਕੁਰਾਨ ਅੰਜੀਲ ਸਰਬ ਹਦੀਸ, ਹਦਾਇਤ ਗਿਆ ਸੁਣਾਈਆ । ਕੋਈ ਕਹੇ ਯਾ ਅਬਲੀਸ, ਅਲੀ ਅੱਲਾ ਨਾਅਰਾ ਕੋਇ ਲਗਾਈਆ । ਨਬੀ ਰਸੂਲਾਂ ਵਖਾਏ ਸਯਦਾ ਝੁਕਾਏ ਸੀਸ, ਆਪਣੇ ਚਰਨ ਕਵਲ ਸ਼ਰਨਾਈਆ । ਆਪਣੀ ਕਲਾਮ ਕਿਸੇ ਨੂੰ ਕਰ ਕੇ ਨਾ ਦਿਤੀ ਵਸੀਅਤ, ਵਸੀਕਾ ਨਵੀਸ਼ ਬਣ ਨਾ ਕਰੀ ਲਿਖਾਈਆ । ਸੱਭ ਨੂੰ ਦੇਂਦਾ ਰਿਹਾ ਨਸੀਹਤ, ਜੋ ਲੋਕਮਾਤ ਘਲਾਈਆ । ਆਪਣੀ ਲੁਕਾ ਕੇ ਬੈਠਾ ਰਿਹਾ ਅਸਲੀਅਤ, ਅਸਲ ਰੂਪ ਨਾ ਕਿਸੇ ਵਖਾਈਆ । ਖ਼ੁਦਾਵੰਦ ਕਰੀਮ ਆਪਣੀ ਆਦਿ ਜੁਗਾਦਿ ਰੱਖੇ ਇਕੋ ਕਾਬਲੀਯਤ, ਕਿਬਲੇ ਕਾਅਬਾ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਜਣਾਈਆ । ਨਾਂ ਲਓ ਪਾਓ ਰੌਲਾ, ਭਲਾ ਲੁਕਿਆ ਛਿਪਿਆ ਜੇ ਬੌਹੜ ਪਏ ਮੌਲਾ, ਮੌਲਾ ਰੂਪ ਵਟਾਓ । ਜੋ ਕਰ ਕੇ ਗਿਆ ਆਪਣਾ ਕੌਲਾ, ਮੁਹੰਮਦ ਇਕ ਸਮਝਾਓ । ਜਿਸ ਨੇ ਸਭ ਦੇ ਸਿਰ ਵਿਚ ਮਾਰਨਾ ਪੌਲਾ, ਬੇਐਬ ਨਾਮ ਖ਼ੁਦਾਓ । ਮੁਰੀਦਾਂ ਕਰੇ ਭਾਰ ਹੌਲਾ, ਮੁਰਸ਼ਦ ਆਪੇ ਪਕੜੇ ਬਾਹੋਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਚਲੇ ਆਪਣੇ ਰਾਹੋ । ਭਗਵਾਨ ਕੋਲੋਂ ਰੋਕਣ ਸੰਤ, ਗੁਰਸਿਖ ਮਿਲਣ ਕੋਇ ਨਾ ਜਾਈਆ । ਮੈਥੋਂ ਵਿਛੜਿਆ ਮੇਰਾ ਕੰਤ, ਦੂਜਾ ਹੋਰ ਨਾ ਕੋਇ ਹੰਢਾਈਆ । ਮੈਂ ਲਹਿਣਾ ਦੇਣਾ ਦੇਣਾ ਜੀਵ ਜੰਤ, ਜੋ ਮੇਰੇ ਸਿਰ ਭਾਰ ਰਹੇ ਚੁਕਾਈਆ । ਅੰਤ ਕਿਸੇ ਨਾ ਮੰਨਣੀ ਮਿੰਨਤ, ਨਿਉਂ ਨਿਉਂ ਢਹਿ ਢਹਿ ਪਏ ਸਰਨਾਈਆ । ਪੁਰਖ ਅਬਿਨਾਸ਼ੀ ਲੇਖਾ ਮੰਗੇ ਗਣਤ, ਅਗਣਤ ਗਿਣ ਗਿਣ ਲੇਖਾ ਨਾ ਕੋਇ ਚੁਕਾਈਆ । ਸਚ ਦੱਸੋ ਕਿਹਨੂੰ ਕਹਿੰਦੇ ਸੰਤ, ਕਵਣ ਸੰਤ ਜੋ ਹਰਿ ਸਤਿਗੁਰ ਝੱਲੇ ਜੁਦਾਈਆ । ਭਗਵਾਨ ਪਾਸ ਨਾ ਜਾਣਾ ਸਿੱਖ, ਕਲਜੁਗ ਸੰਤ ਕਰਨ ਪੜ੍ਹਾਈਆ । ਵੇਖਿਓ ਤੁਹਾਡਾ ਲੇਖਾ ਦੇਵੇ ਨਾ ਲਿਖ, ਲੱਖ ਚੁਰਾਸੀ ਦਏ ਕਟਾਈਆ । ਅਸੀਂ ਬਣ ਕੇ ਬੈਠੇ ਬੜੇ ਢੀਠ, ਪ੍ਰਭ ਕੋਲੋਂ ਆਪਣਾ ਮੁਖ ਭੁਵਾਈਆ । ਤੁਸੀਂ ਵੀ ਕਰ ਲਓ ਉਹਦੇ ਵਲ ਪੀਠ, ਤੁਹਾਡਾ ਮੁਖੜਾ ਨਜ਼ਰ ਨਾਲ ਨਾ ਨਜ਼ਰ ਮਿਲਾਈਆ । ਤੁਸੀਂ ਗਾਓ ਮੇਰੇ ਗੀਤ, ਮੈਂ ਆਇਆ ਸੱਚਾ ਮਾਹੀਆ । ਮੇਰਾ ਅੰਦਰ ਨਾ ਵੇਖਣਾ ਬਣਿਆ ਪਲੀਤ, ਪਵਿੱਤਰ ਰੂਪ ਨਾ ਕੋਇ ਵਟਾਈਆ । ਮੈਂ ਸੁਣਿਆਂ ਨਹੀਂ ਵੇਖਿਆ ਅਨਡੀਠ, ਕਵਣ ਦੁਆਰੇ ਬੈਠਾ ਆਸਣ ਲਾਈਆ । ਪੜ੍ਹ ਪੜ੍ਹ ਕੇ ਸੁਣਾਵਾਂ ਗੀਤ, ਅਗਲਾ ਲੇਖਾ ਨਾ ਕੋਇ ਚੁਕਾਈਆ । ਚਾਹੇ ਹਾਰੋ ਚਾਹੇ ਜਾਓ ਜੀਤ, ਤੁਹਾਡੇ ਕਰਮ ਤੁਹਾਡੀ ਦੇਣ ਗਵਾਹੀਆ । ਸਤਿਗੁਰ ਪੂਰਾ ਬਿਨ ਕਰਮਾਂ ਕਰੇ ਠੰਡਾ ਸੀਤ, ਕੁਕਰਮ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਝੂਠੀ ਖੇਡ ਰਚਾਈਆ । ਅਦਾਲਤ ਕਰੇ ਸਦਾ ਅਦਲੀ, ਅਦਲ ਆਪਣੇ ਹੱਥ ਰਖਾਇੰਦਾ । ਸਿੰਘ ਸੰਗਤ ਕੋਲੋਂ ਜਿਸ ਕੀਤੀ ਬਦਲੀ, ਸਿੰਘ ਨਰੈਣ ਨਾਉਂ ਧਰਾਇੰਦਾ । ਕਿਆ ਕੋਈ ਪੰਡਤ ਪਾਂਧਾ ਵਾਚੇ ਪੱਤਰੀ ਸੁੱਟੇ ਸੰਗਲੀ, ਹਿਸਾਬ ਕਿਤਾਬ ਵਿਚ ਕਿਸੇ ਨਾ ਆਇੰਦਾ । ਜੋ ਗੜ੍ਹੀ ਚਮਕੌਰ ਬਣ ਕੇ ਨਿੱਕਲ ਗਿਆ ਜੰਗਲੀ, ਸੀਸ ਤੇਰੇ ਤਾਜ ਟਿਕਾਇੰਦਾ । ਸੋ ਸਾਹਿਬ ਲਾਏ ਉਂਗਲੀ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਸੱਚੇ ਦਰਬਾਰ ਕਿਆ ਕੋਈ ਕਰੇ ਚੁਗਲੀ, ਜਨ ਭਗਤਾਂ ਆਪਣਾ ਨਾਮ ਚੋਗ ਚੁਗਾਇੰਦਾ । ਕੋਈ ਰਹਿਣ ਨਾ ਦੇਵੇ ਸ਼ਹਿਨਸ਼ਾਹੀ ਮੁਗ਼ਲੀ, ਗ਼ਲਬਾ

ਸਭ ਦੇ ਉਪਰ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਦਾਲਤ ਆਪ ਕਮਾਇੰਦਾ । ਸਚ ਅਦਾਲਤ ਕਰੇ ਕਰਤਾਰ, ਸੁਪਰੀਮ ਕੋਰਟ ਸੱਚਾ ਮਾਹੀਆ । ਗੁਰਮੁਖ ਬਰੀ ਕਰੇ ਵਿਚੋਂ ਸੰਸਾਰ, ਜਮਾਨਤ ਆਪਣੀ ਆਪ ਦਿਵਾਈਆ । ਵਕੀਲ ਦਲੀਲ ਦੋਨੋਂ ਗਏ ਹਾਰ, ਕਾਨੂੰਨ ਕਿਤਾਬ ਪਰਾਂ ਸੁਟਾਈਆ । ਛੋਟੀ ਜੱਜੀ ਵਾਲੇ ਹੋਏ ਸ਼ਰਮਸ਼ਾਰ, ਜੱਜ ਜਜ਼ਬਾ ਨਾ ਕੋਇ ਭਰਾਈਆ । ਤਹਰੀਰ ਕਰ ਖਾਰਜ ਦੇਵੇ ਪਾੜ, ਮੁਨਸਫ ਇਕੋ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਦਾਲਤ ਇਕ ਵਖਾਈਆ । ਸਚ ਅਦਾਲਤ ਸ੍ਰੀ ਭਗਵਾਨ, ਆਦਿ ਜੁਗਾਦਿ ਲਗਾਇੰਦਾ । ਕਿਸੇ ਮੁਚਲਕੇ ਉਪਰ ਨਾ ਲਾਏ ਕੋਇ ਨਿਸ਼ਾਨ, ਅਸ਼ਟਾਮ ਕਾਲਾ ਨਾ ਕੋਇ ਕਰਾਇੰਦਾ । ਕਿਸੇ ਕੋਲੋਂ ਨਾ ਕਰਾਏ ਕੋਈ ਪਛਾਣ, ਗਵਾਹ ਫੜ ਨਾ ਕੋਇ ਭੁਗਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਅਦਾਲਤ ਆਪਣਾ ਕਾਨੂੰਨ, ਗੁਰ ਅਵਤਾਰਾਂ ਮਜ਼ਬੂਨ ਆਪ ਸਿਖਾਇੰਦਾ । ਗੁਰ ਅਵਤਾਰਾਂ ਲਿਖਾਇਆ ਮਜ਼ਮੂਨ, ਮਜਮਾ ਆਪ ਬਣਾਈਆ । ਕੋਈ ਕਹੇ ਨੁਕਤਾ ਨੂਨ, ਕੋਈ ਨੂਨ ਗੁਨਾ ਰਿਹਾ ਗਾਈਆ । ਨਾਨਕ ਨਿਰਗੁਣ ਬੁਝਿਆ ਇਕ ਅਸੂਲ, ਅਸਲੀਯਤ ਗਿਆ ਸਮਝਾਈਆ । ਜੋ ਜਨ ਕਰੇ ਕਬੂਲ, ਤਿਸ ਦੇਵੇ ਆਪ ਸਫਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਦਾਲਤ ਇਕ ਰਖਾਈਆ । ਬਿਨ ਅਦਾਲਤ ਨਾ ਲੱਗੇ ਡੰਨ, ਜਗਤ ਵਿਕਾਰ ਨਾ ਕੋਇ ਮੁਕਾਈਆ । ਪਿਛਲਾ ਤੈਥੋਂ ਲਹਿਣਾ ਲੈਣਾ, ਅੱਗੇ ਝੋਲੀ ਨਾ ਕੋਇ ਰਖਾਈਆ । ਜਨਮ ਜਨਮ ਤੇਰਾ ਮੰਨਦੇ ਰਹੇ ਕਹਿਣਾ, ਤੇਰੀ ਸੇਵ ਕਮਾਈਆ । ਅਸੀਂ ਨਾਤਾ ਛੱਡਿਆ ਭਾਈ ਭੈਣਾਂ, ਸਾਕ ਸੱਜਣ ਤਜਾਈਆ । ਦਰਸ ਕਰ ਕਰ ਥੱਕੇ ਤੇਰੇ ਨੈਣਾਂ, ਆਪਣੀ ਖ਼ੁਸ਼ੀ ਮਨਾਈਆ । ਅਸਾਂ ਵੇਸ ਤਜਾਇਆ ਜਗਤ ਗਹਿਣਾ, ਤੇਰਾ ਪਿਆਰ ਹੰਢਾਈਆ । ਤੇਰਾ ਭਾਣਾ ਸਿਰ ਤੇ ਸਹਿਣਾ, ਤੇਰੀ ਚਲੇ ਹੁਕਮ ਰਜਾਈਆ । ਆਪਣੇ ਕੋਲੋਂ ਤੂੰ ਕੀ ਦੇਣਾ, ਸਾਡੀ ਵਸਤ ਸਾਡੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਲਹਿਣਾ ਰਿਹਾ ਮੁਕਾਈਆ । ਸਾਡੀ ਵਸਤ ਰੱਖ ਦੇ ਹੱਥ, ਹੱਥ ਆਪਣਾ ਰਹੇ ਵਖਾਈਆ । ਜੇ ਤੂੰ ਹੈਂ ਪੁਰਖ ਸਮਰਥ, ਕਿਉਂ ਸਾਡੀ ਵਸਤ ਲੁਕਾਈਆ । ਪਿੱਛੇ ਮਾਰਗ ਆਇਆ ਦੱਸ, ਹੁਣ ਕਿਉਂ ਬੈਠਾ ਮੁਖ ਛੁਪਾਈਆ । ਅੱਗੇ ਅਸੀਂ ਹੁੰਦੇ ਆਏ ਤੇਰੇ ਵਸ, ਹੁਣ ਤੈਨੂੰ ਆਪਣੇ ਵਸ ਰਖਾਈਆ । ਅੱਗੇ ਤੈਨੂੰ ਲੱਭਦੇ ਰਹੇ ਨੱਸ ਨੱਸ, ਹੁਣ ਤੈਨੂੰ ਆਪਣੇ ਘਰ ਭੁਵਾਈਆ । ਤੂੰ ਸਾਡੇ ਵਿਚ ਗਿਆ ਫਸ, ਅਸੀਂ ਘੇਰਾ ਪਾਇਆ ਸੱਚੇ ਮਾਹੀਆ । ਸਾਡੀ ਪੂਰੀ ਕਰ ਕੇ ਜਾਈਂ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਵਸਤ ਸਾਡੇ ਹੱਥ ਫੜਾਈਆ । ਸਾਡੀ ਦੇ ਦੇ ਪਿਛਲੀ ਦਾਤ, ਅੱਗੇ ਮੰਗ ਨਾ ਕੋਇ ਮੰਗਾਇਆ । ਤੇਰੇ ਚਰਨਾਂ ਰੱਖਿਆ ਇਕੋ ਨਾਤ, ਸਾਚਾ ਨਾਤਾ ਜੋੜ ਜੁੜਾਇਆ । ਤੇਰੇ ਪਿਛੇ ਰੋ ਰੋ ਕੱਟੀ ਅੰਧੇਰੀ ਰਾਤ, ਨੇਤਰ ਨੈਣਾਂ ਨੀਰ ਵਹਾਇਆ । ਤੇਰੀ ਗਾ ਗਾ ਥੱਕੇ ਗਾਥ, ਰਸਨਾ ਜਿਹਵਾ ਸੇਵ ਕਮਾਇਆ । ਧੰਨ ਭਾਗ ਤੂੰ ਦਿਤਾ ਸਾਥ, ਘਰ ਮਿਲਿਆ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਝੋਲੀ ਦੇ ਭਰਾਇਆ । ਪੁਰਖ ਅਬਿਨਾਸ਼ੀ ਗਿਆ ਡਰ, ਭਗਤਾਂ ਕੋਲੋਂ ਭੈ ਰਖਾਈਆ । ਚਾਰ ਯੁਗ ਮੈਂ ਵਲ ਛਲ ਰਿਹਾ ਕਰ, ਅਛੱਲ ਅਛਲ ਖੇਲ ਖਲਾਈਆ । ਕਲਜੁਗ ਅੰਤ ਬਿਨ ਡੋਰੀਉਂ ਗੁਰਸਿਖਾਂ ਲਿਆ ਫੜ, ਪ੍ਰੇਮ ਜ਼ੰਜੀਰ ਬੰਧਾਈਆ । ਚਾਰ ਕੁੰਟ ਕਿਹੜੀ ਗੁੱਠੇ ਜਾਵਾਂ



੧੭
੧੧

ਵੜ, ਰਾਹ ਨਜ਼ਰ ਕੋਇ ਨਾ ਆਈਆ । ਗੁਰਮੁਖ ਅੱਗੇ ਬੈਠੇ ਅੜ, ਆਪਣਾ ਬਲ ਰਖਾਈਆ । ਚਾਰ ਯੁਗ ਤੇਰਾ ਨਾਉਂ ਥੱਕੇ ਪੜ੍ਹ ਪੜ੍ਹ, ਪੜ੍ਹਿਆਂ ਹੱਥ ਕਿਛ ਨਾ ਆਈਆ । ਜੇ ਤੁਠਾ ਆਪਣੀ ਕਿਰਪਾ ਕਰ, ਕਰ ਕਿਰਪਾ ਲੈ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਸਮਾਈਆ । ਗੁਰਸਿਖ ਨਾ ਮੂਲ ਡਰਾਉ, ਨਿਰਭੈ ਮੰਗ ਮੰਗਾਇੰਦਾ । ਤੁਹਾਡੇ ਮਿਲਣ ਦਾ ਮੈਨੂੰ ਚਾਓ, ਮੈਂ ਲੋਕਮਾਤ ਫੇਰਾ ਪਾਇੰਦਾ । ਕਰ ਦਰਸ ਜਨਮ ਜਨਮ ਦਾ ਦੁੱਖ ਮਿਟਾਓ, ਦੁੱਖ ਤੁਹਾਡਾ ਆਪਣੀ ਝੋਲੀ ਪਾਇੰਦਾ । ਹਰਿ ਸੰਗਤ ਮਿਲ ਮਿਲ ਗੀਤ ਗਾਓ, ਵਾਹਵਾ ਗੋਬਿੰਦ ਖੇਲ ਖਲਾਇੰਦਾ । ਜਿਸ ਦਾ ਨਾ ਕੋਈ ਪਿਤਾ ਨਾ ਕੋਈ ਮਾਉਂ, ਆਪ ਮਾਤਾ ਪਿਤਾ ਸਰਬ ਬਣ ਜਾਇੰਦਾ । ਤਿਸ ਨਿਉਂ ਨਿਉਂ ਲਾਗੋ ਪਾਉਂ, ਜੋ ਸਭ ਦੇ ਦੁੱਖ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਲ ਗੁਰਮੁਖਾਂ ਖ਼ੁਸ਼ੀ ਮਨਾਇੰਦਾ । ਗੁਰਸਿਖ ਤੇਰੀ ਵਡੀ ਵਡਿਆਈ, ਬ੍ਰਹਮਾ ਵੇਤਾ ਲਿਖਣ ਨਾ ਪਾਈਆ । ਵੇਦ ਵਿਆਸ ਸੁੱਟੇ ਕਲਮ ਸ਼ਾਹੀ, ਆਪਣਾ ਬਲ ਨਾ ਕੋਇ ਧਰਾਈਆ । ਚਾਰ ਯੁਗ ਦੇਣ ਗਵਾਹੀ, ਹਰਿ ਭਗਤਾਂ ਹੋਏ ਸਹਾਈਆ । ਪਿੱਛੇ ਤਾਰਦਾ ਆਇਆ ਝੀਵਰ ਜੱਟ ਛੀਂਬੇ ਨਾਈ, ਕਬੀਰ ਜੁਲਾਹਾ ਨਾਲ ਮਿਲਾਈਆ । ਕਲਜੁਗ ਅੰਤਮ ਹਰਿਜਨ ਪਕੜੇ ਥਾਉਂ ਥਾਈਂ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਹਰਿ ਕਾ ਭੇਵ ਨਾ ਜਾਣੇ ਕੋਇ ਰਾਈ, ਕੀ ਲਹਿਣਾ ਝੋਲੀ ਪਾਈਆ । ਗੁਰਸਿਖਾਂ ਕੋਲੋਂ ਪੁੱਛਣ ਭੈਣ ਭਾਈ, ਕਵਣ ਮਿਲਿਆ ਤੈਨੂੰ ਜਗਤ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਲ ਹਰਿਜਨ ਖ਼ੁਸ਼ੀ ਮਨਾਈਆ । ਹਰਿਜਨ ਤੇਰਾ ਵੱਡਾ ਦਰਬਾਰਾ, ਲੋਕਮਾਤ ਵੱਜੀ ਵਧਾਈਆ । ਨਿਰਗੁਣ ਆਏ ਚਲ ਨਿਰੰਕਾਰਾ, ਨਿਰਾਕਾਰ ਵੇਸ ਵਟਾਈਆ । ਬਿਨ ਗੁਰਸਿਖਾਂ ਨਾ ਦੇਵੇ ਕੋਈ ਸਹਾਰਾ, ਲੋਕਮਾਤ ਹੋਈ ਜੁਦਾਈਆ । ਬਿਨ ਭਗਤਾਂ ਨਾ ਦੇਵੇ ਕੋਈ ਭੰਡਾਰਾ, ਸਾਚੀ ਵਸਤ ਨਾ ਕੋਇ ਵਰਤਾਈਆ । ਹਰਿ ਸੰਗਤ ਕੋਲੋਂ ਮਿਲਿਆ ਇਕੋ ਪਿਆਰਾ, ਪ੍ਰੇਮ ਪਿਆਰ ਝੋਲੀ ਪਾਈਆ । ਪੁਰਖ ਅਬਿਨਾਸ਼ੀ ਬਣ ਵਣਜਾਰਾ, ਸਾਚਾ ਵਣਜ ਆਪ ਜਣਾਈਆ । ਪਿਛਲਾ ਕਰਜ਼ ਲੱਥਾ ਉਧਾਰਾ, ਮਕਰੂਜ਼ ਆਪਣਾ ਫ਼ਰਜ਼ ਪੂਰ ਕਰਾਈਆ । ਤੂਲ ਅਰਜ਼ ਪਾਰ ਕਿਨਾਰਾ, ਮਸੂਲ ਅੱਗੇ ਨਾ ਕੋਇ ਲਗਾਈਆ । ਕਬੂਲ ਹੋਏ ਸਚ ਦੁਆਰਾ, ਮਹਿਬੂਬ ਦਏ ਵਡਿਆਈਆ । ਯਾਕੂਬ ਕਰੇ ਨਿਮਸਕਾਰਾ, ਗੁਰਸਿਖ ਸੀਸ ਝੁਕਾਈਆ । ਅਬੂਤਰ ਆਪ ਮੰਗੇ ਬਣ ਭਿਖਾਰਾ, ਗੁਰਮੁਖ ਆਬ ਹਯਾਤ ਪਿਆਈਆ । ਬੇਤਾਬ ਹੋਇਆ ਸਰਬ ਸੰਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰਾ ਨਾਉਂ ਵਡਿਆਈਆ । ਤੇਰਾ ਨੇਤਰ ਨੀਰ ਵਰੋਲੇ, ਨੈਨਣ ਨੈਣ ਵਡਿਆਈਆ । ਤੇਰੇ ਬਦਲੇ ਤੇਰਾ ਪੀਰ ਬੋਲੇ, ਤੇਰੀ ਧਾਰ ਚਲਾਈਆ । ਜਿਸ ਨੂੰ ਕਹਿੰਦੇ ਰਹੇ ਲੁਕਿਆ ਰਹੇ ਓਹਲੇ, ਸੋ ਪਰਦਾ ਰਿਹਾ ਉਠਾਈਆ । ਜਿਸ ਦੇ ਗੌਂਦੇ ਰਹੇ ਢੋਲੇ, ਸੋ ਆਇਆ ਸੱਚਾ ਮਾਹੀਆ । ਜਿਸ ਦੇ ਮੌਲਿਆਂ ਸਭ ਜਗ ਮੌਲੇ, ਸੋ ਮੌਲਾ ਰੂਪ ਵਟਾਈਆ । ਗੁਰਮੁਖ ਉਧਾਰੇ ਭਾਲੇ ਭੋਲੇ, ਭੋਲੇ ਆਪਣੇ ਗਲੇ ਲਗਾਈਆ । ਪਹਿਲੋਂ ਆਪਣੇ ਕੰਡੇ ਤੋਲੇ, ਤੋਲਾ ਮਾਸ਼ਾ ਰਤੀ ਨਾ ਕੋਇ ਪਾਈਆ । ਆਪਣੀ ਵਸਤ ਰੱਖੇ ਆਪਣੇ ਕੋਲੇ, ਦੂਜੇ ਹੱਟ ਨਾ ਕਦੇ ਵਕਾਈਆ । ਕਲਜੁਗ ਅੰਤਮ ਜੱਟਾਂ ਦੇ ਕਬੂਲ ਕੀਤੇ ਜੌਂ ਛੋਲੇ, ਰੁੱਖੀ ਸੁੱਖੀ ਖਾ ਕੇ ਝੱਟ ਲੰਘਾਈਆ । ਸੁੱਕਾ ਅੰਨ ਖਾ ਕਦੇ ਨਾ ਡੋਲੇ, ਵੱਡ ਕਿਰਸਾਣਾ ਬੇਪਰਵਾਹੀਆ । ਕਰਮ ਕੁਕਰਮ ਫੜ ਕੇ ਸਾਂਘਾ ਸ੍ਰਿਸ਼ਟ ਸਬਾਈ ਫੋਲੇ, ਹੱਥਾ ਆਪਣੇ ਹੱਥ ਵਖਾਈਆ । ਦਾਣੇ ਭੋ ਆਪ ਵਰੋਲੇ, ਨਾਮ ਤੰਗਲ ਉਪਰ ਚੜ੍ਹਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੇ ਖਾਤੇ ਪਾਈਆ । ਵੇਖੇ ਕੇਡਾ ਹੋਇਆ ਖਾਤਾ, ਪੁਰਖ ਅਬਿਨਾਸ਼ੀ ਆਪ ਭਰਾਇਆ । ਬਿਨ ਦਰਵਾਜਿਉਂ ਬੰਦ ਕੀਤਾ ਅੰਦਰ ਤਾਕਾ, ਆਪਣਾ ਪਰਦਾ ਪਾਇਆ । ਕਦੇ ਨਾ ਆਵੇ ਘਾਟਾ, ਘਾਟ ਵਿਚ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਭੰਡਾਰਾ ਆਪ ਭਰਾਇਆ ।

### ★ ੨ ਮੱਘਰ ੨੦੧੮ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਭਗਤ ਦੁਆਰ ਕਰੇ ਹਰਿ ਸੇਵ, ਨਿਰਗੁਣ ਆਪਣਾ ਨੂਰ ਪਰਗਟਾਈਆ । ਲੇਖਾ ਜਾਣੇ ਅਲਖ ਅਭੇਵ, ਅਲਫ਼ ਯੇ ਵੇਖ ਵਖਾਈਆ । ਲੋਕਮਾਤ ਵਖਾਏ ਸਾਚਾ ਮੇਵ, ਅੰਮ੍ਰਿਤ ਫਲ ਨਾਉਂ ਧਰਾਈਆ । ਰਸ ਦੇਵੇ ਰਸਨਾ ਜੇਹਵ, ਹਰਿ ਜਸ ਜੋ ਜਨ ਗਾਈਆ । ਪਰਮ ਪੁਰਖ ਸਦਾ ਨਿਹਕੇਵ, ਕੇਵਲ ਆਪਣੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਪਾਈਆ । ਸੇਵਾ ਕਰੇ ਹਰਿ ਜੂ ਠਾਕਰ, ਦਿਵਸ ਰੈਣ ਵਡੀ ਵਡਿਆਈਆ । ਲੇਖੇ ਰੱਤ ਲੱਗੇ ਤੇਗ਼ ਬਹਾਦਰ, ਰੁੱਤੀ ਰੁੱਤ ਆਪ ਮਹਿਕਾਈਆ । ਹਰਿਜਨ ਵੇਖੇ ਸਚ ਸੌਦਾਗਰ, ਵਣਜ ਵਣਜਾਰਾ ਇਕੋ ਮਾਹੀਆ । ਨਿਰਮਲ ਕਰਮ ਕਰੇ ਉਜਾਗਰ, ਜਨ ਭਗਤ ਦਏ ਵਡਿਆਈਆ । ਲੋਕਮਾਤ ਕਰੇ ਆਦਰ, ਫੜ ਬਾਹੋਂ ਗਲੇ ਲਗਾਈਆ । ਵੇਸ ਵਟਾਏ ਕਰੀਮ ਕਾਦਰ, ਕਰਤਾ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਸਮਝਾਈਆ । ਸੇਵਾ ਕਰੇ ਸ੍ਰੀ ਭਗਵਾਨ, ਭਗਵਨ ਦਇਆ ਕਮਾਇੰਦਾ । ਭਗਤ ਬਣਾਏ ਸਚ ਨਿਸ਼ਾਨ, ਲੋਕਮਾਤ ਪਰਗਟਾਇੰਦਾ । ਜਗਤ ਦੇਵੇ ਇਕ ਗਿਆਨ, ਏਕਾ ਅੱਖਰ ਪੜ੍ਹਾਇੰਦਾ । ਚਰਨ ਧੂੜ ਸਚ ਅਸ਼ਨਾਨ, ਸਾਚਾ ਸੱਜਣ ਆਪ ਵਖਾਇੰਦਾ । ਵਸਤ ਅਨਮੁਲੜੀ ਪ੍ਰੇਮ ਦਾਨ, ਪ੍ਰੇਮੀ ਆਪ ਝੋਲੀ ਪਾਇੰਦਾ । ਆਪਣਾ ਕਰਿਆ ਪਹਿਲੋਂ ਬਲੀਦਾਨ, ਬਲ ਆਪਣਾ ਫੇਰ ਪਰਗਟਾਇੰਦਾ । ਗੁਰਮੁਖ ਸੱਜਣ ਵੇਖੇ ਵਿਚ ਜਹਾਨ, ਨਵ ਨੌਂ ਫੇਰਾ ਪਾਇੰਦਾ । ਕਰ ਕਿਰਪਾ ਦੇਵੇ ਗਿਆਨ, ਆਪਣੀ ਬੂਝ ਬੁਝਾਇੰਦਾ । ਜਗਤ ਤ੍ਰਿਸ਼ਨਾ ਮੇਟ ਸ਼ੈਤਾਨ, ਸ਼ਰੀਅਤ ਬੰਦ ਆਪ ਕਟਾਇੰਦਾ । ਦਰ ਦਰ ਘਰ ਘਰ ਦੇਵੇ ਮਾਣ, ਹਰਿ ਹਰਿ ਸੇਵ ਕਮਾਇੰਦਾ । ਅੰਦਰ ਵੜ ਵੜ ਹੋਏ ਜਾਣੀ ਜਾਣ, ਜਾਨਣਹਾਰਾ ਭੇਵ ਚੁਕਾਇੰਦਾ । ਤੀਰ ਅਣਿਆਲਾ ਮਾਰੇ ਬਾਣ, ਏਕਾ ਚਿੱਲੇ ਨਾਮ ਚੜ੍ਹਾਇੰਦਾ । ਨਾਤਾ ਤੋੜ ਮਾਣ ਅਭਿਮਾਣ, ਆਪਣੇ ਰੰਗ ਰੰਗਾਇੰਦਾ । ਹਰਿਜਨ ਸੂਰਾ ਚਤੁਰ ਸੁਘੜ ਸੁਜਾਨ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸੇਵਾ ਕਰੇ ਪੁਰਖ ਸਮਰਥ, ਸਮਰਥ ਵਡੀ ਵਡਿਆਈਆ । ਦੋ ਜਹਾਨਾਂ ਨੱਠ ਨੱਠ, ਲਹਿਣਾ ਦੇਣਾ ਰਿਹਾ ਮੁਕਾਈਆ । ਏਥੇ ਓਥੇ ਆਪਣਾ ਮਾਰਗ ਦੱਸ, ਵਾਹਵਾ ਆਪਣੀ ਧਾਰ ਚਲਾਈਆ । ਹਰਿ ਸੰਗਤ ਹਰਿ ਜੂ ਹੋਇਆ ਵਸ, ਆਪਣਾ ਬੰਧਨ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪਣੇ ਸੀਸ ਉਠਾਈਆ । ਸੇਵਾ ਕਰੇ ਸੋਹੇ ਸੀਸ, ਸੀਸ ਆਪਣਾ ਨਜ਼ਰ ਨਾ ਆਈਆ । ਗੋਬਿੰਦ ਮੇਲਾ ਇਕ ਜਗਦੀਸ਼, ਜਗਦੀਸ਼ ਹੋਏ ਸਹਾਈਆ । ਲਹਿਣਾ ਵੇਖੇ ਬੀਸ ਇਕੀਸ, ਬੀਸ ਬੀਸ ਵੱਜੇ ਵਧਾਈਆ । ਰਾਹ ਪੁੱਛੇ ਰਾਗ ਛਤੀਸ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪਣੇ ਹੱਥ ਰਖਾਈਆ । ਸਾਚੀ ਸੇਵ ਕਰੇ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਆਪ ਬਣਾਏ ਸਾਚੀ ਬਣਤ, ਆਪਣਾ ਭੇਵ ਆਪ ਖੁਲ੍ਹਾਈਆ । ਲੇਖਾ ਜਾਣੇ ਆਦਿ ਅੰਤ, ਮਧ ਆਪਣੇ ਰੰਗ ਸਮਾਈਆ । ਕਲਜੁਗ ਅੰਤਮ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਲਿਖਾਈਆ । ਜਨ ਭਗਤਾਂ ਕਾਇਆ ਚੋਲੀ ਰੰਗੇ ਬਸੰਤ, ਨਾਮ ਮਜੀਠੀ ਇਕ ਚੜ੍ਹਾਈਆ । ਰਸਨਾ ਜਿਹਵਾ ਮਣੀਆਂ ਮੰਤ, ਆਤਮ ਪਰਮਾਤਮ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਸੇਵ ਕਰਾਈਆ । ਸੇਵਾ ਕਰੇ ਸੇਵਕ ਬਣ, ਲੋਕਮਾਤ ਮਾਤ ਤਜਾਇਆ । ਜਿਸ ਬਣਾਏ ਆਪਣੇ ਜਨ, ਸੋ ਜਨਣੀ ਬਣਿਆ ਪਿਤਾ ਮਾਇਆ । ਏਕਾ ਰਾਗ ਸੁਣਾਏ ਕੰਨ, ਰਾਗੀ ਰਾਗ ਮੁਖ ਸ਼ਰਮਾਇਆ । ਏਕਾ ਦੇਵੇ ਸੱਚਾ ਧਨ, ਨਾਮ ਨਿਧਾਨਾ ਝੋਲੀ ਪਾਇਆ । ਆਪੇ ਬੇੜਾ ਰਿਹਾ ਬੰਨ੍ਹ, ਆਪਣੇ ਕੰਧ ਉਠਾਇਆ । ਗੁਰਮੁਖ ਸੱਜਣ ਜਾਏ ਮੰਨ, ਸੋ ਪੁਰਖ ਅਬਿਨਾਸ਼ੀ ਰਿਹਾ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਕਮਾਇਆ । ਸੇਵਾ ਕਰੇ ਬਲੀ ਬਲਵਾਨ, ਬਲ ਆਪਣਾ ਆਪ ਧਰਾਈਆ । ਜੁਗ ਚੌਕੜੀ ਕਰਦਾ ਰਿਹਾ ਕਲਿਆਣ, ਕਾਲ ਰੂਪ ਵਟਾਈਆ । ਜਿਸ ਨੂੰ ਕਹਿੰਦੇ ਰਹੇ ਭਗਵਾਨ, ਸੋ ਭਗਵਨ ਵੇਸ ਵਟਾਈਆ । ਜੋ ਦੇਂਦਾ ਰਿਹਾ ਪਰਵਾਨ, ਸਚ ਪਰਵਾਨਾ ਦਏ ਫੜਾਈਆ । ਜਿਸ ਅੰਦਰ ਸਰਬ ਗਿਆਨ, ਸਰਬ ਗਿਆਤਾ ਆਪ ਅਖਵਾਈਆ । ਸੋ ਸਾਹਿਬ ਦੇਵੇ ਦਾਨ, ਅਨਡਿਠੜੀ ਵਸਤ ਆਪ ਵਰਤਾਈਆ । ਜਿਸ ਨੂੰ ਕਹਿੰਦੇ ਗਏ ਕਾਹਨ, ਸੋ ਕਾਹਨ ਬੰਸਰੀ ਨਾਮ ਵਜਾਈਆ । ਜਿਸ ਦਾ ਰੱਖਦੇ ਗਏ ਧਿਆਨ, ਨੈਣ ਮੂੰਦ ਸੇਵ ਕਮਾਈਆ । ਸੋ ਪਰਗਟ ਹੋਇਆ ਆਣ, ਆਪ ਆਪਣਾ ਖੇਲ ਵਖਾਈਆ । ਖੇਲੇ ਖੇਲ ਦੋ ਜਹਾਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਸੇਵਕ ਸੇਵ ਕਮਾਈਆ । ਆਪੇ ਸੇਵਕ ਬਣਿਆ ਸੱਚਾ ਰਾਣਾ, ਰਾਜ ਭੂਪ ਅਖਵਾਇੰਦਾ । ਜਨ ਭਗਤ ਦੁਆਰੇ ਬਹਿ ਬਹਿ ਗਾਏ ਆਪਣਾ ਗਾਣਾ, ਆਪਣਾ ਰਾਗ ਅਲਾਇੰਦਾ । ਆਪੇ ਮੰਨੇ ਆਪਣਾ ਭਾਣਾ, ਸਿਰ ਭਾਣਾ ਆਪ ਰਖਾਇੰਦਾ । ਲੱਖ ਚੁਰਾਸੀ ਜੀਵ ਜੰਤ ਜੁਗ ਚੌਕੜੀ ਤਣਿਆ ਤਾਣਾ, ਤਾਣਾ ਪੇਟਾ ਆਪੇ ਪਾਇੰਦਾ । ਆਪੇ ਜਾਣੇ ਆਵਣ ਜਾਣਾ, ਆਵਣ ਜਾਵਣ ਆਪਣਾ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਚਲਾਇੰਦਾ । ਵਾਹ ਵਾ ਧਾਰ ਚਲੇ ਅਵੱਲੀ, ਅਵਲ ਅੱਲਾ ਆਪ ਚਲਾਈਆ । ਨਿਰਗੁਣ ਜੋਤ ਇਕ ਇਕੱਲੀ, ਅਕਲ ਕਲਾ ਅਖਵਾਈਆ । ਭਗਤ ਦੁਆਰੇ ਆ ਕੇ ਖਲੀ, ਏਕਾ ਆਸ ਤਕਾਈਆ । ਗੁਰਮੁਖ ਮੇਰਾ ਆਸਣ ਮੱਲੀਂ, ਮੇਰੀ ਸੁੰਜੀ ਸੇਜ ਦੇ ਸੁਹਾਈਆ । ਤੇਰੇ ਬਾਝੋਂ ਹੋਈ ਮੈਂ ਝੱਲੀ, ਮੇਰਾ ਪੱਲੂ ਫੜੇ ਨਾ ਕੋਇ ਸਚ ਗੁਸਾਈਂਆ । ਸਚਖੰਡ ਦੀ ਸਾਚੀ ਕਲੀ, ਲੋਕਮਾਤ ਤੇਰੇ ਦਰ ਮਹਿਕਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਤੇਰੇ ਪਿਆਰ ਅੰਦਰ ਪਲੀ, ਦੂਜੀ ਵਸਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਜਣਾਈਆ । ਵਾਹ ਵਾ ਰੰਗ ਰੰਗਾ ਕਰਤਾਰਾ, ਰੰਗ ਆਪਣਾ ਆਪ ਸਮਝਾਇੰਦਾ । ਜਿਸ ਨੂੰ ਲੱਭਦੇ ਗਏ ਗੁਰ ਅਵਤਾਰਾ, ਹੱਥ ਕਿਸੇ ਨਾ ਆਇੰਦਾ । ਜਿਸ ਦੇ ਦਰ ਬਣਦੇ ਰਹੇ ਭਿਖਾਰਾ, ਬਣ ਭਿਖਾਰੀ ਮੰਗ ਮੰਗਾਇੰਦਾ । ਜਿਸ ਅੱਗੇ ਕੱਢਦੇ ਗਏ ਹਾੜਾ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਸੇਵ ਕਮਾਇੰਦਾ । ਸੋ ਪੁਰਖ ਨਿਰੰਜਣ

ਵਾਹ ਵਾ ਆਇਆ, ਵਹਿੰਦੀ ਧਾਰ ਖੇਲ ਖਲਾਈਆ । ਜਿਸ ਦਾ ਰੂਪ ਰੰਗ ਰੇਖ ਨਾ ਕੋਈ ਛਾਇਆ, ਨੇਤਰ ਨੈਣ ਨਜ਼ਰ ਨਾ ਆਈਆ । ਪੰਜ ਤੱਤ ਨਾ ਕੋਈ ਕਾਇਆ, ਭੂਤਕ ਰੂਪ ਨਾ ਕੋਇ ਵਟਾਈਆ । ਜਿਸ ਦਾ ਪਿਤਾ ਨਾ ਕੋਈ ਮਾਇਆ, ਨਾ ਕੋਈ ਗੋਦ ਸੁਹਾਈਆ । ਗੁਰ ਅਵਤਾਰਾਂ ਜਿਸ ਨੂੰ ਗਾਇਆ, ਸੋ ਚਲ ਕੇ ਆਇਆ ਸੱਚਾ ਮਾਹੀਆ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਬੇਪਰਵਾਹੀਆ । ਜਨ ਭਗਤਾਂ ਸੁਹਾਏ ਇਕ ਦੁਆਰਾ, ਦਰ ਦਰਵਾਜ਼ਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਵਸ ਦਿਵਸ ਰੈਣ ਰੈਣ ਰੈਣ ਨਾਲ ਮਿਲਾਈਆ । ਦਿਵਸ ਮੰਗੇ ਗੁਰਮੁਖ ਚਾ, ਗੁਰ ਗੁਰ ਵਡੀ ਵਡਿਆਈਆ । ਰਾਤ ਮੰਗਣ ਗੁਰ ਪੀਰ ਅਵਤਾਰ ਝੋਲੀ ਡਾਹ, ਦਿਸ ਕਿਸੇ ਨਾ ਆਈਆ । ਸ੍ਰਿਸ਼ਟੀ ਸੁਤਿਆਂ ਦੋ ਜਹਾਨਾਂ ਦਏ ਸਲਾਹ, ਆਲਸ ਨਿੰਦਰਾ ਨਾ ਕੋਇ ਰਖਾਈਆ । ਉਠੋ ਜਾ ਕੇ ਸੇਵਾ ਲਉ ਕਮਾ, ਸਾਚੀ ਸੇਵਾ ਇਕ ਸਮਝਾਈਆ । ਚਾਰ ਯੁਗ ਦਾ ਅੰਮ੍ਰਿਤ ਫਲ ਮੇਵਾ ਲੈਣਾ ਖਾ, ਅੰਮਿਉਂ ਰਸ ਇਕ ਚਖਾਈਆ । ਵਡ ਦੇਵੀ ਦੇਵਾ ਰੁੱਠਾ ਲੈਣਾ ਮਨਾ, ਦਰ ਅੱਗੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵ ਆਪ ਕਮਾਈਆ । ਸਾਚੀ ਸੇਵਾ ਕਰ ਮਨਜ਼ੂਰ, ਮੁਹੰਮਦ ਸੀਸ ਝੁਕਾਇੰਦਾ । ਮੇਰਾ ਕਰ ਮੁਆਫ ਕਸੂਰ, ਦੋਏ ਜੋੜ ਰਸਨ ਅਲਾਇੰਦਾ । ਕਰਾਂ ਮਜ਼ਦੂਰੀ ਬਣ ਮਜ਼ਦੂਰ, ਉਜਰਤ ਕੋਇ ਨਾ ਮੰਗ ਮੰਗਾਇੰਦਾ । ਤੂੰ ਸਾਹਿਬ ਰਹਿਣਾ ਹਾਜ਼ਰ ਹਜ਼ੂਰ, ਦਰ ਤੇਰਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਕਰ ਲੈ ਸੇਵਾ ਅੰਤਮ ਕਲ, ਸਦੀ ਚੌਧਵੀਂ ਗਈ ਬਿਤਾਈਆ । ਜਨ ਭਗਤਾਂ ਅੰਦਰ ਜਾਣਾ ਰਲ, ਤੇਰਾ ਲਹਿਣਾ ਦਏ ਮੁਕਾਈਆ । ਜਿਸ ਸ਼ਰੀਅਤ ਲਾਹੀ ਭਗਤਾਂ ਖੱਲ, ਸੋ ਅਸਲੀਅਤ ਦਏ ਸਜ਼ਾਈਆ । ਜੋ ਕਲਮਾ ਕਲਾਮ ਰਿਹਾ ਘੱਲ, ਸੋ ਕਲਮਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਈਆ । ਮੁਹੰਮਦ ਵੇਖੇ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਚੌਦਾਂ ਸਦੀਆਂ ਜਗਤ ਹੁਲਾਰਾ, ਚੌਦਾਂ ਲੋਕ ਵਡਿਆਇੰਦਾ । ਕਲਜੁਗ ਅੰਤਮ ਖੇਲ ਨਿਆਰਾ, ਨਿਰਗੁਣ ਆਪ ਕਰਾਇੰਦਾ । ਜਨ ਭਗਤ ਬਣਾਏ ਇਕ ਦੁਆਰਾ, ਚਾਰ ਵਰਨ ਸੰਗ ਰਖਾਇੰਦਾ । ਦਿਵਸ ਚੌਦਵੇਂ ਮੁਹੰਮਦ ਮੰਗੇ ਬਣ ਭਿਖਾਰਾ, ਅੱਗੇ ਆਪਣੀ ਝੋਲੀ ਡਾਹਿੰਦਾ । ਕਰ ਕਿਰਪਾ ਮੇਰੇ ਪਰਵਰਦਿਗਾਰਾ, ਤੇਰਾ ਪਰਦਾ ਸੀਸ ਰਖਾਇੰਦਾ । ਸੇਵਾ ਕਰਾਂ ਵਿਚ ਸੰਸਾਰਾ, ਸਿਰ ਤੇਰਾ ਹੁਕਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਨ ਚੌਧਵੇਂ ਵੇਖ ਵਖਾਇੰਦਾ । ਚੌਧਵੇਂ ਦਿਨ ਚੌਦਾਂ ਲੋਕ, ਚੌਦਸ ਰੈਣ ਸੁਹਾਈਆ । ਪੁਰਖ ਅਬਿਨਾਸ਼ੀ ਸਚ ਸਲੋਕ, ਸੋਹਲਾ ਨਾਮ ਪੜ੍ਹਾਈਆ । ਭਗਤ ਦੁਆਰਾ ਸਤਿਜੁਗ ਕੋਟ, ਸਚਖੰਡ ਸਮਝਾਈਆ । ਗ੍ਰਿਹ ਲੱਗੇ ਸਾਚੀ ਚੋਟ, ਤਨ ਨਗਾਰ ਵਜਾਈਆ । ਪੁਰਖ ਅਗੰਮ ਦੇਵੇ ਓਟ, ਸਿਰ ਆਪਣਾ ਹੱਥ ਟਿਕਾਈਆ । ਘਰ ਨਿਰਮਲ ਜਗੇ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਜੁਗ ਚੌਕੜੀ ਓਤ ਪੋਤ, ਬੰਸ ਸਰਬੰਸ ਬਣਾਈਆ । ਬਿਨ ਭਗਤ ਕਿਸੇ ਉਤੇ ਨਾ ਹੋਏ ਮੋਹਤ, ਮਾਇਆ ਮਮਤਾ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਸਮਾਈਆ । ਤੇਰਾ ਰੰਗ ਮੇਰੇ ਮੀਆਂ, ਮੈਂ ਵੇਖਾਂ ਪਰਵਰਦਿਗਾਰਾ । ਤੂੰ ਆਪਣੀ ਧਾਰ ਰਖਾਈਆਂ ਨੀਹਾਂ, ਚਾਰ ਕੁੰਟ ਸਹਾਰਾ । ਤੇਰੇ ਦਰ ਲੇਖਾ ਮੁੱਕੇ ਸਾਢੇ ਤਿੰਨ ਹੱਥ ਸੀਆਂ, ਰਵਿਦਾਸ ਚੁਮਾਰ ਬਣੇ ਲਿਖਾਰਾ । ਤੇਰੇ ਮਿਲਣ

ਦਾ ਇਕੋ ਹੀਆ, ਤੇਰੇ ਚਰਨ ਕਰਾਂ ਨਿਮਸਕਾਰਾ । ਸਰਬ ਜੀਆਂ ਦਾ ਇਕੋ ਜੀਆ, ਬਿਨ ਤੇਰੇ ਕੋਇ ਨਾ ਜੀਵਣ ਮੁਕਤ ਦੁਆਰਾ । ਚੌਦਾਂ ਲੋਕ ਜੋ ਬੀਜ ਬੀਆ, ਫੱਲ ਲੱਗੇ ਅੰਤਮ ਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਸਹਾਰਾ । ਸਹਾਰਾ ਦੇਵੇ ਦੱਸ, ਧੁਰ ਫ਼ਰਮਾਣ ਜਣਾਈਆ । ਚੌਧਵੀਂ ਰਾਤ ਜਾਣਾ ਨੱਠ, ਲੋਕਮਾਤ ਫੇਰਾ ਪਾਈਆ । ਪਾਰਬ੍ਰਹਮ ਦਾ ਵੇਖਣਾ ਹੱਟ, ਲੋਕਮਾਤ ਖੁਲ੍ਹਾਈਆ । ਨਾਤਾ ਤੋੜ ਤੀਰਥ ਤੱਟ, ਮੰਦਰ ਮਸਜਿਦ ਡੇਰਾ ਢਾਹੀਆ । ਨਿਰਗੁਣ ਨੂਰ ਕਰ ਪਰਗਟ, ਨੂਰ ਨੁਰਾਨਾ ਡਗਮਗਾਈਆ । ਕਰੇ ਖੇਲ ਬਿਨ ਨਾੜੀ ਰੱਤ, ਰੱਤੀ ਰੱਤ ਨਾ ਕੋਇ ਵਖਾਈਆ । ਕਰੇ ਗਿਆਨ ਬਿਨ ਬੁਧ ਮਤ, ਮਨ ਵਾਸਨਾ ਨਾ ਕੋਇ ਸਮਝਾਈਆ । ਸਗਲ ਵਸੂਰੇ ਜਾਇਣ ਲੱਥ, ਬਿਛਰਤ ਲਏ ਮਿਲਾਈਆ । ਪੂਰੀ ਕਰੇ ਆਸ, ਪੂਰਨ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਧਵੀਂ ਸਦੀ ਵੇਖ ਵਖਾਈਆ । ਸਦੀ ਚੌਧਵੀਂ ਖੇਲ ਅਵੱਲਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਵਸਣਹਾਰਾ ਸਚ ਮਹੱਲਾ, ਸਚ ਦੁਆਰੇ ਸੋਭਾ ਪਾਇੰਦਾ । ਲੇਖਾ ਜਾਣੇ ਨਿਹਚਲ ਧਾਮ ਅਟੱਲਾ, ਅਟੱਲ ਆਪਣਾ ਰੂਪ ਪਰਗਟਾਇੰਦਾ । ਕਲਜੁਗ ਅੰਤਮ ਲੋਕਮਾਤ ਹੋਇਆ ਝੱਲਾ, ਬਣ ਝੱਲਾ ਝਲਕ ਵਖਾਇੰਦਾ । ਚਾਰ ਯੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਜਿਸ ਦੀਆਂ ਕਰਦੀਆਂ ਰਹੀਆਂ ਗੱਲਾਂ, ਸੋ ਆਪਣਾ ਹਾਲ ਸੁਣਾਇੰਦਾ । ਵੇਲਾ ਮਿਲਣ ਦਾ ਕਰ ਲਓ ਹੱਲਾ, ਹਲਕਾ ਸਭ ਦਾ ਭਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਸਮਝਾਇੰਦਾ । ਸੇਵਾ ਕਰੇ ਆ ਦੁਆਰ, ਦੂਰ ਦੁਰਾਡਾ ਪੰਧ ਮੁਕਾਈਆ । ਰਾਤੀਂ ਸੁਤਿਆਂ ਕੱਢੇ ਵਗਾਰ, ਵਗਾਰੀ ਆਪਣਾ ਫੇਰਾ ਪਾਈਆ । ਬਿਨ ਪੁਛਿਆਂ ਦੇਵੇ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਬਿਨ ਮੰਗਿਆਂ ਕਰੇ ਪਿਆਰ, ਪ੍ਰੇਮ ਪਿਆਰ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਧਰਾਈਆ । ਆਪਣਾ ਬਲ ਆਪੇ ਧਰ, ਧਰਨੀ ਧਰਤ ਧਵਲ ਵਡਿਆਇਆ । ਨਿਰਗੁਣ ਹੋ ਕੇ ਸਰਗੁਣ ਅੰਦਰ ਵੜ, ਜਨ ਭਗਤਾਂ ਰਿਹਾ ਜਗਾਇਆ । ਆਪਣੀ ਵਿਦਿਆ ਆਪੇ ਪੜ੍ਹ, ਗੁਰਮੁਖ ਸਾਚੇ ਰਿਹਾ ਪੜ੍ਹਾਇਆ । ਆਪਣੀ ਅਗਨੀ ਆਪੇ ਸੜ, ਗੁਰਸਿਖ ਸੱਜਣ ਰਿਹਾ ਬਚਾਇਆ । ਆਪਣਾ ਭਾਣਾ ਆਪੇ ਜਰ, ਹਰਿਜਨ ਆਪਣੀ ਗੋਦ ਸੁਹਾਇਆ । ਆਪਣੇ ਦੁਆਰੇ ਆਪੇ ਖੜ, ਆਪ ਆਪਣਾ ਰੂਪ ਵਟਾਇਆ । ਸੰਤ ਸੁਹੇਲੇ ਲੋਕਮਾਤ ਫੜ, ਫੜ ਪੱਲੂ ਗੰਢ ਬੰਨ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਕਮਾਇਆ । ਸਾਚੀ ਸੇਵ ਕਰੇ ਕਰਤਾਰ, ਨਜ਼ਰ ਕਿਸੇ ਨਾ ਆਈਆ । ਪੰਜ ਤੱਤ ਲੇਖਾ ਰਹੇ ਅੰਦਰ ਚਾਰ ਦੀਵਾਰ, ਤਨ ਮਾਟੀ ਨਾਲ ਮਿਲਾਈਆ । ਅੰਤਰ ਅੰਤਰ ਕਰੇ ਵਿਹਾਰ, ਬਣ ਬਿਵਹਾਰੀ ਸੇਵ ਕਮਾਈਆ । ਯਾਰਾਂ ਨਾਲ ਬਣਿਆ ਯਾਰ, ਸੱਥਰ ਯਾਰੜਾ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਖੇਲੇ ਖੇਲ ਅਪਰ ਅਪਾਰਾ, ਅਪਰੰਪਰ ਧਾਰ ਚਲਾਇੰਦਾ । ਗੋਬਿੰਦ ਉਠਾਇਆ ਸੁਤ ਦੁਲਾਰਾ, ਸਾਚਾ ਸੰਗ ਨਿਭਾਇੰਦਾ । ਜਨ ਭਗਤਾਂ ਨਾਲ ਕਰੇ ਪਿਆਰਾ, ਆਪ ਆਪਣਾ ਬੰਧਨ ਪਾਇੰਦਾ । ਆਪੇ ਚੁੱਕੇ ਇੱਟਾਂ ਗਾਰਾ, ਗੁਰਸਿੱਖ ਅੰਦਰ ਵੜ ਵੜ ਸੇਵ ਕਮਾਇੰਦਾ । ਜੋ ਗੁਰਸਿਖ ਆਏ ਚਲ ਦੁਆਰਾ, ਤਿਸ ਆਪਣੇ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਸੇਵਾ ਕਰੇ ਹਰਿ ਜੂ ਹਰਿ, ਦਿਸ ਕਿਸੇ

ਨਾ ਆਈਆ । ਗੁਰਸਿਖਾਂ ਅੰਦਰ ਬੈਠਾ ਵੜ, ਦਿਵਸ ਰੈਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵ ਆਪ ਸਮਝਾਈਆ । ਗੁਰਸਿਖ ਸੇਵਾ ਕਰੇ ਦੁਆਰ, ਹਰਿ ਜੂ ਅੰਤਰ ਆਸਣ ਲਾਇਆ । ਜੇ ਕੋਈ ਕਹੀਆਂ ਦੇਵੇ ਮਾਰ, ਪੁਰਖ ਅਬਿਨਾਸ਼ੀ ਬਲ ਧਰਾਇਆ । ਜੇ ਕੋਈ ਤਗਾਰੀ ਚੁੱਕੇ ਸੀਸ ਬੰਨ੍ਹ ਦਸਤਾਰ, ਸਿਰ ਉਪਰ ਆਪਣਾ ਹੱਥ ਟਿਕਾਇਆ । ਜੇ ਕੋਈ ਪੌੜੀ ਡੰਡਾ ਚੜ੍ਹੇ ਵਾਰੋ ਵਾਰ, ਆਪਣਾ ਡੰਡਾ ਦਏ ਫੜਾਇਆ । ਜੇ ਕੋਈ ਕਾਂਡੀ ਤੇਸੀ ਦਏ ਮਾਰ, ਤਿਸ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਅੰਦਰ ਵੜ ਵੜ ਸੇਵ ਕਮਾਇਆ । ਅੰਦਰ ਵੜ ਹਰਿ ਰਘੁਨਾਥ, ਆਪਣੀ ਦਇਆ ਕਮਾਈਆ । ਬਿਨ ਡਿਠਿਆਂ ਦੇਵੇ ਸਾਥ, ਸਾਚਾ ਸੰਗ ਨਿਭਾਈਆ । ਲਹਿਣਾ ਚੁੱਕੇ ਹਾਥੋ ਹਾਥ, ਹੱਥੋ ਹੱਥੀ ਦਏ ਚੁਕਾਈਆ । ਜਿਹਨੂੰ ਪੁੱਛੋ ਸੋਈ ਕਹੇ ਵਸੇ ਮੇਰੇ ਪਾਸ, ਰਾਤੀਂ ਸੁਤਿਆਂ ਮੇਰੇ ਕੋਲ ਫੇਰਾ ਪਾਈਆ । ਪੁਰਖ ਅਬਿਨਾਸ਼ੀ ਕਹੇ ਮੇਰਾ ਸੱਚਾ ਭੋਗ ਬਿਲਾਸ, ਗੁਰਮੁਖ ਆਤਮ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵ ਕਮਾਈਆ । ਜੇ ਕੋਈ ਫੜੇ ਤੇਸਾ ਆਰੀ ਰੰਦਾ, ਏਕਾ ਰੰਦਾ ਹੱਥ ਰਖਾਈਆ । ਗੁਰਸਿਖ ਬਣਾਏ ਆਪਣਾ ਬੰਦਾ, ਬੰਦੀਖ਼ਾਨਾ ਤੋੜ ਤੁੜਾਈਆ । ਦਰ ਦੁਆਰੇ ਕੋਈ ਨਾ ਰਹੇ ਗੰਦਾ, ਗੰਦੀ ਵਾਸ਼ਨਾ ਦਏ ਮਿਟਾਈਆ । ਹਰਿ ਭਗਤ ਚੜ੍ਹੇ ਸਾਚਾ ਚੰਦਾ, ਚੰਦ ਚਾਂਦਨੀ ਮੁਖ ਸ਼ਰਮਾਈਆ । ਕਰੇ ਪਰਕਾਸ਼ ਵਿਚ ਬ੍ਰਹਿਮੰਡਾ, ਵਰਭੰਡ ਮਿਲੇ ਵਡਿਆਈਆ । ਕਰੇ ਖੇਲ ਸੂਰਾ ਸਰਬੰਗਾ, ਸੂਰਬੀਰ ਸ਼ਹਿਨਸ਼ਾਹੀਆ । ਜਿਸ ਦੁਆਰੇ ਨਿਸ਼ਾਨ ਝੁੱਲੇ ਸੱਤ ਰੰਗਾ, ਤਿਸ ਸਤਿ ਪੁਰਖ ਨਿਰੰਜਣ ਲਏ ਮਿਲਾਈਆ । ਗੁਰਮੁਖ ਗਾਓ ਸਦਾ ਸੁਹਾਗੀ ਛੰਦਾ, ਪ੍ਰਭ ਮਿਲਿਆ ਇਕੋ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਵਖਾਈਆ । ਜੇ ਕੋਈ ਫੜੇ ਤੇਸੀ ਸੱਥਰ, ਸੱਥਰਾ ਹੱਥ ਉਠਾਇਆ । ਕਰ ਕਿਰਪਾ ਮੇਲੇ ਮਨ ਪੱਥਰ, ਮਨ ਕਾ ਮਣਕਾ ਆਪ ਭੁਵਾਇਆ । ਗੁਰਸਿਖ ਤੇਰੀ ਸੇਵਾ ਵੇਖ ਪੁਰਖ ਅਬਿਨਾਸ਼ੀ ਆਪਣੇ ਨੀਰ ਵਹਾਵੇ ਅੱਥਰ, ਨੈਣ ਨੈਣ ਨੈਣ ਭਰਾਇਆ । ਜਿਸ ਵਿਛਾਇਆ ਯਾਰੜਾ ਸੱਥਰ, ਸੋ ਬਣ ਬਣ ਯਾਰ ਸੇਵ ਕਮਾਇਆ । ਭਗਤ ਦੁਆਰਾ ਨਾ ਹੋਏ ਭੱਠੜ, ਭੱਠ ਖੇੜਾ ਨਾ ਕੋਇ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਨਾਲ ਮਿਲਾਇਆ । ਹਰਿਜਨ ਸਾਚੇ ਗਏ ਮਿਲ, ਮਿਲਿਆ ਏਕੰਕਾਰ । ਚੌਦਾਂ ਲੋਕ ਗਏ ਹਿਲ, ਚੌਦਾਂ ਤਬਕ ਹੋਏ ਖ਼ਬਰਦਾਰ । ਕਵਣ ਦਰ ਪ੍ਰਭ ਲਾਏ ਸਿਲ, ਭਗਤ ਦੁਆਰਾ ਕਰ ਤਿਆਰ । ਜਿਸ ਨੂੰ ਕਹਿੰਦੇ ਬਸਨ ਬਨਵਾਰੀ ਕਪੜੇ ਪਹਿਰੇ ਨੀਲ, ਰੂਪ ਅਨੂਪ ਆਪ ਧਰਾਇਆ । ਤਿਸ ਅੱਗੇ ਕਰੋ ਅਪੀਲ, ਜੇ ਦੇਵੇ ਦਇਆ ਕਮਾਇਆ । ਵਡ ਖ਼ਾਲਕ ਖ਼ਲਕ ਖ਼ਲੀਲ, ਬੇਖ਼ਬਰ ਲਏ ਜਗਾਇਆ । ਜੋਧਾ ਸੂਰਬੀਰ ਛੈਲ ਛਬੀਲ, ਛਹਿਬਰ ਆਪਣੇ ਨੂਰ ਦਰਸਾਇਆ । ਲੋਕਮਾਤ ਬਣਾਏ ਸਚ ਫ਼ਸੀਲ, ਭਗਤ ਦੁਆਰਾ ਨਾਉਂ ਰਖਾਇਆ । ਚਾਰ ਯੁਗ ਦੀ ਕੱਠੀ ਕਰੇ ਦਲੀਲ, ਗੁਰ ਅਵਤਾਰ ਜੋ ਗਏ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਇਕ ਵਡਿਆਇਆ । ਚਾਰ ਯੁਗ ਦੀ ਦਲੀਲ ਕਰੇ ਇਕੱਠੀ, ਆਪਣੀ ਦਇਆ ਕਮਾਈਆ । ਲੁਕਿਆ ਰਹੇ ਨਾ ਕੋਇ ਜਪੀ ਤਪੀ ਹਠੀ, ਸਤੀਆਂ ਸਤਿ ਵੇਖ ਵਖਾਈਆ । ਕਰੇ ਖੇਲ ਕਮਲਾਪਤੀ, ਕਵਲ ਨੈਣ ਨੈਣ ਮਟਕਾਈਆ । ਜੁਗਾ ਜੁਗੰਤਰ ਦੇ ਦੇ ਮਤੀ, ਗੁਰ ਸ਼ਬਦ ਗਿਆਨ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਈਆ । ਸਾਚਾ ਖੇਲ ਗੋਬਿੰਦ ਧਾਰ, ਨਿਰਗੁਣ ਸਰਗੁਣ ਆਪ ਸਮਝਾਇਆ । ਚੌਦਾਂ ਲੋਕ ਕਰਨ ਵਿਚਾਰ, ਚੌਦਾਂ ਤਬਕ ਕਰੇ ਸਲਾਹਿਆ । ਸਦੀ ਚੌਧਵੀਂ ਹੋਇਆ ਖ਼ਬਰਦਾਰ, ਬੇਐਬ ਨਾਮ ਖ਼ੁਦਾਇਆ । ਰਸੂਲ ਕਬੂਲ ਕਰੇ ਜੋ ਵਿਚ ਸੰਸਾਰ, ਸਚ ਸਬੂਤ ਦਏ ਵਖਾਇਆ । ਸੋ ਕਾਤਲ ਮਕਤੂਲ ਬਣੇ ਨਿਰੰਕਾਰ, ਏਕਾ ਖੰਡਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਇਆ । ਕਾਰ ਕਮਾਏ ਕਰਤਾ ਪੁਰਖ, ਕੁਦਰਤ ਕਾਦਰ ਵਡ ਵਡਿਆਈਆ । ਕਿਸੇ ਨਾ ਆਵੇ ਸਾਚੀ ਸੁਰਤ, ਅੰਦਰ ਵੜ ਵੜ ਰਹੇ ਸੁਰਤ ਚੜ੍ਹਾਈਆ । ਕੋਈ ਨਾ ਵੇਖੇ ਅਕਾਲ ਮੂਰਤ, ਮੂਰਤ ਅਕਾਲ ਨਾ ਕੋਇ ਰੁਸ਼ਨਾਈਆ । ਕੋਇ ਨਾ ਜਾਣੇ ਨਾਦ ਤੂਰਤ, ਤੁਰੀਆ ਰਾਗ ਨਾ ਕੋਇ ਸੁਣਾਈਆ । ਕੋਇ ਨਾ ਜਾਣੇ ਸਾਚੀ ਸੂਰਤ, ਸੂਰਤ ਰੱਬ ਨਾ ਕਿਸੇ ਵਖਾਈਆ । ਕਲਜੁਗ ਨਾਤਾ ਕੂੜੇ ਕੂੜਤ, ਕੂੜੀ ਕਿਰਿਆ ਬੰਧਨ ਪਾਈਆ । ਜੀਵ ਜੰਤ ਹੋਏ ਮੂਰਖ, ਮੂੜ੍ਹ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਇਕ ਸਾਲਾਹੀਆ । ਮੂਰਖ ਮੁਗਧ ਹੋਇਆ ਸੰਸਾਰ, ਹਰਿ ਜੂ ਭਾਣਾ ਆਪ ਵਰਤਾਇਆ । ਪੜ੍ਹ ਪੜ੍ਹ ਪਾਵੇ ਨਾ ਕੋਇ ਸਾਰ, ਅੰਦਰ ਵੜ ਵੜ ਕੋਲ ਨਾ ਕਿਸੇ ਬਹਾਇਆ । ਚੋਟੀ ਚੜ੍ਹ ਚੜ੍ਹ ਗਏ ਹਾਰ, ਹਰਿ ਕਾ ਪੰਧ ਨਾ ਕਿਸੇ ਮੁਕਾਇਆ । ਨੇਤਰ ਮੀਟ ਮੀਟ ਕਰਨ ਪੁਕਾਰ, ਸੁਣੇ ਪੁਕਾਰ ਨਾ ਹਰਿ ਰਘੁਰਾਇਆ । ਸੁਰਤੀ ਸ਼ਬਦ ਕਰਨ ਵਿਚਾਰ, ਸ਼ਬਦ ਸੁਰਤ ਨਾ ਕੋਇ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਇਆ । ਖੇਲ ਵਰਤਾਇਆ ਅਲੱਖ, ਅਗੰਮ ਅਗੰਮੜੀ ਕਾਰ ਕਮਾਈਆ । ਜਿਸ ਦਾ ਭਾਣਾ ਗਏ ਮੰਨ, ਸੋ ਭਾਣੇ ਰਿਹਾ ਸਮਾਈਆ । ਜਿਸ ਸੇਵਾ ਲਾਏ ਸੂਰਜ ਚੰਨ, ਕੋਹ ਕਰੋੜੀ ਚਲਤ ਫਿਰਾਈਆ । ਜੋ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਗੁਰ ਅਵਤਾਰ ਭਾਂਡਾ ਦੇਵੇ ਭੰਨ, ਪੰਜ ਤੱਤ ਰਹਿਣ ਕੋਇ ਨਾ ਪਾਈਆ । ਸੋ ਖੇਲ ਕਰੇ ਸ੍ਰੀ ਭਗਵਨ, ਭਗਵਨ ਸੇਵਾ ਆਪ ਕਮਾਈਆ । ਕਬੀਰ ਜੁਲਾਹੇ ਦਿਤਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਵੇਲੇ ਅੰਤ ਕਰੇ ਪਛਾਣ, ਪਛੋਤਾਵਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਈਆ । ਆਪਣਾ ਵੇਸ ਆਪੇ ਰੱਖ, ਰੱਖ ਰੱਖ ਖ਼ੁਸ਼ੀ ਮਨਾਇੰਦਾ । ਆਪਣੇ ਮੰਦਰ ਹੋ ਪਰਤੱਖ, ਆਪਣੇ ਘਰ ਸੋਭਾ ਪਾਇੰਦਾ । ਆਪਣੀ ਬੋਲ ਇਕ ਅਲੱਖ, ਅਲੱਖ ਅਗੋਚਰ ਨਾਅਰਾ ਲਾਇੰਦਾ । ਆਪਣਾ ਮਾਰਗ ਆਪੇ ਦੱਸ, ਆਪੇ ਬਣ ਬਣ ਪਾਂਧੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਵਖਾਇੰਦਾ । ਸਮਰਥ ਧਾਰ ਵੇਖ ਮੌਲਾ, ਆਪਣੀ ਆਪ ਜਣਾਈਆ । ਜਿਸ ਦਾ ਨੂਰ ਅਵਲ ਅੱਲਾ, ਸੋ ਇਲਾਹੀ ਨੂਰ ਪਰਗਟਾਈਆ । ਸਚ ਸਿੰਘਾਸਣ ਇਕੋ ਮੱਲਾ, ਇਕੋ ਨੂਰ ਖ਼ੁਦਾਈਆ । ਨਿਹਚਲ ਧਾਮ ਉਚ ਅਟੱਲਾ, ਏਕਾ ਬੰਕ ਵਡਿਆਈਆ । ਬਿਸਮਲ ਹੋ ਕੇ ਬਿਸਮਲ ਰਲਾ, ਵਿਸ਼ਵ ਰਿਹਾ ਸਮਾਈਆ । ਹੱਕ ਹਕ਼ੀਕਤ ਵੇਖੇ ਇਕ ਇਕੱਲਾ, ਬੇਅਕਲ ਵਡ ਵਡਿਆਈਆ । ਪਾਵੇ ਸਾਰ ਜਲਾਂ ਥਲਾਂ, ਡੂੰਘੇ ਸਾਗਰ ਫੋਲ ਫੁਲਾਈਆ । ਚੌਦਾਂ ਲੋਕ ਪਏ ਤਰਥੱਲਾ, ਖਿਰ ਖਿਰ ਕੰਬੇ ਸਰਬ ਲੋਕਾਈਆ । ਸਚ ਸੰਦੇਸ਼ ਇਕੋ ਘੱਲਾ, ਨਰ ਨਰੇਸ਼ ਸੁਣਾਈਆ । ਵੱਡ ਅਮਾਮ ਪਕੜੋ ਪੱਲਾ, ਈਮਾਨ ਦਏ ਬਚਾਈਆ । ਪੀਰ ਪੈਗੰਬਰ ਜਿਸ ਦਾ ਕੱਟਦਾ ਰਹੇ ਛਿਲਾ, ਸਜਦਾ ਸੀਸ ਝੁਕਾਈਆ । ਜਿਸ ਨੂੰ ਗੌਂਦੇ ਰਹੇ

ਇਲ ਲਿਲਾ, ਇਲਮ ਆਲਮ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰਸੂਲ ਰਿਹਾ ਸਮਝਾਈਆ । ਸਚ ਰਸੂਲ ਸਾਚਾ ਨਾਅਰਾ, ਹੱਕ ਹੱਕ ਲਗਾਇਆ । ਚੌਦਾਂ ਚੌਦਾਂ ਵੇਖ ਕਿਨਾਰਾ, ਚੌਦਾਂ ਨੀਰ ਵਹਾਇਆ । ਦਾਮਨਗੀਰ ਬੇਐਬ ਪਰਵਰਦਿਗਾਰਾ, ਪੱਲੂ ਰਿਹਾ ਫੜਾਇਆ । ਕਰੇ ਖੇਲ ਗੁਪਤ ਜ਼ਾਹਰਾ, ਜ਼ਹੂਰ ਸ਼ਊਰ ਨਾ ਕੋਇ ਜਣਾਇਆ । ਏਕਾ ਦੇਵੇ ਸਚ ਸਹਾਰਾ, ਜਨ ਭਗਤਾਂ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇਆ । ਹਰਿ ਜੂ ਭੇਵ ਚੁਕਾਇੰਦਾ, ਚੁੱਕ ਚੁੱਕ ਪਰਦਾ ਲਾਹ । ਆਪਣਾ ਨੂਰ ਵਖਾਇੰਦਾ, ਨੂਰ ਨੂਰ ਪਰਗਟਾ । ਆਪਣਾ ਘਰ ਵਸਾਇੰਦਾ, ਦਰ ਘਰ ਸਾਚਾ ਆਪ ਸੁਹਾ । ਆਪਣਾ ਤਖ਼ਤ ਵਡਿਆਇੰਦਾ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹ । ਆਪਣਾ ਹੁਕਮ ਚਲਾਇੰਦਾ, ਹੁਕਮੀ ਹੁਕਮ ਜਣਾ । ਗੁਰ ਅਵਤਾਰ ਸੇਵਾ ਲਾਇੰਦਾ, ਪੀਰ ਪੈਗ਼ੰਬਰ ਦਏ ਸਲਾਹ । ਜਗਤ ਅਡੰਬਰ ਵੇਖ ਵਖਾਇੰਦਾ, ਰੂਪ ਅਨੂਪ ਧਰਾ । ਪੀਤ ਪੈਤੰਬਰ ਆਪ ਸੁਹਾਇੰਦਾ, ਸੀਸ ਜਗਦੀਸ਼ ਤਾਜ ਟਿਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇੰਦਾ । ਆਪਣਾ ਆਪ ਹਰਿ ਜੂ ਵੇਖ, ਘਰ ਸਾਚੇ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਭਗਤਾਂ ਲਿਖਾ ਲੇਖ, ਦੂਸਰ ਹੱਥ ਨਾ ਕੋਇ ਵਡਿਆਈਆ । ਨਾਲ ਰਲਾਏ ਦਸ ਦਸਮੇਸ਼, ਦਹਿ ਦਿਸ਼ਾ ਫੇਰਾ ਪਾਈਆ । ਹਰਿ ਜੂ ਰਹੇ ਸਦਾ ਹਮੇਸ਼, ਨਾ ਮਰੇ ਨਾ ਜਾਈਆ । ਆਦਿ ਜੁਗਾਦਿ ਕਰੇ ਆਪਣਾ ਵੇਸ, ਵੇਸ ਅਵੱਲੜਾ ਆਪ ਰਖਾਈਆ । ਕਲਜੁਗ ਅੰਤਮ ਭਾਗ ਲੱਗਾ ਮਾਝੇ ਦੇਸ, ਭਗਤ ਦੁਆਰੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵੇ ਮਾਣ ਵਡਿਆਈਆ । ਭਗਤ ਦੁਆਰਾ ਖੁਲ੍ਹਣਾ, ਖੋਲ੍ਹੇ ਗ਼ਰੀਬ ਨਿਵਾਜ਼ । ਗੁਰਮੁਖ ਸਾਚੇ ਤੋਲ ਤੁਲਣਾ, ਤੋਲਣਹਾਰੇ ਰਚਿਆ ਕਾਜ । ਹਰਿ ਸੰਗਤ ਪਾਵੇ ਮੁਲਣਾ, ਆਪ ਆਪਣਾ ਸਾਜਣ ਸਾਜ । ਹਰਿ ਕਾ ਨਾਉਂ ਕਦੇ ਨਾ ਭੁੱਲਣਾ, ਦੋ ਜਹਾਨਾਂ ਦੇਵੇ ਰਾਜ । ਲੋਕਮਾਤ ਨਾ ਰੁਲਣਾ, ਕਿਸੇ ਕੰਮ ਨਾ ਔਣਾ ਝੂਠਾ ਕਾਜ । ਭਗਤ ਦੁਆਰਾ ਫਲਣਾ ਫੁਲਣਾ, ਭਾਗ ਲਗਾਏ ਦੇਸ ਮਾਝ । ਛਤਰ ਸੀਸ ਜਗਦੀਸ਼ ਝੁਲਣਾ, ਹਰਿਜਨ ਰੱਖੇ ਲਾਜ । ਭਾਗ ਲੱਗੇ ਸਾਚੀ ਕੁਲਣਾ, ਜਿਸ ਸਤਿਗੁਰ ਸੁਣੀ ਸਾਚੀ ਵਾਜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਦਾਜ । ਹਰਿਜਨ ਦਾਜ ਵਸਤ ਅਨਮੁਲ, ਅਮੋਲਕ ਝੋਲੀ ਪਾਈਆ । ਪ੍ਰੇਮ ਸੁਗੰਧੀ ਸਾਚਾ ਫੁੱਲ, ਨਾਮ ਵਾਸ਼ਨਾ ਨਾਲ ਭਰਾਈਆ । ਸਤਿ ਸੰਤੋਖ ਨਾ ਜਾਵੇ ਡੁਲ, ਧੀਰਜ ਧੀਰ ਨਾ ਕੋਇ ਚੁਰਾਈਆ । ਉਜੜਿਆ ਘਰ ਜਾਏ ਵਸ ਦੁਆਰਾ ਜਾਏ ਖੁਲ੍ਹ, ਪੁਰਖ ਅਬਿਨਾਸ਼ੀ ਆਪ ਖੁਲ੍ਹਾਈਆ । ਗੋਬਿੰਦ ਬੂਟਾ ਜੋ ਗਿਆ ਹੁਲ, ਹਰਿਆ ਸਿੰਚ ਫੇਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰਾ ਆਪ ਖੁਲ੍ਹਾਈਆ । ਭਗਤ ਦੁਆਰਾ ਖੋਲ੍ਹ ਖੋਲ੍ਹੇ ਖ਼ੁਲਾਸਾ, ਆਪਣਾ ਭੇਵ ਚੁਕਾਇਆ । ਨਿਰਗੁਣ ਸਰਗੁਣ ਵੇਖੇ ਤਮਾਸ਼ਾ, ਬਣ ਨਟੂਆ ਨਾਚ ਨਚਾਇਆ । ਹਰਿਜਨ ਪੂਰੀ ਕਰੇ ਆਸਾ, ਦੇ ਦਰਸ ਤ੍ਰਿਪਤ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਤਾਰਨਹਾਰਾ ਹਰਿਜਨ ਇਕੋ, ਆਦਿ ਜੁਗਾਦਿ ਸਮਾਇਆ । ਸਾਚੀ ਸਿਖਿਆ ਗੁਰਮੁਖ ਸਿਖੇ, ਗੁਰ ਸਤਿਗੁਰ ਆਪ ਸਮਝਾਇਆ । ਪਾਰਬ੍ਰਹਮ ਪ੍ਰਭ ਨੇਤਰ ਪੇਖੇ, ਜਿਸ ਡਿਠਿਆਂ ਦੁੱਖ ਰਹੇ ਨਾ ਰਾਇਆ । ਨਿਰਾਕਾਰ ਨਿਰਵੈਰ ਧਰਿਆ ਭੇਖੋ, ਭੇਖਾਧਾਰੀ ਰੂਪ ਵਟਾਇਆ । ਜੱਟ ਬਣ ਬਣ ਫਿਰੇ ਵਿਚ ਖੇਤੋ, ਜਗਤ

ਖੇਤੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇਆ । ਸਾਚੀ ਸਿਖਿਆ ਕਰੋ ਵਿਚਾਰ, ਗੁਰਸਿਖ ਸਿਖ ਸਮਝਾਈਆ । ਪਿਛਲਾ ਲੇਖਾ ਦੇਵੇ ਪਾੜ, ਜੋ ਚਲ ਆਏ ਸਰਨਾਈਆ । ਅੱਗੋਂ ਮਿਲੇ ਗੋਬਿੰਦ ਯਾਰ, ਪ੍ਰੇਮ ਪਿਆਰ ਨਿਭਾਈਆ । ਪੁਰਖ ਅਬਿਨਾਸ਼ੀ ਆਪਣੀ ਗੋਦ ਲਏ ਉਠਾਲ, ਸਾਚੀ ਸੇਵ ਕਮਾਈਆ । ਆਪ ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਰੂਪ ਧਰਾਈਆ । ਗੁਰਸਿਖ ਨੇੜ ਨਾ ਆਏ ਕਾਲ, ਜੋ ਢਹਿ ਪਿਆ ਸਰਨਾਈਆ । ਭਗਤ ਦੁਆਰਾ ਬਣੇ ਸੱਚੀ ਧਰਮਸਾਲ, ਚਾਰ ਵਰਨ ਸੀਸ ਝੁਕਾਈਆ । ਜਿਸ ਅੰਦਰ ਬਹੇ ਦੀਨ ਦਿਆਲ, ਸਚ ਸਿੰਘਾਸਣ ਸੋਭਾ ਪਾਈਆ । ਨਾਲ ਰਲਾਏ ਗੁਰਮੁਖ ਸਾਚੇ ਲਾਲ, ਲਾਲਨ ਆਪਣਾ ਰੰਗ ਚੜ੍ਹਾਈਆ । ਲੱਖ ਚੁਰਾਸੀ ਵਿਚੋਂ ਭਾਲ, ਭਲ ਦੇਵੇ ਨਾਮ ਵਡਿਆਈਆ । ਸਾਚਾ ਮਾਰਗ ਦਿਤਾ ਵਖਾਲ, ਬਣ ਪਾਂਧੀ ਭੁੱਲ ਨਾ ਜਾਈਆ । ਗੁਰਸਿਖ ਘਾਲਣ ਲੈਣੀ ਘਾਲ, ਘਾਲੀ ਘਾਲ ਨਾ ਬਿਰਥਾ ਜਾਈਆ । ਸਾਹਿਬ ਸਤਿਗੁਰ ਵਸੇ ਨਾਲ ਨਾਲ, ਦਿਵਸ ਰੈਣ ਵੇਖ ਵਖਾਈਆ । ਆਪੇ ਚਲੇ ਆਪਣੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਆਓ ਲੁਟੋ ਸੱਚਾ ਧੰਨ ਮਾਲ, ਪੁਰਖ ਅਬਿਨਾਸ਼ੀ ਰਿਹਾ ਲੁਟਾਈਆ । ਸੱਚੇ ਸ਼ਾਹ ਬਣੋ ਕੰਗਾਲ, ਘਰ ਸਾਚੀ ਵਸਤ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਰਿਹਾ ਵਰਤਾਈਆ । ਗੁਰਸਿਖ ਅੱਗੋਂ ਕਰੇ ਸਵਾਲ, ਕੀ ਕੁੱਛ ਰਿਹਾ ਵਰਤਾਈਆ । ਅਸੀਂ ਭੁੱਖੇ ਨੰਗੇ ਬੁਰਾ ਹਾਲ, ਲੋਕਮਾਤ ਰਹੇ ਕੁਰਲਾਈਆ । ਖਾਣ ਨੂੰ ਲੱਭੇ ਰੋਟੀ ਦਾਲ, ਦੂਸਰ ਵਸਤ ਨਾ ਕੋਇ ਥਿਆਈਆ । ਚਾਰੋਂ ਕੁੰਟ ਜਗਤ ਜੰਜਾਲ, ਦਿਵਸ ਰੈਣ ਲੜਾਈਆ । ਮਾਇਆ ਮਮਤਾ ਕੀਤਾ ਬੇਹਾਲ, ਸੁਰਤੀ ਸੁਰਤ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵਸਤ ਰਿਹਾ ਵਰਤਾਈਆ । ਕਵਣ ਵਸਤ ਤੇਰੇ ਕੋਲ, ਗੁਰਮੁਖ ਪੁੱਛ ਪੁਛਾਇੰਦਾ । ਕਵਣ ਦੁਆਰਾ ਦੇਵੇਂ ਖੋਲ੍ਹ, ਆਪਣਾ ਘਰ ਵਖਾਇੰਦਾ । ਕਵਣ ਰੂਪ ਜਾਏਂ ਮੌਲ, ਮੌਲਾ ਨਾਮ ਪਰਗਟਾਇੰਦਾ । ਕਵਣ ਵੇਲਾ ਪੂਰਾ ਕਰੇਂ ਕੌਲ, ਕੀਤਾ ਕੌਲ ਭੁੱਲ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਸੁਣਾਇੰਦਾ । ਸਾਚੀ ਵਸਤ ਅਗੰਮੀ ਦਾਤ, ਹਰਿ ਆਪਣੇ ਹੱਥ ਰਖਾਇੰਦਾ । ਜਿਸ ਅੰਮ੍ਰਿਤ ਪਿਆਏ ਬੂੰਦ ਸਵਾਂਤ, ਤ੍ਰਿਸ਼ਨਾ ਭੁੱਖ ਨਾ ਕੋਇ ਰਖਾਇੰਦਾ । ਜਿਸ ਦਰਸ ਦਿਖਾਏ ਇਕ ਇਕਾਂਤ, ਆਪ ਆਪਣਾ ਮੇਲ ਮਿਲਾਇੰਦਾ । ਕਲਜੁਗ ਅੰਤਮ ਇਕੋ ਬੰਨ੍ਹਾਂ ਚਰਨ ਨਾਤ, ਨਾਤਾ ਫੇਰ ਨਾ ਕੋਇ ਤੁੜਾਇੰਦਾ । ਗੋਬਿੰਦ ਪੂਰਾ ਕਰਾਂ ਭਵਿਖਤ ਵਾਕ, ਭਾਖਿਆ ਹੋਰ ਨਾ ਕੋਇ ਸਮਝਾਇੰਦਾ । ਆਪਣੀ ਕਰਨੀ ਦੇਵੇ ਸਾਥ, ਕਰਤਾ ਸਾਚੀ ਕਿਰਤ ਕਮਾਇੰਦਾ । ਗੁਰਸਿਖ ਇਕੋ ਦੱਸਾਂ ਪੂਜਾ ਪਾਠ, ਜਿਸ ਦਾ ਭੇਵ ਕੋਇ ਨਾ ਪਾਇੰਦਾ । ਸੋਹੰ ਗੌਣੀ ਸਾਚੀ ਗਾਥ, ਜਗਤ ਗਾਥਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਆਪ ਪੜ੍ਹਾਇੰਦਾ । ਨਿਕੰਮਿਆਂ ਪੈਂਡਾ ਬੜਾ ਲੰਮਾ, ਹਰਿ ਜੂ ਆਪਣੇ ਨਾਲ ਰਖਾਇਆ । ਪਹਿਲਾਂ ਢੋਰ ਢੋਏ ਲਾਹਿਆ ਚੰਮਾ, ਪਾਣਾ ਗੰਢ ਵਕਤ ਲੰਘਾਇਆ । ਹੁਣ ਹਰਿ ਜੂ ਅੰਦਰ ਵਸੇ ਦਮ ਦਮਾਂ, ਕਾਇਆ ਦਮੜੀ ਮੁੱਲ ਨਾ ਕੋਇ ਰਖਾਇਆ । ਇਕੋ ਮਿਲਿਆ ਪਿਤਾ ਇਕੋ ਹੋਈ ਅੰਮਾਂ, ਅਮੜੀ ਆਪਣੀ ਗੋਦ ਸੁਹਾਇਆ । ਕਰ ਪਿਆਰ ਦਿਤਾ ਸਾਚਾ ਮੰਮਾਂ, ਸੀਰ ਸਾਚੇ ਮੁਖ ਚੁਆਇਆ । ਰਾਤੀਂ ਸੁਤਿਆਂ ਮੁਖੜਾ ਚੁੰਮਾਂ, ਆਪ ਆਪਣੇ ਗਲੇ ਲਗਾਇਆ । ਤੇਰਾ ਆਪਣੀ ਹੱਥੀਂ ਫੜਿਆ ਕੁੰਨਾ, ਜਿਸ ਵਿਚ ਪਾਣਾ ਗੰਢ ਰੰਗ ਚੜ੍ਹਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬ ਨਿਮਾਣੇ ਮੇਲ ਮਿਲਾਇਆ । ਤੇਰੀ ਗ਼ਰੀਬੀ ਮੇਰਾ ਰੰਗ, ਮੇਰਾ ਨਾਉਂ ਤੇਰੀ ਵਡਿਆਈਆ । ਤੇਰੀ ਸੇਜਾ ਮੇਰਾ ਪਲੰਘ, ਮੇਰਾ ਪਿਆਰ ਤੇਰਾ ਵਿਛੌਣਾ ਲੇਫ ਤਲਾਈਆ । ਮੇਰਾ ਨਾਉਂ ਤੇਰਾ ਮਰਦੰਗ, ਤੇਰਾ ਮਰਦੰਗ ਮੇਰੀ ਸ਼ਨਵਾਈਆ । ਤੇਰਾ ਘਰ ਵੇਖਾਂ ਲੰਘ, ਰਾਤੀਂ ਸੁਤਿਆਂ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬ ਨਿਮਾਣੇ ਗਲ ਲਾਈਆ । ਧੰਨ ਭਾਗ ਜੇ ਮਿਲਿਆ ਗ਼ਰੀਬ, ਪੁਰਖ ਅਬਿਨਾਸ਼ੀ ਖ਼ੁਸ਼ੀ ਮਨਾਇੰਦਾ । ਲੋਕਮਾਤ ਜਾਗੇ ਮੇਰੇ ਨਸੀਬ, ਮੇਰਾ ਸਿੱਖ ਮੋਹੇ ਧਿਆਇੰਦਾ । ਮੈਂ ਦੂਰ ਵਸਦਾ ਆਇਆ ਕਰੀਬ, ਆਪਣਾ ਪੰਧ ਮੁਕਾਇੰਦਾ । ਗੁਰਸਿਖ ਤੇਰਾ ਖੇੜਾ ਡਿਠਾ ਅਜੀਬ, ਅਜ਼ਬ ਲੀਲਾ ਤੇਰਾ ਰੂਪ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਲ ਗ਼ਰੀਬਾਂ ਖ਼ੁਸ਼ੀ ਮਨਾਇੰਦਾ । ਗ਼ਰੀਬਾਂ ਅੰਦਰ ਵਸੇ ਯਾਰ, ਲੁਕਵੀਂ ਖੇਲ ਖਲਾਈਆ । ਆਪ ਆਪਣਾ ਆਪੇ ਹਾਰ, ਹਰਿ ਜੂ ਹਾਰਿਆਂ ਲਏ ਉਠਾਈਆ । ਜਿਸ ਨੇ ਕੰਗਣ ਕਰਿਆ ਤਿਆਰ, ਕਸੀਰਾ ਕੀਮਤ ਪਾਈਆ । ਸੋ ਵੇਖਣ ਆਇਆ ਯਾਰ, ਰਵਿਦਾਸ ਲਏ ਮਿਲਾਈਆ । ਬ੍ਰਾਹਮਣ ਡਰਦਾ ਕਰੇ ਵਿਚਾਰ, ਮੇਰਾ ਕੀਤਾ ਹਰਿ ਜੂ ਭੁੱਲ ਨਾ ਜਾਈਆ । ਜਿਸ ਦੇ ਘਰ ਬਣਿਆ ਠੱਗ ਚੋਰ ਯਾਰ, ਦਿਨ ਦਿਹਾੜੇ ਸੰਨ੍ਹ ਲਗਾਈਆ । ਤਿਸ ਕਿਰਪਾ ਕਰੀ ਅਪਾਰ, ਨੌਂ ਨੌਂ ਜਨਮ ਮਾਤ ਭੁਵਾਈਆ । ਫੇਰ ਮੇਲਿਆ ਚਰਨ ਦੁਆਰ, ਧੋਈ ਪਿਛਲੀ ਛਾਹੀਆ । ਦੋਹਾਂ ਨਿਬੇੜਾ ਕਰੇ ਵਿਚ ਸੰਸਾਰ, ਲਹਿਣਾ ਦੇਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬੀ ਰੂਪ ਆਪ ਵਟਾਈਆ । ਗ਼ਰੀਬ ਪਾ ਖ਼ਾਕ ਬਣੇ ਚਾਕਰ, ਸਾਚੀ ਸੇਵ ਕਮਾਇੰਦਾ । ਜਨ ਭਗਤਾਂ ਜਿਕਰ ਕਰੇ ਬਣ ਬਣ ਜ਼ਾਕਰ, ਜ਼ੋਰ ਜ਼ਬਰ ਨਾ ਕੋਇ ਲਗਾਇੰਦਾ । ਨਿਰਗੁਣ ਸਰਗੁਣ ਕਰੇ ਖਾਤਰ, ਖ਼ਤਰਾ ਹੋਰ ਨਾ ਕੋਇ ਵਖਾਇੰਦਾ । ਦਰ ਆਇਆਂ ਦੇਵੇ ਆਦਰ, ਕਰੀਮ ਕਾਦਰ ਦਇਆ ਕਮਾਇੰਦਾ । ਦੇਵੇ ਸਬਰ ਇਕੋ ਸਾਬਰ, ਸਬੂਰੀ ਸਾਦਕ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਰਖਾਇੰਦਾ । ਖ਼ਿਮਾਂ ਗ਼ਰੀਬੀ ਹਰਿ ਕਾ ਰੂਪ, ਰੂਪ ਅਨੂਪ ਜਣਾਇਆ । ਮੇਲ ਮਿਲਾਵਾ ਸਾਚੇ ਭੂਪ, ਭੂਪਤ ਹੋਏ ਸਹਾਇਆ । ਲਹਿਣਾ ਜਾਣੇ ਅੰਧ ਕੂਪ, ਅੰਧ ਅੰਧੇਰ ਮਿਟਾਇਆ । ਧੰਨ ਭਾਗ ਜੇ ਮਿਲਿਆ ਪੂਤ, ਪ੍ਰਭ ਆਪਣੀ ਗੋਦ ਸੁਹਾਇਆ । ਆਪੇ ਤਾਣਾ ਪੇਟਾ ਸੂਤ, ਆਪੇ ਵਟਣਾ ਰਿਹਾ ਚੜ੍ਹਾਇਆ । ਆਪੇ ਧਾਗਾ ਫੜ ਫੜ ਗੰਢੇ ਜੂਤ, ਤਿੱਖੀ ਰੰਬੀ ਆਰ ਕਰਾਇਆ । ਆਪੇ ਫੜ ਫੜ ਦਏ ਕਲਬੂਤ, ਉਤੇ ਹਥੌੜਾ ਠੋਕਰ ਲਾਇਆ । ਵੇਖੋ ਕਿਹੜੇ ਕੰਮ ਕਾਜ ਆਇਆ ਸੂਤ, ਹਰਿ ਜੂ ਹਰਿ ਹਰਿ ਲਏ ਮਿਲਾਇਆ । ਲੋਕੀਂ ਕਹਿਣ ਰਵਦਾਸਾ ਊਤ, ਮਤ ਬੁਧ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬੀ ਆਪਣੀ ਝੋਲੀ ਪਾਇਆ । ਤੇਰੀ ਗ਼ਰੀਬੀ ਮੇਰੀ ਦਾਤ, ਦਾਤਾ ਆਪਣੀ ਝੋਲੀ ਪਾਈਆ । ਤੇਰਾ ਨੂਰ ਮੇਰੀ ਜ਼ਾਤ, ਅਜ਼ਾਤ ਨਾ ਕੋਇ ਵਡਿਆਈਆ । ਤੇਰੀ ਵਿਦਿਆ ਮੇਰੀ ਜਮਾਤ, ਇਕੋ ਇਕ ਪੜ੍ਹਾਈਆ । ਤੇਰਾ ਨਾਤਾ ਮੇਰਾ ਸਾਕ, ਸੈਣ ਨਜ਼ਰ ਕੋਇ ਨਾ ਆਈਆ । ਤੇਰੀ ਵਸਤ ਮੇਰਾ ਹਾਟ, ਹੱਟ ਹਟਵਾਣਾ ਇਕ ਅਖਵਾਈਆ । ਮੇਰਾ ਨਾਉਂ ਤੇਰੀ ਗਾਥ, ਤੇਰੀ ਗਾਥ ਸੁਣੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ਼ਰੀਬਾਂ ਅੰਦਰ ਰਿਹਾ ਸਮਾਈਆ । ਗੁਰਸਿਖ ਫਿਰਨ ਜ਼ੋਰੋ ਜ਼ੋਰੀ, ਆਪਣਾ ਜ਼ੋਰ ਵਖਾਈਆ । ਸਿਰ ਤੇ ਚੁੱਕਣ ਸੀਮਿੰਟ ਬੋਰੀ, ਫਿਰਨ ਵਾਹੋ ਦਾਹੀਆ । ਫਿਰ

ਵੀ ਕਹਿਣ ਅਜੇ ਥੋੜੀ, ਮਨ ਸਾਂਤ ਨਾ ਆਈਆ । ਭੱਜੇ ਨੱਠੇ ਕਰਨ ਬੌਹੜੀ ਬੌਹੜੀ, ਵੇਲਾ ਗਿਆ ਹੱਥ ਨਾ ਆਈਆ । ਜਿਸ ਨੂੰ ਲੱਭਦੇ ਫਿਰਦੇ ਵਿਚ ਰਾਗ ਗੌੜੀ, ਸੋ ਗੌੜ ਆਪਣਾ ਰੂਪ ਵਟਾਈਆ । ਜਿਸ ਨੂੰ ਗੌਂਦਾ ਵਾਰ ਪੜ੍ਹ ਪੜ੍ਹ ਪੌੜੀ, ਸੋ ਪੌੜਾ ਰਿਹਾ ਲਗਾਈਆ । ਲੱਖ ਚੁਰਾਸੀ ਕੋਲੋਂ ਕਰੇ ਚੋਰੀ, ਬਣ ਬਣ ਚੋਰ ਵੇਖ ਵਖਾਈਆ । ਅਨਡਿਠੀ ਬੱਧੀ ਗੁਰਸਿਖਾਂ ਅੰਦਰ ਡੋਰੀ, ਅੱਠੇ ਪਹਿਰ ਹਿਲਾਈਆ । ਆਪਣੇ ਨਾਲ ਜਾਏ ਤੋਰੀ, ਤੁਰਤ ਆਪਣਾ ਪੰਧ ਮੁਕਾਈਆ । ਕੋਇ ਨਾ ਵੇਖੇ ਰੈਣ ਅੰਧੇਰ ਘੋਰੀ, ਸਾਰੇ ਕਹਿਣ ਸਤਿਗੁਰ ਕਰੀ ਰੁਸ਼ਨਾਈਆ । ਅੱਲਾ ਰਾਣੀ ਬਾਂਕੀ ਛੋਹਰੀ, ਨੇਤਰ ਨੈਣਾਂ ਨੀਰ ਵਹਾਈਆ । ਕੀ ਕਰਾਂ ਪ੍ਰਭ ਆਪਣਾ ਖੇਲ ਕਰੇ ਹੌਲੀ ਹੌਲੀ, ਹਵਾਲਾਤ ਰਿਹਾ ਬਣਾਈਆ । ਜਿਸ ਆਪਣੀ ਪਹਿਲੋਂ ਬਦਲੀ ਚੋਲੀ, ਗੁਰਮੁਖਾਂ ਚੋਲਾ ਦਏ ਬਦਲਾਈਆ । ਮੈਂ ਡਰਦੀ ਫਿਰਦੀ ਮੈਨੂੰ ਕਰ ਨਾ ਦੇਵੇ ਗੋਲੀ, ਆਪਣੇ ਭਗਤਾਂ ਦਰ ਬਹਾਈਆ । ਮੈਂ ਆਪਣੀ ਘੁੰਡੀ ਕਿਸੇ ਕੋਲ ਨਾ ਖੋਲ੍ਹੀ, ਨਾ ਦੱਸਾਂ ਕਿਸੇ ਸੁਣਾਈਆ । ਚੌਦਾਂ ਸਦੀਆਂ ਜਿਸ ਖੇਲੀ ਹੋਲੀ, ਤਿਸ ਦੇ ਹੌਕੇ ਰਹੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਵੇਖ ਵਖਾਈਆ ।

### ★੩ ਮੱਘਰ ੨੦੧੮ ਬਿਕਰਮੀ ਜੇਠੂਵਾਲ ਦਰਬਾਰ ਵਿਚ ਦਇਆ ਹੋਈ ★



ਸੰਤਾਂ ਸੰਗ ਸਦਾ ਹਰਿ ਵਸੇ, ਵਸਣਹਾਰਾ ਏਕ । ਅਸੰਤਾਂ ਕੋਲੋਂ ਸਦਾ ਹਰਿ ਨੱਸੇ, ਲਾਜ ਨਾ ਲਾਏ ਆਪਣੇ ਭੇਖ । ਸੰਤਾਂ ਮਾਰਗ ਆਪੇ ਦੱਸੇ, ਦੱਸੇ ਹਰਿ ਜੂ ਸਾਚੀ ਟੇਕ । ਅਸੰਤਾਂ ਕੋਲੋਂ ਆਪੇ ਨੱਠੇ, ਕੋਇ ਸਕੇ ਨਾ ਵੇਖ । ਸੰਤਾਂ ਸੰਗ ਆਪੇ ਹੱਸੇ, ਕਰੇ ਖੇਲ ਹਰਿ ਅਨੇਕ । ਅਸੰਤਾਂ ਵਿਚ ਕਦੇ ਨਾ ਫਸੇ, ਆਪ ਛੁਪਾਏ ਆਪਣੀ ਰੇਖ । ਚਾਰੋਂ ਕੁੰਟ ਅੰਧੇਰੀ ਰੈਣ ਮਸੇ, ਨੂਰ ਦਿਸੇ ਨਾ ਔਲੀਏ ਪੀਰ ਸ਼ੇਖ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਵੇਸ । ਸੰਤਾਂ ਸੰਗ ਸਦਾ ਦਿਆਲਾ, ਦੀਨ ਦਿਆਲ ਦਇਆ ਕਮਾਈਆ । ਜਗਤ ਜੁਗ ਅਵੱਲੜੀ ਚਾਲਾ, ਚਾਲ ਨਿਰਾਲੀ ਆਪ ਰਖਾਈਆ । ਕਰੇ ਖੇਲ ਖ਼ਲਕ ਨਿਰਾਲਾ, ਖ਼ਾਲਕ ਵੇਖੇ ਮਖ਼ਲੂਕ ਖ਼ੁਦਾਈਆ । ਸਚਖੰਡ ਬੈਠ ਸੱਚੀ ਧਰਮਸ਼ਾਲਾ, ਧਰਮ ਧਾਰ ਦਏ ਸਮਝਾਈਆ । ਚਾਰ ਕੁੰਟ ਹੋਏ ਬੇਹਾਲਾ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਈਆ । ਸੋ ਸੰਤ ਹੋਏ ਪਰਵਾਨ, ਜਿਸ ਸਤਿਗੁਰ ਹਰਿ ਹਰਿ ਪਾਇਆ । ਸੋ ਸੰਤ ਮੂਰਖ ਮੂੜ੍ਹ ਅੰਞਾਣ, ਜਿਸ ਮਿਲੇ ਨਾ ਹਰਿ ਰਘੁਰਾਇਆ । ਚਾਰੋਂ ਕੁੰਟ ਕੂੜ ਤੂਫਾਨ, ਤੋਹਫ਼ਾ ਜਗਤ ਰਹੇ ਵਰਤਾਇਆ । ਬਿਨ ਡਿੱਠਿਆਂ ਕਰਨ ਕਲਿਆਣ, ਦਾਤਾ ਕਲਿਆਣ ਨਜ਼ਰ ਨਾ ਆਇਆ । ਐਵੇਂ ਪਾ ਪਾ ਦੱਸਦੇ ਖਾਣ, ਸਾਚੀ ਖ਼ਬਰ ਨਾ ਕੋਇ ਸੁਣਾਇਆ । ਰਸਨਾ ਜਿਹਵਾ ਗਾਵਣ ਗਾਣ, ਗਾਣਾ ਰਾਮ ਨਾ ਕੋਇ ਸਮਝਾਇਆ । ਸ਼ਰਅ ਸ਼ਰੀਯਤ ਨਾ ਜਾਨਣ ਈਮਾਨ, ਅਮਾਮ ਮੇਲ ਨਾ ਕੋਇ ਮਿਲਾਇਆ । ਨਜ਼ਰੀ ਆਏ ਨਾ ਰਾਧਾ ਕਾਹਨ, ਘਰ ਗੀਤ ਨਾ ਕੋਇ ਸੁਣਾਇਆ । ਸੀਤਾ ਮਿਲੇ ਨਾ ਸੱਚਾ ਰਾਮ, ਕਲਜੁਗ ਬਣ ਰਿਹਾ ਡਰਾਇਆ । ਅੱਲਾ ਰਾਣੀ ਦੇਵੇ ਨਾ ਕੋਇ ਪੈਗ਼ਾਮ, ਪੈਗੰਬਰ ਨੂਰ ਨਾ ਕੋਇ ਰੁਸ਼ਨਾਇਆ । ਬਾਹਰੋਂ ਨਿਉਂ ਨਿਉਂ ਕਰਨ ਸਲਾਮ, ਅਲੈਕਮ ਰੂਪ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੨੮
੧੧

ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਇਆ । ਲੱਖ ਚੁਰਾਸੀ ਖੇਲ ਤਮਾਸ਼ਾ, ਤਮਾਸ਼ਗੀਰ ਵੇਖ ਵਖਾਈਆ । ਕਲਜੁਗ ਸਾਧਾਂ ਵਲ ਵੇਖ ਵੇਖ ਕਰੇ ਹਾਸਾ, ਵਾਹ ਵਾ ਆਪਣੀ ਖੇਲ ਕਰਾਈਆ । ਰਸਨਾ ਕਹਿਣ ਸਾਡੇ ਵਸੇ ਪਾਸਾ, ਘਰ ਬੈਠਾ ਸੱਚਾ ਮਾਹੀਆ । ਬਣ ਸਖੀਆਂ ਪਾਵੇ ਰਾਸਾ, ਗੋਪੀ ਕਾਹਨ ਨਚਾਈਆ । ਕੋਈ ਕਹੇ ਮੇਰਾ ਭਰਿਆ ਛਾਬਾ, ਨਾਮ ਅਨਮੁਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਖੇਲ ਰਿਹਾ ਵਖਾਈਆ । ਕਲਜੁਗ ਸੰਤ ਜਗਤ ਇਕੱਠੇ, ਕਲਜੁਗ ਸੰਗ ਨਿਭਾਇਆ । ਬਿਨ ਮਾਰਿਆਂ ਆਪੇ ਢੱਠੇ, ਆਪਣਾ ਮੁਖ ਭੁਵਾਇਆ । ਖਾ ਖਾ ਪੂਜਾ ਹੋਏ ਹੱਟੇ ਕੱਟੇ, ਸਾਚਾ ਹੱਟ ਨਾ ਕਿਸੇ ਖੁਲ੍ਹਾਇਆ । ਜੱਟ ਧੰਨੇ ਪਾਇਆ ਵਿਚੋਂ ਵੱਟੇ, ਝੱਟ ਆਪਣਾ ਬਾਹਰ ਰਖਾਇਆ । ਨਾਮੇ ਛੱਪਰ ਛਾਈ ਸੀਸ ਰਖਾਏ ਆਪਣੇ ਫੱਟੇ, ਔਂਦਾ ਜਾਂਦਾ ਦਿਸ ਨਾ ਆਇਆ । ਲੱਖ ਚੁਰਾਸੀ ਰਲਾਈ ਘੱਟੇ, ਕੌਡੀ ਮੁਲ ਨਾ ਕੋਇ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਵੇਖ ਵਖਾਇਆ । ਸਾਚੇ ਸੰਤਾਂ ਵੇਖੇ ਹਰਿ, ਆਪਣੀ ਸੇਵਾ ਆਪ ਕਮਾਈਆ । ਕਵਣ ਸੰਤ ਜਿਸ ਮਿਲਿਆ ਦਰ, ਮਿਲ ਮੇਲ ਸੱਚੇ ਮਾਹੀਆ । ਕਵਣ ਸੀਸ ਅੱਗੇ ਰਿਹਾ ਧਰ, ਆਪਾ ਵਾਰ ਵਖਾਈਆ । ਕਵਣ ਜੀਂਵਦਿਆਂ ਹੀ ਗਿਆ ਮਰ, ਮਨ ਮਨਸ਼ਾ ਸਤਿਗੁਰ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਵੇਖ ਵਖਾਈਆ । ਸਾਚੇ ਸੰਤ ਵੇਖਣ ਆਇਆ, ਨੇਤਰ ਨੈਣ ਨਾ ਕੋਇ ਰਖਾਇੰਦਾ । ਨੌਂ ਖੰਡ ਪ੍ਰਿਥਮੀ ਫੋਲ ਫੁਲਾਇਆ, ਚਾਰੋਂ ਕੁੰਟ ਫੇਰਾ ਪਾਇੰਦਾ । ਸਭ ਦਾ ਲਹਿਣਾ ਰਿਹਾ ਚੁਕਾਇਆ, ਦੇਵਣਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਰਖਾਇੰਦਾ । ਸੰਤਾਂ ਸੰਗ ਵਸੇ ਨਿਰੰਕਾਰ, ਸਤਿਗੁਰ ਰੂਪ ਵਟਾਈਆ । ਕਲਜੁਗ ਅੰਤ ਖੇਲ ਅਪਾਰ, ਅਪਰੰਪਰ ਰਿਹਾ ਵਰਤਾਈਆ । ਸੰਤ ਸੁਹੇਲੇ ਲੱਭੇ ਯਾਰ, ਯਾਰੀ ਯਾਰਾਂ ਨਾਲ ਰਖਾਈਆ । ਦੂਰ ਦੁਰਾਡਾ ਆਪੇ ਭਾਲ, ਆਪਣਾ ਪੰਧ ਮੁਕਾਈਆ । ਪਹਿਲੇ ਸੰਤ ਸਾਹਿਬ ਪਿੱਛੇ ਘਾਲਣ ਗਏ ਘਾਲ, ਘਾਲੀ ਘਾਲ ਲੇਖੇ ਪਾਈਆ । ਅੰਤ ਤੋੜ ਜਗਤ ਜੰਜਾਲ, ਜਾਗਰਤ ਜੁਗਤ ਇਕ ਸਮਝਾਈਆ । ਜੋਤ ਜਗੇ ਬੇਮਿਸਾਲ, ਅੰਧ ਅੰਧੇਰ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤਾਂ ਵਿਚ ਸਮਾਈਆ । ਸਾਚਾ ਸੰਤ ਸਤਿਗੁਰ ਪਾਇਆ, ਜਿਸ ਭਾਵੀ ਮਾਤ ਮਿਟਾਈਆ । ਸੇਵਕ ਬਣ ਕੇ ਸੇਵ ਕਮਾਇਆ, ਸੋ ਸਤਿਗੁਰ ਸੰਗ ਸਮਾਈਆ । ਬਿਨ ਪੜ੍ਹਿਆਂ ਜਿਨ ਹਰਿ ਜਸ ਗਾਇਆ, ਤਿਸ ਮਿਲੇ ਨਾਮ ਵਡਿਆਈਆ । ਬਿਨ ਸੁਣਿਆਂ ਜਿਸ ਰਾਗ ਅਲਾਇਆ, ਤਿਸ ਅੰਤਰ ਵੱਜੇ ਵਧਾਈਆ । ਬਿਨ ਡਿਠਿਆਂ ਜਿਸ ਗਲੇ ਲਗਾਇਆ, ਸੋ ਸਾਹਿਬ ਸੱਚਾ ਮਾਹੀਆ । ਰਾਤੀਂ ਸੁਤਿਆਂ ਜਿਸ ਦਰਸ ਦਿਖਾਇਆ, ਕਲਜੁਗ ਲੁੱਚਿਆਂ ਕੋਲੋਂ ਬਚਾਈਆ । ਦਰ ਦਰ ਦੇ ਕੁੱਤਿਆਂ ਕੋਲੋਂ ਛੁਡਾਇਆ, ਕੋਈ ਨੌਂ ਦਰ ਮਾਰ ਨਾ ਜਾਈਆ । ਜਨਮ ਜਨਮ ਦੇ ਰੁਠਿਆਂ ਆਪ ਮਨਾਇਆ, ਆਪਣੀ ਭੁੱਲ ਆਪ ਬਖ਼ਸ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਾਂ ਸੰਗ ਸਦਾ ਸਮਾਈਆ । ਸੰਤਾਂ ਅੰਦਰ ਵਸੇ ਮੀਤ, ਮਿੱਤਰ ਪਿਆਰਾ ਨਾਉਂ ਰਖਾਇੰਦਾ । ਕਾਇਆ ਕਰੇ ਠਾਂਡੀ ਸੀਤ, ਜਿਸ ਆਪਣੀ ਗੋਦ ਬਹਾਇੰਦਾ । ਲਹਿਣਾ ਚੁਕਾ ਹਸਤ ਕੀਟ, ਕੀਟ ਹਸਤ ਏਕਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਖਾਇੰਦਾ । ਹਰਿਜਨ ਵਖਾਏ ਆਪ ਹਰਿ, ਲੱਖ ਚੁਰਾਸੀ ਰਿਹਾ ਸਮਝਾਈਆ । ਜਿੰਨਾਂ ਮੇਲਿਆ

ਆਪਣੇ ਦਰ, ਤਿਸ ਮਿਲੇ ਮਾਣ ਵਡਿਆਈਆ । ਜਗਤ ਵਿਛੋੜਾ ਚੁਕਾ ਡਰ, ਭੈ ਅਵਰ ਨਾ ਕੋਇ ਰਖਾਈਆ । ਇਕੋ ਨਾਉਂ ਹਰੀ ਹਰਿ, ਹਰਿ ਰੰਗਣ ਦਏ ਚੜ੍ਹਾਈਆ । ਹਰਿ ਕਿਰਪਾਲ ਕਿਰਪਾ ਦੇਵੇ ਕਰ, ਜੇ ਮੰਨੇ ਸਾਚਾ ਮਾਹੀਆ । ਕੋਝੀ ਕਮਲੀ ਲਾਏ ਲੜ, ਅੰਧਲੇ ਮਾਰਗ ਪਾਈਆ । ਭਵਰੀ ਡੂੰਘੀ ਵਿਚੋਂ ਲਏ ਫੜ, ਸਮੁੰਦ ਸਾਗਰ ਲਏ ਤਰਾਈਆ । ਲੇਖਾ ਜਾਣੇ ਚੇਤਨ ਜੜ੍ਹ, ਬੇਅੰਤ ਵਡੀ ਵਡਿਆਈਆ । ਸੂਖਮ ਖੇਲ ਆਪੇ ਕਰ, ਕਾਰਨ ਆਪਣੀ ਧਾਰ ਚਲਾਈਆ । ਕਲਜੁਗ ਸੰਤ ਇਕ ਦੂਜੇ ਨਾਲ ਰਹੇ ਲੜ, ਰਸਨਾ ਜਿਹਵਾ ਪਈ ਲੜਾਈਆ । ਦਿਵਸ ਰੈਣ ਪੋਥੀਆਂ ਪੜ੍ਹ ਪੜ੍ਹ, ਥੋਥੀ ਮਤ ਕਰਾਈਆ । ਇਕ ਨਾ ਮਿਲਿਆ ਪੁਰਖ ਨਰ, ਨਾਰੀ ਰੰਡ ਦਏ ਦੁਹਾਈਆ । ਕੰਤ ਕੰਤੂਹਲ ਨਾ ਆਵੇ ਘਰ, ਨੇਤਰ ਨੈਣ ਨਾ ਦਰਸ਼ਨ ਪਾਈਆ । ਜਗਤ ਸੁਹਾਗ ਗਿਆ ਮਰ, ਵੇਖੇ ਸਰਬ ਲੋਕਾਈਆ । ਝੂਠਾ ਹਾਰ ਸ਼ਿੰਗਾਰ ਰਹੇ ਕਰ, ਹਰਿ ਕੰਤ ਸੇਜ ਕਿਸੇ ਨਾ ਭਾਈਆ । ਅੰਦਰੋਂ ਝੂਠੇ ਬਾਹਰੋਂ ਆਉਂਦਾ ਡਰ, ਨੇਤਰ ਨੈਣ ਨੈਣ ਸ਼ਰਮਾਈਆ । ਬੌਹੜੀ ਬੌਹੜੀ ਰਹੇ ਕਰ, ਪ੍ਰਭ ਦੇਵਣਹਾਰ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਈਆ । ਕਲਜੁਗ ਸੰਤ ਕਰਨ ਪੁਕਾਰ, ਕੂਕ ਕੂਕ ਸੁਣਾਇਆ । ਵਿਸ਼ਵ ਕਰੇ ਨਾ ਕੋਇ ਪਿਆਰ, ਵੇਸਵਾ ਰੂਪ ਸਰਬ ਵਟਾਇਆ । ਬਿਨ ਹਰਿ ਕੰਤ ਨਾ ਦੇਵੇ ਕੋਇ ਆਧਾਰ, ਝੂਠੇ ਯਾਰ ਮੁਖ ਭੁਵਾਇਆ । ਅੰਤ ਕਿਸੇ ਨਾ ਨਿਭੇ ਨਾਲ, ਸਾਚਾ ਸੰਗ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤਾਂ ਲਏ ਮਿਲਾਇਆ । ਸਾਚੇ ਸੰਤ ਲਏ ਮੇਲ, ਦੂਜੇ ਸੰਤਾਂ ਸੰਗ ਤਜਾਈਆ । ਆਪਣਿਆਂ ਸੰਤਾਂ ਕੋਲੋਂ ਕੋਈ ਨਾ ਕਰੇ ਵੇਹਲ, ਪਿਆਰ ਪਿਆਰ ਵਿਚ ਸਮਾਈਆ । ਰਾਤੀਂ ਗੁਰੂ ਤੇ ਦਿਨੇ ਚੇਲ, ਚੇਲਾ ਗੁਰੂ ਖੇਲ ਵਖਾਈਆ । ਸਾਹਿਬ ਦਿਆਲ ਸੱਜਣ ਸੁਹੇਲ, ਆਪ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸਾਚੇ ਸੰਤਾਂ ਸੰਗ ਰਖਾਈਆ । ਸਾਚੇ ਸੰਤ ਲਏ ਚੁਣ, ਹਰਿ ਜੂ ਆਪਣੀ ਚੋਣ ਕਰਾਇਆ । ਚਾਰ ਯੁਗ ਦਾ ਜਾਣੇ ਗੁਣ ਅਵਗੁਣ, ਲਹਿਣਾ ਆਪ ਮੁਕਾਇਆ । ਸਚਖੰਡ ਨਿਵਾਸੀ ਪੁਕਾਰ ਸੁਣ, ਸੁਣ ਸੰਦੇਸ਼ਾ ਆਪ ਅਲਾਇਆ । ਆਪੇ ਕਰੇ ਛਾਣ ਪੁਣ, ਸਾਚੀ ਸੇਵਾ ਸੇਵ ਕਮਾਇਆ । ਕੋਈ ਨਾ ਜਾਣੇ ਸਮਾਧੀ ਸੁੰਨ, ਸੁੰਨ ਸਮਾਧ ਨਾ ਕੋਇ ਰਖਾਇਆ । ਕੋਈ ਨਾ ਜਾਣੇ ਆਤਮ ਧੁਨ, ਧੁਨੀ ਨਾਦ ਨਾ ਕੋਇ ਵਜਾਇਆ । ਜੂਠ ਝੂਠ ਕਹਿਣ ਪ੍ਰਭ ਮਿਲਿਆ ਹੁਣ, ਪੜ੍ਹ ਪੜ੍ਹ ਵਾਦ ਵਧਾਇਆ । ਪੁਰਖ ਅਬਿਨਾਸ਼ੀ ਜੱਟ ਕੋਲੋਂ ਫਰਾਏ ਘਸੁੰਨ, ਸਭ ਦਾ ਮੁਖੜਾ ਦਏ ਭੁਵਾਇਆ । ਬਿਨ ਅਗਨੀ ਦੇਵੇ ਭੁੰਨ, ਤੱਤੀ ਵਾ ਇਕ ਵਗਾਇਆ । ਜਿਉਂ ਭੇਡਾਂ ਉਤੋਂ ਲਹੇ ਉਨ, ਤਿਉਂ ਸਾਧਾਂ ਖੱਲ ਧਰਮ ਰਾਏ ਦਏ ਲੁਹਾਇਆ । ਜਿਹੜੇ ਕਹਿੰਦੇ ਸਾਡਾ ਨਿਰਗੁਣ ਨਾਲ ਲੱਗਾ ਫੂਨ, ਦਿਵਸ ਰੈਣ ਰਿਹਾ ਸੁਣਾਇਆ । ਉਹ ਸਭ ਦਾ ਲਾਹਵੇ ਘੁਣ, ਬਣ ਤਰਖਾਣ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤਾਂ ਅੰਗ ਲਗਾਇਆ । ਹਰਿ ਜੂ ਸੰਤ ਲਏ ਲੱਭ, ਲੱਖ ਚੁਰਾਸੀ ਮਾਤ ਤਜਾਈਆ । ਅੱਠੇ ਪਹਿਰ ਵਿਚ ਰਿਹਾ ਫਬ, ਆਪਣੇ ਛਹਿਬਰ ਨਾਮ ਲਗਾਈਆ । ਗੁਰਮੁਖ ਫਿਰਨ ਉਚੇ ਪਬ, ਘਟ ਘਟ ਖ਼ੁਸ਼ੀ ਮਨਾਈਆ । ਤੁਰਦਿਆਂ ਫਿਰਦਿਆਂ ਮਿਲ ਗਿਆ ਰੱਬ, ਲੱਭਣ ਕੋਇ ਕਿਤੇ ਨਾ ਜਾਈਆ । ਬਣ ਨੈਣ ਨਾਈ ਲਿਆ ਸੱਦ, ਸ਼ਬਦ ਸੰਦੇਸ਼ਾ ਇਕ ਘਲਾਈਆ । ਆਪਣੀ ਹੱਥੀਂ ਦੇ ਕੇ ਜਾਵੇ ਅੱਧ, ਭਗਤ ਦੁਆਰਾ ਦਏ ਬਣਾਈਆ । ਫੇਰ ਸਾਧਾਂ ਭੰਨੇ ਹੱਡ, ਜੋ ਝੂਠੇ ਰਾਗ


੩੦
੧੧

ਅਲਾਈਆ । ਵੇਖੋ ਕਰੇ ਕੀ ਖੇਲ ਜੱਟ, ਆਪਣੀ ਮੋਟੀ ਬੁਧ ਵਖਾਈਆ । ਮੋਟੇ ਢਿੱਡ ਭੰਨੇ ਜਿਉਂ ਡੱਡ, ਹੱਡੀ ਪਸਲੀ ਨਜ਼ਰ ਕੋਇ ਨਾ ਆਈਆ । ਬਿਨ ਕਬਰੋਂ ਦੇਵੇ ਦੱਬ, ਮੜ੍ਹੀ ਮਸਾਣ ਨਾ ਕੋਇ ਜਗਾਈਆ । ਆਪਣਾ ਭਾਰ ਜਾਣ ਲੱਦ, ਜੋ ਝੂਠਾ ਸਿਰ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਸੰਤ ਆਪ ਉਠਾਈਆ । ਪਹਿਲਾਂ ਉਠਿਆ ਹਰਿ ਜੂ ਆਪ, ਆਪਣਾ ਰੂਪ ਧਰਾਇਆ । ਦੂਜੇ ਬਣਿਆ ਮਾਈ ਬਾਪ, ਮਾਤ ਪਿਤ ਖੇਲ ਖਲਾਇਆ । ਤੀਜੇ ਵਖਾਈ ਆਪਣੀ ਜ਼ਾਤ, ਨਿਰਗੁਣ ਨੂਰ ਰੁਸ਼ਨਾਇਆ । ਚੌਥਾ ਵਖਾਇਆ ਸਾਚਾ ਘਾਟ, ਸਾਚੇ ਪੱਤਣ ਡੇਰਾ ਲਾਇਆ । ਪੰਚਮ ਖੋਲ੍ਹਿਆ ਇਕੋ ਹਾਟ, ਬਣ ਵਣਜਾਰਾ ਸੇਵ ਕਮਾਇਆ । ਛੇਵੇਂ ਦੇਵੇ ਸਾਚੀ ਦਾਤ, ਨਾਮ ਨਿਧਾਨਾ ਝੋਲੀ ਪਾਇਆ । ਸਤਵੇਂ ਸਤਿ ਪੁਰਖ ਨਿਰੰਜਣ ਪੁੱਛੇ ਵਾਤ, ਦਰ ਘਰ ਸਾਚੇ ਫੇਰਾ ਪਾਇਆ । ਅਠਵੇਂ ਅੱਠਾਂ ਤੱਤਾਂ ਰੱਖਿਆ ਇਕ ਜਮਾਤ, ਏਕਾ ਅੱਖਰ ਆਪ ਪੜ੍ਹਾਇਆ । ਨਾਵੇਂ ਨੌਂ ਦਰ ਵੇਖੇ ਮਾਰ ਝਾਤ, ਉਹਲਾ ਪਰਦਾ ਆਪ ਚੁਕਾਇਆ । ਦਸਵੇਂ ਖੇਲ ਪੁਰਖ ਅਬਿਨਾਸ਼, ਹਰਿਜਨ ਸਾਚੇ ਲਏ ਮਿਲਾਇਆ । ਚਾਰ ਜੁਗ ਦੇ ਸਚ ਨਗੀਨੇ ਆਪਣੀ ਹੱਥੀਂ ਲਏ ਤਰਾਸ਼, ਸਾਚਾ ਮੀਨਾ ਰੂਪ ਵਟਾਇਆ । ਸ਼ਿਵਜੀ ਤੱਕੇ ਉਪਰ ਬੈਠ ਕੈਲਾਸ਼, ਨੇਤਰ ਨੈਣ ਉਠਾਇਆ । ਬ੍ਰਹਮਾ ਆਪਣੀ ਪਰਗਟ ਕਰੇ ਆਸ, ਪ੍ਰਭ ਅੱਗੇ ਹਾਲ ਸੁਣਾਇਆ । ਇੰਦਰ ਹੋ ਕੇ ਬੈਠਾ ਉਦਾਸ, ਹਰਿ ਜੂ ਕੀ ਕੀ ਖੇਲ ਰਚਾਇਆ । ਗੁਰ ਅਵਤਾਰ ਕਹਿਣ ਸਾਬਾਸ਼, ਵਾਹ ਵਾ ਤੇਰੀ ਮਾਇਆ । ਲੋਕਮਾਤ ਜਨ ਭਗਤਾਂ ਕਰੇ ਬੰਦ ਖ਼ੁਲਾਸ, ਬੰਦੀਖ਼ਾਨਾ ਤੋੜ ਤੁੜਾਇਆ । ਚਲਦਿਆਂ ਫਿਰਦਿਆਂ ਕੋਲ ਵਸੇ ਸਦਾ ਪਾਸ, ਅੱਗੇ ਪਿੱਛੇ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੰਗ ਨਿਭਾਇਆ । ਸਿਖਾਂ ਘਰ ਅੰਦਰ ਵੜਨ ਦਾ ਸੱਚਾ ਰਾਹ, ਪਹਿਲਾ ਘਰ ਵਖਾਈਆ । ਆਵੇ ਜਾਵੇ ਬੇਪਰਵਾਹ, ਦਿਸ ਕਿਸੇ ਨਾ ਆਈਆ । ਕਰਿਆ ਖੇਲ ਅਗੰਮ ਅਥਾਹ, ਭੇਵ ਕੋਇ ਨਾ ਪਾਈਆ । ਜੇ ਕੋਈ ਨੇਤਰ ਵੇਖੇ ਪੰਜ ਤੱਤ ਨਜ਼ਰ ਜਾਏ ਆ, ਸਿੰਘ ਪੂਰਨ ਨਾਮ ਸੁਣਾਈਆ । ਜੇ ਕੋਈ ਅੰਦਰ ਵੇਖੇ ਬੈਠਾ ਸ਼ਹਿਨਸ਼ਾਹ, ਸਾਚੇ ਤਖ਼ਤ ਸੋਭਾ ਪਾਈਆ । ਬਿਨ ਬੇੜਿਉਂ ਬਣਿਆਂ ਮਲਾਹ, ਆਪਣੇ ਬੇੜੇ ਲਏ ਚੜ੍ਹਾਈਆ । ਇਕੋ ਵਾਰ ਦਿਤੀ ਸਲਾਹ, ਦੂਜੀ ਕਰੇ ਨਾ ਫੇਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਆਪ ਮਿਲਾਈਆ । ਸੋਈ ਸੰਤ ਸੁਘੜ ਸੁਜਾਨ, ਜਿਸ ਹਰਿ ਜੂ ਮੇਲ ਮਿਲਾਇਆ । ਸੋ ਦਰ ਹੋਏ ਪਰਵਾਨ, ਜਿਸ ਪਰਦਾ ਮੋਹ ਚੁਕਾਇਆ । ਸੋ ਜਗਤ ਹੋਏ ਨਿਸ਼ਾਨ, ਜਿਸ ਨਿਸ਼ਾਨਾ ਨਾਮ ਘੜਾਇਆ । ਜਿਨ੍ਹਾਂ ਲੇਖਾ ਲਿਖਿਆ ਪ੍ਰਭ ਆਣ, ਲੇਖਾ ਲੇਖੇ ਵਿਚ ਵਖਾਇਆ । ਜਿਨ੍ਹਾਂ ਨਾਨਕ ਕਰ ਕੇ ਗਿਆ ਪਰਵਾਨ, ਸੋ ਪਰਵਾਨੇ ਲਏ ਉਠਾਇਆ । ਜਿਨ੍ਹਾਂ ਗੋਬਿੰਦ ਦੇ ਕੇ ਗਿਆ ਦਾਨ, ਤਿਨ੍ਹਾਂ ਦਾਤ ਝੋਲੀ ਦਏ ਵਖਾਇਆ । ਜਿਨ੍ਹਾਂ ਅੰਤਰ ਕਹਿ ਕੇ ਗਿਆ ਕ੍ਰਿਸ਼ਨਾ ਕਾਹਨ, ਰਸਨਾ ਜਿਹਵਾ ਬੋਲ ਸੁਣਾਇਆ । ਜਿਨ੍ਹਾਂ ਮਾਣ ਦਿਤਾ ਰਾਮ ਭਗਵਾਨ, ਮਮਤਾ ਮੋਹ ਮਿਟਾਇਆ । ਕਲਜੁਗ ਅੰਤਮ ਕੱਠੇ ਕੀਤੇ ਆਣ, ਇਕੋ ਘਰ ਬਣਾਇਆ । ਕੋਈ ਲੱਭਣ ਨਾ ਜਾਏ ਵਿਚ ਬੀਆਬਾਨ, ਡੂੰਘੀ ਕੰਦਰ ਨਾ ਫੋਲ ਫੁਲਾਇਆ । ਕੋਈ ਬੈਠੇ ਨਾ ਵਿਚ ਮਸਾਣ, ਧੂਣੀ ਅਗਨ ਨਾ ਕੋਇ ਤਪਾਇਆ । ਕੋਈ ਮੰਗੇ ਨਾ ਅੰਜੀਲ ਕੁਰਾਨ, ਵੇਦ ਪੁਰਾਨ ਨਾ ਕੋਇ ਮਨਾਇਆ । ਕੋਈ ਬਾਣੀ ਨਾ ਕਰੇ ਧਿਆਨ, ਨਿਉਂ ਨਿਉਂ ਸੀਸ ਨਾ ਕੋਇ ਝੁਕਾਇਆ । ਜਿਸ ਸਾਹਿਬ ਹੋਇਆ ਮਿਹਰਵਾਨ, ਮਿਹਰ ਮਿਹਰ ਮਿਹਰ ਨਜ਼ਰ ਆਪ ਕਰਾਇਆ । ਕਰ ਕਿਰਪਾ ਮੇਲਿਆ

ਆਣ, ਮਿਲ ਮਿਲ ਆਪਣਾ ਸ਼ੁਕਰ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਬਣਾਇਆ । ਸਾਚੇ ਸੰਤ ਆਪ ਜਗਾ, ਜੁਗ ਜੁਗ ਲਹਿਣ ਚੁਕਾਇੰਦਾ । ਆਪਣੇ ਰੰਗ ਆਪ ਰੰਗਾ, ਕੂੜਾ ਰੰਗ ਧੁਵਾਇੰਦਾ । ਬੱਤੀ ਦੰਦ ਆਪ ਸਲਾਹ, ਸਿਫ਼ਤ ਸਲਾਹ ਜਣਾਇੰਦਾ । ਚੰਦ ਨੌਂ ਚੰਦੀ ਆਪ ਚੜ੍ਹਾ, ਅੰਧ ਅੰਧੇਰ ਗਵਾਇੰਦਾ । ਤਾਰ ਸਤਾਰ ਤੰਦੀ ਆਪ ਵਜਾ, ਤਲਵਾੜਾ ਨਾਚ ਨਚਾਇੰਦਾ । ਮਰਦੰਗ ਮਰਦੰਗੀ ਦਏ ਸੁਣਾ, ਮਰਦੰਗਾ ਖੇਲ ਵਖਾਇੰਦਾ । ਕੰਢੀ ਡੇਰਾ ਬੈਠਾ ਲਾ, ਆਪਣਾ ਪੰਧ ਮੁਕਾਇੰਦਾ । ਵਰਭੰਡੀ ਵੰਡੀ ਰਿਹਾ ਪਾ, ਆਪਣੀ ਵੰਡ ਆਪ ਜਣਾਇੰਦਾ । ਭੇਖ ਭਖੰਡੀ ਦਏ ਮਿਟਾ, ਸਵਾਂਗੀ ਆਪਣਾ ਸਾਂਗ ਰਚਾਇੰਦਾ । ਇਕੋ ਡੰਡੀ ਦਏ ਵਖਾ, ਏਕਾ ਮਾਰਗ ਲਾਇੰਦਾ । ਸ੍ਰਿਸ਼ਟੀ ਅੰਧੀ ਲਏ ਉਠਾ, ਆਪ ਆਪਣਾ ਬਲ ਧਰਾਇੰਦਾ । ਤੁਰਕੀ ਹਿੰਦੀ ਲਏ ਸਮਝਾ, ਸਿੰਧੀ ਨਾਲ ਮਿਲਾਇੰਦਾ । ਹੋੜਾ ਬਿੰਦੀ ਬਣੇ ਗਵਾਹ, ਸਾਚਾ ਸੰਗ ਰਖਾਇੰਦਾ । ਨਾਰ ਕੰਤ ਲਏ ਮਿਲਾ, ਬਸੰਤ ਰੰਗ ਚੜ੍ਹਾਇੰਦਾ । ਬੇਅੰਤ ਰੂਪ ਆਪ ਖ਼ੁਦਾ, ਖ਼ੁਦੀ ਸਰਬ ਗਵਾਇੰਦਾ । ਰਾਮ ਰੂਪ ਮਾਤ ਧਰਾ, ਰਹਿਮਤ ਆਪ ਕਮਾਇੰਦਾ । ਸਹੀ ਸਲਾਮਤ ਸ਼ਹਿਨਸ਼ਾਹ, ਝੂਠੀ ਅਲਾਮਤ ਸਰਬ ਮਿਟਾਇੰਦਾ । ਹਰਿ ਸੰਤ ਸਾਚੇ ਲਏ ਮਿਲਾ, ਮਿਲ ਮਿਲ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਤੰਦ ਸਤਾਰ ਵਜਾਇੰਦਾ । ਤੰਦ ਸਤਾਰ ਬਣੇ ਜੱਗ ਕਿੱਲੀ, ਸਾਰੰਗ ਨਾਲ ਬੰਧਾਈਆ । ਮਨ ਵਾਸਨਾ ਬਣ ਕੇ ਬਿੱਲੀ, ਮਿਆਉਂ ਮਿਆਉਂ ਕਰ ਕਰ ਰਹੀ ਡਰਾਈਆ । ਸਾਧਾਂ ਸੁਰਤੀ ਵੇਖੋ ਹਿੱਲੀ, ਕੂਕਣ ਦੇਣ ਦੁਹਾਈਆ । ਪੁਰਖ ਅਬਿਨਾਸ਼ੀ ਭਗਤ ਦੁਆਰੇ ਇੱਟ ਲੌਣ ਨਾ ਦਿਤੀ ਕੋਈ ਪਿੱਲੀ, ਪੀਲਾ ਸਭ ਦਾ ਰੰਗ ਕਰਾਈਆ । ਪੁਰਾਣੀ ਦਿੱਲੀ ਵੇਖੋ ਹਿੱਲੀ, ਹਿਲੌਣ ਵਾਲਾ ਰਿਹਾ ਹਿਲਾਈਆ । ਸਾਧਾਂ ਕੋਲੋਂ ਲੱਗੀ ਰਹੇ ਨਾ ਕਿੱਲੀ, ਸਭ ਦੀ ਜੜ੍ਹ ਉਖੜਾਈਆ । ਅੰਤਮ ਲੰਗੋਟ ਹੋਏ ਢਿੱਲੀ, ਸੰਗਲ ਧਾਰ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਵੇਖ ਵਖਾਈਆ । ਸਾਚੇ ਸੰਤ ਵੇਖੇ ਸੂਰਬੀਰ ਵੱਡ ਬਲਵਾਨ । ਪ੍ਰਭ ਆਸ਼ਾ ਮਨਸ਼ਾ ਇਕੋ ਵਾਰ ਦਿਤੀ ਪੂਰ, ਲੋਕਮਾਤ ਝੁੱਲੇ ਨਿਸ਼ਾਨ । ਚਲ ਕੇ ਆਇਆ ਨੇੜੇ ਜੋ ਵਸੇ ਦੂਰ, ਦੂਰ ਦੁਰਾਡਾ ਪੰਧ ਮੁਕਾਇਆ । ਏਕਾ ਦੇਵੇ ਸਤਿ ਸਰੂਰ, ਸਤਿ ਪਿਆਲਾ ਜਾਮ ਪਿਆਇਆ । ਏਕਾ ਦੇਵੇ ਨੇਤਰ ਨੂਰ, ਨੂਰ ਨੂਰ ਨਾਲ ਪਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇਆ । ਸਾਚਾ ਸੰਤ ਜਿਸ ਬਣੇ ਵਿਚੋਲਾ, ਸਚ ਸਾਚੇ ਨਾਲ ਮਿਲਾਈਆ । ਸਿਖ ਗੁਰ ਦਾ ਕੋਈ ਨਾ ਉਹਲਾ, ਗੁਰ ਗੁਰਸਿਖ ਬੂਝ ਬੁਝਾਈਆ । ਜਿਹੜਾ ਸਤਿਗੁਰ ਅੰਦਰੋਂ ਹੋਏ ਪੋਲਾ, ਸੋ ਬੈਠਾ ਮੁਖ ਛੁਪਾਈਆ । ਬਾਹਰੋਂ ਖ਼ੂਬ ਸੁਣਾਏ ਗਾ ਗਾ ਢੋਲਾ, ਜਗਤ ਰਾਗ ਅਲਾਈਆ । ਅੰਦਰ ਵੜੇ ਮਨ ਪਾਏ ਰੌਲਾ, ਅਗਲੀ ਸੁੱਧ ਭੁਵਾਈਆ । ਬਾਹਰ ਆਏ ਕਰੇ ਤੋਬਾ ਹਾਏ ਮੌਲਾ, ਮੇਰੀ ਤਬਾ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਵਿਚੋਲੇ ਸਦਾ ਰਖਾਈਆ । ਸਾਚੇ ਸੰਤ ਸੰਗ ਜੋ ਰੱਖੇ ਸਾਥ, ਹਰਿ ਸਾਚੀ ਦਇਆ ਕਮਾਇੰਦਾ । ਅੱਖੀਂ ਵੇਖੋ ਇਕੀਆਂ ਇਕੀਆਂ ਬਣਾਇਆ ਸਾਥ, ਇਕ ਇਕ ਨਾਲ ਇੱਕੀ ਇੱਕੀ ਹੋਰ ਮਿਲਾਈਆ । ਜੇ ਹੋਰ ਮੰਗਣ ਪੂਰਾ ਕਰ ਦਏ ਘਾਟ, ਘਾਟਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤਾਂ ਦਏ ਵਡਿਆਈਆ । ਏਥੇ ਵਸਣ ਧੁਰਦਰਗਾਹੀ ਸੰਤ, ਜਿਨ੍ਹਾਂ ਸਤਿਗੁਰ ਪੁਰਖ ਮਨਾਇਆ ।

ਲੋਕਮਾਤ ਬਣੀ ਬਣਤ, ਬਣਾਵਣਹਾਰਾ ਆਪ ਆਇਆ । ਪਾਰ ਕਰਾਏ ਲੱਖ ਚੁਰਾਸੀ ਵਿਚੋਂ ਜੀਵ ਜੰਤ, ਮੰਤਰ ਆਪਣਾ ਨਾਮ ਪੜ੍ਹਾਇਆ । ਕਿਆ ਕੋਈ ਜਾਣੇ ਪਾਂਧਾ ਪੰਡਤ, ਪੱਤਰੀ ਵਾਚ ਕਿਆ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਆਪ ਉਪਾਇਆ । ਏਥੇ ਸੰਤ ਵਸੇ ਉਹ, ਜਿਨ੍ਹਾਂ ਇਕੋ ਓਟ ਰਖਾਈਆ । ਭੈਣਾਂ ਭਾਈਆਂ ਤਜਿਆ ਮੋਹ, ਸਤਿਗੁਰ ਸੱਚਾ ਮੋਹ ਵਖਾਈਆ । ਬਿਨ ਨੇਤਰਾਂ ਕਰੀ ਲੋ, ਲੋਇਣ ਆਪ ਜਣਾਈਆ । ਆਪ ਗੁਰਮੁਖਾਂ ਜੋਗਾ ਗਿਆ ਹੋ, ਆਪਣੀ ਵਸਤ ਨਾ ਕੋਇ ਰਖਾਈਆ । ਧੁਰਦਰਗਾਹੀ ਲੈ ਕੇ ਆਇਆ ਢੋਆ ਢੋ, ਸਾਚੀ ਵਸਤ ਦਏ ਵਰਤਾਈਆ । ਜੋ ਜਨ ਇਕ ਵਾਰ ਚਰਨ ਗਿਆ ਛੋਹ, ਤੱਤੀ ਵਾ ਨਾ ਲੱਗੇ ਰਾਈਆ । ਵੇਖੋ ਕੀ ਕੁੱਛ ਦੇਵੇ ਛੱਬੀ ਪੋਹ, ਵਦੀ ਸੁਦੀ ਨਾ ਕੋਇ ਵਡਿਆਈਆ । ਗੁਰਸਿਖਾਂ ਅੱਗੇ ਆਪਣਾ ਆਪ ਦੇਵੇ ਕੋਹ, ਸਾਚੀ ਘਾਲਣ ਘਾਲ ਘਾਲ ਵਖਾਈਆ । ਪੂਰਬ ਜਨਮ ਜਨਮ ਦੀ ਮੈਲ ਦੇਵੇ ਧੋ, ਆਪਣੀ ਹੱਥੀਂ ਸਾਫ ਕਰਾਈਆ । ਗੁਰਸਿਖਾਂ ਦਾ ਰੋਣਾ ਆਪੇ ਦੇਵੇ ਰੋ, ਗੁਰਸਿਖ ਕੋਇ ਰੋਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਤਰਾਈਆ । ਏਥੇ ਵਸਣ ਸੰਤ ਸੁਤ, ਜਿਨ੍ਹਾਂ ਮਿਲੀ ਜਗਤ ਵਡਿਆਈਆ । ਮਿਲਿਆ ਹਰਿ ਅਬਿਨਾਸ਼ੀ ਅਚੁਤ, ਚੇਤਨ ਰੂਪ ਵਖਾਈਆ । ਏਕਾ ਵਾਰ ਗਿਆ ਉਠ, ਸਭ ਦੀ ਨੀਂਦ ਦਏ ਖੁਲ੍ਹਾਈਆ । ਬਣ ਸੋਮਾਂ ਅੰਦਰ ਗਿਆ ਫੁੱਟ, ਅੰਮ੍ਰਿਤ ਧਾਰ ਵਹਾਈਆ । ਨਿਰਮਲ ਨੂਰ ਬਣਿਆ ਜੋਤ, ਜੋਤੀ ਜੋਤ ਕਰੇ ਰੁਸ਼ਨਾਈਆ । ਗੁਰਸਿਖਾਂ ਉਤੇ ਹੋਇਆ ਆਪ ਮੋਹਤ, ਆਪਣਾ ਮੋਹ ਮਿਟਾਈਆ । ਸਾਚੇ ਸੰਤ ਏਹੋ ਬਹੁਤ, ਜਿਨ੍ਹਾਂ ਲੇਖਾ ਦਿਤਾ ਲਿਖਾਈਆ । ਭੇਖਾ ਧਾਰੀ ਫਿਰਦੇ ਕੋਟੀ ਕੋਟ, ਵੇਸ ਅਨੇਕ ਵਟਾਈਆ । ਪੇਟ ਪਾਲਦੇ ਖਾ ਖਾ ਰੋਟ, ਦਰ ਦਰ ਅਲਖ ਜਗਾਈਆ । ਲਾਟਾਂ ਵਾਲੀ ਤੱਕਣ ਓਟ, ਲਾਲ ਬਸਤਰ ਤਨ ਛੁਹਾਈਆ । ਕਾਮ ਵਾਸ਼ਨਾ ਭਰੀ ਨਾ ਪੋਟ, ਮਨ ਵਾਸ਼ਨਾ ਫਿਰੇ ਹਲਕਾਈਆ । ਭੰਗ ਪਿਆਲੇ ਪੀਤੇ ਘੋਟ, ਨਾਮ ਖੁਮਾਰ ਨਾ ਕੋਇ ਚੜ੍ਹਾਈਆ । ਅੱਖੀਂ ਮੀਟ ਕਹਿਣ ਸਾਡੇ ਖੁਲ੍ਹੇ ਸੋਤ, ਖੁਲ੍ਹੀ ਮੀਂਢੀ ਜਗਤ ਰਹੇ ਵਖਾਈਆ । ਬਿਨ ਗਿਆਨ ਹਲਾਵਣ ਹੋਟ, ਗੁਰੂ ਚੇਲਿਆਂ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਬਣਾਈਆ । ਏਥੇ ਵਸਣ ਸਾਚੇ ਸਿੱਖ, ਜਿਨ੍ਹਾਂ ਸਿਖਿਆ ਹਰਿ ਸਿਖਾਈਆ । ਪਾਰਬ੍ਰਹਮ ਪ੍ਰਭ ਲੇਖਾ ਲਿਖ, ਲਿਖ ਲਿਖ ਪਾਤੀ ਸਰਬ ਪੁਚਾਈਆ । ਲੱਖ ਚੁਰਾਸੀ ਵੰਡਿਆ ਹਿੱਸ, ਹਿੱਸਾ ਆਪਣਾ ਆਪ ਕਢਾਈਆ । ਕਰ ਕਿਰਪਾ ਜਿਨ੍ਹਾਂ ਗਿਆ ਦਿਸ, ਤਿਨ੍ਹਾਂ ਭਾਂਡਾ ਭਰਮ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਆਪ ਜਣਾਈਆ । ਸਾਚਾ ਸੰਤ ਧੁਰ ਦਾ ਲਾੜਾ, ਲਾੜੀ ਮੌਤ ਨਾ ਕਦੇ ਪਰਨਾਇੰਦਾ । ਪੁਰਖ ਅਬਿਨਾਸ਼ੀ ਮੱਲ ਦੁਆਰਾ, ਦਰ ਘਰ ਸਾਚਾ ਆਪ ਸੁਹਾਇੰਦਾ । ਕਰੇ ਖੇਲ ਅਪਰ ਅਪਾਰਾ, ਆਪ ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤਾਂ ਆਪਣੀ ਗੋਦ ਸੁਹਾਇੰਦਾ । ਜਗਤ ਸੰਤ ਨਾ ਏਥੇ ਆਏ, ਦਰ ਲਹਿਣਾ ਨਾ ਕੋਇ ਰਖਾਈਆ । ਭਰਮ ਭੁਲੇਖੇ ਸਭ ਨੂੰ ਪਾਏ, ਮਾਇਆ ਮਮਤਾ ਨਾਲ ਰਲਾਈਆ । ਜਿਸ ਦਾ ਕਰਦੇ ਰਹੇ ਚੇਤੇ, ਸੋ ਚਿਤ ਵਿਚ ਨਾ ਕਦੇ ਸਮਾਈਆ । ਜਿਸ ਦਾ ਲੱਭਦੇ ਫਿਰਦੇ ਭੇਤੇ, ਆਪਣਾ ਭੇਵ ਨਾ ਕਿਸੇ ਖੁਲ੍ਹਾਈਆ । ਗੁਰਮੁਖ ਵਿਰਲਾ ਜੂਝੇ ਰਣ ਗੁਰ ਚਰਨ ਖੇਤੇ, ਤਨ ਆਪਣਾ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ

ਸੰਤ ਬਣਾਈਆ । ਮੁਅਕਰ ਰਚਨਾ ਕਰ ਕੇ ਜਾਏ ਮੁੱਕਰ, ਆਪਣਾ ਮੌਕਾ ਨਾ ਕਿਸੇ ਜਣਾਈਆ । ਯੁਗ ਯੁਗ ਦੇਂਦਾ ਰਹੇ ਉਤਰ, ਜੋ ਜਨ ਮੰਗ ਮੰਗਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਆਪ ਨਾ ਬਣਿਆ ਕਿਸੇ ਦਾ ਮਿੱਤਰ, ਮਿੱਤਰ ਬਣਾਏ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਈਆ । ਮੁਰੱਕਬ ਰਚ ਨਾ ਕਰੇ ਸ਼ੁਕਰ, ਆਪਣਾ ਸ਼ੁਕਰ ਮਨਾਇਆ । ਹਰਿ ਕਾ ਖੇਲ ਨਾਰ ਪੁਰਖ ਨਾ ਕੋਇ ਖੁਸਰ, ਰੂਪ ਰੰਗ ਰੇਖ ਨਾ ਕੋਇ ਜਣਾਇਆ । ਭੇਵ ਨਾ ਜਾਣੇ ਕੋਇ ਦੂਸਰ, ਦੂਸਰ ਭੇਵ ਨਾ ਕੋਇ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਇਆ । ਇਸ਼ਤਰੀ ਪੁਰਸ਼ ਨਾ ਕੋਇ ਭੇਤ, ਹਰਿ ਇਕੋ ਰੰਗ ਸਮਾਇਆ । ਸਭ ਨਾਲ ਕਰੇ ਸਾਂਝਾ ਹੇਤ, ਜੋ ਜਨ ਚਰਨੀ ਆਇਆ । ਕਰ ਪ੍ਰੇਮ ਜਨ ਲੈਣਾ ਵੇਖ, ਸਭ ਦੀ ਪੂਰੀ ਆਸ ਕਰਾਇਆ । ਆਪਣਾ ਪੂਰਾ ਕਰੇ ਨੇਮ, ਕੀਤਾ ਨੇਮ ਭੁੱਲ ਨਾ ਜਾਇਆ । ਜਾ ਫੜਿਆ ਉਪਰ ਕੁੰਟ ਹੇਮ, ਹੇਮ ਕੁੰਟ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਸਤਰੀ ਪੁਰਸ਼ ਨਾ ਕੋਇ ਰਖਾਇਆ । ਇਸਤਰੀ ਪੁਰਸ਼ ਇਕੋ ਜ਼ਾਤ, ਬ੍ਰਹਮ ਪਾਰਬ੍ਰਹਮ ਵਡਿਆਈਆ । ਜਗਤ ਜੁਗਤ ਬੰਧੇ ਨਾਤ, ਨਾਤਾ ਬਿਧਾਤਾ ਇਕ ਸਮਝਾਈਆ । ਇਕ ਦੂਜੇ ਦੀ ਪੁੱਛਣ ਵਾਤ, ਵਾਤਾਵਰਨ ਆਪ ਬਣਾਈਆ । ਜੋ ਇਸਤਰੀ ਬਣੇ ਨਾਰ ਕਮਜ਼ਾਤ, ਆਪਣਾ ਪੁਰਖ ਭੁਲਾਈਆ । ਪੁਰਖ ਅਬਿਨਾਸ਼ੀ ਸਦਾ ਸਾਥ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਸਰਬ ਸਮਾਈਆ । ਨਾਰੀ ਪੁਰਸ਼ ਜਗਤ ਵਿਹਾਰ, ਲੱਖ ਚੁਰਾਸੀ ਬਣਤ ਬਣਾਇੰਦਾ । ਅੰਦਰ ਵੜ ਜੋ ਵੇਖੇ ਨਿਰੰਕਾਰ, ਬਿਨ ਨੂਰ ਨਜ਼ਰ ਹੋਰ ਕੋਇ ਨਾ ਆਇੰਦਾ । ਪੰਜ ਤੱਤ ਚੋਲਾ ਦਿਤਾ ਆਧਾਰ, ਅੰਗ ਅੰਗ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਇਕੋ ਇਕ ਵਖਾਇੰਦਾ । ਮਿਰਗਾਨ ਝਾੜਿਆ ਮਿਲਿਆ ਮਰਦ, ਮਰਦ ਮਰਦਾਨਾ ਖੇਲ ਖਲਾਈਆ । ਜਿਸ ਉਲਟੀ ਕੀਤੀ ਨਰਦ, ਸਾਰ ਪਾਸ਼ਾ ਖੇਲ ਖਲਾਈਆ । ਦੁਸ਼ਟ ਦਮਨ ਠਰਿਆ ਸਰਦ, ਸਭ ਸਰਦੀ ਦਏ ਮਿਟਾਈਆ । ਬਣ ਦਰਦੀ ਵੰਡਾਈ ਦਰਦ, ਆਪਣਾ ਦਰਦ ਰਖਾਈਆ । ਹਲਾਲ ਹੋਇਆ ਬਿਨ ਕਰਦ, ਛੁਰੀ ਪ੍ਰੇਮ ਚਲਾਈਆ । ਫੜ ਬਾਹੋਂ ਲਿਆ ਵਰਜ, ਆਪ ਆਪਣੇ ਗਲੇ ਲਗਾਈਆ । ਮੈਂ ਆਪਣਾ ਪੂਰਾ ਕਰਾਂ ਫ਼ਰਜ਼, ਤੇਰਾ ਰਾਹ ਵਖਾਈਆ । ਲੋਕਮਾਤ ਜਾਣਾ ਗਰਜ, ਲੋਕਮਾਤ ਰਾਹ ਤਜਾਈਆ । ਤੇਰਾ ਹੋਣ ਨਾ ਦੇਵਾਂ ਹਰਜ, ਤੇਰੀ ਭਗਤੀ ਲੇਖੇ ਪਾਈਆ । ਤੇਰਾ ਲਾਹਵਾਂ ਸਾਰਾ ਕਰਜ਼, ਅਸਲ ਸੂਦ ਨਾਲ ਮਿਲਾਈਆ । ਕਲਜੁਗ ਅੰਤਮ ਤੇਰੀ ਹੱਥੀਂ ਭਗਤਾਂ ਦੀ ਮੇਟਾਂ ਦਰਜ, ਵਿਥ ਕੋਇ ਰਹਿਣ ਨਾ ਪਾਈਆ । ਗੋਬਿੰਦ ਅੱਗੋਂ ਕਰੇ ਅਰਜ, ਦੋਏ ਜੋੜ ਸੀਸ ਝੁਕਾਈਆ । ਤੈਨੂੰ ਆਦਿ ਜੁਗਾਦੀ ਮਰਜ਼, ਦੇ ਲਾਰਾ ਦਏਂ ਤਰਸਾਈਆ । ਮੈਂ ਆਪਣੇ ਜੋਗਾ ਮੰਗਾਂ ਨਾ ਕੋਈ ਖਰਚ, ਆਪਣੀ ਝੋਲੀ ਨਾ ਅੱਗੇ ਡਾਹੀਆ । ਮੈਂ ਬਾਲਕ ਬਣ ਕੇ ਗਿਆ ਵਰਚ, ਤੇਰਾ ਪ੍ਰੇਮ ਮੇਰੀ ਵਸਤ ਇਕ ਵਡਿਆਈਆ । ਤੂੰ ਮੇਰੇ ਉਤੇ ਕਰਨਾ ਤਰਸ, ਦਇਆਵਾਨ ਦਇਆ ਕਮਾਈਆ । ਨਿਤ ਨਵਿਤ ਦੇਣਾ ਦਰਸ, ਰੂਪ ਅਨੂਪ ਵਟਾਈਆ । ਮੈਂ ਵੇਖਾਂ ਅਰਸ਼ ਫਰਸ਼, ਫ਼ਲਕ ਤੇਰੀ ਹੋਏ ਰੁਸ਼ਨਾਈਆ । ਅੰਮ੍ਰਿਤ ਮੇਘ ਦੇਣਾ ਬਰਸ, ਬੂੰਦ ਸਵਾਂਤ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਰੰਗਾਈਆ । ਹੇਮ ਕੁੰਟ ਦੀ ਨਾ ਕੋਈ ਮਿਸਾਲ, ਮਿਸਰਾ

ਲਿਖਣ ਵਿਚ ਕੋਇ ਨਾ ਆਈਆ । ਏਥੇ ਵਸੇ ਦੀਨ ਦਿਆਲ, ਉਥੇ ਦੁਸ਼ਟ ਦਮਨ ਰਿਹਾ ਧਿਆਈਆ । ਦੁਸ਼ਟ ਦਮਨ ਬਾਹੋਂ ਫੜ ਲਿਆ ਉਠਾਲ, ਆਪਣੀ ਸੇਵਾ ਲਾਈਆ । ਏਥੇ ਬੈਠੇ ਸ੍ਰੀ ਭਗਵਾਨ, ਆਪਣਾ ਹੁਕਮ ਜਣਾਈਆ । ਭੇਵ ਨਾ ਪਾਏ ਕੋਈ ਗਿਆਨ, ਗਿਆਤਾ ਨਜ਼ਰ ਕੋਇ ਨਾ ਆਈਆ । ਨਾ ਕੋਈ ਵੇਖੇ ਸਚ ਨਿਸ਼ਾਨ, ਕਵਣ ਖੇਲ ਹਰਿ ਹੇਮ ਕੁੰਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪਣੇ ਵਿਚ ਰਖਾਈਆ । ਹੇਮ ਕੁੰਟ ਜਾਈਏ ਠਰ, ਆਪਣਾ ਠਰਕ ਗਵਾਇਆ । ਬਿਨ ਛੰਨੋਂ ਜਾਈਏ ਵੜ, ਆਪਣਾ ਆਪ ਭੁਲਾਇਆ । ਸਾਚੇ ਮੰਦਰ ਜਾਈਏ ਵੜ, ਘਰ ਸੱਚੇ ਸੋਭਾ ਪਾਇਆ । ਪੁਰਖ ਅਬਿਨਾਸ਼ੀ ਲਈਏ ਫੜ, ਆਪ ਆਪਣਾ ਬੰਧਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੇਮ ਕੁੰਟ ਅਦਰਸ਼, ਦਰਸ ਨਾ ਕਿਸੇ ਕਰਾਇਆ । ਕੋਟਨ ਕੋਟ ਹੇਮ ਕੁੰਟ, ਪ੍ਰਭ ਚਰਨ ਰਾਹ ਤਕਾਈਆ । ਪਹਾੜ ਪੱਥਰ ਹੋਏ ਰੰਡ, ਟੁੰਡ ਸਾਰੇ ਨਜ਼ਰ ਆਈਆ । ਸਾਧਾਂ ਸੰਤਾਂ ਵੇਖੋ ਬੈਠੇ ਜੁੰਡ, ਜੁੰਡਲੀ ਬੰਨ੍ਹ ਬੰਨ੍ਹ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਚਰਨ ਸਚਖੰਡ ਦੁਆਰ ਬਣਾਈਆ । ਹੇਮ ਕੁੰਟ ਵਸਣ ਕਾਂ ਕੁੱਤੇ, ਭੋਗ ਬਲਾਸ ਕਰਾਈਆ । ਹੇਮ ਕੁੰਟ ਵਸਨ ਅਜੂਨੀ ਰੁੱਠੇ, ਪ੍ਰਭ ਦਿਤੀ ਇਕ ਸਜਾਈਆ । ਹੇਮ ਕੁੰਟ ਵਸਣ ਜੋ ਟੰਗੇ ਪੁੱਠੇ, ਰਾਤੀਂ ਸੁਤਿਆਂ ਨੀਂਦ ਨਾ ਆਈਆ । ਹਰਿ ਚਰਨ ਗੁਰਮੁਖ ਵਿਰਲੇ ਸੁੱਤੇ, ਜਿਸ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੇਮ ਕੁੰਟ ਇਕੋ ਗੋਬਿੰਦ ਦਿਤੀ ਵਡਿਆਈਆ । ਹੇਮ ਕੁੰਟ ਫਿਰਨ ਸੂਹੇ, ਝਾੜੀ ਝਾੜੀ ਤਾਕ ਲਗਾਈਆ । ਗੋਬਿੰਦ ਖੋਲ੍ਹੇ ਨਾ ਕਿਸੇ ਬੂਹੇ, ਘਰ ਆਪਣਾ ਨਾ ਕਿਸੇ ਵਖਾਈਆ । ਨਿਉਂ ਨਿਉਂ ਵੇਖਣ ਅੱਗੋਂ ਦਿਸਣ ਚੂਹੇ, ਝਾੜਾਂ ਵਿਚ ਬੈਠੇ ਸੀਸ ਲੁਕਾਈਆ । ਨਾ ਬੁੱਤ ਨਾ ਰੂਹੇ, ਰੂਹ ਬੁੱਤ ਦੋਵੇਂ ਦੇਣ ਦੁਹਾਈਆ । ਪ੍ਰਭ ਨੇ ਸੁੱਟੇ ਡੂੰਘੇ ਕੂੰਏਂ, ਨਾ ਕੋਈ ਸਕੇ ਬਾਹਰ ਕਢਾਈਆ । ਸਾਡੀ ਬਿਲ ਨਾ ਕੋਇ ਛੂਹੇ, ਅਗਾਂਹ ਹੱਥ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਜਣਾਈਆ । ਹਰਿ ਕਾ ਚਰਨ ਵੱਡਾ ਘਰ, ਗੁਰਮੁਖ ਵਿਰਲੇ ਪਾਇਆ । ਜਿਸ ਦਰ ਵੜਿਆਂ ਚੁੱਕੇ ਡਰ, ਭੈ ਨਾ ਕੋਇ ਰਖਾਇਆ । ਦਰ ਆਏ ਜਨ ਜਾਏ ਤਰ, ਤਾਰਨਹਾਰ ਹੋਏ ਸਹਾਇਆ । ਆਪਣੀ ਹੱਥੀਂ ਬਾਹੋਂ ਲਏ ਫੜ, ਫੜ ਫੜ ਆਪਣੀ ਗੋਦ ਬਹਾਇਆ । ਕਿਰਪਾ ਕਿਰਪਾਲ ਲਏ ਕਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਰੰਗਾਇਆ । ਪਿਸਰ ਪਿਦਰ ਜਨ ਬਣੇ ਮਾਦਰ, ਮਧੂ ਜਾਮ ਪਿਆਈਆ । ਦਰ ਆਇਆਂ ਦੇਵੇ ਆਦਰ, ਆਪਣਾ ਦਰਸ ਦਿਖਾਈਆ । ਕਰੀਮ ਕਰਤਾ ਹਰਿ ਜੂ ਕਾਦਰ, ਕੁਦਰਤ ਵੇਖ ਵਖਾਈਆ । ਸਿਦਕ ਸਬੂਰੀ ਵੇਖੇ ਸਾਬਰ, ਘਰ ਘਰ ਫੇਰਾ ਪਾਈਆ । ਜ਼ੋਰੂ ਜ਼ਰ ਵੇਖੇ ਆਬਰੂ ਆਬਰ, ਆਪ ਆਪਣੀ ਦਇਆ ਕਮਾਈਆ । ਗੁਰਮੁਖ ਵਿਰਲਾ ਜਗਤ ਬਹਾਦਰ, ਸਚ ਬਹਾਦਰੀ ਇਕ ਵਖਾਈਆ । ਹਰਿ ਚਰਨ ਬਣੇ ਸੌਦਾਗਰ, ਏਕਾ ਵਣਜ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਈਆ । ਸੱਜੇ ਚਰਨ ਦਾ ਇਕ ਅੰਗੂਠਾ, ਅੰਗੁਸਤ ਵੇਖ ਵਖਾਈਆ । ਖ਼ਾਲੀ ਭਰੇ ਫੇਰ ਠੂਠਾ, ਅੰਮ੍ਰਿਤ ਧਾਰ ਵਹਾਈਆ । ਦੇਵੇ ਰਸ ਇਕ ਅਨੂਠਾ, ਆਪਣੀ ਦਇਆ ਕਮਾਈਆ । ਗੁਰਮੁਖ ਬਣੇ ਸਾਚਾ ਬੂਟਾ, ਲੋਕਮਾਤ ਹਰਾ ਕਰਾਈਆ । ਬ੍ਰਹਮ ਦੇਵੇ ਇਕੋ ਹੂਟਾ, ਸਚ ਹੁਲਾਰਾ ਨਾਮ ਲਗਾਈਆ । ਪਿਤਾ ਪੂਤ ਖੇਲ ਵੇਖੇ ਪੋਤਾ, ਘਰ ਸਾਚੇ ਵੱਜੇ ਵਧਾਈਆ । ਵਿਸ਼ਨ

ਬ੍ਰਹਮਾ ਸ਼ਿਵ ਰੋਤਾ, ਨੇਤਰ ਨੈਣਾਂ ਨੀਰ ਵਹਾਈਆ । ਪ੍ਰਭ ਦੇਵਣਹਾਰਾ ਇਕੋ ਗੋਤਾ, ਆਪਣੇ ਤਾਲ ਵਿਚ ਡੁਬਾਈਆ । ਬ੍ਰਹਮੇ ਸੀਸ ਲਾਇਆ ਜੋ ਪੰਜਵਾਂ ਖੋਤਾ, ਸੋ ਪਹਿਲੋਂ ਦਏ ਕਟਾਈਆ । ਗੁਰਸਿਖ ਦੇਵੇ ਅੰਮ੍ਰਿਤ ਬਹੁਤਾ, ਆਪਣਾ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਲਾ ਇਕ ਵਖਾਈਆ । ਚਰਨ ਅਗੂੰਠਾ ਅੰਮ੍ਰਿਤ ਰਸ, ਅਮਰ ਅਮਰ ਕਰਾਇੰਦਾ । ਜੋ ਜਨ ਰਸ ਲਏ ਚੱਖ, ਚਿਖਾ ਅੰਤ ਨਾ ਕੋਇ ਜਲਾਇੰਦਾ । ਦੇ ਦਰਸ ਲਵੇ ਰੱਖ, ਵੇਲੇ ਅੰਤ ਆਪ ਮਿਲਾਇੰਦਾ । ਧੂਹ ਲਿਔਣ ਤੇੜੋਂ ਲੰਗੋਟੀ ਕੱਛ, ਕਪੜ ਤਨ ਨਾ ਕੋਇ ਹੰਢਾਇੰਦਾ । ਕਲਜੁਗ ਸਾਧਾਂ ਖਾ ਖਾ ਥੱਕੇ ਮੱਛ, ਜੋ ਜਲ ਧਾਰ ਦੇਹ ਕਰਾਇੰਦਾ । ਗੁਰਮੁਖਾਂ ਮਾਰਗ ਦੇਵੇ ਦੱਸ, ਸਾਚਾ ਰਾਹ ਆਪ ਚਲਾਇੰਦਾ । ਅੰਤਮ ਵੇਲੇ ਆਏ ਨੱਸ, ਆਪ ਆਪਣੀ ਗੋਦ ਉਠਾਇੰਦਾ । ਸਚਖੰਡ ਦੁਆਰਾ ਜਾਏ ਵਸ, ਜਿਸ ਘਰ ਗੁਰਮੁਖ ਸੋਭਾ ਪਾਇੰਦਾ । ਜਿੰਨਾਂ ਚਿਰ ਗੁਰਸਿਖ ਨਾ ਕਹੇ ਬਸ ਬਸ, ਬਸਤਾ ਬੰਨ੍ਹ ਨਾ ਹਿਸਾਬ ਮੁਕਾਇੰਦਾ । ਦੇ ਕੇ ਵਸਤ ਪਏ ਹੱਸ, ਆਪਣੀ ਖ਼ੁਸ਼ੀ ਮਨਾਇੰਦਾ । ਛਿੰਨ ਅੰਦਰ ਜਾਏ ਨੱਸ, ਆਪਣਾ ਮੁਖ ਲੁਕਾਇੰਦਾ । ਸਿੰਘ ਪੂਰਨ ਅੰਦਰ ਵਸ, ਵਾਸਤਾ ਆਪਣੇ ਨਾਲ ਰਖਾਇੰਦਾ । ਆਪ ਗਾਵੇ ਭਗਤਾਂ ਜਸ, ਆਪਣਾ ਜਸ ਵੇਦ ਪੁਰਾਨਾਂ ਕੋਲੋਂ ਕਰਾਇੰਦਾ । ਬਿਨ ਮਿਠਿਉਂ ਦੇਵੇ ਰਸ, ਚਰਨ ਕਵਲ ਨਾਲ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਅੰਮ੍ਰਿਤ ਜਾਮ ਪਿਆਇੰਦਾ । ਸਾਚਾ ਅੰਮ੍ਰਿਤ ਪ੍ਰੇਮ ਰੱਤ, ਰੱਤੀ ਰੱਤ ਨਾਲ ਮਿਲਾਈਆ । ਗੁਰਮੁਖ ਅੰਦਰ ਲੈਣਾ ਘੱਤ, ਘਾਤ ਕਾਲ ਨਾ ਕੋਇ ਵਖਾਈਆ । ਤੇਰੇ ਅੰਦਰ ਬ੍ਰਹਮ ਮਤ, ਪਾਰਬ੍ਰਹਮ ਸੱਚੀ ਸਰਨਾਈਆ । ਭਗਤ ਤੇਰੇ ਦੁਆਰੇ ਪਈ ਛੱਤ, ਛੱਤੀ ਯੁਗ ਦੇਣ ਗਵਾਹੀਆ । ਕਲਜੁਗ ਸਾਧਾਂ ਚੁੱਕੀ ਅਤ, ਸਭ ਦੀ ਕਰੇ ਸਫਾਈਆ । ਆਪਣਾ ਰੱਖਿਆ ਡੂੰਘਾ ਖਾਤ, ਨਾ ਸਕੇ ਕੋਇ ਭਰਾਈਆ । ਗੁਰਸਿਖ ਲੱਭੇ ਮਾਰ ਝਾਤ, ਆਪ ਆਪਣੇ ਲਏ ਉਠਾਈਆ । ਬਿਨ ਸੱਦਿਆਂ ਪੁੱਛੇ ਵਾਤ, ਪੁੱਛ ਪੁੱਛ ਆਪਣੀ ਖ਼ੁਸ਼ੀ ਮਨਾਈਆ । ਆਓ ਦਿਓ ਮੇਰਾ ਸਾਥ, ਸਚਖੰਡ ਵਸੋ ਏਕਾ ਥਾਈਂਆ । ਜਿਥੇ ਇਕੋ ਇਕ ਜ਼ਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਉਥੇ ਪੜ੍ਹੇ ਨਾ ਕੋਇ ਲੁਗ਼ਾਤ, ਅਲਫ਼ ਯੇ ਨਾ ਕੋਇ ਵਖਾਈਆ । ਪ੍ਰਭ ਦੇਵੇ ਸਚ ਸੁਗ਼ਾਤ, ਸੋਭਾ ਆਪਣੇ ਨਾਮ ਸਮਝਾਈਆ । ਨਾ ਕੋਈ ਦਿਵਸ ਨਾ ਪ੍ਰਭਾਤ, ਕਾਲੀ ਰੈਣ ਨਾ ਕੋਇ ਡਰਾਈਆ । ਨਾ ਕੋਈ ਤੀਰਥ ਨਾ ਕੋਈ ਘਾਟ, ਮੰਦਰ ਮਸਜਿਦ ਨਾ ਕੋਇ ਵਖਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਮਸਤਕ ਤਿਲਕ ਨਾ ਕੋਇ ਲਗਾਈਆ । ਇਕੋ ਦਰਸ ਕਮਲਾਪਾਤ, ਕਰ ਦਰਸ ਤ੍ਰਿਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਰੱਖੇ ਇਕੋ ਜਮਾਤ, ਪਹਿਲੀ ਦੂਜੀ ਨਾ ਕੋਇ ਪੜ੍ਹਾਈਆ । ਇਕੋ ਜਮਾਤ ਇਕੋ ਅਲਫ਼, ਇਕੋ ਇਕ ਪੜ੍ਹਾਇੰਦਾ । ਆਪਣਾ ਲੈ ਕੇ ਆਇਆ ਹਲਫ਼, ਗੁਰਸਿਖ ਆਪਣੇ ਨਾਲ ਮਿਲਾਇੰਦਾ । ਨਾਰੀ ਪੁਰਸ਼ ਨਾ ਪਾਵੇ ਫ਼ਰਕ, ਬਿਰਧ ਬਾਲ ਨਾ ਵੰਡ ਵੰਡਾਇੰਦਾ । ਮਿਹਰਵਾਨ ਕੀਤਾ ਤਰਸ, ਦਇਆਵਾਨ ਦਇਆ ਕਮਾਇੰਦਾ । ਜਨਮ ਜਨਮ ਦੀ ਮੇਟੇ ਹਰਸ, ਲੱਗੀ ਹਵਸ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਨਾਲ ਰਖਾਇੰਦਾ । ਆਓ ਚਲੋ ਮੇਰੇ ਨਾਲ, ਪ੍ਰਭ ਆਪਣੀ ਦਇਆ ਕਮਾਈਆ । ਤੁਸੀਂ ਸ਼ਾਹ ਤੇ ਮੈਂ ਕੰਗਾਲ, ਤੁਹਾਡੇ ਨਾਲ ਮੇਰੀ ਰਸਾਈਆ । ਮੈਂ ਖ਼ਾਕ ਤੁਸੀਂ ਰੁਮਾਲ, ਪੂੰਝ ਲੈਣਾ ਵਾਹੋ ਦਾਹੀਆ । ਤੁਸੀਂ ਖ਼ੁਸ਼ਹਾਲ ਮੈਂ ਬੇਹਾਲ, ਦਰ ਦਰ ਅਲਖ ਜਗਾਈਆ । ਗੁਰਸਿਖ ਤੇਰਾ ਵਿੰਗਾ ਨਾ ਹੋਵੇ

ਵਾਲ, ਸਿਰ ਆਪਣੇ ਭਾਰ ਉਠਾਈਆ । ਆਓ ਰਲ ਮਿਲ ਇਕ ਦੂਜੇ ਨੂੰ ਲਈਏ ਭਾਲ, ਭੁੱਲੀ ਸਰਬ ਲੋਕਾਈਆ । ਤੁਸਾਂ ਮੇਰਾ ਕਰਨਾ ਹੱਲ ਸਵਾਲ, ਪੱਟੀ ਤੁਹਾਡੇ ਹੱਥ ਫੜਾਈਆ । ਆਪਣੀ ਸੁਰਤ ਲੈਣੀ ਸੰਭਾਲ, ਸੂਰਤ ਸਾਚੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਚੁਕਾਈਆ । ਆਓ ਏਥੋਂ ਚਲੀਏ ਭੱਜ, ਲੋਕਮਾਤ ਦਏ ਦੁਹਾਈਆ । ਸਚਖੰਡ ਦੁਆਰੇ ਬਹੀਏ ਸਜ, ਘਰ ਸਾਚੇ ਵੱਜੇ ਵਧਾਈਆ । ਮੈਂ ਤੁਹਾਡਾ ਦਰਸ ਕਰਾਂ ਰੱਜ ਰੱਜ, ਫੇਰ ਹੋਵੇ ਨਾ ਕਦੇ ਜੁਦਾਈਆ । ਜਗਤ ਪਿਆਰ ਵਿਚ ਲਾਉਣਾ ਨਾ ਅਜ ਪਜ, ਝੂਠਾ ਨਾਤਾ ਭੈਣ ਭਾਈਆ । ਇਕ ਦੂਜੇ ਦਾ ਪਰਦਾ ਲਈਏ ਕੱਜ, ਗੁਰ ਚੇਲਾ ਰੂਪ ਵਟਾਈਆ । ਪ੍ਰੇਮ ਪਿਆਰ ਅੰਦਰ ਜਾਈਏ ਬੱਝ, ਨਾ ਕੋਈ ਸਕੇ ਗੰਢ ਖੁਲ੍ਹਾਈਆ । ਬਿਨ ਤਾਰ ਸਤਾਰ ਅਨਾਦ ਅਨਾਦੀ ਬਣ ਜਾਈਏ ਵੱਜ, ਅਨਰਾਗੀ ਆਪਣਾ ਰਾਗ ਅਲਾਈਆ । ਪਹਿਲੋਂ ਲੋਕਮਾਤ ਜਗਤ ਨਾਲੋਂ ਹੋਣਾ ਅੱਡ, ਭਗਤ ਦੁਆਰੇ ਆਸਣ ਲਾਈਆ । ਫੇਰ ਵਿਚੋਂ ਲਏ ਕੱਢ, ਆਪਣੇ ਕੰਧ ਉਠਾਈਆ । ਵਾਰੋ ਵਾਰੀ ਸਚਖੰਡ ਆਵੇ ਛੱਡ, ਆਵੇ ਜਾਵੇ ਬੇਪਰਵਾਹੀਆ । ਮਿਲ ਸੰਗਤ ਵੰਡੀ ਵੰਡ, ਗੁਰਮੁਖ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡਾ ਰਿਹਾ ਰਾਹ ਤਕਾਈਆ । ਰਾਹ ਤੱਕੇ ਸਾਚਾ ਮਾਹੀ, ਮਹਿਮਾਂ ਭਗਤਾਂ ਆਪ ਜਣਾਇੰਦਾ । ਜੁਗ ਜੁਗ ਤੁਹਾਡੀ ਵੇਖੀ ਫਾਹੀ, ਤੁਹਾਡਾ ਫੰਦ ਨਾ ਕੋਇ ਕਟਾਇੰਦਾ । ਧਰੂ ਪ੍ਰਹਿਲਾਦ ਦੇਣ ਗਵਾਹੀ, ਭਗਵਾਨ ਭਗਤਾਂ ਪਿੱਛੇ ਫੇਰਾ ਪਾਇੰਦਾ । ਆਓ ਉਠੋ ਬਣੋ ਰਾਹੀ, ਪਾਂਧੀ ਆਪਣਾ ਪੰਧ ਮੁਕਾਇੰਦਾ । ਗੋਬਿੰਦ ਬੂਟਾ ਪੁੱਟਿਆ ਕਾਹੀ, ਸਭ ਦੀ ਜੜ੍ਹ ਉਖੜਾਇੰਦਾ । ਗੁਰਮੁਖ ਵਿਰਲੇ ਧੋਵੇ ਸ਼ਾਹੀ, ਪੂਰਬ ਲਹਿਣਾ ਝੋਲੀ ਪਾਇੰਦਾ । ਝੀਵਰ ਛੀਂਬੇ ਜੱਟ ਬਣੇ ਭਾਈ ਭਾਈ, ਜ਼ਾਤ ਪਾਤ ਸਰਬ ਗਵਾਇੰਦਾ । ਪਿਛਲੀ ਘਾਲ ਥਾਏ ਪਾਈ, ਅੱਗੇ ਲੇਖਾ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪਕੜੇ ਆਪੇ ਬਾਹੀਂ, ਬਲ ਆਪਣਾ ਆਪ ਧਰਾਇੰਦਾ । ਤੁਹਾਡੀ ਖਾਤਰ ਧਰਿਆ ਬਲ, ਬਾਵਨ ਭੇਵ ਚੁਕਾਇਆ । ਜੋਤ ਅੰਦਰ ਜੋਤੀ ਰਲ, ਜੋਤੀ ਜੋਤ ਡਗਮਗਾਇਆ । ਸ਼ਬਦੀ ਧਾਰ ਸੁਨੇਹੁੜਾ ਘੱਲ, ਸੰਸਾ ਰੋਗ ਮਿਟਾਇਆ । ਪੂਰਬ ਜਨਮ ਦਿਤਾ ਫਲ, ਵਸਤ ਅਮੋਲਕ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਆਪਣਾ ਰਸ ਚਖਾਇਆ । ਅੰਮ੍ਰਿਤ ਪੀ ਪਾਏ ਅਮਰਾਪਦ, ਅਮਰ ਅਮਰ ਕਰਾਇੰਦਾ । ਜਿਨ੍ਹਾਂ ਦੁਆਰੇ ਲਿਆ ਸੱਦ, ਤਿਨ੍ਹਾਂ ਪਾਰ ਕਰਾਇੰਦਾ । ਜਗਤ ਜੁਗਤ ਦੀ ਪਾਰ ਹੱਦ, ਸਚ ਕਿਨਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਜਾਮ ਇਕ ਪਿਆਇੰਦਾ । ਵੀਹ ਸੌ ਵੀਹ ਸਦਾ ਬੇਖ਼ਬਰ, ਖ਼ਾਬ ਵਿਚ ਕਿਸੇ ਨਾ ਆਈਆ । ਗੁਰ ਅਵਤਾਰ ਬੈਠੇ ਕਰ ਕਰ ਸਬਰ, ਨਾ ਜਾਮ ਮੁਖ ਲਗਾਈਆ । ਈਸਾ ਮੂਸਾ ਸਿਰ ਤੱਕਣ ਕਾਅਬਾ ਕਬਰ, ਕਬਰਸਤਾਨ ਨਿਗਹ ਟਿਕਾਈਆ । ਕਵਣ ਮਰਦ ਮਰਦਾਨਾ ਹੋਏ ਜ਼ਬਰ, ਜੀਵ ਰੀਤ ਦਏ ਬਦਲਾਈਆ । ਸਭ ਦੀ ਵੇਖੇ ਆਬਰੂ ਅਬਰ, ਅਬਜ਼ਰਵਰ ਹੋਵੇ ਸੱਚਾ ਮਾਹੀਆ । ਸ੍ਰਿਸ਼ਟ ਸਬਾਈ ਕਰੇ ਪੱਧਰ, ਗਦਰ ਦਏ ਮਿਟਾਈਆ । ਭਗਤਾਂ ਪੂਰੀ ਕਰੇ ਸਧਰ, ਸਦਕਾ ਆਪਣਾ ਇਕ ਜਣਾਈਆ । ਆਪੇ ਸ਼ੇਰ ਆਪੇ ਗਿੱਦੜ, ਆਪੇ ਸਿੰਘ ਜੰਬਕ ਖੇਲ ਖਲਾਈਆ । ਆਪੇ ਲੁਕਿਆ ਰਹੇ ਪਾ ਦਲਿਦਰ, ਦਿਸ ਕਿਸੇ ਨਾ ਆਈਆ । ਆਪੇ ਦਇਆ ਕਮਾਏ ਜਿਉਂ ਗ਼ਰੀਬ ਨਿਮਾਣੇ ਬਿਦਰ, ਸਾਗ ਅਲੂਣਾ ਖਾਈਆ । ਆਪੇ ਜਨ ਭਗਤਾਂ ਪਿਛੇ ਭੌਂਦਾ ਫਿਰੇ

ਇਧਰ ਉਧਰ, ਉਧਰ ਇਧਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬਣ ਵਿਚੋਲਾ ਮਾਰੇ ਫੇਰੇ, ਦੋ ਦੋ ਧਾਰਾ ਰਾਹ ਚਲਾਇੰਦਾ । ਆਪਣੇ ਗੁਣ ਦੱਸਾਂ ਕਿਹੜੇ ਕਿਹੜੇ, ਲੇਖਾ ਲਿਖਤ ਵਿਚ ਨਾ ਆਇੰਦਾ । ਜਿਧਰ ਵੇਖੋ ਝੇੜੇ ਝੇੜੇ, ਝੇੜਾ ਜਗਤ ਨਾ ਕੋਇ ਮੁਕਾਇੰਦਾ । ਕਿਧਰ ਭਰੇ ਡੋਬੇ ਬੇੜੇ, ਕਿਧਰ ਡੁੱਬੇ ਪਾਰ ਕਰਾਇੰਦਾ । ਕਰੇ ਕਰਾਏ ਹੱਕ ਨਬੇੜੇ, ਹੱਕ ਹਕ਼ੀਕ਼ਤ ਵੇਖ ਵਖਾਇੰਦਾ । ਇਕੋ ਜਨ ਭਗਤਾਂ ਆਇਆ ਘੇਰੇ, ਘੇਰਾ ਕੋਇ ਨਾ ਮਾਤ ਤੁੜਾਇੰਦਾ । ਦੂਰ ਵਸਦੇ ਆ ਗਏ ਨੇੜੇ, ਪਿਛਲਾ ਪੰਧ ਮੁਕਾਇੰਦਾ । ਗੁਰਸਿਖਾਂ ਬਿਨ ਬੇਦੀਉਂ ਲੈ ਲਏ ਫੇਰੇ, ਲਾਂਵ ਜਗਤ ਨਾ ਕੋਇ ਪੜ੍ਹਾਇੰਦਾ । ਆ ਕੇ ਵੜਨਾ ਖੁਲ੍ਹੇ ਵੇਹੜੇ, ਸਤਿਗੁਰ ਪੂਰਾ ਜੋ ਬਣਾਇੰਦਾ । ਗੁਰਸਿਖ ਬੈਠੇ ਰਹੇ ਕਰ ਕੇ ਵੱਡੇ ਜੇਰੇ, ਕਵਣ ਵੇਲੇ ਹਰਿ ਜੂ ਆਇੰਦਾ । ਲਹਿਣੇ ਚੁੱਕਣ ਮੇਰੇ ਤੇਰੇ, ਤੇਰਾ ਉਧਾਰ ਨਾ ਮੋਹੇ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਚੜ੍ਹਾਇੰਦਾ । ਬਿਨ ਗਰੰਥੀ ਹੋਏ ਵਿਵਾਹ, ਵਾਹ ਵਾ ਹਰਿ ਜੂ ਖ਼ੁਸ਼ੀ ਮਨਾਈਆ । ਛੱਬੀ ਪੋਹ ਸਾਹ ਸੁਧਾ, ਗਾਨਾਂ ਸਗਨ ਹੱਥ ਬਨ੍ਹਾਈਆ । ਨਾਮ ਕਲੀਰਾ ਦੇਵੇ ਪਾ, ਪ੍ਰੇਮ ਮੌਲੀ ਤੰਦ ਬੰਧਾਈਆ । ਸਾਚੀ ਬਿੰਦੀ ਰੰਗ ਚੜ੍ਹਾ, ਲਾਲ ਗੁਲਾਲਾ ਵੇਖ ਵਖਾਈਆ । ਨੇਤਰ ਨੈਣਾਂ ਸੁਰਮਾ ਪਾ, ਕੱਜਲ ਧਾਰ ਇਕ ਵਖਾਈਆ । ਸੀਸ ਮੀਂਢੀ ਇਕ ਗੁੰਦਾ, ਕੰਤ ਸੁਹਾਗ ਲਏ ਪਰਨਾਈਆ । ਰਤੜੇ ਡੋਲੇ ਲਏ ਬਹਾ, ਚਾਰ ਯੁਗ ਕਹਾਰ ਬਣਾਈਆ । ਹੌਲੀ ਹੌਲੀ ਦਏ ਸੁਣਾ, ਸਾਚਾ ਢੋਲਾ ਆਪੇ ਗਾਈਆ । ਮੇਰੀ ਝੋਲੀ ਦੇਣੀ ਪਾ, ਮੇਰੀ ਵਸਤ ਨਾ ਕੋਇ ਰਖਾਈਆ । ਮੇਰੇ ਦੁਆਰੇ ਕੋਈ ਨਾ ਜਾਵੇ ਆ, ਚਾਰ ਯੁਗ ਅੱਗੇ ਚਰਨ ਨਾ ਕੋਇ ਉਠਾਈਆ । ਗੁਰਸਿਖ ਗੁਰ ਸਤਿਗੁਰ ਆਪਣੀ ਉਂਗਲੀ ਲਏ ਲਾ, ਆਪਣਾ ਪੰਧ ਮੁਕਾਈਆ । ਸਚਖੰਡ ਦੁਆਰੇ ਦਏ ਬਹਾ, ਦੇਵੇ ਮਾਣ ਵਡਿਆਈਆ । ਸਾਚੀ ਸੇਜਾ ਦਏ ਵਛਾ, ਪ੍ਰੇਮ ਵਿਛੌਣਾ ਇਕ ਬਣਾਈਆ । ਮੇਲਾ ਮੇਲੇ ਸਹਿਜ ਸੁਭਾ, ਘਰ ਸਾਚੇ ਵੱਜੇ ਵਧਾਈਆ । ਗਲਵਕੜੀ ਬੈਠੇ ਪਾ, ਨਾ ਸਕੇ ਕੋਇ ਤੁੜਾਈਆ । ਨਾਰੀ ਕੰਤ ਲਿਆ ਮਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਰੰਗ ਸਮਾਈਆ । ਨਾਰੀ ਕੰਤ ਹੋਇਆ ਪਿਆਰ, ਸਚਖੰਡ ਸਾਚਾ ਸੋਭਾ ਪਾਇੰਦਾ । ਮੇਲਾ ਮਿਲਿਆ ਪੁਰਖ ਕਰਤਾਰ, ਕਰਤਾ ਪੁਰਖ ਦਇਆ ਕਮਾਇੰਦਾ । ਆਪੇ ਜਾਣੇ ਸਚ ਵਿਹਾਰ, ਬਿਵਹਾਰੀ ਧਾਰ ਚਲਾਇੰਦਾ । ਸੋਭਾਵੰਤ ਸੁਲੱਖਣੀ ਨਾਰ, ਸਾਚੇ ਦਰ ਬਹਾਇੰਦਾ । ਇਕ ਕਰਾਏ ਸਤਿ ਸ਼ਿੰਗਾਰ, ਸੋਲਾਂ ਸ਼ਿੰਗਾਰ ਮੁਖ ਸ਼ਰਮਾਇੰਦਾ । ਆਪਣਾ ਦੇਵੇ ਦਰਸ ਦਿਦਾਰ, ਨੈਣ ਨੈਣਾਂ ਨਾਲ ਮਿਲਾਇੰਦਾ । ਗੁਰਮੁਖ ਨੈਣ ਹੋਏ ਸ਼ਰਮਸਾਰ, ਚਰਨ ਕਵਲ ਧਿਆਨ ਰਖਾਇੰਦਾ । ਤੇਰੀ ਓਟ ਮੇਰੇ ਭਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਤੇਰੀ ਓਟ ਮੇਰੇ ਮਾਹੀ, ਮੈਂ ਇਕੋ ਆਸ ਤਕਾਈਆ । ਧੰਨ ਭਾਗ ਤੂੰ ਪਰਨਾਈ, ਮੈਂ ਤੇਰੀ ਇਕ ਅਖਵਾਈਆ । ਜਨਮ ਜਨਮ ਦੀ ਧੋਈ ਸ਼ਾਹੀ, ਦੁਰਮਤ ਮੈਲ ਰਹੀ ਨਾ ਰਾਈਆ । ਬਣ ਨਿਮਾਣੀ ਤੇਰੀ ਸੇਵ ਕਮਾਈ, ਤੂੰ ਨਿਮਾਣਿਆਂ ਹੋਏਂ ਸਹਾਈਆ । ਬਣ ਰਾਣੀ ਤੇਰੇ ਘਰ ਵਿਚ ਆਈ, ਹਾਣੀਆਂ ਹਾਣ ਮਿਲਾਈਆ । ਜੁਗ ਦੀ ਵਿਛੜੀ ਆਪ ਪਛਾਣੀ, ਪਛੋਤਾਵਾ ਦਿਤਾ ਮੁਕਾਈਆ । ਕੋਟਨ ਕੋਟ ਜਨਮ ਤੇਰੀ ਸੁਣਦੀ ਰਹੀ ਬਾਣੀ, ਬਿਨ ਤੇਰੇ ਡਿਠਿਆਂ ਸਾਂਤ ਨਾ ਆਈਆ । ਅਠਸਠ ਤੀਰਥ ਫੋਲਦੀ ਰਹੀ ਪਾਣੀ, ਤੇਰਾ ਅੰਮ੍ਰਿਤ ਨਾ ਕੋਇ ਪਿਆਈਆ । ਕੋਟਨ ਕੋਟ ਵਾਰ ਕੰਤ ਹੰਢਾਇਆ ਜਗਤ ਸਵਾਣੀ ਝੂਠੀ

ਸੇਜ ਹੰਢਾਈਆ । ਜੁਗ ਚੌਕੜੀ ਤੇਰੀ ਵਿਹਾਣੀ, ਤੇਰਾ ਭੇਵ ਕੋਇ ਨਾ ਪਾਈਆ । ਕਲਜੁਗ ਅੰਤਮ ਹੋਈ ਮਿਹਰਵਾਨੀ, ਮਿਹਰਵਾਨ ਦਿਤੀ ਵਡਿਆਈਆ । ਆਪਣੀ ਸੁਣਾਈ ਅਕੱਥ ਕਹਾਣੀ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੱਲਾ ਨਾ ਕਦੇ ਛੁਡਾਈਆ । ਤੇਰਾ ਪੱਲੂ ਲਿਆ ਫੜ, ਕੰਤ ਸੁਹਾਗੀ ਹਰਿ ਕੰਤੂਹਲ । ਤੇਰੇ ਮੰਦਰ ਆਈ ਚੜ੍ਹ, ਮੈਂ ਬਾਲੀ ਬੁੱਧ ਅਨਭੂਲ । ਜਦ ਵੇਖਾਂ ਮੈਨੂੰ ਆਵੇ ਡਰ, ਮੇਰਾ ਹੀਆ ਜਾਏ ਡੋਲ । ਤੂੰ ਆਪਣੀ ਕਿਰਪਾ ਇਕੋ ਵਾਰ ਕਰ, ਮੈਂ ਰਹਾਂ ਸਦਾ ਅਤੋਲ । ਤੇਰੇ ਚਰਨ ਨੁਹਾਵਾਂ ਸਾਚੇ ਸਰ, ਤੇਰੇ ਚਰਨ ਜਾਵਾਂ ਮੌਲ । ਤੂੰ ਮਿਲਿਆ ਮੈਨੂੰ ਇਕੋ ਵਰ, ਮੇਰਾ ਪੂਰਾ ਕੀਤਾ ਕੌਲ । ਲੋਕਮਾਤ ਧੀਆਂ ਪੁੱਤਰ ਜਨ, ਜੰਮੀ ਮਰੀ ਉਪਰ ਧੌਲ । ਅੰਤ ਕਲਜੁਗ ਤੇਰੇ ਨਾਲ ਗਈ ਮੰਨ, ਤੁਧ ਬਿਨ ਮੇਰੀ ਸੁਣੇ ਕੌਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਠੰਡੀ ਪੌਣ । ਦਰ ਤੇਰੇ ਦੀ ਮੈਂ ਪਿਆਸੀ, ਪੀਆ ਪੀਆ ਰਹੀ ਕੁਰਲਾਈਆ । ਲੋਕਮਾਤ ਜੀਵ ਜੰਤ ਕਰਨ ਹਾਸੀ, ਫਿਰਦੀ ਵਾਂਗ ਸ਼ੌਦਾਈਆ । ਇਹਨਾਂ ਵਿਚੋਂ ਕਰ ਮੇਰੀ ਬੰਦ ਖ਼ਲਾਸੀ, ਬੰਦੀਖ਼ਾਨਾ ਦੇ ਤੁੜਾਈਆ । ਤੇਰੀ ਜੋਤ ਮਾਤ ਪਰਕਾਸ਼ੀ, ਮੇਰਾ ਅੰਧੇਰਾ ਦੇ ਗਵਾਈਆ । ਤੂੰ ਕਿਸੇ ਨਾ ਲੱਭਿਆ ਪੰਡਤ ਕਾਂਸ਼ੀ, ਮੁਲਾਂ ਸ਼ੇਖ਼ ਰਾਹ ਤਕਾਈਆ । ਤੂੰ ਲੁਕਿਆ ਬਣ ਘਨਕਪੁਰ ਵਾਸੀ, ਘਨੱਯਾ ਤੇਰੀ ਸੇਵ ਕਮਾਈਆ । ਤੇਰੀ ਉਡੀਕ ਰੱਖੀ ਖ਼ਾਸੀ, ਨੇਤਰ ਨੈਣ ਨੈਣ ਉਠਾਈਆ । ਮੈਂ ਤੇਰੇ ਬਿਨਾ ਹੋਈ ਉਦਾਸੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਤੇਰੇ ਵਿਛੋੜੇ ਨਾਲੋਂ ਚੰਗੀ ਫਾਂਸੀ, ਆਪਣੀ ਹੱਥੀਂ ਫੱਟੇ ਉਤੇ ਦੇ ਚੜ੍ਹਾਈਆ । ਨਹੀਂ ਤੇ ਕਰ ਚਰਨ ਦਾਸੀ, ਸਾਚੀ ਸੇਵਾ ਇਕ ਸਮਝਾਈਆ । ਜਿਉਂ ਗੁਰਮੁਖ ਆਤਮ ਹੋਈ ਪਿਆਸੀ, ਤਿਉਂ ਸੰਗਤ ਰਹੀ ਬਿਲਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਪੁਰਖ ਅਬਿਨਾਸ਼ੀ ਕਹੇ ਮੈਂ ਜੋਬਨਵੰਤ, ਮੇਰਾ ਜੋਬਨ ਨਾ ਕਿਸੇ ਹੰਢਾਇਆ । ਮੈਂ ਆਦਿ ਜੁਗਾਦੀ ਇਕੋ ਕੰਤ, ਗੁਰਮੁਖ ਵਿਰਲੇ ਪਾਇਆ । ਕੋਟਨ ਕੋਟੀ ਬਣੇ ਰਹੇ ਮੰਗਤ, ਅੱਗੇ ਝੋਲੀ ਰਹੇ ਡਾਹਿਆ । ਮੈਂ ਕਿਸੇ ਨਾ ਲਾਇਆ ਅੰਗਤ, ਅੰਗੀਕਾਰ ਨਾ ਕੋਇ ਕਰਾਇਆ । ਗੁਰ ਅਵਤਾਰਾਂ ਦਿਤੀ ਰੰਗਤ, ਲੋਕਮਾਤ ਰੰਗ ਚੜ੍ਹਾਇਆ । ਕਲਜੁਗ ਅੰਤ ਹਰਿ ਸੰਗਤ ਬਣਾਈ ਸੰਗਤ, ਸੰਗ ਆਪਣਾ ਆਪ ਰਖਾਇਆ । ਆਪੇ ਬਣਿਆ ਹਰਿ ਪ੍ਰਬੰਧਕ, ਸਾਚੀ ਸੇਵਾ ਆਪ ਕਮਾਇਆ । ਆਪੇ ਬਣਿਆ ਹਰਿ ਜੂ ਪੰਡਤ, ਪੜ੍ਹ ਪੜ੍ਹ ਆਪਣਾ ਭੇਵ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਰਿਹਾ ਜਣਾਇਆ । ਦੋ ਜਹਾਨਾਂ ਸੱਚਾ ਲਾੜਾ, ਇਕੋ ਇਕ ਅਖਵਾਈਆ । ਜੁਗ ਜੁਗ ਸਾਰੇ ਕੱਢਦੇ ਗਏ ਹਾੜਾ, ਅੱਗੇ ਸੀਸ ਝੁਕਾਈਆ । ਨਿਉਂ ਨਿਉਂ ਕਰਦੇ ਗਏ ਨਿਮਸਕਾਰਾ, ਚਰਨ ਧੂੜ ਮਸਤਕ ਟਿੱਕਾ ਲਾਈਆ । ਕਲਜੁਗ ਅੰਤਮ ਖੇਲ ਨਿਆਰਾ, ਨਿਰਗੁਣ ਆਪਣਾ ਆਪ ਵਖਾਈਆ । ਜਨ ਭਗਤਾਂ ਕਰੇ ਸਚ ਪਿਆਰਾ, ਆਪਣੀ ਭਗਤੀ ਆਪ ਜਣਾਈਆ । ਮੇਲ ਮਿਲਾਇਆ ਪਹਿਲੀ ਵਾਰਾ, ਸਤਿਜੁਗ ਸਾਚੀ ਧਾਰ ਵਖਾਈਆ । ਕਾਗਦ ਕਲਮ ਨਾ ਲਿਖਣਹਾਰਾ, ਸਮੁੰਦ ਸਾਗਰ ਸ਼ਾਹੀ ਰਹੀ ਕੁਰਲਾਈਆ । ਬਨਾਸਪਤ ਰੋਵੇ ਜ਼ਾਰੋ ਜ਼ਾਰਾ, ਅਠਾਰਾਂ ਭਾਰ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਆਪਣੇ ਅਨੰਦ ਸਮਾਈਆ ।

੩੯
੧੧

★ ੬ ਮੱਘਰ ੨੦੧੮ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਏਕਾ ਓਟ ਹਰਿ ਹਰਿ ਸਵਾਮੀ, ਦੂਸਰ ਓਟ ਨਾ ਕੋਇ ਰਖਾਈਆ । ਆਦਿ ਜੁਗਾਦਿ ਸਦਾ ਨਿਹਕਾਮੀ, ਨਿਹਕਰਮੀ ਕਰਮ ਕਮਾਈਆ । ਘਟ ਘਟ ਅੰਤਰ ਅੰਤਰਜਾਮੀ, ਇਕ ਇਕੱਲਾ ਬੇਪਰਵਾਹੀਆ । ਨਾਦ ਅਨਾਦ ਸੁਣਾਏ ਅਗੰਮੀ ਬਾਣੀ, ਸ਼ਬਦੀ ਸ਼ਬਦ ਧੁਨ ਸ਼ਨਵਾਈਆ । ਅੰਮ੍ਰਿਤ ਦੇਵੇ ਠੰਡਾ ਪਾਣੀ, ਸਰ ਸਰੋਵਰ ਇਕ ਨੁਹਾਈਆ । ਆਤਮ ਪਰਮਾਤਮ ਜਾਣ ਜਾਣੀ, ਜਾਣਨਹਾਰ ਵਡ ਵਡਿਆਈਆ । ਏਕਾ ਦੇਵੇ ਸਚ ਨਿਸ਼ਾਨੀ, ਨਾਮ ਨਿਧਾਨਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਇਕ ਅਖਵਾਈਆ । ਸਚ ਸਵਾਮੀ ਹਰਿ ਭਗਵੰਤ, ਏਕਾ ਰੰਗ ਸਮਾਇਆ । ਆਦਿ ਜੁਗਾਦਿ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਇਆ । ਹਰਿਜਨ ਜਾਣੇ ਵਿਰਲਾ ਸੰਤ, ਜਿਸ ਜਨ ਆਪਣੀ ਬੂਝ ਬੁਝਾਇਆ । ਗੜ੍ਹ ਤੋੜੇ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਇਆ । ਤਨ ਚਾੜ੍ਹੇ ਨਾਮ ਰੰਗਤ, ਰੰਗ ਰੰਗੀਲਾ ਇਕ ਰੰਗਾਇਆ । ਮੇਲ ਮਿਲਾਵਾ ਸਾਚੀ ਸੰਗਤ, ਹਰਿ ਸੱਜਣ ਦਏ ਕਰਾਇਆ । ਨਾਤਾ ਤੋੜੇ ਭੁੱਖ ਨੰਗਤ, ਸਾਚੀ ਵਸਤ ਝੋਲੀ ਪਾਇਆ । ਮਾਣਸ ਜਨਮ ਨਾ ਹੋਏ ਭੰਗਤ, ਲੱਖ ਚੁਰਾਸੀ ਦਏ ਕਟਾਇਆ । ਇਕ ਜਣਾਏ ਆਪਣਾ ਅਨੰਦਤ, ਨਿਜ ਆਤਮ ਕਰ ਰੁਸ਼ਨਾਇਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹ ਪੜ੍ਹ ਹੱਥ ਕਿਸੇ ਨਾ ਆਇਆ । ਜਿਸ ਜਨ ਬਣਾਏ ਆਪੇ ਬਣਤ, ਤਿਸ ਸਤਿਗੁਰ ਲਏ ਮਿਲਾਇਆ । ਕਰੇ ਖੇਲ ਜੁਗਾ ਜੁਗੰਤ, ਹਰਿਜਨ ਸਾਚੇ ਲਏ ਉਠਾਇਆ । ਏਕਾ ਨਾਮ ਮਣੀਆਂ ਮੰਤ, ਮਨ ਕਾ ਮਣਕਾ ਦਏ ਭੁਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਸਚ ਸਵਾਮੀ ਨਾਉਂ ਧਰਾਇਆ । ਸਚ ਸਵਾਮੀ ਸ੍ਰੀ ਭਗਵਾਨ, ਏਕਾ ਰੰਗ ਸਮਾਇੰਦਾ । ਆਦਿ ਜੁਗਾਦੀ ਧੁਰ ਫ਼ਰਮਾਣ, ਹਰਿਜਨ ਸਾਚੇ ਆਪ ਸੁਣਾਇੰਦਾ । ਕਾਇਆ ਮੰਦਰ ਬੈਠ ਮਕਾਨ, ਸਚ ਸਿੰਘਾਸਣ ਆਸਣ ਲਾਇੰਦਾ । ਏਕਾ ਨਾਦ ਸ਼ਬਦ ਧੁਨ ਕਾਨ, ਧੁਨ ਆਤਮਕ ਰਾਗ ਸੁਣਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਨਿਝਰ ਝਿਰਨਾ ਆਪ ਝਿਰਾਇੰਦਾ । ਆਤਮ ਜੋਤੀ ਨੂਰ ਮਹਾਨ, ਜੋਤ ਨਿਰੰਜਣ ਡਗਮਗਾਇੰਦਾ । ਲੇਖਾ ਜਾਣੇ ਧੁਰ ਦੀ ਬਾਣ, ਧੁਰ ਦਾ ਲੇਖਾ ਆਪਣੇ ਹੱਥ ਰਖਾਇੰਦਾ । ਖੇਲੇ ਖੇਲ ਦੋ ਜਹਾਨ, ਦੋ ਜਹਾਨਾਂ ਵਾਲੀ ਅਖਵਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਮਾਰ ਧਿਆਨ, ਮੰਡਲ ਮੰਡਪ ਸੋਭਾ ਪਾਇੰਦਾ । ਹਰਿਜਨ ਹਰਿ ਜੂ ਬਿਨ ਪੜ੍ਹਿਆਂ ਦੇਵੇ ਗਿਆਨ, ਆਤਮ ਤਾਕ ਆਪ ਖੁਲ੍ਹਾਇੰਦਾ । ਨੇਤਰ ਖੋਲ੍ਹ ਇਕ ਮਿਹਰਵਾਨ, ਦੋਏ ਲੋਚਣ ਬੰਦ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਨਾਉਂ ਧਰਾਇੰਦਾ । ਸਚ ਸਵਾਮੀ ਪਾਰਬ੍ਰਹਮ, ਪਰਮ ਪੁਰਖ ਵਡੀ ਵਡਿਆਈਆ । ਆਦਿ ਜੁਗਾਦੀ ਜਾਣੇ ਆਪਣਾ ਕੰਮ, ਜੁਗ ਜੁਗ ਆਪਣਾ ਵੇਸ ਵਟਾਈਆ । ਨਾ ਮਰੇ ਨਾ ਪਏ ਜੰਮ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਆਪ ਪਰਗਟਾਏ ਆਪਣਾ ਨਾਮ, ਨਾਉਂ ਨਿਰੰਕਾਰਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਆਪਣਾ ਭੇਵ ਚੁਕਾਈਆ । ਸਚ ਸਵਾਮੀ ਆਪਣਾ ਨਾਉਂ ਰੱਖ, ਹਰਿ ਸਾਚਾ ਖੇਲ ਖਲਾਇੰਦਾ । ਸਚਖੰਡ ਦੁਆਰੇ ਹੋ ਪਰਤੱਖ, ਨਿਰਗੁਣ ਆਪਣਾ ਨੂਰ ਡਗਮਗਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ

ਸਵਾਮੀ ਖੇਲ ਖਲਾਇੰਦਾ । ਸਚ ਸਵਾਮੀ ਆਦਿ ਨਿਰੰਜਣ, ਆਦਿ ਪੁਰਖ ਵਡੀ ਵਡਿਆਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਦਰਦ ਦੁੱਖ ਭੈ ਭੰਜਨ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜਨ ਭਗਤਾਂ ਦੇਵੇ ਨੇਤਰ ਨਾਮ ਅੰਞਣ, ਅਗਿਆਨ ਅੰਧੇਰ ਮਿਟਾਈਆ । ਚਰਨ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਧੁਵਾਈਆ । ਦੀਨਾਂ ਨਾਥ ਦਰਦ ਦੁੱਖ ਭੈ ਭੰਜਨ, ਦੀਨਨ ਹੋਏ ਸਹਾਈਆ । ਏਥੇ ਓਥੇ ਦੋ ਜਹਾਨਾਂ ਸਾਚਾ ਸੱਜਣ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਵਡ ਵਡਿਆਈਆ । ਸਚ ਸਵਾਮੀ ਸੂਰਬੀਰ, ਏਕਾ ਪੁਰਖ ਅਖਵਾਇੰਦਾ । ਇਕ ਇਕੱਲਾ ਬੇਨਜ਼ੀਰ, ਨਜ਼ਰ ਵਿਚ ਕਿਸੇ ਨਾ ਆਇੰਦਾ । ਬਦਲਣਹਾਰਾ ਆਪ ਤਕਦੀਰ, ਤਦਬੀਰ ਆਪਣੇ ਹੱਥ ਵਖਾਇੰਦਾ । ਵੇਖਣਹਾਰ ਆਪ ਤਕਸੀਰ, ਸ਼ਰਅ ਜ਼ੰਜੀਰ ਆਪ ਕਟਾਇੰਦਾ । ਜਲਵਾ ਦੇਵੇ ਇਕ ਨੂਰ ਜ਼ਹੂਰ ਜ਼ਹੀਰ, ਜ਼ਾਹਰਾ ਆਪਣੀ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਸਵਾਮੀ ਨਾਉਂ ਧਰਾਇੰਦਾ । ਸਚ ਸਵਾਮੀ ਬੇਐਬ ਪਰਵਰਦਿਗਾਰ, ਏਕਾ ਏਕ ਵਡੀ ਵਡਿਆਈਆ । ਮੁਕਾਮੇ ਹੱਕ ਵਸੇ ਸਾਂਝਾ ਯਾਰ, ਬੇਐਬ ਨਾਮ ਖ਼ੁਦਾਈਆ । ਖੇਲੇ ਖੇਲ ਅਪਰ ਅਪਾਰ, ਅਗੰਮ ਅਗੰਮੜੀ ਧਾਰ ਚਲਾਈਆ । ਰਾਮ ਰੂਪ ਆਪ ਨਿਰੰਕਾਰ, ਹਰ ਘਟ ਰਮਿਆਂ ਸੱਚਾ ਸਾਈਆਂ । ਵੇਖੇ ਵਿਗਸੇ ਕਰੇ ਵਿਚਾਰ, ਵੇਖਣਹਾਰਾ ਦਿਸ ਨਾ ਆਈਆ । ਸਚਖੰਡ ਨਿਰਗੁਣ ਜੋਤ ਕਰ ਉਜਿਆਰ, ਸਾਚਾ ਬੰਕ ਕਰੇ ਰੁਸ਼ਨਾਈਆ । ਥਿਰ ਘਰ ਸਾਚਾ ਖੋਲ੍ਹ ਕਿਵਾੜ, ਦਰ ਦੁਵਾਰਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਦਰ ਘਰ ਸਾਚਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਆਪੇ ਵਸੇ ਨਾਰੀ ਕੰਤ, ਕੰਤ ਕੰਤੂਹਲ ਆਪਣਾ ਖੇਲ ਕਰਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸਾਚਾ ਹਰਿ, ਸਚ ਸਵਾਮੀ ਆਪਣੇ ਰੰਗ ਸਮਾਇੰਦਾ । ਆਪਣੇ ਰੰਗ ਰਵੇ ਕਰਤਾਰ, ਕਰਤਾ ਪੁਰਖ ਵਡੀ ਵਡਿਆਈਆ । ਮਹੱਲ ਅਟੱਲ ਉਚ ਮਨਾਰ, ਸਚਖੰਡ ਦੁਆਰ ਸਾਚੇ ਸੋਭਾ ਪਾਈਆ । ਨਾ ਕੋਈ ਦੀਸੇ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਛੁਹਾਈਆ । ਸੂਰਜ ਚੰਨ ਨਾ ਕੋਇ ਉਜਿਆਰ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਪ੍ਰਿਥਮੀ ਆਕਾਸ਼ ਨਾ ਕੋਇ ਵਿਹਾਰ, ਗਗਨ ਮੰਡਲ ਨਾ ਸੋਭਾ ਪਾਈਆ । ਏਕੰਕਾਰਾ ਇਕ ਇਕੱਲਾ ਕਰ ਪਸਾਰ, ਆਪ ਆਪਣਾ ਵੇਖ ਵਖਾਈਆ । ਸ਼ਾਹੋ ਭੂਪ ਬਣ ਸਿਕਦਾਰ, ਸ਼ਾਹ ਸੁਲਤਾਨ ਨਾਉਂ ਅਖਵਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਸਾਚਾ ਹੁਕਮ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਸਚ ਸੁਵਾਮੀ ਸਦਾ ਸਾਲਾਹੀਆ । ਸਚ ਸਵਾਮੀ ਸਾਲਾਹਣ ਯੋਗ, ਭੇਵ ਕੋਇ ਨਾ ਪਾਇੰਦਾ । ਨਾ ਕੋਈ ਰਸ ਨਾ ਕੋਈ ਭੋਗ, ਬਿਲਾਸ ਰੂਪ ਨਾ ਕੋਇ ਵਟਾਇੰਦਾ । ਨਾ ਕੋਈ ਸੰਜੋਗ ਨਾ ਵਿਜੋਗ, ਵਿਛੋੜਾ ਕਦੇ ਨਾ ਹੱਥ ਰਖਾਇੰਦਾ । ਨਾ ਕੋਈ ਮੁਕਤ ਨਾ ਕੋਈ ਮੋਖ, ਆਪਣੀ ਜੋਤ ਰੂਪ ਨਾ ਕੋਇ ਵਟਾਇੰਦਾ । ਨਾ ਕੋਈ ਹਰਖ ਨਾ ਕੋਈ ਸੋਗ, ਚਿੰਤਾ ਰੋਗ ਨਾ ਕੋਇ ਜਣਾਇੰਦਾ । ਨਾ ਕੋਈ ਕਿਲਾ ਨਾ ਕੋਈ ਕੋਟ, ਮੰਦਰ ਮੱਠ ਨਾ ਕੋਇ ਰਖਾਇੰਦਾ । ਨਾ ਕੋਈ ਨਾਦ ਸ਼ਬਦ ਧੁਨ ਸਲੋਕ, ਗੀਤ ਗੋਬਿੰਦ ਨਾ ਕੋਇ ਅਲਾਇੰਦਾ । ਨਾ ਕੋਈ ਨਗਾਰਾ ਨਾ ਕੋਈ ਚੋਟ, ਨਾ ਕੋਈ ਤਾਲ ਤਲਵਾੜਾ ਵਜਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਿਰਮਲ ਜੋਤ, ਦੂਜਾ ਰੂਪ ਨਾ ਕੋਇ

ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਇਕੋ ਹਰਿ, ਹਰਿ ਸਚ ਸਵਾਮੀ ਖੇਲ ਕਰਾਇੰਦਾ । ਸਚ ਸਵਾਮੀ ਖੇਲੇ ਖੇਲ, ਆਦਿ ਪੁਰਖ ਵਡੀ ਵਡਿਆਈਆ । ਨਿਰਗੁਣ ਦੀਪਕ ਜੋਤ ਜਗੇ ਬਿਨ ਬਾਤੀ ਤੇਲ, ਹਰਿ ਪੁਰਖ ਨਿਰੰਜਣ ਆਪ ਜਗਾਈਆ । ਏਕੰਕਾਰਾ ਵਸੇ ਧਾਮ ਨਵੇਲ, ਸਚਖੰਡ ਦੁਆਰੇ ਆਸਣ ਲਾਈਆ । ਆਦਿ ਨਿਰੰਜਣ ਅਚਰਜ਼ ਖੇਲ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪ ਕਰਾਈਆ । ਸ੍ਰੀ ਭਗਵਾਨ ਸੱਜਣ ਸੁਹੇਲ, ਆਦਿ ਜੁਗਾਦਿ ਨਾ ਮਰੇ ਨਾ ਜਾਈਆ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣਾ ਵਕਤ ਵੇਲ, ਥਿਤ ਵਾਰ ਨਾ ਕੋਇ ਵਖਾਈਆ । ਪਾਰਬ੍ਰਹਮ ਬ੍ਰਹਮ ਮੇਲਾ ਮੇਲ, ਮਿਲ ਮਿਲ ਸਾਚਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਇਕੋ ਹਰਿ, ਸਚ ਸਵਾਮੀ ਆਪਣੇ ਘਰ ਸੋਭਾ ਪਾਈਆ । ਸਾਚਾ ਘਰ ਧੁਰ ਦਰਬਾਰਾ, ਧੁਰ ਦਰਬਾਰੀ ਆਪ ਬਣਾਇੰਦਾ । ਇਕ ਇਕੱਲਾ ਵਸੇ ਏਕੰਕਾਰਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਆਪੇ ਪੁਰਖ ਆਪੇ ਨਾਰਾ, ਕੰਤ ਕੰਤੂਹਲ ਆਪੇ ਸੇਜ ਹੰਢਾਇੰਦਾ । ਆਪੇ ਦਾਈ ਦਾਇਆ ਬਣ ਸੱਚੀ ਸਰਕਾਰਾ, ਸੇਵਕ ਸਾਚੀ ਸੇਵ ਕਮਾਇੰਦਾ । ਆਪੇ ਜਨਨੀ ਜਨ ਕਰੇ ਪ੍ਰਿਤਪਾਲਾ, ਪਿਤਾ ਪੂਤ ਗੋਦ ਸੁਹਾਇੰਦਾ । ਆਪੇ ਵਣਜ ਆਪ ਵਪਾਰਾ, ਆਪੇ ਸਾਚਾ ਹੱਟ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਇਕੋ ਹਰਿ, ਸਚ ਸਵਾਮੀ ਭੇਵ ਚੁਕਾਇੰਦਾ । ਸਚ ਸਵਾਮੀ ਭੇਵ ਖੋਲ੍ਹ, ਅਭੇਦ ਆਪ ਜਣਾਈਆ । ਆਪਣੇ ਅੰਦਰ ਆਪੇ ਮੌਲ, ਆਪਣਾ ਘਰ ਵਸਾਈਆ । ਆਪੇ ਜਾਣੇ ਆਪਣਾ ਕੌਲ, ਆਪਣੀ ਕਰਨੀ ਆਪ ਰਖਾਈਆ । ਆਪੇ ਤੋਲੇ ਆਪਣਾ ਤੋਲ, ਤੋਲਣਹਾਰ ਬੇਪਰਵਾਹੀਆ । ਆਪੇ ਪਰਦਾ ਆਪੇ ਓਹਲ, ਆਪੇ ਨੂਰ ਨੁਰਾਨਾ ਡਗਮਗਾਈਆ । ਆਪੇ ਵਸੇ ਸਦਾ ਕੋਲ, ਆਪੇ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਦਇਆ ਕਮਾਈਆ । ਸਚ ਸਵਾਮੀ ਦਇਆ ਕਮਾ, ਆਪਣਾ ਰੰਗ ਵਖਾਇਆ । ਸੁਤ ਦੁਲਾਰਾ ਏਕਾ ਜਾ, ਸ਼ਬਦੀ ਨਾਉਂ ਧਰਾਇਆ । ਥਿਰ ਘਰ ਸਾਚੇ ਦਿਤਾ ਬਹਾ, ਸਿਰ ਆਪਣਾ ਹੱਥ ਰਖਾਇਆ । ਏਕਾ ਗੁਣ ਦਿਤਾ ਜਣਾ, ਅਭੁਲ ਭੁੱਲ ਕਦੇ ਨਾ ਜਾਈਆ । ਸਾਚਾ ਮਾਰਗ ਇਕ ਵਖਾ, ਏਕਾ ਰਾਹ ਚਲਾਇਆ । ਏਕਾ ਵਸਤ ਝੋਲੀ ਪਾ, ਸਚ ਭੰਡਾਰ ਭਰਾਇਆ । ਏਕਾ ਢੋਲਾ ਆਪ ਸੁਣਾ, ਸਾਚਾ ਨਾਉਂ ਦ੍ਰਿੜਾਇਆ । ਏਕਾ ਚੋਲਾ ਆਪ ਬਦਲਾ, ਰੂਪ ਅਨੂਪ ਆਪ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਦਏ ਵਡਿਆਇਆ । ਥਿਰ ਘਰ ਵਸੇ ਸ਼ਬਦੀ ਸੁਤ, ਪੁਰਖ ਅਬਿਨਾਸ਼ੀ ਆਪ ਬਹਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਬੇਅੰਤ ਵਡੀ ਵਡਿਆਈਆ । ਘਰ ਵਿਚ ਘਰ ਸੋਹੇ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਨਾ ਕੋਈ ਕਾਇਆ ਨਾ ਕੋਈ ਬੁੱਤ, ਹਰਿ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਸਾਚੀ ਵਸਤ ਵਰਤਾਈਆ । ਸਾਚੀ ਵਸਤ ਹਰਿ ਨਿਰੰਕਾਰ, ਸ਼ਬਦੀ ਸੁਤ ਵਰਤਾਇੰਦਾ । ਤ੍ਰੈ ਤ੍ਰੈ ਮੇਲਾ ਏਕਾ ਵਾਰ, ਏਕਾ ਗੁਣ ਵਖਾਇੰਦਾ । ਮੇਰਾ ਰੂਪ ਨਿਰਾਕਾਰ, ਨਿਰਵੈਰ ਆਪ ਜਣਾਇੰਦਾ । ਮੇਰਾ ਨਾਉਂ ਅਗੰਮੀ ਨਾਦ, ਅਨਾਦੀ ਨਾਦ ਵਜਾਇੰਦਾ । ਤੇਰਾ ਖੇਲ ਵਿਚ ਬ੍ਰਹਿਮਾਂਡ, ਪਾਰਬ੍ਰਹਮ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਬੂਝ ਬੁਝਾਇੰਦਾ । ਸਚ ਸਵਾਮੀ ਦੱਸੇ ਰਾਹ, ਏਕਾ ਗੁਣ ਜਣਾਇਆ । ਸੁਤ ਦੁਲਾਰੇ ਬਣ ਮਲਾਹ, ਸਾਚਾ ਬੇੜਾ

ਰਿਹਾ ਵਖਾਇਆ । ਨਿਰਗੁਣ ਨਿਰਗੁਣ ਪਕੜੇ ਬਾਂਹ, ਸਾਚੀ ਸੇਵ ਕਮਾਇਆ । ਕਰੇ ਖੇਲ ਬੇਪਰਵਾਹ, ਭੇਵ ਕੋਇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਵਖਾਇਆ । ਸਾਚਾ ਰਾਹ ਸ੍ਰੀ ਭਗਵਾਨ, ਏਕਾ ਵਾਰ ਜਣਾਈਆ । ਨਿਰਗੁਣ ਸਰਗੁਣ ਵੇਖ ਨਿਸ਼ਾਨ, ਗੁਣ ਅਵਗੁਣ ਦਏ ਸਮਝਾਈਆ । ਬੰਸ ਸਰਬੰਸ ਕਰ ਪਰਵਾਨ, ਵਸਤ ਅਮੋਲਕ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਬੰਧਾਈਆ । ਸਾਚੀ ਧਾਰ ਚਲੇ ਅਪਾਰ, ਅਪਰੰਪਰ ਆਪ ਜਣਾਇੰਦਾ । ਸ਼ਬਦੀ ਖੇਲ ਹੋਏ ਵਿਚਾਰ, ਲੇਖਾ ਲੇਖ ਨਾ ਕੋਇ ਰਖਾਇੰਦਾ । ਭਗਵਨ ਰੂਪ ਕਰੇ ਅਪਾਰ, ਰੂਪ ਅਨੂਪ ਆਪ ਧਰਾਇੰਦਾ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪ ਹੋ ਜਾਇੰਦਾ । ਆਪੇ ਪੁਰਖ ਆਪੇ ਨਾਰ, ਜਨ ਜਨਨੀ ਆਪ ਅਖਵਾਇੰਦਾ । ਆਪੇ ਸੁਤ ਦੁਲਾਰਾ ਕਰੇ ਪਿਆਰ, ਸਾਚੀ ਗੋਦ ਆਪ ਬਹਾਇੰਦਾ । ਆਪੇ ਵਿਸ਼ਵ ਵਿਸ਼ਨੂੰ ਕਰ ਤਿਆਰ, ਆਪਣਾ ਰੰਗ ਵਖਾਇੰਦਾ । ਆਪੇ ਅੰਮ੍ਰਿਤ ਠੰਡਾ ਠਾਰ, ਸਚ ਪਿਆਲਾ ਆਪ ਪਿਆਇੰਦਾ । ਆਪੇ ਕਵਲ ਕਵਲਾ ਹੋ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਆਪੇ ਪਾਰਬ੍ਰਹਮ ਬ੍ਰਹਮ ਪਸਾਰ, ਬ੍ਰਹਮ ਆਪਣੀ ਵੰਡ ਵੰਡਾਇੰਦਾ । ਆਪੇ ਸ਼ੰਕਰ ਕਰ ਉਜਿਆਰ, ਸਾਖਯਾਤ ਰੂਪ ਹੋ ਆਇੰਦਾ । ਤਿੰਨਾਂ ਵਿਚੋਲਾ ਏਕਾ ਵਾਰ, ਏਕਾ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਵੇਸ ਵਟਾਇੰਦਾ । ਸਚ ਸਵਾਮੀ ਵੇਸ ਅਵੱਲਾ, ਏਕਾ ਏਕ ਕਰਾਇਆ । ਵਸਣਹਾਰਾ ਸਚ ਮਹੱਲਾ, ਦਰ ਘਰ ਸਾਚਾ ਆਪ ਸੁਹਾਇਆ । ਨਿਰਗੁਣ ਨਿਰਾਕਾਰ ਫੜਾਏ ਪੱਲਾ, ਪੱਲੂ ਆਪਣਾ ਗੰਢ ਪੁਵਾਇਆ । ਵਿਸ਼ਨ ਬ੍ਰਹਮਾ ਸ਼ਿਵ ਜੋਤੀ ਧਾਰ ਰਲਾ, ਨੂਰ ਨੁਰਾਨਾ ਨੂਰ ਸਮਾਇਆ । ਧੁਰ ਫ਼ਰਮਾਣਾ ਸਚ ਸੰਦੇਸ਼ ਏਕਾ ਘੱਲਾ, ਏਕਾ ਨਾਉਂ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇਆ । ਸਾਚਾ ਭੇਵ ਆਪੇ ਦੱਸ, ਹਰਿ ਜੂ ਆਪਣੀ ਦਇਆ ਕਮਾਈਆ । ਆਪੇ ਦਿਤਾ ਆਪਣਾ ਰਸ, ਰਸ ਰਸੀਆ ਆਪ ਹੋ ਜਾਈਆ । ਅੰਤਰ ਅੰਤਰ ਆਪੇ ਵਸ, ਆਪਣਾ ਨੂਰ ਕਰੇ ਰੁਸ਼ਨਾਈਆ । ਆਪੇ ਜੋਤ ਆਪ ਪਰਕਾਸ਼, ਆਪੇ ਰਿਹਾ ਡਗਮਗਾਈਆ । ਆਪੇ ਦਾਸੀ ਆਪੇ ਦਾਸ, ਆਪੇ ਸੇਵਕ ਸੇਵ ਕਮਾਈਆ । ਆਪੇ ਸ਼ਾਹੋ ਭੂਪ ਸ਼ਹਿਨਸ਼ਾਹ ਕਹੇ ਸ਼ਾਬਾਸ਼, ਸ਼ਾਹ ਸੁਲਤਾਨ ਵਡੀ ਵਡਿਆਈਆ । ਆਪੇ ਵਸੇ ਸਦਾ ਪਾਸ, ਆਪ ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਸਾਚਾ ਭੇਵ ਹਰਿ ਨਿਰੰਕਾਰਾ, ਆਪਣਾ ਆਪ ਜਣਾਇੰਦਾ । ਵਿਸ਼ਨੂੰ ਤੇਰਾ ਵਿਸ਼ਵ ਪਸਾਰਾ, ਸਾਚੀ ਸੇਵਾ ਇਕ ਰਖਾਇੰਦਾ । ਬ੍ਰਹਮਾ ਤੇਰਾ ਬ੍ਰਹਮ ਅਧਾਰਾ, ਪਾਰਬ੍ਰਹਮ ਸਮਝਾਇੰਦਾ । ਸ਼ੰਕਰ ਤੇਰੀ ਤਿੱਖੀ ਧਾਰਾ, ਨਾ ਕੋਈ ਮੇਟ ਮਿਟਾਇੰਦਾ । ਤਿੰਨਾਂ ਵਿਚੋਲਾ ਏਕੰਕਾਰਾ, ਏਕਾ ਰੰਗ ਵਖਾਇੰਦਾ । ਸਾਚੀ ਸੇਵਾ ਅਪਰ ਅਪਾਰਾ, ਹਰਿ ਸਾਚਾ ਸਚ ਸਮਝਾਇੰਦਾ । ਦੋਏ ਦੋਏ ਜੋੜ ਕਰ ਨਿਮਸਕਾਰਾ, ਤ੍ਰੈ ਤ੍ਰੈ ਏਕਾ ਮੰਗ ਮੰਗਾਇੰਦਾ । ਤ੍ਰੈ ਤ੍ਰੈ ਦੇਵੇ ਵਸਤ ਹਰਿ ਥਾਰਾ, ਥਿਰ ਘਰ ਸਾਚੇ ਆਪ ਵਰਤਾਇੰਦਾ । ਤ੍ਰੈ ਤ੍ਰੈ ਭਰ ਆਪ ਭੰਡਾਰਾ, ਸਤੋ ਰਜੋ ਤਮੋ ਝੋਲੀ ਪਾਇੰਦਾ । ਰਜੋ ਤਮੋ ਸਤੋ ਕਰਨ ਨਿਮਸਕਾਰਾ, ਨਿਵਣ ਸੋ ਅੱਖਰ ਇਕ ਵਖਾਇੰਦਾ । ਦਰ ਦਰਵੇਸ਼ ਬਣ ਭਿਖਾਰਾ, ਆਪਣੀ ਝੋਲੀ ਇਕ ਜਣਾਇੰਦਾ । ਤੂੰ ਸਾਹਿਬ ਦੇਵਣਹਾਰਾ, ਹਉਂ ਯਾਚਕ ਮੰਗ ਮੰਗਾਇੰਦਾ । ਅਤੁਟ ਤੇਰਾ ਭੰਡਾਰਾ, ਤੋਟ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਏਕਾ ਦੇਣਾ ਸਾਚਾ ਵਰ, ਸਾਚੀ ਮੰਗ ਏਕਾ ਵਾਰ ਮੰਗਾਇੰਦਾ । ਸਾਚੀ ਮੰਗ ਮੰਗੀ ਧੁਰ ਦਰਬਾਰ, ਧੁਰ ਦਰਬਾਰੀ ਦਇਆ ਕਮਾਈਆ । ਤ੍ਰੈਗੁਣ ਮੇਲਾ ਏਕਾ ਵਾਰ, ਏਕਾ ਘਰ ਮਿਲੇ ਵਡਿਆਈਆ । ਤ੍ਰੈਗੁਣ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਮੈਨੂੰ ਕਵਣ ਕਰੇ ਪਿਆਰ, ਮੇਰਾ ਸੰਗ ਕਵਣ ਨਿਭਾਈਆ । ਕਰ ਕਿਰਪਾ ਦੇ ਆਧਾਰ, ਤੇਰੇ ਹੱਥ ਵਡੀ ਵਡਿਆਈਆ । ਚੌਥਾ ਘਰ ਤੇਰਾ ਘਰ ਬਾਰ, ਓਥੇ ਕੋਇ ਰਹਿਣ ਨਾ ਪਾਈਆ । ਤੂੰ ਘਾੜਤ ਘੜਿਆ ਬਣ ਠਠਿਆਰ, ਸਾਡੀ ਬਣਤ ਬਣਾਈਆ । ਨਾ ਕੋਈ ਵੇਖੇ ਵੇਖਣਹਾਰ, ਨਜ਼ਰ ਵਿਚ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਦੇਣੀ ਵਰਤਾਈਆ । ਪਹਿਲੀ ਵਸਤ ਤੇਰਾ ਸਚਖੰਡ ਦੁਆਰਾ, ਦੂਜੇ ਥਿਰ ਘਰ ਮਿਲੇ ਵਡਿਆਈਆ । ਤੀਜੇ ਉਪਜਾਇਆ ਤੇਰਾ ਸ਼ਬਦੀ ਸੁਤ ਦੁਲਾਰਾ, ਚੌਥੇ ਵਿਸ਼ਨ ਬ੍ਰਹਮਾ ਸ਼ਿਵ ਹੋਈ ਕੁੜਮਾਈਆ । ਪੰਜਵੇਂ ਦੇਣਾ ਸਚ ਸਹਾਰਾ, ਪੰਜ ਤੱਤ ਨਾਉਂ ਰਖਾਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਕਰ ਪਿਆਰਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਤੇਰੇ ਦਰ ਜਗਾਈ ਅਲਖ, ਅਲੱਖ ਬੇਪਰਵਾਹਿਆ । ਸਾਡੀ ਲੈਣੀ ਪੱਤ ਰੱਖ, ਦਰ ਤੇਰੇ ਸੀਸ ਝੁਕਾਇਆ । ਆਪਣੇ ਨਾਲੋਂ ਕੀਤਾ ਵੱਖ, ਤ੍ਰੈਗੁਣ ਮਾਇਆ ਨਾਉਂ ਧਰਾਇਆ । ਸਾਡਾ ਭਾਂਡਾ ਨਾ ਰਹੇ ਸੱਖ, ਸਖਣੀ ਝੋਲੀ ਦੇ ਭਰਾਇਆ । ਮੈਂ ਤੇਰੇ ਚਰਨਾਂ ਰਹੀ ਤੱਕ, ਨੇਤਰ ਨੈਣਾਂ ਨੀਰ ਵਹਾਇਆ । ਤੂੰ ਦੇਣਾ ਮੇਰਾ ਹੱਕ, ਸਾਚੀ ਵੰਡਣ ਵੰਡ ਵੰਡਾਇਆ । ਪੰਜ ਤੱਤ ਮੇਰਾ ਸਾਥ, ਸਗਲਾ ਸੰਗ ਨਿਭਾਇਆ । ਨਿਰਗੁਣ ਸਰਗੁਣ ਚਲਾਉਣਾ ਰਾਥ, ਬਣ ਰਥਵਾਹੀ ਸੇਵ ਕਮਾਇਆ । ਆਪਣਾ ਮਾਰਗ ਦੇਣਾ ਦੱਸ, ਭੇਵ ਅਭੇਵ ਖੁਲ੍ਹਾਇਆ । ਮੇਰੀ ਪੂਰੀ ਕਰਨੀ ਆਸ, ਨਿਰਾਸ ਕੋਇ ਨਜ਼ਰ ਨਾ ਆਇਆ । ਮੈਂ ਰਹਾਂ ਤੇਰੀ ਦਾਸ, ਜੁਗ ਜੁਗ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਦੇਣਾ ਵਰ, ਦਰ ਤੇਰੇ ਸੀਸ ਝੁਕਾਇਆ । ਅਬਿਨਾਸ਼ੀ ਕਰਤਾ ਵਡ ਮਿਹਰਵਾਨ, ਆਪਣੀ ਦਇਆ ਕਮਾਈਆ । ਏਕਾ ਵਾਰ ਵੇਖੇ ਮਾਰ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਬਿਨ ਅੱਖਰ ਦੇਵੇ ਗਿਆਨ, ਬਿਨ ਰਸਨਾ ਕਰੇ ਪੜ੍ਹਾਈਆ । ਏਕਾ ਨਾਦ ਇਕ ਧੁਨਕਾਨ, ਏਕਾ ਰਾਗ ਦਏ ਸੁਣਾਈਆ । ਸਚ ਸੰਦੇਸ਼ਾ ਸੁਣ ਲੈ ਕਾਨ, ਭੁੱਲ ਕਦੇ ਨਾ ਜਾਈਆ । ਤੇਰਾ ਖੇਲ ਕਰਾਂ ਮਹਾਨ, ਮਹਿਮਾ ਜਗਤ ਦਿਆਂ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਆਪਣੇ ਨਾਂ ਕਰਨ ਪਰਧਾਨ, ਆਪਣੀ ਗੰਢ ਪਵਾਈਆ । ਪੰਜ ਤੱਤ ਤੇਰਾ ਨਿਸ਼ਾਨ, ਸਚ ਨਿਸ਼ਾਨਾ ਦਿਆਂ ਵਖਾਈਆ । ਵਿਸ਼ਨੂੰ ਦੇਵਾਂ ਇਕੋ ਦਾਨ, ਵਸਤ ਸਤਿ ਝੋਲੀ ਪਾਈਆ । ਬ੍ਰਹਮੇ ਬਖ਼ਸ਼ਾਂ ਏਕਾ ਮਾਣ, ਬ੍ਰਹਮ ਸਾਚੀ ਵੰਡ ਵੰਡਾਈਆ । ਸ਼ੰਕਰ ਦੇਵਾਂ ਇਕ ਮਾਣ, ਏਕਾ ਸ਼ਸਤਰ ਹੱਥ ਫੜਾਈਆ । ਬਣਾਂ ਵਿਚੋਲਾ ਹੋ ਮਿਹਰਵਾਨ, ਮੇਰੇ ਹੱਥ ਸੱਚੀ ਸ਼ਹਿਨਸ਼ਾਹੀਆ । ਤੇਰਾ ਖੇਲ ਵੇਖਾਂ ਵਿਚ ਜਹਾਨ, ਏਕਾ ਰੰਗ ਰੰਗਾਈਆ । ਲੋਕਮਾਤ ਕਰਾਂ ਪਰਧਾਨ, ਸਚ ਪਰਧਾਨਗੀ ਹੱਥ ਫੜਾਈਆ । ਤੂੰ ਜੁਗ ਜੁਗ ਨਾਰ ਬਣਿਆ ਰਕਾਨ, ਤੇਰਾ ਜੋਬਨ ਜਗਤ ਸਰਬ ਹੰਢਾਈਆ । ਤੂੰ ਲੱਖ ਚੁਰਾਸੀ ਵੜੇਂ ਮਕਾਨ, ਪੰਜ ਤੱਤ ਕਿਲਾ ਕੋਟ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਖੇਲ ਵੇਖ ਵਖਾਈਆ । ਧੰਨ ਭਾਗ ਪ੍ਰਭ ਦਿਤੀ ਦਾਤ, ਤ੍ਰੈਗੁਣ ਆਪਣਾ ਸੀਸ ਝੁਕਾਇਆ । ਤੂੰ ਸਾਹਿਬ ਮੇਰਾ ਕਮਲਾਪਾਤ, ਹਉਂ ਤੇਰੀ ਸੇਵ ਕਮਾਇਆ । ਮੇਰੀ ਨਾ ਕੋਈ ਵੱਖ ਰੱਖੀਂ ਜ਼ਾਤ, ਨਾ ਕੋਈ ਬੰਧਨ

੪੪
੧੧

ਬੰਧ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਨਿਮਾਣੀ ਸੀਸ ਝੁਕਾਇਆ । ਮੈਂ ਨਿਮਾਣੀ ਡਿੱਗੀ ਦਰ, ਦਰ ਆਪਣੀ ਅਲਖ ਜਗਾਈਆ । ਮੇਰੇ ਸਾਹਿਬ ਤੂੰ ਦਿਤਾ ਵਰ, ਵਡ ਤੇਰੀ ਵਡਿਆਈਆ । ਲੋਕਮਾਤ ਮਿਲਿਆ ਘਰ, ਲੱਖ ਚੁਰਾਸੀ ਡੇਰਾ ਲਾਈਆ । ਸਾਂਤਕ ਰੂਪ ਆਪੇ ਕਰ, ਸਤਿ ਸਤਿਵਾਦੀ ਗੁਣ ਸਮਝਾਈਆ । ਰਾਜਸ ਰੰਗ ਆਪੇ ਰੰਗ, ਵੇਖਾਂ ਖੇਲ ਚਾਈਂ ਚਾਈਆ । ਤਾਮਸ ਅਗਨੀ ਆਪੇ ਸੜ, ਆਪਣੀ ਅਗਨ ਬੁਝਾਈਆ । ਲੱਖ ਚੁਰਾਸੀ ਅੰਦਰ ਵੜ, ਵੜ ਆਪਣਾ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਅੰਤ ਲਏ ਮਿਲਾਈਆ । ਤ੍ਰੈਗੁਣ ਮਾਇਆ ਮੰਗੀ ਮੰਗ, ਪ੍ਰਭ ਅੱਗੇ ਸੀਸ ਝੁਕਾਇਆ । ਲੋਕਮਾਤ ਵਜਾਵਾਂ ਤੇਰਾ ਮਰਦੰਗ, ਹੱਥ ਡੋਰੂ ਡੰਕ ਉਠਾਇਆ । ਲੱਖ ਚੁਰਾਸੀ ਅੰਦਰ ਲੰਘ, ਆਪਣਾ ਪਰਦਾ ਦੇਵਾਂ ਪਾਇਆ । ਕੋਈ ਨਾ ਸੁਣੇ ਤੇਰਾ ਛੰਦ, ਤੇਰਾ ਗੀਤ ਨਾ ਕੋਇ ਅਲਾਇਆ । ਪੰਜ ਤੱਤ ਦੇਵਾਂ ਪਰਮਾਨੰਦ, ਰਸ ਭੋਗ ਬਲਾਸ ਵਖਾਇਆ । ਲੇਖਾ ਜਾਣਾਂ ਜ਼ੇਰਜ ਅੰਡ, ਉਤਭੁਜ ਸੇਤਜ ਆਪਣਾ ਰੰਗ ਚੜ੍ਹਾਇਆ । ਫੇਰਾਂ ਦਰੋਹੀ ਵਿਚ ਬ੍ਰਹਿਮੰਡ, ਗਗਨ ਪਤਾਲਾਂ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਅੰਤ ਲਏਂ ਮਿਲਾਇਆ । ਅੰਤਮ ਵੇਲਾ ਦੱਸ ਭਗਵਾਨ, ਤੇਰੇ ਅੱਗੇ ਰਹੀ ਕੁਰਲਾਈਆ । ਲੋਕਮਾਤ ਫਿਰਾਂ ਮੈਂ ਬਣ ਅੰਜਾਣ, ਬਾਲੀ ਬੁੱਧ ਧਰਾਈਆ । ਲੱਖ ਚੁਰਾਸੀ ਕਰ ਪਰਵਾਨ, ਘਰ ਘਰ ਕਰਾਂ ਕੁੜਮਾਈਆ । ਨਾਲ ਰਲਾਵਾਂ ਪੰਜ ਸ਼ੈਤਾਨ, ਪੰਜਾਂ ਤੱਤਾਂ ਮੇਲ ਮਿਲਾਈਆ । ਮਨ ਮਤ ਬੁਧ ਖੋਲ੍ਹ ਦੁਕਾਨ, ਜਗਤ ਵਣਜਾਰਾ ਲਵਾਂ ਕਰਾਈਆ । ਨੌਂ ਦਰ ਖੇਲਾਂ ਖੇਲ ਮਹਾਨ, ਮੇਰਾ ਭੇਵ ਕੋਇ ਨਾ ਪਾਈਆ । ਤੂੰ ਸਮਰਥ ਸਿਰ ਹੱਥ ਰੱਖਣਾ ਵਡ ਮਿਹਰਵਾਨ, ਇਕ ਤੇਰੀ ਓਟ ਰਖਾਈਆ । ਵੇਲੇ ਅੰਤ ਕਰੀਂ ਪਹਿਚਾਨ, ਮੈਂ ਅਨਭੁਲ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਇਕੋ ਓਟ ਰਖਾਈਆ । ਇਕੋ ਓਟ ਰੱਖੀ ਆਸ, ਆਸਾਵੰਦ ਪੂਰ ਕਰਾਈਆ । ਮੇਰੀ ਕਰਨੀ ਬੰਦ ਖ਼ਲਾਸ, ਬੰਦੀ ਹੋਰ ਨਾ ਕੋਇ ਪਾਈਆ । ਸੱਦ ਵਸਾਂ ਤੇਰੇ ਚਰਨਾਂ ਪਾਸ, ਚਰਨ ਸ਼ਰਨ ਮਿਲੇ ਸ਼ਰਨਾਈਆ । ਨਾਤਾ ਤੁੱਟੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਨਾ ਕੋਇ ਵਡਿਆਈਆ । ਆਦਿ ਅੰਤ ਮੈਂ ਤੇਰੀ ਸ਼ਾਖ਼, ਸਾਖਯਾਤ ਮੇਰੇ ਮਾਹੀਆ । ਤੁਧ ਬਿਨ ਬਣਾਂ ਨਾਰ ਕਮਜ਼ਾਤ, ਕਮਲੀ ਕੋਝੀ ਦਿਆਂ ਦੁਹਾਈਆ । ਕਵਣ ਵੇਲਾ ਮੇਰਾ ਖੋਲ੍ਹੇਂ ਤਾਕ, ਆਪਣੇ ਘਰ ਕਰੇਂ ਰੁਸ਼ਨਾਈਆ । ਲੱਖ ਚੁਰਾਸੀ ਨਾਤਾ ਤੁਟੇ ਸੱਜਣ ਸਾਕ, ਬੰਧਪ ਕੋਇ ਰਹਿਣ ਨਾ ਪਾਈਆ । ਪ੍ਰਭ ਮੇਲੀਂ ਪਾਕੀ ਪਾਕ, ਪੱਤਤ ਪੁਨੀਤ ਤੇਰੀ ਵਡਿਆਈਆ । ਮੇਰੀ ਇਕੋ ਵਾਰ ਪੁਛੀਂ ਵਾਤ, ਮੇਰੇ ਦੁਖੜੇ ਸਰਬ ਮਿਟਾਈਆ । ਤੂੰ ਬੈਠਾ ਰਹੇਂ ਇਕਾਂਤ, ਅਕਲ ਕਲਾ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸਾਚੀ ਮੰਗ ਮੰਗਾਈਆ । ਸਾਚੀ ਮੰਗ ਕਰੇ ਪੂਰ, ਪੂਰਨ ਪੁਰਖ ਸਮਝਾਇਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਲੋਕਮਾਤ ਰਹਿਣਾ ਜ਼ਰੂਰ, ਹਰਿ ਜੂ ਜ਼ਰੂਰਤ ਰਿਹਾ ਸਮਝਾਇਆ । ਕੋਟਨ ਕੋਟ ਜੀਵ ਜੰਤ ਲੰਘੌਣੇ ਆਪਣੇ ਪੂਰ, ਪੂਰਾ ਪੂਰ ਨਾ ਕੋਇ ਕਰਾਇਆ । ਤੈਥੋਂ ਕੋਇ ਨਾ ਰਹੇ ਦੂਰ, ਹਰ ਘਟ ਤੇਰਾ ਬੰਧਨ ਪਾਇਆ । ਤੇਰਾ ਰੰਗ ਕਰੇ ਗ਼ਰੂਰ, ਜਿਸ ਜਨ ਚੜ੍ਹੇ ਸਵਾਇਆ । ਅੰਤਮ ਉਡੇ ਵਾਂਗ ਕਫ਼ੂਰ, ਲੋਕਮਾਤ ਰਹਿਣ ਨਾ ਪਾਇਆ । ਤੇਰਾ ਭੰਡਾਰਾ ਕੀਤਾ ਭਰਪੂਰ, ਸਿਰ ਆਪਣਾ ਹੱਥ

ਰਖਾਇਆ । ਬਿਨ ਭਗਤਾਂ ਮਾਫ਼ ਨਾ ਕਰਾਂ ਕਿਸੇ ਦਾ ਕਸੂਰ, ਆਦਿ ਜੁਗਾਦਿ ਦਿਆਂ ਸਜ਼ਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਇਆ । ਸੁਣ ਬਾਲ ਅਜਾਣੀ ਬਾਲੀ ਬੁੱਧ, ਸ੍ਰੀ ਭਗਵਾਨ ਰਿਹਾ ਸਮਝਾਈਆ । ਨਵ ਨੌਂ ਚਾਰ ਕਾਰਜ ਕਰਨਾ ਸੁੱਧ, ਲੱਖ ਚੁਰਾਸੀ ਖੇਲ ਖਲਾਈਆ । ਘਟ ਘਟ ਮੰਦਰ ਵੜਨਾ ਕੁੱਦ, ਆਪਣਾ ਬਲ ਰਖਾਈਆ । ਜੁਗ ਚੌਕੜੀ ਕਰਨਾ ਯੁੱਧ, ਆਪਣਾ ਬਲ ਪਰਗਟਾਈਆ । ਨਜ਼ਰ ਨਾ ਔਣਾ ਬੁੱਤ, ਨਾ ਕੋਈ ਵੇਖੇ ਵੇਖ ਵਖਾਈਆ । ਆਪ ਸੁਹੌਣੀ ਆਪਣੀ ਰੁੱਤ, ਪਤ ਡਾਲੀ ਮਾਤ ਮਹਿਕਾਈਆ । ਤੇਰੀ ਜੜ੍ਹ ਨਾ ਸਕੇ ਕੋਈ ਪੁੱਟ, ਲੋਕਮਾਤ ਨਾ ਕੋਇ ਉਖੜਾਈਆ । ਤੇਰਾ ਮਾਰਿਆ ਨਾ ਕੋਈ ਸਕੇ ਉਠ, ਨਾ ਚਲੇ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਅੰਤ ਰਿਹਾ ਸਮਝਾਈਆ । ਵੇਲਾ ਅੰਤ ਹਰਿ ਸਮਝਾਇਆ, ਏਕਾ ਸ਼ਬਦ ਅਲਾਈਆ । ਨੌਂ ਸੌ ਚੁਰਾਨਵੇਂ ਚੌਕੜੀ ਤੇਰਾ ਖੇਲ ਰਚਾਇਆ, ਵਿਸ਼ਨ ਬ੍ਰਹਮਾ ਸ਼ਿਵ ਹੋਏ ਸਹਾਈਆ । ਲੱਖ ਚੁਰਾਸੀ ਬੰਧਨ ਪਾਇਆ, ਨਾ ਕੋਈ ਤੋੜ ਤੁੜਾਈਆ । ਸਤਿਜੁਗ ਤ੍ਰੇਤਾ ਦੁਆਪਰ ਤੇਰੀ ਵੰਡ ਵੰਡਾਇਆ, ਕਲਜੁਗ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਦਏ ਸਮਝਾਈਆ । ਨਵ ਨੌਂ ਚਾਰ ਤੇਰਾ ਲਹਿਣਾ, ਲਹਿਣੇਦਾਰ ਸਮਝਾਇੰਦਾ । ਤੇਰਾ ਬਸਤਰ ਤੇਰਾ ਗਹਿਣਾ, ਤੇਰੇ ਤਨ ਹੰਢਾਇੰਦਾ । ਤੇਰਾ ਨੇਤਰ ਤੇਰੇ ਨੈਣਾਂ, ਤੇਰਾ ਜਗਤ ਵਖਾਇੰਦਾ । ਅੰਤਮ ਤੇਰਾ ਮੰਨੇ ਕਹਿਣਾ, ਆਪ ਆਪਣੀ ਦਇਆ ਕਮਾਇੰਦਾ । ਹਰਿ ਕਾ ਭਾਣਾ ਸਹਿਣਾ ਪੈਣਾ, ਧੁਰ ਫ਼ਰਮਾਣਾ ਹੁਕਮ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਖੋਲ੍ਹੇ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਹਰਿ ਜੂ ਵੇਸ ਵਟਾਏ ਜੁਗਾ ਜੁਗੰਤ, ਗੁਰ ਅਵਤਾਰ ਨਾਉਂ ਰਖਾਈਆ । ਆਪਣੀ ਮਹਿਮਾ ਜਾਣੇ ਅਣਗਿਣਤ, ਬੇਅੰਤ ਵੱਡ ਵਡਿਆਈਆ । ਮੇਲ ਮਿਲਾਏ ਹਰਿਜਨ ਸਾਚੇ ਸੰਤ, ਸਤਿ ਸਤਿਵਾਦ ਬੂਝ ਬੁਝਾਈਆ । ਸੋਭਾਵੰਤ ਘਰ ਸੁਹਾਏ ਜਿਉਂ ਨਾਰ ਕੰਤ, ਕੰਤ ਕੰਤੂਹਲ ਇਕ ਅਖਵਾਈਆ । ਚੋਲੀ ਚਾੜ੍ਹ ਰੰਗ ਬਸੰਤ, ਬਸੰਤ ਰੁੱਤ ਇਕ ਵਖਾਈਆ । ਆਪਣੇ ਹੱਥ ਰੱਖੇ ਆਦਿ ਅੰਤ, ਅੰਤ ਆਦਿ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਤ ਦਏ ਸਮਝਾਈਆ । ਤੇਰਾ ਵੇਲਾ ਅੰਤਮ ਔਣਾ, ਤ੍ਰੈਗੁਣ ਆਪ ਸਮਝਾਇਆ । ਪਾਰਬ੍ਰਹਮ ਪ੍ਰਭ ਰੂਪ ਵਟੌਣਾ, ਨਿਰਗੁਣ ਨੂਰ ਕਰ ਰੁਸ਼ਨਾਇਆ । ਜੋਤੀ ਜੋਤ ਡਗਮਗੌਣਾ, ਰੂਪ ਰੰਗ ਨਾ ਕੋਇ ਰਖਾਇਆ । ਸ਼ਾਹ ਪਾਤਸ਼ਾਹ ਨਾਉਂ ਧਰੌਣਾ, ਸ਼ਹਿਨਸ਼ਾਹ ਵਡੀ ਵਡਿਆਇਆ । ਰਾਜ ਰਾਜਾਨਾਂ ਵੇਖ ਵਖੌਣਾ, ਦੋ ਜਹਾਨਾਂ ਫੇਰਾ ਪਾਇਆ । ਵਿਸ਼ਨ ਬ੍ਰਹਮਾ ਸ਼ਿਵ ਉਠੌਣਾ, ਆਪਣਾ ਹੁਕਮ ਸੁਣਾਇਆ । ਚਾਰ ਯੁਗ ਵੇਖ ਵਖੌਣਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਰਦਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਖਾਇਆ । ਚਾਰ ਜੁਗ ਦੀ ਪਾਵੇ ਸਾਰ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਚਾਰੇ ਵੇਦ ਕਰੇ ਵਿਚਾਰ, ਬ੍ਰਹਮ ਵੇਤਾ ਨਾਲ ਮਿਲਾਈਆ । ਪੁਰਾਨ ਅਠਾਰਾਂ ਦਏ ਅਧਾਰ, ਵੇਦ ਵਿਆਸਾ ਭੇਵ ਖੁਲ੍ਹਾਈਆ । ਸ਼ਾਸਤਰ ਸਿਮਰਤ ਕਰ ਉਜਿਆਰ, ਉਜਰਤ ਆਪਣੀ ਮੰਗ ਮੰਗਾਈਆ । ਲੇਖ ਜਾਣੇ ਗੁਰ ਅਵਤਾਰ, ਅਗੰਮ ਪੁਰਖ ਵਡ ਵਡਿਆਈਆ । ਗੀਤਾ ਗਿਆਨ ਵੇਖ ਕਿਵਾੜ, ਅਠਾਰਾਂ ਧਿਆਏ ਭੇਵ ਚੁਕਾਈਆ । ਭਗਤ ਭਗਵਾਨ ਕਰ ਪਰਵਾਨ, ਸਚ ਪਰਵਾਨਾ ਹੱਥ ਫੜਾਈਆ । ਏਕਾ

੪੬
੧੧

ਦੇਵੇ ਨਾਮ ਨਿਧਾਨ, ਨਿਜ ਆਤਮ ਕਰੇ ਰੁਸ਼ਨਾਈਆ । ਘਰ ਘਰ ਦਰਸ਼ਨ ਦੇਵੇ ਆਣ, ਆਪਣਾ ਆਦਰਸ਼ ਵਖਾਈਆ । ਕਲਜੁਗ ਖੇਲ ਵੇਖੇ ਮਿਹਰਵਾਨ, ਆਪ ਆਪਣਾ ਬਲ ਵਖਾਈਆ । ਈਸਾ ਮੂਸਾ ਕਰ ਪਰਧਾਨ, ਕਾਲਾ ਸੂਸਾ ਤਨ ਛੁਹਾਈਆ । ਮੁਹੰਮਦ ਨਾਲ ਅੱਲਾ ਰਾਣੀ ਨਾਰ ਰਕਾਨ, ਏਕਾ ਮੇਲਾ ਸਹਿਜ ਸੁਭਾਈਆ । ਅੰਜੀਲ ਕੁਰਾਨ ਹਦੀਸ ਪਰਵਾਨ, ਜਹਾਨ ਕਰੇ ਪੜ੍ਹਾਈਆ । ਕਲਮਾ ਕਲਾਮ ਉਪਜਾ ਪਰਧਾਨ, ਨਬੀ ਰਸੂਲਾਂ ਦਏ ਸਮਝਾਈਆ । ਮੁਕਾਮੇ ਹੱਕ ਇਕ ਨਿਸ਼ਾਨ, ਹੱਕ ਹਕ਼ੀਕ਼ਤ ਦਏ ਵਖਾਈਆ । ਲਾਸ਼ਰੀਕ ਦਏ ਪੈਗ਼ਾਮ, ਪੈਗ਼ੰਬਰ ਰੂਪ ਵਟਾਈਆ । ਆਪੇ ਜੁਗ ਜੁਗ ਕਰੇ ਸਲਾਮ, ਅਲੈਕਮ ਆਪਣੀ ਕਲ ਵਰਤਾਈਆ । ਆਪੇ ਹੋਏ ਬੇਪਹਿਚਾਨ, ਬੇਨਜ਼ੀਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਮਾਇਆ ਰਿਹਾ ਸਮਝਾਈਆ । ਤ੍ਰੈਗੁਣ ਮਾਇਆ ਸੁਣ ਕੰਨ ਲਾ, ਕਰਤਾ ਪੁਰਖ ਜਣਾਇੰਦਾ । ਪੰਜ ਤੱਤ ਤੇਰਾ ਬੰਕ ਸੁਹਾ, ਬ੍ਰਹਮ ਪਾਰਬ੍ਰਹਮ ਪਰਗਟਾਇੰਦਾ । ਆਤਮ ਪਰਮਾਤਮ ਨਾਤਾ ਜੋੜ ਜੁੜਾ, ਘਰ ਸਾਚਾ ਸੋਭਾ ਪਾਇੰਦਾ । ਈਸ਼ ਜੀਵ ਲਏ ਮਿਲਾ, ਜਾਗਰਤ ਜੋਤ ਡਗਮਗਾਇੰਦਾ । ਸਾਚੀ ਸੇਜਾ ਸੋਭਾ ਪਾ, ਸਿੰਘਾਸਣ ਆਸਣ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਤੇਰਾ ਅੰਤਮ ਚੁੱਕੇ ਪੰਧ, ਵਡ ਪਾਂਧੀ ਦਏ ਚੁਕਾਈਆ । ਕਲਜੁਗ ਅੰਤਮ ਖੇਲ ਕਰੇ ਸੂਰਾ ਸਰਬੰਗ, ਪਾਰਬ੍ਰਹਮ ਬੇਪਰਵਾਹੀਆ । ਨਿਰਗੁਣ ਰੂਪ ਪਰਗਟ ਹੋਏ ਨਾ ਕੋਈ ਵਖਾਏ ਰੰਗ, ਰੰਗ ਸਭ ਦੇ ਵੇਖ ਵਖਾਈਆ । ਹਰ ਘਟ ਆਤਮ ਸੇਜਾ ਵਸੇ ਪਲੰਘ, ਸਚ ਸਿੰਘਾਸਣ ਰਿਹਾ ਸੁਹਾਈਆ । ਇਕ ਵਜਾਏ ਨਾਮ ਮਰਦੰਗ, ਮਰਦ ਮਰਦਾਨਾ ਬੇਪਰਵਾਹੀਆ । ਡੂੰਘੀ ਭਵਰੀ ਵੇਖੇ ਲੰਘ, ਕਾਇਆ ਕਵਰੀ ਫੋਲ ਫੁਲਾਈਆ । ਲਹਿਣਾ ਦੇਣਾ ਜਾਣੇ ਸੂਰਜ ਚੰਦ, ਰਵ ਸਸ ਵੇਖੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਤੇਰਾ ਮੂਲ ਚੁਕਾਈਆ । ਤੇਰਾ ਮੂਲ ਅੰਤ ਚੁਕੌਣਾ, ਏਕਾ ਵਾਰ ਸਮਝਾਇਆ । ਨਿਰਗੁਣ ਆਪਣਾ ਜਾਮਾ ਪਾਉਣਾ, ਜੋਤ ਵੇਸ ਵਟਾਇਆ । ਨਿਹਕਲੰਕ ਨਾਉਂ ਰਖੌਣਾ, ਬ੍ਰਹਿਮੰਡ ਕਰੇ ਰੁਸ਼ਨਾਇਆ । ਨਾਮ ਡੰਕਾ ਇਕ ਵਜੌਣਾ, ਚਾਰੋਂ ਕੁੰਟ ਸੁਣਾਇਆ । ਚਾਰ ਵਰਨ ਆਪ ਸਮਝੌਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਲਏ ਉਠਾਇਆ । ਚਾਰੇ ਵੇਦਾਂ ਵੇਖ ਵਖੌਣਾ, ਚਾਰੇ ਯੁਗ ਲਏ ਪਰਨਾਇਆ । ਚਾਰੇ ਖਾਣੀ ਪਰਦਾ ਲਾਹੁਣਾ, ਚਾਰੇ ਬਾਣੀ ਲਏ ਪੜ੍ਹਾਇਆ । ਚਾਰ ਯਾਰੀ ਪੰਧ ਮੁਕੌਣਾ, ਥਿਰ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਸਮਝਾਇਆ । ਚਾਰ ਜੁਗ ਪਾਰ ਕਿਨਾਰਾ, ਜੁਗ ਚੌਕੜੀ ਪਾਰ ਕਰਾਈਆ । ਪਰਗਟ ਹੋ ਵਿਚ ਸੰਸਾਰਾ, ਸੰਸਾਰ ਸਾਗਰ ਵੇਖ ਵਖਾਈਆ । ਕਵਣ ਗੁਰਮੁਖ ਲੱਗਾ ਇਕ ਕਿਨਾਰਾ, ਡੂੰਘੀ ਭਵਰ ਪਾਰ ਕਰਾਈਆ । ਕੌਣ ਮਿਲੇ ਮਿੱਤਰ ਪਿਆਰਾ, ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਸੁਣ ਸੰਦੇਸ਼ਾ ਕਰ ਧਿਆਨ, ਤ੍ਰੈਗੁਣ ਅਤੀਤਾ ਆਪ ਜਣਾਇੰਦਾ । ਕਲਜੁਗ ਅੰਤਮ ਨਿਹਕਲੰਕ ਪਰਗਟ ਹੋਵੇ ਬਲੀ ਬਲਵਾਨ, ਮਾਤ ਪਿਤ ਨਾ ਕੋਇ ਰਖਾਇੰਦਾ । ਚੌਦਾਂ ਵਿਦਿਆ ਹੋਣ ਨਾਦਾਨ, ਚੌਦਾਂ ਲੋਕ ਮੁਖ ਸ਼ਰਮਾਇੰਦਾ । ਚੌਦਾਂ ਤਬਕ ਮੰਨਣ ਆਣ, ਚਾਰ ਕੁੰਟ ਮੁਖ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਕਲਜੁਗ ਅੰਤਮ ਖੇਲ ਕਰੌਣਾ, ਖ਼ਾਲਕ ਖ਼ਲਕ ਵੇਖ ਵਖਾਈਆ । ਤ੍ਰੈਗੁਣ

ਤੇਰਾ ਪਰਦਾ ਲਾਹੁਣਾ, ਤੇਰਾ ਘੁੰਗਟ ਦਏ ਚੁਕਾਈਆ । ਗੁਰਮੁਖ ਸੱਜਣ ਆਪ ਉਠੌਣਾ, ਆਪਣੀ ਬੂਝ ਬੁਝਾਈਆ । ਹਰਿਜਨ ਸਾਚੇ ਮੇਲ ਮਿਲੌਣਾ, ਘਰ ਮੇਲਾ ਸੱਚੇ ਮਾਹੀਆ । ਭਗਤ ਭਗਵੰਤ ਆਪ ਪਰਗਟਾਉਣਾ, ਜਗ ਭਾਵੀ ਦਏ ਗਵਾਈਆ । ਸਾਚਾ ਮਾਰਗ ਇਕ ਲਗਾਉਣਾ, ਚਾਰ ਵਰਨ ਰਹੇ ਸਰਨਾਈਆ । ਅਠਾਰਾਂ ਬਰਨਾਂ ਡੇਰਾ ਢਾਹੁਣਾ, ਜ਼ਾਤ ਪਾਤ ਨਾ ਕੋਇ ਵਡਿਆਈਆ । ਏਕਾ ਬ੍ਰਹਮ ਸਰਬ ਸਮਝਾਉਣਾ, ਏਕਾ ਪਿਤਾ ਏਕਾ ਮਾਈਆ । ਏਕਾ ਗੋਦ ਸਰਬ ਬਹੌਣਾ, ਲੱਖ ਚੁਰਾਸੀ ਸੋਭਾ ਪਾਈਆ । ਏਕਾ ਕੰਤ ਸਰਬ ਹੰਢਾਉਣਾ, ਲੱਖ ਚੁਰਾਸੀ ਨਾਰ ਬਣਾਈਆ । ਏਕਾ ਇਸ਼ਟ ਆਪ ਦ੍ਰਿੜੌਣਾ, ਗੁਰਦੇਵ ਇਕ ਅਖਵਾਈਆ । ਏਕਾ ਨਾਅਰਾ ਸਭ ਨੇ ਲਾਉਣਾ, ਇਕ ਕਰੇ ਪੜ੍ਹਾਈਆ । ਵਿਸ਼ਨੂੰ ਤੇਰਾ ਮੇਲ ਮਿਲੌਣਾ, ਵਿਸ਼ਵ ਵੇਖੇ ਥਾਉਂ ਥਾਈਂਆ । ਬ੍ਰਹਮੇ ਤੇਰਾ ਸੰਗ ਰਖੌਣਾ, ਪਾਰਬ੍ਰਹਮ ਦਏ ਸਰਨਾਈਆ । ਸ਼ੰਕਰ ਤੇਰੀ ਸ਼ਰਅ ਚਲਾਉਣਾ, ਜੋ ਘੜਿਆ ਭੰਨ ਵਖਾਈਆ । ਆਪਣਾ ਭਗਤ ਆਪ ਬਚੌਣਾ, ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਵਿਚੋਂ ਫੜ ਉਠਾਉਣਾ, ਚਾਰੋਂ ਕੁੰਟ ਫੇਰਾ ਪਾਈਆ । ਰਾਤੀਂ ਸੁਤਿਆਂ ਦਰਸ ਦਿਖਾਉਣਾ, ਬਜ਼ਰ ਕਪਾਟ ਖੋਲ੍ਹ ਖੁਲ੍ਹਾਈਆ । ਤੀਜੇ ਨੇਤਰ ਗਿਆਨ ਦਵੌਣਾ, ਅੰਧ ਅੰਧੇਰ ਚੁਕਾਈਆ । ਅੰਮ੍ਰਿਤ ਬੂੰਦ ਸਵਾਂਤ ਪਿਆਉਣਾ, ਤ੍ਰਿਖਾ ਭੁੱਖ ਮਿਟਾਈਆ । ਆਪ ਆਪਣੇ ਅੰਗ ਲਗਾਉਣਾ, ਅੰਗੀਕਾਰ ਆਪ ਹੋ ਜਾਈਆ । ਪਰਮਾਨੰਦ ਵਿਚ ਰਖੌਣਾ, ਨਿਜਾਨੰਦ ਵੱਜੇ ਵਧਾਈਆ । ਕਾਇਆ ਮੰਦਰ ਇਕ ਸਮਝੌਣਾ, ਬੰਕ ਦੁਆਰਾ ਸੋਭਾ ਪਾਈਆ । ਆਤਮ ਪਰਮਾਤਮ ਮੇਲ ਮਿਲੌਣਾ, ਮਿਲਿਆ ਮੇਲ ਵਿਛੜ ਨਾ ਜਾਈਆ । ਤ੍ਰੈਗੁਣ ਤੇਰਾ ਡੇਰਾ ਢਾਉਣਾ, ਭਗਤ ਦੁਆਰੇ ਰਹਿਣ ਨਾ ਪਾਈਆ । ਅੰਤਮ ਤੇਰਾ ਪੰਧ ਮੁਕਾਉਣਾ, ਰਾਹ ਖਹਿੜਾ ਨਜ਼ਰ ਨਾ ਆਈਆ । ਪੁਰਖ ਅਬਿਨਾਸ਼ੀ ਖੇਲ ਕਰੌਣਾ, ਖ਼ਾਲਕ ਖ਼ਲਕ ਵੇਖੇ ਖ਼ੁਦਾਈਆ । ਰਾਮ ਰੂਪ ਹਰ ਘਟ ਨਜ਼ਰੀ ਔਣਾ, ਏਕਾ ਬੰਸਰੀ ਨਾਮ ਵਜਾਈਆ । ਮੁਕੰਦ ਮਨੋਹਰ ਲਖਮੀ ਨਰਾਇਣ ਸੀਸ ਜਗਦੀਸ਼ ਤਾਜ ਟਿਕੌਣਾ, ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਦਸਤਗੀਰ ਆਪ ਅਖਵਾਉਣਾ, ਦਸਤ ਬਰਦਾਰ ਕਰੇ ਸਰਬ ਲੋਕਾਈਆ । ਮੇਹਬਾਨ ਬੀਦੋ ਬੀ ਖੈਰ ਯਾ ਅੱਲਾ ਇਲਾਹੀ ਨੂਰ ਆਪ ਹੋ ਔਣਾ, ਏਕਾ ਹੱਕ ਵੇਖੇ ਥਾਉਂ ਥਾਈਂਆ । ਨਾਨਕ ਗੋਬਿੰਦ ਆਪਣਾ ਸੰਗ ਨਿਭਾਉਣਾ, ਆਪਣਾ ਸੰਗ ਨਿਭਾਈਆ । ਤ੍ਰੈਗੁਣ ਤੇਰਾ ਪੰਧ ਮੁਕੌਣਾ, ਜਨ ਭਗਤਾਂ ਦਏ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਦਿਤਾ ਵਰ, ਅੰਤ ਆਪੇ ਪੂਰ ਕਰਾਈਆ । ਅੰਤ ਪੂਰਾ ਕਰੇ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਤ੍ਰੈਗੁਣ ਲਹਿਣਾ ਚੁੱਕੇ ਧਰਨੀ ਧੌਲ, ਧਵਲ ਨਾ ਕੋਇ ਸਹਾਈਆ । ਗੁਰਮੁਖ ਰਹੇ ਨਾ ਕੋਇ ਅਨਭੋਲ, ਸਤਿਗੁਰ ਪੂਰਾ ਦਏ ਜਗਾਈਆ । ਆਪਣਾ ਕੁੰਡਾ ਆਪੇ ਖੋਲ੍ਹ, ਕਾਇਆ ਮੰਦਰ ਦਏ ਵਖਾਈਆ । ਅਨਹਦ ਸ਼ਬਦ ਵਜਾਏ ਢੋਲ, ਅਨਾਦ ਅਨਾਦੀ ਨਾਦ ਵਜਾਈਆ । ਅਗੰਮ ਅਗੰਮੜੀ ਬਾਣੀ ਬੋਲ, ਆਪਣਾ ਨਾਉਂ ਸਮਝਾਈਆ । ਏਕਾ ਕੰਡੇ ਦੇਵੇ ਤੋਲ, ਦੂਜਾ ਤੋਲ ਨਾ ਕੋਇ ਤੁਲਾਈਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਖੇਲਿਆ ਹੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਲਹਿਣਾ ਦਏ ਮੁਕਾਈਆ । ਅੰਤਮ ਲਹਿਣਾ ਮੁਕਣਾ, ਕਲਜੁਗ ਕਾਲੀ ਧਾਰ । ਤੇਰਾ ਬੂਟਾ ਸੁੱਕਣਾ, ਰਹੇ ਨਾ ਵਿਚ ਸੰਸਾਰ । ਸਾਹਿਬ ਸਤਿਗੁਰ ਇਕੋ ਉਠਣਾ, ਨੌਂ ਖੰਡ ਕਰੇ ਖ਼ੁਵਾਰ । ਸਿੰਘ ਰੂਪ ਹਰਿ ਜੂ ਬੁੱਕਣਾ, ਇਕੋ ਨਾਮ ਮਾਰੇ ਭਬਕਾਰ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ ਕੋਈ ਮੇਟੇ ਮੇਟਣਹਾਰ । ਤੀਰ ਕਮਾਨੋਂ ਏਕਾ ਛੁਟਣਾ, ਸੇਵਾ ਕਰੇ ਰਾਮ ਅਵਤਾਰ ।

ਕਲਜੁਗ ਜੀਵਾਂ ਭਾਗ ਨਿਖੁਟਣਾ, ਪੂਰਨ ਬ੍ਰਹਮ ਨਾ ਕਰੇ ਕੋਇ ਵਿਚਾਰ । ਆਪਣਾ ਬੂਟਾ ਆਪੇ ਪੁੱਟਣਾ, ਚਾਰ ਵਰਨ ਰਹੇ ਝੱਖ ਮਾਰ । ਕਾਇਆ ਖ਼ਾਲੀ ਸਭ ਦਾ ਠੂਠਣਾ, ਨਾਮ ਵਸਤ ਨਾ ਕੋਇ ਭੰਡਾਰ । ਸਤਿਗੁਰ ਕੋਲੋਂ ਸਭ ਨੇ ਰੁਠਣਾ, ਕੂੜਾ ਕਰਨ ਵਣਜ ਵਪਾਰ । ਪੰਜਾਂ ਤੱਤਾਂ ਪੰਜ ਤੱਤ ਕਾਇਆ ਚੋਲਾ ਲੁੱਟਣਾ, ਲੁੱਟ ਲੁੱਟ ਕਰਨ ਖੁਵਾਰ । ਗੁਰਮੁਖ ਵਿਰਲਾ ਲੱਖ ਚੁਰਾਸੀ ਵਿਚੋਂ ਫੁੱਟਣਾ, ਅੰਮ੍ਰਿਤ ਵਗੇ ਠੰਡੀ ਠਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਕਰੇ ਖ਼ਬਰਦਾਰ । ਖ਼ਬਰਦਾਰ ਜਾਣਾ ਜਾਗ, ਹਰਿ ਜਾਗਰਤ ਆਪ ਜਗਾਇੰਦਾ । ਕਲਜੁਗ ਅੰਤਮ ਮਿਲੇ ਕੰਤ ਸੁਹਾਗ, ਕੰਤ ਸੁਹਾਗੀ ਮੇਲ ਮਿਲਾਇੰਦਾ । ਚਰਨ ਲਾਗ ਧੌਣਾ ਦੁਰਮਤ ਦਾਗ਼, ਕੂੜੀ ਕਿਰਿਆ ਮੇਟ ਮਿਟਾਇੰਦਾ । ਜੁਗ ਜੁਗ ਦੀ ਬੁਝਾਉਣੀ ਲੱਗੀ ਆਗ, ਸਾਂਤਕ ਸਤਿ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾਇੰਦਾ । ਸਾਚੇ ਰਾਹ ਜਾਣਾ ਲੱਗ, ਹਰਿ ਸੱਜਣ ਸਚ ਜਣਾਇੰਦਾ । ਹਰਿ ਭਗਤ ਦੁਆਰਾ ਲੈਣਾ ਮੰਗ, ਏਕਾ ਘਰ ਵਖਾਇੰਦਾ । ਜਨਮ ਜਨਮ ਦੀ ਤੇਰੀ ਬੁੱਝੇ ਅੱਗ, ਜੁਗ ਜੁਗ ਦੀ ਤ੍ਰਿਸ਼ਨ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾਇੰਦਾ । ਸਾਚਾ ਰਾਹ ਲੈਣਾ ਪੇਖ, ਨੇਤਰ ਨੈਣ ਖੁਲ੍ਹਾਈਆ । ਤੂੰ ਵਸ ਨਾ ਹੋਈ ਕਿਸੇ ਔਲੀਏ ਪੀਰ ਸ਼ੇਖ਼, ਮੁਲਾਂ ਮੁਸਾਇਕ ਦੇਣ ਦੁਹਾਈਆ । ਕੋਟਨ ਕੋਟ ਝੂਝੇ ਤੇਰੇ ਖੇਤ, ਸਿਰ ਧੜ ਗਏ ਕਟਾਈਆ । ਕੋਟਨ ਕਰ ਕਰ ਤੇਰੇ ਨਾਲ ਹੇਤ, ਸ਼ਾਹ ਪਾਤਸ਼ਾਹ ਆਪਣੀ ਪੱਤ ਗਏ ਗਵਾਈਆ । ਕੋਟਨ ਕੋਟ ਆਏ ਤੇਰੀ ਲਪੇਟ, ਨਾ ਸਕੇ ਪੱਲੂ ਛੁਡਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਭਰਿਆ ਨਾ ਪੇਟ, ਤੇਰੀ ਸਾਂਤ ਨਾ ਕੋਇ ਵਖਾਈਆ । ਕਲਜੁਗ ਅੰਤਮ ਤੇਰਾ ਲਹਿਣਾ ਚੁਕਾਇਆ ਇਕੀ ਜੇਠ, ਇਕੀ ਇਕੀ ਏਕਾ ਵਾਰ ਪਾਈਆ । ਅਗੋਂ ਰਹਿਣਾ ਭਗਤਾਂ ਦੇ ਚਰਨਾਂ ਹੇਠ, ਫਿਰ ਸਕੇ ਨਾ ਸਿਰ ਉਠਾਈਆ । ਤੇਰਾ ਭੰਨਿਆਂ ਕੌੜਾ ਰੀਠ, ਮਿੱਠਾ ਰਸ ਇਕ ਚਖਾਈਆ । ਕਲਜੁਗ ਅੰਤਮ ਸਦੀ ਚੌਧਵੀਂ ਰਹੀ ਬੀਤ, ਵੇਲਾ ਗਿਆ ਹੱਥ ਨਾ ਆਈਆ । ਕਰੇ ਖੇਲ ਪੱਤਤ ਪੁਨੀਤ, ਪੱਤਤ ਪਾਵਣ ਦਇਆ ਕਮਾਈਆ । ਅੱਗੇ ਚਲੇ ਭਗਤਾਂ ਰੀਤ, ਤੇਰੀ ਪਿਛਲੀ ਹੋਈ ਸਫ਼ਾਈਆ । ਸਭ ਨੇ ਗਾਉਣਾ ਇਕੋ ਗੀਤ, ਏਕੋ ਮਿਲੇ ਸੱਚਾ ਮਾਹੀਆ । ਨਾਤਾ ਤੁਟੇ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਚਾਰ ਵਰਨ ਕਰੇ ਪ੍ਰੀਤ, ਬਿਪ੍ਰੀਤ ਨਜ਼ਰ ਕੋਇ ਨਾ ਆਈਆ । ਸਭ ਦੀ ਕਾਇਆ ਕਰੇ ਠੰਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਈਆ । ਦਿਵਸ ਰੈਣ ਵਸੇ ਚੀਤ, ਚਿਤ ਵਿਤ ਠਗੌਰੀ ਕੋਇ ਨਾ ਪਾਈਆ । ਬੈਠਾ ਰਹੇ ਇਕ ਅਤੀਤ, ਇਕ ਇਕੱਲਾ ਵੇਸ ਵਟਾਈਆ । ਸਤਿਜੁਗ ਸਾਚੀ ਚਲੇ ਰੀਤ, ਸਤਿ ਪੁਰਖ ਆਪ ਚਲਾਈਆ । ਮਿਲ ਮਿਲ ਸਖੀਆਂ ਗਾਵਣ ਗੀਤ, ਗੋਬਿੰਦ ਇਕ ਮਨਾਈਆ । ਨੌਂ ਸੌ ਚੁਰਾਨਵੇ ਚੌਕੜੀ ਯੁਗ ਜੋ ਸੁੱਤਾ ਰਿਹਾ ਦੇ ਕਰ ਪੀਠ, ਆਪਣੀ ਕਰਵਟ ਲਏ ਬਦਲਾਈਆ । ਸੀਸ ਸੋਹੇ ਪੀਤੰਬਰ ਪੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਦਏ ਜਣਾਈਆ । ਸੁਣ ਲੈ ਰਾਹ ਹਰਿ ਕਾ ਦਵਾਰ, ਹਰਿ ਸਾਚਾ ਸਚ ਜਣਾਇੰਦਾ । ਹਰਿਜਨ ਮਾਤ ਹੋਏ ਉਜਿਆਰ, ਲੋਕਮਾਤ ਵਡ ਵਡਿਆਇੰਦਾ । ਪੁਰਖ ਅਬਿਨਾਸ਼ੀ ਸੇਵਾਦਾਰ, ਜੁਗ ਜੁਗ ਭਗਤਾਂ ਸੇਵ ਕਮਾਇੰਦਾ । ਧਰੂ ਪ੍ਰਹਿਲਾਦ ਲਏ ਉਧਾਰ, ਬਲ ਬਾਵਨ ਖੇਲ ਕਰਾਇੰਦਾ । ਕਲਜੁਗ ਅੰਤਮ ਕਰ ਪਿਆਰ, ਸਾਚੇ ਸੰਤ ਆਪ ਉਠਾਇੰਦਾ । ਭਗਤਾਂ ਤੋੜ ਮਨ ਹੰਕਾਰ, ਮਮਤਾ ਮੋਹ ਚੁਕਾਇੰਦਾ । ਇਕੋ ਦੇਵੇ ਦਰਸ ਦੀਦਾਰ, ਦੀਦ

ਈਦ ਚੰਦ ਚੜ੍ਹਾਇੰਦਾ । ਏਕਾ ਕਾਇਆ ਕਾਅਬਾ ਕਰ ਤਿਆਰ, ਸਾਚੇ ਹੁਜ਼ਰੇ ਸੋਭਾ ਪਾਇੰਦਾ । ਏਕਾ ਰਾਮ ਨਾਮ ਸਹਾਰ, ਸੀਤਾ ਸੁਰਤੀ ਇਕ ਪਰਨਾਇੰਦਾ । ਏਕਾ ਰਾਧਾ ਕ੍ਰਿਸ਼ਨ ਲਏ ਉਭਾਰ, ਆਪ ਆਪਣੇ ਅੰਗ ਲਗਾਇੰਦਾ । ਏਕਾ ਬੰਸਰੀ ਵੱਜੇ ਵਿਚ ਸੰਸਾਰ, ਏਕਾ ਮੁਰਲੀ ਹੱਥ ਉਠਾਇੰਦਾ । ਏਕਾ ਨਾਮ ਸਤਿ ਕਰਤਾਰ, ਏਕਾ ਵਾਹਿਗੁਰੂ ਫਤਿਹ ਗਜ਼ਾਇੰਦਾ । ਏਕਾ ਸਭ ਤੋਂ ਵਸੇ ਬਾਹਰ, ਦਿਸ ਕਿਸੇ ਨਾ ਆਇੰਦਾ । ਏਕਾ ਰਾਮ ਰਵਿਆ ਸਰਬ ਸੰਸਾਰ, ਏਕਾ ਆਪਣਾ ਮੁਖ ਛੁਪਾਇੰਦਾ । ਏਕਾ ਨਾਨਕ ਨਿਰਗੁਣ ਧਾਰ, ਏਕਾ ਸਰਗੁਣ ਰੂਪ ਵਟਾਇੰਦਾ । ਏਕਾ ਗੋਬਿੰਦ ਸੁਤ ਦੁਲਾਰ, ਏਕਾ ਕਲਗੀ ਤੋੜਾ ਸੀਸ ਟਿਕਾਇੰਦਾ । ਏਕਾ ਘੋੜਾ ਸ਼ਾਹ ਸਵਾਰ, ਦੂਜਾ ਅਕਾਲ ਫੇਰਾ ਪਾਇੰਦਾ । ਏਕਾ ਚਤਰਭੁਜ ਦਏ ਦੀਦਾਰ, ਏਕਾ ਮੋਹਣੀ ਰੂਪ ਵਟਾਇੰਦਾ । ਏਕਾ ਸਿੰਘ ਹੋਏ ਅਸਵਾਰ, ਅਸ਼ਟਭੁਜ ਰੰਗ ਰੰਗਾਇੰਦਾ । ਇਕ ਭਵਾਨੀ ਕਰੇ ਪਿਆਰ, ਏਕਾ ਦੁਰਗਾ ਵੇਖ ਵਖਾਇੰਦਾ । ਏਕਾ ਖੰਡਾ ਤੇਜ ਕਟਾਰ, ਏਕਾ ਬ੍ਰਹਿਮੰਡਾਂ ਵਿਚ ਚਮਕਾਇੰਦਾ । ਏਕਾ ਵੇਖੇ ਸੂਰਜ ਚੰਦ ਸਤਾਰ, ਏਕਾ ਧਰਤ ਧਵਲ ਸੁਹਾਇੰਦਾ । ਲੱਖ ਚੁਰਾਸੀ ਖੇਲੇ ਖੇਲਣਹਾਰ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਏਕਾ ਨਬੀ ਕਰੇ ਪਿਆਰ, ਏਕਾ ਉਮਤ ਰਸੂਲ ਮਿਲਾਇੰਦਾ । ਏਕਾ ਜੁਗ ਜੁਗ ਬੇੜਾ ਕਰੇ ਪਾਰ, ਏਕਾ ਵਿਸ਼ਨ ਬ੍ਰਹਮਾ ਸ਼ਿਵ ਪਰਗਟਾਇੰਦਾ । ਏਕਾ ਖੇਲ ਕਰੇ ਕਰਤਾਰ, ਕੁਦਰਤ ਆਪਣਾ ਨਾਚ ਨਚਾਇੰਦਾ । ਏਕਾ ਭਗਤਾਂ ਦਏ ਦੀਦਾਰ, ਦਰਸੀ ਆਪਣਾ ਦਰਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਘਰ ਆਪ ਸੁਹਾਇੰਦਾ । ਸਾਚਾ ਘਰ ਸੋਹੇ ਬੰਕ, ਬੰਕ ਦੁਆਰੀ ਆਪ ਸੁਹਾਈਆ । ਨਾ ਕੋਈ ਰਾਓ ਨਾ ਕੋਈ ਰੰਕ, ਊਚ ਨੀਚ ਨਾ ਕੋਇ ਵਡਿਆਈਆ । ਨਾ ਕੋਈ ਚਿੰਤਾ ਨਾ ਕੋਈ ਸ਼ੰਕ, ਸੰਸਾ ਕੋਇ ਰਹਿਣ ਨਾ ਪਾਈਆ । ਨਾ ਕੋਈ ਪਾਂਧਾ ਨਾ ਕੋਈ ਪੰਡਤ, ਨਾ ਕੋਈ ਬ੍ਰਹਿਮਣ ਕਰੇ ਪੜ੍ਹਾਈਆ । ਨਾ ਕੋਈ ਗਰੰਥੀ ਨਾ ਕੋਈ ਪੰਥੀ ਦੇਵੇ ਸੰਥ, ਸੰਧਿਆ ਸੰਖ ਨਾ ਕੋਇ ਵਜਾਈਆ । ਨਾ ਕੋਈ ਮਾਲਾ ਨਾ ਕੋਈ ਤਸਬੀ ਨਾ ਕੋਈ ਮਨਕ, ਨੇਤਰ ਮੀਟ ਧਿਆਨ ਨਾ ਕੋਇ ਲਗਾਈਆ । ਜਿਸ ਜਨ ਕਿਰਪਾ ਕਰੇ ਆਪ ਭਗਵੰਤ, ਛਿੰਨ ਭੰਗਰ ਲਏ ਤਰਾਈਆ । ਸੋ ਬਣੇ ਸਾਚਾ ਸੰਤ, ਜਿਸ ਆਪਣੀ ਗੋਦ ਬਹਾਈਆ । ਪਾਰ ਕਰਾਏ ਵਿਚੋਂ ਲੱਖ ਚੁਰਾਸੀ ਜੀਵ ਜੰਤ, ਏਕਾ ਮੰਤਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਹੋਏ ਸਹਾਈਆ । ਹਰਿ ਭਗਤ ਸਹਾਈ ਦੀਨਾਂ ਨਾਥ, ਦੀਨਨ ਦਇਆ ਕਮਾਇੰਦਾ । ਠਾਕਰ ਅਬਿਨਾਸ਼ੀ ਸਗਲਾ ਸਾਥ, ਪਾਰਬ੍ਰਹਮ ਰਖਾਇੰਦਾ । ਆਪ ਜਣਾਏ ਆਪਣੀ ਗਾਥ, ਬੋਧ ਅਗਾਧ ਆਪ ਪੜ੍ਹਾਇੰਦਾ । ਲਹਿਣਾ ਚੁਕਾਏ ਸਾਢੇ ਤਿੰਨ ਤਿੰਨ ਹਾਥ, ਸਾਢੇ ਤਿੰਨ ਤਿੰਨ ਵੰਡ ਨਾ ਕੋਇ ਵੰਡਾਇੰਦਾ । ਭਗਤ ਭਗਵੰਤ ਵਸੇ ਪਾਸ, ਦੂਜੇ ਨਗਰ ਨਾ ਸੋਭਾ ਪਾਇੰਦਾ । ਏਕਾ ਮੰਡਲ ਏਕਾ ਰਾਸ, ਏਕਾ ਗੋਪੀ ਕਾਹਨ ਨਚਾਇੰਦਾ । ਏਕਾ ਗ੍ਰਿਹਿ ਏਕਾ ਵਾਸ, ਏਕਾ ਆਸਣ ਸੋਭਾ ਪਾਇੰਦਾ । ਏਕਾ ਦਾਸੀ ਏਕਾ ਦਾਸ, ਏਕਾ ਸੇਵਕ ਸੇਵ ਕਮਾਇੰਦਾ । ਏਕਾ ਨੂਰ ਇਕ ਪਰਕਾਸ਼, ਏਕਾ ਘਟ ਘਟ ਜੋਤ ਜਗਾਇੰਦਾ । ਏਕਾ ਵੇਖੇ ਖੇਲ ਤਮਾਸ਼, ਪ੍ਰਿਥਮੀ ਅਕਾਸ਼ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਵਾਮੀ ਆਪਣੀ ਦਇਆ ਕਮਾਇੰਦਾ । ਸਚ ਸਵਾਮੀ ਦੀਨ ਦਿਆਲਾ, ਏਕਾ ਏਕ ਅਖਵਾਇਆ । ਹਰਿਜਨ ਵੇਖੇ ਸਾਚੇ ਲਾਲਾ, ਲਾਲ ਅਨਮੁਲੜੇ ਆਪ ਮਿਲਾਇਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਇਆ । ਏਕਾ ਰੰਗ ਰੰਗਾਏ

ਸ਼ਾਹ ਕੰਗਾਲਾ, ਸ਼ਹਿਨਸ਼ਾਹ ਬੇਪਰਵਾਹਿਆ । ਨਿਰਗੁਣ ਸਰਗੁਣ ਬਣੇ ਦਲਾਲਾ, ਲੋਕਮਾਤ ਹੋਏ ਸਹਾਇਆ । ਨਾਤਾ ਤੋੜ ਕਾਲ ਮਹਾਂਕਾਲਾ, ਆਪ ਆਪਣਾ ਬੰਧਨ ਪਾਇਆ । ਘਰ ਘਰ ਵਿਚ ਵਖਾਏ ਸੱਚੀ ਧਰਮਸਾਲਾ, ਕਾਇਆ ਮੰਦਰ ਆਪ ਸੁਹਾਇਆ । ਜੋਤ ਨਿਰੰਜਣ ਦੀਪਕ ਬਾਲਾ, ਆਦਿ ਨਿਰੰਜਣ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਵਡਿਆਇਆ । ਹਰਿ ਭਗਤ ਤੇਰੀ ਵਡਿਆਈ, ਵੇਦ ਕਤੇਬ ਭੇਵ ਨਾ ਪਾਇੰਦਾ । ਹਰਿ ਸੰਤ ਤੇਰੀ ਵਡਿਆਈ, ਹਰਿ ਜੂ ਤੇਰੇ ਗੀਤ ਸੁਣਾਇੰਦਾ । ਹਰਿ ਭਗਤ ਤੇਰੀ ਵਡਿਆਈ, ਤੇਰਾ ਵਿਛੋੜਾ ਹਰਿ ਜੂ ਕਦੇ ਨਾ ਭਾਇੰਦਾ । ਹਰਿ ਸੰਤ ਤੇਰੀ ਵਡਿਆਈ, ਤੇਰਾ ਕੀਤਾ ਨਾ ਕੋਇ ਮੇਟ ਮਿਟਾਇੰਦਾ । ਪਾਰਬ੍ਰਹਮ ਸੱਚੀ ਸ਼ਰਨਾਈ, ਸ਼ਰਨਾਗਤ ਇਕ ਹੋ ਜਾਇੰਦਾ । ਦੋ ਜਹਾਨਾਂ ਵੱਜੇ ਵਧਾਈ, ਏਥੇ ਓਥੇ ਸੋਭਾ ਪਾਇੰਦਾ । ਹਰਿ ਸ਼ਬਦ ਹੋਈ ਕੁੜਮਾਈ, ਸੁਰਤੀ ਸ਼ਬਦ ਨਾਰ ਪਰਨਾਇੰਦਾ । ਨਾ ਹੋਏ ਕਦੇ ਜੁਦਾਈ, ਜੁਜ਼ ਵੰਡ ਨਾ ਕੋਇ ਵੰਡਾਇੰਦਾ । ਪਤਿ ਮਿਲਿਆ ਇਕ ਰਘੁਰਾਈ, ਰਘੁਪਤ ਆਪਣਾ ਸੰਗ ਰਖਾਇੰਦਾ । ਭਗਤਨ ਸੰਗ ਭਗਤਨ ਮੇਲਾ ਚਾਈਂ ਚਾਈਂ, ਭਾਈ ਭਾਈਆਂ ਨਾਲ ਮਿਲਾਇੰਦਾ । ਨਿਥਾਵਿਆਂ ਪਕੜੇ ਆਪੇ ਬਾਹੀਂ, ਨਿਆਸਰਿਆਂ ਇਕੋ ਆਸ ਰਖਾਇੰਦਾ । ਸਦਾ ਸੁਹੇਲਾ ਇਕ ਇਕੇਲਾ ਸਿਰ ਰੱਖੇ ਠੰਡੀਆਂ ਛਾਈਂ, ਸਮਰਥ ਆਪਣਾ ਹੱਥ ਟਿਕਾਇੰਦਾ । ਕਰੇ ਕਰਾਏ ਸਚ ਨਿਆਈਂ, ਅਦਲ ਅਦਾਲਤ ਇਕ ਵਖਾਇੰਦਾ । ਜਿਉਂ ਨਾਮੇ ਧੰਨੇ ਲੱਭਾ ਹਰਿ ਗੁਸਾਈਂ, ਸੋ ਗੁਸਾਈਂ ਜਨ ਭਗਤਾਂ ਆਪ ਜਗਾਇੰਦਾ । ਲੋਕਮਾਤ ਆਵੇ ਚਾਈਂ ਚਾਈਂ, ਆਪਣਾ ਪੰਧ ਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਇਕੋ ਹਰਿ, ਸਚ ਸਵਾਮੀ ਸਰਬ ਦਾ ਮਾਲਕ, ਮਲਕੀਅਤ ਆਪਣੀ ਨਾ ਕੋਇ ਰਖਾਇੰਦਾ । ਆਤਮ ਪਰਮਾਤਮ ਸਚ ਪਿਆਰਾ, ਆਸਰਾ ਅਸ਼ੀਰਵਾਦ ਜਣਾਈਆ । ਗ੍ਰਿਹਿ ਮੰਦਰ ਹੋ ਉਜਿਆਰਾ, ਘਰ ਘਰ ਕਰੇ ਰੁਸ਼ਨਾਈਆ । ਜਗਤ ਸੰਸਾ ਰੋਗ ਨਿਵਾਰਾ, ਸੋਗ ਚਿੰਤ ਨਾ ਕੋਇ ਵਖਾਈਆ । ਅੰਮ੍ਰਿਤ ਦੇਵੇ ਠੰਡਾ ਠਾਰਾ, ਨਿਝਰ ਝਿਰਨਾ ਇਕ ਝਿਰਾਈਆ । ਸਾਂਤਕ ਸਤਿ ਵਰਤਾਏ ਵਰਤਾਵਣਹਾਰਾ, ਅਸਤਿ ਰਹਿਣ ਨਾ ਪਾਈਆ । ਬ੍ਰਹਮ ਮਤ ਇਕ ਵਣਜਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਸ਼ੀਰ ਦਏ ਸਮਝਾਈਆ । ਅਸ਼ੀਰਵਾਦ ਆਤਮ ਰਸ, ਰਸ ਰਸੀਆ ਆਪ ਵਖਾਇੰਦਾ । ਜਗਤ ਵਿਕਾਰਾ ਜਾਏ ਨੱਸ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਜਿਸ ਜਨ ਹਿਰਦੇ ਜਾਏ ਵਸ, ਸੋ ਹਿਰਦਾ ਸੋਭਾ ਪਾਇੰਦਾ । ਜਿਸ ਜਨ ਮਾਰਗ ਦੇਵੇ ਦੱਸ, ਸੋ ਜਨ ਆਪਣਾ ਪੰਧ ਮੁਕਾਇੰਦਾ । ਲੱਖ ਚੁਰਾਸੀ ਰਹੀ ਨੱਸ, ਹਰਿ ਹੱਥ ਕਿਸੇ ਨਾ ਆਇੰਦਾ । ਜਗਤ ਵਡਿਆਈ ਨਾ ਚਲੇ ਕੋਈ ਵਸ, ਬੇਵਸ ਖੇਲ ਖਲਾਇੰਦਾ । ਕਰ ਦਇਆ ਕਰੇ ਪ੍ਰਕਾਸ਼ ਘਰ ਰਵ ਸਸ, ਨੂਰ ਉਜਾਲਾ ਗੁਰ ਗੋਪਾਲਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਇੰਦਾ । ਦਇਆ ਕਮਾਏ ਦੀਨਨ ਠਾਕਰ, ਆਪਣੇ ਹੱਥ ਰੱਖੇ ਵਡਿਆਈਆ । ਨਿਹਕਰਮੀ ਕਰਮ ਕਰੇ ਉਜਾਗਰ, ਦੁਰਮਤ ਮੈਲ ਧੁਵਾਈਆ । ਏਕਾ ਨਾਮ ਕਰਾਏ ਸਚ ਸੌਦਾਗਰ, ਵਣਜ ਵਣਜਾਰਾ ਇਕ ਵਖਾਈਆ । ਭਾਗ ਲਗਾਏ ਕਾਇਆ ਗਾਗਰ, ਗ੍ਰਿਹਿ ਮੰਦਰ ਸੋਭਾ ਪਾਈਆ । ਦਰ ਆਇਆਂ ਦੇਵੇ ਆਦਰ, ਜੋ ਢਹਿ ਪਏ ਸ਼ਰਨਾਈਆ । ਆਪੇ ਬਦਲਣਹਾਰਾ ਜਗਤ ਆਡਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਆਪਣੀ ਦਇਆ ਕਮਾਈਆ । ਦਇਆਵਾਨ ਦਇਆਨਿਧ, ਮਿਹਰਵਾਨ ਹਰਿ ਦਾਨਾ ।

ਸਭ ਦੇ ਕਾਰਜ ਕਰੇ ਸਿੱਧ, ਜੋ ਚਰਨ ਕਰੇ ਧਿਆਨਾ । ਘਰ ਉਪਜਾਏ ਨੌਂ ਨਿਧ, ਗ੍ਰਿਹ ਮੰਦਰ ਇਕ ਸੁਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਦਇਆ ਕਰ, ਸਿਰ ਰੱਖੇ ਹੱਥ ਮਿਹਰਵਾਨਾ । ਪੰਜ ਤੱਤ ਕਾਇਆ ਮੁਨਾਰਾ, ਰਿਖੀ ਮੁਨੀ ਗਏ ਹੰਢਾਈਆ । ਗੁਰ ਅਵਤਾਰਾਂ ਦਏ ਸਹਾਰਾ, ਆਤਮ ਪਰਮਾਤਮ ਰਿਹਾ ਛੁਪਾਈਆ । ਸਭ ਨੂੰ ਦੁੱਖ ਲੱਗਾ ਨਿਆਰਾ, ਦੁਖੜਾ ਸਕੇ ਨਾ ਕੋਇ ਮਿਟਾਈਆ । ਲੱਖ ਚੁਰਾਸੀ ਰੋਵੇ ਜ਼ਾਰੋ ਜ਼ਾਰਾ, ਗਿਰਿਆਜ਼ਾਰੀ ਰਹੇ ਸੁਣਾਈਆ । ਜਿਸ ਜਨ ਕਰਿਆ ਨਾਮ ਪਿਆਰਾ, ਤਿਸ ਔਖਦ ਨਾਮ ਮਿਲੇ ਵਡਿਆਈਆ । ਜਿਸ ਸਤਿਗੁਰ ਮਿਲਿਆ ਇਕ ਸਹਾਰਾ, ਦੂਜਾ ਦੁੱਖ ਨਾ ਲਾਗੇ ਰਾਈਆ । ਪਕੜ ਬਾਹੋਂ ਕਰੇ ਪਾਰ ਕਿਨਾਰਾ, ਅੱਧ ਵਿਚਕਾਰ ਨਾ ਕੋਇ ਡੁਬਾਈਆ । ਮਿਹਰ ਨਜ਼ਰ ਨਜ਼ਰ ਕਰੇ ਆਪ ਕਰਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਰੋਗ ਦਏ ਮਿਟਾਈਆ । ਖਿੱਟਾ ਲੱਗਾ ਅੰਤਰ ਰੋਗ, ਕਿਸ਼ਨਾ ਸੁਖਲਾ ਪੱਖ ਦੇਣ ਦੁਹਾਈਆ । ਨਾ ਕੋਈ ਜੋਗ ਨਾ ਵਿਯੋਗ, ਸੰਜੋਗ ਨਾ ਕੋਇ ਸੁਹਾਈਆ । ਨਾ ਕੋਈ ਹਰਖ ਨਾ ਕੋਈ ਸੋਗ, ਨਾ ਚਿੰਤਾ ਕੋਇ ਮਿਟਾਈਆ । ਨਾ ਕੋਈ ਰਸ ਨਾ ਕੋਈ ਭੋਗ, ਭਸਮੜ ਰੂਪ ਨਾ ਕੋਇ ਵਟਾਈਆ । ਨਾ ਕੋਈ ਮਿਲਾਏ ਨਿਰਮਲ ਜੋਤ, ਜੋ ਦੁੱਖੜਾ ਦਏ ਗਵਾਈਆ । ਕਰ ਕਿਰਪਾ ਖੋਲ੍ਹੇ ਸੋਤ, ਸੋਈ ਸੁਰਤੀ ਲਏ ਉਠਾਈਆ । ਆਪਣਾ ਨਾਮ ਜਪਾਏ ਬਿਨ ਰਸਨਾ ਜਿਹਵਾ ਹੋਟ, ਅਜੱਪਾ ਜਾਪ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰੀਰਕ ਰੋਗ ਵੇਖ ਵਖਾਈਆ । ਸਰੀਰਕ ਰੋਗ ਹੱਡ ਮਾਸ ਨਾੜੀ ਰੱਤ, ਰਤ ਰਤ ਨਾਲ ਵਿਹਾਈਆ । ਜੀਵ ਲੇਖਾ ਪੰਜ ਤੱਤ, ਈਸ਼ ਖੇਲ ਖਲਾਈਆ । ਆਪਣਾ ਬੇੜਾ ਨਾ ਸਕੇ ਬੰਨ੍ਹ, ਆਪਣਾ ਭਾਰ ਨਾ ਕੋਇ ਉਠਾਈਆ । ਜਿਸ ਜਨ ਹਰਿ ਸਤਿਗੁਰ ਦੇਵੇ ਨਾਮ ਧਨ, ਸਚ ਵਸਤ ਇਕ ਵਰਤਾਈਆ । ਤਿਸ ਕੋਇ ਰੋਗ ਨਾ ਦੇਵੇ ਡੰਨ, ਕਾਇਆ ਅੰਦਰ ਰਹਿਣ ਨਾ ਪਾਈਆ । ਮਿਲੇ ਵਡਿਆਈ ਤਿਸ ਸੱਚੇ ਜਨ, ਜਿਸ ਹਰਿ ਜੂ ਮਿਲਿਆ ਮਾਹੀਆ । ਭਾਂਡਾ ਭਰਮ ਭੌ ਦੇਵੇ ਭੰਨ, ਝੂਠਾ ਗੜ੍ਹ ਤੁੜਾਈਆ । ਏਕਾ ਰਾਗ ਸੁਣਾਏ ਕੰਨ, ਢੋਲਕ ਛੈਣਾ ਨਾ ਕੋਇ ਵਜਾਈਆ । ਕਰੇ ਪਰਕਾਸ਼ ਬਿਨ ਸੂਰਜ ਚੰਨ, ਆਪਣਾ ਨੂਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਦੀਆਂ ਦਰਦ ਆਪ ਵੰਡਾਈਆ । ਦਰਦੀਆਂ ਵੰਡੇ ਦਰਦ, ਦਇਆਵਾਨ ਦਇਆਵਾਨਾ । ਕਾਇਆ ਕਦੇ ਗਰਮ ਕਦੇ ਸਰਦ, ਪੰਜ ਤੱਤ ਹੋਏ ਨਿਧਾਨਾ । ਬੁੱਧੀ ਨਿਮਾਣੀ ਰਹੀ ਵਰਜ, ਮਨ ਹੋਇਆ ਵਡ ਬਲਵਾਨਾ । ਮਤ ਕਹੇ ਮੈਂ ਲੈਣਾ ਕਰਜ਼, ਪਿਛਲਾ ਮੂਲ ਚੁਕਾਨਾ । ਜੀਵ ਨਾ ਜਾਣੇ ਆਪਣਾ ਫ਼ਰਜ਼, ਵਿਛੜਿਆ ਭਗਵਾਨਾ । ਮੰਦਰ ਮਸਜਿਦ ਗੁਰ ਦਰ ਜਾ ਜਾ ਸੁਣਾਏ ਤਰਜ, ਤਰਸ ਕਰੇ ਨਾ ਰਮੱਯਾ ਰਾਮਾ । ਬਿਨ ਹਰਿ ਭਗਤ ਮਿਟੇ ਨਾ ਕਿਸੇ ਹਰਸ, ਹਵਸ ਭਰੀ ਵਿਚ ਜਹਾਨਾ । ਕਰ ਕਿਰਪਾ ਜਿਸ ਜਨ ਲਹਿਣਾ ਦੇਣਾ ਚੁਕਾਏ ਅਰਸ਼ ਫ਼ਰਸ਼, ਕਾਇਆ ਕੁਰਾ ਕਰੇ ਪਰਵਾਨਾ । ਆਬ ਹਯਾਤ ਅੰਮ੍ਰਿਤ ਮੇਘ ਦੇਵੇ ਬਰਸ, ਦਰਦੀ ਦਰਦੀਆਂ ਦੁੱਖ ਮਿਟਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਰੱਖ ਹੱਥ ਮਿਹਰਵਾਨਾ । ਰਸ ਭੋਗਦਾ ਪੰਜ ਤੱਤ, ਤੱਤਵ ਤੱਤ ਸਮਾਇਆ । ਲੇਖਾ ਜਾਣੇ ਬੂੰਦ ਰੱਤ, ਰੱਤ ਬੂੰਦ ਖੇਲ ਖਲਾਇਆ । ਸਰਬ ਜੀਆਂ ਦਾ ਇਕੋ ਕਮਲਾਪਾਤ, ਕਵਲ ਨੈਣ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਪਾਰਬ੍ਰਹਮ ਪਰਗਟਾਇਆ । ਪਾਰਬ੍ਰਹਮ ਬ੍ਰਹਮ ਅਚਰਜ ਖੇਲ, ਖੇਲਣਹਾਰ ਖਲਾਈਆ । ਆਪੇ ਜਾਣੇ ਆਪਣਾ ਮੇਲ, ਨਾ ਕੋਈ ਪਿਤਾ ਨਾ

ਕੋਈ ਮਾਈਆ । ਵਸਣਹਾਰਾ ਰੰਗ ਨਵੇਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਆਪੇ ਬਣਤ ਬਣਾਈਆ । ਪੰਜ ਤੱਤ ਜਨ ਜਨਣੀ ਜਾਇਆ, ਕਬੀਰ ਕਹੇ ਕੌਣ ਮਾਈ । ਦਸ ਦਸ ਮਾਸ ਜਿਸ ਗਰਭ ਉਠਾਇਆ, ਇਕ ਧਿਆਨ ਲਗਾਈ । ਜੀਉ ਪਿੰਡ ਇੰਡ ਬ੍ਰਹਿਮੰਡ ਸਜਾਇਆ, ਘਰ ਵਿਚ ਘਰ ਮਿਲੀ ਰੁਸ਼ਨਾਈ । ਅੰਤਮ ਨਾਤਾ ਤੋੜ ਤੁੜਾਇਆ, ਹੋਈ ਮਾਤ ਜੁਦਾਈ । ਬ੍ਰਹਿਮਣ ਪੁੱਤ ਬ੍ਰਹਿਮਣੀ ਜਾਇਆ, ਪਾਰਬ੍ਰਹਮ ਪਿਤਾ ਮਾਈ । ਹਰਿ ਜੂ ਅਗੰਮੀ ਸ਼ਬਦ ਸੁਣਾਇਆ, ਸਚ ਸੰਦੇਸ਼ਾ ਏਕਾ ਗਾਈ । ਮੇਰਾ ਭਗਤ ਮੇਰੇ ਰੰਗ ਸਮਾਇਆ, ਰੰਗ ਵੇਖੇ ਚਾਈਂ ਚਾਈਂ । ਕੱਖ਼ਾਂ ਹੇਠਾਂ ਦੇਣਾ ਲੋਕਾਇਆ, ਸਹਾਇਤਾ ਕਰੇ ਆਪ ਗੁਸਾਈਂ । ਉਚਾ ਹੋ ਕੇ ਨੀਵਿਆਂ ਲਏ ਤਰਾਇਆ, ਘਰ ਜੁਲਾਹਿਆਂ ਫੇਰਾ ਪਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪਣੀ ਗੋਦ ਬਹਾਈ । ਨਾ ਕੋਈ ਨਇਆ ਨਾ ਪੁਰਾਣਾ, ਸਦਾ ਸਦ ਖੇਲ ਖਲਾਈਆ । ਭਗਤਾਂ ਸੰਗ ਵਸੇ ਭਗਵਾਨਾ, ਜੁਗ ਜੁਗ ਵਡਿਆਈਆ । ਇਕੋ ਹਰਿ ਇਕੋ ਘਰ ਗਾਇਣ ਗਾਣਾ, ਗੀਤ ਗੋਬਿੰਦ ਅਲਾਈਆ । ਹਰਿ ਭਗਤਾਂ ਮੰਨੇ ਹਰਿ ਜੂ ਭਾਣਾ, ਹਰਿ ਭਾਣੇ ਭਗਤ ਸਮਾਈਆ । ਦੋਵੇਂ ਵਸਣ ਇਕ ਟਿਕਾਣਾ, ਏਕਾ ਘਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਰਿਹਾ ਬਣਾਈਆ । ਸਚ ਦੁਆਰਾ ਬਣੇ ਧਾਮ, ਧਮਕ ਚਾਰ ਕੁੰਟ ਲਗਾਈਆ । ਵਸਣਹਾਰਾ ਇਕੋ ਰਾਮ, ਏਕਾ ਕ੍ਰਿਸ਼ਨ ਸਹਿਜ ਸੁਖਦਾਈਆ । ਏਕਾ ਪੈਗ਼ੰਬਰ ਦੇਵੇ ਪੈਗ਼ਾਮ, ਕਲਮਾ ਕਲਾਮ ਨੂਰ ਇਲਾਹੀਆ । ਏਕਾ ਨਾਨਕ ਬੋਲੇ ਸਤਿਨਾਮ, ਏਕਾ ਗੋਬਿੰਦ ਫ਼ਤਹਿ ਗਜ਼ਾਈਆ । ਏਕਾ ਭਗਤਾਂ ਪੂਰਾ ਕਰੇ ਕਾਮ, ਜਗਤ ਕਾਮਨੀ ਮੇਟ ਮਿਟਾਈਆ । ਏਕਾ ਮੇਟੇ ਅੰਧੇਰੀ ਸ਼ਾਮ, ਕਲਜੁਗ ਰੈਣ ਰਹਿਣ ਨਾ ਪਾਈਆ । ਏਕਾ ਜਪਾਏ ਸਾਚਾ ਨਾਮ, ਆਤਮ ਪਰਮਾਤਮ ਮੇਲ ਮਿਲਾਈਆ । ਏਕਾ ਪਰਕਾਸ਼ ਕਰੇ ਕੋਟਨ ਭਾਨ, ਕੋਟ ਕੋਟੀ ਦੀਪ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਸੋਭਾ ਪਾਈਆ । ਜੁਗ ਜੁਗ ਖੇਲ ਅਵੱਲੜਾ ਕਰੇ ਕਰਾਏ ਕਰਨੇਹਾਰ । ਗੁਰ ਅਵਤਾਰਾਂ ਫੜਾਏ ਪਲੜਾ, ਲੋਕਮਾਤ ਕਰ ਉਜਿਆਰ । ਭਗਤਾਂ ਅੰਦਰ ਆਪੇ ਰਲੜਾ, ਦੇਵੇ ਦਰਸ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਕਰੇ ਸਚ ਵਿਹਾਰ । ਸਚ ਵਿਹਾਰ ਸਚ ਕਰੇ ਬਿਵਹਾਰੀ, ਬਿਧ ਆਪਣੇ ਹੱਥ ਰਖਾਈਆ । ਨਿਰਗੁਣ ਸਰਗੁਣ ਜੋਤ ਕਰ ਉਜਿਆਰੀ, ਲੋਕਮਾਤ ਦਏ ਵਡਿਆਈਆ । ਲੇਖਾ ਜਾਣੇ ਪਿਛਲੇ ਚਾਰ ਜੁਗ ਤੇਈ ਅਵਤਾਰੀ, ਗੁਰ ਭਗਤ ਨਾਲ ਮਿਲਾਈਆ । ਅੱਗੇ ਖੇਲ ਅਪਰ ਅਪਾਰੀ, ਖ਼ਾਲਕ ਖੇਲੇ ਸੱਚਾ ਸ਼ਹਿਨਸ਼ਾਹੀਆ । ਏਕਾ ਜੋਤ ਜਗੇ ਨਿਰੰਕਾਰੀ, ਨਿਰਗੁਣ ਨੂਰ ਕਰ ਰੁਸ਼ਨਾਈਆ । ਏਕਾ ਨਾਮ ਮਿਲੇ ਸਿਕਦਾਰੀ, ਸ਼ਹਿਨਸ਼ਾਹ ਇਕ ਹੋ ਆਈਆ । ਏਕਾ ਪਾਠ ਏਕਾ ਪੂਜਾ ਇਕ ਪੁਜਾਰੀ, ਏਕਾ ਇਸ਼ਟ ਦੇਵ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਏਕਾ ਇਸ਼ਟ ਇਕ ਗੁਰਦੇਵ, ਨਮੋ ਨਮੋ ਇਕ ਵਡਿਆਈਆ । ਏਕਾ ਦਾਤਾ ਅਲੱਖ ਅਭੇਵ, ਅਲੱਖ ਨਾ ਲਖਿਆ ਜਾਈਆ । ਇਕੋ ਕਰੇ ਕਰਾਏ ਸਾਚੀ ਸੇਵ, ਸੇਵਕ ਸੇਵਾ ਇਕ ਸਮਝਾਈਆ । ਇਕੋ ਦੇਵਾ ਏਕਾ ਦੇਵ, ਏਕਾ ਦੇਵਤ ਰੂਪ ਵਟਾਈਆ । ਏਕਾ ਵਸੇ ਸਦਾ ਨਿਹਕੇਵ, ਨਿਹਚਲ ਆਪਣਾ ਧਾਮ ਸੁਹਾਈਆ । ਏਕਾ ਰਸਨਾ ਏਕਾ ਜਿਹਵ, ਏਕਾ ਹਰੀ ਹਰੀ ਗੁਣ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਅਗਲੇ ਜੁਗ ਆਪਣਾ ਰੰਗ ਵਖਾਈਆ । ਏਕਾ ਨੂਰ ਏਕਾ ਰੰਗ, ਏਕਾ ਘਰ ਵਸਾਇਆ । ਏਕਾ ਸੇਜ ਇਕ ਪਲੰਘ, ਏਕਾ ਰਿਹਾ ਸੁਹਾਇਆ । ਏਕਾ ਨਾਮ ਇਕ ਮਰਦੰਗ, ਏਕਾ ਰਿਹਾ ਵਜਾਇਆ । ਏਕਾ ਅੰਮ੍ਰਿਤ ਏਕਾ ਗੰਗ, ਏਕਾ ਰਿਹਾ ਨੁਹਾਇਆ । ਏਕਾ ਸੂਰਜ ਏਕਾ ਚੰਦ, ਏਕਾ ਰਿਹਾ ਚਮਕਾਇਆ । ਇਕ ਖੰਡ ਇਕ ਬ੍ਰਹਿਮੰਡ, ਏਕਾ ਵਰਭੰਡ ਰੂਪ ਵਟਾਇਆ । ਏਕਾ ਜਾਣੇ ਪਰਮਾਨੰਦ, ਪਰਮ ਪੁਰਖ ਬੇਪਰਵਾਹਿਆ । ਏਕਾ ਗੀਤ ਏਕਾ ਛੰਦ, ਏਕਾ ਗਵਣ ਰਿਹਾ ਸੁਣਾਇਆ । ਇਕੋ ਆਦਿ ਜੁਗਾਦਿ ਸਭ ਨਾਲ ਜਾਏ ਹੰਢ, ਰੂਪ ਅਨੂਪ ਆਪ ਵਟਾਇਆ । ਇਕਾ ਜੁਗ ਚੌਕੜੀਆਂ ਦੇਵੇ ਗੰਢ, ਤੰਦ ਤੰਦ ਨਾਲ ਰਖਾਇਆ । ਇਕੋ ਦੇਵਣਹਾਰਾ ਦੰਡ, ਜੋ ਘੜਿਆ ਸੋ ਭੰਨ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲੇ ਜੁਗ ਆਪਣਾ ਨਾਉਂ ਕਰੇ ਸਵਾਇਆ । ਅਗਲੇ ਜੁਗ ਚਲੇ ਨਾਉਂ, ਸੋਹੰ ਸਚ ਪੜ੍ਹਾਈਆ । ਵੇਖੇ ਵਿਗਸੇ ਬੇਪਰਵਾਹੋ, ਅਲੱਖ ਅਗੋਚਰ ਅਗੰਮ ਅਥਾਹੀਆ । ਦੋ ਜਹਾਨਾਂ ਕਰੇ ਸਚ ਨਿਆਉਂ, ਇਕ ਇਕੱਠਾ ਦਇਆ ਕਮਾਈਆ । ਲੱਖ ਚੁਰਾਸੀ ਨੌਂ ਖੰਡ ਸੱਤ ਦੀਪ ਸੂਰਜ ਚੰਦ ਦੇਵੇ ਪਰਮਾਨੰਦ ਲੇਖਾ ਜਾਣੇ ਪਿਤਾ ਮਾਉਂ, ਬਾਲ ਅਵਾਣੇ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ ।

### ★ ੭ ਮੱਘਰ ੨੦੧੮ ਬਿਕ੍ਰਮੀ ਪ੍ਰੀਤਮ ਸਿੰਘ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਭਗਤਨ ਸੰਗ ਵਸੇ ਭਗਵੰਤ, ਭੈ ਭਿਆਨਕ ਸਦਾ ਸਹਾਈਆ । ਮੇਲ ਮਿਲਾਵਾ ਸਾਚੇ ਸੰਤ, ਹਰਿ ਸਤਿਗੁਰ ਆਪ ਮਿਲਾਈਆ । ਜੁਗ ਜੁਗ ਬਣਾਏ ਸਾਚੀ ਬਣਤ, ਸਿਰ ਆਪਣਾ ਹੱਥ ਟਿਕਾਈਆ । ਏਕਾ ਨਾਮ ਜਣਾਏ ਮਣੀਆ ਮੰਤ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਜੀਵਣ ਜੁਗਤ ਇਕ ਸਮਝਾਈਆ । ਲੇਖਾ ਜਾਣੇ ਆਦਿ ਅੰਤ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਸਾਚਾ ਮੇਲ ਮਿਲਾਈਆ । ਭਗਤ ਭਗਵਾਨ ਇਕੋ ਰਾਹ, ਏਕਾ ਦਰ ਸੁਹਾਇੰਦਾ । ਏਕਾ ਦੇਵੇ ਸਚ ਸਲਾਹ, ਸਾਚਾ ਨਾਮ ਜਣਾਇੰਦਾ । ਇਕ ਵਖਾਏ ਸਚ ਮਕਾਂ, ਸਚਖੰਡ ਦੁਆਰਾ ਸੋਭਾ ਪਾਇੰਦਾ । ਇਕ ਜਪਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਸਮਝਾਇੰਦਾ । ਇਕ ਇਕੱਲਾ ਦੇਵੇ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਏਕੰਕਾਰ ਪਕੜੇ ਬਾਂਹ, ਹਰਿਜਨ ਆਪਣੇ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਆਪਣੇ ਰੰਗ ਰੰਗਾਇੰਦਾ । ਭਗਤਨ ਮੀਤਾ ਏਕੰਕਾਰ, ਅਕਲ ਕਲਾ ਵਡਿਆਈਆ । ਜੁਗ ਜੁਗ ਪੈਜ ਦਏ ਸਵਾਰ, ਲੋਕਮਾਤ ਹੋਏ ਸਹਾਈਆ । ਲੱਖ ਚੁਰਾਸੀ ਕਰੇ ਪਾਰ, ਜਮ ਕੀ ਫਾਸੀ ਤੋੜ ਤੁੜਾਈਆ । ਨਾਮ ਉਦਾਸੀ ਇਕ ਖੁਮਾਰ, ਏਕਾ ਰੰਗ ਵਖਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਕਿਰਪਨ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵੇ ਮਾਣ ਵਡਿਆਈਆ । ਭਗਤਨ ਮੀਤਾ ਹਰਿ ਗੋਬਿੰਦ, ਅਕਲ ਕਲਾ ਅਖਵਾਇਆ । ਜੁਗ ਜੁਗ ਮੇਟੇ ਝੂਠੀ ਚਿੰਦ, ਚਿੰਤਾ ਚਿਖਾ ਨਾ ਰੂਪ ਵਟਾਇਆ । ਦਇਆ ਕਮਾਏ ਗੁਣੀ ਗਹਿੰਦ, ਗਹਿਰ ਗੰਭੀਰ ਸੱਚਾ ਸ਼ਹਿਨਸ਼ਾਹਿਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ,


੫੪
੧੧

ਸਰ ਸਰੋਵਰ ਇਕ ਵਖਾਇਆ । ਹਰਿਜਨ ਬਣਾਏ ਸਾਚੀ ਬਿੰਦ, ਪਿਤਾ ਪੂਤ ਨਾਉਂ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਵਖਾਇਆ । ਭਗਤਨ ਮੀਤਾ ਹਰਿ ਨਿਰੰਕਾਰਾ, ਨਿਰਗੁਣ ਨਿਰਵੈਰ ਖੇਲ ਖਲਾਈਆ । ਜੁਗਾ ਜੁਗੰਤਰ ਕਰ ਪਸਾਰਾ, ਪਾਰਬ੍ਰਹਮ ਪ੍ਰਭ ਵੇਖ ਵਖਾਈਆ । ਜੁਗ ਚੌਕੜੀ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਈਆ । ਕਲਜੁਗ ਅੰਤਮ ਖੇਲ ਨਿਆਰਾ, ਖ਼ਾਲਕ ਖ਼ਲਕ ਰੂਪ ਵਟਾਈਆ । ਧਾਮ ਅਵੱਲੜਾ ਇਕ ਦਰਬਾਰਾ, ਦਰਗਹਿ ਸਾਚੀ ਦਏ ਵਡਿਆਈਆ । ਸ਼ਬਦ ਸੰਦੇਸ਼ ਇਕ ਜੈਕਾਰਾ, ਏਕਾ ਨਾਅਰਾ ਲਾਈਆ । ਏਕਾ ਮੰਦਰ ਇਕ ਦੁਆਰਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਏਕਾ ਨੂਰ ਪਰਵਰਦਿਗਾਰਾ, ਬੇਐਬ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਈਆ । ਭਗਤਨ ਮੇਲਾ ਹਰਿ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਏਕਾ ਦੇਵੇ ਨਾਮ ਨਿਧਾਨ, ਵਸਤ ਅਮੋਲਕ ਝੋਲੀ ਪਾਈਆ । ਆਤਮ ਅੰਤਰ ਬ੍ਰਹਮ ਗਿਆਨ, ਪਾਰਬ੍ਰਹਮ ਪੜ੍ਹਾਈਆ । ਨਿਰਗੁਣ ਜੋਤ ਨੂਰ ਮਹਾਨ, ਦੀਪਕ ਦੀਆ ਕਰੇ ਰੁਸ਼ਨਾਈਆ । ਅੰਮ੍ਰਿਤ ਆਤਮ ਪੀਣ ਖਾਣ, ਆਸਾ ਤ੍ਰਿਸ਼ਨਾ ਦਏ ਗਵਾਈਆ । ਨਾਮ ਵਖਾਏ ਸਚ ਬਬਾਣ, ਮਿਹਰਬਾਨ ਆਪ ਸਮਝਾਈਆ । ਆਪੇ ਹੋਏ ਜਾਣੀ ਜਾਣ, ਘਟ ਘਟ ਆਪਣਾ ਰੂਪ ਵਟਾਈਆ । ਗੁਰਮੁਖ ਸਾਚੇ ਚਤੁਰ ਸੁਜਾਨ, ਆਪ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਲਏ ਮਿਲਾਈਆ । ਭਗਤਨ ਮੇਲਾ ਸਚ ਦੁਆਰ, ਬੰਕ ਦੁਆਰੀ ਆਪ ਕਰਾਇੰਦਾ । ਦੇਵੇ ਦਰਸ ਅਗੰਮ ਅਪਾਰ, ਅਲੱਖ ਅਗੋਚਰ ਸੇਵ ਕਮਾਇੰਦਾ । ਜੁਗ ਚੌਕੜੀ ਕਰ ਖ਼ੁਵਾਰ, ਸਭ ਦਾ ਪੰਧ ਮੁਕਾਇੰਦਾ । ਲਹਿਣਾ ਦੇਣਾ ਗੁਰ ਅਵਤਾਰ, ਲੋਕਮਾਤ ਵਖਾਇੰਦਾ । ਭਗਤ ਭਗਵੰਤ ਕਰ ਉਜਿਆਰ, ਏਕਾ ਚੰਦ ਚੜ੍ਹਾਇੰਦਾ । ਨਵ ਨੌਂ ਖੇਲ ਅਪਾਰ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਸ੍ਰਿਸ਼ਟ ਸਬਾਈ ਕਰੇ ਵਿਚਾਰ, ਲੱਖ ਚੁਰਾਸੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਸੰਗ ਆਪ ਨਿਭਾਇੰਦਾ । ਭਗਤਾਂ ਸੰਗ ਸਾਚਾ ਮੀਤ, ਮਿੱਤਰ ਪਿਆਰਾ ਸੰਗ ਨਿਭਾਈਆ । ਆਪੇ ਬੈਠਾ ਰਹੇ ਅਤੀਤ, ਦਰ ਘਰ ਸਾਚੇ ਸੋਭਾ ਪਾਈਆ । ਨਾਮ ਜਣਾਏ ਸਾਚਾ ਗੀਤ, ਗੀਤ ਗੋਬਿੰਦ ਆਪ ਅਲਾਈਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਵਸਣਹਾਰਾ ਧਾਮ ਅਨਡੀਠ, ਸਚਖੰਡ ਸਾਚੇ ਸੋਭਾ ਪਾਈਆ । ਆਦਿ ਜੁਗਾਦੀ ਜਾਣੇ ਆਪਣੀ ਰੀਤ, ਲੇਖਾ ਲੇਖ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਆਪਣਾ ਭੇਵ ਚੁਕਾਈਆ । ਭਗਤਨ ਭੇਵ ਦੇਵੇ ਦੱਸ, ਦਹਿ ਦਿਸ਼ਾ ਉਠ ਧਾਇਆ । ਲੋਕਮਾਤ ਹਰਿ ਆਏ ਨੱਸ, ਨਿਰਗੁਣ ਵੇਸ ਵਟਾਇਆ । ਜਨਮ ਜਨਮ ਦੀ ਪੂਰੀ ਕਰੇ ਆਸ, ਆਸਾ ਤ੍ਰਿਸ਼ਨਾ ਦਏ ਮੁਕਾਇਆ । ਲੇਖੇ ਲਾਏ ਪਵਣ ਸਵਾਸ, ਜਿਸ ਜਨ ਹਰਿ ਜੂ ਹਰਿ ਹਰਿ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਨਾਮ ਇਕ ਵਡਿਆਇਆ । ਭਗਤਨ ਨਾਮ ਵੱਡਾ ਵਡ, ਹਰਿ ਵੱਡਾ ਸਚ ਵਡਿਆਇੰਦਾ । ਲੱਖ ਚੁਰਾਸੀ ਵਿਚੋਂ ਕੱਢ, ਆਪਣਾ ਮੇਲ ਮਿਲਾਇੰਦਾ । ਲੋਆਂ ਪੁਰੀਆਂ ਕਰਾਏ ਪਾਰ ਹੱਦ, ਬ੍ਰਹਿਮੰਡ ਖੰਡ ਵੰਡ ਵੰਡਾਇੰਦਾ । ਇਕ ਸੁਣਾਏ ਸਾਚਾ ਨਦ, ਅਨਹਦ ਨਾਦ ਵਜਾਇੰਦਾ । ਅੰਮ੍ਰਿਤ ਪਿਆਏ ਸਾਚੀ ਮਧ, ਮਧੁਰ ਨੈਣ ਸੇਵ ਕਮਾਇੰਦਾ । ਜੁਗ ਜੁਗ ਆਪਣੇ ਦੁਆਰੇ ਆਪੇ ਸੱਦ, ਸਦਕੇ ਵਾਰੀ ਘੋਲੀ ਘੋਲ ਘੁਮਾਇੰਦਾ । ਕਲਜੁਗ ਅੰਤਮ ਦੇ ਕੇ ਜਾਵੇ ਅੱਧ,

ਸਾਚਾ ਹਿੱਸਾ ਆਪ ਵੰਡਾਇੰਦਾ । ਭਗਤ ਬਣਾਏ ਆਪਣੀ ਯੱਦ, ਭਗਵਨ ਆਪਣਾ ਬੰਸ ਸੁਹਾਇੰਦਾ । ਕੋਟਨ ਕੋਟ ਭਾਰ ਗਏ ਲੱਦ, ਹੌਲਾ ਭਾਰ ਨਾ ਕੋਇ ਰਖਾਇੰਦਾ । ਅੰਤਮ ਪਰਦਾ ਦੇਵੇ ਨਾ ਕੋਇ ਕੱਜ, ਖ਼ਾਲੀ ਹੱਥ ਸਰਬ ਵਖਾਇੰਦਾ । ਜੋ ਘੜਿਆ ਸੋ ਜਾਏ ਭੱਜ, ਥਿਰ ਕੋਇ ਰਹਿਣ ਨਾ ਪਾਇੰਦਾ । ਭਗਤ ਹਰਿ ਭਗਵਨ ਦੁਆਰੇ ਜਾਏ ਸਜ, ਦਰ ਘਰ ਸਾਚੇ ਸੋਭਾ ਪਾਇੰਦਾ । ਲੋਕ ਲਾਜ ਮਾਤ ਤਜ, ਤਸ਼ਕਰ ਆਪਣਾ ਡੇਰਾ ਲਾਇੰਦਾ । ਏਕਾ ਚੜ੍ਹੇ ਨਾਮ ਜਹਾਜ਼, ਸਤਿਗੁਰ ਪੂਰਾ ਆਪ ਚੜ੍ਹਾਇੰਦਾ । ਸ਼ਬਦ ਅਗੰਮੀ ਮਾਰੇ ਆਵਾਜ਼, ਆਵਾ ਗਵਣ ਨਾ ਕੋਇ ਫਿਰਾਇੰਦਾ । ਏਥੇ ਓਥੇ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਇੰਦਾ । ਪਾਰਬ੍ਰਹਮ ਪ੍ਰਭ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਸੀਸ ਜਗਦੀਸ਼ ਸੋਹੇ ਤਾਜ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਧੁਰਦਰਗਾਹੀ ਸੱਚਾ ਰਾਜ, ਸ਼ਾਹ ਪਾਤਸ਼ਾਹ ਆਪ ਕਮਾਇੰਦਾ । ਜਨ ਭਗਤਾਂ ਦੇਵੇ ਇਕੋ ਦਾਜ, ਵਸਤ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਸਦਾ ਸਲਾਹਿੰਦਾ । ਭਗਤ ਸਲਾਹੇ ਹਰਿ ਭਗਵੰਤ, ਗੁਣ ਮਹਿਮਾ ਆਪ ਜਣਾਈਆ । ਧੰਨ ਵਡਿਆਈ ਸਾਚੇ ਕੰਤ, ਘਰ ਮੰਗਲ ਵੱਜੇ ਵਧਾਈਆ । ਹਰਿਜਨ ਚੋਲੀ ਰੰਗੇ ਬਸੰਤ, ਕਾਇਆ ਕੱਪੜ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਲੇਖਾ ਦਏ ਮੁਕਾਈਆ । ਭਗਵਨ ਭਗਤਨ ਲੇਖਾ ਮੁੱਕਣਾ, ਕਲਜੁਗ ਅੰਤਮ ਵਾਰ । ਪਾਰਬ੍ਰਹਮ ਪ੍ਰਭ ਏਕਾ ਉਠਣਾ, ਨਿਰਗੁਣ ਨੂਰ ਕਰੇ ਉਜਿਆਰ । ਜੂਠਾ ਝੂਠਾ ਬੂਟਾ ਪੁਟਣਾ, ਦੇਵੇ ਜੜ੍ਹ ਉਖਾੜ । ਬਿਨ ਅੰਮ੍ਰਿਤ ਸਭ ਨੇ ਸੁੱਕਣਾ, ਲੱਖ ਚੁਰਾਸੀ ਹੋਏ ਖਵਾਰ । ਸਿੰਘ ਸ਼ੇਰ ਇਕੋ ਬੁੱਕਣਾ, ਨਿਰਗੁਣ ਜੋਤ ਸ਼ਬਦ ਭਬਕਾਰ । ਸ਼ਾਹ ਪਾਤਸ਼ਾਹਾਂ ਅੱਗੇ ਝੁਕਣਾ, ਨਾ ਕੋਈ ਸਕੇ ਸੀਸ ਉਠਾਲ । ਗੁਰਮੁਖ ਹਰਿ ਜੂ ਆਪਣੀ ਗੋਦੀ ਚੁੱਕਣਾ, ਚੁਕ ਚੁਕ ਕਰੇ ਪਿਆਰ । ਦੋ ਜਹਾਨਾਂ ਪੈਂਡਾ ਮੁੱਕਣਾ, ਪਾਂਧੀ ਬਣ ਨਾ ਚਲੇ ਕੋਈ ਰਫ਼ਤਾਰ । ਸਾਹਿਬ ਸੁਲਤਾਨ ਅੱਗੋਂ ਪੁਜਣਾ, ਭਗਤ ਭਗਵਾਨ ਲਏ ਉਠਾਲ । ਲੱਖ ਚੁਰਾਸੀ ਦੀਵਾ ਬੁਝਣਾ, ਨਾ ਸਕੇ ਕੋਈ ਬਾਲ । ਲਹਿਣਾ ਚੁਕੇ ਏਕਾ ਦੂਜਣਾ, ਤੀਜੇ ਹੋਰ ਨਾ ਕੋਈ ਸਵਾਲ । ਚੌਥੇ ਘਰ ਗੁਰਮੁਖ ਵਿਰਲੇ ਝੁਜਣਾ, ਨਾਤਾ ਤੋੜ ਕਾਲ ਮਹਾਂਕਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸੰਭਾਲ । ਸਦਾ ਸੰਭਾਲੇ ਕਰੇ ਪ੍ਰਿਤਪਾਲ, ਪ੍ਰਿਤਪਾਲਕ ਵਡ ਵਡਿਆਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਦਰਗਹਿ ਸਾਚੀ ਸੋਭਾ ਪਾਈਆ । ਕਲਜੁਗ ਅੰਤਮ ਭੇਵ ਨਿਰਾਲ, ਨਿਰਗੁਣ ਆਪਣਾ ਆਪ ਛੁਪਾਈਆ । ਜਗਤ ਜੁਗ ਅਵਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਸੰਤ ਸੁਹੇਲੇ ਲਏ ਭਾਲ, ਗੁਰ ਚੇਲੇ ਵੇਖ ਵਖਾਈਆ । ਆਪੇ ਚਲੇ ਨਾਲ ਨਾਲ, ਬਣ ਪਾਂਧੀ ਪੰਧ ਮੁਕਾਈਆ । ਜੁਗ ਚੌਕੜੀ ਜੋ ਘਾਲਣ ਗਏ ਘਾਲ, ਕੀਤੀ ਘਾਲ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਦਏ ਵਡਿਆਈਆ । ਭਗਤ ਵਡਿਆਇਆ ਆਪ ਪ੍ਰਭ, ਆਪਣੀ ਕਿਰਪਾ ਧਾਰ । ਲੱਖ ਚੁਰਾਸੀ ਵਿਚੋਂ ਲੱਭ, ਆਪੇ ਦਿਤਾ ਦਰਸ ਦਿਖਾਲ । ਦਰ ਦੁਆਰੇ ਆਪੇ ਸੱਦ, ਕਿਰਪਾ ਕਰੇ ਆਪ ਕਿਰਪਾਲ । ਲੱਖ ਚੁਰਾਸੀ ਨਾਲੋਂ ਕੀਤਾ ਅੱਡ, ਇਕ ਬਹਾਏ ਸੱਚੀ ਧਰਮਸਾਲ । ਬੰਸ ਬਣਾਏ ਸਾਚੀ ਯਦ, ਵਿਸ਼ਵ ਰੂਪ ਦਏ ਵਖਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਨ ਬਣੇ ਸਦਾ ਪ੍ਰਿਤਪਾਲ । ਪ੍ਰਿਤਪਾਲੇ ਸਾਰ ਸਮਾਲਦਾ, ਸਰਗੁਣ ਨਿਰਗੁਣ ਮਿੱਤ । ਲੇਖਾ ਜਾਣੇ ਸ਼ਾਹ ਕੰਗਾਲ ਦਾ, ਲੱਖ ਚੁਰਾਸੀ ਕਰੇ ਹਿੱਤ ।

ਰੂਪ ਵਟਾਏ ਆਪ ਦਲਾਲ ਦਾ, ਪਰਗਟ ਹੋਵੇ ਨਿਤ ਨਵਿਤ । ਨਾਤਾ ਤੋੜ ਜਗਤ ਜੰਜਾਲ ਦਾ, ਇਕ ਸੁਹਾਏ ਸਾਚੀ ਰੁੱਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਬਿਨਾਸ਼ੀ ਅਚੁਤ । ਅਬਿਨਾਸ਼ੀ ਅਚੁਤ ਦੀਨ ਦਿਆਲਾ, ਭਗਤਨ ਸੰਗ ਸਮਾਇਆ । ਕਲਜੁਗ ਅੰਤ ਅਵਲੜੀ ਚਾਲਾ, ਵੇਦ ਕਤੇਬ ਭੇਵ ਨਾ ਆਇਆ । ਭਗਤ ਭਗਵੰਤ ਆਪੇ ਭਾਲਾ, ਫੜ ਆਪਣਾ ਮੇਲ ਮਿਲਾਇਆ । ਏਕਾ ਦੱਸਿਆ ਰਾਹ ਸੁਖਾਲਾ, ਸੋਹੰ ਸਾਚਾ ਜਾਪ ਜਪਾਇਆ । ਨੇਤਰ ਦਰਸ਼ਨ ਸਾਚੀ ਮਾਲਾ, ਸਾਚੀ ਸੇਵਾ ਹੱਥ ਮਣਕਾ ਮਨ ਭੁਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਲਏ ਜਗਾਇਆ । ਭਗਤ ਜਗਾਏ ਖੋਲ੍ਹੇ ਜਾਗ, ਆਲਸ ਨਿੰਦਰਾ ਨਾ ਕੋਇ ਵਖਾਈਆ । ਆਤਮ ਅੰਤਰ ਇਕ ਵੈਰਾਗ, ਵੈਰਾਗੀ ਪੁਰਖ ਆਪ ਉਪਜਾਈਆ । ਸਾਕ ਸੱਜਣ ਸੈਣ ਸੱਯਾ ਤਿਆਗ, ਸਿਫ਼ਤੀ ਸਿਫ਼ਤ ਸਿਫ਼ਤ ਸਲਾਹੀਆ । ਮੇਲਾ ਮੇਲ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਗਲੇ ਲਗਾਈਆ । ਏਕਾ ਦੇਵੇ ਧੁਰ ਦੀ ਦਾਤ, ਦਾਤ ਅਨਮੁਲੜੀ ਆਪ ਵਰਤਾਈਆ । ਆਪ ਬੁਝਾਏ ਸਚ ਕਰਾਮਾਤ, ਜਿਸ ਜਨ ਆਪਣੀ ਬੂਝ ਬੁਝਾਈਆ । ਅੱਖਰ ਵੱਖਰ ਸੁਣਾਏ ਗਾਥ, ਗਾਥਾ ਏਕਾ ਏਕ ਵਡਿਆਈਆ । ਜਨਮ ਜਨਮ ਦਾ ਪੂਰਾ ਕਰੇ ਘਾਟ, ਘਾਟਾ ਕੋਇ ਰਹਿਣ ਨਾ ਪਾਈਆ । ਇਕ ਖੁਲ੍ਹਾਏ ਸਾਚਾ ਹਾਟ, ਲੋਕ ਪਰਲੋਕ ਦੇਣ ਗਵਾਹੀਆ । ਖ਼ੁਸ਼ੀ ਮਨਾਏ ਤ੍ਰਲੋਕੀ ਨਾਥ, ਲੋਆਂ ਪੁਰੀਆਂ ਵੱਜੇ ਵਧਾਈਆ । ਭਗਤਾਂ ਦੇਵੇ ਭਗਵਨ ਸਾਥ , ਵਿਛੜ ਕਦੇ ਨਾ ਜਾਈਆ । ਰਾਹ ਤੱਕੇ ਰਾਮਾ ਸੁਤ ਦਸਰਾਥ, ਨੇਤਰ ਨੈਣ ਉਠਾਈਆ । ਕਵਣ ਵੇਲਾ ਮੇਲਾ ਹੋਏ ਤਤਵ ਆਠ, ਤੱਤ ਤੱਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਨ ਸਦਾ ਸਹਾਈਆ । ਭਗਤਨ ਸਦਾ ਸਹਾਇਕ, ਸੋ ਪੁਰਖ ਬਲੀ ਬਲਵਾਨਾ । ਆਦਿ ਜੁਗਾਦੀ ਸੱਚਾ ਨਾਇਕ, ਭੂਪਤ ਭੂਪ ਰਾਜ ਰਾਜਾਨਾ । ਨਾ ਕੋਈ ਸ਼ਰਅ ਨਾ ਸ਼ਰਾਇਤ, ਲਾਸ਼ਰੀਕ ਇਕ ਮਿਹਰਵਾਨਾ । ਨਾ ਕੋਇ ਅੰਧੇਰਾ ਨਾ ਤਰੀਕ, ਨੂਰੋ ਨੂਰ ਡਗਮਗਾਨਾ । ਆਦਿ ਜੁਗਾਦਿ ਵਸੇ ਨਜ਼ਦੀਕ, ਨਿਜ਼ ਘਰ ਸਾਚਾ ਇਕ ਸੁਹਾਨਾ । ਭਗਤਨ ਕਰੇ ਆਪ ਪ੍ਰੀਤ, ਪਾਰਬ੍ਰਹਮ ਵਡ ਮਰਦਾਨਾ । ਕਲਜੁਗ ਅੰਤਮ ਸਾਚੀ ਰੀਤ, ਸਤਿਜੁਗ ਸਾਚਾ ਬੰਨ੍ਹੇ ਗਾਨਾ । ਲੱਖ ਚੁਰਾਸੀ ਪਰਖੇ ਨੀਤ, ਹਰ ਘਟ ਵੇਖ ਵਖਾਨਾ । ਗੁਰਮੁਖ ਵਿਰਲਾ ਗਾਏ ਗੀਤ, ਜਿਸ ਸੁਣਿਆਂ ਧੁਰ ਤਰਾਨਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਸੰਗ ਸਦਾ ਨਿਭਾਣਾ । ਭਗਤਨ ਸੰਗ ਨਿਭੇ ਤੋੜ, ਹਰਿ ਜੂ ਮਤਾ ਪਕਾਇਆ । ਨਿਰਗੁਣ ਚੜ੍ਹਿਆ ਸਾਚੇ ਘੋੜ, ਸ਼ਾਹ ਸਵਾਰ ਫੇਰਾ ਪਾਇਆ । ਦੋ ਜਹਾਨਾਂ ਆਪੇ ਦੌੜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਇਆ । ਜਨ ਭਗਤਾਂ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਮੇਘ ਬਰਸਾਇਆ । ਰਸ ਮਿੱਠਾ ਕਰੇ ਰੀਠਾ ਕੌੜ, ਕੂੜੀ ਕਿਰਿਆ ਦਏ ਗਵਾਇਆ । ਜਨ ਭਗਤਾਂ ਕਾਰਜ ਜਾਏ ਸੌਰ, ਸੋ ਪੁਰਖ ਨਿਰੰਜਣ ਸੇਵ ਕਮਾਇਆ । ਆਪੇ ਵੇਖੇ ਕਰੇ ਆਪਣਾ ਗੌਰ, ਗਹਿਰ ਗਵਰ ਵੇਸ ਵਟਾਇਆ । ਸਤਿ ਪੁਰਖ ਨਿਰੰਜਣ ਆਪਣੇ ਹੱਥ ਪਕੜੀ ਡੋਰ, ਚਾਰੋਂ ਕੁੰਟ ਰਿਹਾ ਭੁਵਾਇਆ । ਲੇਖਾ ਚੁਕਾਏ ਪੰਜ ਚੋਰ, ਠੱਗ ਕੋਇ ਰਹਿਣ ਨਾ ਪਾਇਆ । ਨਾਤਾ ਤੋੜੇ ਅੰਧ ਘੋਰ, ਸਾਚਾ ਨੂਰ ਕਰੇ ਰੁਸ਼ਨਾਇਆ । ਮਾਇਆ ਮਮਤਾ ਨਾ ਪਾਏ ਸ਼ੋਰ, ਛੋਹਰ ਆਪਣਾ ਬਲ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਤਾਰਨ ਕੋ ਹਰਿ ਇਕੋ ਇਕ, ਆਦਿ ਜੁਗਾਦਿ ਸਮਾਇੰਦਾ । ਤਿਸ ਸਾਹਿਬ ਕੋਲ ਸਾਚੀ ਭਿੱਖ,

ਜੁਗਾ ਜੁਗੰਤਰ ਆਪ ਵਰਤਾਇੰਦਾ । ਜਿਉਂ ਭਾਵੇ ਤਿਉਂ ਦੇਵੇ ਲਿਖ, ਤਿਸ ਦਾ ਲੇਖਾ ਨਾ ਕੋਇ ਮਿਟਾਇੰਦਾ । ਵਡ ਵਡਿਆਈ ਗੁਰਮੁਖ ਵਿਰਲੇ ਪਾਇਆ ਸਿੱਖ, ਸਾਚੀ ਸਿਖਿਆ ਜਿਸ ਸਮਝਾਇੰਦਾ । ਮੇਲ ਮਿਲਾਏ ਆਪਣਾ ਤਿਸ, ਤੀਬਰ ਇਛਿਆ ਪੂਰ ਕਰਾਇੰਦਾ । ਏਥੇ ਓਥੇ ਸਾਚਾ ਹਿੱਸ, ਵੰਡਣ ਵੰਡ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਆਪਣੀ ਗੋਦ ਬਹਾਇੰਦਾ । ਭਗਤਨ ਸੋਹੇ ਸੱਚੇ ਘਰ, ਭਗਵਨ ਆਪ ਸੁਹਾਇਆ । ਨਿਰਭੌ ਚੁਕਾਏ ਝੂਠਾ ਡਰ, ਭੈ ਅਵਰ ਨਾ ਕੋਇ ਵਖਾਇਆ । ਆਪਣੀ ਕਿਰਪਾ ਆਪੇ ਕਰ, ਨਰ ਨਰਾਇਣ ਮੇਲ ਮਿਲਾਇਆ । ਅੰਦਰ ਮੰਦਰ ਆਪੇ ਵੜ, ਸਚ ਸਿੰਘਾਸਣ ਸੋਭਾ ਪਾਇਆ । ਸੰਤ ਸੁਹੇਲੇ ਆਪੇ ਫੜ, ਆਪਣੀ ਬੂਝ ਬੁਝਾਇਆ । ਭਗਤ ਭਗਵਾਨ ਲਾਏ ਲੜ, ਏਕਾ ਪੱਲੂ ਗੰਢ ਵਖਾਇਆ । ਲੇਖੇ ਲਾਏ ਨਾਰੀ ਨਰ, ਜਿਸ ਜਨ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਭਗਤਾਂ ਹੋਏ ਸਹਾਇਆ । ਭਗਤ ਸਾਰੇ ਰਹੇ ਹੱਸ, ਆਪਣੀ ਖ਼ੁਸ਼ੀ ਮਨਾਈਆ । ਵੇਖੋ ਸਾਡੇ ਹੋਇਆ ਵਸ, ਘਰ ਸਾਚੇ ਸੇਵ ਕਮਾਈਆ । ਆਪਣੀ ਪੂਰੀ ਕਰੇ ਆਸ, ਭਗਤਾਂ ਦਰਸ਼ਨ ਪਾਈਆ । ਭਗਤਨ ਕਰੇ ਜੋਤ ਪਰਕਾਸ਼, ਨਿਰਗੁਣ ਨੂਰ ਟਿਕਾਈਆ । ਸਦਾ ਸੁਹੇਲਾ ਬਣ ਬਣ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਕਰਨ ਆਇਆ ਕਾਰਜ ਖ਼ਾਸ, ਖ਼ਾਹਸ਼ ਇਕੋ ਇਕ ਰਖਾਈਆ । ਭਗਤ ਦੁਆਰਾ ਲਵਾਂ ਤਰਾਸ਼, ਆਪ ਆਪਣੀ ਵੰਡ ਵੰਡਾਈਆ । ਜੁਗ ਜੁਗ ਦੀ ਮੇਰੀ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਰਖਾਈਆ । ਸਾਚੇ ਭਗਤਾਂ ਕੱਢੇ ਨਾ ਕੋਇ ਸੁਰਾਖ਼, ਸੋਈ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਪਾਈਆ । ਹਰਿ ਭਗਤ ਸਾਰੇ ਕਹਿਣ, ਵਾਹ ਵਾ ਸ਼ੁਕਰ ਮਨਾਇਆ । ਹਰਿ ਜੂ ਭਗਤਾਂ ਆਏ ਲੈਣ, ਨਿਰਗੁਣ ਵੇਸ ਧਰਾਇਆ । ਸਾਡਾ ਚੁੱਕੇ ਲੈਣ ਦੇਣ, ਪਿਛਲਾ ਕਰਜ਼ਾ ਰਿਹਾ ਮੁਕਾਇਆ । ਆਪੇ ਦਰਸ ਪੇਖੇ ਨੈਣ, ਨੈਣ ਨੈਣਾਂ ਨਾਲ ਮਿਲਾਇਆ । ਸਖਾ ਸਹਾਈ ਬਣੇ ਸੈਣ, ਸੱਜਣ ਆਪਣਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਨ ਆਪ ਸਮਾਇਆ । ਭਗਤ ਕਹਿਣ ਹਰਿ ਜੂ ਦਾਸ, ਦਰ ਦਰ ਫੇਰਾ ਪਾਈਆ । ਕਿਸੇ ਹੱਥ ਨਾ ਆਏ ਪ੍ਰਿਥਮੀ ਆਕਾਸ਼, ਘਰ ਸਾਡੇ ਆਵੇ ਵਾਹੋ ਦਾਹੀਆ । ਬਿਨ ਭਗਤਾਂ ਰਹੇ ਨਿਰਾਸ, ਧੀਰਜ ਧੀਰ ਨਾ ਕੋਇ ਜਣਾਈਆ । ਸਾਚਾ ਕਰੇ ਨਾ ਕੋਇ ਬਲਾਸ, ਭੋਗੀ ਬਣੀ ਸਰਬ ਲੋਕਾਈਆ । ਬਿਨ ਹਰਿ ਭਗਤ ਭਗਵਨ ਕਿਸੇ ਦਰ ਨਾ ਕਰੇ ਨਿਵਾਸ, ਮੰਦਰ ਦਏ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਰੰਗ ਚੜ੍ਹਾਈਆ । ਭਗਤ ਕਹਿਣ ਬੱਧੀ ਡੋਰ, ਹਰਿ ਜੂ ਆਪਣੇ ਤੰਦ ਬੰਧਾਇਆ । ਜਿਧਰ ਚਾਹੀਏ ਲਈਏ ਤੋਰ, ਤੇਰਾ ਮੇਰਾ ਮੋਹ ਚੁਕਾਇਆ । ਭਗਵਾਨ ਰੱਖੇ ਭਗਤਾਂ ਲੋੜ, ਜੁਗ ਜੁਗ ਭਗਤਾਂ ਹੋਏ ਸਹਾਇਆ । ਕਲਜੁਗ ਅੰਤਮ ਟੁੱਟੀ ਲਏ ਜੋੜ, ਆਪ ਆਪਣਾ ਬੰਧਨ ਪਾਇਆ । ਆਪਣੇ ਨਾਲ ਲਏ ਤੋਰ, ਸਾਚਾ ਸੰਗ ਰਖਾਇਆ । ਜੋਰਾਵਰ ਨਾ ਵਖਾਏ ਕੋਈ ਜ਼ੋਰ, ਜਾਬਰ ਜਬਰ ਨਾ ਰੂਪ ਵਟਾਇਆ । ਹੋਏ ਸਹਾਈ ਸਦਾ ਅੰਧਘੋਰ, ਅੰਧਲੇ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਮਾਰਗ ਆਪ ਚਲਾਇਆ ।


੫੮
੧੧

★ ੮ ਮੱਘਰ ੨੦੧੮ ਬਿਕਰਮੀ ਗੁਰਬਖ਼ਸ਼ ਸਿੰਘ ਦੇ ਨਵਿਤ ਜੇਠੂਵਾਲ ਦਰਬਾਰ ਵਿਚ ★

ਹਰਿ ਕਾ ਨਾਮ ਨਿਧਾਨ, ਦਿਸ ਕਿਸੇ ਨਾ ਆਇੰਦਾ । ਹਰਿ ਕਾ ਨਾਉਂ ਬੇਪਹਿਚਾਨ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਹਰਿ ਕਾ ਨਾਉਂ ਆਦਿ ਜੁਗਾਦਿ ਖੇਲ ਮਹਾਨ, ਪਾਰਬ੍ਰਹਮ ਪ੍ਰਭ ਆਪ ਖਲਾਇੰਦਾ । ਜੁਗ ਚੌਕੜੀ ਕਰ ਕਰ ਗਏ ਪਹਿਚਾਨ, ਭੇਵ ਅਭੇਵ ਨਾ ਕੋਇ ਖੁਲਾਇੰਦਾ । ਗਾ ਗਾ ਥੱਕੇ ਗਾਨ, ਰਸਨਾ ਜਿਹਵਾ ਸਰਬ ਹਿਲਾਇੰਦਾ । ਜਿਸ ਜਨ ਕਿਰਪਾ ਕਰੇ ਆਪ ਭਗਵਾਨ, ਤਿਸ ਆਪਣੀ ਬੂਝ ਬੁਝਾਇੰਦਾ । ਨਾਮ ਅਨਮੁਲਾ ਦੇਵੇ ਦਾਨ, ਵਸਤ ਅਨਡਿਠੜੀ ਆਪ ਵਰਤਾਇੰਦਾ । ਰਾਗ ਸੁਣਾਏ ਆਪਣਾ ਕਾਨ, ਅਨਾਦੀ ਨਾਦ ਵਜਾਇੰਦਾ । ਆਤਮ ਪਰਮਾਤਮ ਕਰ ਪਰਵਾਨ, ਦਰ ਘਰ ਸਾਚੇ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਪਰਗਟਾਇੰਦਾ । ਨਾਮ ਨਿਧਾਨਾ ਨਿਰਗੁਣ ਧਾਰ, ਧਾਰ ਧਾਰ ਵਿਚ ਸਮਾਈਆ । ਸੋ ਪੁਰਖ ਨਿਰੰਜਣ ਖੇਲ ਅਪਾਰ, ਅਲੱਖ ਅਗੋਚਰ ਆਪ ਕਰਾਈਆ । ਹਰਿ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਆਦਿ ਨਿਰੰਜਣ ਭੇਵ ਨਿਆਰ, ਅਨੁਭਵ ਆਪਣੀ ਖੇਲ ਖਲਾਈਆ । ਅਬਿਨਾਸ਼ੀ ਕਰਤਾ ਨਿਰਾਕਾਰ, ਨਿਰਵੈਰ ਨਾਉਂ ਧਰਾਈਆ । ਸ੍ਰੀ ਭਗਵਾਨ ਸਾਂਝਾ ਯਾਰ, ਆਦਿ ਜੁਗਾਦਿ ਵਡੀ ਵਡਿਆਈਆ । ਪਾਰਬ੍ਰਹਮ ਪ੍ਰਭ ਹੋ ਤਿਆਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਬੋਲ ਆਪ ਜੈਕਾਰ, ਨਾਉਂ ਨਿਰੰਕਾਰ ਆਪ ਪਰਗਟਾਈਆ । ਸਾਚੇ ਘਰ ਖੇਲ ਕਰੇ ਅਪਾਰ, ਸਚਖੰਡ ਵਾਸੀ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਧਰਾਈਆ । ਆਪਣਾ ਨਾਉਂ ਆਪੇ ਰੱਖ, ਨਿਰਗੁਣ ਆਪਣਾ ਖੇਲ ਖਲਾਇੰਦਾ । ਜੁਗਾ ਜੁਗੰਤਰ ਆਪੇ ਦੱਸ, ਗੁਰ ਅਵਤਾਰ ਸੇਵ ਲਗਾਇੰਦਾ । ਅੰਤਰ ਆਤਮ ਆਪੇ ਵਸ, ਆਪ ਆਪਣੀ ਬੂਝ ਬੁਝਾਇੰਦਾ । ਤੀਰ ਨਿਰਾਲਾ ਮਾਰੇ ਕਸ, ਅਣਯਾਲਾ ਆਪ ਚਲਾਇੰਦਾ । ਨੂਰੋ ਨੂਰ ਕਰੇ ਪਰਕਾਸ਼, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਸਲਾਹਿੰਦਾ । ਸਾਚਾ ਨਾਮ ਸਿਫ਼ਤ ਸਲਾਹ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਹਰਿ ਪੁਰਖ ਨਿਰੰਜਣ ਬਣ ਮਲਾਹ, ਆਪਣਾ ਬੇੜਾ ਆਪ ਉਠਾਈਆ । ਏਕੰਕਾਰਾ ਬੇਪਰਵਾਹ, ਨਿਰਗੁਣ ਦਾਤਾ ਵੇਖ ਵਖਾਈਆ । ਆਦਿ ਨਿਰੰਜਣ ਹੋ ਰੁਸ਼ਨਾ, ਨੂਰੋ ਨੂਰ ਨੂਰ ਪਰਗਟਾਈਆ । ਅਬਿਨਾਸ਼ੀ ਕਰਤਾ ਪਕੜੇ ਬਾਂਹ, ਆਪ ਆਪਣਾ ਸੰਗ ਨਿਭਾਈਆ । ਸ੍ਰੀ ਭਗਵਾਨ ਹੋਏ ਸਹਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪਾਰਬ੍ਰਹਮ ਪ੍ਰਭ ਕਰੇ ਨਿਆਂ, ਭੂਪਤ ਭੂਪ ਰਾਜ ਰਾਜਾਨ ਸ਼ਾਹ ਸੁਲਤਾਨ ਇਕ ਅਖਵਾਈਆ । ਇਕ ਜਣਾਏ ਆਪਣਾ ਨਾਉਂ, ਨਾ ਮਰੇ ਨਾ ਜਾਈਆ । ਵਸਣਹਾਰਾ ਹਰ ਘਟ ਥਾਉਂ, ਘਰ ਘਰ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਉਂ ਆਪ ਵਡਿਆਈਆ । ਹਰਿ ਕਾ ਨਾਉਂ ਵਡ ਪਰਤਾਪ, ਹਰਿ ਵੱਡਾ ਵੱਡ ਰਖਾਇੰਦਾ । ਆਦਿ ਜੁਗਾਦੀ ਆਪੇ ਜਾਣੇ ਆਪਣਾ ਜਾਪ, ਜਪਣਹਾਰ ਆਪ ਅਖਵਾਇੰਦਾ । ਦੋ ਜਹਾਨਾਂ ਲੇਖਾ ਜਾਣੇ ਮਾਈ ਬਾਪ, ਪਿਤਾ ਪੂਤ ਖੇਲ ਖਲਾਇੰਦਾ । ਲੇਖਾ ਵੇਖੇ ਦਿਵਸ ਰਾਤ, ਸੂਰਜ ਚੰਦ ਪੰਧ ਮੁਕਾਇੰਦਾ । ਅੱਖਰ ਵੱਖਰ ਗਾ ਗਾ ਗਾਥ ਵਿਸ਼ਨ ਬ੍ਰਹਮਾ ਸ਼ਿਵ ਪੜ੍ਹਾਇੰਦਾ । ਲੱਖ ਚੁਰਾਸੀ ਦੇ ਦੇ ਦਾਤ, ਗੁਰ ਅਵਤਾਰ ਮਾਤ ਪਰਗਟਾਇੰਦਾ । ਚਰਨ ਕਵਲ ਬੰਧਾਏ ਨਾਤ, ਨਾਤਾ ਬਿਧਾਤਾ ਇਕ ਰਖਾਇੰਦਾ । ਲਹਿਣਾ ਜਾਣੇ ਮਸਤਕ ਮਾਥ, ਲੇਖਾ

ਆਪਣੇ ਹੱਥ ਵਖਾਇੰਦਾ । ਦੇਵਣਹਾਰਾ ਸਾਚਾ ਸਾਥ, ਸਗਲਾ ਸੰਗ ਨਿਭਾਇੰਦਾ । ਆਪ ਜਣਾਏ ਆਪਣਾ ਪਾਠ, ਸਾਚੀ ਪੂਜਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਰਖਾਇੰਦਾ । ਹਰਿ ਕਾ ਨਾਉਂ ਸਦਾ ਅਭੁੱਲ, ਭੁੱਲ ਕਦੇ ਨਾ ਜਾਈਆ । ਹਰਿ ਕਾ ਨਾਉਂ ਸਦਾ ਅਤੁਲ, ਤੋਲ ਸਕੇ ਨਾ ਕੋਇ ਰਾਈਆ । ਹਰਿ ਕਾ ਨਾਉਂ ਸਦਾ ਅਡੁਲ, ਨਾ ਡੋਲੇ ਨਾ ਕੋਇ ਡੁਲਾਈਆ । ਹਰਿ ਕਾ ਨਾਉਂ ਨਾ ਜਾਏ ਰੁਲ, ਆਦਿ ਜੁਗਾਦਿ ਵਡੀ ਵਡਿਆਈਆ । ਜੁਗ ਜੁਗ ਭੰਡਾਰਾ ਜਾਏ ਖੁਲ੍ਹ, ਹਰਿ ਆਪਣਾ ਨਾਉਂ ਖੁਲ੍ਹਾਈਆ । ਕਰਤਾ ਕੀਮਤ ਨਾ ਜਾਣੇ ਕੋਈ ਮੁਲ, ਹੱਟੋ ਹੱਟ ਨਾ ਕੋਇ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਸਾਲਾਹੀਆ । ਆਪਣਾ ਨਾਉਂ ਆਪੇ ਦੱਸ, ਲੋਕਮਾਤ ਖੇਲ ਖਲਾਇੰਦਾ । ਜੁਗਾ ਜੁਗੰਤਰ ਹੋ ਪਰਗਟ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਜਨ ਭਗਤਾਂ ਦੇਵੇ ਸਾਚੀ ਵਥ, ਨਾਮ ਅਮੋਲਕ ਝੋਲੀ ਪਾਇੰਦਾ । ਅੰਤਰ ਆਤਮ ਇਕੋ ਰਸ, ਰਸਨਾ ਜਿਹਵਾ ਨਾ ਕੋਇ ਚਖਾਇੰਦਾ । ਕੋਟਨ ਕੋਟ ਪਰਕਾਸ਼ ਕਰ ਰਵ ਸਸ, ਅੰਧ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਉਪਜਾਇੰਦਾ । ਆਪਣਾ ਨਾਉਂ ਨਾਦ ਧੁਨ, ਧੁਨ ਆਤਮਕ ਆਪ ਜਣਾਈਆ । ਗੁਰਮੁਖ ਵਿਰਲਾ ਲਏ ਸੁਣ, ਜਿਸ ਹਰਿ ਹਰਿ ਆਪ ਬੁਝਾਈਆ । ਲੱਖ ਚੁਰਾਸੀ ਛਾਣ ਪੁਣ, ਭਗਵਨ ਭਗਤ ਲਏ ਮਿਲਾਈਆ । ਆਪੇ ਜਾਣੇ ਸਾਚੇ ਗੁਣ, ਅਵਗੁਣ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਵਰਤਾਈਆ । ਸਾਚਾ ਨਾਉਂ ਸਾਚੀ ਦਾਤ, ਦਾਤਾ ਦਾਨੀ ਆਪ ਵਰਤਾਇੰਦਾ । ਲੱਖ ਚੁਰਾਸੀ ਵੇਖੇ ਮਾਰ ਝਾਤ, ਨਵ ਨੌਂ ਫੋਲ ਫੁਲਾਇੰਦਾ । ਭਗਤਨ ਦੇਵੇ ਸਾਚਾ ਸਾਥ, ਸਗਲਾ ਸੰਗ ਆਪ ਨਿਭਾਇੰਦਾ । ਦਰਸ ਦਿਖਾਏ ਸੁਤਿਆਂ ਰਾਤ, ਰਾਤੀਂ ਰੁਤੀ ਥਿਤ ਵਡਿਆਇੰਦਾ । ਨਾਮ ਅਗੰਮਾ ਦੇਵੇ ਵੱਡ ਕਰਾਮਾਤ, ਕਰਨੀ ਕਰਤਾ ਆਪ ਜਣਾਇੰਦਾ । ਬੰਦ ਕਵਾੜੀ ਖੋਲ੍ਹ ਤਾਕ, ਦੀਪਕ ਦੀਆ ਇਕ ਜਗਾਇੰਦਾ । ਨਿਰਗੁਣ ਸਰਗੁਣ ਬਣ ਬਣ ਸੱਜਣ ਸਾਕ, ਸਗਲਾ ਸੰਗ ਨਿਭਾਇੰਦਾ । ਆਤਮ ਪਰਮਾਤਮ ਕਰੇ ਪਾਕੀ ਪਾਕ, ਪਤਤ ਪੁਨੀਤ ਦਇਆ ਕਮਾਇੰਦਾ । ਇਕ ਸੁਣਾਏ ਸਾਚੀ ਗਾਥ, ਨਾਮ ਨਿਧਾਨਾ ਢੋਲਾ ਗਾਇੰਦਾ । ਲਹਿਣਾ ਚੁਕੇ ਤੱਤ ਆਠ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਪੰਧ ਮੁਕਾਇੰਦਾ । ਹਰਿ ਕਾ ਨਾਉਂ ਨਾ ਕੋਈ ਜ਼ਾਤ ਨਾ ਕੋਈ ਪਾਤ, ਵਰਨ ਬਰਨ ਨਾ ਵੰਡ ਵੰਡਾਇੰਦਾ । ਨਾ ਕੋਈ ਤੀਰਥ ਨਾ ਕੋਈ ਤਾਟ, ਸਰੋਵਰ ਸਰ ਨਾ ਸੋਭਾ ਪਾਇੰਦਾ । ਨਾ ਕੋਈ ਮੰਦਰ ਨਾ ਕੋਈ ਮੱਠ, ਮਸਜਿਦ ਰੂਪ ਨਾ ਕੋਇ ਵਟਾਇੰਦਾ । ਨਾ ਕੋਈ ਕਿਨਾਰਾ ਨਾ ਕੋਈ ਤੱਟ, ਚਾਰ ਦੀਵਾਰੀ ਬੰਦ ਨਾ ਕੋਇ ਕਰਾਇੰਦਾ । ਜਨ ਭਗਤਾਂ ਅੰਦਰ ਰਿਹਾ ਵਸ, ਆਪ ਆਪਣਾ ਆਸਣ ਲਾਇੰਦਾ । ਦਿਵਸ ਰੈਣ ਹੱਸ ਹੱਸ, ਸਾਚੀ ਖ਼ੁਸ਼ੀ ਮਨਾਇੰਦਾ । ਜੁਗ ਜੁਗ ਪੂਰੀ ਕਰੇ ਆਸ, ਆਪ ਆਪਣਾ ਨਾਉਂ ਸਮਝਾਇੰਦਾ । ਸੇਵਾ ਕਰੇ ਬਣ ਦਾਸੀ ਦਾਸ, ਸੇਵਕ ਸੇਵ ਆਪ ਕਮਾਇੰਦਾ । ਅੰਤਮ ਕਰੇ ਬੰਦ ਖ਼ੁਲਾਸ, ਬੰਦੀਖ਼ਾਨਾ ਤੋੜ ਤੁੜਾਇੰਦਾ । ਲੇਖਾ ਜਾਣੇ ਪਵਣ ਸਵਾਸ, ਰਸਨਾ ਜਿਹਵਾ ਨਾਲ ਮਿਲਾਇੰਦਾ । ਜਗਤ ਵਿਕਾਰਾ ਕਰੇ ਪਾਸ਼ ਪਾਸ਼, ਜਿਸ ਜਨ ਆਪਣਾ ਨਾਉਂ ਸਮਝਾਇੰਦਾ । ਬਿਨ ਗੋਪੀ ਕਾਹਨ ਪਾਏ ਰਾਸ, ਮੰਡਲ ਮੰਡਪ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਵਖਾਇੰਦਾ । ਜੁਗ ਜੁਗ ਨਾਉਂ ਅਨਕ ਕਲ ਧਾਰ, ਅਨਕ ਕਲਾ ਵਰਤਾਈਆ । ਗੁਰ

ਅਵਤਾਰ ਕਰਨ ਪੁਕਾਰ, ਰਸਨਾ ਜਿਹਵਾ ਨਾਲ ਸਾਲਾਹੀਆ । ਭਗਤ ਭਗਵੰਤ ਬੋਲ ਜੈਕਾਰ, ਇਕੋ ਨਾਅਰਾ ਲਾਈਆ । ਸੰਤ ਸਾਜਣ ਰੋਵਣ ਜ਼ਾਰੋ ਜ਼ਾਰ, ਹਰਿ ਕਾ ਨਾਉਂ ਵਿਛੜ ਨਾ ਜਾਈਆ । ਗੁਰਮੁਖ ਢਹਿ ਢਹਿ ਧੂੜੀ ਮੰਗਣ ਚਰਨ ਛਾਰ, ਮਸਤਕ ਟਿੱਕਾ ਇਕ ਲਗਾਈਆ । ਗੁਰਸਿਖ ਢਹਿ ਢਹਿ ਪਏ ਦਵਾਰ, ਦਰ ਦਰ ਆਪਣਾ ਸੀਸ ਝੁਕਾਈਆ । ਕਿਰਪਾ ਕਰ ਆਪ ਨਿਰੰਕਾਰ, ਏਕਾ ਮੰਗ ਮੰਗਾਈਆ । ਤੇਰਾ ਨਾਉਂ ਸਚ ਭੰਡਾਰ, ਸਾਚੀ ਵਸਤ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਏਕਾ ਮੰਤਰ ਨਾਮ ਪੜ੍ਹਾਈਆ । ਨਾਮ ਮੰਤਰ ਜਗਤ ਪੜ੍ਹਾਇਆ, ਜੁਗ ਜੁਗ ਰੀਤ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇਆ, ਕਰੋੜ ਤੇਤੀਸਾ ਬੰਧਨ ਪਾਇੰਦਾ । ਗਣਪਤ ਗਣੇਸ਼ ਰਿਹਾ ਸਾਲਾਹਿਆ, ਅਸ਼ਟਭੁਜ ਰੂਪ ਵਟਾਇੰਦਾ । ਚਤੁਰਭੁਜ ਨਾਲ ਰਲਾਇਆ, ਭੇਵ ਕੋਇ ਨਾ ਪਾਇੰਦਾ । ਗੁਰ ਅਵਤਾਰ ਰਹੇ ਸਾਲਾਹਿਆ, ਜੁਗ ਚੌਕੜੀ ਖੇਲ ਖਲਾਇੰਦਾ । ਵੇਦ ਕਤੇਬ ਰਹੇ ਜਸ ਗਾਇਆ, ਬ੍ਰਹਮਾ ਵੇਤਾ ਮੁਖ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪਣੇ ਵਿਚ ਛੁਪਾਇੰਦਾ । ਹਰਿ ਹਰਿ ਨਾਉਂ ਅੰਦਰ ਰੱਖ, ਜੁਗ ਜੁਗ ਖੇਲ ਕਰਾਈਆ । ਜਨ ਭਗਤਾਂ ਕਰੇ ਆਪ ਪਰਤੱਖ, ਨਿਰਗੁਣ ਸਰਗੁਣ ਰੂਪ ਵਟਾਈਆ । ਸਦਾ ਸੁਹੇਲਾ ਕਰੇ ਪੱਖ, ਸਿਰ ਆਪਣਾ ਹੱਥ ਟਿਕਾਈਆ । ਆਪਣਾ ਨਾਉਂ ਵਖਾਏ ਇਕੋ ਜਸ, ਜਸ ਵੇਦ ਪੁਰਾਨ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਰੰਗ ਵਖਾਈਆ । ਆਦਿ ਆਦਿ ਪੁਰਖ ਪਰਮਾਤਮ, ਪਰਮ ਪੁਰਖ ਖੇਲ ਖਲਾਇਆ । ਥਿਰ ਘਰ ਦੁਆਰ ਖੇਲ ਰਚਾਇਆ ਆਤਮ, ਆਪ ਆਪਣੀ ਵੰਡ ਵੰਡਾਇਆ । ਹਰਖ਼ ਸੋਗ ਨਾ ਕੋਇ ਮਾਤਮ, ਚਿੰਤਾ ਰੋਗ ਨਾ ਕੋਇ ਜਣਾਇਆ । ਆਦਿ ਅੰਤ ਨਾ ਹੋਏ ਘਾਤਮ, ਘਾਉ ਮੂਲ ਨਾ ਕੋਇ ਲਗਾਇਆ । ਲੇਖਾ ਜਾਣੇ ਨੂਰ ਬਾਤਨ, ਜ਼ਹੂਰ ਆਪਣਾ ਖੇਲ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣਾ ਨਾਉਂ ਆਪ ਧਰਾਇਆ । ਆਦਿ ਨਾਉਂ ਪਾਰਬ੍ਰਹਮ, ਸੋ ਪੁਰਖ ਨਿਰੰਜਣ ਵਡਿਆਈਆ । ਆਪਣੀ ਕੁਖੋਂ ਆਪੇ ਜੰਮ, ਆਪੇ ਬਣਿਆ ਪਿਤਾ ਮਾਈਆ । ਆਪਣਾ ਬੇੜਾ ਆਪੇ ਬੰਨ੍ਹ, ਆਪੇ ਰਿਹਾ ਚਲਾਈਆ । ਆਪ ਛੁਹਾਏ ਆਪਣੀ ਛੱਪਰੀ ਛੰਨ, ਘਰ ਸਾਚੇ ਸੋਭਾ ਪਾਈਆ । ਆਪੇ ਜਨਨੀ ਆਪੇ ਜਨ, ਆਪੇ ਜਨ ਜਣੇਂਦੀ ਮਾਈਆ । ਆਪੇ ਨਾਉਂ ਸੁਣਿਆਂ ਆਪਣੇ ਕੰਨ, ਨਾਉਂ ਨਿਰੰਕਾਰਾ ਆਪ ਸਾਲਾਹੀਆ । ਆਪੇ ਘੜੇ ਆਪੇ ਦੇਵੇ ਭੰਨ, ਘੜਨ ਭੰਨਣਹਾਰ ਆਪ ਅਖਵਾਈਆ । ਆਪੇ ਸੂਰਜ ਆਪੇ ਚੰਨ, ਆਪੇ ਕਰੇ ਸਚ ਰੁਸ਼ਨਾਈਆ । ਆਪੇ ਕਾਇਆ ਆਪੇ ਤਨ, ਆਪੇ ਮਾਟੀ ਖ਼ਾਕ ਸਮਾਈਆ । ਆਪੇ ਰਾਗ ਆਪੇ ਕੰਨ, ਆਪੇ ਗੀਤ ਗੋਬਿੰਦ ਅਲਾਈਆ । ਆਪੇ ਮਨਸ਼ਾ ਆਪੇ ਮਨ, ਆਪੇ ਵਾਸ਼ਨਾ ਵਿਚ ਰਖਾਈਆ । ਆਪੇ ਨੇਤਰ ਆਪੇ ਅੰਨ੍ਹ, ਆਪੇ ਅੰਧ ਅੰਧੇਰ ਸਮਾਈਆ । ਆਪੇ ਦੇਵਣਹਾਰਾ ਡੰਨ, ਆਪਣਾ ਬੰਧਨ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਸਮਝਾਈਆ । ਆਤਮ ਪਰਮਾਤਮ ਸਾਚਾ ਨਾਂ, ਆਦਿ ਪੁਰਖ ਜਣਾਇਆ । ਆਪੇ ਪਿਤਾ ਆਪੇ ਮਾਂ, ਆਪੇ ਪੂਤ ਸਪੂਤਾ ਵੇਸ ਵਟਾਇਆ । ਆਪੇ ਸਦਾ ਸੁਹੇਲਾ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇਆ । ਆਦਿ ਆਦਿ ਆਪਣਾ ਨਾਉਂ ਧਰਾ, ਸੋਹੰ ਢੋਲਾ ਇਕੋ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਵਿਚ ਰਖਾਇਆ । ਪਰਦਾ ਉਹਲਾ

ਹਰਿ ਹਰਿ ਧਾਰ, ਆਤਮ ਪਰਮਾਤਮ ਵਿਚ ਰਖਾਈਆ । ਤ੍ਰੈਗੁਣ ਮਾਇਆ ਕਰ ਸ਼ਿੰਗਾਰ, ਅੱਧਵਿਚਕਾਰ ਆਪ ਬਿਠਾਈਆ । ਪੰਜ ਚੋਰ ਕਰਨ ਪਿਆਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਆਸ਼ਾ ਤ੍ਰਿਸ਼ਨਾ ਨਾਰ ਮੁਟਿਆਰ, ਮਨ ਮਨੂਆ ਲਏ ਪਰਨਾਈਆ । ਜੂਠ ਝੂਠ ਅਹਾਰ, ਮਾਇਆ ਮਮਤਾ ਸੰਗ ਨਿਭਾਈਆ । ਕੂੜੀ ਕਿਰਿਆ ਜਗਤ ਵਿਹਾਰ, ਜੁਗਤੀ ਜੋਗ ਨਾ ਕੋਇ ਕਮਾਈਆ । ਸ਼ਕਤੀ ਭਗਤੀ ਕਰਨ ਵਿਚਾਰ, ਬੂੰਦ ਰਕਤੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਈਆ । ਆਤਮ ਪਰਮਾਤਮ ਅੰਤਰ ਮਾਇਆ, ਰੂਪ ਰੰਗ ਨਜ਼ਰ ਨਾ ਆਇੰਦਾ । ਨਾ ਕੋਈ ਵੇਖੇ ਹਰਿ ਕੀ ਛਾਇਆ, ਸਾਇਆ ਕੋਇ ਨਾ ਵੇਖ ਵਖਾਇੰਦਾ । ਜੋ ਆਇਆ ਤਿਸ ਰਸਨਾ ਗਾਇਆ, ਗਾ ਗਾ ਗੀਤ ਨਾ ਕੋਇ ਮੁਕਾਇੰਦਾ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸਰਬ ਸੁਣਾਇਆ, ਹਰਿ ਕਾ ਅੰਤ ਕੋਇ ਨਾ ਪਾਇੰਦਾ । ਜਿਸ ਜਨ ਆਪਣਾ ਨਾਮ ਬੁਝਾਇਆ, ਸੋ ਢੋਲਾ ਸਚ ਅਲਾਇੰਦਾ । ਜੁਗ ਚੌਕੜੀ ਖੇਲ ਵਖਾਇਆ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਆਪੇ ਬਣ ਬਣ ਦਾਈ ਦਾਇਆ, ਦੋ ਜਹਾਨਾਂ ਵੇਖ ਵਖਾਇੰਦਾ । ਲੱਖ ਚੁਰਾਸੀ ਰਾਹ ਚਲਾਇਆ, ਸਾਚੇ ਮਾਰਗ ਆਪੇ ਲਾਇੰਦਾ । ਗੁਰ ਅਵਤਾਰ ਨਾਲ ਮਿਲਾਇਆ, ਸਚ ਸੰਦੇਸ਼ਾ ਨਾਮ ਸੁਣਾਇੰਦਾ । ਕੋਟਨ ਕੋਟ ਨਾਉਂ ਲਏ ਪਰਗਟਾਇਆ, ਲਿਖ ਲਿਖ ਲੇਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪਣੇ ਸੰਗ ਰਖਾਇੰਦਾ । ਜੁਗ ਜੁਗ ਗਾਇਣ ਹਰਿ ਹਰਿ ਗੀਤ, ਗੀਤ ਗੋਬਿੰਦ ਅਲਾਈਆ । ਆਦਿ ਜੁਗਾਦਿ ਹਰਿ ਹਰਿ ਰੀਤ, ਅਵਲੜੀ ਆਪ ਵਖਾਈਆ । ਕੋਇ ਮੰਦਰ ਕੋਇ ਮੱਠ ਕੋਇ ਮਸੀਤ, ਕੋਇ ਗੁਰੂਦੁਆਰ ਵਡਿਆਈਆ । ਅਬਿਨਾਸ਼ੀ ਕਰਤਾ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਧਾਮ ਅਵੱਲੜਾ ਠਾਂਡਾ ਸੀਤ, ਸਚਖੰਡ ਸਾਚੇ ਸੋਭਾ ਪਾਈਆ । ਗੁਰਮੁਖ ਵਿਰਲੇ ਵਸੇ ਚੀਤ, ਜਿਸ ਜਨ ਆਪਣੇ ਰੰਗ ਰੰਗਾਈਆ । ਲੱਖ ਚੁਰਾਸੀ ਪਰਖੇ ਨੀਤ, ਘਟ ਘਟ ਬੈਠਾ ਸੱਚਾ ਮਾਹੀਆ । ਭੁੱਲ ਨਾ ਜਾਏ ਹਸਤ ਕੀਟ, ਸ਼ਾਹ ਸੁਲਤਾਨਾ ਵੇਖ ਵਖਾਈਆ । ਆਪਣਾ ਨਾਉਂ ਰੱਖੇ ਅਨਡੀਠ, ਦਿਸ ਕਿਸੇ ਨਾ ਆਈਆ । ਚਾਰ ਵੇਦ ਪੁਰਾਨ ਅਠਾਰਾਂ ਸ਼ਾਸਤਰ ਛੇ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਗਾ ਗਾ ਥੱਕੀ ਗੀਤ, ਗਹਿਰ ਗੰਭੀਰ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਸਮਝਾਈਆ । ਹਰਿ ਕਾ ਨਾਉਂ ਨਾ ਕੋਈ ਸਕੇ ਸਮਝ, ਸਮਝ ਵਿਚ ਕਿਸੇ ਨਾ ਆਇਆ । ਭਗਤਾਂ ਮਾਰੇ ਇਕੋ ਰਮਜ਼, ਰਹਿਬਰ ਬਣ ਬੇਪਰਵਾਹਿਆ । ਝੂਠੀ ਕੱਢੇ ਮਾਇਆ ਮਰਜ਼, ਰੋਗ ਦੁੱਖ ਦਏ ਗਵਾਇਆ । ਜਨ ਭਗਤਾਂ ਪਿਛੇ ਆਪਣਾ ਕਰੇ ਹਰਜ਼, ਲੋਕਮਾਤ ਫੇਰਾ ਪਾਇਆ । ਜਗਤ ਵਿਕਾਰਾਂ ਦੇਵੇ ਵਰਜ, ਨਾਮ ਖੰਡਾ ਇਕ ਚਮਕਾਇਆ । ਆਪਣੇ ਲੇਖੇ ਵਿਚ ਕਰੇ ਦਰਜ, ਨਾ ਕੋਈ ਮੇਟੇ ਮੇਟ ਮਿਟਾਇਆ । ਪੁਰਖ ਅਬਿਨਾਸ਼ੀ ਪੂਰਾ ਕਰੇ ਫ਼ਰਜ਼, ਫ਼ਰਦ ਜ਼ੁਰਮ ਨਾ ਕੋਇ ਲਗਾਇਆ । ਜੁਗ ਜੁਗ ਲਹਿਣਾ ਦੇਣਾ ਚੁਕਾਏ ਕਰਜ਼, ਮਕਰੂਜ਼ ਆਪਣਾ ਨਾਉਂ ਠਹਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਧਰਾਇਆ । ਆਪਣਾ ਨਾਉਂ ਸਾਚੀ ਟੇਕ, ਏਕਾ ਏਕ ਰਖਾਈਆ । ਜਨ ਭਗਤਾਂ ਕਰੇ ਬੁੱਧ ਬਬੇਕ, ਰੂਪ ਆਪ ਹੋ ਆਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਜ ਤੱਤ ਨਾ ਕੋਇ ਲੜਾਈਆ । ਕਰ ਕਿਰਪਾ ਖੋਲ੍ਹੇ ਭੇਤ, ਭਾਂਡਾ ਭਰਮ ਭੌ ਭੰਨਾਈਆ । ਜਗਤ ਦਿਸੇ ਬਾਲੂ ਰੇਤ, ਕਲਰ ਕੰਧ ਦੇਵੇ ਢਾਹੀਆ ।

ਜਨ ਭਗਤਾਂ ਕਰੇ ਸਾਚਾ ਹੇਤ, ਜੁਗ ਜੁਗ ਵਡੀ ਵਡਿਆਈਆ । ਦਰਸ ਕਰਾਏ ਨੇਤਨ ਨੇਤ, ਲੋਚਣ ਨੈਣ ਆਪ ਖੁਲ੍ਹਾਈਆ । ਲੱਖ ਚੁਰਾਸੀ ਵਿਚੋਂ ਵੇਖ, ਆਪਣੇ ਨਾਉਂ ਕਰੇ ਪੜ੍ਹਾਈਆ । ਪੂਰਬ ਲਹਿਣਾ ਪਿਛਲੀ ਮੇਟੇ ਰੇਖ, ਅਗਲਾ ਲੇਖਾ ਆਪ ਲਿਖਾਈਆ । ਗੁਰਮੁਖ ਝੂਜੇ ਗੁਰ ਕੇ ਖੇਤ, ਗੁਰ ਚਰਨ ਸਰਨ ਸ਼ਰਨਾਈਆ । ਸਤਿਗੁਰ ਪੂਰਾ ਦੀਨ ਦਿਆਲ ਸ਼ਬਦ ਦੁਸ਼ਾਲੇ ਲਏ ਲਪੇਟ, ਆਪਣੇ ਨਾਉਂ ਕਰੇ ਸਫ਼ਾਈਆ । ਏਥੇ ਓਥੇ ਦੋ ਜਹਾਨ ਰੱਖੇ ਸਾਇਆ ਹੇਠ, ਰਾਏ ਧਰਮ ਨਾ ਦਏ ਸਜਾਈਆ । ਸੋਹੇ ਰੁੱਤ ਬਸੰਤੀ ਚੇਤ, ਫ਼ਲ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਉਂ ਸਮਝਾਈਆ । ਨਾਮ ਅਨਮੁਲਾ ਖੋਲ੍ਹੇ ਭੇਵ, ਅਨੁਭਵ ਕਰੇ ਰੁਸ਼ਨਾਈਆ । ਜਿਸ ਜਨ ਲਗਾਏ ਆਪਣੀ ਸੇਵ, ਤਿਸ ਮਿਲੇ ਮਾਤ ਵਡਿਆਈਆ । ਪਾਰਬ੍ਰਹਮ ਅਲੱਖ ਅਭੇਵ, ਅਗੋਚਰ ਸੱਚਾ ਸ਼ਹਿਨਸ਼ਾਹੀਆ । ਨਾਮ ਦ੍ਰਿੜਾਏ ਰਸਨਾ ਜੇਹਵ, ਜੇਹਵਾ ਰਸਨਾ ਨਾਲ ਮਿਲਾਈਆ । ਆਦਿ ਜੁਗਾਦਿ ਸਦਾ ਨਿਹਕੇਵ, ਨਿਹਚਲ ਧਾਮ ਆਸਣ ਲਾਈਆ । ਜਨ ਭਗਤਾਂ ਆਪਣਾ ਨਾਉਂ ਦੇਵੇ ਸਾਚਾ ਮੇਵ, ਮਿੱਠਾ ਰਸ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਉਂ ਦਏ ਵਡਿਆਈਆ । ਜੁਗ ਜੁਗ ਨਾਉਂ ਮਾਤ ਚਲਾਇਆ, ਸਤਿਜੁਗ ਤ੍ਰੇਤਾ ਦੁਆਪਰ ਮਾਤ ਹੰਢਾਈਆ । ਕਲਜੁਗ ਅੰਤਮ ਵੇਖ ਵਖਾਇਆ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਪੁਰਖ ਅਬਿਨਾਸ਼ੀ ਵੇਸ ਵਟਾਇਆ, ਜੋਤੀ ਜਾਮਾ ਆਪੇ ਪਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਇਆ, ਦੋ ਜਹਾਨ ਵੱਜੀ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਉਠਾਇਆ, ਗੁਰ ਅਵਤਾਰ ਨਾਲ ਮਿਲਾਈਆ । ਨਵ ਨੌਂ ਚਾਰ ਭੇਵ ਚੁਕਾਇਆ, ਦਹਿ ਦਿਸ਼ਾ ਭੇਵ ਖੁਲ੍ਹਾਈਆ । ਰਵ ਸਸ ਧੰਦਾ ਨੇਤਰ ਨੈਣ ਵਖਾਇਆ, ਕੋਹ ਕਰੋੜੀ ਚਲਤ ਨਾ ਪੰਧ ਮੁਕਾਈਆ । ਆਪਣਾ ਛੰਦਾ ਆਪੇ ਗਾਇਆ, ਬ੍ਰਹਿਮੰਡਾਂ ਆਪ ਸੁਣਾਈਆ । ਜੇਰਜ ਅੰਡਾਂ ਪਰਦਾ ਲਾਹਿਆ, ਉਤਭੁਜ ਸੇਤਜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਵਰਤਾਈਆ । ਆਪਣਾ ਨਾਉਂ ਕਲਜੁਗ ਅੰਤ, ਏਕਾ ਏਕ ਵਰਤਾਈਆ । ਹਰਿਜਨ ਵੇਖੇ ਸਾਚੇ ਸੰਤ, ਹਰਿ ਸੱਜਣ ਲਏ ਮਿਲਾਈਆ । ਮੇਲ ਮਿਲਾਵਾ ਨਾਰੀ ਕੰਤ, ਗ੍ਰਿਹ ਮੰਦਰ ਵੱਜੇ ਵਧਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਅਨਹਦ ਨਾਦੀ ਨਾਦ ਮੰਤ, ਧੁਨ ਆਤਮਕ ਆਪ ਸ਼ਨਵਾਈਆ । ਮਾਣ ਦਿਵਾਏ ਵਿਚੋਂ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਗੜ੍ਹ ਤੋੜੇ ਹਉਮੇ ਹੰਗਤ, ਨਿਵਣ ਸੋ ਅੱਖਰ ਇਕ ਪੜ੍ਹਾਈਆ । ਮੇਲ ਮਿਲਾਏ ਸਾਚੀ ਸੰਗਤ, ਸਗਲਾ ਸੰਗ ਆਪ ਹੋ ਜਾਈਆ । ਨਾਤਾ ਤੋੜੇ ਭੁੱਖ ਨੰਗਤ, ਵਸਤ ਅਮੋਲਕ ਝੋਲੀ ਪਾਈਆ । ਮਾਣਸ ਜਨਮ ਨਾ ਹੋਏ ਭੰਗਤ, ਲੱਖ ਚੁਰਾਸੀ ਦਏ ਕਟਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਇਕੋ ਨਾਮ ਸਮਝਾਈਆ । ਇਕੋ ਨਾਮ ਲੈਣਾ ਸਿੱਖ, ਜਨ ਭਗਤਾਂ ਆਪ ਪੜ੍ਹਾਇੰਦਾ । ਜਨਮ ਜਨਮ ਦੀ ਮੇਟੇ ਤ੍ਰਿਖ, ਤ੍ਰਿਸ਼ਨਾ ਹੋਰ ਨਾ ਕੋਇ ਵਧਾਇੰਦਾ । ਏਕਾ ਪਾਏ ਸਾਚੀ ਭਿਛ, ਭਿਖਕ ਝੋਲੀ ਆਪ ਭਰਾਇੰਦਾ । ਬਿਨ ਨੇਤਰ ਜਾਏ ਦਿਸ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਪੜ੍ਹਾਇੰਦਾ । ਸਾਚਾ ਨਾਉਂ ਗੁਰਮੁਖ ਪੜ੍ਹ, ਏਕਾ ਅੱਖਰ ਵਡ ਵਡਿਆਈਆ । ਸਚ ਦੁਆਰੇ ਜਾਣਾ ਚੜ੍ਹ, ਦਰ ਦਰਵਾਜਾ ਇਕ ਖੁਲ੍ਹਾਈਆ । ਦਰਸ਼ਨ ਪੌਣਾ

ਇਕੋ ਹਰਿ, ਦੂਸਰ ਓਟ ਨਾ ਕੋਇ ਰਖਾਈਆ । ਸਚਖੰਡ ਦੁਆਰਾ ਸਾਚਾ ਘਰ, ਜਨ ਭਗਤਾਂ ਮਿਲੇ ਵਡਿਆਈਆ । ਪੁਰਖ ਅਕਾਲ ਇਕੋ ਨਰ, ਸਾਚੀ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ ਵਖਾਈਆ । ਹਰਿ ਕਾ ਨਾਮ ਸਦਾ ਅਨਡਿਠ, ਲਿਖਣ ਪੜ੍ਹਨ ਵਿਚ ਨਾ ਆਇਆ । ਜਨ ਭਗਤਾਂ ਕਰੇ ਹਿੱਤ, ਨਿਤ ਨਵਿਤ ਵੇਸ ਵਟਾਇਆ । ਨਾ ਕੋਈ ਵਾਰ ਨਾ ਕੋਈ ਥਿਤ, ਬਰਸ ਮਾਸ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਵਰਤਾਇਆ । ਵਰਤੇ ਨਾਮ ਸ੍ਰੀ ਭਗਵਾਨ, ਆਪਣੀ ਦਇਆ ਆਪ ਕਮਾਈਆ । ਕਲਜੁਗ ਅੰਤਮ ਹੋ ਪਰਧਾਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਰਬ ਜੀਆਂ ਦਾ ਇਕੋ ਕਾਹਨ, ਲੱਖ ਚੁਰਾਸੀ ਵੇਖ ਵਖਾਈਆ । ਗੁਰਮੁਖ ਸਖੀਆਂ ਲਏ ਪਛਾਣ, ਘਟ ਘਟ ਆਪਣਾ ਫੇਰਾ ਪਾਈਆ । ਬਿਨ ਪੜ੍ਹਿਆਂ ਦੇਵੇ ਗਿਆਨ, ਅੰਤਰ ਆਤਮ ਬੂਝ ਬੁਝਾਈਆ । ਚਰਨ ਧੂੜ ਕਰਾਏ ਅਸ਼ਨਾਨ, ਦੁਰਮਤ ਮੈਲ ਧੁਵਾਈਆ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਸਾਂਤਕ ਸਤਿ ਵਰਤਾਈਆ । ਏਕਾ ਰਾਗ ਸੁਣਾਏ ਕਾਨ, ਅਨਹਦ ਨਾਦੀ ਨਾਦ ਵਜਾਈਆ । ਸ਼ਬਦ ਅਗੰਮੀ ਇਕ ਬਬਾਣ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਸਚਖੰਡ ਵਖਾਏ ਸਚ ਮਕਾਨ, ਹਰਿ ਭੂਮਿਕਾ ਆਪ ਬਣਾਈਆ । ਨਾ ਕੋਈ ਜ਼ਿਮੀ ਨਾ ਅਸਮਾਨ, ਸੂਰਜ ਚੰਨ ਨਾ ਕੋਇ ਰੁਸ਼ਨਾਈਆ । ਇਕ ਇਕੱਲਾ ਸ੍ਰੀ ਭਗਵਾਨ, ਨਿਰਗੁਣ ਬੈਠਾ ਆਸਣ ਲਾਈਆ । ਗੁਰਮੁਖ ਵਿਰਲਾ ਚਰਨ ਡਿਗੇ ਆਣ, ਜਿਸ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਦ੍ਰਿੜਾਈਆ । ਆਪਣਾ ਨਾਮ ਹਰਿ ਦ੍ਰਿੜਾ, ਦ੍ਰਿਸ਼ਟੀ ਆਪ ਖੁਲ੍ਹਾਇੰਦਾ । ਜੁਗ ਚੌਕੜੀ ਵਿਰੜਾ ਗਏ ਪਾ, ਨੇਤਰ ਨੀਰ ਸਰਬ ਵਹਾਇੰਦਾ । ਬਿਰਧ ਬਾਲ ਰੂਪ ਵਟਾ, ਜੋਬਨ ਨਾਲ ਨਾ ਕੋਇ ਲੈ ਜਾਇੰਦਾ । ਅੰਤ ਢੇਰੀ ਗਏ ਢਾਹ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਕੋਟਨ ਕੋਟ ਰਾਮ ਕ੍ਰਿਸ਼ਨ ਅਖਵਾ, ਲੰਕਾ ਗੜ੍ਹ ਕੋਟ ਤੁੜਾਇੰਦਾ । ਰਥ ਰਥਵਾਹੀ ਬਣ ਬਣ ਸੇਵ ਕਮਾ, ਗੀਤਾ ਗਿਆਨ ਗਿਆਨ ਜਣਾਇੰਦਾ । ਕੋਟਨ ਕੋਟ ਈਸਾ ਮੂਸਾ ਕਾਲਾ ਸੂਸਾ ਰੰਗ ਰੰਗਾ, ਕਲਮਾ ਨਬੀ ਨਬੀ ਪੜ੍ਹਾਇੰਦਾ । ਕੋਟਨ ਕੋਟ ਮੁਹੰਮਦ ਸੀਸ ਗਏ ਝੁਕਾ, ਝੁਕ ਝੁਕ ਸਯਦਾ ਇਕ ਕਰਾਇੰਦਾ । ਕੋਟਨ ਕੋਟ ਕਹਿ ਕਹਿ ਗਏ ਇਕ ਖ਼ੁਦਾ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਕੋਟਨ ਕੋਟ ਤੱਕਣ ਰਾਹ, ਨੇਤਰ ਨੈਣ ਉਠਾਇੰਦਾ । ਕੋਟਨ ਕੋਟ ਕਹਿਣ ਬੇਐਬ ਪਰਵਰਦਿਗਾਰ ਖ਼ੁਦਾ, ਮੁਕਾਮੇ ਹੱਕ ਡੇਰਾ ਲਾਇੰਦਾ । ਕੋਟਨ ਕੋਟ ਕਹਿਣ ਨੂਰੀ ਜਲਵਾ ਬੇਪਰਵਾਹ, ਨੂਰੋ ਨੂਰ ਨੂਰ ਅਖਵਾਇੰਦਾ । ਨਾਨਕ ਨਿਰਗੁਣ ਕਹੇ ਸੱਚਾ ਸ਼ਹਿਨਸ਼ਾਹ, ਸਚਖੰਡ ਦੁਆਰੇ ਸੋਭਾ ਪਾਇੰਦਾ । ਗੋਬਿੰਦ ਓਟ ਇਕ ਤਕਾ, ਪੁਰਖ ਅਕਾਲ ਮਨਾਇੰਦਾ । ਪੂਤ ਸਪੂਤਾ ਨਾਉਂ ਧਰਾ, ਸੇਵਕ ਸਾਚੀ ਸੇਵ ਕਮਾਇੰਦਾ । ਅੰਤਮ ਮੰਗੇ ਇਕ ਪਨਾਹ, ਚਰਨ ਦੁਆਰਾ ਇਕ ਸਮਝਾਇੰਦਾ । ਏਕਾ ਡੰਕ ਦਏ ਵਜਾ, ਏਕਾ ਫਤਹਿ ਨਾਮ ਰਖਾਇੰਦਾ । ਸਭ ਦਾ ਫਾਤਿਆ ਦਏ ਪੜ੍ਹਾ, ਮਨਕ ਆਪਣਾ ਰੰਗ ਰੰਗਾਇੰਦਾ । ਸ਼ਰਅ ਸ਼ਰੀਅਤ ਕਰੇ ਜੁਦਾ, ਜ਼ਾਬਰ ਜਬਰ ਫੇਰਾ ਪਾਇੰਦਾ । ਆਪਣਾ ਕਰਤਬ ਦਏ ਵਖਾ, ਕਾਇਆ ਕੁਰਾ ਵੇਖ ਵਖਾਇੰਦਾ । ਜ਼ਿਮੀ ਅਸਮਾਨਾਂ ਡੇਰਾ ਢਾਹ, ਚੌਦਾਂ ਤਬਕਾਂ ਪੰਧ ਮੁਕਾਇੰਦਾ । ਨਬੀ ਰਸੂਲਾਂ ਲਏ ਉਠਾ, ਪੀਰ ਪੈਗ਼ੰਬਰ ਨਾਲ ਮਿਲਾਇੰਦਾ । ਮੁਲਾਂ ਸ਼ੇਖ਼ ਮੁਸਾਇਕ ਲਏ ਜਗਾ, ਸੁਹਬਤ ਆਪਣੀ ਆਪ ਸਮਝਾਇੰਦਾ । ਕੋਇ ਅੱਲਾ ਰਾਣੀ ਕਰ ਕੇ ਰਿਹਾ ਬੁਲਾ, ਕੋਇ ਮੀਆਂ ਵਡ ਵਡਿਆਇੰਦਾ । ਨਾਨਕ ਸਤਿਨਾਮ

੬੪
੧੧

ਕਹਿ ਕਹਿ ਰਿਹਾ ਸੁਣਾ, ਗੋਬਿੰਦ ਵਾਹਿਗੁਰੂ ਰੂਪ ਵਖਾਇੰਦਾ । ਹਰਿ ਕਾ ਨਾਂ ਲੋਕਮਾਤ ਕਿਸੇ ਦਿਸੇ ਨਾ, ਲਿਖ ਲਿਖ ਅੱਖਰ ਸਰਬ ਸਮਝਾਇੰਦਾ । ਕਲਜੁਗ ਅੰਤਮ ਸਾਰੇ ਫੜਨ ਪਨਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾਇੰਦਾ । ਚਾਰ ਜੁਗ ਦਾ ਜਗਤ ਵਿਹਾਰਾ, ਕੋਟਨ ਕੋਟ ਨਾਮ ਪਰਗਟਾਈਆ । ਕਲਜੁਗ ਅੰਤਮ ਖੇਲ ਨਿਆਰਾ, ਨਿਰਗੁਣ ਨਿਰਾਕਾਰ ਆਪ ਕਰਾਈਆ । ਆਤਮ ਦੇਵੇ ਇਕ ਸਹਾਰਾ, ਪਰਮਾਤਮ ਲਏ ਮਿਲਾਈਆ । ਸੋਹੰ ਸ਼ਬਦ ਸਚ ਜੈਕਾਰਾ, ਦਰ ਘਰ ਸਾਚੇ ਆਪ ਸੁਣਾਈਆ । ਆਦਿ ਜੁਗਾਦਿ ਇਕ ਅਵਤਾਰਾ, ਏਕਾ ਗੁਰ ਅਖਵਾਈਆ । ਏਕਾ ਨਾਮ ਸਤਿ ਭੰਡਾਰਾ, ਸਤਿ ਸਤਿਵਾਦੀ ਆਪ ਵਰਤਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋ ਬੋਲੇ ਜੈਕਾਰਾ, ਜਨਮ ਮਰਨ ਵਿਚ ਨਾ ਆਈਆ । ਇਕੋ ਨਾਮ ਇਕ ਆਧਾਰਾ, ਏਕਾ ਇਕ ਨਾਲ ਮਿਲਾਈਆ । ਮਾਣਸ ਜਨਮ ਨਾ ਆਏ ਹਾਰਾ, ਹਾਰ ਜਿਤ ਰੂਪ ਵਟਾਈਆ । ਗੁਰਮੁਖ ਵਸੇ ਠਾਂਡੇ ਦਰਬਾਰਾ, ਦਰ ਦਰਵਾਜਾ ਇਕ ਖੁਲ੍ਹਾਈਆ । ਕਾਗਦ ਕਲਮ ਲਿਖ ਲਿਖ ਹਾਰਾ, ਲੇਖਾ ਲੇਖ ਨਾ ਕੋਇ ਜਣਾਈਆ । ਸਮੁੰਦ ਸਾਗਰ ਰੋਵੇ ਜ਼ਾਰੋ ਜ਼ਾਰਾ, ਮਸ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਮ ਆਪ ਵਖਾਈਆ । ਕਲਜੁਗ ਅੰਤਮ ਸੋਹੰ ਢੋਲਾ, ਸੋ ਪੁਰਖ ਨਿਰੰਜਣ ਗਾਇਆ । ਨਿਰਗੁਣ ਨਾਨਕ ਰੱਖ ਕੇ ਗਿਆ ਓਹਲਾ, ਅੰਤਮ ਪਰਦਾ ਦਏ ਚੁਕਾਇਆ । ਜਿਸ ਨੂੰ ਕਹਿੰਦੇ ਰਹੇ ਮੌਲਾ, ਸੋ ਮੌਲਾ ਵੇਸ ਵਟਾਇਆ । ਆਪਣਾ ਪੂਰਾ ਕਰੇ ਕੌਲਾ, ਕੀਤਾ ਕੌਲ
੬੫
੧੧
ਭੁੱਲ ਨਾ ਜਾਇਆ । ਨਿਰਗੁਣ ਨਿਰਗੁਣ ਬਦਲਿਆ ਚੋਲਾ, ਨਾ ਕੋਈ ਪਿਤਾ ਨਾ ਕੋਈ ਮਾਇਆ । ਸਚ ਦੁਆਰਾ ਇਕੋ ਖੋਲ੍ਹਾ , ਖ਼ਾਲਕ ਖ਼ਲਕ ਦਏ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਨਾਮ ਲਏ ਧਰਾਇਆ । ਸੋਹੰ ਨਾਉਂ ਧਰਨੀ ਧਰ, ਧਵਲ ਮਿਲੇ ਵਡਿਆਈਆ । ਕਿਰਪਾ ਕਰੇ ਨਰਾਇਣ ਨਰ, ਨਰ ਨਾਰੀ ਬੂਝ ਬੁਝਾਈਆ । ਸਾਹਿਬ ਦਿਆਲ ਠਾਕਰ ਸਵਾਮੀ ਦੇਵੇ ਵਰ, ਨਿਹਕਾਮੀ ਨਿਹਕਰਮੀ ਆਪਣਾ ਕਰਮ ਕਮਾਈਆ । ਸੰਤ ਸੁਹੇਲੇ ਸੱਜਣ ਆਪੇ ਫੜ, ਜੁਗ ਵਿਛੜੇ ਲਏ ਮਿਲਾਈਆ । ਨਿਰਭੌ ਚੁਕਾਏ ਝੂਠਾ ਡਰ, ਭੈ ਅਵਰ ਨਾ ਕੋਇ ਵਖਾਈਆ । ਦਰਸ ਦਿਖਾਏ ਅੱਗੇ ਖੜ੍ਹ, ਸਵਛ ਸਰੂਪ ਵਟਾਈਆ । ਅੱਖਰ ਵੱਖਰ ਆਪੇ ਪੜ੍ਹ, ਨਿਸ਼ਅੱਖਰ ਕਰੇ ਪੜ੍ਹਾਈਆ । ਅਗਨੀ ਹਵਨ ਨਾ ਜਾਏ ਸੜ, ਮੜ੍ਹੀ ਗੋਰ ਨਾ ਕੋਇ ਦਬਾਈਆ । ਜਨ ਭਗਤਾਂ ਵਖਾਏ ਇਕੋ ਘਰ, ਘਰ ਮੰਦਰ ਸੋਭਾ ਪਾਈਆ । ਸਚਖੰਡ ਦੁਆਰੇ ਜਾਣਾ ਚੜ੍ਹ, ਘਰ ਸਾਚੇ ਮਿਲੇ ਵਡਿਆਈਆ । ਅੱਧਵਿਚਕਾਰ ਨਾ ਜਾਣਾ ਅੜ, ਕਲਜੁਗ ਮਾਇਆ ਪਰਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ ਸੁਣਾਈਆ । ਸੁਣਿਆਂ ਨਾਉਂ ਹਰਿ ਗੋਪਾਲ, ਗੋਬਿੰਦ ਮੇਲ ਮਿਲਾਇਆ । ਕਿਰਪਾ ਕਰੀ ਦੀਨ ਦਿਆਲ, ਦੀਨਨ ਹੋਏ ਸਹਾਇਆ । ਨਾਤਾ ਤੋੜ ਕਾਲ ਮਹਾਂਕਾਲ, ਆਪ ਆਪਣੇ ਰੰਗ ਰੰਗਾਇਆ । ਜਨਮ ਜਨਮ ਦੇ ਵਿਛੜੇ ਭਾਲ, ਹਉਮੇ ਮਮਤਾ ਮੋਹ ਚੁਕਾਇਆ । ਏਕਾ ਰੰਗ ਰੰਗਾਏ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਡਿਆਇਆ । ਬਿਨ ਦਮਾਂ ਬਣੇ ਦਲਾਲ, ਦਿਲਬਰ ਆਪਣੀ ਸੇਵ ਕਮਾਇਆ । ਬਿਨ ਛੁਰੀਉਂ ਹੋਇਆ ਹਲਾਲ, ਐਨਲਹੱਕ ਨਾਅਰਾ ਸੁਣਾਇਆ । ਗੁਰਮੁਖ ਵੇਖੇ ਸਾਚੇ ਲਾਲ, ਲਾਲ ਅਨਮੁਲੜੇ ਆਪ ਉਠਾਇਆ । ਸਦਾ ਸਦਾ ਕਰੇ ਪ੍ਰਿਤਪਾਲ, ਪ੍ਰਿਤਪਾਲਕ ਸੇਵ ਕਮਾਇਆ । ਫਲ ਲਗਾਏ ਸਾਚੇ ਡਾਲ, ਪਤ ਡਾਲ੍ਹੀ ਆਪ

ਮਹਿਕਾਇਆ । ਕਲਜੁਗ ਅੰਤਮ ਚਲੇ ਨਾਲ ਨਾਲ, ਨਿਰਗੁਣ ਸਰਗੁਣ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਿਧਾਨਾ ਆਪ ਵਖਾਇਆ । ਨਾਮ ਨਿਧਾਨਾ ਡੂੰਘਾ ਸਾਗਰ, ਭੇਵ ਕੋਇ ਨਾ ਪਾਇੰਦਾ । ਹਰਿ ਜੂ ਰੱਖਿਆ ਕਾਇਆ ਗਾਗਰ, ਗਹਿਰ ਗਵਰ ਖੇਲ ਖਲਾਇੰਦਾ । ਗੁਰਮੁਖ ਵਿਰਲਾ ਬਣੇ ਸੌਦਾਗਰ, ਜਿਸ ਜਨ ਸਾਚਾ ਵਣਜ ਕਰਾਇੰਦਾ । ਦਰ ਆਇਆਂ ਘਰ ਦੇਵੇ ਆਦਰ, ਆਪ ਆਪਣੀ ਬੂਝ ਬੁਝਾਇੰਦਾ । ਸਬਰ ਸਬੂਰੀ ਬਖ਼ਸ਼ੇ ਸਾਬਰ, ਸਿਦਕ ਆਪਣੇ ਨਾਲ ਰਖਾਇੰਦਾ । ਪਿਸਰ ਪਿਦਰ ਬਣ ਹਰਿ ਮਾਦਰ, ਪਿਤਾ ਪੂਤ ਗੋਦ ਉਠਾਇੰਦਾ । ਨਿਰਮਲ ਕਰਮ ਕਰੇ ਉਜਾਗਰ, ਜਨਮ ਜਨਮ ਦੀ ਮੈਲ ਧੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਆਪਣੇ ਨਾਮ ਰੰਗ ਰੰਗਾਇੰਦਾ । ਹਰਿ ਕਾ ਨਾਉਂ ਸਾਚਾ ਰੰਗ, ਗੁਰਮੁਖ ਵਿਰਲੇ ਮਾਤ ਚੜ੍ਹਾਇਆ । ਆਤਮ ਸੇਜਾ ਬੈਠ ਪਲੰਘ, ਹਰਿ ਸਤਿਗੁਰ ਕੰਤ ਹੰਢਾਇਆ । ਅੱਠੇ ਪਹਿਰ ਧੁਨ ਮਰਦੰਗ, ਅਨਹਦ ਨਾਦ ਵਜਾਇਆ । ਪੰਚ ਵਿਕਾਰਾਂ ਖੰਡ ਖੰਡ, ਜੂਠਾ ਝੂਠਾ ਮੋਹ ਮਿਟਾਇਆ । ਗੀਤ ਗਾਏ ਸੁਹਾਗੀ ਛੰਦ, ਸੋਹੰ ਅੱਖਰ ਇਕ ਪੜ੍ਹਾਇਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਇਆ । ਆਤਮ ਕਰਾਏ ਪਰਮਾਨੰਦ, ਨਿਜਾਨੰਦ ਭੇਵ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਆਪਣਾ ਨਾਮ ਜਪਾਇਆ । ਜਪਿਆ ਨਾਮ ਜਪ ਗੁਰਮੁਖ, ਗੁਰ ਗੁਰ ਮਿਲੀ ਵਡਿਆਈਆ । ਪੰਜ ਤੱਤ ਕਾਇਆ ਮਿਟਿਆ ਦੁੱਖ, ਤੱਤਵ ਤੱਤ ਨਾ ਕੋਇ ਲੜਾਈਆ । ਨਾਤਾ ਤੁਟਿਆ ਉਲਟਾ ਰੁਖ, ਮਾਤ ਗਰਭ ਨਾ ਫੇਰਾ ਪਾਈਆ । ਉਜਲ ਹੋਇਆ ਮਾਤ ਮੁਖ, ਲੋਕ ਪਰਲੋਕ ਖ਼ੁਸ਼ੀ ਮਨਾਈਆ । ਪਾਇਆ ਦਰਸ਼ ਅਬਿਨਾਸ਼ੀ ਅਚੁਤ, ਚੇਤਨ ਰੂਪ ਸਮਾਈਆ । ਗੁਰ ਚਰਨ ਦਵਾਰੇ ਸੋਹੇ ਰੁੱਤ, ਸਾਚੀ ਰੁੱਤ ਆਪ ਮਹਿਕਾਈਆ । ਜਨ ਭਗਤਾਂ ਕੋਲੋਂ ਭਗਤ ਰਹੇ ਪੁੱਛ, ਹਰਿ ਜੂ ਕੀ ਖੇਲ ਵਰਤਾਈਆ । ਲੋਕਮਾਤ ਲੱਖ ਚੁਰਾਸੀ ਨਾਲੋਂ ਬੈਠਾ ਰੁੱਸ, ਗੁਰਮੁਖ ਵਿਰਲੇ ਰਿਹਾ ਮਿਲਾਈਆ । ਸਚਖੰਡ ਦੁਵਾਰਿਉਂ ਆਇਆ ਉਠ, ਬਣਿਆ ਪਾਂਧੀ ਹਰਿ ਜੂ ਰਾਹੀਆ । ਗੁਰਸਿਖਾਂ ਉਪਰ ਰਿਹਾ ਤੁਠ, ਦੀਨਨ ਆਪਣੀ ਦਇਆ ਕਮਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਨਿਝਰ ਝਿਰਨਾ ਇਕ ਝਿਰਾਈਆ । ਜਿਸ ਦੇਵੇ ਦਰਸ ਤਿਸ ਲੱਖ ਚੁਰਾਸੀ ਜਾਏ ਛੁੱਟ, ਜਨਮ ਮਰਨ ਵਿਚ ਨਾ ਆਈਆ । ਕਲਜੁਗ ਅੰਤਮ ਗੁਰਮੁਖ ਸਾਚਾ ਬੂਟਾ ਪੁੱਟ, ਸਚਖੰਡ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਆਪਣਾ ਰੰਗ ਚੜ੍ਹਾਈਆ । ਆਓ ਸੰਤੋ ਦੱਸੋ ਸੱਚ, ਹਰਿ ਸਾਚਾ ਖੇਲ ਖਲਾਇੰਦਾ । ਕਾਇਆ ਭਾਂਡੇ ਮਾਟੀ ਵੇਖ ਕੱਚ, ਕੰਚਨ ਰੰਗ ਵਖਾਇੰਦਾ । ਲੱਖ ਚੁਰਾਸੀ ਨੌਂ ਖੰਡ ਪ੍ਰਿਥਮੀ ਮਨ ਵਾਸਨਾ ਰਹੀ ਨੱਚ, ਕਲਜੁਗ ਨਟੂਆ ਸਾਂਗ ਵਰਤਾਇੰਦਾ । ਗੁਰਮੁਖ ਵਿਰਲਾ ਜਾਏ ਬਚ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਹਿਰਦੇ ਅੰਦਰ ਜਾਏ ਰਚ, ਨਜ਼ਰ ਕਿਸੇ ਨਾ ਆਇੰਦਾ । ਸ੍ਰਿਸ਼ਟ ਸਬਾਈ ਰਹੀ ਮੱਚ, ਤ੍ਰੈਗੁਣ ਅਗਨੀ ਅੱਗ ਲਗਾਇੰਦਾ । ਹਰਿ ਕਾ ਨਾਉਂ ਨਾ ਸਕੇ ਕੋਈ ਵਾਚ, ਰਸਨਾ ਪੜ੍ਹ ਪੜ੍ਹ ਸਰਬ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮੰਤਰ ਦੋ ਜਹਾਨਾਂ ਜੰਤਰ ਸੋਹੰ ਆਤਮ ਪਰਮਾਤਮ ਅੰਤਰ, ਅੰਤਰ ਆਤਮਾ ਮੇਲ ਮਿਲਾਇੰਦਾ ।

ਬਨਿਆ ਬਾਢੀ ਹਰਿ ਨਿਰੰਕਾਰਾ, ਹਰਿ ਅਚਰਜ ਖੇਲ ਖਲਾਇੰਦਾ । ਆਪੇ ਬਣ ਬਣ ਲੱਕੜਹਾਰਾ, ਜੰਗਲ ਜੂਹ ਫੇਰਾ ਪਾਇੰਦਾ । ਆਪੇ ਚੀਰ ਕਰੇ ਦੋ ਫਾੜਾ, ਸਾਚਾ ਸੂਤਰ ਨਾਮ ਲਗਾਇੰਦਾ । ਆਪੇ ਖਿਚੇ ਆਪਣਾ ਆਰਾ, ਤਿੱਖੀ ਧਾਰ ਆਪ ਰਖਾਇੰਦਾ । ਆਪੇ ਕੱਢੇ ਚਾਰ ਦੀਵਾਰਾ, ਚਾਰੋਂ ਕੁੰਟ ਘੇਰਾ ਪਾਇੰਦਾ । ਆਪੇ ਲਾਏ ਇੱਟਾਂ ਗਾਰਾ, ਆਪਣੀ ਸੇਵ ਆਪ ਕਮਾਇੰਦਾ । ਆਪ ਸੁਹਾਏ ਬੰਕ ਦੁਆਰਾ, ਨਾਮ ਛੱਪਰੀ ਨਾਉਂ ਧਰਾਇੰਦਾ । ਨਾਮੇ ਬਣਾਇਆ ਮਹੱਲ ਮੁਨਾਰਾ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਨਾਮੇ ਖੋਲ੍ਹਿਆ ਆਪ ਕਿਵਾੜਾ, ਨੇਤਰ ਨੈਣ ਨੈਣ ਵਖਾਇੰਦਾ । ਚਾਰੋਂ ਕੁੰਟ ਇਕ ਨਿਰੰਕਾਰਾ, ਨਿਰਗੁਣ ਨੂਰ ਡਗਮਗਾਇੰਦਾ । ਉਪਰ ਆਕਾਸ਼ ਤਣਿਆਂ ਤਾਣਾ, ਸਾਚੀ ਛੱਤ ਮਾਤ ਵਖਾਇੰਦਾ । ਵਾਹਵਾ ਮੀਤਾ ਤੇਰਾ ਭਾਣਾ, ਤੇਰਾ ਭੇਵ ਕੋਇ ਨਾ ਪਾਇੰਦਾ । ਤੂੰ ਸਾਹਿਬ ਸੱਚਾ ਰਾਣਾ, ਤੇਰਾ ਤਖ਼ਤ ਇਕ ਸੁਹਾਇੰਦਾ । ਨਾਮਾ ਛੀਪੇ ਕਮਲਾ ਕੋਝਾ ਗਾਏ ਤੇਰਾ ਗਾਣਾ, ਤੇਰੀ ਓਟ ਤਕਾਇੰਦਾ । ਇਕੋ ਮੰਗਾਂ ਲੇਫ ਤਲਾਈ ਸਰ੍ਹਾਣਾ, ਜਿਸ ਉਪਰ ਤਨ ਟਿਕਾਇੰਦਾ । ਸ਼ਬਦ ਅਗੰਮੀ ਕਹੇ ਸ੍ਰੀ ਭਗਵਾਨਾ, ਹੁਕਮੀ ਹੁਕਮ ਸਮਝਾਇੰਦਾ । ਕਲਜੁਗ ਅੰਤਮ ਖੇਲ ਹੋਏ ਮਹਾਨਾ, ਮਿਹਰਵਾਨ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਛੱਪਰੀ ਆਪ ਸੁਹਾਇੰਦਾ । ਤੇਰੀ ਛੱਪਰੀ ਲੱਕੜੀ ਕਾਠ, ਪਾਤੀ ਡਾਲ ਨਾਲ ਮਿਲਾਈਆ । ਕਰਿਆ ਖੇਲ ਪੁਰਖ ਸਮਰਾਥ, ਆਪਣਾ ਭੇਵ ਜਣਾਈਆ । ਨਾਮੇ ਤੇਰੀ ਪੱਤ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਬਿਪਰਾਂ ਕੋਲੋਂ ਕੀਤਾ ਵੱਖ, ਤ੍ਰਿਪਤ ਆਪ ਬੁਝਾਈਆ । ਸਾਚੇ ਮੰਦਰ ਜਾਣਾ ਵਸ, ਸਾਚੀ ਛੱਪਰੀ ਦਏ ਸਮਝਾਈਆ । ਚਰਨ ਕਵਲ ਔਣਾ ਨੱਸ, ਮਿਲੇ ਸੱਚੀ ਸਰਨਾਈਆ । ਨਾ ਕੋਈ ਰਵ ਨਾ ਕੋਈ ਸਸ, ਨੂਰ ਨਜ਼ਰ ਕੋਇ ਨਾ ਆਈਆ । ਜਿਸ ਦੀ ਮਹਿਮਾ ਗਾਏ ਅਕੱਥ, ਸੋ ਸਮਰਥ ਤੇਰੀ ਸੇਵ ਕਮਾਈਆ । ਤੇਰੀ ਛਪਰੀ ਮੇਰਾ ਜਸ, ਮੇਰਾ ਜਸ ਤੇਰੀ ਵਡਿਆਈਆ । ਰਲ ਮਿਲ ਦੋਵੇਂ ਜਾਈਏ ਵਸ, ਭਰਮੇਂ ਭੁੱਲੀ ਸਰਬ ਲੋਕਾਈਆ । ਅਗਲਾ ਮਾਰਗ ਦੇਵਾਂ ਦੱਸ, ਭੇਵ ਅਭੇਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਛੱਪਰੀ ਦਏ ਵਡਿਆਈਆ । ਧੰਨ ਭਾਗ ਮੇਰਾ ਛੋਹਿਆ ਛੱਪਰ, ਨਾਮੇ ਸੀਸ ਝੁਕਾਇਆ । ਗ਼ਰੀਬ ਨਿਮਾਣਿਆਂ ਗਿਆ ਅੱਪੜ, ਆਪਣਾ ਪੰਧ ਮੁਕਾਇਆ । ਤੂੰ ਮਾਈ ਤੂੰ ਬਪੜ, ਪਿਤਾ ਪੂਤ ਹੋਏਂ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਿਸ ਕਾਰਨ ਥਾਨ ਸੁਹਾਇਆ । ਕਿਸ ਕਾਰਨ ਮੇਰੀ ਛਪਰੀ ਛਾਈ, ਛਹਿਬਰ ਨਾਮ ਲਗਾਈਆ । ਚਾਰੋਂ ਕੁੰਟ ਵੇਖੇ ਲੋਕਾਈ, ਕਿਉਂ ਲੁਕਵੀਂ ਖੇਲ ਵਖਾਈਆ । ਤੂੰ ਭਗਤਾਂ ਸਦਾ ਗੁਸਾਈਂ, ਸਗਲਾ ਸੰਗ ਨਿਭਾਈਆ । ਮੈਂ ਤੇਰਾ ਦਰਸ ਵੇਖਾਂ ਚਾਈਂ ਚਾਈਂ, ਚਾਤਰਕ ਵਾਂਗ ਬਿਲਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਢਹਿ ਪਿਆ ਸ਼ਰਨਾਈਆ । ਏਕਾ ਵਰ ਦੇਣਾ ਭਗਵਾਨ, ਨਾਮਾ ਮੰਗ ਮੰਗਾਇੰਦਾ । ਤੂੰ ਸਾਹਿਬ ਸੱਚਾ ਸੁਲਤਾਨ, ਕਿਵ ਲੋਕਮਾਤ ਫੇਰਾ ਪਾਇੰਦਾ । ਮੈਂ ਬਾਲਕ ਮੂਰਖ ਮੁਗਧ ਅੰਞਾਣ, ਤੇਰਾ ਭੇਵ ਕੋਇ ਨਾ ਆਇੰਦਾ । ਤੂੰ ਮੇਰਾ ਬਨਿਆ ਆਪ ਮਹਿਮਾਨ, ਘਰ ਮੇਰੇ ਫੇਰਾ ਪਾਇੰਦਾ । ਮੈਂ ਤੈਨੂੰ ਦੇਵਾਂ ਦਾਨ, ਤੂੰ ਪ੍ਰੋਹਤ ਰੂਪ ਵਟਾਇੰਦਾ । ਇਕ ਦੂਜੇ ਦੀ ਕਰੀਏ ਜਾਣ ਪਛਾਣ, ਸਾਚਾ ਵੇਲਾ ਵਕਤ ਸੁਹਾਇੰਦਾ । ਤੂੰ ਮੇਰਾ ਛੱਪਰ ਛਾਇਆ ਆਣ, ਮੈਂ ਤੇਰਾ ਬੰਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮੇ ਏਕਾ ਗੁਣ ਵਖਾਇੰਦਾ । ਨਾਮੇ ਸੁਣ ਕਰ ਧਿਆਨ, ਹਰਿ

ਜੂ ਆਪ ਸੁਣਾਇਆ । ਤੇਰਾ ਵਖਾਇਆ ਇਕ ਨਿਸ਼ਾਨ, ਆਪ ਆਪਣੀ ਦਇਆ ਕਮਾਇਆ । ਕਲਜੁਗ ਅੰਤਮ ਖੇਲ ਕਰੇ ਮਹਾਨ, ਪੁਰਖ ਅਬਿਨਾਸ਼ੀ ਵੇਸ ਵਟਾਇਆ । ਚਾਰ ਜੁਗ ਲੇਖਾ ਜਾਣੇ ਜੀਵ ਜਹਾਨ, ਭੇਵ ਅਭੇਦ ਖੁਲ੍ਹਾਇਆ । ਛੱਤੀ ਜੁਗ ਕਰ ਪਰਵਾਨ, ਹਰਿਜਨ ਸਾਚੇ ਲਏ ਮਿਲਾਇਆ । ਲੋਕਮਾਤ ਵਖਾਏ ਸਚ ਨਿਸ਼ਾਨ, ਸਚ ਨਿਸ਼ਾਨਾ ਨਾਲ ਰਲਾਇਆ । ਸਚਖੰਡ ਨਿਵਾਸੀ ਵੇਖੇ ਮਾਰ ਧਿਆਨ, ਪੁਰਖ ਅਬਿਨਾਸ਼ੀ ਵੇਸ ਵਟਾਇਆ । ਤੈਨੂੰ ਦਿਤਾ ਇਕੋ ਦਾਨ, ਕਲਜੁਗ ਵਰਤੇ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇਆ । ਕਲਜੁਗ ਅੰਤਮ ਜਾਏ ਆ, ਹਰਿ ਜੂ ਨਾਮੇ ਸਚ ਸੁਣਾਇੰਦਾ । ਪੁਰਖ ਅਬਿਨਾਸ਼ੀ ਮਿਲੇ ਮਲਾਹ, ਸਾਚਾ ਭਗਤਾਂ ਬੇੜਾ ਚਲਾਇੰਦਾ । ਹਰਿਜਨ ਸੱਜਣ ਲਏ ਜਗਾ, ਆਪ ਆਪਣਾ ਹੁਕਮ ਸੁਣਾਇੰਦਾ । ਸਤਿ ਸਤਿਵਾਦੀ ਰੰਗ ਚੜ੍ਹਾ, ਦੋ ਜਹਾਨਾਂ ਖੇਲ ਕਰਾਇੰਦਾ । ਸਾਤਾ ਦੂਏ ਨਾਲ ਮਿਲਾ, ਬਹੱਤਰ ਅੰਕ ਆਪ ਵਡਿਆਇੰਦਾ । ਭਗਤ ਦੁਆਰਾ ਇਕੋ ਵਾਰ ਦਏ ਬਣਾ, ਤੇਰੀ ਛੱਪਰੀ ਮਾਣ ਚੁਕਾਇੰਦਾ । ਤੇਰੇ ਪਿਛੇ ਪਹਿਲੋਂ ਗਿਆ ਸਮਝਾ, ਹਰਿ ਭਗਤਾਂ ਸੇਵ ਕਮਾਇੰਦਾ । ਕਲਜੁਗ ਅੰਤਮ ਸਚ ਸਿੰਘਾਸਣ ਲਏ ਵਿਛਾ, ਜਨ ਭਗਤਾਂ ਅੰਦਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਪਰ ਛੰਨ ਆਪ ਵਖਾਇੰਦਾ ।



★ ੯ ਮੱਘਰ ੨੦੧੮ ਬਿਕਰਮੀ ਬੂੜ ਸਿੰਘ ਭਗਵਾਨ ਸਿੰਘ ਦੇ ਨਵਿਤ ਜੇਠੂਵਾਲ ★

ਸੋ ਪੁਰਖ ਨਿਰੰਜਣ ਮਿਹਰਵਾਨ, ਵਡੀ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਸਾਹਿਬ ਸੁਲਤਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਏਕੰਕਾਰਾ ਵੱਡਾ ਬਲਵਾਨ, ਬਲਧਾਰੀ ਨਾਉਂ ਰਖਾਈਆ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਈਆ । ਅਬਿਨਾਸ਼ੀ ਕਰਤਾ ਲੇਖਾ ਜਾਣੇ ਦੋ ਜਹਾਨ, ਆਪ ਆਪਣੇ ਰੰਗ ਸਮਾਈਆ । ਸ੍ਰੀ ਭਗਵਾਨ ਹੋ ਪਰਧਾਨ, ਸਚਖੰਡ ਦੁਆਰੇ ਆਸਣ ਲਾਈਆ । ਪਾਰਬ੍ਰਹਮ ਪ੍ਰਭ ਮੰਗੇ ਦਾਨ, ਨਿਰਗੁਣ ਆਪਣੀ ਝੋਲੀ ਡਾਹੀਆ । ਖੇਲੇ ਖੇਲ ਸਚਖੰਡ ਸੱਚੇ ਮਕਾਨ, ਦਰ ਘਰ ਸਾਚਾ ਆਪ ਸੁਹਾਈਆ । ਦੀਵਾ ਬਾਤੀ ਇਕ ਮਹਾਨ, ਕਮਲਾਪਾਤੀ ਆਪ ਜਗਾਈਆ । ਸਾਚਾ ਸਾਕੀ ਦੇਵੇ ਦਾਨ, ਸਚ ਭੰਡਾਰਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੋ ਪੁਰਖ ਨਿਰੰਜਣ ਬੇਪਰਵਾਹ, ਆਦਿ ਆਦਿ ਵਡਿਆਈਆ । ਹਰਿ ਪੁਰਖ ਨਿਰੰਜਣ ਸਿਫ਼ਤ ਸਾਲਾਹ, ਏਕੰਕਾਰਾ ਸੋਭਾ ਪਾਈਆ । ਆਦਿ ਨਿਰੰਜਣ ਨੂਰ ਰੁਸ਼ਨਾ, ਅਬਿਨਾਸ਼ੀ ਕਰਤਾ ਇਕ ਵਖਾਈਆ । ਸ੍ਰੀ ਭਗਵਾਨ ਵਸਣਹਾਰਾ ਹਰ ਘਟ ਥਾਂ, ਪਾਰਬ੍ਰਹਮ ਰਿਹਾ ਸਮਾਈਆ । ਸਚ ਸਿੰਘਾਸਣ ਇਕ ਵਡਿਆ, ਤਖ਼ਤ ਨਿਵਾਸੀ ਸੋਭਾ ਪਾਈਆ । ਰਾਜਨ ਰਾਜ ਆਪ ਅਖਵਾ, ਭੂਪਤ ਭੂਪ ਵੇਸ ਵਟਾਈਆ । ਹੁਕਮੀ ਹੁਕਮ ਆਪ ਚਲਾ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਆਪਣਾ ਗੇੜਾ ਆਪ ਦਵਾ, ਵੇਖਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਪਰਗਟਾਈਆ । ਆਪਣੀ ਧਾਰ ਆਪ ਪਰਗਟਾ, ਹਰਿ ਆਪਣਾ ਖੇਲ ਖਲਾਇੰਦਾ । ਨਿਰਗੁਣ ਮੇਲਾ ਸਹਿਜ ਸੁਭਾ, ਸਗਲਾ ਸੰਗ ਰਖਾਇੰਦਾ । ਦਰ ਘਰ ਸਾਚੇ ਸੋਭਾ ਪਾ, ਸੋਭਾਵੰਤ ਖ਼ੁਸ਼ੀ ਮਨਾਇੰਦਾ । ਆਪ ਆਪਣਾ ਮਰਦੰਗ

ਵਜਾ, ਨਾਮ ਨਿਧਾਨਾ ਆਪੇ ਗਾਇੰਦਾ । ਵੇਸ ਅਨੇਕ ਆਪ ਕਰਾ, ਆਦਿ ਜੁਗਾਦੀ ਰੂਪ ਵਟਾਇੰਦਾ । ਜੁਗ ਜੁਗ ਲੇਖਾ ਮਾਤ ਚੁਕਾ, ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਇੰਦਾ । ਆਪਣੇ ਰੰਗ ਆਪੇ ਰਾਤਾ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਜੁਗ ਜੁਗ ਖੇਲੇ ਖੇਲ ਤਮਾਸ਼ਾ, ਨਿਰਗੁਣ ਨਿਰਵੈਰ ਸੱਚਾ ਸ਼ਹਿਨਸ਼ਾਹੀਆ । ਲੇਖਾ ਜਾਣੇ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਫੇਰਾ ਪਾਈਆ । ਲੱਖ ਚੁਰਾਸੀ ਜਾਣੇ ਭੋਗ ਬਲਾਸਾ, ਘਰ ਘਰ ਆਪਣੀ ਸੇਜ ਸੁਹਾਈਆ । ਜਨ ਭਗਤਾਂ ਹੋਏ ਦਾਸੀ ਦਾਸਾ, ਦਾਸੀ ਦਾਸ ਸੇਵ ਕਮਾਈਆ । ਮੰਡਲ ਮੰਡਪ ਬ੍ਰਹਿਮੰਡ ਖੰਡ ਪਾਏ ਰਾਸਾ, ਆਪਣੀ ਰਾਸ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਆਦਿ ਜੁਗਾਦਿ ਕਰਾਇੰਦਾ । ਸਚਖੰਡ ਦੁਆਰੇ ਵਸੇ ਇਕ ਇਕੱਲਾ, ਥਿਰ ਘਰ ਸਾਚਾ ਆਪ ਸੁਹਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵਿਸ਼ਨ ਬ੍ਰਹਮਾ ਸ਼ਿਵ ਫੜਾਏ ਪੱਲਾ, ਏਕਾ ਡੋਰੀ ਨਾਮ ਰਖਾਇੰਦਾ । ਜੋਤੀ ਸ਼ਬਦੀ ਨਿਰਗੁਣ ਸਰਗੁਣ ਆਪੇ ਰਲਾ, ਆਪ ਆਪਣੀ ਕਲ ਵਖਾਇੰਦਾ । ਸਚ ਸੰਦੇਸ਼ ਨਰ ਨਰੇਸ਼ ਏਕੰਕਾਰ ਏਕਾ ਘੱਲਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਆਤਮ ਪਰਮਾਤਮ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਸਵਾਂਗ ਵਰਤਾਇੰਦਾ । ਜੁਗ ਜੁਗ ਵਰਤੇ ਸਵਾਂਗੀ ਸਵਾਂਗ, ਸਗਲਾ ਸੰਗ ਆਪ ਹੋ ਜਾਈਆ । ਜਨ ਭਗਤਾਂ ਰੱਖੇ ਸਾਚੀ ਤਾਂਘ, ਨੇਤਰ ਨੈਣ ਨੈਣ ਉਠਾਈਆ । ਲੋਕਮਾਤ ਬਣਾਏ ਸਾਂਝ, ਆਪ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਜੁਗ ਜੁਗ ਮੇਲਾ ਹਰਿ ਕਰਤਾਰ, ਜਨ ਭਗਤਾਂ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਲੱਖ ਚੁਰਾਸੀ ਖੇਲ ਖਲਾਇੰਦਾ । ਸੰਤ ਸੁਹੇਲੇ ਲਏ ਉਭਾਰ, ਗੁਰ ਚੇਲੇ ਗੋਦ ਬਹਾਇੰਦਾ । ਅੰਮ੍ਰਿਤ ਬਖ਼ਸ਼ੇ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਨੂਰ ਕਰ ਉਜਿਆਰ, ਅੰਧ ਅੰਧੇਰ ਮਿਟਾਇੰਦਾ । ਮਨ ਵਾਸਨਾ ਕਰ ਖੁਵਾਰ, ਕਾਮ ਕਰੋਧ ਲੋਭ ਮੋਹ ਹੰਕਾਰ ਜਲਾਇੰਦਾ । ਘਰ ਵਿਚ ਘਰ ਦਏ ਵਖਾਲ, ਸਿਰ ਆਪਣਾ ਹੱਥ ਟਿਕਾਇੰਦਾ । ਕਿਰਪਾ ਕਰੇ ਦੀਨ ਦਿਆਲ, ਦੀਨਾਂ ਅਨਾਥਾਂ ਗਲੇ ਲਗਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਸਾਚੀ ਧਰਮਸਾਲ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਪੇਖਿਆ, ਨਿਰਗੁਣ ਕਿਰਪਾ ਧਾਰ । ਜਨਮ ਜਨਮ ਦਾ ਜਾਣੇ ਲੇਖਿਆ, ਗੁਰ ਸਤਿਗੁਰ ਹਰਿ ਅਵਤਾਰ । ਜਿਸ ਜਨ ਦੇਵੇ ਸਾਚੀ ਸਿਖਿਆ, ਗੁਰਮੁਖ ਉਜਲ ਵਿਚ ਸੰਸਾਰ । ਨਾਮ ਨਿਧਾਨਾ ਪਾਏ ਭਿਛਿਆ, ਵਸਤ ਅਮੋਲਕ ਏਕਾ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਕਰੇ ਸਦਾ ਪਿਆਰ । ਹਰਿਜਨ ਪਿਆਰਾ ਮੀਤੜਾ, ਹਰਿ ਜੂ ਹਰਿ ਹਰਿ ਭਾਏ । ਕਾਇਆ ਚੋਲੀ ਰੰਗੇ ਚੀਥੜਾ, ਏਕਾ ਰੰਗ ਚੜ੍ਹਾਏ । ਦੇਵੇ ਨਾਮ ਸ਼ਬਦ ਅਨਡੀਠੜਾ, ਬਿਨ ਰਸਨਾ ਜਿਹਵਾ ਗਾਏ । ਪਤਤ ਪੁਨੀਤ ਕਰੇ ਪੁਨੀਤੜਾ, ਪਤਤ ਪਾਪੀ ਆਪ ਤਰਾਏ । ਇਕ ਸੁਣਾਏ ਸੁਹਾਗੀ ਗੀਤੜਾ, ਅੰਤਰ ਮੰਤਰ ਨਾਮ ਅਲ੍ਹਾਏ । ਮਿੱਠਾ ਕਰੇ ਕੌੜਾ ਰੀਠੜਾ, ਅੰਮ੍ਰਿਤ ਰਸ ਆਪ ਚਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਏ । ਹਰਿਜਨ ਮੇਲਾ ਸਾਚੇ ਘਰ, ਘਰ ਸਾਚੇ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਮਿਲਿਆ

ਹਰਿ, ਭਾਂਡਾ ਭਰਮ ਭੌ ਭੰਨਾਈਆ । ਜਗਤ ਵਿਕਾਰਾ ਚੁੱਕੇ ਡਰ, ਜੀਵਣ ਜੁਗਤ ਇਕ ਸਮਝਾਈਆ । ਪੁਰਖ ਅਬਿਨਾਸ਼ੀ ਦੇਵੇ ਵਰ, ਵਰ ਦਾਤਾ ਸਹਿਜ ਸੁਭਾਈਆ । ਇਕੋ ਮੇਲਾ ਸਾਚੇ ਨਰ, ਨਰ ਨਰਾਇਣ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਹੱਥ ਰੱਖ ਸਮਰਥ, ਸੰਸਾ ਰੋਗ ਸਰਬ ਚੁਕਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਨਿਜ ਘਰ ਆਤਮ ਕਰ ਕਰ ਵਾਸ, ਪਰਮ ਆਤਮ ਮੇਲ ਮਿਲਾਇੰਦਾ । ਲੱਖ ਚੁਰਾਸੀ ਬੰਦ ਖੁਲਾਸ, ਬੰਦੀਖ਼ਾਨਾ ਆਪ ਤੁੜਾਇੰਦਾ । ਦੀਪਕ ਦੀਆ ਕਰ ਪਰਕਾਸ਼, ਅਗਿਆਨ ਅੰਧੇਰ ਚੁਕਾਇੰਦਾ । ਲੇਖੇ ਲਾਏ ਪਵਣ ਸਵਾਸ, ਰਸਨਾ ਜਿਹਵਾ ਜੋ ਹਰਿ ਗੁਣ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਮੇਲ ਮਿਲਾਇੰਦਾ । ਹਰਿਜਨ ਮੇਲਾ ਸਚ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਕਿਰਪਾ ਕਰੇ ਆਪ ਕਰਤਾਰ, ਕਰਤਾ ਪੁਰਖ ਵੇਸ ਵਟਾਈਆ । ਲੱਖ ਚੁਰਾਸੀ ਜੀਵ ਜੰਤ ਪਾਵੇ ਸਾਰ, ਬੇਅੰਤ ਭੇਵ ਖੁਲ੍ਹਾਈਆ । ਗੁਰਮੁਖ ਸੱਜਣ ਲਏ ਭਾਲ, ਆਪ ਆਪਣਾ ਪਰਦਾ ਲਾਹੀਆ । ਨਾਤਾ ਤੋੜ ਸ਼ਾਹ ਕੰਗਾਲ, ਸ਼ਹਿਨਸ਼ਾਹ ਹੋਏ ਸਹਾਈਆ । ਸ਼ਬਦ ਸਰੂਪੀ ਬਣ ਦਲਾਲ, ਜਗਤ ਵਣਜਾਰਾ ਨਾਉਂ ਧਰਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਦਾਤਾ ਬੇਪਰਵਾਹੀਆ । ਨਾਤ ਤੋੜ ਕਾਲ ਮਹਾਂਕਾਲ, ਆਪਣੀ ਡੋਰੀ ਤੰਦ ਬਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੰਗ ਮਿਲਾਈਆ । ਹਰਿਜਨ ਮਿਲਿਆ ਸੰਗ, ਸਗਲਾ ਸੰਗ ਤਜਾਇਆ । ਗ੍ਰਿਹਿ ਮੰਦਰ ਵੱਜੇ ਮਰਦੰਗ, ਅਨਹਦ ਨਾਦੀ ਨਾਦ ਸੁਣਾਇਆ । ਆਤਮ ਪਰਮਾਤਮ ਇਕ ਅਨੰਦ, ਅਨੰਦ ਮੰਗਲ ਵਡਿਆਇਆ । ਨਿਰਗੁਣ ਨੂਰ ਨੁਰਾਨਾ ਚੰਦ, ਜੋਤੀ ਜੋਤ ਡਗਮਗਾਈਆ । ਪੰਜ ਵਿਕਾਰਾ ਖੰਡ ਖੰਡ, ਖੰਡਾ ਨਾਮ ਉਠਾਇਆ । ਸੁਰਤ ਸਵਾਣੀ ਨਾ ਹੋਏ ਰੰਡ, ਹਰਿ ਕੰਤ ਕੰਤੂਹਲ ਹੰਢਾਇਆ । ਦਿਵਸ ਰਾਤ ਇਕੋ ਠੰਡ, ਅਗਨੀ ਤੱਤ ਨਾ ਕੋਇ ਵਖਾਇਆ । ਖ਼ੁਸ਼ੀ ਕਰਾਏ ਬੰਦ ਬੰਦ, ਜਿਸ ਜਨ ਆਪਣੀ ਬੂਝ ਬੁਝਾਇਆ । ਦੀਨ ਦਿਆਲ ਠਾਕਰ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਦਏ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਤਾਰਨਹਾਰਾ ਇਕੋ ਹਰਿ, ਆਦਿ ਅੰਤ ਅਖਵਾਇੰਦਾ । ਭਗਤ ਭਗਵੰਤ ਦੇਵੇ ਵਰ, ਆਪਣੀ ਬੂਝ ਬੁਝਾਇੰਦਾ । ਇਕ ਨੁਹਾਏ ਸਾਚੇ ਸਰ, ਚਰਨ ਸਰੋਵਰ ਇਕ ਵਖਾਇੰਦਾ । ਏਕਾ ਵਿਦਿਆ ਜਾਏ ਪੜ੍ਹ, ਅੱਖਰ ਵੱਖਰ ਆਪ ਸੁਣਾਇੰਦਾ । ਇਕ ਬੰਧਾਏ ਸਾਚੇ ਲੜ, ਨਾਤਾ ਬਿਧਾਤਾ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਸਮਝਾਇੰਦਾ । ਹਰਿਜਨ ਸੱਚਾ ਆਪ ਸਮਝਾ, ਸਮਝ ਨਾਲ ਸਮਝ ਮਿਲਾਈਆ । ਫੜ ਫੜ ਰਾਹੇ ਦੇਵੇ ਪਾ, ਸਾਚਾ ਮਾਰਗ ਇਕ ਵਖਾਈਆ । ਨਿਰਗੁਣ ਜਪਾਏ ਸਰਗੁਣ ਨਾਂ, ਨਾਉਂ ਨਿਰੰਕਾਰ ਆਪ ਵਖਾਈਆ । ਸਾਚੇ ਧਾਮ ਦਏ ਬਹਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਨਿਹਕਰਮੀ ਹਰਿ ਕਰਮ ਕਮਾ, ਕਰਮਗਤ ਦਏ ਮਿਟਾਈਆ । ਗੁਰਮੁਖ ਵਿਰਲੇ ਮੇਲੇ ਆਪਣੇ ਥਾਂ, ਥਾਨ ਥਨੰਤਰ ਸੋਭਾ ਪਾਈਆ । ਬਲਹਾਰੀ ਵਿਟਹੁ ਕੁਰਬਾਨ ਜਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਮੇਲ ਮਿਲਾਵਾ ਸਚਖੰਡ, ਸਚਖੰਡ ਨਿਵਾਸੀ ਆਪ ਕਰਾਇੰਦਾ । ਨਾਤਾ ਤੋੜ ਜੀਉ ਬ੍ਰਹਿਮੰਡ, ਬ੍ਰਹਿਮੰਡ ਭੇਵ ਚੁਕਾਇੰਦਾ । ਨਾਮ ਨਿਧਾਨਾ ਇਕੋ ਵੰਡ, ਸਾਚੀ ਵਸਤ ਆਪ ਵਰਤਾਇੰਦਾ । ਮਾਇਆ

ਮਮਤਾ ਖੰਡ ਖੰਡ, ਨੀਕਨ ਨੀਕਾ ਖੇਲ ਕਰਾਇੰਦਾ । ਨਾਤਾ ਤੋੜ ਜੇਰਜ ਅੰਡ, ਉਤਭੁਜ ਸੇਤਜ ਮੋਹ ਮਿਟਾਇੰਦਾ । ਇਕ ਸੁਣਾਏ ਸੁਹਾਗੀ ਛੰਦ, ਅੱਖਰ ਵੱਖਰ ਆਪੇ ਗਾਇੰਦਾ । ਦੂਈ ਦਵੈਤੀ ਢਾਏ ਕੰਧ, ਭਾਂਡਾ ਭਰਮ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਉਠੇ ਜਾਏ ਜਾਗ, ਹਰਿ ਜਾਗਰਤ ਜੋਤ ਜਗਾਈਆ । ਮਨ ਅੰਤਰ ਉਪਜੇ ਇਕ ਵੈਰਾਗ, ਵੈਰਾਗੀ ਰੂਪ ਵਟਾਈਆ । ਨਾਤਾ ਤੋੜ ਸੱਜਣ ਸਾਕ, ਸਗਲਾ ਸੰਗ ਤਜਾਈਆ । ਏਕਾ ਚੜ੍ਹੇ ਸਾਚੇ ਰਾਕ, ਸ਼ਬਦ ਘੋੜਾ ਲਏ ਦੌੜਾਈਆ । ਨਿਰਗੁਣ ਸਰਗੁਣ ਦੇਵੇ ਸਾਥ, ਸਾਚਾ ਸੰਗ ਨਿਭਾਈਆ । ਆਪ ਜਣਾਏ ਪੂਜਾ ਪਾਠ, ਏਕਾ ਅੱਖਰ ਨਾਮ ਪੜ੍ਹਾਈਆ । ਅੰਮ੍ਰਿਤ ਸਰੋਵਰ ਵਖਾਏ ਮਾਰੇ ਠਾਠ, ਨਿਝਰ ਝਿਰਨਾ ਦਏ ਝਿਰਾਈਆ । ਜੋਤ ਨੂਰ ਜਗੇ ਲਲਾਟ, ਮਸਤਕ ਲੇਖਾ ਆਪ ਮੁਕਾਈਆ । ਡੂੰਘੀ ਭਵਰੀ ਪਾਰ ਕਰਾਏ ਘਾਟ, ਸਚ ਕਿਨਾਰਾ ਦਏ ਵਖਾਈਆ । ਚਰਨ ਕਵਲ ਬੰਧਾਏ ਨਾਤ, ਏਕਾ ਦੇਵੇ ਸਰਨ ਸ਼ਰਨਾਈਆ । ਕਲਜੁਗ ਰੈਣ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਨੌਂ ਖੰਡ ਪ੍ਰਿਥਮੀ ਰਹੀ ਝਾਕ, ਲੱਖ ਚੁਰਾਸੀ ਨੈਣ ਉਠਾਈਆ । ਕਵਣ ਵੇਲਾ ਗੋਬਿੰਦ ਪੂਰਾ ਕਰੇ ਵਾਕ, ਕੀਤਾ ਕੌਲ ਤੋੜ ਨਿਭਾਈਆ । ਕਵਣ ਵੇਲਾ ਮੁਹੰਮਦ ਦੇਵੇ ਸਾਥ, ਚੌਦਾਂ ਲੋਕ ਵੇਖ ਵਖਾਈਆ । ਕਵਣ ਵੇਲਾ ਹੋਏ ਸਹਾਈ ਤ੍ਰਲੋਕੀ ਨਾਥ, ਨਾਥ ਅਨਾਥਾਂ ਲਏ ਉਠਾਈਆ । ਕਵਣ ਵੇਲਾ ਮਿਲੇ ਰਾਮਾ ਸੁਤ ਦਸਰਥ, ਦਹਿ ਦਿਸ਼ਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਕੁੰਟ ਵੇਖ ਵਖਾਈਆ । ਚਾਰ ਕੁੰਟ ਤੱਕੇ ਇਸ਼ਟ, ਈਸ਼ ਜੀਵ ਨਾ ਕੋਇ ਮਿਲਾਇੰਦਾ । ਭਰਮੇ ਭੁੱਲੀ ਭਰਮ ਸ੍ਰਿਸ਼ਟ, ਭਰਮ ਸ਼ਰਅ ਨਾ ਕੋਇ ਤੁੜਾਇੰਦਾ । ਰਾਮਾ ਲੱਭੇ ਗੁਰ ਵਸ਼ਿਸ਼ਟ, ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਇੰਦਾ । ਸਾਚਾ ਖੇਲ ਹਰਿ ਗੋਬਿੰਦ, ਅਚਰਜ ਆਪ ਵਰਤਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਬੇਪਰਵਾਹੀਆ । ਜਨ ਭਗਤਾਂ ਅੰਮ੍ਰਿਤ ਆਤਮ ਵਹਾਏ ਨੀਰ ਸਾਗਰ ਸਿੰਧ, ਏਕਾ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਪੁਰਖ ਸਮਰਥ, ਲੋਕਮਾਤ ਵਟਾਇਆ । ਆਪ ਜਣਾਏ ਆਪਣੀ ਗਥ, ਨਾਉਂ ਨਿਰੰਕਾਰਾ ਆਪ ਸਮਝਾਇਆ । ਕਲਜੁਗ ਅੰਤਮ ਖੇਲ ਤਮਾਸ਼, ਤ੍ਰੈਗੁਣ ਅਤੀਤਾ ਵੇਖ ਵਖਾਇਆ । ਲੱਖ ਚੁਰਾਸੀ ਭੋਗ ਬਿਲਾਸ, ਘਰ ਘਰ ਨਾਚ ਨਚਾਇਆ । ਗੁਰਮੁਖ ਵਿਰਲੇ ਲੱਗੀ ਪਿਆਸ, ਪ੍ਰਭ ਦਰਸ਼ਨ ਰਾਹ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਇਆ । ਹਰਿਜਨ ਉਠਿਆ ਕਿਰਪਾਨਿਧ, ਆਪਣੀ ਦਇਆ ਕਮਾਈਆ । ਭਗਤਾਂ ਕਰੇ ਕਾਰਜ ਸਿਧ, ਕਰਤਾ ਕੀਮਤ ਆਪੇ ਪਾਈਆ । ਆਪੇ ਜਾਣੇ ਆਪਣੀ ਬਿਧ, ਦੂਸਰ ਅਵਰ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਲਏ ਮਿਲਾਈਆ । ਕਲਜੁਗ ਅੰਤਮ ਮੇਲ ਮਿਲਣਾ, ਮਿਲਿਆ ਪੁਰਖ ਬਨਵਾਰੀ । ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਦੇਵੇ ਇਕ ਅਧਾਰੀ । ਗੁਰਮੁਖ ਚੜ੍ਹਿਆ ਸਾਚਾ ਚੰਨਾ, ਨਿਰਗੁਣ ਜੋਤ ਹੋਏ ਉਜਿਆਰੀ । ਕਲਜੁਗ ਅੰਧੇਰਾ ਜਾਏ ਭੰਨਾ, ਚਾਰੋਂ ਕੁੰਟ ਹੋਏ ਖ਼ੁਵਾਰੀ । ਪਤਿਪਰਮੇਸ਼ਵਰ ਦੇਵੇ ਡੰਨਾ, ਆਈ ਅੰਤਮ ਹਾਰੀ । ਚੋਰ ਫੜਿਆ ਗਿਆ ਉਪਰ ਸਨ੍ਹਾਂ, ਪੁਰਖ ਅਬਿਨਾਸ਼ੀ ਰਿਹਾ ਮਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੈਜ ਸੁਆਰੀ ।

ਜਨ ਭਗਤਾਂ ਪੈਜ ਸੁਆਰਦਾ, ਜੁਗਾ ਜੁਗੰਤਰ ਕਾਰ । ਕਲਜੁਗ ਅੰਤਮ ਖੇਲ ਸਿਰਜਣਹਾਰ ਦਾ, ਨਿਰਗੁਣ ਨਿਰਗੁਣ ਲਏ ਅਵਤਾਰ । ਭਗਤ ਭਗਵੰਤ ਆਪੇ ਭਾਲਦਾ, ਲੱਖ ਚੁਰਾਸੀ ਵੇਖ ਸੰਸਾਰ । ਹਾਲ ਮੁਰੀਦਾਂ ਆਪੇ ਜਾਣਦਾ, ਆਪੇ ਸੁਣੇ ਪੁਕਾਰ । ਪੂਰਬ ਲਹਿਣਾ ਆਪ ਪਛਾਣਦਾ, ਜੁਗ ਜੁਗ ਹੋਏ ਦੇਵਣਹਾਰ । ਲੇਖਾ ਜਾਣੇ ਦੋ ਜਹਾਨ ਦਾ, ਬ੍ਰਹਿਮੰਡ ਖੰਡ ਕਰੇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਹਰਿਜਨ ਉਭਾਰੇ ਆਪ ਹਰਿ, ਹਰਿ ਜੂ ਦਇਆ ਕਮਾਈਆ । ਸਤਿਜੁਗ ਤਰੇਤਾ ਦੁਆਪਰ ਦੇਂਦਾ ਰਿਹਾ ਵਰ, ਕਲਜੁਗ ਅੰਤਮ ਲਏ ਉਠਾਈਆ । ਨਿਰਗੁਣ ਸਰਗੁਣ ਘਾੜਨ ਘੜ, ਘਾੜਤ ਘੜਤ ਲੇਖੇ ਲਾਈਆ । ਭਗਤਾਂ ਅੰਦਰ ਆਪੇ ਵੜ, ਆਪ ਆਪਣਾ ਦਰ ਖੁਲ੍ਹਾਈਆ । ਸੋਹੰ ਅੱਖਰ ਇਕੋ ਪੜ੍ਹ, ਆਤਮ ਪਰਮਾਤਮ ਲਏ ਮਿਲਾਈਆ । ਦਰਸ ਦਖਾਏ ਅੱਗੇ ਖੜ੍ਹ, ਸਵਛ ਸਰੂਪ ਵਟਾਈਆ । ਨਾ ਜਨਮੇ ਨਾ ਜਾਏ ਮਰ, ਮੜ੍ਹੀ ਗੋਰ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਸ ਵਟਾਇਆ । ਕਲਜੁਗ ਅੰਤਮ ਵੇਸ ਅਵੱਲਾ, ਏਕੰਕਾਰਾ ਆਪ ਕਰਾਇੰਦਾ । ਲਹਿਣਾ ਦੇਣ ਚੁਕਾਏ ਰਾਣੀ ਅੱਲਾ, ਐਨਲਹੱਕ ਪੰਧ ਮੁਕਾਇੰਦਾ । ਬਿਸਮਿਲ ਹੋ ਹੋ ਆਪੇ ਰਲਾ, ਬਿਸਮਿਲ ਆਪਣਾ ਆਪ ਵਖਾਇੰਦਾ । ਆਦਿ ਜੁਗਾਦੀ ਅਛੱਲ ਅਛੱਲਾ, ਵਲ ਛਲ ਆਪਣਾ ਖੇਲ ਕਰਾਇੰਦਾ । ਗੁਰਮੁਖ ਵਿਰਲੇ ਫੜਾਏ ਪੱਲਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਭੇਵ ਚੁਕਾਇੰਦਾ । ਕਲਜੁਗ ਅੰਤਮ ਭੇਵ ਚੁਕਾਇਆ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਭਗਤ ਭਗਵੰਤ ਲਏ ਮਿਲਾਇਆ, ਜਗਤ ਵਿਛੋੜਾ ਪੰਧ ਮੁਕਾਈਆ । ਨੇਤਰ ਲੋਚਣ ਨੈਣ ਦਰਸ ਕਰਾਇਆ, ਦੀਦ ਈਦ ਮਨਾਈਆ । ਅੰਮ੍ਰਿਤ ਮੇਘ ਬਰਸ ਵਖਾਇਆ, ਸਾਂਤਕ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਕਲਜੁਗ ਅੰਤ ਭਗਤ ਵਡਿਆਈ, ਹਰਿ ਵੱਡਾ ਵਡ ਸਾਲਾਹਿੰਦਾ । ਸਾਚੇ ਘਰ ਹੋਈ ਕੁੜਮਾਈ, ਸਾਚਾ ਸਗਨ ਮਨਾਇੰਦਾ । ਸੌਹਰੇ ਪੇਈਏ ਏਕਾ ਥਾਈਂ, ਏਕਾ ਘਰ ਸੋਭਾ ਪਾਇੰਦਾ । ਲੇਖਾ ਜਾਣੇ ਧੀ ਜੁਵਾਈ, ਆਪ ਆਪਣਾ ਵੇਸ ਵਟਾਇੰਦਾ । ਆਪੇ ਪਾਂਧੀ ਆਪੇ ਰਾਹੀ, ਆਪੇ ਦੋ ਜਹਾਨਾਂ ਫੇਰਾ ਪਾਇੰਦਾ । ਆਪੇ ਵਸੇ ਹਰ ਘਟ ਥਾਈਂ, ਘਟ ਘਟ ਆਪਣਾ ਆਸਣ ਲਾਇੰਦਾ । ਹਰਿਜਨ ਮੇਲਾ ਚਾਈਂ ਚਾਈਂ, ਚਾਤਰਕ ਤ੍ਰਿਖਾ ਆਪ ਬੁਝਾਇੰਦਾ । ਸਦਾ ਸੁਹੇਲਾ ਦੇਵੇ ਠੰਡੀਆਂ ਛਾਈਂ, ਸਿਰ ਆਪਣਾ ਹੱਥ ਟਿਕਾਇੰਦਾ । ਨਿਥਾਵਿਆਂ ਪਕੜੇ ਆਪੇ ਬਾਹੀਂ, ਨਿਮਾਣਿਆਂ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸੇਵ ਕਮਾਇੰਦਾ । ਜਨ ਭਗਤਾਂ ਬਣ ਸੇਵਾਦਾਰ, ਸੇਵਕ ਸੇਵ ਕਮਾਈਆ । ਜੁਗ ਜੁਗ ਦਾ ਕਰਜ਼ਾ ਦਏ ਉਤਾਰ, ਪਿਛਲਾ ਲਹਿਣਾ ਝੋਲੀ ਪਾਈਆ । ਅੱਗੇ ਦੱਸੇ ਸਾਚਾ ਹਾਲ, ਅਹਿਵਾਲ ਨਾਲ ਮਿਲਾਈਆ । ਇਕ ਬਣਾਏ ਸਾਚੀ ਧਰਮਸਾਲ, ਧਰਮ ਦੁਆਰਾ ਨਾਉਂ ਧਰਾਈਆ । ਚਾਰ ਵਰਨ ਮਿਲੇ ਦਿਆਲ, ਦਿਆਲਤਾ ਰੂਪ ਵਖਾਈਆ । ਚਾਰ ਜੁਗ ਸੁਰਤ ਸੰਭਾਲ, ਸੁਰਤ ਸ਼ਬਦ ਸ਼ਬਦ ਸੁਰਤ ਵਿਚ ਸਮਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਤ੍ਰੈ ਭਵਨ ਧਨੀ ਦਏ ਵਡਿਆਈਆ । ਜਨ ਭਗਤਾਂ ਦੱਸੇ ਰਾਹ ਸੁਖਾਲ, ਏਕਾ ਅੱਖਰ ਨਾਉਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਪਰਗਟਾਈਆ । ਹਰਿਜਨ ਸੱਚਾ ਉਪਜਿਆ ਮਾਤ, ਪੰਜ ਤੱਤ ਕਾਇਆ ਖੇਲ ਖਲਾਇਆ । ਆਪ

ਚਲਾਈ ਆਪਣੀ ਗਾਥ, ਏਕਾ ਮੰਤਰ ਨਾਮ ਪੜ੍ਹਾਇਆ। ਸਚ ਵਖਾਇਆ ਇਕੋ ਹਾਟ, ਹਰਿ ਜੂ ਆਪ ਖੁਲਾਇਆ। ਗੁਰਮੁਖ ਉਤਰੇ ਸਾਚੇ ਘਾਟ, ਆਪਣਾ ਬੇੜਾ ਆਪ ਚਲਾਇਆ। ਲਹਿਣਾ ਦੇਣਾ ਹੱਥੇ ਹਾਥ, ਸਾਚਾ ਵਣਜ ਇਕ ਕਰਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ। ਤਾਰਨਹਾਰਾ ਇਕੋ ਗੁਰ, ਪੁਰਖ ਅਕਾਲ ਅਖਵਾਈਆ। ਲੇਖਾ ਜਾਣੇ ਧੁਰ ਦਾ ਧੁਰ, ਧੁਰਦਰਗਾਹੀ ਬੇਪਰਵਾਹੀਆ। ਜਨ ਭਗਤਾਂ ਸੰਗ ਗਿਆ ਜੁੜ, ਸਾਚੀ ਜੋੜੀ ਮਾਤ ਬਣਾਈਆ। ਇਕ ਦੂਜੇ ਦੀ ਰੱਖਣ ਲੋੜ, ਨਾ ਹੋਏ ਕਦੇ ਜੁਦਾਈਆ। ਨਿਹਕਰਮੀ ਆਪੇ ਗਿਆ ਬੌਹੜ, ਕਰਮਾ ਫੰਦ ਕਟਾਈਆ। ਜਨਮ ਜਨਮ ਦੀ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਇਕ ਬਰਸਾਈਆ। ਸਚ ਲਵਾਏ ਸਾਚਾ ਪੌੜ, ਘਰ ਸਾਚੇ ਖ਼ੁਸ਼ੀ ਮਨਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ। ਸ਼ਾਹ ਪਾਤਸ਼ਾਹ ਬਣੇ ਹਰਿ ਠਾਕਰ, ਆਪਣੀ ਦਇਆ ਕਮਾਇੰਦਾ। ਵਣਜ ਕਰਾਏ ਬਣ ਸੌਦਾਗਰ, ਚਾਰ ਕੁੰਟ ਫੇਰਾ ਪਾਇੰਦਾ। ਕਰੇ ਖੇਲ ਕਰਤਾ ਕਾਦਰ, ਕੁਦਰਤ ਕਾਦਰ ਵੇਖ ਵਖਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ। ਉਠੋ ਜਾਗੋ ਅੰਤਮ ਵੇਲਾ, ਵਾਹ ਵਾ ਹਰਿ ਜੂ ਆਪ ਜਗਾਈਆ। ਕਲਜੁਗ ਅੰਤਮ ਸੱਜਣ ਸੁਹੇਲਾ, ਬਣ ਬਣ ਸੇਵ ਕਮਾਈਆ। ਅਚਰਜ ਖੇਲ ਆਪਣਾ ਆਪੇ ਖੇਲਾ, ਵੇਦ ਕਤੇਬ ਭੇਵ ਨਾ ਆਈਆ। ਆਪੇ ਜਾਣੇ ਆਪਣਾ ਵੇਲਾ, ਜਨ ਭਗਤਾਂ ਹੋਏ ਸਹਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਨਾਲ ਮਿਲਾਈਆ। ਹਰਿਜਨ ਮੇਲਾ ਸ੍ਰੀ ਭਗਵਾਨ, ਲੋਕਮਾਤ ਖੇਲ ਖਲਾਇੰਦਾ। ਆਪ ਝੁਲਾਏ ਸਚ ਨਿਸ਼ਾਨ, ਸਚ ਦੁਆਰੇ ਸੋਭਾ ਪਾਇੰਦਾ। ਸਾਢੇ ਤਿੰਨ ਹੱਥ ਜਗਤ ਮਕਾਨ, ਲੱਖ ਚੁਰਾਸੀ ਵੰਡ ਵੰਡਾਇੰਦਾ। ਗੁਰਮੁਖ ਵਿਰਲੇ ਦੇਵੇ ਧਿਆਨ, ਜਿਸ ਜਨ ਆਪਣੀ ਦਇਆ ਕਮਾਇੰਦਾ। ਅਨਾਦੀ ਨਾਦ ਸਾਚੀ ਧੁਨਕਾਨ, ਰਾਗ ਰਾਗਨੀ ਮੁਖ ਸ਼ਰਮਾਇੰਦਾ। ਕਰ ਪਰਕਾਸ਼ ਕੋਟਨ ਭਾਨ, ਗੁਰਮੁਖ ਸਾਚੇ ਆਪ ਜਗਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਵਖਾਇੰਦਾ। ਸਾਚਾ ਮਾਰਗ ਸਿੱਧਾ ਰਾਹ, ਸਤਿਜੁਗ ਧਾਰ ਚਲਾਈਆ। ਨੌਂ ਨਿਧਾਂ ਰਹੀਆਂ ਸ਼ਰਮਾ, ਨੇਤਰ ਨੈਣ ਨਾ ਕੋਇ ਉਠਾਈਆ। ਅਠਾਰਾਂ ਸਿਧਾਂ ਮਾਰਨ ਧਾਹ, ਖੁਲ੍ਹੜੇ ਕੇਸ ਦੇਣ ਦੁਹਾਈਆ। ਤ੍ਰੈਗੁਣ ਮਾਇਆ ਮਿਲਿਆ ਫਾਹ, ਫਾਂਸੀ ਫੰਦ ਨਾ ਕੋਇ ਕਟਾਈਆ। ਗੁਰਮੁਖ ਚੜ੍ਹਿਆ ਚਾ, ਸਾਚਾ ਭਗਤ ਖ਼ੁਸ਼ੀ ਮਨਾਈਆ। ਪੁਰਖ ਅਬਿਨਾਸ਼ੀ ਮਿਲਿਆ ਇਕ ਮਲਾਹ, ਬੇੜਾ ਬੰਨੇ ਦਏ ਲਗਾਈਆ। ਗੁਰਸਿਖਾਂ ਕੋਲੋਂ ਪੁੱਛੇ ਸਲਾਹ, ਦਿਵਸ ਰੈਣ ਮਤਾ ਪਕਾਈਆ। ਕੋਟਨ ਕੋਟ ਬਲ ਅਸਗਾਹ, ਚਰਨਾਂ ਹੇਠ ਦਬਾਈਆ। ਕਲਜੁਗ ਅੰਤਮ ਦਇਆ ਕਮਾ, ਸਾਚੇ ਭਗਤਾਂ ਦਏ ਵਡਿਆਈਆ। ਛੱਤੀ ਜੁਗ ਦਾ ਲਹਿਣਾ ਪਾ, ਸਾਚੀ ਭਿਛਿਆ ਇਕ ਵਰਤਾਈਆ। ਸਤਿ ਦੁਆਰਾ ਦਏ ਬਣਾ, ਸਤਿ ਸਤਿਵਾਦੀ ਸੇਵ ਕਮਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ। ਭਗਤ ਦੁਆਰ ਬਣੇ ਦੁਆਰਾ, ਭੇਵ ਕੋਇ ਨਾ ਪਾਇੰਦਾ। ਗੁਰ ਅਵਤਾਰ ਕੱਢਦੇ ਹਾੜਾ, ਪ੍ਰਭ ਅੱਗੇ ਸੀਸ ਸਰਬ ਝੁਕਾਇੰਦਾ। ਕਿਰਪਾ ਕਰ ਗਿਰਵਰ ਗਿਰਧਾਰਾ, ਗਿਰਿਆਜ਼ਾਰ ਸਰਬ ਸਮਾਇੰਦਾ। ਆਦਿ ਜੁਗਾਦਿ ਤੇਰਾ ਪਸਾਰਾ, ਤੇਰਾ ਭੇਵ ਕੋਇ ਨਾ ਪਾਇੰਦਾ। ਤੂੰ ਨਿਰਗੁਣ ਲਿਆ ਅਵਤਾਰਾ, ਨਿਹਕਲੰਕ ਨਾਉਂ ਰਖਾਇੰਦਾ। ਦੋ ਜਹਾਨ ਤੇਰਾ ਸਹਾਰਾ, ਲੋਆਂ ਪੁਰੀਆਂ ਰਾਹ

ਤਕਾਇੰਦਾ । ਤੇਰਾ ਨਾਮ ਮਰਦੰਗ ਨਗਾਰਾ, ਆਦਿ ਜੁਗਾਦਿ ਗੁਰ ਅਵਤਾਰ ਵਜਾਇੰਦਾ । ਤੂੰ ਕਰਿਆ ਖੇਲ ਨਿਆਰਾ, ਨਿਰਗੁਣ ਜੋਤ ਡਗਮਗਾਇੰਦਾ । ਜਨ ਭਗਤਾਂ ਲਗਾਇਆ ਅਖਾੜਾ, ਸਾਚੀ ਖੇਲ ਵੇਖ ਵਖਾਇੰਦਾ । ਤੇਰਾ ਰੂਪ ਅਪਰ ਅਪਾਰਾ, ਦਿਸ ਕਿਸੇ ਨਾ ਆਇੰਦਾ । ਤੂੰ ਸਭ ਦਾ ਸਾਂਝਾ ਯਾਰਾ, ਪੀਰ ਪੈਗ਼ੰਬਰ ਤੇਰਾ ਰਾਹ ਤਕਾਇੰਦਾ । ਧੰਨ ਭਾਗ ਹਰਿ ਭਗਤ ਕੀਤਾ ਪਿਆਰਾ, ਆਪ ਆਪਣਾ ਮੇਲ ਮਿਲਾਇੰਦਾ । ਸਾਢੇ ਤਿੰਨ ਦਾ ਇਕ ਮਨਾਰਾ, ਤਿੰਨ ਤਿੰਨ ਬੰਧ ਬੰਧਾਇੰਦਾ । ਤਿੰਨਾਂ ਲੋਕਾਂ ਪਾਰ ਕਿਨਾਰਾ, ਤ੍ਰੈਗੁਣ ਮਾਇਆ ਡੇਰਾ ਢਾਹਿੰਦਾ । ਸਿੰਘ ਸ਼ੇਰ ਬਣ ਰਖਵਾਲਾ, ਚਾਰੋਂ ਕੁੰਟ ਵੇਖ ਵਖਾਇੰਦਾ । ਗੁਰਮੁਖ ਉਠਾਏ ਫੜ ਕੰਗਾਲਾ, ਨਾਮ ਖ਼ਜ਼ਾਨਾ ਆਪ ਵਰਤਾਇੰਦਾ । ਕਰ ਕਿਰਪਾ ਕਰੇ ਮਾਲੋ ਮਾਲਾ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਸੰਗ ਆਪ ਨਿਭਾਇੰਦਾ । ਭਗਤਾਂ ਸੰਗ ਦੇਵੇ ਸਾਥ, ਸਾਚੀ ਸੇਵ ਕਮਾਈਆ । ਇਕ ਇਕੱਲਾ ਖੋਲ੍ਹ ਹਾਟ, ਸਾਚੀ ਵਸਤ ਰਿਹਾ ਟਿਕਾਈਆ । ਹਰਿਜਨ ਵੇਖੇ ਮਾਰ ਝਾਤ, ਦੂਸਰ ਨਜ਼ਰ ਕਿਸੇ ਨਾ ਆਈਆ । ਕਲਜੁਗ ਰੈਣ ਅੰਧੇਰੀ ਰਾਤ, ਰਾਤੀਂ ਸੁਤਿਆਂ ਸਰਬ ਵਿਹਾਈਆ । ਜਿਸ ਜਨ ਖੋਲ੍ਹੇ ਆਪਣਾ ਤਾਕ, ਸੋ ਜਨ ਸਤਿਗੁਰ ਦਰਸ਼ਨ ਪਾਈਆ । ਸ੍ਰਿਸ਼ਟ ਸਬਾਈ ਮਾਟੀ ਖ਼ਾਕ, ਅੰਤ ਖ਼ਾਕੀ ਖ਼ਾਕ ਵਖਾਈਆ । ਝੂਠਾ ਨਾਤਾ ਸੱਜਣ ਸਾਕ, ਮਾਤ ਪਿਤ ਭਾਈ ਭੈਣ ਬੰਧਪ ਸੁਤ ਨਾ ਕੋਇ ਰਖਾਈਆ । ਸਤਿਗੁਰ ਪੂਰਾ ਪੂਰਾ ਕਰੇ ਭਵਿਖਤ ਵਾਕ, ਵਾਕ ਵਾਕ ਨਾਲ ਮਿਲਾਈਆ । ਬੇਐਬ ਖ਼ੁਦਾਈ ਪਾਕੀ ਪਾਕ, ਖ਼ਾਲਕ ਖ਼ਲਕ ਰਿਹਾ ਸਮਾਈਆ । ਸਾਹਿਬ ਸੁਹੇਲਾ ਕਮਲਾਪਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਬਹਾਈਆ । ਸਾਚੇ ਘਰ ਹਰਿਜਨ ਬਹਿਣਾ, ਸਤਿਗੁਰ ਪੂਰਾ ਆਪ ਬਹਾਇੰਦਾ । ਪਹਿਲਾ ਦਰਸ ਦਿਖਾਏ ਨੈਣਾਂ, ਦੂਜਾ ਜਗਤ ਮੋਹ ਚੁਕਾਇੰਦਾ । ਤੀਜੇ ਜਨ ਭਗਤਾਂ ਮੰਨੇ ਕਹਿਣਾ, ਭੁੱਲ ਕਦੇ ਨਾ ਜਾਇੰਦਾ । ਚੌਥੇ ਪਦ ਸਦਾ ਰਹਿਣਾ, ਇਕੋ ਦਰ ਵਖਾਇੰਦਾ । ਪੰਚਮ ਨਾਦ ਧੁਨ ਵਖਾਏ ਨੈਣਾਂ, ਆਪਣਾ ਨਾਦ ਆਪ ਵਜਾਇੰਦਾ । ਛੇਵੇਂ ਛੱਪਰ ਛੰਨ ਕੋਇ ਨਾ ਰਹਿਣਾ, ਜੋ ਉਪਜੇ ਸੋ ਭੰਨੇ ਥਿਰ ਕੋਇ ਰਹਿਣ ਨਾ ਪਾਇੰਦਾ । ਸਤਵੇਂ ਸਤਿ ਸਤਿਵਾਦੀ ਭਾਣਾ ਸਹਿਣਾ, ਹਰਿ ਭਾਣੇ ਸਦ ਸਮਾਇੰਦਾ । ਜਨ ਭਗਤਾਂ ਚੁਕਾਏ ਲਹਿਣਾ ਦੇਣਾ, ਦੇਣਾ ਲਹਿਣਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਦਾਤਾ ਇਕ ਅਖਵਾਇੰਦਾ ।



ਬਿਸਤਰੇ ਮਰਗ ਚਿੱਟਾ ਬਸਤਰ, ਬਿਸਤਰਾ ਏਕਾ ਏਕ ਵਖਾਈਆ । ਧਾਮ ਵਖਾਇਆ ਇਕ ਅਸਥਿਰ, ਥਿਰ ਆਪਣਾ ਘਰ ਵਡਿਆਈਆ । ਨਿਸ਼ਾਨ ਝੁਲਾਏ ਇਕੋ ਹਰਿ, ਹਰਿ ਵੱਡਾ ਬੇਪਰਵਾਹੀਆ । ਜਗਤ ਨਿਸ਼ਾਨਿਆਂ ਚੁਕਾ ਡਰ, ਜੋ ਸਤਿਗੁਰ ਸਰਨ ਆਏ ਸਰਨਾਈਆ । ਏਕਾ ਸੇਜਾ ਗੁਰਸਿਖ ਗੁਰ ਬੈਠੇ ਚੜ੍ਹ, ਦਰ ਸਾਚੇ ਖ਼ੁਸ਼ੀ ਮਨਾਈਆ । ਪੱਲੂ ਪੱਲਾ ਲਿਆ ਫੜ, ਛੁੱਟ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਤੀਂ ਸੁਤਿਆਂ ਆਪਣੀ ਗੋਦ ਬਹਾਈਆ । ਬਹਾਏ ਗੋਦੀ ਕਰੇ ਲਾਡ, ਜਿਉਂ ਬਾਲਕ ਮਾਤ ਸਖਾਈਆ । ਲੱਖ ਚੁਰਾਸੀ ਵਿਚੋਂ ਕਾਢ, ਆਪ ਆਪਣੇ ਹੱਥ ਉਠਾਈਆ । ਜਗਤ ਅੰਧੇਰਾ ਡੂੰਘੀ ਖਾਡ, ਹਰਿ ਸਤਿਗੁਰ ਹੋਏ ਸਹਾਈਆ । ਕੋਟਨ ਕੋਟ ਭਾਰ ਗਏ ਲਾਦ,

ਬਿਨ ਸਤਿਗੁਰ ਪਾਰ ਨਾ ਕੋਇ ਕਰਾਈਆ । ਰਾਤੀਂ ਸੁਤਿਆਂ ਦੇਵੇ ਦਾਦ, ਦੀਦ ਈਦ ਦਰਸ ਦਿਖਾਈਆ । ਬਿਨ ਯਾਦੋਂ ਰੱਖੇ ਯਾਦ, ਭੁੱਲ ਕਦੇ ਨਾ ਜਾਈਆ । ਕਲਜੁਗ ਅੰਤ ਦੇ ਕੇ ਜਾਵੇ ਆਧ, ਹਿੱਸਾ ਲੋਕਮਾਤ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਇਕ ਵਖਾਈਆ । ਸਚ ਨਿਸ਼ਾਨਾ ਧਰਮ ਖੰਡ, ਸਰਮ ਖੰਡ ਭੇਵ ਚੁਕਾਇਆ । ਕਰਮ ਖੰਡ ਨਾ ਦੇਵੇ ਦੰਡ, ਏਕਾ ਡੰਕਾ ਨਾਮ ਵਜਾਇਆ । ਗਿਆਨ ਖੰਡ ਟੁੱਟਾ ਘਮੰਡ, ਹਰਿ ਆਪਣੇ ਰੰਗ ਰੰਗਾਇਆ । ਸਚਖੰਡ ਵੱਜੇ ਮਰਦੰਗ, ਗੁਰਮੁਖ ਸੱਚਾ ਸੋਭਾ ਪਾਇਆ । ਆਦਿ ਜੁਗਾਦਿ ਜੁਗ ਜੁਗ ਇਕੋ ਅਨੰਦ, ਅਨੰਦ ਮੰਗਲ ਏਕਾ ਗਾਇਆ । ਨਾ ਕੋਈ ਸੂਰਜ ਨਾ ਕੋਈ ਚੰਦ, ਬ੍ਰਹਿਮੰਡ ਰੂਪ ਨਾ ਕੋਇ ਵਖਾਇਆ । ਜਨ ਭਗਤਾਂ ਹੋਏ ਆਪ ਬਖ਼ਸ਼ੰਦ, ਆਪ ਆਪਣਾ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇਆ ।

### ★ ੧੦ ਮੱਘਰ ੨੦੧੮ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਇੰਦ ਇੰਦਰਾਸਣ ਰਿਹਾ ਡੋਲ, ਪੁਰਖ ਅਬਿਨਾਸ਼ੀ ਖੇਲ ਖਲਾਈਆ । ਕਰੋੜ ਤੇਤੀਸਾ ਗਠੜੀ ਰਿਹਾ ਫੋਲ, ਆਪਣੇ ਅੰਤਰ ਧਿਆਨ ਲਗਾਈਆ । ਸਚ ਵਸਤ ਨਾ ਕਿਸੇ ਕੋਲ, ਖ਼ਾਲੀ ਹੱਥ ਸਰਬ ਵਖਾਈਆ । ਇਕ ਦੂਜੇ ਨੂੰ ਰਹੇ ਬੋਲ, ਤਾਅਨਾ ਮੇਹਣਾ ਰਹੇ ਸੁਣਾਈਆ । ਚਾਰ ਜੁਗ ਕਰਦੇ ਰਹੇ ਘੋਲ, ਆਪਣਾ ਬਲ ਰਖਾਈਆ । ਪਾਰਬ੍ਰਹਮ ਸੰਗ ਨਾ ਹੋਇਆ ਕੋਈ ਕੌਲ, ਸਗਲਾ ਸੰਗ ਨਾ ਕੋਇ ਵਖਾਈਆ । ਹਰਿ ਕਲਜੁਗ ਅੰਤਮ ਪਰਗਟ ਹੋਇਆ ਉਪਰ ਧੌਲ, ਧਵਲਾ ਹੌਲਾ ਭਾਰ ਕਰਾਈਆ । ਨਿਰਗੁਣ ਬਦਲੇ ਆਪਣਾ ਚੋਲ, ਚੋਲਾ ਸੰਗ ਨਾ ਕੋਇ ਰਖਾਈਆ । ਆਦਿ ਜੁਗਾਦਿ ਰਹੇ ਅਡੋਲ, ਡੁਲ ਕਦੇ ਨਾ ਜਾਈਆ । ਅੰਤਮ ਤੋਲੇ ਸਾਚਾ ਤੋਲ, ਏਕਾ ਕੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਰੋੜ ਤੇਤੀਸਾ ਰਿਹਾ ਕੁਰਲਾ, ਨੇਤਰ ਨੈਣਾਂ ਨੀਰ ਵਹਾਈਆ । ਸੁਰਪਤ ਰਾਜਾ ਇੰਦ ਰਿਹਾ ਸੁਣਾ, ਵਾਹਵਾ ਤੇਰੀ ਵਡੀ ਸ਼ਹਿਨਸ਼ਾਹੀਆ । ਅੰਤਮ ਹੋਣਾ ਆ ਸਹਾ, ਤੇਰੀ ਓਟ ਤਕਾਈਆ । ਚਾਰ ਕੁੰਟ ਨਾ ਦਿਸੇ ਰਾਹ, ਸਾਚਾ ਪੰਧ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਈਆ । ਕਰੋੜ ਤੇਤੀਸਾ ਰਿਹਾ ਰੋ, ਨੇਤਰ ਨੈਣਾਂ ਨੀਰ ਵਹਾਈਆ । ਸਾਚਾ ਦੇਵੇ ਨਾ ਕੋਇ ਢੋਆ ਢੋ, ਮੇਲਾ ਮੇਲ ਨਾ ਕੋਇ ਮਿਲਾਈਆ । ਹਰਿ ਕਾ ਨਾਉਂ ਬੀਜ ਨਾ ਲਿਆ ਬੋ, ਸਾਚਾ ਫਲ ਨਾ ਕੋਇ ਵਖਾਈਆ । ਆਪਣਾ ਆਪ ਬੈਠੇ ਖੋ, ਵੇਲਾ ਅੰਤ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਸੁਰਪਤ ਇੰਦ ਕਰ ਧਿਆਨ, ਨੇਤਰ ਨੈਣ ਉਠਾਇੰਦਾ । ਚਾਰੋਂ ਕੁੰਟ ਸੁੰਞ ਮਸਾਣ, ਦਹਿ ਦਿਸ਼ਾ ਅੰਧੇਰਾ ਛਾਇੰਦਾ । ਨਾ ਕੋਈ ਮੰਦਰ ਸਚ ਮਕਾਨ, ਸਚ ਸਿੰਘਾਸਣ ਨਾ ਸੋਭਾ ਪਾਇੰਦਾ । ਆਪਣੇ ਗ੍ਰਹਿ ਹੋਇਆ ਹੈਰਾਨ, ਧੀਰਜ ਧੀਰ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸੁਰਪਤ ਇੰਦ ਹੋ ਨਿਰਾਸ, ਨਿਰਧਨ ਰੂਪ ਵਟਾਇਆ । ਕੋਇ ਨਾ ਕਰੇ ਪੂਰੀ ਆਸ, ਕਰੋੜ ਤਤੀਸਾ ਮੁਖ ਛੁਪਾਇਆ । ਸਚ ਵਸਤ ਨਾ ਰਹੀ ਮੇਰੇ ਪਾਸ, ਸਾਚੇ ਘਰ ਨਾ ਕੋਇ ਵਡਿਆਇਆ । ਜੋਤੀ ਜੋਤ


੭੫
੧੧

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਸਾਚਾ ਖੇਲ ਕਰੇ ਕਰਤਾਰ, ਕਰਤਾ ਪੁਰਖ ਵਡੀ ਵਡਿਆਈਆ । ਸ਼ਬਦ ਸੰਦੇਸ਼ਾ ਦੇਵੇ ਏਕਾ ਵਾਰ, ਏਕਾ ਗੁਣ ਸਮਝਾਈਆ । ਸੁਰਪਤ ਇੰਦ ਕਰ ਖ਼ਬਰਦਾਰ, ਦੇਵ ਲੋਕ ਦਏ ਜਣਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਅੰਤਮ ਕਲਜੁਗ ਖੇਲ ਅਪਾਰ, ਨਿਰਗੁਣ ਨਿਰਵੈਰ ਆਪ ਕਰਾਈਆ । ਛੋਟਾ ਬਾਲਾ ਕਰ ਤਿਆਰ, ਸਚ ਸੰਦੇਸ਼ਾ ਇਕ ਸੁਣਾਈਆ । ਭਾਣਾ ਮੰਨਣਾ ਪਏ ਧੁਰ ਦਰਬਾਰ, ਸਦ ਭਾਣਾ ਇਕ ਵਖਾਈਆ । ਪੁਰਖ ਅਕਾਲ ਦੀਨ ਦਿਆਲ ਗੁਣ ਅਵਗੁਣ ਲਏ ਵਿਚਾਰ, ਅਵਗੁਣ ਵੇਖੇ ਥਾਉਂ ਥਾਈਂਆ । ਜੁਗ ਚੌਕੜੀ ਗਈ ਹਾਰ, ਮਨਵੰਤਰ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਸਚ ਸੰਦੇਸ਼ਾ ਇਕੋ ਹਰਿ, ਏਕਾ ਵਾਰ ਸੁਣਾਇੰਦਾ । ਲੇਖਾ ਜਾਣੇ ਦਰ ਬਦਰ, ਦਰ ਦਰ ਆਪਣੀ ਖੇਲ ਖਲਾਇੰਦਾ । ਕਲਜੁਗ ਅੰਤਮ ਵੇਸ ਧਰ, ਰੂਪ ਅਨੂਪ ਵਟਾਇੰਦਾ । ਆਪਣਾ ਘਾੜਨ ਆਪੇ ਘੜ, ਭੰਨਣਹਾਰ ਆਪ ਹੋ ਜਾਇੰਦਾ । ਕਰੋੜ ਤਤੀਸਾ ਸੁਰਪਤ ਆਪੇ ਫੜ, ਆਪਣਾ ਬੰਧਨ ਪਾਇੰਦਾ । ਇਕ ਵਖਾਏ ਸਾਚਾ ਘਰ, ਦਰ ਦਰਵਾਜਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਹੁਕਮ ਵਰਤਾਇੰਦਾ । ਸਾਚਾ ਹੁਕਮ ਸ੍ਰੀ ਭਗਵਾਨ, ਏਕਾ ਏਕ ਜਣਾਈਆ । ਸੋਲਾਂ ਮੱਘਰ ਖੇਲ ਮਹਾਨ, ਬੇਪਰਵਾਹ ਆਪ ਵਖਾਈਆ । ਦਸ ਅੱਠ ਇਕ ਗਿਆਨ, ਅੱਠ ਦਸ ਮੇਲ ਮਿਲਾਈਆ । ਨੱਠ ਨੱਠ ਵੇਖੇ ਦੋ ਜਹਾਨ, ਦੋ ਜਹਾਨਾਂ ਫੇਰਾ ਪਾਈਆ । ਛੋਟਾ ਬਾਲਾ ਕਰ ਪਰਵਾਨ, ਸਚ ਪਰਵਾਨਾ ਦਏ ਫੜਾਈਆ । ਏਕਾ ਰਾਗ ਸੁਣਾਏ ਮਿਹਰਵਾਨ, ਮਿਹਰਵਾਨ ਆਪਣੀ ਦਇਆ ਕਮਾਈਆ । ਪੁਰੀ ਇੰਦ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਸਭ ਦਾ ਛੁੱਟੇ ਪੀਣ ਖਾਣ, ਰਾਤੀਂ ਸੁਤਿਆਂ ਨੀਂਦ ਨਾ ਆਈਆ । ਕਰੇ ਖੇਲ ਕੀ ਭਗਵਾਨ, ਕਲਜੁਗ ਅੰਤਮ ਵੇਸ ਵਟਾਈਆ । ਲੋਕਮਾਤ ਅਸੀਂ ਦੇਂਦੇ ਰਹੇ ਦਾਨ, ਜੀਵ ਜੰਤ ਸੇਵ ਕਮਾਈਆ । ਆਪਣੀ ਕਰ ਨਾ ਸਕੇ ਕਲਿਆਣ, ਲੋਕਮਾਤ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਡਾ ਲਹਿਣਾ ਰਿਹਾ ਚੁਕਾਈਆ । ਸਾਨੂੰ ਮੰਨਦੇ ਰਹੇ ਦੇਵ, ਨਿਉਂ ਨਿਉਂ ਸੀਸ ਝੁਕਾ । ਕਰੋੜ ਤੇਤੀਸ ਹੁੰਦੀ ਰਹੀ ਸੇਵ, ਘਰ ਘਰ ਇਸ਼ਟ ਮਨਾ । ਹਰਿ ਕਾ ਕੋਈ ਨਾ ਜਾਣੇ ਭੇਵ, ਅੰਤਮ ਲੇਖਾ ਦਏ ਮੁਕਾ । ਆਦਿ ਜੁਗਾਦਿ ਸਦਾ ਨਿਹਕੇਵ, ਏਕੰਕਾਰਾ ਇਕ ਬੇਪਰਵਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਦੇਵੇ ਆਪ ਸਜਾ । ਕਰੋੜ ਤਤੀਸਾ ਸ਼ਬਦ ਗਿਆਨ, ਏਕਾ ਵਾਰ ਜਣਾਈਆ । ਉਠੋ ਵੇਖੋ ਮਾਰ ਧਿਆਨ, ਹਰਿ ਕਰਤਾ ਖੇਲ ਵਖਾਈਆ । ਭੂਮਿਕਾ ਛੱਡੋ ਆਪ ਅਸਥਾਨ, ਅਸਥਲ ਕੋਇ ਰਹਿਣ ਨਾ ਪਾਈਆ । ਚਾਰ ਜੁਗ ਲੈਂਦੇ ਰਹੇ ਦਾਨ, ਅੰਤਮ ਸੰਗ ਨਾ ਕੋਇ ਰਖਾਈਆ । ਲਹਿਣਾ ਮੰਗੇ ਸ੍ਰੀ ਭਗਵਾਨ, ਹੁਕਮੀ ਹੁਕਮ ਇਕ ਵਰਤਾਈਆ । ਖ਼ਾਲੀ ਹੱਥ ਸਰਬ ਕੁਰਲਾਣ, ਝੋਲੀ ਨਾਮ ਨਾ ਕੋਇ ਭਰਾਈਆ । ਚਾਰੋਂ ਕੁੰਟ ਦਿਸੇ ਵੈਰਾਨ, ਸਾਚਾ ਦਰ ਨਾ ਕੋਇ ਸੁਹਾਈਆ । ਕਲਜੁਗ ਅੰਤਮ ਆਈ ਹਾਣ, ਨਿਉਂ ਨਿਉਂ ਸੀਸ ਨਾ ਕੋਇ ਝੁਕਾਈਆ । ਪਿਤਰ ਬਣ ਬਣ ਬਹਿੰਦੇ ਰਹੇ ਮਹਿਮਾਨ, ਘਰ ਘਰ ਮਹਿਮਾਨੀ ਖਾਈਆ । ਅੰਤਮ ਲੇਖਾ ਲਏ ਹਰਿ ਜੂ ਆਣ, ਲਹਿਣਾ ਕੋਇ ਰਹਿਣ ਨਾ ਪਾਈਆ । ਬਾਲਕ ਫੜੇ ਗਏ ਨਾਦਾਨ, ਨਾ ਚਲੇ ਕੋਇ ਚਤੁਰਾਈਆ । ਪੰਡਤ ਪਾਂਧੇ ਮੁਖ ਛੁਪਾਣ, ਇਸ਼ਟ ਦੇਵ ਨਾ ਕੋਇ ਸਹਾਈਆ । ਸਿਲ ਪੂਜਸ ਹੋਏ ਹੈਰਾਨ, ਪੂਜਾ ਪਾਠ

ਮੁਖ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਦਏ ਚੁਕਾਈਆ । ਸੁਰਪਤ ਇੰਦ ਹੋ ਨਿਰਾਸਾ, ਏਕਾ ਧਾਹ ਲਗਾਇੰਦਾ । ਕੋਇ ਨਾ ਦਿਸੇ ਜਿੱਤ ਪਾਸਾ, ਸਗਲਾ ਸੰਗ ਨਾ ਕੋਇ ਰਖਾਇੰਦਾ । ਪੁਰੀ ਇੰਦਰ ਖ਼ਾਲੀ ਕਾਸਾ, ਵਸਤ ਸਚ ਨਾ ਕੋਇ ਵਰਤਾਇੰਦਾ । ਭੋਗ ਬਿਲਾਸ ਕਰਦੇ ਰਹੇ ਹਾਸਾ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਅੰਤਮ ਕਰੇ ਆਪ ਸ਼ਨਾਖ਼ਾ, ਸ਼ਖ਼ਸੀਅਤ ਆਪਣੀ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਇੰਦਰ ਨੇਤਰ ਨੀਰ ਵਿਰੋਲ, ਨਿਰਾਕਾਰ ਰਿਹਾ ਧਿਆਈਆ । ਚਾਰ ਜੁਗ ਮੇਰਾ ਵੱਜਾ ਢੋਲ, ਲੋਕਮਾਤ ਮਿਲੀ ਵਡਿਆਈਆ । ਆਪਣਾ ਹੱਟ ਬੈਠਾ ਖੋਲ੍ਹ, ਵਸਤ ਜਗਤ ਵਰਤਾਈਆ । ਤੇਰਾ ਨਾਉਂ ਨਾ ਮੇਰੇ ਕੋਲ, ਅੰਤ ਰਿਹਾ ਪਛਤਾਈਆ । ਮੈਂ ਜਾਤਾ ਤੂੰ ਬਦਲਿਆ ਚੋਲ, ਨਿਰਗੁਣ ਆਪਣਾ ਰੂਪ ਵਟਾਈਆ । ਸਚ ਦੁਆਰਾ ਲਿਆ ਖੋਲ੍ਹ, ਹਰਿਜਨ ਸਾਚੇ ਸੰਗ ਰਖਾਈਆ । ਇਕੋ ਅੱਖਰ ਦਿਤਾ ਬੋਲ, ਆਤਮ ਪਰਮਾਤਮ ਢੋਲਾ ਗਾਈਆ । ਦੋ ਜਹਾਨਾਂ ਬਣ ਵਿਚੋਲ, ਲੋਆਂ ਪੁਰੀਆਂ ਰਿਹਾ ਬਦਲਾਈਆ । ਅਸੀਂ ਤੇਰੇ ਪਿਛੇ ਮਾਰਦੇ ਰਹੇ ਰੋਲ, ਜੀਵ ਜੰਤ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਉਂ ਏਕਾ ਮੰਗ ਮੰਗਾਈਆ । ਏਕਾ ਮੰਗੇ ਮੰਗ ਬਣ ਭਿਖਾਰਾ, ਖ਼ਾਲੀ ਝੋਲੀ ਅੱਗੇ ਡਾਹਿੰਦਾ । ਤੂੰ ਨਿਰਧਨ ਦੇਵੇਂ ਸਦ ਸਹਾਰਾ, ਸਿਰ ਆਪਣਾ ਹੱਥ ਰਖਾਇੰਦਾ । ਮੇਰਾ ਬੇੜਾ ਵਿਚ ਮੰਝਧਾਰਾ, ਪਾਰ ਨਾ ਕੋਇ ਕਰਾਇੰਦਾ । ਕਰੋੜ ਤੇਤੀਸਾ ਨਾਤਾ ਛੁਟਿਆ ਝੂਠੇ ਯਾਰਾ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਚਾਰੋਂ ਕੁੰਟ ਹਾਹਾਕਾਰਾ, ਧੀਰਜ ਧੀਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਧ ਬਿਨ ਅਵਰ ਨਾ ਕੋਇ ਬਚਾਇੰਦਾ । ਤੁਧ ਬਿਨ ਅਵਰ ਨਾ ਕੋਇ ਸਹਾਰਾ, ਸਹਾਇਕ ਨਜ਼ਰ ਕੋਇ ਨਾ ਆਇੰਦਾ । ਮੇਰੀ ਨੱਯਾ ਤੇਰਾ ਕਿਨਾਰਾ, ਤੁਧ ਬਿਨ ਪਾਰ ਨਾ ਕੋਇ ਵਖਾਇੰਦਾ । ਮੈਂ ਭੁੱਲਾ ਸਦਾ ਅਵਗੁਣਹਾਰਾ, ਤੂੰ ਬਖ਼ਸ਼ੰਦ ਸਦਾ ਅਖਵਾਇੰਦਾ । ਭੁੱਲ ਆਏ ਤੇਰੇ ਦੁਆਰਾ, ਆਪਣੀ ਭੁੱਲ ਬਖ਼ਸ਼ਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਜਣਾਇੰਦਾ । ਸੁਣ ਧਾਰ ਹਰਿ ਨਿਰੰਕਾਰ, ਏਕਾ ਵਾਰ ਜਣਾਈਆ । ਇੰਦਰ ਤੇਰੀ ਸੁਣ ਪੁਕਾਰ, ਪ੍ਰਭ ਆਪਣਾ ਰਾਹ ਵਖਾਈਆ । ਨਿਰਗੁਣ ਜੋਤ ਕਰੇ ਉਜਿਆਰ, ਲੋਕਮਾਤ ਵਡੀ ਵਡਿਆਈਆ । ਸੇਵਕ ਬਣ ਅਗੰਮ ਅਪਾਰ, ਜਨ ਭਗਤਾਂ ਸੇਵ ਕਮਾਈਆ । ਜੁਗ ਚੌਕੜੀ ਵੇਖ ਵਿਚਾਰ, ਕਲਜੁਗ ਅੰਤਮ ਖ਼ੁਸ਼ੀ ਮਨਾਈਆ । ਸਾਚਾ ਬੰਕ ਕਰ ਤਿਆਰ, ਰਾਉ ਰੰਕ ਦਏ ਵਡਿਆਈਆ । ਏਕਾ ਡੰਕ ਵੱਜੇ ਸੰਸਾਰ, ਚਾਰ ਵਰਨ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਦਏ ਸੁਣਾਈਆ । ਸਚ ਸੰਦੇਸ਼ਾ ਹਰਿ ਨਿਰੰਕਾਰ, ਸ਼ਬਦੀ ਸ਼ਬਦ ਸੁਣਾਇਆ । ਅੰਤਮ ਤੇਰਾ ਲਹਿਣਾ ਦਏ ਨਿਵਾਰ, ਦੇਣਾ ਕੋਇ ਨਜ਼ਰ ਨਾ ਆਇਆ । ਤੇਰਾ ਵੇਖੇ ਸਚ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਬਾਹੋਂ ਪਕੜ ਦਏ ਉਤਾਰ, ਤੇਰਾ ਪੰਧ ਮੁਕਾਇਆ । ਕਰੇ ਖੇਲ ਆਪ ਕਰਤਾਰ, ਕਰਤਾ ਪੁਰਖ ਵੇਖ ਵਖਾਇਆ । ਛੋਟੇ ਬਾਲੇ ਕਰ ਪਿਆਰ, ਸਾਚਾ ਮਾਰਗ ਦਏ ਜਣਾਇਆ । ਤਖ਼ਤ ਬਹਾਏ ਆਪ ਨਿਰੰਕਾਰ, ਸਿਰ ਆਪਣਾ ਹੱਥ ਟਿਕਾਇਆ । ਕਰੋੜ ਛਿਆਨਵੇਂ ਸੇਵਾਦਾਰ, ਅੰਮ੍ਰਿਤ ਧਾਰ ਚੁਆਇਆ । ਕਰੋੜ ਤੇਤੀਸਾ ਜਾਏ ਹਾਰ, ਲੱਖ ਚੁਰਾਸੀ ਵਿਚ ਭੁਵਾਇਆ । ਜਨਮ ਲਏ ਵਿਚ ਸੰਸਾਰ, ਮਾਤ ਗਰਭ ਆਪ ਫਿਰਾਇਆ । ਨਾ ਕੋਈ ਮੇਟੇ ਮੇਟਣਹਾਰ, ਲਿਖਿਆ

ਲੇਖ ਨਾ ਕੋਇ ਗਵਾਇਆ । ਜੁਗ ਜੁਗ ਕਰਦਾ ਆਇਆ ਕਾਰ, ਕਰਤਾ ਪੁਰਖ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਸ਼ਬਦ ਜਣਾਇਆ, ਏਕਾ ਧਾਰ ਸਮਝਾਈਆ । ਕਰੋੜ ਤਤੀਸਾ ਰਹਿਣ ਨਾ ਪਾਇਆ, ਸੁਰਪਤ ਇੰਦ ਨਾਲ ਮਿਲਾਈਆ । ਲੋਕਮਾਤ ਜਨਮ ਦਵਾਇਆ, ਮਾਤ ਗਰਭ ਫਿਰਾਈਆ । ਅੰਤਮ ਲੇਖਾ ਆਪਣੇ ਹੱਥ ਰਖਾਇਆ, ਦੂਸਰ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਈਆ । ਏਕਾ ਸੁਣਿਆ ਹਰਿ ਫ਼ਰਮਾਨਾ, ਚਿੰਤਾਵਾਨ ਇੰਦ । ਹੁਕਮ ਦੇਵੇ ਸ਼ਾਹ ਸੁਲਤਾਨਾ, ਗਹਿਰ ਗੰਭੀਰ ਗੁਣੀ ਗਹਿੰਦ । ਕਰੋੜ ਤਤੀਸਾ ਟੁੱਟਾ ਮਾਣਾ, ਮਾਣ ਟੁੱਟਾ ਸੁਰਪਤ ਇੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਹਿਬ ਬਖ਼ਸ਼ਿੰਦ । ਬਖ਼ਸ਼ਣਹਾਰਾ ਹਰਿ ਗੋਪਾਲਾ, ਆਦਿ ਜੁਗਾਦਿ ਸਮਾਇਆ । ਜੁਗਾ ਜੁਗੰਤਰ ਖੇਲ ਨਿਰਾਲਾ, ਨਿਰਗੁਣ ਸਰਗੁਣ ਵੇਖ ਵਖਾਇਆ । ਲੱਖ ਚੁਰਾਸੀ ਕਰੇ ਪ੍ਰਿਤਪਾਲਾ, ਅਵਣ ਗਵਣ ਫੇਰਾ ਪਾਇਆ । ਵਿਸ਼ਨ ਬ੍ਰਹਮਾ ਸ਼ਿਵ ਦੱਸੇ ਰਾਹ ਸੁਖਾਲਾ, ਆਪ ਆਪਣਾ ਨਾਉਂ ਜਪਾਇਆ । ਸੁਰਪਤ ਹੋਇਆ ਅੰਤ ਬੇਹਾਲਾ, ਨੇਤਰ ਨੈਣ ਨਾ ਸਕੇ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਮਾਇਆ । ਸੁਰਪਤ ਇੰਦ ਕਰ ਵਿਚਾਰ, ਇਕ ਧਿਆਨ ਲਗਾਈਆ । ਕਿਰਪਾ ਕਰ ਮੇਰੀ ਸਰਕਾਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਮੈਂ ਭਿੱਖਕ ਖੜਾ ਦੁਆਰ, ਏਕਾ ਭਿਛਿਆ ਮੰਗ ਮੰਗਾਈਆ । ਰੰਗ ਮਾਣਿਆ ਅਪਰ ਅਪਾਰ, ਰੰਗ ਰਾਗ ਵਿਚ ਸਮਾਈਆ । ਏਕਾ ਵਿਸਰਿਆ ਮੀਤ ਮੁਰਾਰ, ਜਿਤ ਵਿਸਰਿਆ ਥਾਉਂ ਕੋਇ ਨਜ਼ਰ ਨਾ ਆਈਆ । ਪੁਰੀ ਇੰਦਰ ਹੋਈ ਖੁਵਾਰ, ਤੇਰੀ ਖ਼ਬਰ ਨਾ ਕੋਇ ਸੁਣਾਈਆ । ਮੈਂ ਆਪਣਾ ਆਪ ਗਿਆ ਹਾਰ, ਤੇਰੀ ਸਾਰ ਕਦੇ ਨਾ ਪਾਈਆ । ਤੂੰ ਸਾਹਿਬ ਡੁੱਬਦੇ ਪਾਥਰ ਲਵੇਂ ਤਾਰ, ਹੱਥ ਤੇਰੇ ਵਡਿਆਈਆ । ਮੈਂ ਅਪਰਾਧੀ ਗੁਨਾਹਗਾਰ, ਮੂਰਖ ਮੁਗਧ ਨਾ ਕੋਇ ਚਤੁਰਾਈਆ । ਇਕ ਬਲਾਸ ਕਰ ਪਿਆਰ, ਹਾਸ ਰਾਸ ਸਮਾਈਆ । ਤੁਧ ਬਿਨ ਸਾਰੇ ਹੋਏ ਛਾਰ, ਅੰਤ ਸੰਗ ਨਾ ਕੋਇ ਨਿਭਾਈਆ । ਪਤ ਨਾ ਦਿਸੇ ਕਿਸੇ ਡਾਲ, ਕਲੀ ਕਲੀ ਰਹੀ ਕੁਮਲਾਈਆ । ਪੁਰੀ ਇੰਦ ਨਾ ਕੋਇ ਬਹਾਰ, ਪਤਝੜ ਆਪਣਾ ਰੰਗ ਵਟਾਈਆ । ਤੁਧ ਬਿਨ ਕੋਇ ਨਾ ਵਖਾਏ ਸੱਚੀ ਗੁਲਜ਼ਾਰ, ਗੁਲਸ਼ਨ ਰੂਪ ਨਾ ਕੋਇ ਵਟਾਈਆ । ਬੁਲਬੁਲ ਰੋਵੇ ਜ਼ਾਰੋ ਜ਼ਾਰ, ਕਹਿਕਹਾ ਨਾ ਕੋਇ ਲਗਾਈਆ । ਅੰਤਮ ਦਿਸਿਆ ਕੰਡਾ ਖਾਰ, ਸਾਚੀ ਮਹਿਕ ਨਾ ਕੋਇ ਮਹਿਕਾਈਆ । ਤੂੰ ਸੁਤਿਆਂ ਮਾਰੀ ਮਾਰ, ਨੇਤਰ ਨੈਣ ਨਾ ਸਕਿਆ ਕੋਈ ਉਠਾਈਆ । ਨਿਰਗੁਣ ਮਾਤ ਲੈ ਅਵਤਾਰ, ਮੇਰੀ ਮੰਨਤ ਗਵਾਈਆ । ਛੋਟਾ ਬਾਲਾ ਕਰ ਤਿਆਰ, ਸਾਚੇ ਘੋੜੇ ਦਿਤਾ ਚੜ੍ਹਾਈਆ । ਪੁਰੀ ਇੰਦ ਵੜਿਆ ਸ਼ਾਹ ਸਵਾਰ, ਆਪਣਾ ਫੇਰਾ ਪਾਈਆ । ਏਕਾ ਬੋਲ ਸੋਹੰ ਜੈਕਾਰ, ਮੇਰੀ ਸ਼ਕਤੀ ਖਿਚ ਵਖਾਈਆ । ਮੇਰੀ ਭਗਤੀ ਕਿਸੇ ਨਾ ਆਈ ਕਾਰ, ਤੁਧ ਬਿਨ ਨਾ ਕੋਇ ਵਡਿਆਈਆ । ਮੈਂ ਨੇਤਰ ਨੈਣ ਨਾ ਸਕਾਂ ਉਠਾਲ, ਮੇਰੇ ਨੈਣ ਰਹੇ ਸ਼ਰਮਾਈਆ । ਤੂੰ ਛੋਟੇ ਬਾਲੇ ਦਿਤੇ ਸਖਾਲ, ਮੈਂ ਬਿਰਧ ਤੇਰੀ ਸਾਰ ਨਾ ਪਾਈਆ । ਤੁਧ ਬਿਨ ਸ਼ਾਹ ਹੋਇਆ ਕੰਗਾਲ, ਚਾਰੋਂ ਕੁੰਟ ਦਿਆਂ ਦੁਹਾਈਆ । ਅੰਤਮ ਮੇਰਾ ਮੰਨ ਇਕ ਸਵਾਲ, ਤੇਰੀ ਹੋਏ ਨਾ ਕਦੇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਵਡੀ ਵਡਿਆਈਆ । ਸਾਚਾ ਮਾਰਗ ਹਰਿ ਜੂ ਦੱਸੇ, ਆਪਣੀ ਖ਼ੁਸ਼ੀ ਮਨਾਇੰਦਾ । ਸਚਖੰਡ ਨਿਵਾਸੀ ਸਚ ਘਰ ਬਹਿ ਬਹਿ ਹੱਸੇ,

ਆਪਣਾ ਰੰਗ ਵਖਾਇੰਦਾ । ਸੁਰਪਤ ਇੰਦ ਕਰੋੜ ਤਤੀਸਾ ਚਾਰੋਂ ਕੁੰਟ ਨੱਸੇ, ਨੱਸ ਨੱਸ ਪੰਧ ਨਾ ਕੋਇ ਮੁਕਾਇੰਦਾ । ਆਪਣੀ ਕਰਨੀ ਆਪੇ ਫਸੇ, ਨਾ ਕੋਈ ਫੰਦ ਤੋੜ ਤੁੜਾਇੰਦਾ । ਨਿਰਬਲ ਹੋ ਹੋ ਆਪੇ ਢੱਠੇ, ਸਾਚਾ ਬਲ ਨਾ ਕੋਇ ਜਣਾਇੰਦਾ । ਇਕੋ ਵਾਰ ਹੋਏ ਇਕੱਠੇ, ਏਕਾ ਤੰਦ ਬੰਧਾਇੰਦਾ । ਬਿਨ ਮਾਰਿਆਂ ਆਪਣੇ ਸੱਥਰ ਲੱਥੇ, ਸੱਥਰ ਹੇਠ ਨਾ ਕੋਇ ਵਛਾਇੰਦਾ । ਅੰਤ ਪੱਤ ਨਾ ਕੋਈ ਰੱਖੇ, ਸਿਰ ਹੱਥ ਨਾ ਕੋਇ ਟਿਕਾਇੰਦਾ । ਫੜ ਫੜ ਪੱਥਰ ਦੀਵਾਰਾਂ ਉਪਰ ਰੱਖੇ, ਕਰੋੜ ਤਤੀਸ ਸਰਬ ਮਨਾਇੰਦਾ । ਅੰਤਮ ਮੁਲ ਨਾ ਪਿਆ ਕੌਡੀ ਘੱਟੇ, ਕੀਮਤ ਕਰਤਾ ਨਾ ਕੋਇ ਵਖਾਇੰਦਾ । ਦਮੜੀ ਦਮ ਨਾ ਕੋਇ ਵੱਟੇ, ਸਾਚੇ ਹੱਟ ਨਾ ਕੋਇ ਵਿਕਾਇੰਦਾ । ਇਕ ਸਿੱਖ ਦੇ ਸਾਰੇ ਬਣਾਏ ਪੱਠੇ, ਕਰੋੜ ਤਤੀਸਾ ਅੱਗੇ ਲਾਇੰਦਾ । ਰਿੜਦੇ ਆਵਣ ਅੱਗੇ ਪਿੱਛੇ ਵੱਟੇ, ਠਾਕਰ ਵੱਟਿਆਂ ਨਾਲ ਖੇਲ ਕਰਾਇੰਦਾ । ਅੰਤਮ ਪਾਏ ਆਪਣੇ ਭੱਠੇ, ਅਗਨੀ ਏਕਾ ਜੋਤ ਲਗਾਇੰਦਾ । ਮਾਤ ਗਰਭ ਵਿਚ ਆਪੇ ਸੱਟੇ, ਦਸ ਦਸ ਮਾਸ ਅਗਨ ਤਪਾਇੰਦਾ । ਨਾਤਾ ਜੋੜ ਬੂੰਦ ਰੱਤੇ, ਰਕਤ ਆਪਣਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਇੰਦਾ । ਇੰਦਰ ਸੁਣਿਆ ਹਰਿ ਫ਼ਰਮਾਣਾ, ਹਰਿ ਜੂ ਹਰਿ ਜਣਾਇਆ । ਚਰਨ ਧਿਆਨ ਲਗਾਏ ਬਣ ਨਿਮਾਣਾ, ਨਿਉਂ ਨਿਉਂ ਸੀਸ ਝੁਕਾਇਆ । ਤੂੰ ਸ਼ਾਹ ਪਾਤਸ਼ਾਹ ਸੱਚਾ ਰਾਣਾ, ਹਉਂ ਸੇਵਕ ਸੇਵ ਕਮਾਇਆ । ਆਦਿ ਜੁਗਾਦੀ ਤੇਰੀ ਆਣਾ, ਭੁੱਲ ਕਦੇ ਨਾ ਜਾਇਆ । ਅੰਤਮ ਦੱਸ ਸਚ ਟਿਕਾਣਾ, ਏਕਾ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਇਆ । ਹਰਿ ਸਮਝਾਏ ਆਪਣਾ ਗੁਣ, ਏਕਾ ਏਕ ਜਣਾਈਆ । ਹਰਿ ਕਾ ਭੇਵ ਜਾਣੇ ਕਵਣ, ਜੁਗ ਜੁਗ ਵਡੀ ਵਡਿਆਈਆ । ਲੱਖ ਚੁਰਾਸੀ ਵਿਚੋਂ ਚੁਣ, ਹਰਿਜਨ ਸਾਚੇ ਅੰਤ ਪਰਗਟਾਈਆ । ਛੱਤੀ ਜੁਗ ਦੀ ਪੁਕਾਰ ਸੁਣ, ਭਗਤ ਭਗਵੰਤ ਲਏ ਉਠਾਈਆ । ਜੀਵ ਜੰਤ ਛਾਣ ਪੁਣ, ਹਰਿਜਨ ਸਾਚੇ ਬਾਹਰ ਕਢਾਈਆ । ਇਕ ਸੁਣਾਏ ਨਾਦ ਧੁਨ, ਧੁਨ ਆਤਮਕ ਆਪ ਵਜਾਈਆ । ਜਿਉਂ ਕਬੀਰ ਜੁਲਾਹਾ ਤਾਣਾ ਪੇਟਾ ਰਿਹਾ ਬੁਣ, ਤਿਉਂ ਗੁਰਮੁਖ ਗੁਰ ਗੁਰ ਸੇਵ ਕਮਾਈਆ । ਦਰਸ ਦਖਾਏ ਫੁਨ ਫੁਨ, ਆਪ ਆਪਣੀ ਦਇਆ ਕਮਾਈਆ । ਆਪੇ ਸਰਗੁਣ ਆਪੇ ਨਿਰਗੁਣ, ਨਿਰਾਕਾਰ ਆਪ ਹੋ ਜਾਈਆ । ਸਭ ਦੀ ਚੋਟੀ ਦੇਵੇ ਮੁੰਨ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਭੇਡਾਂ ਵਾਂਗ ਲਾਹੇ ਉਨ, ਦੇਵੇ ਅੰਤ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਆਪਣਾ ਭੇਵ ਹਰਿ ਜੂ ਖੋਲ੍ਹ, ਏਕਾ ਵਾਰ ਸੁਣਾਇੰਦਾ । ਭਗਤਾਂ ਵਸੇ ਭਗਵੰਤ ਕੋਲ, ਵਿਛੜ ਕਦੇ ਨਾ ਜਾਇੰਦਾ । ਕਲਜੁਗ ਅੰਤਮ ਗਿਆ ਮੌਲ, ਨਿਰਗੁਣ ਸਰਗੁਣ ਵਿਚ ਸਮਾਇੰਦਾ । ਸੁਰਪਤ ਤੇਰੇ ਕੋਲੋਂ ਰੱਖੇ ਉਹਲ, ਨੇਤਰ ਨੈਣ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਸਮਝਾਇੰਦਾ । ਸਾਚਾ ਰਾਹ ਦੱਸੇ ਹਰਿ, ਹਰਿ ਆਪਣਾ ਭੇਵ ਛੁਪਾਇਆ । ਹਰਿਭਗਤਾਂ ਦੇ ਜਾਣਾ ਦਰ, ਦਰ ਦੁਆਰਾ ਦਏ ਵਖਾਇਆ । ਤੇਰੀ ਬਾਂਹ ਲੈਣ ਫੜ, ਸਿਰ ਤੇਰੇ ਹੱਥ ਟਿਕਾਇਆ । ਮੈਂ ਭਗਤਾਂ ਕੋਲੋਂ ਰਿਹਾ ਡਰ, ਬੈਠਾ ਮੁਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਦਏ ਵਖਾਇਆ । ਇੰਦਰ ਬੈਠੇ ਸੀਸ ਝੁਕਾ, ਏਕਾ ਮੰਗ ਮੰਗਾਈਆ । ਭਗਤਾਂ ਰਾਹ ਦੇ ਸਮਝਾ, ਕਵਣ ਦੁਆਰੇ ਫੇਰਾ ਪਾਈਆ । ਪੁਰਖ ਅਬਿਨਾਸ਼ੀ ਰਿਹਾ ਜਣਾ, ਏਕਾ ਗੁਣ ਵਖਾਈਆ । ਜਿਨ੍ਹਾਂ ਮਿਲਿਆ ਬੇਪਰਵਾਹ, ਸੋ ਭਗਤ

ਮਾਤ ਹੋ ਜਾਈਆ । ਜਿਸ ਦੁਆਰੇ ਸੇਵਾ ਰਿਹਾ ਕਮਾ, ਸੋ ਦੁਵਾਰਾ ਸੋਭਾ ਪਾਈਆ । ਭਗਤਾਂ ਅੰਦਰ ਰਿਹਾ ਸਮਾ, ਆਪ ਆਪਣਾ ਆਸਣ ਲਾਈਆ । ਮੈਨੂੰ ਮਿਲਣ ਦਾ ਜੇ ਮਨ ਚਾਅ, ਪਹਿਲਾਂ ਭਗਤਾਂ ਕੋਲ ਫੇਰਾ ਪਾਈਆ । ਜੇ ਤੈਨੂੰ ਨਾਲ ਲੈਣ ਰਲਾ, ਸਮਝਣ ਆਪਣਾ ਭਾਈਆ । ਫੇਰ ਸਿਖਿਆ ਦੇਣ ਸਮਝਾ, ਏਕਾ ਢੋਲਾ ਗਾਈਆ । ਸੋਹੰ ਅੱਖਰ ਦੇਣ ਪੜ੍ਹਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਆਪ ਵਡਿਆਈਆ । ਕਵਣ ਕੂਟ ਜਾਵਾਂ ਨੱਸ, ਲੋਕਮਾਤ ਰਾਹ ਤਕਾਇਆ । ਤੇਰੀ ਮਾਇਆ ਵਿਚ ਨਾ ਜਾਵਾਂ ਫਸ, ਬੇਅੰਤ ਤੇਰੀ ਵਡਿਆਇਆ । ਮੇਰੀ ਪੂਰੀ ਕਰਨੀ ਆਸ, ਮੈਂ ਇਕੋ ਆਸ ਰਖਾਇਆ । ਤੇਰੇ ਭਗਤਾਂ ਹੋਵਾਂ ਦਾਸ, ਦਰ ਆਪਣਾ ਸੀਸ ਝੁਕਾਇਆ । ਮੇਰੀ ਕਰਨ ਬੰਦ ਖ਼ੁਲਾਸ, ਤੇਰੇ ਨਾਲ ਲੈਣ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧਾਮ ਦਏ ਸਮਝਾਇਆ । ਸਾਚਾ ਧਾਮ ਲੋਕਮਾਤ, ਨਿਰਗੁਣ ਆਪ ਜਣਾਈਆ । ਜਿਥੇ ਲੇਖਾ ਲਿਖੇ ਬਿਨ ਕਲਮ ਦਵਾਤ, ਸੰਗ ਰੱਖੇ ਨਾ ਕੋਇ ਸ਼ਾਹੀਆ । ਸੋ ਸਾਹਿਬ ਕਮਲਾਪਾਤ, ਜਨ ਭਗਤਾਂ ਦਏ ਵਡਿਆਈਆ । ਨੇਤਰ ਲੋਚਣ ਨੈਣ ਖੋਲ੍ਹ ਲੈਣਾ ਝਾਕ, ਝਾਕੀ ਏਕਾ ਵਾਰ ਝਲਕ ਵਖਾਈਆ । ਬਾਹਰੋਂ ਦਿਸੇ ਤਨ ਖ਼ਾਕ, ਅੰਦਰ ਵਸੇ ਬੇਪਰਵਾਹੀਆ । ਜਿਸ ਨੂੰ ਗੋਬਿੰਦ ਮੰਨਿਆ ਸੱਚਾ ਸੱਜਣ ਸਾਕ, ਪੁਰਖ ਅਕਾਲ ਵੇਸ ਵਟਾਈਆ । ਜਿਸ ਖੁਲ੍ਹਾਇਆ ਤੇਰਾ ਹਾਟ, ਵੇਲੇ ਅੰਤ ਬੰਦ ਕਰਾਈਆ । ਅੰਤ ਵਖਾਏ ਆਪਣਾ ਘਾਟ, ਪੱਤਣ ਬੈਠਾ ਸੱਚਾ ਮਾਹੀਆ । ਜਨ ਭਗਤਾਂ ਦੇਵੇ ਦਾਤ, ਅਨਮੁਲੜੀ ਆਪ ਵਰਤਾਈਆ । ਤੂੰ ਵੀ ਮਿਲਣਾ ਓਸ ਜਮਾਤ, ਪ੍ਰਭ ਮਿਲਣ ਦੀ ਆਸ ਜੇ ਤਕਾਈਆ । ਬਿਨ ਭਗਤਾਂ ਪੁੱਛੇ ਨਾ ਕਿਸੇ ਦੀ ਵਾਤ, ਕੋਟਨ ਕੋਟ ਬੈਠੇ ਰਾਹ ਤਕਾਈਆ । ਕਲਜੁਗ ਰੈਣ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਸਮਝਾਈਆ । ਸਾਚੇ ਰਾਹ ਸਾਚਾ ਪੰਧ, ਹਰਿ ਪਾਂਧੀ ਆਪ ਜਣਾਇੰਦਾ । ਇਕੋ ਗੀਤ ਗੌਣਾ ਛੰਦ, ਗੀਤ ਸੁਹਾਗੀ ਆਪ ਸੁਣਾਇੰਦਾ । ਭਗਤਾਂ ਅੰਤਮ ਇਕ ਅਨੰਦ, ਅਨੰਦ ਅਨੰਦ ਵਖਾਇੰਦਾ । ਟੁੱਟੀ ਦੇਵੇ ਗੰਢ, ਗੰਢਣਹਾਰਾ ਆਪ ਹੋ ਜਾਇੰਦਾ । ਲੱਖ ਚੁਰਾਸੀ ਸੁੱਤਾ ਦੇ ਕਰ ਕੰਡ, ਗੁਰਮੁਖ ਵਿਰਲੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਆਪ ਸਮਝਾਇੰਦਾ । ਸਾਚਾ ਘਰ ਵੇਖਣਾ ਜਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਅੱਠੇ ਪਹਿਰ ਗੁਰਮੁਖਾਂ ਮਿਲਣ ਦਾ ਰੱਖੇ ਚਾਅ, ਚਾਲ ਨਿਰਾਲੀ ਇਕ ਰਖਾਈਆ । ਨਿਰਗੁਣ ਬਣ ਬਣ ਸੇਵ ਰਿਹਾ ਕਮਾ, ਸਾਚੀ ਸੇਵਾ ਸੀਸ ਉਠਾਈਆ । ਭਗਤ ਦੁਆਰਾ ਰਿਹਾ ਬਣਾ, ਸਤਿਜੁਗ ਸਾਚਾ ਰਾਹ ਚਲਾਈਆ । ਡੁੱਬਦੇ ਪਾਥਰ ਰਿਹਾ ਤਰਾ, ਜੋ ਚਰਨ ਆਏ ਸਰਨਾਈਆ । ਏਕਾ ਦੇਵੇ ਨਾਮ ਸਲਾਹ, ਸਲਾਹਗੀਰ ਨਾਲ ਮਿਲਾਈਆ । ਰਹਿਮਤ ਕਰੇ ਆਪ ਖ਼ੁਦਾ, ਖ਼ੁਦੀ ਤਕੱਬਰ ਸਰਬ ਮਿਟਾਈਆ । ਸਾਬਰ ਸਬਰ ਦਏ ਮੁਕਾ, ਸਬੂਰੀ ਆਪਣੀ ਇਕ ਬੰਧਾਈਆ । ਜ਼ੇਰ ਜ਼ਬਰ ਦਏ ਮਿਟਾ, ਨੁਕਤਾ ਕੋਈ ਰਹਿਣ ਨਾ ਪਾਈਆ । ਬੇਖ਼ਬਰ ਖ਼ਬਰ ਲਏ ਆ, ਆਪ ਆਪਣਾ ਫੇਰਾ ਪਾਈਆ । ਭਗਤ ਦੁਆਰਾ ਰਿਹਾ ਸੁਹਾ, ਤਿੰਨਾਂ ਲੋਕਾਂ ਮਾਣ ਚੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਉਠਾ, ਸੁਰਪਤ ਰਾਜਾ ਇੰਦ ਨਾਲ ਮਿਲਾਈਆ । ਆਪਣੀ ਹੱਥੀਂ ਕਰੇ ਸਫਾ, ਸਫ਼ਾ ਸਭ ਦੀ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਬਣ ਬੇਵਫਾ, ਵਫਾਤ ਸਭ ਦੀ ਦਏ

ਕਰਾਈਆ । ਕਰੇ ਵਫਾਤ ਪੜ੍ਹੇ ਫਾਤਾ, ਫਤਹਿ ਆਪਣਾ ਡੰਕ ਵਜਾਈਆ । ਛੱਤੀ ਜੁਗ ਕਰਦਾ ਰਿਹਾ ਖੇਲ ਤਮਾਸ਼ਾ, ਭੇਵ ਕੋਈ ਨਾ ਆਈਆ । ਕਲਜੁਗ ਅੰਤਮ ਜਨ ਭਗਤਾਂ ਦਿਤਾ ਸੱਚਾ ਸਾਥਾ, ਸਗਲਾ ਸੰਗ ਆਪ ਹੋ ਆਈਆ । ਛੱਤੀ ਜੁਗ ਦਾ ਵੰਡਿਆ ਇਕ ਅਹਾਤਾ, ਚਾਰ ਕੁੰਟ ਲਕੀਰ ਲਗਾਈਆ । ਅੰਦਰ ਬਹਿ ਬਹਿ ਦੇਵੇ ਦਾਤਾ, ਦੇਂਦਿਆਂ ਤੋਟ ਨਾ ਰਾਈਆ । ਸਚ ਸਮੱਗਰੀ ਭਰੇ ਖ਼ਾਤਾ, ਜਗਤ ਸ਼ਾਹ ਰਹੇ ਕੁਰਲਾਈਆ । ਬਹੱਤਰ ਭਗਤ ਪੰਜ ਤੱਤ ਕਾਇਆ ਬਹੱਤਰ ਨਾੜੀ ਫੁਟੀਆਂ ਸ਼ਾਖ਼ਾਂ, ਨਿਰਗੁਣ ਸਰਗੁਣ ਗੁਰ ਗੁਰ ਰੂਪ ਵਟਾਈਆ । ਨਿਰਗੁਣ ਸਰਗੁਣ ਨਾਤਾ ਤੋੜ ਜਾਤਾਂ ਪਾਤਾਂ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਸਾਲਾਹੀਆ । ਹਰਿਜਨ ਵਸੇ ਸਦਾ ਸੰਗ, ਸਗਲਾ ਸੰਗ ਨਿਭਾਇਆ । ਆਤਮ ਸੇਜਾ ਇਕ ਪਲੰਘ, ਨੂਰੀ ਸੇਜ ਹੰਢਾਇਆ । ਸ਼ਬਦ ਅਨਾਦੀ ਨਾਦ ਮਰਦੰਗ, ਬਿਨ ਮਰਦੰਗਾ ਆਪ ਵਜਾਇਆ । ਸਾਚੇ ਗ੍ਰਹਿ ਆਪੇ ਲੰਘ, ਬਹਿ ਬਹਿ ਆਪਣਾ ਹਾਲ ਸੁਣਾਇਆ । ਕਰ ਦਰਸ ਆਪਣਾ ਜਾਣੇ ਪਰਮਾਨੰਦ, ਅਨੰਦ ਅਨੰਦ ਵਿਚ ਰਖਾਇਆ । ਭਗਤਾਂ ਗਾਏ ਸਾਚੇ ਛੰਦ, ਆਪਣਾ ਸੋਹਲਾ ਨਾਲ ਗਾਇਆ । ਬਿਨ ਭਗਤਾਂ ਹੋਏ ਰੰਡ, ਹਰਿ ਜੂ ਕੰਮ ਕਿਸੇ ਨਾ ਆਇਆ । ਉਠ ਵੇਖ ਸੁਰਪਤ ਇੰਦ, ਹਰਿ ਜੂ ਅਚਰਜ ਖੇਲ ਵਰਤਾਇਆ । ਗੁਰਮੁਖ ਬਣਾਏ ਆਪਣੀ ਬਿੰਦ, ਆਪ ਆਪਣੀ ਗੋਦ ਉਠਾਇਆ । ਏਥੇ ਓਥੇ ਹਰਖ ਸੋਗ ਨਾ ਕੋਈ ਚਿੰਦ, ਚਿੰਤਾ ਚਿਖਾ ਨਾ ਕੋਇ ਜਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਇਆ । ਭਗਤਨ ਮੇਲਾ ਸਾਚੇ ਘਰ, ਹਰਿ ਸਾਚਾ ਆਪ ਕਰਾਈਆ । ਸੁਰਪਤ ਰਾਜਾ ਇੰਦ ਰਿਹਾ ਡਰ, ਮੇਰੀ ਹੋਣੀ ਅੰਤ ਜੁਦਾਈਆ । ਸ਼ੰਕਰ ਸੀਸ ਚਰਨਾਂ ਰਿਹਾ ਧਰ, ਗਲ ਪੱਲੂ ਏਕਾ ਪਾਈਆ । ਬ੍ਰਹਮਾ ਮੰਗੇ ਇਕੋ ਵਰ, ਚਰਨ ਸ਼ਰਨ ਮਿਲੇ ਸ਼ਰਨਾਈਆ । ਸ਼ੰਕਰ ਅੱਗੇ ਰਿਹਾ ਖੜ, ਸੰਸਾ ਰੋਗ ਨਾਲ ਰਲਾਈਆ । ਮੈਂ ਤੇਰੀ ਸੇਵਾ ਰਿਹਾ ਕਰ, ਤੂੰ ਸਾਚੀ ਸੇਵ ਲਗਾਈਆ । ਪੁਰਖ ਅਬਿਨਾਸ਼ੀ ਨਿਰਭੌ ਵਖਾਏ ਡਰ, ਭੈ ਆਪਣਾ ਇਕ ਜਣਾਈਆ । ਜੋ ਉਪਜੇ ਸੋ ਜਾਏ ਹਰ, ਹਰਿ ਸਭ ਨੂੰ ਜਾਏ ਖਾਈਆ । ਜੁਗ ਚੌਕੜੀ ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਖਾ, ਹਰਿ ਜੂ ਅਜੇ ਸਾਂਤ ਨਾ ਆਈਆ । ਜਿਉਂ ਭਾਵੇ ਤਿਉਂ ਲਏ ਚਲਾ, ਫੜ ਫੜ ਆਪ ਪਰਗਟਾਈਆ । ਨਿਰਗੁਣ ਬਣ ਬਣ ਦਏ ਸਲਾਹ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਵੇ ਰਾਹ, ਬ੍ਰਹਮ ਆਪਣਾ ਨਾਉਂ ਧਰਾਈਆ । ਕੋਟਨ ਕੋਟ ਰਵ ਸਸ ਚਮਕਾ, ਅੰਤ ਚਾਂਦਨਾ ਦਏ ਖਪਾਈਆ । ਕੋਟਨ ਕੋਟ ਬ੍ਰਹਿਮੰਡ ਖੰਡ ਪ੍ਰਗਟਾ, ਅੰਤ ਕਰੇ ਸਫਾਈਆ । ਕੋਟਨ ਕੋਟ ਗਗਨ ਮੰਡਲ ਸੁਹਾ, ਅੰਤਮ ਸਭ ਦਾ ਲੇਖ ਚੁਕਾਈਆ । ਇਕੋ ਭਗਤ ਮਿਲਣ ਦਾ ਰੱਖੇ ਚਾ, ਦੂਜੀ ਪ੍ਰੀਤ ਨਾ ਕਿਸੇ ਲਗਾਈਆ । ਬੇਪ੍ਰੀਤ ਬਣਿਆ ਰਹੇ ਬੇਪਰਵਾਹ, ਜੋ ਘੜਿਆ ਭੰਨ ਵਖਾਈਆ । ਜਨ ਭਗਤਾਂ ਗੀਤ ਰਿਹਾ ਗਾ, ਆਪਣਾ ਢੋਲਾ ਆਪ ਸੁਣਾਈਆ । ਸਤਿਜੁਗ ਸਾਚੀ ਰੀਤ ਰਿਹਾ ਚਲਾ, ਚਿਲ੍ਹਾ ਫੜਿਆ ਹੱਥ ਸੱਚੇ ਸ਼ਹਿਨਸ਼ਾਹੀਆ । ਇਕੋ ਕਮਾਨ ਰਿਹਾ ਖਿਚਾ, ਖਿਚ ਦੋ ਜਹਾਨ ਲਗਾਈਆ । ਆਪਣਾ ਆਪ ਨਾ ਸਕੇ ਕੋਈ ਬਚਾ, ਵਿਸ਼ਨ ਬ੍ਰਹਮਾ ਸ਼ਿਵ ਰਹੇ ਕੁਰਲਾਈਆ । ਜਨ ਭਗਤਾਂ ਚੜ੍ਹਿਆ ਚਾ, ਘਰ ਮਿਲਿਆ ਸੱਚਾ ਮਾਹੀਆ । ਫੜ ਕੇ ਸੇਵਾ ਰਿਹਾ ਲਗਾ, ਨੱਸ ਕਿਤੇ ਨਾ ਜਾਈਆ । ਜਨਮ ਜਨਮ ਦਾ ਵਿਛੋੜਾ ਲਿਆ ਕਟਾ, ਜੁਗ ਜੁਗ ਦੀ ਕੱਟੀ ਫਾਹੀਆ । ਪਹਿਲਾ ਦੂਜਾ ਤੀਜਾ ਪੌੜਾ ਲਿਆ ਲਗਾ,

ਚੌਥੇ ਘਰ ਬਹਾਈਆ । ਸੱਸੇ ਉਪਰ ਹੋੜਾ ਆਪ ਲਗਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਹਾਹਾ ਹਰਿ ਕਾ ਰੂਪ ਰਿਹਾ ਸਮਾ, ਹਰੀ ਹਰਿ ਖੇਲ ਕਰਾਈਆ । ਉਪਰ ਟਿੱਪੀ ਆਪਣੇ ਅੰਗ ਲਗਾ, ਸਿਫਰਾ ਸਿਫਰ ਨਾਲ ਉਡਾਈਆ । ਹੰ ਬ੍ਰਹਮ ਪਾਰਬ੍ਰਹਮ ਆਪ ਅਖਵਾ, ਅੱਖਰ ਅੱਖਰ ਕਰੇ ਸਫਾਈਆ । ਪੱਬਰ ਬਣ ਸੱਚਾ ਸ਼ਹਿਨਸ਼ਾਹ, ਲੱਖ ਚੁਰਾਸੀ ਕਰੇ ਰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਹਿ ਨਾ ਸਕੇ ਜੁਦਾਈਆ । ਭਗਤਾਂ ਨਾ ਕਰੇ ਜੁਦਾ, ਜੁਦਾਈ ਜਗਤ ਆਪ ਕਰਾਈਆ । ਆਪਣਾ ਆਪ ਕੀਤਾ ਫਿਦਾ, ਫਿਤਰਤ ਸਭ ਆਪਣੀ ਆਪ ਮੁਕਾਈਆ । ਨਿਰਗੁਣ ਰਾਹ ਸਿਧਾ ਦਿਤਾ ਚਲਾ, ਆਦਿ ਜੁਗਾਦਿ ਇਕੋ ਗੁਰ ਅਖਵਾਈਆ । ਬਣ ਸਤਿਗੁਰ ਸੇਵ ਕਮਾ, ਸਾਚੀ ਸੇਵਾ ਆਪ ਵਖਾਈਆ । ਜਨ ਭਗਤਾਂ ਦੇਵੇ ਨਾਮ ਦ੍ਰਿੜਾ, ਦ੍ਰਿੜ ਵਿਸ਼ਵਾਸ ਆਪਣਾ ਆਪ ਜਣਾਈਆ । ਕੈਲਾਸ਼ ਪਰਬਤ ਰਿਹਾ ਸ਼ਰਮਾ, ਨੈਣ ਧਰਤ ਉਪਰ ਟਿਕਾਈਆ । ਮੇਰਾ ਮਾਣ ਦਿਤਾ ਗਵਾ, ਕਰਿਆ ਵੇਸ ਬੇਪਰਵਾਹੀਆ । ਗੁਰਸਿਖਾਂ ਦਿਤਾ ਉਠਾ, ਹੱਥ ਗੁਰਜ ਇਕ ਫੜਾਈਆ । ਛੋਟੇ ਬਾਲੇ ਦਿਤਾ ਢਾਹ, ਬ੍ਰਹਮਾ ਹੋਸ਼ ਭੁਲਾਈਆ । ਫਿਰ ਸਕੇ ਨਾ ਕੋਈ ਉਠਾ, ਮੇਰਾ ਬਲ ਨਾ ਕੋਈ ਵਧਾਈਆ । ਕੀ ਕਰਾਂ ਕਿਧਰੇ ਜਾਵਾਂ, ਕਵਣ ਦੁਆਰੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਸੰਗ ਆਪਣਾ ਰੰਗ ਵਖਾਈਆ । ਨਾਨਕ ਸਤਿਗੁਰ ਗੰਭੀਰ ਗਹਿਰ, ਇਕੋ ਗੁਣ ਵਡਿਆਈਆ । ਜੀਂਵਦਿਆਂ ਕਰਾਮਾਤ ਦੱਸਣੀ ਕਹਿਰ, ਅੰਤ ਕਿਸੇ ਨਾ ਦਏ ਵਖਾਈਆ । ਪੰਜ ਤੱਤ ਕਾਇਆ ਚੋਲਾ ਝੂਠਾ ਸ਼ਹਿਰ, ਸੰਗ ਨਾ ਕੋਈ ਰਖਾਈਆ । ਆਸਾ ਤ੍ਰਿਸ਼ਨਾ ਕਾਮ ਕਰੋਧ ਲੋਭ ਮੋਹ ਹੰਕਾਰ ਸੰਗ ਰੱਖੇ ਲਹਿਰ, ਲਹਿਰ ਲਹਿਰ ਨਾਲ ਮਿਲਾਈਆ । ਗੁਰ ਕਾ ਭੇਵ ਨਾ ਜਾਣੇ ਕੋਈ ਐਰ ਗ਼ੈਰ, ਸ਼ਰੀਅਤ ਕਰੇ ਲੜਾਈਆ । ਜਿਸ ਜਨ ਕਰੇ ਆਪਣੀ ਮਿਹਰ, ਸੋ ਜਨ ਸਾਚੀ ਬੂਝ ਬੁਝਾਈਆ । ਮਨ ਮੁਖਤਾ ਝੂਠਾ ਝੇੜਾ ਛੇੜਾ ਛੇੜ, ਹਿੰਦੂ ਮੁਸਲਿਮ ਵੰਡ ਵੰਡਾਈਆ । ਆਪਣੀ ਹੱਥੀਂ ਲਹਿਣਾ ਗਿਆ ਨਿਬੇੜ, ਲਹਿਣਾ ਲਹਿਣੇ ਝੋਲੀ ਪਾਈਆ । ਪੰਜ ਤੱਤ ਕਾਇਆ ਚੋਲਾ ਮਾਟੀ ਢੇਰ, ਧਰਨੀ ਖ਼ਾਕ ਉਤੇ ਗਿਆ ਟਿਕਾਈਆ । ਹੋਏ ਸੁਆਹ ਮੁੜ ਕੇ ਆਏ ਨਾ ਫੇਰ, ਨਾਨਕ ਪ੍ਰੀਤ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਚੋਲਾ ਕਰਾਮਾਤ ਨਾ ਕੋਈ ਵਖਾਈਆ । ਪੰਜ ਤੱਤ ਚੋਲਾ ਗਿਆ ਛੱਡ, ਆਪਣਾ ਖੇਲ ਖਲਾਇਆ । ਰਕਤ ਬੂੰਦ ਬਣਿਆ ਨਾੜੀ ਮਾਸ ਹੱਡ, ਕਾਇਆ ਗੜ੍ਹ ਖੇਲ ਖਲਾਇਆ । ਨਿਰਗੁਣ ਸਰਗੁਣ ਨਾਲੋਂ ਹੋਇਆ ਅੱਡ, ਆਪਣਾ ਆਪ ਰਾਹ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਮਿਲਿਆ ਇਕ ਘਰ, ਪੰਜ ਤੱਤ ਸੰਗ ਨਾ ਕੋਈ ਰਖਾਇਆ । ਪੰਜ ਤੱਤ ਨਾ ਕੋਈ ਪਿਆਰ, ਅੱਗੇ ਸੰਗ ਨਾ ਕੋਈ ਜਾਈਆ । ਨਾਨਕ ਸਭ ਤੋਂ ਵਸੇ ਬਾਹਰ, ਭੇਵ ਕੋਈ ਨਾ ਪਾਈਆ । ਕੋਈ ਕਹੇ ਕਾਲੂ ਪੁੱਤ ਕੋਈ ਕਹੇ ਤ੍ਰਿਪਤਾ ਦਏ ਅਧਾਰ, ਕੋਈ ਕਹੇ ਨਾਰ ਖ਼ੁਸ਼ੀ ਮਨਾਈਆ । ਕੋਈ ਕਹੇ ਪਿਤਾ ਪੂਤ ਕਰੇ ਉਜਿਆਰ, ਲੋਕਮਾਤ ਵਡੀ ਵਡਿਆਈਆ । ਨਾਨਕ ਸਭ ਨੂੰ ਕਰ ਕੇ ਗਿਆ ਖਵਾਰ, ਏਕਾ ਪੁਰਖ ਅਕਾਲ ਵਡਿਆਈਆ । ਜਿਸ ਪੁੱਤਰ ਧੀ ਨਾ ਕਰਿਆ ਪਿਆਰ, ਸੋ ਆਪਣਾ ਪੰਜ ਤੱਤ ਚੋਲਾ ਸੰਗ ਲੈ ਨਾ ਜਾਈਆ । ਨਿਰਗੁਣ ਜੋਤ ਮਿਲੀ ਜੋਤ ਧਾਰ, ਜੋਤ ਜੋਤ ਵਿਚ ਸਮਾਈਆ । ਨਾਨਕ ਵਰ ਪਾਇਆ ਹਰਿ ਕੰਤ ਭਤਾਰ, ਘਰ ਸਾਚੇ ਸੋਭਾ

ਪਾਈਆ । ਸਚਖੰਡ ਸੋਹਿਆ ਬੰਕ ਦੁਆਰ, ਮਹੱਲ ਅਟੱਲ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਚੋਲਾ ਸੰਗ ਨਾ ਕੋਈ ਰਖਾਈਆ ।

★ ੧੧ ਮੱਘਰ ੨੦੧੮ ਬਿਕਰਮੀ ਦਿਦਾਰ ਸਿੰਘ ਸੰਤਾ ਸਿੰਘ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ★

ਇਕ ਇਕ ਖੇਲ ਸਮਰਥ, ਸਾਹਿਬ ਸਾਹਿਬ ਖੇਲ ਖਿਲਾਇਆ । ਇਕ ਇਕ ਮਹਿਮਾ ਅਕੱਥ, ਸਾਹਿਬ ਸਾਹਿਬ ਗੁਣ ਗਾਇਆ । ਇਕ ਇਕ ਹਰਿ ਮਾਰਗ ਦੱਸ, ਸਾਹਿਬ ਸਾਹਿਬ ਰਾਹ ਚਲਾਇਆ । ਇਕ ਇਕ ਹਰਿ ਦੇਵੇ ਵੱਥ, ਸਾਹਿਬ ਸਾਹਿਬ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਇਕ ਇਕ ਪੁਰਖ ਅਕਾਲ, ਏਕਾ ਇਕ ਅਖਵਾਈਆ । ਇਕ ਇਕ ਸਾਹਿਬ ਦੀਨ ਦਿਆਲ, ਇਕੋ ਇਕ ਵਡੀ ਵਡਿਆਈਆ । ਇਕ ਇਕ ਵਸੇ ਧਾਮ ਨਿਰਾਲ, ਇਕੋ ਇਕ ਸੋਭਾ ਪਾਈਆ । ਇਕ ਇਕ ਅਵੱਲੜੀ ਚਾਲ, ਇਕੋ ਇਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਵਿਚ ਛੁਪਾਈਆ । ਇਕੋ ਇਕ ਹਰਿ ਦੁਆਰਾ, ਏਕਾ ਇਕ ਆਪ ਪਰਗਟਾਇੰਦਾ । ਇਕੋ ਇਕ ਵੇਖਣਹਾਰਾ, ਇਕ ਇਕ ਵੇਖ ਵਖਾਇੰਦਾ । ਇਕੋ ਇਕ ਸੇਵਾਦਾਰਾ, ਇਕੋ ਇਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਇਕ ਸੇਵਾ ਚਾਕਰ ਬਣੇ ਪਾਖ਼ਾਕ, ਖ਼ਾਕੀ ਖ਼ਾਕ ਸਮਾਈਆ । ਇਕ ਸਾਹਿਬ ਸੁਲਤਾਨ ਬਣੇ ਦਾਸੀ ਦਾਸ, ਆਪਣੀ ਉਦਾਸੀ ਆਪ ਗਵਾਈਆ । ਇਕ ਮਿਹਰਵਾਨ ਸਦ ਰੱਖੇ ਆਸ, ਭਗਤ ਵਛਲ ਵਡੀ ਵਡਿਆਈਆ । ਇਕ ਸਤਿਗੁਰ ਪਾਵੇ ਸਾਚੀ ਰਾਸ, ਸਚ ਦੁਆਰਾ ਆਪ ਸੁਹਾਈਆ । ਇਕ ਨਿਰਗੁਣ ਸਦ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਇਕ ਲਹਿਣਾ ਦੇਣਾ ਚੁਕਾਏ ਪ੍ਰਿਥਮੀ ਅਕਾਸ਼, ਇਕ ਲੇਖਾ ਸਰਬ ਮੁਕਾਈਆ । ਇਕ ਮਨ ਜੋਤ ਕਰ ਪਰਕਾਸ਼, ਦੋ ਜਹਾਨ ਕਰੇ ਰੁਸ਼ਨਾਈਆ । ਇਕ ਵੇਖੇ ਖੇਲ ਤਮਾਸ਼, ਇਕ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਈਆ । ਇਕ ਪੁਰਖ ਇਕ ਅਬਿਨਾਸ਼, ਏਕਾ ਘਰ ਸੁਹਾਇੰਦਾ । ਏਕਾ ਸਾਹਿਬ ਸਰਬ ਗੁਣਤਾਸ, ਏਕਾ ਰੂਪ ਹਰਿ ਦੂਸਰ ਹੋਰ ਨਾ ਕੋਈ ਰਖਾਇੰਦਾ । ਇਕ ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼, ਇਕ ਖ਼ਾਲੀ ਹੱਥ ਫਿਰਾਇੰਦਾ । ਇਕ ਇਕ ਘਟ ਘਟ ਅੰਦਰ ਰੱਖੇ ਵਾਸ, ਇਕ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹਰਿ ਇਕ ਇਕ ਨਾਲ ਮਿਲਾਇੰਦਾ । ਇਕ ਨਾਲ ਏਕਾ ਮੇਲ, ਏਕਾ ਗੁਣ ਜਣਾਈਆ । ਏਕਾ ਬਾਤੀ ਏਕਾ ਤੇਲ, ਏਕਾ ਗੁਰ ਕਰੇ ਰੁਸ਼ਨਾਈਆ । ਏਕਾ ਸੱਜਣ ਇਕ ਸੁਹੇਲ, ਏਕਾ ਸਗਲਾ ਸੰਗ ਨਿਭਾਈਆ । ਏਕਾ ਵਸੇ ਸਦ ਨਵੇਲ, ਬੇਅੰਤ ਬੇਪਰਵਾਹੀਆ । ਏਕਾ ਗੁਰੂ ਏਕਾ ਚੇਲ, ਏਕਾ ਜੁਗ ਜੁਗ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਏਕਾ ਦਾਤਾ ਏਕਾ ਦਾਤ, ਦੇਵਣਹਾਰ ਇਕ ਅਖਵਾਇੰਦਾ । ਏਕਾ ਸੰਗ ਏਕਾ ਸਾਥ, ਸਗਲਾ ਸੰਗ ਇਕ ਹੋ ਆਇੰਦਾ । ਏਕਾ ਪਿਤਾ ਏਕਾ ਮਾਤ, ਏਕਾ ਪੂਤ ਸੋਭਾ ਪਾਇੰਦਾ । ਏਕਾ

ਬਸਤਰ ਏਕਾ ਖਾਟ, ਏਕਾ ਆਸਣ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਏਕਾ ਹਰਿ ਏਕਾ ਦਰ, ਏਕਾ ਸਗਲਾ ਸੰਗ ਰਖਾਈਆ । ਇਕ ਨਰਾਇਣ ਇਕ ਨਰ, ਇਕ ਘਰ ਬੈਠਾ ਸੋਭਾ ਪਾਈਆ । ਏਕਾ ਘਾੜਨ ਰਿਹਾ ਘੜ, ਏਕਾ ਘੜ੍ਹ ਘੜ੍ਹ ਭੰਨ ਵਖਾਈਆ । ਏਕਾ ਚੋਟੀ ਬੈਠਾ ਚੜ੍ਹ, ਏਕਾ ਡੂੰਘੀ ਭਵਰ ਸਮਾਈਆ । ਏਕਾ ਵਿਦਿਆ ਰਿਹਾ ਪੜ੍ਹ, ਏਕਾ ਪੜ੍ਹ ਪੜ੍ਹ ਰਿਹਾ ਗਾਈਆ । ਏਕਾ ਹਵਨ ਰਿਹਾ ਸੜ, ਏਕਾ ਅਗਨ ਤੱਤ ਬੁਝਾਈਆ । ਏਕਾ ਜੰਮੇ ਪਏ ਮਰ, ਏਕਾ ਜਨਮ ਮਰਨ ਵਿਚ ਨਾ ਆਈਆ । ਏਕਾ ਵਸੇ ਸਾਚੇ ਘਰ, ਏਕਾ ਏਕ ਘਰ ਘਰ ਅਲਖ ਜਗਾਈਆ । ਏਕਾ ਨਿਰਭੌ ਰਖਾਏ ਸਰਬ ਡਰ, ਏਕਾ ਭੈ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਈਆ । ਇਕ ਗੁਰ ਇਕ ਅਵਤਾਰ, ਇਕ ਸ਼ਬਦ ਰੂਪ ਸਮਾਇੰਦਾ । ਇਕ ਹੁਕਮ ਇਕ ਵਰਤਾਰ, ਇਕ ਹੁਕਮੀ ਹੁਕਮ ਭੁਵਾਇੰਦਾ । ਇਕੋ ਲੇਖ ਇਕ ਲਿਖਾਰ, ਏਕਾ ਲਿਖ ਲਿਖ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਇੰਦਾ । ਏਕਾ ਧਾਰ ਏਕਾ ਜੋਤ, ਏਕਾ ਨੂਰ ਨੂਰ ਰੁਸ਼ਨਾਈਆ । ਏਕਾ ਕਿਲਾ ਏਕਾ ਕੋਟ, ਏਕਾ ਆਸਣ ਸੋਭਾ ਪਾਈਆ । ਏਕਾ ਮਾਤ ਏਕਾ ਪੂਤ, ਏਕਾ ਪਿਤਾ ਪੂਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕ ਨਾਲ ਮਿਲਾਈਆ । ਇਕ ਨਾਲ ਮਿਲਿਆ ਇਕ, ਅੰਕ ਅੰਕ ਮਿਲਾਇਆ । ਦੋ ਜਹਾਨਾਂ ਦੇਵੇ ਏਕੋ ਟੇਕਾ, ਟੇਕ ਆਪਣੀ ਦਏ ਸਮਝਾਇਆ । ਆਦਿ ਜੁਗਾਦੀ ਸਾਚਾ ਲੇਖਾ, ਲਿਖ ਲਿਖ ਆਪਣਾ ਦਏ ਸਮਝਾਇਆ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣਾ ਪੇਸ਼ਾ, ਦੂਸਰ ਭੇਵ ਕੋਇ ਨਾ ਰਾਇਆ । ਇਕੋ ਠਾਕਰ ਇਕ ਕਰੇ ਆਦੇਸਾ, ਏਕਾ ਨਿਉਂ ਨਿਉਂ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਇਕੋ ਕਰਤਾ ਇਕੋ ਕਰੀਮ ਏਕਾ ਕਰਮ ਕਾਂਡ ਬਣਾਈਆ । ਇਕੋ ਦਾਤਾ ਰਾਜ਼ਕ ਰਿਜ਼ਕ ਰਹੀਮ, ਇਕੋ ਘਰ ਘਰ ਰਿਹਾ ਪੁਚਾਈਆ । ਇਕੋ ਆਦਿ ਜੁਗਾਦਿ ਜੁਗਾ ਜੁਗੰਤਰ ਕਰੇ ਤਕਸੀਮ, ਸਾਚੀ ਵੰਡ ਇਕ ਵੰਡਾਈਆ । ਏਕਾ ਕਰੇ ਖੇਲ ਅਜ਼ੀਮ, ਏਕਾ ਅਜਮਤ ਆਪ ਪਰਗਟਾਈਆ । ਏਕਾ ਦੇਵਣਹਾਰਾ ਤਾਲੀਮ, ਤਾਜ਼ੀਮ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਇਕੋ ਪੀਰ ਇਕ ਪਰਵਰਦਿਗਾਰਾ, ਇਕ ਮੁਰਸ਼ਦ ਨਾਉਂ ਧਰਾਇੰਦਾ । ਇਕ ਗਹਿਰ ਗੰਭੀਰ ਸਾਂਝਾ ਯਾਰ, ਇਕ ਨਜ਼ਰ ਕਿਸੇ ਨਾ ਆਇੰਦਾ । ਇਕ ਜਾਹਿਰ ਇਕ ਜ਼ਹੂਰ ਇਕ ਸ਼ਾਹ ਗਫੂਰ, ਇਕ ਬੇਐਬ ਨਾਉਂ ਧਰਾਇੰਦਾ । ਇਕ ਸਰਬ ਕਲਾ ਭਰਪੂਰ, ਇਕ ਗੁਣ ਅਵਗੁਣ ਨਾ ਕੋਈ ਜਣਾਇੰਦਾ । ਇਕ ਨੇੜੇ ਇਕ ਵਸੇ ਦੂਰ, ਇਕ ਘਟ ਘਟ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੋ ਇਕ ਅਖਵਾਇੰਦਾ । ਇਕੋ ਇਕ ਹਰਿ ਅਖਵਾ, ਆਖਰ ਆਪਣੇ ਹੱਥ ਰਖਾਈਆ । ਜੁਗ ਚੌਕੜੀ ਵੇਸ ਵਟਾ, ਵੇਸਵਾ ਜਗਤ ਲਏ ਨਚਾਈਆ । ਲੱਖ ਚੁਰਾਸੀ ਮੁਜਰਾ ਵੇਖੇ ਸ਼ਹਿਨਸ਼ਾਹ, ਬਹੱਤਰ ਨਾੜ ਤਾਰ ਸਤਾਰ ਵਜਾਈਆ । ਪੰਜ ਵਿਕਾਰ ਜਗਤ ਸੰਗਾਰ ਤਬਲਾ ਦਏ ਵਜਾ, ਤਾਲ ਤਾਲ ਨਾਲ ਵਜਾਈਆ । ਮਾਇਆ ਮਮਤਾ ਘੁੰਘਟ ਦਏ ਉਠਾ, ਨੇਤਰ ਨੈਣ ਨਾ ਕੋਈ ਸ਼ਰਮਾਈਆ । ਜਗਤ ਹਵਸ ਕੱਜਲ ਦੇਵੇ ਪਾ, ਕਾਲੀ ਧਾਰ ਚਲਾਈਆ । ਮੋਹ ਮਮਤਾ ਸਭ ਦੇ ਅੱਗੇ ਪੱਲੂ ਦੇਵੇ ਡਾਹ, ਮਨ ਮਨਸਾ ਨਾਲ ਮਿਲਾਈਆ ।

ਘਰ ਘਰ ਦਰ ਦਰ ਫੇਰਾ ਪਾ, ਜਗਤ ਢੋਲਾ ਦਏ ਸੁਣਾਈਆ । ਜੋ ਦੀਸੇ ਤਿਸ ਨੂੰ ਸੱਜਣ ਲਏ ਮਨਾ, ਸਗਲਾ ਸਗਲਾ ਸੰਗ ਨਾ ਕਿਸੇ ਸੰਗ ਨਿਭਾਈਆ । ਇਕ ਵੇਸਵਾ ਲੱਖ ਚੁਰਾਸੀ ਪਾਏ ਫਾਹ, ਨਾਰ ਬਣ ਨਾ ਸੇਵ ਕਮਾਈਆ । ਬਿਨ ਅਗਨੀ ਦੇਵੇ ਦਾਹ, ਏਕਾ ਅੱਗ ਲਗਾਈਆ । ਅੰਤਮ ਹੱਡੀਆਂ ਕਰੇ ਸਵਾਹ, ਖ਼ਾਕੀ ਖ਼ਾਕ ਮਿਲਾਈਆ । ਝੂਠਾ ਯਾਰ ਨਾ ਬਣੇ ਕੋਈ ਗਵਾਹ, ਪੱਲੂ ਸਰਬ ਜਾਣ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਵਾਂਗੀ ਆਪਣਾ ਖੇਲ ਰਚਾਈਆ । ਸਵਾਂਗੀ ਨਟੂਆ ਬਣ ਬਣ ਨਟ, ਹਰਿ ਹਰਿ ਖੇਲ ਖਲਾਇੰਦਾ । ਸਾਧਾਂ ਸੰਤਾਂ ਹੱਥਾਂ ਉਤੇ ਮਾਰੇ ਹੱਥ, ਆਪਣਾ ਹੱਥ ਨਾ ਕਿਸੇ ਫੜਾਇੰਦਾ । ਜੁਗ ਚੌਕੜੀ ਕੋਟਨ ਕੋਟ ਰਾਹ ਦੱਸ ਦੱਸ, ਲੱਖ ਚੁਰਾਸੀ ਆਪ ਫਸਾਇੰਦਾ । ਸਭ ਦੇ ਕੋਲੋਂ ਆਪ ਗਿਆ ਨੱਸ, ਹੱਥ ਕਿਸੇ ਨਾ ਆਇੰਦਾ । ਕਿਸੇ ਮੰਦਰ ਮਸਜਿਦ ਗੁਰੂਦੁਆਰ ਮੱਠ ਸ਼ਿਵਦੁਆਲੇ ਨਾ ਜਾਏ ਫਸ, ਫਾਂਦੀ ਬਣ ਫੰਦ ਨਾ ਕੋਈ ਪਾਇੰਦਾ । ਸਭ ਦੀ ਚੋਟੀ ਗਿਆ ਝੱਸ, ਏਕਾ ਰਗੜਾ ਨਾਮ ਲਗਾਇੰਦਾ । ਲੱਖ ਚੁਰਾਸੀ ਨਾਲੋਂ ਹੋਇਆ ਅੱਡ, ਆਪਣਾ ਵੱਖਰਾ ਧਾਮ ਬਣਾਇੰਦਾ । ਸਚ ਨਿਸ਼ਾਨਾ ਬੈਠਾ ਗੱਡ, ਇਕੋ ਇਕ ਝੁਲਾਇੰਦਾ । ਨਾ ਕੋਈ ਜਾਣੇ ਪਾਰ ਹੱਦ, ਅੱਧਵਿਚਕਾਰ ਸਰਬ ਕੁਰਲਾਇੰਦਾ । ਜੇ ਕੋਈ ਕਹੇ ਪਾਰਬ੍ਰਹਮ ਪੁਰਖ ਅਬਿਨਾਸ਼ੀ ਦਰ ਘਰ ਸਾਚੇ ਲਏ ਸੱਦ, ਲਖ ਲਖ ਸ਼ੁਕਰ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਇਕ ਆਪਣੇ ਨਾਲ ਸੁਹਾਇੰਦਾ । ਇਕ ਇਕੱਲਾ ਇਕ ਕਰਤਾਰ, ਅਨਕ ਕਲਾ ਇਕ ਅਖਵਾਈਆ । ਇਕ ਮੰਦਰ ਇਕ ਦੁਆਰ, ਏਕਾ ਨਗਰ ਸੋਭਾ ਪਾਈਆ । ਏਕਾ ਭੂਪ ਇਕ ਸਿਕਦਾਰ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਇਕ ਹੁਕਮ ਇਕ ਵਰਤਾਰ, ਏਕਾ ਹੁਕਮੇ ਹੁਕਮ ਭੁਵਾਈਆ । ਏਕਾ ਪੁਰਖ ਏਕਾ ਨਾਰ, ਏਕਾ ਸਾਚੀ ਸੇਜ ਹੰਢਾਈਆ । ਏਕਾ ਰੰਗ ਰਲੀਆਂ ਮਾਣੇ ਬਣ ਭਤਾਰ, ਏਕਾ ਆਪਣੀ ਖ਼ੁਸ਼ੀ ਮਨਾਈਆ । ਏਕਾ ਨੂਰ ਜੋਤ ਉਜਿਆਰ, ਏਕਾ ਸ਼ਬਦ ਨਾਦ ਸੁਣਾਈਆ । ਏਕਾ ਪਾਵੇ ਸਭ ਦੀ ਸਾਰ, ਏਕਾ ਏਕ ਆਪਣਾ ਆਪ ਜਪਾਈਆ । ਜੁਗ ਚੌਕੜੀ ਖੇਲ ਅਪਾਰ, ਪਾਰਬ੍ਰਹਮ ਪ੍ਰਭ ਵੇਖ ਵਖਾਈਆ । ਨੌਂ ਨੌਂ ਕਰ ਵਿਹਾਰ, ਬ੍ਰਹਮਾ ਵਿਸ਼ਨ ਸ਼ਿਵ ਦਏ ਸਮਝਾਈਆ । ਸੁਰਪਤ ਇੰਦ ਕਰ ਖ਼ਬਰਦਾਰ, ਸਾਚਾ ਮਾਰਗ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਵੱਜੇ ਵਧਾਈਆ । ਏਕਾ ਘਰ ਵੱਜਿਆ ਨਾਦ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਏਕਾ ਘਰ ਉਪਜਿਆ ਰਾਗ, ਚਾਰ ਕੁੰਟ ਕਰੇ ਸ਼ਨਵਾਈਆ । ਏਕਾ ਹਰਿ ਪਲਟਿਆ ਸਾਂਗ, ਸਵਾਂਗੀ ਸਭ ਦਾ ਸਾਂਗ ਖਪਾਈਆ । ਏਕਾ ਭਗਤ ਮੰਗੀ ਮਾਂਗ, ਏਕਾ ਭਗਵਨ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਈਆ । ਧਾਰ ਚਲਾਏ ਅੰਤਮ ਕਲ, ਕਲਕਾਤੀ ਆਪ ਮਿਟਾਈਆ । ਨੌਂ ਨੌਂ ਚਾਰ ਕਰੇ ਵਲ ਛਲ, ਅਛਲ ਅਛਲ ਭੇਵ ਨਾ ਰਾਈਆ । ਚੌਥੇ ਯੁਗ ਵਡ ਪਰਬਲ, ਆਪਣਾ ਬਲ ਲਏ ਪਰਗਟਾਈਆ । ਹਰਿ ਸੱਜਣ ਜਨ ਭਗਤ ਬੂਟਾ ਗਿਆ ਫਲ, ਪੱਤ ਡਾਲੀ ਆਪ ਮਹਿਕਾਈਆ । ਬਣ ਸੁਗੰਧੀ ਅੰਦਰ ਗਿਆ ਰਲ, ਲੁਕਵੀਂ ਖੇਲ ਵਖਾਈਆ । ਲੋਕੀ ਪੁੱਛਣ ਕੀ ਗੱਲ, ਗੱਲ ਦੱਸਣ ਵਿਚ ਨਾ ਆਈਆ । ਬਿਨ ਦੀਪਕ ਜੋਤੀ ਗਈ ਬਲ, ਤੇਲ ਬਾਤੀ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਰਿਹਾ ਚੁਕਾਈਆ । ਅੰਤਮ ਲਹਿਣਾ ਸਭ ਦਾ ਚੁੱਕੇ, ਚੂਕ ਰਹੇ ਨਾ ਰਾਈਆ । ਲੱਗੀ ਜੜ੍ਹ ਸਭ ਦੀ ਪੁੱਟੇ, ਪੁੱਟ ਪੁੱਟ

ਆਪਣੇ ਹੱਥ ਰਖਾਈਆ । ਗੁਰਮੁਖ ਵਿਰਲਾ ਮਾਤ ਉਠੇ, ਜਿਸ ਸਤਿਗੁਰ ਆਪ ਉਠਾਈਆ । ਭਗਤ ਵਛਲ ਜਨ ਸੰਤਾਂ ਉਪਰ ਤੁਠੇ, ਦੇਵੇ ਮਾਣ ਵਡਿਆਈਆ । ਕਰੇ ਪਰਕਾਸ਼ ਸਾਚੀ ਕੂਟੇ, ਕੂੜ ਕੁਟੰਬ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕ ਨਾਲ ਮਿਲਾਈਆ । ਇਕ ਨਾਲ ਮਿਲਿਆ ਇਕ, ਇਕ ਇਕ ਨਾਲ ਤਰਾਈਆ । ਗਿਆਰਾਂ ਮੱਘਰ ਲੇਖ ਲਿਖ, ਭਗਤ ਦਏ ਵਡਿਆਈਆ । ਲੇਖੇ ਲੱਗਾ ਸਾਚਾ ਸਿੱਖ, ਜਿਸ ਸਿਖਿਆ ਹਰਿ ਮਨ ਭਾਈਆ । ਜਨਮ ਜਨਮ ਦੀ ਮਿਟੇ ਤ੍ਰਿਖ, ਤ੍ਰਿਸ਼ਨਾ ਰਹੇ ਨਾ ਰਾਈਆ । ਨਾਮ ਦਾਨ ਪਾਏ ਭਿੱਖ, ਸਾਚੀ ਭਿਛਿਆ ਆਪ ਵਰਤਾਈਆ । ਆਪ ਵੰਡਾਏ ਆਪਣਾ ਹਿੱਸ, ਸਾਚਾ ਹਿੱਸਾ ਆਪਣੀ ਝੋਲੀ ਪਾਈਆ । ਨੇਤਰ ਕਿਸੇ ਨਾ ਆਵੇ ਦਿਸ, ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਿਆਰਾਂ ਮੱਘਰ ਦਏ ਵਡਿਆਈਆ । ਗਿਆਰਾਂ ਮੱਘਰ ਪੁਰਖ ਸਮਰਥ, ਹਰਿ ਹਰਿ ਕਾਜ ਕਰਾਇਆ । ਇੰਦਰ ਨੇਤਰ ਰੋਵੇ ਅੱਥ, ਕਣੀ ਕਣੀ ਬਰਸਾਇਆ । ਕਰੋੜ ਤਤੀਸਾ ਮੇਰਾ ਟੁੱਟਾ ਸਾਥ, ਸੰਗ ਕੋਈ ਰਹਿਣ ਨਾ ਪਾਇਆ । ਲੋਕਮਾਤ ਜਨ ਭਗਤ ਦੁਆਰਾ ਗਿਆ ਵਸ, ਹਰਿ ਜੂ ਆਪ ਵਸਾਇਆ । ਅੱਠੇ ਪਹਿਰ ਵਸੇ ਪਾਸ, ਵਿਛੜ ਕਦੇ ਨਾ ਜਾਇਆ । ਜੁਗ ਜੁਗ ਦੀ ਸਾਡੀ ਕਰਨੀ ਕੀਤੀ ਨਾਸ, ਸਾਡਾ ਬਲ ਨਾ ਕੋਈ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰਾ ਆਪ ਕਰਾਇਆ । ਭਗਤ ਦੁਆਰੇ ਪਾਈ ਛੱਤ, ਛੱਤੀ ਜੁਗ ਪੰਧ ਮੁਕਾਇਆ । ਗੋਬਿੰਦ ਤੇਰੀ ਲੇਖੇ ਲੱਗੀ ਰੱਤ, ਰੱਤ ਰੱਤ ਨਾਲ ਮਿਲਾਇਆ । ਤੇਰਾ ਵਿਚੋਲਾ ਕਮਲਾਪਤ, ਪੁਰਖ ਅਕਾਲ ਬੇਪਰਵਾਹਿਆ । ਭਗਤਾਂ ਪੱਤ ਲੈਣੀ ਰੱਖ, ਸਿਰ ਆਪਣਾ ਹੱਥ ਟਿਕਾਇਆ । ਰਵਿਦਾਸ ਚੁਮਾਰੇ ਤੇਰਾ ਲਹਿਣਾ ਸੀਆਂ ਸਾਢੇ ਤਿੰਨ ਹੱਥ, ਹੱਥ ਹੱਥ ਨਾਲ ਮਿਣਾਇਆ । ਏਕਾ ਵਾਰ ਕਰ ਇਕੱਠ, ਜੁਗ ਜੁਗ ਦਾ ਲਹਿਣਾ ਆਪ ਮੁਕਾਇਆ । ਸਾਚਾ ਸੂਤਰ ਤੰਦ ਪਟ, ਤਾਣਾ ਪੇਟਾ ਇਕੋ ਪਾਇਆ । ਕਬੀਰ ਜੁਲਾਹਾ ਰਿਹਾ ਹੱਸ, ਵਾਹ ਵਾਹ ਹਰਿ ਜੂ ਖੇਲ ਰਚਾਇਆ । ਆਪਣੀ ਹੱਥੀਂ ਪਾਣਾ ਦੇਵਾਂ ਝੱਟ, ਸਾਚੀ ਪਾਣ ਦਏ ਵਖਾਇਆ । ਆਪਣੀ ਖੱਡੀ ਵਿਚ ਲਏ ਰੱਖ, ਆਪਣਾ ਹੱਥਾ ਨਾਮ ਫੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇਆ । ਤੰਦ ਨਾਲ ਬੰਧਾ ਤੰਦ, ਵੱਟ ਏਕਾ ਏਕ ਚੜ੍ਹਾਈਆ । ਭਗਤਾਂ ਸੰਗ ਗਿਆਨ ਤੰਦ, ਸੋਹੰ ਮੇਲਾ ਮੇਲ ਮਿਲਾਈਆ । ਅੰਤਰ ਅੰਤਰ ਇਕੋ ਛੰਦ, ਏਕਾ ਏਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਦਏ ਵਡਿਆਈਆ । ਮਨ ਵਾਸਨਾ ਕੱਢੇ ਬਾਹਰ, ਤਨ ਵਿਚ ਰਹਿਣ ਨਾ ਪਾਇਆ । ਸੇਵਾ ਕਰਾਂ ਸਚ ਵਿਚਾਰ, ਸਾਚਾ ਰਾਹ ਵਖਾਇਆ । ਸਿਰ ਤੇ ਚੁਕਿਆ ਇੱਟਾਂ ਗਾਰਾ ਭਾਰ, ਦੁਰਮਤ ਮੈਲ ਪਾਰ ਕਰਾਇਆ । ਅੰਦਰ ਵੜਿਆ ਨਿਰਾਕਾਰ, ਆਪਣਾ ਰੰਗ ਵਖਾਇਆ । ਸਿੰਘ ਸੰਗਤ ਕੀਤਾ ਖ਼ਬਰਦਾਰ, ਖ਼ੁਸ਼ੀ ਆਪਣੇ ਹੱਥ ਰਖਾਇਆ । ਤੇਰੇ ਸੀਸ ਧਰਿਆ ਤਾਜ, ਗੁਰੂ ਮਹਾਰਾਜ ਵੇਸ ਵਟਾਇਆ । ਸੋ ਸਾਹਿਬ ਰਚ ਰਚ ਕਾਜ, ਹਰਿ ਭਗਤਾਂ ਕਾਰ ਕਮਾਇਆ । ਗੋਬਿੰਦ ਲਹਿਣਾ ਦੇਣਾ ਚੁਕਾਏ ਦੇਸ ਮਾਝ, ਮਜ਼ਦੂਰੀ ਸਭ ਦੇ ਹੱਥ ਫੜਾਇਆ । ਰਾਤੀਂ ਸੁਤਿਆਂ ਰੱਖੇ ਲਾਜ, ਗ਼ਰੀਬ ਨਿਵਾਜ਼ ਦਇਆ ਕਮਾਇਆ । ਮਨ ਵਾਸਨਾ ਜੋ ਚਲੇ ਜਹਾਜ, ਹਰਿ ਸੰਗਤ ਵਿਚੋਂ ਬਾਹਰ ਕਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇਆ । ਮਨ ਆਸ਼ਾ ਜਗ ਤ੍ਰਿਸ਼ਨਾ ਦੂਰ, ਤ੍ਰਿਖਾ ਰਹੇ ਨਾ ਰਾਈਆ ।

ਜਿਸ ਗੋਬਿੰਦ ਪਿਛੇ ਮਰ ਗਏ ਜੀਵ ਝੂਰ ਝੂਰ, ਸੋ ਗੋਬਿੰਦ ਮਿਲਿਆ ਮਾਹੀਆ । ਜਿਸ ਮਨ ਮਾਰਿਆ ਤਨ ਤੋੜਿਆ ਗਰੂਰ, ਹਾਜ਼ਰ ਹਜ਼ੂਰ ਦਰਸ ਦਿਖਾਈਆ । ਸਤਿਗੁਰ ਸਭ ਦੇ ਮੁਆਫ ਕਰੇ ਕਸੂਰ, ਕਸਰ ਕੋਇ ਰਹਿਣ ਨਾ ਪਾਈਆ । ਸਿੰਘ ਨਰਾਇਣ ਸੇਵਾ ਕੀਤੀ ਬਣ ਮਜ਼ਦੂਰ, ਉਜਰਤ ਸਭ ਦੀ ਹੱਥੋ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਸਹਾਈਆ ।

★ ੧੨ ਮੱਘਰ ੨੦੧੮ ਬਿਕਰਮੀ ਹਜ਼ਾਰਾ ਸਿੰਘ ਪਿਆਰਾ ਸਿੰਘ ਬਲਾਕਾ ਸਿੰਘ ਆਸਾ ਸਿੰਘ ਜੇਠੂਵਾਲ ਦਰਬਾਰ ਵਿਚ ★

ਕੈਲਾਸ਼ ਹੋਇਆ ਕਲੇਸ਼, ਹਰਿ ਕੇਸ਼ਵ ਆਪ ਕਰਾਇੰਦਾ । ਸ਼ੰਕਰ ਰਿਹਾ ਵੇਖ, ਨੇਤਰ ਨੈਣ ਉਠਾਇੰਦਾ । ਮੇਰੀ ਮਿਟਦੀ ਜਾਏ ਰੇਖ, ਵੇਲਾ ਅੰਤ ਨੇੜੇ ਆਇੰਦਾ । ਨਿਰਗੁਣ ਧਰਿਆ ਸਾਚਾ ਭੇਖ, ਰੂਪ ਰੰਗ ਨਾ ਕੋਈ ਵਖਾਇੰਦਾ । ਜਿਸ ਸਾਹਿਬ ਨੂੰ ਕਰੀ ਆਦੇਸ, ਸੋ ਸਾਹਿਬ ਖੇਲ ਕਰਾਇੰਦਾ । ਤਿਸ ਅੱਗੇ ਚਲੇ ਨਾ ਕੋਈ ਪੇਸ਼, ਜ਼ੋਰੂ ਜਰ ਨਾ ਕੋਈ ਵਖਾਇੰਦਾ । ਸਾਚਾ ਸਾਹਿਬ ਨਰ ਨਰੇਸ਼, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਇੰਦਾ । ਕੈਲਾਸ਼ ਮਾਰੇ ਧਾਹ, ਰੋ ਰੋ ਪੁਕਾਰਿਆ । ਕਰੇ ਖੇਲ ਬੇਪਰਵਾਹ, ਅੰਤ ਕੋਈ ਨਾ ਪਾ ਰਿਹਾ । ਨਿਰਗੁਣ ਨੂਰ ਜੋਤ ਜਗਾ, ਲੋਕਮਾਤ ਕਰੇ ਉਜਿਆਰਿਆ । ਸਰਗੁਣ ਦਏ ਜਗਾ, ਆਪਣੀ ਆਪ ਵੰਡ ਵੰਡਾ ਰਿਹਾ । ਏਕਾ ਮਾਰਗ ਦਏ ਵਖਾ, ਬ੍ਰਹਿਮੰਡਾਂ ਖੰਡਾਂ ਆਪ ਹਿਲਾ ਰਿਹਾ । ਸਚ ਮਰਦੰਗਾ ਦਏ ਸੁਣਾ, ਨਾਮ ਨਿਧਾਨਾ ਏਕਾ ਗਾ ਰਿਹਾ । ਸਚ ਨਿਸ਼ਾਨਾ ਦਏ ਚੜ੍ਹਾ, ਸਤਿ ਸਤਿਵਾਦੀ ਸੋਭਾ ਪਾ ਰਿਹਾ । ਜੁਗ ਜੁਗ ਦੀ ਖੇਲ ਦਏ ਮਿਟਾ, ਆਪਣੀ ਖੇਲ ਆਪ ਕਰਾ ਰਿਹਾ । ਨੌਂ ਸੌ ਚੁਰਾਨਵੇਂ ਚੌਕੜੀ ਬਣਦੇ ਰਹੇ ਗਵਾਹ, ਜੀਵਾਂ ਜੰਤਾਂ ਨਾਲ ਰਲਾ ਲਿਆ । ਅੰਤਮ ਲੇਖਾ ਦੇਣਾ ਪਿਆ, ਲਿਖਿਆ ਲੇਖ ਨਾ ਕੋਈ ਮਿਟਾ ਰਿਹਾ । ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹ, ਧੁਰ ਫ਼ਰਮਾਣਾ ਹੁਕਮ ਸੁਣਾ ਰਿਹਾ । ਸ਼ੰਕਰ ਤੇਰਾ ਪੰਧ ਮੁਕਾ, ਸ਼ਰਅ ਆਪਣੀ ਆਪ ਜਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾ ਰਿਹਾ । ਸ਼ੰਕਰ ਵੇਖ ਕੈਲਾਸ਼, ਨੇਤਰ ਨੈਣਾਂ ਨੀਰ ਵਹਾਈਆ । ਮੇਰੀ ਕੋਈ ਨਾ ਕਰੇ ਪੂਰੀ ਆਸ, ਆਸਾ ਆਸਾ ਨਾਲ ਮਿਲਾਈਆ । ਨਾਤਾ ਤੁਟਾ ਪ੍ਰਿਥਮੀ ਆਕਾਸ਼, ਗਗਨ ਮੰਡਲ ਨਾ ਕੋਈ ਵਡਿਆਈਆ । ਲੱਖ ਚੁਰਾਸੀ ਨਾ ਕੋਈ ਸਾਥ, ਸਗਲਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਕੈਲਾਸ਼ ਖ਼ਾਲੀ ਵੇਖ ਸਿੰਘਾਸਣ, ਸਿੰਘ ਨਜ਼ਰ ਕੋਈ ਨਾ ਆਇੰਦਾ । ਕਰਿਆ ਖੇਲ ਪੁਰਖ ਅਬਿਨਾਸ਼ਨ, ਅਬਿਨਾਸ਼ੀ ਆਪਣੀ ਚਾਲ ਚਲਾਇੰਦਾ । ਪਰਗਟ ਹੋ ਘਨਕ ਪੁਰ ਵਾਸਨ, ਏਕਾ ਆਪਣਾ ਬਲ ਰਖਾਇੰਦਾ । ਦੋ ਜਹਾਨਾਂ ਖੇਲ ਤਮਾਸ਼ਨ, ਬ੍ਰਹਿਮੰਡਾਂ ਖੰਡਾਂ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਹਰਿ ਨਿਰੰਕਾਰ, ਆਦਿ ਪੁਰਖ ਚੁਕਾਈਆ । ਸ਼ੰਕਰ ਹੋਣਾ ਖ਼ਬਰਦਾਰ, ਬੇਖ਼ਬਰ ਆਪ ਜਗਾਈਆ । ਨਾਤਾ ਤੁਟੇ ਵਿਚ ਸੰਸਾਰ, ਸਾਕ ਸੱਜਣ ਸੈਣ ਨਾ ਕੋਈ ਅਖਵਾਈਆ । ਇਸ਼ਟ ਦੇਵ ਆਈ ਹਾਰ, ਗੁਰਦੇਵ ਨਾ ਕੋਈ ਮਨਾਈਆ । ਖੜਗ ਖੰਡਾ ਨਾ ਕੋਈ ਕਟਾਰ, ਤ੍ਰਿਸੂਲ ਨਿਸ਼ਾਨਾ ਨਾ ਕੋਈ ਲਗਾਈਆ । ਜਟਾ ਜੂਟ ਆਈ ਹਾਰ,

ਸੇਹਰਾ ਸੀਸ ਨਾ ਕੋਈ ਵਖਾਈਆ । ਬਾਸ਼ਕ ਤਸ਼ਕ ਨਾ ਕੋਈ ਸ਼ਿੰਗਾਰ, ਕੰਠ ਮਾਲਾ ਨਾ ਕੋਈ ਪਹਿਨਾਈਆ । ਨਾਰ ਸੁਹਾਗਣ ਨਾ ਕੋਈ ਉਧਾਰ, ਲੇਖਾ ਸਭ ਦਾ ਰਿਹਾ ਮੁਕਾਈਆ । ਜਗਤ ਵਿਛੋੜਾ ਅੰਤਮ ਵਾਰ, ਸ਼ਾਹ ਪਾਤਸ਼ਾਹ ਰਿਹਾ ਸੁਣਾਈਆ । ਸਚ ਸੰਦੇਸ਼ਾ ਹਰਿ ਸੁਣਾਇਆ, ਏਕਾ ਸ਼ਬਦ ਅਡੋਲ । ਸ਼ੰਕਰ ਨਿਉਂ ਨਿਉਂ ਸੀਸ ਝੁਕਾਇਆ, ਅੱਗੇ ਸਕੇ ਨਾ ਕੋਈ ਬੋਲ । ਤੂੰ ਸਾਹਿਬ ਮੈਂ ਤੇਰੀ ਸੇਵ ਕਮਾਇਆ, ਸਦਾ ਵਸਾਂ ਤੇਰੇ ਕੋਲ । ਤੇਰਾ ਕੀਤਾ ਨਾ ਕਦੇ ਭੁਲਾਇਆ, ਤੇਰਾ ਨਾਉਂ ਗਿਆ ਮੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਤੋਲਣਾ ਸਾਚਾ ਤੋਲ । ਤੋਲ ਤੋਲੇ ਹਰਿ, ਹਰਿ ਜੂ ਆਖਰ ਆਪ ਸੁਣਾਇਆ । ਨੌਂ ਸੌ ਚੁਰਾਨਵੇ ਚੌਕੜੀ ਯੁਗ ਦਿਤਾ ਵਰ, ਸਾਚੇ ਤਖ਼ਤ ਆਪ ਬਹਾਇਆ । ਆਪੇ ਤੇਰਾ ਘਾੜਨ ਲਿਆ ਘੜ, ਘੜ ਘੜ ਭਾਂਡੇ ਵੇਖ ਵਖਾਇਆ । ਆਪੇ ਅੰਦਰ ਗਿਆ ਵੜ, ਨਿਰਗੁਣ ਜੋਤ ਕਰ ਰੁਸ਼ਨਾਇਆ । ਆਪੇ ਲਾਏ ਸਾਚੀ ਜੜ੍ਹ, ਆਪੇ ਲਏ ਉਖੜਾਇਆ । ਜੁਗ ਚੌਕੜੀ ਸੰਤ ਭਗਤ ਭਗਵੰਤ ਸਭ ਨੂੰ ਲਏ ਫੜ, ਲੇਖਾ ਕੋਇ ਰਹਿਣ ਨਾ ਪਾਇਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਉਚੇ ਟਿੱਲੇ ਪਰਬਤ ਵੇਖੇ ਚੜ੍ਹ, ਕੈਲਾਸ਼ ਚਰਨ ਹੇਠ ਦਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਸਮਝਾਇਆ । ਸਾਚਾ ਰਾਹ ਸ਼ਾਹ ਸੁਲਤਾਨ, ਏਕਾ ਵਾਰ ਜਣਾਈਆ । ਏਕਾ ਅੱਖਰ ਨਾਮ ਗਿਆਨ, ਏਕਾ ਵਾਰ ਕਰੇ ਪੜ੍ਹਾਈਆ । ਏਕਾ ਮੰਦਰ ਇਕ ਮਕਾਨ, ਏਕਾ ਘਰ ਵਸਾਈਆ । ਏਕਾ ਵਸਤ ਦਿਤਾ ਦਾਨ, ਸਾਚਾ ਨਾਮ ਝੋਲੀ ਪਾਈਆ । ਏਕਾ ਗ੍ਰਿਹ ਕਰ ਪਰਵਾਨ, ਦਰ ਸਾਚਾ ਇਕ ਸੁਹਾਈਆ । ਏਕਾ ਖੇਲ ਕਰੇ ਭਗਵਾਨ, ਖੇਲਣਹਾਰ ਸ਼ਹਿਨਸ਼ਾਹੀਆ । ਜੁਗ ਜੁਗ ਆਪਣੀ ਰੱਖੇ ਆਣ, ਸਿਰ ਆਪਣਾ ਹੁਕਮ ਮਨਾਈਆ । ਜੁਗ ਚੌਕੜੀ ਕਰ ਕਲਿਆਣ, ਪਾਂਧੀ ਸਾਚਾ ਪੰਧ ਮੁਕਾਈਆ । ਥਿਰ ਰਹੇ ਨਾ ਕੋਈ ਵਿਚ ਮਕਾਨ, ਜੋ ਘੜਿਆ ਭੰਨ ਵਖਾਈਆ । ਸ਼ੰਕਰ ਤੇਰਾ ਵੇਲਾ ਪੁਜੇ ਆਣ, ਤੇਰਾ ਲਹਿਣਾ ਦਏ ਮੁਕਾਈਆ । ਨੇਤਰ ਨੈਣ ਮਾਰ ਧਿਆਨ, ਧਿਆਨ ਧਿਆਨ ਨਾਲ ਰਲਾਈਆ । ਕਰੇ ਖੇਲ ਸ੍ਰੀ ਭਗਵਾਨ, ਸਭ ਦਾ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭੇਵ ਅਭੇਦ ਸਮਝਾਈਆ । ਅੰਤਮ ਲੇਖ ਮੁਕਾਵਣਾ, ਮੁਕਾਵਣਹਾਰ ਕਰਤਾਰ । ਸ਼ੰਕਰ ਤੇਰਾ ਵਕਤ ਚੁਕਾਵਣਾ, ਵੇਲਾ ਜਾਣੇ ਆਪ ਨਿਰੰਕਾਰ, ਜੋ ਘੜਿਆ ਭੰਨ ਵਖਾਵਣਾ, ਘੜਨ ਭੰਨਣਹਾਰ ਅਗੰਮ ਅਪਾਰ । ਤੇਰਾ ਲੇਖਾ ਤੇਰੀ ਝੋਲੀ ਪਾਵਣਾ, ਅੰਤ ਭਰੇ ਤੇਰਾ ਭੰਡਾਰ । ਤੇਰਾ ਖਾਤਾ ਪੂਰ ਕਰਾਵਣਾ, ਜੁਗ ਚੌਕੜੀ ਕਰਜ਼ਾ ਦਏ ਉਤਾਰ । ਅੱਗੇ ਸਾਕਾ ਫਿਰ ਚਲਾਵਣਾ, ਸਚ ਕਰੇ ਵਿਹਾਰ । ਗੁਰਮੁਖ ਸਾਚੇ ਆਪ ਉਠਾਵਣਾ, ਲੋਕਮਾਤ ਕਰ ਪਿਆਰ । ਸਾਚਾ ਰਾਹ ਇਕ ਵਿਖਾਵਣਾ, ਮਹੱਲ ਅਟੱਲ ਉਚ ਮਿਨਾਰ । ਸਾਚਾ ਨਾਮ ਇਕ ਦ੍ਰਿੜਾਵਣਾ, ਅੱਖਰ ਅੱਖਰ ਕਰ ਤਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਸਾਚਾ ਖੇਲ ਕਰੇ ਕਰਤਾਰ, ਕਰਤਾ ਆਪ ਜਣਾਈਆ । ਨੌਂ ਨੌਂ ਚਾਰ ਉਤਰੇ ਪਾਰ, ਉਰਾਰ ਪਾਰ ਆਪ ਕਰਾਈਆ । ਅੰਤਮ ਲਹਿਣਾ ਦਏ ਉਤਾਰ, ਨੇਤਰ ਨੈਣਾਂ ਦਏ ਵਖਾਈਆ । ਸਾਚੀ ਪੁਰੀ ਪਾਵੇ ਸਾਰ, ਪਾਰਬ੍ਰਹਮ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਵਿਚ ਲਗਾਈਆ । ਸੁਣ ਸੰਦੇਸ਼ ਸ੍ਰੀ ਭਗਵਾਨ, ਸ਼ੰਕਰ ਨੀਰ ਵਹਾਇੰਦਾ । ਦੋਏ ਜੋੜ ਕਰੇ ਪਰਨਾਮ, ਪੀਆ ਪ੍ਰੀਤਮ ਇਕ ਮਨਾਇੰਦਾ । ਹਉਂ ਬਾਲਕ ਬਾਲ ਨਿਧਾਨ, ਦਰ ਦਰ ਇਕੋ ਮੰਗ ਮੰਗਾਇੰਦਾ । ਏਕਾ ਬਖ਼ਸ਼ ਚਰਨ ਧਿਆਨ, ਚਰਨੋਧਕ


੮੮
੧੧

ਟਿੱਕਾ ਮਸਤਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਝੋਲੀ ਅੱਗੇ ਡਾਹਿੰਦਾ । ਨਿਰਧਨ ਹੋਇਆ ਬਲਹੀਣ, ਜ਼ੋਰ ਜਾਬਰ ਨਾ ਕੋਇ ਵਡਿਆਈਆ । ਨੇਤਰ ਵੇਖ ਵੇਖ ਥੱਕੇ ਅਰਸ਼ ਫਰਸ਼ ਜਮੀਨ, ਜ਼ਾਲਮ ਹੋਈ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਉਂ ਏਕਾ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਉਠ ਸੁਲਤਾਨ, ਏਕਾ ਹੁਕਮ ਸੁਣਾਇੰਦਾ । ਤੂੰ ਬਣਿਆ ਰਿਹਾ ਹੁਕਮਰਾਨ, ਆਪਣਾ ਹੁਕਮ ਮਨਾਇੰਦਾ । ਜੀਵ ਜੰਤ ਝੁਲੌਂਦੇ ਰਹੇ ਤੇਰਾ ਨਿਸ਼ਾਨ, ਸ਼ੰਕਰ ਤ੍ਰਿਸੂਲ ਹੱਥ ਰਖਾਇੰਦਾ । ਚਾਰ ਯੁਗ ਤੈਨੂੰ ਮੰਨਦੇ ਆਏ ਬਲਵਾਨ, ਤੇਰਾ ਬਲ ਨਾ ਕੋਈ ਵੇਖ ਵਖਾਇੰਦਾ । ਤੂੰ ਭੁੱਲਿਆ ਗੁਣ ਨਿਧਾਨ, ਗੁਣ ਆਪਣਾ ਆਪ ਵਧਾਇੰਦਾ । ਅੰਤਮ ਲੇਖਾ ਦੇਣਾ ਪਿਆ ਵਿਚ ਜਹਾਨ, ਅੱਗੇ ਹੋ ਨਾ ਕੋਈ ਛੁਡਾਇੰਦਾ । ਨਿਰਗੁਣ ਆਇਆ ਇਕੋ ਵਿਚ ਮੈਦਾਨ, ਫੜ ਫੜ ਸਾਰੇ ਆਪੇ ਢਾਹਿੰਦਾ । ਜਿਸ ਉਪਜਾਏ ਸੋ ਕਰੇ ਵੈਰਾਨ, ਆਪ ਆਪਣਾ ਖੇਲ ਖਿਲਾਇੰਦਾ । ਕਰੋੜ ਤੇਤੀਸਾ ਆਈ ਹਾਣ, ਸੁਰਪਤ ਇੰਦ ਪੰਧ ਮੁਕਾਇੰਦਾ । ਸ਼ੰਕਰ ਤੇਰਾ ਨਾਤਾ ਤੁਟਾ ਪੀਣ ਖਾਣ, ਅੱਗੇ ਰੱਖ ਭੋਗ ਨਾ ਕੋਈ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਦੀ ਰੀਤੀ ਆਪ ਮੁਕਾਇੰਦਾ । ਜੁਗ ਜੁਗ ਰੀਤੀ ਸ਼ੰਕਰ ਰੰਗ, ਹਰਿ ਸਤਿਗੁਰ ਆਪ ਸਮਝਾਈਆ । ਰਾਮਾ ਮੰਗੇ ਤੈਥੋਂ ਮੰਗ, ਬਣ ਅਵਤਾਰ ਝੋਲੀ ਡਾਹੀਆ । ਤੂੰ ਬਣ ਬਣ ਬੈਠਾ ਸੂਰਾ ਸਰਬੰਗ, ਆਪਣਾ ਬਲ ਰਖਾਈਆ । ਤੂੰ ਵਸਿਆ ਅੰਧੇਰੇ ਅੰਧ, ਸਾਚਾ ਚੰਦ ਨਾ ਕੋਈ ਚੜ੍ਹਾਈਆ । ਇਕੋ ਲੱਭਿਆ ਹਰਿ ਖਾਵੰਦ, ਖ਼ਾਹਿਸ਼ ਇਕ ਜਗਤ ਵਧਾਈਆ । ਅੰਤਮ ਕੋਈ ਨਾ ਦੇਵੇ ਅਨੰਦ, ਪਰਮਾਨੰਦ ਨਾ ਕੋਈ ਵਖਾਈਆ । ਏਕੰਕਾਰਾ ਦੇਵਣਹਾਰਾ ਦੰਡ, ਜੁਗ ਜੁਗ ਆਪਣਾ ਹੁਕਮ ਸੁਣਾਈਆ । ਅੰਤਮ ਤੇਰਾ ਮੁਕਿਆ ਪੰਧ, ਧੀਰਜ ਧੀਰ ਨਾ ਕੋਈ ਰਖਾਈਆ । ਜੋ ਤੇਰਾ ਨਾਉਂ ਗਾਉਂਦੇ ਰਹੇ ਬੱਤੀ ਦੰਦ, ਨਿਉਂ ਨਿਉਂ ਸੀਸ ਝੁਕਾਈਆ । ਅੰਤਮ ਆਤਮ ਸਭ ਦੀ ਹੋਣੀ ਰੰਡ, ਜਗਤ ਰੰਡੇਪਾ ਦਏ ਮੁਕਾਈਆ । ਤੂੰ ਆਪਣੀ ਢਕ ਨਾ ਸਕਿਆ ਕੰਡ, ਦੋ ਜਹਾਨਾਂ ਉਪਰ ਪਰਦਾ ਕਵਣ ਪਾਈਆ । ਤੂੰ ਫਿਰੇਂ ਹਾਲ ਮੰਦ, ਨੇਤਰ ਨੈਣਾਂ ਨੀਰ ਵਹਾਈਆ । ਜੋ ਤੇਰਾ ਗੌਂਦੇ ਛੰਦ, ਆਪਣਾ ਬੇੜ੍ਹਾ ਰਹੇ ਰੁੜ੍ਹਾਈਆ । ਬਿਨ ਹਰਿ ਝੂਠੀ ਸਿਰ ਤੇ ਚੁੱਕੀ ਪੰਡ, ਹੌਲਾ ਭਾਰ ਨਾ ਕੋਈ ਕਰਾਈਆ । ਅੰਤਮ ਹੋਣਾ ਖੰਡ ਖੰਡ, ਦੇਵੇ ਹਰਿ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਵਰਤਾਈਆ । ਜਟਾ ਜੂਟ ਧਾਰ ਤਨ ਵੇਖ ਭਿਬੂਤ, ਭੁੱਬਾਂ ਮਾਰ ਕੁਰਲਾਇਆ । ਮੈਂ ਕਿਉਂ ਬਣਿਆ ਕਪੂਤ, ਏਕਾ ਆਪਣਾ ਪੁਰਖ ਭੁਲਾਇਆ । ਕੋਇ ਨਾ ਕਰੇ ਕਾਰਜ ਸੂਤ, ਸਗਲਾ ਸੰਗ ਨਾ ਕੋਇ ਰਖਾਇਆ । ਅੰਤਮ ਆਵਾ ਗਿਆ ਊਤ, ਬੇੜਾ ਪਾਰ ਨਾ ਕੋਈ ਕਰਾਇਆ । ਨਾ ਸੱਚਾ ਨਾ ਕੋਈ ਝੂਠ, ਝੂਠਾ ਸੱਚਾ ਆਪੇ ਵੇਖ ਵਖਾਇਆ । ਲੇਖਾ ਜਾਣੇ ਅਬਿਨਾਸ਼ੀ ਅਚੁੱਤ, ਚਾਰੋਂ ਕੁੰਟ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਇਆ । ਸਾਚਾ ਹੁਕਮ ਧੁਰ ਫ਼ਰਮਾਣਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਅੰਤਮ ਛੱਡਣਾ ਪਏ ਟਿਕਾਨਾ, ਵੇਲਾ ਵਕਤ ਮੁਕਾਈਆ । ਅੱਗੇ ਮਿਲੇ ਨਾ ਨਿਸ਼ਾਨਾ, ਪਿਛਾ ਨਜ਼ਰ ਕੋਈ ਨਾ ਆਈਆ । ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣੇ ਹੱਥ ਰੱਖੇ ਵਡਿਆਈਆ । ਸਤਿਜੁਗ ਸਾਚਾ ਰਾਹ ਚਲਾਣਾ, ਸਾਚੀ ਕਾਰ ਕਮਾਈਆ । ਗੁਰਮੁਖ ਸਾਚੇ ਕਰ ਪ੍ਰਧਾਨਾ, ਨਾਮ ਪਰਵਾਨਾ ਹੱਥ ਫੜਾਈਆ । ਸਾਚਾ ਢੋਲਾ ਇਕੋ ਗਾਣਾ, ਇਕੋ ਕਰੇ ਪੜ੍ਹਾਈਆ । ਸ਼ਿਵ ਪੁਰੀ ਬੰਕ ਸੁਹਾਨਾ,

੯੦
੧੧

ਸ਼ਾਹ ਪਾਤਸ਼ਾਹ ਹੋਏ ਸਹਾਈਆ । ਸ਼ੰਕਰ ਲੇਖਾ ਅੰਤ ਮੁਕਾਨਾ, ਲਿਖ ਲਿਖ ਲੇਖ ਦਏ ਸਮਝਾਈਆ । ਸਭ ਨੂੰ ਮੰਨਣਾ ਪਏ ਭਾਣਾ, ਸਦ ਭਾਣੇ ਅੰਦਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਸੁਣਾਈਆ । ਹੁਕਮ ਸੁਣਿਆ ਹਰਿ ਨਰੇਸ਼, ਨਿਰਾਕਾਰ ਜਣਾਇਆ । ਜਟਾ ਜੂਟ ਖੁਲ੍ਹੜੇ ਕੇਸ, ਕੇਸਾਧਾਰੀ ਵੇਖ ਵਖਾਇਆ । ਅੱਗੇ ਚਲੇ ਨਾ ਕੋਈ ਪੇਸ਼, ਪਰਦਾ ਸਕੇ ਨਾ ਕੋਈ ਪਾਇਆ । ਕਰੇ ਖੇਲ ਨਰ ਨਰੇਸ਼, ਨਰ ਨਰਾਇਣ ਵੇਸ ਵਟਾਇਆ । ਨਿਰਗੁਣ ਕਰ ਅਵੱਲੜਾ ਵੇਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਚਲਾਇਆ । ਸ਼ੰਕਰ ਉਠੇ ਦੋਏ ਜੋੜ, ਚਰਨ ਕਵਲ ਸ਼ਰਨਾਈਆ । ਪਾਰਬ੍ਰਹਮ ਹੱਥ ਤੇਰੇ ਡੋਰ, ਜਿਉਂ ਭਾਵੇ ਤਿਉਂ ਚਲਾਈਆ । ਤੁਧ ਬਿਨ ਬੰਧਪ ਨਾ ਕੋਈ ਹੋਰ, ਸੱਜਣ ਕੋਈ ਨਜ਼ਰ ਨਾ ਆਈਆ । ਆਦਿ ਜੁਗਾਦਿ ਤੇਰੀ ਲੋੜ, ਤੁਧ ਬਿਨ ਥਾਏ ਨਾ ਕੋਈ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਮੇਰੇ ਸਿਰ ਤੇ ਰੱਖ ਹੱਥ, ਮੰਗੇ ਚਰਨ ਪਨਾਹ । ਏਕਾ ਦੇਣੀ ਸਾਚੀ ਵੱਥ, ਬਖ਼ਸ਼ੀਂ ਸਰਬ ਗੁਨਾਹ । ਸਾਚਾ ਮਾਰਗ ਦੇਣਾ ਦੱਸ, ਏਕਾ ਤੇਰਾ ਨਾਮ ਧਿਆ । ਅੰਤਰ ਮੇਰੇ ਜਾਣਾ ਵਸ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹ । ਮੇਰੀ ਪੂਰੀ ਕਰਨੀ ਆਸ, ਵਡ ਦਾਤੇ ਬੇਪਰਵਾਹ । ਤੇਰੇ ਦਰ ਤੋਂ ਜਾਏ ਨਾ ਕੋਈ ਨਿਰਾਸ, ਤੂੰ ਦੇਵਣਹਾਰ ਇਕ ਖ਼ੁਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਵਸਤ ਝੋਲੀ ਪਾ । ਪੁਰਖ ਅਬਿਨਾਸ਼ੀ ਰਿਹਾ ਦੱਸ, ਆਪਣਾ ਭੇਵ ਖੁਲ੍ਹਾਈਆ । ਮੇਰਾ ਚਲੇ ਨਾ ਕੋਈ ਵਸ, ਨਿਰਗੁਣ ਬਲ ਨਾ ਕੋਈ ਰਖਾਈਆ । ਏਕਾ ਮਾਰਗ ਦੇਵਾਂ ਦੱਸ, ਸਾਚਾ ਰਾਹ ਸਮਝਾਈਆ । ਲੋਕਮਾਤ ਜਾਣਾ ਨੱਠ, ਆਪਣਾ ਪੰਧ ਮੁਕਾਈਆ । ਹਰਿ ਜੂ ਵਸੇ ਭਗਤਾਂ ਪਾਸ, ਸਾਚਾ ਸੰਗ ਰਖਾਈਆ । ਸੇਵਾ ਕਰੇ ਬਣ ਦਾਸੀ ਦਾਸ, ਚਾਕਰ ਖ਼ਾਕ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਰਿਹਾ ਸਮਝਾਈਆ । ਸ਼ੰਕਰ ਸੁਣ ਸਲਾਹ, ਸ਼ਬਦੀ ਸ਼ਬਦ ਜਣਾਇਆ । ਲੋਕਮਾਤ ਜਾਣਾ ਸਾਚੇ ਥਾਂ, ਥਾਨ ਥਨੰਤਰ ਰਿਹਾ ਵਖਾਇਆ । ਭਗਤ ਭਗਵੰਤ ਰਿਹਾ ਜਣਾ, ਜਾਗਰਤ ਜੋਤ ਕਰੇ ਰੁਸ਼ਨਾਇਆ । ਜੁਗ ਜੁਗ ਦੇ ਵਿਛੜੇ ਰਿਹਾ ਮਿਲਾ, ਫੜ ਫੜ ਆਪਣੀ ਗੋਦ ਬਹਾਇਆ । ਕਾਦਰ ਕਰੀਮ ਕਰਤਾ ਬਣ ਖ਼ੁਦਾ, ਬੇਐਬ ਰੂਪ ਵਟਾਇਆ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਦਰ ਆਇਆਂ ਹੋਏ ਸਹਾਇਆ । ਦੋ ਜਹਾਨਾਂ ਕਰੇ ਸਚ ਨਿਆਂ, ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਰਿਹਾ ਚੁਕਾਇਆ । ਆਪਣਾ ਪਰਦਾ ਆਪੇ ਚੁੱਕ, ਚੁੱਕ ਚੁੱਕ ਰਿਹਾ ਸਮਝਾਈਆ । ਸ਼ੰਕਰ ਜਿਸ ਨੂੰ ਕਹਿੰਦੇ ਰਹੇ ਬੈਠਾ ਲੁਕ, ਸੋ ਆਪਣਾ ਰੂਪ ਵਟਾਈਆ । ਜਿਸ ਨੂੰ ਕਹਿੰਦੇ ਅਬਿਨਾਸ਼ੀ ਅਚੁਤ, ਸੋ ਅਬਿਨਾਸ਼ੀ ਖੇਲ ਖਲਾਈਆ । ਜਿਸ ਨੂੰ ਕਹਿੰਦੇ ਸੁਹਾਏ ਰੁੱਤ, ਸੋ ਆਪਣੀ ਰੁੱਤ ਸੁਹਾਈਆ । ਜਿਸ ਨੂੰ ਕਹਿੰਦੇ ਭਗਤਾਂ ਬਣਾਏ ਸਾਚੇ ਪੁੱਤ, ਸੋ ਭਗਤ ਰਿਹਾ ਉਠਾਈਆ । ਜਿਸ ਨੂੰ ਕਹਿੰਦੇ ਸਭ ਦੀ ਜੜ੍ਹ ਦੇਵੇ ਪੁੱਟ, ਸੋ ਪੁੱਟ ਪੁੱਟ ਰਿਹਾ ਵਖਾਈਆ । ਜਿਸ ਨੂੰ ਕਹਿੰਦੇ ਜਾਏ ਲੁੱਟ, ਸੋ ਘਰ ਘਰ ਲੁੱਟ ਰਿਹਾ ਮਚਾਈਆ । ਜਿਸ ਨੂੰ ਕਹਿੰਦੇ ਦਰਸ਼ਨ ਕੀਤਿਆਂ ਆਵਣ ਜਾਵਣ ਜਾਏ ਛੁੱਟ, ਸੋ ਗੇੜਾ ਰਿਹਾ ਮੁਕਾਈਆ । ਜਿਸ ਨੂੰ ਕਹਿੰਦੇ ਵਸੇ ਸਚਖੰਡ ਕਿਲੇ ਕੋਟ, ਸੋ ਦਰ ਘਰ ਸਾਚੇ ਸੋਭਾ ਪਾਈਆ । ਜਿਸ ਦੀ ਰੱਖਦੇ ਰਹੇ ਓਟ, ਸੋ ਕਲਜੁਗ ਅੰਤਮ ਭਗਤਾਂ ਓਟ ਤਕਾਈਆ । ਚਾਰ ਜੁਗ ਦੇ ਕੱਢੇ ਖੋਟ, ਖੋਟੀ

ਮੱਤ ਨਾ ਕੋਈ ਰਖਾਈਆ । ਜਨਮ ਜਨਮ ਦੇ ਆਲ੍ਹਣੇ ਡਿੱਗੇ ਫੜੇ ਬੋਟ, ਫੜ ਆਪਣੀ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਦਏ ਸੁਣਾਈਆ । ਸਚ ਸੰਦੇਸ਼ਾ ਸੁਣਾਏ ਬਾਤ, ਬਾਤਨ ਹਰਿ ਜਣਾਈਆ । ਲੋਕਮਾਤ ਮਾਰ ਝਾਤ, ਹਰਿ ਝਾਕੀ ਇਕ ਵਖਾਈਆ । ਕਰੇ ਖੇਲ ਪੁਰਖ ਸਮਰਾਥ, ਭੇਵ ਅਭੇਦ ਜਣਾਈਆ । ਜਨ ਭਗਤਾਂ ਜਣਾਏ ਇਕ ਜਮਾਤ, ਏਕਾ ਅੱਖਰ ਰਿਹਾ ਪੜ੍ਹਾਈਆ । ਨਾ ਕੋਈ ਕਲਮ ਨਾ ਕੋਈ ਦਵਾਤ, ਨਾ ਕੋਈ ਪੰਡਤ ਰਿਹਾ ਸਖਾਈਆ । ਕਰ ਕਿਰਪਾ ਦੇਵੇ ਆਪਣੀ ਦਾਤ, ਘਰ ਭਗਤਾਂ ਝੋਲੀ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ੰਕਰ ਰਿਹਾ ਸਮਝਾਈਆ । ਸ਼ੰਕਰ ਸੁਣ ਲਾ ਕਰ ਕੰਨ, ਬਿਨ ਕੰਨਾਂ ਆਪ ਸੁਣਾਇੰਦਾ । ਇਕੋ ਕਹਿਣਾ ਲੈਣਾ ਮੰਨ, ਹਰਿ ਜੂ ਆਪ ਜਣਾਇੰਦਾ । ਅੰਤਮ ਮਿਲਣਾ ਸਭ ਨੂੰ ਡੰਨ, ਥਿਰ ਕੋਈ ਰਹਿਣ ਨਾ ਪਾਇੰਦਾ । ਜੋ ਘੜਿਆ ਸੋ ਦੇਵੇ ਭੰਨ, ਆਪਣੀ ਚਾਲ ਆਪ ਚਲਾਇੰਦਾ । ਕਲਜੁਗ ਖੇਲ ਕਰੇ ਸ੍ਰੀ ਭਗਵਾਨ, ਨਿਰਗੁਣ ਜੋਤ ਡਗਮਗਾਇੰਦਾ । ਗੁਰਮੁਖ ਚੜ੍ਹਾਏ ਸਾਚਾ ਚੰਦ, ਲੋਕਮਾਤ ਆਪ ਚਮਕਾਇੰਦਾ । ਭਗਤਾਂ ਬੇੜਾ ਬੰਨ੍ਹ, ਆਪਣੇ ਕੰਧ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਮੁਲਾਂ ਸ਼ੇਖ਼ ਮੁਸਾਇਕ ਹਰਿ ਦੇਵੇ ਡੰਨ, ਬਚਿਆ ਕੋਈ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਲਾਹ ਇਕ ਸਮਝਾਇੰਦਾ । ਸਚ ਸਲਾਹ ਦੇਵੇ ਸਲਾਹਗੀਰ, ਏਕਾ ਏਕ ਕਰੇ ਪੜ੍ਹਾਈਆ । ਸ਼ੰਕਰ ਲੋਕਮਾਤ ਘੱਤ ਵਹੀਰ, ਬਣ ਪਾਂਧੀ ਪੰਧ ਮੁਕਾਈਆ । ਸ਼ਿਵ ਪੁਰੀ ਹੋਈ ਦਿਲਗੀਰ, ਦਿਲਬਰ ਸਕੇ ਨਾ ਕੋਈ ਮਿਲਾਈਆ । ਹੁਣ ਵੇਲਾ ਅੰਤ ਅਖ਼ੀਰ, ਆਖਰ ਵੇਖੇ ਸਰਬ ਲੋਕਾਈਆ । ਕੋਈ ਨਾ ਬਦਲ ਦੇਵੇ ਤਕਦੀਰ, ਤਕਸੀਰ ਸਕੇ ਨਾ ਕੋਈ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਸਚ ਸੰਦੇਸ਼ਾ ਸੁਣ ਇਕ ਵਾਰ, ਏਕਾ ਇਕ ਜਣਾਈਆ । ਤੇਰਾ ਦੱਸਾਂ ਸਚ ਸਹਾਰ, ਸਚ ਸਹਾਰਾ ਇਕ ਵਡਿਆਈਆ । ਲੋਕਮਾਤ ਜਾਣਾ ਭਗਤ ਦੁਆਰ, ਭਗਤ ਦੁਆਰਾ ਇਕ ਵਖਾਈਆ । ਜਿਥੇ ਵਸੇ ਏਕੰਕਾਰ, ਆਪਣਾ ਰੂਪ ਛੁਪਾਈਆ । ਦਿਸ ਨਾ ਆਏ ਵਿਚ ਸੰਸਾਰ, ਲੱਖ ਚੁਰਾਸੀ ਰਿਹਾ ਭੁਲਾਈਆ । ਤੂੰ ਜਾ ਕੇ ਕਰੀਂ ਨਿਮਸਕਾਰ, ਮੇਰੇ ਭਗਤਾਂ ਸੀਸ ਝੁਕਾਈਆ । ਜੇ ਤੇਰੇ ਨਾਲ ਕਰਨ ਪਿਆਰ, ਅੰਤਮ ਤੇਰਾ ਪੱਲਾ ਦੇਣ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਹਰਿ ਸੁਣਾਇਆ ਸੁਣਿਆ ਸ਼ਿਵ, ਸ਼ੰਕਰ ਆਪਣਾ ਆਪ ਜਣਾਇੰਦਾ । ਤੂੰ ਸਾਹਿਬ ਵੱਡਾ ਵਡ ਦੇਵੀ ਦੇਵ, ਤੇਰਾ ਇਸ਼ਟ ਸਰਬ ਮਨਾਇੰਦਾ । ਮੈਂ ਲੱਗਾ ਰਿਹਾ ਤੇਰੀ ਸੇਵ, ਸਾਚੀ ਸੇਵਾ ਮੰਗ ਮੰਗਾਇੰਦਾ । ਤੂੰ ਦਾਤਾ ਦਾਨੀ ਅਲਖ ਅਭੇਵ, ਅਗੋਚਰ ਤੇਰਾ ਭੇਵ ਕੋਈ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਏਕਾ ਵਸਤ ਮੰਗ ਮੰਗਾਇੰਦਾ । ਮੰਗਾਂ ਮੰਗ ਤੇਰੇ ਭਗਤ ਦੁਆਰ, ਦਰ ਆਪਣੀ ਅਲਖ ਜਗਾਈਆ । ਕਵਣ ਵੇਲਾ ਜਾਵਾਂ ਵਕਤ ਵਿਚਾਰ, ਕਵਣ ਥਿਤ ਮਿਲੇ ਵਡਿਆਈਆ । ਕਵਣ ਨੇਤਰ ਪਾਵਾਂ ਸਾਰ, ਘੜੀ ਪਲ ਵੰਡ ਵੰਡਾਈਆ । ਕਵਣ ਮੁਖ ਕਰੇ ਵਿਹਾਰ, ਕਿਸ਼ਨਾ ਸੁਖਲਾ ਦੇਣ ਗਵਾਹੀਆ । ਕਵਣ ਚੰਦ ਹੋਏ ਉਜਿਆਰ, ਚੰਦ ਚਾਂਦਨੀ ਲਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਥਿਤ ਦਏ ਸਮਝਾਈਆ । ਏਕਾ ਵਾਰ ਏਕਾ ਥਿਤ, ਅਸਥਿਲ ਆਪ ਜਣਾਇੰਦਾ । ਭਗਵਨ ਕਰੇ ਭਗਤਾਂ ਹਿੱਤ, ਭਗਤਾਂ

ਮਾਰਗ ਆਪ ਜਣਾਇੰਦਾ । ਲੇਖਾ ਜਾਣੇ ਸਾਚੇ ਖੇਤ, ਸਾਚਾ ਖੇੜਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਆਪ ਵਖਾਇੰਦਾ । ਵਾਰ ਥਿਤ ਛੱਬੀ ਪੋਹ ਦਿਹਾੜਾ, ਜਨ ਭਗਤ ਮਿਲੇ ਵਡਿਆਈਆ । ਸਚ ਦੁਆਰਾ ਬਹਿ ਨਿਰੰਕਾਰਾ, ਸਚਖੰਡ ਰੂਪ ਬਣਾਈਆ । ਚਾਰ ਯੁਗ ਦੀ ਵੇਖੇ ਕਾਰਾ, ਗੁਰ ਅਵਤਾਰ ਜੋ ਗਏ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਜੋ ਲਾਇਆ , ਸੇਵਾ ਸਭ ਦੀ ਸੇਵ ਵਖਾਈਆ । ਲਹਿਣਾ ਦੇਣਾ ਦੇਵੇ ਇਕੋ ਵਾਰਾ, ਏਕਾ ਵਸਤ ਵਰਤਾਈਆ । ਹੁਕਮੀ ਹੁਕਮ ਖੇਲ ਨਿਆਰਾ, ਸ਼ਾਹ ਪਾਤਸ਼ਾਹ ਦਇਆ ਕਮਾਈਆ । ਸਭ ਦਾ ਲੇਖਾ ਦੇਵੇ ਵਾਰੋ ਵਾਰਾ, ਬਾਕੀ ਕੋਈ ਨਜ਼ਰ ਨਾ ਆਈਆ । ਦਰ ਬੁਲਾਏ ਗੁਰ ਅਵਤਾਰਾ, ਹੁਕਮੀ ਹੁਕਮ ਸੁਣਾਈਆ । ਕੀ ਕਰ ਕੇ ਆਏ ਆਏ ਸੰਸਾਰਾ, ਕਰਤਾ ਕੀਮਤ ਸਭ ਦੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਭੇਵ ਦਏ ਖੁਲ੍ਹਾਈਆ । ਸਭ ਦਾ ਖੋਲ੍ਹੇ ਭੇਵ ਵੇਖੇ ਪਰਤਾਪ, ਵਡ ਪਰਤਾਪੀ ਖੇਲ ਖਲਾਇਆ । ਤੁਸੀਂ ਮੈਨੂੰ ਮੰਨਦੇ ਰਹੇ ਆਪ, ਪਰ ਆਪਾ ਕਿਉਂ ਜਪਾਇਆ । ਤੁਸੀਂ ਮੈਨੂੰ ਮੰਨਦੇ ਰਹੇ ਮਾਈ ਬਾਪ, ਬਣ ਬਣ ਮਾਈ ਬਾਪ ਕਿਉਂ ਆਪਣਾ ਹੁਕਮ ਚਲਾਇਆ । ਤੁਸੀਂ ਕਰਦੇ ਰਹੇ ਮੇਰਾ ਜਾਪ, ਕਿਉਂ ਆਪਣਾ ਜਾਪ ਜਪਾਇਆ । ਮੈਂ ਇਕ ਇਕੱਲਾ ਸਭ ਦਾ ਰੱਖਾਂ ਹਿਸਾਬ, ਭੁੱਲ ਕਦੇ ਨਾ ਜਾਇਆ । ਮੈਂ ਸਨੇਹੁੜਾ ਦੇ ਦੇ ਲਿਖਾਈ ਜਗਤ ਕਿਤਾਬ, ਸਾਸ਼ਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਅੰਜੀਲ ਕੁਰਾਨ ਨਾਮ ਧਰਾਇਆ । ਮੈਂ ਖੇਲ ਵਖਾਇਆ ਦਿਵਸ ਰਾਤ, ਸੂਰਜ ਚੰਦ ਚੜ੍ਹਾਇਆ । ਮੈਂ ਲੱਖ ਚੁਰਾਸੀ ਥਾਪਣ ਥਾਪ, ਜੁਗ ਜੁਗ ਆਪਣਾ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਦਏ ਸਮਝਾਇਆ । ਸਭ ਦਾ ਲਹਿਣਾ ਜਾਏ ਹਰ, ਸ਼ੰਕਰ ਭੁੱਲ ਨਾ ਜਾਈਆ । ਚਲ ਕੇ ਔਣਾ ਸਭ ਨੇ ਦਰ, ਭਗਤ ਦੁਆਰ ਵੱਜੇ ਵਧਾਈਆ । ਹਰਿ ਜੂ ਹਰਿ ਇਕੋ ਵਾਰ ਸਾਰੇ ਲੈਣੇ ਫੜ, ਇਕ ਦੂਜੇ ਨਾਲ ਕੋਈ ਕਰ ਨਾ ਸਕੇ ਸਲਾਹੀਆ । ਆਪਣਾ ਨਾਉਂ ਜੋ ਲੋਕਮਾਤ ਗਏ ਧਰ, ਮੇਰਾ ਨਾਮ ਭੁਲਾਈਆ । ਬਿਨ ਹੱਥਕੜੀ ਲੈਣੇ ਫੜ, ਦੋਵੇਂ ਜੋੜ ਪੈਣ ਸ਼ਰਨਾਈਆ । ਚਰਨਾਂ ਹੇਠਾਂ ਰੱਖਣ ਧੜ, ਕਾਇਆ ਮਾਟੀ ਖ਼ਾਕ ਕੰਮ ਕਿਸੇ ਨਾ ਆਈਆ । ਜੋ ਦਸਰਥ ਰਾਮ ਰਹਿਆ ਪੜ੍ਹ, ਤਿਸ ਰਾਮ ਨਾ ਹੋਏ ਸਹਾਈਆ । ਜਿਸ ਨੰਦ ਜਸੋਧਾ ਕਾਹਨ ਲਿਆ ਵਰ, ਤਿਸ ਹਰਿ ਕਾਹਨ ਮਿਲਣ ਨਾ ਜਾਈਆ । ਜਿਸ ਨਾਨਕ ਪੰਜ ਤੱਤ ਪੱਲੂ ਲਿਆ ਫੜ, ਤਿਸ ਨਾਨਕ ਨਿਰਗੁਣ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਰਿਹਾ ਮੁਕਾਈਆ । ਸ਼ੰਕਰ ਵੇਲਾ ਹੁਣ ਮੁਕਦਾ, ਪ੍ਰਭ ਸਾਚਾ ਦਏ ਵਖਾਈਆ । ਲੱਖ ਚੁਰਾਸੀ ਬੂਟਾ ਸੁੱਕਦਾ, ਸੁੱਕਾ ਹਰਾ ਨਾ ਕੋਈ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਵਡਿਆਈ ਅੰਦਰ ਮੁੱਕਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਿਸ਼ਾਨਾ ਕਦੇ ਨਾ ਉਕਦਾ, । ਸ਼ੰਕਰ ਕਹੇ ਮੇਰੇ ਭਗਵਾਨ, ਮੇਰੀ ਮੰਨ ਅਰਜ਼ੋਈਆ । ਤੂੰਹੀ ਦਿਤਾ ਇਕੋ ਦਾਨ, ਆਪਣੀ ਦਇਆ ਕਮਾਈਆ । ਜੁਗ ਚੌਕੜੀ ਸੇਵਾ ਕਰੀ ਵਿਚ ਜਹਾਨ, ਜੋ ਘੜਿਆ ਭੰਨ ਵਖਾਈਆ । ਅੰਤਮ ਮਿਟਦਾ ਜਾਏ ਨਿਸ਼ਾਨ, ਮੈਂ ਜਗਤ ਨਿਸ਼ਾਨਾ ਰਿਹਾ ਮਿਟਾਈਆ । ਕਰ ਕਿਰਪਾ ਕਰ ਪਰਵਾਨ, ਤੇਰੇ ਅੱਗੇ ਸੀਸ ਝੁਕਾਈਆ । ਚਰਨ ਧੂੜ ਸੱਚਾ ਅਸ਼ਨਾਨ, ਆਸਾ ਪੂਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਟੁੱਟੀ ਗੰਢ ਪਵਾਈਆ । ਸ੍ਰੀ ਭਗਵਾਨ ਕਹੇ ਸਮਰਥ, ਤੇਰੀ ਪੂਰੀ ਹੋਈ ਅਰਦਾਸ ।

ਭਗਤ ਦੁਆਰੇ ਜਾਣਾ ਨੱਸ, ਹਰਿ ਭਗਤ ਪੁੱਛਣ ਤੇਰੀ ਵਾਤ । ਤੂੰ ਆਪਣੀ ਜਾ ਕੇ ਦੱਸ, ਕਰ ਬਚਨ ਬਲਾਸ । ਜੇ ਤੇਰੇ ਉਤੇ ਪੈ ਗਿਆ ਭਗਤਾਂ ਸ਼ੱਕ, ਤੇਰੀ ਕਰੇ ਨਾ ਕੋਈ ਬੰਦ ਖ਼ਲਾਸ । ਓਥੇ ਨਬੇੜਾ ਹੱਕੋ ਹੱਕ, ਸਭ ਦੀ ਪੁੱਛੇ ਵਾਤ । ਜੇ ਸਚ ਪੁੱਛੇਂ ਤੇਰਾ ਫਲ ਗਿਆ ਪੱਕ, ਅੰਤਮ ਰੱਖਣਾ ਤੋੜ ਤਾਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਭਵਿਖਤ ਵਾਕ । ਸ਼ੰਕਰ ਪਿਛਲਾ ਛੱਡ ਦੇ ਖਹਿੜਾ, ਹਰਿ ਸਾਚਾ ਸਚ ਜਣਾਇੰਦਾ । ਤੇਰਾ ਖ਼ਾਲੀ ਹੋਣਾ ਵੇਹੜਾ, ਭਾਗ ਨਾ ਕੋਈ ਲਗਾਇੰਦਾ । ਗੁਰਮੁਖਾਂ ਬੰਨ੍ਹੇ ਹਰਿ ਜੂ ਬੇੜਾ, ਗੁਰਸਿਖ ਆਪ ਉਠਾਇੰਦਾ । ਜੇ ਪੁੱਛੇ ਮੈਂ ਦੱਸਾਂ ਕਿਹੜਾ ਕਿਹੜਾ, ਛੋਟੇ ਬਾਲੇ ਅੱਗੇ ਲਾਇੰਦਾ । ਜਿਸ ਨੇ ਵਖਾਇਆ ਤੇਰਾ ਡੇਰਾ, ਸੋ ਸਿੰਘ ਜਗਦੀਸ਼ ਨਾਉਂ ਰਖਾਇੰਦਾ । ਤਿਸ ਉਪਰ ਕਰੀ ਆਪ ਪ੍ਰਭ ਮਿਹਰਾ, ਮਿਹਰ ਨਜ਼ਰ ਇਕੋ ਪਾਇੰਦਾ । ਖੇਲ ਖਲਾਏ ਸਿੰਘ ਸ਼ੇਰਾ, ਸ਼ੇਰ ਰੂਪ ਆਪ ਹੋ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪਾਇਆ ਘੇਰਾ, ਚਾਰੋਂ ਕੁੰਟ ਆਪ ਫਿਰਾਇੰਦਾ । ਕਰੇ ਹੱਕੋ ਹੱਕ ਨਬੇੜਾ, ਲੇਖਾ ਸਭ ਦਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੇੜਾ ਆਪ ਦਵਾਇੰਦਾ । ਆਪਣਾ ਗੇੜਾ ਦੇਵੇ ਕਰਤਾਰ, ਗੇੜਾ ਗੇੜੇ ਵਿਚ ਰਖਾਈਆ । ਤੇਰਾ ਅੰਤ ਦੇਵੇ ਸਵਾਰ, ਜਨ ਭਗਤਾਂ ਨਾਲ ਮਿਲਾਈਆ । ਸ਼ਿਵ ਪੁਰੀ ਕਰਨੀ ਨਾ ਫਿਰ ਵਿਚਾਰ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰੀ ਵਾਰੀ ਕਦੇ ਨਾ ਆਈਆ । ਓਥੇ ਗੁਰਮੁਖ ਬਣ ਬਹੇ ਸੱਚੀ ਸਰਕਾਰ, ਸੋ ਪੁਰਖ ਨਿਰੰਜਣ ਆਪਣਾ ਹੁਕਮ ਮਨਾਈਆ । ਸਤਿਜੁਗ ਸਾਚੀ ਚਲੇ ਧਾਰ, ਧਰਨੀ ਧਰਤ ਧਵਲ ਸੋਭਾ ਪਾਈਆ । ਸੋਹੰ ਸ਼ਬਦ ਬੋਲ ਜੈਕਾਰ, ਜੈ ਜੈ ਕਾਰ ਵੇਖੇ ਸਰਬ ਲੋਕਾਈਆ । ਭਗਤਾਂ ਰੰਗ ਰੰਗੇ ਕਰਤਾਰ, ਰੰਗ ਰੰਗੀਲਾ ਇਕੋ ਮਾਹੀਆ । ਤੇਰਾ ਵਸੀਲਾ ਬਣਨ ਵਿਚ ਸੰਸਾਰ, ਆਪਣੇ ਨਾਲ ਲੈਣ ਮਨਾਈਆ । ਬਣਾਇਆ ਕਬੀਲਾ ਆਪ ਨਿਰੰਕਾਰ, ਬਿਰਧ ਬਾਲ ਜਵਾਨ ਨਾਲ ਰਲਾਈਆ । ਕਰੇ ਮੇਲਾ ਅੰਤਮ ਵਾਰ, ਵੇਲਾ ਗਿਆ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਮਾਣ ਵਡਿਆਈਆ ।



ਸ਼ਿਵ ਕਹੇ ਮੇਰੀ ਹੋਏ ਪੂਜਾ, ਪੂਜਸ ਪੂਜ ਪੂਜ ਜਗਤ ਖ਼ੁਸ਼ੀ ਮਨਾਈਆ । ਮੇਰੀ ਇਛਿਆ ਨਾ ਕੋਈ ਦੂਜਾ, ਦੂਈ ਆਪਣੇ ਵਿਚ ਵਧਾਈਆ । ਹਰਿ ਕਾ ਭੇਵ ਨਾ ਕੋਈ ਸੂਝਾ, ਸੁਰਤੀ ਸੁਰਤ ਨਾ ਕੋਈ ਭਵਾਈਆ । ਹਰਿ ਕਾ ਖੇਲ ਸਦਾ ਗੂਝਾ, ਲੇਖਾ ਲਿਖਤ ਨਾ ਕੋਈ ਵਖਾਈਆ । ਸਭ ਦਾ ਠੂਠਾ ਕਰੇ ਮੂਧਾ, ਜਿਸ ਭਰਿਆ ਸੋ ਖ਼ਾਲੀ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਸ਼ੰਕਰ ਕਹੇ ਮੈਂ ਭੋਲਾ ਨਾਥ, ਇਕੋ ਗੁਰ ਅਖਵਾਇੰਦਾ । ਬਾਸ਼ਕ ਤਸ਼ਕਾ ਮੇਰੇ ਸਾਥ, ਗਲ ਮਾਲਾ ਸੋਭਾ ਪਾਇੰਦਾ । ਲੱਖ ਚੁਰਾਸੀ ਉਤਾਰਾਂ ਆਪਣੇ ਘਾਟ, ਜੋ ਘੜਿਆ ਭੰਨ ਵਖਾਇੰਦਾ । ਅੰਤਮ ਸੁੱਟੇ ਡੂੰਘੇ ਖਾਤ, ਖਾਤਾ ਨਜ਼ਰ ਕਿਸੇ ਨਾ ਆਇੰਦਾ । ਇਕੋ ਭੁੱਲਿਆ ਹਰਿ ਜੂ ਸਾਕ, ਸਾਚਾ ਸੱਜਣ ਨਾ ਕੋਈ ਮਿਲਾਇੰਦਾ । ਆਪਣੀ ਇਛਿਆ ਕਰ ਬਹੁ ਬਿਧ ਭਾਂਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਛੁਪਾਇੰਦਾ । ਸ਼ਿਵ ਕਹੇ ਮੈਂ ਵਸਾਂ ਕੈਲਾਸ਼, ਆਪਣਾ ਬਲ ਧਰਾਈਆ । ਮੇਰੀ ਕਰ ਨਾ ਸਕੇ ਕੋਈ ਤਲਾਸ਼, ਉਚੇ ਟਿੱਲੇ

ਸੋਭਾ ਪਾਈਆ । ਮੇਰੀ ਕੋਈ ਨਾ ਜਾਣੇ ਵਾਟ, ਵਾਤਾਵਰਨ ਨਾ ਕੋਈ ਵਖਾਈਆ । ਮੈਂ ਸਭ ਦਾ ਕਰਦਾ ਘਾਤ, ਮੇਰਾ ਘਾਤ ਨਾ ਕੋਈ ਕਰਾਈਆ । ਪਾਰਬ੍ਰਹਮ ਕਹੇ ਮੈਂ ਪੁਰਖ ਅਬਿਨਾਸ਼, ਏਕੰਕਾਰਾ ਇਕ ਅਖਵਾਈਆ । ਸਭ ਦਾ ਕਰਾਂ ਵਿਨਾਸ, ਵਿਸ਼ਨ ਚਲੇ ਨਾ ਕੋਈ ਚਤੁਰਾਈਆ । ਬ੍ਰਹਮਾ ਹੋਇਆ ਰਹੇ ਉਦਾਸ, ਸ਼ੰਕਰ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੋਲੇ ਨਾਥ ਰਿਹਾ ਸਮਝਾਈਆ । ਸੁਣ ਨਾਥ ਨਾਥ ਭੋਲੇ, ਭੋਲੇ ਭਾਓ ਮਨਾਇੰਦਾ । ਨਿਰਗੁਣ ਵਸਿਆ ਰਿਹਾ ਤੈਥੋਂ ਉਹਲੇ, ਤੇਰੀ ਨਜ਼ਰ ਵਿਚ ਨਾ ਆਇੰਦਾ । ਸ਼ਿਵ ਪੁਰੀ ਤੈਨੂੰ ਪਾਇਆ ਡੋਲੇ, ਚਾਰ ਜੁਗ ਕਹਾਰ ਬਣਾਇੰਦਾ । ਚੌਕੜੀ ਤੋਰੇ ਹੌਲੀ ਹੌਲੇ, ਆਪਣਾ ਪੰਧ ਮੁਕਾਇੰਦਾ । ਅੰਤਮ ਪਰਦਾ ਤੇਰਾ ਖੋਲ੍ਹੇ, ਇਕੋ ਗੁਣ ਸਮਝਾਇੰਦਾ । ਜੋ ਤੇਰੇ ਅੰਦਰ ਵੜ ਕੇ ਬੋਲੇ, ਸੋ ਆਪਣਾ ਹੁਕਮ ਵਰਤਾਇੰਦਾ । ਤੂੰ ਗਾਏਂ ਆਪਣੇ ਢੋਲੇ, ਮੈਂ ਢੋਲਾ ਫਿਰ ਸੁਣਾਇੰਦਾ । ਤੂੰ ਜੀਵ ਜੰਤ ਤੋਲੇ, ਮੈਂ ਬਣ ਤੋਲਾ ਤੇਰਾ ਭਾਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੰਕਰ ਇਕੋ ਗੱਲ ਸਮਝਾਇੰਦਾ । ਸ਼ੰਕਰ ਤੈਨੂੰ ਝੁਕੇ ਸੀਸ, ਚਾਰ ਜੁਗ ਵਡਿਆਈਆ । ਅੰਤਮ ਕਲ ਵੇਖੇ ਜਗਦੀਸ਼, ਜੁਗਤ ਆਪਣੇ ਹੱਥ ਰਖਾਈਆ । ਜੁਗ ਚੌਕੜੀ ਪੀਸਣ ਲਿਆ ਪੀਸ, ਚੱਕੀ ਜਗਤ ਚਲਾਈਆ । ਅੰਤਮ ਖ਼ਾਲੀ ਹੋਇਆ ਖ਼ੀਸ, ਖ਼ਾਲੀ ਹੱਥ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਹਦੀਸ, ਇਕ ਕਰੇ ਪੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਸਭ ਦਾ ਰਿਹਾ ਮੁਕਾਈਆ ।

੯੪
੧੧

## ★ ੧੩ ਮੱਘਰ ੨੦੧੮ ਬਿਕਰਮੀ ਦਲੀਪ ਸਿੰਘ ਬਾਬੂ ਪੁਰ ਜੇਠੂਵਾਲ ਦਰਬਾਰ ਵਿਚ ★

ਸੋ ਪੁਰਖ ਨਿਰੰਜਣ ਹਰਿ ਅਤੀਤ, ਆਦਿ ਜੁਗਾਦਿ ਸਮਾਇੰਦਾ । ਹਰਿ ਪੁਰਖ ਨਿਰੰਜਣ ਵਸੇ ਧਾਮ ਅਨਡੀਠ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਏਕੰਕਾਰਾ ਜੁਗ ਜੁਗ ਕਰੇ ਸਚ ਪ੍ਰੀਤ, ਪਰਮ ਪੁਰਖ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਰ ਆਪ ਸੁਹਾਇੰਦਾ । ਸਾਚਾ ਦਰ ਆਦਿ ਨਿਰੰਜਣ, ਨਿਰਾਕਾਰਾ ਆਪ ਸੁਹਾਈਆ । ਅਬਿਨਾਸ਼ੀ ਕਰਤਾ ਦਰਦ ਦੁੱਖ ਭੈ ਭੰਜਣ, ਨਿਰਭੌ ਵਡ ਵਡਿਆਈਆ । ਸ੍ਰੀ ਭਗਵਾਨ ਸਾਚਾ ਸੱਜਣ, ਚਰਨ ਕਵਲ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਇਕੋ ਹਰਿ, ਆਪਣਾ ਖੇਲ ਆਪ ਕਰਾਈਆ । ਪਾਰਬ੍ਰਹਮ ਹਰਿ ਖੇਲ ਅਪਾਰਾ, ਆਦਿ ਜੁਗਾਦਿ ਕਰਾਇੰਦਾ । ਨਿਰਗੁਣ ਨੂਰ ਹੋ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਵਸਣਹਾਰਾ ਧਾਮ ਨਿਆਰਾ, ਸਚਖੰਡ ਦੁਆਰੇ ਸੋਭਾ ਪਾਇੰਦਾ । ਰੂਪ ਅਨੂਪ ਸਾਹਕਾਰਾ, ਸ਼ਹਿਨਸ਼ਾਹ ਆਪਣਾ ਆਪ ਪਰਗਟਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਹੁਕਮੀ ਹੁਕਮ ਆਪ ਫਿਰਾਇੰਦਾ । ਆਪੇ ਜਾਣੇ ਧੁਰ ਫ਼ਰਮਾਣਾ, ਸਚ ਸੰਦੇਸ਼ਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਆਪਣੇ ਘਰ ਸੋਭਾ ਪਾਇੰਦਾ । ਸਾਚੇ ਘਰ ਸ੍ਰੀ ਭਗਵਾਨ, ਏਕਾ ਏਕ ਸੋਭਾ ਪਾਇੰਦਾ । ਜੋਤੀ ਨੂਰ ਨੂਰ ਮਹਾਨ, ਜੋਤੀ ਜੋਤ ਡਗਮਗਾਇੰਦਾ । ਸਾਚੇ ਤਖ਼ਤ ਬਹੇ ਨੌਜਵਾਨ, ਤਖ਼ਤ ਨਿਵਾਸੀ ਆਸਣ ਲਾਇੰਦਾ । ਨਿਰਗੁਣ ਰੂਪ ਰੂਪ ਮਹਾਨ, ਰੰਗ ਨਾ ਕੋਈ ਵਖਾਇੰਦਾ । ਏਕੰਕਾਰਾ ਸਾਚਾ ਕਾਹਨ, ਦਰ ਸਾਚਾ ਆਪ ਸੁਹਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਡਿਆਇੰਦਾ । ਸਚਖੰਡ ਦੁਆਰ ਸੋਭਾਵੰਤ, ਸੋ ਪੁਰਖ ਆਪ ਸੁਹਾਈਆ । ਇਕ ਇਕੱਲਾ ਦੱਸੇ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਕਰੇ ਖੇਲ ਨਾਰ ਕੰਤ, ਕੰਤ ਕੰਤੂਹਲ ਬੇਪਰਵਾਹੀਆ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਧਾਰ ਚਲਾਈਆ । ਵੇਸ ਵਟਾਏ ਜੁਗਾ ਜੁਗੰਤ, ਜੁਗ ਜੁਗ ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣੀ ਖੇਲ ਆਪ ਖਲਾਈਆ । ਆਦਿ ਪੁਰਖ ਖੇਲ ਅਵੱਲਾ, ਏਕਾ ਏਕ ਕਰਾਇੰਦਾ । ਵਸਣਹਾਰਾ ਸਚ ਮਹੱਲਾ, ਥਿਰ ਘਰ ਸਾਚੇ ਸੋਭਾ ਪਾਇੰਦਾ । ਆਪਣੇ ਦੀਪਕ ਆਪੇ ਬਲਾ, ਨੂਰ ਨੁਰਾਨਾ ਡਗਮਗਾਇੰਦਾ । ਸਚ ਸੰਦੇਸ਼ ਨਰ ਨਰੇਸ਼ ਸ਼ਬਦ ਅਗੰਮੀ ਏਕਾ ਘੱਲਾ, ਆਪਣਾ ਨਾਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਏਕਾ ਮੱਲਾ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਪੁਰਖ ਅਬਿਨਾਸ਼ੀ ਵਸੇ ਘਰ, ਘਰ ਸਾਚੇ ਵੱਜੇ ਵਧਾਈਆ । ਨਿਰਾਕਾਰ ਰੂਪ ਧਰ, ਨਿਰਵੈਰ ਖੇਲ ਖਲਾਈਆ । ਨਿਰਗੁਣ ਆਪਣਾ ਘਾੜਨ ਘੜ, ਆਪਣੀ ਬਣਤ ਆਪ ਬਣਾਈਆ । ਆਪੇ ਵੇਖੇ ਆਪਾ ਖੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਸੋਭਾ ਪਾਈਆ । ਦਰ ਘਰ ਸਾਚਾ ਸਚਖੰਡ, ਸਚਖੰਡ ਨਿਵਾਸੀ ਸੋਭਾ ਪਾਇੰਦਾ । ਆਪੇ ਜਾਣੇ ਆਪਣੀ ਵੰਡ, ਵੰਡਣਹਾਰ ਆਪ ਅਖਵਾਇੰਦਾ । ਆਪੇ ਜਾਣੇ ਆਪਣਾ ਛੰਦ, ਨਾਉਂ ਨਿਰੰਕਾਰਾ ਆਪੇ ਗਾਇੰਦਾ । ਆਪੇ ਜਾਣੇ ਆਪਣਾ ਪੰਧ, ਬਣ ਪਾਂਧੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਜੁਗ ਜੁਗ ਪਾਂਧੀ ਮੁਕਾਏ ਪੰਧ, ਪੁਰਖ ਅਕਾਲ ਵਡੀ ਵਡਿਆਈਆ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਈਆ । ਵੇਖ ਵਖਾਏ ਕੋਟਨ ਕੋਟ ਬ੍ਰਹਿਮੰਡ, ਲੋਆਂ ਪੁਰੀਆਂ ਮੰਡਲ ਮੰਡਪ ਫੇਰਾ ਪਾਈਆ । ਨੂਰ ਜਾਣੇ ਸੂਰਜ ਚੰਦ, ਰਵ ਸਸ ਰੁਸ਼ਨਾਈਆ । ਧਰਤ ਧਵਲ ਕਰੇ ਖੰਡ ਖੰਡ, ਪ੍ਰਿਥਮੀ ਆਕਾਸ਼ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਵੇਸ ਵਟਾਈਆ । ਪ੍ਰਿਥਮੀ ਅਕਾਸ਼ ਖੇਲ ਅਪਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਨਿਰਗੁਣ ਰੂਪ ਕਰ ਉਜਿਆਰ, ਸਰਗੁਣ ਸਾਚਾ ਸੰਗ ਨਿਭਾਇੰਦਾ । ਆਦਿ ਜੁਗਾਦੀ ਇਕੋ ਕਾਰ, ਇਕੋ ਇਕ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰ, ਸਗਲਾ ਸੰਗ ਆਪ ਨਿਭਾਇੰਦਾ । ਏਕਾ ਦੇਵੇ ਨਾਮ ਅਧਾਰ, ਸਚ ਅਧਾਰਾ ਆਪ ਰਖਾਇੰਦਾ । ਏਕਾ ਤਨ ਕਰੇ ਸ਼ੰਗਾਰ, ਭੂਸ਼ਨ ਬਸਤਰ ਸੋਭਾ ਪਾਇੰਦਾ । ਆਪਣਾ ਨੈਣ ਦਏ ਉਘਾੜ, ਨੇਤਰ ਲੋਚਣ ਆਪ ਖੁਲਾਇੰਦਾ । ਏਕਾ ਜੋਤ ਕਰ ਉਜਿਆਰ, ਦੀਪਕ ਦੀਆ ਆਪ ਜਗਾਇੰਦਾ । ਏਕਾ ਸ਼ਬਦ ਨਾਦ ਧੁਨਕਾਰ, ਏਕਾ ਆਤਮ ਆਪ ਵਜਾਇੰਦਾ । ਏਕਾ ਅੰਮ੍ਰਿਤ ਠੰਡਾ ਠਾਰ, ਚਰਨ ਚਰਨੋਦਕ ਮੁਖ ਚੁਆਇੰਦਾ । ਏਕਾ ਘਰ ਕਰੇ ਗੁਫ਼ਤਾਰ, ਗੁਫ਼ਤ ਸ਼ਨੀਦ ਖੇਲ ਕਰਾਇੰਦਾ । ਆਪੇ ਜਾਣੇ ਆਪਣੀ ਸਚ ਰਫਤਾਰ, ਆਪਣੀ ਸੇਹਤ ਆਪ ਬਣਾਇੰਦਾ । ਲੇਖਾ ਜਾਣੇ ਸਦਾ ਜੁਗ ਚਾਰ, ਜੁਗ ਚੌਕੜੀ ਫੋਲ ਫੁਲਾਇੰਦਾ । ਲਹਿਣਾ ਜਾਣੇ ਗੁਰ ਅਵਤਾਰ, ਭਗਤ ਭਗਵੰਤ ਮੇਲ ਮਿਲਾਇੰਦਾ । ਸੰਤ ਸਾਧ ਪਾਵੇ ਸਾਰ, ਆਪ ਆਪਣਾ ਵੇਸ ਵਟਾਇੰਦਾ । ਗੁਰਮੁਖ ਸੱਜਣ ਲਏ ਉਭਾਰ, ਲੱਖ ਚੁਰਾਸੀ ਬੰਧਨ ਤੁੜਾਇੰਦਾ । ਗੁਰਮੁਖਾਂ ਚਲੇ ਨਾਲ ਨਾਲ, ਜੁਗ ਜੁਗ ਵਿਛੜ ਕਦੇ ਨਾ ਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਖੇਲ ਕਮਾਲ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਮੇਲ ਮਿਲਾਇੰਦਾ ।

੯੫
੧੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਇਕੋ ਹਰਿ, ਅਜੂਨੀ ਰਹਿਤ ਵੇਸ ਵਟਾਇੰਦਾ । ਅਜੂਨੀ ਰਹਿਤ ਅਨੁਭਵ ਪਰਕਾਸ਼, ਨਿਰਵੈਰ ਵਡੀ ਵਡਿਆਈਆ । ਜੁਗ ਜੁਗ ਹੋਏ ਭਗਤਾਂ ਦਾਸ, ਜਨ ਭਗਤਾਂ ਸੇਵ ਕਮਾਈਆ । ਨਾਤਾ ਤੋੜ ਪ੍ਰਿਥਮੀ ਆਕਾਸ਼, ਗਗਨ ਮੰਡਲ ਡੇਰਾ ਢਾਹੀਆ । ਸਾਚੇ ਗ੍ਰਿਹ ਪਾਵੇ ਰਾਸ, ਗੋਪੀ ਕਾਹਨ ਆਪ ਅਖਵਾਈਆ । ਸਦਾ ਸੁਹੇਲਾ ਵਸੇ ਪਾਸ, ਸਰਨਗਤ ਰਾਮ ਸਰਨਾਈਆ । ਲੇਖਾ ਜਾਣੇ ਪਵਣ ਸਵਾਸ, ਉਨੰਜਾ ਪਵਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਪੁਰਖ ਅਗੰਮ, ਅਲੱਖ ਅਗੋਚਰ ਆਪ ਵਟਾਇੰਦਾ । ਨਿਰਗੁਣ ਜਾਣੇ ਆਪਣਾ ਕੰਮ, ਨਿਹਕਰਮੀ ਕਰਮ ਕਮਾਇੰਦਾ । ਮਾਤ ਗਰਭ ਨਾ ਪਏ ਜੰਮ, ਜੂਨੀ ਜੂਨ ਨਾ ਕੋਈ ਫਿਰਾਇੰਦਾ । ਨਾ ਕੋਈ ਪਵਣ ਨਾ ਕੋਈ ਦਮ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਨਾ ਕੋਈ ਜਨਨੀ ਨਾ ਕੋਈ ਜਨ, ਗੋਦੀ ਗੋਦ ਨਾ ਕੋਈ ਬਹਾਇੰਦਾ । ਨਾ ਕੋਈ ਬੁੱਧ ਮਤ ਮਨ, ਪੰਜ ਤੱਤ ਨਾ ਕੋਈ ਰਖਾਇੰਦਾ । ਨਾ ਕੋਈ ਰਸਨਾ ਨਾ ਕੋਈ ਕੰਨ, ਦੋਏ ਨੈਣ ਨਾ ਕੋਈ ਮਟਕਾਇੰਦਾ । ਆਦਿ ਜੁਗਾਦਿ ਸ੍ਰੀ ਭਗਵਾਨ, ਨਿਰਗੁਣ ਸਾਚੇ ਤਖ਼ਤ ਸੋਭਾ ਪਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਨ, ਮੰਡਲ ਮੰਡਪ ਨਾ ਕੋਈ ਵਖਾਇੰਦਾ । ਨਾ ਕੋਈ ਤੰਦੀ ਨਾ ਕੋਈ ਤੰਦ, ਤਾਰ ਸਤਾਰ ਨਾ ਕੋਈ ਵਜਾਇੰਦਾ । ਆਦਿ ਜੁਗਾਦੀ ਇਕੋ ਅਨੰਦ, ਸੋ ਪੁਰਖ ਨਿਰੰਜਣ ਆਪਣੇ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਜੁਗ ਜੁਗ ਵੇਖ ਵਖਾਇੰਦਾ । ਜੁਗ ਜੁਗ ਵੇਖੇ ਹਰਿ ਕਰਤਾਰ, ਕੁਦਰਤ ਕਾਦਰ ਖੇਲ ਖਲਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਲੋਕਮਾਤ ਏਕਾ ਡੰਕ ਵਜਾਈਆ । ਭਗਤਨ ਕਰ ਸਚ ਪਿਆਰ, ਬ੍ਰਹਮ ਪਾਰਬ੍ਰਹਮ ਇਕ ਸਮਝਾਈਆ । ਨਾਤਾ ਤੋੜ ਸਰਬ ਸੰਸਾਰ, ਏਕਾ ਬੰਧਨ ਨਾਮ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਦਏ ਸਮਝਾਈਆ । ਸਾਚਾ ਨਾਮ ਏਕੰਕਾਰ, ਆਪਣਾ ਆਪ ਪਰਗਟਾਇਆ । ਆਪੇ ਜੋਤ ਆਪੇ ਸ਼ਬਦੀ ਧਾਰ, ਰੂਪ ਅਨੂਪ ਆਪ ਧਰਾਇਆ । ਆਪੇ ਵਿਸ਼ਨ ਕਰੇ ਅਕਾਰ, ਆਪੇ ਬ੍ਰਹਮਾ ਪਾਰਬ੍ਰਹਮ ਵਖਾਇਆ । ਆਪੇ ਸ਼ੰਕਰ ਦਏ ਸਹਾਰ, ਸਿਰ ਆਪਣਾ ਹੱਥ ਰਖਾਇਆ । ਤਿੰਨਾਂ ਵਿਚੋਲਾ ਬਣ ਗਿਰਧਾਰ, ਗਿਰਵਰ ਆਪਣੀ ਸੇਵ ਕਮਾਇਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਧੁਰ ਫ਼ਰਮਾਣਾ ਹੁਕਮ ਜਣਾਇਆ । ਨਿਰਗੁਣ ਨਿਰਾਕਾਰ ਹੋਇਆ ਸਾਹਕਾਰ, ਸਰਗੁਣ ਆਪਣਾ ਰੰਗ ਵਖਾਇਆ । ਵੰਡੀ ਵੰਡ ਅਪਰ ਅਪਾਰ, ਆਪਣਾ ਭੇਵ ਦਿਤਾ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਨਾਉਂ ਦਏ ਸਮਝਾਇਆ । ਏਕਾ ਨਾਮ ਏਕਾ ਓਮ, ਏਕਾ ਏਕੰਕਾਰ ਇਕ ਜਣਾਈਆ । ਦੋਇਮ, ਦੋਏ ਦੋਏ ਧਾਰਾ ਧਾਰ ਵੇਖ ਵਖਾਈਆ । ਦੋਇਮ ਸੰਗ ਹੋਇਆ ਸੋਇਮ, ਤ੍ਰੈ ਤ੍ਰੈ ਲੇਖਾ ਲੇਖ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਇਕ ਵਡਿਆਈਆ । ਆਦਿ ਪੁਰਖ ਇਕੋ ਹਰਿ, ਏਕਾ ਘਰ ਸੁਹਾਇੰਦਾ । ਆਪੇ ਦਿਤਾ ਆਪਣਾ ਵਰ, ਆਪਣੀ ਝੋਲੀ ਆਪ ਭਰਾਇੰਦਾ । ਦੂਜਾ ਰੂਪ ਆਪੇ ਧਰ, ਵਿਸ਼ਨ ਖੇਲ ਖਲਾਇੰਦਾ । ਵਿਸ਼ਨੂੰ ਵੇਖੇ ਆਪੇ ਖੜ੍ਹ, ਆਪਣੇ ਰੰਗ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੂਆ ਏਕਾ ਘਰ ਬਹਾਇੰਦਾ । ਏਕਾ ਦੂਆ ਨਾਮ ਮਰਦੰਗ, ਮਿਹਰਵਾਨ ਆਪ ਵਜਾਈਆ । ਆਪੇ

੯੬
੧੧

ਜਾਣੇ ਆਪਣਾ ਅਨੰਦ, ਪਰਮਾਨੰਦ ਵਿਚ ਸਮਾਈਆ । ਏਕਾ ਗਾ ਸੁਹਾਗੀ ਛੰਦ, ਵਿਸ਼ਨ ਕਰੇ ਪੜ੍ਹਾਈਆ । ਤੇਰਾ ਮੇਰਾ ਇਕੋ ਬੰਦ, ਏਕਾ ਬੰਧਨ ਪਾਈਆ । ਸੋਹੰ ਰੂਪ ਸਦਾ ਅਖੰਡ, ਖੰਡਾ ਖੜਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਦਏ ਸਮਝਾਈਆ । ਸੋਹੰ ਨਾਉਂ ਏਕਾ ਦਰ, ਏਕਾ ਵੰਡ ਵੰਡਾਈਆ । ਏਕਾ ਪੁਰਖ ਏਕਾ ਨਰ, ਏਕਾ ਬਣੇ ਪਿਤਾ ਮਾਈਆ । ਏਕਾ ਦਾਨੀ ਦਾਤਾ ਦੇਵੇ ਵਰ, ਏਕਾ ਝੋਲੀ ਰਿਹਾ ਭਰਾਈਆ । ਏਕਾ ਹਰਿ ਜੂ ਵੇਖੇ ਖੜ, ਆਪ ਆਪਣਾ ਨੈਣ ਖੁਲ੍ਹਾਈਆ । ਨਾ ਕੋਈ ਸੀਸ ਨਾ ਕੋਈ ਧੜ, ਤੱਤਵ ਤੱਤ ਨਾ ਕੋਈ ਰਖਾਈਆ । ਨਾ ਕੋਈ ਵਿਦਿਆ ਰਿਹਾ ਪੜ੍ਹ, ਚੌਦਾਂ ਵਿਦਿਆ ਨਾ ਕੋਇ ਗਾਈਆ । ਆਪਣਾ ਨਾਉਂ ਆਪੇ ਧਰ, ਆਪੇ ਬਣੇ ਸਿਫ਼ਤ ਸਾਲਾਹੀਆ । ਵਿਸ਼ਨ ਦਿਤਾ ਇਕੋ ਵਰ, ਆਦਿ ਜੁਗਾਦਿ ਵੱਜੇ ਵਧਾਈਆ । ਇਕ ਦੂਜੇ ਦਾ ਪੱਲੂ ਫੜ, ਘਰ ਸਾਚੇ ਖ਼ੁਸ਼ੀ ਮਨਾਈਆ । ਕਰਿਆ ਖੇਲ ਨਰਾਇਣ ਨਰ, ਨਰ ਹਰਿ ਸੱਚਾ ਸ਼ਹਿਨਸ਼ਾਹੀਆ । ਨਿਰਭੌ ਚੁਕਾਇਆ ਸਰਬ ਡਰ, ਭੈ ਅਵਰ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਧਾਰ ਇਕ ਜਣਾਈਆ । ਵਿਸ਼ਨੂੰ ਉਪਜਿਆ ਸੋਹੰ ਧਾਰ, ਨਿਰਗੁਣ ਖੇਲ ਖਲਾਇਆ । ਘਰ ਵਿਚ ਘਰ ਕਰੇ ਪਿਆਰ, ਆਪ ਆਪਣਾ ਮੇਲ ਮਿਲਾਇਆ । ਆਪੇ ਭੂਪ ਆਪ ਸਿਕਦਾਰ, ਆਪੇ ਰਈਅਤ ਰੂਪ ਵਟਾਇਆ । ਆਪੇ ਸ਼ਬਦ ਜਾਣੇ ਸੱਚੀ ਸਰਕਾਰ, ਆਪੇ ਚੋਬਦਾਰ ਬਣ ਬਣ ਸੇਵ ਕਮਾਇਆ । ਆਪੇ ਸ਼ਹਿਨਸ਼ਾਹ ਜਾਣੇ ਸੱਚੀ ਸਰਕਾਰ, ਆਪਣਾ ਹੁਕਮ ਵਰਤਾਇਆ । ਆਪੇ ਦਾਤਾ ਦਾਨੀ ਦੇਵੇ ਭੰਡਾਰ, ਆਪੇ ਆਪਣੀ ਝੋਲੀ ਰਿਹਾ ਡਾਹਿਆ । ਕਰੇ ਖੇਲ ਅਗੰਮ ਅਪਾਰ, ਹਰਿ ਕਾ ਭੇਵ ਕਿਸੇ ਨਾ ਪਾਇਆ । ਵਿਸ਼ਨੂੰ ਕਰੇ ਸਚ ਪਿਆਰ, ਭਗਵਾਨ ਤੇਰਾ ਸੰਗ ਰਖਾਇਆ । ਏਕਾ ਦਰ ਮੰਗਾਂ ਦਰਬਾਰ, ਦਰ ਬੈਠਾ ਸੀਸ ਝੁਕਾਇਆ । ਤੇਰਾ ਮੇਰਾ ਰੂਪ ਅਪਾਰ, ਸੋਹੰ ਢੋਲਾ ਏਕਾ ਗਾਇਆ । ਬਦਲਿਆ ਚੋਲਾ ਆਪ ਕਰਤਾਰ, ਚੋਆ ਚੰਦਨ ਸੀਸ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਇਆ । ਵਿਸ਼ਨੂੰ ਮੰਗੇ ਮੰਗ, ਭਗਵਨ ਅੱਗੇ ਝੋਲੀ ਡਾਹੀਆ । ਤੇਰਾ ਰੂਪ ਮੇਰਾ ਰੰਗ, ਤੇਰੀ ਧਾਰ ਮੇਰੀ ਵਡਿਆਈਆ । ਤੇਰਾ ਨਾਉਂ ਮੇਰਾ ਸੰਗ, ਸੰਗ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਪੁਰਖ ਬੇਪਰਵਾਹੀਆ । ਆਦਿ ਪੁਰਖ ਦਿਤਾ ਵਰ, ਵਿਸ਼ਨ ਮੰਗ ਮੰਗਾਇਆ । ਆਪਣਾ ਨਾਉਂ ਆਪੇ ਪੜ੍ਹ, ਆਪੇ ਰਿਹਾ ਗਾਇਆ । ਆਪਣੇ ਮੰਦਰ ਆਪੇ ਖੜ੍ਹ, ਆਪੇ ਰਿਹਾ ਸੁਹਾਇਆ । ਆਪਣੇ ਪੌੜੇ ਆਪੇ ਚੜ੍ਹ, ਆਪਣਾ ਆਸਣ ਲਾਇਆ । ਆਪਣੀ ਇਛਿਆ ਆਪੇ ਫੜ, ਆਪਣਾ ਮੇਲ ਮਿਲਾਇਆ । ਵਿਸ਼ਨੂੰ ਭਗਵਾਨ ਵਸੇ ਇਕੋ ਘਰ, ਘਰ ਸਾਚਾ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਵਿਸ਼ਨੂੰ ਝੋਲੀ ਡਾਹ, ਏਕਾ ਆਸ ਤਕਾਈਆ । ਸਾਚੀ ਵਸਤ ਦੇਣੀ ਪਾ, ਤੋਟ ਰਹੇ ਨਾ ਰਾਈਆ । ਏਕਾ ਗੁਣ ਦੇਣਾ ਸਮਝਾ, ਕਵਣ ਗੁਣ ਤੇਰਾ ਜਸ ਗਾਈਆ । ਏਕਾ ਵਕਤ ਦੇਣਾ ਸਮਝਾ, ਕਵਣ ਵੇਲਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਮਿਹਰਵਾਨ ਹਰਿ ਹੋਇਆ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਏਕਾ ਦੇਵੇ ਆਪਣਾ ਦਾਨ, ਦਾਤਾ ਦਾਨੀ ਆਪ ਵਰਤਾਇੰਦਾ । ਸਚ ਸੰਦੇਸ਼ਾ ਸੁਣ ਲਾ ਕਾਨ, ਏਕਾ ਵਾਰ ਜਣਾਇੰਦਾ । ਤੇਰਾ ਖੇਲ ਕਰਾਂ ਮਹਾਨ, ਸਾਚੀ ਸੇਵਾ ਇਕ ਲਗਾਇੰਦਾ ।

੯੭
੧੧

ਤੇਰੇ ਗ੍ਰਿਹ ਅੰਮ੍ਰਿਤ ਰੱਖਾ ਆਣ, ਕਵਲ ਕਵਲਾ ਆਪ ਭਰਾਇੰਦਾ । ਤੇਰੀ ਉਪਜੇ ਬ੍ਰਹਮ ਸੰਤਾਨ, ਸਤਿ ਪੁਰਖ ਨਿਰੰਜਣ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ । ਸਾਚੀ ਵਸਤ ਏਕਾ ਵਾਰ, ਸ੍ਰੀ ਭਗਵਾਨ ਆਪ ਵਰਤਾਈਆ । ਏਕਾ ਵਿਸ਼ਨ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਏਕਾ ਸ਼ੰਕਰ ਮੇਲੇ ਆਣ, ਸ਼ੰਕਾ ਕੋਇ ਰਹਿਣ ਨਾ ਪਾਈਆ । ਏਕਾ ਮੰਦਰ ਇਕ ਮਕਾਨ, ਏਕਾ ਘਰ ਵੱਜੇ ਵਧਾਈਆ । ਏਕਾ ਗੀਤ ਏਕਾ ਗਾਣ, ਏਕਾ ਰਾਗ ਦਏ ਸੁਣਾਈਆ । ਏਕਾ ਦੇਵੇ ਧੁਰ ਫ਼ਰਮਾਣ, ਸਚ ਸੰਦੇਸ਼ਾ ਆਪ ਘਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨੂੰ ਏਕਾ ਗੁਣ ਵਖਾਈਆ । ਆਦਿ ਬਣਿਆ ਵਿਸ਼ਨੂੰ ਭਗਵਾਨ, ਵਿਸ਼ਵ ਖੇਲ ਕਰਾਇੰਦਾ । ਜੁਗ ਚੌਕੜੀ ਸੇਵਾ ਲਾਏ ਵਿਚ ਜਹਾਨ, ਬ੍ਰਹਮਾ ਸ਼ਿਵ ਨਾਲ ਮਿਲਾਇੰਦਾ । ਬ੍ਰਹਮੇ ਦੇਵੇ ਇਕ ਗਿਆਨ, ਬ੍ਰਹਮਵੇਤਾ ਆਪ ਪੜ੍ਹਾਇੰਦਾ । ਚਾਰੇ ਕੁੰਟ ਕਰ ਪਰਧਾਨ, ਚੌਥੇ ਪਦ ਖੇਲ ਖਲਾਇੰਦਾ । ਚਾਰੇ ਅੱਖਰ ਦੇ ਧਿਆਨ, ਚਾਰੇ ਵੇਦ ਆਪ ਪੜ੍ਹਾਇੰਦਾ । ਚਾਰੇ ਜੁਗ ਕਰੇ ਕਲਿਆਣ, ਚਾਰ ਵਰਨਾਂ ਬੰਧਨ ਪਾਇੰਦਾ । ਚਾਰੇ ਖਾਣੀ ਖੇਲ ਮਹਾਨ, ਉਤਭੁਜ ਸੇਤਜ ਜੇਰਜ ਅੰਡਜ ਨਾਲ ਮਿਲਾਇੰਦਾ । ਚਾਰੇ ਬਾਣੀ ਕਰ ਕਲਿਆਣ, ਪਰਾ ਪਸੰਤੀ ਮਧਮ ਬੈਖ਼ਰੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਵਰਤੇ ਵਰਤਾਰ, ਵਰਤਾਵਣਹਾਰ ਇਕ ਹੋ ਜਾਈਆ । ਤ੍ਰੈਗੁਣ ਮਾਇਆ ਤੇਰਾ ਭੰਡਾਰ, ਪੰਜ ਤੱਤ ਕਰੇ ਕੁੜਮਾਈਆ । ਬ੍ਰਹਮੇ ਵੰਡ ਅਪਰ ਅਪਾਰ, ਬ੍ਰਹਮ ਮੇਲਾ ਸਹਿਜ ਸੁਭਾਈਆ । ਲੱਖ ਚੁਰਾਸੀ ਕਰ ਤਿਆਰ, ਘਟ ਘਟ ਆਪਣੀ ਜੋਤ ਜਗਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਰਹਿਣਾ ਖ਼ਬਰਦਾਰ, ਬੇਖ਼ਬਰ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਰੱਖਣਾ ਯਾਦ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫਿਰ ਫਿਰ ਮਾਤ ਹੰਢਾਈਆ । ਲੱਖ ਚੁਰਾਸੀ ਸੁਣੇ ਫਰਿਯਾਦ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਵੇਸ ਵਟਾਈਆ । ਨਾਮ ਅਗੰਮੀ ਦੇਵੇ ਦਾਦ, ਅੱਖਰ ਵੱਖਰ ਕਰ ਪੜ੍ਹਾਈਆ । ਆਪੇ ਰਹੇ ਸਦਾ ਵਿਸਮਾਦ, ਬਿਸਮਿਲ ਆਪਣਾ ਰੂਪ ਵਖਾਈਆ । ਅਨਹਦ ਇਕ ਵਜਾਏ ਨਾਦ, ਅਨਾਦੀ ਧੁਨ ਆਪ ਸੁਣਾਈਆ । ਸ਼ਬਦ ਜਣਾਈ ਬੋਧ ਅਗਾਧ, ਨਿਸ਼ਅੱਖਰ ਕਰੇ ਪੜ੍ਹਾਈਆ । ਆਪੇ ਜਾਣੇ ਸੰਤ ਸਾਧ, ਜਗਤ ਸਾਧਨਾ ਦਏ ਸਮਝਾਈਆ । ਆਪੇ ਵੇਖੇ ਵਾਦ ਵਿਵਾਦ, ਪੰਜ ਤੱਤ ਕਾਇਆ ਫੋਲ ਫੁਲਾਈਆ । ਆਪੇ ਜਾਣੇ ਆਪਣਾ ਰਾਗ, ਅਨਰਾਗੀ ਰਾਗ ਅਲਾਈਆ । ਆਪੇ ਜਾਣੇ ਰਸਨਾ ਜਿਹਵਾ ਸਵਾਦ, ਅਨਰਸ ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਿਸ਼ਨ ਦਏ ਵਡਿਆਈਆ । ਨਵ ਨੌਂ ਚਾਰ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸਤਿਜੁਗ ਵਰਤੇ ਵਿਚ ਸੰਸਾਰਾ, ਸਤਿ ਸਤਿ ਲੇਖਾ ਆਪ ਰਖਾਇੰਦਾ । ਏਕਾ ਨਾਮ ਇਕ ਆਧਾਰਾ, ਏਕਾ ਘਰ ਸੋਭਾ ਪਾਇੰਦਾ । ਏਕਾ ਵਣਜ ਇਕ ਵਣਜਾਰਾ, ਏਕਾ ਹੱਟ ਵਿਕਾਇੰਦਾ । ਏਕਾ ਗੁਰੂ ਇਕ ਦੁਆਰਾ, ਇਸ਼ਟ ਦੇਵ ਇਕ ਅਖਵਾਇੰਦਾ । ਨਿਰਗੁਣ ਖੇਲ ਕਰੇ ਅਪਾਰਾ, ਸਰਗੁਣ ਆਪਣਾ ਰੂਪ ਧਰਾਇੰਦਾ । ਲੋਕਮਾਤ ਆਏ ਵਾਰੋ ਵਾਰਾ, ਵਾਰ ਅਠਾਰਾਂ ਜੋਤ ਜਗਾਇੰਦਾ । ਬ੍ਰਹਮੇ ਸੁਤ ਕਰੇ ਪਿਆਰਾ, ਸੰਤ ਕੁਮਾਰ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਤੇਰੀ ਖੇਲ ਵਖਾਇੰਦਾ । ਸਤਿਜੁਗ ਅੰਤਮ ਜਾਏ ਬੀਤ,

ਤ੍ਰੇਤਾ ਆਪਣਾ ਰੂਪ ਵਟਾਈਆ । ਰਾਮ ਰਾਮਾ ਹੋ ਅਤੀਤ, ਰਮਿਆ ਹਰ ਘਟ ਥਾਈਂਆ । ਜਨ ਭਗਤਾਂ ਕਾਇਆ ਕਰੇ ਠੰਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਈਆ । ਚਰਨ ਕਵਲ ਬਖ਼ਸ਼ੇ ਸਚ ਪ੍ਰੀਤ, ਸਾਚੀ ਰੀਤੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਲਾ, ਲੱਖ ਚੁਰਾਸੀ ਵੇਖ ਵਖਾਇੰਦਾ । ਦੁਆਪਰ ਆਪਣਾ ਰੂਪ ਧਰਾ, ਦੋਏ ਦੋਏ ਵੇਖ ਵਖਾਇੰਦਾ । ਮੁਕੰਦ ਮਨੋਹਰ ਲਖਮੀ ਨਰਾਇਣ ਆਪ ਅਖਵਾ, ਕਵਲ ਨੈਣ ਆਪ ਮਟਕਾਇੰਦਾ । ਗ਼ਰੀਬ ਨਿਮਾਣੇ ਗਲੇ ਲਗਾ, ਸਿਰ ਆਪਣਾ ਹੱਥ ਟਿਕਾਇੰਦਾ । ਦੁਸ਼ਟ ਹੰਕਾਰੀ ਦਏ ਖਪਾ, ਬਣ ਸੇਵਕ ਸੇਵ ਕਮਾਇੰਦਾ । ਚੌਦਾਂ ਲੋਕ ਰਿਹਾ ਸਮਾ, ਚੌਦਾਂ ਲੋਕ ਆਪਣੇ ਵਿਚ ਛੁਪਾਇੰਦਾ । ਤ੍ਰੈਲੋਕੀ ਖੇਲ ਰਿਹਾ ਕਰਾ, ਨਾਥ ਅਨਾਥਾ ਆਪ ਉਠਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਜੁਗ ਜੁਗ ਫੇਰਾ ਪਾ, ਕੋਟਨ ਰਾਮ ਕ੍ਰਿਸ਼ਨ ਵੇਖ ਵਖਾਇੰਦਾ । ਕਲਜੁਗ ਅੰਤਮ ਵੇਸ ਵਟਾ, ਕਾਲਾ ਸੂਸਾ ਤਨ ਛੁਹਾਇੰਦਾ । ਮੁਕਾਮੇ ਹੱਕ ਇਕ ਖ਼ੁਦਾ, ਨੂਰ ਨੁਰਾਨਾ ਡਗਮਗਾਇੰਦਾ । ਆਪਣਾ ਕਰ ਆਪ ਜੁਦਾ, ਆਪ ਆਪਣੀ ਵੰਡ ਵੰਡਾਇੰਦਾ । ਆਪਣੇ ਉਤੋਂ ਹੋ ਫ਼ਿਦਾ, ਫ਼ਿਤਰਤ ਆਪਣੀ ਆਪ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਨੂਰ ਇਲਾਹੀ, ਨੂਰ ਨੁਰਾਨਾ ਆਪ ਧਰਾਇੰਦਾ । ਰਹਿਬਰ ਬਣੇ ਆਪ ਮਲਾਹੀ, ਬਣ ਮਲਾਹ ਸੇਵ ਕਮਾਇੰਦਾ । ਏਕਾ ਨੌਬਤ ਰਿਹਾ ਵਜਾਈ, ਦੋ ਜਹਾਨਾਂ ਆਪ ਸੁਣਾਇੰਦਾ । ਏਕਾ ਢੋਲਾ ਰਿਹਾ ਗਾਈ, ਐਨਲਹੱਕ ਆਪ ਅਲਾਇੰਦਾ । ਏਕਾ ਵਸੇ ਸਾਚੇ ਥਾਈਂ, ਥਾਨ ਥਨੰਤਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਇਕੋ ਹਰਿ, ਵਿਸ਼ਨ ਵਿਸ਼ਵ ਇਕ ਸਮਝਾਇੰਦਾ । ਸਾਚੇ ਘਰ ਦਸਤਗੀਰ, ਸ਼ਾਹ ਪਾਤਸ਼ਾਹ ਸੋਭਾ ਪਾਈਆ । ਇਕ ਤੌਫ਼ੀਕ ਖ਼ੁਦਾ ਅਖ਼ੀਰ, ਬੇਨਜ਼ੀਰ ਵਡੀ ਵਡਿਆਈਆ । ਸ਼ਰਅ ਸ਼ਰੀਅਤ ਨਾ ਕੋਈ ਜੰਜ਼ੀਰ, ਜਾਹਰਾ ਰੂਪ ਆਪ ਧਰਾਈਆ । ਵੱਡਾ ਵਡ ਪੀਰਨ ਪੀਰ, ਪੀਰ ਪੈਗ਼ੰਬਰ ਦਏ ਸਲਾਹੀਆ । ਦਸਤਗੀਰ ਗੁਣੀ ਗਹੀਰ, ਦਸਤ ਬਰਦਾਰ ਨਾ ਕਦੇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਵਿਸ਼ਵ ਰੂਪ ਆਪ ਸਮਾਈਆ । ਵਿਸ਼ਵ ਰੂਪ ਪਰਵਰਦਿਗਾਰ, ਸਾਂਝਾ ਯਾਰ ਅਖਵਾਇੰਦਾ । ਹੱਕ ਹਕ਼ੀਕਤ ਕਰੇ ਵਿਚਾਰ, ਹੱਕ ਹੱਕ ਨਾਅਰਾ ਲਾਇੰਦਾ । ਲਾਸ਼ਰੀਕਤ ਬਣੇ ਵਿਚ ਸੰਸਾਰ, ਲਾਸ਼ਰੀਕ ਨਾਉਂ ਧਰਾਇੰਦਾ । ਤਹਿਰੀਕ ਕਰੇ ਆਪਣੀ ਵਾਰ, ਜਗਤ ਤਾਰੀਕ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਖੇਲ ਵਖਾਏ ਹਰਿ ਜੂ ਖ਼ਾਲਕ, ਖ਼ਲਕ ਰਿਹਾ ਸਮਾਈਆ । ਲੇਖਾ ਜਾਣੇ ਜਲ ਆਤਸ, ਆਬ ਆਬ ਫੋਲ ਫੁਲਾਈਆ । ਨਿਰਗੁਣ ਨੂਰ ਨੂਰ ਪਰਕਾਸ਼ਤ, ਪਰਮ ਪੁਰਖ ਬੇਪਰਵਾਹੀਆ । ਹਰਿ ਕਾ ਭੇਵ ਨਾ ਪਾਵੇ ਕੋਈ ਸਿਆਸਤ, ਆਦਿ ਅੰਤ ਨਾ ਕੋਇ ਵਖਾਈਆ । ਲੱਖ ਚੁਰਾਸੀ ਰੱਖੇ ਆਪਣੀ ਹਰਾਸਤ, ਏਕਾ ਬੰਧਨ ਨਾਮ ਪਾਈਆ । ਕੋਈ ਕਰ ਨਾ ਸਕੇ ਸ਼ਰਾਰਤ, ਸ਼ਰਅ ਵਿਚ ਨਾ ਕੋਇ ਬਨ੍ਹਾਈਆ । ਜਿਸ ਜਨ ਆਪਣੀ ਦੱਸੇ ਮਾਰਫ਼ਤ, ਸਚ ਮਹਿਰਾਬ ਦਏ ਵਖਾਈਆ । ਇਕ ਦੂਜੇ ਦਾ ਕਰੇ ਤੁਆਰਫ, ਮੁਰਸ਼ਦ ਮੁਰੀਦ ਕਰੇ ਪੜ੍ਹਾਈਆ । ਸਾਚਾ ਕਲਮਾ ਕਰੇ ਸਿਫ਼ਾਰਸ਼, ਨਬੀ ਰਸੂਲ ਦਏ ਗਵਾਹੀਆ । ਭੇਵ ਨਾ ਪਾਏ ਕੋਈ ਆਰਫ, ਉਲਫਤ ਵਿਚ ਕਦੇ ਨਾ ਆਈਆ । ਆਪੇ ਬਣੇ ਆਪਣਾ ਸਾਲਸ, ਸਚ ਸਾਲਸੀ ਆਪ ਕਮਾਈਆ । ਨੂਰ ਨੁਰਾਨਾ ਇਕੋ ਖ਼ਾਲਸ, ਰਾਮ ਰਹੀਮ

ਵਡੀ ਵਡਿਆਈਆ । ਨਾ ਕੋਈ ਨਿੰਦਰਾ ਨਾ ਕੋਈ ਆਲਸ, ਗ਼ਫ਼ਲਤ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਸਾਹਿਬ ਵਡੀ ਵਡਿਆਈਆ । ਇਕੋ ਸਾਹਿਬ ਆਦਿ ਜੁਗਾਦਿ, ਨਿਰਗੁਣ ਖੇਲ ਕਰਾਇੰਦਾ । ਜੁਗ ਚੌਕੜੀ ਸੁਣ ਫ਼ਰਯਾਦ, ਲੱਖ ਚੁਰਾਸੀ ਵੇਖ ਵਖਾਇੰਦਾ । ਗੁਰ ਅਵਤਾਰਾਂ ਦੇਵੇ ਦਾਦ, ਭਗਤ ਭਗਵੰਤ ਆਪ ਪਰਗਟਾਇੰਦਾ । ਸਾਚੇ ਸੰਤਾਂ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਜੁਗ ਚੌਕੜੀ ਪੜ੍ਹਾਏ ਆਪਣੀ ਗਾਥ, ਸਾਚੀ ਗਾਥਾ ਆਪ ਵਖਾਇੰਦਾ । ਆਪ ਚਲਾਏ ਸਾਚਾ ਰਾਥ, ਰਥ ਰਥਵਾਹੀ ਸੇਵ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਆਪਣੇ ਘਾਟ, ਕਲਜੁਗ ਵੇਲਾ ਅੰਤਮ ਆਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਮੁੱਕੀ ਵਾਟ, ਪਾਂਧੀ ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਵ ਏਕਾ ਗੁਣ ਸਮਝਾਇੰਦਾ । ਵਿਸ਼ਨ ਏਕਾ ਹਰਿ ਕਾ ਗੁਣ, ਏਕਾ ਵਾਰ ਜਣਾਈਆ । ਅੰਤ ਪੁਕਾਰ ਲਏ ਸੁਣ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਈਆ । ਲੱਖ ਚੁਰਾਸੀ ਛਾਣ ਪੁਣ, ਲੋਕਮਾਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਤ ਦਏ ਵਖਾਈਆ । ਵਿਸ਼ਵ ਹਰਿ ਅੰਤ ਜਣੌਣਾ, ਏਕਾ ਏਕ ਸਮਝਾਇੰਦਾ । ਨਿਰਗੁਣ ਰੂਪ ਵੇਸ ਵਟੌਣਾ, ਲੋਕਮਾਤ ਖੇਲ ਕਰਾਇੰਦਾ । ਨਿਹਕਲੰਕਾ ਨਾਉਂ ਰਖੌਣਾ, ਵੇਦ ਵਿਆਸਾ ਗੀਤ ਗਾਇੰਦਾ । ਗੋਬਿੰਦ ਕੌਲ ਪੂਰ ਕਰੌਣਾ, ਕੀਤਾ ਕੌਲ ਭੁੱਲ ਨਾ ਜਾਇੰਦਾ । ਈਸਾ ਆਸ ਝੋਲੀ ਪਾਉਣਾ, ਅਸਲੀਅਤ ਆਪ ਵਖਾਇੰਦਾ । ਮੱਕਾ ਕਾਅਬਾ ਵੇਖ ਵਖੌਣਾ, ਵਡ ਅਮਾਮ ਵੇਸ ਵਟਾਇੰਦਾ । ਪੰਡਤ ਪਾਂਧਾ ਆਪ ਸਮਝਾਉਣਾ, ਪੜ੍ਹ ਪੁਸਤਕ ਆਪ ਸੁਣਾਇੰਦਾ । ਤਿਲਕ ਲਲਾਟੀ ਆਪ ਲਗੌਣਾ, ਤਰਸੂਲ ਪੰਧ ਵਖਾਇੰਦਾ । ਸ਼ਰਅ ਸ਼ਰੀਅਤ ਇਕ ਜਣੌਣਾ, ਕਲਮਾ ਨਬੀ ਇਕ ਸਿਖਾਇੰਦਾ । ਮੰਤਰ ਨਾਮ ਇਕ ਦ੍ਰਿੜੌਣਾ, ਸਤਿ ਸਤਿ ਆਪ ਵਰਤਾਇੰਦਾ । ਡੰਕਾ ਫਤਿਹ ਇਕ ਵਜੌਣਾ, ਸਭ ਦਾ ਡਰ ਚੁਕਾਇੰਦਾ । ਚਾਰ ਜੁਗ ਦੇ ਗੁਰ ਅਵਤਾਰ ਏਕਾ ਘਰ ਬਹੌਣਾ, ਘਰ ਸਾਚਾ ਇਕ ਸਮਝਾਇੰਦਾ । ਪੂਰਬ ਲੇਖਾ ਸਭ ਤੋਂ ਲੈਣਾ, ਲੇਖਾ ਲੇਖ ਨਾ ਕੋਇ ਮਿਟਾਇੰਦਾ । ਵਿਸ਼ਨੂੰ ਵੇਖਣਾ ਅੰਤਮ ਨੈਣਾਂ, ਪ੍ਰਭ ਤੇਰਾ ਸੰਗ ਨਿਭਾਇੰਦਾ । ਇਕੋ ਬਸਤਰ ਏਕਾ ਗਹਿਣਾ, ਏਕਾ ਤਨ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਕੰਤ ਭਗਵੰਤ ਆਪਣਾ ਭੇਵ ਖੁਲ੍ਹਾਇੰਦਾ । ਅੰਤਮ ਭੇਵ ਜਾਣਾ ਖੁਲ੍ਹ, ਸੋ ਪੁਰਖ ਨਿਰੰਜਣ ਆਪ ਖੁਲ੍ਹਾਈਆ । ਲੱਖ ਚੁਰਾਸੀ ਪਾਏ ਮੁਲ, ਕਰਤਾ ਕੀਮਤ ਆਪ ਚੁਕਾਈਆ । ਸਤਿ ਦੁਆਰਾ ਜਾਏ ਖੁਲ੍ਹ, ਸਾਚੇ ਭਗਤਾਂ ਲਏ ਜਗਾਈਆ । ਚਰਨ ਪ੍ਰੀਤੀ ਘੋਲੀ ਘੁਲ, ਘੋਲੀ ਘੁਲ ਸੇਵ ਕਮਾਈਆ । ਆਪ ਸੁਣਾਏ ਆਪਣੀ ਬੋਲੀ, ਜਗਤ ਬੁਲਾਰਾ ਨਾ ਕੋਇ ਲਗਾਈਆ । ਮੇਲ ਮਿਲਾਏ ਹੌਲੀ ਹੌਲੀ, ਨੌਂ ਖੰਡ ਪ੍ਰਿਥਮੀ ਵੇਖ ਵਖਾਈਆ । ਭਾਗ ਲਗਾਏ ਉਪਰ ਧਵਲੀ, ਧਰਤ ਧਵਲ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਤੇਰਾ ਸੰਗ ਨਿਭਾਈਆ । ਵਿਸ਼ਨੂੰ ਤੇਰਾ ਅੰਤ ਕਲਿਆਣ, ਏਕਾ ਇਕ ਜਣਾਇੰਦਾ । ਆਪਣਾ ਨਾਉਂ ਰੱਖ ਵਿਸ਼ਨੂੰ ਭਗਵਾਨ, ਲੋਕਮਾਤ ਫੇਰਾ ਪਾਇੰਦਾ । ਸੋਹੰ ਦੇਵੇ ਸਚ ਗਿਆਨ, ਆਤਮ ਪਰਮਾਤਮ ਮੇਲ ਮਿਲਾਇੰਦਾ । ਕਾਇਆ ਮੰਦਰ ਸਚ ਮਕਾਨ, ਸ਼ਿਵਦੁਆਲਾ ਮੱਠ ਇਕ ਵਖਾਇੰਦਾ । ਕਾਇਆ ਕਾਅਬਾ ਪੜ੍ਹੇ ਕੁਰਾਨ, ਸਾਰੇ ਹੁਜਰੇ ਸੋਭਾ ਪਾਇੰਦਾ । ਗੁਰੂਦੁਆਰਾ ਇਕ ਵਖਾਨ, ਘਰ ਘਰ ਵਿਚ ਗੁਰੂ ਮਿਲਾਇੰਦਾ । ਗ੍ਰਿਹਿ ਅੰਮ੍ਰਿਤ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਏਕਾ ਦਰਸ ਸ੍ਰੀ ਭਗਵਾਨ, ਦੂਸਰ ਓਟ

ਨਾ ਕੋਇ ਜਣਾਇੰਦਾ । ਜਨਮ ਜਨਮ ਦੀ ਚੁੱਕੇ ਕਾਣ, ਲੱਖ ਚੁਰਾਸੀ ਪੰਧ ਮੁਕਾਇੰਦਾ । ਨਾਮ ਬਿਠਾਏ ਇਕ ਬਬਾਣ, ਲੋਆਂ ਪੁਰੀਆਂ ਪਾਰ ਕਰਾਇੰਦਾ । ਸਚਖੰਡ ਵਖਾਏ ਭੂਮਕਾ ਅਸਥਾਨ, ਅਸਥਲ ਦੁਆਰਾ ਆਪ ਵਡਿਆਇੰਦਾ । ਗੁਰਮੁਖ ਵਿਰਲਾ ਚਤੁਰ ਸੁਘੜ ਸੁਜਾਨ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਲੱਖ ਚੁਰਾਸੀ ਹੋਏ ਵੈਰਾਨ, ਜੋ ਘੜਿਆ ਭੰਨ ਵਖਾਇੰਦਾ । ਕਲਜੁਗ ਉਠੇ ਸੂਰਬੀਰ ਬਲਵਾਨ, ਆਪਣਾ ਬਲ ਧਰਾਇੰਦਾ । ਸ਼ਾਹ ਸੁਲਤਾਨਾ ਆਵੇ ਹਾਨ, ਰਾਜ ਰਾਜਾਨਾਂ ਖ਼ਾਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਅੰਤ ਮੇਲ ਮਿਲਾਇੰਦਾ । ਵਿਸ਼ਨੂੰ ਅੰਤਮ ਮੇਲ ਮਿਲਾਵਾ, ਲੋਕਮਾਤ ਵਖਾਈਆ । ਚਾਰ ਜੁਗ ਦਾ ਮੁੱਕੇ ਦਾਅਵਾ, ਦਾਵਤ ਦੇਵੇ ਸੱਚਾ ਮਾਹੀਆ । ਤੇਰਾ ਮੇਰਾ ਇਕੋ ਨਾਵਾਂ, ਏਕਾ ਰੰਗ ਵਖਾਈਆ । ਮੇਰੀ ਤਾਕਤ ਤੇਰੀਆਂ ਬਾਹਵਾਂ, ਤੇਰੀਆਂ ਭੁਜਾਂ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਹੱਥ ਰੱਖੇ ਵਡਿਆਈਆ । ਆਪਣੇ ਹੱਥ ਰੱਖ ਵਡਿਆਈ, ਹਰਿ ਹਰਿ ਖੇਲ ਕਰਾਇਆ । ਜਨਮ ਜਨਮ ਦੇ ਵਿਛੜੇ ਰਿਹਾ ਮਿਲਾਈ, ਪੂਰਬ ਲਹਿਣਾ ਝੋਲੀ ਪਾਇਆ । ਨੇਤਰ ਲੋਚਣ ਨੈਣਾਂ ਦਰਸ ਰਿਹਾ ਦਿਖਾਈ, ਦਰਸ ਅਮੋਘ ਆਪ ਕਰਾਇਆ । ਤ੍ਰਿਸ਼ਨਾ ਹਰਸ ਰਿਹਾ ਮਿਟਾਈ, ਹਵਸ ਹੋਰ ਨਾ ਕੋਇ ਵਖਾਇਆ । ਅੰਮ੍ਰਿਤ ਆਤਮ ਜਾਮ ਰਿਹਾ ਪਿਆਈ, ਨੀਰ ਸੀਰ ਇਕ ਵਹਾਇਆ । ਕਲਜੁਗ ਪੰਧ ਰਿਹਾ ਮੁਕਾਈ, ਆਪਣਾ ਹੁਕਮ ਸੁਣਾਇਆ । ਸਤਿਜੁਗ ਉਠੇ ਚਾਈਂ ਚਾਈਂ, ਸਤਿਗੁਰ ਪੂਰਾ ਰਿਹਾ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇਆ । ਕਲਜੁਗ ਅੰਤਮ ਹੋਣਾ ਦੂਰ, ਦੂਰ ਦੁਰਾਡਾ ਰਿਹਾ ਸਮਝਾਈਆ । ਤੇਰਾ ਨਾਤਾ ਤੁਟੇ ਕੂੜੋ ਕੂੜ, ਕੂੜੀ ਕਿਰਿਆ ਰਹਿਣ ਨਾ ਪਾਈਆ । ਤੂੰ ਸਾਧ ਸੰਤ ਬਣਾਏ ਮੂਰਖ ਮੂੜ, ਸ੍ਰੀ ਭਗਵੰਤ ਨਾ ਕੋਇ ਮਿਲਾਈਆ । ਤੂੰ ਘਰ ਘਰ ਖਿਚਿਆ ਨੂਰ, ਅੰਧੇਰਾ ਅੰਧੇਰ ਛਾਈਆ । ਲੱਖ ਚੁਰਾਸੀ ਕਰ ਕਰ ਬੈਠੀ ਕਸੂਰ, ਹਰਿ ਕਾ ਨਾਮ ਭੁਲਾਈਆ । ਕਾਇਆ ਕਾਅਬਾ ਤਨ ਤਪੇ ਤੰਦੂਰ, ਤ੍ਰੈਗੁਣ ਅਗਨੀ ਲਾਈਆ । ਮਨ ਵਾਸਨਾ ਬਣੇ ਮਜ਼ੂਰ, ਮਨ ਕੀ ਵਾਸ਼ਨਾ ਨਾ ਕੋਇ ਮਿਟਾਈਆ । ਮਨ ਅੰਦਰ ਹੋਇਆ ਗਰੂਰ, ਗੁਰਬਤ ਭਰੀ ਸਰਬ ਲੋਕਾਈਆ । ਬੁੱਧੀ ਦੇਵੇ ਨਾ ਕੋਇ ਸ਼ਊਰ, ਸ਼ੋਹਰਤ ਮਿਲੇ ਨਾ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤਮ ਰਿਹਾ ਕੂਕ, ਏਕਾ ਕੂਕ ਲਗਾਈਆ । ਜੀਵ ਜੰਤਾਂ ਰਿਹਾ ਫੂਕ, ਅਗਨੀ ਤਨ ਤਪਾਈਆ । ਪੰਡਤ ਪਾਂਧੇ ਗਰੰਥੀ ਪੰਥੀ ਮੁਲਾਂ ਸ਼ੇਖ਼ ਮੁਸਾਇਕ ਕਹਿਣ ਘਰ ਵਿਚ ਵੜਿਆ ਭੂਤ, ਪ੍ਰੇਤ ਨਿਕਲ ਕਦੇ ਨਾ ਜਾਈਆ । ਗਲ ਜੰਞੂ ਪਾਇਆ ਕੱਚੇ ਸੂਤ, ਸਾਚਾ ਤੰਦ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਖੇਲ ਸਬਾਈਆ । ਕਲਜੁਗ ਕੂੜਾ ਰਿਹਾ ਨੱਚ, ਚਾਰ ਕੁੰਟ ਡੋਰੂ ਵਾਹਿਆ । ਕਿਸੇ ਘਰ ਨਾ ਦਿਸੇ ਸੱਚ, ਚਾਰੋਂ ਕੁੰਟ ਅੰਧੇਰਾ ਛਾਇਆ । ਮਾਇਆ ਮਮਤਾ ਅੰਦਰ ਗਈ ਰਚ, ਹਰਿ ਕਾ ਨਾਮ ਨਜ਼ਰ ਕਿਸੇ ਨਾ ਆਇਆ । ਮਾਣ ਰਖਾਇਆ ਮਾਟੀ ਭਾਂਡੇ ਕੱਚ, ਝੂਠੀ ਗਗਰੀ ਰਹੇ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਧਰਾਇਆ । ਕਲਜੁਗ ਕੂੜ ਕੁੜਿਆਰਾ ਬਲ, ਲੱਖ ਚੁਰਾਸੀ ਰਿਹਾ ਵਖਾਈਆ । ਗਿਆਨੀਆਂ ਧਿਆਨੀਆਂ ਵਿਦਵਾਨੀਆਂ ਜਾਏ ਛਲ, ਅਛਲ ਅਛੱਲ ਇਕ ਵਖਾਈਆ । ਕਿਸੇ ਚੈਨ ਨਾ ਲੈਣ ਦੇਵੇ ਪਲ, ਘੜੀ ਪਲ ਵੇਖ ਵਖਾਈਆ ।

ਫਲ ਨਾ ਦਿਸੇ ਕਿਸੇ ਡਾਲ, ਸਿੰਮਲ ਰੁੱਖ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਿਰਿਆ ਵੇਖ ਵਖਾਈਆ । ਕਲਜੁਗ ਕਿਰਿਆ ਜਗਤ ਪਸਾਰਾ, ਪਿਸਰ ਪਿਦਰ ਨਾ ਕੋਇ ਮਨਾਇੰਦਾ । ਰਾਮ ਨਾਮ ਨਾ ਕੋਇ ਸਹਾਰਾ, ਕਾਹਨਾ ਕ੍ਰਿਸ਼ਨਾ ਨਾ ਕੋਇ ਮਨਾਇੰਦਾ । ਨਾਮ ਬੰਸਰੀ ਨਾ ਕੋਇ ਜੈਕਾਰਾ, ਸਾਚੀ ਸੁਰ ਨਾ ਕੋਇ ਸੁਣਾਇੰਦਾ । ਸਾਚੀ ਸਖੀਆਂ ਨਾ ਕਰੇ ਕੋਇ ਪਿਆਰਾ, ਸਿਰ ਹੱਥ ਨਾ ਕੋਇ ਟਿਕਾਇੰਦਾ । ਚਾਰੋਂ ਕੁੰਟ ਹੋਇਆ ਅੰਧਿਆਰਾ, ਸਾਚਾ ਰਾਹ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਿਰਿਆ ਵੇਖ ਵਖਾਇੰਦਾ । ਕਲਜੁਗ ਕਿਰਿਆ ਗੁਰੂਦੁਆਰ ਮੰਦਰ ਮੱਠ, ਮਸਜਿਦ ਖੇਲ ਕਰਾਈਆ । ਅੰਦਰ ਬੈਠੇ ਚੋਰ ਠੱਗ, ਠੱਗ ਠਗੌਰੀ ਰਹੇ ਪਾਈਆ । ਹਰਿ ਕਾ ਨਾਉਂ ਸੁਣੌਂਦੇ ਬਾਹਰ ਸ਼ਾਹ ਰਗ, ਅੰਦਰ ਨਾਮ ਟਿਕਣ ਨਾ ਪਾਈਆ । ਆਪਣੀ ਬੁੱਧੀ ਕਰੀ ਕੱਗ, ਰਸਨਾ ਕਾਗ ਵਾਂਗ ਕੁਰਲਾਈਆ । ਅੰਦਰ ਲੱਗੀ ਮਾਇਆ ਅੱਗ, ਬਾਹਰੋਂ ਤਪਸ਼ ਨਾ ਕੋਇ ਬੁਝਾਈਆ । ਕਾਮ ਕਰੋਧ ਅੰਦਰ ਗਏ ਬੱਝ, ਕਾਮ ਚੇਸਟਾ ਨਾ ਕੋਇ ਮਿਟਾਈਆ । ਮਮਤਾ ਭਰਿਆ ਤਨ ਮਾਸ ਹੱਡ, ਨਾੜੀ ਨਾੜੀ ਦਏ ਦੁਹਾਈਆ । ਖ਼ਾਲੀ ਝੋਲੀ ਬੈਠੇ ਅੱਡ, ਜੀਵਾਂ ਜੰਤਾਂ ਲੁੱਟ ਲੁੱਟ ਖਾਈਆ । ਆਪ ਡਿੱਗੇ ਡੂੰਘੀ ਖੱਡ, ਨਾ ਕੋਈ ਸਕੇ ਬਾਹਰ ਕਢਾਈਆ । ਕਲਜੁਗ ਤੇਰੀ ਹੋਈ ਹੱਦ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਜੀਵਾਂ ਜੰਤਾਂ ਪੀਤੀ ਝੂਠੀ ਮਦਿ, ਨਾਮ ਖ਼ੁਮਾਰੀ ਨਾ ਕੋਇ ਚੜ੍ਹਾਈਆ । ਪਾਰਬ੍ਰਹਮ ਨਾਲੋਂ ਬ੍ਰਹਮ ਹੋਇਆ ਅੱਡ, ਈਸ਼ ਜੀਵ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਿਰਿਆ ਵੇਖੇ ਥਾਉਂ ਥਾਈਂਆ । ਕਲਜੁਗ ਖੇਲ ਥਾਉਂ ਥਨੰਤਰ, ਚਾਰ ਕੁੰਟ ਵਖਾਈਆ । ਘਰ ਘਰ ਲੱਗੀ ਇਕੋ ਬਸੰਤਰ, ਨਾ ਸਕੇ ਕੋਇ ਬੁਝਾਈਆ । ਪੜ੍ਹ ਪੜ੍ਹ ਥੱਕੇ ਦੁਰਗਾ ਮੰਤਰ, ਬਾਰਾਂ ਅਖਸ਼ਰ ਰਹੇ ਸੁਣਾਈਆ । ਨਮੋ ਦੇਵ ਸਾਚਾ ਤੰਤਰ, ਤ੍ਰੈਲੋਕ ਕਰੇ ਸ਼ਨਵਾਈਆ । ਸਤਿਨਾਮ ਨਾ ਕੋਇ ਬਣਤਰ, ਸਤਿ ਸਤਿ ਨਾ ਕੋਇ ਮਿਲਾਈਆ । ਫ਼ਤਿਹ ਡੰਕਾ ਨਾ ਕੋਇ ਸੁਣੇ ਅੰਤਰ, ਮਨ ਵਾਸਨਾ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਖੇਲ ਵੇਖ ਵਖਾਈਆ । ਕਲਜੁਗ ਅੰਤਮ ਰਿਹਾ ਹੱਸ, ਆਪਣਾ ਬਲ ਵਖਾਇੰਦਾ । ਲੱਖ ਚੁਰਾਸੀ ਕੀਤੀ ਵਸ, ਪੱਲੂ ਨਾ ਕੋਇ ਛੁਡਾਇੰਦਾ । ਰਾਜੇ ਰਾਣੇ ਗਏ ਢੱਠ, ਸ਼ਾਹ ਸੁਲਤਾਨ ਨਾ ਸਿਰ ਉਠਾਇੰਦਾ । ਨਾ ਕੋਈ ਤੀਰਥ ਨਾ ਕੋਈ ਤੱਟ, ਸਰ ਸਰੋਵਰ ਨਾ ਕੋਇ ਸੁਹਾਇੰਦਾ । ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖੀ ਨੱਠ ਨੱਠ, ਤ੍ਰਬੈਣੀ ਆਪਣਾ ਖੇਲ ਖਲਾਇੰਦਾ । ਸਾਧਾਂ ਸੰਤਾਂ ਤੁਟਾ ਜਤ, ਧੀਰਜ ਧੀਰ ਨਾ ਕੋਇ ਧਰਾਇੰਦਾ । ਧੀਆਂ ਭੈਣਾਂ ਰਹੇ ਤੱਕ, ਨੇਤਰ ਨੈਣ ਨਾ ਕੋਇ ਸ਼ਰਮਾਇੰਦਾ । ਕਲਜੁਗ ਫਲ ਗਿਆ ਪੱਕ, ਵੇਲਾ ਅੰਤਮ ਆਇੰਦਾ । ਗਗਨ ਪਤਾਲਾਂ ਹਿੱਲੀ ਛੱਤ, ਦੋ ਜਹਾਨ ਡਗਮਗਾਇੰਦਾ । ਚੌਦਾਂ ਤਬਕ ਹੋਏ ਭੱਠ, ਸਾਚਾ ਖੇੜਾ ਨਾ ਕੋਇ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਕਲਜੁਗ ਰੰਗਿਆ ਇਕੋ ਰੰਗ, ਚਾਰ ਵਰਨ ਰੰਗਾਈਆ । ਲੱਖ ਚੁਰਾਸੀ ਜੀਵ ਜੰਤ ਵੇਸਵਾ ਰੂਪ ਝੂਠੀ ਸੇਜ ਮਾਣ ਪਲੰਘ, ਬੈਠੇ ਖ਼ੁਸ਼ੀ ਮਨਾਈਆ । ਕਿਸੇ ਨਾ ਆਇਆ ਪਰਮਾਨੰਦ, ਨਿਜ਼ਾਨੰਦ ਨਾ ਕੋਇ ਰਸਾਈਆ । ਮਦਿਰਾ ਮਾਸ ਖਾ ਖਾ ਗੰਦ, ਹਰਿ ਕਾ ਨਾਮ ਗਏ ਭੁਲਾਈਆ । ਨਿਰਗੁਣ ਜੋਤ ਨਾ ਚੜ੍ਹਿਆ ਚੰਦ, ਸੂਰਜ ਚੰਦ ਵੇਖ ਵਖਾਈਆ । ਪੈਂਡਾ ਮੁੱਕਿਆ ਨਾ ਜੀਉ ਪਿੰਡ ਬ੍ਰਹਿਮੰਡ, ਪਾਰ ਕਿਨਾਰਾ ਨਜ਼ਰ ਕੋਇ ਨਾ ਆਈਆ ।

ਮਿਲ ਮਿਲ ਸਖੀਆਂ ਗਾਏ ਛੰਦ, ਹਰਿ ਕਾ ਢੋਲਾ ਨਾ ਕੋਇ ਸੁਣਾਈਆ । ਅੰਤਮ ਸਭ ਨੂੰ ਮਿਲਣਾ ਦੰਡ, ਬਚਿਆ ਕੋਇ ਰਹਿਣ ਨਾ ਪਾਈਆ । ਕਲਜੁਗ ਕੂੜ ਹੋਏ ਖੰਡ ਖੰਡ, ਹਰਿ ਜੂ ਏਕਾ ਖੰਡਾ ਨਾਮ ਉਠਾਈਆ । ਲੇਖਾ ਜਾਣੇ ਚੰਡ ਪਰਚੰਡ, ਅਸ਼ਟਭੁਜ ਰਾਹ ਤਕਾਈਆ । ਆਦਿ ਭਵਾਨੀ ਮੰਗੇ ਮੰਗ, ਆਪਣੀ ਝੋਲੀ ਦਏ ਡਾਹੀਆ । ਤੂੰ ਸਾਹਿਬ ਸੂਰਾ ਸਰਬੰਗ, ਚਤੁਰਭੁਜ ਵਡੀ ਵਡਿਆਈਆ । ਕਲਜੁਗ ਅੰਤਮ ਕਰਨਾ ਭੰਗ, ਕੂੜੀ ਕਰਿਆ ਸਫ਼ਾ ਉਠਾਈਆ । ਸਾਚੇ ਭਗਤਾਂ ਪੌਣੀ ਠੰਡ, ਆਪਣੀ ਦਇਆ ਕਮਾਈਆ । ਖ਼ੁਸ਼ੀ ਕਰੌਣੀ ਬੰਦ ਬੰਦ, ਬੰਦੀ ਤੋੜ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਭਗਤਾਂ ਦੇਣਾ ਇਕ ਸਹਾਰਾ, ਏਕਾ ਦਇਆ ਕਮਾਵਣੀ । ਕਲਜੁਗ ਅੰਤਮ ਪਾਰ ਕਿਨਾਰਾ, ਗੁਰਮੁਖਾਂ ਪੂਰੀ ਕਰਨੀ ਭਾਵਨੀ । ਚਾਰੋਂ ਕੁੰਟ ਹਾਹਾਕਾਰਾ, ਗੁਰਮੁਖਾਂ ਏਕਾ ਵਾਰ ਸੁਣਾਵਣੀ । ਮਿਲੇ ਮੇਲ ਹਰਿ ਕੰਤ ਭਤਾਰਾ, ਆਪੇ ਪਕੜੇ ਸੱਚਾ ਦਾਮਨੀ । ਲੇਖਾ ਜਾਣੇ ਗੁਪਤ ਜ਼ਾਹਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਸੱਚੀ ਜਾਮਨੀ । ਜ਼ਾਮਨ ਬਣੇ ਹਰਿ ਨਿਰੰਕਾਰ, ਲੋਕਮਾਤ ਭਾਰ ਉਠਾਈਆ । ਕਾਮਨੀ ਕਾਮ ਕਰ ਖ਼ੁਵਾਰ, ਕਰੋਧ ਲੋਭ ਦਏ ਮਿਟਾਈਆ । ਸਾਂਤਕ ਸਤਿ ਧੀਰਜ ਦੇ ਵਿਚ ਸੰਸਾਰ, ਨੀਰ ਸੀਰ ਇਕ ਪਿਆਈਆ । ਪੀਰ ਫ਼ਕੀਰ ਕਰਨ ਪੁਕਾਰ, ਬੇਨਜ਼ੀਰ ਤੇਰੀ ਵਡਿਆਈਆ । ਤਕਦੀਰ ਤਕਸੀਰ ਬਦਲ ਆਪ ਕਰਤਾਰ, ਤਦਬੀਰ ਤੇਰੀ ਤੋਹੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਵਿਸ਼ਵ ਦਏ ਵਖਾਈਆ । ਵਿਸ਼ਨ ਵੇਖਣੀ ਸ਼ਿਵ ਧਾਰ, ਅੰਤ ਆਪ ਜਣਾਈਆ । ਲੱਖ ਚੁਰਾਸੀ ਕਰੇ ਪਿਆਰ, ਜੀਵ ਜੰਤ ਹੋਏ ਸਹਾਈਆ । ਦੂਤੀ ਦੁਸ਼ਟ ਕਰੇ ਖ਼ੁਵਾਰ, ਸੂਫ਼ੀ ਸੰਤ ਲਏ ਮਿਲਾਈਆ । ਭਗਤ ਭਗਵੰਤ ਲਏ ਉਭਾਰ, ਬੇਅੰਤ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਕਲਜੁਗ ਅੰਤ ਭਗਤ ਪਰਗਟੌਣਾ, ਏਕਾ ਭਗਤੀ ਲਾ । ਚਾਰ ਵਰਨ ਇਕ ਰੰਗ ਰੰਗੌਣਾ, ਜ਼ਾਤ ਪਾਤ ਦਏ ਖਪਾ । ਏਕਾ ਬਰਨ ਸਰਬ ਬਣੌਣਾ, ਬਰਨ ਅਠਾਰਾਂ ਪੰਧ ਮੁਕਾ । ਏਕਾ ਸਰਨ ਸਰਬ ਤਕੌਣਾ, ਏਕਾ ਓਟ ਦਏ ਸਮਝਾ । ਏਕਾ ਇਸ਼ਟ ਸਰਬ ਮਨੌਣਾ, ਏਕਾ ਨਜ਼ਰ ਆਏ ਖ਼ੁਦਾ । ਏਕਾ ਕਲਮਾ ਸਰਬ ਪੜ੍ਹੌਣਾ, ਕਾਇਨਾਤ ਕਰ ਰੁਸ਼ਨਾ । ਏਕਾ ਤੁਲਬਾ ਜਗਤ ਅਖਵੌਣਾ, ਤਾਲਬ ਹੋਏ ਸ਼ਹਿਨਸ਼ਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਜਗਾ । ਹਰਿਜਨ ਸਾਚਾ ਆਪ ਜਗੌਣਾ, ਜਗਤ ਜੁਗਤ ਵਡਿਆਈਆ । ਚਾਰ ਯੁਗ ਦਾ ਲੇਖ ਮਕੌਣਾ, ਪੂਰਬ ਲੇਖਾ ਝੋਲੀ ਪਾਈਆ । ਬਣ ਬਣ ਦਾਸੀ ਦਾਸ ਸੇਵ ਕਮੌਣਾ, ਸੇਵਕ ਸੇਵਾ ਇਕ ਰਖਾਈਆ । ਸਤਿਜੁਗ ਸਾਚਾ ਮਾਰਗ ਲੌਣਾ, ਸਤਿ ਸਤਿਵਾਦੀ ਹੋਏ ਸਹਾਈਆ । ਭਗਤ ਭਗਵੰਤ ਆਪ ਵਡਿਔਣਾ, ਭਗਵਨ ਦੇਵੇ ਮਾਣ ਵਡਿਆਈਆ । ਰਾਗ ਛੱਤੀ ਭੇਵ ਨਾ ਔਣਾ, ਨਾਰਦ ਮੁਨ ਗਾਏ ਸੁਰਸਤੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਆਪਣਾ ਭੇਵ ਰੱਖੇ ਹੱਥ, ਵੇਦ ਕਤੇਬ ਕਿਸੇ ਨਾ ਆਇਆ । ਪਾਰਬ੍ਰਹਮ ਪੁਰਖ ਸਮਰਥ, ਜੁਗ ਜੁਗ ਆਪਣੀ ਖੇਲ ਕਰਾਇਆ । ਲੱਖ ਚੁਰਾਸੀ ਪਾਏ ਨੱਥ, ਨੌਂ ਖੰਡ ਪ੍ਰਿਥਮੀ ਰਿਹਾ ਨਚਾਇਆ । ਜਨ ਭਗਤਾਂ ਮਾਰਗ ਏਕੋ ਦੱਸ, ਏਕਾ ਰਾਹ ਚਲਾਇਆ । ਦਰਸ ਦਖਾਏ ਹੱਸ ਹੱਸ, ਘਰ ਘਰ ਫੇਰਾ ਪਾਇਆ । ਆਪਣਾ ਪੰਧ ਮੁਕਾਏ ਨੱਸ ਨੱਸ, ਬਣ ਪਾਂਧੀ ਵੇਖ ਵਖਾਇਆ । ਹਰਿ ਭਗਤ ਉਤਾਰੇ

ਆਪਣੇ ਘਾਟ, ਘਾਟਾ ਕੋਇ ਨਜ਼ਰ ਨਾ ਆਇਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਨਾ ਕੋਈ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਿਸ਼ਨੂੰ ਗੁਣ ਦਏ ਸਮਝਾਇਆ । ਵਿਸ਼ਨ ਅੰਤ ਵੇਖ ਮਹੱਲਾ, ਹਰਿ ਮਹਿਫ਼ਲ ਮਾਤ ਲਗਾਈਆ । ਪੁਰਖ ਅਬਿਨਾਸ਼ ਇਕ ਇਕੱਲਾ, ਅਕਲ ਕਲਾ ਵਡਿਆਈਆ । ਜਲ ਥਲ ਮਹੀਅਲ ਆਪੇ ਰਲਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਰਿਹਾ ਸਮਾਈਆ । ਜੁਗ ਜੁਗ ਭਗਤਾਂ ਫੜੌਂਦਾ ਆਇਆ ਪੱਲਾ, ਧਰੂ ਪ੍ਰਹਿਲਾਦ ਨਾਲ ਮਿਲਾਈਆ । ਕਲਜੁਗ ਅੰਤਮ ਅਛਲ ਅਛੱਲਾ, ਵਲ ਛਲ ਖੇਲ ਕਰਾਈਆ । ਲੱਖ ਚੁਰਾਸੀ ਅੰਦਰ ਬਣਿਆ ਝੱਲਾ, ਬੌਰਾ ਰੂਪ ਵਟਾਈਆ । ਜਨ ਭਗਤਾਂ ਫੜਾਇਆ ਆਪਣਾ ਪੱਲਾ, ਆਪਣੀ ਗੰਢ ਪੁਵਾਈਆ । ਸਚ ਦੁਵਾਰ ਵਸੇ ਮਹੱਲਾ, ਜਿਸ ਦਰ ਮੇਲਾ ਰਿਹਾ ਕਰਾਈਆ । ਜੋਤੀ ਧਾਰ ਸ਼ਬਦੀ ਰਲਾ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਕੋਈ ਕਹੇ ਮੇਰਾ ਅੱਲਾ, ਕੋਈ ਵਾਹਿਗੁਰੂ ਕਹਿ ਕਹਿ ਸੀਸ ਝੁਕਾਈਆ । ਕੋਈ ਕਹੇ ਮੇਰਾ ਰਾਮ ਵਸੇ ਜਲਾ ਥਲਾ, ਘਟ ਘਟ ਰਿਹਾ ਸਮਾਈਆ । ਕੋਈ ਕਹੇ ਮੇਰਾ ਕਾਹਨ ਕ੍ਰਿਸ਼ਨ ਮੱਖਣ ਖਾ ਖਾ ਪਲਾ, ਬਨ ਬਿੰਦਰਾ ਫੇਰਾ ਪਾਈਆ । ਪਾਰਬ੍ਰਹਮ ਕਹੇ ਆਦਿ ਜੁਗਾਦਿ ਮੈਂ ਇਕ ਇਕੱਲਾ, ਜੁਗ ਜੁਗ ਵੇਸ ਵਟਾਈਆ । ਜਨ ਭਗਤਾਂ ਰਾਹ ਦੱਸ ਸੁਖੱਲਾ, ਸਾਚਾ ਮਾਰਗ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਭਗਵਾਨ ਖੇਲ ਕਰਾਈਆ । ਵਿਸ਼ਨੂੰ ਭਗਵਾਨ ਕਲ ਅੰਤਮ ਔਣਾ, ਅੰਤ ਅੰਤ ਜਣਾਇੰਦਾ । ਲਿਖਿਆ ਵਿਆਸ ਪੂਰ ਕਰੌਣਾ, ਪੂਤ ਸਪੂਤਾ ਬ੍ਰਹਿਮਣ ਗੌੜਾ ਫੇਰਾ ਪਾਇੰਦਾ । ਜੁਗ ਚੌਕੜੀ ਪੰਧ ਮਕੌਣਾ, ਗੋਬਿੰਦ ਢੋਲਾ ਆਪ ਸੁਣਾਇੰਦਾ । ਨਾਨਕ ਆਸ਼ਾ ਆਸ਼ਾ ਵਿਚ ਮਿਲੌਣਾ, ਆਪ ਆਪਣੇ ਅੰਗ ਲਗਾਇੰਦਾ । ਨਿਹਕਲੰਕ ਨਾਉਂ ਰਖੌਣਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਸੰਬਲ ਨਗਰ ਡੇਰਾ ਲੌਣਾ, ਸਾਢੇ ਤਿੰਨ ਹੱਥ ਬੰਕ ਸੁਹਾਇੰਦਾ । ਬੋਧ ਅਗਾਧ ਢੋਲਾ ਗਾਉਣਾ, ਢੋਲਕ ਛੈਣਾ ਨਾ ਕੋਇ ਵਜਾਇੰਦਾ । ਸਤਿਜੁਗ ਮਾਰਗ ਆਪ ਲਗੌਣਾ, ਸਾਚਾ ਰਾਹ ਆਪ ਚਲਾਇੰਦਾ । ਕਲਜੁਗ ਭਗਤਾਂ ਨਾਲ ਰਲੌਣਾ, ਗੁਰਮੁਖ ਆਪਣੀ ਗੋਦ ਬਹਾਇੰਦਾ । ਸਾਤਾ ਦੂਆ ਅੰਕ ਮਿਲੌਣਾ, ਅੰਕ ਅੰਕ ਵੇਖ ਵਖਾਇੰਦਾ । ਆਪਣਾ ਅਦਦ ਆਪ ਬਣੌਣਾ, ਤਦਾਦ ਨਾ ਕਿਸੇ ਜਣਾਇੰਦਾ । ਦੂਜੀ ਨਾ ਕੋਈ ਮਦਦ ਮੰਗੌਣਾ, ਓਟ ਓਟ ਨਾ ਕੋਇ ਰਖਾਇੰਦਾ । ਆਪਣਾ ਢੋਲਾ ਆਪੇ ਗੌਣਾ, ਪਿਛਲਾ ਰਾਗ ਨਾ ਕੋਇ ਅਲਾਇੰਦਾ । ਸਤਿਜੁਗ ਸਾਚਾ ਰਾਹ ਚਲੌਣਾ, ਸਤਿ ਸਤਿਵਾਦੀ ਖੇਲ ਕਰਾਇੰਦਾ । ਭਗਤ ਭਗਵੰਤ ਵੇਖ ਵਖੌਣਾ, ਦਰ ਸਾਚੇ ਸੋਭਾ ਪਾਇੰਦਾ । ਅੰਤਰ ਆਤਮ ਬ੍ਰਹਮ ਗਿਆਨ ਦ੍ਰਿੜੌਣਾ, ਦੂਜੀ ਵਿਦਿਆ ਨਾ ਕੋਇ ਪੜ੍ਹਾਇੰਦਾ । ਬਜ਼ਰ ਕਪਾਟੀ ਤੋੜ ਤੜੌਣਾ, ਦੂਈ ਦਵੈਤੀ ਪਰਦਾ ਲਾਹਿੰਦਾ । ਨਿਰਗੁਣ ਦੀਪਕ ਦੀਆ ਇਕ ਜਗੌਣਾ, ਤੇਲ ਬਾਤੀ ਨਾ ਕੋਇ ਪਾਇੰਦਾ । ਨਿਝਰ ਝਿਰਨਾ ਇਕ ਝਿਰੌਣਾ, ਅੰਮ੍ਰਿਤ ਰਸ ਚਖਾਇੰਦਾ । ਸਚ ਦੁਆਰੇ ਆਪ ਬਹੌਣਾ, ਜਿਸ ਦੁਆਰੇ ਸੇਵ ਕਮਾਇੰਦਾ । ਛੱਤੀ ਜੁਗ ਦਾ ਪੰਧ ਮੁਕਾਉਣਾ, ਛੱਤੀ ਛੱਤੀ ਸੰਗ ਰਖਾਇੰਦਾ । ਛੱਤੀ ਰਾਗ ਮੁੱਖ ਸ਼ਰਮੌਣਾ, ਹਰਿਜਨ ਤੇਰਾ ਅੰਤ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰਾ ਆਪ ਵਡਿਆਇੰਦਾ । ਭਗਤ ਦੁਆਰਾ ਛੱਤੀ ਜੁਗ, ਪਿਛਲੀ ਯਾਦ ਕਰਾਈਆ । ਕਲਜੁਗ ਔਧ ਗਈ ਪੁਗ, ਅੱਗੇ ਰਾਹ ਨਾ ਕੋਇ ਵਖਾਈਆ । ਆਪਣੀ ਚੋਗ ਲਈ ਚੁਗ, ਵਿਸ਼ਨੂੰ ਭੰਡਾਰਾ ਦਿਤਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ

ਹੱਥ ਰਖਾਈਆ । ਭਗਤ ਦੁਆਰਾ ਲੋਕਮਾਤ, ਮਾਤਰ ਭੂਮੀ ਆਪ ਸੁਹਾਇੰਦਾ । ਸੰਤ ਭਗਤ ਇਕ ਜਮਾਤ, ਏਕਾ ਪੱਟੀ ਨਾਮ ਪੜ੍ਹਾਇੰਦਾ । ਏਕਾ ਸੰਥਾ ਏਕਾ ਗਾਥ, ਏਕਾ ਸਬਕ ਸਿਖਾਇੰਦਾ । ਇਕੋ ਕਲਮ ਇਕ ਦਵਾਤ, ਇਕੋ ਅੱਖਰ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਭਗਤ ਦੁਆਰਾ ਸੋਹੇ ਜਗ, ਹਰਿ ਜਾਗਰਤ ਜੋਤ ਜਗਾਈਆ । ਜੋ ਜਨ ਸ਼ਰਨਾਈ ਗਿਆ ਲੱਗ, ਜਨਮ ਮਰਨ ਵਿਚ ਨਾ ਆਈਆ । ਕਰਮ ਕਾਂਡ ਦੀ ਮਿਟੇ ਅੱਗ, ਕਰਮ ਕੁਕਰਮ ਨਾ ਕੋਇ ਸਜਾਈਆ । ਸਤਿ ਸਰੂਪੀ ਬੰਨ੍ਹੇ ਤਗ, ਤਕਦੀਰ ਦਏ ਬਦਲਾਈਆ । ਬਿਨ ਕਾਅਬੇ ਕਰਾਏ ਹੱਜ, ਕਾਇਆ ਹੁਜਰਾ ਇਕ ਵਖਾਈਆ । ਨਿਰਗੁਣ ਨੂਰ ਇਲਾਹੀ ਰਬ, ਰੱਬੀਉਲ ਆਪਣਾ ਨੂਰ ਦਰਸਾਈਆ । ਭਗਤ ਦੁਆਰੇ ਬਹੇ ਫਬ, ਫ਼ਾਤਿਆ ਪੜ੍ਹੇ ਸਰਬ ਲੋਕਾਈਆ । ਮੁਹੰਮਦ ਤੱਕੇ ਵਿਚ ਰਾਹ ਅੱਧ, ਬੈਠਾ ਸੀਸ ਝੁਕਾਈਆ । ਕਵਣ ਵੇਲਾ ਮੇਰਾ ਖ਼ੁਦਾ ਮੈਨੂੰ ਲਏ ਸੱਦ, ਕਲਮਾ ਕਲਾਮ ਸੁਣਾਈਆ । ਜਬਰਾਈਲ ਮੇਕਾਈਲ ਅਸਰਾਫੀਲ ਅਜ਼ਰਾਈਲ ਰਹੇ ਭੱਜ, ਆਪਣਾ ਪੰਧ ਮੁਕਾਈਆ । ਅੱਲਾ ਰਾਣੀ ਕਹੇ ਮੇਰਾ ਕਬੂਲ ਹੋਵੇ ਹੱਜ, ਮੇਰਾ ਮੀਆਂ ਚਲੇ ਮੇਰੀ ਰਜ਼ਾਈਆ । ਚੌਦਾਂ ਲੋਕ ਬੈਠੀ ਤਜ, ਉਮਤ ਨਜ਼ਰ ਕੋਇ ਨਾ ਆਈਆ । ਬਣ ਨਿਮਾਣੀ ਬੈਠੀ ਅੱਡ, ਮੇਰੀ ਸਾਰ ਕੋਇ ਨਾ ਪਾਈਆ । ਪੀਰ ਪੈਗ਼ੰਬਰ ਔਲੀਏ ਸ਼ੇਖ਼ ਗਏ ਲਦ, ਆਪਣਾ ਪਲੂ ਗਏ ਛੁਡਾਈਆ । ਮੈਂ ਪਾਰ ਨਾ ਕਰਾਂ ਹੱਦ, ਕਿਨਾਰਾ ਨਜ਼ਰ ਕੋਇ ਨਾ ਆਈਆ । ਮੇਰਾ ਸਾਹਿਬ ਗਿਆ ਛੱਡ, ਇਕੋ ਇਕ ਸੱਚਾ ਗੁਸਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਅੱਲਾ ਰਾਣੀ ਕਰੇ ਵਿਚਾਰ, ਚੌਦਾਂ ਤਬਕ ਪਈ ਦੁਹਾਈਆ । ਮੁਹੰਮਦ ਇਛਿਆ ਗਈ ਹਾਰ, ਹਾਹਾਕਾਰ ਮਚਾਈਆ । ਕਾਗਦ ਕਲਮ ਨਾ ਲਿਖਣਹਾਰ, ਲਿਖ ਲਿਖ ਥੱਕੀ ਸ਼ਾਹੀਆ । ਅੰਜੀਲ ਕੁਰਾਨ ਕਰਨ ਗਿਰਿਆਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਮੌਲਾ, ਰਾਮ ਰਹਿਮਾਨ ਆਪ ਕਰਾਇੰਦਾ । ਚੌਦਾਂ ਸਦੀਆਂ ਰੱਖਦਾ ਰਿਹਾ ਉਹਲਾ, ਆਪਣਾ ਪਰਦਾ ਨਾ ਕੋਇ ਉਠਾਇੰਦਾ । ਮੁਹੰਮਦ ਚੁੱਕੀ ਫਿਰਦਾ ਰਿਹਾ ਡੋਲਾ, ਬਣ ਕੁਹਾਰ ਸੇਵ ਕਮਾਇੰਦਾ । ਆਪਣਾ ਪੌਂਦਾ ਰਿਹਾ ਰੌਲਾ, ਹੱਕ ਜਨਾਬ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਤੇਰਾ ਖੇਲ ਮੀਆਂ ਮੀਤ, ਅੱਲਾ ਰਾਣੀ ਦਏ ਦੁਹਾਈਆ । ਤੂੰ ਲੱਖ ਚੁਰਾਸੀ ਵੇਖੇਂ ਨੀਤ, ਘਰ ਘਰ ਬੈਠਾ ਵੇਖ ਵਖਾਈਆ । ਮੈਂ ਤੇਰੇ ਨਾਲ ਕਰਾਂ ਪ੍ਰੀਤ, ਤੂੰ ਬਿਪ੍ਰੀਤ ਕਿਉਂ ਰਿਹਾ ਵਖਾਈਆ । ਮੈਂ ਗਾਵਾਂ ਤੇਰੇ ਗੀਤ, ਨਿਤ ਤੇਰਾ ਰਾਹ ਤਕਾਈਆ । ਮੈਂ ਛੱਡ ਕੇ ਆਈ ਮਸੀਤ, ਮੁਲਾਂ ਕੋਇ ਨਾਲ ਨਾ ਲਿਆਈਆ । ਤੇਰੀ ਅਚਰਜ ਵੇਖੀ ਰੀਤ, ਗਰੀਬਾਂ ਲਏਂ ਤਰਾਈਆ । ਤੂੰ ਇਕੋ ਰੰਗ ਰੱਖੇਂ ਹਸਤ ਕੀਟ, ਕੀਟ ਕੀਟਾਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਮੋਹੇ ਵਰ, ਮੇਰੀ ਆਸ਼ਾ ਪੂਰ ਕਰਾਈਆ । ਮੇਰੀ ਆਸਾ ਕਰ ਪੂਰ, ਪੂਰਨ ਸਵਾਮੀਆਂ । ਮੈਂ ਆਈ ਦਰ ਹਜ਼ੂਰ, ਨਿਹਚਲ ਨਿਹਕਾਮੀਆਂ । ਮੇਰਾ ਤੁਟਾ ਮਾਣ ਗ਼ਰੂਰ, ਨਿਉਂ ਨਿਉਂ ਕਰਾਂ ਸਲਾਮੀਆਂ । ਮੈਨੂੰ ਦਰ ਘਰ ਕਰ ਮਨਜ਼ੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੇ ਉਪਰ ਕਰ ਮਿਹਰਬਾਨੀਆਂ । ਮਿਹਰਵਾਨ ਕਰ ਮਿਹਰ ਨਜ਼ਰ, ਮੇਰੀ ਨੱਯਾ ਰਹੀ ਡੁਲਾਈਆ । ਮੈਂ ਤੇਰਾ ਪੂਰਾ ਕਰਾਂ ਫ਼ਰਜ਼, ਆਪਣੀ ਗ਼ਰਜ਼ ਨਾ ਕੋਇ ਰਖਾਈਆ । ਤੇਰਾ

ਰਾਗ ਗਾਵਾਂ ਤਰਜ਼, ਬਣ ਤਰੀਮਤ ਸੇਵ ਕਮਾਈਆ । ਚੌਦਾਂ ਲੋਕ ਆਵਾਂ ਵਰਜ਼, ਸ਼ਰਅ ਸ਼ਰੀਅਤ ਦਿਆਂ ਤੁੜਾਈਆ । ਤੇਰਿਆਂ ਭਗਤਾਂ ਹੋਣ ਨਾਂ ਦੇਵਾਂ ਹਰਜ, ਕਰਜ਼ਾ ਸਭ ਦਾ ਦਿਆਂ ਮੁਕਾਈਆ । ਦੋਏ ਜੋੜ ਕਰਾਂ ਅਰਜ, ਅਰਜ਼ੀ ਇਕੋ ਵਾਰ ਪਾਈਆ । ਮੈਂ ਅਰਸ਼ੋਂ ਆਈ ਫ਼ਰਸ਼, ਮੇਰੀ ਖ਼ਾਕ ਉਡੀ ਛਾਹੀਆ । ਮੇਰੇ ਉਤੇ ਕਰ ਤਰਸ, ਬਣ ਨਿਮਾਣੀ ਰਹੀ ਕੁਰਲਾਈਆ । ਆਪਣਾ ਆਬ ਹਯਾਤ ਬਰਸ, ਬੇਆਬ ਰਹੀ ਤੜਫਾਈਆ । ਮੈਨੂੰ ਦੇ ਦੇ ਆਪਣਾ ਕਰਜ਼, ਮਕਰੂਜ਼ ਹੋਈ ਸੌਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਰਿਹਾ ਸਮਝਾਈਆ । ਅੱਲਾ ਸੁਣ ਹੱਕ ਨਿਵਾਜ਼, ਇਲਾਹੀ ਆਪ ਸੁਣਾਇੰਦਾ । ਤੇਰੀ ਪੂਰੀ ਹੋਈ ਨਿਮਾਜ਼, ਨਿਉਂ ਨਿਉਂ ਸੀਸ ਵੇਖ ਵਖਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਸਾਜਣ ਰਿਹਾ ਸਾਜ, ਸਾਚਾ ਰਾਹ ਚਲਾਇੰਦਾ । ਸਤਿ ਸਤਿਵਾਦੀ ਚਲੇ ਇਕ ਜਹਾਜ਼, ਹਰਿਜਨ ਸਾਚੇ ਆਪ ਚੜ੍ਹਾਇੰਦਾ । ਅਸਵ ਘੋੜੇ ਚੜ੍ਹਿਆ ਤਾਜ, ਦੁਲ ਦੁਲ ਅਲੀ ਆਪ ਦੌੜਾਇੰਦਾ । ਅਵਣ ਗਵਣ ਤ੍ਰੈਭਵਣ ਰਿਹਾ ਭਾਜ, ਬ੍ਰਹਿਮੰਡ ਖੰਡ ਫੇਰਾ ਪਾਇੰਦਾ । ਲੇਖਾ ਜਾਣੇ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਆਪ ਉਠਾਇੰਦਾ । ਧੁਰਦਰਗਾਹੀ ਦੇਵੇ ਰਾਜ, ਸੀਸ ਤਾਜ ਇਕ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਸਚ ਸਲਾਹ, ਸਲਾਹਗੀਰ ਆਪ ਸੁਣਾਈਆ । ਜੇ ਲੈਣੀ ਅੰਤ ਪਨਾਹ, ਸਚ ਦੁਆਰ ਦਏ ਵਖਾਈਆ । ਮੇਰੇ ਭਗਤ ਬਖ਼ਸ਼ਣ ਤੇਰਾ ਗੁਨਾਹ, ਏਕਾ ਅੱਖਰ ਦੇਣ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਰਿਹਾ ਵਖਾਈਆ । ਸਾਚਾ ਮਾਰਗ ਦੱਸੇ ਰਾਹ, ਦਹਿ ਦਿਸ਼ਾ ਵੇਖ ਵਖਾਇੰਦਾ । ਜਨ ਭਗਤਾਂ ਮੇਲਾ ਲਏ ਮਿਲਾ, ਮਿਲ ਮਿਲ ਆਪਣਾ ਖੇਲ ਵਖਾਇੰਦਾ । ਸੱਜਣ ਸੁਹੇਲਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਹੁਕਮ ਅਲਾਇੰਦਾ । ਕਲਜੁਗ ਅੰਤ ਬਣੇ ਮਲਾਹ, ਸਤਿਜੁਗ ਬੇੜਾ ਆਪ ਉਠਾਇੰਦਾ । ਭਗਤਾਂ ਪਕੜਨਹਾਰਾ ਬਾਂਹ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਲਾ ਰਾਣੀ ਏਕਾ ਘਰ ਵਖਾਇੰਦਾ । ਏਕਾ ਘਰ ਭਗਤ ਦੁਆਰਾ, ਹਰਿ ਜੂ ਹਰਿ ਸਮਝਾਈਆ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਵਡ ਵਡਿਆਈਆ । ਦੇਵੇ ਮਾਣ ਵਿਚ ਸੰਸਾਰਾ, ਮਾਇਆ ਮਮਤਾ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਆਪ ਸੁਹਾਈਆ । ਗ੍ਰਿਹ ਮੰਦਰ ਸੋਭਾਵੰਤ, ਲੋਕਮਾਤ ਵਡਿਆਇਆ । ਹਰਿ ਜੂ ਆਪ ਬਣਾਏ ਬਣਤ, ਭਗਵਨ ਸੇਵ ਕਮਾਇਆ । ਵਿਚ ਬਹਾਏ ਸਾਚੇ ਸੰਤ, ਗੁਰਮੁਖ ਨਾਉਂ ਪਰਗਟਾਇਆ । ਦਰਸ ਦਿਖਾਏ ਇਕ ਇਕੰਤ, ਇਕਾਂਤ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਅੰਤਰ ਡੇਰਾ ਲਾਇਆ । ਭਗਤਾਂ ਅੰਦਰ ਗਿਆ ਵੜ, ਔਂਦਾ ਜਾਂਦਾ ਨਜ਼ਰ ਨਾ ਆਈਆ । ਆਪਣੇ ਪੌੜੇ ਗਿਆ ਚੜ੍ਹ, ਉਪਰ ਪੌੜਾ ਏਕਾ ਲਾਈਆ । ਆਪਣੀ ਵਿਦਿਆ ਆਪੇ ਪੜ੍ਹ, ਕਰੇ ਸਚ ਪੜ੍ਹਾਈਆ । ਆਪਣਾ ਨੂਰ ਆਪੇ ਧਰ, ਨੂਰ ਕਰੇ ਰੁਸ਼ਨਾਈਆ । ਆਪਣੇ ਮੰਦਰ ਆਪੇ ਖੜ, ਘਰ ਘਰ ਵਿਚ ਸੋਭਾ ਪਾਈਆ । ਆਪੇ ਪੁਰਖ ਆਪੇ ਨਰ, ਨਰ ਨਰਾਇਣ ਖ਼ੁਸ਼ੀ ਮਨਾਈਆ । ਪਾਰਬ੍ਰਹਮ ਬ੍ਰਹਮ ਮੇਲ ਕਰ, ਈਸ਼ ਜੀਵ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਅੰਦਰ ਰਿਹਾ ਸਮਾਈਆ । ਭਗਤ ਅੰਦਰ ਸਚ ਸਿੰਘਾਸਣ, ਹਰਿ ਹਰਿ ਆਪ ਲਗਾਇਆ । ਕਰੇ ਖੇਲ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤਾ ਵੇਸ ਵਟਾਇਆ । ਖੇਲੇ ਖੇਲ ਖੇਲ ਤਮਾਸ਼ਨ, ਖ਼ਾਲਕ ਖ਼ਲਕ ਰੂਪ ਸਮਾਇਆ ।

ਭਗਤਾਂ ਕਰੇ ਪੂਰੀ ਆਸਣ, ਨਿਰਾਸਾ ਕੋਇ ਰਹਿਣ ਨਾ ਪਾਇਆ । ਅੰਤਮ ਕਰੇ ਬੰਦ ਖ਼ਲਾਸਣ, ਲੱਖ ਚੁਰਾਸੀ ਪੰਧ ਮੁਕਾਇਆ । ਮਾਤ ਗਰਭ ਫੇਰ ਨਾ ਫਾਸਣ, ਜਿਸ ਜਨ ਨੇਤਰ ਦਰਸ਼ਨ ਪਾਇਆ । ਲੇਖੇ ਲੱਗੇ ਰਸਨ ਸਵਾਸਣ, ਜਿਸ ਜਨ ਰਸਨਾ ਜਿਹਵਾ ਗਾਇਆ । ਪਾਰ ਕਿਨਾਰਾ ਪ੍ਰਿਥਮੀ ਅਕਾਸ਼ਣ, ਸਚਖੰਡ ਦੁਆਰੇ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਇਕੋ ਹਰਿ, ਜੁਗ ਜੁਗ ਆਪਣਾ ਵੇਸ ਵਟਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਏ ਦੋ ਜਹਾਨਾਂ ਖੜ, ਏਥੇ ਓਥੇ ਓਥੇ ਏਥੇ ਸਦਾ ਸਦ ਸਦ ਹੋਏ ਸਹਾਇਆ । ਹੁਕਮੇ ਅੰਦਰ ਹੁਕਮੀ ਧਾਰ, ਹੁਕਮੀ ਹੁਕਮ ਵਿਚ ਭੁਵਾਈਆ । ਕਰੋੜ ਤੇਤੀਸਾ ਕੋਟਨ ਵਾਰ, ਕੋਟਨ ਕੋਟ ਵੇਸ ਵਟਾਈਆ । ਕੋਟਨ ਕੋਟ ਖੜੇ ਇੰਦਰ ਦਵਾਰ, ਦਰ ਬੈਠੇ ਸੀਸ ਝੁਕਾਈਆ । ਕੋਟਣ ਮੰਗਣ ਬਣ ਭਿਖਾਰ, ਅੱਗੇ ਆਪਣੀ ਝੋਲੀ ਡਾਹੀਆ । ਕੋਟਨ ਕੋਟ ਬਣ ਸਿਕਦਾਰ, ਸੀਸ ਛੱਤਰ ਗਏ ਝੁਲਾਈਆ । ਅੰਤਮ ਸਭ ਦਾ ਲਹਿਣਾ ਲਏ ਨਿਰੰਕਾਰ, ਇਕ ਇਕੱਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਚਲਾਈਆ । ਕਰੋੜ ਤੇਤੀਸਾ ਮੰਗੇ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਤੇਰਾ ਦਿਸੇ ਸਦਾ ਸੰਗ, ਵਿਛੜ ਕਦੇ ਨਾ ਜਾਈਆ । ਤੇਰੀ ਸੇਜਾ ਮਿਲੇ ਪਲੰਘ, ਸਾਚੀ ਸੇਜਾ ਇਕ ਸੁਹਾਈਆ । ਤੇਰਾ ਨਾਮ ਵੱਜੇ ਮਰਦੰਗ, ਇਕ ਮਰਦੰਗਾ ਵਜਾਈਆ । ਤੇਰਾ ਦੁਆਰਾ ਆਏ ਲੰਘ, ਚਰਨ ਕਵਲ ਮਿਲੇ ਸ਼ਰਨਾਈਆ । ਤੂੰ ਸਾਹਿਬ ਸਦਾ ਬਖ਼ਸ਼ੰਦ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਕੋਟਨ ਕੋਟ ਦਰ ਦਰਵੇਸ਼ ਰਹੇ ਮੰਗ, ਏਕਾ ਮੰਗ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਰੋੜ ਤੇਤੀਸਾ ਉਤਮ ਜ਼ਾਤ, ਪਵਣ ਪਵਣ ਵਿਚ ਰਖਾਇੰਦਾ । ਆਪੇ ਪਿਤਾ ਆਪੇ ਮਾਤ, ਆਪੇ ਫੜ ਫੜ ਗੋਦ ਬਹਾਇੰਦਾ । ਆਪੇ ਦੇਵਣਹਾਰਾ ਦਾਤ, ਆਪੇ ਖ਼ਾਲੀ ਝੋਲੀ ਵਖਾਇੰਦਾ । ਆਪ ਨਿਭਾਏ ਆਪਣਾ ਸਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਸਮਾਇੰਦਾ । ਕਰੋੜ ਤੇਤੀਸਾ ਏਕਾ ਰੰਗ, ਏਕਾ ਵਾਰ ਚੜ੍ਹਾਇੰਦਾ । ਨਾ ਕੋਇ ਵੇਖੇ ਨੇਤਰ ਸੰਗ, ਔਂਦਾ ਜਾਂਦਾ ਦਿਸ ਨਾ ਆਇੰਦਾ । ਜੀਵ ਜੰਤ ਗਾ ਗਾ ਥੱਕੇ ਛੰਦ, ਫੜ ਫੜ ਘਰ ਨਾ ਕੋਇ ਬਹਾਇੰਦਾ । ਪਿਤਰ ਮਨੌਂਦੇ ਰਹੇ ਪਾਂਡੇ ਪਿੰਡ, ਪੰਡਤ ਬਣ ਪਿੰਡੀ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਜਣਾਇੰਦਾ । ਕਰੋੜ ਤੇਤੀਸਾ ਸਾਚੀ ਸੇਵਾ, ਸੇਵਕ ਸੇਵਾ ਸਚ ਸਮਝਾਈਆ । ਅੰਮ੍ਰਿਤ ਫਲ ਮਿਲਿਆ ਮੇਵਾ, ਏਕਾ ਮੁੱਖ ਪੁਵਾਈਆ । ਕਰੇ ਖੇਲ ਅਲੱਖ ਅਭੇਵਾ, ਅਲਖ ਅਨਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਸੋਭਾ ਪਾਈਆ । ਮਾਣਸ ਜਨਮ ਉਤਮ ਅਪਾਰ, ਹਰਿ ਜੂ ਆਪ ਬਣਾਇਆ । ਨਿਰਗੁਣ ਆਵੇ ਸਰਗੁਣ ਲੈ ਅਵਤਾਰ, ਮਾਣਸ ਰੂਪ ਵਟਾਇਆ । ਅੰਤਰ ਕਰ ਜੋਤ ਉਜਿਆਰ, ਬਾਹਰ ਪੰਜ ਤੱਤ ਕਾਇਆ ਚੋਲਾ ਹੰਢਾਇਆ । ਜਗਤ ਵੇਖੇ ਜਗਤ ਵਿਹਾਰ, ਭਗਤਾਂ ਭਗਵਨ ਨਜ਼ਰੀ ਆਇਆ । ਸੋ ਮਾਨਸ ਜਨਮ ਅਪਰ ਅਪਾਰ, ਜਿਸ ਮਾਨਸ ਰੂਪ ਵਿਚ ਹਰਿ ਹਰਿ ਡੇਰਾ ਲਾਇਆ । ਰਾਮ ਕ੍ਰਿਸ਼ਨ ਕਰਨ ਨਿਮਸਕਾਰ, ਗੁਰ ਇਸ਼ਟ ਦੇਵ ਮਨਾਇਆ । ਈਸਾ ਮੂਸਾ ਮੁਹੰਮਦ ਕਰਨ ਸਲਾਮ, ਸਯਦਾ ਸੀਸ ਝੁਕਾਇਆ । ਨਾਨਕ ਗੋਬਿੰਦ ਕਰਨ ਪਰਨਾਮ, ਮਸਤਕ ਧੂੜੀ ਟਿੱਕਾ ਲਾਇਆ । ਮਾਣਸ ਜਨਮ ਵਡ ਬਲਵਾਨ, ਬਲ ਬਾਵਨ ਹਰਿ ਜੂ ਮਾਨਸ ਜਨਮ ਵਟਾਇਆ । ਕਰੋੜ ਤੇਤੀਸਾ

ਇਕ ਗਿਆਨ, ਇਕੋ ਇਕ ਪੜ੍ਹਾਇਆ । ਦੋਹਾਂ ਵਿਚੋਲਾ ਸ੍ਰੀ ਭਗਵਾਨ, ਦੂਜਾ ਵਿਚ ਨਾ ਕੋਈ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰਮੁਖ ਦੇਵਤ ਦੇਵ ਆਪ ਵਖਾਇਆ । ਦੇਵਤ ਦੇਵ ਸੁਰ ਨਰ ਮੁਨ ਜਨ ਗਣ ਗੰਧਰਬ, ਕਿਨਰ ਜਸ਼ਪ ਦਏ ਵਡਿਆਈਆ । ਸਰਬ ਜੀਆਂ ਦਾ ਇਕੋ ਹਰਿ, ਏਕਾ ਰੂਪ ਵਖਾਈਆ । ਮਨ ਵਾਸਨਾ ਅੰਦਰ ਜੀਵ ਰਹੇ ਡਰ, ਹਰਿ ਭੈ ਸਰਬ ਚੁਕਾਈਆ । ਮਾਣਸ ਦੇਵਤ ਜਾਇਣ ਬਣ, ਜਿਸ ਮਿਲਿਆ ਹਰਿ ਰਘੁਰਾਈਆ । ਸੀਸ ਝੁਕਾਇਣ ਦੋਵੇਂ ਗਣ, ਦਵਾਰਪਾਲ ਜੋ ਸੇਵ ਕਮਾਈਆ । ਵਿਸ਼ਨੂੰ ਧਾਰੇ ਆਪਣਾ ਬਲ, ਭਗਵਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵਤ ਦੇਵਤ ਗੁਰਮੁਖ ਦੇਵ ਦੇਵਾ ਸਰਬ ਦੇਵ ਆਤਮ ਪਰਮਾਤਮ ਜ਼ਾਹਰ ਬਾਤਨ ਆਪਣਾ ਰੰਗ ਵਖਾਈਆ ।

★ ੧੪ ਮੱਘਰ ੨੦੧੮ ਬਿਕਰਮੀ ਦਲੀਪ ਸਿੰਘ ਬਾਬੂ ਪੁਰਾ ਜੇਠੂਵਾਲ ਦਰਬਾਰ ਵਿਚ ★

ਭਗਤ ਵਛਲ ਭਗਵਾਨ, ਆਦਿ ਜੁਗਾਦਿ ਸਮਾਇੰਦਾ । ਦਾਤਾ ਦਾਨੀ ਵਡ ਮਿਹਰਵਾਨ, ਜੁਗਾ ਜੁਗੰਤਰ ਖੇਲ ਖਲਾਇੰਦਾ । ਵੇਖੇ ਵਿਗਸੇ ਦੋ ਜਹਾਨ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਲੱਖ ਚੁਰਾਸੀ ਹੋ ਪਰਧਾਨ, ਲੋਕਮਾਤ ਫੇਰਾ ਪਾਇੰਦਾ । ਨਾਮ ਨਿਧਾਨਾ ਇਕ ਗਿਆਨ, ਅੰਤਰ ਮੰਤਰ ਆਪ ਪੜ੍ਹਾਇੰਦਾ । ਧਰਮ ਵਖਾਏ ਇਕ ਨਿਸ਼ਾਨ, ਸਚ ਨਿਸ਼ਾਨਾ ਆਪ ਝੁਲਾਇੰਦਾ । ਨਾਦ ਅਨਾਦੀ ਹਰਿ ਧੁਨਕਾਨ, ਧੁਨ ਆਤਮਕ ਆਪ ਅਲਾਇੰਦਾ । ਪਵਣ ਪਾਣੀ ਸੇਵ ਕਮਾਣ, ਹਵਾ ਅਗਨੀ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਖੇਲ ਖਲਾਇੰਦਾ । ਭਗਤ ਵਛਲ ਹਰਿ ਭਗਵੰਤ, ਮਹਿਮਾ ਅਕੱਥ ਕੱਥੀ ਨਾ ਜਾਈਆ । ਲੇਖਾ ਜਾਣੇ ਜੁਗਾ ਜੁਗੰਤ, ਆਦਿ ਜੁਗਾਦਿ ਬੇਪਰਵਾਹੀਆ । ਹਰਿਜਨ ਵੇਖੇ ਸਾਚੇ ਸੰਤ, ਨਿਰਗੁਣ ਸਰਗੁਣ ਵੇਸ ਵਟਾਈਆ । ਲੇਖਾ ਜਾਣੇ ਭਗਤ ਭਗਵੰਤ, ਭਗਵਨ ਆਪਣੀ ਧਾਰ ਵਖਾਈਆ । ਏਕਾ ਨਾਮ ਮਣੀਆ ਮੰਤ, ਮਨ ਮਣਕਾ ਦਏ ਭੁਵਾਈਆ । ਤੋੜੇ ਗੜ੍ਹ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਈਆ । ਕਾਇਆ ਚਾੜ੍ਹੇ ਸਾਚੀ ਰੰਗਤ, ਰੰਗ ਰੰਗੀਲਾ ਏਕਾ ਮਾਹੀਆ । ਮੇਲ ਮਿਲਾਵਾ ਸਾਚੀ ਸੰਗਤ, ਹਰਿ ਸੰਗਤ ਰਿਹਾ ਸਮਾਈਆ । ਇਕ ਇਕੱਲਾ ਲੱਖ ਚੁਰਾਸੀ ਬਣੇ ਮੰਗਤ, ਗੁਰ ਅਵਤਾਰਾਂ ਰਿਹਾ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਾਏ ਬਣਤ, ਘਾੜਨ ਆਪਣਾ ਘਾੜ ਘੜਾਈਆ । ਲੇਖਾ ਜਾਣੇ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਖੇਲ ਕਰਾਈਆ । ਭਗਤ ਵਛਲ ਹਰਿ ਕਰਤਾਰਾ, ਕੁਦਰਤ ਕਾਦਰ ਵੇਖ ਵਖਾਇੰਦਾ । ਲੋਕ ਪਰਲੋਕ ਬ੍ਰਹਿਮੰਡ ਖੰਡ ਪਾਵੇ ਸਾਰਾ, ਵੇਸ ਅਨੇਕ ਵਟਾਇੰਦਾ । ਜੇਰਜ ਅੰਡ ਦਏ ਸਹਾਰਾ, ਉਤਭੁਜ ਸੇਤਜ ਸੰਗ ਨਿਭਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਨਿਆਰਾ, ਨਿਰਾਕਾਰ ਆਪ ਅਖਵਾਇੰਦਾ । ਨਾਦ ਧੁੰਨ ਸਚ ਜੈਕਾਰਾ, ਸ਼ਬਦ ਅਨਾਦੀ ਨਾਦ ਵਜਾਇੰਦਾ । ਬ੍ਰਹਮ ਬ੍ਰਹਿਮਾਦ ਵੇਖੇ ਵਿਗਸੇ ਵੇਖਣਹਾਰਾ, ਨੇਤਰ ਲੋਚਣ ਨੈਣ ਨਾ ਕੋਇ ਵਖਾਇੰਦਾ । ਸਾਚੇ ਮੰਦਰ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਦੀਆ ਬਾਤੀ ਏਕਾ ਧਾਰਾ, ਕਮਲਾਪਾਤੀ ਆਪ ਜਗਾਇੰਦਾ । ਬੂੰਦ ਸਵਾਂਤੀ ਠੰਡੀ

ਠਾਰਾ, ਅੰਮ੍ਰਿਤ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਖੇਲ ਕਰਾਇੰਦਾ । ਭਗਤ ਵਛਲ ਗਿਰਵਰ ਗਿਰਧਾਰ, ਗ੍ਰਿਹਿ ਮੰਦਰ ਸੋਭਾ ਪਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸ਼ਾਹ ਸੁਲਤਾਨਾ ਨਾਉਂ ਧਰਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਣਾ ਆਪ ਸੁਣਾਈਆ । ਜੁਗਾ ਜੁਗੰਤਰ ਲੈ ਅਵਤਾਰ, ਲੱਖ ਚੁਰਾਸੀ ਵੇਖ ਵਖਾਈਆ । ਸੰਤ ਸਾਜਣ ਲਏ ਉਭਾਰ, ਸਾਚਾ ਸੱਯਾ ਇਕ ਵਖਾਈਆ । ਭਗਤਾਂ ਮੀਤਾ ਵਿਚ ਸੰਸਾਰ, ਸਾਚੀ ਰੀਤਾ ਆਪ ਚਲਾਈਆ । ਠਾਂਡਾ ਸੀਤਾ ਏਕੰਕਾਰ, ਅਗਨੀ ਤੱਤ ਨਾ ਕੋਇ ਰਖਾਈਆ । ਨਾਮ ਵਸਤ ਅਨਮੁਲ ਭੰਡਾਰ, ਵਡ ਭੰਡਾਰੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਬੇਪਰਵਾਹੀਆ । ਭਗਤ ਵਛਲ ਬੇਪਰਵਾਹ, ਬੇਐਬ ਨਾਉਂ ਰਖਾਇੰਦਾ । ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹ, ਸਾਚਾ ਹੁਕਮ ਆਪ ਚਲਾਇੰਦਾ । ਦੀਨ ਦੁਨੀ ਵੇਖੇ ਥਾਉਂ ਥਾਂ, ਦੀਨਨ ਆਪਣੀ ਦਇਆ ਕਮਾਇੰਦਾ । ਰਿਖੀ ਮੁਨੀ ਭੇਵ ਜਾਣੇ ਨਾ, ਅਛਲ ਅਛੱਲ ਆਪਣਾ ਭੇਵ ਆਪ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਆਪਣੇ ਰੰਗ ਰੰਗਾਇੰਦਾ । ਭਗਤ ਵਛਲ ਹਰਿ ਰੰਗ ਰਾਤਾ, ਰੰਗ ਰੰਗੀਲਾ ਇਕ ਅਖਵਾਈਆ । ਆਦਿ ਜੁਗਾਦਿ ਸਾਚੀ ਗਾਥਾ, ਜੁਗਾ ਜੁਗੰਤਰ ਕਰੇ ਪੜ੍ਹਾਈਆ । ਨਾਮ ਨਿਧਾਨਾ ਦੇਵੇ ਦਾਤਾ, ਗੁਰ ਅਵਤਾਰਾਂ ਝੋਲੀ ਪਾਈਆ । ਬੈਠਾ ਰਹੇ ਇਕ ਇਕਾਂਤਾ, ਅਕਲ ਕਲਾ ਅਖਵਾਈਆ । ਨਿਤ ਨਵਿਤ ਕਰ ਕਰ ਹਿੱਤ ਜਨ ਭਗਤਾਂ ਪੁੱਛੇ ਵਾਤਾ, ਲੋਕਮਾਤ ਫੇਰਾ ਪਾਈਆ । ਬਣਿਆ ਰਹੇ ਸੱਚਾ ਪਿਤ ਮਾਤਾ, ਬਾਲਕ ਵੇਖੇ ਬਾਲ ਸਖਾਈਆ । ਚਰਨ ਕਵਲ ਬੰਧਾਏ ਨਾਤਾ, ਬਖ਼ਸ਼ੇ ਸਰਨ ਸੱਚੀ ਸ਼ਰਨਾਈਆ । ਕਰੇ ਖੇਲ ਬਹੁ ਬਿਧ ਭਾਤਾ, ਆਪਣਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਖੇਲ ਖਲਾਈਆ । ਭਗਤ ਵਛਲ ਹਰਿ ਖੇਲ ਅਵੱਲਾ, ਏਕਾ ਇਕ ਕਰਾਇੰਦਾ । ਵਸਣਹਾਰ ਸਚ ਮਹੱਲਾ, ਸਚਖੰਡ ਸੋਭਾ ਪਾਇੰਦਾ । ਜੋਤੀ ਧਾਰ ਆਪੇ ਰਲਾ, ਨੂਰ ਨੁਰਾਨਾ ਡਗਮਗਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸਤਿ ਸੰਦੇਸ਼ਾ ਇਕੋ ਘੱਲਾ, ਹਰਿ ਮੰਤਰ ਨਾਮ ਦ੍ਰਿੜ੍ਹਾਇੰਦਾ । ਜਨ ਭਗਤ ਫੜਾਏ ਆਪਣਾ ਪੱਲਾ, ਪਲਕ ਝਲਕ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਵੇਖ ਵਖਾਇੰਦਾ । ਭਗਤ ਵਛਲ ਵੇਖਣਹਾਰ, ਭਗਵਨ ਦਇਆ ਕਮਾਈਆ । ਜੁਗ ਜੁਗ ਵਿਛੜੇ ਮੇਲੇ ਵਿਚ ਸੰਸਾਰ, ਮੇਲਣਹਾਰ ਆਪ ਹੋ ਜਾਈਆ । ਗੁਰ ਚੇਲੇ ਸੋਹਣ ਇਕ ਦੁਆਰ, ਦਰ ਦਰਵਾਜ਼ਾ ਆਪ ਵਖਾਈਆ । ਡੁੱਬਦੇ ਪਾਥਰ ਦੇਵੇ ਤਾਰ, ਪਾਹਨ ਆਪਣਾ ਚਰਨ ਛੁਹਾਈਆ । ਰਾਓ ਰੰਕ ਕਰੇ ਪਿਆਰ, ਜੋ ਜਨ ਆਏ ਸਰਨਾਈਆ । ਆਤਮ ਬ੍ਰਹਮ ਦਏ ਅਧਾਰ, ਪਾਰਬ੍ਰਹਮ ਮਿਲਾਈਆ । ਮਨ ਵਾਸਨਾ ਕਰ ਖ਼ੁਵਾਰ, ਸਾਂਤਕ ਸਤਿ ਕਰਾਈਆ । ਏਥੇ ਓਥੇ ਦੋ ਜਹਾਨਾਂ ਪਾਵੇ ਸਾਰ, ਮੇਲ ਮਿਲਾਵਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਸਹਿਜ ਸੁਖਦਾਈਆ । ਭਗਤ ਵਛਲ ਸਹਿਜ ਸੁਖਦਾਈ, ਏਕਾ ਰੰਗ ਸਮਾਇੰਦਾ । ਆਦਿ ਜੁਗਾਦਿ ਹਰਿਜਨ ਵੇਖੇ ਚਾਈਂ ਚਾਈਂ, ਲੋਕਮਾਤ ਫੇਰਾ ਪਾਇੰਦਾ । ਕਿਰਪਾਨਿਧ ਕਿਰਪਨ ਪਕੜ ਉਠਾਏ ਫੜ ਫੜ ਬਾਹੀਂ, ਆਪ ਆਪਣੀ ਗੋਦ ਬਹਾਇੰਦਾ । ਸਮਰਥ ਦੇਵੇ ਸਦਾ ਠੰਡੀਆਂ ਛਾਈਂ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਆਪਣਾ ਸੰਗ ਨਿਭਾਇੰਦਾ ।

ਭਗਤ ਵਛਲ ਸਗਲਾ ਸੰਗ, ਸੋ ਪੁਰਖ ਨਿਰੰਜਣ ਆਪ ਬਣਾਈਆ । ਜੁਗ ਜੁਗ ਭਗਤ ਦੁਆਰਾ ਲਏ ਮੰਗ, ਆਵੇ ਜਾਵੇ ਬੇਪਰਵਾਹੀਆ । ਨਾ ਕੋਈ ਉਹਲਾ ਨਾ ਕੋਈ ਕੰਧ, ਪਰਦਾ ਵਿਚ ਨਾ ਕੋਇ ਰਖਾਈਆ । ਇਕ ਸੁਣਾਏ ਸੁਹਾਗੀ ਛੰਦ, ਸੋਹਲਾ ਆਪਣਾ ਆਪ ਜਣਾਈਆ । ਖ਼ੁਸ਼ੀ ਕਰਾਏ ਬੱਤੀ ਦੰਦ, ਬੰਦੀ ਬੰਦ ਨਾ ਕੋਇ ਪਾਈਆ । ਨੇਤਰ ਦੇਵੇ ਨੈਣ ਅੰਧ, ਅਗਿਆਨ ਅੰਧੇਰ ਗਵਾਈਆ । ਭਗਤਨ ਅੰਤਰ ਪਾਵੇ ਠੰਡ, ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਾਂ ਹੋਏ ਸਹਾਈਆ । ਸਦਾ ਸਹਾਈ ਪੁਰਖ ਕਰਤਾਰ, ਆਪਣੀ ਦਇਆ ਕਮਾਇੰਦਾ । ਜੁਗ ਚੌਕੜੀ ਬੀਤੇ ਕੋਟਨ ਵਾਰ, ਕੋਟੀ ਕੋਟ ਖੇਲ ਖਲਾਇੰਦਾ । ਕੋਟਨ ਕੋਟ ਗੁਰ ਅਵਤਾਰ, ਜੁਗਾ ਜੁਗੰਤਰ ਸੇਵ ਲਗਾਇੰਦਾ । ਹੁਕਮੀ ਹੁਕਮ ਸਚ ਵਰਤਾਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਅੰਤਮ ਕੱਟ ਕੇ ਜਾਣ ਸਰਬ ਵਗਾਰ, ਲੇਖਾ ਆਪਣੇ ਹੱਥ ਰਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਲੱਖ ਚੁਰਾਸੀ ਜਾਏ ਹਾਰ, ਜੀਵ ਜੰਤ ਸਰਬ ਕੁਰਲਾਇੰਦਾ । ਮਾਇਆ ਮਮਤਾ ਕਰ ਪਿਆਰ, ਹਉਮੇ ਹੰਗਤਾ ਬੰਧਨ ਪਾਇੰਦਾ । ਭੁੱਖਾ ਨੰਗਤਾ ਦਰ ਭਿਖਾਰ, ਲੋਕਮਾਤ ਆਪਣੀ ਅਲਖ ਜਗਾਇੰਦਾ । ਇਕ ਭਗਤ ਹਰਿ ਭਗਵੰਤ ਕਰੇ ਪਿਆਰ, ਦੂਜੀ ਓਟ ਨਾ ਕੋਇ ਤਕਾਇੰਦਾ । ਪੁਰਖ ਅਬਿਨਾਸ਼ੀ ਪਾਵੇ ਸਾਰ, ਨਿਤ ਨਵਿਤ ਵੇਸ ਵਟਾਇੰਦਾ । ਜਗਤ ਸਾਗਰ ਵਿਚੋਂ ਕਰੇ ਪਾਰ, ਕਾਇਆ ਗਾਗਰ ਜੋਤ ਜਗਾਇੰਦਾ । ਨਿਮਖ ਨਿਮਖ ਨਾ ਮਾਰੇ ਮਾਰ, ਸਿਰ ਆਪਣਾ ਹੱਥ ਟਿਕਾਇੰਦਾ । ਪਰਖੇ ਪਾਰਖੂ ਆਪ ਨਿਰੰਕਾਰ, ਨਾਮ ਕਸਵੱਟੀ ਏਕਾ ਲਾਇੰਦਾ । ਸਚ ਕੁਠਾਲੀ ਦੇਵੇ ਗਾਲ, ਸਤਿ ਸੁਹਾਗਾ ਨਾਲ ਮਿਲਾਇੰਦਾ । ਆਪੇ ਚਲੇ ਨਾਲ ਨਾਲ, ਪਾਂਧੀ ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਦਇਆ ਕਮਾਇੰਦਾ । ਜੁਗ ਜੁਗ ਭਗਤੀ ਮਾਰਗ ਦੇ, ਲੋਕਮਾਤ ਰਾਹ ਚਲਾਈਆ । ਜੁਗ ਜੁਗ ਸ਼ਬਦ ਸੰਦੇਸ਼ਾ ਦੇ, ਨਾਮ ਨਿਧਾਨ ਪੜ੍ਹਾਈਆ । ਜੁਗ ਜੁਗ ਅੰਮ੍ਰਿਤ ਬਰਸੇ ਮੇਂਹ, ਮੇਘਲਾ ਰੂਪ ਵਟਾਈਆ । ਜੁਗ ਜੁਗ ਭਗਤਨ ਲਾਏ ਨੇਂਹ, ਨੇਹੁੰ ਆਪਣਾ ਆਪ ਵਖਾਈਆ । ਅੰਤ ਕੋਈ ਨਾ ਜਾਣੇ ਥਾਉਂ ਥੇਹ, ਕਵਣ ਘਰ ਵਸਿਆ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਸਹਾਈਆ । ਜੁਗ ਚੌਕੜੀ ਮਾਰਗ ਦੱਸ, ਛਿੰਨ ਭੰਗਰ ਖੇਲ ਕਰਾਇੰਦਾ । ਦਰਸ਼ਨ ਦੇ ਦੇ ਜਾਏ ਨੱਸ, ਫਿਰ ਹੱਥ ਕਿਸੇ ਨਾ ਆਇੰਦਾ । ਅੱਗੇ ਚਲੇ ਨਾ ਕੋਈ ਵਸ, ਪਾਂਧੀ ਪੰਧ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਪਾਏ ਆਪਣਾ ਸ਼ੱਕ, ਸੰਸਾ ਆਪਣਾ ਰੂਪ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਤ੍ਰੈਗੁਣ ਅਤੀਤਾ, ਤ੍ਰੈ ਲੋਕਾਂ ਵੇਖ ਵਖਾਈਆ । ਤ੍ਰਲੋਕੀ ਨਾਥਾ ਠਾਂਡਾ ਸੀਤਾ, ਸੋਲਾਂ ਕਲਾਂ ਮਿਲੀ ਵਡਿਆਈਆ । ਜੀਵਾਂ ਜੰਤਾਂ ਪਰਖੇ ਨੀਤਾ, ਦੇਵਣਹਾਰ ਸਜ਼ਾਈਆ । ਬਿਦਰ ਸੁਦਾਮੇ ਮਿਲਿਆ ਮੀਤਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਕਲਜੁਗ ਅੰਤ ਖੇਲ ਅਨਡੀਠਾ, ਲਿਖਣ ਪੜ੍ਹਨ ਵਿਚ ਨਾ ਆਈਆ । ਹਰਿ ਕਾ ਖੇਲ ਨਾ ਮਰਿਆ ਨਾ ਜੀਤਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਭੇਵ ਛੁਪਾਈਆ । ਧਾਮ ਅਵੱਲੇ ਬੈਠ ਰਹੇ ਅਤੀਤਾ, ਤ੍ਰੈਗੁਣ ਪੋਹ ਨਾ ਸਕੇ ਰਾਈਆ । ਲੇਖਾ ਜਾਣੇ ਹਸਤ ਕੀਟਾ, ਲੱਖ ਚੁਰਾਸੀ ਵੇਖ ਵਖਾਈਆ । ਭਗਤ ਵਛਲ ਪਤਤ ਪੁਨੀਤਾ, ਪਤਤ ਪਾਵਣ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤ

੧੧੦
੧੧

ਵਛਲ ਸ਼ਾਹ ਸੁਲਤਾਨਾ, ਇਕ ਇਕੱਲਾ ਸੋਭਾ ਪਾਈਆ । ਕਲਜੁਗ ਅੰਤਮ ਸ੍ਰੀ ਭਗਵਾਨਾ, ਸ੍ਰੀ ਅਸਧੁਜ ਵੇਸ ਵਟਾਈਆ । ਨਾਮ ਨਿਧਾਨਾ ਨਿਰੰਤਰ ਗਾਨਾਂ, ਨਰ ਨਰਾਇਣ ਆਪ ਬੰਨ੍ਹਾਈਆ । ਸਤਿ ਸਤਿਵਾਦੀ ਦੇਵੇ ਧੁਰ ਫ਼ਰਮਾਣਾ, ਸਚ ਸੰਦੇਸ਼ਾ ਇਕ ਜਣਾਈਆ । ਖੇਲੇ ਖੇਲ ਮਰਦ ਮਰਦਾਨਾ, ਨਾਮ ਮਰਦਾਨਗੀ ਇਕ ਵਡਿਆਈਆ । ਧਰਮ ਧੀਰਜ ਸਚ ਨਿਸ਼ਾਨਾ, ਤੀਰਨ ਤੀਰ ਇਕ ਵਖਾਈਆ । ਗੁਣੀ ਗਹੀਰ ਬਲੀ ਬਲਵਾਨਾ, ਬੇਨਜ਼ੀਰ ਵੇਸ ਵਟਾਈਆ । ਜਨ ਭਗਤਾਂ ਕਰੇ ਆਪ ਪਰਵਾਨਾ, ਨਾਮ ਪਰਵਾਨਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਭਗਤ ਮੇਲਾ ਭਗਤ ਵਛਲ, ਵਿਸ਼ਵ ਆਪਣੀ ਖੇਲ ਜਣਾਇੰਦਾ । ਲੱਖ ਚੁਰਾਸੀ ਅਛਲ ਅਛੱਲ, ਵਲ ਛਲ ਧਾਰੀ ਭੇਵ ਨਾ ਆਇੰਦਾ । ਲੇਖਾ ਜਾਣੇ ਜਲ ਥਲ, ਮਹੀਅਲ ਆਪਣਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿ ਜੂ ਉਠਿਆ ਉਠੇ ਜਾਗ, ਜਗਾਵਣਹਾਰਾ ਆਪ ਜਗਾਈਆ । ਕਰ ਕਿਰਪਾ ਧੋਵੇ ਦੁਰਮਤ ਦਾਗ਼, ਦੂਈ ਦਲਿਦਰ ਦਏ ਮਿਟਾਈਆ । ਦੀਪਕ ਦੀਆ ਜਗਾਏ ਚਿਰਾਗ, ਚਾਂਦ ਚਾਂਦਨੀ ਮੁਖ ਸ਼ਰਮਾਈਆ । ਅਗਨੀ ਅੱਗ ਬੁਝਾਏ ਆਗ, ਸਾਂਤਕ ਸਤਿ ਵਰਤਾਈਆ । ਮਨ ਉਪਜਾਏ ਇਕ ਵੈਰਾਗ, ਸੋਹੰ ਸੋ ਕਰੇ ਪੜ੍ਹਾਈਆ । ਘਰ ਬੈਠਿਆਂ ਕਰੇ ਲਾਡ, ਨਿਰਗੁਣ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਵਿਚੋਂ ਕਾਢ, ਆਪਣੀ ਗੋਦ ਸੁਹਾਈਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਸਹਿਜ ਸੁਖਦਾਈਆ । ਭਗਤ ਵਛਲ ਗਹਿਰ ਗੰਭੀਰ, ਗੁਣਵੰਤਾ ਖੇਲ ਖਲਾਇੰਦਾ । ਜਨ ਭਗਤਾਂ ਦੇਵੇ ਸਾਚੀ ਧੀਰ, ਧੀਰਜ ਆਪਣਾ ਨਾਉਂ ਵਰਤਾਇੰਦਾ । ਅੰਤ ਚੋਟੀ ਚਾੜ੍ਹੇ ਇਕ ਅਖ਼ੀਰ, ਆਖ਼ਰ ਆਪਣੇ ਵਿਚ ਮਿਲਾਇੰਦਾ । ਅੰਮ੍ਰਿਤ ਬਖ਼ਸ਼ੇ ਸਾਚਾ ਸੀਰ, ਰਸਨਾ ਮੁਖ ਆਪ ਚੁਆਇੰਦਾ । ਸ਼ਰਅ ਸ਼ਰੀਅਤ ਕੱਟ ਜ਼ੰਜੀਰ, ਲੱਖ ਚੁਰਾਸੀ ਫੰਦ ਤੁੜਾਇੰਦਾ । ਦਾਤਾ ਦਾਨੀ ਵਡ ਪੀਰਨ ਪੀਰ, ਪੀੜ ਸਭ ਦੀ ਆਪ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਖੇਲ ਕਰਾਇੰਦਾ । ਭਗਤ ਵਛਲ ਖੇਲੇ ਖੇਲ, ਖੇਲਣਹਾਰ ਇਕ ਅਖਵਾਇਆ । ਜਨਮ ਜੁਗ ਦੇ ਵਿਛੜੇ ਮੇਲ, ਆਪਣਾ ਬੰਧਨ ਪਾਇਆ । ਨਿਰਗੁਣ ਸਰਗੁਣ ਬਣਿਆ ਸੱਜਣ ਸੁਹੇਲ, ਨਾਤਾ ਬਿਧਾਤਾ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਇਆ । ਭਗਤਨ ਮੇਲਾ ਆਪਣੇ ਘਰ, ਘਰ ਘਰ ਵਿਚ ਵੱਜੇ ਵਧਾਈਆ । ਭੈ ਭਿਆਨਕ ਚੁੱਕਿਆ ਡਰ, ਪ੍ਰਭ ਮਿਲਿਆ ਸੱਚਾ ਮਾਹੀਆ । ਪੁਰਖ ਪੁਰਖੋਤਮ ਪਾਇਆ ਦਰ, ਘਰ ਸਾਚੇ ਵੱਜੇ ਵਧਾਈਆ । ਏਕਾ ਪੱਲੂ ਲਿਆ ਫੜ, ਛੁੱਟ ਕਦੇ ਨਾ ਜਾਈਆ । ਏਕਾ ਪੌੜੇ ਜਾਣਾ ਚੜ੍ਹ, ਦੂਜਾ ਡੰਡਾ ਨਾ ਕੋਇ ਰਖਾਈਆ । ਏਕਾ ਅੱਖਰ ਲੈਣਾ ਪੜ੍ਹ, ਸੋਹੰ ਸ਼ਬਦ ਸੱਚੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਆਪਣੇ ਘਰ ਮਿਲਾਈਆ । ਆਪਣਾ ਘਰ ਸੁਹਾਏ ਬੰਕ, ਬੰਕ ਦੁਵਾਰੀ ਵੇਖ ਵਖਾਇੰਦਾ । ਨਾਤਾ ਤੋੜ ਰਾਓ ਰੰਕ, ਰੰਕ ਰਾਓ ਏਕਾ ਘਰ ਵਸਾਇੰਦਾ । ਨਿਰਗੁਣ ਸਰਗੁਣ ਬਣਾਏ ਬਣਤ, ਜਗਦੀਸ਼ ਆਪਣੀ ਦਇਆ ਕਮਾਇੰਦਾ । ਏਕਾ ਨਾਮ ਏਕਾ ਮੰਤ, ਮੰਤਰ ਆਪਣਾ ਨਾਮ ਸਮਝਾਇੰਦਾ । ਲੇਖਾ ਜਾਣੇ ਸਾਚੇ ਸੰਤ, ਸਤਿਗੁਰ ਆਪਣੀ ਖੇਲ ਕਰਾਇੰਦਾ । ਭਗਤਾਂ ਮੇਲਾ ਜੁਗਾ ਜੁਗੰਤ, ਜੁਗ ਕਰਤਾ ਵੇਖ

ਵਖਾਇੰਦਾ । ਕਲਜੁਗ ਲੇਖਾ ਜਾਣੇ ਅੰਤ, ਅੰਤਮ ਦ੍ਰਿਸ਼ਟੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਸੰਗ ਸਦਾ ਸਮਾਇੰਦਾ । ਭਗਤਨ ਸੰਗ ਸਦਾ ਸਮਾਇਆ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਭਗਤਾਂ ਢੋਲਾ ਆਪੇ ਗਾਇਆ, ਆਪਣਾ ਢੋਲਾ ਭਗਤਾਂ ਰਿਹਾ ਸੁਣਾਈਆ । ਭਗਤਾਂ ਚੋਲਾ ਆਪ ਬਦਲਾਇਆ, ਆਪਣਾ ਚੋਲਾ ਭਗਤਾਂ ਦਏ ਸਮਝਾਈਆ । ਭਗਤਾਂ ਉਹਲਾ ਆਪ ਮਿਟਾਇਆ, ਆਪਣਾ ਉਹਲਾ ਭਗਤਾਂ ਕੋਲੋਂ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਸੱਚਾ ਸ਼ਹਿਨਸ਼ਾਹੀਆ । ਭਗਤ ਵਛਲ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਖੇਲ ਕਰਾਇੰਦਾ । ਕਲਜੁਗ ਅੰਤਮ ਬਣ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਆਪ ਚਲਾਏ ਆਪਣੇ ਰਾਹ, ਸਾਚੇ ਮਾਰਗ ਆਪੇ ਲਾਇੰਦਾ । ਇਕ ਜਪਾਏ ਆਪਣਾ ਨਾਂ, ਨਾਉਂ ਨਿਰੰਕਾਰਾ ਹੁਕਮ ਸੁਣਾਇੰਦਾ । ਹਰਿਜਨ ਵੇਖੇ ਥਾਉਂ ਥਾਂ, ਦਰ ਦਰ ਆਪਣਾ ਫੇਰਾ ਪਾਇੰਦਾ । ਕਰੇ ਕਰਾਏ ਸਚ ਨਿਆਂ, ਸਾਚਾ ਅਦਲ ਆਪ ਕਮਾਇੰਦਾ । ਜੁਗ ਵਿਛੜੇ ਪਕੜੇ ਬਾਂਹ, ਪਕੜੀ ਬਾਂਹ ਨਾ ਕੋਇ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਸੇਵ ਕਮਾਇੰਦਾ । ਭਗਤ ਵਛਲ ਕਰੇ ਸੇਵਾ, ਸੇਵਕ ਆਪਣਾ ਰੂਪ ਜਣਾਈਆ । ਪਾਰਬ੍ਰਹਮ ਪ੍ਰਭ ਅਲਖ ਅਭੇਵਾ, ਅਲੱਖ ਨਾ ਲਖਿਆ ਜਾਈਆ । ਵਡ ਵੱਡਾ ਦੇਵੀ ਦੇਵਾ, ਦੇਵਤ ਸੁਰ ਰੱਖੇ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਈਆ । ਭਗਤ ਵਛਲ ਹਰਿ ਸਾਚਾ ਰੰਗ, ਜਨ ਭਗਤਾਂ ਆਪ ਵਖਾਇੰਦਾ । ਗ੍ਰਿਹਿ ਆਤਮ ਸੇਜ ਪਲੰਘ, ਸਾਚੀ ਖਾਟ ਸੋਭਾ ਪਾਇੰਦਾ । ਨਾਮ ਨਗਾਰਾ ਨੌਬਤ ਮਰਦੰਗ, ਤੁਰੀਆ ਰਾਗ ਅਲਾਇੰਦਾ । ਕਰ ਪਰਕਾਸ਼ ਸੂਰਜ ਚੰਦ, ਕੋਟਨ ਕੋਟ ਮਹਿਤਾਬ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਜਨਾਂ ਹਰਿ ਵੇਖ ਵਖਾਇੰਦਾ । ਭਗਤ ਜਨਾਂ ਹਰਿ ਜਾਣੀ ਜਾਣ, ਜਾਨਣਹਾਰ ਆਪ ਹੋ ਆਈਆ । ਵੇਖਣਹਾਰਾ ਜਗਤ ਮਕਾਨ, ਕਾਇਆ ਕੋਠੜੀ ਫੋਲ ਫੋਲਾਈਆ । ਲੱਖ ਚੁਰਾਸੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਚਾਰੋਂ ਕੁੰਟ ਕਰਨ ਧਿਆਨ, ਧਿਆਨ ਵਿਚ ਧਿਆਨ ਨਾ ਕੋਇ ਰਖਾਈਆ । ਦਰ ਦਰ ਘਰ ਘਰ ਮੰਦਰ ਮਸਜਿਦ ਮੱਠ ਸੁਣਨ ਗਿਆਨ, ਗਿਆਨ ਗੁਰੂ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਹੋਏ ਸਹਾਈਆ । ਭਗਤਾਂ ਹੋਏ ਸਹਾ, ਦਇਆ ਕਮਾਇੰਦਾ । ਸਾਚੇ ਮਾਰਗ ਲਾ, ਦਰਸ ਦਿਖਾਇੰਦਾ । ਅੰਧ ਅੰਧੇਰ ਗਵਾ, ਜੋਤ ਜਗਾਇੰਦਾ । ਜਨਮ ਜਨਮ ਦਾ ਕੱਟੇ ਫਾਹ, ਮਾਣਸ ਜਨਮ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਦਇਆ ਕਮਾਇੰਦਾ । ਭਗਤ ਵਛਲ ਹਰਿ ਦੀਨ ਦਿਆਲਾ, ਦਇਆਨਿਧ ਵਡਿਆਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਸਤਿ ਸਤਿਵਾਦੀ ਨਾਉਂ ਰਖਾਈਆ । ਹੱਥ ਰਖਾਏ ਕਾਲ ਮਹਾਂਕਾਲਾ, ਜੁਗਾ ਜੁਗੰਤਰ ਹੁਕਮ ਸੁਣਾਈਆ । ਕਲਜੁਗ ਅੰਤਮ ਖੇਲ ਨਿਰਾਲਾ, ਨਿਰਗੁਣ ਸਰਗੁਣ ਵੇਸ ਵਟਾਈਆ । ਜੋਧਾ ਸੂਰ ਬਣ ਬਲੀ ਬਲਵਾਨਾ, ਬਲ ਆਪਣਾ ਆਪ ਵਖਾਈਆ । ਜੀਵ ਜੰਤ ਵੇਖੇ ਮਾਰ ਧਿਆਨਾ, ਅੰਤਰ ਆਪਣਾ ਵੇਖ ਵਖਾਈਆ । ਭਗਤਾਂ ਕਰੇ ਆਪ ਪਰਵਾਨਾ, ਹਰਿਜਨ ਸਾਚੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮੇਲ ਮਿਲਾਇਆ ਹਰਿ ਜੂ ਹਰਿ, ਆਪਣੀ

ਦਇਆ ਕਮਾਇੰਦਾ । ਪੂਰਬ ਜਨਮ ਦਾ ਦਿਤਾ ਵਰ, ਕਲਜੁਗ ਅੰਤਮ ਮੂਲ ਚੁਕਾਇੰਦਾ । ਸੰਤ ਸੁਹੇਲੇ ਆਪੇ ਫੜ, ਘਰ ਸਾਚੇ ਆਪ ਬਹਾਇੰਦਾ । ਲੇਖਾ ਜਾਣੇ ਅੰਦਰ ਵੜ, ਲਿਖਤ ਲੇਖ ਨਾ ਕੋਇ ਰਖਾਇੰਦਾ । ਆਪਣਾ ਅੱਖਰ ਆਪੇ ਪੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਸਾਚਾ ਉਠਿਆ, ਕਲਜੁਗ ਅੰਤਮ ਵਾਰ । ਪੁਰਖ ਅਬਿਨਾਸ਼ੀ ਤੁਠਿਆ, ਦੇਵੇ ਦਰਸ ਦੀਦਾਰ । ਨਾਮ ਭੰਡਾਰ ਦਏ ਅਤੁਟਿਆ, ਵਰਤੇ ਵਰਤਾਵੇ ਵਿਚ ਸੰਸਾਰ । ਮਨਮੁਖਾਂ ਭਾਗ ਨਿਖੁਟਿਆ, ਦਰ ਦੁਆਰਿਉਂ ਦਏ ਨਿਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਭਗਵਾਨ, ਹਰਿ ਭਗਵਨ ਖੇਲ ਅਵੱਲੜਾ, ਆਖਰ ਆਪ ਕਰਾਈਆ । ਜਨ ਭਗਤ ਫੜਾਏ ਪਲੜਾ, ਪੱਲੂ ਏਕਾ ਰਿਹਾ ਵਖਾਈਆ । ਸਚ ਸਿੰਘਾਸਣ ਆਪੇ ਮਲੜਾ, ਤਖ਼ਤ ਨਿਵਾਸੀ ਸਾਚੇ ਤਖ਼ਤ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਵੇਸ ਵਟਾਈਆ । ਭਗਤ ਵਛਲ ਹਰਿ ਵੇਸ ਵਟਾਇਆ, ਕਲਜੁਗ ਅੰਤਮ ਵਾਰ । ਹਰਿਜਨ ਸਾਚੇ ਲਏ ਜਗਾਇਆ, ਜਾਗਰਤ ਜੋਤ ਕਰ ਉਜਿਆਰ । ਜਿਸ ਜਨ ਆਪਣੇ ਨਾਲ ਮਿਲਾਇਆ, ਲੱਖ ਚੁਰਾਸੀ ਵਿਚੋਂ ਕੱਢਿਆ ਬਾਹਰ । ਜਿਸ ਜਨ ਆਪਣਾ ਦਰਸ ਕਰਾਇਆ, ਈਦ ਚੰਦ ਹੋਇਆ ਸ਼ਰਮਸ਼ਾਰ । ਜਿਸ ਜਨ ਆਪਣਾ ਰੰਗ ਰੰਗਾਇਆ, ਰੰਗ ਚੜ੍ਹੇ ਨਾ ਦੂਜੀ ਵਾਰ । ਜਿਸ ਜਨ ਆਪਣਾ ਅਨੰਦ ਕਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਲਏ ਉਭਾਰ । ਸਾਚੇ ਭਗਤ ਉਭਾਰਦਾ, ਕਲਜੁਗ ਸੇਵ ਕਮਾ । ਬਿਨ ਕਰਨੀ ਫੜ ਫੜ ਤਾਰਦਾ, ਦੀਨਨ ਦਇਆ ਕਮਾ । ਬਿਨ ਮਰਨੀ ਫੜ ਫੜ ਮਾਰਦਾ, ਜਗਤ ਤ੍ਰਿਸ਼ਨਾ ਮਿਟਾ । ਬਿਨ ਸ਼ਰਨੀ ਸਰਨ ਨਿਵਾਰਦਾ, ਆਪ ਆਪਣੇ ਚਰਨ ਲਗਾ । ਕਲਜੁਗ ਅਗਨੀ ਫੜ ਫੜ ਠਾਰਦਾ, ਅੰਮ੍ਰਿਤ ਮੇਘ ਬਰਸਾ । ਹਰਿ ਸੰਗਤ ਦਿਵਸ ਦਿਤਾ ਸਤਾਰਾਂ ਹਾੜ ਦਾ, ਸਗਲਾ ਸੰਗ ਤਜਾ । ਲੇਖਾ ਜਾਣੇ ਪੁਰਖ ਨਾਰ ਦਾ, ਬਾਲਾਂ ਬਿਰਧਾਂ ਵੇਖ ਵਖਾ । ਜੀਵ ਜੰਤ ਆਪੇ ਗਾਲਦਾ, ਜੂਨ ਅਜੂਨੀ ਦਏ ਭੁਵਾ । ਭੇਵ ਜਾਣੇ ਮੁਰੀਦਾਂ ਹਾਲ ਦਾ, ਮੁਰਸ਼ਦ ਬਣ ਬੇਪਰਵਾਹ, ਅੰਤਮ ਦੱਸਿਆ ਰਾਹ ਸੁਖਾਲ ਦਾ, ਸੋਹੰ ਢੋਲਾ ਏਕਾ ਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਲਏ ਵਡਿਆ । ਭਗਤ ਵੱਡਾ ਵਡੀ ਵਡਿਆਈ, ਲੋਕਮਾਤ ਵੱਜੇ ਵਧਾਈਆ । ਭਗਤ ਵਡਾ ਹਰਿ ਕਰੀ ਕੁੜਮਾਈ, ਨਾਤਾ ਬਿਧਾਤਾ ਜੋੜ ਜੁੜਾਈਆ । ਭਗਤ ਵੱਡਾ ਘਰ ਵੱਜੀ ਵਧਾਈ, ਹਰਿ ਸਾਚਾ ਰਾਗ ਸੁਣਾਈਆ । ਭਗਤ ਵੱਡਾ ਹਰਿ ਮਿਟੀ ਜੁਦਾਈ, ਮਿਲਿਆ ਮੇਲ ਸਾਚੇ ਮਾਹੀਆ । ਭਗਤ ਵੱਡਾ ਹਰਿ ਮਿਲਿਆ ਚਾਈਂ ਚਾਈਂ, ਚਾਰ ਜੁਗ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਹੋਏ ਸਹਾਈਆ । ਭਗਤਾਂ ਸੰਗ ਸਦਾ ਹਰਿ ਸੱਜਣ, ਸੱਜਰਾ ਸਾਕ ਬਣਾਇੰਦਾ । ਪਿਛਲਾ ਲੇਖਾ ਸਾਰੇ ਤੱਜਣ, ਜਿਨ ਆਪਣਾ ਦਰਸ ਦਿਖਾਇੰਦਾ । ਕਰ ਦਰਸ ਘਰ ਸਾਚੇ ਰੱਜਣ, ਨੇਤਰ ਨੈਣ ਮਿਲਾਇੰਦਾ । ਚਰਨ ਧੂੜ ਕਰਾਏ ਮਜਣ, ਦੁਰਮਤ ਮੈਲ ਧੁਵਾਇੰਦਾ । ਭਾਂਡੇ ਭਰਮ ਭੌ ਭੱਜਣ, ਜੋ ਗੁਰ ਚਰਨ ਓਟ ਰਖਾਇੰਦਾ । ਸਦਾ ਸੁਹੇਲਾ ਆਏ ਪਰਦੇ ਕੱਜਣ, ਨਾਮ ਦੋਸ਼ਾਲਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਸੰਗ ਆਪ ਨਿਭਾਇੰਦਾ । ਭਗਤਾਂ ਸੰਗ ਸਾਚੀ ਆਸ, ਆਸਾਵੰਦ ਰਖਾਈਆ । ਕਲਜੁਗ ਅੰਤ ਬੁਝੀ ਪਿਆਸ, ਪੁਰਖ ਅਬਿਨਾਸ਼ੀ ਖ਼ੁਸ਼ੀ ਮਨਾਈਆ । ਮੈਂ ਬਹੱਤਰਾਂ ਹੋਇਆ ਦਾਸ, ਬਣ ਦਾਸ ਸੇਵ ਕਮਾਈਆ ।

ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਇਕੋ ਮੇਰਾ ਕੰਮ ਖ਼ਾਸ, ਖ਼ਾਲਸ ਰੂਪ ਦਿਆਂ ਵਖਾਈਆ । ਬਿਨ ਕਾਇਆ ਕਪੜ ਵਸਾਂ ਪਾਸ, ਪੰਜ ਤੱਤ ਨਾ ਕੋਇ ਰਖਾਈਆ । ਲੇਖਾ ਜਾਣਾ ਪ੍ਰਿਥਮੀ ਆਕਾਸ਼, ਗਗਨ ਮੰਡਲ ਫੇਰਾ ਪਾਈਆ । ਜਨ ਭਗਤਾਂ ਕਰ ਕਰ ਤਲਾਸ਼, ਨੌਂ ਖੰਡ ਪ੍ਰਿਥਮੀ ਚਰਨਾਂ ਹੇਠ ਦਬਾਈਆ । ਬਣ ਤਰਖਾਣ ਹਰਿਜਨ ਲਿਆ ਤਰਾਸ, ਤਰ੍ਹਾ ਤਰ੍ਹਾ ਦਾ ਸੂਤਰ ਲਾਈਆ । ਹਰਿ ਭਗਤ ਨਾ ਹੋਏ ਵਿਨਾਸ਼, ਅਬਿਨਾਸ਼ੀ ਆਪਣੇ ਨਾਲ ਮਿਲਾਈਆ । ਝੂਠਾ ਸੰਸਾ ਕਰੇ ਫਾਸ਼ ਫਾਸ਼, ਜਗਤ ਅੰਧੇਰਾ ਦਏ ਗਵਾਈਆ । ਜਿਸ ਜਨ ਗਾਇਆ ਰਸਨ ਸਵਾਸ, ਰਸ ਰਸਨਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਹਰਿ ਭਗਤ ਤੇਰਾ ਸਾਚਾ ਮਾਣ, ਹਰਿ ਜੂ ਆਪ ਰਖਾਇੰਦਾ । ਤੇਰੇ ਪਿਛੇ ਪਿਛੇ ਫਿਰੇ ਭਗਵਾਨ, ਘਰ ਘਰ ਫੇਰਾ ਪਾਇੰਦਾ । ਫੜ ਫੜ ਸੁਤਿਆਂ ਦੇਵੇ ਗਿਆਨ, ਆਪਣਾ ਨਾਉਂ ਜਪਾਇੰਦਾ । ਆਪੇ ਬਣਿਆ ਰਹੇ ਮਹਿਮਾਨ, ਮਹਿਮਾਨੀ ਪ੍ਰੇਮ ਗੁਰਮੁਖਾਂ ਕੋਲੋਂ ਖਾਇੰਦਾ । ਆਪੇ ਬਣਿਆ ਰਹੇ ਬੇਪਹਿਚਾਨ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਸਾਲਾਹਿੰਦਾ । ਭਗਤ ਸਲਾਹੇ ਹਰਿ ਨਿਰੰਕਾਰ, ਜੁਗ ਜੁਗ ਵੇਸ ਵਟਾਈਆ । ਇਕ ਇਕ ਫੜ ਫੜ ਜਾਏ ਤਾਰ, ਤਾਰ ਤਾਰ ਨਾਲ ਮਿਲਾਈਆ । ਮੰਦਰ ਚੜ੍ਹ ਚੜ੍ਹ ਪਾਏ ਸਾਰ, ਅੰਦਰ ਵੜ ਵੜ ਖ਼ੁਸ਼ੀ ਮਨਾਈਆ । ਡਰ ਡਰ ਖੇਲ ਕਰੇ ਵਿਚ ਸੰਸਾਰ, ਲੁਕ ਲੁਕ ਆਪਣਾ ਆਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਈਆ । ਜੁਗ ਚੌਕੜੀ ਧਰ ਧਰ ਵੇਸ, ਧਰਨੀ ਦਇਆ ਕਮਾਇੰਦਾ । ਇਕ ਇਕ ਏਕੋ ਰਿਹਾ ਵੇਖ, ਇਕ ਏਕਾ ਮੇਲ ਮਿਲਾਇੰਦਾ । ਫਿਰ ਵਸੇ ਆਪਣੇ ਦੇਸ, ਸਾਚੇ ਮੰਦਰ ਸੋਭਾ ਪਾਇੰਦਾ । ਕਲਜੁਗ ਅੰਤਮ ਅਵੱਲੜਾ ਵੇਸ, ਹਰਿ ਲੋਕਮਾਤ ਕਰਾਇੰਦਾ । ਹਰਿਜਨ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਇੰਦਾ । ਆਪ ਤਪਿਆ ਅਗਨੀ ਜੇਠ, ਗੁਰਮੁਖਾਂ ਅੰਮ੍ਰਿਤ ਮੇਘ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਸੇਵ ਕਮਾਇੰਦਾ । ਸੇਵਾ ਕਰਨ ਆਇਆ ਭਗਵਾਨ, ਕਮੀ ਕੋਇ ਰਹਿਣ ਨਾ ਪਾਈਆ । ਸਾਚੇ ਭਗਤਾਂ ਕਰ ਪਹਿਚਾਨ, ਪੱਛਮ ਉਤਰ ਦੱਖਣ ਪੂਰਬ ਵੇਖ ਵਖਾਈਆ । ਦੇਵਤ ਸੁਰ ਸਰਬ ਗਾਣ, ਗੰਧਰਬ ਰਹੇ ਜਸ ਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਨੇਤਰ ਨੈਣ ਉਠਾਈਆ । ਗੁਰ ਅਵਤਾਰ ਲਾ ਲਾ ਕਾਨ, ਸੁਣ ਸੁਣ ਢੋਲਾ ਖ਼ੁਸ਼ੀ ਮਨਾਈਆ । ਕਰਿਆ ਖੇਲ ਸ੍ਰੀ ਭਗਵਾਨ, ਲੋਕਮਾਤ ਵੱਜੀ ਵਧਾਈਆ । ਜੁਗ ਜੁਗ ਦੇ ਭਗਤ ਕੱਠੇ ਕੀਤੇ ਆਣ, ਏਕਾ ਗੰਢ ਬੰਧਾਈਆ । ਸਤਿ ਸਤਿਵਾਦੀ ਹੋ ਮਿਹਰਵਾਨ, ਦੋਏ ਦੋਏ ਰੂਪ ਖੇਲ ਕਰਾਈਆ । ਸਾਤਾ ਦੂਆ ਕਰ ਪਰਧਾਨ, ਅੰਕ ਅੰਕ ਨਾਲ ਮਿਲਾਈਆ । ਬਹੱਤਰਾਂ ਦੇਵੇ ਇਕ ਅਸਥਾਨ, ਸਾਚੀ ਭੂਮਕਾ ਸੋਭਾ ਪਾਈਆ । ਭੂਪਤ ਭੂਪ ਰਾਜ ਰਾਜਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਤਿ ਸਰੂਪ ਨਿਗਹਬਾਨ, ਮਿਹਰ ਨਜ਼ਰ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ ।

★ ੧੫ ਮੱਘਰ ੨੦੧੮ ਬਿਕਰਮੀ ਭਾਗ ਸਿੰਘ ਬਾਬੂਪੁਰ ਜੇਠੂਵਾਲ ਦਰਬਾਰ ਵਿਚ ★

ਜਗਤ ਮਿਟੀ ਭਾਂਡਾ ਘੁਮਿਆਰ, ਜਗਤ ਵਿਹਾਰ ਚਲਾਈਆ । ਸਾਚੀ ਮਿੱਟੀ ਪਰਖ ਨਾ ਸਕੇ ਵਿਚ ਸੰਸਾਰ, ਅੰਗ ਅੰਗ ਨਾ ਕੋਇ ਮਿਲਾਈਆ । ਫੜ ਥਥਵਾ ਮਾਰੇ ਮਾਰ, ਉਪਰ ਚੱਕ ਭੁਵਾਈਆ । ਕੂੜਾ ਕਰਕਟ ਕਰ ਤਿਆਰ, ਵਿਸ਼ਟਾ ਨਾਲ ਮਿਲਾਈਆ । ਕੱਚੇ ਭਾਂਡੇ ਲਏ ਉਸਾਰ, ਇਕ ਦੂਜੇ ਉਪਰ ਟਿਕਾਈਆ । ਪਹਿਲੋਂ ਪ੍ਰਭ ਅੱਗੇ ਕਰੇ ਨਿਮਸਕਾਰ, ਮੇਰਾ ਆਵਾ ਦੇਣਾ ਪਕਾਈਆ । ਹਾਵਾ ਰਹੇ ਨਾ ਮੇਰੇ ਯਾਰ, ਮੈਂ ਤੇਰੀ ਓਟ ਤਕਾਈਆ । ਤੂੰ ਘੜਿਆ ਸਰਬ ਸੰਸਾਰ, ਮੈਂ ਘੜ ਪਿਆਲੇ ਹੱਥ ਰਿਹਾ ਫੜਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਏਕਾ ਵਾਰ ਸਮਝਾਈਆ । ਜਿਸ ਭਾਂਡੇ ਅਗਨੀ ਮਿਲ ਕਰ ਸਤਿਕਾਰ, ਸੋ ਸਤਿ ਸਤਿ ਰੂਪ ਵਟਾਈਆ । ਜਿਸ ਭਾਂਡੇ ਅੰਦਰ ਵਿਸ਼ਟਾ ਦਿਤਾ ਡਾਰ, ਸੋ ਭਾਂਡਾ ਟੁੱਟਿਆ ਆਪਣਾ ਅੰਗ ਕਟਾਈਆ । ਜਿਸ ਭਾਂਡੇ ਆਪਣਾ ਤਨ ਰਖਿਆ ਬਾਹਰ, ਸੋ ਕੱਚਾ ਪਿਲਾ ਨਾਉਂ ਰਖਾਈਆ । ਜੋ ਬੈਠਾ ਰਿਹਾ ਵਿਚ ਬਣ ਸਰਦਾਰ, ਆਪਣਾ ਬਲ ਰਖਾਈਆ । ਅਗਨੀ ਵੇਖ ਨਾ ਗਿਆ ਹਾਰ, ਨੇਤਰ ਨੈਣ ਨਾ ਕੋਇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਜਗਤ ਘੁਮਿਆਰ ਭਾਂਡਾ ਘੜ, ਅਗਨੀ ਵਿਚ ਰਖਾਇੰਦਾ । ਫੇਰ ਨਾ ਸਕੇ ਅੰਦਰ ਵੜ, ਡਰਦਾ ਨੇੜ ਨਾ ਆਇੰਦਾ । ਪੁਰਖ ਅਬਿਨਾਸ਼ੀ ਜੀਵ ਜੰਤ ਲੱਖ ਚੁਰਾਸੀ ਅੰਡਜ ਜੇਰਜ ਉਤਭੁਜ ਸੇਤਜ ਜੋ ਭਾਂਡਾ ਲਿਆ ਘੜ, ਸੋ ਮਾਤ ਗਰਭ ਅੰਦਰ ਵੜ ਵੜ ਖੇਲ ਕਰਾਇੰਦਾ । ਸੋ ਅਬਿਨਾਸ਼ੀ ਨਾ ਜਾਏ ਸੜ, ਅੱਗ ਕੋਲੋਂ ਨਾ ਜਾਏ ਡਰ, ਥਥਵਾ ਲੈ ਨਾ ਮੁਖ ਭੁਵਾਇੰਦਾ । ਕੂੜਾ ਕਿਰਕਟ ਨਾ ਦੇਵੇ ਡਾਰ, ਰਕਤ ਬੂੰਦ ਕਰੇ ਪਿਆਰ, ਨਾਰੀ ਪੁਰਖ ਸੇਜ ਸੁਆਰ, ਜਗਤ ਵਿਚੋਲਾ ਵੇਸ ਵਟਾਇੰਦਾ । ਸਾਚੇ ਆਵੇ ਵਿਚੋਂ ਹਰਿ ਭਗਤ ਕਰੇ ਤਿਆਰ, ਆਪਣੀ ਹੱਥੀਂ ਆਪ ਟਣਕਾਇੰਦਾ । ਅੰਦਰੋਂ ਆਵਾਜ਼ ਆਈ ਤੂੰ ਹੀ ਨਿਰੰਕਾਰ, ਏਕਾ ਰਾਗ ਸਰਬ ਸੁਣਾਇੰਦਾ । ਜਗਤ ਭਾਂਡਾ ਜੋਰ ਦੀ ਠੋਕਰ ਨਾ ਸਕੇ ਕੋਈ ਮਾਰ, ਮਾਰ ਮਾਰ ਠੋਕਰ ਬਬਰੀ ਬਬਰੀ ਹੋ ਜਾਇੰਦਾ । ਗੁਰਸਿਖ ਠੋਕਰ ਮਾਰੇ ਸੰਸਾਰ, ਉਜਲ ਮੁਖ ਕਰਾਇੰਦਾ । ਪਾਰਬ੍ਰਹਮ ਦੀ ਸਾਚੀ ਕਾਰ, ਭੇਵ ਕੋਇ ਨਾ ਪਾਇੰਦਾ । ਕਰਮ ਕੁਕਰਮ ਨਿਹਕਰਮ ਵੰਡ ਵੰਡੇ ਵੰਡਣਹਾਰ, ਏਕਾ ਤੋਲਾ ਆਪ ਅਖਵਾਇੰਦਾ । ਜੁਗ ਜੁਗ ਗੇੜਾ ਗੇੜੇ ਗੇੜਨਹਾਰ, ਜੀਵ ਜੰਤ ਖੇਲ ਕਰਾਇੰਦਾ । ਜਗਤ ਘੁਮਿਆਰ ਭਾਂਡੇ ਘੜ ਵੇਚੇ ਵਿਚ ਬਾਜ਼ਾਰ, ਦਵੱਨੀ ਦਵੱਨੀ ਹੱਟ ਵਿਕਾਇੰਦਾ । ਹਰਿ ਆਪਣੇ ਭਾਂਡੇ ਆਪੇ ਘੜ ਆਪੇ ਲਏ ਸੰਭਾਲ, ਹੱਥ ਨਾ ਕਿਸੇ ਫੜਾਇੰਦਾ । ਮਾਟੀ ਭਾਂਡੇ ਹੋਏ ਬੇਹਾਲ, ਜੀਵ ਜੰਤ ਵੰਡ ਵੰਡਾਇੰਦਾ । ਕੋਈ ਫੜ ਫੜ ਰਿੰਨੇ ਵਿਚ ਦਾਲ, ਅੱਠੇ ਪਹਿਰ ਅੱਗ ਲਗਾਇੰਦਾ । ਪਾਰਬ੍ਰਹਮ ਆਪਣੇ ਭਾਂਡੇ ਆਪੇ ਲਏ ਫੜ, ਆਪਣੀ ਵਸਤੂ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੱਖ ਚੁਰਾਸੀ ਆਪਣੇ ਹੁਕਮ ਚਲਾਇੰਦਾ । ਹਰਿ ਕਾ ਭਾਂਡਾ ਕਾਇਆ ਮਾਟੀ, ਪੰਜ ਤੱਤ ਮੇਲ ਮਿਲਾਇੰਦਾ । ਕਿਸੀ ਕੀਮਤ ਮਿਲੇ ਨਾ ਕਿਸੇ ਹਾਟੀ, ਹੱਟੋ ਹੱਟ ਨਾ ਕੋਇ ਵਿਕਾਇੰਦਾ । ਪਹਿਲੋਂ ਕਲਜੁਗ ਰੱਖੇ ਉਤੇ ਅੱਗ, ਅਗਨੀ ਹਵਨ ਕੁੰਡ ਤਪਾਈਆ । ਫਿਰ ਦਸ ਮਾਸ ਛੱਡੇ ਢਕ, ਉਪਰ ਪਰਦਾ ਪਾਈਆ । ਫਿਰ ਬਾਹਰ ਕੱਢੇ ਰੱਖ, ਜਗਤ ਵਿਚ ਫਿਰਾਈਆ । ਫਿਰ ਬਣ ਕੂਕਰ ਲਏ ਚੱਟ, ਜੂਠ ਝੂਠ ਨਾਲ ਰਲਾਈਆ । ਫਿਰ ਵਿਕੇ ਬਜ਼ਾਰ ਹੱਟ, ਸੌਹਰੇ ਪੇਈਏ ਕੀਮਤ ਪਾਈਆ । ਕਰ ਕਿਰਪਾ ਜਿਸ ਸਤਿਗੁਰ ਲਿਆ

ਆਪਣੇ ਹੱਥ, ਤਿਸ ਦੇਵੇ ਮਾਣ ਵਡਿਆਈਆ । ਪੁਰਖ ਨਾਰ ਇਕੋ ਮਾਣ, ਨਿਮਾਣਿਆਂ ਹੋਏ ਸਹਾਈਆ । ਨਾਰ ਪੁਰਖ ਇਕੋ ਗਿਆਨ, ਏਕਾ ਕਰੇ ਪੜ੍ਹਾਈਆ । ਪੁਰਖ ਪੁਰਖੋਤਮ ਵਡ ਮਿਹਰਵਾਨ, ਪਾਰਬ੍ਰਹਮ ਬੇਪਰਵਾਹੀਆ । ਨਾਰ ਪੁਰਖ ਇਕ ਮਕਾਨ, ਏਕਾ ਘਰ ਸੁਹਾਈਆ । ਪੁਰਖ ਨਾਰ ਇਕ ਧਿਆਨ, ਲਿਵ ਅੰਤਰ ਆਪ ਜਣਾਈਆ । ਕਰੇ ਖੇਲ ਸ੍ਰੀ ਭਗਵਾਨ, ਬਣ ਬਣ ਸਾਲਸ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਤਰਾਈਆ । ਤਾਰਨ ਕੋ ਹਰਿ ਆਇਆ ਇਕ, ਇਕ ਇਕੱਲਾ ਖੇਲ ਖਲਾਇੰਦਾ । ਆਪਣੀ ਕਿਰਪਾ ਲੇਖਾ ਦੇਵੇ ਲਿਖ, ਜਨ ਭਗਤਾਂ ਲੇਖ ਜਣਾਇੰਦਾ । ਜਨਮ ਜਨਮ ਦੀ ਮੇਟੇ ਤ੍ਰਿਖ, ਕਰਮ ਕਰਮ ਦਾ ਰੋਗ ਮਿਟਾਇੰਦਾ । ਨੇਤਰ ਨੈਣ ਆਏ ਦਿਸ, ਦਿਸ਼ਾ ਦਿਸ਼ਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਖੇਲ ਖਲਾਇੰਦਾ । ਨਰ ਨਰਾਇਣ ਤਾਰੇ ਨਰ ਨਾਰ, ਨਰ ਹਰਿ ਵਡੀ ਵਡਿਆਈਆ । ਦਰ ਘਰ ਸਾਚੇ ਕਰ ਪਿਆਰ, ਪ੍ਰੇਮ ਪ੍ਰੀਤੀ ਇਕ ਨਿਭਾਈਆ । ਸਾਚੀ ਰੀਤੀ ਅਪਰ ਅਪਾਰ, ਅਪਰੰਪਰ ਰਿਹਾ ਚਲਾਈਆ । ਏਕਾ ਘਰ ਸੱਚਾ ਦਰਬਾਰ, ਏਕਾ ਦਰ ਦਏ ਵਡਿਆਈਆ । ਏਕਾ ਰੰਗ ਰੰਗਣਹਾਰ, ਰੰਗ ਰੰਗੀਲਾ ਸੱਚਾ ਮਾਹੀਆ । ਇਕ ਵਸੀਲਾ ਵਿਚ ਸੰਸਾਰ, ਆਦਿ ਜੁਗਾਦਿ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਵਖਾਈਆ । ਹਰਿਜਨ ਰੰਗ ਇਕੋ ਪੇਖ, ਪੇਖ ਖ਼ੁਸ਼ੀ ਮਨਾਈਆ । ਸਾਹਿਬ ਸੁਲਤਾਨ ਅਵੱਲੜਾ ਵੇਸ, ਨਿਰਗੁਣ ਸਰਗੁਣ ਰੂਪ ਧਰਾਈਆ । ਤਿਸ ਸਾਹਿਬ ਕੋ ਸਦਾ ਆਦੇਸ, ਜਿਸ ਡਿਠਿਆਂ ਸਰਬ ਦੁੱਖ ਮਿਟ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਚਲਾਈਆ । ਸਾਚਾ ਰਾਹ ਚਲੇ ਪੰਥ, ਪਾਰਬ੍ਰਹਮ ਪ੍ਰਭ ਆਪ ਚਲਾਇੰਦਾ । ਏਕੋ ਨਾਮ ਸਾਚਾ ਸੰਖ, ਚਾਰ ਵਰਨ ਆਪ ਸੁਣਾਇੰਦਾ । ਏਕਾ ਸ਼ਬਦ ਸਾਚਾ ਗ੍ਰੰਥ, ਸੋਹੰ ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਚਲੇ ਮਾਰਗ, ਏਕਾ ਪੰਧ ਮੁਕਾਈਆ । ਲੱਖ ਚੁਰਾਸੀ ਬਣੇ ਪਾਰਖ, ਆਪਣੀ ਪਰਖ ਨਾ ਕਿਸੇ ਕਰਾਈਆ । ਭਗਤਾਂ ਬਣੇ ਭਗਵਨ ਸਾਲਸ, ਸਚ ਸਾਲਸੀ ਰਿਹਾ ਕਮਾਈਆ । ਲੱਖ ਚੁਰਾਸੀ ਵਿਚੋਂ ਵੇਖੇ ਖ਼ਾਲਸ, ਖ਼ਾਲਸ ਰੂਪ ਦਏ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਨਾਰ ਪੁਰਖ ਹਰਿ ਦੇਵੇ ਤਾਰ, ਤਾਰਨਹਾਰਾ ਆਇਆ । ਜਿਸ ਦੀ ਗਾਥਾ ਗੌਂਦੇ ਰਹੇ ਜੁਗ ਚਾਰ, ਜਸ ਵੇਦ ਪੁਰਾਨ ਸੁਣਾਇਆ । ਜਿਸ ਦਾ ਹੁਕਮ ਮੰਨਦੇ ਰਹੇ ਗੁਰ ਅਵਤਾਰ, ਨਿਉਂ ਨਿਉਂ ਸਯਦਾ ਸੀਸ ਝੁਕਾਇਆ । ਜਿਸ ਨੂੰ ਬ੍ਰਹਮਾ ਵਿਸ਼ਨ ਸ਼ਿਵ ਕਰਦੇ ਰਹੇ ਨਿਮਸਕਾਰ, ਦਰ ਦਰ ਬੈਠੇ ਅਲਖ ਜਗਾਇਆ । ਜਿਸ ਦਾ ਗੀਤ ਗੌਂਦੇ ਰਹੇ ਵਾਰੋ ਵਾਰ, ਰਸਨਾ ਜਿਹਵਾ ਸਾਲਾਹਿਆ । ਜਿਸ ਨੂੰ ਅਠਸਠ ਤੀਰਥ ਮੰਨਦੇ ਰਹੇ ਸਾਚਾ ਯਾਰ, ਸੋ ਯਾਰੜਾ ਵੇਸ ਵਟਾਇਆ । ਨਿਰਗੁਣ ਨਿਰਵੈਰ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਇਆ । ਨਾਰੀ ਪੁਰਖ ਉਤਰੇ ਘਾਟ, ਪਾਰ ਕਿਨਾਰਾ ਇਕ ਜਣਾਈਆ । ਹਰਿ ਸੰਗਤ ਤੇਰੀ ਮੁੱਕੀ ਵਾਟ, ਅੱਗੇ ਪੰਧ ਨਾ ਕੋਇ ਵਧਾਈਆ । ਸਚ ਖਟੋਲਾ ਮਿਲੇ ਖਾਟ, ਸ਼ਬਦ ਬਬਾਣੇ ਲਏ ਬਿਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ਾਤ ਪਾਤ ਨਾ ਕੋਇ ਰਖਾਈਆ । ਜ਼ਾਤ ਪਾਤ ਨਾ ਕੋਇ ਨਾਤਾ, ਨਿਤ

ਨਿਤ ਆਪਣੀ ਖੇਲ ਕਰਾਇੰਦਾ । ਸਤਿਜੁਗ ਸਾਚੇ ਸਾਚੀ ਗਾਥਾ, ਹਰਿ ਸਾਚਾ ਸਚ ਪੜ੍ਹਾਇੰਦਾ । ਚਾਰ ਵਰਨ ਇਕੋ ਗਾਥਾ, ਏਕਾ ਵਾਰ ਚਲਾਇੰਦਾ । ਏਕੋ ਪੂਜਾ ਏਕਾ ਪਾਠਾ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਏਕੋ ਪੁਰਖ ਇਕ ਅਬਿਨਾਸ਼ਾ, ਏਕਾ ਸੰਗ ਨਿਭਾਇੰਦਾ । ਏਕੋ ਖੇਲ ਇਕ ਤਮਾਸ਼ਾ, ਵੇਖਣਹਾਰਾ ਇਕ ਹੋ ਆਇੰਦਾ । ਏਕੋ ਸੰਗ ਏਕੋ ਹਰਿ ਸਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੰਗ ਨਿਭਾਇੰਦਾ । ਸਾਚਾ ਸੰਗ ਨਿਭੇ ਸੰਸਾਰ, ਬਣ ਸੰਸਾਰੀ ਸੇਵ ਕਮਾਈਆ । ਜੁਗ ਚੌਕੜੀ ਕਰ ਕਰ ਪਾਰ, ਕਲਜੁਗ ਅੰਤਮ ਵੇਖ ਵਖਾਈਆ । ਗ਼ੁਫ਼ਤ ਸ਼ਨੀਦ ਕਰੇ ਗ਼ੁਫ਼ਤਾਰ, ਤਾਰ ਸਤਾਰ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਰਿਹਾ ਸਮਝਾਈਆ । ਹਰਿ ਭਗਤਾਂ ਆਪ ਸਮਝਾ, ਏਕਾ ਸਮਝ ਰਖਾਈਆ । ਝੂਠੀ ਮਰਜ਼ ਜਗਤ ਮਿਟਾ, ਏਕਾ ਨਾਅਰਾ ਦਏ ਪੜ੍ਹਾਈਆ । ਸਾਚੀ ਤਰਜ ਆਪੇ ਗਾ, ਸੋਹੰ ਢੋਲਾ ਰਿਹਾ ਸੁਣਾਈਆ । ਪਿਛਲਾ ਬਖ਼ਸ਼ੇ ਸਰਬ ਗੁਨਾਹ, ਅਗਲਾ ਲੇਖਾ ਲੇਖੇ ਵਿਚ ਰਖਾਈਆ । ਭਾਈਆਂ ਸੰਗ ਭਾਈ ਰਲਾ, ਭਗਤ ਭਗਵਾਨ ਦਏ ਵਡਿਆਈਆ । ਸਚ ਦੁਆਰਾ ਦਏ ਬਣਾ, ਬਾਵਣ ਏਕਾ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਬਾਵਨ ਪੁੰਨੇ ਆਸ, ਨਿਰਾਸ਼ ਨਾ ਕੋਇ ਵਖਾਈਆ । ਭਗਤ ਵਸਣ ਭਗਤਾਂ ਪਾਸ, ਏਕਾ ਘਰ ਬਹਾਈਆ । ਕਰਿਆ ਖੇਲ ਪੁਰਖ ਅਬਿਨਾਸ਼, ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਅੰਤ ਨਾ ਕੋਇ ਹੋਏ ਨਿਰਾਸ, ਜਿਸ ਜਨ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਲਏ ਮਿਲਾਈਆ । ਭਗਤ ਮਿਲਾਏ ਭਗਤ ਦੁਆਰ, ਭਗਵਨ ਸੇਵ ਕਮਾਇਆ । ਚੌਥੇ ਜੁਗ ਪਾਈ ਸਾਰ, ਚੌਥੇ ਪਦ ਬਹਾਇਆ । ਜਗਤ ਮੰਜ਼ਲ ਪਾਰ ਕਿਨਾਰ, ਹੱਦ ਆਪਣੀ ਆਪ ਵੰਡਾਈਆ । ਮਾਨਸ ਜਨਮ ਨਾ ਜਾਏ ਹਾਰ, ਜਿਸ ਜਨ ਸਦ ਆਪਣੇ ਚਰਨ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰ ਰਿਹਾ ਸੁਹਾਇਆ । ਭਗਤ ਦੁਆਰ ਭਗਤ ਮਹੱਲ, ਹਰਿ ਭਗਤਨ ਨਾਲ ਬਣਾਈਆ । ਸਦਾ ਸਦਾ ਸਦ ਰਹੇ ਅਟੱਲ, ਅਟੱਲ ਮਿਲੀ ਵਡਿਆਈਆ । ਭਗਤਾਂ ਲੱਗਾ ਸਚ ਫਲ, ਸ੍ਰਿਸ਼ਟ ਸਬਾਈ ਦਏ ਵਖਾਈਆ । ਪਿਛੇ ਬਹੇ ਸਿੰਘਾਸਣ ਮਲ, ਅੱਗੇ ਭਗਤਾਂ ਰਿਹਾ ਰਖਾਈਆ । ਆਪ ਹੋਇਆ ਭਗਤਾਂ ਵਲ, ਭੁੱਲੀ ਸਰਬ ਲੋਕਾਈਆ । ਸ੍ਰਿਸ਼ਟ ਸਬਾਈ ਜਾਏ ਹੱਲ, ਹੌਲੀ ਹੌਲੀ ਰਿਹਾ ਹਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਦੁਆਰਾ ਆਪ ਉਪਜਾਈਆ ।

★ ੧੬ ਮੱਘਰ ੨੦੧੮ ਬਿਕਰਮੀ ਵਿਰਸਾ ਸਿੰਘ ਧਿਰਤਾ ਸਿੰਘ ਬਾਬੂਪੁਰਾ ਜੇਠੂਵਾਲ ਦਰਬਾਰ ਵਿਚ ★

ਹਰਿ ਭਗਤ ਸੱਚੀ ਪ੍ਰਭਾਤ, ਰਾਗ ਪ੍ਰਭਾਤੀ ਰਿਹਾ ਜਸ ਗਾਈਆ । ਭਗਤ ਭਗਵੰਤ ਇਕ ਇਕਾਂਤ, ਏਕਾ ਕਾਰ ਕਮਾਈਆ । ਸਹਿਜ ਗੁਣ ਗੁਣਵੰਤਾ ਦੇਵੇ ਦਾਤ, ਦਾਤਾ ਦਾਨੀ ਆਪ ਵਰਤਾਈਆ । ਅਨੰਦ ਮੰਗਲ ਸੁਣਾਏ ਗਾਥ, ਗਾਵਣਹਾਰਾ ਬੇਪਰਵਾਹੀਆ । ਜਗਤ ਜੁਗ ਦੇਵੇ ਸਾਥ, ਸਹਿਜ ਸਹਿਜ ਪੰਧ ਮੁਕਾਈਆ । ਮੰਤਰ ਅੰਤਰ ਪੂਜਾ ਪਾਠ, ਬਸੰਤਰ ਦਏ ਬੁਝਾਈਆ । ਜੁਗਾਂ ਜੁਗੰਤਰ ਬਣ ਬਣ ਸੱਚਾ ਨਾਥ, ਅਨਾਥਾਂ

ਹੋਏ ਸਹਾਈਆ । ਤ੍ਰੈਗੁਣ ਅਤੀਤਾ ਤੱਤਵ ਤੱਤ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਈਆ । ਖੇਲੇ ਖੇਲ ਖੇਲ ਤਮਾਸ਼, ਦੋ ਜਹਾਨਾਂ ਵੇਸ ਵਟਾਈਆ । ਜਨਮ ਜਨਮ ਦੀ ਪੂਰੀ ਕਰੇ ਆਸ, ਹਰਿਜਨ ਸਾਚੇ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪ ਹੋ ਜਾਈਆ । ਸਚ ਪਰਭਾਤੀ ਰਹੀ ਗਾ, ਏਕਾ ਢੋਲਾ ਗਾਇਆ । ਸਚਖੰਡ ਨਿਵਾਸੀ ਵੇਖ ਚੜ੍ਹਿਆ ਚਾਅ, ਚਾਉ ਘਨੇਰਾ ਇਕ ਜਣਾਇਆ । ਧੰਨ ਭਾਗ ਮਿਲਿਆ ਸੱਚਾ ਥਾਂ, ਥਾਨ ਥਨੰਤਰ ਸੋਭਾ ਪਾਇਆ । ਪੁਰਖ ਅਗੰਮ ਪਕੜੀ ਬਾਂਹ, ਸਿਰ ਆਪਣਾ ਹੱਥ ਟਿਕਾਇਆ । ਸਦਾ ਸਦ ਰੱਖੇ ਠੰਡੀ ਥਾਂ, ਛਹਿਬਰ ਏਕਾ ਵਾਰ ਲਗਾਇਆ । ਜਨ ਭਗਤਾਂ ਪਿਤਾ ਮਾਂ, ਭਗਤ ਭਗਵੰਤ ਖੇਲ ਖਲਾਇਆ । ਸਾਚੇ ਸੰਤਾਂ ਨਾਲ ਰਲਾ, ਸਾਚਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਸਚ ਪਰਭਾਤੀ ਰਹੀ ਨੱਚ, ਆਪਣਾ ਸਾਂਗ ਵਰਤਾਈਆ । ਪੁਰਖ ਅਬਿਨਾਸ਼ੀ ਮਿਲਿਆ ਸੱਚ, ਸਾਚੀ ਗਾਥ ਪੜ੍ਹਾਈਆ । ਤ੍ਰੈਗੁਣ ਮਾਇਆ ਮਿਟੀ ਆਂਚ, ਅਗਨੀ ਅੱਗ ਬੁਝਾਈਆ । ਕਾਇਆ ਮਾਟੀ ਲੇਖੇ ਲਾਇਆ ਕੱਚ, ਕਾਚੀ ਗਗਰੀ ਸੋਭਾ ਪਾਈਆ । ਜਨ ਭਗਤਾਂ ਅੰਦਰ ਗਿਆ ਰਚ, ਰਚ ਰਚ ਆਪਣਾ ਰੂਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਭਾਵੰਤ ਵਡੀ ਵਡਿਆਈਆ । ਸਚ ਪਰਭਾਤੀ ਨੇਤਰ ਖੋਲ੍ਹ, ਨੈਣ ਨੈਣ ਉਠਾਈਆ । ਪੁਰਖ ਪੁਰਖੋਤਮ ਵਸਿਆ ਕੋਲ, ਸਗਲੀ ਚਿੰਤ ਮਟਾਈਆ । ਮੈਂ ਉਠ ਉਠ ਵਜਾਵਾਂ ਢੋਲ, ਸਾਚੇ ਭਗਤਾਂ ਦਿਆਂ ਸੁਣਾਈਆ । ਸਚ ਬਸੰਤੀ ਰੁੱਤ ਬਣ ਫੁਲਵਾੜੀ ਗਿਆ ਮੌਲ, ਘਰ ਘਰ ਡੇਰਾ ਲਾਈਆ । ਪੂਰਾ ਕਰੇ ਕੀਤਾ ਕੌਲ, ਕਵਲ ਨੈਣ ਸੱਚਾ ਸ਼ਹਿਨਸ਼ਾਹੀਆ । ਤੋਲਣਹਾਰਾ ਸਾਚਾ ਤੋਲ, ਨਾਮ ਕੰਡਾ ਹੱਥ ਰਖਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਰਹੇ ਅਡੋਲ, ਡੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਸਚ ਪਰਭਾਤੀ ਚੜ੍ਹਿਆ ਰੰਗ, ਰੰਗੀ ਰੰਗ ਵਟਾਈਆ । ਸੇਜਾ ਸੋਹੇ ਸਚ ਪਲੰਘ, ਭੂਸ਼ਨ ਬਸਤਰ ਨਾਲ ਮਿਲਾਈਆ । ਨਾਮ ਨਿਧਾਨ ਵੱਜੇ ਮਰਦੰਗ, ਮਰਦੰਗਾ ਹੱਥ ਉਠਾਈਆ । ਗ੍ਰਿਹ ਮੰਦਰ ਹਰਿ ਜੂ ਆਇਆ ਲੰਘ, ਨਜ਼ਰ ਕਿਸੇ ਨਾ ਆਈਆ । ਜਗਤ ਦਵੈਤੀ ਢਾਈ ਕੰਧ, ਏਕਾ ਧੱਕਾ ਲਾਈਆ । ਭਗਤ ਸਾਚੇ ਸੁਣਾਇਆ ਛੰਦ, ਆਤਮ ਪਰਮਾਤਮ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਚ ਪਰਭਾਤੀ ਵੇਖੇ ਨਿਰਗੁਣ ਜੋਤ, ਜੋਤੀ ਜਾਤਾ ਡਗਮਗਾਇੰਦਾ । ਸਚਖੰਡ ਵਸੇ ਕਿਲੇ ਕੋਟ, ਕਿਲਾ ਕੋਟ ਇਕ ਵਖਾਇੰਦਾ । ਨਾਦ ਅਗੰਮੀ ਲਾਏ ਚੋਟ, ਚੋਟੀ ਚੜ੍ਹ ਕੇ ਨਾਦ ਵਜਾਇੰਦਾ । ਜਨਮ ਜਨਮ ਦਾ ਕੱਢੇ ਖੋਟ, ਨਿਹਕਰਮੀ ਕਰਮ ਕਮਾਇੰਦਾ । ਭਗਤਾਂ ਰੱਖੇ ਆਪੇ ਓਟ, ਓਟ ਭਗਤਾਂ ਆਪ ਤਕਾਇੰਦਾ । ਆਲ੍ਹਣਿਉਂ ਡਿੱਗੇ ਚੁੱਕੇ ਬੋਟ, ਸਾਚੀ ਗੋਦ ਆਪ ਬਹਾਇੰਦਾ । ਦੇਵੇ ਨਾਮ ਭੰਡਾਰ ਅਤੋਟ, ਏਕਾ ਵਾਰ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਸਚ ਪਰਭਾਤੀ ਅੰਮ੍ਰਿਤ ਰਸ, ਏਕਾ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਦੇਣਾ ਦੱਸ, ਕਵਣ ਦੁਆਰੇ ਮਿਲੇ ਚਾਈਂ ਚਾਈਆ । ਪੰਧ ਮੁਕਾਵਾਂ ਜਾਵਾਂ ਨੱਸ, ਬਣਾਂ ਪਾਂਧੀ ਰਾਹੀ ਆ । ਕਵਣ ਕਰੇ ਮੇਰੀ ਪੂਰੀ ਆਸ, ਤ੍ਰਿਸ਼ਨਾ ਦਏ ਮਿਟਾਈਆ । ਮੈਂ ਵੇਖ ਥੱਕੀ ਪ੍ਰਿਥਮੀ ਆਕਾਸ਼, ਗਗਨ ਮੰਡਲ ਫੇਰਾ ਪਾਈਆ । ਕੋਈ ਨਾ ਲੱਭਾ ਸੱਚਾ ਘਾਟ, ਤੀਰਥ ਤੱਟ ਦੇਣ ਦੁਹਾਈਆ । ਗੁਰਦਰ ਮੰਦਰ

ਮਸਜਿਦ ਵੇਖੇ ਹੱਟ, ਸਾਚਾ ਨਾਮ ਨਾ ਕੋਇ ਵਿਕਾਈਆ । ਤੇਲ ਬਾਤੀ ਲਟ ਲਟ, ਅਸ਼ਟਭੁਜ ਰਹੀ ਜਗਾਈਆ । ਸ਼ਿਵਦੁਆਲੇ ਖ਼ਾਲੀ ਮੱਠ, ਤੇਰਾ ਨਾਉਂ ਕੋਈ ਨਾ ਗਾਈਆ । ਅੰਤ ਦੁਆਰੇ ਤੇਰੇ ਗਈ ਢੱਠ, ਢਹਿ ਢਹਿ ਸੀਸ ਝੁਕਾਈਆ । ਨਾ ਕੋਈ ਬੁੱਧ ਨਾ ਕੋਈ ਮੱਤ, ਮਤ ਮਤਵਾਲੀ ਫਿਰੇ ਦਿਆਂ ਦੁਹਾਈਆ । ਨਾ ਧੀਰਜ ਨਾ ਕੋਈ ਸਤਿ, ਆਪਣੀ ਬੈਠੀ ਪਤ ਗਵਾਈਆ । ਕਲਜੁਗ ਜੀਵਾਂ ਚੁੱਕੀ ਅੱਤ, ਚਾਰੋਂ ਕੁੰਟ ਰਹੇ ਕੁਰਲਾਈਆ । ਗ੍ਰਿਹਿ ਗ੍ਰਿਹਿ ਉਬਲੇ ਝੂਠੀ ਰੱਤ, ਰੱਤੀ ਰੱਤ ਨਜ਼ਰ ਨਾ ਆਈਆ । ਮੈਂ ਢੋਲਕ ਛੈਣਿਆਂ ਸੰਖ਼ਾਂ ਅੰਦਰ ਗਈ ਫਸ, ਜਗਤ ਰਬਾਬ ਸਤਾਰ ਰਹੇ ਵਜਾਈਆ । ਮੇਰੀ ਰੈਣ ਅੰਧੇਰੀ ਹੋਈ ਮਸ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਮੈਂ ਨਿਮਾਣੀ ਕਰ ਕੇ ਬਹਿ ਗਈ ਬੱਸ, ਬਸ ਹਾਰ ਜਿਤ ਤੇਰੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਗਤ ਪਰਭਾਤੀ ਰਹੀ ਕੁਰਲਾਈਆ । ਜਗਤ ਪਰਭਾਤੀ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਇਆ । ਮੇਰਾ ਅੰਮ੍ਰਿਤ ਰਸ ਮੇਰੇ ਵਿਚ ਸਕੇ ਨਾ ਕੋਈ ਪਾ, ਤੇਰੇ ਚਰਨਾਂ ਨਾ ਕੋਇ ਮਿਲਾਇਆ । ਆਪਣਾ ਆਪਣਾ ਢੋਲਾ ਰਹੇ ਗਾ, ਤੇਰਾ ਨਾਦ ਨਾ ਕਿਸੇ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਇਆ । ਦਰ ਮੰਗਾਂ ਭਿੱਖ ਦੇ ਅਸੀਸ, ਇਕੋ ਆਸਰਾ ਤੇਰਾ ਤਕਾਇਆ । ਤੂੰ ਸਾਹਿਬ ਸੱਚਾ ਜਗਦੀਸ਼, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹਿਆ । ਮੈਂ ਮੰਨਾਂ ਤੇਰੀ ਹਦੀਸ, ਸਿਰ ਚਰਨਾਂ ਉਪਰ ਟਿਕਾਇਆ । ਮੈਂ ਵੇਖੇ ਰਾਗ ਛਤੀਸ, ਬਤੀਸ ਸੰਗ ਨਾ ਕੋਇ ਨਿਭਾਇਆ । ਚਾਰੋਂ ਕੁੰਟ ਬੈਠੇ ਖ਼ਬੀਸ਼, ਖ਼ਬਰ ਤੇਰੀ ਨਾ ਕੋਇ ਸੁਣਾਇਆ । ਸ਼ਾਹ ਪਾਤਸ਼ਾਹ ਦਰ ਦਰ ਵੇਖੇ ਨਾ ਝੁੱਲੇ ਛਤਰ ਸੀਸ, ਸਾਚਾ ਹੁਕਮ ਨਾ ਕੋਇ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰਾ ਦੁੱਖੜਾ ਦੇ ਮਿਟਾਇਆ । ਮੈਂ ਦੁੱਖੀ ਹੋਈ ਅਭਾਗਣ, ਮੇਰਾ ਭਾਗ ਨਾ ਕੋਇ ਰਖਾਈਆ । ਅੰਮ੍ਰਿਤ ਵੇਲੇ ਉਠ ਉਠ ਜਾਗਣ, ਅੰਮ੍ਰਿਤ ਰਸ ਮੁਖ ਨਾ ਕੋਇ ਚੁਆਈਆ । ਬਿਨ ਤੇਰੇ ਹੰਸ ਬਣੇ ਕਾਗਨ, ਕਾਗ ਵਾਂਗ ਰਹੇ ਕੁਰਲਾਈਆ । ਮੈਂ ਦਰ ਦਰ ਫਿਰਾਂ ਬੈਰਾਗਣ, ਤੇਰਾ ਵੈਰਾਗ ਰਿਹਾ ਤੜਫਾਈਆ । ਤੁਧ ਬਿਨ ਕਰੇ ਨਾ ਕੋਇ ਸੁਹਾਗਣ, ਜਗਤ ਰੰਡੇਪਾ ਰਿਹਾ ਸਤਾਈਆ । ਕਰ ਕਿਰਪਾ ਬਣ ਜਾ ਸਾਜਣ, ਮੇਰੇ ਸੱਜਣ ਸੱਚੇ ਮਾਹੀਆ । ਮੈਂ ਚਲ ਕੇ ਆਈ ਹਾਜਣ, ਮੱਕਾ ਕਾਅਬਾ ਇਕ ਤਕਾਈਆ । ਤੂੰ ਸੁਣਿਆ ਗ਼ਰੀਬ ਨਿਵਾਜ਼ਣ, ਗ਼ਰੀਬ ਨਿਮਾਣਿਆਂ ਦਇਆ ਕਮਾਈਆ । ਮੈਂ ਕੋਝੀ ਕਮਲੀ ਪਾਜਣ, ਲਜਪਤ ਤੇਰੇ ਹੱਥ ਫੜਾਈਆ । ਮੇਰੇ ਭਾਗ ਸੋਏ ਜਾਗਣ, ਘਰ ਮਿਲੇ ਮੇਰਾ ਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਝੋਲੀ ਡਾਹੀਆ । ਮੇਰਾ ਭਾਗ ਜਾਏ ਖੁਲ੍ਹ, ਕਿਰਪਾ ਕਰ ਗੁਣ ਨਿਧਾਨਾ । ਮੇਰੀ ਕਰਤਾ ਪਾਏ ਕੀਮਤ ਮੁਲ, ਲਹਿਣਾ ਚੁੱਕੇ ਵਿਚ ਜਹਾਨਾ । ਤੇਰਾ ਨਾਉਂ ਸੁਲਾਹਕੁਲ, ਖ਼ਾਲਕ ਖ਼ਲਕ ਵਡ ਪਰਧਾਨਾ । ਮੈਂ ਤੇਰੇ ਕੰਡੇ ਜਾਵਾਂ ਤੁਲ, ਤੂੰ ਧੁਰਦਰਗਾਹੀ ਮਰਦ ਮਰਦਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਨਾ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਵਾਰ ਸਮਝਾਈਆ । ਚਾਰ ਜੁਗ ਤੱਤ ਤੱਤਵ ਤੂੰ ਆਪਣਾ ਰੂਪ ਰਹੀ ਵਖਾ, ਲੋਕਮਾਤ ਫੇਰਾ ਪਾਈਆ । ਕੋਟਨ ਕੋਟ ਤੀਰਥ ਨਹਾਵਣ ਰਹੀ ਕਰਾ, ਕੋਟਨ ਕੋਟ ਪੂਜਾ ਪਾਠ ਪੜ੍ਹਾਈਆ । ਕੋਟਨ ਕੋਟਾਂ ਸਜਦਾ ਰਹੀ ਕਰਾ, ਕੋਟਨ ਕੋਟਾਂ ਵੁਜ਼ੂ ਨਮਾਜ਼ ਪੜ੍ਹਾਈਆ । ਕੋਟਨ ਕੋਟਾਂ ਬਾਂਗ ਰਹੀ ਦੁਆ, ਕੋਟਨ ਕੋਟਾਂ ਨਾਅਰਾ ਰਹੀ ਸੁਣਾਈਆ ।


੧੧੯
੧੧

ਕੋਟਨ ਕੋਟ ਨਾਦ ਸੰਖ ਹੱਥ ਫੜਾ, ਲੋਕਮਾਤ ਦਏ ਵਡਿਆਈਆ । ਕੋਟਨ ਕੋਟਾਂ ਅਗਨੀ ਤਾਅ, ਕੋਟਨ ਕੋਟਾਂ ਜਲ ਧਾਰ ਵਖਾਈਆ । ਕੋਟਨ ਕੋਟਾਂ ਘਰੋਂ ਕਢਾ, ਜੰਗਲ ਜੂਹਾਂ ਵਿਚ ਫਿਰਾਈਆ । ਕੋਟਨ ਕੋਟਾਂ ਦੇਵੇ ਸਲਾਹ, ਅੰਮ੍ਰਿਤ ਵੇਲਾ ਇਕ ਵਡਿਆਈਆ । ਉਠ ਪਰਭਾਤੀ ਜੋ ਲਏ ਧਿਆ, ਪ੍ਰਭ ਮਿਲੇ ਚਾਈਂ ਚਾਈਂਆ । ਕਲਜੁਗ ਅੰਤਮ ਸਾਰੇ ਹੋਏ ਫ਼ਨਾਹ, ਸੀਸ ਸਕੇ ਨਾ ਕੋਇ ਉਠਾਈਆ । ਤੇਰੀ ਝੋਲੀ ਪਾਏ ਜਗਤ ਗੁਨਾਹ, ਗੁਨਾਹਗਾਰ ਤੇਰਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਸੁਣਾਈਆ । ਗੁਨਾਹਗਾਰ ਤੂੰ ਬਣੀ ਜਗ, ਤੇਰਾ ਰੰਗ ਨਜ਼ਰ ਨਾ ਆਇੰਦਾ । ਤੇਰੇ ਵਿਚ ਸ੍ਰਿਸ਼ਟ ਸਬਾਈ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਸਭ ਨੂੰ ਭੁਲਿਆ ਤੇਰਾ ਆਚਾਰ ਚੱਜ, ਉਠ ਉਠ ਰਾਮ ਨਾ ਕੋਇ ਧਿਆਇੰਦਾ । ਮੰਦਰ ਮਸਜਿਦ ਗੁਰੂਦੁਆਰ ਸਾਰੇ ਰਹੇ ਭੱਜ, ਭਾਵਨੀ ਭੌ ਨਾ ਕੋਇ ਮਿਟਾਇੰਦਾ । ਆਪਣਾ ਗ੍ਰਿਹਿ ਰਹੇ ਤਜ, ਤੇਰਾ ਗ੍ਰਿਹਿ ਨਾ ਕੋਇ ਸੁਹਾਇੰਦਾ । ਬਿਨ ਹਰਿ ਸਾਚੇ ਦਰ ਨਾ ਕੋਈ ਬਹੇ ਸਜ, ਸਾਚਾ ਘਰ ਨਜ਼ਰ ਕਿਸੇ ਨਾ ਆਇੰਦਾ । ਬਿਨ ਭਗਤਾਂ ਤੇਰੀ ਕੋਈ ਨਾ ਰੱਖੇ ਲੱਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਇੰਦਾ । ਸੁਣ ਪਰਭਾਤੀ ਮੰਨ ਲੈ ਕਹਿਣਾ, ਕਹਿਣਾ ਕਹਿਣ ਨਾ ਜਾਈਆ । ਕਲਜੁਗ ਅੰਤਮ ਦੇਵੇ ਲਹਿਣਾ, ਲਹਿਣਾ ਝੋਲੀ ਪਾਈਆ । ਸਚ ਸ਼ਿੰਗਾਰ ਬਸਤਰ ਗਹਿਣਾ, ਬਸਤਰ ਭੂਸ਼ਨ ਦਏ ਸਮਝਾਈਆ । ਸਾਚੇ ਭਗਤਾਂ ਦਰਸ਼ਨ ਕਰਨਾ ਨੈਣਾਂ, ਨੇਤਰ ਨੈਣ ਸ਼ਰਮਾਈਆ । ਅੰਮ੍ਰਿਤ ਸੋਮਾ ਏਕਾ ਵਹਿਣਾ, ਦੁਰਮਤ ਮੈਲ ਧੁਵਾਈਆ । ਭਗਤ ਭਗਵੰਤ ਦਰ ਇਕੋ ਬਹਿਣਾ, ਏਕਾ ਘਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਪਰਭਾਤੀ ਦਏ ਵਡਿਆਈਆ । ਸੁਣ ਪਰਭਾਤੀ ਸਾਚੀ ਗੱਲ, ਹਰਿ ਸਾਚਾ ਸਚ ਜਣਾਇੰਦਾ । ਜੁਗ ਚੌਕੜੀ ਕਰਦਾ ਰਿਹਾ ਵਲ ਛਲ, ਆਪਣਾ ਭੇਵ ਨਾ ਕਿਸੇ ਸਮਝਾਇੰਦਾ । ਜਨਮ ਕਰਮ ਦਾ ਦੇਂਦਾ ਰਿਹਾ ਫਲ, ਭਗਤੀ ਭਗਤਾਂ ਝੋਲੀ ਪਾਇੰਦਾ । ਕਲਜੁਗ ਅੰਤਮ ਹੋ ਪਰਬਲ, ਆਪਣਾ ਬਲ ਧਰਾਇੰਦਾ । ਹਰਿ ਭਗਤ ਦੁਆਰਾ ਬੈਠਾ ਮਲ, ਸਚ ਸਿੰਘਾਸਣ ਸੋਭਾ ਪਾਇੰਦਾ । ਨਿਰਗੁਣ ਨਿਰਗੁਣ ਨਿਰਗੁਣ ਲੋਕਮਾਤ ਆਇਆ ਚਲ, ਅਟੱਲ ਅਚੱਲ ਮਹੱਲ ਆਪ ਸੁਹਾਇੰਦਾ । ਗ਼ਰੀਬ ਨਿਮਾਣਿਆਂ ਅੰਦਰ ਗਿਆ ਰਲ, ਰਲ ਮਿਲ ਆਪਣੀ ਖੇਲ ਵਖਾਇੰਦਾ । ਨਾ ਕੋਈ ਘੜੀ ਨਾ ਕੋਈ ਪਲ, ਥਿਤ ਵਾਰ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਸਮਝਾਇੰਦਾ । ਸਾਚਾ ਰਾਹ ਇਕੋ ਦੱਸਾਂ, ਦੱਸ ਦੱਸ ਖ਼ੁਸ਼ੀ ਮਨਾਈਆ । ਭਗਤ ਦੁਆਰੇ ਆਪੇ ਵਸਾਂ, ਵਸ ਵਸ ਵਕਤ ਲੰਘਾਈਆ । ਤੀਰ ਨਿਰਾਲਾ ਇਕੋ ਕਸਾਂ, ਨਾਮ ਨਿਸ਼ਾਨ ਉਠਾਈਆ । ਜਗਤ ਵਿਕਾਰ ਚਰਨਾਂ ਹੇਠਾਂ ਝੱਸਾਂ, ਦੁੱਖ ਦਰਦ ਦਿਆਂ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਣ ਅਵਗੁਣ ਦਏ ਸਮਝਾਈਆ । ਗੁਣ ਅਵਗੁਣ ਜੁਗ ਜੁਗ ਧਾਰ, ਜੁਗ ਕਰਤਾ ਆਪ ਚਲਾਇੰਦਾ । ਜੁਗ ਚੌਕੜੀ ਬੀਤੇ ਚਾਰ, ਨਵ ਨੌਂ ਚਾਰ ਵੇਖ ਵਖਾਇੰਦਾ । ਜਗਤ ਕਿਰਿਆ ਗੁਣ ਹਾਰ, ਕੂੜਾ ਕਿਰਮ ਬਣ ਬਣ ਖਾਇੰਦਾ । ਮਾਨੁਖ ਮਾਨੁਖ ਨਾ ਕਰੇ ਪਿਆਰ, ਮਾਣਸ ਮਾਣਸ ਮੁਖ ਭੁਵਾਇੰਦਾ । ਦੀਨ ਮਜ਼੍ਹਬ ਹੋਇਆ ਵਿਭਚਾਰ, ਸਚ ਆਚਾਰ ਨਾ ਕੋਇ ਜਣਾਇੰਦਾ । ਧਰਮਖੰਡ ਨਾ ਕੋਇ ਦਵਾਰ, ਕਰਮਖੰਡ ਨਾ ਕੋਇ ਵਡਿਆਇੰਦਾ । ਬਾਣੀ ਬ੍ਰਹਿਮੰਡ ਨਾ ਕੋਇ ਧੁਨਕਾਰ, ਜੇਰਜ ਅੰਡ ਨਾ ਕੋਇ ਜਗਾਇੰਦਾ । ਸਰਮਖੰਡ ਰੋਵੇ ਜ਼ਾਰੋ ਜ਼ਾਰ, ਨੀਰ ਨੇਤਰ ਨਾ


੧੨੦
੧੧

ਕੋਇ ਸ਼ਰਮਾਇੰਦਾ । ਸਚਖੰਡ ਹਰਿ ਵਸਨੇਹਾਰ, ਵਸ ਵਸ ਆਪਣਾ ਰੂਪ ਧਰਾਇੰਦਾ । ਜੁਗਾ ਜੁਗੰਤਰ ਪਾਵੇ ਸਾਰ, ਲੋਕਮਾਤ ਵੇਖ ਵਖਾਇੰਦਾ । ਬਣ ਬਣ ਆਏ ਗੁਰ ਅਵਤਾਰ, ਭਗਤ ਭਗਵੰਤ ਖੇਲ ਖਲਾਇੰਦਾ । ਕਲਜੁਗ ਅੰਤਮ ਹੋ ਤਿਆਰ, ਤ੍ਰੈਗੁਣ ਅਤੀਤਾ ਵੇਸ ਵਟਾਇੰਦਾ । ਬ੍ਰਹਿਮੰਡ ਖੰਡ ਪਾਵੇ ਸਾਰ, ਨੌਂ ਸੱਤ ਫੇਰਾ ਪਾਇੰਦਾ । ਮਨ ਮਤ ਬੁਧ ਖੋਲ੍ਹ ਕਿਵਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਕਲਜੁਗ ਅੰਤਮ ਹਰਿ ਰੰਗ ਰਾਤਾ, ਰਾਤੀ ਰੁੱਤੀ ਰੁੱਤ ਸੁਹਾਈਆ । ਗੁਰਮੁਖ ਵਿਰਲਾ ਆਪ ਪਛਾਤਾ, ਜਿਸ ਆਪਣੀ ਬੂਝ ਬੁਝਾਈਆ । ਜਨ ਭਗਤਾਂ ਦੇਵੇ ਨਾਮ ਦਾਤਾ, ਨਾਮ ਝੋਲੀ ਪਾਈਆ । ਸਰਬ ਜੀਆਂ ਦਾ ਇਕੋ ਗਿਆਤਾ, ਗਿਆਨ ਬੋਧ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਲਾਇਆ, ਹਰਿ ਭਗਤਾਂ ਆਪ ਉਠਾਈਆ । ਸਚ ਪਰਭਾਤੀ ਦਏ ਬਣਾਇਆ, ਪਰਮ ਆਰਤੀ ਇਕ ਵਖਾਈਆ । ਮਹਾਂਸਾਰਥੀ ਬਣ ਕੇ ਆਇਆ, ਸਾਚਾ ਰਥ ਚਲਾਈਆ । ਪਾਰਖ ਬਣ ਬਣ ਵੇਖ ਵਖਾਇਆ, ਪਾਥਰ ਕੰਚਨ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪ ਹੋ ਜਾਈਆ । ਸਚ ਪਰਭਾਤੀ ਰੱਖਣਾ ਯਾਦ, ਯਾਦਵ ਬੰਸ ਦਿਤਾ ਖਪਾਈਆ । ਰਾਵਣ ਸੁਣੀ ਨਾ ਕੋਇ ਫਰਿਯਾਦ, ਲੰਕਾ ਗੜ੍ਹ ਤੁੜਾਈਆ । ਸੁੰਭ ਨਸੁੰਭ ਨਾ ਜਾਣੀ ਹਾਦ, ਮਾਣ ਅਭਿਮਾਨ ਮਿਟਾਈਆ । ਜੁਗ ਜੁਗ ਖੇਲ ਖੇਲ ਬ੍ਰਹਿਮਾਦ, ਬ੍ਰਹਿਮੰਡ ਖੰਡ ਫੇਰਾ ਪਾਈਆ । ਗੁਰਮੁਖ ਵਿਰਲੇ ਕਰਾਂ ਲਾਡ, ਜਿਸ ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਵਿਚੋਂ ਕਾਢ, ਭਗਤਾਂ ਭਗਤੀ ਇਕ ਸਿਖਾਈਆ । ਧਰਮ ਨਿਸ਼ਾਨਾ ਦੇਵਾਂ ਗਾਡ, ਲੋਕਮਾਤ ਵੱਜੇ ਵਧਾਈਆ । ਬਣ ਬਣ ਸਾਚਾ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਕਰ ਕਿਰਪਾ ਖੋਲਾਂ ਤਾਕ, ਦੀਵਾ ਬਾਤੀ ਇਕ ਟਿਕਾਈਆ । ਚਰਨ ਪ੍ਰੀਤੀ ਪੂਜਾ ਪਾਠ, ਨਿਵਣ ਸੋ ਅੱਖਰ ਇਕ ਪੜ੍ਹਾਈਆ । ਨੇਤਰ ਦਰਸ਼ਨ ਤੀਰਥ ਤਾਟ, ਅਠਸਠ ਰਹੇ ਸ਼ਰਮਾਈਆ । ਦਰ ਔਣਾ ਪੰਧ ਮੁੱਕੇ ਚੌਦਾਂ ਲੋਕ ਹਾਟ, ਚੌਦਾਂ ਤਬਕ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਸਾਚਾ ਭੇਵ ਹਰਿ ਖਲੌਣਾ, ਏਕਾ ਵਾਰ ਜਣਾਇੰਦਾ । ਆਪਣਾ ਕੀਤਾ ਜਿਸ ਬਖ਼ਸ਼ਾਉਣਾ, ਬਖ਼ਸ਼ਿਸ਼ ਇਕੋ ਇਕ ਵਖਾਇੰਦਾ । ਚਲ ਦੁਆਰੇ ਸਾਚੇ ਆਉਣਾ, ਸਚ ਦੁਆਰਾ ਆਪ ਬਣਾਇੰਦਾ । ਭਗਤਾਂ ਅੱਗੇ ਸੀਸ ਝੁਕੌਣਾ, ਬਿਨ ਭਗਤਾਂ ਪਾਰ ਨਾ ਕੋਇ ਕਰਾਇੰਦਾ । ਮੈਂ ਫਿਰਾਂ ਵਿਚ ਅਵਣ ਗਵਣਾ, ਲੱਖ ਚੁਰਾਸੀ ਅੰਦਰ ਡੇਰਾ ਲਾਇੰਦਾ । ਮੈਂ ਫਿਰਾਂ ਵਿਚ ਉਨੰਜਾ ਪਵਣਾ, ਜਲ ਥਲ ਮਹੀਅਲ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਸੁਹਾਇੰਦਾ । ਹਸਤ ਕੀਟ ਵਿਚ ਮੇਰਾ ਵਾਸਾ, ਘਟ ਘਟ ਰਿਹਾ ਸਮਾਈਆ । ਭਗਤ ਜਨਾਂ ਸਦ ਹੋਇਆ ਦਾਸਾ, ਨਿਤ ਨਿਤ ਸੇਵ ਕਮਾਈਆ । ਸਾਚਾ ਭਗਤ ਸਾਚੇ ਘਰ ਕਰੇ ਪਰਕਾਸ਼ਾ, ਪ੍ਰਕਾਸ਼ ਪ੍ਰਕਾਸ਼ ਨਾਲ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੇਵੇ ਵਰ, ਹਰਿਜਨ ਸਾਚੇ ਆਪ ਉਠਾਈਆ । ਮੈਥੋਂ ਵੱਡਾ ਮੇਰਾ ਭਗਤ, ਜਿਸ ਦੀ ਸੇਵਾ ਆਪ ਕਮਾਇੰਦਾ । ਮੇਰੇ ਵਿਚ ਨਾ ਕੋਈ ਸ਼ਕਤ, ਸ਼ਕਤੀ ਭਗਤਾਂ ਹੱਥ ਫੜਾਇੰਦਾ । ਨਿਰਗੁਣ ਦਾ ਇਕੋ ਵਕਤ, ਜਗ ਵੇਲਾ ਭਗਤਾਂ ਨਾਲ ਸੁਹਾਇੰਦਾ । ਮੈਂ ਕਦੇ ਨਾ ਕਰਾਂ ਤਰਸ, ਜੋ ਘੜਿਆ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ

੧੨੧
੧੧

ਆਪ ਖੁਲ੍ਹਾਇੰਦਾ । ਸਾਚਾ ਭਗਤ ਮਿਲੇ ਭਗਵਾਨ, ਭਾਵੀ ਜਗਤ ਮਿਟਾਈਆ । ਸਚ ਪ੍ਰਭਾਤੀ ਦਿਆਂ ਗਿਆਨ, ਏਕਾ ਵਾਰ ਸਮਝਾਈਆ । ਹਰਿਜਨ ਸਾਚੇ ਲਏ ਪਹਿਚਾਨ, ਆਪਣਾ ਨੇਤਰ ਨੈਣ ਖੁਲ੍ਹਾਈਆ । ਦਰ ਦਰਵੇਸ ਬਣ ਬਣ ਮੰਗਣ ਦਾਨ, ਦੋਏ ਦੋਏ ਜੋੜ ਸੀਸ ਝੁਕਾਈਆ । ਅੰਤ ਤੇਰੀ ਕਰਨ ਕਲਿਆਣ, ਕਾਲਖ ਟਿੱਕਾ ਧੋਵਣ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਰਿਹਾ ਵਖਾਈਆ । ਪਰਭਾਤੀ ਕਰੇ ਪੁਕਾਰ, ਨਿਉਂ ਨਿਉਂ ਸੀਸ ਝੁਕਾਇਆ । ਤੇਰੇ ਭਗਤ ਵੇਖਾਂ ਕਵਣ ਦਵਾਰ, ਕਵਣ ਕੂਟੇ ਫੇਰਾ ਪਾਇਆ । ਨੌਂ ਖੰਡ ਪ੍ਰਿਥਮੀ ਫਿਰ ਫਿਰ ਗਈ ਹਾਰ, ਮੇਰਾ ਪੰਧ ਨਾ ਕਿਸੇ ਮੁਕਾਇਆ । ਮੈਂ ਕਰ ਕਰ ਥੱਕੀ ਹਾਰ ਸ਼ਿੰਗਾਰ, ਮੀਂਢੀ ਸੀਸ ਸੀਸ ਗੁੰਦਾਇਆ । ਨੈਣ ਰੱਖ ਰੱਖ ਕੱਜਲ ਧਾਰ, ਮੋਹਣੀ ਰੂਪ ਰੂਪ ਧਰਾਇਆ । ਪ੍ਰਭ ਮਿਲਿਆ ਨਾ ਮੀਤ ਮੁਰਾਰ, ਮੇਰੀ ਸੇਜ ਨਾ ਕੋਇ ਸੁਹਾਇਆ । ਮੈਂ ਦੁੱਖੜੇ ਕੱਟੇ ਜੁਗ ਚਾਰ, ਜਗਤ ਵਿਛੋੜੇ ਮੋਹੇ ਸਤਾਇਆ । ਰਾਤੀਂ ਨੀਂਦ ਨਾ ਆਵੇ ਰੋਵਾਂ ਧਾਹਾਂ ਮਾਰ, ਘੜੀ ਪਲ ਗਿਣ ਗਿਣਾਇਆ । ਪਰਭਾਤੀ ਵੇਲਾ ਪ੍ਰਭ ਕਰੇ ਸਚ ਪਿਆਰ, ਮੇਰਾ ਦੁੱਖ ਦਏ ਗਵਾਇਆ । ਚਾਰ ਕੁੰਟ ਮੰਦਰ ਮਸਜਿਦ ਫਿਰ ਫਿਰ ਆਈ ਵਾਰੋ ਵਾਰ, ਦਰ ਦਰ ਫੇਰਾ ਪਾਇਆ । ਅੱਗੋਂ ਸਾਰੇ ਦੇਣ ਦੁਰਕਾਰ, ਕੂਕਰ ਬੈਠੇ ਰੌਲਾ ਪਾਇਆ । ਅੰਦਰ ਦਿਸੇ ਨਾ ਤੇਰਾ ਪਿਆਰ, ਬਾਹਰੋਂ ਰਸਨਾ ਰਹੇ ਹਿਲਾਇਆ । ਮੈਂ ਚਲ ਕੇ ਆਈ ਤੇਰੇ ਦਰਬਾਰ, ਤੇਰੇ ਚਰਨਾਂ ਧੂੜ ਖ਼ਾਕ ਰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਦੁਖੜਾ ਦੇ ਗਵਾਇਆ । ਪੁਰਖ ਅਬਿਨਾਸ਼ੀ ਮਿਹਰਵਾਨ, ਮਿਹਰ ਨਜ਼ਰ ਟਿਕਾਈਆ । ਤੇਰੀ ਅੰਤ ਕਰਾਂ ਕਲਿਆਣ, ਕਲਜੁਗ ਪੰਧ ਮੁਕਾਈਆ । ਤੇਰਾ ਅੰਮ੍ਰਿਤ ਰਸ ਪੀਣ ਖਾਣ, ਤੇਰੀ ਝੋਲੀ ਪਾਈਆ । ਤੇਰੇ ਅੰਤਰ ਇਕ ਗਿਆਨ, ਸੋਹੰ ਸ਼ਬਦ ਕਰਾਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਵਖਾਈਆ । ਹਰਿ ਜੂ ਦਇਆ ਧਾਰ, ਹਿਰਦੇ ਇਕੋ ਆਸ ਰਖਾਈਆ । ਤੇਰੇ ਚਰਨ ਜਾਵਾਂ ਬਲਿਹਾਰ, ਸ਼ਰਨ ਮਿਲੇ ਵਡਿਆਈਆ । ਮੈਂ ਨਿਮਾਣੀ ਕਰ ਪਿਆਰ, ਪਾਣੀ ਭਰ ਭਰ ਸੇਵ ਕਮਾਈਆ । ਅੱਠੇ ਪਹਿਰ ਰਹਾਂ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਰਿਹਾ ਸੁਣਾਈਆ । ਸੁਣ ਪਰਭਾਤੀ ਇਕੋ ਬਾਤ, ਹਰਿ ਬਾਤਨ ਆਪ ਜਣਾਇੰਦਾ । ਜਨ ਭਗਤਾਂ ਦਿਤੀ ਸਾਚੀ ਦਾਤ, ਦਾਤਾ ਦਾਨੀ ਆਪ ਵਰਤਾਇੰਦਾ । ਅੱਠੇ ਪਹਿਰ ਪੜ੍ਹਨ ਮੇਰੀ ਗਾਥ, ਦੂਜੀ ਓਟ ਨਾ ਕੋਇ ਤਕਾਇੰਦਾ । ਨਾ ਕੋਈ ਜ਼ਾਤ ਨਾ ਕੋਈ ਪਾਤ, ਊਚ ਨੀਚ ਨਾ ਕੋਇ ਰਖਾਇੰਦਾ । ਇਕੋ ਚਰਨ ਸਾਚਾ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਤੇਰੀ ਅੰਤਮ ਪੁੱਛਣ ਵਾਤ, ਵਾਤਾਵਰਨ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚੇ ਭਗਤਾਂ ਇਕੋ ਵੇਲਾ, ਏਕਾ ਰੰਗ ਸਮਝਾਈਆ । ਸੰਧਿਆ ਪਰਭਾਤੀ ਨਾ ਕੋਈ ਸੁਹੇਲਾ, ਰਾਤੀਂ ਸੁਤਿਆਂ ਭੁੱਲ ਨਾ ਜਾਈਆ । ਏਕਾ ਰੰਗ ਰਵੇ ਗੁਰੂ ਗੁਰ ਚੇਲਾ, ਚੇਲਾ ਗੁਰ ਰੂਪ ਵਟਾਈਆ । ਘੜੀ ਪਲ ਸੱਜਣ ਸੁਹੇਲਾ, ਸਾਹ ਸਾਹ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਰਿਹਾ ਵਖਾਈਆ । ਜਗਤ ਪਰਭਾਤੀ ਹੋ ਹੈਰਾਨ, ਆਪਣੀ ਲਏ ਅੰਗੜਾਈਆ । ਕਿਸ ਬਿਧ ਹਰਿ ਜੂ ਦਿਤਾ ਦਾਨ, ਜਨ ਭਗਤਾਂ ਨਾਮ ਵਰਤਾਈਆ । ਅੱਠੇ ਪਹਿਰ ਰਹੇ ਤੇਰਾ ਧਿਆਨ, ਭੁੱਲ ਕਦੇ ਨਾ ਜਾਈਆ । ਰਾਤੀਂ ਸੁਤਿਆਂ ਕਰੇਂ ਪਛਾਣ,

ਘਰ ਘਰ ਲਏਂ ਉਠਾਈਆ । ਆਲਸ ਨਿੰਦਰਾ ਵਿਚ ਦੇਵੇਂ ਮਾਣ, ਆਪਣੀ ਗੋਦ ਬਹਾਈਆ । ਉਠ ਪਰਭਾਤੀ ਨਾ ਮੈਨੂੰ ਗਾਣ, ਦਿਵਸ ਰੈਣ ਤੇਰੀ ਓਟ ਤਕਾਈਆ । ਸੰਧਿਆ ਸਕੇ ਨਾ ਕੋਇ ਪਹਿਚਾਨ, ਜਗਤ ਆਸਣ ਨਾ ਕੋਇ ਵਿਛਾਈਆ । ਪੂਜਾ ਪਾਠ ਨਾ ਕੋਇ ਧਿਆਨ, ਪਾਠਕ ਬਣ ਨਾ ਲਏ ਵਡਿਆਈਆ । ਆਤਮ ਪਰਮਾਤਮ ਇਕੋ ਗਿਆਨ, ਸੋਹੰ ਸਚ ਰਸਾਈਆ । ਪ੍ਰਭ ਮਿਲਿਆਂ ਸਰਬ ਦੁੱਖ ਨੱਠ ਜਾਣ, ਕੋਇ ਨੇੜ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਲਏ ਮਿਲਾਈਆ । ਸਾਚੇ ਭਗਤ ਮਿਲਣ ਦਾ ਜੇ ਜਨ ਚਾਅ, ਚਾਕਰੀ ਇਕ ਵਖਾਇੰਦਾ । ਨੰਗੀਂ ਪੈਰੀਂ ਜਾਣਾ ਆ, ਪਾਂਧੀ ਪੰਧ ਮੁਕਾਇੰਦਾ । ਦੂਰੋਂ ਨਿਉਂ ਨਿਉਂ ਸੀਸ ਝੁਕਾ, ਨੇਤਰ ਨੈਣ ਨੈਣ ਸ਼ਰਮਾਇੰਦਾ । ਰਸਨਾ ਸੋਹੰ ਢੋਲਾ ਲੈਣਾ ਗਾ, ਗਾਵਣਹਾਰਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਜਨ ਭਗਤ ਮੇਲਾ ਵਿਚ ਸੰਸਾਰ, ਹਰਿ ਮਿਲ ਮਿਲ ਆਪ ਕਰਾਇਆ । ਛੱਤੀ ਜੁਗ ਦਾ ਸਚ ਵਿਹਾਰ, ਛੱਤੀ ਛੱਤੀ ਨਾਲ ਕਰਾਇਆ । ਛੱਤੀ ਉਚਾ ਹੋ ਉਜਿਆਰ, ਛੱਤੀ ਰਾਗ ਵੇਖ ਵਖਾਇਆ । ਪਰਭਾਤੀ ਰੋਂਦੀ ਰਹੀ ਜੁਗ ਚਾਰ, ਨੇਤਰ ਨੈਣਾਂ ਨੀਰ ਵਹਾਇਆ । ਸੁਖ ਸ਼ਾਂਤੀ ਮਿਲੀ ਨਾ ਵਿਚ ਸੰਸਾਰ, ਸੰਸਾ ਸਕੇ ਨਾ ਕੋਇ ਚੁਕਾਇਆ । ਭਗਵਾਨ ਭਗਤਾਂ ਮਿਲਦਾ ਰਿਹਾ ਲੁਕ ਲੁਕ ਯਾਰ, ਸਾਖਯਾਤ ਨਜ਼ਰ ਨਾ ਆਇਆ । ਕਲਜੁਗ ਅੰਤਮ ਹੋ ਤਿਆਰ, ਤ੍ਰੈਭਵਨ ਧਨੀ ਵੇਸ ਵਟਾਇਆ । ਨਿਰਗੁਣ ਨਿਰਗੁਣ ਲੈ ਅਵਤਾਰ, ਸਰਗੁਣ ਆਪਣਾ ਰਾਹ ਵਖਾਇਆ । ਸੇਵਾ ਕਰੇ ਅਪਰ ਅਪਾਰ, ਅਪਰੰਪਰ ਸੇਵ ਕਮਾਇਆ । ਸਚ ਦੁਆਰਾ ਕਰ ਤਿਆਰ, ਸਾਚਾ ਬੰਕ ਦਏ ਵਡਿਆਇਆ । ਪਰਭਾਤੀ ਵੇਲਾ ਰੱਖੇ ਇਕੋ ਵਾਰ, ਏਕਾ ਰੰਗ ਚੜ੍ਹਾਇਆ । ਬੂੰਦ ਸਵਾਂਤੀ ਠੰਡੀ ਠਾਰ, ਅੰਮ੍ਰਿਤ ਆਤਮ ਦਏ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਚੜ੍ਹਾਇਆ । ਅੰਤਮ ਰੰਗ ਚੜ੍ਹਨਾ ਮਾਤ, ਹਰਿ ਸਾਚਾ ਸਚ ਜਣਾਈਆ । ਪੋਹ ਛੱਬੀ ਮਿਲਣੀ ਦਾਤ, ਦਾਤਾ ਦਾਨੀ ਆਪ ਵਰਤਾਈਆ । ਪਰਭਾਤੀ ਤੇਰੀ ਪਿਛਲੀ ਮਿਟੇ ਰਾਤ, ਤਿੰਨ ਪਹਿਰ ਤਿੰਨਾਂ ਜੁਗਾਂ ਨਾਲ ਮਿਲਾਈਆ । ਚੌਥੇ ਪਹਿਰ ਚੌਥੇ ਪਦ ਦੀ ਗਾਥ, ਪੁਰਖ ਅਬਿਨਾਸ਼ੀ ਇਕ ਸੁਣਾਈਆ । ਵਸਤ ਅਮੋਲਕ ਦੇਵੇ ਹੱਥੋ ਹਾਥ, ਹੱਥ ਹੱਥ ਨਾਲ ਮਿਲਾਈਆ । ਬਹੱਤਰਾਂ ਕਰੇ ਪੂਰੀ ਆਸ, ਸੱਤਰਾਂ ਸਾਚਾ ਗੁਣ ਸਮਝਾਈਆ । ਚੁਹੱਤਰ ਚਲੇ ਮਾਤ ਸ਼ਾਖ, ਪਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਭਾਤੀ ਦਏ ਸਮਝਾਈਆ । ਸਚ ਪਰਭਾਤੀ ਨਾ ਰਹਿਣਾ ਸੌਂ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਪੰਜਾਂ ਪਿਆਰਿਆਂ ਤੇਰੀ ਵਸਤ ਲੈਣੀ ਖੋਹ, ਆਪਣੀ ਹੱਥੀਂ ਆਪ ਲੁਟਾਇੰਦਾ । ਚਾਰ ਵਣਜਾਰਿਆਂ ਦੇਵੇ ਢੋਆ ਢੋ, ਸਾਚਾ ਹੱਟ ਆਪ ਖੁਲ੍ਹਾਇੰਦਾ । ਬਹੱਤਰ ਭਗਤ ਅੱਗੇ ਹੋ, ਹਰਿ ਆਪਣਾ ਦਰਸ ਦਖਾਇੰਦਾ । ਸੱਤਰਾਂ ਸੰਗ ਆਪੇ ਛੋਹ, ਸਾਚਾ ਰੰਗ ਰੰਗਾਇੰਦਾ । ਚੁਹੱਤਰਾਂ ਮਨ ਵਾਸਨਾ ਦੇਵੇ ਕੋਹ, ਕੋਹਤੂਰ ਨੂਰ ਪਰਗਟਾਇੰਦਾ । ਹਰਿ ਸੰਗਤ ਕਰੇ ਸਾਚਾ ਮੋਹ, ਮਾਇਆ ਮਮਤਾ ਮੋਹ ਮਿਟਾਇੰਦਾ । ਗੁਰਸਿਖਾਂ ਜੋਗਾ ਆਪੇ ਹੋ, ਆਪਣਾ ਤਨ ਗਵਾਇੰਦਾ । ਨਿਰਗੁਣ ਸਰਗੁਣ ਖੇਲ ਦੋ, ਦੋ ਜਹਾਨਾਂ ਵੇਖ ਵਖਾਇੰਦਾ । ਭਾਗ ਲਗਾਏ ਛੱਬੀ ਪੋਹ, ਆਪਣਾ ਪਾਲਾ ਸਰਬ ਮਿਟਾਇੰਦਾ । ਲੱਖ ਚੁਰਾਸੀ ਛੋਲਿਆਂ ਭੋਹ, ਕਰਤਾ ਕੀਮਤ ਕੋਇ ਨਾ ਪਾਇੰਦਾ । ਚਾਰੋਂ ਕੁੰਟ ਸਰ ਸਰੋਵਰ ਤਟ ਕਿਨਾਰ ਆਵੇ ਬੋ, ਸਾਚਾ ਬੀਜ ਨਾ ਕੋਇ ਬਿਜਾਇੰਦਾ । ਆਪਣੇ ਜਿਹਾ ਆਪੇ ਹੋ,

ਹਰਿ ਭਗਤਾਂ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਇੰਦਾ । ਚਲੇ ਧਾਰ ਜਗਤ ਨਿਰਾਲੀ, ਨਿਰਗੁਣ ਆਪ ਚਲਾਈਆ । ਨਿਰਵੈਰ ਫਿਰੇ ਹੱਥਾਂ ਖ਼ਾਲੀ, ਖ਼ਾਲਕ ਖ਼ਲਕ ਰਿਹਾ ਸਮਝਾਈਆ । ਆਪੇ ਆਇਆ ਪੰਥ ਦਾ ਵਾਲੀ, ਪਾਂਧੀ ਬਣ ਬਣ ਪੰਧ ਮੁਕਾਈਆ । ਜਨ ਭਗਤਾਂ ਪਿਛੇ ਘਾਲ ਘਾਲੀ, ਰੱਤੀ ਰੱਤ ਲੇਖੇ ਲਾਈਆ । ਆਪੇ ਦਰ ਦਰ ਬਣੇ ਸਵਾਲੀ, ਜਨ ਭਗਤ ਦੁਆਰੇ ਫੇਰਾ ਪਾਈਆ । ਕਰੇ ਖੇਲ ਦੋ ਜਹਾਨਾਂ ਵਾਲੀ, ਵਾਹਵਾ ਆਪਣੀ ਕਾਰ ਕਮਾਈਆ । ਚਾਰ ਯੁਗ ਬੂਟੇ ਲਾਏ ਬਣ ਬਣ ਮਾਲੀ, ਅੰਤਮ ਵੇਖੇ ਚਾਈਂ ਚਾਈਂਆ । ਲੱਗੀ ਪ੍ਰੀਤ ਨਿਭੇ ਨਾਲੀ, ਲੋਕਮਾਤ ਨਾ ਕੋਇ ਤੁੜਾਈਆ । ਨਿਰਗੁਣ ਸਰਗੁਣ ਬਣਿਆ ਪਾਲੀ, ਬਣ ਸੇਵਕ ਸੇਵ ਕਮਾਈਆ । ਆਪੇ ਸੁਣੇ ਮੁਰੀਦਾਂ ਹਾਲੀ, ਮੁਰਸ਼ਦ ਬਣਿਆ ਬੇਪਰਵਾਹੀਆ । ਭਗਤ ਭਗਵੰਤ ਬਿਨਾ ਨਾ ਵੱਜੇ ਤਾਲੀ, ਲੋਕਮਾਤ ਹਰਿ ਕਾ ਨਾਉਂ ਤਲਵਾੜਾ ਨਾ ਕੋਇ ਵਜਾਈਆ । ਹਰਿ ਬੂਟਾ ਭਗਤ ਡਾਲੀ, ਪ੍ਰੇਮ ਵਾਸਨਾ ਫਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਪਰਭਾਤੀ ਦਏ ਬਣਾਈਆ । ਅੱਠੇ ਪਹਿਰ ਭਗਤ ਪਰਭਾਤੀ, ਭਾਵਨਾ ਹੋਰ ਨਾ ਕੋਇ ਰਖਾਇੰਦਾ । ਅੰਮ੍ਰਿਤ ਦੇਵੇ ਬੂੰਦ ਸਵਾਂਤੀ, ਸਾਂਤਕ ਸਤਿ ਕਰਾਇੰਦਾ । ਜਾਗਤ ਸੋਵਤ ਦਰਸ ਦੇਵੇ ਦਿਵਸ ਰਾਤੀ, ਦਿਵਸ ਰੈਣ ਨਾ ਵੰਡ ਵੰਡਾਇੰਦਾ । ਘਰ ਘਰ ਮੇਲਾ ਕਮਲਾਪਾਤੀ, ਕਵਲ ਨੈਣ ਖੇਲ ਖਲਾਇੰਦਾ ਸ਼ਬਦ ਸੰਦੇਸ਼ ਸਾਚੀ ਪਾਤੀ, ਬਿਨ ਲਿਖਿਆਂ ਆਪ ਪਹੁੰਚਾਇੰਦਾ । ਨਾਮ ਨਿਧਾਨਾ ਇਕੋ ਗਾਥੀ, ਪੜ੍ਹ ਪੜ੍ਹ ਗਾਥਾ ਆਪ ਸੁਣਾਇੰਦਾ । ਏਥੇ ਓਥੇ ਸੱਚਾ ਸਾਥੀ, ਹਰਿ ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਭਾਤੀ ਵੇਲਾ ਆਪ ਸਮਝਾਇੰਦਾ । ਪਰਭਾਤੀ ਵੇਲਾ ਪ੍ਰਭ ਜਾਏ ਲੱਭ, ਲਾਭਦਾਇਕ ਅਖਵਾਈਆ । ਜਗਤ ਤ੍ਰਿਸ਼ਨਾ ਮਿਟੇ ਸਭ, ਸਬਰ ਸਬੂਰੀ ਇਕ ਬੰਧਾਈਆ । ਨਾਮ ਪਿਆਲਾ ਪਿਆਏ ਮਧ, ਮਧੁ ਰਸ ਚਖਾਈਆ । ਨਾਦ ਅਨਾਦੀ ਵਜਾਏ ਅਨਹਦ, ਹੱਦ ਪਾਰ ਕਰਾਈਆ । ਚਰਨ ਦੁਆਰੇ ਆਪਣੇ ਸੱਦ, ਸਦਕੇ ਘੋਲੀ ਵਾਰ ਵਖਾਈਆ । ਆਪ ਬਣਾਏ ਆਪਣੀ ਯਦ, ਪਿਤਾ ਪੂਤ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਪਰਭਾਤੀ ਦਏ ਵਡਿਆਈਆ । ਭਗਤ ਪਰਭਾਤੀ ਅੱਠੇ ਪਹਿਰ, ਪਹਿਰਾ ਹਰਿ ਰਖਾਇੰਦਾ । ਨੇੜ ਨਾ ਆਵੇ ਕੋਈ ਐਰ ਗ਼ੈਰ, ਗ਼ੈਰਤ ਰੂਪ ਆਪ ਵਟਾਇੰਦਾ । ਸਚਖੰਡ ਵਸਾਏ ਸਾਚੇ ਸ਼ਹਿਰ, ਸ਼ਰਅ ਬੰਧਨ ਨਾ ਕੋਇ ਪਾਇੰਦਾ । ਅੱਠੇ ਪਹਿਰ ਇਕੋ ਲਹਿਰ, ਏਕਾ ਧਾਰਾ ਨਾਮ ਚਲਾਇੰਦਾ । ਜੂਠ ਝੂਠ ਨਾ ਵਿਸ ਜ਼ਹਿਰ, ਜ਼ਾਹਿਰਾ ਰੂਪ ਆਪ ਵਟਾਇੰਦਾ । ਕਰੇ ਖੇਲ ਗੰਭੀਰ ਗਹਿਰ, ਗੁਣੀ ਗਹੀਰ ਦਇਆ ਕਮਾਇੰਦਾ । ਨਾ ਕੋਈ ਤਰਜ਼ ਨਾ ਕੋਈ ਬਹਿਰ, ਰਾਗੀ ਰਾਗ ਨਾ ਕੋਇ ਅਲਾਇੰਦਾ । ਜਿਸ ਜਨ ਆਪਣੀ ਕਰੇ ਮਿਹਰ, ਤਿਸ ਜਨ ਆਪਣੇ ਵਿਚ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਭਾਤੀ ਇਕ ਬਣਾਇੰਦਾ । ਸਚ ਪਰਭਾਤੀ ਸਤਿਗੁਰ ਚਰਨ, ਚਰਨ ਕਵਲ ਚਿਤ ਲਾਇਆ । ਨਾਤਾ ਤੁਟੇ ਮਰਨ ਡਰਨ, ਮਰਨ ਡਰਨ ਨਾ ਭੌ ਰਖਾਇਆ । ਸਾਹਿਬ ਸਤਿਗੁਰ ਵਰਨੀ ਵਰਨ, ਵਰ ਇਕੋ ਹਰਿ ਜੂ ਪਾਇਆ । ਦੀਨ ਦਿਆਲ ਤਰਨੀ ਤਰਨ, ਤਾਰਨਹਾਰਾ ਗੁਰ ਅਖਵਾਇਆ । ਗੁਰਮੁਖ ਵਿਰਲੇ ਪੌੜੇ ਚੜ੍ਹਨ, ਹਰਿ ਜੂ ਪੌੜਾ ਨਾਮ ਲਗਾਇਆ । ਮਨਮੁਖ ਜੀਵ ਸਾਰੇ ਡਰਨ, ਨੇਤਰ ਨੈਣ ਨਾ ਕੋਇ ਉਠਾਇਆ । ਹਰਿਜਨ ਅੱਖਰ ਇਕੋ ਪੜ੍ਹਨ, ਹਰਿ ਜੂ ਆਪ ਪੜ੍ਹਾਇਆ । ਮਨਮੁਖ ਜੀਵ ਸਾਰੇ ਲੜ੍ਹਨ, ਲੜ ਲੜ ਵਕਤ

ਲੰਘਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਪਰਭਾਤੀ ਦਏ ਵਖਾਇਆ । ਆਓ ਸਿਖੋ ਵੇਖੋ ਪਰਭਾਤੀ, ਪ੍ਰਭ ਸਾਚਾ ਆਪ ਵਖਾਈਆ । ਜਿਸ ਦੀ ਵੇਦ ਪੁਰਾਨ ਸ਼ਾਸ਼ਤਰ ਸਿਮਰਤ ਗਾ ਗਾ ਥੱਕੇ ਸਾਕੀ, ਸੋ ਸਾਖਿਆਤ ਰੂਪ ਵਟਾਈਆ । ਜਿਸ ਦੀ ਗੁਰ ਅਵਤਾਰ ਸ਼ਬਦ ਸੰਦੇਸਾ ਲਿਖਦੇ ਰਹੇ ਪਾਤੀ, ਸੋ ਪੱਤਰ ਲਿਖ ਲਿਖ ਰਿਹਾ ਸਮਝਾਈਆ । ਜਿਸ ਦੀ ਸੰਧਿਆ ਕਰਦੇ ਰਹੇ ਆਰਤੀ, ਦੀਪਕ ਦੀਆ ਆਪ ਜਗਾਈਆ । ਜਿਸ ਦੀ ਮਹਿਮਾ ਕਰਦੀ ਰਹੀ ਹਿੰਦੀ ਉਰਦੂ ਫ਼ਾਰਸੀ, ਸ਼ਾਇਰ ਸ਼ਾਇਰਾਂ ਨਾਲ ਮਿਲਾਈਆ । ਜਿਸ ਦੀ ਗੁਰ ਅਵਤਾਰ ਕਰਦੇ ਰਹੇ ਆੜ੍ਹਤੀ, ਨਾਮ ਵੱਟਾ ਹੱਟ ਰਖਾਈਆ । ਸੋ ਸਾਹਿਬ ਆਇਆ ਸਾਰਥੀ, ਸਭ ਦੇ ਸਾਰਥ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਪਰਭਾਤੀ ਇਕ ਵਖਾਈਆ । ਭਗਤ ਪਰਭਾਤੀ ਲੈਣੀ ਜਾਣ, ਜਾਨਣਹਾਰ ਜਣਾਇੰਦਾ । ਜਿਸ ਸਤਿਗੁਰ ਸੱਚਾ ਮਿਲੇ ਆਣ, ਸੋ ਪਰਭਾਤੀ ਸੋਭਾ ਪਾਇੰਦਾ । ਜਿਸ ਜਨ ਜਮ ਦੀ ਚੁੱਕੇ ਕਾਨ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਪਰਭਾਤੀ ਆਪਣੇ ਰੰਗ ਵਖਾਇੰਦਾ । ਸਚ ਪਰਭਾਤੀ ਸਤਿਗੁਰ ਪਿਆਰ, ਪ੍ਰੇਮ ਪ੍ਰੇਮ ਵਡਿਆਈਆ । ਦੁਤੀਆ ਦੁਤਰ ਦੇਵੇ ਤਾਰ, ਦੋਏ ਦੋਏ ਵੇਖ ਵਖਾਈਆ । ਸੋਵਤ ਸੋਇਆ ਸੁਤਿਆਂ ਦਰਸ ਦੀਦਾਰ, ਉਠਿਆਂ ਕਰੇ ਨਾਮ ਪੜ੍ਹਾਈਆ । ਜਗ ਰੁੱਸਿਆਂ ਮੇਲੇ ਮੇਲਣਹਾਰ, ਜਗਤ ਗ਼ੁਸਿਆਂ ਦਏ ਗਵਾਈਆ । ਘਰ ਘੁਥਿਆਂ ਘਰ ਵਿਚ ਦੇਵੇ ਵਾੜ, ਫੜ ਫੜ ਬਾਹੋਂ ਰਾਹੇ ਪਾਈਆ । ਮਾਤ ਗਰਭ ਪੁੱਠੇ ਟੰਗਿਆਂ ਲਾਏ ਪਾਰ, ਮਨੁੱਖ ਆਪਣੇ ਨਾਲ ਮਿਲਾਈਆ । ਕਰਮਾਂ ਲੁੱਟਿਆਂ ਦੇਵੇ ਪੈਜ ਸਵਾਰ, ਕਰਮ ਕਾਂਡ ਨਾ ਕੋਇ ਵਖਾਈਆ । ਬਿਨ ਪੁੱਛਿਆਂ ਦੇਵੇ ਦਰਸ ਦੀਦਾਰ, ਪੂਰਬ ਲਹਿਣਾ ਝੋਲੀ ਪਾਈਆ । ਕਲਜੁਗ ਬੂਟੇ ਸੁੱਕਿਆਂ ਅੰਮ੍ਰਿਤ ਦੇਵੇ ਡਾਲ, ਕਿਆਰੀ ਹਰੀ ਸਿੰਚ ਆਪ ਕਰਾਈਆ । ਜਨ ਭਗਤਾਂ ਪਿੱਛੇ ਘਾਲਣ ਘਾਲ, ਆਪਣਾ ਤਨ ਭਗਤਾਂ ਭੇਟ ਚੜ੍ਹਾਈਆ । ਫਿਰ ਹੱਲ ਕੀਆ ਸਵਾਲ, ਆਪਣਾ ਸਵਾਲ ਨਾ ਕੋਇ ਬਤਾਈਆ । ਭਾਲਿਆਂ ਕਿਸੇ ਨਾ ਆਵੇ ਵਿਚ ਭਾਲ, ਭਾਲ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਪਰਭਾਤੀ ਨਾਲ ਮਿਲਾਈਆ । ਭਗਤ ਪਰਭਾਤੀ ਹੋਏ ਪਰਭਾਤ, ਪਰਮ ਪੁਰਖ ਹਰਿ ਪਾਇਆ । ਜੁਗਾਂ ਜੁਗੰਤਰ ਸਾਚਾ ਸਾਕ, ਬਣ ਸੱਜਣ ਸੰਗ ਨਿਭਾਇਆ । ਇਕੋ ਦੀਪਕ ਇਕੋ ਤਾਕ, ਇਕ ਮਹੱਲ ਟਿਕਾਇਆ । ਇਕੋ ਪਤੀ ਕਮਲਾਪਾਤ, ਪਤ ਪਤਵੰਤਾ ਨਾਉਂ ਧਰਾਇਆ । ਇਕੋ ਵਸਤ ਇਕੋ ਹਾਟ, ਇਕੋ ਵਣਜ ਕਰਾਇਆ । ਇਕੋ ਪੂਜਾ ਇਕੋ ਪਾਠ, ਏਕਾ ਰਿਹਾ ਪੜ੍ਹਾਇਆ । ਇਕੋ ਤੀਰਥ ਇਕੋ ਤਾਟ, ਤੱਟ ਕਿਨਾਰਾ ਇਕ ਰਖਾਇਆ । ਪਾਰਬ੍ਰਹਮ ਕਹੇ ਮੇਰਾ ਵੱਡਾ ਭਾਗ, ਮੇਰਿਆਂ ਭਗਤਾਂ ਮੇਰਾ ਸੰਗ ਨਿਭਾਇਆ । ਬਿਨ ਭਗਤਾਂ ਨਾ ਜਗੇ ਮੇਰਾ ਚਿਰਾਗ, ਨੂਰ ਕਰੇ ਨਾ ਕੋਇ ਰੁਸ਼ਨਾਇਆ । ਬਿਨ ਭਗਤਾਂ ਮੇਰੀ ਕੋਇ ਨਾ ਗਾਏ ਗਾਥ, ਮੇਰਾ ਨਾਮ ਨਾ ਕਿਸੇ ਵਡਿਆਇਆ । ਬਿਨ ਭਗਤਾਂ ਮੇਰੀ ਕੋਈ ਨਾ ਦੱਸੇ ਜ਼ਾਤ, ਜ਼ਹੂਰ ਮੇਰਾ ਨਾ ਕੋਇ ਰੁਸ਼ਨਾਇਆ । ਏਸੇ ਕਾਰਨ ਮੈਂ ਹੋਇਆ ਦਾਸ, ਬਣ ਸੇਵਕ ਸੇਵ ਕਮਾਇਆ । ਕੋਟਨ ਕੋਟ ਉਪਾਏ ਪ੍ਰਿਥਮੀ ਆਕਾਸ਼, ਬਿਨ ਭਗਤਾਂ ਪ੍ਰੇਮ ਨਾ ਕਿਸੇ ਰਖਾਇਆ । ਆਦਿ ਜੁਗਾਦਿ ਨਾ ਹੋਵਾਂ ਵਿਨਾਸ, ਆਪਣੀ ਦਿਸ਼ਾ ਇਕ ਰਖਾਇਆ । ਜਨ ਭਗਤਾਂ ਵਸਾਂ ਸਦਾ ਪਾਸ, ਵਿਛੜ ਕਦੇ ਨਾ ਜਾਇਆ । ਜੇ ਕੋਈ ਮੇਰਾ ਅੰਤਰ ਵੇਖੇ ਕਰ ਕਰ ਪਾਸ਼ ਪਾਸ਼, ਟੁੱਕੜਾ ਟੁੱਕੜਾ ਭਗਤੀ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਭਗਤ ਪਰਭਾਤੀ ਆਪ ਬਣਾਇਆ । ਹਰਿ ਭਗਤ ਤੇਰੀ ਪਰਭਾਤ, ਪਾਰਬ੍ਰਹਮ ਅਖਵਾਈਆ । ਨਾ ਦਿਵਸ ਨਾ ਰਾਤ, ਘੜੀ ਪਲ ਨਾ ਵੰਡ ਵੰਡਾਈਆ । ਰੁੱਤ ਰੁਤੜੀ ਨਾ ਕੋਈ ਜ਼ਾਤ, ਬਰਸ ਮਾਸ ਨਾ ਕੋਇ ਰਖਾਈਆ । ਜੈਂ ਵੇਖੇਂ ਤੈਂ ਦਿਸੇ ਸਾਥ, ਆਪ ਆਪਣਾ ਸੰਗ ਨਿਭਾਈਆ । ਆਪਣਾ ਕਰੇ ਆਪੇ ਘਾਤ, ਜਨ ਭਗਤਾਂ ਪੈਜ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਮਾਤ ਵਡਿਆਈਆ ।

★ ੧੭ ਮੱਘਰ ੨੦੧੮ ਬਿਕਰਮੀ ਕਰਤਾਰ ਕੌਰ ਬਲਵੰਤ ਕੌਰ ਬਾਬੂ ਪੁਰਾ ਜੇਠੂਵਾਲ ਦਰਬਾਰ ਵਿਚ ★

ਹਰਿ ਆਪੇ ਭਗਤ ਆਪ ਭਗਵੰਤ, ਭਗਤੀ ਰੂਪ ਆਪ ਅਖਵਾਈਆ । ਆਪੇ ਸਾਧ ਆਪ ਹਰਿ ਸੰਤ, ਸਾਂਤਕ ਸਤਿ ਆਪ ਹੋ ਜਾਈਆ । ਆਪੇ ਨਾਰ ਆਪੇ ਕੰਤ, ਨਰ ਨਰਾਇਣ ਆਪ ਅਖਵਾਈਆ । ਆਪੇ ਆਦਿ ਆਪੇ ਅੰਤ, ਮਧ ਆਪਣੀ ਖੇਲ ਕਰਾਈਆ । ਆਪੇ ਨਾਦ ਧੁੰਨ ਆਪੇ ਮੰਤ, ਆਪੇ ਰਾਗੀ ਰਾਗ ਅਲਾਈਆ । ਆਪ ਬਣਾਏ ਆਪਣੀ ਬਣਤ, ਘੜਨ ਭੰਨਣ ਆਪ ਹੋ ਜਾਈਆ । ਆਪੇ ਰਵਿਆ ਲੱਖ ਚੁਰਾਸੀ ਜੀਵ ਜੰਤ, ਘਟ ਘਟ ਆਪਣਾ ਆਸਣ ਲਾਈਆ । ਆਪੇ ਰੁੱਤੜੀ ਰੁੱਤ ਬਸੰਤ, ਪਤ ਡਾਲੀ ਆਪ ਮਹਿਕਾਈਆ । ਆਪੇ ਮਹਿਮਾ ਹੋਏ ਅਗਣਤ, ਆਪੇ ਲਿਖ ਲਿਖ ਲੇਖ ਸਮਝਾਈਆ । ਆਪੇ ਭੁੱਖ ਆਪੇ ਨੰਗਤ, ਆਪੇ ਤ੍ਰਿਸ਼ਨਾ ਰਿਹਾ ਵਧਾਈਆ । ਆਪੇ ਦਰਵੇਸ਼ ਦਰ ਬਣੇ ਮੰਗਤ, ਆਪ
੧੨੬ ਘਰ ਘਰ ਅਲਖ ਜਗਾਈਆ । ਆਪੇ ਜੇਰਜ ਆਪੇ ਅੰਡਜ, ਉਤਭੁਜ ਸੇਤਜ ਆਪਣਾ ਖੇਲ ਖਿਲਾਈਆ । ਆਪੇ ਬੋਧ ਗਿਆਤਾ ਪੰਡਤ, ਆਪੇ ੧੨੬
੧੧ ਹਰਫ਼ ਹਰਫ਼ ਰਿਹਾ ਸਲਾਹੀਆ । ਆਪੇ ਕਰੇ ਸਰਬ ਖੰਡਤ, ਖੰਡਾ ਖੜਗ ਆਪ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੧੧
ਕਰ, ਆਪਣਾ ਬਲ ਆਪ ਧਰਾਈਆ । ਆਪੇ ਭਗਤ ਆਪ ਭਗਵਾਨ, ਆਪੇ ਸਾਚੀ ਖੇਲ ਖਲਾਇੰਦਾ । ਆਪੇ ਜੀਵ ਜੰਤ ਜਹਾਨ, ਆਪੇ ਜੁਗ ਜੁਗ ਵੇਸ ਵਟਾਇੰਦਾ । ਆਪੇ ਦਾਤਾ ਆਪੇ ਦਾਨ, ਦੇਵਣਹਾਰਾ ਆਪ ਅਖਵਾਇੰਦਾ । ਆਪੇ ਗੋਪੀ ਆਪੇ ਕਾਹਨ, ਮੰਡਲ ਰਾਸ ਆਪ ਰਚਾਇੰਦਾ । ਆਪੇ ਜੰਗਲ ਜੂਹ ਉਜਾੜ ਪਹਾੜ ਬੀਆਬਾਨ, ਸਮੁੰਦ ਸਾਗਰ ਆਪੇ ਵੇਖ ਵਖਾਇੰਦਾ । ਆਪੇ ਸ਼ਬਦ ਨਾਦ ਧੁੰਨ ਕਾਨ, ਆਪੇ ਰਾਗ ਰਾਗਨੀ ਖੇਲ ਖਲਾਇੰਦਾ । ਆਪੇ ਸ਼ਾਹ ਪਾਤਸ਼ਾਹ ਸੱਚਾ ਸੁਲਤਾਨ, ਸੁਲਾਹਕੁਲ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲਾਇੰਦਾ । ਆਪੇ ਭਗਤ ਆਪੇ ਭਾਓ, ਨਿਰਭਓ ਆਪਣਾ ਖੇਲ ਖਲਾਈਆ । ਆਪੇ ਪ੍ਰੇਮ ਆਪੇ ਚਾਓ, ਆਪੇ ਮਿਲ ਮਿਲ ਖ਼ੁਸ਼ੀ ਮਨਾਈਆ । ਆਪੇ ਵਸੇ ਹਰ ਘਟ ਥਾਉਂ, ਆਪੇ ਲੁਕ ਲੁਕ ਮੁਖ ਛੁਪਾਈਆ । ਆਪੇ ਨਗਰ ਖੇੜਾ ਵਸਾਏ ਗਰਾਉਂ, ਗ੍ਰਿਹਿ ਗ੍ਰਿਹਿ ਆਪਣਾ ਆਪ ਧਰਾਈਆ । ਆਪੇ ਪਕੜਣਹਾਰਾ ਬਾਹੋਂ, ਆਪੇ ਧੱਕਾ ਰਿਹਾ ਲਗਾਈਆ । ਆਪੇ ਪਿਤਾ ਆਪੇ ਮਾਉਂ, ਆਪੇ ਬਾਲਕ ਰੂਪ ਵਟਾਈਆ । ਆਪੇ ਕਰੇ ਸਚ ਨਿਆਉਂ, ਆਪੇ ਹੁਕਮੀ ਹੁਕਮ ਸੁਣਾਈਆ । ਆਪੇ ਵਸੇ ਥਲ ਅਸਗਾਹੋਂ, ਜਲ ਥਲ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਪੇ ਭਗਤ ਆਪੇ ਨਾਮ, ਆਪਣੀ ਕਰਨੀ ਆਪ ਕਰਾਇੰਦਾ । ਆਪੇ

ਅੰਮ੍ਰਿਤ ਆਪੇ ਜਾਮ, ਭਰ ਪਿਆਲਾ ਆਪ ਪਿਆਇੰਦਾ । ਆਪ ਰਹੀਮ ਆਪ ਰਾਮ, ਆਪੇ ਰਮ ਰਮ ਖੇਲ ਖਿਲਾਇੰਦਾ । ਆਪੇ ਕਰਤਾ ਆਪੇ ਕਾਮ, ਆਪੇ ਭੁਗਤ ਵੇਸ ਵਟਾਇੰਦਾ । ਆਪੇ ਜੁਗਤਾ ਬਣ ਬਣ ਦਏ ਕਲਾਮ, ਆਪੇ ਨਿਉਂ ਨਿਉਂ ਸਲਾਮ ਬੁਲਾਇੰਦਾ । ਆਪੇ ਰਵ ਸਸ ਤੇਜ ਭਾਨ, ਆਪੇ ਨੂਰ ਨੁਰਾਨਾ ਡਗਮਗਾਇੰਦਾ । ਆਪੇ ਜ਼ਿਮੀ ਆਪ ਅਸਮਾਨ, ਖ਼ਾਕੀ ਖ਼ਾਕ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਧਰਾਇੰਦਾ । ਆਪੇ ਭਗਤ ਆਪੇ ਰੰਗ, ਰੰਗ ਰੰਗੀਲਾ ਆਪ ਅਖਵਾਈਆ । ਆਪੇ ਸੇਜ ਆਪ ਪਲੰਘ, ਆਪੇ ਜੁਗ ਜੁਗ ਰਿਹਾ ਹੰਢਾਈਆ । ਆਪੇ ਡੋਰ ਆਪ ਪਤੰਗ, ਆਪੇ ਗੁਡੀਆਂ ਰਿਹਾ ਚੜ੍ਹਾਈਆ । ਆਪੇ ਨਾਦ ਆਪ ਮਰਦੰਗ, ਸਚ ਮਰਦੰਗਾ ਆਪ ਸੁਣਾਈਆ । ਆਪਣੇ ਮੰਦਰ ਆਪੇ ਲੰਘ, ਹਰਿ ਆਪੇ ਵੇਖ ਵਖਾਈਆ । ਆਪੇ ਗੀਤ ਆਪੇ ਛੰਦ, ਆਪੇ ਗਾ ਗਾ ਖ਼ੁਸ਼ੀ ਮਨਾਈਆ । ਆਪੇ ਰਸ ਆਪ ਅਨੰਦ, ਮਹਾਂ ਅਨੰਦ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਦ੍ਰਿੜਾਈਆ । ਆਪੇ ਭਗਤ ਆਪ ਸਪੂਤ, ਆਪੇ ਆਪਣੀ ਖੇਲ ਕਰਾਇੰਦਾ । ਆਪੇ ਤਾਣਾ ਪੇਟਾ ਸੂਤ, ਆਪੇ ਆਪਣੀ ਬਣਤ ਬਣਾਇੰਦਾ । ਆਪੇ ਸੁਤ ਦੁਲਾਰਾ ਪੂਤ, ਆਪੇ ਦਾਈ ਦਾਇਆ ਸੇਵ ਕਮਾਇੰਦਾ । ਆਪੇ ਆਦਿ ਜੁਗਾਦਿ ਰਹੇ ਊਤ, ਬਿਨ ਭਗਤਾਂ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਆਪੇ ਭਗਤ ਆਪੇ ਮਿੱਤ, ਮਿੱਤਰ ਪਿਆਰਾ ਆਪ ਅਖਵਾਈਆ । ਆਪੇ ਪ੍ਰੇਮ ਆਪੇ ਹਿੱਤ, ਨਿਤ ਨਵਿਤ ਆਪ ਵਖਾਈਆ । ਆਪੇ ਕਾਇਆ ਆਪੇ ਖੇਤ, ਆਪੇ ਅੰਮ੍ਰਿਤ ਮੇਘ ਬਰਸਾਈਆ । ਆਪੇ ਰੁੱਤ ਬਸੰਤੀ ਚੇਤ, ਆਪੇ ਖ਼ਿਜ਼ਾਂ ਰੂਪ ਵਟਾਈਆ । ਆਪੇ ਵਸੇ ਨੇਤਨ ਨੇਤ, ਦੂਰ ਦੁਰਾਡਾ ਆਪ ਹੋ ਜਾਈਆ । ਆਪੇ ਜਾਣੇ ਆਪਣਾ ਭੇਤ, ਭੇਵ ਹੋਰ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਪੇ ਭਗਤ ਆਪੇ ਕਾਰ, ਹਰਿ ਕਰਨੀ ਆਪ ਕਮਾਇੰਦਾ । ਜਗਤ ਜੁਗ ਸਚ ਵਿਹਾਰ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਹਰਖ਼ ਸੋਗ ਤੋਂ ਵਸੇ ਬਾਹਰ, ਚਿੰਤਾ ਦੁੱਖ ਨਾ ਕੋਇ ਵਖਾਇੰਦਾ । ਇਕੋ ਜੋਗ ਅਗੰਮ ਅਪਾਰ, ਅਲਖ ਨਿਰੰਜਣ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਰਗ ਲਾਇੰਦਾ । ਭਗਤਾਂ ਦੇਵੇ ਇਕੋ ਜੋਗ, ਜੋਗੀ ਜੁਗਤ ਆਪ ਜਣਾਈਆ । ਜਨਮ ਜਨਮ ਦਾ ਕੱਟੇ ਰੋਗ, ਰੋਗੀਆਂ ਰੋਗ ਗਵਾਈਆ । ਮੇਲ ਮਿਲਾਏ ਧੁਰ ਸੰਜੋਗ, ਬਣ ਸੰਜੋਗੀ ਵੇਖ ਵਖਾਈਆ । ਨਾਮ ਨਿਧਾਨ ਚੁਗਾਏ ਚੋਗ, ਸੋਹੰ ਹੰਸਾ ਮੋਤੀ ਮੁਖ ਰਖਾਈਆ । ਨਾਮ ਨਿਧਾਨਾ ਅਗਾਧ ਬੋਧ, ਬੋਧ ਅਗਾਧ ਕਰੇ ਪੜ੍ਹਾਈਆ । ਕਰਮ ਕਾਂਡ ਪ੍ਰਭ ਆਪੇ ਸੋਧ, ਜਨ ਭਗਤਾਂ ਲਏ ਤਰਾਈਆ । ਕਲਜੁਗ ਅੰਤਮ ਪਹਿਲੀ ਕਰੇ ਮੋਹਤ, ਮੋਹ ਮਮਤਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਈਆ । ਆਪੇ ਭਗਤ ਆਪੇ ਦਾਸ, ਦਾਸੀ ਬਣ ਬਣ ਸੇਵ ਕਮਾਇੰਦਾ । ਆਪੇ ਵਸੇ ਸਦਾ ਪਾਸ, ਘਰ ਸਾਚੇ ਸੋਭਾ ਪਾਇੰਦਾ । ਆਪੇ ਪੁਰਖ ਆਪ ਅਬਿਨਾਸ਼, ਅਬਿਨਾਸ਼ੀ ਪਦ ਆਪ ਹੋ ਜਾਇੰਦਾ । ਆਪੇ ਮੰਡਲ ਆਪੇ ਰਾਸ, ਆਪੇ ਸੂਰਜ ਚੰਦ ਨਚਾਇੰਦਾ । ਆਪੇ ਗੁਣ ਆਪੇ ਤਾਸ, ਸਰਬ ਗੁਣਵੰਤਾ ਆਪਣਾ ਖੇਲ ਖਲਾਇੰਦਾ । ਆਦਿ ਜੁਗਾਦਿ ਨਾ ਹੋਏ ਨਿਰਾਸ, ਨਿਰਾਸਤਾ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੧੨੭
੧੧

ਭਗਤਾਂ ਮਾਰਗ ਇਕ ਵਖਾਇੰਦਾ । ਆਪੇ ਜਗਤ ਆਪੇ ਰਾਹ, ਰਹਿਬਰ ਬਣ ਬਣ ਸੇਵ ਕਮਾਈਆ । ਜੁਗ ਚੌਕੜੀ ਮਿਲਣ ਦਾ ਰੱਖੇ ਚਾਅ, ਚਾਓ ਘਨੇਰਾ ਸੱਚੇ ਮਾਹੀਆ । ਨਿਰਗੁਣ ਸਰਗੁਣ ਬਣ ਮਲਾਹ, ਫੜ ਫੜ ਬੇੜਾ ਆਪ ਤਰਾਈਆ । ਕੋਟ ਜਨਮ ਦੇ ਬਖ਼ਸ਼ੇ ਗੁਨਾਹ, ਜਿਸ ਸਿਰ ਆਪਣਾ ਹੱਥ ਟਿਕਾਈਆ । ਦਰਗਹਿ ਸਾਚੀ ਦੇਵੇ ਪਨਾਹ, ਚਰਨ ਕਵਲ ਸ਼ਰਨਾਈਆ । ਕਰੇ ਕਰਾਏ ਸਚ ਨਿਆਂ, ਸਾਚੇ ਤਖਤ ਬੈਠ ਸੱਚਾ ਸ਼ਹਿਨਸ਼ਾਹੀਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਈਆ । ਨਿਥਾਵਿਆਂ ਦੇਵੇ ਥਾਂ, ਨਿਓਟਿਆਂ ਇਕੋ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਸਾਲਾਹੀਆ । ਆਪੇ ਭਗਤ ਆਪੇ ਗੁਣ, ਗੁਣਵੰਤਾ ਆਪ ਅਖਵਾਈਆ । ਜੁਗ ਜੁਗ ਪੁਕਾਰ ਰਿਹਾ ਸੁਣ, ਜੁਗ ਕਰਤਾ ਸੱਚਾ ਮਾਹੀਆ । ਲੱਖ ਚੁਰਾਸੀ ਛਾਣ ਪੁਣ, ਨੌਂ ਸਤ ਨੌਂ ਸਤ ਵੇਖੇ ਥਾਉਂ ਥਾਈਂਆ । ਜਨ ਭਗਤਾਂ ਦੇਵੇ ਨਾਦ ਧੁਨ, ਧੁਨ ਆਤਮਕ ਇਕ ਸੁਣਾਈਆ । ਲੇਖਾ ਜਾਣੇ ਕੁਲੋ ਕੁਲ, ਬੇਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਆਪੇ ਭਗਤ ਆਪੇ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਆਪੇ ਜੋਤ ਨੂਰ ਨਿਰਾਕਾਰ, ਆਪੇ ਪੰਜ ਤੱਤ ਡੇਰਾ ਲਾਈਆ । ਆਪੇ ਨਾਮ ਸ਼ਬਦ ਖ਼ੁਮਾਰ, ਆਪੇ ਅੰਮ੍ਰਿਤ ਧਾਰ ਵਹਾਈਆ । ਆਪੇ ਸਾਂਤਕ ਸਤਿ ਠੰਡਾ ਠਾਰ, ਆਪੇ ਅਗਨ ਰੂਪ ਵਟਾਈਆ । ਆਪੇ ਜੁਗ ਜੁਗ ਲੈ ਅਵਤਾਰ, ਨਿਰਗੁਣ ਆਪਣਾ ਵੇਸ ਵਟਾਈਆ । ਆਪੇ ਲੱਖ ਚੁਰਸੀ ਕਰੇ ਖ਼ਬਰਦਾਰ, ਬਣ ਬਣ ਸੇਵਕ ਸੇਵ ਕਮਾਈਆ । ਆਪੇ ਭਗਤਾਂ ਕਰੇ ਸਚ ਪਿਆਰ, ਭਗਵਨ ਆਪਣੀ ਦਇਆ ਕਮਾਈਆ । ਹਰਿਜਨ ਮੇਲਾ ਏਕਾ ਵਾਰ, ਮਿਲਿਆ ਮੇਲ ਵਿਛੜ ਨਾ ਜਾਈਆ । ਗੁਰ ਚੇਲੇ ਸੋਹਣ ਬੰਕ ਦੁਆਰ, ਦਰ ਦਰ ਖ਼ੁਸ਼ੀ ਮਨਾਈਆ । ਕਰੇ ਪਰਕਾਸ਼ ਜੋਤ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਵੇਖੇ ਥਾਉਂ ਥਾਈਂਆ । ਆਪੇ ਭਗਤ ਆਪੇ ਰੂਪ, ਆਪੇ ਰਾਗ ਰੰਗ ਅਲਾਈਆ । ਆਪੇ ਨਿਰਗੁਣ ਸਤਿ ਸਰੂਪ, ਆਪੇ ਸਰਗੁਣ ਰੂਪ ਵਟਾਈਆ । ਆਪੇ ਹਵਣ ਆਪੇ ਧੂਪ, ਆਪੇ ਸੁਗੰਧੀ ਰਿਹਾ ਸਮਾਈਆ । ਆਪੇ ਵਸੇ ਚਾਰੇ ਕੂਟ, ਦਹਿ ਦਿਸ਼ਾ ਆਪੇ ਫੇਰਾ ਪਾਈਆ । ਆਪੇ ਜੂਠ ਆਪੇ ਝੂਠ, ਆਪੇ ਸਚ ਸੁੱਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਪੇ ਭਗਤ ਆਪੇ ਸੁਖ, ਸੁਖ ਸਾਗਰ ਆਪ ਅਖਵਾਇੰਦਾ । ਆਪੇ ਮਾਨਸ ਆਪ ਮਨੁੱਖ, ਮਾਨਵ ਆਪਣੀ ਖੇਲ ਕਰਾਇੰਦਾ । ਆਪੇ ਦਸ ਦਸ ਮਾਸ ਬਹਿ ਲੁੱਕ, ਆਪਣਾ ਪਰਦਾ ਆਪੇ ਪਾਇੰਦਾ । ਆਪੇ ਨਿਰਗੁਣ ਸਰਗੁਣ ਹੋ ਕੇ ਪਏ ਉਠ, ਆਪਣਾ ਬਲ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਇੰਦਾ । ਆਪੇ ਭਗਤ ਆਪੇ ਧਰਮ, ਧਰਨੀ ਧਵਲ ਧਰਤ ਵਡਿਆਈਆ । ਆਪੇ ਕਰਮ ਆਪੇ ਕੁਕਰਮ, ਨਿਹਕਰਮੀ ਆਪ ਹੋ ਜਾਈਆ । ਆਪੇ ਲੱਜਿਆ ਆਪੇ ਸ਼ਰਮ, ਹਯਾ ਆਪਣੇ ਅੰਗ ਵਖਾਈਆ । ਆਪੇ ਭੈ ਆਪੇ ਭੇਵ ਆਪੇ ਭਰਮ, ਆਪੇ ਭਿਆਨਕ ਰੂਪ ਵਟਾਈਆ । ਆਪੇ ਜੀਵਨ ਆਪੇ ਮਰਨ, ਆਪੇ ਮਰ ਮਰ ਜੀਵ ਪ੍ਰਗਟਾਈਆ । ਆਪੇ ਕਰਨੀ ਆਪੇ ਕਰਨ, ਕਰਤਾ ਪੁਰਖ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਆਪੇ ਭਗਤ ਆਪੇ ਨੇਮ, ਆਪੇ ਸਾਚੀ ਕਾਰ ਕਮਾਇੰਦਾ । ਆਪੇ ਅਗਨੀ ਆਪੇ ਹੇਮ, ਆਪੇ ਖੰਡ ਬਹਿ ਬਹਿ

ਧਿਆਨ ਲਗਾਇੰਦਾ । ਆਪੇ ਬਾਨਰ ਆਪੇ ਬੇਨ, ਆਪੇ ਬਹਿ ਬਹਿ ਖ਼ੁਸ਼ੀ ਮਨਾਇੰਦਾ । ਆਪੇ ਸਾਗਰ ਆਪੇ ਸੈਨ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਆਪੇ ਭਗਤ ਆਪੇ ਦਾਤ, ਦਰ ਸਾਚੇ ਆਪ ਵਰਤਾਈਆ । ਆਪੇ ਮਜ਼੍ਹਬ ਆਪੇ ਜ਼ਾਤ, ਆਪੇ ਸ਼ਰਅ ਵੰਡ ਵੰਡਾਈਆ । ਆਪੇ ਖੰਡਾਂ ਬ੍ਰਹਿਮੰਡਾਂ ਵਸੇ ਕਾਇਨਾਤ, ਆਪੇ ਲੋਕ ਪ੍ਰਲੋਕ ਰਿਹਾ ਸਮਾਈਆ । ਆਪੇ ਘਟ ਘਟ ਵੇਖੇ ਮਾਰ ਝਾਤ, ਆਪੇ ਰੂਪ ਰੰਗ ਨਾ ਕੋਈ ਵਖਾਈਆ । ਆਪੇ ਖੇਲ ਕਰੇ ਬਹੁ ਬਿਧ ਭਾਂਤ, ਆਪੇ ਜੁਗ ਜੁਗ ਵੇਸ ਵਟਾਈਆ । ਆਪੇ ਬੈਠਾ ਰਹੇ ਇਕ ਇਕਾਂਤ, ਸਚ ਮਹੱਲੇ ਸੋਭਾ ਪਾਈਆ । ਆਪੇ ਭਗਤਾਂ ਪੁੱਛੇ ਵਾਤ, ਨਿਰਗੁਣ ਸਰਗੁਣ ਹੋਏ ਸਹਾਈਆ । ਆਪੇ ਜਾਣੇ ਪੂਜਾ ਪਾਠ, ਆਪੇ ਪੜ੍ਹ ਪੜ੍ਹ ਕਰੇ ਪੜ੍ਹਾਈਆ । ਆਪੇ ਤੀਰਥ ਆਪੇ ਤਾਟ, ਸਰ ਸਰੋਵਰ ਆਪ ਅਖਵਾਈਆ । ਆਪੇ ਪਾਰ ਕਿਨਾਰਾ ਘਾਟ, ਆਪੇ ਪੱਤਣ ਸੱਚਾ ਮਾਹੀਆ । ਜਨ ਭਗਤਾਂ ਮੁੱਕੇ ਵਾਟ, ਆਪਣਾ ਪੰਧ ਮੁਕਾਈਆ । ਸ਼ਬਦ ਵਿਛੌਣਾ ਸਾਚੀ ਖਾਟ, ਪੁਰਖ ਅਬਿਨਾਸ਼ੀ ਸੇਜ ਵਛਾਈਆ । ਦੀਪਕ ਜਗੇ ਇਕ ਲਲਾਟ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਪੇ ਭਗਤ ਆਪੇ ਰਸ, ਅਨਰਸ ਆਪਣੀ ਖੇਲ ਕਰਾਇੰਦਾ । ਆਪੇ ਪੂਰੀ ਕਰੇ ਆਸ, ਆਸਾ ਨਿਰਾਸਾ ਹੋ ਹੋ ਮੁਖ ਛੁਪਾਇੰਦਾ । ਆਪੇ ਪਵਣ ਆਪ ਸਵਾਸ, ਆਪੇ ਅੰਤਰ ਆਤਮ ਬੂਝ ਬੁਝਾਇੰਦਾ । ਆਪੇ ਸ਼ਾਹੋ ਆਪ ਸ਼ਾਬਾਸ਼, ਆਪੇ ਸਹਿ ਸਹਿ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਧਰਾਇੰਦਾ । ਆਪਣਾ ਬਲ ਹਰਿ ਜੂ ਧਰ, ਲੋਕਮਾਤ ਵਡਿਆਈਆ । ਜੁਗ ਚੌਕੜੀ ਜਾਏ ਹਰ, ਲੋਕਮਾਤ ਰਹਿਣ ਨਾ ਪਾਈਆ । ਗੁਰ ਅਵਤਾਰ ਸੇਵਾ ਕਰ, ਅੰਤਮ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਲਾਇਆ, ਆਦਿ ਅਨਾਦੀ ਧਾਰ । ਜੁਗ ਚੌਕੜੀ ਵੇਖ ਵਖਾਇਆ, ਕੋਟਨ ਕੋਟ ਜੁਗ ਬੀਤੇ ਵਿਚ ਸੰਸਾਰ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾਇਆ, ਸ਼ਿਵ ਸ਼ੰਕਰ ਕਰੇ ਪਿਆਰ । ਲੱਖ ਚੁਰਾਸੀ ਬੰਧਨ ਪਾਇਆ, ਆਤਮ ਪਰਮਾਤਮ ਖੇਲ ਅਪਾਰ । ਗੁਰ ਅਵਤਾਰ ਕਾਇਆ ਚੋਲਾ ਸਰਬ ਹੰਢਾਇਆ, ਆਵਣ ਜਾਵਣ ਵਾਰੋ ਵਾਰ । ਧੁਰ ਫ਼ਰਮਾਣਾ ਢੋਲਾ ਇਕੋ ਗਾਇਆ, ਨਾਦ ਧੁਨ ਜੈਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਕਰੇ ਖੇਲ ਅਪਾਰ । ਜੁਗ ਜੁਗ ਕਰੇ ਖੇਲ ਅਪਰ ਅਪਾਰਾ, ਅਪਰੰਪਰ ਆਪ ਕਰਾਈਆ । ਨਿਰਗੁਣ ਸਰਗੁਣ ਲੈ ਅਵਤਾਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਅੰਤ ਨਜ਼ਰ ਕੋਈ ਨਾ ਆਈਆ । ਕਲਜੁਗ ਵਰਤੇ ਵਿਚ ਸੰਸਾਰਾ, ਚਾਰ ਕੁੰਟ ਲਏ ਅੰਗੜਾਈਆ । ਧੂਆਂਧਾਰ ਹੋਏ ਅੰਧਿਆਰਾ, ਅੰਧ ਅੰਧੇਰ ਨਾ ਕੋਈ ਮਿਟਾਈਆ । ਜੀਵ ਜੰਤ ਰੋਵੇ ਜ਼ਾਰੋ ਜ਼ਾਰਾ, ਗਿਰਿਆਜ਼ਾਰ ਸੁਣਾਈਆ । ਚਾਰੋਂ ਤਰਫ ਆਏ ਹਾਰਾ, ਜਿਤ ਰੂਪ ਨਾ ਕੋਈ ਵਟਾਈਆ । ਹਰਿ ਕਾ ਮਿਲੇ ਨਾ ਨਾਮ ਅਧਾਰਾ, ਹਰਿ ਕੀ ਪੌੜੀ ਨਾ ਕੋਈ ਚੜ੍ਹਾਈਆ । ਫੜ ਫੜ ਧੱਕੇ ਜੀਵ ਗਵਾਰਾ, ਪੜ੍ਹ ਪੜ੍ਹ ਲਿਖਤ ਨਾ ਕੋਈ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਸਾਚਾ ਖੇਲ ਸ੍ਰੀ ਭਗਵਾਨ, ਆਪਣਾ ਆਪ ਕਰਾਇੰਦਾ । ਲੱਖ ਚੁਰਾਸੀ ਮਾਰ ਧਿਆਨ, ਜੀਵ ਜੰਤ ਵੇਖ ਵਖਾਇੰਦਾ । ਗੁਰਮੁਖ ਵਿਰਲਾ ਚਤੁਰ ਸੁਜਾਨ, ਪੂਰਬ ਜਨਮ ਸੰਗ ਨਿਭਾਇੰਦਾ । ਅੱਠੇ ਪਹਿਰ

੧੨੯
੧੧

ਕਰੇ ਧਿਆਨ, ਪ੍ਰਭ ਦਰਸ਼ਨ ਰਾਹ ਤਕਾਇੰਦਾ । ਕਵਣ ਮੇਲ ਮਿਲਾਏ ਆਣ, ਜਗਤ ਵਿਛੋੜਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਖੁਲ੍ਹਾਇੰਦਾ ।

★ ੧੮ ਮੱਘਰ ੨੦੧੮ ਬਿਕਰਮੀ ਬਚਨ ਸਿੰਘ ਬਾਵਾ ਸਿੰਘ ਬਾਬੂ ਪੁਰ ਜ਼ਿਲਾ ਗੁਰਦਾਸ ਪੁਰ ★

ਮੇਲ ਮਿਲਾਇਆ ਕਿਰਪਾ ਨਿਧ, ਦੀਨਨ ਦਇਆ ਕਮਾਈਆ । ਬਿਨ ਭਗਤੀ ਕਾਰਜ ਕੀਤਾ ਸਿਧ, ਸਿਰ ਆਪਣਾ ਹੱਥ ਟਿਕਾਈਆ । ਆਪਣੇ ਮਿਲਣ ਦੀ ਸਾਚੀ ਬਿਧ, ਹਰਿ ਜੂ ਆਪ ਸਮਝਾਈਆ । ਨਾਤਾ ਤੋੜ ਨੌਂ ਨਿਧ, ਅਠਾਰਾਂ ਸਿਧ ਪੰਧ ਮੁਕਾਈਆ । ਭਗਤਾਂ ਫੜੀ ਸਾਚੀ ਜਿਦ, ਬਿਨ ਮਿਲਿਆਂ ਚੈਨ ਨਾ ਆਈਆ । ਇੰਡ ਬ੍ਰਹਿਮੰਡ ਜੀਓ ਤੇਰਾ ਪਿੰਡ, ਪਿੰਡੀ ਹੋਰ ਨਾ ਕੋਈ ਰਖਾਈਆ । ਤੇਰਾ ਅੰਮ੍ਰਿਤ ਸਾਗਰ ਸਿੰਧ, ਤੇਰੀ ਧਾਰ ਚਲਾਈਆ । ਤੂੰ ਸਾਹਿਬ ਸਦਾ ਬਖ਼ਸ਼ਿੰਦ, ਤੇਰੇ ਹੱਥ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਸੱਚੇ ਸ਼ਰਨਾਈਆ । ਸਚ ਸ਼ਰਨਾਈ ਦੇ ਭਗਵਾਨ, ਹਰਿਜਨ ਸਾਚਾ ਮੰਗ ਮੰਗਾਇੰਦਾ । ਤੇਰੇ ਚਰਨ ਧੂੜ ਅਸ਼ਨਾਨ, ਅਠਸਠ ਤੀਰਥ ਪੰਧ ਮੁਕਾਇੰਦਾ । ਤੇਰਾ ਦਰਸ ਵਡ ਪਰਧਾਨ, ਲੱਖ ਚੁਰਾਸੀ ਪੰਧ ਮੁਕਾਇੰਦਾ । ਤੇਰਾ ਤਰਸ ਵਡ ਮਿਹਰਵਾਨ, ਮੇਰਾ ਕਰਮ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਏਕਾ ਮੰਗ ਮੰਗਾਇੰਦਾ । ਹਰਿ ਭਗਤ ਮੰਗੇ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਤੇਰੇ ਦਰ ਨਾ ਜਾਵਾਂ ਸੰਗ, ਭੁੱਲੀ ਸਰਬ ਲੋਕਾਈਆ । ਤੇਰੀ ਸ਼ਰਨ ਇਕ ਅਨੰਦ, ਮੇਰੇ ਸੱਜਣ ਸੱਚੇ ਮਾਹੀਆ । ਨਿਤ ਗਾਵਾਂ ਤੇਰਾ ਛੰਦ, ਦੂਜਾ ਰਾਗ ਨਾ ਕੋਈ ਅਲਾਈਆ । ਤੂੰ ਮੁਕੌਣਾ ਮੇਰਾ ਪੰਧ, ਮੈਂ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਪੁਰਖ ਅਬਿਨਾਸ਼ੀ ਕਰ ਧਿਆਨ, ਨੇਤਰ ਨੈਣ ਉਠਾਇਆ । ਕਵਣ ਸੂਰਬੀਰ ਬਲਵਾਨ, ਜਿਸ ਆਪਣਾ ਹੁਕਮ ਚਲਾਇਆ । ਚਲ ਕੇ ਆ ਮਿਲ ਵਿਚ ਜਹਾਨ, ਦੋ ਜਹਾਨਾਂ ਪੰਧ ਚੁਕਾਇਆ । ਬਿਨ ਪੜ੍ਹਿਆਂ ਦੇਵੇ ਗਿਆਨ, ਤੇਰਾ ਇਕੋ ਨਾਮ ਮੋਹੇ ਸੁਖਾਇਆ । ਨੇੜ ਨਾ ਆਏ ਪੰਜ ਸ਼ੈਤਾਨ, ਸ਼ਰਅ ਬੰਧਨ ਨਾ ਕੋਈ ਪਾਇਆ । ਤੇਰਾ ਇਕੋ ਦਿਸੇ ਅਮਾਨ, ਅਮਾਮ ਹਰਿ ਜੂ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭਗਤ ਇਕੋ ਆਸ ਰਖਾਇਆ । ਮੇਰੀ ਆਸ ਕਰਦੇ ਪੂਰੀ, ਪੂਰਨ ਗੁਰ ਅਵਤਾਰਾ । ਤੇਰੇ ਬਿਨਾਂ ਸਰਬ ਮਜਬੂਰੀ, ਝੂਠੀ ਮਜ਼ਦੂਰੀ ਵਿਚ ਜਹਾਨਾ । ਏਕਾ ਦੇਣਾ ਨੂਰ ਨੂਰੀ, ਨੂਰੋ ਨੂਰ ਨੂਰ ਨੁਰਾਨਾ । ਆਪੇ ਚਲ ਕੇ ਔਣਾ ਹਜ਼ੂਰੀ, ਹਾਜ਼ਰ ਹਜ਼ੂਰ ਸੱਚੇ ਸੁਲਤਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਦਾਨਾ । ਸ੍ਰੀ ਭਗਵਾਨ ਸੁਣ ਅਵਾਜ਼, ਅਵਰਾ ਸੰਗ ਤਜਾਇਆ । ਜਨ ਭਗਤਾਂ ਰੱਖਾਂ ਲਾਜ, ਲੋਕਮਾਤ ਫੇਰਾ ਪਾਇਆ । ਇਕੋ ਦੇਵਾਂ ਸੱਚਾ ਦਾਜ, ਵਸਤ ਅਮੋਲਕ ਝੋਲੀ ਪਾਇਆ । ਦਰ ਦਰ ਕਰੇ ਤੇਰਾ ਕਾਜ, ਕਾਜ ਕਰ ਕਰ ਸੇਵ ਕਮਾਇਆ । ਨਿਰਗੁਣ ਰੂਪ ਹੋ ਹੋ ਜਾਵਾਂ ਭਾਜ, ਭੱਜ ਭੱਜ ਆਪਣਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਥਾਉਂ ਥਾਇਆ । ਹਰਿਜਨ ਉਠੇ ਕਰ ਕਰ ਵਿਚਾਰ, ਆਪਣੀ ਦਇਆ ਕਮਾਈਆ ।

ਸਚਖੰਡ ਵਿਚੋਂ ਆਇਆ ਬਾਹਰ, ਥਿਰ ਘਰ ਕੁੰਡਾ ਲਾਹੀਆ । ਸੁੰਨ ਅਗੰਮੀ ਪਰਦਾ ਪਾੜ, ਨਿਰਗੁਣ ਰੂਪ ਵਟਾਈਆ । ਪਵਣ ਪਵਣ ਹੋ ਅਸਵਾਰ, ਅਵਣ ਗਵਨ ਤਜਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਲਤਾੜ, ਵਿਸ਼ਨ ਬ੍ਰਹਮਾ ਸ਼ਿਵ ਸਮਝਾਈਆ । ਕਰੋੜ ਤੇਤੀਸਾ ਕਰੇ ਪੁਕਾਰ, ਗਿਰਿਆਜ਼ਾਰ ਸੁਣਾਈਆ । ਉਚੇ ਟਿੱਲੇ ਪਰਬਤ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਭ ਨੂੰ ਰਿਹਾ ਤਜਾਈਆ । ਸਚਖੰਡ ਨਿਵਾਸੀ ਸਭ ਨੂੰ ਤਜ, ਆਪਣਾ ਖੇਲ ਕਰਾਇਆ । ਲੋਕਮਾਤ ਹਰਿ ਆਇਆ ਭੱਜ, ਨਿਰਗੁਣ ਰੂਪ ਵਟਾਇਆ । ਜਨ ਭਗਤਾਂ ਰੱਖੇ ਸਾਚੀ ਲਜ, ਲਾਜਾਵੰਤ ਸ਼ਰਮਾਇਆ । ਕਰ ਕਿਰਪਾ ਪਰਦਾ ਦੇਵੇ ਕੱਜ, ਨਾਮ ਦੁਸ਼ਾਲਾ ਹਰਿ ਜੂ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਭਗਤਾਂ ਖਾਤਰ ਲੋਕਮਾਤੀ, ਨਿਰਗੁਣ ਵੇਸ ਵਟਾਇੰਦਾ । ਆਪੇ ਵੇਖੇ ਮਾਰ ਝਾਤੀ, ਝਾਕੀ ਅਵਰ ਨਾ ਕੋਈ ਰਖਾਇੰਦਾ । ਬੰਦ ਕਿਵਾੜਾ ਖੋਲ੍ਹ ਤਾਕੀ, ਦੀਵਾ ਬਾਤੀ ਆਪ ਜਗਾਇੰਦਾ । ਮੇਲ ਮਿਲਾਵਾ ਕਮਲਾਪਾਤੀ, ਕਵਲ ਨੈਣ ਆਪ ਮਟਕਾਇੰਦਾ । ਨਾਮ ਨਿਧਾਨਾ ਸਾਚੀ ਦਾਤੀ, ਅੱਖਰ ਅੱਖਰ ਝੋਲੀ ਪਾਇੰਦਾ । ਧੁਰਦਰਗਾਹੀ ਸਾਚੀ ਦਾਤੀ, ਸੋ ਪੁਰਖ ਨਿਰੰਜਣ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦੁਆਰੇ ਸੇਵ ਕਮਾਇੰਦਾ । ਸੇਵਕ ਬਣਿਆ ਹਰਿ ਜੂ ਠਾਕਰ, ਆਪਣਾ ਰੂਪ ਵਟਾਈਆ । ਲੇਖਾ ਜਾਣੇ ਕਰੀਮ ਕਾਦਰ, ਕੁਦਰਤ ਰੂਪ ਸਮਾਈਆ । ਨਾਮ ਨਿਧਾਨਾ ਅੱਖਰ ਹਜਾਰਾ ਦਰੂਦ ਦਾਦਰ, ਸਬਕ ਸਾਬਤ ਆਪ ਜਣਾਈਆ । ਦੋ ਜਹਾਨਾਂ ਦੇਵੇ ਆਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ੧੩੧
ਜਨ ਭਗਤਾਂ ਹੋਏ ਸਹਾਈ, ਸਹਿਜ ਸਹਿਜ ਸੁਖਦਾਇਆ । ਲੋਕਮਾਤ ਕਰੇ ਕੁੜਮਾਈ, ਆਪਣਾ ਬੰਧਨ ਪਾਇਆ । ਘਰ ਸਾਚੇ ਵੱਜੇ ਵਧਾਈ, ਮਿਲ ਮਿਲ ਸਖੀਆਂ ਮੰਗਲ ਗਾਇਆ । ਵਰ ਮਿਲਿਆ ਇਕੋ ਮਾਹੀ, ਸੇਜ ਝੂਠੀ ਦਏ ਤਜਾਇਆ । ਜਨਮ ਜਨਮ ਦੀ ਮੇਟੇ ਛਾਹੀ, ਛਹਿਬਰ ਆਪਣਾ ਨਾਮ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਸੰਗ ਆਪ ਸਮਾਇਆ । ਭਗਤਾਂ ਸੰਗ ਰਮਿਆ ਹਰਿ ਰਾਮ, ਸੇਵਕ ਸੇਵ ਕਮਾਈਆ । ਲੋਕਮਾਤ ਬਣਿਆ ਅੰਤ ਗੁਲਾਮ, ਬਣ ਸੇਵਕ ਸੇਵ ਕਮਾਈਆ । ਆਪੇ ਦੇਵੇ ਸਚ ਪੈਗ਼ਾਮ, ਪੀਰ ਪੈਗ਼ੰਬਰ ਰੂਪ ਵਟਾਈਆ । ਆਪੇ ਬੋਲ ਅਲੈਕਮ ਸਲਾਮ, ਅਸਲ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਏਕਾ ਵਸਲ ਦਏ ਸਮਝਾਈਆ । ਏਕਾ ਵਸਲ ਇਕ ਵਜੂਦ, ਵਾਹਿਦ ਆਪਣਾ ਖੇਲ ਕਰਾਇੰਦਾ । ਏਕਾ ਬਣ ਸਚ ਮਹਿਬੂਬ, ਸਚ ਮੁਹੱਬਤ ਇਕ ਕਮਾਇੰਦਾ । ਏਕਾ ਦੇਵੇ ਆਪਣਾ ਸਚ ਸਬੂਤ, ਸਾਬਤ ਸੂਰਤ ਇਕ ਜਣਾਇੰਦਾ । ਏਕਾ ਜਾਣੇ ਸਚ ਹਦੂਦ, ਹੱਦ ਏਕਾ ਏਕ ਵੰਡ ਵੰਡਾਇੰਦਾ । ਏਕਾ ਭਗਤਾਂ ਆਪਣੇ ਅੰਦਰ ਕੀਤਾ ਮਹਿਦੂਦ, ਦੂਸਰ ਹੱਥ ਕਿਸੇ ਨਾ ਆਇੰਦਾ । ਏਕਾ ਲਹਿਣਾ ਦੇਵੇ ਅਸਲ ਨਾਲ ਸੂਦ, ਸੂਦ ਲਾਲ ਸੂਦ ਮਿਲਾਇੰਦਾ । ਨਿਉਂ ਨਿਉਂ ਸਲਾਮ ਕਰੇ ਯਾਕੂਬ, ਐਲੀ ਸ਼ਾਹ ਸੀਸ ਝੁਕਾਇੰਦਾ । ਬੇਐਬ ਨਾਮ ਖ਼ੁਦਾਈ ਮਹਿਵਬੂਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਭਗਤਾਂ ਰੰਗ ਰਿਹਾ ਵਖਾਲ, ਵੱਖਰੀ ਧਾਰ ਚਲਾਈਆ । ਕਿਰਪਾ ਕਰ ਦੀਨ ਦਿਆਲ, ਦੀਨਨ ਗਲੇ ਲਗਾਈਆ । ਚਰਨ ਕਵਲ ਵਖਾਏ ਸੱਚੀ ਧਰਮਸਾਲ, ਬੰਕ ਦੁਆਰ ਸੋਭਾ ਪਾਈਆ । ਆਪੇ ਸੁਣੇ ਮੁਰੀਦਾਂ ਹਾਲ, ਹਰਿ ਮੁਰਸ਼ਦ ਰੂਪ ਵਟਾਈਆ ।

ਨਾਤਾ ਤੋੜ ਸ਼ਾਹ ਕੰਗਾਲ, ਊਚ ਨੀਚ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਤਾਰੇ ਏਕਾ ਹਰਿ, ਭਗਵਾਨ ਮੇਲ ਮਿਲਾਇਆ । ਜਨ ਭਗਤਾਂ ਦੇਵੇ ਇਕੋ ਵਰ, ਏਕਾ ਘਰ ਵਰਤਾਇਆ । ਆਦਿ ਜੁਗਾਦੀ ਚੁੱਕੇ ਡਰ, ਜਮ ਕਾ ਭੌ ਚੁਕਾਇਆ । ਦਰਸ਼ ਦਖਾਏ ਅੱਗੇ ਖੜ੍ਹ, ਨਿਰਗੁਣ ਸਰਗੁਣ ਹੋਏ ਸਹਾਇਆ । ਸਰਗੁਣ ਨਿਰਗੁਣ ਸ਼ਬਦੀ ਪੱਲੂ ਫੜ, ਫੜ ਫੜ ਪੱਲੂ ਅੰਗ ਬੰਧਾਇਆ । ਡੂੰਘੀ ਕੰਦਰ ਆਪੇ ਵੜ, ਘਰ ਘਰ ਵੇਖ ਵਖਾਇਆ । ਸਾਚੇ ਪੌੜੇ ਆਪੇ ਚੜ੍ਹ, ਚੜ੍ਹ ਹਰਿਜਨ ਪੰਧ ਮੁਕਾਇਆ । ਆਪੇ ਤੋੜ ਹੰਕਾਰੀ ਗੜ੍ਹ, ਗੜ੍ਹ ਸਾਚਾ ਰਾਹ ਇਕ ਵਖਾਇਆ । ਹਰਿਜਨ ਮੇਲਾ ਆਪਣੇ ਘਰ, ਘਰ ਘਰ ਵਿਚ ਲਏ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਦਏ ਵਡਿਆਇਆ । ਹਰਿ ਭਗਤ ਸਦ ਵਡਿਆਇੰਦਾ, ਸੱਜਣ ਸਤਿਗੁਰ ਮੀਤ । ਭਗਤਾਂ ਅੰਤਮ ਵੇਖ ਵਖਾਇੰਦਾ, ਨਿਰਗੁਣ ਰੂਪ ਬੈਠ ਅਤੀਤ । ਭਾਂਡੇ ਭਰਮ ਭੌ ਭੰਨਾਇੰਦਾ, ਅਚਰਜ ਚਲਾਈ ਰੀਤ । ਮੰਦਰ ਮਸਜਿਦ ਮੱਠ ਨਾ ਕੋਈ ਵਖਾਇੰਦਾ, ਹਰਿ ਚਰਨ ਸੱਚੀ ਪ੍ਰੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਕਾਇਆ ਕਰੇ ਠੰਡੀ ਸੀਤ । ਹਰਿਜਨ ਕਾਇਆ ਪਾਏ ਠੰਡ, ਸਾਂਤਕ ਸਤਿ ਵਰਤਾਇਆ । ਆਤਮ ਪਰਮਾਤਮ ਇਕ ਅਨੰਦ, ਅਨੰਦ ਮੰਗਲ ਗੁਣ ਗਾਇਆ । ਰਸਨਾ ਜਿਹਵਾ ਗਾਏ ਛੰਦ, ਸਾਚਾ ਢੋਲਾ ਆਪ ਸੁਣਾਇਆ । ਜਨਮ ਜਨਮ ਦੀ ਟੁੱਟੀ ਗੰਢ, ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਦਏ ਵਡਿਆਇਆ ।





ਸਾਰੇ ਖੰਡ ਹਰਿ ਦੀ ਕਾਰ, ਕਰਤਾ ਕਾਰੇ ਲਾਈਆ । ਰਾਹ ਵਿਚ ਬਿਠਾਏ ਪਹਿਰੇਦਾਰ, ਸਾਚੀ ਸੇਵ ਸਮਝਾਈਆ । ਜੋ ਜਨ ਆਏ ਮੇਰੇ ਦੁਆਰ, ਤਿਸ ਕਰਨੀ ਨਾਮ ਪੜ੍ਹਾਈਆ । ਰਹਿਣੀ ਬਹਿਣੀ ਅਪਰ ਅਪਾਰ, ਕਹਿਣੀ ਸਾਚੀ ਦੇਣ ਸਮਝਾਈਆ । ਲੱਜਿਆ ਸ਼ਰਮ ਅਪਰ ਅਪਾਰ, ਨੇਤਰ ਨੈਣ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਚਾਰ ਕੁੰਟ ਕਰਨ ਪੁਕਾਰ, ਚਾਰ ਜੁਗ ਜਗਤ ਸੁਣਾਈਆ । ਪੁਰਖ ਅਬਿਨਾਸ਼ੀ ਇਕ ਦਰਬਾਰ, ਸਚਖੰਡ ਬੈਠਾ ਆਪ ਲਗਾਈਆ । ਧੁਰ ਫ਼ਰਮਾਣਾ ਦਏ ਅਪਾਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਜਿਸ ਜਨ ਹਰਿ ਕੇ ਦੁਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸਿਖਿਆ ਕਰੇ ਪੜ੍ਹਾਈਆ । ਚਾਰੇ ਕੁੰਟ ਬੋਲ ਜੈਕਾਰ, ਜੈ ਜੈ ਨਾਦ ਵਜਾਈਆ । ਨਿਉਂ ਨਿਉਂ ਸੀਸ ਕਰਨ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਵਾਹ ਵਾਹ ਸਾਹਿਬ ਮੇਰੇ ਦਾਤਾਰ, ਤੇਰੇ ਦਰ ਤੇਰੀ ਵਡਿਆਈਆ । ਅਸੀਂ ਬਹਿ ਬਹਿ ਗਏ ਹਾਰ, ਸਾਡਾ ਪੰਧ ਨਾ ਕੋਈ ਮੁਕਾਈਆ । ਕਬੀਰ ਜੁਲਾਹਾ ਦੇ ਕੇ ਗਿਆ ਸਹਾਰ, ਏਕਾ ਗੁਣ ਸਮਝਾਈਆ । ਤੁਹਾਡੀ ਕਰਨੀ ਦੇਵੇ ਆਧਾਰ, ਪਿਛਲਾ ਲੇਖਾ ਦਏ ਮੁਕਾਈਆ । ਨਿਰਗੁਣ ਨਿਰਾਕਾਰ ਆਵੇ ਵਿਚ ਸੰਸਾਰ, ਰਾਹ ਖੇੜੇ ਵੇਖੇ ਥਾਉਂ ਥਾਈਆਂ । ਜਨ ਭਗਤਾਂ ਕਰੇ ਇਕ ਪਿਆਰ, ਸਾਚੀ ਰੀਤੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਕਲਜੁਗ ਅੰਤਮ ਆਏ ਹਰਿ, ਨਿਰਗੁਣ ਰੂਪ ਵਟਾਇਆ । ਭਗਤ ਭਗਵੰਤ

ਲਏ ਫੜ, ਆਪਣੀ ਦਇਆ ਕਮਾਇਆ । ਇਕ ਫੜਾਏ ਸਾਚਾ ਲੜ, ਪਲੂ ਨਾਲ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਕਲਜੁਗ ਅੰਤਮ ਆਏ ਹਰਿ, ਨਿਰਗੁਣ ਰੂਪ ਵਟਾਇਆ । ਭਗਤ ਭਗਵੰਤ ਲਏ ਫੜ, ਆਪਣੀ ਦਇਆ ਕਮਾਇਆ ਇਕ ਫੜਾਏ ਸਾਚਾ ਲੜ, ਪੱਲੂ ਨਾਲ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਵਟਾਇਆ । ਕਲਜੁਗ ਅੰਤਮ ਆਏ ਨਿਰੰਕਾਰ, ਨਿਰਗੁਣ ਵੇਸ ਵਟਾਇੰਦਾ । ਇਕੋ ਨਾਮ ਬੋਲ ਜੈਕਾਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਭਗਤ ਭਗਵੰਤ ਕਰੇ ਪਿਆਰ, ਭਗਤਾਂ ਆਪ ਜਗਾਇੰਦਾ । ਫੜ ਫੜ ਲੈ ਜਾਏ ਆਪਣੇ ਨਾਲ, ਰਾਹ ਵਿਚ ਨਾ ਕੋਈ ਅਟਕਾਇੰਦਾ । ਆਪਣੇ ਦਰ ਦਏ ਬਹਾਲ, ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਏਕਾ ਰੰਗ ਵਖਾਇੰਦਾ । ਭਗਤ ਵਸੇ ਭਗਵਾਨ ਪਾਸ, ਭਾਵੀ ਭੈ ਨਾ ਕੋਈ ਜਣਾਇੰਦਾ । ਇਕ ਦੂਜੇ ਦੀ ਮਿਲ ਜਾਏ ਰਾਸ, ਰਾਸੀ ਹੋਰ ਨਾ ਕੋਈ ਵਖਾਇੰਦਾ । ਇਕ ਦੂਜੇ ਦੀ ਪੂਰੀ ਕਰਨ ਆਸ, ਨਿਰਾਸ ਕੋਈ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਪੜ੍ਹਿਆਂ ਬਿਨ ਗਾਇਆਂ ਬਿਨ ਵੇਖਿਆਂ ਆਪਣਾ ਦਰਸ ਦਖਾਇੰਦਾ । ਹਰਿ ਭਗਤ ਕੀ ਪੜ੍ਹੇ ਪੜ੍ਹਾਈ, ਸਾਚੀ ਵਿਦਿਆ ਨਾ ਕੋਇ ਪੜ੍ਹਾਈਆ । ਇਕੋ ਹਰਿ ਹੋਈ ਕੁੜਮਾਈ, ਦੂਜਾ ਸਾਕ ਨਾ ਕੋਈ ਬਣਾਈਆ । ਅੱਠੇ ਪਹਿਰ ਵੱਜੇ ਵਧਾਈ, ਢੋਲ ਮਰਦੰਗ ਰਹੇ ਜਸ ਗਾਈਆ । ਜਿਸ ਦਾ ਹਰਿ ਜੂ ਬਣਿਆਂ ਨੈਣ ਨਾਈ, ਘਰ ਘਰ ਆ ਆ ਸੇਵ ਕਮਾਈਆ । ਸੋ ਭਗਤ ਸੇਜ ਸੁਖਦਾਈ, ਜਿਸ ਸੁਖ ਅੰਤਰ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹੱਲ ਅਟੱਲ ਕਰੇ ਰੁਸ਼ਨਾਈਆ ।



## ★ ਆਤਮਾ ਸਿੰਘ ਦੇ ਨਮਿਤ ★

ਜਗਤ ਵਲੋਂ ਗਿਆ , ਨਾਤਾ ਜਗਤ ਤੁੜਾਇਆ । ਅੱਗੋਂ ਮਿਲਿਆ ਹਰਿ ਜੂ ਹਰਿ, ਆਪਣਾ ਦਰਸ ਕਰਾਇਆ । ਬਹੱਤਰਾਂ ਭਗਤਾਂ ਵਿਚੋਂ ਦਿਤਾ ਪਹਿਲਾ ਵਰ, ਸਿਰ ਤੇਰੇ ਹੱਥ ਟਿਕਾਇਆ । ਛੱਬੀ ਪੋਹ ਵਖੌਣਾ ਘਰ, ਭਗਤ ਦੁਆਰਾ ਜੋ ਬਣਾਇਆ । ਏਥੇ ਓਥੇ ਚੁੱਕੇ ਡਰ, ਡਰ ਕੋਈ ਰਹਿਣ ਨਾ ਪਾਇਆ । ਅੰਤ ਬੰਧਾਏ ਆਪਣੇ ਲੜ, ਪੱਲੂ ਨਾਮ ਬੰਧਾਇਆ । ਸਾਚੇ ਪੌੜੇ ਜਾਣਾ ਚੜ੍ਹ, ਪੁਰਖ ਅਬਿਨਾਸ਼ੀ ਲਏ ਚੜ੍ਹਾਇਆ । ਸਚਖੰਡ ਦੁਆਰੇ ਜਾਣਾ ਵੜ, ਸਿੰਘ ਪਾਲ ਬੈਠਾ ਰਾਹ ਤਕਾਇਆ । ਆ ਵੀਰ ਮੇਰੇ ਨਾਲ ਰਲ, ਰਲ ਮਿਲ ਇਕੋ ਹਰਿ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਮਰਨ ਰਿਹਾ ਕਟਾਇਆ । ਜਨਮ ਮਰਨ ਹੱਥ ਪਰਮਾਤਮਾ, ਪੁਰਖ ਪੁਰਖ ਵਡਿਆਈਆ । ਲੇਖਾ ਜਾਣੇ ਸਿੰਘ ਆਤਮਾ, ਆਤਮ ਸਿੰਘ ਵਿਚ ਸਮਾਈਆ । ਵੇਸ ਵਟਾਇਆ ਗੁਪਤ ਬਾਤਨਾ, ਜ਼ਾਹਿਰ ਦਏ ਵਡਿਆਈਆ । ਭਗਤ ਭਗਵੰਤ ਆਇਆ ਰਾਖਨਾ, ਰੱਖਕ ਬਣ ਬਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਣ ਮਰਨ ਮਰਨ ਜੀਵਣ ਆਪਣੇ ਹੱਥ ਰਖਾਈਆ । ਲਾੜੀ ਮੌਤ ਗਈ ਹਾਰ, ਕਾਲ ਹੁਕਮ ਸੁਣਾਇਆ । ਸਤਿਗੁਰ ਪੂਰੇ ਦਿਤਾ ਤਾਰ, ਮੁਰਦਾ ਫਿਰ ਉਠਾਇਆ । ਚਰਨ ਕਵਲ

ਕਰਾਏ ਪਿਆਰ, ਪਿਆਰ ਪਿਆਰ ਨਾਲ ਰਲਾਇਆ । ਬਹੱਤਰਾਂ ਵਿਚੋਂ ਛੱਬੀ ਪੋਹ ਤੋਂ ਪਹਿਲੇ ਜਨਮ ਕੋਈ ਨਾ ਜਾਏ ਹਾਰ, ਮਾਨਸ ਦੇਹ ਨਾ ਕੋਈ ਤਜਾਇਆ । ਆਪਣਾ ਕਰੇ ਕਰਾਏ ਸਚ ਵਿਹਾਰ, ਫਿਰ ਅਗਲਾ ਰਾਹ ਵਿਖਾਇਆ । ਅੱਗੋਂ ਮਿਲੇ ਆਪ ਨਿਰੰਕਾਰ, ਨਿਰਗੁਣ ਆਪਣਾ ਰੂਪ ਵਟਾਇਆ । ਜਨ ਭਗਤਾਂ ਲਏ ਉਠਾਲ, ਸਾਚੀ ਗੋਦ ਬਹਾਇਆ । ਸਾਹਿਬ ਸਾਹਿਬ ਸਦਾ ਸਦਾ ਦਿਆਲ, ਦੀਨਨ ਆਪਣੇ ਗਲੇ ਲਗਾਇਆ । ਗੁਰਮੁਖ ਕਦੇ ਨਾ ਖਾਏ ਕਾਲ, ਜਮਕਾਲ ਨੇੜ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਜਨਮ ਵਿਚ ਬਦਲਾਇਆ ।

★ ੧੯ ਮੱਘਰ ੨੦੧੮ ਬਿਕਰਮੀ ਕਿਸ਼ਨ ਸਿੰਘ ਦੇ ਨਵਿਤ ਪਿੰਡ ਅਲੜ ਪਿੰਡੀ ਜ਼ਿਲਾ ਗੁਰਦਾਸ ਪੁਰ ★

ਫੜਿਆ ਦਾਮਨ ਜਾਏ ਛੁੱਟ, ਛੁੱਟੀ ਜਗਤ ਵਲੋਂ ਦਵਾਈਆ । ਸਚਖੰਡ ਦਾ ਬੂਟਾ ਪੁੱਟ, ਲੋਕਮਾਤ ਲਹਿਰਾਈਆ । ਸਾਹਿਬ ਸਤਿਗੁਰ ਆਪੇ ਤੁਠ, ਪੂਰਨ ਬੁਝ ਬੁਝਾਈਆ । ਗੰਗਾ ਕੰਗਣ ਜੋ ਖ਼ਾਦਾ ਲੁੱਟ, ਲੁੱਟੀ ਵਸਤ ਲਏ ਕਢਾਈਆ । ਰਵਦਾਸ ਚੁਮਿਆਰਾ ਆਸਣ ਪੁੱਟ, ਸਚ ਖ਼ਜ਼ਾਨਾ ਦਏ ਵਖਾਈਆ । ਸ਼ਾਹ ਪਾਤਸ਼ਾਹ ਰਹੇ ਕੁੱਟ, ਖਲੜੀ ਖੱਲ ਲੁਹਾਈਆ । ਬਿਨ ਹਰਿ ਨਾਮੇ ਖ਼ਾਲੀ ਬੁੱਤ, ਰੋ ਰੋ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪੱਲੂ ਨਾਮ ਫੜਾਈਆ । ਸਾਚਾ ਪੱਲੂ ਫੜਿਆ ਲੜ, ਬੰਧਨ ਏਕਾ ਇਕੋ ਪਾਈਆ । ਠੱਗ ਚੋਰ ਯਾਰ ਚੁੱਕੇ ਡਰ, ਭੈ ਭਿਆਨਕ ਨਜ਼ਰ ਨਾ ਆਈਆ । ਅਗਨੀ ਗਿਆ ਸੜ, ਹਵਨ ਕੁੰਡ ਤਪਾਈਆ । ਜਨਮ ਜਨਮ ਲੋਕਮਾਤ ਗਿਆ ਮਰ, ਮਰ ਮਰ ਜਨਮ ਵਿਚ ਬਦਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ, ਪੜ੍ਹ ਪੜ੍ਹ ਆਪਣਾ ਵਕਤ ਲੰਘਾਈਆ । ਆਵਣ ਜਾਵਣ ਖੇਲ ਕਰ, ਜੂਨ ਅਜੂਨ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਮਨ ਇਕ ਵਖਾਈਆ । ਸਾਚਾ ਦਾਮਨ ਦਾਮਨਗੀਰ, ਦਰਦੀ ਦਰਦ ਵੰਡਾਇੰਦਾ । ਚੋਰਾਂ ਯਾਰਾਂ ਠੱਗਾਂ ਕੱਟੇ ਭੀੜ, ਔਜੜ ਰਾਹ ਪੰਧ ਮੁਕਾਇੰਦਾ । ਨਾਮ ਅਨਡਿਠੜਾ ਮਾਰ ਜ਼ੰਜੀਰ, ਆਪਣਾ ਬੰਧਨ ਬੰਦ ਪੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਮਨ ਆਪ ਫੜਾਇੰਦਾ । ਦਾਮਨ ਫੜਿਆ ਕਵਣ ਜੋਰ, ਜ਼ੋਰੂ ਨਾਲ ਰਲਾਈਆ । ਪੂਰਬ ਜਾਮਾ ਠੱਗ ਚੋਰ, ਨੌਂ ਨੌਂ ਜਨਮ ਰਿਹਾ ਧਿਆਈਆ । ਮਾਤ ਗਰਭ ਡਰ ਡਰ ਅੰਧ ਘੋਰ, ਧੂਣੀ ਅਗਨ ਤਪਾਈਆ । ਕਰੇ ਪੁਕਾਰ ਮੇਰੀ ਤੋਹੇ ਲੋੜ, ਤੁਧ ਬਿਨ ਅਵਰ ਨਾ ਕੋਈ ਸਹਾਈਆ । ਮੈਂ ਪਤੰਗਾ ਤੂੰ ਸਾਚੀ ਡੋਰ, ਤੁਧ ਬਿਨ ਅਵਰ ਨਾ ਕੋਈ ਉਡਾਈਆ । ਮੈਂ ਠੱਗ ਨਿਮਾਣਾ ਝੂਠਾ ਚੋਰ, ਚੋਰੀ ਤੇਰਾ ਕੰਗਨ ਕਰਾਈਆ । ਗ਼ਰੀਬਾਂ ਨਾਲ ਨਾ ਰੱਖਿਆ ਖੋਰ, ਨਿਥਾਵਿਆਂ ਦਿਤੀ ਨਾ ਕੋਈ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਦਾਮਨ ਵੇਖ ਵਖਾਈਆ । ਨਾ ਕੋਈ ਕੀਤਾ ਕੂੜ ਵਿਹਾਰਾ, ਕੂੜੀ ਕਿਰਿਆ ਨਾ ਕੋਈ ਕਮਾਈਆ । ਤੇਰਾ ਕੰਗਨ ਲੁਟਿਆ ਦਿਨ ਦਿਹਾੜਾ, ਆਪ ਆਪਣਾ ਬਲ ਰਖਾਈਆ । ਗੰਗਾ ਗੰਗੋਤਰੀ ਕਰਿਆ ਪਿਆਰਾ, ਚੁਮਿਆਰਾ ਰਿਹਾ ਸੁਣਾਈਆ । ਓਸ ਇਕ ਕਸੀਰਾ ਦਿਤਾ ਕਰ ਨਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਈਆ । ਚੁਮਿਆਰ ਕਸੀਰਾ ਦਿਤਾ ਹੱਥ, ਬਹਿ ਆਪਣਾ ਆਸਣ ਲਾਇਆ । ਮੈਂ ਗੰਗਾ ਮਾਤਾ ਦਿਤਾ ਦੱਸ, ਅੱਗੇ ਭੇਟ ਚੜ੍ਹਾਇਆ ।

ਉਸ ਅੱਗੋਂ ਕੱਢਿਆ ਆਪਣਾ ਹੱਥ, ਸਮਰਥ ਖੇਲ ਕਰਾਇਆ । ਨੱਕ ਵੇਖ ਸੁਹਾਗ ਨੱਥ, ਸੋਹਣਾ ਜੋਬਨ ਮੈਂ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਇਆ । ਗੰਗਾ ਹੱਥ ਦਿਤਾ ਉਲਾਰ, ਜੋਬਨ ਆਪਣਾ ਆਪ ਪਰਗਟਾਈਆ । ਮੇਰੇ ਭਗਤ ਦਾ ਇਕ ਪਿਆਰ, ਮੇਰੇ ਤਨ ਸਮਾਈਆ । ਮੇਰੇ ਤਨ ਦਾ ਸਚ ਸ਼ਿੰਗਾਰ, ਭਗਤ ਰੰਗ ਵਖਾਈਆ । ਤੂੰ ਵਿਚੋਲਾ ਬਣਿਆ ਵਿਚ ਸੰਸਾਰ, ਸਾਚੀ ਸਿਖਿਆ ਇਕ ਸਮਝਾਈਆ । ਬਨਾਰਸ ਥੇਟਾ ਪੌਣੀ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਬ੍ਰਹਿਮਣ ਕਹੇ ਸੁਣ ਗੰਗਾ ਮਾਤ, ਏਕਾ ਵਾਰ ਸੁਣਾਇਆ । ਚੁਮਿਆਰ ਦਿਤੀ ਕਸੀਰਾ ਦਾਤ, ਸੋ ਤੇਰੀ ਝੋਲੀ ਪਾਇਆ । ਮੈਂ ਦੂਰ ਦੁਰਾਡੀ ਕੱਟ ਕੇ ਆਇਆ ਵਾਟ, ਤੇਰਾ ਪੰਧ ਮੁਕਾਇਆ । ਮੇਰਾ ਪੂਰਾ ਕਰੇ ਕਵਣ ਘਾਟ, ਪਿਛੇ ਪੁੱਤਰ ਧੀਆਂ ਰਿਹਾ ਤਰਸਾਇਆ । ਮੈਂ ਮੰਗਾ ਤੇਰੀ ਨੱਥ ਦਾ ਇਕ ਬਲਾਕ, ਦਰ ਸਾਚਾ ਮੰਗ ਮੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸਾਂਗ ਆਪ ਵਰਤਾਇਆ । ਮੇਰੇ ਬਲਾਕ ਮੇਰੀ ਨੱਥ, ਹੱਥ ਕਿਸੇ ਨਾ ਆਈਆ । ਆਦਿ ਜੁਗਾਦਿ ਮੈਂ ਭਗਤਾਂ ਵਸ, ਆਦਿ ਸ਼ਕਤ ਰੂਪ ਵਟਾਈਆ । ਤੂੰ ਆਪਣੀ ਇਛਿਆ ਆਇਆ ਦੱਸ, ਜਗਤ ਵਾਸ਼ਨਾ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰੀ ਵਸਤ ਤੇਰੀ ਝੋਲੀ ਪਾਈਆ । ਕਵਣ ਵਸਤ ਮੇਰੀ, ਮੋਹੇ ਦੇਣਾ ਬਤਲਾਈਆ । ਜਗਤ ਮਾਤ ਨਾ ਕਰ ਡੇਰੀ, ਢਹਿ ਪਿਆ ਸ਼ਰਨਾਈਆ । ਰਵਦਾਸ ਚੁਮਿਆਰੇ ਕੌਡੀ ਇਕ ਬਥੇਰੀ, ਕੰਗਨ ਕੰਮ ਕਿਸੇ ਨਾ ਆਈਆ । ਢੋਏ ਢੋਰ ਚਮੜੀ ਰਿਹਾ ਉਧੇੜੀ, ਪਾਣਾ ਗੰਢਣ ਸੇਵ ਕਮਾਈਆ । ਉਸ ਦੀ ਗੱਲ ਦੱਸਾਂ ਕਿਹੜੀ ਕਿਹੜੀ, ਮੂੰਹ ਚਮੜੇ ਨਾਲ ਛੁਹਾਈਆ । ਦੰਦਾਂ ਨਾਲ ਖਿੱਚੇ ਡੋਰੀ, ਖਿੱਚ ਖਿੱਚ ਤੋਪਾ ਲਾਈਆ । ਮੈਂ ਵਾਰਨੇ ਗਿਆ ਕਰ ਕੇ ਆਇਆ ਢੇਰੀ, ਲਹਿਣਾ ਦੇਣਾ ਹਿਸਾਬ ਮੁਕਾਈਆ । ਮੈਂ ਆਪਣੇ ਪਿਛੇ ਮਾਰੀ ਫੇਰੀ, ਰਵਦਾਸ ਪਿਛੇ ਨਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਈਆ । ਗੰਗਾ ਕਹੇ ਤੂੰ ਦੱਸਿਆ ਸੱਚ, ਮੈਂ ਤੇਰਾ ਸ਼ੁਕਰ ਮਨਾਇਆ । ਧੰਨ ਭਾਗ ਮੇਰੀ ਪੂਰੀ ਕਰੀ ਆਸ, ਭਗਤ ਕਸੀਰਾ ਮੇਰੀ ਝੋਲੀ ਪਾਇਆ । ਮੈਂ ਜੁਗ ਜੁਗ ਰੱਖਾਂ ਆਪਣੇ ਪਾਸ, ਤਨ ਆਪਣੇ ਨਾਲ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਧੰਦਾ ਆਪ ਵਖਾਇਆ । ਭਗਤ ਕਸੀਰਾ ਤੇਰੇ ਹੱਥ, ਤੇਰੀ ਝੋਲੀ ਦਿਤੀ ਭਰਾਈਆ । ਕੰਗਣ ਭਗਤ ਵਾਸਤੇ ਦਿਤਾ ਰੱਖ, ਮੇਰੇ ਹੱਥ ਫੜਾਈਆ । ਮੈਂ ਮੰਗਿਆ ਇਕ ਬਲਾਕ, ਤੂੰ ਨਾ ਨਾ ਕਰ ਕਰ ਨੈਣ ਸ਼ਰਮਾਈਆ । ਰਵਦਾਸ ਚੁਮਾਰਾ ਕਵਣ ਸਾਕ, ਚਮਰੇਟਾ ਕੁਲ ਨੀਚ ਅਖਵਾਈਆ । ਮੈਂ ਬ੍ਰਹਿਮਣ ਸੱਚਾ ਪਾਕੀ ਪਾਕ, ਪਵਿਤ ਮੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਚੁਮਿਆਰ ਚੰਮੜੀ ਮੇਰਾ ਚੰਮ, ਚਮਕ ਰੰਗ ਨਾ ਕੋਇ ਵਖਾਈਆ । ਮੇਰਾ ਕਹਿਣਾ ਰਿਹਾ ਮੰਨ, ਮੰਨ ਮੰਨ ਖੁਸ਼ੀ ਮਨਾਈਆ । ਦਿਵਸ ਰੈਣ ਕਹੇ ਧੰਨ ਧੰਨ, ਧੰਨ ਤੇਰੀ ਵਡਿਆਈਆ । ਕਰੇ ਵਸੇਰਾ ਛੱਪਰ ਛੰਨ, ਮਹੱਲ ਅਟੱਲ ਨਾ ਆਸ ਰਖਾਈਆ । ਪਾਣਾ ਗੰਢੇ ਘੜੀ ਘੜੀ ਪਲ ਪਲ, ਆਪਣੀ ਟੁੱਟੀ ਗੰਢ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਰਤਾਈਆ । ਆਪਣਾ ਖੇਲ ਕਰੇ ਕਰਤਾਰ, ਏਕਾ ਗੁਣ ਜਣਾਇਆ । ਕੰਗਣ ਲੈ ਜਾ ਕਰ ਪਿਆਰ,

੧੩੫
੧੧

ਰਵਦਾਸ ਚੁਮਿਆਰ ਰਿਹਾ ਤਕਾਇਆ । ਜੁਗ ਜੁਗ ਦਾ ਮੇਰਾ ਉਧਾਰ, ਮੈਂ ਅੰਤ ਰਿਹਾ ਮੁਕਾਇਆ । ਬਣ ਵਿਚੋਲਾ ਵਿਚ ਸੰਸਾਰ, ਗੰਗਾ ਮਾਤ ਏਹ ਸਮਝਾਇਆ । ਪਰਦਾ ਉਹਲਾ ਨਾ ਕੋਇ ਵਿਚਾਰ, ਸਾਚਾ ਢੋਲਾ ਏਕਾ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕੰਗਣ ਹੱਥ ਫੜਾਇਆ । ਕੰਗਣ ਫੜਿਆ ਹੱਥ, ਆਪਣੇ ਦਾਮਨ ਨਾਲ ਬੰਧਾਈਆ । ਗੰਗਾ ਮਾਤਾ ਦਿਤਾ ਦੱਸ, ਤੇਰੀ ਵਸਤ ਆਪਣੀ ਝੋਲੀ ਪਾਈਆ । ਰਵਦਾਸ ਕੋਲ ਨਾ ਜਾਵਾਂ ਨੱਸ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਕਰਾਈਆ । ਗੰਗਾ ਕਹੇ ਨਿਰਗੁਣ ਧਾਰ, ਏਕਾ ਸ਼ਬਦ ਜਣਾਈਆ । ਪੰਡਤ ਭੁੱਲ ਨਾ ਬਣ ਗਵਾਰ, ਬ੍ਰਹਮ ਰੂਪ ਨਾ ਕੋਇ ਛੁਪਾਈਆ । ਅਵਗੁਣ ਕਰ ਨਾ ਵਿਚ ਸੰਸਾਰ, ਗੁਣ ਆਪਣਾ ਮੂਲ ਚੁਕਾਈਆ । ਮਾਣਸ ਜਨਮ ਜਨਮ ਨਾ ਹਾਰ, ਵੇਲਾ ਗਿਆ ਹੱਥ ਨਾ ਆਈਆ । ਮੇਰਾ ਕਰਜ਼ਾ ਦੇਣਾ ਉਤਾਰ, ਰਵਦਾਸ ਚੁਮਾਰੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਸੁਣਾਈਆ । ਪੰਡਤ ਕਹੇ ਹੱਥ ਆਇਆ ਕੰਗਣ, ਆਪਣਾ ਬਲ ਜਣਾਈਆ । ਤੇਰੇ ਕੋਲੋਂ ਨਾ ਆਇਆ ਮੰਗਣ, ਤੂੰ ਆਪੇ ਹੱਥ ਫੜਾਈਆ । ਕੰਗਨ ਦੇ ਨਾ ਹੋਈ ਨਗਣ, ਘਾਟਾ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਗੰਗਾ ਕਹੇ ਸੁਣ ਲੈ ਗੱਲ, ਬ੍ਰਹਿਮਣ ਬ੍ਰਹਿਮਣੀ ਜਾਇਆ । ਭਗਤ ਨਾਲ ਨਾ ਕਰਨਾ ਵਲ ਛਲ, ਛਲ ਹਰਿ ਜੂ ਕਦੇ ਨਾ ਭਾਇਆ । ਅੰਤਮ ਦੇਣਾ ਪਏ ਫਲ, ਪੁਰਖ ਅਬਿਨਾਸ਼ੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਜਣਾਇਆ । ਸੁਣਿਆ ਹੁਕਮ ਤੇਰਾ ਫ਼ਰਮਾਣਾ, ਆਪਣਾ ਕੰਨ ਲਗਾਈਆ । ਮੈਂ ਲੁੱਟਿਆ ਵੱਡਾ ਘਰਾਣਾ, ਲੁੱਟ ਮੇਰੇ ਹੱਥ ਆਈਆ । ਦੂਰ ਦੁਰਾਡਾ ਮੇਰਾ ਟਿਕਾਣਾ, ਗੰਗਾ ਮੁੜ ਕੇ ਫੇਰ ਨਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਆਪਣਾ ਵੇਸ ਵਖਾਈਆ । ਇਕੋ ਕੰਗਣ ਲਿਆ ਲੁੱਟ, ਲੁੱਟਿਆ ਵੱਡਾ ਘਰ ਬਾਰ । ਹੱਥ ਵਿਚੋਂ ਨਾ ਜਾਏ ਛੁੱਟ, ਮੈਂ ਮਾਰੀ ਪਹਿਲੀ ਮਾਰ । ਮਾਣਸ ਜਨਮ ਸੁਹਾਏ ਰੁੱਤ, ਦੁੱਖ ਆਵੇ ਨਾ ਦੂਜੀ ਵਾਰ । ਸੁਖ ਭੋਗਣ ਧੀਆਂ ਪੁੱਤ, ਮੇਰਾ ਚਲੇ ਸਚ ਰੁਜ਼ਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਕੰਗਣ ਚੋਰ ਮਾਰਿਆ ਡਾਕਾ, ਗੰਗਾ ਮਾਤ ਰਹੀ ਕੁਰਲਾਈਆ । ਓਧਰ ਰਵਿਦਾਸ ਤੱਕੇ ਵਾਟਾਂ, ਕਵਣ ਵੇਲਾ ਸੰਦੇਸ਼ਾ ਦੇਵੇ ਮੇਰੀ ਮਾਈਆ । ਬ੍ਰਹਿਮਣ ਪਾਇਆ ਦੋਹਾਂ ਘਾਟਾ, ਆਪਣਾ ਬਲ ਵਖਾਈਆ । ਆਪਣੇ ਗ੍ਰਹਿ ਆਇਆ ਨਾਠਾ, ਮਿਸ਼ਰਾਣੀ ਲਏ ਜਗਾਈਆ । ਆ ਵੇਖ ਗੰਗਾ ਮਾਤਾ ਦਿਤਾ ਅੰਮ੍ਰਿਤ ਬਾਟਾ, ਸਾਚਾ ਕੰਗਣ ਹੱਥ ਵਖਾਈਆ । ਜਨਮ ਜਨਮ ਦਾ ਪੂਰਾ ਕੀਤਾ ਘਾਟਾ, ਵਸਤ ਅਮੋਲਕ ਝੋਲੀ ਪਾਈਆ । ਲੋਕੀ ਕੱਟ ਕੇ ਔਂਦੇ ਵਾਟਾਂ, ਮੈਂ ਖੱਟੀ ਖੱਟ ਕੇ ਆਇਆ ਤੇਰਾ ਮਾਹੀਆ । ਤੂੰ ਡੂੰਘਾ ਖੋਦ ਖਾਤਾ, ਇਕੇ ਵਾਰ ਦਿਆਂ ਭਰਾਈਆ । ਤੇਰਾ ਮੰਦਰ ਸੋਹੇ ਹਾਤਾ, ਹੱਦ ਸਾਚੀ ਦਿਆਂ ਬਣਾਈਆ । ਤੂੰ ਬ੍ਰਹਿਮਣੀ ਉਚੀ ਜਾਤਾ, ਮੈਂ ਬ੍ਰਹਿਮਣ ਰੂਪ ਵਟਾਈਆ । ਮੈਂ ਵੇਦ ਸ਼ਾਸਤਰ ਸਿਮਰਤ ਪੜ੍ਹ ਪੜ੍ਹ ਸੁਣਾਵਾਂ ਗਾਥਾ, ਤੂੰ ਗੰਗਾ ਮਾਈ ਧਿਆਈਆ । ਦੋਹਾਂ ਬਣਿਆ ਸਾਚਾ ਸਾਥਾ, ਘਰ ਸਾਚੇ ਖ਼ੁਸ਼ੀ ਵਖਾਈਆ । ਆ ਰਲ ਮਿਲ ਗਾਈਏ ਇਕੋ ਪਾਠਾ, ਵਾਹ ਵਾ ਵਡੀ ਤੇਰੀ ਵਡਿਆਈਆ । ਸਾਡੇ ਪਿਛੇ ਖੋਲ੍ਹਿਆ ਹਾਟਾ, ਰਵਦਾਸ ਚੁਮਿਆਰ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਖਾਈਆ । ਪੰਡਤ ਪੁੱਛੇ ਘਰ ਮਿਸ਼ਰਾਣੀ, ਮਿਸਰ ਜੀ ਹਾਲ ਸੁਣਾਓ । ਪਿਛਲੀ ਦੱਸੋ ਸਚ ਕਹਾਣੀ, ਕਵਣ ਬਿਧ ਏਹ ਵਸਤੂ ਪਾਓ । ਪੰਡਤ ਕਹੇ ਮੈਂ ਨਿਤ ਉਠ ਪੜ੍ਹਦਾ ਬਾਣੀ, ਪ੍ਰਭ ਮਿਲਿਆ ਅਗੰਮ ਅਥਾਹੋ । ਰਵਦਾਸ ਚੁਮਿਆਰਾ ਪਾਣਾ ਗੰਢੇ ਕੂਨੇ ਪਾ ਪਾਣੀ, ਮੈਨੂੰ ਲਾਵਣ ਲੱਗਾ ਦਾਓ । ਮੈਂ ਜੋਬਨਵੰਤ ਗੰਗਾ ਵੇਖਿਆ ਸੱਚਾ ਹਾਣੀ, ਮੈਨੂੰ ਵੇਖ ਚੜ੍ਹਿਆ ਚਾਓ । ਅੱਗੋਂ ਕਹੇ ਮੈਂ ਬਣਾਂ ਤੇਰੀ ਰਾਣੀ, ਤੂੰ ਫੜ ਲਾ ਮੇਰੀ ਬਾਹੋਂ । ਮੈਂ ਤੈਥੋਂ ਡਰਦਿਆਂ ਕਿਹਾ ਮੇਰੇ ਘਰ ਵਸੇ ਮਿਸ਼ਰਾਣੀ, ਅੱਗੇ ਤੈਨੂੰ ਮਿਲੇ ਨਾ ਥਾਉਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੋ । ਮਿਸ਼ਰਾਣੀ ਕਹੇ ਦੱਸ ਪ੍ਰੀਤਮ ਪਿਆਰੇ, ਗੰਗਾ ਕਵਣ ਰੂਪ ਵਟਾਈਆ । ਗੰਗਾ ਵਹੇ ਸਦਾ ਜਲ ਧਾਰੇ, ਰੂਪ ਰੇਖ ਨਾ ਕੋਇ ਵਖਾਈਆ । ਕੋਟਨ ਕੋਟ ਜੀਵ ਜਾ ਜਾ ਕਰਨ ਨਿਮਸਕਾਰੇ, ਨਿਉਂ ਨਿਉਂ ਸੀਸ ਝੁਕਾਈਆ । ਕੋਟਨ ਕੋਟ ਸੂਰਯਾ ਦੇਵ ਛੱਟੇ ਰਹੇ ਮਾਰੇ, ਚੁਲੀਆਂ ਨਾਲ ਜਲ ਚੜ੍ਹਾਈਆ । ਕੋਟਨ ਕੋਟ ਕਰਨ ਹਾੜੇ, ਸਾਧ ਸੰਤ ਧੂਣੀਆਂ ਤਾਈਆ । ਕੋਟਨ ਕੋਟ ਖੁਬੇ ਗਾਰੇ, ਨਾ ਕੋਈ ਸਕੇ ਬਾਹਰ ਕਢਾਈਆ । ਕੋਟਨ ਕੋਟੀ ਬਣ ਬਣ ਬੈਠੇ ਲਾੜੇ, ਗੰਗਾ ਮਾਈ ਨਾ ਕਿਸੇ ਪਰਨਾਈਆ । ਤੂੰ ਦੱਸ ਕਿਸ ਬਿਧ ਮੇਲ ਮਿਲਿਆ ਤੇਰਾ ਕਿਨਾਰੇ, ਤੱਟ ਕਵਣ ਮਿਲੀ ਵਡਿਆਈਆ । ਕਵਣ ਰੂਪ ਕਰੇ ਸ਼ਿੰਗਾਰੇ, ਕਵਣ ਨੈਣ ਨੈਣ ਮਿਲਾਈਆ । ਕਵਣ ਰਸਨਾ ਵਾਜਾਂ ਮਾਰੇ, ਕਵਣ ਬੱਤੀ ਦੰਦ ਸਲਾਹੀਆ । ਕਵਣ ਕਹੇ ਮੇਰੇ ਕੰਤ ਪਿਆਰੇ, ਆ ਮਿਲ ਸਾਚੇ ਮਾਹੀਆ । ਮੈਂ ਤੇਰੇ ਪੰਡਤ ਜੀ ਕੰਮ ਜਾਣਾ ਸਾਰੇ, ਭੁੱਲ ਰਹੇ ਨਾ ਰਾਈਆ । ਤੂੰ ਘਰ ਘਰ ਜ਼ਜ਼ਮਾਨਾਂ ਦੇ ਪੌਂਦਾ ਰਿਹਾ ਛੁਹਾਰੇ, ਕੋਟੀ ਕੋਟ ਸਗਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਮਿਹਰ ਨਜ਼ਰ ਤੇਰੇ ਉਤੇ ਪਾਈਆ । ਕੀ ਦੱਸਾਂ ਤੈਨੂੰ ਸੱਚ, ਮੈਂ ਸੱਚਾ ਸਚ ਸੁਣਾਇੰਦਾ । ਮੈਂ ਪੰਧ ਮੁਕਾਇਆ ਨੱਸ ਨੱਸ, ਇਕੋ ਆਸ ਰਖਾਇੰਦਾ । ਮੈਨੂੰ ਗੰਗਾ ਮਿਲੇ ਹੱਸ ਹੱਸ, ਦਰ ਇਕੋ ਖ਼ੁਸ਼ੀ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਪੰਡਤ ਜੀ ਮੈਂ ਵੇਖਾਂ ਤੇਰਾ ਰੰਗ, ਰੰਗ ਤੇਰਾ ਨਾ ਮੋਹੇ ਭਾਈਆ । ਜਗਤ ਸਮਾਜੇ ਜੋੜਿਆ ਸੰਗ, ਇਕ ਦੂਜਾ ਬੰਧਨ ਦਿਤਾ ਪਾਈਆ । ਤੂੰ ਕਹੇਂ ਗੰਗਾ ਮੰਗੇ ਤੇਰਾ ਕਾਰਜ ਅਨੰਦ, ਤੇਰਾ ਕਾਰਜ ਨਾ ਮੋਹੇ ਭਾਈਆ । ਤੂੰ ਝੂਠੀ ਪੌਂਦਾ ਡੰਡ, ਡੰਡਾਵਤ ਤੇਰੀ ਨਜ਼ਰ ਨਾ ਆਈਆ । ਏਥੇ ਬੱਚਿਆਂ ਫੁਲੀਆਂ ਰਿਹਾ ਵੰਡ, ਖ਼ਾਲੀ ਹੱਥ ਰਿਹਾ ਵਖਾਈਆ । ਕਵਣ ਬਿਧ ਗੰਗਾ ਮਾਤਾ ਗਈ ਮੰਨ, ਕੰਗਣ ਤੇਰੇ ਹੱਥ ਫੜਾਈਆ । ਫੜ ਕੰਗਣ ਤੂੰ ਕਿਸ ਬਿਧ ਕਰਿਆ ਧੰਨ ਧੰਨ, ਰਸਨਾ ਜਿਹਵਾ ਗਾਈਆ । ਮੈਂ ਜਾਣਾ ਗੰਗਾ ਨੇਤਰ ਅੰਨ੍ਹ, ਜਿਨ ਤੇਰੀ ਸਾਰ ਨਾ ਪਾਈਆ । ਮੈਂ ਤੇਰੀ ਨਾਰ ਚਾਹੁੰਦੀ ਤੈਨੂੰ ਦੇਵਾਂ ਡੰਨ, ਜੋ ਮੇਰਾ ਰਿਹਾ ਤਕਾਈਆ । ਇਕੋ ਸੁਣ ਲੈ ਲਾ ਕੇ ਕੰਨ, ਮੈਂ ਸਾਚੀ ਰਹੀ ਸੁਣਾਈਆ । ਏਹ ਨਹੀਂ ਸਾਡੇ ਘਰ ਦਾ ਧੰਨ, ਰਾਜਿਆਂ ਘਰ ਸੋਭਾ ਪਾਈਆ । ਕਿਰਪਨ ਦੀ ਇਕੋ ਮੰਨ, ਨਿਰਧਨ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਪੰਡਤ ਜੀ ਜਾਓ ਪਾਓ ਮੁੱਲ, ਕੀਮਤ ਕਵਣ ਚੁਕਾਈਆ । ਜਗਤ ਸਰਾਫ਼ ਦੁਆਰਾ ਗਿਆ ਖੁਲ੍ਹ, ਕਸਵੱਟੀ ਹੱਥ ਉਠਾਈਆ । ਦਰ ਦਰ ਫਿਰੇ ਮਾਇਆ ਮਮਤਾ ਗਿਆ ਭੁੱਲ, ਤੋਲੇ ਮਾਸੇ ਤੋਲ ਤੁਲਾਈਆ । ਨਾਮ ਕੰਗਣ ਜਾਏ ਰੁਲ, ਮੂਰਖ ਥਾਏਂ ਨਾ ਕੋਇ ਟਿਕਾਈਆ । ਅੱਗੋਂ ਸਾਰੇ ਕਹਿੰਦੇ ਬੋਲ, ਦੋਏ ਜੋੜ ਕਰਨ ਸ਼ਰਨਾਈਆ ।

ਸਾਡੇ ਕੋਲ ਨਾ ਕੋਈ ਤੋਲ, ਜੋ ਇਸ ਤੋਲਾ ਦਏ ਬਣਾਈਆ । ਰਾਜ ਰਾਜਾਨ ਦੁਵਾਰਾ ਫੋਲ, ਤੇਰਾ ਹਿਸਾਬ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਲ ਛਲ ਆਪਣੀ ਧਾਰ ਚਲਾਈਆ । ਬ੍ਰਹਿਮਣ ਗਿਆ ਰਾਜ ਦਰਬਾਰ, ਦਰ ਅੱਗੇ ਸੀਸ ਝੁਕਾਇੰਦਾ । ਦੋਏ ਜੋੜ ਕਰੇ ਨਿਮਸਕਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਤੂੰ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਤੇਰਾ ਦਰ ਮੋਹੇ ਭਾਇੰਦਾ । ਸੁਦਾਗਰ ਬਣ ਸੇਵਾ ਕਰਾਂ ਅਪਰ ਅਪਾਰ, ਸਾਚਾ ਕੰਗਣ ਭੇਟ ਚੜ੍ਹਾਇੰਦਾ । ਤੁਸੀ ਕੀਮਤ ਪੌਣੀ ਇਕੋ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖੇਲ ਕਰਾਇੰਦਾ । ਰਾਜਨ ਵੇਖ ਹੋਇਆ ਦਿਆਲ, ਕੰਗਣ ਸ਼ਕੰਗਣ ਰੂਪ ਵਟਾਈਆ । ਕੋਟਨ ਕੋਟ ਹੀਰੇ ਲਾਲ, ਪੋਹ ਨਾ ਸਕਣ ਰਾਈਆ । ਨਾ ਕੋਈ ਪਰਖੇ ਬਣ ਦਲਾਲ, ਜਗਤ ਦਲਾਲੀ ਨਾ ਕੋਇ ਕਮਾਈਆ । ਨਾ ਕੋਈ ਲਪੇਟੇ ਵਿਚ ਰੁਮਾਲ, ਨੂਰ ਨੂਰ ਨਾ ਕੋਇ ਛੁਪਾਈਆ । ਸਾਰੀ ਮਜਲਸ ਹੋਈ ਖ਼ੁਸ਼ਹਾਲ, ਖ਼ੁਸ਼ੀ ਖ਼ੁਸ਼ੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਤ੍ਰਿਸ਼ਨਾ ਪੂਰ ਕਰਾਈਆ । ਜਗਤ ਤ੍ਰਿਸ਼ਨਾ ਹੋਏ ਪੂਰ, ਧੰਨ ਦੌਲਤ ਝੋਲੀ ਪਾਇਆ । ਤੇਰਾ ਕੰਗਣ ਹੋਇਆ ਮਨਜ਼ੂਰ, ਮਜ਼ਦੂਰੀ ਦਏ ਚੁਕਾਇਆ । ਤੂੰ ਬੜਾ ਸੂਰਾ ਸੂਰਬੀਰ, ਬੀਰਤਾ ਤੇਰੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਸਾਚਾ ਕੰਗਣ ਲਿਆ ਰੱਖ, ਕੀਮਤ ਆਪ ਚੁਕਾਈਆ । ਆਪਣੇ ਕੋਲ ਰੱਖਿਆ ਵੱਖ, ਵੱਖਰੀ ਧਾਰ ਵਖਾਈਆ । ਘਰ ਆ ਦਿਤਾ ਦੱਸ, ਮੋਹਣੀ ਰਿਹਾ ਸਮਝਾਈਆ । ਇਸ ਵਿਚ ਨਾ ਕੋਈ ਸ਼ੱਕ, ਸ਼ਕਾਇਤ ਹੋਰ ਨਾ ਕੋਇ ਲਗਾਈਆ । ਦਰਗਹਿ ਸਾਚੀ ਦਾ ਸਾਚਾ ਹੱਕ, ਹੱਕ ਤੇਰੇ ਹੱਥ ਫੜਾਈਆ । ਤੂੰ ਪੌਣਾ ਆਪਣੇ ਹੱਥ, ਲਾਲ ਮਹਿੰਦੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਫੜਿਆ ਕੰਗਣ ਨੇਤਰ ਵੇਖ, ਮਨ ਹੋਇਆ ਚਾਓ ਘਨੇਰਾ । ਉਸ ਵਣਜਾਰੇ ਲਵਾਂ ਪੇਖ, ਜਿਸ ਨਗਰੀ ਪਾਇਆ ਫੇਰਾ । ਮੈਂ ਇਸ ਦਾ ਲਵਾਂ ਭੇਤ, ਇਸ ਘੜਨਹਾਰਾ ਕਿਹੜਾ । ਕਵਣ ਰਾਜਨ ਨਾਲ ਕਰੇ ਹੇਤ, ਆਪਣਾ ਬੰਨ੍ਹੇ ਬੇੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਹੇਰਾ ਫੇਰਾ । ਰਾਣੀ ਕਹੇ ਸੁਣ ਰਾਜਾ, ਤੇਰੀ ਰੱਯਤ ਵਡੀ ਵਡਿਆਈਆ । ਜਿਸ ਨੇ ਕਰਿਆ ਤੇਰਾ ਕਾਜਾ, ਤੇਰੇ ਨਾਲ ਖ਼ੁਸ਼ੀ ਮਨਾਈਆ । ਮੈਂ ਨੇਤਰ ਪੇਖਾਂ ਜਿਸ ਨੇ ਸਾਜਣ ਸਾਜਾ, ਕੰਗਣ ਘਾੜਤ ਲਿਆ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹ ਵੇਖ ਵਖਾਈਆ । ਮੈਂ ਵੇਖਾਂ ਕਵਣ ਮਜ਼ਦੂਰ, ਮਜ਼ਦੂਰੀ ਰਿਹਾ ਕਮਾਈਆ । ਜੋ ਚਲ ਕੇ ਆਇਆ ਹਜ਼ੂਰ, ਸਾਚੀ ਵਸਤ ਭੇਟ ਚੜ੍ਹਾਈਆ । ਏਹਦਾ ਨੂਰ ਵੱਡਾ ਕੋਹਤੂਰ, ਨੁਰਾਨਾ ਨੂਰ ਨੂਰ ਰੁਸ਼ਨਾਈਆ । ਮੈਂ ਉਸ ਦਾ ਖ਼ਜ਼ਾਨਾ ਕਰਾਂ ਭਰਪੂਰ, ਜੋ ਜੋੜੀ ਦਏ ਮਿਲਾਈਆ । ਮੈਂ ਦਰਸ ਕਰਾਂ ਜ਼ਰੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਆਪ ਮੁਕਾਈਆ । ਰਾਣੀ ਕਹੇ ਸੁਣ ਸਾਚੇ ਭੂਪ, ਤੇਰੀ ਭੂਮੀ ਮਿਲੇ ਵਡਿਆਈਆ । ਤੇਰਾ ਹੁਕਮ ਰਹੇ ਚਾਰ ਕੂਟ, ਦਹਿ ਦਿਸ਼ਾ ਵੱਜੇ ਵਧਾਈਆ । ਮੈਂ ਉਸ ਦਾ ਵੇਖਣਾ ਰੂਪ, ਜੋ ਕੰਗਣ ਰਿਹਾ ਘੜਾਈਆ । ਮੈਂ ਆਪਣਾ ਬਣਾਵਾਂ ਪੂਤ, ਜੇ ਦੂਜਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਪਰਦਾ ਆਪ ਚੁਕਾਈਆ । ਰਾਜਾ ਕਹੇ ਸੁਣ ਧਿਆਨ, ਧਿਆਨ ਨਾਲ ਮਿਲਾਈਆ । ਇਕੋ ਇਕ ਕਰ ਪਰਵਾਨ, ਸਾਚੀ ਵਸਤ

ਤੇਰੇ ਹੱਥ ਫੜਾਈਆ । ਦੂਜਾ ਦਿਸੇ ਨਾ ਕੋਇ ਨਿਸ਼ਾਨ, ਘਾੜਤ ਘੜ ਨਾ ਕੋਇ ਵਖਾਈਆ । ਮੈਂ ਤੇਰਾ ਰੱਖਿਆ ਵੱਡਾ ਮਾਣ, ਆਪਣੇ ਤਨ ਨਾ ਮੂਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਆਪਣੇ ਹੱਥ ਰਖਾਈਆ । ਰਾਣੀ ਕਹੇ ਮੇਰਾ ਕੋਈ ਨਾ ਵਸ, ਮੇਰੇ ਮਨ ਚੈਨ ਨਾ ਆਈਆ । ਜਿੰਨਾਂ ਚਿਰ ਨਾ ਦੇਵੇਂ ਦੱਸ, ਮੋਹੇ ਨਿੰਦਰਾ ਮੂਲ ਨਾ ਭਾਈਆ । ਤੇਰੇ ਨਾਲ ਨਾ ਬੋਲਾਂ ਹੱਸ, ਆਪਣੀ ਕਰਵਟ ਲਵਾਂ ਬਦਲਾਈਆ । ਜੇ ਗੁਸੇ ਹੋਵੇਂ ਤਾਂ ਜਾਵਾਂ ਨੱਠ, ਤੇਰੀ ਮਾਟੀ ਖ਼ਾਕ ਮਿਲਾਈਆ । ਜੇ ਅੱਗੋਂ ਕਰੇਂ ਹਠ, ਬਣ ਵਜ਼ੀਰ ਕਰਾਂ ਲੜਾਈਆ । ਜਿੰਨਾ ਚਿਰ ਨਾ ਦੇਵੇਂ ਦੱਸ, ਮੈਂ ਬਣੀ ਰਹਾਂ ਸੌਦਾਈਆ । ਮੇਰੀ ਪੂਰੀ ਹੋਵੇ ਆਸ, ਮੇਰੀ ਬਹੀਆ ਰਹੀ ਕੁਰਲਾਈਆ । ਮੈਂ ਦੋਹਾਂ ਬਾਹਵਾਂ ਨਾ ਕਰਾਂ ਨਿਰਾਸ, ਇਕੋ ਰੰਗ ਵਖਾਈਆ । ਸੱਜਾ ਖੱਬਾ ਮੇਰਾ ਹਾਥ, ਪੰਜ ਉਂਗਲਾਂ ਮਿਲੀ ਵਡਿਆਈਆ । ਇਕ ਦੂਜੇ ਦਾ ਰੱਖਣ ਸਾਥ, ਵਿਛੜ ਕਦੇ ਨਾ ਜਾਈਆ । ਜੇ ਮੈਂ ਰਾਣੀ ਵਸਾਂ ਨਾ ਤੇਰੇ ਪਾਸ, ਤੂੰ ਰਾਜਾ ਬਣ ਮੇਰੇ ਕੰਮ ਕਿਸੇ ਨਾ ਆਈਆ । ਮੈਨੂੰ ਮੇਰਿਆਂ ਦੋਹਾਂ ਹੱਥਾਂ ਦਾ ਸੱਚਾ ਸਾਥ, ਘਰ ਮੰਦਰ ਬੈਠੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਰਾਜਨ ਅੰਤਰ ਕਰ ਵਿਚਾਰ, ਸੁੱਧ ਬੁੱਧ ਭੁਲਾਈਆ । ਇਕ ਲਵਾਵਾਂ ਸਚ ਦਰਬਾਰ, ਸਭ ਨੂੰ ਦਿਆਂ ਸੁਣਾਈਆ । ਜੋ ਕੰਗਣ ਲਿਆਵੇ ਬਣ ਸੁਨਿਆਰ, ਕੀਮਤ ਦਿਆਂ ਮੁਕਾਈਆ । ਮੇਰਾ ਘਰ ਦਾ ਬਣਿਆ ਰਹੇ ਸ਼ਿੰਗਾਰ, ਘਰ ਵੱਜਦੀ ਰਹੇ ਵਧਾਈਆ । ਮੇਰੀ ਰੁਠ ਨਾ ਜਾਏ ਨਾਰ, ਦੁਹਾਗਣ ਰੂਪ ਨਾ ਮਾਤ ਵਟਾਈਆ । ਮੇਰੇ ਸੀਸ ਨਾ ਰਹੇ ਦਸਤਾਰ, ਮੇਰਾ ਨੇਤਰ ਨੈਣ ਸ਼ਰਮਾਈਆ । ਵਜ਼ੀਰ ਅਮੀਰ ਸਾਰੇ ਲਿਆਓ ਭਾਲ, ਜੋ ਕੰਗਣ ਦਏ ਲਿਆਈਆ । ਕੋਇ ਨਾ ਛੱਡੋ ਸ਼ਾਹ ਕੰਗਾਲ, ਘਰ ਘਰ ਫੇਰਾ ਪਾਈਆ । ਅੱਗੋਂ ਕਹੇ ਸਨਾਮ ਬ੍ਰਹਿਮਣ ਬਾਲ, ਪਿਛਲੀ ਗੱਲ ਸਮਝਾਈਆ । ਜੋ ਦੇ ਕੇ ਗਿਆ ਵਿਚ ਰੁਮਾਲ, ਤਿਸ ਬ੍ਰਹਿਮਣ ਲਓ ਮੰਗਾਈਆ । ਉਹ ਹੱਲ ਕਰੇ ਸਵਾਲ, ਦੂਜਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਰਦੰਗ ਵਜਾਈਆ । ਰਾਜਨ ਕਿਹਾ ਵਾਹ ਵਾ, ਵਾਹ ਵਾ ਖ਼ੁਸ਼ੀ ਮਨਾਇਆ । ਜਾਓ ਪਕੜੋ ਬਾਂਹ, ਬਾਹੋਂ ਪਕੜ ਦਰ ਮੰਗਾਇਆ । ਜੇ ਅੱਗੋਂ ਕਰੇ ਨਾਹ, ਫੜ ਫੜ ਦਿਓ ਸਜ਼ਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਜੁਗਤ ਵੇਖ ਵਖਾਇਆ । ਗੰਗਾ ਮਾਈ ਫੜਾਇਆ ਗੰਗੂ ਬ੍ਰਹਿਮਣ, ਗੰਗਾ ਰਾਮ ਸਾਰ ਨਾ ਆਈਆ । ਰਵਦਾਸ ਵਿਚੋਲਾ ਬਣਾਇਆ ਜ਼ਾਮਨ, ਜ਼ਾਮਨੀ ਅੰਤ ਨਾ ਤੋੜ ਨਿਭਾਈਆ । ਮਾਰੀ ਮਾਰ ਕਾਮਨੀ ਕਾਮਨ, ਕਾਮ ਹਿਰਸ ਇਕ ਵਖਾਈਆ । ਹਰਿ ਜੂ ਫੜਿਆ ਨਾ ਸੱਚਾ ਦਾਮਨ, ਦਾਮਨਗੀਰ ਨਾ ਕੋਇ ਅਖਵਾਈਆ । ਨੇਤਰ ਰੋਵੇ ਪੰਡਤ ਬ੍ਰਹਿਮਣ, ਦਰ ਦਰਬਾਰ ਬੈਠਾ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਸਜ਼ਾਈਆ । ਜਗਤ ਬ੍ਰਹਿਮਣ ਕਰ ਵਿਚਾਰ, ਰਾਜਨ ਆਖ ਸੁਣਾਇੰਦਾ । ਰਾਣੀ ਕਰੇ ਗਿਰਿਆਜ਼ਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਕੰਗਣ ਦੂਜਾ ਦੇ ਦੇ ਏਕਾ ਵਾਰ, ਹੋਰ ਮੰਗ ਨਾ ਕੋਇ ਮੰਗਾਇੰਦਾ । ਧਨ ਦਿਆਂ ਅਤੁਟ ਭੰਡਾਰ, ਤੇਰਾ ਘਰ ਭਰਾਇੰਦਾ । ਮੁਖ ਮੋੜ ਜੇ ਜਾਏ ਹਾਰ, ਤਨ ਸੀਸ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣਾ ਝੋਲੀ ਪਾਇੰਦਾ । ਪੰਡਤ ਬ੍ਰਹਿਮਣ ਗਿਆ ਡਰ, ਆਪਣਾ ਆਪ ਵੇਖ ਵਖਾਈਆ । ਰਾਜ ਰਾਜਾਨ ਲਿਆ ਫੜ, ਨਾ ਸਕੇ ਕੋਇ ਛੁਡਾਈਆ । ਬਿਨ ਮੌਤੋਂ ਜਾਣਾ

ਮਰ, ਮੌਤ ਰਹੀ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਮਾਣ ਵਡਿਆਈਆ । ਬ੍ਰਹਿਮਣ ਡਰਿਆ ਕਰ ਖਿਆਲ, ਧਿਆਨ ਧਿਆਨ ਨਾਲ ਮਿਲਾਇੰਦਾ । ਮੇਰੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਸੀਸ ਵਜਾਇੰਦਾ । ਮੇਰਾ ਹੱਲ ਨਾ ਹੋਏ ਸਵਾਲ, ਸਵਾਲੀ ਬਣ ਬਣ ਝੋਲੀ ਡਾਹਿੰਦਾ । ਕੋਇ ਨਾ ਬਣੇ ਸਚ ਦਲਾਲ, ਜਗਤ ਦਲਾਲੀ ਨਾ ਕੋਇ ਕਮਾਇੰਦਾ । ਬਿਨ ਛੁਰੀਉਂ ਹੋਇਆ ਹਲਾਲ, ਹਲਵਾ ਖ਼ੀਰ ਨਾ ਕੋਇ ਪਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਹੁਕਮੀ ਹੁਕਮ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਬ੍ਰਹਿਮਣ ਦਿਸੇ ਨਾ ਕੋਇ ਕਿਨਾਰਾ, ਚਾਰੋਂ ਕੁੰਟ ਵੇਖ ਵਖਾਈਆ । ਨੇਤਰ ਰੋਵੇ ਜ਼ਾਰੋ ਜ਼ਾਰਾ, ਨੈਣ ਨੈਣ ਨੈਣ ਸ਼ਰਮਾਈਆ । ਦੋਏ ਜੋੜ ਕਰੇ ਨਿਮਸਕਾਰਾ, ਧੂੜੀ ਖ਼ਾਕ ਮਸਤਕ ਲਾਈਆ । ਮੈਂ ਮੂਰਖ ਮੁਗਧ ਬਣ ਗਵਾਰਾ, ਆਪਣੀ ਪਤ ਲਈ ਗਵਾਈਆ । ਦੱਸਾਂ ਸਚ ਇਕ ਵਿਹਾਰਾ, ਪਿਛਲਾ ਭੇਵ ਰਿਹਾ ਖੁਲ੍ਹਾਈਆ । ਬਨਾਰਸ ਬੈਠਾ ਰਵਦਾਸ ਚੁਮਿਆਰਾ, ਪਾਣੇ ਗੰਢੇ ਸੇਵ ਕਮਾਈਆ । ਓਨ ਕਸੀਰਾ ਦਿਤਾ ਇਕੋ ਵਾਰਾ, ਮੈਂ ਗੰਗਾ ਭੇਟ ਚੜ੍ਹਾਈਆ । ਗੰਗਾ ਮਾਤਾ ਕੀਤਾ ਸਚ ਵਿਹਾਰਾ, ਹੱਥ ਸ਼ਕੰਗਣ ਦਏ ਫੜਾਈਆ । ਜਾ ਕੇ ਦੇਣਾ ਰਵਦਾਸ ਚੁਮਾਰਾ, ਏਕਾ ਵਾਰ ਸੁਣਾਈਆ । ਮੈਂ ਲੈ ਕੇ ਆਇਆ ਤੇਰੇ ਦੁਆਰਾ, ਹਰਿ ਕਾ ਭੇਵ ਨਾ ਪਾਈਆ । ਬਿਨ ਰਵਦਾਸ ਨਾ ਕਰੇ ਕੋਈ ਛੁਟਕਾਰਾ, ਨਾ ਕੋਈ ਕੰਗਣ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਦਏ ਵਡਿਆਈਆ । ਰਾਜਾ ਕਹੇ ਕਵਣ ਚੁਮਿਆਰ, ਰਵਦਾਸ ਨਾਉਂ ਧਰਾਇੰਦਾ । ਕਵਣ ਕੂਟ ਕਰੇ ਪਿਆਰ, ਕਵਣ ਧਾਮ ਡੇਰਾ ਲਾਇੰਦਾ । ਮੈਂ ਚਲ ਕੇ ਕਰਾਂ ਦੀਦਾਰ, ਨੇਤਰ ਦਰਸ਼ਨ ਪਾਇੰਦਾ । ਮੇਰਾ ਕਾਰਜ ਦਏ ਸੁਵਾਰ, ਦੁੱਖ ਸੁਖ ਵਿਚ ਬਦਲਾਇੰਦਾ । ਮੈਂ ਡੰਡੌਤ ਕਰਾਂ ਨਿਮਸਕਾਰ, ਚਰਨੀ ਸੀਸ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਵਖਾਇੰਦਾ । ਪੰਡਤ ਕਹੇ ਮੇਰੇ ਨਾਲ ਚਲ, ਏਕਾ ਚਲਤ ਵਖਾਇਆ । ਭਗਤ ਦੁਆਰਾ ਲਈਏ ਮੱਲ, ਆਪਣਾ ਪੰਧ ਮੁਕਾਇਆ । ਢੋਰਾਂ ਲੌਂਹਦਾ ਵੇਖੀਏ ਖੱਲ, ਆਪਣੀ ਹੱਥੀਂ ਸੇਵ ਕਮਾਇਆ । ਹਰਿ ਜੂ ਭੁੱਲੇ ਨਾ ਘੜੀ ਪਲ, ਅੱਠੇ ਪਹਿਰ ਰਿਹਾ ਧਿਆਇਆ । ਸ੍ਰਿਸ਼ਟ ਸਬਾਈ ਕਰ ਕਰ ਵਲ ਛਲ, ਆਪਣਾ ਆਪ ਰਿਹਾ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤੀ ਮਾਰਗ ਏਕਾ ਲਾਇਆ । ਆਏ ਚਲ ਭਗਤ ਦੁਆਰ, ਨਿਉਂ ਨਿਉਂ ਸੀਸ ਝੁਕਾਈਆ । ਕਿਰਪਾ ਕਰ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਰਹੇ ਸਲਾਹੀਆ । ਦਰ ਦਰਵੇਸ਼ ਬਣੇ ਭਿਖਾਰ, ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਧ ਨਾਤਾ ਜੋੜ ਜੁੜਾਈਆ । ਰਵਦਾਸ ਅੱਗੋਂ ਪਿਆ ਹੱਸ, ਹੰਸ ਮੁਖ ਸਲਾਹਿਆ । ਮੈਂ ਨਿਮਾਣਾ ਮੇਰਾ ਕੋਈ ਨਾ ਚਲੇ ਵਸ, ਰਾਜ ਰਾਜਾਨਾ ਸੀਸ ਝੁਕਾਇਆ । ਮੇਰੀ ਸੇਵਾ ਦਿਓ ਦੱਸ, ਜੇ ਕੋਈ ਮਰਿਆ ਢੋਰ ਲਵਾਂ ਉਠਾਇਆ । ਚਰਨ ਦੁਆਰੇ ਗਿਆ ਢੱਠ, ਗੱਲ ਵਿਚ ਪੱਲੂ ਪਾਇਆ । ਰਾਜਨ ਮੇਰੀ ਰੱਖੀਂ ਪਤ, ਮੈਂ ਤੇਰੀ ਭੇਟ ਕੁੱਛ ਕਰ ਨਾ ਸਕਿਆ ਰਾਇਆ । ਮੈਂ ਚਾਰ ਪਹਿਰ ਅੰਦਰ ਪੰਜ ਪੈਸੇ ਲਵਾਂ ਵੱਟ, ਆਪਣੇ ਬੱਚਿਆਂ ਝੱਟ ਲੰਘਾਇਆ । ਜੇ ਕੋਈ ਪੈਸਾ ਰਹਿ ਜਾਏ ਘੱਟ, ਕਿਸੇ ਕੋਲ ਮੰਗਣ ਕਦੇ ਨਾ ਜਾਇਆ । ਮੈਂ ਸੌਦਾ ਲਵਾਂ ਇਕੋ ਹੱਟ, ਬਣ ਵਣਜਾਰਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਸੰਗ ਆਪ ਰਖਾਇਆ । ਐ ਰਾਜਨ ਮੈਂ ਜਗਤ


੧੪੦
੧੧

ਕੰਗਾਲ, ਕੰਗਾਲੀ ਮੇਰੇ ਮਨ ਵਿਚ ਭਾਈਆ । ਜਗਤ ਕੰਗਾਲੀ ਬਣ ਦਲਾਲ, ਮੇਰਾ ਸੰਗ ਨਿਭਾਈਆ । ਮੇਰਾ ਸੌਦਾ ਹੱਕ ਹਲਾਲ, ਦੂਜੀ ਵਸਤ ਨਾ ਕੋਈ ਉਠਾਈਆ । ਮੈਂ ਤੇਰੀ ਸੇਵਾ ਲਵਾਂ ਘਾਲ, ਆਪਣੀ ਹੱਥੀਂ ਤੇਰੇ ਚਰਨਾਂ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖ਼ਿਮਾ ਗ਼ਰੀਬੀ ਸੰਤਾਂ ਭਗਤਾਂ ਵਿਚ ਟਿਕਾਈਆ । ਗ਼ਰੀਬੀ ਵੇਖ ਰਾਜਨ ਰਾਜ, ਆਪਣਾ ਮਾਣ ਤਜਾਇਆ । ਸਿਰ ਤੋਂ ਲਾਹ ਕੇ ਆਪਣਾ ਤਾਜ, ਚਰਨਾਂ ਵਿਚ ਰਖਾਇਆ । ਤੇਰੇ ਪਾਟੇ ਚੀਥੜੇ ਰੱਖਣ ਮੇਰੀ ਲਾਜ, ਲਾਜਾਵੰਤ ਹੋਏ ਸ਼ਰਮਾਇਆ । ਤੂੰ ਕਰਨਾ ਸਾਡਾ ਕਾਜ, ਦਰ ਤੇਰੇ ਫੇਰਾ ਪਾਇਆ । ਤੂੰ ਮੰਨਦਾ ਗੁਰੂ ਮਹਾਰਾਜ, ਮੈਂ ਤੈਨੂੰ ਗੁਰੂ ਮੰਨਾਇਆ । ਮੇਰਾ ਟੁੱਟਦਾ ਜਾਏ ਸਾਕ, ਮੇਰੀ ਨਾਰੀ ਦਏ ਦੁਹਾਇਆ । ਮੇਰੀ ਸੁੰਵੀ ਦਿਸੇ ਖਾਟ, ਆਸਣ ਕੋਈ ਨਾ ਸੋਭਾ ਪਾਇਆ । ਮੈਂ ਕੱਟ ਕੇ ਆਇਆ ਵਾਟ, ਤੇਰੀ ਓਟ ਤਕਾਇਆ । ਮੇਰਾ ਪੂਰਾ ਕਰ ਦੇ ਘਾਟ, ਤੂੰ ਦੇਵਣਹਾਰ ਸਬਾਇਆ । ਮੇਰਾ ਖ਼ਾਲੀ ਭਰਦੇ ਖਾਤ, ਖਾਤਾ ਆਪਣੇ ਦੇ ਵਖਾਇਆ । ਇਕ ਵਾਰ ਵੇਖ ਮਾਰ ਝਾਤ, ਮੈਂ ਰਾਜਨ ਤੇਰੇ ਦਰ ਤੇ ਸੀਸ ਝੁਕਾਇਆ । ਮੇਰਾ ਟੁੱਟਦਾ ਜਾਏ ਸਾਥ, ਮੇਰੀ ਨਾਰੀ ਦੇ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇਆ । ਰਵਦਾਸ ਕਹੇ ਸੁਣ ਰਾਜਨ ਸ਼ਾਹ, ਸ਼ਹਿਨਸ਼ਾਹ ਤੇਰੀ ਵਡਿਆਈਆ । ਮੈਂ ਤੱਪੜ ਫੂੜੀ ਬੈਠਾ ਵਿਛਾ, ਆਪਣੀ ਆਰ ਹੱਥ ਉਠਾਈਆ । ਜੁੱਤੇ ਗੰਢਾਂ ਬਣ ਮਲਾਹ, ਪਤਨ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਰਖਾਈਆ । ਮੇਰੀ ਸੇਵਾ ਟੁੱਟੀ ਗੰਢਾਂ, ਟੁੱਟੇ ਜੁਤਿਆਂ ਪ੍ਰੀਤ ਲਗਾਈਆ । ਦਿਵਸ ਰੈਣ ਮੰਗ ਇਕੋ ਮੰਗਾਂ, ਪ੍ਰਭ ਤੇਰੀ ਸ਼ਰਨ ਸ਼ਰਨਾਈਆ । ਤੇਰੇ ਭਗਤਾਂ ਚਰਨ ਧੂੜੀ ਤਨ ਆਪਣਾ ਰੰਗਾਂ, ਰੰਗ ਰੰਗੀਲਾ ਰੰਗ ਚੜ੍ਹਾਈਆ । ਇਕ ਬ੍ਰਹਿਮਣ ਆਇਆ ਬਨਾਰਸ ਸੰਗਾ, ਆਪਣਾ ਸੰਗ ਨਿਭਾਈਆ । ਮੈਂ ਇਕ ਕਸੀਰਾ ਕਰ ਕੇ ਦਿਤਾ ਨੰਗਾ, ਕੌਡੀ ਰੂਪ ਵਟਾਈਆ । ਭੇਟਾ ਦੇਣਾ ਜਾ ਕੇ ਗੰਗਾ, ਮੇਰੀ ਖ਼ੁਸ਼ੀ ਹੋਵੇ ਮਾਈਆ । ਲੋਕਾਂ ਵਾਸਤੇ ਮੈਂ ਮਾੜਾ ਬੰਦਾ, ਤੈਨੂੰ ਕਬੂਲ ਕਰੇ ਮੇਰਾ ਮਾਹੀਆ । ਜੇ ਮੈਂ ਚਲ ਕੇ ਜਾਵਾਂ ਮੁਕਾ ਕੇ ਪੈਂਡਾ, ਪਿੱਛੇ ਧੀਆਂ ਪੁੱਤਰ ਰਹੇ ਕੁਰਲਾਈਆ । ਮੇਰਾ ਸਾਹਿਬ ਦਿਆਲ ਦੂਰ ਦੁਰਾਡਿਆਂ ਬੈਠਿਆਂ ਸੁਣਦਾ, ਜੋ ਆਪਣੀ ਰਹੇ ਸੁਣਾਈਆ । ਲੇਖਾ ਜਾਣੇ ਗੁਣ ਅਵਗੁਣ ਦਾ, ਭੇਵ ਨਾ ਕੋਈ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਧਰਾਈਆ । ਗੰਗਾ ਰਾਮ ਮਾਰ ਕੇ ਧਾਹ, ਧਰਨੀ ਨੀਰ ਵਹਾਇੰਦਾ । ਮੇਰੇ ਮਸਤਕ ਲੱਗੀ ਛਾਹ, ਲੱਗੀ ਛਾਹ ਨਾ ਕੋਈ ਮਿਟਾਇੰਦਾ । ਮੈਂ ਭੁਲਿਆ ਤੇਰਾ ਰਾਹ, ਤੇਰੀ ਓਟ ਨਾ ਕੋਈ ਤਕਾਇੰਦਾ । ਮੈਂ ਤੇਰਾ ਕੰਗਣ ਲਿਆ ਲੁਕਾ, ਰਾਜਨ ਹੱਥ ਫੜਾਇੰਦਾ । ਰਾਜਣ ਰਾਣੀ ਆਂਦੀ ਵਿਆਹ, ਪ੍ਰੇਮ ਪਿਆਰ ਦਰਸਾਇੰਦਾ । ਤਿਸ ਹੱਥੀਂ ਦਿਤਾ ਪਾ, ਆਪਣੀ ਖ਼ੁਸ਼ੀ ਮਨਾਇੰਦਾ । ਅੱਗੋਂ ਕਰ ਗਈ ਨਾ, ਇਕ ਜੋੜਾ ਮੋਹੇ ਭਾਇੰਦਾ । ਜਿੰਨਾਂ ਚਿਰ ਨਾ ਲਏਂ ਮਿਲਾ, ਸਾਚਾ ਸੁਖ ਨਜ਼ਰ ਕੋਇ ਨਾ ਆਇੰਦਾ । ਮੈਨੂੰ ਫੜ ਕੇ ਲਿਆ ਬੁਲਾ, ਜਲਾਦ ਖੰਜ਼ਰ ਹੱਥ ਉਠਾਇੰਦਾ । ਮੈਂ ਡਰ ਕੇ ਤੇਰਾ ਰਾਹ ਦਿਤਾ ਬਤਾ, ਚਲ ਦੁਵਾਰੇ ਤੇਰੇ ਆਇੰਦਾ । ਮੇਰੇ ਪਿਛਲੇ ਬਖ਼ਸ਼ ਗੁਨਾਹ, ਅੱਗੇ ਏਕਾ ਮੰਗ ਮੰਗਾਇੰਦਾ । ਮੈਨੂੰ ਉਸ ਦਾ ਪੱਲੂ ਦੇਣਾ ਫੜਾ, ਜੋ ਪੱਲੂ ਤੇਰੇ ਨਾਲ ਬੰਧਾਇੰਦਾ । ਰਾਜਨ ਪੂਰੀ ਆਸ ਦੇਣੀ ਕਰਾ, ਨਿਰਾਸਾ ਦਰ ਨਾ ਕੋਈ ਜਣਾਇੰਦਾ । ਰਵਦਾਸ ਚੁਮਿਆਰ ਦਏ ਸਲਾਹ, ਦੋਹਾਂ ਇਕੋ ਗੁਣ ਵਖਾਇੰਦਾ । ਮੇਰੀ ਤਪੜੀ ਫੂੜੀ ਪੱਲੂ ਦੇਓ

ਉਠਾ, ਸਾਚੀ ਸੇਵ ਸਮਝਾਇੰਦਾ । ਥੱਲੇ ਗੰਗਾ ਵਗੇ ਬੇਪਰਵਾਹ, ਕੋਟਨ ਕੋਟ ਕੰਗਣ ਵਿਚ ਰਲਾਇੰਦਾ । ਜਿਹੜਾ ਮਿਲਦਾ ਲਓ ਮਿਲਾ, ਦੂਜੇ ਆਪਣੇ ਹੇਠ ਦਬਾਇੰਦਾ । ਆਪਣੀ ਹੱਥੀਂ ਕਿਰਤ ਕਮਾ, ਆਪਣੇ ਘਰ ਘਰ ਬਹਿ ਬਹਿ ਖਾਇੰਦਾ । ਗੰਗਾ ਰਾਮ ਦਏ ਸਮਝਾ, ਏਕਾ ਨਾਮ ਦ੍ਰਿੜਾਇੰਦਾ । ਅੱਗੇ ਮਾਰਗ ਦੇਵੇ ਪਾ, ਆਪਣੇ ਨਾਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਆਪ ਵਧਾਇੰਦਾ । ਰਵਦਾਸ ਫੜਾਇਆ ਪੰਡਤ ਦਾਮਨ, ਦਾਮਨਗੀਰ ਇਕ ਅਖਵਾਈਆ । ਕਲਜੁਗ ਅੰਤਮ ਹੋਵਾਂ ਜਾਮਨ, ਜ਼ਾਮਨੀ ਪੂਰ ਕਰਾਈਆ । ਰੈਣ ਅੰਧੇਰੀ ਮੇਟ ਸ਼ਾਮਨ, ਸਾਚਾ ਚੰਦ ਚੜ੍ਹਾਈਆ । ਕਰੇ ਪਰਕਾਸ਼ ਕੋਟਨ ਭਾਨਨ, ਅੰਧ ਅੰਧੇਰ ਗਵਾਈਆ । ਜਗਤ ਨਾਤਾ ਤੋੜ ਅਭਿਮਾਨਨ, ਮਾਣ ਦਿਆਂ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਮਨ ਇਕ ਵਖਾਈਆ । ਦਾਮਨਗੀਰ ਬਣ ਚੁਮਿਆਰ, ਚੋਆ ਚੰਦਨ ਇਕ ਵਖਾਇੰਦਾ । ਤੇਰਾ ਲੇਖਾ ਵਿਚ ਸੰਸਾਰ, ਲਿਖ ਲਿਖ ਪਾਤੀ ਆਪ ਜਣਾਇੰਦਾ । ਕਲਜੁਗ ਅੰਤਮ ਹੋਏ ਆਧਾਰ, ਅੰਧ ਅੰਧੇਰ ਨਾ ਫੇਰਾ ਪਾਇੰਦਾ । ਪੁਰਖ ਅਬਿਨਾਸ਼ੀ ਪਾਵੇ ਸਾਰ, ਜਮ ਕੀ ਫਾਸੀ ਫੰਦ ਕਟਾਇੰਦਾ । ਪੰਡਤ ਕਾਂਸ਼ੀ ਗਿਆ ਹਾਰ, ਜਗਤ ਵਿਦਿਆ ਜਗਤ ਰੁੜ੍ਹਾਇੰਦਾ । ਮਨ ਉਦਾਸੀ ਹੋਈ ਛਾਰ, ਸ਼ਾਹੀ ਮਸਤਕ ਨਾ ਕੋਈ ਧੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਾਰ ਧਾਰ ਨਾਲ ਮਿਲਾਇੰਦਾ । ਕਹੇ ਰਵਦਾਸ ਹੌਸਲਾ ਰੱਖ, ਹੌਲੀ ਹੌਲੀ ਸਮਝਾਈਆ । ਕਲਜੁਗ ਅੰਤਮ ਕਰੇ ਸਾਡਾ ਪੱਖ, ਦੋਹਾਂ ਲਏ ਮਿਲਾਈਆ । ਮੇਰਾ ਤੇਰਾ ਲਹਿਣਾ ਚੁਕਾਏ ਤੇਰੀ ਕੁੱਲੀ ਕੱਖ, ਘਰ ਤੇਰੇ ਫੇਰਾ ਪਾਈਆ । ਨੌਂ ਜਨਮ ਮਾਤ ਗਰਭ, ਫਿਰ ਫਿਰ ਜਨਮ ਦਵਾਈਆ । ਅੰਤਮ ਕਲ ਹੋ ਪਰਗਟ, ਪ੍ਰਭ ਆਪਣੇ ਨਾਲ ਮਿਲਾਈਆ । ਜਨਮ ਜਨਮ ਦਾ ਮੇਟੇ ਫੱਟ, ਦੂਈ ਦੁਰਮਤ ਦਏ ਗਵਾਈਆ । ਆਪੇ ਚੁੱਕੇ ਆਪਣੇ ਹੱਥ, ਸਾਚੀ ਗੋਦੀ ਲਏ ਬਹਾਈਆ । ਗੰਗਾ ਮਾਤਾ ਬੁਲਾਕ ਜੇ ਨਾ ਦਿਤਾ ਨੱਥ, ਅੰਤਮ ਆਪਣੀ ਹੱਥੀਂ ਨੱਥ ਸੁਹਾਗ ਦਏ ਤੁੜਾਈਆ । ਤ੍ਰਬੈਣੀ ਨੈਣੀ ਆਏ ਨੱਠ, ਰਵਦਾਸ ਚੁਮਿਆਰਾ ਨਾਲ ਮਿਲਾਈਆ । ਆਪੇ ਬਹਿ ਕੇ ਸਾਚੇ ਘਾਟ, ਆਪਣਾ ਖੇਲ ਦਏ ਵਖਾਈਆ । ਰਵਦਾਸ ਧੋਵੇ ਚਰਨ ਨਾਥ, ਪੁਰਖ ਅਬਿਨਾਸ਼ੀ ਆਪ ਧੁਆਈਆ । ਗੰਗਾ ਰਾਣੀ ਮੰਗੇ ਸਾਥ, ਭਗਤਾਂ ਅੱਗੇ ਝੋਲੀ ਡਾਹੀਆ । ਪ੍ਰਭ ਜੀ ਬਣਿਆ ਨਟੂਆ ਨਾਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਮੈਂ ਤੱਕਦੀ ਰਹੀ ਅੱਗੇ ਘਾਟ, ਆਪਣਾ ਨੈਣ ਉਠਾਈਆ । ਮੈਂ ਭੁੱਲੀ ਪ੍ਰਭ ਦੇ ਭਗਤਾਂ ਸਾਥ, ਮੇਰੇ ਉਤੇ ਨਜ਼ਰ ਨਾ ਪਾਈਆ । ਮੈਂ ਰਾਹ ਤੱਕਾਂ ਕਮਲਾਪਾਤ, ਕਮਲੀ ਹੋਏ ਦਿਆਂ ਦੁਹਾਈਆ । ਮੇਰੀ ਪੁੱਛੇ ਆ ਕੇ ਵਾਤ, ਵਾਤਾਵਰਨ ਦਿਆਂ ਸੁਣਾਈਆ । ਓਹ ਇਕੀ ਸਿਖਾਂ ਨਾਲ ਬੰਨ ਕੇ ਬੈਠਾ ਨਾਤ, ਓਹ ਨਾਤਾ ਗਿਆ ਤੁੜਾਈਆ । ਮੈਂ ਬਣੀ ਨਾਰ ਕਮਜ਼ਾਤ, ਆਪ ਆਪਣਾ ਸਕੀ ਨਾ ਭੇਟ ਚੜ੍ਹਾਈਆ । ਇਕ ਕਸੀਰਾ ਦੇ ਕੇ ਦਾਤ, ਆਪਣਾ ਮਾਣ ਵਖਾਈਆ । ਤਿਸ ਕਸੀਰੇ ਪਿੱਛੇ ਤਿੰਨਾਂ ਦਾ ਹੋਇਆ ਨਾਸ, ਰਾਜਾ ਰਾਣੀ ਰਹੇ ਕੁਰਲਾਈਆ । ਭਗਤ ਪੁੱਛੇ ਸਾਚੀ ਬਾਤ, ਸਚ ਸਚ ਇਕ ਜਣਾਈਆ । ਲੜ ਫੜਾਇਆ ਕਮਲਾਪਾਤ, ਬੰਧਨ ਆਪਣਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਮਨ ਦਾਮਨ ਨਾਲ ਫੜਾਈਆ । ਦਾਮਨ ਫੜਿਆ ਦਾਮਨਗੀਰ, ਦਿਲਦਾਰ ਦਇਆ ਕਮਾਇੰਦਾ । ਲੇਖਾ ਚੁਕਿਆ ਜਗਤ ਫਕੀਰ, ਹਰਕਤ ਆਪਣੀ ਆਪ ਸਮਝਾਇੰਦਾ । ਬਦਲੀ ਲੋਕਮਾਤ ਤਕਦੀਰ, ਤਦਬੀਰ ਆਪਣੀ ਆਪ ਵਖਾਇੰਦਾ । ਦਰਸ ਦੇਵੇ ਬੇਨਜ਼ੀਰ, ਨਜ਼ਰ ਮਿਹਰ

ਆਪੇ ਪਾਇੰਦਾ । ਚੋਟੀ ਚਾੜ੍ਹੇ ਫੜ ਅਖ਼ੀਰ, ਆਖਰ ਆਪਣਾ ਮੇਲ ਵਿਖਾਇੰਦਾ । ਗੁਰਸਿਖ ਨਾ ਹੋਏ ਦਿਲਗੀਰ, ਦਿਲ ਦੀ ਦਰਦ ਆਪ ਮਿਟਾਇੰਦਾ । ਲਿਖ ਲਿਖ ਚਿੱਟੇ ਉਤੇ ਮਾਰੇ ਕਾਲੀ ਲਕੀਰ, ਜਗਤ ਜੰਜ਼ੀਰ ਆਪ ਕਟਾਇੰਦਾ । ਏਥੇ ਓਥੇ ਕੱਟੇ ਭੀੜ, ਸਗਲਾ ਸੰਗ ਨਿਭਾਇੰਦਾ । ਦਸ ਗੁਰੂ ਗੁਰੂ ਗਰੰਥ ਬੰਨ੍ਹ ਕੇ ਗਏ ਬੀੜ, ਪੁਰਖ ਅਕਾਲ ਗੁਰਸਿਖਾਂ ਬੀੜ ਬਨਾਇੰਦਾ । ਭਗਤ ਭਗਵੰਤ ਮਿਲ ਮਿਲ ਕੱਟਣ ਭੀੜ, ਸਗਲਾ ਸੰਗ ਨਿਭਾਇੰਦਾ । ਇਕ ਦੂਜੇ ਨੂੰ ਮਿਲਣ ਪੈਂਡਾ ਚੀਰ, ਚੇਤਨ ਆਪਣਾ ਆਪ ਜਣਾਇੰਦਾ । ਜਿਸ ਨੂੰ ਕਹਿੰਦੇ ਉਚ ਦਾ ਪੀਰ, ਹੋ ਹੋ ਨੀਵਾਂ ਸੇਵ ਕਮਾਇੰਦਾ । ਮਾਲਵਾ ਕਹੇ ਗੁਰਸਿੱਖ ਮੇਰਾ ਬੀਰ, ਮਾਝਾ ਕਹੇ ਵੀਰ ਵੀਰਾਂ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਆਬਾ ਵੇਖੇ ਦੋ ਦੋ ਆਬਾ ਐਹਬਾਬ ਰਬਾਬ ਇਕ ਸੁਣਾਇੰਦਾ । ਵੱਜੇ ਰਬਾਬ ਬਿਨ ਤੰਦੀ ਤੰਦ, ਤਾਰ ਸਤਾਰ ਨਾ ਕੋਈ ਵਿਖਾਈਆ । ਰਵਦਾਸ ਗਾਇਆ ਭਗਵੰਤ ਛੰਦ, ਭਗਵਨ ਰਵਦਾਸ ਰਿਹਾ ਵਡਿਆਈਆ । ਬ੍ਰਹਿਮਣ ਟੁੱਟੀ ਦੇਵੇ ਗੰਢ, ਗੰਢ ਡੋਰੀ ਨਾਲ ਬੰਧਾਈਆ । ਆਪਣੀ ਆਰ ਰੰਬੀ ਆਪੇ ਚੰਡ, ਚੰਡਕਾ ਰੂਪ ਵਖਾਈਆ । ਕੱਢੇ ਵਾਸਨਾ ਝੂਠੀ ਮੰਦ, ਕੂੜੀ ਕਿਰਿਆ ਦਏ ਖਪਾਈਆ । ਇਕ ਵਖਾਏ ਪਰਮਾਨੰਦ, ਪਰਮ ਪੁਰਖ ਵਖਾਈਆ । ਦਾਮਨਗੀਰ ਸਾਹਿਬ ਬਖ਼ਸ਼ੰਦ, ਪਲੂ ਹੱਥ ਫੜਾਈਆ । ਤਾਰਾ ਸਿੰਘ ਗਾਇਆ ਛੰਦ, ਪ੍ਰਭ ਛੰਦ ਨਾਲ ਛੰਦ ਮਿਲਾਈਆ । ਵੱਜਣ ਦਿਤਾ ਨਾ ਕੋਈ ਡੰਡ, ਨਾਰ ਪੁਰਖ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲੀ ਕਰਤੂਤ ਕੰਮ ਕੀਤਾ ਸੂਤ, ਬਣ ਤਰਖਾਣ ਸ੍ਰੀ ਭਗਵਾਨ ਸੂਤਰ ਇਕੋ ਵਾਰ ਲਗਾਈਆ । ਸੂਤਰ ਲਾ ਕੇ ਫੇਰਿਆ ਆਰਾ, ਤਿੱਖੇ ਦੰਦ ਆਪ ਰਖਾਇੰਦਾ । ਇਕੋ ਮਾਰਿਆ ਫੜ ਕੁਹਾੜਾ, ਦੋ ਦੋ ਫਾੜ ਕਰਾਇੰਦਾ । ਕਰਿਆ ਖੇਲ ਅਪਰ ਅਪਾਰਾ, ਆਪਣੀ ਵਾਰ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿੰਘ ਤਾਰਾ ਤਾਰ ਵਖਾਇੰਦਾ । ਸਿੰਘ ਤਾਰਾ ਸਾਚਾ ਸੁਤ, ਸੁਤ ਸੁਤ ਬੰਧਨ ਪਾਇਆ । ਜਗਤ ਨਾਤਾ ਜਾਏ ਤੁਟ, ਸਤਿਗੁਰ ਆਪਣਾ ਆਪ ਬੰਧਾਇਆ । ਪੰਜ ਤੱਤ ਕਾਇਆ ਚੋਲਾ ਜੇ ਜਾਏ ਛੁੱਟ, ਮੁੜ ਕੇ ਲਏ ਨਾ ਕੋਇ ਮਿਲਾਇਆ । ਪੁਰਖ ਅਬਿਨਾਸ਼ੀ ਸੁਹਾਇਆ ਕੋਟ, ਕਿਲਾ ਕਾਇਆ ਗੜ੍ਹ ਬਣਾਇਆ । ਉਪਰ ਚੜ੍ਹ ਲਗਾਈ ਚੋਟ, ਨਾਮ ਨਗਾਰਾ ਇਕ ਸੁਣਾਇਆ । ਭਗਵੰਤ ਭਗਤ ਭਾਵਨੀ ਓਤ ਪੋਤ, ਪੁੱਤਰ ਧੀ ਕੰਮ ਕਿਸੇ ਨਾ ਆਇਆ । ਅੰਤਮ ਮਿਲਣਾ ਨਿਰਮਲ ਜੋਤ, ਦੂਜੀ ਵੰਡ ਨਾ ਕੋਇ ਵੰਡਾਇਆ । ਹਰਿ ਜੂ ਭਗਤਾਂ ਰੱਖੇ ਓਟ, ਭਗਤਾਂ ਆਪਣੀ ਓਟ ਰਿਹਾ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਾਮਨ ਨਾਮ ਫੜਾਇਆ ।

ਗੁਰੂ ਉਤੇ ਰੁਮਾਲਾ ਧਰ, ਬਿਨ ਨੇਤਰ ਵੇਖਿਆਂ ਰਹੇ ਗਾਈਆ । ਗੁਰੂ ਉਤੇ ਰੱਖ ਰੁਮਾਲ, ਰਸਨਾ ਜਿਹਵਾ ਰਹੇ ਹਿਲਾਈਆ । ਚਾਰੋਂ ਕੁੰਟ ਵੇਖ ਵੇਖ ਆਪਣੇ ਆਪ ਨੂੰ ਕਹਿਣ ਕਮਾਲ, ਮੈਂ ਵਿਦਿਆ ਬੜੀ ਪਾਈਆ । ਚਵਰ ਫੜ ਕੇ ਬੈਠੇ ਧਰਮਸਾਲ, ਸੱਜੇ ਖੱਬੇ ਚਵਰ ਝੁਲਾਈਆ । ਗੁਰੂ ਦੱਸੇ ਸੁਖਾਲ ਹਾਲ, ਸਿਖ ਸਤਿਗੁਰ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੇਮ ਨਾਲ ਬੰਧਾਈਆ । ਕਿਸ਼ਨ ਸਿੰਘ ਤੇਰਾ ਤੁਰੀਆ ਪ੍ਰੇਮ, ਤੁਰਤ ਤੁਰਤ ਕਰਾਇੰਦਾ । ਆਦਿ ਜੁਗਾਦੀ ਸੱਚਾ ਨੇਮ, ਨਿਯਤ ਵੇਖ ਨਿਭਾਇੰਦਾ । ਭੁੱਲ ਨਾ ਜਾਏ ਕੁੰਟ

ਹੇਮ, ਬਹਿ ਬਹਿ ਆਸਣ ਧਿਆਇੰਦਾ । ਵੇਖਣਹਾਰਾ ਨੇਤਰ ਨੈਣ, ਨੈਨਣ ਨੈਣ ਵਖਾਇੰਦਾ । ਗ਼ਰੀਬ ਨਿਮਾਣਿਆਂ ਬਣ ਬਣ ਸੈਣ, ਕੋਧਰਾ ਭੋਗ ਲਗਾਇੰਦਾ । ਸ਼ਬਦ ਅਗੰਮੀ ਗਾ ਗਾ ਗਾਇਨ, ਤਾਰ ਸਤਾਰ ਵਜਾਇੰਦਾ । ਭਗਤ ਭਗਵੰਤ ਇਕੱਠੇ ਬਹਿਣ, ਏਕਾ ਘਰ ਸੁਹਾਇੰਦਾ । ਇਕ ਦੂਜੇ ਦਾ ਲਹਿਣ ਦੇਣ, ਹਿਸਾਬ ਕਿਤਾਬ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੇਮ ਵਿਚ ਬੰਧਾਇੰਦਾ । ਪ੍ਰੇਮ ਅੰਦਰ ਪਿਆਰ ਗਿਆ ਬੱਝ, ਹਰਿ ਜੂ ਨਾਤਾ ਆਪ ਬੰਧਾਇਆ । ਇਕ ਦੂਜੇ ਦਾ ਪਰਦਾ ਬੈਠੇ ਕੱਜ, ਨਜ਼ਰ ਕੋਇ ਨਾ ਆਇਆ । ਭਗਤ ਭਗਵਾਨ ਇਕ ਦੂਜੇ ਦਾ ਕਰਨ ਹੱਜ, ਹਾਜੀ ਨਜ਼ਰ ਕੋਇ ਨਾ ਆਇਆ । ਇਕ ਦੂਜੇ ਅੱਗੇ ਬਹਿਣ ਸਜ, ਨੇਤਰ ਨੈਣਾਂ ਨਾਲ ਮਿਲਾਇਆ । ਸਿਫ਼ਤੀ ਸਿਫ਼ਤ ਨਗਾਰਾ ਜਾਏ ਵੱਜ, ਵਾਹਵਾ ਆਪਣਾ ਗੀਤ ਗਾਇਆ । ਅਰਸ਼ ਫ਼ਰਸ਼ ਦੋਵੇਂ ਤਜ, ਅੱਧਵਿਚਕਾਰੇ ਮੇਲ ਮਿਲਾਇਆ । ਇਕ ਦੂਜੇ ਉਤੇ ਕਰ ਕਰ ਤਰਸ, ਆਪਣਾ ਵਿਛੋੜਾ ਆਪ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਆਰ ਰੂਪ ਆਪ ਅਖਵਾਇਆ । ਪਿਆਰ ਰੂਪ ਹਰਿ ਪਰਵਾਰਾ, ਪਾਰਬ੍ਰਹਮ ਬਣਾਈਆ । ਭਗਤਾਂ ਵਖਾਏ ਇਕ ਦੁਆਰਾ, ਏਕਾ ਘਰ ਵਡਿਆਈਆ । ਤਿੰਨਾਂ ਲੋਕਾਂ ਪਾਰ ਕਿਨਾਰਾ, ਚੌਥਾ ਘਰ ਰਿਹਾ ਸਮਝਾਈਆ । ਮਿਲ ਮਿਲ ਸਖੀਆਂ ਮੰਗਲਾਚਾਰਾ, ਗੀਤ ਗੋਬਿੰਦ ਅਲਾਈਆ । ਹਰਿਜਨ ਹਰਿ ਜੂ ਵਰ ਪਾਇਆ ਕੰਤ ਭਤਾਰਾ, ਕਵਲ ਨੈਣ ਸੱਚਾ ਮਾਹੀਆ । ਸੁਹਾਏ ਬੰਕ ਸੋਹੇ ਦੁਆਰਾ, ਦੁਤਰ ਤਰਿਆ ਆਪ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਭਗਤਾਂ ਅੰਦਰ ਪਿਆਰ ਰੱਖ, ਆਪਣਾ ਮਾਰਗ ਆਪੇ ਦੱਸ, ਸੁਤਿਆਂ ਲਿਆ ਉਠਾਈਆ ।



ਪਿਆਰ ਅੰਤਰ ਖੋਲ੍ਹ ਜਾਗ, ਜੁਗਤ ਨਾ ਕਿਸੇ ਜਣਾਇੰਦਾ । ਬਿਨ ਵੇਖਿਆਂ ਆਏ ਵੈਰਾਗ, ਗੁਰਸਿਖ ਰੋ ਰੋ ਨੀਰ ਵਹਾਇੰਦਾ । ਬਿਨ ਸੱਜਣੋ ਬਣਿਆਂ ਸਾਕ, ਆਪਣਾ ਸੰਗ ਨਿਭਾਇੰਦਾ । ਫੜ ਬਾਹੋਂ ਖੋਲ੍ਹਿਆ ਤਾਕ, ਆਪਣਾ ਘਰ ਵਖਾਇੰਦਾ । ਜੋ ਜਨ ਚਰਨ ਕਵਲ ਲਏ ਝਾਕ, ਝਾਕੀ ਜਗਤ ਸਰਬ ਗਵਾਇੰਦਾ । ਜਿਸ ਜਨ ਮਸਤਕ ਧੂੜੀ ਲਾਏ ਖ਼ਾਕ, ਤਿਸ ਖ਼ਾਲਕ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਆਪਣਾ ਨੇਮ ਰਖਾਇੰਦਾ । ਪ੍ਰੇਮ ਨੇਮ ਭਗਤ ਦੁਆਰ, ਨੌਂ ਖੰਡ ਪ੍ਰਿਥਮੀ ਨਜ਼ਰ ਕਿਸੇ ਨਾ ਆਈਆ । ਗੁਰਮੁਖ ਵੇਖੇ ਗੁਰੂਦੁਆਰ, ਦੂਸਰ ਗ੍ਰਿਹਿ ਨਾ ਕੋਇ ਵਡਿਆਈਆ । ਸੰਤ ਵੇਖੇ ਕਰ ਪਿਆਰ, ਸਤਿਗੁਰ ਸਰਨ ਸੱਚੀ ਸ਼ਰਨਾਈਆ । ਗੁਰਸਿਖ ਆਏ ਚਲ ਦੁਆਰ, ਆਪਣਾ ਪੰਧ ਮੁਕਾਈਆ । ਸਤਿਗੁਰ ਪੂਰਾ ਅੱਗੋਂ ਕਰੇ ਪਿਆਰ, ਆਪਣੀ ਗੋਦੀ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੈਜ ਦਏ ਸਵਾਰ, ਪ੍ਰੇਮ ਨੀਤੀ ਇਕ ਰਖਾਈਆ । ਸਾਲ ਬਤਾਲੀ ਸੱਤ ਦਿਨ, ਪਹਿਲੀ ਆਰਜ਼ੂ ਰਿਹਾ ਸਮਝਾਈਆ । ਸੇਵ ਕਰਾਈ ਗਿਣ ਗਿਣ, ਆਪਣੀ ਦਇਆ ਕਮਾਈਆ । ਦਰਸ ਦਖਾਇਆ ਭਿੰਨ ਭਿੰਨ, ਰੂਪ ਅਨੂਪ ਵਟਾਈਆ । ਨਜ਼ਰ ਨਾ ਆਏ ਕੋਈ ਚੰਨ, ਚਿਖਾ ਜਗਤ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਰਿਹਾ ਵਖਾਈਆ । ਦਿਨ ਸੱਤ ਬਤਾਲੀ ਸਾਲ,

ਪੂਰਬ ਲਹਿਣਾ ਆਪ ਜਣਾਇੰਦਾ । ਮਾਣਸ ਜਨਮ ਘਾਲੀ ਘਾਲ, ਗੋਬਿੰਦ ਰੰਗ ਰੰਗਾਇੰਦਾ । ਗੜ੍ਹੀ ਚਮਕੌਰ ਮਾਰ ਧਿਆਨ, ਗੁਰ ਸਤਿਗੁਰ ਵੇਖ ਵਖਾਇੰਦਾ । ਗੁਰਸਿਖੀ ਵਿਚੋਂ ਬਣਾਇਆ ਕਾਹਨ, ਇਕੋ ਨਜ਼ਰੀ ਆਇੰਦਾ । ਆਪਣੇ ਤਨ ਨਾਲੋਂ ਲਾਹ ਕਿਰਪਾਨ, ਤੇਰੇ ਤਨ ਪਹਿਨਾਇੰਦਾ । ਫੇਰ ਦਿਤਾ ਇਕ ਗਿਆਨ, ਇਕੋ ਸ਼ਬਦ ਸੁਣਾਇੰਦਾ । ਤੇਰੇ ਸੀਸ ਤਾਜ ਧਰਾਂ ਮਹਾਨ, ਆਪਣਾ ਰੂਪ ਵਟਾਇੰਦਾ । ਤੇਰਾ ਵੇਖਾਂ ਸਚ ਨਿਸ਼ਾਨ, ਲੋਕਮਾਤ ਝੁਲਾਇੰਦਾ । ਖੇਲ ਕਰਾਂ ਵਿਚ ਮੈਦਾਨ, ਰਣ ਭੂਮੀ ਵੇਖ ਵਖਾਇੰਦਾ । ਲੇਖੇ ਲਾਵਾਂ ਬਾਲ ਨਾਦਾਨ, ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਸੰਗਤ ਸਿੰਘ ਨੇਤਰ ਰੋ, ਗੁਰ ਗੋਬਿੰਦ ਅੱਗੇ ਸੀਸ ਝੁਕਾਇੰਦਾ । ਮੈਂ ਚਰਨ ਤੇਰੇ ਨਾਲ ਗਿਆ ਛੋਹ, ਦੂਜੀ ਓਟ ਨਾ ਕੋਇ ਤਕਾਇੰਦਾ । ਤਖ਼ਤ ਤਾਜ ਨਾਲ ਨਾ ਮੇਰਾ ਮੋਹ, ਮਮਤਾ ਮੋਹ ਨਾ ਕੋਇ ਵਖਾਇੰਦਾ । ਦਿਲ ਚਾਹੁੰਦਾ ਤੇਰੇ ਪਿਛੇ ਤਨ ਮਨ ਆਪਣਾ ਦੇਵਾਂ ਕੋਹ, ਰੱਤੀ ਰੱਤ ਤੇਰੇ ਲੇਖੇ ਲਾਇੰਦਾ । ਤੇਰੇ ਵਿਛੋੜੇ ਵਿਚ ਨਾ ਜਾਵਾਂ ਸੌਂ, ਸੁਖ ਹੋਰ ਨਾ ਕੋਈ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਸਤਿਗੁਰ ਪੂਰਾ ਹੋ ਮਿਹਰਵਾਨ, ਆਪਣੀ ਦਇਆ ਕਮਾਈਆ । ਤੇਰੀ ਸੇਵਾ ਕਰਾਂ ਫੇਰ ਪਰਵਾਨ, ਲੋਕਮਾਤ ਮਿਲੇ ਵਡਿਆਈਆ । ਹੁਣ ਦੇਵਾਂ ਸੱਚਾ ਦਾਨ, ਸੀਸ ਤੇਰੇ ਤਾਜ ਟਿਕਾਈਆ । ਮੈਂ ਆਪਣਾ ਗੁਰਸਿਖ ਵੇਖਾਂ ਕਾਹਨ, ਕੋਟਨ ਕਾਹਨ ਰਹੇ ਸ਼ਰਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪਰਨਾਮ, ਬੈਠੇ ਸੀਸ ਝੁਕਾਈਆ । ਤੇਰੇ ਹੱਥ ਫੜਾਇਆ ਬਾਣ, ਤੀਰ ਚਿੱਲਾ ਇਕ ਉਠਾਈਆ । ਤੇਰਾ ਰਹਾਂ ਨਿਗਹਬਾਨ, ਸਿਰ ਤੇਰੇ ਹੱਥ ਰਖਾਈਆ । ਕਲਜੁਗ ਖੇਲ ਕਰਾਂ ਮਹਾਨ, ਭੇਵ ਕੋਇ ਨਾ ਪਾਈਆ । ਵਲ ਛਲ ਲੁੱਟਿਆ ਸਰਬ ਜਹਾਨ, ਲੁਕਵੀਂ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਸਿੰਘ ਸੰਗਤ ਦੋਏ ਜੋੜ, ਪੱਲੂ ਗਲ ਵਿਚ ਪਾਇਆ । ਤੂੰ ਸਾਹਿਬ ਸ਼ਾਹ ਸਵਾਰ ਚੜ੍ਹੇ ਘੋੜ, ਮੈਂ ਤੇਰੇ ਘੋੜ ਰਾਸਾਂ ਹੱਥ ਉਠਾਇਆ । ਤੇਰੇ ਨਾਲ ਜਾਵਾਂ ਦੌੜ, ਦੌੜ ਆਪਣਾ ਪੰਧ ਮੁਕਾਇਆ । ਤੇਰਾ ਘੋੜਾ ਸੰਤ ਮਾਰੇ ਪੌੜ, ਮੈਂ ਧੂੜੀ ਖ਼ਾਕ ਰਮਾਇਆ । ਬਿਨ ਤੇਰੇ ਦਰਸ ਬੁੱਝੇ ਨਾ ਮੇਰੀ ਔੜ, ਤ੍ਰਿਪਤ ਨਾ ਕੋਇ ਕਰਾਇਆ । ਮੈਂ ਵੇਖਿਆ ਕਰ ਕੇ ਗੌਰ, ਤੁਧ ਬਿਨ ਨਜ਼ਰ ਨਾ ਕੋਇ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਤਾ ਆਪ ਬੰਧਾਇਆ । ਗੋਬਿੰਦ ਕਹੇ ਸੁਣ ਪਿਆਰੇ, ਪਿਆਰ ਪਿਆਰ ਨਾਲ ਵਟਾਈਆ । ਤੇਰੇ ਸਾਲ ਜੋ ਬੀਤੇ ਵਿਚ ਸੰਸਾਰੇ, ਪੰਜ ਤੱਤ ਕਾਇਆ ਚੋਲਾ ਹੰਢਾਈਆ । ਕਰਾਂ ਖੇਲ ਅਪਰ ਅਪਾਰੇ, ਜੁਗ ਜੁਗ ਆਪਣਾ ਵੇਸ ਵਟਾਈਆ । ਕਲਜੁਗ ਅੰਤਮ ਆਏ ਕਿਨਾਰੇ, ਬੈਠੇ ਪੰਧ ਮੁਕਾਈਆ । ਤੇਰੀ ਪੈਜ ਫੇਰ ਸੁਵਾਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਈਆ । ਕਵਣ ਰੰਗ ਗੁਰ ਰੰਗੌਣਾ, ਸਤਿਗੁਰ ਦੇ ਸਮਝਾਇਆ । ਕਵਣ ਰੂਪ ਵੇਸ ਵਟੌਣਾ, ਲੋਕਮਾਤ ਫੇਰਾ ਪਾਇਆ । ਕਵਣ ਘਰ ਆਸ ਰਖੌਣਾ, ਨੇਤਰ ਨੈਣ ਰਾਹ ਤਕਾਇਆ । ਕਵਣ ਬਿਧ ਪੂਰੀ ਕਰੇਂ ਭੌਣਾ, ਭਾਵਣੀ ਹੋਰ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਇਆ । ਗੋਬਿੰਦ ਅੰਤਮ ਔਣਾ ਮਾਤ, ਮਾਣਸ ਰੂਪ ਵਟਾਈਆ । ਉਨੀ ਸਾਲ ਨਾ ਰਲਣਾ ਕਿਸੇ ਜਮਾਤ, ਬਾਲੀ ਬੁੱਧ ਵੇਖ ਵਖਾਈਆ । ਬਤਾਲੀ ਸਾਥ ਉਤਰਨਾ ਘਾਟ, ਆਪਣਾ ਘਾਟ ਦਏ ਸਮਝਾਈਆ । ਪੰਧ

ਮੁਕੌਣਾ ਨਾਠ ਨਾਠ, ਪਾਂਧੀ ਸਾਚੇ ਰਾਹ ਚਲਾਈਆ । ਆਪਣਾ ਕਾਇਆ ਕਰ ਕਰ ਘਾਤ, ਘਾਲੀ ਘਾਲ ਸੇਵ ਕਮਾਈਆ । ਜੰਗਲ ਵਿਚ ਕੱਟਣੀ ਰਾਤ, ਜੂਹਾਂ ਵਿਚ ਸੀਸ ਛੁਪਾਈਆ । ਅੰਤਮ ਆਪੇ ਪੁੱਛੇ ਵਾਤ, ਬਾਹੋਂ ਪਕੜ ਲਏ ਉਠਾਈਆ । ਜਿਸ ਸੀਸ ਰੱਖਿਆ ਤਾਜ, ਦੇਵੇ ਮਾਣ ਵਡਿਆਈਆ । ਜਨਮ ਜਨਮ ਦੀ ਰੱਖੇ ਲਾਜ, ਲਾਜਾਵੰਤ ਆਪ ਹੋ ਜਾਈਆ । ਮਾਣਸ ਮਾਨੁਖ ਸਾਜਣ ਸਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਈਆ । ਵੇਸ ਵਟਾਏ ਆਪ ਨਿਰੰਕਾਰਾ, ਨਿਰਗੁਣ ਖੇਲ ਕਰਾਈਆ । ਗੋਬਿੰਦ ਸ਼ਬਦ ਬੋਲ ਜੈਕਾਰਾ, ਨਾਮ ਗੋਬਿੰਦ ਰੂਪ ਵਟਾਈਆ । ਏਕਾ ਘਰ ਖੇਲ ਨਿਆਰਾ, ਗੁਰ ਚੇਲਾ ਆਪ ਜਣਾਈਆ । ਮੇਲ ਮਿਲਾਵਾ ਸੁਤ ਦੁਲਾਰਾ, ਪੁਰਖ ਅਕਾਲ ਹੋਏ ਸਹਾਈਆ । ਫੇਰ ਪਾਵੇ ਤੇਰੀ ਸਾਰਾ, ਜਨਮ ਅਜਨਮ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਵੇਖ ਵਖਾਈਆ । ਸਾਚਾ ਖੇਲ ਸ੍ਰੀ ਭਗਵਾਨ, ਆਪਣਾ ਵੇਖ ਵਖਾਈਆ । ਗੋਬਿੰਦ ਦੇ ਕੇ ਚਲਿਆ ਦਾਨ, ਅੰਤਮ ਗੋਬਿੰਦ ਝੋਲੀ ਪਾਈਆ । ਨਾਲ ਰਖਾਏ ਸ੍ਰੀ ਭਗਵਾਨ, ਰੂਪ ਰੰਗ ਰੇਖ ਨਾ ਕੋਇ ਵਡਿਆਈਆ । ਦਰ ਦੁਆਰੇ ਦੇਵੇ ਮਾਣ, ਕੀਤਾ ਕੌਲ ਭੁੱਲ ਨਾ ਜਾਈਆ । ਸੱਠ ਇਕ ਨਾ ਕੋਇ ਨਿਸ਼ਾਨ, ਕੋਟਨ ਕੋਟ ਜੁਗ ਰਹੇ ਵਿਹਾਈਆ । ਜੁਗ ਚੌਕੜੀ ਕਰ ਪਰਵਾਨ, ਜਨ ਭਗਤਾਂ ਸੰਗ ਰਖਾਈਆ । ਕਲਜੁਗ ਅੰਤਮ ਆਪਣੀ ਕਿਰਪਾਨ ਰੱਖ ਮਿਆਨ, ਕਾਇਆ ਗਾਤਰੇ ਵਿਚ ਟਿਕਾਈਆ । ਅੰਮ੍ਰਿਤ ਆਤਮ ਪੀਣ ਖਾਣ, ਸਚ ਭੰਡਾਰ ਰਿਹਾ ਵਰਤਾਈਆ । ਸਤਿ ਸੰਤੋਖੀ ਫੜ ਨਿਸ਼ਾਨ, ਦਰ ਘਰ ਸਾਚੇ ਰਿਹਾ ਝੁਲਾਈਆ । ਜਨਮ ਜਨਮ ਦੇ ਵਿਛੜੇ ਮੇਲੇ ਆਣ, ਜਗਤ ਵਿਛੋੜਾ ਦਏ ਕਟਾਈਆ । ਬਿਰਧ ਬਾਲ ਜਵਾਨ ਵੇਖੇ ਮਾਰ ਧਿਆਨ, ਅਭੁੱਲ ਭੁੱਲ ਕਦੇ ਨਾ ਜਾਈਆ । ਮਨ ਹੰਕਾਰ ਤੋੜ ਦਿਤਾ ਗਿਆਨ, ਪੂਜਾ ਪਾਠ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਲਏ ਮਿਲਾਈਆ । ਆਪਣੀ ਇਛਿਆ ਕਰਿਆ ਮੇਲਾ, ਪੂਰਬ ਲਹਿਣਾ ਚੁਕਾਇਆ । ਵਸਿਆ ਘਰ ਗੁਰੂ ਗੁਰ ਚੇਲਾ, ਗੁਰ ਗੋਬਿੰਦ ਖੇਲ ਖਲਾਇਆ । ਤਖ਼ਤ ਨਿਵਾਸੀ ਇਕ ਇਕੇਲਾ, ਕਲਜੁਗ ਵੇਲਾ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਾਜ ਹੱਥ ਟਿਕਾਇਆ । ਹੱਥ ਰੱਖਿਆ ਤਾਜ, ਦਇਆ ਕਮਾਈਆ । ਕਰਿਆ ਖੇਲ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਲਏ ਮਿਲਾਈਆ । ਜਗਤ ਸੁਤਿਆਂ ਮਾਰੀ ਵਾਜ, ਸੋਇਆ ਆਪ ਉਠਾਈਆ । ਫੜ ਫੜ ਬਾਹੋਂ ਰਚਿਆ ਕਾਜ, ਕਾਜ਼ੀ ਗ੍ਰੰਥੀ ਨਾ ਕੋਇ ਮਨਾਈਆ । ਆਪਣੇ ਹੱਥੀਂ ਸਾਜਣ ਸਾਜ, ਹਰਿ ਸੱਜਣ ਲਿਆ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਸੱਠ ਏਕਾ ਵਾਰ ਲੇਖੇ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਛਰਤ ਲਏ ਮਿਲਾਈਆ ।

★ ੨੦ ਮੱਘਰ ੨੦੧੮ ਬਿਕਰਮੀ ਰਵੇਲ ਕੌਰ ਸਵਰਨ ਕੌਰ ਬਾਬੂਪੁਰ ਦੇ ਨਵਿਤ ਜੇਠੂਵਾਲ ★

ਸਚਖੰਡ ਖੇਲ ਅਗੰਮ ਅਪਾਰ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਥਿਰ ਘਰ ਨਾਦ ਸ਼ਬਦ ਧੁਨਕਾਰ, ਅਲਖ ਅਗੰਮੜਾ ਆਪ ਪਰਗਟਾਈਆ । ਸੋ ਪੁਰਖ ਨਿਰੰਜਣ ਬੈਠ ਸਚ ਸੱਚੇ ਦਰਬਾਰ, ਦਰਗਹਿ ਸਾਚੀ ਆਸਣ ਲਾਈਆ । ਹਰਿ ਪੁਰਖ ਨਿਰੰਜਣ ਆਪ ਆਪਣਾ ਬਲ ਧਾਰ, ਬਲਿਹਾਰੀ

ਆਪ ਅਖਵਾਈਆ । ਏਕੰਕਾਰ ਨਿਰਾਕਾਰ ਨਿਰਗੁਣ ਦਾਤਾ ਵਡ ਵਡਿਆਈਆ । ਆਦਿ ਨਿਰੰਜਣ ਨੂਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਅਬਿਨਾਸ਼ੀ ਕਰਤਾ ਪਾਵੇ ਸਾਰ, ਆਪਣਾ ਭੇਵ ਆਪ ਜਣਾਈਆ । ਸ੍ਰੀ ਭਗਵਾਨ ਹੋ ਤਿਆਰ, ਸਚ ਨਿਸ਼ਾਨਾ ਲਏ ਝੁਲਾਈਆ । ਪਾਰਬ੍ਰਹਮ ਬਣ ਮੀਤ ਮੁਰਾਰ, ਦਰ ਘਰ ਸਾਚਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚਖੰਡ ਹਰਿ ਨਿਰੰਕਾਰ, ਏਕਾ ਆਸਣ ਲਾਇੰਦਾ । ਥਿਰ ਘਰ ਖੇਲ ਅਪਰ ਅਪਾਰ, ਅਨਾਦੀ ਨਾਦ ਨਾਦ ਵਜਾਇੰਦਾ । ਕਰਤਾ ਪੁਰਖ ਕਰਨੇਹਾਰ, ਸਾਚੀ ਕਰਨੀ ਆਪ ਕਮਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰ, ਨਿਰਗੁਣ ਮੇਲਾ ਮੇਲ ਮਿਲਾਇੰਦਾ । ਨਾਰੀ ਕੰਤ ਖੇਲ ਅਪਾਰ, ਬੇਅੰਤ ਆਪ ਵਖਾਇੰਦਾ । ਆਦਿ ਅੰਤ ਵਸਣਹਾਰਾ ਠਾਂਡੇ ਦਰਬਾਰ, ਜੁਗਾ ਜੁਗੰਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਇਕੋ ਹਰਿ, ਆਪਣੀ ਧਾਰਾ ਆਪ ਚਲਾਇੰਦਾ । ਆਦਿ ਪੁਰਖ ਏਕੰਕਾਰਾ, ਅਕਲ ਕਲਾ ਅਖਵਾਈਆ । ਆਪ ਆਪਣਾ ਕਰ ਪਸਾਰਾ, ਅਨੁਭਵ ਪ੍ਰਕਾਸ਼ ਪਰਗਟਾਈਆ । ਵੇਖੇ ਵਿਗਸੇ ਵੇਖਣਹਾਰਾ, ਮਹੱਲ ਅਟੱਲ ਸੋਭਾ ਪਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਾਹ ਸੁਲਤਾਨ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਆਦਿ ਪੁਰਖ ਹਰਿ ਭੇਵ ਅਵੱਲਾ, ਏਕਾ ਰੰਗ ਸਮਾਇੰਦਾ । ਵਸਣਹਾਰਾ ਸਚ ਮਹੱਲਾ, ਸਚਖੰਡ ਸਾਚੇ ਸੋਭਾ ਪਾਇੰਦਾ । ਆਦਿ ਜੁਗਾਦਿ ਅਛਲ ਅਛੱਲਾ, ਵਲ ਛਲ ਆਪਣੀ ਖੇਲ ਕਰਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਆਪਣੇ ਦੀਪਕ ਆਪੇ ਬਲਾ, ਤੇਲ ਬਾਤੀ ਨਾ ਕੋਇ ਪਾਇੰਦਾ । ਆਪਣਾ ਸੰਦੇਸ਼ ਆਪੇ ਘੱਲਾ, ਆਪੇ ਸੁਣ ਸੁਣ ਖ਼ੁਸ਼ੀ ਮਨਾਇੰਦਾ । ਆਪਣਾ ਫੜਿਆ ਆਪੇ ਪੱਲਾ, ਮਿਲ ਮਿਲ ਆਪਣਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕੋ ਹਰਿ, ਆਪਣਾ ਰੂਪ ਆਪ ਪਰਗਟਾਇੰਦਾ । ਆਪਣਾ ਰੂਪ ਹਰਿ ਕਰਤਾਰ, ਇਕ ਇਕੱਲਾ ਆਪ ਪਰਗਟਾਈਆ । ਦਰ ਘਰ ਸਾਚੇ ਹੋ ਤਿਆਰ, ਦਰ ਦੁਆਰਾ ਆਪ ਸੁਹਾਈਆ । ਆਪਣਾ ਬਲ ਆਪੇ ਧਾਰ, ਆਪਣਾ ਜੋਬਨ ਆਪ ਹੰਢਾਈਆ । ਆਪਣੇ ਰੰਗ ਰਵੇ ਨਿਰੰਕਾਰ, ਨੂਰ ਨੁਰਾਨਾ ਸੱਚਾ ਸ਼ਹਿਨਸ਼ਾਹੀਆ । ਮਾਤ ਪਿਤ ਨਾ ਕੋਇ ਅਧਾਰ, ਬਾਲਕ ਗੋਦ ਨਾ ਕੋਇ ਸੁਹਾਈਆ । ਜੋਤੀ ਜੋਤ ਜੋਤ ਉਜਿਆਰ, ਅਜੂਨੀ ਰਹਿਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਕਰੇ ਖੇਲ ਬੇਪਰਵਾਹੀਆ । ਖੇਲ ਕਰੇ ਬੇਪਰਵਾਹ, ਆਪਣਾ ਰੰਗ ਵਖਾਇੰਦਾ । ਦਰਗਹਿ ਸਾਚੀ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਸਚ ਨਿਸ਼ਾਨਾ ਹੱਥ ਉਠਾ, ਸ੍ਰੀ ਭਗਵਾਨ ਆਪ ਝੁਲਾਇੰਦਾ । ਧੁਰ ਫ਼ਰਮਾਣਾ ਹੁਕਮ ਸੁਣਾ, ਕਰਤਾ ਪੁਰਖ ਕਾਰ ਕਮਾਇੰਦਾ । ਸ਼ਾਹੋ ਭੂਪ ਬਣ ਸ਼ਹਿਨਸ਼ਾਹ, ਸਾਚੇ ਤਖ਼ਤ ਸੋਭਾ ਪਾਇੰਦਾ । ਦਰ ਦਰਵੇਸ਼ ਸੀਸ ਝੁਕਾ, ਆਪ ਆਪਣੀ ਅਲਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਖੇਲ ਤਮਾਸ਼ਾ ਪੁਰਖ ਅਬਿਨਾਸ਼ਾ, ਆਪਣਾ ਆਪ ਕਰਾਇੰਦਾ । ਸਾਚਾ ਖੇਲ ਪੁਰਖ ਅਗੰਮ, ਅਗੰਮੜੀ ਕਾਰ ਕਰਾਈਆ । ਆਪਣੀ ਕੁੱਖੋਂ ਆਪੇ ਜੰਮ, ਆਪ ਆਪਣੀ ਗੋਦ ਸੁਹਾਈਆ । ਪਵਣ ਸੁਵਾਸ ਨਾ ਕੋਇ ਦਮ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਹਰਖ ਸੋਗ ਨਾ ਕੋਈ ਗਮ, ਚਿੰਤਾ ਰੋਗ ਨਾ ਕੋਇ ਸਤਾਈਆ । ਆਪੇ ਘੜੇ ਆਪੇ ਲਏ ਭੰਨ, ਘੜਨ ਭੰਨਣਹਾਰ ਵਡ

ਵਡਿਆਈਆ । ਪੰਜ ਤੱਤ ਨਾ ਕਾਇਆ ਤਨ, ਤ੍ਰੈਗੁਣ ਤੱਤ ਨਾ ਕੋਇ ਵਖਾਈਆ । ਨਾ ਕੋਈ ਸੂਰਜ ਨਾ ਕੋਈ ਚੰਨ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਇਸ਼ਟ ਦੇਵ ਨਾ ਕੋਇ ਰਿਹਾ ਮੰਨ, ਨਿਉਂ ਨਿਉਂ ਸੀਸ ਨਾ ਰਿਹਾ ਝੁਕਾਈਆ । ਨਾ ਕੋਈ ਜਨਣੀ ਨਾ ਕੋਇ ਜਨ, ਦਾਈ ਦਾਇਆ ਨਾ ਕੋਇ ਅਖਵਾਈਆ । ਕਰੇ ਖੇਲ ਸ੍ਰੀ ਭਗਵਨ, ਆਪ ਆਪਣਾ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਘਰ ਸਾਚੇ ਸੋਭਾ ਪਾਈਆ । ਸਾਚੇ ਘਰ ਸੋਭਾਵੰਤ, ਸੋ ਪੁਰਖ ਨਿਰੰਜਣ ਆਸਣ ਲਾਇੰਦਾ । ਆਦਿ ਜੁਗਾਦਿ ਮਹਿਮਾ ਅਗਣਤ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਆਪੇ ਜਾਣੇ ਆਪਣੀ ਬਣਤ, ਘੜਨ ਭੰਨਣਹਾਰ ਆਪ ਅਖਵਾਇੰਦਾ । ਕਰੇ ਖੇਲ ਆਦਿ ਅੰਤ, ਮਧ ਆਪਣੀ ਧਾਰ ਚਲਾਇੰਦਾ । ਆਪੇ ਨਾਮ ਆਪੇ ਮੰਤ, ਆਪੇ ਨਿਸ਼ਅੱਖਰ ਜਾਪ ਜਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਇੰਦਾ । ਆਪਣੀ ਰਚਨਾ ਰਚ ਕਰਤਾਰ, ਘਰ ਸਾਚੇ ਖ਼ੁਸ਼ੀ ਮਨਾਈਆ । ਨਿਰਗੁਣ ਨਿਰਗੁਣ ਕਰੇ ਪਿਆਰ, ਬੇਅੰਤ ਵਡੀ ਵਡਿਆਈਆ । ਨਾਰੀ ਕੰਤ ਬਣ ਭਤਾਰ, ਕੰਤ ਕੰਤੂਹਲ ਸੇਜ ਸੁਹਾਈਆ । ਰੰਗ ਰਲੀਆਂ ਮਾਣੇ ਅਗੰਮ ਅਪਾਰ, ਦਿਸ ਕਿਸੇ ਨਾ ਆਈਆ । ਕਰਤਾ ਪੁਰਖ ਕਰੇ ਸਾਚੀ ਕਾਰ, ਕਰਨੀ ਕਿਰਤ ਆਪ ਕਮਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਰੂਪ ਸਮਾਈਆ । ਜਨਣੀ ਜਨ ਬਣ ਨਿਰੰਕਾਰ, ਸੁਤ ਦੁਲਾਰਾ ਇਕ ਵਖਾਈਆ । ਸ਼ਬਦੀ ਨਾਉਂ ਧਰ ਅਪਾਰ, ਸਚਖੰਡ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਚਖੰਡ ਦੁਆਰੇ ਜਣਿਆ ਸੁਤ, ਹਰਿ ਸ਼ਬਦੀ ਨਾਉਂ ਰਖਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਭੇਵ ਕੋਇ ਨਾ ਪਾਇੰਦਾ । ਆਪਣੀ ਗੋਦ ਲਿਆ ਚੁੱਕ, ਤਖ਼ਤ ਨਿਵਾਸੀ ਗੋਦ ਸੁਹਾਇੰਦਾ । ਆਦਿ ਜੁਗਾਦਿ ਰੱਖੇ ਇਕੋ ਓਟ, ਦੂਜੀ ਆਸ ਨਾ ਕੋਇ ਜਣਾਇੰਦਾ । ਕਰ ਕਿਰਪਾ ਭਰੀ ਪੋਟ, ਤ੍ਰਿਸ਼ਨਾ ਭੁੱਖ ਨਾ ਕੋਇ ਵਧਾਇੰਦਾ । ਰੂਪ ਵਖਾਏ ਨਿਰਮਲ ਜੋਤ, ਨੂਰ ਨੁਰਾਨਾ ਡਗਮਗਾਇੰਦਾ । ਧੁਨ ਅਨਾਦੀ ਏਕਾ ਚੋਟ, ਅਨਹਦ ਤਾਰ ਹਿਲਾਇੰਦਾ । ਥਿਰ ਘਰ ਸਾਚਾ ਕਿਲਾ ਕੋਟ, ਸਾਚੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਚਖੰਡ ਦੁਆਰੇ ਵੰਡੀ ਵੰਡ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਕਰੇ ਖੇਲ ਵਿਚ ਬ੍ਰਹਿਮੰਡ, ਬ੍ਰਹਿਮਾਂਡ ਕਰੇ ਕੁੜਮਾਈਆ । ਥਿਰ ਘਰ ਵਾਸੀ ਸ਼ਬਦੀ ਅਨੰਦ, ਅਨੰਦ ਮੰਗਲ ਏਕਾ ਪਾਈਆ । ਰਸਨ ਵਖਾਏ ਪਰਮਾਨੰਦ, ਪਰਮ ਪੁਰਖ ਬੇਪਰਵਾਹੀਆ । ਗੀਤ ਸੁਹਾਗੀ ਢੋਲਾ ਗਾਏ ਛੰਦ, ਨਾਉਂ ਨਿਰੰਕਾਰਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਆਪ ਸੁਹਾਈਆ । ਥਿਰ ਘਰ ਸਾਚਾ ਲੱਗਾ ਭਾਗ, ਸੋ ਪੁਰਖ ਨਿਰੰਜਣ ਆਪ ਲਗਾਇਆ । ਨਿਰਮਲ ਜੋਤ ਜਗੇ ਚਿਰਾਗ, ਤੇਲ ਬਾਤੀ ਨਾ ਕੋਇ ਰਖਾਇਆ । ਸੁਤ ਦੁਲਾਰਾ ਗਿਆ ਜਾਗ, ਪਾਰਬ੍ਰਹਮ ਉਠਾਇਆ । ਇਕ ਉਪਜਾਇਆ ਆਪਣਾ ਵੈਰਾਗ, ਵੈਰਾਗੀ ਰੂਪ ਆਪ ਵਟਾਇਆ । ਏਕਾ ਬੱਧਾ ਸਾਚਾ ਤਾਗ, ਨਾ ਕੋਈ ਤੋੜੇ ਤੋੜ ਤੁੜਾਇਆ । ਇਕ ਵਖਾਇਆ ਸਚ ਜਹਾਜ਼, ਸ੍ਰੀ ਭਗਵਾਨ ਆਪ ਚਲਾਇਆ । ਇਕ ਜਣਾਇਆ ਸਾਚਾ ਰਾਜ, ਥਿਰ ਘਰ ਸਾਚੇ ਸੋਭਾ ਪਾਇਆ । ਇਕ ਇਕੱਲਾ ਪੂਰਾ ਕਰੇ ਕਾਜ, ਸਿਰ ਆਪਣਾ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਵੇਖ ਵਖਾਇਆ । ਸ਼ਬਦ ਸੁਤ


੧੪੮
੧੧

ਉਠਿਆ ਸੂਰਾ, ਹਰਿ ਸਾਚੇ ਆਪ ਉਠਾਇਆ । ਆਪ ਬਣਾਇਆ ਸਰਬ ਕਲ ਭਰਪੂਰਾ, ਸਿਰ ਆਪਣਾ ਹੱਥ ਟਿਕਾਇਆ । ਏਕਾ ਬਖ਼ਸ਼ੇ ਸਾਚੀ ਤੂਰਾ, ਤੁਰੀਆ ਰਾਗ ਅਲਾਇਆ । ਏਕਾ ਜੋਤ ਸਾਚਾ ਨੂਰਾ, ਨੂਰੋ ਨੂਰ ਡਗਮਗਾਇਆ । ਏਕਾ ਬਚਨ ਕਰੇ ਪੂਰਾ, ਕੀਤਾ ਕੌਲ ਪੂਰ ਕਰਾਇਆ । ਏਕਾ ਵਸੇ ਹਾਜ਼ਰ ਹਜ਼ੂਰਾ, ਹਰਿ ਹਰਿ ਆਪਣਾ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਰਿਹਾ ਸਮਝਾਇਆ । ਆਦਿ ਪੁਰਖ ਰਿਹਾ ਸਮਝਾ, ਸੁਣ ਸ਼ਬਦ ਸੁਤ ਬਾਲ ਨਾਦਾਨ । ਸਚਖੰਡ ਬੈਠਾ ਬੇਪਰਵਾਹ, ਕਰੇ ਖੇਲ ਮਹਾਨ । ਥਿਰ ਘਰ ਤੇਰਾ ਦਏ ਵਸਾ, ਕਿਰਪਾ ਕਰ ਆਪ ਮਿਹਰਵਾਨ । ਏਕਾ ਹੁਕਮ ਦਏ ਜਣਾ, ਸੁਣਾਏ ਧੁਰ ਫ਼ਰਮਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਜਣਾਇਆ ਏਕਾ ਨਾਮ ਅਡੋਲ, ਸੁਤ ਦੁਲਾਰਾ ਮਾਰਗ ਪਾਇਆ । ਆਪਣਾ ਪਰਦਾ ਖੋਲ੍ਹ, ਸਾਚਾ ਰਾਹ ਜਣਾਇਆ । ਆਦਿ ਜੁਗਾਦੀ ਇਕ ਅਤੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਨਮੋਲ । ਅਨਮੋਲ ਖੇਲ ਹਰਿ ਅਵੱਲਾ, ਅਵਲ ਆਪ ਕਰਾਈਆ । ਇਕ ਫੜਾਇਆ ਆਪਣਾ ਪੱਲਾ, ਸਾਚਾ ਸੰਗ ਨਿਭਾਈਆ । ਸਚ ਸੰਦੇਸ਼ ਇਕੋ ਘੱਲਾ, ਏਕਾ ਵਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਖੋਲ੍ਹ ਨਿਰੰਕਾਰ, ਸ਼ਬਦੀ ਸੁਤ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤੇਰੀ ਸਾਚੀ ਸੇਵ ਲਗਾਇੰਦਾ । ਬ੍ਰਹਿਮੰਡ ਖੰਡ ਕਰ ਪਸਾਰ, ਤੇਰਾ ਘਰ ਵਸਾਇੰਦਾ । ਰਵ ਸਸ ਕਰ ਉਜਿਆਰ, ਮੰਡਲ ਮੰਡਪ ਨਾਲ ਰਲਾਇੰਦਾ । ਗਗਨ ਗਗਨੰਤਰ ਖੇਲ ਅਪਾਰ, ਤੇਰੀ ਚਰਨਾਂ ਧੂੜ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਰਿਹਾ ਦੱਸ, ਹਰਿ ਜੂ ਆਪਣੀ ਦਇਆ ਕਮਾਈਆ । ਥਿਰ ਘਰ ਤੇਰੇ ਜਾਵਾਂ ਵਸ, ਤੇਰੇ ਨਾਉਂ ਦਿਆਂ ਵਡਿਆਈਆ । ਨਿਰਗੁਣ ਜੋਤ ਕਰ ਪਰਕਾਸ਼, ਏਕਾ ਨੂਰ ਕਰੇ ਰੁਸ਼ਨਾਈਆ । ਵੇਖਾਂ ਤੇਰਾ ਖੇਲ ਤਮਾਸ਼, ਸਾਚੀ ਖੇਲ ਆਪ ਕਰਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖਾਂ ਤੇਰੀ ਰਾਸ, ਸਵਾਂਗੀ ਸਾਚਾ ਸਾਂਗ ਵਰਤਾਈਆ । ਲੇਖਾ ਜਾਣਾ ਪ੍ਰਿਥਮੀ ਅਕਾਸ਼, ਤੇਰਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਰਿਹਾ ਸਮਝਾਈਆ । ਏਕਾ ਗੁਣ ਸ੍ਰੀ ਭਗਵਾਨ, ਆਪਣਾ ਆਪ ਜਣਾਇੰਦਾ । ਆਦਿ ਪੁਰਖ ਵਡ ਮਿਹਰਵਾਨ, ਆਪਣੀ ਦਇਆ ਆਪ ਕਮਾਇੰਦਾ । ਸੁਤ ਸ਼ਬਦ ਉਠ ਬਲਵਾਨ, ਪ੍ਰਭ ਸਾਚੀ ਸੇਵਾ ਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨ, ਤੇਰੀ ਝੋਲੀ ਪਾਇੰਦਾ । ਤ੍ਰੈਗੁਣ ਮਾਇਆ ਦੇਵਾਂ ਦਾਨ, ਏਕਾ ਵਾਰ ਵਰਤਾਇੰਦਾ । ਪੰਜ ਤੱਤ ਵਖਾ ਨਿਸ਼ਾਨ, ਸਚ ਨਿਸ਼ਾਨਾ ਇਕ ਜਣਾਇੰਦਾ । ਲੱਖ ਚੁਰਾਸੀ ਕਰ ਪ੍ਰਧਾਨ, ਤੇਰਾ ਹੁਕਮ ਵਰਤਾਇੰਦਾ । ਖੇਲਾਂ ਖੇਲ ਜ਼ਿਮੀ ਅਸਮਾਨ, ਗਗਨ ਮੰਡਲ ਫੇਰਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵੇਖਾਂ ਮਾਰ ਧਿਆਨ, ਤੇਰੀ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਆਪ ਸਮਝਾਇੰਦਾ । ਸਚ ਸੰਦੇਸ਼ਾ ਪੁਰਖ ਅਬਿਨਾਸ਼, ਏਕਾ ਵਾਰ ਜਣਾਈਆ । ਲੱਖ ਚੁਰਾਸੀ ਖੇਲ ਤਮਾਸ਼, ਸਾਚੀ ਵੰਡ ਵੰਡਾਈਆ । ਅੰਡਜ ਜੇਰਜ ਉਤਭੁਜ ਸੇਤਜ ਵਸੇ ਤੇਰੇ ਪਾਸ, ਤੇਰਾ ਰੰਗ ਰੰਗਾਈਆ । ਪਵਣ ਪਵਣੀ ਦੇ ਸਵਾਸ, ਆਪੇ ਸਾਚੀ ਸਾਰ ਪਾਈਆ । ਨਿਰਗੁਣ ਨੂਰ ਕਰ ਪ੍ਰਕਾਸ਼, ਸਰਗੁਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ

ਮਾਰਗ ਰਿਹਾ ਵਖਾਈਆ । ਸ਼ਬਦ ਦੁਲਾਰਾ ਦੋਏ ਜੋੜ, ਹਰਿ ਚਰਨੀ ਸੀਸ ਝੁਕਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਤੇਰੀ ਲੋੜ, ਹੋਰ ਆਸ ਨਾ ਕੋਇ ਰਖਾਇੰਦਾ । ਚਰਨ ਪ੍ਰੀਤੀ ਨਾ ਦੇਵੀਂ ਤੋੜ, ਨੇਤਰ ਨੈਣਾਂ ਨੀਰ ਵਹਾਇੰਦਾ । ਆਦਿ ਜੁਗਾਦਿ ਮੈਨੂੰ ਤੇਰੀ ਲੋੜ, ਤੁਧ ਬਿਨ ਅਵਰ ਨਾ ਓਟ ਰਖਾਇੰਦਾ । ਧੰਨ ਭਾਗ ਤੂੰ ਗਿਆ ਬੌਹੜ, ਥਿਰ ਘਰ ਮੇਰਾ ਸੋਭਾ ਪਾਇੰਦਾ । ਮੈਂ ਤੇਰਾ ਸੁਤ ਦੁਲਾਰ ਜੰਮਿਆ ਕੌਰ, ਸ਼ਾਹ ਪਾਤਸ਼ਾਹ ਤੂੰ ਅਖਵਾਇੰਦਾ । ਮੇਰੀ ਤੇਰੇ ਹੱਥ ਡੋਰ, ਜਿਉਂ ਭਾਵੇ ਤਿਉਂ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਵਿਛੋੜਾ ਨਾ ਮੋਹੇ ਭਾਇੰਦਾ । ਸ਼ਬਦ ਸੁਤ ਕਰੇ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਅਧਾਰ, ਤੁਧ ਬਿਨ ਸਾਂਤਕ ਸਤਿ ਨਾ ਕੋਇ ਵਰਤਾਈਆ । ਤ੍ਰੈਗੁਣ ਮਾਇਆ ਨਾ ਕੋਇ ਭੰਡਾਰ, ਪੰਜ ਤੱਤ ਨਾ ਕੋਇ ਜਣਾਈਆ । ਲੱਖ ਚੁਰਾਸੀ ਨਾ ਕੋਇ ਸ਼ਿੰਗਾਰ, ਅੰਡਜ ਜੇਰਜ ਉਤਭੁਜ ਸੇਤਜ ਨਾ ਰੰਗ ਵਖਾਈਆ । ਸੂਰਜ ਚੰਨ ਨਾ ਕੋਇ ਉਜਿਆਰ, ਮੰਡਲ ਮੰਡਪ ਨਾ ਵੇਖ ਵਖਾਈਆ । ਇਕੋ ਮੰਗਾਂ ਤੇਰਾ ਦਰਸ ਦੀਦਾਰ, ਚਰਨ ਕਵਲ ਸੱਚੀ ਸ਼ਰਨਾਈਆ । ਨਿਰਗੁਣ ਨਿਰਗੁਣ ਕਰਾਂ ਸਚ ਗੁਫ਼ਤਾਰ, ਗੁਫ਼ਤ ਸ਼ਨੀਦ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਦੇਣਾ ਵਰ, ਏਕਾ ਰਹਾਂ ਤੇਰੀ ਸ਼ਰਨਾਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਦੇਵੇ ਦਾਨ, ਦਾਤਾ ਦਾਨੀ ਆਪ ਹੋ ਜਾਇੰਦਾ । ਏਕੰਕਾਰਾ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਆਦਿ ਨਿਰੰਜਣ ਵੇਖੇ ਮਾਰ ਧਿਆਨ, ਜੋਤੀ ਜਾਤਾ ਵੇਖ ਵਖਾਇੰਦਾ । ਸ੍ਰੀ ਭਗਵਾਨ ਵਖਾਏ ਨਿਸ਼ਾਨ, ਸਚ ਨਿਸ਼ਾਨਾ ਆਪ ਝੁਲਾਇੰਦਾ । ਅਬਿਨਾਸ਼ੀ ਕਰਤਾ ਜਾਣੀ ਜਾਣ, ਜਾਨਣਹਾਰ ਭੇਵ ਖੁਲ੍ਹਾਇੰਦਾ । ਪਾਰਬ੍ਰਹਮ ਬ੍ਰਹਮ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਸ਼ਬਦ ਸੁਤ ਸੁਣ ਬਾਲ ਨਿਧਾਨ, ਏਕਾ ਵਾਰ ਜਣਾਇੰਦਾ । ਹੁਕਮ ਮੰਨਣਾ ਧੁਰ ਫ਼ਰਮਾਣ, ਸਚ ਸੰਦੇਸ਼ਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰਤਾ ਪੁਰਖ, ਪੁਰਖ ਪੁਰਖੋਤਮ ਆਪ ਕਰਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਹਰਖ ਸੋਗ ਨਾ ਵੇਸ ਵਟਾਈਆ । ਬਾਲ ਅੰਞਾਣੇ ਉਤੇ ਖਾਧਾ ਤਰਸ, ਆਪਣੀ ਦਇਆ ਕਮਾਈਆ । ਤੇਰਾ ਖੇਲ ਅਰਸ਼ ਫ਼ਰਸ਼, ਬ੍ਰਹਿਮੰਡ ਖੰਡ ਤੇਰੀ ਰੁਸ਼ਨਾਈਆ । ਚੌਦਾਂ ਲੋਕ ਤੇਰਾ ਅਦਰਸ਼, ਚੌਦਾਂ ਤਬਕ ਵੇਖ ਵਖਾਈਆ । ਜੁਗ ਚੌਕੜੀ ਦੇਵਾਂ ਤੇਰਾ ਕਰਜ਼, ਮਕਰੂਜ ਆਪਣਾ ਨਾਉਂ ਧਰਾਈਆ । ਆਦਿ ਜੁਗਾਦਿ ਨਿਭਾਵਾਂ ਫ਼ਰਜ਼, ਜੁਗ ਜੁਗ ਸੇਵ ਕਮਾਈਆ । ਮੇਰਾ ਨਾਉਂ ਤੇਰਾ ਰਾਗ ਸਾਚੀ ਤਰਜ਼, ਦੋ ਜਹਾਨਾਂ ਏਕਾ ਗਾਈਆ । ਤੇਰਾ ਹੋਣ ਨਾ ਦੇਵਾਂ ਹਰਜ਼, ਸਦਾ ਸਦਾ ਸਦ ਸਹਾਈਆ । ਸਚਖੰਡ ਬੈਠਾ ਸੁਣਾਂ ਅਰਜ਼, ਆਰਜ਼ੂ ਇਕੋ ਇਕ ਵਖਾਈਆ । ਮੇਰੇ ਮਿਲਣ ਦੀ ਰੱਖੀਂ ਗਰਜ਼, ਗੁਰਬਤ ਹੋਰ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਝੋਲੀ ਪਾਈਆ । ਸ਼ਬਦ ਸੁਤ ਸੁਣਿਆ ਕੰਨ, ਹਰਿ ਜੂ ਆਪ ਸੁਣਾਇਆ । ਬਣ ਨਿਮਾਣਾ ਗਿਆ ਮੰਨ, ਨਿਉਂ ਨਿਉਂ ਸੀਸ ਝੁਕਾਇਆ । ਇਕੋ ਕਹੇ ਧੰਨ ਧੰਨ, ਧੰਨ ਤੇਰੀ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਇਆ । ਏਕਾ ਗੁਣ ਦੱਸ ਭਗਵਾਨ, ਸ਼ਬਦੀ ਮੰਗ ਮੰਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨਿਸ਼ਾਨ, ਨਿਰਗੁਣ ਸਰਗੁਣ ਆਪ ਪਰਗਟਾਇੰਦਾ । ਤ੍ਰੈਗੁਣ ਮਾਇਆ ਖੇਲ

ਮਹਾਨ, ਪੰਜ ਤੱਤ ਨਾਚ ਨਚਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਈਸ਼ ਜੀਵ ਵੇਖ ਵਖਾਇੰਦਾ । ਆਤਮ ਪਰਮਾਤਮ ਖੇਲ ਮਹਾਨ, ਬ੍ਰਹਮ ਪਾਰਬ੍ਰਹਮ ਪਰਗਟਾਇੰਦਾ । ਨਾਦ ਧੁੰਨ ਸੱਚੀ ਧੁਨਕਾਨ, ਅਨਾਦੀ ਨਾਦ ਸ਼ਬਦ ਸੁਣਾਇੰਦਾ । ਅੰਮ੍ਰਿਤ ਅੰਤਰ ਪੀਣ ਖਾਣ, ਸਰ ਸਰੋਵਰ ਆਪ ਬਣਾਇੰਦਾ । ਨਿਰਗੁਣ ਨੂਰ ਜੋਤ ਮਹਾਨ, ਜੋਤ ਨਿਰੰਜਣ ਡਗਮਗਾਇੰਦਾ । ਨੌਂ ਦੁਆਰੇ ਖੋਲ੍ਹ ਦੁਕਾਨ, ਨਾੜ ਬਹੱਤਰ ਬੰਧਨ ਪਾਇੰਦਾ । ਕਾਇਆ ਮਾਟੀ ਕਰ ਪਰਵਾਨ, ਜਗਤ ਹਾਟੀ ਵੇਖ ਵਖਾਇੰਦਾ । ਪੰਚਮ ਨਾਦ ਨਾਦ ਧੁਨਕਾਨ, ਬ੍ਰਹਿਮਾਦ ਨਾਦ ਸੁਣਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਪੰਜ ਸ਼ੈਤਾਨ, ਪੰਜਾਂ ਸ਼ਰਅ ਇਕ ਜਣਾਇੰਦਾ । ਆਸ਼ਾ ਤ੍ਰਿਸ਼ਨਾ ਕਰ ਬਲਵਾਨ, ਘਰ ਘਰ ਡੇਰਾ ਲਾਇੰਦਾ । ਮਨ ਮਨੂਆ ਰਾਜ ਰਾਜਾਨ, ਘਰ ਮੰਦਰ ਸੋਭਾ ਪਾਇੰਦਾ । ਸਤਿ ਸਤਿਵਾਦੀ ਹੋ ਮਿਹਰਵਾਨ, ਹਰਿ ਸਾਚੀ ਸੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬਾਲ ਅੰਞਾਣਾ ਸੰਗ ਨਿਭਾਇੰਦਾ । ਲੱਖ ਚੁਰਾਸੀ ਕਰਾਂ ਤਿਆਰ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਈਆ । ਵਿਸ਼ਨੂੰ ਦੇਵੇ ਇਕ ਆਧਾਰ, ਵਿਸ਼ਵ ਰੂਪ ਵਟਾਈਆ । ਦਰ ਦਰ ਘਰ ਘਰ ਪਾਵੇ ਸਾਰ, ਨਵ ਨੌਂ ਫੇਰਾ ਪਾਈਆ । ਬ੍ਰਹਮਾ ਕਰੇ ਬ੍ਰਹਮ ਅਕਾਰ, ਈਸ਼ ਜੀਵ ਖੇਲ ਖਲਾਈਆ । ਸ਼ੰਕਰ ਅੰਤਮ ਦਏ ਸੰਘਾਰ, ਆਪਣਾ ਬਲ ਧਰਾਈਆ । ਤਿੰਨਾਂ ਵਿਚੋਲਾ ਸਿਰਜਣਹਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕਰ ਕਿਰਪਾ ਮੇਰੇ ਨਿਰੰਕਾਰ, ਏਕਾ ਭੇਵ ਦੇਣਾ ਖੁਲ੍ਹਾਈਆ । ਕਿਸ ਬਿਧ ਤੇਰਾ ਮੇਲਾ ਹੋਵੇ ਸੰਸਾਰ, ਤੇਰਾ ਦਰਸ਼ਨ ਕਵਣ ਦੁਆਰੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਰਿਹਾ ਉਠਾਈਆ । ਆਪਣਾ ਪਰਦਾ ਹਰਿ ਜੂ ਲਾਹ, ਨਿਰਗੁਣ ਆਪ ਜਣਾਇੰਦਾ । ਜੁਗ ਜੁਗ ਆਵਾਂ ਵੇਸ ਵਟਾ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਬ੍ਰਹਮ ਨਾਲ ਪਾਰਬ੍ਰਹਮ ਮਿਲਾ, ਬ੍ਰਹਮ ਆਪਣੇ ਅੰਗ ਲਗਾਇੰਦਾ । ਆਪਣਾ ਨਾਦ ਸ਼ਬਦ ਧੁਨ ਸੁਣਾ, ਢੋਲਾ ਤੇਰਾ ਆਪ ਜਣਾਇੰਦਾ । ਪਰਦਾ ਉਹਲਾ ਆਪ ਉਠਾ, ਬਣ ਵਿਚੋਲਾ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਆਪਣਾ ਭੇਵ ਰਿਹਾ ਦੱਸ, ਦੀਨਨ ਦਇਆ ਕਮਾਈਆ । ਨਿਰਗੁਣ ਸਰਗੁਣ ਪੂਰੀ ਕਰੇ ਆਸ, ਰੂਪ ਅਨੂਪ ਵਟਾਈਆ । ਪੰਜ ਤੱਤ ਕਾਇਆ ਜੋਤ ਕਰ ਪਰਕਾਸ਼, ਗੁਰ ਅਵਤਾਰ ਨਾਉਂ ਧਰਾਈਆ । ਲੱਖ ਚੁਰਾਸੀ ਖੇਲ ਤਮਾਸ਼, ਨਿਜ ਘਰ ਬੈਠਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਤੇਰਾ ਭੇਵ ਨਿਰਗੁਣ ਰੂਪ, ਨਜ਼ਰ ਕਿਸੇ ਨਾ ਆਇੰਦਾ । ਤੂੰ ਸਾਹਿਬ ਸੱਚਾ ਸਤਿ ਸਰੂਪ, ਰੰਗ ਰੇਖ ਨਾ ਕੋਇ ਰਖਾਇੰਦਾ । ਆਦਿ ਜੁਗਾਦਿ ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਇੰਦਾ । ਲੱਖ ਚੁਰਾਸੀ ਵਸੇਂ ਕਲਬੂਤ, ਕਲ ਆਪਣੀ ਆਪ ਰਖਾਇੰਦਾ । ਮੈਨੂੰ ਆਪਣਾ ਦੱਸ ਸਚ ਸਬੂਤ, ਜਿਸ ਘਰ ਤੇਰਾ ਮੇਲਾ ਬਿਨ ਤੁਧ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਮੇਰਾ ਸਬੂਤ ਇਕੋ ਇਕ, ਆਦਿ ਪੁਰਖ ਸਮਝਾਇਆ । ਸਾਚੀ ਸਿਖਿਆ ਲੈਣੀ ਸਿਖ, ਬਿਨ ਅੱਖਰ ਰਿਹਾ ਪੜ੍ਹਾਇਆ । ਬਿਨ ਵਸਤੂ ਦੇਵਾਂ ਭਿੱਖ, ਏਕਾ ਵਸਤ ਆਪਣਾ ਨਾਉਂ ਝੋਲੀ ਪਾਇਆ । ਬਿਨ ਕਲਮ ਸਿਆਹੀ ਦਿਆਂ ਲਿਖ, ਮੇਰਾ ਲਿਖਿਆ ਲੇਖ ਨਾ ਕਿਸੇ ਮਿਟਾਇਆ । ਆਦਿ ਜੁਗਾਦਿ ਨਾ ਜਾਵਾਂ ਦਿਸ, ਨੇਤਰ ਨੈਣ ਨਜ਼ਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ

ਰਿਹਾ ਵਖਾਇਆ । ਪੁਰਖ ਅਬਿਨਾਸ਼ੀ ਇਕੋ ਰਾਹ, ਆਪਣਾ ਆਪ ਜਣਾਈਆ । ਲੋਕਮਾਤ ਕਰਾਂ ਖੇਲ ਬਣ ਬੇਪਰਵਾਹ, ਬੇੜਾ ਆਪ ਚਲਾਈਆ । ਲੱਖ ਚੁਰਾਸੀ ਵੇਖਾਂ ਥਾਉਂ ਥਾਂ, ਦਰ ਦਰ ਘਰ ਘਰ ਫੇਰਾ ਪਾਈਆ । ਜਨ ਭਗਤਾਂ ਲਵਾਂ ਆਪ ਉਠਾ, ਸਿਰ ਆਪਣਾ ਹੱਥ ਟਿਕਾਈਆ । ਨਿਰਗੁਣ ਜੋਤ ਇਕ ਜਗਾ, ਅਗਿਆਨ ਅੰਧੇਰ ਚੁਕਾਈਆ । ਨਾਦ ਧੁਨ ਸ਼ਬਦ ਵਜਾ, ਅਨਰਾਗੀ ਰਾਗ ਸੁਣਾਈਆ । ਅੰਮ੍ਰਿਤ ਆਤਮ ਜਾਮ ਪਿਆ, ਨਿਝਰ ਝਿਰਨਾ ਦਿਆਂ ਝਿਰਾਈਆ । ਸਵਛ ਸਰੂਪੀ ਦਰਸ ਕਰਾ, ਭਾਂਡਾ ਭਰਮ ਭੰਨਾਈਆ । ਜਨਮ ਜਨਮ ਦੀ ਹਿਰਸ ਮਿਟਾ, ਪੂਰਨ ਆਸ ਕਰਾਈਆ । ਮੈਨੂੰ ਮਿਲਣ ਦਾ ਜਿਸ ਜਨ ਚਾਅ, ਭਗਤ ਦੁਆਰੇ ਆਏ ਫੇਰਾ ਪਾਈਆ । ਮੇਰਾ ਭਗਤ ਦਏ ਸਮਝਾ, ਪ੍ਰਭ ਵਸੇ ਕਿਹੜੇ ਥਾਈਆ । ਬਣ ਵਿਚੋਲਾ ਦਏ ਮਿਲਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਘਰ ਬਹਾਈਆ । ਕਾਇਆ ਮੰਦਰ ਏਕਾ ਢੋਲਾ ਦੇਵੇ ਗਾ, ਆਤਮ ਪਰਮਾਤਮ ਲਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਰਿਹਾ ਵਖਾਈਆ । ਮੇਰਾ ਘਰ ਭਗਤ ਅੰਦਰ, ਹੋਰ ਦਿਸ਼ਾ ਨਾ ਵੰਡ ਵੰਡਾਇਆ । ਮੇਰਾ ਨਾਉਂ ਏਕਾ ਮੰਤਰ, ਹਰਿ ਭਗਤ ਰਿਹਾ ਜਸ ਗਾਇਆ । ਮੇਰਾ ਨਾਉਂ ਬਣਾਏ ਮੰਤਰ, ਲੋਕਮਾਤ ਦਏ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਰਿਹਾ ਵਖਾਇਆ । ਮੇਰਾ ਘਰ ਭਗਤ ਘੜ, ਪੰਜ ਤੱਤ ਦਏ ਵਡਿਆਈਆ । ਜੁਗ ਜੁਗ ਅੰਦਰ ਜਾਵਾਂ ਵੜ, ਆਪਣਾ ਕੁੰਡਾ ਲਾਹੀਆ । ਬਲਧਾਰੀ ਕੋਈ ਨਾ ਸਕੇ ਫੜ, ਰਾਜ ਰਾਜਾਨਾਂ ਨੈਣ ਸ਼ਰਮਾਈਆ । ਜਨ ਭਗਤਾਂ ਦਰਸ ਦਖਾਵਾਂ ਅੱਗੇ ਖੜ, ਆਪ ਆਪਣਾ ਰੂਪ ਵਟਾਈਆ । ਨਾ ਕੋਈ ਸੀਸ ਨਾ ਕੋਈ ਧੜ, ਰੂਪ ਰੰਗ ਨਾ ਕੋਈ ਵਡਿਆਈਆ । ਨਾ ਜਨਮਾ ਨਾ ਜਾਵਾਂ ਮਰ, ਜਨਮ ਮਰਨ ਨਾ ਕੋਈ ਰਖਾਈਆ । ਆਦਿ ਜੁਗਾਦੀ ਇਕੋ ਹਰਿ, ਜੁਗ ਜੁਗ ਵੇਸ ਵਟਾਈਆ । ਭਗਤਾਂ ਅੰਦਰ ਜੋਤ ਧਰ, ਸਾਚੇ ਦੀਪਕ ਕਰਾਂ ਰੁਸ਼ਨਾਈਆ । ਨਾਮ ਨਿਧਾਨਾ ਅੱਖਰ ਪੜ੍ਹ, ਗੀਤ ਗੋਬਿੰਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ ਪੁਰਖ ਅਬਿਨਾਸ਼ਾ, ਆਪਣੀ ਆਪ ਜਣਾਇੰਦਾ । ਜੁਗ ਚੌਕੜੀ ਖੇਲ ਤਮਾਸ਼ਾ, ਨੌਂ ਨੌਂ ਚਾਰ ਵੰਡ ਵੰਡਾਇੰਦਾ । ਭਗਤਾਂ ਕਰਾਂ ਪੂਰੀ ਆਸਾ, ਭਗਵਾਨ ਰੂਪ ਵਟਾਇੰਦਾ । ਦੋ ਜਹਾਨਾਂ ਦੇਵਾਂ ਸਾਥਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਇੰਦਾ । ਲਹਿਣਾ ਦੇਣਾ ਚੁਕਾਵਾਂ ਮਸਤਕ ਮਾਥਾ, ਪੂਰਬ ਕਰਮਾਂ ਵੇਖ ਵਖਾਇੰਦਾ । ਇਕ ਚੜ੍ਹਾਵਾਂ ਸਾਚੇ ਰਾਥਾ, ਬਣ ਰਥਵਾਹੀ ਸੇਵ ਕਮਾਇੰਦਾ । ਕਰੇ ਖੇਲ ਪੁਰਖ ਸਮਰਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਚਲਣਾ ਜਗ, ਹਰਿ ਜੂ ਆਪ ਜਣਾਈਆ । ਜੁਗ ਚੌਕੜੀ ਵੇਖਣ ਭੱਜ ਭੱਜ, ਨਿਰਗੁਣ ਸਰਗੁਣ ਵੇਸ ਵਟਾਈਆ । ਜਨ ਭਗਤਾਂ ਪਰਦਾ ਲਏ ਕੱਜ, ਸਮਰਥ ਹੱਥ ਵਡੀ ਵਡਿਆਈਆ । ਸਚਖੰਡ ਨਿਵਾਸੀ ਹਰਿਜਨ ਦੁਆਰੇ ਬਹਿ ਸਜ, ਰੂਪ ਅਨੂਪ ਵਟਾਈਆ । ਪ੍ਰੇਮ ਪਿਆਰ ਅੰਦਰ ਜਾਏ ਬੱਝ, ਸਾਚੀ ਰੀਤੀ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਸ੍ਰੀ ਭਗਵਾਨਾ, ਭਗਵਨ ਆਪਣੀ ਖੇਲ ਕਰਾਇੰਦਾ । ਸ਼ਬਦੀ ਸੁਤ ਦੇ ਪਰਵਾਨਾ, ਨਾਮ ਨਿਧਾਨਾ ਇਕ ਜਣਾਇੰਦਾ । ਜੁਗ ਚੌਕੜੀ ਖੇਲ ਮਹਾਨਾ, ਵਿਸ਼ਨ ਬ੍ਰਹਮਾ ਸ਼ਿਵ ਲਗਾਇੰਦਾ । ਤ੍ਰੈਗੁਣ ਦਿਤਾ ਇਕੋ ਦਾਨਾ, ਪੰਚਮ ਬੰਧਨ ਪਾਇੰਦਾ । ਲੱਖ ਚੁਰਾਸੀ ਕਰ ਨਿਸ਼ਾਨਾ, ਜੀਵ ਜੰਤ ਵੇਖ ਵਖਾਇੰਦਾ । ਭਗਤਾਂ

ਬੰਨ੍ਹੇ ਸਾਚਾ ਗਾਨਾ, ਭਗਤੀ ਤੰਦ ਇਕ ਬੰਧਾਇੰਦਾ । ਅੰਤਰ ਆਤਮ ਬ੍ਰਹਮ ਗਿਆਨਾ, ਪਾਰਬ੍ਰਹਮ ਸਮਝਾਇੰਦਾ । ਦਰਸ ਦਖਾਏ ਸ੍ਰੀ ਭਗਵਾਨਾ, ਆਪਣਾ ਪਰਦਾ ਲਾਹਿੰਦਾ । ਖੰਡ ਬ੍ਰਹਿਮੰਡ ਵੇਖੇ ਮਾਰ ਧਿਆਨਾ, ਜੇਰਜ ਅੰਡਜ ਵੇਸ ਵਟਾਇੰਦਾ । ਸਾਹਿਬ ਸੁਲਤਾਨ ਸੂਰਾ ਸਰਬੰਗ, ਆਪਣਾ ਬਲ ਵਧਾਇੰਦਾ । ਵਸਣਹਾਰਾ ਸਚਖੰਡ, ਥਿਰ ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਇੰਦਾ । ਆਪਣੀ ਕਲ ਅਕਲ ਕਲਧਾਰ, ਪੁਰਖ ਅਕਾਲ ਵਰਤਾਈਆ । ਕਰੇ ਖੇਲ ਦੀਨ ਦਿਆਲ, ਦੀਨਨ ਰਛਿਆ ਆਪ ਕਮਾਈਆ । ਆਪਣੇ ਹੱਥ ਰਖਾਏ ਕਾਲ ਮਹਾਂਕਾਲ, ਤ੍ਰੈਭਵਨ ਧਨੀ ਵਡੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਪੂਰਾ ਕਰੇ ਸਵਾਲ, ਦਰ ਬੈਠੇ ਸੀਸ ਝੁਕਾਈਆ । ਜੁਗ ਜੁਗ ਬਣੇ ਰਹਿਣ ਕੰਗਾਲ, ਸ਼ਾਹ ਪਾਤਸ਼ਾਹ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਈਆ । ਆਪਣੇ ਰੰਗ ਰੱਤਾ ਨਿਰੰਕਾਰ, ਰੱਤੀ ਰੱਤ ਨਾ ਕੋਈ ਰਖਾਇੰਦਾ । ਗਤਮਿਤ ਜਾਣੇ ਸਰਬ ਸੰਸਾਰ, ਦੂਸਰ ਓਟ ਨਾ ਕੋਈ ਰਖਾਇੰਦਾ । ਜੁਗ ਚੌਕੜੀ ਵੰਡਣਹਾਰ, ਵੰਡਣਹਾਰ ਆਪ ਅਖਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰੇ ਕਾਰ, ਕਲਜੁਗ ਵੇਖ ਵਖਾਇੰਦਾ । ਸੇਵਾ ਲਾ ਗੁਰ ਅਵਤਾਰ, ਇਕੋ ਨਾਦ ਸ਼ਬਦ ਸੁਣਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਮਾਰਗ ਲਾ, ਅੰਤ ਆਪੇ ਮੇਟ ਮਿਟਾਈਆ । ਗੁਰ ਅਵਤਾਰ ਲਏ ਪਰਗਟਾ, ਪੰਜ ਤੱਤ ਕਰੇ ਕੁੜਮਾਈਆ । ਨਿਰਗੁਣ ਸਰਗੁਣ ਦਏ ਸਲਾਹ, ਸਾਚਾ ਹੁਕਮ ਸੁਣਾਈਆ । ਭਗਤਾਂ ਬਣੇ ਆਪ ਮਲਾਹ, ਸਾਚਾ ਬੇੜਾ ਕੰਧ ਉਠਾਈਆ । ਡੂੰਘੀ ਭਵਰੀ ਪਾਰ ਕਰਾ, ਜਗਤ ਸਾਗਰ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਾਂ ਹੋਏ ਸਹਾਈਆ । ਸਤਿਜੁਗ ਤ੍ਰੇਤਾ ਦੁਆਪਰ ਭਗਤਨ ਤਾਰ, ਆਪਣਾ ਰੰਗ ਚੜ੍ਹਾਇਆ । ਨਿਉਂ ਨਿਉਂ ਦੋਏ ਜੋੜ ਕਰਨ ਨਿਮਸਕਾਰ, ਤੇਈ ਅਵਤਾਰ ਬੈਠੇ ਨੈਣ ਸ਼ਰਮਾਇਆ । ਈਸਾ ਮੂਸਾ ਨੇਤਰ ਨੈਣ ਰੋਵਣ ਜ਼ਾਰੋ ਜ਼ਾਰ, ਗਿਰਿਆਜ਼ਾਰ ਸੁਣਾਇਆ । ਮੁਹੰਮਦ ਧਾਹਾਂ ਰਿਹਾ ਮਾਰ, ਚੌਦਾਂ ਤਬਕ ਰਿਹਾ ਕੁਰਲਾਇਆ । ਨਾਨਕ ਗਾਏ ਇਕ ਨਿਰੰਕਾਰ, ਤਾਰ ਸਤਾਰ ਰਬਾਬ ਵਜਾਇਆ । ਗੋਬਿੰਦ ਬਣਿਆ ਸੁਤ ਦੁਲਾਰ, ਪੁਰਖ ਅਕਾਲ ਗੋਦ ਸੁਹਾਇਆ । ਕਰੇ ਖੇਲ ਆਪ ਨਿਰੰਕਾਰ, ਜੁਗ ਜੁਗ ਵੇਸ ਵਟਾਇਆ । ਸੇਵਾ ਲਾਏ ਅਪਰ ਅਪਾਰ, ਸਾਚੀ ਸੇਵਾ ਆਪ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਵਖਾਇਆ । ਗੁਰ ਅਵਤਾਰ ਮਾਰਗ ਲਾ, ਜੀਵਣ ਮਰਨ ਗਏ ਸਮਝਾਈਆ । ਅੰਤਮ ਕਹਿ ਕੇ ਗਏ ਮਿਲੇ ਬੇਪਰਵਾਹ, ਬੇਅੰਤ ਵਡੀ ਵਡਿਆਈਆ । ਸ਼ਾਹ ਪਾਤਸ਼ਾਹ, ਸੱਚਾ ਸ਼ਹਿਨਸ਼ਾਹ ਇਕ ਅਖਵਾਈਆ । ਸਭ ਮੰਗਦੇ ਗਏ ਪਨਾਹ, ਲੋਕਮਾਤ ਓਟ ਤਕਾਈਆ । ਅੰਤਮ ਪੀਰ ਪੈਗ਼ੰਬਰ ਔਲੀਏ ਸ਼ੇਖ਼ ਹੋਣੇ ਫ਼ਨਾਹ, ਬਿਸਮਿਲ ਰੂਪ ਸਮਾਈਆ । ਪੰਜ ਤੱਤ ਚੋਲੀ ਕਾਇਆ ਦਿਸੇ ਕਿਸੇ ਨਾ, ਗੁਰ ਅਵਤਾਰ ਗਏ ਤਨ ਹੰਢਾਈਆ । ਪੁਰਖ ਅਬਿਨਾਸ਼ੀ ਵਸੇ ਸਭਨੀ ਥਾਂ, ਘਟ ਘਟ ਆਪਣੀ ਜੋਤ ਜਗਾਈਆ । ਸਤਿਜੁਗ ਤ੍ਰੇਤਾ ਦੁਆਪਰ ਪਕੜੇ ਬਾਂਹ, ਜਨ ਭਗਤਾਂ ਹੋਏ ਸਹਾਈਆ । ਨਿਤ ਨਵਿਤ ਰੂਪ ਵਟਾ, ਅਬਿਨਾਸ਼ੀ ਅਚੁਤ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਦੇਵੇ ਮਾਣ ਹਰਿ ਕਰਤਾਰਾ, ਕੁਦਰਤ ਕਾਦਰ ਖੇਲ ਖਲਾਇੰਦਾ ।

ਸਤਿਜੁਗ ਤ੍ਰੇਤਾ ਦੁਆਪਰ ਭਗਤਾਂ ਕਰਦਾ ਆਇਆ ਪਿਆਰਾ, ਜੁਗ ਜੁਗ ਆਪਣੇ ਨਾਲ ਰਲਾਇੰਦਾ । ਏਕਾ ਦੂਆ ਪਾਰ ਕਿਨਾਰਾ, ਬਣ ਮਾਹੀ ਪੱਤਨ ਪਾਰ ਕਰਾਇੰਦਾ । ਧਰੂ ਪ੍ਰਹਿਲਾਦ ਕਰੇ ਨਿਮਸਕਾਰਾ, ਬਲ ਨਿਉਂ ਨਿਉਂ ਸੀਸ ਝੁਕਾਇੰਦਾ । ਅਮਰੀਕ ਰੋਵੇ ਜ਼ਾਰੋ ਜ਼ਾਰਾ, ਜਨਕ ਇਕੋ ਓਟ ਰਖਾਇੰਦਾ । ਹਰੀ ਚੰਦ ਦੇ ਸਹਾਰਾ, ਨਾਰ ਤਾਰਾਂ ਪਾਰ ਕਰਾਇੰਦਾ । ਬਿਦਰ ਵਖਾਇਆ ਇਕ ਅਖਾੜਾ, ਸਿਰ ਆਪਣਾ ਹੱਥ ਟਿਕਾਇੰਦਾ । ਸੁਦਾਮੇ ਦੇਵੇ ਚਰਨ ਪਿਆਰਾ, ਦਰੋਪਦ ਲੱਜਿਆ ਆਪ ਰਖਾਇੰਦਾ । ਜੈ ਦੇਓ ਦੇਵੇ ਇਕ ਸਹਾਰਾ, ਪਾਤੀ ਡਾਲ ਆਪ ਮਹਿਕਾਇੰਦਾ । ਲੇਖਾ ਜਾਣੇ ਰਵਦਾਸ ਚੁਮਿਆਰਾ, ਸੈਣ ਨਾਈ ਰੂਪ ਵਟਾਇੰਦਾ । ਅਜਾਮਲ ਗਨਕਾ ਪਾਰ ਕਿਨਾਰਾ, ਪੂਤਨਾ ਪਰਦਾ ਆਪੇ ਪਾਇੰਦਾ । ਬੱਧਕ ਅਵਗੁਣ ਨਾ ਵਿਚਾਰਾ, ਗੁਣ ਆਪਣਾ ਆਪ ਵਖਾਇੰਦਾ । ਕਬੀਰ ਜੁਲਾਹਾ ਕਰੇ ਪੁਕਾਰਾ, ਉਚੀ ਕੂਕ ਕੂਕ ਸੁਣਾਇੰਦਾ । ਬੇਣੀ ਦੇਵੇ ਇਕ ਪਿਆਰਾ, ਤ੍ਰਲੋਚਣ ਆਪਣੇ ਰੰਗ ਰੰਗਾਇੰਦਾ । ਬਿਨ ਹਰਿ ਕੋਈ ਨਾ ਉਤਰੇ ਪਾਰਾ, ਲੱਖ ਚੁਰਾਸੀ ਨਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਭਗਤਾਂ ਦਰ ਸੁਹਾਇੰਦਾ । ਭਗਤਾਂ ਦਰ ਆਏ ਭਗਵਾਨ, ਜੁਗ ਜੁਗ ਵਡੀ ਵਡਿਆਈਆ । ਗਾ ਗਾ ਥੱਕੇ ਵੇਦ ਸ਼ਾਸਤਰ ਸਿਮਰਤ ਪੁਰਾਨ, ਹਰਿ ਕਾ ਗੁਣ ਕਹਿਣ ਨਾ ਜਾਈਆ । ਜਿਸ ਜਨ ਕਿਰਪਾ ਕਰੇ ਮਹਾਨ, ਆਪਣੀ ਬੂਝ ਬੁਝਾਈਆ । ਦਰ ਘਰ ਦਰਸ਼ਨ ਦੇਵੇ ਆਣ, ਤ੍ਰਿਸ਼ਨਾ ਭੁੱਖ ਰਹੇ ਨਾ ਰਾਈਆ । ਸਾਚੀ ਸੱਖੀ ਮਿਲੇ ਕਾਹਨ, ਕਾਇਆ ਮੰਡਲ ਰਾਸ ਰਚਾਈਆ । ਨਾਮ ਬਿਠਾਏ ਇਕ ਬਿਬਾਣ, ਸਚ ਬਿਬਾਣੇ ਲਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਬਦ ਕਹੇ ਸੁਣ ਮੇਰੇ ਹਰਿ, ਤੇਰਾ ਭੇਵ ਕੋਈ ਨਾ ਆਇਆ । ਆਦਿ ਜੁਗਾਦਿ ਮੈਂ ਰਿਹਾ ਡਰ, ਨਿਉਂ ਨਿਉਂ ਸੀਸ ਝੁਕਾਇਆ । ਤੂੰਹੀ ਦੇਵਣਹਾਰਾ ਵਰ, ਮੇਰੀ ਆਸ਼ਾ ਪੂਰ ਕਰਾਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਾਰ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੋਟਨ ਕੋਟ ਵਾਰ ਹੰਢਾਇਆ । ਕੋਟਨ ਕੋਟ ਗੁਰ ਅਵਤਾਰ ਬੈਠੇ ਤੇਰੇ ਦਰ, ਦਰ ਬੈਠੇ ਅਲਖ ਜਗਾਇਆ । ਪੁਰਖ ਅਬਿਨਾਸ਼ੀ ਖ਼ਾਲੀ ਝੋਲੀ ਭਰ, ਅਤੋਟ ਅਤੁਟ ਕਰਾਇਆ । ਤੂੰ ਸਭ ਨੂੰ ਦੇਵਣਹਾਰਾ ਵਰ, ਬੇਅੰਤ ਤੇਰੀ ਵਡਿਆਈਆ । ਨਾਨਕ ਪਾਇਆ ਇਕੋ ਘਰ, ਚਰਨ ਦੁਆਰਾ ਤੇਰਾ ਸੁਹਾਇਆ । ਪੱਲੂ ਤੇਰਾ ਲਿਆ ਫੜ, ਨਾ ਕੋਈ ਤੋੜੇ ਤੋੜ ਤੁੜਾਇਆ । ਤੇਰੇ ਪੌੜੇ ਗਿਆ ਚੜ੍ਹ, ਸਚਖੰਡ ਡੇਰਾ ਲਾਇਆ । ਤੇਰਾ ਨਾਉਂ ਲਿਆ ਪੜ੍ਹ, ਨਿਰੰਕਾਰ ਨਿਰੰਕਾਰ ਰਿਹਾ ਜਸ ਗਾਇਆ । ਲੋਕਮਾਤ ਵਿਚ ਗਿਆ ਵੜ, ਜੀਵਾਂ ਜੰਤਾਂ ਆਪ ਸਮਝਾਇਆ । ਪੁਰਖ ਅਬਿਨਾਸ਼ੀ ਸ਼ਰਨੀ ਜਾਓ ਪੜ੍ਹ, ਲਿਖ ਲਿਖ ਲੇਖ ਬੋਧ ਅਗਾਧ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇਆ । ਨਾਨਕ ਨਿਰਗੁਣ ਬੋਲ ਜੈਕਾਰ, ਸਰਗੁਣ ਨਾਨਕ ਦਏ ਸਮਝਾਈਆ । ਪੰਜ ਤੱਤ ਨਾਨਕ ਕਰੇ ਵਿਚਾਰ, ਨਿਰਗੁਣ ਨਾਨਕ ਆਪਣਾ ਹੁਕਮ ਵਰਤਾਈਆ । ਲੇਖਾ ਜਾਣੇ ਅਗੰਮ ਅਪਾਰ, ਅਗੰਮੜੀ ਖੇਲ ਕਰਾਈਆ । ਹੱਡ ਮਾਸ ਨਾੜੀ ਚੰਮੜੇ ਵਸਿਆ ਬਾਹਰ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਦਏ ਸਮਝਾਈਆ । ਕਲਜੁਗ ਵੇਲਾ ਅੰਤਮ ਔਣਾ, ਨਾਨਕ ਨਿਰਗੁਣ ਸਰਬ ਜਣਾਇੰਦਾ । ਪੁਰਖ ਅਬਿਨਾਸ਼ੀ ਜਾਮਾ ਪੌਣਾ, ਲੋਕਮਾਤ ਵੇਸ ਵਟਾਇੰਦਾ । ਨਿਹਕਲੰਕ ਨਾਉਂ ਰਖੌਣਾ, ਦਿਸ ਕਿਸੇ ਨਾ ਆਇੰਦਾ । ਅਗੰਮੀ ਢੋਲਾ ਆਪੇ ਗੌਣਾ,

ਆਪਣਾ ਮਾਰਗ ਆਪੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਇੰਦਾ । ਕਲਜੁਗ ਅੰਤਮ ਜਾਏ ਆ, ਥਿਰ ਕੋਇ ਰਹਿਣ ਨਾ ਪਾਈਆ । ਪ੍ਰਗਟ ਹੋਵੇ ਬੇਪਰਵਾਹ, ਜੋਤੀ ਜੋਤ ਕਰੇ ਰੁਸ਼ਨਾਈਆ । ਨਿਹਕਲੰਕਾ ਨਾਉਂ ਰਖਾ, ਰਾਉ ਰੰਕਾਂ ਲਏ ਜਗਾਈਆ । ਸਾਚਾ ਡੰਕਾ ਇਕ ਵਜਾ, ਚਾਰ ਵਰਨ ਕਰੇ ਪੜ੍ਹਾਈਆ । ਅਠਾਰਾਂ ਬਰਨ ਲਏ ਸਮਝਾ, ਚੌਦਾਂ ਵਿਦਿਆ ਮੂਲ ਚੁਕਾਈਆ । ਚੌਦਾਂ ਤਬਕਾਂ ਫੇਰਾ ਪਾ, ਚੌਦਾਂ ਲੋਕ ਦਏ ਹਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾ, ਏਕਾ ਤੱਤ ਦਏ ਸਮਝਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾ, ਜੁਗ ਗੇੜਾ ਆਪਣੇ ਹੱਥ ਰਖਾਈਆ । ਸਤਿਜੁਗ ਮਾਰਗ ਦੇਵੇ ਲਾ, ਕੂੜੀ ਕਿਰਿਆ ਦਏ ਖਪਾਈਆ । ਦੋ ਜਹਾਨਾ ਨੌਬਤ ਨਾਮ ਵਜਾ, ਸੁਹਬਤ ਆਪਣੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਸਰ ਭੇਵ ਕੋਇ ਨਾ ਪਾਈਆ । ਹਰਿ ਜੂ ਖੇਲ ਆਪ ਕਰੌਣਾ, ਕਰਤਾ ਪੁਰਖ ਵਡੀ ਵਡਿਆਈਆ । ਕਲਜੁਗ ਅੰਤਮ ਭਾਗ ਲਗੌਣਾ, ਸੰਬਲ ਨਗਰ ਦਏ ਸੁਹਾਈਆ । ਸਾਢੇ ਤਿੰਨ ਹੱਥ ਬੰਕ ਆਪ ਬਨੌਣਾ, ਮਹੱਲ ਅਟੱਲ ਕਰੇ ਰੁਸ਼ਨਾਈਆ । ਜੁਗ ਜੁਗ ਦੇ ਵਿਛੜੇ ਮੇਲ ਮਿਲੌਣਾ, ਹਰਿਜਨ ਲਏ ਮਿਲਾਈਆ । ਸਾਚੇ ਭਗਤਾਂ ਦਰ ਬਹੌਣਾ, ਦਰ ਆਇਆਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਵੇਖ ਵਖਾਈਆ । ਭਗਤ ਭਗਵੰਤ ਵੇਖੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਨਿਰਭੌ ਚੁਕਾਏ ਭੈ ਡਰ, ਆਪ ਆਪਣੀ ਦਇਆ ਕਮਾਇਆ । ਲੱਖ ਚੁਰਾਸੀ ਵਿਚੋਂ ਲਏ ਫੜ, ਹਰਿਜਨ ਆਪਣੇ ਨਾਲ ਮਿਲਾਇਆ । ਕਿਲਾ ਤੋੜ ਹੰਕਾਰੀ ਗੜ੍ਹ, ਮਾਇਆ ਮਮਤਾ ਮੋਹ ਚੁਕਾਇਆ । ਲੇਖਾ ਜਾਣੇ ਚੋਟੀ ਜੜ੍ਹ, ਪੱਤ ਡਾਲੀ ਆਪ ਮਹਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਤਾਰੇ ਭਗਤਨ ਮੀਤਾ, ਭਗਵਨ ਦਇਆ ਕਮਾਈਆ । ਸੰਤ ਸੁਹੇਲਾ ਠਾਂਡਾ ਸੀਤਾ, ਅਗਨੀ ਤੱਤ ਨੇੜ ਨਾ ਆਈਆ । ਗੁਰਮੁਖ ਕਰੇ ਪਤਤ ਪੁਨੀਤਾ, ਪਤਤ ਪਾਪੀ ਲਏ ਤਰਾਈਆ । ਗੁਰਸਿਖ ਧਾਮ ਵਖਾਏ ਅਨਡੀਠਾ, ਅਨਡਿਠੜੀ ਕਾਰ ਚਲਾਈਆ । ਸਤਿਜੁਗ ਵਖਾਏ ਸਾਚੀ ਰੀਤਾ, ਮੰਦਰ ਮਸੀਤਾਂ ਨਾ ਕੋਇ ਵਡਿਆਈਆ । ਏਕਾ ਰੰਗ ਰੰਗਾਏ ਹਸਤ ਕੀਟਾ, ਊਚ ਨੀਚ ਨਾ ਕੋਇ ਰਖਾਈਆ । ਭਗਤ ਭਗਵੰਤ ਦਰਸਾਏ ਇਕ ਅਤੀਤਾ, ਤ੍ਰੈਗੁਣ ਬੰਧਨ ਦਏ ਤੁੜਾਈਆ । ਏਕਾ ਨਾਉਂ ਮਾਣ ਗਵਾਏ ਅਠਾਰਾਂ ਧਿਆਏ ਗੀਤਾ, ਸ਼ਾਸਤਰ ਸਿਮਰਤ ਮੁਖ ਭੁਵਾਈਆ । ਨਾਮ ਨਿਧਾਨ ਜਿਸ ਜਨ ਪੀਤਾ, ਜਮ ਦੰਡ ਨਾ ਦੇਵੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਹੋਏ ਸਹਾਈਆ । ਕਲਜੁਗ ਅੰਤਮ ਹਰਿ ਜੂ ਭਗਤ, ਹਰੀ ਹਰਿ ਆਪ ਬਣਾਇੰਦਾ । ਆਪ ਪਰਗਟਾਏ ਆਪਣੇ ਵਕਤ, ਥਿਤ ਵਾਰ ਨਾ ਕੋਇ ਰਖਾਇੰਦਾ । ਆਪੇ ਜਾਣੇ ਆਪਣੀ ਸ਼ਕਤ, ਸ਼ਖ਼ਸੀਅਤ ਭੇਤ ਕਿਸੇ ਨਾ ਆਇੰਦਾ । ਵਸੇ ਬਾਹਰ ਬੂੰਦ ਰਕਤ, ਬੂੰਦ ਰਕਤ ਆਪਣੇ ਰੰਗ ਰੰਗਾਇੰਦਾ । ਲੱਖ ਚੁਰਾਸੀ ਖੇਲ ਜਗਤ, ਜੁਗ ਕਰਤਾ ਆਪ ਕਰਾਇੰਦਾ । ਭਗਤਾਂ ਦੇਵੇ ਨਿਰਗੁਣ ਦਰਸ, ਸਰਗੁਣ ਵੇਖ ਵਖਾਇੰਦਾ । ਕਲਜੁਗ ਅੰਤਮ ਮੇਟੇ ਹਰਸ, ਤ੍ਰਿਸ਼ਨਾ ਜਗਤ ਬੁਝਾਇੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਸਾਂਤਕ ਸਤਿ ਕਰਾਇੰਦਾ । ਕਿਰਪਾਨਿਧ ਕਰੇ ਤਰਸ, ਅਬਿਨਾਸ਼ੀ ਠਾਕਰ ਫੇਰਾ ਪਾਇੰਦਾ । ਲੱਖ ਚੁਰਾਸੀ ਵਿਚੋਂ ਪਰਖ, ਹਰਿਜਨ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਚੇ ਸ਼ਬਦ ਇਕ ਸਮਝਾਇੰਦਾ । ਸੁਤ ਦੁਲਾਰੇ ਸੁਣ ਧਿਆਨ, ਧਿਆਨ ਧਿਆਨ ਨਾਲ ਮਿਲਾਈਆ । ਕਲਜੁਗ ਅੰਤਮ ਖੇਲ ਕਰੇ ਭਗਵਾਨ, ਭਗਵਨ ਰੂਪ ਵਟਾਈਆ । ਸਾਚੇ ਭਗਤ ਲਏ ਪਹਿਚਾਨ, ਆਪ ਆਪਣੀ ਬੂਝ ਬੁਝਾਈਆ । ਬਿਨ ਪੜ੍ਹਿਆਂ ਦੇਵੇ ਗਿਆਨ, ਜਗਤ ਵਿਦਿਆ ਨਾ ਕੋਇ ਪੜ੍ਹਾਈਆ । ਲੋਕਮਾਤ ਕਰੇ ਪਰਧਾਨ, ਸਿਰ ਆਪਣਾ ਹੱਥ ਟਿਕਾਈਆ । ਇਕ ਵਖਾਏ ਸਚ ਨਿਸ਼ਾਨ, ਦੋ ਜਹਾਨਾਂ ਰਿਹਾ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡੀ ਵਡਿਆਈਆ । ਦੇਵੇ ਮਾਣ ਵਡਿਆਈ ਵਡ, ਹਰਿ ਵੱਡਾ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਕੱਢ, ਆਪਣਾ ਬੰਧਨ ਪਾਈਆ । ਸ਼ਬਦ ਸੁਣਾਏ ਬੋਧ ਅਗਾਧ, ਅਗਾਧ ਬੋਧ ਕਰੇ ਪੜ੍ਹਾਈਆ । ਲੇਖਾ ਜਾਣੇ ਸੰਤ ਸਾਧ, ਸਿਦਕ ਸਬੂਰੀ ਆਪ ਨਿਭਾਈਆ । ਭਗਤਾਂ ਤਾਰੇ ਆਦਿ ਜੁਗਾਦਿ, ਜੁਗ ਜੁਗ ਸੇਵ ਕਮਾਈਆ । ਵੇਖਣਹਾਰਾ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਫੇਰਾ ਪਾਈਆ । ਕਲਜੁਗ ਅੰਤਮ ਦੇਵੇ ਦਾਦ, ਸਾਚੀ ਵਸਤ ਆਪ ਵਰਤਾਈਆ । ਜਨ ਭਗਤਾਂ ਕਰੇ ਲਾਡ, ਜਿਉਂ ਬਾਲਕ ਮਾਤਾ ਗੋਦ ਸਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਤਰਾਈਆ । ਕਲਜੁਗ ਅੰਤਮ ਆਇਆ ਅੰਤ, ਅੰਤ ਰਹਿਣ ਨਾ ਪਾਈਆ । ਕਰੇ ਖੇਲ ਸ੍ਰੀ ਭਗਵੰਤ, ਸਾਚੇ ਭਗਤਾਂ ਲਏ ਜਗਾਈਆ । ਦਰਸ ਦਖਾਏ ਵਾਰ ਅਨੰਤ, ਅਕਲ ਕਲਾ ਵਡਿਆਈਆ । ਨਾਤਾ ਤੋੜ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਮਾਣਸ ਜਨਮ ਬਣਾਈ ਬਣਤ, ਦੇਵਤ ਸੁਰ ਰਹੇ ਸ਼ਰਮਾਈਆ । ਮੇਲ ਮਿਲਾਵਾ ਸਾਚੀ ਸੰਗਤ, ਹਰਿ ਸਰਨ ਮਿਲੀ ਸਰਨਾਈਆ । ਕਾਇਆ ਚੋਲੀ ਚਾੜ੍ਹੇ ਰੰਗਤ, ਰੰਗਿਆ ਰੰਗ ਉਤਰ ਨਾ ਜਾਈਆ । ਜੋ ਜਨ ਦੁਆਰੇ ਆਏ ਮੰਗਤ, ਸਾਚੀ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਹੋਏ ਸਦਾ ਸਹਾਈਆ । ਜੁਗ ਜੁਗ ਭਗਤਾਂ ਬਣਿਆ ਰਾਖਾ, ਸੇਵਕ ਸੇਵ ਕਮਾਈਆ । ਕਲਜੁਗ ਅੰਤਮ ਦੇਵੇ ਸਾਥਾ, ਸਗਲਾ ਸੰਗ ਨਿਭਾਈਆ । ਤ੍ਰਲੋਕੀ ਨੰਦਨ ਵੇਖ ਤਮਾਸ਼ਾ, ਤ੍ਰੈ ਤ੍ਰੈ ਮੂਲ ਚੁਕਾਈਆ । ਲੇਖਾ ਜਾਣ ਪ੍ਰਿਥਮੀ ਅਕਾਸ਼ਾ, ਮੰਡਲ ਮੰਡਪ ਡੇਰਾ ਢਾਹੀਆ । ਵਿਸ਼ਨ ਸ਼ਿਵ ਬ੍ਰਹਮਾ ਵਿਨਾਸ਼ਾ, ਅਬਿਨਾਸ਼ੀ ਇਕੋ ਇਕ ਅਖਵਾਈਆ । ਜਨ ਭਗਤਾਂ ਹੋਏ ਦਾਸੀ ਦਾਸਾ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਰਿਹਾ ਸੁਹਾਈਆ । ਭਗਤ ਸੁਹਾਇਆ ਭਗਤੀ ਰੰਗ, ਹਰਿ ਸੱਜਣ ਵੇਖ ਵਖਾਇੰਦਾ । ਆਤਮ ਅੰਤਰ ਇਕ ਅਨੰਦ, ਅਨੰਦ ਅਨੰਦ ਵਿਚ ਸਮਾਇੰਦਾ । ਕਰੇ ਪ੍ਰਕਾਸ਼ ਬਿਨ ਸੂਰਜ ਚੰਦ, ਨਿਰਗੁਣ ਜੋਤ ਡਗਮਗਾਇੰਦਾ । ਭਗਤਾਂ ਕਰੇ ਖ਼ੁਸ਼ੀ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਇੰਦਾ । ਨਾਮ ਦਾਤ ਇਕੋ ਵੰਡ, ਘਰ ਬਹਿ ਬਹਿ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਵੰਤ ਵਿਚ ਸਮਾਇੰਦਾ ।

ਹਰਿ ਜੂ ਧਾਰ ਸ਼ਬਦੀ ਨਾਉਂ, ਹਰਿ ਹਰਿ ਆਪ ਪਰਗਟਾਈਆ । ਆਦਿ ਜੁਗਾਦਿ ਵਸੇ ਸਚ ਥਾਉਂ, ਹਰਿ ਸਾਚਾ ਆਪ ਬਹਾਈਆ । ਦੋ ਜਹਾਨ ਕਰੇ ਨਿਆਉਂ, ਜੁਗ ਜੁਗ ਵੇਸ ਵਟਾਈਆ । ਖੇਲੇ ਖੇਲ ਜਿਉਂ ਪੁੱਤਰ ਮਾਉਂ, ਬਾਲਕ ਰੂਪ ਵਖਾਈਆ । ਪੁਰਖ ਅਕਾਲ ਪਕੜੇ ਬਾਹੋਂ, ਸਦਾ ਸਦਾ ਭੁਵਾਈਆ । ਹੁਕਮੇ ਅੰਦਰ ਹੁਕਮੀ ਨਿਆਉਂ, ਹੁਕਮ ਹਾਕਮ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪਣਾ ਸ਼ਬਦ ਰੂਪ ਵਟਾਈਆ । ਆਪੇ ਸ਼ਬਦ ਆਪੇ ਜੋਤ, ਜੋਤੀ ਜਾਤਾ ਆਪ ਅਖਵਾਇੰਦਾ । ਆਪੇ ਕਿਲਾ ਆਪੇ ਕੋਟ, ਆਪੇ ਸਚਖੰਡ ਆਸਣ ਲਾਇੰਦਾ । ਆਪੇ ਨਾਦ ਆਪੇ ਚੋਟ, ਧੁਨ ਨਗਾਰਾ ਆਪ ਵਜਾਇੰਦਾ । ਆਪੇ ਸਰਨ ਆਪੇ ਓਟ, ਸ਼ਰਨਗਤ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਸ਼ਬਦ ਪ੍ਰਗਟਾਇੰਦਾ । ਨਿਰਗੁਣ ਜੋਤ ਨਿਰਾਕਾਰ, ਨਿਰਵੈਰ ਖੇਲ ਖਲਾਈਆ । ਅਜੂਨੀ ਰਹਿਤ ਅਗੰਮ ਅਪਾਰ, ਰੂਪ ਰੰਗ ਰੇਖ ਨਾ ਕੋਇ ਵਡਿਆਈਆ । ਸਚਖੰਡ ਖੇਲ ਅਪਾਰ, ਪੁਰਖ ਅਕਾਲ ਰਿਹਾ ਖਲਾਈਆ । ਦਾਤਾ ਦਾਨੀ ਬਣ ਦਾਤਾਰ, ਸਾਚੀ ਵਸਤ ਆਪ ਵਰਤਾਈਆ । ਆਪੇ ਬਣ ਬਣ ਮੰਗੇ ਭਿਖਾਰ, ਪਾਰਬ੍ਰਹਮ ਪ੍ਰਭ ਆਪਣੀ ਝੋਲੀ ਡਾਹੀਆ । ਆਪੇ ਬਣੇ ਵਿਚੋਲਾ ਅਗੰਮ ਅਪਾਰ, ਆਪਣੀ ਸੇਵਾ ਆਪ ਕਮਾਈਆ । ਆਪੇ ਕਰੇ ਸਚ ਪਿਆਰ, ਆਪਣੀ ਸੇਜ ਆਪ ਹੰਢਾਈਆ । ਆਪੇ ਪੁਰਖ ਆਪੇ ਨਾਰ, ਦਾਈ ਦਾਇਆ ਰੂਪ ਵਟਾਈਆ । ਆਪੇ ਜਣੇ ਸੁਤ ਦੁਲਾਰ, ਆਪਣੀ ਗੋਦ ਬਹਾਈਆ । ਸ਼ਬਦੀ ਨਾਉਂ ਰੱਖ ਨਿਰੰਕਾਰ, ਆਪਣਾ ਰੰਗ ਚੜ੍ਹਾਈਆ । ਥਿਰ ਘਰ ਵਸਦਾ ਰਹੇ ਅਪਾਰ, ਜਿਸ ਘਰ ਸ਼ਬਦ ਰਿਹਾ ਸਮਾਈਆ । ਸਚਖੰਡ ਵਸੇ ਆਪ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਸ਼ਬਦ ਰੂਪ ਵਖਾਈਆ । ਪਤ ਪਤਨੀ ਦੋਏ ਉਦਾਸ, ਧੀਰਜ ਧੀਰ ਨਾ ਕੋਇ ਧਰਾਈਆ । ਜਗਤ ਵਸਤ ਨਾ ਸਾਡੇ ਪਾਸ, ਪੁੱਤਰ ਧੀ ਨਾ ਵੱਜੀ ਵਧਾਈਆ । ਅੱਗੇ ਦਿਸੇ ਨਾ ਕੋਇ ਸਾਥ, ਜਗਤ ਨਿਸ਼ਾਨ ਨਾ ਕੋਇ ਚਲਾਈਆ । ਭਾਗ ਨਿਖੁੱਟੇ ਮਸਤਕ ਮਾਥ, ਤਕਦੀਰ ਰਹੀ ਸ਼ਰਮਾਈਆ । ਨਾਤਾ ਜੁੜਿਆ ਤੱਤ ਆਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਮਨ ਮਤ ਬੁਧ ਰਹੀ ਕੁਰਲਾਈਆ । ਦਰ ਦਰ ਕਰ ਕਰ ਥੱਕੇ ਤਲਾਸ਼, ਸਾਚਾ ਰਾਹ ਨਾ ਕੋਇ ਲਗਾਈਆ । ਪੂਰੀ ਹੋਈ ਨਾ ਅਜੇ ਆਸ, ਨਿਰਾਸ ਵੇਖੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਸਤ ਅਮੋਲਕ ਝੋਲੀ ਪਾਈਆ । ਪੁੱਤਰ ਧੀ ਜਗਤ ਨਾਤਾ, ਬੰਧਨ ਬੰਧ ਬੰਧਾਇਆ । ਪੁੱਤਰ ਬਿਨ ਨਾ ਸੋਹੇ ਮਾਤਾ, ਪਿਤਾ ਮਾਣ ਨਾ ਕੋਇ ਰਖਾਇਆ । ਚਾਰੋਂ ਕੁੰਟ ਦਿਸੇ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚੜ੍ਹਾਇਆ । ਸਾਹਿਬ ਤੁਠੇ ਪ੍ਰਭ ਦੇਵੇ ਦਾਤਾ, ਵਸਤ ਅਮੋਲਕ ਝੋਲੀ ਪਾਇਆ । ਕਰ ਕਿਰਪਾ ਪੂਰਾ ਕਰੇ ਘਾਟਾ, ਘਾਟਾ ਕੋਇ ਨਜ਼ਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇਆ । ਮਿਹਰਵਾਨ ਦੇਵੇ ਸੁਖ, ਸੁਖ ਸਾਂਤਕ ਇਕ ਵਰਤਾਈਆ । ਕਿਸਨਾ ਸੁਕਲਾ ਵੇਖੇ ਪਖ, ਡੂੰਘੀ ਭਵਰੀ ਫੋਲ ਫੁਲਾਈਆ । ਉਜਲ ਕਰੇ ਮਾਤ ਮਨੁੱਖ, ਏਕਾ ਵਸਤ ਵਰਤਾਈਆ । ਵਾਸ ਕਰਾਏ ਉਲਟਾ ਰੁਖ, ਗਰਭ ਦੇਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲੇਖੇ ਵਿਚ ਲਗਾਈਆ । ਦੇਵੇ ਦਾਤ ਦਾਤ ਅਨਮੁਲ, ਮੁਲ ਕੋਇ ਨਾ ਲਾਇੰਦਾ । ਭਾਗ ਲਗਾਏ ਸਾਚੀ ਕੁਲ, ਕੁਲਵੰਤਾ ਖੇਲ ਖਲਾਇੰਦਾ । ਜਗਤ ਦੀਵਾ ਨਾ ਹੋਏ ਗੁੱਲ, ਬੁਝਿਆ ਦੀਪਕ ਆਪ ਜਗਾਇੰਦਾ । ਪ੍ਰਭ ਡਾਲੀ ਲੱਗੇ ਫੁੱਲ, ਜਗਤ ਬੂਟਾ ਆਪ ਮਹਿਕਾਇੰਦਾ । ਜੋ ਜਨ ਦੁਆਰੇ ਆਏ ਭੁੱਲ, ਤਿਸ ਸਿਰ ਆਪਣਾ ਹੱਥ ਟਿਕਾਇੰਦਾ । ਮਾਤਲੋਕ ਨਾ ਜਾਏ ਰੁਲ, ਕਰਤਾ ਕੀਮਤ ਆਪੇ ਪਾਇੰਦਾ । ਭਗਤ ਦੁਆਰਾ ਗਿਆ ਖੁਲ੍ਹ, ਵਸਤ ਵਣਜਾਰਾ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਤ ਪਤਨੀ ਜਗਤ ਤਰਾਇੰਦਾ ।

## ★ ੨੧ ਮੱਘਰ ੨੦੧੮ ਬਿਕਰਮੀ ਬਖ਼ਸ਼ੀਸ਼ ਸਿੰਘ ਬਚਨ ਸਿੰਘ ਅਜੀਤ ਸਿੰਘ ਜੇਠੂਵਾਲ ਦਰਬਾਰ ਵਿਚ ★

ਪਾਰਬ੍ਰਹਮ ਪ੍ਰਭ ਛੈਲ ਛਬੀਲ, ਛਹਿਬਰ ਨਾਮ ਲਗਾਇੰਦਾ । ਬਸਨ ਬਨਵਾਰੀ ਬਸਤਰ ਨੀਲ, ਅੰਬਰ ਸਵੰਬਰ ਆਪ ਰਚਾਇੰਦਾ । ਦੇਵੇ ਦਾਤ ਬਣ ਵਕੀਲ, ਸਚ ਵਕਾਲਤ ਆਪ ਵਖਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਸੱਚਾ ਖੇਲ, ਅਪਰੰਪਰ ਆਪਣਾ ਮੇਲ ਮਿਲਾਇੰਦਾ । ਅਰਜਨ ਮਾਣ ਗਵਾਇਆ ਭੀਲ, ਬਿਨ ਕ੍ਰਿਸ਼ਨ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ । ਗੁਰਮੁਖ ਮੰਗਣਾ ਦਰ ਦਵਾਰ, ਦਰ ਦਰਵਾਜ਼ਾ ਹਰਿ ਖੁਲ੍ਹਾਈਆ । ਜਨਮ ਜਨਮ ਦਾ ਲਹਿਣਾ ਦਏ ਉਤਾਰ, ਦੇਣਾ ਕੋਇ ਰਹਿਣ ਨਾ ਪਾਈਆ । ਡੁੱਬਦੇ ਪਾਥਰ ਲਾਏ ਪਾਰ, ਪਾਹਨ ਚਰਨ ਛੁਹਾਈਆ । ਅਗਨੀ ਸੜਦੇ ਦੇਵੇ ਠਾਰ, ਅੰਮ੍ਰਿਤ ਮੇਘ ਬਰਸਾਈਆ । ਬਿਨ ਨੈਣਾਂ ਦੇਵੇ ਦਰਸ ਦੀਦਾਰ, ਨੇਤਰ ਨੈਣ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਹੱਥ ਰਖਾਈਆ । ਗੁਰਸਿਖ ਮੰਗ ਹਰਿ ਕਾ ਨਾਉਂ, ਹਰਿ ਸਾਚਾ ਆਪ ਵਰਤਾਇੰਦਾ । ਅਲਖ ਅਗੋਚਰ ਅਗੰਮ ਅਥਾਹੋ, ਬੇਪਰਵਾਹ ਖੇਲ ਕਰਾਇੰਦਾ । ਜੁਗ ਜਨਮ ਦੇ ਵਿਛੜੇ ਫੜ ਫੜ ਮੇਲੇ ਬਾਹੋਂ, ਜਗਤ ਵਿਛੋੜਾ ਪੰਧ ਮੁਕਾਇੰਦਾ । ਨਿਰਧਨ ਨਿਥਾਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਸਾਚਾ ਧਾਮ ਸੁਹਾਇੰਦਾ । ਸਦਾ ਸੁਹੇਲਾ ਇਕ ਇਕੇਲਾ ਪੁਰਖ ਅਗੰਮ ਸਿਰ ਰੱਖੇ ਠੰਡੀ ਛਾਉਂ, ਸਮਰਥ ਆਪਣਾ ਹੱਥ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ । ਉਠੋ ਸਿਖੋ ਮੰਗੋ ਰਾਗ, ਹਰਿ ਰਾਗੀ ਆਪ ਜਣਾਈਆ । ਜਨਮ ਜਨਮ ਦਾ ਧੋਵੇ ਦਾਗ਼, ਦੁਰਮਤ ਮੈਲ ਰਹਿਣ ਨਾ ਪਾਈਆ । ਤ੍ਰੈਗੁਣ ਅਗਨੀ ਬੁਝੇ ਆਗ, ਹਵਨ ਹਵਨਾ ਨਾ ਕੋਇ ਵਖਾਈਆ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਰੱਖੇ ਲਾਜ, ਪਾਰਬ੍ਰਹਮ ਵਡੀ ਵਡਿਆਈਆ । ਸ੍ਰਿਸ਼ਟ ਸਬਾਈ ਕਰ ਤਿਆਗ, ਹਰਿਜਨ ਸਾਚੇ ਲਏ ਪਰਨਾਈਆ । ਪੁਰਖ ਪੁਰਖੋਤਮ ਗਿਆ ਜਾਗ, ਭਗਤ ਭਗਵੰਤ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਜਣਾਈਆ । ਉਠ ਗੁਰਸਿਖ ਮੰਗ ਦਾਤ, ਮਿਹਰਵਾਨ ਆਪ ਵਰਤਾਇੰਦਾ । ਲੱਖ ਚੁਰਾਸੀ ਵਿਚੋਂ ਉਤਮ ਕਰੇ ਜਾਤ, ਜਾਤ ਆਪਣੀ ਨਾਲ ਮਿਲਾਇੰਦਾ । ਕਾਇਆ ਡੂੰਘਰ ਭਰੇ ਖਾਤ, ਸਚ ਖ਼ਜ਼ਾਨਾ ਇਕ ਵਰਤਾਇੰਦਾ । ਨਿਰਵੈਰ ਕਰਾਏ ਪਾਰ ਘਾਟ, ਅੱਧਵਿਚਕਾਰ ਨਾ ਕੋਇ ਰਖਾਇੰਦਾ । ਸਾਚੀ ਸੇਜ ਸੁਹਾਏ ਖਾਟ, ਆਤਮ ਅੰਤਰ ਆਪ ਵਿਛਾਇੰਦਾ । ਸਰਨ ਸਰਨਾਈ ਸਾਚਾ ਨਾਤ, ਸਾਕ ਸੱਜਣ ਸੈਣ ਆਪ ਬੰਧਾਇੰਦਾ । ਅੰਤ ਅੰਤ ਪੁੱਛੇ ਵਾਤ, ਆਦਿ ਆਦਿ ਵੇਖ ਵਖਾਇੰਦਾ । ਨਾਮ ਨਿਧਾਨ ਸੁਣਾਏ ਗਾਥ, ਗੋਬਿੰਦ ਆਪਣਾ ਗੀਤ ਅਲਾਇੰਦਾ । ਸਗਲ ਵਸੂਰੇ ਜਾਇਣ ਲਾਥ, ਜਿਸ ਜਨ ਆਪਣੀ ਦਇਆ ਕਮਾਇੰਦਾ । ਮਿਟੇ ਰੈਣ ਅੰਧੇਰੀ ਰਾਤ, ਸਤਿਗੁਰ ਸਾਚਾ ਚੰਦ ਚੜ੍ਹਾਇੰਦਾ । ਇਕ ਇਕੱਲਾ ਮਿਲੇ ਕਮਲਾਪਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪਣੇ ਹੱਥ ਰਖਾਇੰਦਾ । ਉਠ ਸਿੱਖ ਝੋਲੀ ਡਾਹ, ਸਤਿਗੁਰ ਪੂਰਾ ਦਇਆ ਕਮਾਈਆ । ਅਨਮੁਲੜੀ ਦਾਤ ਰਿਹਾ ਵਰਤਾ, ਦਿਸ ਕਿਸੇ ਨਾ ਆਈਆ । ਜਨਮ ਜਨਮ ਦੇ ਬਖ਼ਸ਼ੇ ਗੁਨਾਹ, ਪਤਤ ਪਾਪੀ ਪਾਰ ਕਰਾਈਆ । ਏਕਾ ਦੇਵੇ ਸਤਿ ਸਲਾਹ, ਸਲਾਹਗੀਰ ਰੂਪ ਵਟਾਈਆ । ਹਰਿ ਜੂ ਮਿਲੇ ਸਾਚੇ ਥਾਂ, ਥਾਨ ਥਨੰਤਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਚ ਭੰਡਾਰਾ ਆਪ ਖੁਲ੍ਹਾਈਆ । ਗੁਰਸਿਖ ਉਠ ਮੰਗ ਭੰਡਾਰ, ਹਰਿ ਭੰਡਾਰੀ ਆਪ ਵਰਤਾਇੰਦਾ । ਲੱਖ ਚੁਰਾਸੀ ਦਏ ਨਵਾਰ, ਗੇੜਾ ਗੇੜਾ ਆਪ ਦਵਾਇੰਦਾ । ਤ੍ਰੈਗੁਣ ਅਤੀਤਾ ਪਾਵੇ ਸਾਰ, ਤ੍ਰੈ ਭਵਨ ਧਨੀ ਵੇਖ ਵਖਾਇੰਦਾ । ਠਾਂਡਾ ਸੀਤਾ ਇਕ ਦਰਬਾਰ, ਸਚ ਦੁਆਰੇ ਸੋਭਾ ਪਾਇੰਦਾ । ਕਰਮ ਕਾਂਡ ਦਏ ਨਿਵਾਰ, ਬ੍ਰਹਮ ਬ੍ਰਹਿਮੰਡ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਇਹ ਸਮਝਾਇੰਦਾ । ਗੁਰਮੁਖ ਸੱਜਣ ਰਹੇ ਸੁਣ, ਹਰਿ ਸਾਚਾ ਸਚ ਜਣਾਈਆ । ਇਕੋ ਰਾਗ ਇਕੋ ਧੁਨ, ਏਕਾ ਨਾਦ ਵਜਾਈਆ । ਪਾਰਬ੍ਰਹਮ ਤੇਰੇ ਕੌਣ ਜਾਣੇ ਗੁਣ, ਗੁਣਵੰਤ ਸੱਚਾ ਸ਼ਹਿਨਸ਼ਾਹੀਆ । ਲੱਖ ਚੁਰਾਸੀ ਕਰ ਛਾਣ ਪੁਣ, ਹਰਿਜਨ ਸਾਚੇ ਲਏ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਦਰ ਸੁਹਾਈਆ । ਗੁਰਮੁਖ ਅੱਗੋਂ ਕਹਿੰਦੇ ਬੋਲ, ਏਕਾ ਬਚਨ ਸੁਣਾਇਆ । ਤੂੰ ਪਹਿਲੋਂ ਤੋਲ ਆਪਣਾ ਤੋਲ, ਸਾਡਾ ਤੋਲ ਨਜ਼ਰ ਕਿਸੇ ਨਾ ਆਇਆ । ਜੁਗ ਜੁਗ ਆਪਣਾ ਮੰਦਰ ਲੋਕਮਾਤ ਗਿਆ ਖੋਲ੍ਹ, ਸ੍ਰਿਸ਼ਟ ਸਬਾਈ ਰਾਹ ਚਲਾਇਆ । ਲੁਕ ਲੁਕ ਬੈਠੇਂ ਸਦਾ ਅਡੋਲ, ਦਿਸ ਕਿਸੇ ਨਾ ਆਇਆ । ਤੇਰੇ ਪਿੱਛੇ ਕਰਦੇ ਕੋਟਨ ਕੋਟੀ ਘੋਲ, ਤੇਰਾ ਪੰਧ ਨਾ ਕੋਇ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਕਰਾਇਆ । ਪੁਰਖ ਅਬਿਨਾਸ਼ੀ ਦਇਆਵਾਨ, ਏਕਾ ਵਾਰ ਜਣਾਈਆ । ਮੈਂ ਦੇਵਣਹਾਰ ਸ੍ਰੀ ਭਗਵਾਨ, ਜੁਗ ਜੁਗ ਰਿਹਾ ਵਰਤਾਈਆ । ਲੱਖ ਚੁਰਾਸੀ ਵੇਖਾਂ ਮਾਰ ਧਿਆਨ, ਪੁਰੀਆਂ ਲੋਆਂ ਫੇਰਾ ਪਾਈਆ । ਗੁਰਮੁਖ ਵਿਰਲੇ ਕਰ ਪਰਵਾਨ, ਆਪਣੇ ਨਾਲ ਮਿਲਾਈਆ । ਨਾਮ ਨਿਧਾਨਾ ਦੇ ਗਿਆਨ, ਅੰਤਰ ਕਰਾਂ ਪੜ੍ਹਾਈਆ । ਸਤਿ ਨਿਸ਼ਾਨਾ ਦੋ ਜਹਾਨ, ਏਕਾ ਦਿਆਂ ਵਖਾਈਆ । ਗ੍ਰਿਹ ਮੰਦਰ ਮਹੱਲ ਮਕਾਨ, ਉਚ ਅਟੱਲ ਵਡ ਵਡਿਆਈਆ । ਤਖ਼ਤ ਨਿਵਾਸੀ ਬਣ ਬਲਵਾਨ, ਸਾਚੇ ਤਖ਼ਤ ਸੋਭਾ ਪਾਈਆ । ਆਦਿ ਜੁਗਾਦੀ ਹੁਕਮਰਾਨ, ਧੁਰ ਸੰਦੇਸ਼ਾ ਹੁਕਮ ਸੁਣਾਈਆ । ਦੋ ਜਹਾਨਾਂ ਰੱਖਾਂ ਆਣ, ਭੁੱਲ ਕੋਇ ਨਾ ਜਾਈਆ । ਗੁਰ ਅਵਤਾਰਾਂ ਦੇ ਦੇ ਮਾਣ, ਲੋਕਮਾਤ ਕਰਾਂ ਪੜ੍ਹਾਈਆ । ਏਕਾ ਬਖ਼ਸ਼ਾਂ ਚਰਨ ਧਿਆਨ, ਚਰਨ ਸ਼ਰਨ ਸੱਚੀ ਸ਼ਰਨਾਈਆ । ਕਰ ਕਿਰਪਾ ਦੇਵਾਂ ਦਾਨ, ਦਾਤ ਅਨਮੁਲੜੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਮੰਗੋ ਦਾਤ ਸਾਚਾ ਵਰ, ਅਬਿਨਾਸ਼ੀ ਕਰਤਾ ਆਪ ਜਣਾਇੰਦਾ । ਜਨਮ ਕਰਮ ਦਾ ਚੁੱਕੇ ਡਰ, ਭੈ ਅਵਰ ਨਾ ਕੋਇ ਵਖਾਇੰਦਾ । ਏਕਾ ਅੱਖਰ ਲੈਣਾ ਪੜ੍ਹ, ਸਾਚਾ ਮੰਤਰ ਆਪ ਸਮਝਾਇੰਦਾ । ਏਕਾ ਮੰਦਰ ਜਾਣਾ ਵੜ, ਦੂਜੇ ਦਰ ਨਾ ਫੇਰਾ ਪਾਇੰਦਾ । ਏਕਾ ਨਿਰਗੁਣ ਫੜਨਾ ਲੜ, ਦੂਜਾ ਨਜ਼ਰ ਕੋਇ ਨਾ ਆਇੰਦਾ । ਏਕਾ ਪੌੜੇ ਜਾਣਾ ਚੜ੍ਹ, ਪੁਰਖ ਅਬਿਨਾਸ਼ੀ ਆਪ ਚੜ੍ਹਾਇੰਦਾ । ਏਕਾ ਕੰਤ ਫੜਨਾ ਲੜ, ਨਾਰ ਸੁਹਾਗਣ ਆਪ ਬਣਾਇੰਦਾ । ਨਿਹਕਰਮੀ ਕਰਮ ਦਏ ਕਰ, ਕੁਕਰਮੀ ਪਾਰ ਕਰਾਇੰਦਾ । ਗੁਰਮੁਖ ਮਰਨੀ ਨਾ ਜਾਏ ਮਰ, ਜੀਵਣ ਮੁਕਤ ਆਪ ਵਖਾਇੰਦਾ । ਮੁਕਤੀ ਆਪਣੇ ਚਰਨਾਂ ਹੇਠਾਂ ਧਰ, ਗੁਰਸਿਖ ਆਪਣੇ ਨਾਲ ਰਲਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਮੇਰਾ ਭਾਣਾ ਰਹੇ ਜਰ, ਭਾਣੇ ਵਿਚ ਸਰਬ ਵਖਾਇੰਦਾ । ਮੇਰੇ ਅੱਗੇ ਕੋਈ ਨਾ ਗਿਆ ਅੜ, ਕਾਇਆ ਭਾਂਡੇ ਸਰਬ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਵਖਾਇੰਦਾ । ਗੁਰਮੁਖ ਸੱਜਣ ਕਰਨ ਦਲੀਲ, ਮਨ ਮਨਸਾ ਮਾਤ ਰਖਾਈਆ । ਕਵਣ ਬਣੇ ਜਗਤ ਵਕੀਲ, ਸਾਡੀ ਮਿਸਲ ਦਏ ਚਲਾਈਆ । ਅੰਤ ਅਰਜਨ ਲੁੱਟਿਆ ਫੜ

ਕੇ ਭੀਲ, ਸੂਰਬੀਰ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਏਕਾ ਮੰਗ ਮੰਗਾਈਆ । ਗੁਰਸਿਖ ਮੰਗਣ ਸਾਚੀ ਮੰਗ, ਏਕਾ ਵਾਰ ਜਣਾਈਆ । ਜੇ ਤੁਠਾਂ ਤੇ ਕਾਇਆ ਰੰਗ, ਰੰਗ ਆਪਣਾ ਨਾਮ ਚੜ੍ਹਾਈਆ । ਦਿਵਸ ਰੈਣ ਇਕ ਅਨੰਦ, ਅੱਠੇ ਪਹਿਰ ਵੱਜੇ ਵਧਾਈਆ । ਜਗਤ ਤ੍ਰਿਸ਼ਨਾ ਮੁੱਕੇ ਗੰਦ, ਵਾਸ਼ਨਾ ਕੋਇ ਨਜ਼ਰ ਨਾ ਆਈਆ । ਪੰਚ ਵਿਕਾਰਾ ਕਰ ਖੰਡ ਖੰਡ, ਖੰਡਾ ਖੜਗ ਹੱਥ ਫੜਾਈਆ । ਜਨਮ ਜਨਮ ਦੀ ਟੁੱਟੀ ਗੰਢ, ਗੰਢਣਹਾਰ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਧਿਆਨ ਰਿਹਾ ਲਗਾਈਆ । ਗੁਰਮੁਖ ਤੇਰੀ ਸਚ ਅਰਦਾਸ, ਹਰਿ ਹਰਿ ਆਪਣੀ ਝੋਲੀ ਪਾਇੰਦਾ । ਕਰੇ ਖੇਲ ਖੇਲ ਤਮਾਸ਼, ਖੇਲਣਹਾਰਾ ਵੇਸ ਵਟਾਇੰਦਾ । ਮਾਤ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਇੰਦਾ । ਲੇਖਾ ਜਾਣੇ ਬੇ ਬੇ ਆਸ, ਪਾਰ ਕਿਨਾਰਾ ਆਪ ਵਖਾਇੰਦਾ । ਲੱਖ ਚੁਰਾਸੀ ਕਰ ਤਲਾਸ਼, ਗੁਰਮੁਖ ਸਾਚੇ ਮੇਲ ਮਿਲਾਇੰਦਾ । ਆਪੇ ਦੇਵੇ ਸਾਚਾ ਸਾਥ, ਸਗਲਾ ਸੰਗ ਨਿਭਾਇੰਦਾ । ਭਗਤਨ ਮੇਲਾ ਏਕਾ ਘਾਟ, ਏਕਾ ਤੱਟ ਸੁਹਾਇੰਦਾ । ਪੰਧ ਮੁਕਾਏ ਝੂਠੀ ਵਾਟ, ਸਿਰ ਆਪਣਾ ਹੱਥ ਰਖਾਇੰਦਾ । ਨਿਰਗੁਣ ਸਰਗੁਣ ਵੇਖੇ ਮਾਰ ਝਾਤ, ਝਾਕੀ ਆਪਣੀ ਆਪੇ ਪਾਇੰਦਾ । ਕਰੇ ਪ੍ਰਕਾਸ਼ ਅੰਧੇਰੀ ਰਾਤ, ਅੰਧ ਅੰਧੇਰ ਆਪ ਗਵਾਇੰਦਾ । ਲਹਿਣਾ ਦੇਣਾ ਤੋੜ ਜ਼ਾਤ ਪਾਤ, ਸ਼ਰਅ ਬੰਧਨ ਨਾ ਕੋਇ ਵਖਾਇੰਦਾ । ਦਰਸ ਦਿਖਾਏ ਇਕ ਇਕਾਂਤ, ਅਕਲ ਕਲ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਸਮਝਾਇੰਦਾ । ਗੁਰਮੁਖ ਸੱਜਣ ਰੱਖਦੇ ਤਾਂਘ, ਏਕਾ ਓਟ ਤਕਾਈਆ । ਤੂੰ ਨਿਰਗੁਣ ਰਚਿਆ ਆਪਣਾ ਸਾਂਗ, ਸਵਾਂਗੀ ਖੇਲ ਵਖਾਈਆ । ਸਾਚੀ ਵਸਤ ਰਹੇ ਮਾਂਗ, ਤੇਰੇ ਅੱਗੇ ਝੋਲੀ ਡਾਹੀਆ । ਲੱਖ ਚੁਰਾਸੀ ਵਿਚੋਂ ਕਾਢ, ਗਰਭ ਹਵਨ ਨਾ ਕੋਇ ਤਪਾਈਆ । ਸਰਨ ਸਰਨਾਈ ਮਿਲੇ ਦਾਦ, ਦੂਸਰ ਓਟ ਨਾ ਕੋਇ ਰਖਾਈਆ । ਮੇਲਾ ਰਹੇ ਆਦਿ ਜੁਗਾਦਿ, ਜੁਗ ਜੁਗ ਵੇਖ ਵਖਾਈਆ । ਏਕਾ ਤੇਰਾ ਨਾਉਂ ਲਏ ਅਰਾਧ, ਦੂਜਾ ਇਸ਼ਟ ਨਾ ਕੋਇ ਮਨਾਈਆ । ਪਾਰ ਕਿਨਾਰਾ ਕਰਨੀ ਹਾਦ, ਸਾਚੇ ਮੰਦਰ ਲੈ ਚੜ੍ਹਾਈਆ । ਵੇਲੇ ਅੰਤ ਨਾ ਜਾਣਾ ਛਾਡ, ਏਕਾ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀਤਾ ਕੌਲ ਪੂਰ ਨਿਭਾਈਆ । ਪੁਰਖ ਅਬਿਨਾਸ਼ੀ ਨੇਤਰ ਖੋਲ੍ਹ, ਏਕਾ ਵਾਰ ਤਕਾਇਆ । ਹਰਿਜਨ ਸਾਚੇ ਲਵਾਂ ਵਿਰੋਲ, ਨਾਮ ਮਧਾਣਾ ਪਾਇਆ । ਏਕਾ ਕੰਡੇ ਦੇਵਾਂ ਤੋਲ, ਬਣ ਤੋਲਾ ਸੇਵ ਕਮਾਇਆ । ਗੁਰਮੁਖਾਂ ਰੱਖਾਂ ਸਦਾ ਅਡੋਲ, ਲੋਕਮਾਤ ਵੇਖ ਵਖਾਇਆ । ਸਚ ਵਸਤ ਜੋ ਮੇਰੇ ਕੋਲ, ਦੇਵਾਂ ਆਪ ਵਰਤਾਇਆ । ਸੋਹੰ ਢੋਲਾ ਏਕਾ ਬੋਲ, ਆਤਮ ਪਰਮਾਤਮ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਗੁਰਸਿਖ ਅੱਗੋਂ ਰਿਹਾ ਸੁਣਾ, ਸੁਣ ਮੇਰੇ ਸੱਚੇ ਮਾਹੀਆ । ਸੋਹੰ ਗਾ ਚੜ੍ਹੇ ਨਾ ਚਾਅ, ਰਸਨਾ ਜਿਹਵਾ ਹਿਲਾਇਆ । ਜਿੰਨਾਂ ਚਿਰ ਨਾ ਪਕੜੇਂ ਬਾਂਹ, ਸਾਂਤਕ ਸਤਿ ਨਾ ਕੋਇ ਵਰਤਾਇਆ । ਜੇ ਤੁਠਾ ਪ੍ਰਭ ਦਰਸ ਦਿਖਾ, ਤੇਰਾ ਦਰਸ਼ਨ ਮੋਹੇ ਭਾਇਆ । ਜਨਮ ਜਨਮ ਦੀ ਹਿਰਸ ਮਿਟਾ, ਅੰਮ੍ਰਿਤ ਮੇਘ ਬਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਰਿਹਾ ਸਮਝਾਇਆ । ਗੁਰਸਿਖ ਸਾਚੇ ਰੱਖ ਧੀਰ, ਧੀਰਜਵਾਨ ਜਣਾਇੰਦਾ । ਤੇਰਾ ਲੇਖਾ ਅੰਤ ਅਖ਼ੀਰ, ਆਖਰ ਹਰਿ ਜੂ ਆਪ ਮੁਕਾਇੰਦਾ । ਤੇਰੀ ਆਪਣੇ ਅੰਦਰ ਰੱਖੇ ਤਸਵੀਰ, ਮਸੱਵਰ ਬਣ ਬਣ ਸੇਵ ਕਮਾਇੰਦਾ । ਇਕੇ ਵਾਰ ਸਭ ਦੀ ਬਦਲੇ ਤਕਦੀਰ, ਜਿਸ

ਜਨ ਆਪਣੇ ਚਰਨ ਲਗਾਇੰਦਾ । ਕਰ ਕਿਰਪਾ ਕੱਟੇ ਭੀੜ, ਔਖਾ ਰਾਹ ਨਾ ਕੋਇ ਵਖਾਇੰਦਾ । ਏਕਾ ਰੰਗ ਰੰਗਾਏ ਸ਼ਾਹ ਹਕੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇੰਦਾ । ਕਿਰਪਾ ਕਰ ਗੁਣ ਨਿਧਾਨ, ਗੁਰਸਿਖ ਮੰਗ ਮੰਗਾਈਆ । ਕਵਣ ਵੇਲਾ ਦੇਵੇਂ ਦਾਨ, ਦਇਆਵਾਨ ਦਇਆ ਕਮਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਸ਼ਹਿਨਸ਼ਾਹ ਵਡੀ ਵਡਿਆਈਆ । ਹਉਂ ਬਾਲਕ ਬਾਲ ਨਾਦਾਨ, ਤੇਰੀ ਸਾਰ ਨਾ ਪਾਈਆ । ਜੁਗ ਜੁਗ ਤੇਰਾ ਖੇਲ ਮਹਾਨ, ਗੁਰ ਅਵਤਾਰ ਸੇਵ ਕਮਾਈਆ । ਤੂੰ ਸਰਬ ਜੀਆਂ ਦਾ ਸੱਚਾ ਕਾਹਨ, ਲੱਖ ਚੁਰਾਸੀ ਰਿਹਾ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਮੇਲ ਮਿਲਾਈਆ । ਪੁਰਖ ਅਬਿਨਾਸ਼ੀ ਪਿਆ ਹੱਸ, ਏਕਾ ਰੰਗ ਵਖਾਇੰਦਾ । ਲੱਖ ਚੁਰਾਸੀ ਕੋਲੋਂ ਰਿਹਾ ਨੱਸ, ਨਜ਼ਰ ਕਿਸੇ ਨਾ ਆਇੰਦਾ । ਗੁਰਮੁਖ ਹਿਰਦੇ ਜਾਵਾਂ ਵਸ, ਸਚ ਸਿੰਘਾਸਣ ਆਪ ਬਣਾਇੰਦਾ । ਕਰ ਕਰ ਆਪਣਾ ਪ੍ਰਕਾਸ਼, ਪ੍ਰਕਾਸ਼ ਪ੍ਰਕਾਸ਼ ਨਾਲ ਮਿਲਾਇੰਦਾ । ਕਰ ਕਰ ਸਾਚਾ ਭੋਗ ਬਲਾਸ, ਭਸਮੜ ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਪਰਗਟਾਇੰਦਾ । ਰੂਪ ਅਨੂਪ ਆਪ ਪਰਗਟਾ, ਪਰਮ ਪੁਰਖ ਵੇਸ ਵਟਾਈਆ । ਕਲਜੁਗ ਅੰਤਮ ਸੇਵ ਕਮਾ, ਸੇਵਕ ਬਣ ਬਣ ਫੇਰਾ ਪਾਈਆ । ਭਗਤ ਦੁਆਰਾ ਲਏ ਸਜਾ, ਸਾਜਣ ਬਣੇ ਸੱਚਾ ਮਾਹੀਆ । ਹਰਿਜਨ ਸਾਚੇ ਲਏ ਬੁਲਾ, ਆਪ ਆਪਣੇ ਦਰ ਸੁਹਾਈਆ । ਵਸਤ ਅਮੋਲਕ ਇਕੋ ਵਾਰ ਝੋਲੀ ਦੇਵੇ ਪਾ, ਸਾਚੀ ਝੋਲੀ ਸਰਬ ਭਰਾਈਆ । ਛੱਬੀ ਪੋਹ ਦਿਵਸ ਸੁਹਾ, ਦੋਏ ਦੋਏ ਲੇਖਾ ਆਪ ਚੁਕਾਈਆ । ਜਨ ਭਗਤਾਂ ਕੱਟੇ ਜਮ ਕਾ ਫਾਹ, ਜਗਤ ਫਾਸੀ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਨੀ ਦਾਤ ਦਾਤਾ ਇਕ ਵਰਤਾਈਆ । ਅੱਠ ਤੱਤ ਜਿਸ ਪਾਈ ਸਾਰ, ਸਰਬ ਸੁਖ ਉਪਜਾਇਆ । ਦਸਵੇਂ ਘਰ ਕਰ ਪਿਆਰ, ਪੁਰਖ ਅਬਿਨਾਸ਼ੀ ਦਰਸ ਕਰਾਇਆ । ਅੱਠ ਦਸ ਜੋੜ ਸੰਸਾਰ, ਅੰਕ ਅੰਕ ਨਾਲ ਮਿਲਾਇਆ । ਇਕ ਇਕੱਲਾ ਏਕੰਕਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਖੇਲ ਖਲਾਇਆ । ਜਿਸ ਜਨ ਬਖ਼ਸ਼ੇ ਚਰਨ ਦੁਆਰ, ਸੋ ਜਨ ਲੋਕਮਾਤ ਵਡਿਆਇਆ । ਜਿਸ ਜਨ ਖੋਲ੍ਹੇ ਬੰਦ ਕਵਾੜ, ਆਤਮ ਤਾਕੀ ਕੁੰਡਾ ਲਾਹਿਆ । ਜਿਸ ਜਨ ਬਾਹੋਂ ਪਕੜ ਲਏ ਉਠਾਲ, ਆਪ ਆਪਣੀ ਗੋਦ ਬਹਾਇਆ । ਜਿਸ ਜਨ ਚਲੇ ਨਾਲ ਨਾਲ, ਸਾਚਾ ਸੰਗ ਨਿਭਾਇਆ । ਜਿਸ ਜਨ ਸ਼ਾਹੋਂ ਕਰੇ ਕੰਗਾਲ, ਨਾਮ ਖ਼ਜ਼ਾਨਾ ਇਕ ਵਰਤਾਇਆ । ਜਿਸ ਜਨ ਦਿਵਸ ਰੈਣ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਇਆ । ਜਿਸ ਜਨ ਦਰਗਹਿ ਸਾਚੀ ਦੇਵੇ ਮਾਣ, ਦਰ ਘਰ ਸਾਚੇ ਆਪ ਬਹਾਇਆ । ਜਿਸ ਜਨ ਦੇਵੇ ਧੁਰ ਫ਼ਰਮਾਣ, ਸਤਿ ਸੰਦੇਸ਼ਾ ਇਕ ਸੁਣਾਇਆ । ਸੋ ਭਗਤ ਮਿਲੇ ਭਗਵਾਨ, ਭਗਤੀ ਰੰਗ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਆਪ ਉਪਾਇਆ । ਪਹਿਲਾ ਭਗਤ ਭਗਤ ਪ੍ਰਹਿਲਾਦ, ਪਰਲੋ ਨੇੜ ਕਦੇ ਨਾ ਆਈਆ । ਦੂਜੇ ਧਰੂ ਦਿਤੀ ਦਾਦ, ਨਾਨਕ ਦਾਦਕ ਨਾ ਕੋਇ ਵਡਿਆਈਆ । ਤੀਜੇ ਬਲ ਦਿਤਾ ਸਾਥ, ਸਗਲਾ ਸੰਗ ਨਿਭਾਈਆ । ਚੌਥੇ ਅਮਰੀਕ ਰੱਖਿਆ ਹਾਥ, ਸਿਰ ਆਪਣਾ ਹੱਥ ਟਿਕਾਈਆ । ਪੰਜਵੇਂ ਜਨਕ ਲੇਖਾ ਇਕਾਂਤ, ਅਕਲ ਕਲਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਭਗਵਨ ਸੰਗ ਰਖਾਈਆ । ਛੇਵੇਂ ਹਰੀ ਚੰਦ ਉਜਿਆਰ, ਸਤਵੇਂ ਤਾਰਾ ਰਾਣੀ ਯਾਰ, ਅੱਠਵੇਂ ਬਿਦਰ ਕਰੇ ਸੁਧਾਰ, ਨਾਵੇਂ

ਸੁਦਾਮਾ ਜਾਏ ਤਾਰ, ਦਸਵੇਂ ਦਰੋਪਦ ਕਰੇ ਵਿਚਾਰ, ਯਾਰਵੇਂ ਜੈ ਦੇਵ ਲਾਏ ਪਾਰ, ਬਾਰਵੇਂ ਰਵਦਾਸ ਬਣਾਏ ਯਾਰ, ਤੇਰਵੇਂ ਸੈਣ ਲਏ ਉਠਾਲ, ਚੌਧਵੇਂ ਕਬੀਰ ਕਰੇ ਪ੍ਰਿਤਪਾਲ, ਪੰਦਰਵੇਂ ਧੰਨਾ ਜੱਟ ਦਏ ਵਖਾਲ, ਸੋਲਵੇਂ ਤਰਲੋਚਣ ਸ਼ਾਹ ਬਣਾਏ ਕੰਗਾਲ, ਸਤਾਰਵੇਂ ਅਜਾਮਲ ਦੇਵੇ ਠਾਰ, ਅਠਾਰਵੇਂ ਬੈਣੀ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਨਕਾ ਪੂਤਨਾ ਬੱਧਕ ਜਗਤ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠ ਦਸ ਦਸ ਅੱਠ ਨੱਠ ਨੱਠ ਜੁਗ ਜੁਗ ਸਤਿ ਸਤਿ ਏਕਾ ਤੱਤ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਛੁੱਟਿਆ ਸਾਥ, ਸਗਲਾ ਸੰਗ ਤਜਾਇਆ । ਰਾਮ ਕ੍ਰਿਸ਼ਨ ਤਜਿਆ ਤ੍ਰਲੋਕੀ ਨਾਥ, ਨਿਰਗੁਣ ਖੇਲ ਖਲਾਇਆ । ਰਵ ਸਸ ਭੁੱਲਿਆ ਦਿਵਸ ਰਾਤ, ਚੰਦ ਚਾਂਦਨੀ ਮੁਖ ਛੁਪਾਇਆ । ਲੇਖਾ ਚੁੱਕਿਆ ਪੂਜਾ ਪਾਠ, ਪੜ੍ਹ ਪੜ੍ਹ ਧੀਰ ਨਾ ਕੋਇ ਧਰਾਇਆ । ਪੁਰਖ ਅਬਿਨਾਸ਼ ਖੇਲ ਤਮਾਸ਼, ਲੋਕਮਾਤ ਆਪ ਕਰਾਇਆ । ਵੇਸ ਵਟਾ ਪ੍ਰਿਥਮੀ ਆਕਾਸ਼, ਗਗਨ ਮੰਡਲ ਰਿਹਾ ਸੁਹਾਇਆ । ਕਲਜੁਗ ਅੰਤਮ ਸਭ ਕੋਲੋਂ ਹੋ ਉਦਾਸ, ਭਗਤਾਂ ਦੁਆਰੇ ਫੇਰੇ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਖੇਲ ਖਲਾ, ਵੇਖੇ ਚਾਈਂ ਚਾਈਂਆ । ਰਾਤੀਂ ਸੁਤਿਆਂ ਗੁਰਸਿਖ ਲਏ ਜਗਾ, ਜੁਗਤੀ ਆਪਣੇ ਹੱਥ ਵਖਾਈਆ । ਆਪਣੀ ਪ੍ਰੇਮ ਰੱਤ ਨਾਲ ਦਏ ਨੁਹਾ, ਜਗਤ ਨੀਰ ਨਾ ਕੋਇ ਰਖਾਈਆ । ਕਰ ਕਰ ਸੇਵਾ ਚੜ੍ਹਿਆ ਸਾਹ, ਦਿਵਸ ਰੈਣ ਸੇਵ ਕਮਾਈਆ । ਲੱਖ ਚੁਰਾਸੀ ਕੋਈ ਵੇਖੇ ਨਾ, ਨੇਤਰ ਨਜ਼ਰ ਕਿਸੇ ਨਾ ਆਈਆ । ਆਪਣਾ ਖੇੜਾ ਆਪੇ ਗਿਆ ਢਾਹ, ਗੁਰਮੁਖਾਂ ਖੇੜਾ ਰਿਹਾ ਬਣਾਈਆ । ਏਸੇ ਕਾਰਨ ਸਿੰਘ ਪੂਰਨ ਲਿਆ ਪਰਨਾ, ਪੂਰਨ ਪਰਮੇਸ਼ਵਰ ਵਿਚ ਸਮਾਈਆ । ਪੁੱਤਰ ਧੀਆਂ ਨਾਤਾ ਲਿਆ ਤੁੜਾ, ਜਗਤ ਮੋਹ ਨਾ ਲਿਆ ਵਧਾਈਆ । ਗੁਰਮੁਖਾਂ ਫੜ ਫੜ ਬਾਂਹ, ਆਪਣੇ ਅੱਗੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਕਮਾਈਆ । ਸੇਵਾ ਕਰਨ ਦਾ ਇਕੋ ਮੌਕਾ, ਛੱਤੀ ਦਿਨ ਜਣਾਇਆ । ਬਿਨ ਭਗਤੀ ਤਰਨਾ ਸੌਖਾ, ਮਾਰਗ ਇਕ ਲਗਾਇਆ । ਗੁਰਸਿਖ ਜੇ ਇਸ ਨੂੰ ਜਾਣੇ ਔਖਾ, ਔਖਾ ਘਾਟ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਵੇਖ ਵਖਾਇਆ । ਸੇਵਾ ਕਰਨ ਦਾ ਸਾਚਾ ਵਕਤ, ਛੱਤੀ ਦਿਨ ਵੰਡ ਵੰਡਾਈਆ । ਪਾਲ ਸਿੰਘ ਫਸਿਆ ਮੋਹ ਜਗਤ, ਜੁਗਤ ਗਿਆ ਭੁਲਾਈਆ । ਪ੍ਰਭ ਲੇਖੇ ਲਾਈ ਰਕਤ, ਪੂਰਬ ਲਹਿਣਾ ਝੋਲੀ ਪਾਈਆ । ਆਪ ਸੁਹਾਇਆ ਉਸ ਦਾ ਵਕਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਹੋਏ ਸਹਾਈਆ । ਪਾਲ ਸਿੰਘ ਦੀ ਕਰ ਪ੍ਰਿਤਪਾਲ, ਆਪਣੀ ਦਇਆ ਕਮਾਇੰਦਾ । ਰਾਤੀਂ ਸੁਤਿਆਂ ਦਏ ਨੁਹਾਲ, ਦੁਰਮਤ ਮੈਲ ਧੁਵਾਇੰਦਾ । ਮਾਇਆ ਝੂਠੀ ਜਗਤ ਜੰਜਾਲ, ਜੀਵ ਜੰਤ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਤੀ ਦਿਵਸ ਦਾ ਸਾਚਾ ਫਲ, ਗੁਰਸਿਖਾਂ ਝੋਲੀ ਪਾਇੰਦਾ । ਸੇਵਾ ਕਰੇ ਜੋ ਆ ਦੁਆਰ, ਜੁਗ ਛੱਤੀ ਮਿਲੇ ਵਡਿਆਈਆ । ਪੁਰਖ ਅਬਿਨਾਸ਼ੀ ਬਣਿਆ ਰਹੇ ਮਿੱਤਰ ਯਾਰ, ਯਾਰੜਾ ਸੱਥਰ ਆਪ ਹੰਢਾਈਆ । ਗੁਰਸਿਖ ਭੁੱਲੇ ਜੋ ਵਿਚ ਸੰਸਾਰ, ਮੂਰਖ ਮੁਗਧ ਰੂਪ ਵਟਾਈਆ । ਤਿਸ ਕਰੇ ਆਪ ਪ੍ਰਿਤਪਾਲ, ਹੋਏ ਸੰਗ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਗ ਬਣਾਈਆ । ਪੰਜ ਪਿਆਰੇ ਹਰਿ ਕਾ ਅੰਗ, ਅੰਗੀਕਾਰ ਬਣਾਇੰਦਾ । ਕਰੇ ਖੇਲ ਸੂਰਾ ਸਰਬੰਗ, ਸੂਰਬੀਰ ਵੇਸ ਵਟਾਇੰਦਾ ।

ਲੇਖਾ ਜਾਣੇ ਬ੍ਰਹਿਮੰਡ ਖੰਡ, ਲੋਕਮਾਤ ਰਚਨ ਰਚਾਇੰਦਾ । ਜਗਤ ਜੁਗ ਪ੍ਰਭ ਟੁੱਟੀ ਗੰਢ, ਸਾਚਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਏਕਾ ਦਰ ਸੁਹਾਇੰਦਾ । ਪੰਜ ਪਿਆਰੇ ਵਕਤ ਸੁਹੌਣਾ, ਵਕਤ ਵਕਤ ਰਿਹਾ ਵਿਹਾਈਆ । ਹਰਿ ਜੂ ਵਿਹਾਰ ਬਿਵਹਾਰ ਦਰਸੌਣਾ, ਬਿਵਹਾਰੀ ਸੇਵ ਕਮਾਈਆ । ਜਿਸ ਦੁਆਰੇ ਹਰਿ ਆਪਣੀ ਕਾਰ ਕਮੌਣਾ, ਸੋ ਕਾਰ ਸਭ ਨੂੰ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਆਪੇ ਰਿਹਾ ਸੁਹਾਈਆ । ਸਤਿਗੁਰ ਪੂਰਾ ਇਕ ਗ਼ੁਲਾਮ, ਜੁਗ ਜੁਗ ਸੇਵ ਕਮਾਈਆ । ਜਨ ਭਗਤਾਂ ਅੰਦਰ ਵੜ ਵੜ ਕਰੇ ਪਰਨਾਮ, ਆਪਣਾ ਸੀਸ ਝੁਕਾਈਆ । ਬਿਨ ਜਾਣਿਆਂ ਹੋਵੇ ਜਾਣੀ ਜਾਣ, ਬਿਨ ਪੁਛਿਆਂ ਲਏ ਬੁਲਾਈਆ । ਜੇ ਗੁਰਸਿਖ ਨਾ ਕਰੇ ਪਛਾਣ, ਆਪ ਆਪਣਾ ਦਰਸ ਵਖਾਈਆ । ਕਦੇ ਧਰੇ ਰੂਪ ਬਿਰਧ ਕਦੇ ਬਾਲ ਜਵਾਨ, ਕਦੇ ਆਪਣਾ ਆਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਕਮਾਈਆ । ਭਗਤਨ ਸੇਵਾ ਸਾਚੀ ਕਿਰਤ, ਕਰਤਾ ਕਿਰਤ ਕਮਾਇੰਦਾ । ਕੋਈ ਕਹੇ ਸੁਰਤ ਨਿਰਤ, ਨਿਰਗੁਣ ਆਪਣਾ ਭੇਵ ਛੁਪਾਇੰਦਾ । ਕੋਈ ਕਹੇ ਅਕਾਲ ਮੂਰਤ, ਮੂਰਤ ਅਕਾਲ ਆਪਣੀ ਧਾਰ ਜਣਾਇੰਦਾ । ਭਗਵਾਨ ਕਹੇ ਮੈਂ ਭਗਤਾਂ ਮੇਟੀ ਹਰਸ, ਹਰਸ ਹੋਰ ਨਾ ਕੋਇ ਵਧਾਇੰਦਾ । ਜੁਗ ਜੁਗ ਕਰਾਂ ਤਰਸ, ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਰੰਗਾਇੰਦਾ । ਗੁਰਸਿਖ ਮਾਲਕ ਸਚ ਘਰ ਦਾ, ਨਿਰਗੁਣ ਝਾੜੂ ਬਰਦਾਰ ਅਖਵਾਈਆ । ਘੱਟਾ ਹੂੰਝੇ ਆਪਣੇ ਦਰ ਦਾ, ਆਪਣੀ ਹੱਥੀਂ ਸੇਵ ਕਮਾਈਆ । ਜੁਗ ਜੁਗ ਭਗਤਾਂ ਕੋਲੋਂ ਡਰਦਾ, ਭਗਤ ਦੁਆਰੇ ਫੇਰਾ ਪਾਈਆ । ਭਗਤਾਂ ਪਿਛੇ ਲੱਖ ਚੁਰਾਸੀ ਨਾਲ ਲੜਦਾ, ਨਾਮ ਖੰਡਾ ਹੱਥ ਉਠਾਈਆ । ਬਿਨ ਸੱਦਿਆਂ ਘਰ ਵਿਚ ਵੜਦਾ, ਆਪਣਾ ਪੰਧ ਮੁਕਾਈਆ । ਗੁਰਸਿੱਖ ਆਤਮ ਪੌੜੇ ਆਪੇ ਚੜ੍ਹਦਾ, ਆਪਣਾ ਪੰਧ ਮੁਕਾਈਆ । ਅੰਦਰ ਬਹਿ ਬਹਿ ਇਕੋ ਅੱਖਰ ਪੜ੍ਹਦਾ, ਕਰੇ ਸਚ ਪੜ੍ਹਾਈਆ । ਨਾ ਜਨਮੇ ਨਾ ਕਦੇ ਮਰਦਾ, ਭਗਤਾਂ ਸੰਗ ਰਖਾਈਆ । ਸਦਾ ਸੁਹੇਲਾ ਇਕ ਇਕੇਲਾ ਬਣਿਆ ਰਹੇ ਬਰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਈਆ ।



★ ੨੨ ਮੱਘਰ ੨੦੧੮ ਬਿਕਰਮੀ ਛਾਹਣੀ ਮਲੂਵਾਲ ਮਹਿੰਦਰ ਸਿੰਘ ਬਾਠ ਦੇ ਨਵਿਤ ਜੇਠੂਵਾਲ ਦਰਬਾਰ ਵਿਚ ★

ਜਿਸ ਜਨ ਹੋਏ ਆਪ ਮਿਹਰਵਾਨ, ਤਿਸ ਆਪਣੀ ਦਇਆ ਕਮਾਈਆ । ਨਾਮ ਭਗਤੀ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਆਤਮ ਅੰਤਰ ਬ੍ਰਹਮ ਗਿਆਨ, ਪਾਰਬ੍ਰਹਮ ਕਰੇ ਪੜ੍ਹਾਈਆ । ਸਤਿ ਧਰਮ ਦਾ ਸਚ ਨਿਸ਼ਾਨ, ਸ਼ਾਹ ਪਾਤਸ਼ਾਹ ਦਏ ਵਖਾਈਆ । ਸਚਖੰਡ ਦੁਆਰਾ ਸਚ ਮਕਾਨ, ਅਸਥਲ ਚੁਬਾਰਾ ਦਏ ਜਣਾਈਆ । ਇਕ ਇਕੱਲਾ ਬੈਠ ਸ੍ਰੀ ਭਗਵਾਨ, ਹਰਿਜਨ ਸਾਚੇ ਵੇਖ ਵਖਾਈਆ । ਏਕਾ ਨਾਦ ਸ਼ਬਦ ਧੁਨ ਕਾਨ, ਗ੍ਰਹਿ ਮੰਦਰ ਆਪ ਵਜਾਈਆ । ਲੱਖ ਚੁਰਾਸੀ ਵਿਚੋਂ ਕਰ ਪਰਧਾਨ, ਆਪਣੇ ਅੰਗ ਲਗਾਈਆ । ਪੰਜ ਤੱਤ ਕਾਇਆ ਦੇਵੇ ਮਾਣ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਚਰਨ ਧੂੜ ਸਚ ਅਸ਼ਨਾਨ, ਚਰਨ ਚਰਨੋਦਕ ਮੁਖ ਚੁਆਈਆ । ਦੋ ਜਹਾਨਾਂ ਰੱਖੇ ਮਾਣ, ਨਿਮਾਣਿਆਂ ਹੋਏ ਸਹਾਈਆ । ਸ਼ਬਦ ਨਿਰਾਲਾ ਮਾਰੇ ਬਾਣ, ਅਣਯਾਲਾ ਤੀਰ ਚਲਾਈਆ । ਮਾਇਆ ਮਮਤਾ ਲੋਭ ਮੋਹ ਤੋੜ ਅਭਿਮਾਨ, ਹਉਮੈ ਹੰਗਤਾ ਦਏ

ਗਵਾਈਆ । ਏਕਾ ਰਾਗ ਸੁਣਾਏ ਕਾਨ, ਅਨਰਾਗੀ ਨਾਦ ਵਜਾਈਆ । ਘਟ ਘਟ ਅੰਤਰ ਜਾਣੀ ਜਾਣ, ਅਨੁਭਵ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਸਾਚੀ ਸੇਵਾ ਹਰਿਜਨ ਰੰਗ, ਸੋ ਪੁਰਖ ਨਿਰੰਜਣ ਆਪ ਰੰਗਾਇੰਦਾ । ਆਤਮ ਸੇਜਾ ਸਚ ਪਲੰਘ, ਹਰਿ ਪੁਰਖ ਨਿਰੰਜਣ ਆਸਣ ਲਾਇੰਦਾ । ਸ਼ਬਦ ਨਾਦ ਧੁਨ ਸਚ ਮਰਦੰਗ, ਏਕੰਕਾਰਾ ਆਪ ਵਜਾਇੰਦਾ । ਨਿਰਗੁਣ ਨੂਰ ਸਾਚਾ ਚੰਦ, ਆਦਿ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸਾਚਾ ਛੰਦ, ਬੋਧ ਅਗਾਧ ਸੁਣਾਇੰਦਾ । ਸ੍ਰੀ ਭਗਵਾਨ ਸੂਰਾ ਸਰਬੰਗ, ਸਚ ਨਿਸ਼ਾਨਾ ਇਕ ਉਠਾਇੰਦਾ । ਪਾਰਬ੍ਰਹਮ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਜਨ ਭਗਤਾਂ ਦੇਵੇ ਇਕ ਅਨੰਦ, ਅਨੰਦ ਮੰਗਲ ਆਪ ਵਖਾਇੰਦਾ । ਜਗਤ ਜੁਗ ਹਰਿ ਟੁੱਟੀ ਗੰਢ, ਏਕਾ ਬੰਧਨ ਨਾਮ ਰਖਾਇੰਦਾ । ਗੀਤ ਸੁਹਾਗੀ ਸੁਣਾਏ ਛੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਜਣਾਇੰਦਾ । ਸਾਚੀ ਸੇਵਾ ਹਰਿ ਕਰਤਾਰ, ਆਦਿ ਜੁਗਾਦਿ ਵਡਿਆਈਆ । ਜਨ ਭਗਤਾਂ ਦੇਵੇ ਕਰ ਪਿਆਰ, ਦੂਸਰ ਹੱਥ ਕਿਸੇ ਨਾ ਆਈਆ । ਨਿਰਗੁਣ ਸਰਗੁਣ ਖੇਲ ਅਪਾਰ, ਅਪਰੰਪਰ ਵੇਖ ਵਖਾਈਆ । ਸੰਤ ਸੁਹੇਲੇ ਲਏ ਉਭਾਰ, ਜੁਗ ਜੁਗ ਦੇਵੇ ਵਡਿਆਈਆ । ਗੁਰਮੁਖਾਂ ਦੇਵੇ ਨਾਮ ਅਧਾਰ, ਧੀਰਜ ਧੀਰ ਧਰਾਈਆ । ਗੁਰਸਿਖਾਂ ਖੋਲ੍ਹੇ ਬੰਦ ਕਵਾੜ, ਬਜ਼ਰ ਕਪਾਟੀ ਕੁੰਡਾ ਲਾਹੀਆ । ਕਰ ਕਿਰਪਾ ਅੰਮ੍ਰਿਤ ਦੇਵੇ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਮੇਟ ਮਿਟਾਏ ਅੰਧ ਅੰਧਿਆਰ, ਜੋਤ ਨਿਰੰਜਣ ਕਰ ਰੁਸ਼ਨਾਈਆ । ਆਪ ਵਖਾਏ ਠਾਂਡਾ ਦਰਬਾਰ, ਗ੍ਰਿਹ ਮੰਦਰ ਸੋਭਾ ਪਾਈਆ । ਮਹੱਲ ਅਟੱਲ ਉਚ ਮਨਾਰ, ਪੁਰਖ ਅਬਿਨਾਸ਼ੀ ਆਸਣ ਲਾਈਆ । ਕਾਗਦ ਕਲਮ ਨਾ ਲਿਖਣਹਾਰ, ਹਰਿ ਕਾ ਭੇਵ ਕੋਇ ਨਾ ਪਾਈਆ । ਜੁਗਾ ਜੁਗੰਤਰ ਲੈ ਅਵਾਤਰ, ਨਿਰਗੁਣ ਸਰਗੁਣ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਈਆ । ਸਾਚੀ ਸੇਵਾ ਏਕੰਕਾਰ, ਓਅੰਕਾਰ ਖੇਲ ਖਲਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਘਟ ਘਟ ਵੇਖ ਵਖਾਇੰਦਾ । ਡੁੱਬਦੇ ਪਾਥਰ ਲਏ ਤਾਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਗੁਰਸਿਖ ਸੱਜਣ ਲਏ ਉਭਾਰ, ਆਪ ਆਪਣੀ ਬੂਝ ਬੁਝਾਇੰਦਾ । ਨੇਤਰ ਨੈਣ ਖੋਲ੍ਹ ਕਵਾੜ, ਲੋਚਨ ਆਪ ਜਣਾਇੰਦਾ । ਬ੍ਰਹਮ ਬ੍ਰਹਿਮਾਦ ਹੋ ਉਜਿਆਰ, ਪਾਰਬ੍ਰਹਮ ਵੇਖ ਵਖਾਇੰਦਾ । ਲੇਖਾ ਜਾਣੇ ਸੰਤ ਸਾਧ, ਸਤਿਗੁਰ ਆਪਣਾ ਰੰਗ ਵਟਾਇੰਦਾ । ਆਦਿ ਜੁਗਾਦੀ ਇਕ ਅਨਾਦ, ਜੁਗ ਜੁਗ ਆਪ ਵਜਾਇੰਦਾ । ਲੇਖਾ ਜਾਣੇ ਬੋਧ ਅਗਾਧ, ਅਨੁਭਵ ਆਪਣਾ ਰੂਪ ਵਖਾਇੰਦਾ । ਸੰਤ ਸੁਹੇਲੇ ਸਾਚੇ ਲਾਧ, ਗੁਰ ਚੇਲੇ ਮੇਲ ਮਿਲਾਇੰਦਾ । ਦਰਗਹਿ ਸਾਚੀ ਕਰੇ ਲਾਡ, ਪੂਤ ਸਪੂਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਜਿਸ ਸਮਝਾਇੰਦਾ । ਸਾਚੀ ਸੇਵਾ ਗੁਰਸਿਖ ਧਾਰ, ਗੁਰ ਗੁਰ ਆਪ ਜਣਾਈਆ । ਸਤਿਗੁਰ ਸੱਜਣ ਕਰ ਪਿਆਰ, ਹਰਿਜਨ ਸਾਚੇ ਲਏ ਮਿਲਾਈਆ । ਨੇਤਰ ਲੋਚਣ ਦਰਸ ਅਪਾਰ, ਅਗੰਮ ਅਗੋਚਰ ਆਪ ਵਖਾਈਆ । ਦੀਆ ਬਾਤੀ ਕਰ ਉਜਿਆਰ, ਜੋਤ ਨਿਰੰਜਣ ਡਗਮਗਾਈਆ । ਅਨਹਦ ਨਾਦ ਸ਼ਬਦ ਧੁਨਕਾਰ, ਧੁਨ ਆਤਮਕ ਆਪ ਸੁਣਾਈਆ । ਪੰਚਮ ਸਖੀਆਂ ਮੰਗਲਾਚਾਰ, ਘਰ ਮੰਦਰ ਵੱਜੇ ਵਧਾਈਆ । ਸਖਾ ਸੁਹੇਲਾ ਹੋ ਤਿਆਰ, ਨਿਰਗੁਣ ਆਪਣਾ ਵੇਸ ਵਟਾਈਆ । ਗੁਰ ਚੇਲਾ ਪਾਏ ਆਪੇ ਸਾਰ, ਵੇਖੇ ਥਾਉਂ ਥਾਈਂਆ । ਕਾਇਆ ਗੜ੍ਹ ਬੰਕ ਦਵਾਰ, ਸਾਢੇ ਤਿੰਨ ਹੱਥ ਦਏ ਵਡਿਆਈਆ । ਡੂੰਘੀ

ਭਵਰੀ ਪਾਏ ਸਾਰ, ਕਾਇਆ ਕਵਰੀ ਫੋਲ ਫੁਲਾਈਆ । ਪੰਚ ਵਿਕਾਰਾਂ ਕਰ ਖੁਵਾਰ, ਮਾਇਆ ਮਮਤਾ ਮੋਹ ਮਿਟਾਈਆ । ਏਕਾ ਰਾਗ ਸੁਣਾਏ ਆਪਣੀ ਵਾਰ, ਛੱਤੀ ਰਾਗ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਲਗਾਈਆ । ਸਾਚੀ ਸੇਵਾ ਹਰਿਜਨ ਲੱਗ, ਆਪਣਾ ਆਪ ਮਿਟਾਇਆ । ਜਨਮ ਜਨਮ ਦੀ ਬੁੱਝੀ ਅੱਗ, ਤ੍ਰਿਸ਼ਨਾ ਭੁੱਖ ਗਵਾਇਆ । ਹੰਸ ਹੋਇਆ ਕਗ, ਕਾਗ ਹੰਸ ਰੂਪ ਵਟਾਇਆ । ਨਾਮ ਪਿਆਲਾ ਪੀਏ ਮਧ, ਦਿਵਸ ਰੈਣ ਖ਼ੁਮਾਰ ਕਰਾਇਆ । ਏਕਾ ਸ਼ਬਦ ਸੁਣਾਏ ਅਨਹਦ, ਹੱਦ ਆਪਣੀ ਪਾਰ ਕਰਾਇਆ । ਦਰ ਦਵਾਰੇ ਆਪੇ ਸੱਦ, ਗੁਰਸਿਖ ਸਾਚੇ ਲਏ ਉਠਾਇਆ । ਲੱਖ ਚੁਰਾਸੀ ਵਿਚੋਂ ਕਰ ਕਰ ਅੱਡ, ਆਪ ਆਪਣਾ ਮੇਲ ਮਿਲਾਇਆ । ਆਪੇ ਜਾਣੇ ਆਪਣੀ ਯਦ, ਭਗਤ ਭਗਵੰਤ ਖੇਲ ਕਰਾਇਆ । ਭਗਤਾਂ ਵੇਖ ਹੋਏ ਗਦ ਗਦ, ਆਪ ਆਪਣਾ ਭੇਵ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਰਖਾਇਆ । ਸਾਚੀ ਸੇਵਾ ਸਤਿਗੁਰ ਚਰਨ, ਆਦਿ ਜੁਗਾਦਿ ਮਿਲੇ ਵਡਿਆਈਆ । ਨੇਤਰ ਖੋਲ੍ਹੇ ਹਰਨ ਫਰਨ, ਲੋਚਣ ਨੈਣ ਪਰਦਾ ਲਾਹੀਆ । ਨਾਤ ਤੋੜੇ ਮਰਨ ਡਰਨ, ਆਵਣ ਜਾਵਣ ਫੰਦ ਕਟਾਈਆ । ਇਕ ਵਖਾਏ ਸਾਚੀ ਸ਼ਰਨ, ਪੁਰਖ ਅਕਾਲ ਮੇਲ ਮਿਲਾਈਆ । ਲਹਿਣਾ ਦੇਣਾ ਚੁੱਕੇ ਉਪਰ ਧਰਤੀ ਧਰਨ, ਧਰਤ ਧਵਲ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਬੁਝਾਈਆ । ਸਾਚੀ ਸੇਵਾ ਸਤਿਗੁਰ ਓਟ, ਏਕਾ ਓਟ ਰਖਾਇਆ । ਸਤਿਗੁਰ ਕੱਢੇ ਕਾਇਆ ਖੋਟ, ਝੂਠਾ ਨਾਤਾ ਦਏ ਤੁੜਾਇਆ । ਆਪ ਉਠਾਏ ਆਹਲਣਿਉਂ ਡਿੱਗੇ ਬੋਟ, ਆਪ ਆਪਣੀ ਗੋਦ ਬਹਾਇਆ । ਇਕ ਜਗਾਏ ਨਿਰਮਲ ਜੋਤ, ਅੰਧ ਅੰਧੇਰ ਗਵਾਇਆ । ਸੁਹਾਏ ਬੰਕ ਕਾਇਆ ਕੋਟ, ਛੱਪਰ ਛੰਨ ਨਾ ਕੋਇ ਛੁਹਾਇਆ । ਦੇਵੇ ਨਾਮ ਇਕ ਅਤੋਟ, ਨਿਖੁਟ ਕਦੇ ਨਾ ਜਾਇਆ । ਫੜ ਚੜ੍ਹਾਏ ਸਾਚੀ ਚੋਟ, ਉਚ ਮਹੱਲੇ ਆਪ ਬਹਾਇਆ । ਭਗਤਾਂ ਬਣਿਆ ਆਪੇ ਗੋਤ, ਸਾਚਾ ਨਾਤਾ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਲਗਾਇਆ । ਸਾਚੀ ਸੇਵਾ ਚਰਨ ਧਿਆਨ, ਚਰਨ ਕਵਲ ਚਿਤ ਲਾਈਆ । ਨੇਤਰ ਦਰਸ ਸ੍ਰੀ ਭਗਵਾਨ, ਤ੍ਰਿਸ਼ਨਾ ਭੁੱਖ ਮਿਟਾਈਆ । ਗੁਰਮੁਖ ਸਖੀ ਮਿਲੇ ਹਰਿ ਸਾਚਾ ਕਾਹਨ, ਘਰ ਮੰਡਲ ਰਾਸ ਰਚਾਈਆ । ਰਵ ਸਸ ਹੋਏ ਹੈਰਾਨ, ਨੇਤਰ ਨੈਣ ਨੈਣ ਸ਼ਰਮਾਈਆ । ਕਰੇ ਖੇਲ ਸ੍ਰੀ ਭਗਵਾਨ, ਹਰਿਜਨ ਆਪਣੇ ਆਪ ਉਠਾਈਆ । ਏਕਾ ਦੇਵੇ ਸਾਚਾ ਦਾਨ, ਨਾਮ ਭਗਤੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਜੁਗ ਜੁਗ ਹੁਕਮ ਹਰਿ ਨਿਰੰਕਾਰਾ, ਨਿਰਗੁਣ ਆਪ ਵਰਤਾਇੰਦਾ । ਸਚਖੰਡ ਬੈਠ ਸੱਚੇ ਦਰਬਾਰਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸ਼ਬਦੀ ਸ਼ਬਦ ਬਣ ਲਿਖਾਰਾ, ਧੁਰ ਸੰਦੇਸ਼ਾ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਨਿਮਸਕਾਰਾ, ਕਰੋੜ ਤਤੀਸਾ ਨਿਉਂ ਨਿਉਂ ਸੀਸ ਝੁਕਾਇੰਦਾ । ਲੱਖ ਚੁਰਾਸੀ ਵੇਖੇ ਵਾਰੋ ਵਾਰਾ, ਲੋਕਮਾਤ ਫੇਰਾ ਪਾਇੰਦਾ । ਅਲੱਖ ਅਗੰਮ ਅਗੋਚਰ ਬੇਪਰਵਾਹ ਹੋ ਤਿਆਰਾ, ਨਿਰਾਕਾਰ ਰੂਪ ਧਰਾਇੰਦਾ । ਪੰਜ ਤੱਤ ਤੱਤ ਦਏ ਅਧਾਰਾ, ਬ੍ਰਹਮ ਮਤ ਇਕ ਸਮਝਾਇੰਦਾ । ਮਿੱਤ ਗਤ ਜਾਣੇ ਨਿਰੰਕਾਰਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਤਿਜੁਗ ਤਰੇਤਾ ਦੁਆਪਰ ਕਰਿਆ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਇੰਦਾ । ਕਲਜੁਗ ਵੇਖੇ ਵੇਖਣਹਾਰਾ, ਸਚ ਸਿੰਘਾਸਣ ਆਸਣ ਲਾਇੰਦਾ । ਚੌਦਾਂ ਲੋਕਾਂ ਖੋਲ੍ਹ ਕਿਵਾੜਾ, ਆਪ ਆਪਣਾ

੧੬੫
੧੧

ਨੈਣ ਉਠਾਇੰਦਾ । ਚੌਦਾਂ ਤਬਕਾਂ ਮਾਰੇ ਮਾਰਾ, ਏਕਾ ਹੁਕਮ ਵਰਤਾਇੰਦਾ । ਲੇਖਾ ਜਾਣੇ ਗੁਰ ਅਵਤਾਰਾ, ਜੁਗ ਜੁਗ ਸਾਚੀ ਸੇਵ ਲਗਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰਾ, ਬੋਧ ਅਗਾਧ ਅਲਾਇੰਦਾ । ਲਿਖ ਲਿਖ ਗਏ ਵਿਚ ਸੰਸਾਰਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਬ੍ਰਹਮਾ ਬ੍ਰਹਮ ਕਰੇ ਵਿਚਾਰਾ, ਚਾਰੇ ਵੇਦਾਂ ਧਾਰ ਜਣਾਇੰਦਾ । ਸ਼ਾਸਤਰ ਸਿਮਰਤ ਕਰ ਤਿਆਰਾ, ਤ੍ਰੈਗੁਣ ਅਤੀਤਾ ਖੇਲ ਖਲਾਇੰਦਾ । ਪੁਰਾਨ ਅਠਾਰਾਂ ਬਣ ਵਣਜਾਰਾ, ਜਗਤ ਸੌਦਾ ਹੱਟ ਵਿਕਾਇੰਦਾ । ਗੀਤਾ ਗਿਆਨ ਖੋਲ੍ਹ ਭੰਡਾਰਾ, ਭਗਤ ਭਗਵਾਨ ਇਕ ਸਮਝਾਇੰਦਾ । ਈਸਾ ਮੂਸਾ ਕਰ ਤਿਆਰਾ, ਸਾਚਾ ਨਾਅਰਾ ਇਕ ਅਲਾਇੰਦਾ । ਮੁਕਾਮੇ ਹੱਕ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਕਲਜੁਗ ਅੰਤਮ ਖੇਲ ਅਵੱਲਾ, ਪੁਰਖ ਅਬਿਨਾਸ਼ੀ ਆਪ ਕਰਾਈਆ । ਸਚਖੰਡ ਵਸਣਹਾਰਾ ਸਚ ਮਹੱਲਾ, ਲੋਕਮਾਤ ਵੇਖ ਵਖਾਈਆ । ਸਤਿ ਸੰਦੇਸ਼ ਨਰ ਨਰੇਸ਼ ਏਕਾ ਘੱਲਾ, ਕਾਇਨਾਤ ਕਰੇ ਪੜ੍ਹਾਈਆ । ਬਿਸਮਿਲ ਰੂਪ ਹੋ ਹੋ ਆਪੇ ਰਲਾ, ਘਟ ਘਟ ਰਿਹਾ ਸਮਾਈਆ । ਪਾਵੇ ਸਾਰ ਜਲਾ ਥਲਾ, ਡੂੰਘੀ ਕੰਦਰ ਸਮੁੰਦ ਸਾਗਰ ਫੇਰਾ ਪਾਈਆ । ਨੂਰੀ ਨੂਰ ਰਖਾਇਆ ਅੱਲਾ, ਆਲਮੀਨ ਦਏ ਦੁਹਾਈਆ । ਮੁਹੰਮਦ ਫੜਾਇਆ ਏਕਾ ਪੱਲਾ, ਏਕਾ ਕਲਮਾ ਨਬੀ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਆਦਿ ਪੁਰਖ ਆਪ ਕਰਾਇੰਦਾ । ਹੱਕ ਹਕੀਕਤ ਇਕ ਜੈਕਾਰਾ, ਲਾਸ਼ਰੀਕ ਆਪ ਸੁਣਾਇੰਦਾ । ਵਾਹਦ ਰੂਪ ਕਰ ਨਿਆਰਾ, ਨਿਜ ਘਰ ਆਪਣੇ ਆਸਣ ਲਾਇੰਦਾ । ੧੬੬
ਹਜਾਰਾ ਦਰੂਦ ਸਾਚੀ ਧਾਰਾ, ਏਕਾ ਇਕ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਸਮਝਾਇੰਦਾ । ਗੁਰ ਅਵਤਾਰ ਸਾਚੀ ਸੇਵਾ, ਸੋ ਪੁਰਖ ਨਿਰੰਜਣ ਆਪ ਲਗਾਈਆ । ਪੀਰ ਪੈਗ਼ੰਬਰ ਵੇਖੇ ਵਡ ਦੇਵੀ ਦੇਵਾ, ਦੋ ਜਹਾਨ ਵੇਸ ਵਟਾਈਆ । ਭਗਤ ਭਗਵੰਤ ਆਤਮ ਰਸ ਦੇਵੇ ਸਾਚਾ ਮੇਵਾ, ਗੁਣ ਅਵਗੁਣ ਨਾ ਕੋਇ ਰਖਾਈਆ । ਸੰਤ ਤਰਾਏ ਦਇਆ ਕਮਾਏ ਹਰਿ ਨਿਹਕੇਵਾ, ਨਿਹਚਲ ਆਪਣੇ ਧਾਮ ਬਹਾਈਆ । ਆਦਿ ਜੁਗਾਦਿ ਅਲੱਖ ਅਭੇਵਾ, ਗੁਰਮੁਖ ਸਾਚੇ ਲਏ ਉਠਾਈਆ । ਨਾਮ ਜਪਾਏ ਰਸਨਾ ਜਿਹਵਾ, ਗੁਰਸਿਖ ਸੇਵਾ ਲਾਈਆ । ਕੌਸਤਕ ਮਣੀਆ ਮਸਤਕ ਥੇਵਾ, ਧੁਰ ਲਲਾਟ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਕਰਾਈਆ । ਸਾਚੀ ਸੇਵ ਕਰਾਏ ਕਰਤਾਰ, ਕਰਤਾ ਕਿਰਤ ਕਮਾਈਆ । ਜੁਗਾ ਜੁਗੰਤਰ ਖੇਲ ਅਪਾਰ, ਜੁਗ ਕਰਤਾ ਵੇਸ ਵਟਾਈਆ । ਜੁਗ ਚੌਕੜੀ ਉਤਰੇ ਪਾਰ, ਲੋਕਮਾਤ ਰਹਿਣ ਨਾ ਪਾਈਆ । ਨਵ ਨੌਂ ਚਾਰ ਗਿਆ ਹਾਰ, ਵੇਲਾ ਅੰਤ ਰਿਹਾ ਸਮਝਾਈਆ । ਸ੍ਰਿਸ਼ਟ ਸਬਾਈ ਰੋਵੇ ਜ਼ਾਰੋ ਜ਼ਾਰ, ਗਿਰਿਆਜ਼ਾਰ ਸਰਬ ਲੋਕਾਈਆ । ਨੌਂ ਖੰਡ ਹੋਵੇ ਹਾਹਾਕਾਰ, ਸੱਤ ਦੀਪ ਨਾ ਧੀਰ ਧਰਾਈਆ । ਵਰਨ ਬਰਨ ਕਰਨ ਪੁਕਾਰ, ਸਾਚੀ ਸਰਨ ਨਾ ਕੋਇ ਰਖਾਈਆ । ਅਠਸਠ ਧਾਹਾਂ ਰਹੇ ਮਾਰ, ਤੱਟ ਕਿਨਾਰੇ ਪਈ ਦੁਹਾਈਆ । ਗੁਰ ਦਰ ਮੰਦਰ ਮਸਜਿਦ ਮੱਠ ਨਾ ਕੋਇ ਆਧਾਰ, ਜਗਤ ਸਿਆਸਤ ਕਰੇ ਲੜਾਈਆ । ਪੁਰਖ ਅਬਿਨਾਸ਼ੀ ਵੇਖੇ ਵੇਖਣਹਾਰ, ਸਚਖੰਡ ਬੈਠਾ ਸੱਚਾ ਮਾਹੀਆ । ਜੀਵ ਜੰਤ ਹੋਇਆ ਵਿਭਚਾਰ, ਸਤਿ ਸੰਤੋਖ ਨਾ ਕੋਇ ਰਖਾਈਆ । ਨਾਤਾ ਤੁਟਾ ਪੁਰਖ ਨਾਰ, ਕੰਤ ਕੰਤੂਹਲ ਨਾ ਕੋਇ ਵਡਿਆਈਆ । ਪਿਤਾ ਪੂਤ ਨਾ ਕਰੇ ਪਿਆਰ, ਭੱਯਾ ਭੈਣਾਂ ਨਾ ਵੇਖ ਵਖਾਈਆ । ਕੂੜੀ ਕਿਰਿਆ

ਫਸਿਆ ਸਰਬ ਸੰਸਾਰ, ਗੁਰਮਤ ਬੈਠੀ ਮੁਖ ਛੁਪਾਈਆ । ਮਨਮਤ ਹੋਈ ਨਾਰ ਮੁਟਿਆਰ, ਘਰ ਘਰ ਜੋਬਨ ਰਹੀ ਹੰਢਾਈਆ । ਸਾਧਾਂ ਸੰਤਾਂ ਕਰੇ ਖ਼ੁਵਾਰ, ਆਪਣੇ ਨਾਲ ਰਲਾਈਆ । ਸੂਰਬੀਰ ਜੋਧੇ ਸੁੱਟੇ ਮੂੰਹ ਦੇ ਭਾਰ, ਨਾ ਕੋਈ ਸਕੇ ਸੀਸ ਉਠਾਈਆ । ਸ਼ਾਹ ਸੁਲਤਾਨਾਂ ਸਿਰ ਪਾਈ ਛਾਰ, ਖ਼ਾਕੀ ਖ਼ਾਕ ਮਿਲਾਈਆ । ਚਾਰੋਂ ਕੁੰਟ ਜੂਠ ਝੂਠ ਵਣਜ ਵਪਾਰ, ਸਾਚਾ ਹੱਟ ਨਾ ਕੋਇ ਖੁਲ੍ਹਾਈਆ । ਗੁਰ ਅਵਤਾਰ ਨਾ ਮਦਦਗਾਰ, ਸਿਰ ਹੱਥ ਨਾ ਕੋਇ ਰਖਾਈਆ । ਨਾਰਦ ਫਿਰੇ ਵਾਰੋ ਵਾਰ, ਚਾਰੋਂ ਕੁੰਟ ਫੇਰਾ ਪਾਈਆ । ਕਲਜੁਗ ਮਿਲਿਆ ਇਕੋ ਯਾਰ, ਹੱਥ ਨਾਲ ਹੱਥ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪਣੇ ਹੱਥ ਰਖਾਈਆ । ਕਲਜੁਗ ਮਿਲਿਆ ਨਾਰਦ ਆ, ਮਿਲ ਮਿਲ ਖ਼ੁਸ਼ੀ ਮਨਾਈਆ । ਇਕ ਸੁਨੇਹੁੜਾ ਦਏ ਸੁਣਾ, ਆਪਣਾ ਢੋਲਾ ਗਾਇਆ । ਤੈਨੂੰ ਮੈਂ ਰਿਹਾ ਸਮਝਾ, ਦਰ ਤੇਰੇ ਫੇਰਾ ਪਾਇਆ । ਤੇਰਾ ਅੰਤਮ ਵੇਲਾ ਗਿਆ ਆ, ਲੁਕਿਆ ਕੋਇ ਨਜ਼ਰ ਨਾ ਆਇਆ । ਮੁਹੰਮਦ ਬੈਠਾ ਡੇਰਾ ਢਾਹ, ਚੌਦਾਂ ਤਬਕ ਰਿਹਾ ਸ਼ਰਮਾਇਆ । ਅੱਲਾ ਰਾਣੀ ਬੈਠੀ ਮੁਖ ਛੁਪਾ, ਨੇਤਰ ਨੈਣ ਨਾ ਕੋਈ ਉਠਾਇਆ । ਤੇਰਾ ਵਸਦਾ ਖੇੜਾ ਰਿਹਾ ਢਾਹ, ਤੇਰਾ ਕਰਮ ਜ਼ੋਰ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਮੁਹੰਮਦ ਕਹੇ ਸੁਣ ਨਾਰਦ ਮੁਨ, ਤੂੰ ਚੋਟੀ ਆਪਣੀ ਕਿਉਂ ਮੁੰਨਾਈਆ । ਜੁਗ ਜੁਗ ਤੇਰਾ ਵੱਡਾ ਗੁਣ, ਤੂੰ ਘਰ ਘਰ ਫੇਰਾ ਪਾਈਆ । ਧੰਨ ਭਾਗ ਤੂੰ ਸੁਣਾਵੇ ਆਪਣਾ ਗੁਣ, ਤੇਰੇ ਗੁਣ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵੇਖ ਵਖਾਈਆ । ਨਾਰਦ ਕਹੇ ਸੁਣ ਰੇ ਮੀਤ, ਆਪਣਾ ਹਾਲ ਸੁਣਾਇਆ । ਨਾ ਮੈਂ ਪਾਕ ਨਾ ਪਲੀਤ, ਪਤਤ ਆਪਣੇ ਸੰਗ ਨਿਭਾਇਆ । ਜੁਗ ਜੁਗ ਸਭ ਨੂੰ ਰਿਹਾ ਜੀਤ, ਘਰ ਘਰ ਠਗੌਰੀ ਪਾਇਆ । ਚੋਟੀ ਮੁੰਨ ਕੇ ਚਲਾਈ ਆਪਣੀ ਰੀਤ, ਚੋਟੀ ਸਭ ਦੀ ਦਿਆਂ ਮੁੰਨਾਇਆ । ਮੇਰਾ ਸਾਹਿਬ ਇਕ ਅਨਡੀਠ, ਜੋ ਮੈਨੂੰ ਰਿਹਾ ਫਿਰਾਇਆ । ਨਿਤ ਗਾਵਾਂ ਉਹਦੇ ਗੀਤ, ਰਸਨਾ ਜਿਹਵਾ ਨਾ ਕੋਇ ਹਿਲਾਇਆ । ਮੈਂ ਫਿਰ ਕੇ ਆਇਆ ਮੱਕਾ ਕਾਅਬਾ ਮਸੀਤ, ਉਚੇ ਹੁਜ਼ਰੇ ਸ਼ਾਹ ਨਵਾਬ ਨਜ਼ਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਸਮਝਾਇਆ । ਪੁਰਖ ਅਬਿਨਾਸ਼ੀ ਸੇਵਾ ਲਾ, ਏਕਾ ਹੁਕਮ ਸਮਝਾਈਆ । ਚੌਦਾਂ ਤਬਕ ਵੇਖ ਥਾਂ, ਨੰਗੀ ਪੈਰੀਂ ਫੇਰਾ ਪਾਈਆ । ਕਵਣ ਏਕਾ ਢੋਲਾ ਰਿਹਾ ਗਾ, ਸਦਾ ਬਾਂਗ ਇਕ ਸੁਣਾਈਆ । ਕਵਣ ਸਾਚੀ ਵਜ਼ੂ ਰਿਹਾ ਵਖਾ, ਦੁਰਮਤ ਮੈਲ ਧੁਆਈਆ । ਕਵਣ ਸਜਦਾ ਸੀਸ ਰਿਹਾ ਝੁਕਾ, ਕਵਣ ਨਿਉਂ ਨਿਉਂ ਧੂੜੀ ਮਸਤਕ ਲਾਈਆ । ਕਵਣ ਸਚ ਮਸੱਲਾ ਹੇਠਾਂ ਰਿਹਾ ਵਿਛਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਇਕ ਰਖਾਈਆ । ਮੇਰੀ ਸੇਵਾ ਲਾਈ ਇਕ ਖ਼ੁਦਾ, ਹੁਕਮੀ ਹੁਕਮ ਮਨਾਇਆ । ਚੌਦਾਂ ਤਬਕ ਰਾਹ ਮੈਂ ਵੇਖਿਆ ਸਿੱਧਾ, ਰਾਹ ਵਿਚ ਨਾ ਕੋਈ ਅਟਕਾਇਆ । ਕੋਈ ਹੂਰ ਨਾ ਪਾਵੇ ਗਿੱਧਾ, ਮਿਲ ਸਖੀਆਂ ਮੰਗਲ ਗਾਇਆ । ਕੂੜ ਪਕਵਾਣ ਸਭ ਨੇ ਰਿੱਧਾ, ਸਾਚੀ ਮਹਿਫ਼ਲ ਨਾ ਕੋਇ ਬਹਾਇਆ । ਤੇਰਾ ਈਮਾਨ ਕਰ ਕੇ ਬੈਠਾ ਜ਼ਿਦਾ, ਆਪਣੀ ਜ਼ਿੰਦਗੀ ਰਿਹਾ ਗਵਾਇਆ । ਚੌਦਾਂ ਸਦੀਆਂ ਵਿਚ ਦੱਸ ਹੋਇਆ ਕਿੱਡਾ, ਕਵਣ ਕੱਦ ਰਿਹਾ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਲਗਾਇਆ । ਲੱਗੀ ਸੇਵਾ ਆਇਆ ਦੁਆਰ, ਚਾਰ ਕੁੰਟ ਫੇਰਾ ਪਾਈਆ । ਵੇਖ ਜਾਵਾਂ ਮੁਹੰਮਦ ਤੇਰੇ ਯਾਰ, ਯਾਰੀ

ਯਾਰਾਂ ਨਾਲ ਵਿਖਾਈਆ । ਪਾਰ ਕਰ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਲੇਖਾ ਜਾਣਾ ਡੂੰਘੀ ਗਾਰ, ਸਮੁੰਦ ਸਾਗਰ ਭਵਰੀ ਰਿਹਾ ਸਮਾਈਆ । ਸਚ ਸੁਨੇਹੁੜਾ ਦੇ ਦੇ ਅੰਤਮ ਵਾਰ, ਪ੍ਰਭ ਸਾਚੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਵੇਖ ਵਖਾਈਆ । ਮੈਂ ਸੇਵਾ ਕਰਾਂ ਬਣ ਬਲਕਾਰਾ, ਬਲ ਹਰਿ ਜੂ ਆਪ ਦਵਾਇੰਦਾ । ਚਾਰੋਂ ਕੁੰਟ ਵੇਖਿਆ ਸੰਸਾਰਾ, ਸਹਿੰਸਾ ਕੋਈ ਨਾ ਮੇਰਾ ਚੁਕਾਇਆ । ਮੰਦਰ ਮਸਜਿਦ ਮੱਠ ਸ਼ਿਵਦੁਆਲੇ ਵੇਖੇ ਇੱਟਾਂ ਗਾਰਾ, ਹਰਿ ਜੂ ਜੋਤ ਨਾ ਕੋਈ ਜਗਾਇਆ । ਗੁਰ ਅਵਤਾਰ ਦੇ ਦੇ ਗਏ ਲਾਰਾ, ਲੋਕਮਾਤ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਖਾਇਆ । ਮੁਹੰਮਦ ਕਹੇ ਸੁਣ ਸੰਦੇਸ਼ਾ, ਮੇਰਾ ਤਨ ਮਨ ਰਿਹਾ ਸ਼ਰਮਾਈਆ । ਸਾਹਿਬ ਮੇਰਾ ਨਰ ਨਰੇਸ਼ਾ, ਤਖ਼ਤ ਨਿਵਾਸੀ ਸੋਭਾ ਪਾਈਆ । ਕਲਜੁਗ ਮੈਂ ਕਮਾਇਆ ਆਪਣਾ ਪੇਸ਼ਾ, ਜੋ ਹਰਿ ਜੂ ਸੇਵ ਲਗਾਈਆ । ਤਿਸ ਸਾਹਿਬ ਕਰਨੀ ਆਦੇਸਾ, ਸੀਸ ਚਰਨਾਂ ਉਤੇ ਟਿਕਾਈਆ । ਤੂੰ ਕਿਉਂ ਭੁਲਿਆ ਮੇਰਾ ਚੇਤਾ, ਚੌਦਾਂ ਸਦੀਆਂ ਵਕਤ ਲੰਘਾਈਆ । ਫੁਲ ਫੁਲਵਾੜੀ ਮੇਰਾ ਪੱਕਿਆ ਖੇਤਾ, ਏਕਾ ਵਾਰ ਵੱਢ ਵਿਖਾਈਆ । ਤੁਧ ਬਿਨ ਕੋਈ ਨਾ ਜਾਣੇ ਮੇਰਾ ਭੇਤਾ, ਮੇਰਾ ਭੇਵ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਤੇਰੀ ਓਟ ਤਕਾਈਆ । ਨਾਰਦ ਕਹੇ ਮੈਂ ਜਾ ਕੇ ਦੱਸਾਂ, ਚਰਨ ਕਵਲ ਸੀਸ ਝੁਕਾਈਆ । ਦੂਰ ਦੁਰਾਡੇ ਬਹਿ ਬਹਿ ਹੱਸਾਂ, ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਰਖਾਈਆ । ਦੂਰ ਦੁਰਾਡਾ ਰਿਹਾ ਬੋਲ, ਆਪਣਾ ਬਚਨ ਸੁਣਾਇਆ । ਕਿਸ ਬਿਧ ਆਵਾਂ ਤੇਰੇ ਕੋਲ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹਿਆ । ਸਚ ਵਸਤ ਨਾ ਮੇਰੇ ਕੋਲ, ਕਿਤ ਬਿਧ ਤੇਰਾ ਦਰਸ਼ਨ ਪਾਇਆ । ਮੈਂ ਆਦਿ ਜੁਗਾਦਿ ਰਹਾਂ ਅਡੋਲ, ਸਚ ਸਿੰਘਾਸਣ ਰਿਹਾ ਸੁਹਾਇਆ । ਮੁਹੰਮਦ ਨਾਲ ਮੈਂ ਕਰ ਕੇ ਆਇਆ ਕੌਲ, ਤੇਰਾ ਸੰਦੇਸ਼ਾ ਦਿਆਂ ਸੁਣਾਇਆ । ਰਾਹ ਤੇਰਾ ਤੱਕੇ ਉਪਰ ਧੌਲ, ਨੇਤਰ ਨੈਣ ਉਠਾਇਆ । ਤੂੰ ਮੌਲਾ ਰੂਪ ਗਇਉਂ ਮੌਲ, ਆਪਣਾ ਮੁਖ ਛੁਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਬਰਦਾ ਦਰ ਤੇਰੇ ਤੇ ਆਇਆ । ਬਰਦਾ ਬਣ ਸਵਾਲੀ, ਏਕਾ ਮੰਗ ਮੰਗਾਈਆ । ਤੇਰੇ ਦਰ ਤੋਂ ਜਾਏ ਕੋਈ ਨਾ ਖ਼ਾਲੀ, ਬੇਅੰਤ ਤੇਰੀ ਵਡਿਆਈਆ । ਸਰਬ ਜੀਆਂ ਦਾ ਆਪੇ ਪਾਲੀ, ਬਣ ਸੇਵਕ ਸੇਵ ਕਮਾਈਆ । ਜੁਗ ਜੁਗ ਦੇਵੇ ਨਾਮ ਦਲਾਲੀ, ਬਣ ਵਣਜਾਰਾ ਵੇਖ ਵਖਾਈਆ । ਤੇਰਾ ਨੂਰ ਨਿਰਗੁਣ ਜੋਤ ਅਕਾਲੀ, ਅਕਲ ਕਲਾ ਤੇਰੀ ਵਡਿਆਈਆ । ਲੱਖ ਚੁਰਾਸੀ ਸੱਚਾ ਮਾਲੀ, ਘਰ ਘਰ ਬੂਟਾ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਲਗਾਈਆ । ਸੁਣ ਨਾਰਦ ਹਰਿ ਰਿਹਾ ਦੱਸ, ਦੂਰ ਦੁਰਾਡੇ ਪੰਧ ਮੁਕਾਇਆ । ਮੁਹੰਮਦ ਚਲੇ ਨਾ ਕੋਈ ਵਸ, ਵੇਲਾ ਅੰਤਮ ਆਇਆ । ਨਿਰਗੁਣ ਹੋ ਕੇ ਲੋਕਮਾਤ ਜਾਵਾਂ ਵਸ, ਨਿਰਵੈਰ ਖੇਲ ਕਰਾਇਆ । ਜਨ ਭਗਤਾਂ ਆਪੇ ਹੋਇਆ ਦਾਸ, ਬਣ ਬਣ ਦਾਸੀ ਸੇਵ ਕਮਾਇਆ । ਲੋਕਮਾਤ ਕਰਾਂ ਪੂਰੀ ਆਸ, ਆਪ ਆਪਣੀ ਬੂਝ ਬੁਝਾਇਆ । ਲਹਿਣਾ ਦੇਣਾ ਚੁੱਕੇ ਪ੍ਰਿਥਮੀ ਆਕਾਸ਼, ਗਗਨ ਮੰਡਲ ਪੰਧ ਮੁਕਾਇਆ । ਲੇਖਾ ਲਾ ਪਵਣ ਸਵਾਸ, ਸਵਾਸ ਸਵਾਸਾਂ ਵਿਚ ਸਮਾਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦੀ ਸਾਖ਼, ਹਰਿ ਭਗਤ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇਆ । ਮੁਹੰਮਦ ਕਰਾਂ

ਪੂਰੀ ਆਸਾ, ਏਕਾ ਆਸ ਜਣਾਈਆ । ਕਲਜੁਗ ਅੰਤਮ ਖੇਲ ਤਮਾਸ਼ਾ, ਖ਼ਾਲਕ ਖ਼ਲਕ ਵੇਖੇ ਚਾਈਂ ਚਾਈਆ । ਪਰਗਟ ਹੋਏ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣਾ ਬਲ ਧਰਾਈਆ । ਆਪੇ ਜਾਣੇ ਹਾਰ ਪਾਸਾ, ਜਿੱਤ ਆਪਣੇ ਹੱਥ ਰਖਾਈਆ । ਸ਼ੰਕਰ ਵੇਖੇ ਉਪਰ ਕੈਲਾਸ਼ਾ, ਸੋਇਆ ਆਪ ਜਗਾਈਆ । ਬ੍ਰਹਮੇ ਦੇਵੇ ਬ੍ਰਹਮ ਧਰਵਾਸਾ, ਪਾਰਬ੍ਰਹਮ ਵਡੀ ਵਡਿਆਈਆ । ਵਿਸ਼ਨੂੰ ਮੇਲਾ ਸ਼ਾਹੋ ਸ਼ਾਬਾਸ਼ਾ, ਸ਼ਾਹ ਪਾਤਸ਼ਾਹ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਪੂਰੀ ਆਸ ਕਰਾਈਆ । ਪੂਰੀ ਆਸ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਇਕ ਇਕੱਲਾ ਫੇਰਾ ਪਾਇੰਦਾ । ਮੁਰੀਦ ਮੁਰਸ਼ਦ ਇਕ ਦੂਜੇ ਦੇ ਮਦਦਗਾਰ, ਸਗਲਾ ਸੰਗ ਨਿਭਾਇੰਦਾ । ਸੱਥਰ ਵੇਖੇ ਸਾਚਾ ਯਾਰ, ਸੁੰਞੀ ਸੇਜ ਆਪ ਹੰਢਾਇੰਦਾ । ਜਨਮ ਜਨਮ ਦੀ ਪਾਵੇ ਸਾਰ, ਕਰਮ ਕਰਮ ਦਾ ਮੋਹ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਸੇਵਾ ਆਪ ਕਮਾਇੰਦਾ । ਅੰਤਮ ਸੇਵਾ ਆਪੇ ਕਰ, ਨਿਰਗੁਣ ਜੋਤ ਸੇਵ ਲਗਾਈਆ । ਨਿਰਾਕਾਰ ਨਿਰਵੈਰ ਫਿਰੇ ਦਰ ਦਰ, ਬਣ ਦਰਵੇਸ਼ ਅਲਖ ਜਗਾਈਆ । ਗੁਰਮੁਖ ਸੱਜਣ ਲਏ ਫੜ, ਸੁਰਤੀ ਸ਼ਬਦ ਡੋਰ ਬੰਧਾਈਆ । ਸਰਗੁਣ ਅੰਦਰ ਨਿਰਗੁਣ ਵੜ, ਨਿਰਗੁਣ ਨਿਰਗੁਣ ਲਏ ਉਠਾਈਆ । ਕਿਲਾ ਤੋੜ ਹੰਕਾਰੀ ਗੜ੍ਹ, ਕਾਇਆ ਕੂੜੀ ਕਿਰਿਆ ਦਏ ਮਿਟਾਈਆ । ਸਚ ਮਹੱਲੇ ਆਪੇ ਚੜ੍ਹ, ਸਚ ਸਿੰਘਾਸਣ ਦਏ ਸੁਹਾਈਆ । ਦੀਵਾ ਬਾਤੀ ਆਪੇ ਕਰ, ਨੂਰ ਕਰੇ ਰੁਸ਼ਨਾਈਆ । ਸੱਚਾ ਸਾਥੀ ਆਪੇ ਬਣ, ਘਰ ਘਰ ਵਿਚ ਸੰਗ ਨਿਭਾਈਆ । ਹਰਿਜਨ ਵੇਖੇ ਸਾਚੇ ਜਨ, ਜਨ ਜਨਨੀ ਰੂਪ ਵਟਾਈਆ । ਕਲਜੁਗ ਅੰਤਮ ਬੇੜਾ ਬੰਨ੍ਹ, ਮੰਝਧਾਰ ਪਾਰ ਕਰਾਈਆ । ਰਾਏ ਧਰਮ ਨਾ ਦੇਵੇ ਡੰਨ, ਲਾੜੀ ਮੌਤ ਨੇੜ ਨਾ ਆਈਆ । ਗੁਰਮੁਖ ਚਾੜ੍ਹੇ ਸਾਚਾ ਚੰਨ, ਦਰ ਘਰ ਸਾਚੇ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੇਵ ਕਮਾਈਆ । ਸਾਚੀ ਸੇਵਾ ਅੰਤਮ ਕਰ, ਕੁਲਵੰਤਾ ਆਪ ਕਰਾਇੰਦਾ । ਲੱਖ ਚੁਰਾਸੀ ਭੁਲਾਏ ਕਰ ਵਲ ਛਲ, ਗੁਰਮੁਖ ਸਾਚੇ ਆਪ ਉਠਾਇੰਦਾ । ਅੰਦਰੇ ਅੰਦਰ ਗਿਆ ਰਲ, ਜੋਤੀ ਜੋਤ ਜੋਤ ਰਲਾਇੰਦਾ । ਦੀਪਕ ਦੀਪਕ ਗਿਆ ਬਲ, ਤੇਲ ਬਾਤੀ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਲਗਾਇੰਦਾ । ਆਪਣੀ ਸੇਵਾ ਆਪੇ ਲਾ, ਸਾਚਾ ਹੁਕਮ ਸੁਣਾਇਆ । ਲੋਕਮਾਤ ਬਣ ਮਲਾਹ, ਨਿਰਗੁਣ ਨਿਰਗੁਣ ਆਪ ਉਠਾਇਆ । ਹਰਿਜਨ ਸਾਚੇ ਲਏ ਜਗਾ, ਜਾਗਰਤ ਜੋਤ ਕਰ ਰੁਸ਼ਨਾਇਆ । ਏਕਾ ਧਾਮ ਦਏ ਬਹਾ, ਸਾਚਾ ਅਸਥਾਨ ਮਿਲੇ ਵਡਿਆਇਆ । ਏਕਾ ਢੋਲਾ ਲੈਣਾ ਗਾ, ਏਕਾ ਨਾਮ ਦ੍ਰਿੜਾਇਆ । ਏਕਾ ਮੰਦਰ ਦੇਣਾ ਬਣਾ, ਏਕਾ ਬੰਕ ਸੁਹਾਇਆ । ਏਕਾ ਇਸ਼ਟ ਦੇਣਾ ਵਖਾ, ਏਕਾ ਓਟ ਸ਼ਰਨਾਇਆ । ਏਕਾ ਅੰਮ੍ਰਿਤ ਦੇਣਾ ਪਿਆ, ਏਕਾ ਤੀਰਥ ਅਸ਼ਨਾਨ ਕਰਾਇਆ । ਏਕਾ ਪੀਰ ਲੈਣਾ ਮਨਾ, ਏਕਾ ਮੁਰਸ਼ਦ ਰੂਪ ਵਟਾਇਆ । ਏਕਾ ਜੰਜੀਰ ਦੇਣਾ ਪਾ, ਸ਼ਰਅ ਜੰਜੀਰ ਦੇਣਾ ਕਟਾਇਆ । ਸ਼ਾਹ ਹਕੀਰ ਏਕਾ ਰੰਗ ਰੰਗਾ, ਏਕਾ ਘਰ ਦੇਣਾ ਵਖਾਇਆ । ਸਚ ਤੌਫ਼ੀਕ ਇਕ ਖ਼ੁਦਾ, ਮਿਹਬਾਨ ਮਿਹਰਵਾਨ ਮਿਹਰਵਾਨ ਮਿਹਰਵਾਨ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਕਮਾਇਆ । ਸਾਚੀ ਸੇਵਾ ਕਰੇ ਭਗਵਾਨ, ਕਲਜੁਗ ਅੰਤ ਵੱਜੀ ਵਧਾਈਆ । ਹਰਿਜਨ ਸਾਚੇ ਕਰ ਪਰਵਾਨ, ਭਗਤ ਭਗਵੰਤ ਨਾਉਂ ਧਰਾਈਆ । ਘਟ ਘਟ ਅੰਦਰ ਵੇਖੇ ਮਾਰ ਧਿਆਨ, ਅੰਤਰ

ਆਤਮ ਬੂਝ ਬੁਝਾਈਆ । ਜਿਸ ਜਨ ਦੀਆ ਆਪਣਾ ਦਾਨ, ਦੀਨਨ ਹੋ ਸਹਾਈਆ । ਦਰਸ ਦਿਖਾਇਆ ਦਰ ਘਰ ਆਣ, ਮਾਇਆ ਪਰਦਾ ਆਪ ਉਠਾਈਆ । ਆਤਮ ਸੁਰਤੀ ਕਰ ਪਹਿਚਾਨ, ਅਕਾਲ ਮੂਰਤੀ ਲਏ ਮਿਲਾਈਆ । ਅੰਮ੍ਰਿਤ ਰਸ ਪੀਣ ਖਾਣ, ਨਿਝਰ ਦਏ ਝਿਰਾਈਆ । ਆਵਣ ਜਾਵਣ ਚੁੱਕੀ ਕਾਣ, ਜਿਸ ਬਖ਼ਸ਼ੇ ਸਚ ਸ਼ਰਨਾਈਆ । ਸਾਚਾ ਮੰਦਰ ਸਚ ਮਕਾਨ, ਸਤਿ ਪੁਰਖ ਨਿਰੰਜਣ ਆਪ ਬਣਾਈਆ । ਛੱਤੀ ਯੁਗ ਕਰੇ ਕਲਿਆਣ, ਨੌਂ ਚਾਰ ਵੱਜੇ ਵਧਾਈਆ । ਭਗਤ ਭਗਵੰਤ ਖੇਲ ਮਹਾਨ, ਲੋਕਮਾਤ ਕਰਾਈਆ । ਸਚ ਭੂਮਕਾ ਸਚ ਅਸਥਾਨ, ਸਾਚਾ ਸੰਗ ਆਪ ਨਿਭਾਈਆ । ਬਣ ਬਣ ਬਹੇ ਸੱਯਾ ਰਾਮ, ਕਾਹਨਾ ਕ੍ਰਿਸ਼ਨਾ ਰੂਪ ਵਟਾਈਆ । ਈਸਾ ਮੂਸਾ ਦੇ ਪੈਗ਼ਾਮ, ਮੁਹੰਮਦ ਸੁਣਾਏ ਕਲਾਮ ਇਲਾਹੀਆ । ਨਾਨਕ ਨਿਰਗੁਣ ਕਹੇ ਸਤਿਨਾਮ, ਗੋਬਿੰਦ ਵਾਹਿਗੁਰੂ ਫ਼ਤਹਿ ਗਜਾਈਆ । ਰਸਨਾ ਕਹਿ ਕਹਿ ਗਏ ਸ੍ਰੀ ਭਗਵਾਨ, ਪੁਰਖ ਅਕਾਲ ਇਕ ਅਖਵਾਈਆ । ਕਲਜੁਗ ਅੰਤ ਹੋਏ ਮਿਹਰਵਾਨ, ਨਿਹਕਲੰਕਾ ਨਾਉਂ ਧਰਾਈਆ । ਗੋਬਿੰਦ ਸੂਰਾ ਵੇਖੇ ਆਣ, ਲੋਕਮਾਤ ਵਡੀ ਵਡਿਆਈਆ । ਸਾਚੇ ਭਗਤ ਕਰੇ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਸਾਚੀ ਭਗਤੀ ਦੇਵੇ ਦਾਨ, ਆਪਣੀ ਵਸਤ ਝੋਲੀ ਪਾਈਆ । ਬਿਨ ਪੜ੍ਹਿਆਂ ਦੇਵੇ ਗਿਆਨ, ਜਗਤ ਵਿਦਿਆ ਨਾ ਕੋਇ ਸੁਣਾਈਆ । ਏਕਾ ਓਟ ਰੱਖੇ ਆਣ, ਦੂਜੀ ਹੋਰ ਨਾ ਕੋਇ ਸਰਨਾਈਆ । ਕਰੇ ਖੇਲ ਵਿਸ਼ਨੂੰ ਭਗਵਾਨ, ਵਿਸ਼ਵ ਆਪਣੀ ਧਾਰ ਚਲਾਈਆ । ਆਤਮ ਪਰਮਾਤਮ ਕਰ ਕਲਿਆਣ, ਕਲਮਾ ਆਪਣਾ ਆਪ ਸੁਣਾਈਆ । ਈਸ਼ ਜੀਵ ਦੇ ਗਿਆਨ, ਜਗਤ ਜਗਦੀਸ਼ ਹੋਏ ਸਹਾਈਆ । ਸਤਿਜੁਗ ਢੋਲਾ ਸਾਰੇ ਗਾਣ, ਸੋਹੰ ਅੱਖਰ ਕਰੇ ਪੜ੍ਹਾਈਆ । ਹਰਿ ਭਗਤ ਬਠਾਏ ਸਚ ਬਬਾਣ, ਨਾਮ ਬਬਾਣਾ ਇਕ ਲਿਆਈਆ । ਅੰਤਮ ਚੁੱਕੇ ਜਮ ਕੀ ਕਾਣ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤੀ ਸੇਵਾ ਆਪ ਕਮਾਈਆ । ਭਗਤਨ ਸੇਵਾ ਸਚ ਦੁਆਰ, ਦਰ ਦਰਵੇਸ਼ ਆਪ ਕਰਾਇੰਦਾ । ਸਾਢੇ ਤਿੰਨ ਹੱਥ ਵੇਖ ਉਚ ਮਨਾਰ, ਜਗਤ ਮਨਾਰੇ ਸਾਰੇ ਢਾਹਿੰਦਾ । ਕਰਿਆ ਖੇਲ ਅਗੰਮ ਅਪਾਰ, ਲੇਖਾ ਲਿਖਤ ਵਿਚ ਨਾ ਆਇੰਦਾ । ਜਨਮ ਜਨਮ ਦਾ ਲਹਿਣਾ ਦੇਣਾ ਕਰਜ ਉਤਾਰ, ਜਨ ਭਗਤਾਂ ਝੋਲੀ ਆਪ ਭਰਾਇੰਦਾ । ਸਾਚਾ ਮੰਦਰ ਕਰ ਤਿਆਰ, ਡੂੰਘੀ ਕੰਦਰ ਵੇਖ ਵਖਾਇੰਦਾ । ਨੌਂ ਦੁਆਰੇ ਜਗਤ ਵਿਹਾਰ, ਜਗਤ ਵਾਸ਼ਨਾ ਮੋਹ ਮਿਟਾਇੰਦਾ । ਸਾਚੀ ਦਿਸ਼ਾ ਪਾਵੇ ਸਾਰ, ਆਪਣਾ ਹਿੱਸਾ ਆਪ ਰਖਾਇੰਦਾ । ਜਿਸ ਦਾ ਕਿਸਾ ਸੁਣਦੇ ਰਹੇ ਵਿਚ ਸੰਸਾਰ, ਸੋ ਸੱਜਣ ਫੇਰਾ ਪਾਇੰਦਾ । ਜਿਸ ਦਾ ਪੇਸ਼ਾ ਭਗਤਾਂ ਦੇਵੇ ਤਾਰ, ਜੁਗ ਜੁਗ ਵੇਸ ਵਟਾਇੰਦਾ । ਸੋ ਪੁਰਖ ਨਿਰੰਜਣ ਜਨ ਭਗਤਾਂ ਨਿਉਂ ਨਿਉਂ ਕਰੇ ਨਿਮਸਕਾਰ, ਆਪਣਾ ਸੀਸ ਝੁਕਾਇੰਦਾ । ਭਗਤ ਦੁਆਰਾ ਵਸਦਾ ਰਹੇ ਜੁਗ ਚਾਰ, ਨੌਂ ਚਾਰ ਚਾਰ ਨਾਲ ਮਿਲਾਇੰਦਾ । ਜਿਸ ਜਨ ਸੇਵਾ ਕਰੀ ਆਣ, ਦੁਆਰ ਤਿਸ ਜਨ ਆਪਣੀ ਕਰਨੀ ਝੋਲੀ ਪਾਇੰਦਾ । ਆਪ ਗੁਰਸਿਖਾਂ ਦੀ ਕੱਟੇ ਵਗਾਰ, ਬਣ ਵਗਾਰੀ ਦਰ ਦਰ ਫੇਰਾ ਪਾਇੰਦਾ । ਜੇ ਕੋਈ ਅੱਗੋਂ ਦਏ ਦੁਰਕਾਰ, ਆਪਣੀ ਭੁੱਲ ਬਖ਼ਸ਼ਾਇੰਦਾ । ਗੁਰਸਿਖ ਤੇਰਾ ਭੁੱਲੇ ਨਾ ਹਰਿ ਪਿਆਰ, ਬੱਧਾ ਪਿਆਰ ਚੋਟਾਂ ਖਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਘੱਲਦਾ ਰਿਹਾ ਗੁਰ ਅਵਤਾਰ, ਅੰਤਮ ਆਪਣਾ ਫੇਰਾ ਪਾਇੰਦਾ । ਰਲ ਮਿਲ ਵਕਤ ਰਿਹਾ ਗੁਜ਼ਾਰ, ਆਪਣਾ ਭੇਵ ਨਾ ਕਿਸੇ ਜਣਾਇੰਦਾ । ਜੇ ਕੋਈ ਕਹੇ ਪੁਰਖ ਕਰਤਾਰ, ਪੁਰਖ ਆਪਣਾ ਰੰਗ ਰੰਗਾਇੰਦਾ । ਜੇ ਕੋਈ ਕਹੇ ਪੂਰਨ ਯਾਰ, ਯਾਰੀ ਯਾਰਾਂ ਨਾਲ ਨਿਭਾਇੰਦਾ । ਜੇ ਕੋਈ ਗੋਬਿੰਦ ਕਹੇ ਸ਼ਾਹ ਅਸਵਾਰ,

ਗੋਬਿੰਦ ਸੂਰਾ ਖੇਲ ਕਰਾਇੰਦਾ । ਜੇ ਕੋਈ ਕਹੇ ਸ਼ਹਿਨਸ਼ਾਹ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਆਪਣਾ ਨਾਉਂ ਵਡਿਆਇੰਦਾ । ਜੇ ਕੋਈ ਕਹੇ ਚਰਨ ਧੂੜੀ ਛਾਰ, ਹਉਂ ਬੋਹ ਬੋਹ ਖ਼ੁਸ਼ੀ ਮਨਾਇੰਦਾ । ਰੁਸ ਨਾ ਜਾਏ ਮੇਰਾ ਗੁਰਸਿਖ ਯਾਰ, ਗੁਰਸਿਖ ਬਿਨ ਮੈਨੂੰ ਥਾਂ ਕੋਇ ਨਜ਼ਰ ਨਾ ਆਇੰਦਾ । ਏਸੇ ਕਾਰਨ ਬਣਾਇਆ ਉਚ ਮਨਾਰ, ਬਹੱਤਰ ਭਗਤਾਂ ਵਿਚ ਬਹਾਇੰਦਾ । ਸੱਤਰਾਂ ਵਖਾਏ ਪਹਿਰੇਦਾਰ, ਚੁਹੱਤਰਾਂ ਏਕਾ ਅੱਖ ਖੁਲ੍ਹਾਇੰਦਾ । ਪੰਜਾਂ ਪੰਜਾਂ ਦੇ ਅਧਾਰ, ਪੰਚਮ ਝੋਲੀ ਆਪ ਭਰਾਇੰਦਾ । ਚੌਥੇ ਜੁਗ ਦੇ ਚਾਰ ਯਾਰ, ਆਪਣੇ ਨਾਲ ਮਿਲਾਇੰਦਾ । ਲੋਕਮਾਤ ਤੱਕ ਸਹਾਰ, ਭਗਤਾਂ ਓਟ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਕਮਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਕਿਰਪਾ ਨਜ਼ਰ ਕਿਸੇ ਨਾ ਆਇੰਦਾ । ਕਿਰਪਾ ਕਰੇ ਸਰਬ ਗੁਣਵੰਤ, ਗੁਣ ਆਤਮ ਦਏ ਜਣਾਈਆ । ਗੁਰਸਿਖ ਹਰਿ ਜੂ ਨਾਰੀ ਮਿਲੇ ਕੰਤ, ਕੰਤ ਕੰਤੂਹਲ ਬੇਪਰਵਾਹੀਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਏਕਾ ਨਾਉਂ ਮਣੀਆ ਮੰਤ, ਅਜਪਾ ਜਾਪ ਕਰਾਈਆ । ਗੜ੍ਹ ਤੋੜ ਹਉਂਮੇ ਹੰਗਤ, ਹੰ ਬ੍ਰਹਮ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਕਿਰਪਾ ਕਰੇ ਦੀਨ ਦਿਆਲ, ਦਇਆਨਿਧ ਅਖਵਾਇੰਦਾ । ਗੁਰਮੁਖ ਸੱਜਣ ਸਾਚੇ ਭਾਲ, ਲੱਖ ਚੁਰਾਸੀ ਫੰਦ ਕਟਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਅਨਹਦ ਅਨਾਦੀ ਵੱਜੇ ਤਾਲ, ਧੁਨ ਆਤਮਕ ਆਪ ਸੁਣਾਇੰਦਾ । ਦੀਪਕ ਜੋਤੀ ਇਕੋ ਬਾਲ, ਅਗਿਆਨ ਅੰਧੇਰ ਮਿਟਾਇੰਦਾ । ਸਦਾ ਸਦਾ ਸਦ ਚਲੇ ਨਾਲ, ਵਿਛੜ ਕਦੇ ਨਾ ਜਾਇੰਦਾ । ਦਿਵਸ ਰੈਣ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਇੰਦਾ । ਦੇਵੇ ਨਾਮ ਸੱਚਾ ਧੰਨ ਮਾਲ, ਸਚ ਖ਼ਜ਼ੀਨਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਦਇਆਨਿਧ ਗਹਿਰ ਗੁਣ ਸਾਗਰ, ਬੇਅੰਤ ਵਡੀ ਵਡਿਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਗੁਣ ਠਾਕਰ, ਠੋਕਰ ਨਾਮ ਲਗਾਈਆ । ਕਰ ਪ੍ਰਕਾਸ਼ ਕਾਇਆ ਗਾਗਰ, ਗਗਰੀਆ ਕਰੇ ਰੁਸ਼ਨਾਈਆ । ਦਰ ਆਇਆਂ ਘਰ ਦੇਵੇ ਆਦਰ, ਇਕ ਆਦਰਸ਼ ਵਖਾਈਆ । ਕਰਤਾ ਕਰੀਮ ਸਾਚਾ ਕਾਦਰ, ਨੂਰ ਨੁਰਾਨਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਸੱਚਾ ਸ਼ਹਿਨਸ਼ਾਹੀਆ । ਆਤਮ ਸਿਮਰਨ ਆਤਮ ਰੰਗ, ਪਰਮਾਤਮ ਵੇਖ ਵਖਾਈਆ । ਕਾਇਆ ਸੇਜਾ ਸਚ ਪਲੰਘ, ਸਤਿ ਪੁਰਖ ਨਿਰੰਜਣ ਸੇਜ ਸੁਹਾਈਆ । ਨਾਦ ਧੁਨ ਵੱਜੇ ਮਰਦੰਗ, ਅਨਹਦ ਰਾਗ ਅਲਾਈਆ । ਅੰਮ੍ਰਿਤ ਆਤਮ ਧਾਰਾ ਗੰਗ, ਨਿਝਰ ਝਿਰਨਾ ਇਕ ਝਿਰਾਈਆ । ਦਿਵਸ ਰੈਣ ਇਕ ਅਨੰਦ, ਪਰਮਾਨੰਦ ਸਮਾਈਆ । ਜਨਮ ਜਨਮ ਦੀ ਟੁੱਟੀ ਗੰਢ, ਗੁਰ ਸਤਿਗੁਰ ਬੰਧਨ ਪਾਈਆ । ਪੰਚ ਵਿਕਾਰਾਂ ਖੰਡ ਖੰਡ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਨਿਰਗੁਣ ਜੋਤ ਚੜ੍ਹਾਏ ਸਾਚਾ ਚੰਦ, ਪ੍ਰਕਾਸ਼ ਪ੍ਰਕਾਸ਼ ਨਾਲ ਮਿਲਾਈਆ । ਮਾਣਸ ਜਨਮ ਚੁੱਕੇ ਪੰਧ, ਮਾਤ ਗਰਭ ਫੇਰ ਨਾ ਆਈਆ । ਸਤਿਗੁਰ ਮਿਲੇ ਸਾਹਿਬ ਬਖ਼ਸ਼ੰਦ, ਗੁਰਮੁਖ ਲਏ ਤਰਾਈਆ । ਜਗਤ ਜਵਾਨੀ ਰਹੀ ਹੰਢ, ਅੰਤ ਬੁਢੇਪਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਹੋਏ ਸਹਾਈਆ । ਭਗਤ ਸਹਾਈ ਸ੍ਰੀ ਭਗਵਾਨ, ਆਦਿ ਜੁਗਾਦਿ ਅਖਵਾਇੰਦਾ । ਜੁਗ ਜੁਗ ਖੇਲ ਕਰੇ ਮਹਾਨ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਗੁਰਮੁਖ ਸੱਜਣ ਮਾਤ ਪਛਾਣ,

ਆਪ ਆਪਣੀ ਬੂਝ ਬੁਝਾਇੰਦਾ । ਨਾਮ ਨਿਧਾਨਾ ਦੇਵੇ ਗਿਆਨ, ਨਿਸ਼ਅੱਖਰ ਆਪ ਪੜ੍ਹਾਇੰਦਾ । ਸਚ ਵਖਾਏ ਇਕ ਨਿਸ਼ਾਨ, ਸਚ ਦੁਆਰੇ ਆਪ ਝੁਲਾਇੰਦਾ । ਹੁਕਮੀ ਹੁਕਮ ਧੁਰ ਫ਼ਰਮਾਣ, ਬੋਧ ਅਗਾਧੀ ਨਾਦ ਵਜਾਇੰਦਾ । ਸਾਚਾ ਮੰਦਰ ਸਚ ਮਕਾਨ, ਕਾਇਆ ਅੰਦਰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਕਾਇਆ ਅੰਦਰ ਘਰ ਵਿਚ ਘਰ, ਘਰ ਸਾਚਾ ਆਪ ਸੁਹਾਈਆ । ਗੁਰਮੁਖ ਵਿਰਲੇ ਮਿਲੇ ਵਰ, ਜਿਸ ਆਪਣੀ ਦਇਆ ਕਮਾਈਆ । ਅੰਮ੍ਰਿਤ ਸਰੋਵਰ ਨੁਹਾਏ ਸਰ, ਦੁਰਮਤ ਮੈਲ ਦਏ ਧੁਵਾਈਆ । ਨਿਰਭੌ ਚੁਕਾਏ ਝੂਠਾ ਡਰ, ਭੈ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਕਾਇਆ ਅੰਦਰ ਸਚ ਦੁਆਰ, ਹਰਿ ਸਾਚਾ ਸਚ ਜਣਾਇੰਦਾ । ਆਤਮ ਤਾਕੀ ਖੋਲ੍ਹ ਕਵਾੜ, ਬਜ਼ਰ ਕਪਾਟੀ ਤੋੜ ਤੁੜਾਇੰਦਾ । ਸਾਚੀ ਹਾਟੀ ਇਕ ਵਣਜਾਰ, ਨਾਮ ਵਣਜਾਰਾ ਫੇਰਾ ਪਾਇੰਦਾ । ਹੋਕਾ ਦੇਵੇ ਇਕੋ ਵਾਰ, ਆਪਣੀ ਅਲਖ ਜਗਾਇੰਦਾ । ਮਿਲ ਮਿਲ ਸਖੀਆਂ ਕਰਨ ਵਿਚਾਰ, ਪੰਚਮ ਮੀਤਾ ਰਾਗ ਅਲਾਇੰਦਾ । ਵਸਣਹਾਰਾ ਠਾਂਡੇ ਦਰਬਾਰ, ਘਰ ਸਾਚਾ ਆਪ ਸੁਹਾਇੰਦਾ । ਦਸਮ ਦੁਆਰੀ ਹੋ ਤਿਆਰ, ਨੌਂ ਦੁਆਰੇ ਪੰਧ ਚੁਕਾਇੰਦਾ । ਸੁਰਤੀ ਸ਼ਬਦੀ ਕਰੇ ਪਿਆਰ, ਸ਼ਬਦ ਸੁਰਤ ਮੇਲ ਮਿਲਾਇੰਦਾ । ਨਜ਼ਰੀ ਆਏ ਇਕ ਕਰਤਾਰ, ਕਰਤਾ ਕਾਦਰ ਵੇਸ ਵਟਾਇੰਦਾ । ਲਹਿਣਾ ਦੇਣਾ ਪੂਰਬ ਜਨਮ ਲਏ ਵਿਚਾਰ, ਕਰਮ ਕੁਕਰਮਾਂ ਵੇਖ ਵਖਾਇੰਦਾ । ਸਚਖੰਡ ਬੈਠ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸੋਭਾ ਪਾਇੰਦਾ । ਜਿਸ ਜਨ ਕਰੇ ਆਪ ਪਿਆਰ, ਆਪ ਆਪਣਾ ਰੰਗ ਰੰਗਾਇੰਦਾ । ਸਿਮਰਨ ਪਾਠ ਜਾਣੇ ਨਿਰੰਕਾਰ, ਪੂਜਾ ਪਾਠ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਪੂਜਾ ਪਾਠ ਜਗਤ ਵਿਹਾਰਾ, ਰਸਨਾ ਜਿਹਵਾ ਆਪ ਕਰਾਈਆ । ਜਿਸ ਜਨ ਮਿਲੇ ਆਪ ਨਿਰੰਕਾਰਾ, ਨਿਰਗੁਣ ਆਪਣਾ ਦਰਸ ਕਰਾਈਆ । ਫੜ ਫੜ ਬਾਹੋਂ ਕਰੇ ਪਾਰ ਕਿਨਾਰਾ, ਸਾਚੀ ਨੱਯਾ ਲਏ ਚੜ੍ਹਾਈਆ । ਚਰਨ ਕਵਲ ਇਕ ਸਹਾਰਾ, ਸਮਰਥ ਦਏ ਵਡਿਆਈਆ । ਹਰਿ ਕਾ ਨਾਉਂ ਲਿਖਣ ਪੜ੍ਹਨ ਤੋਂ ਵਸੇ ਬਾਹਰਾ, ਕੋਟਨ ਕੋਟ ਨਾਮ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਸਿਰ ਆਪਣਾ ਹੱਥ ਟਿਕਾਈਆ । ਜਿਸ ਜਨ ਮਿਲੇ ਆਪ ਸਮਰਥ, ਸੰਸਾ ਸਰਬ ਚੁਕਾਇੰਦਾ । ਪੰਚ ਵਿਕਾਰਾ ਦੇਵੇ ਮਥ, ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ । ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਸਾਚੇ ਮੰਦਰ ਆਪ ਬਹਾਇੰਦਾ । ਗ੍ਰਿਹ ਮੰਦਰ ਅੰਦਰ ਸ਼ਬਦ ਨਾਦ ਧੁਨ ਸੁਣਾਏ ਅਕੱਥ, ਬਾਣੀ ਬੋਧ ਆਪ ਦ੍ਰਿੜਾਇੰਦਾ । ਲਹਿਣਾ ਦੇਣਾ ਚੁੱਕੇ ਪੂਜਾ ਪਾਠ, ਜਿਸ ਜਨ ਹਰਿ ਜੂ ਨਜ਼ਰੀ ਆਇੰਦਾ । ਸਚ ਸਰੋਵਰ ਮਿਲੇ ਤੀਰਥ ਤਟ, ਗੁਰ ਸਰਨ ਚਰਨ ਗੁਰਮੁਖ ਅਸ਼ਨਾਨ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਪੂਜਾ ਪਾਠ ਇਕੋ ਵਾਰ ਸਮਝਾਇੰਦਾ । ਸਿਮਰਨ ਮੰਤਰ ਨਾਮ ਰਸ, ਨਾਮ ਵਿਹੂਣਿਆਂ ਆਪ ਜਣਾਈਆ । ਜਨ ਭਗਤਾਂ ਸਦਾ ਹੋਏ ਵਸ, ਜੁਗ ਜੁਗ ਫੇਰਾ ਪਾਈਆ । ਨਿਰਾਕਾਰ ਨਿਰਵੈਰ ਸਾਚਾ ਮਾਰਗ ਏਕਾ ਦੱਸ, ਏਕਾ ਘਰ ਵਖਾਈਆ । ਕਰ ਪ੍ਰਕਾਸ਼ ਕੋਟਨ ਰਵ ਸਸ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਗੁਰਮੁਖਾਂ ਗਾਏ ਆਪੇ ਜਸ, ਪਾਰਬ੍ਰਹਮ ਬੇਪਰਵਾਹੀਆ । ਲਹਿਣਾ ਦੇਣ ਚੁਕਾਏ ਹੱਥੋ ਹੱਥ, ਜਗਤ ਉਧਾਰ ਨਾ ਕੋਇ ਕਰਾਈਆ । ਜੋ ਜਨ ਸ਼ਰਨਾਈ ਜਾਏ ਢੱਠ, ਤਿਸ ਲਹਿਣਾ ਦਏ ਮੁਕਾਈਆ । ਨਾਤਾ ਤੋੜ ਤੱਤ ਅੱਠ,

ਨੌਂ ਦਰ ਲੇਖਾ ਲੇਖੇ ਪਾਈਆ । ਪੱਲੇ ਬੰਨ੍ਹੇ ਨਾਮ ਗੱਠ, ਸਾਚੀ ਗੱਠੜੀ ਇਕ ਵਖਾਈਆ । ਵਸਣਹਾਰਾ ਘਟ ਘਟ, ਸਵੱਛ ਸਰੂਪੀ ਰੂਪ ਧਰਾਈਆ । ਕੋਟਨ ਕੋਟ ਨਾਮ ਰਹੇ ਰੱਟ, ਰਸਨਾ ਜਿਹਵਾ ਸੇਵ ਕਮਾਈਆ । ਗੁਰਮੁਖ ਵਿਰਲੇ ਮਿਟਿਆ ਦਵੈਤੀ ਫੱਟ, ਏਕਾ ਘਰ ਵੱਜੀ ਵਧਾਈਆ । ਚੌਦਾਂ ਲੋਕ ਰਹੇ ਨੱਠ, ਲੱਖ ਚੁਰਾਸੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਿਮਰਨ ਇਕ ਰਖਾਈਆ । ਸਾਚਾ ਸਿਮਰਨ ਆਤਮ ਪਰਮਾਤਮ, ਪਰਮ ਪੁਰਖ ਰਖਾਇੰਦਾ । ਜਨ ਭਗਤਾਂ ਹੋਏ ਦਾਸ ਦਾਸਨ, ਬਣ ਸੇਵਕ ਸੇਵ ਕਮਾਇੰਦਾ । ਨਾਤਾ ਤੋੜ ਪ੍ਰਿਥਮੀ ਆਕਾਸ਼ਨ, ਗਗਨ ਮੰਡਲ ਡੇਰਾ ਢਾਹਿੰਦਾ । ਗੁਰਮੁਖ ਆਤਮ ਸੇਜਾ ਕਰੇ ਭੋਗ ਬਲਾਸਨ, ਅਨੁਭਵ ਆਪਣੀ ਖੇਲ ਕਰਾਇੰਦਾ । ਸਾਚੇ ਮੰਦਰ ਪਾਵੇ ਰਾਸਨ, ਗੋਪੀ ਕਾਹਨ ਆਪ ਨਚਾਇੰਦਾ । ਗੁਰਮੁਖ ਗੁਰਸਿਖ ਪੂਰੀ ਕਰੇ ਆਸਣ, ਨਾਨਕ ਗੋਬਿੰਦ ਵੇਸ ਵਟਾਇੰਦਾ । ਸ਼ਾਹੋ ਭੂਪ ਸਰਬ ਗੁਣ ਤਾਸ਼ਨ, ਗੁਣਵੰਤਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਿਮਰਨ ਆਪ ਬਣਾਇੰਦਾ । ਸਾਚਾ ਸਿਮਰਨ ਵਿਚ ਜਹਾਨ, ਜੀਵਣ ਜੁਗਤ ਜਣਾਈਆ । ਜਿਸ ਜਨ ਉਪਰ ਸਤਿਗੁਰ ਪੂਰਾ ਹੋਏ ਮਿਹਰਵਾਨ, ਆਪਣਾ ਭੇਵ ਖੁਲ੍ਹਾਈਆ । ਜਨ ਭਗਤਾਂ ਦੇਵੇ ਸਾਚਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਸਿਮਰਨ ਭਜਨ ਭਜ ਭਜ ਵੇਖ ਵਖਾਈਆ । ਰਸਨਾ ਜਿਹਵਾ ਰਹੀ ਭੱਜ, ਦਿਵਸ ਰੈਣ ਗੁਣ ਗਾਇਆ । ਹਰਿ ਭਗਤ ਦੁਆਰੇ ਬੈਠਾ ਸਜ, ਆਪਣਾ ਮੂਲ ਚੁਕਾਇਆ । ਦੀਨ ਦਿਆਲ ਠਾਕਰ ਸਵਾਮੀ ਨਿਹਕਰਮੀ ਪਰਦਾ ਲਏ ਕੱਜ, ਸਿਰ ਆਪਣਾ ਹੱਥ ਟਿਕਾਇਆ । ਸਾਹਿਬ ਦਿਆਲ ਚੜ੍ਹਾਏ ਸਚ ਜਹਾਜ਼, ਜਗਤ ਬੇੜਾ ਆਪ ਚਲਾਇਆ । ਗੁਰਮੁਖਾਂ ਕਰੇ ਆਪੇ ਕਾਜ, ਨਿਰਗੁਣ ਸਰਗੁਣ ਵੇਸ ਵਟਾਇਆ । ਏਥੇ ਓਥੇ ਰੱਖੇ ਲਾਜ, ਲਾਜਾਵੰਤ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਮਿਹਰ ਨਜ਼ਰ ਬੇਨਜ਼ੀਰ, ਹਰਿਜਨ ਲਏ ਉਠਾਇਆ । ਮਹਾਂ ਪੁਰਖ ਇਕੋ ਦਾਤਾ, ਆਦਿ ਜੁਗਾਦਿ ਸਮਾਇੰਦਾ । ਜੁਗ ਜੁਗ ਖੇਲੇ ਖੇਲ ਪੁਰਖ ਬਿਧਾਤਾ, ਬਿਧ ਆਪਣੇ ਹੱਥ ਰਖਾਇੰਦਾ । ਗੁਰਸਿਖਾਂ ਬੰਨ੍ਹੇ ਸਾਚਾ ਨਾਤਾ, ਏਕਾ ਬੰਧਨ ਨਾਮ ਪਾਇੰਦਾ । ਅੰਤਰ ਆਤਮ ਜਣਾਏ ਇਕੋ ਗਾਥਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਸਦਾ ਸੁਹੇਲਾ ਦੇਵੇ ਸਾਥਾ, ਸਗਲਾ ਸੰਗ ਨਿਭਾਇੰਦਾ । ਲੇਖਾ ਜਾਣੇ ਪੂਜਾ ਪਾਠਾ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਰਾਤੀਂ ਸੁਤਿਆਂ ਘਰ ਘਰ ਪੁੱਛੇ ਵਾਤਾ, ਨਿਰਗੁਣ ਸਰਗੁਣ ਫੇਰਾ ਪਾਇੰਦਾ । ਲਹਿਣਾ ਦੇਣ ਚੁਕਾਏ ਮਸਤਕ ਮਾਥਾ, ਪੂਰਬ ਲੇਖਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਖੇਲ ਕਰਾਇੰਦਾ । ਸਤਿ ਪੁਰਖ ਸ੍ਰੀ ਭਗਵਾਨ, ਬੇਪਰਵਾਹ ਵਡੀ ਵਡਿਆਈਆ । ਜੁਗ ਜੁਗ ਖੇਲੇ ਖੇਲ ਮਹਾਨ, ਜੁਗ ਕਰਤਾ ਬੇਪਰਵਾਹੀਆ । ਭਗਤਾਂ ਦੇਵੇ ਭਗਤੀ ਦਾਨ, ਨਾਮ ਨਿਧਾਨਾ ਝੋਲੀ ਪਾਈਆ । ਲੱਖ ਚੁਰਾਸੀ ਵੇਖੇ ਮਾਰ ਧਿਆਨ, ਘਟ ਘਟ ਅੰਦਰ ਡੇਰਾ ਲਾਈਆ । ਏਕਾ ਮੰਦਰ ਇਕ ਮਕਾਨ, ਏਕਾ ਘਰ ਸੁਹਾਈਆ । ਏਕਾ ਸ਼ਾਹੋ ਭੂਪ ਸੁਲਤਾਨ, ਏਕਾ ਹਰਿ ਜੂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਦਾ ਸਾਲਾਹੀਆ । ਸਦਾ ਸਾਲਾਹੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਦਇਆ ਕਮਾਇੰਦਾ । ਖੇਲੇ ਖੇਲ ਖੇਲ ਤਮਾਸ਼, ਗਗਨ ਮੰਡਲ ਫੇਰਾ ਪਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਕਰ ਨਿਵਾਸ, ਘਰ ਘਰ ਆਪਣੀ ਜੋਤ ਜਗਾਇੰਦਾ । ਕੋਟਨ ਕੋਟ ਦੀਪਕ ਕਰ

ਪ੍ਰਕਾਸ਼, ਬਿਨ ਬਾਤੀ ਤੇਲ ਡਗਮਗਾਇੰਦਾ । ਜਨ ਭਗਤਾਂ ਪੂਰੀ ਕਰੇ ਆਸ, ਆਪ ਆਪਣਾ ਅੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਹਰਿਜਨ ਸਾਚੇ ਆਪ ਤਰਾਇੰਦਾ । ਤਾਰਨਹਾਰਾ ਪਾਰਬ੍ਰਹਮ, ਪਰਮ ਪੁਰਖ ਵਡਿਆਈਆ । ਨਾ ਮਰੇ ਨਾ ਪਏ ਜੰਮ, ਜਨਮ ਮਰਨ ਵਿਚ ਨਾ ਆਈਆ । ਨਿਰਗੁਣ ਜਾਣੇ ਆਪਣਾ ਕੰਮ, ਨਿਹਕਰਮੀ ਕਰਮ ਕਮਾਈਆ । ਨਾ ਕੋਈ ਘੜੇ ਨਾ ਦੇਵੇ ਭੰਨ, ਘੜਨ ਭੰਨਣਹਾਰ ਆਪ ਅਖਵਾਈਆ । ਕਰੇ ਪ੍ਰਕਾਸ਼ ਬਿਨ ਸੂਰਜ ਚੰਨ, ਮੰਡਲ ਮੰਡਪ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਆਪ ਹੋ ਜਾਈਆ । ਦਇਆਵਾਨ ਆਦਿ ਨਿਰੰਜਣ, ਏਕਾ ਪੁਰਖ ਅਖਵਾਇੰਦਾ । ਨੇਤਰ ਪਾਏ ਨਾਮ ਅੰਜਨ, ਅਗਿਆਨ ਅੰਧੇਰ ਮਿਟਾਇੰਦਾ । ਚਰਨ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਧੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਰੰਗ ਵਖਾਇੰਦਾ । ਹਰਿ ਪੁਰਖ ਪੁਰਖ ਕਰਤਾਰਾ, ਆਪਣੀ ਕਰਨੀ ਆਪ ਕਰਾਈਆ । ਜੁਗ ਜੁਗ ਵਿਛੜੇ ਮੇਲਣਹਾਰਾ, ਜਗਤ ਵਿਛੋੜਾ ਪੰਧ ਮੁਕਾਈਆ । ਏਕਾ ਖੋਲ੍ਹ ਸਚ ਦੁਆਰਾ, ਦਰ ਦਰਵਾਜ਼ਾ ਦਏ ਵਖਾਈਆ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਅੰਤ ਕੋਇ ਨਾ ਪਾਈਆ । ਚਾਰੇ ਵੇਦ ਕਰਨ ਪੁਕਾਰਾ, ਹਰਿ ਕਾ ਭੇਵ ਕੋਇ ਨਾ ਪਾਈਆ । ਗੀਤਾ ਗਿਆਨ ਕਰੇ ਗਿਰਿਆਜ਼ਾਰਾ, ਸ਼ਾਸਤਰ ਸਿਮਰਤ ਦੇਣ ਦੁਹਾਈਆ । ਅੰਜੀਲ ਕੁਰਾਨਾ ਕਰੇ ਪੁਕਾਰਾ, ਤੀਸ ਬਤੀਸਾ ਭੇਵ ਨਾ ਆਈਆ । ਖਾਣੀ ਬਾਣੀ ਵੇਖੇ ਵੇਖਣਹਾਰਾ, ਵੇਖਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਮਹੱਲੇ ਆਪੇ ਚੜ੍ਹ, ਥਿਰ ਘਰ ਵੇਖ ਵਖਾਈਆ । ਸਚਖੰਡ ਦੁਆਰਾ ਹਰਿ ਨਿਰੰਕਾਰਾ, ਇਕ ਇਕੱਲਾ ਆਪ ਸਮਾਇੰਦਾ । ਸੁੰਨ ਅਗੰਮੀ ਪਾਵੇ ਸਾਰਾ, ਧੂਆਂਧਾਰ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਸਾਰਾ, ਆਪ ਆਪਣੀ ਸੇਵ ਲਗਾਇੰਦਾ । ਲੱਖ ਚੁਰਾਸੀ ਵੇਖ ਅਖਾੜਾ, ਆਪਣਾ ਨਾਚ ਨਚਾਇੰਦਾ । ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਪਾਵੇ ਸਾਰਾ, ਲੋਆਂ ਪੁਰੀਆਂ ਡਗਮਗਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਸ਼ਾਹ ਪਾਤਸ਼ਾਹ ਨਾਉਂ ਧਰਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰ, ਸਾਚਾ ਹੁਕਮ ਆਪ ਵਰਤਾਇੰਦਾ । ਲੇਖਾ ਜਾਣੇ ਰਵ ਸਸ ਸਤਾਰਾ, ਨੂਰ ਨੂਰ ਆਪ ਧਰਾਇੰਦਾ । ਪ੍ਰਿਥਮੀ ਅਕਾਸ਼ ਦਏ ਸਹਾਰ, ਆਪ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਜਨ ਭਗਤਾਂ ਪਾਰ ਕਰਾਇੰਦਾ । ਭਗਤ ਉਧਾਰਨਹਾਰ, ਜੁਗ ਜੁਗ ਦਇਆ ਕਮਾਈਆ । ਲੇਖਾ ਜਾਣੇ ਧੁਰ ਦਰਬਾਰ, ਸਚਖੰਡ ਵਾਸੀ ਸੱਚਾ ਸ਼ਹਿਨਸ਼ਾਹੀਆ । ਡੁੱਬਦੇ ਪਾਥਰ ਲਏ ਤਾਰ, ਜਿਸ ਜਨ ਆਪਣਾ ਚਰਨ ਛੁਹਾਈਆ । ਸਦਾ ਸੁਹੇਲਾ ਬਣ ਦਲਾਲ, ਜਗਤ ਦਲਾਲੀ ਆਪ ਕਮਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਡਿਆਈਆ । ਆਪੇ ਕਰੇ ਆਪਣਾ ਹੱਲ ਸਵਾਲ, ਦੂਸਰ ਭੇਵ ਕੋਇ ਨਾ ਆਈਆ । ਕੋਟਨ ਕੋਟ ਜੀਵ ਜੰਤ ਹਰਿ ਹਰਿ ਥੱਕੇ ਭਾਲ, ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਹੱਥ ਕਿਸੇ ਨਾ ਆਈਆ । ਜਿਸ ਜਨ ਆਪ ਹੋਏ ਕਿਰਪਾਲ, ਆਪ ਆਪਣਾ ਮੇਲ ਮਿਲਾਈਆ । ਸੰਤ ਭਗਤ ਭਗਵੰਤ ਨਾਰ ਕੰਤ, ਸਾਚੀ ਸੇਜਾ ਏਕਾ ਏਕ ਸੁਹਾਈਆ । ਆਤਮ ਸੇਜਾ ਰੰਗ ਬਸੰਤ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਗੁਰਮੁਖ ਨਾਰੀ ਮਿਲੇ ਹਰਿ ਜੂ ਕੰਤ, ਏਕਾ ਘਰ ਬਹਾਇੰਦਾ ।

★ ੨੩ ਮੱਘਰ ੨੦੧੮ ਬਿਕ੍ਰਮੀ ਸੁਰਜਣ ਸਿੰਘ, ਲਾਲ ਸਿੰਘ ਜੇਠੂਵਾਲ ਦਰਬਾਰ ਵਿਚ ★

ਜੁਗ ਜੁਗ ਦੀ ਸਾਚੀ ਘਾਲ, ਸੋ ਪੁਰਖ ਨਿਰੰਜਣ ਆਪ ਕਮਾਇੰਦਾ । ਨਿਰਗੁਣ ਸਰਗੁਣ ਬਣ ਦਲਾਲ, ਨਿਰਵੈਰ ਵੇਸ ਵਟਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਬ੍ਰਹਿਮੰਡ ਖੰਡ ਆਪੇ ਭਾਲ, ਪੁਰੀਆਂ ਲੋਆਂ ਵੇਖ ਵਖਾਇੰਦਾ । ਹਰਿ ਭਗਤ ਮੇਲੇ ਸਾਚੇ ਲਾਲ, ਲਾਲ ਅਨਮੁਲੜੇ ਆਪ ਉਠਾਇੰਦਾ । ਜਗਤ ਜੁਗ ਚਲੇ ਅਵੱਲੜੀ ਚਾਲ, ਭੇਵ ਕੋਇ ਨਾ ਆਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਖੇਲ ਕਰਾਇੰਦਾ । ਏਥੇ ਓਥੇ ਦੋ ਜਹਾਨਾਂ ਚਲੇ ਨਾਲ ਨਾਲ, ਬਣ ਸੇਵਕ ਸੇਵ ਕਮਾਇੰਦਾ । ਏਕਾ ਨਾਦ ਏਕਾ ਤਾਲ, ਸ਼ਬਦੀ ਰਾਗ ਇਕ ਸੁਣਾਇੰਦਾ । ਏਕਾ ਮੰਦਰ ਇਕ ਮਕਾਨ, ਏਕਾ ਘਰ ਸੋਭਾ ਪਾਇੰਦਾ । ਏਕਾ ਨੂਰ ਸ੍ਰੀ ਭਗਵਾਨ, ਜੋਤੀ ਜਾਤਾ ਡਗਮਗਾਇੰਦਾ । ਏਕਾ ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਰੂਪ ਆਪ ਧਰਾਇੰਦਾ । ਏਕਾ ਸਾਚੇ ਸੰਤਾਂ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਗੁਰਮੁਖਾਂ ਦੇਵੇ ਗਿਆਨ, ਆਤਮ ਪਰਮਾਤਮ ਮੇਲ ਮਿਲਾਇੰਦਾ । ਏਕਾ ਗੁਰਸਿਖ ਕਰੇ ਪਹਿਚਾਨ, ਬੇਪਹਿਚਾਨ ਆਪਣਾ ਰੂਪ ਵਟਾਇੰਦਾ । ਏਕਾ ਗ਼ਰੀਬ ਨਿਮਾਣਿਆਂ ਦੇਵੇ ਮਾਣ, ਨਿਤਾਣਿਆਂ ਗੋਦ ਬਹਾਇੰਦਾ । ਏਕਾ ਜਮ ਕੀ ਕੱਟੇ ਕਾਣ, ਰਾਏ ਧਰਮ ਨੇੜ ਨਾ ਆਇੰਦਾ । ਏਕਾ ਅੰਮ੍ਰਿਤ ਦੇਵੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਇੰਦਾ । ਏਕਾ ਨਿਰਗੁਣ ਜੋਤ ਨੂਰ ਕਰੇ ਪਰਧਾਨ, ਰੂਪ ਅਨੂਪ ਆਪ ਵਖਾਇੰਦਾ । ਏਕਾ ਬਣ ਬਣ ਬਹੇ ਸਾਚਾ ਕਾਹਨ, ਗੁਰਮੁਖ ਸਖੀ ਆਪ ਪਰਨਾਇੰਦਾ । ਏਕਾ ਮਾਰੇ ਤੀਰ ਨਿਰਾਲਾ ਬਾਣ, ਅਣਯਾਲਾ ਆਪ ਚਲਾਇੰਦਾ । ਏਕਾ ਵੇਖੇ ਭੂਮਕਾ ਅਸਥਾਨ, ਭੂਪਤ ਭੂਪੀ ਵੰਡ ਵੰਡਾਇੰਦਾ । ਏਕਾ ਨਰ ਹਰਿ ਵੇਖੇ ਆਣ, ਵੇਖਣਹਾਰਾ ਦਿਸ ਨਾ ਆਇੰਦਾ । ਏਕਾ ਘਟ ਘਟ ਜਾਣੀ ਜਾਣ, ਏਕਾ ਆਪਣਾ ਮੁਖ ਛੁਪਾਇੰਦਾ । ਏਕਾ ਵੇਖੇ ਹਾਣੀ ਹਾਣ, ਸਾਚਾ ਮੇਲਾ ਆਪ ਕਰਾਇੰਦਾ । ਇਕ ਵਖਾਏ ਪਦ ਨਿਰਬਾਣ, ਸਚ ਦੁਆਰਾ ਆਪ ਖੁਲ੍ਹਾਇੰਦਾ । ਭਗਤਾਂ ਸੇਵਾ ਕਰ ਭਗਵਾਨ, ਆਪਣੀ ਸੇਵਾ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਘਾਲ ਥਾਏਂ ਪਾਇੰਦਾ । ਘਾਲੇ ਘਾਲ ਪੁਰਖ ਕਰਤਾਰ, ਅਚਰਜ ਖੇਲ ਰਚਾਈਆ । ਨਿਰਗੁਣ ਨਿਰਵੈਰ ਲੈ ਅਵਤਾਰ, ਅਜੂਨੀ ਰਹਿਤ ਵੇਸ ਵਟਾਈਆ । ਵਸਣਹਾਰਾ ਸਚਖੰਡ ਸੱਚੇ ਦਵਾਰ, ਥਿਰ ਘਰ ਆਪਣੀ ਬਣਤ ਬਣਾਈਆ । ਸੁੰਨ ਅਗੰਮੀ ਕਰ ਕਰ ਪਾਰ, ਵਿਸ਼ਨ ਬ੍ਰਹਮਾ ਸ਼ਿਵ ਜਗਾਈਆ । ਸੁਰਪਤ ਰਾਜਾ ਦਏ ਹੁਲਾਰ, ਕਰੋੜ ਤਤੀਸਾ ਲਏ ਉਠਾਈਆ । ਜੁਗ ਚੌਕੜੀ ਹੋ ਨਿਆਰ, ਨਵ ਨੌਂ ਆਪਣਾ ਰੂਪ ਵਟਾਈਆ । ਲੇਖਾ ਜਾਣੇ ਗੁਰ ਅਵਤਾਰ, ਹੁਕਮੀ ਹੁਕਮ ਸਰਬ ਭੁਵਾਈਆ । ਭਗਤ ਭਗਵੰਤ ਦਰ ਬਣ ਭਿਖਾਰ, ਬੈਠੇ ਸੀਸ ਝੁਕਾਈਆ । ਸੰਤ ਨਿਉਂ ਨਿਉਂ ਕਰਨ ਨਿਮਸਕਾਰ, ਨਿਵਣ ਸੁ ਅੱਖਰ ਇਕ ਵਡਿਆਈਆ । ਗੁਰਮੁਖ ਚਰਨ ਧੂੜੀ ਮੰਗਣ ਖ਼ਾਕ, ਖ਼ਾਕੀ ਤਨ ਗਵਾਈਆ । ਗੁਰਸਿਖ ਵੇਖਣ ਸੱਚਾ ਸਾਕ, ਪਾਰਬ੍ਰਹਮ ਬੇਪਰਵਾਹੀਆ । ਜਨ ਭਗਤਾਂ ਖੋਲ੍ਹੇ ਆਪੇ ਤਾਕ, ਆਪਣਾ ਕੁੰਡਾ ਆਪੇ ਲਾਹੀਆ । ਆਪੇ ਸੇਜਾ ਸੋਏ ਖਾਟ, ਆਸਣ ਸਿੰਘਾਸਣ ਸੋਭਾ ਪਾਈਆ । ਆਪੇ ਦੂਰ ਦੁਰਾਡਾ ਪੰਧ ਕੱਟੇ ਵਾਟ, ਆਪਣਾ ਪੈਂਡਾ ਆਪ ਮੁਕਾਈਆ । ਆਪੇ ਲੇਖਾ ਜਾਣੇ ਦਿਵਸ ਰਾਤ, ਘੜੀ ਪਲ ਨਾ ਕੋਇ ਸਮਝਾਈਆ । ਜੁਗਾ ਜੁਗੰਤਰ ਜਨ ਭਗਤਾਂ ਪੁੱਛੇ ਵਾਤ, ਵਾਸਤਕ ਆਪਣਾ ਰੂਪ ਵਟਾਈਆ । ਸ਼ਬਦ ਅਨਾਦ ਧੁਨ ਸੁਣਾਏ ਸਾਚੀ ਗਾਥ, ਲਿਖਣ ਪੜ੍ਹਨ ਵਿਚ ਨਾ ਆਈਆ । ਇਕ

ਜਣਾਏ ਸਾਚਾ ਪਾਠ, ਬਿਨ ਰਸਨਾ ਜਿਹਵਾ ਗਾਈਆ । ਇਕ ਕਿਨਾਰਾ ਤੀਰਥ ਤਾਟ, ਸਰ ਸਰੋਵਰ ਇਕ ਨੁਹਾਈਆ । ਏਕਾ ਪੱਤਣ ਏਕਾ ਘਾਟ, ਏਕਾ ਬੈਠਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਘਾਲ ਆਪੇ ਲੇਖੇ ਪਾਈਆ । ਮੇਰੀ ਘਾਲ ਪਏ ਲੇਖੇ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਲੱਖ ਚੁਰਾਸੀ ਭਰਮ ਭੁਲੇਖੇ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਸਾਹਿਬ ਸੁਲਤਾਨ ਨਰ ਨਰੇਸ਼ੇ, ਨਰ ਨਰਾਇਣ ਖੇਲ ਕਰਾਇੰਦਾ । ਲੇਖਾ ਜਾਣੇ ਓਥੇ ਏਥੇ, ਦੋ ਜਹਾਨਾਂ ਫੇਰੀ ਪਾਇੰਦਾ । ਜੁਗ ਜੁਗ ਜਨ ਭਗਤਾਂ ਰੱਖੇ ਚੇਤੇ, ਚੇਤਨ ਆਪਣਾ ਰੰਗ ਰੰਗਾਇੰਦਾ । ਲੱਖ ਚੁਰਾਸੀ ਵੱਢੇ ਖੇਤੇ, ਬਣ ਕਿਰਸਾਣ ਫੇਰਾ ਪਾਇੰਦਾ । ਬਣ ਤਰਖਾਣ ਲਾਏ ਵੇਂਤੇ, ਇਕੋ ਸੂਤਰ ਹੱਥ ਉਠਾਇੰਦਾ । ਨੇਤਰ ਰੋਵਣ ਵਿਸ਼ਨ ਬ੍ਰਹਮਾ ਸ਼ਿਵ ਪੁੱਤ ਜੇਠੇ, ਧੀਰਜ ਧੀਰ ਨਾ ਕੋਇ ਧਰਾਇੰਦਾ । ਆਦਿ ਜੁਗਾਦਿ ਨਾ ਆਇਆ ਤੇਰਾ ਭੇਤੇ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੇ ਲੇਖੇ, ਆਪਣਾ ਲੇਖਾ ਭਗਤਾਂ ਝੋਲੀ ਪਾਇੰਦਾ । ਕੀਤੀ ਘਾਲ ਹੋਏ ਮਨਜ਼ੂਰ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਜੁਗ ਚੌਕੜੀ ਮੈਂ ਕਰਦਾ ਰਿਹਾ ਕਸੂਰ, ਜਨ ਭਗਤਾਂ ਦੇ ਸਜਾਈਆ । ਜਾ ਕੇ ਪੁੱਛੋ ਕੋਲੋਂ ਮਨਸੂਰ, ਕਿਉਂ ਪੁੱਠੜੀ ਖੱਲ ਲੁਹਾਈਆ । ਜਿਸ ਨੂੰ ਲੋਕੀ ਕਹਿੰਦੇ ਦੂਰ, ਸੋ ਦੂਰ ਦੁਰਾਡਾ ਨੇੜੇ ਆਈਆ । ਆਪਣਾ ਭਰੇ ਸਾਚਾ ਪੂਰ, ਬਣ ਮਲਾਹ ਸੇਵ ਕਮਾਈਆ । ਗੁਰਸਿਖ ਜੇ ਕੋਈ ਅੱਗੋਂ ਦੇਵੇ ਘੂਰ, ਨਿਉਂ ਨਿਉਂ ਆਪਣਾ ਵਕਤ ਲੰਘਾਈਆ । ਮੈਂ ਆਪਣਾ ਲੇਖਾ ਲੈਣਾ ਜ਼ਰੂਰ, ਜ਼ਰੂਰਤ ਆਪਣੀ ਪੂਰ ਕਰਾਈਆ । ਨਾ ਕੋਈ ਮਾਣ ਤੇ ਨਾ ਗ਼ਰੂਰ, ਬਣ ਦਰਵੇਸ਼ ਫੇਰਾ ਪਾਈਆ । ਜਨ ਭਗਤਾਂ ਕੱਟਣ ਆਇਆ ਜੂੜ, ਦੂਜੀ ਜੋੜੀ ਨਾ ਕੋਇ ਜੁੜਾਈਆ । ਸਾਧਾਂ ਸੰਤਾਂ ਤਨ ਤਪੇ ਵਾਂਗ ਤੰਦੂਰ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਅੰਦਰ ਵੜ ਵੜ ਰਹੇ ਝੂਰ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਆਤਮ ਮਿਲੇ ਨਾ ਸਾਚਾ ਨੂਰ, ਪ੍ਰਕਾਸ਼ ਪ੍ਰਕਾਸ਼ ਨਾ ਕੋਇ ਵਡਿਆਈਆ । ਜੂਠ ਝੂਠ ਵਿਹਾਝਿਆ ਮੂਰਖ ਮੂੜ, ਕੰਚਨ ਸਚ ਨਾ ਕੋਇ ਰਖਾਈਆ । ਅੰਤਮ ਨਾਤਾ ਕੂੜੇ ਕੂੜ, ਕੂੜੀ ਕਿਰਿਆ ਰਹੇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਘਾਲ ਭਗਤਾਂ ਕੋਲੋਂ ਪੂਰ ਕਰਾਈਆ । ਪੁਰਖ ਅਬਿਨਾਸ਼ੀ ਆਪਣੀ ਘਾਲ, ਜਨ ਭਗਤਾਂ ਕੋਲੋਂ ਪੂਰ ਕਰਾਇੰਦਾ । ਨਿਰਗੁਣ ਆ ਆ ਕਰੇ ਸਵਾਲ, ਆਪਣੀ ਝੋਲੀ ਅੱਗੇ ਡਾਹਿੰਦਾ । ਲੋਕਮਾਤ ਮੈਂ ਕੰਗਾਲ, ਬਿਨ ਗੁਰਮੁਖਾਂ ਮੇਰੀ ਸਾਰ ਕੋਇ ਨਾ ਪਾਇੰਦਾ । ਗੁਰਦਰ ਮੰਦਰ ਮਸਜਿਦ ਮੱਠ ਹੋਇਆ ਬੇਹਾਲ, ਮੇਰਾ ਅੰਗ ਨਾ ਕੋਇ ਛੁਹਾਇੰਦਾ । ਤੀਰਥ ਤੱਟ ਵੇਖ ਕਿਨਾਰ, ਨੇਤਰ ਨੈਣ ਮੇਰਾ ਸ਼ਰਮਾਇੰਦਾ । ਪੁਰਖ ਨਾਰ ਕਰਨ ਵਿਭਚਾਰ, ਹਰਿ ਕਾ ਰੂਪ ਨਾ ਕੋਇ ਜਣਾਇੰਦਾ । ਚਾਰੋਂ ਕੁੰਟ ਹਾਹਾਕਾਰ, ਧੀਰਜ ਧੀਰ ਨਾ ਕੋਇ ਵਖਾਇੰਦਾ । ਮੰਨ ਮੰਨ ਥੱਕੇ ਗੁਰ ਅਵਤਾਰ, ਸਿਰ ਹੱਥ ਨਾ ਕੋਇ ਰਖਾਇੰਦਾ । ਪੜ੍ਹ ਪੜ੍ਹ ਥੱਕੇ ਵੇਦ ਚਾਰ, ਪੁਰਾਨ ਅਠਾਰਾਂ ਰਸਨਾ ਜਿਹਵਾ ਸਾਲਾਹਿੰਦਾ । ਗੀਤਾ ਗਿਆਨ ਕਰ ਪੁਕਾਰ, ਦਸ ਅੱਠ ਮੇਲ ਮਿਲਾਇੰਦਾ । ਅੰਜੀਲ ਕੁਰਾਨ ਨਾ ਸਕੇ ਕੋਇ ਵਿਚਾਰ, ਕਾਇਆ ਕੁਰਾ ਨਾ ਫੋਲ ਫੁਲਾਇੰਦਾ । ਖਾਣੀ ਬਾਣੀ ਵਸੇ ਸਭ ਤੋਂ ਬਾਹਰ, ਸ਼ਬਦ ਹਾਣੀ ਨਾ ਕੋਇ ਮਿਲਾਇੰਦਾ । ਸਾਧਾਂ ਸੰਤਾਂ ਭਰ ਭਰ ਥੱਕੇ ਪਾਣੀ ਸਰਬ ਸੰਸਾਰ, ਜਾਣੀ ਜਾਣ ਨਜ਼ਰ ਨਾ ਆਇੰਦਾ । ਸੁਣ ਸੁਣ ਕਹਾਣੀ ਹੋਏ ਅਵਾਜ਼ਾਰ, ਸੁਰਤੀ ਰਾਣੀ ਸ਼ਬਦ ਸ਼ਾਹ ਨਾ ਕੋਇ ਮਿਲਾਇੰਦਾ । ਗੁਰਮੁਖ ਵਿਰਲੇ ਹਰਿ ਸਤਿਗੁਰ ਕਰੇ ਆਪ ਪਰਵਾਨੀ, ਪਰਮ ਪੁਰਖ ਫੇਰਾ ਪਾਇੰਦਾ । ਜਨ

ਭਗਤਾਂ ਬਣਿਆ ਸੱਚਾ ਦਿਲ ਜਾਨੀ, ਆਪ ਆਪਣੇ ਰੰਗ ਰੰਗਾਇੰਦਾ । ਨਾਤਾ ਤੋੜ ਚਾਰੇ ਖਾਣੀ, ਚਾਰੇ ਬਾਣੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਘਾਲ ਆਪੇ ਪੂਰ ਕਰਾਇੰਦਾ । ਮੇਰੀ ਘਾਲ ਭਗਤ ਦੁਆਰ, ਪੁਰਖ ਅਬਿਨਾਸ਼ੀ ਰਿਹਾ ਜਣਾਈਆ । ਸਾਚੇ ਸੰਤੋ ਕਰੋ ਵਿਚਾਰ, ਸਤਿ ਸਤਿਵਾਦੀ ਵੇਖ ਵਖਾਈਆ । ਗੁਰਮੁਖ ਖੋਲ੍ਹੋ ਨੈਣ ਕਿਵਾੜ, ਅੰਧ ਅੰਧੇਰ ਮਿਟਾਈਆ । ਗੁਰਸਿਖ ਕਰੋ ਸਚ ਪਿਆਰ, ਜਗਤ ਪਿਆਰ ਦਿਉ ਤਜਾਈਆ । ਹਰਿ ਜੂ ਆਇਆ ਚਲ ਦੁਆਰ, ਬਣ ਦਰਵੇਸ਼ ਫੇਰਾ ਪਾਈਆ । ਕਾਗਦ ਕਲਮ ਨਾ ਲਿਖਣਹਾਰ, ਸੱਤ ਸਮੁੰਦਰ ਮਸ ਰਹੀ ਕੁਰਲਾਈਆ । ਜੁਗ ਚੌਕੜੀ ਰੋਵੇ ਜ਼ਾਰੋ ਜ਼ਾਰ, ਵੇਲਾ ਗਿਆ ਹੱਥ ਨਾ ਆਈਆ । ਗੁਰ ਅਵਤਾਰ ਨਾ ਸਕਣ ਸੁਰਤ ਸੰਭਾਲ, ਪੁਰਖ ਅਬਿਨਾਸ਼ੀ ਖੇਲ ਖਲਾਈਆ । ਜੀਵ ਜੰਤ ਲੋਕਮਾਤ ਨਾ ਕੋਈ ਵੇਖੇ ਮਾਰ ਧਿਆਨ, ਨਾਮ ਗਿਆਨ ਨਾ ਕੋਇ ਸਮਝਾਈਆ । ਰਸਨਾ ਪੜ੍ਹ ਪੜ੍ਹ ਕਰਨ ਕਲਿਆਨ, ਕਾਇਆ ਕਾਅਬਾ ਨਾ ਕੋਇ ਜਣਾਈਆ । ਨਿਰਧਨ ਹੋਇਆ ਆਪ ਭਗਵਾਨ, ਸਰਧਨ ਗੁਰਮੁਖ ਰੂਪ ਪ੍ਰਗਟਾਈਆ । ਅੰਤਮ ਕਲ ਚਰਨੀ ਡਿੱਗਾ ਆਣ, ਮੰਗੇ ਸਰਨ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਘਾਲ ਆਪ ਵਖਾਈਆ । ਮੇਰੀ ਘਾਲ ਜੁਗੋ ਜੁਗ, ਜੁਗ ਕਰਤਾ ਆਪ ਜਣਾਇੰਦਾ । ਲੱਖ ਚੁਰਾਸੀ ਵਿਚੋਂ ਚੁਗ, ਆਪਣਾ ਮੇਲ ਮਿਲਾਇੰਦਾ । ਲੇਖਾ ਜਾਣੇ ਮਨ ਮਤ ਬੁਧ, ਬੁੱਧ ਬਬੇਕੀ ਆਪ ਕਰਾਇੰਦਾ । ਕਾਰਜ ਕਰੇ ਆਪੇ ਸੁੱਧ, ਸਿਰ ਆਪਣਾ ਹੱਥ ਰਖਾਇੰਦਾ । ਠੱਗ ਚੋਰ ਯਾਰ ਨਾ ਕੋਇ ਲਏ ਲੁੱਟ, ਨਾਮ ਧਨ ਇਕ ਵਰਤਾਇੰਦਾ । ਮਾਣਸ ਭਾਗ ਨਾ ਜਾਏ ਨਿਖੁੱਟ, ਮਾਨਵ ਆਪਣੀ ਗੋਦ ਬਹਾਇੰਦਾ । ਕਰ ਪ੍ਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਡਗਮਗਾਇੰਦਾ । ਇਕ ਵਖਾਏ ਸਾਚੀ ਓਟ, ਚਰਨ ਕਵਲ ਧਿਆਨ ਜਣਾਇੰਦਾ । ਸਾਚਾ ਭਗਤ ਇਕੋ ਬਹੁਤ, ਲੱਖ ਚੁਰਾਸੀ ਕੰਮ ਕਿਸੇ ਨਾ ਆਇੰਦਾ । ਕਲਜੁਗ ਅੰਤ ਆਪ ਬਣਾਇਆ ਆਪਣਾ ਓਤ ਪੋਤ, ਛੱਤੀ ਜੁਗ ਦੇ ਵਿਛੜੇ ਮੇਲ ਮਿਲਾਇੰਦਾ । ਆਪਣੀ ਸ਼ਾਖ਼ ਆਪੇ ਪਿਆ ਫੁੱਟ, ਪੱਤ ਡਾਲੀ ਆਪ ਲਹਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾ ਘਾਲ ਖ਼ੁਸ਼ੀ ਮਨਾਇੰਦਾ । ਖ਼ੁਸ਼ੀ ਮਨਾਏ ਸ੍ਰੀ ਭਗਵੰਤ, ਜਨ ਭਗਤ ਦੁਆਰੇ ਫੇਰਾ ਪਾਈਆ । ਧੰਨ ਭਾਗ ਮੇਰੀ ਬਣੀ ਬਣਤ, ਗੁਰਮੁਖ ਮਿਲਿਆ ਚਾਈਂ ਚਾਈਂਆ । ਗੁਰਸਿੱਖ ਸੱਚਾ ਸਾਜਣ ਸੰਤ, ਜਿਸ ਜਨ ਆਪਣਾ ਦਰਸ ਕਰਾਈਆ । ਜੰਗਲ ਜੂਹ ਉਜਾੜ ਪਹਾੜ ਫਿਰਦੇ ਕੋਟਨ ਕੋਟ ਅਨੰਤ, ਅਨਨ ਪਰਕਾਰ ਰੂਪ ਵਟਾਈਆ । ਗੜ੍ਹ ਤੁਟਾ ਨਾ ਹਉਮੇ ਹੰਗਤ, ਹਰਿ ਮਿਲੀ ਨਾ ਸਚ ਸਰਨਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕਰਦੇ ਜੰਗਤ, ਆਸਾ ਤ੍ਰਿਸ਼ਨਾ ਨਾਲ ਬੰਧਾਈਆ । ਕਿਸੇ ਹੱਥ ਨਾ ਆਏ ਪੰਡਤ, ਪੜ੍ਹ ਪੜ੍ਹ ਵਿਦਿਆ ਵਕਤ ਗਵਾਈਆ । ਦੀਨ ਦਿਆਲ ਇਕ ਅਖੰਡਤ, ਅਖੰਡ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਰ ਘਾਲ ਖ਼ੁਸ਼ੀ ਮਨਾਈਆ । ਖ਼ੁਸ਼ੀ ਮਨਾਏ ਹਰਿ ਕਰਤਾਰਾ, ਬਣ ਸੇਵਕ ਸੇਵ ਕਮਾਈਆ । ਲੋਕਮਾਤ ਬਣਿਆ ਵਣਜਾਰਾ, ਏਕਾ ਹੱਟ ਖੁਲ੍ਹਾਈਆ । ਚੌਦਾਂ ਲੋਕ ਕਰਨ ਨਿਮਸਕਾਰਾ, ਚੌਦਾਂ ਤਬਕ ਸੀਸ ਝੁਕਾਈਆ । ਚੌਦਾਂ ਵਿਦਿਆ ਨੈਣ ਸ਼ਰਮਸਾਰਾ, ਲੋਚਣ ਸਕੇ ਨਾ ਕੋਇ ਉਠਾਈਆ । ਪਾਰਬ੍ਰਹਮ ਸੁਣਾਇਆ ਇਕ ਜੈਕਾਰਾ, ਜੈ ਜੈ ਆਪਣਾ ਨਾਉਂ ਪਰਗਟਾਈਆ । ਸੋ ਪੁਰਖ ਨਿਰੰਜਣ ਹੋ ਤਿਆਰਾ, ਨਿਰਵੈਰ ਖੇਲ ਕਰਾਈਆ । ਹੰ ਬ੍ਰਹਮ ਕਰ ਪਸਾਰਾ, ਪਾਰਬ੍ਰਹਮ ਹਰਿ ਵੇਸ ਵਟਾਈਆ । ਜਨ ਭਗਤਾਂ ਪਾਵੇ ਲੋਕਮਾਤ ਸਾਰਾ,

ਮਹਾਂਸਾਰਥੀ ਆਪ ਹੋ ਆਈਆ । ਕਲਜੁਗ ਅੰਤਮ ਪਾਰ ਕਿਨਾਰਾ, ਤੱਟ ਤੀਰਥ ਦਏ ਦੁਹਾਈਆ । ਰਾਓ ਰੰਕ ਹੋਏ ਖ਼ੁਵਾਰਾ, ਸਾਂਤਕ ਸਤਿ ਨਾ ਕੋਇ ਰਖਾਈਆ । ਇਕੋ ਭਗਤ ਕਰੇ ਹਰਿ ਪਿਆਰਾ, ਦੂਜੀ ਓਟ ਨਾ ਕੋਇ ਰਖਾਈਆ । ਨਿਰਗੁਣ ਸਰਗੁਣ ਆਏ ਦਵਾਰਾ, ਦਰਦੀਆਂ ਦਰਦ ਵੰਡਾਈਆ । ਡੁਬਦਿਆਂ ਲਾਏ ਪਾਰ ਕਿਨਾਰਾ, ਪੱਤਣ ਬੈਠਾ ਸੱਚਾ ਮਾਹੀਆ । ਗੋਬਿੰਦ ਸੱਥਰ ਹੰਢਾਇਆ ਇਕੋ ਯਾਰਾ, ਪੁਰਖ ਅਕਾਲ ਸੇਜ ਵਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਘਾਲ ਸੱਥਰ ਰਿਹਾ ਵਖਾਈਆ । ਆਪਣੀ ਘਾਲ ਭੂਮੀ ਸੱਥਰ, ਭੂਪਤ ਭੂਪ ਜਣਾਇੰਦਾ । ਗੁਰਸਿਖ ਨੇਤਰ ਵਰੋਲੇ ਆਪੇ ਅੱਥਰ, ਨਾਮ ਮਧਾਣਾ ਇਕੋ ਪਾਇੰਦਾ । ਹਰਿਜਨ ਬਣਾਏ ਸਾਚੀ ਬਣਤਰ, ਬਸਨ ਬਨਵਾਰੀ ਖੇਲ ਕਰਾਇੰਦਾ । ਆਦਿ ਜੁਗਾਦਿ ਸਾਚਾ ਮੰਤਰ, ਅੱਖਰ ਵੱਖਰ ਆਪ ਪੜ੍ਹਾਇੰਦਾ । ਲੇਖਾ ਜਾਣ ਗਗਨ ਗਗਨੰਤਰ, ਗ੍ਰਿਹਿ ਮੰਦਰ ਖੋਜ ਖੁਜਾਇੰਦਾ । ਭਗਤ ਪਿਆਰ ਬੁਝਾਏ ਬਸੰਤਰ, ਸਾਂਤਕ ਸਤਿ ਕਰਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਆਤਮ ਅੰਤਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਕਮਾਇੰਦਾ । ਭਗਤ ਜਨਾਂ ਦਰ ਸਾਚੀ ਸੇਵਾ, ਬਣ ਸੇਵਕ ਆਪ ਕਮਾਈਆ । ਜੁਗ ਜੁਗ ਦਾ ਅੰਮ੍ਰਿਤ ਮੇਵਾ, ਜਨ ਭਗਤ ਦੁਆਰੇ ਖਾਈਆ । ਅਲਖ ਅਗੋਚਰ ਅਗੰਮ ਅਭੇਵਾ, ਆਦਿ ਜੁਗਾਦਿ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਕਰੇ ਖੇਲ ਭਗਤ ਭਗਵਾਨ, ਭਾਵੀ ਆਪਣੇ ਸਿਰ ਰਖਾਇੰਦਾ । ਭਗਤਾਂ ਦੇਵੇ ਸਚ ਨਿਸ਼ਾਨ, ਲੋਕਮਾਤ ਆਪ ਝੁਲਾਇੰਦਾ । ਜੁਗ ਚੌਕੜੀ ਕਰ ਪਰਵਾਨ, ਕਲਜੁਗ ਅੰਤਮ ਮੇਲ ਮਿਲਾਇੰਦਾ । ਸਚ ਧਰਮ ਦਾ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਇੰਦਾ । ਛੱਤੀ ਜੁਗ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਛੱਤੀ ਰਾਗ ਕਰਨ ਧਿਆਨ, ਹਰਿ ਧਿਆਨ ਵਿਚ ਨਾ ਆਇੰਦਾ । ਪੈਂਤੀ ਅੱਖਰ ਕਰਨ ਕਲਿਆਣ, ਕਰਤਾ ਆਪਣੀ ਸੇਵ ਸਮਝਾਇੰਦਾ । ਛੱਤੀਆਂ ਅੱਖਰ ਆਪ ਕਰੇ ਪਰਵਾਨ, ਸ਼ਾਸਤਰ ਸਿਮਰਤ ਨਾ ਗਣਤ ਗਣਾਇੰਦਾ । ਛੱਤੀਆਂ ਅੱਖਰ ਜਨ ਭਗਤਾਂ ਦੇਵੇ ਦਾਨ, ਆਪਣੀ ਵਸਤ ਆਪ ਵਰਤਾਇੰਦਾ । ਬਿਨ ਪੜ੍ਹਿਆਂ ਦੇਵੇ ਗਿਆਨ, ਗਿਆਨ ਗਰੂ ਆਪ ਹੋ ਜਾਇੰਦਾ । ਜਨ ਭਗਤ ਦੁਆਰੇ ਬਣੇ ਮਹਿਮਾਨ, ਪੁਰਖ ਅਬਿਨਾਸ਼ੀ ਫੇਰਾ ਪਾਇੰਦਾ । ਗੁਰਸਿਖ ਵੇਖੇ ਸੱਚਾ ਕਾਹਨ, ਨੇਤਰ ਨੈਣ ਨੈਣ ਮਟਕਾਇੰਦਾ । ਸੋਹੰ ਧੁੰਨ ਮਧੁਰ ਗਾਇਣ, ਮਧ ਮਾਤਾ ਆਪ ਸੁਣਾਇੰਦਾ । ਨਾਨਕ ਦਾਦਕ ਸਾਕ ਸੈਣ, ਸੌਹਰੇ ਪੇਈਏ ਵੇਖ ਵਖਾਇੰਦਾ । ਮਾਤ ਪਿਤ ਭਾਈ ਭੈਣ, ਪਿਤਾ ਪੂਤ ਖੇਲ ਕਰਾਇੰਦਾ । ਆਪੇ ਜਾਣੇ ਨੁਕਤਾ ਗ਼ੈਨ, ਐਨ ਆਪਣੀ ਅੱਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਵੇਖ ਵਖਾਇੰਦਾ । ਭਗਤਨ ਵੇਖ ਚੜ੍ਹੇ ਹਰਿ ਚਾਅ, ਚਾਤਰਕ ਆਪਣੀ ਤ੍ਰਿਸ਼ਨ ਬੁਝਾਈਆ । ਆਪਣਾ ਸਿੰਘਾਸਣ ਦਏ ਤਜਾ, ਭਗਤ ਸਿੰਘਾਸਣ ਦਏ ਸੁਹਾਈਆ । ਭਗਤਾਂ ਕਾਜਨ ਆਪ ਰਚਾ, ਨੱਠ ਨੱਠ ਸੇਵ ਕਮਾਈਆ । ਗ਼ਰੀਬ ਨਿਵਾਜ਼ਨ ਆਪਣਾ ਆਪ ਕਰ ਫ਼ਿਦਾ, ਫ਼ਿਤਰਤ ਆਪਣੀ ਦਏ ਗਵਾਈਆ । ਇਕੋ ਰਾਹ ਵਖਾਇਆ ਸਿੱਧਾ, ਸੁਖਮਨ ਟੇਡੀ ਬੰਕ ਨਾ ਕੋਇ ਜਾਈਆ । ਦਸਮ ਦਵਾਰੀ ਬਹਿ ਬਹਿ ਪਾਏ ਗਿੱਧਾ, ਆਪਣਾ ਤਾਲ ਵਜਾਈਆ । ਗੁਰਸਿਖ ਤੇਰੇ ਜਿਹਾ ਨਾ ਕੋਈ ਵੱਡਾ, ਪ੍ਰਭ ਤੇਰੀ ਰਹੇ ਸ਼ਰਨਾਈਆ । ਤੇਰਾ ਭਾਰ ਆਪਣੇ ਸੀਸ ਲੱਦਾ, ਸਿਰ ਆਪਣੇ ਗੱਠੜੀ ਰਿਹਾ ਉਠਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਕਰਦਾ ਰਿਹਾ ਜ਼ਿਦਾ, ਭਗਤ ਭਗਵਾਨ ਦੇ ਸਜ਼ਾਈਆ ।

ਕਲਜੁਗ ਅੰਤਮ ਆਪਣੇ ਹੱਥ ਰਖਾਈ ਆਪਣੀ ਬਿੱਧਾ, ਕਰ ਕਿਰਪਾ ਲਏ ਮਿਲਾਈਆ । ਨੌਂ ਸੌ ਚੁਰਾਨਵੇਂ ਚੌਕੜੀ ਦਾ ਭੋਜਨ ਰਿੱਧਾ, ਜਨ ਭਗਤਾਂ ਦਏ ਖੁਆਈਆ । ਨਾ ਕੋਇ ਜਾਣੇ ਆਟਾ ਮੈਦਾ, ਜੌਂ ਛੋਲੇ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਸੇਵਕ ਸੇਵ ਕਮਾਈਆ । ਨੌਂ ਸੌ ਚਰਾਨਵੇਂ ਚੌਕੜੀ ਜੁਗ ਦਾ ਭੋਜਨ, ਹਰਿ ਭਗਵਨ ਭਗਤਾਂ ਆਪ ਖੁਵਾਇੰਦਾ । ਕੋਈ ਨਾ ਚੜ੍ਹ ਕੇ ਵੇਖੇ ਜੋਜਨ, ਚੜ੍ਹ ਚੜ੍ਹ ਪੰਧ ਨਾ ਕੋਇ ਮੁਕਾਇੰਦਾ । ਕੋਟਨ ਕੋਟ ਸਾਧ ਸੰਤ ਸੋਚਣ, ਹਰਿ ਸੋਚ ਵਿਚ ਨਾ ਆਇੰਦਾ । ਕੋਟਨ ਕੋਟ ਬੰਨ੍ਹ ਬੰਨ੍ਹ ਲੰਗੋਟਣ, ਤੀਰਥ ਤੱਟ ਡੇਰਾ ਲਾਇੰਦਾ । ਕੋਟਨ ਕੋਟ ਭੰਗ ਪਿਆਲੇ ਘੋਟਣ, ਜਗਤ ਰਗੜਾ ਇਕ ਵਖਾਇੰਦਾ । ਕੋਟਨ ਕੋਟ ਫਿਰ ਫਿਰ ਥੱਕੇ ਕਪਾਲ ਮੋਚਨ, ਆਪਣਾ ਕਪਾਲ ਨਾ ਕੋਇ ਖੁਲ੍ਹਾਇੰਦਾ । ਕੋਟਨ ਕੋਟ ਫਿਰਦੇ ਪ੍ਰਭ ਦਾ ਭਾਣਾ ਰੋਕਣ, ਨਾ ਕੋਈ ਰੋਕੇ ਰੋਕ ਰੁਕਾਇੰਦਾ । ਜਨ ਭਗਤ ਰੱਖੇ ਇਕੋ ਓਟਨ, ਪ੍ਰਭ ਚਰਨ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਸੇਵਕ ਸੇਵ ਕਮਾਇੰਦਾ । ਮੇਰੀ ਕਰੋ ਪੂਰੀ ਆਸ, ਪਾਰਬ੍ਰਹਮ ਰਿਹਾ ਜਣਾਈਆ । ਮੇਰਾ ਭਗਤ ਮੇਰਾ ਪ੍ਰਕਾਸ਼, ਬਿਨ ਭਗਤ ਨਾ ਕੋਇ ਰੁਸ਼ਨਾਈਆ । ਮੇਰਾ ਸੰਤ ਮੇਰੀ ਰਾਸ, ਹੋਰ ਵਸਤ ਨਾ ਕੋਇ ਜਣਾਈਆ । ਮੇਰਾ ਗੁਰਸਿਖ ਮੇਰਾ ਦਾਸ, ਮਿਲ ਮਿਲ ਸਾਚਾ ਵਕਤ ਲੰਘਾਈਆ ।ਮੇਰਾ ਗੁਰਸਿਖ ਮੇਰੀ ਸ਼ਾਖ਼, ਲੋਕਮਾਤ ਰਿਹਾ ਮਹਿਕਾਈਆ । ਜੁਗ ਜੁਗ ਮੇਰਾ ਪਰਦਾ ਭਗਤ ਲੈਣ ਢਾਕ, ਜੋ ਮੇਰਾ ਨਾਉਂ ਧਿਆਈਆ । ਮੈਂ ਪਰਗਟ ਹੋਵਾਂ ਸਾਖਯਾਤ, ਨਿਰਗੁਣ ਸਰਗੁਣ ਫੇਰਾ ਪਾਈਆ । ਕਲਜੁਗ ਅੰਤਮ ਖੇਲ ਤਮਾਸ਼, ਤ੍ਰੈਗੁਣ ਅਤੀਤਾ ਆਪ ਕਰਾਈਆ । ਸਾਚੇ ਭਗਤ ਬਣਾਈ ਇਕ ਜਮਾਤ, ਜਮਾ ਮਾਈਨਸ ਨਾ ਕੋਇ ਵਖਾਈਆ । ਉਨੀ ਕੱਤਕ ਦਿਤੀ ਦਾਤ, ਵਸਤ ਅਮੋਲਕ ਆਪ ਵਰਤਾਈਆ । ਕਰ ਦਰਸ਼ਨ ਨਾਤਾ ਤੁਟਿਆ ਪੂਜਾ ਪਾਠ, ਪਾਠਸ਼ਾਲਾ ਨਾ ਕੋਇ ਪੜ੍ਹਾਈਆ । ਬਿਨ ਨੱਯਾ ਪਾਰ ਉਤਾਰੇ ਘਾਟ, ਸਾਚਾ ਸੱਯਾ ਹੋਏ ਸਹਾਈਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਊਚ ਨੀਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਦੁਆਰੇ ਫੇਰਾ ਪਾਈਆ । ਭਗਤ ਦੁਆਰੇ ਆਇਆ, ਕਰ ਕਿਰਪਾ ਗੁਣ ਨਿਧਾਨ । ਆਪਣਾ ਭੇਖ ਆਪ ਵਟਾਇਆ, ਨਿਰਗੁਣ ਆਪ ਬਣ ਸ਼ੈਤਾਨ । ਸ਼ਰਅ ਸ਼ਰੀਅਤ ਦਏ ਤੁੜਾਇਆ, ਚਾਰ ਜੁਗ ਦੀ ਚੁੱਕੇ ਕਾਣ । ਗੁਰ ਅਵਤਾਰ ਲਏ ਬੁਲਾਇਆ, ਦੇਵੇ ਧੁਰ ਫ਼ਰਮਾਣ । ਪਿਛਲਾ ਲੇਖਾ ਲਏ ਬਕਾਇਆ, ਭੁੱਲ ਨਾ ਜਾਏ ਗੁਣ ਨਿਧਾਨ । ਸਾਚਾ ਬੰਕ ਇਕ ਸੁਹਾਇਆ, ਮਹੱਲ ਅਟੱਲ ਉਚ ਮਕਾਨ । ਭਗਤ ਦੁਆਰਾ ਨਾਉਂ ਰਖਾਇਆ, ਚੌਦਾਂ ਤਬਕ ਕਰਨ ਸਲਾਮ । ਪੀਰ ਪੈਗ਼ੰਬਰਾਂ ਰਿਹਾ ਜਗਾਇਆ, ਪਰਗਟ ਹੋਇਆ ਵੱਡਾ ਅਮਾਮ । ਕਾਇਨਾਤ ਵੇਖ ਵਖਾਇਆ, ਲੱਖ ਚੁਰਾਸੀ ਕਰੇ ਗੁਲਾਮ । ਹਰਿਜਨ ਸਾਚੇ ਲਏ ਜਗਾਇਆ, ਆਪੇ ਪਾਏ ਆਪਣੀ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਭਗਤ ਵਸਾਏ ਸਾਚੇ ਘਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

ਗੁਰਮੁਖ ਬਸਤਰ ਰੱਖੇ ਬੰਨ੍ਹ, ਹਰਿ ਗਠੜੀ ਆਪ ਉਠਾਈਆ । ਮਿਲਿਆ ਭਾਰ ਕਹੇ ਧੰਨ ਧੰਨ, ਧੰਨ ਧੰਨ ਜਣੇਂਦੀ ਮਾਈਆ । ਹਰਿਜਨ

ਚੜ੍ਹੇ ਸਾਚਾ ਚੰਨ, ਚੰਦ ਚਾਂਦਨੀ ਰਹੀ ਸ਼ਰਮਾਈਆ । ਰਾਗ ਸੁਣਾਏ ਇਕੋ ਕੰਨ, ਅਨਾਦੀ ਨਾਦ ਵਜਾਈਆ । ਮਨਸਾ ਅੰਦਰ ਗਿਆ ਮੰਨ, ਮਨ ਭਾਵਨਾ ਪੂਰ ਕਰਾਈਆ । ਬਣ ਬਣ ਹਰਿ ਜੂ ਜਨਨੀ ਜਨ, ਹਰਿਜਨ ਸਾਚੇ ਲਏ ਉਪਾਈਆ । ਲੇਖਾ ਜਾਣੇ ਪੰਜ ਤੱਤ ਕਾਇਆ ਮਾਟੀ ਤਨ, ਤਨ ਮਾਟੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਬਸਤਰ ਆਪ ਉਠਾਈਆ । ਸਾਚਾ ਬਸਤਰ ਕਾਇਆ ਕਪੜ, ਸਤਿਗੁਰ ਪੂਰਾ ਆਪ ਉਠਾਇੰਦਾ । ਛੱਤੀ ਜੁਗ ਨਾ ਸਕਣ ਅੱਪੜ, ਹਰਿ ਕਾ ਭੇਵ ਨਾ ਕੋਈ ਪਾਇੰਦਾ । ਆਦਿ ਜੁਗਾਦੀ ਮਾਈ ਬਪੜ, ਪਿਤਾ ਪੂਤ ਵੇਸ ਵਟਾਇੰਦਾ । ਜੁਗ ਜੁਗ ਲਿਖ ਲਿਖ ਦੇਂਦਾ ਰਿਹਾ ਪੱਤਰ, ਸ਼ਬਦ ਨਿਧਾਨ ਸੁਣਾਇੰਦਾ । ਕਲਜੁਗ ਅੰਤਮ ਵੇਖਿਆ ਇਕੋ ਵੱਤਰ, ਬਣ ਕਿਰਸਾਣਾ ਹੱਲ ਚਲਾਇੰਦਾ । ਰਾਓ ਰੰਕ ਗ਼ਰੀਬ ਨਿਮਾਣੇ ਫੜ ਫੜ ਕੀਤੇ ਪੱਧਰ, ਸਾਚੀ ਸੇਵਾ ਆਪਣੇ ਹੱਥ ਰਖਾਇੰਦਾ । ਜਨਮ ਜਨਮ ਦੀ ਪੂਰੀ ਕਰੇ ਸੱਧਰ, ਸਾਦਾ ਆਪਣਾ ਰੂਪ ਵਟਾਇੰਦਾ । ਲੇਖਾ ਜਾਣੇ ਖੰਡ ਭਦਰ, ਭਾਵੀ ਭੌ ਹਰਿ ਸਮਝਾਇੰਦਾ । ਗੁਰਮੁਖ ਤੇਰਾ ਪ੍ਰੇਮ ਖੱਦਰ, ਤੰਦੀ ਤੰਦ ਨਾਲ ਬੰਧਾਇੰਦਾ । ਤਾਣੇ ਅੰਦਰ ਪੇਟਾ ਪੇਟੇ ਅੰਦਰ ਤਾਣਾ, ਸਾਚਾ ਮੰਦਰ ਆਪ ਸੁਹਾਇੰਦਾ । ਕਰ ਕਿਰਪਾ ਖੋਲ੍ਹਿਆ ਜੰਦਰ, ਕਾਇਆ ਤਾਕ ਆਪੇ ਲਾਹਿੰਦਾ । ਆਪੇ ਵੜ ਕੇ ਬੈਠਾ ਡੂੰਘੇ ਖੰਡਰ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਸਤਰ ਆਪ ਸੁਹਾਇੰਦਾ । ਸਾਚਾ ਬਸਤਰ ਸੁਹਾਏ ਸੂਸਾ, ਸੂਸੀ ਆਪਣੇ ਤਨ ਪਹਿਨਾਈਆ । ਲੇਖਾ ਜਾਣੇ ਈਸਾ ਮੂਸਾ, ਸੰਗ ਮੁਹੰਮਦ ਲਏ ਜਗਾਈਆ । ਗੁਰ ਅਵਤਾਰਾਂ ਕਰੇ ਖ਼ਾਲੀ ਖ਼ੀਸਾ, ਜਨ ਭਗਤਾਂ ਦਏ ਭਰਾਈਆ । ਨੇੜੇ ਔਂਦਾ ਜਾਏ ਬੀਸਾ, ਆਪਣਾ ਪੰਧ ਮੁਕਾਈਆ । ਨੇਤਰ ਰੋਵਣ ਰਾਗ ਛਤੀਸਾ, ਦਿਵਸ ਰੈਣ ਦੇਣ ਦੁਹਾਈਆ । ਸਾਚਾ ਤਨ ਨਾ ਧੋਵੇ ਕੋਈ ਛੀਂਬਾ, ਸਾਚੀ ਖੁੰਬ ਨਾ ਕੋਇ ਚੜ੍ਹਾਈਆ । ਕਾਇਆ ਮਾਟੀ ਝੂਠਾ ਤੂੰਬਾ, ਸਚ ਤੂੰਬੜੀ ਨਾ ਕੋਇ ਵਖਾਈਆ । ਅੰਦਰ ਕਵਲ ਹੋਇਆ ਮੂਧਾ, ਨਾ ਦੇਵੇ ਕੋਇ ਉਲਟਾਈਆ । ਚਾਰ ਕੁੰਟ ਹਰਿ ਜੂ ਢੂੰਡਾ, ਦਿਸ ਕਿਸੇ ਨਾ ਆਈਆ । ਸਰਗੁਣ ਬਣ ਕੇ ਹੱਥ ਵਿਚ ਰੱਖਿਆ ਖੂੰਡਾ, ਆਪ ਆਪਣਾ ਖੇਲ ਕਰਾਈਆ । ਨਿਰਗੁਣ ਬਣ ਕੇ ਬੈਠਾ ਰਿਹਾ ਊਂਧਾ, ਆਪਣਾ ਨੈਣ ਨਾ ਕਿਸੇ ਚਮਕਾਈਆ । ਨਾ ਮਰਿਆ ਨਾ ਜੀਊਂਦਾ, ਹਰਿ ਕਾ ਭੇਵ ਕੋਇ ਨਾ ਪਾਈਆ । ਗੁਰਸਿਖ ਤੇਰੇ ਖੱਦਰ ਆਪਣਾ ਕਪੜ ਸੀਉਂਦਾ, ਸੀਂ ਸੀਂ ਆਪਣੀ ਖ਼ੁਸ਼ੀ ਮਨਾਈਆ । ਕਰੇ ਕਰਾਏ ਜੋ ਮਨ ਭੌਂਦਾ, ਭਾਵੀ ਆਪਣੇ ਹੱਥ ਰਖਾਈਆ । ਦਿਵਸ ਰੈਣ ਜਨ ਭਗਤਾਂ ਢੋਲੇ ਗੌਂਦਾ, ਤਾਲ ਸੁਰ ਨਾ ਕੋਇ ਰਖਾਈਆ । ਰਾਤੀਂ ਸੁਤਿਆਂ ਘਰ ਘਰ ਭੌਂਦਾ, ਬਣ ਬਣ ਸੇਵਕ ਸੇਵ ਕਮਾਈਆ । ਗੁਰਮੁਖ ਤੇਰੇ ਪਿਆਰ ਅੰਦਰ ਹਰਿ ਜੂ ਆਪੇ ਨੁਹੌਂਦਾ, ਆਪਣੇ ਪਿਆਰ ਤੇਰਾ ਅਸ਼ਨਾਨ ਕਰਾਈਆ । ਤੇਰੇ ਕਾਇਆ ਮੰਦਰ ਅੰਦਰ ਆਪਣੀ ਸੇਜ ਵਛੌਂਦਾ, ਉਤੇ ਤੇਰਾ ਕੱਪੜ ਦਏ ਵਛਾਈਆ । ਆਪੇ ਵੇਖੇ ਔਂਦਾ ਜਾਂਦਾ, ਸਦਾ ਸੁਹੇਲਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕਪੜ ਆਪ ਬਣਾਈਆ । ਸਾਚਾ ਕਪੜ ਤਣਿਆਂ ਤਾਣਾ, ਬਣ ਪੌਲੀ ਸੇਵ ਕਮਾਇੰਦਾ । ਸਖੀਆਂ ਨਾਲ ਗਾਵੇ ਗਾਣਾ, ਕਾਨਾ ਕੰਨ ਨਾਲ ਲਗਾਇੰਦਾ । ਆਪੇ ਜਾਣੇ ਆਪਣਾ ਆਵਣ ਜਾਣਾ, ਏਧਰ ਓਧਰ ਫੇਰਾ ਪਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਗੁਰਮੁਖ ਏਕਾ ਰੰਗ ਚੜ੍ਹਾਇੰਦਾ । ਤੰਦ ਤੰਦ ਤੰਦ ਕਰ ਪਰਵਾਨਾ, ਬੰਦ ਬੰਦ ਖ਼ੁਸ਼ੀ ਕਰਾਇੰਦਾ । ਅਨੰਦ ਅਨੰਦ ਅਨੰਦ ਇਕ ਮਕਾਨਾ, ਚੰਦ ਚੰਦ ਚੰਦ ਆਪ ਚਮਕਾਇੰਦਾ ।

੧੮੦
੧੧

ਟੁੱਟੀ ਗੰਢ ਗੰਢ ਗੰਢ ਦਏ ਪਰਵਾਨਾ, ਨਾਮ ਨਿਧਾਨਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਸਾਚਾ ਹਰਿ, ਤਾਣਾ ਪੇਟਾ ਖੇਵਟ ਖੇਟਾ ਆਪਣਾ ਆਪ ਜਣਾਇੰਦਾ । ਹਰਿ ਜੂ ਖੱਦਰ ਲਏ ਖ਼ਰੀਦ, ਆਪਣੀ ਕੀਮਤ ਪਾਈਆ । ਏਕਾ ਕੱਟ ਕੇ ਦਏ ਰਸੀਦ, ਜਨਮ ਮਰਨ ਦਏ ਚੁਕਾਈਆ । ਅੱਠੇ ਪਹਿਰ ਦਰਸ਼ਨ ਦੀਦ, ਨੇਤਰ ਨੈਣਾਂ ਨਜ਼ਰੀ ਆਈਆ । ਗੁਰਸਿਖ ਗੁਰ ਸ਼ਬਦ ਹੋਇਆ ਸ਼ਹੀਦ, ਸ਼ਰਅ ਕੋਇ ਨੇੜ ਨਾ ਆਈਆ । ਸਾਹਿਬ ਸੁਲਤਾਨ ਵਸੇ ਨਜ਼ਦੀਕ, ਨਜ਼ਰ ਨਜ਼ਰ ਨਾਲ ਮਿਲਾਈਆ । ਜਿਸ ਦੀ ਗੁਰ ਅਵਤਾਰ ਰੱਖਦੇ ਗਏ ਉਡੀਕ, ਸੋ ਸਾਹਿਬ ਫੇਰਾ ਪਾਈਆ । ਛੱਤੀ ਜੁਗ ਦੀ ਇਕ ਤਾਰੀਕ, ਹਰਿ ਭਗਤਾਂ ਰਿਹਾ ਸਮਝਾਈਆ । ਕੋਈ ਨਾ ਬਣੇ ਦੂਜਾ ਸ਼ਰੀਕ, ਲਾਸ਼ਰੀਕ ਖੇਲ ਵਖਾਈਆ । ਝੂਠੀ ਮੇਟੇ ਸ੍ਰਿਸ਼ਟ ਤਰੀਕ, ਅੰਧ ਅੰਧੇਰਾ ਦਏ ਗਵਾਈਆ । ਜਨ ਭਗਤ ਦੁਆਰੇ ਅੰਦਰ ਰੱਖੇ ਆਪਣੀ ਜੀਤ, ਉਚ ਮਹੱਲੇ ਬਣਤ ਬਣਾਈਆ । ਗੁਰਸਿਖ ਸੌਣ ਅੰਦਰ ਹਰਿ ਜੂ ਮਰੇ ਉਤੇ ਸੀਤ, ਪਾਲਾ ਪੋਹ ਪੋਹ ਨਾ ਸਕੇ ਰਾਈਆ । ਛੱਬੀ ਪੋਹ ਵੇਖਣਾ ਠੀਕ, ਠੀਕਰਾ ਭਰਮ ਦਏ ਭੰਨਾਈਆ । ਬਿਨ ਅਗਨੀ ਤੱਤ ਹੋਇਆ ਵਾਂਗ ਸੀਖ, ਸਿਖਰ ਚੋਟੀ ਚੜ੍ਹ ਕੇ ਅਲਖ ਜਗਾਈਆ । ਭਗਤ ਭਗਵਾਨ ਇਕ ਦੂਜੇ ਦੇ ਗੌਣ ਗੀਤ, ਘਰ ਸਾਚੇ ਵੱਜੇ ਵਧਾਈਆ । ਜਨ ਭਗਤਾਂ ਤੁਟੇ ਨਾਤਾ ਮੰਦਰ ਮਸੀਤ, ਘਰ ਮਿਲੇ ਸੱਚਾ ਮਾਹੀਆ । ਸਤਿਜੁਗ ਚਲੇ ਸਾਚੀ ਰੀਤ, ਸਤਿਗੁਰ ਪੂਰਾ ਆਪ ਚਲਾਈਆ । ਕਰੇ ਖੇਲ ਇਕ ਅਨਡੀਠ, ਚਾਰ ਬਾਣੀ ਬੈਠੀ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਣਜ ਆਪ ਕਰਾਈਆ । ਸਾਚਾ ਖੱਦਰ ਲਏ ਮੁੱਲ, ਕਰਤਾ ਕੀਮਤ ਆਪੇ ਪਾਇੰਦਾ । ਆਪੇ ਰੱਖੇ ਆਪਣੇ ਤੁਲ, ਦੂਜੇ ਹੱਟ ਨਾ ਕਿਸੇ ਵਿਕਾਇੰਦਾ । ਜਨ ਭਗਤਾਂ ਬਣਾਈ ਇਕੋ ਕੁਲ, ਦੂਜਾ ਬੰਸ ਨਾ ਕੋਇ ਵਧਾਇੰਦਾ । ਪੁਰਖ ਅਕਾਲ ਨਿਰਗੁਣ ਨੂਰ ਹੋਇਆ ਸੁਲਹਕੁਲ, ਚਾਰ ਜੁਗ ਦੇ ਵਿਛੜਿਆਂ ਸੁਲਹ ਆਪ ਕਰਾਇੰਦਾ । ਦਰ ਦਵਾਰੇ ਜੋ ਆਏ ਭੁੱਲ, ਤਿਸ ਆਪਣੇ ਰੰਗ ਰੰਗਾਇੰਦਾ । ਸਤਿਜੁਗ ਫੁਲਵਾੜੀ ਰਹੀ ਫੁਲ, ਹਰਿ ਜੂ ਬੂਟਾ ਆਪ ਉਗਾਇੰਦਾ । ਭਗਤ ਦੁਆਰਾ ਗਿਆ ਖੁਲ੍ਹ, ਹਰਿ ਜੂ ਭਗਤਾਂ ਪਿਛੇ ਫੇਰੀ ਪਾਇੰਦਾ । ਗੁਰਮੁਖ ਸੱਜਣ ਨਾ ਜਾਏ ਰੁਲ, ਲੋਕਮਾਤ ਆਪ ਉਠਾਇੰਦਾ । ਆਦਿ ਜੁਗਾਦਿ ਰਹੇ ਅਡੁਲ, ਨਾ ਡੋਲੇ ਨਾ ਕੋਇ ਡੁਲਾਇੰਦਾ । ਜਗਤ ਅੰਧੇਰ ਝੱਖੜ ਰਿਹਾ ਝੁਲ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ ਕੀਮਤ ਆਪੇ ਪਾਇੰਦਾ । ਖ਼ਰੀਦ ਖੱਦਰ ਕਰੇ ਪਰਖ, ਪਾਰਖੂ ਹਰਿ ਜੀ ਆਇਆ । ਨਾ ਕੋਈ ਸੋਗ ਨਾ ਕੋਈ ਹਰਖ, ਖੋਟੇ ਖਰੇ ਆਪਣੀ ਗੋਦ ਬਹਾਇਆ । ਜਿਸ ਜਨ ਉਪਰ ਕੀਤਾ ਤਰਸ, ਤਾਰ ਸਤਾਰ ਇਕ ਸੁਣਾਇਆ । ਜਨਮ ਜਨਮ ਦੀ ਮੇਟੀ ਹਰਸ, ਆਪਣਾ ਦਰਸ ਕਰਾਇਆ । ਅੰਮ੍ਰਿਤ ਮੇਘ ਇਕੋ ਬਰਸ, ਤ੍ਰਿਸ਼ਨਾ ਭੁੱਖ ਮਿਟਾਇਆ । ਗੁਰਸਿਖਾਂ ਪੂਰਾ ਕਰੇ ਹਰਜ, ਹਰਜਾਨਾ ਇਕੇ ਵਾਰ ਭਰਾਇਆ । ਆਪਣੇ ਕੋਲ ਲਿਆਂਦੇ ਕਲਜੁਗ ਮਾਇਆ ਵਿਚੋਂ ਵਰਜ, ਦਰ ਆਪਣਾ ਇਕ ਰਖਾਇਆ । ਨਿਰਗੁਣ ਕਰਨ ਆਇਆ ਆਪਣਾ ਪੂਰਾ ਫ਼ਰਜ਼, ਫ਼ਰਦ ਜ਼ੁਰਮ ਨਾ ਕੋਇ ਰਖਾਇਆ । ਵੇਖੋ ਖੇਲ ਕਰੇ ਅਸਚਰਜ, ਆਪਣਾ ਮਾਣ ਭਗਤਾਂ ਹੱਥ ਫੜਾਇਆ । ਆਪਣੇ ਖਾਤੇ ਕੀਤੇ ਦਰਜ, ਦਰਦੀ ਦਰਦ ਵੰਡਾਇਆ । ਜੁਗ ਚੌਕੜੀ ਦਾ ਲਾਹਿਆ ਕਰਜ਼, ਮਕਰੂਜ਼ ਆਪਣੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ ਕੀਮਤ ਇਕ ਵਖਾਇਆ । ਖੱਦਰ ਖ਼ਰੀਦ ਰੱਖੇ ਕੋਲ,

ਹੱਟੋ ਹੱਟ ਨਾ ਕਦੇ ਵਿਕਾਈਆ । ਪੂਰਬ ਜਨਮ ਦਾ ਕੀਤਾ ਕੌਲ, ਇਕਰਾਰ ਰਿਹਾ ਨਿਭਾਈਆ । ਦੇਵੇ ਵਡਿਆਈ ਉਪਰ ਧੌਲ, ਧਰਨੀ ਚਰਨਾਂ ਹੇਠ ਰਖਾਈਆ । ਕਰ ਕਿਰਪਾ ਆਤਮ ਅੰਤਰ ਜਾਏ ਮੌਲ, ਮੌਲਾ ਆਪਣਾ ਰੂਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਹਿਰ ਗੰਭੀਰ ਵੇਖ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਨਜ਼ੀਰ ਨਜ਼ਰ ਕਿਸੇ ਨਾ ਆਈਆ ।

ਮੰਦਰ ਬਣਾਇਆ ਭਗਤਨ ਬਸਤੀ, ਬਿਸਤਰਾ ਇਕ ਵਿਛਾਈਆ । ਆਪਣੀ ਮਿਟਾਏ ਹਰਿ ਜੂ ਹਸਤੀ, ਗੁਰਮੁਖਾਂ ਦਏ ਵਡਿਆਈਆ । ਗੁਰਸਿਖ ਤੇਰੀ ਮਾਇਆ ਸਸਤੀ, ਹਰਿ ਸੰਗਤ ਉਤੇ ਦਏ ਵਰਤਾਈਆ । ਸਦਾ ਸਦਾ ਚੜ੍ਹਾਏ ਮਸਤੀ, ਮਸਤ ਰੰਗ ਵਖਾਈਆ । ਸਾਹਿਬ ਠਾਕਰ ਇਕੋ ਸ਼ਕਤੀ, ਸ਼ਾਕਰ ਹੋ ਸਮਝਾਈਆ । ਸਤਿਜੁਗ ਚੁੱਕੇ ਕੋਇ ਨਾ ਅਰਥੀ, ਅਥਵਾ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰੀ ਸਾਚੀ ਮਾਇਆ, ਆਪਣੀ ਬਰਸੀ ਉਤੇ ਲਗਾਈਆ । ਅੱਧੀ ਮਾਇਆ ਛੱਬੀ ਪੋਹ, ਜਨ ਭਗਤਾਂ ਭੋਜਨ ਆਪ ਛਕਾਇੰਦਾ । ਅੱਧੀ ਮਾਇਆ ਬਸਤਰ ਢੋ, ਢੋਆ ਚੰਦਨ ਆਪ ਮਹਿਕਾਇੰਦਾ । ਜਗਤ ਵਿਚੋਲਾ ਆਪੇ ਹੋ, ਸਾਚੀ ਸੇਵ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪ ਬਣਾਇੰਦਾ । ਗੁਰਮੁਖ ਮਾਇਆ ਬਣੇ ਸਿੰਘਾਸਣ, ਸੰਖ ਆਪਣੇ ਹੱਥ ਰਖਾਈਆ । ਕਰੇ ਖੇਲ ਸ਼ਾਹੋ ਸ਼ਾਬਾਸ਼ਨ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਜਨਮ ਜਨਮ ਦੀ ਪੂਰੀ ਕਰੇ ਆਸਨ, ਆਸ਼ਾ ਮਨਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮਾਇਆ ਅੱਧ ਅੱਧ ਹਿੱਸਾ ਵੇਖੇ ਚਾਈਂ ਚਾਈਂਆ ।



★ ੨੪ ਮੱਘਰ ੨੦੧੮ ਬਿਕਰਮੀ ਕੁੰਦਨ ਸਿੰਘ, ਪ੍ਰੀਤਮ ਸਿੰਘ ਦੇ ਨਵਿਤ ਜੇਠੂਵਾਲ, ★

ਸੋ ਪੁਰਖ ਨਿਰੰਜਣ ਚੜ੍ਹਿਆ ਚਾਅ, ਚਾਓ ਘਨੇਰਾ ਇਕ ਰਖਾਈਆ । ਹਰਿ ਪੁਰਖ ਨਿਰੰਜਣ ਵੇਸ ਵਟਾ, ਹਰਿ ਜੂ ਆਪਣੀ ਖੇਲ ਕਰਾਈਆ । ਏਕੰਕਾਰਾ ਫੇਰਾ ਪਾ, ਨਿਰਗੁਣ ਨਿਰਵੈਰ ਸੇਵ ਕਮਾਈਆ । ਆਦਿ ਨਿਰੰਜਣ ਜੋਤ ਜਗਾ, ਨੂਰ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਢੋਲਾ ਗਾ, ਜਨ ਭਗਤਾਂ ਰਿਹਾ ਸੁਣਾਈਆ । ਸ੍ਰੀ ਭਗਵਾਨ ਨਿਸ਼ਾਨ ਝੁਲਾ, ਦੋ ਜਹਾਨ ਦਏ ਵਡਿਆਈਆ । ਪਾਰਬ੍ਰਹਮ ਬ੍ਰਹਮ ਮੇਲ ਮਿਲਾ, ਆਪਣਾ ਰੰਗ ਰੰਗਾਈਆ । ਸਚ ਸਿੰਘਾਸਣ ਇਕ ਸੁਹਾ, ਸਚਖੰਡ ਦਏ ਵਡਿਆਈਆ । ਥਿਰ ਘਰ ਆਪਣਾ ਰਾਗ ਅਲਾ, ਸ਼ਬਦੀ ਨਾਦ ਸੁਣਾਈਆ । ਕਰੇ ਖੇਲ ਬੇਪਰਵਾਹ, ਦੀਨਨ ਆਪਣੀ ਦਇਆ ਕਮਾਈਆ । ਆਦਿ ਜੁਗਾਦੀ ਇਕ ਮਲਾਹ, ਜੁਗ ਕਰਤਾ ਵੇਸ ਵਟਾਈਆ । ਆਪਣੀ ਕਰ ਕੇ ਆਇਆ ਸਚ ਸਲਾਹ, ਸੁਲਹਕੁਲ ਸੱਚਾ ਸ਼ਹਿਨਸ਼ਾਹੀਆ । ਲੋਕਮਾਤ ਪਰਗਟੌਣਾ ਸਾਚਾ ਨਾਂ, ਜਨ ਭਗਤ ਨਾਉਂ ਰਖਾਈਆ । ਲੇਖਾ ਜਾਣੇ ਹੰਸ ਕਾਂ, ਕਾਗ ਹੰਸ ਵੇਖ ਵਖਾਈਆ । ਨਿਰਗੁਣ ਸਰਗੁਣ ਪਕੜੇ ਬਾਂਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵ ਆਪ ਕਮਾਈਆ । ਸੋ ਪੁਰਖ ਨਿਰੰਜਣ ਚੜ੍ਹਿਆ ਰੰਗ, ਰੰਗ ਰੰਗੀਲਾ ਵੇਖ ਵਖਾਇੰਦਾ । ਹਰਿ ਪੁਰਖ ਨਿਰੰਜਣ ਵੇਖੇ ਅਨੰਦ, ਅਨੰਦ ਮੰਗਲ

ਆਪੇ ਗਾਇੰਦਾ । ਏਕੰਕਾਰਾ ਖ਼ੁਸ਼ੀ ਬੰਦ ਬੰਦ, ਦਰ ਘਰ ਸਾਚੇ ਸੋਭਾ ਪਾਇੰਦਾ । ਆਦਿ ਨਿਰੰਜਣ ਚੜ੍ਹਿਆ ਚੰਦ, ਜੋਤੀ ਜਾਤਾ ਹਰਿ ਪਰਗਟਾਇੰਦਾ । ਸ੍ਰੀ ਭਗਵਾਨ ਗਾਏ ਛੰਦ, ਅਬਿਨਾਸ਼ੀ ਕਰਤਾ ਰਾਗ ਅਲਾਇੰਦਾ । ਪਾਰਬ੍ਰਹਮ ਪ੍ਰਭ ਮੇਟਿਆ ਪੰਧ, ਬ੍ਰਹਮ ਆਪਣੀ ਗੋਦ ਬਹਾਇੰਦਾ । ਜੁਗ ਚੌਕੜੀ ਖੰਡ ਖੰਡ, ਏਕਾ ਖੰਡਾ ਨਾਮ ਚਮਕਾਇੰਦਾ । ਆਦਿ ਜੁਗਾਦੀ ਕਰ ਕਰ ਵੰਡ, ਵੰਡਣ ਸਾਚੀ ਵੇਖ ਵਖਾਇੰਦਾ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਰਖਾਇੰਦਾ । ਸੋ ਪੁਰਖ ਨਿਰੰਜਣ ਸੁਣਾਏ ਰਾਗ, ਅਨਰਾਗੀ ਆਪ ਸੁਣਾਈਆ । ਹਰਿ ਪੁਰਖ ਨਿਰੰਜਣ ਇਕ ਵੈਰਾਗ, ਭਗਤ ਵਿਛੋੜਾ ਸਹਿ ਨਾ ਸਕੇ ਰਾਈਆ । ਏਕੰਕਾਰਾ ਸ੍ਰਿਸ਼ਟ ਸਬਾਈ ਕਰ ਤਿਆਗ, ਹਰਿ ਸੰਗਤ ਲਏ ਮਿਲਾਈਆ । ਆਦਿ ਨਿਰੰਜਣ ਗਿਆ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਗੁਰਮੁਖ ਬਣਾਏ ਸੱਜਣ ਸਾਕ, ਨਾਤਾ ਬਿਧਾਤਾ ਇਕ ਰਖਾਈਆ । ਸ੍ਰੀ ਭਗਵਾਨ ਖੋਲ੍ਹਿਆ ਤਾਕ, ਦੋ ਜਹਾਨ ਵੱਜੀ ਵਧਾਈਆ । ਪਾਰਬ੍ਰਹਮ ਬ੍ਰਹਮ ਦਿਤਾ ਸਾਥ, ਆਪ ਆਪਣੀ ਗੋਦ ਬਹਾਈਆ । ਜੁਗ ਜੁਗ ਸੁਣੌਂਦਾ ਆਇਆ ਪੂਜਾ ਪਾਠ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਸਮਝਾਈਆ । ਸੋ ਪੁਰਖ ਨਿਰੰਜਣ ਖ਼ੁਸ਼ੀ ਮਨਾ, ਘਰ ਸਾਚੇ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਹਰਿ ਭਗਤ ਆਪਣਾ ਭੇਵ ਦਏ ਜਣਾ, ਜਾਨਣਹਾਰ ਆਪ ਹੋ ਆਇੰਦਾ । ਏਕੰਕਾਰਾ ਏਕਾ ਘਰ ਵਖਾ, ਦੂਈ ਦਵੈਤੀ ਪਰਦਾ ਲਾਹਿੰਦਾ । ਆਦਿ ਨਿਰੰਜਣ ਸਗਨ ਮਨਾ, ਘਰ ਸਾਚੇ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਸਚ ਸਿੰਘਾਸਣ ਰਿਹਾ ਡਾਹ, ਬਣ ਬਣ ਸੇਵਕ ਸੇਵ ਕਮਾਇੰਦਾ । ਜਨ ਭਗਤਾਂ ਮਾਤ ਦਏ ਵਡਿਆ, ਸ੍ਰੀ ਭਗਵਾਨ ਸਿਰ ਆਪਣਾ ਹੱਥ ਰਖਾਇੰਦਾ । ਪਾਰਬ੍ਰਹਮ ਬ੍ਰਹਮ ਲਏ ਮਿਲਾ, ਮੇਲਣਹਾਰ ਆਪ ਹੋ ਜਾਇੰਦਾ । ਜੁਗ ਚੌਕੜੀ ਖੇਲ ਰਿਹਾ ਖਿਲਾ, ਆਪਣਾ ਭੇਵ ਨਾ ਕਿਸੇ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾ, ਕਰੋੜ ਤਤੀਸਾ ਆਪ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਕਮਾਇੰਦਾ । ਸਾਚੀ ਸੇਵਾ ਆਪੇ ਕਰ ਕਰ, ਹਰਿ ਕਰਤਾ ਵੇਖ ਵਖਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਲੋਕਮਾਤ ਔਂਦਾ ਰਿਹਾ ਡਰ ਡਰ, ਆਪਣਾ ਮੁਖ ਛੁਪਾਈਆ । ਸ਼ਾਹ ਪਾਤਸ਼ਾਹ ਨਾ ਸਕੇ ਕੋਈ ਫੜ, ਫੜ ਫੜ ਦਏ ਸਜ਼ਾਈਆ । ਕਲਜੁਗ ਅੰਤਮ ਨਿਰਗੁਣ ਆਪਣਾ ਘਾੜਨ ਘੜ ਘੜ, ਸਰਗੁਣ ਲੇਖ ਮੁਕਾਈਆ । ਸਚਖੰਡ ਮਹੱਲੇ ਆਪੇ ਚੜ੍ਹ ਚੜ੍ਹ, ਚੜ੍ਹਦੀ ਕਲਾ ਆਪ ਜਣਾਈਆ । ਆਪਣਾ ਨਾਉਂ ਅੱਖਰ ਆਪੇ ਪੜ੍ਹ ਪੜ੍ਹ, ਪਿਛਲੀ ਭੁੱਲੇ ਸਰਬ ਪੜ੍ਹਾਈਆ । ਭਗਤ ਭਗਵਾਨ ਬੰਨ੍ਹੇ ਲੜ ਲੜ, ਏਕਾ ਪੱਲੂ ਰਿਹਾ ਵਖਾਈਆ । ਜੁਗ ਚੌਕੜੀ ਸਾਰੇ ਮੰਨਦੇ ਰਹੇ ਹਰਿ ਹਰਿ, ਹਰਿ ਹਰਿ ਪੂਜਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਕਲਜੁਗ ਅੰਤਮ ਆਪ ਕਰਾਈਆ । ਜੁਗ ਚੌਕੜੀ ਸਭ ਨੂੰ ਦੇਂਦਾ ਰਿਹਾ ਲਾਰਾ, ਆਪਣਾ ਭੇਵ ਨਾ ਕਿਸੇ ਖੁਲ੍ਹਾਈਆ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸਰਬ ਪੁਕਾਰਾ, ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਜੁਗ ਜੁਗ ਖੇਲ ਹਰਿ ਨਿਰੰਕਾਰਾ, ਨਿਰਗੁਣ ਆਪ ਕਰਾਇੰਦਾ । ਜੁਗ ਚੌਕੜੀ ਹੋ ਉਜਿਆਰਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੋਟਨ ਵਾਰ

ਕੀਤਾ ਪਾਰ ਕਿਨਾਰਾ, ਕੋਟਨ ਕੋਟ ਰੂਪ ਵਟਾਇੰਦਾ । ਨਵ ਨੌਂ ਚਾਰ ਮਾਰੇ ਮਾਰਾ, ਮਾਰਨਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਪੂਰਬ ਆਪ ਜਣਾਈਆ । ਨਾਮੇ ਦਿਤਾ ਏਕਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਦੇਹੁਰਾ ਫੇਰਿਆ ਹਰਿ ਜੂ ਆਣ, ਪੰਡਤ ਪਾਂਧੇ ਮੁਖ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਆਪਣਾ ਭੇਵ ਆਪੇ ਦੱਸ, ਹਰਿ ਜੂ ਖੇਲ ਕਰਾਇੰਦਾ । ਭਗਤਾਂ ਅੰਤਰ ਰਿਹਾ ਵਸ, ਦਿਸ ਕਿਸੇ ਨਾ ਆਇੰਦਾ । ਜੁਗ ਜੁਗ ਕਰੇ ਪੂਰੀ ਆਸ, ਜਗਤ ਤ੍ਰਿਸ਼ਨਾ ਮੋਹ ਚੁਕਾਇੰਦਾ । ਸ਼ਰਨ ਸ਼ਰਨਾਈ ਕਰੇ ਦਾਸ, ਦਾਸੀ ਦਾਸ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਸੋਭਾ ਪਾਇੰਦਾ । ਦਰ ਘਰ ਸਾਚਾ ਹਰਿ ਮਿਹਰਵਾਨ, ਏਕਾ ਏਕ ਸੁਹਾਈਆ । ਨਾਮੇ ਮਿਲਿਆ ਬੀਠਲੋ ਕਾਹਨ, ਰੂਪ ਅਨੂਪ ਦਏ ਦਰਸਾਈਆ । ਮੋਈ ਗਾਂਏ ਜਵਾਈ ਆਣ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗਾਂਏ ਜਵਾਲ ਨਾ ਮਿਟੀ ਤਰਾਸ, ਤ੍ਰਿਸ਼ਨਾ ਮੇਰੀ ਨਾ ਕੋਇ ਬੁਝਾਈਆ । ਨਾਮਾ ਮੰਗੇ ਤੇਰਾ ਸਾਥ, ਵਿਛੋੜਾ ਝੱਲ ਨਾ ਸਕੇ ਰਾਈਆ । ਅਗਨੀ ਜਲ ਅੰਤਮ ਕਾਠ, ਪੰਜ ਤੱਤ ਰਹਿਣ ਨਾ ਪਾਈਆ । ਨਾ ਕੋਈ ਦੇਹੁਰਾ ਨਾ ਕੋਈ ਮਾਠ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟ ਸਬਾਈ ਦਿਸੇ ਭੱਠ, ਖੇੜਾ ਰਿਹਾ ਨਾ ਕੋਇ ਵਸਾਈਆ । ਮੇਰਾ ਪੂਰਾ ਕਰਦੇ ਘਾਟ, ਮੈਂ ਇਕੋ ਓਟ ਤਕਾਈਆ । ਮੈਂ ਨਿਤ ਨਿਤ ਤੱਕਾਂ ਤੇਰੀ ਵਾਟ, ਨੇਤਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਨਿਭਾਈਆ । ਨਾਮੇ ਘਰ ਆਇਆ ਹਰਿ ਬਾਲ, ਬਾਲੀ ਬੁੱਧ ਵਖਾਈਆ । ਇਕ ਕਟੋਰਾ ਦੁੱਧ ਪਿਆਲ, ਦੋਧੀ ਦੰਦੀ ਰਿਹਾ ਸਮਝਾਈਆ । ਮੇਰੀ ਕਰਨੀ ਸਦਾ ਪ੍ਰਿਤਪਾਲ, ਮੈਂ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਨਾਮੇ ਦੁੱਧ ਦਿਤਾ ਕਟੋਰਾ, ਕੁਟੀਆ ਆਪ ਸੁਹਾਇੰਦਾ । ਮੈਂ ਤੇਰਾ ਤੂੰ ਹੋਇਆ ਮੋਰਾ, ਭੇਵ ਭਾਉ ਨਾ ਕੋਇ ਜਣਾਇੰਦਾ । ਮੈਨੂੰ ਸੋਹਣਾ ਲੱਗਾ ਬਾਂਕਾ ਛੋਹਰਾ, ਨੰਨੀ ਨੰਨੀ ਗੁਫ਼ਤਾਰ ਸੁਣਾਇੰਦਾ । ਮੈਂ ਬਣਨ ਵਾਲਾ ਤੇਰਾ ਘੋੜਾ, ਆਪਣੀ ਪੀਠ ਤੋਹੇ ਉਠਾਇੰਦਾ । ਤੇਰਾ ਮੇਰਾ ਜੁੜਿਆ ਜੋੜਾ, ਪੁੱਤਰ ਧੀ ਨਾ ਮੰਗ ਮੰਗਾਇੰਦਾ । ਤੁਧ ਬਿਨ ਹੋਰ ਨਾ ਕੋਈ ਲੋੜਾ, ਦਰ ਇਕੋ ਤੇਰਾ ਸੁਹਾਇੰਦਾ । ਜੇ ਨਹੀਂ ਮਿਲਣਾ ਜਵਾਬ ਦੇ ਦੇ ਕੋਰਾ, ਵਲ ਛਲ ਨਾ ਕੋਇ ਰਖਾਇੰਦਾ । ਤੇਰੀ ਮੇਰੀ ਇਕੋ ਡੋਰਾ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਤੇਰੇ ਉਤੇ ਮੇਰਾ ਜ਼ੋਰਾ, ਤੇਰਾ ਜ਼ੋਰ ਮੇਰਾ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਖਾਇੰਦਾ । ਨਾਮੇ ਰੰਗਾ ਰੰਗ ਗੁਲਾਲਾ, ਹਰਿ ਜੂ ਆਖ ਸੁਣਾਈਆ । ਜੁਗਾ ਜੁਗੰਤਰ ਅਵਲੜੀ ਚਾਲਾ, ਮੇਰਾ ਭੇਵ ਕੋਇ ਨਾ ਪਾਈਆ । ਜਨ ਭਗਤਾਂ ਪਿਛੇ ਹੋ ਹੋ ਫਿਰਾਂ ਬੇਹਾਲਾ, ਬੇਹਬਲ ਆਪਣਾ ਰੂਪ ਵਟਾਈਆ । ਆਪਣਾ ਕਰ ਕੇ ਲੋਕਮਾਤ ਮੂੰਹ ਕਾਲਾ, ਜਨ ਭਗਤਾਂ ਉਜਲ ਦਿਆਂ ਕਰਾਈਆ । ਨਾਮੇ ਤੇਰੀ ਬਣਾਵਾਂ ਸੱਚੀ ਪਾਠਸ਼ਾਲਾ, ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਰਿਹਾ ਜਣਾਈਆ । ਨਾਮਾ ਕਹੇ ਸੁਣ ਛੋਟੇ ਬਾਲੇ, ਬਾਲੀ ਬੁੱਧ ਤੇਰੀ ਵਡਿਆਈਆ । ਕਿਸ ਬਿਧ ਬਣੇ ਮੇਰੀ ਧਰਮਸਾਲੇ, ਕਵਣ ਬਾਡੀ ਦਏ ਬਣਾਈਆ । ਇੱਟਾਂ

੧੮੫ ੧੧

ਗਾਰਾ ਨਾ ਕੋਈ ਸ਼ਹਿਤੀਰ ਬਾਲੇ, ਸੇਵਕ ਕੋਇ ਨਜ਼ਰ ਨਾ ਆਈਆ । ਪਿਉ ਪੁੱਤ ਅਸੀਂ ਦੋਵੇਂ ਕੰਗਾਲੇ, ਧੰਨ ਦੌਲਤ ਨਾ ਕੋਇ ਰਖਾਈਆ । ਕੌਣ ਨਾਮੇ ਪਿਛੇ ਘਾਲਣ ਘਾਲੇ, ਮੇਰੀ ਛੱਪਰੀ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੁੱਠ ਕੇ ਨਾਮੇ ਕੋਲੋਂ ਪੱਲਾ ਛੁਡਾਈਆ । ਪੁਰਖ ਅਬਿਨਾਸ਼ੀ ਨਿਰਗੁਣ ਰੁੱਠ, ਸਰਗੁਣ ਮੁਖ ਭੁਵਾਇਆ । ਮੈਂ ਫਿਰ ਕੇ ਆਵਾਂ ਚਾਰੇ ਕੁੰਟ, ਦਹਿ ਦਿਸ਼ਾ ਵੇਖ ਵਖਾਇਆ । ਕੋਈ ਸਾਹਿਬ ਜੇ ਪਏ ਤੁਠ, ਤੇਰਾ ਛੱਪਰ ਦਏ ਬਣਾਇਆ । ਤੇਰੇ ਕੋਲ ਨਾ ਆ ਕੇ ਮਾਰਾਂ ਝੂਠ, ਸਚ ਸਚ ਦਿਆਂ ਸੁਣਾਇਆ । ਤੇਰਾ ਲੇਖੇ ਲਾਵਾਂ ਦੁੱਧ ਪੀਤਾ ਘੁੱਟ, ਸੀਰ ਤਕਸੀਰ ਨਾਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮੇ ਕੋਲੋਂ ਮੁਖ ਛੁਪਾਇਆ । ਨਾਮਾ ਰਾਤਰੀ ਗਿਆ ਸੌਂ, ਨੀਂਦਰ ਨੈਣਾਂ ਵਿਚ ਆਈਆ । ਪੁਰਖ ਅਬਿਨਾਸ਼ੀ ਦਰ ਦੁਆਰੇ ਰਿਹਾ ਭੌਂ, ਦਿਸ ਕਿਸੇ ਨਾ ਆਈਆ । ਭਗਤ ਵਡਿਆਈ ਹਰਿ ਕਾ ਗੌਂ, ਬਿਨ ਭਗਤ ਹਰਿ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੈਣ ਸਾਚੀ ਸੇਵ ਕਮਾਈਆ । ਪੁਰਖ ਅਬਿਨਾਸ਼ੀ ਇਕੋ ਰਾਤ, ਆਪਣੇ ਲੇਖੇ ਪਾਇੰਦਾ । ਭਗਤ ਦੇਵੇ ਸਾਚੀ ਦਾਤ, ਵੰਡਣਹਾਰਾ ਆਪ ਵੰਡਾਇੰਦਾ । ਆਪਣੀ ਉਤਮ ਕਰੀ ਜ਼ਾਤ, ਭਗਤਾਂ ਨਾਮ ਸਲਾਹਿੰਦਾ । ਬਹੱਤਰ ਵਾਰ ਕਰਾਮਾਤ, ਨਿਹਕਰਮੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪਣੇ ਹੱਥ ਰਖਾਇੰਦਾ । ਇਕੋ ਰਾਤ ਬਹੱਤਰ ਰੂਪ, ਪਾਰਬ੍ਰਹਮ ਵਟਾਈਆ । ਨਾਮੇ ਕਾਰਜ ਕਰਿਆ ਸੂਤ, ਛੱਪਰ ਛੰਨ ਸੁਹਾਈਆ । ਆਪੇ ਤਾਣਾ ਪੇਟਾ ਸੂਤ, ਆਪੇ ਕਪੜ ਰਿਹਾ ਹੰਢਾਈਆ । ਆਪੇ ਪਿਤਾ ਆਪ ਪੂਤ, ਆਪੇ ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਛੱਪਰੀ ਦਏ ਬਣਾਈਆ । ਸਾਚੀ ਛੱਪਰੀ ਬਣੀ ਛੰਨ, ਸੰਸਾ ਹਰਿ ਚੁਕਾਇਆ । ਨਾਮਾ ਮਨ ਗਿਆ ਮੰਨ, ਮਨ ਮਨਸਾ ਮੋਹ ਮਿਟਾਇਆ । ਧੰਨ ਭਾਗ ਮੇਰਾ ਸਾਹਿਬ ਗਿਆ ਮੰਨ, ਸਿਰ ਮੇਰੇ ਹੱਥ ਟਿਕਾਇਆ । ਪੁਰਖ ਅਬਿਨਾਸ਼ੀ ਅੱਗੋਂ ਰਾਗ ਸੁਣਾਇਆ ਇਕੋ ਕੰਨ, ਅਨਾਦੀ ਨਾਦ ਅਲਾਇਆ । ਬਹੱਤਰ ਨਾੜ ਕਰ ਪਰਕਾਸ਼, ਚੜ੍ਹਾਇਆ ਚੰਨ, ਨੂਰੋ ਨੂਰ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਨਾਮਾ ਅੱਗੇ ਕਰੇ ਸਵਾਲ, ਸੁਣ ਸੱਜਣ ਮੇਰੇ ਮੀਤ । ਕਿਸ ਬਿਧ ਖੇਲ ਕਰੀ ਕਮਾਲ, ਮੇਰੀ ਪਰਖ ਨਾ ਸਕੇ ਨੀਤ । ਕਵਣ ਰੂਪ ਬਣ ਦਲਾਲ, ਸਾਚੀ ਵਸਤ ਲਿਆਂਦੀ ਖ਼ਰੀਦ । ਕਵਣ ਬਾਢੀ ਕਰ ਤਿਆਰ, ਚਾਰ ਕੁੰਟ ਰਖਾਈ ਸੀਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਤੇਰੀ ਕਰਾਂ ਓਹੋ ਦੀਦ । ਆਪਣਾ ਰੂਪ ਦੱਸ ਨਿਰੰਕਾਰ, ਜਿਸ ਬਿਧ ਮੇਰੀ ਛੱਪਰ ਛੁਹਾਈਆ । ਜੇ ਨਾ ਦੱਸੇਂ ਰੋਵਾਂ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਰਾਤੀਂ ਸੁਤਿਆਂ ਕੀਤਾ ਪਿਆਰ, ਨੇਤਰ ਨੈਣ ਨਜ਼ਰ ਨਾ ਆਈਆ । ਮੈਂ ਚਾਹੁੰਦਾ ਤੇਰਾ ਵੇਖਾਂ ਸਚ ਵਿਹਾਰ, ਜਿਸ ਕਾਰਨ ਭਗਤਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਖੁਲ੍ਹਾਈਆ । ਮੇਰਾ ਭੇਵ ਨਾ ਪੁੱਛ ਬਾਲ, ਹਰਿ ਸਤਿਗੁਰ ਆਪ ਸੁਣਾਇੰਦਾ । ਸਭ ਦੇ ਸਿਰ ਤੇ ਕੂਕੇ ਕਾਲ, ਜੋ ਘੜਿਆ ਭੰਨ ਵਿਖਾਇੰਦਾ । ਜਨ ਭਗਤਾਂ ਪਿਛੇ ਘਾਲਣ ਘਾਲ, ਆਪਣੀ ਸੇਵ ਕਮਾਇੰਦਾ । ਨਿਰਗੁਣ ਸਰਗੁਣ ਬਣ ਦਲਾਲ, ਨਾਮ ਦਲਾਲੀ ਇਕ ਰਖਾਇੰਦਾ । ਲੇਖਾ ਜਾਣ ਸ਼ਾਹ ਕੰਗਾਲ, ਸਭ ਦਾ ਲਹਿਣਾ ਝੋਲੀ ਪਾਇੰਦਾ । ਤੇਰੇ ਮੰਦਰ ਦੀਪਕ ਦਿਤਾ ਬਾਲ, ਲੋਕਮਾਤ

ਨਾ ਕੋਇ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਛੁਪਾਇੰਦਾ । ਨਾਮੇ ਅੱਗੋਂ ਕਰ ਲਈ ਜ਼ਿਦ, ਇਕੋ ਮੰਗ ਮੰਗਾਈਆ । ਆਪਣੇ ਮਿਲਣ ਦੀ ਦੱਸ ਦੇ ਬਿਧ, ਕਵਣ ਬਿਧ ਲਏਂ ਮਿਲਾਈਆ । ਕਵਣ ਰੂਪ ਕਾਰਜ ਕੀਤਾ ਸਿਧ, ਕਰਤਾ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਖੁਲ੍ਹਾਈਆ । ਮੇਰਾ ਭੇਵ ਨਾ ਜਾਣੇ ਕੋਇ, ਹਰਿ ਹਰਿ ਆਖ ਸੁਣਾਇੰਦਾ । ਨਿਰਗੁਣ ਰੂਪ ਹਰ ਘਟ ਸੋਏ, ਨੇਤਰ ਨੈਣ ਨਜ਼ਰ ਨਾ ਆਇੰਦਾ । ਲੱਖ ਚੁਰਾਸੀ ਫੜ ਫੜ ਕੋਹੇ, ਜੋ ਘੜਿਆ ਭੰਨ ਵਖਾਇੰਦਾ । ਜਨ ਭਗਤਾਂ ਜੁਗ ਜੁਗ ਦੇਵੇ ਢੋਏ, ਵਸਤ ਅਮੋਲਕ ਝੋਲੀ ਪਾਇੰਦਾ । ਸਾਚਾ ਬੀਜ ਸਤਿ ਸਤਿਵਾਦੀ ਆਪੇ ਬੋਏ, ਫੁਲ ਫਲਵਾੜੀ ਆਪ ਮਹਿਕਾਇੰਦਾ । ਆਪਣੇ ਜਿਹਾ ਆਪੇ ਹੋਏ, ਦੂਸਰ ਸੰਗ ਨਾ ਕੋਇ ਰਲਾਇੰਦਾ । ਗੁਰ ਅਵਤਾਰ ਦੇ ਦੇ ਗਏ ਘੋਏ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਕਰ ਕਿਰਪਾ ਜਿਸ ਮੁਖ ਅੰਮ੍ਰਿਤ ਚੋਏ, ਤਿਸ ਸਾਂਤਕ ਸਤਿ ਕਰਾਇੰਦਾ । ਅੰਤਮ ਸਾਰੇ ਗਏ ਰੋਏ, ਨੇਤਰ ਨੈਣਾਂ ਨੀਰ ਵਖਾਇੰਦਾ । ਕੋਈ ਬਣਨ ਮਾਲਕ ਤ੍ਰੈ ਤ੍ਰੈ ਲੋਏ, ਤ੍ਰਲੋਕੀ ਨਾਥ ਸੋਭਾ ਪਾਇੰਦਾ । ਕੋਈ ਅਠਸਠ ਮੁਖੜਾ ਰਿਹਾ ਧੋਏ, ਨੇਤਰ ਗਿਆਨ ਨਾ ਕੋਇ ਖੁਲ੍ਹਾਇੰਦਾ । ਕੋਈ ਮੰਦਰ ਮਸਜਿਦ ਮੱਠ ਬੈਠੇ ਬੂਹੇ ਢੋਏ, ਅੰਧ ਅੰਧੇਰ ਨਾ ਕੋਇ ਮਿਟਾਇੰਦਾ । ਕੋਈ ਸ਼ਰਅ ਸ਼ਰੀਅਤ ਡੁੱਬੇ ਡੂੰਘੇ ਖੂਹੇ, ਪਾਰ ਕਿਨਾਰਾ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਤੱਤ ਆਪ ਜਣਾਇੰਦਾ । ਨਾਮੇ ਸੁਣ ਲਾ ਸਾਚਾ ਤੱਤ, ਹਰਿ ਤੱਤਵ ਆਪ ਜਣਾਇਆ । ਮੇਰੀ ਸਿਖਿਆ ਬ੍ਰਹਮ ਮਤ, ਪਾਰਬ੍ਰਹਮ ਮਿਲਾਇਆ । ਮੇਰੀ ਬਿੰਦ ਸਾਚੀ ਰੱਤ, ਭਗਤ ਨਾਉਂ ਵਡਿਆਇਆ । ਜੁਗ ਜੁਗ ਰੱਖਾਂ ਮਾਤ ਪਤ, ਸਿਰ ਆਪਣਾ ਹੱਥ ਟਿਕਾਇਆ । ਆਪਣੇ ਖ਼ਜ਼ਾਨੇ ਲਵਾਂ ਘੱਤ, ਦੂਸਰ ਹੱਟ ਨਾ ਕਿਸੇ ਵਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਛੁਪਾਇਆ । ਨਾਮਾ ਕਹੇ ਜੇ ਤੇਰਾ ਭਗਤ, ਕਿਉਂ ਪਰਦਾ ਰਿਹਾ ਰਖਾਈਆ । ਜੇ ਬਾਲਕ ਮੈਂ ਤੇਰੀ ਰਕਤ, ਕਿਉਂ ਪੂੰਜੀ ਰਿਹਾ ਛੁਪਾਈਆ । ਹੁਣ ਮਿਲਿਆ ਫੇਰ ਸ਼ਾਇਦ ਲੱਭੇ ਨਾ ਵਕਤ, ਬਿਨ ਪੁੱਛਿਆਂ ਜਾਣ ਨਾ ਦੇਈਆ । ਤੂੰ ਵਲ ਛਲ ਕਰ ਕੇ ਭੁਲਾਇਆ ਸਾਰਾ ਜਗਤ, ਤੇਰਾ ਭਗਤ ਤੇਰੀ ਬੈਠਾ ਓਟ ਤਕਾਈਆ । ਤੂੰ ਆਪਣੀ ਦੱਸ ਦੇ ਹਰਕਤ, ਜਿਸ ਬਿਧ ਮੇਰੀ ਛੱਪਰੀ ਛਾਈਆ । ਮੈਂ ਜਾਣਾਂ ਸਾਰੀ ਤੇਰੀ ਬਰਕਤ, ਤੇਰੇ ਹੱਥ ਵਡੀ ਵਡਿਆਈਆ । ਕਿਸ ਕਾਰਨ ਘੜੀ ਘੜਤ, ਘੜ ਘੜ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਜਣਾਈਆ । ਸ੍ਰੀ ਭਗਵਾਨ ਕਹੇ ਸੁਣ ਨਾਮੇ, ਇਕੋ ਸ਼ਬਦ ਸੁਣਾਇਆ । ਤੇਰੇ ਘਰ ਹੁਣ ਬਣਿਆ ਸੇਵ ਕਮਾਈ ਵਾਂਗ ਕਾਮੇ, ਜਗਤ ਮਜ਼ੂਰੀ ਨਾ ਕੋਇ ਰਖਾਈਆ । ਤੇਰੇ ਰਾਤੀਂ ਸੁਤਿਆਂ ਧਾਰੇ ਬਹੱਤਰ ਜਾਮੇ, ਦਰ ਤੇਰੇ ਸੇਵ ਕਮਾਈਆ । ਖ਼ੁਸ਼ੀ ਖ਼ੁਸ਼ੀ ਗਾਉਂਦਾ ਰਿਹਾ ਗਾਣੇ, ਆਪਣਾ ਗੀਤ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਰਿਹਾ ਸਮਝਾਈਆ । ਬਹੱਤਰ ਜਾਮੇ ਵੇਸ ਵਟਾਇਆ, ਏਕਾ ਰੈਣ ਮਿਲੀ ਵਡਿਆਈਆ । ਭਿੰਨੜੀ ਰੈਣ ਰੰਗ ਚੜ੍ਹਾਇਆ, ਘਰ ਸਾਚੇ ਵੱਜੇ ਵਧਾਈਆ । ਸਚਖੰਡ ਨਿਵਾਸੀ ਸੇਵ ਕਮਾਇਆ, ਲੋਕਮਾਤ ਫੇਰਾ ਪਾਈਆ । ਨੇਤਰ ਨੈਣਾਂ ਕਿਸੇ ਦਿਸ ਨਾ ਆਇਆ, ਬੈਠਾ ਮੁਖ ਛੁਪਾਈਆ । ਤੇਰੀ ਛੱਪਰੀ ਰਿਹਾ ਬਣਾਇਆ, ਸੀਸ ਮਹੱਲ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਆਪਣਾ ਭੇਵ ਰਿਹਾ ਸਮਝਾਈਆ । ਨਾਮਾ ਕਹੇ ਮੈਂ ਪੜ੍ਹੇ ਵੇਦ ਪੁਰਾਨ, ਸ਼ਾਸਤਰ ਸਿਮਰਤ ਖੋਜ ਖੁਜਾਇਆ । ਕਿਸੇ ਵਿਚੋਂ ਮਿਲਿਆ ਨਾ ਤੇਰਾ ਕੋਈ ਨਿਸ਼ਾਨ, ਰੂਪ ਰੰਗ ਨਜ਼ਰ ਨਾ ਆਇਆ । ਅੱਖਰ ਕਹਿਣ ਸ੍ਰੀ ਭਗਵਾਨ, ਅੰਗ ਅੰਗ ਨਾਲ ਮਿਲਾਇਆ । ਪੜ੍ਹ ਪੜ੍ਹ ਥੱਕੀ ਮੇਰੀ ਜ਼ਬਾਨ, ਮਾਪਿਆਂ ਜ਼ਬਰਦਸਤੀ ਪੜ੍ਹਾਇਆ । ਅੱਜ ਸੁਣੀ ਤੇਰੀ ਕਲਾਮ, ਕਲਮਾ ਇਕੋ ਮੋਹੇ ਭਾਇਆ । ਨਾਮੇ ਮਿਲਿਆ ਤੇਰਾ ਨਾਮ, ਨਾਮਾ ਤੇਰੇ ਰੰਗ ਸਮਾਇਆ । ਤੇਰੇ ਦਰਸ ਪੀਤਾ ਜਾਮ, ਤ੍ਰਿਸ਼ਨਾ ਭੁੱਖ ਰਹੇ ਨਾ ਰਾਇਆ । ਮੈਂ ਬਰਦਾ ਤੇਰਾ ਗ਼ੁਲਾਮ, ਸਦ ਤੇਰੀ ਸੇਵ ਕਮਾਇਆ । ਮੈਂ ਵੇਖਾਂ ਤੇਰਾ ਸਚ ਨਜ਼ਾਮ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਾਰਗ, ਰਿਹਾ ਸਮਝਾਇਆ । ਨਾਮੇ ਮੇਰੀ ਮਹਿੰਮਾ ਛੱਤੀ ਰਾਗ, ਮਿਲ ਮਿਲ ਮੰਗਲ ਗਾਈਆ । ਇਕੋ ਇਕ ਸਰਬ ਵੈਰਾਗ, ਵੈਰਾਗੀ ਇਕ ਰਖਾਈਆ । ਗਾ ਗਾ ਕੋਈ ਨਾ ਕਰੇ ਤਿਆਗ, ਤ੍ਰੈਗੁਣ ਸਭ ਦੇ ਉਪਰ ਪਾਈਆ । ਜਨ ਭਗਤਾਂ ਸੁਣੇ ਆਪ ਫ਼ਰਿਆਦ, ਫ਼ਰਜ਼ ਜੁਰਮ ਨਾ ਕੋਇ ਰਖਾਈਆ । ਲੇਖਾ ਜਾਣੇ ਜੁਗਾਦਿ ਆਦਿ, ਜੁਗ ਜੁਗ ਆਪਣਾ ਵੇਸ ਵਟਾਈਆ । ਸੁਰਸਤੀ ਸੁਤ ਨਾਰਦ ਵਜਾਇਆ ਨਾਦ, ਛੱਤੀ ਰਾਗਾਂ ਰਸਨਾ ਜਿਹਵਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਿਆਂ ਸਮਝਾਈਆ । ਛੱਤੀ ਰਾਗ ਕਰਨ ਪੁਕਾਰ, ਰਾਗਨੀਆਂ ਨਾਲ ਮਿਲਾਈਆ । ਕੋਈ ਨਾ ਮਿਲੇ ਹੰਸ ਹੰਸਾਂ ਡਾਰ, ਕਾਗੀ ਕਾਗ ਨਜ਼ਰੀ ਆਈਆ । ਜੁਗ ਜੁਗ ਸੁਣਦਾ ਰਹੇ ਫ਼ਰਿਆਦ, ਨਿਰਗੁਣ ਸਰਗੁਣ ਵੇਸ ਵਟਾਈਆ । ਛੱਤੀ ਜੁਗ ਲਡਾਇਆ ਲਾਡ, ਹਰਿ ਭਗਤ ਕਰੇ ਕੁੜਮਾਈਆ । ਲੱਖ ਚੁਰਾਸੀ ਵਿਚੋਂ ਕਾਢ, ਆਪਣੀ ਗੋਦ ਬਹਾਈਆ । ਤੇਰੀ ਛੱਪਰੀ ਰੱਖੇ ਯਾਦ, ਛੰਨ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਰਿਹਾ ਵਖਾਈਆ । ਸੁਣ ਨਾਮੇ ਮੇਰੀ ਬਾਤ, ਹਰਿ ਬਾਤਨ ਆਪ ਜਣਾਇੰਦਾ । ਆਦਿ ਜੁਗਾਦਿ ਬੈਠਾ ਰਹਾਂ ਇਕ ਇਕਾਂਤ, ਸਚਖੰਡ ਸਾਚੇ ਆਸਣ ਲਾਇੰਦਾ । ਜਨ ਭਗਤਾਂ ਦੇਵਾਂ ਨਜ਼ਾਤ, ਨਿਜ ਘਰ ਆਪਣਾ ਫੇਰਾ ਪਾਇੰਦਾ । ਆਪਣਾ ਨਾਉਂ ਸੁਣਾਵਾਂ ਗਾਥ, ਇਕੋ ਪੱਟੀ ਨਾਮ ਪੜ੍ਹਾਇੰਦਾ । ਏਥੇ ਓਥੇ ਦੇਵਾਂ ਸਾਥ, ਸਗਲਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮੇ ਏਕਾ ਗੁਣ ਜਣਾਇੰਦਾ । ਨਾਮੇ ਸੁਣ ਅੰਤਰ, ਅੰਤਰੀਵ ਆਪ ਜਣਾਈਆ । ਸਾਹਿਬ ਦਿਆਲ ਦਾ ਇਕੋ ਮੰਤਰ, ਗੁਰੂ ਅਵਤਾਰ ਮੰਤਰੀ ਲਏ ਬਣਾਈਆ । ਜੁਗ ਜੁਗ ਦੇਵੇ ਆਪਣਾ ਜੰਤਰ, ਤਨ ਕਾਇਆ ਅੰਦਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਵਖਾਈਆ । ਨਾਮੇ ਸੁਣ ਸਾਹਿਬ ਦਾ ਹਾਲ, ਬੇਹਾਲ ਆਪ ਸੁਣਾਇੰਦਾ । ਕਰੇ ਖੇਲ ਦੀਨ ਦਿਆਲ, ਦੀਨਨ ਆਪਣੀ ਗੋਦ ਬਹਾਇੰਦਾ । ਸਦਾ ਸਦਾ ਕਰੇ ਪ੍ਰਿਤਪਾਲ, ਪ੍ਰਿਤਪਾਲਕ ਵੇਸ ਵਟਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਆਪ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਛੱਤੀ ਵੇਖ ਵਖਾਇੰਦਾ । ਛੱਤੀ ਜੁਗ ਦਾ ਛੱਤੀ ਰਾਗ, ਛੇ ਤੀਸ ਦਏ ਵਡਿਆਈਆ । ਜੁਗਾ ਜੁਗੰਤਰ ਖੇਲ ਤਮਾਸ਼, ਖੇਲਣਹਾਰਾ ਵੇਖ ਵਖਾਈਆ । ਕਲਜੁਗ ਅੰਤਮ ਨਿਰਗੁਣ ਨੂਰ ਕਰ ਪਰਕਾਸ਼, ਲੋਕਮਾਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਈਆ । ਨਾਮੇ ਕਲਜੁਗ ਅੰਤਮ ਔਣਾ, ਹਰਿ ਸਾਚੇ ਸਚ ਜਣਾਇਆ । ਤੇਰਾ ਲਹਿਣਾ ਝੋਲੀ ਪਾਉਣਾ, ਲੇਖਾ ਲੇਖਾ ਦਏ ਮੁਕਾਇਆ । ਆਪਣਾ ਰੂਪ ਫੇਰ


੧੮੭
੧੧

ਵਖੌਣਾ, ਅਨੂਪ ਖੇਲ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਇਆ । ਕਲਜੁਗ ਅੰਤਮ ਬਹੱਤਰ ਜਾਮੇ, ਆਪਣਾ ਰੂਪ ਵਖਾਈਆ । ਕਰੇ ਖੇਲ ਸ੍ਰੀ ਭਗਵਾਨੇ, ਭਗਵਨ ਆਪਣੀ ਧਾਰ ਚਲਾਈਆ । ਤੇਰੀ ਛੱਪਰ ਜਗਤ ਨਿਸ਼ਾਨੇ, ਇਕੋ ਇਕ ਵਖਾਈਆ । ਦਰ ਦਰ ਘਰ ਘਰ ਗੌਂਦੇ ਗਾਣੇ, ਪ੍ਰਭ ਨਾਮੇ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਅੰਤਮ ਜਾਮਾ ਪਾ, ਜਨ ਭਗਤਾਂ ਸੇਵ ਕਮਾਈਆ । ਬਹੱਤਰ ਰੂਪ ਲਏ ਵਟਾ, ਬਹੱਤਰ ਨਾੜੀ ਕਰ ਰੁਸ਼ਨਾਈਆ । ਛੱਤੀ ਜੁਗ ਦਾ ਲਹਿਣਾ ਦਏ ਚੁਕਾ, ਛੱਤੀ ਰਾਗ ਭੇਵ ਨਾ ਆਈਆ । ਛੇ ਤੀਸ ਪੰਧ ਮੁਕਾ, ਏਕਾ ਅੱਖਰ ਕਰੇ ਪੜ੍ਹਾਈਆ । ਤੇਰਾ ਮੰਦਰ ਦਿਤਾ ਆਪ ਸੁਹਾ, ਰੈਣ ਨਜ਼ਰ ਕਿਸੇ ਨਾ ਆਈਆ । ਕਲਜੁਗ ਖੇਲ ਕਰੇ ਬੇਪਰਵਾਹ, ਬਣ ਸੇਵਕ ਸੇਵ ਕਮਾਈਆ । ਜਨ ਭਗਤ ਦੁਆਰਾ ਦਏ ਬਣਾ, ਲੋਕਮਾਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਾਮਾ ਕਹੇ ਸੁਣ ਹਰਿ ਭਗਵਾਨ, ਤੇਰੇ ਅੱਗੇ ਝੋਲੀ ਡਾਹੀਆ । ਕਰ ਕਿਰਪਾ ਦੇਣਾ ਦਾਨ, ਮੈਂ ਇਕੋ ਮੰਗ ਮੰਗਾਈਆ । ਕਲਜੁਗ ਤੇਰਾ ਅੰਤਮ ਵੇਖਾਂ ਆਣ, ਤੇਰੇ ਨਾਲ ਹੋਏ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਖ਼ਾਲੀ ਝੋਲੀ ਦਏ ਭਰਾਈਆ । ਦੇ ਵਰ ਮੇਰੇ ਕਰਤਾਰ, ਤੇਰੇ ਅੱਗੇ ਵਾਸਤਾ ਪਾਇਆ । ਤੂੰ ਭਗਤਾਂ ਮੀਤ ਮੁਰਾਰ, ਵਿਛੜ ਕਦੇ ਨਾ ਜਾਈਆ । ਰਾਤੀਂ ਸੁਤਿਆਂ ਮੇਰੀ ਛੰਨ ਕੀਤੀ ਤਿਆਰ, ਸੇਵਾ ਕਰਦਾ ਨਜ਼ਰ ਨਾ ਆਇਆ । ਮੈਂ ਵੇਖਾਂ ਕਲਜੁਗ ਅੰਤਮ ਵਾਰ, ਕਵਣ ਬਿਧ ਭਗਤਾਂ ਹੋਏਂ ਸਹਾਇਆ । ਬਹੱਤਰ ਰੂਪ ਕਿਵੇਂ ਧਰੇਂ ਵਿਚ ਸੰਸਾਰ, ਜੋਤੀ ਜੋਤ ਡਗਮਗਾਇਆ । ਛੱਤੀ ਜੁਗ ਦਾ ਲਹਿਣਾ ਦੇਵੇਂ ਕਿਵੇਂ ਉਤਾਰ, ਛੱਤੀ ਰਾਗ ਮੋਹ ਤੁੜਾਇਆ । ਕਵਣ ਸੋਹੇ ਬੰਕ ਦੁਆਰ, ਗ੍ਰਿਹ ਮੰਦਰ ਮਿਲੇ ਵਡਿਆਇਆ । ਸੇਵਾ ਕਰੇ ਆਪ ਨਿਰੰਕਾਰ, ਬਣ ਬਣ ਸੇਵਕ ਸੇਵ ਕਮਾਇਆ । ਬਹੱਤਰ ਨਾੜੀ ਪਾਰ ਕਿਨਾਰ, ਛੱਤੀ ਜੁਗ ਦਾ ਪੰਧ ਮੁਕਾਇਆ । ਛੱਤੀ ਦਿਵਸ ਵਿਚ ਸੰਸਾਰ, ਬਣ ਮਹਾਂਸਾਰਥੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮਾ ਇਕੋ ਮੰਗ ਮੰਗਾਇਆ । ਸੁਣ ਨਾਮੇ ਮੇਰੇ ਲਾਡਲੇ ਸੁਤ, ਸੁਤਿਆਂ ਤੇਰੀ ਖੇਲ ਰਚਾਈਆ । ਕਲਜੁਗ ਸੁਹੌਣੀ ਸਾਚੀ ਰੁੱਤ, ਰੁੱਤੜੀ ਆਪਣਾ ਰੰਗ ਵਟਾਈਆ । ਪਰਗਟ ਹੋ ਅਬਿਨਾਸ਼ੀ ਅਚੁੱਤ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਚਖੰਡ ਦਾ ਬੂਟਾ ਲੋਕਮਾਤ ਲਾਏ ਪੁੱਟ, ਆਪਣੀ ਹੱਥੀਂ ਸੇਵ ਕਮਾਈਆ । ਪੰਜ ਤੱਤ ਕਾਇਆ ਵਿਚੋਂ ਮਰ ਕੇ ਫੇਰ ਜਾਏ ਉਠ, ਨਿਰਗੁਣ ਸਰਗੁਣ ਵੇਸ ਵਟਾਈਆ । ਕਰ ਕਿਰਪਾ ਜਾਏ ਤੁਠ, ਰੂਪ ਅਨੂਪ ਆਪ ਵਖਾਈਆ । ਬਾਹਰੋਂ ਦਿਸੇ ਪੰਜ ਤੱਤ ਕਾਇਆ ਬੁੱਤ, ਅੰਦਰ ਬੈਠੇ ਸੱਚਾ ਮਾਹੀਆ । ਜੇ ਕੋਈ ਅੱਗੋਂ ਲਏ ਪੁੱਛ, ਰਸਨਾ ਕਹਿ ਨਾ ਕਿਸੇ ਸਮਝਾਈਆ । ਆਪਣੇ ਕੋਲ ਨਾ ਰੱਖੇ ਕੁਛ, ਜਨ ਭਗਤਾਂ ਦਏ ਵਡਿਆਈਆ । ਤੇਰਾ ਛੱਪਰ ਛੁਹਾਇਆ ਲੁਕ, ਜਨ ਭਗਤ ਦੁਆਰਾ ਆਪਣੀ ਹੱਥੀਂ ਦਏ ਬਣਾਈਆ । ਆਪਣੀ ਸਾਖੋਂ ਆਪੇ ਫੁੱਟ, ਪਤ ਡਾਲੀ ਆਪ ਲਹਿਰਾਈਆ । ਜੁਗ ਚੌਕੜੀ ਰਿਹਾ ਗੁਪਤ, ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਭਗਤ ਖਾਣੀ ਬਾਣੀ ਹਰਿ ਕੀ ਕਰਦੀ ਰਹੀ ਸਿਫ਼ਤ, ਸਿਫ਼ਰਾ ਸਭ ਨੂੰ ਦਏ ਵਖਾਈਆ । ਦੋਏ ਦੋਏ ਜੋੜ ਰਹੇ ਵਿਲਕ, ਪ੍ਰਭ ਅੱਗੇ ਵਾਸਤਾ ਪਾਈਆ । ਕੋਟਨ ਕੋਟ ਚੜ੍ਹ ਕੇ ਗਏ ਤਿਲਕ, ਦਰ ਦਵਾਰਾ ਨਜ਼ਰ ਨਾ ਆਈਆ । ਕੋਟਨ ਕੋਟ ਡਰ ਕੇ

ਗਏ ਖਿਸਕ, ਹਰਿ ਕਾ ਭੈ ਸਹਿ ਨਾ ਸਕੇ ਕੋਇ ਰਾਈਆ । ਕੋਟਨ ਕੋਟ ਰੱਖ ਕੇ ਗਏ ਇਸ਼ਟ, ਗੁਰ ਗੁਰ ਧਿਆਨ ਲਗਾਈਆ । ਕਰਤੇ ਖੇਲ ਰਚਾਇਆ ਸ੍ਰਿਸ਼ਟ, ਸ੍ਰਿਸ਼ਟੀ ਆਪਣੇ ਧੰਦੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮੇ ਦਏ ਸਮਝਾਈਆ । ਸੁਣ ਨਾਮੇ ਅਗਲੀ ਬਾਤ, ਹਰਿ ਇਕੋ ਇਕ ਜਣਾਇੰਦਾ । ਭਗਤਾਂ ਸੰਗ ਮੇਰਾ ਸਾਕ, ਦੂਜਾ ਸੈਣ ਨਾ ਕੋਇ ਰਖਾਇੰਦਾ । ਭਗਤ ਦੁਆਰਾ ਮੇਰਾ ਤਾਕ, ਦੂਜਾ ਕੁੰਡਾ ਨਾ ਕੋਈ ਲਾਹਿੰਦਾ । ਭਗਤ ਪੜ੍ਹਾਈ ਮੇਰਾ ਵਾਕ, ਦੂਜਾ ਅੱਖਰ ਨਾ ਕੋਇ ਸੁਣਾਇੰਦਾ । ਭਗਤ ਪਿਆਰ ਮੇਰਾ ਘਾਟ, ਦੂਜਾ ਕਿਨਾਰਾ ਨਾ ਕੋਇ ਰਖਾਇੰਦਾ । ਭਗਤਨ ਮੇਲਾ ਮੇਰੀ ਵਾਟ, ਜੁਗ ਜੁਗ ਪੰਧ ਮੁਕਾਇੰਦਾ । ਬਿਨ ਭਗਤਾਂ ਮੇਰੀ ਕੋਈ ਨਾ ਪੁਛੇ ਵਾਤ, ਹਰਿ ਜੂ ਕੰਮ ਕਿਸੇ ਨਾ ਆਇੰਦਾ । ਨਾਮੇ ਤੇਰੀ ਇਕ ਰਾਤ, ਕਲਜੁਗ ਅੰਤਮ ਛੱਤੀ ਜੁਗ ਦਾ ਲੇਖ ਚੁਕਾਇੰਦਾ । ਬਹੱਤਰਾਂ ਦੇਵੇ ਏਕਾ ਸਾਥ, ਬਣ ਸਾਥੀ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸੁਹਾਇੰਦਾ । ਸਚ ਦੁਆਰਾ ਹਰਿ ਬਣੌਣਾ, ਬਲ ਬਾਵਨ ਨਾਲ ਰਲਾਇਆ । ਪਿਛਲਾ ਲੇਖਾ ਸਰਬ ਮਕੌਣਾ, ਸ਼ਿਵ ਸ਼ੰਕਰ ਦਰ ਮੰਗਾਇਆ । ਇੰਦ ਇੰਦਰਾਸਣ ਮੇਟ ਮਿਟੌਣਾ, ਹੁਕਮੀ ਹੁਕਮ ਵਰਤਾਇਆ । ਬ੍ਰਹਮਾ ਅੰਤਮ ਪੰਧ ਮੁਕੌਣਾ, ਬ੍ਰਹਮ ਵੇਤਾ ਦਏ ਸਮਝਾਇਆ । ਧਰੂ ਲੇਖਾ ਝੋਲੀ ਪੌਣਾ, ਦਰ ਆਪਣੇ ਦਏ ਵਡਿਆਇਆ । ਸਾਚਾ ਖੇਲ ਆਪ ਕਰੌਣਾ, ਖ਼ਾਲਕ ਖ਼ਲਕ ਵੇਖ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਰਿਹਾ ਜਣਾਇਆ । ਕਲਜੁਗ ਅੰਤਮ ਖੇਲ ਅਵੱਲਾ, ਇਕੋ ਇਕ ਕਰਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਨਿਰਗੁਣ ਰੂਪ ਧਰਾਈਆ । ਪਾਵੇ ਸਾਰ ਜਲਾ ਥਲਾ, ਡੂੰਘੀ ਕੰਦਰ ਵੇਖ ਵਖਾਈਆ । ਜਨ ਭਗਤ ਫੜਾਏ ਆਪਣਾ ਪੱਲਾ, ਲਖ ਚੁਰਾਸੀ ਫੋਲ ਫੁਲਾਈਆ । ਮਹੱਲ ਬਣਾਏ ਇਕ ਅਟੱਲਾ, ਅਟੱਲ ਦਏ ਵਡਿਆਈਆ । ਬਲ ਸੰਦੇਸ਼ ਏਕਾ ਘੱਲਾ, ਹੁਕਮੀ ਹੁਕਮ ਫਿਰਾਈਆ । ਲੋਕਮਾਤ ਆਇਆ ਝੱਲਾ, ਆਪਣੀ ਝਲਕ ਜਣਾਈਆ । ਅੰਤਮ ਜੋਤੀ ਜੋਤ ਰਲਾ, ਰਲ ਮਿਲ ਖ਼ੁਸ਼ੀ ਵਖਾਈਆ । ਸਾਹਿਬ ਠਾਕਰ ਤੇਰਾ ਫੜਿਆ ਪੱਲਾ, ਫੜਿਆ ਲੜ ਛੁੱਟ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਨਿਭਾਈਆ । ਤਿੰਨ ਜੁਗ ਤੀਜੇ ਲੋਕ, ਸਿਤਲ ਡੇਰਾ ਲਾਇਆ । ਨੈਣ ਮੂੰਦ ਤੇਰਾ ਸੁਣਦਾ ਰਿਹਾ ਸਲੋਕ, ਕੰਨ ਧਿਆਨ ਲਗਾਇਆ । ਇਕੋ ਤੇਰੀ ਰੱਖੀ ਓਟ, ਏਕਾ ਆਸ ਵਖਾਇਆ । ਅੰਤਮ ਮਿਲਣਾ ਨਿਰਗੁਣ ਜੋਤ, ਜੋਤੀ ਜੋਤ ਲਏ ਮਿਲਾਇਆ । ਸਾਚੇ ਮੰਦਰ ਬਹਿਣਾ ਕਿਲੇ ਕੋਟ, ਕੰਚਨ ਗੜ੍ਹ ਇਕ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਤਾਲ ਲੋਕ ਵੇਸ ਵਟਾਇਆ । ਸਿਤਲ ਲੋਕ ਤੇਰੀ ਰੱਖੀ ਆਸ, ਨੇਤਰ ਨੈਣ ਤਰਸਾਈਆ । ਕਵਣ ਵੇਲਾ ਮੇਰੀ ਬੁਝੇ ਪਿਆਸ, ਪੀਆ ਪ੍ਰੀਤਮ ਲਏ ਮਿਲਾਈਆ । ਤੇਰੇ ਲੇਖੇ ਲੱਗੇ ਸਵਾਸ, ਸਵਾਂਤੀ ਬੂੰਦ ਮੰਗ ਮੰਗਾਈਆ । ਲਹਿਣਾ ਤੁਟੇ ਪ੍ਰਿਥਮੀ ਆਕਾਸ਼, ਆਕਾਸ਼ ਅਕਾਸ਼ਾ ਪਾਰ ਕਰਾਈਆ । ਮੈਂ ਤੇਰਾ ਬਣ ਕੇ ਰਹਾਂ ਦਾਸ, ਨਿਤ ਨਵਿਤ ਤੇਰੀ ਸੇਵ ਕਮਾਈਆ । ਤੂੰ ਪਾਤਸ਼ਾਹਾਂ ਦਾ ਪਾਤਸ਼ਾਹ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਪੂਰੀ ਆਸ ਕਰਾਈਆ । ਤਿੰਨ ਜੁਗ ਬੀਤੇ ਤੇਰੀ ਯਾਦ, ਤੈਨੂੰ ਯਾਦ ਮੇਰੀ ਨਾ ਆਈਆ । ਮੈਂ ਸੁਣਿਆ ਤੂੰ ਸੁਣਦਾ ਭਗਤਾਂ ਫਰਯਾਦ, ਮੇਰੀ ਫ਼ਰਯਾਦ ਤੇਰੇ ਕੰਨ ਕਿਸੇ ਨਾ ਪਾਈਆ । ਮੈਂ ਜਾਣਾਂ ਤੂੰ ਭਗਤਾਂ ਕਰੇਂ ਲਾਡ, ਆਪਣੀ ਗੋਦ ਬਹਾਈਆ ।


੧੮੯ ੧੧

ਕਰ ਕਿਰਪਾ ਮੈਨੂੰ ਸਿਤਲ ਲੋਕ ਚੋਂ ਕਾਢ, ਵਿਤਲ ਵੇਖੇ ਦਏ ਦੁਹਾਈਆ । ਕੋਟਨ ਕੋਟ ਭਾਰ ਗਏ ਲਾਦ, ਆਪਣਾ ਪੰਧ ਮੁਕਾਈਆ । ਨਿਰਗੁਣ ਸੁਣਾ ਆਪਣਾ ਨਾਦ, ਤੇਰੇ ਨਾਦ ਵੱਜੇ ਵਧਾਈਆ । ਆਦਿ ਜੁਗਾਦੀ ਪੁਰਖ ਪੁਰਖੋਤਮ ਖੇਲੇ ਖੇਲ ਵਿਚ ਬ੍ਰਹਿਮਾਦ, ਬ੍ਰਹਿਮੰਡ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਢਹਿ ਪਿਆ ਤੇਰੀ ਸ਼ਰਨਾਈਆ । ਦੇਵੇ ਵਰ ਸ੍ਰੀ ਭਗਵੰਤ, ਆਪਣੀ ਦਇਆ ਕਮਾਇੰਦਾ । ਲੋਕਮਾਤ ਬਣਾਏ ਬਣਤ, ਸਿਰ ਆਪਣਾ ਹੱਥ ਟਿਕਾਇੰਦਾ । ਮਿਲੇ ਵਡਿਆਈ ਵਿਚ ਜੀਵ ਜੰਤ, ਲੱਖ ਚੁਰਾਸੀ ਮੋਹ ਚੁਕਾਇੰਦਾ । ਅੰਤ ਲੇਖੇ ਲਾਏ ਤੇਰਾ ਅੰਤ, ਭਗਵੰਤ ਖੇਲ ਕਰਾਇੰਦਾ । ਤੇਰੀ ਚੋਲੀ ਚੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਹਰਿ ਕਾ ਭੇਵ ਨਾ ਪਾਏ ਕੋਈ ਪੰਡਤ, ਚੌਦਾਂ ਵਿਦਿਆ ਮੁਖ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਸਮਝਾਇੰਦਾ । ਕਲਜੁਗ ਅੰਤ ਜੇ ਕਰੇਂ ਪਿਆਰ, ਏਕਾ ਅਰਜ਼ ਮੇਰੀ ਅਰਜ਼ੋਈਆ । ਸਤਿਜੁਗ ਤਖ਼ਤੋਂ ਦਿਤਾ ਉਤਾਰ, ਸਿਤਲ ਲੋਕ ਦਿਤਾ ਬਹਾਈਆ । ਤਿੰਨ ਜੁਗ ਵਿਛੋੜਾ ਝੱਲਿਆ ਮੇਰੇ ਯਾਰ, ਤੇਰੀ ਆਸ ਤਕਾਈਆ । ਅੰਤ ਮੇਲੇਂ ਵਿਚ ਸੰਸਾਰ, ਮੇਲ ਮਿਲਾਵਾ ਆਪ ਕਰਾਈਆ । ਮੈਂ ਸ਼ਾਹਾਂ ਦਾ ਸ਼ਾਹ ਸਰਦਾਰ, ਤੇਰੀ ਸਰਦਾਰੀ ਮੋਹੇ ਭਾਈਆ । ਅੰਤਮ ਜਾਵਾਂ ਤੇਰੇ ਚਰਨ ਦੁਆਰ, ਹੱਡੀਆਂ ਬਾਲਣ ਮਾਤ ਜਲਾਈਆ । ਤਿੰਨ ਜੁਗ ਦੀ ਕੂੜੀ ਕਾਰ, ਤਿੰਨ ਤਿੰਨ ਦੇ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਲੈਣੀ ਮੰਨ ਅਰਜ਼ੋਈਆ । ਮੰਨੀਂ ਅਰਜ ਮੇਰੀ ਅਰਦਾਸ, ਅਰਸ਼ੀ ਪ੍ਰੀਤਮ ਪਿਆਰੇ । ਮੈਂ ਵਸਾਂ ਤੇਰੇ ਪਾਸ, ਤੇਰੇ ਵੇਖਾਂ ਖੇਲ ਨਿਆਰੇ । ਤੇਰੇ ਮੰਡਲ ਵੇਖਾਂ ਰਾਸ, ਗੋਪੀ ਕਾਹਨ ਬਣੇ ਨਚਾਰੇ । ਤੂੰ ਭਗਤਾਂ ਪੁਜਾਏਂ ਆਸ, ਤੇਰੇ ਨਾਉਂ ਬਣਨ ਵਣਜਾਰੇ । ਤੂੰ ਰੂਪ ਵਟਾਏਂ ਸਾਖਿਆਤ, ਸਖੀ ਸਰਵਰ ਮੇਰੀ ਸਰਕਾਰੇ । ਤੇਰਾ ਪਰਕਾਸ਼ ਹੋਏ ਕਾਇਨਾਤ, ਨੌਂ ਖੰਡ ਤੇਰੇ ਜੈਕਾਰੇ । ਹਰਿ ਭਗਤ ਲੰਘਣ ਆਪਣੇ ਘਾਟ, ਅੰਤਮ ਲੇਖੇ ਕਲਜੁਗ ਕਿਨਾਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਚਰਨ ਪਿਆਰੇ । ਪੁਰਖ ਅਬਿਨਾਸ਼ੀ ਅੱਗੋਂ ਬੋਲ, ਏਕਾ ਸੁਖਨ ਸੁਣਾਇਆ । ਸਾਚੇ ਕੰਡੇ ਤੋਲਾਂ ਤੋਲ, ਬਣ ਕੇ ਤੋਲਾ ਵੇਖ ਵਖਾਇਆ । ਹਰਿ ਭਗਤ ਸਾਚੇ ਲਵਾਂ ਵਰੋਲ, ਲੱਖ ਚੁਰਾਸੀ ਮਧਾਣਾ ਪਾਇਆ । ਸਚ ਦੁਆਰਾ ਦੇਵਾਂ ਖੋਲ, ਏਕਾ ਵਣਜ ਕਰਾਇਆ । ਜਨ ਭਗਤਾਂ ਉਤੋਂ ਆਪਾ ਘੋਲ, ਆਪਣਾ ਸੀਸ ਭੇਟ ਚੜ੍ਹਾਇਆ । ਨਿਰਗੁਣ ਬਣ ਕੇ ਰਹਾਂ ਅਡੋਲ, ਨਾ ਮਰਾਂ ਨਾ ਜਾਇਆ । ਸਦਾ ਸਦਾ ਸਦ ਵਸਾਂ ਕੋਲ, ਘਰ ਘਰ ਸੋਭਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਇਆ । ਮੇਰੀ ਨਿਮਸਕਾਰ ਮੇਰੇ ਸਤਿਗੁਰ, ਚਰਨ ਕਵਲ ਸ਼ਰਨਾਇਆ । ਭਗਤਾਂ ਮੇਲਾ ਰੱਖੇ ਧੁਰ, ਧੁਰ ਦੀ ਬਾਣ ਜਣਾਇਆ । ਕਲਜੁਗ ਅੰਤਮ ਵੇਖੇ ਚੜ੍ਹ ਕੇ ਘੋੜ, ਸ਼ਬਦੀ ਘੋੜਾ ਇਕ ਦੌੜਾਇਆ । ਦੋ ਜਹਾਨਾਂ ਲਾਏ ਪੌੜ, ਆਪਣਾ ਡੰਡਾ ਆਪ ਉਠਾਇਆ । ਲੱਖ ਚੁਰਾਸੀ ਵੇਖੇ ਮਿੱਠਾ ਕੌੜ, ਘਰ ਘਰ ਫੇਰਾ ਪਾਇਆ । ਜਨ ਭਗਤਾਂ ਜਾਏ ਬੌਹੜ, ਰਾਤੀਂ ਸੁਤਿਆਂ ਲਏ ਉਠਾਇਆ । ਜਨਮ ਜਨਮ ਦੀ ਬੁਝਾਏ ਔੜ, ਅੰਮ੍ਰਿਤ ਮੇਘ ਬਰਸਾਇਆ । ਨਾਮੇ ਵਖੌਣਾ ਨਾਲ ਗੌਰ, ਨੇਤਰ ਨੈਣ ਖੁਲ੍ਹਾਇਆ । ਪੁਰਖ ਅਬਿਨਾਸ਼ੀ ਜਨ ਭਗਤਾਂ ਦੁਆਰੇ ਫਿਰੇ ਬਣ ਬਣ ਭੌਰ, ਭੌਰਾ ਹੋ ਹੋ ਗੂੰਜ ਗੁੰਜਾਇਆ । ਹਰਿ ਭਗਤ ਬਣਾਏ ਸੁਤ ਦੁਲਾਰੇ ਕੌਰ, ਸ਼ਾਹ ਪਾਤਸ਼ਾਹ ਵੇਸ ਵਟਾਇਆ । ਆਪਣੇ ਹੱਥ ਰੱਖੇ ਡੋਰ, ਡੋਰੀ ਆਪਣੇ ਤੰਦ ਬੰਧਾਇਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਇਆ । ਹਰਿਜਨ ਮਿਲ ਕੇ ਕਿਥੇ ਬਹਿਣ, ਏਕਾ ਦੇ ਸਮਝਾਈਆ । ਕਲਜੁਗ ਹੋਈ ਕਾਲੀ ਰੈਣ, ਘਰ ਘਰ ਦਏ ਦੁਹਾਈਆ । ਮਾਇਆ ਰਾਣੀ ਬਣ ਬਣ ਡੈਣ, ਸਾਧਾਂ ਸੰਤਾਂ ਰਹੀ ਖਾਈਆ । ਜੇ ਕੋਈ ਅੱਗੋਂ ਆਏ ਲੈਣ, ਦਰ ਬੈਠੀ ਖ਼ੁਸ਼ੀ ਮਨਾਈਆ । ਨਾ ਕੋਈ ਭਾਈ ਨਾ ਕੋਈ ਭੈਣ, ਸਾਕ ਸੈਣ ਨਾ ਕੋਇ ਅਖਵਾਈਆ । ਨਾ ਕੋਈ ਨੇਤਰ ਨਾ ਕੋਈ ਨੈਣ, ਅੱਖ ਪਰਤੱਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਦੇਣਾ ਵਰ, ਕਵਣ ਘਰ ਲਏਂ ਬਹਾਈਆ । ਸਾਚਾ ਘਰ ਹਰਿ ਬਣੌਣਾ, ਬਣਤ ਆਪਣੀ ਆਪ ਜਣਾਇੰਦਾ । ਬਹੱਤਰਾਂ ਆਪਣਾ ਰੂਪ ਵਖੌਣਾ, ਸੱਤਰਾਂ ਗੰਢ ਪੁਵਾਇੰਦਾ । ਚੁਹੱਤਰਾਂ ਜਗਤ ਆਪ ਰੁਸ਼ਨੌਣਾ, ਏਕਾ ਰੋਸ਼ਨੀ ਨੂਰ ਵਖਾਇੰਦਾ । ਪੰਚਮ ਪੰਚਮ ਰੰਗ ਚੜ੍ਹੌਣਾ, ਸਚ ਮਰਦੰਗ ਸੁਣਾਇੰਦਾ । ਚਾਰ ਚਾਰ ਦੀ ਗੰਢ ਪਵੌਣਾ, ਬੱਧੀ ਗੰਢ ਨਾ ਕੋਇ ਖੁਲ੍ਹਾਇੰਦਾ । ਹਰਿ ਸੰਗਤ ਇਕ ਅਨੰਦ ਰਖੌਣਾ, ਅਨੰਦ ਆਪਣਾ ਨਾਮ ਜਣਾਇੰਦਾ । ਕਲਜੁਗ ਅੰਤਮ ਪੰਧ ਮੁਕੌਣਾ, ਛੱਤੀ ਰਾਗ ਭੇਵ ਨਾ ਪਾਇੰਦਾ । ਛੱਤੀ ਜੁਗ ਦਾ ਲੇਖ ਮੁਕੌਣਾ, ਸ਼ਾਹ ਪਾਤਸ਼ਾਹ ਮੂਲ ਮੁਕਾਇੰਦਾ । ਭਗਤ ਦੁਆਰਾ ਇਕ ਸੁਹੌਣਾ, ਹਰਿ ਸਾਚਾ ਸੇਵ ਕਮਾਇੰਦਾ । ਗੁਰਮੁਖ ਸਾਚੇ ਸੇਵਾ ਲੌਣਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰਾ ਆਪ ਸੁਹਾਇੰਦਾ । ਪਹਿਲੋਂ ਬਣਾਏ ਭਗਤ ਦੁਆਰ, ਆਪਣੀ ਸੇਵ ਕਮਾਈਆ । ਦੂਜੇ ਬਣੇ ਪਹਿਰੇਦਾਰ, ਰਾਤੀਂ ਉਠ ਉਠ ਵੇਖ ਵਖਾਈਆ । ਤੀਜੇ ਵਾਜਾਂ ਲਵੇ ਮਾਰ, ਸੋਇਆ ਕੋਇ ਰਹਿਣ ਨਾ ਪਾਈਆ । ਚੌਥੇ ਘਰ ਦੇਵੇ ਵਾੜ, ਪ੍ਰਭ ਮੇਲਾ ਸੱਚੇ ਮਾਹੀਆ । ਪੰਚਮ ਖੇਲ ਕਰੇ ਨਿਆਰ, ਪੰਚ ਮੋਹ ਚੁਕਾਈਆ । ਛੇਵੇਂ ਛੱਪਰ ਕੀਤਾ ਤਿਆਰ, ਨਾਮੇ ਛੱਪਰੀ ਆਪ ਛੁਹਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਸਾਚੀ ਕਾਰ, ਭਗਤ ਦੁਆਰੇ ਆਪ ਵਖਾਈਆ । ਹਰਿਜਨ ਸਾਚੇ ਅੰਦਰ ਵਾੜ, ਨੌਂ ਦੁਆਰੇ ਪੰਧ ਚੁਕਾਈਆ । ਤਿੰਨਾਂ ਲੋਕਾਂ ਚਰਨਾਂ ਹੇਠ ਲਤਾੜ, ਉਪਰ ਆਪਣਾ ਆਸਣ ਲਾਈਆ । ਛੱਬੀ ਪੋਹ ਦਿਵਸ ਵਿਚਾਰ, ਗੁਰ ਅਵਤਾਰਾਂ ਲਏ ਬੁਲਾਈਆ । ਆਓ ਵੇਖੋ ਆਪਣੇ ਯਾਰ, ਜੋ ਯਾਰੀ ਰਹੇ ਨਿਭਾਈਆ । ਸਭ ਨੂੰ ਲਹਿਣਾ ਦੇਣਾ ਪਏ ਵਿਚ ਸੰਸਾਰ, ਬਚਿਆ ਕੋਇ ਰਹਿਣ ਨਾ ਪਾਈਆ । ਭਗਤਾਂ ਹਰਿ ਜੂ ਸੇਵਾਦਾਰ, ਨੇਤਰ ਵੇਖ ਸੇਵ ਕਮਾਈਆ । ਪਹਿਲੀ ਕੀਤੀ ਸਭ ਦੀ ਵੇਖੇ ਘਾਲ, ਕੀਤੀ ਘਾਲ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰੇ ਦਏ ਵਡਿਆਈਆ । ਭਗਤ ਦੁਆਰੇ ਮਿਲਣਾ ਮਾਣ, ਮਾਣਸ ਦੇਵਤ ਸਰਬ ਸਾਲਾਹੀਆ । ਵਿਸ਼ਨ ਬ੍ਰਹਮਾ ਸ਼ਿਵ ਕਰ ਧਿਆਨ, ਨੇਤਰ ਨੈਣ ਨੈਣ ਉਠਾਈਆ । ਗੁਰ ਅਵਤਾਰ ਵੇਖਣ ਭਗਤਾਂ ਸੰਗ ਵਸੇ ਭਗਵਾਨ, ਅੱਠੇ ਪਹਿਰ ਸੰਗ ਰਖਾਈਆ । ਚਲੋ ਮਿਲ ਕੇ ਮੰਗੀਏ ਦਾਨ, ਜੇ ਕੁਛ ਦੇਵੇ ਝੋਲੀ ਪਾਈਆ । ਚਾਰ ਜੁਗ ਬਣੇ ਰਹੇ ਅਵਾਣ, ਹਰਿ ਆਪਣਾ ਬੈਠਾ ਭੇਵ ਛੁਪਾਈਆ । ਕੋਈ ਕਹੇ ਰਾਮ ਕ੍ਰਿਸ਼ਨ ਭਗਵਾਨ, ਮਰੇ ਮਰ ਜੰਮੇ ਮਿਟੀ ਖ਼ਾਕ ਸਮਾਈਆ । ਕੋਈ ਕਹੇ ਈਸਾ ਮੂਸਾ ਦਏ ਪੈਗ਼ਾਮ, ਪੈਗ਼ੰਬਰ ਨੂਰ ਇਲਾਹੀਆ । ਕੋਈ ਕਹੇ ਮੁਹੰਮਦ ਪਿਆਏ ਜਾਮ, ਆਬੇਹਯਾਤ ਉਠਾਈਆ । ਕੋਈ ਕਹੇ ਨਾਨਕ ਕਰੇ ਕਰਮ, ਨੇਹਕਾਮੀ ਕਾਮ ਕਰਾਈਆ । ਕੋਈ ਕਹੇ ਗੋਬਿੰਦ ਪਕੜੇ ਦਾਮ, ਦਾਮਨਗੀਰ ਅਖਵਾਈਆ । ਨਾਨਕ ਸਭ ਨੂੰ ਲਾ ਕੇ ਗਿਆ ਇਲਜ਼ਾਮ, ਬਿਨ ਹਰਿ ਕੋਈ ਰਹਿਣ ਨਾ ਪਾਈਆ । ਜੁਗ ਜੁਗ ਕਰਦੇ ਰਹੇ ਕਲਾਮ, ਜੋ ਹਰਿ ਜੂ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਆਦਿ ਅੰਤ ਵੇਖ ਵਖਾਈਆ । ਆਦਿ ਬਣਾਇਆ ਆਪਣਾ ਦੁਆਰਾ, ਅੰਤ ਭਗਤਾਂ ਦਏ ਵਡਿਆਈਆ । ਲੋਕਮਾਤ ਤੱਕਿਆ ਇਕ ਸਹਾਰਾ, ਜਨ ਭਗਤਾਂ ਓਟ ਰਖਾਈਆ । ਘਰ ਜੰਮਿਆ ਆਪ ਤਰਖਾਣਾ, ਤਿੱਖੀ ਧਾਰ ਆਪਣੀ ਚਲਾਈਆ । ਆਪਣੀ ਰਸਨਾ ਬਣਾਈ ਸਾਣਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਉਠੋ ਵੇਖੋ ਕਰੋ ਧਿਆਨ, ਵਡ ਧਿਆਨੀ ਆਪ ਜਣਾਇੰਦਾ । ਭਗਤ ਦੁਆਰਾ ਲਓ ਪਛਾਣ, ਦੋ ਜਹਾਨਾਂ ਆਪ ਜਣਾਇੰਦਾ । ਦੀਪਕ ਜਗੇ ਇਕ ਮਹਾਨ, ਤੇਲ ਬਾਤੀ ਨਾ ਕੋਈ ਰਖਾਇੰਦਾ । ਜਿਸ ਦੇ ਗੌਂਦੇ ਗਏ ਗਾਣ, ਸੋ ਭਗਤਾਂ ਸੋਹਲੇ ਗਾਇੰਦਾ । ਜਿਸ ਦਾ ਰੱਖਦੇ ਆਏ ਮਾਣ, ਸੋ ਭਗਤਾਂ ਓਟ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰਾ ਆਪ ਸੁਹਾਇੰਦਾ । ਭਗਤ ਦੁਆਰ ਕਰੀ ਜਿਸ ਸੇਵਾ, ਤਿਸ ਸਿਮਰਨ ਨਾ ਕੋਈ ਕਰਾਈਆ । ਅੰਮ੍ਰਿਤ ਫਲ ਖੁਵਾਵੇ ਮੇਵਾ, ਆਪਣੀ ਹੱਥੀਂ ਚੋਗ ਚੁਗਾਈਆ । ਕਿਰਪਾ ਕਰੇ ਅਲੱਖ ਅਭੇਵਾ, ਅਭੇਦ ਅਭੇਵ ਜਣਾਈਆ । ਹਰਿ ਸਾਹਿਬ ਦਿਆਲ ਵਡ ਦੇਵੀ ਦੇਵਾ, ਦੀਨਨ ਆਪੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਲਏ ਤਰਾਈਆ । ਭਗਤ ਦੁਆਰੇ ਜੋ ਆਇਆ ਚਲ, ਛੱਤੀ ਦਿਵਸ ਦਏ ਵਡਿਆਈਆ । ਬ੍ਰਹਿਮੰਡ ਖੰਡ ਰਹੇ ਹੱਲ, ਸਭ ਦੀ ਰਿਹਾ ਜੜ੍ਹ ਉਖੜਾਈਆ । ਹਰਿ ਸੰਗਤ ਹਰਿ ਚਰਨ ਦੁਆਰਾ ਬੈਠੀ ਮੱਲ, ਮਲ ਖੇਪ ਰਹੀ ਧੁਆਈਆ । ਬ੍ਰਹਮ ਪਿਆਰ ਅੰਦਰ ਗਏ ਰਲ, ਰਲ ਮਿਲ ਆਪਣੀ ਖ਼ੁਸ਼ੀ ਮਨਾਈਆ । ਕਿਸੇ ਨੇ ਸੀਸ ਉਠਾਈ ਡਲ, ਕੋਈ ਕਹੀਆਂ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਲੇਖੇ ਲਾਈਆ । ਭਗਤ ਦੁਆਰੇ ਜੋ ਜਨ ਆਇਆ, ਤਿਸ ਲਹਿਣਾ ਝੋਲੀ ਪਾਇੰਦਾ । ਜਿਉਂ ਨਾਮੇ ਹਰਿ ਜੂ ਛੱਪਰ ਛਾਇਆ, ਤਿਉਂ ਭਗਤਾਂ ਮਹੱਲ ਛੁਹਾਇੰਦਾ । ਗੁਪਤ ਜ਼ਾਹਰ ਖੇਲ ਕਰਾਇਆ, ਭੇਵ ਕੋਇ ਨਾ ਪਾਇੰਦਾ । ਫੜ ਕੇ ਬਾਹੋਂ ਪਾਰ ਕਰਾਇਆ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਉਚਾ ਚੜ੍ਹ ਕੇ ਵੇਖ ਵਖਾਇਆ, ਗੁਰਸਿਖ ਭੁੱਲ ਕੋਇ ਨਾ ਜਾਇੰਦਾ । ਤਿੰਨਾਂ ਲੋਕਾਂ ਚਰਨਾਂ ਹੇਠ ਦਬਾਇਆ, ਉਪਰ ਆਪਣਾ ਭਾਰ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਨਾਲ ਮਿਲਾਇੰਦਾ । ਆਓ ਭਗਤੋ ਰਲ ਮਿਲ ਵਸੀਏ, ਅਸਚਰਜ ਖੇਲ ਅਪਾਰ । ਇਕ ਦੂਜੇ ਨੂੰ ਆਪਣਾ ਹਾਲ ਦੱਸੀਏ, ਨਿਰਗੁਣ ਸਰਗੁਣ ਕਰ ਪਿਆਰ । ਜਗਤ ਮਾਇਆ ਚਰਨਾਂ ਹੇਠ ਝੱਸੀਏ, ਦੁੱਖੜਾ ਰਹੇ ਨਾ ਕੋਈ ਦਿਨ ਚਾਰ । ਮਨਮੁਖਾਂ ਕੋਲੋਂ ਉਠ ਉਠ ਨੱਠੀਏ, ਵਸੀਏ ਸਚ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਕਰੇ ਆਧਾਰ । ਉਠੋ ਸਿਖੋ ਜਾਈਏ ਭੱਜ, ਭਜਨ ਬੰਦਗੀ ਨਾ ਕੋਇ ਰਖਾਇੰਦਾ । ਨਾ ਕੋਈ ਆਚਾਰ ਨਾ ਕੋਈ ਚੱਜ, ਇਕੋ ਆਪਣਾ ਦਰਸ ਕਰਾਇੰਦਾ । ਨੇਤਰ ਕਰੋ ਸਾਚਾ ਹੱਜ, ਮੱਕਾ ਕਾਅਬਾ ਮੁਖ ਸ਼ਰਮਾਇੰਦਾ । ਪੁਰਖ ਅਬਿਨਾਸ਼ੀ ਰੱਖੇ ਲੱਜ, ਵੇਲੇ ਅੰਤ ਗੋਦ ਬਹਾਇੰਦਾ । ਹਰਿ ਸੰਗਤ ਪਰਦਾ ਲਏ ਕੱਜ, ਨਾਮ ਦੋਸ਼ਾਲਾ ਇਕ ਉਠਾਇੰਦਾ । ਇਕੋ ਘਰ ਬਹਿਣਾ ਸਜ, ਸਾਚਾ ਰਾਹ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰਾ ਆਪ ਵਡਿਆਇੰਦਾ । ਭਗਤ ਦੁਆਰੇ ਜਿਸ ਜਨ ਵੜਨਾ, ਵਡੀ ਭਰਨ ਕੋਇ ਨਾ ਜਾਈਆ । ਕਰ ਦਰਸ ਇਕੋ ਵਾਰ ਤਰਨਾ, ਬੰਧ ਨਾ ਕੋਇ ਪਾਈਆ । ਚਰਨ ਸਰਨ ਵਖਾਏ ਸਾਚੀ ਸ਼ਰਨਾ, ਸਰਨਗਤ ਬੇਪਰਵਾਹੀਆ । ਗੁਰਮੁਖ ਆਪਣੇ ਜਿਹਾ ਕਰਨਾ,

ਹਰਿ ਸਤਿਗੁਰ ਦਇਆ ਕਮਾਈਆ । ਜਨਮ ਮਰਨ ਦਾ ਚੁੱਕੇ ਡਰਨਾ, ਲਾੜੀ ਮੌਤ ਨਾ ਭੈ ਵਖਾਈਆ । ਸਤਿਗੁਰ ਦੁਆਰੇ ਹਰਿਜਨ ਖੜ੍ਹਨਾ, ਦਰ ਘਰ ਸਾਚੇ ਮਿਲੇ ਵਡਿਆਈਆ । ਏਥੇ ਓਥੇ ਦੋ ਜਹਾਨ ਪੁਰਖ ਅਬਿਨਾਸ਼ੀ ਅੱਗੇ ਕਿਸੇ ਨਾ ਅੜਨਾ, ਆਪਣਾ ਬਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰਾ ਆਪ ਵਸਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੇਵਕ ਸੇਵਕ ਸੇਵਕ ਸੇਵਾਦਾਰ ਸੇਵ ਕਮਾਈਆ ।

ਹਰਿ ਸੰਗਤ ਲਏ ਪ੍ਰਭੁ ਪਰਦਖਣਾ, ਪਰਤੱਖ ਰੂਪ ਵਟਾਈਆ । ਬਿਨ ਤੁਹਾਡੇ ਪਿਆਰ ਫਿਰੇ ਸੱਖਣਾ, ਖ਼ਾਲੀ ਹੱਥ ਰਿਹਾ ਵਖਾਈਆ । ਤੁਸਾਂ ਪਰਦਾ ਮੇਰਾ ਢਕਣਾ, ਏਕਾ ਓਟ ਰਿਹਾ ਤਕਾਈਆ । ਛੱਤੀ ਜੁਗ ਦਾ ਰੰਡੇਪਾ ਮੇਰਾ ਕੱਟਣਾ, ਮੈਂ ਸਹਿ ਨਾ ਸਕਾਂ ਜੁਦਾਈਆ । ਤੁਹਾਡੇ ਪਿਛੋਂ ਕਦੀ ਨਾ ਹਟਣਾ, ਭਾਵੇਂ ਲੜੇ ਸਰਬ ਲੋਕਾਈਆ । ਸਵਾਂਗੀ ਸਵਾਂਗ ਰਚਾਇਆ ਬਣ ਬਣ ਨਟਨਾ, ਨੱਟੂਆ ਬਣ ਬਣ ਸੇਵ ਕਮਾਈਆ । ਇਕੋ ਨਾਮ ਤੁਮਾਰਾ ਰਟਣਾ, ਰਟ ਰਟ ਆਪਣੀ ਖ਼ੁਸ਼ੀ ਮਨਾਈਆ । ਇਕੋ ਲਾਹਾ ਸਾਚਾ ਖਟਣਾ, ਭਗਤ ਦੁਆਰੇ ਸੇਵ ਕਮਾਈਆ । ਜਿਸ ਨੂੰ ਕਹਿੰਦੇ ਜੰਮਿਆ ਪਟਨਾ, ਪੁਰੀ ਅਨੰਦ ਗਿਆ ਵਸਾਈਆ । ਉਸ ਗੁਰਮੁਖਾਂ ਕੋਲੋਂ ਕਦੇ ਨਾ ਨੱਠਣਾ, ਆਪਣਾ ਪੱਲਾ ਰਿਹਾ ਫੜਾਈਆ । ਆਪਣੀ ਹੱਥੀਂ ਲਗਾਵੇ ਵਟਨਾ, ਗੁਰਮੁਖ ਸਾਚਾ ਰੰਗ ਚੜ੍ਹਾਈਆ । ਕਾਇਆ ਚੋਲਾ ਸਭ ਦਾ ਫਟਣਾ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰਾਈਆ । ਆਓ ਸਿਖੇ ਲਈਏ ਫੇਰੇ, ਫੇਰੀ ਹਰਿ ਜੂ ਪਾਈਆ । ਸ਼ਰਅ ਸ਼ਰੀਅਤ ਚੁੱਕੇ ਝੇੜੇ, ਝੇੜਾ ਜਗਤ ਰਿਹਾ ਮੁਕਾਈਆ । ਆਓ ਵਸੀਏ ਸਾਚੇ ਖੇੜੇ, ਸਾਚਾ ਖੇੜਾ ਆਪ ਬਣਾਈਆ । ਹੱਕੋ ਹੱਕ ਕਰੇ ਨਬੇੜੇ, ਹੱਕ ਹਕ਼ੀਕ਼ਤ ਵੇਖ ਵਖਾਈਆ । ਸਾਧਾਂ ਸੰਤਾਂ ਪਾਏ ਡੇਰੇ, ਚਾਰੋਂ ਕੁੰਟ ਪਈ ਲੜਾਈਆ । ਕੋਈ ਨਾ ਚਾੜ੍ਹੇ ਸਾਚੇ ਬੇੜੇ, ਜਗਤ ਨਈਆ ਸਰਬ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਰਿਹਾ ਸਮਝਾਈਆ । ਆਓ ਸਿਖੇ ਬਣਾਈਏ ਬਣਤ, ਇਕ ਦੂਜੇ ਨਾਲ ਪਿਆਰ । ਇਕ ਦੂਜੇ ਦੇ ਬਣੋ ਕੰਤ, ਆਪੇ ਪੁਰਖ ਆਪੇ ਨਾਰ । ਤੁਹਾਡੀ ਡੋਲੀ ਚੁੱਕੇ ਭਗਵੰਤ, ਬਣੇ ਮਾਤ ਕਹਾਰ । ਆਪਣੀ ਮਹਿਮਾ ਸੁਣਾਏ ਅਗਣਤ, ਲਾਵਾਂ ਪੜ੍ਹੇ ਇਕੋ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰੇ ਪਿਆਰ । ਚੌਥੀ ਲਾਂਵਾ ਪੁਰਖ ਅਬਿਨਾਸ਼ੀ ਪਾਇਆ, ਗੁਰਮੁਖਾਂ ਵੱਜੀ ਵਧਾਈਆ । ਹਰਿ ਜੂ ਘਰ ਵਿਆਵਣ ਆਇਆ, ਹੋਈ ਮਾਤ ਕੁੜਮਾਈਆ । ਸਾਚੀ ਡੋਲੀ ਨਾਲ ਲਿਆਇਆ, ਏਕਾ ਰੰਗ ਰੰਗਾਈਆ । ਸਾਚਾ ਭੂਸ਼ਨ ਦਏ ਪਹਿਨਾਇਆ, ਆਪ ਆਪਣਾ ਦਏ ਸਮਝਾਈਆ । ਸਾਚਾ ਕੰਗਨ ਹੱਥ ਉਠਾਇਆ, ਵੇਖੇ ਸਰਬ ਲੋਕਾਈਆ । ਸਾਚਾ ਚੰਦਨ ਤਿਲਕ ਲਗਾਇਆ, ਚੰਦ ਚਾਂਦਨੀ ਸ਼ਰਮਾਈਆ । ਸੌਹਰੇ ਪੇਈਏ ਸਾਚਾ ਛੰਦਨ ਇਕੋ ਗਾਇਆ, ਸੋਹੰ ਢੋਲਾ ਰਾਗ ਸੁਣਾਈਆ । ਜਨਮ ਜਨਮ ਦੀ ਟੁੱਟੀ ਗੰਢਨ ਆਇਆ, ਆਪਣੇ ਪਲੂ ਨਾਲ ਬੰਧਾਈਆ । ਜਗਤ ਰੰਡੇਪਾ ਖੰਡਨ ਆਪ ਕਰਾਇਆ, ਨਾਮ ਖੰਡਾ ਹੱਥ ਚਮਕਾਈਆ । ਆਪਣਾ ਪੈਂਡਾ ਆਪ ਮੁਕਾਇਆ, ਬਣ ਪਾਂਧੀ ਪੰਧ ਮੁਕਾਈਆ । ਸਚਖੰਡ ਦੁਆਰਾ ਆਪ ਸੁਹਾਇਆ, ਸਚ ਸਿੰਘਾਸਣ

ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਿਵਸ ਦਏ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਰਚਨਾ ਆਪ ਰਚਾਈਆ ।

ਹਰਿ ਸੰਗਤ ਤੇਰਾ ਸਚ ਪਿਆਰ, ਪਾਰਬ੍ਰਹਮ ਪ੍ਰਭ ਆਪ ਨਿਭਾਈਆ । ਆਪਣੇ ਸਿਰ ਤੋਂ ਲਾਹ ਦਸਤਾਰ, ਗੁਰਮੁਖਾਂ ਸਿਰ ਟਿਕਾਈਆ । ਕੇਸਾਂ ਚਵਰ ਕਰੇ ਵਿਚ ਦਰਬਾਰ, ਧੂੜੀ ਆਪਣੇ ਮਸਤਕ ਲਾਈਆ । ਜੁਗ ਜਨਮ ਦਾ ਰੋਗ ਨਿਵਾਰ, ਚਿੰਤਾ ਸੋਗ ਦਏ ਮਿਟਾਈਆ । ਹਰਖ ਸੋਗ ਤੋਂ ਕਰੇ ਬਾਹਿਰ, ਆਪਣਾ ਰੰਗ ਦਏ ਚੜ੍ਹਾਈਆ । ਲੋਕ ਪਰਲੋਕ ਦਏ ਸਹਾਰ, ਸਿਰ ਉਤੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣਾ ਸੀਸ ਤਾਜ ਰਖਾਈਆ । ਗੁਰਸਿਖ ਬਣੇ ਸਿਰ ਦਾ ਤਾਜ, ਸ਼ਾਹ ਪਾਤਸ਼ਾਹ ਆਪ ਬਣਾਇੰਦਾ । ਗੋਬਿੰਦ ਗਿਆ ਸਾਜਨ ਸਾਜ, ਸਚ ਰੰਗ ਆਪ ਚੜ੍ਹਾਇੰਦਾ । ਫੇਰ ਬਣੇ ਗ਼ਰੀਬ ਨਿਵਾਜ਼, ਬਣ ਗ਼ਰੀਬ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਣ ਰਖਾਇੰਦਾ । ਭਗਤ ਸਾਚਾ ਮਾਣ ਤਾਣ, ਹਰਿ ਜੂ ਆਪ ਬਣਾਈਆ । ਭਗਤ ਮੇਰਾ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਈਆ । ਭਗਤ ਮੇਰਾ ਨਾਦ ਗਾਨ, ਰਾਗ ਰਾਗਨੀ ਰਹੇ ਸ਼ਰਮਾਈਆ । ਭਗਤ ਮੇਰਾ ਮੰਦਰ ਮਕਾਨ, ਜਿਸ ਘਰ ਵਸਾਂ ਚਾਈਂ ਚਾਈਆ । ਭਗਤ ਮੇਰਾ ਧੂੜ ਅਸ਼ਨਾਨ, ਆਪਣੀ ਝੋਲੀ ਪਾਈਆ । ਭਗਤ ਮੇਰਾ ਨਾਤਾ ਦੋ ਜਹਾਨ, ਦੂਜਾ ਸੰਗ ਨਾ ਕੋਈ ਜਾਈਆ । ਭਗਤ ਭਗਵੰਤ ਰਲ ਮਿਲ ਬਹਿਣ ਜਿਉਂ ਗੋਪੀ ਕਾਹਨ, ਘਰ ਸਾਚੇ ਖ਼ੁਸ਼ੀ ਮਨਾਈਆ । ਭਗਤ ਅੰਤ ਲਗਾਇਆ ਇਕ ਨਿਸ਼ਾਨ, ਜਗਤ ਨਿਸ਼ਾਨਾ ਆਪ ਬਣਾਈਆ । ਦੇਵਤ ਸੁਰ ਸਾਰੇ ਗਾਨ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਗੁਰ ਅਵਤਾਰ ਕਰ ਧਿਆਨ, ਵਾਹ ਵਾਹ ਭਗਤ ਤੇਰੀ ਵਡਿਆਈਆ । ਜਿਨ੍ਹਾਂ ਮਿਲਿਆ ਆਪ ਭਗਵਾਨ, ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਆਪ ਤਰਾਈਆ । ਗੁਰਮੁਖ ਤੇਰੀ ਸਿਫ਼ਤ ਨਿਸ਼ਾਨੀ, ਲੋਕਮਾਤ ਵਖਾਈਆ । ਪਿਛੋਂ ਸਾਰੇ ਗੌਂਦੇ ਕਹਾਣੀ, ਵੇਲਾ ਵਕਤ ਸਰਬ ਗਵਾਈਆ । ਪਿਛੋਂ ਸਾਰੇ ਪੜ੍ਹਨ ਬਾਣੀ, ਕੀ ਸਤਿਗੁਰ ਗਿਆ ਸਮਝਾਈਆ । ਛਾਛ ਵਿਰੋਲਣ ਜਗਤ ਪਾਣੀ, ਮੱਖਣ ਹੱਥ ਕਿਸੇ ਨਾ ਆਈਆ । ਧੰਦੇ ਲਾ ਲਾ ਜਾਏ ਚਾਰ ਖਾਣੀ, ਆਪਣੀ ਖ਼ਾਹਿਸ਼ ਨਾ ਕਿਸੇ ਸਮਝਾਈਆ । ਗੁਰਮੁਖ ਲੱਭੇ ਸੱਚਾ ਹਾਣੀ, ਜੁਗ ਜੁਗ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਕਰੇ ਕੁੜਮਾਈਆ ।

ਜਿਸ ਕਾਰਨ ਹਰਿ ਆਇਆ ਮਾਤ, ਸੋ ਕਾਰਨ ਦਏ ਸਮਝਾਈਆ । ਹਰਿ ਸੰਗਤ ਸਾਚੀ ਦਿਓ ਦਾਤ, ਪ੍ਰਭ ਝੋਲੀ ਰਿਹਾ ਡਾਹੀਆ । ਭਗਤ ਦੁਆਰਾ ਵੇਖਾਂ ਮਾਰ ਝਾਤ, ਆਪਣਾ ਨੈਣ ਉਠਾਈਆ । ਲੱਖ ਚੁਰਾਸੀ ਦਿਸੇ ਝੂਠਾ ਸਾਕ, ਅੰਤ ਸੰਗ ਕੋਈ ਨਾ ਜਾਈਆ । ਮੈਂ ਆਪਣਾ ਕਰ

ਕੇ ਆਇਆ ਘਾਤ, ਰੂਪ ਰੰਗ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਿਹਾ ਮੰਗ ਮੰਗਾਈਆ । ਦਿਓ ਮੰਗ ਦਰਸ ਦਾਨ, ਦਾਤਾ ਹਰਿ ਮੰਗਾਇੰਦਾ । ਮੈਂ ਭਗਤ ਦੁਆਰਾ ਵੇਖਿਆ ਆਣ, ਜੁਗ ਜੁਗ ਖ਼ੁਸ਼ੀ ਮਨਾਇੰਦਾ । ਮੇਰੀ ਸੇਵਾ ਕਰਨ ਪਰਵਾਨ, ਬਣ ਪਰਵਾਨਾ ਆਪਣਾ ਆਪ ਜਲਾਇੰਦਾ । ਦਿਵਸ ਰੈਣ ਗਾਵਾਂ ਗਾਣ, ਗੁਰਮੁਖ ਭੁੱਲ ਕਦੇ ਨਾ ਜਾਇੰਦਾ । ਕਲਜੁਗ ਮਿਲਿਆ ਹਾਣੀ ਹਾਣ, ਗੁਰਮੁਖ ਮੁਖ ਮੋਹੇ ਭਾਇੰਦਾ । ਸ੍ਰਿਸ਼ਟ ਸਬਾਈ ਹੋਈ ਗਲਤਾਨ, ਆਪ ਗੈਰ ਰੂਪ ਵਟਾਇੰਦਾ । ਘਰ ਘਰ ਦਰੋਹੀ ਫਿਰੀ ਸ਼ੈਤਾਨ, ਸ਼ਰਅ ਜ਼ੰਜੀਰ ਨਾ ਕੋਈ ਕਟਾਇੰਦਾ । ਗੁਰਮੁਖ ਵਿਰਲਾ ਕਰੇ ਧਿਆਨ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਔਣਾ ਜਾਣਾ ਕਰਨਾ ਪਰਵਾਨ, ਪਰਮ ਪੁਰਖ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰ ਵਜਾਏ ਮਰਦੰਗ, ਮਰਦੰਗਾ ਆਪਣੇ ਹੱਥ ਰਖਾਇੰਦਾ ।

### ★ ੨੫ ਮੱਘਰ ੨੦੧੮ ਬਿਕਰਮੀ ਠਾਕਰ ਸਿੰਘ ਦੇ ਨਵਿਤ ਜੇਠੂਵਾਲ ਦਰਬਾਰ ਵਿਚ ★



ਨਿਰਗੁਣ ਰਚਿਆ ਆਪਣਾ ਕਾਜ, ਜਨ ਭਗਤਾਂ ਪੈਜ ਸਵਾਰ । ਨਾਮੇ ਤੇਰੀ ਰੱਖੀ ਲਾਜ, ਕਲਜੁਗ ਅੰਤਮ ਵਾਰ । ਵੇਸ ਵਟਾਇਆ ਗ਼ਰੀਬ ਨਿਵਾਜ਼, ਹਰਿਜਨ ਲਾਏ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ । ਨਾਮੇ ਹਰਿ ਜੂ ਦਿਤਾ ਦੱਸ, ਦਹਿ ਦਿਸ਼ਾ ਦਏ ਵਖਾਈਆ । ਤੇਰੀ ਕਰੇ ਪੂਰੀ ਆਸ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਸਾਚੀ ਦਿਤੀ ਇਕੋ ਰਾਸ, ਨਿਰਗੁਣ ਆਪ ਵਰਤਾਈਆ । ਜਨ ਭਗਤਾਂ ਕਰੇ ਬੰਦ ਖ਼ੁਲਾਸ, ਬੰਧਨ ਆਪਣਾ ਆਪੇ ਪਾਈਆ । ਜਨਮ ਜਨਮ ਦੀ ਮਿਟਾਏ ਪਿਆਸ, ਤ੍ਰਿਸ਼ਨਾ ਭੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਨਾਮੇ ਝੋਲੀ ਪਾਈਆ । ਨਾਮੇ ਉਠ ਮਾਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਤੇਰੀ ਛੱਪਰੀ ਜਗਤ ਨਿਸ਼ਾਨ, ਭਗਤ ਦੁਆਰਾ ਆਪ ਸੁਹਾਇੰਦਾ । ਨਿਰਗੁਣ ਵੇਖੇ ਆਪੇ ਆਣ, ਭੇਵ ਕੋਇ ਨਾ ਪਾਇੰਦਾ । ਜਿਸ ਜਨ ਦੇਵੇ ਆਪ ਗਿਆਨ, ਤਿਸ ਆਪਣੀ ਬੂਝ ਬੁਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹੋਏ ਹੈਰਾਨ, ਹਰਿ ਕਾ ਭੇਵ ਕੋਈ ਨਾ ਆਇੰਦਾ । ਚਾਰੇ ਖਾਣੀ ਬਾਣੀ ਨੈਣ ਸ਼ਰਮਾਣ, ਨੇਤਰ ਨੈਣ ਨਾ ਕੋਈ ਉਠਾਇੰਦਾ । ਮਾਣ ਤੁਟਾ ਜਗਤ ਗਿਆਨ, ਧਿਆਨ ਧਿਆਨ ਨਾ ਕੋਈ ਜਣਾਇੰਦਾ । ਰਸਨਾ ਬੋਲੇ ਨਾ ਕੋਈ ਜ਼ਬਾਨ, ਜ਼ਰਾ ਜ਼ਰਾ ਸਰਬ ਕਟਾਇੰਦਾ । ਅੰਤਮ ਸਭ ਦੀ ਵੇਖੇ ਕਲਿਆਣ, ਦੋ ਜਹਾਨਾਂ ਫੋਲ ਫੁਲਾਇੰਦਾ । ਜਨ ਭਗਤਾਂ ਦੇਵੇ ਸਾਚਾ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਆਪਣੇ ਦਰ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਸਚਖੰਡ ਦਾ ਸਚ ਨਿਸ਼ਾਨ, ਲੋਕਮਾਤ ਝੁਲਾਇੰਦਾ । ਦਰਦੀਆਂ ਦਰਦ ਵੰਡੇ ਆਣ, ਦੁੱਖ ਦਰਦ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਛੱਪਰ ਲੇਖੇ ਲਾਇੰਦਾ । ਨਾਮੇ ਤੇਰਾ ਇਕੋ ਛੱਪਰ, ਤੈਨੂੰ ਦਏ ਵਡਿਆਈਆ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਆਪਣਾ ਵੇਖੇ ਏਕਾ ਟੱਬਰ, ਬਹੱਤਰ ਭਗਤ ਮੇਲ ਮਿਲਾਈਆ । ਨਾਲ ਰਲਾ ਕੇ ਸਿੰਘ ਸ਼ੇਰ ਬੱਬਰ, ਏਕਾ ਭਬਕ ਰਿਹਾ ਲਗਾਈਆ । ਨੇਤਰ ਰੋਵਣ ਜ਼ਿਮੀਂ ਅਸਮਾਨ ਅੰਬਰ, ਨੀਰ ਨੀਰ ਵਹਾਈਆ । ਧੀਰਜ ਕਰੇ ਨਾ ਕੋਈ ਸਬਰ, ਸਫ਼ਾ ਸਭ ਦੀ ਰਿਹਾ ਉਠਾਈਆ । ਨਿਰਗੁਣ ਹੋ ਕੇ ਲੱਗਾ ਮਗਰ, ਨਜ਼ਰ ਕਿਸੇ ਨਾ ਆਈਆ । ਉਚੇ ਟਿਬਿਉਂ ਕਰੇ

ਪੱਧਰ, ਜਨ ਭਗਤਾਂ ਕਰੇ ਸਫਾਈਆ । ਜਨ ਭਗਤਾਂ ਪੂਰੀ ਕਰੇ ਸਧਰ, ਸਾਖਯਾਤ ਦਰਸ ਦਿਖਾਈਆ । ਦਰ ਘਰ ਆਇਆਂ ਦੇਵੇ ਆਦਰ, ਆਦਰਸ਼ ਇਕ ਜਣਾਈਆ । ਲੇਖੇ ਲੱਗਾ ਖੂਨ ਤੇਗ ਬਹਾਦਰ ਹਰਿ ਬਹਾਦਰੀ ਰਿਹਾ ਵਖਾਈਆ । ਗੋਬਿੰਦ ਸੂਰਾ ਬਣ ਬਣ ਸਾਗਰ, ਗੁਰਮੁਖ ਸਰੋਵਰ ਰਿਹਾ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਦਏ ਵਡਿਆਈਆ । ਉਠ ਨਾਮੇ ਨੇਤਰ ਖੋਲ੍ਹ, ਨੈਣ ਨੈਣਾਂ ਆਪ ਜਣਾਈਆ । ਚਾਰੋਂ ਕੁੰਟ ਵੱਜਾ ਢੋਲ, ਲੱਖ ਚੁਰਾਸੀ ਰਿਹਾ ਸੁਣਾਈਆ । ਪਾਰਬ੍ਰਹਮ ਪ੍ਰਭ ਬੋਲਿਆ ਬੋਲ, ਜਨ ਭਗਤਾਂ ਰਿਹਾ ਸੁਣਾਈਆ । ਜਿਸ ਦੇ ਪਿਛੇ ਸ੍ਰਿਸ਼ਟ ਸਬਾਈ ਨਾਲ ਕਰਦੇ ਰਹੇ ਘੋਲ, ਸੋ ਗੁਰਮੁਖਾਂ ਉਤੋਂ ਆਪਾ ਆਪ ਘੋਲ ਵਖਾਈਆ । ਨਿਰਗੁਣ ਬਣ ਬਣ ਵਸੇ ਕੋਲ, ਸਰਗੁਣ ਲਏ ਮਿਲਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਰੱਖਦਾ ਰਿਹਾ ਪਰਦਾ ਓਹਲ, ਕਲਜੁਗ ਦੇਵੇ ਲਾਹੀਆ । ਲੱਖ ਚੁਰਾਸੀ ਆਪ ਵਿਰੋਲ, ਹਰਿਜਨ ਸਾਚੇ ਲਏ ਕਢਾਈਆ । ਏਥੇ ਓਥੇ ਰੱਖੇ ਅਡੋਲ, ਅਤੁਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮੇ ਏਕਾ ਗੁਣ ਜਣਾਈਆ । ਨਾਮਾ ਅੱਗੋਂ ਪਿਆ ਹੱਸ, ਹੱਸ ਹੱਸ ਖ਼ੁਸ਼ੀ ਮਨਾਇੰਦਾ । ਤੂੰ ਜੁਗ ਜੁਗ ਭਗਤਾਂ ਕੋਲੋਂ ਆਇਆ ਨੱਸ, ਛਿੰਨ ਛਿੰਨ ਆਪਣਾ ਰੂਪ ਵਟਾਇੰਦਾ । ਕਲਜੁਗ ਅੰਤਮ ਗਿਆ ਫਸ, ਰਾਹ ਖਹਿੜਾ ਨਜ਼ਰ ਕੋਇ ਨਾ ਆਇੰਦਾ । ਆਪਣੀ ਕਰਨੀ ਗਿਆ ਢੱਠ, ਕਰਤਾ ਪੁਰਖ ਆਪਣਾ ਜ਼ੋਰ ਨਾ ਕੋਇ ਜਣਾਇੰਦਾ । ਜੁਗ ਜੁਗ ਕਰਦਾ ਰਿਹਾ ਹਠ, ਸਗਲਾ ਸੰਗ ਨਾ ਕਦੇ ਨਿਭਾਇੰਦਾ । ਭਗਤ ਤੇਰੀ ਮਾਲਾ ਰਹੇ ਰਟ, ਰਟ ਰਟ ਪੰਧ ਨਾ ਕੋਇ ਮੁਕਾਇੰਦਾ । ਕਲਜੁਗ ਖੇਲ ਕੀਆ ਸਮਰਥ, ਸਮਰਥ ਧਾਰ ਚਲਾਇੰਦਾ । ਜੁਗ ਜਨਮ ਦੇ ਵਿਛੜੇ ਲਏ ਰੱਖ, ਆਪ ਆਪਣਾ ਰੰਗ ਰੰਗਾਇੰਦਾ । ਕਰ ਕਿਰਪਾ ਮੇਲਿਆ ਹੱਥ ਨਾਲ ਹੱਥ, ਹੱਥੋ ਹੱਥ ਖੇਲ ਕਰਾਇੰਦਾ । ਇਕ ਸੁਣਾਈ ਸਾਚੀ ਗਾਥ, ਸੋਹੰ ਅੱਖਰ ਆਪ ਪੜ੍ਹਾਇੰਦਾ । ਇਕ ਵਖਾਇਆ ਤੀਰਥ ਤਟ, ਸਰ ਸਰੋਵਰ ਆਪ ਨੁਹਾਇੰਦਾ । ਨਿਰਗੁਣ ਰੂਪ ਹੋ ਪਰਗਟ, ਪ੍ਰਭ ਆਪਣਾ ਵੇਸ ਵਟਾਇੰਦਾ । ਜਨ ਭਗਤ ਦੁਆਰਾ ਖੋਲ੍ਹ ਹੱਟ, ਸਾਚਾ ਵਣਜ ਨਾਮ ਕਰਾਇੰਦਾ । ਗੁਰ ਦਰ ਮੰਦਰ ਮਸਜਿਦ ਜਾਣੇ ਢੱਠ, ਵੇਲੇ ਅੰਤ ਨਾ ਕੋਇ ਬਚਾਇੰਦਾ । ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਅੰਤਮ ਬਣਨੇ ਸਾਰੇ ਜੱਟ, ਜਾਬਰ ਆਪਣਾ ਜੋਰ ਵਖਾਇੰਦਾ । ਮਣਕਾ ਮਣਕਾ ਮਾਲਾ ਕੋਈ ਨਾ ਲਏ ਰਟ, ਅਠੋਤਰੀ ਇਕੋਤਰੀ ਨਾ ਗਣਤ ਗਣਾਇੰਦਾ । ਡੂੰਘੇ ਖਾਤੇ ਦੇਵੇ ਸੱਟ, ਫੇਰ ਬਾਹਰ ਨਾ ਕੋਇ ਕਢਾਇੰਦਾ । ਏਕਾ ਨਾਮ ਦੇਵੇ ਵੱਥ, ਆਤਮ ਪਰਮਾਤਮ ਰੰਗ ਰੰਗਾਇੰਦਾ । ਚਾਰ ਜੁਗ ਚਲੇ ਜਸ, ਜਸ ਵੇਦ ਪੁਰਾਨ ਅਲਾਇੰਦਾ । ਸਭ ਦੀ ਕਰਨੀ ਲਏ ਖਸ, ਕਰਤਾ ਆਪਣਾ ਹੁਕਮ ਵਰਤਾਇੰਦਾ । ਗੁਰ ਅਵਤਾਰ ਕਹਿ ਕਹਿ ਗਏ ਬਸ ਬਸ, ਬਸਤਾ ਸਭ ਦਾ ਆਪ ਬੰਧਾਇੰਦਾ । ਲਿਖ ਲਿਖ ਮਾਰਗ ਗਏ ਦੱਸ, ਅੱਗੇ ਹੋ ਨਾ ਕੋਇ ਉਠਾਇੰਦਾ । ਪੰਜ ਤੱਤ ਕਾਇਆ ਚੋਲਾ ਛੱਡ ਕੇ ਗਏ ਨੱਠ, ਮੁੜ ਕੇ ਫੇਰ ਕੋਇ ਨਾ ਆਇੰਦਾ । ਨਾਨਕ ਕਹਿ ਕੇ ਗਿਆ ਅੰਗਦ ਚਰਨੀ ਜਾਣਾ ਢੱਠ, ਅੰਗਦ ਅਮਰਦਾਸ ਰਾਹ ਵਖਾਇੰਦਾ । ਅਮਰਦਾਸ ਰਾਮਦਾਸ ਵਸੇ ਘਟ ਘਟ, ਜੋਤੀ ਜੋਤ ਜੋਤ ਜਗਾਇੰਦਾ । ਰਾਮ ਦਾਸ ਅਰਜਣ ਲਾਈ ਅਨਹਦ ਸੱਟ, ਸ਼ਬਦੀ ਸ਼ਬਦ ਤਾਲ ਵਜਾਇੰਦਾ । ਅਰਜਨ ਗੋਬਿੰਦ ਅੰਦਰ ਹੋ ਪਰਤੱਖ, ਹਰਿ ਗੋਬਿੰਦ ਖੇਲ ਕਰਾਇੰਦਾ । ਹਰਿਗੋਬਿੰਦ ਹਰਿਰਾਏ ਲਏ ਰੱਖ, ਸਿਰ ਆਪਣਾ ਹੱਥ ਟਿਕਾਇੰਦਾ । ਹਰਿਰਾਏ ਹਰਿਕ੍ਰਿਸ਼ਨ ਹੋਇਆ ਵਸ, ਪੰਜ ਤੱਤ ਕਾਇਆ ਵੰਡ ਵੰਡਾਇੰਦਾ । ਹਰਿਕ੍ਰਿਸ਼ਨ

ਤੇਗ਼ ਬਹਾਦਰ ਅੰਦਰ ਗਿਆ ਡਟ, ਸ੍ਰਿਸ਼ਟ ਸਬਾਈ ਰਾਹ ਚਲਾਇੰਦਾ । ਤੇਗ਼ ਬਹਾਦਰ ਆਪਣੀ ਵਸਤ ਪੁਰਖ ਅਕਾਲ ਦੀ ਝੋਲੀ ਘੱਤ, ਲੱਖ ਲੱਖ ਸ਼ੁਕਰ ਮਨਾਇੰਦਾ । ਗੋਬਿੰਦ ਕਹੇ ਪੁਰਖ ਸਮਰਥ, ਅਜੂਨੀ ਰਹਿਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਸਾਚਾ ਖੇਲ ਵੇਖ ਨਾਮੇ, ਨਿਰਗੁਣ ਆਪ ਵਖਾਈਆ । ਤੇਰੇ ਪਿਛੇ ਬਹੱਤਰ ਜਾਮੇ, ਜਨ ਭਗਤ ਲਏ ਉਠਾਈਆ । ਆਪੇ ਰੱਖੇ ਆਪਣੇ ਖਾਨੇ, ਦਰ ਆਪਣੇ ਬੰਦ ਕਰਾਈਆ । ਆਪ ਸੁਣਾਏ ਆਪਣੇ ਗਾਣੇ, ਗਾਵਣਹਾਰ ਆਪ ਹੋ ਜਾਈਆ । ਇਕ ਸਤਾਰ ਵਜਾਏ ਜਿਉਂ ਨਾਨਕ ਸੰਗ ਮਰਦਾਨੇ, ਮਰਦ ਮਰਦਾਨਗੀ ਆਪ ਵਖਾਈਆ । ਗੋਬਿੰਦ ਸੁੱਟ ਕੇ ਗਿਆ ਤਿੰਨ ਕਾਂਨੇ, ਤਿੰਨਾਂ ਤੱਤਾਂ ਅਗਨੀ ਲਾਈਆ । ਵੇਲੇ ਅੰਤ ਨਾ ਕੋਇ ਪਛਾਣੇ, ਨਦੇੜ ਵੱਜੀ ਵਧਾਈਆ । ਕਰੇ ਖੇਲ ਸ੍ਰੀ ਭਗਵਾਨੇ, ਕਲਜੁਗ ਅੰਤਮ ਵੇਸ ਵਟਾਈਆ । ਮੇਰਾ ਰੱਖੇ ਸੱਚਾ ਮਾਣੇ, ਅਭਿਮਾਨ ਦਏ ਗਵਾਈਆ । ਤਖ਼ਤੋਂ ਲਾਹੇ ਰਾਜੇ ਰਾਣੇ, ਸਭ ਰੱਯਤ ਲਏ ਬਣਾਈਆ । ਗੁਰ ਅਵਤਾਰ ਚਲਾਏ ਆਪਣੇ ਭਾਣੇ, ਜੁਗ ਜੁਗ ਲੇਖਾ ਵੇਖ ਵਖਾਈਆ । ਜਨ ਭਗਤਾਂ ਕਰੇ ਆਪ ਪਛਾਣੇ, ਵੇਖਣਹਾਰਾ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਰਖਾਈਆ । ਨਾਮਾ ਕਹੇ ਤੂੰ ਬੇਪਰਵਾਹ, ਤੇਰਾ ਅੰਤ ਕੋਇ ਨਾ ਪਾਇੰਦਾ । ਜਲ ਥਲ ਖੇਲ ਤੇਰਾ ਅਸਗਾਹ, ਸਮੁੰਦ ਸਾਗਰ ਵੇਸ ਵਟਾਇੰਦਾ । ਜੁਗਾ ਜੁਗੰਤਰ ਵੇਸ ਵਟਾ, ਰੂਪ ਅਨੂਪ ਆਪ ਧਰਾਇੰਦਾ । ਗਗਨ ਗਗਨੰਤਰ ਸੋਭਾ ਪਾ, ਰਵ ਸਸ ਨੂਰ ਚਮਕਾਇੰਦਾ । ਬ੍ਰਹਿਮੰਡ ਖੰਡ ਵਸਾ, ਆਪਣਾ ਆਸਣ ਲਾਇੰਦਾ । ਲੋਕਮਾਤ ਜੋਤ ਜਗਾ, ਵਰਭੰਡੀ ਵੇਖ ਵਖਾਇੰਦਾ । ਜੇਰਜ ਅੰਡੀ ਫੇਰਾ ਪਾ, ਉਤਭੁਜ ਸੇਤਜ ਰੰਗ ਚੜ੍ਹਾਇੰਦਾ । ਜਨ ਭਗਤਾਂ ਵਾਸਨਾ ਗੰਦੀ ਦਏ ਕਢਾ, ਏਕਾ ਆਪਣਾ ਨਾਮ ਪੜ੍ਹਾਇੰਦਾ । ਸਾਚੀ ਚੰਡੀ ਇਕ ਚਮਕਾ, ਚੰਡ ਚੰਡੋਲ ਮੁਕਾਇੰਦਾ । ਆਤਮਾ ਰੰਡੀ ਲਏ ਪਰਨਾ, ਆਪਣੇ ਅੰਗ ਲਗਾਇੰਦਾ । ਡੂੰਘੀ ਕੰਢੀ ਪਾਰ ਕਰਾ, ਡੂੰਘਾ ਸਾਗਰ ਵੇਖ ਵਖਾਇੰਦਾ । ਥੱਕੀ ਮਾਂਦੀ ਗਲੇ ਲਗਾ, ਜਨਮ ਜਨਮ ਦੇ ਰੋਗ ਗਵਾਇੰਦਾ । ਬਣ ਬਣ ਪਾਂਧੀ ਪੰਧ ਮੁਕਾ, ਆਪਣੀ ਮੰਜ਼ਲ ਆਪ ਵਖਾਇੰਦਾ । ਜਗਤ ਸੁਹਾਗੀ ਛੰਦ ਏਕਾ ਗਾ, ਸੰਸਾ ਰੋਗ ਮਿਟਾਇੰਦਾ । ਬੰਦੀਖ਼ਾਨਾ ਆਪ ਤੁੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਬਹਾਇੰਦਾ । ਨਾਮੇ ਵੇਖ ਸਚ ਮਹੱਲਾ, ਹਰਿ ਸਾਚੇ ਆਪ ਬਣਾਇਆ । ਭਗਤਾਂ ਜੋਤੀ ਆਪੇ ਰਲਾ, ਜੋਤੀ ਜੋਤ ਜੋਤ ਸਮਾਇਆ । ਸਚ ਸੰਦੇਸ਼ ਇਕੋ ਘੱਲਾ, ਨਰ ਨਰੇਸ਼ ਆਪ ਸੁਣਾਇਆ । ਕਲਜੁਗ ਅੰਤਮ ਫੜ ਫੜ ਪੱਲਾ, ਆਪਣੇ ਨਾਲ ਬੰਧਾਇਆ । ਜਨਮ ਜਨਮ ਦਾ ਮੇਟਿਆ ਸਲਾ, ਸੰਸਾ ਰੋਗ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਆਪ ਵਖਾਇਆ । ਸਾਚਾ ਦਰ ਖੋਲ੍ਹ ਦੁਆਰ, ਦਾਮਨਗੀਰ ਦਇਆ ਕਮਾਈਆ । ਆਲਮਗੀਰ ਨਾ ਕਰੇ ਕੋਇ ਵਿਚਾਰ, ਉਲਮਾ ਇਲਮ ਨਾ ਕੋਇ ਵਖਾਈਆ । ਕਰੇ ਖੇਲ ਆਪ ਕਰਤਾਰ, ਨਿਰਾਕਾਰ ਸੱਚਾ ਸ਼ਹਿਨਸ਼ਾਹੀਆ । ਸਚ ਮਹੱਲਾ ਕਰ ਤਿਆਰ, ਤ੍ਰੈਗੁਣ ਡੇਰਾ ਰਿਹਾ ਢਾਹੀਆ । ਹਰਿਜਨ ਸਾਚੇ ਵਿਚ ਬਠਾਲ, ਪਹਿਰੇਦਾਰ ਆਪ ਹੋ ਜਾਈਆ । ਨੇੜ ਨਾ ਆਏ ਕਿਸੇ ਕਾਲ, ਜਮ ਕਾਲ ਨਾ ਕੋਇ ਸਜਾਈਆ । ਸਦਾ ਸਦ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਆਪ ਸਫਾਈਆ ।

ਜਨ ਭਗਤਾਂ ਦੇਵੇ ਆਪ ਜ਼ਮਾਨਤ, ਸਾਚੀ ਜ਼ਿਮਨੀ ਆਪ ਭਰਾਇੰਦਾ । ਕੂੜੀ ਕਿਰਿਆ ਨਾ ਕੋਇ ਅਲਾਮਤ, ਜੂਠ ਝੂਠ ਨਾ ਕੋਇ ਵਖਾਇੰਦਾ । ਚਾਰ ਜੁਗ ਦੀ ਕਰੀ ਨਾ ਕੋਈ ਖ਼ਿਆਨਤ, ਸਾਚੀ ਵਸਤ ਆਪ ਵਖਾਇੰਦਾ । ਲੱਖ ਚੁਰਾਸੀ ਦੇਵੇ ਲਾਹਨਤ, ਲਾਹਨਤ ਤੌਕ ਗਲ ਬੰਧਾਇੰਦਾ । ਮਨਮੁਖ ਜੀਵ ਹੋਏ ਬੇਪਹਿਚਾਨਤ, ਪਹਿਚਾਨ ਵਿਚ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਭਗਤਾਂ ਦੇਵੇ ਆਪ ਸਫ਼ਾਈ, ਸਫ਼ਾ ਸਭ ਦੀ ਰਿਹਾ ਉਠਾਈਆ । ਆਪਣੀ ਅਦਾਲਤ ਆਪੇ ਦੇਵੇ ਗਵਾਹੀ, ਕੋਈ ਲਿਖੇ ਨਾ ਕਲਮ ਸ਼ਾਹੀਆ । ਇਕੋ ਵਾਰ ਲਹਿਣਾ ਦਏ ਚੁਕਾਈ, ਪਿਛਲਾ ਜੁਰਮ ਨਾ ਕੋਈ ਵਖਾਈਆ । ਜਨਮ ਜਨਮ ਦੀ ਫਾਂਸੀ ਦਏ ਕਟਾਈ, ਰੱਸਾ ਆਪਣੀ ਹੱਥੀਂ ਆਪ ਵਢਾਈਆ । ਬਹੱਤਰ ਸੱਤਰ ਚੁਹੱਤਰ ਮੇਲ ਮਿਲਾਵਾ ਸਕੇ ਭਾਈ, ਇਕੋ ਪਿਤਾ ਮਾਣ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਨਾਲ ਮਿਲਾਈਆ । ਜਨ ਭਗਤਾਂ ਅੰਤਮ ਕਰੇ ਇਨਸਾਫ, ਵਾਅਦਾ ਖਲਾਫ਼ ਨਾ ਕਦੇ ਅਖਵਾਇੰਦਾ । ਲੱਖ ਚੁਰਾਸੀ ਦੋ ਜਹਾਨਾਂ ਅੰਦਰ ਕਰਕੇ ਆਇਆ ਸ਼ਗਾਫ਼, ਆਪਣਾ ਰਾਹ ਨਾ ਕਿਸੇ ਜਣਾਇੰਦਾ । ਲੱਖ ਚੁਰਾਸੀ ਸਾਧ ਸੰਤ ਜੀਵ ਜੰਤ ਕਿਸੇ ਨਾ ਆਵੇ ਭਾਖਿਆ ਭਾਖ, ਅਨੁਭਵ ਦ੍ਰਿਸ਼ਟੀ ਕੋਇ ਨਾ ਵੇਖ ਵਖਾਇੰਦਾ । ਸਾਰੇ ਵਿਕੇ ਕਲਜੁਗ ਹਾਟ, ਕੀਮਤ ਕਰਤਾ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਤਰਾਇੰਦਾ । ਜਨ ਭਗਤਾਂ ਕਰੇ ਸਾਚਾ ਅਦਲ, ਅਦਲੀ ਅਦਲ ਕਮਾਇਆ । ਜੁਗ ਜੁਗ ਔਂਦਾ ਰਿਹਾ ਬਦਲ ਬਦਲ, ਆਪਣੀ ਬਦਲੀ ਆਪਣੇ ਹੱਥ ਰਖਾਇਆ । ਆਪੇ ਜਾਣੇ ਆਪਣੀ ਮੰਜ਼ਲ, ਮਕਸੂਦ ਆਪਣਾ ਡੇਰਾ ਲਾਇਆ । ਕਰ ਕਿਰਪਾ ਜਿਸ ਨੂੰ ਪਾਵੇ ਆਪਣਾ ਕੱਜਲ, ਤਿਸ ਨੇਤਰ ਦਏ ਖੁਲ੍ਹਾਇਆ । ਕੋਟਨ ਕੋਟ ਕਰ ਕੇ ਪਜ਼ਲ, ਅੰਤਮ ਮੂੰਹ ਦੇ ਭਾਰ ਸੁਟਾਇਆ । ਖ਼ਾਲੀ ਕੀਤੇ ਵਾਂਗ ਵੰਝਲ, ਸਾਚਾ ਨਾਅਰਾ ਨਾ ਕੋਇ ਸੁਣਾਇਆ । ਇਕੋ ਰੱਖੀ ਆਪਣੀ ਆਂਝਲ, ਮਾਇਆ ਮਮਤਾ ਮੋਹ ਵਧਾਇਆ । ਆਪਣੇ ਘਰ ਲਾਗੇ ਝੂਠੀ ਕਿਰਿਆ ਰਹਿਣ ਨਾ ਦੇਵੇ ਗਵਾਂਢਣ, ਦੂਰ ਦੁਰਾਡੀ ਦਏ ਧਕਾਇਆ । ਗੁਰਮੁਖ ਨਾਰ ਹੋਏ ਸੁਹਾਗਣ, ਜਿਸ ਪਤਿਪਰਮੇਸ਼ਵਰ ਇਕ ਪਰਨਾਇਆ । ਅੱਠੇ ਪਹਿਰ ਰਹੇ ਵੈਰਾਗਣ, ਬਿਰਹੋਂ ਤੱਤ ਇਕ ਜਣਾਇਆ । ਗੀਤ ਗਾਏ ਸਦਾ ਸੁਹਾਗਣ, ਗੋਬਿੰਦ ਢੋਲਾ ਇਕ ਅਲਾਇਆ । ਮੇਰਾ ਸਾਹਿਬ ਸੁਣੇ ਮੇਰੀ ਫ਼ਰਯਾਦਨ, ਨਿਰਗੁਣ ਨਿਉਂ ਨਿਉਂ ਚਰਨਾਂ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਲਏ ਸਾਲਾਹਿਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨਾ ਗਾਇਆ ।



## ★ ੨੬ ਮੱਘਰ ੨੦੧੮ ਬਿਕਰਮੀ ਮਨੀ ਰਾਮ, ਹਰਬੰਸ ਸਿੰਘ ਦੇ ਨਵਿਤ ਜੇਠੂਵਾਲ ★

ਧੰਨ ਵਡਿਆਈ ਭਗਤ ਜਨ, ਹਰਿ ਸੱਜਣ ਮੇਲ ਮਿਲਾਇਆ । ਧੰਨ ਵਡਿਆਈ ਭਗਤ ਜਨ, ਹਰਿ ਸਤਿਗੁਰ ਸੱਚਾ ਪਾਇਆ । ਧੰਨ ਵਡਿਆਈ ਭਗਤ ਜਨ, ਜਗ ਆਪਣਾ ਪੰਧ ਮੁਕਾਇਆ । ਧੰਨ ਵਡਿਆਈ ਭਗਤ ਜਨ, ਲੋਕਮਾਤ ਸਾਚਾ ਚੰਦ ਚੜ੍ਹਾਇਆ । ਧੰਨ ਵਡਿਆਈ ਭਗਤ ਜਨ, ਗ੍ਰਿਹ ਮੰਦਰ ਇਕ ਸੁਹਾਇਆ । ਧੰਨ ਵਡਿਆਈ ਭਗਤ ਜਨ, ਪਤਿਪਰਮੇਸ਼ਵਰ ਇਕੋ ਗਾਇਆ । ਧੰਨ ਵਡਿਆਈ ਭਗਤ ਜਨ,

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਖੇਲ ਖਲਾਇਆ । ਧੰਨ ਵਡਿਆਈ ਭਗਤ ਜਨ, ਘਰ ਪਾਇਆ ਇਕ ਦਵਾਰ । ਧੰਨ ਵਡਿਆਈ ਭਗਤ ਜਨ, ਰਸਨਾ ਗਾਇਆ ਇਕ ਨਿਰੰਕਾਰ । ਧੰਨ ਵਡਿਆਈ ਭਗਤ ਜਨ, ਨਾਤਾ ਤੋੜਿਆ ਸਰਬ ਸੰਸਾਰ । ਧੰਨ ਵਡਿਆਈ ਭਗਤ ਜਨ, ਗ੍ਰਿਹਿ ਮਿਲਿਆ ਪੁਰਖ ਕਰਤਾਰ । ਧੰਨ ਵਡਿਆਈ ਭਗਤ ਜਨ, ਸੋ ਪੁਰਖ ਨਿਰੰਜਣ ਕਰੇ ਸਚ ਪਿਆਰ । ਧੰਨ ਵਡਿਆਈ ਭਗਤ ਜਨ, ਭਾਂਡਾ ਭਰਮ ਭੌ ਭੰਨਾਇਆ । ਧੰਨ ਵਡਿਆਈ ਭਗਤ ਜਨ, ਮਨ ਚਾਓ ਘਨੇਰਾ ਹਰਿ ਜੂ ਦਰਸ਼ਨ ਪਾਇਆ । ਧੰਨ ਵਡਿਆਈ ਭਗਤ ਜਨ, ਜੁਗ ਜੁਗ ਦਾ ਗੇੜਾ ਅੰਤ ਕਟਾਇਆ । ਧੰਨ ਵਡਿਆਈ ਭਗਤ ਜਨ, ਤੇਰਾ ਮੇਰਾ ਮੋਹ ਚੁਕਾਇਆ । ਧੰਨ ਵਡਿਆਈ ਭਗਤ ਜਨ, ਹਰਿ ਨੇਰਨ ਨੇਰਾ ਨਜ਼ਰੀ ਆਇਆ । ਧੰਨ ਵਡਿਆਈ ਭਗਤ ਜਨ, ਦੋ ਜਹਾਨਾਂ ਡੇਰਾ ਢਾਹਿਆ । ਧੰਨ ਵਡਿਆਈ ਭਗਤ ਜਨ, ਆਪਣਾ ਬੇੜਾ ਬੰਨ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਖੇਲ ਕਰਾਇਆ । ਧੰਨ ਵਡਿਆਈ ਭਗਤ ਜਨ, ਘਰ ਪਾਇਆ ਸ੍ਰੀ ਭਗਵਾਨ । ਧੰਨ ਵਡਿਆਈ ਭਗਤ ਜਨ, ਲੋਕਮਾਤ ਮਿਲਿਆ ਮਾਣ । ਧੰਨ ਵਡਿਆਈ ਭਗਤ ਜਨ, ਹਰਿ ਕਾ ਨਾਉਂ ਸੁਣਿਆ ਕਾਨ । ਧੰਨ ਵਡਿਆਈ ਭਗਤ ਜਨ, ਗ੍ਰਿਹਿ ਮੰਦਰ ਮਿਲਿਆ ਸਚ ਮਕਾਨ । ਧੰਨ ਵਡਿਆਈ ਭਗਤ ਜਨ, ਨਿਰਗੁਣ ਸਰਗੁਣ ਦਰ ਦਰ ਵੇਖੇ ਆਣ । ਧੰਨ ਵਡਿਆਈ ਭਗਤ ਜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਵਡ ਮਿਹਰਵਾਨ । ਧੰਨ ਵਡਿਆਈ ਜਨ ਭਗਤ, ਭਗਤੀ ਪੰਧ ਮੁਕਾਇਆ । ਧੰਨ ਵਡਿਆਈ ਜਨ ਭਗਤ, ਬੂੰਦ ਰਕਤੀ ਲੇਖੇ ਲਾਇਆ । ਧੰਨ ਵਡਿਆਈ ਜਨ ਭਗਤ, ਆਤਮ ਸ਼ਕਤੀ ਪਰਮਾਤਮ ਜੋੜ ਜੁੜਾਇਆ । ਧੰਨ ਵਡਿਆਈ ਜਨ ਭਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਗੋਦ ਬਹਾਇਆ । ਧੰਨ ਵਡਿਆਈ ਜਨ ਭਗਤ, ਜਾਗਰਤ ਜੋਤ ਹੋਏ ਉਜਿਆਰ । ਧੰਨ ਵਡਿਆਈ ਜਨ ਭਗਤ, ਹਉਮੇ ਰੋਗ ਦਏ ਨਿਵਾਰ । ਧੰਨ ਵਡਿਆਈ ਜਨ ਭਗਤ, ਧੁਰ ਸੰਜੋਗ ਹੋਇਆ ਕਰਤਾਰ । ਧੰਨ ਵਡਿਆਈ ਜਨ ਭਗਤ, ਅੰਮ੍ਰਿਤ ਪੀਆ ਠੰਡਾ ਠਾਰ, ਧੰਨ ਵਡਿਆਈ ਜਨ ਭਗਤ, ਭਗਤ ਨਾਮ ਸੁਣਿਆ ਸੱਚੀ ਧੁਨਕਾਰ । ਧੰਨ ਵਡਿਆਈ ਜਨ ਭਗਤ, ਕੂੜੀ ਕਿਰਿਆ ਕਰੇ ਖ਼ੁਵਾਰ । ਧੰਨ ਵਡਿਆਈ ਜਨ ਭਗਤ, ਆਤਮ ਦਰਸੀ ਦੇਵੇ ਦਰਸ ਦੀਦਾਰ । ਧੰਨ ਵਡਿਆਈ ਜਨ ਭਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਧੰਨ ਵਡਿਆਈ ਭਗਤ ਜਨ, ਜਣਿਆ ਪੁਰਖ ਅਲੱਖ । ਧੰਨ ਵਡਿਆਈ ਭਗਤ ਜਨ, ਹਰਿ ਨਿਰਗੁਣ ਰੂਪ ਦੇਖਿਆ ਪਰਤੱਖ । ਧੰਨ ਵਡਿਆਈ ਭਗਤ ਜਨ ਹਰਿ ਜੂ ਪਰਦਾ ਲਿਆ ਢੱਕ । ਧੰਨ ਵਡਿਆਈ ਭਗਤ ਜਨ, ਨਿਰਗੁਣ ਨਿਰਵੈਰ ਆਪਣੀ ਗੋਦੀ ਲਿਆ ਚੱਕ । ਧੰਨ ਵਡਿਆਈ ਭਗਤ ਜਨ, ਸਦਾ ਸਦਾ ਸਿਰ ਰੱਖੇ ਹੱਥ । ਧੰਨ ਵਡਿਆਈ ਭਗਤ ਜਨ, ਮਿਲਿਆ ਮੇਲ ਪੁਰਖ ਸਮਰਥ । ਧੰਨ ਵਡਿਆਈ ਭਗਤ ਜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹਿਰਦੇ ਗਿਆ ਵਸ । ਧੰਨ ਵਡਿਆਈ ਭਗਤ ਜਨ, ਹਰਿ ਪਾਇਆ ਪੁਰਖ ਅਬਿਨਾਸ਼ ਧੰਨ ਵਡਿਆਈ ਭਗਤ ਜਨ, ਨਾਤਾ ਤੁਟਾ ਪ੍ਰਿਥਮੀ ਆਕਾਸ਼ । ਧੰਨ ਵਡਿਆਈ ਭਗਤ ਜਨ, ਲੇਖੇ ਲੱਗਾ ਪਵਣ ਸਵਾਸ । ਧੰਨ ਵਡਿਆਈ ਭਗਤ ਜਨ, ਮਾਣਸ ਜਨਮ ਹੋਇਆ ਰਾਸ । ਧੰਨ ਵਡਿਆਈ ਭਗਤ ਜਨ, ਜਨਮ ਜਨਮ ਦੀ ਪੂਰੀ ਹੋਈ ਆਸ । ਧੰਨ ਵਡਿਆਈ ਭਗਤ ਜਨ, ਮੇਲ

ਮਿਲਾਇਆ ਸ਼ਾਹੋ ਸ਼ਾਬਾਸ਼ । ਧੰਨ ਵਡਿਆਈ ਭਗਤ ਜਨ, ਨਿਰਗੁਣ ਜੋਤ ਕਰੇ ਪਰਕਾਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਖੇਲ ਤਮਾਸ਼ । ਧੰਨ ਵਡਿਆਈ ਜਨ ਭਗਤ, ਘਰ ਪਾਇਆ ਹਰਿ ਗੋਬਿੰਦ । ਧੰਨ ਵਡਿਆਈ ਜਨ ਭਗਤ, ਕਲਜੁਗ ਅੰਤਮ ਮਿਟੀ ਚਿੰਦ । ਧੰਨ ਵਡਿਆਈ ਜਨ ਭਗਤ, ਅੰਮ੍ਰਿਤ ਪੀਆ ਸਾਗਰ ਸਿੰਧ । ਧੰਨ ਵਡਿਆਈ ਜਨ ਭਗਤ, ਮਾਣ ਗਵਾਇਆ ਸੁਰਪਤ ਇੰਦ । ਧੰਨ ਵਡਿਆਈ ਜਨ ਭਗਤ, ਹਰਿ ਮਿਲਿਆ ਗੁਣੀ ਗਹਿੰਦ । ਧੰਨ ਵਡਿਆਈ ਜਨ ਭਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਰਬ ਬਖ਼ਸ਼ੰਦ । ਧੰਨ ਵਡਿਆਈ ਜਨ ਭਗਤ, ਪਾਇਆ ਹਰਿ ਦਵਾਰ । ਧੰਨ ਵਡਿਆਈ ਜਨ ਭਗਤ, ਵਿਸਰਿਆ ਸੰਸਾਰ । ਧੰਨ ਵਡਿਆਈ ਜਨ ਭਗਤ, ਪੁਰਖ ਅਬਿਨਾਸ਼ੀ ਲਏ ਉਧਾਰ । ਧੰਨ ਵਡਿਆਈ ਜਨ ਭਗਤ, ਬੰਦ ਖ਼ਲਾਸੀ ਹੋਈ ਅੰਤਮ ਵਾਰ । ਧੰਨ ਵਡਿਆਈ ਜਨ ਭਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਸਾਚੀ ਕਾਰ । ਸਾਚੀ ਕਾਰ ਕਰਤਾ ਪੁਰਖ, ਕਰਨੇਹਾਰ ਕਮਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਹਿਰਸ ਹਵਸ ਨਾ ਕੋਇ ਵਧਾਈਆ । ਇਕ ਜਣਾਏ ਆਪਣਾ ਆਦਰਸ, ਇਸ਼ਟ ਆਪਣਾ ਨੂਰ ਉਪਾਈਆ । ਲੇਖਾ ਜਾਣੇ ਸਰਬ ਸ੍ਰਿਸ਼ਟ, ਸਾਖਯਾਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਮਾਣ ਵਡਿਆਈਆ । ਹਰਿ ਭਗਤਾਂ ਹਰਿ ਵੱਡਾ ਮਾਣ, ਏਕਾ ਓਟ ਜਣਾਇੰਦਾ । ਦਿਵਸ ਰੈਣ ਵੇਖੇ ਮਾਰ ਧਿਆਨ, ਪਾਰਬ੍ਰਹਮ ਬ੍ਰਹਮ ਦਇਆ ਕਮਾਇੰਦਾ । ਆਦਿ ਜੁਗਾਦੀ ਚਤੁਰ ਸੁਜਾਨ, ਬਾਲ ਬਿਰਧ ਜੁਵਾਨ ਨਾ ਰੂਪ ਵਟਾਇੰਦਾ । ਏਕਾ ਮੰਦਰ ਬੈਠ ਮਕਾਨ, ਲੱਖ ਚੁਰਾਸੀ ਵੇਖ ਵਖਾਇੰਦਾ । ਏਕਾ ਨਾਮ ਸ਼ਬਦ ਗਿਆਨ, ਜੀਵ ਜੰਤ ਸਰਬ ਪੜ੍ਹਾਇੰਦਾ । ਏਕਾ ਚਰਨ ਕਵਲ ਧਿਆਨ, ਸ਼ਰਨ ਸ਼ਰਨਾਈ ਇਕ ਵਖਾਇੰਦਾ । ਏਕਾ ਹੁਕਮ ਇਕ ਫ਼ਰਮਾਣ, ਧੁਰ ਫ਼ਰਮਾਣਾ ਇਕ ਸਮਝਾਇੰਦਾ । ਏਕਾ ਰਾਜ ਇਕ ਰਾਜਾਨ, ਏਕਾ ਰੱਯਤ ਵੇਖ ਵਖਾਇੰਦਾ । ਏਕਾ ਹੋਏ ਜਾਣੀ ਜਾਣ, ਘਟ ਘਟ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਜਨ ਭਗਤਾਂ ਕਰੀ ਇਕ ਸਲਾਹ, ਏਕਾ ਮਤਾ ਪਕਾਇਆ । ਕਲਜੁਗ ਅੰਤ ਅੰਧੇਰਾ ਗਿਆ ਛਾ, ਸਾਚਾ, ਚੰਦ ਨਜ਼ਰ ਨਾ ਆਇਆ । ਕੋਟਨ ਕੋਟ ਹਰਿ ਜੂ ਨਾਂ ਧਰਾ, ਜੀਵਾਂ ਜੰਤਾਂ ਗਿਆ ਵਖਾਇਆ । ਲੱਭ ਲੱਭ ਥੱਕੇ ਥਾਉਂ ਥਾਂ, ਕਿਸੇ ਦੁਆਰੇ ਹੱਥ ਕਿਸੇ ਨਾ ਆਇਆ । ਡੂੰਘੇ ਸਾਗਰ ਵੜ ਵੜ ਵੇਖਿਆ ਹੱਥ ਨਾ ਆਏ ਥਲ ਅਸਗਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਛੁਪਾਇਆ । ਸਾਰੇ ਭਗਤ ਕਰ ਸਲਾਹ, ਇਕ ਅਵਾਜ਼ ਉਠਾਈਆ । ਆਓ ਲੱਭੀਏ ਹਰਿ ਮਲਾਹ, ਬੇੜਾ ਬੰਨੇ ਦੇਵੇ ਲਾਈਆ । ਇਕ ਜਪਾਏ ਆਪਣਾ ਨਾਂ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਨਿਮਾਣਿਆਂ ਨਿਤਾਣਿਆਂ ਪਕੜੇ ਬਾਂਹ, ਫੜ ਬਾਹੋਂ ਗਲੇ ਲਗਾਈਆ । ਹੰਸ ਬਣਾਏ ਫੜ ਫੜ ਕਾਂ, ਕਾਗੋਂ ਹੰਸ ਉਡਾਈਆ । ਸਦਾ ਸੁਹੇਲਾ ਸਿਰ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਈਆ । ਕੋਟ ਜਨਮ ਦੇ ਬਖ਼ਸ਼ੇ ਗੁਨਾਹ, ਹਰਿ ਨਜ਼ਰ ਇਕੋ ਵਾਰ ਪਾਈਆ । ਚਰਨ ਕਵਲ ਦੇਵੇ ਥਾਂ, ਦਰ ਘਰ ਸਾਚਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦਏ ਮੁਕਾਈਆ । ਭਗਤ ਜਨ ਹੋ ਇਕੱਠੇ, ਏਕਾ ਘਰ ਵਸਾਇਆ । ਕਰ ਸਲਾਹ ਨਿਰਗੁਣ ਅੱਗੇ ਡਟੇ, ਆਪਣਾ ਬਲ ਧਰਾਇਆ । ਜੁਗ ਜੁਗ ਤੇਰੇ ਵਿਛੋੜੇ ਫੱਟੇ, ਸਾਚਾ

ਫੱਟ ਨਾ ਬੰਦ ਕੋਇ ਕਰਾਇਆ । ਤੇਰੇ ਪਿਛੇ ਤਨ ਸੀਸ ਕੱਟੇ, ਅੰਗ ਅੰਗ ਅੰਗ ਭੰਨਾਇਆ । ਤੇਰੇ ਪਿਛੇ ਪੂਜੇ ਵੱਟੇ, ਪੱਥਰਾਂ ਸੀਸ ਝੁਕਾਇਆ । ਤੇਰੇ ਪਿਛੇ ਸਾਕ ਸੈਣ ਸਾਰੇ ਛੱਡੇ, ਨਾਤਾ ਜਗਤ ਮੋਹ ਤੁੜਾਇਆ । ਤੇਰੇ ਪਿਛੇ ਪੰਜ ਤੱਤ ਕਾਇਆ ਵਿਚੋਂ ਕੱਢੇ, ਕਾਮ ਕਰੋਧ ਲੋਭ ਮੋਹ ਹੰਕਾਰ ਤਜਾਇਆ । ਤੇਰੇ ਪਿਛੇ ਛੋਟੇ ਬਾਲੇ ਬਣ ਕੇ ਰਹੇ ਨੱਢੇ, ਆਪਣਾ ਜੋਬਨ ਨਾ ਮਾਤ ਵਖਾਇਆ । ਚਾਰ ਜੁਗ ਤੂੰ ਫੜ ਫੜ ਸਾਨੂੰ ਛੱਡੇਂ, ਨਿਰਗੁਣ ਸਰਗੁਣ ਵੇਸ ਵਟਾਇਆ । ਫਿਰ ਲੁਕ ਜਾਏ ਅੰਧੇਰੀ ਖੱਡੇ, ਤੇਰਾ ਭੇਤ ਕਿਸੇ ਨਾ ਪਾਇਆ । ਕਲਜੁਗ ਅੰਤਮ ਦਰ ਤੇਰੇ ਅੱਗੇ ਦੋਵੇਂ ਹੱਥ ਬੱਧੇ, ਚਰਨੀ ਸੀਸ ਨਿਵਾਇਆ । ਅਸੀਂ ਆਏ ਤੇਰੇ ਸੱਦੇ, ਹੋਰ ਵਾਸਨਾ ਨਾ ਕੋਇ ਰਖਾਇਆ । ਨਾਮ ਤੇਰੇ ਦੇ ਗਾਨੇ ਬੱਧੇ, ਸਾਚਾ ਸਗਨ ਮਨਾਇਆ । ਜਨਮ ਜਨਮ ਵਿਚ ਫਿਰੇ ਭੱਜੇ, ਮਾਤ ਗਰਭ ਪੰਧ ਮੁਕਾਇਆ । ਕਵਣ ਵੇਲਾ ਹਰਿ ਪਰਦੇ ਕੱਜੇ, ਸਦਾ ਹੋਏ ਸਹਾਇਆ । ਅੰਤਮ ਰੱਖੇ ਸਾਚੀ ਲੱਜੇ, ਕੋੜੇ ਕਮਲੇ ਗਲੇ ਲਗਾਇਆ । ਸਦਾ ਰਹੇ ਸਾਡੇ ਖੱਬੇ ਸੱਜੇ, ਪਿਛੇ ਅੱਗੇ ਫੇਰਾ ਪਾਇਆ । ਨੌਬਤ ਨਾਮ ਇਕੋ ਵੱਜੇ, ਦੂਜਾ ਰਾਗ ਨਾ ਕੋਇ ਸੁਣਾਇਆ । ਦੀਪਕ ਜੋਤ ਇਕੋ ਜਗੇ, ਜਾਗਰਤ ਜੋਤ ਕਰੇ ਰੁਸ਼ਨਾਇਆ । ਕਰ ਦਰਸ ਅਸੀਂ ਰਹੀਏ ਰੱਜੇ, ਤ੍ਰਿਸ਼ਨਾ ਹੋਰ ਨਾ ਕੋਇ ਰਖਾਇਆ । ਇਕੋ ਨਾਮ ਪਿਆਏ ਸਾਚੀ ਮਧੇ, ਅਵਰ ਪਿਆਲਾ ਨਾ ਹੱਥ ਉਠਾਇਆ । ਚਾਰ ਕੁੰਟ ਸਾਹਿਬ ਸਤਿਗੁਰ ਇਕੋ ਗੱਜੇ, ਦੂਜਾ ਰਹਿਣ ਕੋਇ ਨਾ ਪਾਇਆ । ਜੋ ਘੜਿਆ ਸੋ ਅੰਤਮ ਭੱਜੇ, ਪ੍ਰਭ ਆਪਣਾ ਖੇਲ ਰਚਾਇਆ । ਅੰਤਮ ਚੜ੍ਹੀਏ ਤੇਰੇ ਜਹਾਜ਼ੇ, ਜਗਤ ਜਹਾਦ ਰਿਹਾ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਦੇ ਵਖਾਇਆ । ਤੇਰੇ ਪਿੱਛੇ ਕੀਤਾ ਇਕੱਠ, ਇਕੋ ਵਾਜ ਉਠਾਈਆ । ਤੇਰੇ ਚਰਨ ਗਏ ਢੱਠ, ਦੂਜੀ ਓਟ ਨਾ ਕੋਇ ਤਕਾਈਆ । ਤੂੰ ਵਸਣਹਾਰਾ ਘਟ ਘਟ, ਘਰ ਘਰ ਜੋਤ ਰੁਸ਼ਨਾਈਆ । ਸਾਡੀ ਕੀਮਤ ਦਾਮ ਵੱਟ, ਤਨ ਤੇਰੀ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੁਣ ਸਾਡੀ ਅਰਜ਼ੋਈਆ । ਭਗਤ ਆਏ ਚਲ ਦੁਆਰ, ਆਪਣਾ ਪੰਧ ਮੁਕਾਇਆ । ਜੁਗ ਜੁਗ ਮਿਲਦੇ ਰਹੇ ਤੈਨੂੰ ਵਾਰੋ ਵਾਰ, ਨਿਤ ਨਿਤ ਵੇਖ ਵਖਾਇਆ । ਕਾਗ਼ਜ਼ ਕਲਮ ਗੌਂਦੀ ਆਈ ਵਾਰ, ਸਲੋਕ ਸੋਹਲੇ ਨਾਲ ਰਲਾਇਆ । ਸਾਰੇ ਮੰਗਦੇ ਰਹੇ ਬਣ ਭਿਖਾਰ, ਤੇਰੇ ਅੱਗੇ ਝੋਲੀ ਡਾਹਿਆ । ਛਿੰਨ ਮਾਤਰ ਦੇ ਕੇ ਦਰਸ ਦੀਦਾਰ, ਫਿਰ ਆਪਣਾ ਮੁਖ ਛੁਪਾਇਆ । ਹੁਣ ਅਸੀਂ ਕੱਠੇ ਹੋਏ ਜੁਗ ਜੁਗ ਦੇ ਵਿਛੜੇ ਯਾਰ, ਇਕੋ ਮਤਾ ਪਕਾਇਆ । ਖਾ ਖਾ ਧੱਕੇ ਹੋਏ ਖ਼ਬਰਦਾਰ, ਬੇਖ਼ਬਰ ਕੋਇ ਰਹਿਣ ਨਾ ਪਾਇਆ । ਕਰ ਕਰ ਸਬਰ ਗਏ ਹਾਰ, ਤੂੰ ਬੇਸਬਰਾ ਤੇਰਾ ਸਬਰ ਕਿਸੇ ਹੱਥ ਨਾ ਆਇਆ । ਕਰ ਕਰ ਥੱਕੇ ਸਰਬ ਵਿਚਾਰ, ਤੇਰਾ ਪੰਧ ਨਾ ਕੋਇ ਮੁਕਾਇਆ । ਕਲਜੁਗ ਆਈ ਅੰਤਮ ਵਾਰ, ਤੂੰ ਰਹਿਮਤ ਰਾਮ ਕਮਾਇਆ । ਜਨਮ ਦਿਤਾ ਵਿਚ ਸੰਸਾਰ, ਆਪਣਾ ਬੰਧਨ ਪਾਇਆ । ਅਸੀਂ ਕੱਠੇ ਹੋਏ ਇਕੋ ਵਾਰ, ਇਕੋ ਸਾਹ ਸੁਧਾਇਆ । ਭੱਜ ਨਾ ਜਾਏ ਹਰਿ ਨਿਰੰਕਾਰ, ਚਾਰੋਂ ਕੁੰਟ ਘੇਰਾ ਪਾਇਆ । ਬਹੱਤਰ ਨਾੜ ਤੇਰੀ ਸਤਾਰ, ਪੰਜ ਤੱਤ ਕਾਇਆ ਚੋਲਾ ਰਿਹਾ ਖੜਕਾਇਆ । ਅੰਦਰ ਲੁਕਿਆ ਰਹੇਂ ਬਣ ਗੁਨਾਹਗਾਰ, ਅਵਗੁਣ ਸਾਡੇ ਮੱਥੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਸੰਗ ਨਾ ਕੋਇ ਛੁਡਾਇਆ । ਭਗਤ ਜਨ ਹੋਏ ਤਿਆਰ, ਆਪਣਾ ਬਲ ਰਖਾਈਆ । ਕਲਜੁਗ ਅੰਤਮ ਦਿਤਾ ਵੰਗਾਰ, ਪ੍ਰਭ ਨੱਸ ਕਿਤੇ ਨਾ ਜਾਈਆ । ਡਾਗਾਂ ਸੋਟੇ ਫੜ ਕੇ ਆਏ ਬਾਹਰ, ਸਾਕ ਸੱਜਣ ਮਾਤ ਤਜਾਈਆ । ਇਕੋ ਮਾਰਿਆ

ਬੋਲ ਜੈਕਾਰ, ਸੋਹੰ ਢੋਲਾ ਗਾਈਆ । ਸੋਹੰ ਸੁਣ ਕੇ ਹੋਇਆ ਬੇਜ਼ਾਰ, ਦਰਦੀ ਆਪਣੀ ਅੱਖ ਖੁਲ੍ਹਾਈਆ । ਅੱਗੋਂ ਨਿਉਂ ਕੇ ਕਹੇ ਪੁਕਾਰ, ਆਪਣਾ ਸੀਸ ਝੁਕਾਈਆ । ਕਲਜੁਗ ਅੰਤਮ ਮੈਂ ਭਗਤਾਂ ਕੋਲੋਂ ਗਿਆ ਹਾਰ, ਮੇਰੀ ਚਲੇ ਨਾ ਕੋਇ ਵਡਿਆਈਆ । ਆਪਣਾ ਗ੍ਰਿਹ ਆਪਣਾ ਮੰਦਰ ਦਿਤਾ ਤਿਆਗ, ਤਿਆਗੀ ਰੂਪ ਵਟਾਈਆ । ਜਨ ਭਗਤ ਬਣਾਏ ਆਪਣਾ ਸੁਹਾਗ, ਸਾਚੀ ਖ਼ੁਸ਼ੀ ਮਨਾਈਆ । ਨਿਰਗੁਣ ਰਚ ਰਚ ਆਪੇ ਕਾਜ, ਕਰਤਾ ਪੁਰਖ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਰਿਹਾ ਸਮਝਾਈਆ । ਸੁਣ ਭਗਤ ਇਕੋ ਬਾਤ, ਏਕਾ ਵਾਰ ਜਣਾਇੰਦਾ । ਤੁਹਾਡੇ ਪਿਛੇ ਕੀਤਾ ਆਪਣਾ ਘਾਤ, ਤਨ ਮਨ ਸਾਚੀ ਭੇਟ ਚੜ੍ਹਾਇੰਦਾ । ਨਾਤਾ ਤੋੜ ਜਗਤ ਜ਼ਾਤ, ਜਾਗਰਤ ਜੋਤ ਇਕ ਜਗਾਇੰਦਾ । ਕੂੜੀ ਮੇਟ ਅੰਧੇਰੀ ਰਾਤ, ਰੈਣ ਸਾਚਾ ਚੰਦ ਚਮਕਾਇੰਦਾ । ਨਿਰਗੁਣ ਹੋ ਕਮਲਾਪਾਤ, ਦਰਗਹਿ ਸਾਚੀ ਸੋਭਾ ਪਾਇੰਦਾ । ਲੋਕਮਾਤ ਬਣਾਏ ਪ੍ਰਭਾਤ, ਪ੍ਰਭ ਆਪਣਾ ਵੇਸ ਵਟਾਇੰਦਾ । ਜਨ ਭਗਤਾਂ ਪੁੱਛੇ ਵਾਤ, ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਭਗਤਨ ਭੇਵ ਗਿਆ ਖੁਲ੍ਹ, ਹਰਿ ਸਤਿਗੁਰ ਆਪ ਖੁਲ੍ਹਾਈਆ । ਆਪਣੇ ਗ੍ਰਿਹ ਪਾਵੀਂ ਮੁਲ, ਕੀਮਤ ਕਰਤਾ ਆਪ ਚੁਕਾਈਆ । ਸਰਨ ਸਰਨਾਈ ਜੋ ਗਏ ਘੁਲ, ਕੀਤੀ ਘਾਲ ਲੇਖੇ ਲਾਈਆ । ਧਾਮ ਵਖਾਏ ਇਕ ਅਡੁਲ, ਡੋਲ ਕਦੇ ਨਾ ਜਾਈਆ । ਹਰਿ ਭਗਤ ਬਣਾਈ ਸਾਚੀ ਕੁਲ, ਕੁਲਵੰਤ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਰਿਹਾ ਸਮਝਾਈਆ । ਹਰਿਜਨ ਸਾਚੀ ਸਚ ਵਿਚਾਰ, ਸਤਿਗੁਰ ਆਪ ਜਣਾਇੰਦਾ । ਤੇਰਾ ਲੇਖਾ ਰਹੇ ਜੁਗ ਚਾਰ, ਚਾਰ ਚਾਰ ਨੌਂ ਨਾਲ ਮਿਲਾਇੰਦਾ । ਸਾਚਾ ਮੰਦਰ ਇਕ ਦਰਬਾਰ, ਧੁਰ ਦਰਬਾਰੀ ਆਪ ਸਜਾਇੰਦਾ । ਅੰਦਰ ਬਹੇ ਆਪ ਨਿਰੰਕਾਰ, ਸਚ ਸਿੰਘਾਸਣ ਸੋਭਾ ਪਾਇੰਦਾ । ਨੇਤਰ ਨੈਣ ਦਏ ਦੀਦਾਰ, ਦਰਸੀ ਦਰਸ ਕਰਾਇੰਦਾ । ਇਕੋ ਵਾਰ ਸੁਣੇ ਪੁਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਵਡਿਆਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੱਚੀ ਸਰਕਾਰ, ਅਦਲ ਆਦਲ ਆਪ ਕਮਾਇੰਦਾ । ਤੁਹਾਡਾ ਬਚਨ ਮੇਰੀ ਗ਼ੁਫ਼ਤਾਰ, ਗ਼ੁਫ਼ਤ ਸ਼ਨੀਦ ਖੇਲ ਖਲਾਈਆ । ਤੁਹਾਡਾ ਪਿਆਰ ਮੇਰਾ ਵਿਹਾਰ, ਮੇਰੀ ਸਤਾਰ ਸਰਬ ਲੋਕਾਈਆ । ਤੁਹਾਡੀ ਸਰੰਗੀ ਵੱਜੇ ਵਾਰੋ ਵਾਰ, ਸਰੰਗਾ ਸੁਨਣਹਾਰ ਇਕ ਹੋ ਜਾਈਆ । ਮਰਦੰਗਾ ਮਰਦੰਗ ਵਜਾਏ ਅਪਾਰ, ਜਨ ਭਗਤਾਂ ਆਪ ਸੁਣਾਈਆ । ਭਗਤ ਆਏ ਭਗਤ ਰੰਗ, ਹਰਿ ਭਗਵਨ ਨਾਲ ਰਖਾਈਆ । ਪਹਿਲੋਂ ਬਣਾਏ ਸੇਜ ਪਲੰਘ, ਪਾਵਾ ਚੂਲ ਆਪ ਠੁਕਾਈਆ । ਫੇਰ ਵਜਾਏ ਤਾਰ ਸਤਾਰ ਮਰਦੰਗ, ਨਾਦ ਅਨਾਦ ਸੁਣਾਈਆ । ਫੇਰ ਵੇਖੇ ਆਪ ਲੰਘ, ਗ੍ਰਿਹ ਮੰਦਰ ਸੋਭਾ ਪਾਈਆ । ਫੇਰ ਚੜ੍ਹਾਏ ਭਗਤ ਚੰਦ, ਲੋਕਮਾਤ ਕਰੇ ਰੁਸ਼ਨਾਈਆ । ਮਾਣਸ ਜਨਮ ਦੇ ਦੇ ਅਨੰਦ, ਅੰਤਮ ਆਪਣੇ ਵਿਚ ਮਿਲਾਈਆ । ਕਰ ਖੇਲ ਵਿਚ ਵਰਭੰਡ, ਬ੍ਰਹਿਮੰਡ ਕਰੇ ਰੁਸ਼ਨਾਈਆ । ਜੁਗ ਜੁਗ ਵੰਡਾਂ ਹਰਿ ਜੂ ਵੰਡ, ਲਿਖ ਲਿਖ ਹਿਸਾਬ ਮੁਕਾਈਆ । ਟੁੱਟੀ ਫੇਰ ਗੰਢ, ਲੋਕਮਾਤ ਲਏ ਪਰਗਟਾਈਆ । ਨਾਮ ਸੁਣਾਏ ਸਾਚਾ ਛੰਦ, ਏਕਾ ਗੁਣ ਜਣਾਈਆ । ਕਾਇਆ ਕਰ ਖੰਡ ਖੰਡ, ਨਾਤਾ ਦਏ ਤੁੜਾਈਆ । ਇਕ ਵਖਾਏ ਸਚ ਅਨੰਦ, ਆਪਣੇ ਅਨੰਦ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਤੀ ਰੰਗ ਵਖਾਈਆ । ਭਗਤ ਆਇਆ ਭਗਤ ਗਿਆ, ਹਰਿ ਹਰਿ ਖੇਲ ਖਲਾਇੰਦਾ । ਭਗਤ

ਮੋਇਆ ਭਗਤ ਰਿਹਾ, ਰਹਿ ਰਹਿ ਵੇਖ ਵਖਾਇੰਦਾ । ਛੱਤੀ ਜੁਗ ਜਾਣ ਬੀਤ, ਅਗਲੀ ਗਾਥਾ ਦਏ ਸਮਝਾਈਆ । ਚੌਕੜੀ ਚਲਦੀ ਰਹੇ ਹਰਿ ਕੀ ਰੀਤ, ਗੇੜਾ ਗੇੜੇ ਵਿਚ ਰਖਾਈਆ । ਕੋਟਨ ਕੋਟ ਨਾਉਂ ਧਰ ਸੁਣੌਂਦੇ ਰਹੇ ਗੀਤ, ਆਪਣੀ ਕਰਦਾ ਰਹੇ ਵਡਿਆਈਆ । ਜਨ ਭਗਤ ਬਣਾਏ ਆਪਣੇ ਮੀਤ, ਮਿੱਤਰ ਪਿਆਰਾ ਆਪ ਹੋ ਜਾਈਆ । ਅੰਤ ਵਖਾਏ ਧਾਮ ਅਨਡੀਠ, ਅਨਡਿਠੜਾ ਰੰਗ ਚੜ੍ਹਾਈਆ । ਜਿਸ ਗ੍ਰਿਹਿ ਭਗਵੰਤ ਵਸੇ ਅਤੀਤ, ਤਿਸ ਘਰ ਭਗਤਾਂ ਲਏ ਬਹਾਈਆ । ਨਾ ਠੰਡਾ ਨਾ ਸੀਤ, ਅਗਨੀ ਤੱਤ ਨਾ ਕੋਇ ਤਪਾਈਆ । ਇਕੋ ਪ੍ਰੇਮ ਇਕੋ ਪ੍ਰੀਤ, ਏਕ ਪ੍ਰੀਆ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਵਿਚ ਸਮਾਈਆ । ਵਿਛੋੜੇ ਅੰਦਰ ਬੜਾ ਵੈਰਾਗ, ਵੈਰਾਗੀ ਵੈਰਾਗ ਜਣਾਇੰਦਾ । ਬਿਨ ਵਿਛੜਿਆਂ ਨਾ ਹੋਏ ਤਾਂਘ, ਆਸ ਆਸ ਨਾ ਕੋਇ ਰਖਾਇੰਦਾ । ਵਿਛੋੜੇ ਅੰਦਰ ਪਲਟੇ ਸਵਾਂਗ, ਸਵਾਂਗੀ ਆਪਣਾ ਰੂਪ ਵਟਾਇੰਦਾ । ਵਿਛੋੜੇ ਅੰਦਰ ਖੁਲ੍ਹੇ ਜਾਗ, ਨੇਤਰ ਨੈਣ ਨੀਂਦ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੋੜੇ ਵਿਛੋੜੇ ਅੰਦਰ ਇਕੋ ਬਿਰਹੋਂ ਬ੍ਰਿਜਵਾਸੀ ਆਪ ਰਖਾਇੰਦਾ । ਬਿਰਹੋਂ ਵੈਰਾਗ ਨਾ ਉਪਜੇ ਅੰਦਰ, ਜੋੜ ਵਿਛੋੜਾ ਨਜ਼ਰ ਨਾ ਆਈਆ । ਅੱਠੇ ਪਹਿਰ ਜਨ ਭਗਤ ਵਸਣ ਹਰਿ ਕੇ ਮੰਦਰ, ਹਰਿ ਜੂ ਸੰਗ ਸਮਾਈਆ । ਕੋਈ ਨਾ ਪੜ੍ਹੀਏ ਫੇਰ ਮੰਤਰ, ਅੰਤਰ ਤੇਰਾ ਰੰਗ ਰੰਗਾਈਆ । ਨਾਤਾ ਟੁੱਟੇ ਗਗਨ ਗਗਨੰਤਰ, ਮਿਲੇ ਸਚ ਸੱਚੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਆਪਣੇ ਚਰਨ ਬਹਾਈਆ । ਸਚਖੰਡ ਮਿਲੇ ਨਿਵਾਸਾ, ਸਾਚਾ ਥਾਨ ਸੁਹਾਇੰਦਾ । ਇਕੋ ਵਾਰ ਪੂਰੀ ਕਰੇ ਆਸਾ, ਦੂਜੀ ਆਸ ਨਾ ਕੋਇ ਜਣਾਇੰਦਾ । ਜਿਸ ਜਨ ਏਥੇ ਦੇਵੇ ਚਰਨ ਭਰਵਾਸਾ, ਓਥੇ ਆਪਣੀ ਗੋਦ ਬਿਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਚਖੰਡ ਨਿਵਾਸਾ, ਨਿਵਾਸ ਆਪਣਾ ਇਕ ਜਣਾਇੰਦਾ । ਗੁਰੂਆਂ ਵਿਚੋਂ ਏਕਾ ਗੁਰ, ਹਰਿ ਜੂ ਆਪ ਜਣਾਇਆ । ਨਿਰਗੁਣ ਨਾਦ ਦਿਤੀ ਸੁਰ, ਰਾਗੀ ਰਾਗ ਅਲਾਇਆ । ਆਤਮ ਪਰਮਾਤਮ ਨਾਤਾ ਜੋੜ, ਜਗਤ ਜੁਗਤ ਵਖਾਇਆ । ਦਸ ਗੁਰ ਨਾਨਕ ਜੁੜਿਆ ਜੋੜ, ਡੋਰੀ ਡੋਰੀ ਨਾਲ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤਾਜ ਗੁਰ ਇਕ ਬਣਾਇਆ । ਬਾਕੀ ਵਸਣ ਥਿਰ ਘਰ, ਆਪਣਾ ਆਸਣ ਲਾਈਆ । ਸ਼ਬਦੀ ਸ਼ਬਦ ਮਿਲਿਆ ਵਰ, ਘਰ ਵੱਜਦੀ ਰਹੇ ਵਧਾਈਆ । ਏਕੰਕਾਰ ਸਚਖੰਡ ਦੁਆਰ ਬੈਠਾ ਚੜ੍ਹ, ਤਖ਼ਤ ਨਿਵਾਸੀ ਸੋਭਾ ਪਾਈਆ । ਆਪਣਾ ਚਰਨ ਥਿਰ ਘਰ ਧਰ, ਸੋਭਾਵੰਤ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧਾਮ ਦਏ ਸੁਹਾਈਆ । ਭਗਤ ਪਿਆਰ ਤਾਕਤਵਰ, ਇਕੋ ਬਲ ਰਖਾਇੰਦਾ । ਜੁਗ ਜੁਗ ਭਗਵਨ ਰਿਹਾ ਡਰ, ਜਨ ਭਗਤਾਂ ਸੇਵ ਕਮਾਇੰਦਾ । ਇਕ ਧੰਨੇ ਪੱਥਰ ਵਿਚੋਂ ਲਿਆ ਫੜ, ਪ੍ਰਹਿਲਾਦ ਥੰਮ ਚੋਂ ਬਾਹਰ ਕਢਾਇੰਦਾ । ਤੁਹਾਡੇ ਵੇਂਹਦਿਆਂ ਅਗਨੀ ਗਿਆ ਸੜ, ਫਿਰ ਕਿਥੋਂ ਆਇੰਦਾ । ਭਗਤਾਂ ਦੇਵਣਹਾਰਾ ਵਰ, ਆਪਣਾ ਬੰਧਨ ਪਾਇੰਦਾ । ਨਿਰਗੁਣ ਹੋ ਕੇ ਅੰਦਰ ਗਿਆ ਵੜ, ਪੰਜ ਤੱਤ ਕਾਇਆ ਘੇਰਾ ਪਾਇੰਦਾ । ਡੂੰਘੀ ਕੰਦਰ ਅੰਧੇਰਾ ਵੇਖ ਨਾ ਜਾਏ ਡਰ, ਭੈ ਭਿਆਨਕ ਨਾ ਕੋਇ ਰਖਾਇੰਦਾ । ਪੌੜੀ ਪੌੜੀ ਜਾਏ ਚੜ੍ਹ, ਆਪਣੇ ਮੰਦਰ ਚਰਨ ਟਿਕਾਇੰਦਾ । ਆਪਣੀ ਕਿਰਪਾ ਆਪੇ ਕਰ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਗੁਰਸਿਖ ਰਾਤੀਂ ਸੁਤਿਆਂ ਦਰਸ਼ਨ ਲੈਣ ਕਰ, ਘਰ ਘਰ ਵਿਚ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਜਨ ਭਗਤਾਂ ਕੋਲੋਂ ਰਿਹਾ ਡਰ, ਏਸੇ ਕਾਰਨ ਰਾਤੀਂ ਸੁਤਿਆਂ ਆਪ ਉਠਾਇੰਦਾ । ਗੁਰਸਿਖ ਮੇਰੇ ਸੱਜਣਾ, ਉਠ ਆ ਕੇ ਦੇ ਦੀਦਾਰ । ਮੇਰਾ ਪਰਦਾ ਕਿਸੇ ਨਾ ਕੱਜਣਾ, ਮੈਂ ਹੋਵਾਂ ਜਗਤ ਖ਼ੁਵਾਰ । ਇਕੋ ਤੇਰੇ ਦਰ ਤੇ ਬਹਿ ਬਹਿ ਸਜਣਾ, ਅੱਠੇ ਪਹਿਰ ਰਹੇ ਖੁਮਾਰ । ਮੇਰਾ ਨਾਦ ਤੇਰੇ ਦੁਆਰੇ ਵੱਜਣਾ, ਦੂਜਾ ਸੁਣੇ ਨਾ ਕੋਇ ਵਿਚ ਸੰਸਾਰ । ਤੇਰਾ ਦਰਸ ਕਰ ਕਰ ਸਤਿਗੁਰ ਰੱਜਣਾ, ਆਪਣਾ ਰੋਗ ਲਏ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰੇ ਸਚ ਪਿਆਰ ।

★ ੨੭ ਮੱਘਰ ੨੦੧੮ ਬਿਕਰਮੀ ਸੋਹਣ ਸਿੰਘ, ਮਹਿੰਦਰ ਸਿੰਘ ਦੇ ਨਵਿਤ ਜੇਠੂਵਾਲ ★

ਹਰਿ ਭਗਤਾਂ ਸਦਾ ਇਕੋ ਮਾਣ, ਪਰਮ ਪੁਰਖ ਸ਼ਰਨਾਈਆ । ਚਰਨ ਕਵਲ ਸਚ ਧਿਆਨ, ਆਤਮ ਅੰਤਰ ਇਕ ਲਿਵ ਲਾਈਆ । ਸ਼ਬਦ ਅਨਾਦੀ ਇਕੋ ਗਾਨ, ਅਨਹਦ ਤਾਰ ਹਿਲਾਈਆ । ਨੇਤਰ ਨੈਣ ਦਰਸ ਭਗਵਾਨ, ਏਕਾ ਮੰਗ ਮੰਗਾਈਆ । ਨਾਤਾ ਤੋੜ ਜਗਤ ਜਹਾਨ, ਪੁਰਖ ਅਬਿਨਾਸ਼ੀ ਸੇਵ ਕਮਾਈਆ । ਮਾਇਆ ਮਮਤਾ ਮੋਹ ਛੋੜ ਅਭਿਮਾਨ, ਨਿਵਣ ਸੋ ਅੱਖਰ ਇਕ ਪੜ੍ਹਾਈਆ । ਇਕੋ ਰਾਗ ਸੁਣ ਸੁਣ ਕਾਨ, ਮਨਸਾ ਮਨ ਖਪਾਈਆ । ਧੁਰ ਸੰਦੇਸ਼ਾ ਬ੍ਰਹਮ ਗਿਆਨ, ਪਾਰਬ੍ਰਹਮ ਕਰੇ ਪੜ੍ਹਾਈਆ । ਏਥੇ ਓਥੇ ਦੋ ਜਹਾਨ, ਇਕੋ ਆਸ ਤਕਾਈਆ । ਸਚਖੰਡ ਮਿਲੇ ਸਚ ਮਕਾਨ, ਦਰਗਹਿ ਸਾਚੀ ਧਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਭਗਤਨ ਮੀਤ ਏਕੰਕਾਰਾ, ਅਕਲ ਕਲਾ ਅਖਵਾਇੰਦਾ । ਸਚਖੰਡ ਸੋਹੇ ਬੰਕ ਦੁਆਰਾ, ਨਿਰਾਕਾਰ ਨੂਰ ਧਰਾਇੰਦਾ । ਅਨੁਭਵ ਪ੍ਰਕਾਸ਼ ਹੋ ਉਜਿਆਰਾ, ਅਜੂਨੀ ਰਹਿਤ ਡਗਮਗਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਾਹ ਪਾਤਸ਼ਾਹ ਸੋਭਾ ਪਾਇੰਦਾ । ਹੁਕਮੀ ਹੁਕਮ ਇਕ ਵਰਤਾਰਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰਾ, ਬੋਧ ਅਗਾਧ ਅਲਾਇੰਦਾ । ਜੁਗਾ ਜੁਗੰਤਰ ਪਾਵੇ ਸਾਰਾ, ਲੱਖ ਚੁਰਾਸੀ ਵੇਖ ਵਖਾਇੰਦਾ । ਭਗਤਨ ਕਰੇ ਸਤਿ ਪਿਆਰਾ, ਸਤਿ ਸਤਿਵਾਦੀ ਭੇਵ ਜਣਾਇੰਦਾ । ਬਜ਼ਰ ਕਪਾਟੀ ਖੋਲ੍ਹ ਕਵਾੜਾ, ਧੂਆਂਧਾਰ ਸਰਬ ਮਿਟਾਇੰਦਾ । ਪੰਚਮ ਵਖਾਏ ਇਕ ਅਖਾੜਾ, ਏਕਾ ਘਰ ਸੋਭਾ ਪਾਇੰਦਾ । ਸੱਜਣ ਮੀਤ ਬਣ ਮੁਰਾਰਾ, ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਤਾਰਨਹਾਰਾ ਇਕ, ਇਕੋ ਇਕ ਵਡਿਆਈਆ । ਧੁਰ ਸੰਜੋਗੀ ਲੇਖ ਦਏ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਨਾਮ ਨਿਧਾਨਾ ਪਾਏ ਸਾਚੀ ਭਿੱਖ, ਵਸਤ ਅਮੋਲਕ ਆਪ ਵਰਤਾਈਆ । ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਨਿਰਵੈਰ ਆਏ ਦਿਸ, ਘਟ ਘਟ ਆਪਣਾ ਰੂਪ ਵਖਾਈਆ । ਗੁਰਮੁਖ ਸੱਜਣ ਵੇਖੇ ਸਾਚਾ ਸਿੱਖ, ਜਿਸ ਜਨ ਆਪਣੀ ਬੂਝ ਬੁਝਾਈਆ । ਜਨਮ ਜਨਮ ਦੀ ਮੇਟੇ ਤ੍ਰਿਖ, ਤ੍ਰਿਸ਼ਨਾ ਭੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਭਗਤਨ ਮੀਤਾ ਏਕੰਕਾਰ, ਅਕਲ ਕਲਾ ਅਖਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਲੈ ਅਵਤਾਰ, ਜੁਗ ਜੁਗ ਵੇਖ ਵਖਾਇੰਦਾ । ਕਲਜੁਗ ਪਾਵਣਹਾਰਾ ਸਾਰ, ਕਾਇਆ ਕਪੜ ਫੋਲ ਫੋਲਾਇੰਦਾ । ਲੱਖ ਚੁਰਾਸੀ ਵਿਚੋਂ ਲਏ ਉਭਾਰ, ਆਪ ਆਪਣੀ ਬੂਝ ਬੁਝਾਇੰਦਾ । ਕਾਗਦ ਕਲਮ ਨਾ ਲਿਖਣਹਾਰ,

ਹਰਿ ਕਾ ਭੇਵ ਕੋਇ ਨਾ ਪਾਇੰਦਾ । ਕੋਟਨ ਕੋਟ ਗਾ ਗਾ ਥੱਕੇ ਵਿਚ ਸੰਸਾਰ, ਰਾਗੀ ਰਾਗ ਨਾ ਕੋਇ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸੰਗ ਸਮਾਇੰਦਾ । ਭਗਤਨ ਸੰਗ ਰਿਹਾ ਸਮਾ, ਸਾਂਤਕ ਸਤਿ ਸਤਿ ਵਰਤਾਈਆ । ਰਹਿਮਤ ਰਹੀਮ ਆਪ ਕਮਾ, ਆਪਣੇ ਹੱਥ ਰੱਖੇ ਵਡਿਆਈਆ । ਏਕਾ ਕਲਮਾ ਦਏ ਪੜ੍ਹਾ, ਬਣ ਸਚ ਅਮਾਮ ਭੇਵ ਖੁਲ੍ਹਾਈਆ । ਇਕ ਮਹੱਲਾ ਦਏ ਵਸਾ, ਮੁਕਾਮੇ ਹੱਕ ਸ਼ਹਿਨਸ਼ਾਹੀਆ । ਏਕਾ ਨੌਬਤ ਦਏ ਵਜਾ, ਏਕਾ ਡੰਕਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਰਸ਼ਦ ਮੁਰੀਦ ਵੇਖ ਵਖਾਈਆ । ਮੁਰਸ਼ਦ ਮੁਰੀਦ ਦੇ ਸਹਾਰਾ, ਦਰਦੀ ਦਰਦ ਵੰਡਾਇੰਦਾ । ਚੌਦਾਂ ਤਬਕਾਂ ਪਾਵੇ ਸਾਰਾ, ਆਪ ਆਪਣਾ ਭੇਵ ਜਣਾਇੰਦਾ । ਪੀਰ ਪੈਗ਼ੰਬਰ ਵੇਖ ਪਰਵਰਦਿਗਾਰਾ, ਨੂਰ ਨੁਰਾਨਾ ਡਗਮਗਾਇੰਦਾ । ਹੱਕ ਹਕ਼ੀਕ਼ਤ ਬੋਲ ਜੈਕਾਰਾ, ਲਾਸ਼ਰੀਕ ਖੇਲ ਖਲਾਇੰਦਾ । ਇਕ ਤੌਫ਼ੀਕ ਇਕ ਦੁਆਰਾ, ਏਕਾ ਘਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਭਗਤ ਵਖਾਏ ਸਾਚਾ ਰੰਗ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਆਤਮ ਸੇਜਾ ਵੇਖ ਪਲੰਘ, ਹਰਿ ਪੁਰਖ ਨਿਰੰਜਣ ਸੇਜ ਸੁਹਾਈਆ । ਡੂੰਘੀ ਕਵਰੀ ਆਪੇ ਲੰਘ, ਏਕੰਕਾਰ ਸੋਭਾ ਪਾਈਆ । ਆਪੇ ਜਾਣੇ ਆਪਣਾ ਅਨੰਦ, ਆਦਿ ਨਿਰੰਜਣ ਬੇਪਰਵਾਹੀਆ । ਨਿਰਗੁਣ ਨਿਰਾਕਾਰ ਗਾਏ ਛੰਦ, ਅਬਿਨਾਸ਼ੀ ਕਰਤਾ ਰਾਗ ਅਲਾਈਆ । ਦਾਤਾ ਜੋਧਾ ਸੂਰਾ ਬਣ ਆਪ ਸਰਬੰਗ, ਸ੍ਰੀ ਭਗਵਾਨ ਬਲ ਵਖਾਈਆ । ਕਰ ਪ੍ਰਕਾਸ਼ ਬਿਨ ਸੂਰਜ ਚੰਦ, ਪਾਰਬ੍ਰਹਮ ਨੂਰ ਵਖਾਈਆ । ਜੁਗ ਜੁਗ ਬੇੜਾ ਦੇਵੇ ਬੰਨ੍ਹ, ਬ੍ਰਹਮ ਆਪਣਾ ਭੇਵ ਖੁਲ੍ਹਾਈਆ । ਈਸ਼ ਜੀਵ ਜਾਣੇ ਕੰਮ, ਜਗਦੀਸ਼ ਵਡੀ ਵਡਿਆਈਆ । ਨਾ ਮਰੇ ਨਾ ਪਏ ਜੰਮ, ਲੱਖ ਚੁਰਾਸੀ ਵੇਖ ਵਖਾਈਆ । ਜੋ ਘੜਿਆ ਸੋ ਦੇਵੇ ਭੰਨ, ਥਿਰ ਕੋਇ ਰਹਿਣ ਨਾ ਪਾਈਆ । ਜਨ ਭਗਤਾਂ ਬੇੜਾ ਆਪੇ ਬੰਨ੍ਹ, ਜਗ ਸਾਗਰ ਪਾਰ ਕਰਾਈਆ । ਲੇਖਾ ਜਾਣੇ ਪੰਜ ਤੱਤ ਤਨ, ਮਨ ਮਤ ਬੁਧ ਭੇਵ ਖੁਲ੍ਹਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਦੇ ਦੇ ਡੰਨ, ਆਸ਼ਾ ਤ੍ਰਿਸ਼ਨਾ ਦਏ ਮਿਟਾਈਆ । ਏਕਾ ਰਾਗ ਸੁਣਾਏ ਕੰਨ, ਅਨਹਦ ਨਾਦੀ ਨਾਦ ਵਜਾਈਆ । ਆਪ ਵਸੇ ਹਰਿ ਛੱਪਰ ਛੰਨ, ਜਨ ਭਗਤਾਂ ਸਾਚੇ ਘਰ ਬਹਾਈਆ । ਜੁਗ ਜੁਗ ਭਾਣਾ ਆਪਣਾ ਮੰਨ, ਹਰਿਜਨ ਸਾਚੀ ਸੇਵ ਕਮਾਈਆ । ਦਿਸ ਨਾ ਆਏ ਨੇਤਰ ਅੰਨ੍ਹ, ਗਿਆਨ ਨੇਤਰ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਜਨ ਭਗਤਾਂ ਲਏ ਤਰਾਈਆ । ਜੁਗਾ ਜੁਗੰਤਰ ਭਗਤਨ ਮਿੱਤ, ਮਿੱਤਰ ਪਿਆਰਾ ਦਇਆ ਕਮਾਇੰਦਾ । ਨਿਤ ਨਵਿਤ ਕਰੇ ਹਿੱਤ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਪਰਗਟ ਹੋ ਅਬਿਨਾਸ਼ੀ ਅਚੁਤ, ਚੇਤਨ ਆਪਣਾ ਰੰਗ ਵਖਾਇੰਦਾ । ਲੇਖਾ ਜਾਣੇ ਪੰਜ ਤੱਤ ਕਾਇਆ ਬੁੱਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜ ਖੁਜਾਇੰਦਾ । ਆਪੇ ਵਸੇ ਧਾਮ ਅਨਡਿਠ, ਜਗਤ ਨੈਣ ਨਜ਼ਰ ਨਾ ਆਇੰਦਾ । ਗੁਰਮੁਖ ਵਿਰਲਾ ਲਏ ਪੇਖ, ਜਿਸ ਜਨ ਆਪਣਾ ਭੇਵ ਖੁਲ੍ਹਾਇੰਦਾ । ਆਪੇ ਮੇਟਣਹਾਰਾ ਲਿਖੀ ਰੇਖ, ਲੇਖਾ ਆਪਣਾ ਆਪ ਜਣਾਇੰਦਾ । ਆਤਮ ਪਰਮਾਤਮ ਖੋਲ੍ਹੇ ਭੇਤ, ਦਵੈਤੀ ਪਰਦਾ ਆਪੇ ਲਾਹਿੰਦਾ । ਦਰਸ ਦਖਾਏ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਇੰਦਾ । ਫੁੱਲ ਫੁਲਵਾੜੀ ਰੁੱਤ ਬਸੰਤ ਵਖਾਏ ਚੇਤ, ਅਗਨੀ ਜੇਠ ਨਾ ਕੋਇ ਤਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਵਡਿਆਇੰਦਾ । ਭਗਤ ਵਡਿਆਈ ਸ੍ਰੀ ਭਗਵਾਨ, ਜੁਗ ਜੁਗ ਮਾਤ ਕਰਾਈਆ । ਕਲਜੁਗ


੨੦੫
੧੧

ਅੰਤਮ ਹੋ ਮਿਹਰਵਾਨ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜਾਤਾ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਗਿਆਨ, ਨਿਸ਼ਅੱਖਰ ਕਰ ਪੜ੍ਹਾਈਆ । ਗੁਰ ਅਵਤਾਰ ਦੇ ਦੇ ਮਾਣ, ਲੋਕਮਾਤ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਸਤਿ ਬਬਾਣ, ਬ੍ਰਹਿਮੰਡ ਖੰਡ ਉਡਾਈਆ । ਭਗਤ ਭਗਵੰਤ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਏਕਾ ਰਾਗ ਸੁਣਾਏ ਕਾਨ, ਦੂਜੀ ਸੁਰ ਨਾ ਕੋਇ ਅਲਾਈਆ । ਏਕਾ ਮੰਦਰ ਇਕ ਮਕਾਨ, ਏਕਾ ਦੀਪਕ ਦਏ ਜਗਾਈਆ । ਏਕਾ ਇਸ਼ਟ ਸ੍ਰੀ ਭਗਵਾਨ, ਦੂਜੀ ਦ੍ਰਿਸ਼ਟ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲ ਮਿਲਾਈਆ । ਜਨ ਭਗਤਨ ਮੇਲਣਹਾਰਾ ਹਰਿ, ਆਪਣਾ ਖੇਲ ਕਰਾਇੰਦਾ । ਕਲਜੁਗ ਅੰਤਮ ਦੇਵੇ ਵਰ, ਸਿਰ ਆਪਣਾ ਹੱਥ ਟਿਕਾਇੰਦਾ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਵਟਾਇੰਦਾ । ਦਰਸ ਦਖਾਏ ਅੱਗੇ ਖੜ੍ਹ, ਸਵੱਛ ਸਰੂਪੀ ਰੂਪ ਧਰਾਇੰਦਾ । ਭਗਤ ਜਨਾਂ ਹਰਿ ਬਾਹੋਂ ਫੜ, ਆਪਣੇ ਸੰਗ ਚਲਾਇੰਦਾ । ਡੂੰਘੀ ਭਵਰੀ ਆਪੇ ਵੜ, ਘਰ ਘਰ ਆਪਣਾ ਆਸਣ ਲਾਇੰਦਾ । ਸਾਚੇ ਪੌੜੇ ਜਾਏ ਚੜ੍ਹ, ਦਸਮ ਦਵਾਰੀ ਸੋਭਾ ਪਾਇੰਦਾ । ਨਿਰਗੁਣ ਅੱਖਰ ਇਕੋ ਪੜ੍ਹ, ਸਰਗੁਣ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਤਰਾਇੰਦਾ । ਭਗਤਾਂ ਦੇਵੇ ਇਕੋ ਤੱਤ, ਤਤਵ ਇਕ ਜਣਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਮਤ, ਗੁਣ ਅਵਗੁਣ ਨਾ ਕੋਇ ਰਖਾਇੰਦਾ । ਚਰਨ ਕਵਲ ਬੰਧਾਏ ਨਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਵਖਾਇੰਦਾ । ਮੇਲ ਮਿਲਾਵਾ ਕਮਲਾਪਤ, ਕਵਲ ਨੈਣ ਵੇਖ ਵਖਾਇੰਦਾ । ਨਾਤਾ ਤੋੜ ਜ਼ਾਤ ਪਾਤ, ਸਾਚੀ ਯਾਤਰਾ ਨਾਮ ਕਰਾਇੰਦਾ । ਪੰਚ ਵਿਕਾਰਾ ਕਰ ਕਰ ਘਾਤ, ਪੰਚਮ ਨਾਦ ਸ਼ਬਦ ਧੁਨ ਸੁਣਾਇੰਦਾ । ਪੰਚਮ ਮੀਤਾ ਇਕੋ ਗਾਥ, ਸਾਚਾ ਅੱਖਰ ਆਪ ਪੜ੍ਹਾਇੰਦਾ । ਕਰੇ ਖੇਲ ਪੁਰਖ ਸਮਰਾਥ, ਹਰਿਜਨ ਸਾਚੇ ਆਪ ਉਠਾਇੰਦਾ । ਜਨਮ ਜਨਮ ਦਾ ਪੂਰਾ ਕਰੇ ਘਾਟ, ਲਹਿਣਾ ਦੇਣਾ ਝੋਲੀ ਪਾਇੰਦਾ । ਕਲਜੁਗ ਅੰਤਮ ਮੁੱਕੇ ਵਾਟ, ਬਣ ਪਾਂਧੀ ਪੰਧ ਮੁਕਾਇੰਦਾ । ਹਰਿ ਭਗਤ ਲਗਾਏ ਆਪਣੇ ਘਾਟ, ਸਚ ਕਿਨਾਰਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਨੱਯਾ ਨਾਮ ਚਲਾਇੰਦਾ । ਇਕੋ ਨੱਯਾ ਨਾਮ ਨੌਕਾ, ਨਿਰਗੁਣ ਮਾਤ ਚਲਾਈਆ । ਜਨ ਭਗਤਾਂ ਨਾਲ ਕਰੇ ਨਾ ਧੋਖਾ, ਸ੍ਰਿਸ਼ਟ ਸਬਾਈ ਰਿਹਾ ਭੁਲਾਈਆ । ਹਰਿਜਨ ਮਿਲਣ ਦਾ ਇਕੋ ਮੌਕਾ, ਦੂਜਾ ਫੇਰ ਜਗਤ ਨਾ ਆਈਆ । ਪ੍ਰਭ ਮਿਲਣ ਦਾ ਮਾਰਗ ਸੌਖਾ, ਪੁਰਖ ਅਬਿਨਾਸ਼ੀ ਆਪ ਜਣਾਈਆ । ਕਿਸੇ ਹੱਥ ਨਾ ਆਏ ਚੌਦਾਂ ਲੋਕਾ, ਚੌਦਾਂ ਤਬਕ ਰਹੇ ਕੁਰਲਾਈਆ । ਲੱਖ ਚੁਰਾਸੀ ਖਾਏ ਚੋਟਾਂ, ਦਰ ਦਰ ਦਏ ਦੁਹਾਈਆ । ਜਨ ਭਗਤ ਰਖਾਈ ਇਕੋ ਓਟਾ, ਪ੍ਰਭ ਮਿਲੇ ਸੱਚਾ ਮਾਹੀਆ । ਨਿਰਮਲ ਜੋਤ ਜਗਾਏ ਜੋਤਾ, ਜੋਤੀ ਜੋਤ ਕਰੇ ਰੁਸ਼ਨਾਈਆ । ਭਵ ਸਾਗਰ ਖਾਏ ਨਾ ਗੋਤਾ, ਡੂੰਘੀ ਭਵਰੀ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਭਗਤ ਜਨਾਂ ਹਰਿ ਆਪ ਉਠੌਣਾ, ਕਲਜੁਗ ਅੰਤਮ ਵਾਰ । ਜੁਗ ਜਨਮ ਦਾ ਲੇਖ ਮੁਕੌਣਾ, ਜੁਗ ਚੌਕੜੀ ਪਾਵੇ ਸਾਰ । ਨਿਹਕਰਮੀ ਵਡ ਕਰਮ ਕਮੌਣਾ, ਕਰਮ ਕਾਂਡ ਤੋਂ ਵਸੇ ਬਾਹਰ । ਵਰਨ ਬਰਨੀ ਡੇਰਾ ਢੌਣਾ, ਚਾਰ ਵਰਨ ਕਰੇ ਖ਼ੁਵਾਰ । ਹਰਨ ਫਰਨ ਨੇਤਰ ਖਲੌਣਾ, ਨੇਤਨ ਨੇਤ ਦਰਸ ਦੀਦਾਰ । ਗੀਤ ਗੋਬਿੰਦ ਇਕੋ ਗੌਣਾ, ਏਕਾ ਏਕੰਕਾਰ । ਸਾਚਾ ਮੰਦਰ ਇਕ

ਵਖੌਣਾ, ਕਾਇਆ ਬੰਕ ਖੋਲ੍ਹ ਕਵਾੜ, ਦੀਪਕ ਦੀਆ ਇਕ ਜਗੌਣਾ, ਨਿਰਗੁਣ ਜੋਤ ਅਗੰਮ ਅਪਾਰ । ਧੁਨ ਅਨਾਦੀ ਸ਼ਬਦ ਸੁਣੌਣਾ, ਅਨਹਦ ਵਜਾਏ ਸਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਅਧਾਰ । ਭਗਤ ਉਧਾਰੇ ਆਪ ਪ੍ਰਭ, ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਲੱਭ, ਆਪਣਾ ਬੰਧਨ ਪਾਈਆ । ਉਲਟੀ ਕਰੇ ਕਵਲ ਨਭ, ਅੰਮ੍ਰਿਤ ਝਿਰਨਾ ਦਏ ਝਿਰਾਈਆ । ਸਤਿ ਸੰਤੋਖੀ ਨਾਮ ਮਦਿ, ਇਕੋ ਵਾਰ ਪਿਆਈਆ । ਸਚ ਨਿਸ਼ਾਨਾ ਇਕੋ ਗੱਡ, ਦਰ ਦੁਆਰ ਦਏ ਝੁਲਾਈਆ । ਲੱਖ ਚੁਰਾਸੀ ਵਿਚੋਂ ਕੱਢ, ਹਰਿ ਭਗਤ ਲਏ ਮਿਲਾਈਆ । ਨਾਤਾ ਤੋੜ ਅੰਧੇਰੀ ਖੱਡ, ਗ੍ਰਿਹ ਮੰਦਰ ਦਏ ਬਹਾਈਆ । ਜਗਤ ਤ੍ਰਿਸ਼ਨਾ ਝੂਠੀ ਵੱਢ, ਏਕਾ ਕਰੇ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਸੱਚਾ ਸਹਾਈਆ । ਸਤਿ ਪੁਰਖ ਨਿਰੰਜਣ ਹੋਇਆ ਖ਼ਬਰਦਾਰ, ਨਿਰਗੁਣ ਆਪਣੀ ਲਏ ਅੰਗੜਾਈਆ । ਸਚਖੰਡ ਮਹੱਲੇ ਹੋ ਉਜਿਆਰ, ਥਿਰ ਘਰ ਆਪਣਾ ਫੇਰਾ ਪਾਈਆ । ਥਿਰ ਘਰ ਸਾਚੇ ਖੋਲ੍ਹ ਕਿਵਾੜ, ਆਪਣਾ ਰੰਗ ਵਖਾਈਆ । ਚਰਨ ਕਵਲ ਕਵਲ ਚਰਨ ਕੱਢ ਕੱਢ ਬਾਹਰ, ਨਿਰਗੁਣ ਨਿਰਗੁਣ ਵੇਖ ਵਖਾਈਆ । ਸੁੰਨ ਅਗੰਮੀ ਖੇਲ ਅਪਾਰ, ਬੇਐਬ ਆਪ ਕਰਾਈਆ । ਆਪਣੀ ਇਛਿਆ ਕਰ ਵਿਚਾਰ, ਸ਼ਬਦ ਸੁਤ ਵਡਿਆਈਆ । ਸ਼ਬਦੀ ਸ਼ਬਦ ਦਏ ਸਹਾਰ, ਏਕਾ ਗੁਣ ਵਖਾਈਆ । ਏਕਾ ਗੁਣ ਅਗੰਮ ਅਪਾਰ, ਅਪਰੰਪਰ ਵੇਖ ਵਖਾਈਆ । ਅਲਖ ਅਗੋਚਰ ਹੋ ਤਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਈਆ । ਅਲੱਖ ਅਗੋਚਰ ਹੋ ਤਿਆਰਾ, ਘਰ ਸਾਚੇ ਸੋਭਾ ਪਾਇੰਦਾ । ਭਗਤਨ ਮੀਤਾ ਬਣ ਵਣਜਾਰਾ, ਲੋਕਮਾਤ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸ਼ਕਾਰਾ । ਕੋਟਨ ਕੋਟ ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਆਪੇ ਚੁੱਕ, ਜੁਗ ਜੁਗ ਕਰੇ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦੁਆਪਰ ਪੈਂਡਾ ਗਿਆ ਮੁੱਕ, ਕਲਜੁਗ ਕੂਕੇ ਦਏ ਦੁਹਾਈਆ । ਪੰਚ ਵਿਕਾਰਾ ਰਿਹਾ ਬੁੱਕ, ਆਪਣਾ ਬਲ ਰਖਾਈਆ । ਸੰਤ ਸਾਧ ਬੈਠੇ ਲੁਕ, ਸਿਰ ਸਕੇ ਨਾ ਕੋਇ ਉਠਾਈਆ । ਜੂਠ ਝੂਠ ਜੜ੍ਹ ਰਿਹਾ ਪੁੱਟ, ਬੂਟਾ ਸਕੇ ਨਾ ਕੋਇ ਲਗਾਈਆ । ਕਾਮ ਕਰੋਧ ਰਿਹਾ ਕੁੱਟ, ਮੂੰਹ ਦੇ ਭਾਰ ਸੁਟਾਈਆ । ਠੱਗ ਚੋਰ ਰਹੇ ਲੁੱਟ, ਦਿਵਸ ਰੈਣ ਪਈ ਲੜਾਈਆ । ਗੁਰਮੁਖ ਵਿਰਲਾ ਇਕੋ ਰੱਖੇ ਸਾਚੀ ਓਟ, ਪ੍ਰਭ ਚਰਨ ਧਿਆਨ ਲਗਾਈਆ । ਜਗਤ ਤ੍ਰਿਸ਼ਨਾ ਕੱਢ ਖੋਟ, ਆਸ਼ਾ ਇਕੋ ਇਕ ਵਧਾਈਆ । ਨਿਰਮਲ ਅੰਤਰ ਜਗੇ ਜੋਤ, ਹਰਿ ਜੋਤ ਹੋਏ ਰੁਸ਼ਨਾਈਆ । ਨਾਤਾ ਟੁੱਟੇ ਵਰਨ ਗੋਤ, ਬ੍ਰਹਮ ਇਕੋ ਨਜ਼ਰੀ ਆਈਆ । ਸਤਿ ਧੀਰਜ ਨਾਮ ਲੰਗੋਟ, ਗੁਰ ਸਤਿਗੁਰ ਦਏ ਬੰਧਾਈਆ । ਆਤਮ ਤ੍ਰਿਸ਼ਨਾ ਭਰੇ ਪੋਟ, ਸਾਂਤਕ ਸਤਿ ਸਤਿ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਗੋਦ ਉਠਾਈਆ । ਜਨ ਭਗਤਾਂ ਰੱਖੇ ਸਾਚੀ ਗੋਦ, ਆਪਣੀ ਦਇਆ ਕਮਾਇੰਦਾ । ਸਾਚਾ ਨਾਮ ਅਗਾਧ ਬੋਧ, ਬੋਧ ਅਗਾਧਾ ਆਪ ਪੜ੍ਹਾਇੰਦਾ । ਹਰਿ ਜੂ ਹਿਰਦਾ ਆਪੇ ਸੋਧ, ਸੁਧ ਵਾਸ਼ਨਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪਾਰ ਕਰਾਇੰਦਾ । ਜਨ ਭਗਤਾਂ ਬੇੜਾ ਕਰੇ ਪਾਰ, ਮੰਝਧਾਰ ਨਾ ਕੋਈ ਰੁੜ੍ਹਾਈਆ । ਕਲਜੁਗ ਅੰਤਮ ਲੈ ਅਵਤਾਰ, ਨਿਰਗੁਣ ਹੋ ਸੇਵ ਕਮਾਈਆ । ਸਰਗੁਣ ਕਰਿਆ ਖ਼ਬਰਦਾਰ, ਏਕਾ ਸ਼ਬਦ ਧੁਨ ਸ਼ਨਵਾਈਆ । ਜੁਗ ਜੁਗ ਭਗਤ ਲਏ ਉਭਾਰ,

੨੦੭
੧੧

ਲੁਕ ਲੁਕ ਲਏ ਮਿਲਾਈਆ । ਉਠ ਉਠ ਮੇਰੇ ਵਿਛੜੇ ਯਾਰ, ਜੁਗ ਚੌਕੜੀ ਗਈ ਵਿਹਾਈਆ । ਵਿਸ਼ਨ ਬ੍ਰਹਮਾ ਸ਼ਿਵ ਰੋਵੇ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਈ ਧਰਾਈਆ । ਲਹਿਣਾ ਦੇਣਾ ਮੁਕੇ ਗੁਰ ਅਵਤਾਰ, ਬਚਿਆ ਕੋਇ ਰਹਿਣ ਨਾ ਪਾਈਆ । ਪੀਰ ਪੈਗ਼ੰਬਰ ਔਲੀਏ ਹਾਰ, ਦਸਤਗੀਰ ਨਾ ਕੋਈ ਵਡਿਆਈਆ । ਕਲਜੁਗ ਅੰਤਮ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਵੱਡ ਅਮਾਮਾ ਹੋ ਤਿਆਰ, ਵਡ ਦਮਾਮਾ ਦਏ ਵਜਾਈਆ । ਪੜ੍ਹੇ ਕਲਮਾ ਅਪਰ ਅਪਾਰ, ਹਜਾਰਾ ਦਰੂਦ ਭੇਵ ਨਾ ਰਾਈਆ । ਸਚ ਸਲਾਮਾ ਦੱਸ ਸੰਸਾਰ, ਅਲੈਕਮ ਆਪਣੀ ਖੇਲ ਵਖਾਈਆ । ਬੈਤਲ ਹੋ ਪਰਵਰਦਿਗਾਰ, ਮਕੱਦਸ ਪਰਦਾ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਉਠਾਈਆ । ਜਨ ਭਗਤ ਉਠਾਇਆ ਕਿਰਪਾ ਕਰ, ਕਿਰਪਨ ਦਇਆ ਕਮਾਇੰਦਾ । ਜਨਮ ਜਨਮ ਦਾ ਲਹਿਣਾ ਦਿਤਾ ਘਰ, ਘਰ ਘਰ ਵਿਚ ਫੇਰਾ ਪਾਇੰਦਾ । ਮਾਨਸ ਜਨਮ ਨਾ ਜਾਏ ਹਰ, ਲੱਖ ਚੁਰਾਸੀ ਲੇਖੇ ਪਾਇੰਦਾ । ਆਪ ਬੰਧਾਏ ਆਪਣੇ ਲੜ, ਏਕਾ ਪੱਲੂ ਨਾਮ ਫੜਾਇੰਦਾ । ਸੋਹੰ ਅੱਖਰ ਜਾਣਾ ਪੜ੍ਹ, ਆਤਮ ਪਰਮਾਤਮ ਮੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਸਮਝਾਇੰਦਾ । ਸਾਚੇ ਭਗਤ ਸਾਚਾ ਨਾਉਂ, ਹਰਿ ਨਿਰੰਕਾਰਾ ਆਪ ਜਣਾਈਆ । ਹੋਏ ਸਹਾਈ ਸਭਨੀਂ ਥਾਉਂ, ਥਾਨ ਥਨੰਤਰ ਵੇਖ ਵਖਾਈਆ । ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਉਡਾਈਆ । ਕਰੇ ਕਰਾਏ ਸਚ ਨਿਆਉਂ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਹਰਿਜਨ ਮੇਲੇ ਫੜ ਫੜ ਬਾਹੋਂ, ਦੂਰ ਦੁਰਾਡਾ ਪੰਧ ਮੁਕਾਈਆ । ਕਰੇ ਪਿਆਰ ਜਿਉਂ ਪੁੱਤਰਾਂ ਮਾਉਂ, ਪਿਤਾ ਪੂਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਭਗਤਾਂ ਗੋਦ ਬਹਾਈਆ । ਹਰਿ ਭਗਤ ਦਇਆ ਆਪ ਕਮਾ, ਕਾਮਲ ਮੇਲ ਮਿਲਾਇਆ । ਰਹਿਮਤ ਇਕ ਕਰ ਖ਼ੁਦਾ, ਸਹੀ ਸਲਾਮਤ ਲਏ ਬਚਾਇਆ । ਦੋ ਜਹਾਨਾਂ ਨਾ ਹੋਏ ਜੁਦਾ, ਆਪ ਆਪਣੀ ਗੋਦ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਸੰਗ ਰਖਾਇਆ । ਹਰਿ ਭਗਤ ਅੱਗੋਂ ਕਰੇ ਪੁਕਾਰ, ਪ੍ਰਭ ਸਾਚੇ ਸਚ ਜਣਾਈਆ । ਅੰਤਮ ਵੇਲਾ ਤੇਰੇ ਨਾਲ, ਵਿਛੜ ਕਦੇ ਨਾ ਜਾਈਆ । ਲੋਕਮਾਤ ਕਵਣ ਨਿਸ਼ਾਨ, ਕਵਣ ਗ੍ਰਹਿ ਮਿਲੇ ਵਡਿਆਈਆ । ਕਵਣ ਵੇਖੇ ਮਾਰ ਧਿਆਨ, ਨੇਤਰ ਨੈਣ ਉਠਾਈਆ । ਕਵਣ ਬਿਧ ਜਿਸ ਗਾਣ, ਰਸਨਾ ਜਿਹਵਾ ਹਲਾਈਆ । ਕਵਣ ਮੰਦਰ ਮਿਲੇ ਮਕਾਨ, ਜਿਸ ਘਰ ਦਏ ਬਹਾਈਆ । ਕਵਣ ਵੇਲਾ ਦਰਸ ਦੇਵੇ ਆਣ, ਮਿਟੇ ਸਰਬ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭੇਵ ਦੇਣਾ ਖੁਲ੍ਹਾਈਆ । ਆਪਣਾ ਭੇਵ ਦੱਸ ਭਗਵਾਨ, ਏਕਾ ਏਕ ਜਣਾਈਆ । ਲੋਕਮਾਤ ਬਣਾਵਾਂ ਸਚ ਨਿਸ਼ਾਨ, ਵੇਖੇ ਸਰਬ ਲੋਕਾਈਆ । ਤਿੰਨਾਂ ਲੋਕਾਂ ਪਾਵਾਂ ਆਣ, ਤ੍ਰਲੋਕੀ ਚਰਨਾਂ ਹੇਠ ਦਬਾਈਆ । ਸਾਚਾ ਮੰਦਰ ਇਕ ਨਿਸ਼ਾਨ, ਚਾਰ ਵਰਨ ਦਿਆਂ ਵਖਾਈਆ । ਆਤਮ ਪਰਮਾਤਮ ਇਕ ਗਿਆਨ, ਏਕਾ ਅੱਖਰ ਕਰੇ ਪੜ੍ਹਾਈਆ । ਭਗਤ ਦੁਆਰਾ ਇਕ ਪਰਵਾਨ, ਛੱਤੀ ਜੁਗ ਦਾ ਪੰਧ ਮੁਕਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਖੇਲ ਮਹਾਨ, ਜੁਗ ਜੁਗ ਆਪਣਾ ਵੇਖ ਵਖਾਈਆ । ਕੋਟਨ ਕੋਟ ਸੀਤਾ ਰਾਮ, ਗਏ ਫੇਰੀ ਪਾਈਆ । ਕੋਟਨ ਕੋਟ ਗੋਪੀ ਕਾਹਨ, ਮੰਡਲ ਰਾਸ ਗਏ ਰਚਾਈਆ । ਕੋਟਨ ਕੋਟ ਰਵ ਸਸ ਭਾਨ, ਬੈਠੇ ਮੁਖ ਛੁਪਾਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਹੋ ਪਰਧਾਨ, ਗਏ ਪੰਧ ਮੁਕਾਈਆ ।

ਗੁਰ ਅਵਤਾਰ ਦੇ ਦੇ ਗਿਆਨ, ਲਿਖ ਲਿਖ ਲੇਖਾ ਗਏ ਸਮਝਾਈਆ । ਕੋਟਨ ਕੋਟ ਜੁਗ ਬੀਤੇ ਵਿਚ ਜਹਾਨ, ਕੋਹਲੂ ਚਰਖਾ ਚੱਕੀ ਚੱਕ ਭੁਵਾਈਆ । ਕਰੇ ਖੇਲ ਸ੍ਰੀ ਭਗਵਾਨ, ਸਚਖੰਡ ਬੈਠਾ ਸੱਚਾ ਮਾਹੀਆ । ਕਲਜੁਗ ਅੰਤਮ ਹੋ ਪਰਧਾਨ, ਨਿਹਕਲੰਕਾ ਨਾਉਂ ਰਖਾਈਆ । ਭਗਤਾਂ ਹਰਿ ਜੂ ਵੇਖੇ ਆਣ, ਭੇਵ ਕੋਇ ਨਾ ਪਾਈਆ । ਦਰ ਘਰ ਸਾਚੇ ਦੇਵੇ ਮਾਣ, ਨਿਮਾਣਿਆਂ ਗਲੇ ਲਗਾਈਆ । ਲੱਖ ਚੁਰਾਸੀ ਵਿਚੋਂ ਕਰ ਪਛਾਣ, ਫੜ ਬਾਹੋਂ ਬਾਹਰ ਕਢਾਈਆ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਸਾਂਤਕ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਏਕਾ ਘਰ ਵਖਾਈਆ । ਏਕਾ ਘਰ ਹਰਿ ਚਰਨ, ਸ਼ਰਨ ਸੱਚੀ ਸ਼ਰਨਾਇਆ । ਨਾਤਾ ਟੁੱਟੇ ਮਰਨ ਡਰਨ, ਜਨਮ ਮਰਨ ਵਿਚ ਨਾ ਆਇਆ । ਸਾਹਿਬ ਸੁਲਤਾਨ ਤਰਨੀ ਤਰਨ, ਗੁਰਮੁਖ ਸਾਚੇ ਲਏ ਤਰਾਇਆ । ਕਰਤਾ ਪੁਰਖ ਕਰਨੀ ਕਰਨ, ਕੁਦਰਤ ਕਾਦਰ ਵੇਖ ਵਖਾਈਆ । ਨਾਤਾ ਤੋੜ ਵਰਨ ਬਰਨ, ਜ਼ਾਤ ਪਾਤ ਦਏ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿਜਨ ਇਕੋ ਘਰ ਬਹਾਇਆ । ਮਾਨਸ ਮਨੁੱਖ ਮਾਨਵ, ਜਗਤ ਜੁਗ ਚਤੁਰਾਈਆ । ਦੇਵੀ ਦੇਵ ਦਾਨਵ, ਏਕਾ ਖੇਲ ਵਖਾਈਆ । ਮਾਨਸ ਵਸੇ ਪੰਜ ਤੱਤ ਗਰਾਮਨ, ਕਾਇਆ ਖੇੜਾ ਸੋਭਾ ਪਾਈਆ । ਮਾਨੁੱਖ ਮੇਟੇ ਅੰਧੇਰੀ ਸ਼ਾਮਨ, ਮਨ ਮਤ ਮੋਹ ਚੁਕਾਈਆ । ਮਾਨਵ ਹੋਏ ਸਤਿਗੁਰ ਜ਼ਾਮਨ, ਆਪ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਮਾਨਸ਼ ਪੰਜ ਤੱਤ ਕਾਇਆ ਰੰਗ, ਰੰਗ ਰੱਤਾ ਆਪ ਚੜ੍ਹਾਈਆ । ਮਨੁਖ ਆਤਮ ਸੇਜ ਪਲੰਘ, ਘਰ ਘਰ ਵਿਚ ਰਿਹਾ ਹੰਢਾਈਆ । ਮਾਨਵ ਸ਼ਬਦੀ ਡੋਰ ਪਤੰਗ, ਅਕਾਸ਼ ਪ੍ਰਕਾਸ਼ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਮਾਨਸ ਕਾਇਆ ਪੰਜ ਤੱਤ ਨਾਤਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਕਰਾਇੰਦਾ । ਮਨੁੱਖ ਨਿਰਗੁਣ ਮਿਲੀ ਦਾਤਾ, ਸਰਗੁਣ ਬੰਧਨ ਪਾਇੰਦਾ । ਮਾਨਵ ਨੂਰ ਪੁਰਖ ਬਿਧਾਤਾ, ਘਰ ਘਰ ਵਿਚ ਆਪ ਸੁਹਾਇੰਦਾ । ਇਕੋ ਘਰ ਖੇਲ ਤਮਾਸ਼ਾ, ਤ੍ਰੈਗੁਣ ਅਤੀਤਾ ਤ੍ਰੈ ਤ੍ਰੈ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਸੰਗ ਆਪ ਹੋ ਜਾਇੰਦਾ । ਬਾਨਰ ਭਾਓ ਬੇਮੁਖ, ਬੇਦਰਦੀ ਦਰਦ ਨਾ ਕੋਇ ਰਖਾਇੰਦਾ । ਉਲਟਾ ਚੜ੍ਹੇ ਗਰਭ ਰੁਖ, ਰੁਖ਼ ਸੱਚਾ ਨਾ ਕੋਈ ਬਦਲਾਇੰਦਾ । ਦਸ ਦਸ ਮਾਸ ਧੂਆਂ ਧੁਖ, ਅਗਨੀ ਹਵਨ ਤਪਾਇੰਦਾ । ਅੰਦਰ ਬਾਹਰ ਨਾ ਮਿਲੇ ਸੁਖ, ਸਾਂਤਕ ਸਤਿ ਸਤਿ ਕਰਾਇੰਦਾ । ਸਾਹਿਬ ਸਤਿਗੁਰ ਬੈਠਾ ਲੁਕ, ਦਰਸ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਨਰ ਮਾਨਸ ਰੂਪ ਵਖਾਇੰਦਾ ।

★ ੨੮ ਮੱਘਰ ੨੦੧੮ ਬਿਕਰਮੀ ਬਖ਼ਸ਼ੀਸ਼ ਸਿੰਘ ਦੇ ਨਵਿਤ ਜੇਠੂਵਾਲ ਦਰਬਾਰ ਵਿਚ ★

ਸੁਰ ਨਰ ਮੁਨ ਜਨ ਇੰਦਰ ਸੋਚਦੇ, ਕੋਟਨ ਕੋਟ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਖੋਜਦੇ, ਜੁਗ ਜੁਗ ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਰਸਨਾ ਬੋਲਦੇ, ਕਹਿ ਕਹਿ ਹਰਿ ਗੁਣ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਸਮਾਈਆ ।


੨੦੯
੧੧

ਸੁਰ ਨਰ ਮੁਨ ਜਨ ਇੰਦ ਇੰਦਰਾਸਨ ਤੱਕਣ ਰਾਹ, ਨੇਤਰ ਨੈਣ ਨੈਣ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਸਲਾਹ, ਘਰ ਸਾਚੇ ਗਿਆ ਮੁਖ ਛੁਪਾਈਆ । ਗੁਰ ਅਵਤਾਰ ਜਪਣ ਨਾਂ, ਨਾਉਂ ਨਿਰੰਕਾਰਾ ਇਕ ਸਾਲਾਹੀਆ । ਆਦਿ ਜੁਗਾਦਿ ਖੇਲ ਬੇਪਰਵਾਹ, ਭੇਵ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਸੁਰ ਨਰ ਮੁਨ ਜਨ ਇਕੋ ਓਟ, ਆਦਿ ਪੁਰਖ ਤਕਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਸੋਚ, ਸੋਚ ਵਿਚ ਹਰਿ ਨਾ ਆਈਆ । ਗੁਰ ਅਵਤਾਰ ਰੱਖ ਰੱਖ ਓਟ, ਏਕਾ ਪੁਰਖ ਗਏ ਮਨਾਈਆ । ਸੋ ਪੁਰਖ ਨਿਰੰਜਣ ਨਿਰਗੁਣ ਜੋਤ, ਨਿਰਾਕਾਰ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਚਲਾਈਆ । ਸੁਰ ਨਰ ਮੁਨ ਜਨ ਦੇਵਤ ਰੱਖੀ ਆਸ, ਇਕ ਧਿਆਨ ਲਗਾਇਆ । ਵਿਸ਼ਨ ਬ੍ਰਹਮਾ ਸ਼ਿਵ ਪਿਆਸ, ਅੰਮ੍ਰਿਤ ਮੇਘ ਹਰਿ ਬਰਸਾਇਆ । ਗੁਰ ਅਵਤਾਰ ਮੰਗ ਪ੍ਰਕਾਸ਼, ਬੈਠੇ ਧਿਆਨ ਲਗਾਇਆ । ਆਦਿ ਜੁਗਾਦੀ ਖੇਲ ਤਮਾਸ਼, ਤ੍ਰੈਭਵਨ ਧਨੀ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇਆ । ਸੁਰ ਨਰ ਮੁਨ ਜਨ ਦੇਵਤ ਚਰਨ ਧਿਆਨ, ਨੇਤਰ ਨੈਣ ਨੈਣ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਉਠ ਉਠ ਗਾਣ, ਗੀਤ ਗੋਬਿੰਦ ਅਲਾਈਆ । ਗੁਰ ਅਵਤਾਰ ਮੰਗਣ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਸਰਬ ਜੀਆਂ ਦਾ ਇਕ ਭਗਵਾਨ, ਏਕਾ ਦਰ ਸੁਹਾਈਆ । ਜੁਗ ਜੁਗ ਨਿਰਗੁਣ ਹੋ ਪਰਧਾਨ, ਪਾਰਬ੍ਰਹਮ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਧੰਦਾ ਆਪ ਜਣਾਈਆ । ਸੁਰ ਨਰ ਮੁਨ ਜਨ ਦੇਵਤ ਇੰਦ ਰਹੇ ਪੜ੍ਹ, ਹਰਿ ਅੱਖਰ ਇਕ ਪੜ੍ਹਾਇਆ । ਵਿਸ਼ਨ ਬ੍ਰਹਮਾ ਸ਼ਿਵ ਫੜ ਫੜ ਲੜ, ਆਪਣਾ ਪੱਲੂ ਨਾਲ ਬੰਧਾਇਆ । ਗੁਰ ਅਵਤਾਰ ਵੇਖਣ ਚੜ੍ਹ ਚੜ੍ਹ, ਮਹੱਲ ਅਟੱਲ ਇਕ ਰੁਸ਼ਨਾਇਆ । ਦਰਸ ਦਖਾਏ ਅੱਗੇ ਖੜ੍ਹ, ਨਿਰਗੁਣ ਆਪਣਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਗ ਆਪ ਅਲਾਇਆ । ਸੁਰ ਨਰ ਮੁਨ ਜਨ ਏਕਾ ਰਾਗ, ਗ੍ਰਿਹ ਮੰਦਰ ਬਹਿ ਬਹਿ ਗਾਈਆ । ਵਿਸ਼ਨ ਬ੍ਰਹਮਾ ਸ਼ਿਵ ਵਜਾਇਣ ਨਾਦ, ਸੁਰ ਤਾਲ ਇਕ ਰਖਾਈਆ । ਗੁਰ ਅਵਤਾਰ ਗਾਇਣ ਬੋਧ ਅਗਾਧ, ਇਕੋ ਇਕ ਪੜ੍ਹਾਈਆ । ਪੁਰਖ ਅਬਿਨਾਸ਼ੀ ਸਾਜਣ ਸਾਜ, ਆਪ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੁਰ ਨਰ ਮੁਨ ਜਨ ਇਕੋ ਦਰ, ਦਰ ਦਰਵਾਜਾ ਇਕ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲੈ ਲੈ ਵਰ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਗੁਰ ਅਵਤਾਰ ਮੇਲਾ ਨਰਾਇਣ ਨਰ, ਨਰ ਹਰਿ ਸਾਚੀ ਬੂਝ ਬੁਝਾਇੰਦਾ । ਪੰਜ ਤੱਤ ਤੱਤ ਕਾਇਆ ਘੜ, ਘਰ ਘਰ ਵਿਚ ਆਪ ਵਸਾਇੰਦਾ । ਨਿਰਮਲ ਜੋਤ ਇਕੋ ਧਰ, ਦੀਪਕ ਦੀਆ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸੁਰ ਨਰ ਮੁਨ ਜਨ ਹਰਿ ਜੂ ਖੇਲ, ਆਪਣਾ ਆਪ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਮੇਲ, ਮੇਲ ਵਿਛੋੜਾ ਦਏ ਸਮਝਾਈਆ । ਗੁਰ ਅਵਤਾਰਾਂ ਸੱਜਣ ਸੁਹੇਲ, ਸਗਲਾ ਸੰਗ ਨਿਭਾਈਆ । ਆਪੇ ਵਸੇ ਧਾਮ ਨਵੇਲ, ਸਚਖੰਡ ਦੁਆਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਈਆ । ਸੁਰ ਨਰ ਮੁਨ ਜਨ ਇਕੋ ਮੰਗ, ਏਕਾ ਵਾਰ ਮੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਅੰਦਰ ਲੰਘ, ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਗੁਰ ਅਵਤਾਰਾਂ

ਰੱਖੇ ਸੰਗ, ਸਗਲਾ ਸੰਗ ਨਿਭਾਈਆ । ਆਪ ਬੈਠ ਸਚ ਪਲੰਘ, ਸਚਖੰਡ ਸਾਚੀ ਸੇਜ ਸੁਹਾਈਆ । ਆਦਿ ਜੁਗਾਦਿ ਇਕ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਸਮਝਾਈਆ । ਸਾਚਾ ਖੇਲ ਹਰਿ ਨਿਰੰਕਾਰ, ਨਿਰਗੁਣ ਆਪ ਜਣਾਇੰਦਾ । ਗੁਰ ਅਵਤਾਰ ਸੇਵਾਦਾਰ, ਵਿਸ਼ਨ ਬ੍ਰਹਮਾ ਸ਼ਿਵ ਹੁਕਮ ਮਨਾਇੰਦਾ । ਰਿਖ ਮੁਨ ਦੇਵਤ ਸੁਰ ਦੇ ਅਧਾਰ, ਆਪ ਆਪਣਾ ਰੰਗ ਵਖਾਇੰਦਾ । ਜੁਗਾ ਜੁਗੰਤਰ ਹੋ ਤਿਆਰ, ਆਪਣਾ ਵੇਸ ਵਟਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਘਟ ਘਟ ਫੋਲ ਫੁਲਾਇੰਦਾ । ਭਗਤ ਭਗਵੰਤ ਲਏ ਉਭਾਰ, ਆਪਣੇ ਰੰਗ ਰੰਗਾਇੰਦਾ । ਨੇਤਰ ਲੋਚਣ ਨੈਣ ਦਰਸ ਦੀਦਾਰ, ਸਵੱਛ ਸਰੂਪੀ ਆਪ ਕਰਾਇੰਦਾ । ਏਕਾ ਨਾਦ ਸ਼ਬਦ ਧੁਨਕਾਰ, ਗ੍ਰਿਹਿ ਮੰਦਰ ਆਪ ਵਜਾਇੰਦਾ । ਇਕ ਵਖਾਏ ਸੁਹਾਵਾ ਤਾਲ, ਸਤਿ ਸਰੋਵਰ ਆਪ ਨੁਹਾਇੰਦਾ । ਜੁਗਾ ਜੁਗੰਤਰ ਘਾਲਣ ਘਾਲ, ਘਾਲੀ ਘਾਲ ਲੇਖੇ ਪਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਅੰਤ ਨੇੜ ਨਾ ਆਏ ਕਾਲ, ਜਮ ਫਾਸ ਆਪ ਕਟਾਇੰਦਾ । ਇਕ ਵਖਾਏ ਸੱਚੀ ਧਰਮਸਾਲ, ਸਚ ਬਬਾਣੇ ਆਪ ਚੜ੍ਹਾਇੰਦਾ । ਗਣ ਗੰਧਰਬ ਦੇਵਤ ਸੁਰ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਅੱਧਵਿਚਕਾਰੇ ਗਾਣ, ਨਿਉਂ ਨਿਉਂ ਸਰਬ ਸੀਸ ਝੁਕਾਇੰਦਾ । ਭਗਤ ਭਗਵੰਤ ਕਰੇ ਪਰਵਾਨ, ਆਪ ਆਪਣੀ ਗੋਦ ਸੁਹਾਇੰਦਾ । ਕਲਜੁਗ ਅੰਤ ਖੇਲ ਮਹਾਨ, ਆਪ ਆਪਣੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਸਦਾ ਵਡਿਆਇੰਦਾ । ਹਰਿ ਭਗਤ ਤੇਰੀ ਸੁਣ ਵਡਿਆਈ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਕਵਣ ਵੇਲਾ ਸਾਡੀ ਕਰੇ ਕੁੜਮਾਈ, ਪ੍ਰਭ ਤੇਰੀ ਓਟ ਤਕਾਈਆ । ਝੱਲੀ ਨਾ ਜਾਏ ਸਦਾ ਜੁਦਾਈ, ਵਿਛੜਿਆਂ ਮਰ ਜਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗਿਣ ਗਿਣ ਵਕਤ ਲੰਘਾਈ, ਅੰਤਮ ਵੇਲਾ ਗਿਆ ਆਈਆ । ਕਰ ਕਿਰਪਾ ਸਾਡੀ ਪਕੜ ਬਾਹੀਂ, ਮੰਗੀ ਤੇਰੀ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਇਕੋ ਹੱਥ ਟਿਕਾਈਆ । ਦੇਵਤ ਸੁਰ ਕਰਨ ਪੁਕਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਝੱਲਿਆ ਜਾਏ ਨਾ ਵਿਛੋੜਾ ਸਾਚੇ ਯਾਰ, ਸੱਥਰ ਸੇਜ ਨਾ ਸੋਭਾ ਪਾਇੰਦਾ । ਕਿਰਪਾ ਕਰ ਇਕ ਵਾਰ, ਏਕਾ ਮੰਗ ਮੰਗਾਇੰਦਾ । ਚਰਨ ਕਵਲ ਬਣ ਭਿਖਾਰ, ਖ਼ਾਲੀ ਝੋਲੀ ਅੱਗੇ ਡਾਹਿੰਦਾ । ਕਰ ਕਿਰਪਾ ਦੇਣਾ ਦਰਸ ਦੀਦਾਰ, ਨੇਤਰ ਨੈਣ ਸਰਬ ਤਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਉਂ ਬਾਲਕ ਮੰਗ ਮੰਗਾਇੰਦਾ । ਗੁਰ ਅਵਤਾਰ ਸਾਰੇ ਕਹਿਣ, ਪ੍ਰਭ ਅੱਗੇ ਸੀਸ ਝੁਕਾਈਆ । ਤੁਧ ਬਿਨ ਕਦੇ ਨਾ ਆਵੇ ਚੈਨ, ਜੁਗਾ ਜੁਗੰਤਰ ਤੇਰਾ ਰਾਹ ਤਕਾਈਆ । ਸੁਖ ਦੇਵੇ ਨਾ ਕੋਇ ਰੈਣ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਤੂੰ ਸਾਹਿਬ ਇਕੋ ਸੱਜਣ ਸੈਣ, ਦੂਜੀ ਵੰਡ ਨਾ ਕੋਇ ਵੰਡਾਈਆ । ਏਕਾ ਦਰਸ ਦੇਣਾ ਨੇਤਰ ਨੈਣ, ਹੋਏ ਨਾ ਕਦੇ ਜੁਦਾਈਆ । ਤੇਰੇ ਚਰਨ ਕਵਲਾਂ ਮਿਲੇ ਬਹਿਣ, ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਪਾਰਬ੍ਰਹਮ ਪ੍ਰਭ ਦਇਆ ਕਮਾ, ਆਪਣਾ ਭੇਵ ਜਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਸੰਗ ਨਿਭਾ, ਗੁਰ ਅਵਤਾਰਾਂ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾ, ਸਾਚਾ ਹੁਕਮ ਮਨਾਇੰਦਾ । ਸੁਰ ਨਰ ਮੁਨ ਜਨ ਆਪ ਉਪਾ, ਮਾਰਗ ਪੰਧ ਚਲਾਇੰਦਾ । ਕਲਜੁਗ ਅੰਤਮ ਲਹਿਣਾ ਦਏ ਮੁਕਾ, ਲੇਖਾ ਸਭ ਦੇ ਹੱਥ ਫੜਾਇੰਦਾ । ਆਪਣੇ ਭਗਤ ਲਏ ਉਠਾ, ਆਪ

ਆਪਣੀ ਬਣਤ ਬਣਾਇੰਦਾ । ਲੱਖ ਚੁਰਾਸੀ ਵਿਚੋਂ ਜਗਾ, ਆਲਸ ਨਿੰਦਰਾ ਮੋਹ ਮਿਟਾਇੰਦਾ । ਸਾਚਾ ਢੋਲਾ ਇਕ ਸੁਣਾ, ਨਾਮ ਨਿਧਾਨਾ ਆਪ ਜਣਾਇੰਦਾ । ਉਹਲਾ ਪਰਦਾ ਆਪੇ ਲਾਹ, ਆਪਣਾ ਦਰਸ ਕਰਾਇੰਦਾ । ਆਪਣਾ ਚੋਲਾ ਪਹਿਲੋਂ ਬਦਲਾ, ਗੁਰਮੁਖਾਂ ਚੋਲਾ ਫੇਰ ਬਦਲਾਇੰਦਾ । ਸਾਚਾ ਸੋਹਲਾ ਆਪੇ ਗਾ, ਜਨ ਭਗਤਾਂ ਆਪ ਪੜ੍ਹਾਇੰਦਾ । ਗੋਲਾ ਬਣ ਬਣ ਸੇਵ ਕਮਾ, ਉਠ ਉਠ ਰੌਲਾ ਕੋਇ ਨਾ ਪਾਇੰਦਾ । ਹੌਲੀ ਹੌਲੀ ਰਿਹਾ ਮਿਲਾ, ਹਰਿਜਨ ਆਪਣੇ ਰੰਗ ਰੰਗਾਇੰਦਾ । ਪਾਥਰ ਸਿਲਾ ਰਿਹਾ ਤਰਾ, ਸਿਲਸਿਲਾ ਆਪਣੇ ਹੱਥ ਰਖਾਇੰਦਾ । ਗੁਸਾ ਗਿਲਾ ਕੋਈ ਜਾਣੇ ਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਅੱਖਰ ਆਪ ਸਮਝਾਇੰਦਾ । ਸਾਰੇ ਸੁਣੋ ਕਰੋ ਧਿਆਨ, ਹਰਿ ਸਾਚਾ ਸਚ ਜਣਾਈਆ । ਕਲਜੁਗ ਅੰਤ ਸ੍ਰੀ ਭਗਵਾਨ, ਆਪਣੀ ਖੇਲ ਵਖਾਈਆ । ਹਰਿ ਭਗਤ ਕਰੇ ਪਰਵਾਨ, ਪੂਰਬ ਲੇਖਾ ਝੋਲੀ ਪਾਈਆ । ਏਕਾ ਦੇਵੇ ਨਾਮ ਦਾਨ, ਅਨਮੁਲੜੀ ਦਾਤ ਵਰਤਾਈਆ । ਦਰਗਹਿ ਸਾਚੀ ਦੇਵੇ ਮਾਣ, ਦਰ ਘਰ ਸਾਚੇ ਆਪ ਬਹਾਈਆ । ਲੋਕਮਾਤ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਜੁਗ ਜੁਗ ਸੁਰ ਨਰ ਮੁਨ ਜਨ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਗਾਣ, ਲੋਕਮਾਤ ਜਨ ਭਗਤ ਮਿਲੀ ਵਡਿਆਈਆ । ਗੁਰ ਅਵਤਾਰ ਕਹਿਣ ਤੇਰਾ ਭੇਵ ਨਾ ਜਾਣੇ ਕੋਇ ਭਗਵਾਨ, ਬੇਅੰਤ ਤੇਰੀ ਵਡਿਆਈਆ । ਜਨ ਭਗਤ ਘਰ ਘਰ ਖ਼ੁਸ਼ੀ ਮਨਾਣ, ਪ੍ਰਭ ਮਿਲਿਆ ਸੱਚਾ ਮਾਹੀਆ । ਦਰ ਦਰਸ਼ਣ ਦਿਤਾ ਆਣ, ਦਰਦੀ ਦਰਦ ਵੰਡਾਈਆ । ਜਿਸ ਦੀ ਕਰਦੇ ਰਹੇ ਕਲਿਆਣ, ਸੋ ਕਾਇਆ ਦਏ ਪਲਟਾਈਆ । ਜਿਸ ਦਾ ਰੱਖਦੇ ਰਹੇ ਮਾਣ, ਸੋ ਅਭਿਮਾਣ ਦਏ ਗਵਾਈਆ । ਜਿਸ ਦਾ ਰਾਗ ਸੁਣਦੇ ਰਹੇ ਕਾਨ, ਸੋ ਰਾਗ ਦਏ ਸੁਣਾਈਆ । ਜਿਸ ਦਾ ਧਰਦੇ ਰਹੇ ਧਿਆਨ, ਸੋ ਆਪਣਾ ਦਰਸ ਦਿਖਾਈਆ । ਜਿਸ ਨੂੰ ਕਹਿੰਦੇ ਰਹੇ ਸੱਚਾ ਕਾਹਨ, ਬਣ ਬਣ ਕਾਹਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਆਓ ਵੇਖੋ ਭਗਤਨ ਮੀਤਾ, ਆਪਣਾ ਰੰਗ ਰੰਗਾਇੰਦਾ । ਸਤਿਜੁਗ ਚਲਾਏ ਸਾਚੀ ਰੀਤਾ, ਥਿਤ ਵਾਰ ਨਾ ਕੋਇ ਵਖਾਇੰਦਾ । ਇਕੋ ਨਾਮ ਜਣਾਏ ਅਨਡੀਠਾ, ਅਨਡਿਠ ਆਪਣਾ ਹੁਕਮ ਵਰਤਾਇੰਦਾ । ਦੀਨ ਦਿਆਲ ਠੰਡਾ ਸੀਤਾ, ਸਾਂਤਕ ਸਤਿ ਸਤਿ ਕਰਾਇੰਦਾ । ਤ੍ਰੈਭਵਨ ਧਨੀ ਤ੍ਰੈਗੁਣ ਅਤੀਤਾ, ਤ੍ਰੈ ਤ੍ਰੈ ਆਪੇ ਪੰਧ ਮੁਕਾਇੰਦਾ । ਪੱਤਤ ਪਾਵਨ ਪਤਤ ਪੁਨੀਤਾ, ਪਤਤ ਉਧਾਰਨ ਖੇਲ ਕਰਾਇੰਦਾ । ਲੇਖਾ ਜਾਣੇ ਹਸਤ ਕੀਟਾ, ਨੀਚ ਨੀਚਾਂ ਵੇਖ ਵਖਾਇੰਦਾ । ਪੂਰਬ ਲਹਿਣਾ ਜਾਣੇ ਬੀਤਾ, ਅਗਲਾ ਆਪਣੇ ਹੱਥ ਵਖਾਇੰਦਾ । ਜੁਗ ਚੌਕੜੀ ਪੀਸਣ ਪੀਠਾ, ਕੀਤੀ ਘਾਲ ਲੇਖੇ ਲਾਇੰਦਾ । ਗੁਰਮੁਖ ਸੱਜਣ ਇਕ ਅਤੀਤਾ, ਹਰਿ ਸ਼ਰਨੀ ਸ਼ਰਨ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਤਰਾਇੰਦਾ । ਆਓ ਵੇਖੋ ਭਗਤੀ ਰੰਗ, ਹਰਿ ਸਤਿਗੁਰ ਆਪ ਚੜ੍ਹਾਈਆ । ਨਾਮ ਨਿਧਾਨ ਸਤਿ ਮਰਦੰਗ, ਸਤਿ ਸਤਿਵਾਦੀ ਆਪ ਵਜਾਈਆ । ਜੁਗ ਜੁਗ ਦੀ ਟੁੱਟੀ ਗੰਢ, ਏਕਾ ਗੰਢ ਪੁਵਾਈਆ । ਹਰਿ ਚੜ੍ਹਾਏ ਸਾਚੇ ਚੰਦ, ਸੂਰਜ ਚੰਦ ਮੁਖ ਸ਼ਰਮਾਈਆ । ਜਨਮ ਜਨਮ ਦਾ ਮੇਟੇ ਪੰਧ, ਬਣ ਪਾਂਧੀ ਫੇਰਾ ਪਾਈਆ । ਗੀਤ ਸੁਣਾਏ ਸੁਹਾਗੀ ਛੰਦ, ਸੋਹੰ ਢੋਲਾ ਗਾਈਆ । ਹਰਿ ਭਗਤ ਨੰਗੀ ਨਾ ਹੋਵੇ ਕੰਡ, ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਭਾਗਾਂ ਮੰਦ, ਹਰਿ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਭਗਤਨ ਮੇਲਾ ਸਚ ਦੁਆਰ, ਦਰ ਦਰਵਾਜਾ ਆਪ

ਖੁਲ੍ਹਾਈਆ । ਕਰੇ ਖੇਲ ਆਪ ਕਰਤਾਰ, ਨਿਹਕਰਮੀ ਕਰਮ ਕਮਾਈਆ । ਭਵ ਸਾਗਰ ਕਰੇ ਪਾਰ, ਦਰ ਘਰ ਸਾਚੇ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਮਾਣ ਦਵਾਈਆ । ਹਰਿਜਨ ਹਰਿਜੂ ਮਾਣ ਵਧਾਇਆ, ਵਾਧਾ ਵਿਚ ਸੰਸਾਰ । ਰਾਗ ਅਨਾਦਾ ਇਕ ਸੁਣਾਇਆ, ਸੋਹੰ ਸ਼ਬਦ ਜੈਕਾਰ । ਘਾਟਾ ਕੋਈ ਰਹਿਣ ਨਾ ਪਾਇਆ, ਤੋਲਿਆ ਤੋਲ ਅਪਰ ਅਪਾਰ, ਦਾਨਾ ਬੀਨਾ ਏਕਾ ਆਇਆ, ਇਕ ਇਕੱਲਾ ਏਕੰਕਾਰ । ਸੱਤ ਰੰਗ ਨਾਲ ਨਿਸ਼ਾਨ ਲਿਆਇਆ, ਸਤਿ ਸਤਿਵਾਦੀ ਹੋ ਤਿਆਰ । ਸਚਖੰਡ ਲੋਕਮਾਤ ਬਣਾਇਆ, ਜਨ ਭਗਤਾਂ ਕਰ ਪਿਆਰ । ਭਗਤ ਦੁਆਰਾ ਇਕ ਸੁਹਾਇਆ, ਸੋਭਾਵੰਤ ਕਰ ਤਿਆਰ । ਸਚ ਸਿੰਘਾਸਣ ਦਏ ਵਿਛਾਇਆ, ਵਿਸ਼ਨੂੰ ਰੂਪ ਹਰਿ ਨਿਰੰਕਾਰ । ਆਪਣਾ ਵਿਸ਼ਾ ਦਏ ਸਮਝਾਇਆ, ਆਤਮ ਪਰਮਾਤਮ ਇਕ ਅਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲਏ ਉਭਾਰ ।

### ★ ੨੯ ਮੱਘਰ ੨੦੧੮ ਬਿਕਰਮੀ ਗਿਰਧਾਰਾ ਸਿੰਘ ਦੇ ਨਵਿਤ ਜੇਠੂਵਾਲ ਦਰਬਾਰ ਵਿਚ ★

ਜਗਤ ਸਾਗਰ ਡੂੰਘਾ ਕਿਨਾਰਾ, ਚਾਰ ਕੁੰਟ ਰਹੀ ਕੁਰਲਾਈਆ । ਅੰਤ ਨਾ ਕੋਈ ਪਾਰਾਵਾਰਾ, ਭੇਵ ਨਾ ਜਾਣੇ ਰਾਈਆ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਨਿਰਾਕਾਰ ਆਪ ਕਰਾਈਆ । ਖ਼ਾਲਕ ਖ਼ਲਕ ਤੋਂ ਵਸੇ ਬਾਹਿਰਾ, ਰੂਪ ਰੰਗ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਸ ਆਪ ਵਟਾਈਆ । ਡੂੰਘਾ ਸਾਗਰ ਜਗਤ ਤਾਲ, ਨਵ ਨੌਂ ਖੇਲ ਖਲਾਈਆ । ਸ੍ਰਿਸ਼ਟ ਸਬਾਈ ਹੋਈ ਬੇਹਾਲ, ਹਾਲ ਮੁਰੀਦ ਨਾ ਕੋਈ ਜਣਾਈਆ । ਪੰਜ ਤੱਤ ਵੇਖੇ ਕਾਇਆ ਮਾਟੀ ਖਾਲ, ਦਰ ਦਰ ਫੋਲ ਫੁਲਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਇਕ ਨਗਾਰਾ ਰਿਹਾ ਵਜਾਈਆ । ਗੁਰਮੁਖ ਵਿਰਲਾ ਘਾਲਣ ਰਿਹਾ ਘਾਲ, ਪ੍ਰਭ ਚਰਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਧਰਾਈਆ । ਡੂੰਘਾ ਸਾਗਰ ਜਗਤ ਸੰਸਾਰ, ਸਹਿੰਸਾ ਰੋਗ ਨਾ ਕੋਈ ਚੁਕਾਇੰਦਾ । ਚਾਰੋਂ ਕੁੰਟ ਅੰਧ ਅੰਧਿਆਰ, ਅੰਧ ਅੰਧੇਰ ਨਾ ਕੋਈ ਗਵਾਇੰਦਾ । ਜੂਠਾ ਝੂਠਾ ਵਣਜ ਵਪਾਰ, ਲੱਖ ਚੁਰਾਸੀ ਹੱਟ ਵਖਾਇੰਦਾ । ਨੌਂ ਚਾਰ ਰੋਵੇ ਜ਼ਾਰੋ ਜ਼ਾਰ, ਨਵ ਨੌਂ ਚਾਰ ਨਾ ਧੀਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਵਖਾਇੰਦਾ । ਨਵ ਨੌਂ ਚਾਰ ਕਰ ਪੁਕਾਰ, ਏਕਾ ਮੰਗ ਮੰਗਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਥਿਰ ਕੋਇ ਰਹਿਣ ਨਾ ਪਾਈਆ । ਸੇਵਾ ਕਰ ਕਰ ਗੁਰ ਅਵਤਾਰ, ਕੋਟਨ ਕੋਟ ਗਏ ਮੁਖ ਛੁਪਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਪਸਾਰ, ਬੈਠੇ ਸੇਵ ਕਮਾਈਆ । ਕੋਟਨ ਕੋਟ ਨਾਦ ਧੁੰਨਕਾਰ, ਸ਼ਬਦੀ ਸ਼ਬਦ ਗਏ ਜਸ ਗਾਈਆ । ਇਕ ਇਕੱਲਾ ਏਕੰਕਾਰ, ਆਦਿ ਜੁਗਾਦਿ ਸਚਖੰਡ ਵਸੇ ਸਾਚਾ ਮਾਹੀਆ । ਲਿਖਣ ਪੜ੍ਹਨ ਤੋਂ ਹੋਇਆ ਬਾਹਿਰ, ਖਾਣੀ ਬਾਣੀ ਭੇਵ ਨਾ ਆਈਆ । ਆਦਿ ਅੰਤ ਨਾ ਪਾਈ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਹਰਿ ਸਾਰ ਨਾ ਪਾਏ ਕੋਇ, ਆਦਿ ਅੰਤ ਨਾ ਕਿਸੇ ਜਣਾਇਆ । ਆਪੇ ਜਿਹਾ ਆਪੇ ਹੋਏ, ਦੂਜਾ ਅਵਰ ਨਾ ਕੋਈ ਬਣਾਇਆ । ਜੁਗ ਚੌਕੜੀ ਦੇਵੇ ਢੋਏ, ਏਕਾ ਮੰਤਰ ਨਾਮ ਪਰਗਟਾਇਆ । ਨਿਰਗੁਣ ਸਰਗੁਣ ਬੀਜ ਬੋਏ, ਆਤਮ ਅੰਤਰ ਜੋਤੀ ਜੋਤ ਰੁਸ਼ਨਾਇਆ । ਕਰੇ ਪਰਕਾਸ਼ ਸਾਚੀ

ਲੋਏ, ਨੂਰ ਨੂਰ ਨੂਰ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਜੁਗ ਜੁਗ ਖੇਲ ਸ੍ਰੀ ਭਗਵਾਨ, ਆਦਿ ਪੁਰਖ ਆਪ ਵਖਾਈਆ । ਜੁਗ ਚੌਕੜੀ ਹੋ ਬਲਵਾਨ, ਬਲ ਆਪਣਾ ਦਏ ਜਣਾਈਆ । ਸਤਿ ਸਤਿਵਾਦੀ ਦੇ ਦੇ ਦਾਨ, ਨਾਮ ਨਿਧਾਨਾ ਝੋਲੀ ਪਾਈਆ । ਰੂਪ ਅਨੂਪਾ ਗੋਪੀ ਕਾਹਨ, ਨਿਰਗੁਣ ਸਰਗੁਣ ਵੇਖ ਵਖਾਈਆ । ਗ੍ਰਿਹ ਗ੍ਰਿਹ ਮੰਦਰ ਵੇਖ ਮਕਾਨ, ਘਟ ਘਟ ਆਸਣ ਲਾਈਆ । ਨਾਮ ਅਣਿਯਾਲਾ ਤੀਰ ਨਿਸ਼ਾਨ, ਦੋ ਜਹਾਨਾਂ ਆਪ ਚਲਾਈਆ । ਲੱਖ ਚੁਰਾਸੀ ਹੋ ਪਰਧਾਨ, ਸਤਿ ਪਰਧਾਨਗੀ ਆਪ ਕਮਾਈਆ । ਏਕਾ ਅੱਖਰ ਸਚ ਗਿਆਨ, ਏਕਾ ਅੱਖਰ ਆਪ ਪੜ੍ਹਾਈਆ । ਏਕਾ ਰਾਗ ਸੁਣਾਏ ਕਾਨ, ਏਕਾ ਧੁਨ ਕਰੇ ਸ਼ਨਵਾਈਆ । ਏਕਾ ਹੁਕਮ ਧੁਰ ਫ਼ਰਮਾਣ, ਧੁਰ ਦੀ ਬਾਣੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਜੁਗ ਜੁਗ ਆਪਣਾ ਪਰਦਾ ਲਾਹ, ਲਹਿਣਾ ਮਾਤ ਚੁਕਾਇੰਦਾ । ਨਿਰਗੁਣ ਸਰਗੁਣ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਜਨ ਭਗਤਾਂ ਦੇਵੇ ਇਕ ਸਲਾਹ, ਇਕੋ ਨਾਮ ਜਪਾਇੰਦਾ । ਫੜ ਫੜ ਰਾਹੇ ਦੇਵੇ ਪਾ, ਸਾਚਾ ਮਾਰਗ ਇਕ ਰਖਾਇੰਦਾ । ਆਵਣ ਜਾਵਣ ਪੰਧ ਮੁਕਾ, ਆਪ ਆਪਣੇ ਰੰਗ ਰੰਗਾਇੰਦਾ । ਸਹਿੰਸਾ ਰੋਗ ਦਏ ਗਵਾ, ਸੁਖ ਸਾਗਰ ਵਿਚ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਰੰਗਾਇੰਦਾ । ਆਪਣਾ ਰੰਗ ਹਰਿ ਕਰਤਾਰ, ਕਰਤਾ ਪੁਰਖ ਆਪ ਰੰਗਾਈਆ । ਨੇਤਰ ਨੈਣ ਦਰਸ ਦੀਦਾਰ, ਦੇਵ ਆਤਮ ਲਏ ਮਿਲਾਈਆ । ਜੁਗ ਜੁਗ ਲੇਖਾ ਵਿਚ ਸੰਸਾਰ, ਲੋਕਮਾਤ ਚੁਕਾਈਆ । ਭਗਤਨ ਮੇਲਾ ਇਕ ਦਰਬਾਰ, ਦਰ ਘਰ ਸਾਚੇ ਲਏ ਮਿਲਾਈਆ । ਸੱਜਣ ਸੁਹੇਲਾ ਏਕੰਕਾਰ, ਆਪਣੀ ਕਲ ਧਰਾਈਆ । ਭਗਤਾਂ ਅੰਤ ਕਰੇ ਪਿਆਰ, ਭਗਵੰਤ ਹੋਏ ਸਹਾਈਆ । ਮਨੀਆ ਮੰਤ ਸੋਹੰ ਜੈਕਾਰ, ਇਕੋ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਹੋਏ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ ਵਿਖ ਝੂਠੀ ਦਏ ਗਵਾਈਆ ।



## ★ ਪਹਿਲੀ ਪੋਹ ੨੦੧੮ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਨਿਰਗੁਣ ਰੂਪ ਪੁਰਖ ਸਮਰਥ, ਇਕ ਇਕੱਲਾ ਬੇਪਰਵਾਹੀਆ । ਆਦਿ ਜੁਗਾਦਿ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਸ਼ਬਦ ਅਨਾਦਿ ਅਨਾਦੀ ਗਾਥ, ਸਚ ਦੁਆਰੇ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨੁਭਵ ਆਪਣਾ ਖੇਲ ਖਿਲਾਈਆ । ਅਨੁਭਵ ਖੇਲ ਪੁਰਖ ਅਬਿਨਾਸ਼, ਨਿਰਗੁਣ ਨਿਰਵੈਰ ਆਪ ਕਰਾਇੰਦਾ । ਜੋਤੀ ਜੋਤ ਕਰ ਪ੍ਰਕਾਸ਼, ਨੂਰੋ ਨੂਰ ਡਗਮਗਾਇੰਦਾ । ਆਪੇ ਖੇਲੇ ਖੇਲ ਤਮਾਸ਼, ਖੇਲਣਹਾਰ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਇੰਦਾ । ਸਾਚੀ ਧਾਰ ਹਰਿ ਨਿਰੰਕਾਰ, ਆਦਿ ਪੁਰਖ ਆਪ ਚਲਾਈਆ । ਸਚਖੰਡ ਦੁਆਰਾ ਕਰ ਤਿਆਰ, ਸਚ ਸਿੰਘਾਸਣ ਲਏ ਸੁਹਾਈਆ । ਸ਼ਾਹੋ ਭੂਪ ਬਣ ਸਿਕਦਾਰ, ਤਖ਼ਤ ਨਿਵਾਸੀ ਆਸਣ ਲਾਈਆ । ਹੁਕਮੀ ਹੁਕਮ ਹੁਕਮ ਵਰਤਾਰ, ਧੁਰ ਫ਼ਰਮਾਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ,


੨੧੪
੧੧

ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਸ਼ਾਹ ਪਾਤਸ਼ਾਹ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਬਣ ਪਰਧਾਨਾ, ਆਪ ਆਪਣਾ ਹੁਕਮ ਜਣਾਇੰਦਾ । ਏਕੰਕਾਰਾ ਹੋ ਮਿਹਰਵਾਨਾ, ਰੂਪ ਅਨੂਪ ਆਪ ਧਰਾਇੰਦਾ । ਆਦਿ ਨਿਰੰਜਣ ਜੋਤ ਮਹਾਨਾ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਡ ਬਲਵਾਨਾ, ਬਲ ਆਪਣਾ ਆਪ ਰਖਾਇੰਦਾ । ਸ੍ਰੀ ਭਗਵਾਨ ਉਠਾਏ ਨਿਸ਼ਾਨਾ, ਸਚ ਨਿਸ਼ਾਨਾ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਖੇਲ ਮਹਾਨਾ, ਆਪਣਾ ਆਪ ਖਿਲਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨਾ, ਸੀਸ ਜਗਦੀਸ਼ ਤਾਜ ਸੁਹਾਇੰਦਾ । ਸਚਖੰਡ ਦੁਆਰਾ ਕਰ ਪਰਵਾਨਾ, ਸਚ ਸਿੰਘਾਸਣ ਆਸਣ ਲਾਇੰਦਾ । ਸੋਭਾਵੰਤ ਹੋਏ ਮਰਦ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਏਕਾ ਰਾਗ ਇਕ ਤਰਾਨਾ, ਆਦਿ ਅਨਾਦੀ ਆਪ ਵਜਾਇੰਦਾ । ਸੋਹੇ ਮੰਦਰ ਸਚ ਮਕਾਨਾ, ਮਹੱਲ ਅਟੱਲ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਕਾਰ ਆਪ ਕਮਾਇੰਦਾ । ਸਾਚੀ ਕਾਰ ਕਰਤਾ ਪੁਰਖ, ਆਪਣੀ ਆਪ ਕਮਾਈਆ । ਸਚਖੰਡ ਦੁਆਰੇ ਕਰ ਪਰਖ, ਵੇਸ ਅਵੱਲਾ ਆਪ ਵਟਾਈਆ । ਆਪੇ ਨੂਰ ਆਪੇ ਦਰਸ, ਵੇਖਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪ ਸੁਹਾਈਆ । ਸਚਖੰਡ ਸੁਹਾਏ ਸੋਭਾਵੰਤ, ਇਕ ਇਕੱਲਾ ਏਕੰਕਾਰ । ਨਿਰਗੁਣ ਨੂਰ ਸ੍ਰੀ ਭਗਵੰਤ, ਅਜੂਨੀ ਰਹਿਤ ਹੋ ਉਜਿਆਰ । ਕਰੇ ਖੇਲ ਨਾਰੀ ਕੰਤ, ਹਰਿ ਜੂ ਬਣ ਬਣ ਕੰਤ ਭਤਾਰ । ਆਪੇ ਚਾੜ੍ਹੇ ਰੰਗ ਬਸੰਤ, ਆਪੇ ਹੋਏ ਵੇਖਣਹਾਰ । ਆਪ ਬਣਾਏ ਆਪਣੀ ਬਣਤ, ਸਾਚੇ ਮੰਦਰ ਬੈਠ ਦਰਬਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ । ਅਗੰਮ ਅਪਾਰ ਖੇਲ ਅਵੱਲਾ, ਭੇਵ ਕੋਇ ਨਾ ਪਾਇੰਦਾ । ਸਚਖੰਡ ਵਸਾਏ ਸਚ ਮਹੱਲਾ, ਸਤਿ ਸਤਿਵਾਦੀ ਆਪ ਬਣਾਇੰਦਾ । ਸਚ ਸਿੰਘਾਸਣ ਇਕੋ ਮੱਲਾ, ਪੁਰਖ ਅਬਿਨਾਸ਼ੀ ਡੇਰਾ ਲਾਇੰਦਾ । ਨਿਰਗੁਣ ਨਿਰਗੁਣ ਫੜ ਫੜ ਪੱਲਾ, ਸਾਚਾ ਸਗਨ ਮਨਾਇੰਦਾ । ਜੋਤੀ ਜੋਤ ਆਪੇ ਰਲਾ, ਨੂਰ ਨੂਰ ਨੂਰ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਇੰਦਾ । ਸਚਖੰਡ ਦੁਆਰੇ ਸਾਚੀ ਕਾਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਨਿਰਗੁਣ ਨਿਰਗੁਣ ਕਰ ਪਿਆਰ, ਹਰਿ ਪੁਰਖ ਨਿਰੰਜਣ ਲਏ ਮਨਾਈਆ । ਏਕੰਕਾਰਾ ਇਕ ਆਧਾਰ, ਏਕਾ ਗ੍ਰਿਹਿ ਵੱਜੇ ਵਧਾਈਆ । ਆਦਿ ਨਿਰੰਜਣ ਹੋ ਉਜਿਆਰ, ਨੂਰ ਨੁਰਾਨਾ ਨੂਰ ਦਰਸਾਈਆ । ਸ੍ਰੀ ਭਗਵਾਨ ਖੇਲ ਅਪਾਰ, ਅਬਿਨਾਸ਼ੀ ਕਰਤਾ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਬਣ ਭਿਖਾਰ, ਆਪਣੀ ਝੋਲੀ ਆਪਣੇ ਅੱਗੇ ਡਾਹੀਆ । ਆਪੇ ਦੇਵਣਹਾਰ ਦਾਤਾਰ, ਦਾਤਾ ਦਾਨੀ ਆਪ ਹੋ ਜਾਈਆ । ਸਚਖੰਡ ਦੁਆਰੇ ਖੇਲ ਕਰਤਾਰ, ਕਰਤਾ ਪੁਰਖ ਆਪ ਕਰਾਈਆ । ਨਾ ਕੋਈ ਹੋਏ ਵੇਖਣਹਾਰ, ਹਰਿ ਕਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਖੇਲ ਕਰਾਈਆ । ਦਰ ਘਰ ਸਾਚੇ ਖੇਲ ਕਰਤਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਦਾਤਾ ਦਾਨੀ ਬਣ ਵਰਤਾਰਾ, ਵਸਤ ਅਮੋਲਕ ਝੋਲੀ ਪਾਇੰਦਾ । ਦਰ ਦਰਵੇਸ ਬਣ ਭਿਖਾਰਾ, ਆਪਣੀ ਝੋਲੀ ਅੱਗੇ ਡਾਹਿੰਦਾ । ਇਕ ਅਲਖ ਬੋਲ ਜੈਕਾਰਾ, ਅਲੱਖ ਨਿਰੰਜਣ ਨਾਦ ਵਜਾਇੰਦਾ । ਚਾਰੋਂ ਕੁੰਟ ਏਕਾ ਧਾਰਾ, ਏਕਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣੀ ਧਾਰ ਚਲਾਇੰਦਾ । ਸਚਖੰਡ ਖੇਲ ਸ੍ਰੀ ਭਗਵਾਨ, ਆਪਣਾ ਆਪ ਕਰਾਈਆ ।

ਸ਼ਾਹੋ ਭੂਪ ਬਣ ਸੁਲਤਾਨ, ਦਇਆਵਾਨ ਵਡੀ ਵਡਿਆਈਆ । ਨਿਰਗੁਣ ਨਿਰਾਕਾਰ ਨਿਰਵੈਰ ਨਿਗਹਬਾਨ, ਇਕ ਇਕੱਲਾ ਵੇਖ ਵਖਾਈਆ । ਦਰ ਦਰਵੇਸ਼ ਨਰ ਨਰੇਸ਼ ਮੰਗੇ ਦਾਨ, ਭਿਖਕ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਾਤਾ ਭਿਖਾਰੀ ਆਪਣਾ ਰੂਪ ਵਟਾਈਆ । ਆਪੇ ਦਾਤਾ ਆਪ ਭਿਖਾਰੀ, ਹਰਿ ਆਪਣੀ ਮੰਗ ਮੰਗਾਇੰਦਾ । ਆਪੇ ਵਸਤ ਜੋਤ ਨਿਰੰਕਾਰੀ, ਆਪੇ ਸਾਚੇ ਘਰ ਟਿਕਾਇੰਦਾ । ਆਪੇ ਵਣਜ ਆਪ ਵਪਾਰੀ, ਆਪੇ ਸਾਚਾ ਹੱਟ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਆਪਣੇ ਹੱਥ ਫੜਾਇੰਦਾ । ਆਪਣੀ ਵਸਤ ਪੁਰਖ ਸਮਰਥ, ਆਪੇ ਆਪ ਵਰਤਾਈਆ । ਨਿਰਗੁਣ ਅੰਦਰ ਨਿਰਗੁਣ ਰੱਖ, ਨਿਰਗੁਣ ਕਰੀ ਕੁੜਮਾਈਆ । ਨਿਰਗੁਣ ਸੱਜਣ ਨਿਰਗੁਣ ਸਾਕ, ਨਿਰਗੁਣ ਬੰਧਪ ਏਕਾ ਪਾਈਆ । ਨਿਰਗੁਣ ਪਤਿਤ ਨਿਰਗੁਣ ਪਾਕ, ਨਿਰਗੁਣ ਪੁਨੀਤ ਨਾਉਂ ਧਰਾਈਆ । ਨਿਰਗੁਣ ਜੋਤ ਨਿਰਗੁਣ ਜ਼ਾਤ, ਜੋਤੀ ਜਾਤਾ ਨਿਰਗੁਣ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਆਪਣੇ ਵਿਚ ਟਿਕਾਈਆ । ਨਿਰਗੁਣ ਅੰਦਰ ਨਿਰਗੁਣ ਵੜ, ਆਪਣਾ ਖੇਲ ਕਰਾਇਆ । ਸਚਖੰਡ ਮਹੱਲੇ ਆਪੇ ਚੜ੍ਹ, ਆਪਣਾ ਪਰਦਾ ਦਏ ਉਠਾਇਆ । ਆਪਣਾ ਨਾਉਂ ਆਪੇ ਪੜ੍ਹ, ਨਾਉਂ ਨਿਰੰਕਾਰਾ ਆਪ ਸੁਣਾਇਆ । ਆਪਣੇ ਅੱਗੇ ਆਪੇ ਖੜ੍ਹ, ਆਪਣਾ ਦਰਸ ਆਪ ਵਖਾਇਆ । ਆਪਣਾ ਘਾੜਨ ਆਪੇ ਘੜ, ਆਪੇ ਵੇਖਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਖੇਲ ਰਚਾਇਆ । ਸਚਖੰਡ ਖੇਲ ਹਰਿ ਕਰਤਾਰ, ਕਰਤਾ ਪੁਰਖ ਆਪ ਕਰਾਈਆ । ਰੂਪ ਧਰ ਧਰ ਪੁਰਖ ਨਾਰ, ਨਰ ਨਰਾਇਣ ਸੇਜ ਸੁਹਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਭੇਵ ਨਾ ਰਾਈਆ । ਦਾਈ ਦਾਇਆ ਬਣ ਆਪ ਨਿਰੰਕਾਰ, ਆਪਣੀ ਸੇਵਾ ਆਪ ਕਮਾਈਆ । ਜਨਨੀ ਜਨ ਅਗੰਮ ਅਪਾਰ, ਬਣੇ ਧੰਨ ਜਣੇਂਦੀ ਮਾਈਆ । ਸੁਤ ਦੁਲਾਰਾ ਕਰ ਉਜਿਆਰ, ਸ਼ਬਦੀ ਨਾਉਂ ਰਖਾਈਆ । ਏਕਾ ਕਰੇ ਸਚ ਪਿਆਰ, ਸਾਚੀ ਗੋਦ ਸੁਹਾਈਆ । ਹੁਕਮੀ ਹੁਕਮ ਹੁਕਮ ਵਰਤਾਰ, ਧੁਰ ਫ਼ਰਮਾਣਾ ਆਪ ਸੁਣਾਈਆ । ਪਿਤਾ ਪੂਤ ਕਰੇ ਪਿਆਰ, ਪੀਤ ਪੀਤੰਬਰ ਦਏ ਸੁਹਾਈਆ । ਆਪਣਾ ਅਡੰਬਰ ਰਚ ਕਰਤਾਰ, ਆਪੇ ਵੇਖ ਵਖਾਈਆ । ਸਚ ਸਵੰਬਰ ਪੁਰਖ ਨਾਰ, ਨਿਰਗੁਣ ਨਿਰਗੁਣ ਰਿਹਾ ਹੰਢਾਈਆ । ਨਾ ਕੋਈ ਵੇਖੇ ਵਿਗਸੇ ਪਾਵੇ ਸਾਰ, ਰੂਪ ਰੰਗ ਰੇਖ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੁਤ ਦੁਲਾਰਾ ਸ਼ਬਦੀ ਬਾਲ, ਹਰਿ ਜੂ ਆਪ ਉਪਾਇਆ । ਸਚਖੰਡ ਦੁਆਰ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਇਆ । ਸਦਾ ਸੁਹੇਲਾ ਵਸੇ ਨਾਲ, ਵਿਛੜ ਕਦੇ ਨਾ ਜਾਇਆ । ਆਪ ਜਣਾਏ ਆਪਣੀ ਚਾਲ, ਚਾਲ ਅਵਲੜੀ ਇਕ ਪਰਗਟਾਇਆ । ਸੁਤ ਦੁਲਾਰੇ ਸਾਚੀ ਘਾਲਣ ਘਾਲ, ਹਰਿ ਜੂ ਆਖ ਸੁਣਾਇਆ । ਇਕੋ ਬਣਨਾ ਸਤਿ ਦਲਾਲ, ਸਤਿ ਸਤਿਵਾਦੀ ਵੇਖ ਵਖਾਇਆ । ਸੁਤ ਦੁਲਾਰਾ ਕਰੇ ਸਵਾਲ, ਪ੍ਰਭ ਅੱਗੇ ਸੀਸ ਝੁਕਾਇਆ । ਸਚ ਦੁਆਰੇ ਦੇ ਬਠਾਲ, ਗ੍ਰਿਹ ਮੰਦਰ ਇਕ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਰਿਹਾ ਵਖਾਇਆ । ਸੁਤ ਦੁਲਾਰੇ ਬਾਲ ਨਾਦਾਨ, ਹਰਿ ਸ਼ਬਦ ਕਰੇ ਜਣਾਈਆ । ਸਚਖੰਡ ਮੇਰਾ ਸਚ ਨਿਸ਼ਾਨ, ਤੇਰਾ ਮੰਦਰ ਦਿਆਂ ਬਣਾਈਆ । ਥਿਰ ਘਰ ਬਣਾਵਾਂ ਇਕ ਮਕਾਨ, ਤੇਰੀ ਵੰਡ ਵੰਡਾਈਆ । ਕਰ ਕਿਰਪਾ ਦੇਵਾਂ ਦਾਨ, ਬਣ ਦਾਤਾ ਝੋਲੀ ਪਾਈਆ । ਆਦਿ


੨੧੯
੧੧

ਜੁਗਾਦਿ ਵੇਖਾਂ ਮਾਰ ਧਿਆਨ, ਭੁੱਲ ਕਦੇ ਨਾ ਜਾਈਆ । ਮੇਰਾ ਨਾਉਂ ਤੇਰਾ ਗਾਣ, ਤੇਰਾ ਗੀਤ ਵਡੀ ਵਡਿਆਈਆ । ਮੇਰਾ ਚਰਨ ਤੇਰਾ ਮਾਣ, ਤੇਰਾ ਮਾਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚੇ ਹਰਿ, ਸੁਤ ਸ਼ਬਦ ਦਿਤਾ ਸਮਝਾਈਆ । ਸੁਣਿਆ ਸੰਦੇਸ਼ਾ ਸ੍ਰੀ ਭਗਵਾਨ, ਹਰਿ ਸ਼ਬਦੀ ਸੀਸ ਝੁਕਾਇਆ । ਮੈਂ ਬਾਲੀ ਬੁੱਧ ਬਾਲ ਅਞਾਣ, ਤੇਰਾ ਭੇਵ ਕੋਇ ਨਾ ਆਇਆ । ਥਿਰ ਘਰ ਵੇਖਾਂ ਤੇਰਾ ਮਕਾਨ, ਜਿਸ ਧਾਮ ਦਏਂ ਬਹਾਇਆ । ਅੱਠੇ ਪਹਿਰ ਤੇਰੇ ਚਰਨ ਕਵਲ ਧਿਆਨ, ਨੇਤਰ ਨੈਣਾਂ ਰਾਹ ਤਕਾਇਆ । ਤੂੰ ਰਹਿਣਾ ਨਿਗਹਬਾਨ, ਇਕੋ ਓਟ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬਾਲਕ ਮੰਗ ਮੰਗਾਇਆ । ਮੰਗਾਂ ਦਾਨ ਝੋਲੀ ਡਾਹ, ਮਿਹਰਵਾਨ ਮਿਹਰਵਾਨਾ । ਸਾਚੀ ਭਿਛਿਆ ਦੇਣੀ ਪਾ, ਗੁਣਵੰਤ ਗੁਣ ਨਿਧਾਨਾ । ਸਾਚੀ ਸਿਖਿਆ ਦੇਣੀ ਸਿਖਾ, ਮਾਰਗ ਪੰਥ ਇਕ ਰਖਾਨਾ । ਆਪਣਾ ਲਿਖਿਆ ਲੇਖਾ ਦੇਣਾ ਵਖਾ, ਮੇਰੇ ਸਾਹਿਬ ਸੱਚੇ ਸੁਲਤਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਚਰਨ ਧਿਆਨਾ । ਪੁਰਖ ਅਬਿਨਾਸ਼ੀ ਹੋ ਮਿਹਰਬਾਨ, ਆਪਣੀ ਦਇਆ ਕਮਾਈਆ । ਸਚਖੰਡ ਤੇਰਾ ਇਕ ਮਕਾਨ, ਥਿਰ ਘਰ ਮੇਲਾ ਸਹਿਜ ਸੁਭਾਈਆ । ਆਦਿ ਜੁਗਾਦਿ ਸਚ ਨਿਸ਼ਾਨ, ਤੇਰੇ ਹੱਥ ਫੜਾਈਆ । ਕਰਾਂ ਖੇਲ ਇਕ ਮਹਾਨ, ਅਪਰੰਪਰ ਦਏ ਵਡਿਆਈਆ । ਤੂੰ ਸੁਣਨਾ ਕਰ ਧਿਆਨ, ਸਚ ਸੰਦੇਸ਼ਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਏਕਾ ਗੁਣ ਵਖਾਈਆ । ਏਕਾ ਗੁਣ ਸ੍ਰੀ ਭਗਵੰਤ, ਹਰਿ ਜੂ ਆਪ ਜਣਾਇਆ । ਤੇਰੀ ਬਣਾਈ ਇਕੋ ਬਣਤ, ਦੂਜਾ ਸੰਗ ਨਾ ਕੋਇ ਰਲਾਇਆ । ਮੇਰਾ ਨਾਉਂ ਤੇਰਾ ਮੰਤ, ਨਿਸ਼ਅੱਖਰ ਆਪ ਪੜ੍ਹਾਇਆ । ਆਦਿ ਜੁਗਾਦੀ ਮਹਿਮਾ ਅਗਣਤ, ਭੇਵ ਕੋਇ ਨਾ ਆਇਆ । ਥਿਰ ਘਰ ਤੇਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇਆ । ਇਕੋ ਵਾਰ ਬਣਿਆ ਮੰਗਤ, ਦੂਜੀ ਵਾਰ ਮੰਗਣ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇਆ । ਹੱਥ ਰੱਖ ਕਰਤਾਰ, ਦੇਵੇ ਮਾਣ ਵਡਿਆਈਆ । ਤੇਰਾ ਲੇਖਾ ਲੇਖ ਅਪਾਰ, ਲਿਖਣ ਪੜ੍ਹਨ ਵਿਚ ਨਾ ਆਈਆ । ਤੇਰੀ ਰਚਨਾ ਕਰਾਂ ਅਗੰਮ ਅਪਾਰ, ਅਲੱਖ ਅਗੋਚਰ ਖੇਲ ਕਰਾਈਆ । ਤੇਰੀ ਸੇਜਾ ਤੇਰਾ ਰੂਪ ਮਾਣੇ ਬਣ ਭਤਾਰ, ਕੰਤ ਨਾਰ ਆਪ ਹੋ ਜਾਈਆ । ਨਿਰਗੁਣ ਰੂਪ ਨਿਰਾਧਾਰ, ਨਿਰਾਕਾਰ ਵੇਸ ਵਟਾਈਆ । ਥਿਰ ਘਰ ਖੇਲੇ ਖੇਲ ਅਪਾਰ, ਆਪ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਈਆ । ਭੇਵ ਅਭੇਦਾ ਪੁਰਖ ਅਕਾਲ, ਆਪਣਾ ਭੇਵ ਖੁਲ੍ਹਾਇੰਦਾ । ਸੁਤ ਦੁਲਾਰੇ ਸਾਚੇ ਲਾਲ, ਸਾਚੀ ਸੇਵਾ ਇਕ ਲਗਾਇੰਦਾ । ਤੇਰੇ ਅੰਤਰ ਖੇਲ ਕਰਾਂ ਕਮਾਲ, ਅਨੁਭਵ ਆਪਣਾ ਨੂਰ ਵਖਾਇੰਦਾ । ਮੇਰਾ ਨੂਰ ਜਲਵਾ ਜਲਾਲ, ਆਦਿ ਜੁਗਾਦਿ ਡਗਮਗਾਇੰਦਾ । ਥਿਰ ਘਰ ਵਸੇ ਤੇਰੀ ਧਰਮਸਾਲ, ਸਚ ਦੁਆਰਾ ਆਪ ਬਣਾਇੰਦਾ । ਆਪੇ ਵੇਖੇ ਤੇਰਾ ਹਾਲ, ਆਪ ਆਪਣਾ ਪੰਧ ਮੁਕਾਇੰਦਾ । ਫਲ ਲਗਾਏ ਤੇਰੇ ਡਾਲ, ਵਿਸ਼ਵ ਤੇਰਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸਮਝਾਇੰਦਾ । ਸਾਚੇ ਸੁਤ ਸੁਣ ਲੈ ਪੂਤ, ਪਿਤਾ ਪੁਰਖ ਕਰੇ ਜਣਾਈਆ । ਮੇਰਾ ਨਾਉਂ ਚਾਰੋਂ ਕੂਟ, ਤੇਰਾ ਡੰਕਾ ਕਰੇ ਸ਼ਨਵਾਈਆ । ਤੇਰਾ ਰੂਪ ਤਾਣਾ ਪੇਟਾ ਸੂਤ, ਸੂਤਰਧਾਰੀ ਵੇਖ ਵਖਾਈਆ । ਵਿਸ਼ਵ ਤੇਰਾ ਹੋਏ ਰੂਪ, ਵਿਸ਼ਨੂੰ ਬ੍ਰਹਮਾ ਲਏ ਜਾਈਆ । ਸ਼ੰਕਰ ਰਹੇ ਸਦਾ ਅਵਧੂਤ,

੨੧੭
੧੧

ਹਰਿ ਜੂ ਆਪਣੀ ਬਣਤ ਬਣਾਈਆ । ਪੰਜ ਤੱਤ ਖੇਲ ਕਲਬੂਤ, ਕਾਇਆ ਕਪੜ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਸਮਝਾਈਆ । ਸੁਣ ਸ਼ਬਦ ਮੇਰੇ ਸੁਤ ਦੁਲਾਰੇ, ਹਰਿ ਜੂ ਆਖ ਸੁਣਾਇਆ । ਕਰਾਂ ਖੇਲ ਅਪਰ ਅਪਾਰੇ, ਦਰ ਤੇਰੇ ਸੋਭਾ ਪਾਇਆ । ਰਵ ਸਸ ਕਰ ਉਜਿਆਰੇ, ਤੇਰੀ ਕਿਰਨ ਕਿਰਨ ਰੁਸ਼ਨਾਇਆ । ਕੋਟਨ ਕੋਟ ਬ੍ਰਹਿਮੰਡ ਪਸਾਰੇ, ਤੇਰਾ ਬੰਧਨ ਪਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਨਿਹਾਰੇ, ਸਾਚੀ ਸੇਵਾ ਇਕ ਲਗਾਇਆ । ਏਕਾ ਹੁਕਮ ਇਕ ਵਰਤਾਰੇ, ਏਕਾ ਮਾਰਗ ਦਿਆਂ ਵਖਾਇਆ । ਏਕਾ ਵਸਤ ਅਮੋਲਕ ਭੰਡਾਰੇ, ਏਕਾ ਵਾਰ ਝੋਲੀ ਪਾਇਆ । ਏਕਾ ਵਾਰ ਕਰਾਂ ਪਸਾਰੇ, ਕੋਟਨ ਕੋਟ ਰੂਪ ਵਟਾਇਆ । ਏਕਾ ਵਾਰ ਕਰਾਂ ਸੰਘਾਰੇ, ਜੋ ਘੜਿਆ ਭੰਨ ਵਖਾਇਆ । ਏਕਾ ਵਾਰ ਬੋਲ ਜੈਕਾਰੇ, ਸ਼ਬਦ ਅਨਾਦੀ ਰਾਗ ਅਲਾਇਆ । ਤੇਰਾ ਖੇਲ ਹੋਏ ਸੰਸਾਰੇ, ਸੋ ਪੁਰਖ ਨਿਰੰਜਣ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸੁਣਾਇਆ । ਸ਼ਬਦ ਸੁਤ ਹੋਇਆ ਹੈਰਾਨ, ਹਰਿ ਜੂ ਭੇਵ ਕੋਇ ਨਾ ਆਇਆ । ਕਵਣ ਦੁਆਰ ਦੇਵੇ ਫ਼ਰਮਾਣ, ਆਪਣਾ ਹੁਕਮ ਸੁਣਾਇਆ । ਮੈਂ ਇਕ ਇਕੱਲਾ ਬਾਲ ਅਞਾਣ, ਬ੍ਰਹਿਮੰਡ ਖੰਡ ਖੇੜਾ ਕਿਵੇਂ ਦਿਆਂ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਣਾ ਮਾਰਗ ਆਪ ਵਖਾਇਆ । ਅਨੁਭਵ ਹਰਿ ਜੂ ਮਾਰਗ ਦੱਸ, ਆਪਣਾ ਭੇਵ ਖੁਲ੍ਹਾਇਆ । ਸਤਿ ਸਰੂਪ ਹੋ ਪਰਤੱਖ, ਨਿਰਗੁਣ ਦਰਸ ਦਿਖਾਇਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਆਪਣੇ ਅੰਦਰ ਢਕ, ਉਪਰ ਪਰਦਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਰਿਹਾ ਵਖਾਇਆ । ਏਕਾ ਗੁਣ ਦੱਸੇ ਭਗਵਾਨ, ਭਗਵਨ ਦਇਆ ਕਮਾਈਆ । ਸ਼ਬਦੀ ਸੁਤ ਵੱਡ ਬਲਵਾਨ, ਤੇਰਾ ਬਲ ਆਪ ਪਰਗਟਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਧਾਨ, ਤੇਰੀ ਸੇਵ ਲਗਾਈਆ । ਦਰ ਦਰਵੇਸ਼ ਮੰਗਣ ਦਾਨ, ਬੈਠੇ ਸੀਸ ਝੁਕਾਈਆ । ਏਕਾ ਵਸਤ ਕਰ ਪਰਵਾਨ, ਤ੍ਰੈਗੁਣ ਤੇਰੇ ਹੱਥ ਫੜਾਈਆ । ਪੰਚਮ ਤੱਤ ਬਣਾਏ ਕਾਹਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਾਲ ਰਲਾਈਆ । ਲੱਖ ਚੁਰਾਸੀ ਹੋ ਪਰਧਾਨ, ਨਵ ਨੌਂ ਚਾਰ ਵੰਡ ਵੰਡਾਈਆ । ਏਕਾ ਰਾਗ ਨਾਦ ਧੁਨਕਾਨ, ਧੁਨ ਆਤਮਕ ਕਰੇ ਸ਼ਨਵਾਈਆ । ਵਿਸ਼ਨੂੰ ਕਰੇ ਇਕ ਧਿਆਨ, ਚਰਨ ਕਵਲ ਸੱਚੀ ਸ਼ਰਨਾਈਆ । ਬ੍ਰਹਮਾ ਮੰਗੇ ਸੱਚਾ ਦਾਨ, ਪਾਰਬ੍ਰਹਮ ਵੰਡ ਵੰਡਾਈਆ । ਸ਼ੰਕਰ ਚਰਨ ਕਵਲ ਕਰੇ ਧਿਆਨ, ਨੇਤਰ ਨੈਣ ਨੈਣ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਉਠ ਸੁਤ ਬਲ ਧਾਰ, ਹਰਿ ਜੂ ਆਪ ਸੁਣਾਇਆ । ਕਰਾਂ ਖੇਲ ਅਪਰ ਅਪਾਰ, ਤੇਰੀ ਸੇਵਾ ਇਕ ਲਗਾਇਆ । ਏਕਾ ਹੁਕਮ ਹੋਏ ਦਾਤਾਰ, ਨਾ ਕੋਈ ਮੇਟੇ ਮੇਟ ਮਿਟਾਇਆ । ਗਗਨ ਮੰਡਲ ਲਾ ਅਖਾੜ, ਰਵ ਸਸ ਨਾਚ ਨਚਾਇਆ । ਤ੍ਰੈਗੁਣ ਮਾਇਆ ਭਰ ਭੰਡਾਰ, ਵਿਸ਼ਨ ਬ੍ਰਹਮਾ ਸੰਗ ਨਿਭਾਇਆ । ਲੱਖ ਚੁਰਾਸੀ ਕਰ ਤਿਆਰ, ਘੜ ਘੜ ਭਾਂਡੇ ਵੇਖ ਵਖਾਇਆ । ਏਕਾ ਨਾਮ ਸਚ ਬ੍ਰਹਮਾ ਵੇਤਾ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਰਿਹਾ ਵਟਾਇਆ । ਸਾਚਾ ਮਾਰਗ ਹਰਿ ਚਲੌਣਾ, ਆਪਣਾ ਭੇਵ ਦਏ ਜਣਾਈਆ । ਵਿਸ਼ਨ ਵਿਸ਼ਨੂੰ ਰੰਗ ਵਖੌਣਾ, ਕਰੇ ਖੇਲ ਬੇਪਰਵਾਹੀਆ । ਬ੍ਰਹਮਾ ਬ੍ਰਹਮ ਰੂਪ ਉਪਜੌਣਾ, ਈਸ਼ ਜੀਵ ਕਰੇ ਕੁੜਮਾਈਆ । ਸ਼ੰਕਰ ਅੰਤਮ ਹੁਕਮ ਵਰਤੌਣਾ, ਥਿਰ ਘਰ ਕੋਇ ਰਹਿਣ ਨਾ ਪਾਈਆ । ਏਕਾ

ਰਾਗ ਆਪ ਸੁਣੌਣਾ, ਚਾਰੇ ਵੇਦ ਦਏ ਸਮਝਾਈਆ । ਚਾਰੇ ਜੁਗਾਂ ਵੰਡ ਵੰਡੌਣਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਉਂ ਧਰਾਈਆ । ਚਾਰੇ ਬਾਣੀ ਰਾਗ ਅਲੌਣਾ, ਪਰਾ ਪਸੰਤੀ ਮਧਮ ਬੈਖਰੀ ਗਾਈਆ । ਚਾਰੇ ਵਰਨਾਂ ਵੰਡ ਵੰਡੌਣਾ, ਸ਼ੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਕੁੜਮਾਈਆ । ਚਾਰੇ ਕੁੰਟ ਵੇਖ ਵਖੌਣਾ, ਉਤਰ ਪੂਰਬ ਪੱਛਮ ਦੱਖਣ ਖੇਲ ਕਰਾਈਆ । ਚਾਰ ਯਾਰੀ ਬੰਧਨ ਪੌਣਾ, ਨਾ ਸਕੇ ਕੋਈ ਤੁੜਾਈਆ । ਜੁਗ ਜੁਗ ਮਾਤ ਵੇਸ ਵਟੌਣਾ, ਨਿਰਗੁਣ ਸਰਗੁਣ ਰੂਪ ਵਟਾਈਆ । ਏਕਾ ਆਪਣਾ ਨਾਉਂ ਪ੍ਰਗਟੌਣਾ, ਨਾਉਂ ਨਿਰੰਕਾਰਾ ਇਕ ਜਣਾਈਆ । ਭਗਤ ਭਗਵੰਤ ਆਪ ਉਠੌਣਾ, ਦੂਈ ਦਵੈਤੀ ਪਰਦਾ ਲਾਹੀਆ । ਨੌਂ ਦੁਆਰੇ ਖੋਜ ਖੁਜੌਣਾ, ਦਰ ਦਰ ਆਪਣੀ ਅਲਖ ਜਗਾਈਆ । ਡੂੰਘੀ ਭਵਰੀ ਫੇਰਾ ਪੌਣਾ, ਕਾਇਆ ਕਵਰੀ ਵਡ ਵਡਿਆਈਆ । ਸੁਖਮਨ ਟੇਡੀ ਬੰਕ ਪੰਧ ਮੁਕੌਣਾ, ਈੜਾ ਪਿੰਗਲ ਡੇਰਾ ਢਾਹੀਆ । ਨਿਰਗੁਣ ਨੂਰ ਚੰਦ ਚਮਕੌਣਾ, ਜੋਤ ਨਿਰੰਜਣ ਕਰ ਰੁਸ਼ਨਾਈਆ । ਆਤਮ ਸਰੋਵਰ ਇਕ ਵਖੌਣਾ, ਅੰਮ੍ਰਿਤ ਨਿਝਰ ਝਿਰਨਾ ਆਪ ਝਿਰਾਈਆ । ਸੁਰਤੀ ਸ਼ਬਦੀ ਮੇਲ ਮਿਲੌਣਾ, ਅਕਾਲ ਮੂਰਤ ਵੇਖ ਵਖਾਈਆ । ਅਨਹਦ ਨਾਦੀ ਨਾਦ ਵਜੌਣਾ, ਗ੍ਰਿਹ ਮੰਦਰ ਵੱਜੇ ਵਧਾਈਆ । ਬਜ਼ਰ ਕਪਾਟੀ ਤੋੜ ਤੁੜੌਣਾ, ਏਕਾ ਢੋਲਾ ਸੱਚੇ ਮਾਹੀਆ । ਆਤਮ ਸੇਜਾ ਸਾਚੀ ਸੇਜ ਹੰਢੌਣਾ, ਘਰ ਘਰ ਮੇਲਾ ਮੇਲ ਮਿਲਾਈਆ । ਬ੍ਰਹਮ ਪਾਰਬ੍ਰਹਮ ਏਕਾ ਰੰਗ ਰੰਗੌਣਾ, ਜੁਗ ਜੁਗ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਰਿਹਾ ਸਮਝਾਈਆ । ਸੁਤ ਦੁਲਾਰਾ ਕਰ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਇੰਦਾ । ਤੂੰ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਵਡ ਅਖਵਾਇੰਦਾ । ਹੁਕਮੀ ਹੁਕਮ ਤੇਰਾ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਕਵਣ ਰੂਪ ਖੇਲ ਕਰੇ ਵਿਚ ਸੰਸਾਰ, ਹਉਂ ਇਕੋ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਅਲਖ ਅਗੰਮ, ਬੋਧ ਅਗਾਧ ਜਣਾਈਆ । ਆਦਿ ਜੁਗਾਦੀ ਦੱਸੇ ਕੰਮ, ਆਪਣਾ ਭੇਵ ਖੁਲ੍ਹਾਈਆ । ਨਾ ਮਰਾ ਨਾ ਪਵਾਂ ਜੰਮ, ਮਾਤ ਗਰਭ ਨਾ ਫੇਰਾ ਪਾਈਆ । ਜੁਗਾ ਜੁਗੰਤਰ ਬੇੜਾ ਬੰਨ੍ਹ, ਲੱਖ ਚੁਰਾਸੀ ਗੇੜ ਭੁਵਾਈਆ । ਸਚਖੰਡ ਵਸਾਂ ਬਿਨ ਛੱਪਰੀ ਛੰਨ, ਚਾਰ ਦੀਵਾਰ ਨਾ ਕੋਈ ਬਣਾਈਆ । ਹੋਏ ਪ੍ਰਕਾਸ਼ ਬਿਨ ਸੂਰਜ ਚੰਨ, ਮੰਡਲ ਮੰਡਪ ਨਾ ਕੋਈ ਵਡਿਆਈਆ । ਨਾ ਕੋਈ ਰਾਗ ਨਾ ਕੋਈ ਕੰਨ, ਤਾਰ ਸਤਾਰ ਨਾ ਕੋਈ ਹਿਲਾਈਆ । ਨਾ ਕੋਈ ਜਨਨੀ ਨਾ ਕੋਈ ਜਨ, ਪਿਤਾ ਪੂਤ ਨਾ ਕੋਈ ਅਖਵਾਈਆ । ਕਰੇ ਖੇਲ ਸ੍ਰੀ ਭਗਵਾਨ, ਆਪਣਾ ਭੇਵ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣਾ ਗੁਣ ਵਖਾਈਆ । ਆਦਿ ਪੁਰਖ ਭੇਵ ਜਣਾਇਆ, ਨਿਸ਼ਅੱਖਰ ਆਖ਼ਰ ਬੋਲ । ਜੁਗ ਜੁਗ ਆਪਣਾ ਦਏ ਸਮਝਾਇਆ, ਨਿਰਗੁਣ ਤੋਲੇ ਤੋਲ । ਲੱਖ ਚੁਰਾਸੀ ਲਏ ਉਪਜਾਇਆ, ਘਟ ਘਟ ਅੰਤਰ ਆਤਮ ਮੌਲ । ਪੰਜ ਤੱਤ ਕਾਇਆ ਵੇਖ ਵਖਾਇਆ, ਅੱਠ ਤੱਤ ਪੂਰਾ ਕਰੇ ਕੌਲ । ਨੌਂ ਦਵਾਰੇ ਰੰਗ ਚੜ੍ਹਾਇਆ, ਦਸਵੇਂ ਬੈਠਾ ਰਹੇ ਅਡੋਲ । ਜੁਗ ਜੁਗ ਆਪਣਾ ਮਾਰਗ ਲਾਇਆ, ਪਰਗਟ ਹੋਏ ਉਪਰ ਧਰਨੀ ਧਰਤ ਧਵਲ ਧੌਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਕਰੇ ਸਾਚਾ ਕੌਲ । ਕਰੇ ਕੌਲ ਹਰਿ ਇਕਰਾਰ, ਇਕੋ ਸਨਦ ਲਿਖਾਈਆ । ਜੁਗ ਜੁਗ ਭੇਜਾਂ ਗੁਰ ਅਵਤਾਰ, ਲੋਕਮਾਤ ਕਰਨ ਪੜ੍ਹਾਈਆ । ਚਾਰੇ ਖਾਣੀ ਕਰ ਪੁਕਾਰ, ਚਾਰੇ ਬਾਣੀ ਕਰਨ ਜਣਾਈਆ । ਚਾਰੋਂ ਕੁੰਟ ਕਰ ਵਿਚਾਰ, ਦਹਿ ਦਿਸ਼ਾ ਵੇਖ ਵਖਾਈਆ ।



੨੧੯
੧੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਸਮਝਾਈਆ । ਆਪਣਾ ਖੇਲ ਪੁਰਖ ਅਬਿਨਾਸ਼ਾ, ਏਕਾ ਵਾਰ ਜਣਾਇੰਦਾ । ਜੁਗ ਜੁਗ ਵੇਖਾਂ ਖੇਲ ਤਮਾਸ਼ਾ, ਸਚਖੰਡ ਸਾਚੇ ਸੋਭਾ ਪਾਇੰਦਾ । ਗੁਰ ਅਵਤਾਰਾਂ ਦੇ ਭਰਵਾਸਾ, ਲੋਕਮਾਤ ਘਲਾਇੰਦਾ । ਗ੍ਰਿਹ ਗ੍ਰਿਹ ਮੰਦਰ ਪਾਵੇ ਰਾਸਾ, ਘਟ ਘਟ ਨਾਚ ਨਚਾਇੰਦਾ । ਜਨ ਭਗਤਾਂ ਪੂਰੀ ਕਰੇ ਆਸਾ, ਨਿਰਾਸਾ ਕੋਇ ਨਜ਼ਰ ਨਾ ਆਇੰਦਾ । ਆਪਣਾ ਭੇਵ ਦੱਸਾਂ ਖ਼ੁਲਾਸਾ, ਇਕੋ ਅੱਖਰ ਨਾਮ ਪੜ੍ਹਾਇੰਦਾ । ਦੋ ਜਹਾਨ ਕਰ ਪ੍ਰਕਾਸ਼ਾ, ਲੋਆਂ ਪੁਰੀਆਂ ਡਗਮਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਦਾਸਾ, ਸਾਚੀ ਸੇਵਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸਮਝਾਇੰਦਾ । ਸਾਚੇ ਸੁਤ ਸੁਣ ਲੈ ਬਾਤ, ਹਰਿ ਬਾਤਨ ਆਪ ਜਣਾਈਆ । ਜੁਗ ਚੌਕੜੀ ਚਲੇ ਮੇਰੀ ਗਾਥ, ਗੁਰ ਅਵਤਾਰ ਕਰਨ ਪੜ੍ਹਾਈਆ । ਜੁਗ ਜੁਗ ਮੇਟਾਂ ਅੰਧੇਰੀ ਰਾਤ, ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਸ਼ਬਦ ਸੁਤ ਅੱਗੋਂ ਬੋਲ, ਏਕਾ ਵਾਰ ਜਣਾਇਆ । ਜੁਗ ਚੌਕੜੀ ਤੋਲੇਂ ਤੋਲ, ਆਪਣੀ ਸੇਵ ਕਮਾਇਆ । ਤੂੰ ਸਚਖੰਡ ਬੈਠਾ ਰਹੇਂ ਅਡੋਲ, ਤੇਰਾ ਅੰਤ ਕੋਇ ਨਾ ਆਇਆ । ਕਵਣ ਰੂਪ ਹਰ ਘਟ ਜਾਏਂ ਮੌਲ, ਘਰ ਘਰ ਆਪਣੀ ਜੋਤ ਜਗਾਇਆ । ਕਵਣ ਬਿਧ ਰੱਖੇਂ ਪਰਦਾ ਉਹਲ, ਦਿਸ ਕਿਸੇ ਨਾ ਆਇਆ । ਕਵਣ ਨਾਦ ਦਰ ਦਰ ਪਏਂ ਬੋਲ, ਆਪਣਾ ਨਾਉਂ ਸੁਣਾਇਆ । ਜੁਗ ਚੌਕੜੀ ਕਰ ਕਰ ਵੇਖੇਂ ਘੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਲਏਂ ਮਿਲਾਇਆ । ਹਰਿ ਜੂ ਵੇਲਾ ਅੰਤਮ ਦੱਸੇ, ਏਕਾ ਇਕ ਜਣਾਈਆ । ਜੁਗ ਚੌਕੜੀ ਖੇਲ ਵੇਖ ਵੇਖ ਹੱਸੇ, ਬੇਅੰਤ ਬੇਪਰਵਾਹੀਆ । ਦੋ ਜਹਾਨਾਂ ਨਿਰਗੁਣ ਨੱਸੇ, ਨਿਰਵੈਰ ਫੇਰਾ ਪਾਈਆ । ਗੁਰ ਅਵਤਾਰਾਂ ਅੰਤਰ ਵਸੇ, ਦਿਸ ਕਿਸੇ ਨਾ ਆਈਆ । ਲੱਖ ਚੁਰਾਸੀ ਅੰਦਰ ਫਸੇ, ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਤ ਦਏ ਜਣਾਈਆ । ਆਪਣਾ ਅੰਤ ਦੱਸੇ ਭਗਵਾਨ, ਏਕਾ ਏਕ ਹੁਕਮ ਜਣਾਇਆ । ਨਵ ਨੌਂ ਚਾਰ ਹੋਏ ਪਰਧਾਨ, ਲੋਕਮਾਤ ਵੇਸ ਵਟਾਇਆ । ਨਾਉਂ ਨਿਧਾਨਾ ਦੇ ਗਿਆਨ, ਈਸ਼ ਜੀਵ ਲਏ ਪੜ੍ਹਾਇਆ । ਗੁਰ ਅਵਤਾਰ ਜੋਤ ਮਹਾਨ, ਜੋਤੀ ਨੂਰ ਕਰੇ ਰੁਸ਼ਨਾਇਆ । ਕਾਇਆ ਮੰਦਰ ਇਕ ਮਕਾਨ, ਸਚਖੰਡ ਦੁਆਰ ਦਏ ਬਣਾਇਆ । ਗ੍ਰਿਹ ਮੰਦਰ ਦੇਵੇ ਧੁਰ ਫ਼ਰਮਾਣ, ਅਨਹਦ ਨਾਦੀ ਨਾਦ ਵਜਾਇਆ । ਨੌਂ ਸੌ ਚੁਰਾਨਵੇਂ ਚੌਕੜੀ ਪੰਧ ਮੁਕੇ ਆਣ, ਥਿਰ ਕੋਇ ਰਹਿਣ ਨਾ ਪਾਇਆ । ਵਿਸ਼ਨੂੰ ਮੰਗੇ ਹਰਿ ਜੂ ਅੱਗੇ ਦਾਨ, ਖ਼ਾਲੀ ਝੋਲੀ ਰਿਹਾ ਵਖਾਇਆ । ਬ੍ਰਹਮਾ ਵੇਤਾ ਕਰੇ ਕਲਿਆਣ, ਮੁਖ ਮੁਖੜਾ ਰਿਹਾ ਸਾਲਾਹਿਆ । ਸ਼ੰਕਰ ਵੇਖੇ ਇਕ ਧਿਆਨ, ਧਿਆਨ ਧਿਆਨ ਨਾਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਇਆ । ਆਪਣਾ ਭੇਵ ਹਰਿ ਭਗਵੰਤ, ਏਕਾ ਵਾਰ ਜਣਾਈਆ । ਜੁਗ ਚੌਕੜੀ ਬਣੌਣੀ ਬਣਤ, ਕੋਟਨ ਕੋਟ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਬਣੇ ਬਣਤ, ਰਾਮਾ ਕ੍ਰਿਸ਼ਨਾ ਖੇਲ ਖਲਾਈਆ । ਸ਼ਾਸਤਰ ਸਿਮਰਤ ਭੇਵ ਅਨੰਤ, ਪੁਰਾਨ ਅਠਾਰਾਂ ਸਦਾ ਜਸ ਗਾਈਆ । ਗੀਤਾ ਗਿਆਨ ਜਣਾਏ ਕੰਤ, ਕੰਤ ਕੰਤੂਹਲ ਵੇਖ ਵਖਾਈਆ । ਅੰਤ ਕਰੇ ਸਭ ਦਾ ਅੰਤ, ਮੇਟਣਹਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਜਾਏ ਬੀਤ, ਹਰਿ ਜੂ ਆਪ

ਬਿਤਾਇੰਦਾ । ਭਗਤ ਭਗਵੰਤ ਗਾਏ ਗੀਤ, ਗੋਬਿੰਦ ਅੱਖਰ ਆਪ ਸਾਲਾਹਿੰਦਾ । ਆਦਿ ਜਗਾਦੀ ਸਾਚੀ ਰੀਤ, ਜੁਗ ਕਰਤਾ ਆਪ ਚਲਾਇੰਦਾ । ਭਗਤ ਜਨਾਂ ਬਣ ਇਕੋ ਮੀਤ, ਮਿੱਤਰ ਪਿਆਰਾ ਵੇਖ ਵਖਾਇੰਦਾ । ਧਾਮ ਵਖਾਏ ਇਕ ਅਨਡੀਠ, ਦਰਗਹਿ ਸਾਚੀ ਪਰਦਾ ਲਾਹਿੰਦਾ । ਚੇਤਨ ਹੋ ਕੇ ਵਸੇ ਚੀਤ, ਚਿਤ ਵਿਤ ਠਗੌਰੀ ਕੋਇ ਨਾ ਪਾਇੰਦਾ । ਪਾਰਬ੍ਰਹਮ ਪ੍ਰਭ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਪਤਤ ਪਾਪੀ ਕਰੇ ਪੁਨੀਤ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਆਪਣਾ ਪਰਦਾ ਲਾਹਿੰਦਾ । ਕਲਜੁਗ ਸਤਿਜੁਗ ਤਰੇਤਾ ਦੁਆਪਰ ਜਾਏ ਲੰਘ, ਆਪਣਾ ਪੰਧ ਮੁਕਾਈਆ । ਕਲਜੁਗ ਡਾਹੇ ਸੇਜ ਪਲੰਘ, ਘਰ ਘਰ ਆਪਣਾ ਆਸਣ ਲਾਈਆ । ਜੂਠ ਝੂਠ ਵਜਾਏ ਮਰਦੰਗ, ਕੂੜਾ ਡੌਰੂ ਇਕ ਉਠਾਈਆ । ਮਾਇਆ ਮਮਤਾ ਇਕ ਅਨੰਦ, ਘਰ ਘਰ ਦਏ ਵਖਾਈਆ । ਸਚ ਸੁੱਚ ਨਾ ਕੋਇ ਚੰਦ, ਕੂੜੀ ਰੈਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਸਮਝਾਈਆ । ਕਲਜੁਗ ਖੇਲ ਹਰਿ ਅਵੱਲਾ, ਇਕੋ ਇਕ ਜਣਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਮੁਕਾਮੇ ਹੱਕ ਸੋਭਾ ਪਾਇੰਦਾ । ਦੀਪਕ ਨੂਰ ਨੂਰ ਨੁਰਾਨਾ ਆਪੇ ਬਲਾ, ਜਲਵਾ ਜਲਾਲ ਆਪ ਹੋ ਜਾਇੰਦਾ । ਨਿਰਗੁਣ ਸਰਗੁਣ ਫੜਾਏ ਪੱਲਾ, ਈਸਾ ਮੂਸਾ ਵੇਸ ਵਟਾਇੰਦਾ । ਕਲਮਾ ਕਾਇਨਾਤ ਏਕਾ ਘੱਲਾ, ਇਲਾਹੀ ਕਲਾਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਗ ਆਪ ਅਲਾਇੰਦਾ । ਆਪਣਾ ਰਾਗ ਪਰਵਰਦਿਗਾਰ, ਏਕਾ ਏਕ ਅਲਾਈਆ । ਅਹਿਬਾਬ ਰਬਾਬ ਵਜਾਏ ਸਤਾਰ, ਸਦਾ ਸਲਾਮਤ ਸ਼ਹਿਨਸ਼ਾਹੀਆ । ਏਕਾ ਹੁਕਮ ਇਕ ਵਰਤਾਰ, ਏਕਾ ਅਲਫ਼ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਮੌਲਾ, ਆਪਣੀ ਧਾਰ ਚਲਾਇੰਦਾ । ਆਪੇ ਜਾਣੇ ਆਪਣਾ ਕੌਲਾ, ਕੀਤਾ ਕੌਲ ਪੂਰ ਕਰਾਇੰਦਾ । ਮੁਹੰਮਦ ਉਪਜਾਏ ਉਪਰ ਧੌਲਾ, ਅਹਿਮਦ ਰੰਗ ਵਖਾਇੰਦਾ । ਏਕਾ ਗਾਏ ਸਾਚਾ ਢੋਲਾ, ਨਬੀ ਰਸੂਲਾਂ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਪਣਾ ਪਰਦਾ ਆਪ ਉਠਾ, ਭੇਵ ਦਏ ਜਣਾਈਆ । ਨਾਨਕ ਨਿਰਗੁਣ ਜੋਤ ਜਗਾ, ਨਿਰੰਕਾਰ ਕਰੇ ਰੁਸ਼ਨਾਈਆ । ਸਚਖੰਡ ਦੁਆਰਾ ਇਕ ਵਖਾ, ਏਕਾ ਘਰ ਜਣਾਈਆ । ਏਕਾ ਮੰਤਰ ਦਏ ਪੜ੍ਹਾ, ਅੰਤਰ ਇਕ ਲਿਵ ਲਾਈਆ । ਏਕਾ ਬਸਤਰ ਦਏ ਪਹਿਨਾ, ਏਕਾ ਰੰਗ ਚੜ੍ਹਾਈਆ । ਏਕਾ ਸ਼ਮਸ਼ੀਰ ਦਏ ਫੜਾ, ਤਿਖੀ ਧਾਰ ਰਖਾਈਆ । ਬ੍ਰਹਿਮੰਡ ਖੰਡ ਫੇਰਾ ਪਾ, ਲੋਕਮਾਤ ਕਰੇ ਰੁਸ਼ਨਾਈਆ । ਚਾਰ ਵਰਨਾਂ ਦਏ ਜਣਾ, ਊਚ ਨੀਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਸਮਝਾਈਆ । ਨਿਰਗੁਣ ਨੂਰ ਨਾਨਕ ਧਾਰ, ਨਿਰੰਕਾਰ ਆਪ ਪਰਗਟਾਇੰਦਾ । ਖੇਲੇ ਖੇਲ ਅਪਰ ਅਪਾਰ, ਅਨੁਭਵ ਆਪਣਾ ਰੰਗ ਵਖਾਇੰਦਾ । ਸ਼ਬਦ ਨਾਦ ਨਾਦ ਧੁਨਕਾਰ, ਬ੍ਰਹਿਮਾਦ ਆਪ ਸੁਣਾਇੰਦਾ । ਅੰਤਮ ਲੇਖਾ ਵਿਚ ਸੰਸਾਰ, ਪੂਤ ਸਪੂਤਾ ਆਪ ਚੁਕਾਇੰਦਾ । ਪੁਰਖ ਅਕਾਲ ਖ਼ਬਰਦਾਰ, ਬੇਖ਼ਬਰ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਸੁਣ ਸ਼ਬਦ ਚਤੁਰ ਸੁਜਾਣ, ਹਰਿ ਸਾਚਾ ਸਚ ਜਣਾਇਆ । ਨਵ ਨੌਂ ਚਾਰ ਮਿਟੇ ਨਿਸ਼ਾਨ, ਕਲਜੁਗ ਅੰਤਮ ਵੇਖ ਵਖਾਇਆ । ਲੱਖ ਚੁਰਾਸੀ ਹੋਏ ਹੈਰਾਨ, ਹਰਿ ਕਾ ਭੇਵ ਕਿਸੇ ਨਾ ਪਾਇਆ । ਨਾਨਕ


੨੨੧
੧੧

ਗੋਬਿੰਦ ਮੰਗੇ ਦਾਨ, ਪ੍ਰਭ ਅੱਗੇ ਝੋਲੀ ਡਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਅੰਤ ਦਏ ਸੁਹਾਇਆ । ਕਲਜੁਗ ਵੇਲਾ ਅੰਤਮ ਔਣਾ, ਹਰਿ ਅੰਤ ਦਏ ਜਣਾਈਆ । ਗੁਰ ਅਵਤਾਰਾਂ ਪੰਧ ਮੁਕੌਣਾ, ਬਣ ਬਣ ਪਾਂਧੀ ਫੇਰਾ ਪਾਈਆ । ਭਗਤ ਭਗਵੰਤ ਦਰ ਮੰਗੌਣਾ, ਸਚ ਸੰਦੇਸ਼ਾ ਇਕ ਸੁਣਾਈਆ । ਸੰਤ ਕੰਤ ਗੋਦ ਬਹੌਣਾ, ਏਕਾ ਘਰ ਦਏ ਵਡਿਆਈਆ । ਗੁਰਮੁਖ ਮੁਖ ਮੁਖ ਸਲੌਹਣਾ, ਸਤਿਨਾਮ ਕਰ ਪੜ੍ਹਾਈਆ । ਗੁਰਸਿਖ ਸਿੱਖ ਇਕ ਉਪਜੌਣਾ, ਆਤਮ ਪਰਮਾਤਮ ਮੇਲ ਮਿਲਾਈਆ । ਲੋਕ ਪਰਲੋਕ ਵੇਖ ਵਖਾਉਣਾ, ਅਵਣ ਗਵਣ ਫੇਰਾ ਪਾਈਆ । ਚੌਦਾਂ ਤਬਕਾਂ ਪਰਦਾ ਲੌਹਣਾ, ਚੌਦਾਂ ਲੋਕ ਡੇਰਾ ਢਾਹੀਆ । ਵਿਸ਼ਨ ਬ੍ਰਹਮਾ ਸ਼ਿਵ ਫੜ ਉਠੌਣਾ, ਸੋਇਆ ਕੋਇ ਰਹਿਣ ਨਾ ਪਾਈਆ । ਏਕਾ ਡੰਕਾ ਨਾਮ ਵਜੌਣਾ, ਦੋ ਜਹਾਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਤ ਰਿਹਾ ਜਣਾਈਆ । ਕਲਜੁਗ ਵੇਲਾ ਅੰਤਮ ਆਏ, ਹਰਿ ਅੰਤ ਦਏ ਕਰਾਇਆ । ਨਿਰਗੁਣ ਰੂਪ ਜਾਮਾ ਪਾਏ, ਨਿਹਕਲੰਕ ਨਾਉਂ ਰਖਾਇਆ । ਵੇਦ ਵਿਆਸ ਗਿਆ ਲਿਖਾਏ, ਈਸਾ ਏਕਾ ਮੰਗ ਮੰਗਾਇਆ । ਨਾਨਕ ਗੋਬਿੰਦ ਡੰਕਾ ਗਏ ਵਜਾਏ, ਸ੍ਰਿਸ਼ਟ ਸਬਾਈ ਇਕ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਜਣਾਇਆ । ਆਪਣਾ ਹਰਿ ਜੂ ਦੱਸੇ ਰਾਹ, ਸ਼ਬਦੀ ਸ਼ਬਦ ਜਣਾਇਆ । ਲੇਖਾ ਲਿਖਤ ਵਿਚ ਨਾ ਜਾਏ ਆ, ਲਿਖ ਲਿਖ ਲੇਖ ਨਾ ਕਿਸੇ ਮੁਕਾਇਆ । ਚਾਰੇ ਵੇਦ ਰਹੇ ਸ਼ਰਮਾ, ਹਰਿ ਕਾ ਭੇਵ ਕੋਇ ਨਾ ਪਾਇਆ । ਪੁਰਾਨ ਅਠਾਰਾਂ ਨੇਤਰ ਨੈਣ ਨਾ ਸਕੇ ਉਠਾ, ਪਰਦਾ ਸਕੇ ਨਾ ਕੋਇ ਚੁਕਾਇਆ । ਗੁਰ ਅਵਤਾਰ ਗਏ ਗਾ ਗਾ, ਬੇਅੰਤ ਬੇਅੰਤ ਬੇਅੰਤ ਸਾਲਾਹਿਆ । ਖਾਣੀ ਬਾਣੀ ਕਹੇ ਬੇਪਰਵਾਹ, ਪਰਵਾਹ ਆਪਣਾ ਰਿਹਾ ਚਲਾਇਆ । ਭਗਤ ਮੰਗਣ ਇਕੋ ਨਾਂ, ਪ੍ਰਭ ਅੱਗੇ ਝੋਲੀ ਡਾਹਿਆ । ਸੰਤ ਮੰਗਣ ਸਾਚਾ ਥਾਂ, ਚਰਨ ਕਵਲ ਧਿਆਨ ਲਗਾਇਆ । ਗੁਰਮੁਖ ਧੂੜੀ ਖ਼ਾਕ ਰਹੇ ਰਮਾ, ਮਸਤਕ ਟਿੱਕਾ ਇਕ ਛੁਹਾਇਆ । ਗੁਰਸਿਖ ਰਾਹ ਰਹੇ ਤਕਾ, ਨੇਤਰ ਨੈਣ ਨੈਣ ਉਠਾਇਆ । ਕਵਣ ਵੇਲਾ ਹਰਿ ਜੂ ਫੇਰੀ ਲਏ ਪਾ, ਆਪ ਆਪਣਾ ਪੰਧ ਮੁਕਾਇਆ । ਜੁਗ ਵਿਛੜੇ ਲਏ ਮਿਲਾ, ਆਪ ਆਪਣੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਕਲਜੁਗ ਅੰਤਮ ਖੇਲ ਕਰਨਾ, ਕਾਦਰ ਕਰੀਮ ਰਿਹਾ ਜਣਾਈਆ । ਜੁਗ ਜਨਮ ਦਾ ਭਗਤ ਵਰਨਾ, ਜੁਗਤ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਚੁਕਾਏ ਮਰਨਾ ਡਰਨਾ, ਰਾਏ ਧਰਮ ਨਾ ਦਏ ਸਜਾਈਆ । ਅਨਸੁਰਤੀ ਏਕਾ ਪੱਲੂ ਫੜਨਾ, ਸੁਰਤੀ ਸੁਰਤ ਦਏ ਭੁਵਾਈਆ । ਡੂੰਘੀ ਕਵਰੀ ਆਪੇ ਵੜਨਾ, ਨਿਰਗੁਣ ਹੋ ਹੋ ਸੇਵ ਕਮਾਈਆ । ਸਚ ਮਹੱਲੇ ਆਪੇ ਚੜ੍ਹਨਾ, ਗੁਰਸਿਖ ਆਤਮ ਸੇਜ ਸੁਹਾਈਆ । ਅੰਦਰ ਵੜ ਵੜ ਸ਼ਬਦ ਪੜ੍ਹਨਾ, ਆਪਣੇ ਨਾਉਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਦਏ ਵਡਿਆਈਆ । ਕਲਜੁਗ ਅੰਤਮ ਜਾਏ ਆ, ਆਪਣਾ ਪੰਧ ਮੁਕਾਇਆ । ਪੁਰਖ ਅਬਿਨਾਸ਼ੀ ਪਰਗਟ ਹੋਵੇ ਬੇਪਰਵਾਹ, ਨੂਰ ਕਰ ਰੁਸ਼ਨਾਇਆ । ਇਕ ਜਪਾਏ ਆਪਣਾ ਨਾਂ, ਸੋ ਪੁਰਖ ਨਿਰੰਜਣ ਹੋ ਰੁਸ਼ਨਾਇਆ । ਚਾਰ ਜੁਗ ਦਾ ਲਹਿਣਾ ਦਏ ਮੁਕਾ, ਜੁਗ ਚੌਕੜੀ ਨਾਲ ਮਿਲਾਇਆ । ਨਾਨਕ ਗੋਬਿੰਦ ਕਹਿਣਾ ਪੂਰਾ ਦਏ ਕਰਾ, ਹਰਿ ਜੂ ਆਪਣੀ ਸੇਵ ਕਮਾਇਆ । ਜਨ ਭਗਤਾਂ ਲਹਿਣਾ ਦੇਣਾ ਦਏ ਚੁਕਾ, ਪੂਰਬ ਲੇਖਾ ਆਪ ਮੁਕਾਇਆ । ਸਾਚਾ ਗਹਿਣਾ ਤਨ ਦੇਵੇ ਪਹਿਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਵੇਲਾ ਅੰਤ ਦਏ ਸੁਹਾਇਆ । ਕਲਜੁਗ ਵੇਲਾ ਅੰਤ ਸੁਹੌਣਾ, ਸਵੈ ਜੋਤ ਕਰੇ ਰੁਸ਼ਨਾਈਆ । ਚਾਰ ਵਰਨ ਦਾ ਡੇਰਾ ਢਾਉਣਾ, ਅਠਾਰਾਂ ਬਰਨ ਰਹਿਣ ਨਾ ਪਾਈਆ । ਚਾਰੇ ਖਾਣੀ ਵੇਖ ਵਖੌਣਾ, ਚਾਰੇ ਬਾਣੀ ਬੂਝ ਬੁਝਾਈਆ । ਸਭ ਦਾ ਹਾਣੀ ਇਕ ਮਿਲੌਣਾ, ਪਾਰਬ੍ਰਹਮ ਬੇਪਰਵਾਹੀਆ । ਜਿਸ ਦਾ ਸਾਨੀ ਕੋਈ ਨਜ਼ਰ ਨਾ ਔਣਾ, ਨੇਤਰ ਨੈਣ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖੇ ਹਰਿ, ਹਰੀ ਦੁਆਰ ਫੇਰਾ ਪਾਇਆ । ਜਿਸ ਕੋਲੋਂ ਮੰਗਦੇ ਰਹੇ ਵਰ, ਵਰ ਦਾਤਾ ਬੇਪਰਵਾਹਿਆ । ਜਿਸ ਨੂੰ ਕਹਿੰਦੇ ਰਹੇ ਨਿਰਭੌ ਨਾ ਕੋਈ ਭੈ ਡਰ, ਭੈ ਸਭ ਦਾ ਰਿਹਾ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਫੇਰਾ ਪਾਇਆ । ਕਲਜੁਗ ਅੰਤਮ ਫੇਰਾ ਪਾ, ਭੇਵ ਦਏ ਖੁਲਾਈਆ । ਕੂੜੀ ਕਿਰਿਆ ਦਏ ਮਿਟਾ, ਜੂਠ ਝੂਠ ਰਹੇ ਨਾ ਰਾਈਆ । ਰਾਜਾ ਪਰਜਾ ਦਏ ਖਪਾ, ਏਕਾ ਖਪਰ ਹੱਥ ਉਠਾਈਆ । ਤ੍ਰੈਗੁਣ ਅਗਨੀ ਦਏ ਤਪਾ, ਜੋਤੀ ਅਗਨੀ ਆਪੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਮੁਕਾਈਆ । ਸਭ ਦਾ ਲੇਖਾ ਜਾਏ ਮੁੱਕ, ਮੁਕੌਣਹਾਰ ਕਰਤਾਰਾ । ਪ੍ਰਭ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟੇ ਵਿਚ ਸੰਸਾਰਾ । ਲੱਖ ਚੁਰਾਸੀ ਭਾਗ ਗਿਆ ਨਿਖੁੱਟ, ਨਾ ਕੋਈ ਕਰਿਆ ਸਚ ਵਣਜ ਵਪਾਰਾ । ਚਾਰੋਂ ਕੁੰਟ ਪੈਣੀ ਲੁੱਟ, ਦਹਿ ਦਿਸ਼ਾ ਧੁਆਂਧਾਰਾ । ਝੂਠਾ ਬੂਟਾ ਦੇਵੇ ਪੁੱਟ, ਲੱਗਾ ਰਹੇ ਨਾ ਅੰਤਮ ਵਾਰਾ । ਕਰੇ ਖੇਲ ਅਬਿਨਾਸ਼ੀ ਅਚੁਤ, ਪਾਰਬ੍ਰਹਮ ਸੱਚੀ ਸਰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਾ । ਅਪਰ ਅਪਾਰ ਹਰਿ ਕਾ ਖੇਲ, ਚਾਰ ਵੇਦ ਭੇਵ ਨਾ ਆਈਆ । ਕਰੇ ਪ੍ਰਕਾਸ਼ ਬਿਨ ਬਾਤੀ ਤੇਲ, ਨਿਰਗੁਣ ਜੋਤ ਡਗਮਗਾਈਆ । ਜਨ ਭਗਤਾਂ ਸੱਜਣ ਸੁਹੇਲ, ਹਰਿਜਨ ਸਾਚੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਨਿਸ਼ਾਨਾ ਸ੍ਰੀ ਭਗਵਾਨਾ ਹੋ ਮਿਹਰਵਾਨਾ, ਰਵਦਾਸ ਚੁਮਿਆਰੇ ਹੱਥ ਫੜਾਈਆ । ਰਵਦਾਸ ਚੁਮਿਆਰੇ ਲਿਖਿਆ ਲੇਖ, ਸਾਢੇ ਤਿੰਨ ਹੱਥ ਵੰਡ ਵੰਡਾਈਆ । ਸ਼ਾਹ ਪਾਤਸ਼ਾਹ ਮਿਟਦੀ ਜਾਏ ਰੇਖ, ਥਿਰ ਕੋਇ ਰਹਿਣ ਨਾ ਪਾਈਆ । ਕੋਟਨ ਕੋਟ ਪੂਜਾ ਕਰ ਕਰ ਥੱਕੇ ਗਣਪਤ ਗਣੇਸ਼, ਅਸ਼ਟਭੁਜ ਦੇਵੀ ਦੇਵ ਸ਼ੰਕਰ ਰਹੇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਤਾਰ, ਚਤਰਭੁਜ ਵੇਖ ਵਖਾਇੰਦਾ । ਚਾਰ ਜੁਗ ਦੀ ਜਾਣੇ ਕਾਰ, ਤੇਈ ਅਵਤਾਰਾਂ ਆਪ ਉਠਾਇੰਦਾ । ਈਸਾ ਮੂਸਾ ਸੰਗ ਮੁਹੰਮਦ ਖੋਲ੍ਹ ਕਵਾੜ, ਅੱਲਾ ਰਾਣੀ ਮੇਲ ਮਿਲਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਧਾਮ ਸੁਹਾਇੰਦਾ । ਨਾਨਕ ਗੋਬਿੰਦ ਕਰ ਪਿਆਰ, ਚਰਨ ਕਵਲ ਇਕ ਵਖਾਇੰਦਾ । ਅਠਾਰਾਂ ਭਗਤਾਂ ਦੇ ਅਧਾਰ, ਅਧਿਆਤਮ ਰੰਗ ਰੰਗਾਇੰਦਾ । ਪਰਮ ਆਤਮ ਹੋ ਉਜਿਆਰ, ਲੋਕਮਾਤ ਫੇਰਾ ਪਾਇੰਦਾ । ਨਿਹਕਲੰਕ ਲੈ ਅਵਤਾਰ, ਜੋਤੀ ਜਾਤਾ ਡਗਮਗਾਇੰਦਾ । ਸੰਬਲ ਨਗਰ ਧਾਮ ਉਜਿਆਰ, ਨੂਰ ਨੁਰਾਨਾ ਆਪ ਉਪਾਇੰਦਾ । ਖੜਗ ਖੰਡਾ ਤੇਜ ਕਟਾਰ, ਬ੍ਰਹਿਮੰਡਾਂ ਆਪ ਚਮਕਾਇੰਦਾ । ਵੰਡੇ ਵੰਡਾਂ ਵਿਚ ਸੰਸਾਰ, ਵੰਡਣਹਾਰਾ ਦਿਸ ਨਾ ਆਇੰਦਾ । ਭੇਖ ਪਖੰਡਾ ਕਰੇ ਖ਼ਵਾਰ, ਸਚ ਸੁੱਚ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਸ੍ਰੀ ਭਗਵੰਤ, ਆਪਣਾ ਆਪ ਚਲਾਈਆ । ਹਰਿਜਨ ਮੇਲ ਨਾਰ ਕੰਤ, ਦਰ ਘਰ ਸਾਚੇ ਲਏ ਮਿਲਾਈਆ ।

ਲੇਖਾ ਜਾਣੇ ਭਗਤ ਭਗਵੰਤ, ਭਗਵਨ ਆਪਣੀ ਖੇਲ ਕਰਾਈਆ । ਕਲਜੁਗ ਵੇਲਾ ਆਇਆ ਅੰਤ, ਨਿਹਕਲੰਕ ਨਾਉਂ ਰਖਾਈਆ । ਆਪਣੀ ਮਹਿਮਾ ਜਾਣੇ ਅਗਣਤ, ਬੇਅੰਤ ਵਡ ਵਡਿਆਈਆ । ਗੁਰਮੁਖ ਵੇਖੇ ਸਾਚੇ ਸੰਤ, ਲੱਖ ਚੁਰਾਸੀ ਫੋਲ ਫੁਲਾਈਆ । ਏਕਾ ਦੇਵੇ ਨਾਮ ਮੰਤ, ਸੋਹੰ ਅੱਖਰ ਕਰੇ ਪੜ੍ਹਾਈਆ । ਗੜ੍ਹ ਤੋੜ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਈਆ । ਮੇਲ ਮਿਲਾਵਾ ਸਾਚੀ ਸੰਗਤ, ਸਗਲਾ ਸੰਗ ਆਪ ਹੋ ਜਾਈਆ । ਨਾਤਾ ਤੋੜ ਜੇਰਜ ਅੰਡਜ, ਉਤਭੁਜ ਸੇਤਜ ਪੰਧ ਮੁਕਾਈਆ । ਪੰਚ ਵਿਕਾਰਾ ਕਰੇ ਖੰਡਤ, ਨਾਮ ਖੰਡਾ ਇਕ ਵਖਾਈਆ । ਗੁਰਸਿਖ ਬੋਧ ਅਗਾਧਾ ਪੰਡਤ, ਜਿਸ ਜਨ ਆਪਣਾ ਭੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਹੋਏ ਸਹਾਈਆ । ਭਗਤਾਂ ਹੋਏ ਰਾਖਾ, ਹਰਿ ਜੂ ਆਪਣੀ ਸੇਵ ਕਮਾਇੰਦਾ । ਸਤਿਜੁਗ ਸਾਚੀ ਗਾਏ ਗਾਥਾ, ਗਾ ਗਾ ਆਪਣਾ ਰੰਗ ਰੰਗਾਇੰਦਾ । ਹਰਿ ਕਾ ਭੇਵ ਨਾ ਪਾਏ ਤ੍ਰਲੋਕੀ ਨਾਥਾ, ਕੋਟਨ ਕੋਟ ਰਾਮ ਸੀਸ ਝੁਕਾਇੰਦਾ । ਈਸਾ ਮੂਸਾ ਸੰਗ ਮੁਹੰਮਦ ਆਪਣਾ ਕਰ ਨਾ ਸਕੇ ਪੂਰਾ ਘਾਟਾ, ਸਾਚਾ ਤੋਲ ਨਾ ਕੋਇ ਵਖਾਇੰਦਾ । ਕਰੇ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਾਂਗ ਵਰਤਾਇੰਦਾ । ਨਿਰਗੁਣ ਹੋ ਹੋ ਫਿਰੇ ਨਾਠਾ, ਗੁਰਮੁਖ ਸੁਤਿਆਂ ਆਪ ਜਗਾਇੰਦਾ । ਆਓ ਰਲ ਮਿਲ ਕਰੀਏ ਬਾਤਾਂ, ਆਪਣੀ ਕਹਾਣੀ ਆਪ ਸੁਣਾਇੰਦਾ । ਨਾਤਾ ਤੁਟਣਾ ਜ਼ਾਤਾ ਪਾਤਾ, ਇਕੋ ਬ੍ਰਹਮ ਸਰਬ ਸਮਝਾਇੰਦਾ । ਇਕੋ ਤੀਰਥ ਇਕੋ ਤਾਟਾ, ਸਰ ਸਰੋਵਰ ਇਕ ਨੁਹਾਇੰਦਾ । ਇਕੋ ਅੰਮ੍ਰਿਤ ਇਕੋ ਬਾਟਾ, ਦੂਜਾ ਪਿਆਲਾ ਨਾ ਕੋਇ ਬਣਾਇੰਦਾ । ਇਕੋ ਵਣਜ ਇਕੋ ਹਾਟਾ, ਵਸਤ ਹਰਿ ਜੂ ਇਕ ਵਰਤਾਇੰਦਾ । ਇਕ ਕਿਨਾਰਾ ਇਕੋ ਤਾਟਾ, ਇਕੋ ਘਾਟ ਪਾਰ ਵਖਾਇੰਦਾ । ਇਕੋ ਨੂਰ ਇਕੋ ਲਾਟਾ, ਇਕੋ ਜੋਤ ਡਗਮਗਾਇੰਦਾ । ਇਕੋ ਪਿਤਾ ਇਕੋ ਮਾਤਾ, ਪਿਤਾ ਪੂਤ ਇਕ ਉਪਾਇੰਦਾ । ਇਕੋ ਦੀਨ ਇਕੋ ਦਾਤਾ, ਦੇਵਣਹਾਰ ਇਕ ਹੋ ਜਾਇੰਦਾ । ਇਕੋ ਸਾਹਿਬ ਕਮਲਾਪਾਤਾ, ਜੁਗ ਜੁਗ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਗਾਇੰਦਾ । ਜਨ ਭਗਤਾਂ ਹਰਿ ਜਗਾਏ, ਜੁਗ ਜੁਗ ਅਵਲੜੀ ਕਾਰ । ਕਲਜੁਗ ਅੰਤਮ ਵੇਖ ਵਖਾਏ, ਨਿਰਗੁਣ ਨਿਰਗੁਣ ਲਏ ਅਵਤਾਰ । ਜੁਗ ਚੌਕੜੀ ਵਿਛੜੇ ਲਏ ਮਿਲਾਏ, ਪੂਰਬ ਲਹਿਣਾ ਕਰਮ ਵਿਚਾਰ । ਆਪਣਾ ਪਰਦਾ ਦਏ ਚੁਕਾਏ, ਦੇਵੇ ਦਰਸ ਅਗੰਮ ਅਪਾਰ । ਗੋਬਿੰਦ ਬੇੜਾ ਲਏ ਤਰਾਏ, ਨਾ ਕੋਈ ਡੋਬੇ ਵਿਚ ਮੰਝਧਾਰ । ਆਪਣੇ ਕੰਧੇ ਲਏ ਉਠਾਏ, ਗੁਰਮੁਖ ਚਲੇ ਹੌਲੇ ਭਾਰ । ਸਾਚਾ ਮਾਰਗ ਆਪ ਜਣਾਏ, ਦਰਗਹਿ ਸਾਚੀ ਧਾਮ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਕਰੇ ਵਿਚ ਸੰਸਾਰ । ਸੇਵਾ ਕਰੇ ਠਾਕਰ ਸਵਾਮੀ, ਹਰਿਜਨ ਠੋਕਰ ਨਾਮ ਲਗਾਇੰਦਾ । ਘਟ ਘਟ ਹਰਿ ਜੂ ਅੰਤਰਜਾਮੀ, ਘਰ ਘਰ ਵੇਖ ਵਖਾਇੰਦਾ । ਰਾਤੀਂ ਸੁਤਿਆਂ ਸੁਣਾਏ ਆਪਣੀ ਬਾਣੀ, ਛੱਤੀ ਰਾਗ ਭੇਵ ਨਾ ਆਇੰਦਾ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਅਠਸਠ ਤੀਰਥ ਨਾ ਕੋਈ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਗਾਇੰਦਾ । ਭਗਤ ਸੁਹੇਲਾ ਉਠਿਆ, ਉਠਿਆ ਵਿਚ ਸੰਸਾਰ । ਸਾਹਿਬ ਸਤਿਗੁਰ ਪੂਰਾ ਤੁਠਿਆ, ਦੇਵੇ ਦਰਸ ਦੀਦਾਰ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੋ ਰਿਹਾ ਲੁਕਿਆ, ਨਿਰਗੁਣ ਰੂਪ ਨਿਰੰਕਾਰ । ਕਲਜੁਗ ਅੰਤਮ ਸ਼ੇਰ ਹੋ ਕੇ ਬੁੱਕਿਆ, ਲੋਆਂ ਪੁਰੀਆਂ ਕਰੇ ਖ਼ਬਰਦਾਰ । ਕਲਜੁਗ ਬੂਟਾ ਜਾਣਾ ਪੁੱਟਿਆ, ਅੰਤ ਰਹੇ ਨਾ ਵਿਚ ਸੰਸਾਰ । ਸ਼ਾਹ ਸੁਲਤਾਨਾਂ ਫੜ

ਫੜ ਕੁੱਟਿਆ, ਮਾਰੇ ਸ਼ਬਦੀ ਮਾਰ । ਦਿਨ ਦਿਹਾੜੇ ਜਾਏ ਲੁੱਟਿਆ, ਨਾ ਦਿਸੇ ਕੋਈ ਸਹਾਰ । ਗੁਰਮੁਖ ਵਿਰਲਾ ਗੋਦ ਚੁਕਿਆ, ਜਿਸ ਜਨ ਕਰੇ ਪਿਆਰ । ਉਠ ਗੁਰਮੁਖ ਸਾਜਣ ਸੁਤਿਆ, ਤੇਰੀ ਸਤਿਗੁਰ ਪਾਏ ਸਾਰ । ਸੋਹੇ ਬਸੰਤ ਸਾਚੀ ਰੁੱਤਿਆ, ਖਿੜੇ ਇਕ ਗੁਲਜ਼ਾਰ । ਫਲ ਲੱਗੇ ਡਾਲੀ ਪੱਤਿਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਪਿਆਰ । ਭਗਤ ਉਧਾਰੀ ਉਠਿਆ, ਇਕ ਇਕੱਲਾ ਏਕੰਕਾਰ । ਰਾਤੀਂ ਸੁਤਿਆਂ ਆਪ ਜਗਾ ਲਿਆ, ਦੇ ਦੇ ਦਰਸ ਦੀਦਾਰ । ਜੁਗ ਜੁਗ ਦੇ ਰੁਸਿਆਂ ਆਪ ਮਨਾ ਲਿਆ, ਕਰ ਕਿਰਪਾ ਅਪਰ ਅਪਾਰ । ਬਿਨ ਪੁਛਿਆਂ ਘਰ ਬਹਾ ਲਿਆ, ਪੂਰਬ ਜਨਮ ਦਾ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਹਰਿ ਕਰਤਾਰ ਖੇਲ ਕਰ, ਖ਼ਾਲਕ ਦਏ ਵਖਾਈਆ । ਜਨ ਭਗਤਾਂ ਚੁਕਾਏ ਦੂਜਾ ਡਰ, ਭੌ ਅਵਰ ਨਾ ਕੋਈ ਰਖਾਈਆ । ਇਕ ਨੁਹਾਏ ਸਾਚੇ ਸਰ, ਦੁਰਮਤ ਮੈਲ ਧੁਵਾਈਆ । ਕਿਲਾ ਤੋੜ ਹੰਕਾਰੀ ਗੜ੍ਹ, ਨਿਵਣ ਸੁ ਅੱਖਰ ਦਏ ਸਮਝਾਈਆ । ਸੋਹੰ ਅੱਖਰ ਜਾਣਾ ਪੜ੍ਹ, ਆਤਮ ਪਰਮਾਤਮ ਲਏ ਮਿਲਾਈਆ । ਆਪਣੇ ਮੰਦਰ ਜਾਣਾ ਚੜ੍ਹ, ਘਰ ਘਰ ਵਿਚ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਸੇਵਕ ਸੇਵ ਕਮਾਈਆ । ਸੇਵਕ ਬਣਿਆ ਸ਼ਾਹ ਸੁਲਤਾਨ, ਸਾਚੀ ਸੇਵ ਮਾਤ ਕਮਾਈਆ । ਸਾਚੇ ਭਗਤ ਕਰ ਪਰਵਾਨ, ਅੰਗ ਅੰਗ ਨਾਲ ਮਿਲਾਈਆ । ਸਤਿ ਸਤਿਵਾਦੀ ਸਚ ਨਿਸ਼ਾਨ, ਦੋ ਜਹਾਨਾਂ ਦਏ ਝੁਲਾਈਆ । ਸਾਤਾ ਦੂਆ ਖੇਲ ਮਹਾਨ, ਬਹੱਤਰ ਏਕਾ ਰੰਗ ਵਖਾਈਆ । ਤ੍ਰੈ ਤ੍ਰੈ ਲੋਕ ਹੋਣ ਹੈਰਾਨ, ਹਰਿ ਜੂ ਕਵਣ ਰੂਪ ਵਟਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਧਿਆਨ, ਚਾਰੇ ਕੁੰਟਾਂ ਨੈਣ ਉਠਾਈਆ ।

ਸੁਰਪਤ ਇੰਦ ਤੁਟਾ ਮਾਣ, ਨੇਤਰ ਨੈਣਾਂ ਨੀਰ ਵਹਾਈਆ । ਕਰੋੜ ਤਤੀਸਾ ਸਰਬ ਪਛਤਾਨ, ਵੇਲਾ ਗਿਆ ਹੱਥ ਨਾ ਆਈਆ । ਕਲਜੁਗ ਪਰਗਟ ਹੋਇਆ ਸ੍ਰੀ ਭਗਵਾਨ, ਨਿਰਗੁਣ ਆਪਣਾ ਨਾਉਂ ਰਖਾਈਆ । ਜਨ ਭਗਤਾਂ ਦੇਵੇ ਮਾਣ, ਸਾਡਾ ਮਾਣ ਰਿਹਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਖੇਲ ਕਰਾ, ਆਪਣਾ ਰੰਗ ਜਣਾਇੰਦਾ । ਭਗਤ ਦੁਆਰਾ ਮਾਤ ਪਰਗਟਾ, ਪ੍ਰਗਟ ਆਪਣਾ ਆਪ ਸਮਝਾਇੰਦਾ । ਸਚਖੰਡ ਦੁਆਰਾ ਦਏ ਬਣਾ, ਸਚਖੰਡ ਵਾਸੀ ਆਸਣ ਲਾਇੰਦਾ । ਗੁਰ ਅਵਤਾਰ ਦਰ ਲਏ ਬੁਲਾ, ਹੁਕਮੀ ਹੁਕਮ ਆਪ ਜਣਾਇੰਦਾ । ਭਗਤ ਭਗਵੰਤ ਰਾਹ ਦਏ ਵਖਾ, ਬਣ ਰਹਿਬਰ ਖੇਲ ਕਰਾਇੰਦਾ । ਸਚ ਵਿਹਾਰਾ ਕਰਤਾ ਕਾਦਰ ਦਏ ਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰ ਆਪ ਕਰਾਇੰਦਾ । ਸਚ ਵਿਹਾਰਾ ਕਰਤਾ ਕਾਦਰ ਕਰਤਾਰ, ਭੇਵ ਅਭੇਦ ਜਣਾਈਆ । ਛੱਬੀ ਪੋਹ ਦਿਵਸ ਵਿਚਾਰ, ਲੋਕਮਾਤ ਦਏ ਵਡਿਆਈਆ । ਸਾਚੇ ਤਖ਼ਤ ਬਹਿ ਸੱਚੀ ਸਰਕਾਰ, ਸਚ ਸਿੰਘਾਸਣ ਆਸਣ ਲਾਈਆ । ਚਾਰ ਜੁਗ ਦਾ ਲੇਖਾ ਦਏ ਨਿਵਾਰ, ਬਾਕੀ ਕੋਈ ਰਹਿਣ ਨਾ ਪਾਈਆ । ਗੁਰ ਅਵਤਾਰ ਕਰਨ ਵਿਚਾਰ, ਵਿਚਾਰ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਨਾਮ ਵਜਾਈਆ । ਏਕਾ ਡੰਕਾ ਜਾਏ ਵੱਜ, ਵਜਾਵਣਹਾਰ ਆਪ ਨਿਰੰਕਾਰਾ । ਕੂੜੀ ਕਿਰਿਆ ਕਲਜੁਗ ਜਾਏ ਤੱਜ, ਜੂਠਾ ਝੂਠਾ ਉਡੇ ਅੰਧ ਅੰਧਿਆਰਾ । ਸਤਿਜੁਗ ਸਾਚੀ ਸੇਜਾ ਚੜ੍ਹੇ ਭੱਜ, ਧਰਤ ਮਾਤ ਕਰੇ ਪਿਆਰਾ । ਜਨ ਭਗਤਾਂ ਪਰਦਾ ਦੇਵੇ ਕੱਜ, ਬਖ਼ਸ਼ੇ ਚਰਨ ਸਹਾਰਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕਰੇ ਕਰਾਏ ਸਾਚੀ ਕਾਰਾ । ਸਾਚੀ ਕਾਰ ਹਰਿ ਗੋਬਿੰਦ, ਆਪਣੀ ਆਪ ਕਰਾਈਆ । ਜਨ ਭਗਤਾਂ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਦਏ ਗਵਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਵਡੀ ਵਡਿਆਈਆ । ਅੰਮ੍ਰਿਤ ਆਤਮ ਦੇਵੇ ਸਿੰਧ, ਸਾਗਰ ਆਪਣਾ ਰੂਪ ਵਟਾਈਆ । ਹਰਿਜਨ ਬਣਾਏ ਅਨਾਦੀ ਬਿੰਦ, ਪਿਤਾ ਪੂਤ ਲਏ ਮਿਲਾਈਆ । ਤਖ਼ਤੋਂ ਲਾਹੇ ਸੁਰਪਤ ਰਾਜਾ ਇੰਦ, ਗੁਰਮੁਖ ਦਏ ਵਡਿਆਈਆ । ਸ਼ੰਕਰ ਛੱਡੇ ਆਪਣਾ ਪਿੰਡ, ਪਿੰਡੀ ਫੇਰ ਨਾ ਕੋਈ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਆਪ ਸਹਾਈਆ । ਸ਼ਿਵ ਸ਼ੰਕਰ ਹੋਏ ਉਦਾਸ, ਉਦਾਸੀ ਕੋਇ ਨਾ ਮਾਤ ਮਿਟਾਇੰਦਾ । ਸਾਚੀ ਵਸਤ ਨਾ ਕੋਈ ਪਾਸ, ਖ਼ਾਲੀ ਹੱਥ ਸਰਬ ਫਿਰਾਇੰਦਾ । ਜੋ ਉਪਜੇ ਸੋ ਹੋਵੇ ਨਾਸ, ਥਿਰ ਕੋਇ ਰਹਿਣ ਨਾ ਪਾਇੰਦਾ । ਸਾਚੇ ਭਗਤ ਕਰ ਪਰਕਾਸ਼, ਹਰਿ ਜੂ ਮਾਣ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੰਕਰ ਤੇਰਾ ਪੰਧ ਮੁਕਾਇੰਦਾ । ਬ੍ਰਹਮਾ ਵੇਤਾ ਕਰ ਵਿਚਾਰ, ਆਪ ਆਪਣਾ ਰਿਹਾ ਭੁਲਾਈਆ । ਮੇਰੇ ਮਨਵੰਤਰ ਗਏ ਹਾਰ, ਮਹਿਮਾ ਕੋਈ ਰਹਿਣ ਨਾ ਪਾਈਆ । ਨਵ ਨੌਂ ਬੀਤੇ ਜੁਗ ਚਾਰ, ਆਪਣਾ ਪੰਧ ਮੁਕਾਈਆ । ਅੰਤਮ ਲਹਿਣਾ ਮੰਗੇ ਨਿਰੰਕਾਰ, ਭੁੱਲ ਕਦੇ ਨਾ ਜਾਈਆ । ਪੁਰੀ ਬ੍ਰਹਮ ਨਾ ਰਹੇ ਪਸਾਰ, ਪਾਰਬ੍ਰਹਮ ਕਰੇ ਸਫ਼ਾਈਆ । ਗੁਰਮੁਖ ਸਾਚੇ ਲਏ ਉਭਾਰ, ਲੋਕਮਾਤ ਦਏ ਵਡਿਆਈਆ । ਸਤਿਜੁਗ ਸਾਚੀ ਚਲੇ ਕਾਰ, ਕਰਨੀ ਕਰਤਾ ਆਪ ਕਮਾਈਆ । ਗੁਰਮੁਖ ਸੱਜਣ ਲਏ ਭਾਲ, ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਚਰਨ ਕਵਲ ਜਨ ਸਾਚੀ ਓਟ , ਪ੍ਰਭ ਸ਼ਰਨ ਸੱਚੀ ਸ਼ਰਨਾਈਆ । ਆਲ੍ਹਣਿਉਂ ਡਿੱਗੇ ਚੁੱਕ ਬੋਟ, ਆਪ ਆਪਣੀ ਗੋਦ ਬਹਾਈਆ । ਝੂਠੀ ਵਾਸ਼ਨਾ ਕੱਢੇ ਖੋਟ, ਕਾਮ ਕਰੋਧ ਲੋਭ ਮੋਹ ਹੰਕਾਰ ਦਏ ਗਵਾਈਆ । ਨਾਮ ਭੰਡਾਰਾ ਦਏ ਅਤੋਟ, ਨਿਖੁਟ ਕਦੇ ਨਾ ਜਾਈਆ । ਪੰਜ ਤੱਤ ਕਾਇਆ ਵੇਖੇ ਕਿਲਾ ਕੋਟ, ਨੌਂ ਦੁਵਾਰੇ ਖੋਜ ਖੁਜਾਈਆ । ਗ੍ਰਿਹਿ ਮੰਦਰ ਜਗਾਏ ਨਿਰਮਲ ਜੋਤ, ਘਰ ਘਰ ਵਿਚ ਕਰੇ ਰੁਸ਼ਨਾਈਆ । ਰਾਤੀਂ ਸੁਤਿਆਂ ਖੋਲ੍ਹ ਸੋਤ, ਸਵੱਛ ਸਰੂਪੀ ਦਰਸ ਦਿਖਾਈਆ । ਹਰਿ ਕਾ ਸ਼ਬਦ ਵਰਨ ਗੋਤ, ਜ਼ਾਤ ਪਾਤ ਜੋਤ ਰੁਸ਼ਨਾਈਆ । ਤਨ ਨਗਾਰੇ ਲੱਗੇ ਚੋਟ, ਅਨਹਦ ਸ਼ਬਦ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਖ਼ਸ਼ੇ ਸਚ ਸ਼ਰਨਾਈਆ । ਹਰਿ ਸ਼ਰਨਾਈ ਚਰਨ ਧੂੜ, ਧੂੜੀ ਮਸਤਕ ਲਾਇਆ । ਕਾਇਆ ਚੋਲੀ ਰੰਗ ਚੜ੍ਹੇ ਗੂੜ੍ਹ, ਉਤਰ ਕਦੇ ਨਾ ਜਾਇਆ । ਚਤੁਰ ਸੁਘੜ ਬਣਾਏ ਮੂਰਖ ਮੂੜ, ਜਿਸ ਜਨ ਆਪਣਾ ਨਾਮ ਜਪਾਇਆ । ਘਰ ਉਪਜੇ ਸ਼ਬਦ ਅਨਾਦੀ ਤੂਰ, ਪੰਚਮ ਰਾਗ ਨਾਦ ਸੁਣਾਇਆ । ਸਤਿਗੁਰ ਸੱਚਾ ਹਾਜ਼ਰ ਹਜ਼ੂਰ, ਗੁਰ ਗੋਬਿੰਦ ਮੇਲ ਮਿਲਾਇਆ । ਫੜ ਫੜ ਤਾਰੇ ਸਾਰਾ ਪੂਰ, ਬੇੜਾ ਲੋਕਮਾਤ ਚਲਾਇਆ । ਦਾਤਾ ਦਾਨੀ ਜੋਧਾ ਸੂਰ, ਬੀਰ ਬੀਰਤਾ ਆਪਣੇ ਹੱਥ ਰਖਾਇਆ । ਸਰਬ ਕਲਾ ਭਰਪੂਰ, ਭੰਡਾਰਾ ਭਰਪੂਰ ਦਏ ਵਿਖਾਇਆ । ਨਾਤਾ ਤੋੜ ਕੂੜੋ ਕੂੜ, ਸਚ ਸੁੱਚ ਜੋੜ ਦਏ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਖ਼ਸ਼ੇ ਇਕ ਸ਼ਰਨਾਇਆ । ਹਰਿ ਸ਼ਰਨਾਈ ਹੋਏ ਗਤ, ਗਤ ਮਿਤ ਆਪ ਜਣਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਤੱਤੀ ਵਾ ਨਾ ਲਾਗੇ ਰਾਈਆ । ਸਤਿ ਸੰਤੋਖ ਦੇਵੇ ਧੀਰਜ ਜਤ, ਮਨ ਮਤ ਬੁਧ ਦਏ ਗਵਾਈਆ । ਘਰ ਉਪਜਾਏ ਬ੍ਰਹਮ

ਮਤ, ਪਾਰਬ੍ਰਹਮ ਕਰੇ ਪੜ੍ਹਾਈਆ । ਮੇਲ ਮਿਲਾਵਾ ਕਮਲਾਪਤ, ਕਵਲ ਨੈਣ ਦਰਸ ਦਿਖਾਈਆ । ਪੰਚਮ ਵਿਕਾਰਾ ਲਹੇ ਸੱਥ, ਸੱਥਰ ਏਕਾ ਦਏ ਵਿਛਾਈਆ । ਨਜ਼ਰੀ ਆਏ ਘਟ ਘਟ, ਘਟ ਘਟ ਰਵਿਆ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਚ ਸ਼ਰਨਾਈਆ । ਸਚ ਸ਼ਰਨਾਈ ਸਤਿਗੁਰ ਚਰਨ, ਇਕੋ ਇਕ ਜਣਾਇੰਦਾ । ਮਿਲੇ ਵਡਿਆਈ ਉਪਰ ਧਵਲ, ਹੌਲਾ ਭਾਰ ਕਰਾਇੰਦਾ । ਉਲਟਾ ਕਰੇ ਨਾਭ ਕਵਲ, ਫੜ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸ਼ਰਨਾਈ ਇਕ ਵਖਾਇੰਦਾ ।

ਹਰਿ ਫ਼ਰਮਾਣ ਗੁਰ ਕੀ ਬਾਣੀ, ਗੁਰੂ ਗ੍ਰੰਥ ਗੁਰ ਵਡਿਆਈਆ । ਗੋਬਿੰਦ ਹੋਇਆ ਜਾਣ ਜਾਣੀ, ਸਭ ਨੂੰ ਗਿਆ ਸਮਝਾਈਆ । ਜਿਸ ਜਨ ਪਾਉਣਾ ਪਦ ਨਿਰਬਾਣੀ, ਪੜ੍ਹ ਪੜ੍ਹ ਹਰਿ ਲਿਵ ਲਾਈਆ । ਜੋ ਜਨ ਪੜ੍ਹ ਪੜ੍ਹ ਜਾਣੇ ਜਗਤ ਕਹਾਣੀ, ਤਿਸ ਠੌਰ ਕੋਇ ਨਾ ਪਾਈਆ । ਹਰਿ ਕਾ ਨਾਉਂ ਅੰਮ੍ਰਿਤ ਬਾਣੀ, ਗੁਰ ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂ ਗ੍ਰੰਥ ਰਿਹਾ ਸਮਝਾਈਆ । ਗੁਰੂ ਗ੍ਰੰਥ ਹਰਿ ਕਾ ਉਪਦੇਸ਼, ਨਾਨਕ ਅੰਗਦ ਅੰਗ ਲਗਾਇਆ । ਸਾਹਿਬ ਦਾਤਾ ਨਰ ਨਰੇਸ਼, ਅਮਰਦਾਸ ਰਿਹਾ ਸਮਝਾਇਆ । ਰਾਮਦਾਸ ਕਹੇ ਹਰਿ ਰਹੇ ਹਮੇਸ਼, ਨਾ ਮਰੇ ਨਾ ਜਾਇਆ । ਗੁਰ ਅਰਜਨ ਕਰੇ ਆਦੇਸ਼, ਨਿਉਂ ਨਿਉਂ ਸੀਸ ਝੁਕਾਇਆ । ਧੰਨ ਸਾਹਿਬ ਜਿਸ ਤੂੰ ਵਸਿਆ ਦੇਸ਼, ਧੰਨ ਧੰਨ ਤੇਰੀ ਵਡਿਆਇਆ । ਜੁਗ ਜੁਗ ਤੇਰਾ ਲਿਖ ਲਿਖ ਥੱਕੇ ਲੇਖ, ਅੰਤ ਕਿਸੇ ਨਾ ਪਾਇਆ । ਗੋਬਿੰਦ ਲਾ ਕੇ ਗਿਆ ਮੇਖ, ਨਾ ਕੋਈ ਸਕੇ ਉਖੜਾਇਆ । ਹਰਿ ਜੂ ਅੰਤਮ ਆਵੇ ਸੰਬਲ ਦੇਸ਼, ਨਿਹਕਲੰਕਾ ਨਾਉਂ ਰਖਾਇਆ । ਦੋ ਜਹਾਨਾਂ ਲਏ ਵੇਖ, ਆਪਣਾ ਭੇਵ ਨਾ ਕਿਸੇ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਗੁਰੂ ਗ੍ਰੰਥ ਬੋਧ ਅਗਾਧ ਗਿਆਨ, ਜੀਵਾਂ ਜੰਤਾਂ ਕਰੇ ਪੜ੍ਹਾਈਆ । ਸਿਫ਼ਤੀ ਸਿਫ਼ਤ ਸਾਲਾਹਨ, ਪਾਰਬ੍ਰਹਮ ਸਚ ਸ਼ਰਨਾਈਆ । ਭਗਤ ਭਗਵੰਤ ਗੁਰਮੁਖ ਗੁਰਸਿਖ ਇਕੋ ਗਾਇਣ, ਗਾ ਗਾ ਖੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂ ਗ੍ਰੰਥ ਗੁਰ ਮੀਤ ਦਏ ਵਡਿਆਈਆ । ਗੁਰੂ ਗ੍ਰੰਥ ਗੁਰ ਸੂਰਾ, ਚਾਰ ਵਰਨ ਜਣਾਇਆ । ਜਿਸ ਧਾਮ ਪ੍ਰਗਟ ਹੋਏ ਹਾਜ਼ਰ ਹਜ਼ੂਰਾ, ਆਪਣਾ ਰੰਗ ਦਏ ਵਖਾਇਆ । ਕਰ ਕਿਰਪਾ ਨੇੜੇ ਆਏ ਜੋ ਦਿਸੇ ਦੂਰਾ, ਦੂਰ ਦੁਰਾਡਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਨਾਲ ਮਿਲਾਇਆ । ਗੁਰਸਿਖ ਪਿਆਰ ਹਰਿ ਪ੍ਰਸ਼ਾਦਿ, ਗੁਰ ਕਿਰਪਾ ਆਪ ਵਰਤਾਈਆ । ਮਾਨਸ ਜਨਮ ਮਿਲੀ ਦਾਦ, ਦਾਤਾ ਦਾਨੀ ਆਪ ਦਵਾਈਆ । ਭਗਤ ਭਗਵਾਨ ਸੱਚੀ ਯਾਦ, ਜੁਗਾ ਜੁਗੰਤਰ ਭੁੱਲ ਨਾ ਜਾਈਆ । ਆਦਿ ਅੰਤ ਸੁਣੇ ਫ਼ਰਿਯਾਦ, ਵੇਸ ਅਨੇਕ ਰੂਪ ਵਟਾਈਆ । ਲੱਖ ਚੁਰਾਸੀ ਵਿਚੋਂ ਕਾਢ, ਆਪ ਆਪਣਾ ਬੰਧਨ ਪਾਈਆ । ਬਹੱਤਰ ਨਾੜ ਵੇਖੇ ਤਿੰਨ ਸੌ ਸੱਠ ਹਾਡ, ਰਕਤ ਬੂੰਦ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪ੍ਰਸਾਦਿ ਆਪ ਬਣਾਈਆ । ਸਤਿ ਪ੍ਰਸਾਦਿ ਹੋਏ ਸੀਤ, ਸੀਤਲ ਧਾਰ ਰਖਾਇੰਦਾ । ਹਰਿਜਨ ਹਰਿ ਜੂ ਸਚ ਪ੍ਰੀਤ, ਪ੍ਰੀਤੀਵਾਨ ਆਪ ਨਿਭਾਇੰਦਾ । ਧਾਮ ਵਖਾਏ ਇਕ ਅਨਡੀਠ, ਅਨਡਿਠੀ ਰੀਤ ਚਲਾਇੰਦਾ । ਸੋਹੰ ਸ਼ਬਦ ਸੁਹਾਗੀ ਗੀਤ, ਆਤਮ ਪਰਮਾਤਮ

ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪ੍ਰਸਾਦਿ ਆਪ ਵਰਤਾਇੰਦਾ । ਸਤਿ ਪ੍ਰਸਾਦਿ ਸਤਿ ਲੱਗੇ ਭੋਗ, ਹਰਿ ਸਾਚਾ ਆਪ ਲਗਾਇੰਦਾ । ਹਰਿਜਨ ਮੇਲਾ ਧੁਰ ਸੰਜੋਗ, ਹਰਿ ਸੰਜੋਗੀ ਆਪ ਕਰਾਇੰਦਾ । ਜਨਮ ਜਨਮ ਦਾ ਕੱਟੇ ਰੋਗ, ਕਰਮ ਕਰਮ ਦੁੱਖ ਮਿਟਾਇੰਦਾ । ਦੇਵੇ ਦਰਸ ਦਰ ਅਮੋਘ, ਰੂਪ ਅਨੂਪ ਆਪ ਵਖਾਇੰਦਾ । ਇਕ ਸੁਣਾਏ ਸਚ ਸਲੋਕ, ਸਾਚਾ ਸੋਹਲਾ ਆਪੇ ਗਾਇੰਦਾ । ਅੰਤਮ ਚਰਨਾਂ ਹੇਠ ਦੱਬੇ ਮੁਕਤ ਮੋਖ, ਆਪ ਆਪਣੀ ਗੋਦ ਬਹਾਇੰਦਾ । ਮੇਲ ਮਿਲਾਏ ਨਿਰਮਲ ਜੋਤ, ਜੋਤੀ ਜੋਤ ਵਿਚ ਸਮਾਇੰਦਾ । ਸਚਖੰਡ ਬਹਾਏ ਸਾਚੇ ਕੋਟ, ਏਕਾ ਮੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਤ ਪ੍ਰਸਾਦਿ ਜਿਸ ਖੁਵਾਇੰਦਾ । ਸੀਤ ਪ੍ਰਸਾਦਿ ਲਾਉਣਾ ਰਸਨਾ, ਰਸਕ ਰਸ ਵਖਾਈਆ । ਹਿਰਦੇ ਅੰਦਰ ਹਰਿ ਜੂ ਵਸਣਾ, ਵਸ ਵਸ ਆਪਣਾ ਭੇਵ ਖੁਲ੍ਹਾਈਆ । ਸਾਚਾ ਮਾਰਗ ਇਕੋ ਦੱਸਣਾ, ਗੁਰ ਗੋਬਿੰਦ ਲਏ ਮਿਲਾਈਆ । ਚਰਨ ਦੁਵਾਰ ਬਹਿ ਬਹਿ ਹੱਸਣਾ, ਏਕਾ ਖ਼ੁਸ਼ੀ ਵਖਾਈਆ । ਕਲਜੁਗ ਵਿਕਾਰ ਕੋਲੋਂ ਨੱਸਣਾ, ਨੱਸ ਨੱਸ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪ੍ਰਸਾਦਿ ਦਏ ਖੁਵਾਈਆ । ਸਤਿ ਪ੍ਰਸਾਦਿ ਰਸਨਾ ਖਾਣਾ, ਜਿਹਵਾ ਗੁਣ ਜਣਾਇੰਦਾ । ਏਥੇ ਓਥੇ ਮਿਲੇ ਮਾਣਾ, ਨਿਮਾਣਿਆਂ ਰਾਹ ਚਲਾਇੰਦਾ । ਹਰਿ ਭਗਤ ਹਰਿ ਆਪ ਪਹਿਚਾਣਾ, ਪਹਿਚਾਣ ਵਿਚ ਕਿਸੇ ਨਾ ਆਇੰਦਾ । ਗੁਰਮੁਖਾਂ ਹਰਿ ਜੂ ਗਾ ਗਾ ਗਾ ਗਾਣਾ, ਆਪਣਾ ਵਕਤ ਲੰਘਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪ੍ਰਸਾਦਿ ਦੇਵੇ ਵੰਡ, ਅੰਤਮ ਆਤਮ ਪਾਏ ਠੰਡ, ਅਗਨੀ ਤੱਤ ਤੱਤ ਸਮਝਾਇੰਦਾ । ਅਗਨੀ ਤੱਤ ਜਾਏ ਬੁੱਝ, ਸਤਿਗੁਰ ਪੂਰਾ ਦਇਆ ਕਮਾਈਆ । ਹਰਿਜਨ ਭੇਵ ਖੁਲ੍ਹਾਏ ਗੁੱਝ, ਦੂਈ ਦਵੈਤੀ ਪਰਦਾ ਲਾਹੀਆ । ਸੁਰਤ ਸ਼ਬਦ ਇਕੋ ਥਾਂ ਜਾਏ ਰੁੱਝ, ਘਰ ਘਰ ਵਿਚ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਚ ਪ੍ਰਸਾਦਿ ਵਰਤਾਈਆ । ਨਿਰਗੁਣ ਰੂਪ ਨਿਰਾਕਾਰ, ਆਦਿ ਪੁਰਖ ਵਡਿਆਈਆ । ਸਚ ਮਹੱਲਾ ਕਰ ਤਿਆਰ, ਉਚ ਅਟੱਲਾ ਆਪ ਸੁਹਾਈਆ । ਪੁਰਖ ਅਕਾਲ ਭੇਵ ਨਿਆਰ, ਅਜੂਨੀ ਰਹਿਤ ਬੇਪਰਵਾਹੀਆ ਖੇਲੇ ਖੇਲ ਅਗੰਮ ਅਪਾਰ, ਅਗੰਮ ਅਗੰਮੜੀ ਕਾਰ ਕਮਾਈਆ । ਸਤਿ ਸਤਿਵਾਦੀ ਹੋ ਤਿਆਰ, ਦਰ ਘਰ ਸਾਚਾ ਇਕ ਸੁਹਾਈਆ । ਚਾਰ ਕੁੰਟ ਨਾ ਕੋਈ ਦੀਵਾਰ, ਦੀਵਾ ਬੱਤੀ ਨਾ ਕੋਈ ਰੁਸ਼ਨਾਈਆ । ਨਾਦ ਧੁੰਨ ਨਾ ਕੋਈ ਜੈਕਾਰ, ਰਾਗੀ ਰਾਗ ਨਾ ਕੋਈ ਸੁਣਾਈਆ । ਮੰਡਲ ਮੰਡਪ ਨਾ ਕੋਈ ਸਹਾਰ, ਰਵ ਸਸ ਨਾ ਕੋਈ ਚਮਕਾਈਆ । ਬ੍ਰਹਿਮੰਡ ਖੰਡ ਨਾ ਕੋਈ ਅਖਾੜ, ਰੂਪ ਰੰਗ ਨਾ ਕੋਈ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾ ਕੋਈ ਪਿਆਰ, ਤ੍ਰੈ ਮੁਖ ਨਾ ਕੋਈ ਵਖਾਈਆ । ਪੰਜ ਤੱਤ ਨਾ ਕੋਈ ਪਸਾਰ, ਜਲ ਥਲ ਮਹੀਅਲ ਨਾ ਕੋਇ ਵਡਿਆਈਆ । ਜੰਗਲ ਜੂਹ ਨਾ ਕੋਇ ਉਜਾੜ ਪਹਾੜ, ਸਮੁੰਦ ਸਾਗਰ ਨਾ ਕੋਇ ਪਰਗਟਾਈਆ । ਗੁਰ ਪੀਰ ਨਾ ਕੋਈ ਅਵਤਾਰ, ਸਾਧ ਸੰਤ ਨਾ ਕੋਈ ਰਖਾਈਆ । ਖਾਣੀ ਬਾਣੀ ਨਾ ਕੋਈ ਵਿਹਾਰ, ਅਵਣ ਗਵਣ ਨਾ ਕੋਇ ਫਿਰਾਈਆ । ਰਾਜਾ ਰਾਣੀ ਨਾ ਕੋਈ ਦੁਵਾਰ, ਰਈਅਤ ਰੂਪ ਨਾ ਕੋਈ ਵਟਾਈਆ । ਹੁਕਮੀ ਹੁਕਮ ਨਾ ਕੋਈ ਹੁਕਮਰਾਨ, ਸ਼ਾਹ ਪਾਤਸ਼ਾਹ ਨਾ ਕੋਈ ਅਖਵਾਈਆ । ਸੂਰਜ ਚੰਦ ਨਾ ਜ਼ਿਮੀ ਅਸਮਾਨ, ਧਰਤ ਧਵਲ ਨਾ ਕੋਈ ਬਣਾਈਆ । ਇਕ ਇਕੱਲਾ ਸ੍ਰੀ ਭਗਵਾਨ, ਸਚਖੰਡ ਸਾਚੇ ਸੋਭਾ ਪਾਈਆ । ਸਾਚਾ ਤਖ਼ਤ ਇਕ ਮਹਾਨ, ਸਤਿ ਸਤਿਵਾਦੀ ਆਪ ਬਣਾਈਆ । ਪਾਵਾ ਚੂਲ

ਨਾ ਘੜੇ ਕੋਈ ਤਰਖਾਣ, ਬਣ ਬਾਢੀ ਸੇਵ ਕਮਾਈਆ । ਉਪਰ ਬੈਠ ਸ੍ਰੀ ਭਗਵਾਨ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਏ ਵਡਿਆਈਆ । ਸਚਖੰਡ ਸਚ ਦੁਆਰਪਾਲ, ਆਪ ਹੋ ਜਾਇੰਦਾ । ਸਚ ਸਿੰਘਾਸਣ ਹਰਿ ਕਰਤਾਰਾ, ਕਰਤਾ ਆਪ ਕਰਾਇੰਦਾ । ਮਹੱਲ ਅਟੱਲ ਉਚ ਮਨਾਰਾ, ਅਸਥਿਲ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਉਪਾਇੰਦਾ । ਸਚਖੰਡ ਦੁਆਰਾ ਕਿਲਾ ਕੋਟ, ਹਰਿ ਸਾਚੀ ਬਣਤ ਬਣਾਈਆ । ਨਿਰਮਲ ਜਗਾਏ ਇਕ ਜੋਤ, ਨੂਰ ਨੁਰਾਨਾ ਡਗਮਗਾਈਆ । ਦੂਸਰ ਰੱਖੇ ਨਾ ਕੋਈ ਓਟ, ਪਾਰਬ੍ਰਹਮ ਬੇਅੰਤ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਆਪ ਸੁਹਾਈਆ । ਸਚਖੰਡ ਦੁਆਰੇ ਸਾਚੀ ਧਾਰ, ਸੋ ਪੁਰਖ ਨਿਰੰਜਨ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰ, ਨਿਰਗੁਣ ਆਪਣਾ ਖੇਲ ਕਰਾਇੰਦਾ । ਏਕੰਕਾਰ ਕਰ ਪਸਾਰ, ਆਪ ਆਪਣਾ ਰੰਗ ਰੰਗਾਇੰਦਾ । ਆਦਿ ਨਿਰੰਜਣ ਨੂਰ ਉਜਿਆਰ, ਜੋਤੀ ਜੋਤ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਆਪ ਆਪਣਾ ਸੰਗ ਨਿਭਾਇੰਦਾ । ਸ੍ਰੀ ਭਗਵਾਨ ਵਸੇ ਠਾਂਡੇ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਪਾਰਬ੍ਰਹਮ ਪ੍ਰਭ ਹੋ ਤਿਆਰ, ਨਿਰਗੁਣ ਆਪਣਾ ਰੂਪ ਧਰਾਇੰਦਾ । ਸਚ ਸਿੰਘਾਸਣ ਅਪਰ ਅਪਾਰ, ਸਤਿ ਸਤਿਵਾਦੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਸੋਭਾਵੰਤ ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣਾ ਰੰਗ ਰੰਗਾਇੰਦਾ । ਸਚਖੰਡ ਹਰਿ ਸ਼ੈਲ ਛਬੀਲਾ, ਇਕ ਇਕੱਲਾ ਵਡ ਵਡਿਆਈਆ । ਕੋਈ ਰੰਗ ਨਾ ਜਾਣੇ ਕਾਲਾ ਪੀਲਾ, ਨੀਲਾ ਸੂਹਾ ਵੇਸ ਨਾ ਕੋਇ ਧਰਾਈਆ । ਆਪੇ ਪਰਗਟੇ ਆਪਣਾ ਕਰ ਕਰ ਹੀਲਾ, ਮਾਤ ਪਿਤ ਨਾ ਕੋਇ ਰਖਾਈਆ । ਨਾ ਕੋਇ ਬੰਸ ਨਾ ਕਬੀਲਾ, ਬੰਧਨ ਬੰਧਪ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸੱਚਾ ਮਾਹੀਆ । ਸਚਖੰਡ ਵਸੇ ਏਕੰਕਾਰ, ਅਕਲ ਕਲਾ ਅਖਵਾਇੰਦਾ । ਆਦਿ ਜੁਗਾਦੀ ਖੇਲ ਅਪਾਰ, ਭੇਵ ਕੋਇ ਨਾ ਪਾਇੰਦਾ । ਆਪਣੀ ਇਛਿਆ ਆਪੇ ਧਾਰ, ਆਪੇ ਵੇਖ ਵਖਾਇੰਦਾ । ਆਪਣਾ ਨਾਉਂ ਰੱਖ ਨਿਰੰਕਾਰ, ਨਰ ਨਿਰੰਕਾਰਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰਾ ਸਾਚਾ ਬੰਕ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਲੇਖਾ ਜਾਣੇ ਆਦਿ ਅੰਤ, ਮਧ ਆਪਣਾ ਵੇਸ ਵਟਾਈਆ । ਆਪੇ ਬਣ ਬਣ ਨਾਰੀ ਕੰਤ, ਸਾਚੀ ਸੇਜ ਆਪ ਸੁਹਾਈਆ । ਆਪੇ ਮਣੀਆਂ ਆਪੇ ਮੰਤ, ਗੀਤ ਗੋਬਿੰਦ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਦਏ ਵਡਿਆਈਆ । ਸਚਖੰਡ ਦੁਆਰਾ ਵੱਡਾ ਵਡ, ਹਰਿ ਜੂ ਆਪ ਉਪਾਇੰਦਾ । ਆਪ ਲਡਾਏ ਸਾਚਾ ਲਡ, ਆਪਣਾ ਖੇਲ ਆਪ ਕਰਾਇੰਦਾ । ਆਪ ਜਾਣੇ ਆਪਣੀ ਯੱਦ, ਆਪਣਾ ਬੰਸ ਆਪ ਰਖਾਇੰਦਾ । ਆਪੇ ਪੀਏ ਆਪਣੀ ਮਦਿ, ਆਪਣਾ ਰਸ ਆਪਣੇ ਵਿਚ ਟਪਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰੇ ਹਰਿ ਜੂ ਚੜ੍ਹਿਆ, ਸਚ ਸਿੰਘਾਸਣ ਸੋਭਾ ਪਾਈਆ । ਸਚ ਸੁਲਤਾਨ ਬਣ ਬਣ ਖੜ੍ਹਿਆ, ਸੋਭਾਵੰਤ ਵਡੀ ਵਡਿਆਈਆ । ਨਿਰਗੁਣ ਪੱਲੂ ਨਿਰਗੁਣ ਫੜਿਆ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਵਿਦਿਆ ਨਿਰਗੁਣ ਪੜ੍ਹਿਆ, ਏਕਾ ਏਕ ਕਰੇ ਪੜ੍ਹਾਈਆ । ਆਦਿ ਜੁਗਾਦਿ ਕਦੇ ਨਾ ਮਰਿਆ, ਜਨਮ

ਮਰਨ ਵਿਚ ਕਦੇ ਨਾ ਆਈਆ । ਅਗਨੀ ਹਵਨ ਕਦੇ ਨਾ ਸੜਿਆ, ਨਾ ਮਰੇ ਨਾ ਜਾਈਆ । ਨਿਰਭੌ ਕਦੇ ਨਾ ਡਰਿਆ, ਭੈ ਭਿਆਨਕ ਸਰਬ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਾੜਨ ਆਪੇ ਘੜਿਆ, ਘੜ ਘੜ ਆਪੇ ਵੇਖ ਵਖਾਈਆ । ਆਪਣਾ ਘਾੜਨ ਘੜੇ ਘੜਤ, ਘੜ ਘੜ ਵੇਖ ਵਖਾਇੰਦਾ । ਆਪੇ ਜੜੇ ਆਪਣੀ ਜੜਤ, ਦੂਜਾ ਸੰਗ ਨਾ ਕੋਇ ਰਖਾਇੰਦਾ । ਆਪੇ ਜਾਣੇ ਆਪਣੀ ਕਿਰਤ, ਬਣ ਬਣ ਕਿਰਤੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਅੰਦਰ ਸਾਚਾ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਸਚਖੰਡ ਅੰਦਰ ਸਾਚੀ ਦਾਤ, ਦਾਤਾ ਦਾਨੀ ਆਪ ਵਰਤਾਈਆ । ਕਰੇ ਖੇਲ ਖੇਲ ਤਮਾਸ਼, ਖੇਲਣਹਾਰਾ ਵੇਖ ਵਖਾਈਆ । ਨਿਰਗੁਣ ਨਿਰਗੁਣ ਪਾਵੇ ਰਾਸ, ਗੋਪੀ ਕਾਹਨ ਰੂਪ ਵਟਾਈਆ । ਆਪਣੀ ਪੂਰੀ ਕਰੇ ਆਪੇ ਆਸ, ਆਪ ਆਪਾ ਨਾਲ ਮਿਲਾਈਆ । ਆਪੇ ਸੋਹੇ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਯੱਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਰਾਹ ਚਲਾਈਆ । ਸਚਖੰਡ ਸਜੇ ਬੇਪਰਵਾਹ, ਆਪਣੀ ਧਾਰ ਚਲਾਇੰਦਾ । ਏਕਾ ਦੇਵੇ ਸਚ ਸਲਾਹ, ਸਤਿ ਸਤਿਵਾਦੀ ਹੁਕਮ ਵਰਤਾਇੰਦਾ । ਆਪਣਾ ਖੇਲ ਆਪ ਕਰਾ, ਆਪੇ ਵੇਖ ਵਖਾਇੰਦਾ । ਇਕੋ ਘਰ ਧੀ ਜਵਾਈ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਆਪੇ ਵੇਖੇ ਚਾਈਂ ਚਾਈਂ, ਆਪ ਆਪਣੀ ਖ਼ੁਸ਼ੀ ਮਨਾਇੰਦਾ । ਆਪੇ ਪਕੜੇ ਉਠ ਉਠ ਬਾਹੀਂ, ਆਪ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚ ਗੁਸਾਈਂ, ਗਹਿਰ ਗੰਭੀਰ ਆਪਣਾ ਖੇਲ ਖਲਾਇੰਦਾ । ਗਹਿਰ ਗੰਭੀਰ ਵਸੇ ਸਚਖੰਡ, ਸ਼ਾਹ ਸੁਲਤਾਨ ਨਾਉਂ ਧਰਾਇੰਦਾ । ਆਪੇ ਵੰਡੇ ਆਪਣੀ ਵੰਡ, ਵੰਡਣਹਾਰ ਆਪ ਹੋ ਜਾਇੰਦਾ । ਆਪੇ ਜਾਣੇ ਆਪਣਾ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਆਪੇ ਸੂਰਬੀਰ ਸੂਰਾ ਸਰਬੰਗ, ਸੂਤਰਧਾਰੀ ਆਪਣਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਆਸਣ ਲਾਇੰਦਾ । ਸਚਖੰਡ ਦੁਆਰੇ ਸਾਚਾ ਆਸਣ, ਹਰਿ ਜੂ ਆਪ ਲਗਾਈਆ । ਕਰੇ ਖੇਲ ਪੁਰਖ ਅਬਿਨਾਸ਼ਨ, ਘਰ ਸਾਚੇ ਵੱਜੇ ਵਧਾਈਆ । ਨਾ ਕੋਈ ਪ੍ਰਿਥਮੀ ਨਾ ਅਕਾਸ਼ਨ, ਗਗਨ ਮੰਡਲ ਨਾ ਕੋਇ ਰਖਾਈਆ । ਨਾ ਕੋਈ ਪਵਣ ਨਾ ਸਵਾਸਣ, ਨਾਦ ਅਨਾਦ ਨਾ ਕੋਇ ਸ਼ਨਵਾਈਆ । ਨਾ ਕੋਈ ਭੋਗ ਨਾ ਬਲਾਸਣ, ਭਸਮੜ ਆਪਣਾ ਰੰਗ ਰੰਗਾਈਆ । ਨਿਜ ਘਰ ਕਰੇ ਆਪੇ ਵਾਸਣ, ਸਚਖੰਡ ਵਸੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਦਏ ਵਡਿਆਈਆ । ਸਚਖੰਡ ਅੰਦਰ ਥਿਰ ਘਰ, ਘਰ ਘਰ ਵਿਚ ਆਪ ਉਪਾਇੰਦਾ । ਜੁਗਾ ਜੁਗੰਤਰ ਵੇਸ ਕਰ, ਨਿਰਗੁਣ ਸਰਗੁਣ ਖੇਲ ਖਲਾਇੰਦਾ । ਹਰਿਜਨ ਸਾਚੇ ਲਏ ਫੜ, ਆਪ ਆਪਣਾ ਬੰਧਨ ਪਾਇੰਦਾ । ਭਗਤਨ ਭਗਵੰਤ ਘਾੜਨ ਘੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਹਰਿ ਖੇਲ ਅਪਾਰਾ, ਲੋਕਮਾਤ ਦਏ ਵਡਿਆਈਆ । ਜੁਗ ਜੁਗ ਲੈ ਅਵਤਾਰ ਵਿਚ ਸੰਸਾਰਾ, ਸੰਸਾਰ ਸਾਗਰ ਫੋਲ ਫੁਲਾਈਆ । ਜਨ ਭਗਤਾਂ ਦੇਵੇ ਇਕ ਅਧਾਰਾ, ਅੰਤਰ ਮੰਤਰ ਕਰੇ ਪੜ੍ਹਾਈਆ । ਗਗਨ ਗਗਨੰਤਰ ਖੋਲ੍ਹ ਕਿਵਾੜਾ, ਦੂਈ ਦਵੈਤੀ ਪਰਦਾ ਲਾਹੀਆ । ਚਰਨ ਕਵਲ ਸਚ ਪਿਆਰਾ, ਬਖ਼ਸ਼ੇ ਸਚ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਵਡਿਆਈ ਲੋਕਮਾਤ, ਹਰਿ ਸਾਚਾ ਸਚ ਰਖਾਇੰਦਾ । ਏਕਾ

ਦੇਵੇ ਨਾਮ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਸ਼ਬਦ ਅਗੰਮੀ ਸੁਣਾਏ ਗਾਥ, ਰਾਗੀ ਰਾਗ ਨਾ ਕੋਇ ਅਲਾਇੰਦਾ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਬਾਕੀ ਕੋਇ ਰਹਿਣ ਨਾ ਪਾਇੰਦਾ । ਹੋਏ ਸਹਾਈ ਅਨਾਥਾਂ ਨਾਥ, ਨਾਥ ਅਨਾਥਾਂ ਦਇਆ ਕਮਾਇੰਦਾ । ਆਦਿ ਅੰਤ ਵਸੇ ਸਾਥ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਿਚੋਲਾ ਸੁਣਾਏ ਢੋਲਾ, ਸਾਚਾ ਸੋਹਲਾ ਆਪ ਜਣਾਇੰਦਾ । ਸਾਚਾ ਸੋਹਲਾ ਹਰਿ ਕਾ ਗੀਤ, ਕਾਇਆ ਮੰਦਰ ਅੰਦਰ ਇਕ ਅਲਾਈਆ । ਅੱਠੇ ਪਹਿਰ ਚਰਨ ਪ੍ਰੀਤ, ਚਰਨ ਭਿਖਾਰੀ ਆਪ ਬਣਾਈਆ । ਨਾਤਾ ਤੋੜ ਮੰਦਰ ਮਸੀਤ, ਦਰ ਘਰ ਸਾਚੇ ਲਏ ਮਿਲਾਈਆ । ਪਤਤ ਪਾਪੀ ਕਰ ਪੁਨੀਤ, ਕਾਇਆ ਠੰਡੀ ਸੀਤ ਵਖਾਈਆ । ਨਾਤਾ ਤੋੜ ਊਚ ਨੀਚ, ਹਸਤ ਕੀਟ ਧਾਮ ਅਨਡੀਠ ਦਏ ਵਖਾਈਆ । ਸਦਾ ਸੁਹੇਲਾ ਵਸੇ ਚੀਤ, ਚੇਤਨ ਆਪਣਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਸੱਚਾ ਮਾਹੀਆ । ਸਚਖੰਡ ਵਸੇ ਏਕੰਕਾਰ, ਅਕਲ ਕਲ ਧਾਰੀਆ । ਜੁਗ ਜੁਗ ਜਨ ਭਗਤਾਂ ਕਰੇ ਪਿਆਰ, ਲੋਕਮਾਤ ਪੈਜ ਸਵਾਰੀਆ । ਡੁੱਬਦੇ ਪਾਥਰ ਲਾਏ ਪਾਰ, ਏਕਾ ਦੇਵੇ ਨਾਮ ਅਧਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰੀਆ । ਅਗੰਮ ਅਥਾਹ ਬੇਪਰਵਾਹ, ਬੇਅੰਤ ਨਾਉਂ ਧਰਾਇੰਦਾ । ਹਰਿਜਨ ਸਾਚੇ ਲਏ ਜਗਾ, ਆਪਣੀ ਬੂਝ ਬੁਝਾਇੰਦਾ । ਤ੍ਰੈਗੁਣ ਮਾਇਆ ਫੰਦ ਕਟਾ, ਏਕਾ ਬੰਧਨ ਪਾਇੰਦਾ । ਗੀਤ ਸੁਹਾਗੀ ਏਕਾ ਸੁਣਾ, ਅਨਹਦ ਨਾਦ ਵਜਾਇੰਦਾ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾ, ਪਾਰਬ੍ਰਹਮ ਮਿਲਾਇੰਦਾ । ਧੁਰ ਦੀ ਵਾਦੀ ਜਨ ਭਗਤਾਂ ਲਏ ਤਰਾ, ਹਰਿਜਨ ਆਪਣੇ ਸੰਗ ਰਖਾਇੰਦਾ । ਅੰਤਮ ਲਹਿਣਾ ਦੇਣਾ ਦਏ ਚੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਉਠਾਇੰਦਾ । ਜਨ ਭਗਤਾਂ ਦੇਵੇ ਏਕਾ ਦਾਨ, ਦਾਤਾ ਦਾਨੀ ਆਪ ਵਰਤਾਈਆ । ਸਾਚਾ ਮੇਲਾ ਗੋਪੀ ਕਾਹਨ, ਸਖੀ ਸਾਹਿਬ ਲਏ ਮਿਲਾਈਆ । ਕਲਜੁਗ ਅੰਤ ਕਰੇ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਬਿਨ ਪੜ੍ਹਿਆਂ ਦੇਵੇ ਗਿਆਨ, ਗੋਹਝ ਗਿਆਨ ਆਪ ਜਣਾਈਆ । ਏਕਾ ਮਾਰੇ ਤੀਰ ਨਿਸ਼ਾਨ, ਅਣਯਾਲਾ ਤੀਰ ਚਲਾਈਆ । ਸਾਚਾ ਮੰਦਰ ਵਖਾਏ ਮਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਵੇਖੇ ਚਾਈਂ ਚਾਈਆ । ਭਗਤ ਜਨਾਂ ਹਰਿ ਸਾਚਾ ਚਾਓ, ਜੁਗ ਜੁਗ ਆਪ ਰਖਾਇੰਦਾ । ਆਪ ਉਠਾਏ ਫੜ ਫੜ ਬਾਹੋਂ, ਬਣ ਸੇਵਕ ਸੇਵ ਕਮਾਇੰਦਾ । ਏਥੇ ਓਥੇ ਕਰੇ ਨਿਆਉਂ, ਅਦਲ ਆਦਲ ਇਕ ਵਖਾਇੰਦਾ । ਲੇਖਾ ਜਾਣੇ ਅਗੰਮ ਅਥਾਹੋ, ਅਭੁਲ ਭੁੱਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਨਾਲ ਮਿਲਾਇੰਦਾ । ਹਰਿਜਨ ਅੰਤਮ ਪਕੜੇ ਬਾਂਹ, ਹੱਥ ਹੱਥ ਨਾਲ ਮਿਲਾਈਆ । ਆਪਣੀ ਉਂਗਲੀ ਲਏ ਲਾ, ਬ੍ਰਹਿਮੰਡ ਖੰਡ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਸੀਸ ਝੁਕਾ, ਜਿਸ ਦੁਆਰੇ ਗੁਰਮੁਖ ਜਾਈਆ । ਪਾਰਬ੍ਰਹਮ ਪ੍ਰਭ ਹੋਏ ਸਹਾ, ਸਾਹਿਬ ਸੁਲਤਾਨ ਵਡੀ ਵਡਿਆਈਆ । ਸੁੰਨ ਅਗੰਮੀ ਡੇਰਾ ਢਾਹ, ਦੇਵੇ ਪੰਧ ਮੁਕਾਈਆ । ਥਿਰ ਘਰ ਸਾਚੇ ਕੁੰਡਾ ਲਾਹ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸ਼ਬਦੀ ਸ਼ਬਦ ਲਏ ਮਿਲਾ, ਘਰ ਵੱਜਦੀ ਰਹੇ ਵਧਾਈਆ । ਸੰਤ ਭਗਤ ਥਿਰ ਘਰ ਬਹਾ, ਚਰਨ ਕਵਲ ਬਖ਼ਸ਼ੇ ਸ਼ਰਨਾਈਆ । ਸਚਖੰਡ ਵਸੇ ਆਪ ਸ਼ਹਿਨਸ਼ਾਹ, ਸਚ ਸਿੰਘਾਸਣ ਸੋਭਾ ਪਾਈਆ । ਤਖ਼ਤ ਨਿਵਾਸੀ ਸੀਸ ਤਾਜ ਟਿਕਾ, ਪੰਚਮ ਮੁਖ ਮੁਖ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਚਖੰਡ ਵਸੇ ਸਾਚਾ ਹਰਿ, ਥਿਰ ਘਰ ਭਗਤਾਂ ਰਿਹਾ ਬਹਾਈਆ । ਥਿਰ ਘਰ ਵਸੇ ਹਰਿਜਨ, ਹਰਿ ਜੂ ਆਪ ਵਸਾਇਆ । ਨਾਤਾ ਤੋੜੇ ਪੰਜ ਤੱਤ ਤਨ, ਤਨ ਲੇਖਾ ਮੂਲ ਚੁਕਾਇਆ । ਆਤਮ ਪਰਮਾਤਮ ਬੇੜਾ ਬੰਨ੍ਹ, ਏਕਾ ਵਾਰ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਸਚ ਦੁਵਾਰ ਸੁਹਾਇਆ । ਸਚਖੰਡ ਵਸੇ ਹਰਿ ਨਿਰੰਕਾਰਾ, ਨਿਰਗੁਣ ਰੂਪ ਰਖਾਈਆ । ਥਿਰ ਘਰ ਦੇਵੇ ਭਗਤ ਦੁਆਰਾ, ਹਰਿਜਨ ਸਾਚੇ ਲਏ ਬਹਾਈਆ । ਇਕੋ ਮੰਦਰ ਇਕੋ ਘਰ ਬਾਹਰਾ, ਘਰ ਘਰ ਵਿਚ ਲਏ ਪਰਗਟਾਈਆ । ਆਦਿ ਅੰਤ ਹਰਿ ਵੇਖਣਹਾਰਾ, ਵੇਖੇ ਵਿਗਸੇ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਹੋ ਤਿਆਰਾ, ਬਣ ਨਿਰਧਨ ਸੇਵ ਕਮਾਈਆ । ਗੁਰਮੁਖ ਅੰਤਮ ਖੜੇ ਦੁਆਰਾ, ਆਪ ਆਪਣੀ ਗੋਦ ਉਠਾਈਆ । ਸ਼ਬਦ ਬਬਾਣ ਅਗੰਮ ਅਪਾਰਾ, ਲੋਆਂ ਪੁਰੀਆਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦਰ ਇਕ ਵਖਾਈਆ । ਉਠੋ ਵੇਖੋ ਭਗਤ ਦੁਆਰ, ਹਰਿ ਭਗਵਨ ਆਪ ਬਣਾਇਆ । ਛੱਤੀ ਜੁਗ ਦਾ ਕਰਜ ਉਤਾਰ, ਮਕਰੂਜ ਆਪਣਾ ਫ਼ਰਜ਼ ਨਿਭਾਇਆ । ਤੂਲ ਅਰਜ ਨਾ ਕੋਇ ਵਿਚਾਰ, ਚਾਰੇ ਕੂਟਾਂ ਰੰਗ ਰੰਗਾਇਆ । ਸਾਢੇ ਤਿੰਨ ਹੱਥ ਅੱਗੇ ਮੀਨਾਰ, ਮਿਣ ਮਿਣ ਆਪਣੀ ਵੰਡ ਵੰਡਾਇਆ । ਲਿਖਿਆ ਲੇਖ ਰਵਦਾਸ ਚੁਮਿਆਰ, ਕਾਇਆ ਮਾਟੀ ਚੰਮ ਕੰਮ ਕਿਸੇ ਨਾ ਆਇਆ । ਅੰਦਰ ਵਸੇ ਹਰਿ ਨਿਰੰਕਾਰ, ਘਟ ਘਟ ਆਪਣੀ ਸੇਜ ਹੰਢਾਇਆ । ਤਿੰਨਾਂ ਲੋਕਾਂ ਖੇਲ ਅਪਾਰ, ਸੋਲਾਂ ਦਸ ਦਸ ਵੰਡ ਵਖਾਇਆ । ਆਪੇ ਵਸੇ ਸਭ ਤੋਂ ਬਾਹਿਰ, ਅਭੇਵ ਅਭੇਦ ਛੁਪਾਇਆ । ਜਨ ਭਗਤਾਂ ਰਾਹ ਤੱਕੇ ਮੀਤ ਮੁਰਾਰ, ਨੇਤਰ ਨੈਣ ਨੈਣ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਵਸਾਏ ਆਪਣੇ ਘਰ, ਘਰ ਘਰ ਵਿਚ ਲਏ ਬਹਾਇਆ । ਘਰ ਠਾਕਰ ਘਰ ਅਬਿਨਾਸ਼ੀ, ਘਰ ਨਿਉਂ ਨਿਉਂ ਸੀਸ ਝੁਕਾਈਆ । ਘਰ ਬ੍ਰਹਮ ਘਰ ਜੋਤ ਪ੍ਰਕਾਸ਼ੀ, ਘਰ ਈਸ਼ ਜੀਵ ਮਿਲਾਈਆ । ਘਰ ਪਵਣ ਘਰ ਸਵਾਸੀ, ਘਰ ਰਸਨਾ ਸੇਵ ਕਮਾਈਆ । ਘਰ ਪੰਡਤ ਘਰ ਕਾਂਸੀ, ਘਰ ਵਿਦਿਆ ਕਰੇ ਪੜ੍ਹਾਈਆ । ਘਰ ਗਗਨ ਮੰਡਲ ਅਕਾਸ਼ੀ, ਘਰ ਬ੍ਰਹਿਮੰਡ ਰਿਹਾ ਜਣਾਈਆ । ਘਰ ਨਛੱਤਰ ਗ੍ਰਹਿ ਰਾਸ਼ੀ, ਘਰ ਮਾਸ ਰੁੱਤ ਥਿਤ ਵੇਖ ਵਖਾਈਆ । ਘਰ ਮੇਲਾ ਸ਼ਾਹੋ ਸ਼ਾਬਾਸ਼ੀ, ਹਰਿਜਨ ਸਾਚੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਚੜ੍ਹ, ਲੋਕਮਾਤ ਜਨ ਭਗਤਾਂ ਫੜ, ਆਪਣਾ ਮੇਲਾ ਲਏ ਮਿਲਾਈਆ । ਭਗਤ ਜਨ ਨਾਤਾ ਲੋਕਮਾਤ, ਅੰਤ ਅੰਤ ਤੁੜਾਈਆ । ਜਗਤ ਮੇਟ ਅੰਧੇਰੀ ਰੈਣ ਰਾਤ, ਸਾਚਾ ਚੰਦ ਇਕ ਚਮਕਾਈਆ । ਸਾਹਿਬ ਦਿਆਲ ਠਾਕਰ ਸਵਾਮੀ ਪੁੱਛੇ ਵਾਤ, ਨਿਰਧਨ ਨਿਰਧਨ ਲਏ ਉਠਾਈਆ । ਬੋਧ ਅਗਾਧ ਸੁਣਾਏ ਗਾਥ, ਅੰਤਰ ਆਤਮ ਕਰੇ ਪੜ੍ਹਾਈਆ । ਅੰਤਮ ਵੇਲੇ ਦੇਵੇ ਸਾਥ, ਸਾਚਾ ਸੰਗ ਨਿਭਾਈਆ । ਨਾਤਾ ਤੋੜੇ ਤੱਤ ਆਠ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਨਾ ਕੋਇ ਚਤੁਰਾਈਆ । ਥਿਰ ਘਰ ਬਹਾਏ ਸਾਚੇ ਘਾਟ, ਪੱਤਨ ਮਿਲੇ ਸੱਚਾ ਮਾਹੀਆ । ਲਹਿਣਾ ਚੁੱਕੇ ਆਣ ਬਾਟ, ਜੂਨੀ ਜੂਨ ਨਾ ਕੋਇ ਭੁਵਾਈਆ । ਸਚਖੰਡ ਨਿਵਾਸੀ ਜਨ ਭਗਤਾਂ ਕੱਟੇ ਵਾਟ, ਲੱਖ ਚੁਰਾਸੀ ਪੰਧ ਮੁਕਾਈਆ । ਆਪੇ ਜਾਣੇ ਆਪਣਾ ਖੇਲ ਤਮਾਸ਼, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਭਗਤ ਭਗਵੰਤ ਇਕ ਦੂਜੇ ਦੇ ਵਸਣ ਪਾਸ, ਵਿਛੜ ਕਦੇ ਨਾ ਜਾਈਆ । ਹਰਿ ਜੂ ਆਪਣਾ ਕੰਮ ਇਕੋ ਰੱਖਿਆ ਖਾਸ, ਖ਼ਾਲਸ ਹਰਿਜਨ ਲਏ ਉਠਾਈਆ । ਸਚਖੰਡ ਦੀ ਸਾਚੀ ਰਾਸ, ਭਗਤ ਭਗਵੰਤ

ਦਏ ਵਖਾਈਆ । ਸਿੰਘ ਤਾਰਾ ਕਿਉਂ ਹੋਏ ਨਿਰਾਸ, ਵੇਲੇ ਅੰਤ ਨਾ ਕੋਇ ਜੁਦਾਈਆ । ਕਰ ਕਿਰਪਾ ਕੱਟੀ ਜਮ ਕੀ ਫਾਸ, ਰਾਏ ਧਰਮ ਨਾ ਦਏ ਸਜ਼ਾਈਆ । ਘਰ ਦੀਪਕ ਘਰ ਜੋਤ ਪਰਕਾਸ਼, ਘਰ ਵੱਜਦੀ ਰਹੇ ਵਧਾਈਆ । ਚਲਦਿਆਂ ਫਿਰਦਿਆਂ ਕਾਰਜ ਹੋਇਆ ਰਾਸ, ਕੀਤੀ ਕਿਰਤ ਨਾ ਕੋਇ ਕਮਾਈਆ । ਸਾਹਿਬ ਸਤਿਗੁਰ ਹੋਇਆ ਦਾਸ, ਦਾਸ ਬਣ ਬਣ ਸੇਵ ਕਮਾਈਆ । ਭਗਤ ਭਗਵੰਤ ਦੀ ਸਾਚੀ ਸ਼ਾਖ਼, ਲੋਕਮਾਤ ਰਹੇ ਲਹਿਰਾਈਆ । ਅੰਤਮ ਦਰਸ ਦਿਖਾਏ ਕਮਲਾਪਾਤ, ਕਵਲ ਨੈਣ ਨੈਣ ਮਟਕਾਈਆ । ਗੁਰਮੁਖ ਗੁਰ ਗੁਰ ਇਕੋ ਜ਼ਾਤ, ਜ਼ਾਤ ਅਜ਼ਾਤੀ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਭਗਤ ਬਹਾਏ ਚਰਨ ਦੁਆਰਾ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਰਾਜਨ ਰਾਜਾ, ਸ਼ਾਹੋ ਭੂਪ ਸਤਿ ਸਰੂਪ ਅਨ ਰੰਗ ਰੂਪ ਅਨਕ ਕਲ ਧਾਰੀ ਜੋਤ ਨਿਰੰਕਾਰੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕ ਟੇਕ ਆਪ ਅਖਵਾਈਆ । ਸਚਖੰਡ ਹਰਿ ਕੀ ਧਾਰ, ਸਚ ਸਚ ਸਮਾਈਆ । ਕੋਟਨ ਕੋਟ ਧਰੂ ਆਏ ਵਾਰੋ ਵਾਰ, ਪੁਰਖ ਅਬਿਨਾਸ਼ੀ ਖੇਲ ਖਲਾਈਆ । ਆਪ ਉਪਜਾਏ ਆਪੇ ਲਏ ਸੰਭਾਲ, ਆਪ ਆਪਣੇ ਵਿਚ ਸਮਾਈਆ । ਕਰੇ ਖੇਲ ਸ੍ਰੀ ਭਗਵਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਜੁਗ ਜੁਗ ਜਨ ਭਗਤਾਂ ਦੇਵਣਹਾਰਾ ਦਾਨ, ਆਪਣੀ ਇਛਿਆ ਭਿਛਿਆ ਝੋਲੀ ਪਾਈਆ । ਹਰਿ ਭਗਤ ਬਣਾਏ ਸਾਚੇ ਕਾਹਨ, ਸਚਖੰਡ ਦੁਆਰੇ ਦਏ ਬਹਾਈਆ । ਜੁਗ ਚੌਕੜੀ ਰਹੇ ਨਿਗਹਬਾਨ, ਏਕਾ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰੂ ਆਪਣੇ ਵਿਚ ਛੁਪਾਈਆ । ਟੱਲੀਆਂ ਟੱਲ ਰਹੇ ਖੜਕਾ, ਹਰਿ ਜੂ ਕਾਰੇ ਲਾਇਆ । ਸੰਖ ਅਸੰਖ ਰਹੇ ਵਜਾ, ਰਸਨਾ ਜਿਹਵਾ ਨਾਦ ਸੁਣਾਇਆ । ਅਨਹਦ ਨਾਦ ਨਾ ਲਏ ਕੋਇ ਗਾ, ਬਿਨ ਸਤਿਗੁਰ ਪੂਰੇ ਰਾਜ ਨਾ ਕੋਇ ਖੁਲ੍ਹਾਇਆ । ਕੋਟਨ ਕੋਟ ਸੀਸ ਰਹੇ ਝੁਕਾ, ਕਰ ਕਰ ਸਜਦਾ ਆਪਣਾ ਪੀਰ ਮਨਾਇਆ । ਚਾਰੋਂ ਕੁੰਟ ਖ਼ਾਲੀ ਦਿਸਣ ਥਾਂ, ਬੇਨਜ਼ੀਰ ਹੱਥ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਬੇਨਿਸ਼ਾਂ, ਨਿਸ਼ਾਨਾ ਆਪਣਾ ਰਿਹਾ ਝੁਲਾਇਆ । ਬੇਨਿਸ਼ਾਨ ਝੁਲਾਏ ਨਿਸ਼ਾਨਾ, ਤੀਰ ਅੰਦਾਜ਼ ਵਡ ਵਡਿਆਈਆ । ਕੋਟਨ ਕੋਟ ਗੋਪੀ ਕਾਹਨਾ, ਮੰਡਲ ਰਾਸ ਰਚਾਈਆ । ਕੋਟਨ ਕੋਟ ਈਸਾ ਮੂਸਾ ਮੰਗਣ ਦਾਨਾ, ਪ੍ਰਭ ਅੱਗੇ ਝੋਲੀ ਡਾਹੀਆ । ਕੋਟਨ ਕੋਟ ਕਰਨ ਸਲਾਮਾਂ, ਇਸਲਾਮਾ ਅਲੈਕਮ ਸਭ ਨੂੰ ਰਿਹਾ ਬੁਲਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਲੇਖਾ ਜਾਣੇ ਦੋ ਜਹਾਨਾਂ, ਘਟ ਘਟ ਆਪੇ ਵੇਖ ਵਖਾਈਆ । ਜਨ ਭਗਤਾਂ ਵਖਾਏ ਇਕ ਪਦ ਨਿਰਬਾਣਾ, ਥਿਰ ਘਰ ਸਾਚੇ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਤ ਮਤੰਤਰ ਆਪਣੀ ਰਚਨ ਰਚਾਈਆ । ਨਿਰਗੁਣ ਇਛਿਆ ਬਣੇ ਸਰੀਰ, ਪੰਜ ਤੱਤ ਵੱਜੇ ਵਧਾਈਆ । ਤ੍ਰੈ ਗੁਣ ਮਾਇਆ ਵੱਜੇ ਜੰਜੀਰ, ਕਲਾ ਕਲਾ ਨਾਲ ਮਿਲਾਈਆ । ਅੰਦਰ ਵੜੇ ਬੇਨਜ਼ੀਰ, ਨਜ਼ਰ ਵਿਚ ਕਿਸੇ ਨਾ ਆਈਆ । ਹੱਥ ਫੜ ਨਾਮ ਸ਼ਮਸ਼ੀਰ, ਆਪਣਾ ਬਲ ਧਰਾਈਆ । ਆਪੇ ਹੋਇਆ ਤਕਸੀਰ, ਤਕਦੀਰ ਤਦਬੀਰ ਆਪਣੀ ਖੇਲ ਕਰਾਈਆ । ਆਪੇ ਲੱਖ ਚੁਰਾਸੀ ਘੱਤ ਵਹੀਰ, ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਪੰਜ ਤੱਤ ਲਏ ਪਰਗਟਾਈਆ । ਪੰਜ ਤੱਤ ਨਾ ਹਰਿ ਅਧੀਨ, ਕਿਲਾ ਕੋਟ ਨਾ ਕੋਇ ਵਡਿਆਈਆ । ਆਪੇ ਵਸੇ ਪਰਾਚੀਨ, ਚੈਨ ਕਦੇ ਨਾ ਪਾਈਆ । ਪ੍ਰਗਟ ਹੋ ਵਖਾਵੇ ਆਪਣਾ ਸੀਨ,

ਸਯਾਹ ਫਾਮ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਕੋਟਨ ਕੋਟ ਲੱਖ ਚੁਰਾਸੀ ਜੀਵ ਜੰਤ ਰਿਹਾ ਉਪਾਈਆ । ਪੰਜ ਤੱਤ ਸਾਹਿਬ ਨਾ ਰੱਖੇ ਆਸ, ਜਗਤ ਠੀਕਰ ਇਕ ਬਣਾਇਆ । ਜਿਸ ਠੀਕਰ ਅੰਦਰ ਨਿਰਗੁਣ ਨੂਰ ਕਰੇ ਪ੍ਰਕਾਸ਼, ਸੋ ਠੀਕਰ ਮਾਣ ਰਖਾਇਆ । ਨਾਨਕ ਹਰਿ ਕਾ ਹੋਇਆ ਦਾਸ, ਹਰਿ ਜੂ ਨਾਨਕ ਰੰਗ ਚੜ੍ਹਾਇਆ । ਪੰਜ ਤੱਤ ਹੋਇਆ ਪ੍ਰਕਾਸ਼, ਕਾਇਆ ਖੇੜਾ ਇਕ ਵਸਾਇਆ । ਅੰਤਰ ਧੰਨ ਸਵਾਸ ਸਵਾਸ, ਰਸਨਾ ਜਿਹਵਾ ਜਗਤ ਗੁਣ ਗਾਇਆ । ਅੰਤਮ ਪੰਜ ਤੱਤ ਕਾਇਆ ਨਾਸ, ਆਪਣੀ ਅੰਦਰ ਇਛਿਆ ਲਿਆ ਪਰਗਟਾਇਆ । ਸਾਹਿਬ ਸੁਲਤਾਨ ਸ਼ਾਹ ਪਾਤਸ਼ਾਹ ਆਦਿ ਜੁਗਾਦਿ ਖੇਲੇ ਖੇਲ ਤਮਾਸ਼, ਸਾਚਾ ਖੇਲ ਆਪ ਕਰਾਇਆ ।

ਗੋਬਿੰਦ ਇਛਿਆ ਗੋਬਿੰਦ ਘਰ, ਪੁਰਖ ਅਕਾਲ ਆਪ ਸਮਾਈਆ । ਕਰ ਕੂਕਰ ਨਾ ਫੇਰੀਂ ਦਰ ਦਰ, ਘਰ ਘਰ ਨਾ ਅਲਖ ਜਗਾਈਆ । ਸਾਹਿਬ ਸਤਿਗੁਰ ਪ੍ਰਗਟ ਹੋਵੇ ਇਕੋ ਵਾਰ, ਅਨਕ ਕਲ ਧਰਾਈਆ । ਗੋਬਿੰਦ ਬਣ ਕੇ ਗਿਆ ਲਿਖਾਰ, ਲਿਖ ਲਿਖ ਸ੍ਰਿਸ਼ਟ ਸਮਝਾਈਆ । ਕਲ ਕਲਕੀ ਆਵੇ ਅਵਤਾਰ, ਮੇਰਾ ਲਹਿਣਾ ਦਏ ਚੁਕਾਈਆ । ਲੋਕਮਾਤ ਲਾਏ ਸਚ ਦਰਬਾਰ, ਦੋ ਜਹਾਨਾਂ ਕਰੇ ਸੱਚੀ ਸ਼ਹਿਨਸ਼ਾਹੀਆ । ਜਿਸ ਦੀ ਗੁਰ ਅਵਤਾਰ ਪੀਰ ਪੈਗੰਬਰ ਕੱਢਦੇ ਰਹੇ ਵਗਾਰ, ਬਣ ਸੇਵਕ ਸੇਵ ਕਮਾਈਆ । ਸੋ ਅੰਤਮ ਲਹਿਣਾ ਦੇਣਾ ਸਭ ਦਾ ਦਏ ਉਤਾਰ, ਬਾਕੀ ਨਜ਼ਰ ਕੋਇ ਨਾ ਆਈਆ । ਇਕੋ ਢਈਆ ਸੁੱਤਾ ਰਹੇ ਪੈਰ ਪਸਾਰ, ਲੋਕਮਾਤ ਨਾ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਧਾਰਾ ਗੋਬਿੰਦ ਘਰ, ਘਰ ਸਾਚੇ ਸਦਾ ਸਮਾਈਆ । ਪੰਚ ਸ਼ਬਦ ਸੁਣਿਆ ਧੁਨ ਕਾਨ, ਹਰਿ ਜੂ ਆਪ ਸੁਣਾਇਆ । ਉਪਰ ਚੜ੍ਹ ਨਾ ਵੇਖਿਆ ਮਕਾਨ, ਜਿਸ ਦੁਆਰੇ ਰਿਹਾ ਵਜਾਇਆ । ਘਰ ਵਿਚ ਮਿਲਿਆ ਨੂਰ ਮਹਾਨ, ਅੰਧ ਅੰਧੇਰ ਮਿਟਾਇਆ । ਬੁੱਧੀ ਬਬੇਕ ਹੋਇਆ ਗਿਆਨ, ਅੱਖਰ ਅੱਖਰ ਆਪ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਦ ਸ਼ਬਦ ਧੁਨ ਰਾਗ ਅਲਾਇਆ । ਸੁਣਾਈ ਧੁਨ ਅਨਾਹਦ, ਹਦੂਦ ਅਰਬਾ ਆਪ ਵੰਡਾਈਆ । ਪੈਂਡਾ ਮੁੱਕਿਆ ਥੋੜਾ ਅੱਧ, ਮੰਜ਼ਲ ਮੰਜ਼ਲ ਰਾਹ ਤਕਾਈਆ । ਸੁਣ ਨਾਦ ਹੋਇਆ ਗਦ ਗਦ, ਅੱਗੇ ਆਸ ਨਾ ਕੋਈ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਦਿ ਜਾਮ ਪਿਆਈਆ । ਮਦਿ ਜਾਮ ਜੋ ਪੀਏ ਪਿਆਲਾ, ਪਿਆਵਣਹਾਰ ਪਿਆਇੰਦਾ । ਅੱਗੇ ਮਿਲੇ ਦੀਨ ਦਿਆਲਾ, ਕਰ ਦਇਆ ਗੋਦ ਬਹਾਇੰਦਾ । ਰੰਗ ਚੜ੍ਹਾਏ ਇਕ ਗੁਲਾਲਾ, ਉਤਰ ਕਦੇ ਨਾ ਜਾਇੰਦਾ । ਮਾਰਗ ਦੱਸੇ ਇਕ ਸੁਖਾਲਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਪਾਰਬ੍ਰਹਮ ਪੰਜ ਤੱਤ ਹੋ ਨਿਰਾਲਾ, ਬ੍ਰਹਮ ਆਪਣੀ ਉਂਗਲੀ ਲਾਇੰਦਾ । ਨਿਰਗੁਣ ਨੂਰ ਕਰ ਉਜਾਲਾ, ਜੋਤ ਨਿਰੰਜਣ ਡਗਮਗਾਇੰਦਾ । ਘਰ ਵਿਚ ਘਰ ਵਖਾਏ ਸਚ ਧਰਮਸਾਲਾ, ਅੰਦਰ ਮੰਦਰ ਕੁੰਡਾ ਲਾਹਿੰਦਾ । ਸਚ ਸਿੰਘਾਸਣ ਬੈਠ ਆਪ ਕਿਰਪਾਲਾ, ਕਰ ਕਿਰਪਾ ਵੇਖ ਵਖਾਇੰਦਾ । ਤਨ ਦਿਸੇ ਨਾ ਕੋਈ ਮਾਲਾ, ਮਨ ਮਣਕਾ ਨਾ ਕੋਈ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਚੜ੍ਹਾਇੰਦਾ । ਅੱਗੇ ਅੱਗੇ ਮੁੱਕੇ ਵਾਟ, ਸਤਿਗੁਰ ਪੂਰਾ ਆਪ ਮੁਕਾਈਆ । ਫੇਰ ਖੋਲ੍ਹੇ ਆਪਣਾ ਤਾਕ, ਪਹਿਲੀ ਤਾਕੀ ਬੰਦ ਕਰਾਈਆ । ਹਰਿਜਨ ਅੱਗੇ ਵੇਖੇ ਮਾਰ ਝਾਤ, ਨੇਤਰ ਨੈਣ ਨੈਣ ਉਠਾਈਆ ।

ਨਿਰਗੁਣ ਨਜ਼ਰੀ ਆਏ ਕਮਲਾਪਾਤ, ਸਚ ਸਿੰਘਾਸਣ ਸੋਭਾ ਪਾਈਆ । ਗੁਰੂ ਚੇਲਾ ਕਰੇ ਨਾ ਕੋਈ ਬਾਤ, ਰਸਨਾ ਰਸ ਨਾ ਕੋਈ ਵਖਾਈਆ । ਨਾ ਕੋਈ ਦਿਵਸ ਨਾ ਕੋਈ ਰਾਤ, ਸੂਰਜ ਚੰਨ ਨਾ ਕੋਈ ਚੜ੍ਹਾਈਆ । ਇਕੋ ਵੇਖੇ ਖੇਲ ਤਮਾਸ਼, ਪੁਰਖ ਅਬਿਨਾਸ਼ੀ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਵਖਾਈਆ । ਅੱਗੇ ਹੋ ਕੇ ਜਾਏ ਵਧ, ਜਿਸ ਜਨ ਆਪਣੀ ਦਇਆ ਕਮਾਇੰਦਾ । ਕੋਟਨ ਕੋਟ ਸਾਧ ਸੰਤ ਆਪਣਾ ਭਾਰ ਗਏ ਲੱਧ, ਹੌਲਾ ਭਾਰ ਨਾ ਕੋਈ ਕਰਾਇੰਦਾ । ਕੋਟਨ ਕੋਟ ਬੈਠੇ ਅੱਧ, ਪਾਰ ਕਿਨਾਰਾ ਨਾ ਕੋਈ ਕਰਾਇੰਦਾ । ਕੋਟਨ ਕੋਟ ਡਿੱਗੇ ਡੂੰਘੀ ਖੱਡ, ਸਾਚਾ ਚੰਦ ਨਾ ਕੋਈ ਚੜ੍ਹਾਇੰਦਾ । ਕੋਟਨ ਕੋਟ ਮਾਰਗ ਗਏ ਛੱਡ, ਹਰਿ ਕਾ ਅੰਤ ਕੋਈ ਨਾ ਪਾਇੰਦਾ । ਜਿਸ ਜਨ ਕਰ ਕਿਰਪਾ ਆਪਣੇ ਘਰ ਲਏ ਸੱਦ, ਸੋ ਜਨ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੱਕਾ ਕਾਅਬਾ ਇਕ ਵਖਾਏ ਸਾਚਾ ਹੱਜ, ਹੁਜਰਾ ਆਪਣਾ ਆਪ ਸੁਹਾਇੰਦਾ ।

## ★ ੩ ਪੋਹ ੨੦੧੮ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਸਤਿ ਸਤਿਵਾਦੀ ਸਚ ਦਰਬਾਰ, ਸਚਖੰਡ ਨਿਵਾਸੀ ਆਪ ਲਗਾਇੰਦਾ । ਸਚ ਸਿੰਘਾਸਣ ਬੈਠ ਸੱਚੀ ਸਰਕਾਰ, ਸ਼ਾਹੋ ਭੂਪ ਖੇਲ ਕਰਾਇੰਦਾ । ਤਖ਼ਤ ਨਿਵਾਸੀ ਏਕੰਕਾਰ, ਅਕਲ ਕਲ ਵੇਸ ਵਟਾਇੰਦਾ । ਬਿਨ ਰੰਗ ਰੂਪੀ ਹੋ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਧੁਰ ਫ਼ਰਮਾਣਾ ਸਚ ਵਰਤਾਰ, ਹੁਕਮ ਹੁਕਮ ਆਪ ਸੁਣਾਇੰਦਾ । ਦਰ ਦਰਵੇਸ਼ਾ ਬਣ ਭਿਖਾਰ, ਨਿਉਂ ਨਿਉਂ ਸੀਸ ਝੁਕਾਇੰਦਾ । ਦਾਤਾ ਦਾਨੀ ਬਣ ਵਰਤਾਰ, ਵਸਤ ਅਮੋਲਕ ਆਪ ਵਰਤਾਇੰਦਾ । ਕਰੇ ਖੇਲ ਅਪਰ ਅਪਾਰ, ਅਲੱਖ ਅਗੋਚਰ ਭੇਵ ਨਾ ਆਇੰਦਾ । ਜੁਗ ਚੌਕੜੀ ਕਰ ਧਿਆਨ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਹਰਿ ਪੁਰਖ ਨਿਰੰਜਣ ਪਾਵੇ ਸਾਰ, ਏਕੰਕਾਰਾ ਰੰਗ ਵਟਾਇੰਦਾ । ਅਜੂਨੀ ਰਹਿਤ ਜੋਤੀ ਜਾਤਾ ਹੋ ਤਿਆਰ, ਅਬਿਨਾਸ਼ੀ ਕਰਤਾ ਨਾਲ ਮਿਲਾਇੰਦਾ । ਸ੍ਰੀ ਭਗਵਾਨ ਖੋਲ੍ਹ ਕਵਾੜ, ਸਾਚਾ ਮੰਦਰ ਆਪ ਸੁਹਾਇੰਦਾ । ਪਾਰਬ੍ਰਹਮ ਪ੍ਰਭ ਕਰ ਪਸਾਰ, ਨਿਰਾਕਾਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪ ਸੁਹਾਈਆ । ਨਿਰਗੁਣ ਨਿਰਵੈਰ ਬਣ ਮਲਾਹ, ਆਪਣਾ ਬੇੜਾ ਆਪ ਉਠਾਈਆ । ਸਚ ਮਹੱਲੇ ਇਕ ਸਲਾਹ, ਸਲਾਹਕਾਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਚਖੰਡ ਦੁਆਰੇ ਸਚ ਦਰਬਾਰਾ, ਦਰਗਹਿ ਸਾਚੀ ਆਪ ਸੁਹਾਇੰਦਾ । ਨਰ ਨਰੇਸ਼ ਬਣ ਸਿਕਦਾਰਾ, ਸ਼ਾਹ ਪਾਤਸ਼ਾਹ ਹੁਕਮ ਵਰਤਾਇੰਦਾ । ਜੁਗ ਚੌਕੜੀ ਕਰ ਪਾਰ ਕਿਨਾਰਾ, ਪਾਰਬ੍ਰਹਮ ਪ੍ਰਭ ਪੰਧ ਮੁਕਾਇੰਦਾ । ਪਾਂਧੀ ਬਣਿਆ ਰਹੇ ਵਿਚ ਸੰਸਾਰਾ, ਕੋਟਨ ਕੋਟ ਰੂਪ ਧਰਾਇੰਦਾ । ਸਚ ਸੰਦੇਸ਼ ਧੁਰ ਜੈਕਾਰਾ, ਧੁਰ ਦੀ ਬਾਣੀ ਆਪ ਅਲਾਇੰਦਾ । ਰਾਗਾਂ ਨਾਦਾਂ ਵਸੇ ਬਾਹਿਰਾ, ਆਪ ਆਪਣੇ ਰੰਗ ਸਮਾਇੰਦਾ । ਬੋਧ ਅਗਾਧੀ ਸਾਚੀ ਧਾਰਾ, ਹਰਿ ਨਿਰੰਕਾਰਾ ਆਪ ਚਲਾਇੰਦਾ । ਹੁਕਮੀ ਹੁਕਮ ਵਰਤਾਰਾ, ਸਾਚੀ ਸੇਵਾ ਆਪ ਰਖਾਇੰਦਾ । ਲੇਖਾ ਜਾਣੇ ਗੁਰ ਅਵਤਾਰਾ, ਗੋਦੀ ਗੋਦ ਆਪ ਬਹਾਇੰਦਾ । ਨਿਰਗੁਣ ਸਰਗੁਣ ਕਰੇ ਪਿਆਰਾ, ਸਾਖਯਾਤ

ਰੂਪ ਵਟਾਇੰਦਾ । ਦੀਆ ਬਾਤੀ ਕਰ ਉਜਿਆਰਾ, ਕਾਇਆ ਤਾਕੀ ਖੋਲ੍ਹ ਖੁਲ੍ਹਾਇੰਦਾ । ਬਣ ਬਣ ਸਾਕੀ ਸ਼ਬਦ ਪਿਆਰਾ, ਨਾਮ ਪਿਆਲਾ ਜਾਮ ਪਿਆਇੰਦਾ । ਸਾਚੇ ਰਾਕੀ ਸ਼ਾਹ ਅਸਵਾਰਾ, ਅਸਵ ਘੋੜਾ ਆਪ ਦੁੜਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਿਨਾਰਾ, ਲੋਕਮਾਤ ਵੇਖ ਵਖਾਇੰਦਾ । ਵਰਭੰਡੀ ਖੇਲ ਕਰੇ ਨਿਆਰਾ, ਬ੍ਰਹਿਮੰਡੀ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਵਡਿਆਇੰਦਾ । ਸਚਖੰਡ ਸਾਚੇ ਸਚ ਦਰਬਾਰ, ਧੁਰ ਦਰਬਾਰੀ ਆਪ ਲਗਾਈਆ । ਆਦਿ ਜੁਗਾਦੀ ਖੇਲ ਅਪਾਰ, ਜੁਗ ਕਰਤਾ ਵੇਖ ਵਖਾਈਆ । ਨਿਰਗੁਣ ਸਰਗੁਣ ਲਏ ਅਵਤਾਰ, ਮਹਾਂਸਾਰਥੀ ਬਣ ਬਣ ਰਥ ਚਲਾਈਆ । ਨਾਉਂ ਨਿਰੰਕਾਰਾ ਕਰ ਤਿਆਰ, ਤਾਰ ਸਤਾਰ ਇਕ ਹਿਲਾਈਆ । ਅਨੁਭਵ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਮਹੱਲ ਅਟੱਲ ਉਚ ਮਨਾਰ, ਗ੍ਰਹਿ ਮੰਦਰ ਸੋਭਾ ਪਾਈਆ । ਲੇਖਾ ਜਾਣੇ ਗੁਰ ਅਵਤਾਰ, ਗੁਰ ਗੁਰ ਆਪਣੀ ਬੂਝ ਬੁਝਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਈਆ । ਸਚਖੰਡ ਦੁਆਰਾ ਸਚ ਦਰਬਾਰਾ, ਦਰਦ ਦੁੱਖ ਭੈ ਭੰਜਨ ਆਪ ਲਗਾਇੰਦਾ । ਕਰੇ ਖੇਲ ਅਗੰਮ ਅਪਾਰਾ, ਆਦਿ ਨਿਰੰਜਣ ਜੋਤੀ ਨੂਰ ਡਗਮਗਾਇੰਦਾ । ਜੁਗਾਂ ਜੁਗੰਤਰ ਪਾਵੇ ਸਾਰਾ, ਰੂਪ ਅਨੂਪ ਆਪ ਧਰਾਇੰਦਾ । ਲੱਖ ਚੁਰਾਸੀ ਖੋਲ੍ਹ ਕਿਵਾੜਾ, ਘਰ ਘਰ ਆਪਣੀ ਜੋਤ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਮਤਾ ਪਕਾਇੰਦਾ । ਸਚਖੰਡ ਸਾਚੇ ਸਚ ਸਲਾਹ, ਸਤਿ ਸਤਿਵਾਦੀ ਆਪ ਕਰਾਈਆ । ਕਵਣ ਰੂਪ ਬਣ ਮਲਾਹ, ਸਤਿ ਸਤਿਵਾਦੀ ਫੇਰਾ ਪਾਈਆ । ਜੁਗ ਜੁਗ ਲਾਵਾਂ ਸਾਚਾ ਰਾਹ, ਬਣ ਰਹਿਬਰ ਸੇਵ ਕਮਾਈਆ । ਨਾਉਂ ਨਿਰੰਕਾਰਾ ਨਾਮ ਪੜ੍ਹਾ, ਜੀਵ ਜੰਤ ਕਰਾਂ ਜਣਾਈਆ । ਸਤਿ ਸੰਤੋਖੀ ਧੀਰਜ ਧਰਾ, ਆਤਮ ਬ੍ਰਹਮ ਮਿਲਾਈਆ । ਕਾਇਆ ਕਿਲਾ ਕੋਟ ਵਸਾ, ਗ੍ਰਹਿ ਮੰਦਰ ਕਰਾਂ ਰੁਸ਼ਨਾਈਆ । ਹਰਿਜਨ ਸਾਚੇ ਆਪ ਪਰਗਟਾ, ਆਪਣੀ ਬੂਝ ਬੁਝਾਈਆ । ਭਗਵਨ ਭੇਵ ਦਿਆਂ ਖੁਲ੍ਹਾ, ਭਾਵੀ ਨੇੜ ਕੋਇ ਨਾ ਆਈਆ । ਆਪਣੀ ਸ਼ਕਤੀ ਇਕ ਵਖਾ, ਬੂੰਦ ਰਕਤੀ ਲੇਖੇ ਲਾਈਆ । ਇਕ ਵਅਕਤੀ ਨਜ਼ਰੀ ਜਾਏ ਆ, ਦੂਸਰ ਹੋਰ ਨਾ ਕੋਈ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਆਪਣਾ ਮਤਾ ਪਕਾਈਆ । ਸਚ ਦਰਬਾਰ ਸਾਚਾ ਮਤਾ, ਪੁਰਖ ਅਬਿਨਾਸ਼ੀ ਆਪ ਪਕਾਇੰਦਾ । ਆਦਿ ਜੁਗਾਦਿ ਠੰਡਾ ਤੱਤਾ, ਏਕਾ ਰੰਗ ਵਖਾਇੰਦਾ । ਇਕੋ ਧਾਰ ਚੇਤਨ ਸਤਾ, ਚੇਤਨ ਰੂਪ ਆਪ ਜਣਾਇੰਦਾ । ਸਚ ਰਖਾਏ ਬ੍ਰਹਮ ਮਤਾ, ਬ੍ਰਹਮ ਆਪਣੀ ਅੰਸ਼ ਬਣਾਇੰਦਾ । ਜਾਨਣਹਾਰਾ ਮਿੱਤ ਗਤਾ, ਗਤ ਮਿਤ ਆਪਣੇ ਹੱਥ ਰਖਾਇੰਦਾ । ਪ੍ਰਗਟ ਹੋਏ ਨਿਤ ਨਵਿਤਾ, ਜੁਗ ਜੁਗ ਵੇਸ ਵਟਾਇੰਦਾ । ਕੋਇ ਨਾ ਜਾਣੇ ਵਾਰ ਥਿਤਾ, ਘੜੀ ਪਲ ਨਾ ਕੋਈ ਰਖਾਇੰਦਾ । ਜਨ ਭਗਤਾਂ ਬਣਿਆ ਸਾਕ ਸੱਜਣ ਮੀਤਾ, ਦੂਜਾ ਸੰਗ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਆਪਣਾ ਰਾਹ ਆਪੇ ਲਾ, ਹਰਿ ਜੂ ਖ਼ੁਸ਼ੀ ਮਨਾਈਆ । ਲੋਕਮਾਤ ਵਖਾਏ ਥਾਂ, ਥਾਨ ਥਨੰਤਰ ਸੋਭਾ ਪਾਈਆ । ਹਰਿਜਨ ਸਾਚੇ ਪਕੜੇ ਬਾਂਹ, ਜੁਗ ਜੁਗ ਮੇਲ ਮਿਲਾਈਆ । ਸਵੱਛ ਸਰੂਪੀ ਦਰਸ ਦਿਖਾ, ਅੰਧ ਅੰਧੇਰ ਗਵਾਈਆ । ਨਿਰਗੁਣ ਨੂਰ ਜੋਤ ਜਗਾ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਅਨਹਦ ਨਾਦੀ ਨਾਦ ਵਜਾ, ਧੁਨ ਆਤਮਕ ਕਰਾਂ ਸ਼ਨਵਾਈਆ ।

ਬ੍ਰਹਮ ਬ੍ਰਹਿਮਾਦੀ ਪਰਦਾ ਲਾਹ, ਪਾਰਬ੍ਰਹਮ ਦਿਆਂ ਮਿਲਾਈਆ । ਆਦਿ ਜੁਗਾਦੀ ਸੇਵ ਕਮਾ, ਜਨ ਭਗਤਾਂ ਲਵਾਂ ਮਨਾਈਆ । ਢਾਡੀ ਬਣ ਬਣ ਰਾਗ ਸੁਣਾ, ਆਪਣਾ ਤਾਲ ਦਿਆਂ ਵਖਾਈਆ । ਬਣ ਬਣ ਪਾਂਧੀ ਫੇਰਾ ਪਾ, ਦਰ ਦਰ ਵੇਸ ਵਟਾਈਆ । ਬੋਧ ਅਗਾਧੀ ਗੀਤ ਸੁਹਾਗੀ ਛੰਦ ਲਏ ਗਾ, ਹਰਿਜਨ ਮਾਣ ਦੇਵੇ ਵਡਿਆਈਆ । ਪਾਂਧੀ ਬਣ ਬਣ ਆਵੇ ਸੱਚਾ ਸ਼ਹਿਨਸ਼ਾਹ, ਘਰ ਘਰ ਫੇਰਾ ਪਾਈਆ । ਜੁਗ ਜੁਗ ਦੇ ਵਿਛੜੇ ਲਵਾਂ ਮਿਲਾ, ਗਲ ਆਪਣਾ ਪੱਲੂ ਰਖਾਈਆ । ਰਾਤੀਂ ਸੁਤਿਆਂ ਲਿਆਂ ਉਠਾ, ਆਲਸ ਨਿੰਦਰਾ ਦਿਆਂ ਖੁਲ੍ਹਾਈਆ । ਪਿਛਲਾ ਵਿਛੋੜਾ ਦੂਰ ਕਰਾ, ਅਗਲਾ ਜੋੜਾ ਦਿਆਂ ਜੁੜਾਈਆ । ਨਾਮ ਘੋੜਾ ਹੱਥ ਫੜਾ, ਫੜ ਬਾਹੋਂ ਉਪਰ ਚੜ੍ਹਾਈਆ । ਦੋ ਜਹਾਨਾਂ ਪੌੜਾ ਇਕੋ ਲਾ, ਦੂਰ ਦੁਰਾਡਾ ਪੰਧ ਮੁਕਾਈਆ । ਸੱਸੇ ਉਪਰ ਹੋੜਾ ਲਾ, ਨਿਰਗੁਣ ਸਰਗੁਣ ਖ਼ੁਸ਼ੀ ਮਨਾਈਆ । ਹਾਹਾ ਅੱਖਰ ਆਪ ਬਣਾ, ਟਿੱਪੀ ਹੰ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਰਬਾਰਾ ਹਰਿ ਨਿਰੰਕਾਰਾ, ਆਦਿ ਜੁਗਾਦਿ ਆਪ ਲਗਾਈਆ । ਸਚਖੰਡ ਲੱਗਾ ਦਰਬਾਰ, ਧੁਰ ਦਰਬਾਰੀ ਆਪ ਲਗਾਇਆ । ਜੁਗ ਚੌਕੜੀ ਪਾਵੇ ਸਾਰ, ਨਵ ਨੌਂ ਚਾਰ ਪੰਧ ਮੁਕਾਇਆ । ਲਹਿਣਾ ਜਾਏ ਤੇਈ ਅਵਤਾਰ, ਗੁਰ ਦਸ ਦਸ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਬਿਨਾਸ਼ੀ ਕਰਤਾ, ਹਰਿਜਨ ਸਾਚੇ ਆਪ ਜਗਾਇਆ । ਸਚਖੰਡ ਦੁਆਰੇ ਏਕਾ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਲੋਕਮਾਤ ਵੇਖਣ ਸਚ ਪਲੰਘ, ਜਨ ਭਗਤਾਂ ਆਸਣ ਲਾਇੰਦਾ । ਇਕੋ ਨਾਦ ਵੱਜੇ ਮਰਦੰਗ, ਤਾਲ ਤਲਵਾੜਾ ਨਾ ਕੋਈ ਰਖਾਇੰਦਾ । ਇਕੋ ਅੰਮ੍ਰਿਤ ਸਾਚੀ ਗੰਗ, ਗੰਗਾ ਗੋਦਾਵਰੀ ਮੁਖ ਸ਼ਰਮਾਇੰਦਾ । ਇਕੋ ਮੰਦਰ ਜਾਣਾ ਲੰਘ, ਦੂਜਾ ਰਾਹ ਨਾ ਕੋਇ ਵਖਾਇੰਦਾ । ਇਕੋ ਗੌਣਾ ਸੁਹਾਗੀ ਛੰਦ, ਇਕੋ ਆਤਮ ਪਰਮਾਤਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਖਾਇੰਦਾ । ਹਰਿਜਨ ਵੇਖ ਵਡੀ ਵਡਿਆਈ, ਹਰਿ ਵੱਡਾ ਆਪ ਸਲਾਹਿੰਦਾ । ਪੁਰਖ ਅਬਿਨਾਸ਼ੀ ਕਰੀ ਕੁੜਮਾਈ, ਲੋਕਮਾਤ ਫੇਰਾ ਪਾਇੰਦਾ । ਕਰੇ ਖੇਲ ਬੇਪਰਵਾਹੀ, ਬੇਅੰਤ ਨਾਉਂ ਧਰਾਇੰਦਾ । ਮਹੱਲ ਅਟੱਲ ਰਿਹਾ ਸੁਹਾਈ, ਗ੍ਰਹਿ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਤਰਾਇੰਦਾ । ਜਨ ਭਗਤਾਂ ਅੰਤਮ ਏਕਾ ਵਰ, ਪੁਰਖ ਅਕਾਲ ਝੋਲੀ ਪਾਈਆ । ਸਤਿਜੁਗ ਖੁਲ੍ਹਾਏ ਸਾਚਾ ਦਰ, ਧੁਰ ਦਰਬਾਰ ਵੱਜੀ ਵਧਾਈਆ । ਸਾਢੇ ਤਿੰਨ ਹੱਥ ਘਾੜਨ ਘੜ, ਰਵਦਾਸ ਚੁਮਿਆਰਾ ਨਾਲ ਮਿਲਾਈਆ । ਕਬੀਰ ਉਚੇ ਟਿੱਲੇ ਆਪੇ ਚੜ੍ਹ ਚੜ੍ਹ, ਇਕੋ ਅੱਖਰ ਆਪੇ ਪੜ੍ਹ, ਪਾਰਬ੍ਰਹਮ ਮਿਲੀ ਸ਼ਰਨਾਈਆ । ਨਾਨਕ ਨਿਰਗੁਣ ਮੇਲਾ ਸਚ ਘਰ, ਸਚਖੰਡ ਦੁਆਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਹਰਿ ਭਗਤ ਤੇਰਾ ਸਚ ਮਹੱਲਾ, ਹਰਿ ਸਾਚਾ ਸਚ ਸੁਹਾਇੰਦਾ । ਜੁਗ ਜੁਗ ਵਸੇ ਇਕ ਅਕੱਲਾ, ਦਿਸ ਕਿਸੇ ਨਾ ਆਇੰਦਾ । ਤੇਰੀ ਜੋਤ ਆਤਮ ਰਲਾ, ਰਲ ਮਿਲ ਆਪਣਾ ਮੰਗਲ ਗਾਇੰਦਾ । ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛਲਾ, ਅਛਲ ਅਛੱਲ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦ ਸਮਝਾਇੰਦਾ । ਜਨ ਭਗਤ ਜਨ ਜਾਣਾ ਸਮਝ, ਹਰਿ ਸਾਚਾ ਸਚ ਜਣਾਇੰਦਾ । ਮੇਰਾ ਪ੍ਰੇਮ ਸਾਚੀ ਰਮਜ, ਰਮਜ ਰਮਜ ਵਿਚ ਰਖਾਇੰਦਾ । ਨੂਰ ਨੁਰਾਨਾ ਖੇਲ ਕਮਲ, ਅਲਨੇਕ ਵੇਖ ਵਖਾਇੰਦਾ । ਏਕਾ ਜਾਣੇ ਅਰਸ਼ ਫ਼ਰਸ਼,

ਮੁਕਾਮੇ ਹੱਕ ਡਗਮਗਾਇੰਦਾ । ਕਲਜੁਗ ਅੰਤਮ ਕੀਤਾ ਆਪਣਾ ਤਰਸ, ਰਹਿਮਤ ਰਹੀਮ ਆਪ ਕਮਾਇੰਦਾ । ਜਨਮ ਜਨਮ ਦੀ ਮੇਟੇ ਹਰਸ, ਦਰ ਦਰ ਘਰ ਘਰ ਆਪਣਾ ਦਰਸ ਦਿਖਾਇੰਦਾ । ਅੰਮ੍ਰਿਤ ਮੇਘ ਇਕੋ ਬਰਸ, ਅਗਨੀ ਤੱਤ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਸਮਝਾਇੰਦਾ । ਸਾਚੀ ਸਮਝ ਸਿਖਿਆ ਗੁਰ, ਗੁਣ ਵਿਦਿਆ ਇਕ ਵਡਿਆਈਆ । ਮੇਲ ਮਿਲਾਇਆ ਲਿਖਿਆ ਧੁਰ, ਧੁਰ ਮਸਤਕ ਵੇਖ ਵਖਾਈਆ । ਆਪ ਮਿਲਾਏ ਆਪਣੀ ਸੁਰ, ਸੁਰਤੀ ਸ਼ਬਦ ਸੰਗ ਸਮਾਈਆ । ਗੁਰਮੁਖ ਗੁਰਸਿਖ ਗਏ ਜੁੜ, ਜੁੜਿਆ ਜੋੜ ਬੇਪਰਵਾਹੀਆ । ਗੁਰਸਿਖਾਂ ਦੀ ਸਤਿਗੁਰ ਨੂੰ ਸਦਾ ਲੋੜ, ਬਿਨ ਸਿਖਾਂ ਕੰਮ ਕਿਸੇ ਨਾ ਆਈਆ । ਨਿਰਗੁਣ ਚੜ੍ਹ ਚੜ੍ਹ ਆਪਣੇ ਘੋੜ, ਸਰਗੁਣ ਵੇਖੇ ਥਾਉਂ ਥਾਈਂਆ । ਕਲਜੁਗ ਅੰਤਮ ਗਿਆ ਬੌਹੜ, ਆਪ ਆਪਣਾ ਪੰਧ ਮੁਕਾਈਆ । ਕਿਸੇ ਹੱਥ ਨਾ ਆਏ ਬ੍ਰਹਿਮਣ ਗੌੜ, ਪੂਤ ਸਪੂਤਾ ਨਜ਼ਰ ਨਾ ਆਈਆ । ਕਰੀ ਬਿਧ ਅਵਰ ਕੀ ਔਰ, ਪੁਰਖ ਅਬਿਨਾਸ਼ੀ ਖੇਲ ਕਰਾਈਆ । ਸੰਬਲ ਨਗਰ ਆਇਆ ਦੌੜ, ਦੂਰ ਦੁਰਾਡਾ ਸਾਚਾ ਮਾਹੀਆ । ਲੱਖ ਚੁਰਾਸੀ ਵੇਖੇ ਕਰ ਕਰ ਗੌਰ, ਆਪਣਾ ਰੂਪ ਨਾ ਕਿਸੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਗਾਈਆ । ਜਨ ਭਗਤ ਜੱਗ ਗਿਆ ਜਾਗ, ਜੁਗਤੀ ਹਰਿ ਜਣਾਇੰਦਾ । ਆਤਮ ਪਰਮਾਤਮ ਇਕ ਵੈਰਾਗ, ਬ੍ਰਿਹੋਂ ਚੋਟ ਲਗਾਇੰਦਾ । ਸ਼ਬਦ ਅਗੰਮੀ ਮਾਰੇ ਵਾਜ, ਆਲਸ ਨਿੰਦਰਾ ਮੋਹ ਮਿਟਾਇੰਦਾ । ਅੰਧ ਅੰਧੇਰ ਜਗੇ ਚਿਰਾਗ, ਨੂਰ ਨੁਰਾਨਾ ਨੂਰ ਧਰਾਇੰਦਾ । ਹੰਸ ਬਣਾਏ ਫੜ ਫੜ ਕਾਗ, ਸੋਹੰ ਹੰਸਾ ਨਾਮ ਜਪਾਇੰਦਾ । ਜਨਮ ਜਨਮ ਦਾ ਧੋਵੇ ਦਾਗ਼, ਦੁਰਮਤ ਮੈਲ ਆਪ ਧੁਵਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਏਕਾ ਬੰਧਨ ਨਾਮ ਪਾਇੰਦਾ । ਏਥੇ ਓਥੇ ਕਰੇ ਲਾਡ, ਦੋ ਜਹਾਨਾਂ ਵੇਖ ਵਖਾਇੰਦਾ । ਸਚ ਨਿਸ਼ਾਨਾ ਇਕੋ ਗਾਡ, ਲੱਖ ਚੁਰਾਸੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਦਾ ਪੰਧ ਮੁਕਾਇੰਦਾ । ਜੁਗ ਜੁਗ ਤੇਰਾ ਅੰਤਮ ਪੰਧ, ਹਰਿ ਪਾਂਧੀ ਆਪ ਮੁਕਾਈਆ । ਛੱਤੀ ਰਾਗ ਛੱਤੀ ਜੁਗ ਗਾਇਆ ਛੰਦ, ਛੱਤੀ ਛੱਤੀ ਵੰਡ ਵੰਡਾਈਆ । ਛੱਤੀ ਅੰਦਰ ਪਰਮਾਨੰਦ, ਛੇ ਤੀਸ ਰਿਹਾ ਸਮਝਾਈਆ । ਤੀਸ ਛੇ ਟੁੱਟੀ ਗੰਢ, ਏਕਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਛੇ ਤੀਸ ਰਾਗਨੀ ਰਾਗ, ਰਘੁਵਤ ਰਹੇ ਮਨਾਈਆ । ਜੁਗ ਚੌਕੜੀ ਕਰੇ ਰਾਜ, ਆਪਣਾ ਨਾਦ ਸੁਣਾਈਆ । ਰਸਨਾ ਜਿਹਵਾ ਮਾਰ ਅਵਾਜ਼, ਜੀਵ ਜੰਤ ਉਠਾਈਆ । ਅਨੰਦ ਕਾਰਜ ਕਰ ਕਰ ਕਾਜ, ਜਗਤ ਜੋੜ ਰਹੇ ਜੁੜਾਈਆ । ਅੰਤਰ ਸਾਜਣ ਨਾ ਲਿਆ ਸਾਜ, ਗ਼ਰੀਬ ਨਿਵਾਜ਼ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣਾ ਖੇਲ ਕਰਾਈਆ । ਛੱਤੀ ਰਾਗ ਛੱਤੀ ਜੁਗ, ਛੱਤੀ ਛੱਤੀ ਬੰਧਨ ਪਾਇਆ । ਅੰਤਮ ਔਧ ਗਈ ਪੁੱਗ, ਵੇਲਾ ਵਕਤ ਰਿਹਾ ਸਮਝਾਇਆ । ਸਭ ਦਾ ਲੇਖਾ ਜਾਣਾ ਮੁੱਕ, ਬਾਕੀ ਕੋਇ ਨਜ਼ਰ ਨਾ ਆਇਆ । ਜੁਗ ਚੌਕੜੀ ਜੋ ਬੈਠਾ ਰਿਹਾ ਲੁਕ, ਨਾਉਂ ਨਿਰੰਕਾਰ ਆਪਣਾ ਨਾਉਂ ਧਰਾਇਆ । ਕਲਜੁਗ ਅੰਤਮ ਪਏ ਬੁੱਕ, ਸ਼ਬਦ ਭਬਕ ਇਕ ਵਖਾਇਆ । ਸ਼ਾਹੋ ਭੂਪ ਹਰਿ ਪਏ ਉਠ, ਉਠ ਉਠ ਆਪਣਾ ਬਲ ਧਰਾਇਆ । ਜਨ ਭਗਤਾਂ ਉਪਰ ਜਾਏ ਤੁਠ, ਦੀਨ ਦਿਆਲ ਬੇਪਰਵਾਹਿਆ । ਅਮ੍ਰਿਤ ਪਿਆਏ ਸਾਚਾ ਘੁੱਟ, ਅੰਮਿਉਂ ਰਸ ਮੁਖ ਚੁਆਇਆ । ਇਕ ਵਖਾਏ ਕਿਲਾ ਕੋਟ, ਬੰਕ ਦੁਵਾਰ ਸੁਹਾਇਆ ।

ਕਰ ਪ੍ਰਕਾਸ਼ ਨਿਰਮਲ ਜੋਤ, ਨੂਰ ਨੁਰਾਨਾ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਆਪਣੇ ਹੱਥ ਰਖਾਇਆ । ਜੁਗ ਜੁਗ ਲੇਖਾ ਆਪਣੇ ਹੱਥ, ਹਰਿ ਜੂ ਆਪ ਰਖਾਇੰਦਾ । ਕਲਜੁਗ ਅੰਤਮ ਹੋ ਪਰਤੱਖ, ਨਿਰਗੁਣ ਵੇਸ ਵਟਾਇੰਦਾ । ਭਗਤ ਭਗਵੰਤ ਆਪੇ ਰੱਖ, ਆਪ ਆਪਣਾ ਬੰਧਨ ਪਾਇੰਦਾ । ਸਤਿ ਸਤਿਵਾਦੀ ਮਾਰਗ ਦੱਸ, ਸਾਚਾ ਰਾਹ ਇਕ ਚਲਾਇੰਦਾ । ਨਿਰਧਨ ਹੋ ਕੇ ਹੋਇਆ ਵਸ, ਆਪ ਆਪਣਾ ਮਾਣ ਮਿਟਾਇੰਦਾ । ਆਪਣਾ ਖੇੜਾ ਕਰ ਕੇ ਭੱਠ, ਜਨ ਭਗਤਾਂ ਖੇੜਾ ਆਪ ਵਸਾਇੰਦਾ । ਆਪਣੀ ਗੇੜ ਉਲਟੀ ਲੱਠ, ਸ੍ਰਿਸ਼ਟ ਸਬਾਈ ਆਪ ਭੁਵਾਇੰਦਾ । ਪੁਰਖ ਅਕਾਲ ਹੋ ਪ੍ਰਗਟ, ਪਰਮ ਪੁਰਖ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਸਾਲਾਹਿੰਦਾ । ਜਨ ਭਗਤ ਸਲਾਹੇ ਆਪ ਹਰਿ, ਹਰਿ ਜੂ ਸੇਵ ਕਮਾਇਆ । ਨਿਰਗੁਣ ਹੋ ਕੇ ਦੇਵੇ ਵਰ, ਦਰ ਦਰਵੇਸ਼ ਫੇਰਾ ਪਾਇਆ । ਹਰਿਜਨ ਵਸੇ ਸਾਚੇ ਘਰ, ਘਰ ਮੰਦਰ ਇਕ ਸੁਹਾਇਆ । ਤ੍ਰੈਭਵਨ ਧਨੀ ਚੁਕਾਏ ਡਰ, ਅਵਣ ਗਵਣ ਨਾ ਕੋਇ ਵਖਾਇਆ । ਸਤਿ ਸਤਿਵਾਦੀ ਘਾੜਨ ਘੜ, ਘੜ ਘੜ ਆਪੇ ਵੇਖ ਵਖਾਇਆ । ਨਿਰਗੁਣ ਹੋ ਕੇ ਅੰਦਰ ਜਾਏ ਵੜ, ਰੂਪ ਅਨੂਪ ਆਪ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਆਪ ਵਡਿਆਇਆ । ਭਗਤ ਬਹਾਏ ਸਤਿ ਦੁਵਾਰ, ਸਚ ਦੁਆਰਾ ਆਪ ਬਣਾਈਆ । ਨਿਰਗੁਣ ਹੋਏ ਪਹਿਰੇਦਾਰ, ਦਿਵਸ ਰੈਣ ਸੇਵ ਕਮਾਈਆ । ਸੰਤ ਸੁਹੇਲੇ ਅੰਦਰ ਵਾੜ, ਚਾਰੋਂ ਕੁੰਟ ਵੇਖ ਵਖਾਈਆ । ਨਾਤਾ ਤੋੜ ਨੌਂ ਦੁਆਰ, ਦਰ ਦਸਵੇਂ ਆਪ ਬਹਾਈਆ । ਨਰ ਨਰਾਇਣ ਕਰੇ ਪਿਆਰ, ਨਾਰ ਕੰਤ ਖ਼ੁਸ਼ੀ ਵਖਾਈਆ । ਪਿਤਾ ਪੂਤ ਗੋਦ ਸਹਾਰ, ਬਾਲਕ ਮਾਤਾ ਨਾਲ ਮਿਲਾਈਆ । ਖ਼ਾਲਕ ਖ਼ਲਕ ਪਰਵਰਦਿਗਾਰ, ਬੇਐਬ ਦਏ ਮਿਟਾਈਆ । ਸਾਲਸ ਬਣੇ ਵਿਚ ਸੰਸਾਰ, ਨਿਰਗੁਣ ਆਪਣੀ ਸੇਵ ਕਮਾਈਆ । ਖ਼ਾਲਸਾ ਖ਼ਾਲਸ ਕਰ ਤਿਆਰ, ਹਰਿ ਭਗਤ ਨਾਉਂ ਧਰਾਈਆ । ਛੱਤੀ ਜੁਗ ਦਾ ਕਰਜ਼ ਉਤਾਰ, ਛੱਤੀ ਛੱਤੀ ਵੰਡ ਵੰਡਾਈਆ । ਛੱਤੀ ਫੁੱਟ ਉਚਾ ਮਨਾਰ, ਸਤਿਜੁਗ ਰੁੱਤ ਵਖਾਈਆ । ਸੋਲਾ ਦਸ ਖੇਲ ਨਿਆਰ, ਦਸ ਆਪਣਾ ਬੰਧਨ ਪਾਈਆ । ਉਪਰ ਬੈਠ ਸੱਚੀ ਸਰਕਾਰ, ਧੁਰ ਫ਼ਰਮਾਣਾ ਦਏ ਸਮਝਾਈਆ । ਦਰ ਬੁਲਾਏ ਗੁਰ ਅਵਤਾਰ, ਸ਼ਬਦ ਸੰਦੇਸ਼ਾ ਇਕ ਘਲਾਈਆ । ਈਸਾ ਮੂਸਾ ਕਰ ਭਿਖਾਰ, ਮੁਹੰਮਦ ਦਰ ਦਰਵੇਸ਼ ਵਖਾਈਆ । ਅੱਲਾ ਰਾਣੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਤ੍ਰੈਗੁਣ ਕਰੇ ਗਿਰਿਆਜ਼ਾਰ, ਪੰਜ ਤੱਤ ਸਾਰ ਕੋਇ ਨਾ ਪਾਈਆ । ਅਸ਼ਟਭੁਜ ਹੋਏ ਬੇਹਾਲ, ਸਿੰਘ ਅਸਵਾਰ ਨਾ ਕੋਇ ਜਣਾਈਆ । ਚਤਰਭੁਜ ਬਣ ਕੰਗਾਲ, ਦਰ ਆ ਅਲਖ ਜਗਾਈਆ । ਪੁਰਖ ਅਬਿਨਾਸ਼ੀ ਕਰੇ ਖੇਲ ਨਿਰਾਲ, ਲਿਖਣ ਪੜ੍ਹਨ ਵਿਚ ਨਾ ਆਈਆ । ਸਤਿਜੁਗ ਸਾਚੀ ਬਣਾ ਧਰਮਸਾਲ, ਧਰਮ ਦੁਆਰਾ ਇਕ ਵਖਾਈਆ । ਨਾਤਾ ਤੁਟਾ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਜਣਾਈਆ । ਦੀਨ ਮਜ਼੍ਹਬ ਨਾ ਕੋਇ ਸਵਾਲ, ਸ਼ਰਅ ਸ਼ਰੀਅਤ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਆਪ ਸਲਾਹੀਆ । ਭਗਤ ਸਾਲਾਹੇ ਆਪ ਸੁਲਤਾਨਾ, ਸਤਿਜੁਗ ਸਾਚੀ ਗਾਥ ਜਣਾਈਆ । ਏਕਾ ਰਾਗ ਇਕ ਤਰਾਨਾ, ਇਕ ਸੁਰ ਤਾਲ ਵਜਾਈਆ । ਏਕਾ ਮੰਦਰ ਇਕ ਮਕਾਨਾ, ਏਕਾ ਇਸ਼ਟ ਗੁਰ ਵਡਿਆਈਆ । ਏਕਾ ਖੇਲ ਸ੍ਰੀ ਭਗਵਾਨਾ, ਗੁਰ ਗੁਰ ਰਹੇ ਖ਼ੁਸ਼ੀ ਮਨਾਈਆ । ਛੱਤੀ ਜੁਗ ਦਾ ਪੰਧ ਮੁਕਾਨਾ, ਨਵ ਨੌਂ ਚਾਰ ਰਹਿਣ ਨਾ ਪਾਈਆ । ਹਰਿਜਨ ਹਰਿ ਕਰੇ ਪਰਵਾਨਾ,

੨੪੦
੧੧

ਭਗਤਨ ਮੇਲਾ ਸਹਿਜ ਸੁਭਾਈਆ । ਛੱਬੀ ਪੋਹ ਬੰਨ੍ਹਣਾ ਗਾਨਾਂ, ਏਕਾ ਤੰਦ ਨਾਮ ਉਠਾਈਆ । ਕਰੇ ਖੇਲ ਮਰਦ ਮਰਦਾਨਾ, ਸਚ ਮਰਦਾਨਗੀ ਆਪ ਜਣਾਈਆ । ਪ੍ਰਗਟ ਹੋ ਵਿਸ਼ਨੂੰ ਭਗਵਾਨਾ, ਵਿਸ਼ਵ ਆਪਣਾ ਰੰਗ ਜਣਾਈਆ । ਕਾਲ ਮਹਾਂਕਾਲ ਦੋਏ ਬਾਲ ਨਾਦਾਨਾ, ਆਪਣੇ ਚਰਨਾਂ ਹੇਠ ਦਬਾਈਆ । ਇਕੋ ਵਾਰ ਦਏ ਧੁਰ ਫ਼ਰਮਾਣਾ, ਦੋ ਜਹਾਨਾਂ ਦਏ ਸੁਣਾਈਆ । ਲੱਖ ਚੁਰਾਸੀ ਹਰਿ ਜੂ ਕਾਹਨਾ, ਇਕੋ ਵਾਰ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵੰਤ ਭਗਤ ਖੇਲ ਖਲਾਈਆ । ਭਗਤ ਕਹੇ ਸੁਣ ਨਿਰੰਕਾਰ, ਦੋਏ ਜੋੜ ਸ਼ਰਨਾਈਆ । ਤੂੰ ਜੁਗ ਜੁਗ ਕਰਦਾ ਰਿਹਾ ਖੁਆਰ, ਲੋਕਮਾਤ ਭੁਆਈਆ । ਜਿਸ ਨੇ ਤੈਨੂੰ ਮੰਨਿਆਂ ਯਾਰ, ਤਿਸ ਮਿਲੀ ਜਗਤ ਸਜ਼ਾਈਆ । ਤੂੰ ਲੁਕਿਆ ਰਿਹੋਂ ਸਚਖੰਡ ਦਰਬਾਰ, ਤੇਰਾ ਦਰਸ ਕੋਇ ਨਾ ਪਾਈਆ । ਤੇਰੇ ਭਗਤਾਂ ਨੂੰ ਕਹਿੰਦੇ ਰਹੇ ਗਵਾਰ, ਮੂਰਖ ਮੁਗਧ ਨਾਉਂ ਧਰਾਈਆ । ਤੂੰ ਬੇਪਰਵਾਹ ਬਣਿਆ ਸਾਚਾ ਯਾਰ, ਤੇਰੀ ਯਾਰੀ ਸਾਨੂੰ ਅੰਤ ਨਾ ਭਾਈਆ । ਜਿਸ ਪਿਛੇ ਪਏ ਮਾਰ, ਸੋ ਯਾਰ ਨਾ ਕੋਇ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰੇ ਪਿਛੇ ਲੱਗ ਲੱਗ ਗਏ ਹਾਰ, ਤੂੰ ਪੱਲੂ ਨਾ ਕਿਸੇ ਫੜਾਈਆ । ਆਪਣੀ ਕਰ ਕੇ ਗਿਉਂ ਕਾਰ, ਆਪਣਾ ਭੇਵ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਵਣ ਬਿਧ ਤੇਰੀ ਮਿਲੇ ਸ਼ਰਨਾਈਆ । ਭਗਤ ਕਹੇ ਸੁਣ ਹਰਿ ਜੂ ਮੀਤ, ਸਾਚੀ ਸਚ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਗਾਏ ਤੇਰੇ ਗੀਤ, ਤੇਰੇ ਪਿਛੇ ਮਿਲੀ ਸਜ਼ਾਈਆ । ਤੂੰ ਵਸਿਆ ਸਦਾ ਧਾਮ ਅਨਡੀਠ, ਆਪ ਆਪਣਾ ਰੂਪ ਛੁਪਾਈਆ । ਜੁਗ ਚੌਕੜੀ ਗਏ ਬੀਤ, ਤੇਰਾ ਵਿਛੋੜਾ ਮੁੱਕ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਿਸ ਬਿਧ ਦਰ ਤੇਰੇ ਸੋਭਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਨਾਮ ਜਪ, ਜਪ ਜਪ ਪੰਧ ਮੁਕਾਇਆ । ਕਾਇਆ ਅਗਨੀ ਹਵਨ ਤਪ ਤਪ, ਆਪਣਾ ਆਪ ਜਲਾਇਆ । ਡੂੰਘੇ ਤਾਲ ਜਲ ਵਿਚ ਫਸ ਫਸ, ਆਪਣਾ ਆਪ ਮਿਟਾਇਆ । ਜੰਗਲ ਜੂਹ ਉਜਾੜ ਫਿਰੇ ਨੱਸ ਨੱਸ, ਤੂੰ ਹੱਥ ਕਿਸੇ ਨਾ ਆਇਆ । ਰਸਨਾ ਗਾ ਗਾ ਥੱਕੀ ਤੇਰਾ ਜਸ, ਤੇਰਾ ਗੀਤ ਨਾ ਕਿਸੇ ਮੁਕਾਇਆ । ਜਿਸ ਨੂੰ ਆਪਣੀ ਝਲਕ ਗਿਆ ਦੱਸ, ਸੋ ਜਗਤ ਨਾਤਾ ਗਿਆ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਵਣ ਬਿਧ ਦਰ ਤੇਰਾ ਨਜ਼ਰੀ ਆਇਆ । ਕਬੀਰ ਕਹੇ ਤੂੰ ਬੜਾ ਢੀਠ, ਅਛਲ ਅਛੱਲ ਤੇਰੀ ਵਡਿਆਈਆ । ਜੁਗ ਜੁਗ ਸੁੱਤਾ ਰਿਹੋਂ ਦੇ ਕਰ ਪੀਠ, ਆਪਣੀ ਕਰਵਟ ਨਾ ਅਜੇ ਬਦਲਾਈਆ । ਤੈਨੂੰ ਲੱਭਦੇ ਫਿਰਦੇ ਵਿਚ ਮੰਦਰ ਮਸੀਤ, ਮੰਦਰ ਮੱਠ ਫੇਰਾ ਪਾਈਆ । ਅਠਸਠ ਤੇਰੀ ਵੇਖੀ ਰੀਤ, ਜਲ ਪਾਣੀ ਨਾਲ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਿਆ ਬੀਤ, ਬੀਤੀ ਕਹਾਣੀ ਨਾ ਤੂੰ ਕਿਸੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਭਗਤਾਂ ਮਿਲੇ ਤੇਰੀ ਸ਼ਰਨਾਈਆ । ਪੁਰਖ ਅਬਿਨਾਸ਼ੀ ਹੋ ਦਿਆਲ, ਇਕੋ ਗੁਣ ਜਣਾਇੰਦਾ । ਕਲਜੁਗ ਅੰਤਮ ਖੇਲ ਮਹਾਨ, ਹਰਿ ਖ਼ਾਲਕ ਆਪ ਕਰਾਇੰਦਾ । ਹਰਿਜਨ ਵੇਖਾਂ ਮਾਰ ਧਿਆਨ, ਇਕੋ ਵਾਰ ਉਠਾਇੰਦਾ । ਦਰ ਦਰ ਘਰ ਘਰ ਦਰਸ ਦੇਵਾਂ ਆਣ, ਦਰਦੀਆਂ ਦਰਦ ਵੰਡਾਇੰਦਾ । ਸਚ ਸੰਦੇਸ਼ਾ ਧੁਰ ਫ਼ਰਮਾਣ, ਆਦਿ ਜੁਗਾਦੀ ਅੱਖਰ ਆਪ ਪੜ੍ਹਾਇੰਦਾ । ਆਤਮ ਪਰਮਾਤਮ ਕਰੇ ਕਲਿਆਣ, ਸੋਹੰ ਨਾਤਾ ਜੋੜ ਜੁੜਾਇੰਦਾ । ਲੋਕਮਾਤ ਸਚ ਨਿਸ਼ਾਨ, ਜਨ ਭਗਤਾਂ ਆਪ ਬਣਾਇੰਦਾ । ਛੱਤੀ ਜੁਗ ਕਰ ਕਲਿਆਣ, ਕਾਲ ਫਾਸ

ਸਰਬ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਝੋਲੀ ਪਾਇੰਦਾ । ਸਾਚੀ ਵਸਤ ਝੋਲੀ ਪਾ, ਹਰਿ ਸਾਚੇ ਸਚ ਜਣਾਈਆ । ਕਲਜੁਗ ਅੰਤ ਬਣਾਂ ਮਲਾਹ, ਨਿਰਗੁਣ ਰੂਪ ਧਰਾਈਆ । ਸਾਚੇ ਭਗਤਾਂ ਲਵਾਂ ਉਠਾ, ਆਪਣੀ ਦਇਆ ਕਮਾਈਆ । ਏਕਾ ਘਰ ਦਿਆਂ ਵਖਾ, ਦੂਜੀ ਓਟ ਨਾ ਕੋਇ ਸ਼ਰਨਾਈਆ । ਸਚ ਦੁਆਰਾ ਦਿਆਂ ਬਣਾ, ਛੱਤੀ ਛੱਤੀ ਪੰਧ ਮੁਕਾਈਆ । ਹਰਿਜਨ ਸਾਚੇ ਵਿਚ ਬਹਾ, ਸਾਚੇ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਰਿਹਾ ਜਣਾਈਆ । ਕਲਜੁਗ ਵੇਲਾ ਅੰਤਮ ਔਣਾ, ਹਰਿ ਸਾਚਾ ਸਚ ਜਣਾਇੰਦਾ । ਨਿਹਕਲੰਕ ਜਾਮਾ ਪੌਣਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਸੰਬਲ ਨਗਰੀ ਧਾਮ ਸੁਹੌਣਾ, ਗੋਬਿੰਦ ਮੇਲਾ ਮੇਲ ਮਿਲਾਇੰਦਾ । ਗੁਰ ਚੇਲਾ ਏਕਾ ਰੰਗ ਰੰਗੌਣਾ, ਰੰਗ ਮਜੀਠੀ ਆਪ ਚੜ੍ਹਾਇੰਦਾ । ਜਨ ਭਗਤ ਦੁਆਰ ਇਕ ਸੁਹੌਣਾ, ਦਰ ਦਰਵਾਜ਼ਾ ਆਪ ਖੁਲਾਇੰਦਾ । ਸਚ ਨਿਸ਼ਾਨ ਜਗਤ ਝੁਲੌਣਾ, ਸਤਿ ਸਤਿਵਾਦੀ ਹੱਥ ਉਠਾਇੰਦਾ । ਕਰ ਕਿਰਪਾ ਆਪਣਾ ਦਰਸ ਦਿਖੌਣਾ, ਜਪ ਤਪ ਨਾ ਕੋਇ ਰਖਾਇੰਦਾ । ਕੀਤਾ ਕੌਲ ਪੂਰ ਨਿਭੌਣਾ, ਅਭੁਲ ਭੁੱਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਮਿਲਾਇੰਦਾ । ਪੂਰਾ ਕਰੇ ਕੀਤਾ ਕੌਲ, ਏਕਾ ਏਕੰਕਾਰਾ । ਜਨ ਭਗਤ ਵਡਿਆਈ ਦੇਵੇ ਉਪਰ ਧੌਲ, ਧਰਤ ਧਵਲ ਦਏ ਸਹਾਰਾ । ਨਿਰਗੁਣ ਸੁਰਤੀ ਜਾਏ ਮੌਲ, ਹਰਿ ਸ਼ਬਦੀ ਹੋ ਉਜਿਆਰਾ । ਅਕਾਲ ਮੂਰਤ ਲੇਖਾ ਚੁਕਾਏ ਪਰਦਾ ਉਹਲ, ਪਰਗਟ ਹੋ ਵਿਚ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੁਹਾਏ ਭਗਤ ਦੁਆਰਾ । ਭਗਤ ਦੁਆਰਾ ਹਰਿ ਭਗਵਾਨ, ਲੋਕਮਾਤ ਪਰਗਟਾਈਆ । ਸਤਿਜੁਗ ਦਾ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਵਖਾਈਆ । ਦੁੱਖ ਦਰਦ ਸਰਬ ਮਿਟ ਜਾਣ, ਕਲ ਕਲੇਸ਼ ਰਹੇ ਨਾ ਰਾਈਆ । ਸ਼ਾਹ ਭੂਪ ਮੰਨਣ ਆਣ, ਰਾਜ ਰਾਜਾਨ ਸੀਸ ਝੁਕਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਸਿਰ ਭਗਤਾਂ ਹੱਥ ਟਿਕਾਈਆ । ਦਿਵਸ ਰੈਣ ਕਰੇ ਧਿਆਨ, ਚਾਰ ਕੁੰਟ ਹੋਏ ਸਹਾਈਆ । ਸ਼ਰਨ ਸ਼ਰਨਾਈ ਬਖ਼ਸ਼ੇ ਮਾਣ, ਚਰਨ ਚਰਨੋਦਕ ਮੁਖ ਚੁਆਈਆ । ਨਾਮ ਨਿਧਾਨਾ ਦੇਵੇ ਗਿਆਨ, ਜੋਤੀ ਜੋਤ ਨੂਰ ਰੁਸ਼ਨਾਈਆ । ਸਾਹਿਬ ਸੁਲਤਾਨ ਮਿਲੇ ਕਾਹਨ, ਘਰ ਮੰਦਰ ਵੱਜੇ ਵਧਾਈਆ । ਜੁਗ ਚੌਕੜੀ ਸਾਰੇ ਗਾਣ, ਭਗਤ ਭਗਵੰਤ ਖ਼ੁਸ਼ੀ ਮਨਾਈਆ । ਕਲਜੁਗ ਅੰਤ ਕਰ ਪਰਵਾਨ, ਪਰਮ ਪੁਰਖ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਵੜ, ਸਚ ਦਰਬਾਰਾ ਆਪ ਵਖਾਈਆ । ਸਚ ਦੁਆਰਾ ਸਤਿ ਸਤਿਵਾਦ, ਸਤਿ ਪੁਰਖ ਨਿਰੰਜਣ ਆਪ ਲਗਾਇਆ । ਇਕੋ ਨਾਮ ਬੋਧ ਅਗਾਧ, ਅਗਾਧ ਬੋਧ ਆਪ ਸੁਣਾਇਆ । ਜਨ ਭਗਤਾਂ ਸੁਣੀ ਆਪ ਫਰਯਾਦ, ਆਪ ਆਪਣੀ ਦਇਆ ਕਮਾਇਆ । ਕਲਜੁਗ ਅੰਤਮ ਦੇਵੇ ਦਾਦ, ਦੁੱਖ ਦਰਦ ਨਾ ਕੋਇ ਵਖਾਇਆ । ਫੜ ਫੜ ਕੱਢੇ ਡੂੰਘੀ ਅੰਧੇਰੀ ਖਾਡ, ਹਰਿ ਜੂ ਆਪਣੀ ਸੇਵ ਕਮਾਇਆ । ਨਿਰਗੁਣ ਸਰਗੁਣ ਕਰੇ ਲਾਡ, ਸਦਾ ਸੁਹੇਲਾ ਗੋਦ ਬਹਾਇਆ । ਸਚ ਦਰਬਾਰ ਬਣਾਏ ਯਾਦ, ਜੁਗ ਚੌਕੜੀ ਨਾਮ ਉਪਾਇਆ । ਕਾਦਰ ਕਰਤਾ ਰੱਖੇ ਲਾਜ, ਕੁਦਰਤ ਆਪਣਾ ਰੰਗ ਵਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਗਲੇ ਲਗਾਇਆ ।

★ ੨੫ ਪੋਹ ੨੦੧੮ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਆਦਿ ਜੁਗਾਦੀ ਬੁੱਢਾ ਨੱਢਾ ਬਲਵਾਨ, ਹਰਿ ਏਕਾ ਰੰਗ ਸਮਾਇੰਦਾ । ਸਚਖੰਡ ਨਿਵਾਸੀ ਸਾਚੇ ਤਖ਼ਤ ਬੈਠ ਖੇਲ ਕਰੇ ਮਹਾਨ, ਭੇਵ ਕੋਇ ਨਾ ਪਾਇੰਦਾ । ਧੁਰ ਦਰਬਾਰੀ ਏਕਾ ਦੇਵੇ ਧੁਰ ਫ਼ਰਮਾਣ, ਹੁਕਮੀ ਹੁਕਮ ਆਪ ਵਰਤਾਇੰਦਾ । ਗੁਰ ਅਵਤਾਰ ਕਰੇ ਧਿਆਨ, ਨੇਤਰ ਨੈਣ ਸਰਬ ਖੁਲ੍ਹਾਇੰਦਾ । ਭਗਤ ਉਠੇ ਬਾਲ ਨਾਦਾਨ, ਪਾਰਬ੍ਰਹਮ ਆਪ ਸਮਝਾਇੰਦਾ । ਨਵ ਨੌਂ ਚਾਰ ਦੀ ਚੁੱਕੀ ਕਾਣ, ਵੇਲਾ ਅੰਤ ਸਮਝਾਇੰਦਾ । ਨਿਰਗੁਣ ਰੂਪ ਪਰਗਟ ਹੋਏ ਸ੍ਰੀ ਭਗਵਾਨ, ਲੋਕਮਾਤ ਵੇਸ ਵਟਾਇੰਦਾ । ਉਲਟੀ ਦਾਤ ਦੇਵੇ ਗੁਣ ਨਿਧਾਨ, ਜਿਸ ਦਾ ਲੇਖ ਨਾ ਕੋਈ ਵਖਾਇੰਦਾ । ਛੱਬੀ ਪੋਹ ਦਿਵਸ ਮਹਾਨ, ਸ਼ਾਹ ਪਾਤਸ਼ਾਹ ਆਪ ਸੁਹਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਦੋ ਜਹਾਨ ਸਰਬ ਪਛਤਾਣ, ਨੇਤਰ ਨੈਣਾਂ ਨੀਰ ਵਹਾਇੰਦਾ । ਗੁਰਮੁਖ ਵਿਰਲੇ ਚਤੁਰ ਸੁਘੜ ਸੁਜਾਨ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਲੇਖਾ ਜਨ ਭਗਤਾਂ ਹੱਥ ਫੜਾਇੰਦਾ ।

ਹਰਿ ਭਗਤਾਂ ਹਰਿ ਮਾਣ ਦਵਾਉਣਾ, ਬਿਨ ਭਗਤੀ ਦਇਆ ਕਮਾਈਆ । ਨਿਰਗੁਣ ਸ਼ਕਤੀ ਵਿਚ ਟਿਕਾਉਣਾ, ਨਿਰਗੁਣ ਨਿਰਗੁਣ ਮੇਲ ਮਿਲਾਈਆ । ਬੂੰਦ ਰਕਤੀ ਪੰਧ ਮੁਕਾਉਣਾ, ਸੁਣ ਬੇਨੰਤੀ ਹੋਏ ਸਹਾਈਆ । ਸਾਚੀ ਨਾਰੀ ਕੰਤ ਮਿਲਾਉਣਾ, ਵਿਛੜ ਕਦੇ ਨਾ ਜਾਈਆ । ਸਚ ਦੁਆਰੇ ਆਪ ਬਹਾਉਣਾ, ਸੋ ਪੁਰਖ ਨਿਰੰਜਣ ਆਪ ਬਣਾਈਆ । ਲੋਕਮਾਤ ਮਾਤ ਪ੍ਰਗਟਾਉਣਾ, ਪ੍ਰਭ ਆਪਣਾ ਖੇਲ ਵਖਾਈਆ । ਸਚ ਸਿੰਘਾਸਣ ਆਸਣ ਲਾਉਣਾ, ਸਤਿ ਸਤਿਵਾਦੀ ਵਡ ਵਡਿਆਈਆ । ਆਪਣਾ ਵਸ ਨਾ ਕਿਛ ਰਖਾਉਣਾ, ਜਨ ਭਗਤਾਂ ਹੋਏ ਸਦਾ ਸਹਾਈਆ । ਹੋਏ ਨਿਮਾਣਾ ਗਲ ਵਿਚ ਪੱਲੂ ਪਾਉਣਾ, ਨਿਉਂ ਨਿਉਂ ਸੀਸ ਝੁਕਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੁਗ ਜੁਗ ਗੁਰ ਅਵਤਾਰਾਂ ਰਾਹ ਵਖਾਉਣਾ, ਨੇਤਰ ਨੈਣ ਨੈਣ ਖੁਲ੍ਹਾਈਆ । ਆਪਣਾ ਪਰਦਾ ਆਪ ਚੁਕਾਉਣਾ, ਪਰਦਾਨਸ਼ੀਂ ਹੋਏ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਈਆ । ਹਰਿਜਨ ਤੇਰਾ ਰੱਖੇ ਮਾਣ, ਅਭਿਮਾਨ ਰਹੇ ਨਾ ਰਾਇਆ । ਸਚਖੰਡ ਨਿਵਾਸੀ ਹੋ ਮਿਹਰਵਾਨ, ਲੋਕਮਾਤ ਦਏ ਵਡਿਆਇਆ । ਛੱਤੀ ਜੁਗ ਜੋ ਬਣਿਆ ਰਿਹਾ ਬਾਗ਼ਬਾਨ, ਜੁਗ ਜੁਗ ਬੂਟਾ ਲਾਇਆ । ਗੁਰ ਅਵਤਾਰਾਂ ਦੇਂਦਾ ਰਿਹਾ ਜੋ ਗਿਆਨ, ਨਾਮ ਸੰਦੇਸ਼ਾ ਇਕ ਸੁਣਾਇਆ । ਕਲਜੁਗ ਅੰਤਮ ਵੇਖੇ ਆਣ, ਹਰਿਜਨ ਸਾਚੇ ਆਪ ਉਠਾਇਆ । ਚਰਨ ਕਵਲ ਬਖ਼ਸ਼ੇ ਇਕ ਧਿਆਨ, ਧਰਨੀ ਧਰਤ ਧਵਲ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਝੋਲੀ ਪਾਇਆ । ਪੂਰਬ ਲਹਿਣਾ ਪਾਏ ਝੋਲੀ, ਝੂਲਾ ਆਪਣਾ ਆਪ ਝੁਲਾਈਆ । ਨਿਰਗੁਣ ਜੋਤ ਬਣੇ ਗੋਲੀ, ਜਨ ਭਗਤਾਂ ਸੇਵ ਕਮਾਈਆ । ਬੇਅੰਤ ਕਹਿ ਕਰ ਜਿਸ ਨੂੰ ਗੁਰ ਅਵਤਾਰ ਮਾਰਦੇ ਰਹੇ ਬੋਲੀ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਭਗਤ ਦੁਆਰਾ ਰਿਹਾ ਖੋਲ੍ਹੀ, ਅੰਤਮ ਸਭ ਨੂੰ ਦਏ ਵਖਾਈਆ । ਉਪਰ ਚੜ੍ਹ ਕੇ ਖੇਲੇ ਹੋਲੀ,

ਲੋਕ ਪਰਲੋਕ ਖੇਲ ਕਰਾਈਆ । ਲੱਖ ਚੁਰਾਸੀ ਅੰਦਰੋਂ ਪੋਲੀ, ਚਾਰ ਕੁੰਟ ਰਹੀ ਕੁਰਲਾਈਆ । ਗੁਰਮੁਖ ਨਾਰੀ ਘੋਲ ਘੋਲੀ, ਸੀਸ ਜਗਦੀਸ਼ ਇਕ ਝੁਕਾਈਆ । ਬਿਨ ਤੋਲ ਹਰਿ ਜੂ ਪੂਰੇ ਤੋਲ ਤੋਲੀ, ਅਤੁਲ ਆਪਣੇ ਹੱਥ ਰੱਖੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਖੇਲ ਖਿਲਾਉਣਾ, ਖੇਲੇ ਅਗੰਮ ਅਪਾਰ । ਛੱਬੀ ਪੋਹ ਦਿਵਸ ਸੁਹਾਉਣਾ, ਬੀਸ ਅਠਾਰਾਂ ਕਰ ਪਿਆਰ । ਸਚ ਦੁਆਰਾ ਇਕ ਸੁਹਾਉਣਾ, ਜਨ ਭਗਤਾਂ ਪੈਜ ਸੁਆਰ । ਸੰਤ ਸੁਹੇਲੇ ਰੰਗ ਚੜ੍ਹਾਉਣਾ, ਉਤਰ ਨਾ ਜਾਏ ਵਿਚ ਸੰਸਾਰ । ਗੁਰਮੁਖਾਂ ਆਪਣੀ ਗੋਦ ਬਹਾਉਣਾ, ਕੋਈ ਫੜ ਨਾ ਕੱਢੇ ਬਾਹਰ । ਗੁਰਸਿਖ ਬਾਲਾ ਉਂਗਲੀ ਲਾਉਣਾ, ਚਾਰੋਂ ਕੁੰਟ ਕਰੇ ਉਜਿਆਰ । ਜਨਮ ਜਨਮ ਦਾ ਦੁੱਖ ਮਿਟਾਉਣਾ, ਲੱਖ ਚੁਰਾਸੀ ਗੇੜ ਨਵਾਰ । ਸਾਚਾ ਸੁਖ ਇਕ ਉਪਜਾਉਣਾ, ਆਪ ਆਪਣੀ ਕਿਰਪਾ ਧਾਰ । ਆਪਣਾ ਆਪ ਭਗਤਾਂ ਵਸ ਕਰਾਉਣਾ, ਜਿਸ ਨੂੰ ਕਬੀਰ ਜੁਲਾਹਾ ਕੂਕ ਕੂਕ ਕਰ ਗਿਆ ਪੁਕਾਰ । ਨਾਨਕ ਜਿਸ ਦਰ ਸੀਸ ਝੁਕਾਉਣਾ, ਸੋ ਪਰਗਟ ਹੋਇਆ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਭਾਰ । ਭਗਤਾਂ ਦੇਵੇ ਮਾਣ, ਭਗਤ ਵਡਿਆਈਆ । ਛੱਤੀ ਜੁਗ ਦਾ ਲੇਖ ਪਰਵਾਨ, ਧੁਰ ਫ਼ਰਮਾਣਾ ਦਏ ਸੁਣਾਈਆ । ਨਿਰਗੁਣ ਸਰਗੁਣ ਖੇਲ ਮਹਾਨ, ਦੋਏ ਦੋਏ ਵੇਸ ਵਟਾਈਆ । ਬਹੱਤਰ ਜਨ ਇਕ ਨਿਸ਼ਾਨ, ਸਚ ਨਿਸ਼ਾਨਾ ਆਪ ਉਠਾਈਆ । ਸੱਤਰਾਂ ਮਿਲਿਆ ਏਕਾ ਕਾਹਨ, ਏਕਾ ਕੰਤ ਸੋਭਾ ਪਾਈਆ । ਚੁਹੱਤਰਾਂ ਵੇਖੇ ਇਕ ਮਕਾਨ, ਸੱਤ ਚਾਰ ਖ਼ੁਸ਼ੀ ਮਨਾਈਆ । ਛੱਬੀ ਪੋਹ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਗੁਰ ਅਵਤਾਰ ਕਰ ਧਿਆਨ, ਹਰਿ ਜੂ ਕੀ ਖੇਲ ਰਚਾਈਆ । ਭਗਤ ਸੁਣਨ ਲਾ ਲਾ ਕਾਨ, ਚਾਰ ਜੁਗ ਪਿਛਲੇ ਹਾਲ ਸੁਣਾਈਆ । ਮੁਹੰਮਦ ਚਰਨ ਡਿੱਗੇ ਆਣ, ਗੁਰਮੁਖਾਂ ਅੱਗੇ ਝੋਲੀ ਡਾਹੀਆ । ਮੈਂ ਭੁਲਿਆ ਬਾਲ ਨਾਦਾਨ, ਰਹਿਮਤ ਕਰ ਮੇਰੇ ਖ਼ੁਦਾਈਆ । ਮੇਰੀ ਸਿਫ਼ਤ ਨਾ ਕਰੇ ਜ਼ਬਾਨ, ਬੇਸਿਫ਼ਤ ਤੇਰੀ ਵਡਿਆਈਆ । ਤੂੰ ਸ਼ਰਅ ਮੇਰਾ ਈਮਾਨ, ਮੇਰਾ ਕਲਮਾ ਤੇਰਾ ਨਾਉਂ ਪੜ੍ਹਾਈਆ । ਬਿਨ ਤੇਰੇ ਮੇਰਾ ਕਾਅਬਾ ਹੋਇਆ ਵੈਰਾਨ, ਹੁਜ਼ਰਾ ਕੋਇ ਨਾ ਮਾਤ ਸੁਹਾਈਆ । ਮੈਂ ਸੁਣਿਆਂ ਤੂੰ ਭਗਤਾਂ ਦੇਵੇਂ ਦਾਨ, ਅਨਮੁਲੜੀ ਦਾਤ ਰਿਹਾ ਵਰਤਾਈਆ । ਮੈਂ ਭਗਤ ਦੁਆਰੇ ਡਿੱਗਾ ਆਣ, ਦੋਏ ਜੋੜ ਸੀਸ ਝੁਕਾਈਆ । ਤੀਸ ਬਤੀਸ ਪੁਕਾਰੇ ਮੇਰੀ ਕੁਰਾਨ, ਕੁਰਾ ਕੋਈ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਦੇ ਸਾਚਾ ਵਰ, ਮਿਲੇ ਚਰਨ ਤੇਰੇ ਸ਼ਰਨਾਈਆ । ਹਰਿ ਜੂ ਅੱਗੋਂ ਰਿਹਾ ਦੱਸ, ਏਕਾ ਹੁਕਮ ਜਣਾਈਆ । ਮੈਂ ਭਗਤਾਂ ਹੋ ਗਿਆ ਵਸ, ਖ਼ਾਲੀ ਹੱਥ ਰਿਹਾ ਵਖਾਈਆ । ਛੱਬੀ ਪੋਹ ਆਉਣਾ ਨੱਸ, ਏਕਾ ਰੁੱਤ ਸੁਹਾਈਆ । ਮੇਰਿਆਂ ਸਿਖਾਂ ਦੇ ਚਰਨਾਂ ਜਾਣਾ ਢੱਠ, ਜੇ ਲੈਣ ਤੈਨੂੰ ਬਚਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਮੈਂ ਬਣਿਆ ਰਿਹਾ ਪੁਰਖ ਸਮਰਥ, ਗੁਰ ਅਵਤਾਰਾਂ ਸੇਵਾ ਲਾਈਆ । ਕਲਜੁਗ ਅੰਤਮ ਭਗਤਾਂ ਕਰਿਆ ਇਕ ਇਕੱਠ, ਏਕਾ ਮਤਾ ਪਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਾਡੇ ਘੇਰੇ ਫਸ, ਨਿਕਲ ਕਿਤੇ ਨਾ ਜਾਈਆ । ਕਬੀਰ ਜੁਲਾਹਾ ਰਿਹਾ ਹੱਸ, ਵਾਹਵਾ ਤੇਰੀ ਵਡ ਵਡਿਆਈਆ । ਮੈਂ ਜਾਣਾਂ ਤੂੰ ਕੀਤੀ ਬਸ, ਸਾਨੂੰ ਤਾਰ ਦੂਜੀ ਨਜ਼ਰ ਨਾ ਕਿਤੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਬੀਰ ਜੁਲਾਹੇ ਨੇਤਰ ਖੋਲ੍ਹ, ਹਰਿ ਜੂ ਆਖ ਸੁਣਾਇਆ । ਮੈਂ ਇਕੇ ਕੰਡੇ ਤੋਲਿਆ ਤੋਲ, ਗੁਰਮੁਖ ਤੇਰੇ ਨਾਲ ਰਲਾਇਆ । ਦੇਵਾਂ ਵਡਿਆਈ

ਉਪਰ ਧਵਲ, ਜਿਸ ਆਪਣਾ ਦਰਸ ਦਿਖਾਇਆ । ਹੋਏ ਬਾਲ ਨਾ ਰਹੀਂ ਅਨਭੋਲ, ਮੇਰਾ ਭੇਵ ਕਿਸੇ ਨਾ ਪਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਮਾਰ ਕੇ ਆਉਂਦਾ ਰਿਹਾ ਰੋਲ, ਰੋ ਰੋ ਸਭ ਨੇ ਵਕਤ ਗਵਾਇਆ । ਕਲਜੁਗ ਅੰਤਮ ਚੁਕਾਇਆ ਪਰਦਾ ਓਹਲ, ਏਕਾ ਆਪਣਾ ਡੰਕ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਰਚਾਇਆ । ਰਚੇ ਖੇਲ ਹਰਿ ਨਿਰੰਕਾਰਾ, ਨਿਰਗੁਣ ਵਡੀ ਵਡਿਆਈਆ । ਛੱਬੀ ਪੋਹ ਸੁਹਾਏ ਦਿਹਾੜਾ, ਦਿਵਸ ਰੈਣ ਨਾ ਕੋਈ ਵਡਿਆਈਆ । ਏਕਾ ਢੱਈਆ ਪਾਰ ਕਿਨਾਰਾ, ਨਈਆ ਮਾਤ ਆਪ ਚਲਾਈਆ । ਸਾਚਾ ਸਈਆ ਸਿਰਜਣਹਾਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪਕੜੇ ਬਹੀਆਂ ਵਿਚ ਸੰਸਾਰਾ, ਹਰਿਜਨ ਸਾਚੇ ਆਪ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਵਕਤ ਦਏ ਜਣਾਈਆ ।

ਭਗਤ ਭਗਵੰਤ ਸਾਚੀ ਕਾਰ, ਬਣ ਬਣ ਸੱਜਣ ਆਪ ਕਮਾਈਆ । ਆਪਣਾ ਪਾਸਾ ਗਿਆ ਹਾਰ, ਜਨ ਭਗਤਾਂ ਦਏ ਵਡਿਆਈਆ । ਬਿਨ ਭਗਤਾਂ ਨਾ ਹੋਏ ਉਜਿਆਰ, ਹਰਿ ਜੂ ਕੰਮ ਕਿਸੇ ਨਾ ਆਈਆ । ਕਲਜੁਗ ਅੰਤਮ ਕਰ ਵਿਚਾਰ, ਆਪਣੀ ਇਛਿਆ ਲਈ ਪ੍ਰਗਟਾਈਆ । ਜਿਹੜੇ ਕੱਟਦੇ ਰਹੇ ਵਗਾਰ, ਬਣ ਵਗਾਰੀ ਸੇਵ ਕਮਾਈਆ । ਜਿਹੜੇ ਮੇਰੇ ਪਿਛੇ ਖਾਂਦੇ ਰਹੇ ਮਾਰ, ਆਪਣੀ ਖੱਲ ਲੁਹਾਈਆ । ਜਿਹੜੇ ਰੋਂਦੇ ਰਹੇ ਜਾਰੋ ਜਾਰ, ਨੇਤਰ ਨੈਣਾਂ ਨੀਰ ਵਹਾਈਆ । ਜਿਹੜੇ ਪਾਣਾ ਗੰਢਦੇ ਰਹੇ ਚੁਮਿਆਰ, ਬਣ ਬਣ ਸੇਵਕ ਸੇਵ ਕਮਾਈਆ । ਜਿਹੜੇ ਡੁੱਬਦੇ ਰਹੇ ਗੰਗਾ ਧਾਰ, ਜਲ ਜਲ ਦੇਣ ਵਹਾਈਆ । ਜਿਹੜੇ ਜੰਗਲਾਂ ਵਿਚ ਲੈਂਦੇ ਰਹੇ ਮੇਰਾ ਦੀਦਾਰ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਜਿਹੜੇ ਲੁਕਦੇ ਰਹੇ ਡੂੰਘੀ ਗਾਰ, ਅੰਦਰੇ ਅੰਦਰ ਵੜ ਵੜ ਧਿਆਨ ਲਗਾਈਆ । ਜਿਹੜੇ ਬੇਅੰਤ ਬੇਅੰਤ ਗਏ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਤਿਨ੍ਹਾਂ ਦਾ ਵੰਡਣ ਆਇਆ ਭਾਰ, ਕਲਜੁਗ ਅੰਤਮ ਵੇਸ ਵਟਾਈਆ । ਸਾਰੇ ਇਕੱਠੇ ਕਰੇ ਇਕੋ ਵਾਰ, ਏਕਾ ਘਰ ਵਖਾਈਆ । ਬਿਨ ਨੇਤਰ ਦੇਵੇ ਦੀਦਾਰ, ਦਰਸੀ ਆਪਣਾ ਦਰਸ ਵਿਖਾਈਆ । ਬਣ ਸ਼ਾਹ ਮਕਰੂਜ ਕਰਜ਼ਾ ਦਏ ਉਤਾਰ, ਬਾਕੀ ਕੋਇ ਰਹਿਣ ਨਾ ਪਾਈਆ । ਆਪਣਾ ਸਬੂਤ ਦਏ ਵਿਚ ਸੰਸਾਰ, ਸਾਬਤ ਆਪਣਾ ਰੂਪ ਵਟਾਈਆ । ਨਾ ਕੋਈ ਕਲਬੂਤ ਕਰੇ ਵਿਚਾਰ, ਨਜ਼ਰ ਕਿਸੇ ਨਾ ਆਈਆ । ਰੂਪੋਸ਼ ਹੋਇਆ ਰਿਹਾ ਸਾਚਾ ਯਾਰ, ਮੁਖ ਨਕਾਬ ਪਰਦਾ ਦਏ ਉਠਾਈਆ । ਮਦਹੋਸ਼ ਕਰੇ ਗਮਖ਼ਾਰ, ਗ਼ਮੀ ਖ਼ੁਸ਼ੀ ਨਾਲ ਮਿਲਾਈਆ । ਖ਼ਾਮੋਸ਼ ਬਣਿਆ ਰਿਹਾ ਜੁਗ ਚਾਰ, ਆਪਣਾ ਨਾਉਂ ਨਾ ਕਿਸੇ ਜਣਾਈਆ । ਰੋਸ ਕਰਦਾ ਰਿਹਾ ਆਪ ਕਰਤਾਰ, ਗੁਰ ਅਵਤਾਰਾਂ ਦੋਸ਼ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਅਪਣੀ ਖੇਲ ਰਚਾਈਆ । ਅਚਰਜ ਖੇਲ ਕਰੇ ਕਰਤਾਰ, ਅਨੁਭਵ ਧਾਰ ਚਲਾਇਆ । ਭਗਤ ਭਗਵੰਤ ਪਾਵੇ ਸਾਰ, ਅਬਚਲ ਨਗਰ ਵਸਾਇਆ । ਦੋ ਜਹਾਨਾਂ ਕਰੇ ਪਿਆਰ, ਲੋਕਮਾਤ ਵਡਿਆਇਆ । ਜੁਗ ਜੁਗ ਲਹਿਣਾ ਦਏ ਉਤਾਰ, ਦੇਵਣਹਾਰ ਆਪ ਅਖਵਾਇਆ । ਮੰਨਿਆ ਕਹਿਣਾ ਗੁਰਮੁਖ ਪਿਆਰ, ਗੁਰ ਗੁਰ ਹੱਟ ਵਟਾਇਆ । ਸਾਚਾ ਸੁਖ ਇਕ ਦਰਬਾਰ, ਦਰ ਦਰਵਾਜ਼ਾ ਹਰਿ ਖੁਲ੍ਹਾਇਆ । ਛੱਤੀ ਜੁਗ ਦਾ ਇਕ ਮਨਾਰ, ਸ਼ਾਹ ਪਾਤਸ਼ਾਹ ਆਪ ਬਣਾਇਆ । ਭਗਤਾਂ ਨਾਲ ਕਰੇ ਪਿਆਰ, ਪ੍ਰੇਮ ਪਿਆਰ ਇਕ ਸਿਖਾਇਆ । ਸੰਤਾਂ ਵਖਾਏ ਇਕ ਕਿਵਾੜ,

ਸਾਚਾ ਕੁੰਡਾ ਆਪੇ ਲਾਹਿਆ । ਗੁਰਮੁਖਾਂ ਫਿਰੇ ਪਿੱਛੇ ਅਗਾੜ, ਅੱਗਾ ਪਿੱਛਾ ਆਪ ਸੁਹਾਇਆ । ਗੁਰਸਿਖਾਂ ਚਲੇ ਨਾਲ ਨਾਲ, ਆਪਣਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਮਾਰਗ ਆਪ ਲਗਾਇਆ । ਅਗਲਾ ਮਾਰਗ ਜਾਏ ਲੱਗ, ਚਾਰ ਵੇਦ ਨੈਣ ਸ਼ਰਮਾਈਆ । ਗੁਰ ਅਵਤਾਰ ਲੱਭਦੇ ਗਏ ਹੱਦ, ਪਾਰ ਕਿਨਾਰਾ ਨਜ਼ਰ ਕੋਇ ਨਾ ਆਈਆ । ਕੋਟਨ ਕੋਟ ਨਾਮ ਪੜ੍ਹ ਪੜ੍ਹ ਗਏ ਛੱਡ, ਲੋਕਮਾਤ ਸੁਣਾਈਆ । ਆਪਣਾ ਆਪਣਾ ਨਿਸ਼ਾਨਾ ਗਏ ਗੱਡ, ਜਗਤ ਜੁਗ ਝੁਲਾਈਆ । ਅੰਤਮ ਸਭ ਨੂੰ ਲੋਕਮਾਤ ਵਿਚੋਂ ਦੇਵੇ ਕੱਢ, ਆਪਣੀ ਝੋਲੀ ਆਪਣੀ ਵਸਤ ਆਪੇ ਪਾਈਆ । ਏਕਾ ਆਪਣਾ ਨਾਉਂ ਲਗਾਏ ਸਦ, ਨਾਅਰਾ ਨਿਰੰਕਾਰਾ ਇਕ ਸੁਣਾਈਆ । ਭਗਤ ਸੁਹੇਲੇ ਕਰੇ ਅੱਡ, ਗੁਰ ਚੇਲੇ ਲਏ ਮਿਲਾਈਆ । ਆਪਣੀ ਬਣਾਏ ਸਾਚੀ ਯੱਦ, ਵਿਸ਼ਨੂੰ ਆਪਣਾ ਰੰਗ ਵਖਾਈਆ । ਏਕਾ ਨਾਮ ਪਿਆਏ ਮਦਿ, ਦਿਵਸ ਰੈਣ ਖ਼ੁਮਾਰ ਰਖਾਈਆ । ਕੋਟਨ ਕੋਟ ਗੁਰ ਅਵਤਾਰ ਗਏ ਲੱਦ, ਲੋਕਮਾਤ ਫੇਰਾ ਪਾਈਆ । ਜਿਸ ਭੇਜੇ ਸੋ ਲਏ ਸੱਦ, ਥਿਰ ਕੋਇ ਰਹਿਣ ਨਾ ਪਾਈਆ । ਅੰਤਮ ਪਰਦਾ ਲਏ ਕੱਜ, ਜੋਤੀ ਜੋਤ ਵਿਚ ਮਿਲਾਈਆ । ਕਿਸੇ ਦੇ ਹੁਕਮ ਅੰਦਰ ਨਾ ਜਾਏ ਬੱਝ, ਸਭ ਹੁਕਮੇ ਰਿਹਾ ਫਿਰਾਈਆ । ਕਲਜੁਗ ਅੰਤਮ ਗ਼ਰੀਬ ਨਿਮਾਣਿਆਂ ਅੰਦਰ ਬਹੇ ਸਜ, ਜਨ ਭਗਤ ਦੁਆਰਾ ਆਪ ਬਣਾਈਆ । ਬਿਨ ਡੋਰੀਉਂ ਜਾਏ ਬੱਝ, ਪ੍ਰੇਮ ਬੰਧਨ ਏਕਾ ਪਾਈਆ । ਆਪ ਗਵਾਈ ਲੋਕ ਲਾਜ, ਜਨ ਭਗਤਾਂ ਲਾਜ ਲਏ ਰਖਾਈਆ । ਆਪੇ ਮਾਰੇ ਆਪਣੀ ਆਵਾਜ਼, ਲੱਖ ਚੁਰਾਸੀ ਵਿਚੋਂ ਲਏ ਜਗਾਈਆ । ਆਪੇ ਰਚ ਕੇ ਆਪਣਾ ਕਾਜ, ਕਰਤਾ ਪੁਰਖ ਵੇਖ ਵਖਾਈਆ । ਜਿਸ ਨੂੰ ਕਹਿੰਦੇ ਰਹੇ ਗੁਰੂ ਮਹਾਰਾਜ, ਮਹਾਂਬਲੀ ਬੇਪਰਵਾਹੀਆ । ਸੋ ਗੁਰਮੁਖਾਂ ਦੇ ਸਿਰ ਤੇ ਰੱਖੇ ਤਾਜ, ਦੇਵੇ ਸੱਚੀ ਸ਼ਹਿਨਸ਼ਾਹੀਆ । ਜਿਸ ਨੂੰ ਕਹਿੰਦੇ ਰਹੇ ਗ਼ਰੀਬ ਨਿਵਾਜ਼, ਸੋ ਬਣ ਗ਼ਰੀਬ ਜਨ ਭਗਤਨ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਸਾਲਾਹੀਆ । ਹਰਿਜਨ ਤੇਰੀ ਸਿਫ਼ਤ ਸਾਲਾਹ, ਸਲਾਹਗੀਰ ਨਾ ਕੋਇ ਜਣਾਇੰਦਾ । ਤੁਧ ਬਿਨ ਲੱਭੇ ਨਾ ਕਿਸੇ ਮੇਰਾ ਰਾਹ, ਕੋਟੀ ਕੋਟ ਠੋਕਰ ਖਾਇੰਦਾ । ਕੋਟੀ ਕੋਟ ਰਹੇ ਗਾ, ਰਸਨਾ ਜਿਹਵਾ ਸਰਬ ਹਲਾਇੰਦਾ । ਕੋਟੀ ਕੋਟ ਰਹੇ ਧਿਆ, ਧਿਆਨ ਨਾਲ ਧਿਆਨ ਮਿਲਾਇੰਦਾ । ਕੋਟੀ ਕੋਟ ਕਹਿਣ ਤੂੰ ਪਿਤਾ ਮਾਂ, ਹਉਂ ਬਾਲਕ ਤੇਰਾ ਕੁਰਲਾਇੰਦਾ । ਬਿਨ ਭਗਤਾਂ ਦੇਵਾਂ ਨਾ ਕਿਸੇ ਥਾਂ, ਚਰਨ ਦੁਆਰ ਨਾ ਕਿਸੇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਚ ਦੁਆਰਾ ਹਰਿ ਨਿਰੰਕਾਰਾ, ਉਚ ਮਹੱਲਾ ਇਕ ਅਟੱਲਾ ਭਗਤ ਭਗਵਾਨ ਆਪ ਬਣਾਇੰਦਾ । ਉਚ ਮਹੱਲ ਅਟੱਲ ਮੁਨਾਰਾ, ਹਰਿ ਜੂ ਆਪ ਬਣਾਇਆ । ਲੱਖ ਚੁਰਾਸੀ ਨਾਲੋਂ ਕਰ ਕਿਨਾਰਾ, ਭਗਤਾਂ ਅੰਦਰ ਡੇਰਾ ਲਾਇਆ । ਉਚੀ ਬੋਲ ਇਕ ਜੈਕਾਰਾ, ਸੋਹੰ ਢੋਲਾ ਇਕ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਗਦ ਕਲਮ ਤੇਰਾ ਲੇਖਾ ਸਰਬ ਮੁਕਾਇਆ । ਕਾਗਦ ਕਲਮ ਕੀ ਸਕੇ ਗਾ, ਮਹਿਮਾ ਅਕੱਥ ਕਥੀ ਨਾ ਜਾਈਆ । ਗੁਰ ਅਵਤਾਰ ਅੰਤ ਸਕੇ ਨਾ ਪਾ, ਬੇਅੰਤ ਕਹਿ ਕਹਿ ਗਏ ਵਿਚ ਲੋਕਾਈਆ । ਸਾਧ ਸੰਤ ਮੰਗਣ ਚਰਨ ਪਨਾਹ, ਇਕੋ ਆਸ ਰਖਾਈਆ । ਪੀਰ ਪੈਗ਼ੰਬਰ ਦਸਤਗੀਰ ਧਿਆਨ ਰਹੇ ਲਗਾ, ਨੇਤਰ ਨੈਣ ਉਠਾਈਆ । ਕਿਸੇ ਹੱਥ ਨਾ ਆਵੇ ਬੇਪਰਵਾਹ, ਬੇਦਰਦੀ ਦਰਦ ਨਾ ਕੋਇ ਵੰਡਾਈਆ । ਕਲਜੁਗ ਅੰਤਮ ਫੇਰਾ ਪਾ, ਆਪਣੀ ਅਲਖ ਆਪ ਜਗਾਈਆ । ਗੁਰਮੁਖ

ਸੱਜਣ ਲਏ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਸਿਰ ਆਪਣਾ ਹਰਿ ਹੱਥ ਟਿਕਾ, ਸਚ ਟਿਕਾਣੇ ਦਏ ਬਹਾਈਆ । ਨਾਮ ਬਬਾਣੇ ਆਪ ਚੜ੍ਹਾ, ਮਾਣ ਨਿਮਾਣੇ ਲਏ ਉਡਾਈਆ । ਸਚ ਦੁਆਰਾ ਆਪ ਸੁਹਾ, ਗੁਰਸਿਖਾਂ ਲਏ ਬਹਾਈਆ । ਬੇਮੁਹਾਣਾ ਹੋਇਆ ਆਪ ਖ਼ੁਦਾ, ਖ਼ੁਦੀ ਸਭ ਦੀ ਦਏ ਗਵਾਈਆ । ਰਾਜਾ ਰਾਣਾ ਤਖ਼ਤੋਂ ਲਾਹ, ਗੁਰਮੁਖ ਸਾਚੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਨਿਸ਼ਾਨ, ਚਵੀ ਹੱਥ ਕਰ ਪਰਵਾਨ, ਸਾਢੇ ਤਿੰਨ ਹੱਥ ਦੇਵੇ ਦਾਨ, ਅਟਾਰਸੀ ਸੰਗਤ ਕਰ ਪਰਵਾਨ, ਸਚ ਦੁਆਰੇ ਦਏ ਚੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਣਾਏ ਇਕ ਵਿਧਾਨ, ਵਿਧੀ ਆਪਣੇ ਹੱਥ ਰਖਾਈਆ ।

★ ੨੬ ਪੋਹ ੨੦੧੮ ਬਿਕਰਮੀ ਹਰਿ ਭਗਤ ਦੁਆਰ ਜੇਠੂਵਾਲ ਦਰਬਾਰ ਵਿਚ ★

ਸ੍ਰੀ ਭਗਵਾਨ ਰੱਖੀ ਯਾਦ, ਅਭੁੱਲ ਭੁੱਲ ਨਾ ਜਾਈਆ । ਸਤਿ ਸਚਖੰਡ ਦੁਆਰ ਸੁਣੀ ਫ਼ਰਿਯਾਦ, ਧਿਆਨ ਧਿਆਨ ਨਾਲ ਮਿਲਾਈਆ । ਨਿਰਗੁਣ ਖੇਲ ਜਾਣੇ ਆਦਿ, ਅੰਤ ਆਪਣੇ ਹੱਥ ਰੱਖੇ ਵਡਿਆਈਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਨਾਦ ਅਨਾਦੀ ਵਜਾਏ ਨਾਦ, ਤਾਰ ਸਤਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਭੁੱਲ ਨਾ ਜਾਈਆ । ਹਰਿਜਨ ਤੇਰੀ ਰੱਖੀ ਯਾਦ, ਸਚਖੰਡ ਖੇਲ ਅਪਾਰਾ । ਲੇਖਾ ਜਾਣੇ ਜੁਗ ਜੁਗਾਦਿ, ਜੁਗਾ ਜੁਗੰਤਰ ਹੋ ਉਜਿਆਰਾ । ਪਾਵੇ ਸਾਰ ਸੰਤ ਸਾਧ, ਭਗਤਨ ਨਾਮ ਅਧਾਰਾ । ਮੋਹਣ ਮਾਧਵ ਹਰਿ ਜੂ ਮਾਧ, ਬੇਅੰਤ ਵਸੇ ਧਾਮ ਨਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਾ । ਰੱਖੀ ਯਾਦ ਸ੍ਰੀ ਭਗਵਾਨ, ਮਹਿਮਾ ਅਕਥ ਕਥੀ ਨਾ ਜਾਈਆ । ਸਚਖੰਡ ਬੈਠ ਤਖ਼ਤ ਮਹਾਨ, ਤਖ਼ਤ ਨਿਵਾਸੀ ਦਇਆ ਕਮਾਈਆ । ਥਿਰ ਘਰ ਆਪਣਾ ਵੇਖੇ ਆਣ, ਮਹੱਲ ਅਟੱਲ ਕਰ ਰੁਸ਼ਨਾਈਆ । ਏਕਾ ਸ਼ਬਦ ਸੁਤ ਬਲਵਾਨ, ਪੂਤ ਸਪੂਤਾ ਨਾਲ ਰਖਾਈਆ । ਬੰਸ ਸਰਬੰਸ ਕਰ ਧਿਆਨ, ਆਪਣੀ ਕੁਲ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਮਾਣ, ਬਖ਼ਸ਼ੇ ਸ਼ਰਨ ਸੱਚੀ ਸ਼ਰਨਾਈਆ । ਤ੍ਰੈ ਤ੍ਰੈ ਮਾਇਆ ਕਰ ਪਰਧਾਨ, ਪੰਚਮ ਰੰਗ ਰੰਗ ਵਖਾਈਆ । ਲੇਖਾ ਜਾਣੇ ਦੋ ਜਹਾਨ, ਅਨਡਿਠੜਾ ਧਾਮ ਸੁਹਾਈਆ । ਸ਼ਾਹ ਪਾਤਸ਼ਾਹ ਰਾਜ ਰਾਜਾਨ, ਭੂਪਤ ਭੂਪ ਵੇਖ ਵਖਾਈਆ । ਧੁਰ ਫ਼ਰਮਾਣਾ ਹੁਕਮਰਾਨ, ਏਕਾ ਏਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਭੁੱਲ ਨਾ ਜਾਈਆ । ਸੋ ਪੁਰਖ ਨਿਰੰਜਣ ਸਚਖੰਡ, ਸਚ ਦੁਆਰਾ ਆਪ ਸੁਹਾਇੰਦਾ । ਆਪੇ ਜਾਣੇ ਆਪਣਾ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਆਪੇ ਹੋਏ ਪਰਮਾਨੰਦ, ਪਰਮ ਪੁਰਖ ਖੇਲ ਖਲਾਇੰਦਾ । ਆਪੇ ਗੀਤ ਆਪੇ ਛੰਦ, ਗਾ ਗਾ ਆਪਣੀ ਖ਼ੁਸ਼ੀ ਮਨਾਇੰਦਾ । ਆਪਣੇ ਮੰਦਰ ਆਪੇ ਹੋਏ ਬੰਦ, ਆਪ ਆਪਣਾ ਬੰਧਨ ਰਖਾਇੰਦਾ । ਆਪੇ ਸੂਰਜ ਆਪੇ ਚੰਦ, ਬਣ ਸੂਰਜ ਚੰਦ ਆਪ ਪਰਗਟਾਇੰਦਾ । ਆਪੇ ਸਾਹਿਬ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਯਾਦ ਨਾ ਕਦੇ ਭੁਲਾਇੰਦਾ । ਯਾਦ ਰੱਖੇ ਬੇਪਰਵਾਹ, ਆਪਣੀ ਦਇਆ ਕਮਾਇੰਦਾ । ਆਦਿ ਪੁਰਖ ਕਰ ਸਲਾਹ, ਆਪਣੀ ਖੇਲ ਕਰਾਇੰਦਾ । ਸ਼ਬਦ ਦੁਲਾਰਾ ਨਾਲ ਰਲਾ,

ਸ਼ਬਦ ਧਾਰ ਪਰਗਟਾਇੰਦਾ । ਤ੍ਰੈ ਤ੍ਰੈ ਮੇਲਾ ਸਹਿਜ ਸੁਭਾ, ਤ੍ਰੈ ਤ੍ਰੈ ਰੰਗ ਵਖਾਇੰਦਾ । ਪੰਚਮ ਪੰਚਮ ਜੋੜ ਜੁੜਾ, ਚਾਰ ਚਾਰ ਵੇਖ ਵਖਾਇੰਦਾ । ਏਕਾ ਘਰ ਸੋਭਾ ਪਾ, ਸੋਭਾਵੰਤ ਡਗਮਗਾਇੰਦਾ । ਆਦਿ ਅੰਤਾ ਬਣ ਖ਼ੁਦਾ, ਨੂਰੋ ਨੂਰ ਨੂਰ ਸਮਾਇੰਦਾ । ਮੁਕਾਮੇ ਹੱਕ ਆਸਣ ਲਾ, ਸਚ ਸਿੰਘਾਸਣ ਆਪ ਵਡਿਆਇੰਦਾ । ਛਤਰ ਸੀਸ ਆਪ ਝੁਲਾ, ਤਖ਼ਤ ਨਿਵਾਸੀ ਤਖ਼ਤ ਆਸਣ ਲਾਇੰਦਾ । ਧੁਰ ਫ਼ਰਮਾਣਾ ਹੁਕਮ ਜਣਾ, ਹੁਕਮੀ ਹੁਕਮ ਖੇਲ ਖਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾ, ਜੁਗ ਚੌਕੜੀ ਬੰਧਨ ਪਾਇੰਦਾ । ਨਵ ਨੌਂ ਚਾਰ ਵੰਡ ਵੰਡਾ, ਜੇਰਜ ਅੰਡ ਮੋਹ ਵਧਾਇੰਦਾ । ਉਤਭੁਜ ਸੇਤਜ ਆਪ ਸਮਾ, ਆਪਣਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਕੀਤਾ ਭੁੱਲ ਨਾ ਜਾਇੰਦਾ । ਕਦੇ ਨਾ ਭੁੱਲੇ ਕੀਤਾ ਕੌਲ, ਕਵਲ ਨੈਣ ਵਡੀ ਵਡਿਆਈਆ । ਜੋਤੀ ਜੋਤ ਰਿਹਾ ਮੌਲ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਰੱਖਿਆ ਪਰਦਾ ਓਹਲ, ਵਿਸ਼ਨ ਬ੍ਰਹਮਾ ਸ਼ਿਵ ਭੇਵ ਨਾ ਪਾਈਆ । ਕਰਿਆ ਖੇਲ ਉਪਰ ਧੌਲ, ਧਰਨੀ ਦੇਵੇ ਮਾਣ ਵਡਿਆਈਆ । ਲੱਖ ਚੁਰਾਸੀ ਅੰਦਰ ਮੌਲ, ਪੰਜ ਤੱਤ ਕਾਇਆ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਸਮਝਾਈਆ । ਸਾਚੀ ਧਾਰ ਹਰਿ ਨਿਰੰਕਾਰ, ਏਕਾ ਵਾਰ ਸੁਣਾਈਆ । ਜੁਗ ਚੌਕੜੀ ਖੇਲ ਅਪਾਰ, ਲੋਕਮਾਤ ਕਰਾਈਆ । ਪਾਰਬ੍ਰਹਮ ਬ੍ਰਹਮ ਦਏ ਅਧਾਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਈਸ਼ ਜੀਵ ਇਕ ਅਧਾਰ, ਜਗਦੀਸ਼ ਕਰੇ ਕੁੜਮਾਈਆ । ਸੀਸ ਤਾਜ ਸੱਚੀ ਸਰਕਾਰ, ਦੋ ਜਹਾਨਾਂ ਹੁਕਮ ਚਲਾਈਆ । ਬ੍ਰਹਿਮੰਡ ਖੰਡ ਕਰ ਤਿਆਰ, ਲੋਆਂ ਪੁਰੀਆਂ ਵੇਖੇ ਚਾਈਂ ਚਾਈਂਆ । ਰਵ ਸਸ ਕਰ ਉਜਿਆਰ, ਕਿਰਨ ਕਿਰਨ ਨਾਲ ਮਿਲਾਈਆ । ਨਾਮ ਨਾਦ ਸ਼ਬਦ ਧੁਨਕਾਰ, ਬ੍ਰਹਿਮਾਦ ਵੱਜੇ ਵਧਾਈਆ । ਆਦਿ ਜੁਗਾਦਿ ਸਾਚੀ ਕਾਰ, ਕਰਤਾ ਆਪਣੇ ਹੱਥ ਰਖਾਈਆ । ਸੇਵਾ ਲਾ ਗੁਰ ਅਵਤਾਰ, ਲੱਖ ਚੁਰਾਸੀ ਸੇਵ ਕਮਾਈਆ । ਸਾਚਾ ਵਣਜ ਕਰ ਵਪਾਰ, ਏਕਾ ਹੱਟ ਖੁਲ੍ਹਾਈਆ । ਤੀਰਥ ਤੱਟ ਵੇਖ ਕਿਨਾਰ, ਜਲ ਥਲ ਮਹੀਅਲ ਰਿਹਾ ਸਮਾਈਆ । ਘਟ ਘਟ ਵਸੇ ਵਸਣਹਾਰ, ਦਿਸ ਕਿਸੇ ਨਾ ਆਈਆ । ਕਰੇ ਖੇਲ ਅਗੰਮ ਅਪਾਰ, ਅਗੰਮੜੀ ਕਾਰ ਕਮਾਈਆ । ਰਾਤੀ ਰੁੱਤ ਨਾ ਕੋਈ ਤਿਥੀ ਵਾਰ, ਘੜੀ ਪਲ ਨਾ ਕੋਈ ਸਮਝਾਈਆ । ਅਬਿਨਾਸ਼ੀ ਅਚੁੱਤ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਭੁੱਲ ਕਦੇ ਨਾ ਜਾਈਆ । ਆਦਿ ਅੰਤ ਨਾ ਭੁੱਲੇ ਭਗਵੰਤ, ਸਮਰਥ ਪੁਰਖ ਵਡੀ ਵਡਿਆਈਆ । ਜੁਗ ਚੌਕੜੀ ਦੇਵੇ ਨਾਮ ਏਕਾ ਵਸਤ, ਜੀਵ ਜੰਤ ਕਰ ਪੜ੍ਹਾਈਆ । ਲੇਖਾ ਜਾਣੇ ਸਾਧ ਸੰਤ, ਬੇਅੰਤ ਬੇਪਰਵਾਹੀਆ । ਆਪੇ ਮੇਲੇ ਨਾਰੀ ਕੰਤ, ਨਰ ਨਰਾਇਣ ਖ਼ੁਸ਼ੀ ਮਨਾਈਆ । ਏਕਾ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਦੋ ਜਹਾਨ ਬਣਾਏ ਬਣਤ, ਏਥੇ ਓਥੇ ਖ਼ੁਸ਼ੀ ਮਨਾਈਆ । ਏਕਾ ਜਾਣੇ ਆਦਿ ਅੰਤ, ਆਦਿ ਅੰਤ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਰੂਪ ਵਖਾਈਆ । ਅਭੁੱਲ ਰੂਪ ਆਪ ਕਰਤਾਰ, ਕਰਨੀ ਕਰਤਾ ਆਪ ਕਮਾਇੰਦਾ । ਵਾਹ ਵਾਹ ਖੇਲ ਕਰੇ ਸਚ ਵਿਹਾਰ, ਸੱਚਾ ਖੇਲ ਖਲਾਇੰਦਾ । ਜੁਗ ਚੌਕੜੀ ਵੇਖੇ ਵਾਰੋ ਵਾਰ, ਜੁਗ ਚੌਕੜੀ ਵੇਸ ਵਟਾਇੰਦਾ । ਗੁਰ ਅਵਤਾਰਾਂ ਦਏ ਅਧਾਰ, ਲੋਕਮਾਤ ਰਾਹ ਚਲਾਇੰਦਾ । ਨਾਮ ਸ਼ਬਦ ਵਣਜ ਵਪਾਰ, ਚੌਦਾਂ ਲੋਕ ਸ਼ਬਦ ਵਖਾਇੰਦਾ । ਚਾਰ ਕੁੰਟ ਪਾਵੇ ਸਾਰ, ਦਹਿ ਦਿਸ਼ਾ ਫੋਲ ਫੋਲਾਇੰਦਾ । ਨੱਠ ਨੱਠ ਜਾਏ ਪਾਰ

ਕਿਨਾਰ, ਅਠਸਠ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕੀਤਾ ਆਪ ਸਮਝਾਇੰਦਾ । ਆਦਿ ਪੁਰਖ ਹਰਿ ਕਰੇ ਕਾਰਾ, ਏਕਾ ਰੰਗ ਜਣਾਈਆ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਜੋਤ ਰੁਸ਼ਨਾਈਆ । ਪੰਜ ਤੱਤ ਲਗਾ ਅਖਾੜਾ, ਨਿਰਗੁਣ ਨਿਰਗੁਣ ਨਾਚ ਨਚਾਈਆ । ਨਾੜ ਬਹੱਤਰ ਵਜਾ ਤਲਵਾੜਾ, ਰਾਗ ਰਾਗ ਨਾਲ ਮਿਲਾਈਆ । ਛੱਤੀ ਰਾਗ ਜਗਤ ਵਣਜਾਰਾ, ਰਸਨਾ ਜਿਹਵਾ ਗਾਈਆ । ਹਰਿ ਕਾ ਖੇਲ ਸਭ ਤੋਂ ਨਿਆਰਾ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਰੂਪ ਸਮਝਾਈਆ । ਆਦਿ ਪੁਰਖ ਆਦਿ ਰਚਨਾ ਰਚ, ਆਪਣਾ ਖੇਲ ਖਲਾਇਆ । ਥਿਰ ਘਰ ਦੁਆਰ ਬਣਾਇਆ ਸੱਚ, ਸ਼ਬਦੀ ਸੁਤ ਬਹਾਇਆ । ਲੱਖ ਚੁਰਾਸੀ ਅੰਦਰ ਨੱਚ, ਬਣ ਨਟੂਆ ਸਵਾਂਗ ਵਖਾਇਆ । ਸਰਗੁਣ ਖੋਲ੍ਹ ਏਕਾ ਹੱਟ, ਏਕਾ ਬਣਤ ਦਏ ਬਣਾਇਆ । ਜੋਤ ਨਿਰੰਜਣ ਲਟ ਲਟ, ਪੁਰਖ ਅਬਿਨਾਸ਼ੀ ਕਰੇ ਰੁਸ਼ਨਾਇਆ । ਭਾਗ ਲਗਾਏ ਪੰਜ ਤੱਤ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮੇਲ ਮਿਲਾਇਆ । ਨਾਮ ਨਿਧਾਨਾ ਡੋਰੀ ਪਾਏ ਨੱਥ, ਹਰਿ ਬੰਧਨ ਇਕ ਰਖਾਇਆ । ਪੰਚਮ ਬਹਿ ਬਹਿ ਢੋਲਾ ਗਾਏ ਜਸ, ਜਸ ਆਪਣਾ ਆਪ ਸੁਣਾਇਆ । ਬਿਨ ਦੰਦਾਂ ਪਏ ਹੱਸ, ਪੁਰਖ ਅਬਿਨਾਸ਼ੀ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਦਿ ਰਿਹਾ ਸਮਝਾਇਆ । ਮੇਰਾ ਆਦਿ ਹਰਿ ਨਿਰੰਕਾਰ, ਏਕਾ ਰੂਪ ਸੁਣਾਈਆ । ਸਚਖੰਡ ਦੁਆਰ ਕਰ ਤਿਆਰ, ਸਚ ਸਿੰਘਾਸਣ ਸੋਭਾ ਪਾਈਆ । ਹਰਿਜਨ ਜੋਤ ਕਰ ਉਜਿਆਰ, ਤੇਲ ਬਾਤੀ ਨਾਲ ਲਗਾਈਆ । ਨਿਰਮਲ ਜੋਤ ਕਰ ਉਜਿਆਰ, ਸੂਰਜ ਚੰਦ ਨਾ ਕੋਈ ਰੁਸ਼ਨਾਈਆ । ਮੰਡਲ ਮੰਡਪ ਨਾ ਕੋਈ ਸਹਾਰ, ਗਗਨ ਗਗਨੰਤਰ ਨਾ ਕੋਈ ਵਡਿਆਈਆ । ਗੁਰ ਪੀਰ ਅਵਤਾਰ ਨਾ ਕੋਈ ਮਦਦਗਾਰ, ਧਰਤ ਧਵਲ ਨਾ ਕੋਈ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾ ਕੋਈ ਪਸਾਰ, ਨਿਉਂ ਨਿਉਂ ਸੀਸ ਝੁਕਾਈਆ । ਸ਼ਬਦ ਨਾਦ ਨਾ ਕੋਈ ਧੁਨਕਾਰ, ਰਾਗੀ ਰਾਗ ਨਾ ਕੋਈ ਗਾਈਆ । ਸੀਸ ਤਾਜ ਨਾ ਕੋਈ ਦਸਤਾਰ, ਬਸਤਰ ਤਨ ਨਾ ਕੋਈ ਸੁਹਾਈਆ । ਧਰਨੀ ਕਰੇ ਨਾ ਕੋਈ ਪੁਕਾਰ, ਲੱਖ ਚੁਰਾਸੀ ਨਾ ਕੋਈ ਬਣਾਈਆ । ਪਰਤੱਖ ਹੋ ਆਪ ਨਿਰੰਕਾਰ, ਸਚਖੰਡ ਸਾਚਾ ਧਾਮ ਸੁਹਾਈਆ । ਆਪਣੇ ਨਾਲੋਂ ਆਪਾ ਵੱਖ ਕਰ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਗ੍ਰਿਹ ਦਏ ਵਡਿਆਈਆ । ਆਪ ਆਪਣੀ ਵੰਡੇ ਵੰਡ, ਵੰਡਣਹਾਰ ਗੋਪਾਲ । ਕਰੇ ਖੇਲ ਸੂਰਾ ਸਰਬੰਗ, ਦੀਨਾ ਨਾਥ ਦੀਨ ਦਿਆਲ । ਆਪਣੇ ਗ੍ਰਿਹ ਚੜ੍ਹਾਏ ਚੰਦ, ਚੰਨ ਨੂਰੋ ਨੂਰ ਉਜਿਆਰ । ਰਸਨਾ ਗੀਤ ਸੁਣਾਏ ਛੰਦ, ਬਿਨ ਤੰਦੀ ਤੰਦ ਸਤਾਰ । ਆਪੇ ਹੋਏ ਦਿਆਲ ਬਖ਼ਸ਼ੰਦ, ਪੁਰਖ ਅਬਿਨਾਸ਼ੀ ਬੇਐਬ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣਾ ਜਾਣੇ ਸਚ ਵਿਹਾਰ । ਸਚ ਵਿਹਾਰ ਆਪੇ ਕਰ, ਹਰਿ ਕਰਤਾ ਕਰਮ ਕਮਾਈਆ । ਸ਼ਬਦ ਦੁਲਾਰੇ ਦੇ ਦੇ ਵਰ, ਏਕਾ ਸ਼ਬਦ ਮਾਣ ਰਖਾਈਆ । ਵਿਸ਼ਨੂੰ ਤੇਰੀ ਗੋਦ ਦਿਤਾ ਧਰ, ਬ੍ਰਹਮਾ ਵਿਸ਼ਨ ਲਏ ਪਰਗਟਾਈਆ । ਸੁੰਨ ਅਗੰਮੀ ਆਪੇ ਵੜ, ਸ਼ੰਕਰ ਰੰਗ ਵਖਾਈਆ । ਤਿੰਨੇ ਚੇਲੇ ਆਪੇ ਫੜ, ਆਪਣੀ ਇਛਿਆ ਮਾਈ ਦਏ ਬਣਾਈਆ । ਲੱਖ ਚੁਰਾਸੀ ਘਾੜਨ ਘੜ, ਬ੍ਰਹਮੇ ਝੋਲੀ ਪਾਈਆ । ਸਚਖੰਡ ਦੁਆਰੇ ਚੜ੍ਹ, ਵਿਸ਼ਨੂੰ ਦਏ ਸਮਝਾਈਆ । ਸ਼ੰਕਰ ਸੁਣੇ ਇਕ ਗੱਲ, ਗਲ ਫਾਸੀ ਰਿਹਾ ਲਗਾਈਆ । ਮੇਰਾ ਖੇਲ ਧਾਮ ਅਚਲ, ਅਟੱਲ ਮਿਲੇ ਵਡਿਆਈਆ । ਸਰਗੁਣ ਅੰਦਰ ਜੋਤ ਰਿਹਾ ਰਲ,

ਆਦਿ ਜੁਗਾਦਿ ਜੁਗ ਜੁਗ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਸਮਝਾਈਆ । ਆਪਣਾ ਭੇਵ ਹਰਿ ਜੂ ਦੱਸ, ਏਕਾ ਵਾਰ ਜਣਾਇਆ । ਬ੍ਰਹਮਾ ਵਿਸ਼ਨੂੰ ਸ਼ਿਵ ਆਏ ਨੱਸ, ਨਿਉਂ ਨਿਉਂ ਸੀਸ ਝੁਕਾਈਆ । ਅਸੀਂ ਤੇਰੇ ਪਿਆਰ ਗਏ ਫਸ, ਬੰਧਨ ਸਕੇ ਨਾ ਕੋਈ ਤੁੜਾਇਆ । ਸਾਡੀ ਪੂਰੀ ਕਰਨੀ ਆਸ, ਖ਼ਾਲੀ ਝੋਲੀ ਮੰਗ ਮੰਗਾਇਆ । ਤੇਰੇ ਚਰਨਾਂ ਹੋਵੇ ਦਾਸ, ਦੂਜਾ ਦਰ ਨਾ ਕੋਈ ਸੁਹਾਇਆ । ਤੇਰੀ ਜੋਤ ਹੋਏ ਪ੍ਰਕਾਸ਼, ਨੂਰੋ ਨੂਰ ਆਪਣਾ ਡਗਮਗਾਇਆ । ਵੇਲਾ ਅੰਤ ਦੱਸ ਮੇਰੇ ਮਾਹੀ ਕਵਣ ਵੇਲੇ ਕਰੇਂ ਬੰਦ ਖ਼ਲਾਸ, ਸਾਡਾ ਲਹਿਣਾ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਉਂ ਨਿਉਂ ਸੀਸ ਝੁਕਾਇਆ । ਦੇਵੇ ਵਰ ਸ੍ਰੀ ਭਗਵੰਤ, ਪਾਰਬ੍ਰਹਮ ਵਡੀ ਵਡਿਆਈਆ । ਮੇਰਾ ਖੇਲ ਸਦਾ ਬੇਅੰਤ, ਭੇਵ ਕੋਇ ਨਾ ਪਾਈਆ । ਲੱਖ ਚੁਰਾਸੀ ਵੇਖਾਂ ਜੁਗਾ ਜੁਗੰਤ, ਜੁਗ ਚੌਕੜੀ ਨਾਲ ਮਿਲਾਈਆ । ਗੁਰ ਅਵਤਾਰ ਮੇਲਾ ਸੰਤ, ਭਗਵੰਤ ਕਰ ਕਰ ਧਾਈਆ । ਆਪਣਾ ਨਾਮ ਸੁਣਾਵਾਂ ਛੰਤ, ਰਸਨਾ ਜਿਹਵਾ ਹਰਿ ਜਸ ਗਾਈਆ । ਹਰਿਜਨ ਮੇਲਾ ਸਾਚੇ ਕੰਤ, ਨਾਰੀ ਕੰਤ ਖ਼ੁਸ਼ੀ ਮਨਾਈਆ । ਲੇਖਾ ਜਾਣਾ ਆਦਿ ਅੰਤ, ਮਧ ਆਪਣੀ ਧਾਰ ਚਲਾਈਆ । ਗੁਰ ਅਵਤਾਰ ਬਣਾ ਬਣਾ ਬਣਤ, ਸੇਵਾ ਸੇਵਕ ਇਕ ਸਮਝਾਈਆ । ਲੱਖ ਚੁਰਾਸੀ ਤੋੜੇ ਗੜ੍ਹ ਹਉਮੇ ਹੰਗਤ, ਮਾਇਆ ਮਮਤਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਉਜਿਆਰ, ਹਰਿ ਸ਼ਬਦੀ ਇਕ ਸਮਝਾਈਆ । ਵੰਡਾਂ ਵੰਡ ਬਣ ਨਿਗਹਬਾਨ, ਆਪਣੀ ਵੰਡ ਆਪ ਕਰਾਈਆ । ਜੇਰਜ ਅੰਡ ਕਰ ਪਰਧਾਨ, ਉਤਭੁਜ ਸੇਤਜ ਖੇਲ ਖਿਲਾਈਆ । ਚਾਰੇ ਖਾਣੀ ਦੇਵਾਂ ਮਾਣ, ਚਾਰੇ ਬਾਣੀ ਲਵਾਂ ਪੜ੍ਹਾਈਆ । ਚਾਰੇ ਵੇਦ ਕਰ ਪਰਵਾਨ, ਚਾਰ ਕੁੰਟ ਡੰਕ ਵਜਾਈਆ । ਚਾਰ ਵਰਨ ਖੇਲ ਮਹਾਨ, ਲੋਕਮਾਤ ਵੇਖ ਵਖਾਈਆ । ਚਾਰ ਜੁਗ ਇਕ ਨਿਸ਼ਾਨ, ਨਿਰਗੁਣ ਸਰਗੁਣ ਦਏ ਝੁਲਾਈਆ । ਜੁਗ ਜੁਗ ਆਪੇ ਵੇਖੇ ਆਣ, ਰੂਪ ਅਨੂਪ ਵੇਸ ਵਟਾਈਆ । ਲੇਖਾ ਜਾਣੇ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਰਿਹਾ ਉਠਾਈਆ । ਸੁਣਨਾ ਰੱਖਣਾ ਯਾਦ, ਹਰਿ ਸਾਚਾ ਸਚ ਜਣਾਈਆ । ਆਪ ਲਗਾਇਆ ਨਿਰਗੁਣ ਆਦਿ, ਅੰਤ ਲਹਿਣਾ ਦਏ ਮੁਕਾਈਆ । ਲੋਕਮਾਤ ਸੁਣੇ ਫਰਿਯਾਦ, ਨਿਰਵੈਰ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਜਣਾਈਆ । ਅੰਤਮ ਲੇਖਾ ਸ੍ਰੀ ਭਗਵਾਨ, ਏਕਾ ਏਕ ਜਣਾਇੰਦਾ । ਜੁਗ ਚੌਕੜੀ ਖੇਲ ਮਹਾਨ, ਵੰਡਣ ਵੰਡ ਵੰਡਾਇੰਦਾ । ਗੁਰ ਅਵਤਾਰਾਂ ਦੇ ਦੇ ਦਾਨ, ਲੋਕਮਾਤ ਪਰਗਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਖੇਲ ਅਵਾਣ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਭਗਤਾਂ ਦੇਵੇ ਸਦਾ ਦਾਨ, ਸਾਚੀ ਭਗਤੀ ਇਕ ਸਮਝਾਇੰਦਾ । ਸਤਿ ਦੁਆਰੇ ਕਰ ਪਰਵਾਨ, ਸਚਖੰਡ ਆਪ ਬਣਾਇੰਦਾ । ਪਰਮ ਪੁਰਖ ਹਰਿਜਨ ਘਰ ਸੁਹਾਨ, ਮੂਰਖ ਮੂੜ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਆਪਣਾ ਰੰਗ ਆਪ ਰੰਗੌਣਾ, ਹਰਿ ਸਾਚਾ ਸਚ ਜਣਾਈਆ । ਨਵ ਨੌਂ ਚਾਰ ਪੰਧ ਮੁਕੌਣਾ, ਸਰਗੁਣ ਸੇਵਾ ਲਾਈਆ । ਕਲਜੁਗ ਵੇਲਾ ਅੰਤਮ ਔਣਾ, ਪੁਰਖ ਅਬਿਨਾਸ਼ੀ ਕਰੇ ਖੇਲ ਬੇਪਰਵਾਹੀਆ । ਆਪਣਾ ਬਲ ਆਪ ਧਰੌਣਾ, ਬਲ ਆਪਣਾ ਆਪ ਜਣਾਈਆ । ਸਚਖੰਡ ਦੁਆਰੇ ਬਹਿ ਕੇ ਮਤਾ ਪਕੌਣਾ, ਦੂਜਾ ਸੰਗ ਨਾ ਕੋਇ ਰਲਾਈਆ । ਸਾਚਾ ਤਾਜ ਸੀਸ ਟਿਕੌਣਾ, ਸ਼ਾਹ

ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਚਖੰਡ ਦਾ ਸਚ ਨਿਸ਼ਾਨ ਸਤਿ ਸਤਿਵਾਦੀ ਆਪ ਝਲੌਣਾ, ਦਰ ਘਰ ਸਾਚਾ ਆਪ ਸੁਹਾਈਆ । ਬ੍ਰਹਮ ਬ੍ਰਹਿਮਾਦੀ ਵੇਖ ਵਖੌਣਾ, ਨਾਦ ਅਨਾਦੀ ਨਾਦ ਸੁਣਾਈਆ । ਬਣ ਪਾਂਧੀ ਪੰਧ ਮੁਕੌਣਾ, ਆਪ ਆਪਣਾ ਅੰਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਅੰਤਮ ਵੇਲਾ ਜਾਏ ਆ, ਹਰਿ ਸਾਚਾ ਸਚ ਜਣਾਇੰਦਾ । ਵਿਸ਼ਨੂੰ ਤੇਰਾ ਲੇਖਾ ਆਪਣੇ ਵਿਚ ਲਏ ਲੁਕਾ, ਆਪ ਆਪਣਾ ਮੂਲ ਮੁਕਾਇੰਦਾ । ਬ੍ਰਹਮੇ ਤੇਰਾ ਬ੍ਰਹਮ ਜਾਏ ਸਮਾ, ਪਾਰਬ੍ਰਹਮ ਗੋਦ ਬਹਾਇੰਦਾ । ਸ਼ੰਕਰ ਤੇਰਾ ਸੰਸਾ ਦੇਵੇ ਲਾਹ, ਤਨ ਭਿਬੂਤੀ ਨਾ ਕੋਇ ਰਮਾਇੰਦਾ । ਚਾਰ ਜੁਗ ਦਾ ਏਕਾ ਚੌਕੜ ਏਕਾ ਵਾਰ ਵੇਖੇ ਏਕਾ ਥਾਂ, ਥਾਨ ਥਨੰਤਰ ਖੋਜ ਖੁਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਜੋ ਬਣਦਾ ਰਿਹਾ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਗੁਰ ਅਵਤਾਰਾਂ ਦਇਆ ਕਮਾ, ਫੜ ਫੜ ਮਾਰਗ ਆਪੇ ਪਾਇੰਦਾ । ਭਗਤਾਂ ਦੇਂਦਾ ਰਿਹਾ ਸਜ਼ਾ, ਲੋਕਮਾਤ ਅਗਨ ਤਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇੰਦਾ । ਅੰਤਮ ਵੇਲਾ ਔਣਾ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਪਰਗਟ ਹੋਏ ਸੂਰਾ ਸਰਬੱਗ, ਸਚਖੰਡ ਵੱਜੇ ਵਧਾਈਆ । ਸ਼ਬਦ ਅਨਾਦ ਵਜਾਏ ਨਦ, ਥਿਰ ਘਰ ਸਾਚੇ ਖ਼ੁਸ਼ੀ ਮਨਾਈਆ । ਗੁਰ ਅਵਤਾਰਾਂ ਲਏ ਸੱਦ, ਚਾਰ ਜੁਗ ਜੋ ਸੇਵ ਕਮਾਈਆ । ਆਪ ਬਹਾਏ ਅੱਡੋ ਅੱਡ, ਵੰਡਣਹਾਰ ਸੱਚਾ ਸ਼ਹਿਨਸ਼ਾਹੀਆ । ਆਪਣਿਆਂ ਚਰਨਾਂ ਹੇਠੋਂ ਲਏ ਕੱਢ, ਡੂੰਘਾ ਖਾਤਾ ਲਏ ਫੋਲ ਫੁਲਾਈਆ । ਨਾ ਕੋਈ ਹੱਡ ਮਾਸ ਨਾੜੀ ਦਿਸੇ ਰੱਤ, ਪੰਜ ਤੱਤ ਨਾ ਕੋਇ ਜਣਾਈਆ । ਨਾ ਕੋਈ ਬੁੱਧ ਨਾ ਕੋਈ ਮੱਤ, ਬ੍ਰਹਮ ਮਤ ਨਾ ਕੋਇ ਜਣਾਈਆ । ਏਕਾ ਨੂਰ ਕਰ ਪ੍ਰਕਾਸ਼, ਘਰ ਏਕਾ ਆਪ ਵਖਾਈਆ । ਕਰੇ ਖੇਲ ਆਪ ਤਮਾਸ਼, ਪ੍ਰਿਥਮੀ ਚਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਭੇਦ ਭੇਵ ਰਿਹਾ ਸਮਝਾਈਆ । ਆਪਣਾ ਭੇਵ ਹਰਿ ਨਿਰੰਕਾਰ, ਆਦਿ ਪੁਰਖ ਜਣਾਇਆ । ਜੁਗ ਚੌਕੜੀ ਬੀਤੇ ਵਾਰੋ ਵਾਰ, ਥਿਰ ਕੋਇ ਰਹਿਣ ਨਾ ਪਾਇਆ । ਨੌਂ ਨੌਂ ਪੰਧ ਆਪ ਵਿਚਾਰ, ਚਾਰ ਚਾਰ ਖੇਲ ਖਲਾਇਆ । ਤ੍ਰੈ ਤ੍ਰੈ ਦੇਵੇ ਅਧਾਰ, ਪੰਚਮ ਪੰਚ ਮੋਹ ਰਖਾਇਆ । ਨਿਰਗੁਣ ਨਿਰਗੁਣ ਕਰ ਤਿਆਰ, ਸਰਗੁਣ ਸਰਗੁਣ ਰੰਗ ਚੜ੍ਹਾਇਆ । ਸਚਖੰਡ ਸੁਹਾਏ ਬੰਕ ਦੁਆਰ, ਸਚ ਸਿੰਘਾਸਣ ਸੋਭਾ ਪਾਇਆ । ਚਰਨ ਕਵਲ ਕਰ ਤਿਆਰ, ਥਿਰ ਘਰ ਸਾਚੇ ਆਪ ਟਿਕਾਇਆ । ਸ਼ਬਦੀ ਸ਼ਬਦ ਕਰੇ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਇਆ । ਤੂੰ ਕਾਦਰ ਕਰਤਾ ਬੇਐਬ ਪਰਵਰਦਿਗਾਰ, ਤੇਰਾ ਜਲਵਾ ਮੋਹੇ ਭਾਇਆ । ਸਿਫ਼ਤ ਸਾਲਾਹੀ ਸਾਚਾ ਯਾਰ, ਸਿਫ਼ਤ ਵਿਚ ਕਦੇ ਨਾ ਆਇਆ । ਤੇਰੀ ਮੁਹੱਬਤ ਕਰਾਂ ਏਕਾ ਵਾਰ, ਅੰਤ ਤੁਟ ਕਦੇ ਨਾ ਜਾਇਆ । ਤੇਰੀ ਸੁਹਬਤ ਗਾਵਾਂ ਜੁਗ ਚਾਰ, ਜੁਗ ਚੌਕੜੀ ਨਾਲ ਮਿਲਾਇਆ । ਤੇਰਾ ਮੰਦਰ ਇਕ ਦੁਆਰ, ਗ੍ਰਹਿ ਬੈਠਾ ਸੋਭਾ ਪਾਇਆ । ਤੇਰਾ ਹੁਕਮ ਸੱਚੀ ਸਰਕਾਰ, ਜਗਦੀਸ਼ ਸੀਸ ਟਿਕਾਇਆ । ਮੈਂ ਵੇਖਾਂ ਖੇਲ ਸੰਸਾਰ, ਲੋਕਮਾਤ ਫੇਰਾ ਪਾਇਆ । ਗੁਰ ਅਵਤਾਰਾਂ ਬਣ ਯਾਰ, ਪੀਰ ਪੈਗ਼ੰਬਰਾਂ ਨਾਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਜਣਾਇਆ । ਖੋਲ੍ਹੇ ਭੇਵ ਅਭੇਦ ਹਰਿ, ਹਰਿ ਵੱਡਾ ਵਡ ਵਡਿਆਈਆ । ਸਚਖੰਡ ਦੁਆਰੇ ਬੈਠਾ ਚੜ੍ਹ, ਨਿਰਗੁਣ ਦਾਤਾ ਬੇਪਰਵਾਹੀਆ । ਆਪਣਾ ਘਾੜਨ ਆਪੇ ਘੜ, ਘੜਨ ਭੰਨਣਹਾਰ ਆਪ ਹੋ ਜਾਈਆ । ਆਪਣਾ ਅੱਖਰ ਆਪੇ ਪੜ੍ਹ, ਨਿਸ਼ਅੱਖਰ ਕਰੇ ਪੜ੍ਹਾਈਆ । ਆਪਣੀ ਮਰਨੀ ਆਪੇ ਮਰ, ਜਨਮ ਮਰਨ ਵਿਚ



੨੫੦
੧੧

ਨਾ ਆਈਆ । ਆਪਣੀ ਤਰਨੀ ਆਪੇ ਤਰ, ਤਾਰਨਹਾਰ ਸ੍ਰਿਸ਼ਟ ਸਬਾਈਆ । ਆਪਣੀ ਸ਼ਰਨੀ ਆਪੇ ਪੜ੍ਹ, ਸ੍ਰਿਸ਼ਟ ਸਬਾਈ ਰਿਹਾ ਝੁਕਾਈਆ । ਆਪਣੀ ਚੋਟੀ ਆਪੇ ਖੜ, ਵੇਖੇ ਥਾਉਂ ਥਾਈਆ । ਸਚਖੰਡ ਦੁਆਰ ਕਿਲਾ ਗੜ੍ਹ, ਚਾਰ ਦੀਵਾਰ ਨਾ ਕੋਇ ਬਣਾਈਆ । ਨਿਰਮਲ ਜੋਤ ਇਕੋ ਧਰ, ਆਦਿ ਪੁਰਖ ਕਰੇ ਰੁਸ਼ਨਾਈਆ । ਨਿਰਭੌ ਨਾ ਰੱਖੇ ਕੋਈ ਡਰ, ਭੈ ਅਵਰ ਨਾ ਕੋਇ ਰਖਾਈਆ । ਮੂਰਤ ਅਕਾਲ ਇਕੋ ਹਰਿ, ਅਜੂਨੀ ਰਹਿਤ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਆਪਣਾ ਖੇਲ ਆਪੇ ਦੱਸਾਂ, ਹਰਿ ਹਰਿ ਆਪ ਜਣਾਇੰਦਾ । ਆਦਿ ਜੁਗਾਦਿ ਏਕਾ ਘਰ ਵਸਾਂ, ਘਰ ਆਪਣਾ ਆਪ ਸੁਹਾਇੰਦਾ । ਦੋ ਜਹਾਨ ਫਿਰਾਂ ਨੱਸਾਂ, ਬਣ ਪਾਂਧੀ ਪੰਧ ਮੁਕਾਇੰਦਾ । ਜਨ ਭਗਤਾਂ ਅੰਦਰ ਆਪੇ ਵਸਾਂ, ਮਹੱਲ ਅਟੱਲ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸਵਾਂਗ ਆਪ ਸਮਝਾਇੰਦਾ । ਹਰਿ ਸਵਾਂਗੀ ਵਰਤੇ ਸਵਾਂਗ, ਆਪਣੀ ਬੂਝ ਬੁਝਾਈਆ । ਜੁਗ ਜੁਗ ਰੱਖੇ ਸਾਚੀ ਤਾਂਘ, ਲੋਕਮਾਤ ਰਾਹ ਤਕਾਈਆ । ਗੁਰਮੁਖ ਹਰਿਜਨ ਮੰਗਣ ਏਕਾ ਮਾਂਗ, ਨੇਤਰ ਨੈਣ ਨੈਣ ਸ਼ਰਮਾਈਆ । ਰਸਨਾ ਜਿਹਵਾ ਨਾ ਕੋਇ ਬੱਤੀ ਦੰਦ, ਮਨ ਵਾਸਨਾ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਵਖਾਈਆ । ਲੇਖਾ ਹਰਿ ਕਰਤਾਰ, ਕਰਨੀ ਕਰਤਾ ਆਪ ਜਣਾਇੰਦਾ । ਸਚਖੰਡ ਮੇਰਾ ਵਿਹਾਰ, ਸਾਚੇ ਤਖ਼ਤ ਸੋਭਾ ਪਾਇੰਦਾ । ਜੁਗ ਚੌਕੜੀ ਹੋ ਉਜਿਆਰ, ਲੱਖ ਚੁਰਾਸੀ ਰੰਗ ਰੰਗਾਇੰਦਾ । ਆਪਣੀ ਜੋਤ ਕਰ ਉਜਿਆਰ, ਪੰਜ ਤੱਤ ਕਾਇਆ ਵਿਚ ਟਿਕਾਇੰਦਾ । ਕੋਟਨ ਕੋਟ ਕੋਟ ਕਿਰਨਾਂ ਵਿਚੋਂ ਏਕਾ ਕਿਰਨ ਕੱਢਾਂ ਬਾਹਰ, ਗੁਰ ਅਵਤਾਰ ਨਾਉਂ ਧਰਾਇੰਦਾ । ਏਕਾ ਦੇਵਾਂ ਨਾਮ ਗ਼ੁਫ਼ਤਾਰ, ਦੀਦ ਸ਼ਨੀਦ ਖੇਲ ਵਖਾਇੰਦਾ । ਲੋਚਣ ਨੈਣ ਦਰਸ ਦੀਦਾਰ, ਦੀਦ ਈਦ ਇਕ ਸਮਝਾਇੰਦਾ । ਨਾਦ ਧੁਨ ਸ਼ਬਦ ਜੈਕਾਰ, ਸੁੰਨ ਮੁਨ ਆਪ ਖੁਲ੍ਹਾਇੰਦਾ । ਮੁਨ ਜਨ ਵਿਚ ਸੰਸਾਰ, ਆਪਣੀ ਗੋਦ ਬਹਾਇੰਦਾ । ਰਿਖ ਮੁਨ ਕਰ ਪਨਹਾਰ, ਚਾਕਰ ਚਾਕਰੀ ਖੇਲ ਖਲਾਇੰਦਾ । ਭਾਂਡੇ ਘੜ ਬਣ ਠਠਿਆਰ, ਭੰਨਣਹਾਰ ਆਪ ਹੋ ਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪਹਿਰੇਦਾਰ, ਬ੍ਰਹਿਮੰਡ ਖੰਡ ਸੀਸ ਸਰਬ ਝੁਕਾਇੰਦਾ । ਪੀਰ ਪੈਗ਼ੰਬਰ ਕੱਢ ਕੱਢ ਗਏ ਵਗਾਰ, ਧੁਰ ਫ਼ਰਮਾਣਾ ਹੁਕਮ ਜਣਾਇੰਦਾ । ਜੁਗ ਜੁਗ ਆਵਣ ਵਾਰੋ ਵਾਰ, ਈਸਾ ਮੂਸਾ ਸੇਵ ਕਮਾਇੰਦਾ । ਕੋਟਨ ਕੋਟ ਵਾਰ ਆਏ ਤੇਈ ਅਵਤਾਰ, ਲਿਖ ਲਿਖ ਲੇਖ ਨਾ ਕੋਈ ਜਣਾਇੰਦਾ । ਕੋਈ ਤ੍ਰਲੋਕੀ ਕਰੇ ਪਿਆਰ, ਕੋਈ ਸ਼ਬਦ ਸ਼ਬਦ ਸੁਣਾਇੰਦਾ । ਕੋਈ ਮਛ ਕਛ ਜਲ ਧਾਰ ਤਾਰੀਆਂ ਰਹੇ ਮਾਰ, ਰੂਪ ਅਨੂਪ ਨਾ ਕੋਈ ਵਡਿਆਇੰਦਾ । ਕਰੇ ਖੇਲ ਅਗੰਮ ਅਪਾਰ, ਹਰਿ ਕਾ ਭੇਵ ਕਿਸੇ ਨਾ ਆਇੰਦਾ । ਬ੍ਰਹਮਾ ਲਿਖ ਲਿਖ ਥੱਕਾ ਵੇਦ ਚਾਰ, ਵੇਦ ਵਿਆਸਾ ਪੁਰਾਨ ਅਠਾਰਾਂ ਸੁਣਾਇੰਦਾ । ਸ਼ਾਸਤਰ ਸਿਮਰਤ ਗੀਤਾ ਗਿਆਨ, ਕਾਹਨਾ ਕ੍ਰਿਸ਼ਨਾ ਭਗਤ ਸਮਝਾਇੰਦਾ । ਚਾਰ ਕੁੰਟ ਬੀਆਬਾਨ ਦਿਸੇ ਨਾ ਰਾਹ, ਨਿਰਗੁਣ ਨਾਮ ਨਾ ਕੋਈ ਝੁਲਾਇੰਦਾ । ਸੋਲਾਂ ਸੋਲਾਂ ਗਿਆ ਸਮਝਾ, ਵਿਦਿਆ ਵਿਦਤ ਆਪਣੀ ਕਲ ਧਰਾਇੰਦਾ । ਈਸਾ ਮੂਸਾ ਕਹਿਣ ਮਹਿਬਾਂ, ਮਹਿਬਾਨ ਬੀਦੋ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਕਲਾਮ, ਇਕ ਕਲਾਮ ਏਕਾ ਇਸਮ ਇਕ ਅਮਾਮ, ਆਲਮੀਨ ਵੇਖ ਵਖਾਇੰਦਾ । ਇਸਮ ਆਜ਼ਮ ਅਲਾਹੀ ਨੂਰ, ਨੂਰ ਨੁਰਾਨਾ ਆਪ ਜਣਾਈਆ । ਪੀਰ ਪੈਗ਼ੰਬਰ ਬੈਠੇ ਦੂਰ, ਨੇੜੇ ਕੋਇ ਨਾ ਸਕੇ ਆਈਆ । ਚਾਰੋਂ ਕੁੰਟ ਪਿਆ

ਫਤੂਰ, ਪ੍ਰਭ ਫਤਵਾ ਦਏ ਲਗਾਈਆ । ਨਾਨਕ ਨਿਰਗੁਣ ਹੋ ਮਜ਼ਬੂਰ, ਪ੍ਰਭ ਅੱਗੇ ਕਰ ਗਿਆ ਅਰਜ਼ੋਈਆ । ਤੁਧ ਬਿਨ ਕੋਈ ਨਾ ਕਰੇ ਮੁਆਫ ਕਸੂਰ, ਦੁਰਮਤ ਮੈਲ ਨਾ ਕੋਈ ਧੁਆਈਆ । ਕਲਜੁਗ ਅੰਤ ਔਣਾ ਜ਼ਰੂਰ, ਨਿਹਕਲੰਕ ਤੇਰੀ ਵਡਿਆਈਆ । ਤੇਰਾ ਭੰਡਾਰਾ ਸਦਾ ਭਰਪੂਰ, ਅਤੋਟ ਅਤੁਟ ਵਰਤਾਈਆ । ਤੇਰੇ ਪਿਛੇ ਸੂਲੀ ਚੜ੍ਹਿਆ ਮਨਸੂਰ, ਸ਼ਮਸ ਆਪਣੀ ਖੱਲ ਲੁਹਾਈਆ । ਕਬੀਰ ਡੁਬਾ ਗੰਗਾ ਪੂਰ, ਮਿਲੀ ਮਾਤ ਸਜ਼ਾਈਆ । ਪ੍ਰਹਿਲਾਦ ਮੰਗ ਦਰਸ ਹਜ਼ੂਰ, ਨੇਤਰ ਨੈਣ ਖੁਲ੍ਹਾਈਆ । ਤੂੰ ਸਭ ਦੀ ਆਸ਼ਾ ਕਰੀ ਪੂਰ, ਪੂਰੀ ਇਛਿਆ ਏਕਾ ਵਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਬੈਠਾ ਖ਼ੁਸ਼ੀ ਮਨਾਈਆ । ਸਚਖੰਡ ਖੇਲ ਅਵੱਲਾ, ਏਕਾ ਏਕ ਕਰਾਇੰਦਾ । ਨਿਰਗੁਣ ਮੱਲਿਆ ਸਚ ਮਹੱਲਾ, ਸਤਿ ਸਤਿਵਾਦੀ ਸੋਭਾ ਪਾਇੰਦਾ । ਆਪਣੀ ਜੋਤੀ ਆਪੇ ਰਲਾ, ਜੋਤੀ ਜੋਤ ਡਗਮਗਾਇੰਦਾ । ਏਕਾ ਫੜਾਇਆ ਆਪਣਾ ਪੱਲਾ, ਨਾਰੀ ਕੰਤ ਖੇਲ ਕਰਾਇੰਦਾ । ਆਪਣੇ ਨੂਰ ਰਹੇ ਬਿਸਮਿਲਾ, ਬਿਸਮਿਲ ਆਪਣਾ ਰੰਗ ਵਖਾਇੰਦਾ । ਏਕਾ ਨਾਦ ਸੁਨੇਹੜਾ ਘੱਲਾ, ਏਕਾ ਰਾਗ ਸੁਣਾਇੰਦਾ । ਨਾਮ ਸਤਿ ਏਕਾ ਮਿਲਾ, ਚਾਲ ਨਿਰਾਲੀ ਇਕ ਰਖਾਇੰਦਾ । ਆਪਣਾ ਘਰ ਆਪੇ ਮੱਲਾ, ਆਪਣਾ ਮੰਦਰ ਆਪ ਸੁਹਾਇੰਦਾ । ਥਿਰ ਘਰ ਸਾਚਾ ਹਰਿ ਬਣਿਆ ਟਿੱਲਾ, ਪੁਰਖ ਅਬਿਨਾਸ਼ੀ ਆਪ ਬਣਾਇੰਦਾ । ਸ਼ਬਦੀ ਸ਼ਬਦ ਸੁਤ ਕਹੇ ਝੱਲਾ, ਦਿਸ ਕਿਸੇ ਨਾ ਆਇੰਦਾ । ਆਦਿ ਜੁਗਾਦਿ ਕਦੇ ਨਾ ਹਿੱਲਾ, ਜੁਗ ਜੁਗ ਗੇੜਾ ਆਪ ਭੁਆਇੰਦਾ । ਕੋਈ ਰੰਗ ਨਾ ਜਾਣੇ ਕਾਲਾ ਪੀਲਾ, ਨੀਲਾ ਰੂਪ ਨਾ ਕੋਈ ਬਣਾਇੰਦਾ । ਆਦਿ ਜੁਗਾਦਿ ਸ਼ੈਲ ਛਬੀਲਾ, ਬਿਰਧ ਬਾਲ ਨਾ ਵੇਸ ਵਟਾਇੰਦਾ । ਆਪਣੇ ਮਿਲਣ ਦਾ ਆਪੇ ਹੀਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਆਪ ਸੁਹਾਏ ਆਪਣਾ ਸਚ ਕਬੀਲਾ, ਆਪੇ ਬਹਿ ਬਹਿ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪ ਵਡਿਆਇੰਦਾ । ਸਚਖੰਡ ਹਰਿ ਚੜ੍ਹਿਆ ਚਾਅ, ਆਪਣੀ ਖ਼ੁਸ਼ੀ ਮਨਾਈਆ । ਜਿਸ ਚੌਕੜੀ ਜਿਸ ਨਾਉਂ ਰਹੇ ਗਾ, ਕੋਟਨ ਕੋਟ ਰੂਪ ਵਟਾਈਆ । ਗੁਰ ਅਵਤਾਰ ਮੰਗਦੇ ਰਹੇ ਪਨਾਹ, ਨਿਉਂ ਨਿਉਂ ਸੀਸ ਝੁਕਾਈਆ । ਪੀਰ ਪੈਗ਼ੰਬਰ ਮੰਨਦੇ ਰਹੇ ਜਿਸ ਦੀ ਰਜਾ, ਰਾਜਕ ਰਹੀਮ ਇਕ ਖ਼ੁਦਾਈਆ । ਭਗਤ ਭਗਵੰਤ ਲਾਉਂਦੇ ਰਹੇ ਸਦਾ, ਇਕ ਆਵਾਜ਼ ਲਗਾਈਆ । ਸੰਤ ਤੱਕਦੇ ਰਹੇ ਰਾਹ, ਨੇਤਰ ਨੈਣ ਉਠਾਈਆ । ਗੁਰਮੁਖ ਤੇਰਾ ਧਿਆਨ ਰਹੇ ਲਗਾ, ਅੰਤਰ ਆਤਮ ਇਕ ਲਿਵ ਲਾਈਆ । ਗੁਰਸਿਖ ਮਸਤਕ ਧੂੜੀ ਟਿੱਕਾ ਰਹੇ ਲਾ, ਚਰਨ ਮਿਲੇ ਸੱਚੀ ਸ਼ਰਨਾਈਆ । ਰਹਿਮਤ ਕਰੇ ਬੇਪਰਵਾਹ, ਬੇਨਜ਼ੀਰ ਦਇਆ ਕਮਾਈਆ । ਗ਼ਫ਼ਲਤ ਵਿਚ ਆਏ ਨਾ ਕਦੇ ਖ਼ੁਦਾ, ਉਲਫ਼ਤ ਵਿਚ ਨਾ ਆਏ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਖ਼ੁਸ਼ੀ ਮਨਾਈਆ । ਸਚਖੰਡ ਦੁਆਰੇ ਤੇਰਾ ਰੰਗ, ਹਰਿ ਜੂ ਆਪ ਰੰਗਾਇਆ । ਨਿਰਗੁਣ ਸੇਜ ਨਿਰਗੁਣ ਪਲੰਘ, ਨਿਰਗੁਣ ਰਿਹਾ ਹੰਢਾਇਆ । ਨਿਰਗੁਣ ਨਾਰੀ ਬਣੇ ਕੰਤ, ਨਿਰਗੁਣ ਕੰਤ ਖ਼ੁਸ਼ੀ ਮਨਾਇਆ । ਨਿਰਗੁਣ ਨਾਮ ਨਿਰਗੁਣ ਮਰਦੰਗ, ਨਿਰਗੁਣ ਨਿਰਗੁਣ ਆਪਣਾ ਡੰਕ ਸੁਣਾਇਆ । ਨਿਰਗੁਣ ਨੂਰ ਨਿਰਗੁਣ ਚੰਦ, ਨਿਰਗੁਣ ਨੂਰ ਨੁਰਾਨਾ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਖੇਲ ਰਚਾਇਆ । ਰਚਿਆ ਖੇਲ ਹਰਿ ਜੂ ਹਰਿ, ਆਪਣੀ ਦਇਆ ਕਮਾਈਆ । ਜੁਗ ਚੌਕੜੀ ਦੇਂਦਾ ਰਿਹਾ ਵਰ, ਆਪਣਾ ਹੁਕਮ ਸੁਣਾਈਆ । ਅੰਤਮ ਸੱਦੇ ਸਾਚੇ ਘਰ, ਏਕਾ ਸਦਾ ਨਾਮ ਲਗਾਈਆ । ਵਾਰੋ ਵਾਰੀ ਪੁੱਛਾਂ

ਰਿਹਾ ਕਰ, ਅਭੁਲ ਭੁਲ ਕਦੇ ਨਾ ਜਾਈਆ । ਲੋਕਮਾਤ ਆਪਣੀ ਜੋਤ ਧਰ, ਲੱਖ ਚੁਰਾਸੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਸੁਹਾਈਆ । ਸਚਖੰਡ ਸਚ ਦਰਬਾਰ, ਹਰਿ ਜੂ ਹਰਿ ਲਗਾਇਆ । ਚਰਨੀ ਆਓ ਗੁਰ ਅਵਤਾਰ, ਧੁਰ ਫ਼ਰਮਾਣਾ ਹੁਕਮ ਸੁਣਾਇਆ । ਸਤਿਜੁਗ ਤ੍ਰੇਤਾ ਦੁਆਪਰ ਵਿਚ ਸੰਸਾਰ, ਕਲਜੁਗ ਕੀ ਕੀ ਹੁਕਮ ਚਲਾਇਆ । ਵਿਸ਼ਨ ਬ੍ਰਹਮਾ ਸ਼ਿਵ ਹੋਣਾ ਖ਼ਬਰਦਾਰ, ਸਚ ਸੰਦੇਸ਼ਾ ਰਿਹਾ ਜਣਾਇਆ । ਵਿਸ਼ਨੂੰ ਤੇਰਾ ਦਿਸੇ ਨਾ ਕੋਈ ਭੰਡਾਰ, ਸਚ ਭੰਡਾਰਾ ਨਜ਼ਰ ਕੋਇ ਨਾ ਆਇਆ । ਬ੍ਰਹਮੇ ਤੇਰਾ ਬ੍ਰਹਮ ਨਾ ਕੋਈ ਉਜਿਆਰ, ਨੂਰ ਨੁਰਾਨਾ ਮੁਖ ਸ਼ਰਮਾਇਆ । ਸ਼ੰਕਰ ਤੇਰੀ ਨੰਗੀ ਨਾ ਦਿਸੇ ਕਟਾਰ, ਮਨਮੁਖ ਜੀਵ ਨਾ ਕੋਇ ਮਿਟਾਇਆ । ਸੰਤ ਕੁਮਾਰ ਹੋਏ ਬੇਦਾਰ, ਪੁਰਖ ਅਬਿਨਾਸ਼ੀ ਆਪ ਜਗਾਇਆ । ਬਰਾਹ ਧਰਨੀ ਚੁੱਕਿਆ ਭਾਰ, ਤੇਰਾ ਭਾਰ ਸਕੇ ਨਾ ਕੋਈ ਹੌਲਾ ਕਰਾਇਆ । ਯਗੈ ਪੁਰਸ਼ ਕਰੇ ਵਿਚਾਰ, ਮੇਰਾ ਸੰਗ ਨਾ ਕੋਈ ਰਖਾਇਆ । ਹਾਵ ਗ਼ਰੀਵ ਆਈ ਹਾਰ, ਚੌਥਾ ਜੁਗ ਦਏ ਦੁਹਾਇਆ । ਨਿਰੰਕਾਰ ਹੋਇਆ ਉਜਿਆਰ, ਨਰਾਇਣ ਆਪਣਾ ਮੁਖ ਭੁਵਾਇਆ । ਕਪਲ ਮੁੰਨੀ ਕਰੇ ਪੁਕਾਰ, ਖਾਣੀ ਬਾਣੀ ਨਾ ਕੋਇ ਸਮਝਾਇਆ । ਦਤਾ ਤ੍ਰੈ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇਆ । ਰਿਖਭ ਢਹਿ ਢਹਿ ਕਰੇ ਨਿਮਸਕਾਰ, ਮੁਖ ਆਪਣਾ ਰਿਹਾ ਛੁਪਾਇਆ । ਪ੍ਰਿਥੂ ਕਹੇ ਤੇਰਾ ਪਨਿਹਾਰ, ਸਿਰ ਤੇਰੀ ਸੇਵ ਕਮਾਇਆ । ਮਤਸਯ ਕਹੇ ਤੇਰੇ ਹੁਕਮ ਅੰਦਰ ਫਿਰਾਂ ਯਾਰ, ਜਲ ਸਾਗਰ ਡੇਰਾ ਲਾਇਆ । ਕਛਪ ਕਵਣ ਦੇਵੇ ਆਧਾਰ, ਮਿੰਦਰਾ ਪਰਬਤ ਸੀਸ ਉਠਾਇਆ । ਮੋਹਣੀ ਕੀਤਾ ਖੇਲ ਅਪਾਰ, ਰੂਪ ਅਨੂਪ ਆਪ ਧਰਾਇਆ । ਹੰਸ ਬੋਲ ਇਕ ਜੈਕਾਰ, ਸੋਹੰ ਸੋ ਸਾਚਾ ਢੋਲਾ ਰਸਨਾ ਗਾਇਆ । ਨਰ ਸਿੰਘ ਖੇਲ ਕਰ ਅਪਾਰ, ਛੋਟੇ ਬਾਲੇ ਮਾਣ ਦੁਵਾਇਆ । ਅੰਤਮ ਉਹ ਵੀ ਗਿਆ ਹਾਰ, ਰਸਨਾ ਗੁਣ ਨਾ ਕੋਈ ਸਮਝਾਇਆ । ਧਰੂ ਕਰ ਧਿਆਨ, ਹਰੀ ਆਪਣਾ ਰੰਗ ਚੜ੍ਹਾਇਆ । ਨਰਾਇਣ ਦੇਵੇ ਇਕ ਧਿਆਨ, ਗਜ ਬੰਧਨ ਆਪ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਲ ਬਾਵਨ ਖੇਲ ਆਪੇ ਕਰ, ਸਚਖੰਡ ਦੁਆਰੇ ਸਾਚੇ ਰਿਹਾ ਬੁਲਾਇਆ । ਆਓ ਉਠੋ ਬਾਲ ਨਾਦਾਨ, ਹਰਿ ਸਾਚਾ ਸਚ ਜਣਾਈਆ । ਬ੍ਰਹਿਮਣ ਤੇਰਾ ਖੇਲ ਜਹਾਨ, ਏਕੰਕਾਰਾ ਨਜ਼ਰ ਨੈਣ ਨਾ ਆਈਆ । ਰਾਮ ਬਣਿਆ ਜੋਧਾ ਬਲਵਾਨ, ਬਾਣ ਏਕਾ ਤੀਰ ਚਲਾਈਆ । ਪੰਜ ਤੱਤ ਮਿਟਿਆ ਨਿਸ਼ਾਨ, ਲੋਕਮਾਤ ਨਜ਼ਰ ਨਾ ਆਈਆ । ਇਕ ਰਾਮ ਸਰਬ ਮਿਹਰਬਾਨ, ਜੋ ਘਟ ਘਟ ਰਿਹਾ ਸਮਾਈਆ । ਇਕ ਰਾਮ ਵਡ ਬਲਵਾਨ, ਸਚਖੰਡ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵੇਦ ਵਿਆਸਾ ਤੇਰਾ ਲੇਖ, ਹਰਿ ਹਰਿ ਆਪ ਮੁਕਾਇਆ । ਕਾਹਨਾ ਕ੍ਰਿਸ਼ਨਾ ਕਰ ਕਰ ਭੇਖ, ਗੀਤਾ ਗਿਆਨ ਦ੍ਰਿੜ੍ਹਾਇਆ । ਅੰਤ ਮਿਟੀ ਸਭ ਦੀ ਰੇਖ, ਅੰਤ ਕੋਈ ਰਹਿਣ ਨਾ ਪਾਇਆ । ਹਰਿ ਕਾ ਰੂਪ ਮੁੱਛ ਦਾਹੜੀ ਨਾ ਕੇਸ, ਪੰਜ ਤੱਤ ਨਾ ਕੋਈ ਵਿਖਾਇਆ । ਆਦਿ ਜੁਗਾਦਿ ਰਹੇ ਹਮੇਸ਼, ਜਨਮ ਮਰਨ ਵਿਚ ਨਾ ਆਏ ਨਰੇਸ਼, ਏਕਾ ਨਾਮ ਸੱਚਾ ਸੰਦੇਸ਼ ਦਏ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਐਬ ਪਰਵਰਦਿਗਾਰਿਆ । ਬੇਐਬ ਪਰਵਰਦਿਗਾਰ, ਹੱਕ ਹੱਕ ਜਣਾਈਆ । ਲਾਸ਼ਰੀਕ ਹੋ ਤਿਆਰ, ਤਹਿਰੀਕ ਇਕ ਵਖਾਈਆ । ਹਕੀਕਤ ਜਾਣੇ ਸ਼ਾਹ ਅਸਵਾਰ, ਬੇਪਰਵਾਹ ਬੇਪਰਵਾਹੀਆ । ਤਾਰੀਫ਼ ਕਰੇ ਪਰਵਰਦਿਗਾਰ, ਤੁਆਰਫ਼ ਅਵਰ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਈਸਾ ਮੂਸਾ ਇਕ ਸੁਣਾਏ ਹਦੀਸਾ, ਏਕਾ ਕਲਮਾ ਆਪ ਪੜ੍ਹਾਈਆ । ਏਕਾ ਕਲਮਾ ਪੜ੍ਹਾਏ ਅਮਾਮ, ਅਲੀ ਆਪਣਾ ਰੂਪ ਕਰਾਇੰਦਾ । ਲੇਖਾ ਜਾਣੇ ਦਿਵਸ ਸ਼ਾਮ, ਧੁਰ ਬਾਣੀ ਆਪਣਾ ਖੇਲ ਖਲਾਇੰਦਾ । ਜੋਤੀ ਨੂਰ ਅਲਾਹੀ ਕਲਾਮ, ਕਾਇਨਾਤ ਆਪ ਸੁਣਾਇੰਦਾ । ਆਪੇ ਦੇਵੇ ਸਚ ਪੈਗ਼ਾਮ, ਸਚ ਸੰਦੇਸ਼ਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਪੀਰ ਪੈਗ਼ੰਬਰ ਵੇਖ ਹਰਿ, ਬੇਦਰਦ ਰਿਹਾ ਸਮਝਾਈਆ । ਕਿਸੇ ਨਾ ਮਿਲੇ ਕੋਈ ਦਰ, ਬੇਦਰ ਫਿਰੇ ਲੋਕਾਈਆ । ਨਿਰਭੌ ਚੁਕਾਏ ਸਭ ਦਾ ਡਰ, ਏਕਾ ਆਪਣਾ ਆਪ ਵਖਾਈਆ । ਪੀਰ ਪੈਗ਼ੰਬਰ ਘਾੜਨ ਘੜ, ਮੁਲਾਂ ਸ਼ੇਖ਼ ਲਏ ਸਮਝਾਈਆ । ਏਕਾ ਅਲਫ ਅੰਦਰ ਪੜ੍ਹ, ਏਕਾ ਯੇ ਲਏ ਪੜ੍ਹਾਈਆ । ਨੁਕਤਾ ਨੂਨ ਏਕਾ ਘਰ, ਨੂਨ ਗੁੰਨਾ ਰੰਗ ਵਟਾਈਆ । ਹਮਜ਼ਾ ਸਭ ਨੂੰ ਕਰੇ ਸਰ, ਸਾਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਨਾਮ ਪੜ੍ਹਾਈਆ । ਏਕਾ ਨਾਮ ਦੇਵੇ ਦਾਊਦ, ਏਕਾ ਵਾਰ ਦਇਆ ਕਮਾਈਆ । ਬੇਐਬ ਨਾ ਹੋਇਆ ਨੇਸ਼ਤੋ ਨਾਬੂਦ, ਘਰ ਸਾਚੇ ਖ਼ੁਸ਼ੀ ਮਨਾਈਆ । ਆਦਿ ਜੁਗਾਦਿ ਸਦਾ ਮਹਿਬੂਬ, ਮੁਹੱਬਤ ਖ਼ਾਨਾ ਇਕ ਖੁਲ੍ਹਾਈਆ । ਜਿਸ ਦੀ ਕੋਈ ਨਾ ਜਾਣੇ ਹਦੂਦ, ਹੱਦ ਕਿਸੇ ਨਾ ਪਾਰ ਵੰਡਾਈਆ । ਆਪਣਾ ਜਾਣੇ ਸਚ ਅਰੂਜ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਾ ਕੋਈ ਦਿਸ਼ਾ ਨਾ ਕੋਈ ਕੂਟ, ਹੁਜਰਾ ਕੋਇ ਨਜ਼ਰ ਨਾ ਆਈਆ । ਨਾ ਕੋਈ ਬੁੱਤ ਨਾ ਕੋਈ ਕਲਬੂਤ, ਰੂਹ ਪਾਕ ਨਾ ਕੋਇ ਰਖਾਈਆ । ਸਚਖੰਡ ਦੁਵਾਰੇ ਦੇਵੇ ਇਕ ਸਬੂਤ, ਸਾਖਯਾਤ ਆਪਣਾ ਨੂਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਈਆ । ਈਸਾ ਮੂਸਾ ਖੇਲ ਅਵੱਲਾ, ਆਲਮੀਨ ਕਰਾਇੰਦਾ । ਮੁਹੰਮਦ ਫੜਾਇਆ ਆਪਣਾ ਪੱਲਾ, ਏਕਾ ਗੰਢ ਪੁਵਾਇੰਦਾ । ਚੌਦਾਂ ਤਬਕ ਏਕਾ ਮਹੱਲਾ, ਏਕਾ ਨੂਰ ਦਰਸਾਇੰਦਾ । ਦੀਪਕ ਜੋਤ ਏਕਾ ਬਲਾ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਿਰਿਆ ਆਪ ਸੁਣਾਇੰਦਾ । ਸਾਚੀ ਕਿਰਿਆ ਸਾਚਾ ਪੁਰਖ, ਪ੍ਰਖੋਤਮ ਆਪ ਬਣਾਈਆ । ਸ੍ਰਿਸ਼ਟ ਸਬਾਈ ਕਰ ਕਰ ਪਰਖ, ਵਡ ਪਾਰਖੂ ਵੇਸ ਵਟਾਈਆ । ਪੰਜ ਤੱਤ ਉਤੇ ਕਰੇ ਤਰਸ, ਨਿਰਗੁਣ ਸਰਗੁਣ ਜੋਤ ਕਰੀ ਰੁਸ਼ਨਾਈਆ । ਅੰਮ੍ਰਿਤ ਮੇਘ ਏਕਾ ਬਰਸ, ਸਾਂਤਕ ਸਤਿ ਸਤਿ ਵਰਤਾਈਆ । ਆਪਣਾ ਕੀਤਾ ਪੂਰਾ ਫ਼ਰਜ਼, ਬੇਪਰਵਾਹ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਗ ਏਕਾ ਤਰਜ਼, ਤਾਰ ਸਤਾਰ ਇਕ ਵਜਾਈਆ । ਏਕਾ ਤਰਜ਼ ਏਕਾ ਤੰਦੀ, ਇਕ ਸਿਤਾਰ ਹਿਲਾਇੰਦਾ । ਇਕ ਟਿਕਾਣਾ ਦੱਸੇ ਬੰਦੀ, ਬੰਦੀਖ਼ਾਨਾ ਆਪ ਤੁੜਾਇੰਦਾ । ਏਕਾ ਸਾਹਿਬ ਹੋਏ ਬਖ਼ਸ਼ੰਦੀ, ਬਖ਼ਸ਼ਿਸ਼ ਆਪਣੇ ਹੱਥ ਵਖਾਇੰਦਾ । ਏਕਾ ਰਾਹ ਏਕਾ ਪਗਡੰਡੀ, ਅੰਤਮ ਆਪਣੇ ਘਰ ਚੜ੍ਹਾਇੰਦਾ । ਏਕਾ ਦੇਵੇ ਪਵਣ ਠੰਡੀ, ਉਨੰਜਾ ਪਵਣ ਮੁਖ ਸ਼ਰਮਾਇੰਦਾ । ਏਕਾ ਦੇਵੇ ਨਾਮ ਸੁਗੰਧੀ, ਸਤਿਨਾਮ ਆਪ ਪ੍ਰਗਟਾਇੰਦਾ । ਲੇਖਾ ਚੁੱਕੇ ਜੇਰਜ ਅੰਡੀ, ਉਤਭੁਜ ਸੇਤਜ ਪੰਧ ਮੁਕਾਇੰਦਾ । ਪੀਆ ਪ੍ਰੀਤਮ ਪਾਏ ਫੰਦੀ, ਆਪਣੇ ਪ੍ਰੇਮ ਵਿਚ ਬੰਧਾਇੰਦਾ । ਲੱਖ ਚੁਰਾਸੀ ਆਤਮ ਗੰਦੀ, ਪਰਮਾਤਮ ਨਜ਼ਰ ਕਿਸੇ ਨਾ ਆਇੰਦਾ । ਬਿਨ ਹਰਿ ਲੱਖ ਚੁਰਾਸੀ ਰੰਡੀ, ਕੰਤ ਸੁਹਾਗ ਨਾ ਕੋਈ ਹੰਢਾਇੰਦਾ । ਏਕਾ ਗੁਰ ਚਲਾਏ ਡੰਡੀ, ਸਤਿਗੁਰ ਮਾਤ ਵਡਿਆਇੰਦਾ । ਗੁਰ ਗੋਬਿੰਦ ਅੰਤਮ ਮੇਟੇ ਭੇਖ ਪਖੰਡੀ, ਜੂਠ ਝੂਠ ਰਹਿਣ ਨਾ ਪਾਇੰਦਾ । ਨੌਂ ਖੰਡ ਪ੍ਰਿਥਮੀ ਦੇਵੇ ਰੰਦੀ, ਏਕਾ ਰੰਦਾ ਹੱਥ

ਉਠਾਇੰਦਾ । ਕਬੀਰ ਸੁਣਾਏ ਏਕਾ ਛੰਦੀ, ਸਾਚਾ ਢੋਲਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਗੁਰ ਅਵਤਾਰਾਂ ਹੋਇਆ ਇਕੱਠ, ਹਰਿ ਜੂ ਖ਼ੁਸ਼ੀ ਮਨਾਇੰਦਾ । ਚਾਰ ਜੁਗ ਬਿਨ ਢਾਹਿਉਂ ਗਏ ਢੱਠ, ਹਰਿ ਜੂ ਹਾਰ ਜਿਤ ਆਪਣੇ ਹੱਥ ਵਖਾਇੰਦਾ । ਜਿਸ ਦਾ ਨਾਉਂ ਗਾ ਗਾ ਆਏ ਗਾਥ, ਲੋਕਮਾਤ ਸਮਝਾਇੰਦਾ । ਜਿਸ ਦੇ ਚੜ੍ਹ ਕੇ ਆਏ ਰਥ, ਸੋ ਮਹਾਂਸਾਰਥੀ ਵੇਖ ਵਖਾਇੰਦਾ । ਆਓ ਵਸੋ ਮੇਰੇ ਪਾਸ, ਸਚ ਦੁਆਰਾ ਇਕ ਖੁਲ੍ਹਾਇੰਦਾ । ਜਿਸ ਦੀ ਗੋਪੀ ਕਾਹਨ ਪਾਉਂਦੇ ਰਾਸ, ਸੋ ਆਪਣਾ ਆਪਣਾ ਨਾਚ ਨਚਾਇੰਦਾ । ਜਿਸ ਦਾ ਲੇਖਾ ਪ੍ਰਿਥਮੀ ਅਕਾਸ਼, ਮੰਡਲ ਮੰਡਪ ਸੋਭਾ ਪਾਇੰਦਾ । ਜਿਸ ਦਾ ਨੂਰ ਹੋਏ ਪ੍ਰਕਾਸ਼, ਗਗਨ ਗਗਨੰਤਰ ਆਪ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਦਰ ਬੁਲਾਇੰਦਾ । ਗੁਰ ਅਵਤਾਰ ਆਏ ਦਰ, ਦੋਏ ਦੋਏ ਜੋੜ ਸੀਸ ਝੁਕਾਇਆ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਗਲ ਪੱਲੂ ਏਕਾ ਪਾਇਆ । ਤੇਰੇ ਹੁਕਮ ਅੰਦਰ ਫਿਰਦੇ ਰਹੇ ਘਰ ਘਰ, ਲੋਕਮਾਤ ਵੇਸ ਵਟਾਇਆ । ਇਕੋ ਰੱਖਿਆ ਤੇਰਾ ਡਰ, ਹੋਰ ਡਰ ਨਾ ਕੋਈ ਰਖਾਇਆ । ਤੇਰੇ ਚਰਨ ਦੁਆਰੇ ਡਿਗੇ ਦੜ, ਸਿਰ ਲੈਣਾ ਹੱਥ ਰਖਾਇਆ । ਕਰ ਕਿਰਪਾ ਲੈਣਾ ਫੜ, ਮੇਰੇ ਸਾਹਿਬ ਸੱਚੇ ਸ਼ਹਿਨਸ਼ਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਿਰ ਏਕਾ ਵਾਰ ਸੱਥਰ ਰਖਾਇਆ । ਗੁਰ ਅਵਤਾਰ ਕਰ ਵਿਚਾਰ, ਪ੍ਰਭ ਅੱਗੇ ਦੇਣ ਸਲਾਹੀਆ । ਤੇਰੀ ਸੇਵ ਕਰੀ ਜੁਗ ਚਾਰ, ਤੂੰ ਪੁਰਖ ਬਣ ਬਣ ਹਉਂ ਨਾਰ ਘੋਲੀ ਘੋਲ ਘੁਮਾਈਆ । ਤੇਰਾ ਅੰਤ ਨਾ ਪਾਰਾਵਾਰ, ਉਚੀ ਕੂਕ ਕੂਕ ਗਏ ਪੁਕਾਰ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਨਾਨਕ ਨਿਰਗੁਣ ਸਦਾ ਅਟੱਲੇ ਆਇਆ ਅੰਤਮ ਜਗ ਗੋਬਿੰਦ ਕਹੇ ਮੈਂ ਸਾਚਾ ਸੁਤ ਦੁਲਾਰ, ਮੇਰਾ ਇਕੋ ਪਿਤਾ ਮਾਈਆ । ਆਦਿ ਜੁਗਾਦਿ ਰਹੇ ਜੁਗ ਚਾਰ, ਜੁਗ ਚੌਕੜੀ ਖੇਲ ਰਚਾਈ ਨਾ ਮਰੇ ਨਾ ਜਾਈਆ । ਉਹਦਾ ਨਾਉਂ ਪੁਰਖ ਅਕਾਲ, ਸਦਾ ਸਦਾ ਕਰੇ ਪ੍ਰਿਤਪਾਲ, ਸੁਤ ਦੁਲਾਰੇ ਗੋਦ ਬਹਾਈਆ । ਜੁਗ ਜੁਗ ਚਲੇ ਅਵੱਲੜੀ ਚਾਲ, ਆਪ ਆਪਣੀ ਘਾਲ ਲਏ ਘਾਲ, ਹਰਿ ਕਾ ਭੇਵ ਕੋਇ ਨਾ ਪਾਈਆ । ਅਸੀਂ ਕਹਿੰਦੇ ਰਹੇ ਸੁਵਾਲੀ ਬਣ ਬਣ ਬੇਹਾਲ, ਬੇਹਾਲਾਂ ਉਪਰ ਆਪਣੀ ਦਇਆ ਕਮਾਈਆ । ਏਥੇ ਓਥੇ ਦੋ ਜਹਾਨਾਂ ਸ੍ਰੀ ਭਗਵਾਨ ਕਰੇ ਪ੍ਰਿਤਪਾਲ, ਪ੍ਰਿਤਪਾਲਕ ਵਡ ਵਡਿਆਈਆ । ਨਾਨਕ ਕਹੇ ਪੁਰਖ ਖੇਲ ਕਰੇ ਕਮਾਲ, ਦਿਸ ਕਿਸੇ ਨਾ ਆਈਆ । ਭਗਤਾਂ ਵਸੇ ਸਦਾ ਨਾਲ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਖ਼ੁਸ਼ੀ ਮਨਾਈਆ । ਨਾਨਕ ਕੋਲੋਂ ਸਾਰੇ ਰਹੇ ਪੁੱਛ, ਏਕਾ ਮੰਗ ਮੰਗਾਈਆ । ਸਾਨੂੰ ਭੇਵ ਦੱਸ ਕੁਛ, ਕੀ ਭਗਤਾਂ ਕੋਲ ਰੱਖੇ ਪ੍ਰਭ ਸੱਚਾ ਸ਼ਹਿਨਸ਼ਾਹੀਆ । ਅਸੀਂ ਚਰਨਾਂ ਹੇਠ ਬੈਠੇ ਲੁਕ, ਸਾਡਾ ਜ਼ੋਰ ਨਾ ਕੋਈ ਜਾਈਆ । ਸਾਡਾ ਪੈਂਡਾ ਗਿਆ ਮੁੱਕ, ਕਲਜੁਗ ਵੇਲਾ ਅੰਤਮ ਆਈਆ । ਚਾਰ ਕੁੰਟ ਬੂਟਾ ਗਿਆ ਸੁੱਕ, ਹਰਾ ਸਿੰਚ ਨਾ ਕੋਈ ਕਰਾਈਆ । ਨੇਤਰ ਨੈਣ ਨਾ ਸਕਣ ਝੁਕ, ਜੀਵਾਂ ਜੰਤਾਂ ਵਲੋਂ ਸ਼ਰਮਾਈਆ । ਖ਼ਾਲੀ ਦਿਸਣ ਬਿਨ ਹਰਿ ਨਾਮੇ ਬੁੱਤ, ਪੰਜ ਵਿਕਾਰ ਕਰੇ ਲੜਾਈਆ । ਆਸ਼ਾ ਤ੍ਰਿਸ਼ਨਾ ਪਾਈ ਲੁੱਟ, ਮਾਇਆ ਮਮਤਾ ਹੋਈ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਾਨਕ ਨਿਰਗੁਣ ਕਹੇ, ਸੁਣੋ ਮੀਤ ਮੁਰਾਰ । ਭਗਤਾਂ ਮਿਲਣ ਦਾ ਸਦਾ ਚਾਅ, ਪ੍ਰਭ ਰੱਖੇ ਸਿਰਜਣਹਾਰ । ਜੁਗ ਜੁਗ ਬੇੜਾ ਲਏ ਤਰਾ, ਡੁੱਬੇ ਨਾ ਵਿਚ ਸੰਸਾਰ । ਕੋਟਨ ਕੋਟ ਰੂਪ ਵਟਾ, ਫੜ ਫੜ ਬਾਹੋਂ

ਲਾਏ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਨਾਨਕ ਦੱਸ ਕਵਣ ਤੇਰਾ ਮੀਤ, ਗੁਰ ਅਵਤਾਰ ਰਹੇ ਜਣਾਈਆ । ਕਵਣ ਬਿਧ ਚਲੇ ਰੀਤ, ਭਗਤਾਂ ਮਿਲੇ ਵਡਿਆਈਆ । ਅਸੀਂ ਦੱਸ ਕੇ ਆਏ ਪ੍ਰਭ ਵਸੇ ਮੰਦਰ ਮਸੀਤ, ਗੁਰਦੁਆਰਾ ਡੇਰਾ ਲਾਈਆ । ਕਬੀਰ ਕਹੇ ਮੇਰਾ ਪ੍ਰਭ ਵਸੇ ਧਾਮ ਅਨਡੀਠ, ਦਿਸ ਕਿਸੇ ਨਾ ਆਈਆ । ਸਦਾ ਸੁਹੇਲਾ ਇਕ ਅਤੀਤ, ਨਾ ਮਰੇ ਨਾ ਜਾਈਆ । ਅੱਠੇ ਪਹਿਰ ਗਾਉਂਦਾ ਗੀਤ, ਕਬੀਰ ਕਬੀਰ ਕਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਉਠੋ ਭਾਈ ਕਰੋ ਪਿਆਰ, ਭਾਈਆਂ ਨਾਲ ਮਿਲਾਈਆ । ਭਾਈ ਭਗਤ ਸਦਾ ਸਚ ਦੁਆਰ, ਹੋਏ ਸ਼ਬਦ ਕੁੜਮਾਈਆ । ਰਲ ਮਿਲ ਕਰੀਏ ਇਕ ਪੁਕਾਰ, ਪੁਰਖ ਅਬਿਨਾਸ਼ੀ ਜੋਤ ਜਗਾਈਆ । ਪ੍ਰਭ ਲਹਿਣਾ ਦੇਣਾ ਦੇਵੇ ਕਰਜ਼ ਉਤਾਰ, ਮਿਹਰ ਨਜ਼ਰ ਇਕ ਉਠਾਈਆ । ਜੁਗ ਜੁਗ ਫੜ ਫੜ ਰਿਹਾ ਤਾਰ, ਤਾਰਨਹਾਰ ਦਇਆ ਕਮਾਈਆ । ਕਲਜੁਗ ਅੰਤਮ ਆਈ ਹਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਨਾ ਕੋਈ ਦਿਸੇ ਮੀਤ ਮੁਰਾਰ, ਸਭ ਬੈਠੇ ਮੁਖ ਭਵਾਈਆ । ਨਾਨਕ ਨਾ ਕਰੇ ਕੋਈ ਵਿਚਾਰ, ਨਾਮ ਸਤਿ ਢੋਲਾ ਨਾ ਗਾਈਆ । ਹੰ ਬ੍ਰਹਮ ਨਾ ਕੋਈ ਧਾਰ, ਪਾਰਬ੍ਰਹਮ ਨਾ ਕੋਇ ਸ਼ਰਨਾਈਆ । ਐਨਲ ਹੱਕ ਨਾ ਕੋਈ ਪੁਕਾਰ, ਮੁਕਾਮੇ ਹੱਕ ਨਾ ਕੋਈ ਖ਼ੁਦਾਈਆ । ਰਾਮ ਰਾਮ ਨਾ ਕੋਈ ਸਤਾਰ, ਸੀਤਾ ਸੁਰਤ ਨਾ ਕੋਈ ਸ਼ਰਨਾਈਆ । ਰਾਧਾ ਕ੍ਰਿਸ਼ਨ ਨਾ ਕੋਈ ਦੀਦਾਰ, ਬੰਸਰੀ ਨਾਮ ਨਾ ਕੋਈ ਵਜਾਈਆ । ਗੁਫਤ ਸ਼ਨੀਦ ਨਾ ਕੋਈ ਗੁਫ਼ਤਾਰ, ਵੇਦ ਭੇਦ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਸਾਰੇ ਸੱਦੇ ਏਕਾ ਘਰ, ਹਰਿ ਜੂ ਅਕੱਠ ਕਰਾਇਆ । ਆਪਣਾ ਭੇਵ ਦੇਵੇ ਵਰ, ਵਰ ਦਾਤਾ ਆਪ ਹੋ ਜਾਇਆ । ਬਿਨ ਮਰਨੀ ਗਿਆ ਮਰ, ਜਨਮ ਮਰਨ ਬੰਧਨ ਨਾ ਕੋਇ ਰਖਾਇਆ । ਲੱਖ ਚੁਰਾਸੀ ਅੰਦਰ ਵੜੇ ਘਰ ਘਰ, ਘਰ ਘਰ ਡੇਰਾ ਲਾਇਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰ, ਕਲਜੁਗ ਅੰਤਮ ਵੇਖਣ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਇਆ । ਆਪਣਾ ਭੇਵ ਦੱਸੇ ਭਗਵੰਤ, ਪਰਦਾ ਆਪ ਉਠਾਈਆ । ਵੇਖਿਆ ਖੇਲ ਜੁਗਾ ਜੁਗੰਤ, ਹਰਿ ਨਜ਼ਰ ਕਿਸੇ ਨਾ ਆਈਆ । ਸਭ ਨੇ ਕਿਹਾ ਬੇਅੰਤ ਬੇਅੰਤ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਨੂਰ ਨੂਰ ਨੁਰੰਤ, ਨਿਹਚਲ ਧਾਮ ਕਰੇ ਰੁਸ਼ਨਾਈਆ । ਕਲਜੁਗ ਵੇਲਾ ਆਇਆ ਅੰਤ, ਸਚਖੰਡ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਚਾਰ ਜੁਗ ਦੇ ਸੰਤ ਭਗਤ, ਹਰਿ ਭਗਤੀ ਮਾਰਗ ਲਾਇਆ । ਇਕ ਇਕ ਤਾਰਿਆ ਵੇਲੇ ਅੰਤ, ਵੇਲਾ ਆਪਣੇ ਹੱਥ ਜਣਾਇਆ । ਲੇਖੇ ਲਾਈ ਬੂੰਦ ਰਕਤ, ਰੱਤੀ ਰੱਤ ਰੰਗ ਚੜ੍ਹਾਇਆ । ਲੇਖਾ ਜਾਣੇ ਆਦਿ ਸ਼ਕਤ, ਸ਼ਕਤੀ ਸ਼ਕਤ ਭੇਵ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫਰਮਾਣਾ ਰਿਹਾ ਸੁਣਾਇਆ । ਗੁਰ ਅਵਤਾਰ ਬਹੱਤਰ ਨਾੜਾ, ਤਾਣਾ ਪੇਟਾ ਆਪ ਤਣਾਈਆ । ਪੰਜ ਤੱਤ ਅੰਦਰ ਖੇਲ ਮਹਾਨਾ, ਨਿਰਗੁਣ ਰੂਪ ਵਟਾਈਆ । ਸ਼ਬਦ ਨਾਮ ਸੱਚੀ ਧੁਨਕਾਰ, ਧੁਨ ਆਤਮਕ ਆਪ ਸੁਣਾਈਆ । ਖੇਲ ਖੇਲ ਖੇਲਿਆ ਵਿਚ ਜੁਗ ਚਾਰ, ਚੌਕੜੀ ਆਪਣਾ ਰੰਗ ਵਖਾਈਆ । ਵਾਰੋ ਵਾਰੀ ਤਾਰੇ ਵਿਚ ਸੰਸਾਰ, ਏਕਾ ਵਾਰ ਸਰਬ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰੂ ਪ੍ਰਹਿਲਾਦ ਵੇਖ ਵਖਾਈਆ । ਧਰੂ ਪ੍ਰਹਿਲਾਦ

ਲਿਖਿਆ ਲੇਖਾ, ਲੇਖ ਅਪਰ ਅਪਾਰਾ । ਬਾਵਨ ਕੱਢਿਆ ਭਰਮ ਭੁਲੇਖਾ, ਬਲ ਖੇਲ ਨਿਰਾਲਾ । ਸਤਿਜੁਗ ਸਾਚੇ ਚਾੜ੍ਹੇ ਵੇਂਤਾ, ਪੁਰਖ ਅਬਿਨਾਸ਼ੀ ਦੀਨ ਦਿਆਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਲੇ ਅਵੱਲੜੀ ਚਾਲਾ । ਧਰੂ ਪ੍ਰਹਿਲਾਦ ਕਰ ਕਰ ਪਾਰ, ਬਾਵਣ ਅੰਤ ਸਹਾਈਆ । ਬਾਵਣ ਮੰਗ ਮੰਗੀ ਏਕਾ ਵਾਰ, ਪ੍ਰਭ ਅੱਗੇ ਝੋਲੀ ਡਾਹੀਆ । ਤੇਰੇ ਚਰਨ ਜਾਵਾਂ ਬਲਿਹਾਰ, ਤੂੰ ਦਿਤਾ ਪਤਾਲ ਬਹਾਲ, ਅਤਲ ਵਿਤਲ ਸਿਤਲ ਕਰ ਖੁਵਾਰ, ਮੇਰੀ ਖ਼ੁਦੀ ਮਾਤ ਗਵਾਈਆ । ਮੈਂ ਜਾਣਾ ਉਚ ਮਨਾਰ, ਮਹੱਲ ਅਟੱਲ ਸਚਖੰਡ ਵਸੇ ਸੱਚਾ ਮਾਹੀਆ । ਧੰਨ ਭਾਗ ਤੇਰੇ ਚਰਨੀ ਧੂੜੀ ਮਿਲੀ ਛਾਰ, ਤੇਰੀ ਰੰਗਤ ਮੇਰੇ ਮਸਤਕ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਨੇਤਰ ਨੈਣ ਉਠਾਈਆ । ਤੇਰੀ ਚਰਨੀ ਡਿੱਗਾ ਦਰ, ਦਰ ਮਿਲੀ ਮਾਤ ਵਡਿਆਈਆ । ਰਾਜ ਭਾਗ ਤੇਰਾ ਸਭ, ਮੇਰੀ ਕਾਇਆ ਤੇਰੀ ਹਰਸ ਮਿਟਾਈਆ । ਤੇਰਾ ਅੰਮ੍ਰਿਤ ਮੇਰੀ ਨਭ, ਕਵਲ ਨੈਣ ਮੁਖ ਪਾਈਆ । ਕਵਨ ਵੇਲਾ ਦਰਸ਼ਨ ਦੇਵੇਂ ਫੇਰ ਝੱਬ, ਮੇਲਾ ਮਿਲੇ ਸਚ ਗੁਸਾਈਂਆ । ਆਪਣੇ ਦਰ ਲਵੇਂ ਸੱਦ, ਪਕੜ ਦੋਵੇਂ ਬਾਹੀਂਆ । ਜਗਤ ਜੀਵਾਂ ਪਾਰ ਕਰਨੀ ਹੱਦ, ਸਚਖੰਡ ਦੁਆਰਾ ਦੇਵੇ ਠੰਡੀ ਛਾਂਈਆ । ਇਕ ਲਡੌਣਾ ਸਾਚਾ ਲਡ, ਜਿਉਂ ਬਾਲਕ ਪਿਤਾ ਮਾਈਆ । ਮੇਰੇ ਖ਼ਾਲੀ ਦਿਸਣ ਹੱਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਗੁਣ ਰਿਹਾ ਸਮਝਾਈਆ । ਸੁਣ ਬਲ ਬਾਵਨ ਕਰ ਧਿਆਨ, ਧਰਨੀ ਧਰਤ ਧਵਲ ਵਡਿਆਇੰਦਾ । ਤਿੰਨ ਜੁਗ ਸੌਣਾ ਬਣ ਨਾਦਾਨ, ਜਨਮ ਜਨਮ ਨਾ ਕੋਈ ਵਖਾਇੰਦਾ । ਚੌਥੇ ਜੁਗ ਕਰਾਂ ਪਰਧਾਨ, ਲੋਕਮਾਤ ਪਰਗਟਾਇੰਦਾ । ਗੋਬਿੰਦ ਚੇਲਾ ਕਰੇ ਆਣ, ਪੁਰਖ ਅਕਾਲ ਮਿਲਾਇੰਦਾ । ਤੇਰਾ ਲੇਖਾ ਲਿਖੇ ਕਰ ਪਛਾਣ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਹਰਿ ਜੂ ਆਖ ਸੁਣਾਇਆ । ਭਗਤਾਂ ਵਿਚ ਮੇਲਾ ਮੇਲੇ ਨੌਂ ਦੁਆਰ, ਮੇਲ ਮਿਲਾਵਾ ਸਚ ਸਮਝਾਇਆ । ਅਮਰੀਕ ਦੇਵੇ ਅਧਾਰ, ਜਨਕ ਆਪਣੇ ਰੰਗ ਰੰਗਾਇਆ । ਬਿਦਰ ਪਾਵੇ ਆਪੇ ਸਾਰ, ਸੁਦਾਮਾ ਆਪਣੀ ਗੋਦ ਬਹਾਇਆ । ਹਰੀ ਚੰਦ ਦਏ ਅਧਾਰ, ਚੰਦ ਚਾਂਦਨਾ ਇਕ ਚਮਕਾਇਆ । ਜੈ ਦਿਓ ਪਾਵੇ ਸਾਰ, ਸਾਚਾ ਬੂਟਾ ਮਾਤ ਲਗਾਇਆ । ਧੰਨੇ ਵੇਖੇ ਤੇਰੀ ਫੁਲਵਾੜ, ਹਰਿ ਬਗੀਚਾ ਇਕ ਲਗਾਇਆ । ਤੂੰ ਮੰਗੀ ਵਸਤ ਅਪਾਰ, ਘਰ ਜੱਟਾਂ ਫੇਰਾ ਪਾਇਆ । ਨਿਰਗੁਣ ਆਇਆ ਵਿਚ ਸੰਸਾਰ, ਦਿਸ ਕਿਸੇ ਨਾ ਆਇਆ । ਢਾਡੀ ਗੌਂਦੇ ਜਿਸ ਦੀ ਵਾਰ, ਛੱਤੀ ਰਾਗ ਰਹੇ ਸਲਾਹਿਆ । ਨਾਨਕ ਵਜਾਈ ਜਿਸ ਦੀ ਸਤਾਰ, ਗੋਬਿੰਦ ਜਿਸ ਦਾ ਧਿਆਨ ਲਗਾਇਆ । ਜਿਸ ਨੂੰ ਕਹਿੰਦੇ ਪੁਰਖ ਅਕਾਲ, ਸੋ ਨਜ਼ਰ ਕਿਸੇ ਨਾ ਆਇਆ । ਨਾਲ ਚੁਮਿਆਰਾਂ ਕਰੇ ਪਿਆਰ, ਪਾਣਾ ਗੰਢਣ ਸੇਵ ਲਗਾਇਆ । ਗੋਦਾਵਰੀ ਗੰਗਾ ਪਾਵੇ ਸਾਰ, ਕੰਗਨ ਆਪਣੇ ਹੱਥ ਰਖਾਇਆ । ਸੈਣ ਨਾਈ ਪਾਏ ਸਾਰ, ਰੂਪ ਅਨੂਪ ਵੇਸ ਵਟਾਇਆ । ਨਾਮੇ ਛੱਪਰ ਛਾਈ ਨਿਰੰਕਾਰ, ਸਿਰ ਆਪਣਾ ਹੱਥ ਟਿਕਾਇਆ । ਕਬੀਰ ਵੇਖਿਆ ਇਕ ਦੁਆਰ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਸਦਨਾ ਦੇਵੇ ਆਪੇ ਤਾਰ, ਏਕਾ ਮੰਤਰ ਨਾਮ ਦ੍ਰਿੜਾਇਆ । ਅਜਾਮਲ ਕਿਰਪਾ ਕਰੀ ਅਪਾਰ, ਪੱਤਤ ਪੁਨੀਤ ਖੇਲ ਖਲਾਇਆ । ਪੂਤਨਾ ਸੁਟੀ ਪਛਾੜ, ਮੋਹਣ ਮੰਮੇ ਮੁਖ ਛੁਹਾਇਆ । ਗਨਕਾ ਦੇਵੇ ਅਧਾਰ, ਰੂਪ ਅਨੂਪ ਕਰ ਸਮਝਾਇਆ । ਆਦਿ ਜੁਗਾਦਿ ਜੁਗਾ ਜੁਗੰਤਰ

ਖੇਲ ਕਰੇ ਕਰਤਾਰ, ਜੁਗ ਜੁਗ ਵੇਸ ਵਟਾਇਆ । ਭਗਤਾਂ ਸੰਤਾਂ ਤਾਰੇ ਵਾਰੋ ਵਾਰ, ਗੁਰ ਅਵਤਾਰ ਸੇਵ ਲਗਾਇਆ । ਖੇਲੇ ਖੇਲ ਅਗੰਮ ਅਪਾਰ, ਪੁਰਖ ਅਗੰਮੜਾ ਰਿਹਾ ਵਖਾਇਆ । ਸਚਖੰਡ ਲੱਗਾ ਇਕ ਦਰਬਾਰ, ਸਚ ਸੰਦੇਸ਼ਾ ਰਿਹਾ ਸੁਣਾਇਆ । ਸਾਰੇ ਕਰੋ ਬੈਠ ਵਿਚਾਰ, ਲੋਕਮਾਤ ਧਿਆਨ ਲਗਾਇਆ । ਕਵਣ ਤੁਹਾਡੇ ਨਾਲ ਕਰੇ ਪਿਆਰ, ਜੋ ਮਾਰਗ ਆਏ ਜਣਾਇਆ । ਲੋਕਾਈ ਭੁੱਲੀ ਬਣ ਗਵਾਰ, ਭੁਲਿਆ ਦਾਈ ਦਾਇਆ । ਜਿਸ ਉਪਜਿਆ ਵਿਚ ਸੰਸਾਰ, ਲੋਕਮਾਤ ਖੇਲ ਖਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭਨਾ ਰਿਹਾ ਸਮਝਾਇਆ । ਸਾਰਿਆਂ ਨੇਤਰ ਲਏ ਖੋਲ੍ਹ, ਲੋਕਮਾਤ ਧਿਆਨ ਲਗਾਈਆ । ਚਾਰੋਂ ਕੁੰਟ ਗਈ ਡੋਲ, ਹਰਿ ਕਾ ਨਾਮ ਨਾ ਕੋਈ ਧਿਆਈਆ । ਰਾਮ ਰਮਈਆ ਨਾ ਗਏ ਮੌਲ, ਰੂਪ ਅਨੂਪ ਨਾ ਕੋਇ ਵਖਾਈਆ । ਅੰਮ੍ਰਿਤ ਭਰਿਆ ਨਾ ਕਿਸੇ ਨਾਭੀ ਕਵਲ, ਨਾਭੀ ਕਵਲ ਨਾ ਕੋਈ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਵਖਾਈਆ । ਸਾਰੇ ਵੇਖੋ ਵੇਖ ਕਰਨ ਹਾਹਾਕਾਰ, ਹਾਏ ਪ੍ਰਭ ਕੀ ਖੇਲ ਰਚਾਇਆ । ਵਿਸ਼ਨੂੰ ਕਹੇ ਮੇਰਾ ਨਾਂ ਉਜਿਆਰ, ਬ੍ਰਹਮਾ ਕਹੇ ਮੇਰਾ ਬ੍ਰਹਮ ਬ੍ਰਹਮ ਸਮਾਇਆ । ਸ਼ੰਕਰ ਕਹੇ ਮੇਰੀ ਤਿਖੀ ਧਾਰ, ਭੋਲਾ ਨਾਥ ਰੂਪ ਵਟਾਈਆ । ਰਾਮ ਕਹੇ ਮੈਂ ਰਾਮ ਅਵਤਾਰ, ਰਾਵਣ ਅੰਤ ਮੁਕਾਇਆ । ਕ੍ਰਿਸ਼ਨ ਕਹੇ ਮੈਂ ਬੜਾ ਬਲਕਾਰ, ਕੰਸ ਕੇਸੀ ਪਕੜ ਗਿਰਾਇਆ । ਮੂਸਾ ਕਹੇ ਮੇਰਾ ਨੂਰ ਉਜਿਆਰ, ਕੋਹਤੂਰ ਜਲਵਾ ਇਕ ਤਕਾਇਆ । ਈਸਾ ਕਹੇ ਮੇਰਾ ਖ਼ੁਦਾਵੰਦ ਯਾਰ, ਸਿਰ ਮੇਰੇ ਹੱਥ ਟਿਕਾਇਆ । ਮੁਹੰਮਦ ਕਹੇ ਮੇਰਾ ਮਦਦਗਾਰ, ਚਾਰ ਯਾਰਾਂ ਨਾਲ ਰਲਾਇਆ । ਅੱਲਾ ਰਾਣੀ ਨੇਤਰ ਰੋਵਣ ਜ਼ਾਰੋ ਜ਼ਾਰ, ਖ਼ਾਵੰਦ ਕੋਇ ਨਜ਼ਰ ਨਾ ਆਇਆ । ਨਾਨਕ ਕਹੇ ਨਿਰੰਕਾਰ, ਸਚਖੰਡ ਬੈਠਾ ਆਸਣ ਲਾਇਆ । ਗੋਬਿੰਦ ਕਹੇ ਪੁਰਖ ਅਕਾਲ, ਦੂਜੀ ਓਟ ਨਾ ਕੋਈ ਜਣਾਇਆ । ਚਾਰੇ ਵੇਦ ਕਰਨ ਪੁਕਾਰ, ਚਾਰੇ ਜੁਗ ਵੇਖਣ ਨੈਣ ਉਘਾੜ, ਅਠਾਰਾਂ ਪੁਰਾਨ ਕਰਨ ਵਿਚਾਰ, ਹਰਿ ਵਿਚਾਰ ਵਿਚ ਨਾ ਆਇਆ । ਰਿਖ ਮੁਨ ਗਏ ਹਾਰ, ਹਰਿ ਕਾ ਅੰਤ ਕਿਸੇ ਨਾ ਪਾਇਆ । ਪੁਰਖ ਅਬਿਨਾਸ਼ੀ ਵਸੇ ਸਭ ਤੋਂ ਬਾਹਰ, ਸਚਖੰਡ ਬੈਠਾ ਆਸਣ ਲਾਇਆ । ਕਬੀਰ ਕਹੇ ਮੈਂ ਕੀਤਾ ਦੀਦਾਰ, ਚੜ੍ਹ ਮਹੱਲ ਵੇਖ ਵਖਾਇਆ । ਆਓ ਸੰਤੋ ਮੇਰੇ ਪਿੱਛੇ ਵਾਰੋ ਵਾਰ, ਲੋਕਮਾਤ ਮਾਰਗ ਗਿਆ ਜਣਾਇਆ । ਅੰਤਮ ਭੁੱਲੇ ਬਣ ਗਵਾਰ, ਸਾਚਾ ਰਾਹ ਨਾ ਕਿਸੇ ਜਣਾਇਆ । ਕਲਜੁਗ ਲੇਖਾ ਗਿਆ ਹਾਰ, ਲਹਿਣਾ ਸਭ ਦਾ ਰਿਹਾ ਮੁਕਾਇਆ । ਪ੍ਰਭ ਅੱਗੇ ਸਾਰੇ ਕਰਨ ਨਿਮਸਕਾਰ, ਨੇਤਰ ਨੈਣਾਂ ਨੀਰ ਵਹਾਇਆ । ਸਾਡੀ ਕੀਤੀ ਚਲੀ ਨਾ ਵਿਚ ਸੰਸਾਰ, ਤੇਰੀ ਮਾਇਆ ਪਰਦਾ ਪਾਇਆ । ਕੋਇ ਕਹੇ ਰਾਮ ਪਿਆਰ, ਕੋਈ ਕ੍ਰਿਸ਼ਨ ਕ੍ਰਿਸ਼ਨ ਜਣਾਇਆ । ਕੋਈ ਕਹੇ ਅੱਲਾ ਯਾਰ, ਕੋਈ ਕਹੇ ਨਾਨਕ ਅੰਗ ਲਗਾਇਆ । ਕੋਈ ਗੋਬਿੰਦ ਕਰੇ ਨਿਮਸਕਾਰ, ਪੁਰਖ ਅਬਿਨਾਸ਼ੀ ਸਭ ਤੋਂ ਵਸੇ ਬਾਹਰ, ਸਚਖੰਡ ਬੈਠਾ ਆਸਣ ਲਾਇਆ । ਕੋਈ ਕਹੇ ਨਾਮੇ ਪਾਇਆ ਮੀਤ, ਕਬੀਰ ਮਿਲੀ ਵਡਿਆਈਆ । ਕੋਈ ਕਹੇ ਤ੍ਰਲੋਚਨ ਕਰਿਆ ਠੰਡਾ ਸੀਤ, ਗੁਰ ਗੁਰ ਰੂਪ ਵਖਾਈਆ । ਕੋਈ ਕਹੇ ਸੈਣ ਪਾਇਆ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਕਬੀਰ ਕਹੇ ਪ੍ਰਭ ਵਸੇ ਹਸਤ ਕੀਟ, ਘਰ ਘਰ ਰਿਹਾ ਸਮਾਈਆ । ਜਿਸ ਨੇ ਬਣਾਇਆ ਦੇਹੁਰਾ ਮਸੀਤ, ਮੰਦਰ ਮੱਠ ਸ਼ਿਵਦੁਆਲੇ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਿਵਦੁਆਲੇ ਬਣਾਏ ਮੱਠ, ਮੰਦਰ ਮਸਜਿਦ ਮਾਣ ਗਵਾਇਆ । ਧਾਰ ਚਲਾਈ ਤੀਰਥ ਅਠਸਠ, ਗੰਗਾ


੨੫੮
੧੧

ਗੋਦਾਵਰੀ ਜਮਨਾ ਸੁਰਸਤੀ ਵੇਖ ਵਖਾਇਆ । ਸਰੋਵਰ ਬਣਾਏ ਕਿਨਾਰ ਤੱਟ, ਚਾਰ ਕੁੰਟ ਵੇਖ ਵਖਾਇਆ । ਚੌਦਾਂ ਲੋਕ ਖੁਲ੍ਹਾਏ ਹੱਟ, ਚੌਦਾਂ ਤਬਕਾਂ ਬੰਧਨ ਪਾਇਆ । ਕਰੇ ਖੇਲ ਪੁਰਖ ਸਮਰਥ, ਆਪਣੀ ਦਇਆ ਕਮਾਇਆ । ਜੁਗ ਜੁਗ ਦੇਵੇ ਸਾਚੀ ਵੱਥ, ਨਾਮ ਅਮੋਲਕ ਆਪ ਵਰਤਾਇਆ । ਮਹਿਮਾ ਜਣਾਏ ਅਕੱਥਨਾ ਅਕੱਥ, ਗੁਰ ਅਵਤਾਰ ਗਏ ਪੜ੍ਹਾਇਆ । ਆਪਣਾ ਲੇਖਾ ਕਦੇ ਨਾ ਕਰੇ ਬੱਸ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਸਚਖੰਡ ਦੁਆਰੇ ਰਿਹਾ ਵਸ, ਦੋ ਜਹਾਨਾਂ ਵੇਖ ਵਖਾਇਆ । ਲੋਆਂ ਪੁਰੀਆਂ ਚਰਨਾਂ ਹੇਠ ਝੱਸ, ਲੋਕਮਾਤ ਫੇਰਾ ਪਾਇਆ । ਨਾਨਕ ਪੂਰੀ ਕਰੇ ਆਸ, ਵੇਦ ਵਿਆਸ ਨਾਲ ਮਿਲਾਇਆ । ਨਿਰਗੁਣ ਜੋਤ ਕਰ ਪ੍ਰਕਾਸ਼, ਨਿਰਵੈਰ ਵੇਸ ਵਟਾਇਆ । ਨੌਂ ਸੌ ਚੁਰਾਨਵੇ ਚੌਕੜੀ ਖੇਲ ਤਮਾਸ਼, ਜੁਗ ਚੌਕੜੀ ਪੰਧ ਮੁਕਾਇਆ । ਭਾਗ ਲਗਾਏ ਵਿਚ ਪ੍ਰਭਾਸ, ਵਿਚ ਜੰਗਲ ਡੇਰਾ ਲਾਇਆ । ਜਨ ਭਗਤਾਂ ਕਹੇ ਸਦਾ ਸ਼ਾਬਾਸ਼, ਸੋ ਪੁਰਖ ਨਿਰੰਜਣ ਦਏ ਦ੍ਰਿੜ੍ਹਾਇਆ । ਅੰਤਮ ਕਰਨਾ ਕੰਮ ਖ਼ਾਸ, ਕਰਤਾ ਆਪਣੀ ਕਾਰ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣਾ ਖੇਲ ਕਰਾਇਆ । ਸਚ ਵਿਹਾਰਾ ਆਦਿ ਨਿਰੰਜਣ, ਆਦਿ ਪੁਰਖ ਕਰਵਾਈਆ । ਜੁਗਾਦਿ ਹੋਏ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਏਕਾ ਨੇਤਰ ਪਾਏ ਅੰਜਨ, ਨਾਮ ਨਿਧਾਨ ਕਰ ਰੁਸ਼ਨਾਈਆ । ਏਕਾ ਚਰਨ ਕਰਾਏ ਮਜਨ, ਦੁਰਮਤ ਮੈਲ ਧੁਵਾਈਆ । ਸਚਖੰਡ ਨਿਵਾਸੀ ਸਾਚਾ ਸੱਜਣ, ਸਾਚੀ ਰੰਗਤ ਰੰਗ ਰੰਗਾਈਆ । ਸਚ ਨਗਾਰੇ ਓਥੇ ਵੱਜਣ, ਗੁਰ ਅਵਤਾਰ ਰਹੇ ਵਜਾਈਆ । ਕਲਜੁਗ ਅੰਤਮ ਖੇਲ ਕਰੇ ਸੂਰਾ ਸਰਬੰਗਨ, ਸੂਰਬੀਰ ਬੇਪਰਵਾਹੀਆ । ਭਾਗ ਲਗਾਏ ਆਪਣੇ ਚੰਦਨ, ਚੰਦ ਚਾਂਦਨਾ ਰੂਪ ਵਟਾਈਆ । ਫੜ ਉਠਾਏ ਗੁਜ਼ਰੀ ਨੰਦਨ, ਨੰਦ ਗੁਜ਼ਰੀ ਅਵਰ ਨਾ ਕੋਈ ਵਡਿਆਈਆ । ਏਕਾ ਪਾਏ ਸ਼ਬਦੀ ਬੰਧਨ, ਜੋਤ ਨੂਰ ਰੁਸ਼ਨਾਈਆ । ਆਪ ਉਠਾਏ ਬੇੜਾ ਕੰਧਨ, ਮਲਾਹ ਬਣੇ ਬੇਪਰਵਾਹੀਆ । ਪ੍ਰਗਟ ਹੋਏ ਵਿਚ ਵਰਭੰਡਣ, ਵਰਭੰਡੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਰੰਗ ਰੰਗਾਈਆ । ਸਾਚੇ ਘਰ ਸਚਖੰਡ ਢੋਲ ਮਰਦੰਗ, ਰਾਗ ਰਤਨ ਰੰਗ ਰੰਗਾਇਆ । ਨਿਰਗੁਣ ਚੜ੍ਹਿਆ ਚੰਦ, ਘਰ ਸਾਚੇ ਹੋਏ ਰੁਸ਼ਨਾਇਆ । ਗੁਰ ਅਵਤਾਰਾਂ ਪੂਰੀ ਕਰੇ ਮੰਗ, ਜੋ ਬੈਠੇ ਸੀਸ ਝੁਕਾਇਆ । ਏਕਾ ਢੋਲਾ ਸੁਣਾਏ ਛੰਦ, ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਰੂਪ ਸੁਹਾਇਆ । ਹੰ ਬ੍ਰਹਮ ਤੇਰਾ ਮੇਰਾ ਅਨੰਦ, ਪਰਮ ਪੁਰਖ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਆਓ ਸਾਰੇ ਕਰੋ ਤਿਆਰੀ, ਹਰਿ ਸਾਚਾ ਸਚ ਜਣਾਇੰਦਾ । ਮੇਰੀ ਆਈ ਅੰਤਮ ਵਾਰੀ, ਸਭ ਦਾ ਲਹਿਣਾ ਮਾਤ ਚੁਕਾਇੰਦਾ । ਜਿਸ ਦਾ ਜੁਗ ਚਾਰ ਚਲਦਾ ਰਹੇ ਨਾਉਂ ਨਿਰੰਕਾਰੀ, ਸੋ ਨਿਰਾਕਾਰ ਖੇਲ ਖਲਾਇੰਦਾ । ਜਿਸ ਦੀ ਹੋਈ ਸਰਬ ਪਸਾਰੀ, ਘਟ ਘਟ ਵੇਖ ਵਖਾਇੰਦਾ । ਸੋ ਦਾਤਾ ਵਡ ਭੰਡਾਰੀ, ਅਤੋਟ ਅਤੁਟ ਭੰਡਾਰ ਵਰਤਾਇੰਦਾ । ਜਿਸ ਦੀ ਸਚਖੰਡ ਵਸੇ ਅਟਾਰੀ, ਥਿਰ ਘਰ ਆਪਣਾ ਚਰਨ ਟਿਕਾਇੰਦਾ । ਜੋ ਭਗਤਾਂ ਪੈਜ ਰਿਹਾ ਸਵਾਰੀ, ਸਿਰ ਆਪਣਾ ਹੱਥ ਰਖਾਇੰਦਾ । ਆਓ ਵਿਦਾ ਕਰੋ ਪਹਿਲੀ ਵਾਰੀ, ਦੂਜੀ ਵੰਡ ਨਾ ਕੋਈ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਓ ਉਠੋ ਦੇਵੋ ਤੋਰ, ਹਰਿ ਜੂ ਆਪ ਸੁਣਾਇਆ । ਜਿਸ ਨੂੰ ਲੱਭਦੇ ਅੰਧ ਘੋਰ, ਸੋ ਸਾਹਿਬ ਖੇਲ ਕਰਾਇਆ । ਜਿਸ ਦੀ ਫੜਦੇ ਆਏ ਡੋਰ, ਸਚਖੰਡ ਡੇਰਾ ਰਿਹਾ ਲਾਇਆ । ਜਿਸ ਨੂੰ ਵੇਖਿਆ ਕਰ ਕੇ ਗੌਰ,

੨੫੯
੧੧

ਨੇਤਰ ਨੈਣ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਸੁਣਾਇਆ । ਏਕਾ ਹੁਕਮ ਹਰਿ ਜਗਦੀਸ਼, ਜਗਦੀਸ਼ਰ ਆਪ ਸੁਣਾਈਆ । ਏਕਾ ਛਤਰ ਝੁੱਲੇ ਹਰਿ ਸੀਸ, ਦੂਸਰ ਛਤਰ ਨਾ ਕੋਈ ਵਡਿਆਈਆ । ਏਕਾ ਰਾਗ ਚਲੇ ਬੀਸ ਇਕੀਸ, ਛੱਤੀ ਰਾਗ ਨਾ ਕੋਇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਰੇ ਰਲ ਕੇ ਕਰਨ ਪੁਕਾਰ, ਨੈਣਾਂ ਨੀਰ ਵਹਾਇਆ । ਤੇਰਾ ਵਿਛੋੜਾ ਝੱਲਿਆ ਨਾ ਜਾਏ ਸਾਂਝੇ ਯਾਰ, ਤੁਧ ਬਿਨ ਹੋਰ ਨਾ ਕੋਈ ਸਹਾਇਆ । ਤੂੰ ਲੋਕਮਾਤ ਜਾ ਜਾ ਕਰੇਂ ਵਿਹਾਰ, ਤੇਰਾ ਅੰਤ ਕਿਸੇ ਨਾ ਪਾਇਆ । ਅਸੀਂ ਮੰਗਦੇ ਤੇਰਾ ਦੀਦਾਰ, ਤੇਰੇ ਚਰਨ ਧਿਆਨ ਲਗਾਇਆ । ਤੁਧ ਬਿਨ ਰੋਈਏ ਜ਼ਾਰੋ ਜ਼ਾਰ, ਤੇਰਾ ਸੱਥਰ ਇਕ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਡੀ ਇਛਿਆ ਲਏ ਪਰਨਾਇਆ । ਸਾਡੀ ਇਛਿਆ ਲਏ ਪਰਨਾ, ਗੁਰ ਅਵਤਾਰ ਰਹੇ ਸੁਣਾਈਆ । ਤੂੰ ਕਲਜੁਗ ਅੰਤਮ ਵੇਖਣਾ ਜਾ, ਤੇਰੀ ਇਕੋ ਓਟ ਤਕਾਈਆ । ਤੇਰਾ ਛੋਟਾ ਬਾਲਾ ਦੋਏ ਜੋੜ ਪਿਆ ਸ਼ਰਨਾ, ਚਰਨੀ ਸੀਸ ਝੁਕਾਈਆ । ਮੈਨੂੰ ਉਂਗਲੀ ਲਿਆ ਲਾ, ਮੈਂ ਜਾਵਾਂ ਚਾਈਂ ਚਾਈਂਆ । ਪੁਰਖ ਅਬਿਨਾਸ਼ੀ ਅੱਗੋਂ ਰਿਹਾ ਸੁਣਾ, ਏਕਾ ਗੁਣ ਸਮਝਾਈਆ । ਨਾਨਕ ਗਾ ਕੇ ਗਿਆ ਸਮਝਾ, ਪੰਚਾਂ ਮਿਲੇ ਮਾਣ ਵਡਿਆਈਆ । ਸੋ ਪੰਚ ਆਪਣੇ ਘਰ ਲਏ ਬਹਾ, ਦੇਵਾਂ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਫ਼ਰਮਾਣਾ ਰਿਹਾ ਸੁਣਾਈਆ । ਪੰਚ ਪਰਵਾਨ ਗਾਇਆ, ਰਸਨਾ ਜਿਹਵਾ ਹਿਲਾਈਆ । ਪੁਰਖ ਅਬਿਨਾਸ਼ੀ ਧਿਆਨ ਲਗਾਇਆ, ਵੇਖੇ ਥਾਉਂ ਥਾਈਂਆ । ਕਲਜੁਗ ਤੇਰਾ ਪੰਧ ਮੁਕਾਇਆ, ਆਪ ਉਠਾਏ ਫੜ ਫੜ ਬਾਹੀਂਆ । ਗੁਰਮੁਖ ਸਾਚੇ ਮਾਣ ਦਵਾਇਆ, ਸਿੰਘ ਪਾਲ ਮਿਲੀ ਵਡਿਆਈਆ । ਬ੍ਰਹਮੇ ਲੇਖਾ ਜਿਸ ਚੁਕਾਇਆ, ਅੰਤਮ ਰਹਿਣ ਨਾ ਪਾਈਆ । ਹਰਿਜਨ ਸਾਚੇ ਆਪ ਜਗਾਇਆ, ਜਾਗਰਤ ਜੋਤ ਕਰ ਰੁਸ਼ਨਾਈਆ । ਧਰੂ ਆਪਣੇ ਰੰਗ ਰੰਗਾਇਆ, ਸਵਰਨ ਖ਼ੁਸ਼ੀ ਵਿਖਾਈਆ । ਇਕ ਬਟਵਾਰੇ ਦਰ ਦਏ ਵਖਾਇਆ, ਚਮਰੇਟਾ ਲਿਖਤ ਲਿਖਾਈਆ । ਕਾਕਾ ਏਕਾ ਗੋਦ ਬਹਾਇਆ, ਮਨਜੀਤ ਸਿੰਘ ਜਿਸ ਜਿਤੀ ਸਰਬ ਲੋਕਾਈਆ । ਕਰੋੜ ਤਤੀਸਾ ਡੇਰਾ ਢਾਹਿਆ, ਸੁਰਪਤ ਇੰਦ ਮਾਣ ਗਵਾਈਆ । ਸਿੰਘ ਜਗਦੀਸ਼ ਆਪ ਤਰਾਇਆ, ਤਾਰਨਹਾਰ ਆਪ ਹੋ ਜਾਈਆ । ਆਪਣਾ ਲੇਖਾ ਲੇਖੇ ਪਾਇਆ, ਗੋਬਿੰਦ ਰੁੱਤ ਸੁਹਾਈਆ, ਛੋਟੇ ਬਾਲੇ ਨੀਹਾਂ ਹੇਠ ਦਬਾਇਆ, ਕਲਜੁਗ ਤੇਰੀ ਜੜ੍ਹ ਉਖੜਾਈਆ । ਨੌਂ ਦੁਆਰੇ ਖੋਲ੍ਹ ਵਖਾਇਆ, ਚੇਤਨ ਕਰੇ ਸਰਬ ਲੋਕਾਈਆ । ਜਿਸ ਨੂੰ ਲੱਭ ਲੱਭ ਵਕਤ ਗਵਾਇਆ, ਹੱਥ ਨਾ ਆਇਆ ਸੱਚਾ ਮਾਹੀਆ । ਜਿਸ ਦਾ ਜੋਗ ਅਭਿਆਸ ਕਮਾਇਆ, ਜਲ ਧਾਰ ਸੀਸ ਪਵਾਈਆ । ਜਿਸ ਦੇ ਪਿੱਛੇ ਖ਼ਾਕ ਰੁਮਾਇਆ, ਧੂਣੀ ਡੇਰਾ ਲਾਈਆ । ਜਿਸ ਦੇ ਪਿੱਛੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਆਸਣ ਲਾਇਆ, ਦਿਸ ਕਿਸੇ ਨਾ ਆਈਆ । ਸੋ ਸਾਹਿਬ ਕਲਜੁਗ ਵੇਖਣ ਆਇਆ, ਸਿੰਘ ਜਗਦੀਸ਼ ਦਏ ਵਡਿਆਈਆ । ਸਚਖੰਡ ਜਿਸ ਨਿਸ਼ਾਨ ਝੁਲਾਇਆ, ਸਤ ਸਤ ਰੰਗ ਵਟਾਈਆ । ਸੋ ਸਾਹਿਬ ਅੰਤਮ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜੁਗ ਚਾਰੇ ਸੱਦੇ ਆਪਣੀ ਹੱਦ, ਬ੍ਰਹਮ ਖੇਲ ਕਰਾਇਆ । ਅੰਤਮ ਨੂਰ ਹੋ ਪ੍ਰਗਟ, ਸਾਚਾ ਹੱਟ ਖੁਲ੍ਹਾਇਆ । ਬਾਵਨ ਲੇਖੇ ਲੱਗਾ ਜਤ, ਬਲ ਰਾਣਾ ਆਪ ਤਰਾਇਆ । ਚੌਥੇ ਜੁਗ ਪ੍ਰਗਟਿਆ ਜੱਟ, ਜੱਟ ਜੱਟਾਂ ਨਾਲ ਰਲਾਇਆ । ਤਿੰਨ ਜੁਗ ਦਾ ਮਿਟਿਆ ਫੱਟ,

੨੬੦
੧੧

ਏਕਾ ਪੱਟੀ ਨਾਮ ਬੰਧਾਇਆ । ਲੇਖੇ ਲਾਏ ਆਪਣੀ ਰੱਤ, ਰੱਤੀ ਰੱਤ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਵੇਸ ਵਟਾਇਆ । ਪੰਜੇ ਦਰ ਕਰ ਪਰਵਾਨ, ਸਚਖੰਡ ਆਪ ਬਹਾਈਆ । ਪੰਚਾਂ ਦੇਵੇ ਦਰਗਹਿ ਮਾਣ, ਦਰ ਸਾਚੇ ਖ਼ੁਸ਼ੀ ਮਨਾਈਆ । ਪੰਚਾ ਮਿਲਿਆ ਗੁਰ ਇਕ ਧਿਆਨ, ਰੂਪ ਰੰਗ ਰੇਖ ਨਾ ਕੋਈ ਵਖਾਈਆ । ਪੰਜੇ ਏਕਾ ਗੀਤ ਗਾਨ, ਸੋਹੰ ਢੋਲਾ ਗਾਈਆ । ਪੰਚਾਂ ਝੁਲਾਏ ਇਕ ਨਿਸ਼ਾਨ, ਸਚਖੰਡ ਦੁਆਰੇ ਆਪ ਉਠਾਈਆ । ਕਬੀਰ ਜੁਲਾਹਾ ਕਰੇ ਧਿਆਨ, ਵੇਖੋ ਹਰਿ ਕੀ ਖੇਲ ਰਚਾਈਆ । ਕਲਜੁਗ ਅੰਤਮ ਹੋ ਮਿਹਰਵਾਨ, ਜਨ ਭਗਤਾਂ ਰਿਹਾ ਉਠਾਈਆ । ਬਿਨ ਪੜ੍ਹਿਆਂ ਦੇਵੇ ਗਿਆਨ, ਜਗਤ ਵਿਦਿਆ ਧੱਕਾ ਲਾਈਆ । ਬਿਨ ਮੰਗਿਆਂ ਦੇਵੇ ਦਾਨ, ਨਾਮ ਭਗਤੀ ਝੋਲੀ ਪਾਈਆ । ਅਸੀਂ ਕਰਦੇ ਰਹੇ ਇਹਦੀ ਪਹਿਚਾਨ, ਪਹਿਚਾਨ ਵਿਚ ਕਦੇ ਨਾ ਆਈਆ । ਕਲਜੁਗ ਅੰਤਮ ਪ੍ਰਗਟ ਹੋ ਵਿਚ ਜਹਾਨ, ਆਪਣਾ ਭੇਵ ਦਏ ਖੁਲ੍ਹਾਈਆ । ਗੁਰਮੁਖ ਵੇਖੇ ਚਤਰ ਸੁਜਾਨ, ਹਰਿ ਜੂ ਵਿਛੜੇ ਲਏ ਮਿਲਾਈਆ । ਸਭ ਦੀ ਆਸਾ ਪੂਰੀ ਕਰੇ ਆਣ, ਨਿਰਾਸਾ ਕੋਈ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਲਾਏ, ਕਲਜੁਗ ਅੰਤਮ ਵਾਰ । ਹਰਿਜਨ ਸਾਚੇ ਲਏ ਜਗਾਏ, ਲੱਖ ਚੁਰਾਸੀ ਵਿਚੋਂ ਕੱਢੇ ਬਾਹਰ । ਆਪਣੇ ਮਾਰਗ ਆਪੇ ਲਾਏ, ਦੇਵੇ ਨਾਮ ਅਧਾਰ । ਸਾਚੀ ਸਿਖਿਆ ਇਕ ਸਮਝਾਏ, ਸੋਹੰ ਸ਼ਬਦ ਜੈਕਾਰ । ਰਾਗ ਨਾਦ ਕੋਈ ਨੇੜ ਨਾ ਆਏ, ਬ੍ਰਹਮ ਬ੍ਰਹਿਮਾਦ ਕਰੇ ਵਿਚਾਰ । ਰਾਤੀਂ ਸੁਤਿਆਂ ਲਏ ਜਗਾਏ, ਗ਼ਫ਼ਲਤ ਵਿਚ ਨਾ ਆਏ ਸਾਂਝਾ ਯਾਰ । ਚਾਰ ਵਰਨ ਦਾ ਡੇਰਾ ਢਾਹੇ, ਸ਼ੱਤਰੀ ਬ੍ਰਹਿਮਣ ਸ਼ੂਦ ਵੈਸ਼ ਦਏ ਅਧਾਰ । ਚਾਰ ਬਾਣੀ ਪੰਧ ਮੁਕਾਏ, ਪਰਾ ਪਸੰਤੀ ਮਧਮ ਬੈਖ਼ਰੀ ਕਰ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰ ਖੇਲ ਕਰਦਾ, ਵੇਖੇ ਸਰਬ ਲੋਕਾਈਆ । ਨਿਰਭੌ ਕਦੇ ਨਾ ਡਰਦਾ, ਭੈ ਆਪਣਾ ਸਰਬ ਜਣਾਈਆ । ਹਰਿਜਨ ਸਾਚੇ ਆਪੇ ਵਰਦਾ, ਵੇਖੇ ਥਾਉਂ ਥਾਈਂਆ । ਸਾਚੇ ਘੋੜੇ ਆਪੇ ਚੜ੍ਹਦਾ, ਸ਼ਾਹ ਅਸਵਾਰ ਸੱਚਾ ਸ਼ਹਿਨਸ਼ਾਹੀਆ । ਸਾਚੇ ਮੰਦਰ ਆਪੇ ਵੜਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜੁਗ ਜੁਗ ਗੌਂਦੇ ਗਏ ਮੇਰੀ ਵਾਰ, ਹਰਿ ਸਾਚਾ ਸਚ ਜਣਾਇੰਦਾ । ਸੇਵਾ ਕਰ ਕਰ ਗਏ ਗੁਰ ਅਵਤਾਰ, ਭਗਤ ਭਗਤੀ ਰਾਹ ਵਖਾਇੰਦਾ । ਸੰਤ ਸੱਜਣ ਕਰ ਕਰ ਗਏ ਨਿਮਸਕਾਰ, ਦੋਏ ਦੋਏ ਜੋੜ ਸੀਸ ਝੁਕਾਇੰਦਾ । ਗੁਰਮੁਖ ਮੰਗਦੇ ਗਏ ਦੁਆਰ, ਖ਼ਾਲੀ ਝੋਲੀ ਸਰਬ ਭਰਾਇੰਦਾ । ਗੁਰਸਿਖ ਲੈਂਦੇ ਗਏ ਧੂੜੀ ਛਾਰ, ਮਸਤਕ ਟਿੱਕਾ ਧੂੜ ਲਗਾਇੰਦਾ । ਕਲਜੁਗ ਅੰਤਮ ਖੇਲ ਅਪਾਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਜਨਮ ਜਨਮ ਦੇ ਵੇਖੇ ਵਿਛੜੇ ਯਾਰ, ਜਗਤ ਦਰ ਪੰਧ ਮੁਕਾਇੰਦਾ । ਸਚਖੰਡ ਬਣਾਏ ਇਕ ਦੁਆਰ, ਲੋਕਮਾਤ ਆਸਣ ਲਾਇੰਦਾ । ਸਭ ਦੀ ਸੁਣੇ ਆਪ ਪੁਕਾਰ, ਕੀਤਾ ਕੌਲ ਭੁੱਲ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਦੋ ਆਪ ਮਿਲਾਇੰਦਾ । ਸਤਿ ਹਰਿ ਸਤਿ ਦਰਸਾਇਆ ਨਾਤਾ, ਦੋਏ ਦੋਏ ਜੋੜ ਜੁੜਾਇਆ । ਨਿਰਗੁਣ ਸਰਗੁਣ ਖੇਲ ਤਮਾਸ਼ਾ, ਜੁਗ ਜੁਗ ਕਰਦਾ ਆਇਆ । ਬਹੱਤਰ ਨਾੜੀ ਅੰਦਰ ਕਰ ਕਰ ਵਾਸਾ, ਆਪਣਾ ਰਾਗ ਸੁਣਾਇਆ । ਇਕ ਅਨੰਦ ਇਕ ਭਰਵਾਸਾ, ਇਕ ਨਾਮ ਜਪਾਇਆ । ਥੋੜਾ ਸੁਣੌਂਦਾ ਰਿਹਾ ਖ਼ੁਲਾਸਾ, ਖੁਲ ਕੇ ਹਾਲ ਨਾ ਕਿਸੇ ਸੁਣਾਇਆ । ਕਲਜੁਗ ਵੇਖੇ ਆਪ ਤਮਾਸ਼ਾ, ਜੋਤੀ ਜਾਮਾ ਵੇਸ ਵਟਾਇਆ ।

ਵਿਚ ਸਖੀਆਂ ਪਾਵੇ ਰਾਸਾ, ਬਣ ਬਣ ਕਾਹਨ ਆਪ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਵਡਿਆਇਆ । ਬਹੱਤਰ ਨਾੜੀ ਹੋਈ ਪਰਧਾਨ, ਗੁਰ ਅਵਤਾਰ ਮਾਣ ਦਵਾਈਆ । ਕਾਇਆ ਅੰਦਰ ਸੁੰਞ ਮਸਾਨ, ਘਰ ਘਰ ਵਿਚ ਰਿਹਾ ਵਖਾਈਆ । ਨਾਦ ਅਨਾਦ ਸ਼ਬਦ ਧੁਨ ਕਾਨ, ਗ੍ਰਿਹ ਮੰਦਰ ਆਪ ਵਜਾਈਆ । ਜੋਤੀ ਨੂਰ ਨੂਰ ਮਹਾਨ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਂਦਾ ਆਇਆ ਦਾਨ, ਦਾਨੀ ਦਾਤਾ ਬੇਪਰਵਾਹੀਆ । ਕਲਜੁਗ ਅੰਤਮ ਹੋ ਮਿਹਰਵਾਨ, ਗੁਰਮੁਖ ਸਾਚੇ ਆਪ ਉਠਾਈਆ । ਬਹੱਤਰਾਂ ਕਰੇ ਇਕ ਗਿਆਨ, ਮੁਖ ਆਪਣਾ ਨਾਮ ਸੁਣਾਈਆ । ਆਤਮ ਅੰਤਰ ਇਕ ਧਿਆਨ, ਅੰਦਰ ਬਾਹਰ ਵੇਖ ਵਖਾਈਆ । ਛੱਤੀ ਰਾਗ ਹੋਏ ਹੈਰਾਨ, ਛੱਤੀ ਛੱਤੀ ਲਕੀਰ ਖਿਚਾਈਆ । ਛੱਤੀ ਫੁੱਟ ਉਪਰ ਨਿਸ਼ਾਨ, ਪੁਰਖ ਅਬਿਨਾਸ਼ੀ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਹੱਤਰ ਜਨ ਲਏ ਉਠਾਈਆ । ਬਹੱਤਰ ਭਗਤ ਸੁਣੋ ਅਰਦਾਸ, ਹਰਿ ਸਾਚਾ ਸਚ ਜਣਾਇੰਦਾ । ਮੈਂ ਚਲ ਕੇ ਆਇਆ ਤੁਹਾਡੇ ਪਾਸ, ਏਕਾ ਮੰਗ ਮੰਗਾਇੰਦਾ । ਆਪਣਿਆਂ ਚਰਨਾਂ ਦੇਣਾ ਨਿਵਾਸ, ਦੂਜਾ ਧਾਮ ਨਾ ਕੋਈ ਸੁਖਾਇੰਦਾ । ਮੇਰੀ ਪੂਰੀ ਕਰਨੀ ਆਸ, ਲੋਕਮਾਤ ਆਸ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਅਰਜੋਈ ਆਪ ਸੁਣਾਇੰਦਾ । ਮੇਰੀ ਅਰਜ਼ ਮੰਨੋ ਜ਼ਰੂਰ, ਸੋ ਪੁਰਖ ਨਿਰੰਜਣ ਆਖ ਸੁਣਾਇਆ । ਮੇਰਾ ਨੌਂ ਸੌ ਚੁਰਾਨਵੇ ਚੌਕੜੀ ਯੁਗ ਦਾ ਬਖ਼ਸ਼ੋ ਕਸੂਰ, ਜੁਗ ਜੁਗ ਰਿਹਾ ਭੁਲਾਇਆ । ਮੈਂ ਹਾਜ਼ਰ ਹੋਇਆ ਹਜ਼ੂਰ, ਵਿਛੜ ਕਦੇ ਨਾ ਜਾਇਆ । ਬਿਨਾਂ ਤੁਹਾਡੇ ਹੋਇਆ ਮਜ਼ਬੂਰ, ਮੇਰੀ ਮਜ਼ਬੂਰੀ ਨਾ ਕੋਇ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਣਾ ਪੱਲੂ ਰਿਹਾ ਵਖਾਇਆ । ਆਪਣੀ ਝੋਲੀ ਡਾਹ ਅਨਡਿਠ, ਅਨਡਿਠੜਾ ਖੇਲ ਕਰਾਈਆ । ਭਗਤੋ ਦੇਣੀ ਨਾ ਮੈਨੂੰ ਪਿੱਠ, ਮੈਂ ਇਕੋ ਆਸ ਰਖਾਈਆ । ਮੈਂ ਹਾਰਿਆ ਤੁਸੀਂ ਗਏ ਜਿੱਤ, ਤੁਹਾਡੀ ਜਿੱਤ ਮੇਰੀ ਵਡਿਆਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬਣਿਆ ਰਿਹਾ ਮਾਤ ਪਿਤ, ਅੰਤਮ ਬਰਦਾ ਬਣ ਬਣ ਸੇਵ ਕਮਾਈਆ । ਨਿਹਕਰਮੀ ਕਰਿਆ ਸਾਚਾ ਹਿੱਤ, ਕਰਮ ਕਾਂਡ ਨਾ ਕੋਈ ਰਖਾਈਆ । ਤੁਹਾਡੇ ਬਿਰਹੋਂ ਦੀ ਵੱਜੀ ਖਿੱਚ, ਸਚਖੰਡ ਦੁਆਰਾ ਤਜ ਕੇ ਆਇਆ ਮਾਹੀਆ । ਮੈਂ ਬਹਾਂ ਤੁਹਾਡੇ ਅੱਧਵਿਚਕਾਰਾ ਵਿਚ, ਚਾਰੋਂ ਕੁੰਟ ਘੇਰਾ ਲੈਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਬੇਨੰਤੀ ਰਿਹਾ ਸੁਣਾਈਆ । ਸੁਣ ਬੇਨੰਤੀ ਮੇਰੇ ਮੀਤ, ਮਿੱਤਰ ਪਿਆਰੇ ਸੱਜਣਾ । ਮੈਂ ਤੁਹਾਡੇ ਗਾਵਾਂ ਸਦਾ ਗੀਤ, ਤੁਸਾਂ ਮੇਰਾ ਪਰਦਾ ਕੱਜਣਾ । ਮੈਂ ਕਿਸੇ ਹੱਥ ਨਾ ਔਣਾ ਮੰਦਰ ਮਸੀਤ, ਗੁਰਦੁਆਰਾ ਅੰਤ ਸਭ ਨੇ ਤਜਣਾ । ਮੈਂ ਤੁਹਾਡੀ ਚਲੌਣੀ ਰੀਤ, ਸਚਖੰਡ ਦੁਆਰ ਕਰਾਉਣਾ ਮਜਨਾ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਕੋਈ ਨਾ ਕਰੇ ਬਚਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਇਆ ਸਾਚਾ ਸੱਜਣਾ । ਭਗਤੋ ਉਠੋ ਕਰੋ ਖਿਆਲ, ਹਰਿ ਸਾਚੇ ਸਚ ਸੁਣਾਇਆ । ਮੇਰੇ ਉਤੇ ਹੋਵੋ ਦਿਆਲ, ਤੁਹਾਡੀ ਦਿਆਲਤਾ ਮੇਰੀ ਰੁਸ਼ਨਾਇਆ । ਮੈਂ ਤੁਹਾਡੀ ਕਰਦਾ ਰਿਹਾ ਪ੍ਰਿਤਪਾਲ, ਜੁਗ ਜੁਗ ਸੇਵ ਕਮਾਇਆ । ਅੰਤ ਆਪਣਾ ਦੱਸਾਂ ਹਾਲ, ਹਾਲ ਮੁਰੀਦਾਂ ਆਪ ਸੁਣਾਇਆ । ਗੋਬਿੰਦ ਸੂਰਾ ਆਇਆ ਨਾਲ, ਆਪਣਾ ਪੰਧ ਮੁਕਾਇਆ । ਤੁਸੀਂ ਉਸ ਦੀਆਂ ਘਾਲਾਂ ਰਹੇ ਘਾਲ, ਉਹ ਤੁਹਾਡੇ ਉਤੋਂ ਘੋਲ ਘੁਮਾਇਆ । ਪਹਿਲਾਂ ਨੀਹਾਂ ਹੇਠ ਦਿਤੇ ਲਾਲ, ਹੁਣ ਨੀਹਾਂ ਹੇਠ ਆਪਣੀ ਰੱਤ



੨੬੨ ੧੧

ਚੁਆਇਆ । ਅੱਗੇ ਮਾਰਗ ਦੱਸੇ ਸੁਖਾਲ, ਏਕਾ ਮੰਤਰ ਨਾਮ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੱਗੇ ਆਪਣਾ ਸੀਸ ਆਪ ਝੁਕਾਇਆ । ਮੇਰਾ ਸੀਸ ਗਿਆ ਝੁਕ, ਹਰਿ ਜੂ ਆਖ ਸੁਣਾਇਆ । ਭਗਤੋ ਤੁਹਾਡਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟ ਮਿਟਾਇਆ । ਮੈਨੂੰ ਵੇਖੋ ਵਜਾ ਕੇ ਠੋਕ, ਠੋਕ ਵਜਾਇਆਂ ਟੁੱਟ ਕਦੇ ਨਾ ਜਾਇਆ । ਮੇਰਾ ਇਕੋ ਇਕ ਸਲੋਕ, ਦੋ ਜਹਾਨਾਂ ਦਏ ਜਗਾਇਆ । ਲੱਖ ਚੁਰਾਸੀ ਦੇਵੇ ਝੋਕ, ਨਾ ਕੋਈ ਸਕੇ ਬਚਾਇਆ । ਧਰਮ ਰਾਏ ਦੇ ਹੱਥ ਦਏ ਥੋਕ, ਪਰਚੂਨ ਕਿਸੇ ਨਾ ਹੱਟ ਵਿਕਾਇਆ । ਜਨ ਭਗਤਾਂ ਅੱਗੇ ਮੇਰੀ ਮੋਖ, ਜਗਤ ਦੁਆਰ ਨਜ਼ਰ ਨਾ ਆਇਆ । ਮੈਂ ਚੜ੍ਹ ਕੇ ਆਇਆ ਬੋਟ, ਲੋਕਮਾਤ ਫੇਰਾ ਪਾਇਆ । ਨਾ ਕੋਈ ਵਰਨ ਨਾ ਕੋਈ ਗੋਤ, ਦੀਨ ਮਜ਼੍ਹਬ ਨਾ ਕੋਈ ਰਖਾਇਆ । ਅੰਤਮ ਸਭ ਦੇ ਕੱਢਣੇ ਖੋਟ, ਖੋਟੀ ਵਾਸਨਾ ਦਏ ਸੁਟਾਇਆ । ਸੋਹੰ ਬਿਨ ਸਾਰੇ ਸੋਤ, ਰਾਮ ਕ੍ਰਿਸ਼ਨ ਨਾ ਕੋਈ ਧਿਆਇਆ । ਗੋਬਿੰਦ ਵੇਖਿਆ ਪੋਤਰਾ ਪੋਤ, ਪੂਤ ਸਪੂਤਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪ ਵਸਾਇਆ । ਸਚਖੰਡ ਵੇਖੋ ਗਿਆ ਵਸ, ਹਰਿ ਜੂ ਆਪ ਵਸਾਇੰਦਾ । ਚਤੁਰਭੁਜ ਆਏ ਨੱਸ, ਆਪਣਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਚੀ ਕੂਕ ਸਰਬ ਸੁਣਾਇੰਦਾ । ਉਚੀ ਕੂਕ ਕਹੇ ਭਗਵਨ, ਲੱਖ ਚੁਰਾਸੀ ਆਪ ਜਣਾਈਆ । ਭਗਤਾਂ ਬਣਿਆ ਇਕ ਨਿਸ਼ਾਨ, ਜਗਤ ਨਿਸ਼ਾਨਾ ਦਏ ਮਿਟਾਈਆ । ਨਾ ਕੋਈ ਭੁੱਲੇ ਰਾਜ ਰਾਜਾਨ, ਅਭੁੱਲ ਰਿਹਾ ਸਮਝਾਈਆ । ਭਗਤ ਬਹੱਤਰ ਹੋਏ ਪਰਵਾਨ, ਹਰਿ ਜੂ ਪਰਵਾਨਾ ਦਿਤਾ ਲਿਖਾਈਆ । ਇਕੋ ਮਿਲਿਆ ਸੱਚਾ ਕਾਹਨ, ਜਿਸ ਮਿਲਿਆਂ ਦੁੱਖ ਰਹੇ ਨਾ ਰਾਈਆ । ਜਿਸ ਨੀਂਹ ਲੋਕਮਾਤ ਰੱਖੀ ਆਣ, ਜਗਤ ਨੀਂਹ ਦਏ ਉਖੜਾਈਆ । ਛੱਬੀ ਪੋਹ ਦਿਵਸ ਮਹਾਨ, ਸਭ ਨੂੰ ਰਿਹਾ ਜਣਾਈਆ । ਭਗਤਨ ਖੇਲ ਕਰੇ ਭਗਵਾਨ, ਗੁਰ ਅਵਤਾਰ ਦਰ ਬੁਲਾਈਆ । ਈਸਾ ਮੂਸਾ ਮੁਹੰਮਦ ਦਰ ਕੁਰਲਾਣ, ਗੱਲ ਵਿਚ ਪੱਲੂ ਪਾਈਆ । ਭਗਤ ਜਨ ਮਿਲ ਖ਼ੁਸ਼ੀ ਮਨਾਣ, ਲੋਕਮਾਤ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਰਿਹਾ ਲਾਈਆ । ਬਹੱਤਰ ਭਗਤ ਹੋਏ ਖ਼ੁਸ਼, ਖ਼ੁਸ਼ੀ ਖ਼ੁਸ਼ੀ ਨਾਲ ਮਿਲਾਇੰਦਾ । ਚਾਰ ਜੁਗ ਜੋ ਬੈਠੇ ਰੁੱਸ, ਧੰਨ ਭਾਗ ਜੇ ਤੂੰ ਵਡਿਆਇੰਦਾ । ਤੇਰੀ ਕਿਰਪਾ ਪਏ ਉਠ, ਆਪਾ ਕਿਸੇ ਨਜ਼ਰ ਨਾ ਆਇੰਦਾ । ਚਾਰੋਂ ਕੁੰਟ ਲੁਕੇ ਗੁਠ, ਤੂੰ ਫੜ ਫੜ ਦਰ ਮੰਗਾਇੰਦਾ । ਤੇਰੇ ਲੇਖੇ ਮੇਰਾ ਬੁੱਤ, ਤੇਰੀ ਆਤਮ ਪਰਮਾਤਮ ਤੇਰੀ ਝੋਲੀ ਪਾਇੰਦਾ । ਤੂੰ ਸਾਡੀਆਂ ਪੁੱਛਾਂ ਰਿਹਾ ਪੁੱਛ, ਮੈਂ ਤੇਰਾ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਹੱਤਰ ਭਗਤਾਂ ਆਪ ਜਗਾਇੰਦਾ । ਆਓ ਸੁਣੋ ਮੇਰੇ ਸੁਤ, ਸੁਤਿਆਂ ਰੈਣ ਵਿਹਾਈਆ । ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਚਿਤਵਿਤ ਠਗੌਰੀ ਨਾ ਕੋਈ ਰਖਾਈਆ । ਛੱਬੀ ਪੋਹ ਸੁਹਾਈ ਰੁੱਤ, ਖ਼ਿਜ਼ਾਂ ਵਿਚ ਫੁਲਵਾੜ ਲਗਾਈਆ । ਸਚਖੰਡ ਦਾ ਬੂਟਾ ਲਾਇਆ ਸਿਤ, ਏਥੇ ਓਥੇ ਦਏ ਸੁਹਾਈਆ । ਅੰਮ੍ਰਿਤ ਸੋਮਾ ਗਿਆ ਫੁਟ, ਏਕਾ ਦਰ ਵਹਾਈਆ । ਬਿਨ ਹੱਥਾਂ ਬਾਹਾਂ ਲਓ ਲੁੱਟ, ਭੁੱਲੀ ਸਰਬ ਲੋਕਾਈਆ । ਆਵਣ ਜਾਵਣ ਜਾਏ ਛੁੱਟ, ਰਾਏ ਧਰਮ ਨਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਮੇਲੇ ਸੱਚਾ ਮਾਹੀਆ । ਮੇਲਣਹਾਰਾ ਆ ਗਿਆ, ਕਰ ਕਿਰਪਾ ਗੁਣ ਨਿਧਾਨ । ਜਨ ਭਗਤਾਂ ਰੰਗ ਰੰਗਾ ਲਿਆ, ਰੰਗ ਰੰਗੀਲਾ ਇਕ ਮਹਾਨ । ਸਾਚਾ ਮੰਦਰ ਆਪ ਸੁਹਾ ਲਿਆ, ਸੇਵਾ ਕਰ

ਸ੍ਰੀ ਭਗਵਾਨ । ਤਿੰਨਾਂ ਲੋਕਾਂ ਪੰਧ ਮੁਕਾ ਲਿਆ, ਚੌਥੇ ਘਰ ਕਰੇ ਪਰਵਾਨ । ਚੌਥੇ ਪਦ ਆਪ ਬਹਾ ਲਿਆ, ਦਰ ਦਵਾਰਾ ਖੋਲ੍ਹ ਮਹਾਨ । ਦੀਪਕ ਦੀਆ ਇਕ ਜਗਾ ਲਿਆ, ਜੋਤੀ ਜੋਤ ਨੂਰ ਭਗਵਾਨ । ਕਮਲਾਪਾਤੀ ਦਰਸ ਦਿਖਾ ਲਿਆ, ਬਹੁਭਾਤੀ ਹੋ ਪਰਧਾਨ । ਏਕਾ ਮੰਤਰ ਨਾਮ ਪੜ੍ਹਾ ਲਿਆ, ਦੂਜਾ ਦੇਵੇ ਨਾ ਕੋਈ ਗਿਆਨ । ਚਾਰ ਵਰਨਾਂ ਪੰਧ ਮੁਕਾ ਲਿਆ, ਚਾਰੇ ਵੇਦ ਹੋਏ ਹੈਰਾਨ । ਅਠਾਰਾਂ ਬਰਨਾਂ ਖ਼ਾਕ ਮਿਲਾ ਲਿਆ, ਅਠਾਰਾਂ ਪੁਰਾਨ ਮੁਖ ਛੁਪਾਨ । ਚਾਰ ਜੁਗ ਢੇਰੀ ਢਾਹ ਲਿਆ, ਚਾਰੇ ਖਾਣੀ ਮੰਗੀ ਆਣ । ਚਾਰੇ ਬਾਣੀ ਆਪ ਸਮਾ ਲਿਆ, ਰਸਨਾ ਬੋਲ ਜ਼ਬਾਨ । ਸੋਹੰ ਢੋਲਾ ਆਪੇ ਗਾ ਲਿਆ, ਭਗਵਨ ਮਿਲਿਆ ਭਗਤਾਂ ਆਣ । ਜਗਤ ਵਿਚੋਲਾ ਵੇਸ ਵਟਾ ਲਿਆ, ਗੁਰ ਗੋਬਿੰਦ ਲੇਖ ਮਹਾਨ । ਨਾਨਕ ਤੋਲਾ ਤੋਲਣ ਆ ਗਿਆ, ਫੜ ਖੰਡਾ ਵਡ ਬਲਵਾਨ । ਗੁਰਮੁਖਾਂ ਉਹਲਾ ਆਪ ਮੁਕਾ ਲਿਆ, ਨੈਣੀ ਦੇਵੇ ਦਰਸ ਮਹਾਨ । ਸੀਸ ਤਾਜ ਆਪ ਲਗਾ ਲਿਆ, ਸ਼ਾਹ ਪਾਤਸ਼ਾਹ ਰਾਜ ਰਾਜਾਨ । ਨੌਂ ਖੰਡ ਏਕਾ ਡੰਕ ਵਜਾ ਲਿਆ, ਡੰਕਾ ਵੱਜੇ ਮਹਾਨ । ਸੱਤਾਂ ਦੀਪਾਂ ਫੇਰਾ ਪਾ ਲਿਆ, ਸ਼ਾਹ ਅਸਵਾਰਾ ਨੌਂਜਵਾਨ । ਏਕਾ ਖੰਡਾ ਸਚ ਚਮਕਾ ਲਿਆ, ਚੰਡੀ ਚਮਕੇ ਇਕ ਮਹਾਨ । ਜਗਤ ਪਖੰਡੀ ਇਕ ਮੁਕਾ ਲਿਆ, ਬ੍ਰਹਿਮੰਡੀ ਦਏ ਗਿਆਨ । ਬਹੱਤਰ ਭਗਤਾਂ ਗੋਦ ਬਹਾ ਲਿਆ, ਵੇਖੋ ਕੀ ਖੇਲ ਕਰੇ ਭਗਵਾਨ । ਸਭ ਦੀ ਅੱਖੀਂ ਘਟਾ ਪਾ ਲਿਆ, ਭੁੱਲੀ ਲੋਕਾਈ ਜਗਤ ਸ਼ਾਹ ਸੁਲਤਾਨ । ਨਜ਼ਰ ਕਿਸੇ ਨਾ ਆ ਰਿਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੀ ਗੋਦ ਬਹਾਲ । ਬਹੱਤਰ ਭਗਤ ਕਹਿਣ ਛੋਟੇ ਬਾਲੇ, ਨਿੱਕੀ ਨਿੱਕੀ ਗੁਫ਼ਤਾਰ ਸੁਣਾਈਆ । ਤੂੰ ਸਾਹਿਬ ਸਦਾ ਪ੍ਰਿਤਪਾਲੇ, ਤੇਰੇ ਹੱਥ ਵਡ ਵਡਿਆਈਆ । ਕਲਜੁਗ ਅੰਤਮ ਦੱਸੇ ਰਾਹ ਸੁਖਾਲੇ, ਏਕਾ ਮਾਰਗ ਲਾਈਆ । ਤੇਰੇ ਪਿਆਰ ਨਾਲ ਹੋਏ ਬੇਹਾਲੇ, ਚਾਰੋਂ ਕੁੰਟ ਪਈ ਦੁਹਾਈਆ । ਕੋਈ ਕਹੇ ਕਾਲ ਮਹਾਂਕਾਲ ਕਰੇ ਰਖਵਾਲੇ, ਕੋਈ ਕਹੇ ਕਾਇਆ ਮੰਦਰ ਅੰਦਰ ਵੇਖ ਵਖਾਈਆ । ਕੋਈ ਕਹੇ ਲੋਕਮਾਤ ਨਿਭੇ ਨਾਲੇ, ਸਾਚੇ ਮਾਰਗ ਪਾਈਆ । ਬਹੱਤਰ ਭਗਤ ਕਹਿਣ ਸਾਡਾ ਸਾਹਿਬ ਏਥੇ ਓਥੇ ਵਸੇ ਸਦ ਨਾਲੇ, ਵਿਛੜ ਕਦੇ ਨਾ ਜਾਈਆ । ਮੇਲ ਮਿਲਾਇਆ ਨਾਲ ਸਿੰਘ ਪਾਲੇ, ਹਰਿ ਜੂ ਪਾਲਕੀ ਵਿਚ ਬਿਠਾਈਆ । ਕਰਿਆ ਖੇਲ ਇਕ ਨਿਰਾਲੇ, ਨਿਰਾਕਾਰ ਧਾਰ ਚਲਾਈਆ । ਹਰਿ ਗੋਬਿੰਦ ਬਣਿਆ ਪੁਰਖ ਅਕਾਲੇ, ਅਕਾਲ ਪੁਰਖ ਗਿਆ ਆਈਆ । ਅੰਤਮ ਸਭ ਦੇ ਕੱਢੇ ਦੀਵਾਲੇ, ਅੰਤਮ ਆਪਣੀ ਹੱਥੀਂ ਲੇਖਾ ਲਿਖਾਈਆ । ਜਨ ਭਗਤਾਂ ਕਰੇ ਸਦਾ ਪ੍ਰਿਤਪਾਲੇ, ਆਪਣੀ ਛਾਤੀ ਉਪਰ ਟਿਕਾਈਆ । ਕਰੇ ਖੇਲ ਪ੍ਰਭ ਨਿਰਾਲੇ, ਬੇਅੰਤ ਬੇਪਰਵਾਹੀਆ । ਜਗੇ ਜੋਤ ਅਗੰਨਤ ਲਿਲਾਟ ਜਵਾਲੇ, ਜੋਤੀ ਜੋਤ ਨਾਲ ਮਿਲਾਈਆ । ਮਾਣ ਰਹੇ ਨਾ ਕਿਸੇ ਧਰਮਸਾਲੇ, ਗੁਰਦੁਆਰਾ ਨਾ ਕੋਈ ਵਖਾਈਆ । ਮੰਦਰ ਮਸਜਿਦ ਹੋਏ ਬੇਹਾਲੇ, ਮੱਠ ਬੈਠੇ ਮੁਖ ਭੁਆਈਆ । ਅੰਤ ਨਿਭੇ ਨਾ ਕਿਸੇ ਨਾਲੇ, ਚਰਨ ਪ੍ਰੀਤੀ ਦਏ ਤੁੜਾਈਆ । ਹਰਿਜਨ ਹਰਿ ਪੂਰਨ ਭਾਲੇ, ਜਗਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਰਚਾਈਆ । ਬਹੱਤਰ ਭਗਤਾਂ ਮਾਰਿਆ ਤਾਹਨਾ, ਤੈਨੂੰ ਦਰਦੀ ਦਰਦ ਨਾ ਆਇੰਦਾ । ਤੂੰ ਦੇਵੇਂ ਵਡਿਆਈ ਦੋ ਜਹਾਨ ਰਾਣਾ, ਬਣ ਬਣ ਖੇਲ ਖਿਲਾਇੰਦਾ । ਕਦੀ ਰਾਮ ਭਗਵਾਨਾ, ਕਦੇ ਕ੍ਰਿਸ਼ਨ ਵੇਸ ਵਟਾਇੰਦਾ । ਕਦੇ ਵੇਦ ਵਿਆਸ ਗਾਏ ਗਾਣਾ, ਕਦੇ ਲਿਖ ਲਿਖ ਲਿਖ ਹੁਕਮ ਜਣਾਇੰਦਾ । ਕਦੇ ਈਸਾ ਮੂਸਾ ਖੇਲ ਮਹਾਨਾ, ਨੂਰ ਨੁਰਾਨਾ ਡਗਮਗਾਇੰਦਾ । ਕਦੀ ਮੁਹੰਮਦ ਦਏ ਪੈਗ਼ਾਮਾ, ਆਪਣਾ ਹੁਕਮ ਜਣਾਇੰਦਾ ।

ਕਦੇ ਨਕਾਬਪੋਸ਼ ਬਣਿਆ ਰਿਹਾ ਦੋ ਜਹਾਨਾਂ, ਸਭ ਦੇ ਉਤੇ ਦੋਸ਼ ਲਗਾਇੰਦਾ । ਕਦੇ ਅਹਿਬਾਬ ਰਬਾਬ ਵਜਾਏ ਤਰਾਨਾਂ, ਤਾਰ ਸਿਤਾਰ ਹਿਲਾਇੰਦਾ । ਕਦੇ ਗੋਬਿੰਦ ਕਹੇ ਮੇਰਾ ਪਿਤ ਸ੍ਰੀ ਭਗਵਾਨਾ, ਪੁਰਖ ਅਕਾਲ ਮਨਾਇੰਦਾ । ਗੁਰੂ ਗ੍ਰੰਥ ਬਣਾਇਆ ਵਿਧਾਨਾ, ਚਾਰੇ ਵੇਦ ਵੇਖ ਵਖਾਇੰਦਾ । ਅੰਤਮ ਭੁਲਿਆ ਸਰਬ ਜਹਾਨਾਂ, ਹਰਿ ਕਾ ਭੇਵ ਕੋਈ ਨਾ ਪਾਇੰਦਾ । ਸ਼ਬਦੀ ਰੰਗ ਨਾ ਕੋਈ ਵਖਾਨਾ, ਭਗਤੀ ਸਾਜ ਨਾ ਕੋਈ ਵਜਾਇੰਦਾ । ਨਜ਼ਰ ਨਾ ਆਏ ਸ੍ਰੀ ਭਗਵਾਨਾ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੇ ਭਗਤਾਂ ਆਪ ਮਿਲਾਇੰਦਾ । ਆਓ ਭਗਤੋ ਕਰੀਏ ਮੇਲਾ, ਮਿਲਣੀ ਕਰੇ ਰਘੁਰਾਈਆ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਗੁਰ ਗੋਬਿੰਦ ਗਿਆ ਸਮਝਾਈਆ । ਕਲਜੁਗ ਅੰਤਮ ਆਇਆ ਵੇਲਾ, ਭਗਤ ਦੁਆਰੇ ਦਏ ਵਡਿਆਈਆ । ਸਾਹਿਬ ਮਿਲਿਆ ਸੱਜਣ ਸੁਹੇਲਾ, ਸ਼ਾਹ ਪਾਤਸ਼ਾਹ ਇਕ ਰਘੁਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵਸਦਾ ਰਿਹਾ ਧਾਮ ਨਵੇਲਾ, ਅਨਡਿਠੜੇ ਧਾਮ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਸੰਗ ਮਿਲਾਈਆ । ਬਹੱਤਰ ਭਗਤ ਗਏ ਆ, ਅੰਤਮ ਮੇਲ ਮਿਲਾਇਆ । ਤੂੰ ਪਰਮਾਤਮ ਵੇਖਿਆ ਸਾਡਾ ਥਾਂ, ਸਾਚਾ ਬੰਕ ਬਣਾਇਆ । ਤੇਰਾ ਨਾਤਾ ਦੋ ਜਹਾਂ, ਨਾ ਕੋਇ ਤੋੜੇ ਤੋੜ ਤੁੜਾਇਆ । ਪੂਰਬ ਜਨਮ ਦੇ ਬਖ਼ਸ਼ ਗੁਨਾਹ, ਆਪਣੀ ਰਹਿਮਤ ਆਪ ਕਮਾਇਆ । ਸਚ ਦਰਬਾਰ ਆਪਣਾ ਲਗਾ, ਮੇਰੇ ਸ਼ਹਿਨਸ਼ਾਹ ਸ਼ਹਿਨਸ਼ਾਹਿਆ । ਏਕਾ ਅਹੂਤੀ ਕਰੀਏ ਸੀਸ ਝੁਕਾ, ਨੇਤਰ ਨੈਣਾਂ ਨੀਰ ਵਹਾਇਆ । ਨਾਨਕ ਨਿਰਗੁਣ ਗਿਆ ਸਮਝਾ, ਏਕਾ ਅੱਖਰ ਪੜ੍ਹਾਇਆ । ਨਿਹਕਲੰਕ ਜਾਵੇ ਆ, ਲੋਕਮਾਤ ਫੇਰਾ

੨੬੫

੧੧

ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਨਿਹਕਲੰਕ ਕਲ ਅੰਤਮ ਆਣਾ, ਅੰਤ ਮਿਲੇ ਵਡਿਆਈਆ । ਸੱਤਰ ਭਗਤ ਜਿਸ ਉਪਜਾਣਾ, ਚੌਦਾਂ ਗੁਰ ਗੁਰ ਵੇਖ ਵਖਾਈਆ । ਚੌਦਾਂ ਲੋਕ ਜਿਸ ਡੇਰਾ ਢਾਹਣਾ, ਚੌਦਾਂ ਤਬਕ ਕਰੇ ਸਫਾਈਆ । ਕਲਮਾ ਕਲਾਮ ਇਕ ਪੜ੍ਹਾਣਾ, ਏਕਾ ਨਾਮ ਜਣਾਈਆ । ਸਚ ਮਕਾਨ ਸਚ ਵਖਾਣਾ, ਚਾਰ ਵਰਨ ਸ਼ਰਨਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਜਿਸ ਦਰ ਬਹਾਣਾ, ਬਖ਼ਸ਼ੇ ਚਰਨ ਸੱਚੀ ਸ਼ਰਨਾਈਆ । ਦੋ ਜਹਾਨਾਂ ਜਿਸ ਰਾਜ ਕਮਾਣਾ, ਨਿਰਗੁਣ ਨਾਮ ਅਖਵਾਈਆ । ਸਾਚੇ ਭਗਤਾਂ ਆਪ ਜਗਾਣਾ, ਦੂਈ ਦਵੈਤੀ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵੀਰ ਵੀਰਾਂ ਨਾਲ ਮਿਲਾਈਆ । ਸੱਤਰ ਸਿਖ ਸਾਡੇ ਭਾਈ, ਵਿਛੜੇ ਕਲਜੁਗ ਮਾਤ । ਵੇਲੇ ਅੰਤ ਕੰਤ ਮਿਲਾਈ, ਦੇਵੇ ਨਾਮ ਦਾਤ । ਤੇਰੇ ਨਾਲ ਹੋਏ ਕੁੜਮਾਈ, ਵੱਜੇ ਸਾਚਾ ਨਾਦ । ਏਕਾ ਘਰ ਵਸੇ ਧੀ ਜਵਾਈ, ਸੋਹਰੇ ਪੇਈਏ ਖੇਲ ਤਮਾਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਗਾਏ ਤੇਰੀ ਗਾਥ । ਸੱਤਰ ਭਗਤ ਗੁਰਮੁਖ ਗੁਰ, ਗੁਰ ਸਤਿਗੁਰ ਆਪ ਵਡਿਆਈਆ । ਲੇਖਾ ਜਾਣੇ ਪੂਰਬ ਧੁਰ, ਧੁਰ ਮਸਤਕ ਵੇਖ ਵਖਾਈਆ । ਪੂਰਨ ਆਸ਼ਾ ਆਪੇ ਪੂਰ, ਪੂਰ ਰਿਹਾ ਸਭ ਠਾਈਆ । ਜੋ ਵਸਣਹਾਰਾ ਦੂਰ ਦੂਰ, ਨੇੜੇ ਹੋ ਹੋ ਦਰਸ ਦਿਖਾਈਆ । ਨਾਤਾ ਤੋੜ ਕੂੜੇ ਕੂੜ, ਸਚ ਸੁੱਚ ਨਾਲ ਬੰਧਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ, ਜੋ ਹਰਿ ਮੰਤਰ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਰਾਂ ਆਪਣੀ ਵਾਗ ਫੜਾਈਆ । ਸੱਤਰਾਂ ਦੇਵੇ ਮਾਣ ਵਡਿਆਈ, ਹਰਿ

ਵੱਡਾ ਵਡਿਆਇੰਦਾ । ਪੁਰਖ ਅਬਿਨਾਸ਼ੀ ਕਰੀ ਕੁੜਮਾਈ, ਕੁੜਮ ਕੁੜਮੇਟਾ ਨਜ਼ਰ ਕੋਈ ਨਾ ਆਇੰਦਾ । ਆਪਣੇ ਹੱਥੀਂ ਸਗਨ ਰਿਹਾ ਪਾਈ, ਮੌਲੀ ਤੰਦ ਨਾ ਕੋਈ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸੱਤਰ ਸਿਖ ਸੁਣਨ ਲਾ ਕੰਨ, ਹਰਿ ਸਾਚਾ ਆਪ ਸੁਣਾਈਆ । ਇਕੋ ਹੁਕਮ ਲੈਣਾ ਮੰਨ, ਦੂਜੀ ਅਵਰ ਨਾ ਕੋਈ ਸ਼ਰਨਾਈਆ । ਲੇਖੇ ਲੱਗਾ ਸਾਚਾ ਮਨ, ਤ੍ਰੈਗੁਣ ਮਾਇਆ ਨਾ ਦੇਵੇ ਸਜਾਈਆ । ਜੋ ਘੜਿਆ ਸੋ ਲੈਣਾ ਭੰਨ, ਥਿਰ ਕੋਇ ਨਜ਼ਰ ਨਾ ਆਈਆ । ਤਿਨ੍ਹਾਂ ਹਰਿ ਕੇ ਦੁਆਰੇ ਲਾਈ ਸੰਨ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਸੱਤਰ ਸਿਖ ਉਠੋ ਬਲ ਧਾਰੋ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਮੇਰਾ ਭਾਰ ਅੰਤ ਉਤਾਰੋ, ਮੈਂ ਹੋਈ ਜਗਤ ਸ਼ੁਦਾਈਆ । ਮੇਰਾ ਦੁਖੜਾ ਸਰਬ ਨਿਵਾਰੋ, ਖੁਲੜੇ ਕੇਸ ਰਹੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਰਚਾਈਆ । ਬਹੱਤਰ ਸਿਖੋ ਕਰੋ ਧਿਆਨ, ਮੈਂ ਬਾਲੀ ਕੂਕ ਸੁਣਾਈਆ । ਮੇਰਾ ਕਿਸੇ ਨਾ ਚੁਕਿਆ ਬਿਬਾਣ, ਮੇਰਾ ਭਾਰ ਨਾ ਕੋਈ ਵੰਡਾਇਆ । ਕਲਜੁਗ ਜੀਵ ਹੋਏ ਬੇਈਮਾਨ, ਸਾਚਾ ਸੰਗ ਨਾ ਕੋਈ ਨਿਭਾਇਆ । ਚਾਰੇ ਕੁੰਟ ਬੀਆਬਾਨ, ਸਾਚਾ ਬਾਗ ਨਾ ਕੋਈ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਵਡੀ ਵਡਿਆਇਆ । ਸੱਤਰ ਭਗਤ ਕਹਿੰਦੇ ਬੋਲ, ਏਕਾ ਵਾਰ ਸੁਣਾਈਆ । ਧਰਤ ਮਾਤ ਕਿਉਂ ਰਹੀ ਅਨਭੋਲ, ਦੁਖੜਾ ਕਿਉਂ ਸੁਣਾਈਆ । ਹਰਿ ਜੂ ਆਇਆ ਤੇਰੇ ਕੋਲ, ਤੇਰਾ ਦਰਦ ਵੰਡਾਈਆ । ਆਦਿ ਜੁਗਾਦਿ ਰਹੇ ਅਡੋਲ, ਨਾ ਡੋਲੇ ਕੋਈ ਡੁਲਾਈਆ । ਸਚਖੰਡ ਦੁਆਰਾ ਰਿਹਾ ਖੋਲ੍ਹ, ਤੇਰੇ ਭਗਤਾਂ ਮਾਣ ਦਵਾਈਆ । ਤੂੰ ਵੀ ਛਕਣੀ ਆ ਕੇ ਪਾਹੁਲ, ਧੂੜੀ ਰਸਨਾ ਟਿੱਕਾ ਲਾਈਆ । ਤੇਰੇ ਅੰਦਰ ਜਾਏ ਮੌਲ, ਮੌਲਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਵਰਤਾਈਆ । ਧਰਨੀ ਅੱਗੋਂ ਪਈ ਰੋ, ਰੋ ਰੋ ਹਾਲ ਸੁਣਾਇਆ । ਮੈਂ ਆਪਣੀ ਮੀਂਡੀ ਲਈ ਖੋਹ, ਸੀਸ ਨਾ ਕੋਇ ਗੁੰਦਾਇਆ । ਚਾਰ ਕੁੰਟ ਆਪਣੀ ਰੱਤ ਲਈ ਚੋ, ਸਾਚਾ ਰੰਗ ਨਾ ਕੋਈ ਚੜ੍ਹਾਇਆ । ਗੁਰ ਅਵਤਾਰ ਦੱਬਿਆ ਆਪਣੀ ਭੋਂ, ਆਪਣੇ ਵਿਚ ਛੁਪਾਇਆ । ਫਿਰ ਨਿਕਲ ਨਾ ਸਕੇ ਕੋ, ਜਿਸ ਉਤੇ ਪਰਦਾ ਪਾਇਆ । ਦੁਹਾਈ ਦੁਹਾਈ ਦੁਹਾਈ ਛੱਬੀ ਪੋਹ, ਧਰਤ ਮਾਤ ਰਹੀ ਕੁਰਲਾਇਆ । ਸਿੰਘ ਸ਼ੇਰ ਮੇਰਾ ਭਾਰ ਆਇਆ ਜੋਹ, ਆਪਣੀਆਂ ਭੁੱਜਾਂ ਬਲ ਰਖਾਇਆ । ਮੇਰੇ ਅੱਗੇ ਖਲੋਤਾ ਉਹ, ਜਿਸ ਦਾ ਭੇਵ ਕਿਸੇ ਨਾ ਪਾਇਆ । ਆਦਿ ਜੁਗਾਦਿ ਸਦਾ ਨਿਰਮੋਹ, ਪਿਆਰ ਕਿਸੇ ਨਾਲ ਨਾ ਵਧਾਇਆ । ਜੋ ਚਰਨ ਜਾਵੇ ਛੋਹ, ਤਿਸ ਬੇੜਾ ਪਾਰ ਕਰਾਇਆ । ਗੁਰ ਅਵਤਾਰ ਲੈ ਕੇ ਔਂਦੇ ਰਹੇ ਢੋਆ ਢੋ, ਲੋਕਮਾਤ ਵੇਸ ਵਟਾਇਆ । ਅੱਗੇ ਕਰੇ ਸੋਈ ਹੋ, ਵਸ ਚਲੇ ਨਾ ਕੋਈ ਚਤੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਧਰਨੀ ਕਹੇ ਮੈਂ ਦੱਸਾਂ ਹਾਲ, ਗੁਰਮੁਖਾਂ ਰਹੀ ਸੁਣਾਈਆ । ਮੈਂ ਦਰ ਤੇ ਡਿੱਗੀ ਆਣ, ਦਰ ਦਰਵੇਸ਼ ਪੱਲੂ ਗਲ ਵਿਚ ਪਾਈਆ । ਮੈਂ ਸੁਣਿਆ ਤੁਹਾਨੂੰ ਮਿਲਿਆ ਆਣ, ਨਿਰਗੁਣ ਆਪਣਾ ਰੂਪ ਵਟਾਈਆ । ਪਹਿਲੋਂ ਬਹੱਤਰਾਂ ਕਰੀ ਕਲਿਆਣ, ਬਹੱਤਰਾਂ ਸੱਤਰਾਂ ਸੱਤਰ ਮੰਗ ਮੰਗਾਈਆ । ਸਤੱਤਰ ਮੇਰੇ ਉਤੇ ਹੋ ਮਿਹਰਵਾਨ, ਮੇਰਾ ਦੁਖੜਾ ਦਿਓ ਗਵਾਈਆ । ਮੈਂ ਸੇਵਾ ਕਰਾਂ ਮਹਾਨ, ਬਣ ਸੇਵਕ ਸੇਵ ਕਮਾਈਆ । ਆਪਣੇ ਵਿਚ ਗੱਡਾਂ ਨਿਸ਼ਾਨ, ਉਪਰ ਦਿਆਂ ਝੁਲਾਈਆ । ਨਿਉਂ ਨਿਉਂ ਸੀਸ ਰਾਜ ਰਾਜਾਨ

ਝੁਕਾਨ, ਚਾਰ ਜੁਗ ਮਿਲੇ ਵਡਿਆਈਆ । ਮੈਂ ਗਲ ਵਿਚ ਪੱਲੂ ਪਾ ਵਾਸਤਾ ਘੱਤਦੀ ਮੈਨੂੰ ਮੇਲੋ ਮੇਰਾ ਭਗਵਾਨ, ਛੱਡੀ ਸਰਬ ਲੋਕਾਈਆ । ਮੜ੍ਹੀ ਗੋਰ ਵੇਖਾਂ ਜੀਵ ਜਹਾਨ, ਉਤੇ ਬਹਿ ਬਹਿ ਖ਼ੁਸ਼ੀ ਮਨਾਈਆ । ਗੁਰਸਿਖ ਗੁਰਮੁਖ ਹਰਿ ਭਗਤ ਮੈਨੂੰ ਦਿਓ ਦਾਨ, ਤੁਹਾਡਾ ਪੁਰਖ ਚਤੁਰ ਸੁਜਾਨ, ਦੇਵੇ ਦਰ ਵਡੀ ਵਡਿਆਈਆ । ਚਾਰ ਜੁਗ ਦੇ ਵਿਛੜੇ ਮੇਲੇ ਆਣ, ਗੁਰ ਅਵਤਾਰਾਂ ਤੋਲਿਆ ਤੋਲ ਮਹਾਨ, ਲੋਕਮਾਤ ਬਣਾਏ ਫਿਰ ਵਿਧਾਨ, ਸਾਚੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਸੁਣ ਧਰਤੀ ਸਾਡੀ ਗੱਲ, ਗੁਰਮੁਖਾਂ ਆਖ ਸੁਣਾਇਆ । ਇਹ ਕਰਦਾ ਵਲ ਛਲ, ਹੱਥ ਕਿਸੇ ਨਾ ਆਇਆ । ਇਹਦਾ ਵਸੇ ਨਿਹਚਲ ਧਾਮ ਅਟੱਲ, ਸਚਖੰਡ ਡੇਰਾ ਲਾਇਆ । ਤੇਰੇ ਭਗਤਾਂ ਤੇਰਾ ਫਲ, ਸਾਚਾ ਬੂਟਾ ਰਿਹਾ ਲਗਾਇਆ । ਤੂੰ ਏਹਨਾਂ ਦੀ ਸਾਇਆ ਲੈਣੀ ਮਲ, ਤੇਰਾ ਦੁਖੜਾ ਦੇਣ ਗਵਾਇਆ । ਤੂੰ ਏਹਨਾਂ ਦੇ ਵਿਚ ਬਹਿਣਾ ਰਲ, ਤੇਰਾ ਨਾਤਾ ਲੈਣ ਜੁੜਾਇਆ । ਕਲਜੁਗ ਜਾਂਦਾ ਅੱਜ ਕੇ ਕਲ, ਪ੍ਰਭ ਦੇਵੇ ਧੱਕਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਸਾਲਾਹਿਆ । ਸਲਾਹਗੀਰ ਹੋਏ ਮਸਤਾਨਾ, ਮਸਤੀ ਏਕਾ ਨਾਮ ਰਖਾਈਆ । ਭਗਤਾਂ ਭਗਵੰਤ ਬੰਨੇ ਗਾਨਾ, ਸਾਚਾ ਸਗਨ ਮਨਾਈਆ । ਲੇਖਾ ਜਾਣੇ ਦੋ ਜਹਾਨਾਂ, ਦੋਏ ਦੋਏ ਰੂਪ ਵਟਾਈਆ । ਨਿਰਗੁਣ ਸਰਗੁਣ ਹੋ ਪਰਧਾਨਾ, ਸਰਗੁਣ ਲਏ ਮਿਲਾਈਆ । ਛੱਬੀ ਪੋਹ ਦਿਵਸ ਮਹਾਨਾ, ਸੱਤਰਾਂ ਦਏ ਮਾਣ ਵਡਿਆਈਆ । ਮੇਰਾ ਬਣਿਆ ਪਹਿਲੋਂ ਨਿਸ਼ਾਨਾ, ਜਗਤ ਜਗਦੀਸ਼ ਨੀਂਹ ਧਰਾਈਆ । ਭਗਤਾਂ ਕਰਿਆ ਫੇਰ ਪਰਵਾਨਾ, ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਦਇਆ ਕਮਾਈਆ । ਦੀਨ ਦਿਆਲ ਦਇਆਨਿਧ ਠਾਕਰ, ਆਪਣੀ ਦਇਆ ਕਮਾਇੰਦਾ । ਸਰਗੁਣ ਰੂਪ ਸਹਿਜ ਸੁਖ ਸਾਗਰ, ਗੁਰ ਅੰਮ੍ਰਿਤ ਰੂਪ ਵਟਾਇੰਦਾ । ਨਿਰਮਲ ਕਰਮ ਕਰੇ ਉਜਾਗਰ, ਆਪ ਆਪਣੇ ਰੰਗ ਰੰਗਾਇੰਦਾ । ਨਾਮ ਵਣਜਾਰਾ ਬਣ ਸੁਦਾਗਰ, ਸਾਚਾ ਵਣਜ ਕਰਾਇੰਦਾ । ਦਰ ਆਇਆਂ ਘਰ ਦੇਵੇ ਆਦਰ, ਆਪਣੀ ਗੋਦ ਬਹਾਇੰਦਾ । ਲੇਖਾ ਜਾਣੇ ਤੇਗ ਬਹਾਦਰ, ਗੁਜ਼ਰੀ ਚੰਦ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਚਮਕਾਇੰਦਾ । ਗੁਜ਼ਰੀ ਚੰਦ ਤੇਰਾ ਚੰਦਨ ਚੰਦ, ਹਰਿ ਜੂ ਆਪ ਚਮਕਾਇਆ । ਕਰੇ ਖੇਲ ਵਿਚ ਬ੍ਰਹਿਮੰਡ, ਵਰਭੰਡੀ ਵੇਖ ਵਖਾਇਆ । ਗੀਤ ਸੁਹਾਗੀ ਏਕਾ ਛੰਦ, ਦੋ ਜਹਾਨਾਂ ਰਿਹਾ ਜਣਾਇਆ । ਸੱਤਰਾਂ ਭਗਤਾਂ ਤੁਟੀ ਦਿਤੀ ਗੰਢ, ਤੁਟੀ ਗੰਢ ਵਿਖਾਈਆ । ਭਗਤਾਂ ਹੱਥ ਫੜਾਈ ਕਮੰਦ, ਚਿਲਾ ਆਪਣੇ ਹੱਥ ਰਖਾਇਆ । ਚਾਰ ਜੁਗ ਦੀ ਵੰਡੀ ਵੰਡ, ਚਾਰੇ ਚਾਰ ਵੇਖ ਵਖਾਇਆ । ਪੰਜੇ ਸ਼ਬਦ ਕੀਤੇ ਬੰਦ, ਸਾਧ ਸੰਤ ਕੋਇ ਸੁਣਨ ਨਾ ਪਾਇਆ । ਜੇ ਕੋਈ ਕਹੇ ਝੂਠੀ ਪਾਵੇ ਡੰਡ, ਹਰਿ ਨੇ ਸਭ ਦਾ ਮਾਣ ਗਵਾਇਆ । ਕੂੜੀ ਕਿਰਿਆ ਸਿਰ ਤੇ ਚੁੱਕੀ ਪੰਡ, ਰਾਏ ਧਰਮ ਦਏ ਸਜ਼ਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਗੁਜ਼ਰੀ ਚੰਦ ਵੇਖੇ ਲਾਲ, ਲਾਲਨ ਲਾਲਨ ਬਣ ਕੇ ਆਇਆ । ਜਿਸ ਦੇ ਨਾਲ ਪੁਰਖ ਅਕਾਲ, ਆਪਣਾ ਖੇਲ ਰਚਾਇਆ । ਗੁਰਮੁਖ ਉਠਾਏ ਆਪਣੇ ਬਾਲ, ਆਪਣੀ ਗੋਦ ਬਹਾਇਆ । ਆਪੇ ਕਰੇ ਹੱਲ ਸਵਾਲ, ਮਕਤਬ ਹੋਰ ਨਾ ਕੋਈ ਵਖਾਇਆ । ਗੁਰਸਿਖਾਂ ਪਿਛੇ ਘਾਲਨਾ ਘਾਲ, ਆਪਣਾ ਆਪ ਭੇਟ ਚੜ੍ਹਾਇਆ । ਫੇਰ ਬਣਿਆ ਮਾਤ ਦਲਾਲ, ਸ਼ਬਦੀ ਰੂਪ ਵਟਾਇਆ । ਵੇਖੋ ਖੇਲ ਕਰੇ ਕਮਾਲ, ਕਮਾਲਾ

ਕਬੀਰ ਰਿਹਾ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤਰ ਬਹੱਤਰ ਮਾਣ ਵਡਿਆਇਆ । ਸੱਤਰ ਬਹੱਤਰ ਫੁੱਲ ਫੁਲਵਾੜੀ, ਪਤ ਡਾਲੀ ਮਾਤ ਮਹਿਕਾਈਆ । ਪੁਰਖ ਅਬਿਨਾਸ਼ੀ ਲਾਈ ਕਿਆਰੀ, ਆਪਣੀ ਹੱਥੀਂ ਸੇਵ ਕਮਾਈਆ । ਜਗੀ ਜੋਤ ਇਕ ਨਿਰੰਕਾਰੀ, ਨਿਰਗੁਣ ਨਿਰਗੁਣ ਵੇਖ ਵਖਾਈਆ । ਮੰਦਰ ਬਣਿਆ ਉਚ ਅਟਾਰੀ, ਤਿੰਨਾਂ ਲੋਕਾਂ ਮਾਣ ਗਵਾਈਆ । ਆਪਣੇ ਸਿਰ ਤੇ ਚੁੱਕੀ ਤਿਗਾਰੀ, ਬਣ ਸੇਵਕ ਸੇਵ ਕਮਾਈਆ । ਕਰਿਆ ਖੇਲ ਇਕ ਵਿਹਾਰੀ, ਹਰਿ ਮੰਦਰ ਫੇਰਾ ਪਾਈਆ । ਭੁੱਲ ਗਿਆ ਨਰ ਨਾਰੀ, ਨੇਤਰ ਨੈਣ ਨਾ ਕੋਈ ਖੁਲ੍ਹਾਈਆ । ਗ਼ਰੀਬਾਂ ਨਾਲ ਲਾਈ ਯਾਰੀ, ਦੇਵੇ ਬਿਦਰ ਮਾਣ ਵਡਿਆਈਆ । ਪਹਿਲੋਂ ਸੱਦਿਆ ਵਡ ਵਡ ਸੰਸਾਰੀ, ਵਡ ਭੰਡਾਰੀ ਦਇਆ ਕਮਾਈਆ । ਮਾਂ ਜੰਮਿਆਂ ਛੋਟੀ ਜ਼ਾਤ ਘੁਮਿਆਰੀ, ਸਿੰਘ ਸੋਹਣ ਨਾਉਂ ਰਖਾਈਆ । ਕਲਜੁਗ ਅੰਤ ਮਿਲੀ ਸਰਦਾਰੀ, ਘਰ ਸਾਚੇ ਸੋਭਾ ਪਾਈਆ । ਸੱਤਰ ਸਿਖ ਉਠੋ ਬਣ ਬਲਕਾਰੀ, ਬਲ ਆਪਣਾ ਆਪ ਵਖਾਈਆ । ਪੰਜ ਮਿਸਤਰੀ ਕਰੋ ਤਿਆਰੀ, ਤੇਸੀ ਹਥੌੜੀ ਹੱਥ ਉਠਾਈਆ । ਜਗਤ ਮਹੱਲਾ ਢੌਣਾ ਆਪਣੀ ਵਾਰੀ, ਚਾਰੋਂ ਕੁੰਟ ਜੜ੍ਹ ਉਖੜਾਈਆ । ਸੱਤਰ ਇੱਟਾਂ ਲਾਹੋ ਗਾਓ ਸੋਹੰ ਜੈਕਾਰੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈ ਜੈ ਜੈਕਾਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਸਾਚੇ ਮੰਦਰ ਇੱਟ ਦੇਣੀ ਉਖੇੜ, ਹਰਿ ਉਖੇੜਾ ਜਗਤ ਲਗਾਇੰਦਾ । ਇੱਟ ਇੱਟ ਨਾਲ ਇੱਟ ਦੇਣੀ ਭੇੜ, ਦੋ ਜਹਾਨਾਂ ਭੇੜ ਵਖਾਇੰਦਾ । ਲੋਆਂ ਪੁਰੀਆਂ ਛੇੜ ਦੇਣੀ ਛੇੜ, ਵੇਖੋ ਹਰਿ ਕੀ ਖੇਲ ਕਰਾਇੰਦਾ । ਸਤਰਵੀਂ ਇੱਟ ਉਤੋਂ ਦੇਣੀ ਰੇੜ, ਬ੍ਰਹਮਾ ਵਿਸ਼ਨ ਸ਼ਿਵ ਸ਼ਬਦੀ ਔਧ ਮੁਕਾਇੰਦਾ । ਲਹਿਣਾ ਦੇਣਾ ਦਏ
੨੬੮ ਨਿਬੇੜ, ਹਕੀਕਤ ਹੱਕ ਵੇਖ ਵਖਾਇੰਦਾ । ਇਕ ਇਕੱਲਾ ਸਿੰਘ ਸ਼ੇਰ ਹੋਇਆ ਦਲੇਰ, ਸ੍ਰਿਸ਼ਟ ਸਬਾਈ ਭੈ ਵਖਾਇੰਦਾ । ਸ਼ਾਹ ਪਾਤਸ਼ਾਹ ਕਰੋ ੨੬੮
੧੧ ਨਾ ਡੇਰ, ਵੇਲਾ ਗਿਆ ਹੱਥ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸਿੱਖਾਂ ਉਪਰ ਆਪ ਚੜ੍ਹਾਇੰਦਾ । ੧੧
ਸਾਚੇ ਸਿੱਖ ਚੜ੍ਹ ਜਾਓ ਉਤੇ, ਹਰਿ ਜੂ ਆਪ ਸੁਣਾਇਆ । ਏਧਰ ਲਾਏ ਤੇ ਉਧਰੋਂ ਪੁੱਟੇ, ਭੇਵ ਕਿਸੇ ਨਾ ਪਾਇਆ । ਹਰਿ ਭਗਤ ਫੁਲਵਾੜੀ ਇਕੋ ਫੁੱਟੇ, ਲੋਕਮਾਤ ਮਾਤ ਮਹਿਕਾਇਆ । ਜੀਵ ਜੰਤ ਰਹਿ ਜਾਣ ਸੁੱਤੇ, ਸੁਤਿਆਂ ਰੈਣ ਵਿਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਰਤਾਇਆ । ਵੇਖੋ ਸਿਖਾਂ ਦਾ ਸੱਚਾ ਰਾਹ, ਹਰਿ ਜੂ ਆਪ ਚਲਾਇੰਦਾ । ਕਲਜੁਗ ਜੜ੍ਹ ਦਏ ਉਖੜਾ, ਚੌਥਾ ਜੁਗ ਅੰਤ ਕੁਰਲਾਇੰਦਾ । ਇੱਟ ਨਾਲ ਇੱਟ ਦਏ ਖੜਕਾ, ਬਚਿਆ ਕੋਈ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਗੇ ਮਾਰਗ ਆਪੇ ਲਾਇੰਦਾ । ਅੱਗੇ ਮਾਰਗ ਹਰਿ ਜੂ ਲੌਣਾ, ਹਰਿ ਹਰਿ ਆਪ ਸੁਣਾਈਆ । ਸਾਤਾ ਚੌਕਾ ਮੇਲ ਮਿਲੌਣਾ, ਆਪਣਾ ਬੰਧਨ ਪਾਈਆ । ਪਹਿਲੀ ਚੇਤਰ ਦਿਵਸ ਸੁਹੌਣਾ, ਗੁਰ ਗੁਰ ਰੰਗ ਵਖਾਈਆ । ਪੁਰੀ ਅਨੰਦ ਆਪ ਸਮਝੌਣਾ, ਲਿਖ ਲਿਖ ਲੇਖ ਜਣਾਈਆ । ਆਓ ਜਾਓ ਜਿਸ ਨੇ ਦਰਸ਼ਨ ਪਾਉਣਾ, ਆਇਆ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਉਠਾਈਆ । ਆਪਣਾ ਪਰਦਾ ਲਿਆ ਚੁੱਕ, ਗੁਰਸਿਖਾਂ ਦਏ ਵਡਿਆਈਆ । ਆਦਿ ਜੁਗਾਦਿ ਜੋ ਰਿਹਾ ਲੁਕ, ਅੰਤਮ ਨੂਰ ਕਰੇ ਰੁਸ਼ਨਾਈਆ । ਸਿੰਘ ਸ਼ੇਰ ਹੋ ਰਿਹਾ ਬੁੱਕ, ਆਪਣੀ ਭਬਕ ਵਿਖਾਈਆ । ਗੁਰਸਿਖ ਬਣਾਏ ਆਪਣੇ ਪੁੱਤ, ਆਪਣੇ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਾਚੀ ਸੇਵਾ ਆਪ ਲਗਾਈਆ । ਸਾਚੀ ਸੇਵਾ ਹਰਿ ਨਰਾਇਣ, ਨਿਰਗੁਣ ਆਪ ਲਗਾਇੰਦਾ । ਧਰਨੀ ਪਾਵੇ ਝੂਠੇ ਵੈਣ, ਚਾਰੋਂ ਕੁੰਟ ਸਰਬ ਅਲਾਇੰਦਾ । ਗੁਰਮੁਖ ਮਿਲ ਅਕੱਠੇ ਬਹਿਣ, ਹਰਿ ਸੰਗਤ ਸੰਗ ਮਿਲਾਇੰਦਾ । ਲਾੜੀ ਮੌਤ ਨਾ ਖਾਏ ਡੈਣ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਨਾਤਾ ਜੁੜਿਆ ਭਾਈ ਭੈਣ, ਗੁਰਮੁਖ ਏਕਾ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੁਆਰਾ ਆਪ ਸੁਹਾਇੰਦਾ । ਸਚ ਦੁਆਰਾ ਬਣਿਆ ਮੰਦਰ, ਹਰਿ ਜੂ ਆਸਣ ਲਾਈਆ । ਜੇ ਗੁਰਸਿਖ ਕਹਿਣ ਤੇ ਆਵਾਂ ਅੰਦਰ, ਨਹੀਂ ਤੇ ਉਤੇ ਬਹਿ ਬਹਿ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗ ਮੰਗਾਈਆ । ਏਕਾ ਮੰਗ ਮੰਗੇ ਕਰਤਾਰ, ਆਪਣੀ ਖੇਲ ਕਰਾਇੰਦਾ । ਗੁਰਮੁਖ ਹੁਕਮ ਦੇਣਾ ਵਾਰ, ਆਪਣੀ ਝੋਲੀ ਅੱਗੇ ਡਾਹਿੰਦਾ । ਕਿਰਪਾ ਕਰੋ ਤੇ ਲੰਘਾਂ ਅੰਦਰ ਦੁਆਰ, ਬਿਨ ਭਗਤਾਂ ਸਾਰ ਕੋਇ ਨਾ ਪਾਇੰਦਾ । ਬਿਨਾਂ ਭਗਤਾਂ ਬਣਿਆਂ ਰਹਾਂ ਗਵਾਰ, ਮੂਰਖ ਮੁਗਧ ਅਖਵਾਇੰਦਾ । ਧੰਨ ਭਾਗ ਜੇ ਹੋਇਆ ਤੁਹਾਡਾ ਦੀਦਾਰ, ਕਰ ਦਰਸ ਖ਼ੁਸ਼ੀ ਮਨਾਇੰਦਾ । ਛੱਬੀ ਪੋਹ ਦਾ ਸਚ ਦਿਹਾੜ, ਹਰਿ ਸਾਜਨ ਆਪ ਸੁਹਾਇੰਦਾ । ਮਿਲ ਸੱਖੀਆਂ ਲੱਗਾ ਅਖਾੜ, ਵਾਹ ਵਾਹ ਗੀਤ ਗੋਬਿੰਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਲਗਾਇੰਦਾ । ਲੱਗੀ ਸੇਵਾ ਸਾਚੀ ਕਾਰ, ਅਕਾਲ ਪੁਰਖ ਆਪ ਲਗਾਈਆ । ਵੇਖੋ ਠੋਕਰ ਵੱਜਦੀ ਸੰਸਾਰ, ਸੂਰਬੀਰ ਆਪ ਲਗਾਈਆ । ਹੋਕੇ ਦੇਵੇ ਨਾਰੀ ਨਰ, ਕੂਕ ਕੂਕ ਸੁਣਾਈਆ । ਸਾਡੀ ਸੁਣੇ ਨਾ ਕੋਈ ਪੁਕਾਰ, ਸਾਧ ਸੰਤ ਰਹੇ ਕੁਰਲਾਈਆ । ਮੁਲਾਂ ਸ਼ੇਖ਼ ਮੁਸਾਇਕ ਵਾਜਾਂ ਰਹੇ ਮਾਰ, ਹੁਜਰੇ ਚੜ੍ਹ ਦੇਣ ਦੁਹਾਈਆ । ਇਕੋ ਪੈਂਦੀ ਦਿਸੇ ਮਾਰ, ਸਿਰ ਸਕੇ ਨਾ ਕੋਈ ਉਠਾਈਆ । ਚਾਰੋਂ ਕੁੰਟ ਤੂੰ ਹੀ ਤੂੰ ਰਹੇ ਪੁਕਾਰ, ਗੁਫ਼ਤ ਸ਼ਨੀਦ ਤੇਰੀ ਸ਼ਨਵਾਈਆ । ਐਹਬਾਬ ਰਬਾਬ ਵਜਾਏ ਸਤਾਰ, ਸਚ ਸਾਰੰਗਾ ਹੱਥ ਉਠਾਈਆ । ਨਾਨਕ ਨਿਰਗੁਣ ਗਾਇਆ ਨਿਰੰਕਾਰ, ਨਿਰਗੁਣ ਦਾਤਾ ਬੇਪਰਵਾਹੀਆ । ਕਲਜੁਗ ਅੰਤਮ ਜਨ ਭਗਤਾਂ ਲਏ ਉਠਾਲ, ਸਾਚੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।



ਹਰਿ ਜੂ ਚੜ੍ਹਿਆ ਇਕੋ ਚਾਅ, ਚਾਉ ਘਨੇਰਾ ਰਿਹਾ ਵਖਾਈਆ । ਜਨ ਭਗਤਾਂ ਦਿਤੀ ਪਨਾਹ, ਦਰ ਦੁਆਰਾ ਇਕ ਖੁਲ੍ਹਾਈਆ । ਨਿੱਤ ਨਿੱਤ ਏਥੇ ਸਦਾ ਰਹਾਂ, ਵਿਛੜ ਕਦੇ ਨਾ ਜਾਈਆ । ਘਰ ਘਰ ਡੇਰਾ ਲਵਾਂ ਲਾ, ਸਿੰਘਾਸਣ ਆਸਣ ਸੋਭਾ ਪਾਈਆ । ਕਰਾਂ ਪਿਆਰ ਜਿਉਂ ਪੁਤਰਾਂ ਮਾਂ, ਬਾਲਕ ਗੋਦ ਵਡਿਆਈਆ । ਹੰਸ ਬਣਾਵਾਂ ਫੜ ਫੜ ਕਾਂ, ਕਾਗੋਂ ਹੰਸ ਉਡਾਈਆ । ਏਥੇ ਓਥੇ ਦੇਵਾਂ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਜਨ ਭਗਤਾਂ ਕੁੰਡਾ ਦਿਤਾ ਖੋਲ੍ਹ, ਆਪਣੀ ਖਿੜਕੀ ਆਪ ਖੁਲ੍ਹਾਇੰਦਾ । ਗ਼ਰੀਬ ਨਿਵਾਜ਼ ਅੰਦਰ ਵੜ ਵੜ ਵਜਾਏ ਢੋਲ, ਨਾਮ ਮਰਦੰਗਾ ਇਕ ਰਖਾਇੰਦਾ । ਕਰ ਕਿਰਪਾ ਜਾਏ ਮੌਲ, ਮੌਲਾ ਆਪਣਾ ਰੂਪ ਚੜ੍ਹਾਇੰਦਾ । ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਮੁਖ ਚੁਆਇੰਦਾ । ਦੇਵੇ ਵਡਿਆਈ ਉਪਰ ਧਵਲ, ਹੌਲਾ ਭਾਰ

ਕਰਾਇੰਦਾ । ਵੇਖੋ ਜਿਨ੍ਹਾਂ ਨੂੰ ਲੋਕੀਂ ਕਰਦੇ ਰਹੇ ਮਖੌਲ, ਤਿਨ੍ਹਾਂ ਆਪਣੀ ਗੋਦ ਬਹਾਇੰਦਾ । ਬਿਨ ਖੰਡਿਓਂ ਦਿਤੀ ਪੌਹਲ, ਗੋਬਿੰਦ ਆਪਣਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੱਖ ਲੱਖ ਸ਼ੁਕਰ ਮਨਾਇੰਦਾ । ਲੱਖ ਲੱਖ ਗੁਰਸਿਖ ਤੇਰਾ ਕਰਾਂ ਸ਼ੁਕਰ, ਹਰਿ ਜੂ ਆਪ ਸੁਣਾਇੰਦਾ । ਐਸ ਵੇਲੇ ਜੇ ਜਾਉ ਮੁੱਕਰ, ਮੈਨੂੰ ਥਾਂ ਨਜ਼ਰ ਕੋਇ ਨਾ ਆਇੰਦਾ । ਗੋਬਿੰਦ ਬਣਾਇਆ ਤੁਹਾਨੂੰ ਪੁੱਤਰ, ਮੈਂ ਬਣ ਬਣ ਦਾਦਾ ਸੇਵ ਕਮਾਇੰਦਾ । ਬਿਨ ਮਾਤਾ ਗਰਭ ਤੋਂ ਉਤੋਂ ਆਇਆ ਉਤਰ, ਜੋ ਨਾਨਕ ਧਿਆਨ ਲਗਾਇੰਦਾ । ਆਪਣੇ ਹੱਥੀਂ ਫੜਿਆ ਸੂਤਰ, ਤੰਦੀ ਤੰਦ ਨਾਲ ਬੰਧਾਇੰਦਾ । ਚਾਰੋਂ ਕੁੰਟ ਵੇਖਿਆ ਉਤਰ, ਪੂਰਬ ਪੱਛਮ ਦੱਖਣ ਸਾਰੇ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਵਾਹ ਵਾਹ ਗੁਰਸਿਖ ਤੇਰੀ ਵਡਿਆਈ, ਤੇਰਾ ਜਸ ਵੇਦ ਪੁਰਾਨ ਕਹਿਣ ਨਾ ਜਾਇਆ । ਪੁਰਖ ਅਕਾਲ ਕਰੀ ਕੁੜਮਾਈ, ਘਰ ਸਾਚੇ ਰੰਗ ਚੜ੍ਹਾਇਆ । ਵੇਖਣ ਆਇਆ ਚਾਈਂ ਚਾਈਂ, ਨਿਰਗੁਣ ਆਪਣਾ ਰੂਪ ਧਰਾਇਆ । ਆਪ ਉਠਾਏ ਫੜ ਫੜ ਬਾਹੀਂ, ਬੇਪਰਵਾਹ ਸੱਚਾ ਸ਼ਹਿਨਸ਼ਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਰੰਗਾਇਆ ।

ਗ਼ੈਰ ਹਾਜ਼ਰਾਂ ਪਿੱਛੇ ਹੋਇਆ ਆਪ ਹਾਜ਼ਰ, ਹਾਜ਼ਰੀ ਸਭ ਦੀ ਦਏ ਲਗਾਈਆ । ਆਪੇ ਬਣਿਆ ਪਿਸਰ ਪਿਦਰ ਮਾਦਰ, ਸਬਰ ਸਬੂਰੀ ਆਪ ਸਮਝਾਈਆ । ਕਰਤਾ ਕਰੀਮ ਬੇਐਬ ਕਾਦਰ, ਕੁਦਰਤ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵਿਹਾਰ ਆਪਣੇ ਹੱਥ ਰਖਾਈਆ । ਹਾਜ਼ਰ ਹਜ਼ੂਰ ਹਰਿ ਦੁਵਾਰ, ਹਰਿ ਹਰਿ ਆਪ ਕਰਾਈਆ । ਗੁਰਮੁਖ ਸੁਰਤੀ ਖਿੱਚੇ ਕਰ ਪਿਆਰ, ਚਰਨ ਕਵਲ ਲਏ ਟਿਕਾਈਆ । ਦੂਰ ਦੁਰਾਡਿਆਂ ਦੁੱਖ ਨਿਵਾਰ, ਦੁੱਖ ਸੁਖ ਵਿਚ ਬਦਲਾਈਆ । ਗੁਰਸਿਖਾਂ ਪਿਛੇ ਕੱਟੇ ਆਪ ਵਗਾਰ, ਬਣ ਵਗਾਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇੱਟ ਇੱਟ ਨਾਲ ਉਠਾਈਆ । ਇੱਟ ਨਾਲ ਚੁੱਕੇ ਇੱਟ, ਆਪਣੀ ਸੇਵ ਕਮਾਇੰਦਾ । ਚੇਤਨ ਰੂਪ ਰੱਖੇ ਚਿੱਤ, ਅਭੁਲ ਭੁੱਲ ਕਦੇ ਨਾ ਜਾਇੰਦਾ । ਨਿਹਕਰਮੀ ਕਰੇ ਸਾਚਾ ਹਿੱਤ, ਕਰਮ ਆਪਣਾ ਆਪ ਵਖਾਇੰਦਾ । ਕੋਈ ਨਾ ਜਾਣੇ ਡੂੰਘਾ ਭੇਤ, ਭੇਦ ਆਪਣਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰੀ ਸੇਵ ਕਮਾਇੰਦਾ । ਸਾਚੀ ਸੇਵਾ ਕਰੇ ਕਰਨੇ ਯੋਗ, ਸੇਵਕ ਆਪਣੇ ਨਾਉਂ ਧਰਾਇੰਦਾ । ਲੋਕ ਪਰਲੋਕ ਰਹੇ ਵੇਖ, ਨੇਤਰ ਨੈਣ ਉਠਾਇੰਦਾ । ਪਹਿਲੋਂ ਬਣਾਇਆ ਆਪਣਾ ਕੋਟ, ਆਪਣੀ ਹੱਥੀਂ ਫੇਰ ਉਠਾਇੰਦਾ । ਭਗਤ ਦੁਆਰੇ ਧਰੇ ਜੋਤ, ਆਪਣਾ ਨੂਰ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾਇੰਦਾ । ਸਾਚੀ ਖੇਲ ਸ੍ਰੀ ਭਗਵਾਨ, ਆਪਣੀ ਆਪ ਕਰਾਈਆ । ਆਪਣਾ ਮਿਟਾਇਆ ਜਗਤ ਨਿਸ਼ਾਨ, ਤੇਰਾ ਭਗਤ ਨਿਸ਼ਾਨ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਪਣਾ ਨਿਸ਼ਾਨਾ ਮੇਟਿਆ ਪੰਜ ਤੱਤ, ਮਿਟੀ ਖ਼ਾਕ ਮਿਲਾਈਆ । ਗੁਰਮੁਖਾਂ ਦਿਤੀ ਇਕੋ ਮਤ, ਏਕਾ ਕਰੇ ਪੜ੍ਹਾਈਆ । ਇਕੋ ਅਮਿਟ ਪੁਰਖ ਸਮਰਥ, ਹਰਿ ਸੱਚੀ ਸਚ ਸ਼ਰਨਾਈਆ । ਕਲਜੁਗ ਅੰਤਮ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਜੁਗ ਜੁਗ ਭਗਤਾਂ ਕਰਦਾ ਆਇਆ


੨੭੦
੧੧

ਪੱਖ, ਨਿਰਵੈਰ ਦਇਆ ਕਮਾਈਆ । ਕਲਜੁਗ ਅੰਤਮ ਲਏ ਰੱਖ, ਸੱਤਰ ਬਹੱਤਰ ਕਰ ਕੁੜਮਾਈਆ । ਹਰਿ ਸੰਗਤ ਰੱਖੇ ਪੱਤ, ਬਚਿਆ ਕੋਇ ਰਹਿਣ ਨਾ ਪਾਈਆ । ਜੋ ਦਰਸ਼ਨ ਪਾਏ ਹੱਸ ਹੱਸ, ਹੱਸ ਹੱਸ ਗੋਦ ਬਹਾਈਆ । ਬਿਨ ਡੋਰੀਉਂ ਹੋਇਆ ਵਸ, ਜਨ ਭਗਤਾਂ ਅੰਦਰ ਗਿਆ ਸਮਾਈਆ । ਫਸਣਹਾਰਾ ਆਪੇ ਗਿਆ ਫਸ, ਆਪਣਾ ਫੰਦ ਨਾ ਕੋਈ ਵਛਾਈਆ । ਸਾਚੇ ਸੰਤਾਂ ਕਰ ਅਕੱਠ, ਲੋਕਮਾਤ ਕਰੇ ਰੁਸ਼ਨਾਈਆ । ਕਲਜੁਗ ਖੇੜਾ ਹੋਏ ਭੱਠ, ਭਗਤਾਂ ਦੁਆਰ ਵਸਾਈਆ । ਉਲਟੀ ਗੇੜੇ ਆਪੇ ਲੱਠ, ਜੁਗ ਚੌਕੜੀ ਆਪ ਭੁਵਾਈਆ । ਨਾਤਾ ਤੋੜ ਤੀਰਥ ਅਠਸਠ, ਘਰ ਸੱਚਾ ਇਕ ਵਖਾਈਆ । ਨਾ ਕੋਈ ਪੂਜਾ ਮਸਜਿਦ ਮੰਦਰ ਸ਼ਿਵਦੁਆਲਾ ਮੱਠ, ਸੀਸ ਅਵਰ ਨਾ ਕੋਈ ਝੁਕਾਈਆ । ਇਕੋ ਨਾਮ ਸੋਹੰ ਲੈਣਾ ਰਟ, ਦੂਜੀ ਹੋਰ ਨਾ ਕੋਈ ਪੜ੍ਹਾਈਆ । ਸਭ ਨੂੰ ਖਾਤੇ ਲਿਆ ਘੱਤ, ਡੂੰਘੇ ਖਾਤੇ ਲਏ ਪਾਈਆ । ਉਚੇ ਟਿੱਲੇ ਚੋਟੀ ਵੇਖੇ ਪਰਬਤ, ਸਮੁੰਦ ਸਾਗਰ ਫੋਲ ਫੁਲਾਈਆ । ਕਲਜੁਗ ਅੰਤਮ ਚੁੱਕੀ ਅਤ, ਮਨ ਮਤ ਨਾਲ ਰਲਾਈਆ । ਮੁਹੰਮਦ ਪਿੱਠ ਤੇ ਰੱਖੇ ਹੱਥ, ਆਪਣਾ ਬਲ ਰਿਹਾ ਜਣਾਈਆ । ਤੂੰ ਕਰਨਾ ਲੱਖੋਂ ਕੱਖ, ਕੱਖ ਖੇਹ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਈਆ । ਹਰਿਜਨ ਸੱਜਣ ਰੱਖੀ ਲਾਜ, ਇਕ ਜੈਕਾਰ ਲਾਇਆ । ਮੇਰਾ ਖੁਲ੍ਹਣ ਨਾ ਦਿਤਾ ਪਾਜ, ਉਪਰ ਮੇਰੇ ਪਰਦਾ ਪਾਇਆ । ਬਿਨ ਤੰਦੀਉਂ ਵੱਜੇ ਰਬਾਬ, ਕਾਇਆ ਕਿੰਗ ਆਪ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਵੇ ਖ਼ੁਸ਼ੀ ਮਨਾਇਆ । ਘਰ ਆਇਆ ਚੌਕੀਦਾਰ, ਚਾਰੇ ਜੁਗ ਨਾਲ ਲਿਆਈਆ । ਹੋਕਾ ਦੇਵੇ ਉਚੀ ਕੂਕ ਪੁਕਾਰ, ਚਾਰ ਕੁੰਟ ਸੁਣਾਈਆ । ਵਿਸ਼ਨੂੰ ਬ੍ਰਹਮਾ ਸ਼ਿਵ ਰਹਿਣਾ ਖ਼ਬਰਦਾਰ, ਮੇਰੇ ਸਿਖ ੨੭੧
੧੧ ਮਿਲੇ ਵਡਿਆਈਆ । ਚਾਰੇ ਵੇਦ ਰੋਵੇ ਜ਼ਾਰੋ ਜ਼ਾਰ, ਤੇਰਾ ਹੁਕਮ ਨਾ ਮੰਨਿਆ ਜਾਈਆ । ਚਾਰ ਵਰਨ ਕਰਨ ਪੁਕਾਰ, ਹਾਹਾਕਾਰ ਸਰਬ ਲੋਕਾਈਆ । ੧੧
ਗੁਰਮੁਖ ਘਰ ਘਰ ਹੋਵੇ ਤਿਆਰ, ਚਲੋ ਮਿਲੀਏ ਸਾਚੇ ਮਾਹੀਆ । ਚਲ ਕੇ ਕਰੀਏ ਦਰਸ ਦੀਦਾਰ, ਤੇਰੇ ਨੈਣਾਂ ਨਾਲ ਨੈਣ ਮਿਲਾਈਆ । ਖ਼ੁਸ਼ੀਆਂ ਰਹਿ ਗਈਆਂ ਦਿਨ ਚਾਰ, ਅੰਤਮ ਸਭ ਨੂੰ ਹੋਏ ਜੁਦਾਈਆ । ਸਚਖੰਡ ਮਿਲੇ ਸਚ ਦੀ ਧਾਰ, ਜਿਥੇ ਵੱਜਦੀ ਰਹੇ ਵਧਾਈਆ । ਉਥੇ ਹਰਿ ਦਾ ਮੰਗਲਾਚਾਰ, ਰਾਮ ਕ੍ਰਿਸ਼ਨ ਨਾ ਕੋਈ ਪੜ੍ਹਾਈਆ । ਉਥੇ ਨਾਨਕ ਗੋਬਿੰਦ ਕਰੇ ਨਿਮਸਕਾਰ, ਬੈਠੇ ਸੀਸ ਝੁਕਾਈਆ । ਉਥੇ ਕੇਹੜਾ ਮੰਗੇ ਧੂੜੀ ਛਾਰ, ਮਸਤਕ ਟਿੱਕਾ ਲਾਈਆ । ਤਿਸ ਮਿਲੇ ਜਾ ਸਰਦਾਰ, ਜੋ ਸਾਹਿਬ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਫੇਰਾ ਰਿਹਾ ਪਾਈਆ । ਵੇਖੋ ਭਗਤੋ ਖੇਲ ਅਵੱਲਾ, ਹਰਿ ਜੂ ਆਪ ਕਰਾਇਆ । ਤੁਹਾਡੇ ਪਿੱਛੇ ਆਇਆ ਇਕ ਇਕੱਲਾ, ਨਿਰਗੁਣ ਵੇਸ ਵਟਾਇਆ । ਪਹਿਲੋਂ ਫੜਾਇਆ ਸ਼ਬਦੀ ਪੱਲਾ, ਫਿਰ ਜੋਤ ਕਰੇ ਰੁਸ਼ਨਾਇਆ । ਤੁਸਾਂ ਮਾਰਿਆ ਵੱਡਾ ਹੱਲਾ, ਏਕਾ ਬੰਧਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਇਆ । ਬਹੱਤਰ ਭਗਤ ਇਕ ਦੂਜੇ ਦੇ ਖੜੇ ਕੋਲ, ਕੰਨਾਂ ਨਾਲ ਕੰਨ ਮਿਲਾਈਆ । ਜੇ ਹੱਥ ਵੇਖੇ ਵਸਤ ਨਾ ਕੋਈ ਕੋਲ, ਪ੍ਰਭ ਕਿਹੜੀ ਗੱਲੇ ਰਿਹਾ ਮਨਾਈਆ । ਜੇ ਤੋਲ ਕੇ ਵੇਖੇ ਆਪਣਾ ਤੋਲ, ਸਾਚੀ ਵਸਤ ਨਜ਼ਰ ਨਾ ਆਈਆ । ਅਸੀਂ ਸੁੱਤੇ ਰਹੇ ਅਨਭੋਲ, ਭੋਲੀ ਮਤ ਰਖਾਈਆ । ਪੁਰਖ ਅਬਿਨਾਸ਼ੀ ਅੱਗੋਂ ਕਹੇ ਬੋਲ, ਏਕਾ ਸ਼ਬਦ ਜਣਾਈਆ । ਮੈਂ ਨਿਰਗੁਣ ਹੋਏ ਵਜਾਇਆ ਢੋਲ, ਤੁਹਾਡੇ ਤਨ ਰਬਾਬ ਵਖਾਈਆ । ਅੰਤਮ ਸਭ ਦਾ ਕੱਢਿਆ ਪੋਲ, ਆਪਣਾ ਪਰਦਾ ਦਿਤਾ ਮੁਕਾਈਆ । ਕੋਈ

ਨਾ ਜਾਣੇ ਪੰਡਤ ਪਾਂਧਾ ਰੌਲ, ਹਿਸਾਬ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਣੀਆਂ ਲਾ ਕੇ ਲਿਆ ਮਿਣ, ਗੁਰਮੁਖ ਰੱਖਿਆ ਇਕ ਪੈਮਾਨਾ । ਤੇਰੇ ਤੁਲ ਨਾ ਕੋਈ ਤਨ, ਬ੍ਰਹਮਾ ਵਿਸ਼ਨ ਸ਼ਿਵ ਹੋਏ ਹੈਰਾਨਾ । ਕਰੇ ਖੇਲ ਸ੍ਰੀ ਭਗਵਾਨ, ਪਾਰਬ੍ਰਹਮ ਸ਼ਾਹ ਸੁਲਤਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦਾਨਾ । ਬਹੱਤਰ ਭਗਤ ਭਗਤ ਪਰਵਾਨ, ਹਰਿ ਸਾਚੇ ਮਾਣ ਰਖਾਇਆ । ਅੰਦਰ ਵੜ ਬਹੇ ਸ੍ਰੀ ਭਗਵਾਨ, ਘਰ ਘਰ ਵਿਚ ਡੇਰਾ ਲਾਇਆ । ਸੁਖਮਨ ਟੇਡੀ ਬੰਕ ਨੈਣ ਸ਼ਰਮਾਣ, ਈੜਾ ਪਿੰਗਲ ਰਹਿਣ ਨਾ ਪਾਇਆ । ਅੰਮ੍ਰਿਤ ਸਰੋਵਰ ਨਾ ਕੋਈ ਦੁਕਾਨ, ਜੋਤ ਨਿਰੰਜਣ ਨਾ ਕੋਈ ਰੁਸ਼ਨਾਇਆ । ਨਾਭ ਕਵਲ ਨਾ ਦੇਵੇ ਮਾਣ, ਝਿਰਨਾ ਨਿਝਰ ਨਿਝਰ ਝਿਰਾਇਆ । ਕਿਰਪਾ ਕਰੀ ਸ੍ਰੀ ਭਗਵਾਨ, ਏਕਾ ਵਾਰ ਮੇਲ ਮਿਲਾਇਆ । ਨਾ ਕੋਈ ਪੜ੍ਹੇ ਗੀਤਾ ਗਿਆਨ, ਖਾਣੀ ਬਾਣੀ ਨਾ ਕੋਈ ਵਡਿਆਇਆ । ਨਾ ਕੋਈ ਅੰਦਰ ਵੜ ਵੜ ਲਾਏ ਧਿਆਨ, ਇਸ਼ਟ ਦੇਵ ਨਾ ਕੋਈ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਿਸ਼ਾਨਾ ਦਿਤਾ ਮਾਣ ਉਠਾਇਆ । ਵੇਖੋ ਨਿਸ਼ਾਨ ਗਿਆ ਲੱਥ, ਸਾਢੇ ਤਿੰਨ ਤਿੰਨ ਹੱਥ ਚੜ੍ਹਾਇਆ । ਹਰਿ ਸੰਗਤ ਕਰਿਆ ਪ੍ਰਤੱਖ, ਗੁਰਮੁਖਾਂ ਦਏ ਵਡਿਆਇਆ । ਹਰਿਜਨ ਆਏ ਵਹੀਰਾਂ ਘੱਤ, ਦੂਰ ਦੁਰਾਡਾ ਪੰਧ ਮੁਕਾਇਆ । ਨਾਲ ਨਿਸ਼ਾਨਾ ਲਿਆਏ ਸਾਢੇ ਤਿੰਨ ਹੱਥ, ਉਪਰ ਉਪਰ ਲੇਖ ਲਿਖਾਇਆ । ਦੋ ਜਹਾਨਾਂ ਰੱਖੇ ਪੱਤ, ਲੋਕਮਾਤ ਆਪ ਝੁਲਾਇਆ । ਏਕਾ ਵਾਰ ਗੁਰਸਿਖਾਂ ਦੁਆਰਾ ਗਿਆ ਵਸ, ਪੁਰਖ ਅਬਿਨਾਸ਼ੀ ਆਪ ਵਸਾਇਆ । ਆਪ ਦੋਹਾਂ ਦੇ ਵਿਚ ਗਿਆ ਫਸ, ਨਿਕਲ ਕਿਤੇ ਨਾ ਜਾਇਆ । ਬਣ ਨਿਮਾਣਾ ਕਰੇ ਜਸ, ਜਨ ਭਗਤਾਂ ਢੋਲਾ ਗਾਇਆ । ਆਓ ਵੇਖੋ ਹੋਇਆ ਵਸ, ਬੇਮੁਹਾਣਾ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਗ ਸੁਣਾਇਆ । ਸੱਤਰ ਸਿੱਖ ਥੱਲੇ ਆਵਣਾ, ਇਕ ਇਕ ਨਾਲ ਡੋਰ ਬੰਧਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਭ ਨੇ ਗਾਵਣਾ, ਗੀਤ ਗੋਬਿੰਦ ਅਲਾਈਆ । ਪੂਰਬ ਜਨਮ ਦਾ ਲੇਖਾ ਝੋਲੀ ਪਾਵਣਾ, ਪ੍ਰਭ ਕਰਜਾ ਰਿਹਾ ਮੁਕਾਈਆ । ਜੇ ਕੋਈ ਹੋਵੇ ਹਰਜ ਤੇ ਦੱਸ ਵਖਾਵਣਾ, ਲਗਾਨ ਪੂਰਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੌੜੀ ਪੌੜੀ ਆਪ ਉਤਰਾਈਆ । ਪੌੜੀ ਪੌੜੀ ਵੇਖੋ ਵੰਡ, ਹਰਿ ਹਰਿ ਲੋਕਮਾਤ ਕਰਾਇਆ । ਅੰਤਮ ਔਣਾ ਨੀਚੇ ਕੰਡ, ਜਿਸ ਧਰਤ ਰਹੀ ਉਠਾਇਆ । ਜਿਸ ਦੇ ਉਤੇ ਵਸੇ ਬ੍ਰਹਿਮੰਡ, ਪਾਰਬ੍ਰਹਮ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਸੱਤਰ ਇੱਟਾਂ ਉਤੇ ਦੇਣੀਆਂ ਰੱਖ, ਹਰਿ ਜੂ ਆਪ ਸੁਣਾਇੰਦਾ । ਕਰੇ ਖੇਲ ਪੁਰਖ ਸਮਰਥ, ਆਪਣੀ ਧਾਰ ਬੰਧਾਇੰਦਾ । ਆਪੇ ਦੇਵਣਹਾਰਾ ਵੱਥ, ਆਪੇ ਝੋਲੀ ਅੱਗੇ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਇੱਟਾਂ ਲਾਏ ਆਉ ਵਾਰੀ, ਬਾਰ ਬਾਰ ਆਪ ਜਣਾਇੰਦਾ । ਸਿੰਘ ਭਜਨ ਚੜ੍ਹੇ ਉਤੇ ਉਚ ਇਟਾਰੀ, ਹਰਿ ਜੂ ਸਾਚਾ ਆਪ ਚੜ੍ਹਾਇੰਦਾ । ਸੱਤਰ ਇੱਟਾਂ ਰੱਖੇ ਕਰ ਪ੍ਰੇਮ ਪਿਆਰੀ, ਪਿਆਰ ਪਿਆਰ ਨਾਲ ਠੁਕਰਾਇੰਦਾ । ਵੇਖੋ ਠੋਕਰ ਲਾਏ ਵਡ ਸੰਸਾਰੀ, ਏਕਾ ਧੱਕਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਸਾਲਾਹਿੰਦਾ । ਸੱਤਰ ਸਿੱਖ ਚੜ੍ਹਿਆ ਚੰਦ, ਬਹੱਤਰ ਕਰਨ ਰੁਸ਼ਨਾਈਆ । ਸਾਧ ਸੰਗਤ ਇਕੋ ਰੰਗ, ਹਰਿ ਜੂ ਆਪ ਰੰਗਾਈਆ । ਆਤਮ ਸੇਜਾ ਵੇਖ ਪਲੰਘ,

ਬੈਠਾ ਆਸਣ ਲਾਈਆ । ਏਕਾ ਨਾਦ ਵਜਾਏ ਅਨਹਦ, ਤਾਰ ਸਿਤਾਰ ਨਾ ਕੋਈ ਹਿਲਾਈਆ । ਏਕਾ ਜਾਣੇ ਆਦਿ ਜੁਗਾਦਿ, ਜੁਗ ਜੁਗ ਵਡੀ ਵਡਿਆਈਆ । ਲੱਖ ਚੁਰਾਸੀ ਵਿਚੋਂ ਕਾਢ, ਗੁਰਮੁਖ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਪੌੜੇ ਆਪ ਚੜ੍ਹਾਈਆ । ਸਾਚੇ ਪੌੜੇ ਗੁਰਮੁਖ ਚੜ੍ਹਨਾ, ਆਈ ਤੇਰੀ ਵਾਰ । ਸਚਖੰਡ ਦੁਆਰੇ ਅੰਤਮ ਵੜਨਾ, ਮਿਲਣਾ ਮੇਲ ਹਰਿ ਨਿਰੰਕਾਰ । ਤ੍ਰੈਗੁਣ ਮਾਇਆ ਕਦੇ ਨਾ ਸੜਨਾ, ਪੰਜ ਤੱਤ ਨਾ ਹੋਏ ਖਵਾਰ । ਅੱਧਵਿਚਕਾਰ ਕਦੇ ਨਾ ਅੜਨਾ, ਉਚਾ ਡੰਡਾ ਲਾਇਆ ਕਰਤਾਰ । ਸੋਹੰ ਅੱਖਰ ਇਕੋ ਪੜ੍ਹਨਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰੇ ਪਾਰ । ਪੁਰਖ ਅਕਾਲ ਲੜ ਫੜਨਾ, ਬੇੜਾ ਕਰੇ ਪਾਰ । ਬਿਨ ਚੱਪੂ ਬਿਨ ਮਲਾਹ ਦਰ ਆਏ ਤਰਨਾ, ਦੇਵੇ ਇਕ ਸਹਾਰ । ਏਥੇ ਉਥੇ ਘਾੜਨ ਘੜਨਾ, ਬਣੇ ਆਪ ਠਠਿਆਰ । ਸਾਚੇ ਪਲੰਘ ਆਪੇ ਚੜ੍ਹਨਾ, ਕਰੇ ਖੇਲ ਹਰਿ ਕਰਤਾਰ । ਸੀਸ ਤਾਜ ਇਕੋ ਧਰਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਸਚ ਵਿਹਾਰ । ਕਰੇ ਵਿਹਾਰ ਸਚ ਮਹੱਲਾ, ਮਹੱਲ ਮਿਲੇ ਵਡਿਆਈਆ । ਭਗਤਾਂ ਅੰਦਰ ਆਪੇ ਰਲਾ, ਆਪਣਾ ਮੂਲ ਦਏ ਮੁਕਾਈਆ । ਸਚ ਸੰਦੇਸ਼ਾ ਇਕੋ ਘੱਲਾ, ਏਕਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪੇ ਲਏ ਤਰਾਈਆ । ਤਾਰਨਹਾਰਾ ਇਕੋ ਏਕ, ਏਕਾ ਪੁਰਖ ਅਖਵਾਇਆ । ਸਤਿਜੁਗ ਸਾਚੀ ਦੇਵੇ ਟੇਕ, ਸਾਚਾ ਬਿਰਦ ਧਰਾਇਆ । ਚਾਰ ਵਰਨ ਕਰੇ ਬਿਬੇਕ, ਏਕਾ ਅੱਖਰ ਪੜ੍ਹਾਇਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਸਾਂਤਕ ਸਤਿ ਸਤਿ ਵਰਤਾਇਆ । ਨਿਰਗੁਣ ਸਰਗੁਣ ਖੋਲ੍ਹੇ ਭੇਤ, ਆਪਣਾ ਪਰਦਾ ਦਏ ਮਿਟਾਇਆ । ਰੁੱਤ ਬਸੰਤੀ ਵੇਖੇ ਚੇਤ, ਫੁੱਲ ਫੁਲਵਾੜੀ ਆਪ ਮਹਿਕਾਇਆ । ਗੁਰਮੁਖਾਂ ਕਰੇ ਹੇਤ, ਸਾਤਾ ਚੌਕਾ ਵੰਡ ਵੰਡਾਇਆ । ਬਾਲਾ ਬਣ ਬਣ ਰਿਹਾ ਖੇਡ, ਰੂਪ ਅਨੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਤਾਰਨਹਾਰਾ ਤਾਰੇ ਹਰਿ, ਹਰਿ ਹਰਿ ਆਪ ਸੁਣਾਇੰਦਾ । ਵੇਸ ਧਰੇ ਹਰਿ ਨਰ ਨਰਾਇਣ ਅਛਲ ਅਛੱਲ, ਆਪੇ ਕਰ ਵਲ ਛਲ, ਆਪਣੀ ਖੇਲ ਕਰਾਇੰਦਾ । ਲੱਖ ਚੁਰਾਸੀ ਆਪੇ ਹਰ, ਹਾਰ ਜਿਤ ਨਾ ਕੋਈ ਜਣਾਇੰਦਾ । ਮਨਮੁਖ ਜੀਵ ਆਪਣਾ ਕੀਤਾ ਲੈਣ ਭਰ, ਅੱਗੇ ਹੋ ਨਾ ਕੋਈ ਛੁਡਾਇੰਦਾ । ਗੁਰਮੁਖ ਵਿਰਲਾ ਕੰਤ ਇਕੋ ਵਰ, ਜਿਸ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸੁਹਾਇੰਦਾ । ਸਚ ਦੁਆਰੇ ਪਹਿਲੀ ਛੱਤ, ਛਤਰਧਾਰੀ ਆਪ ਪੁਵਾਈਆ । ਜਨ ਭਗਤਾਂ ਦੇਵੇ ਇਕੋ ਮਤ, ਏਕਾ ਵਾਰ ਦਰ ਵਖਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਨਾ ਕੋਇ ਜਣਾਈਆ । ਸਰਬ ਜੀਆਂ ਦਾ ਇਕੋ ਕਮਲਾਪਤ, ਏਕਾ ਏਕ ਰਘੁਰਾਈਆ । ਏਥੇ ਉਥੇ ਵਸੇ ਸਾਥ, ਡੁੱਬਦੇ ਲਏ ਤਰਾਈਆ । ਆਉ ਰਲ ਮਿਲ ਗਾਈਏ ਗਾਥ, ਸੋਹੰ ਕਰੀ ਪੜ੍ਹਾਈਆ । ਜਿਸ ਸੇਵਾ ਲਾਏ ਤ੍ਰਲੋਕੀ ਨਾਥ, ਸੋ ਸੇਵਾ ਰਿਹਾ ਕਮਾਈਆ । ਸਦਾ ਵਸੀਏ ਉਸ ਦੇ ਪਾਸ, ਜਿਸ ਦੀ ਵਡੀ ਸ਼ਹਿਨਸ਼ਾਹੀਆ । ਕਲਜੁਗ ਅੰਤ ਨਾ ਹੋਏ ਗੁਸਤਾਖ, ਗੁੱਸਾ ਕੰਮ ਕਿਸੇ ਨਾ ਆਈਆ । ਜਿਸ ਆਪਣੀ ਕੀਤੀ ਪਹਿਲੋਂ ਰਾਖ, ਸਾਡੀ ਰਾਖ ਲਏ ਧਰਾਈਆ । ਜਿਸ ਨੂੰ ਭਗਤ ਰਹੇ ਝਾਕ, ਸੋ ਸਾਨੂੰ ਝਾਕ ਰਿਹਾ ਮਾਹੀਆ । ਜਿਸ ਦਾ ਕਿਸੇ ਨਾ ਖੋਲ੍ਹਿਆ ਤਾਕ, ਸੋ ਸਾਡਾ ਤਾਕ ਰਿਹਾ ਖੁਲ੍ਹਾਈਆ । ਜਿਸ ਦਾ ਗੋਬਿੰਦ ਗਾਏ ਭਵਿਖਤ ਵਾਕ, ਪੁਰਖ ਅਕਾਲ ਮਨਾਈਆ । ਜਿਸ ਨੂੰ ਨਾਨਕ ਕਿਹਾ ਪਰਦਾ ਲਏ ਢਾਕ, ਢਾਕਨ ਕੋ ਪਤ ਇਕ ਅਖਵਾਈਆ ।


੨੭੩
੧੧

ਜਿਸ ਨੂੰ ਈਸਾ ਕਿਹਾ ਮੇਰਾ ਬਾਪ, ਸੋ ਆਇਆ ਨੂਰ ਇਲਾਹੀਆ । ਜਿਸ ਨੂੰ ਮੁਹੰਮਦ ਕਰਦਾ ਗਿਆ ਯਾਦ, ਆਪਣੀ ਯਾਦ ਤਾਜਾ ਦਏ ਕਰਾਈਆ । ਜਿਸ ਨੂੰ ਕਹਿੰਦੇ ਇਕੋ ਵਾਹਿਦ, ਗਾਡ ਇਕੋ ਨੂਰ ਅਲਾਹੀਆ । ਉਸ ਨੇ ਇਕੋ ਸ਼ਬਦ ਫਿਰਾਈ ਰਾਡ, ਚਾਰੋਂ ਕੁੰਟ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਉ ਸਿਖੋ ਵੇਖੋ ਰੰਗ, ਬੇਰੰਗਾ ਆਪ ਚੜ੍ਹਾਇੰਦਾ । ਆਉ ਵੇਖੋ ਕੱਟੇ ਭੁੱਖ ਨੰਗ, ਦੁੱਖ ਦਰਦ ਮਿਟਾਇੰਦਾ । ਆਉ ਵੇਖੋ ਵੱਜੇ ਮਰਦੰਗ, ਤਾਰ ਸਿਤਾਰ ਨਾ ਕੋਈ ਹਿਲਾਇੰਦਾ । ਆਉ ਬਿਨ ਖੰਡਿਉਂ ਕਰੇ ਖੰਡ, ਗੀਤ ਸੁਹਾਗੀ ਇਕ ਪੜ੍ਹਾਇੰਦਾ । ਵੇਖੋ ਲੱਖ ਚੁਰਾਸੀ ਕਰੇ ਰੰਡ, ਸਾਚਾ ਕੰਤ ਨਾ ਕੋਈ ਹੰਢਾਇੰਦਾ । ਗੁਰਸਿਖਾਂ ਅੰਦਰ ਸੁੱਟੇ ਕਮੰਦ, ਨਾਮ ਡੋਰੀ ਇਕ ਉਠਾਇੰਦਾ । ਕੱਟ ਕੇ ਆਇਆ ਹਰਿ ਜੂ ਪੰਧ, ਬਣ ਪਾਂਧੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਕੀ ਮਿਲਿਆ ਮੇਰਾ ਹੋਏ ਵਾਧਾ, ਹਰਿ ਜੂ ਆਖ ਸੁਣਾਇੰਦਾ । ਨਾ ਕੋਈ ਮੇਰਾ ਪਿਉ ਦਾਦਾ, ਮਾਤ ਪਿਤ ਨਾ ਕੋਈ ਬਣਾਇੰਦਾ । ਨਾ ਕੋਈ ਗੋਦ ਬਹਾ ਲਡਾਵੇ ਲਾਡਾ, ਸਿਰ ਹੱਥ ਨਾ ਕੋਈ ਟਿਕਾਇੰਦਾ । ਆਦਿ ਜੁਗਾਦਿ ਕਿਸੇ ਅੱਗੇ ਨਾ ਕਰਾਂ ਫਰਿਯਾਦਾ, ਆਪਣਾ ਹਾਲ ਨਾ ਕਿਸੇ ਸੁਣਾਇੰਦਾ । ਜਨ ਭਗਤਾਂ ਜੁਗ ਜੁਗ ਦੇਵਾਂ ਦਾਦਾਂ, ਬਣ ਰਹੀਮ ਰਹਿਮਤ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਨਾਇੰਦਾ । ਆਓ ਮੰਨੋ ਮੇਰੇ ਲਾਲ, ਲਾਲਨ ਆਪ ਮਨਾਈਆ । ਜੋਤ ਅਕਾਲਣ ਕਰੇ ਸਵਾਲ, ਏਕਾ ਗੁਣ ਸਮਝਾਈਆ । ਬਣ ਕੇ ਮਾਲਣ ਆਈ ਵਿਚ ਜਹਾਨ, ਸਿਰ ਖਾਰੀ ਆਪ ਉਠਾਈਆ । ਕੰਡਿਆਂ ਵਿਚੋਂ ਗੁਰਮੁਖ ਸਾਚੇ ਲਏ ਭਾਲ, ਲੱਖ ਚੁਰਾਸੀ ਵੇਖੇ ਚਾਈਂ ਚਾਈਆ । ਅੰਤਮ ਗੁੰਦਿਆ ਇਕੋ ਹਾਰ, ਸੂਈ ਤੰਦ ਨਾਲ ਮਿਲਾਈਆ । ਸੋਲਾਂ ਕਰੇ ਸਚ ਸ਼ਿੰਗਾਰ, ਏਕਾ ਤੰਦ ਚੜ੍ਹਾਈਆ । ਪਨਘਟ ਬਣ ਕੇ ਆਵਾਂ ਪਨਿਹਾਰ, ਬਣ ਗਵਾਲਣ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਰੰਗ ਰੰਗਾਈਆ । ਗੁਰਮੁਖ ਵੇਖੋ ਆਪਣਾ ਦੁਆਰ, ਹਰਿ ਸਤਿਗੁਰ ਆਪ ਬਣਾਇਆ । ਜੁਗ ਜੁਗ ਜੋ ਰਿਹਾ ਕੁਵਾਰ, ਕਲਜੁਗ ਅੰਤ ਗੁਰਸਿਖਾਂ ਲਿਆ ਪਰਨਾਇਆ । ਗੁਰ ਅਵਤਾਰਾਂ ਦੇਂਦਾ ਰਿਹਾ ਸਹਾਰ, ਤੁਹਾਡਾ ਸਹਾਰਾ ਰਿਹਾ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਵਿਚ ਛੁਪਾਇਆ । ਹਰਿਜਨ ਅੰਦਰ ਜਾਣਾ ਛੁਪ, ਹਰਿ ਆਪਣੀ ਖੇਲ ਵਖਾਈਆ । ਬਾਹਰੋਂ ਜੇ ਕੋਈ ਲਏ ਪੁੱਛ, ਕਿਸ ਰੰਗ ਵਸੇ ਸੱਚਾ ਮਾਹੀਆ । ਏਥੇ ਕੁਛ ਉਥੇ ਕੁਛ, ਕੋਈ ਕਹੇ ਪੂਰਨ ਕੋਈ ਕਹੇ ਗੋਬਿੰਦ ਪੁਰਖ ਅਕਾਲ ਹਰਿ ਹਰਿ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਖੇੜਾ ਰਿਹਾ ਵਸਾਈਆ । ਗੁਰਸਿਖ ਤੇਰਾ ਖੇੜਾ ਸੁਫਲ, ਸੰਬਲ ਸੰਭਲ ਵਸਾਇਆ । ਬਿਨ ਨਸ਼ਿਉਂ ਆਇਆ ਅਮਲ, ਹਰਿ ਜੂ ਆਪਣਾ ਰੰਗ ਚੜ੍ਹਾਇਆ । ਤੂੰ ਚਲਣਾ ਏਥੇ ਸੰਭਲ, ਚਰਨ ਚਰਨਾਂ ਨਾਲ ਮਿਲਾਇਆ । ਗੁਰ ਕੇ ਬਚਨਾਂ ਉਤੇ ਕਰਨਾ ਅਮਲ, ਗੁਰ ਸਤਿਗੁਰ ਰਿਹਾ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਬੀ ਪੋਹ ਦਾ ਸਚ ਵਿਹਾਰ, ਕਰੇ ਕਰਾਏ ਕਰਨੇਹਾਰ, ਏਕਾ ਰਿਹਾ ਜਣਾਇਆ । ਸਚ ਵਿਹਾਰ ਸਤਿਗੁਰ ਸਿੱਖ, ਹਰਿ ਸਾਚਾ ਸਚ ਜਣਾਇੰਦਾ । ਵੇਖੋ ਗੁਰਦਾਸ ਲੇਖਾ ਰਿਹਾ ਲਿਖ, ਰਵਦਾਸ ਖ਼ੁਸ਼ੀ ਮਨਾਇੰਦਾ । ਜਨ ਭਗਤਾਂ ਵੰਡਿਆ ਹਿੱਸ, ਕਬੀਰ ਢੋਲਾ ਅਲਾਇੰਦਾ । ਜਿਸ ਨੂੰ ਕਹਿੰਦੇ ਰਹੇ ਅੱਖਰ ਨਿਸ਼, ਨਿਸ਼ਅੱਖਰ

ਸੋ ਪ੍ਰਗਟਾਇੰਦਾ । ਜਿਹੜਾ ਕਿਸੇ ਨਾ ਪਿਆ ਦਿਸ, ਸੋ ਰੂਪ ਅਨੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਦੁਆਰੇ ਬੰਦ ਕਰਾਇੰਦਾ । ਨੌਂ ਦੁਆਰੇ ਬੰਦ ਕਰਤਾਰ, ਹਰਿ ਕਰਤਾ ਆਪ ਕਰਾਈਆ । ਅੱਗੇ ਸਿੰਘਾਸਣ ਕਰ ਉਜਿਆਰ, ਪਿਛੇ ਡੇਰਾ ਲਾਈਆ । ਚਾਰ ਸਿੱਖ ਹੋਣ ਸੇਵਾਦਾਰ, ਚਾਰੋਂ ਕੁੰਟ ਸੇਵ ਕਮਾਈਆ । ਪੰਜਵਾਂ ਦੋਏ ਜੋੜ ਕਰੇ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਅੱਠੇ ਦੁਆਰੇ ਕੋਈ ਨਾ ਜਾਏ ਬਾਹਰੋਂ ਅੰਦਰ ਬਣ ਗਵਾਰ, ਹੁਕਮੀ ਹੁਕਮ ਆਪ ਜਣਾਈਆ । ਜਿਸ ਨੇ ਕਰਨਾ ਦਰਸ ਦੀਦਾਰ, ਪਹਿਲਾ ਦੁਆਰਾ ਲਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚ ਦੁਆਰੇ ਹਰਿਜਨ ਜਾਣਾ, ਹਰਿ ਕੇ ਦੁਆਰ । ਅੱਗੇ ਮਿਲੇ ਸ੍ਰੀ ਭਗਵਾਨਾ, ਸਾਚੇ ਤਖ਼ਤ ਸੱਚੀ ਸਰਕਾਰ । ਅੰਦਰੇ ਅੰਦਰ ਸੋਹੰ ਗਾਣਾ, ਨਾਮ ਸ਼ਬਦ ਜੈਕਾਰ । ਚਰਨ ਕਵਲ ਧਿਆਨ ਲਗਾਣਾ, ਨੇਤਰ ਨੈਣ ਖੁਮਾਰ । ਜਿਸ ਮਿਲੇ ਹੋ ਮਿਹਰਵਾਨਾ, ਬੁੱਢਾ ਨੱਢਾ ਨਾ ਕੋਈ ਵਿਚਾਰ । ਭੈਣ ਭਾਈ ਸੰਗ ਬਣਾਨਾ, ਨਾਤਾ ਜੋੜ ਸਰਬ ਸੰਸਾਰ । ਰਾਤੀਂ ਸੁਤਿਆਂ ਗਲੇ ਲਗਾਣਾ, ਆਪ ਆਪਣੀ ਕਿਰਪਾ ਧਾਰ । ਏਕਾ ਇਕ ਇਕ ਫ਼ਰਮਾਣਾ, ਇਕ ਸਚ ਗ਼ੁਫ਼ਤਾਰ । ਰਸਨਾ ਜਿਹਵਾ ਨਾ ਕੋਈ ਅਲਾਣਾ, ਬੱਤੀ ਦੰਦ ਨਾ ਕੋਈ ਵਿਹਾਰ । ਆਲਸ ਨਿੰਦਰਾ ਵਿਚ ਨਾ ਆਣਾ, ਜੂਠ ਝੂਠ ਨਾ ਕੋਇ ਅਧਾਰ । ਸਵਾ ਪਹਿਰ ਜਿਸ ਧਿਆਨ ਲਗਾਨਾ, ਸੋ ਬੇੜੇ ਉਤਰੇ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਕਰੇ ਪਾਰ ਕਿਨਾਰ । ਹਰਿ ਸੰਗਤ ਤੇਰਾ ਸਾਚਾ ਰਾਹ, ਇਕ ਇਕੇਲਾ ਆਪ ਲਗਾਈਆ । ਪੁਰਖ ਅਬਿਨਾਸ਼ੀ ਬਣ ਮਲਾਹ, ਕਰੇ ਖੇਲ ਬੇਪਰਵਾਹੀਆ । ਰਹਿਬਰ ਬਣ ਕੇ ਦਏ ਸੁਣਾ, ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਤ ਵਡਿਆਈਆ । ਪੰਜ ਮਿਸਤਰੀ ਹੋਏ ਇਕੱਠੇ, ਸੱਜੇ ਪਾਸੇ ਲਏ ਬਹਾਈਆ । ਅੰਤਮ ਪਾਵਣਾ ਏਕਾ ਖਤੇ, ਹਰਿ ਖਾਤਾ ਦਏ ਵੰਡਾਈਆ । ਜੋ ਮੇਰੀ ਲਾਜ ਰਹੇ ਰੱਖੇ, ਤਿਸ ਲੱਜਿਆ ਮਾਤ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਈਆ । ਪੰਜ ਪਿਆਰੇ ਪੰਜ ਬਸਤਰ, ਏਕਾ ਰੰਗ ਵਖਾਈਆ । ਹਰਿ ਕਾ ਘੋੜਾ ਇਕੋ ਅਸਤਰ, ਅਸਵ ਆਪ ਦੁੜਾਈਆ । ਸ਼ਬਦ ਸਰੂਪੀ ਸਾਚਾ ਸਸ਼ਤਰ, ਤਨ ਗਾਤਰੇ ਆਪ ਲਟਕਾਈਆ । ਇਕੋ ਗੌਣਾ ਸੋਹੰ ਮੰਤਰ, ਏਕਾ ਕਰੇ ਪੜ੍ਹਾਈਆ । ਲੋਕਮਾਤ ਬਣਾਏ ਬਣਤਰ, ਸਚਖੰਡ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬਹੱਤਰ ਭਗਤ ਖੱਬੇ ਪਾਸੇ, ਆਪਣਾ ਆਸਣ ਰਿਹਾ ਸਮਝਾਈਆ । ਆਪੇ ਕਰੇ ਖੇਲ ਤਮਾਸ਼ੇ, ਲੁਕਵੀਂ ਖੇਲ ਆਪ ਰਚਾਈਆ । ਆਵੇ ਜਾਵੇ ਪ੍ਰਿਥਮੀ ਆਕਾਸ਼ੇ, ਆਵਣ ਜਾਵਣ ਬਣਤ ਬਣਾਈਆ । ਮੰਡਲ ਮੰਡਪ ਪਾਵੇ ਰਾਸੇ, ਗੋਪੀ ਕਾਹਨ ਨਚਾਈਆ । ਗੁਰਮੁਖਾਂ ਕਹੇ ਸ਼ਾਬਾਸ਼ੇ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਮਨਮੁਖਾਂ ਵਕਤ ਗਵਾਇਆ ਹਾਸੇ, ਭੁੱਲੀ ਸਰਬ ਲੋਕਾਈਆ । ਏਧਰ ਓਧਰ ਵੇਖਣ ਆਸ ਪਾਸੇ, ਹਰਿ ਕਾ ਭੇਵ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੱਤਰ ਸਿਖ ਅੱਗੇ ਰੱਖ, ਅਗਲਾ ਬੰਧ ਜਣਾਇੰਦਾ । ਆਪੇ ਕਰੇ ਲੱਖੋਂ ਕੱਖ, ਕੱਖੋਂ ਲੱਖ ਆਪ ਬਣਾਇੰਦਾ । ਨਿਰਗੁਣ ਹੋ ਆਪ ਪ੍ਰਤੱਖ, ਜਨ ਭਗਤਾਂ ਦਰਸ ਦਿਖਾਇੰਦਾ । ਆਪਣੇ ਅੰਦਰ ਰੱਖੇ ਢਕ, ਅੰਤਮ ਪਰਦਾ ਲਾਹਿੰਦਾ । ਭਗਤ ਦੁਆਰਾ ਖੋਲ੍ਹ ਹੱਟ, ਪਹਿਲੀ ਵਾਰ ਪਹਿਲੋਂ ਨਾਮ ਆਪਣਾ ਆਪ ਵਰਤਾਇੰਦਾ । ਬਜ਼ਰ

ਕਪਾਟੀ ਉਤੇ ਮਾਰੇ ਸੱਟ, ਠੋਕਰ ਏਕਾ ਏਕ ਵਖਾਇੰਦਾ । ਦੁਰਮਤ ਮੈਲ ਦੇਵੇ ਕੱਟ, ਸਾਂਤਕ ਸਤਿ ਸਤਿ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਸਮਝਾਇੰਦਾ । ਹਰਿ ਸੰਗਤ ਸੁਣ ਕਰ ਪ੍ਰੀਤ, ਪ੍ਰੀਤੀਵਾਨ ਆਪ ਸਮਝਾਈਆ । ਛੱਬੀ ਪੋਹ ਅਵੱਲੜੀ ਰੀਤ, ਹਰਿ ਜੂ ਆਪ ਚਲਾਈਆ । ਦਰ ਬੈਠਿਆਂ ਸਭ ਦੀ ਪਰਖੇ ਨੀਤ, ਭੁੱਲ ਕੋਈ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।

ਹਰਿ ਸੰਗਤ ਪ੍ਰਸਾਦਿ ਅੰਮ੍ਰਿਤ ਰਸ, ਰਸ ਰਸੀਆ ਦਏ ਵਡਿਆਈਆ । ਹਰਿ ਕਾ ਪ੍ਰਸਾਦਿ ਜੋਤ ਪ੍ਰਕਾਸ਼, ਘਰ ਘਰ ਦਏ ਟਿਕਾਈਆ । ਕਰੇ ਖੇਲ ਹਰਿ ਸ਼ਾਹੋ ਸ਼ਾਬਾਸ਼, ਸਾਖ਼ਯਾਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਧਨ ਆਪੇ ਪਾਈਆ । ਹਰਿ ਸੰਗਤ ਹਰਿ ਪ੍ਰਸਾਦਿ ਹਰਿ ਕੀ ਭੇਟਾ, ਪ੍ਰੇਮ ਪਿਆਰ ਜਣਾਇੰਦਾ । ਹਰਿ ਕਾ ਪ੍ਰਸਾਦਿ ਗੁਰਮੁਖ ਖੇਵਟ ਖੇਟਾ, ਲੋਕਮਾਤ ਬੇੜਾ ਪਾਰ ਕਰਾਇੰਦਾ । ਏਕਾ ਘਰ ਵਸਣ ਪਿਤਾ ਪੂਤ ਪਿਤ ਬੇਟਾ, ਸਾਚਾ ਮੰਦਰ ਇਕ ਸੁਹਾਇੰਦਾ । ਜੁਗ ਚੌਕੜੀ ਨਾ ਭੁੱਲਾ ਚੇਤਾ, ਚੇਤਨ ਆਪਣੇ ਨਾਲ ਬੰਧਾਇੰਦਾ । ਸਾਢੇ ਤਿੰਨ ਹੱਥ ਰੱਖੀ ਵੇਂਤਾ, ਲੋਕਮਾਤ ਨੀਂਹ ਧਰਾਇੰਦਾ । ਕਲਜੁਗ ਅੰਤਮ ਦੱਸਣ ਆਇਆ ਭੇਤਾ, ਭੇਤ ਆਪਣਾ ਆਪ ਖੁਲ੍ਹਾਇੰਦਾ । ਜਿਸ ਨੂੰ ਕਬੀਰ ਇਕੋ ਦੇਖਾ, ਸੋ ਗੁਰਮੁਖਾਂ ਦਰਸ ਵਿਖਾਇੰਦਾ । ਆਦਿ ਜੁਗਾਦਿ ਜਾਣੇ ਲੇਖਾ, ਲਿਖ ਲਿਖ ਲੇਖ ਆਪ ਮੁਕਾਇੰਦਾ । ਕਿਸੇ ਹੱਥ ਨਾ ਆਵੇ ਧਾਰੀ ਕੇਸਾ, ਮੂੰਡ ਮੁੰਡਾਇਆ ਨਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਜੋੜ ਆਪ ਜੁੜਾਇੰਦਾ । ਗੁਰਸਿਖ ਪ੍ਰਸਾਦਿ ਬ੍ਰਹਮ ਰੰਗ, ਰੰਗਣ ਰੰਗ ਵਿਖਾਈਆ । ਹਰਿ ਕਾ ਪ੍ਰਸਾਦਿ ਆਤਮ ਮੰਗ, ਪਰਮਾਨੰਦ ਦਏ ਜਣਾਈਆ । ਗੀਤ ਸੁਹਾਗੀ ਸਾਚਾ ਛੰਦ, ਅਨਹਦ ਨਾਦ ਸੁਣਾਈਆ । ਨਾਤਾ ਜੀਉ ਇੰਡ ਪਿੰਡ ਬ੍ਰਹਿਮੰਡ, ਏਕਾ ਘਰ ਮੇਲਾ ਰਿਹਾ ਮਿਲਾਈਆ । ਹਰਿ ਸੰਗਤ ਪ੍ਰਸਾਦਿ ਸਾਚੀ ਦਾਦ, ਹਰਿ ਦਾਤਾ ਵੇਖ ਵਿਖਾਇੰਦਾ । ਗੁਰ ਕਾ ਪ੍ਰਸਾਦਿ ਬੋਧ ਅਗਾਧ, ਅੱਖਰ ਵੱਖਰ ਆਪ ਪੜ੍ਹਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਨਿਵਣ ਸੁ ਅੱਖਰ ਇਕ ਸਮਝਾਇੰਦਾ । ਕਲਜੁਗ ਅੰਤਮ ਰੱਖੀ ਲਾਜ, ਹਰਿਜਨ ਆਪ ਜਗਾਇੰਦਾ । ਲੱਖ ਚੁਰਾਸੀ ਵਿਚੋਂ ਲਏ ਕਾਢ, ਆਪਣੇ ਘਰ ਬਹਾਇੰਦਾ । ਮੇਲ ਮਿਲਾਵਾ ਮੋਹਨ ਮਾਧਵ ਮਾਧ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਸੰਤ ਸੁਹੇਲੇ ਸਾਚੇ ਲਾਧ, ਗੁਰ ਸਤਿਗੁਰ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਇਆ ਕਮਾਇੰਦਾ । ਸੰਗਤ ਪ੍ਰਸਾਦਿ ਹਰਿ ਕੀ ਸੇਵਾ, ਸੇਵਾ ਸਾਚੀ ਹਰਿ ਜਣਾਈਆ । ਗੁਰ ਪ੍ਰਸਾਦਿ ਅੰਮ੍ਰਿਤ ਮੇਵਾ, ਰਸ ਰਸਨਾ ਆਪ ਚਖਾਈਆ । ਆਦਿ ਨਿਰੰਜਣ ਅਲਖ ਅਭੇਵਾ, ਇਕੋ ਬੇਪਰਵਾਹੀਆ । ਕੌਸਤਕ ਮਣੀਆ ਲਾਵੇ ਥੇਵਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਗਾਏ ਗੀਤ ਬਿਨ ਰਸਨਾ ਜਿਹਵਾ, ਬੱਤੀ ਦੰਦ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣੇ ਵਿਚੋਲਾ ਬੇਪਰਵਾਹੀਆ । ਹਰਿ ਸੰਗਤ ਪ੍ਰਸਾਦਿ ਸਚ ਸੱਚ, ਹਰਿ ਸਾਜਣ ਆਪ ਬਣਾਇੰਦਾ । ਹਰਿ ਕਾ ਪ੍ਰਸਾਦਿ ਏਕਾ ਘਰ, ਭੇਵ ਕੋਈ ਨਾ ਪਾਇੰਦਾ । ਗੁਰਮੁਖ ਵਿਰਲਾ ਮਹੱਲ ਅਟੱਲ, ਮਿਨਾਰ ਕੋਟ ਕਿਲਾ ਗੜ੍ਹ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੋਹਾਂ ਏਕਾ ਦਰ ਵਖਾਇੰਦਾ । ਗੁਰ ਪ੍ਰਸਾਦਿ ਖੁਲ੍ਹਿਆ ਦਰਵਾਜ਼ਾ, ਦਰ ਦਰਬਾਨ ਮਿਲੀ ਵਡਿਆਈਆ । ਇਕ ਭਿਖਾਰੀ ਇਕ ਰਾਜਾ, ਇਕ ਸ਼ਹਿਨਸ਼ਾਹ ਅਖਵਾਈਆ । ਇਕ ਦਰ ਦਰ ਘਰ ਘਰ ਫਿਰੇ ਭਾਜਾ, ਇਕ ਬੈਠਾ ਮੁਖ ਛੁਪਾਈਆ । ਇਕ ਰਾਤੀਂ ਸੁਤਿਆਂ ਮਾਰੇ ਵਾਜਾਂ, ਇਕ ਸੁਤਿਆਂ ਕਰਵਟ ਨਾ ਸਕੇ ਬਦਲਾਈਆ । ਇਕ ਲੋਕਮਾਤ ਰੱਖੇ ਲਾਜਾ, ਇਕ ਰਿਹਾ ਪਤ ਗਵਾਈਆ । ਕਲਜੁਗ ਅੰਤ ਖੇਲ ਕੀਆ ਵਿਚ ਮਾਝਾ, ਮਾਝਾ ਦੇਸ ਮਿਲੀ ਵਡਿਆਈਆ । ਇਕੋ ਗੋਬਿੰਦ ਸੂਰਾ ਰਿਹਾ ਭਾਜਾ, ਪੁਰਖ ਅਕਾਲ ਨਾਲ ਮਿਲਾਈਆ । ਸਤਿਜੁਗ ਚਲਾਏ ਸਚ ਜਹਾਜਾ, ਸਾਚੀ ਸੇਵ ਕਮਾਈਆ । ਸਚਖੰਡ ਨਿਵਾਸੀ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣਿਆਂ ਲਏ ਉਠਾਈਆ । ਸ਼ਾਹ ਸੁਲਤਾਨਾਂ ਖੋਲ੍ਹੇ ਪਾਜਾ, ਕੂੜੀ ਕਿਰਿਆ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਬੇੜਾ ਆਪ ਚਲਾਈਆ । ਹਰਿ ਸੰਗਤ ਪ੍ਰਸਾਦਿ ਸਚ ਦੁਆਰੀ, ਆਸਾ ਆਸ ਪੁਜਾਈਆ । ਗੁਰ ਪ੍ਰਸਾਦਿ ਮਿਲੇ ਧੁਰ ਦਰਬਾਰੀ, ਦਰਗਹਿ ਸਾਚੀ ਵਡ ਵਡਿਆਈਆ । ਨਾ ਕੋਈ ਮੰਦਰ ਨਾ ਕੋਈ ਅਟਾਰੀ, ਕਿਲਾ ਕੋਟ ਨਾ ਕੋਈ ਰਖਾਈਆ । ਨਾ ਕੋਈ ਪੰਡਤ ਪਾਂਧਾ ਕਰੇ ਵਿਚਾਰੀ, ਮੁਲਾਂ ਸ਼ੇਖ਼ਾਂ ਨਾ ਕੋਇ ਜਣਾਈਆ । ਨਾ ਕੋਈ ਗਰੰਥੀ ਪੰਥੀ ਗਾਏ ਗਾਥਾ, ਬਾਵਨ ਅੱਖਰ ਨਾ ਕੋਈ ਸੁਣਾਈਆ । ਜਿਸ ਜਨ ਮਿਲਿਆ ਪੁਰਖ ਸਮਰਥ, ਤਿਸ ਨਾਤਾ ਤੁਟਾ ਜਗਤ ਲੋਕਾਈਆ । ਏਥੇ ਓਥੇ ਇਕੋ ਵੱਥ, ਇਕ ਦੁਆਰ ਨਾ ਕੋਈ ਵਰਤਾਈਆ । ਦੇ ਪ੍ਰਸਾਦਿ ਕਰੇ ਨਾ ਬਸ, ਆਪਣਾ ਪ੍ਰਸਾਦਿ ਜੁਗ ਜੁਗ ਰਿਹਾ ਵਰਤਾਈਆ । ਬਿਨ ਰਸੋਂ ਦੇਵੇ ਰਸ, ਰਸ ਰਸੀਆ ਆਪਣਾ ਰਸ ਵਖਾਈਆ । ਜਨਮ ਜਨਮ ਦੀ ਪੂਰੀ ਕੀਤੀ ਆਸ, ਚੌਥੇ ਜੁਗ ਹੋਇਆ ਸਹਾਈਆ । ਗੁਰ ਅਵਤਾਰ ਸਾਰੇ ਕਹਿਣ ਪ੍ਰਭ ਨੂੰ ਕੰਮ ਕੋਈ ਖ਼ਾਸ, ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਵਿਚੋਲਾ ਆਪ ਅਖਵਾਈਆ । ਹਰਿ ਸੰਗਤ ਤੇਰਾ ਪ੍ਰਸਾਦਿ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਆਪ ਵਰਤਾਈਆ । ਹਰਿ ਪ੍ਰਸਾਦਿ ਠੰਡਾ ਸੀਤਾ, ਅਗਨੀ ਤੱਤ ਬੁਝਾਈਆ । ਸਤਿਜੁਗ ਚਲੇ ਸਾਚੀ ਰੀਤਾ, ਸਤਿ ਸਤਿਵਾਦੀ ਆਪ ਚਲਾਈਆ । ਭਗਤ ਭਗਵੰਤ ਪਤਤ ਪੁਨੀਤਾ, ਪਤਤ ਪਾਪੀ ਲਏ ਤਰਾਈਆ । ਪਿਛਲਾ ਵੇਲਾ ਸੁਤਿਆਂ ਬੀਤਾ, ਅੱਗੇ ਅੱਖ ਰਿਹਾ ਖੁਲ੍ਹਾਈਆ । ਵੇਖੋ ਧਾਮ ਇਕ ਅਨਡੀਠਾ, ਲੋਕਮਾਤ ਲਿਆ ਪ੍ਰਗਟਾਈਆ । ਕਲਜੁਗ ਅੰਤ ਵੇਖੇ ਕੌੜਾ ਰੀਠਾ, ਚਾਰੋਂ ਕੁੰਟ ਫੇਰਾ ਪਾਈਆ । ਪੁਰਖ ਅਬਿਨਾਸ਼ੀ ਬੀਠਲੋ ਬੀਠਾ, ਨਰ ਨਾਰੀ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਘਟ ਰਿਹਾ ਸਮਾਈਆ । ਗੁਰ ਪ੍ਰਸਾਦਿ ਦੇਵੇ ਆਦਰ, ਹਰਿ ਸੰਗਤ ਮਾਣ ਵਡਿਆਈਆ । ਗੁਰ ਤੇਗ ਬਹਾਦਰ ਚਿੱਟੀ ਚਾਦਰ, ਸਾਚੀ ਸਿਖਿਆ ਇਕ ਸਮਝਾਈਆ । ਗੁਰ ਗੋਬਿੰਦ ਚਿਲਾ ਤੀਰ ਕਮਾਨ ਇਕ ਉਠਾਈਆ । ਏਕਾ ਆਖ ਕੇ ਗਿਆ ਸਾਬਰ, ਸਬਰ ਸਬੂਰੀ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਗਤ ਤੇਰਾ ਪ੍ਰਸਾਦਿ ਆਪਣੇ ਲੇਖੇ ਲਾਈਆ । ਹਰਿ ਸੰਗਤ ਪ੍ਰਸਾਦਿ ਬੜਾ ਅਨਮੁਲ, ਅਨਮੁਲੜੇ ਹੱਟ ਵਿਕਾਈਆ । ਹਰਿ ਪ੍ਰਸਾਦਿ ਬੜਾ ਅਤੁਲ, ਤੋਲ ਨਾ ਤੋਲਿਆ ਜਾਈਆ । ਸਚ ਭੰਡਾਰਾ ਗਿਆ ਖੁਲ੍ਹ, ਵੇਖੇ ਸਰਬ ਲੋਕਾਈਆ । ਹਰਿ ਸੰਗਤ ਨਾ ਜਾਏ ਰੁਲ, ਕਰਤਾ ਕੀਮਤ ਆਪੇ ਪਾਈਆ । ਦਰ ਜੋ ਆਏ ਭੁੱਲ, ਜਨਮ ਮਰਨ ਦਏ ਕਟਾਈਆ । ਹਰਿ ਸੰਗਤ ਨਾ ਜਾਏ ਹੁਲ, ਸਿੰਮਲ ਰੂਪ ਨਾ ਕੋਈ ਵਖਾਈਆ । ਸੋਹੰ ਗਾਏ ਰਸਨਾ ਬੁਲ, ਆਤਮ ਪਰਮਾਤਮ ਕਰੇ ਕੁੜਮਾਈਆ । ਭਾਗ

ਲਗਾਏ ਸਾਚੀ ਕੁਲ, ਕੁਲਵੰਤ ਫੇਰਾ ਪਾਈਆ । ਗੋਬਿੰਦ ਫੁਲਵਾੜੀ ਜਾਏ ਫੁੱਲ, ਗੋਬਿੰਦ ਬੂਟਾ ਆਪੇ ਲਾਈਆ । ਘੋਲ ਘੁਮਾ ਆਪੇ ਘੁਲ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰਸਾਦਿ ਆਪ ਵਖਾਈਆ । ਵੇਖੇ ਹਰਿ ਦਾ ਸਚ ਪ੍ਰਸਾਦਿ, ਹਰਿ ਜੂ ਆਪ ਵਿਖਾਇੰਦਾ । ਸਦਾ ਸੁਹੇਲਾ ਵਸੇ ਆਦਿ ਜੁਗਾਦਿ, ਆਪਣੇ ਰੰਗ ਰੰਗਾਇੰਦਾ । ਜਨ ਭਗਤਾਂ ਦੇਵੇ ਇਕੋ ਦਾਤ, ਦੇਵਣਹਾਰ ਇਕ ਅਖਵਾਇੰਦਾ । ਆਪੇ ਜਾਣੇ ਆਪਣੀ ਹਾਦ, ਕਿਨਾਰਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪ੍ਰਸਾਦਿ ਆਪ ਵਰਤਾਇੰਦਾ । ਵੇਖੋ ਪ੍ਰਸਾਦਿ ਲੱਗਾ ਢੇਰ, ਢਹਿ ਢੇਰੀ ਖ਼ਾਕ ਗਵਾਈਆ । ਕਰ ਕਿਰਪਾ ਹਰਿ ਜੂ ਤਾਰੇ ਮਿਹਰ, ਮਿਹਰ ਨਜ਼ਰ ਏਕਾ ਪਾਈਆ । ਪ੍ਰਗਟ ਹੋਇਆ ਇਕੋ ਕੇਹਰ, ਸ਼ੇਰ ਰੂਪ ਵਟਾਈਆ । ਲੱਖ ਚੁਰਾਸੀ ਲਏ ਘੇਰ, ਬਚਿਆ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪ੍ਰਸਾਦਿ ਆਪ ਵਰਤਾਈਆ । ਹਰਿ ਪ੍ਰਸਾਦਿ ਜਿਸ ਨੇ ਖਾਣਾ, ਖਾਨਾ ਆਪਣਾ ਲਏ ਖੁਲਾਈਆ । ਦਰਗਹਿ ਸਾਚੀ ਮਿਲੇ ਮਾਣਾ, ਹਰਿ ਸਤਿਗੁਰ ਹੋਏ ਸਹਾਈਆ । ਧਰਮ ਰਾਏ ਨੇੜ ਨਾ ਆਣਾ, ਚਿਤਰ ਗੁਪਤ ਨਾ ਹਿਸਾਬ ਵਖਾਈਆ । ਲਾੜੀ ਮੌਤ ਨਾ ਬੰਨ੍ਹੇ ਗਾਨਾ, ਵੇਲੇ ਅੰਤ ਨਾ ਲਏ ਪ੍ਰਨਾਈਆ । ਸਤਿਗੁਰ ਦੇਵੇ ਸ਼ਬਦ ਬਿਬਾਣਾ, ਗੁਰਮੁਖ ਸਾਚੇ ਲਏ ਚੜ੍ਹਾਈਆ । ਬ੍ਰਹਮਾ ਵਿਸ਼ਨ ਸ਼ਿਵ ਧਿਆਨ ਲਗਾਉਣਾ, ਨੇਤਰ ਨੈਣ ਖੁਲ੍ਹਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨਾ, ਹਰਿਜਨ ਆਪਣੇ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਸਮਾਈਆ । ਜੋਤੀ ਜੋਤ ਸ੍ਰੀ ਭਗਵਾਨਾ, ਮਿਲ ਜੋਤੀ ਜੋਤ ਮਿਲਾਈਆ । ਸਚਖੰਡ ਸਚ ਮਕਾਨਾ, ਥਿਰ ਘਰ ਆਪਣਾ ਨਾਮ ਟਿਕਾਈਆ । ਲਹਿਣਾ ਦੇਣਾ ਚੁੱਕੇ ਆਵਣ ਜਾਵਣਾ, ਲੱਖ ਚੁਰਾਸੀ ਨਾ ਕੋਈ ਭੁਵਾਈਆ । ਰਾਗ ਨਾਦ ਨਾ ਕੋਈ ਗਾਣਾ, ਤੁਰੀਆ ਰਾਗ ਨਾ ਕੋਈ ਸੁਣਾਈਆ । ਏਕਾ ਪਾਉਣਾ ਪਦ ਨਿਰਬਾਣਾ, ਪਰਮ ਪੁਰਖ ਵਡੀ ਵਡਿਆਈਆ । ਜੋ ਜਨ ਮੰਨੇ ਹਰਿ ਕਾ ਭਾਣਾ, ਹਰਿ ਭਾਣੇ ਰਿਹਾ ਸਮਾਈਆ । ਵੇਖੋ ਤਖ਼ਤੋਂ ਲਹਿਣਾ ਰਾਜਾ ਰਾਣਾ, ਰੋਵੇ ਸਰਬ ਲੋਕਾਈਆ । ਕਿਸੇ ਨਾ ਸੁੱਝੇ ਪੀਣਾ ਖਾਣਾ, ਸੇਜ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਪ੍ਰਸਾਦਿ ਜਨ ਭਗਤਾਂ ਆਪ ਵਰਤਾਈਆ । ਗੁਰ ਪ੍ਰਸਾਦਿ ਗੁਰਸਿਖਾਂ ਖਾਦਾ, ਖਾ ਖਾ ਸ਼ੁਕਰ ਮਨਾਈਆ । ਘਰ ਬੈਠਿਆਂ ਹਰਿ ਦਰਸ਼ਨ ਪਾਇਆ, ਹਰਿ ਜੂ ਦਰ ਦਰ ਦਇਆ ਕਮਾਇਆ । ਆਦਿ ਅੰਤ ਇਕ ਦਾ ਭੈ ਮਨਾਓ, ਡਰ ਅਵਰ ਨਾ ਕੋਈ ਜਣਾਇਆ । ਅਮਰਾ ਪਦ ਏਕਾ ਪਾਓ, ਘਰ ਮਿਲੇ ਸਹਿਜ ਸੁਖਦਾਇਆ । ਗੀਤ ਗੋਬਿੰਦ ਏਕਾ ਗਾਓ, ਸ਼ਬਦੀ ਮੰਗਲ ਗਾਇਆ । ਜਗਤ ਦੁਆਰਾ ਡੇਰਾ ਢਾਹੋ, ਸਚਖੰਡ ਆਸਣ ਲਾਇਆ । ਪਰਮਾਨੰਦ ਵਿਚ ਸਮਾਓ, ਨਿਜਾ ਨੰਦ ਰਿਹਾ ਸ਼ਰਮਾਇਆ । ਹਰਿ ਸੰਗਤ ਫੂਲ ਕੰਦ ਖਾਓ, ਅੰਮ੍ਰਿਤ ਫਲ ਰਿਹਾ ਵਖਾਇਆ । ਖ਼ੁਸ਼ੀ ਬੰਦ ਬੰਦ ਕਰਾਓ, ਬੰਦੀਖ਼ਾਨਾ ਦਏ ਤੁੜਾਇਆ । ਜੋਤ ਨਿਰੰਜਣ ਚੰਦ ਚੜ੍ਹਾਓ, ਅੰਧ ਅੰਧੇਰ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਤੇਰਾ ਪ੍ਰਸਾਦਿ ਆਪਣੇ ਲੇਖੇ ਲਾਇਆ । ਲੇਖੇ ਲੱਗਾ ਆਇਆ ਦਰ, ਹਰਿ ਦਰਦੀ ਦਰਦ ਵੰਡਾਈਆ । ਖ਼ੁਸ਼ੀ ਹੋਏ ਨਾਰੀ ਨਰ, ਨਰ ਨਰਾਇਣ ਵੇਖ ਵਖਾਈਆ । ਬਾਲ ਬਿਰਧ ਜਵਾਨ ਆਪੇ ਫੜ, ਆਪਣੀ ਗੋਦ ਬਹਾਈਆ । ਬਿਨ ਪੌੜੀਉਂ ਆਪੇ ਜਾਏ ਚੜ੍ਹ, ਔਂਦਾ ਜਾਂਦਾ ਦਿਸ ਨਾ ਆਈਆ । ਅੰਦਰ ਬਹਿ ਬਹਿ ਰਿਹਾ ਪੜ੍ਹ, ਸੋਹੰ

ਅੱਖਰ ਕਰੇ ਪੜ੍ਹਾਈਆ । ਕਿਲਾ ਕੋਟ ਤੋੜ ਹੰਕਾਰੀ ਗੜ੍ਹ, ਏਕਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਤਰਾਈਆ ।

ਭਗਤ ਦੁਆਰ ਬਣਾਇਆ ਓਹ, ਏਕੰਕਾਰ ਸੇਵ ਕਮਾਈਆ । ਆਦਿ ਜੁਗਾਦਿ ਨਾ ਸਕੇ ਕੋਈ ਖੋਹ, ਗੁਰ ਅਵਤਾਰ ਦੇਣ ਵਡਿਆਈਆ । ਲੋਕਮਾਤ ਬੀਜ ਦਿਤਾ ਬੋ, ਸਚਖੰਡ ਫੁਲਵਾੜੀ ਦਏ ਮਹਿਕਾਈਆ । ਛੱਬੀ ਪੋਹ ਲੈ ਕੇ ਆਇਆ ਢੋਆ ਢੋ, ਆਪਣਾ ਪ੍ਰੇਮ ਭੇਟ ਚੜ੍ਹਾਈਆ । ਜਿਸ ਦੇ ਪਿਛੇ ਆਪਣਾ ਆਪ ਗਏ ਖੋਹ, ਸੋ ਆਪਣਾ ਆਪ ਜਨ ਭਗਤਾਂ ਭੇਟ ਚੜ੍ਹਾਈਆ । ਦੋ ਜਹਾਨਾਂ ਆਇਆ ਢੋ, ਲੋਆਂ ਪੁਰੀਆਂ ਫੇਰੀ ਪਾਈਆ । ਬ੍ਰਹਿਮੰਡ ਖੰਡ ਰਹੇ ਰੋ, ਵਿਸ਼ਨ ਬ੍ਰਹਮਾ ਸ਼ਿਵ ਰਹੇ ਕੁਰਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਤਜਿਆ ਮੋਹ, ਲੋਕਮਾਤ ਭਗਤ ਲਏ ਪ੍ਰਨਾਈਆ । ਏਕਾ ਨਾਮ ਜਣਾਏ ਆਪਣਾ ਸੋ, ਹੰ ਵੇਖੇ ਹਰ ਘਟ ਥਾਈਆ । ਹਰਿ ਕਾ ਭੇਵ ਨਾ ਜਾਣੇ ਕੋ, ਖਾਣੀ ਬਾਣੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਬਣਾਈਆ । ਸਚ ਦੁਆਰਾ ਸਚਖੰਡ, ਹਰਿ ਸਾਚੇ ਸਚ ਬਣਾਇਆ । ਕੋਟਨ ਕੋਟ ਕੋਟ ਬ੍ਰਹਿਮੰਡ, ਪ੍ਰਭ ਚਰਨਾਂ ਹੇਠ ਦਬਾਇਆ । ਲੇਖਾ ਜਾਣੇ ਖਾਣੀ ਬਾਣੀ ਜੇਰਜ ਅੰਡ, ਉਤਭੁਜ ਸੇਤਜ ਵੇਖ ਵਖਾਇਆ । ਤ੍ਰੈਗੁਣ ਨਾਤਾ ਤੁਟਾ ਤੰਦ, ਗੀਤ ਸੁਹਾਗੀ ਏਕਾ ਗਾਇਆ । ਏਥੇ ਓਥੇ ਕੱਟਿਆ ਪੰਧ, ਬਣ ਪਾਂਧੀ ਫੇਰਾ ਪਾਇਆ । ਇਕੋ ਢੋਲਾ ਗਾਏ ਛੰਦ, ਸੋਹੰ ਸੋਹਲਾ ਆਪ ਅਲਾਇਆ । ਗੁਰ ਅਵਤਾਰ ਜੋ ਆਪਣੇ ਅੰਦਰ ਕੀਤੇ ਬੰਦ, ਅੰਤਮ ਪਰਦਾ ਦਏ ਚੁਕਾਇਆ । ਸਾਚੀ ਵੰਡਣ ਏਕਾ ਵੰਡ, ਲੋਕਮਾਤ ਦਏ ਵਖਾਇਆ । ਜਨ ਭਗਤਾਂ ਮਿਲਿਆ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਵੇਸ ਵਟਾਇਆ । ਨਿਰਗੁਣ ਨੂਰ ਚੜ੍ਹਿਆ ਚੰਦ, ਜੋਤੀ ਜੋਤ ਡਗਮਗਾਇਆ । ਏਕਾ ਨਾਮ ਤੇਜ ਚੰਡ, ਪਰਚੰਡ ਆਪ ਚਮਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸੁਹਾਇਆ । ਸਚਖੰਡ ਦੁਆਰ ਬਣਿਆ ਮਾਤ, ਲੱਗ ਮਾਤਰ ਭੇਵ ਕਿਸੇ ਨਾ ਆਇਆ । ਪੈਂਤੀ ਅੱਖਰ ਨਾ ਜਾਣੇ ਜ਼ਾਤ, ਹਰਿ ਕਾ ਘਰ ਦਿਸ ਨਾ ਆਇਆ । ਗੁਰ ਅਵਤਾਰ ਬਣਾਈ ਜਮਾਤ, ਜੁਗ ਜੁਗ ਸਬਕ ਪੜ੍ਹਾਇਆ । ਸੇਵਾ ਲਾਏ ਵਿਚ ਕਾਇਨਾਤ, ਦਰ ਦਰਵੇਸ਼ ਹੁਕਮ ਸੁਣਾਇਆ । ਆਪਣਾ ਲੇਖਾ ਰੱਖੇ ਆਪਣੇ ਹਾਥ, ਸਮਰਥ ਪੁਰਖ ਬੇਪਰਵਾਹਿਆ । ਨਾਦ ਅਗੰਮੀ ਏਕਾ ਗਾਥ, ਨਿਸ਼ਅੱਖਰ ਆਪ ਪੜ੍ਹਾਇਆ । ਸਰਗੁਣ ਨਿਰਗੁਣ ਵਸੇ ਸਾਥ, ਏਕਾ ਸੰਗ ਨਿਭਾਇਆ । ਆਪਣਾ ਨਾਉਂ ਸਾਚਾ ਪੂਜਾ ਪਾਠ, ਪੂਜਾ ਜਗਤ ਇਕ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਬਣਾਇਆ । ਸਾਚੇ ਮੰਦਰ ਗਿਆ ਚੜ੍ਹ, ਚੜ੍ਹਨਹਾਰ ਕਰਤਾਰਾ । ਸਚਖੰਡ ਦੁਆਰੇ ਬੈਠੇ ਵੜ, ਨਿਰਗੁਣ ਨੂਰ ਨੂਰ ਉਜਿਆਰਾ । ਆਪ ਸੁਹਾਏ ਕੰਚਨ ਗੜ੍ਹ, ਅਟੱਲ ਅਚਲ ਮੁਨਾਰਾ । ਦਰਸ ਦਿਖਾਏ ਉਪਰ ਖੜ੍ਹ, ਜੋਤੀ ਜੋਤ ਚਮਤਕਾਰਾ । ਸ਼ਬਦ ਅਨਾਦੀ ਏਕਾ ਪੜ੍ਹ, ਬੋਲੇ ਸਚ ਜੈਕਾਰਾ । ਨਾ ਕੋਈ ਸੀਸ ਨਾ ਕੋਈ ਧੜ, ਆਦਿ ਜੁਗਾਦੀ ਏਕੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਬਣਾਏ ਸਚ ਮੁਨਾਰਾ । ਸਚ ਮੁਨਾਰੇ ਸਾਚੀ ਦਾਤ, ਸੋ ਪੁਰਖ ਨਿਰੰਜਣ ਝੋਲੀ ਪਾਈਆ । ਹਰਿ ਪੁਰਖ ਨਿਰੰਜਣ ਇਕ ਇਕਾਂਤ, ਸਤਿ

ਸਤਿਵਾਦੀ ਆਸਣ ਲਾਈਆ । ਏਕੰਕਾਰਾ ਪੁਛੇ ਵਾਤ, ਆਪਣੀ ਸੇਵ ਕਮਾਈਆ । ਆਦਿ ਨਿਰੰਜਣ ਮਾਰੇ ਝਾਤ, ਆਪਣੀ ਤਾਕੀ ਆਪ ਖੁਲ੍ਹਾਈਆ । ਸ੍ਰੀ ਭਗਵਾਨ ਵਸੇ ਸਾਥ, ਵਿਛੜ ਕਦੇ ਨਾ ਜਾਈਆ । ਅਬਿਨਾਸ਼ੀ ਕਰਤਾ ਗਾਵੇ ਗਾਥ, ਏਕਾ ਕਰ ਪੜ੍ਹਾਈਆ । ਪਾਰਬ੍ਰਹਮ ਪ੍ਰਭ ਪੁੱਛੇ ਵਾਤ, ਵਰਨ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਬਣਾਈਆ । ਸਚ ਦੁਆਰਾ ਹਰਿ ਬਣਾਇਆ, ਆਪਣੀ ਸੇਵ ਕਮਾਈਆ । ਲੋਕਮਾਤ ਫੇਰਾ ਪਾਇਆ, ਤ੍ਰੈਭਵਨ ਧਨੀ ਵਡ ਵਡਿਆਈਆ । ਅਵਨ ਗਵਨ ਡੇਰਾ ਢਾਇਆ, ਕਰੇ ਖੇਲ ਇਕ ਰਘੁਰਾਈਆ । ਨਿਰਗੁਣ ਨੂਰ ਨੂਰ ਰੁਸ਼ਨਾਇਆ, ਸੂਰਜ ਚੰਦ ਨੈਣ ਸ਼ਰਮਾਈਆ । ਦਰ ਦਰਵਾਜਾ ਇਕ ਖੁਲ੍ਹਾਇਆ, ਦਰ ਦਰਵੇਸ਼ ਅਲਖ ਜਗਾਈਆ । ਵੇਸ ਅਵੇਸਾ ਆਪ ਵਟਾਇਆ, ਭੇਵ ਕੋਇ ਨਾ ਪਾਈਆ । ਨਰ ਨਰੇਸ਼ਾ ਨਾਉਂ ਧਰਾਇਆ, ਸਚਖੰਡ ਵਸਣਹਾਰਾ ਸਾਚਾ ਮਾਹੀਆ । ਸਾਚਾ ਤਖ਼ਤ ਇਕ ਵਡਿਆਇਆ, ਤਖ਼ਤ ਨਿਵਾਸੀ ਆਸਣ ਲਾਈਆ । ਹੁਕਮੀ ਹੁਕਮ ਇਕ ਸੁਣਾਇਆ, ਹਾਕਮ ਹੁਕਮੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਕਰਤਾਰਾ, ਭੇਵ ਕੋਇ ਨਾ ਪਾਇੰਦਾ । ਨੌਂ ਨੌਂ ਚਾਰ ਪਾਰ ਕਿਨਾਰਾ, ਲੇਖਾ ਲਿਖਤ ਨਾ ਕੋਇ ਸਮਝਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਧਾਰ ਚਲਾਇੰਦਾ । ਸਚਖੰਡ ਵਸੇ ਸਚ ਦੁਆਰਾ, ਸਚ ਸਿੰਘਾਸਣ ਇਕ ਵਡਿਆਇੰਦਾ । ਸਚ ਨਿਸ਼ਾਨਾ ਆਪੇ ਚਾੜ੍ਹਾ, ਏਕਾ ਘਰ ਵਡਿਆਇੰਦਾ । ਰਚਨ ਰਚੇ ਬਣ ਵਣਜਾਰਾ, ਭੂਪ ਭੂਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਇੰਦਾ । ਆਪਣੀ ਕਲ ਕਰੇ ਕਰਤਾ ਪੁਰਖ, ਕਾਦਰ ਕਰਤਾ ਬੇਪਰਵਾਹੀਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਦੁੱਖ ਨਾ ਕੋਇ ਜਣਾਈਆ । ਗੁਰ ਅਵਤਾਰ ਨਾ ਸਕਣ ਪਰਖ, ਬੈਠੇ ਸੀਸ ਝੁਕਾਈਆ । ਕਰ ਕਰਦਾ ਰਹਿੰਦਾ ਰਿਹਾ ਦੱਸ, ਨੂਰੀ ਨੂਰ ਨੂਰ ਰੁਸ਼ਨਾਈਆ । ਚਰਨ ਧੂੜ ਲਿਆ ਬਰਖ਼, ਅੰਮ੍ਰਿਤ ਮੇਘ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਦੇਵੇ ਖੋਲ੍ਹ, ਖੋਲ੍ਹਣਹਾਰ ਏਕੰਕਾਰ । ਸਚਖੰਡ ਦੁਆਰਾ ਆਪੇ ਬੋਲ, ਨਾਦ ਸ਼ਬਦ ਧੁਨਕਾਰ । ਥਿਰ ਘਰ ਕੁੰਡਾ ਆਪੇ ਖੋਲ੍ਹ, ਆਪ ਉਠਾਏ ਸੁਤ ਦੁਲਾਰਾ । ਆਪਣੇ ਮੰਦਰ ਆਪੇ ਮੌਲ, ਕਰੇ ਖੇਲ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਣੇ ਆਪ ਵਣਜਾਰਾ । ਆਪ ਵਣਜਾਰਾ ਆਪੇ ਸੁਤ, ਅਖ਼ੀਰ ਅਖ਼ੀਰ ਕਲ ਆਪ ਕਰਾਈਆ । ਐਥੇ ਅੰਤਮ ਹੋ ਪ੍ਰਗਟ, ਆਪਣਾ ਨੂਰ ਧਰਾਈਆ । ਆਪਣੇ ਨਾਦ ਮਾਰੇ ਸੱਟ, ਆਪਣਾ ਰਾਕ ਉਡਾਈਆ । ਨਿਆਰਾ ਸੁਤ ਰਹੇ , ਆਪੇ ਲਏ ਚਲਾਈਆ । ਆਪੇ ਸੋਏ ਆਪਣੀ ਖਾਟ, ਸਚ ਸਿੰਘਾਸਣ ਆਪ ਬਣਾਈਆ । ਆਪੇ ਨਿਰਗੁਣ ਜੋਤ ਲਾਟ, ਨੂਰ ਨੁਰਾਨਾ ਆਪ ਅਖਵਾਈਆ । ਆਪੇ ਹੋਏ ਪੁਰਖ ਸਮਰਥ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਜਾਣੇ ਆਪਣੀ ਗਾਥ, ਕੱਥ ਕੱਥ ਆਪਣਾ ਆਪ ਸੁਣਾਈਆ । ਆਪੇ ਚਲਾਏ ਆਪਣਾ ਰਾਥ, ਬਣ ਰਥਵਾਹੀ ਸੇਵ ਕਮਾਈਆ । ਆਪੇ ਵਸੇ ਆਪਣੇ ਸਾਥ, ਸਾਚਾ ਸੰਗ ਨਿਭਾਈਆ । ਆਪੇ ਪੜ੍ਹੇ ਆਪਣਾ ਪਾਠ, ਆਪੇ ਪੜ੍ਹ ਪੜ੍ਹ ਰਿਹਾ ਸੁਣਾਈਆ । ਆਪੇ ਜਾਣੇ ਆਪਣਾ ਘਾਟ, ਤੱਟ ਕਿਨਾਰਾ ਆਪ ਹੋ ਜਾਈਆ । ਆਪੇ ਜਾਣੇ ਆਪਣੀ ਵਾਟ, ਆਪੇ ਪਾਂਧੀ ਬਣ ਬਣ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਦਏ ਵਡਿਆਈਆ । ਸਚ


੨੮੦
੧੧

ਦੁਆਰੇ ਤੇਰੀ ਬਣਤ, ਹਰਿ ਸਤਿਗੁਰ ਆਪ ਬਣਾਇੰਦਾ । ਨੌਂ ਨੌਂ ਚਾਰ ਚੌਕੜੀ ਜੁਗ ਸਾਰੇ ਕਹਿ ਕਹਿ ਗਏ ਬੇਅੰਤ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਕੋਟਨ ਕੋਟ ਗਾ ਗਾ ਗਏ ਸੰਤ, ਨੇਤਰ ਨੈਣ ਧਿਆਨ ਲਗਾਇੰਦਾ । ਗੁਰ ਅਵਤਾਰ ਪੜ੍ਹ ਪੜ੍ਹ ਗਏ ਮੰਤ, ਮੰਤਰ ਅੰਤਰ ਇਕ ਸਮਝਾਇੰਦਾ । ਕੋਟਨ ਕੋਟ ਲੱਭ ਲੱਭ ਗਏ ਕੰਤ, ਹਰਿ ਕੰਤ ਨਾ ਕਿਸੇ ਪ੍ਰਨਾਇੰਦਾ । ਕੋਟਨ ਕੋਟ ਬੀਤੀ ਰੁੱਤ ਬਸੰਤ, ਪਤ ਡਾਲੀ ਨਾ ਕੋਇ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬਣਤ ਆਪ ਸਮਝਾਇੰਦਾ । ਆਪਣੀ ਬਣਤ ਬਣਾਈ ਆਦਿ, ਨਿਰਗੁਣ ਰੂਪ ਧਰਾਇਆ । ਆਪਣੇ ਅੰਤਰ ਇਕ ਸਵਾਦ, ਆਪਣਾ ਰਸ ਵਖਾਇਆ । ਆਪੇ ਖੇਲੇ ਖੇਲ ਤਮਾਸ਼, ਨਿਰਗੁਣ ਰੂਪ ਧਰਾਇਆ । ਆਪੇ ਵਸੇ ਆਪਣੇ ਪਾਸ, ਨਾਰੀ ਕੰਤ ਸੇਜ ਹਢਾਇਆ । ਆਪੇ ਦਾਈ ਦਾਇਆ ਬਣੇ ਪੁਰਖ ਅਬਿਨਾਸ਼, ਸਾਚੀ ਸੇਵਕ ਸੇਵ ਕਮਾਇਆ । ਆਪੇ ਬਾਲੀ ਬਾਲਾ ਪੂਰੀ ਕਰੇ ਆਸ, ਸੁਤ ਦੁਲਾਰਾ ਏਕਾ ਜਾਇਆ । ਆਪੇ ਨਿਰਗੁਣ ਨੂਰ ਕਰੇ ਪ੍ਰਕਾਸ਼, ਨੂਰ ਨੁਰਾਨਾ ਡਗਮਗਾਇਆ । ਆਪੇ ਸਚਖੰਡ ਦਏ ਧਰਵਾਸ, ਛੱਪਰ ਛੰਨ ਨਾ ਕੋਇ ਸੁਹਾਇਆ । ਆਪੇ ਚਰਨ ਕਵਲ ਹੋਏ ਦਾਸ, ਦਾਸੀ ਬਣ ਬਣ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਦਿ ਦਏ ਸਮਝਾਇਆ । ਆਪਣਾ ਆਦਿ ਦੇਵੇ ਦੱਸ, ਹਰਿ ਵੱਡਾ ਵਡ ਵਡਿਆਈਆ । ਸਚਖੰਡ ਦੁਆਰੇ ਗਿਆ ਵਸ, ਚਾਰ ਦੀਵਾਰ ਨਾ ਕੋਇ ਰਖਾਈਆ । ਆਪਣੀ ਕਰੇ ਪੂਰੀ ਆਸ, ਆਪ ਆਪਣਾ ਬੰਧਨ ਪਾਈਆ । ਆਪੇ ਬਹਿ ਬਹਿ ਪਾਵੇ ਰਾਸ, ਮੰਡਲ ਮੰਡਪ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਪਣਾ ਖੇਲ ਹਰਿ ਜੂ ਕਰ, ਹਰਿ ਜੂ ਵੇਸ ਵਟਾਇਆ । ਆਪਣਾ ਨੂਰ ਆਪੇ ਧਰ, ਆਪੇ ਵੇਖ ਵਖਾਇਆ । ਆਪਣਾ ਕੰਤ ਆਪੇ ਵਰ, ਆਪੇ ਸੇਜ ਹੰਢਾਇਆ । ਆਪੇ ਜਨਣੀ ਆਪੇ ਜਨ, ਜਨ ਜਨੇਂਦੀ ਹੋਏ ਮਾਇਆ । ਸੁਤ ਦੁਲਾਰਾ ਆਪੇ ਬਣ, ਗੋਦੀ ਗੋਦ ਸੁਹਾਇਆ । ਆਪੇ ਰਾਗ ਸੁਣਾਏ ਕੰਨ, ਨਾਦੀ ਨਾਦ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਦਿ ਦਏ ਸਮਝਾਇਆ । ਆਦਿ ਆਪਣੀ ਬਣਤ ਬਣਾਏ, ਹਰਿ ਸਾਚਾ ਬਣਤ ਬਣਾਇੰਦਾ । ਆਪਣੀ ਇਛਿਆ ਲਏ ਪ੍ਰਗਟਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਆਪਣੀ ਸਿਖਿਆ ਆਪ ਸਿਖਾ, ਗੁਰ ਚੇਲਾ ਰੂਪ ਧਰਾਇੰਦਾ । ਆਪਣਾ ਰੂਪ ਮਿਥਿਆ ਆਪ ਬਣਾ, ਦਿਸ ਕਿਸੇ ਨਾ ਆਇੰਦਾ । ਆਪਣਾ ਲਿਖਿਆ ਆਪ ਪੜ੍ਹਾ, ਆਪੇ ਲਿਖ ਲਿਖ ਲੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣੀ ਰਚਨ ਰਚਾਇੰਦਾ । ਆਦਿ ਪੁਰਖ ਖੇਲ ਅਪਾਰਾ, ਆਦਿ ਆਦਿ ਕਰਾਈਆ । ਆਪਣਾ ਨਾਉਂ ਰੱਖ ਅਪਾਰਾ, ਸੋ ਪੁਰਖ ਨਿਰੰਜਣ ਵੇਸ ਵਟਾਈਆ । ਹਰਿ ਪੁਰਖ ਨਿਰੰਜਣ ਸਾਚੀ ਧਾਰਾ, ਧਾਰ ਧਾਰ ਵਿਚੋਂ ਕਢਾਈਆ । ਏਕੰਕਾਰਾ ਦਏ ਸਹਾਰਾ, ਆਪਣਾ ਬਲ ਵਖਾਈਆ । ਆਦਿ ਨਿਰੰਜਣ ਕਰ ਵਿਚਾਰਾ, ਨੂਰ ਨੁਰਾਨਾ ਡਗਮਗਾਈਆ । ਸ੍ਰੀ ਭਗਵਾਨ ਸਚ ਨਿਸ਼ਾਨਾ, ਸੁਤ ਦੁਲਾਰੇ ਆਪ ਉਠਾਈਆ । ਅਬਿਨਾਸ਼ੀ ਕਰਤਾ ਹੋ ਮਿਹਰਬਾਨਾ, ਆਪਣੀ ਮਿਹਰ ਕਮਾਈਆ । ਪਾਰਬ੍ਰਹਮ ਪ੍ਰਭ ਹੋ ਪ੍ਰਧਾਨਾ, ਘਰ ਸਾਚੇ ਸੋਭਾ ਪਾਈਆ । ਕਰੇ ਖੇਲ ਇਕ ਮਹਾਨਾ, ਆਪਣੀ ਇਛਿਆ ਪੂਰ ਕਰਾਈਆ । ਆਪਣਾ ਬੰਨੇ ਆਪੇ ਗਾਨਾ, ਆਪੇ ਸਗਨ ਮਨਾਈਆ । ਆਪੇ ਬਣੇ ਰਈਅਤ ਰਾਜ ਰਾਜਾਨਾ, ਸ਼ਾਹ ਸੁਲਤਾਨ ਆਪ ਹੋ ਜਾਈਆ । ਆਪੇ ਘੜਤ ਘੜੇ ਸੁਘੜ ਸੁਜਾਨਾ, ਬੇਅੰਤ ਵਡੀ ਵਡਿਆਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਆਪਣਾ ਘਾੜਤ ਆਪੇ ਘੜ, ਹਰਿ ਜੂ ਖੇਲ ਕਰਾਇਆ । ਆਪਣੇ ਮੰਦਰ ਆਪੇ ਵੜ, ਆਪਣਾ ਧਾਮ ਸੁਹਾਇਆ । ਆਪੇ ਨਾਰੀ ਆਪੇ ਵਰ, ਆਪੇ ਕੰਤ ਮਨਾਇਆ । ਆਪਣਾ ਪਿਆਰ ਅੱਗੇ ਧਰ, ਆਪੇ ਰੰਗ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਦਏ ਸਮਝਾਇਆ । ਆਦਿ ਪੁਰਖ ਖੇਲ ਅਵੱਲਾ, ਹਰਿ ਜੂ ਆਪ ਕਰਾਇਆ । ਸਚਖੰਡ ਵਸੇ ਸਚ ਮਹੱਲਾ, ਸਚ ਸਿੰਘਾਸਣ ਸੋਭਾ ਪਾਇਆ । ਜੋਤੀ ਨੂਰ ਆਪੇ ਰਲਾ, ਦੀਪਕ ਦੀਪਕ ਡਗਮਗਾਇਆ । ਆਪਣਾ ਫੜਿਆ ਆਪੇ ਪੱਲਾ, ਆਪਣਾ ਸੰਗ ਨਿਭਾਇਆ । ਆਪਣਾ ਕੀਤਾ ਇਕੋ ਹੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਆਦਿ ਰਿਹਾ ਵਖਾਇਆ । ਆਦਿ ਪੁਰਖ ਹੋ ਤਿਆਰ, ਆਪਣਾ ਭੇਵ ਜਣਾਈਆ । ਸ਼ਾਹੋ ਭੂਪ ਬਣ ਸਿਕਦਾਰ, ਘਰ ਸਾਚੇ ਖ਼ੁਸ਼ੀ ਮਨਾਈਆ । ਸੋ ਪੁਰਖ ਨਿਰੰਜਣ ਕਰੇ ਵਿਚਾਰ, ਹਰਿ ਪੁਰਖ ਨਿਰੰਜਣ ਦਏ ਸਲਾਹੀਆ । ਏਕੰਕਾਰ ਬਣਾਏ ਸੱਚੀ ਸਰਕਾਰ, ਆਦਿ ਨਿਰੰਜਣ ਨਾਲ ਮਿਲਾਈਆ । ਅਬਿਨਾਸ਼ੀ ਕਰਤਾ ਬਣੇ ਚੋਬਦਾਰ, ਸ੍ਰੀ ਭਗਵਾਨ ਨਿਸ਼ਾਨ ਝੁਲਾਈਆ । ਪਾਰਬ੍ਰਹਮ ਨਿਉਂ ਨਿਉਂ ਕਰੇ ਨਿਮਸਕਾਰ, ਆਪਣੇ ਅੱਗੇ ਆਇਆ ਰਿਹਾ ਝੁਕਾਈਆ । ਸਾਚਾ ਕਰੇ ਇਕ ਵਿਹਾਰ, ਸਚਖੰਡ ਵੱਜੇ ਵਧਾਈਆ । ਆਪੇ ਰਾਓ ਰੰਕ ਰਈਅਤ ਬਣ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪੇ ਰਾਓ ਰੰਕ ਬਣ ਰਾਜਾ, ਹਰਿ ਸਾਚਾ ਖੇਲ ਕਰਾਇੰਦਾ । ਆਪੇ ਹੋ ਗ਼ਰੀਬ ਨਿਵਾਜਾ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪਣਾ ਸਾਜਨ ਆਪੇ ਸਾਜਾ, ਸਾਜ ਸਾਜ ਵੇਖ ਵਖਾਇੰਦਾ । ਆਪਣੀ ਘਾੜਤ ਬਣਾਏ ਸਾਚਾ ਤਾਜਾ, ਸਚ ਸਨਿਆਰ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਕਮਾਇੰਦਾ । ਸਾਚਾ ਤਾਜ ਕਰ ਤਿਆਰ, ਹਰਿ ਸਾਚਾ ਖ਼ੁਸ਼ੀ ਮਨਾਇੰਦਾ । ਆਪਣੀ ਪੈਜ ਆਪ ਸਵਾਰ, ਆਪੇ ਵੇਖ ਵਖਾਇੰਦਾ । ਆਪਣਾ ਬਲ ਆਪੇ ਧਾਰ, ਮਹਾਂਬਲੀ ਆਪ ਹੋ ਜਾਇੰਦਾ । ਆਪਣਾ ਵਲ ਛਲ ਕਰ ਕਰਤਾਰ, ਅਛਲ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਸਾਚਾ ਰਾਹ ਆਪੇ ਲਾ, ਹਰਿ ਰਹਿਮਤ ਆਪ ਕਮਾਈਆ । ਮੁਕਾਮੇ ਹੱਕ ਇਕ ਖ਼ੁਦਾ, ਨੂਰ ਨੁਰਾਨਾ ਡਗਮਗਾਈਆ । ਏਕਾ ਨਾਦ ਇਕ ਸਦਾ ਏਕਾ ਨਾਅਰਾ ਰਿਹਾ ਲਾ, ਏਕਾ ਹੁਜਰਾ ਸਚ ਬਣਾ, ਮੁਕਾਮੇ ਹੱਕ ਨਾਉਂ ਧਰਾਈਆ । ਏਕਾ ਮਹਿਬੂਬ ਹੋਏ ਮਿਹਰਵਾਨ, ਮਹਿਬਾਨ ਵਡੀ ਵਡਿਆਈਆ । ਏਕਾ ਬੀਵੀ ਏਕਾ ਖਾਵੰਦ ਏਕਾ ਵਸੇ ਥਾਂ, ਦਰਗਹਿ ਸਾਚੀ ਮੁਕਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਸਾਚਾ ਸੋਹਿਆ ਜਗਤ, ਸੋ ਪੁਰਖ ਨਿਰੰਜਣ ਆਪ ਸੁਹਾਇਆ । ਏਕਾ ਬਣਾਈ ਆਪਣੀ ਬਣਤ, ਆਪੇ ਸੇਵ ਕਮਾਇਆ । ਆਪੇ ਆਦਿ ਆਪੇ ਅੰਤ, ਆਪੇ ਹਰਿ ਜੂ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਚੜ੍ਹ ਆਪਣਾ ਨਾਦ ਢੋਲ ਮਰਦੰਗ, ਸੂਰੇ ਸਰਬੰਗ ਆਪ ਵਜਾਇਆ । ਵੱਜਾ ਢੋਲ ਇਕ ਮਰਦੰਗ ਨਗਾਰਾ, ਦਰ ਸਾਚੇ ਹੋਈ ਸ਼ਨਵਾਈਆ । ਦਰਗਹਿ ਸਾਚੀ ਧਾਮ ਸੁਹਾ, ਪਰਵਰਦਿਗਾਰ ਆਪ ਸੁਹਾਈਆ । ਏਕਾ ਹੱਕ ਲਾਏ ਨਾਅਰਾ, ਆਪਣਾ ਹੱਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪ ਖੁਲ੍ਹਾਈਆ । ਭੇਵ ਖੋਲ੍ਹ ਸ੍ਰੀ ਭਗਵਾਨ, ਆਪਣਾ ਆਪ ਜਣਾਇੰਦਾ । ਸੀਸ

ਰੱਖ ਤਾਜ ਮਹਾਨ, ਪੰਚਮ ਮੁਖ ਸੁਹਾਇੰਦਾ । ਸਤਿ ਸਤਿਵਾਦੀ ਸਚ ਨਿਸ਼ਾਨ, ਪਾਰਬ੍ਰਹਮ ਝੁਲਾਇੰਦਾ । ਤਖ਼ਤ ਨਿਵਾਸੀ ਹੁਕਮਰਾਨ, ਸ਼ਾਹ ਪਾਤਸ਼ਾਹ ਖੇਲ ਕਰਾਇੰਦਾ । ਆਪੇ ਜਾਣੇ ਖਾਨਾ ਦੀਵਾਨ, ਬਣ ਸੇਵਕ ਸੇਵ ਕਮਾਇੰਦਾ । ਆਪੇ ਦੇਵਣਹਾਰ ਪਰਵਾਨ, ਸਚ ਪਰਵਾਨਾ ਆਪ ਫੜਾਇੰਦਾ । ਆਪੇ ਹੋਇਆ ਜਾਣੀ ਜਾਣ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪੇ ਵਸੇ ਮੰਦਰ ਮਕਾਨ ਆਪੇ ਛੱਪਰ ਛੰਨ ਸੁਹਾਇੰਦਾ । ਆਪੇ ਜੋਤੀ ਨੂਰ ਮਹਾਨ, ਨਿਰਗੁਣ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਰਾਜਾ ਆਪੇ ਪਰਜਾ, ਆਪਣਾ ਹੁਕਮ ਆਪ ਵਰਤਾਇੰਦਾ । ਆਪੇ ਰਾਜਾ ਆਪੇ ਪਰਜਾ, ਸਚਖੰਡ ਖ਼ੁਸ਼ੀ ਮਨਾਈਆ । ਆਪਣਾ ਸਾਜਣ ਆਪੇ ਸਾਜਾ, ਅਨਡਿਠੜੀ ਘੜਤ ਘੜਾਈਆ । ਆਪੇ ਦਰ ਦਰਵੇਸ਼ ਬਹਿ ਬਹਿ ਮਾਰੇ ਵਾਜਾਂ, ਆਪਣਾ ਹੁਕਮ ਸੁਣਾਈਆ । ਆਪੇ ਅੰਦਰ ਬਾਹਰ ਫਿਰੇ ਭਾਜਾ, ਆਲਸ ਨਿੰਦਰਾ ਨਾ ਕੋਇ ਰਖਾਈਆ । ਆਪੇ ਰਚਿਆ ਆਪਣਾ ਕਾਜਾ, ਆਪੇ ਬੈਠਾ ਸਗਨ ਮਨਾਈਆ । ਆਪੇ ਰੱਖੇ ਆਪਣੀ ਲਾਜਾ, ਲਾਜਾਵੰਤ ਆਪ ਹੋ ਜਾਈਆ । ਆਪੇ ਨਾਰੀ ਕੰਤ ਬਣ ਬਣ ਨਿਰਗੁਣ ਸਰਗੁਣ ਪਾਈ ਸਾਂਝਾ, ਨਾ ਕੋਈ ਤੋੜੇ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਬੇਪਰਵਾਹੀਆ । ਨਾਰੀ ਕੰਤ ਪਾ ਪਾ ਸਾਂਝਾ, ਨੰਦੀ ਨੰਦ ਨਾ ਕੋਇ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਣਿਆ ਸਾਂਝਾ, ਆਪਣਾ ਰੂਪ ਨਾ ਕੋਇ ਜਣਾਇੰਦਾ । ਇਕੋ ਨਾਦ ਅਗੰਮੀ ਵਾਜਾ, ਏਕਾ ਏਕ ਸੁਣਾਇੰਦਾ । ਏਕਾ ਤਾਰ ਇਕ ਰਬਾਬਾ, ਬਿਨ ਰਹਿਬਾਬ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਆਦਿ ਭੇਵ ਅਵੱਲੜਾ, ਹਰਿ ਜੂ ਰਿਹਾ ਜਣਾ । ਆਪੇ ਉਪਜਿਆ ਇਕ ਇਕੱਲੜਾ, ਮਾਤ ਪਿਤਾ ਨਾ ਕੋਈ ਭੈਣ ਭਰਾ । ਨਾ ਕਿਸੇ ਦਾ ਫੜਦਾ ਪਲੜਾ, ਨਾ ਨਾਰੀ ਕੰਤ ਲਿਆ ਪਰਨਾ । ਜੋਤੀ ਜੋਤ ਆਪੇ ਰਲੜਾ, ਨਿਰਗੁਣ ਨਿਰਗੁਣ ਵਿਚ ਸਮਾ । ਸਚ ਸਿੰਘਾਸਣ ਇਕੋ ਮਲੜਾ, ਸਚਖੰਡ ਬੈਠਾ ਡੇਰਾ ਲਾ । ਜੋਤੀ ਨੂਰ ਅਗੰਮ ਅਗੰਮੜਾ, ਅਲੱਖ ਨਿਰੰਜਣ ਬੇਪਰਵਾਹ । ਨਾ ਕੋਈ ਅੰਮੀ ਨਾ ਕੋਈ ਅਮੜਾ, ਨਾ ਕੋਈ ਸੱਜਣ ਸੱਚਾ ਸਾਕ ਰਿਹਾ ਬਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾ । ਆਪਣਾ ਖੇਲ ਰਚ ਨਿਰੰਕਾਰ, ਆਪਣੀ ਦਇਆ ਕਮਾਈਆ । ਨਿਰਗੁਣ ਕਰੇ ਸਚ ਵਿਹਾਰ, ਸਾਖਿਆਤ ਰੂਪ ਵਟਾਈਆ । ਆਪਣੀ ਭਿਛਿਆ ਭਰ ਭੰਡਾਰ, ਭਿਛਿਆ ਦਏ ਵਰਤਾਈਆ । ਲੇਖਾ ਜਾਣ ਪੁਰਖ ਨਾਰ, ਨਰ ਨਰਾਇਣ ਖ਼ੁਸ਼ੀ ਮਨਾਈਆ । ਏਕਾ ਉਪਜਿਆ ਸੁਤ ਦੁਲਾਰ, ਸ਼ਬਦੀ ਨਾਉਂ ਧਰਾਈਆ । ਥਿਰ ਘਰ ਸਾਚਾ ਕਰ ਤਿਆਰ, ਚਰਨਾਂ ਹੇਠਾਂ ਦਿਤਾ ਦਬਾਈਆ । ਪੂਤ ਸਪੂਤਾ ਅੰਦਰ ਵਾੜ, ਏਕਾ ਹੁਕਮ ਸੁਣਾਈਆ । ਆਦਿ ਜੁਗਾਦਿ ਕਰੀ ਨਿਮਸਕਾਰ, ਚਰਨ ਧਿਆਨ ਲਗਾਈਆ । ਮੇਰਾ ਨਾਉਂ ਇਕ ਨਿਰੰਕਾਰ, ਏਕਾ ਘਰ ਲੈਣਾ ਗਾਈਆ । ਆਦਿ ਜੁਗਾਦਿ ਰਵ੍ਹਾਂ ਨਿਆਰ, ਨਿਰਾਕਾਰ ਰੂਪ ਸਮਾਈਆ । ਤੇਰਾ ਦੱਸਾਂ ਇਕ ਵਿਹਾਰ, ਆਪਣੀ ਸੇਵਾ ਦਿਆਂ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਦਿਤਾ ਵਰ, ਸਾਚੀ ਵਸਤ ਝੋਲੀ ਪਾਈਆ । ਸੁਣ ਛੋਟੇ ਸੁਤ ਬਾਲ, ਸ਼ਬਦੀ ਹਰਿ ਸੁਣਾਇਆ । ਤੇਰੀ ਕਰਾਂ ਸਦਾ ਪ੍ਰਿਤਪਾਲ, ਸਿਰ ਤੇਰੇ ਹੱਥ ਰਖਾਇਆ । ਤੇਰੇ ਵਸਾਂ ਨਾਲ ਨਾਲ, ਵਿਛੜ ਕਦੇ ਨਾ ਜਾਇਆ । ਤੇਰਾ ਆਪੇ ਪੁਛਾਂ ਹਾਲ, ਘਰ ਤੇਰੇ ਫੇਰੀ ਪਾਇਆ । ਏਕਾ ਦੇਵਾਂ ਸੱਚਾ ਮਾਲ, ਧੰਨ ਆਪਣਾ ਮਾਲ ਲੁਟਾਇਆ ।


੨੮੩
੧੧

ਤੂੰ ਹੋਵੇਂ ਨਾ ਕਦੇ ਕੰਗਾਲ, ਸ਼ਾਹ ਪਾਤਸ਼ਾਹ ਤੇਰਾ ਇਕ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇਆ । ਸੁਤ ਦੁਲਾਰੇ ਉਠ ਬਲ ਧਾਰ, ਹਰਿ ਸਾਚਾ ਸਚ ਜਣਾਈਆ । ਥਿਰ ਘਰ ਵੇਖ ਤੇਰੀ ਗੁਲਜ਼ਾਰ, ਪੁਰਖ ਅਬਿਨਾਸ਼ੀ ਰਿਹਾ ਲਗਾਈਆ । ਹੁਕਮੀ ਹੁਕਮ ਕਰ ਵਰਤਾਰ, ਧੁਰ ਫ਼ਰਮਾਣਾ ਰਿਹਾ ਸੁਣਾਈਆ । ਕਰਤਾ ਪੁਰਖ ਲਗਾਏ ਸਾਚੀ ਕਾਰ, ਕਰਨੀ ਕਰਤਾ ਇਕ ਸਮਝਾਈਆ । ਤੇਰੇ ਅੰਦਰ ਮੇਰਾ ਵਿਹਾਰ, ਦਿਸ ਕਿਸੇ ਨਾ ਆਈਆ । ਤੂੰ ਬਣ ਮੰਗ ਕੇ ਦਰ ਭਿਖਾਰ, ਦੇਵਾਂ ਤੇਰੀ ਝੋਲੀ ਭਰਾਈਆ । ਤੇਰੀ ਖਿੜੇ ਇਕ ਗੁਲਜ਼ਾਰ, ਗੁਲਸ਼ਨ ਦੇਵਾਂ ਆਪ ਮਹਿਕਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਆਪਣਾ ਪਰਦਾ ਰਿਹਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪ ਖੁਲ੍ਹਾਈਆ । ਛੋਟਾ ਬਾਲਾ ਉਠਿਆ ਨਾਦਾਨ, ਹਰਿ ਚਰਨ ਸੀਸ ਲਗਾਇਆ । ਪੁਰਖ ਅਬਿਨਾਸ਼ੀ ਏਕਾ ਵਾਰ ਵਖਾਏ ਆਪਣਾ ਮਕਾਨ, ਜਿਸ ਘਰ ਬੈਠਾ ਡੇਰਾ ਲਾਇਆ । ਤੂੰ ਸ਼ਹਿਨਸ਼ਾਹ ਪਾਤਸ਼ਾਹ ਰਾਜ ਰਾਜਾਨ, ਤਖ਼ਤ ਨਿਵਾਸੀ ਬੇਪਰਵਾਹਿਆ । ਤੇਰਾ ਝੁੱਲੇ ਇਕ ਨਿਸ਼ਾਨ, ਦਰ ਸਾਚੇ ਰਿਹਾ ਉਠਾਇਆ । ਤੇਰੇ ਸੀਸ ਤਾਜ ਮਹਾਨ, ਮੈਂ ਨੇਤਰ ਨੈਣ ਨੈਣ ਲਗਾਇਆ । ਤੂੰ ਸਦਾ ਸਦਾ ਮਿਹਰਵਾਨ, ਬੇਅੰਤ ਤੇਰੀ ਵਡਿਆਇਆ । ਮੈਂ ਮੰਗਾਂ ਫੇਰ ਦਾਨ, ਪਹਿਲੋਂ ਦਰਸ਼ਨ ਤੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਰਿਹਾ ਉਠਾਇਆ । ਆਪਣਾ ਪਰਦਾ ਦਿਤਾ ਲਾਹ, ਹਰਿ ਨੂਰ ਨੂਰ ਰੁਸ਼ਨਾਈਆ । ਸਚਖੰਡ ਦੁਆਰਾ ਰਿਹਾ ਵਸਾ, ਨਿਰਾਕਾਰ ਨਿਰਵੈਰ ਸੱਚਾ ਸ਼ਹਿਨਸ਼ਾਹੀਆ । ਇਕ ਇਕੱਲਾ ਰਿਹਾ ਡਗਮਗਾ, ਦੂਜਾ ਸੰਗ ਨਾ ਕੋਇ ਰਖਾਈਆ । ਸੁਤ ਦੁਲਾਰੇ ਚੜ੍ਹਿਆ ਚਾਅ, ਹਰਿ ਸਾਚੇ ਦਰਸ਼ਨ ਪਾਈਆ । ਤੂੰ ਹੀ ਮਾਤਾ ਤੂੰ ਹੀ ਪਿਤਾ ਕਹਾ, ਸੁਣਾਵਾਂ ਤੇਰਾ ਬਾਲ ਸਖਾਈਆ । ਸਚ ਮੰਗਾਂ ਤੇਰੀ ਪਨਾਹ, ਚਰਨ ਕਵਲ ਸ਼ਰਨਾਈਆ । ਸਿਰ ਦੇਣਾ ਹੱਥ ਟਿਕਾ, ਇਕੋ ਓਟ ਤਕਾਈਆ । ਮੈਂ ਤੇਰਾ ਤੂੰ ਮੇਰਾ ਏਕਾ ਢੋਲਾ ਲਿਆ ਗਾ, ਘਰ ਸਾਚੇ ਵੱਜੇ ਵਧਾਈਆ । ਪਰਦਾ ਓਹਲਾ ਦਏ ਚੁਕਾ, ਏਕਾ ਨੂਰ ਕਰ ਰੁਸ਼ਨਾਈਆ । ਬਰਦਾ ਗੁਰੂ ਲਏ ਮਨਾ, ਦਰ ਤੇਰੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸ਼ਬਦੀ ਆਪ ਜਣਾਈਆ । ਸ਼ਬਦ ਸੁਤ ਮੇਰਾ ਵੇਖ ਦੁਆਰਾ, ਹਰਿ ਜੂ ਆਖ ਸੁਣਾਇੰਦਾ । ਪਹਿਲੇ ਅੰਦਰ ਮੇਰਾ ਨਿਮਾਂ ਨਿਮਾਂ ਝਿਲਕਾਰਾ, ਆਪਣਾ ਰੰਗ ਵਖਾਇੰਦਾ । ਸਚਖੰਡ ਦਾ ਬੈਠ ਕਿਨਾਰਾ, ਉਪਰ ਆਪਣਾ ਚਰਨ ਟਿਕਾਇੰਦਾ । ਦੂਜਾ ਮੇਰਾ ਸਚ ਵਿਹਾਰਾ, ਜਿਸ ਨੇਤਰ ਨੂਰ ਵਖਾਇੰਦਾ । ਤੀਜਾ ਮੇਰਾ ਉਚ ਮਨਾਰਾ, ਕਲਗੀ ਤੋੜਾ ਸੀਸ ਟਿਕਾਇੰਦਾ । ਸਚਖੰਡ ਦਾ ਇਕ ਕਿਨਾਰਾ, ਚਾਰ ਕੁੰਟ ਨਾ ਕੋਇ ਬਣਾਇੰਦਾ । ਵੰਡੇ ਵੰਡ ਅਗੰਮ ਅਪਾਰਾ, ਹੱਦ ਕਿਨਾਰਾ ਨਾ ਕੋਇ ਜਣਾਇੰਦਾ । ਏਕਾ ਏਕ ਨਿਰਗੁਣ ਧਾਰਾ, ਤ੍ਰੈ ਤ੍ਰੈ ਖੇਲ ਕਰਾਇੰਦਾ । ਪਹਿਲਾ ਧਾਮ ਜੋਤੀ ਨੂਰ ਹੋਏ ਉਜਿਆਰਾ, ਦੂਜੀ ਲਾਟ ਲਾਟ ਮਿਲਾਇੰਦਾ । ਆਪਣੀ ਨੋਕ ਉਤੇ ਅਪਰ ਅਪਾਰਾ, ਭੇਵ ਕੋਇ ਨਾ ਪਾਇੰਦਾ । ਉਲਟੀ ਕਰੇ ਆਪੇ ਕਾਰਾ, ਚੌਥਾ ਘਰ ਥਿਰ ਘਰ ਬਣਾਇੰਦਾ । ਥਿਰ ਘਰ ਰੱਖੇ ਚਰਨ ਅਪਾਰਾ, ਆਪਣੀ ਦਇਆ ਕਮਾਇੰਦਾ । ਆਪੇ ਬਣ ਬਣ ਨਿਰੰਕਾਰਾ, ਦਾਈ ਦਾਇਆ ਸੇਵ ਕਮਾਇੰਦਾ । ਛੋਟਾ ਬਾਲਾ ਕਰ ਤਿਆਰਾ, ਘਰ ਸਾਚੇ ਆਪ ਬਹਾਇੰਦਾ । ਇਕੋ ਇਕ ਕਰੇ ਪਿਆਰਾ, ਪਰਮ ਪੁਰਖ ਪ੍ਰੀਤ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ



੨੮੪
੧੧

ਮਨਾਰਾ ਆਪ ਵਖਾਇੰਦਾ । ਸੁਤ ਦੁਲਾਰਾ ਵੇਖ ਮਨਾਰਾ, ਨਿਉਂ ਨਿਉਂ ਸੀਸ ਝੁਕਾਈਆ । ਇਕ ਮੰਦਰ ਤ੍ਰੈ ਤ੍ਰੈ ਧਾਰਾ, ਭੇਵ ਕੋਇ ਨਾ ਪਾਈਆ । ਮੈਂ ਜਾਣਾ ਤੇਰਾ ਇਕ ਚੁਬਾਰਾ, ਦੂਜੀ ਛੱਤ ਨਾ ਕੋਇ ਬਣਾਈਆ । ਤੂੰ ਕਹੇਂ ਮੈਂ ਬੇਅੰਤ ਮੇਰਾ ਅੰਤ ਨਾ ਪਾਰਾਵਾਰਾ, ਬੇਅੰਤ ਮੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਿਤਾ ਸਮਝਾਈਆ । ਸੁਣ ਸੁਤ ਮੇਰੇ ਛੋਟੇ ਲਾਲ, ਹਰਿ ਨਰਾਇਣ ਆਪ ਜਣਾਇੰਦਾ । ਸਚਖੰਡ ਮੇਰੀ ਧਰਮਸਾਲ, ਉਪਰ ਆਪਣਾ ਆਸਣ ਡਾਹਿੰਦਾ । ਤੀਜੇ ਬਹੇ ਆਪ ਨਿਰੰਕਾਰ, ਨੂਰ ਨੁਰਾਨਾ ਡਗਮਗਾਇੰਦਾ । ਚੌਥੇ ਚਰਨ ਕਵਲ ਸਹਾਰ, ਥਿਰ ਘਰ ਬਣਾਇੰਦਾ । ਇਕੋ ਹਰਿ ਖੇਲ ਅਪਾਰ, ਭੇਵ ਕੋਇ ਨਾ ਪਾਇੰਦਾ । ਇਕੋ ਜੋਤ ਨੂਰੀ ਧਾਰ, ਹਰਿ ਵੰਡੀ ਵੰਡ ਵੰਡਾਇੰਦਾ । ਏਕਾ ਮੰਦਰ ਇਕ ਦੀਵਾਰ, ਏਕਾ ਏਕ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸਮਝਾਇੰਦਾ । ਸਾਚੇ ਸੁਤ ਲੈਣਾ ਪੇਖ, ਹਰਿ ਸੱਜਣ ਰਸ ਜਣਾਈਆ । ਮੇਰਾ ਨਾ ਕੋਈ ਰੂਪ ਨਾ ਕੋਈ ਰੇਖ, ਤੱਤਵ ਤੱਤ ਨਾ ਕੋਇ ਰਖਾਈਆ । ਨਾ ਰਾਜਾ ਨਾ ਬਣਾਂ ਦਰਵੇਸ਼, ਆਪਣੀ ਖੇਲ ਆਪ ਵਖਾਈਆ । ਆਦਿ ਜੁਗਾਦਿ ਅਵੱਲੜਾ ਭੇਸ, ਬਣ ਭੇਖੀ ਭੇਖ ਬਣਾਈਆ । ਇਕ ਦੁਵਾਰ ਇਕ ਆਦੇਸ਼, ਏਕਾ ਨਾਉਂ ਸੁਣਾਈਆ । ਸਦਾ ਸਦਾ ਸਦ ਰਹਾਂ ਹਮੇਸ਼, ਨਾ ਮਰਾਂ ਨਾ ਜਾਈਆ । ਮੇਰੇ ਅੱਗੇ ਚਲੇ ਨਾ ਕਿਸੇ ਦੀ ਪੇਸ਼, ਆਪਣਾ ਬਲ ਆਪ ਰਖਾਈਆ । ਪਹਿਲੋਂ ਰਚੀ ਤੇਰੀ ਖੇਡ, ਸੁਤ ਸ਼ਬਦ ਦਿਆਂ ਵਡ ਵਡਿਆਈਆ । ਆਪਣੇ ਵਾਂਗ ਲੈ ਲਪੇਟ, ਕਰ ਪਿਆਰ ਗੋਦ ਬਹਾਈਆ । ਤੂੰ ਮੇਰੇ ਅੰਗਣ ਜਾਣਾ ਲੇਟ, ਮੈਂ ਤੇਰਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆ ਵੇਖ ਮੇਰਾ ਉਚ ਮਹੱਲਾ, ਹਰਿ ਜੂ ਆਖ ਸੁਣਾਇਆ । ਜਿਥੇ ਬੈਠਾ ਇਕ ਇਕੱਲਾ, ਆਪਣਾ ਆਸਣ ਲਾਇਆ । ਸਚ ਸਿੰਘਾਸਣ ਸਾਹਿਬ ਮੱਲਾ, ਦਿਸ ਕਿਸੇ ਨਾ ਆਇਆ । ਤੈਨੂੰ ਫੜਾਇਆ ਆਪਣਾ ਪੱਲਾ, ਪੱਲੂ ਗੰਢ ਪੁਆਇਆ । ਜੋਤੀ ਸ਼ਬਦੀ ਆਪੇ ਰਲਾ, ਧਾਰ ਵਿਚੋਂ ਪ੍ਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਵਖਾਇਆ । ਵੇਖ ਮੰਦਰ ਚੜ੍ਹਿਆ ਚਾਅ, ਥਿਰ ਘਰ ਖ਼ੁਸ਼ੀ ਮਨਾਈਆ । ਤੂੰ ਦਾਤਾ ਦਾਨੀ ਬੇਪਰਵਾਹ, ਪ੍ਰਭ ਤੇਰੀ ਵਡ ਵਡਿਆਈਆ । ਧੰਨ ਭਾਗ ਤੂੰ ਮੈਨੂੰ ਲਿਆ ਪ੍ਰਗਟਾ, ਦਿਤੀ ਮਾਣ ਵਡਿਆਈਆ । ਆਪਣਿਆਂ ਚਰਨਾਂ ਹੇਠਾਂ ਲਿਆ ਟਿਕਾ, ਆਪਣੀ ਏਕਾ ਗੰਢ ਪੁਆਈਆ । ਆਪਣਾ ਕੋਟ ਕਿਲਾ ਦਿਤਾ ਵਖਾ, ਸਚਖੰਡ ਹੋਏ ਰੁਸ਼ਨਾਈਆ । ਮੈਂ ਤਿੰਨੇ ਰੰਗ ਵੇਖੇ ਆ, ਏਕਾ ਘਰ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਂ ਤੇਰੀ ਓਟ ਤਕਾਈਆ । ਮੇਰੀ ਰੱਖਣੀ ਇਕੋ ਆਸ, ਹਰਿ ਜੂ ਆਖ ਸੁਣਾਇਆ । ਸੁਤ ਸ਼ਬਦ ਤੇਰਾ ਸਾਚਾ ਦਾਸ, ਹਰਿ ਸੇਵਕ ਇਕ ਬਣਾਇਆ । ਆਪਣਾ ਹੁਕਮ ਦੱਸਾਂ ਖ਼ਾਸ, ਭੁੱਲ ਕਦੇ ਨਾ ਜਾਇਆ । ਥਿਰ ਘਰ ਤੇਰੇ ਕਰਾਂ ਵਾਸ, ਤੇਰੀ ਬਣਤ ਬਣਾਇਆ । ਆਪਣੀ ਪੂਰੀ ਕਰਾਂ ਆਸ, ਤੇਰੀ ਖ਼ਾਹਿਸ਼ ਨਾਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੁਆਰਾ ਆਪ ਵਖਾਇਆ । ਆਪਣਾ ਦੁਆਰਾ ਹਰਿ ਵਖਾਲ, ਸ਼ਬਦ ਸੁਤ ਸਮਝਾਇੰਦਾ । ਸੁਣ ਸੁਣ ਮੇਰੇ ਸਾਚੇ ਲਾਲ, ਪ੍ਰਭ ਆਪਣੀ ਦਇਆ ਕਮਾਇੰਦਾ । ਇਕੋ ਇਕ ਧਰਮ ਮੇਰੀ ਸ਼ਾਲ, ਦਰ ਦਰਵਾਜਾ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਇਕ ਜਣਾਇੰਦਾ । ਸਚ ਨਿਸ਼ਾਨਾ ਕਰ ਧਿਆਨ, ਬਾਲਾ ਸੀਸ ਝੁਕਾਈਆ । ਜਾਚਕ

ਬਣ ਕੇ ਮੰਗੇ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਤੂੰ ਸ਼ਹਿਨਸ਼ਾਹ ਮੇਰਾ ਹੁਕਮਰਾਨ, ਸਚਖੰਡ ਬੈਠਾ ਆਸਣ ਲਾਈਆ । ਮੈਂ ਸੁਣਿਆ ਤੇਰਾ ਫ਼ਰਮਾਣ, ਧਿਆਨ ਤੇਰੇ ਚਰਨ ਲਗਾਈਆ । ਮੈਂ ਮੰਗ ਮੰਗੀ ਆਣ, ਦੇਦੇ ਮੇਰੇ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਂ ਬੈਠਾ ਸੀਸ ਝੁਕਾਈਆ । ਸੀਸ ਝੁਕਾ ਗਿਆ ਝੁਕ, ਬਾਲੇ ਮਾਣ ਰਹੇ ਨਾ ਰਾਈਆ । ਪਾਰਬ੍ਰਹਮ ਪ੍ਰਭ ਜਾਏ ਤੁਠ, ਵਡ ਦਾਤਾ ਬੇਪਰਵਾਹੀਆ । ਫੜ ਕੇ ਬਾਹੋਂ ਗੋਦੀ ਲਏ ਚੁੱਕ, ਆਪਣੇ ਗਲੇ ਲਗਾਈਆ । ਤੇਰੀ ਮੇਰੀ ਇਕੋ ਰੱਤ, ਇਕੋ ਰੰਗ ਵਖਾਈਆ । ਮੈਂ ਪਿਤਾ ਤੂੰ ਮੇਰਾ ਸੁਤ, ਸਚਖੰਡ ਮੇਰੀ ਵੱਜੇ ਵਧਾਈਆ । ਥਿਰ ਘਰ ਬਹਿਣਾ ਤੂੰ ਟਿਕ, ਹਰਿ ਸਾਚਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਸੁਤ ਦੁਲਾਰ ਮੰਨ ਕੇ ਕਹਿਣਾ, ਨਿਉਂ ਨਿਉਂ ਸੀਸ ਝੁਕਾਇੰਦਾ । ਤੇਰਾ ਸਾਹਿਬ ਭਾਣਾ ਸਹਿਣਾ, ਦੂਜਾ ਹੋਰ ਨਾ ਕੋਈ ਮੋਹੇ ਭਾਇੰਦਾ । ਤੂੰ ਦੇਣਾ ਮੈਂ ਤੈਥੋਂ ਲਹਿਣਾ, ਖ਼ਾਲੀ ਝੋਲੀ ਇਕ ਵਖਾਇੰਦਾ । ਤੇਰਾ ਪਿਆਰ ਮੇਰਾ ਗਹਿਣਾ, ਦੂਜਾ ਓਢਨ ਨਾ ਕੋਇ ਜਣਾਇੰਦਾ । ਤੇਰਾ ਦਰਸ ਮੇਰੇ ਨੈਣਾਂ, ਮੇਰਾ ਨੈਣ ਨੈਣ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਇੰਦਾ । ਸੁਣ ਸੁਤ ਮੈਂ ਕਰਾਂ ਪਿਆਰ, ਆਪਣਾ ਆਪ ਸਮਝਾਈਆ । ਤੇਰੇ ਨਾਲ ਮੇਰਾ ਵਿਹਾਰ, ਵਿਵਹਾਰੀ ਲਏ ਕਰਾਈਆ । ਤੇਰੇ ਅੰਦਰ ਨਿਰਗੁਣ ਧਾਰ, ਜੋਤੀ ਜੋਤ ਮੇਰੀ ਰੁਸ਼ਨਾਈਆ । ਸ਼ਬਦੀ ਸ਼ਬਦ ਖੇਲ ਨਿਆਰ, ਹਰਿ ਆਪਣਾ ਆਪ ਜਣਾਈਆ । ਤੇਰੇ ਅੰਦਰੋਂ ਕੱਢਾਂ ਬਾਹਰ, ਆਪਣਾ ਰੂਪ ਲਵਾਂ ਪਰਗਟਾਈਆ । ਵਿਸ਼ਨੂੰ ਹੋ ਹੋਵਾਂ ਉਜਿਆਰ, ਵਿਸ਼ਨੂੰ ਆਪਣਾ ਰੰਗ ਵਖਾਲ, ਚਰਨ ਚਰਨ ਨਾਲ ਰਗੜਾਈਆ । ਥਿਰ ਘਰ ਵੜ ਕੇ ਕਰਾਂ ਖਿਆਲ, ਸਿਰ ਆਪਣਾ ਹੱਥ ਟਿਕਾਈਆ । ਆਪਣਾ ਨਾਉਂ ਰੱਖ ਦਿਆਲ, ਦੀਨਨ ਦਇਆ ਕਮਾਈਆ । ਵਿਸ਼ਨੂੰ ਕਰ ਆਪ ਪ੍ਰਿਤਪਾਲ, ਏਕਾ ਬਾਜ ਦਏ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਵਿਸ਼ਨੂੰ ਅੰਦਰ ਅੰਮ੍ਰਿਤ ਰਸ, ਤੇਰਾ ਇਕ ਭਰਾਈਆ । ਹਰਿ ਜੂ ਅੰਦਰ ਜਾਏ ਵਸ, ਆਪਣਾ ਖੇਲ ਕਰਾਈਆ । ਨਿਰਗੁਣ ਜੋਤ ਕਰ ਪ੍ਰਕਾਸ਼, ਨੂਰ ਨੂਰ ਕਰੀ ਰੁਸ਼ਨਾਈਆ । ਆਪੇ ਜਾਣੇ ਖੇਲ ਤਮਾਸ਼, ਪਾਰਬ੍ਰਹਮ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੂਟਾ ਆਪੇ ਲਾਈਆ । ਵਿਸ਼ਨੂੰ ਅੰਦਰ ਹਰਿ ਜੂ ਮੌਲ, ਆਪਣੀ ਖੇਲ ਕਰਾਈਆ । ਆਪੇ ਜਾਣੇ ਆਪਣਾ ਕੌਲ, ਕਵਲ ਆਪਣਾ ਆਪ ਪਰਗਟਾਈਆ । ਆਪੇ ਪਰਦਾ ਆਪੇ ਉਹਲ, ਆਪੇ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਵਿਸ਼ਨੂੰ ਨਾਭੀ ਕਵਲ ਧਾਰ, ਹਰਿ ਹਰਿ ਆਪ ਬਣਾਇੰਦਾ । ਲੇਖਾ ਜਾਣੇ ਅਗੰਮ ਅਪਾਰ, ਭੇਵ ਕੋਇ ਨਾ ਪਾਇੰਦਾ । ਅੰਦਰੇ ਅੰਦਰ ਖਿੜੀ ਗੁਲਜ਼ਾਰ, ਪਤ ਡਾਲੀ ਆਪ ਮਹਿਕਾਇੰਦਾ । ਏਕਾ ਕਵਲਾ ਕਰ ਤਿਆਰ, ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਇੰਦਾ । ਏਕਾ ਬ੍ਰਹਮ ਕਰੇ ਵਿਚਾਰ, ਹਰਿ ਸਾਚਾ ਗੁਣ ਸਮਝਾਇੰਦਾ । ਵਿਸ਼ਨ ਬ੍ਰਹਮਾ ਕਰ ਤਿਆਰ, ਤਾਰ ਸਿਤਾਰ ਹਿਲਾਇੰਦਾ । ਬਣ ਨਾਰੀ ਪੁਰਖ ਕਰੇ ਵਿਹਾਰ, ਕਰਤਾ ਪੁਰਖ ਖੇਲ ਕਰਾਇੰਦਾ । ਸੁੰਨ ਅਗੰਮੀ ਧੁਆਂਧਾਰ, ਆਪਣਾ ਸੰਗ ਵਖਾਇੰਦਾ । ਕਰੇ ਖੇਲ ਅਗੰਮ ਅਪਾਰ, ਆਪਣੀ ਇਛਿਆ ਆਪ ਪ੍ਰਗਟਾਇੰਦਾ । ਏਕਾ ਸ਼ੰਕਰ ਲਏ ਉਠਾਲ, ਆਪਣੀ ਸ਼ਾਖ਼ਾ ਆਪ ਬਣਾਇੰਦਾ । ਤਿੰਨਾਂ ਵੇਖਿਆ ਇਕ ਦੁਆਰ, ਹਰਿ ਸਾਚਾ ਸਚ

੨੮੬
੧੧

ਸਮਝਾਇੰਦਾ । ਸੁਤ ਸ਼ਬਦ ਤੂੰ ਕਰੀਂ ਪਿਆਰ, ਸਿਰ ਤੇਰੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਪੇ ਜਗਾ, ਤੇਰੀ ਗੋਦ ਸੁਹਾਈਆ । ਏਕਾ ਮਾਰਗ ਆਪੇ ਪਾ, ਆਪਣਾ ਗੁਣ ਦਿਆਂ ਜਣਾਈਆ । ਤਿੰਨਾਂ ਸੁਰਤੀ ਆਪ ਖੁਲ੍ਹਾ, ਨਾਦ ਤੂਰਤੀ ਇਕ ਵਜਾ, ਨਾਨਾ ਰੂਪ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਸੁਣ ਸੁਤ ਸ਼ਬਦ ਦੁਲਾਰੇ, ਹਰਿ ਜੂ ਆਖ ਸੁਣਾਇੰਦਾ । ਆਪਣੀ ਕਰਨੀ ਕਰਤਾ ਕਰੇ, ਕਿਰਨ ਕਿਰਨ ਨਾਲ ਮਿਲਾਇੰਦਾ । ਆਪੇ ਦੇਵੇ ਆਪਣਾ ਵਰੇ, ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਪ ਜਣਾ, ਜਨ ਜਣੇਦੀ ਮਾਈਆ । ਤਿੰਨੇ ਚੇਲੇ ਸੇਵਾ ਲਾ, ਏਕਾ ਇਛਿਆ ਵੇਖ ਵਖਾਈਆ । ਏਕਾ ਭਿਛਿਆ ਦੇਵੇ ਪਾ, ਪੁਰਖ ਅਬਿਨਾਸ਼ੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤਿੰਨਾਂ ਬਣਾਏ ਇਕ ਜਮਾਤ, ਏਕਾ ਗੁਣ ਸਮਝਾਇੰਦਾ । ਤ੍ਰੈਗੁਣ ਮਾਇਆ ਦੇਵੇ ਦਾਤ, ਰਜੋ ਤਮੋ ਸਤੋ ਆਪ ਉਪਜਾਇੰਦਾ । ਆਪੇ ਬੈਠਾ ਰਹੇ ਇਕ ਇਕਾਂਤ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸ਼ਬਦ ਸੁਤ ਤੇਰੀ ਵੰਡ, ਹਰਿ ਜੂ ਆਪ ਸੁਣਾਇੰਦਾ । ਕੋਟਨ ਕੋਟ ਵਿਚ ਬ੍ਰਹਿਮੰਡ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਤੇਰਾ ਨੂਰ ਸੂਰਜ ਚੰਦ, ਮੰਡਲ ਮੰਡਪ ਆਪ ਬਣਾਇੰਦਾ । ਲੋਆਂ ਪੁਰੀਆਂ ਬੇੜਾ ਬੰਨ੍ਹ, ਏਕਾ ਹੁਕਮ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਧੰਨ ਧੰਨ, ਤੇਰਾ ਨਾਉਂ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਸਮਝਾਇੰਦਾ । ਸਾਚਾ ਰਾਹ ਦੱਸੇ ਕਰਤਾਰ, ਨਿਰਗੁਣ ਆਪਣੀ ਦਇਆ ਕਮਾਈਆ । ਵਿਸ਼ਨੂੰ ਲਵੇ ਇਕ ਵਿਹਾਰ, ਹਰਿ ਭੰਡਾਰਾ ਦਏ ਵਰਤਾਈਆ । ਬ੍ਰਹਮੇ ਦੇਵੇ ਇਕ ਸਹਾਰ, ਬ੍ਰਹਮਵੇਤਾ ਵਡ ਵਡਿਆਈਆ । ਸ਼ੰਕਰ ਬਖ਼ਸ਼ੇ ਏਕਾ ਛਾਰ, ਧੂੜੀ ਟਿੱਕਾ ਮਸਤਕ ਲਾਈਆ । ਤ੍ਰੈਗੁਣ ਮਾਇਆ ਕਰੇ ਵਿਚਾਰ, ਪ੍ਰਭ ਅੱਗੇ ਝੋਲੀ ਡਾਹੀਆ । ਸਾਨੂੰ ਦੱਸ ਕੀ ਸਾਡਾ ਵਿਹਾਰ, ਕਿਸ ਕਾਰਨ ਲਿਆ ਉਪਜਾਈਆ । ਪੁਰਖ ਅਬਿਨਾਸ਼ੀ ਦਏ ਅਧਾਰ, ਤਿੰਨਾਂ ਗੁਣ ਜਣਾਈਆ । ਵਿਸ਼ਨ ਬ੍ਰਹਮੇ ਸ਼ਿਵ ਕਰੋ ਪਿਆਰ, ਹੋਏ ਇਕ ਕੁੜਮਾਈਆ । ਤੁਹਾਡੇ ਵਿਚੋਂ ਕੱਢਾਂ ਬਾਹਰ, ਆਪਣਾ ਤੱਤ ਸਮਝਾਈਆ । ਪੰਚਮ ਪੰਚ ਕਰ ਤਿਆਰ, ਏਕਾ ਖੇਲ ਖਲਾਈਆ । ਨਿਰਗੁਣ ਨਿਰਗੁਣ ਕਰ ਵਿਹਾਰ, ਸਰਗੁਣ ਬਣਤ ਬਣਾਈਆ । ਸ਼ਬਦ ਵਿਚੋਲਾ ਬਣੇ ਸੰਸਾਰ, ਹਰਿ ਸਾਚਾ ਹੁਕਮ ਸੁਣਾਈਆ । ਲੱਖ ਚੁਰਾਸੀ ਭਾਂਡਾ ਘੜੇ ਬਣ ਠਠਿਆਰ, ਆਪਣੀ ਸੇਵਕ ਸੇਵ ਕਮਾਈਆ । ਦਿਸ ਨਾ ਆਏ ਹਰਿ ਘੁਮਿਆਰ, ਕੋਹਲੂ ਚੱਕੀ ਚੱਕ ਰਿਹਾ ਚਲਾਈਆ । ਵਿਸ਼ਨ ਬ੍ਰਹਮਾ ਸ਼ਿਵ ਪਾਣੀ ਭਰਨਹਾਰ, ਤ੍ਰੈਗੁਣ ਰਹੀ ਸੇਵ ਕਮਾਈਆ । ਪੰਜ ਤੱਤ ਲੱਗਾ ਇਕ ਅਖਾੜ, ਹਰਿ ਜੂ ਨਾਚ ਨਚਾਈਆ । ਕਰੇ ਖੇਲ ਅਗੰਮ ਅਪਾਰ, ਪੁਰਖ ਅਬਿਨਾਸ਼ੀ ਦਏ ਸਮਝਾਈਆ । ਨਿਰਗੁਣ ਸਰਗੁਣ ਕਰ ਤਿਆਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਈਆ । ਮਨ ਮਤ ਬੁਧ ਦਏ ਅਧਾਰ, ਨੌਂ ਦੁਆਰੇ ਖੋਲ੍ਹ ਵਖਾਈਆ । ਘਰ ਵਿਚ ਘਰ ਕਰ ਤਿਆਰ, ਆਪਣਾ ਰੂਪ ਛੁਪਾਈਆ । ਵਿਸ਼ਨੂੰ ਮੰਗੇ ਬਣ ਭਿਖਾਰ, ਪ੍ਰਭ ਅੱਗੇ ਝੋਲੀ ਡਾਹੀਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਸ਼ੰਕਰ ਧੂੜੀ ਮੰਗੇ ਛਾਰ, ਮਸਤਕ ਟਿੱਕਾ ਲਾਈਆ । ਬਿਨ


੨੮੭ ੧੧

ਤੇਰੀ ਭਿਛਿਆ ਨਾ ਚਲੇ ਸਾਡਾ ਵਿਹਾਰ, ਖ਼ਾਲੀ ਬੁੱਤ ਕੰਮ ਕਿਸੇ ਨਾ ਆਈਆ । ਤੂੰ ਨਿਰਾਕਾਰ ਬਣ ਸਾਕਾਰ, ਆਪਣੀ ਵੰਡ ਵੰਡਾਈਆ । ਤੇਰੀ ਨਿਰਗੁਣ ਸਰਗੁਣ ਅੰਦਰ ਆਵੇ ਧਾਰ, ਪਾਰਬ੍ਰਹਮ ਬ੍ਰਹਮ ਰੂਪ ਵਖਾਈਆ । ਤੂੰ ਈਸ਼ਵਰ ਸੱਜਣ ਮੀਤ ਮੁਰਾਰ, ਜੀਵ ਤੇਰਾ ਬੰਸ ਅਖਵਾਈਆ । ਸੋ ਪੁਰਖ ਨਿਰੰਜਣ ਵਸਿਆ ਧਾਮ ਨਿਆਰ, ਤੇਰੀ ਮਹਿਮਾ ਅਕੱਥ ਕੱਥੀ ਨਾ ਜਾਈਆ । ਰੰਗ ਰੂਪ ਸਰਬ ਸੰਸਾਰ, ਲੱਖ ਚੁਰਾਸੀ ਤੇਰਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਸੁਣਿਆ ਹਾਲ ਧੁਰ ਫ਼ਰਮਾਣਾ, ਸ਼ਬਦੀ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨਾ, ਤੇਰਾ ਭੇਵ ਮੋਹੇ ਨਾ ਆਇਆ । ਲੱਖ ਚੁਰਾਸੀ ਖੇਲ ਖਿਲਾਣਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਇਆ । ਨਿਰਗੁਣ ਸਰਗੁਣ ਹੋਏ ਪਰਧਾਨਾ, ਰੂਪ ਅਨੂਪ ਵਟਾਇਆ । ਰਵ ਸਸ ਇਕ ਚਮਕਾਨਾ, ਕਿਰਨ ਕਿਰਨ ਕਿਰਨ ਵਖਾਇਆ । ਮੰਡਲ ਮੰਡਪ ਬੰਕ ਬਣਾਣਾ, ਲੋਆਂ ਪੁਰੀਆਂ ਵੰਡ ਵੰਡਾਇਆ । ਜਲ ਥਲ ਮਹੀਅਲ ਆਪ ਰਖਾਨਾ, ਧਰਨੀ ਧਵਲ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਖੇਲ ਲੋਕਮਾਤ ਆਪਣਾ ਰੰਗ ਵਖਾਇਆ । ਸ਼ਬਦ ਸੁਤ ਮੰਗੇ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਤੂੰ ਸਾਹਿਬ ਸੂਰਾ ਸਰਬੰਗ, ਬੇਅੰਤ ਤੇਰੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਦਿਤਾ ਏਕਾ ਅਨੰਦ, ਅਨੰਦ ਅਨੰਦ ਵਿਚ ਮਿਲਾਈਆ । ਤੇਰਾ ਗਾਵਾਂ ਸੱਚਾ ਛੰਦ, ਸੋਹੰ ਢੋਲਾ ਇਕ ਸੁਣਾਈਆ । ਤੂੰ ਵੰਡੀ ਇਕੋ ਵੰਡ, ਵੰਡਣਹਾਰ ਬੇਪਰਵਾਹੀਆ । ਕਰੇ ਖੇਲ ਵਿਚ ਵਰਭੰਡ, ਬ੍ਰਹਿਮੰਡ ਖ਼ੁਸ਼ੀ ਮਨਾਈਆ । ਤੇਰੀ ਸੇਵਾ ਕਰਨ ਸੂਰਜ ਚੰਦ, ਦਿਵਸ ਰੈਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬਾਲਕ ਮੰਗ ਮੰਗਾਈਆ । ਸੁਣ ਬਾਲਕ ਮੇਰੇ ਬਾਲ, ਹਰਿ ਬਾਲੀ ਬੁੱਧ ਜਣਾਇੰਦਾ । ਮੈਂ ਕਰਾਂ ਖੇਲ ਕਮਾਲ, ਆਪਣਾ ਰਾਹ ਚਲਾਇੰਦਾ । ਦੋ ਜਹਾਨਾਂ ਵੱਜੇ ਤਾਲ, ਆਪਣਾ ਨਾਦ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵਾਂ ਬਿਠਾਲ, ਹੁਕਮਰਾਨ ਆਪ ਅਖਵਾਇੰਦਾ । ਤ੍ਰੈਗੁਣ ਮਾਇਆ ਵਸੇ ਨਾਲ, ਨਿਝ ਨਾਤਾ ਜੋੜ ਜੁੜਾਇੰਦਾ । ਲੱਖ ਚੁਰਾਸੀ ਅਵੱਲੜੀ ਚਾਲ, ਚਾਰੇ ਖਾਣੀ ਵੰਡ ਵੰਡਾਇੰਦਾ । ਚਾਰੇ ਬਾਣੀ ਕਰ ਪਿਆਰ, ਏਕਾ ਰਾਗ ਅਲਾਇੰਦਾ । ਚਾਰੇ ਵੇਦ ਕਰ ਤਿਆਰ, ਏਕਾ ਨਾਦ ਸੁਣਾਇੰਦਾ । ਚਾਰੇ ਜੁਗ ਕਰ ਵਿਹਾਰ, ਜੁਗ ਜੁਗ ਵੇਸ ਵਟਾਇੰਦਾ । ਚਾਰੇ ਕੁੰਟਾਂ ਕਰ ਪਸਾਰ, ਦਹਿ ਦਿਸ਼ਾ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰ, ਲੋਕਮਾਤ ਡਗਮਗਾਇੰਦਾ । ਤੇਰਾ ਨਾਦ ਅਗੰਮੀ ਧਾਰ, ਘਰ ਘਰ ਆਪ ਵਜਾਇੰਦਾ । ਲੱਖ ਚੁਰਾਸੀ ਵਿਚੋਂ ਕਰ ਸਰਦਾਰ, ਮਾਨਸ ਮਨੁੱਖ ਨਾਉਂ ਧਰਾਇੰਦਾ । ਪ੍ਰਗਟ ਹੋ ਕੇ ਜਾਵਾਂ ਵਿਚ ਸੰਸਾਰ, ਜੁਗ ਜੁਗ ਖੇਲ ਕਰਾਇੰਦਾ । ਆਪਣਾ ਨਾਉਂ ਰੱਖ ਗੁਰ ਅਵਤਾਰ, ਛੋਟਾ ਹਿੱਸਾ ਵੰਡ ਵੰਡਾਇੰਦਾ । ਭਗਤਾਂ ਕਰਾਂ ਇਕ ਪਿਆਰ, ਸਾਚੀ ਭਗਤੀ ਨਾਮ ਦ੍ਰਿੜਾਇੰਦਾ । ਸੰਤਾਂ ਖੋਲ੍ਹਾਂ ਬੰਦ ਕਵਾੜ, ਏਕਾ ਨੈਣ ਵਖਾਇੰਦਾ । ਗੁਰਮੁਖਾਂ ਚਰਨ ਕਵਲ ਲਵਾਂ ਬਿਠਾਲ, ਸਚ ਦੁਆਰ ਇਕ ਸਮਝਾਇੰਦਾ । ਗੁਰਸਿਖਾਂ ਚਲਾ ਚਲਾ ਨਾਲ ਨਾਲ, ਜੁਗ ਜੁਗ ਵੇਸ ਵਟਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਚਲੇ ਅਵੱਲੜੀ ਚਾਲ, ਭੇਵ ਕੋਇ ਨਾ ਪਾਇੰਦਾ । ਗੁਰ ਅਵਤਾਰਾਂ ਏਕਾ ਮੰਤਰ ਨਾਮ ਸਖਾਲ, ਜੀਵਾਂ ਜੰਤਾਂ ਮਾਤ ਪੜ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਣ ਸੁਣ ਹਾਲ, ਗੀਤ ਲੋਕਮਾਤ ਸੁਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੱਜੇ ਤਾਲ, ਤਲਵਾੜਾ ਆਪਣੇ ਹੱਥ ਰਖਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਗੁਰ ਗੁਰ ਰੂਪ ਵਟਾਇੰਦਾ । ਪੰਜ

ਤੱਤ ਚੋਲਾ ਦਏ ਅਧਾਰ, ਤ੍ਰੈਗੁਣ ਅਤੀਤਾ ਖੇਲ ਖਿਲਾਇੰਦਾ । ਸਾਚਾ ਸੋਹਲਾ ਅਪਰ ਅਪਾਰ, ਅਗੰਮੀ ਢੋਲਾ ਆਪੇ ਗਾਇੰਦਾ ।

ਪੀਰ ਪੈਗ਼ੰਬਰ ਕਰ ਤਿਆਰ, ਦਸਤਗੀਰ ਹੱਥ ਮਿਲਾਇੰਦਾ । ਕਲਮਾ ਕਲਾਮ ਬੋਲ ਨਾਅਰ, ਹੱਕ ਹਕ਼ੀਕ਼ਤ ਇਕ ਵਖਾਇੰਦਾ । ਜੁਗ ਚੌਕੜੀ ਸੁਣੀ ਕੋਟੀ ਕੋਟ ਵਾਰ, ਗੇੜਾ ਗੇੜੇ ਵਿਚ ਭੁਵਾਇੰਦਾ । ਇਕ ਗੇੜਾ ਖੇਲ ਅਪਾਰ, ਹਰਿ ਜੂ ਸਾਚਾ ਆਪ ਜਣਾਇੰਦਾ । ਸੇਵਾ ਕਰਨ ਤੇਈ ਅਵਤਾਰ, ਭਗਤ ਅਠਾਰਾਂ ਨਾਲ ਮਿਲਾਇੰਦਾ । ਦਸ ਗੁਰ ਬੋਲ ਜੈਕਾਰਾ, ਪੁਰਖ ਅਕਾਲ ਇਕ ਸੁਣਾਇੰਦਾ । ਅੰਤਮ ਸਾਰੇ ਜਾਣ ਹਾਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੁਗ ਜੁਗ ਕਰ ਕਰ ਜਾਣ ਪੁਕਾਰ, ਉਚੀ ਕੂਕ ਕੂਕ ਸੁਣਾਇੰਦਾ । ਕੋਈ ਕਹੇ ਮੁਕਾਮੇ ਹੱਕ ਵਸੇ ਪਰਵਰਦਿਗਾਰ, ਰਾਉ ਰੰਕਾ ˙ ˙ । ਕੋਈ ਕਹੇ ਰਾਮ ਕੋਈ ਕਹੇ ਕਾਹਨਾ ਕ੍ਰਿਸ਼ਨ ਕਰੇ ਸ਼ਿੰਗਾਰ, ਕਵਲ ਨੈਣ ਨੈਣ ਮਟਕਾਇੰਦਾ । ਕੋਈ ਕਹੇ ਈਸਾ ਮੂਸਾ ਸਿਰਜਣਹਾਰ, ਘਰ ਘਰ ਰਿਜਕ ਪੁਚਾਇੰਦਾ । ਕੋਈ ਕਹੇ ਮੁਹੰਮਦ ਯਾਰ, ਯਾਰੀ ਯਾਰਾਂ ਨਾਲ ਨਿਭਾਇੰਦਾ । ਕੋਈ ਕਹੇ ਨਾਨਕ ਨਿਰੰਕਾਰ, ਨਿਰਾਕਾਰ ਖੇਲ ਖਿਲਾਇੰਦਾ । ਕੋਈ ਕਹੇ ਗੋਬਿੰਦ ਸਰਦਾਰ, ਲੋਕਮਾਤ ਬਲ ਧਰਾਇੰਦਾ । ਪੁਰਖ ਅਕਾਲ ਕਹੇ ਮੇਰੀ ਸ਼ਬਦੀ ਧਾਰ, ਜੁਗ ਜੁਗ ਵੇਸ ਵਟਾਇੰਦਾ । ਰੂਪ ਰੰਗ ਤੋਂ ਵਸਿਆ ਬਾਹਰ, ਮੇਰਾ ਭੇਵ ਕੋਇ ਨਾ ਪਾਇੰਦਾ । ਮੇਰੀ ਅਲਖ ਜਗਤ ਜੈਕਾਰ, ਜੋਤ ਨਿਰੰਜਣ ਸੇਵਾ ਲਾਇੰਦਾ । ਆਦਿ ਨਿਰੰਜਣ ਦੇ ਦੀਦਾਰ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਆਪਣਾ ਨਾਉਂ ਕਰ ਤਿਆਰ, ਸਾਚਾ ਢੋਲਾ ਆਪ ਸੁਣਾਇੰਦਾ । ਬ੍ਰਹਮੇ ਦਿਤੀ ਨਿੱਕੀ ਜੇਹੀ ਵਿਚਾਰ, ਚਾਰੇ ਵੇਦਾਂ ਮੁਖ ਸਾਲਾਹਿੰਦਾ । ਵੇਦ ਵਿਆਸ ਉਹਲੇ ਹੋ ਸੁਣੀ ਪੁਕਾਰ, ਪੁਰਾਨ ਅਠਾਰਾਂ ਬਹਿ ਬਹਿ ਗਾਇੰਦਾ । ਅਰਜਨ ਦਿਤਾ ਭਗਤ ਸਿਖਾਲ, ਅਠਾਰਾਂ ਗੀਤਾ ਗਿਆਨ ਦ੍ਰਿੜਾਇੰਦਾ । ਈਸਾ ਮੂਸਾ ਦਿਤੀ ਇਕ ਕਲਾਮ, ਆਪਣਾ ਕਲਮਾ ਨਾ ਕਿਸੇ ਪੜ੍ਹਾਇੰਦਾ । ਫੜ ਫੜ ਆਪ ਪਾਏ ਛੋਟੇ ਬਾਲ ਧਾਮ, ਆਪਣਾ ਆਸਣ ਉਪਰ ਡਾਹਿੰਦਾ । ਨਾਨਕ ਨਿਰਗੁਣ ਦੇ ਪੈਗ਼ਾਮ, ਨਾਮ ਸਤਿ ਢੋਲਾ ਗਾਇੰਦਾ । ਗੋਬਿੰਦ ਨਿਉਂ ਨਿਉਂ ਕਰੇ ਪਰਨਾਮ, ਪੁਰਖ ਅਕਾਲ ਇਕ ਮਨਾਇੰਦਾ । ਆਦਿ ਜੁਗਾਦਿ ਜਿਸ ਅੱਗੇ ਸਯਦਾ ਗੁਰ ਪੀਰ ਅਵਤਾਰ ਕਰਨ ਸਲਾਮ, ਸਹੀ ਸਲਾਮਤ ਆਦਿ ਜੁਗਾਦਿ ਸਮਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਆਪਣਾ ਹੁਕਮ ਆਪ ਵਰਤਾਇੰਦਾ । ਇਕੋ ਅੱਖਰ ਦਏ ਗਿਆਨ, ਨਾਨਕ ਨਿਰਗੁਣ ਆਪ ਪੜ੍ਹਾਇੰਦਾ । ਬੇਪਹਿਚਾਣ ਕਰਾਉਣੀ ਪਹਿਚਾਨ, ਪੰਚਮ ਆਪਣਾ ਰਾਗ ਸੁਣਾਇੰਦਾ । ਕਾਇਆ ਮੰਦਰ ਅੰਦਰ ਕਰ ਬੰਦ ਮਕਾਨ, ਚਾਰੋਂ ਕੁੰਟ ਘੇਰਾ ਪਾਇੰਦਾ । ਨਾਲ ਰਖਾਏ ਪੰਜ ਸ਼ੈਤਾਨ, ਦਿਵਸ ਰੈਣ ਜੰਗ ਕਰਾਇੰਦਾ । ਉਪਰ ਚੜ੍ਹ ਕੇ ਵੇਖੇ ਨਿਗਹਬਾਨ, ਦਿਸ ਕਿਸੇ ਨਾ ਆਇੰਦਾ । ਜੁਗ ਚੌਕੜੀ ਖੇਲ ਮਹਾਨ, ਗੁਰ ਅਵਤਾਰ ਸੇਵਾ ਲਾਇੰਦਾ । ਸੁਤ ਸ਼ਬਦ ਤੂੰ ਬਲਵਾਨ, ਤੇਰਾ ਡੰਕਾ ਇਕ ਵਜਾਇੰਦਾ । ਤੇਰੀ ਓਟ ਸਰਬ ਧਿਆਨ, ਸਿਰ ਤੇਰਾ ਹੱਥ ਵਖਾਇੰਦਾ । ਤੂੰ ਸਭਨਾ ਦਾ ਸੱਚਾ ਕਾਹਨ, ਲੱਖ ਚੁਰਾਸੀ ਗੋਪੀ ਤੇਰੀ ਇਕ ਬਣਾਇੰਦਾ । ਜਿਉਂ ਭਾਵੇ ਤਿਉਂ ਕਰਨਾ ਆਣ, ਮੇਰੇ ਹੱਥ ਆਪਣਾ ਹੱਥ ਫੜਾਇੰਦਾ । ਤੂੰ ਜੋਧਾ ਸੂਰਬੀਰ ਵਡ ਬਲਵਾਨ, ਤੇਰਾ ਬਲ ਆਪ ਪ੍ਰਗਟਾਇੰਦਾ । ਤੇਰਾ ਖੰਜ਼ਰ ਇਕ ਮਿਆਨ, ਤਿੱਖਾ ਖੰਡਾ ਨਾਮ ਚਮਕਾਇੰਦਾ । ਤੂੰ ਮੇਰਾ ਮੈਂ ਤੇਰੀ ਕਰੀ ਪਹਿਚਾਨ, ਮੈਂ ਪਹਿਚਾਨ ਵਿਚ ਕਿਸੇ ਨਾ ਆਇੰਦਾ । ਮੈਨੂੰ ਤੇਰਾ ਤੇਰਾ ਮੈਨੂੰ ਮਾਣ, ਆਪ ਆਪਣਾ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਇਕ ਸਮਝਾਇੰਦਾ । ਸੁਤ ਦੁਲਾਰ ਅੱਗੋਂ ਬੋਲੇ, ਪ੍ਰਭ ਅੱਗੇ ਸੀਸ ਝੁਕਾਈਆ । ਲੋਕਮਾਤ

ਦੁਆਰਾ ਤੂੰ ਹੀ ਖੋਲ੍ਹੇਂ, ਤੇਰੇ ਹੱਥ ਵਡਿਆਈਆ । ਬਣ ਸਾਚਾ ਤੋਲ ਤੋਲੇ, ਲੱਖ ਚੁਰਾਸੀ ਕੰਡੇ ਨਾਲ ਤੁਲਾਈਆ । ਆਪਣਾ ਨਾਉਂ ਗਾਏਂ ਢੋਲੇ, ਆਪਣਾ ਰਾਗ ਸੁਣਾਈਆ । ਕਾਇਆ ਧਰਤੀ ਆਪੇ ਮੌਲੇਂ, ਮੌਲਾ ਰੂਪ ਵਖਾਈਆ । ਅੰਮ੍ਰਿਤ ਬਰਸ ਆਪੇ ਕਵਲੇ, ਕਵਲ ਨਾਭ ਵਖਾਈਆ । ਆਪੇ ਵਸੇ ਪਰਦੇ ਉਹਲੇ, ਨਿਰਗੁਣ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਵਣ ਵਕਤ ਆਪਣੀ ਵਖਾਈ ਸਾਚੀ ਸ਼ਕਤ, ਸਭ ਦੀ ਸ਼ਕਤੀ ਮਾਤ ਟਿਕਾਈਆ । ਦੱਸ ਪਤਾ ਹਉਂ ਮੰਗਾਂ ਪੂਤ, ਸੁਤ ਸ਼ਬਦੀ ਆਖ ਸੁਣਾਇਆ । ਮੈਂ ਤਾਣਾ ਪੇਟਾ ਇਕੋ ਸੂਤ, ਤੂੰ ਤੰਦੀ ਤੰਦ ਬੰਧਾਇਆ । ਆਦਿ ਜੁਗਾਦੀ ਮੈਂ ਕੀ ਜਾਣਾ ਤੇਰੀ ਰੀਤ, ਨਿਸ਼ਅੱਖਰ ਖੇਲ ਖਲਾਇਆ । ਮੈਂ ਸੁਣਿਆ ਤੂੰ ਬਣਾਉਣੇ ਮੰਦਰ ਮਸੀਤ, ਸ਼ਬਦ ਦੁਲਾਰੇ ਸੁਤ ਨਾਲ ਰਲਾਇਆ । ਗੁਰਦੁਆਰੇ ਗਾਉਣੇ ਤੇਰੇ ਗੀਤ, ਰਸਨਾ ਜਿਹਵਾ ਨਾਲ ਹਿਲਾਇਆ । ਸਤਿਜੁਗ ਤ੍ਰੇਤਾ ਦੁਆਪਰ ਜਾਣਾ ਬੀਤ, ਤੇਰਾ ਭੇਵ ਕਿਸੇ ਨਾ ਪਾਇਆ । ਕਲਜੁਗ ਅੰਤ ਹੋਏ ਸਰਬ ਪਲੀਤ, ਪਾਕੀ ਪਾਕ ਨਾ ਕੋਇ ਅਖਵਾਇਆ । ਮੈਂ ਉਪਰ ਵੇਖਿਆ ਤੂੰ ਵਸੇਂ ਧਾਮ ਅਨਡੀਠ, ਚਾਰ ਦੀਵਾਰੀ ਅੰਦਰ ਬੰਦ ਨਾ ਕਿਸੇ ਕਰਾਇਆ । ਕਲਜੁਗ ਅੰਤਮ ਸ਼ਰੀਅਤ ਹੋਏ ਡੀਠ, ਦੀਨ ਮਜ਼੍ਹਬ ਪੈਣ ਕੁਰਲਾਇਆ । ਤੂੰ ਸੌਂ ਜਾਈਂ ਕਰ ਕੇ ਹਠ, ਆਪਣੀ ਕਰਵਟ ਨਾ ਬਦਲਾ ਨਾ ਕਿਸੇ ਦਾ ਮੀਤ, ਗੋਬਿੰਦ ਤੂੰ ਵਸੇ ਹਸਤ ਕੀਟ, ਬਿਨ ਨਾਨਕ ਨਜ਼ਰ ਕਿਸੇ ਨਾ ਆਇਆ । ਕਬੀਰ ਜੁਲਾਹਾ ਉਪਰ ਚੜ੍ਹ ਕੇ ਰਿਹਾ ਕੂਕ, ਹਰਿ ਮੰਦਰ ਨਜ਼ਰੀ ਆਇਆ । ਤੂੰ ਤ੍ਰੈਗੁਣ ਅਗਨੀ ਦਿਤੀ ਫੂਕ, ਜਿਸ ਸਿਰ ਹੱਥ ਟਿਕਾਇਆ । ਤੇਰੇ ਉਤੋਂ ਮੈਂ ਘੋਲ ਵਾਰਾਂ ਤੇਰਾ ਪੂਤ, ਤੇਰੇ ਚਰਨਾਂ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬਾਲਕ ਮੰਗ ਮੰਗਾਇਆ । ਥਿਰ ਘਰ ਬਣਿਆ ਤੇਰਾ ਪੁੱਤ, ਤੂੰ ਦੋ ਜਹਾਨ ਸੇਵ ਲਗਾਈਆ । ਲੋਕਮਾਤ ਕਵਣ ਵੇਲਾ ਸੁਹਾਏ ਰੁੱਤ, ਮੈਂ ਏਕਾ ਮੰਗ ਮੰਗਾਈਆ । ਤੂੰ ਦਿਆਲ ਠਾਕਰ ਅਬਿਨਾਸ਼ੀ ਅਚੁਤ, ਪਾਰਬ੍ਰਹਮ ਵਡੀ ਵਡਿਆਈਆ । ਸਚਖੰਡ ਦੁਆਰੇ ਬੈਠਾ ਲੁਕ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੱਲ ਪੱਲੂ ਰਿਹਾ ਪਾਈਆ । ਗੱਲ ਪੱਲੂ ਲਿਆ ਪਾ, ਪ੍ਰਭ ਚਰਨ ਸੀਸ ਝੁਕਾਇਆ । ਨਿਰਗੁਣ ਆਪਣੀ ਦਇਆ ਕਮਾ, ਦਇਆਵਾਨ ਤੂੰ ਅਖਵਾਇਆ । ਮੇਰਾ ਬਣਨਾ ਅੰਤ ਮਲਾਹ, ਵੇਲਾ ਤੇਰੇ ਹੱਥ ਰਖਾਇਆ । ਤੂੰ ਦੇ ਦੇ ਸਚ ਸਲਾਹ, ਆਪਣਾ ਵੇਲਾ ਵਕਤ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਆਪਣਾ ਭੇਵ ਰਿਹਾ ਖੁਲ੍ਹਾਇਆ । ਆਪਣਾ ਭੇਵ ਦੇਵੇ ਦੱਸ, ਆਦਿ ਪੁਰਖ ਆਦਿ ਦਇਆ ਕਮਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਖੇਲ ਤਮਾਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡੀ ਵੰਡ ਵੰਡਾਈਆ । ਅੰਤਮ ਕਲਜੁਗ ਨਿਰਗੁਣ ਨੂਰ ਕਰ ਪਰਗਟ, ਕਰਾਂ ਖੇਲ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਸੁਣਾਈਆ । ਸ਼ਬਦ ਸੁਤ ਕਰੇ ਨਾਂਹ, ਨੇਤਰ ਨੈਣਾਂ ਨੀਰ ਵਹਾਇੰਦਾ । ਜੇ ਕੱਲਾ ਆਵਾਂ ਮੈਂ ਮੰਨਾਂ ਨਾ, ਤੇਰਾ ਵਿਛੋੜਾ ਮੋਹਿ ਨਾ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਏਕਾ ਮੰਗ ਮੰਗਾਇੰਦਾ । ਏਕਾ ਵਰ ਦੇ ਕਰਤਾਰ, ਆਦਿ ਮੰਗ ਮੰਗਾਈਆ । ਅੰਤਮ ਮੇਲਾ ਤੇਰਾ ਸੰਸਾਰ, ਘਰ ਸਾਚੇ ਵੱਜੇ ਵਧਾਈਆ । ਪਿਓ ਸੁਤ ਨਾਲ ਕਰੇ ਪਿਆਰ, ਵੇਖੇ ਸਰਬ ਲੋਕਾਈਆ । ਨਾਤਾ ਤੋੜ ਲੱਖ ਚੁਰਾਸੀ

ਯਾਰ, ਯਾਰੀ ਯਾਰਾਂ ਨਾਲ ਬੰਧਾਈਆ । ਆਪਣਾ ਦੱਸ ਦੇ ਸਚ ਵਿਹਾਰ, ਕਵਣ ਬਿਧ ਖੇਲ ਖਲਾਈਆ । ਖੇਲ ਕਰੇ ਪੁਰਖ ਨਾਰ, ਨਰ ਨਿਰੰਕਾਰ ਬੇਪਰਵਾਹੀਆ । ਤੂੰ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਤੇਰਾ ਹੁਕਮ ਸਦ ਰਜਾਈਆ । ਜੁਗ ਚੌਕੜੀ ਭੇਵ ਨਿਆਰ, ਕੋਟਨ ਕੋਟ ਰੂਪ ਧਰਾਈਆ । ਵਿਸ਼ਨ ਬ੍ਰਹਮਾ ਸ਼ਿਵ ਪਨਹਾਰ, ਪੀਸਣ ਪੀਸ ਸੇਵ ਕਮਾਈਆ । ਗੁਰ ਅਵਤਾਰ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਭਗਤ ਮੰਗਣ ਇਕ ਦੀਦਾਰ, ਨੇਤਰ ਨੈਣ ਉਠਾਈਆ । ਸੰਤ ਅੰਦਰ ਵੜ ਵੜ ਕੱਢਣ ਹਾੜਾ, ਬੌਹੜੀ ਬੌਹੜੀ ਦੇਣ ਦੁਹਾਈਆ । ਗੁਰਮੁਖ ਰੋਵਣ ਜਾਰੋ ਜਾਰਾ, ਨੇਤਰ ਨੈਣਾਂ ਨੀਰ ਵਹਾਈਆ । ਗੁਰਸਿਖ ਮੰਗਣ ਤੇਰਾ ਸਹਾਰਾ, ਬਿਨ ਤੇਰੇ ਹੱਥ ਕਛੂ ਨਾ ਆਈਆ । ਪੁਰਖ ਅਬਿਨਾਸ਼ੀ ਅਗੋਂ ਕਹੇ ਏਕਾ ਸੁਣ ਮੇਰੇ ਬਾਲ ਸਖਾਈ ਮੈਂ ਕਰਾਂ ਖੇਲ ਅਪਾਰਾ, ਲੋਕਮਾਤ ਰਾਹ ਚਲਾਈਆ । ਸ਼ਬਦ ਸੁਨੇਹੁੜਾ ਗੁਰ ਅਵਤਾਰਾਂ, ਜੁਗ ਜੁਗ ਆਪ ਸੁਣਾਈਆ । ਕਲਜੁਗ ਕਰਾਏ ਖੇਲ ਮਹਾਨ, ਰੂਪ ਅਨੂਪ ਰੂਪ ਵਟਾਈਆ । ਨਾਨਕ ਨਿਰਗੁਣ ਇਕ ਨਿਸ਼ਾਨ, ਗੋਬਿੰਦ ਬੂਟਾ ਦੇਵਾਂ ਲਾਈਆ । ਹੇਮ ਕੁੰਟ ਕਰ ਪਰਵਾਨ, ਪੂਰਬ ਲੇਖਾ ਝੋਲੀ ਪਾਈਆ । ਪੂਤ ਸਪੂਤਾ ਵਡ ਬਲਵਾਨ, ਲੋਕਮਾਤ ਦੇਵਾਂ ਪਰਗਟਾਈਆ । ਸਾਚਾ ਖੰਡਾ ਤੇਜ ਕਿਰਪਾਨ, ਏਕਾ ਹੱਥ ਫੜਾਈਆ । ਸੋਹੰ ਚਿਲਾ ਤੀਰ ਕਮਾਨ, ਭੱਥਾ ਏਕਾ ਕੰਡ ਬੰਧਾਈਆ । ਕਲਗੀ ਤੋੜਾ ਨੌਜਵਾਨ, ਉਪਰ ਸੀਸ ਲਏ ਟਿਕਾਈਆ । ਏਕਾ ਵੇਖੇ ਪੁਰਖ ਅਕਾਲ, ਦੂਜਾ ਇਸ਼ਟ ਨਾ ਕੋਈ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੇਲਾ ਲਏ ਮਿਲਾਈਆ । ਗੋਬਿੰਦ ਬਣ ਨਾ ਚੜ੍ਹੇ ਚਾਅ, ਸ਼ਬਦ ਹਰਿ ਜੂ ਆਖ ਸੁਣਾਇਆ । ਪੰਜ ਤੱਤ ਅੰਦਰ ਫਸਣਾ ਨਾ, ਤੇਰਾ ਪੁੱਤ ਮਲ ਮੂਤਰ ਵਿਚ ਰਹਿਣ ਨਾ ਪਾਇਆ । ਮਾਤਾ ਲਏ ਨਾ ਗੋਦ ਉਠਾ, ਰਕਤ ਬੂੰਦ ਨਾ ਕੋਈ ਜਣਾਇਆ । ਗੁਜਰੀ ਬਣੇ ਨਾ ਮੇਰੀ ਮਾਂ, ਸਿਰ ਹੱਥ ਨਾ ਕੋਈ ਟਿਕਾਇਆ । ਤੂੰ ਪਿਤਾ ਬਣਿਆ ਮੇਰਾ ਸਚਖੰਡ ਥਾਂ, ਕਿਉਂ ਪੱਲੂ ਰਿਹਾ ਛੁਡਾਇਆ ।



## ★ ੨੮ ਪੋਹ ੨੦੧੮ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਹਰਿ ਹਰਿ ਖੇਲ ਆਦਿ ਜੁਗਾਦਿ, ਜੁਗ ਜੁਗ ਕਾਰ ਕਮਾਈਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਬੇਪਰਵਾਹੀਆ । ਸਚਖੰਡ ਨਿਵਾਸੀ ਖੇਲ ਤਮਾਸ਼, ਨਿਰਗੁਣ ਨਿਰਵੈਰ ਆਪ ਕਰਾਈਆ । ਆਪਣਾ ਨਾਉਂ ਸ਼ਬਦ ਧੁਨ ਨਾਦ, ਇਕ ਇਕੱਲਾ ਆਪ ਸੁਣਾਈਆ । ਗੁਰ ਅਵਤਾਰਾਂ ਦੇਵੇ ਦਾਦ, ਨਾਮ ਨਿਧਾਨਾ ਝੋਲੀ ਪਾਈਆ । ਦੋ ਜਹਾਨਾਂ ਕਰੇ ਰਾਜ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਬ੍ਰਹਿਮੰਡ ਖੰਡ ਸਾਜਣ ਸਾਜ, ਲੋਆਂ ਪੁਰੀਆਂ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਹਰਿ ਕਰਤਾਰਾ, ਪੁਰਖ ਅਗੰਮੜਾ ਆਪ ਕਰਾਇੰਦਾ । ਸਚਖੰਡ ਦੁਆਰੇ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਲੱਖ ਚੁਰਾਸੀ ਭਰ ਭੰਡਾਰਾ, ਏਕਾ ਘਰ ਵਖਾਇੰਦਾ । ਜੁਗ ਚੌਕੜੀ ਬੰਨ੍ਹ ਬੰਨ੍ਹ ਧਾਰਾ, ਗੇੜਾ ਗੇੜ ਭੁਵਾਇੰਦਾ । ਲੇਖਾ ਜਾਣੇ ਇਕ ਕਰਤਾਰਾ, ਦੂਸਰ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਭਗਤ ਦੁਆਰ, ਹਰਿ ਭਗਵਨ ਆਪ ਸੁਹਾਈਆ ।

ਜੋਤ ਜਗਾਏ ਏਕਾ ਵਾਰ, ਦੀਪਕ ਦੀਆ ਡਗਮਗਾਈਆ । ਸਾਚਾ ਪੀਆ ਹੋਇਆ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਨੀਹਾਂ ਰੱਖੀ ਵਿਚ ਸੰਸਾਰ, ਨਾ ਸਕੇ ਕੋਈ ਉਖੜਾਈਆ । ਵੱਜਦੀ ਰਹੇ ਨਾਮ ਸਤਾਰ, ਬਹੱਤਰ ਬਹੱਤਰ ਹਰਿ ਜਸ ਗਾਈਆ । ਕਰਤਾ ਕਰੀਮ ਕਰੇ ਕਾਰ, ਕੁਦਰਤ ਆਪਣਾ ਖੇਲ ਖਲਾਈਆ । ਸਾਢੇ ਤਿੰਨ ਤਿੰਨ ਇਕ ਮੁਨਾਰ, ਤ੍ਰੈਗੁਣ ਅਤੀਤਾ ਆਪ ਬਣਾਈਆ । ਮੰਦਰ ਮਸੀਤਾ ਕਰ ਖੁਵਾਰ, ਠਾਂਡਾ ਸੀਤਾ ਖ਼ੁਸ਼ੀ ਮਨਾਈਆ । ਹਸਤ ਕੀਟ ਲਏ ਉਧਾਰ, ਬਖ਼ਸ਼ੇ ਸਚ ਸ਼ਰਨਾਈਆ । ਏਕੋ ਮੀਤਾ ਕਰੇ ਪਿਆਰ, ਮਿੱਤਰ ਪਿਆਰਾ ਸੇਜ ਹੰਢਾਈਆ । ਪਤਤ ਪੁਨੀਤਾ ਵਸੇ ਸਚ ਘਰ ਬਾਰ, ਪਾਕੀ ਪਾਕ ਖੇਲ ਖਲਾਈਆ । ਮਸਜਿਦ ਮੱਠ ਛੱਡ ਦੁਆਰ, ਘਰ ਆਪਣਾ ਆਪ ਸੁਹਾਈਆ । ਇਕ ਅਨਡੀਠਾ ਹੋ ਤਿਆਰ, ਜਗਤ ਜਗਦੀਸ਼ਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਮੰਦਰ ਆਪ ਸੁਹਾਈਆ । ਗ੍ਰਹਿ ਮੰਦਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਆਦਿ ਅੰਤ, ਏਕੰਕਾਰਾ ਰੰਗ ਚੜ੍ਹਾਇੰਦਾ । ਆਦਿ ਨਿਰੰਜਣ ਮਹਿਮਾ ਅਗਣਤ, ਦੀਪਕ ਦੀਆ ਡਗਮਗਾਇੰਦਾ । ਸ੍ਰੀ ਭਗਵਾਨ ਸਾਚਾ ਕੰਤ, ਪੁਰਖ ਅਬਿਨਾਸ਼ੀ ਗੋਦ ਸੁਹਾਇੰਦਾ । ਪਾਰਬ੍ਰਹਮ ਪ੍ਰਭ ਬਣਾਏ ਬਣਤ, ਸਾਚਾ ਘਾੜਨ ਆਪ ਘੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਆਪ ਵਡਿਆਇੰਦਾ । ਦਰ ਘਰ ਸਾਚਾ ਵੱਡਾ ਵਡ, ਸੋ ਪੁਰਖ ਨਿਰੰਜਣ ਆਪ ਵਡਿਆਈਆ । ਆਪਣਾ ਕਾਢਣ ਆਪੇ ਕੱਢ, ਆਪੇ ਵੇਖ ਵਖਾਈਆ । ਨਿਰਗੁਣ ਨਿਰਵੈਰ ਕਰ ਪ੍ਰਗਟ, ਸਾਚਾ ਧਾਮ ਸੁਹਾਈਆ । ਚਾਰ ਵਰਨ ਦਾ ਇਕੋ ਹੱਟ, ਪੁਰਖ ਅਕਾਲ ਖੁਲ੍ਹਾਈਆ । ਚਾਰ ਜੁਗ ਦਾ ਸਾਚਾ ਤੱਟ, ਤੀਰਥ ਨਾਮ ਧਰਾਈਆ । ਦੂਈ ਦਵੈਤੀ ਮੇਟੇ ਫੱਟ, ਏਕਾ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਦਰ ਆਪ ਬਣਾਈਆ । ਏਕਾ ਮੰਦਰ ਗਿਆ ਬਣ, ਹਰਿ ਹਰਿ ਆਪ ਬਣਾਇਆ । ਏਕਾ ਚੜ੍ਹਿਆ ਸੂਰਜ ਚੰਨ, ਚੰਦ ਚਾਂਦਨੀ ਮੁਖ ਸ਼ਰਮਾਇਆ । ਏਕਾ ਬੇੜਾ ਦੇਵੇ ਬੰਨ੍ਹ, ਬੰਨਣਹਾਰ ਇਕ ਹੋ ਜਾਇਆ । ਏਕਾ ਦੇਵੇ ਨਾਮ ਧਨ, ਸਚ ਖਜੀਨਾ ਇਕ ਵਖਾਇਆ । ਏਕਾ ਰਾਗ ਸੁਣਾਏ ਕੰਨ, ਨਾਦ ਅਨਾਦੀ ਨਾਦ ਵਜਾਇਆ । ਏਕਾ ਘੜੇ ਏਕਾ ਦੇਵੇ ਭੰਨ, ਘੜਨ ਭੰਨਣਹਾਰ ਇਕ ਅਖਵਾਇਆ । ਏਕਾ ਦੇਵਣਹਾਰਾ ਡੰਨ, ਸ਼ਾਹ ਪਾਤਸ਼ਾਹ ਨਾਉਂ ਧਰਾਇਆ । ਏਕਾ ਕਰੇ ਨੇਤਰ ਅੰਨ੍ਹ, ਏਕਾ ਨੈਣ ਨੈਣ ਖੁਲ੍ਹਾਈਆ । ਏਕਾ ਲੇਖਾ ਜਾਣੇ ਕਾਇਆ ਪੰਜ ਤੱਤ ਤਨ, ਏਕਾ ਤ੍ਰੈਗੁਣ ਬੰਧਨ ਪਾਇਆ । ਏਕਾ ਪੁਰਖ ਅਕਾਲ ਗਿਆ ਮੰਨ, ਜਨ ਭਗਤਾਂ ਹੋਏ ਸਹਾਇਆ । ਲੱਖ ਚੁਰਾਸੀ ਕਰੇ ਖੰਨ ਖੰਨ, ਏਕਾ ਖੰਡਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਸਚਖੰਡ ਦੁਆਰੇ ਦਿਤੀ ਦਾਦ, ਸਤਿ ਸਤਿਵਾਦ ਦਇਆ ਕਮਾਈਆ । ਲੇਖਾ ਲਿਖਿਆ ਬਿਨ ਕਲਮ ਦਵਾਤ, ਕਾਗ਼ਜ਼ ਨਾਲ ਨਾ ਲੱਗੀ ਸ਼ਾਹੀਆ । ਨਾ ਕੋਈ ਦਿਵਸ ਨਾ ਕੋਈ ਰਾਤ, ਘੜੀ ਪਲ ਨਾ ਵੰਡ ਵੰਡਾਈਆ । ਆਪੇ ਖੋਲ੍ਹ ਆਪਣਾ ਤਾਕ, ਦਰ ਦਰਵਾਜਾ ਇਕ ਵਖਾਈਆ । ਅੰਦਰ ਵਸੇ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਗਲੇ ਲਗਾਈਆ । ਇਕੋ ਇਕ ਸੁਣਾਏ ਅਵਾਜ਼, ਦੂਜਾ ਨਾਉਂ ਨਾ ਕੋਇ ਸੁਣਾਈਆ । ਭਗਤ ਭਗਵੰਤ ਸਾਜਣ ਸਾਜ, ਸਾਚਾ ਰਾਹ ਚਲਾਈਆ । ਖੇਲ ਕਰਾਏ ਦੇਸ ਮਾਝ, ਮਾਝਾ ਆਪਣਾ ਨਾਮ ਪਾਈਆ । ਨਾਰੀ ਕੰਤ ਰਚ ਰਚ ਕਾਜ, ਕੰਤ ਕੰਤੂਹਲ ਖ਼ੁਸ਼ੀ ਮਨਾਈਆ । ਸੌਹਰੇ ਪੇਈਏ ਇਕੋ

ਦਾਜ, ਨਾਮ ਧੰਨ ਆਪ ਵਰਤਾਈਆ । ਜਗਤ ਮੁਲੱਮਾ ਲਾਹੇ ਪਾਜ, ਕੰਚਨ ਰੰਗ ਇਕ ਚੜ੍ਹਾਈਆ । ਲੱਖ ਚੁਰਾਸੀ ਵਿਚੋਂ ਕਾਢ, ਆਪਣੀ ਗੋਦ ਬਹਾਈਆ । ਦਿਨ ਦਿਹਾੜੇ ਕਰੇ ਲਾਡ, ਗੁਰਮੁਖ ਬਾਲੇ ਗੋਦ ਸੁਹਾਈਆ । ਅਬਿਨਾਸ਼ੀ ਕਰਤਾ ਮੋਹਣ ਮਾਧਵ ਮਾਧ, ਮਧੁਰ ਧੁਨ ਇਕ ਸੁਣਾਈਆ । ਰਾਗ ਰਾਗਨੀ ਹੋਏ ਵਿਸਮਾਦ, ਬੈਠੇ ਨੈਣ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦੁਆਰੇ ਦਏ ਵਡਿਆਈਆ । ਸਚ ਦੁਆਰਾ ਸਚ ਦਰਗਹਿ, ਹਰਿ ਸਾਚਾ ਸਚ ਜਣਾਇੰਦਾ । ਪੁਰਖ ਅਬਿਨਾਸ਼ੀ ਬਣ ਮਲਾਹ, ਲੋਕਮਾਤ ਵੇਖ ਵਖਾਇੰਦਾ । ਜਨ ਭਗਤਾਂ ਦੇਵੇ ਇਕ ਸਲਾਹ, ਸਲਾਹਗੀਰ ਨਾਲ ਰਲਾਇੰਦਾ । ਸਾਚੇ ਮੰਦਰ ਦਏ ਬਹਾ, ਬਹਿ ਬਹਿ ਆਪਣੀ ਖ਼ੁਸ਼ੀ ਕਰਾਇੰਦਾ । ਏਕਾ ਦੀਪਕ ਦਏ ਜਗਾ, ਜੋਤੀ ਜੋਤ ਡਗਮਗਾਇੰਦਾ । ਏਕਾ ਰਾਗ ਦਏ ਅਲਾ, ਸੋਹੰ ਢੋਲਾ ਆਪੇ ਗਾਇੰਦਾ । ਇਕ ਵਿਚੋਲਾ ਦਏ ਬਣਾ, ਗੋਬਿੰਦ ਸੰਗ ਨਿਭਾਇੰਦਾ । ਏਕਾ ਹੋਲਾ ਦਏ ਖਲ੍ਹਾ, ਲੱਖ ਚੁਰਾਸੀ ਖੇਲ ਕਰਾਇੰਦਾ । ਏਕਾ ਬੋਲਾ ਲਏ ਪਰਨਾ, ਆਦਿ ਆਪਣਾ ਆਪ ਜਣਾਇੰਦਾ । ਏਕਾ ਓਹਲਾ ਦਏ ਚੁਕਾ, ਦੂਈ ਦਵੈਤੀ ਪਰਦਾ ਉਠਾਇੰਦਾ । ਏਕਾ ਰੌਲਾ ਦੇਵੇ ਪਾ, ਚਾਰੋਂ ਕੁੰਟ ਡੇਰਾ ਢਾਹਿੰਦਾ । ਏਕਾ ਹੌਲਾ ਭਾਰ ਦਏ ਕਰਾ, ਜਨ ਭਗਤਾਂ ਭਾਰ ਆਪ ਉਠਾਇੰਦਾ । ਏਕਾ ਧਵਲਾ ਦਏ ਵਡਿਆ, ਧਰਨੀ ਧਰਤ ਮਾਣ ਦਿਵਾਇੰਦਾ । ਸਾਚਾ ਮੰਦਰ ਰਿਹਾ ਬਣਾ, ਆਪ ਆਪਣੀ ਸੇਵ ਕਮਾਇੰਦਾ । ਗੋਬਿੰਦ ਵੇਖੇ ਚੜ੍ਹਿਆ ਚਾਅ, ਘਰ ਘਰ ਵਿਚ ਖ਼ੁਸ਼ੀ ਮਨਾਇੰਦਾ । ਕਰਿਆ ਖੇਲ ਬੇਪਰਵਾਹ, ਭੇਵ ਕੋਇ ਨਾ ਪਾਇੰਦਾ । ਮੁਰਸ਼ਦ ਮੁਰੀਦ ਦਰ ਸਾਚੇ ਬਹਿ ਕਰਿਆ ਨਕਾਹ, ਮੁਖ ਨਕਾਬ ਪਰਦਾ ਲਾਹਿੰਦਾ । ਆਬਹਯਾਤ ਦੇਵੇ ਪਿਆ, ਬੇਆਬ ਨਾ ਕੋਇ ਤੜਫਾਇੰਦਾ । ਗ਼ੁਫ਼ਤ ਗ਼ੁਫ਼ਤ ਆਪਣੀ ਗ਼ੁਫ਼ਤਾਰ ਦਏ ਸੁਣਾ, ਵੇਲਾ ਵਕਤ ਨਾ ਕੋਇ ਜਣਾਇੰਦਾ । ਮੁਫ਼ਤ ਮੁਫ਼ਤ ਆਪਣਾ ਸੌਦਾ ਰਿਹਾ ਲੁਟਾ, ਕਰਤਾ ਕੀਮਤ ਕੋਇ ਨਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਵਡਿਆਇੰਦਾ । ਸਚ ਦੁਆਰੇ ਦੇਵੇ ਮਾਣ, ਅਭਿਮਾਣ ਰਹਿਣ ਨਾ ਪਾਈਆ । ਭਗਵਨ ਭਗਤਾਂ ਮਿਲਿਆ ਆਣ, ਭਾਵੀ ਭੈ ਨਾ ਕੋਇ ਵਖਾਈਆ । ਦਰਗਹਿ ਸਾਚੀ ਕਰ ਪਰਵਾਨ, ਘਰ ਸਾਚੇ ਖ਼ੁਸ਼ੀ ਮਨਾਈਆ । ਚੌਕੜੀ ਪੰਧ ਮੁਕਾ ਆਣ, ਗੇੜਾ ਗੇੜ ਰਹਿਣ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਹੈਰਾਨ, ਕਰੋੜ ਤਤੀਸਾ ਰਿਹਾ ਕੁਰਲਾਈਆ । ਗੁਰ ਅਵਤਾਰ ਕਰਨ ਧਿਆਨ, ਭਗਤ ਸੰਤ ਨੈਣ ਉਠਾਈਆ । ਪੀਰ ਪੈਗ਼ੰਬਰ ਕਰਨ ਪਹਿਚਾਨ, ਦਸਤਗੀਰ ਭੇਵ ਨਾ ਰਾਈਆ । ਕਰਿਆ ਖੇਲ ਨੌਜਵਾਨ, ਬਲ ਆਪਣਾ ਆਪ ਧਰਾਈਆ । ਜਿਸ ਨੇ ਬਣਾਇਆ ਜ਼ਿਮੀ ਅਸਮਾਨ, ਜ਼ਰੇ ਜ਼ਰੇ ਰਿਹਾ ਸਮਾਈਆ । ਜਿਸ ਚੌਦਾਂ ਤਬਕ ਦਿਤਾ ਦਾਨ, ਚੌਦਾਂ ਲੋਕ ਹੱਟ ਖੁਲ੍ਹਾਈਆ । ਜਿਸ ਨੇ ਦਿਤਾ ਸਿਦਕ ਈਮਾਨ, ਜੋ ਕੁਰਾਨ ਰਿਹਾ ਪੜ੍ਹਾਈਆ । ਜਿਸ ਨੇ ਦਿਤਾ ਇਕ ਨਿਸ਼ਾਨ, ਮੁਕਾਮੇ ਹੱਕ ਰਾਹ ਵਖਾਈਆ । ਜਿਸ ਦਾ ਸੁਣਦੇ ਰਹੇ ਪੈਗ਼ਾਮ, ਸੋ ਪੈਗ਼ੰਬਰ ਕੀ ਖੇਲ ਵਰਤਾਈਆ । ਜਿਸ ਦਾ ਪਕੜਦੇ ਰਹੇ ਦਾਮ, ਸੋ ਦਾਮਨਗੀਰ ਵੇਸ ਵਟਾਈਆ । ਜਿਸ ਨੂੰ ਝੁਕ ਝੁਕ ਸਯਦਾ ਕਰਦੇ ਰਹੇ ਸਲਾਮ, ਸੋ ਅਲੈਕਮ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਖੇਲ ਕਰਾਈਆ । ਵਾਹਵਾ ਮੰਦਰ ਵਾਹਵਾ ਹਰਿ, ਹਰਿ ਭਗਤਾਂ ਦਏ ਵਡਿਆਈਆ । ਕਰਤੇ ਕਰੀਮ ਖੋਲ੍ਹਿਆ ਦਰ, ਕੁਦਰਤ ਰੰਗ ਵਖਾਈਆ । ਨਿਰਭੌ ਚੁਕਾਏ ਭੈ ਡਰ, ਭਾਣਾ ਆਪਣਾ ਆਪ ਵਰਤਾਈਆ । ਤੀਰਥ ਤੱਟ ਸਰੋਵਰ ਕਰ, ਗ੍ਰਿਹ ਮੰਦਰ ਆਪ ਪਰਗਟਾਈਆ । ਨਾਦ ਧੁੰਨ ਬੋਲ

ਜੈਕਾਰ, ਜੈ ਜੈਕਾਰ ਕਰੇ ਸ਼ਨਵਾਈਆ । ਨਵ ਨੌਂ ਚਾਰ ਅੰਤਮ ਵਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਦਰ ਦਰਵੇਸ਼ ਗੁਰ ਅਵਤਾਰ, ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਆਪਣੀ ਕਾਰ ਕਮਾਈਆ । ਜਨ ਭਗਤਾਂ ਦੇਵੇ ਨਿਤ ਦੀਦਾਰ, ਨੈਣ ਨੈਣ ਨਾਲ ਮਿਲਾਈਆ । ਰਾਤੀਂ ਸੁਤਿਆਂ ਲਏ ਉਠਾਲ, ਔਂਦਾ ਜਾਂਦਾ ਥੱਕ ਨਾ ਜਾਈਆ । ਵੇਖੋ ਮੁਰਸ਼ਦ ਕੇਹੜੀ ਚਲੀ ਚਾਲ, ਮੁਰੀਦ ਆਪਣੇ ਨਾਲ ਰਲਾਈਆ । ਜਿਸ ਦੇ ਪਿਛੇ ਛੁਰੀਆਂ ਨਾਲ ਹੋਏ ਹਲਾਲ, ਪੁੱਠੀ ਖੱਲ ਲੁਹਾਈਆ । ਸੋ ਕਲਜੁਗ ਅੰਤਮ ਗ਼ਰੀਬ ਨਿਮਾਣਿਆਂ ਨਿਰਗੁਣ ਬਣਿਆ ਦਲਾਲ, ਬਣ ਵਿਚੋਲਾ ਸੇਵ ਕਮਾਈਆ । ਆਪਣਾ ਹੱਕ ਜਾਣੇ ਹਲਾਲ, ਹਕੀਕ਼ਤ ਦਏ ਗਵਾਹੀਆ । ਜਲਵਾ ਨੂਰ ਦਏ ਜਲਾਲ, ਜ਼ਾਲਮ ਦੇਵੇ ਨਾ ਕੋਇ ਸਜ਼ਾਈਆ । ਆਲਮ ਖੇਲ ਕਰੇ ਕਮਾਲ, ਕਾਇਨਾਤ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਸੁਹਾਈਆ । ਸਚ ਦੁਆਰਾ ਸੁਹਾਏ ਨਿਰੰਕਾਰ, ਨਿਰਾਕਾਰ ਵਡੀ ਵਡਿਆਇਆ । ਭਗਤਨ ਮੇਲਾ ਅੰਤਮ ਵਾਰ, ਘਰ ਸਾਚੇ ਆਪ ਮਿਲਾਇਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦਰਬਾਰੀ ਆਪ ਸਮਝਾਇਆ । ਸੰਤ ਸੁਹੇਲੇ ਕਰ ਉਜਿਆਰ, ਗੁਰ ਚੇਲੇ ਰੰਗ ਚੜ੍ਹਾਇਆ । ਚਾਰ ਜੁਗ ਦਾ ਸਤਿ ਵਿਹਾਰ, ਸਤਿ ਪੁਰਖ ਨਿਰੰਜਣ ਆਪ ਕਰਾਇਆ । ਇਕ ਬਣਾਈ ਯਾਦਗਾਰ, ਪਿਛਲੀ ਯਾਦ ਭੁੱਲ ਨਾ ਜਾਇਆ । ਜਿਸ ਨੂੰ ਉਲਮਾ ਕਿਹਾ ਮੇਰਾ ਮਦਦਗਾਰ, ਮੁਹੰਮਦ ਪੀਰ ਕਹਿ ਕਹਿ ਸ਼ੁਕਰ ਮਨਾਇਆ । ਜਿਸ ਨੂੰ ਨਾਨਕ ਕਿਹਾ ਏਕੰਕਾਰ, ਨਿਰਾਕਾਰ ਵੇਸ ਵਟਾਇਆ । ਜਿਸ ਨੂੰ ਈਸਾ ਕਹੇ ਮੇਰਾ ਬਾਪ ਨਾਲ ਪਿਆਰ, ਸੋ ਪਿਤਾ ਪੂਤ ਗੋਦ ਲਏ ਉਠਾਇਆ । ਜਿਸ ਦੇ ਪਿਛੇ ਮੂਸਾ ਹੋਇਆ ਹਲਾਲ, ਨੂਰੀ ਜਲਵਾ ਇਕ ਤਕਾਇਆ । ਸੋ ਸਾਹਿਬ
੨੯੪ ੧੧ ਪ੍ਰਗਟ ਹੋਇਆ ਆਣ, ਸਾਚਾ ਮੰਦਰ ਲਏ ਬਣਾਇਆ । ਅੰਦਰ ਵੜ ਸ੍ਰੀ ਭਗਵਾਨ, ਸਚ ਸਿੰਘਾਸਣ ਇਕ ਸੁਹਾਇਆ । ਅੱਗੇ ਵੇਖੇ ਇਕ ਨਿਸ਼ਾਨ, ੨੯੪ ੧੧
ਛੱਤੀ ਛੱਤੀ ਬੰਧਨ ਪਾਇਆ । ਲੱਖ ਚੁਰਾਸੀ ਹੋਈ ਨਾਦਾਨ, ਹਰਿ ਕਾ ਭੇਵ ਕਿਸੇ ਨਾ ਆਇਆ । ਕੋਈ ਵੇਦ ਕੋਈ ਸ਼ਾਸਤਰ ਕੋਈ ਸਿਮਰਤ ਪੜ੍ਹ ਪੜ੍ਹ ਦਏ ਗਿਆਨ, ਪੁਰਾਨ ਅਠਾਰਾਂ ਕੋਇ ਸੁਣਾਇਆ । ਕੋਈ ਗੀਤਾ ਕਹੇ ਸੱਚਾ ਵਿਧਾਨ, ਅੱਠ ਦਸ ਰੰਗ ਚੜ੍ਹਾਇਆ । ਕੋਈ ਕਹੇ ਅੰਜੀਲ ਕ਼ੁਰਾਨ ਈਮਾਨ, ਖ਼ੁਦਾਵੰਦ ਮਸਲਾ ਇਕ ਸੁਣਾਇਆ । ਕੋਈ ਕਹੇ ਸਤਿਨਾਮ, ਕੋਈ ਡੰਕਾ ਫ਼ਤਹਿ ਵਜਾਇਆ । ਪੁਰਖ ਅਬਿਨਾਸ਼ੀ ਕਹੇ ਮੈਂ ਆਦਿ ਜੁਗਾਦਿ ਇਕ ਭਗਵਾਨ, ਜੁਗ ਜੁਗ ਆਪਣਾ ਹੁਕਮ ਵਰਤਾਇਆ । ਗੁਰ ਅਵਤਾਰ ਸੇਵ ਕਮਾਣ, ਪੀਰ ਪੈਗ਼ੰਬਰ ਹੁਕਮ ਫਿਰਾਇਆ । ਅੰਤਮ ਸਭ ਦਾ ਤੋੜਾਂ ਮਾਣ, ਥਿਰ ਕੋਇ ਰਹਿਣ ਨਾ ਪਾਇਆ । ਮੇਰੀ ਚਰਨੀਂ ਡਿੱਗਣ ਆਣ, ਏਕਾ ਓਟ ਰਖਾਇਆ । ਦਰ ਦਰ ਬਹਿ ਬਹਿ ਮੰਗਣ ਦਾਨ, ਖ਼ਾਲੀ ਝੋਲੀ ਅੱਗੇ ਡਾਹਿਆ । ਕਿਰਪਾ ਕਰ ਵਡ ਮਿਹਰਵਾਨ, ਨੇਤਰ ਨੈਣਾਂ ਨੀਰ ਵਹਾਇਆ । ਕੋਈ ਕਹੇ ਮੇਰਾ ਸਾਚਾ ਕਾਹਨ, ਗੋਪੀ ਬਣ ਬਣ ਸੇਵ ਕਮਾਇਆ । ਕੋਈ ਕਹੇ ਮੇਰਾ ਕੰਤ ਨੌਜਵਾਨ, ਨਾ ਮਰੇ ਨਾ ਜਾਇਆ । ਕੋਈ ਕਹੇ ਮੇਰਾ ਸਾਹਿਬ ਵਡ ਬਲਵਾਨ, ਬਲ ਆਪਣਾ ਆਪ ਧਰਾਇਆ । ਵਸਣਹਾਰਾ ਸਚਖੰਡ ਸੱਚੇ ਮਕਾਨ, ਸਚ ਸਿੰਘਾਸਣ ਸੋਭਾ ਪਾਇਆ । ਪੁਰਖ ਅਬਿਨਾਸ਼ੀ ਕਹੇ ਮੇਰਾ ਭਗਤ ਮੇਰਾ ਨਿਸ਼ਾਨ, ਬਿਨ ਭਗਤਾਂ ਮੈਂ ਕੰਮ ਕਿਸੇ ਨਾ ਆਇਆ । ਕਲਜੁਗ ਅੰਤਮ ਖੇਲ ਕਰਾਂ ਮਹਾਨ, ਲੋਕਮਾਤ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਚਲਾਇਆ । ਕਲਜੁਗ ਅੰਤਮ ਧਾਰ ਅਵੱਲੀ, ਅਵਲ ਅੱਲਾ ਆਪ ਚਲਾਈਆ । ਆਦਿ ਨਿਰੰਜਣ ਜੋਤ

ਇਕੱਲੀ, ਨਿਰਗੁਣ ਨਿਰਾਕਾਰ ਵੇਸ ਵਟਾਈਆ । ਵੇਖੋ ਵਸਤ ਵਿਕਾਏ ਸਵੱਲੀ, ਕੀਮਤ ਆਪਣੀ ਕੋਇ ਨਾ ਪਾਈਆ । ਹਰਿ ਭਗਤ ਫੁਲਵਾੜੀ ਲੋਕਮਾਤ ਫਲੀ, ਪਤ ਡਾਲੀ ਰਿਹਾ ਮਹਿਕਾਈਆ । ਲੱਖ ਚੁਰਾਸੀ ਵਿਚੋਂ ਸਾਚੀ ਕਲੀ, ਬਣ ਮਾਲਣ ਤੋੜ ਤੁੜਾਈਆ । ਹੋਕਾ ਦੇਵੇ ਗਲੀਓ ਗਲੀ, ਘਰ ਘਰ ਦਰ ਦਰ ਫੇਰਾ ਪਾਈਆ । ਗੁਰਮੁਖ ਸਖੀ ਵਿਰਲੀ ਰਲੀ, ਜਿਸ ਆਪਣੀ ਕਥਾ ਕਹਾਣੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚੀ ਸਖੀ ਵੇਖ ਕਾਹਨ, ਨਿਰਗੁਣ ਕੂਕ ਕੂਕ ਸੁਣਾਇੰਦਾ । ਸਾਹਿਬ ਹੋਇਆ ਮਿਹਰਵਾਨ, ਮਿਹਬਾਨ ਵੇਸ ਵਟਾਇੰਦਾ । ਭੱਜਾ ਫਿਰੇ ਗੁਣ ਨਿਧਾਨ, ਔਂਦਾ ਜਾਂਦਾ ਦਿਸ ਨਾ ਆਇੰਦਾ । ਏਕਾ ਵਸੇ ਸਚ ਮਕਾਨ, ਭਗਤ ਦੁਆਰਾ ਇਕ ਵਡਿਆਇੰਦਾ । ਆਓ ਵੇਖੋ ਕਰੋ ਧਿਆਨ, ਦਰਦੀ ਵੰਡ ਵੰਡਾਇੰਦਾ । ਜੋਬਨ ਜਾਏ ਜਗਤ ਰਕਾਨ, ਹਰਿ ਕੰਤ ਨਾ ਕੋਇ ਹੰਢਾਇੰਦਾ । ਲੱਖ ਚੁਰਾਸੀ ਭੁੱਲੀ ਜੀਵ ਅੰਞਾਣ, ਸੁਰਤੀ ਸੁਰਤ ਨਾ ਕੋਈ ਖੁਲ੍ਹਾਇੰਦਾ । ਕਰ ਕਰ ਥੱਕੀ ਜਗਤ ਅਸ਼ਨਾਨ, ਦੁਰਮਤ ਮੈਲ ਨਾ ਕੋਈ ਧੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਉਠ ਨਾਰੀ ਵੇਖ ਕੰਤ, ਨਰ ਨਰਾਇਣ ਫੇਰਾ ਪਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਦੂਜੀ ਵਾਰ ਉਤਰ ਕਦੇ ਨਾ ਜਾਈਆ । ਚਾਰ ਜੁਗ ਜਿਨ੍ਹਾਂ ਨੂੰ ਲੱਭਦੇ ਰਹੇ ਸਾਧ ਸੰਤ, ਉਚੇ ਟਿੱਲੇ ਪਰਬਤ ਚੜ੍ਹ ਚੜ੍ਹ ਫੇਰਾ ਪਾਈਆ । ਮੁਲਾਂ ਮੁਸਾਇਕ ਪੀਰ ਦਸਤਗੀਰ ਜਿਸ ਦੇ ਉਤੇ ਕਰਦੇ ਗਏ ਮੰਤ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਵਰ ਗਿਆ ਨਾ ਕੋਈ ਕਰ ਕੇ ਹਿੰਮਤ, ਏਕਾ ਹੌਸਲਾ ਸਾਰੇ ਗਏ ਢਾਈਆ । ਕਲਜੁਗ ਅੰਤਮ ਪ੍ਰਗਟਿਆ ਇਕੋ ਕੰਤ, ਕੰਤ ਕੰਤੂਹਲ ਵੇਸ ਵਟਾਈਆ । ਆਪਣੀ ਇਛਿਆ ਬਣਾਈ ਬਣਤ, ਜਨ ਭਗਤਾਂ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਓ ਤੱਕੋ ਵੇਖੋ ਨੈਣ, ਕਵਲ ਨੈਣ ਫੇਰੀ ਪਾਇੰਦਾ । ਜਿਸ ਦਾ ਨਾ ਕੋਈ ਸੱਜਣ ਸਾਕ ਸੈਣ, ਮਾਤ ਪਿਤ ਭਾਈ ਭੈਣ ਨਾ ਕੋਈ ਬਣਾਇੰਦਾ । ਜਿਸ ਦਾ ਨਾਉਂ ਗੁਰ ਅਵਤਾਰ ਕਹਿਣ, ਸੋ ਆਪਣਾ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇੰਦਾ । ਆਓ ਵੇਖੋ ਹਰਿ ਕਾ ਮੁਖ, ਪੰਚਮ ਮੁਖੀ ਤਾਜ ਸੁਹਾਈਆ । ਜਿਸ ਦੇਖਿਆਂ ਸਭ ਮਿਟਣ ਦੁੱਖ, ਏਕਾ ਘਰ ਵਡਿਆਈਆ । ਮਾਤ ਗਰਭ ਨਾ ਉਲਟਾ ਰੁਖ਼, ਦਸ ਦਸ ਮਾਸ ਨਾ ਅਗਨ ਤਪਾਈਆ । ਜਿਸ ਦੀਆਂ ਸੁਖਨਾ ਰਹੇ ਸੁਖ, ਕਵਣ ਕੂਟ ਧਿਆਨ ਲਗਾਈਆ । ਜਿਸ ਦੇ ਕੋਲ ਕੋਈ ਨਾ ਸਕੇ ਪੁਜ, ਏਕਾ ਪੰਧ ਮੁਕਾਈਆ । ਜਿਸ ਦਾ ਭੇਵ ਕੋਈ ਨਾ ਸਕੇ ਲੱਭ, ਨਾਨਕ ਬੇਅੰਤ ਬੇਅੰਤ ਬੇਅੰਤ ਗਿਆ ਸਮਝਾਈਆ । ਜਿਸ ਦੇ ਪਿਛੇ ਗੋਬਿੰਦ ਗਿਆ ਜੂਝ, ਬੰਸ ਸਰਬੰਸ ਮਿਟਾਈਆ । ਜਿਸ ਦੇ ਪਿਛੇ ਮਿਟੌਂਦੇ ਰਹੇ ਦੂਜ, ਦੋਏ ਦੋਏ ਰੂਪ ਧਰਾਈਆ । ਜਿਸ ਦੇ ਪਿਛੇ ਪੱਥਰ ਪਾਹਿਨ ਰਹੇ ਪੂਜ, ਕਾਗਦ ਸ਼ਾਹੀ ਸੀਸ ਝੁਕਾਈਆ । ਸੋ ਸਾਹਿਬ ਉਠਾਏ ਆਪਣੇ ਪੂਤ, ਗੁਰਮੁਖ ਸਾਚੇ ਮਾਤ ਜਗਾਈਆ । ਜਿਸ ਨੇ ਸੇਵਾ ਲਾਇਆ ਸ਼ੰਕਰ ਅਵਧੂਤ, ਏਕਾ ਗੁਣ ਸਮਝਾਈਆ । ਜਿਸ ਨੇ ਬ੍ਰਹਮੇ ਬ੍ਰਹਮ ਦਿਤਾ ਤਾਣਾ ਪੇਟਾ ਸੂਤ, ਸੋ ਸੂਤਰਧਾਰੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਆਸਣ ਲਾਈਆ । ਸਚ ਦੁਆਰੇ ਆਸਣ ਗਿਆ ਲੱਗ, ਹਰਿ ਲੱਗੀ ਤੋੜ ਨਿਭਾਇੰਦਾ । ਇਕੋ ਦੀਪਕ ਗਿਆ ਜਗ, ਜਾਗਰਤ ਜੋਤ ਡਗਮਗਾਇੰਦਾ । ਇਕੋ ਢੋਲਾ

੨੯੫
੧੧

ਵੱਜਾ ਨਦ, ਅਨਾਦੀ ਆਪ ਸੁਣਾਇੰਦਾ । ਇਕੋ ਪਰਦਾ ਲਏ ਕੱਜ, ਸਿਰ ਆਪਣਾ ਹੱਥ ਟਿਕਾਇੰਦਾ । ਇਕੋ ਮੱਕਾ ਕਰਾਏ ਹੱਜ, ਮਹਿਬੂਬ ਇਕੋ ਨਜ਼ਰੀ ਆਇੰਦਾ । ਇਕੋ ਰਾਮ ਲਏ ਸੱਦ, ਏਕਾ ਕ੍ਰਿਸ਼ਨ ਅੰਤ ਜਣਾਇੰਦਾ । ਇਕੋ ਨਾਨਕ ਚੜ੍ਹੇ ਜਹਾਜ਼, ਇਕੋ ਗੋਬਿੰਦ ਚੱਪੂ ਲਾਇੰਦਾ । ਇਕੋ ਪੁਰਖ ਅਬਿਨਾਸ਼ੀ ਮਾਰੇ ਅਵਾਜ਼, ਆਪ ਆਪਣੀ ਦਇਆ ਕਮਾਇੰਦਾ । ਇਕੋ ਸ਼ਹਿਨਸ਼ਾਹ ਇਕੋ ਰਾਜ, ਹੁਕਮ ਹਾਕਮ ਇਕ ਸੁਣਾਇੰਦਾ । ਇਕੋ ਸੀਸ ਇਕੋ ਤਾਜ, ਇਕ ਸਿਰ ਟਿਕਾਇੰਦਾ । ਇਕੋ ਸਾਹਿਬ ਗਿਆ ਜਾਗ, ਹਰਿਜਨ ਸਾਚੇ ਆਪ ਜਗਾਇੰਦਾ । ਇਕੋ ਸੇਵਕ ਆਇਆ ਭਾਜ, ਬਣ ਚਾਕਰ ਸੇਵ ਕਮਾਇੰਦਾ । ਇਕੋ ਰੱਖਣਹਾਰ ਲਾਜ, ਚਾਰੋਂ ਕੁੰਟ ਵੇਖ ਵਖਾਇੰਦਾ । ਇਕੋ ਦੇਵਣਹਾਰਾ ਦਾਦ, ਨਾਮ ਧੰਨ ਆਪ ਵਰਤਾਇੰਦਾ । ਇਕੋ ਲੱਖ ਚੁਰਾਸੀ ਵਿਚੋਂ ਲਏ ਕਾਢ, ਆਵਣ ਜਾਵਣ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੁਆਰ ਆਪ ਬਣਾਇੰਦਾ । ਇਕੋ ਦੇਵੇ ਸਾਚੀ ਦਾਤ, ਦਾਤਾ ਦਾਨੀ ਦਇਆ ਕਮਾਇੰਦਾ । ਇਕੋ ਬੰਨੇ ਸਾਚਾ ਨਾਤ, ਚਰਨ ਕਵਲ ਜੋੜ ਜੁੜਾਇੰਦਾ । ਇਕੋ ਸੁਣਾਏ ਸਾਚੀ ਗਾਥ, ਸਾਚਾ ਮੰਤਰ ਢੋਲਾ ਗਾਇੰਦਾ । ਇਕੋ ਵਖਾਏ ਆਪਣੀ ਜ਼ਾਤ, ਦੂਸਰ ਵੰਡ ਨਾ ਕੋਇ ਵੰਡਾਇੰਦਾ । ਇਕੋ ਮੇਟੇ ਅੰਧੇਰੀ ਰਾਤ, ਨਿਰਗੁਣ ਸਾਚਾ ਚੰਦ ਚੜ੍ਹਾਇੰਦਾ । ਇਕੋ ਬੈਠਾ ਰਹੇ ਇਕਾਂਤ, ਅਕਲ ਕਲਾ ਅਖਵਾਇੰਦਾ । ਇਕੋ ਖੇਲ ਕਰੇ ਬੌਹ ਬਿਧ ਭਾਂਤ, ਇਕੋ ਜੁਗ ਜੁਗ ਵੇਸ ਵਟਾਇੰਦਾ । ਇਕੋ ਸਾਹਿਬ ਕਮਲਾਪਾਤ, ਇਕੋ ਨਾਰੀ ਪੁਰਖ ਅਖਵਾਇੰਦਾ । ਇਕੋ ਵੇਖੇ ਸਚ ਜਮਾਤ, ਜੁਮਲਾ ਪੱਟੀ ਆਪ ਪੜ੍ਹਾਇੰਦਾ । ਇਕੋ ਖੋਲ੍ਹੇ ਸੱਚਾ ਹਾਟ, ਬਣ ਹਟਵਾਣਾ ਹੱਟ ਚਲਾਇੰਦਾ । ਇਕੋ ਵੇਖੇ ਤੀਰਥ ਤਾਟ, ਤੱਟ ਕਿਨਾਰਾ ਸੋਭਾ ਪਾਇੰਦਾ । ਇਕੋ ਜੋਤ ਨੂਰ ਲਲਾਟ, ਨੂਰ ਨੁਰਾਨਾ ਡਗਮਗਾਇੰਦਾ । ਏਕਾ ਖੋਲ੍ਹੇ ਵੱਡਾ ਖਾਤ, ਡੂੰਘਾ ਖਾਤਾ ਆਪ ਰਖਾਇੰਦਾ । ਏਕਾ ਵੇਖੇ ਮਾਰ ਝਾਤ, ਝਾਕੀ ਆਪਣੀ ਨਾ ਕਿਸੇ ਵਖਾਇੰਦਾ । ਏਕਾ ਦਿਸੇ ਸੱਚਾ ਸਾਥ, ਸਗਲਾ ਸੰਗ ਨਿਭਾਇੰਦਾ । ਏਕਾ ਹੋਏ ਪੁਰਖ ਸਮਰਾਥ, ਸਮਰਥ ਆਪਣੀ ਧਾਰ ਰਖਾਇੰਦਾ । ਏਕਾ ਕਰੇ ਪੂਰੀ ਆਸ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਇੰਦਾ । ਏਕਾ ਵੇਖੇ ਪ੍ਰਿਥਮੀ ਆਕਾਸ਼, ਗਗਨ ਮੰਡਲ ਫੇਰਾ ਪਾਇੰਦਾ । ਏਕਾ ਰਚਾਏ ਸਾਚੀ ਰਾਸ, ਗੋਪੀ ਕਾਹਨ ਨਚਾਇੰਦਾ । ਏਕਾ ਰਾਮ ਵਸੇ ਪ੍ਰਭਾਸ, ਜੰਗਲ ਜੂਹ ਉਜਾੜ ਵੇਖ ਵਖਾਇੰਦਾ । ਏਕਾ ਬਣਿਆ ਰਹੇ ਦਾਸੀ ਦਾਸ, ਬਣ ਬਣ ਸੇਵਕ ਸੇਵ ਕਮਾਇੰਦਾ । ਏਕਾ ਆਦਿ ਜੁਗਾਦਿ ਨਾ ਹੋਏ ਨਾਸ, ਅਬਿਨਾਸ਼ੀ ਆਪਣਾ ਨਾਉਂ ਧਰਾਇੰਦਾ । ਏਕਾ ਲੱਖ ਚੁਰਾਸੀ ਕਰੇ ਪਾਸ਼ ਪਾਸ਼, ਜੋ ਘੜਿਆ ਭੰਨ ਵਖਾਇੰਦਾ । ਏਕਾ ਕਰੇ ਭੋਗ ਬਲਾਸ, ਭਸਮੜ ਆਪਣਾ ਮੂਲ ਚੁਕਾਇੰਦਾ । ਏਕਾ ਬਣਿਆ ਸ਼ਾਹ ਸ਼ਾਬਾਸ਼, ਆਪਣੀ ਸਖ਼ਸੀਅਤ ਆਪ ਜਣਾਇੰਦਾ । ਏਕਾ ਕਾਰਜ ਕਰੇ ਰਾਸ, ਏਕਾ ਆਪਣੀ ਕਾਰ ਕਰਾਇੰਦਾ । ਏਕਾ ਦੇਵੇ ਸਚ ਧਰਵਾਸ, ਧਰਨੀ ਧਰਤ ਧਵਲ ਵਡਿਆਇੰਦਾ । ਏਕਾ ਜਨ ਭਗਤਾਂ ਪੂਰੀ ਕਰੇ ਆਸ, ਕਲਜੁਗ ਅੰਤਮ ਮੇਲ ਮਿਲਾਇੰਦਾ । ਏਕਾ ਗੁਰਮੁਖਾਂ ਅੰਦਰ ਕਰੇ ਵਾਸ, ਸਾਚਾ ਧਾਮ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰਾ ਕਾਇਆ ਗੜ੍ਹ, ਲੋਕਮਾਤ ਨਿਸ਼ਾਨ ਵਖਾਇੰਦਾ । ਗੁਰਮੁਖ ਤੇਰੀ ਕਾਇਆ ਧਾਰ, ਹਰਿ ਸਾਚੇ ਆਪ ਬਣਾਈਆ । ਬਾਹਰੋਂ ਦਿਸਣ ਨੌਂ ਦੁਆਰ, ਅੰਦਰ ਵੜਿਆ ਸਾਚਾ ਮਾਹੀਆ । ਨੇਤਰ ਦਿਸੇ ਸਾਢੇ ਤਿੰਨ ਹੱਥ ਮਨਾਰ, ਅੰਦਰ ਛੱਤੀ ਰਾਗ ਦਾ ਮਾਣ ਗਵਾਈਆ । ਅੱਠ ਖਿੜਕੀ ਕਰ ਪਿਆਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼,

ਮਨ ਮਤ ਬੁਧ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਤੇਰੀ ਵੇਖੇ ਕਾਇਆ ਅਟਾਰੀ, ਅਟੱਲ ਬੇਪਰਵਾਹਿਆ । ਜਗੇ ਜੋਤ ਇਕ ਨਿਰੰਕਾਰੀ, ਨਿਰਗੁਣ ਨੂਰ ਨੂਰ ਰੁਸ਼ਨਾਇਆ । ਕਲਜੁਗ ਕਰੇ ਸਚ ਵਿਹਾਰੀ, ਬਿਵਹਾਰੀ ਆਪਣੀ ਖੇਲ ਖਲਾਇਆ । ਆਦਿ ਆਦਿ ਲਗਾਈ ਯਾਰੀ, ਅੰਤਮ ਮੇਲਾ ਸਹਿਜ ਸੁਭਾਇਆ । ਗੁਰਮੁਖ ਨਾਰ ਨਾ ਰਹੇ ਕਵਾਰੀ, ਹਰਿ ਜੂ ਕੰਤ ਲਏ ਪਰਨਾਇਆ । ਕਰੇ ਖੇਲ ਅਗੰਮ ਅਪਾਰੀ, ਅਲਖ ਅਗੋਚਰ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਬਹਿ ਬਹਿ ਆਪਣਾ ਰਾਗ ਅਲਾਇਆ । ਸਾਚੇ ਮੰਦਰ ਬੈਠਾ ਰਾਗੀ, ਹਰਿ ਜੂ ਰਾਗ ਸੁਣਾਈਆ । ਆਦਿ ਮਧ ਦੀ ਪਿਛਲੀ ਵਾਦੀ, ਜੁਗਾਦੀ ਭੁੱਲ ਨਾ ਜਾਈਆ । ਹਰਿਜਨ ਲਡਾਏ ਸਾਚਾ ਲਾਡੀ, ਆਪਣੀ ਗੋਦ ਬਹਾਈਆ । ਕਰਿਆ ਖੇਲ ਬਣ ਬਣ ਬਾਢੀ, ਭੇਵ ਕੋਇ ਨਾ ਪਾਈਆ । ਫਾਂਦਕ ਬਣਿਆ ਹਰਿ ਜੂ ਫਾਂਦੀ, ਗੁਰਮੁਖ ਸਾਚੇ ਬੰਨ੍ਹ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਆਪ ਸੁਹਾਈਆ । ਗ੍ਰਿਹ ਮੰਦਰ ਹਰਿ ਸੁਹਾਇਆ, ਲੋਕਮਾਤ ਉਜਿਆਰ । ਬਹਿ ਢੋਲਾ ਇਕੋ ਗਾਇਆ, ਪੁਰਖ ਅਬਿਨਾਸ਼ੀ ਖੇਲ ਅਪਾਰ । ਸਾਚਾ ਤੋਲਾ ਬਣ ਕੇ ਆਇਆ, ਤੋਲਣਹਾਰ ਸਰਬ ਸੰਸਾਰ । ਗੁਰਮੁਖ ਆਪਣੇ ਕੋਲ ਵਸਾਇਆ, ਆਪਣਾ ਖੋਲ੍ਹ ਕਵਾੜ । ਦੋ ਜਹਾਨ ਵਿਛੋੜਾ ਕਟਾਇਆ, ਕਰ ਕਿਰਪਾ ਆਪ ਨਿਰੰਕਾਰ । ਸਾਚੇ ਘੋੜੇ ਲਏ ਚੜ੍ਹਾਇਆ, ਸੇਵਾ ਕਰੇ ਸ਼ਾਹ ਅਸਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਮੇਲਾ ਇਕ ਦਵਾਰ । ਭਗਤ ਭਗਵੰਤ ਮਿਲਿਆ ਮੇਲ, ਮਿਲ ਮਿਲ ਖ਼ੁਸ਼ੀ ਮਨਾਈਆ । ਸਾਹਿਬ ਮਿਲਿਆ ਸੱਜਣ ਸੁਹੇਲ, ਸਾਚਾ ਘਰ ਵਸਾਈਆ । ਨਿਰਗੁਣ ਸਰਗੁਣ ਚੜ੍ਹਾਏ ਤੇਲ, ਬਹਿ ਬਹਿ ਖ਼ੁਸ਼ੀ ਮਨਾਈਆ । ਆਓ ਰਲ ਮਿਲ ਖੇਲ ਲਈਏ ਖੇਲ, ਵੇਖੇ ਸਰਬ ਲੋਕਾਈਆ । ਸ੍ਰਿਸ਼ਟ ਸਬਾਈ ਪੰਜ ਵਿਕਾਰੇ ਫਸੀ ਤੁਹਾਨੂੰ ਮਿਲਿਆ ਵੇਹਲ, ਮਿਲ ਮਿਲ ਖ਼ੁਸ਼ੀ ਮਨਾਈਆ । ਆਂਢੀਆਂ ਗਵਾਂਢੀਆਂ ਜਾਣਾ ਧਰਮ ਰਾਏ ਦੀ ਜੇਲ, ਬੰਦੀ ਬੰਦ ਨਾ ਕੋਇ ਤੁੜਾਈਆ । ਪਿਉ ਪੁਤਰਾਂ ਨੱਕ ਪੈਣੀ ਨਕੇਲ, ਨਵ ਨਵ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਆਪ ਉਠਾਈਆ । ਆਓ ਉਠੋ ਭੱਜੋ, ਭੱਜਣ ਵੇਲਾ ਆਇਆ । ਸਚ ਦੁਆਰੇ ਬਹਿ ਕੇ ਸਜੋ, ਸੱਜਣ ਸੱਚਾ ਆਇਆ । ਕਰ ਦਰਸ ਗੁਰਮੁਖ ਰੱਜੋ, ਆਪਣੀ ਤ੍ਰਿਖਾ ਬੁਝਾਇਆ । ਪਾਰਬ੍ਰਹਮ ਬ੍ਰਹਮ ਸ਼ਰਨੀ ਲੱਗੋ, ਮਿਲੇ ਸ਼ਰਨਗਤ ਸ਼ਰਨਾਇਆ । ਪਿਛਲੀ ਵਾਦੀ ਹੁਣ ਛੱਡੋ, ਜੋਗ ਅਭਿਆਸ ਨਾ ਕੋਇ ਕਰਾਇਆ । ਘਰ ਆਇਆ ਬਿਨ ਡੋਰੀਉਂ ਫੱਧੋ, ਚਾਰੋਂ ਕੁੰਟ ਘੇਰਾ ਪਾਇਆ । ਜੇ ਭੱਜੇ ਤਾਂ ਲੱਤਾਂ ਵੱਢੇ, ਬਣ ਸੰਗੀ ਛੱਡ ਕਿਉਂ ਜਾਇਆ । ਜੇ ਲੁਕੇ ਤੇ ਡੂੰਘੀ ਕੰਦਰੋਂ ਕੱਢੇ, ਕਿਉਂ ਆਪਣੇ ਵਿਚ ਛੁਪਾਇਆ । ਜਿੰਨਾਂ ਚਿਰ ਨਾ ਮੰਨੇ ਓਨ੍ਹਾਂ ਚਿਰ ਨਾ ਛੱਡੇ, ਜਿੰਨਾਂ ਚਿਰ ਨਾ ਕਹੇ ਤੂੰ ਮੇਰਾ ਮੈਂ ਤੇਰਾ ਇਕੋ ਘਰ ਬਣਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵਸਿਆ ਪਾਰ ਹੱਦੋਂ, ਹੁਣ ਤੁਹਾਡੀ ਹੱਦ ਅੰਦਰ ਆਇਆ । ਜਿਸ ਦਾ ਰੂਪ ਰੰਗ ਰੇਖ ਨਾ ਕੋਈ ਕੱਦੋ, ਕੁਦਰਤ ਕਾਦਰ ਖੇਲ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਉਠਾਇਆ । ਉਠੋ ਪਾਓ ਘੇਰਾ, ਹਰਿ ਹਰਿ ਆਖ ਸੁਣਾਇੰਦਾ । ਜੁਗ ਚੌਕੜੀ ਜੋ ਬਣਿਆ ਨਾ ਆਪ ਦਲੇਰਾ, ਆਪਣਾ ਬਲ ਧਰਾਇੰਦਾ । ਗੁਰ ਅਵਤਾਰਾਂ ਜੋ ਕਰਦਾ ਰਿਹਾ ਨਬੇੜਾ, ਪੀਰ ਪੈਗ਼ੰਬਰਾਂ ਸੇਵਾ ਲਾਇੰਦਾ । ਬ੍ਰਹਿਮੰਡ ਖੰਡ ਵਸਾਇਆ

ਜਿਸ ਖੇੜਾ, ਲੱਖ ਚੁਰਾਸੀ ਖੇਲ ਖਲਾਇੰਦਾ । ਦੂਰ ਦੁਰਾਡਾ ਜੋ ਦਿਸੇ ਕਲਜੁਗ ਅੰਤਮ ਆਇਆ ਨੇੜਾ, ਬਣ ਦਰਵੇਸ਼ ਫੇਰੀ ਪਾਇੰਦਾ । ਤੁਹਾਡੇ ਗ੍ਰਹਿ ਪਾਇਆ ਫੇਰਾ, ਵਿਸ਼ਨ ਬ੍ਰਹਮਾ ਸ਼ਿਵ ਨਾ ਨਾਲ ਰਖਾਇੰਦਾ । ਪਹਿਲੋਂ ਲੋਕੀ ਕਹਿੰਦੇ ਰਹੇ ਸਿੰਘ ਸ਼ੇਰਾ, ਹੁਣ ਨਿਰਗੁਣ ਹੋ ਹੋ ਵੇਸ ਵਟਾਇੰਦਾ । ਹਰਿ ਕਾ ਭੇਵ ਜਾਣੇ ਕਿਹੜਾ, ਭੇਤ ਆਪਣਾ ਨਾ ਕਿਸੇ ਜਣਾਇੰਦਾ । ਸੱਤਰਾਂ ਬਹੱਤਰਾਂ ਵਖਾਇਆ ਇਕੋ ਡੇਰਾ, ਢੇਰੀ ਖ਼ਾਕ ਨਾ ਕੋਇ ਕਰਾਇੰਦਾ । ਬਿਨ ਵੰਞ ਚੱਪੂ ਤਾਰਿਆ ਬੇੜਾ, ਬੇੜਾ ਆਪਣੇ ਕੰਧ ਉਠਾਇੰਦਾ । ਹਰਿ ਭਗਤ ਤੇਰਾ ਖੁਲ੍ਹਾ ਵੇਹੜਾ, ਤੇਰਾ ਦਰਵਾਜਾ ਬੰਦ ਨਾ ਕੋਇ ਕਰਾਇੰਦਾ । ਜੁਗ ਜੁਗ ਜੋ ਕਰਦਾ ਰਿਹਾ ਝੇੜਾ, ਅੰਤ ਗੁਰਸਿਖਾਂ ਝੇੜਾ ਸਰਬ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਆਓ ਸਿਖੋ ਕਰੋ ਦੀਦਾਰ, ਬਿਨ ਨੇਤਰਾਂ ਦਏ ਦਰਸਾਈਆ । ਜਿਸ ਨੂੰ ਕਹਿੰਦੇ ਰਹੇ ਕਰੀਮ ਕਾਦਰ ਯਾਰ, ਕੁਦਰਤ ਵਸੇ ਮਾਹੀਆ । ਜਿਸ ਦਾ ਸਯਦਾ ਕਰਦੇ ਰਹੇ ਜੁਗ ਚਾਰ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਦੀ ਗੁਰ ਅਵਤਾਰ ਕੱਢਦੇ ਗਏ ਵਗਾਰ, ਪੰਜ ਤੱਤ ਫੇਰਾ ਪਾਈਆ । ਜਿਸ ਦਾ ਨਾਉਂ ਗਾਉਂਦੇ ਰਹੇ ਬੋਲ ਜੈਕਾਰ, ਰਸਨਾ ਜਿਹਵਾ ਹਲਾਈਆ । ਜਿਸ ਨੂੰ ਮੰਨਦੇ ਗਏ ਪਰਵਰਦਿਗਾਰ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਜਿਸ ਨੂੰ ਕਹਿ ਕਹਿ ਗਏ ਏਕੰਕਾਰ, ਪੁਰਖ ਅਕਾਲ ਸਾਲਾਹੀਆ । ਜਿਸ ਨੂੰ ਕਹਿੰਦੇ ਗਏ ਵਸੇ ਸਚਖੰਡ ਆਪੇ ਸੱਚੀ ਸਰਕਾਰ, ਸਾਚੇ ਤਖ਼ਤ ਸੋਭਾ ਪਾਈਆ । ਸੋ ਕਲਜੁਗ ਅੰਤਮ ਸਾਚੀ ਸੇਵਾ ਕਰੇ ਅਗੰਮ ਅਪਾਰ, ਭਗਤ ਦੁਆਰਾ ਮਾਤ ਬਣਾਈਆ । ਨਿਰਗੁਣ ਚਲ ਕੇ ਆਏ ਵਿਚ ਸੰਸਾਰ, ਰੂਪ ਅਨੂਪ ਵਟਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਕਰੇ ਬੇਦਾਰ, ਗ਼ਫ਼ਲਤ ਨੀਂਦ ਕੋਇ ਰਹਿਣ ਨਾ ਪਾਈਆ । ਰਹਿਮਤ ਕਰ ਸੱਚੀ ਸਰਕਾਰ, ਹਰਿਜਨ ਸਾਚੇ ਲਏ ਜਗਾਈਆ । ਸਹੀ ਸਲਾਮਤ ਏਕੰਕਾਰ, ਆਪ ਆਪਣੀ ਕਾਰ ਕਮਾਈਆ । ਜਨ ਭਗਤ ਦੁਆਰੇ ਬਣ ਭਿਖਾਰ, ਭਿਖ਼ਕ ਫੇਰੀ ਰਿਹਾ ਪਾਈਆ । ਜੇ ਕੋਈ ਮਿਲੇ ਸੱਜਣ ਯਾਰ, ਆਪਣਾ ਹਾਲ ਦਿਆਂ ਸੁਣਾਈਆ । ਆ ਕੇ ਵੇਖਿਆ ਲੋਕਮਾਤ ਮੇਰਾ ਭੰਡਾਰ, ਸੱਤਰ ਬਹੱਤਰ ਬੈਠੇ ਭੈਣਾਂ ਭਾਈ ਨਾਲ ਮਿਲਾਈਆ । ਹਰਿ ਸੰਗਤ ਹਰਿ ਮਹੱਲ ਉਸਾਰ, ਹਰਿ ਕੀ ਪੌੜੀ ਦਏ ਚੜ੍ਹਾਈਆ । ਜਿਸ ਦਾ ਡੰਡਾ ਨਾ ਲੱਭੇ ਵਿਚ ਸੰਸਾਰ, ਲੁਹਾਰ ਤਰਖਾਣ ਘਾੜਤ ਨਾ ਕੋਇ ਘੜਾਈਆ । ਤਿਸ ਮੰਦਰ ਗੁਰਮੁਖ ਲਏ ਬਹਾਲ, ਸਾਰ ਕਿਸੇ ਨਾ ਆਈਆ । ਨੇੜ ਨਾ ਆਏ ਕਾਲ ਮਹਾਂਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਏਥੇ ਓਥੇ ਦੋ ਜਹਾਨ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਰਖਾਈਆ । ਗੁਰਮੁਖ ਤੇਰਾ ਕਰਨ ਆਇਆ ਜਮਾਲ, ਆਪਣਾ ਨੂਰ ਦੇਵੇ ਦਰਸਾਈਆ । ਗੋਬਿੰਦ ਸੁਣਾਇਆ ਮੁਰੀਦਾ ਹਾਲ, ਮੁਰਸ਼ਦ ਫੇਰਾ ਆਪੇ ਪਾਈਆ । ਸਰਸੇ ਵਿਛੜੇ ਲਏ ਭਾਲ, ਸੱਤਰਾਂ ਮਾਣ ਦਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੀ ਸੱਚੀ ਧਰਮਸਾਲ, ਹਰਿ ਭਗਤ ਦੁਆਰਾ ਮਾਤ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿਵਾਦੀ ਇਕ ਨਿਸ਼ਾਨ, ਆਪ ਝੁਲਾਏ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੰਗ ਸਮਾਈਆ ।

੨੯੮
੧੧

## ★ ਪਹਿਲੀ ਮਾਘ ੨੦੧੮ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਸਾਚਾ ਹਰਿ ਹਰਿ ਹਰਿ ਧਾਰ, ਅਗੰਮ ਅਗੰਮ ਚਲਾਈਆ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਆਦਿ ਆਦਿ ਕਮਾਈਆ । ਸਤਿ ਸਤਿਵਾਦੀ ਏਕੰਕਾਰ, ਅਕਲ ਕਲਾ ਅਖਵਾਈਆ । ਸਤਿ ਸਤਿਵਾਦੀ ਜੋਤ ਉਜਿਆਰ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਸਤਿ ਸਤਿਵਾਦੀ ਸੋਹੇ ਧਾਮ ਨਿਆਰ, ਸਚਖੰਡ ਦੁਆਰਾ ਆਸਣ ਲਾਈਆ । ਸਤਿ ਸਤਿਵਾਦੀ ਸ਼ਾਹੋ ਭੂਪ ਸਰਕਾਰ, ਸ਼ਹਿਨਸ਼ਾਹ ਹਰਿ ਨਾਉਂ ਧਰਾਈਆ । ਸਤਿ ਸਤਿਵਾਦੀ ਹੁਕਮ ਵਰਤਾਰ, ਧੁਰ ਫ਼ਰਮਾਣਾ ਆਪ ਸੁਣਾਈਆ । ਸਤਿ ਸਤਿਵਾਦੀ ਦਰ ਦਰਵੇਸ਼ ਬਣ ਭਿਖਾਰ, ਆਪ ਆਪਣੀ ਮੰਗ ਮੰਗਾਈਆ । ਸਤਿ ਸਤਿਵਾਦੀ ਵਡ ਭੰਡਾਰ, ਅਲਖ ਅਗੋਚਰ ਆਪਣਾ ਆਪ ਵਰਤਾਈਆ । ਸਤਿ ਸਤਿਵਾਦੀ ਕਰ ਪਿਆਰ, ਆਪਣੀ ਭਿਛਿਆ ਝੋਲੀ ਪਾਈਆ । ਸਤਿ ਸਤਿਵਾਦੀ ਅੰਦਰ ਬਾਹਰ, ਨਿਰਗੁਣ ਆਪਣਾ ਖੇਲ ਕਰਾਈਆ । ਸਤਿ ਸਤਿਵਾਦੀ ਪੁਰਖ ਨਾਰ, ਨਰ ਨਰਾਇਣ ਵਡੀ ਵਡਿਆਈਆ । ਸਤਿ ਸਤਿਵਾਦੀ ਜੋਤੀ ਧਾਰ, ਜੋਤ ਜੋਤ ਜੋਤ ਸਮਾਈਆ । ਸਤਿ ਸਤਿਵਾਦੀ ਕਰ ਪਿਆਰ, ਆਪ ਆਪਾ ਲਏ ਪ੍ਰਗਟਾਈਆ । ਸਤਿ ਸਤਿਵਾਦੀ ਸਚ ਵਿਹਾਰ, ਦਾਈ ਦਾਇਆ ਸੇਵ ਕਮਾਈਆ । ਸਤਿ ਸਤਿਵਾਦੀ ਘਰ ਵਿਚ ਘਰ ਕਰ ਤਿਆਰ, ਥਿਰ ਘਰ ਸਾਚਾ ਲਏ ਬਣਾਈਆ । ਸਤਿ ਸਤਿਵਾਦੀ ਹੋ ਉਜਿਆਰ, ਪੂਤ ਸਪੂਤਾ ਸ਼ਬਦੀ ਜਾਈਆ । ਸਤਿ ਸਤਿਵਾਦੀ ਨਾਦ ਧੁਨ ਜੈਕਾਰ, ਬੋਧ ਅਗਾਧ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿ ਸਤਿਵਾਦੀ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਨਾਉਂ ਧਰਾਇੰਦਾ । ਸਤਿ ਸਤਿਵਾਦੀ ਬੇਪਰਵਾਹ, ਆਪ ਆਪਣੇ ਰੰਗ ਸਮਾਇੰਦਾ । ਸਤਿ ਸਤਿਵਾਦੀ ਹੁਕਮਰਾਂ, ਹੁਕਮ ਹਾਕਮ ਆਪ ਜਣਾਇੰਦਾ । ਸਤਿ ਸਤਿਵਾਦੀ ਆਪਣਾ ਨਾਉਂ ਧਰਾ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਸਤਿ ਸਤਿਵਾਦੀ ਸਾਚਾ ਮਾਰਗ ਲਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਸਤਿ ਸਤਿਵਾਦੀ ਆਪਣਾ ਧਾਮ ਸੁਹਾ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਸਤਿ ਸਤਿਵਾਦੀ ਆਪਣੀ ਇਛਿਆ ਆਪ ਪ੍ਰਗਟਾ, ਹਰਿ ਪੁਰਖ ਨਿਰੰਜਣ ਝੋਲੀ ਡਾਹਿੰਦਾ । ਸਤਿ ਸਤਿਵਾਦੀ ਏਕੰਕਾਰਾ ਰੂਪ ਰੰਗ ਰੇਖ ਨਾ ਕੋਇ ਜਣਾ, ਨਿਰਾਕਾਰਾ ਖੇਲ ਵਖਾਇੰਦਾ । ਸਤਿ ਸਤਿਵਾਦੀ ਨੂਰ ਨੁਰਾਨਾ ਡਗਮਗਾ, ਆਦਿ ਨਿਰੰਜਣ ਭੇਵ ਚੁਕਾਇੰਦਾ । ਸਤਿ ਸਤਿਵਾਦੀ ਅਬਿਨਾਸ਼ੀ ਕਰਤਾ ਨਾਉਂ ਰਖਾ, ਭੂਪਤ ਭੂਪ ਸੋਭਾ ਪਾਇੰਦਾ । ਸਤਿ ਸਤਿਵਾਦੀ ਆਪਣੀ ਮੰਨੇ ਆਪ ਰਜਾ, ਦੂਜੀ ਓਟ ਨਾ ਕੋਇ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਇੰਦਾ । ਸਤਿ ਸਤਿਵਾਦੀ ਸਾਚੀ ਕਾਰ, ਕਰਤਾ ਕਿਰਤ ਕਮਾਈਆ । ਸਤਿ ਸਤਿਵਾਦੀ ਕਰ ਪਿਆਰ, ਆਪ ਆਪਾ ਲਏ ਪ੍ਰਨਾਈਆ । ਸਤਿ ਸਤਿਵਾਦੀ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਸਤਿ ਸਤਿਵਾਦੀ ਵਸੇ ਠਾਂਡੇ ਦਰਬਾਰ, ਦਰ ਦਰਬਾਰਾ ਇਕ ਸੁਹਾਈਆ । ਸਤਿ ਸਤਿਵਾਦੀ ਖੋਲ੍ਹ ਕਿਵਾੜ, ਆਪਣਾ ਕੁੰਡਾ ਆਪੇ ਲਾਹੀਆ । ਸਤਿ ਸਤਿਵਾਦੀ ਬਣ ਦਾਤਾਰ, ਦਾਤਾ ਦਾਨੀ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਤਿ ਸਤਿਵਾਦੀ ਖੇਲ ਅਵੱਲਾ, ਆਦਿ ਪੁਰਖ ਕਰਾਇੰਦਾ । ਸਤਿ ਸਤਿਵਾਦੀ ਵਸੇ ਨਿਹਚਲ ਧਾਮ ਅਟੱਲਾ, ਉਚ ਮੁਨਾਰੇ ਸੋਭਾ ਪਾਇੰਦਾ । ਸਤਿ ਸਤਿਵਾਦੀ ਆਪਣੇ ਨੂਰ ਆਪੇ ਬਲਾ, ਜੋਤੀ ਜੋਤ ਡਗਮਗਾਇੰਦਾ । ਸਤਿ ਸਤਿਵਾਦੀ ਆਪਣੇ ਅੰਦਰ ਆਪੇ ਰਲਾ, ਦੂਜਾ ਸੰਗ ਨਾ ਕੋਇ ਰਖਾਇੰਦਾ । ਸਤਿ

ਸਤਿਵਾਦੀ ਆਪਣਾ ਫੜ ਆਪੇ ਪੱਲਾ, ਬੰਧਨ ਆਪਣਾ ਆਪ ਜਣਾਇੰਦਾ । ਸਤਿ ਸਤਿਵਾਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਤਿ ਸਤਿਵਾਦੀ ਏਕਾ ਰੰਗ, ਸੋ ਪੁਰਖ ਨਿਰੰਜਣ ਆਪ ਰੰਗਾਈਆ । ਸਤਿ ਸਤਿਵਾਦੀ ਸਤਿ ਪਲੰਘ, ਸਾਚੀ ਸੇਜਾ ਸੋਭਾ ਪਾਈਆ । ਸਤਿ ਸਤਿਵਾਦੀ ਸਚ ਅਨੰਦ, ਅਨੰਦ ਕਾਰਜ ਆਪ ਕਰਾਈਆ । ਸਤਿ ਸਤਿਵਾਦੀ ਢੋਲ ਮਰਦੰਗ, ਨਿਰਗੁਣ ਨਗਾਰੇ ਆਪ ਵਜਾਈਆ । ਸਤਿ ਸਤਿਵਾਦੀ ਸੂਰਾ ਸਰਬੰਗ, ਸਾਚਾ ਦੂਲਾ ਸੋਭਾ ਪਾਈਆ । ਸਤਿ ਸਤਿਵਾਦੀ ਸੂਰਾ ਸਰਬੰਗ, ਘਰ ਸਾਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਸਤਿ ਸਤਿਵਾਦੀ ਸਾਚਾ ਲਾੜਾ, ਹਰਿ ਸਾਚਾ ਖੇਲ ਖਲਾਇੰਦਾ । ਸਤਿ ਸਤਿਵਾਦੀ ਸਤਿ ਅਖਾੜਾ, ਗ੍ਰਹਿ ਮੰਦਰ ਆਪ ਉਪਾਇੰਦਾ । ਸਤਿ ਸਤਿਵਾਦੀ ਸਚ ਸਤਾਰਾ, ਸਤਿ ਪੁਰਖ ਨਿਰੰਜਣ ਆਪ ਹਲਾਇੰਦਾ । ਸਤਿ ਸਤਿਵਾਦੀ ਮੰਗਲਾਚਾਰਾ, ਦਰ ਬਹਿ ਬਹਿ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦਰ ਆਪ ਵਡਿਆਇੰਦਾ । ਸਤਿ ਸਤਿਵਾਦੀ ਸੋਭਾਵੰਤ, ਸੋ ਪੁਰਖ ਨਿਰੰਜਣ ਖੇਲ ਵਖਾਇੰਦਾ । ਸਤਿ ਸਤਿਵਾਦੀ ਨਾਰੀ ਕੰਤ, ਕੰਤ ਕੰਤੂਹਲ ਖ਼ੁਸ਼ੀ ਮਨਾਇੰਦਾ । ਸਤਿ ਸਤਿਵਾਦੀ ਬਣਾਏ ਬਣਤ, ਘੜਨ ਭੰਨਣਹਾਰ ਹੋ ਜਾਇੰਦਾ । ਸਤਿ ਸਤਿਵਾਦੀ ਆਦਿ ਅੰਤ, ਆਪਣੀ ਰਚਨਾ ਆਪ ਰਚਾਇੰਦਾ । ਸਤਿ ਸਤਿਵਾਦੀ ਪੂਰਨ ਭਗਵੰਤ, ਮੂਰਤ ਅਕਾਲ ਡਗਮਗਾਇੰਦਾ । ਸਤਿ ਸਤਿਵਾਦੀ ਸਰਬ ਗੁਣਵੰਤ, ਅਜੂਨੀ ਰਹਿਤ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਾਰਾ ਆਪ ਚਲਾਇੰਦਾ । ਸਾਚੀ ਧਾਰ ਪੁਰਖ ਅਕਾਲ, ਸਤਿ ਸਤਿਵਾਦੀ ਆਪ ਚਲਾਈਆ । ਆਪਣੇ ਉਪਰ ਹੋ ਦਿਆਲ, ਆਪਣੀ ਦਇਆ ਆਪ ਕਮਾਈਆ । ਆਪੇ ਦੇਵੇ ਦਾਤਾ ਦਾਨੀ ਆਪਣਾ ਲਾਲ, ਗੋਦੀ ਗੋਦ ਆਪ ਸੁਹਾਈਆ । ਆਪੇ ਕਰੇ ਸਦਾ ਪ੍ਰਿਤਪਾਲ, ਸਤਿ ਸਤਿਵਾਦੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਾਰ ਆਪ ਜਣਾਈਆ । ਸਤਿ ਧਾਰ ਨਿਰਗੁਣ ਜੋਤ, ਨਿਰਵੈਰ ਪੁਰਖ ਆਪ ਪ੍ਰਗਟਾਇੰਦਾ । ਆਪ ਬਹਾਏ ਸਾਚੇ ਕਿਲੇ ਕੋਟ, ਛੱਪਰ ਛੰਨ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਏਕਾ ਚੋਟ, ਸ਼ਬਦ ਨਗਾਰੇ ਆਪ ਲਗਾਇੰਦਾ । ਸਦਾ ਸੁਹੇਲਾ ਇਕੋ ਓਟ, ਸ਼ਾਹ ਪਾਤਸ਼ਾਹ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਆਪਣੀ ਕਾਰ ਕਮਾਇੰਦਾ । ਸਤਿ ਸਤਿਵਾਦੀ ਨਿਰਗੁਣ ਰੂਪ ਰੰਗ ਰੇਖ ਨਾ ਕੋਇ ਜਣਾਈਆ । ਸਤਿ ਸਤਿਵਾਦੀ ਸ਼ਾਹੋ ਭੂਪ ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਸਤਿ ਸਤਿਵਾਦੀ ਮਹਿਮਾ ਅਨੂਪ, ਲੇਖਾ ਲਿਖਤ ਵਿਚ ਨਾ ਆਈਆ । ਸਤਿ ਸਤਿਵਾਦੀ ਕੋਈ ਨਾ ਦੇਵੇ ਤੇਰਾ ਸਬੂਤ, ਬੇਅੰਤ ਤੇਰੀ ਵਡਿਆਈਆ । ਸਤਿ ਸਤਿਵਾਦੀ ਨਾ ਕੋਈ ਤੱਤ ਨਾ ਕਲਬੂਤ, ਕਰੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਾਰਾ ਆਪ ਸਮਝਾਈਆ । ਸਤਿ ਸਤਿਵਾਦੀ ਸਾਚਾ ਕੰਮ, ਨਿਹਕਰਮੀ ਆਪ ਕਰਾਇੰਦਾ । ਸਤਿ ਸਤਿਵਾਦੀ ਆਪੇ ਜੰਮ, ਮਾਤ ਪਿਤ ਨਾ ਕੋਇ ਬਣਾਇੰਦਾ । ਸਤਿ ਸਤਿਵਾਦੀ ਨਿਰਗੁਣ ਰੂਪ ਸ੍ਰੀ ਭਗਵਨ, ਭਾਗ ਆਪਣੇ ਮੰਦਰ ਲਾਇੰਦਾ । ਸਤਿ ਸਤਿਵਾਦੀ ਬੇੜਾ ਬੰਨ੍ਹ, ਆਪਣਾ ਮਾਰਗ ਆਪ ਚਲਾਇੰਦਾ । ਸਤਿ ਸਤਿਵਾਦੀ ਸਾਚਾ ਧੰਨ, ਆਪਣਾ ਨਾਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਆਪਣੀ ਖੇਲ ਕਰਾਇੰਦਾ । ਸਤਿ ਸਤਿਵਾਦੀ ਖੇਲ

ਕਰਤਾਰ, ਕਰਤਾ ਪੁਰਖ ਆਪ ਕਰਾਈਆ । ਸਚਖੰਡ ਦੁਆਰੇ ਕਰ ਪਿਆਰ, ਆਪ ਆਪਣਾ ਮੇਲ ਮਿਲਾਈਆ । ਜਨਣੀ ਜਨ ਵੇਖੇ ਸੁਤ ਦੁਲਾਰ, ਬਾਲੀ ਬਾਲਾ ਗੋਦ ਸੁਹਾਈਆ । ਥਿਰ ਘਰ ਸਾਚੇ ਦਏ ਅਧਾਰ, ਸਮਰਥ ਪੁਰਖ ਵਡੀ ਵਡਿਆਈਆ । ਸੁਤ ਦੁਲਾਰੇ ਕਰ ਉਜਿਆਰ, ਆਪਣਾ ਬਲ ਵਖਾਈਆ । ਸਾਚਾ ਧੰਦਾ ਏਕਾ ਵਾਰ, ਏਕੰਕਾਰ ਦਏ ਜਣਾਈਆ । ਚਰਨ ਕਵਲ ਇਕ ਸਹਾਰ, ਨੇਤਰ ਨੈਣ ਨੈਣ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਸਤਿ ਅਮੋਲਕ ਝੋਲੀ ਪਾਈਆ । ਸਤਿ ਸਤਿਵਾਦੀ ਵਸਤ ਸਤਿ, ਸੋ ਪੁਰਖ ਨਿਰੰਜਣ ਆਪ ਵਰਤਾਇੰਦਾ । ਸੁਤ ਦੁਲਾਰੇ ਦੇ ਦੇ ਮੱਤ, ਆਪਣੀ ਬੂਝ ਬੁਝਾਇੰਦਾ । ਸੁਤ ਦੁਲਾਰੇ ਤੇਰਾ ਪ੍ਰਕਾਸ਼, ਮੇਰਾ ਤੱਤ ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦਿ ਇਕੋ ਸਾਥ, ਸਗਲਾ ਸੰਗ ਵਖਾਇੰਦਾ । ਏਕਾ ਨਾਉਂ ਏਕਾ ਪਾਠ, ਨਿਸ਼ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਭੇਵ ਖੁਲ੍ਹਾਇੰਦਾ । ਸਤਿ ਸਤਿਵਾਦੀ ਖੋਲ੍ਹੇ ਭੇਵ, ਅਭੁਲ ਵਡੀ ਵਡਿਆਈਆ । ਸਤਿ ਸਤਿਵਾਦੀ ਲਾਏ ਸਾਚੀ ਸੇਵ, ਸਾਚਾ ਹੁਕਮ ਸੁਣਾਈਆ । ਆਦਿ ਜੁਗਾਦਿ ਸਦਾ ਨੇਹਕੇਵ, ਨਿਹਚਲ ਧਾਮ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਾਰਾ ਆਪ ਸਮਝਾਈਆ । ਸੁਤ ਦੁਲਾਰੇ ਸਤਿ ਸਤਿਵਾਦ, ਹਰਿ ਸਾਚਾ ਸਚ ਜਣਾਇੰਦਾ । ਤੇਰੀ ਰਚਨਾ ਰਚੀ ਆਦਿ, ਆਪਣਾ ਨੂਰ ਪ੍ਰਗਟਾਇੰਦਾ । ਤੇਰਾ ਮਨਾਰਾ ਸਾਚੀ ਯਾਦ, ਥਿਰ ਘਰ ਆਪ ਬਣਾਇੰਦਾ । ਇਕ ਇਕੱਲਾ ਕਰਾਂ ਪਿਆਰ, ਲਾਡ ਲਾਡ ਨਾਲ ਬੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਸਮਝਾਇੰਦਾ । ਸਤਿ ਸਤਿਵਾਦੀ ਸਾਚਾ ਮੂਲ, ਨਿਰਗੁਣ ਆਪਣਾ ਆਪ ਜਣਾਈਆ । ਆਦਿ ਜੁਗਾਦਿ ਨਾ ਜਾਣਾ ਭੂਲ, ਅਭੁਲ ਰਿਹਾ ਸਮਝਾਈਆ । ਪੁਰਖ ਅਬਿਨਾਸ਼ੀ ਏਕਾ ਕੰਤ ਕੰਤੂਹਲ, ਨਰ ਨਰਾਇਣ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਜਣਾਏ ਆਪਣਾ ਸਚ ਅਸੂਲ, ਅਸਲੀਅਤ ਆਪਣੇ ਵਿਚ ਛੁਪਾਈਆ । ਸੁਣ ਸ਼ਬਦ ਸੁਤ ਸਾਚੇ ਜਨ, ਸਤਿ ਪੁਰਖ ਨਿਰੰਜਣ ਆਖ ਸੁਣਾਇਆ । ਤੇਰਾ ਬੇੜਾ ਦਿਤਾ ਬੰਨ੍ਹ, ਸਿਰ ਤੇਰੇ ਹੱਥ ਰਖਾਇਆ । ਇਕੋ ਤੇਰਾ ਜਨਨੀ ਜਨ, ਦਾਈ ਦਾਇਆ ਇਕ ਹੋ ਜਾਇਆ । ਮੇਰਾ ਕਹਿਣਾ ਲੈਣਾ ਮੰਨ, ਧੁਰ ਫ਼ਰਮਾਣਾ ਹੁਕਮ ਸੁਣਾਇਆ । ਇਕੋ ਦੇਵਾਂ ਸਾਚਾ ਧੰਨ, ਅਤੋਟ ਅਤੁਟ ਰਖਾਇਆ । ਏਕਾ ਰਾਗ ਸੁਣਨਾ ਕੰਨ, ਏਕਾ ਨਾਦ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਰਿਹਾ ਸਮਝਾਇਆ । ਸਾਚੀ ਕਾਰ ਹਰਿ ਨਿਰੰਕਾਰ, ਸਤਿ ਪੁਰਖ ਨਿਰੰਜਣ ਆਪ ਜਣਾਈਆ । ਨਿਰਗੁਣ ਸਰਗੁਣ ਕਰ ਤਿਆਰ, ਦੇਵਾਂ ਮਾਣ ਵਡਿਆਈਆ । ਤੇਰੇ ਅੰਦਰ ਮੇਰਾ ਭੰਡਾਰ, ਸਚ ਖ਼ਜ਼ਾਨਾ ਆਪ ਟਿਕਾਈਆ । ਵੇਖਾਂ ਵਿਗਸਾਂ ਕਰਾਂ ਵਿਚਾਰ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸਤਿ ਸਤਿਵਾਦੀ ਸਾਚਾ ਖੇਲ, ਹਰਿ ਕਰਤਾ ਆਪ ਜਣਾਇੰਦਾ । ਸਤਿ ਸਤਿਵਾਦੀ ਸਾਚਾ ਮੇਲ, ਨਿਰਗੁਣ ਸਰਗੁਣ ਆਪ ਕਰਾਇੰਦਾ । ਸਤਿ ਸਤਿਵਾਦੀ ਗੁਰੂ ਗੁਰ ਚੇਲ, ਗੁਰ ਚੇਲਾ ਵੇਸ ਵਟਾਇੰਦਾ । ਸਤਿ ਸਤਿਵਾਦੀ ਸੱਜਣ ਸੁਹੇਲ, ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਬੇਪਰਵਾਹ, ਆਪਣਾ ਆਪ ਜਣਾਈਆ । ਸਤਿ ਸਤਿਵਾਦੀ ਦਏ ਸਲਾਹ, ਰਮਜ਼ ਰਮਜ਼ ਨਾਲ ਮਿਲਾਈਆ ।

ਤੇਰੀ ਰਚਨਾ ਲਵਾਂ ਰਚਾ, ਰਚ ਰਚ ਖ਼ੁਸ਼ੀ ਮਨਾਈਆ । ਤੇਰੇ ਅੰਦਰ ਆਪਾ ਦਿਆਂ ਟਿਕਾ, ਬਲ ਆਪਣਾ ਆਪ ਰਖਾਈਆ । ਤੇਰਾ ਪਰਦਾ ਦਿਆਂ ਚੁਕਾ, ਓਹਲਾ ਕੋਇ ਨਜ਼ਰ ਨਾ ਆਈਆ । ਤੇਰਾ ਚੋਲਾ ਦਿਆਂ ਬਦਲਾ, ਵਿਸ਼ਨੂੰ ਨਾਉਂ ਰਖਾਈਆ । ਵਿਸ਼ਨੂੰ ਅੰਦਰ ਬ੍ਰਹਮ ਪ੍ਰਗਟਾ, ਪਾਰਬ੍ਰਹਮ ਪ੍ਰਭ ਵੰਡ ਵੰਡਾਈਆ । ਸੁੰਨ ਅਗੰਮੀ ਧੁਆਂਧਾਰ ਆਪ ਸਮਾ, ਆਪਣੀ ਇਛਿਆ ਕਰੇ ਕੁੜਮਾਈਆ । ਸ਼ੰਕਰ ਮੇਲਾ ਸਹਿਜ ਸੁਭਾ, ਸਾਖਿਆਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦੀ ਸਾਚੀ ਕਾਰ ਕਮਾਈਆ । ਸਤਿ ਸਤਿਵਾਦੀ ਸਾਚੀ ਕਾਰ, ਸੱਤ ਚਾਰ ਚਾਰ ਮਿਲਾਈਆ । ਪਹਿਲਾ ਸੁਤ ਦੁਲਾਰਾ ਕਰ ਤਿਆਰ, ਸ਼ਬਦੀ ਨਾਉਂ ਨਾਉਂ ਰਖਾਈਆ । ਦੂਜੇ ਵਿਸ਼ਨੂੰ ਪਾਵੇ ਸਾਰ, ਤੀਜੇ ਬ੍ਰਹਮੇ ਮਾਣ ਦਿਵਾਈਆ । ਚੌਥੇ ਸ਼ੰਕਰ ਦੇ ਅਧਾਰ, ਏਕਾ ਓਟ ਜਣਾਈਆ । ਸੱਤ ਚਾਰ ਦਾ ਸਤਿ ਪਿਆਰ, ਸਤਿ ਪੁਰਖ ਨਿਰੰਜਣ ਆਪ ਜਣਾਈਆ । ਸਚਖੰਡ ਸੋਹੇ ਇਕ ਦੁਆਰ, ਸਾਚੇ ਤਖ਼ਤ ਆਸਣ ਲਾਈਆ । ਆਪਣੀ ਇਛਿਆ ਦਏ ਅਧਾਰ, ਭਿਛਿਆ ਆਪ ਵਰਤਾਈਆ । ਤਖ਼ਤ ਨਿਵਾਸੀ ਏਕੰਕਾਰ, ਕੀਮਤ ਕਹੀ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਪਣੀ ਇਛਿਆ ਸ਼ਬਦੀ ਰੰਗ, ਵਿਸ਼ਨੂੰ ਆਪ ਚੜ੍ਹਾਇਆ । ਵਿਸ਼ਨੂੰ ਅੰਦਰ ਸੇਜ ਪਲੰਘ, ਬ੍ਰਹਮਾ ਆਪ ਸੁਆਇਆ । ਆਪੇ ਜਾਣੇ ਬ੍ਰਹਮ ਅਨੰਦ, ਸ਼ੰਕਰ ਡਗਮਗਾਇਆ । ਚਾਰਾਂ ਖੇਲ ਕਰੇ ਸੂਰਾ ਸਰਬੰਗ, ਆਪ ਆਪਣੀ ਗੋਦ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਆਪਣਾ ਰੂਪ ਵਖਾਇਆ । ਸਤਿ ਸਤਿਵਾਦੀ ਸਾਚਾ ਰੂਪ, ਅਨੁਭਵ ਆਪ ਜਣਾਈਆ । ਚਾਰਾਂ ਦੇਵੇ ਇਕ ਸਬੂਤ, ਏਕਾ ਨੂਰ ਦਰਸਾਈਆ । ਵਸਣਹਾਰਾ ਸਾਚੀ ਕੂਟ, ਚਾਰੇ ਕੂਟਾਂ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤ ਚਾਰ ਜੋੜ ਜੁੜਾਈਆ । ਸਤ ਚਾਰ ਜੁੜਿਆ ਜੋੜ, ਜੋੜਨਹਾਰ ਨਿਰੰਕਾਰਾ । ਨਿਰਗੁਣ ਨਿਰਗੁਣ ਗਿਆ ਬੌਹੜ, ਕਰਿਆ ਖੇਲ ਅਪਰ ਅਪਾਰਾ । ਆਪਣਾ ਪੰਧ ਆਪੇ ਵੇਖੇ ਦੌੜ, ਸਚਖੰਡ ਥਿਰ ਘਰ ਖੇਲ ਨਿਆਰਾ । ਨਿਰਵੈਰ ਲਗਾਏ ਏਕਾ ਪੌੜ, ਮਹੱਲ ਅਟੱਲ ਉਚ ਮਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤ ਚਾਰ ਜਾਣੇ ਸਚ ਵਿਹਾਰਾ । ਸੱਤ ਚਾਰ ਚਾਰ ਮਨਾਰ, ਆਪਣੇ ਆਪ ਪ੍ਰਗਟਾਈਆ । ਚਵਾਂ ਦੱਸੇ ਸਚ ਵਿਹਾਰ, ਹੁਕਮੀ ਹੁਕਮ ਸੁਣਾਈਆ । ਉਠੋ ਜਾਗੋ ਹੋਵੋ ਖ਼ਬਰਦਾਰ । ਪੁਰਖ ਅਬਿਨਾਸ਼ੀ ਰਿਹਾ ਜਗਾਈਆ । ਚਰਨੀ ਲੱਗੋ ਏਕਾ ਵਾਰ, ਏਕਾ ਬੂਝ ਬੁਝਾਈਆ । ਦੇਵਾਂ ਵਸਤ ਵਸਤ ਹਰਿ ਥਾਰ, ਅਨਮੁਲ ਆਪ ਵਰਤਾਈਆ । ਸਾਚੀ ਕਰਨੀ ਇਕੋ ਕਾਰ, ਕਰਤਾ ਪੁਰਖ ਸਮਝਾਈਆ । ਮੇਰੀ ਇਛਿਆ ਵਡ ਬਲਕਾਰ, ਭੇਵ ਕੋਇ ਨਾ ਪਾਈਆ । ਸਾਚੀ ਸਿਖਿਆ ਦੇਵਾਂ ਅਪਰ ਅਪਾਰ, ਭੁੱਲ ਕਦੇ ਨਾ ਜਾਈਆ । ਚਾਰੇ ਨਿਉਂ ਨਿਉਂ ਕਰਨ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਸਾਹਿਬ ਦਾਤਾ ਪਰਵਰਦਿਗਾਰ, ਹਉਂ ਬਾਲਕ ਭੇਵ ਨਾ ਆਈਆ । ਬਖ਼ਸ਼ਿਸ਼ ਕਰ ਆਪਣੀ ਆਪ ਕਰਤਾਰ, ਤੇਰੇ ਹੱਥ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰਾਂ ਏਕਾ ਗੁਣ ਸਮਝਾਈਆ । ਚਾਰ ਮਨਾਰ ਮੇਰਾ ਰੰਗ, ਹਰਿ ਹਰਿ ਆਪ ਜਣਾਇੰਦਾ । ਮੇਰਾ ਨੂਰ ਮੇਰਾ ਪਤੰਗ, ਨੂਰ ਨੁਰਾਨਾ ਆਪ ਉਡਾਇੰਦਾ । ਆਪਣੇ ਨਾਲ ਆਪੇ ਗੰਢ, ਸਾਚਾ ਬੰਧਨ ਪਾਇੰਦਾ । ਆਪ ਸੁਣਾ ਆਪਣਾ ਛੰਦ, ਏਕਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ


੩੦੨ ੧੧

ਨਿਰੰਜਣ ਸਾਚਾ ਹਰਿ, ਚਾਰ ਚਾਰ ਆਪ ਵਡਿਆਇੰਦਾ । ਚਾਰ ਚਾਰ ਗਏ ਜਾਗ, ਹਰਿ ਜਾਗਰਤ ਜੋਤ ਜਗਾਈਆ । ਆਪ ਲਗਾਇਆ ਘਰ ਸਾਚੇ ਭਾਗ, ਭਾਗਵਾਨ ਆਪ ਹੋ ਜਾਈਆ । ਆਪੇ ਦੀਪਕ ਜੋਤ ਚਿਰਾਗ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਆਪੇ ਬਣ ਬਣ ਸੱਜਣ ਸਾਕ, ਬਹਿ ਬਹਿ ਖ਼ੁਸ਼ੀ ਮਨਾਈਆ । ਆਪੇ ਦੇਵੇ ਇਕੋ ਵਾਕ, ਵਾਤਾਵਰਨ ਆਪ ਸਮਝਾਈਆ । ਆਪ ਵਖਾਏ ਇਕੋ ਘਾਟ, ਘਾਟਾ ਨਜ਼ਰ ਕੋਇ ਨਾ ਆਈਆ । ਆਪ ਖੁਲ੍ਹਾਏ ਸਾਚਾ ਹਾਟ, ਹੱਟ ਹਟਵਾਣਾ ਸੇਵ ਕਮਾਈਆ । ਆਪੇ ਜਾਣੇ ਸਾਚਾ ਖਾਤ, ਲੇਖਾ ਲੇਖ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਏਕਾ ਵਾਰ ਉਠਾਈਆ । ਉਠੋ ਜਾਗੋ ਨੇਤਰ ਖੋਲ੍ਹ, ਨੈਣ ਨੈਣ ਖੁਲ੍ਹਾਈਆ । ਪੁਰਖ ਅਬਿਨਾਸ਼ੀ ਰਿਹਾ ਬੋਲ, ਏਕਾ ਸ਼ਬਦ ਸੁਣਾਇਆ । ਮੇਰਾ ਭਾਣਾ ਸਦਾ ਅਡੋਲ, ਡੁਲ ਕਦੇ ਨਾ ਜਾਇਆ । ਏਕਾ ਤੋਲਾਂ ਸਾਚਾ ਤੋਲ, ਤੋਲਣਹਾਰਾ ਬੇਪਰਵਾਹਿਆ । ਤੁਹਾਡੇ ਅੰਦਰ ਜਾਵਾਂ ਮੌਲ, ਆਪਣਾ ਨੂਰ ਕਰ ਰੁਸ਼ਨਾਇਆ । ਆਦਿ ਕਰਾਂ ਸਾਚਾ ਕੌਲ, ਅੰਤ ਭੁੱਲ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਸਮਝਾਇਆ । ਚਾਰੇ ਉਠੋ ਹੋ ਤਿਆਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਸ਼ਬਦੀ ਤੇਰਾ ਸਚ ਵਿਹਾਰ, ਵਿਸ਼ਨੂੰ ਕਰੀ ਕੁੜਮਾਈਆ । ਵਿਸ਼ਨ ਤੇਰਾ ਬ੍ਰਹਮ ਅਧਾਰ, ਪਾਰਬ੍ਰਹਮ ਵੰਡ ਵੰਡਾਈਆ । ਸ਼ੰਕਰ ਮਿਲੀ ਚਰਨ ਧੂੜੀ ਛਾਰ, ਮਸਤਕ ਟਿੱਕਾ ਏਕਾ ਲਾਈਆ । ਚੌਹਾਂ ਵਿਚੋਲਾ ਏਕੰਕਾਰ, ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਲ ਅਵਾਣੇ ਆਪ ਜਗਾਈਆ । ਛੋਟੇ ਬਾਲੇ ਗਏ ਉਠ, ਹਰਿ ਚਰਨ ਧਿਆਨ ਲਗਾਇਆ । ਪਾਰਬ੍ਰਹਮ ਪ੍ਰਭ ਗਿਆ ਤੁਠ, ਦੇ ਮਤ ਰਿਹਾ ਸਮਝਾਇਆ । ਚਰਨ ਅੰਮ੍ਰਿਤ ਦੇਵੇ ਏਕਾ ਘੁਟ, ਚਰਨ ਚਰਨ ਨਾਲ ਰਗੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਏਕਾ ਘਰ ਬਹਾਇਆ । ਚਾਰੇ ਸੁਣੋ ਹਰਿ ਕੀ ਬਾਤ, ਹਰਿ ਬਾਤਨ ਆਪ ਜਣਾਇੰਦਾ । ਸਚਖੰਡ ਬੈਠਾ ਇਕ ਇਕਾਂਤ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਵਸਤ ਦੇਵਾਂ ਇਕੋ ਦਾਤ, ਏਕਾ ਵਾਰ ਵਰਤਾਇੰਦਾ । ਵੇਖਾਂ ਖੇਲ ਖੇਲ ਤਮਾਸ਼, ਆਪਣਾ ਖੇਲ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸਮਝਾਇੰਦਾ । ਧੁਰ ਫ਼ਰਮਾਣਾ ਏਕਾ ਵਾਰ, ਹਰਿ ਜੂ ਆਪ ਸੁਣਾਇਆ । ਉਠੋ ਚਾਰੇ ਹੋ ਤਿਆਰ, ਹਰਿ ਸੱਜਣ ਰਿਹਾ ਸਮਝਾਇਆ । ਸਾਚਾ ਕਰਨਾ ਸਚ ਵਿਹਾਰ, ਸਤਿ ਸਤਿਵਾਦੀ ਆਪ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਮਾਰਗ ਆਪੇ ਲਾਇਆ । ਸਾਚਾ ਮਾਰਗ ਹਰਿ ਜੂ ਦੱਸ, ਚਾਰੇ ਰਹੇ ਸ਼ਰਮਾਈਆ । ਤੇਰੇ ਬਰਦੇ ਤੇਰੇ ਵਸ, ਤੇਰੀ ਸੇਵ ਕਮਾਈਆ । ਤੂੰ ਸਾਡੀ ਪੂਰੀ ਕਰਨੀ ਆਸ, ਹਉਂ ਬੈਠੇ ਝੋਲੀ ਡਾਹੀਆ । ਤੇਰਾ ਨੂਰ ਸਚ ਪ੍ਰਕਾਸ਼, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬਣ ਸੇਵਕ ਸੇਵ ਕਮਾਈਆ । ਹਰਿ ਜੂ ਹਰਿ ਖੋਲ੍ਹੇ ਭੇਵ, ਆਪਣਾ ਭੇਵ ਜਣਾਇਆ । ਮਿਲ ਮਿਲ ਕਰਨੀ ਸਾਚੀ ਸੇਵ, ਸਾਚਾ ਹੁਕਮ ਸੁਣਾਇਆ । ਅਲੱਖ ਅਗੋਚਰ ਅਗੰਮ ਅਭੇਵ, ਸਚਖੰਡ ਨਿਵਾਸੀ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇਆ । ਚਾਰੇ ਸੁਣੋ ਕਰੋ ਖਿਆਲ, ਹਰਿ ਆਪਣੀ ਬੂਝ ਬੁਝਾਈਆ । ਆਪ ਉਪਜਾਏ ਆਪਣੇ ਲਾਲ, ਹਰਿ ਲਾਲਨ ਵੇਖ ਵਖਾਈਆ । ਇਕ ਵਖਾਏ ਸੱਚੀ ਧਰਮਸਾਲ, ਧੁਰ ਦਰਬਾਰਾ ਸੋਭਾ ਪਾਈਆ । ਨੂਰ ਨੁਰਾਨਾ

ਬੇਮਿਸਾਲ, ਏਕਾ ਮਸਲਾ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮਾਰਗ ਏਕਾ ਲਾਈਆ । ਚਾਰੇ ਜਾਣਾ ਮਾਰਗ ਲੱਗ, ਲਗਾਵਣਹਾਰ ਕਰਤਾਰਾ । ਤੁਹਾਡੇ ਸੀਸ ਬੱਧੀ ਪੱਗ, ਏਕਾ ਨਾਮ ਦਸਤਾਰਾ । ਲੱਖ ਚੁਰਾਸੀ ਉਪਜੇ ਜਗ, ਘਾੜਤ ਘੜੇ ਅਗੰਮ ਅਪਾਰਾ । ਨੌਬਤ ਨਾਮ ਜਾਏ ਵੱਜ, ਸ਼ਬਦੀ ਨਾਦ ਨਾਦ ਧੁਨਕਾਰਾ । ਵਿਸ਼ਨੂੰ ਸੇਵਾ ਕਰੇ ਭੱਜ ਭੱਜ, ਘਰ ਘਰ ਦਏ ਭੰਡਾਰਾ । ਬ੍ਰਹਮੇ ਤੇਰਾ ਰੂਪ ਰੰਗ, ਬ੍ਰਹਮ ਕਰਿਆ ਖੇਲ ਨਿਆਰਾ । ਸ਼ੰਕਰ ਅੰਤਮ ਦੇਣਾ ਕੋਈ ਨਾ ਛੱਡ, ਚਵਾਂ ਖੇਲ ਕਰੇ ਨਿਆਰਾ । ਹੁਕਮੇ ਅੰਦਰ ਜਾਣਾ ਬੱਝ, ਏਕਾ ਹੁਕਮ ਧੁਰ ਫ਼ਰਮਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਰਾਣਾ । ਚਾਰੇ ਅੱਗੋਂ ਪਏ ਰੋ, ਨੇਤਰ ਨੈਣਾਂ ਨੀਰ ਵਹਾਇਆ । ਸਾਨੂੰ ਤੇਰੀ ਬਿਧ ਦਾ ਪਤਾ ਨਾ ਕੋ, ਕਵਣ ਬਿਧ ਲੱਖ ਚੁਰਾਸੀ ਦਏਂ ਰਚਾਇਆ । ਕਵਣ ਬਿਧ ਬੀਜ ਦੇਈਏ ਬੋ, ਉਪਜੇ ਮਾਤ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਰਵੇਸ਼ ਖੜੇ ਭਿਖਾਰਾ । ਦਰ ਦਰਵੇਸ਼ ਮੰਗਣ ਮੰਗ, ਖ਼ਾਲੀ ਝੋਲੀ ਰਹੇ ਵਖਾਈਆ । ਏਕਾ ਵਸਤ ਦੇ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਤੇਰੀ ਸ਼ਰਨਾਈਆ । ਤੁਧ ਬਿਨ ਹੋਏ ਬਲਹੀਣ ਮੰਦ, ਸਾਡੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣੀ ਦਇਆ ਕਮਾਈਆ । ਦੀਨ ਦਿਆਲ ਹਰਿ ਦਇਆ ਕਮਾ, ਆਪਣੀ ਬਿਧ ਜਣਾਇੰਦਾ । ਏਕਾ ਵਸਤ ਝੋਲੀ ਪਾ, ਏਕਾ ਗੁਣ ਸਮਝਾਇੰਦਾ । ਸ਼ਬਦ ਸੁਤ ਆਪਣਾ ਹੱਥ ਤੇਰੇ ਸਿਰ ਦਿਆਂ ਟਿਕਾ, ਸਦਾ ਸੰਗ ਨਿਭਾਇੰਦਾ । ਵਿਸ਼ਨੂੰ ਸਤੋ ਗੁਣ ਤੇਰੀ ਝੋਲੀ ਪਾ, ਤੇਰਾ ਭਾਰ ਵੰਡਾਇੰਦਾ । ਬ੍ਰਹਮੇ ਰਜੋ ਰੰਗ ਰੰਗਾ, ਏਕਾ ਰੰਗ ਵਖਾਇੰਦਾ । ਤਮੋ ਸ਼ੰਕਰ ਨਾਲ ਰਲਾ, ਸਾਚਾ ਖੇਲ ਕਰਾਇੰਦਾ । ਚੌਹਾਂ ਮੇਲਾ ਸਹਿਜ ਸੁਭਾ, ਏਕਾ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਸਾਚੀ ਵਸਤ ਮਿਲੀ ਘਰ, ਚਾਰੇ ਖ਼ੁਸ਼ੀ ਰਹੇ ਮਨਾਈਆ । ਇਕ ਦੂਜੇ ਦਾ ਪੱਲੂ ਫੜ, ਅੱਗੇ ਪਿਛੇ ਤੁਰਨ ਵਾਹੋ ਦਾਹੀਆ । ਕਿਸ ਬਿਧ ਘਾੜਨ ਲਈਏ ਘੜ, ਲੱਖ ਚੁਰਾਸੀ ਬਣਤ ਬਣਾਈਆ । ਜਿਧਰ ਵੇਖਣ ਆਵੇ ਡਰ, ਚਾਰੋਂ ਕੁੰਟ ਅੰਧੇਰਾ ਛਾਈਆ । ਪ੍ਰਭ ਸ਼ਰਨਾਈ ਚਾਰੇ ਪੜ, ਬੈਠੇ ਸੀਸ ਝੁਕਾਈਆ । ਅਸੀਂ ਆਪਣਾ ਆਪ ਗਏ ਹਰ, ਦਰ ਤੇਰੇ ਸੀਸ ਝੁਕਾਈਆ । ਮਿਹਰਵਾਨ ਮਿਹਰਵਾਨ ਮਿਹਰ ਕਰ, ਮਿਹਰ ਨਜ਼ਰ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਦੀਨ ਦਿਆਲ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਚਾਰੋਂ ਦੇਵੇ ਇਕ ਗਿਆਨ, ਏਕਾ ਗੁਣ ਸਮਝਾਇੰਦਾ । ਚੌਹਾਂ ਵਿਚੋਂ ਕਰ ਪਰਧਾਨ, ਸ਼ਬਦੀ ਤਾਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਕਰਨੀ ਕਰੇ ਕਰਤਾ ਪੁਰਖ, ਪੁਰਖੋਤਮ ਵੱਡ ਵਡਿਆਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਦੁੱਖ ਨਾ ਕੋਇ ਜਣਾਈਆ । ਆਪਣਿਆਂ ਉਤੇ ਆਪੇ ਕੀਤਾ ਤਰਸ, ਰਹਿਮਤ ਆਪਣੀ ਆਪ ਕਮਾਈਆ । ਆਪੇ ਕਰੇ ਸਾਚੀ ਪਰਖ, ਪਾਰਖੂ ਬਣ ਬਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੇੜਾ ਆਪ ਚਲਾਈਆ । ਚਾਰੋਂ ਦੇਵੋ ਇਕ ਸਹਾਰਾ, ਸਿਰ ਸਿਰ ਹੱਥ ਟਿਕਾਇਆ । ਆਪਣੀ ਇਛਿਆ ਇਕ ਭੰਡਾਰਾ, ਪੰਚਮ ਰੂਪ ਧਰਾਇਆ । ਪੰਚਮ ਮੇਲਾ ਧੁਰ ਦਰਬਾਰਾ, ਦਰ ਦਵਾਰਾ ਆਪ ਸੁਹਾਇਆ ।

ਕਰਿਆ ਖੇਲ ਅਗੰਮ ਅਪਾਰਾ, ਭੇਵ ਕੋਇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਆਦਿ ਰਿਹਾ ਸਮਝਾਇਆ । ਆਦਿ ਪੁਰਖ ਮਾਰਗ ਲਾ, ਆਪਣਾ ਆਪ ਜਣਾਈਆ । ਸੁਤ ਸ਼ਬਦ ਭੁਲਣਾ ਨਾ, ਨਿਰਵੈਰ ਰੂਪ ਵਖਾਈਆ । ਵਿਸ਼ਨੂੰ ਸੇਵਾ ਸਚ ਕਮਾ, ਵਿਸ਼ਵ ਏਕਾ ਏਕ ਵਖਾਈਆ । ਬ੍ਰਹਮੇ ਤੇਰਾ ਬ੍ਰਹਮ ਰੁਸ਼ਨਾ, ਪਾਰਬ੍ਰਹਮ ਲਏ ਪ੍ਰਗਟਾਈਆ । ਸ਼ੰਕਰ ਸਾਚਾ ਜੋਗ ਵਖਾ, ਹੱਥ ਤਰਸੂਲ ਫੜਾਈਆ । ਤ੍ਰੈ ਤ੍ਰੈ ਮੇਲਾ ਸਹਿਜ ਸੁਭਾ, ਪੰਚਮ ਜੋੜ ਜੁੜਾਈਆ । ਘਾੜਤ ਭਾਂਡਾ ਆਪ ਘੜਾ, ਲੱਖ ਚੁਰਾਸੀ ਰੂਪ ਵਟਾਈਆ । ਨਿਰਗੁਣ ਅੰਦਰ ਜੋਤ ਜਗਾ, ਪੰਜ ਤੱਤ ਕਰੇ ਰੁਸ਼ਨਾਈਆ । ਸ਼ਬਦ ਅਨਾਦੀ ਨਾਦ ਵਜਾ, ਆਪਣਾ ਰਾਗ ਅਲਾਈਆ । ਵਿਸ਼ਨੂੰ ਲੇਖਾ ਆਪ ਗਣਾ, ਕਾਇਆ ਮੰਦਰ ਦਏ ਵਡਿਆਈਆ । ਬ੍ਰਹਮ ਰੂਪ ਪਾਰਬ੍ਰਹਮ ਧਰਾ, ਆਤਮ ਸੇਜਾ ਸੋਭਾ ਪਾਈਆ । ਸ਼ੰਕਰ ਡੇਰਾ ਆਪਣਾ ਢਾਹ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਦਏ ਸਮਝਾਈਆ । ਚਾਰੇ ਸਾਚੀ ਸੇਵ ਕਮੌਂਦੇ, ਘਰ ਸਾਚੇ ਵੱਜੇ ਵਧਾਈਆ । ਸੋ ਪੁਰਖ ਨਿਰੰਜਣ ਸਾਚਾ ਢੋਲਾ ਗੌਂਦੇ, ਹੰ ਰੂਪ ਦਿਤਾ ਪਰਗਟਾਈਆ । ਪੁਰਖ ਅਕਾਲ ਇਕੋ ਪੌਂਦੇ, ਪਰਮ ਪੁਰਖ ਬੇਪਰਵਾਹੀਆ । ਸਚ ਸਰੋਵਰ ਇਕ ਨੁਹੌਂਦੇ, ਹਰਿ ਚਰਨ ਮਿਲੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਵੇਖੇ ਚਾਈਂ ਚਾਈਂਆ । ਚਾਰੇ ਵੇਖੇ ਚਾਰ ਚਾਰ, ਹਰਿ ਸਾਚੇ ਵਡ ਵਡਿਆਈਆ । ਸ਼ਬਦੀ ਗੁਣ ਇਕ ਵਿਚਾਰ, ਏਕਾ ਭੇਵ ਖੁਲ੍ਹਾਈਆ । ਵਿਸ਼ਨੂੰ ਵਿਸ਼ਵ ਕਰ ਤਿਆਰ, ਵਾਸਤਕ ਰੂਪ ਧਰਾਈਆ । ਬ੍ਰਹਮੇ ਤੇਰਾ ਬ੍ਰਹਮ ਪਸਾਰ, ਪਾਰਬ੍ਰਹਮ ਸਹਾਈਆ । ਸ਼ੰਕਰ ਤੇਰਾ ਅੰਤ ਆਧਾਰ, ਅਧਵਿਚਕਾਰ ਨਾ ਕੋਇ ਅਟਕਾਈਆ । ਚਵਾਂ ਵਿਚੋਲਾ ਏਕੰਕਾਰ, ਆਪਣੀ ਖੇਲ ਖਲਾਈਆ । ਧੁਰ ਫ਼ਰਮਾਣਾ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਆਪ ਜਣਾਈਆ । ਸਭਨਾਂ ਕਰੇ ਖ਼ਬਰਦਾਰ, ਬੇਖ਼ਬਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਈਆ । ਧੁਰ ਫ਼ਰਮਾਣਾ ਸੁਣ ਲਓ ਮੀਤ, ਹਰਿ ਮਿੱਤਰ ਆਪ ਸੁਣਾਇਆ । ਨਿਰਗੁਣ ਹੋ ਚਲਾਵਾਂ ਰੀਤ, ਸਰਗੁਣ ਖੇਲ ਕਰਾਵਾਂ । ਆਪਣਾ ਢੋਲਾ ਦੱਸਾਂ ਗੀਤ, ਨਿਸ਼ਅੱਖਰ ਆਪ ਪੜ੍ਹਾਵਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਅਗੰਮ ਅਥਾਵਾਂ । ਸ਼ਬਦ ਸੁਤ ਕਿਹਾ ਪੁਕਾਰ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਜਣਾਈਆ । ਵਿਸ਼ਨੂੰ ਰੋ ਰੋ ਕਰਿਆ ਗਿਰਿਆਜ਼ਾਰ, ਤੁਧ ਬਿਨ ਮੇਰਾ ਅਵਰ ਨਾ ਕੋਇ ਸਹਾਈਆ । ਬ੍ਰਹਮਾ ਮੰਗੇ ਨਾਦ ਧੁਨਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਸ਼ੰਕਰ ਮਸਤਕ ਧੂੜੀ ਲਾ ਲਾ ਛਾਰ, ਭੋਲੇ ਭਾਉ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਾਰੋਂ ਵਸਤ ਆਪ ਵਰਤਾਈਆ । ਸੁਣ ਸੁਤ ਸ਼ਬਦੀ ਮੇਰੇ ਬਾਲੇ, ਹਰਿ ਜੂ ਆਖ ਸੁਣਾਇਆ । ਤੂੰ ਮੇਰਾ ਮੈਂ ਤੇਰਾ ਲੱਗੀ ਨਿਭ ਜਾਏ ਨਾਲੇ, ਨਾ ਕੋਈ ਤੋੜੇ ਤੋੜ ਤੁੜਾਇਆ । ਵਿਸ਼ਨੂੰ ਜੁਗ ਜੁਗ ਸਦਾ ਤੂੰ ਪਾਲੇਂ, ਆਪਣਾ ਭੰਡਾਰਾ ਤੇਰੀ ਝੋਲੀ ਪਾਇਆ । ਬ੍ਰਹਮੇ ਸੁਣ ਲੈ ਮੇਰੇ ਗਾਣੇ, ਹਰਿ ਜੂ ਆਖ ਸੁਣਾਇਆ । ਸ਼ੰਕਰ ਉਠ ਕਰ ਧਿਆਨੇ, ਨਿਰਗੁਣ ਰਿਹਾ ਉਠਾਇਆ । ਕਰੇ ਖੇਲ ਸ੍ਰੀ ਭਗਵਾਨੇ, ਆਦਿ ਆਪਣੀ ਰਚਨਾ ਆਪ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਝੋਲੀ ਪਾਇਆ । ਸ਼ਬਦੀ ਦਿਤਾ ਦਾਨ, ਆਪਣੇ ਵਿਚ ਸਮਾਈਆ । ਵਿਸ਼ਨੂੰ ਹੋ ਮਿਹਰਵਾਨ, ਸਤਿ ਵਸਤ ਭੰਡਾਰਾ ਦਏ ਖੁਲ੍ਹਾਈਆ । ਬ੍ਰਹਮੇ ਦੇਵੇ

ਇਕ ਗਿਆਨ, ਚਾਰੇ ਵੇਦ ਕਰੇ ਪੜ੍ਹਾਈਆ । ਸ਼ੰਕਰ ਦੇਵੇ ਇਕ ਨਿਸ਼ਾਨ, ਆਪ ਆਪਣਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰਾਂ ਵਸਤ ਦਏ ਵਰਤਾਈਆ । ਚਾਰੋਂ ਵਸਤ ਇਕੋ ਵਾਰ, ਏਕਾ ਪੁਰਖ ਵਰਤਾਈਆ । ਦੇਵੇ ਦਲਾਸਾ ਆਪ ਜੁਗ ਚਾਰ, ਚਾਰ ਚਾਰ ਵੰਡ ਵੰਡਾਈਆ । ਚਾਰੇ ਵੇਦ ਦਏ ਅਧਾਰ, ਚਾਰ ਕੁੰਟ ਕੁੰਟ ਰੁਸ਼ਨਾਈਆ । ਚਾਰੇ ਜੁਗ ਖ਼ਬਰਦਾਰ, ਚਾਰੇ ਬਾਣੀ ਕਰ ਪੜ੍ਹਾਈਆ । ਚਾਰੇ ਵਰਨ ਦਏ ਅਧਾਰ, ਚਾਰ ਯਾਰੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਚੌਕਾ ਬੰਧਨ ਪਾਈਆ । ਏਕਾ ਚੌਕਾ ਜੁਗ ਚਾਰ, ਚੌਕੜ ਰੂਪ ਵਟਾਇੰਦਾ । ਕਰੇ ਖੇਲ ਅਗੰਮ ਅਪਾਰ, ਆਪਣੀ ਕਾਰ ਕਮਾਇੰਦਾ । ਹੁਕਮੀ ਹੁਕਮ ਸਚ ਵਰਤਾਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਵਖਾਇੰਦਾ । ਚਾਰੇ ਰੋਵਣ ਮਾਰਨ ਧਾਹ, ਹਰਿ ਜੂ ਖੇਲ ਕਰਾਇਆ । ਸਾਡੀ ਸੇਵਾ ਦਿਤੀ ਲਗਾ, ਏਕਾ ਹੁਕਮ ਸੁਣਾਇਆ । ਹਉਂ ਬਾਲਕ ਨਾਦਾਨ ਤੇਰਾ ਭੇਵ ਨਾ ਜਾਣੇ ਰਾ, ਅਭੇਵ ਤੇਰੀ ਸ਼ਹਿਨਸ਼ਾਹਿਆ । ਤੂੰ ਬਣਨਾ ਵਿਚ ਮਲਾਹ, ਤੁਧ ਬਿਨ ਬੇੜਾ ਨਾ ਕੋਇ ਚਲਾਇਆ । ਡੂੰਗਾ ਸਾਗਰ ਤੇਰਾ ਅਸਗਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਸਾਡਾ ਸੰਗ ਨਿਭਾਇਆ । ਪੁਰਖ ਅਬਿਨਾਸ਼ੀ ਹੋ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਆਓ ਚਾਰੇ ਮੇਰੇ ਲਾਲ, ਏਕਾ ਵਾਰ ਸਮਝਾਈਆ । ਜੁਗ ਚੌਕੜੀ ਨਿਭਾਂ ਨਾਲ, ਨਿਰਗੁਣ ਨਿਰਗੁਣ ਖੇਲ ਕਰਾਈਆ । ਮਾਣਸ ਰੂਪ ਹੋ ਪਰਧਾਨ, ਜੁਗ ਚੌਕੜੀ ਵੇਖ ਵਖਾਈਆ । ਸਤਿ ਸਰੂਪੀ ਦੇਵਾਂ ਦਾਨ, ਸਤਿ ਸਤਿਵਾਦੀ ਧਾਰ ਚਲਾਈਆ । ਕਰਾਂ ਖੇਲ ਮਾਤ ਮਹਾਨ, ਆਪਣਾ ਬਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੋਂ ਦੇਵੇ ਮਾਣ ਵਡਿਆਈਆ । ਚਾਰਾਂ ਦੇਵੇ ਹਰਿ ਜੂ ਮਾਣ, ਨਿਮਾਣਿਆਂ ਗਲੇ ਲਗਾਇਆ । ਮੇਰਾ ਖੇਲ ਦੋ ਜਹਾਨ, ਦੋਏ ਦੋਏ ਰੂਪ ਧਰਾਇਆ । ਨਿਰਗੁਣ ਵਸਾਂ ਸਚਖੰਡ ਮਕਾਨ, ਸਰਗੁਣ ਲੋਕਮਾਤ ਫੇਰਾ ਪਾਇਆ । ਏਕਾ ਦੇਵਾਂ ਸੱਚਾ ਦਾਨ, ਨਾਉਂ ਨਿਧਾਨਾ ਝੋਲੀ ਪਾਇਆ । ਜੁਗ ਚੌਕੜੀ ਧੁਰ ਫ਼ਰਮਾਣ, ਸਚ ਸੰਦੇਸ਼ ਸੁਣਾਇਆ । ਗੁਰ ਅਵਤਾਰ ਬਾਲ ਅਞਾਣ, ਲੋਕਮਾਤ ਨਾਲ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇਆ । ਆਪਣਾ ਖੇਲ ਹਰਿ ਨਿਰੰਕਾਰਾ, ਏਕਾ ਏਕ ਜਣਾਈਆ । ਜੁਗ ਜੁਗ ਚਲੇ ਮੇਰਾ ਵਿਹਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿ ਸਤਿਵਾਦੀ ਖੇਲ ਨਿਆਰਾ, ਨਿਰਗੁਣ ਨਿਰਵੈਰ ਆਪ ਕਰਾਈਆ । ਚਾਰ ਚਾਰ ਬੰਨ੍ਹੇ ਧਾਰਾ, ਧਰਨੀ ਧਰਤ ਧਵਲ ਸੁਹਾਈਆ । ਬਣ ਵਿਚੋਲਾ ਏਕੰਕਾਰਾ, ਆਪਣੀ ਕਲ ਵਰਤਾਈਆ । ਜੁਗ ਚੌਕੜੀ ਪਾਰ ਕਿਨਾਰਾ, ਹੁਕਮੀ ਹੁਕਮ ਭੁਵਾਈਆ । ਗੁਰ ਅਵਤਾਰ ਸੇਵਾਦਾਰਾ, ਸਾਚੀ ਸੇਵ ਕਮਾਈਆ । ਸ਼ਬਦ ਸੁਤ ਤੇਰਾ ਨਾਮ ਜੈਕਾਰਾ, ਆਦਿ ਜੁਗਾਦਿ ਸੁਣਾਈਆ । ਵਿਸ਼ਨੂੰ ਤੇਰਾ ਵਿਸ਼ਵ ਭੰਡਾਰਾ, ਲੋਕਮਾਤ ਵਰਤਾਈਆ । ਬ੍ਰਹਮੇ ਤੇਰਾ ਬ੍ਰਹਮ ਪਸਾਰਾ, ਲੱਖ ਚੁਰਾਸੀ ਵਿਚ ਸਮਾਈਆ । ਸ਼ੰਕਰ ਤੇਰਾ ਤੇਜ਼ ਕਟਾਰਾ, ਲੱਖ ਚੁਰਾਸੀ ਪਾਰ ਕਰਾਈਆ । ਆਪੇ ਵਸੇ ਸਭ ਤੋਂ ਬਾਹਰਾ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਈਆ । ਚਾਰੇ ਅੱਗੋਂ ਹੋ ਤਿਆਰ, ਹਰਿ ਸਾਚੇ ਆਖ ਜਣਾਈਆ । ਸਾਡੇ ਨਾਲ ਕਰ ਇਕਰਾਰ, ਇਕਰਾਰਨਾਮਾ ਦੇ ਲਿਖਾਈਆ । ਜੁਗ ਜੁਗ ਤੇਰੀ ਸੇਵਾ ਕਰੀਏ ਵਿਚ ਸੰਸਾਰ, ਬਣ ਸੇਵਕ

ਸੇਵ ਕਮਾਈਆ । ਤੇਰਾ ਸਰਗੁਣ ਰੂਪ ਗੁਰ ਅਵਤਾਰ, ਲੋਕਮਾਤ ਫੇਰਾ ਪਾਈਆ । ਹੁਕਮੇ ਅੰਦਰ ਕਰ ਕਰ ਕਾਰ, ਬਣ ਵਗਾਰੀ ਫੇਰਾ ਪਾਈਆ । ਜਿਉਂ ਭਾਵੇ ਤਿਉਂ ਦੇਵੇਂ ਤਾਰ, ਤੇਰੇ ਹੱਥ ਵਡੀ ਵਡਿਆਈਆ । ਹਉਂ ਮੰਗੀਏ ਤੇਰਾ ਦਰਸ ਦੀਦਾਰ, ਤੁਧ ਬਿਨ ਅਵਰ ਨਾ ਕੋਇ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਨਿਰਗੁਣ ਰੂਪ ਲਏਂ ਪਰਗਟਾਈਆ । ਪੁਰਖ ਅਬਿਨਾਸ਼ੀ ਕਹੇ ਹੱਸ, ਆਪਣੀ ਖ਼ੁਸ਼ੀ ਮਨਾਇੰਦਾ । ਕਰਤਾ ਪੁਰਖ ਖੇਲ ਕਰੇ ਸਮਰਥ, ਸਮਰਥ ਧਾਰ ਚਲਾਇੰਦਾ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਕੋਟਨ ਕੋਟ ਨਾਮ ਸੁਣਾਏ ਕਥ ਕਥ, ਗੁਰ ਅਵਤਾਰ ਸੇਵ ਲਗਾਇੰਦਾ । ਜੁਗ ਜੁਗ ਆਪਣਾ ਮਾਰਗ ਦੱਸ, ਵਰਨ ਬਰਨ ਵੰਡ ਵੰਡਾਇੰਦਾ । ਅੰਤਮ ਸਭ ਦੇ ਕੋਲੋਂ ਜਾਏ ਨੱਸ, ਹੱਥ ਕਿਸੇ ਨਾ ਆਇੰਦਾ । ਵਿਸ਼ਨੂੰ ਆਪਣੀ ਕੰਡੇ ਜਾਏ ਢੱਠ, ਬ੍ਰਹਮਾ ਰਾਗ ਨਾ ਕੋਇ ਅਲਾਇੰਦਾ । ਸ਼ੰਕਰ ਰੱਖੇ ਨਾ ਕੋਇ ਹੱਠ, ਬਲ ਆਪਣਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਇੰਦਾ । ਆਪਣਾ ਪਰਦਾ ਚੁੱਕੇ ਨਿਰੰਕਾਰਾ, ਨਿਰਗੁਣ ਭੇਵ ਜਣਾਇੰਦਾ । ਨਵ ਨੌਂ ਚਾਰ ਜਗਤ ਜੈਕਾਰਾ, ਚਾਰ ਚਾਰ ਸੁਣਾਇੰਦਾ । ਗੁਰ ਅਵਤਾਰ ਦੇ ਸਹਾਰਾ, ਲੋਕਮਾਤ ਸੇਵਾ ਲਾਇੰਦਾ । ਹੁਕਮੇ ਅੰਦਰ ਸਾਚੀ ਕਾਰਾ, ਕਰਤਾ ਪੁਰਖ ਕਰਾਇੰਦਾ । ਆਪੇ ਵਸੇ ਸਚਖੰਡ ਦੁਆਰਾ, ਨਰ ਨਿਰੰਕਾਰਾ ਆਸਣ ਲਾਇੰਦਾ । ਦੂਈ ਦੂਤ ਸ਼ਬਦ ਹਲਕਾਰਾ, ਸਾਚੀ ਸੇਵ ਕਮਾਇੰਦਾ । ਵਿਸ਼ਨੂੰ ਬਰਦਾ ਕਰੇ ਨਿਮਸਕਾਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਬ੍ਰਹਮਾ ਕਰੇ ਗਿਰਿਆਜ਼ਾਰਾ, ਆਪਣੀ ਗਿਰਾਹ ਵੇਖ ਵਖਾਇੰਦਾ । ਸ਼ੰਕਰ ਅੱਗੇ ਕੱਢੇ ਹਾੜਾ, ਦੋਏ ਦੋਏ ਦੋਏ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਆਪਣਾ ਦੱਸੇ ਆਪ ਅਸੂਲ, ਅਵਲ ਅੱਲਾ ਨੂਰ ਇਲਾਹੀਆ । ਜੁਗ ਚੌਕੜੀ ਖਾਏ ਕਾਲ, ਮਹਾਂਕਾਲ ਵੱਜੇ ਵਧਾਈਆ । ਗੁਰ ਅਵਤਾਰ ਵਜਾਏ ਤਾਲ, ਲੋਕਮਾਤ ਜਾਇਣ ਜਸ ਗਾਈਆ । ਨਵ ਨੌਂ ਚਾਰ ਹੋਏ ਬੇਹਾਲ, ਬੇਵਾ ਸਰਬ ਲੋਕਾਈਆ । ਅੰਤਮ ਖੇਲ ਕਰੇ ਭਗਵਾਨ, ਨਿਰਗੁਣ ਨੂਰ ਜੋਤ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚੌਹਾਂ ਏਕਾ ਵਾਰ ਸਮਝਾਈਆ । ਚੌਹਾਂ ਸਮਝਾਏ ਆਪਣੀ ਰਮਜ, ਰਮਜ਼ ਨਾਲ ਮਿਲਾਇੰਦਾ । ਬਾਲ ਬਾਲੇ ਜਾਣਾ ਸਮਝ, ਸੋ ਪੁਰਖ ਨਿਰੰਜਣ ਆਪ ਸਮਝਾਇੰਦਾ । ਕਲਜੁਗ ਅੰਤਮ ਆਵਾਂ ਬਣ ਪੰਜ ਤੱਤ ਨਾ ਕੋਈ ਚਲੇ ਨਬਜ਼, ਸਭ ਦੀ ਨਬਜ਼ ਵੇਖ ਵਖਾਵਾਂ । ਨਾ ਕੋਈ ਰੋਗ ਨਾ ਕੋਈ ਮਰਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਜਾਣੀ ਜਾਣਾ । ਜਾਣੀ ਜਾਣ ਕਹੇ ਭਗਵਾਨ, ਏਕਾ ਗੁਣ ਸਮਝਾਈਆ । ਨਿਰਗੁਣ ਪ੍ਰਗਟ ਹੋਏ ਵਡ ਮਿਹਰਵਾਨ, ਪਾਰਬ੍ਰਹਮ ਵਡੀ ਵਡਿਆਈਆ । ਕਰੇ ਖੇਲ ਨੌਜਵਾਨ, ਬਲ ਆਪਣਾ ਆਪ ਧਰਾਈਆ । ਸਤਿ ਸਤਿਵਾਦੀ ਰਾਜ ਰਾਜਾਨ, ਸ਼ਾਹੋ ਭੂਪ ਵੇਸ ਵਟਾਈਆ । ਜੋਤੀ ਜੋਤ ਨੂਰ ਮਹਾਨ, ਨਾਦ ਸ਼ਬਦ ਧੁਨ ਸ਼ਨਵਾਈਆ । ਹੁਕਮੀ ਹੁਕਮ ਹੁਕਮਰਾਨ, ਦੋ ਜਹਾਨਾਂ ਹੁਕਮ ਚਲਾਈਆ । ਪ੍ਰਗਟ ਹੋਵੇ ਵਿਚ ਜਹਾਨ, ਲੋਕਮਾਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਹਾਂ ਲੇਖਾ ਦਏ ਮੁਕਾਈਆ । ਚੌਹਾਂ ਲੇਖਾ ਅੰਤ ਮੁਕੌਣਾ, ਹਰਿ ਜੂ ਆਖ ਸੁਣਾਇੰਦਾ । ਸਤਿ ਸਤਿਵਾਦੀ ਫੇਰਾ ਪਾਉਣਾ, ਸਤਿ ਆਪਣਾ ਨਾਮ ਪ੍ਰਗਟਾਇੰਦਾ । ਸਚਖੰਡ ਦੁਆਰਾ ਮਾਤ ਸੁਹੌਣਾ, ਆਪ ਆਪਣੇ ਰੰਗ ਰੰਗਾਇੰਦਾ । ਚਾਰ ਮਨਾਰ

੩੦੭
੧੧

ਏਕਾ ਘਰ ਵਖੌਣਾ, ਏਕਾ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੀਰਜ ਧੀਰ ਆਪ ਧਰਾਇੰਦਾ । ਚਾਰੇ ਰੱਖੇ ਇਕੋ ਆਸ, ਹਰਿ ਜੂ ਆਖ ਸੁਣਾਈਆ । ਅੰਤਮ ਪਰਗਟ ਹੋਏ ਪੁਰਖ ਅਬਿਨਾਸ਼, ਜੋਤੀ ਜਾਮਾ ਭੇਖ ਵਟਾਈਆ । ਸਤਿ ਸਤਿਵਾਦੀ ਪੂਰੀ ਕਰੇ ਆਸ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਚੌਹਾਂ ਬੁਝਾਏ ਲੱਗੀ ਪਿਆਸ, ਅੰਮ੍ਰਿਤ ਮੇਘ ਬਰਸਾਈਆ । ਨਿਰਗੁਣ ਸਰਗੁਣ ਹੋਏ ਦਾਸੀ ਦਾਸ, ਆਪਣਾ ਪਰਦਾ ਦਏ ਚੁਕਾਈਆ । ਕਰੇ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਫੇਰਾ ਪਾਈਆ । ਲੋਆਂ ਪੁਰੀਆਂ ਪਾਏ ਰਾਸ, ਗੋਪੀ ਕਾਹਨ ਆਪ ਨਚਾਈਆ । ਤੁਹਾਡਾ ਕਰੇ ਕਾਰਜ ਰਾਸ, ਆਪਣਾ ਕਾਜ ਆਪ ਵਖਾਈਆ । ਆਪ ਚਲਾਏ ਸਚ ਜਹਾਜ਼, ਸਤਿ ਸਤਿਵਾਦੀ ਸੇਵ ਕਮਾਈਆ । ਆਪੇ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਵਿਚ ਸਮਾਈਆ । ਆਦਿ ਅੰਤ ਨਾ ਹੋਏ ਵਿਨਾਸ਼, ਅਬਿਨਾਸ਼ੀ ਕਰਤਾ ਨਾਉਂ ਧਰਾਈਆ । ਤੁਹਾਡੀ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰਾਂ ਏਕਾ ਬੰਧਨ ਪਾਈਆ । ਚਾਰਾਂ ਬੰਧਨ ਦਿਤਾ ਪਾ, ਨਾ ਕੋਈ ਤੋੜ ਤੁੜਾਇੰਦਾ । ਕਲਜੁਗ ਅੰਤਮ ਆਵੇ ਬੇਪਰਵਾਹ, ਭੇਵ ਅਭੇਦਾ ਆਪ ਸੁਣਾਇੰਦਾ । ਗੁਰ ਅਵਤਾਰ ਬਣਨ ਗਵਾਹ, ਸਾਚਾ ਖੇਲ ਆਪ ਰਚਾਇੰਦਾ । ਲਿਖ ਲਿਖ ਜਿਮਨੀ ਦੇਣ ਭਰਾ, ਵੇਦ ਕਤੇਬ ਸ਼ਾਸਤਰ ਸਿਮਰਤ ਖਾਣੀ ਬਾਣੀ ਨਾਲ ਰਲਾਇੰਦਾ । ਆਪੇ ਲੁਕ ਕੇ ਬੈਠਾ ਰਹੇ ਬੇਪਰਵਾਹ, ਆਪਣਾ ਪਰਦਾ ਨਾ ਕਿਸੇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚੌਹਾਂ ਏਕਾ ਗੁਣ ਸਮਝਾਇੰਦਾ । ਚੌਹਾਂ ਦੇਵੇ ਇਕਾ ਗੁਣ, ਗੁਣਵੰਤਾ ਵਡ ਵਡਿਆਈਆ । ਅੰਤ ਪੁਕਾਰ ਲਏ ਸੁਣ, ਹਰਿ ਸਚਾ ਸ਼ਹਿਨਸ਼ਾਹੀਆ । ਹਰਿ ਕਾ ਭੇਵ ਨਾ ਕੋਈ ਜਾਣੇ ਸਰਬ ਪੁਕਾਰ ਰਿਹਾ ਸੁਣ, ਅਭੁਲ ਬੇਪਰਵਾਹੀਆ । ਲੱਖ ਚੁਰਾਸੀ ਛਾਣ ਪੁਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਰਿਹਾ ਸਮਝਾਈਆ । ਚਾਰਾਂ ਸੁਣਿਆ ਸਚ ਸੰਦੇਸ਼ਾ, ਹਰਿ ਜੂ ਆਖ ਸੁਣਾਇਆ । ਪ੍ਰਭ ਅੱਗੇ ਚਲੇ ਨਾ ਕੋਈ ਪੇਸ਼ਾ, ਬੈਠੇ ਸੀਸ ਝੁਕਾਇਆ । ਕਲਜੁਗ ਅੰਤ ਕਰਾਏ ਵੇਸਾ, ਨਿਰਗੁਣ ਨੂਰ ਧਰਾਇਆ । ਤਿਸ ਸਾਹਿਬ ਕੋ ਸਦਾ ਅਦੇਸਾ, ਜੋ ਹੁਕਮੀ ਹੁਕਮ ਰਿਹਾ ਫਿਰਾਇਆ । ਅੰਤਮ ਮੇਟੇ ਸਾਡਾ ਲੇਖਾ, ਲੇਖਾ ਲੇਖ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਸ੍ਰੀ ਭਗਵਾਨ, ਏਕਾ ਭੇਵ ਜਣਾਇੰਦਾ । ਚੌਹਾਂ ਦੇਵੇ ਇਕ ਗਿਆਨ, ਚਾਰੇ ਕੁੰਟ ਫਿਰਾਇੰਦਾ । ਕਲਜੁਗ ਲੇਖਾ ਅੰਤ ਜਹਾਨ, ਹਰਿ ਜੂ ਆਪ ਜਣਾਇੰਦਾ । ਕਰਾਂ ਖੇਲ ਇਕ ਮਹਾਨ, ਭੇਵ ਕੋਇ ਨਾ ਪਾਇੰਦਾ । ਸਤਿ ਸਤਿਵਾਦੀ ਆਪਣਾ ਸਚ ਨਿਸ਼ਾਨ, ਲੋਕਮਾਤ ਝੁਲਾਇੰਦਾ । ਲੱਖ ਚੁਰਾਸੀ ਪੁਣ ਛਾਣ, ਗੁਰਮੁਖ ਸਾਚੇ ਬਾਹਰ ਕਢਾਇੰਦਾ । ਬਹੱਤਰਾਂ ਬਣਾਵਾਂ ਇਕ ਮਕਾਨ, ਨਾੜ ਨਾੜੀ ਜੋੜ ਜੁੜਾਇੰਦਾ । ਸੱਤਰਾਂ ਦੇਵਾਂ ਇਕੋ ਦਾਨ, ਸਾਤਾ ਸਿਫ਼ਰਾ ਮੂਲ ਮੁਕਾਇੰਦਾ । ਸਤਿ ਰੂਪ ਸ੍ਰੀ ਭਗਵਾਨ, ਚੌਕਾ ਚਾਰੇ ਸੇਵ ਲਗਾਇੰਦਾ । ਅੰਤਮ ਕੱਠੇ ਕਰੇ ਆਣ, ਸਾਤਾ ਚੌਕਾ ਜੋੜ ਜੁੜਾਇੰਦਾ । ਮੇਰਾ ਨੂਰ ਜੋਤ ਮਹਾਨ, ਭੇਵ ਕਿਸੇ ਨਾ ਆਇੰਦਾ । ਸ਼ਬਦੀ ਸੁਤ ਮਿਲਣਾ ਆਣ, ਪ੍ਰਭ ਸਾਚਾ ਸਚ ਸਮਝਾਇੰਦਾ । ਵਿਸ਼ਨੂੰ ਚਰਨੀਂ ਡਿਗੀਂ ਆਣ, ਸਿਰ ਤੇਰੇ ਹੱਥ ਟਿਕਾਇੰਦਾ । ਬ੍ਰਹਮੇ ਰੋ ਰੋ ਮੰਗੀਂ ਦਾਨ, ਤੇਰੀ ਕੀਤੀ ਘਾਲ ਲੇਖੇ ਪਾਇੰਦਾ । ਸ਼ੰਕਰ ਮਸਤਕ ਧੂੜੀ ਮੇਟਣੀ ਆਣ, ਤੇਰੀ ਲੱਗੀ

੩੦੮
੧੧

ਛਾਰ ਮਿਟਾਇੰਦਾ । ਅੰਤ ਵਿਚੋਲਾ ਬਣੇ ਸ੍ਰੀ ਭਗਵਾਨ, ਪਿਛਲਾ ਲੇਖਾ ਮੂਲ ਮੁਕਾਇੰਦਾ । ਅੱਗੇ ਖੇਲ ਕਰੇ ਮਹਾਨ, ਸਾਚੇ ਭਗਤਾਂ ਰਾਹ ਚਲਾਇੰਦਾ । ਸਾਚਾ ਮੰਦਰ ਵਿਚ ਜਹਾਨ, ਪੁਰਖ ਅਬਿਨਾਸ਼ੀ ਆਪ ਬਣਾਇੰਦਾ । ਸਾਚੇ ਸਿਖ ਕਰ ਪਰਧਾਨ, ਚਾਰੋਂ ਕੁੰਟ ਹੁਕਮ ਚਲਾਇੰਦਾ । ਚਾਰ ਮਨਾਰ ਦਾ ਇਕ ਨਿਸ਼ਾਨ, ਚਾਰ ਜੁਗ ਦੀ ਵੰਡ ਵੰਡਾਇੰਦਾ । ਨਾਲ ਰਲੇ ਸੂਰਬੀਰ ਸੁਲਤਾਨ, ਸ਼ਾਹ ਪਾਤਸ਼ਾਹ ਸੇਵ ਕਮਾਇੰਦਾ । ਸਾਤਾ ਚੌਕਾ ਆਦਿ ਅੰਤ ਜੀਵ ਜੰਤ ਸਾਧ ਸੰਤ ਸਰਬ ਗਾਣ, ਰਸਨਾ ਜਿਹਵਾ ਸਰਬ ਹਲਾਇੰਦਾ । ਜਿਸ ਨੂੰ ਹਰਿ ਜੂ ਦੇਵੇ ਦਾਨ, ਸੋ ਦੂਜੇ ਦਰ ਨਾ ਮੰਗਣ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਤ ਆਪ ਸਮਝਾਇੰਦਾ । ਚਾਰੋਂ ਅੰਤਮ ਔਣਾ ਚਲ, ਹਰਿ ਜੂ ਹੁਕਮ ਸੁਣਾਇਆ । ਮੇਰਾ ਖੇਲ ਵੇਖਣਾ ਅਛਲ ਅਛੱਲ, ਲੇਖਾ ਲਿਖਤ ਵਿਚ ਨਾ ਆਇਆ । ਮੈਂ ਅੰਤਮ ਹੋਣਾ ਭਗਤਾਂ ਵਲ, ਸਭ ਦਾ ਨਾਤਾ ਦਿਆਂ ਤੁੜਾਇਆ । ਲੋਕਮਾਤ ਵਜਾਵਾਂ ਉਨ੍ਹਾਂ ਦੇ ਨਾਮ ਦਾ ਟੱਲ, ਮੰਦਰ ਟੱਲ ਨਾ ਕੋਇ ਖੜਕਾਇਆ । ਉਚੀ ਕੂਕ ਸੁਣਾਵਾਂ ਬਾਂਗ ਮਹੱਲ, ਕਾਅਬਾ ਹੋਰ ਨਜ਼ਰ ਕੋਇ ਨਾ ਆਇਆ । ਮਠ ਸ਼ਿਵਦੁਆਲੇ ਜਾਣ ਹੱਲ, ਗੁਰਮੁਖ ਹੋਣ ਮਾਤ ਰੁਸ਼ਨਾਇਆ । ਗੁਰੂਦੁਆਰ ਪਏ ਤਰਥੱਲ, ਥਪਕ ਥਪਕ ਥਪਕ ਨਾ ਕੋਇ ਸੁਆਇਆ । ਅੰਤਮ ਹੋਣਾ ਭਗਤਾਂ ਵਲ, ਸਭ ਨੂੰ ਦੇਵਾਂ ਧੱਕਾ ਲਾਇਆ । ਮੇਰਾ ਹੁਕਮ ਗੁਰ ਅਵਤਾਰਾਂ ਕੋਲੋਂ ਗਿਆ ਨਾ ਟਲ, ਅੰਤਮ ਬੈਠੇ ਚਰਨਾਂ ਹੇਠ ਸੀਸ ਟਿਕਾਇਆ । ਸਾਰੇ ਕਹਿੰਦੇ ਗਏ ਅਛਲ ਅਛੱਲ, ਫੜ ਕੇ ਕੋਲ ਨਾ ਕਿਸੇ ਬਹਾਇਆ । ਕਿਸੇ ਨੂੰ ਸੁਨੇਹੁੜਾ ਅਪਣਾ ਰਿਹਾ ਘਲ, ਬਾਣੀ ਬਾਣੀ ਖੋਜ ਖੁਜਾਇਆ । ਕਲਜੁਗ ਅੰਤਮ ਆਇਆ ਚਲ, ਸਭ ਦਾ ਚਲਾਣ ਦਏ ਕਰਾਇਆ । ਵੇਖਣਹਾਰਾ ਜਲ ਥਲ ਮਹੀਅਲ ਆਪਣਾ ਰੂਪ ਵਖਾਇਆ । ਚੌਹਾਂ ਦੀ ਕਰਨੀ ਦਾ ਦੇਵੇ ਫਲ, ਕਲਜੁਗ ਅੰਤਮ ਜਨ ਭਗਤ ਕਮਾਈ ਤੇਰਾ ਇਕੋ ਇਕ ਫੁਲਕਾ ਫੁਲਕਾ ਦਏ ਖਵਾਈਆ । ਸਤ ਚਾਰ ਹੋਣ ਅਟੱਲ, ਚਹੁੱਤਰਾਂ ਏਕਾ ਮਹੱਲ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਾਰੇ ਆਪਣਾ ਬਲ, ਕੋਟਨ ਬਾਵਨ ਨੈਣ ਰਹੇ ਉਠਾਇਆ ।

## ★ ੪ ਮਾਘ ੨੦੧੮ ਬਿਕਰਮੀ ਜੇਠੂਵਾਲ ਦਰਬਾਰ ਵਿਚ ★

ਸਚਖੰਡ ਨਿਵਾਸੀ ਹਰਿ ਨਿਰੰਕਾਰਾ, ਦਰਗਹਿ ਸਾਚੀ ਦਇਆ ਕਮਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰਾ, ਸਚ ਮਹੱਲੇ ਸੋਭਾ ਪਾਇੰਦਾ । ਹੁਕਮੀ ਹੁਕਮ ਧੁਰ ਫ਼ਰਮਾਣਾ, ਸ੍ਰੀ ਭਗਵਾਨਾ ਆਪ ਜਣਾਇੰਦਾ । ਖੇਲੇ ਖੇਲ ਦੋ ਜਹਾਨਾਂ, ਭੇਵ ਅਭੇਵ ਖੁਲ੍ਹਾਇੰਦਾ । ਸ਼ਬਦੀ ਸੁਤ ਮਰਦ ਮਰਦਾਨਾ, ਸ਼ਾਹ ਸੁਲਤਾਨਾ ਆਪ ਪਰਗਟਾਇੰਦਾ । ਮਾਰਗ ਪੰਥ ਇਕ ਵਖਾਨਾ, ਬ੍ਰਹਿਮੰਡ ਖੰਡ ਰਚਨ ਰਚਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਦੇ ਦਾਨਾ, ਵਸਤ ਅਨਮੋਲਕ ਆਪ ਵਰਤਾਇੰਦਾ । ਤ੍ਰੈਗੁਣ ਮਾਇਆ ਕਰ ਪਰਧਾਨਾ, ਪੰਚਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸੀ ਸਾਚੀ ਕਾਰਾ, ਕਰਤਾ ਪੁਰਖ ਆਪ ਕਰਾਇੰਦਾ । ਸਾਚੀ ਕਾਰ ਹਰਿ ਨਿਰੰਕਾਰ, ਆਪਣੀ ਆਪ ਜਣਾਈਆ । ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਬੇਪਰਵਾਹੀਆ । ਸਚਖੰਡ ਦੁਆਰੇ ਸ਼ਾਹੋ ਭੂਪ ਬਣ ਸਿਕਦਾਰ, ਹੁਕਮੀ ਹੁਕਮ ਆਪ ਚਲਾਈਆ । ਜੁਗ ਚੌਕੜੀ ਖੇਲ

ਨਿਆਰ, ਨਿਰਾਕਾਰ ਆਪ ਕਰਾਈਆ । ਬ੍ਰਹਿਮੰਡ ਖੰਡ ਮਹੱਲ ਉਸਾਰ, ਲੋਆਂ ਪੁਰੀਆਂ ਬੰਧਨ ਪਾਈਆ । ਲੱਖ ਚੁਰਾਸੀ ਕਰ ਤਿਆਰ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਸ਼ਬਦ ਅਨਾਦਿ ਸੱਚੀ ਧੁਨਕਾਰ, ਘਟ ਮੰਦਰ ਆਪ ਵਜਾਈਆ । ਜੋਤ ਨਿਰੰਜਣ ਦੀਪਕ ਬਾਲ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਸਾਚਾ ਮੰਦਰ ਇਕ ਧਰਮਸਾਲ, ਗ੍ਰਹਿ ਗ੍ਰਹਿ ਆਪਣਾ ਡੰਕ ਸੁਣਾਈਆ । ਆਤਮ ਸੇਜਾ ਕਰ ਤਿਆਰ, ਪਰਮ ਆਤਮ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਆਪਣੀ ਖੇਲ ਖਲਾਈਆ । ਸਚਖੰਡ ਨਿਵਾਸੀ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਏਕੰਕਾਰਾ ਖੇਲ ਖਲਾਇੰਦਾ । ਆਪਣੇ ਨੂਰ ਆਪੇ ਬਲਾ, ਆਦਿ ਨਿਰੰਜਣ ਡਗਮਗਾਇੰਦਾ । ਆਪਣੀ ਜੋਤ ਆਪੇ ਰਲਾ, ਅਬਿਨਾਸ਼ੀ ਕਰਤਾ ਵੇਸ ਵਟਾਇੰਦਾ । ਆਪੇ ਫੜੇ ਆਪਣਾ ਪੱਲਾ, ਸ੍ਰੀ ਭਗਵਾਨ ਸੰਗ ਨਿਭਾਇੰਦਾ । ਆਪਣਾ ਸੰਦੇਸ਼ ਆਪੇ ਘੱਲਾ, ਪਾਰਬ੍ਰਹਮ ਪ੍ਰਭ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸੋਭਾ ਪਾਇੰਦਾ । ਸਚਖੰਡ ਨਿਵਾਸੀ ਸੋਭਾਵੰਤ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਆਦਿ ਜੁਗਾਦਿ ਮਹਿਮਾ ਅਗਣਤ, ਹਰਿ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹੀਆ । ਖੇਲੇ ਖੇਲ ਨਾਰ ਕੰਤ, ਏਕੰਕਾਰਾ ਵਡ ਵਡਿਆਈਆ । ਆਪ ਬਣਾਏ ਆਪਣੀ ਬਣਤ, ਆਦਿ ਨਿਰੰਜਣ ਸਾਚੀ ਸੇਵ ਕਮਾਈਆ । ਲੇਖਾ ਜਾਣੇ ਆਦਿ ਅੰਤ, ਸ੍ਰੀ ਭਗਵਾਨ ਵਡ ਵਡਿਆਈਆ । ਰੂਪ ਅਨੂਪ ਜੁਗਾ ਜੁਗੰਤ, ਅਬਿਨਾਸ਼ੀ ਕਰਤਾ ਆਪ ਧਰਾਈਆ । ਏਕਾ ਨਾਉਂ ਸਾਚਾ ਮੰਤ, ਪਾਰਬ੍ਰਹਮ ਪ੍ਰਭ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਈਆ । ਸਚਖੰਡ ਦੁਆਰ ਸੁਹੰਜਣਾ, ਸੋਭਾਵੰਤ ਨਿਰੰਕਾਰ । ਦੀਪ ਜਗਾਏ ਆਦਿ ਨਿਰੰਜਣਾ, ਆਦਿ ਜੁਗਾਦੀ ਏਕੰਕਾਰ । ਦਰਗਹਿ ਸਾਚੀ ਸਾਚਾ ਸੱਜਣਾ, ਨਿਰਗੁਣ ਰੂਪ ਅਗੰਮ ਅਪਾਰ । ਨਾ ਘੜਿਆ ਨਾ ਭੱਜਣਾ, ਸਮਰਥ ਪੁਰਖ ਖੇਲ ਨਿਆਰ । ਆਪ ਚਲਾਏ ਆਪਣਾ ਜਹਾਜ਼ਨਾ, ਸੇਵਾ ਕਰੇ ਸੇਵਕ ਬਣ ਬਣ ਸੇਵਾਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਖੇਲ ਤਮਾਸ਼ਾ, ਪੁਰਖ ਅਬਿਨਾਸ਼ਾ ਆਪ ਕਰਾਈਆ । ਸਾਚਾ ਖੇਲ ਪੁਰਖ ਅਬਿਨਾਸ਼, ਆਦਿ ਆਦਿ ਕਰਾਈਆ । ਸ਼ਾਹੋ ਭੂਪ ਸਰਬ ਗੁਣਤਾਸ਼, ਬੇਅੰਤ ਵਡੀ ਵਡਿਆਈਆ । ਗ੍ਰਹਿ ਮੰਦਰ ਪਾਵੇ ਸਾਚੀ ਰਾਸ, ਮਹੱਲ ਅਟੱਲ ਆਪ ਸੁਹਾਈਆ । ਇਕ ਇਕੱਲਾ ਖੇਲ ਤਮਾਸ਼, ਨਿਰਵੈਰ ਪੁਰਖ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਆਪਣਾ ਭੇਵ ਆਪੇ ਖੋਲ੍ਹ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਆਪਣਾ ਨਾਉਂ ਆਪੇ ਬੋਲ, ਨਾਉਂ ਨਿਰੰਕਾਰਾ ਆਪ ਧਰਾਇੰਦਾ । ਆਪਣਾ ਦਰ ਆਪੇ ਖੋਲ੍ਹ, ਘਰ ਸਾਚੇ ਸੋਭਾ ਪਾਇੰਦਾ । ਆਪਣਾ ਨਾਦ ਵਜਾਏ ਢੋਲ, ਅਗੰਮ ਅਗੰਮੜਾ ਨਾਦ ਸੁਣਾਇੰਦਾ । ਆਪੇ ਵਸੇ ਆਪਣੇ ਕੋਲ, ਨਿਰਗੁਣ ਨਿਰਗੁਣ ਸੰਗ ਰਖਾਇੰਦਾ । ਆਦਿ ਜੁਗਾਦੀ ਇਕੋ ਤੋਲ, ਤੋਲਣਹਾਰਾ ਇਕ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰਾ ਏਕਾ ਘਰ, ਹਰਿ ਜੂ ਆਪ ਸੁਹਾਈਆ । ਦੇਵਣਹਾਰਾ ਆਪੇ ਵਰ, ਵਰ ਦਾਤਾ ਬੇਪਰਵਾਹੀਆ । ਕਰੇ ਖੇਲ ਨਾਰੀ ਨਰ, ਨਰ ਨਰਾਇਣ ਵਡੀ ਵਡਿਆਈਆ । ਆਪਣੀ ਸੇਜਾ ਆਪੇ ਚੜ੍ਹ, ਕੰਤ ਭਤਾਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਈਆ । ਸਚਖੰਡ ਦੁਆਰਾ ਸਾਚੀ ਧਾਰ, ਸੋ ਪੁਰਖ ਨਿਰੰਜਣ ਆਪ ਬਣਾਇੰਦਾ । ਛੱਪਰ ਛੰਨ ਨਾ ਕੋਇ ਦੀਵਾਰ, ਸਾਚੀ ਬਣਤ ਆਪ ਬਣਾਇੰਦਾ । ਦੀਆ ਬਾਤੀ ਨਾ ਕੋਇ ਉਜਿਆਰ, ਨਿਰਗੁਣ ਨੂਰ ਡਗਮਗਾਇੰਦਾ । ਕਮਲਾਪਾਤੀ ਪੁਰਖ ਨਾਰ, ਸਾਚਾ ਸੰਗ ਆਪ ਹੋ ਜਾਇੰਦਾ । ਨਾਦ ਸ਼ਬਦ ਧੁਨਕਾਰ, ਬੋਧ ਅਗਾਧੀ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਡਿਆਇੰਦਾ । ਸਚਖੰਡ ਦੁਆਰਾ ਵੱਡਾ ਵਡ, ਭੇਵ ਕੋਇ ਨਾ ਪਾਇੰਦਾ । ਆਦਿ ਪੁਰਖ ਆਪਣੇ ਵਿਚੋਂ ਆਪਾ ਕੱਢ, ਆਪਣੇ ਘਰ ਬਹਾਇੰਦਾ । ਆਪ ਲਡਾਏ ਸਾਚਾ ਲਡ, ਸਾਚੀ ਗੋਦ ਆਪ ਸੁਹਾਇੰਦਾ । ਆਪੇ ਜਾਣੇ ਆਰ ਪਾਰ ਕਿਨਾਰਾ ਹੱਦ, ਦੂਸਰ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਸਾਇੰਦਾ । ਸਚਖੰਡ ਮਹੱਲਾ ਏਕੰਕਾਰ, ਏਕਾ ਘਰ ਬਣਾਈਆ । ਨਿਰਮਲ ਜੋਤੀ ਕਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਸਾਚਾ ਤਖ਼ਤ ਸੱਚੀ ਸਰਕਾਰ, ਸਚ ਸਿੰਘਾਸਣ ਆਸਣ ਲਾਈਆ । ਭੂਪਤ ਭੂਪ ਹੁਕਮੀ ਹੁਕਮ ਵਰਤਾਰ, ਧੁਰ ਫ਼ਰਮਾਣਾ ਆਪ ਜਣਾਈਆ । ਆਪਣੀ ਇਛਿਆ ਆਪੇ ਧਾਰ, ਆਪੇ ਦੇਵੇ ਮਾਣ ਵਡਿਆਈਆ । ਆਪੇ ਖੋਲ੍ਹੇ ਬੰਦ ਕਿਵਾੜ, ਥਿਰ ਘਰ ਸਾਚਾ ਲਏ ਪ੍ਰਗਟਾਈਆ । ਥਿਰ ਘਰ ਸਾਚੇ ਦੇਵੇ ਮਾਣ, ਚਰਨ ਕਵਲ ਸ਼ਰਨਾਈਆ । ਭੂਪਤ ਭੂਪ ਰਾਜ ਰਾਜਾਨ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਦੇਵਣਹਾਰਾ ਏਕਾ ਦਾਨ, ਏਕਾ ਵਸਤ ਝੋਲੀ ਪਾਈਆ । ਸੁਤ ਦੁਲਾਰਾ ਕਰ ਬਲਵਾਨ, ਥਿਰ ਘਰ ਸਾਚੇ ਆਪ ਬਹਾਈਆ । ਕਰੇ ਖੇਲ ਸ੍ਰੀ ਭਗਵਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਦਾਈ ਦਾਇਆ ਚਤੁਰ ਸੁਜਾਨ, ਨਿਰਗੁਣ ਨਿਰਗੁਣ ਸੇਵ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਧਾਨ, ਏਕਾ ਬੰਧਨ ਆਪ ਰਖਾਈਆ । ਏਕਾ ਦੇਵੇ ਧੁਰ ਫ਼ਰਮਾਣ, ਸਚ ਸੰਦੇਸ਼ਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚੀ ਕਾਰ ਕਮਾਈਆ । ਸਾਚੀ ਕਾਰ ਹਰਿ ਨਿਰੰਕਾਰ, ਆਪਣੀ ਆਪ ਕਮਾਇੰਦਾ । ਨਿਰਗੁਣ ਨਿਰਗੁਣ ਕਰ ਤਿਆਰ, ਨਿਰਗੁਣ ਮੇਲਾ ਮੇਲ ਮਿਲਾਇੰਦਾ । ਨਿਰਗੁਣ ਮੰਦਰ ਅਪਰ ਅਪਾਰ, ਦਿਸ ਕਿਸੇ ਨਾ ਆਇੰਦਾ । ਨਿਰਗੁਣ ਪੁਰਖ ਨਿਰਗੁਣ ਨਾਰ, ਨਿਰਗੁਣ ਕੰਤ ਸੇਜ ਹੰਢਾਇੰਦਾ । ਨਿਰਗੁਣ ਸੁਤ ਦੁਲਾਰਾ ਕਰ ਤਿਆਰ, ਥਿਰ ਘਰ ਸਾਚੇ ਆਪ ਬਹਾਇੰਦਾ । ਨਿਰਗੁਣ ਵਣਜ ਨਿਰਗੁਣ ਵਪਾਰ, ਨਿਰਗੁਣ ਸਾਚੇ ਹੱਟ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ , ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਆਪੇ ਦੱਸ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਏਕਾ ਅੰਮ੍ਰਿਤ ਦੇਵੇ ਰਸ, ਝਿਰਨਾ ਨਿਝਰ ਆਪ ਝਿਰਾਈਆ । ਏਕਾ ਤੀਰ ਨਿਰਾਲਾ ਮਾਰੇ ਕਸ, ਨਾਮ ਨਿਧਾਨਾ ਬਾਣ ਲਗਾਈਆ । ਏਕਾ ਖੇਲ ਪੁਰਖ ਸਮਰਥ, ਮਹਿਮਾ ਅਕੱਥ ਆਪ ਜਣਾਈਆ । ਇਕ ਚਲਾਏ ਆਪਣਾ ਰਥ, ਬਣ ਰਥਵਾਹੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਬੈਠਾ ਸੱਚਾ ਮਾਹੀਆ । ਸਚਖੰਡ ਵਸੇ ਪੁਰਖ ਅਗੰਮ, ਅਗੰਮੜੀ ਕਾਰ ਕਰਾਇੰਦਾ । ਹੱਡ ਮਾਸ ਨਾੜੀ ਨਾ ਚੰਮ, ਪੰਜ ਤੱਤ ਨਾ ਕੋਇ ਰਖਾਇੰਦਾ । ਪਵਣ ਸਵਾਸ ਨਾ ਕੋਇ ਦਮ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਦੁੱਖ ਨਾ ਕੋਇ ਜਣਾਇੰਦਾ । ਆਪਣਾ ਬੇੜਾ ਆਪੇ ਬੰਨ੍ਹ, ਬਣ ਖੇਵਟ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਕਾਰ ਆਪ ਕਮਾਇੰਦਾ । ਆਪਣੀ ਕਾਰ ਆਪੇ ਕਰ, ਕਰਤਾ ਪੁਰਖ ਖ਼ੁਸ਼ੀ ਮਨਾਈਆ । ਆਪੇ ਦੇਵਣਹਾਰਾ ਵਰ, ਵਰ ਦਾਤਾ ਆਪ ਹੋ ਜਾਈਆ । ਆਪੇ ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਦਰਸਾਈਆ । ਆਪੇ ਦਰਸ ਦਿਖਾਏ ਅੱਗੇ ਖੜ, ਸਵਛ ਸਰੂਪੀ ਰੂਪ ਵਟਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪੇ ਫੜ, ਸਾਚੀ ਸੇਵਾ ਆਪ ਲਗਾਈਆ । ਏਕਾ ਅੱਖਰ ਜਾਇਣ ਪੜ੍ਹ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਆਪ ਬੰਧਾਏ ਆਪਣੇ ਲੜ, ਸ਼ਬਦੀ ਡੋਰ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪ ਰਚਾਈਆ । ਸਾਚੀ ਰਚਨਾ ਹਰਿ ਕਰਤਾਰਾ, ਆਪਣੀ ਆਪ ਰਚਾਇੰਦਾ । ਤ੍ਰੈ ਤ੍ਰੈ ਮੇਲਾ ਏਕਾ ਵਾਰਾ, ਪੰਚਮ ਜੋੜ ਜੁੜਾਇੰਦਾ । ਲੱਖ ਚੁਰਾਸੀ ਕਰ ਤਿਆਰਾ, ਘਾੜਤ ਘੜਤ ਵੇਖ ਵਖਾਇੰਦਾ । ਨਿਰਗੁਣ ਸਰਗੁਣ ਬਣ ਠਠਿਆਰਾ, ਆਪਣਾ ਖੇਲ ਵਖਾਇੰਦਾ । ਰਾਤੀ ਰੁੱਤੀ ਥਿਤੀ ਨਾ ਕੋਈ ਜਾਣੇ ਵਾਰਾ, ਘੜੀ ਪਲ ਨਾ ਕੋਇ ਵੰਡਾਇੰਦਾ । ਆਪੇ ਜਾਣੇ ਆਪਣੀ ਧਾਰਾ, ਧਾਰ ਧਾਰ ਵਿਚ ਪ੍ਰਗਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਕਰਨ ਨਿਮਸਕਾਰਾ, ਦਰ ਦਰ ਸੀਸ ਝੁਕਾਇੰਦਾ । ਵਾਹਵਾ ਤੇਰੀ ਕੁਦਰਤ ਮੇਰੇ ਪਰਵਰਦਿਗਾਰਾ, ਤੇਰਾ ਭੇਵ ਕੋਇ ਨਾ ਆਇੰਦਾ । ਤੇਰਾ ਘਰ ਅਪਰੰਪਰ ਅਪਰ ਅਪਾਰਾ, ਸਚ ਮਹੱਲਾ ਉਚ ਅਟੱਲਾ ਸਚਖੰਡ ਦੁਆਰਾ ਸੋਭਾ ਪਾਇੰਦਾ । ਜਲ ਥਲ ਮਹੀਅਲ ਆਪੇ ਰਲਾ, ਮੰਡਲ ਮੰਡਪ ਆਪ ਸੁਹਾਇੰਦਾ । ਸਚ ਸੰਦੇਸ਼ ਏਕਾ ਘੱਲਾ, ਬ੍ਰਹਮ ਵੇਤਾ ਆਪ ਪੜ੍ਹਾਇੰਦਾ । ਵਿਸ਼ਨੂੰ ਫੜਾਏ ਹਰਿ ਜੂ ਪੱਲਾ, ਵਾਸਤਕ ਆਪਣਾ ਗੁਣ ਸਮਝਾਇੰਦਾ । ਸ਼ੰਕਰ ਬੋਲੇ ਏਕਾ ਹੱਲਾ, ਅੰਤਮ ਲੇਖਾ ਸਰਬ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਗੁਣ ਆਪ ਸਮਝਾਇੰਦਾ । ਏਕਾ ਗੁਣ ਜਣਾਏ ਗੁਣਵੰਤ, ਪ੍ਰਭ ਵੱਡਾ ਵਡ ਵਡਿਆਈਆ । ਮੇਰਾ ਖੇਲ ਆਦਿ ਅੰਤ, ਜੁਗ ਜੁਗ ਭੇਵ ਨਾ ਰਾਈਆ । ਲੱਖ ਚੁਰਾਸੀ ਮਾਇਆ ਪਾਵਾਂ ਬੇਅੰਤ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਸਾਚਾ ਲੇਖਾ ਸ੍ਰੀ ਭਗਵਾਨ, ਆਪਣਾ ਆਪ ਜਣਾਇੰਦਾ । ਵਿਸ਼ਨ ਬ੍ਰਹਮੇ ਸ਼ਿਵ ਸੁਣ ਫ਼ਰਮਾਣ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਨਿਰਗੁਣ ਸਰਗੁਣ ਖੇਲ ਮਹਾਨ, ਸਰਗੁਣ ਨਿਰਗੁਣ ਰੰਗ ਰੰਗਾਇੰਦਾ । ਪੰਜ ਤੱਤ ਕਰ ਪਰਵਾਨ, ਤ੍ਰੈ ਤ੍ਰੈ ਆਪਣਾ ਪਰਦਾ ਪਾਇੰਦਾ । ਨਵ ਨੌਂ ਖੋਲ੍ਹ ਆਪ ਦੁਕਾਨ, ਚਾਰ ਚਾਰ ਵੰਡ ਵੰਡਾਇੰਦਾ । ਘਰ ਘਰ ਵਿਚ ਇਕ ਮਕਾਨ, ਮਿਹਬਾਨ ਆਪ ਖੁਲ੍ਹਾਇੰਦਾ । ਜੋਤ ਨਿਰੰਜਣ ਨੂਰ ਮਹਾਨ, ਨੂਰ ਨੁਰਾਨਾ ਡਗਮਗਾਇੰਦਾ । ਆਤਮ ਨਾਦ ਸ਼ਬਦ ਧੁਨਕਾਨ, ਅਨਹਦ ਨਾਦੀ ਨਾਦ ਵਜਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਸਰ ਸਰੋਵਰ ਆਪ ਸੁਹਾਇੰਦਾ । ਆਤਮ ਪਰਮਾਤਮ ਇਕ ਗਿਆਨ, ਪਰਮ ਪੁਰਖ ਆਪ ਪੜ੍ਹਾਇੰਦਾ । ਸਾਚੀ ਸੇਜਾ ਹਰਿ ਮਿਹਰਵਾਨ, ਸੋਭਾਵੰਤ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਇੰਦਾ । ਸਾਚੀ ਵਸਤ ਨਾਮ ਆਧਾਰ, ਹਰਿ ਸਤਿਗੁਰ ਆਪ ਵਰਤਾਈਆ । ਤ੍ਰੈ ਤ੍ਰੈ ਮੇਲਾ ਏਕਾ ਵਾਰ, ਪੰਚਮ ਪੰਚ ਕੁੜਮਾਈਆ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਖ਼ੁਸ਼ੀ ਮਨਾਈਆ । ਕਿਰਨੀ ਕਿਰਨ ਕਿਰਨ ਉਜਿਆਰ, ਰਵ ਸਸ ਕਰੇ ਰੁਸ਼ਨਾਈਆ । ਮੰਡਲ ਮੰਡਪ ਦਏ ਆਧਾਰ, ਲੋਆਂ ਪੁਰੀਆਂ ਘਾੜਤ ਲਏ ਘੜਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਸਾਚੇ ਧਾਮ ਦਏ ਬਹਾਈਆ । ਹੁਕਮੀ ਹੁਕਮ


੩੧੨
੧੧

ਹੁਕਮ ਵਰਤਾਰ, ਧੁਰ ਫ਼ਰਮਾਣਾ ਆਪ ਸੁਣਾਈਆ । ਲੱਖ ਚੁਰਾਸੀ ਖੇਲ ਵਿਚ ਸੰਸਾਰ, ਲੋਕਮਾਤ ਦਏ ਸਮਝਾਈਆ । ਏਕਾ ਨਾਦ ਸ਼ਬਦ ਧੁਨਕਾਰ, ਆਤਮ ਪਰਮਾਤਮ ਲਏ ਮਿਲਾਈਆ । ਸੇਵਾ ਲਾਏ ਗੁਰ ਅਵਤਾਰ, ਜੁਗ ਚੌਕੜੀ ਬੰਧਨ ਪਾਈਆ । ਭਗਤ ਭਗਵੰਤ ਲਏ ਉਭਾਰ, ਆਪਣੀ ਬੂਝ ਬੁਝਾਈਆ । ਸਾਚੇ ਸੰਤਾਂ ਦਏ ਦੀਦਾਰ, ਨਿਰਗੁਣ ਸਰਗੁਣ ਲਏ ਮਿਲਾਈਆ । ਗੁਰਮੁਖ ਸੱਜਣ ਲਏ ਉਠਾਲ, ਆਪ ਆਪਣੀ ਬੂਝ ਬੁਝਾਈਆ । ਗੁਰਸਿਖਾਂ ਚਲੇ ਨਾਲ ਨਾਲ, ਸਗਲਾ ਸੰਗ ਰਖਾਈਆ । ਕਰੇ ਖੇਲ ਸ੍ਰੀ ਭਗਵਾਨ, ਜੁਗ ਜੁਗ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੇਵੇ ਦਾਨ, ਦੁਆਪਰ ਆਪਣਾ ਬੰਧਨ ਪਾਈਆ । ਕਲਜੁਗ ਖੇਲ ਕਰੇ ਮਹਾਨ, ਖ਼ਾਲਕ ਖ਼ਲਕ ਵੇਖੇ ਥਾਉਂ ਥਾਈਆ । ਮੁਕਾਮੇ ਹੱਕ ਇਕ ਨਿਸ਼ਾਨ, ਮਿਹਬਾਨ ਬੀਦੋ ਆਪ ਝੁਲਾਈਆ । ਜੁਗ ਚੌਕੜੀ ਵੇਖੇ ਮਾਰ ਧਿਆਨ, ਕੋਟਨ ਕੋਟ ਰੂਪ ਵਟਾਈਆ । ਸ਼ਬਦ ਮੰਤਰ ਨਾਮ ਦੇਵੇ ਗਿਆਨ, ਨਿਸ਼ਅੱਖਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਸ੍ਰੀ ਭਗਵੰਤ, ਆਪਣਾ ਆਪ ਜਣਾਇੰਦਾ । ਲੇਖਾ ਜਾਣਾ ਜੁਗਾ ਜੁਗੰਤ, ਜੁਗ ਜੁਗ ਵੇਖ ਵਖਾਇੰਦਾ । ਲੱਖ ਚੁਰਾਸੀ ਬਣਾਈ ਬਣਤ, ਸੇਵਕ ਸੇਵਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਸਾਚਾ ਰੰਗ ਹਰਿ ਨਿਰੰਕਾਰ, ਆਪਣਾ ਆਪ ਰੰਗਾਈਆ । ਲੇਖਾ ਜਾਣੇ ਗੁਰ ਅਵਤਾਰ, ਗੁਰ ਗੁਰ ਬੂਝ ਬੁਝਾਈਆ । ਭਗਤ ਭਗਵੰਤ ਲਏ ਉਠਾਲ, ਸਾਚੇ ਸੰਤਾਂ ਨੇਤਰ ਨੈਣ ਖੁਲ੍ਹਾਈਆ । ਗੁਰਮੁਖ ਵੇਖੇ ਸਾਚੇ ਲਾਲ, ਲਾਲ ਅਨਮੁਲੜੇ ਗੋਦ ਬਹਾਈਆ । ਗੁਰਸਿਖਾਂ ਕਰੇ ਸਦਾ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਰਨ ਪ੍ਰੀਤੀ ਨਿਭੇ ਨਾਲ, ਨਾ ਕੋਈ ਤੋੜੇ ਤੋੜ ਤੁੜਾਈਆ । ਏਕਾ ਦੇਵੇ ਵਸਤ ਨਾਮ ਧੰਨ ਮਾਲ, ਸਚ ਖ਼ਜ਼ੀਨਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਅਤੁਟ ਇਕ ਰਖਾਈਆ । ਨਾਮ ਅਤੁਟ ਹਰਿ ਭੰਡਾਰਾ, ਆਦਿ ਜੁਗਾਦਿ ਵਰਤਾਇੰਦਾ । ਹਰਿਜਨ ਦੇਵੇ ਕਰ ਪਿਆਰਾ, ਗੁਰਮੁਖ ਸਾਚੇ ਝੋਲੀ ਪਾਇੰਦਾ । ਏਕਾ ਹੱਟ ਇਕ ਵਣਜਾਰਾ, ਏਕਾ ਤੋਲਣ ਤੋਲ ਤੁਲਾਇੰਦਾ । ਚੌਦਾਂ ਲੋਕ ਨਾ ਪਾਵਣ ਸਾਰਾ, ਚੌਦਾਂ ਵਿਦਿਆ ਨਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਇਕ ਸਮਝਾਇੰਦਾ । ਸਚ ਭੰਡਾਰਾ ਇਕੋ ਨਾਮ, ਹਰਿ ਜੂ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਗੁਰ ਅਵਤਾਰ ਮੰਗਣ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਪੀਰ ਪੈਗ਼ੰਬਰ ਕਰਨ ਸਲਾਮ, ਨਿਉਂ ਨਿਉਂ ਸੀਸ ਝੁਕਾਈਆ । ਆਦਿ ਜੁਗਾਦੀ ਇਕ ਈਮਾਨ, ਏਕਾ ਕਲਮਾ ਦਏ ਸਮਝਾਈਆ । ਸ਼ਾਹ ਪਾਤਸ਼ਾਹ ਸੱਚਾ ਅਮਾਮ, ਮੁਕਾਮੇ ਹੱਕ ਇਕ ਸ਼ਹਿਨਸ਼ਾਹੀਆ । ਜੁਗਾ ਜੁਗੰਤਰ ਦੇਵੇ ਪੈਗ਼ਾਮ, ਪੀਰ ਪੈਗ਼ੰਬਰ ਕਰ ਪੜ੍ਹਾਈਆ । ਆਪੇ ਜਾਣੇ ਲੇਖਾ ਸਤਿਨਾਮ, ਨਾਮ ਸਤਿ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣੇ ਹੱਥ ਰੱਖੇ ਵਡਿਆਈਆ । ਜੁਗ ਕਰਤਾ ਹਰਿ ਕਰਨੇ ਜੋਗ, ਏਕਾ ਰੰਗ ਸਮਾਇਆ । ਨਿਰਗੁਣ ਸਰਗੁਣ ਸਾਚਾ ਭੋਗ, ਭਸਮੜ ਭੋਗੀ ਭੋਗ ਭੁਗਾਇਆ । ਆਤਮ ਪਰਮਾਤਮ ਸੰਜੋਗ ਵਿਜੋਗ, ਦੋਏ ਦੋਏ ਕਾਰ ਚਲਾਇਆ । ਲੇਖਾ ਜਾਣੇ ਚੌਦਾਂ ਲੋਕ, ਚੌਦਾਂ ਤਬਕਾਂ ਪਰਦਾ ਲਾਹਿਆ । ਆਦਿ ਜੁਗਾਦੀ ਬ੍ਰਹਿਮਾਦੀ ਇਕ ਸਲੋਕ, ਪਾਰਬ੍ਰਹਮ ਆਪ ਸੁਣਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਜਣਾਇਆ । ਧੁਰ ਫ਼ਰਮਾਣਾ ਏਕਾ ਵਾਰ, ਏਕੰਕਾਰ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹਿਣਾ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਜਣਾਈਆ । ਲੱਖ ਚੁਰਾਸੀ ਘਾੜਤ ਘੜੀ ਬਣ ਠਠਿਆਰ, ਠੋਕਰ ਹੋਰ ਨਾ ਕੋਇ ਲਗਾਈਆ । ਖੇਲਾਂ ਖੇਲ ਵਿਚ ਸੰਸਾਰ, ਜੁਗ ਚੌਕੜੀ ਵੰਡ ਵੰਡਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਉਤਰੇ ਪਾਰ, ਗੁਰ ਅਵਤਾਰ ਪੀਰ ਪੈਗ਼ੰਬਰ ਸੇਵ ਕਮਾਈਆ । ਅੰਤਮ ਆਵਾਂ ਵਿਚ ਸੰਸਾਰ, ਨਿਰਗੁਣ ਆਪਣਾ ਰੂਪ ਧਰਾਈਆ । ਜੋਧਾ ਸੂਰਬੀਰ ਬਣ ਬਲਕਾਰ, ਬਲ ਬਾਵਣ ਖੇਲ ਖਲਾਈਆ । ਨਾਮ ਖੰਡਾ ਤੇਜ ਕਟਾਰ, ਚੰਡ ਪਰਚੰਡ ਆਪ ਚਮਕਾਈਆ । ਲੇਖਾ ਜਾਣ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚੌਕੜੀ ਜੁਗ ਚਾਰ, ਜੁਗ ਜੁਗ ਮੂਲ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਸਚ ਸੰਦੇਸ਼ਾ ਸ਼ਾਹ ਪਾਤਸ਼ਾਹ, ਹਰਿ ਜੂ ਹਰਿ ਸੁਣਾਇੰਦਾ । ਸਾਚੇ ਤਖ਼ਤ ਕਰ ਸਲਾਹ, ਤਖ਼ਤ ਨਿਵਾਸੀ ਦਇਆ ਕਮਾਇੰਦਾ । ਜੁਗ ਜੁਗ ਵੇਸ ਅਨੇਕ ਵਟਾ, ਗੁਰ ਅਵਤਾਰ ਸੇਵ ਲਗਾਇੰਦਾ । ਸ਼ਬਦੀ ਸ਼ਬਦ ਬਣ ਮਲਾਹ, ਲੱਖ ਚੁਰਾਸੀ ਬੇੜਾ ਆਪ ਚਲਾਇੰਦਾ । ਜੇ ਕੋਈ ਵੇਖੇ ਦਿਸੇ ਨਾ, ਘਟ ਘਟ ਅੰਦਰ ਡੇਰਾ ਲਾਇੰਦਾ । ਗੁਰਮੁਖ ਸੱਜਣ ਲਏ ਜਗਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਏਕਾ ਨੇਤਰ ਦਏ ਖੁਲ੍ਹਾ, ਦੋਏ ਲੋਚਣ ਬੰਦ ਕਰਾਇੰਦਾ । ਏਕਾ ਅੰਮ੍ਰਿਤ ਦਏ ਪਿਆ, ਅਠਸਠ ਨਾ ਕੋਇ ਭੁਆਇੰਦਾ । ਏਕਾ ਜੋਤ ਦਏ ਜਗਾ, ਅੰਧ ਅੰਧੇਰ ਮਿਟਾਇੰਦਾ । ਏਕਾ ਮੰਦਰ ਦਏ ਵਖਾ, ਘਰ ਘਰ ਵਿਚ ਆਪ ਸੁਹਾਇੰਦਾ । ਏਕਾ ਸੇਜਾ ਦਏ ਬਹਾ, ਸੇਜ ਸੁਹੰਜਣੀ ਆਪ ਵਡਿਆਇੰਦਾ । ਸੁਰਤੀ ਸ਼ਬਦ ਦਏ ਮਿਲਾ, ਨਾਰੀ ਕੰਤ ਸੋਭਾ ਪਾਇੰਦਾ । ਏਕਾ ਮੰਗਲ ਲਏ ਗਾ, ਨਾਦ ਅਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਇੰਦਾ । ਆਪਣਾ ਪਰਦਾ ਹਰਿਜਨ ਚੁੱਕ, ਏਕਾ ਰੰਗ ਵਖਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਰੂਪ ਸੱਚਾ ਸ਼ਹਿਨਸ਼ਾਹੀਆ । ਚਾਰ ਜੁਗ ਦੀ ਚੌਥੀ ਰੁੱਤ, ਰੁੱਤ ਰੁਤੜੀ ਆਪ ਸੁਹਾਈਆ । ਹਰਿਜਨ ਵੇਖੇ ਸਾਚੇ ਸੁਤ, ਬਾਲ ਅਞਾਣੇ ਲਏ ਉਠਾਈਆ । ਪੰਚ ਵਿਕਾਰਾ ਕੱਢੇ ਕੁੱਟ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਨਿਝਰ ਝਿਰਨਾ ਆਪ ਝਿਰਾਈਆ । ਨਿਰਮਲ ਨੂਰ ਜਗਾਏ ਜੋਤ, ਅੰਧ ਅੰਧੇਰ ਗਵਾਈਆ । ਭਾਗ ਲਗਾਏ ਕਾਇਆ ਕੋਟ, ਬੰਕ ਦੁਆਰਾ ਇਕ ਸੁਹਾਈਆ । ਏਥੇ ਓਥੇ ਸਾਚੀ ਓਟ, ਹਰਿਜਨ ਹਰਿ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਆਦਿ ਜੁਗਾਦਿ ਕਰਾਇੰਦਾ । ਜੁਗ ਜੁਗ ਗੁਰ ਅਵਤਾਰ ਫੜੌਂਦਾ ਰਿਹਾ ਪੱਲਾ, ਏਕਾ ਬੰਧਨ ਨਾਮ ਰਖਾਇੰਦਾ । ਅੰਤਰ ਆਤਮ ਬਹਿ ਬਹਿ ਸਚ ਸਿੰਘਾਸਣ ਮੱਲਾ, ਸਾਚੀ ਸੇਜਾ ਆਪ ਸੁਹਾਇੰਦਾ । ਸ਼ਬਦ ਅਨਾਦ ਧੁਨ ਆਤਮਕ ਆਪੇ ਘਲਾ, ਰਾਗੀ ਰਾਗ ਆਪ ਸੁਣਾਇੰਦਾ । ਆਤਮ ਪਰਮਾਤਮ ਆਪੇ ਰਲਾ, ਈਸ ਜੀਵ ਆਪ ਅਖਵਾਇੰਦਾ । ਸਨਮੁਖ ਹੋ ਹੋ ਆਪੇ ਖਲਾ, ਆਪੇ ਲੁਕ ਲੁਕ ਮੁਖ ਛੁਪਾਇੰਦਾ । ਨਾ ਕੋਈ ਘੜੀ ਨਾ ਕੋਈ ਪੱਲਾ, ਥਿਤ ਵਾਰ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਹਰਿ ਨਿਰੰਕਾਰਾ, ਜਨ ਭਗਤਾਂ ਦੇਵੇ ਦਰਸ ਦੀਦਾਰਾ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਨੇਤਰ ਨੈਣ ਜਾਏ ਖੁਲ੍ਹ, ਜਿਸ ਜਨ ਆਪਣੀ ਦਇਆ ਕਮਾਈਆ । ਏਕਾ ਨਾਮ ਦਏ ਅਨਮੁਲ, ਕਰਤਾ

ਕੀਮਤ ਕੋਇ ਨਾ ਲਾਈਆ । ਸਚ ਦੁਆਰੇ ਜੋ ਜਨ ਆਏ ਭੁੱਲ, ਭੁਲਿਆਂ ਮਾਰਗ ਦੇਵੇ ਪਾਈਆ । ਲੱਖ ਚੁਰਾਸੀ ਨਾ ਜਾਏ ਰੁਲ, ਰਾਏ ਧਰਮ ਨਾ ਦਏ ਸਜਾਈਆ । ਭਾਗ ਲਗਾਏ ਸਾਚੀ ਕੁਲ, ਕੁਲਵੰਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਜੁਗੋ ਜੁਗ, ਜੁਗ ਕਰਤਾ ਆਪ ਕਰਾਇੰਦਾ । ਲੱਖ ਚੁਰਾਸੀ ਵਿਚੋਂ ਹਰਿਜਨ ਚੁਗ, ਆਪਣਾ ਮੇਲ ਮਿਲਾਇੰਦਾ । ਲੇਖਾ ਜਾਣੇ ਪਾਣੀ ਦੁੱਧ, ਨਾਮ ਮਧਾਣਾ ਇਕ ਵਖਾਇੰਦਾ । ਪੰਜ ਤੱਤ ਵਿਕਾਰਾ ਕਰੇ ਸੁਧ, ਸਚ ਕੁਠਾਲੀ ਆਪ ਤਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਤਾਰੇ ਆਪ ਪ੍ਰਭ, ਆਦਿ ਜੁਗਾਦਿ ਵਡੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਆਪਣਾ ਭਾਰ ਗਿਆ ਲਦ, ਕਲਜੁਗ ਬੈਠਾ ਬਲ ਧਰਾਈਆ । ਨਾ ਕੋਈ ਜਾਣੇ ਪਾਰ ਹੱਦ, ਅੱਧਵਿਚਕਾਰ ਰੁੜ੍ਹੀ ਲੋਕਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਸਕੇ ਕੱਢ, ਮੰਝਧਾਰ ਪਈ ਦੁਹਾਈਆ । ਗੁਰ ਅਵਤਾਰ ਸਾਕ ਗਏ ਛੱਡ, ਤੀਰਥ ਤੱਟ ਰਹੇ ਕੁਰਲਾਈਆ । ਪੀਰ ਪੈਗ਼ੰਬਰ ਹੋਏ ਅੱਡ, ਆਪਣਾ ਪੱਲੂ ਨਾ ਕੋਇ ਫੜਾਈਆ । ਨਾ ਕੋਈ ਬੰਸ ਨਾ ਕੋਈ ਯਦ, ਵਿਸ਼ਵ ਰੂਪ ਨਾ ਕੋਇ ਵਖਾਈਆ । ਚਾਰ ਵਰਨ ਪਏ ਡੂੰਘੀ ਅੰਧੇਰੀ ਖੱਡ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਹਉਮੇ ਹੰਗਤਾ ਪੀਤੀ ਮਧ, ਮਾਇਆ ਮਮਤਾ ਨਾਲ ਰਲਾਈਆ । ਗੁਰ ਕਾ ਸ਼ਬਦ ਨਾ ਵੱਜੇ ਨਦ, ਅਨਹਦ ਨਾਦ ਨਾ ਕੋਇ ਸੁਣਾਈਆ । ਪੰਚ ਵਿਕਾਰਾ ਨਾ ਲਿਆ ਬਧ, ਖੰਡਾ ਨਾਮ ਨਾ ਕੋਇ ਚਮਕਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਰਕਤ ਬੂੰਦ ਰਹੀ ਕੁਰਲਾਈਆ । ਗੁਰਮੁਖ ਵਿਰਲਾ ਹੋਇਆ ਗਦ ਗਦ, ਜਿਸ ਮਿਲਿਆ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਵੇਸ ਵਟਾਈਆ । ਜੁਗ ਕਰਤਾ ਹਰਿ ਪੁਰਖ ਸਵਾਮੀ, ਅਪਰੰਪਰ ਖੇਲ ਕਰਾਇੰਦਾ । ਆਦਿ ਜੁਗਾਦਿ ਸਦਾ ਨੇਹਕਾਮੀ, ਕਰਮ ਕਾਂਡ ਨਾ ਕੋਇ ਬਣਾਇੰਦਾ । ਘਟ ਘਟ ਅੰਤਰ ਅੰਤਰਜਾਮੀ, ਆਪਣਾ ਭੇਵ ਆਪ ਖੁਲ੍ਹਾਇੰਦਾ । ਸ਼ਬਦ ਅਨਾਦ ਅਗੰਮੀ ਬਾਣੀ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਸੁਰਤ ਮਿਲਾਵਾ ਸ਼ਬਦ ਹਾਣੀ, ਘਰ ਸਾਚੇ ਸੋਭਾ ਪਾਇੰਦਾ । ਲੇਖਾ ਜਾਣੇ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਵਖਾਇੰਦਾ । ਸਾਚਾ ਮਾਰਗ ਹਰਿ ਨਿਰੰਕਾਰਾ, ਆਦਿ ਅੰਤ ਜਣਾਈਆ । ਏਕਾ ਨਾਮ ਸ਼ਬਦ ਅਧਾਰਾ, ਗੁਰ ਅਵਤਾਰ ਕਰਨ ਪੜ੍ਹਾਈਆ । ਏਕਾ ਮੰਦਰ ਗੁਰੂਦੁਆਰਾ ਹਰਿ ਭਗਤ ਰਹੇ ਸਾਲਾਹੀਆ । ਏਕਾ ਦੀਪਕ ਹੋਏ ਉਜਿਆਰਾ, ਸਾਚੇ ਸੰਤ ਰਹੇ ਜਗਾਈਆ । ਏਕਾ ਸ਼ਬਦ ਨਾਦ ਧੁਨਕਾਰਾ, ਗੁਰਮੁਖ ਰਾਗ ਰਹੇ ਸੁਣਾਈਆ । ਏਕਾ ਚਰਨ ਕਵਲ ਨਿਮਸਕਾਰਾ, ਗੁਰਸਿਖ ਬੈਠੇ ਸੀਸ ਝੁਕਾਈਆ । ਹਰਿ ਜੂ ਵਸਿਆ ਧਾਮ ਨਿਆਰਾ, ਸਚਖੰਡ ਬੈਠਾ ਆਸਣ ਲਾਈਆ । ਜੁਗ ਚੌਕੜੀ ਕਰਦਾ ਰਿਹਾ ਵਿਹਾਰਾ, ਨਵ ਨੌਂ ਪੰਧ ਆਪ ਮੁਕਾਈਆ । ਕਲਜੁਗ ਅੰਤਮ ਹੋ ਤਿਆਰਾ, ਨਿਰਗੁਣ ਬੈਠਾ ਜੋਤ ਜਗਾਈਆ । ਲੱਖ ਚੁਰਾਸੀ ਪਾਵੇ ਸਾਰਾ, ਲੁਕਿਆ ਕੋਇ ਰਹੇ ਨਾ ਰਾਈਆ । ਏਕਾ ਹੁਕਮ ਇਕ ਵਰਤਾਰਾ, ਏਕਾ ਏਕਾ ਵਾਰ ਸੁਣਾਈਆ । ਲੱਖ ਚੁਰਾਸੀ ਮੇਟੇ ਧੁੰਧੂਕਾਰਾ, ਅਗਿਆਨ ਅੰਧੇਰ ਗਵਾਈਆ । ਦੇਵੇ ਦਰਸ ਅਗੰਮ ਅਪਾਰਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸਰਬ ਜੀਆਂ ਦਾ ਇਕ ਕਰਤਾਰਾ, ਕਰਤਾ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਚੁਕਾਈਆ । ਆਪਣਾ

ਪਰਦਾ ਹਰਿ ਜੂ ਚੁੱਕ, ਹਰਿਜਨ ਆਪ ਜਣਾਇੰਦਾ । ਨਵ ਨੌਂ ਚਾਰ ਜੋ ਰਿਹਾ ਲੁਕ, ਕਲਜੁਗ ਅੰਤਮ ਫੇਰਾ ਪਾਇੰਦਾ । ਸਤਿ ਪੁਰਖ ਨਿਰੰਜਣ ਸ਼ਬਦੀ ਸ਼ੇਰ ਰਿਹਾ ਬੁੱਕ, ਦੋ ਜਹਾਨਾਂ ਭਬਕ ਸੁਣਾਇੰਦਾ । ਲੇਖਾ ਜਾਣੇ ਚੌਦਾਂ ਤਬਕ, ਚੌਦਾਂ ਚੌਦਾਂ ਫੇਰਾ ਪਾਇੰਦਾ । ਦੋ ਜਹਾਨਾਂ ਇਕੋ ਸਬਕ, ਵਿਸ਼ਨ ਬ੍ਰਹਮਾ ਸ਼ਿਵ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਦੇਵੇ ਖੋਲ੍ਹ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਅੰਤਮ ਤੋਲੇ ਤੋਲ, ਨਿਰਗੁਣ ਦਾਤਾ ਬੇਪਰਵਾਹੀਆ । ਆਪਣਾ ਪੂਰਾ ਕਰੇ ਕੀਤਾ ਕੌਲ, ਗੁਰ ਗੋਬਿੰਦ ਰਿਹਾ ਸਾਲਾਹੀਆ । ਪ੍ਰਗਟ ਹੋਏ ਉਪਰ ਧੌਲ, ਧਰਨੀ ਹੌਲਾ ਭਾਰ ਕਰਾਈਆ । ਨਾ ਕੋਈ ਪਰਦਾ ਨਾ ਕੋਈ ਓਹਲ, ਮੁਖ ਨਕ਼ਾਬ ਨਾ ਕੋਇ ਟਿਕਾਈਆ । ਭੇਵ ਨਾ ਪਾਏ ਪੰਡਤ ਪਾਂਧਾ ਰੌਲ, ਮੁਲਾਂ ਸ਼ੇਖ਼ ਮੁਸਾਇਕ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਆਪਣੀ ਖੇਲ ਅੰਤਮ ਕਲ, ਹਰਿ ਜੂ ਹਰਿ ਕਰਾਇੰਦਾ । ਲੱਖ ਚੁਰਾਸੀ ਭਰਮ ਭੁਲਾਏ ਵਲ ਛਲ, ਅਛਲ ਅਛੱਲ ਰੂਪ ਵਟਾਇੰਦਾ । ਹਰਿਜਨ ਸਾਚੇ ਆਪ ਉਠਾਏ ਸਚ ਸੰਦੇਸ਼ਾ ਏਕਾ ਘੱਲ, ਨਾਮ ਨਾਮਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਆਪਣੀ ਧਾਰ ਆਪ ਜਣਾਇੰਦਾ । ਆਪਣੀ ਧਾਰ ਰੱਖੇ ਹੱਥ, ਬੇਅੰਤ ਵਡੀ ਵਡਿਆਈਆ । ਨਿਰਗੁਣ ਰੂਪ ਹੋ ਪਰਗਟ, ਲੋਕਮਾਤ ਫੇਰਾ ਪਾਈਆ । ਕਰੇ ਖੇਲ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੁਗ ਚੌਕੜੀ ਚਲੌਂਦਾ ਰਿਹਾ ਰਥ, ਬਣ ਰਥਵਾਹੀ ਸੇਵ ਕਮਾਈਆ । ਗੁਰ ਅਵਤਾਰ ਗੌਂਦੇ ਰਹੇ ਗਥ, ਰਸਨਾ ਜਿਹਵਾ ਸੇਵ ਕਮਾਈਆ । ਕਲਜੁਗ ਅੰਤਮ ਹੋ ਹੋ ਵੱਖ, ਨਿਰਗੁਣ ਨਿਰਗੁਣ ਰੂਪ ਵਟਾਈਆ । ਆਪਣਾ ਮਾਰਗ ਆਪੇ ਦੱਸ, ਏਕਾ ਅੱਖਰ ਕਰੇ ਪੜ੍ਹਾਈਆ । ਜਨ ਭਗਤਾਂ ਹਿਰਦੇ ਅੰਤਰ ਵਸ, ਰੂਪ ਅਨੂਪ ਦਰਸਾਈਆ । ਏਕਾ ਦੇਵੇ ਸਾਚਾ ਰਸ, ਨਿਝਰ ਝਿਰਨਾ ਦਏ ਝਿਰਾਈਆ । ਤੀਰ ਅਣਿਯਾਲਾ ਮਾਰੇ ਕਸ, ਮੁਖੀ ਨਜ਼ਰ ਕਿਸੇ ਨਾ ਆਈਆ । ਅੰਦਰ ਆਤਮ ਜਾਏ ਵਸ, ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੀ ਦਇਆ ਕਮਾਈਆ । ਦੀਨਨ ਹੋਏ ਦਿਆਲ, ਦਇਆ ਕਮਾਇੰਦਾ । ਨੇੜ ਨਾ ਆਏ ਕਾਲ, ਸਿਰ ਆਪਣਾ ਹੱਥ ਟਿਕਾਇੰਦਾ । ਇਕ ਵਖਾਏ ਸੱਚੀ ਧਰਮਸਾਲ, ਸਚਖੰਡ ਦੁਆਰਾ ਸੋਭਾ ਪਾਇੰਦਾ । ਪੁਰਖ ਅਬਿਨਾਸ਼ੀ ਕਰੇ ਪ੍ਰਿਤਪਾਲ, ਜੁਗ ਜੁਗ ਸੇਵ ਕਮਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਮੁਰੀਦ ਵੇਸ ਵਟਾਇੰਦਾ । ਆਪੇ ਤੋੜੇ ਤ੍ਰੈਗੁਣ ਜਗਤ ਜੰਜਾਲ, ਮਾਇਆ ਬੰਧਨ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਸਾਚਾ ਜਾਏ ਜਾਗ, ਸੋ ਪੁਰਖ ਨਿਰੰਜਣ ਆਪ ਜਗਾਈਆ । ਨਾਮ ਨਾਮਾ ਲਾਏ ਵੈਰਾਗ, ਵੈਰਾਗੀ ਰੂਪ ਵਟਾਈਆ । ਗੁਰਮੁਖ ਮੇਲਾ ਨਾਰੀ ਕੰਤ ਸੁਹਾਗ, ਕੰਤ ਕੰਤੂਹਲ ਮੇਲ ਮਿਲਾਈਆ । ਜਨਮ ਜਨਮ ਦਾ ਧੋਵੇ ਦਾਗ਼, ਦੁਰਮਤ ਮੈਲ ਗਵਾਈਆ । ਫੜ ਫੜ ਹੰਸ ਬਣਾਏ ਕਾਗ, ਜਿਸ ਬਖ਼ਸ਼ੇ ਸ਼ਰਨ ਚਰਨ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਤਰਾਈਆ । ਗੁਰਮੁਖ ਤਰਿਆ ਵਾਰ ਅੰਤ, ਅੰਤ ਕਾਲ ਤਰਾਇਆ । ਮਿਲਿਆ ਮੇਲ ਸ੍ਰੀ ਭਗਵੰਤ, ਪੁਰਖ ਆਬਿਨਾਸ਼ੀ ਹੋਏ ਸਹਾਇਆ । ਨਾਤਾ ਤੁਟਾ ਜੀਵ ਜੰਤ, ਲੱਖ ਚੁਰਾਸੀ ਪੰਧ ਮੁਕਾਇਆ । ਗੜ੍ਹ ਤੁਟਾ ਹਉਮੇ ਹੰਗਤ, ਨਿਵਣ ਸੋ ਅੱਖਰ

ਇਕ ਪੜ੍ਹਾਇਆ । ਹਰਿਜਨ ਮੇਲਾ ਸਾਚੀ ਸੰਗਤ, ਸਗਲਾ ਸੰਗ ਆਪ ਰਖਾਇਆ । ਗੁਰਸਿਖ ਦੂਜੇ ਦਰ ਨਾ ਜਾਏ ਮੰਗਤ, ਸਤਿਗੁਰ ਪੂਰਾ ਸਾਚੀ ਵਸਤ ਝੋਲੀ ਪਾਇਆ । ਨਾਤਾ ਤੋੜੇ ਭੁੱਖ ਨੰਗਤ, ਜਗਤ ਤ੍ਰਿਸ਼ਨਾ ਮੋਹ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸੱਜਣ ਆਪ ਤਰਾਇਆ । ਗੁਰਸਿਖ ਸੱਜਣ ਤਾਰਿਆ, ਗੁਰ ਸਤਿਗੁਰ ਹੋ ਮਿਹਰਵਾਨ । ਜਨਮ ਜਨਮ ਦਾ ਗੇੜ ਨਿਵਾਰਿਆ, ਇਕੋ ਦੀਆ ਨਾਮ ਦਾਨ । ਨਿਰਮਲ ਦੀਆ ਕਰ ਉਜਿਆਰਿਆ, ਮਿਟਾਇਆ ਅੰਧ ਅੰਧਿਆਨ । ਅੰਮ੍ਰਿਤ ਦੇਵੇ ਠੰਡਾ ਠਾਰਿਆ, ਨਿਝਰ ਝਿਰਨਾ ਇਕ ਝਿਰਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰ ਪਰਵਾਨ । ਹਰਿਜਨ ਸੱਚਾ ਹੋਏ ਪਰਵਾਨ, ਹਰਿ ਪਰਵਾਨਾ ਨਾਮ ਫੜਾਇੰਦਾ । ਏਥੇ ਓਥੇ ਮੇਲਾ ਸ੍ਰੀ ਭਗਵਾਨ, ਵਿਛੜ ਕਦੇ ਨਾ ਜਾਇੰਦਾ । ਏਕਾ ਮੰਦਰ ਇਕ ਮਕਾਨ, ਦਰ ਘਰ ਸਾਚੇ ਆਪ ਬਹਾਇੰਦਾ । ਏਕਾ ਚਰਨ ਇਕ ਧਿਆਨ, ਲਿਵ ਅੰਤਰ ਇਕ ਸਮਝਾਇੰਦਾ । ਏਕਾ ਅੱਖਰ ਇਕ ਗਿਆਨ, ਏਕਾ ਵਿਦਿਆ ਹਰਿ ਪੜ੍ਹਾਇੰਦਾ । ਏਕਾ ਓਟ ਏਕਾ ਮਾਣ, ਏਕਾ ਸੀਸ ਹੱਥ ਟਿਕਾਇੰਦਾ । ਏਕਾ ਧਰਮ ਇਕ ਨਿਸ਼ਾਨ, ਦੋ ਜਹਾਨਾਂ ਇਕ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਤਰਾਇੰਦਾ । ਤਾਰਨਹਾਰਾ ਏਕੋ ਏਕ, ਆਦਿ ਜੁਗਾਦਿ ਸਮਾਇਆ । ਹਰਿਜਨ ਬਖ਼ਸ਼ੇ ਸਾਚੀ ਟੇਕ, ਸਿਰ ਆਪਣਾ ਹੱਥ ਟਿਕਾਇਆ । ਕਰੇ ਕਰਾਏ ਬੁੱਧ ਬਿਬੇਕ, ਮਨ ਮਨਸ਼ਾ ਮੋਹ ਚੁਕਾਇਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅੰਮ੍ਰਿਤ ਮੇਘ ਇਕ ਬਰਸਾਇਆ । ਜਨਮ ਜਨਮ ਦਾ ਜਾਣੇ ਲੇਖ, ਪੂਰਬ ਲਹਿਣਾ ਝੋਲੀ ਪਾਇਆ । ਨਿਰਗੁਣ ਨਿਰਗੁਣ ਕਰ ਕਰ ਭੇਖ, ਹਰਿਜਨ ਸਾਚੇ ਲਏ ਤਰਾਇਆ । ਏਥੇ ਓਥੇ ਇਕੋ ਦੇਸ, ਜਿਸ ਸਤਿਗੁਰ ਸੱਚਾ ਪਾਇਆ । ਭਰਮੇ ਭੁੱਲੇ ਔਲੀਏ ਪੀਰ ਸ਼ੇਖ਼, ਸ਼ਰਅ ਸ਼ਰੀਅਤ ਰਹੀ ਕੁਰਲਾਇਆ । ਤਿਸ ਸਾਹਿਬ ਕੋ ਸਦਾ ਆਦੇਸ, ਜੋ ਘਟ ਘਟ ਰਿਹਾ ਸਮਾਇਆ । ਹਰਿਜਨ ਵਿਰਲਾ ਲਏ ਵੇਖ, ਜਿਸ ਜਨ ਆਪਣੀ ਬੂਝ ਬੁਝਾਇਆ । ਲੱਖ ਚੁਰਾਸੀ ਝੂਠੀ ਖੇਡ, ਨਟੂਆ ਆਪਣਾ ਸਾਂਗ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਭੇਵ ਚੁਕਾਇਆ । ਕਲਜੁਗ ਅੰਤਮ ਚੁੱਕੇ ਭੇਵ, ਪ੍ਰਭ ਸਾਚਾ ਆਪ ਚੁਕਾਈਆ । ਪ੍ਰਗਟ ਹੋਏ ਅਲਖ ਅਭੇਵ, ਅਭੇਦ ਵਡੀ ਵਡਿਆਈਆ । ਲਹਿਣਾ ਦੇਣਾ ਚੁੱਕੇ ਦੇਵੀ ਦੇਵ, ਸੁਰਪਤ ਨਾ ਕੋਇ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਵੇਖੇ ਸੇਵ, ਕੀਤੀ ਘਾਲ ਝੋਲੀ ਪਾਈਆ । ਲੱਖ ਚੁਰਾਸੀ ਘਟ ਘਟ ਅੰਦਰ ਜਾਣੇ ਰਸਨਾ ਜਿਹਵ, ਤੀਸ ਬਤੀਸਾ ਕਵਣ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮਾਤ ਤਰਾਈਆ ।



★ ੬ ਮਾਘ ੨੦੧੮ ਬਿਕਰਮੀ ਕਰਤਾਰ ਸਿੰਘ ਦੇ ਗ੍ਰਿਹ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ★

ਸਤਿ ਸਤਿਵਾਦੀ ਸ਼ਾਹ ਸੁਲਤਾਨ, ਹਰਿ ਵੱਡਾ ਵਡ ਵਡਿਆਈਆ । ਸੋ ਪੁਰਖ ਨਿਰੰਜਣ ਨੌਂ ਜਵਾਨ, ਆਦਿ ਜੁਗਾਦਿ ਸਮਾਈਆ । ਹਰਿ ਪੁਰਖ ਨਿਰੰਜਣ ਮਿਹਰਵਾਨ, ਦਇਆਨਿਧ ਬੇਪਰਵਾਹੀਆ । ਏਕੰਕਾਰਾ ਜੋਧਾ ਸੂਰਬੀਰ ਬਲਵਾਨ, ਬਲ ਆਪਣਾ ਆਪ ਰਖਾਈਆ । ਆਦਿ ਨਿਰੰਜਣ

ਨੂਰ ਮਹਾਨ, ਜੋਤੀ ਜੋਤ ਡਗਮਗਾਈਆ । ਅਬਿਨਾਸ਼ੀ ਕਰਤਾ ਸਚ ਨਿਸ਼ਾਨ, ਦਰ ਘਰ ਸਾਚੇ ਆਪ ਝੁਲਾਈਆ । ਸ੍ਰੀ ਭਗਵਾਨ ਗੁਣ ਨਿਧਾਨ, ਮਹੱਲ ਅਟੱਲ ਦਏ ਵਡਿਆਈਆ । ਪਾਰਬ੍ਰਹਮ ਖੇਲ ਮਹਾਨ, ਕਲ ਆਪਣੀ ਆਪ ਧਰਾਈਆ । ਇਕ ਇਕੱਲਾ ਸ੍ਰੀ ਭਗਵਾਨ, ਦਰ ਘਰ ਸਾਚਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਜੋਤੀ ਜੋਤ ਆਪੇ ਰਲਾ, ਏਕੰਕਾਰਾ ਆਪਣੇ ਰੰਗ ਸਮਾਇੰਦਾ । ਆਪਣੇ ਦੀਪਕ ਆਪੇ ਬਲਾ, ਆਦਿ ਨਿਰੰਜਣ ਡਗਮਗਾਇੰਦਾ । ਸਤਿ ਸਤਿਵਾਦੀ ਫੜੇ ਆਪਣਾ ਪੱਲਾ, ਸ੍ਰੀ ਭਗਵਾਨ ਬਣਤ ਬਣਾਇੰਦਾ । ਆਪੇ ਮੇਟੇ ਆਪਣਾ ਸੱਲਾ, ਅਬਿਨਾਸ਼ੀ ਕਰਤਾ ਬੰਧਨ ਪਾਇੰਦਾ । ਪਾਰਬ੍ਰਹਮ ਪ੍ਰਭ ਆਪਣਾ ਸੰਦੇਸ਼ ਆਪੇ ਘੱਲਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਇੰਦਾ । ਆਪਣੀ ਕਾਰ ਹਰਿ ਕਰਤਾਰ, ਆਦਿ ਪੁਰਖ ਆਪ ਕਮਾਈਆ । ਨਿਰਗੁਣ ਨੂਰ ਕਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਵੇਖੇ ਵਿਗਸੇ ਵੇਖਣਹਾਰ, ਇਕ ਇਕੱਲਾ ਸੱਚਾ ਸ਼ਹਿਨਸ਼ਾਹੀਆ । ਆਪਣੀ ਇਛਿਆ ਬਣ ਵਰਤਾਰ, ਸਾਚੀ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਆਪਣੇ ਹੱਥ ਰੱਖ ਵਡਿਆਈ, ਹਰਿ ਆਪਣੀ ਦਇਆ ਕਮਾਇੰਦਾ । ਖੇਲੇ ਖੇਲ ਬੇਪਰਵਾਹੀ, ਬੇਅੰਤ ਨਾਉਂ ਧਰਾਇੰਦਾ । ਕਰੇ ਖੇਲ ਅਗੰਮ ਅਥਾਹੀ, ਅਲਖ ਅਗੋਚਰ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਆਪਣੀ ਕਰਨੀ ਕਰਤਾ ਪੁਰਖ, ਸੋ ਪੁਰਖ ਨਿਰੰਜਣ ਆਪ ਕਰਾਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਆਲਸ ਨਿੰਦਰਾ ਨਾ ਕੋਇ ਜਣਾਈਆ । ਆਦਿ ਜੁਗਾਦਿ ਨਾ ਕੋਈ ਕਰੇ ਤਰਸ, ਰਹਿਮਤ ਆਪਣੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸ੍ਰੀ ਭਗਵਾਨਾ, ਏਕਾ ਰੰਗ ਸਮਾਇੰਦਾ । ਖੇਲੇ ਖੇਲ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਇੰਦਾ । ਆਪਣੀ ਇਛਿਆ ਕਰ ਪਰਵਾਨਾ, ਆਪ ਆਪਣੀ ਬਣਤ ਬਣਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਖਾਇੰਦਾ । ਸਾਚੀ ਖੇਲ ਹਰਿ ਨਿਰੰਕਾਰ, ਆਦਿ ਪੁਰਖ ਉਪਜਾਈਆ । ਆਪੇ ਬਣ ਸੇਵਾਦਾਰ, ਸੇਵਕ ਸਾਚੀ ਸੇਵ ਕਮਾਈਆ । ਨਿਰਗੁਣ ਨਿਰਗੁਣ ਦਏ ਅਧਾਰ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਵੇਖੇ ਵੇਖਣਹਾਰ, ਨਿਰਗੁਣ ਆਪਣਾ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਬੰਧਾਈਆ । ਆਪੇ ਜਾਣੇ ਆਪਣੀ ਧਾਰ, ਹਰਿ ਸਾਚੀ ਸੇਵ ਕਮਾਇੰਦਾ । ਸਾਚੀ ਇਛਿਆ ਭਰ ਭੰਡਾਰ, ਆਪਣਾ ਰੰਗ ਵਖਾਇੰਦਾ । ਇਕ ਇਕੱਲਾ ਏਕੰਕਾਰ, ਅਕਲ ਕਲ ਪ੍ਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨੁਭਵ ਆਪਣੀ ਖੇਲ ਖਲਾਇੰਦਾ । ਅਨੁਭਵ ਹਰਿ ਕਰ ਪ੍ਰਕਾਸ਼, ਰੂਪ ਰੰਗ ਰੇਖ ਨਾ ਕੋਇ ਜਣਾਈਆ । ਖੇਲੇ ਖੇਲ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਵਡੀ ਵਡਿਆਈਆ । ਨਿਰਗੁਣ ਰੂਪ ਸਰਬ ਗੁਣ ਤਾਸ, ਨਿਰਵੈਰ ਬੇਪ੍ਰਵਾਹ ਬੇਪ੍ਰਵਾਹ ਬੇਪਰਵਾਹੀਆ । ਆਪਣੀ ਪੂਰੀ ਕਰੇ ਆਪੇ ਆਸ, ਆਸਾ ਆਸਾ ਵਿਚ ਮਿਲਾਈਆ । ਆਪੇ

੩੧੮
੧੧

ਖੇਲੇ ਖੇਲ ਤਮਾਸ਼, ਖੇਲਣਹਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਆਪਣਾ ਭੇਵ ਹਰਿ ਜਣਾ, ਆਪਣੀ ਦਇਆ ਕਮਾਇੰਦਾ । ਆਪਣੀ ਘਾੜਤ ਆਪ ਘੜਾ, ਘੜ ਘੜ ਆਪੇ ਵੇਖ ਵਖਾਇੰਦਾ । ਆਪਣੀ ਦਇਆ ਆਪ ਕਮਾ, ਦੀਨਨ ਆਪਣਾ ਨਾਉਂ ਧਰਾਇੰਦਾ । ਆਪਣਾ ਰੰਗ ਆਪ ਰੰਗਾ, ਰੰਗ ਰੰਗੀਲਾ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਡਗਮਗਾਇੰਦਾ । ਨਿਰਗੁਣ ਨੂਰ ਨੂਰ ਨੁਰਾਨਾ, ਨਿਰਵੈਰ ਆਪ ਪ੍ਰਗਟਾਈਆ । ਕਰੇ ਖੇਲ ਸ੍ਰੀ ਭਗਵਾਨਾ, ਬੇਅੰਤ ਬੇਅੰਤ ਬੇਅੰਤ ਸੱਚਾ ਸ਼ਹਿਨਸ਼ਾਹੀਆ । ਭੂਪਤ ਭੂਪ ਬਣ ਰਾਜ ਰਾਜਾਨਾ, ਧੁਰ ਫ਼ਰਮਾਣਾ ਆਪ ਸੁਣਾਈਆ । ਦਰ ਦਰਵੇਸ਼ ਬਣ ਦਰਬਾਨਾ, ਅਲਖ ਆਪਣੀ ਅਲਖ ਜਗਾਈਆ । ਆਪਣਾ ਹੁਕਮ ਕਰ ਪਰਵਾਨਾ, ਆਪਣੀ ਝੋਲੀ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣਾ ਖੇਲ ਆਪ ਕਰਾਈਆ । ਆਦਿ ਖੇਲ ਪੁਰਖ ਅਗੰਮ, ਏਕਾ ਏਕ ਕਰਾਇੰਦਾ । ਨਾ ਮਰੇ ਨਾ ਪਏ ਜੰਮ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਏਕੰਕਾਰਾ ਕਰੇ ਕੰਮ, ਕਰਤਾ ਕਾਰਜ ਆਪ ਰਚਾਇੰਦਾ । ਆਪਣਾ ਬੇੜਾ ਆਪੇ ਬੰਨ੍ਹ, ਖੇਵਟ ਖੇਟ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਲਾਹ ਆਪਣੀ ਆਪ ਪ੍ਰਗਟਾਇੰਦਾ । ਸਚ ਸਲਾਹ ਸ੍ਰੀ ਭਗਵਾਨਾ, ਸਿਫ਼ਤੀ ਸਿਫ਼ਤ ਆਪ ਪਰਗਟਾਈਆ । ਅਗੰਮ ਅਗੰਮੜਾ ਧੁਰ ਫ਼ਰਮਾਣਾ, ਧੁਰ ਦਰਬਾਰਾ ਆਪ ਜਣਾਈਆ । ਏਕਾ ਮੰਦਰ ਬਣੇ ਮਕਾਨਾ, ਛੱਪਰ ਛੰਨ ਨਾ ਕੋਇ ਛੁਹਾਈਆ । ਚਾਰ ਦੀਵਾਰ ਨਾ ਕੋਇ ਵਖਾਨਾ, ਬਾਢੀ ਸੰਗ ਨਾ ਕੋਇ ਰਲਾਈਆ । ਸਚਖੰਡ ਸਾਚਾ ਨਾਉਂ ਧਰਾਨਾ, ਦਰਗਹਿ ਸਾਚੀ ਵੱਜੇ ਵਧਾਈਆ । ਇਕ ਇਕੱਲਾ ਵਸੇ ਸ੍ਰੀ ਭਗਵਾਨਾ, ਏਕੰਕਾਰਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਬਣਾਈਆ । ਸਚਖੰਡ ਦੁਆਰੇ ਬਣੇ ਬਣਤ, ਸੋ ਪੁਰਖ ਨਿਰੰਜਣ ਆਪ ਬਣਾਇੰਦਾ । ਆਪੇ ਜਾਣੇ ਆਪਣੀ ਮਹਿਮਾ ਅਗਣਤ, ਹਰਿ ਪੁਰਖ ਨਿਰੰਜਣ ਆਪ ਸਾਲਾਹਿੰਦਾ । ਏਕੰਕਾਰਾ ਲੇਖਾ ਜਾਣੇ ਆਦਿ ਅੰਤ, ਦੂਸਰ ਭੇਵ ਕੋਇ ਨਾ ਪਾਇੰਦਾ । ਆਦਿ ਨਿਰੰਜਣ ਜੋਤੀ ਜੋਤ ਜਗਾਏ ਬੇਅੰਤ, ਦੀਆ ਬਾਤੀ ਨਾ ਕੋਇ ਟਿਕਾਇੰਦਾ । ਅਬਿਨਾਸ਼ੀ ਕਰਤਾ ਬਣ ਬਣ ਸਾਚਾ ਕੰਤ, ਸਚ ਮਹੱਲੇ ਸੋਭਾ ਪਾਇੰਦਾ । ਸ੍ਰੀ ਭਗਵਾਨ ਆਪ ਜਾਣੇ ਆਪਣੀ ਬਣਤ, ਘੜਣ ਭੰਨਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਡਿਆਇੰਦਾ । ਸਚਖੰਡ ਦੁਆਰਾ ਘਾੜਨ ਘੜ, ਹਰਿ ਜੂ ਖੇਲ ਕਰਾਇਆ । ਨਿਰਗੁਣ ਅੰਦਰ ਬੈਠਾ ਵੜ, ਰੂਪ ਰੰਗ ਰੇਖ ਨਾ ਕੋਇ ਰਖਾਇਆ । ਜੋਤੀ ਨੂਰ ਆਪੇ ਧਰ, ਨੂਰ ਨੁਰਾਨਾ ਡਗਮਗਾਇਆ । ਆਪਣੀ ਇਛਿਆ ਭੰਡਾਰਾ ਭਰ, ਵਸਤ ਅਮੋਲਕ ਆਪ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇਆ । ਸਚਖੰਡ ਦੁਆਰਾ ਸੋਭਾਵੰਤ, ਇਕ ਇਕੱਲਾ ਆਪ ਸੁਹਾਈਆ । ਪਾਰਬ੍ਰਹਮ ਪ੍ਰਭ ਬੇਅੰਤ, ਬੇਅੰਤ ਵਡੀ ਵਡਿਆਈਆ । ਆਪੇ ਜਾਣੇ ਆਪਣਾ ਮੰਤ, ਆਪੇ ਨਿਉਂ ਨਿਉਂ ਸੀਸ ਝੁਕਾਈਆ । ਆਪੇ ਨਾਰ ਆਪੇ ਕੰਤ, ਸੇਜ ਸੁਹੰਜਣੀ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਦਏ ਵਡਿਆਈਆ । ਸਚਖੰਡ ਦੁਆਰ ਸੁਹੰਜਣਾ, ਹਰਿ ਸਾਚਾ ਸਚ ਪ੍ਰਗਟਾਇੰਦਾ । ਜੋਤ ਜਗਾਏ ਆਦਿ ਨਿਰੰਜਣਾ, ਦੂਸਰ ਸੰਗ ਨਾ ਕੋਇ ਰਲਾਇੰਦਾ । ਜੁਗਾ ਜੁਗੰਤਰ

ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਇੰਦਾ । ਆਪੇ ਜਾਣੇ ਆਪਣਾ ਅੰਜਣਾ, ਨੇਤਰ ਆਪਣਾ ਆਪ ਖੁਲ੍ਹਾਇੰਦਾ । ਆਪੇ ਧੂੜ ਆਪੇ ਮਜਣਾ, ਸਰ ਸਰੋਵਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸਲਾਹਿੰਦਾ । ਸਚਖੰਡ ਦੁਆਰੇ ਦਿਤੀ ਦਾਤ, ਹਰਿ ਆਪਣੀ ਦਇਆ ਕਮਾਈਆ । ਤੇਰਾ ਰਚਨ ਰਚਿਆ ਆਦਿ, ਅੰਤ ਭੇਵ ਕੋਇ ਨਾ ਪਾਈਆ । ਤੇਰਾ ਲੇਖਾ ਜੁਗ ਜੁਗਾਦਿ, ਜੁਗ ਚੌਕੜੀ ਵੰਡ ਵੰਡਾਈਆ । ਤੇਰਾ ਮੇਲਾ ਮੋਹਣ ਮਾਧਵ ਮਾਧ, ਨੂਰ ਨੁਰਾਨਾ ਸੰਗ ਨਿਭਾਈਆ । ਤੇਰੀ ਰੱਖੀ ਆਪੇ ਯਾਦ, ਦਰਗਹਿ ਸਾਚੀ ਧਾਮ ਸੁਹਾਈਆ । ਸਚ ਨਿਸ਼ਾਨਾ ਦਿਤਾ ਗਾਡ, ਨਾ ਸਕੇ ਕੋਇ ਉਖੜਾਈਆ । ਤੇਰੀ ਕੋਈ ਨਾ ਜਾਣੇ ਪਾਰ ਹੱਦ, ਕਿਨਾਰਾ ਨਜ਼ਰ ਕਿਸੇ ਨਾ ਆਈਆ । ਤੇਰੇ ਅੰਦਰ ਉਪਜੇ ਤੇਰੀ ਯਦ, ਪੁਰਖ ਅਬਿਨਾਸ਼ੀ ਦਏ ਪ੍ਰਗਟਾਈਆ । ਆਪਣੇ ਵਿਚੋਂ ਆਪਾ ਕੱਢ, ਤੇਰੇ ਦਰ ਦਏ ਬਹਾਈਆ । ਨਿਰਗੁਣ ਨਿਰਗੁਣ ਲਡਾਏ ਲਡ, ਪੂਤ ਸਪੂਤਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਮਾਣ ਰਖਾਈਆ । ਸਚਖੰਡ ਦੁਆਰੇ ਕਰ ਵਿਚਾਰ, ਹਰਿ ਸਾਚਾ ਸਚ ਜਣਾਇੰਦਾ । ਤੇਰਾ ਮਹੱਲ ਲਿਆ ਉਸਾਰ, ਪੁਰਖ ਅਬਿਨਾਸ਼ੀ ਸੇਵ ਕਮਾਇੰਦਾ । ਦਰ ਦੁਆਰਾ ਕਰ ਤਿਆਰ, ਦਰ ਦਰਵੇਸ਼ ਖੇਲ ਕਰਾਇੰਦਾ । ਨਾ ਕੋਈ ਦੀਸੇ ਚਾਰ ਦੀਵਾਰ, ਦਹਿ ਦਿਸ਼ਾ ਨਾ ਵੰਡ ਵੰਡਾਇੰਦਾ । ਰਵ ਸਸ ਨਾ ਕੋਇ ਉਜਿਆਰ, ਮੰਡਲ ਮੰਡਪ ਨਾ ਕੋਇ ਬਣਾਇੰਦਾ । ਤੱਤਵ ਤੱਤ ਨਾ ਕੋਇ ਆਧਾਰ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਇਕ ਇਕੱਲਾ ਏਕੰਕਾਰ, ਗ੍ਰਿਹ ਤੇਰੇ ਸੋਭਾ ਪਾਇੰਦਾ । ਤੇਰੀ ਘਾੜਤ ਘੜੀ ਅਪਰ ਅਪਾਰ, ਬਣ ਬਾਢੀ ਸੇਵ ਕਮਾਇੰਦਾ । ਤੂੰ ਵਸਣਾ ਧਾਮ ਨਿਆਰ, ਤੇਰਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪ ਸਾਲਾਹਿੰਦਾ । ਸਚਖੰਡ ਤੇਰਾ ਉਚ ਮਨਾਰਾ, ਹਰਿ ਜੂ ਆਪ ਬਣਾਇੰਦਾ । ਨਿਰਗੁਣ ਦੀਪਕ ਕਰ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਸਚ ਸਿੰਘਾਸਣ ਕਰ ਤਿਆਰਾ, ਪਾਵਾ ਚੂਲ ਨਾ ਕੋਇ ਬਣਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਪੁਰਖ ਅਬਿਨਾਸ਼ੀ ਆਸਣ ਲਾਇੰਦਾ । ਹੁਕਮੀ ਹੁਕਮ ਹੁਕਮ ਵਰਤਾਰਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਆਪ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪ ਸਾਲਾਹਿੰਦਾ । ਸਚਖੰਡ ਦੁਆਰ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਕਰਤਾ ਕਰਨਾ ਕਰਨੇਹਾਰ, ਬੇਅੰਤ ਤੇਰੀ ਵਡਿਆਈਆ । ਹਉਂ ਦਰ ਦਰਵੇਸ਼ ਮੰਗਾਂ ਭਿੱਖ ਬਣ ਭਿਖਾਰ, ਅੱਗੇ ਆਪਣੀ ਝੋਲੀ ਡਾਹੀਆ । ਏਕਾ ਵਰ ਦੇਣਾ ਮੇਰੀ ਸਰਕਾਰ, ਨਿਉਂ ਨਿਉਂ ਚਰਨਾਂ ਸੀਸ ਝੁਕਾਈਆ । ਤੁਧ ਬਿਨ ਅਵਰ ਨਾ ਕੋਇ ਸਹਾਰ, ਮੰਡਲ ਮੰਡਪ ਨਾ ਕੋਇ ਵਡਿਆਈਆ । ਤੇਰਾ ਚਰਨ ਕਵਲ ਮਿਲੀ ਮਸਤਕ ਧੂੜੀ ਛਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਦੁਆਰਾ ਨੇਤਰ ਨੈਣਾਂ ਨੀਰ ਵਹਾਈਆ । ਸਚਖੰਡ ਦੁਆਰ ਮੰਗੇ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਕਿਰਪਾ ਕਰ ਸੂਰੇ ਸਰਬੰਗ, ਦਰ ਤੇਰੇ ਸੀਸ ਝੁਕਾਈਆ । ਏਕਾ ਦੇ ਆਪਣਾ ਅਨੰਦ, ਅਨੰਦ ਅਨੰਦ ਵਿਚ ਮਿਲਾਈਆ । ਨਾ ਕੋਈ ਸੂਰਜ ਨਾ ਕੋਈ ਚੰਦ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਾ ਕੋਈ ਦੀਵਾਰ ਨਾ ਕੋਈ ਕੰਧ, ਛੱਪਰ ਛੰਨ ਨਾ ਕੋਇ ਵਡਿਆਈਆ । ਨਾ ਕੋਈ ਰਾਗ ਨਾ ਕੋਈ ਛੰਦ, ਗੀਤ ਅਨਾਦ ਨਾ ਕੋਇ ਸੁਣਾਈਆ । ਲੋਆਂ ਪੁਰੀਆਂ ਨਾ ਕੋਇ ਬ੍ਰਹਿਮੰਡ, ਜੇਰਜ ਅੰਡ ਨਾ ਕੋਇ ਵਡਿਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਖ਼ਾਲੀ ਝੋਲੀ ਰਿਹਾ ਵਖਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਸਚਖੰਡ ਦੁਆਰੇ ਕਰ ਧਿਆਨ, ਪੁਰਖ ਅਬਿਨਾਸ਼ੀ ਆਪ ਸੁਣਾਇੰਦਾ । ਏਕਾ ਦੇਵਾਂ ਸਾਚਾ ਦਾਨ, ਧੂੜੀ ਟਿੱਕਾ ਮਸਤਕ ਲਾਇੰਦਾ । ਤੇਰਾ ਮੰਦਰ ਬਣੇ ਮਹਾਨ, ਮਹਿਮਾ ਗਣਤ ਨਾ ਕੋਇ ਗਣਾਇੰਦਾ । ਤਖ਼ਤ ਨਿਵਾਸੀ ਸਾਚੇ ਤਖ਼ਤ ਬਹੇ ਰਾਜ ਰਾਜਾਨ, ਭੂਪਤ ਭੂਪ ਨਾਉਂ ਧਰਾਇੰਦਾ । ਧੁਰ ਸੰਦੇਸ਼ਾ ਦੇਵੇ ਧੁਰ ਫ਼ਰਮਾਣ, ਬੋਧ ਅਗਾਧੀ ਆਪ ਜਣਾਇੰਦਾ । ਤੇਰੇ ਘਰ ਵਿਚ ਘਰ ਖੇਲ ਮਹਾਨ, ਥਿਰ ਘਰ ਸਾਚਾ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ । ਘਰ ਵਿਚ ਘਰ ਕਰਾਂ ਤਿਆਰ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਥਿਰ ਘਰ ਖੋਲਾਂ ਆਪ ਕਿਵਾੜ, ਆਪਣੀ ਘਾੜਤ ਆਪ ਜਣਾਈਆ । ਏਕਾ ਘਰ ਪੁਰਖ ਨਾਰ, ਨਰ ਨਰਾਇਣ ਵੇਸ ਵਟਾਈਆ । ਕੰਤ ਕੰਤੂਹਲ ਹੋ ਉਜਿਆਰ, ਰੂਪ ਅਨੂਪ ਦਏ ਸਮਝਾਈਆ । ਦਾਈ ਦਾਇਆ ਅਗੰਮ ਅਪਾਰ, ਅਲੱਖ ਅਗੋਚਰ ਸੇਵ ਕਮਾਈਆ । ਸੁਤ ਦੁਲਾਰਾ ਕਰ ਵਣਜਾਰ, ਘਰ ਸਾਚੇ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਈਆ । ਸਾਚੀ ਵਸਤ ਮੰਗੀ ਦਾਤ, ਸੋ ਪੁਰਖ ਨਿਰੰਜਣ ਆਪ ਵਰਤਾਇੰਦਾ । ਸਚਖੰਡ ਦੁਆਰੇ ਹੋਈ ਪਰਭਾਤ, ਏਕਾ ਨੂਰ ਡਗਮਗਾਇੰਦਾ । ਲੇਖਾ ਲਿਖਿਆ ਹਰਿ ਜੂ ਆਦਿ, ਅੰਤ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਹਰਿ ਸਮਝਾ, ਏਕਾ ਗੁਣ ਜਣਾਈਆ । ਸਚਖੰਡ ਦੁਆਰੇ ਥਿਰ ਘਰ ਤੇਰੇ ਅੰਦਰ ਦਿਤਾ ਟਿਕਾ, ਘਰ ਘਰ ਵਿਚ ਮੇਲ ਮਿਲਾਈਆ । ਸੁਤ ਦੁਲਾਰਾ ਲਿਆ ਪਰਗਟਾ, ਬਾਲੀ ਬਾਲਾ ਬਾਲ ਸਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਰਿਹਾ ਸਮਝਾਈਆ । ਸਾਚਾ ਮਾਰਗ ਦੱਸੇ ਰਾਹ, ਹਰਿ ਸਾਚਾ ਸਚ ਜਣਾਇੰਦਾ । ਸ਼ਬਦੀ ਸ਼ਬਦ ਸੇਵ ਲਗਾ, ਸਾਚੀ ਸੇਵਾ ਇਕ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਏ ਪ੍ਰਗਟਾ, ਮਹੇਸ਼ ਗਣੇਸ਼ ਆਪ ਵਡਿਆਇੰਦਾ । ਤ੍ਰੈਗੁਣ ਮਾਇਆ ਝੋਲੀ ਪਾ, ਪੰਚਮ ਜੋੜ ਜੁੜਾਇੰਦਾ । ਲੱਖ ਚੁਰਾਸੀ ਵੰਡ ਵੰਡਾ, ਅੰਡਜ ਜੇਰਜ ਉਤਭੁਜ ਸੇਤਜ ਏਕਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪ ਸਮਝਾਇੰਦਾ । ਲੱਖ ਚੁਰਾਸੀ ਖੇਲ ਅਪਾਰਾ, ਹਰਿ ਜੂ ਆਖ ਸੁਣਾਈਆ । ਨਿਰਗੁਣ ਸਰਗੁਣ ਹੋ ਉਜਿਆਰਾ, ਘਟ ਘਟ ਵੇਖ ਵਖਾਈਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਸੋਭਾ ਪਾਈਆ । ਸ਼ਬਦ ਨਾਦ ਨਾਦ ਧੁਨਕਾਰਾ, ਧੁਨ ਅਨਾਦੀ ਨਾਦ ਸੁਣਾਈਆ । ਬ੍ਰਹਮ ਬ੍ਰਹਿਮਾਦੀ ਖੋਲ੍ਹ ਕਵਾੜਾ, ਸਚ ਮਹੱਲਾ ਆਪ ਸੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਸਮਝਾਈਆ । ਲੱਖ ਚੁਰਾਸੀ ਘਾੜਨ ਘੜ, ਹਰਿ ਹਰਿ ਆਪ ਜਣਾਇੰਦਾ । ਨਿਰਗੁਣ ਹੋ ਹੋ ਅੰਦਰ ਵੜ, ਸਾਚੇ ਪੌੜੇ ਜਾਏ ਚੜ੍ਹ, ਔਂਦਾ ਜਾਂਦਾ ਦਿਸ ਨਾ ਆਇੰਦਾ । ਨਿਸ਼ਅੱਖਰ ਵਿਦਿਆ ਆਪੇ ਪੜ੍ਹ, ਜੀਵ ਜੰਤ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਆਪਣਾ ਭੇਵ ਸ੍ਰੀ ਭਗਵਾਨ, ਹਰਿ ਜੂ ਹਰਿ ਹਰਿ ਆਖ ਸੁਣਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਲੋਕਮਾਤ ਖੇਲ ਕਰਾਇੰਦਾ । ਵੰਡਣ ਵੰਡ ਵੰਡੇ ਮਹਾਨ, ਚਾਰ ਚਾਰ ਬੰਧਨ ਪਾਇੰਦਾ ।


੩੨੧
੧੧

੩੨੨ ੧੧

ਚਾਰੇ ਵੇਦ ਇਕ ਗਿਆਨ, ਚਾਰੇ ਖਾਣੀ ਨਾਲ ਰਲਾਇੰਦਾ । ਚਾਰੇ ਬਾਣੀ ਗੁਣ ਨਿਧਾਨ, ਚਾਰ ਵਰਨ ਆਪ ਸਮਝਾਇੰਦਾ । ਚਾਰ ਜੁਗ ਏਕਾ ਆਣ, ਚਾਰ ਯਾਰੀ ਮੂਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਹਰਿ ਜੂ ਲੈਣਾ, ਹਰਿ ਸਾਚਾ ਸਚ ਜਣਾਇੰਦਾ । ਲੱਖ ਚੁਰਾਸੀ ਖੇਲ ਖਲੌਣਾ, ਪੰਜ ਤੱਤ ਨਾਤਾ ਜੋੜ ਜੁੜਾਇੰਦਾ । ਨਿਰਗੁਣ ਸਰਗੁਣ ਰੂਪ ਧਰੌਣਾ, ਵੇਸ ਅਨੇਕਾ ਆਪ ਵਟਾਇੰਦਾ । ਗੁਰ ਅਵਤਾਰ ਭੇਵ ਚੁਕੌਣਾ, ਆਪ ਆਪਣਾ ਹੁਕਮ ਸੁਣਾਇੰਦਾ । ਸ਼ਬਦ ਅਨਾਦੀ ਨਾਦ ਵਜੌਣਾ, ਧੁਨ ਆਤਮਕ ਨਾਦ ਅਲਾਇੰਦਾ । ਅੰਮ੍ਰਿਤ ਆਤਮ ਜਾਮ ਪਿਆਉਣਾ, ਨਿਝਰ ਝਿਰਨਾ ਆਪ ਝਿਰਾਇੰਦਾ । ਜੁਗ ਚੌਕੜੀ ਵੰਡ ਵੰਡੌਣਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਚਖੰਡ ਦੁਆਰੇ ਕਰ ਧਿਆਨ, ਹਰਿ ਸਾਚਾ ਸਚ ਜਣਾਈਆ । ਚਾਰ ਜੁਗ ਦਾ ਇਕ ਨਿਸ਼ਾਨ, ਏਕਾ ਚੌਕੜ ਬੰਧਨ ਪਾਈਆ । ਗੁਰ ਅਵਤਾਰ ਕਰ ਪਰਧਾਨ, ਲੋਕਮਾਤ ਦਏ ਵਡਿਆਈਆ । ਏਕਾ ਨਾਮ ਧੁਰ ਫ਼ਰਮਾਣ, ਸਚ ਸੰਦੇਸ਼ਾ ਆਪ ਸੁਣਾਈਆ । ਭਗਤ ਭਗਵੰਤ ਵੇਖੇ ਆਣ, ਸਾਚੇ ਸੰਤ ਨਾਲ ਮਿਲਾਈਆ । ਗੁਰਮੁਖਾਂ ਦੇਵੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਗੁਰਸਿਖਾਂ ਦੇਵੇ ਸਾਚਾ ਮਾਣ, ਏਥੇ ਓਥੇ ਹੋਏ ਸਹਾਈਆ । ਸਤਿਜੁਗ ਤ੍ਰੇਤਾ ਖੇਲ ਮਹਾਨ, ਦੁਆਪਰ ਆਪਣੀ ਵੰਡ ਵੰਡਾਈਆ । ਕਲਜੁਗ ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਰਖਾਈਆ । ਨਵ ਨੌਂ ਚਾਰ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਖੇਲੇ ਖੇਲ ਸ੍ਰੀ ਭਗਵਾਨ, ਨਿਰਗੁਣ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਸਚਖੰਡ ਦੁਆਰਾ ਸੁਣ ਸੰਦੇਸ਼ਾ, ਦਰ ਆਪਣੇ ਖ਼ੁਸ਼ੀ ਮਨਾਇੰਦਾ । ਤੂੰ ਸ਼ਾਹ ਪਾਤਸ਼ਾਹ ਨਰ ਨਰੇਸ਼ਾ, ਤੇਰਾ ਅੰਤ ਕੋਇ ਨਾ ਪਾਇੰਦਾ । ਜੁਗ ਜੁਗ ਸੇਵਾ ਵਿਸ਼ਨ ਬ੍ਰਹਮਾ ਮਹੇਸ਼ਾ, ਸ਼ੰਕਰ ਨਿਉਂ ਨਿਉਂ ਸੀਸ ਝੁਕਾਇੰਦਾ । ਕੋਟਨ ਕੋਟ ਬ੍ਰਹਿਮੰਡ ਖੰਡ ਕਰਨ ਅਦੇਸ਼ਾ, ਸਿਰ ਸਭ ਦੇ ਹੱਥ ਟਿਕਾਇੰਦਾ । ਗੁਰ ਅਵਤਾਰਾਂ ਤੇਰੇ ਅੱਗੇ ਚਲੇ ਨਾ ਕੋਈ ਪੇਸ਼ਾ, ਹੁਕਮੀ ਹੁਕਮ ਸਰਬ ਭੁਆਇੰਦਾ । ਭਗਤ ਭਗਵਾਨ ਦਰ ਵਿਰਲੇ ਦੇਖਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਮਾਤ ਸੁਹਾਇੰਦਾ । ਕਵਣ ਵੇਲਾ ਸੋਹੇ ਮਾਤ, ਸਚਖੰਡ ਦੁਆਰ ਪੁੱਛਣ ਆਈਆ । ਕਵਣ ਦੇਵੇ ਨਾਮ ਦਾਤ, ਵਸਤ ਅਮੋਲਕ ਆਪ ਵਰਤਾਈਆ । ਕਵਣ ਚਲੇ ਸਾਚੀ ਗਾਥ, ਲੱਖ ਚੁਰਾਸੀ ਕਰੇ ਪੜ੍ਹਾਈਆ । ਕਵਣ ਹੋਏ ਦੀਨਾਂ ਨਾਥ, ਦੀਨਨ ਦਇਆ ਕਮਾਈਆ । ਕਵਣ ਚੜ੍ਹਾਏ ਸਾਚੇ ਰਾਥ, ਡੂੰਘੀ ਭਵਰੀ ਪਾਰ ਕਰਾਈਆ । ਕਵਣ ਮਿਲਾਏ ਕਮਲਾਪਾਤ, ਘਰ ਘਰ ਵਿਚ ਮੇਲ ਮਿਲਾਈਆ । ਕਵਣ ਮੇਟੇ ਅੰਧੇਰੀ ਰਾਤ, ਸਾਚੇ ਚੰਦ ਕਰੇ ਰੁਸ਼ਨਾਈਆ । ਕਵਣ ਬੰਧਾਏ ਚਰਨ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਕਵਣ ਅੰਤਮ ਪੁੱਛੇ ਵਾਤ, ਲੋਕਮਾਤ ਫੇਰਾ ਪਾਈਆ । ਤੂੰ ਰਚਨਾ ਰਚੀ ਆਦਿ, ਤੇਰਾ ਖੇਲ ਬ੍ਰਹਮ ਬ੍ਰਹਿਮਾਦ, ਜੁਗਾਦਿ ਤੇਰਾ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬੈਠਾ ਸੀਸ ਝੁਕਾਈਆ । ਸਚਖੰਡ ਦੁਆਰੇ ਰੱਖ ਧੀਰ, ਧੀਰਜਵਾਨ ਦਇਆ ਕਮਾਇੰਦਾ । ਸ਼ਾਹ ਪਾਤਸ਼ਾਹ ਵਡ ਪੀਰਨ ਪੀਰ, ਨੂਰ ਨੁਰਾਨਾ ਇਕ ਅਖਵਾਇੰਦਾ । ਆਦਿ ਜੁਗਾਦੀ ਦਸਤਗੀਰ, ਮੁਕਾਮੇ ਹੱਕ ਡੇਰਾ ਲਾਇੰਦਾ । ਜੁਗ ਜੁਗ

ਬਦਲੇ ਤਕਦੀਰ, ਤਦਬੀਰ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਸ਼ਰਅ ਜੰਜੀਰ, ਲੱਖ ਚੁਰਾਸੀ ਬੰਧਨ ਪਾਇੰਦਾ । ਮਾਣ ਦਿਵਾਏ ਅਠਸਠ ਨੀਰ, ਤਟ ਕਿਨਾਰੇ ਆਪ ਵਡਿਆਇੰਦਾ । ਮੁਲਾਂ ਸ਼ੇਖ਼ ਮੁਸਾਇਕ ਪੀਰ, ਸਜਦਾ ਸੀਸ ਸਰਬ ਝੁਕਾਇੰਦਾ । ਆਪੇ ਚੋਟੀ ਚੜ੍ਹ ਕੇ ਬਹੇ ਅਖ਼ੀਰ, ਆਖ਼ਰ ਆਪਣੀ ਕਾਰ ਕਮਾਇੰਦਾ । ਦਾਤਾ ਦਾਨੀ ਗਹਿਰ ਗੰਭੀਰ, ਗੁਣਵੰਤ ਬੇਅੰਤ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪ ਸਮਝਾਇੰਦਾ । ਸਚਖੰਡ ਦੁਆਰੇ ਲੈਣਾ ਜਾਣ, ਜਾਣੀ ਜਾਣ ਆਪ ਜਣਾਇੰਦਾ । ਲੱਖ ਚੁਰਾਸੀ ਜੀਵ ਜਹਾਨ, ਲੋਕਮਾਤ ਖੇਲ ਕਰਾਇੰਦਾ । ਜੁਗ ਜੁਗ ਪ੍ਰਗਟ ਹੋ ਸ੍ਰੀ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਧਾਰ ਚਲਾਇੰਦਾ । ਭਗਤਾਂ ਭਗਤੀ ਦੇਵੇ ਦਾਨ, ਸੰਤਾਂ ਸਾਚਾ ਸੰਗ ਨਿਭਾਇੰਦਾ । ਗੁਰਮੁਖਾਂ ਵੇਖੇ ਮਾਰ ਧਿਆਨ, ਨੇਤਰ ਲੋਚਣ ਆਪ ਖੁਲ੍ਹਾਇੰਦਾ । ਗੁਰਸਿਖਾਂ ਤੋੜੇ ਮਾਣ ਅਭਿਮਾਨ, ਨਿਵਣ ਸੋ ਅੱਖਰ ਇਕ ਸਮਝਾਇੰਦਾ । ਜੁਗ ਚੌਕੜੀ ਹੋ ਪਰਧਾਨ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਸਤਿ ਸਤਿਵਾਦੀ ਸਚ ਨਿਸ਼ਾਨ, ਲੋਕਮਾਤ ਆਪ ਝੁਲਾਇੰਦਾ । ਬੋਧ ਅਗਾਧੀ ਇਕ ਗਿਆਨ, ਗ੍ਰਿਹ ਗ੍ਰਿਹ ਮੰਦਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਸਮਝਾਇੰਦਾ । ਸਾਚਾ ਖੇਲ ਇਕੋ ਵਾਰ, ਹਰਿ ਜੂ ਆਪ ਸੁਣਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵਿਚ ਸੰਸਾਰ, ਰੂਪ ਅਨੂਪ ਧਰਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਨਹਾਰ, ਕਰੋੜ ਤਤੀਸਾ ਨਾਲ ਮਿਲਾਇਆ । ਸੁਰਪਤ ਇੰਦ ਖ਼ਬਰਦਾਰ, ਗਫ਼ਲਤ ਨੀਂਦ ਨਾ ਕੋਇ ਜਣਾਇਆ । ਗੁਰ ਅਵਤਾਰ ਪਹਿਰਾਦਾਰ, ਪੰਜ ਤੱਤ ਚੋਲਾ ਰੂਪ ਵਟਾਇਆ । ਘਰ ਵਿਚ ਘਰ ਖੋਲ੍ਹ ਕਵਾੜ, ਆਪ ਆਪਣਾ ਦਰਸ ਦਿਖਾਇਆ । ਸ਼ਬਦ ਅਨਾਦ ਸੱਚੀ ਧੁਨਕਾਰ, ਨਾਦ ਅਨਾਦੀ ਆਪ ਸੁਣਾਇਆ । ਅੰਮ੍ਰਿਤ ਆਤਮ ਠੰਡਾ ਠਾਰ, ਨਿਝਰ ਝਿਰਨਾ ਇਕ ਝਿਰਾਇਆ । ਜੋਤ ਨਿਰੰਜਣ ਕਰ ਉਜਿਆਰ, ਆਦਿ ਨਿਰੰਜਣ ਲਏ ਮਿਲਾਇਆ । ਸਾਚੀ ਸੇਜਾ ਕਰ ਤਿਆਰ, ਬ੍ਰਹਮ ਮੇਲਾ ਸਹਿਜ ਸੁਭਾਇਆ । ਪਾਰਬ੍ਰਹਮ ਪ੍ਰਭ ਹੋਏ ਖਬਰਦਾਰ, ਆਪਣਾ ਪਰਦਾ ਦਏ ਚੁਕਾਇਆ । ਈਸ਼ ਜੀਵ ਇਕ ਅਧਾਰ, ਜਗਦੀਸ਼ ਆਪਣਾ ਰੰਗ ਰੰਗਾਇਆ । ਪੀਸਣ ਪੀਸ ਵਿਚ ਸੰਸਾਰ, ਜੁਗ ਜੁਗ ਚੱਕੀ ਆਪ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਇਆ । ਆਪਣਾ ਪਰਦਾ ਹਰਿ ਜੂ ਖੋਲ੍ਹ, ਸਚਖੰਡ ਦੁਆਰੇ ਆਖ ਸੁਣਾਈਆ । ਆਦਿ ਅੰਤ ਤੋਲਾਂ ਸਾਚਾ ਤੋਲ, ਨਾਮ ਕੰਡਾ ਹੱਥ ਰਖਾਈਆ । ਜੁਗਾ ਜੁਗੰਤਰ ਰਹਾਂ ਅਡੋਲ, ਨਾ ਡੋਲਾਂ ਨਾ ਕੋਇ ਡੁਲਾਈਆ । ਸਰਗੁਣ ਸਰਗੁਣ ਕਰ ਕਰ ਘੋਲ, ਵੇਖਾਂ ਖੇਲ ਜਗਤ ਲੋਕਾਈਆ । ਜਨ ਭਗਤਾਂ ਅੰਤਰ ਆਪੇ ਮੌਲ, ਪਤ ਡਾਲੀ ਆਪ ਮਹਿਕਾਈਆ । ਸਦਾ ਸਦਾ ਸਦ ਵਸਾਂ ਕੋਲ, ਵਿਛੜ ਕਦੇ ਨਾ ਜਾਈਆ । ਸਚ ਦੁਆਰਾ ਆਪੇ ਖੋਲ੍ਹ, ਘਰ ਘਰ ਵਿਚ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਆਪਣਾ ਪਰਦਾ ਦੇਣਾ ਲਾਹ, ਹਰਿ ਜੂ ਆਖ ਸੁਣਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾ, ਗੇੜਾ ਗੇੜੇ ਵਿਚ ਭੁਆਈਆ । ਅੰਤਮ ਨਿਰਗੁਣ ਨੂਰ ਜੋਤ ਲਵਾਂ ਪ੍ਰਗਟਾ, ਰੂਪ ਰੰਗ ਰੇਖ ਨਾ ਕੋਇ ਜਣਾਇਆ । ਗੁਰ ਅਵਤਾਰ ਲਵਾਂ ਉਠਾ, ਧੁਰ ਫ਼ਰਮਾਣਾ ਹੁਕਮ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਇਆ । ਸਚਖੰਡ ਦੁਆਰੇ ਸੁਣ ਲੈ ਅੰਤ, ਹਰਿ ਜੂ ਆਖ ਸੁਣਾਇੰਦਾ । ਗੁਰ ਅਵਤਾਰ

ਕਹਿਣ ਬੇਅੰਤ, ਮੇਰਾ ਭੇਵ ਕੋਇ ਨਾ ਪਾਇੰਦਾ ਨਿਉਂ ਨਿਉਂ ਸੀਸ ਝੁਕਾਇਣ ਸੰਤ, ਜਗਦੀਸ਼ ਖ਼ੁਸ਼ੀ ਮਨਾਇੰਦਾ । ਭਗਤਨ ਮੇਲਾ ਇਕੋ ਕੰਤ, ਨਾਰੀ ਕੰਤ ਰੂਪ ਵਟਾਇੰਦਾ । ਗੁਰਮੁਖ ਵਡਿਆਈ ਜੀਵ ਜੰਤ, ਜਾਗਰਤ ਜੋਤ ਇਕ ਜਗਾਇੰਦਾ । ਗੁਰਸਿਖਾਂ ਤੋੜ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਪਣਾ ਆਪ ਸਮਝਾਇੰਦਾ । ਅੰਤਮ ਵੇਲਾ ਰਿਹਾ ਦੱਸ, ਹਰਿ ਜੂ ਦਇਆ ਕਮਾਈਆ । ਜੁਗ ਚੌਕੜੀ ਪੰਧ ਮੁਕਾਇਣ ਨੱਸ ਨੱਸ, ਥਿਰ ਕੋਇ ਰਹਿਣ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਬਸ ਬਸ, ਪ੍ਰਭ ਅੱਗੇ ਸੀਸ ਝੁਕਾਈਆ । ਅੰਤ ਨਿਭੇ ਨਾ ਕਿਸੇ ਦਾ ਹਠ, ਭੱਠ ਖੇੜਾ ਦਏ ਕਰਾਈਆ । ਵਸਣਹਾਰਾ ਘਟ ਘਟ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਕਰ ਪ੍ਰਗਟ, ਲੋਕਮਾਤ ਵੱਜੇ ਵਧਾਈਆ । ਨੌਂ ਖੰਡ ਪ੍ਰਿਥਮੀ ਖੋਲ੍ਹੇ ਹੱਟ, ਬਣ ਵਣਜਾਰਾ ਸੇਵ ਕਮਾਈਆ । ਪਾਵੇ ਸਾਰ ਚੌਦਾਂ ਤਬਕ, ਚੌਦਾਂ ਲੋਕ ਭੇਵ ਚੁਕਾਈਆ । ਏਥੇ ਓਥੇ ਦੋ ਜਹਾਨਾਂ ਇਕੋ ਸਬਕ, ਆਲਮੀਨ ਕਰੇ ਪੜ੍ਹਾਈਆ । ਚਾਰ ਜੁਗ ਦਾ ਵਿਰਸਾ ਗੁਰ ਅਵਤਾਰਾਂ ਕਰੇ ਜ਼ਬਤ, ਜਾਬਰ ਆਪਣਾ ਹੁਕਮ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਤ੍ਰਭਕ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਤ ਦਏ ਜਣਾਈਆ । ਸਚਖੰਡ ਦੁਆਰੇ ਅੰਤਮ ਔਣਾ, ਹਰਿ ਜੂ ਆਖ ਸੁਣਾਇੰਦਾ । ਨਿਰਗੁਣ ਹੋ ਕੇ ਵੇਸ ਵਟੌਣਾ, ਜੋਤੀ ਜਾਮਾ ਖੇਲ ਜਣਾਇੰਦਾ । ਲੋਕਮਾਤ ਫੇਰਾ ਪੌਣਾ, ਨਜ਼ਰ ਕਿਸੇ ਨਾ ਆਇੰਦਾ । ਚਾਰ ਜੁਗ ਦੇ ਵਿਛੜੇ ਹਰਿਜਨ ਆਪ ਮਿਲੌਣਾ, ਗੁਰਮੁਖ ਆਪਣੀ ਗੋਦ ਬਹਾਇੰਦਾ । ਰਾਤੀਂ ਸੁਤਿਆਂ ਦਰਸ ਦਖੌਣਾ, ਨੇਤਰ ਨੈਣ ਨੈਣਾਂ ਨਾਲ ਮਿਲਾਇੰਦਾ । ਰਾਹੋਂ ਘੁੱਥਿਆਂ ਮਾਰਗ ਪਾਉਣਾ,

ਸਾਚਾ ਮਾਰਗ ਇਕ ਸਮਝਾਇੰਦਾ । ਲੱਖ ਚੁਰਾਸੀ ਵਿਚੋਂ ਬਾਹਰ ਕਢੌਣਾ, ਰਾਏ ਧਰਮ ਨੇੜ ਨਾ ਆਇੰਦਾ । ਸਾਚਾ ਮੇਲਾ ਆਪ ਕਰੌਣਾ, ਮਿਲ ਮਿਲ ਸਖੀਆਂ ਮੰਗਲ ਗਾਇੰਦਾ । ਪੰਚਮ ਨਾਦ ਸ਼ਬਦ ਧੁਨ ਉਪਜੌਣਾ, ਸ਼ਬਦੀ ਸ਼ਬਦ ਰਾਗ ਅਲਾਇੰਦਾ । ਆਪਣੀ ਕਿਰਪਾ ਆਪ ਕਰੌਣਾ, ਕਿਰਪਾਨਿਧ ਖੇਲ ਕਰਾਇੰਦਾ । ਤੇਰਾ ਮਾਣ ਵਿਚ ਮਾਤ ਕਰੌਣਾ, ਲੋਕ ਪ੍ਰਲੋਕ ਸਦਾ ਜਸ ਗਾਇੰਦਾ । ਸਾਚੇ ਭਗਤਾਂ ਪਕੜ ਉਠੌਣਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਚ ਨਿਸ਼ਾਨਾ ਇਕ ਝੁਲਾਉਣਾ, ਸਤਿ ਸਤਿਵਾਦੀ ਆਪ ਉਠਾਇੰਦਾ । ਚੌਥਾ ਪਦ ਇਕ ਵਖੌਣਾ, ਚੌਥੇ ਜੁਗ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਦੇਵੇ ਵਰ, ਏਕਾ ਗੁਣ ਆਪ ਜਣਾਇੰਦਾ । ਸਚਖੰਡ ਦੁਆਰੇ ਸੱਚਾ ਵਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜਾਏ ਹਰ, ਅੰਤਮ ਕਲਜੁਗ ਮਿਲੇ ਵਡਿਆਈਆ । ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ, ਜਿਸ ਦਾ ਪਿਤਾ ਨਾ ਕੋਈ ਮਾਈਆ । ਭਗਤ ਭਗਵੰਤ ਲਏ ਫੜ, ਗੁਰ ਚੇਲੇ ਗੋਦ ਸੁਹਾਈਆ । ਕਾਇਆ ਮੰਦਰ ਅੰਦਰ ਆਪੇ ਚੜ੍ਹ, ਬਜ਼ਰ ਕਪਾਟੀ ਕੁੰਡਾ ਲਾਹੀਆ । ਦਰਸ ਦਿਖਾਏ ਅੱਗੇ ਖੜ, ਸਵਛ ਸਰੂਪੀ ਰੂਪ ਵਟਾਈਆ । ਨਾ ਕੋਈ ਸੀਸ ਨਾ ਕੋਈ ਧੜ, ਜੋਤੀ ਜੋਤ ਨੂਰ ਰੁਸ਼ਨਾਈਆ । ਇਕ ਬਣਾਏ ਸਾਚਾ ਘਰ, ਘਰ ਘਰ ਵਿਚ ਮਿਲੇ ਵਡਿਆਈਆ । ਨਾਤਾ ਤੋੜੇ ਨੌਂ ਦਰ, ਦਰ ਦਰਵਾਜ਼ਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਚੁਕਾਈਆ । ਸਾਚਾ ਲੇਖਾ ਜਾਣਾ ਚੁੱਕ, ਹਰਿ ਜੂ ਆਖ ਸੁਣਾਇਆ । ਕਲਜੁਗ ਪੈਂਡਾ ਜਾਏ ਮੁੱਕ, ਚਾਰੋਂ ਕੁੰਟ ਪਏ ਦੁਹਾਇਆ । ਲੱਖ ਚੁਰਾਸੀ ਬੂਟਾ ਜਾਏ ਸੁੱਕ, ਬਿਨ ਹਰਿ ਨਾਮੇ ਹਰਾ ਨਾ ਕੋਇ ਕਰਾਇਆ । ਗੁਰ

ਅਵਤਾਰ ਨਿਸ਼ਾਨਾ ਜਾਏ ਉਕ, ਨਾਮ ਤੀਰ ਨਾ ਕੋਇ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਦੇਵੇ ਵਰ, ਕਵਣ ਵੇਲਾ ਤੇਰਾ ਮੇਲਾ ਲਏ ਮਿਲਾਇਆ । ਸਚਖੰਡ ਦੁਆਰੇ ਸੁਣ ਲੈ ਯਾਦ, ਯਾਦਗੀਰ ਆਪ ਜਣਾਇੰਦਾ । ਕਲਜੁਗ ਅੰਤ ਸੁਣੇ ਫ਼ਰਯਾਦ, ਹਰਿ ਫੇਰੀ ਨਿਰਗੁਣ ਰੂਪ ਪਾਇੰਦਾ । ਆਦਿ ਆਦਿ ਦਿਤੀ ਦਾਦ, ਅੰਤ ਆਪੇ ਝੋਲੀ ਪਾਇੰਦਾ । ਸਚ ਨਿਸ਼ਾਨਾ ਲੋਕਮਾਤ ਗਾਡ, ਸੱਤ ਰੰਗਾ ਰੰਗ ਰੰਗਾਇੰਦਾ । ਚੌਥੇ ਜੁਗ ਦੀ ਚੌਥੀ ਹਾਦ, ਹਦੂਦ ਆਪਣੀ ਆਪ ਵਖਾਇੰਦਾ । ਕੋਟਨ ਕੋਟ ਸਾਧ ਸੰਤ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਲਾਦ, ਪਾਂਧੀ ਬਣ ਬਣ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਮ ਮੇਲਾ ਆਪ ਮਿਲਾਇੰਦਾ । ਅੰਤਮ ਮੇਲਾ ਹਰਿ ਮਿਲੌਣਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਸਚਖੰਡ ਦੁਆਰਾ ਮਾਤ ਪ੍ਰਗਟੌਣਾ, ਨਿਰਗੁਣ ਨਿਰਗੁਣ ਦਇਆ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗੌਣਾ, ਸਾਚੀ ਸੇਵਾ ਇਕ ਸਮਝਾਇੰਦਾ । ਚਾਰ ਜੁਗ ਦੇ ਵਿਛੜੇ ਭਗਤ ਸੰਗ ਰਖੌਣਾ, ਸਗਲਾ ਸੰਗ ਆਪ ਨਿਭਾਇੰਦਾ । ਪਹਿਲਾ ਦੂਜਾ ਤੀਜਾ ਘਰ ਚਰਨਾਂ ਹੇਠ ਦਬੌਣਾ, ਚੌਥੇ ਪਦ ਰੰਗ ਰੰਗਾਇੰਦਾ । ਪੰਚਮ ਮੇਲਾ ਏਕਾ ਧਾਰ ਕਰੌਣਾ, ਧਾਰ ਧਾਰ ਵਿਚ ਸਮਾਇੰਦਾ । ਛੇ ਦਰ ਛੇ ਘਰ ਸਾਖਿਆਤ ਹਰਿ ਦਰਸ ਦਖੌਣਾ, ਦਰਦੀ ਦਰਦ ਵੰਡਾਇੰਦਾ । ਸਤਵੇਂ ਸਤਿ ਸਤਿਵਾਦੀ ਆਪਣਾ ਹੁਕਮ ਚਲੌਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸੱਤ ਚਾਰ ਦਾ ਬੰਧਨ ਪੌਣਾ, ਸਾਤਾ ਚੌਕਾ ਅੰਕ ਅੰਕ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਕਾਰ ਆਪ ਕਮਾਇੰਦਾ । ਆਪਣੀ ਕਰੇ ਸਾਚੀ ਕਾਰ, ਕਰਤਾ ਪੁਰਖ ਵਡੀ ਵਡਿਆਈਆ । ਸਚਖੰਡ ਲਗਾਏ ਸਚ ਦਰਬਾਰ, ਉਚ ਮਹੱਲਾ ਦਏ ਵਡਿਆਈਆ । ਧੁਰ ਫ਼ਰਮਾਣਾ ਬੋਲ ਜੈਕਾਰ, ਨਿਸ਼ਅੱਖਰ ਕਰੇ ਪੜ੍ਹਾਈਆ । ਵਰਨ ਬਰਨ ਤੋਂ ਵਸਿਆ ਬਾਹਰ, ਜ਼ਾਤ ਪਾਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਏਕੰਕਾਰਾ, ਆਦਿ ਜੁਗਾਦੀ ਖੇਲ ਨਿਆਰਾ, ਜੁਗਾ ਜੁਗੰਤਰ ਹੋ ਉਜਿਆਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੰਨ੍ਹੇ ਧਾਰਾ, ਲੇਖਾ ਜਾਣੇ ਚਾਰ ਵੇਦ ਪੁਰਾਨ ਅਠਾਰਾਂ, ਸ਼ਾਸਤਰ ਸਿਮਰਤ ਦਏ ਆਧਾਰਾ, ਗੀਤਾ ਗਿਆਨ ਖੇਲ ਨਿਆਰਾ, ਅੰਜੀਲ ਕੁਰਾਨਾ ਵੇਖੇ ਲੱਗਾ ਅਖਾੜਾ, ਖਾਣੀ ਬਾਣੀ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਅਗੰਮੀ ਲਾੜਾ, ਦੋ ਜਹਾਨਾਂ ਫੇਰਾ ਪਾਈਆ । ਦੋ ਜਹਾਨਾਂ ਖੇਲ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਹਰਿਜਨ ਫੜਾਏ ਨਾਮ ਪੱਲਾ, ਏਕਾ ਪੱਲੂ ਆਪ ਪ੍ਰਗਟਾਇੰਦਾ । ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛਲਾ, ਅਛਲ ਅਛੱਲ ਖੇਲ ਕਰਾਇੰਦਾ । ਸਚ ਸਿੰਘਾਸਣ ਇਕੋ ਮੱਲਾ, ਸਚਖੰਡ ਦੁਆਰੇ ਸੋਭਾ ਪਾਇੰਦਾ । ਨਿਰਗੁਣ ਦੀਪ ਆਪੇ ਬਲਾ, ਜੋਤੀ ਜੋਤ ਡਗਮਗਾਇੰਦਾ । ਧੁਰ ਫ਼ਰਮਾਣਾ ਸਤਿ ਸੰਦੇਸ਼ ਘੱਲਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਤ ਚਾਰ ਵੇਖ ਵਖਾਇੰਦਾ । ਸੱਤ ਚਾਰ ਸਾਚਾ ਸੰਗ, ਸਤਿ ਸਤਿਵਾਦੀ ਆਪ ਰਖਾਈਆ । ਚਾਰ ਕੁੰਟ ਵੱਜੇ ਮਰਦੰਗ, ਚਾਰ ਵਰਨ ਦਏ ਜਣਾਈਆ । ਸਤਿ ਸਤਿਵਾਦੀ ਇਕ ਸੁਣਾਏ ਸੁਹਾਗੀ ਛੰਦ, ਆਤਮ ਪਰਮਾਤਮ ਲਏ ਮਿਲਾਈਆ । ਚਾਰ ਜੁਗ ਦੀ ਟੁੱਟੀ ਗੰਢ, ਗੁਰਮੁਖ ਸਾਚੇ ਲਏ ਉਠਾਈਆ । ਆਤਮ ਅੰਤਰ ਜਣਾਏ ਪਰਮਾਨੰਦ, ਪਰਮ ਪੁਰਖ ਵਡੀ ਵਡਿਆਈਆ । ਸਤਿਜੁਗ ਸੁਹਾਗੀ ਇਕੋ ਛੰਦ, ਏਕਾ ਕਰੇ ਪੜ੍ਹਾਈਆ । ਬਰਨ ਅਠਾਰਾਂ

ਖੰਡ ਖੰਡ, ਖੰਡਾ ਨਾਮ ਰਿਹਾ ਚਮਕਾਈਆ । ਮਨਮਤ ਨਾਰ ਦੁਹਾਗਣ ਰੰਡ, ਕੂਕ ਕੂਕ ਰਹੀ ਕੁਰਲਾਈਆ । ਗੁਰਮੁਖਾਂ ਖ਼ੁਸ਼ੀ ਬੰਦ ਬੰਦ, ਬੰਦੀਖ਼ਾਨਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨਿਰਗੁਣ ਦਾਤਾ ਪੁਰਖ ਅਕਾਲ, ਆਦਿ ਜੁਗਾਦਿ ਵਡੀ ਵਡਿਆਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਸਚ ਸਿੰਘਾਸਣ ਸੋਭਾ ਪਾਈਆ । ਹਰਿਜਨ ਉਠਾਏ ਸਾਚੇ ਲਾਲ, ਲੱਖ ਚੁਰਾਸੀ ਖੋਜ ਖੁਜਾਈਆ । ਤ੍ਰੈਗੁਣ ਨਾਤਾ ਤੋੜ ਜੰਜਾਲ, ਮਾਇਆ ਮਮਤਾ ਮੋਹ ਮਿਟਾਈਆ । ਅੰਤਮ ਨੇੜ ਨਾ ਆਏ ਕਾਲ, ਸਿਰ ਆਪਣਾ ਹੱਥ ਰਖਾਈਆ । ਸ਼ਬਦ ਵਿਚੋਲਾ ਬਣ ਦਲਾਲ, ਨਿਰਗੁਣ ਸਰਗੁਣ ਲਏ ਤਰਾਈਆ । ਏਥੇ ਓਥੇ ਕਰੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਸੇਵ ਕਮਾਈਆ । ਗੁਰਮੁਖ ਘਾਲਣ ਗਏ ਘਾਲ, ਕੀਤੀ ਘਾਲ ਥਾਏਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਹੱਤਰ ਸੱਤਰ ਚੁਹੱਤਰ ਆਪਣਾ ਅੰਕ ਜਣਾਈਆ । ਸਾਤਾ ਚੌਕਾ ਏਕਾ ਅੰਕ, ਅੰਕ ਅੰਕ ਮਿਲਾਇਆ । ਲੇਖਾ ਜਾਣੇ ਰਾਉ ਰੰਕ, ਰਾਜ ਰਾਜਾਨ ਭੇਵ ਨਾ ਆਇਆ । ਨਾਦ ਸ਼ਬਦ ਹਰਿ ਸਾਚਾ ਡੰਕ, ਦੋ ਜਹਾਨ ਸੁਣਾਇਆ । ਗੁਰਮੁਖ ਸੁਹਾਏ ਇਕੋ ਬੰਕ, ਟੇਢੀ ਬੰਕ ਪੰਧ ਮੁਕਾਇਆ । ਹਰਿਜਨ ਉਭਾਰੇ ਜਿਉਂ ਜਨ ਜਨਕ, ਧੰਨ ਧੰਨ ਜਣੇਂਦੀ ਮਾਇਆ । ਮਾਇਆ ਮਮਤਾ ਹਉਮੇ ਹੰਗਤਾ ਮਿਟੇ ਸ਼ੰਕ, ਸੰਸਾ ਰੋਗ ਦਏ ਗਵਾਇਆ । ਨਾਮ ਨਿਧਾਨਾ ਦਏ ਬੇਅੰਤ, ਬੇਅੰਤ ਰੂਪ ਸਮਝਾਇਆ । ਸੁਰਤੀ ਮੇਲਾ ਸ਼ਬਦੀ ਕੰਤ, ਘਰ ਸਾਚੇ ਖ਼ੁਸ਼ੀ ਮਨਾਇਆ । ਧੰਨ ਵਡਿਆਈ ਗੁਰਮੁਖ ਸੰਤ, ਜਿਸ ਹਰਿ ਜੂ ਸੱਜਣ ਪਾਇਆ । ਕਲਜੁਗ ਵੇਲਾ ਆਇਆ ਅੰਤ, ਚਾਰੋਂ ਕੁੰਟ ਅੰਧੇਰਾ ਛਾਇਆ । ਸ੍ਰਿਸ਼ਟ ਸਬਾਈ ਹੋਈ ਨੰਗਤ, ਸਾਚਾ ਪਰਦਾ ਨਾ ਕੋਇ ਪਾਇਆ । ਮਾਣਸ ਜਨਮ ਹੋਇਆ ਭੰਗਤ, ਭਾਂਡਾ ਭਰਮ ਨਾ ਕੋਇ ਭੰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਤਰਿਆ ਅੰਤਮ ਵਾਰ, ਸਤਿਗੁਰ ਸੱਚਾ ਆਪ ਤਰਾਈਆ । ਜਿਸ ਜਨ ਦੇਵੇ ਦਰਸ ਦੀਦਾਰ, ਦੀਦ ਦੀਦ ਨਾਲ ਮਿਲਾਈਆ । ਲੱਖ ਚੁਰਾਸੀ ਉਤਰੇ ਪਾਰ, ਜੂਨੀ ਜੂਨ ਨਾ ਕੋਇ ਭੁਆਈਆ । ਲਾੜੀ ਮੌਤ ਨਾ ਕਰੇ ਸ਼ਿੰਗਾਰ, ਚਿਤਰ ਗੁਪਤ ਨਾ ਦਏ ਸਜਾਈਆ । ਰਾਏ ਧਰਮ ਨਾ ਕਰੇ ਵਿਚਾਰ, ਧਰਮੀ ਧਰਮ ਮਿਲੇ ਵਡਿਆਈਆ । ਗੁਰਮੁਖ ਮੇਲਾ ਸਚਖੰਡ ਦਵਾਰ, ਥਿਰ ਘਰ ਸਾਚੇ ਖ਼ੁਸ਼ੀ ਮਨਾਈਆ । ਗੁਰ ਸ਼ਬਦ ਵਿਚੋਲਾ ਵਿਚ ਸੰਸਾਰ, ਜੁਗ ਜੁਗ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਇਕੋ ਘਰ, ਸਚਖੰਡ ਦੁਆਰ ਮਿਲੇ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਮਿਲਿਆ ਵਿਛੜ ਕਦੇ ਨਾ ਜਾਈਆ ।

★ ੭ ਮਾਘ ੨੦੧੮ ਬਿਕਰਮੀ ਸੁਰਜਣ ਸਿੰਘ ਦੇ ਘਰ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ★

ਹਰਿ ਹਰਿ ਨਾਉਂ ਸਾਚਾ ਰੰਗ, ਸਚ ਸਚ ਵਡਿਆਈਆ । ਹਰਿ ਹਰਿ ਨਾਉਂ ਅੰਮ੍ਰਿਤ ਗੰਗ, ਗਹਿਰ ਗੰਭੀਰ ਜਣਾਈਆ । ਹਰਿ ਕਾ ਨਾਉਂ ਆਤਮ ਸੇਜ ਪਲੰਘ, ਆਸਣ ਸਿੰਘਾਸਣ ਦਏ ਵਡਿਆਈਆ । ਹਰਿ ਕਾ ਨਾਉਂ ਅਗੰਮੀ ਮਰਦੰਗ, ਮਰਦ ਮਰਦਾਨਾ ਆਪ ਵਜਾਈਆ ।

ਹਰਿ ਕਾ ਨਾਉਂ ਸੂਰਾ ਸਰਬੰਗ, ਆਦਿ ਜੁਗਾਦਿ ਸਮਾਈਆ । ਹਰਿ ਕਾ ਨਾਉਂ ਇਕ ਅਨੰਦ, ਅਨੰਦ ਅਨੰਦ ਵਿਚ ਵਖਾਈਆ । ਹਰਿ ਕਾ ਨਾਉਂ ਗੁਰਮੁਖ ਛੰਦ, ਆਤਮ ਪਰਮਾਤਮ ਵੱਜੇ ਵਧਾਈਆ । ਹਰਿ ਕਾ ਨਾਉਂ ਸਦਾ ਬਖ਼ਸ਼ੰਦ, ਹਰਿਜਨ ਸਾਚੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਸਾਲਾਹੀਆ । ਹਰਿ ਕਾ ਨਾਉਂ ਸੂਰਬੀਰ, ਬੀਰ ਬਲੀ ਬਲਵਾਨ । ਹਰਿ ਕਾ ਨਾਉਂ ਸੱਚਾ ਪੀਰ, ਪੀਰ ਪੈਗ਼ੰਬਰ ਸ਼ਾਹ ਸੁਲਤਾਨ । ਹਰਿ ਕਾ ਨਾਉਂ ਬੇਨਜ਼ੀਰ, ਨਜ਼ਰ ਨਾ ਆਏ ਵਿਚ ਜਹਾਨ । ਹਰਿ ਕਾ ਨਾਉਂ ਤੇਜ ਸ਼ਮਸ਼ੀਰ, ਤਿੱਖੀ ਧਾਰ ਖੇਲ ਮਹਾਨ । ਹਰਿ ਕਾ ਨਾਉਂ ਆਦਿ ਅੰਤ ਅਖ਼ੀਰ, ਮਧ ਖੇਲ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਰੱਖੇ ਦਾਨ । ਹਰਿ ਕਾ ਨਾਉਂ ਸਚ ਦਾਨਾ, ਦਾਤਾ ਦਾਨੀ ਆਪ ਵਰਤਾਇੰਦਾ । ਹਰਿ ਕਾ ਨਾਉਂ ਪ੍ਰਭ ਚਰਨ ਧਿਆਨਾ, ਚਰਨ ਕਵਲ ਚਿਤ ਲਾਇੰਦਾ । ਹਰਿ ਕਾ ਨਾਉਂ ਸਚ ਨਿਸ਼ਾਨਾ, ਸਤਿ ਸਤਿਵਾਦੀ ਆਪ ਝੁਲਾਇੰਦਾ । ਹਰਿ ਕਾ ਨਾਉਂ ਵਸੇ ਸਚ ਮਕਾਨਾ, ਸਾਚੇ ਮੰਦਰ ਸੋਭਾ ਪਾਇੰਦਾ । ਹਰਿ ਕਾ ਨਾਉਂ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਗੁਰਮੁਖ ਵਿਰਲਾ ਪਾਏ ਚਤੁਰ ਸੁਘੜ ਸਿਆਣਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਆਤਮ ਪਰਮਾਤਮ ਨਾਤਾ ਜੋੜ ਜੁੜਾਇੰਦਾ ।

ਹਰਿ ਕਾ ਨਾਉਂ ਡੂੰਘਾ ਸਾਗਰ, ਹਰਿ ਹਰਿ ਆਪ ਉਪਾਈਆ । ਹਰਿ ਕਾ ਨਾਉਂ ਕਾਇਆ ਗਾਗਰ, ਪੰਜ ਤੱਤ ਹਰਿ ਛੁਪਾਈਆ । ਹਰਿ ਕਾ ਨਾਉਂ ਗੁਰਮੁਖ ਵਿਰਲਾ ਬਣੇ ਸੌਦਾਗਰ, ਜਿਸ ਜਨ ਦਇਆ ਕਮਾਈਆ । ਹਰਿ ਕਾ ਨਾਉਂ ਨਿਰਮਲ ਕਰਮ ਕਰੇ ਉਜਾਗਰ, ਉਜਲ ਮੁਖ ਵਡਿਆਈਆ । ਹਰਿ ਕਾ ਨਾਉਂ ਦੋ ਜਹਾਨ ਦੇਵੇ ਆਦਰ, ਏਥੇ ਓਥੇ ਹੋਏ ਸਹਾਈਆ । ਮੇਲ ਮਿਲਾਏ ਕਰੀਮ ਕਾਦਰ, ਕਰਤਾ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਸਿਫ਼ਤ ਸਾਲਾਹੀਆ । ਹਰਿ ਕਾ ਨਾਮ ਸਚ ਸਲਾਹ, ਸਿਖਿਆ ਸਾਚੀ ਸਚ ਜਣਾਇੰਦਾ । ਹਰਿ ਕਾ ਨਾਮ ਇਕੋ ਰਾਹ, ਜੁਗਾ ਜੁਗੰਤਰ ਮਾਤ ਚਲਾਇੰਦਾ । ਹਰਿ ਕਾ ਨਾਉਂ ਪਕੜੇ ਬਾਂਹ, ਗ਼ਰੀਬ ਨਿਮਾਣਿਆਂ ਗਲੇ ਲਗਾਇੰਦਾ । ਹਰਿ ਕਾ ਨਾਉਂ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਇੰਦਾ । ਹਰਿ ਕਾ ਨਾਉਂ ਨਿਥਾਵਿਆਂ ਦੇਵੇ ਥਾਂ, ਦਰਗਹਿ ਸਾਚੀ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਧਰਾਇੰਦਾ । ਹਰਿ ਕਾ ਨਾਉਂ ਹਰਿ ਕਾ ਜਸ, ਹਰਿ ਹਰਿ ਵਡੀ ਵਡਿਆਈਆ । ਗੁਰਮੁਖ ਵਿਰਲਾ ਲੇਵੇ ਹੱਸ ਹੱਸ, ਪ੍ਰਭ ਅੱਗੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਹਿਰਦੇ ਵਸ ਵਸ, ਭੇਵ ਅਭੇਦ ਦਏ ਖੁਲ੍ਹਾਈਆ । ਜਗਤ ਮਿਲਾਵਾ ਹੱਸ ਹੱਸ, ਭਗਤ ਸੁਹਾਵਾ ਥਾਨ ਵਡਿਆਈਆ । ਜਗਤ ਜੁਗ ਜਨਮ ਦੀ ਪੂਰੀ ਆਸ, ਸ਼ਾਹੋ ਸ਼ਾਬਾਸ਼ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੰਦ ਖ਼ਲਾਸੀ ਬੰਦ ਤੁੜਾਈਆ ।

ਹਰਿ ਕਾ ਨਾਉਂ ਪੂਰਨ ਗੁਰ, ਗੁਰੂ ਗੁਰ ਵਡੀ ਵਡਿਆਈਆ । ਹਰਿ ਕਾ ਨਾਉਂ ਸੰਦੇਸ਼ਾ ਧੁਰ, ਧੁਰ ਦੀ ਧਾਰ ਧਾਰ ਪ੍ਰਗਟਾਈਆ । ਹਰਿ


੩੨੭
੧੧

ਕਾ ਨਾਉਂ ਅਨਾਦੀ ਸੁਰ, ਤਾਰ ਸਤਾਰ ਨਾ ਕੋਇ ਹਲਾਈਆ । ਹਰਿ ਕਾ ਨਾਉਂ ਜਗਤ ਤ੍ਰਿਸ਼ਨਾ ਮਿਟਾਏ ਔੜ, ਅੰਮ੍ਰਿਤ ਮੇਘ ਬਰਸਾਈਆ । ਹਰਿ ਕਾ ਨਾਉਂ ਮਿਠਾ ਕਰੇ ਰੀਠਾ ਕੌੜ, ਵਿਖ ਅੰਮ੍ਰਿਤ ਰੂਪ ਧਰਾਈਆ । ਹਰਿ ਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਰਤਾਈਆ । ਹਰਿ ਕਾ ਨਾਉਂ ਸਦਾ ਸਦ ਮਿੱਠਾ, ਰਸਨਾ ਰਸ ਨਾ ਕੋਇ ਵਖਾਈਆ । ਹਰਿ ਕਾ ਨਾਉਂ, ਸਦ ਅਨਡਿਠਾ, ਨੇਤਰ ਨੈਣ ਨਜ਼ਰ ਨਾ ਆਈਆ । ਹਰਿ ਕਾ ਨਾਉਂ ਹਰਿ ਭਗਤ ਵੰਡਾਇਣ ਹਿੱਸਾ, ਜੁਗ ਜੁਗ ਆਪਣੀ ਝੋਲੀ ਡਾਹੀਆ । ਹਰਿ ਕਾ ਨਾਉਂ ਖਾਣੀ ਬਾਣੀ ਗਾਏ ਕਿੱਸਾ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਹਰਿ ਕਾ ਨਾਉਂ ਹਰਿਜਨ ਪੂਰੀ ਕਰੇ ਇੱਛਾ, ਗੁਰ ਸਤਿਗੁਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਨਾਮੇ ਮਾਣ ਦਵਾਈਆ । ਹਰਿ ਕਾ ਨਾਉਂ ਊਚ ਅਪਾਰਾ, ਹਰਿ ਹਰਿ ਆਪ ਉਪਾਇੰਦਾ । ਹਰਿ ਕਾ ਨਾਉਂ ਸਚ ਵਿਹਾਰਾ, ਸਤਿ ਸਤਿਵਾਦੀ ਸਾਚੀ ਕਾਰ ਕਮਾਇੰਦਾ । ਹਰਿ ਕਾ ਨਾਉਂ ਜੁਗ ਜੁਗ ਉਜਿਆਰਾ, ਲੋਕਮਾਤ ਡੰਕ ਵਜਾਇੰਦਾ । ਹਰਿ ਕਾ ਨਾਉਂ ਗੁਰ ਅਵਤਾਰ ਸਹਾਰਾ, ਗੁਰ ਗੁਰ ਆਪਣੀ ਬੂਝ ਬੁਝਾਇੰਦਾ । ਹਰਿ ਕਾ ਨਾਉਂ ਭਗਤ ਭੰਡਾਰਾ, ਸ੍ਰੀ ਭਗਵਾਨ ਆਪ ਵਰਤਾਇੰਦਾ । ਹਰਿ ਕਾ ਨਾਉਂ ਸੰਤ ਸਹਾਰਾ, ਸਾਂਤਕ ਸਤਿ ਸਤਿ ਕਰਾਇੰਦਾ । ਹਰਿ ਕਾ ਨਾਉਂ ਗੁਰਮੁਖ ਵਣਜਾਰਾ, ਘਰ ਘਰ ਵਿਚ ਹੱਟ ਖੁਲ੍ਹਾਇੰਦਾ । ਹਰਿ ਕਾ ਨਾਉਂ ਗੁਰਸਿਖ ਉਧਾਰਾ, ਜਨਮ ਜਨਮ ਦੀ ਮੈਲ ਧੁਵਾਇੰਦਾ । ਦੇਵਣਹਾਰਾ ਏਕੰਕਾਰਾ, ਵਸਤ ਅਮੋਲਕ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਹੱਟ ਇਕ ਜਣਾਇੰਦਾ । ਹਰਿ ਕਾ ਨਾਮ ਇਕੋ ਹੱਟ, ਆਦਿ ਜੁਗਾਦਿ ਵਰਤਾਈਆ । ਗੁਰਮੁਖ ਲਾਹਾ ਲੈਣ ਖੱਟ, ਦੂਸਰ ਹੱਥ ਕਿਸੇ ਨਾ ਆਈਆ । ਵਸਣਹਾਰਾ ਘਟ ਘਟ, ਬੈਠਾ ਮੁਖ ਭੁਆਈਆ । ਰਸਨਾ ਜਿਹਵਾ ਲੱਖ ਚੁਰਾਸੀ ਜੀਵ ਜੰਤ ਅੱਖਰ ਨਾਮ ਰਹੇ ਰਟ, ਨਿਸ਼ਅੱਖਰ ਕਰੇ ਨਾ ਕੋਇ ਪੜ੍ਹਾਈਆ । ਡੂੰਘੇ ਖਾਤੇ ਹਰਿ ਜੂ ਦਿਤਾ ਸੱਟ, ਨਜ਼ਰ ਕਿਸੇ ਨਾ ਆਈਆ । ਪੰਡਤ ਪਾਂਧੇ ਪੜ੍ਹ ਪੜ੍ਹ ਗਏ ਥੱਕ, ਨੇਤਰ ਪੇਖ ਪੇਖ ਕਲਮ ਛਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਸਿਫ਼ਤ ਸਾਲਾਹੀਆ । ਹਰਿ ਕਾ ਨਾਉਂ ਡੂੰਘੀ ਗਾਰ, ਘਰ ਘਰ ਆਪ ਵਸਾਇਆ । ਲੱਖ ਚੁਰਾਸੀ ਹੋਈ ਖ਼ੁਵਾਰ, ਹੱਥ ਕਿਸੇ ਨਾ ਆਇਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇਆ । ਜਗਤ ਵਿਦਿਆ ਨਾ ਪਾਵੇ ਸਾਰ, ਅਨਭਵ ਭੇਵ ਨਾ ਕੋਇ ਜਣਾਇਆ । ਪਾਰਬ੍ਰਹਮ ਪਤਿਪਰਮੇਸ਼ਵਰ ਕਰੇ ਖੇਲ ਅਗੰਮ ਅਪਾਰ, ਅਗੰਮੜੀ ਕਾਰ ਆਪ ਕਰਾਇਆ । ਜੁਗ ਜੁਗ ਪ੍ਰਗਟ ਹੋ ਵਿਚ ਸੰਸਾਰ, ਹਰਿਜਨ ਸਾਚੇ ਲਏ ਉਠਾਇਆ । ਏਕਾ ਬਖ਼ਸ਼ੇ ਨਾਮ ਆਧਾਰ, ਆਤਮ ਪਰਮਾਤਮ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਪ੍ਰਗਟਾਇਆ । ਸਾਚਾ ਨਾਮ ਗੁਰ ਚਰਨ ਪ੍ਰੀਤ, ਸਤਿਗੁਰ ਦਇਆ ਕਮਾਈਆ । ਲਹਿਣਾ ਦੇਣਾ ਚੁੱਕੇ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਮਾਣਸ ਜਨਮ ਲਏ ਜੀਤ, ਚਿਤਵਿਤ ਠਗੋਰੀ ਕੋਇ ਨਾ ਪਾਈਆ । ਕਾਈਆ ਹੋਏ ਪਤਤ ਪੁਨੀਤ, ਪਤਤ ਪਾਵਣ ਦਇਆ ਕਮਾਈਆ । ਤ੍ਰੈਗੁਣ ਅਗਨੀ ਠਾਂਡੀ ਸੀਤ, ਸਾਂਤਕ ਸਤਿ ਕਰਾਈਆ । ਪੰਚਮ ਵਸੇ ਹਰਿ ਜੂ ਚੀਤ, ਚੇਤਨ ਰੰਗ ਵਖਾਈਆ । ਬਿਨ ਰਸਨਾ ਜਿਹਵਾ ਗਾਏ ਗੀਤ, ਧਿਆਨ ਧਿਆਨ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਸਮਝਾਈਆ । ਸਾਚਾ ਨਾਮ

ਆਤਮ ਰਸ, ਬਿਨ ਰਸਨਾ ਆਪ ਜਣਾਇੰਦਾ । ਜਿਸ ਦੇ ਹਿਰਦੇ ਜਾਏ ਵਸ, ਤਿਸ ਆਪਣੀ ਬੂਝ ਬੁਝਾਇੰਦਾ । ਤੀਰ ਨਿਰਾਲਾ ਮਾਰੇ ਕਸ, ਅਣਯਾਲਾ ਆਪ ਚਲਾਇੰਦਾ । ਪੰਚ ਵਿਕਾਰਾ ਦੇਵੇ ਝੱਸ, ਮਮਤਾ ਮੋਹ ਮਿਟਾਇੰਦਾ । ਮੇਲ ਮਿਲਾਵਾ ਪੁਰਖ ਸਮਰਥ, ਘਰ ਘਰ ਵਿਚ ਜੋੜ ਜੁੜਾਇੰਦਾ । ਆਪ ਚੜ੍ਹਾਏ ਆਪਣੇ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਨਾਤਾ ਤੋੜ ਸਾਢੇ ਤਿੰਨ ਹੱਥ, ਮਹਿਮਾ ਅਕੱਥ ਆਪ ਜਣਾਇੰਦਾ । ਆਪਣਾ ਨਾਮ ਆਪੇ ਦੱਸ, ਗੁਰਮੁਖ ਸਾਚੇ ਆਪ ਪੜ੍ਹਾਇੰਦਾ । ਪਿਛੋਂ ਲੋਕਾਈ ਗਾਏ ਜਸ, ਕਾਗ਼ਜ਼ ਪੱਤਰ ਸਿਫ਼ਤ ਸਾਲਾਹਿੰਦਾ । ਛਾਹੀ ਪੰਧ ਮੁਕਾਏ ਨੱਸ ਨੱਸ, ਹੁਕਮੀ ਹੁਕਮੀ ਆਪ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਜੁਗ ਜੁਗ, ਜਨ ਭਗਤਾਂ ਆਪ ਵਰਤਾਇੰਦਾ । ਆਪਣਾ ਨਾਮ ਆਪਣੀ ਧਾਰ, ਆਪਣੇ ਵਿਚ ਸਮਾਈਆ । ਸੋ ਪੁਰਖ ਨਿਰੰਜਣ ਖੇਲ ਅਪਾਰ, ਹਰਿ ਪੁਰਖ ਨਿਰੰਜਣ ਰਿਹਾ ਸਾਲਾਹੀਆ । ਏਕੰਕਾਰ ਕਰਨੇਹਾਰ, ਕਰਤਾ ਪੁਰਖ ਵਡੀ ਵਡਿਆਈਆ । ਆਦਿ ਨਿਰੰਜਣ ਦਰਸ ਦੀਦਾਰ, ਜੋਤ ਉਜਾਲਾ ਨੂਰ ਕਰਾਈਆ । ਅਬਿਨਾਸ਼ੀ ਕਰਤਾ ਹੋ ਤਿਆਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਤ੍ਰੈਭਵਨ ਧਨੀ ਆਪਣਾ ਰੂਪ ਵਟਾਈਆ । ਸ੍ਰੀ ਭਗਵਾਨ ਸਚ ਨਿਸ਼ਾਨ ਹੋ ਮਿਹਰਵਾਨ, ਦੋ ਜਹਾਨ ਆਪ ਝੁਲਾਈਆ । ਪਾਰਬ੍ਰਹਮ ਪ੍ਰਭ ਬਣ ਪਰਧਾਨ, ਇਕ ਸੁਣਾਏ ਧੁਰ ਫ਼ਰਮਾਣ, ਸਚ ਸੰਦੇਸ਼ਾ ਨਰ ਨਰੇਸ਼ਾ ਆਪਣਾ ਨਾਉਂ ਆਪ ਜਣਾਈਆ । ਕਿਸੇ ਹੱਥ ਨਾ ਆਏ ਬ੍ਰਹਮਾ ਵਿਸ਼ਨ ਮਹੇਸ਼ਾ, ਕੋਟਨ ਕੋਟ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਇਕੋ ਵਰ, ਅੰਤਰ ਮੰਤਰ ਆਪਣੇ ਨਾਮ ਕਰੇ ਪੜ੍ਹਾਈਆ । ਜਿਸ ਨਾਮ ਨੂੰ ਲੱਭੇ ਜਗ, ਸੋ ਹੱਥ ਕਿਸੇ ਨਾ ਆਇੰਦਾ । ਚਾਰ ਕੁੰਟ ਦਹਿ ਦਿਸ਼ਾ ਰਹੇ ਭੱਜ, ਟਿੱਲੇ ਪਰਬਤ ਫੋਲ ਫੁਲਾਇੰਦਾ । ਤਾਲ ਤਲਵਾੜੇ ਰਹੇ ਵੱਜ, ਤਾਲ ਤਾਲ ਨਾ ਕੋਇ ਮਿਲਾਇੰਦਾ । ਪੁਰਖ ਅਬਿਨਾਸ਼ੀ ਆਪਣਾ ਨਾਉਂ ਸਭ ਤੋਂ ਰੱਖਿਆ ਅੱਡ, ਕਾਇਆ ਹੱਡ ਆਪ ਛੁਪਾਇੰਦਾ । ਹਰਿਜਨ ਸਾਚੇ ਹਰਿ ਜੂ ਸਦ, ਨਿਤ ਸਦੜਾ ਆਪ ਸੁਣਾਇੰਦਾ । ਜਿਸ ਦੀ ਪਾਰ ਨਾ ਕੀਤੀ ਕਿਸੇ ਹੱਦ, ਸੋ ਗੁਰਮੁਖਾਂ ਹੱਦ ਅੰਦਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਗਾਏ ਛੰਦ, ਬੰਦ ਸਭ ਦੇ ਆਪ ਕਟਾਇੰਦਾ । ਹਰਿ ਕਾ ਨਾਉਂ ਬੋਧ ਅਗਾਧ, ਭੇਵ ਅਭੇਦ ਰਖਾਇੰਦਾ । ਹਰਿ ਕਾ ਨਾਉਂ ਹਰਿ ਕੀ ਦਾਦ, ਹਰਿ ਸਾਚਾ ਆਪ ਵਰਤਾਇੰਦਾ । ਹਰਿ ਕਾ ਨਾਉਂ ਗੁਰਮੁਖ ਵਿਰਲਾ ਲੇਵੇ ਸਾਧ, ਸਾਚੀ ਸਾਧਨਾ ਜਿਸ ਕਰਾਇੰਦਾ । ਹਰਿ ਕਾ ਨਾਉਂ ਇਕ ਏਕਾ ਆਦਿ, ਜੁਗਾਦਿ ਹਰਿ ਹਰਿ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਪ੍ਰਗਟਾਇੰਦਾ । ਆਦਿ ਪ੍ਰਗਟਾਇਆ ਹਰਿ ਹਰਿ ਨਾਉਂ, ਹਰਿ ਨਾਮੇ ਵੱਜੀ ਵਧਾਈਆ । ਥਿਰ ਘਰ ਵਸਿਆ ਸਾਚੇ ਥਾਉਂ, ਗ੍ਰਿਹਿ ਮੰਦਰ ਸੋਭਾ ਪਾਈਆ । ਜੁਗ ਚੌਕੜੀ ਕਰਦਾ ਆਇਆ ਸਚ ਨਿਆਉਂ, ਕੋਟਨ ਕੋਟ ਕਾਲ ਬਿਤਾਈਆ । ਗੁਰ ਅਵਤਾਰ ਫੜ ਫੜ ਬਾਹੋਂ, ਸਾਚੀ ਸੇਵਾ ਗਿਆ ਲਗਾਈਆ । ਅੰਤਮ ਕਰੇ ਸਚ ਨਿਆਉਂ, ਨਿਰਾਕਾਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਨਾਉਂ ਧਰਾਈਆ । ਏਕਾ ਆਪਣਾ ਨਾਉਂ ਰੱਖ, ਨਿਰਗੁਣ ਦਇਆ ਕਮਾਇੰਦਾ । ਸਤਿ ਸਰੂਪੀ ਹੋ ਪ੍ਰਤੱਖ, ਜੋਤੀ ਜਾਤਾ ਡਗਮਗਾਇੰਦਾ । ਸੋ ਪੁਰਖ ਨਿਰੰਜਣ ਹੰ ਬ੍ਰਹਮ ਕਰੇ ਪੱਖ, ਸੋਹੰ ਆਪਣਾ ਰੰਗ ਰੰਗਾਇੰਦਾ । ਏਕਾ ਮੰਤਰ ਮਾਤ ਦੱਸ, ਬਿਧ ਅੰਤਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ


੩੨੯
੧੧

ਕਰ, ਸਾਚਾ ਨਾਮ ਆਪ ਸਮਝਾਇੰਦਾ । ਸਾਚਾ ਨਾਉਂ ਸੋਹੰ ਧਾਰ, ਸਤਿ ਸਤਿ ਆਪ ਪ੍ਰਗਟਾਈਆ । ਹੰ ਬ੍ਰਹਮ ਕਰ ਪਿਆਰ, ਆਤਮ ਪਰਮਾਤਮ ਰੰਗ ਵਖਾਈਆ । ਬਣ ਵਿਚੋਲਾ ਏਕੰਕਾਰ, ਸਾਚਾ ਢੋਲਾ ਆਪੇ ਗਾਈਆ । ਪਰਦਾ ਉਹਲਾ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਜਣਾਈਆ । ਸਾਚਾ ਨਾਉਂ ਆਪ ਪ੍ਰਗਟਾ, ਪ੍ਰਗਟ ਆਪਣੀ ਖੇਲ ਕਰਾਇੰਦਾ । ਦੋ ਜਹਾਨਾਂ ਆਪ ਧਰਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਹੇ ਗਾ, ਦਿਵਸ ਰੈਣ ਧਿਆਨ ਲਗਾਇੰਦਾ । ਕਰੋੜ ਤਤੀਸਾ ਮੰਨ ਰਜ਼ਾ, ਸੁਰਪਤ ਰਾਜਾ ਇੰਦ ਚਰਨ ਕਵਲ ਧਿਆਨ ਰਖਾਇੰਦਾ । ਕਰੇ ਖੇਲ ਬੇਪਰਵਾਹ, ਆਪਣਾ ਨਾਉਂ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਧਰਾਇੰਦਾ । ਸਾਚਾ ਨਾਉਂ ਧਰਨੀ ਧਰ, ਲੋਕਮਾਤ ਦਏ ਵਡਿਆਈਆ । ਹਰਿਜਨ ਵਿਰਲੇ ਆਪੇ ਵਰ, ਘਰ ਸਾਚੇ ਮੇਲ ਮਿਲਾਈਆ । ਬੋਧ ਅਗਾਧੀ ਅੱਖਰ ਪੜ੍ਹ, ਦੋਏ ਦੋਏ ਅੱਖਰ ਆਪ ਪੜ੍ਹਾਈਆ । ਆਤਮ ਪਰਮਾਤਮ ਪੱਲੂ ਫੜ, ਘਰ ਸਾਚੇ ਖ਼ੁਸ਼ੀ ਮਨਾਈਆ । ਗ੍ਰਿਹ ਗ੍ਰਿਹ ਚੋਟੀ ਆਪੇ ਚੜ੍ਹ, ਸਾਚਾ ਮੰਦਰ ਆਪ ਸੁਹਾਈਆ । ਆਪਣੀ ਬਾਣੀ ਆਪੇ ਪੜ੍ਹ, ਪੜ੍ਹ ਪੜ੍ਹ ਰਿਹਾ ਸੁਣਾਈਆ । ਨਿਰਗੁਣ ਸਰਗੁਣ ਘਾੜਨ ਘੜ, ਘਟ ਘਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਜਣਾਈਆ । ਏਕਾ ਨਾਉਂ ਸੋਹੰ ਸੋ, ਸੋ ਪੁਰਖ ਨਿਰਜੰਣ ਆਪ ਪ੍ਰਗਟਾਇੰਦਾ । ਜਨਮ ਜਨਮ ਦੀ ਦੁਰਮਤ ਧੋ, ਪਤਤ ਪਾਪੀ ਪਾਰ ਕਰਾਇੰਦਾ । ਦਰਸ ਦਿਖਾਏ ਅੱਗੇ ਹੋ, ਨਿਰਗੁਣ ਸਰਗੁਣ ਖੇਲ ਵਖਾਇੰਦਾ । ਨਿਝਰ ਝਿਰਨਾ ਅੰਮ੍ਰਿਤ ਚੋ, ਅੰਮ੍ਰਿਤ ਰਸ ਚਖਾਇੰਦਾ । ਜੋਤ ਨੁਰਾਨੀ ਕਰ ਕਰ ਲੋ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਵਡਿਆਇੰਦਾ । ਸਾਚਾ ਨਾਮ ਵੱਡਾ ਵਡ, ਹਰਿ ਜੂ ਆਪ ਬਣਾਇਆ । ਆਪਣੇ ਵਿਚੋਂ ਆਪਾ ਕੱਢ, ਸੋਹੰ ਰੂਪ ਪ੍ਰਗਟਾਇਆ । ਨਿਰਗੁਣ ਸਰਗੁਣ ਆਪੇ ਸੱਦ, ਆਪਣੇ ਕੋਲ ਬਹਾਇਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਬ੍ਰਹਮ ਆਪਣਾ ਰੂਪ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਉਪਜਾਇਆ । ਉਪਜਿਆ ਨਾਉਂ ਹਰਿ ਗੋਬਿੰਦ, ਘਰ ਘਰ ਵੱਜੇ ਵਧਾਈਆ । ਹਰਿਜਨ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਨਜ਼ਰ ਨਾ ਆਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਦਇਆ ਕਮਾਈਆ । ਅੰਮ੍ਰਿਤ ਦੇਵੇ ਸਾਗਰ ਸਿੰਧ, ਸਚ ਪਿਆਲਾ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਘਰ ਘਰ ਆਖ ਸੁਣਾਈਆ । ਘਰ ਘਰ ਅੰਦਰ ਉਠੇ ਧਾਰ, ਜਿਸ ਜਨ ਬੂਝ ਬੁਝਾਇੰਦਾ । ਵੇਖ ਨਾ ਸਕੇ ਕੋਇ ਸੰਸਾਰ, ਜਗਤ ਨੇਤਰ ਨਜ਼ਰ ਨਾ ਆਇੰਦਾ । ਰਾਤੀਂ ਸੁਤਿਆਂ ਦਏ ਦੀਦਾਰ, ਦੀਨਨ ਆਪਣੀ ਦਇਆ ਕਮਾਇੰਦਾ । ਗ਼ਫ਼ਲਤ ਖੋਲ੍ਹ ਹੋਇਆ ਬੇਦਾਰ, ਬੇਦਰਦੀ ਆਪਣਾ ਦਰਦ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਵਰਤਾਇੰਦਾ । ਸਾਚਾ ਨਾਮ ਝੋਲੀ ਪਾ, ਝੂਲਾ ਇਕ ਝੁਲਾਈਆ । ਜਨਮ ਜਨਮ ਦਾ ਮੂਲ ਚੁਕਾ, ਲਹਿਣਾ ਦਏ ਮੁਕਾਈਆ । ਸ਼ੰਕਰ ਤ੍ਰਸੂਲ ਰਿਹਾ ਸੁਟਾ, ਭੋਲਾ ਨਾਥ ਦਏ ਜਗਾਈਆ । ਬ੍ਰਹਮਾ ਨੇਤਰ ਨੀਰ ਰਿਹਾ ਵਹਾ, ਚਾਰੇ ਮੁਖ ਰਿਹਾ ਕੁਰਲਾਈਆ । ਵਿਸ਼ਨੂੰ ਭੰਡਾਰਾ ਲਿਆ ਲੁਟਾ, ਖ਼ਾਲੀ ਹੱਥ ਫਿਰੇ ਵਾਹੋ ਦਾਹੀਆ । ਪੁਰਖ ਅਬਿਨਾਸ਼ੀ ਓਟ ਤਕਾ, ਭਗਵਨ ਹੋਣਾ ਅੰਤ ਸਹਾਈਆ । ਜੁਗ ਚੌਕੜੀ ਤੇਰੀ ਸੇਵਾ


੩੩੦
੧੧

ਲਈ ਕਮਾ, ਲੱਖ ਚੁਰਾਸੀ ਖੇਲ ਖਲਾਈਆ । ਕਲਜੁਗ ਵੇਲਾ ਅੰਤਮ ਗਿਆ ਆ, ਤੇਰੀ ਪਨਾਹ ਤੇਰੀ ਇਕ ਸ਼ਰਨਾਈਆ । ਜੀਵ ਜੰਤ ਕਰਨ ਗੁਨਾਹ, ਪਾਕ ਨਜ਼ਰ ਕੋਇ ਨਾ ਆਈਆ । ਅੰਤਮ ਹੋਣਾ ਸਰਬ ਫਨਾਹ, ਬਿਸਮਿਲ ਰੂਪ ਨਾ ਕੋਇ ਵਖਾਈਆ । ਹਰਿ ਕਾ ਨਾਉਂ ਗਏ ਭੁਲਾ, ਦੀਨ ਮਜ਼੍ਹਬ ਵੰਡ ਵੰਡਾਈਆ । ਹਿਰਦੇ ਰਾਮ ਨਾ ਸਕੇ ਕੋਇ ਵਸਾ, ਰਾਮ ਰਾਮ ਰਸਨਾ ਰਹੇ ਗਾਈਆ । ਅੰਤਮ ਦੇਣਾ ਪੰਧ ਮੁਕਾ, ਪਾਂਧੀ ਬਣ ਬਣ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਢਹਿ ਪਏ ਸ਼ਰਨਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਉਠੋ ਵੇਖੋ ਕਰੋ ਧਿਆਨ, ਨੇਤਰ ਨੈਣ ਖੁਲ੍ਹਾਇੰਦਾ । ਲੋਕਮਾਤ ਬਣ ਪਰਧਾਨ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਨਿਹਕਲੰਕ ਬਲੀ ਬਲਵਾਨ, ਜੋਤੀ ਜਾਮਾ ਜੋਤ ਜਗਾਇੰਦਾ । ਸ਼ਾਹੋ ਭੂਪ ਰਾਜ ਰਾਜਾਨ, ਹੁਕਮੀ ਹੁਕਮ ਆਪ ਸੁਣਾਇੰਦਾ । ਚਾਰ ਜੁਗ ਦੀ ਮੁਕੇ ਕਾਣ, ਪਿਛਲਾ ਲੇਖਾ ਨਾ ਕੋਇ ਰਖਾਇੰਦਾ । ਅੱਗੇ ਦੇਵੇ ਧੁਰ ਫ਼ਰਮਾਣ, ਸਚ ਸੰਦੇਸ਼ਾ ਇਕ ਸੁਣਾਇੰਦਾ । ਨੌਂ ਖੰਡ ਪ੍ਰਿਥਮੀ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਸੱਤਾਂ ਦੀਪਾਂ ਏਕਾ ਗਾਨ, ਸਾਚਾ ਮੰਤਰ ਨਾਮ ਦ੍ਰਿੜਾਇੰਦਾ । ਆਤਮ ਪਰਮਾਤਮ ਕਰ ਪਰਵਾਨ, ਸੋਹੰ ਸਾਚੀ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਸਮਝਾਇੰਦਾ । ਸਾਚਾ ਨਾਮ ਆਇਆ ਮਾਤ, ਮਨਮਤ ਰਹਿਣ ਨਾ ਪਾਈਆ । ਕਰ ਕਿਰਪਾ ਦੇਵੇ ਹਰਿ ਜੂ ਦਾਤ, ਦਾਤਾ ਦਾਨੀ ਦਇਆ ਕਮਾਈਆ । ਪਹਿਲੋਂ ਕੀਤਾ ਆਪਣਾ ਘਾਤ, ਫੇਰ ਗੁਰਮੁਖਾਂ ਹੋਏ ਸਹਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਾਤਾ ਤੋੜ ਜ਼ਾਤ ਪਾਤ, ਊਚ ਨੀਚ ਭੇਵ ਚੁਕਾਈਆ । ਇਕ ਸੁਣਾਏ ਸਾਚੀ ਗਾਥ, ਸੋਹੰ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਪੱਤਣ ਬੈਠਾ ਸੱਚਾ ਮਾਹੀਆ ।



### ★ ੭ ਮਾਘ ੨੦੧੮ ਬਿਕਰਮੀ ਜਗੀਰ ਸਿੰਘ ਦੇ ਗ੍ਰਹਿ ਮੈਣੀਆਂ ਜ਼ਿਲਾ ਅੰਮ੍ਰਿਤਸਰ ★

ਹਰਿ ਕਾ ਨਾਉਂ ਸਾਚਾ ਜਾਪ, ਜੁਗ ਜੁਗ ਮਾਣ ਵਡਿਆਈਆ । ਤ੍ਰੈਗੁਣ ਮੇਟੇ ਤੀਨੋਂ ਤਾਪ, ਜਗਤ ਤ੍ਰਿਸ਼ਨਾ ਅਗਨ ਬੁਝਾਈਆ । ਕੋਟਨ ਕੋਟ ਜਨਮ ਉਤਾਰੇ ਪਾਪ, ਪਤਤ ਪਾਪੀ ਪਾਰ ਕਰਾਈਆ । ਨਿਰਗੁਣ ਸਰਗੁਣ ਮੇਲਾ ਸੱਜਣ ਸਾਕ, ਨਾਤਾ ਬਿਧਾਤਾ ਜੋੜ ਜੁੜਾਈਆ । ਆਤਮ ਪਰਮਾਤਮ ਸਾਚਾ ਪਾਠ, ਸੋਹੰ ਸ਼ਬਦ ਸੱਚੀ ਪੜ੍ਹਾਈਆ । ਅੰਤ ਉਤਾਰੇ ਪਾਰ ਘਾਟ, ਮੰਝਧਾਰ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਲ ਆਪਣੇ ਨਾਉਂ ਰਖਾਈਆ । ਹਰਿ ਕਾ ਨਾਉਂ ਸਦਾ ਪਰਬਲ, ਪਰਬਤ ਚੋਟੀ ਰਹੀ ਕੁਰਲਾਈਆ । ਹਰਿ ਕਾ ਨਾਉਂ ਸਦਾ ਅਟੱਲ, ਸਮੁੰਦ ਸਾਗਰ ਦੇਣ ਦੁਹਾਈਆ । ਹਰਿ ਕਾ ਖੇਲ ਸਦਾ ਅਛੱਲ, ਅਛਲ ਅਛੱਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਸੁਣਾਈਆ । ਏਕਾ ਨਾਮ ਸੁਣਨਾ ਕਾਨ, ਹਰਿ ਕਾਹਨ ਆਪ ਸੁਣਾਇੰਦਾ । ਏਕਾ ਨਾਮ ਵਸੇ ਸਚ ਮਕਾਨ, ਕਾਇਆ ਬੰਕ ਆਪ ਬਣਾਇੰਦਾ । ਏਕਾ ਨਾਮ ਮਿਲੇ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਏਕਾ ਨਾਮ ਜਾਣੀ ਜਾਣ, ਅੰਤਰ

ਆਤਮ ਭੇਵ ਚੁਕਾਇੰਦਾ । ਏਕਾ ਨਾਮ ਪੀਣ ਖਾਣ, ਆਸ਼ਾ ਤ੍ਰਿਸ਼ਨਾ ਮੋਹ ਮਿਟਾਇੰਦਾ । ਏਕਾ ਨਾਮ ਨਾਦ ਧੁਨਕਾਨ, ਸਾਰੰਗ ਸਾਰੰਗਾ ਨਾ ਕੋਇ ਵਜਾਇੰਦਾ । ਏਕਾ ਨਾਮ ਬੇਪਹਿਚਾਣ, ਨਜ਼ਰ ਵਿਚ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਨਾਮ ਧਰਾਇੰਦਾ । ਏਕਾ ਨਾਮ ਛਲੇ ਬਲ ਬਾਵਨ, ਰੂਪ ਅਨੂਪ ਵਟਾਈਆ । ਏਕਾ ਨਾਮ ਮਾਰੇ ਰਾਵਣ, ਲੰਕਾ ਗੜ੍ਹ ਤੁੜਾਈਆ । ਏਕਾ ਨਾਮ ਕਾਹਨਾ ਹੋਏ ਜ਼ਾਮਨ, ਗ਼ਰੀਬ ਨਿਮਾਣੇ ਗਲੇ ਲਗਾਈਆ । ਏਕਾ ਨਾਮ ਈਸਾ ਮੂਸਾ ਦਏ ਪੈਗ਼ਾਮਨ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਏਕਾ ਨਾਮ ਨਿਰਗੁਣ ਨਾਨਕ ਬੋਲੇ ਸਤਿ ਨਾਮਣ, ਸਤਿ ਸਤਿ ਵੱਜੇ ਵਧਾਈਆ । ਏਕਾ ਨਾਮ ਫ਼ਤਹਿ ਡੰਕਾ ਦੋ ਜਹਾਨਣ, ਦੋਏ ਦੋਏ ਆਪਣਾ ਖੇਲ ਕਰਾਈਆ । ਏਕਾ ਨਾਮ ਮੂਰਖ ਮੂੜ੍ਹ ਬਣਾਏ ਚਤਰ ਸੁਘੜ ਸੁਜਾਨਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪਣਾ ਨਾਮ ਪ੍ਰਗਟਾਈਆ । ਏਕਾ ਨਾਮ ਹਰਿ ਕੀ ਧਾਰ, ਹਰਿ ਹਰਿ ਆਪ ਉਪਾਇੰਦਾ । ਜੁਗ ਚੌਕੜੀ ਖੇਲ ਅਪਾਰ, ਗੁਰ ਅਵਤਾਰ ਵੇਖ ਵਖਾਇੰਦਾ । ਸ਼ਾਸਤਰ ਸਿਮਰਤ ਵੇਦ ਵਿਚਾਰ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਸਿਫ਼ਤੀ ਸਿਫ਼ਤ ਸਿਫ਼ਤ ਸੰਸਾਰ, ਸਲਾਹਣ ਸਲਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਛੁਪਾਇੰਦਾ । ਹਰਿ ਕਾ ਨਾਮ ਬੈਠਾ ਛੁਪ, ਨਜ਼ਰ ਕਿਸੇ ਨਾ ਆਇੰਦਾ । ਘਰ ਵਿਚ ਘਰ ਅੰਧੇਰਾ ਘੁੱਪ, ਦੀਪਕ ਦੀਆ ਨਾ ਕੋਇ ਜਗਾਇੰਦਾ । ਅੱਠੇ ਪਹਿਰ ਰਹੇ ਚੁੱਪ, ਸਚ ਅਵਾਜ ਨਾ ਕੋਇ ਲਗਾਇੰਦਾ । ਪ੍ਰਭ ਅਬਿਨਾਸ਼ੀ ਦਾ ਸਾਚਾ ਸੁਤ, ਆਪਣੇ ਰੰਗ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪੇ ਪਾਇੰਦਾ । ਹਰਿ ਕਾ ਨਾਮ ਪਰਦੇ ਅੰਦਰ, ਹਰਿ ਸਾਜਣ ਆਪ ਰਖਾਈਆ । ਗ੍ਰਿਹਿ ਗ੍ਰਿਹਿ ਘਟ ਘਟ ਵੇਖੇ ਮੰਦਰ, ਕਾਇਆ ਬੰਕ ਵਡਿਆਈਆ । ਆਪੇ ਲਾਇਆ ਇਕੋ ਜੰਦਰ, ਨਾ ਕੋਈ ਤੋੜੇ ਤੋੜ ਤੁੜਾਈਆ । ਮਨ ਵਾਸਨਾ ਫਿਰੇ ਬੰਦਰ, ਮਤ ਮਤਵਾਲੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਛੁਪਾਈਆ । ਹਰਿ ਕਾ ਨਾਮ ਵਸੇ ਉਹਲੇ, ਭੇਵ ਕੋਇ ਨਾ ਪਾਇੰਦਾ । ਗੁਰਮੁਖ ਵਿਰਲਾ ਪਰਦਾ ਖੋਲ੍ਹੇ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਸੋਵਤ ਜਾਗਤ ਗਾਏ ਸੋਹਲੇ, ਏਕਾ ਰਾਗ ਅਲਾਇੰਦਾ । ਅੰਤਰ ਬੋਲੇ ਹੌਲੇ ਹੌਲੇ, ਰਸਨਾ ਜਿਹਵਾ ਨਾ ਕੋਇ ਹਲਾਇੰਦਾ । ਸਰਗੁਣ ਅੰਦਰ ਨਿਰਗੁਣ ਮੌਲੇ, ਮੌਲਾ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਰਖਾਇੰਦਾ । ਆਪਣਾ ਨਾਮ ਆਪੇ ਰੱਖ, ਰੱਖ ਰੱਖ ਵੇਖ ਵਖਾਈਆ । ਸਰਗੁਣ ਹੋ ਕੇ ਕੀਤਾ ਵੱਖ, ਨਿਰਗੁਣ ਭੇਵ ਛੁਪਾਈਆ । ਜਿਉਂ ਭਾਵੇ ਤਿਉਂ ਲਏ ਰੱਖ, ਆਪਣੇ ਹੱਥ ਰੱਖੇ ਵਡਿਆਈਆ । ਜਨ ਭਗਤਾਂ ਮਾਰਗ ਸਾਚਾ ਦੱਸ, ਏਕਾ ਬੂਝ ਬੁਝਾਈਆ । ਕਲਜੁਗ ਅੰਤਮ ਹੋ ਪ੍ਰਗਟ, ਨਿਹਕਲੰਕਾ ਨਾਉਂ ਰਖਾਈਆ । ਸੰਤ ਸੁਹੇਲੇ ਆਪੇ ਸੱਦ, ਇਕ ਸਦਾ ਲਗਾਈਆ । ਆਪੇ ਜਾਣੇ ਆਪਣੀ ਹੱਦ, ਪਾਰ ਕਿਨਾਰਾ ਨਾ ਕੋਇ ਵਡਿਆਈਆ । ਭਾਗ ਲਗਾਏ ਡੂੰਘੀ ਖੱਡ, ਅੰਧ ਅੰਧੇਰ ਮਿਟਾਈਆ । ਜਿਸ ਜਨ ਆਪਣਾ ਨਾਉਂ ਸੁਣਾਏ ਨੈਣ ਸ਼ਰਮਾਏ ਅਨਹਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਧਰਾਈਆ । ਹਰਿ ਕਾ ਨਾਉਂ ਹਰਿ ਕੀ ਟੇਕ, ਏਕਾ ਓਟ ਜਣਾਇੰਦਾ । ਹਰਿ ਕਾ ਨਾਉਂ ਬੁੱਧ ਕਰੇ ਬਬੇਕ, ਵਵੇਕੀ ਰੂਪ ਵਟਾਇੰਦਾ । ਹਰਿ ਕਾ ਨਾਉਂ ਨਾ ਲਾਏ ਸੇਕ, ਅਗਨੀ ਤੱਤ ਬੁਝਾਇੰਦਾ । ਹਰਿ ਕਾ ਨਾਉਂ

ਮੇਟੇ ਰੇਖ, ਪੂਰਬ ਲਹਿਣਾ ਝੋਲੀ ਪਾਇੰਦਾ । ਹਰਿ ਕਾ ਨਾਉਂ ਆਦਿ ਜੁਗਾਦੀ ਏਕਾ ਏਕ, ਜੁਗ ਜੁਗ ਵੇਸ ਵਟਾਇੰਦਾ । ਨਵ ਨੌਂ ਚਾਰ ਵੇਸ ਕੀਆ ਅਨੇਕ, ਅਨਕ ਕਲ ਵਰਤਾਇੰਦਾ । ਕਲਜੁਗ ਅੰਤਮ ਵਸੇ ਸਾਚੇ ਦੇਸ, ਨਗਰ ਖੇੜਾ ਦਿਸ ਕਿਸੇ ਨਾ ਆਇੰਦਾ । ਸਾਹਿਬ ਸੁਲਤਾਨ ਨਰ ਨਰੇਸ਼, ਭੂਪਤ ਭੂਪ ਆਪ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਵਰਤਾਇੰਦਾ । ਸਾਚਾ ਨਾਉਂ ਸਾਚੀ ਭਿਛਾ, ਭਿਖਕ ਆਪ ਵਰਤਾਈਆ । ਗੁਰਮੁਖਾਂ ਕਰੇ ਸਾਚੀ ਰਿਛਾ, ਸਿਰ ਆਪਣਾ ਹੱਥ ਟਿਕਾਈਆ । ਅਗਲਾ ਲੇਖ ਆਪੇ ਲਿਖਾ, ਪੂਰਬ ਦਏ ਚੁਕਾਈਆ । ਸਚਖੰਡ ਦਾ ਸਾਚਾ ਹਿੱਸਾ, ਲੋਕਮਾਤ ਧਰਾਈਆ । ਰਸਨਾ ਰਸ ਗਿਆ ਫਿਕਾ, ਵਿਖ ਅੰਮ੍ਰਿਤ ਆਪ ਭਰਾਈਆ । ਨੇਤਰ ਲੋਚਣ ਨੈਣ ਜਿਸ ਜਨ ਦਰਸ ਡਿਠਾ, ਅਨਡਿਠੜੀ ਵਸਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਮ ਆਪਣਾ ਆਪ ਵਰਤਾਈਆ ।

### ★ ੭ ਮਾਘ ੨੦੧੮ ਬਿਕਰਮੀ ਡਡਵਾਂ ★

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਨਿਰਗੁਣ ਨਿਰਵੈਰ ਵਡੀ ਵਡਿਆਈਆ । ਹਰਿ ਪੁਰਖ ਨਿਰੰਜਣ ਮਿਹਰਵਾਨ, ਅਜੂਨੀ ਰਹਿਤ ਸੱਚਾ ਸ਼ਹਿਨਸ਼ਾਹੀਆ । ਏਕੰਕਾਰਾ ਵਡ ਬਲਵਾਨ, ਮੂਰਤ ਅਕਾਲ ਭੇਵ ਨਾ ਰਾਈਆ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਈਆ । ਅਬਿਨਾਸ਼ੀ ਕਰਤਾ ਸਤਿ ਸਰੂਪੀ ਨੌਜਵਾਨ, ਬਿਰਧ ਬਾਲ ਨਾ ਰੂਪ ਧਰਾਈਆ । ਸ੍ਰੀ ਭਗਵਾਨ ਸਚ ਨਿਸ਼ਾਨ, ਸਤਿ ਸਤਿਵਾਦੀ ਇਕ ਉਠਾਈਆ । ਪਾਰਬ੍ਰਹਮ ਪ੍ਰਭ ਖੇਲ ਮਹਾਨ, ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਨੂਰ ਪ੍ਰਗਟਾਈਆ । ਨਿਰਗੁਣ ਨੂਰ ਪੁਰਖ ਅਕਾਲਾ, ਆਦਿ ਆਦਿ ਵਡੀ ਵਡਿਆਈਆ । ਜੋਤੀ ਜੋਤ ਨੂਰ ਨਿਰਾਲਾ, ਨਿਰਾਕਾਰ ਕਰੇ ਸਚ ਰੁਸ਼ਨਾਈਆ । ਵਸਣਹਾਰਾ ਧਾਮ ਨਿਰਾਲਾ, ਸਚਖੰਡ ਸਾਚੇ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਪਣਾ ਖੇਲ ਆਪੇ ਕਰ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਆਪ ਵਸਾਏ ਆਪਣਾ ਘਰ, ਹਰਿ ਪੁਰਖ ਨਿਰੰਜਣ ਸੇਵ ਕਮਾਇੰਦਾ । ਆਪਣਾ ਨੂਰ ਆਪੇ ਧਰ, ਏਕੰਕਾਰਾ ਰੰਗ ਰੰਗਾਇੰਦਾ । ਆਪਣੇ ਦੀਪਕ ਆਪੇ ਬਲ, ਆਦਿ ਨਿਰੰਜਣ ਡਗਮਗਾਇੰਦਾ । ਆਪਣਾ ਪੱਲੂ ਆਪੇ ਫੜ, ਅਬਿਨਾਸ਼ੀ ਕਰਤਾ ਸੰਗ ਨਿਭਾਇੰਦਾ । ਆਪਣੇ ਮੰਦਰ ਆਪੇ ਖੜ, ਸ੍ਰੀ ਭਗਵਾਨ ਰੂਪ ਧਰਾਇੰਦਾ । ਏਕਾ ਸੁਹਾਏ ਸਾਚਾ ਗੜ੍ਹ, ਪਾਰਬ੍ਰਹਮ ਪ੍ਰਭ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੇ ਰੰਗ ਸਮਾਇੰਦਾ । ਨਿਰਗੁਣ ਨਿਰਾਕਾਰ ਅਟੱਲ ਮਹੱਲ, ਏਕਾ ਏਕ ਸੁਹਾਈਆ । ਕਰੇ ਖੇਲ ਆਪ ਅਬਚਲ, ਮਹਿਮਾ ਅਕੱਥ ਕਥੀ ਨਾ ਜਾਈਆ । ਆਪਣੀ ਧਾਰਾ ਆਪੇ ਰਲ, ਧਾਰ ਧਾਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਨੂਰ ਧਰਾਈਆ । ਨਿਰਗੁਣ ਰੂਪ ਆਪੇ ਰੱਖ, ਨਿਰਾਕਾਰ ਖੇਲ ਖਲਾਇੰਦਾ । ਸਤਿ ਸਰੂਪੀ ਹੋ ਪ੍ਰਤੱਖ, ਆਪਣਾ ਪਰਦਾ ਆਪ ਚੁਕਾਇੰਦਾ । ਆਦਿ ਜੁਗਾਦਿ ਅਲੱਖਣਾ ਅਲੱਖ, ਅਲੱਖ ਅਗੋਚਰ ਖੇਲ ਕਰਾਇੰਦਾ । ਸਰਬ ਕਲ

ਆਪੇ ਸਮਰਥ, ਆਪਣਾ ਬਲ ਆਪ ਵਖਾਇੰਦਾ । ਸਚਖੰਡ ਦੁਆਰੇ ਆਪੇ ਵਸ, ਸਚ ਸਿੰਘਾਸਣ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਸਚਖੰਡ ਦੁਆਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਕਰੇ ਖੇਲ ਸ੍ਰੀ ਭਗਵੰਤ, ਬੇਅੰਤ ਵਡ ਵਡਿਆਈਆ । ਆਪਣੀ ਮਹਿਮਾ ਆਪੇ ਜਾਣੇ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਆਪੇ ਆਦਿ ਆਪੇ ਅੰਤ, ਮਧ ਆਪਣੀ ਧਾਰ ਆਪ ਵਖਾਈਆ । ਆਪੇ ਨਾਰ ਆਪੇ ਕੰਤ, ਆਪੇ ਸਾਚੀ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸਾ ਖੇਲ ਤਮਾਸ਼ਾ ਪੁਰਖ ਅਬਿਨਾਸ਼ਾ ਆਪ ਕਰਾਈਆ । ਸਚਖੰਡ ਮਹੱਲਾ ਉਚ ਅਟਾਰੀ, ਹਰਿ ਸਾਚਾ ਆਪ ਬਣਾਇੰਦਾ । ਨਿਰਗੁਣ ਦੀਆ ਬਾਤੀ ਕਰ ਉਜਿਆਰੀ, ਨੂਰ ਨੁਰਾਨਾ ਡਗਮਗਾਇੰਦਾ । ਛੱਪਰ ਛੰਨ ਨਾ ਕੋਇ ਚਾਰ ਦੀਵਾਰੀ, ਬਾਢੀ ਬਣਤ ਨਾ ਕੋਇ ਬਣਾਇੰਦਾ । ਆਪਣਾ ਖੇਲ ਅਪਰ ਅਪਾਰੀ, ਅਪਰੰਪਰ ਆਪਣਾ ਰੂਪ ਧਰਾਇੰਦਾ । ਆਪੇ ਦਾਤਾ ਬਣ ਭਿਖਾਰੀ, ਦਰ ਦਰਵੇਸ਼ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਵਡਿਆਇੰਦਾ । ਸਚਖੰਡ ਦੁਆਰੇ ਖੇਲ ਅਪਾਰ, ਹਰਿ ਸਾਚਾ ਆਪ ਕਰਾਈਆ । ਸ਼ਾਹੋ ਭੂਪ ਬਣ ਸਿਕਦਾਰ, ਤਖ਼ਤ ਨਿਵਾਸੀ ਸੋਭਾ ਪਾਈਆ । ਹੁਕਮੀ ਹੁਕਮ ਹੁਕਮ ਵਰਤਾਰ, ਧੁਰ ਫ਼ਰਮਾਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਿਰਿਆ ਆਪ ਕਮਾਈਆ । ਸਾਚੀ ਕਿਰਿਆ ਕਰਨੇਹਾਰਾ, ਕਰਤਾ ਪੁਰਖ ਨਾਉਂ ਧਰਾਇੰਦਾ । ਸਾਚੇ ਮੰਦਰ ਕਰ ਪਸਾਰਾ, ਗ੍ਰਿਹਿ ਆਪਣਾ ਰੰਗ ਰੰਗਾਇੰਦਾ । ਨਿਰਮਲ ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਡਿਆਇੰਦਾ । ਸਚਖੰਡ ਦੁਆਰਾ ਸਾਚਾ ਰੰਗ, ਸੋ ਪੁਰਖ ਨਿਰੰਜਣ ਆਪ ਰੰਗਾਈਆ । ਆਪ ਸੁਹਾਏ ਸੇਜ ਪਲੰਘ, ਪਾਵਾ ਚੂਲ ਨਾ ਕੋਇ ਰਖਾਈਆ । ਉਪਰ ਬੈਠ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਹੁਕਮ ਚਲਾਈਆ । ਆਪਣਾ ਬੇੜਾ ਆਪੇ ਬੰਨ੍ਹ, ਆਪੇ ਵੇਖੇ ਚਾਈਂ ਚਾਈਂਆ । ਕਰੇ ਖੇਲ ਸ੍ਰੀ ਭਗਵਨ, ਦੂਜਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਸਾਚਾ ਆਪ ਵਸਾਈਆ । ਸਚਖੰਡ ਸਾਚਾ ਗਿਆ ਵਸ, ਹਰਿ ਜੂ ਆਪ ਵਸਾਇਆ । ਆਪੇ ਜਾਣੇ ਆਪਣਾ ਰਸ, ਰਸ ਰਸ ਆਪ ਉਪਾਇਆ । ਆਪੇ ਵੇਖੇ ਨੱਸ ਨੱਸ, ਦਿਸ਼ਾ ਕੁੰਟ ਵੰਡ ਨਾ ਕੋਇ ਵੰਡਾਇਆ । ਆਪੇ ਕਰੇ ਸਤਿ ਪ੍ਰਕਾਸ਼, ਅਸਤਿ ਨਜ਼ਰ ਕੋਇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਕਰ ਤਿਆਰ, ਕਰੇ ਖੇਲ ਅਪਰ ਅਪਾਰ, ਆਪਣੀ ਧਾਰਾ ਆਪ ਜਣਾਇੰਦਾ । ਸਚਖੰਡ ਦੁਆਰ ਅਵੱਲੜਾ, ਸੋ ਪੁਰਖ ਨਿਰੰਜਣ ਆਪ ਉਪਾਈਆ । ਹਰਿ ਪੁਰਖ ਨਿਰੰਜਣ ਇਕ ਇਕੱਲੜਾ, ਨਿਰਗੁਣ ਬੈਠਾ ਆਸਣ ਲਾਈਆ । ਏਕੰਕਾਰ ਕਰੇ ਖੇਲ ਅਗੰਮ ਅਗੰਮੜਾ, ਅਗੰਮੜੀ ਕਾਰ ਕਮਾਈਆ । ਆਦਿ ਨਿਰੰਜਣ ਆਪੇ ਬਲੜਾ, ਜੋਤੀ ਜੋਤ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਸਾਚਾ ਫ਼ਰਮਾਣ ਏਕਾ ਘਲੜਾ, ਧੁਰ ਫ਼ਰਮਾਣਾ ਆਪ ਸਮਝਾਈਆ । ਅਬਿਨਾਸ਼ੀ ਕਰਤਾ ਫੜ ਫੜ ਪਲੜਾ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਆਪਣਾ ਵੇਸ ਵਟਾਈਆ । ਹਰਿ ਕਾ ਭੇਖ ਅਪਾਰ, ਹਰਿ ਹਰਿ ਆਪ ਕਰਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਰਾਜਨ ਰਾਜ ਵੇਸ ਵਟਾਇੰਦਾ । ਤਖ਼ਤ ਨਿਵਾਸੀ ਬਣ ਸਾਕਾਰ, ਨਿਰਾਕਾਰ ਖੇਲ

੩੩੪
੧੧

ਕਰਾਇੰਦਾ । ਜੋਤੀ ਜਾਤਾ ਨੂਰ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਸਚਖੰਡ ਮਹੱਲੇ ਸਚ ਦਰਬਾਰ, ਧੁਰ ਦਰਬਾਰੀ ਆਪ ਲਗਾਇੰਦਾ । ਸੇਵਕ ਸੇਵਾਦਾਰ ਬਣ ਚੋਬਦਾਰ, ਦਰ ਦਰਵੇਸ਼ ਸੀਸ ਝੁਕਾਇੰਦਾ । ਆਪੇ ਜੋੜ ਜੋੜ ਕਰੇ ਨਿਮਸਕਾਰ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਆਪੇ ਦੇਵੇ ਦੇਵਣਹਾਰ, ਵਸਤ ਅਮੋਲਕ ਆਪ ਵਰਤਾਇੰਦਾ । ਕਰੇ ਖੇਲ ਅਪਰ ਅਪਾਰ, ਆਪਣੀ ਰਚਨਾ ਆਪ ਰਚਾਇੰਦਾ । ਰਚ ਰਚ ਵੇਖੇ ਵੇਖਣਹਾਰ, ਦੂਸਰ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਸਾਇੰਦਾ । ਸਚਖੰਡ ਦੁਆਰਾ ਅਪਰ ਅਪਾਰ, ਹਰਿ ਸਾਚਾ ਆਪ ਉਪਾਈਆ । ਨਾ ਕੋਈ ਦੀਸੇ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਛੁਹਾਈਆ । ਨਾ ਕੋਈ ਰਵ ਸਸ ਉਜਿਆਰ, ਸੂਰਜ ਚੰਨ ਨਾ ਕੋਇ ਰੁਸ਼ਨਾਈਆ । ਮੰਡਲ ਮੰਡਪ ਨਾ ਕੋਇ ਅਧਾਰ, ਲੋਆਂ ਪੁਰੀਆਂ ਨਾ ਵੰਡ ਵੰਡਾਈਆ । ਨਾ ਕੋਈ ਸ਼ਬਦ ਨਾਦ ਧੁਨਕਾਰ, ਰਾਗੀ ਰਾਗ ਨਾ ਕੋਇ ਸੁਣਾਈਆ । ਨਾ ਕੋਈ ਗੁਰੂ ਪੀਰ ਅਵਤਾਰ, ਸਾਧ ਸੰਤ ਨਜ਼ਰ ਨਾ ਆਈਆ । ਨਾ ਕੋਈ ਵਿਸ਼ਨ ਬ੍ਰਹਮਾ ਸ਼ਿਵ ਕਰੇ ਪੁਕਾਰ, ਚਾਰ ਵੇਦ ਨਾ ਕੋਇ ਪੜ੍ਹਾਈਆ । ਨਾ ਕੋਈ ਤ੍ਰੈਗੁਣ ਮਾਇਆ ਵੇਖੇ ਭੰਡਾਰ, ਰਜੋ ਤਮੋ ਸਤੋ ਨਾ ਖੇਲ ਕਰਾਈਆ । ਨਾ ਕੋਈ ਪੰਜ ਤੱਤ ਕਾਇਆ ਦਿਸੇ ਆਕਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਕੋਇ ਨਾ ਪਾਈਆ । ਨਾ ਕੋਈ ਹੱਡ ਮਾਸ ਨਾੜੀ ਬੂੰਦ ਰਕਤ ਕਰੇ ਪਿਆਰ, ਨਾਰੀ ਕੰਤ ਨਾ ਕੋਇ ਬਣਾਈਆ । ਨਾ ਕੋਈ ਜਲ ਥਲ ਜੰਗਲ ਜੂਹ ਉਜਾੜ ਪਹਾੜ, ਸਮੁੰਦ ਸਾਗਰ ਨਾ ਕੋਇ ਉਪਾਈਆ । ਨਾ ਕੋਈ ਲੱਖ ਚੁਰਾਸੀ ਘਾੜਨ ਘੜੇ ਬਣ ਠਠਿਆਰ, ਉਤਭੁਜ ਸੇਤਜ ਜੇਰਜ ਅੰਡ ਵੰਡ ਨਾ ਕੋਇ ਵੰਡਾਈਆ । ਨਾ ਕੋਈ ਤੀਰਥ ਤੱਟ ਕਿਨਾਰ, ਸਰੋਵਰ ਸਰ ਨਾ ਕੋਇ ਸੁਹਾਈਆ । ਨਾ ਕੋਈ ਸ਼ਾਸਤਰ ਸਿਮਰਤ ਕਰੇ ਪੁਕਾਰ, ਗੀਤਾ ਗਿਆਨ ਨਾ ਕੋਇ ਸੁਣਾਈਆ । ਅੰਜੀਲ ਕੁਰਾਨ ਨਾ ਕੋਇ ਵਿਚਾਰ, ਤੀਸ ਬਤੀਸਾ ਨਾ ਕੋਇ ਗਾਈਆ । ਨਾ ਕੋਈ ਖਾਣੀ ਬਾਣੀ ਦਏ ਅਧਾਰ, ਬਾਣ ਨਿਰਾਲਾ ਤੀਰ ਨਾ ਕੋਇ ਲਗਾਈਆ । ਇਕ ਇਕੱਲਾ ਏਕੰਕਾਰ, ਨਿਰਗੁਣ ਆਪਣਾ ਆਸਣ ਲਾਈਆ । ਕਰਤਾ ਪੁਰਖ ਕਰਨੇਹਾਰ, ਆਪਣੀ ਖੇਲ ਆਪ ਕਰਾਈਆ । ਸਚਖੰਡ ਸੋਹੇ ਬੰਕ ਦੁਆਰ, ਬੰਕ ਦੁਆਰੀ ਆਪ ਸੁਹਾਈਆ । ਰਾਉ ਰੰਕ ਨਾ ਕੋਇ ਸਿਕਦਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਬਣਾਈਆ । ਸਚ ਦੁਆਰਾ ਗਿਆ ਬਣ, ਹਰਿ ਜੂ ਆਪ ਬਣਾਇਆ । ਨਾ ਕੋਈ ਜਨਨੀ ਨਾ ਕੋਈ ਜਨ, ਮਾਤ ਪਿਤ ਨਾ ਕੋਇ ਅਖਵਾਇਆ । ਕਰੇ ਖੇਲ ਸ੍ਰੀ ਭਗਵਨ, ਆਪਣੀ ਰਚਨਾ ਆਪ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇਆ । ਸਚਖੰਡ ਦੁਆਰਾ ਸੋਭਾਵੰਤ, ਸਤਿ ਪੁਰਖ ਨਿਰੰਜਣ ਆਪ ਸੁਹਾਈਆ । ਨਿਰਗੁਣ ਬਣਾਏ ਸਾਚੀ ਬਣਤ, ਨਿਰਗੁਣ ਵੇਖੇ ਚਾਈਂ ਚਾਈਂਆ । ਨਿਰਗੁਣ ਕਾਇਆ ਨਾ ਜਾਣੇ ਆਦਿ ਅੰਤ, ਬੇਅੰਤ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਚੜ੍ਹ, ਆਪਣਾ ਖੇਲ ਆਪ ਵਰਤਾਈਆ । ਸਚਖੰਡ ਦੁਆਰੇ ਹਰਿ ਜੂ ਵੜਿਆ, ਸਤਿ ਆਪਣਾ ਆਸਣ ਲਾਈਆ । ਆਪਣਾ ਘਾੜਨ ਆਪੇ ਘੜਿਆ, ਘੜ ਘੜ ਆਪਣੀ ਬਣਤ ਬਣਾਈਆ । ਆਪ ਸੁਹਾਏ ਆਪਣਾ ਦਰਿਆ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਆਪਣਾ ਨੂਰ ਆਪੇ ਵਰਿਆ, ਨਾਰ ਕੰਤ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਪ੍ਰਗਟਾਈਆ । ਆਪਣੀ

ਇਛਿਆ ਆਪੇ ਆਸਾ, ਆਸਾਵੰਤ ਆਪ ਅਖਵਾਇੰਦਾ । ਆਪੇ ਚਰਨ ਆਪ ਭਰਵਾਸਾ, ਸੀਸ ਆਪਣਾ ਹੱਥ ਟਿਕਾਇੰਦਾ । ਆਪੇ ਖੇਲ ਆਪ ਤਮਾਸ਼ਾ, ਖੇਲਣਹਾਰ ਆਪ ਹੋ ਜਾਇੰਦਾ । ਆਪੇ ਮੰਡਲ ਆਪੇ ਰਾਸਾ, ਆਪੇ ਗੋਪੀ ਕਾਹਨ ਨਚਾਇੰਦਾ । ਆਪੇ ਸਚਖੰਡ ਦੁਆਰੇ ਕਰ ਕਰ ਵਾਸਾ, ਸਚਖੰਡ ਨਿਵਾਸੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਾਕਾਰ ਨਿਰਵੈਰ ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਰੂਪ ਰੰਗ ਨਾ ਕੋਇ ਰੇਖ, ਵੱਡਾ ਹਰਿ ਵਡ ਵਡਿਆਈਆ । ਸਚਖੰਡ ਦੁਆਰੇ ਵਸੇ ਸਾਚੇ ਦੇਸ, ਮਹੱਲ ਅਟੱਲ ਕਰ ਰੁਸ਼ਨਾਈਆ । ਆਦਿ ਆਦਿ ਨਾ ਲਿਖਿਆ ਕਿਸੇ ਲੇਖ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਆਪ ਵਰਤਾਈਆ । ਆਪੇ ਦਾਤਾ ਬਣ ਭਿਖਾਰੀ, ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਦਾਨੀ ਦੇਵਣਹਾਰੀ, ਵਸਤ ਅਮੋਲਕ ਝੋਲੀ ਪਾਇੰਦਾ । ਆਪੇ ਵੇਖੇ ਵਿਗਸੇ ਕਰੇ ਵਿਚਾਰੀ, ਵੇਖਣਹਾਰਾ ਭੇਵ ਖੁਲ੍ਹਾਇੰਦਾ । ਆਪੇ ਮਹੱਲ ਅਟੱਲ ਸੁਹਾਏ ਮਨਾਰੀ, ਉਚ ਅਟੱਲ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਿਛਿਆ ਆਪ ਵਰਤਾਇੰਦਾ । ਸਾਚੀ ਭਿਛਿਆ ਸਾਚੀ ਦਾਤ, ਹਰਿ ਪੁਰਖ ਨਿਰੰਜਣ ਆਪ ਵਰਤਾਈਆ । ਆਦਿ ਆਦਿ ਇਕ ਇਕਾਂਤ, ਆਪਣੀ ਕਲ ਵਰਤਾਈਆ । ਆਪਣਾ ਬੰਧੇ ਆਪੇ ਨਾਤ, ਨਾਤਾ ਨਿਰਗੁਣ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਹੁਕਮ ਵਰਤਾਈਆ । ਹੁਕਮੀ ਹੁਕਮ ਧੁਰ ਫ਼ਰਮਾਣ, ਸਚਖੰਡ ਨਿਵਾਸੀ ਆਪ ਜਣਾਇੰਦਾ । ਨਾਰ ਕੰਤ ਕਰ ਪਰਵਾਨ, ਸਾਚੀ ਸੇਜਾ ਆਪ ਸੁਹਾਇੰਦਾ । ਨਿਰਗੁਣ ਨਿਰਗੁਣ ਕਰ ਪਰਧਾਨ, ਨਿਰਗੁਣ ਆਪਣੇ ਰੰਗ ਰੰਗਾਇੰਦਾ । ਨਿਰਗੁਣ ਮਾਤ ਪਿਤ ਬਣ ਪੂਤ ਬਾਲ ਨਿਧਾਨ, ਬਾਲੀ ਬਾਲਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਖੇਲ ਕਰਾਇੰਦਾ । ਨਿਰਗੁਣ ਪਿਤਾ ਨਿਰਗੁਣ ਮਾਈ, ਨਿਰਗੁਣ ਪੂਤ ਸਪੂਤਾ ਜਾਇਆ । ਨਿਰਗੁਣ ਦਾਇਆ ਨਿਰਗੁਣ ਦਾਈ, ਹਰਿ ਆਪਣਾ ਖੇਲ ਕਰਾਇਆ । ਨਿਰਗੁਣ ਗ੍ਰਿਹਿ ਵੱਜੇ ਵਧਾਈ, ਨਿਰਗੁਣ ਨਿਰਗੁਣ ਰਿਹਾ ਸੁਣਾਇਆ । ਨਿਰਗੁਣ ਵੇਖੇ ਚਾਈਂ ਚਾਈਂ, ਦਰ ਆਪਣੇ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹਿ ਮੰਦਰ ਆਪ ਵਡਿਆਇਆ । ਨਿਰਗੁਣ ਉਪਜਿਆ ਪੂਤ ਸਪੂਤਾ ਛੋਟਾ ਬਾਲਾ, ਹਰਿ ਸਾਚਾ ਸਚ ਉਪਾਈਆ । ਕਰੇ ਖੇਲ ਆਪ ਨਿਰਾਲਾ, ਪੁਰਖ ਅਕਾਲਾ ਬੇਪਰਵਾਹੀਆ । ਸਚਖੰਡ ਵਸਾਏ ਸੱਚੀ ਧਰਮਸਾਲਾ, ਦਰਗਹਿ ਸਾਚੀ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵੇ ਮਾਣ ਮਾਣ ਸਹਿਜ ਸੁਖਦਾਈਆ । ਛੋਟਾ ਬਾਲਾ ਕਰ ਤਿਆਰ, ਹਰਿ ਜੂ ਖੇਲ ਕਰਾਇਆ । ਜੋਤੀ ਅੰਦਰੋਂ ਸਾਚੀ ਧਾਰ, ਸ਼ਬਦੀ ਰੂਪ ਵਟਾਇਆ । ਏਕਾ ਘਰ ਕਰੇ ਪਿਆਰ, ਏਕਾ ਆਪਣੀ ਗੋਦ ਸੁਹਾਇਆ । ਏਕਾ ਵਸਤ ਦੇਵੇ ਦਾਤਾਰ, ਦਾਤਾ ਦਾਨੀ ਆਪ ਵਰਤਾਇਆ । ਏਕਾ ਬਖ਼ਸ਼ੇ ਚਰਨ ਆਧਾਰ, ਚਰਨ ਚਰਨੋਦਕ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸਮਝਾਇਆ । ਸਾਚੇ ਸੁਤ ਜਾਣਾ ਉਠ, ਨਿਰਗੁਣ ਆਖ ਸੁਣਾਇਆ । ਸਾਹਿਬ ਦਿਆਲ ਗਿਆ ਤੁਠ, ਰਹਿਮਤ ਰਹੀਮ ਕਮਾਇਆ । ਅੰਮ੍ਰਿਤ ਚਰਨਾਮਿਤ ਏਕਾ ਘੁੱਟ, ਚਰਨ ਚਰਨ ਨਾਲ ਰਗੜਾਇਆ । ਸਚਖੰਡ ਨਿਵਾਸੀ ਆਪਣੇ ਅੰਤਰ ਗਿਆ ਫੁੱਟ, ਤੇਰਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਿਰ ਤੇਰੇ ਹੱਥ ਰਖਾਇਆ । ਸੁਤ ਸ਼ਬਦ ਮੰਗੇ ਦਾਨ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਬੇਅੰਤ ਤੇਰੀ ਵਡਿਆਈਆ । ਹਉਂ ਬਾਲਾ ਬਾਲ ਨਾਦਾਨ, ਦਰ ਬੈਠਾ ਸੀਸ ਝੁਕਾਈਆ । ਤੂੰ ਸਚਖੰਡ ਵਸੇ ਸਚ ਮਕਾਨ, ਸਚ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਕਵਣ ਧਾਮ ਮੋਹੇ ਦਏ ਬਹਾਈਆ । ਪੁਰਖ ਅਬਿਨਾਸ਼ੀ ਸੂਰਬੀਰ ਮਹਾਂਬਲੀ ਅਖਵਾਇੰਦਾ । ਛੋਟੇ ਬਾਲੇ ਦੇਵੇ ਧੀਰ, ਧੀਰਜ ਆਪਣੀ ਆਪ ਧਰਾਇੰਦਾ । ਮੈਂ ਚੋਟੀ ਚੜ੍ਹ ਬੈਠਾ ਅਖ਼ੀਰ, ਮੇਰਾ ਅੰਤ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਆਪ ਸਮਝਾਇੰਦਾ । ਸ਼ਬਦ ਸੁਤ ਕਰ ਧਿਆਨ, ਹਰਿ ਹਰਿ ਆਖ ਸੁਣਾਇਆ । ਤੇਰਾ ਬਣਾਵਾਂ ਇਕ ਮਕਾਨ, ਥਿਰ ਘਰ ਨਾਉਂ ਰਖਾਇਆ । ਅੰਦਰ ਵੜਨਾ ਚਤੁਰ ਸੁਜਾਨ, ਤੇਰੀ ਮਹਿਮਾ ਗਣਤ ਨਾ ਰਾਇਆ । ਤੇਰਾ ਮੇਲਾ ਸ੍ਰੀ ਭਗਵਾਨ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦਏ ਸੁਹਾਇਆ । ਥਿਰ ਘਰ ਬਣੇ ਤੇਰਾ ਦੁਆਰਾ, ਸੋ ਪੁਰਖ ਨਿਰੰਜਣ ਆਪ ਬਣਾਈਆ । ਘਰ ਵਿਚ ਘਰ ਕਰ ਤਿਆਰਾ, ਗ੍ਰਹਿ ਵੇਖੇ ਚਾਈਂ ਚਾਈਂਆ । ਨਿਰਮਲ ਦੀਆ ਕਰ ਉਜਿਆਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਵੇਖੇ ਵਿਗਸੇ ਵੇਖਣਹਾਰਾ, ਨੇਤਰ ਨੈਣ ਨੈਣ ਖੁਲ੍ਹਾਈਆ । ਚਰਨ ਕਵਲ ਸਚ ਸਹਾਰਾ, ਆਦਿ ਜੁਗਾਦਿ ਸਮਝਾਈਆ । ਤੇਰਾ ਰੂਪ ਅਪਰ ਅਪਾਰਾ, ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਵਾਰ ਰਿਹਾ ਸਮਝਾਈਆ । ਏਕਾ ਵਾਰ ਸੁਣ ਲਾ ਬਾਤ, ਹਰਿ ਜੂ ਆਖ ਸੁਣਾਇਆ । ਥਿਰ ਘਰ ਦਿਤੀ ਸਾਚੀ ਦਾਤ, ਸਾਚੀ ਵੰਡ ਵੰਡਾਇਆ । ਤੇਰਾ ਲੇਖਾ ਆਦਿ ਜੁਗਾਦਿ, ਜੁਗ ਜੁਗ ਆਪ ਜਣਾਇਆ । ਤੇਰੇ ਅੰਤਰ ਮੇਰਾ ਖਾਤ, ਸਚ ਭੰਡਾਰਾ ਇਕ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸਮਝਾਇਆ । ਸਾਚੇ ਸੁਤ ਹੋ ਤਿਆਰ, ਨਿਰਗੁਣ ਆਖ ਸੁਣਾਇਆ । ਮੇਰਾ ਤੇਰਾ ਇਕ ਵਿਹਾਰ, ਬਿਵਹਾਰੀ ਆਪ ਵਖਾਈਆ । ਤੇਰੀ ਸੇਜਾ ਕੰਤ ਭਤਾਰ, ਨਰ ਨਰਾਇਣ ਵੇਖ ਵਖਾਈਆ । ਤੇਰੀ ਖੋਲ੍ਹਾਂ ਆਪ ਕਿਵਾੜ, ਬੰਦ ਤਾਕੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਈਆ । ਸਾਚਾ ਹੁਕਮ ਧੁਰ ਫ਼ਰਮਾਣ, ਹਰਿ ਹਰਿ ਆਖ ਸੁਣਾਇਆ । ਸੁਤ ਦੁਲਾਰੇ ਬਲ ਬਲਵਾਨ, ਪ੍ਰਭ ਸਾਚਾ ਹੋਏ ਸਹਾਇਆ । ਨਿਰਗੁਣ ਖੋਲ੍ਹੇ ਇਕ ਦੁਕਾਨ, ਸਾਚਾ ਹੱਟ ਜਣਾਇਆ । ਕਿਰਪਾ ਕਰੇ ਸ੍ਰੀ ਭਗਵਾਨ, ਆਪਣਾ ਪਰਦਾ ਲਾਹਿਆ । ਤੇਰੇ ਅੰਦਰ ਨੂਰ ਮਹਾਨ, ਆਪਣਾ ਜਲਵਾ ਦਏ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇਆ । ਸਾਚੀ ਕਰਨੀ ਕਰੇ ਕਰਤਾਰ, ਆਪਣਾ ਰੰਗ ਵਖਾਈਆ । ਤੇਰੇ ਅੰਤਰ ਆਪਣੀ ਧਾਰ, ਧਾਰ ਧਾਰ ਵਿਚੋਂ ਪ੍ਰਗਟਾਈਆ । ਆਪੇ ਵਿਸ਼ਵ ਕਰ ਤਿਆਰ, ਵਿਸ਼ਨੂੰ ਨਾਉਂ ਰਖਾਈਆ । ਆਪੇ ਅੰਮ੍ਰਿਤ ਭਰ ਭੰਡਾਰ, ਕਵਲ ਕਵਲਾ ਰੂਪ ਵਟਾਈਆ । ਆਪੇ ਖਿੜੇ ਸੱਚੀ ਗੁਲਜ਼ਾਰ, ਪੱਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਰਿਹਾ ਸਮਝਾਈਆ । ਸਾਚੇ ਸੁਤ ਸਾਚੀ ਵਾਗ, ਪ੍ਰਭ ਤੇਰੇ ਹੱਥ ਫੜਾਇੰਦਾ । ਤੇਰਾ ਰੂਪ ਇਕ ਚਿਰਾਗ, ਵਿਸ਼ਨੂੰ ਹਰਿ ਪ੍ਰਗਟਾਇੰਦਾ । ਵਿਸ਼ਨੂੰ ਅੰਤਰ ਆਪੇ ਜਾਗ, ਪਾਰਬ੍ਰਹਮ ਪ੍ਰਭ ਵੰਡ ਵੰਡਾਇੰਦਾ । ਬ੍ਰਹਮ ਮੇਲਾ ਕੰਤ ਸੁਹਾਗ, ਕੰਤ ਕੰਤੂਹਲ ਖੇਲ ਕਰਾਇੰਦਾ । ਆਪਣੀ ਰਚਨਾ ਰਚ ਰਚ

ਆਦਿ, ਹਰਿ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵੇਖੇ ਆਪੇ ਖੜ, ਸਚਖੰਡ ਦੁਆਰਾ ਆਪ ਸੁਹਾਇੰਦਾ । ਥਿਰ ਘਰ ਦੁਆਰਾ ਆਪੇ ਖੋਲ੍ਹ, ਹਰਿ ਸਾਚੇ ਸਚ ਜਣਾਈਆ । ਆਪਣੇ ਕੰਡੇ ਤੋਲੇ ਤੋਲ, ਤੋਲਣਹਾਰ ਇਕ ਅਖਵਾਈਆ । ਆਪਣੇ ਅੰਤਰ ਆਪੇ ਮੌਲ, ਮੌਲਾ ਆਪਣਾ ਰੂਪ ਵਟਾਈਆ । ਆਪੇ ਭਰੇ ਨਾਭ ਕਵਲ, ਕਵਲ ਨਾਭ ਆਪ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਥਿਰ ਦੁਆਰੇ ਮਾਣ ਦਵਾਈਆ । ਥਿਰ ਦੁਆਰੇ ਤੇਰਾ ਮਾਣ, ਚਰਨ ਕਵਲ ਸ਼ਰਨਾਈਆ । ਉਪਰ ਬੈਠ ਸ੍ਰੀ ਭਗਵਾਨ, ਗ੍ਰਿਹਿ ਵੇਖੇ ਚਾਈਂ ਚਾਈਂਆ । ਵਿਸ਼ਨ ਬ੍ਰਹਮਾ ਕਰ ਪਰਵਾਨ, ਧੂਆਂਧਾਰ ਰਿਹਾ ਸਮਾਈਆ । ਆਪੇ ਸ਼ੰਕਰ ਦੇਵੇ ਦਾਨ, ਸ਼ਰਅ ਆਪਣੀ ਆਪ ਸਮਝਾਈਆ । ਤਿੰਨੇ ਚੇਲੇ ਕਰ ਪਰਵਾਨ, ਜੋਤੀ ਮਾਤਾ ਨਾਲ ਪ੍ਰਨਾਈਆ । ਜੋਤੀ ਮਾਤਾ ਖੇਲ ਮਹਾਨ, ਸਾਚਾ ਸਚ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਾਰਬ੍ਰਹਮ ਬੇਅੰਤ ਵਡਿਆਈਆ । ਸਾਚੇ ਸੁੱਤ ਸੁਤ ਦੁਲਾਰੇ, ਹਰਿ ਜੂ ਆਖ ਸੁਣਾਇਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਦੁਲਾਰੇ, ਦੋਏ ਦੋਏ ਰੂਪ ਆਪ ਵਟਾਇਆ । ਤਿੰਨਾਂ ਲੇਖਾ ਜਾਣੇ ਜਾਣਨਹਾਰੇ, ਦਰ ਸਾਚੇ ਮੰਗ ਮੰਗਾਇਆ । ਹੁਕਮੀ ਹੁਕਮ ਵਰਤੇ ਵਰਤਾਰੇ, ਧੁਰ ਫ਼ਰਮਾਣਾ ਆਪ ਸੁਣਾਇਆ । ਉਠੋ ਉਠ ਉਠ ਬਲ ਧਾਰੇ, ਬਲ ਆਪਣਾ ਆਪ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਖੇਲ ਖਲਾ, ਭੇਵ ਅਭੇਦ ਛੁਪਾਇੰਦਾ । ਤ੍ਰੈ ਤ੍ਰੈ ਬੈਠੇ ਸੀਸ ਝੁਕਾ, ਸ਼ਬਦੀ ਵੰਡ ਵੰਡਾਇੰਦਾ । ਏਕਾ ਗੁਣ ਆਪਣਾ ਵਰਤਾ, ਗੁਣ ਦਾਤਾ ਦਇਆ ਕਮਾਇੰਦਾ । ਏਕਾ ਭਿਛਿਆ ਰਿਹਾ ਪਾ, ਭਿਖਕ ਝੋਲੀ ਆਪ ਭਰਾਇੰਦਾ । ਆਪਣੀ ਸਿਖਿਆ ਰਿਹਾ ਸਮਝਾ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸੇਵਾ ਰਿਹਾ ਲਗਾ, ਸੇਵਕ ਸੇਵ ਸਚ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰੇ ਆਪ ਲਾਇੰਦਾ । ਸਾਚੀ ਕਾਰ ਕਰੇ ਕਰਤਾਰ, ਏਕਾ ਵਾਰ ਸਮਝਾਈਆ । ਖੇਲੇ ਖੇਲ ਅਗੰਮ ਅਪਾਰ, ਅਗੰਮੜੀ ਧਾਰ ਚਲਾਈਆ । ਨਿਰਗੁਣ ਨਿਰਗੁਣ ਇਕ ਵਿਹਾਰ, ਬਿਵਹਾਰੀ ਆਪ ਸਮਝਾਈਆ । ਸੁਤ ਦੁਲਾਰਾ ਵਡ ਬਲਕਾਰ, ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਭਿਖਾਰ, ਬੈਠੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦਰ ਤੇਰੇ ਮੰਗ ਮੰਗਾਈਆ । ਏਕਾ ਦੇ ਦੇ ਵਸਤ ਅਪਾਰ, ਅਤੋਟ ਅਤੁਟ ਰਖਾਈਆ । ਤੇਰਾ ਨੇਤਰ ਦਰਸ ਦੀਦਾਰ, ਆਦਿ ਜੁਗਾਦਿ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਗੁਣ ਰਿਹਾ ਸਮਝਾਈਆ । ਆਪਣਾ ਗੁਣ ਹਰਿ ਜੂ ਦੱਸ, ਆਪਣੀ ਦਇਆ ਕਮਾਇੰਦਾ । ਨਿਰਗੁਣ ਅੰਦਰ ਨਿਰਗੁਣ ਜਾਏ ਵਸ, ਨਿਰਗੁਣ ਆਪਣੀ ਕਾਰ ਕਮਾਇੰਦਾ । ਨਿਰਗੁਣ ਦੇਵੇ ਆਪਣਾ ਰਸ, ਰਸਕ ਰਸਕ ਏਕਾ ਰਸ ਮੁਖ ਚੁਆਇੰਦਾ । ਨਿਰਗੁਣ ਅੰਦਰ ਨਿਰਗੁਣ ਫਸ, ਆਪਣਾ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਸਾਚਾ ਕੰਮ, ਹਰਿ ਜੂ ਆਖ ਸੁਣਾਇੰਦਾ । ਕਰੇ ਖੇਲ ਪੁਰਖ ਅਗੰਮ, ਅਗੰਮੜੀ ਖੇਲ ਵਖਾਇੰਦਾ । ਨਾ ਮਰੇ ਨਾ ਪਏ ਜੰਮ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਨਾ ਕੋਈ ਪਵਣ ਸਵਾਸੀ ਦਮ, ਰਸਨਾ ਜਿਹਵਾ ਨਾ ਕੋਇ ਹਲਾਇੰਦਾ । ਨਾ ਕੋਇ ਹਰਖ਼ ਸੋਗ ਨਾ ਗ਼ਮ, ਚਿੰਤਾ ਦੁੱਖ ਨਾ ਕੋਇ ਲਗਾਇੰਦਾ । ਨਿਸ਼ਾਨ ਤੇਰੇ ਦੇਵੇ ਹੱਥ, ਏਕਾ

ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੱਸੇ ਸਾਚਾ ਰਾਹ, ਸਾਚੀ ਸਿਖਿਆ ਇਕ ਸਿਖਾਇੰਦਾ । ਸਾਚੀ ਸਿਖਿਆ ਸਾਚਾ ਰਾਹ, ਸਤਿ ਸਤਿਵਾਦੀ ਆਪ ਜਣਾਈਆ । ਤਿੰਨਾਂ ਵਿਚੋਲਾ ਇਕ ਮਲਾਹ, ਏਕਾ ਹਰਿ ਅਖਵਾਈਆ । ਸ਼ਬਦੀ ਸ਼ਬਦ ਦਏ ਸਲਾਹ, ਨਿਰਗੁਣ ਨਿਰਗੁਣ ਕਰ ਪੜ੍ਹਾਈਆ । ਆਦਿ ਪਕੜੇ ਆਪੇ ਬਾਂਹ, ਅੰਤ ਹੋਏ ਸਹਾਈਆ । ਰਥ ਰਥਵਾਹੀ ਸੇਵ ਕਮਾ, ਸਾਚਾ ਰਥ ਆਪ ਚਲਾਈਆ । ਮਹਿਮਾ ਅਕਥ ਦਏ ਸੁਣਾ, ਨਿਸ਼ਅੱਖਰ ਕਰ ਪੜ੍ਹਾਈਆ । ਸਮਰਥ ਆਪਣਾ ਨਾਉਂ ਧਰਾ, ਧੁਰ ਦੀ ਬਾਣੀ ਆਪ ਜਣਾਈਆ । ਅਲੱਖਣਾ ਅਲੱਖ ਇਕ ਅਲੱਖ ਜਗਾ, ਏਕਾ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਆਦਿ ਪੁਰਖ ਆਪ ਕਰਾਇਆ । ਸਚ ਸਿੰਘਾਸਣ ਬੈਠ ਸਚ ਮਹੱਲਾ, ਸਚਖੰਡ ਦੁਆਰ ਉਪਾਇਆ । ਵਿਸ਼ਨ ਬ੍ਰਹਮਾ ਸ਼ਿਵ ਅੰਤਰ ਆਪੇ ਰਲਾ, ਨੂਰ ਨੁਰਾਨਾ ਡਗਮਗਾਇਆ । ਨਿਰਵੈਰ ਫੜਾਇਆ ਆਪਣਾ ਪੱਲਾ, ਆਪੇ ਆਪਣੀ ਗੰਢ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇਆ । ਸਾਚਾ ਖੇਲ ਹਰਿ ਕਰੌਣਾ, ਹਰਿ ਕਰਤਾ ਆਪ ਜਣਾਇੰਦਾ । ਸ਼ਬਦੀ ਤੇਰਾ ਬਲ ਵਖੌਣਾ, ਬਲ ਆਪਣਾ ਨਾਲ ਮਿਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗੌਣਾ, ਸਾਚੀ ਸੇਵਾ ਇਕ ਸਮਝਾਇੰਦਾ । ਲੱਖ ਚੁਰਾਸੀ ਘਾੜਨ ਘੜਤ ਘੜੌਣਾ, ਘੜ ਘੜ ਭਾਂਡੇ ਵੇਖ ਵਖਾਇੰਦਾ । ਆਪਣੀ ਰੰਗਣ ਆਪ ਰੰਗੌਣਾ, ਰੰਗ ਰੰਗੀਲਾ ਰੰਗ ਜਣਾਇੰਦਾ । ਘਰ ਘਰ ਨਾਦ ਮਰਦੰਗ ਵਜੌਣਾ, ਅਨਾਦੀ ਨਾਦ ਆਪ ਸੁਣਾਇੰਦਾ । ਘਰ ਘਰ ਦੀਪਕ ਜੋਤ ਜਗੌਣਾ, ਜੋਤ ਨਿਰੰਜਣ ਵੰਡ ਵੰਡਾਇੰਦਾ । ਘਰ ਘਰ ਅੰਮ੍ਰਿਤ ਜਾਮ ਪਿਆਉਣਾ, ਨਿਝਰ ਝਿਰਨਾ ਆਪ ਝਿਰਾਇੰਦਾ । ਘਰ ਘਰ ਆਪਣਾ ਡੇਰਾ ਲਾਉਣਾ, ਆਤਮ ਪਰਮਾਤਮ ਖੇਲ ਕਰਾਇੰਦਾ । ਘਰ ਘਰ ਈਸ਼ ਜੀਵ ਮਿਲੌਣਾ, ਜਗਦੀਸ਼ ਰੂਪ ਵਟਾਇੰਦਾ । ਘਰ ਘਰ ਆਪਣਾ ਪਰਦਾ ਪਾਉਣਾ, ਮੁਖ ਨਕਾਬ ਟਿਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸਮਝੌਣਾ, ਸਾਚੀ ਸਿਖਿਆ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੋਏ ਜੋੜ ਪ੍ਰਭ ਅੱਗੇ ਸੀਸ ਝੁਕਾਈਆ । ਤੁਧ ਬਿਨ ਦਿਸੇ ਅੰਧ ਘੋਰ, ਨੂਰ ਨਜ਼ਰ ਕੋਇ ਨਾ ਆਈਆ । ਸਾਹਿਬ ਸੁਲਤਾਨ ਹੱਥ ਤੇਰੇ ਡੋਰ, ਜਿਉਂ ਭਾਵੇ ਤਿਉਂ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਿਸ ਬਿਧ ਤੇਰੀ ਸੇਵ ਕਮਾਈਆ । ਕਵਣ ਬਿਧ ਪ੍ਰਭ ਤੇਰੀ ਸੇਵ, ਹਉਂ ਬਾਲਕ ਆਪ ਕਮਾਈਆ । ਤੂੰ ਦਾਤਾ ਦਾਨੀ ਅਲਖ ਭੇਵ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਤੂੰ ਆਦਿ ਜੁਗਾਦਿ ਸਦਾ ਨੇਹਕੇਵ, ਨਿਹਚਲ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਵਸਤ ਝੋਲੀ ਪਾਈਆ । ਸਾਚੀ ਵਸਤ ਦੇ ਦੇ ਦਾਨ, ਏਕਾ ਮੰਗ ਮੰਗਾਈਆ । ਤੇਰੀ ਸੇਵਾ ਕਰੀਏ ਮਹਾਨ, ਚਰਨ ਕਵਲ ਸੱਚੀ ਸ਼ਰਨਾਈਆ । ਤੂ ਰਹਿਣਾ ਨਿਗਹਬਾਨ, ਇਕ ਤੇਰੀ ਓਟ ਰਖਾਈਆ । ਲੱਖ ਚੁਰਾਸੀ ਤੇਰਾ ਨਿਸ਼ਾਨ ਏਕਾ ਬੂਟਾ ਦਏ ਲਗਾਈਆ । ਤੂੰ ਹੋਣਾ ਸੱਚਾ ਬਾਗਬਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਝੋਲੀ ਪਾਈਆ । ਏਕਾ ਵਸਤ ਦੇਵੇ ਦਾਤ, ਆਪਣੀ ਦਇਆ ਕਮਾਇੰਦਾ । ਤਿਨ੍ਹਾਂ ਵਿਚੋਲਾ ਕਮਲਾਪਾਤ, ਘਰ ਸਾਚੇ ਸੋਭਾ ਪਾਇੰਦਾ । ਤ੍ਰੈ ਤ੍ਰੈ ਲੇਖਾ ਇਕ ਇਕਾਂਤ, ਏਕਾ ਵਾਰ ਚੁਕਾਇੰਦਾ । ਤ੍ਰੈਗੁਣ ਮਾਇਆ ਖੇਲ ਤਮਾਸ਼, ਸਾਚੀ

ਖੇਲ ਵਖਾਇੰਦਾ । ਰਜੋ ਤਮੋ ਸਤੋ ਕਰ ਪ੍ਰਕਾਸ਼, ਸਤਿ ਆਪਣਾ ਰੰਗ ਚੜ੍ਹਾਇੰਦਾ । ਵਿਸ਼ਨ ਬ੍ਰਹਮੇ ਸ਼ਿਵ ਤੇਰੇ ਵਸੇ ਪਾਸ, ਏਕਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਤ੍ਰੈਗੁਣ ਮਾਇਆ ਹਰਿ ਉਪਾ, ਏਕਾ ਵੰਡ ਵੰਡਾਈਆ । ਤਿੰਨਾਂ ਝੋਲੀ ਦਏ ਭਰਾ, ਅਤੋਟ ਅਤੁਟ ਰਖਾਈਆ । ਨਾਤਾ ਜੋੜੇ ਸਹਿਜ ਸੁਭਾ, ਨਾ ਕੋਈ ਤੋੜੇ ਤੋੜ ਤੁੜਾਈਆ । ਏਕਾ ਰੰਗ ਦਏ ਰੰਗਾ, ਦੂਜੀ ਵਾਰ ਉਤਰ ਨਾ ਜਾਈਆ । ਨਿਰਗੁਣ ਪੱਲਾ ਦਏ ਫੜਾ, ਨਿਰਗੁਣ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਵਖਾਈਆ । ਤ੍ਰੈਗੁਣ ਮਾਇਆ ਝੋਲੀ ਪਾ, ਆਪਣੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਬਣ ਮਲਾਹ, ਸਾਚਾ ਬੇੜਾ ਆਪ ਉਠਾਇੰਦਾ । ਸਾਚੀ ਘਾੜਤ ਲੈਣੀ ਘੜਾ, ਬਣ ਠਠਿਆਰ ਸੇਵ ਕਮਾਇੰਦਾ । ਤਿੰਨੇ ਬੈਠੇ ਸੀਸ ਝੁਕਾ, ਤੇਰਾ ਅੰਤ ਕੋਇ ਨਾ ਪਾਇੰਦਾ । ਖਾਲੀ ਹੱਥ ਰਹੇ ਵਖਾ, ਭੰਡਾਰਾ ਨਜ਼ਰ ਕੋਇ ਨਾ ਆਇੰਦਾ । ਆਪਣਾ ਭੇਵ ਦੇ ਜਣਾ, ਅਭੇਤ ਤੇਰਾ ਭੇਵ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਸੀਸ ਝੁਕਾਇੰਦਾ । ਦਰ ਦੁਆਰੇ ਝੁਕਿਆ ਸੀਸ, ਸੀਸ ਸੀਸ ਨਿਵਾਈਆ । ਕਰੇ ਖੇਲ ਹਰਿ ਜਗਦੀਸ਼, ਜਗਦੀਸ਼ਰ ਵਡ ਵਡਿਆਈਆ । ਤ੍ਰੈਗੁਣ ਮਾਇਆ ਪੀਸਣ ਪੀਸ, ਸਾਚੀ ਘਾਲ ਘਾਲ ਕਮਾਈਆ । ਏਕਾ ਨਾਮ ਇਕ ਹਦੀਸ, ਏਕਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਈਆ । ਸਾਚਾ ਖੇਲ ਪੁਰਖ ਕਰਤਾਰ, ਆਪਣਾ ਆਪ ਜਣਾਇੰਦਾ । ਉਠੋ ਤਿੰਨੇ ਲਓ ਬਲ ਧਾਰ, ਬਲਧਾਰੀ ਆਪ ਉਠਾਇੰਦਾ । ਸਾਚਾ ਵਣਜ ਵਣਜ ਵਪਾਰ, ਹੱਟ ਹਟਵਾਣਾ ਆਪ ਕਰਾਇੰਦਾ । ਪੰਚਮ ਮੇਲਾ ਅਪਰ ਅਪਾਰ, ਸਾਚਾ ਨਾਤਾ ਜੋੜ ਜੁੜਾਇੰਦਾ । ਨਿਰਗੁਣ ਰੂਪ ਕਰ ਤਿਆਰ, ਸਰਗੁਣ ਆਪਣਾ ਵੇਖ ਵਖਾਇੰਦਾ । ਵੰਡੇ ਵੰਡ ਵੰਡਣਹਾਰ, ਸਾਚੀ ਵੰਡ ਆਪ ਕਰਾਇੰਦਾ । ਮਨ ਮਤ ਬੁਧ ਕਰ ਪਸਾਰ, ਇਛਿਆ ਭਿਛਿਆ ਝੋਲੀ ਪਾਇੰਦਾ । ਤ੍ਰੈਗੁਣ ਮੇਲਾ ਏਕਾ ਵਾਰ, ਤ੍ਰੈਗੁਣ ਅਤੀਤਾ ਆਪ ਕਰਾਇੰਦਾ । ਮਾਇਆ ਰਚ ਆਪ ਕਰਤਾਰ, ਕੁਦਰਤ ਕਾਦਰ ਖੇਲ ਖਲਾਇੰਦਾ । ਮੁਕਾਮੇ ਹੱਕ ਸਾਂਝਾ ਯਾਰ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨ ਬ੍ਰਹਮਾ ਸ਼ਿਵ ਫੜ ਸਾਚੇ ਧੰਦੇ ਆਪੇ ਲਾਇੰਦਾ । ਸਾਚੇ ਧੰਦੇ ਗਏ ਲੱਗ, ਹਰਿ ਜੂ ਆਪ ਲਗਾਇਆ । ਕਰੇ ਖੇਲ ਸੂਰਾ ਸਰਬੱਗ, ਆਪਣਾ ਹੁਕਮ ਸੁਣਾਇਆ । ਏਕਾ ਨਾਦ ਗਿਆ ਵੱਜ, ਨਿਰਾਕਾਰ ਆਪ ਵਜਾਇਆ । ਏਕਾ ਵੇਖੇ ਸਾਚੀ ਹੱਦ, ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਇਆ । ਆਪਣੇ ਵਿਚੋਂ ਆਪਾ ਕੱਢ, ਆਪੇ ਖੇਲ ਕਰਾਇਆ । ਲੱਖ ਚੁਰਾਸੀ ਨਿਸ਼ਾਨਾ ਗੱਡ, ਤੀਰ ਨਿਰਾਲਾ ਇਕ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਬੇਪਰਵਾਹਿਆ । ਲੱਖ ਚੁਰਾਸੀ ਘਾੜਨ ਘੜਨਾ, ਹਰਿ ਜੂ ਆਖ ਸੁਣਾਇੰਦਾ । ਨਿਰਗੁਣ ਰੂਪ ਸਰਗੁਣ ਧਰਨਾ, ਧਰਨੀ ਧਰਤ ਧਵਲ ਵਡਿਆਇੰਦਾ । ਪੁਰੀਆਂ ਲੋਆਂ ਆਪੇ ਵੜਨਾ, ਵਿਸ਼ਨ ਬ੍ਰਹਮਾ ਸ਼ਿਵ ਖੇਲ ਕਰਾਇੰਦਾ । ਰਵ ਸਸ ਕਿਰਨੀ ਕਿਰਨ ਪ੍ਰਕਾਸ਼ ਕਰਨਾ, ਪ੍ਰਕਾਸ਼ ਪ੍ਰਕਾਸ਼ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਕਾਦਰ ਕਰਤਾ ਕਰੀਮ ਬੇਐਬ ਪਰਵਰਦਿਗਾਰ, ਬੇਅੰਤ ਤੇਰੀ ਵਡਿਆਈਆ । ਸਾਚੇ

ਧੰਦੇ ਲਾਇਆ ਕਾਰ, ਸੇਵਕ ਬਣ ਬਣ ਸੇਵ ਕਮਾਈਆ । ਲੱਖ ਚੁਰਾਸੀ ਭਾਂਡਾ ਘੜੇ ਬਣ ਠਠਿਆਰ, ਤ੍ਰੈਗੁਣ ਮਾਟੀ ਪੋਚ ਪੁਚਾਈਆ । ਨਿਰਗੁਣ ਸਰਗੁਣ ਵੇਖ ਵਿਚਾਰ, ਨਿਰਾਕਾਰ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਅੰਤ ਅੰਤ ਆਦਿ, ਕਵਣ ਰੂਪ ਧਰਾਈਆ । ਆਦਿ ਰੂਪ ਅਪਰ ਅਪਾਰ, ਹਰਿ ਹਰਿ ਆਖ ਸੁਣਾਇਆ । ਲੱਖ ਚੁਰਾਸੀ ਕਰ ਤਿਆਰ, ਘਟ ਘਟ ਡੇਰਾ ਲਾਇਆ । ਨਿਰਗੁਣ ਬ੍ਰਹਮ ਬ੍ਰਹਮ ਪਸਾਰ, ਪਾਰਬ੍ਰਹਮ ਵੰਡ ਵੰਡਾਇਆ । ਤ੍ਰੈਗੁਣ ਮਾਇਆ ਭਰ ਭੰਡਾਰ, ਰਚਤ ਰਚਤ ਰਚਾਇਆ । ਈਸ਼ ਜੀਵ ਹੋ ਉਜਿਆਰ, ਜਗਦੀਸ਼ ਖੇਲ ਕਰਾਇਆ । ਵਿਸ਼ਨੂੰ ਬਣੇ ਸਚ ਵਰਤਾਰ, ਘਰ ਘਰ ਰਿਜ਼ਕ ਸਬਾਇਆ । ਬ੍ਰਹਮਾ ਬ੍ਰਹਮ ਰੂਪ ਆਧਾਰ, ਪਾਰਬ੍ਰਹਮ ਸ਼ਰਨਾਇਆ । ਸ਼ੰਕਰ ਲਹਿਣਾ ਦਏ ਉਤਾਰ, ਜੋ ਘੜਿਆ ਭੰਨ ਵਖਾਇਆ । ਸ਼ਬਦ ਵਿਚੋਲਾ ਵਿਚ ਸੰਸਾਰ, ਜੁਗ ਜੁਗ ਮੇਲਾ ਮੇਲ ਮਿਲਾਇਆ । ਕਰਾ ਖੇਲ ਨਿਰਗੁਣ ਸਰਗੁਣ ਧਾਰ, ਸਰਗੁਣ ਆਪਣੀ ਗੰਢ ਪੁਵਾਇਆ । ਪੰਜ ਤੱਤ ਕਾਇਆ ਕਰ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਇਆ । ਪੰਜ ਤੱਤ ਵੇਖਾਂ ਕਾਇਆ ਗੜ੍ਹ, ਹਰਿ ਜੂ ਆਖ ਸੁਣਾਇਆ । ਘਟ ਘਟ ਅੰਦਰ ਆਪੇ ਵੜ, ਆਪਣਾ ਡੇਰਾ ਲਾਇਆ । ਡੂੰਘੀ ਭਵਰੀ ਆਪੇ ਵੜ, ਬੈਠਾ ਮੁਖ ਛੁਪਾਇਆ । ਨੌਂ ਦੁਆਰੇ ਜਗਤ ਘਰ, ਜਗਤ ਤ੍ਰਿਸ਼ਨਾ ਵਿਚ ਮਿਲਾਇਆ । ਸੁਖਮਨ ਟੇਢੀ ਬੰਕ ਅੰਦਰ ਧਰ, ਅੰਧ ਅੰਧੇਰ ਵਖਾਇਆ । ਈੜਾ ਪਿੰਗਲ ਰਹੇ ਲੜ, ਸਾਚਾ ਬੰਧਨ ਪਾਇਆ । ਆਤਮ ਸਰੋਵਰ ਆਪੇ ਭਰ, ਕਵਲ ਨਾਭ ਉਲਟਾਇਆ । ਜੋਤ ਨਿਰੰਜਣ ਅੰਦਰ ਧਰ, ਦੀਪ ਆਪ ਛੁਪਾਇਆ । ਅਨਹਦ ਨਾਦ ਵੱਜੇ ਧੁੰਨ, ਰਾਗੀ ਰਾਗ ਅਲਾਇਆ । ਪੰਚਮ ਮੇਲਾ ਏਕਾ ਗੁਣ, ਗੁਣਵਾਦੀ ਆਪ ਰਖਾਇਆ । ਲੱਖ ਚੁਰਾਸੀ ਵਿਚੋਂ ਚੁਣ, ਪੰਜ ਤੱਤ ਮਾਣਸ ਦਏ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤ੍ਰੈ ਤ੍ਰੈ ਮੇਲਾ ਇਕ ਸਮਝਾਇਆ । ਤ੍ਰੈ ਤ੍ਰੈ ਮੇਲਾ ਸਾਚਾ ਬੰਧਨ, ਲੱਖ ਚੁਰਾਸੀ ਬੰਧਨ ਪਾਈਆ । ਨਿਰਗੁਣ ਤਾਗਾ ਨਿਰਗੁਣ ਤੰਦਨ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਨਿਰਗੁਣ ਕੱਟਣਹਾਰਾ ਫੰਦਨ, ਨਿਰਗੁਣ ਨਾਮ ਕਟਾਰ ਹੱਥ ਰਖਾਈਆ । ਨਿਰਗੁਣ ਵਸਣਹਾਰ ਬ੍ਰਹਿਮੰਡਨ, ਬ੍ਰਹਿਮੰਡ ਖੰਡ ਡੇਰਾ ਲਾਈਆ । ਨਿਰਗੁਣ ਦੇਵੇ ਇਕ ਅਨੰਦਨ, ਨਿਜਾਨੰਦ ਕਰੇ ਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮਾਇਆ ਵਿਚ ਮਿਲਾਈਆ । ਸਾਚੀ ਮਾਇਆ ਮਾਇਆ ਸੱਚ, ਹਰਿ ਸਾਚੇ ਸਚ ਵਰਤਾਇਆ । ਕਾਇਆ ਮਾਟੀ ਭਾਂਡਾ ਕੱਚ, ਕੰਚਨ ਰੂਪ ਵਟਾਇਆ । ਮਨ ਮਨੂਆ ਅੰਤਰ ਰਿਹਾ ਨੱਚ, ਨਟੂਆ ਨਟ ਸਵਾਂਗ ਵਖਾਇਆ । ਪੰਚ ਵਿਕਾਰਾ ਰਿਹਾ ਹੱਸ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਧਨ ਆਪੇ ਪਾਇਆ । ਸਾਚਾ ਬੰਧਨ ਤੇਰਾ ਮਨਜ਼ੂਰ, ਤ੍ਰੈ ਤ੍ਰੈ ਆਖ ਸੁਣਾਈਆ । ਤੇਰਾ ਹੁਕਮ ਮੰਨਿਆ ਜ਼ਰੂਰ, ਜ਼ਰੂਰਤ ਤੇਰੀ ਪੂਰ ਕਰਾਈਆ । ਤੂੰ ਸਾਹਿਬ ਹਾਜ਼ਰ ਹਜ਼ੂਰ, ਹਰਿ ਵੱਡਾ ਵੱਡ ਵਡਿਆਈਆ । ਨਿਰਗੁਣ ਜੋਤ ਤੇਰਾ ਨੂਰ, ਨੂਰ ਨੁਰਾਨਾ ਡਗਮਗਾਈਆ । ਤੂੰ ਸਰਬ ਕਲਾ ਭਰਪੂਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਲਏਂ ਮਿਲਾਈਆ । ਕਵਣ ਵੇਲਾ ਲਏਂ ਮੇਲ, ਪ੍ਰਭ ਏਕਾ ਦਇਆ ਕਮਾਈਆ । ਕਵਣ ਵਕਤ ਹੋਏਂ ਸੱਜਣ ਸੁਹੇਲ, ਸਦਾ ਸਦਾ ਸੁਖਦਾਈਆ । ਕਵਣ ਦਰ ਸੁਹਾਏਂ

੩੪੧
੧੧

ਗੁਰੂ ਗੁਰ ਚੇਲ, ਗੁਰ ਚੇਲਾ ਰੰਗ ਰੰਗਾਈਆ । ਕਵਣ ਮੰਦਰ ਕਰੇ ਪ੍ਰਕਾਸ਼ ਬਿਨ ਬਾਤੀ ਤੇਲ, ਜੋਤੀ ਜੋਤ ਡਗਮਗਾਈਆ । ਕਵਣ ਧਾਮ ਵਸੇਂ ਨਵੇਲ, ਇਕ ਇਕੱਲਾ ਆਸਣ ਲਾਈਆ । ਆਪਣਾ ਦੱਸ ਅਚਰਜ ਖੇਲ, ਤੇਰਾ ਭੇਵ ਨਾ ਜਾਣਿਆ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਬਿਧ ਮੇਲਾ ਲਏਂ ਮਿਲਾਈਆ । ਮੇਰਾ ਮੇਲਾ ਵਿਚ ਸੰਸਾਰ, ਨਿਰਗੁਣ ਆਖ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਹਿਣਾ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਦੋ ਜਹਾਨਾਂ ਹੋ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦਿਆਂ ਆਧਾਰ, ਜੇਰਜ ਅੰਡਾਂ ਜੋਤ ਜਗਾਇੰਦਾ । ਉਤਭੁਜ ਸੇਤਜ ਕਰਾਂ ਪਿਆਰ, ਜੂਨੀ ਜੂਨ ਆਪ ਭੁਵਾਇੰਦਾ । ਲੱਖ ਚੁਰਾਸੀ ਬਣ ਵਰਤਾਰ, ਵਸਤ ਅਮੋਲਕ ਨਾਮ ਵਰਤਾਇੰਦਾ । ਲੋਕਮਾਤ ਆਵਾਂ ਵਾਰੋ ਵਾਰ, ਜੁਗ ਜੁਗ ਵੇਸ ਵਟਾਇੰਦਾ । ਨਿਰਗੁਣ ਸਰਗੁਣ ਕਰ ਆਕਾਰ, ਗੁਰ ਅਵਤਾਰ ਖੇਲ ਕਰਾਇੰਦਾ । ਪਾਰਬ੍ਰਹਮ ਬ੍ਰਹਮ ਵੇਖ ਵਿਚਾਰ, ਬ੍ਰਹਮ ਵੇਤਾ ਸੋਭਾ ਪਾਇੰਦਾ । ਏਕਾ ਨਾਦ ਸ਼ਬਦ ਧੁਨਕਾਰ, ਧੁਨ ਆਤਮਕ ਆਪ ਸੁਣਾਇੰਦਾ । ਨਿਰਮਲ ਜੋਤੀ ਜੋਤ ਉਜਿਆਰ, ਜੋਤੀ ਨੂਰ ਡਗਮਗਾਇੰਦਾ । ਸਾਚੇ ਭਗਤਾਂ ਕਰਾਂ ਪਿਆਰ, ਪ੍ਰੇਮ ਬੰਧਨ ਏਕਾ ਪਾਇੰਦਾ । ਸਾਚੇ ਸੰਤਾਂ ਲਵਾਂ ਉਠਾਲ, ਆਪ ਆਪਣਾ ਪਰਦਾ ਲਾਹਿੰਦਾ । ਗੁਰਮੁਖ ਸਾਚੇ ਕਰਾਂ ਨਿਹਾਲ, ਨੇਤਰ ਨੈਣ ਨੈਣ ਦਰਸਾਇੰਦਾ । ਗੁਰਸਿਖ ਸਾਚੇ ਚਰਨ ਬਹਾਲ, ਚਰਨ ਚਰਨੋਦਕ ਮੁਖ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਨਿਰਗੁਣ ਬਣ ਬਣ ਸਰਗੁਣ ਔਣਾ, ਹਰਿ ਜੂ ਆਖ ਸੁਣਾਈਆ । ਆਪਣਾ ਨਾਮ ਆਪ ਪ੍ਰਗਟੌਣਾ, ਕੋਟਨ ਕੋਟ ਰੂਪ ਵਖਾਈਆ । ਜੁਗ ਚੌਕੜੀ ਸੇਵਾ ਲਾਉਣਾ, ਸਾਚੀ ਸੇਵ ਆਪ ਸਮਝਾਈਆ । ਨੌਂ ਨੌਂ ਲੇਖਾ ਆਪ ਮੁਕੌਣਾ, ਚਾਰ ਚਾਰ ਵੰਡ ਵੰਡਾਈਆ । ਏਕਾ ਚੌਕਾ ਬੰਧਨ ਪੌਣਾ, ਇਕ ਇਕੱਲਾ ਸੱਚਾ ਮਾਹੀਆ । ਚੌਥੇ ਪਦ ਰੰਗ ਵਖੌਣਾ, ਆਪ ਆਪਣੇ ਦਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਰਿਹਾ ਉਠਾਈਆ । ਆਪਣਾ ਪਰਦਾ ਆਪੇ ਖੋਲ੍ਹ, ਹਰਿ ਜੂ ਦਇਆ ਕਮਾਇੰਦਾ । ਦੂਜੇ ਸ੍ਰਿਸ਼ਟੀ ਤੋਲਾਂ ਤੋਲ, ਨਾਮ ਕੰਡਾ ਹੱਥ ਉਠਾਇੰਦਾ । ਤੀਜੇ ਗਿਆਨ ਨੇਤਰ ਦੇਵਾਂ ਖੋਲ੍ਹ, ਅਨੁਭਵ ਪ੍ਰਕਾਸ਼ ਕਰਾਇੰਦਾ । ਚੌਥੇ ਚੌਥੇ ਪਦ ਜਾਵਾਂ ਮੌਲ, ਮੌਲਾ ਆਪਣਾ ਨਾਮ ਰਖਾਇੰਦਾ । ਪੰਚਮ ਪੂਰਾ ਕਰਾਂ ਕੌਲ, ਕੀਤਾ ਕੌਲ ਭੁੱਲ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਜਣਾਇੰਦਾ । ਸਾਚਾ ਕੌਲ ਕਰਾਂ ਇਕਰਾਰ, ਪੁਰਖ ਅਬਿਨਾਸ਼ੀ ਆਪ ਜਣਾਈਆ । ਖੇਲਾਂ ਖੇਲ ਅਪਰ ਅਪਾਰ, ਜੁਗ ਚੌਕੜੀ ਬੰਧਨ ਪਾਈਆ । ਵਿਸ਼ਨੂੰ ਤੇਰਾ ਭੰਡਾਰ, ਅਤੋਟ ਅਤੁਟ ਰਖਾਈਆ । ਬ੍ਰਹਮੇ ਤੇਰਾ ਬ੍ਰਹਮ ਪਸਾਰ, ਚਾਰ ਵੇਦ ਕਰਾਂ ਪੜ੍ਹਾਈਆ । ਚਾਰੇ ਜੁਗ ਵਿਚ ਸੰਸਾਰ, ਧਰਨੀ ਧਰਤ ਧਵਲ ਸੁਹਾਈਆ । ਚਾਰੇ ਕੁੰਟ ਕਰ ਉਜਿਆਰ, ਚਾਰ ਵਰਨਾਂ ਬੰਧਨ ਪਾਈਆ । ਚਾਰੇ ਖਾਣੀ ਬਣ ਵਰਤਾਰ, ਚਾਰੇ ਬਾਣੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਦਏ ਸਮਝਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਥਿਰ ਕੋਇ ਰਹਿਣ ਨਾ ਪਾਈਆ । ਨਵ ਨੌਂ ਲੇਖਾ ਅਪਰ ਅਪਾਰ, ਚਾਰ ਚਾਰ ਵੱਜੇ ਵਧਾਈਆ । ਗੁਰ ਅਵਤਾਰ ਬਣ ਬਣ ਸੇਵਾਦਾਰ, ਲੋਕਮਾਤ ਸੇਵ ਕਮਾਈਆ । ਖਾਣੀ ਬਾਣੀ ਕਰ ਤਿਆਰ, ਗਿਆਨ ਗਿਆਨ ਨਾਲ ਮਿਲਾਈਆ । ਉਚੀ ਕੂਕ ਕੂਕ ਪੁਕਾਰ, ਬੇਅੰਤ ਬੇਅੰਤ ਬੇਅੰਤ ਕਹਿ ਸੁਣਾਈਆ । ਪੀਰ

ਪੈਗ਼ੰਬਰ ਮਦਦਗਾਰ, ਲੇਖਾ ਮੁਕੇ ਨਾ ਜਗਤ ਲੋਕਾਈਆ । ਮੁਲਾਂ ਸ਼ੇਖ਼ ਜਾਇਣ ਹਾਰ, ਮੁਸਾਇਕ ਮਿਲੇ ਨਾ ਕੋਇ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਉਤਰੇ ਪਾਰ, ਬ੍ਰਹਮੇ ਤੇਰਾ ਮਨਵੰਤਰ ਵੇਖ ਵਖਾਈਆ । ਸੂਰਜ ਚੰਨ ਸ਼ਰਮਸਾਰ, ਰਵ ਸਸ ਮੁਖ ਸ਼ਰਮਾਈਆ । ਲੋਆਂ ਪੁਰੀਆਂ ਹਾਹਾਕਾਰ, ਗਣ ਗੰਧਰਬ ਰਹੇ ਕੁਰਲਾਈਆ । ਕਰੋੜ ਤਤੀਸਾ ਕਰੇ ਗਿਰਿਆਜ਼ਾਰ, ਸੁਰਪਤ ਇੰਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਆਪਣੀ ਖੇਲ ਆਪਣੇ ਹੱਥ ਰਖਾਈਆ । ਜੁਗ ਚੌਕੜੀ ਜਾਏ ਬੀਤ, ਹਰਿ ਗੇੜਾ ਗੇੜ ਦਿਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲੇ ਰੀਤ, ਵਰਨ ਬਰਨ ਖੇਲ ਕਰਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਰਖੇ ਨੀਤ, ਨੀਤੀਵਾਨ ਘਰ ਘਰ ਡੇਰਾ ਲਾਇੰਦਾ । ਘਰ ਘਰ ਨਾਤਾ ਜੋੜੇ ਗੁਰ ਦਰ ਮੰਦਰ ਮਸਜਿਦ ਮਸੀਤ, ਸ਼ਿਵਦੁਆਲੇ ਮੱਠ ਬਣਾਇੰਦਾ । ਨਿਰਗੁਣ ਸਭ ਤੋਂ ਬੈਠਾ ਰਹੇ ਅਤੀਤ, ਦਿਸ ਕਿਸੇ ਨਾ ਆਇੰਦਾ । ਕੋਈ ਕਹੇ ਤ੍ਰੈਗੁਣ ਅੰਦਰ ਹੋਇਆ ਭੀਤ, ਭੀਤਰ ਅੰਦਰ ਆਪਣਾ ਮੁਖ ਛੁਪਾਇੰਦਾ । ਕੋਈ ਉਚੀ ਕੂਕ ਕੂਕ ਸੁਣਾਏ ਗੀਤ, ਰਸਨਾ ਜਿਹਵਾ ਨਾਲ ਮਿਲਾਇੰਦਾ । ਹਰਿ ਕਾ ਖੇਲ ਸਦਾ ਅਨਡੀਠ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮੇ ਸ਼ਿਵ ਦੇਵੇ ਵਰ, ਆਪਣਾ ਮੇਲਾ ਆਪ ਜਣਾਇੰਦਾ । ਅੰਤਮ ਮੇਲਾ ਏਕਾ ਵਾਰ, ਏਕਾ ਘਰ ਕਰਾਈਆ । ਨੌਂ ਸੌ ਚੁਰਾਨਵੇ ਚੌਕੜੀ ਉਤਰੇ ਪਾਰ, ਜੁਗ ਜੁਗ ਗੇੜਾ ਗੇੜ ਮੁਕਾਈਆ । ਬ੍ਰਹਮਾ ਵੇਤਾ ਲਿਖ ਲਿਖ ਥੱਕੇ ਵੇਦ ਚਾਰ, ਚਾਰੋਂ ਜੁਗ ਵੰਡ ਵੰਡਾਈਆ । ਸ਼ਾਸਤਰ ਸਿਮਰਤ ਕਰਨ ਵਿਚਾਰ, ਹਰਿ ਵਿਚਾਰ ਵਿਚ ਕਿਸੇ ਨਾ ਆਈਆ । ਵੇਦ ਵਿਆਸਾ ਬਣ ਲਿਖਾਰ, ਪੁਰਾਨ ਅਠਾਰਾਂ ਦਏ ਸਮਝਾਈਆ । ਅੱਖਰ ਅੱਖਰ ਲੱਖ ਚਾਰ, ਸਤਾਰਾਂ ਹਜ਼ਾਰ ਗਣਤ ਗਣਤ ਨਾਲ ਮਿਲਾਈਆ । ਗੀਤਾ ਗਿਆਨ ਅਧਾਰ, ਅਠਾਰਾਂ ਭਾਗ ਵੇਖੇ ਚਾਈਂ ਚਾਈਂਆ । ਅੰਜੀਲ ਕੁਰਾਨ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਬਾਣੀ ਖਾਣੀ ਕਰੇ ਖ਼ਬਰਦਾਰ, ਆਲਸ ਨਿੰਦਰਾ ਦਏ ਮਿਟਾਈਆ । ਗੁਰ ਅਵਤਾਰ ਗਏ ਹਾਰ, ਹਰਿ ਕਾ ਅੰਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਆਪਣਾ ਭੇਵ ਦੱਸੇ ਰਾਹ, ਰਹਿਬਰ ਹਰਿ ਅਖਵਾਇੰਦਾ । ਚਾਰ ਜੁਗ ਦੀ ਇਕ ਸਲਾਹ, ਸਾਚੀ ਚੌਕੜ ਬੰਧ ਬੰਧਾਇੰਦਾ । ਤੇਈ ਅਵਤਾਰ ਲਏ ਪ੍ਰਗਟਾ, ਪਰਮ ਪੁਰਖ ਪ੍ਰਭ ਸੇਵ ਕਰਾਇੰਦਾ । ਅਠਾਰਾਂ ਭਗਤ ਦਏ ਜਣਾ, ਜਨ ਜਨਨੀ ਮਾਣ ਧਰਾਇੰਦਾ । ਗੁਰ ਦਸ ਜੋਤ ਜਗਾ, ਜਾਗਰਤ ਜੋਤ ਡਗਮਗਾਇੰਦਾ । ਈਸਾ ਮੂਸਾ ਕਰ ਰੁਸ਼ਨਾ, ਸੰਗ ਮੁਹੰਮਦ ਖੇਲ ਖਲਾਇੰਦਾ । ਅੰਤਮ ਸਭ ਮੰਗ ਕੇ ਗਏ ਪਨਾਹ, ਤੁਧ ਬਿਨ ਥਾਂ ਅਵਰ ਨਾ ਕੋਇ ਵਖਾਇੰਦਾ । ਮੁਕਾਮੇ ਹੱਕ ਵਸੇ ਇਕ ਖ਼ੁਦਾ, ਖ਼ਾਲਕ ਖ਼ਲਕਤ ਸੋਭਾ ਪਾਇੰਦਾ । ਆਪਣੀ ਰਹਿਮਤ ਰਹੀਮ ਰਹਿਮਾਨ ਦਏ ਕਮਾ, ਈਮਾਨ ਨਜ਼ਰ ਕੋਇ ਨਾ ਆਇੰਦਾ । ਸਹੀ ਸਲਾਮਤ ਬੇਪਰਵਾਹ, ਸਾਚੇ ਤਖਤ ਸੋਭਾ ਪਾਇੰਦਾ । ਨਾਨਕ ਨਿਰਗੁਣ ਗੁਣ ਰਿਹਾ ਗਾ, ਨਿਰੰਕਾਰਾ ਏਕਾ ਨਜ਼ਰੀ ਆਇੰਦਾ । ਗੋਬਿੰਦ ਸਾਚੀ ਓਟ ਤਕਾ, ਪੁਰਖ ਅਕਾਲ ਮਨਾਇੰਦਾ । ਕੋਟਨ ਕੋਟ ਜੀਵ ਜੰਤ ਸ਼ਾਸਤਰ ਸਿਮਰਤ ਵੇਦ ਥੱਕੇ ਪੜ੍ਹਾ, ਪੜ੍ਹ ਪੜ੍ਹ ਪੰਧ ਨਾ ਕੋਇ ਮੁਕਾਇੰਦਾ । ਕੋਟਨ ਕੋਟ ਹਵਨੀ ਹਵਨ ਰਹੇ ਕਰਾ, ਧੂਪ ਦੀਪ ਨਾਲ ਮਿਲਾਇੰਦਾ । ਕੋਟਨ ਕੋਟ ਡੂੰਘੀ ਕੰਦਰ ਬੈਠੇ ਡੇਰਾ ਲਾ, ਨੇਤਰ ਨੈਣ ਨਾਂ ਕੋਇ ਖੁਲ੍ਹਾਇੰਦਾ । ਕੋਟਨ ਕੋਟ ਅਠਸਠ ਤੀਰਥ ਫੇਰਾ ਰਹੇ ਪਾ, ਗੰਗਾ ਗੋਦਾਵਰੀ ਜਮਨਾ

ਸੁਰਸਤੀ ਸੰਗ ਨਾ ਕੋਇ ਨਿਭਾਇੰਦਾ । ਕੋਟਨ ਕੋਟ ਚੀਰ ਰੰਗ ਬੈਠੇ ਚੜ੍ਹਾ, ਸਾਚਾ ਰੰਗ ਨਾ ਕੋਇ ਚੜ੍ਹਾਇੰਦਾ । ਕੋਟਨ ਕੋਟ ਦਰ ਦਰਵੇਸ਼ ਫੇਰੀ ਪਾ, ਸਾਚੀ ਅਲਖ ਨਾ ਕੋਇ ਸੁਣਾਇੰਦਾ । ਕੋਟਨ ਕੋਟ ਤ੍ਰੈਗੁਣ ਮਾਇਆ ਕੋਲੋਂ ਪੱਲੂ ਰਹੇ ਛੁਡਾ, ਫੜਿਆ ਲੜ ਛੁਟ ਨਾ ਜਾਇੰਦਾ । ਕੋਟਨ ਕੋਟ ਬ੍ਰਹਮ ਧਿਆਨ ਰਹੇ ਲਗਾ, ਬ੍ਰਹਮ ਜੋਤ ਨਾ ਕੋਇ ਜਗਾਇੰਦਾ । ਕੋਟਨ ਕੋਟ ਪਾਰਬ੍ਰਹਮ ਗਏ ਮੁਕਾ, ਪਾਰਬ੍ਰਹਮ ਜਨਮ ਮਰਨ ਵਿਚ ਨਾ ਆਇੰਦਾ । ਕੋਟਨ ਕੋਟ ਆਪਣੀ ਅਵਸਥਾ, ਬ੍ਰਹਮ ਨਾਲ ਗਏ ਮਿਲਾ, ਬ੍ਰਹਮ ਬ੍ਰਹਮ ਜਗਤ ਵਡਿਆਇੰਦਾ । ਕੋਟਨ ਕੋਟ ਹੰ ਹੰ ਗਏ ਸਮਾ, ਆਪਾ ਚੀਨ ਪਰਦਾ ਕੋਇ ਨਾ ਲਾਹਿੰਦਾ । ਕੋਟਨ ਕੋਟ ਨਾਬੀਨੇ ਬਣ ਬਣ ਆਪਣਾ ਆਪ ਗਏ ਭੁਲਾ, ਭੁੱਲੇ ਮਾਰਗ ਨਾ ਕੋਇ ਲਗਾਇੰਦਾ । ਕੋਟਨ ਕੋਟ ਸਾਚੇ ਹੁਜਰੇ ਚੜ੍ਹ ਚੜ੍ਹ ਗਏ ਬਾਂਗ ਸੁਣਾ, ਆਲਮੀਨ ਦਿਸ ਕਿਸੇ ਨਾ ਆਇੰਦਾ । ਕੋਟਨ ਕੋਟ ਮਕਤਬ ਪੜ੍ਹ ਅਲਫ਼ ਯੇ ਗਏ ਜਣਾ, ਨੁਕਤਾ ਨੂਨ ਨਾ ਕੋਇ ਗਵਾਇੰਦਾ । ਕੋਟਨ ਕੋਟ ਪੈਂਤੀ ਅੱਖਰੀਂ ਘਾੜਤ ਗਏ ਘੜਾ, ਬਾਵਨ ਅੱਖਰ ਲੇਖ ਨਾ ਕੋਇ ਵਖਾਇੰਦਾ । ਕੋਟਨ ਕੋਟ ਤ੍ਰੈਗੁਣ ਮਾਇਆ ਪ੍ਰਕਿਰਤੀ ਵਿਚ ਰਲੀ ਰਹੇ ਵਖਾ, ਪ੍ਰਕਿਰਤੀ ਮਾਇਆ ਵੰਡ ਨਾ ਕੋਇ ਕਰਾਇੰਦਾ । ਕੋਟਨ ਕੋਟ ਸੰਸਕਿਰਤੀ ਸਲੋਕ ਰਹੇ ਸੁਣਾ, ਆਤਮ ਸੋਹਲਾ ਰਾਗ ਨਾ ਕੋਇ ਜਣਾਇੰਦਾ । ਕੋਟਨ ਕੋਟ ਸੁਰਤੀ ਧਿਆਨ ਰਹੇ ਲਗਾ, ਹਰਿ ਜੂ ਧਿਆਨ ਵਿਚ ਨਾ ਆਇੰਦਾ । ਕੋਟਨ ਕੋਟ ਕਿਰਤੀ ਕਿਰਤ ਰਹੇ ਕਮਾ, ਕਿਰਿਆ ਕਰਮ ਕਾਂਡ ਬੰਧਨ ਨਾ ਕੋਇ ਤੁੜਾਇੰਦਾ । ਕੋਟਨ ਕੋਟ ਸੁਰਤੀ ਸ਼ਬਦ ਰਹੇ ਮਿਲਾ, ਸ਼ਬਦ ਸੁਰਤ ਘਰ ਨਾ ਕੋਇ ਬਹਾਇੰਦਾ । ਕੋਟਨ ਕੋਟ ਕਿੰਗਰੀ ਮਰਦੰਗ ਰਹੇ ਵਜਾ, ਸਾਚਾ ਸਾਰੰਗਾ ਹੱਥ ਨਾ ਕੋਇ ਉਠਾਇੰਦਾ । ਕੋਟਨ ਕੋਟ ਅਨੰਦ ਮੰਗਲ ਰਹੇ ਗਾ, ਆਪਣਾ ਅਨੰਦ ਕਿਸੇ ਨਾ ਆਇੰਦਾ । ਕੋਟਨ ਕੋਟ ਸਲੋਕ ਛੰਦ ਪੜ੍ਹ ਪੜ੍ਹ ਰਹੇ ਸੁਣਾ, ਆਪਣਾ ਪਰਦਾ ਨਾ ਕੋਇ ਚੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪ੍ਰਭ ਰਿਹਾ ਜਣਾ, ਏਕਾ ਹੁਕਮ ਸੁਣਾਇੰਦਾ । ਕਲਜੁਗ ਅੰਤਮ ਜਾਵੇ ਆ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਗਵਾਇੰਦਾ । ਪ੍ਰਗਟ ਹੋਏ ਆਪ ਖ਼ੁਦਾ, ਅਮਾਮ ਅਮਾਮਾ ਖੇਲ ਕਰਾਇੰਦਾ । ਨਬੀ ਰਸੂਲਾਂ ਲਏ ਉਠਾ, ਸਾਚਾ ਕਲਮਾ ਕਲਾਮ ਪੜ੍ਹਾਇੰਦਾ । ਨੂਰ ਇਲਾਹੀ ਜਲਵਾ ਦਏ ਵਖਾ, ਜਾਅਲੀ ਕੰਮ ਨਾ ਕੋਇ ਕਰਾਇੰਦਾ । ਏਕਾ ਅੱਲਾ ਰਾਣੀ ਬਖ਼ਸ਼ੇ ਸਰਬ ਗੁਨਾਹ, ਪਾਕੀ ਪਾਕ ਦਇਆ ਕਮਾਇੰਦਾ । ਨਿਰਗੁਣ ਹੋ ਕੇ ਫੇਰਾ ਆਏ ਪਾ, ਸਰਗੁਣ ਆਪ ਜਗਾਇੰਦਾ । ਸਚ ਸੁਹੇਲਾ ਸੋਹਲਾ ਗਾ, ਢੋਲਾ ਆਪਣਾ ਨਾਮ ਵਡਿਆਇੰਦਾ । ਤੋਲਾ ਬਣੇ ਬਣ ਮਲਾਹ, ਸਾਚਾ ਕੰਡਾ ਹੱਥ ਰਖਾਇੰਦਾ । ਪਰਦਾ ਉਹਲਾ ਦਏ ਚੁਕਾ, ਦੂਈ ਦਵੈਤ ਮੇਟ ਮਿਟਾਇੰਦਾ । ਏਕਾ ਬ੍ਰਹਮ ਦਏ ਦਰਸਾ, ਈਸ਼ ਜੀਵ ਮੇਲ ਮਿਲਾਇੰਦਾ । ਜਨ ਭਗਤਾਂ ਉਪਰ ਤਰਸ ਕਮਾ, ਮੁਰਸ਼ਦ ਮੁਰੀਦ ਮੇਲ ਮਿਲਾਇੰਦਾ । ਜਨਮ ਜਨਮ ਦੀ ਹਰਸ ਦਏ ਮਿਟਾ, ਪੂਰਬ ਲੇਖਾ ਆਪ ਚੁਕਾਇੰਦਾ । ਦਰ ਆਇਆਂ ਬਖ਼ਸ਼ੇ ਸਰਬ ਗੁਨਾਹ, ਤਕਸੀਰ ਤਦਬੀਰ ਆਪ ਬਦਲਾਇੰਦਾ । ਆਪਣੀ ਗੋਦੀ ਲਏ ਬਹਾ, ਪਿਤਾ ਮਾਤ ਆਪ ਹੋ ਜਾਇੰਦਾ । ਜਗਤ ਨਾਤਾ ਦਏ ਤੁੜਾ, ਭਾਈ ਭੈਣ ਸਾਕ ਸੱਜਣ ਮਾਤ ਪਿਤ ਨਾਰੀ ਕੰਤ ਸੰਗ ਨਾ ਕੋਇ ਰਖਾਇੰਦਾ । ਹਰਿਜਨ ਸਾਜਣ ਲਏ ਮਿਲਾ, ਸਾਚੇ ਸੰਤਾਂ ਸੰਗ ਰਖਾਇੰਦਾ । ਗ਼ਰੀਬ ਨਿਵਾਜ਼ਨ ਦਇਆ ਕਮਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਲੱਖ ਚੁਰਾਸੀ ਫੰਦ ਕਟਾ, ਏਕਾ ਨਾਮ ਬੰਧਨ ਪਾਇੰਦਾ । ਰਾਏ ਧਰਮ ਨਾ ਦਏ ਸਜ਼ਾ, ਚਿਤਰ ਗੁਪਤ ਨਾ ਹਿਸਾਬ ਵਖਾਇੰਦਾ । ਲਾੜੀ ਮੌਤ ਨਾ ਲਏ ਪਰਨਾ, ਜੂਨੀ ਜੂਨ ਨਾ ਕੋਇ ਭੁਵਾਇੰਦਾ । ਸਚ ਬਬਾਣੇ ਲਏ ਬਹਾ,

ਸ਼ਬਦੀ ਸ਼ਬਦ ਉਡਾਇੰਦਾ । ਲੋਆਂ ਪੁਰੀਆਂ ਪਾਰ ਕਰਾ, ਬ੍ਰਹਿਮੰਡ ਖੰਡ ਪੰਧ ਮੁਕਾਇੰਦਾ । ਥਿਰ ਘਰ ਸਾਚਾ ਆਪ ਖੁਲ੍ਹਾ, ਦਰ ਦਰਬਾਰੇ ਸੋਭਾ ਪਾਇੰਦਾ । ਗੁਰਸਿਖ ਸਾਚੇ ਦਏ ਟਿਕਾ, ਆਪ ਆਪਣੀ ਖ਼ੁਸ਼ੀ ਮਨਾਇੰਦਾ । ਪਿਛਲਾ ਲੇਖਾ ਸਰਬ ਚੁਕਾ, ਅਗਲਾ ਮਾਰਗ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਕਲ ਆਪ ਵਰਤਾਇੰਦਾ । ਆਪਣੀ ਕਲ ਵਰਤੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਹੱਕ ਹਕ਼ੀਕ਼ਤ ਪਾਵੇ ਸਾਰ, ਲਾਸ਼ਰੀਕ ਇਕ ਖ਼ੁਦਾਈਆ । ਵਿਸ਼ਵ ਵੇਖੇ ਸਰਬ ਸੰਸਾਰ, ਵਾਸਤਕ ਆਪਣਾ ਰੂਪ ਧਰਾਈਆ । ਨਮੋ ਸਤੋ ਬੋਲ ਜੈਕਾਰ, ਬ੍ਰਹਮ ਮਤ ਇਕ ਪੜ੍ਹਾਈਆ । ਤੱਤਵ ਤੱਤ ਪਾਰ ਕਿਨਾਰ, ਏਕਾ ਰੱਤ ਰੰਗ ਰੰਗਾਈਆ । ਏਕਾ ਇਸ਼ਟ ਦੇਵ ਗੁਰ ਅਪਰ ਅਪਾਰ, ਏਕਾ ਸੀਸ ਜਗਦੀਸ਼ ਝੁਕਾਈਆ । ਏਕਾ ਨਾਦ ਸ਼ਬਦ ਧੁਨਕਾਰ, ਏਕਾ ਰਾਗ ਅਲਾਈਆ । ਏਕਾ ਮੰਦਰ ਇਕ ਦੁਆਰ, ਏਕਾ ਘਰ ਦਏ ਵਸਾਈਆ । ਏਕਾ ਤੀਰਥ ਤੱਟ ਕਿਨਾਰ, ਇਕ ਸਰੋਵਰ ਦਏ ਨੁਹਾਈਆ । ਏਕਾ ਭਗਤ ਭਗਵੰਤ ਕਰੇ ਪਿਆਰ, ਏਕਾ ਸਾਚੇ ਸੰਤਾਂ ਲਏ ਮਿਲਾਈਆ । ਏਕਾ ਗੁਰਮੁਖਾਂ ਦੇਵੇ ਰੰਗ ਚਾੜ੍ਹ, ਏਕਾ ਗੁਰਸਿਖ ਵੇਖੇ ਚਾਈਂ ਚਾਈਂਆ । ਏਕਾ ਕਰੇ ਪ੍ਰਕਾਸ਼ ਬਹੱਤਰ ਨਾੜ, ਅੰਧ ਅੰਧੇਰ ਮਿਟਾਈਆ । ਏਕਾ ਮੇਟੇ ਪੰਚਮ ਧਾੜ, ਪੰਜ ਦਸ ਕਰੇ ਕੁੜਮਾਈਆ । ਏਕਾ ਪੰਜੀ ਮਾਰੇ ਮਾਰ, ਪਰਪੰਚ ਦਏ ਖਪਾਈਆ । ਏਕਾ ਦੱਸੇ ਸਾਚੀ ਕਾਰ, ਹਰਿ ਨਾਮੇ ਨਾਮ ਰਸਾਈਆ । ਸੋਹੰ ਸ਼ਬਦ ਸਚ ਜੈਕਾਰ, ਆਤਮ ਪਰਮਾਤਮ, ਬੰਧਨ ਪਾਈਆ । ਬ੍ਰਹਮ ਪਾਰਬ੍ਰਹਮ ਦਏ ਅਧਾਰ, ਬ੍ਰਹਮ ਮੇਲਾ ਸਹਿਜ ਸੁਭਾਈਆ । ਈਸ਼ ਜੀਵ ਇਕ ਘਰ ਬਾਰ, ਘਰ ਸਾਚੇ ਖ਼ੁਸ਼ੀ ਮਨਾਈਆ । ਸਾਚੀ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਵਾਹਵਾ ਪਾਇਆ ਕੰਤ ਭਤਾਰ, ਪ੍ਰਭ ਮਿਲਿਆ ਏਕਾ ਮਾਹੀਆ । ਕਲਜੁਗ ਅੰਤਮ ਖੇਲ ਅਪਾਰ, ਖ਼ਾਲਕ ਖ਼ਲਕ ਵੇਖ ਵਖਾਈਆ । ਨਿਹਕਲੰਕ ਮਹਾਂਬਲੀ ਅਵਤਾਰ, ਬਲ ਆਪਣਾ ਆਪ ਪ੍ਰਗਟਾਈਆ । ਸੰਬਲ ਵਸੇ ਧਾਮ ਨਿਆਰ, ਮਹੱਲ ਅਟੱਲ ਕਰੇ ਰੁਸ਼ਨਾਈਆ । ਉਚੇ ਟਿੱਲੇ ਪਰਬਤ ਚੜ੍ਹੇ ਪਹਾੜ, ਚੋਟੀ ਆਪਣਾ ਰੰਗ ਰੰਗਾਈਆ । ਨਾਦ ਸ਼ਬਦ ਧੁਨ ਸੱਚੀ ਧੁਨਕਾਰ, ਰਾਗੀ ਸਾਚਾ ਰਾਗ ਸੁਣਾਈਆ । ਦੋ ਜਹਾਨਾਂ ਕਰੇ ਖ਼ਬਰਦਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਨਿਰਗੁਣ ਵਸੇ ਠਾਂਡੇ ਦਰਬਾਰ, ਸਰਗੁਣ ਲੋਕਮਾਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਓਮ ਸਤਿ ਨਮੋ ਸਤਿ ਨਾਮ ਸਤਿ ਬਿਨ ਤੱਤ ਬ੍ਰਹਮ ਮਤ, ਮਿਤ ਗਤ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਏਕਾ ਧਰ, ਆਦਿ ਜੁਗਾਦਿ ਜੁਗਾ ਜੁਗੰਤਰ ਸਰਗੁਣ ਖੇਲ ਵਖਾਈਆ । ਅੜੌਣੀ ਵਿਚ ਕਦੇ ਨਾ ਅੜਿਆ, ਪਾਰਬ੍ਰਹਮ ਵਡੀ ਵਡਿਆਈਆ । ਘਰ ਘਰ ਅੰਦਰ ਆਪੇ ਚੜ੍ਹਿਆ, ਆਪਣਾ ਪੌੜਾ ਆਪ ਲਗਾਈਆ । ਜਗਤ ਵਿਦਿਆ ਕਿਸੇ ਨਾ ਫੜਿਆ, ਭੱਜ ਭੱਜ ਥੱਕੀ ਸਰਬ ਲੋਕਾਈਆ । ਲੁਕਿਆ ਰਹੇ ਕਿਲਾ ਗੜਿਆ, ਕਾਇਆ ਬੰਕ ਮੁਖ ਛੁਪਾਈਆ । ਨਿਰਭੈ ਹੋਏ ਕਦੇ ਨਾ ਡਰਿਆ, ਭੈ ਸੀਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਅੜੌਣੀ ਲੱਖ ਚੁਰਾਸੀ ਰਿਹਾ ਵਖਾਈਆ । ਲੱਖ ਚੁਰਾਸੀ ਅੜੌਣੀ ਗਈ ਅੜ, ਹਰਿ ਜੂ ਆਪ ਅੜਾਇੰਦਾ । ਆਪਣੇ ਮੰਦਰ ਨਾ ਸਕਣ ਚੜ੍ਹ, ਡੰਡਾ ਹੱਥ ਕਿਸੇ ਨਾ ਆਇੰਦਾ । ਸੁਖਮਨ ਅੰਦਰ ਬੈਠੇ ਵੜ, ਡੂੰਘੀ ਗਾਰ ਪਾਰ ਨਾ ਕੋਇ ਕਰਾਇੰਦਾ । ਨਾਤਾ ਜੁੜਿਆ ਸੀਸ ਧੜ, ਨਿਰਗੁਣ ਰੂਪ ਨਾ ਕੋਇ ਸਮਝਾਇੰਦਾ ।

ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਰਹੇ ਪੜ੍ਹ, ਰਸਨਾ ਜਿਹਵਾ ਸਰਬ ਹਲਾਇੰਦਾ । ਗੁਰ ਕਾ ਗਿਆਨ ਜੋ ਜਨ ਲਏ ਵਰ, ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਧ ਸੰਤ ਦੇਵੇ ਸਾਚਾ ਵਰ, ਹਰਿ ਕੰਤ ਆਪ ਮਿਲਾਇੰਦਾ । ਆਓ ਸਾਧੋ ਉਠੋ ਜਾਗੋ, ਹਰਿ ਜਾਗਰਤ ਜੋਤ ਜਗਾਈਆ । ਆਓ ਦਰ ਬਣੋ ਹੰਸ ਕਾਗੋ, ਕਾਗੋਂ ਹੰਸ ਉਡਾਈਆ । ਆਪਣਾ ਦੀਪ ਜਗਾਓ ਚਿਰਾਗੋ, ਜੋਤੀ ਨੂਰ ਕਰੇ ਰੁਸ਼ਨਾਈਆ । ਆਪਣਾ ਪ੍ਰੀਤਮ ਆਪਣਾ ਮਾਹੀ ਆਪਣਾ ਕੰਤ ਆਪਣੇ ਵਿਚੋਂ ਲਾਧੋ, ਘਰ ਬੈਠਾ ਮੁਖ ਛੁਪਾਈਆ । ਜਿਸ ਨੂੰ ਗੌਂਦੇ ਪ੍ਰਭ ਮੇਰਾ ਮਾਧੋ, ਮਧੁਰ ਧੁਨ ਨਾਲ ਰਲਾਈਆ । ਉਸ ਸਾਹਿਬ ਨੂੰ ਆਪਣੇ ਵਿਚੋਂ ਕਾਢੋ, ਮਿਲ ਸਤਿਗੁਰ ਸੱਚੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਾਂ ਸੰਗ ਸਦਾ ਸਮਾਈਆ । ਆਓ ਸੰਤੋ ਜਾਓ ਜਾਗ, ਹਰਿ ਸਾਚਾ ਸਚ ਜਗਾਇੰਦਾ । ਆਤਮ ਅੰਤਰ ਇਕ ਵੈਰਾਗ, ਏਕਾ ਵਾਰ ਲਗਾਇੰਦਾ । ਦੁਰਮਤ ਮੈਲ ਧੋਵੇ ਦਾਗ, ਹਰਿ ਸਾਚਾ ਆਪ ਧੁਵਾਇੰਦਾ । ਏਥੇ ਓਥੇ ਦੋ ਜਹਾਨਾਂ ਪਕੜੇ ਵਾਗ, ਸਿਰ ਆਪਣਾ ਹੱਥ ਟਿਕਾਇੰਦਾ । ਚਰਨ ਧੂੜੀ ਸਾਚਾ ਮਾਘ, ਮਜਨ ਆਪ ਕਰਾਇੰਦਾ । ਰਾਤੀਂ ਸੁਤਿਆਂ ਅੰਦਰ ਵੜ ਵੜ ਮਾਰੇ ਵਾਜ, ਅਨਹਦ ਨਾਦੀ ਨਾਦ ਵਜਾਇੰਦਾ । ਜਿਸ ਦੇ ਪਿਛੇ ਘਾਲਣ ਰਹੇ ਘਾਲ, ਮਹਾਂਕਾਲ ਦੀਨ ਦਿਆਲ ਗੁਰਮੁਖ ਲਾਲ ਆਪ ਤਰਾਇੰਦਾ । ਆਓ ਵੇਖੋ ਕਾਇਆ ਮੰਦਰ ਸੱਚੀ ਧਰਮਸਾਲ, ਸਤਿਗੁਰ ਪੂਰਾ ਆਸਣ ਲਾਇੰਦਾ । ਕਰੋ ਦਰਸ ਹੋ ਨਿਹਾਲ, ਨਿਹਚਲ ਧਾਮ ਆਪ ਬਹਾਇੰਦਾ । ਦੋ ਜਹਾਨ ਕਰੇ ਪ੍ਰਿਤਪਾਲ, ਪ੍ਰਿਤਪਾਲਕ ਸੇਵ ਕਮਾਇੰਦਾ । ਅੰਮ੍ਰਿਤ ਜਾਮ ਦਏ ਪਿਆਲ, ਉਲਟਾ ਕਵਲ ਆਪ ਕਰਾਇੰਦਾ । ਦੀਪਕ ਵੇਖੋ ਆਪਣੇ ਥਾਲ, ਜੋਤੀ ਜੋਤ ਡਗਮਗਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਗੋਬਿੰਦ ਆਪਣਾ ਵੇਸ ਵਟਾਇੰਦਾ । ਗੁਰਸਿਖ ਵੇਖੇ ਸਾਚੇ ਲਾਲ, ਲਾਲ ਲਾਲਨ ਰੰਗ ਰੰਗਾਇੰਦਾ । ਤੇਰੇ ਨੇੜ ਨਾ ਆਏ ਕਾਲ ਮਹਾਂਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਸਾਚਾ ਸੰਗ ਰਖਾਇੰਦਾ । ਸੋ ਚੀਨੇ ਜਿਸ ਵਖਾਏ ਚਿੰਨ, ਆਪਣੀ ਦਇਆ ਕਮਾਈਆ । ਕਰੇ ਖੇਲ ਪ੍ਰਭੂ ਭਿੰਨ ਭਿੰਨ, ਭਿੰਨੜੀ ਰੈਣ ਨਾਲ ਰਲਾਈਆ । ਕੋਟਨ ਕੋਟਾਂ ਵਿਚੋਂ ਤੇਈ ਅਠਾਰਾਂ ਦਸ ਲਏ ਗਿਣ, ਜਿਸ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਈਆ । ਜਿਸ ਚੀਨਿਆਂ ਤਿਸ ਪਾਇਆ ਮਾਣ, ਘਰ ਸਾਚੇ ਵੱਜੀ ਵਧਾਈਆ । ਕਥਨੀ ਕਥ ਕਥ ਗਾਇਆ ਗਾਣ, ਰਸਨਾ ਜਿਹਵਾ ਜਗਤ ਸੁਣਾਈਆ । ਮੇਰਾ ਸਾਹਿਬ ਸ੍ਰੀ ਭਗਵਾਨ, ਨਿਰਗੁਣ ਦਾਤਾ ਬੇਪਰਵਾਹੀਆ । ਸਚਖੰਡ ਵਸੇ ਸਚ ਮਕਾਨ, ਸਚ ਸਿੰਘਾਸਣ ਆਸਣ ਲਾਈਆ । ਓਥੇ ਝੁੱਲੇ ਇਕ ਨਿਸ਼ਾਨ, ਨਿਸ਼ਾਨੇ ਵਿਚ ਕਦੇ ਨਾ ਆਈਆ । ਸਦਾ ਸੁਹੇਲਾ ਨਿਗਹਬਾਨ, ਨਿਗਹ ਮਿਹਰ ਇਕ ਉਠਾਈਆ । ਜਿਸ ਜਨ ਦੇਵੇ ਆਪਣਾ ਨਾਮ ਦਾਨ, ਸੋ ਚੀਨ ਚੀਨ ਚੀਨ ਸੁਖ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਬਿਨ ਲਿਖਿਆਂ ਪੜ੍ਹਿਆਂ ਦਏ ਜਣਾਈਆ । ਹਰਿ ਕਾ ਨਾਮ ਨਾ ਕਿਸੇ ਲਿਖਿਆ ਨਾ ਕਿਸੇ ਪੜ੍ਹਿਆ, ਲਿਖਤ ਵਿਚ ਕਿਸੇ ਨਾ ਆਇੰਦਾ । ਜੁਗ ਜੁਗ ਜਨ ਭਗਤਾਂ ਅੰਦਰ ਆਪੇ ਧਰਿਆ, ਪੋਥੀ ਖੋਲ੍ਹ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਏਕਾ ਵਾਰ, ਏਕਾ ਘਰ ਟਿਕਾਇੰਦਾ । ਜਿਸ ਅੰਦਰ ਨਾਮ ਦੇਵੇ ਰੱਖ, ਦੇਵੇ ਮਾਣ ਵਡਿਆਈਆ । ਨਿਰਗੁਣ ਰੂਪ ਹੋ ਪ੍ਰਤੱਖ, ਸਰਗੁਣ ਕਰੇ ਜਣਾਈਆ । ਲੱਖ ਚੁਰਾਸੀ

ਵਿਚੋਂ ਰੱਖ, ਆਪ ਆਪਣੇ ਮੇਲ ਮਿਲਾਈਆ । ਸਾਚਾ ਮਾਰਗ ਦੇਵੇ ਦੱਸ, ਏਕਾ ਰਾਹ ਚਲਾਈਆ । ਆਵੇ ਜਾਵੇ ਨੱਸ ਨੱਸ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਬੂਝ ਬੁਝਾਈਆ । ਜਗਤ ਮਨਵੰਤਰ ਕੋਟਨ ਕਾਲ, ਬੇਹਾਲੀ ਬੇਹਾਲ ਹਾਲ ਗਵਾਈਆ । ਹਰਿ ਕਾ ਹੱਲ ਨਾ ਹੋਇਆ ਕਿਸੇ ਕੋਲੋਂ ਸਵਾਲ, ਕੋਟਨ ਕੋਟ ਸਵਾਲੀ ਗਏ ਫੇਰਾ ਪਾਈਆ । ਜੁਗ ਚੌਕੜੀ ਗੁਰ ਅਵਤਾਰ ਕਰਦੇ ਗਏ ਭਾਲ, ਸੇਵਕ ਬਣ ਬਣ ਸੇਵ ਕਮਾਈਆ । ਵਰਨ ਬਰਨ ਬਣ ਦਲਾਲ, ਜ਼ਾਤ ਪਾਤ ਦੀਨ ਮਜ਼੍ਹਬ ਵੰਡ ਵੰਡਾਈਆ । ਪੁਰਖ ਅਬਿਨਾਸ਼ੀ ਸਭ ਤੋਂ ਵਸੇ ਨਿਰਾਲ, ਨਿਰਾਕਾਰ ਨੂਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੁਗ ਜੁਗਤ ਆਪਣੇ ਹੱਥ ਰਖਾਈਆ ।

### ★ ੮ ਮਾਘ ੨੦੧੮ ਬਿਕਰਮੀ ਜਗੀਰ ਸਿੰਘ ਦੇ ਗ੍ਰਹਿ ਸੋਹਲ ਜ਼ਿਲਾ ਗੁਰਦਾਸਪੁਰ ★

ਸਚਖੰਡ ਨਿਵਾਸੀ ਨਿਰਾਕਾਰ, ਨਿਰਵੈਰ ਖੇਲ ਕਰਾਇੰਦਾ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਏਕੰਕਾਰਾ ਸ਼ਾਹੋ ਭੂਪ ਵਡ ਸਿਕਦਾਰ, ਆਦਿ ਨਿਰੰਜਣ ਨੂਰ ਧਰਾਇੰਦਾ । ਅਬਿਨਾਸ਼ੀ ਕਰਤਾ ਆਦਿ ਜੁਗਾਦੀ ਖੇਲ ਨਿਆਰ, ਸ੍ਰੀ ਭਗਵਾਨ ਆਪ ਕਰਾਇੰਦਾ । ਪਾਰਬ੍ਰਹਮ ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਾਚਾ ਹੁਕਮ ਆਪ ਵਰਤਾਇੰਦਾ । ਥਿਰ ਘਰ ਏਕਾ ਖੋਲ੍ਹ ਕਵਾੜ, ਸ਼ਬਦੀ ਸੁਤ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਪੁਰਖ ਕਰਤਾਰ, ਕਰਤਾ ਪੁਰਖ ਆਪ ਕਰਾਈਆ । ਨਿਰਗੁਣ ਨਿਰਗੁਣ ਹੋ ਤਿਆਰ, ਦਰ ਘਰ ਸਾਚੇ ਸੋਭਾ ਪਾਈਆ । ਭੂਪਤ ਭੂਪ ਬਣ ਸਿਕਦਾਰ, ਰਾਜਨ ਰਾਜ ਨਾਉਂ ਧਰਾਈਆ । ਦਰ ਦਰਵੇਸ਼ ਬਣ ਭਿਖਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਵਸਤ ਅਮੋਲਕ ਏਕਾ ਥਾਰ, ਧੁਰ ਦਰਬਾਰ ਆਪ ਵਰਤਾਈਆ । ਦੇਵਣਹਾਰਾ ਏਕੰਕਾਰ, ਅਕਲ ਕਲ ਬੇਪਰਵਾਹੀਆ । ਸਚਖੰਡ ਦੁਆਰੇ ਖੇਲ ਨਿਆਰ, ਹਰਿ ਖ਼ਾਲਕ ਆਪ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਬੇਪਰਵਾਹੀਆ । ਆਦਿ ਪੁਰਖ ਹਰਿ ਖੇਲ ਅਪਾਰਾ, ਅਪਰੰਪਰ ਧਾਰ ਚਲਾਇੰਦਾ । ਨਿਰਗੁਣ ਨਿਰਗੁਣ ਨੂਰ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਤਖ਼ਤ ਨਿਵਾਸੀ ਹੁਕਮ ਕਰੇ ਵਰਤਾਰਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਘਰ ਵਿਚ ਘਰ ਕਰ ਤਿਆਰਾ, ਥਿਰ ਘਰ ਸਾਚਾ ਆਪ ਬਣਾਇੰਦਾ । ਸ਼ਬਦ ਸੁਤ ਸੁਤ ਦੁਲਾਰਾ, ਪੂਤ ਸਪੂਤਾ ਆਪ ਪ੍ਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਧਰਾਇੰਦਾ । ਆਪਣਾ ਰੂਪ ਆਪੇ ਕਰ, ਹਰਿ ਹਰਿ ਵੇਖ ਵਖਾਇੰਦਾ । ਆਪਣੇ ਮੰਦਰ ਆਪੇ ਵੜ, ਆਪੇ ਸੋਭਾ ਪਾਇੰਦਾ । ਆਪਣੇ ਦਰ ਆਪੇ ਖੜ, ਆਪਣਾ ਦਰਸ ਕਰਾਇੰਦਾ । ਆਪਣਾ ਪੱਲੂ ਆਪੇ ਫੜ, ਆਪੇ ਬੰਧਨ ਪਾਇੰਦਾ । ਕਰੇ ਖੇਲ ਨਾਰੀ ਨਰ, ਨਰ ਨਰਾਇਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਲ ਵਰਤਾਇੰਦਾ । ਆਪਣੀ ਕਲ ਸ੍ਰੀ ਭਗਵੰਤ, ਆਦਿ ਪੁਰਖ ਵਰਤਾਈਆ । ਖੇਲੇ ਖੇਲ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਆਪੇ ਨਾਉਂ ਆਪੇ ਮੰਤ, ਬੋਧ ਅਗਾਧ ਆਪ ਅਖਵਾਈਆ । ਆਪ ਸੁਹਾਏ ਸਾਚਾ ਧਾਮ ਬੇਅੰਤ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਆਪ ਪ੍ਰਗਟਾਈਆ । ਥਿਰ ਘਰ ਸਾਚਾ ਕਰ ਤਿਆਰ, ਹਰਿ ਸ਼ਬਦੀ ਮਾਣ ਦਿਵਾਇੰਦਾ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਭੇਵ ਨਾ ਆਇੰਦਾ । ਨਿਰਗੁਣ ਦਾਤਾ ਨਿਰਗੁਣ ਧਾਰ, ਨਿਰਾਕਾਰ ਆਪ ਪ੍ਰਗਟਾਇੰਦਾ । ਮਹੱਲ ਅਟੱਲ ਉਚ ਮਿਨਾਰ, ਸੋਭਾਵੰਤ ਆਪ ਸੁਹਾਇੰਦਾ । ਦੀਵਾ ਬਾਤੀ ਇਕ ਉਜਿਆਰ, ਤੇਲ ਬਾਤੀ ਨਾ ਕੋਇ ਟਿਕਾਇੰਦਾ । ਛੱਪਰ ਛੰਨ ਨਾ ਕੋਇ ਵਿਚਾਰ, ਚਾਰ ਦੀਵਾਰ ਨਾ ਕੋਇ ਬਣਾਇੰਦਾ । ਏਕਾ ਘਰ ਕਰ ਤਿਆਰ, ਘਰ ਘਰ ਵਿਚ ਆਪ ਸੁਹਾਇੰਦਾ । ਸਾਚੇ ਤਖ਼ਤ ਬੈਠ ਨਿਰੰਕਾਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚ ਦੁਆਰਾ ਆਪ ਸੁਹਾਇੰਦਾ । ਸਚ ਮਹੱਲਾ ਏਕੰਕਾਰ, ਏਕਾ ਘਰ ਸੁਹਾਈਆ । ਦੇਵੇ ਵਰ ਸੱਚੀ ਸਰਕਾਰ, ਵਰ ਦਾਤਾ ਨਾਉਂ ਧਰਾਈਆ । ਅਮੁਲ ਅਤੁਲ ਭਰੇ ਭੰਡਾਰ, ਤੋਲਿਆਂ ਤੋਲ ਨਾ ਕੋਇ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ ਸਾਚੇ ਘਰ, ਕਰਤਾ ਪੁਰਖ ਕਰਾਇੰਦਾ । ਨਿਰਭੌ ਰਖਾਏ ਨਾ ਕੋਇ ਡਰ, ਆਪਣਾ ਭੈ ਸਰਬ ਜਣਾਇੰਦਾ । ਸਾਚੇ ਮੰਦਰ ਆਪੇ ਚੜ੍ਹ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸੁਤ ਦੁਲਾਰਾ ਆਪੇ ਫੜ, ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਫ਼ਤ ਸਲਾਹ ਏਕਾ ਏਕ ਜਣਾਇੰਦਾ । ਆਪੇ ਸਿਫ਼ਤ ਆਪ ਸਲਾਹ, ਜੈਕਾਰ ਆਪ ਹੋ ਜਾਈਆ । ਆਪੇ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ, ਤਖ਼ਤ ਨਿਵਾਸੀ ਨਾਉਂ ਧਰਾਈਆ । ਆਪੇ ਆਦਿ ਪੁਰਖ ਬਣ ਮਲਾਹ, ਆਪਣਾ ਬੇੜਾ ਆਪ ਚਲਾਈਆ । ਆਪੇ ਸਚਖੰਡ ਦੁਆਰਾ ਘਾੜਨ ਘੜਤ ਲਿਆ ਘੜਾ, ਆਪੇ ਥਿਰ ਘਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਸਚ ਮਹੱਲਾ ਆਪ ਪ੍ਰਗਟਾਈਆ । ਸਚ ਮਹੱਲਾ ਸਚ ਨਿਸ਼ਾਨ, ਸੋ ਪੁਰਖ ਨਿਰੰਜਣ ਆਪ ਪ੍ਰਗਟਾਇਆ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨ, ਆਪ ਆਪਣੀ ਦਇਆ ਕਮਾਇਆ । ਏਕੰਕਾਰਾ ਕਰ ਧਿਆਨ, ਆਪ ਆਪਾ ਵੇਖ ਵਖਾਇਆ । ਆਦਿ ਨਿਰੰਜਣ ਨੂਰ ਮਹਾਨ, ਦੀਆ ਬਾਤੀ ਇਕ ਜਗਾਇਆ । ਅਬਿਨਾਸ਼ੀ ਕਰਤਾ ਨਿਗਹਬਾਨ, ਮਿਹਰਵਾਨ ਵੇਸ ਵਟਾਇਆ । ਸ੍ਰੀ ਭਗਵਾਨ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਇਆ । ਪਾਰਬ੍ਰਹਮ ਪ੍ਰਭ ਮੰਗੇ ਦਾਨ, ਨਿਉਂ ਨਿਉਂ ਆਪਣਾ ਸੀਸ ਝੁਕਾਇਆ । ਸਚਖੰਡ ਦੁਆਰ ਕਰ ਪਰਵਾਨ, ਹਰਿ ਆਪਣਾ ਆਸਣ ਲਾਇਆ । ਚਰਨ ਕਵਲ ਇਕ ਧਿਆਨ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਥਿਰ ਘਰ ਵੇਖੇ ਗੁਣ ਨਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੇ ਸੁਤ ਆਪ ਸਮਝਾਇਆ । ਸਾਚੇ ਸੁਤ ਬਾਲ ਨਾਦਾਨ, ਸ਼ਬਦੀ ਸ਼ਬਦ ਜਣਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਈਆ । ਏਕਾ ਨਾਉਂ ਸਚ ਨਿਸ਼ਾਨ, ਨਿਰੰਕਾਰਾ ਕਰੇ ਪੜ੍ਹਾਈਆ । ਦਰਗਹਿ ਸਾਚੀ ਕਰ ਪਰਵਾਨ, ਸਚ ਪਰਧਾਨਗੀ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਦਏ ਸੁਣਾਈਆ । ਸਚ ਸੰਦੇਸ਼ਾ ਹਰਿ ਕਰਤਾਰ, ਏਕਾ ਏਕ ਸੁਣਾਇੰਦਾ । ਸੁਤ ਦੁਲਾਰੇ ਹੋ ਤਿਆਰ, ਪੁਰਖ ਅਬਿਨਾਸ਼ੀ ਸੇਵਾ ਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਭੰਡਾਰ, ਤ੍ਰੈਗੁਣ ਮੇਲਾ ਮੇਲ ਮਿਲਾਇੰਦਾ । ਪੰਜ ਤੱਤ ਵਣਜ ਵਣਜਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਕਰਾਇੰਦਾ । ਲੱਖ ਚੁਰਾਸੀ ਘਾੜਨ ਘੜ

ਬਣ ਠਠਿਆਰ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇੰਦਾ । ਏਕਾ ਨਾਉਂ ਸ਼ਬਦ ਧੁਨਕਾਰ, ਅਨਾਦੀ ਨਾਦ ਨਾਦ ਅਲਾਇੰਦਾ । ਘਰ ਘਰ ਮੰਦਰ ਕਰ ਤਿਆਰ, ਗ੍ਰਿਹ ਗ੍ਰਿਹ ਸੋਭਾ ਪਾਇੰਦਾ । ਮੇਰਾ ਨੂਰ ਤੇਰਾ ਉਜਿਆਰ, ਜੋਤੀ ਜੋਤ ਡਗਮਗਾਇੰਦਾ । ਦੀਆ ਬਾਤੀ ਕਰ ਤਿਆਰ, ਜੋਤ ਨਿਰੰਜਣ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਸਮਝਾਇੰਦਾ । ਸਾਚੇ ਮਾਰਗ ਜਾਣਾ ਲੱਗ, ਹਰੀ ਹਰਿ ਹਰਿ ਆਪ ਜਣਾਇੰਦਾ । ਵੇਖਣਹਾਰ ਸੂਰਾ ਸਰਬੱਗ, ਆਪ ਆਪਣਾ ਭੇਵ ਛੁਪਾਇੰਦਾ । ਰਵ ਸਸ ਦੀਪਕ ਜਾਇਣ ਜਗ, ਪ੍ਰਕਾਸ਼ ਪ੍ਰਕਾਸ਼ ਨਾਲ ਕਰਾਇੰਦਾ । ਏਕਾ ਡੋਰੀ ਏਕਾ ਤਗ, ਏਕਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਸਮਝਾਇੰਦਾ । ਸਾਚੀ ਸੇਵਾ ਕਰਨੀ ਮਾਤ, ਲੱਗ ਮਾਤਰ ਨਾ ਕੋਇ ਜਣਾਈਆ । ਲੱਖ ਚੁਰਾਸੀ ਡੂੰਘਾ ਖਾਤ, ਹਰਿ ਤੇਰੀ ਝੋਲੀ ਰਿਹਾ ਭਰਾਈਆ । ਵਿਸ਼ਨ ਬ੍ਰਹਮਾ ਸ਼ਿਵ ਇਕ ਜਮਾਤ, ਦੂਜਾ ਅੱਖਰ ਨਾ ਕੋਇ ਪੜ੍ਹਾਈਆ । ਨਿਰਗੁਣ ਨਿਰਗੁਣ ਨਾਤਾ ਇਕ ਇਕਾਂਤ, ਪੁਰਖ ਬਿਧਾਤਾ ਆਪ ਬਣਾਈਆ । ਏਕਾ ਦੇਵੇ ਸਾਚੀ ਦਾਤ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚੀ ਸੇਵਾ ਵਿਚ ਸੰਸਾਰ, ਨਿਰਗੁਣ ਸਰਗੁਣ ਆਪ ਜਣਾਇੰਦਾ । ਸ਼ਬਦੀ ਸ਼ਬਦ ਹੋ ਉਜਿਆਰ, ਨਿਰਗੁਣ ਨਿਰਗੁਣ ਖੇਲ ਕਰਾਇੰਦਾ । ਸਾਚਾ ਢੋਲਾ ਕਰ ਤਿਆਰ, ਪਰਦਾ ਉਹਲਾ ਆਪ ਚੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਖ਼ਬਰਦਾਰ, ਆਲਸ ਨਿੰਦਰਾ ਆਪ ਮਿਟਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਘਟ ਘਟ ਆਪਣੀ ਜੋਤ ਜਗਾਇੰਦਾ । ਆਪਣੀ ਕਿਰਪਾ ਆਪੇ ਧਾਰ, ਧਰਨੀ ਧਰਤ ਧਵਲ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਸ੍ਰੀ ਭਗਵਾਨ, ਕਰਤਾ ਆਪ ਕਮਾਈਆ । ਲੱਖ ਚੁਰਾਸੀ ਖੇਲ ਮਹਾਨ, ਈਸ਼ ਜੀਵ ਵਡਿਆਈਆ । ਆਤਮ ਪਰਮਾਤਮ ਦੇਵੇ ਦਾਨ, ਪਾਰਬ੍ਰਹਮ ਸੱਚਾ ਸ਼ਹਿਨਸ਼ਾਹੀਆ । ਏਕਾ ਰਾਗ ਸੁਣਾਏ ਕਾਨ, ਅਨਾਦ ਅਨਾਦੀ ਨਾਦ ਅਲਾਈਆ । ਏਕਾ ਮੰਦਰ ਵੇਖ ਮਕਾਨ, ਬੰਕ ਗੜ੍ਹ ਦਏ ਸੁਹਾਈਆ । ਨਿਰਗੁਣ ਸਰਗੁਣ ਕਰ ਪਰਧਾਨ, ਲੋਕਮਾਤ ਵੇਖ ਵਖਾਈਆ । ਏਕਾ ਪੂਜਾ ਪਾਠ ਜਹਾਨ, ਆਪਣਾ ਨਾਉਂ ਕਰੇ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਚਰਨ ਕਵਲ ਸਚੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੀ ਦਇਆ ਕਮਾਈਆ । ਏਕਾ ਦਾਤ ਹਰਿ ਹਰਿ ਨਾਉਂ, ਆਪਣੀ ਆਪ ਵਰਤਾਇੰਦਾ । ਕਰੇ ਖੇਲ ਅਗੰਮ ਅਥਾਹੋ, ਅਲਖ ਆਪਣੀ ਆਪ ਜਗਾਇੰਦਾ । ਆਪੇ ਪਿਤਾ ਆਪੇ ਮਾਉਂ, ਬਾਲ ਅਵਾਣੇ ਗੋਦ ਬਹਾਇੰਦਾ । ਆਪੇ ਮਾਰਗ ਪਾਏ ਫੜ ਫੜ ਬਾਹੋਂ, ਸਾਚਾ ਰਾਹ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਪੁਰਖ ਅਗੰਮ, ਅਗੰਮੜਾ ਆਪ ਕਰਾਈਆ । ਆਪਣੇ ਅੰਤਰ ਆਪੇ ਜੰਮ, ਆਪਣਾ ਰੂਪ ਧਰਾਈਆ । ਵਿਸ਼ਨ ਬ੍ਰਹਮਾ ਸ਼ਿਵ ਬੇੜਾ ਬੰਨ੍ਹ, ਖੇਵਟ ਖੇਟਾ ਸੇਵ ਕਮਾਈਆ । ਏਕਾ ਦੇਵੇ ਨਾਮ ਧਨ, ਏਕੰਕਾਰਾ ਸੋਭਾ ਪਾਈਆ । ਕਰੇ ਪ੍ਰਕਾਸ਼ ਬਿਨ ਸੂਰਜ ਚੰਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਏਕਾ ਨਾਦ ਏਕਾ ਧੁਨ, ਏਕਾ ਵਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰੇ ਆਪੇ ਲਾਈਆ । ਸਾਚੀ ਕਾਰ ਲੱਖ ਚੁਰਾਸੀ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਜੁਗ ਚੌਕੜੀ

ਕਰ ਪ੍ਰਧਾਨ, ਸਾਚੀ ਵੰਡ ਵੰਡਾਇੰਦਾ । ਨਿਸ਼ਅੱਖਰ ਦੇਵੇ ਇਕ ਗਿਆਨ, ਬ੍ਰਹਮਾ ਵੇਤਾ ਚਾਰੇ ਵੇਦ ਪੜ੍ਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਖੇਲ ਮਹਾਨ, ਕਲਜੁਗ ਆਪਣੀ ਗੰਢ ਪੁਵਾਇੰਦਾ । ਨੌਂ ਦਰ ਖੋਲ੍ਹ ਜਗਤ ਦੁਕਾਨ, ਜਗਤ ਵਾਸ਼ਨਾ ਮੇਲ ਮਿਲਾਇੰਦਾ । ਅੰਤਰ ਅੰਤਰ ਖੇਲ ਮਹਾਨ, ਘਰ ਘਰ ਵਿਚ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚਾ ਖੇਲ ਵਿਚ ਸੰਸਾਰ, ਨਿਰਗੁਣ ਸਰਗੁਣ ਆਪ ਕਰਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਜ ਤੱਤ ਕਰੇ ਕੁੜਮਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਜੁਗ ਜੁਗ ਵੇਖੇ ਚਾਈਂ ਚਾਈਂਆ । ਨਾਉਂ ਰਖਾਏ ਗੁਰ ਅਵਤਾਰ, ਸ਼ਬਦੀ ਸ਼ਬਦ ਡੰਕ ਵਜਾਈਆ । ਭਗਤ ਭਗਵੰਤ ਲਏ ਉਠਾਲ, ਆਪ ਆਪਣੀ ਬੂਝ ਬੁਝਾਈਆ । ਸਾਚੇ ਸੰਤਾਂ ਵਖਾਏ ਸੱਚੀ ਧਰਮਸਾਲ, ਘਰ ਬੈਠਾ ਸਾਚਾ ਮਾਹੀਆ । ਗੁਰਮੁਖਾਂ ਤੋੜ ਜਗਤ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੁਰਸਿਖਾਂ ਚਰਨ ਪ੍ਰੀਤੀ ਨਿਭੇ ਨਾਲ, ਨਾ ਕੋਈ ਤੋੜੇ ਤੋੜ ਤੁੜਾਈਆ । ਸਤਿ ਪੁਰਖ ਨਿਰੰਜਣ ਦੀਨ ਦਿਆਲ, ਸਤਿ ਸਤਿਵਾਦੀ ਵੇਸ ਵਟਾਈਆ । ਜੁਗ ਚੌਕੜੀ ਖਾਏ ਕਾਲ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਈਆ । ਜੁਗ ਚੌਕੜੀ ਉਤਰੇ ਪਾਰ, ਥਿਰ ਕੋਇ ਰਹਿਣ ਨਾ ਪਾਇਆ । ਵਿਸ਼ਨ ਬ੍ਰਹਮਾ ਸ਼ਿਵ ਰੋਵਣ ਜ਼ਾਰੋ ਜ਼ਾਰ, ਹਰਿ ਕਾ ਭੇਵ ਕਿਸੇ ਨਾ ਆਇਆ । ਗੁਰ ਅਵਤਾਰ ਸੇਵਾਦਾਰ, ਬਣ ਬਣ ਸੇਵਕ ਸੇਵ ਕਮਾਇਆ । ਭਗਤ ਭਗਵੰਤ ਮੰਗਣ ਛਾਰ, ਦੋਏ ਜੋੜ ਸੀਸ ਝੁਕਾਇਆ । ਸੰਤ ਸਾਜਣ ਕਰਨ ਪੁਕਾਰ, ਖ਼ਾਲੀ ਝੋਲੀ ਰਹੇ ਵਖਾਇਆ । ਗੁਰਮੁਖ ਲੱਭਣ ਮੀਤ ਮੁਰਾਰ, ਜਗਤ ਜਹਾਨ ਫੋਲ ਫੁਲਾਇਆ । ਗੁਰਸਿਖ ਮੰਗਣ ਇਕ ਅਧਾਰ, ਚਰਨ ਸ਼ਰਨ ਸੱਚੀ ਸ਼ਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇਆ । ਜੁਗ ਜੁਗ ਬੰਧਨ ਆਪਣਾ ਪਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਨਾਉਂ ਨਿਰੰਕਾਰਾ ਆਪ ਅਖਵਾ, ਨਰ ਨਰਾਇਣ ਵੇਸ ਵਟਾਇੰਦਾ । ਸ਼ਬਦ ਅਗੰਮੀ ਢੋਲਾ ਗਾ, ਸਾਚਾ ਚੋਲਾ ਆਪ ਬਦਲਾਇੰਦਾ । ਪਰਦਾ ਉਹਲਾ ਆਪ ਰਖਾ, ਡੂੰਘੀ ਭਵਰੀ ਮੁਖ ਛੁਪਾਇੰਦਾ । ਸਾਚਾ ਤੋਲਾ ਬਣ ਸ਼ਹਿਨਸ਼ਾਹ, ਲੱਖ ਚੁਰਾਸੀ ਤੋਲ ਤੁਲਾਇੰਦਾ । ਹਰਿਜਨ ਸਾਚੇ ਲਏ ਜਗਾ, ਨਿਜ ਨੇਤਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਇੰਦਾ । ਆਪਣੀ ਕਰਨੀ ਜੁਗੋ ਜੁਗ, ਜੁਗ ਕਰਤਾ ਆਪ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਔਧ ਜਾਏ ਪੁਗ, ਵੇਲਾ ਅੰਤ ਦਏ ਸਮਝਾਈਆ । ਨਿਰਗੁਣ ਸਰਗੁਣ ਅੰਦਰ ਲੁਕ, ਆਪਣਾ ਖੇਲ ਵਖਾਈਆ । ਭਗਤ ਭਗਵੰਤ ਲਏ ਚੁੱਕ, ਸਾਚੇ ਸੰਤ ਲਏ ਉਠਾਈਆ । ਗੁਰਮੁਖਾਂ ਰੱਖੇ ਏਕਾ ਓਟ, ਦੂਜਾ ਇਸ਼ਟ ਨਾ ਕੋਇ ਮਨਾਈਆ । ਗੁਰਸਿਖਾਂ ਦੇਵੇ ਨਾਮ ਭੰਡਾਰ ਅਤੋਟ, ਨਿਖੁਟ ਕਦੇ ਨਾ ਜਾਈਆ । ਤਨ ਨਗਾਰੇ ਲੱਗੇ ਚੋਟ, ਨਾਮ ਰਬਾਬ ਆਪ ਵਜਾਈਆ । ਨਿਰਗੁਣ ਨਿਰਮਲ ਜਗਾਏ ਜੋਤ, ਅੰਧ ਅੰਧੇਰ ਮਿਟਾਈਆ । ਮਾਇਆ ਮਮਤਾ ਹਉਮੇ ਹੰਗਤਾ ਕੱਢੇ ਖੋਟ, ਜਗਤ ਤ੍ਰਿਸ਼ਨਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ, ਜੁਗ ਜੁਗ ਗੇੜਾ ਆਪ ਭੁਵਾਈਆ । ਜੁਗ ਜੁਗ ਗੇੜਾ ਗੇੜਨਹਾਰ, ਕੋਟਨ ਕੋਟੀ ਕਾਲ ਬਿਤਾਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪੁਕਾਰ, ਦਰ ਬੈਠੇ ਸੀਸ ਝੁਕਾਈਆ । ਕੋਟਨ ਕੋਟ ਗੁਰ ਅਵਤਾਰ, ਜੁਗ ਜੁਗ ਲੋਕਮਾਤ ਫੇਰਾ ਪਾਈਆ । ਕੋਟਨ

ਕੋਟ ਪੀਰ ਪੈਗ਼ੰਬਰ ਮੁਲਾਂ ਸ਼ੇਖ਼ ਹੋ ਸ਼ਾਹ ਅਸਵਾਰ, ਆਪਣਾ ਡੰਕ ਗਏ ਵਜਾਈਆ । ਥਿਰ ਰਹੇ ਨਾ ਕੋਇ ਸੰਸਾਰ, ਸਭ ਦਾ ਲੇਖਾ ਦਏ ਮੁਕਾਈਆ । ਇਕ ਇਕੱਲਾ ਏਕੰਕਾਰ, ਆਪਣੀ ਕਲ ਆਪ ਵਰਤਾਈਆ । ਲੇਖਾ ਜਾਣੇ ਵੇਦ ਚਾਰ, ਚਾਰੇ ਖਾਣੀ ਬੂਝ ਬੁਝਾਈਆ । ਚਾਰੇ ਬਾਣੀ ਬੰਨ੍ਹੇ ਧਾਰ, ਚਾਰੇ ਵਰਨਾਂ ਕਰੇ ਪੜ੍ਹਾਈਆ । ਚਾਰੇ ਜੁਗ ਪਾਵੇ ਸਾਰ, ਚਾਰ ਯਾਰੀ ਰੰਗ ਵਖਾਈਆ । ਅੰਤਮ ਲਹਿਣਾ ਦੇਣਾ ਸਭ ਦਾ ਦੇਵੇ ਉਤਾਰ, ਬਾਕੀ ਕੋਇ ਰਹਿਣ ਨਾ ਪਾਈਆ । ਨਵ ਨੌਂ ਚਾਰ ਹੋ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਸਾਚਾ ਖੇਲ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਜੁਗ ਚੌਕੜੀ ਵਿਚ ਜਹਾਨ, ਰੂਪ ਅਨੂਪ ਵਟਾਇੰਦਾ । ਗੁਰ ਅਵਤਾਰ ਸ਼ਬਦ ਗਿਆਨ, ਅੱਖਰ ਵੱਖਰ ਆਪ ਜਣਾਇੰਦਾ । ਹੁਕਮੀ ਹੁਕਮ ਸਤਿ ਹੁਕਮਰਾਨ, ਧੁਰ ਸੰਦੇਸ਼ਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣਾ ਰੰਗ ਵਖਾਇੰਦਾ । ਆਦਿ ਅੰਤ ਆਪਣਾ ਰੰਗ, ਹਰਿ ਜੂ ਹਰਿ ਜਣਾਇੰਦਾ । ਤਖ਼ਤ ਨਿਵਾਸੀ ਸੇਜ ਪਲੰਘ, ਪੁਰਖ ਅਬਿਨਾਸ਼ੀ ਆਪ ਸੁਹਾਇੰਦਾ । ਨਿਰਗੁਣ ਅਗੰਮ ਵੱਜੇ ਮਰਦੰਗ, ਤਾਰ ਸਤਾਰ ਨਾ ਕੋਇ ਹਲਾਇੰਦਾ । ਦੂਸਰ ਨਾ ਕੋਈ ਦਿਸੇ ਸੰਗ, ਇਕ ਇਕੱਲਾ ਖੇਲ ਕਰਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਜੇਰਜ ਅੰਡਾਂ ਆਸਣ ਲਾਇੰਦਾ । ਨਾ ਕੋਈ ਚਿਲਾ ਤੀਰ ਕਮੰਦ, ਸ਼ਮਸ਼ੀਰ ਹੱਥ ਨਾ ਕੋਇ ਉਠਾਇੰਦਾ । ਰਸਨਾ ਜਿਹਵਾ ਨਾ ਕੋਇ ਬੱਤੀ ਦੰਦ, ਅੱਖਰ ਗਿਆਨ ਨਾ ਕੋਇ ਪੜ੍ਹਾਇੰਦਾ । ਦੋ ਜਹਾਨਾਂ ਕੱਟੇ ਪੰਧ, ਪਾਂਧੀ ਆਪਣਾ ਪੰਧ ਮੁਕਾਇੰਦਾ । ਜਨ ਭਗਤਾਂ ਦੇਵੇ ਇਕ ਅਨੰਦ, ਆਤਮ ਪਰਮਾਤਮ ਖੇਲ ਕਰਾਇੰਦਾ । ਸਤਿ ਪ੍ਰਕਾਸ਼ ਚੜ੍ਹੇ ਚੰਦ, ਅੰਧ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਪਾਰ ਕਰਾਇੰਦਾ । ਜੁਗ ਚੌਕੜੀ ਉਤਰਿਆ ਪੂਰ, ਪੂਰਾ ਸਤਿਗੁਰ ਆਪ ਕਰਾਈਆ । ਸਰਬ ਕਲਾ ਹਰਿ ਭਰਪੂਰ, ਭਰਪੂਰ ਰਿਹਾ ਸਭ ਥਾਈਂਆ । ਵਸਣਹਾਰਾ ਨੇੜੇ ਦੂਰ, ਹਾਜ਼ਰ ਹਜ਼ੂਰ ਵੇਸ ਵਟਾਈਆ । ਜਿਸ ਦਾ ਜਲਵਾ ਤੱਕੇ ਮੂਸਾ ਉਤੇ ਕੋਹਤੂਰ, ਸੋ ਘਰ ਘਰ ਰਿਹਾ ਵਖਾਈਆ । ਜਗਤ ਨਾਤਾ ਕੂੜੋ ਕੂੜ, ਕੂੜੀ ਕਿਰਿਆ ਦਏ ਖਪਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ, ਜਿਸ ਜਨ ਆਪਣੀ ਦਇਆ ਕਮਾਈਆ । ਏਕਾ ਰੰਗ ਚੜ੍ਹਾਏ ਗੂੜ੍ਹ, ਉਤਰ ਕਦੇ ਨਾ ਜਾਈਆ । ਕਲਜੁਗ ਅੰਤਮ ਕਰੇ ਚੂਰੋ ਚੂਰ, ਲੋਕਮਾਤ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਨਾ ਬਖ਼ਸ਼ੇ ਕਿਸੇ ਕਸੂਰ, ਛੁਪ ਕਰ ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾਉਣਾ, ਮੁਕਾਮੇ ਹੱਕ ਜੋਤ ਜਗਾਇੰਦਾ । ਏਕਾ ਮਾਰਗ ਸਾਚਾ ਲਾਉਣਾ, ਦੋ ਜਹਾਨਾਂ ਵੇਖ ਵਖਾਇੰਦਾ । ਚੌਦਾਂ ਲੋਕਾਂ ਡੇਰਾ ਢਾਉਣਾ, ਚੌਦਾਂ ਤਬਕਾਂ ਪਰਦਾ ਲਾਹਿੰਦਾ । ਵਿਸ਼ਨ ਬ੍ਰਹਮਾ ਸ਼ਿਵ ਰਖੌਣਾ, ਸਾਚਾ ਰਾਹ ਸਮਝਾਇੰਦਾ । ਕਰੋੜ ਤਤੀਸਾ ਆਪ ਸਮਝੌਣਾ, ਸੁਰਪਤ ਇੰਦ ਨਾਲ ਮਿਲਾਇੰਦਾ । ਗੁਰ ਅਵਤਾਰਾਂ ਦਰ ਬਹੌਣਾ, ਜੁਗ ਜੁਗ ਲੇਖਾ ਮੰਗ ਮੰਗਾਇੰਦਾ । ਭਗਤਾਂ ਨਿਉਂ ਨਿਉਂ ਸੀਸ ਝੁਕਾਉਣਾ, ਜਗਦੀਸ਼ ਸੋਭਾ ਪਾਇੰਦਾ । ਰਾਗ ਛੱਤੀ ਸੇਵ ਲਗਾਉਣਾ, ਏਕ ਏਕਾ ਅੰਕ ਪੜ੍ਹਾਇੰਦਾ । ਚਾਰ ਵੇਦਾਂ ਪੰਧ ਮੁਕਾਉਣਾ, ਪੁਰਾਨ ਅਠਾਰਾਂ ਆਪੇ ਗਾਇੰਦਾ । ਬਰਨ ਅਠਾਰਾਂ ਡੇਰਾ ਢਾਉਣਾ, ਚਾਰ ਵਰਨ ਮੋਹ ਚੁਕਾਇੰਦਾ । ਅੰਜੀਲ ਕੁਰਾਨ ਅੰਤ ਕੁਰਲਾਉਣਾ, ਤੀਸ ਬਤੀਸ ਨਾ ਕੋਇ ਸੁਣਾਇੰਦਾ । ਪੁਰਖ ਅਬਿਨਾਸ਼ੀ ਵੇਸ ਵਟਾਉਣਾ, ਨਿਰਗੁਣ ਨੂਰ ਡਗਮਗਾਇੰਦਾ । ਸਾਚਾ ਤਖ਼ਤ ਇਕ ਸੁਹਾਉਣਾ, ਸ਼ਾਹ ਪਾਤਸ਼ਾਹ

ਆਸਣ ਲਾਇੰਦਾ । ਸਚ ਦਰਬਾਰਾ ਇਕ ਲਗਾਉਣਾ, ਲੋਕਮਾਤ ਵਡ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਨਾ ਕਿਸੇ ਜਣਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਇ, ਬੇਅੰਤ ਵਡੀ ਵਡਿਆਈਆ । ਕੋਟਨ ਕੋਟ ਦੇ ਦੇ ਗਏ ਢੋਏ, ਹਰਿ ਹਰਿ ਨਾਮ ਸੁਣਾਈਆ । ਅੰਤਮ ਸਭ ਗਏ ਰੋਏ, ਨੇਤਰ ਨੈਣਾਂ ਨੀਰ ਵਹਾਈਆ । ਇਕ ਬਲੋਏ, ਘਟ ਘਟ ਰਿਹਾ ਸਮਾਈਆ । ਲੇਖਾ ਜਾਣੇ ਤ੍ਰੈ ਤ੍ਰੈ ਲੋਏ, ਲੋਚਨ ਏਕਾ ਏਕ ਖੁਲ੍ਹਾਈਆ । ਲੱਖ ਚੁਰਾਸੀ ਬੀਜ ਬੋਏ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਈਆ । ਆਪਣੀ ਕਲ ਧਰੇ ਹਰਿ ਕਲ, ਕੁਲਵੰਤ ਖੇਲ ਕਰਾਇੰਦਾ । ਜੁਗ ਚੌਕੜੀ ਕਰਦਾ ਰਿਹਾ ਛਲ, ਅਛਲ ਅਛੱਲ ਵੇਸ ਵਟਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲ, ਸਚਖੰਡ ਵਸੇਰਾ ਸੋਭਾ ਪਾਇੰਦਾ । ਕਲਜੁਗ ਅੰਤਮ ਲੋਕਮਾਤ ਆਏ ਚਲ, ਨਿਹਕਲੰਕ ਨਾਉਂ ਰਖਾਇੰਦਾ । ਜੋਤੀ ਸ਼ਬਦੀ ਆਪੇ ਰਲ, ਆਪਣਾ ਡੰਕ ਵਜਾਇੰਦਾ । ਸਚ ਸੰਦੇਸ਼ਾ ਏਕਾ ਘੱਲ, ਗੁਰਮੁਖ ਆਪ ਜਗਾਇੰਦਾ । ਦੀਪਕ ਜੋਤੀ ਜਾਏ ਬਲ, ਅਗਿਆਨ ਅੰਧੇਰ ਮਿਟਾਇੰਦਾ । ਦੂਈ ਦਵੈਤੀ ਮੇਟੇ ਸੱਲ, ਊਚ ਨੀਚ ਨਾ ਕੋਇ ਜਣਾਇੰਦਾ । ਅੰਮ੍ਰਿਤ ਆਤਮ ਪਿਆਏ ਜਲ, ਭਾਂਡਾ ਭਰਮ ਭੌ ਭੰਨਾਇੰਦਾ । ਭਾਗ ਲਗਾਏ ਕਾਇਆ ਮਾਟੀ ਖੱਲ, ਪੰਚਮ ਤੱਤ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਅਵੱਲੜਾ, ਕਰਨਹਾਰ ਕਰਤਾਰ । ਨਿਰਗੁਣ ਨਿਰਾਕਾਰ ਇਕ ਅਕੱਲੜਾ, ਵੇਖੇ ਵਿਗਸੇ ਪਾਵੇ ਸਾਰ । ਸਚ ਸਿੰਘਾਸਣ ਏਕਾ ਮਲੜਾ, ਨਿਰਗੁਣ ਸਰਗੁਣ ਅੰਦਰ ਕਰ ਤਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਸਚ ਸਿੰਘਾਸਣ ਸਾਢੇ ਤਿੰਨ ਹੱਥ, ਹਰਿ ਜੂ ਆਪਣਾ ਆਪ ਬਣਾਇੰਦਾ । ਉਪਰ ਬੈਠ ਪੁਰਖ ਸਮਰਥ, ਆਪਣੀ ਖੇਲ ਕਰਾਇੰਦਾ । ਸ਼ਬਦ ਅਗੰਮੀ ਗਾਏ ਗਾਥ, ਸ੍ਰਿਸ਼ਟ ਸਬਾਈ ਆਪ ਪੜ੍ਹਾਇੰਦਾ । ਦੀਨਨ ਅਨਾਥਾਂ ਨਾਥ, ਨਾਥੀ ਨਾਥ ਰੂਪ ਵਟਾਇੰਦਾ । ਏਕਾ ਪੂਜਾ ਏਕਾ ਪਾਠ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਏਕਾ ਸਤਿਗੁਰ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਏਕਾ ਮੰਡਲ ਏਕਾ ਰਾਸ, ਏਕਾ ਗੋਪੀ ਕਾਹਨ ਨਚਾਇੰਦਾ । ਏਕਾ ਰਾਮ ਦੇਵੇ ਸਾਥ, ਸਾਚੀ ਸੇਵ ਕਮਾਇੰਦਾ । ਏਕਾ ਮੇਲ ਸਗਲ ਵਸੂਰੇ ਜਾਇਣ ਲਾਥ, ਚਿੰਤਾ ਦੁੱਖ ਨਾ ਕੋਇ ਸਤਾਇੰਦਾ । ਇਕ ਉਤਾਰੇ ਆਪਣੇ ਘਾਟ, ਸਾਚਾ ਬੇੜਾ ਮਾਤ ਚਲਾਇੰਦਾ । ਦੋ ਜਹਾਨਾਂ ਤੱਕੇ ਵਾਟ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਤਰਿਆ ਵਿਚ ਸੰਸਾਰ, ਤਾਰਨਹਾਰਾ ਇਕ ਅਖਵਾਈਆ । ਨਿਰਗੁਣ ਸਰਗੁਣ ਕਰੇ ਪਿਆਰ, ਸਰਗੁਣ ਨਿਰਗੁਣ ਬੂਝ ਬੁਝਾਈਆ । ਕਲਜੁਗ ਅੰਤਮ ਹੋ ਤਿਆਰ, ਤ੍ਰੈਗੁਣ ਅਤੀਤਾ ਵੇਸ ਵਟਾਈਆ । ਮੰਦਰ ਮਸੀਤਾ ਵਸਿਆ ਬਾਹਰ, ਹੱਥ ਕਿਸੇ ਨਾ ਆਈਆ । ਠਾਂਡਾ ਸੀਤਾ ਇਕਓਂਕਾਰ, ਘਰ ਸਾਚੇ ਸੋਭਾ ਪਾਈਆ । ਪਤਿਤ ਪੁਨੀਤਾ ਪਾਵੇ ਸਾਰ, ਗੁਰਮੁਖ ਸੱਜਣ ਮਾਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਨਾਮ ਦਏ ਸਮਝਾਈਆ । ਏਕਾ ਨਾਮ ਅੰਤਰ ਰਸ, ਹਰਿ ਹਰਿ ਆਪ ਜਣਾਇੰਦਾ । ਅੰਤਰ ਆਤਮ ਆਪੇ ਵਸ, ਆਪਣਾ ਮੇਲ ਮਿਲਾਇੰਦਾ । ਪੰਜ ਵਿਕਾਰਾ ਦੇਵੇ ਝੱਸ, ਕਾਮ ਕਰੋਧ ਲੋਭ ਮੋਹ ਹੰਕਾਰ ਮਿਟਾਇੰਦਾ । ਦਰਸ ਵਖਾਏ ਨੱਸ ਨੱਸ, ਸਵੱਛ ਸਰੂਪੀ ਰੂਪ ਧਰਾਇੰਦਾ । ਜਨ ਭਗਤਾਂ

ਪੂਰੀ ਕਰੇ ਆਸ, ਨਿਰਾਸ਼ਾ ਕੋਇ ਨਜ਼ਰ ਨਾ ਆਇੰਦਾ । ਲੇਖੇ ਲਾਏ ਪਵਣ ਸਵਾਸ, ਪਵਣ ਪਵਣੀ ਆਪ ਸਮਾਇੰਦਾ । ਨਾਤਾ ਤੋੜ ਪ੍ਰਿਥਮੀ ਅਕਾਸ਼, ਚਰਨ ਕਵਲ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਫੇਰਾ ਪਾਇੰਦਾ । ਕਲਜੁਗ ਅੰਤਮ ਫੇਰਾ ਪਾ, ਫੇਰੀ ਏਕਾ ਵਾਰ ਵਖਾਈਆ । ਵੇਖਣਹਾਰਾ ਜਲ ਥਲ ਅਸਗਾਹ, ਡੂੰਘੀ ਭਵਰੀ ਫੋਲ ਫੁਲਾਈਆ । ਲੱਖ ਚੁਰਾਸੀ ਭੁੱਲੀ ਹਰਿ ਕਾ ਨਾਉਂ, ਨਾਮ ਵਣਜਾਰਾ ਨਜ਼ਰ ਕੋਇ ਨਾ ਆਈਆ । ਕੋਈ ਖਾਏ ਸੂਰ ਕੋਈ ਖਾਏ ਗਾਂ, ਹੱਕ ਹਲਾਲ ਨਾ ਕੋਇ ਸਮਝਾਈਆ । ਅੰਤ ਗੁਰ ਪੀਰ ਨਾ ਪਕੜੇ ਕੋਈ ਬਾਂਹ, ਪੱਲੂ ਗਏ ਛੁਡਾਈਆ । ਪੁਰਖ ਅਬਿਨਾਸ਼ੀ ਕਰੇ ਨਾਂਹ, ਏਕਾ ਹੁਕਮ ਸੁਣਾਈਆ । ਰਾਏ ਧਰਮ ਦਏ ਸਜਾ, ਪੁੱਠੀ ਖੱਲ ਲੁਹਾਈਆ । ਕਰੇ ਖੇਲ ਬੇਪਰਵਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਜੋਤ ਆਪ ਧਰਾਈਆ । ਆਪੇ ਜੋਤੀ ਆਪੇ ਧਾਰ, ਆਪੇ ਸ਼ਬਦੀ ਨਾਉਂ ਰਖਾਇੰਦਾ । ਆਪੇ ਗੁਰ ਆਪ ਅਵਤਾਰ, ਪੀਰ ਪੈਗੰਬਰ ਬਣ ਬਣ ਸੇਵ ਕਮਾਇੰਦਾ । ਆਪੇ ਭਗਤ ਭਗਵੰਤ ਦਏ ਦੀਦਾਰ, ਆਪੇ ਦਰਸੀ ਦਰਸ ਵਖਾਇੰਦਾ । ਆਪੇ ਸੰਤ ਸੁਹੇਲੇ ਲਏ ਉਭਾਰ, ਸਿਰ ਆਪਣਾ ਹੱਥ ਟਿਕਾਇੰਦਾ । ਆਪੇ ਗੁਰਮੁਖ ਸਾਚੇ ਪੌੜੇ ਦੇਵੇ ਚਾੜ੍ਹ, ਮਹੱਲ ਅਟੱਲ ਆਪ ਬਹਾਇੰਦਾ । ਆਪੇ ਗੁਰਸਿਖਾਂ ਚਲੇ ਨਾਲ ਨਾਲ, ਜੁਗ ਜਨਮ ਪੰਧ ਮੁਕਾਇੰਦਾ । ਆਪੇ ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਵਟਾਇਆ, ਦਿਸ ਕਿਸੇ ਨਾ ਆਈਆ । ਨਾਨਕ ਨਿਰਗੁਣ ਇਕ ਧਿਆਇਆ, ਗੋਬਿੰਦ ਰੰਗ ਵਖਾਈਆ । ਸੰਬਲ ਸਾਚਾ ਡੇਰਾ ਲਾਇਆ, ਸਾਢੇ ਤਿੰਨ ਹੱਥ ਜੋਤ ਰੁਸ਼ਨਾਈਆ । ਉਚੇ ਟਿੱਲੇ ਪਰਬਤ ਖੇਲ ਅਪਾਰ ਖਿਲਾਇਆ, ਵੇਦ ਵਿਆਸਾ ਖ਼ੁਸ਼ੀ ਮਨਾਈਆ । ਤਖ਼ਤ ਨਿਵਾਸੀ ਤਖ਼ਤ ਸੁਹਾਇਆ, ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹੀਆ । ਜਗਤ ਕੂੜ ਦਏ ਗੁਵਾਇਆ, ਕੂੜੀ ਕਿਰਿਆ ਰਹਿਣ ਨਾ ਪਾਈਆ । ਸਤਿਜੁਗ ਸਾਚਾ ਲਏ ਉਪਜਾਇਆ, ਧਰਤ ਮਾਤ ਗੋਦ ਸੁਹਾਈਆ । ਬੋਧ ਅਗਾਧ ਗਿਆਨ ਚਲਾਇਆ, ਏਕਾ ਕਰੇ ਪੜ੍ਹਾਈਆ । ਹਿੰਦੂ ਮੁਸਲਮ ਸਿੱਖ ਈਸਾਈ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕੋਇ ਰਹਿਣ ਨਾ ਪਾਇਆ, ਏਕਾ ਹਰਿ ਹਰਿ ਨਜ਼ਰੀ ਆਈਆ । ਏਕਾ ਇਸ਼ਟ ਗੁਰਦੇਵ ਮਨਾਇਆ, ਪੁਰਖ ਅਕਾਲ ਸੱਚਾ ਮਾਹੀਆ । ਏਕਾ ਕਲਮਾ ਦਏ ਪੜ੍ਹਾਇਆ, ਕਾਤਬ ਲਿਖੇ ਨਾ ਕੋਈ ਸ਼ਾਹੀਆ । ਅਠਾਰਾਂ ਬਰਨ ਜਮਾਤ ਇਕ ਬਣਾਇਆ, ਏਕਾ ਪੱਟੀ ਦਏ ਪੜ੍ਹਾਈਆ । ਏਕਾ ਤੋਲਾ ਹਰਿ ਜੂ ਬਣ ਕੇ ਆਇਆ, ਲੱਖ ਚੁਰਾਸੀ ਹੱਟ ਖੁਲ੍ਹਾਈਆ । ਤੀਰਥ ਤੱਟ ਇਕ ਵਖਾਇਆ, ਸਤਿਗੁਰ ਚਰਨ ਸੱਚੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਮਾਰਗ ਆਪ ਲਗਾਈਆ । ਮਨ ਅੰਤਰ ਅਨਕ ਖਿਆਲ, ਛਿੰਨ ਛਿੰਨ ਰੂਪ ਵਟਾਈਆ । ਆਪਣੀ ਸੁਰਤੀ ਨਾ ਸਕੇ ਕੋਇ ਸੰਭਾਲ, ਸੁਰਤੀ ਸੁਰਤ ਗਵਾਈਆ । ਇਕੋ ਅੰਤਮ ਨਾਮ ਦਲਾਲ, ਸਭ ਦਾ ਲੇਖਾ ਦਏ ਮੁਕਾਈਆ । ਮਿਲ ਸਤਿਗੁਰ ਸੱਜਣ ਲਿਆ ਭਾਲ, ਕਾਇਆ ਕਵਰੀ ਫੋਲ ਫੁਲਾਈਆ । ਫਲ ਲੱਗੇ ਪਤ ਡਾਲ, ਪੰਜ ਤੱਤ ਹੋਏ ਰੁਸ਼ਨਾਈਆ । ਮਨ ਵਾਸ਼ਨਾ ਹੋਏ ਕੰਗਾਲ, ਬਲਹੀਣ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਲ ਵਿਚ ਦਿਲ ਮਿਲਾਈਆ । ਦਿਲ ਅੰਦਰ ਦਿਲ ਦੀ ਧਾਰ, ਦਲੇਰ

ਆਖ ਸੁਣਾਇੰਦਾ । ਦਿਲ ਅੰਦਰ ਦਵੈਤੀ ਖ਼ਾਰ, ਕੰਡਾ ਠੋਰ ਵਖਾਇੰਦਾ । ਦਿਲ ਅੰਦਰ ਹਰਿ ਕਾ ਪਿਆਰ, ਹਰਿ ਸਾਚਾ ਆਪ ਜਣਾਇੰਦਾ । ਦਿਲ ਅੰਦਰ ਠੱਗ ਚੋਰ ਯਾਰ, ਮਨ ਵਾਸਨਾ ਨਾਲ ਰਲਾਇੰਦਾ । ਦਿਲ ਅੰਦਰ ਸਾਚਾ ਮੀਤ ਮੁਰਾਰ, ਦਿਸ ਕਿਸੇ ਨਾ ਆਇੰਦਾ । ਦਿਲ ਅੰਦਰ ਮਹਿਮਾ ਜਾਣੇ ਆਪ ਗੁਰ ਅਵਤਾਰ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਸਾਚਾ ਰਸਤਾ ਏਕਾ ਵਾਰ, ਮਨ ਮਨੂਆ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਲ ਅੰਦਰ ਦਿਲ ਵੇਖ ਵਖਾਇੰਦਾ । ਦਿਲ ਅੰਦਰ ਵੜਿਆ ਦਿਲ, ਜਗਤ ਦਲੀਲ ਗਵਾਈਆ । ਛਿਨ ਛਿਨ ਅੰਤਰ ਜਾਏ ਹਿਲ, ਠਹਿਰ ਕਦੇ ਨਾ ਪਾਈਆ । ਜਿਸ ਜਨ ਤੋੜੇ ਬਜ਼ਰ ਕਪਾਟੀ ਸਿਲ, ਸੋ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਵਾਸਨਾ ਦਏ ਸਮਝਾਈਆ । ਮਨ ਵਾਸਨਾ ਅਨਕ ਭਾਂਤ, ਅਨਕ ਕਲ ਅਖਵਾਇੰਦਾ । ਗੁਰਮੁਖ ਵਿਰਲਾ ਇਕ ਇਕਾਂਤ, ਏਕਾ ਮੰਗ ਮੰਗਾਇੰਦਾ । ਇਕੋ ਮਿਲੇ ਨਾਮ ਦਾਤ, ਦੂਜੀ ਇਛਿਆ ਨਾ ਕੋਇ ਜਣਾਇੰਦਾ । ਅੰਦਰ ਮਿਟੇ ਅੰਧੇਰੀ ਰਾਤ, ਭੀਤਰ ਸਾਚਾ ਚੰਦ ਚੜ੍ਹਾਇੰਦਾ । ਮਨ ਮਨੂਆ ਸੁਣੇ ਸਾਚੀ ਗਾਥ, ਦੂਜੀ ਆਸ਼ਾ ਨਾ ਕੋਇ ਰਖਾਇੰਦਾ । ਸਗਲ ਵਸੂਰੇ ਜਾਇਣ ਲਾਥ, ਸੱਥਰ ਹੇਠ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਮਨਸ਼ਾ ਮਨਸ਼ਾ ਨਾਲ ਮਿਲਾਇੰਦਾ । ਮਨ ਮਨਸ਼ਾ ਆਸ਼ਾ ਹੋਈ ਪੂਰ, ਮਨ ਮਮਤਾ ਮਾਤ ਤਜਾਈਆ । ਨਾਤਾ ਤੁਟੇ ਹਉਮੇ ਹੰਗਤਾ ਗਰੂਰ, ਗੁਰਬਤ ਕੋਇ ਰਹਿਣ ਨਾ ਪਾਈਆ । ਪਿਛਲੇ ਬਖ਼ਸ਼ੇ ਸਰਬ ਕਸੂਰ, ਮਨ ਚੰਚਲ ਮਿਟੇ ਚਤੁਰਾਈਆ । ਅੰਤਰ ਆਤਮ ਮਿਲੇ ਜ਼ਰੂਰ, ਜ਼ਰੂਰਤ ਪੂਰੀ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨ ਕਾ ਮਾਣ, ਸ਼ਬਦ ਗੁਰ ਧਿਆਨ, ਦਿਲ ਕਾ ਦਾਨ, ਦਿਲ ਜਾਨੀ ਇਕ ਅਖਵਾਈਆ ।



★ ੮ ਮਾਘ ੨੦੧੮ ਬਿਕਰਮੀ ਕਰਮ ਸਿੰਘ ਦੇ ਗ੍ਰਿਹਿ ਨਇਆ ਸ਼ਾਲਾ ਜ਼ਿਲਾ ਗੁਰਦਾਸਪੁਰ ★

ਸਚਖੰਡ ਨਿਵਾਸੀ ਸਚ ਦਰਬਾਰ, ਦਰਗਹਿ ਸਾਚੀ ਆਪ ਲਗਾਇੰਦਾ । ਸ਼ਾਹ ਪਾਤਸ਼ਾਹ ਰਾਜ ਰਾਜਾਨ, ਭੂਪਤ ਭੂਪ ਖੇਲ ਖਲਾਇੰਦਾ । ਤਖ਼ਤ ਨਿਵਾਸੀ ਵਡ ਮਿਹਰਵਾਨ, ਸਾਚੇ ਤਖ਼ਤ ਸੋਭਾ ਪਾਇੰਦਾ । ਹੁਕਮੀ ਹੁਕਮ ਸਤਿ ਹੁਕਮਰਾਨ, ਧੁਰ ਫ਼ਰਮਾਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਏਕੰਕਾਰ, ਏਕਾ ਏਕ ਸੁਹਾਈਆ । ਸਚਖੰਡ ਦੁਆਰਾ ਕਰ ਤਿਆਰ, ਨਿਰਗੁਣ ਬੈਠਾ ਆਸਣ ਲਾਈਆ । ਜੋਤੀ ਜੋਤ ਜੋਤ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਈਆ । ਸੋ ਪੁਰਖ ਨਿਰੰਜਣ ਸਾਚੀ ਕਾਰ, ਹਰਿ ਕਰਤਾ ਆਪ ਕਮਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰ, ਨਿਰਗੁਣ ਆਪਣੀ ਖੇਲ ਵਖਾਇੰਦਾ । ਏਕੰਕਾਰਾ ਕਰ ਪਸਾਰ, ਆਪਣਾ ਰੰਗ ਆਪ ਰੰਗਾਇੰਦਾ । ਆਦਿ ਨਿਰੰਜਣ ਨੂਰ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵੇਖੇ ਵਿਗਸੇ ਪਾਵੇ ਸਾਰ, ਆਪ ਆਪਣਾ ਰੂਪ ਛੁਪਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਇੰਦਾ । ਪਾਰਬ੍ਰਹਮ ਪ੍ਰਭ ਕਰ ਧਿਆਨ,

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਇਕ ਸੁਹੰਜਣਾ, ਸੋਭਾਵੰਤ ਸੁਹਾਇੰਦਾ । ਕਰੇ ਖੇਲ ਆਦਿ ਨਿਰੰਜਣਾ, ਅਨੁਭਵ ਆਪਣੀ ਧਾਰ ਚਲਾਇੰਦਾ । ਅਗੰਮ ਅਥਾਹ ਦੀਨ ਦਰਦ ਦੁੱਖ ਭੈ ਭੰਜਨਾ, ਸਤਿ ਸਰੂਪੀ ਸਚ ਮਲਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹ । ਬੇਪਰਵਾਹ ਖੇਲ ਅਵੱਲਾ, ਏਕਾ ਏਕ ਕਰਾਈਆ । ਵਸਣਹਾਰਾ ਸਚਖੰਡ ਮਹੱਲਾ, ਦਰਗਹਿ ਸਾਚੀ ਧਾਮ ਸੁਹਾਈਆ । ਆਦਿ ਜੁਗਾਦੀ ਅਛਲ ਅਛੱਲਾ, ਵਲ ਛਲ ਧਾਰੀ ਵੇਸ ਵਟਾਈਆ । ਨਿਰਗੁਣ ਸਰਗੁਣ ਫੜਾਏ ਪੱਲਾ, ਏਕਾ ਆਪਣਾ ਬੰਧਨ ਪਾਈਆ । ਜੋਤੀ ਸ਼ਬਦੀ ਆਪੇ ਰਲਾ, ਧਾਰ ਧਾਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਆਪੇ ਖੋਲ੍ਹ, ਹਰਿ ਜੂ ਖੇਲ ਖਲਾਇੰਦਾ । ਆਦਿ ਜੁਗਾਦੀ ਤੋਲੇ ਤੋਲ, ਤੋਲਣਹਾਰਾ ਸੇਵ ਕਮਾਇੰਦਾ । ਸਚਖੰਡ ਦੁਆਰੇ ਬੈਠਾ ਰਹੇ ਅਡੋਲ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਲਾਇੰਦਾ । ਸਾਚੀ ਖੇਲ ਕਰੇ ਕਰਤਾਰ, ਨਿਰਗੁਣ ਵੱਡਾ ਵਡ ਵਡਿਆਈਆ । ਸਚਖੰਡ ਦੁਆਰਾ ਖੋਲ੍ਹ ਕਿਵਾੜ, ਸਤਿ ਸਰੂਪੀ ਵੇਸ ਵਟਾਈਆ । ਥਿਰ ਘਰ ਜੋਤ ਨੂਰ ਉਜਿਆਰ, ਦੀਆ ਬਾਤੀ ਇਕ ਟਿਕਾਈਆ । ਅਬਿਨਾਸ਼ੀ ਅਚੁਤ ਕਿਰਪਾ ਧਾਰ, ਸਾਚਾ ਸੁਤ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਈਆ । ਸਾਚਾ ਮਾਰਗ ਆਪਣਾ ਲਾ, ਹਰਿ ਹਰਿ ਖੇਲ ਕਰਾਇੰਦਾ । ਇਛਿਆ ਭਿੱਛਿਆ ਝੋਲੀ ਪਾ, ਦਾਤਾ ਦਾਨੀ ਦਇਆ ਕਮਾਇੰਦਾ । ਧੁਰ ਫ਼ਰਮਾਣਾ ਇਕ ਜਣਾ, ਸਚ ਸੰਦੇਸ਼ਾ ਆਪ ਅਲਾਇੰਦਾ । ਨਾਉਂ ਨਿਰੰਕਾਰਾ ਆਪ ਅਖਵਾ, ਆਪਣਾ ਨਾਉਂ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇੰਦਾ । ਆਪਣਾ ਖੇਲ ਜਾਣੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਆਦਿ ਪੁਰਖ ਹੋ ਮਿਹਰਵਾਨ, ਸਚ ਨਿਸ਼ਾਨ ਦਏ ਝੁਲਾਈਆ । ਭੂਪਤ ਭੂਪ ਬਣ ਰਾਜਾਨ, ਤਖ਼ਤ ਨਿਵਾਸੀ ਹੁਕਮ ਸੁਣਾਈਆ । ਥਿਰ ਘਰ ਸਾਚੀ ਖੋਲ੍ਹ ਦੁਕਾਨ, ਸਤਿ ਦੁਆਰੇ ਦਏ ਵਡਿਆਈਆ । ਚਰਨ ਸਰਨ ਏਕਾ ਮਾਣ, ਏਕਾ ਕਵਲ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਆਪੇ ਦੱਸ, ਹਰਿ ਹਰਿ ਵੇਸ ਵਟਾਇੰਦਾ । ਸਚਖੰਡ ਦੁਆਰੇ ਆਪੇ ਵਸ, ਥਿਰ ਘਰ ਡੇਰਾ ਲਾਇੰਦਾ । ਸ਼ਬਦੀ ਸ਼ਬਦ ਸਾਚਾ ਰਸ, ਰਸ ਰਸੀਆ ਆਪ ਚਖਾਇੰਦਾ । ਆਪੇ ਪੂਰੀ ਕਰੇ ਆਸ, ਸਗਲਾ ਸੰਗ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰਨੇਹਾਰਾ, ਆਪਣਾ ਖੇਲ ਵਖਾਈਆ । ਆਦਿ ਲਗਾਇਆ ਸਚਖੰਡ ਦਰਬਾਰਾ, ਦਰ ਦਰਬਾਰ ਵੱਜੀ ਵਧਾਈਆ । ਏਕੰਕਾਰਾ ਕਰ ਪਸਾਰਾ, ਆਪੇ ਵੇਖ ਵਖਾਈਆ । ਰਾਜ ਰਾਜਾਨ ਬਣ ਸਿਕਦਾਰਾ, ਤਖ਼ਤ ਨਿਵਾਸੀ ਤਖ਼ਤ ਸੁਹਾਈਆ । ਸੀਸ ਜਗਦੀਸ਼ ਇਕ ਸਹਾਰਾ, ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਦਿ ਖੁਲ੍ਹਾਈਆ । ਆਦਿ ਲਗਾਇਆ ਸਚ ਦਰਬਾਰ, ਹਰਿ ਸਾਚਾ ਖੇਲ ਕਰਾਇੰਦਾ । ਏਕਾ ਹੁਕਮ ਏਕਾ ਵਾਰ, ਏਕਾ ਹਰਿ ਸੁਣਾਇੰਦਾ । ਏਕਾ ਸੁਤ ਕਰ ਤਿਆਰ, ਏਕਾ ਘਰ ਬਹਾਇੰਦਾ । ਏਕਾ ਪੁਰਖ ਏਕਾ ਨਾਰ, ਏਕਾ ਸੇਜ ਹੰਢਾਇੰਦਾ । ਏਕਾ ਰਾਗ ਏਕਾ ਨਾਦ ਏਕਾ ਧੁਨਕਾਰ,

ਏਕਾ ਮੰਗਲ ਗਾਇੰਦਾ । ਏਕਾ ਕਰਤਾ ਏਕਾ ਕਾਰ, ਏਕਾ ਸੇਵ ਕਮਾਇੰਦਾ । ਏਕਾ ਵਿਸ਼ਨੂੰ ਕਰ ਤਿਆਰ, ਏਕਾ ਬ੍ਰਹਮ ਮਿਲਾਇੰਦਾ । ਏਕਾ ਸ਼ੰਕਰ ਦਏ ਅਧਾਰ, ਏਕਾ ਬੰਧਨ ਪਾਇੰਦਾ । ਏਕਾ ਸਿਖਿਆ ਦਏ ਵਿਚਾਰ, ਏਕਾ ਭੇਵ ਖੁਲ੍ਹਾਇੰਦਾ । ਏਕਾ ਮੰਦਰ ਇਕ ਦੁਆਰ, ਏਕਾ ਘਰ ਬੁਝਾਇੰਦਾ । ਏਕਾ ਮੂਰਤ ਇਕ ਅਕਾਲ, ਅਜੂਨੀ ਰਹਿਤ ਇਕ ਅਖਵਾਇੰਦਾ । ਏਕਾ ਬਣੇ ਸਚ ਦਲਾਲ, ਵਣਜ ਵਣਜਾਰਾ ਇਕ ਹੋ ਜਾਇੰਦਾ । ਏਕਾ ਦੀਪਕ ਦੇਵੇ ਬਾਲ, ਜੋਤੀ ਜੋਤ ਇਕ ਵਖਾਇੰਦਾ । ਇਕ ਵਖਾਏ ਸੱਚੀ ਧਰਮਸਾਲ, ਸਚਖੰਡ ਦੁਆਰਾ ਇਕ ਬਣਾਇੰਦਾ । ਏਕਾ ਸ਼ਾਹ ਇਕ ਕੰਗਾਲ, ਰਾਜਨ ਰਾਜਾਨ ਇਕ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਚ ਦਰਬਾਰਾ ਆਦਿ ਪੁਰਖ ਲਗਾਏ ਏਕੰਕਾਰਾ, ਦੂਜਾ ਸੰਗ ਨਾ ਕੋਇ ਰਲਾਇੰਦਾ । ਆਦਿ ਪੁਰਖ ਏਕਾ ਕਾਰ, ਏਕਾ ਵਾਰ ਕਮਾਈਆ । ਏਕਾ ਸ਼ਬਦ ਇਕ ਵਰਤਾਰ, ਏਕਾ ਘਰ ਵਖਾਈਆ । ਏਕਾ ਮਾਇਆ ਕਰ ਤਿਆਰ, ਏਕਾ ਗੁਣ ਵਡਿਆਈਆ । ਏਕਾ ਤੱਤ ਦਏ ਅਧਾਰ, ਤੱਤਵ ਤੱਤ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਸਮਝਾਈਆ । ਏਕਾ ਘਰ ਏਕਾ ਦਰ, ਏਕਾ ਏਕ ਸੁਹਾਇੰਦਾ । ਏਕਾ ਪੁਰਖ ਏਕਾ ਨਰ, ਏਕਾ ਮੇਲ ਮਿਲਾਇੰਦਾ । ਏਕਾ ਮੰਦਰ ਏਕਾ ਜਾਏ ਚੜ੍ਹ, ਏਕਾ ਸੋਭਾ ਪਾਇੰਦਾ । ਏਕਾ ਵਿਦਿਆ ਏਕਾ ਅੱਖਰ ਏਕਾ ਜਾਏ ਪੜ੍ਹ, ਏਕਾ ਨਾਦ ਸੁਣਾਇੰਦਾ । ਇਕ ਚੁਕਾਏ ਭੈ ਡਰ, ਨਿਰਭੌ ਇਕੋ ਇਕ ਅਖਵਾਇੰਦਾ । ਇਕ ਨੁਹਾਏ ਸਾਚੇ ਸਰ, ਸਰ ਸਰੋਵਰ ਇਕ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਸਚ ਦਰਬਾਰਾ ਆਪ ਲਗਾਇੰਦਾ । ਸਚ ਦਰਬਾਰਾ ਏਕੰਕਾਰ, ਆਦਿ ਪੁਰਖ ਲਗਾਈਆ । ਸਤਿ ਸਤਿਵਾਦੀ ਸਤਿ ਵਿਹਾਰ, ਸਤਿ ਪੁਰਖ ਨਿਰੰਜਣ ਆਪ ਕਰਾਈਆ । ਸੁਤ ਦੁਲਾਰਾ ਕਰ ਤਿਆਰ, ਵਿਸ਼ਨ ਬ੍ਰਹਮਾ ਸ਼ਿਵ ਲਏ ਪ੍ਰਗਟਾਈਆ । ਤ੍ਰੈਗੁਣ ਮਾਇਆ ਦੇ ਅਧਾਰ, ਪੰਚਮ ਤੱਤ ਕਰੇ ਕੁੜਮਾਈਆ । ਲੱਖ ਚੁਰਾਸੀ ਭਰ ਭੰਡਾਰ, ਵਸਤ ਅਮੋਲਕ ਇਕ ਵਰਤਾਈਆ । ਧੁਰ ਫ਼ਰਮਾਣਾ ਬੋਲ ਜੈਕਾਰ, ਨਾਉਂ ਨਿਰੰਕਾਰਾ ਆਪ ਸੁਣਾਈਆ । ਨਿਰਗੁਣ ਸਰਗੁਣ ਲਏ ਉਭਾਰ, ਕਰੇ ਖੇਲ ਬੇਪਰਵਾਹੀਆ । ਜੁਗ ਚੌਕੜੀ ਬੰਨ੍ਹੇ ਧਾਰ, ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਪੁਰਖ ਅਗੰਮ, ਅਗੰਮੜੀ ਕਾਰ ਕਮਾਇੰਦਾ । ਲੱਖ ਚੁਰਾਸੀ ਬੇੜਾ ਬੰਨ੍ਹ, ਨਿਰਗੁਣ ਸਰਗੁਣ ਆਪ ਚਲਾਇੰਦਾ । ਲੇਖਾ ਜਾਣੇ ਜਨਨੀ ਜਨ, ਦਾਈ ਦਾਇਆ ਵੇਸ ਵਟਾਇੰਦਾ । ਬਣਤ ਬਣਾਏ ਕਾਇਆ ਤਨ, ਬੰਕ ਦੁਆਰੀ ਸੋਭਾ ਪਾਇੰਦਾ । ਵਸਤ ਅਮੋਲਕ ਨਾਮ ਧਨ, ਸਚ ਖ਼ਜ਼ੀਨਾ ਆਪ ਲੁਟਾਇੰਦਾ । ਬੁੱਧ ਮਤ ਦੇਵੇ ਮਨ ਮਨ ਮਨਸ਼ਾ ਨਾਲ ਮਿਲਾਇੰਦਾ । ਨਿਰਗੁਣ ਜੋਤ ਚਾੜ੍ਹੇ ਚੰਨ, ਜੋਤ ਨਿਰੰਜਣ ਡਗਮਗਾਇੰਦਾ । ਏਕਾ ਰਾਗ ਸੁਣਾਏ ਕੰਨ, ਅਨਹਦ ਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸਾਚੀ ਕਾਰ ਕਰੇ ਕਰਤਾਰਾ, ਕੁਦਰਤ ਕਾਦਰ ਖੇਲ ਖਲਾਈਆ । ਨਿਰਗੁਣ ਸਰਗੁਣ ਭਰ ਭੰਡਾਰਾ, ਇਛਿਆ ਭਿਛਿਆ ਝੋਲੀ ਪਾਈਆ । ਜੇਰਜ ਅੰਡਜ ਉਤਭੁਜ ਸੇਤਜ ਘੜੇ ਬਣ ਠਠਿਆਰਾ, ਆਪਣਾ ਭੇਵ ਨਾ ਕਿਸੇ ਜਣਾਈਆ । ਘਟ ਘਟ ਅੰਦਰ ਹੋ ਉਜਿਆਰਾ, ਬਹਿ ਮੰਦਰ ਮੁੱਖ ਛੁਪਾਈਆ । ਏਕਾ ਹੁਕਮ ਸਤਿ ਵਰਤਾਰਾ, ਸਤਿ ਸਤਿਵਾਦੀ ਆਪ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਖ਼ਬਰਦਾਰਾ, ਆਲਸ

ਨਿੰਦਰਾ ਸਰਬ ਗਵਾਈਆ । ਦੋਏ ਦੋਏ ਜੋੜ ਕਰਨ ਨਿਮਸਕਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨੇਤਰ ਲੋਚਣ ਨੈਣ ਦਰਸ਼ਨ ਪਾਈਆ । ਏਕਾ ਵਰ ਦੇਣਾ ਦਾਤਾਰ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇੰਦਾ । ਤੇਰੇ ਘਰ ਸੱਚਾ ਭੰਡਾਰ, ਸਚ ਭੰਡਾਰੀ ਤੂੰ ਵਰਤਾਇੰਦਾ । ਤੇਰਾ ਨੂਰ ਬ੍ਰਹਮ ਪਸਾਰ, ਪਾਰਬ੍ਰਹਮ ਖੇਲ ਕਰਾਇੰਦਾ । ਤੇਰਾ ਨਾਮ ਤੇਜ ਕਟਾਰ, ਸਾਚਾ ਖੰਡਾ ਇਕ ਚਮਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਤੇਰੀ ਸੇਵਾ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਅੰਤ ਮਿਲਾਇੰਦਾ । ਤੇਰੀ ਸੇਵਾ ਲੱਖ ਚੁਰਾਸੀ, ਜੂਨੀ ਜੂਨ ਭੁਆਈਆ । ਨਿਰਗੁਣ ਸਰਗੁਣ ਬਣੇ ਦਾਸੀ, ਦਾਸੀ ਬਣ ਬਣ ਸੇਵ ਕਮਾਈਆ । ਤੇਰਾ ਨੂਰ ਜੋਤ ਪ੍ਰਕਾਸ਼ੀ, ਪ੍ਰਕਾਸ਼ ਮਿਲੇ ਵਡਿਆਈਆ । ਤੂੰ ਸਾਹਿਬ ਸੁਲਤਾਨ ਸਚਖੰਡ ਨਿਵਾਸੀ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਜੀਵ ਜੰਤ ਲੇਖਾ ਪਵਣ ਸਵਾਸੀ, ਪਵਣ ਪਵਣ ਵਿਚ ਮਿਲਾਈਆ । ਕਵਣ ਬਿਧ ਕਰੇਂ ਜਨ ਰਾਖੀ, ਸਿਰ ਆਪਣਾ ਹੱਥ ਟਿਕਾਈਆ । ਏਕਾ ਦੱਸ ਭਵਿਖਤ ਵਾਕੀ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਤੂੰ ਨਿਰਗੁਣ ਰੂਪ ਵੇਸ ਵਟਾਏਂ ਜਗ ਖ਼ਾਕੀ, ਖ਼ਾਕੀ ਖ਼ਾਕ ਦਏਂ ਵਡਿਆਈਆ । ਕਵਣ ਦੁਆਰਾ ਖੋਲ੍ਹੇਂ ਤਾਕੀ, ਬੰਦ ਕਵਾੜਾ ਦਏਂ ਤੁੜਾਈਆ । ਕਵਣ ਵੇਲਾ ਚਾੜ੍ਹੇਂ ਘਾਟੀ, ਆਪਣਾ ਪੰਧ ਮੁਕਾਈਆ । ਕਵਣ ਦੁਆਰੇ ਬਣੇਂ ਸਾਥੀ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬੈਠੇ ਝੋਲੀ ਡਾਹੀਆ । ਤਿੰਨਾਂ ਝੋਲੀ ਦੇਵੇ ਭਰ, ਹਰਿ ਸਾਚਾ ਦਇਆ ਕਮਾਇੰਦਾ । ਏਕਾ ਗੁਣ ਦੇਵੇ ਵਰ, ਨਿਸ਼ਅੱਖਰ ਆਪ ਪੜ੍ਹਾਇੰਦਾ । ਲੱਖ ਚੁਰਾਸੀ ਅੰਦਰ ਵੜ, ਘਟ ਘਟ ਡੇਰਾ ਲਾਇੰਦਾ । ਸ਼ਬਦ ਅਨਾਦੀ ਇਕੋ ਪੜ੍ਹ, ਏਕਾ ਰਾਗ ਸੁਣਾਇੰਦਾ । ਗ੍ਰਹਿ ਮੰਦਰ ਅੰਦਰ ਸਾਚਾ ਸਰ, ਅੰਮ੍ਰਿਤ ਸਰੋਵਰ ਆਪ ਵਖਾਇੰਦਾ । ਕਾਇਆ ਕਿਲਾ ਕੋਟ ਬਣਾ ਗੜ੍ਹ, ਉਪਰ ਚੜ੍ਹ ਡੇਰਾ ਲਾਇੰਦਾ । ਨਿਰਗੁਣ ਸਰਗੁਣ ਵੇਸ ਕਰ, ਆਪਣਾ ਖੇਲ ਸਮਝਾਇੰਦਾ । ਗੁਰ ਅਵਤਾਰ ਮਾਤ ਬਣ, ਜੀਵ ਜੰਤ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮੇ ਸ਼ਿਵ ਆਪ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਧਿਆਨ, ਨੇਤਰ ਨੈਣਾਂ ਨੀਰ ਵਹਾਈਆ । ਸਮਰਥ ਪੁਰਖ ਤੂੰ ਮਿਹਰਵਾਨ, ਬੇਅੰਤ ਤੇਰੀ ਵਡਿਆਈਆ । ਨਿਰਗੁਣ ਸਰਗੁਣ ਹੋਏਂ ਪ੍ਰਧਾਨ, ਆਪਣਾ ਰੰਗ ਵਖਾਈਆ । ਕਾਇਆ ਅੰਦਰ ਤੱਤ ਨਿਸ਼ਾਨ, ਰਸਨਾ ਜਿਹਵਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਵਣ ਵਕਤ ਪ੍ਰਗਟ ਹੋਏਂ ਬਿਨ ਬੂੰਦ ਰਕਤ, ਆਪਣਾ ਮੇਲ ਲਏਂ ਮਿਲਾਈਆ । ਪੁਰਖ ਅਬਿਨਾਸ਼ੀ ਦੇਵੇ ਸਲਾਹ, ਏਕਾ ਗੁਣ ਜਣਾਇਆ । ਜੁਗ ਚੌਕੜੀ ਬਣ ਮਲਾਹ, ਗੁਰ ਗੁਰ ਵੇਸ ਵਟਾਇਆ । ਸ਼ਬਦ ਅਨਾਦੀ ਨਾਦ ਸੁਣਾ, ਰਾਗੀ ਰਾਗ ਅਲਾਇਆ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾ, ਭੇਵ ਅਭੇਦ ਜਣਾਇਆ । ਭਗਤ ਭਗਵੰਤ ਰੂਪ ਵਟਾ, ਏਕਾ ਰੰਗ ਚੜ੍ਹਾਇਆ । ਸੰਤ ਸਾਜਣ ਆਪ ਜਗਾ, ਜਾਗਰਤ ਜੋਤ ਕਰੇ ਰੁਸ਼ਨਾਇਆ । ਗੁਰਮੁਖ ਮੇਲਾ ਸਹਿਜ ਸੁਭਾ, ਘਰ ਘਰ ਵਿਚ ਲਏ ਮਿਲਾਇਆ । ਗੁਰਸਿਖ ਮਾਰਗ ਸਾਚੇ ਪਾ, ਏਕਾ ਪੰਥ ਸਮਝਾਇਆ । ਜੁਗ ਚੌਕੜੀ ਵੇਸ ਵਟਾ, ਏਕਾ ਹੁਕਮ ਸੁਣਾਇਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾ, ਕਲਜੁਗ ਵੰਡ ਵੰਡਾਇਆ । ਕੋਟਨ ਕੋਟ ਕਾਲ ਦਏ ਖਪਾ, ਗੇੜਾ ਗੇੜੇ ਵਿਚ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮੇ ਸ਼ਿਵ ਆਪ ਸਮਝਾਇਆ । ਵਿਸ਼ਨ ਬ੍ਰਹਮਾ ਸ਼ਿਵ ਮਸਤਕ ਲਾਈ ਚਰਨ ਧੂੜ, ਲੱਖ ਲੱਖ ਸ਼ੁਕਰ ਮਨਾਇਆ । ਹਉਂ ਬਾਲ ਨਾਦਾਨੇ ਮੂਰਖ ਮੂੜ, ਤੇਰਾ ਭੇਵ ਕੋਇ ਨਾ ਆਇਆ । ਆਪਣਾ ਲੇਖਾ ਦੱਸ ਜਰੂਰ, ਸਾਡੀ ਜਰੂਰਤ ਪੂਰ ਕਰਾਇਆ । ਕਵਣ ਵੇਲਾ ਪ੍ਰਗਟੇਂ ਨਿਰਗੁਣ ਨੂਰ, ਪੰਜ ਤੱਤ ਨਾ ਕੋਇ ਰਖਾਇਆ । ਤੂੰ ਸਾਹਿਬ ਸੁਲਤਾਨ ਸਰਬ ਕਲਾ ਭਰਪੂਰ, ਅਨਕ ਕਲ ਤੇਰੀ ਵਡਿਆਇਆ । ਬਿਨ ਡਿਠਿਆਂ ਸਚਖੰਡ ਵਸੇਂ ਦੂਰ, ਤੇਰਾ ਪੰਧ ਨਾ ਕਿਸੇ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਦਏਂ ਮਿਲਾਇਆ । ਪੁਰਖ ਅਬਿਨਾਸ਼ੀ ਦਇਆ ਕਮਾ, ਦੀਨਨ ਇਹ ਸਮਝਾਇੰਦਾ । ਲੱਖ ਚੁਰਾਸੀ ਖੇਲ ਕਰਾ, ਘਟ ਘਟ ਜੋਤ ਜਗਾਇੰਦਾ । ਪਾਰਬ੍ਰਹਮ ਬ੍ਰਹਮ ਰੂਪ ਵਟਾ, ਈਸ਼ ਜੀਵ ਅਖਵਾਇੰਦਾ । ਗੁਰ ਅਵਤਾਰ ਸੇਵਾ ਲਾ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਸ਼ਾਸਤਰ ਸਿਮਰਤ ਵੇਦ ਪੜ੍ਹਾ, ਗਿਆਨ ਧਿਆਨ ਦ੍ਰਿੜਾਇੰਦਾ । ਜੋਗ ਅਭਿਆਸ ਮਾਰਗ ਵਖਾ, ਕਰਮੀ ਕਰਮ ਆਪ ਬਣਾਇੰਦਾ । ਪੀਰ ਪੈਗੰਬਰ ਮਾਤ ਪ੍ਰਗਟਾ, ਮੁਲਾਂ ਸ਼ੇਖ਼ ਮੁਸਾਇਕ ਨਾਲ ਰਲਾਇੰਦਾ । ਕਲਮਾ ਕਲਾਮ ਆਪ ਸੁਣਾ, ਕਾਇਨਾਤ ਆਪ ਜਣਾਇੰਦਾ । ਰਹਿਮਤ ਰਹਿਮਾਨ ਆਪ ਕਮਾ, ਰਹੀਮ ਆਪਣਾ ਖੇਲ ਕਰਾਇੰਦਾ । ਨਾਮ ਸਤਿ ਡੰਕ ਵਜਾ, ਡੰਕਾ ਦੋ ਜਹਾਨ ਅਲਾਇੰਦਾ । ਰਾਉ ਰੰਕ ਲਏ ਉਠਾ, ਏਕਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮੇ ਸ਼ਿਵ ਆਪ ਸਮਝਾਇੰਦਾ । ਵਿਸ਼ਨ ਬ੍ਰਹਮੇ ਸ਼ਿਵ ਕਰ ਵਿਚਾਰ, ਹਰਿ ਸਾਚਾ ਸਚ ਜਣਾਈਆ । ਖੇਲਾਂ ਖੇਲ ਵਿਚ ਸੰਸਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਏਕਾ ਬੰਧਨ ਜੁਗ ਚੌਕੜੀ ਚਾਰ, ਮੇਲਾ ਚਾਰ ਚਾਰ ਮਿਲਾਈਆ । ਨੌਂ ਨੌਂ ਖੋਲ੍ਹ ਦੁਆਰ, ਨਵ ਨਵ ਵੇਖੇ ਚਾਈਂ ਚਾਈਆ । ਚਾਰ ਚਾਰ ਅੰਧ ਅੰਧਿਆਰ, ਚਾਰੋਂ ਕੁੰਟ ਫੇਰਾ ਪਾਈਆ । ਗੁਰ ਅਵਤਾਰ ਬਣ ਪਨਿਆਰ, ਲੋਕਮਾਤ ਸੇਵ ਕਮਾਈਆ । ਬੇਅੰਤ ਬੇਅੰਤ ਕਹਿ ਕੇ ਜਾਣ ਪੁਕਾਰ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਈਆ । ਆਪਣਾ ਭੇਵ ਸ੍ਰੀ ਭਗਵੰਤ, ਏਕਾ ਏਕ ਜਣਾਇੰਦਾ । ਖੇਲਾਂ ਖੇਲ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਇੰਦਾ । ਏਕਾ ਨਾਉਂ ਸਾਚਾ ਮੰਤ, ਮੰਤਰ ਨਾਮ ਇਕ ਦ੍ਰਿੜਾਇੰਦਾ । ਆਦਿ ਜੁਗਾਦੀ ਮਹਿਮਾ ਅਗਣਤ, ਬੋਧ ਅਗਾਧ ਆਪ ਸੁਣਾਇੰਦਾ । ਲੱਖ ਚੁਰਾਸੀ ਬਣਾ ਬਣਤ, ਘੜਨ ਭੰਨਣਹਾਰ ਖੇਲ ਆਪਣੇ ਹੱਥ ਰਖਾਇੰਦਾ । ਕੋਟਨ ਕੋਟ ਉਪਜਾ ਸੰਤ, ਸਾਚੀ ਸਿਖਿਆ ਇਕ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖਾ ਜਾਣੇ ਗੜ੍ਹ ਹਉਮੇ ਹੰਗਤ, ਮਾਇਆ ਮਮਤਾ ਵੇਖ ਵਖਾਇੰਦਾ । ਲੱਖ ਚੁਰਾਸੀ ਹੋਏ ਨੰਗਤ, ਚਾਰੋਂ ਕੁੰਟ ਸੰਗ ਨਾ ਕੋਇ ਨਿਭਾਇੰਦਾ । ਏਕਾ ਲੇਖਾ ਜਾਣੇ ਅੰਤ, ਚਾਰ ਵੇਦ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮੇ ਸ਼ਿਵ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰੱਖਣਾ ਯਾਦ, ਹਰਿ ਸਾਚਾ ਸਚ ਜਣਾਈਆ । ਆਪੇ ਰਚਨਾ ਰਚੀ ਆਦਿ, ਦਿਸ ਕਿਸੇ ਨਾ ਆਈਆ । ਇਕੋ ਦੇਵਾਂ ਸਾਚੀ ਦਾਦ, ਨਾਮ ਭੰਡਾਰਾ ਝੋਲੀ ਪਾਈਆ । ਆਪਣੇ ਵਿਚੋਂ ਆਪਾ ਕਾਢ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਪਿਤਾ ਪੂਤ ਕਰੇ ਲਾਡ, ਧੰਨ ਧੰਨ ਜਣੇਂਦੀ ਮਾਈਆ । ਏਕਾ ਨਿਸ਼ਅੱਖਰ ਸੁਣਾਏ ਗਾਥ, ਲਿਖਣ ਪੜ੍ਹਨ ਵਿਚ ਨਾ ਆਈਆ । ਨਾ ਕੋਈ ਦਿਵਸ ਨਾ ਕੋਈ ਰਾਤ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਨਾ ਕੋਈ ਸੰਧਿਆ ਨਾ ਪ੍ਰਭਾਤ, ਘੜੀ ਪਲ ਨਾ ਵੰਡ ਵੰਡਾਈਆ । ਪੁਰਖ

ਅਬਿਨਾਸ਼ੀ ਇਕ ਇਕਾਂਤ, ਸਚਖੰਡ ਬੈਠਾ ਖੇਲ ਕਰਾਈਆ । ਪ੍ਰਗਟ ਹੋਏ ਬਹੁ ਬਿਧ ਭਾਂਤ, ਅਨਕ ਕਲ ਰੂਪ ਧਰਾਈਆ । ਜੁਗ ਚੌਕੜੀ ਸੁਣਾਏ ਆਪਣੀ ਗਾਥ, ਲਿਖ ਲਿਖ ਲੇਖ ਸਮਝਾਈਆ । ਬਣ ਰਥਵਾਹੀ ਚਲਾਏ ਰਾਥ, ਆਪ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਛੁਪਾਈਆ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਰੋ, ਨੈਣਾਂ ਨੀਰ ਵਹਾਇਆ । ਆਪਣੀ ਕਿਰਪਾ ਕਰ ਕੇ ਦੇਣਾ ਆਪਣਾ ਮੋਹ, ਦੂਜਾ ਪਿਆਰ ਨਾ ਕੋਇ ਸਿਖਾਇਆ । ਤੇਰਾ ਨੂਰ ਸਾਚੀ ਲੋ, ਏਕਾ ਰੰਗ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਸਾਡਾ ਪੰਧ ਦਏਂ ਮੁਕਾਇਆ । ਕਵਣ ਵੇਲਾ ਮੁਕੇ ਪੰਧ, ਬਣ ਚਾਕਰ ਸੇਵ ਕਮਾਈਆ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਏਕਾ ਦੇਣਾ ਗੁਣ ਸਮਝਾਈਆ । ਤੇਰੀ ਧਾਰ ਸੱਚਾ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਤੇਰਾ ਨਾਉਂ ਸੁਹਾਗੀ ਛੰਦ, ਗੀਤ ਗੋਬਿੰਦ ਅਲਾਈਆ । ਕਵਣ ਵੇਲਾ ਟੁੱਟੀ ਦੇਵੇਂ ਗੰਢ, ਆਪਣੀ ਗੰਢ ਪੁਆਈਆ । ਨਾਤਾ ਤੋੜ ਜੇਰਜ ਅੰਡ, ਉਤਭੁਜ ਸੇਤਜ ਮੋਹ ਚੁਕਾਈਆ । ਤ੍ਰੈਗੁਣ ਮਾਇਆ ਕਰ ਖੰਡ ਖੰਡ, ਏਕਾ ਖੰਡਾ ਨਾਮ ਚਮਕਾਈਆ । ਆਸ਼ਾ ਸਾਡੀ ਹੋਏ ਨਾ ਰੰਡ, ਕੰਤ ਕੰਤੂਹਲ ਸੱਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਘੋਲੀ ਘੋਲ ਘੁਮਾਈਆ । ਏਕਾ ਵਰ ਏਕਾ ਵਾਰ, ਏਕਾ ਹਰਿ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਹਿਣਾ ਖ਼ਬਰਦਾਰ, ਬੇਖ਼ਬਰ ਆਪ ਜਗਾਇੰਦਾ । ਚਾਕਰ ਬਣਨਾ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵਿਚ ਸੰਸਾਰ, ਸਾਚੀ ਸੇਵਾ ਇਕ ਸਮਝਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਵੇ ਵਾਰੋ ਵਾਰ, ਜੁਗ ਜੁਗ ਗੇੜਾ ਆਪ ਦਿਵਾਇੰਦਾ । ਅੰਤਮ ਲੇਖਾ ਅਗੰਮ ਅਪਾਰ, ਆਪਣਾ ਆਪ ਸਮਝਾਇੰਦਾ । ਪ੍ਰਗਟ ਹੋਏ ਹਰਿ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਨਿਰਗੁਣ ਜੋਤ ਕਰ ਉਜਿਆਰ, ਦੀਆ ਬਾਤੀ ਇਕ ਟਿਕਾਇੰਦਾ । ਸਾਚੇ ਮੰਦਰ ਪਾਵੇ ਸਾਰ, ਡੂੰਘੀ ਕੰਦਰ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਜਣਾਏ ਹਰਿ, ਏਕਾ ਰਾਗ ਅਲਾਈਆ । ਜੁਗ ਚੌਕੜੀ ਜਾਏ ਹਰ, ਥਿਰ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰ ਸੇਵਾ ਕਰ, ਘਰ ਸਾਚੇ ਜਾਣ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਆਪਣਾ ਭੇਵ ਖੋਲ੍ਹੇ ਭਗਵਾਨ, ਏਕਾ ਗੁਣ ਜਣਾਇੰਦਾ । ਕਲਜੁਗ ਅੰਤ ਆਏ ਵਿਚ ਜਹਾਨ, ਜੀਵ ਜੰਤ ਸਰਬ ਭੁਲਾਇੰਦਾ । ਚਾਰੋਂ ਕੁੰਟ ਪੰਜ ਸ਼ੈਤਾਨ, ਘਰ ਘਰ ਡੰਕ ਵਜਾਇੰਦਾ । ਆਤਮ ਬ੍ਰਹਮ ਨਾ ਕੋਇ ਪਹਿਚਾਨ, ਪਾਰਬ੍ਰਹਮ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣੇ ਹੱਥ ਰਖਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਹਰਿ ਹਰਿ ਆਖ ਸੁਣਾਈਆ । ਚਾਰ ਵੇਦ ਨਾ ਕਿਸੇ ਗੌਣਾ, ਚਾਰ ਵਰਨ ਨਾ ਕੋਇ ਪੜ੍ਹਾਈਆ । ਚਾਰ ਖਾਣੀ ਡੇਰਾ ਢਾਉਣਾ, ਚਾਰ ਬਾਣੀ ਨਾ ਕੋਇ ਸਮਝਾਈਆ । ਜਗਤ ਚਾਕਰੀ ਇਕ ਲਗੌਣਾ, ਕੂੜੇ ਧੰਦੇ ਮੋਹ ਫਸਾਈਆ । ਜਗਤ ਅੰਧੇਰ ਏਕਾ ਪੌਣਾ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਗੁਰ ਕਾ ਸ਼ਬਦ ਸਰਬ ਭੁਲੌਣਾ, ਰਸਨਾ ਜਿਹਵਾ ਹੋਏ ਹਲਕਾਈਆ । ਤੀਰਥ ਤੱਟ ਮਾਣ ਗਵੌਣਾ, ਅਠਸਠ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਤ ਦਏ ਜਣਾਈਆ । ਕਲਜੁਗ ਅੰਤਮ ਜਾਏ ਆ, ਗੇੜਾ ਗੇੜ ਵਖਾਈਆ । ਕਰੇ ਖੇਲ ਬੇਪਰਵਾਹ, ਨਿਰਗੁਣ

ਨੂਰ ਜੋਤ ਰੁਸ਼ਨਾਈਆ । ਜੋਤੀ ਜਾਮਾ ਭੇਖ ਵਟਾ, ਪ੍ਰਗਟ ਹੋਵੇ ਵਡ ਸ਼ਹਿਨਸ਼ਾਹੀਆ । ਲੋਕਮਾਤ ਸਚਖੰਡ ਬਣਾ, ਬ੍ਰਹਿਮੰਡ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਦਏ ਉਠਾਈਆ । ਕਲਜੁਗ ਵੇਲਾ ਅੰਤ ਮਾਤ, ਹਰਿ ਸਾਚਾ ਸਚ ਜਣਾਇੰਦਾ । ਪ੍ਰਗਟ ਹੋਏ ਪੁਰਖ ਬਿਧਾਤ, ਆਪਣਾ ਨੂਰ ਧਰਾਇੰਦਾ । ਆਪੇ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਖੇਲ ਕਰਾਇੰਦਾ । ਸਾਚੇ ਮੰਡਲ ਪਾਵੇ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਪਣਾ ਭੇਵ ਚੁਕਾਇੰਦਾ । ਕਲਜੁਗ ਹਰਿ ਜੂ ਦੱਸੇ ਅੰਤ, ਏਕਾ ਗੁਣ ਸਮਝਾਈਆ । ਪਰਗਟ ਹੋਏ ਸ੍ਰੀ ਭਗਵੰਤ, ਨਿਰਗੁਣ ਆਪਣਾ ਰੂਪ ਵਟਾਈਆ । ਸਚਖੰਡ ਦੁਆਰ ਬਣਾਏ ਬਣਤ, ਲੋਕਮਾਤ ਨਿਸ਼ਾਨ ਝੁਲਾਈਆ । ਹਰਿਜਨ ਵੇਖੇ ਸਾਚੇ ਸੰਤ, ਜੁਗ ਵਿਛੜੇ ਲਏ ਮਿਲਾਈਆ । ਨਾਤਾ ਤੋੜ ਹਉਮੇ ਹੰਗਤ, ਸਾਚੀ ਸੰਗਤ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਲੇਖਾ ਰਿਹਾ ਜਣਾਈਆ । ਕਲਜੁਗ ਅੰਤ ਪ੍ਰਗਟ ਹੋਏ ਨਰ ਨਿਰੰਕਾਰ, ਨਿਰਗੁਣ ਰੂਪ ਵਟਾਈਆ । ਲੋਕਮਾਤ ਲਗਾਏ ਸਚ ਦਰਬਾਰ, ਧੁਰ ਦਰਬਾਰੀ ਸੱਚਾ ਮਾਹੀਆ । ਸਾਚੇ ਤਖ਼ਤ ਬਹੇ ਸੱਚੀ ਸਰਕਾਰ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਲਹਿਣਾ ਦੇਣਾ ਮੇਟੇ ਜੁਗ ਚੌਕੜੀ ਚਾਰ, ਨਵ ਨੌਂ ਵੇਖੇ ਥਾਉਂ ਥਾਈਂਆ । ਸ਼ਬਦ ਸੁਨੇਹੁੜਾ ਸਾਚੀ ਧਾਰ, ਏਕਾ ਵਾਰ ਜਣਾਈਆ । ਕੱਠੇ ਕਰੇ ਗੁਰ ਅਵਤਾਰ, ਦਰ ਸਾਚੇ ਲਏ ਬਹਾਈਆ । ਭਗਤਾਂ ਦੇਵੇ ਇਕ ਅਧਾਰ, ਸਾਚੇ ਸੰਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦਏ ਸਮਝਾਈਆ । ਕਲਜੁਗ ਅੰਤਮ ਔਣਾ ਨਿਹਕਲੰਕ, ਨਿਰਗੁਣ ਨਾਉਂ ਰਖਾਈਆ । ਨਾਨਕ ਗੋਬਿੰਦ ਵਜਾ ਕੇ ਗਿਆ ਡੰਕ, ਡੰਕਾ ਏਕਾ ਨਾਮ ਰਖਾਈਆ । ਸੰਬਲ ਸੁਹਾਏ ਸਾਚਾ ਬੰਕ, ਨਗਰ ਖੇੜਾ ਦਏ ਵਡਿਆਈਆ । ਜਿਸ ਉਪਜਾਇਆ ਆਦਿ ਉਹ ਵੇਖਣਹਾਰਾ ਅੰਤ, ਬੇਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਧਰਾਈਆ । ਆਪਣਾ ਬਲ ਆਪੇ ਰੱਖ, ਆਪਣਾ ਵੇਸ ਵਟਾਇੰਦਾ । ਨਿਰਗੁਣ ਰੂਪ ਹੋ ਪ੍ਰਤੱਖ, ਜੋਤੀ ਜੋਤ ਡਗਮਗਾਇੰਦਾ । ਚਾਰ ਜੁਗ ਦੀ ਕਿਰਿਆ ਕਰੇ ਸੱਖ, ਖ਼ਾਲੀ ਭਾਂਡੇ ਸਰਬ ਵਖਾਇੰਦਾ । ਜੁਗ ਚੌਕੜੀ ਗੁਰ ਅਵਤਾਰਾਂ ਕਰਦਾ ਆਇਆ ਪੱਖ, ਸਗਲਾ ਸੰਗ ਨਿਭਾਇੰਦਾ । ਸ਼ਬਦੀ ਮਾਰਗ ਏਕਾ ਦੱਸ, ਜੁਗ ਜੁਗ ਰਾਹ ਚਲਾਇੰਦਾ । ਆਤਮ ਪਰਮਾਤਮ ਆਪੇ ਵਸ, ਪਰਮ ਪੁਰਖ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਜਣਾਇੰਦਾ । ਆਪਣਾ ਰਾਹ ਜਾਣੀ ਜਾਣ, ਜਾਨਣਹਾਰ ਸਮਝਾਇੰਦਾ । ਪਰਗਟ ਹੋਏ ਸ੍ਰੀ ਭਗਵਾਨ, ਲੋਕਮਾਤ ਫੇਰਾ ਪਾਇੰਦਾ । ਨਿਰਗੁਣ ਰੂਪ ਬਲੀ ਬਲਵਾਨ, ਮਰਦ ਮਰਦਾਨਾ ਆਪ ਹੋ ਜਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਮਾਰ ਧਿਆਨ, ਆਪ ਆਪਣਾ ਮੇਲ ਮਿਲਾਇੰਦਾ । ਵਿਸ਼ਨ ਬ੍ਰਹਮੇ ਸ਼ਿਵ ਕਰ ਧਿਆਨ, ਸੋ ਪੁਰਖ ਨਿਰੰਜਣ ਆਪ ਸਮਝਾਇੰਦਾ । ਅੰਤਮ ਲੇਖਾ ਤੁਹਾਡਾ ਮੁਕੇ ਆਣ, ਸਤਿ ਸਰੂਪੀ ਆਪ ਮੁਕਾਇੰਦਾ । ਜਨ ਭਗਤਾਂ ਦੇਵੇ ਸਾਚਾ ਦਾਨ, ਸਿਰ ਆਪਣਾ ਹੱਥ ਟਿਕਾਇੰਦਾ । ਬ੍ਰਹਮਾ ਤੇਰਾ ਮੇਟੇ ਆਪ ਨਿਸ਼ਾਨ, ਨੂਰ ਨੂਰ ਵਿਚ ਸਮਾਇੰਦਾ । ਗੁਰਮੁਖ ਆਏ ਚਤੁਰ ਸੁਜਾਨ, ਤੇਰਾ ਘਰ ਸੁਹਾਇੰਦਾ । ਸ਼ੰਕਰ ਤੇਰਾ ਤੁੱਟੇ ਮਾਣ, ਹੱਥ ਤ੍ਰਿਸੂਲ ਨਾ ਕੋਇ ਵਖਾਇੰਦਾ । ਗੁਰਮੁਖ ਉਠੇ ਬਾਲ ਜਵਾਨ, ਆਪਣਾ ਬਲ ਧਰਾਇੰਦਾ । ਪਿਛਲਾ ਲੇਖਾ ਚੁੱਕੇ ਜਹਾਨ, ਅੱਗੇ ਆਪਣਾ ਰਾਹ ਚਲਾਇੰਦਾ । ਵਿਸ਼ਨੂੰ ਤੇਰੀ ਵਿਸ਼ਵ


੩੬੦
੧੧

ਕਲਿਆਣ, ਵਾਸਤਕ ਆਪਣੇ ਹੱਥ ਰਖਾਇੰਦਾ । ਭਗਵਨ ਮੇਲਾ ਦੋ ਜਹਾਨ, ਪੁਰਖ ਅਬਿਨਾਸ਼ੀ ਰੰਗ ਵਖਾਇੰਦਾ । ਬਾਸ਼ਕ ਸੇਜਾ ਵੇਖੇ ਆਣ, ਸਹੰਸਰ ਮੁਖ ਗੀਤ ਅਲਾਇੰਦਾ । ਸਾਂਗੋ ਪਾਂਗ ਇਕ ਨਿਸ਼ਾਨ, ਨਿਗਹਬਾਨ ਆਪ ਜਣਾਇੰਦਾ । ਅੰਤਮ ਲੇਖਾ ਮੁਕਾਏ ਆਣ, ਆਪਣਾ ਖੇਲ ਆਪ ਕਰਾਇੰਦਾ । ਆਦਿ ਪੁਰਖ ਦੇਵਣਹਾਰਾ ਦਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਪਣਾ ਰੰਗ ਜਣਾਇੰਦਾ । ਅੰਤਮ ਰੰਗ ਹਰਿ ਅਪਾਰਾ, ਅਪਰੰਪਰ ਆਪ ਜਣਾਈਆ । ਬ੍ਰਹਮਾ ਵਿਸ਼ਨ ਤੇਰਾ ਪਾਰ ਕਿਨਾਰਾ, ਸ਼ੰਕਰ ਰਹਿਣ ਨਾ ਪਾਈਆ । ਇੰਦਰ ਰੋਵੇ ਜ਼ਾਰੋ ਜ਼ਾਰਾ, ਸੁਰਪਤ ਦਏ ਦੁਹਾਈਆ । ਕਰੇ ਖੇਲ ਹਰਿ ਕਰਤਾਰਾ, ਆਪਣੀ ਕਲ ਵਰਤਾਈਆ । ਲੋਕਮਾਤ ਸਚ ਦੁਆਰਾ, ਸਚਖੰਡ ਨਿਵਾਸੀ ਆਪ ਸੁਹਾਈਆ । ਦਰ ਬੁਲਾਏ ਗੁਰ ਅਵਤਾਰਾ, ਪੂਰਬ ਲਹਿਣਾ ਦਏ ਚੁਕਾਈਆ । ਦੋਏ ਦੋਏ ਜੋੜ ਕਰਨ ਨਿਮਸਕਾਰਾ, ਵਾਹਵਾ ਤੇਰੀ ਵਡ ਵਡਿਆਈਆ । ਤੇਰਾ ਹੁਕਮ ਤੇਰਾ ਵਰਤਾਰਾ, ਸਚ ਤੇਰੀ ਸੇਵ ਕਮਾਈਆ । ਤੇਰਾ ਕਲਮਾ ਤੇਰਾ ਨਾਅਰਾ, ਤੇਰਾ ਨਾਦ ਵਜਾਈਆ । ਤੇਰੀ ਓਟ ਤੇਰਾ ਸਹਾਰਾ, ਤੇਰੀ ਸਚ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰ ਦਏ ਸਮਝਾਈਆ । ਸਚ ਵਿਹਾਰਾ ਹਰਿ ਜੂ ਕਰਨਾ, ਭੇਵ ਕਿਸੇ ਨਾ ਆਇਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦ ਸਰੂਪੀ ਆਪੇ ਫੜਨਾ, ਏਕਾ ਤੰਦ ਬੰਧਾਇਆ । ਆਪਣਾ ਭਾਣਾ ਆਪੇ ਜਰਨਾ, ਆਪੇ ਦੇਵੇ ਸਾਚਾ ਦਾਨਾ, ਵਰ ਦਾਤਾ ਆਪ ਅਖਵਾਇਆ । ਆਪਣਾ ਕੀਤਾ ਆਪੇ ਭਰਨਾ, ਨਾ ਦੇਵੇ ਕੋਇ ਛੁਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸੁਹਾਇਆ । ਸਚ ਦੁਆਰਾ ਸੋਹੇ ਮਾਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਲੇਖਾ ਲਿਖੇ ਬਿਨ ਕਲਮ ਦਵਾਤ, ਸੰਗ ਰੱਖੇ ਨਾ ਕੋਇ ਸ਼ਾਹੀਆ । ਕਾਗਦ ਕਲਮ ਨਾ ਕੋਈ ਖਾਤ, ਖਾਤਾ ਹਰਿ ਨਾ ਕਿਸੇ ਜਣਾਈਆ । ਜਿਸ ਜਨ ਸੁਣਾਏ ਆਪਣੀ ਗਾਥ, ਸੋ ਪੜ੍ਹ ਪੜ੍ਹ ਜਾਏ ਲੋਕਾਈਆ । ਸਭ ਦਾ ਲਹਿਣਾ ਰੱਖਿਆ ਆਪਣੇ ਹਾਥ, ਏਕਾ ਬੰਧਨ ਪਾਈਆ । ਕੋਟਨ ਕੋਟ ਤ੍ਰਲੋਕੀ ਨਾਥ, ਹਰਿ ਜੂ ਸੇਵ ਲਗਾਈਆ । ਕੋਟਨ ਕੋਟ ਰਾਮ ਮੰਗਣ ਸਾਥ, ਰਾਮ ਰਮੱਯਾ ਸਾਚਾ ਮਾਹੀਆ । ਕੋਟਨ ਕੋਟ ਪੀਰ ਪੈਗ਼ੰਬਰ ਈਸਾ ਮੂਸਾ ਸੰਗ ਮੁਹੰਮਦ ਰਹੇ ਝਾਕ, ਨੇਤਰ ਨੈਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸੱਜਣ ਆਪੇ ਸਾਕ, ਆਪੇ ਪਾਕੀ ਆਪੇ ਪਾਕ, ਆਪੇ ਨਾਤਾ ਲਏ ਤੁੜਾਈਆ । ਜੁਗ ਜੁਗ ਨਾਤਾ ਆਪੇ ਜੋੜ, ਨਿਰਗੁਣ ਸਰਗੁਣ ਖੇਲ ਕਰਾਇਆ । ਗੁਰ ਅਵਤਾਰ ਚੜ੍ਹਾਏ ਘੋੜ, ਸ਼ਬਦ ਘੋੜਾ ਇਕ ਦੌੜਾਇਆ । ਚੌਥੇ ਪਦ ਲਗਾਇਆ ਪੌੜ, ਸਾਚਾ ਮੰਦਰ ਇਕ ਵਖਾਇਆ । ਅੰਮ੍ਰਿਤ ਆਤਮ ਪਿਆ ਬੁਝਾਈ ਔੜ, ਏਕਾ ਅੰਮ੍ਰਿਤ ਮੇਘ ਬਰਸਾਇਆ । ਦੋ ਜਹਾਨਾਂ ਪੰਧ ਮੁਕਾਏ ਦੌੜ ਦੌੜ, ਵੇਸ ਅਵੱਲਾ ਆਪ ਵਟਾਇਆ । ਵਿਚ ਕਿਸੇ ਨਾ ਆਇਆ ਗੌਰ, ਸਤਿ ਦਰਸ ਨਾ ਕਿਸੇ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਡੋਰ ਆਪ ਬੰਧਾਇਆ । ਆਪਣੀ ਬੰਨ੍ਹੇ ਸਾਚੀ ਡੋਰ, ਏਕਾ ਤੰਦ ਬੰਧਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪੇ ਤੋਰ, ਆਪੇ ਲਏ ਛੁਪਾਈਆ । ਗੁਰ ਅਵਤਾਰ ਚੜ੍ਹਾਏ ਘੋੜ, ਸਿਹਰਾ ਸੀਸ ਗੁੰਦਾਈਆ । ਆਪੇ ਵੇਖੇ ਮਾਟੀ ਗੋਰ, ਆਪੇ ਹੱਡੀਆਂ ਤਨ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਪਣਾ ਖੇਲ ਕਰੇ ਕਰਤਾਰਾ, ਕਲਜੁਗ ਅੰਤ ਮਿਲੇ ਵਡਿਆਈਆ । ਜੁਗ ਚੌਕੜੀ ਪਾਰ ਕਿਨਾਰਾ, ਕਲਜੁਗ ਮੇਟੇ ਝੂਠੀ ਛਾਹੀਆ । ਨਿਰਗੁਣ

ਨਾਨਕ ਲੇਖ ਅਪਾਰਾ, ਸਰਗੁਣ ਜੀਵ ਗਿਆ ਸਮਝਾਈਆ । ਗੋਬਿੰਦ ਏਕਾ ਬੋਲ ਜੈਕਾਰਾ, ਪੁਰਖ ਅਕਾਲ ਮਨਾਈਆ । ਪ੍ਰਗਟ ਹੋਏ ਹਰਿ ਕਰਤਾਰਾ, ਮਹਾਂਬਲੀ ਨਾਉਂ ਧਰਾਈਆ । ਡੰਕ ਵਜਾਏ ਵਿਚ ਸੰਸਾਰਾ, ਚਾਰ ਕੁੰਟਾਂ ਲਏ ਉਠਾਈਆ । ਸ਼ਾਹ ਸੁਲਤਾਨਾ ਮਾਰੇ ਮਾਰਾ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਚਾਰੇ ਵਰਨ ਕਰੇ ਖ਼ਵਾਰਾ, ਬਰਨ ਅਠਾਰਾਂ ਦੇਣ ਦੁਹਾਈਆ । ਏਕਾ ਬੋਲੇ ਸਤਿ ਜੈਕਾਰਾ, ਆਤਮ ਪਰਮਾਤਮ ਲਏ ਮਿਲਾਈਆ । ਏਕਾ ਵਖਾਏ ਮੰਦਰ ਦੁਆਰਾ, ਏਕਾ ਘਰ ਵੱਜੇ ਵਧਾਈਆ । ਏਕਾ ਇਸ਼ਟ ਸਰਬ ਸੰਸਾਰਾ, ਗੁਰਦੇਵ ਇਕ ਸਮਝਾਈਆ । ਏਕਾ ਨੂਰ ਨੂਰ ਉਜਿਆਰਾ, ਏਕਾ ਜੋਤ ਜੋਤ ਰੁਸ਼ਨਾਈਆ । ਏਕਾ ਭਗਤ ਇਕ ਭੰਡਾਰਾ, ਏਕਾ ਵਾਰ ਹਰਿ ਵਰਤਾਈਆ । ਸਚਖੰਡ ਖੋਲ੍ਹੇ ਮਾਤ ਦੁਆਰਾ, ਬ੍ਰਹਿਮੰਡ ਸੀਸ ਝੁਕਾਈਆ । ਗੁਰ ਅਵਤਾਰ ਕਰਨ ਨਿਮਸਕਾਰਾ, ਵਾਹਵਾ ਵਡੀ ਤੇਰੀ ਵਡਿਆਈਆ । ਜੁਗ ਚੌਕੜੀ ਕੱਟ ਕੇ ਆਏ ਤੇਰੀ ਵਗਾਰਾ, ਬਣ ਚਾਕਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਪਰਦਾ ਦਏ ਉਠਾਈਆ । ਵਿਸ਼ਨ ਬ੍ਰਹਮੇ ਸ਼ਿਵ ਵੇਲਾ ਅੰਤ ਮੁਕਣਾ, ਮੁਕਾਵਣਹਾਰ ਕਰਤਾਰਾ । ਨਿਰਗੁਣ ਨੂਰ ਹੋਏ ਬੁਕਣਾ, ਪਰਗਟ ਹੋ ਵਿਚ ਸੰਸਾਰਾ । ਲੱਖ ਚੁਰਾਸੀ ਬੂਟਾ ਸੁੱਕਣਾ, ਅੰਮ੍ਰਿਤ ਮਿਲੇ ਨਾ ਠੰਡਾ ਠਾਰਾ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ ਕੋਈ ਮੇਟੇ ਮੇਟਣਹਾਰਾ । ਜੰਗਲ ਜੂਹ ਉਜਾੜ ਪਹਾੜ ਕਿਸੇ ਨਾ ਲੁਕਣਾ, ਪੁਰਖ ਅਬਿਨਾਸ਼ੀ ਵੇਖੇ ਡੂੰਘੀ ਗਾਰਾ । ਤੀਰ ਨਿਸ਼ਾਨਾ ਕਦੇ ਨਾ ਉਕਣਾ, ਮਾਰੇ ਤੀਰ ਅਣਯਾਲਾ ਏਕਾ ਵਾਰਾ । ਜੂਠ ਝੂਠ ਡੇਰਾ ਪੁੱਟਣਾ, ਥਿਰ ਰਹੇ ਨਾ ਵਿਚ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦਏ ਸਹਾਰਾ । ਮਿਲਿਆ ਸਹਾਰਾ ਤੇਰਾ ਨਾਮ, ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀ ਮਨਾਈਆ । ਤੂੰ ਕਰਤਾ ਕਰਨਾ ਆਪਣਾ ਕਾਮ, ਤੇਰੀ ਕੀਮਤ ਕੋਇ ਨਾ ਪਾਈਆ । ਹਉਂ ਸੇਵਕ ਬਰਦਾ ਬਣ ਗੁਲਾਮ, ਤੇਰੀ ਸੇਵ ਕਮਾਈਆ । ਅੰਤਮ ਦੇਣਾ ਇਕੋ ਜਾਮ, ਆਪਣਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲੈਣਾ ਮਿਲਾਈਆ । ਤੇਰਾ ਮੇਲਾ ਮਿਲੇ ਦਰਗਾਹ, ਏਕਾ ਮੰਗ ਮੰਗਾਇਆ । ਪੁਰਖ ਅਬਿਨਾਸ਼ੀ ਦਏ ਸਲਾਹ, ਸਾਚਾ ਹੁਕਮ ਸੁਣਾਇਆ । ਕਲਜੁਗ ਅੰਤਮ ਜਾਏ ਆ, ਜੁਗ ਚੌਕੜੀ ਪਾਰ ਕਰਾਇਆ । ਗੋਬਿੰਦ ਲੇਖਾ ਜਾਏ ਲਿਖਾ, ਨਾ ਕੋਈ ਮੇਟੇ ਮੇਟ ਮਿਟਾਇਆ । ਨਿਰਗੁਣ ਨੂਰ ਵੇਸ ਲਏ ਵਟਾ, ਨਿਹਕਲੰਕ ਨਾਉਂ ਧਰਾਇਆ । ਸਾਚਾ ਡੰਕਾ ਦਏ ਵਜਾ, ਲੋਆਂ ਪੁਰੀਆਂ ਆਪ ਸੁਣਾਇਆ । ਰਾਓ ਰੰਕਾਂ ਲਏ ਉਠਾ, ਸੋਇਆ ਕੋਇ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇਆ । ਆਪਣਾ ਭੇਵ ਦੱਸੇ ਹਾਲ, ਨਿਰਗੁਣ ਨਿਰਗੁਣ ਆਪ ਜਣਾਈਆ । ਜੁਗ ਚੌਕੜੀ ਖਾਵੇ ਕਾਲ, ਲੱਖ ਚੁਰਾਸੀ ਰਹਿਣ ਨਾ ਪਾਈਆ । ਗੁਰ ਅਵਤਾਰ ਬਣ ਦਲਾਲ, ਜੁਗ ਜੁਗ ਸੇਵ ਕਮਾਈਆ । ਅੰਤ ਪਤ ਨਾ ਦਿਸੇ ਕਿਸੇ ਡਾਲ, ਫਲ ਫੂਲ ਨਾ ਕੋਇ ਵਖਾਈਆ । ਪਰਗਟ ਹੋ ਸ੍ਰੀ ਭਗਵਾਨ, ਆਪਣਾ ਨਾਉਂ ਧਰਾਈਆ । ਜੁਗ ਚੌਕੜੀ ਮੇਟ ਨਿਸ਼ਾਨ, ਸਾਚਾ ਰਾਹ ਚਲਾਈਆ । ਆਤਮ ਪਰਮਾਤਮ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਚਾਰ ਵੇਦ ਹੋਣ ਹੈਰਾਨ, ਸ਼ਾਸਤਰ ਸਿਮਰਤ ਦੇਣ ਦੁਹਾਈਆ । ਗਾਇਤਰੀ ਮੰਤਰ ਨਾ ਕੋਇ ਧਿਆਨ, ਗੀਤਾ ਗਿਆਨ ਨਾ ਕੋਇ ਸਾਲਾਹੀਆ । ਅੰਜੀਲ ਕੁਰਾਨ ਨੈਣ ਸ਼ਰਮਾਣ, ਤੀਸ ਬਤੀਸ ਨਾ ਕੋਇ ਅਲਾਈਆ । ਖਾਣੀ ਬਾਣੀ ਨਾ ਕੋਇ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਸਰਬ

ਦਾ ਦਾਤਾ ਇਕ ਭਗਵਾਨ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਈਆ । ਕਲਜੁਗ ਅੰਤਮ ਚਲੇ ਰਾਹ, ਹਰਿ ਰਹਿਬਰ ਦਇਆ ਕਮਾਇੰਦਾ । ਚਾਰ ਜੁਗ ਦੀ ਆਸ਼ਾ ਪੂਰੀ ਦਏ ਕਰਾ, ਨਿਰਾਸਾ ਕੋਇ ਰਹਿਣ ਨਾ ਪਾਇੰਦਾ । ਰਾਮ ਰੂਪ ਹਰਿ ਲਏ ਵਟਾ, ਕ੍ਰਿਸ਼ਨਾ ਰੰਗ ਵਖਾਇੰਦਾ । ਈਸ ਮੂਸਾ ਨੂਰ ਧਰਾ, ਪੰਜ ਤੱਤ ਡਗਮਗਾਇੰਦਾ । ਮੁਹੰਮਦ ਅਹਿਮਦ ਆਪ ਪੜ੍ਹਾ, ਕਲਮਾ ਅਮਾਮ ਸਿਖਾਇੰਦਾ । ਮੰਤਰ ਸਤਿਨਾਮ ਦ੍ਰਿੜ੍ਹਾ, ਸਤਿ ਸਤਿ ਮਾਰਗ ਚੜ੍ਹਾਇੰਦਾ । ਡੰਕਾ ਫਤਹਿ ਇਕ ਵਜਾ, ਏਕਾ ਹੁਕਮ ਮਨਾਇੰਦਾ । ਅੰਤਮ ਲਹਿਣਾ ਦਏ ਮੁਕਾ, ਲੇਖਾ ਸਭ ਦਾ ਆਪ ਚੁਕਾਇੰਦਾ । ਚਾਰ ਵਰਨ ਏਕਾ ਧਾਮ ਬਹਾ, ਏਕਾ ਘਰ ਵਖਾਇੰਦਾ । ਮੰਦਰ ਮਸਜਿਦ ਸ਼ਿਵਦੁਆਲਾ ਮੱਠ ਢਾ, ਸਾਚਾ ਖੇੜਾ ਆਪ ਵਖਾਇੰਦਾ । ਨਿਰਮਲ ਦੀਆ ਜੋਤ ਜਗਾ, ਕਮਲਾਪਾਤੀ ਸੋਭਾ ਪਾਇੰਦਾ । ਬਣ ਬਣ ਸਾਕੀ ਜਾਮ ਦਏ ਪਿਆ, ਅੰਮ੍ਰਿਤ ਪਿਆਲਾ ਹੱਥ ਉਠਾਇੰਦਾ । ਬੰਦ ਤਾਕੀ ਦਏ ਤੁੜਾ, ਬਜਰ ਕਪਾਟੀ ਪਰਦਾ ਲਾਹਿੰਦਾ । ਸਾਚੀ ਘਾਟੀ ਦਏ ਚੜ੍ਹਾ, ਹਰਿਜਨ ਸਾਚੇ ਆਪ ਉਠਾਇੰਦਾ । ਪਾਕੀ ਪਾਕ ਇਕ ਖ਼ੁਦਾ, ਪਰਵਰਦਿਗਾਰ ਵੇਖ ਵਖਾਇੰਦਾ । ਆਬੇ ਹਯਾਤ ਇਕ ਪਿਆ, ਆਪ ਆਪਣੇ ਰੰਗ ਰੰਗਾਇੰਦਾ । ਅਹਿਬਾਬ ਰਬਾਬ ਦਏ ਵਜਾ, ਸਰਬ ਸੰਸਾਰ ਆਪ ਵਜਾਇੰਦਾ । ਮੁਕਾਮੇ ਹੱਕ ਦਏ ਵਖਾ, ਹੱਕ ਹਕ਼ੀਕ਼ਤ ਆਪ ਕਰਾਇੰਦਾ । ਆਪਣੀ ਤਵਾਰੀਕ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਪੜ੍ਹਾ, ਆਪਣਾ ਤੁਆਰਫ਼ ਨਾ ਕਿਸੇ ਕਰਾਇੰਦਾ । ਦੂਰ ਦੁਰਾਡਾ ਬਣਦਾ ਰਿਹਾ ਮਲਾਹ, ਮਲਾਹਗੀਰ ਆਪ ਹੋ ਜਾਇੰਦਾ । ਦੋਏ ਜੋੜ ਸਭ ਮੰਗਦੇ ਗਏ ਪਨਾਹ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਪੰਜ ਤੱਤ ਕਾਇਆ ਕਰੇ ਗੁਨਾਹ, ਨਿਰਗੁਣ ਤਨ ਨਾ ਕੋਇ ਜਣਾਇੰਦਾ । ਚਾਰ ਕੁੰਟ ਦੇ ਚਾਰੋਂ ਰਾਹ, ਚਾਰੇ ਜੁਗ ਵਖਾਇੰਦਾ । ਕੋਈ ਵੇਦ ਗਿਆ ਸੁਣਾ, ਕੋਈ ਸ਼ਾਸਤਰ ਸਿਮਰਤ ਧਿਆਨ ਲਗਾਇੰਦਾ । ਕੋਈ ਪੁਰਾਨਾਂ ਗਿਆ ਗਾ, ਕੋਈ ਗੀਤਾ ਗਿਆਨ ਦ੍ਰਿੜ੍ਹਾਇੰਦਾ । ਕੋਈ ਅੰਜੀਲ ਕੁਰਾਨਾਂ ਵੰਡ ਵੰਡਾ, ਅਲਫ਼ ਯੇ ਭੇਵ ਮੁਕਾਇੰਦਾ । ਕੋਈ ਖਾਣੀ ਬਾਣੀ ਰਿਹਾ ਸੁਣਾ, ਆਪਣਾ ਰਾਗ ਅਲਾਇੰਦਾ । ਕੋਇ ਰਾਮ ਕ੍ਰਿਸ਼ਨ ਇਸ਼ਟ ਰਿਹਾ ਮਨਾ, ਕੋਇ ਦ੍ਰਿਸ਼ਟ ਵਿਚ ਸਮਾਇੰਦਾ । ਕੋਇ ਨੂਰੀ ਜਲਵਾ ਰਿਹਾ ਧਰਾ, ਈਸਾ ਮੂਸਾ ਵੰਡ ਵੰਡਾਇੰਦਾ । ਕੋਈ ਕਹੇ ਖ਼ੁਦਾ, ਅਹਿਮਦ ਆਪਣਾ ਨਾਦ ਵਜਾਇੰਦਾ । ਨਾਨਕ ਨਿਰਗੁਣ ਇਕੋ ਲਿਆ ਮਨਾ, ਏਕੰਕਾਰਾ ਇਕ ਸਲਾਹਿੰਦਾ । ਗੋਬਿੰਦ ਸੂਰਾ ਗਿਆ ਸਮਝਾ, ਪੁਰਖ ਅਕਾਲ ਇਕ ਮਨਾਇੰਦਾ । ਕਲਜੁਗ ਅੰਤਮ ਜਾਏ ਆ, ਨਿਹਕਲੰਕਾ ਨਾਉਂ ਧਰਾਇੰਦਾ । ਸਭ ਦਾ ਸ਼ੰਕਾ ਦਏ ਮਿਟਾ, ਸ਼ਾਸਤਰ ਸਿਮਰਤ ਡੇਰਾ ਢਾਹਿੰਦਾ । ਚਾਰ ਜੁਗ ਦਾ ਲੇਖਾ ਦਏ ਚੁਕਾ, ਬਾਕੀ ਕੋਇ ਨਜ਼ਰ ਨਾ ਆਇੰਦਾ । ਕਲਜੁਗ ਕੂੜਾ ਦਏ ਖਪਾ, ਕੂੜੀ ਕਿਰਿਆ ਆਪ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਕਰੇ ਕਰਤਾਰਾ, ਅਚਰਜ ਖੇਲ ਵਖਾਈਆ । ਲੱਖ ਚੁਰਾਸੀ ਮੇਟ ਪਸਾਰਾ, ਕੂੜੀ ਕਿਰਿਆ ਦਏ ਗਵਾਈਆ । ਵਿਸ਼ਨ ਬ੍ਰਹਮਾ ਸ਼ਿਵ ਪਾਰ ਕਿਨਾਰਾ, ਕਰੋੜ ਤਤੀਸਾ ਰਹਿਣ ਨਾ ਪਾਈਆ । ਸਚਖੰਡ ਵਾਸੀ ਸਚਖੰਡ ਸੁਹਾਏ ਸਚ ਦੁਆਰਾ, ਦਰ ਘਰ ਸਾਚੇ ਵੱਜੇ ਵਧਾਈਆ । ਗੁਰਮੁਖ ਵੇਖੇ ਆਪਣੀ ਧਾਰਾ, ਧਾਰ ਧਾਰ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਚਲਾਈਆ । ਹਰਿ ਭਗਤਾਂ ਦੁੱਖ ਨਿਵਾਰਿਆ, ਮਿਟੇ ਰੋਗ ਸੰਤਾਪ । ਚਰਨ ਕਵਲ ਦੇਵੇ ਅਧਾਰਿਆ, ਆਤਮ

ਪਰਮਾਤਮ ਸੋਹੰ ਜਾਪ । ਉਤਰੇ ਪਾਰ ਵਿਚ ਸੰਸਾਰਿਆ, ਇਕ ਵਖਾਏ ਸਾਚਾ ਘਾਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਟੇ ਅੰਧੇਰੀ ਰਾਤ । ਧੁਅਾਂਧਾਰ ਮੇਟੇ ਦੁੱਖ, ਦਰਦੀ ਦਰਦ ਵੰਡਾਇੰਦਾ । ਘਰ ਘਰ ਉਪਜੇ ਏਕਾ ਸੁਖ, ਸਾਂਤਕ ਸਤਿ ਕਰਾਇੰਦਾ । ਉਜਲ ਕਰੇ ਮਾਤ ਮੁਖ, ਲੱਖ ਚੁਰਾਸੀ ਵਿਚ ਆਪ ਵਡਿਆਇੰਦਾ । ਆਪ ਆਪਣੀ ਗੋਦੀ ਚੁੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੁਖ ਇਕ ਸਮਝਾਇੰਦਾ । ਸਾਚਾ ਸੁਖ ਸਤਿਗੁਰ ਚਰਨ, ਕਵਲ ਦਏ ਸ਼ਰਨਾਈਆ । ਨੇਤਰ ਖੋਲ੍ਹੇ ਹਰਨ ਫਰਨ, ਮੇਟੇ ਝੂਠੀ ਬੀਨਾਈਆ । ਗੁਰਮੁਖ ਵਿਰਲਾ ਦਾਤੀ ਦਾਨ, ਦਰ ਮਿਲਿਆ ਏਕਾ ਮਾਹੀਆ । ਸਾਚਾ ਨਾਮ ਸਦਾ ਪੜ੍ਹਨ, ਏਕਾ ਢੋਲਾ ਗਾਈਆ । ਤ੍ਰੈਗੁਣ ਅਗਨ ਕਦੇ ਨਾ ਸੜਨ, ਮਾਇਆ ਪੋਹ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੁੱਖ ਮਿਟਾਈਆ । ਚਿੰਤਾ ਦੁੱਖ ਦਲਿਦਰ ਹੋਏ ਦੂਰ, ਸਤਿਗੁਰ ਪੂਰਾ ਆਪ ਕਰਾਇੰਦਾ । ਦਰਸ ਵਖਾਏ ਹਾਜ਼ਰ ਹਜ਼ੂਰ, ਰੂਪ ਅਨੂਪ ਆਪ ਵਟਾਇੰਦਾ । ਆਸਾ ਮਨਸਾ ਕਰੇ ਪੂਰ, ਤ੍ਰਿਸ਼ਨਾ ਭੁੱਖ ਗਵਾਇੰਦਾ । ਹਉਮੇ ਹੰਗਤਾ ਤੋੜ ਗਰੂਰ, ਸਚ ਸੁੱਚ ਸਮਝਾਇੰਦਾ । ਦਾਤਾ ਦਾਨੀ ਜੋਧਾ ਸੂਰ, ਬਲ ਆਪਣਾ ਆਪ ਵਖਾਇੰਦਾ । ਨਾਤਾ ਤੋੜ ਕੂੜੋ ਕੂੜ, ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁੱਖ ਦਰਦ ਆਪ ਗਵਾਇੰਦਾ । ਦੁੱਖ ਦਰਦ ਜਾਏ ਨੱਠ, ਗੁਰਸਿਖ ਦਰ ਰਹਿਣ ਨਾ ਪਾਈਆ । ਸਰਨ ਸਰਨਾਈ ਜੋ ਜਨ ਜਾਏ ਢੱਠ, ਮਿਲੇ ਮਾਣ ਵਡਿਆਈਆ । ਨਾਤਾ ਤੁਟੇ ਅਠਸਠ, ਸਰ ਸਰੋਵਰ ਇਕ ਨੁਹਾਈਆ । ਜੋਤ ਜਗਾਏ ਲਟ ਲਟ, ਅੰਧ ਅੰਧੇਰ ਦਏ ਮਿਟਾਈਆ । ਦੂਈ ਦਵੈਤੀ ਮੇਟੇ ਫੱਟ, ਏਕਾ ਪੱਟੀ ਨਾਮ ਪੜ੍ਹਾਈਆ । ਨਾਮ ਵਣਜਾਰਾ ਖੋਲ੍ਹੇ ਹੱਟ, ਏਕਾ ਵਸਤ ਵਿਕਾਈਆ । ਗੁਰਮੁਖ ਵਿਰਲਾ ਲਾਹਾ ਲਏ ਖੱਟ, ਭਰਮੇ ਭੁੱਲੀ ਸਰਬ ਲੋਕਾਈਆ । ਹਰਿ ਕਾ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਸਹਾਈਆ । ਭਗਤ ਸੁਹੇਲਾ ਆਪ ਪ੍ਰਭ, ਜੁਗ ਜੁਗ ਸੇਵ ਕਮਾਇੰਦਾ । ਲੱਖ ਚੁਰਾਸੀ ਵਿਚੋਂ ਲੱਭ, ਆਪਣਾ ਮੇਲ ਮਿਲਾਇੰਦਾ । ਅੰਮ੍ਰਿਤ ਕਵਲ ਚੁਆਏ ਨੱਭ, ਨਿਝਰ ਝਿਰਨਾ ਆਪ ਝਿਰਾਇੰਦਾ । ਚਰਨ ਦੁਆਰੇ ਸਾਚੇ ਸਦ, ਦੁਖੜਾ ਦਰਦ ਵੰਡਾਇੰਦਾ । ਲੱਖ ਚੁਰਾਸੀ ਵਿਚੋਂ ਕੱਢ, ਆਪਣੇ ਘਰ ਬਹਾਇੰਦਾ । ਨਾਤਾ ਤੁੱਟੇ ਮਾਸ ਨਾੜੀ ਹੱਡ, ਤੱਤਵ ਤੱਤ ਮੋਹ ਚੁਕਾਇੰਦਾ । ਚਰਨ ਕਵਲ ਜੋ ਜਾਏ ਢੱਠ, ਫੜ ਬਾਹੋਂ ਆਪ ਉਠਾਇੰਦਾ । ਲਹਿਣਾ ਜਾਣੇ ਤੱਤ ਅੱਠ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਆਪਣੇ ਧੰਦੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਬਲੇ ਰੱਤ ਰੱਤੀ ਰੱਤ ਰੰਗ ਰੰਗਾਇੰਦਾ । ਏਕਾ ਦੇਵੇ ਬ੍ਰਹਮ ਮਤ, ਪਾਰਬ੍ਰਹਮ ਆਪ ਸਮਝਾਇੰਦਾ । ਸਤਿ ਸੰਤੋਖ ਧੀਰਜ ਜਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁੱਖ ਦਲਿਦਰ ਆਪ ਗੁਵਾਇੰਦਾ । ਦੁੱਖ ਦਲਿਦਰ ਜਗਤ ਪਿਆਰ, ਕਾਇਆ ਬੰਧਨ ਪਾਈਆ । ਜਿਸ ਜਨ ਮਿਲੇ ਹਰਿ ਨਿਰੰਕਾਰ, ਦੁੱਖ ਸੁਖ ਨਾ ਜਾਣੇ ਰਾਈਆ । ਅੱਠੇ ਪਹਿਰ ਦਰਸ ਦੀਦਾਰ, ਦਿਵਸ ਰੈਣ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੁੱਖ ਆਪ ਵੰਡਾਈਆ । ਭਗਤਾਂ ਪਹਿਲੇ ਦੁੱਖ ਕੱਟ, ਆਪਣਾ ਖੇਲ ਕਰਾਇੰਦਾ । ਵੇਖੋ ਤਾਰਿਆ ਧੰਨਾ ਜੱਟ, ਬਣ ਬਣ ਸੇਵਕ ਸੇਵ ਕਮਾਇੰਦਾ । ਨਾਮੇ ਛੱਪਰੀ ਛਾਈ ਛੱਤ, ਦਿਸ ਕਿਸੇ ਨਾ ਆਇੰਦਾ । ਰਵਦਾਸ ਚੁਮਿਆਰਾ ਪਾਹਨੀ

ਗੰਢ, ਗੰਗਾ ਮੇਲ ਮਿਲਾਇੰਦਾ । ਗੁਰਮੁਖ ਤੇਰੀ ਕੱਟੇ ਆਪ ਵਾਟ, ਬਣ ਪਾਂਧੀ ਪੰਧ ਮੁਕਾਇੰਦਾ । ਜਿਸ ਜਨ ਦੇਵੇ ਆਪਣੀ ਦਾਤ, ਨਾਮ ਵਸਤ ਆਪ ਵਰਤਾਇੰਦਾ । ਜਗਤ ਦੁੱਖ ਮਿਟੇ ਅੰਧੇਰੀ ਰਾਤ, ਸਾਚਾ ਸੁਖ ਇਕ ਵਖਾਇੰਦਾ । ਆਪੇ ਬਣੇ ਮਾਈ ਬਾਪ, ਪਿਤਾ ਪੂਤ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਦੁੱਖ ਆਪ ਵੰਡਾਇੰਦਾ । ਭਗਤਾਂ ਦੁੱਖ ਦਿਤਾ ਵੰਡ, ਏਕਾ ਵੰਡ ਵੰਡਾਈਆ । ਕਰ ਦਰਸ ਪਾਵੇ ਠੰਡ, ਈਸ ਧਾਰ ਚਲਾਈਆ । ਗੁਰਮੁਖ ਆਤਮ ਹੋਏ ਨਾ ਰੰਡ, ਹਰਿ ਕੰਤ ਲਏ ਪ੍ਰਨਾਈਆ । ਜਨਮ ਜੁਗ ਦੀ ਟੁੱਟੀ ਗੰਢ, ਏਕਾ ਬੰਧਨ ਪਾਈਆ । ਪੰਚ ਵਿਕਾਰਾ ਕੁਟ ਕੁਟ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਇਕ ਉਪਜਾਏ ਆਤਮ ਅਨੰਦ, ਪਰਮਾਨੰਦ ਆਪ ਵਖਾਈਆ । ਸੋਹੰ ਗੌਣਾ ਭਗਤ ਸੁਹਾਗੀ ਛੰਦ, ਘਰ ਸਾਚੇ ਵੱਜੇ ਵਧਾਈਆ । ਨਾਤਾ ਤੁਟੇ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਕੁੜਮਾਈਆ । ਦਰਸ ਦਖਾਏ ਜੋ ਸੁੱਤਾ ਦੇ ਕਰ ਕੰਡ, ਆਪਣੀ ਕਰਵਟ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੁਖ ਗੁਰਮੁਖ ਝੋਲੀ ਪਾਈਆ । ਜਨ ਭਗਤਾਂ ਤੋੜੇ ਹਰਿ ਜੂ ਬੰਧਨ, ਬੰਦੀਖ਼ਾਨਾ ਰਹਿਣ ਨਾ ਪਾਈਆ । ਮਸਤਕ ਤਿਲਕ ਲਗਾਏ ਨਾਮ ਚੰਦਨ, ਚੰਦ ਚਾਂਦਨੀ ਕਰ ਰੁਸ਼ਨਾਈਆ । ਜਿਉਂ ਬਿਦਰ ਸੁਦਾਮਾ ਮੇਲਾ ਤ੍ਰਲੋਕੀ ਨੰਦਨ, ਗ਼ਰੀਬ ਨਿਮਾਣੇ ਗਲੇ ਲਗਾਈਆ । ਤਿਉਂ ਕਲਜੁਗ ਅੰਤਮ ਕਰੇ ਖੰਡਨ, ਕੂੜ ਕੁੜਿਆਰਾ ਦਏ ਗਵਾਈਆ । ਲੱਖ ਚੁਰਾਸੀ ਕੱਟੇ ਫੰਦਨ, ਨਾਮ ਕਟਾਰਾ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰਾਇਣ ਹੋਏ ਸਹਾਈਆ । ਨਰ ਨਰਾਇਣ ਸਰਬ ਗੁਣਵੰਤ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਵੇਖੇ ਭਗਤ, ਸ੍ਰੀ ਭਗਵੰਤ ਰੂਪ ਅਨੂਪ ਧਰਾਇਆ । ਕਲਜੁਗ ਅੰਤ ਬਣਾਏ ਬਣਤ, ਆਪਣਾ ਖੇਲ ਵਖਾਇਆ । ਹਰਿਜਨ ਮੇਲੇ ਸਾਚੇ ਸੰਤ, ਏਕਾ ਬੂਝ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਦਏ ਖਪਾਇਆ । ਕੂੜੀ ਕਿਰਿਆ ਜਾਏ ਛੁੱਟ, ਕਲਜੁਗ ਰਹਿਣ ਨਾ ਪਾਈਆ । ਪੰਚ ਵਿਕਾਰਾ ਕੱਢੇ ਕੁੱਟ, ਨਾਮ ਖੰਡਾ ਇਕ ਚਮਕਾਈਆ । ਭਗਤਾਂ ਉਪਰ ਹਰਿ ਜੂ ਤੁਠ, ਆਪਣਾ ਦਰਸ ਦਿਖਾਈਆ । ਜਾਮ ਪਿਆਏ ਅੰਮ੍ਰਿਤ ਘੁਟ, ਨਿਝਰ ਝਿਰਨਾ ਦਏ ਝਿਰਾਈਆ । ਕੂੜੀ ਵਾਸਨਾ ਕੱਢੇ ਖੋਟ, ਦੁਰਮਤ ਮੈਲ ਧੁਆਈਆ । ਇਕ ਜਗਾਏ ਨਿਰਮਲ ਜੋਤ, ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਫੰਦਨ ਦਏ ਤੁੜਾਈਆ । ਕਲਜੁਗ ਫੰਦਨ ਕੱਟੇ ਗੰਢ, ਹਰਿ ਸੱਜਣ ਆਪ ਤੁੜਾਇੰਦਾ । ਕੂੜੀ ਕਿਰਿਆ ਮੇਟ ਘਮੰਡ, ਨਿਵਣ ਸੋ ਅੱਖਰ ਇਕ ਪੜ੍ਹਾਇੰਦਾ । ਚਾਰ ਵਰਨ ਦਾ ਇਕ ਭਗਵੰਤ, ਸਾਚਾ ਸੰਗ ਨਿਭਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਆਪ ਤਰਾਇੰਦਾ । ਭਗਤ ਤਰਾਏ ਡੂੰਘੇ ਸਾਗਰ, ਕਲਜੁਗ ਬੇੜਾ ਆਪ ਚਲਾਈਆ । ਜੋਤ ਜਗਾਏ ਕਾਇਆ ਗਾਗਰ, ਅੰਧ ਅੰਧੇਰ ਮਿਟਾਈਆ । ਨਿਰਮਲ ਕਰਮ ਕਰੇ ਉਜਾਗਰ, ਪੂਰਬ ਲਹਿਣਾ ਵੇਖ ਵਖਾਈਆ । ਹਰਿਜਨ ਬਣਾਏ ਸਚ ਸੌਦਾਗਰ, ਸਾਚਾ ਹੱਟ ਖੁਲ੍ਹਾਈਆ । ਦਰ ਆਇਆਂ ਘਰ ਦੇਵੇ ਆਦਰ, ਦਰਦੀ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਬੰਧਨ ਦਏ ਤੁੜਾਈਆ । ਸਾਚੀ ਸਿਖਿਆ ਹਰਿਜਨ ਸਿਖ, ਹਰਿ ਸਤਿਗੁਰ ਆਪ ਸਮਝਾਈਆ । ਬਿਨ ਕਰਮਾਂ ਲੇਖ ਦਏ ਲਿਖ, ਨਿਹਕਰਮੀ ਆਪਣਾ ਕਰਮ ਕਮਾਈਆ । ਅਨਡਿਠੜੀ ਪਾਏ ਨਾਮ

ਭਿੱਛ, ਕਾਇਆ ਅੰਤਰ ਝੋਲੀ ਆਪ ਭਰਾਈਆ । ਜਨਮ ਜਨਮ ਦੀ ਕੱਢੇ ਵਿਖ, ਵਿਸ ਤਨ ਰਹਿਣ ਨਾ ਪਾਈਆ । ਗ੍ਰਿਹ ਮੰਦਰ ਅੰਦਰ ਨਿਰਗੁਣ ਨੂਰ ਸਤਿ ਸਰੂਪ ਆਏ ਦਿਸ, ਅੰਧ ਅੰਧੇਰ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਹਰਿ ਨਿਰੰਕਾਰ, ਆਦਿ ਜੁਗਾਦਿ ਸਮਝਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰ, ਹਰਿ ਪੁਰਖ ਨਿਰੰਜਣ ਹੁਕਮ ਵਰਤਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸ਼ਬਦੀ ਸੁਤ ਕਰ ਤਿਆਰ, ਤ੍ਰੈਭਵਨ ਆਪਣਾ ਖੇਲ ਕਰਾਇੰਦਾ । ਬ੍ਰਹਿਮੰਡ ਖੰਡ ਦੇ ਅਧਾਰ, ਵਿਸ਼ਨ ਬ੍ਰਹਮਾ ਸ਼ਿਵ ਹੁਕਮ ਵਰਤਾਇੰਦਾ । ਲੱਖ ਚੁਰਾਸੀ ਖੋਲ੍ਹ ਕਿਵਾੜ, ਘਟ ਘਟ ਆਪਣਾ ਨੂਰ ਧਰਾਇੰਦਾ । ਧੁਰ ਫ਼ਰਮਾਣਾ ਸਚ ਜੈਕਾਰ, ਨਾਮ ਨਿਧਾਨਾ ਆਪ ਸੁਣਾਇੰਦਾ । ਪੰਜ ਤੱਤ ਕਾਇਆ ਕਰੇ ਖ਼ਬਰਦਾਰ, ਗੁਰ ਪੀਰ ਅਵਤਾਰ ਆਪ ਪੜ੍ਹਾਇੰਦਾ । ਭਗਤ ਭਗਵੰਤ ਦਏ ਅਧਾਰ, ਆਪ ਆਪਣੀ ਬੂਝ ਬੁਝਾਇੰਦਾ । ਸਾਚੇ ਸੰਤਾਂ ਮੇਲ ਨਾਰ, ਕੰਤ ਭਤਾਰ ਨਰ ਨਰਾਇਣ ਖ਼ੁਸ਼ੀ ਵਖਾਇੰਦਾ । ਗੁਰਮੁਖ ਸਾਚੇ ਪੌੜੇ ਦੇਵੇ ਚਾੜ੍ਹ, ਸਚ ਮਹੱਲਾ ਸੋਭਾ ਪਾਇੰਦਾ । ਗੁਰਸਿਖਾਂ ਦੇਵੇ ਦਰਸ ਦੀਦਾਰ, ਨੇਤਰ ਲੋਚਣ ਨੈਣ ਖੁਲ੍ਹਾਇੰਦਾ । ਜੁਗ ਚੌਕੜੀ ਖੇਲ ਕਰੇ ਵਾਰੋ ਵਾਰ, ਕੋਟਨ ਕੋਟ ਕਾਲ ਲੇਖੇ ਵਿਚ ਫਿਰਾਇੰਦਾ । ਸਤਿਜੁਗ ਤਰੇਤਾ ਦੁਆਪਰ ਕਲਜੁਗ ਕਰ ਕਰ ਪਾਰ, ਜੁਗ ਪਾਂਧੀ ਪੰਧ ਮੁਕਾਇੰਦਾ । ਲੱਖ ਚੁਰਾਸੀ ਵੇਖੇ ਵਿਗਸੇ ਵੇਖਣਹਾਰ, ਅਨਭਵ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚੀ ਸਿਖਿਆ ਸਚ ਸਮਝਾਇੰਦਾ । ਸਾਚੀ ਸਿਖਿਆ ਸਤਿਗੁਰ ਸੱਚ, ਸਤਿ ਸਤਿਵਾਦੀ ਆਪ ਜਣਾਈਆ । ਕੰਚਨ ਰੂਪ ਬਣਾਏ ਕਾਇਆ ਕੱਚ, ਨਾਮ ਕਸਵਟੀ ਏਕਾ ਲਾਈਆ । ਤ੍ਰੈਗੁਣ ਅਗਨ ਨਾ ਜਾਏ ਮੱਚ, ਅੰਮ੍ਰਿਤ ਮੇਘ ਸਾਂਤਕ ਸਤਿ ਕਰਾਈਆ । ਮਨ ਮਨੂਆ ਨਾ ਰਹੇ ਨੱਚ, ਨਟੂਆ ਸਵਾਂਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਜਿਸ ਸਮਝਾਈਆ । ਸਾਚੀ ਸਿਖਿਆ ਧੁਰ ਫ਼ਰਮਾਣ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨ, ਮਿਹਰ ਨਜ਼ਰ ਇਕ ਟਿਕਾਇੰਦਾ । ਏਕੰਕਾਰਾ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਆਦਿ ਨਿਰੰਜਣ ਦਇਆਵਾਨ, ਜੋਤੀ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਕਰ ਪਹਿਚਾਨ, ਸੰਤ ਸੁਹੇਲੇ ਆਪ ਉਠਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਨਿਰਗੁਣ ਸਰਗੁਣ ਆਪ ਝੁਲਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਮਾਣ, ਆਪ ਆਪਣੀ ਬੂਝ ਬੁਝਾਇੰਦਾ । ਆਤਮ ਪਰਮਾਤਮ ਵਖਾਏ ਅਸਥਾਨ, ਸਚ ਭੂਮਕਾ ਇਕ ਸੁਹਾਇੰਦਾ । ਈਸ਼ ਜੀਵ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਹਰਿ ਕਾ ਸ਼ਬਦ ਧੁਰ ਫ਼ਰਮਾਣ, ਗੁਰ ਸਤਿਗੁਰ ਆਪ ਜਣਾਇੰਦਾ । ਕਾਇਆ ਤੋੜ ਜਗਤ ਅਭਿਮਾਨ, ਹਉਮੇ ਹੰਗਤਾ ਮੋਹ ਚੁਕਾਇੰਦਾ । ਜੂਠ ਝੂਠ ਨਾ ਰਹੇ ਦੁਕਾਨ, ਕੂੜੀ ਕਿਰਿਆ ਪੰਧ ਮੁਕਾਇੰਦਾ । ਘਰ ਵਿਚ ਘਰ ਖੇਲ ਕਰੇ ਮਹਾਨ, ਮਹਿਮਾ ਗਣਤ ਨਾ ਕੋਇ ਗਣਾਇੰਦਾ । ਨਿਰਗੁਣ ਸਰਗੁਣ ਕਰ ਪਰਵਾਨ, ਬੰਦ ਕਵਾੜੀ ਕੁੰਡਾ ਲਾਹਿੰਦਾ । ਅੰਮ੍ਰਿਤ ਝਿਰਨਾ ਪੀਣ ਖਾਣ, ਨਿਝਰ ਰਸ ਆਪ ਵਖਾਇੰਦਾ । ਅਨਹਦ ਨਾਦ ਸ਼ਬਦ ਧੁਨਕਾਨ, ਧੁੰਨ ਆਤਮਕ ਆਪ ਸੁਣਾਇੰਦਾ । ਸੁਰਤੀ ਸ਼ਬਦੀ ਮੇਲਾ ਗੋਪੀ ਕਾਹਨ, ਘਰ ਬੰਸਰੀ ਨਾਮ ਵਜਾਇੰਦਾ । ਜੋਤ ਨਿਰੰਜਣ ਜਗੇ ਮਹਾਨ, ਆਦਿ ਨਿਰੰਜਣ ਆਪ ਟਿਕਾਇੰਦਾ । ਆਤਮ ਸੇਜਾ ਕਰ ਪਰਵਾਨ, ਪਰਮ ਪੁਰਖ ਵੇਖ ਵਖਾਇੰਦਾ । ਨਿਰਗੁਣ ਨਿਰਾਕਾਰ

ਅਜੂਨੀ ਰਹਿਤ ਜਾਣੀ ਜਾਣ, ਹਰ ਘਟ ਆਪਣਾ ਖੇਲ ਖਲਾਇੰਦਾ । ਜਿਸ ਜਨ ਦੇਵੇ ਆਪਣਾ ਦਾਨ, ਤਿਸ ਸਾਚੀ ਭਿਛਿਆ ਝੋਲੀ ਪਾਇੰਦਾ । ਗੁਰਮੁਖ ਵੇਖੇ ਮਾਰ ਧਿਆਨ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਗੁਰਮੁਖ ਵਿਰਲੇ ਆਪ ਬੁਝਾਇੰਦਾ । ਸਾਚੀ ਸਿਖਿਆ ਸਤਿਗੁਰ ਮੀਤ, ਹਰਿਜਨ ਸਚ ਸਚ ਜਣਾਈਆ । ਜੁਗ ਜੁਗ ਚਲਾਏ ਆਪਣੀ ਰੀਤ, ਭੇਵ ਅਭੇਵ ਆਪਣੇ ਹੱਥ ਰਖਾਈਆ । ਦੋ ਜਹਾਨਾਂ ਸੁਣਾਏ ਗੀਤ, ਬ੍ਰਹਿਮੰਡ ਖੰਡ ਵਰਭੰਡ ਕਰੇ ਪੜ੍ਹਾਈਆ । ਲੱਖ ਚੁਰਾਸੀ ਪਰਖੇ ਨੀਤ, ਘਟ ਘਟ ਆਪਣਾ ਆਸਣ ਲਾਈਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਆਪੇ ਹੋਏ ਪਤਿਤ ਪੁਨੀਤ, ਪਤਤ ਪਾਪੀ ਲਏ ਤਰਾਈਆ । ਕਲਜੁਗ ਔਧ ਰਹੀ ਬੀਤ, ਵੇਲਾ ਗਿਆ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਬਿਨ ਸਿਖਿਆਂ ਆਪ ਸਮਝਾਈਆ । ਸਾਚੀ ਸਿਖਿਆ ਧੁਰ ਫ਼ਰਮਾਣ, ਧੁਰ ਦੀ ਬਾਣੀ ਬਾਣ ਲਗਾਇੰਦਾ । ਆਤਮ ਅੰਤਰ ਇਕ ਗਿਆਨ, ਬਿਨ ਪੜ੍ਹਿਆਂ ਆਪ ਸਮਝਾਇੰਦਾ । ਘਰ ਵਿਚ ਘਰ ਸਚ ਮਕਾਨ, ਗ੍ਰਹਿ ਮੰਦਰ ਆਪ ਵਖਾਇੰਦਾ । ਤਖ਼ਤ ਨਿਵਾਸੀ ਸ੍ਰੀ ਭਗਵਾਨ, ਸਾਚੇ ਤਖ਼ਤ ਨਜ਼ਰੀ ਆਇੰਦਾ । ਜੋਧਾ ਸੂਰ ਬਲੀ ਬਲਵਾਨ, ਬਲ ਆਪਣਾ ਆਪ ਵਖਾਇੰਦਾ । ਗੁਰਮੁਖ ਸੱਜਣ ਕਰ ਪਰਵਾਨ, ਆਪ ਆਪਣਾ ਮੇਲ ਮਿਲਾਇੰਦਾ । ਨਾਤਾ ਤੋੜ ਜੀਵ ਜਹਾਨ, ਜੀਵਣ ਜੁਗਤ ਆਪ ਸਮਝਾਇੰਦਾ । ਆਤਮ ਪਰਮਾਤਮ ਵਖਾਏ ਨਿਸ਼ਾਨ, ਬ੍ਰਹਮ ਪਾਰਬ੍ਰਹਮ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੀ ਸਿਖਿਆ ਇਕ ਵਖਾਇੰਦਾ । ਸਾਚੀ ਸਿਖ਼ਿਆ ਗੁਰ ਚਰਨ ਧਿਆਨ, ਧਿਆਨ ਧਿਆਨ ਵਿਚ ਜਣਾਈਆ । ਨੇਤਰ ਨੈਣ ਖੁਲ੍ਹੇ ਮਹਾਨ, ਲੋਚਣ ਦੋਏ ਬੰਦ ਵਖਾਈਆ । ਗ੍ਰਹਿ ਮੰਦਰ ਘਰ ਵੱਜੇ ਨਾਦ ਸ਼ਬਦ ਧੁਨਕਾਨ, ਸੁਰਤੀ ਸੁਰਤ ਸੁਰਤ ਭੁਆਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸਿਖਿਆ ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਅੱਖਰ ਹਰਿ ਕਾ ਨਾਉਂ, ਨਿਸ਼ਅੱਖਰ ਮੇਲ ਮਿਲਾਇੰਦਾ । ਬਜ਼ਰ ਕਪਾਟੀ ਤੋੜੇ ਪੱਥਰ, ਤੀਰ ਨਿਸ਼ਾਨਾ ਇਕ ਚਲਾਇੰਦਾ । ਚੋਟੀ ਚਾੜ੍ਹੇ ਫੜ ਕੇ ਸਿਖਰ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਗੁਰਸਿਖ ਮਿਟੇ ਤੇਰਾ ਫ਼ਿਕਰ, ਜਿਸ ਆਪਣਾ ਮੇਲ ਮਿਲਾਇੰਦਾ । ਜਿਸ ਦੇ ਪਿਛੇ ਜ਼ਿਕਰੀਏ ਚਲਾਇਆ ਜ਼ਿਕਰ, ਸੋ ਆਪਣਾ ਜ਼ਿਕਰ ਗੁਰਮੁਖਾਂ ਆਪ ਸੁਣਾਇੰਦਾ । ਕਾਇਆ ਮੰਦਰ ਅੰਦਰ ਡੂੰਘੀ ਕੰਦਰ ਵਿਚੋਂ ਆਏ ਨਿਕਲ, ਅਨੁਭਵ ਆਪਣਾ ਰੂਪ ਧਰਾਇੰਦਾ । ਲੇਖਾ ਜਾਣੇ ਪਿਤਾ ਪੂਤ ਮਿੱਤਰ, ਗੁਰਮੁਖ ਗੁਰਸਿਖ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਸਿਖਿਆ ਆਪਣਾ ਨਾਉਂ ਸਮਝਾਇੰਦਾ । ਸਾਚੀ ਸਿਖਿਆ ਹਰਿ ਕਾ ਨਾਉਂ, ਹਰਿ ਜੂ ਹਰਿ ਹਰਿ ਕਰੇ ਪੜ੍ਹਾਈਆ । ਗ਼ਰੀਬ ਨਿਮਾਣਿਆਂ ਦੇਵੇ ਥਾਉਂ, ਦਰਗਹਿ ਸਚ ਵਡ ਵਡਿਆਈਆ । ਹੰਸ ਬਣਾਏ ਫੜ ਫੜ ਕਾਉਂ, ਕਾਗੋਂ ਹੰਸ ਰੂਪ ਵਟਾਈਆ । ਸਦਾ ਸੁਹੇਲਾ ਇਕ ਇਕੇਲਾ ਸਿਰ ਰੱਖੇ ਠੰਡੀ ਛਾਉਂ, ਸਮਰਥ ਪੁਰਖ ਦਇਆ ਕਮਾਈਆ । ਏਥੇ ਓਥੇ ਦੋ ਜਹਾਨ ਬਣੇ ਪਿਤਾ ਮਾਉਂ, ਗੁਰਸਿਖ ਬਾਲ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਤਿਸ ਸਾਚੀ ਸਿਖਿਆ ਦਏ ਸਮਝਾਈਆ । ਸਾਚੀ ਸਿਖਿਆ ਹਰਿ ਗੋਬਿੰਦ, ਗੁਰ ਗੁਰ ਰੂਪ ਜਣਾਇੰਦਾ । ਜਨਮ ਜਨਮ

ਦੀ ਮੇਟੇ ਚਿੰਦ, ਸਗਲਾ ਦੁੱਖ ਮਿਟਾਇੰਦਾ । ਮੇਲ ਮਿਲਾਏ ਗੁਣੀ ਗਹਿੰਦ, ਗਹਿਰ ਗੰਭੀਰ ਆਪਣਾ ਭੇਵ ਖੁਲ੍ਹਾਇੰਦਾ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਲਹਿਰ ਲਹਿਰ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਸਿਖਿਆ ਇਕ ਵਖਾਇੰਦਾ । ਸਾਚੀ ਸਿਖਿਆ ਆਤਮ ਬ੍ਰਹਮ, ਪਾਰਬ੍ਰਹਮ ਕਰੇ ਪੜ੍ਹਾਈਆ । ਲੇਖਾ ਚੁੱਕੇ ਜਨਮ ਮਰਨ, ਮਰਨ ਜਨਮ ਦਏ ਗਵਾਈਆ । ਦੀਨ ਦਿਆਲ ਠਾਕਰ ਸਵਾਮੀ ਇਕ ਰਖਾਏ ਸਾਚੀ ਸ਼ਰਨ, ਦੂਸਰ ਓਟ ਨਾ ਕੋਇ ਤਕਾਈਆ । ਦੇਵੇ ਵਡਿਆਈ ਚਾਰ ਵਰਨ, ਬਰਨ ਅਠਾਰਾਂ ਮੇਟ ਮਿਟਾਈਆ । ਕਰ ਕਿਰਪਾ ਖੋਲ੍ਹੇ ਹਰਨ ਫਰਨ, ਘਰ ਸਤਿਗੁਰ ਨਜ਼ਰੀ ਆਈਆ । ਗੁਰਸਿਖ ਦੂਜੇ ਘਰ ਨਾ ਜਾਏ ਪੜ੍ਹਨ, ਸਤਿਗੁਰ ਅੰਦਰ ਬੈਠਾ ਆਪੇ ਲਏ ਪੜ੍ਹਾਈਆ । ਗੁਰਸਿਖ ਗੁਰ ਇਕ ਦੂਜੇ ਦਾ ਲੜ ਫੜਨ, ਫੜਿਆ ਪੱਲੂ ਛੁੱਟ ਕਦੇ ਨਾ ਜਾਈਆ । ਸਾਚੇ ਮੰਦਰ ਦੋਵੇਂ ਵੜਨ, ਇਕੱਠੇ ਬਹਿ ਬਹਿ ਖ਼ੁਸ਼ੀ ਮਨਾਈਆ । ਨਿਰਭੈ ਕੋਲੋਂ ਭੌ ਰੱਖ ਕਦੇ ਨਾ ਡਰਨ, ਪੁਰਖ ਅਕਾਲ ਗੁਰਮੁਖ ਸਾਚੇ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚੀ ਸਿਖਿਆ ਤਿਸ ਜਨਮ ਜਨਮ ਦੀ ਮਿਟੇ ਤਰਿਖਿਆ, ਤਰਿਖਾਵੰਤ ਅੰਮ੍ਰਿਤ ਨੀਰ ਇਕ ਪਿਆਈਆ । ਸਾਚੀ ਸਿਖਿਆ ਗੁਰ ਗਿਆਨ, ਬੋਧ ਅਗਾਧ ਗੁਰ ਗੁਰ ਕਰੇ ਪੜ੍ਹਾਈਆ । ਗ੍ਰਿਹ ਮੰਦਰ ਅੰਦਰ ਡੂੰਘੀ ਕੰਦਰ ਵੱਜੇ ਨਾਦ, ਅੱਠੇ ਪਹਿਰ ਰਹੇ ਸ਼ਨਵਾਈਆ । ਭੇਵ ਚੁਕਾਏ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਬੇਪਰਵਾਹੀਆ । ਆਪਣਾ ਰਸਨਾ ਜਿਹਵਾ ਜਪਿਆ ਆਪੇ ਜਾਣੇ ਅਨਡਿਠ ਸੁਆਦ, ਰਸਕ ਰਸਕ ਆਪਣਾ ਰਸ ਵਖਾਈਆ । ਕਰ ਕਿਰਪਾ ਦੇਵੇ ਸੱਚਾ ਸਾਥ, ਸਗਲਾ ਸੰਗ ਆਪ ਹੋ ਜਾਈਆ । ਸਾਢੇ ਤਿੰਨ ਹੱਥ ਕਾਇਆ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਈਆ । ਉਠਦਿਆਂ ਬੈਠਦਿਆਂ ਜਣਾਏ ਆਪਣੀ ਗਾਥ, ਆਤਮ ਪਰਮਾਤਮ ਕਰ ਪੜ੍ਹਾਈਆ । ਲਹਿਣਾ ਦੇਣਾ ਚੁੱਕੇ ਪੂਜਾ ਪਾਠ, ਜਿਸ ਗੁਰਸਿਖ ਸਤਿਗੁਰ ਆਪਣੀ ਗੋਦ ਬਿਠਾਈਆ । ਨਾਤਾ ਤੁਟੇ ਤੀਰਥ ਤਾਟ, ਅਠਸਠ ਫੇਰਾ ਕੋਇ ਨਾ ਪਾਈਆ । ਜਨਮ ਜਨਮ ਦੀ ਮੁੱਕੇ ਵਾਟ, ਲੱਖ ਚੁਰਾਸੀ ਫੰਦ ਕਟਾਈਆ । ਗੁਰ ਕੀ ਸਿਖਿਆ ਵਿਕੇ ਨਾ ਕਿਸੇ ਹਾਟ, ਰਸਨਾ ਕਹਿ ਕਹਿ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਤਿਸ ਆਪਣੀ ਸਿਖਿਆ ਸਾਚੀ ਬੂਝ ਬੁਝਾਈਆ । ਤ੍ਰੈਗੁਣ ਮਾਇਆ ਪਾਇਆ ਪਰਦਾ, ਪਰਦਾ ਨਜ਼ਰ ਕਿਸੇ ਨਾ ਆਈਆ । ਜਗਤ ਤ੍ਰਿਸ਼ਨਾ ਵਿਚ ਸੜਦਾ, ਜੀਵ ਆਪਣੀ ਜੁਗਤ ਬੈਠਾ ਗਵਾਈਆ । ਬਿਨ ਹਰਿ ਨਾਮੇ ਆਪਣਾ ਮੂਲ ਹਰਦਾ, ਆਪਣਾ ਲੇਖਾ ਰਿਹਾ ਗਵਾਈਆ । ਸਤਿਗੁਰ ਕੋਲੋਂ ਰਿਹਾ ਡਰਦਾ, ਪੰਜਾਂ ਚੋਰਾਂ ਨਾਲ ਪਿਆਰ ਰਖਾਈਆ । ਆਪਣੇ ਘਰ ਕਿਵੇਂ ਵੜਦਾ, ਕੂੜ ਕੁੜਿਆਰਾ ਰਿਹਾ ਸ਼ਰਮਾਈਆ । ਦਿਵਸ ਰੈਣ ਕਾਮ ਕਰੋਧ ਨਾਲ ਰਿਹਾ ਲੜਦਾ, ਘਰ ਘਰ ਪਈ ਲੜਾਈਆ । ਜੋ ਜਨ ਸਤਿਗੁਰ ਸਰਨ ਸਰਨਾਈ ਪੜਦਾ, ਤਿਸ ਆਤਮ ਪਰਮਾਤਮ ਏਕਾ ਘਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਈਸ਼ ਜੀਵ ਭੇਵ ਅਭੇਦ ਮਾਇਆ ਰੂਪ ਰਖਾਈਆ । ਮਾਇਆ ਪਰਦਾ ਜਾਏ ਲੱਥ, ਦੂਈ ਦਵੈਤ ਰਹਿਣ ਨਾ ਪਾਈਆ । ਗੁਰ ਕਾ ਸ਼ਬਦ ਸੁਣੇ ਅਕੱਥ, ਬਿਨ ਤੰਦੀ ਤੰਦ ਵਜਾਈਆ । ਪੰਚ ਵਿਕਾਰਾ ਪਾਏ ਨੱਥ, ਦਹਿ ਦਿਸ਼ ਨਾ ਉਠ ਉਠ ਧਾਈਆ । ਮਨੂਆ ਸੱਥਰ ਜਾਏ ਲੱਥ, ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਗੁਰਸਿਖ ਸਤਿਗੁਰ ਚਰਨੀ ਜਾਏ ਢੱਠ, ਸਤਿਗੁਰ ਅੱਗੋਂ ਨਜ਼ਰੀ ਆਈਆ । ਦੋਹਾਂ ਮਿਲਾਵਾ ਹੋਏ ਇਕੱਠ,


੩੬੮
੧੧

ਘਰ ਦਸਵੇਂ ਵੱਜੇ ਵਧਾਈਆ । ਓਥੇ ਨਾ ਕੋਈ ਤੀਰਥ ਨਾ ਕੋਈ ਤਟ, ਖਾਣੀ ਬਾਣੀ ਰੂਪ ਨਾ ਕੋਇ ਵਖਾਈਆ । ਨਿਰਗੁਣ ਨੂਰ ਨਿਰਾਕਾਰ ਇਕੋ ਹੋਏ ਪਰਗਟ, ਪਰਮ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਰ ਘਰ, ਜਗਤ ਪਰਦਾ ਦਿਸ ਕਿਸੇ ਨਾ ਆਈਆ । ਕੋਈ ਕਹੇ ਪਰਦਾ ਭੰਬੀਰੀ ਪਾਤ, ਲਿਖ ਲਿਖ ਲੇਖ ਗਏ ਸਮਝਾਈਆ । ਕੋਈ ਕਹੇ ਬੰਦ ਤਾਕ, ਬੰਦ ਕਿਵਾੜ ਨਾ ਕੋਇ ਖੁਲ੍ਹਾਈਆ । ਕੋਈ ਕਹੇ ਡੂੰਘਾ ਘਾਟ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਨਾਨਕ ਕਬੀਰ ਸਤਿਗੁਰ ਵਸੇ ਅੰਦਰ ਸਾਥ, ਸਦਾ ਸਦਾ ਸੰਗ ਨਿਭਾਈਆ । ਦੋਏ ਜੋੜ ਚਰਨ ਧਰੇ ਜਨ ਮਾਥ, ਮਸਤਕ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਾਇਆ ਕਾਰਨ ਈਸ਼ ਜੀਵ ਪਰਦੇ ਓਹਲੇ ਵਿਚ ਸਮਾਈਆ । ਪਰਦਾ ਓਹਲਾ ਕਾਇਆ ਚੋਲਾ, ਪੰਜ ਤੱਤ ਖੇਲ ਕਰਾਇੰਦਾ । ਜਗਤ ਵਾਸ਼ਨਾ ਮਨੂਆ ਪਾਏ ਰੌਲਾ, ਨੌਂ ਦੁਆਰ ਨੌਂ ਖੰਡ ਨੌਂ ਨੌਂ ਵੇਖ ਵਖਾਇੰਦਾ । ਜਿਸ ਜਨ ਸਤਿਗੁਰ ਪੂਰਾ ਸੁਣਾਏ ਆਪਣਾ ਬੋਲਾ, ਅਨਬੋਲਤ ਆਪ ਸਮਝਾਇੰਦਾ । ਤਿਸ ਅੰਦਰ ਉਲਟਾ ਕਰੇ ਨਾਭ ਕੌਲਾ, ਅੰਮ੍ਰਿਤ ਮੇਘ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਓਹਲਾ ਓਹਲਾ ਪਰਦਾ ਆਪਣੇ ਹੱਥ ਰਖਾਇੰਦਾ ।



★ ੯ ਮਾਘ ੨੦੧੮ ਬਿਕਰਮੀ ਮਹਿੰਦਰ ਸਿੰਘ, ਗੁਰਬਚਨ ਸਿੰਘ ਦੇ ਗ੍ਰਿਹ ਨਇਆ ਸ਼ਾਲਾ ਜ਼ਿਲਾ ਗੁਰਦਾਸਪੁਰ ★

ਹਰਿ ਭਗਤ ਸਦਾ ਪਰਵਾਨ, ਸੋ ਪੁਰਖ ਨਿਰੰਜਨ ਦਇਆ ਕਮਾਇੰਦਾ । ਨਾਮ ਨਿਧਾਨਾ ਦੇਵੇ ਦਾਨ, ਅੰਤਰ ਆਤਮ ਆਪ ਜਣਾਇੰਦਾ । ਸਤਿ ਸਤਿਵਾਦੀ ਇਕ ਨਿਸ਼ਾਨ, ਦਰ ਘਰ ਸਾਚੇ ਆਪ ਵਖਾਇੰਦਾ । ਅਨਹਦ ਨਾਦ ਅਨਾਦੀ ਸੱਚੀ ਧੁਨਕਾਨ, ਧੁਨ ਆਤਮਕ ਰਾਗ ਸੁਣਾਇੰਦਾ । ਜੋਤੀ ਨੂਰ ਨੂਰ ਮਹਾਨ, ਦੀਆ ਬਾਤੀ ਡਗਮਗਾਇੰਦਾ । ਸੁਰਤੀ ਸ਼ਬਦੀ ਮੇਲਾ ਕਾਹਨ, ਨਰ ਨਰਾਇਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਆਪ ਜਗਾਇੰਦਾ । ਭਗਤਨ ਮੇਲਾ ਹਰਿ ਭਗਵੰਤ, ਆਦਿ ਜੁਗਾਦਿ ਕਰਾਇੰਦਾ । ਮੇਲ ਮਿਲਾਵਾ ਨਾਰੀ ਕੰਤ, ਘਰ ਸੁਹੰਜਣੀ ਸੇਜ ਹੰਢਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਏਕਾ ਨਾਉਂ ਮਣੀਆ ਮੰਤ, ਮਨ ਕਾ ਮਣਕਾ ਆਪ ਭੁਵਾਇੰਦਾ । ਨਿਸ਼ਅੱਖਰ ਪੜ੍ਹਾਏ ਸਾਚਾ ਅੰਕ, ਲੇਖਾ ਲਿਖਤ ਵਿਚ ਨਾ ਆਇੰਦਾ । ਗੜ੍ਹ ਤੋੜ ਹਉਮੇ ਹੰਗਤ, ਦੂਈ ਦਵੈਤੀ ਪਰਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਆਪ ਤਰਾਇੰਦਾ । ਹਰਿ ਭਗਤਨ ਮੇਲਾ ਹਰਿ ਦਵਾਰ, ਹਰਿ ਸਤਿਗੁਰ ਆਪ ਕਰਾਇੰਦਾ । ਲੱਖ ਚੁਰਾਸੀ ਵਿਚੋਂ ਲਏ ਉਭਾਰ, ਫੜ ਬਾਹੋਂ ਆਪ ਉਠਾਇੰਦਾ । ਨੇਤਰ ਲੋਚਣ ਦਏ ਦੀਦਾਰ, ਬੰਦ ਕਿਵਾੜਾ ਆਪ ਖੁਲ੍ਹਾਇੰਦਾ । ਸ਼ਬਦ ਅਗੰਮ ਇਕ ਧੁਨਕਾਰ, ਅਗੰਮੜਾ ਰਾਗ ਅਲਾਇੰਦਾ । ਮੇਟ ਮਿਟਾਏ ਅੰਧ ਅੰਧਿਆਰ, ਜੋਤ ਨਿਰੰਜਣ ਡਗਮਗਾਇੰਦਾ । ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਇਕ ਇਕਾਂਤੀ ਦਰਸ ਦੀਦਾਰ, ਬਹੁਭਾਂਤੀ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਦਇਆ ਕਮਾਇੰਦਾ । ਹਰਿ ਭਗਤ ਸਾਚਾ ਜਾਏ ਉਠ, ਸ੍ਰੀ ਭਗਵਾਨ ਆਪ

ਉਠਾਈਆ । ਪੁਰਖ ਅਬਿਨਾਸ਼ੀ ਆਪੇ ਤੁਠ, ਆਪਣਾ ਰੰਗ ਵਖਾਈਆ । ਏਕਾ ਨਾਮ ਦਏ ਅਤੁਟ, ਠੱਗ ਚੋਰ ਯਾਰ ਲੁੱਟ ਕੋਇ ਨਾ ਜਾਈਆ । ਇਕ ਜਗਾਏ ਨਿਰਮਲ ਜੋਤ, ਬਿਮਲ ਰੂਪ ਸਮਾਈਆ । ਹਉਮੇ ਕੱਢੇ ਕਾਇਆ ਖੋਟ, ਦੁਰਮਤ ਮੈਲ ਧੁਆਈਆ । ਭਾਗ ਲਗਾਏ ਕਿਲਾ ਕੋਟ, ਘਰ ਘਰ ਵਿਚ ਕਰ ਰੁਸ਼ਨਾਈਆ । ਇਕ ਰਖਾਏ ਸਾਚੀ ਓਟ, ਆਤਮ ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਈਆ । ਜੁਗ ਜੁਗ ਭਗਤ ਜਨ ਜਾਏ ਜਾਗ, ਸਤਿਗੁਰ ਪੂਰਾ ਇਕ ਜਗਾਈਆ । ਇਕ ਲਗਾਏ ਸਚ ਵੈਰਾਗ, ਵੈਰਾਗੀ ਆਪਣੀ ਧਾਰ ਬੰਧਾਈਆ । ਇਕ ਕਰਾਏ ਸਤਿ ਤਿਆਗ, ਸਤਿ ਤਿਆਗੀ ਆਪ ਹੋ ਜਾਈਆ । ਫੜ ਫੜ ਹੰਸ ਬਣਾਏ ਕਾਗ, ਸੋਹੰ ਹੰਸਾ ਮੋਤੀ ਚੋਗ ਚੁਗਾਈਆ । ਦੀਪਕ ਜੋਤ ਜਗੇ ਚਿਰਾਗ, ਅੰਧ ਅੰਧੇਰ ਮਿਟਾਈਆ । ਜਨਮ ਜਨਮ ਦਾ ਧੋਵੇ ਦਾਗ, ਪੂਰਬ ਲੇਖਾ ਦਏ ਮੁਕਾਈਆ । ਲੱਖ ਚੁਰਾਸੀ ਵਿਚੋਂ ਕਾਢ, ਆਪਣੇ ਚਰਨ ਬਹਾਈਆ । ਪਿਤਾ ਪੂਤ ਸੰਗ ਕਰੇ ਲਾਡ, ਜਿਉਂ ਬਾਲਕ ਮਾਤ ਸਖਾਈਆ । ਏਕਾ ਦੇਵੇ ਨਾਮ ਦਾਦ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਆਪ ਤਰਾਈਆ । ਸਾਚਾ ਭਗਤ ਜਾਏ ਤਰ, ਤਰਨ ਤਾਰਨਹਾਰ ਆਪ ਅਖਵਾਇੰਦਾ । ਆਦਿ ਜੁਗਾਦਿ ਦੇਵੇ ਵਰ, ਜੁਗ ਜੁਗ ਵੇਖ ਵਖਾਇੰਦਾ । ਨਿਰਭੌ ਚੁਕਾਏ ਝੂਠਾ ਡਰ, ਭੈ ਅਵਰ ਨਾ ਕੋਇ ਰਖਾਇੰਦਾ । ਕਾਇਆ ਅੰਦਰ ਆਪੇ ਵੜ, ਆਪਣਾ ਪਰਦਾ ਲਾਹਿੰਦਾ । ਸਾਚੇ ਪੌੜੇ ਜਾਏ ਚੜ੍ਹ, ਡੂੰਘੀ ਭਵਰੀ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰਾ ਇਕ ਸਮਝਾਇੰਦਾ । ਭਗਤ ਦੁਆਰਾ ਹਰੀ ਦੁਆਰ,
੩੭੦ ਹਰਿ ਹਰਿ ਆਪ ਜਣਾਈਆ । ਨਾਤਾ ਤੋੜ ਸਰਬ ਸੰਸਾਰ, ਏਕਾ ਬੰਧਨ ਪਾਈਆ । ਸੁਰਤ ਸ਼ਬਦ ਦਏ ਅਧਾਰ, ਮੂਰਤ ਅਕਾਲ ਸਰਨਾਈਆ । ੩੭੦
੧੧ ਨਾਦ ਤੂਰਤ ਇਕ ਜੈਕਾਰ, ਤੁਰੀਆ ਰਾਗ ਅਲਾਈਆ । ਆਸਾ ਪੂਰਤ ਅਗੰਮ ਅਪਾਰ, ਅਲਖ ਅਗੋਚਰ ਵਡ ਵਡਿਆਈਆ । ਘਰ ਵਿਚ ਘਰ ੧੧
ਦਏ ਵਖਾਲ, ਬੰਦ ਤਾਕੀ ਆਪ ਖੁਲ੍ਹਾਈਆ । ਦੀਪਕ ਦੀਆ ਆਪੇ ਬਾਲ, ਅਨਭਵ ਪ੍ਰਕਾਸ਼ ਕਰਾਈਆ । ਅੰਮ੍ਰਿਤ ਆਤਮ ਆਪ ਪਿਆਲ, ਤ੍ਰਿਸ਼ਨਾ ਭੁੱਖ ਗਵਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਨ ਜੁਗਤ ਜਣਾਈਆ । ਕਾਇਆ ਮੰਦਰ ਸੱਚੀ ਧਰਮਸਾਲ, ਗ੍ਰਿਹ ਮੰਦਰ ਆਪ ਸੁਹਾਈਆ । ਸ਼ਬਦੀ ਸ਼ਬਦ ਵਡ ਬਲਵਾਨ, ਬਲ ਆਪਣਾ ਆਪ ਵਖਾਈਆ । ਦਸਮ ਦੁਆਰੀ ਹੋ ਪ੍ਰਧਾਨ, ਆਪਣਾ ਰੰਗ ਚੜ੍ਹਾਈਆ । ਭਗਤਾਂ ਮੇਲਾ ਸ੍ਰੀ ਭਗਵਾਨ, ਪੁਰਖ ਅਬਿਨਾਸ਼ੀ ਆਪ ਕਰਾਈਆ । ਨਾਤਾ ਤੁਟੇ ਆਵਣ ਜਾਣ, ਲੱਖ ਚੁਰਾਸੀ ਰਹਿਣ ਨਾ ਪਾਈਆ । ਏਕਾ ਮੰਦਰ ਇਕ ਮਕਾਨ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਏਕਾ ਸਾਹਿਬ ਇਕ ਸੁਲਤਾਨ, ਏਕਾ ਹੁਕਮ ਰਿਹਾ ਮਨਾਈਆ । ਏਕਾ ਰਾਗ ਏਕਾ ਕਾਨ, ਏਕਾ ਨਾਦ ਧੁਨ ਸ਼ਨਵਾਈਆ । ਏਕਾ ਕੰਤ ਬੈਠਾ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਨਜ਼ਰੀ ਆਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਚਰਨ ਕਵਲ ਕਵਲ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਉਠਾਈਆ । ਸਾਚਾ ਭਗਤ ਜਾਏ ਉਠ, ਲੋਕਮਾਤ ਲਏ ਅੰਗੜਾਈਆ । ਸਾਹਿਬ ਦਿਆਲ ਠਾਕਰ ਸਵਾਮੀ ਜਾਏ ਤੁਠ, ਨਿਹਕਰਮੀ ਕਰਮ ਕਮਾਈਆ । ਤ੍ਰੈਗੁਣ ਬੰਧਨ ਜਾਏ ਟੁੱਟ, ਪੰਜ ਤੱਤ ਨਾ ਕੋਇ ਲੜਾਈਆ । ਦੂਈ ਦਵੈਤੀ ਨਿਕਲੇ ਫੁੱਟ, ਏਕਾ ਰੰਗ ਚੜ੍ਹਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਕੱਢੇ ਕੁੱਟ, ਆਸਾ ਤ੍ਰਿਸ਼ਨਾ

ਦਏ ਖਪਾਈਆ । ਨਾਤਾ ਤੋੜੇ ਵਰਨ ਗੋਤ, ਜ਼ਾਤ ਪਾਤ ਨਾ ਕੋਇ ਰਖਾਈਆ । ਪੁਰਖ ਅਬਿਨਾਸ਼ੀ ਏਕਾ ਓਟ, ਆਦਿ ਜੁਗਾਦਿ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰੇ ਸਚ ਪੜ੍ਹਾਈਆ । ਸਚ ਪੜ੍ਹਾਈ ਏਕੰਕਾਰ, ਨਿਸ਼ਅੱਖਰ ਆਪ ਪੜ੍ਹਾਇੰਦਾ । ਰਸਨਾ ਜਿਹਵਾ ਨਾ ਕੋਇ ਵਿਚਾਰ, ਬੱਤੀ ਦੰਦ ਨਾ ਕੋਇ ਸਾਲਾਹਿੰਦਾ । ਹਰਿ ਮੰਤਰ ਮੰਤਰ ਆਪਣੀ ਧਾਰ, ਮੰਤਰ ਨਾਮ ਧਰਾਇੰਦਾ । ਜਗਤ ਬਸੰਤਰ ਕਰ ਖੁਵਾਰ, ਅੰਮ੍ਰਿਤ ਮੇਘ ਬਰਸਾਇੰਦਾ । ਗਗਨ ਗਗਨੰਤਰ ਕਰ ਉਜਿਆਰ, ਬ੍ਰਹਿਮੰਡ ਖੰਡ ਡੇਰਾ ਢਾਹਿੰਦਾ । ਲੋਆਂ ਪੁਰੀਆਂ ਪਾਰ ਕਿਨਾਰ, ਗ੍ਰਹਿ ਮੰਦਰ ਇਕ ਵਖਾਇੰਦਾ । ਥਿਰ ਘਰ ਖੇਲ ਅਗੰਮ ਅਪਾਰ, ਸਾਚੀ ਧਾਰਾ ਸ਼ਬਦ ਚਲਾਇੰਦਾ । ਸਚਖੰਡ ਵਸੇ ਆਪ ਨਿਰੰਕਾਰ, ਨਿਰਗੁਣ ਨਿਰਗੁਣ ਆਸਣ ਲਾਇੰਦਾ । ਆਦਿ ਜੁਗਾਦੀ ਸ਼ਾਹ ਸਿਕਦਾਰ, ਜੁਗ ਜੁਗ ਹੁਕਮ ਚਲਾਇੰਦਾ । ਨਾਮ ਅਮੋਲਾ ਸਤਿ ਭੰਡਾਰ, ਲੋਕਮਾਤ ਵਰਤਾਇੰਦਾ । ਗੁਰ ਅਵਤਾਰ ਸੇਵਾਦਾਰ, ਚਾਕ ਚਾਕਰੀ ਇਕ ਸਮਝਾਇੰਦਾ । ਭਗਤ ਭਗਵੰਤ ਆਪ ਉਠਾਲ, ਆਪਣੀ ਬੂਝ ਬੁਝਾਇੰਦਾ । ਲੱਖ ਚੁਰਾਸੀ ਵਿਚੋਂ ਲਾਲ, ਅਨਮੁਲੜੇ ਆਪ ਜਣਾਇੰਦਾ । ਅੰਤ ਨੇੜ ਨਾ ਆਏ ਕਾਲ, ਮਹਾਂਕਾਲ ਮੁਖ ਸ਼ਰਮਾਇੰਦਾ । ਚਿਤਰ ਗੁਪਤ ਨਾ ਲੇਖਾ ਦਏ ਵਖਾਲ, ਰਾਏ ਧਰਮ ਨਾ ਫੇਰੀ ਪਾਇੰਦਾ । ਪਾਰਬ੍ਰਹਮ ਪ੍ਰਭ ਹੋ ਦਿਆਲ, ਬ੍ਰਹਮ ਆਪਣੇ ਅੰਗ ਲਗਾਇੰਦਾ । ਈਸ਼ ਜੀਵ ਸਦਾ ਕਿਰਪਾਲ, ਕਿਰਪਨ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਗਾਇੰਦਾ । ਹਰਿ ਭਗਤ ਹਰਿ ਹਰਿ ਪਿਆਰ, ਆਦਿ ਜੁਗਾਦਿ ਕਰਾਈਆ । ਨਿਰਗੁਣ ਸਰਗੁਣ ਸਾਚੀ ਧਾਰ, ਦੋਏ ਦੋਏ ਰੂਪ ਵਟਾਈਆ । ਸਤਿਜੁਗ ਤ੍ਰੇਤਾ ਕਰਿਆ ਪਾਰ, ਦੁਆਪਰ ਪੰਧ ਮੁਕਾਈਆ । ਕਲਜੁਗ ਹੋਇਆ ਆਪ ਬੇਦਾਰ, ਗਫ਼ਲਤ ਵਿਚ ਕਦੇ ਨਾ ਆਈਆ । ਲੇਖਾ ਜਾਣੇ ਗੁਰ ਅਵਤਾਰ, ਪੀਰ ਪੈਗੰਬਰ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਗਿਆ ਲੰਘ, ਜੁਗ ਚੌਕੜੀ ਰਹਿਣ ਨਾ ਪਾਈਆ । ਨਿਰਗੁਣ ਸਰਗੁਣ ਵਜਾਏ ਮਰਦੰਗ, ਨਾਮ ਮਰਦੰਗਾ ਇਕ ਰਖਾਈਆ । ਕਲਜੁਗ ਅੰਤਮ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਆਪ ਕਰਾਈਆ । ਲੇਖਾ ਜਾਣੇ ਜੀਵ ਵਰਭੰਡ, ਬ੍ਰਹਿਮੰਡ ਖੋਜ ਖੁਜਾਈਆ । ਲੱਖ ਚੁਰਾਸੀ ਦੇਵੇ ਦੰਡ, ਬਚਿਆ ਕੋਇ ਰਹਿਣ ਨਾ ਪਾਈਆ । ਹਰਿ ਭਗਤ ਉਠਾਏ ਇਕ ਜਣਾਏ ਆਪਣਾ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਜਨਮ ਜੁਗ ਦੀ ਟੁੱਟੀ ਗੰਢ, ਆਪਣਾ ਬੰਧਨ ਪਾਈਆ । ਏਕਾ ਰਾਗ ਸੁਹਾਗੀ ਛੰਦ, ਸੋਹੰ ਕਰੇ ਪੜ੍ਹਾਈਆ । ਕਰੇ ਪ੍ਰਕਾਸ਼ ਬਿਨ ਸੂਰਜ ਚੰਦ, ਅੰਧ ਅੰਧੇਰ ਮਿਟਾਈਆ । ਦੋ ਜਹਾਨਾਂ ਮੁਕੇ ਪੰਧ, ਅਵਣ ਗਵਣ ਨਾ ਕੋਇ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਭਗਤਾਂ ਆਪ ਮਿਲਾਈਆ । ਹਰਿ ਭਗਤ ਕਰਾਇਆ ਹਰਿ ਜੂ ਮੇਲ, ਮੇਲਣਹਾਰ ਬਨਵਾਰੀ । ਅਲਖ ਅਗੋਚਰ ਅਗੰਮ ਖੇਲ, ਕਰੇ ਕਰਾਏ ਜੋਤ ਨਿਰੰਕਾਰੀ । ਆਦਿ ਜੁਗਾਦਿ ਸੱਜਣ ਸੁਹੇਲ, ਵੇਸ ਅਨੇਕ ਵਟਾਏ ਵਡ ਬਿਵਹਾਰੀ । ਸਾਕ ਸੱਜਣ ਬਣ ਸੁਹੇਲ, ਦੇਵੇ ਦਰਸ ਦੀਦਾਰੀ । ਰਾਏ ਧਰਮ ਦੀ ਕੱਟੇ ਜੇਲ, ਤੋੜੇ ਜਗਤ ਖ਼ੁਵਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੈਜ ਸੁਆਰੀ । ਧੰਨ ਵਡਿਆਈ ਭਗਤ ਜਨ, ਜਿਸ ਹਰਿ ਹਰਿ ਸੱਚਾ ਪਾਇਆ । ਧੰਨ ਵਡਿਆਈ ਸੰਤ ਜਨ, ਜਿਨ ਹਿਰਦੇ ਨਾਮ ਧਿਆਇਆ । ਧੰਨ ਵਡਿਆਈ ਭਗਤ ਜਨ,

ਜਿਸ ਮਮਤਾ ਮੋਹ ਚੁਕਾਇਆ । ਧੰਨ ਵਡਿਆਈ ਸੰਤ ਜਨ, ਜਿਸ ਇਕੋ ਓਟ ਤਕਾਇਆ । ਦੋਹਾਂ ਵਿਚੋਲਾ ਆਪੇ ਬਣ, ਪ੍ਰਭ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਧੰਨ ਵਡਿਆਈ ਹਰਿ ਨਿਰੰਕਾਰ, ਅਕਲ ਕਲਾ ਅਖਵਾਈਆ । ਧੰਨ ਵਡਿਆਈ ਗੁਰ ਅਵਤਾਰ, ਜੁਗ ਜੁਗ ਸੇਵ ਕਮਾਈਆ । ਧੰਨ ਵਡਿਆਈ ਭਗਤ ਭੰਡਾਰ, ਹਰਿ ਨਾਮਾ ਨਾਮ ਵਰਤਾਈਆ । ਧੰਨ ਵਡਿਆਈ ਸੰਤ ਦੀਦਾਰ, ਨੇਤਰ ਲੋਚਣ ਨੈਣ ਬਿਗਸਾਈਆ । ਧੰਨ ਵਡਿਆਈ ਗੁਰਮੁਖ ਪਿਆਰ, ਹਰਿ ਘੋਲੀ ਘੋਲ ਘੁਮਾਈਆ । ਧੰਨ ਵਡਿਆਈ ਗੁਰਸਿਖ ਯਾਰ, ਸੱਥਰ ਯਾਰ ਰਹੇ ਹੰਢਾਈਆ । ਧੰਨ ਵਡਿਆਈ ਸ਼ਬਦ ਜੈਕਾਰ, ਆਦਿ ਜੁਗਾਦਿ ਸੁਣਾਈਆ । ਧੰਨ ਵਡਿਆਈ ਨਿਰਾਕਾਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਕਲਜੁਗ ਅੰਤਮ ਹੋ ਤਿਆਰ, ਨਿਹਕਲੰਕਾ ਨਾਉਂ ਰਖਾਈਆ । ਉਚੇ ਟਿੱਲੇ ਪਰਬਤ ਪਾਵੇ ਸਾਰ, ਡੂੰਘੀ ਕੰਦਰ ਫੋਲ ਫੁਲਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਸਭ ਤੋਂ ਵਸਿਆ ਬਾਹਰ, ਦਿਸ ਕਿਸੇ ਨਾ ਆਈਆ । ਵੇਦ ਵਿਆਸਾ ਕਰ ਪੁਕਾਰ, ਏਕਾ ਗਿਆ ਜਣਾਈਆ । ਕਰੇ ਖੇਲ ਅਗੰਮ ਅਪਾਰ, ਨਿਰਗੁਣ ਨੂਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨਾ ਰਚ ਰਚ ਵੇਖੇ, ਵੇਖਣਹਾਰ ਅਖਵਾਇਆ । ਨਾ ਕੋਈ ਰੂਪ ਰੰਗ ਨਾ ਕੋਈ ਰੇਖ, ਭੇਸ ਅਵੱਲੜਾ ਆਪ ਕਰਾਇਆ । ਨਾਨਕ ਗੋਬਿੰਦ ਕਰ ਆਦੇਸ਼, ਬੈਠੇ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਆਪਣਾ ਖੇਲ ਕਰੇ ਨਿਰੰਕਾਰਾ, ਨਿਰਗੁਣ ਜੋਤ ਰੁਸ਼ਨਾਈਆ । ਭਗਤ ਬੁਲਾਏ ਸਚ ਦੁਆਰਾ, ਲੋਕਮਾਤ ਦਏ ਵਡਿਆਈਆ । ਆਤਮ ਤਾਕੀ ਖੋਲ੍ਹ ਕਵਾੜਾ, ਘਰ ਘਰ ਵਿਚ ਕਰੇ ਰੁਸ਼ਨਾਈਆ । ਅਗਨੀ ਤੱਤੀ ਨਾ ਲੱਗੇ ਹਾੜਾ, ਅੰਮ੍ਰਿਤ ਮੇਘ ਬਰਸਾਈਆ । ਮੇਲ ਮਿਲਾਏ ਸਾਚਾ ਲਾੜਾ, ਧੁਰਦਰਗਾਹੀ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਦਏ ਵਡਿਆਈਆ । ਹਰਿ ਭਗਤਾਂ ਦੇਵੇ ਮਾਣ ਵਡਿਆਈ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਲੱਖ ਚੁਰਾਸੀ ਨਾਲੋਂ ਕਰ ਜੁਦਾਈ, ਆਪਣਾ ਮੇਲ ਮਿਲਾਇੰਦਾ । ਸੁਰਤ ਸ਼ਬਦ ਕਰੇ ਕੁੜਮਾਈ, ਸਾਚਾ ਬੰਧਨ ਪਾਇੰਦਾ । ਏਕਾ ਘਰ ਧੀ ਜਵਾਈ, ਸੌਹਰੇ ਪੇਈਏ ਸੰਗ ਰਖਾਇੰਦਾ । ਏਕਾ ਗ੍ਰਿਹਿ ਵੱਜੇ ਵਧਾਈ, ਅਨਹਦ ਨਾਦੀ ਨਾਦ ਅਲਾਇੰਦਾ । ਏਕਾ ਮੰਦਰ ਹੋਏ ਰੁਸ਼ਨਾਈ, ਨਿਰਗੁਣ ਜੋਤ ਨੂਰ ਵਖਾਇੰਦਾ । ਏਕਾ ਕੰਤ ਸੁਹਾਗ ਪਕੜੇ ਬਾਹੀਂ, ਘਰ ਘਰ ਵਿਚ ਮੇਲ ਮਿਲਾਇੰਦਾ । ਏਕਾ ਦੇਵੇ ਠੰਡੀ ਛਾਈਂ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਮੇਲਾ ਚਾਈਂ ਚਾਈਂ, ਜਨ ਭਗਤਾਂ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਆਪ ਵਡਿਆਇੰਦਾ । ਸਾਚੇ ਭਗਤ ਸਾਚਾ ਮਾਣ, ਹਰਿ ਸਤਿਗੁਰ ਆਪ ਰਖਾਇੰਦਾ । ਲੇਖਾ ਜਾਣੇ ਦੋ ਜਹਾਨ, ਏਥੇ ਓਥੇ ਵੇਖ ਵਖਾਇੰਦਾ । ਲੋਕਮਾਤ ਧੁਰ ਫ਼ਰਮਾਣ, ਸਤਿ ਸੰਦੇਸ਼ਾ ਨਾਮ ਸੁਣਾਇੰਦਾ । ਅੱਗੇ ਜੋਤੀ ਨੂਰ ਮਹਾਨ, ਜੋਤੀ ਜੋਤ ਜੋਤ ਸਮਾਇੰਦਾ । ਨਿਰਗੁਣ ਵਿਚੋਲਾ ਸ੍ਰੀ ਭਗਵਾਨ, ਸਾਚਾ ਢੋਲਾ ਆਪੇ ਗਾਇੰਦਾ । ਨਾਤਾ ਤੋੜ ਪੰਜ ਤੱਤ ਸ਼ੈਤਾਨ, ਏਕਾ ਰੰਗ ਵਖਾਇੰਦਾ । ਕਲਜੁਗ ਅੰਤਮ ਖੇਲ ਕਰੇ ਮਹਾਨ, ਭੇਵ ਕੋਇ ਨਾ ਪਾਇੰਦਾ । ਬਿਨ ਪੜ੍ਹਿਆਂ ਦੇਵੇ ਇਕ ਗਿਆਨ, ਅੰਤਰ ਆਤਮ ਬੂਝ ਬੁਝਾਇੰਦਾ । ਚੌਦਾਂ ਵਿਦਿਆ ਹੋਏ ਹੈਰਾਨ, ਅੱਖਰ ਅੱਖਰ ਨਾ ਕੋਇ ਸਮਝਾਇੰਦਾ । ਚੌਦਾਂ ਤਬਕ ਟੁੱਟਾ ਮਾਣ, ਚੌਦਾਂ ਲੋਕ ਨੈਣ ਉਠਾਇੰਦਾ ।

ਚੌਦਾਂ ਗੁਰ ਕਰ ਧਿਆਨ, ਏਕਾ ਹੁਕਮ ਮਨਾਇੰਦਾ । ਸਤਿ ਸਤਿਵਾਦੀ ਹੋ ਮਿਹਰਵਾਨ, ਦੋਏ ਦੋਏ ਆਪਣਾ ਰੰਗ ਜਣਾਇੰਦਾ । ਸਾਤਾ ਦੂਆ ਕਰ ਪਰਵਾਨ, ਅੰਕ ਅੰਕ ਨਾਲ ਮਿਲਾਇੰਦਾ । ਬਹੱਤਰ ਭਗਤ ਸਤਿ ਨਿਸ਼ਾਨ, ਸਤਿਜੁਗ ਰਾਹ ਚਲਾਇੰਦਾ । ਸਤਿ ਸਤਿਵਾਦੀ ਸ੍ਰੀ ਭਗਵਾਨ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸਾਤਾ ਸਿਫ਼ਰਾ ਜਗਤ ਨਿਸ਼ਾਨ, ਸੱਤਰ ਸੱਤਰ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਆਪ ਸਾਲਾਹਿੰਦਾ । ਸਾਚੇ ਭਗਤ ਤੇਰੀ ਭਗਤੀ ਸਤਿ, ਸਤਿ ਸਤਿਵਾਦੀ ਆਪ ਕਰਾਇੰਦਾ । ਏਕਾ ਗੁਣ ਬ੍ਰਹਮ ਮਤ, ਪਾਰਬ੍ਰਹਮ ਸਮਝਾਇੰਦਾ । ਨਾਤਾ ਤੋੜ ਜਗਤ ਤੱਤ, ਝੂਠੀ ਕਿਰਿਆ ਮੋਹ ਚੁਕਾਇੰਦਾ । ਇਕ ਬੰਧਾਏ ਚਰਨ ਨਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਨਿਰਗੁਣ ਪਿਆਰ, ਸਰਗੁਣ ਨਾਲ ਮਿਲਾਈਆ । ਹਵਨ ਧੂਪ ਵਿਚ ਸੰਸਾਰ, ਅਹੂਤੀ ਵੇਖ ਵਖਾਈਆ । ਤਨ ਬਿਭੂਤੀ ਵੇਖੇ ਛਾਰ, ਖ਼ਾਕੀ ਖ਼ਾਕ ਰਮਾਈਆ । ਚਾਰ ਕੁੰਟ ਹੋਈ ਖ਼ੁਵਾਰ, ਇਸ਼ਟ ਦੇਵ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਚੁਕਾਈਆ । ਪੂਰਬ ਲੇਖਾ ਵੇਖੇ ਹਰਿ, ਆਪਣਾ ਖੇਲ ਕਰਾਇਆ । ਬ੍ਰਹਮਾ ਵੇਦ ਆਪੇ ਪੜ੍ਹ, ਆਪਣਾ ਰਾਗ ਅਲਾਇਆ । ਪੁਰਾਨ ਅਠਾਰਾਂ ਅੱਗੇ ਧਰ, ਵੇਦ ਵਿਆਸ ਜਣਾਇਆ । ਗੀਤਾ ਗਿਆਨ ਚੁੱਕੇ ਡਰ, ਗੁਰਮੁਖ ਦਏ ਵਡਿਆਇਆ । ਅੰਜੀਲ ਕੁਰਾਨ ਘਾੜਨ ਘੜ, ਕਲਮਾ ਅਮਾਮ ਆਪ ਸੁਣਾਇਆ । ਨਾਨਕ ਅੱਖਰ ਏਕਾ ਪੜ੍ਹ, ਏਕੰਕਾਰ ਧਿਆਇਆ । ਆਦਿ ਅੰਤ ਖੇਲ ਰਿਹਾ ਕਰ, ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਖੇਲ ਅਪਾਰਾ, ਅਪਰੰਪਰ ਧਾਰ ਚਲਾਇੰਦਾ । ਭਗਤਾਂ ਦੇਵੇ ਇਕ ਸਹਾਰਾ, ਏਕਾ ਘਰ ਬਹਾਇੰਦਾ । ਕਬੀਰ ਜੁਲਾਹਾ ਕਰੇ ਪੁਕਾਰਾ, ਉਚੀ ਕੂਕ ਕੂਕ ਸੁਣਾਇੰਦਾ । ਮਹੱਲ ਅਟੱਲ ਵਸੇ ਏਕੰਕਾਰਾ, ਜਲ ਥਲ ਮਹੀਅਲ ਖੇਲ ਕਰਾਇੰਦਾ । ਨਾਨਕ ਮੇਲਾ ਪਰਵਰਦਿਗਾਰਾ, ਪਰਮ ਪੁਰਖ ਵੇਖ ਵਖਾਇੰਦਾ । ਏਕਾ ਨਾਦ ਇਕ ਧੁਨਕਾਰਾ, ਏਕਾ ਰਾਗ ਸੁਣਾਇੰਦਾ । ਦੋਏ ਦੋਏ ਜੋੜ ਕਰੇ ਨਿਮਸਕਾਰਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਆਦਿ ਅੰਤ ਤੇਰਾ ਖੇਲ ਨਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਆਪ ਮਿਲਾਇੰਦਾ । ਹਰਿ ਭਗਤ ਮਿਲਾਇਆ, ਕਿਰਪਾਨਿਧ ਆਪਣੀ ਦਇਆ ਕਮਾਈਆ । ਕਰਨੀ ਕਰਤਾ ਕਾਰਜ ਕਰੇ ਸਿਧ, ਕਿਰਤ ਕਰਮ ਨਾ ਵੇਖ ਵਖਾਈਆ । ਆਪਣੇ ਮਿਲਣ ਦੀ ਸਾਚੀ ਬਿਧ, ਸੋਹੰ ਅੱਖਰ ਬਣਤ ਬਣਾਈਆ । ਮਾਣ ਗਵਾਏ ਰਿਧ ਸਿਧ, ਨੌਂ ਅਠਾਰਾਂ ਨਾ ਕੋਇ ਵਡਿਆਈਆ । ਲੇਖਾ ਜਾਣੇ ਜੀਉ ਪਿੰਡ, ਇੰਡ ਬ੍ਰਹਿਮੰਡ ਸਹਾਈਆ । ਧਾਰ ਵਹਾਏ ਸਾਗਰ ਸਿੰਧ, ਅੰਮ੍ਰਿਤ ਆਪ ਪਿਆਈਆ । ਹਰਿ ਭਗਤ ਬਣਾਏ ਆਪਣੀ ਬਿੰਦ, ਅਨਾਦੀ ਸੁਤ ਆਪ ਉਪਜਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੇ ਭਗਤਾਂ ਆਪ ਤਰਾਈਆ । ਤਰਿਆ ਭਗਤ ਭਗਤ ਦੁਆਰ, ਦਰ ਦਰਵਾਜ਼ਾ ਖੁਲ੍ਹਾਈਆ । ਨਿਰਗੁਣ ਸਰਗੁਣ ਕਰ ਪਿਆਰ, ਆਪਣੇ ਰੰਗ ਰੰਗਾਈਆ । ਜੋਤੀ ਜੋਤ ਜੋਤ ਨੂਰ ਉਜਿਆਰ, ਨੂਰ ਨੁਰਾਨਾ ਦਰਸ ਦਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਆਪਣੇ ਚਰਨ ਲਗਾਈਆ ।

★ ੯ ਮਾਘ ੨੦੧੮ ਬਿਕਰਮੀ ਗੁਰਬਚਨ ਸਿੰਘ ਦੇ ਗ੍ਰਿਹ ਪਿੰਡ ਕਤੋਵਾਲ ਜ਼ਿਲਾ ਗੁਰਦਾਸਪੁਰ ★

ਸਤਿ ਪੁਰਖ ਨਿਰੰਜਣ ਸ਼ਾਹ ਸੁਲਤਾਨ, ਆਦਿ ਆਦਿ ਵਡੀ ਵਡਿਆਈਆ । ਅਗੰਮ ਅਗੰਮੜਾ ਖੇਲ ਮਹਾਨ, ਅਕਲ ਕਲਾ ਕਰਵਾਈਆ । ਅਲਖ ਅਗੋਚਰ ਨੌਜਵਾਨ, ਬੇਅੰਤ ਵਡੀ ਵਡਿਆਈਆ । ਸਚਖੰਡ ਵਸੇ ਸਚ ਮਕਾਨ, ਸਚ ਸਿੰਘਾਸਣ ਸੋਭਾ ਪਾਈਆ । ਨਿਰਗੁਣ ਜੋਤ ਨੂਰ ਮਹਾਨ, ਨਿਰਾਕਾਰ ਡਗਮਗਾਈਆ । ਭੂਪਤ ਭੂਪ ਰਾਜ ਰਾਜਾਨ, ਸ਼ਾਹ ਪਾਤਸ਼ਾਹ ਨਾਉਂ ਧਰਾਈਆ । ਸੋ ਪੁਰਖ ਨਿਰੰਜਣ ਖੇਲ ਮਹਾਨ, ਹਰਿ ਪੁਰਖ ਨਿਰੰਜਣ ਆਪ ਕਰਾਈਆ । ਏਕੰਕਾਰਾ ਵਡ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਆਦਿ ਨਿਰੰਜਣ ਨੂਰ ਮਹਾਨ, ਨੂਰ ਨੁਰਾਨਾ ਇਕ ਅਖਵਾਈਆ । ਅਬਿਨਾਸ਼ੀ ਕਰਤਾ ਨਿਗਹਬਾਨ, ਨੇਤਰ ਨੈਣ ਆਪ ਖੁਲ੍ਹਾਈਆ । ਸ੍ਰੀ ਭਗਵਾਨ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਬਣਾਈਆ । ਪਾਰਬ੍ਰਹਮ ਪ੍ਰਭ ਕਰ ਪਰਵਾਨ, ਆਪਣੀ ਆਸਾ ਨਾਲ ਮਿਲਾਈਆ । ਹੁਕਮੀ ਹੁਕਮ ਹੁਕਮਰਾਨ, ਰਾਜਨ ਰਾਜ ਇਕ ਅਖਵਾਈਆ । ਦਰ ਦਰਵੇਸ਼ ਬਣ ਦਰਬਾਨ, ਅਲਖ ਅਲੱਖਣਾ ਅਲਖ ਜਗਾਈਆ । ਅਗੰਮ ਅਗੰਮੜਾ ਇਕ ਫ਼ਰਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਦਿ ਆਦਿ, ਆਪਣੀ ਖੇਲ ਆਪ ਕਰਾਈਆ । ਆਦਿ ਪੁਰਖ ਹਰਿ ਖੇਲ ਅਵੱਲਾ, ਏਕਾ ਏਕ ਕਰਾਇੰਦਾ । ਸਤਿ ਸਤਿਵਾਦੀ ਵਸੇ ਸਚ ਮਹੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਨੂਰ ਪ੍ਰਕਾਸ਼ ਆਪੇ ਬਲਾ, ਜੋਤੀ ਜੋਤ ਡਗਮਗਾਇੰਦਾ । ਅੰਕ ਅੰਕ ਆਪੇ ਰਲਾ, ਆਪ ਆਪਣਾ ਮੇਲ ਮਿਲਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਉਚ ਮਨਾਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਨੁਭਵ ਪ੍ਰਕਾਸ਼ ਕਰਾਇੰਦਾ । ਅਨੁਭਵ ਹਰਿ ਪ੍ਰਕਾਸ਼, ਰੂਪ ਰੰਗ ਰੇਖ ਨਾ ਕੋਇ ਜਣਾਈਆ । ਆਪਣੇ ਅੰਦਰ ਕਰ ਕਰ ਵਾਸ, ਆਪ ਆਪਣਾ ਖੇਲ ਵਖਾਈਆ । ਆਪੇ ਸ਼ਾਹੋ ਸ਼ਹਿਨਸ਼ਾਹ ਸ਼ਾਬਾਸ਼, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਆਪੇ ਪਾਵੇ ਸਾਚੀ ਰਾਸ, ਮੰਡਲ ਮੰਡਪ ਆਪ ਸੁਹਾਈਆ । ਆਪੇ ਸੇਵਕ ਦਾਸੀ ਦਾਸ, ਬਣ ਚਾਕਰ ਸੇਵ ਕਮਾਈਆ । ਆਪੇ ਨਾਉਂ ਰੱਖ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਪਣਾ ਖੇਲ ਆਪ ਕਰਾਈਆ । ਆਦਿ ਪੁਰਖ ਏਕਾ ਹਰਿ, ਏਕਾ ਰੰਗ ਸਮਾਇੰਦਾ । ਸਚ ਮਹੱਲੇ ਬੈਠਾ ਚੜ੍ਹ, ਸਚ ਸਿੰਘਾਸਣ ਆਸਣ ਲਾਇੰਦਾ । ਨਿਰਭੌ ਹੋਏ ਨਾ ਰੱਖੇ ਡਰ, ਭੌ ਅਵਰ ਨਾ ਕੋਇ ਜਣਾਇੰਦਾ । ਅਜੂਨੀ ਰਹਿਤ ਨਾ ਜਨਮੇ ਨਾ ਜਾਏ ਮਰ, ਮੂਰਤ ਅਕਾਲ ਆਪ ਸਮਾਇੰਦਾ । ਆਪਣਾ ਘਾੜਨ ਆਪੇ ਘੜ, ਹਰਿ ਜੂ ਆਪੇ ਵੇਖ ਵਖਾਇੰਦਾ । ਆਪਣੇ ਮੰਦਰ ਵਸੇ ਸਾਚੇ ਘਰ, ਸਾਚਾ ਮੰਦਰ ਆਪ ਸੁਹਾਇੰਦਾ । ਨਿਰਮਲ ਜੋਤੀ ਦੀਪਕ ਧਰ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸੋਭਾਵੰਤ, ਸਚਖੰਡ ਦੁਆਰ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਬੈਠਾ ਕੰਤ, ਨਰ ਨਰਾਇਣ ਸੋਭਾ ਪਾਈਆ । ਭੇਵ ਅਭੇਦ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਏ ਵਡਿਆਈਆ । ਸਚਖੰਡ ਵਡਿਆਈ ਹਰਿ ਨਿਰੰਕਾਰ, ਏਕਾ ਏਕ ਰਖਾਇੰਦਾ । ਅਲਖ ਅਗੰਮ ਹੋ ਤਿਆਰ, ਅਨੁਭਵ ਰੂਪ ਵਟਾਇੰਦਾ । ਭੂਪਤ ਭੂਪ ਬਣ ਸਿਕਦਾਰ, ਹੁਕਮੀ ਹੁਕਮ

ਚਲਾਇੰਦਾ । ਦਰ ਦਰਵੇਸ਼ ਬਣ ਭਿਖਾਰ, ਭਿਖਕ ਏਕਾ ਮੰਗ ਮੰਗਾਇੰਦਾ । ਦੇਵਣਹਾਰ ਬਣ ਵਰਤਾਰ, ਵਸਤ ਅਮੋਲਕ ਆਪ ਵਰਤਾਇੰਦਾ । ਚਰਨ ਕਵਲ ਧੂੜੀ ਛਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪੇ ਦਾਤਾ ਬਣ ਭਿਖਾਰੀ, ਸਚਖੰਡ ਖ਼ੁਸ਼ੀ ਮਨਾਈਆ । ਆਪੇ ਭੂਪਤ ਬਣ ਸਿਕਦਾਰੀ, ਆਪੇ ਰੱਯਤ ਵੇਸ ਵਟਾਈਆ । ਆਪੇ ਵਣਜ ਕਰੇ ਵਣਜਾਰੀ, ਸਾਚਾ ਹੱਟ ਆਪ ਖੁਲ੍ਹਾਈਆ । ਆਪੇ ਵੇਖੇ ਵਿਗਸੇ ਕਰੇ ਵਿਚਾਰੀ, ਵੇਖਣਹਾਰ ਆਪ ਹੋ ਜਾਈਆ । ਆਪੇ ਕਰਤਾ ਪੁਰਖ ਕਰੇ ਕਾਰੀ, ਕਰਨਹਾਰ ਵਡ ਵਡਿਆਈਆ । ਆਪੇ ਨਿਰਗੁਣ ਨੂਰ ਜੋਤ ਉਜਿਆਰੀ, ਨੂਰ ਨੁਰਾਨਾ ਡਗਮਗਾਈਆ । ਆਪੇ ਸਚਖੰਡ ਵਸੇ ਸਚ ਅਟਾਰੀ, ਮਹੱਲ ਅਟੱਲ ਦਏ ਵਡਿਆਈਆ । ਆਪੇ ਖੋਲ੍ਹੇ ਬੰਦ ਕਿਵਾੜੀ, ਆਪਣਾ ਪਰਦਾ ਆਪ ਚੁਕਾਈਆ । ਆਪੇ ਪੁਰਖ ਆਪੇ ਨਾਰੀ, ਆਪੇ ਸਾਚੀ ਸੇਜ ਹੰਢਾਈਆ । ਆਪੇ ਦਾਈ ਦਾਇਆ ਬਣ ਬਣ ਕਰੇ ਸੇਵਾ ਅਪਰ ਅਪਾਰੀ, ਸੇਵਕ ਸੇਵਕ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣੀ ਕਲ ਆਪ ਪਰਗਟਾਈਆ । ਆਪਣੀ ਕਲ ਆਪੇ ਰੱਖ, ਸਚਖੰਡ ਸੋਭਾ ਪਾਇੰਦਾ । ਨਿਰਗੁਣ ਨਿਰਗੁਣ ਹੋ ਪ੍ਰਤੱਖ, ਵੇਸ ਅਵੱਲਾ ਆਪ ਵਟਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਆਪੇ ਦੇਵੇ ਆਪਣੀ ਵੱਥ, ਵਸਤ ਅਮੋਲਕ ਆਪ ਵਰਤਾਇੰਦਾ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਖੇਲ ਕਰਾਇੰਦਾ । ਮਹਿਮਾ ਜਾਣੇ ਅਕੱਥਨਾ ਅਕੱਥ, ਕਥਨੀ ਕੱਥ ਨਾ ਕੋਇ ਸੁਣਾਇੰਦਾ । ਵਸਣਹਾਰਾ ਸਚਖੰਡ ਸਚ ਮਹੱਲ ਅਟੱਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਹਰਿ ਆਪੇ ਚੁੱਕ, ਨਿਰਗੁਣ ਦਇਆ ਕਮਾਈਆ । ਸਚਖੰਡ ਦੁਆਰ ਜੋ ਬੈਠਾ ਲੁਕ, ਪਰਦਾ ਦਏ ਉਠਾਈਆ । ਉਜਲ ਕਰੇ ਸਾਚਾ ਮੁਖ, ਬੇਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਪਰਗਟਾਈਆ । ਆਪਣੀ ਇਛਿਆ ਆਪੇ ਦਾਨ, ਦੇਵਣਹਾਰ ਅਖਵਾਇੰਦਾ । ਤਖ਼ਤ ਨਿਵਾਸੀ ਸ੍ਰੀ ਭਗਵਾਨ, ਦਰ ਘਰ ਸਾਚਾ ਆਪ ਸੁਹਾਇੰਦਾ । ਦਾਤਾ ਦਾਨੀ ਦੇਵੇ ਦਾਨ, ਸਚ ਭੰਡਾਰ ਆਪ ਵਰਤਾਇੰਦਾ । ਨਿਰਗੁਣ ਵਸਤ ਵਸਤ ਮਹਾਨ, ਜੋਤੀ ਸ਼ਬਦ ਖੇਲ ਕਰਾਇੰਦਾ । ਸ਼ਬਦੀ ਸ਼ਬਦ ਬਲਵਾਨ, ਬਲਧਾਰੀ ਆਪ ਉਪਜਾਇੰਦਾ । ਕਿਰਪਾਨਿਧ ਵਡ ਮਿਹਰਵਾਨ, ਦੀਨਨ ਆਪਣੀ ਦਇਆ ਕਮਾਇੰਦਾ । ਸੋ ਪੁਰਖ ਨਿਰੰਜਣ ਨੌਜਵਾਨ, ਹਰਿ ਪੁਰਖ ਨਿਰੰਜਣ ਨਾਲ ਮਿਲਾਇੰਦਾ । ਏਕੰਕਾਰਾ ਕਰ ਧਿਆਨ, ਆਦਿ ਨਿਰੰਜਣ ਨੂਰ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਦੇਵੇ ਮਾਣ, ਸ੍ਰੀ ਭਗਵਾਨ ਸਿਰ ਹੱਥ ਟਿਕਾਇੰਦਾ । ਪਾਰਬ੍ਰਹਮ ਕਰ ਪਰਧਾਨ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਛੋਟੇ ਬਾਲੇ ਬਾਲ ਨਾਦਾਨ, ਸੁਤ ਸ਼ਬਦੀ ਪ੍ਰਭ ਸਾਚੀ ਸੇਵਾ ਲਾਇੰਦਾ । ਤੇਰਾ ਮੰਦਰ ਇਕ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਨਾ ਕੋਇ ਦਿਸੇ ਚਾਰ ਦੀਵਾਰ, ਬਾਡੀ ਬਣਤ ਨਾ ਕੋਇ ਬਣਾਇੰਦਾ । ਸੂਰਜ ਚੰਨ ਨਾ ਕੋਇ ਉਜਿਆਰ, ਰਵ ਸਸ ਨਾ ਕੋਇ ਰੁਸ਼ਨਾਇੰਦਾ । ਏਕਾ ਦੀਪਕ ਦੇਵਾਂ ਬਾਲ, ਜੋਤੀ ਜੋਤ ਡਗਮਗਾਇੰਦਾ । ਨਾਉਂ ਰੱਖ ਥਿਰ ਘਰ ਸੱਚੀ ਧਰਮਸਾਲ, ਤੇਰਾ ਆਸਣ ਲਾਇੰਦਾ । ਤੂੰ ਸੁਤ ਦੁਲਾਰਾ ਛੋਟਾ ਬਾਲ, ਪ੍ਰਭ ਆਪਣੀ ਗੋਦ ਬਹਾਇੰਦਾ । ਆਦਿ ਜੁਗਾਦਿ ਚਲਾਂ ਨਾਲ ਨਾਲ, ਵਿਛੜ ਕਦੇ ਨਾ ਜਾਇੰਦਾ । ਚਰਨ ਪ੍ਰੀਤੀ ਘਾਲਣ ਸੱਚੀ ਘਾਲ, ਸਚਖੰਡ ਨਿਵਾਸੀ ਏਹ ਸਮਝਾਇੰਦਾ । ਨਿਰਗੁਣ ਨਿਰਗੁਣ ਬਣੇ ਦਲਾਲ, ਸਚ ਵਿਚੋਲਾ ਸੇਵ ਕਮਾਇੰਦਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਆਪੇ ਵੜ, ਆਪਣਾ ਦੀਪਕ ਆਪ ਜਗਾਇੰਦਾ । ਥਿਰ ਘਰ ਸਾਚਾ ਕਰ ਤਿਆਰ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਸਤਿ ਸਤਿਵਾਦੀ ਸਤਿ ਵਿਹਾਰ, ਸਤਿ ਪੁਰਖ ਨਿਰੰਜਣ ਆਪ ਜਣਾਈਆ । ਸ਼ਬਦੀ ਸ਼ਬਦ ਕਰ ਉਜਿਆਰ, ਨਿਰਗੁਣ ਨਿਰਗੁਣ ਵੇਸ ਵਟਾਈਆ । ਏਕਾ ਦੀਪਕ ਇਕ ਪਸਾਰ, ਏਕਾ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲੇ ਆਪੇ ਖੜ, ਆਪਣਾ ਦਰਸ ਦਏ ਕਰਾਈਆ । ਸਚ ਮਹੱਲੇ ਹਰਿ ਜੂ ਖੜਿਆ, ਨਿਰਗੁਣ ਨੂਰ ਜੋਤ ਜਗਾ । ਸੁਤ ਸ਼ਬਦ ਚਰਨੀ ਪੜਿਆ, ਪ੍ਰਭ ਅੱਗੇ ਸੀਸ ਝੁਕਾ । ਸਾਹਿਬ ਦਾਤਾਰ ਤੇਰਾ ਪੱਲੂ ਫੜਿਆ, ਛੁਟ ਕਦੇ ਨਾ ਜਾ । ਪੁਰਖ ਅਬਿਨਾਸ਼ੀ ਸਿਰ ਹੱਥ ਧਰਿਆ, ਦੇਵੇ ਇਕ ਪਨਾਹ । ਨਿਰਗੁਣ ਨਿਰਾਕਾਰ ਨਿਸ਼ਅੱਖਰ ਏਕਾ ਪੜ੍ਹਿਆ, ਨਾਉਂ ਨਿਰੰਕਾਰਾ ਦਏ ਸਮਝਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚੇ ਬਣਤ ਬਣਾ । ਥਿਰ ਘਰ ਬਣਾਈ ਹਰਿ ਜੂ ਬਣਤ, ਚਰਨ ਕਵਲ ਸ਼ਰਨਾਈਆ । ਲੇਖਾ ਜਾਣੇ ਆਦਿ ਅੰਤ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਇਕ ਚੜ੍ਹਾਏ ਸਾਚੀ ਰੰਗਤ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਦਏ ਵਡਿਆਈਆ । ਸ਼ਬਦ ਸੁਤ ਬਣ ਨਿਮਾਣਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਸ਼ਹਿਨਸ਼ਾਹ ਸ਼ਾਹ ਵਡ ਜਰਵਾਣਾ, ਤੇਰਾ ਅੰਤ ਕੋਇ ਨਾ ਪਾਇੰਦਾ । ਆਦਿ ਜੁਗਾਦਿ ਮੰਨਾਂ ਤੇਰਾ ਭਾਣਾ, ਸਦ ਭਾਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਬਿਧ ਸੇਵ ਤੇਰੀ ਕਮਾਇੰਦਾ । ਕਵਣ ਬਿਧ ਕਮਾਵਾਂ ਸੇਵ, ਸ਼ਬਦੀ ਸੁਤ ਸੀਸ ਝੁਕਾਇਆ । ਤੂੰ ਪਾਰਬ੍ਰਹਮ ਅਲਖ ਅਭੇਵ, ਹਉਂ ਬਾਲਕ ਭੇਵ ਨਾ ਰਾਇਆ । ਤੂੰ ਆਦਿ ਜੁਗਾਦਿ ਸਦਾ ਨੇਹਕੇਵ, ਨਿਹਚਲ ਧਾਮ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਇਆ । ਪੁਰਖ ਅਬਿਨਾਸ਼ੀ ਹੋ ਦਿਆਲ, ਸੁਤ ਸ਼ਬਦ ਦਏ ਵਡਿਆਈਆ । ਉਠ ਪੂਤ ਮੇਰੇ ਚਤੁਰ ਸੁਜਾਨ, ਬਾਲ ਬਾਲੇ ਬਾਲ ਸਖਾਈਆ । ਮੇਰਾ ਨਾਉਂ ਤੇਰਾ ਗਿਆਨ, ਏਕਾ ਵਾਰ ਪੜ੍ਹਾਈਆ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਤਿ ਪੁਰਖ ਨਿਰੰਜਣ ਇਕ ਵਖਾਈਆ । ਮੇਰੀ ਰਚਨਾ ਤੇਰਾ ਮਾਣ, ਤੇਰਾ ਮਾਣ ਮੇਰੀ ਵਡਿਆਈਆ । ਮੇਰਾ ਹੁਕਮ ਸਚ ਫ਼ਰਮਾਣ, ਸਤਿ ਸਤਿਵਾਦੀ ਆਪ ਸਮਝਾਈਆ । ਜੋਧਾ ਸੂਰਾ ਬਣ ਬਲਵਾਨ, ਸਿਰ ਤੇਰੇ ਛਤਰ ਝੁਲਾਈਆ । ਤੇਰੀ ਰੱਖਾਂ ਏਕਾ ਆਣ, ਏਕਾ ਘਰ ਬਹਾਈਆ । ਏਕਾ ਚਿੱਲਾ ਤੀਰ ਕਮਾਨ, ਸੱਚਾ ਸ਼ਸਤਰ ਹੱਥ ਫੜਾਈਆ । ਏਕਾ ਵਸਤ ਅਨਮੁਲੜੀ ਦਾਨ, ਦਾਤਾ ਦਾਨੀ ਇਕ ਜਣਾਈਆ । ਤੇਰਾ ਖੇਲ ਸ੍ਰੀ ਭਗਵਾਨ, ਇਕ ਇਕੱਲਾ ਆਪ ਕਰਾਈਆ । ਤੇਰੇ ਅੰਤਰ ਨੂਰ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਥਿਰ ਘਰ ਤੇਰਾ ਮੰਦਰ ਮਕਾਨ, ਸਚਖੰਡ ਨਿਵਾਸੀ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਦੇਵੇ ਵਰ, ਸੁਤ ਸ਼ਬਦ ਮਾਣ ਰਖਾਈਆ । ਸੁਤ ਸ਼ਬਦ ਸਿਰ ਰੱਖੇ ਹੱਥ, ਪ੍ਰਭ ਅਬਿਨਾਸ਼ੀ ਦਇਆ ਕਮਾਇੰਦਾ । ਤੇਰੇ ਮੰਦਰ ਅਮੋਲਕ ਵੱਥ, ਵਿਸ਼ਨ ਬ੍ਰਹਮਾ ਸ਼ਿਵ ਪਰਗਟਾਇੰਦਾ । ਨਿਰਗੁਣ ਨਿਰਾਕਾਰ ਸਾਚਾ ਮਾਰਗ ਦੱਸ, ਸਾਚੇ ਪੰਧ ਲਗਾਇੰਦਾ । ਇਕ ਇਕੱਲਾ ਪੂਰੀ ਕਰੇ ਆਸ, ਆਸਾ ਆਸਾ ਵਿਚ ਸਮਾਇੰਦਾ । ਤੇਰਾ ਖੇਲ ਬ੍ਰਹਿਮੰਡ ਖੰਡ ਨਿਵਾਸ, ਕੋਟਨ ਕੋਟ ਰੂਪ ਧਰਾਇੰਦਾ । ਤੇਰਾ ਰੂਪ ਪ੍ਰਿਥਮੀ ਅਕਾਸ਼, ਗਗਨ ਮੰਡਲ ਨਾਲ ਮਿਲਾਇੰਦਾ । ਤੇਰੀ ਧਾਰ ਤ੍ਰੈਗੁਣ ਰਾਸ, ਰਜੋ

ਤਮੋ ਸਤੋ ਖੇਲ ਖਲਾਇੰਦਾ । ਤੇਰਾ ਸੰਗ ਪੰਜ ਤੱਤ ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਸਾਚਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਲਗਾਇੰਦਾ । ਸਾਚੀ ਸੇਵਾ ਸਾਚੇ ਸੁਤ, ਹਰਿ ਸਤਿਗੁਰ ਆਪ ਲਗਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਏਕਾ ਰੰਗ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਹਾਏ ਰੁੱਤ, ਤ੍ਰੈ ਪੰਜ ਕਰੇ ਕੁੜਮਾਈਆ । ਨਿਰਗੁਣ ਅੰਦਰ ਨਿਰਗੁਣ ਉਠ, ਸਰਗੁਣ ਵੇਖ ਵਖਾਈਆ । ਪੰਜ ਤੱਤ ਬਣਾਏ ਕਾਇਆ ਕਿਲਾ ਕੋਟ, ਗੜ੍ਹ ਮੰਦਰ ਆਪ ਸੁਹਾਈਆ । ਅੰਦਰ ਰੱਖ ਨਿਰਮਲ ਜੋਤ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੇਵਾ ਇਕ ਸਮਝਾਈਆ । ਲੱਖ ਚੁਰਾਸੀ ਸੇਵਾ ਅਪਾਰ, ਹਰਿ ਸਾਚਾ ਸਚ ਜਣਾਇੰਦਾ । ਘਾੜਤ ਘੜ ਬਣ ਠਠਿਆਰ, ਘੜਨ ਭੰਨਣਹਾਰ ਖੇਲ ਕਰਾਇੰਦਾ । ਉਤਭੁਜ ਸੇਤਜ ਜੇਰਜ ਅੰਡ ਕਰ ਤਿਆਰ, ਤ੍ਰੈਗੁਣ ਮੇਲਾ ਮੇਲ ਮਿਲਾਇੰਦਾ । ਪੰਜ ਤੱਤ ਤੱਤ ਆਕਾਰ, ਸਾਕਾਰ ਰੂਪ ਵਖਾਇੰਦਾ । ਨੌਂ ਦੁਆਰ ਖੋਲ੍ਹ ਕਿਵਾੜ, ਜਗਤ ਵਾਸ਼ਨਾ ਨਾਲ ਮਿਲਾਇੰਦਾ । ਪੰਚਮ ਪੰਚ ਕਰ ਪ੍ਰਚਾਰ, ਨਾਦ ਸ਼ਬਦ ਧੁਨ ਜਣਾਇੰਦਾ । ਪੰਚਮ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸ਼ਨਾ ਹਉਮੇ ਹੰਗਤਾ ਨਾਲ ਮਿਲਾਇੰਦਾ । ਪੰਜ ਦਸ ਖੇਲ ਕਰਤਾਰ, ਕੁਦਰਤ ਕਾਦਰ ਇਕ ਜਣਾਇੰਦਾ । ਪੰਜ ਪੰਜੀ ਹੋਏ ਪਨਿਹਾਰ, ਬਣ ਬਣ ਸੇਵਕ ਸੇਵ ਕਮਾਇੰਦਾ । ਕਰੇ ਖੇਲ ਅਗੰਮ ਅਪਾਰ, ਅਗੰਮੜੀ ਕਾਰ ਕਮਾਇੰਦਾ । ਹੱਡ ਮਾਸ ਨਾੜੀ ਰੱਤ ਜੋੜ ਸੰਸਾਰ, ਰੂਪ ਅਨੂਪ ਆਪ ਵਖਾਇੰਦਾ । ਮਨ ਮਤ ਬੁਧ ਦੇਵੇ ਧਾਰ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਘਰ ਵਿਚ ਘਰ ਕਰ ਤਿਆਰ, ਆਪਣਾ ਆਸਣ ਲਾਇੰਦਾ । ਆਪੇ ਕਰੇ ਬੰਦ ਕਿਵਾੜ, ਬਜ਼ਰ ਕਪਾਟੀ ਸੋਭਾ ਪਾਇੰਦਾ । ਆਪੇ ਰੱਖੇ ਅੰਮ੍ਰਿਤ ਠੰਡਾ ਠਾਰ, ਨਿਝਰ ਝਿਰਨਾ ਆਪ ਰਖਾਇੰਦਾ । ਆਪੇ ਈੜਾ ਪਿੰਗਲ ਕਰ ਸੇਵਾਦਾਰ, ਦਰ ਦੁਆਰੇ ਆਪ ਬਹਾਇੰਦਾ । ਆਪੇ ਖੇਲੇ ਖੇਲ ਸੁਖਮਨ ਟੇਢੀ ਗਾਰ, ਬੰਕ ਆਪਣੇ ਅੰਕ ਲਗਾਇੰਦਾ । ਆਪੇ ਸੁਰਤੀ ਸੁਰਤ ਕਰ ਤਿਆਰ, ਅਕਾਲ ਮੂਰਤੀ ਰੰਗ ਵਖਾਇੰਦਾ । ਆਪੇ ਨਾਦ ਤੂਰਤੀ ਸਤਿ ਜੈਕਾਰ, ਤੁਰੀਆ ਰਾਗ ਆਪ ਅਲਾਇੰਦਾ । ਆਪੇ ਪਰਾ ਪਸੰਤੀ ਮਧਮ ਬੈਖ਼ਰੀ ਦੇਵੇ ਧਾਰ, ਰਾਗੀ ਆਪਣਾ ਰਾਗ ਸੁਣਾਇੰਦਾ । ਆਪੇ ਕਾਇਆ ਮੰਦਰ ਅੰਦਰ ਬਣਾਏ ਸਚੀ ਧਰਮਸਾਲ, ਸੁਤ ਦੁਲਾਰੇ ਨਾਲ ਮਿਲਾਇੰਦਾ । ਸ਼ਬਦੀ ਸ਼ਬਦ ਵੱਜੇ ਤੇਰਾ ਤਾਲ, ਤਾਲ ਤਲਵਾੜਾ ਆਪਣੇ ਹੱਥ ਰਖਾਇੰਦਾ । ਆਪੇ ਖੇਲ ਕਰੇ ਭਗਵਾਨ, ਖੇਲਣਹਾਰਾ ਦਿਸ ਨਾ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪੰਜ ਤੱਤ ਅੰਦਰ ਕਰਨ ਕਲਿਆਣ, ਦਰ ਦਰ ਸਾਚੀ ਸੇਵ ਲਗਾਇੰਦਾ । ਨਾਲ ਰਖਾਏ ਕਾਲ ਮਹਾਂਕਾਲ ਵਡ ਬਲਵਾਨ, ਆਪਣਾ ਬਲ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਹਰਿ ਦੇਵੇ ਵਰ, ਤੇਰੀ ਰਚਨਾ ਆਪ ਸਮਝਾਇੰਦਾ । ਤੇਰੀ ਰਚਨਾ ਸੂਰਜ ਚੰਦ, ਕਿਰਨ ਕਿਰਨ ਵਿਚ ਚਮਕਾਈਆ । ਲੋਆਂ ਪੁਰੀਆਂ ਬੇੜਾ ਬੰਨ੍ਹ, ਬ੍ਰਹਿਮੰਡ ਖੰਡ ਤੇਰੀ ਸ਼ਰਨਾਈਆ । ਮੇਰਾ ਨਾਉਂ ਤੇਰਾ ਧਨ, ਸਚ ਖ਼ਜ਼ਾਨਾ ਤੇਰੀ ਝੋਲੀ ਪਾਈਆ । ਮੇਰਾ ਰਾਗ ਤੇਰਾ ਕੰਨ, ਅਨਾਦੀ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਦੇਵੇ ਵਰ, ਵਸਤ ਅਨਮੁਲੜੀ ਆਪ ਵਰਤਾਈਆ । ਸੁਤ ਸ਼ਬਦ ਹਰਿ ਚੜ੍ਹਿਆ ਚਾਅ, ਥਿਰ ਘਰ ਸਾਚੇ ਖ਼ੁਸ਼ੀ ਮਨਾਇੰਦਾ । ਪੁਰਖ ਅਬਿਨਾਸ਼ੀ ਮਿਲਿਆ ਮਲਾਹ, ਬੇੜਾ ਆਪ ਉਠਾਇੰਦਾ । ਮੇਰਾ ਨਾਉਂ ਦਏ ਵਡਿਆ, ਦੋ ਜਹਾਨਾਂ ਖੇਲ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾ, ਸੇਵਕ ਸੇਵਾ ਸਚ ਸਮਝਾਇੰਦਾ । ਪੰਜ ਤੱਤ ਬੰਧਨ

੩੭੮
੧੧

ਦੇਵੇ ਪਾ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਲੱਖ ਚੁਰਾਸੀ ਘਾੜਨ ਦਏ ਘੜਾ, ਘਟ ਘਟ ਆਪਣਾ ਨੂਰ ਰਖਾਇੰਦਾ । ਗੇੜਾ ਗੇੜੇ ਦੇਵੇ ਲਾ, ਗੇੜਨਹਾਰ ਆਪ ਹੋ ਜਾਇੰਦਾ । ਆਪਣਾ ਨਾਉਂ ਦਏ ਸਮਝਾ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਪ੍ਰਿਥਮੀ ਅਕਾਸ਼ ਦਏ ਰਚਾ, ਜਲ ਥਲ ਮਹੀਅਲ ਡੇਰਾ ਲਾਇੰਦਾ । ਸੂਰਜ ਚੰਨ ਦਏ ਚੜ੍ਹਾ, ਰਵ ਸਸ ਪ੍ਰਕਾਸ਼ ਕਰਾਇੰਦਾ । ਜੰਗਲ ਜੂਹ ਉਜਾੜ ਪਹਾੜ ਦਏ ਬਣਾ, ਡੂੰਘੀ ਕੰਦਰ ਸੋਭਾ ਪਾਇੰਦਾ । ਆਪਣੀ ਇਛਿਆ ਦਏ ਸਮਝਾ, ਸਾਚੀ ਭਿਛਿਆ ਆਪ ਵਰਤਾਇੰਦਾ । ਵਿਸ਼ਨੂੰ ਏਕਾ ਹੁਕਮ ਦਏ ਸੁਣਾ, ਘਰ ਘਰ ਰਿਜ਼ਕ ਪੁਚਾਇੰਦਾ । ਬ੍ਰਹਮਾ ਬ੍ਰਹਮ ਰੂਪ ਵੰਡ ਵੰਡਾ, ਲੱਖ ਚੁਰਾਸੀ ਡੇਰਾ ਲਾਇੰਦਾ । ਸ਼ੰਕਰ ਡੇਰਾ ਦੇਵੇ ਢਾਹ, ਜੋ ਘੜਿਆ ਭੰਨ ਵਖਾਇੰਦਾ । ਤਿੰਨਾਂ ਵਿਚੋਲਾ ਬੇਪਰਵਾਹ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਏਕਾ ਦਿਤੀ ਸਚ ਸਲਾਹ, ਸਾਚੀ ਸਿਖਿਆ ਇਕ ਜਣਾਇੰਦਾ । ਬ੍ਰਹਮਾ ਵੇਤਾ ਲਿਆ ਪੜ੍ਹਾ, ਏਕਾ ਰਾਗ ਅਲਾਇੰਦਾ । ਚਾਰੇ ਵੇਦ ਰਿਹਾ ਸੁਣਾ, ਅੱਖਰ ਅੱਖਰ ਨਾਲ ਮਿਲਾਇੰਦਾ । ਹਰਿ ਕਾ ਭੇਵ ਨਾ ਜਾਣੇ ਰਾ, ਪੁਰਖ ਅਬਿਨਾਸ਼ੀ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਸੁਤ ਦੁਲਾਰਾ ਖ਼ੁਸ਼ੀ ਮਨਾਇੰਦਾ । ਸੁਤ ਦੁਲਾਰਾ ਕਰੇ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਤਖ਼ਤ ਨਿਵਾਸੀ ਵਡ ਵਡਿਆਈਆ । ਤੇਰੀ ਸੇਵਾ ਕਰਾਂ ਅਪਰ ਅਪਾਰ, ਨਿਰਗੁਣ ਸਰਗੁਣ ਵੇਖ ਵਖਾਈਆ । ਲੱਖ ਚੁਰਾਸੀ ਬਣ ਵਣਜਾਰ, ਸਾਚਾ ਹੱਟ ਚਲਾਈਆ । ਏਕਾ ਦੇਣਾ ਦਰਸ ਦੀਦਾਰ, ਹਉਂ ਭਿਖਕ ਮੰਗ ਮੰਗਾਈਆ । ਤੁਧ ਬਿਨ ਅਵਰ ਨਾ ਕੋਇ ਸਹਾਰ, ਦੂਜੀ ਓਟ ਨਾ ਕੋਇ ਤਕਾਈਆ । ਆਦਿ ਜੁਗਾਦੀ ਏਕਾ ਏਕ ਤੂੰ ਨਿਰੰਕਾਰ, ਨਿਰਗੁਣ ਨਿਰਵੈਰ ਬੇਪਰਵਾਹੀਆ । ਦੋ ਜਹਾਨਾਂ ਬਣਨਾ ਸਿਕਦਾਰ, ਸਚ ਸਿਕਦਾਰੀ ਆਪ ਕਮਾਈਆ । ਲੋਆਂ ਪੁਰੀਆਂ ਕਰਨਾ ਖੇਲ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬਾਲਕ ਮੰਗ ਮੰਗਾਈਆ । ਮੰਗਾਂ ਮੰਗ ਬਣ ਬਣ ਬਾਲ, ਸ਼ਬਦੀ ਸ਼ਬਦ ਨੀਰ ਵਹਾਇੰਦਾ । ਮੇਰਾ ਲੇਖਾ ਕਰੀਂ ਪਰਵਾਨ, ਲੇਖਾ ਤੇਰੀ ਝੋਲੀ ਪਾਇੰਦਾ । ਮੇਰੀ ਆਦੇਸ਼ ਮੇਰੇ ਮਿਹਰਵਾਨ, ਨਿਉਂ ਨਿਉਂ ਸੀਸ ਝੁਕਾਇੰਦਾ । ਤੂੰ ਆਦਿ ਜੁਗਾਦੀ ਸੱਚਾ ਕਾਹਨ, ਸਚਖੰਡ ਦੁਆਰੇ ਸੋਭਾ ਪਾਇੰਦਾ । ਏਕਾ ਦੇਣਾ ਸਚ ਨਿਸ਼ਾਨ, ਮੈਂ ਤੇਰਾ ਹੱਥ ਉਠਾਇੰਦਾ । ਲੇਖਾ ਜਾਣਾ ਦੋ ਜਹਾਨ, ਦੋਏ ਦੋਏ ਰੂਪ ਧਰਾਇੰਦਾ । ਲੱਖ ਚੁਰਾਸੀ ਕਰਾਂ ਪਰਵਾਨ, ਕਰ ਕਰ ਖੇਲ ਖਲਾਇੰਦਾ । ਤੇਰਾ ਨਾਉਂ ਕਰਾਂ ਪਰਧਾਨ, ਗ੍ਰਹਿ ਗ੍ਰਹਿ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੰਗ ਵਖਾਇੰਦਾ । ਪੁਰਖ ਅਬਿਨਾਸ਼ੀ ਹੋ ਦਿਆਲ, ਆਪਣੀ ਦਇਆ ਕਮਾਈਆ । ਉਠ ਦੁਲਾਰੇ ਮੇਰੇ ਲਾਲ, ਸਿਰ ਤੇਰੇ ਹੱਥ ਟਿਕਾਈਆ । ਨਿਰਗੁਣ ਸਰਗੁਣ ਬਣ ਦਲਾਲ, ਪੰਜ ਤੱਤ ਕਰ ਕੁੜਮਾਈਆ । ਮੇਰਾ ਜਾ ਸੁਣਾ ਹਾਲ, ਪ੍ਰਭ ਇਕੋ ਸੱਚਾ ਮਾਹੀਆ । ਆਦਿ ਜੁਗਾਦਿ ਕਰੇ ਪ੍ਰਿਤਪਾਲ, ਨਿਤ ਨਿਤ ਸੇਵ ਕਮਾਈਆ । ਸਚਖੰਡ ਵਸੇ ਸੱਚੀ ਧਰਮਸਾਲ, ਧੁਰ ਦਰਬਾਰੇ ਸੋਭਾ ਪਾਈਆ । ਚਰਨ ਪ੍ਰੀਤੀ ਘਾਲਣੀ ਘਾਲ, ਘਾਲੀ ਘਾਲ ਨਾ ਬਿਰਥੀ ਜਾਈਆ । ਤੇਰਾ ਹੱਲ ਕਰਾਂ ਸਵਾਲ, ਬਣ ਸਵਾਲੀ ਮੰਗ ਮੰਗਾਈਆ । ਤੇਰੀ ਸੇਵਾ ਕਾਲ ਮਹਾਂਕਾਲ, ਬੰਧਨ ਏਕਾ ਹੱਥ ਫੜਾਈਆ । ਜੁਗ ਚੌਕੜੀ ਚਲਾਂ ਚਾਲ, ਸਾਚੀ ਵੰਡ ਵੰਡਾਈਆ । ਚਾਰ ਵੇਦ ਕਰ ਪਰਧਾਨ, ਮਹਿਮਾ ਮਾਤ ਸੁਣਾਈਆ । ਚਾਰ

ਖਾਣੀ ਕਰ ਗਿਆਨ, ਚਾਰੇ ਬਾਣੀ ਇਕ ਪੜ੍ਹਾਈਆ । ਚਾਰ ਵਰਨ ਦੇਣਾ ਮਾਣ, ਬਰਨ ਅਠਾਰਾਂ ਰੂਪ ਧਰਾਈਆ । ਚਾਰ ਜੁਗ ਇਕ ਨਿਸ਼ਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਗ ਲਗਾਈਆ । ਜੁਗ ਜੁਗ ਗੇੜਾ ਗੇੜੇ ਸ੍ਰੀ ਭਗਵਾਨ, ਕੋਹਲੂ ਚੱਕੀ ਚੱਕ ਭੁਆਈਆ । ਕੋਟਨ ਕੋਟ ਦੇਵੇ ਬੋਧ ਗਿਆਨ, ਅਕਥ ਕਥਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਦੀਨ ਦਿਆਲ ਵਰ ਦੇਵੇ ਸੱਚਾ ਮਾਹੀਆ । ਵਰ ਘਰ ਪਾਇਆ ਏਕਾ ਵਾਰ, ਥਿਰ ਘਰ ਵੱਜੀ ਵਧਾਈਆ । ਨਿਰਗੁਣ ਸਰਗੁਣ ਕਰੇ ਤਿਆਰ, ਸਾਰੰਗ ਧਰ ਖੇਲ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਬਣ ਬਣ ਚਾਕਰ ਸੇਵ ਕਮਾਈਆ । ਸ਼ਬਦੀ ਸ਼ਬਦ ਬਣ ਵਣਜਾਰ, ਏਕਾ ਹੱਟ ਖੁਲ੍ਹਾਈਆ । ਏਕਾ ਨਾਮ ਕਰ ਜੈਕਾਰ, ਜੈ ਜੈਕਾਰ ਸੁਣਾਈਆ । ਨਿਰਗੁਣ ਸਰਗੁਣ ਕਰੇ ਖ਼ਬਰਦਾਰ, ਏਕਾ ਬੂਝ ਬੁਝਾਈਆ । ਪੁਰਖ ਅਬਿਨਾਸ਼ੀ ਹੋ ਤਿਆਰ, ਅਪਰੰਪਰ ਵੇਸ ਵਟਾਈਆ । ਰਚੇ ਸਵੰਬਰ ਹਰਿ ਕਰਤਾਰ, ਪੁਰਖ ਨਾਰੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਰਾਈਆ । ਆਪਣੀ ਕਾਰ ਕਰਨੇਯੋਗ, ਹਰਿ ਕਰਤਾ ਆਪ ਕਰਾਇੰਦਾ । ਆਪੇ ਭੋਗੇ ਭੋਗੀ ਭੋਗ, ਭਸਮੜ ਆਪਣੀ ਖੇਲ ਕਰਾਇੰਦਾ । ਆਪੇ ਸੰਜੋਗ ਆਪੇ ਵਿਜੋਗ, ਮੇਲ ਵਿਛੋੜਾ ਆਪਣੇ ਹੱਥ ਰਖਾਇੰਦਾ । ਆਪੇ ਵਸੇ ਰੰਗ ਨਵੇਲ, ਨਾ ਕੋਈ ਹਰਖ ਨਾ ਕੋਈ ਸੋਗ, ਚਿੰਤਾ ਦੁੱਖ ਨਾ ਕੋਇ ਜਣਾਇੰਦਾ । ਆਪੇ ਲੇਖਾ ਜਾਣੇ ਚੌਦਾਂ ਲੋਕ, ਪਰਲੋਕ ਆਪਣੇ ਚਰਨਾਂ ਹੇਠ ਦਬਾਇੰਦਾ । ਤ੍ਰੈਭਵਨ ਧਨੀ ਸੁਣਾਏ ਇਕ ਸਲੋਕ, ਸਾਚਾ ਢੋਲਾ ਆਪੇ ਗਾਇੰਦਾ । ਆਪੇ ਦੇਵਣਹਾਰਾ ਮੋਖ, ਬੰਧਨ ਬੰਦੀ ਆਪ ਤੁੜਾਇੰਦਾ । ਆਪੇ ਲੱਖ ਚੁਰਾਸੀ ਦੇਵੇ ਝੋਕ, ਗੇੜਾ ਗੇੜੇ ਵਿਚ ਭੁਆਇੰਦਾ । ਆਪੇ ਦੇਵੇ ਸਾਚੀ ਓਟ, ਚਰਨ ਕਵਲ ਦਰਸਾਇੰਦਾ । ਆਪੇ ਵਸੇ ਕਾਇਆ ਕੋਟ, ਘਰ ਘਰ ਵਿਚ ਸੋਭਾ ਪਾਇੰਦਾ । ਆਪ ਜਗਾਏ ਨਿਰਮਲ ਜੋਤ, ਬਿਸਮਲ ਆਪਣੀ ਧਾਰ ਵਖਾਇੰਦਾ । ਆਪੇ ਜਾਣੇ ਆਪਣਾ ਓਤ ਪੋਤ, ਪੁੱਤ ਪੋਤਰੇ ਖੇਲ ਕਰਾਇੰਦਾ । ਆਪੇ ਵਰਨ ਆਪੇ ਗੋਤ, ਆਪੇ ਆਪਣੀ ਵੰਡ ਵੰਡਾਇੰਦਾ । ਆਪੇ ਕੱਢਣਹਾਰਾ ਖੋਟ, ਦੂਈ ਦਵੈਤੀ ਡੇਰਾ ਢਾਹਿੰਦਾ । ਆਪੇ ਫੜ ਫੜ ਚਾੜ੍ਹੇ ਚੋਟ, ਆਪੇ ਖ਼ਾਕੀ ਖ਼ਾਕ ਮਿਲਾਇੰਦਾ । ਆਪੇ ਦਏ ਭੰਡਾਰ ਅਤੋਟ, ਹਰਿ ਸ਼ਬਦੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਿਆ ਆਪ ਕਰਾਇੰਦਾ । ਸਾਚੀ ਕਿਰਿਆ ਕਰਮ ਕਾਂਡ, ਹਰਿ ਕਰਤਾ ਬੰਧਨ ਪਾਈਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਂਡ, ਬ੍ਰਹਿਮਾਦ ਵੇਸ ਵਟਾਈਆ । ਵੰਡਣ ਵੰਡੇ ਜੇਰਜ ਅੰਡ, ਉਤਭੁਜ ਸੇਤਜ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਸਹਿਜ ਸਹਿਜ ਸਮਝਾਈਆ । ਸੁਣ ਸੁਤ ਮੇਰੇ ਛੋਟੇ ਲਾਲ, ਹਰਿ ਸਚ ਕਰੇ ਜਣਾਈਆ । ਲੱਖ ਚੁਰਾਸੀ ਖਾਏ ਕਾਲ, ਥਿਰ ਕੋਇ ਰਹਿਣ ਨਾ ਪਾਈਆ । ਜੁਗ ਚੌਕੜੀ ਹੋਏ ਬੇਹਾਲ, ਨੇਤਰ ਰੋ ਰੋ ਨੀਰ ਵਹਾਈਆ । ਜੂਠ ਝੂਠ ਵੱਜੇ ਤਾਲ, ਲੋਕਮਾਤ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਈਆ । ਸੁਤ ਸ਼ਬਦ ਅੱਗੋਂ ਮੰਗੇ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਕਵਣ ਬਿਧ ਤੇਰਾ ਛੁਟੇ ਨਾ ਸੰਗ, ਹੋਏ ਨਾ ਮਾਤ ਜੁਦਾਈਆ । ਕਵਣ ਬਿਧ ਕਾਲ ਨਾ ਲਾਏ ਅੰਗ, ਰਾਏ ਧਰਮ ਨਾ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਵਸਤ ਝੋਲੀ ਪਾਈਆ । ਸਤਿਗੁਰ ਪੂਰਾ ਪੁਰਖ ਕਰਤਾਰ, ਪੂਰਨ ਬ੍ਰਹਮ ਜਣਾਇੰਦਾ । ਖੇਲੇ ਖੇਲ ਖੇਲ

ਜੁਗ ਚਾਰ, ਚੌਕੜ ਚੌਕੜੀ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਲੈ ਆਵੇ ਅਵਤਾਰ, ਗੁਰ ਸਤਿਗੁਰ ਨਾਉਂ ਧਰਾਇੰਦਾ । ਏਕਾ ਨਾਉਂ ਬੋਲ ਜੈਕਾਰ, ਜੀਵ ਜੰਤ ਆਪ ਸਮਝਾਇੰਦਾ । ਸੇਵਾ ਕਰ ਵਿਚ ਸੰਸਾਰ, ਅੰਤ ਆਪਣਾ ਮੂਲ ਚੁਕਾਇੰਦਾ । ਬੇਅੰਤ ਬੇਅੰਤ ਕਹਿ ਕਹਿ ਜਾਣ ਪੁਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪ ਸਮਝਾਇੰਦਾ । ਸਾਚੀ ਸੇਵਾ ਗੁਰ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਮਾਤ ਕਰਾਈਆ । ਨਿਰਗੁਣ ਸਰਗੁਣ ਹੋ ਉਜਿਆਰ, ਪੰਚਮ ਪੰਚ ਦਏ ਵਡਿਆਈਆ । ਭਗਤ ਭਗਵੰਤ ਇਕ ਗਿਆਨ, ਨਿਸ਼ਅੱਖਰ ਕਰੇ ਪੜ੍ਹਾਈਆ । ਸੰਤਾਂ ਦੇਵੇ ਏਕਾ ਮਾਣ, ਚਰਨ ਸਰਨ ਸ਼ਰਨਾਈਆ । ਗੁਰਮੁਖ ਵੇਖੇ ਚਤੁਰ ਸੁਜਾਨ, ਸੁਰਤੀ ਸ਼ਬਦ ਮਿਲਾਈਆ । ਗੁਰਸਿਖਾਂ ਦੇਵੇ ਏਕਾ ਨਾਮ ਨਿਧਾਨ, ਨਿਜ ਆਤਮ ਕਰੇ ਰਸਾਈਆ । ਜੁਗ ਚੌਕੜੀ ਖੇਲ ਮਹਾਨ, ਜੁਗ ਕਰਤਾ ਆਪ ਕਰਾਈਆ । ਨਵ ਨੌਂ ਚਾਰ ਖੇਲ ਜਹਾਨ, ਦੋ ਜਹਾਨਾਂ ਵਾਲੀ ਵੇਖ ਵਖਾਈਆ । ਲੇਖਾ ਜਾਣ ਰਮੱਯਾ ਰਾਮ, ਰਮਤ ਰਮਤ ਸਮਾਈਆ । ਖੇਲੇ ਖੇਲ ਗੋਪੀ ਕਾਹਨ, ਏਕਾ ਬੰਸਰੀ ਨਾਮ ਵਜਾਈਆ । ਏਕਾ ਕਲਮਾ ਪੜ੍ਹੇ ਕਲਾਮ, ਅਮਾਮ ਅਮਾਮਾ ਆਪ ਸੁਣਾਈਆ । ਮੁਕਾਮੇ ਹੱਕ ਇਕ ਨਿਸ਼ਾਨ, ਸ਼ਾਹ ਸੁਲਤਾਨ ਆਪ ਝੁਲਾਈਆ । ਪਰਵਰਦਿਗਾਰ ਨੌਜਵਾਨ, ਨੂਰ ਨੁਰਾਨਾ ਨੂਰ ਇਲਾਹੀਆ । ਪੰਜ ਤੱਤ ਕਾਇਆ ਦਏ ਅਧਾਰ, ਈਸਾ ਮੂਸਾ ਵੇਸ ਵਟਾਈਆ । ਕਾਲਾ ਸੂਸਾ ਤਨ ਸ਼ਿੰਗਾਰ, ਏਕਾ ਅਲਫ਼ੀ ਲਏ ਹੰਢਾਈਆ । ਏਕਾ ਸੂਫ਼ੀ ਦੇ ਦੀਦਾਰ, ਨੇਤਰ ਲੋਚਣ ਨੈਣ ਨੈਣ ਖੁਲ੍ਹਾਈਆ । ਇਕ ਮੁਹੰਮਦ ਮਿਲਾਵਾ ਯਾਰ ਯਾਰ, ਚੌਥੇ ਜੁਗ ਵੇਖ ਵਖਾਈਆ । ਹੱਕ ਹਕੀਕਤ ਖੋਲ੍ਹ ਕਿਵਾੜ, ਲਾਸ਼ਰੀਕ ਵੰਡ ਵੰਡਾਈਆ । ਇਕ ਤੌਫ਼ੀਕ ਖ਼ੁਦਾਏ ਮਦਦਗਾਰ, ਮਿਹਬਾਨ ਬੀਦੋ ਏਕਾ ਘਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਆਪਣਾ ਭੇਵ ਦੱਸੇ ਅਵੱਲਾ, ਮੁਕਾਮੇ ਹੱਕ ਹੱਕ ਖ਼ੁਦਾਈਆ । ਨਿਰਗੁਣ ਨੂਰ ਨੂਰ ਅੱਲਾ, ਆਲਮੀਨ ਕਰੇ ਰੁਸ਼ਨਾਈਆ । ਆਪਣੀ ਧਾਰ ਜਣਾਏ ਬਿਸਮਿਲਾ, ਬਿਸਮਿਲ ਆਪਣਾ ਰੰਗ ਵਖਾਈਆ । ਆਪੇ ਕਲਮਾ ਕਲਾਮ ਇਲ ਲਿਲਾ, ਐਨਲਹੱਕ ਹੱਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਵੰਡ ਵੰਡਾਈਆ । ਸ਼ਬਦ ਗੁਰ ਤੇਰਾ ਰੂਪ ਅਪਾਰਾ, ਹਰਿ ਪੁਰਖ ਨਿਰੰਜਣ ਆਪ ਜਣਾਇੰਦਾ । ਮੇਰਾ ਨੂਰ ਤੇਰੀ ਧਾਰਾ, ਧਾਰ ਧਾਰ ਵਿਚ ਰਖਾਇੰਦਾ । ਮੇਰਾ ਮਹੱਲ ਸਚਖੰਡ ਦੁਆਰਾ, ਤੇਰਾ ਘਰ ਥਿਰ ਘਰ ਨਾਉਂ ਰਖਾਇੰਦਾ । ਤੇਰੇ ਅੰਦਰੋਂ ਨਿਕਲੇ ਗੁਰ ਅਵਤਾਰਾ, ਮਾਤਲੋਕ ਫੇਰਾ ਪਾਇੰਦਾ । ਸੁਨ ਅਗੰਮੀ ਪਾਰ ਕਿਨਾਰਾ, ਧੂਅਾਂਧਾਰ ਨਾ ਕੋਇ ਵਖਾਇੰਦਾ । ਕਲਜੁਗ ਅੰਤ ਖੇਲ ਨਿਆਰਾ, ਪੰਜ ਤੱਤ ਕਾਇਆ ਸੋਭਾ ਪਾਇੰਦਾ । ਨਾਨਕ ਨਾਨਕ ਨਾਨਕ ਸ਼ਬਦ ਵਣਜਾਰਾ, ਨਾਮ ਵਸਤ ਵਸਤ ਵਰਤਾਇੰਦਾ । ਦਰਸ ਪਾਏ ਦਰ ਦੀਦਾਰਾ, ਦੀਦ ਈਦ ਚੰਦ ਚੜ੍ਹਾਇੰਦਾ । ਗੁਫ਼ਤ ਸ਼ੁਨੀਦ ਖੇਲ ਨਿਆਰਾ, ਮਹਿਬੂਬ ਰੰਗ ਵਖਾਇੰਦਾ । ਏਕਾ ਨਾਦ ਧੁਨ ਜੈਕਾਰਾ, ਰਾਗੀ ਰਾਗ ਅਲਾਇੰਦਾ । ਏਕਾ ਨਾਮ ਸਤਿ ਵਣਜਾਰਾ, ਸਤਿ ਸਤਿਵਾਦੀ ਆਪ ਕਰਾਇੰਦਾ । ਏਕਾ ਬ੍ਰਹਮ ਬ੍ਰਹਮ ਭੰਡਾਰਾ, ਪਾਰਬ੍ਰਹਮ ਵਰਤਾਇੰਦਾ । ਏਕਾ ਜੋਤ ਏਕਾ ਧਾਰਾ, ਏਕਾ ਸ਼ਬਦ ਨਾਦ ਸੁਣਾਇੰਦਾ । ਏਕਾ ਗੁਰ ਇਕ ਅਵਤਾਰਾ, ਏਕਾ ਘਰ ਬਹਾਇੰਦਾ । ਏਕਾ ਗਾਏ ਮੰਗਲਾਚਾਰਾ, ਪੰਚਮ ਨਾਦ ਪੰਚਮ ਸ਼ਬਦ ਸੇਵ ਕਮਾਇੰਦਾ । ਸਤਿਨਾਮ ਸਤਿ ਵਿਹਾਰਾ, ਸੋਹੰ ਆਤਮ ਪਰਮਾਤਮ ਧਾਰਾ, ਰਾਰੰਕਾਰ ਕਰੇ ਨਿਮਸਕਾਰਾ, ਜੋਤ ਨਿਰੰਜਣ ਇਕ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੩੮੦
੧੧

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਓਅੰਕਾਰ ਆਪਣੀ ਧਾਰ ਜਣਾਈਆ । ਓਅੰਕਾਰ ਵੇਖੇ ਸਤਿਨਾਮ, ਨਾਮ ਸਤਿ ਸਤਿ ਜਣਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਜੁਗ ਜੁਗ ਵੇਸ ਵਟਾਇੰਦਾ । ਗੁਰ ਅਵਤਾਰਾਂ ਦੇਵੇ ਦਾਨ, ਆਪਣੀ ਵਸਤ ਆਪ ਵਰਤਾਇੰਦਾ । ਲੋਕਮਾਤ ਕਰ ਪਰਧਾਨ, ਪੰਜ ਤੱਤ ਕਾਇਆ ਆਪ ਵਡਿਆਇੰਦਾ । ਘਰ ਵਿਚ ਘਰ ਖੋਲ੍ਹ ਦੁਕਾਨ, ਸਚ ਭੰਡਾਰਾ ਆਪ ਜਣਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸ਼ਨਾ ਭੁੱਖ ਜਗਤ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਖੇਲ ਕਰ, ਗੁਰ ਸ਼ਬਦੀ ਦੇਵੇ ਇਕੋ ਵਰ, ਸਿਰ ਤੇਰੇ ਹੱਥ ਟਿਕਾਇੰਦਾ । ਤੇਰੇ ਸਿਰ ਹੱਥ ਰੱਖੇ ਕਰਤਾਰ, ਕੁਦਰਤ ਕਾਦਰ ਖੇਲ ਕਰਾਈਆ । ਗੁਰ ਅਵਤਾਰ ਸੇਵਾਦਾਰ, ਪੀਰ ਪੈਗ਼ੰਬਰ ਚਾਕਰੀ ਰਹੇ ਕਮਾਈਆ । ਤੂੰ ਸਾਹਿਬ ਸਭ ਦਾ ਸਿਕਦਾਰ, ਹੁਕਮੀ ਹੁਕਮ ਭੁਵਾਈਆ । ਜੁਗ ਚੌਕੜੀ ਕਰ ਖੁਵਾਰ, ਅੰਤ ਲੇਖਾ ਦਏ ਮੁਕਾਈਆ । ਤੇਰੀ ਮਹਿਮਾ ਰਹੇ ਵਿਚ ਸੰਸਾਰ, ਕੋਟਨ ਕੋਟ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਨਵ ਨੌਂ ਚਾਰ ਖੇਲ ਕਰਾਈਆ । ਨਵ ਨੌਂ ਚਾਰ ਖੇਲ ਸੰਸਾਰ, ਹਰਿ ਸਤਿਗੁਰ ਆਪ ਜਣਾਇਆ । ਅੰਤਮ ਮੇਲਾ ਅਗੰਮ ਅਪਾਰ, ਅਲਖ ਅਗੋਚਰ ਦਏ ਕਰਾਇਆ । ਲੋਕਮਾਤ ਬਣਾਏ ਸਚ ਦਰਬਾਰ, ਸਚਖੰਡ ਨਿਵਾਸੀ ਫੇਰਾ ਪਾਇਆ । ਮਹਾਂਬਲੀ ਹੋਏ ਆਪ ਨਿਰੰਕਾਰ, ਨਿਰਗੁਣ ਨਿਰਵੈਰ ਵੇਸ ਵਟਾਇਆ । ਨਾਨਕ ਗੋਬਿੰਦ ਕਰ ਪਿਆਰ, ਏਕਾ ਗੋਦ ਲਏ ਬਹਾਇਆ । ਸ਼ਬਦ ਅਗੰਮੀ ਤੇਜ ਕਟਾਰ, ਨਾਮ ਖੰਡਾ ਲਏ ਚਮਕਾਇਆ । ਆਪੇ ਉਤਰੇ ਆਪਣੀ ਵਾਰ, ਧਾਰ ਧਾਰ ਵਿਚੋਂ ਬਦਲਾਇਆ । ਸੰਬਲ ਵੇਖੇ ਧਾਮ ਨਿਆਰ, ਸਚ ਸਿੰਘਾਸਣ ਸੋਭਾ ਪਾਇਆ । ਸ਼ਬਦ ਅਗੰਮੀ ਬੋਲ ਜੈਕਾਰ, ਆਤਮ ਪਰਮਾਤਮ ਲਏ ਮਿਲਾਇਆ । ਈਸ਼ ਜੀਵ ਦਏ ਅਧਾਰ, ਜਗਦੀਸ਼ ਰੂਪ ਵਟਾਇਆ । ਜੋਗ ਅਭਿਆਸ ਨਾ ਕੋਈ ਕਾਰ, ਜਿਸ ਜਨ ਆਪਣਾ ਦਰਸ ਦਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਮੇਲਾ ਲਏ ਮਿਲਾਇਆ । ਅੰਤਮ ਤੇਰਾ ਮੇਲ ਮਿਲੌਣਾ, ਮਿਲ ਮਿਲ ਖ਼ੁਸ਼ੀ ਮਨਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਪਾਰ ਕਰੌਣਾ, ਪਾਂਧੀ ਬਣ ਬਣ ਫੇਰਾ ਪਾਈਆ । ਜੋਤੀ ਜਾਮਾ ਵੇਸ ਵਟੌਣਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਸ਼ਬਦ ਗੁਰ ਇਕ ਵਖੌਣਾ, ਚਾਰ ਵਰਨ ਕਰੇ ਕੁੜਮਾਈਆ । ਨਿਹਕਲੰਕ ਨਾਉਂ ਧਰੌਣਾ, ਧਰਨੀ ਧਰਤ ਧਵਲ ਸੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਉਠੌਣਾ, ਸੁਰਪਤ ਇੰਦ ਨਾਲ ਮਿਲਾਈਆ । ਗਣ ਗੰਧਰਵ ਨੈਣ ਵਖੌਣਾ, ਕਿਨਰ ਜਛਪ ਸਦਾ ਰਹੇ ਜਸ ਗਾਈਆ । ਭਗਤ ਭਗਵੰਤ ਆਪ ਜਗੌਣਾ, ਆਪਣਾ ਪਰਦਾ ਦਏ ਉਠਾਈਆ । ਜਨਮ ਜਨਮ ਦੇ ਵਿਛੜੇ ਮੇਲ ਮਿਲੌਣਾ, ਸੰਤ ਸਾਜਣ ਲਏ ਮਿਲਾਈਆ । ਗੁਰਮੁਖ ਗੋਦੀ ਆਪ ਬਹੌਣਾ, ਚੁੱਕ ਚੁੱਕ ਖੁਸ਼ੀ ਮਨਾਈਆ । ਗੁਰਸਿਖ ਰੰਗ ਇਕ ਚੜ੍ਹੌਣਾ, ਉਤਰ ਕਦੇ ਨਾ ਜਾਈਆ । ਅੰਮ੍ਰਿਤ ਆਤਮ ਜਾਮ ਪਿਆਉਣਾ, ਅਠਸਠ ਤੀਰਥ ਫੇਰਾ ਕੋਇ ਨਾ ਪਾਈਆ । ਅਨਹਦ ਨਾਦੀ ਨਾਦ ਵਜੌਣਾ, ਛੱਤੀ ਰਾਗ ਮੁਖ ਸ਼ਰਮਾਈਆ । ਫੜ ਫੜ ਕਾਗੋਂ ਹੰਸ ਬਣੌਣਾ, ਸੋਹੰ ਹੰਸਾ ਚੋਗ ਚੁਗਾਈਆ । ਬਜ਼ਰ ਕਪਾਟੀ ਕੁੰਡਾ ਲੌਹਣਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਸੁਰਤੀ ਸ਼ਬਦੀ ਆਪ ਮਿਲੌਣਾ, ਏਕਾ ਬੰਧਨ ਪਾਈਆ । ਆਤਮ ਸੇਜਾ ਸੰਗ ਰਖੌਣਾ, ਨਾਰੀ ਕੰਤ ਰੰਗ ਜਣਾਈਆ । ਸਚ ਮਰਦੰਗਾ ਇਕ ਵਜੌਣਾ, ਮਰਦ ਮਰਦਾਨਗੀ ਆਪਣੇ ਹੱਥ ਵਖਾਈਆ । ਪੰਚ ਵਿਕਾਰਾ ਡੇਰਾ ਢਾਉਣਾ, ਢਹਿ ਢਹਿ ਢੇਰ ਕਰਾਈਆ । ਰਾਤੀਂ ਸੁਤਿਆਂ ਦਰਸ ਦਖੌਣਾ, ਗੁਰਮੁਖ

ਆਪਣੇ ਸੰਗ ਰਖਾਈਆ । ਲੱਖ ਚੁਰਾਸੀ ਫੰਦ ਕਟੌਣਾ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਨਾ ਹਿਸਾਬ ਵਖੌਣਾ, ਲਾੜੀ ਮੌਤ ਨਾ ਲਏ ਪਰਨਾਈਆ । ਗੁਰਮੁਖ ਆਪਣੀ ਗੋਦ ਬਹੌਣਾ, ਬਣ ਕੁਹਾਰ ਸੇਵ ਕਮਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰੌਣਾ, ਸੁੰਨ ਅਗੰਮ ਡੇਰਾ ਢਾਹੀਆ । ਵਿਸ਼ਨ ਬ੍ਰਹਮਾ ਸ਼ਿਵ ਗੁਰਮੁਖ ਤੇਰੇ ਚਰਨਾਂ ਹੇਠ ਦਬੌਣਾ, ਪਾਰਬ੍ਰਹਮ ਦੇਵੇ ਮਾਣ ਵਡਿਆਈਆ । ਥਿਰ ਘਰ ਸਾਚੇ ਕੁੰਡਾ ਆਪੇ ਲੌਹਣਾ, ਦਰ ਦਰਵਾਜ਼ਾ ਦਏ ਖੁਲ੍ਹਾਈਆ । ਸ਼ਬਦੀ ਸ਼ਬਦ ਵਿਚ ਮਿਲੌਣਾ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਦੀਨਨ ਦਇਆ ਆਪ ਕਮੌਣਾ, ਸਚਖੰਡ ਵੱਜੇ ਵਧਾਈਆ । ਜੋਤੀ ਜੋਤ ਜੋਤ ਮਿਲੌਣਾ, ਨਿਰਗੁਣ ਨੂਰ ਨੂਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਗੁਰ ਸ਼ਬਦੀ ਮੇਲ ਮਿਲਾਈਆ । ਗੁਰ ਸ਼ਬਦੀ ਗੁਰ ਹੋਇਆ ਮੇਲਾ, ਘਰ ਘਰ ਵੱਜੇ ਵਧਾਈਆ । ਸਤਿਗੁਰ ਮਿਲਿਆ ਇਕ ਇਕੇਲਾ, ਵਿਛੜ ਕਦੇ ਨਾ ਜਾਈਆ । ਏਕਾ ਰੰਗ ਰੰਗੇ ਗੁਰੂ ਗੁਰ ਚੇਲਾ, ਗੁਰ ਚੇਲਾ ਰੰਗ ਸਮਾਈਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਖ਼ਾਲਕ ਖ਼ਲਕ ਭੇਵ ਨਾ ਰਾਈਆ । ਏਥੇ ਓਥੇ ਦੋ ਜਹਾਨ ਸੱਜਣ ਸੁਹੇਲਾ, ਸਾਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੇਖਾ ਲਿਖੇ ਬਿਨ ਕਲਮ ਸ਼ਾਹੀਆ । ਕਲਮ ਸ਼ਾਹੀ ਨਾ ਪਾਏ ਸਾਰ, ਲਿਖ ਲਿਖ ਪੰਧ ਨਾ ਕੋਇ ਮੁਕਾਈਆ । ਗੁਰ ਅਵਤਾਰ ਕਰ ਕਰ ਗਏ ਪੁਕਾਰ, ਪ੍ਰਭ ਵੱਡਾ ਵਡ ਵਡਿਆਈਆ । ਨਾਮ ਜਪ ਜਪ ਕੱਟ ਕੱਟ ਗਏ ਵਗਾਰ, ਬਣ ਸੇਵਕ ਸੇਵ ਕਮਾਈਆ । ਅੰਤਮ ਓਟ ਰੱਖ ਕੇ ਗਏ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਜਿਸ ਦਾ ਪਿਤਾ ਨਾ ਕੋਈ ਮਾਈਆ । ਭੈਣ ਭਾਈ ਨਾ ਕੋਇ ਪਿਆਰ, ਸਾਕ ਸੱਜਣ ਸੈਣ ਨਾ ਕੋਇ ਅਖਵਾਈਆ । ਬਿਨ ਹਰਿ ਭਗਤਾਂ ਦੇਵੇ ਨਾ ਕਿਸੇ ਅਧਾਰ, ਲੱਖ ਚੁਰਾਸੀ ਵਿਚੋਂ ਲਏ ਉਠਾਈਆ । ਘਰ ਘਰ ਵਜਾਏ ਸ਼ਬਦ ਨਗਾਰ, ਪੰਚਮ ਸ਼ਬਦ ਰਹੇ ਜਸ ਗਾਈਆ । ਵਾਹਵਾ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਪਾਇਆ ਪੁਰਖ ਏਕੰਕਾਰ, ਨਾ ਮਰੇ ਨਾ ਜਾਈਆ । ਸੁਰਤ ਸਵਾਣੀ ਹੋਈ ਬੇਦਾਰ, ਗੁਰ ਸ਼ਬਦੀ ਲਿਆ ਜਗਾਈਆ । ਹਾਣੀ ਹਾਣ ਮਿਲਿਆ ਏਕਾ ਵਾਰ, ਘਰ ਵੱਜਦੀ ਰਹੇ ਵਧਾਈਆ । ਕਲਜੁਗ ਜੀਵ ਹੋਣ ਖੁਵਾਰ, ਬਿਨ ਹਰਿ ਸਾਰ ਕੋਇ ਨਾ ਪਾਈਆ । ਪੜ੍ਹ ਪੜ੍ਹ ਵੇਦ ਕਤੇਬ ਸ਼ਾਸਤਰ ਸਿਮਰਤ ਅੰਜੀਲ ਕੁਰਾਨ ਬਾਣੀ ਖਾਣੀ ਗੀਤਾ ਗਿਆਨ ਗਏ ਹਾਰ, ਹਰਿ ਕਾ ਰੂਪ ਨਜ਼ਰ ਨਾ ਆਈਆ । ਅਠਸਠ ਤੀਰਥ ਠਰ ਠਰ ਥੱਕਾ ਨਰ ਨਾਰ, ਅਗਨੀ ਤੱਤ ਨਾ ਕੋਇ ਬੁਝਾਈਆ । ਡੂੰਘੀ ਕੰਦਰ ਵੜ ਵੜ ਜੋਗ ਅਭਿਆਸ, ਕਰ ਕਰ ਰਹੇ ਪੁਕਾਰ, ਨੇਤਰ ਮੂੰਦ ਨਾ ਹੋਇਆ ਦੀਦਾਰ, ਕਵਲ ਨੈਣ ਨਾ ਨਜ਼ਰੀ ਆਈਆ । ਮਣਕਾ ਮਣਕਾ ਫੇਰਨ ਵਾਰੋ ਵਾਰ, ਰਸਨਾ ਜਿਹਵਾ ਕਰਨ ਪੁਕਾਰ, ਹਉਮੇ ਹੰਗਤਾ ਮਾਇਆ ਮਮਤਾ ਸਕੇ ਨਾ ਕੋਇ ਮਾਰ, ਬਿਨ ਸਤਿਗੁਰ ਪੂਰੇ ਦੇਵੇ ਨਾ ਕੋਇ ਸ਼ਰਨਾਈਆ । ਸਤਿਗੁਰ ਪੂਰਾ ਸਿਰਜਣਹਾਰ, ਡੁੱਬਦੇ ਪਾਥਰ ਲਏ ਤਾਰ, ਕੋਟ ਜਨਮ ਦੇ ਪਾਪੀ ਪਤਤ ਪੁਨੀਤ ਕਰੇ ਦੇਵੇ ਦਰਸ ਅਪਾਰ, ਦੀਦ ਦੀਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਜਨ ਹਰਿ ਹਰਿ ਜੂ ਆਪਣੇ ਰੰਗ ਰੰਗਾਈਆ । ਹਰਿ ਰੰਗ ਰਾਤਾ ਪੁਰਖ ਬਿਧਾਤਾ, ਆਪਣੇ ਰੰਗ ਸਮਾਇੰਦਾ । ਆਦਿ ਜੁਗਾਦੀ ਉਤਮ ਜਾਤਾ, ਜ਼ਾਤ ਪਾਤ ਵਿਚ ਕਦੇ ਨਾ ਆਇੰਦਾ । ਸਰਬ ਜੀਆਂ ਦਾ ਪਿਤਾ ਮਾਤਾ, ਲੱਖ ਚੁਰਾਸੀ ਗੋਦ ਬਹਾਇੰਦਾ । ਜਨ ਭਗਤਾਂ

ਜੋੜੇ ਸਾਚਾ ਨਾਤਾ, ਆਤਮ ਪਰਮਾਤਮ ਬੰਧਨ ਪਾਇੰਦਾ । ਇਕੋ ਸੁਣਾਏ ਆਪਣੀ ਗਾਥਾ, ਸਾਚਾ ਨਾਮ ਆਪ ਦ੍ਰਿੜਾਇੰਦਾ । ਇਕ ਵਖਾਏ ਸਾਚਾ ਹਾਟਾ, ਹੱਟ ਹਟਵਾਣਾ ਸੋਭਾ ਪਾਇੰਦਾ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਘਾਟੀ ਆਪਣੀ ਆਪ ਚੜ੍ਹਾਇੰਦਾ । ਕਲਜੁਗ ਮੇਟੇ ਅੰਧੇਰੀ ਰਾਤਾ, ਸਤਿ ਸਤਿ ਆਪਣਾ ਨਾਮ ਜਣਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਜਿਸ ਜਨ ਜਾਤਾ, ਜਨ ਜਨਨੀ ਲੇਖੇ ਲਾਇੰਦਾ । ਜੀਵ ਜੰਤ ਤ੍ਰੈਗੁਣ ਮਾਇਆ ਸੁੱਟੇ ਡੂੰਘੇ ਖ਼ਾਤਾ, ਫੜ ਬਾਹੋਂ ਬਾਹਰ ਨਾ ਕੋਇ ਕਢਾਇੰਦਾ । ਧਰਮ ਰਾਏ ਦਾ ਖੁਲ੍ਹਾ ਹਾਤਾ, ਸਾਹਿਬ ਸੁਲਤਾਨ ਆਪ ਬਣਾਇੰਦਾ । ਮਨਮੁਖ ਨਾਰ ਹੋਣ ਕਮਜ਼ਾਤਾ, ਹਰਿ ਕੰਤ ਨਾ ਅੰਗ ਲਗਾਇੰਦਾ । ਜਿਸ ਜਨ ਮਿਲਿਆ ਸਤਿਗੁਰ ਸਮਰਾਥਾ, ਸੋ ਜਨ ਆਪਣਾ ਮੂਲ ਚੁਕਾਇੰਦਾ । ਏਥੇ ਓਥੇ ਦੋ ਜਹਾਨ ਸਗਲਾ ਸਾਥਾ, ਸਿਰ ਆਪਣਾ ਹੱਥ ਟਿਕਾਇੰਦਾ । ਲੇਖੇ ਲੱਗੇ ਪੂਜਾ ਪਾਠਾ, ਜਿਸ ਜਨ ਆਪਣਾ ਦਰਸ ਕਰਾਇੰਦਾ । ਭਗਵਾਨ ਕਿਸੇ ਹੱਥ ਨਾ ਆਏ ਗੱਲਾਂ ਬਾਤਾਂ, ਪੜ੍ਹ ਪੜ੍ਹ ਪੰਧ ਨਾ ਕੋਇ ਮੁਕਾਇੰਦਾ । ਜਨ ਭਗਤਾਂ ਦੇਵੇ ਆਪੇ ਦਾਤਾਂ, ਨਿਤ ਨਵਿਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਕਮਲਾਪਾਤਾ, ਕਵਲ ਗੁਰਮੁਖ ਆਪ ਖੁਲਾਇੰਦਾ । ਗੁਰਮੁਖ ਕਵਲ ਖਿਲੇ ਫੁੱਲ, ਫੁਲਵਾੜੀ ਮਾਤ ਮਹਿਕਾਈਆ । ਦੇਵੇ ਵਸਤ ਨਾਮ ਅਤੁੱਲ, ਅਤੋਲ ਨਾ ਤੋਲਿਆ ਜਾਈਆ । ਹਰਿਜਨ ਰੱਖੇ ਸਦਾ ਅਡੁਲ, ਡੋਲੇ ਨਾ ਵਿਚ ਲੋਕਾਈਆ । ਭਾਗ ਲਗਾਏ ਸਾਚੀ ਕੁਲ, ਜਿਸ ਘਰ ਗੁਰਮੁਖ ਫੇਰਾ ਪਾਈਆ । ਗੁਰਸਿਖ ਬੂਟਾ ਮਾਤ ਨਾ ਜਾਏ ਹੁਲ, ਸਤਿਗੁਰ ਪੂਰਾ ਫਲ ਸਾਚਾ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਐਥੇ ਓਥੇ ਦੋ ਜਹਾਨਾਂ ਪਾਏ ਮੁਲ, ਕਰਤਾ ਕੀਮਤ ਆਪ ਚੁਕਾਈਆ । ਕਰਤਾ ਕੀਮਤ ਦੇਵੇ ਪਾ, ਹਰਿਜਨ ਤੇਰਾ ਭੇਵ ਕੋਇ ਨਾ ਪਾਇੰਦਾ । ਦਰ ਦਰਵੇਸ਼ ਦਰ ਦਰਬਾਨ ਦਰਦੀ ਦਰਦ ਲਏ ਵੰਡਾ, ਦੀਨਾਂ ਨਾਥਾ ਸਿਰ ਆਪਣਾ ਹੱਥ ਟਿਕਾਇੰਦਾ । ਨਾਮ ਅੱਖਰ ਜਗਤ ਅੱਖਰ ਸਾਚੀ ਸਿਖਿਆ ਦਏ ਸਮਝਾ, ਸਾਖਿਆਤ ਰੂਪ ਵਟਾਇੰਦਾ । ਬਜ਼ਰ ਕਪਾਟੀ ਪੰਧ ਦਏ ਤੁੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਘਰ, ਘਰ ਸਾਚਾ ਆਪ ਸੁਹਾਇੰਦਾ । ਘਰ ਮੇਲਾ ਮਿਲੇ ਜਾ, ਪੇਖਤ ਪੇਖਤ ਪੇਖਤ ਤੁੜਾਈਆ । ਮਿਲੇ ਮੇਲ ਗ਼ਰੀਬ ਨਿਵਾਜਾ, ਗੁਰਬਤ ਕੋਇ ਨਜ਼ਰ ਨਾ ਆਈਆ । ਘਰ ਵਿਚ ਘਰ ਵਖਾਏ ਸੱਚਾ ਹਾਜਾ, ਸਚ ਸਵਾਬੇ ਆਸਣ ਲਾਈਆ । ਆਪੇ ਦੇਵੇ ਆਬੇ ਹਯਾਤ ਆਬਾ, ਆਬ ਹਯਾਤ ਆਬੇ ਹਯਾ ਨੂਰੋ ਨੂਰ ਪ੍ਰਕਾਸ਼ ਹੋਏ ਆਫ਼ਤਾਬਾ, ਕਿਰਨ ਕਿਰਨ ਕਿਰਨ ਚਮਕਾਈਆ । ਮੁਕੰਦ ਮਨੋਹਰ ਮੋਹਨ ਮਾਧਵ ਮਾਧਾ, ਮਧੁਰ ਆਪਣੀ ਧੁਨ ਸੁਣਾਈਆ । ਰਾਮ ਰਾਮ ਰਮੱਈਆ ਇਕੋ ਲਾਧਾ, ਘਰ ਘਰ ਵਿਚ ਖ਼ੁਸ਼ੀ ਰਖਾਈਆ । ਨਾਨਕ ਗੋਬਿੰਦ ਮਾਰੇ ਵਾਜਾਂ, ਸ਼ਬਦੀ ਸ਼ਬਦ ਸੁਣਾਈਆ । ਭਗਤ ਭਗਵੰਤ ਸਾਜਨ ਸਾਜਾ, ਪਿਛੇ ਫਿਰੇ ਵਾਹੋ ਦਾਹੀਆ । ਰਾਗ ਤੰਬੂਰ ਛੱਡਿਆ ਜਗਤ ਸਾਜਾ, ਇਕੋ ਅਨਹਦ ਰਾਗ ਸੁਣਾਈਆ । ਲੱਖ ਚੁਰਾਸੀ ਵਿਚੋਂ ਕਾਢਾ, ਸਤਿਗੁਰ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਤਿਗੁਰ ਚਰਨ ਸਤਿਗੁਰ ਸ਼ਰਨ ਹਰਨ ਫਰਨ ਦਏ ਖੁਲ੍ਹਾਈਆ । ਹਰਨ ਫਰਨ ਖੁਲ੍ਹੇ ਅੱਖ, ਨੇਤਰ ਨੈਣ ਖੁਲ੍ਹਾਈਆ । ਦਰਸ ਦਿਖਾਏ ਹੋ ਪਰਤੱਖ, ਰੂਪ ਅਨੂਪ ਵਟਾਈਆ । ਸਤਿਗੁਰ ਪੂਰਾ ਪੁਰਖ ਸਮਰਥ, ਸਰਬ ਕਲਾ ਭਰਪੂਰ ਹਰ ਘਟ ਰਿਹਾ ਸਮਾਈਆ । ਪਹਿਲੋਂ ਗੁਰਸਿਖਾਂ ਦੁਆਰੇ ਆਪ ਜਾਏ ਢੱਠ, ਫਿਰ ਗੁਰਸਿਖ ਲਏ ਮਨਾਈਆ । ਫਿਰ ਸੁਣਾਏ ਆਪਣਾ



੩੮੩
੧੧

ਪਾਠ, ਗੁਰਮੁਖ ਲਏ ਪੜ੍ਹਾਈਆ । ਧੁਰਦਰਗਾਹੀ ਸਾਚੀ ਦਾਤ, ਲੋਕਮਾਤ ਵਰਤਾਈਆ । ਹਰਿ ਭਗਤ ਬਣਾਏ ਇਕ ਜਮਾਤ, ਦਵੈਤੀ ਪੱਟੀ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਵਰ, ਦਸਤ ਬਦਸਤ ਵਸਤ ਫੜਾਈਆ । ਦਸਤ ਬਦਸਤ ਦੇਵੇ ਨਾ ਕਰੇ ਉਧਾਰ, ਉਧਾਰਨਹਾਰਾ ਆਇਆ । ਡੁਬਦੇ ਪਾਇਨ ਲਏ ਤਾਰ, ਸਿਰ ਆਪਣਾ ਹੱਥ ਟਿਕਾਇਆ । ਵਿਸ਼ਨ ਬ੍ਰਹਮਾ ਸ਼ਿਵ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇਆ । ਗੁਰ ਅਵਤਾਰ ਕਰਨ ਵਿਚਾਰ, ਪੁਰਖ ਅਬਿਨਾਸ਼ੀ ਖੇਲ ਕਰਾਇਆ । ਪਰਗਟ ਹੋਇਆ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਇਆ । ਜੂਠ ਝੂਠ ਕਰੇ ਖੁਵਾਰ, ਮਾਇਆ ਮਮਤਾ ਮੋਹ ਚੁਕਾਇਆ । ਏਕਾ ਨਾਮ ਸ਼ਬਦ ਬੋਲ ਜੈਕਾਰ, ਚਾਰ ਵਰਨਾਂ ਦਏ ਸਮਝਾਇਆ । ਕਲਜੁਗ ਕੂੜੀ ਕਿਰਿਆ ਦਏ ਨਿਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੱਜਣ ਸਾਚੇ ਲਏ ਫੜ, ਏਕਾ ਪੱਲੂ ਹੱਥ ਰਖਾਇਆ । ਏਕਾ ਪੱਲੂ ਨਾਮ ਡੋਰ, ਹਰਿਜਨ ਆਪ ਫੜਾਈਆ । ਸ਼ਬਦ ਵੇਖੇ ਅੰਧਘੋਰ, ਚਾਰੋਂ ਕੁੰਟ ਫੇਰਾ ਪਾਈਆ । ਘਰ ਘਰ ਵੜੇ ਪੰਜ ਚੋਰ, ਦਿਵਸ ਰੈਣ ਕਰਨ ਲੜਾਈਆ । ਆਪਣਾ ਬਲ ਉਸਾਰ ਨਾ ਸਕੇ ਕੋਈ ਜੋੜ, ਸ੍ਰਿਸ਼ਟ ਸਬਾਈ ਰੋਵੇ ਨੇਤਰ ਨੈਣਾਂ ਨੀਰ ਵਹਾਈਆ । ਜਿਸ ਜਨ ਸਤਿਗੁਰ ਪੂਰਾ ਕਰੇ ਪਿਆਰ, ਦੁੱਖ ਦਰਦ ਦਏ ਨਿਵਾਰ, ਦੂਈ ਦਵੈਤੀ ਕਰੇ ਖੁਵਾਰ, ਹਉਮੇ ਹੰਗਤਾ ਗੜ ਤੋੜੇ ਹੰਕਾਰ, ਆਤਮ ਪਰਮਾਤਮ ਬ੍ਰਹਮ ਬ੍ਰਹਮ ਪਾਰਬ੍ਰਹਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਜੁਗ ਜੁਗ ਆਪਣਾ ਵੇਸ ਵਟਾਈਆ ।



## ★ ੧੦ ਮਾਘ ੨੦੧੮ ਬਿਕਰਮੀ ਜਸਵੰਤ ਸਿੰਘ ਦੇ ਗ੍ਰਿਹ ਨਵਾਂ ਪਿੰਡ ਜ਼ਿਲਾ ਗੁਰਦਾਸਪੁਰ ★

ਆਦਿ ਜੁਗਾਦੀ ਇਕ ਭਗਵਾਨ, ਹਰਿ ਏਕਾ ਰੰਗ ਸਮਾਇੰਦਾ । ਆਦਿ ਜੁਗਾਦੀ ਇਕ ਮਕਾਨ, ਸਚਖੰਡ ਦੁਆਰ ਸੁਹਾਇੰਦਾ । ਸੋ ਪੁਰਖ ਨਿਰੰਜਣ ਇਕ ਨਿਸ਼ਾਨ, ਸਤਿ ਸਤਿਵਾਦੀ ਸਤਿ ਝੁਲਾਇੰਦਾ । ਹਰਿ ਪੁਰਖ ਨਿਰੰਜਣ ਇਕ ਪਰਵਾਨ, ਦੀਨਣ ਆਪਣੀ ਦਇਆ ਕਮਾਇੰਦਾ । ਸੋ ਪੁਰਖ ਨਿਰੰਜਣ ਇਕ ਬਲਵਾਨ, ਬਲਧਾਰੀ ਨਾਉਂ ਰਖਾਇੰਦਾ । ਸੋ ਪੁਰਖ ਨਿਰੰਜਣ ਇਕ ਦੁਕਾਨ, ਸਤਿ ਪੁਰਖ ਨਿਰੰਜਣ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਏਕਾ ਗਾਨ, ਨਾਮ ਨਿਧਾਨਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਖੇਲ ਖਲਾਇੰਦਾ । ਆਦਿ ਜੁਗਾਦੀ ਇਕ ਭਗਵੰਤ, ਆਦਿ ਪੁਰਖ ਵਡੀ ਵਡਿਆਈਆ । ਸੋ ਪੁਰਖ ਨਿਰੰਜਣ ਏਕਾ ਕੰਤ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਹਰਿ ਪੁਰਖ ਨਿਰੰਜਣ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਆਦਿ ਅੰਤ ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਪੁਰਖ ਇਕ ਨਿਰੰਜਣ, ਆਦਿ ਨਿਰੰਜਣ ਵਡੀ ਵਡਿਆਈਆ । ਆਦਿ ਜੁਗਾਦਿ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਸੋ ਪੁਰਖ ਨਿਰੰਜਣ ਏਕਾ ਅੰਜਨ, ਏਕਾ ਨੇਤਰ ਰਿਹਾ ਪਾਈਆ । ਹਰਿ ਪੁਰਖ ਨਿਰੰਜਣ ਏਕਾ ਸੱਜਣ, ਜੁਗ ਜੁਗ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਬੇਪਰਵਾਹੀਆ । ਆਦਿ ਜੁਗਾਦਿ ਏਕਾ ਦਾਤਾ, ਦਾਤਾ ਦਾਨੀ ਹਰਿ ਅਖਵਾਇੰਦਾ । ਆਦਿ ਜੁਗਾਦਿ ਇਕ ਗਿਆਤਾ, ਬੋਧ ਗਿਆਨ ਦਵਾਇੰਦਾ । ਸੋ ਪੁਰਖ ਨਿਰੰਜਣ ਏਕਾ ਨਾਤਾ, ਬਨ ਸੱਚਾ ਕਰਾਇੰਦਾ । ਸੋ ਪੁਰਖ ਨਿਰੰਜਣ ਪਿਤਾ ਮਾਤਾ, ਪੁਰਖ ਅਬਿਨਾਸ਼ੀ ਨਾਉਂ ਧਰਾਇੰਦਾ । ਹਰਿ ਪੁਰਖ ਨਿਰੰਜਣ ਸਾਚੀ ਗਾਥਾ, ਨਿਸ਼ੱਖਰ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਅਮਰ ਨੀਰ ਰੂਪ ਵਟਾਇੰਦਾ । ਆਦਿ ਜੁਗਾਦੀ ਏਕਾ ਹਰਿ, ਵੱਡਾ ਵਡ ਵਡਿਆਈਆ । ਏਕਾ ਨਰ ਨਰ ਨਰਾਇਣ, ਰੰਗ ਰੇਖ ਰੂਪ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਾੜਨ ਲਏ ਘੜ, ਘੜਨ ਭੰਨਣਹਾਰ ਢਹਿ ਹਰਾਇੰਦਾ । ਏਕਾ ਸਚ ਸਿੰਘਾਸਣ ਸਚ ਚੜ੍ਹ, ਸ਼ਾਹ ਸ਼ਾਬਾਸ਼, ਸੱਚਾ ਸ਼ਹਿਨਸ਼ਾਹੀਆ । ਸੋ ਪੁਰਖ ਨਿਰੰਜਣ ਏਕਾ ਅੱਖਰ ਜਾਏ ਪੜ੍ਹ, ਜੁਗਾ ਜੁਗੰਤਰ ਕਰੇ ਪੜ੍ਹਾਈਆ । ਹਰਿ ਪੁਰਖ ਨਿਰੰਜਣ ਨਾ ਜਨਮੇ ਨਾ ਜਾਏ ਮਰ, ਜੋਤੀ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਦਿ ਜੁਗਾਦਿ ਏਕਾ ਰੰਗ, ਆਦਿ ਪੁਰਖ ਸਮਾਇੰਦਾ । ਆਦਿ ਜੁਗਾਦੀ ਇਕ ਪਲੰਘ, ਸਤਿ ਸਤਿਵਾਦੀ ਸੇਜ ਹੰਢਾਇੰਦਾ । ਸੋ ਪੁਰਖ ਨਿਰੰਜਣ ਇਕ ਅਨੰਦ, ਅਨੰਦ ਅਨੰਦ ਵਿਚ ਕਰਾਇੰਦਾ । ਹਰਿ ਪੁਰਖ ਨਿਰੰਜਣ ਏਕਾ ਛੰਦ, ਆਤਮ ਪਰਮਾਤਮ ਢੋਲਾ ਗਾਇੰਦਾ । ਸੋ ਪੁਰਖ ਨਿਰੰਜਣ ਏਕਾ ਚੰਦ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣੀ ਕਲ ਆਪ ਵਰਤਾਇੰਦਾ । ਆਦਿ ਜੁਗਾਦੀ ਏਕਾ ਬ੍ਰਹਮ, ਪਾਰਬ੍ਰਹਮ ਪ੍ਰਗਟਾਈਆ । ਸੋ ਪੁਰਖ ਨਿਰੰਜਣ ਏਕਾ ਕਰਮ, ਨਿਹਕਰਮੀ ਆਪ ਕਮਾਈਆ । ਹਰਿ ਪੁਰਖ ਨਿਰੰਜਣ ਏਕਾ ਧਰਮ, ਸਤਿ ਸਤਿਵਾਦੀ ਸਚ ਸਚ ਜਣਾਈਆ । ਸੋ ਪੁਰਖ ਨਿਰੰਜਣ ਏਕਾ ਬਰਨ, ਵਰਨ ਗੋਤ ਨਾ ਕੋਇ ਰਖਾਈਆ । ਸੋ ਪੁਰਖ ਨਿਰੰਜਣ ਏਕਾ ਸ਼ਰਨ, ਸ਼ਰਨਗਤ ਹਰਿ ਰਘੁਰਾਈਆ । ਹਰਿ ਪੁਰਖ ਨਿਰੰਜਣ ਏਕਾ ਕਰਤਾ ਕਰਨੀ ਕਰਨ, ਕੁਦਰਤ ਕਾਦਰ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਦਿ ਜੁਗਾਦਿ ਜੁਗ ਜੁਗ ਵੇਸ, ਅਵੱਲੜਾ ਆਪ ਕਰਾਇੰਦਾ । ਆਦਿ ਜੁਗਾਦਿ ਰਹੇ ਹਮੇਸ਼, ਪਾਰਬ੍ਰਹਮ ਬੇਅੰਤ ਭੇਵ ਕੋਇ ਨਾ ਪਾਇੰਦਾ । ਸੋ ਪੁਰਖ ਨਿਰੰਜਣ ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼, ਸ਼ੰਕਰ ਦਾਨੀ ਗੰਢ ਪੁਵਾਇੰਦਾ । ਸੋ ਪੁਰਖ ਨਿਰੰਜਣ ਸਦਾ ਆਦੇਸ, ਨਿਉਂ ਨਿਉਂ ਏਕਾ ਸੀਸ ਝੁਕਾਇੰਦਾ । ਸੋ ਪੁਰਖ ਨਿਰੰਜਣ ਆਪੇ ਸੁੱਤਾ ਬਾਸਕ ਸੇਜ, ਵਿਸ਼ਨੂੰ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਦਿ ਜੁਗਾਦੀ ਇਕ ਗਿਆਨ, ਜੁਗ ਜੁਗ ਕਰੇ ਪੜ੍ਹਾਈਆ । ਸੋ ਪੁਰਖ ਨਿਰੰਜਣ ਇਕ ਨਿਸ਼ਾਨ, ਜੁਗ ਜੁਗ ਆਪ ਚਲਾਈਆ । ਹਰਿ ਪੁਰਖ ਨਿਰੰਜਣ ਏਕਾ ਰਾਮ, ਰਮਕ ਰਮਕ ਸਮਾਈਆ । ਸੋ ਪੁਰਖ ਨਿਰੰਜਣ ਏਕਾ ਕਾਹਨ, ਕਵਲ ਨੈਣ ਵਡੀ ਵਡਿਆਈਆ । ਹਰਿ ਪੁਰਖ ਨਿਰੰਜਣ ਇਕ ਕਲਾਮ, ਕਲਮਾ ਕਾਇਨਾਤ ਪੜ੍ਹਾਈਆ । ਸੋ ਪੁਰਖ ਨਿਰੰਜਣ ਇਕ ਪੈਗ਼ਾਮ, ਪੀਰ ਪੈਗ਼ੰਬਰ ਆਪ ਸੁਣਾਈਆ । ਹਰਿ ਪੁਰਖ ਨਿਰੰਜਣ ਇਕ ਮੁਕਾਮ, ਮੁਕਾਮੇ ਹੱਕ ਨੂਰ ਖ਼ੁਦਾਈਆ । ਸੋ ਪੁਰਖ ਨਿਰੰਜਣ ਇਕ ਅਸਲਾਮ, ਅਸਲਾਮਾਲੈਕਮ ਆਪ ਜਣਾਈਆ । ਹਰਿ ਪੁਰਖ ਨਿਰੰਜਣ ਏਕਾ ਨਾਮ, ਸਤਿਨਾਮ ਕਰੇ ਪੜ੍ਹਾਈਆ । ਸੋ ਪੁਰਖ ਨਿਰੰਜਣ ਇਕ ਮਹਾਨ, ਨੂਰ ਨੂਰ ਕਰੇ ਰੁਸ਼ਨਾਈਆ । ਹਰਿ ਪੁਰਖ ਨਿਰੰਜਣ ਏਕਾ ਸੁਰਤ ਪੀਣ ਖਾਣ, ਘਰ ਘਰ ਆਪ

ਵਰਤਾਈਆ । ਸੋ ਪੁਰਖ ਨਿਰੰਜਣ ਏਕਾ ਬਾਣ, ਨਾਮ ਅਨਿਯਲਾ ਤੀਰ ਚਲਾਈਆ । ਹਰਿ ਪੁਰਖ ਨਿਰੰਜਣ ਏਕਾ ਹੋਏ ਜਾਣੀ ਜਾਣ, ਅਭੁਲ ਬੇਪਰਵਾਹੀਆ । ਸੋ ਪੁਰਖ ਨਿਰੰਜਣ ਏਕਾ ਮਾਣ, ਏਕਾ ਓਟ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਦਿ ਜੁਗਾਦੀ ਏਕਾ ਗੁਰ, ਇਸ਼ਟ ਦੇਵ ਗੁਰ ਆਪ ਅਖਵਾਇੰਦਾ । ਸੋ ਪੁਰਖ ਨਿਰੰਜਣ ਸੇਵਾ ਨਰ, ਸ਼ਰੀਅਤ ਸਾਚੀ ਸੇਵ ਸਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੰਡ ਵੰਡਾਇੰਦਾ । ਸੋ ਪੁਰਖ ਨਿਰੰਜਣ ਚੜ੍ਹੇ ਘੋੜ, ਸ਼ਾਹ ਸਵਾਰਾ ਫੇਰੀ ਪਾਇੰਦਾ । ਹਰਿ ਪੁਰਖ ਨਿਰੰਜਣ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜਾਏ ਬੌਹੜ, ਜੇਰਜ ਅੰਡਾਂ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਵੇਖਣਹਾਰਾ ਮਿੱਠਾ ਕੌੜ, ਰਸ ਆਪਣਾ ਆਪ ਚਖਾਇੰਦਾ । ਹਰਿ ਪੁਰਖ ਨਿਰੰਜਣ ਰਿਹਾ ਦੌੜ, ਦੋ ਜਹਾਨਾਂ ਫੇਰਾ ਪਾਇੰਦਾ । ਸੋ ਪੁਰਖ ਨਿਰੰਜਣ ਕਰੇ ਗੌਰ, ਗਹਿਰ ਗਵਰ ਗੰਭੀਰ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਦਿ ਜੁਗਾਦਿ ਏਕਾ ਰੰਗ ਵਖਾਇੰਦਾ । ਆਦਿ ਜੁਗਾਦੀ ਸਾਚੀ ਕਾਰ, ਕਰਤਾ ਪੁਰਖ ਆਪ ਕਰਾਈਆ । ਸੋ ਪੁਰਖ ਨਿਰੰਜਣ ਹਰਿ ਕਰਤਾਰ, ਏਕਾ ਸੇਜ ਹੰਢਾਈਆ । ਹਰਿ ਪੁਰਖ ਨਿਰੰਜਣ ਜੋਤ ਉਜਿਆਰ, ਨੂਰ ਨੁਰਾਨਾ ਡਮਗਾਈਆ । ਸੋ ਪੁਰਖ ਨਿਰੰਜਣ ਸ਼ਬਦੀ ਧਾਰ, ਸ਼ਬਦੀ ਸ਼ਬਦ ਰੂਪ ਧਰਾਈਆ । ਹਰਿ ਪੁਰਖ ਨਿਰੰਜਣ ਕਰ ਪਸਾਰ, ਪਸਰ ਪਸਾਰਾ ਵੇਖੇ ਚਾਈਂ ਚਾਈਂਆ । ਸੋ ਪੁਰਖ ਨਿਰੰਜਣ ਗੁਰ ਅਵਤਾਰ, ਗੁਰ ਗੁਰ ਸੇਵ ਲਗਾਈਆ । ਹਰਿ ਪੁਰਖ ਨਿਰੰਜਣ ਤ੍ਰੈਗੁਣ ਮਾਰ, ਨਾਮ ਖੰਡਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਬ੍ਰਹਿਮੰਡ ਖੰਡ ਲੋਆਂ ਪੁਰੀਆਂ ਰੰਗ ਵਟਾਈਆ । ਆਦਿ ਜੁਗਾਦਿ ਜੁਗਾ ਜੁਗੰਤਰ, ਜੁਗ ਕਰਤਾ ਖੇਲ ਕਰਾਇੰਦਾ । ਆਦਿ ਜੁਗਾਦਿ ਸ਼ਬਦ ਗੁਰ ਮੰਤਰ, ਨਮੋ ਨਮੋ ਆਪ ਪੜ੍ਹਾਇੰਦਾ । ਸੋ ਪੁਰਖ ਨਿਰੰਜਣ ਜਾਣੇ ਬਿਧ ਅੰਤਰ, ਘਟ ਘਟ ਵੇਖ ਵਖਾਇੰਦਾ । ਹਰਿ ਪੁਰਖ ਨਿਰੰਜਣ ਲੇਖਾ ਚੁਕਾਏ ਗਗਨ ਗਗਨੰਤਰ, ਵੇਸ ਅਨੇਕ ਰੂਪ ਧਰਾਇੰਦਾ । ਸੋ ਪੁਰਖ ਜੁਗ ਜੁਗ ਬਣਾਏ ਬਣਤਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਹਰਿ ਪੁਰਖ ਨਿਰੰਜਣ ਬੁਝਾਏ ਬਸੰਤਰ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਧਰਾਇੰਦਾ । ਆਦਿ ਜੁਗਾਦਿ ਹੋ ਪਰਤੱਖ, ਪਰਮ ਪੁਰਖ ਦਏ ਵਡਿਆਈਆ । ਸੋ ਪੁਰਖ ਨਿਰੰਜਣ ਜਨ ਭਗਤਾਂ ਕਰੇ ਪੱਖ, ਨਿਰਗੁਣ ਸਰਗੁਣ ਰੂਪ ਧਰਾਈਆ । ਸੰਤ ਸੁਹੇਲੇ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਸੋ ਪੁਰਖ ਨਿਰੰਜਣ ਗੁਰਮੁਖਾਂ ਮਾਰਗ ਏਕਾ ਦੱਸ, ਆਤਮ ਬ੍ਰਹਮ ਕਰੇ ਪੜ੍ਹਾਈਆ । ਹਰਿ ਪੁਰਖ ਨਿਰੰਜਣ ਗੁਰਸਿਖਾਂ ਹਿਰਦੇ ਵਸ, ਆਪ ਆਪਣੀ ਬੂਝ ਬੁਝਾਈਆ । ਸੋ ਪੁਰਖ ਨਿਰੰਜਣ ਕੱਖੋਂ ਕਰੇ ਲੱਖ, ਲੱਖੋਂ ਕੱਖ ਕੱਖ ਚਲਾਈਆ । ਸੋ ਪੁਰਖ ਨਿਰੰਜਣ ਮਨਮੁਖਾਂ ਕੋਲੋਂ ਜਾਏ ਨੱਸ, ਹੱਥ ਕਿਸੇ ਨਾ ਆਈਆ । ਹਰਿ ਪੁਰਖ ਨਿਰੰਜਣ ਨਿਰਮਲ ਨੂਰ ਜੋਤ ਕਰ ਪ੍ਰਕਾਸ਼, ਜਗਤ ਅੰਧੇਰ ਮਿਟਾਈਆ । ਸੋ ਪੁਰਖ ਨਿਰੰਜਣ ਕਰੇ ਖੇਲ ਸ਼ਾਹੋ ਸ਼ਾਬਾਸ਼, ਨੈਣਾਂ ਆਪਣਾ ਰੂਪ ਧਰਾਈਆ । ਹਰਿ ਪੁਰਖ ਨਿਰੰਜਣ ਮੰਡਲ ਮੰਡਪ ਬਹਿ ਬਹਿ ਪਾਵੇ ਰਾਸ, ਗੋਪੀ ਕਾਹਨ ਆਪ ਨਚਾਈਆ । ਸੋ ਪੁਰਖ ਨਿਰੰਜਣ ਲੇਖਾ ਜਾਣੇ ਦਸ ਦਸ ਮਾਸ, ਮਾਤ ਗਰਭ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦ, ਨਾਦੀ ਨਾਦ ਸੁਣਾਈਆ । ਆਦਿ ਜੁਗਾਦਿ ਏਕਾ ਧੁਨ,

ਹਰਿ ਸਾਚਾ ਸਚ ਰਖਾਇੰਦਾ । ਸੋ ਪੁਰਖ ਨਿਰੰਜਣ ਏਕਾ ਗੁਣ, ਗੁਣਵੰਤਾ ਆਪ ਪ੍ਰਗਟਾਇੰਦਾ । ਹਰਿ ਪੁਰਖ ਨਿਰੰਜਣ ਏਕਾ ਰਸਨ, ਧਰਤੀ ਧਰਤ ਧਵਲ ਵੰਡਾਇੰਦਾ । ਸੋ ਪੁਰਖ ਨਿਰੰਜਣ ਸੰਤ ਸੁਹੇਲੇ ਚੁਣ, ਆਪਣੇ ਰੰਗ ਰੰਗਾਇੰਦਾ । ਹਰਿ ਪੁਰਖ ਨਿਰੰਜਣ ਲਹਿਣਾ ਦੇਣਾ ਦੇਵੇ ਲਿਖ ਤਨ ਮਨ, ਨੇਤਰ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਜਣਾਇੰਦਾ । ਆਦਿ ਜੁਗਾਦਿ ਰਚਨਾ ਰਚ, ਹਰਿ ਰਚ ਰਚ ਵੇਖ ਵਖਾਈਆ । ਆਦਿ ਜੁਗਾਦਿ ਨਾਮ ਸੱਚ, ਸਤਿ ਭੰਡਾਰਾ ਮਾਤ ਵਰਤਾਈਆ । ਸੋ ਪੁਰਖ ਨਿਰੰਜਣ ਕਾਇਆ ਕੱਚ, ਪੰਜ ਤੱਤ ਮਾਟੀ ਖ਼ਾਕ ਮਿਲਾਈਆ । ਹਰਿ ਪੁਰਖ ਨਿਰੰਜਣ ਮਨ ਮਨੂਆ ਨਟੂਆ ਨੱਚ ਨੱਚ, ਲੱਖ ਚੁਰਾਸੀ ਭਰਮ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣਾ ਖੇਲ ਕਰਾਈਆ । ਆਦਿ ਜੁਗਾਦਿ ਖੇਲ ਅਵੱਲਾ, ਏਕੰਕਾਰ ਕਰਾਇੰਦਾ । ਸੋ ਪੁਰਖ ਨਿਰੰਜਣ ਵਸਣਹਾਰਾ ਸਚ ਮਹੱਲਾ, ਸਚਖੰਡ ਦੁਆਰੇ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਆਦਿ ਨਿਰੰਜਣ ਜੋਤੀ ਬਲਾ, ਦੀਪਕ ਦੀਆ ਆਪ ਡਗਮਗਾਇੰਦਾ । ਸੋ ਪੁਰਖ ਨਿਰੰਜਣ ਸ਼ਬਦੀ ਸ਼ਬਦ ਫੜਾਏ ਪੱਲਾ, ਦਿਸ ਕਿਸੇ ਨਾ ਆਇੰਦਾ । ਹਰਿ ਪੁਰਖ ਨਿਰੰਜਣ ਜਨ ਭਗਤਾਂ ਅੰਦਰ ਰਲਾ, ਘਰ ਘਰ ਵਿਚ ਸੋਭਾ ਪਾਇੰਦਾ । ਸੋ ਪੁਰਖ ਨਿਰੰਜਣ ਕਰੇ ਹੱਲਾ, ਜੁਗ ਚੌਕੜੀ ਪੰਧ ਮੁਕਾਇੰਦਾ । ਹਰਿ ਪੁਰਖ ਨਿਰੰਜਣ ਸਚ ਸੰਦੇਸ਼ਾ ਏਕਾ ਘੱਲਾ, ਨਾਉਂ ਨਿਰੰਕਾਰ ਆਪ ਸਾਲਾਹਿੰਦਾ । ਸੋ ਪੁਰਖ ਨਿਰੰਜਣ ਹੋ ਹੋ ਫਿਰੇ ਝੱਲਾ, ਭਗਤ ਦੁਆਰੇ ਫੇਰੀ ਪਾਇੰਦਾ । ਹਰਿ ਪੁਰਖ ਨਿਰੰਜਣ ਅਲਾਹੀ ਨੂਰ ਅੱਲਾ, ਅਲਾਹੀ ਰੂਪ ਨਾ ਕੋਇ ਵਟਾਇੰਦਾ । ਸੋ ਪੁਰਖ ਨਿਰੰਜਣ ਸਾਚਾ ਭੱਲਾ, ਪੁਰਖ ਅਬਿਨਾਸ਼ੀ ਹੱਥ ਰਖਾਇੰਦਾ । ਹਰਿ ਪੁਰਖ ਨਿਰੰਜਣ ਮਨਮੁਖਾਂ ਲਾਹੇ ਖਲਾ, ਰਾਏ ਧਰਮ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਛੁਪਾਇੰਦਾ । ਆਦਿ ਜੁਗਾਦਿ ਰਿਹਾ ਲੁਕ, ਦਿਸ ਕਿਸੇ ਨਾ ਆਈਆ । ਸੋ ਪੁਰਖ ਨਿਰੰਜਣ ਵਸੇ ਅੰਧੇਰੇ ਘੁੱਪ, ਆਪਣਾ ਪਰਦਾ ਪਾਈਆ । ਹਰਿ ਪੁਰਖ ਨਿਰੰਜਣ ਰਿਹਾ ਬੁੱਕ, ਸਚਖੰਡ ਆਸਣ ਲਾਈਆ । ਸੋ ਪੁਰਖ ਨਿਰੰਜਣ ਹਰਿਭਗਤ ਪਹਿਲੇ ਲਏ ਚੁੱਕ, ਆਪਣੀ ਗੋਦ ਬਹਾਈਆ । ਹਰਿ ਪੁਰਖ ਨਿਰੰਜਣ ਕੂੜ ਕੁੜਿਆਰਾ ਕੱਢੇ ਕੁੱਟ, ਸਤਿ ਦੁਆਰ ਰਹਿਣ ਨਾ ਪਾਈਆ । ਸੋ ਪੁਰਖ ਨਿਰੰਜਣ ਆਪਣੀ ਕੁੱਖੋਂ ਪਏ ਫੁੱਟ, ਗੁਰ ਅਵਤਾਰ ਜਨਮ ਦੁਵਾਈਆ । ਹਰਿ ਪੁਰਖ ਨਿਰੰਜਣ ਆਪਣਾ ਅੰਮ੍ਰਿਤ ਦੇਵੇ ਘੁੱਟ, ਚਰਨ ਸਰਨ ਸਰਨ ਸ਼ਰਨਾਈਆ । ਸੋ ਪੁਰਖ ਨਿਰੰਜਣ ਜਾਏ ਤੁਠ, ਏਕਾ ਅੱਖਰ ਕਰੇ ਪੜ੍ਹਾਈਆ । ਹਰਿ ਪੁਰਖ ਨਿਰੰਜਣ ਲੋਕਮਾਤ ਦਾ ਸਾਚਾ ਬੂਟਾ ਪੁੱਟ, ਗੁਰਸਿਖ ਸਚਖੰਡ ਦੁਆਰ ਲਗਾਈਆ । ਸੋ ਪੁਰਖ ਨਿਰੰਜਣ ਨਿਰਗੁਣ ਪਏ ਉਠ, ਆਲਸ ਨਿੰਦਰਾ ਵਿਚ ਨਾ ਆਈਆ । ਹਰਿ ਪੁਰਖ ਨਿਰੰਜਣ ਨਿਰਮਲ ਜੋਤ, ਪੰਜ ਤੱਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਣਜ ਰਿਹਾ ਕਰਾਈਆ । ਆਦਿ ਜੁਗਾਦਿ ਵਸਤ ਅਨਮੋਲ, ਹਰਿ ਸੱਜਣ ਆਪ ਵਰਤਾਇੰਦਾ । ਸੋ ਪੁਰਖ ਨਿਰੰਜਣ ਸਦ ਵਸੇ ਕੋਲ, ਵਿਛੜ ਕਦੇ ਨਾ ਜਾਇੰਦਾ । ਹਰਿ ਪੁਰਖ ਨਿਰੰਜਣ ਤੱਤਵ ਤੱਤ ਕਰਾਏ ਘੋਲ, ਭੇਵ ਕੋਇ ਨਾ ਪਾਇੰਦਾ । ਸੋ ਪੁਰਖ ਨਿਰੰਜਣ ਕਾਮ ਕਰੋਧ ਲੋਭ ਮੋਹ ਹੰਕਾਰ ਵਜਾਏ ਢੋਲ, ਡੌਰੂ ਡੰਕਾ ਇਕ ਰਖਾਇੰਦਾ । ਹਰਿ ਪੁਰਖ ਨਿਰੰਜਣ ਜਨ ਭਗਤਾਂ ਪਰਦਾ ਦੇਵੇ ਖੋਲ੍ਹ, ਆਪਣੀ ਬੂਝ ਬੁਝਾਇੰਦਾ । ਸੋ ਪੁਰਖ ਨਿਰੰਜਣ ਬਣਿਆ ਰਹੇ ਅਨਭੋਲ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਸੋਭਾ

ਪਾਇੰਦਾ । ਆਦਿ ਜੁਗਾਦੀ ਇਕ ਅਟਾਰੀ, ਅਟਲ ਨਾਮ ਰਖਾਈਆ । ਸੋ ਪੁਰਖ ਨਿਰੰਜਣ ਏਕੰਕਾਰੀ, ਨਿਰਾਕਾਰ ਆਕਾਰ ਬਣਾਈਆ । ਹਰਿ ਪੁਰਖ ਨਿਰੰਜਣ ਵਣਜ ਵਣਜਾਰੀ, ਏਕਾ ਵਣਜ ਵਖਾਈਆ । ਸੋ ਪੁਰਖ ਨਿਰੰਜਣ ਬਣ ਪਨਿਹਾਰੀ, ਸੇਵਕ ਸਾਚੀ ਸੇਵ ਲਗਾਈਆ । ਹਰਿ ਪੁਰਖ ਨਿਰੰਜਣ ਕਰੇ ਕਾਰੀ, ਕਰਤਾ ਪੁਰਖ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸ਼ਬਦ ਬ੍ਰਿਮਾਦ, ਏਕਾ ਰਾਗ ਸੁਣਾਈਆ । ਆਦਿ ਜੁਗਾਦੀ ਏਕਾ ਰਾਗ, ਏਕਾ ਹਰਿ ਜਣਾਇੰਦਾ । ਸੋ ਪੁਰਖ ਨਿਰੰਜਣ ਏਕਾ ਨਾਦ, ਧੁਰ ਧਾਮ ਆਪ ਵਜਾਇੰਦਾ । ਹਰਿ ਪੁਰਖ ਨਿਰੰਜਣ ਸ਼ਬਦ ਸਾਧ, ਤੱਤ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਪਰਗਟਾਇੰਦਾ । ਆਦਿ ਜੁਗਾਦੀ ਹਰਿ ਬਲ ਧਾਰ, ਆਪਣੀ ਖੇਲ ਕਰਾਈਆ । ਨਿਰਗੁਣ ਨਿਰਗੁਣ ਦਏ ਆਧਾਰ, ਸ਼ਬਦੀ ਸ਼ਬਦ ਸਾਲਾਹੀਆ । ਸ਼ਬਦ ਸੁਤ ਕਰ ਤਿਆਰ, ਲੋਕਮਾਤ ਵੰਡ ਵੰਡਾਈਆ । ਪੰਜ ਤੱਤ ਦਏ ਆਧਾਰ, ਗੁਰ ਗੁਰ ਰੂਪ ਵਖਾਈਆ । ਗੁਰ ਗੁਰ ਬਣ ਬਣ ਸੇਵਾਦਾਰ, ਚਾਕਰ ਸੇਵ ਕਮਾਈਆ । ਨਾਮ ਸਤਿ ਲੈ ਭੰਡਾਰ, ਜੀਵ ਜੰਤ ਵਰਤਾਈਆ । ਰਾਮ ਰਾਮ ਸਿਰਜਣਹਾਰ, ਏਕਾ ਰੰਗ ਵਖਾਈਆ । ਕਾਹਨ ਕਾਹਨ ਦੋ ਜਹਾਨ, ਮੁਕੰਦ ਮਨੋਹਰ ਵਡੀ ਵਡਿਆਈਆ । ਪੀਰ ਪੈਗੰਬਰ ਦੇ ਦੇ ਦਾਨ, ਈਸਾ ਮੂਸਾ ਨਿਸ਼ਾਨ ਰਖਾਈਆ । ਇਕ ਮਸਲਾ ਏਕਾ ਆਣ, ਏਕਾ ਅਲਫ਼ ਕਰੇ ਪੜ੍ਹਾਈਆ । ਏਕਾ ਨਾਮ ਗੁਣ ਨਿਧਾਨ, ਨਾਨਕ ਝੋਲੀ ਪਾਈਆ । ਏਕਾ ਡੰਕਾ ਦੋ ਜਹਾਨ, ਗੋਬਿੰਦ ਫ਼ਤਹਿ ਸੁਣਾਈਆ । ਅੰਤਮ ਓਟ ਰੱਖੇ ਭਗਵਾਨ, ਦੋਏ ਜੋੜ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਆਪਣਾ ਭੇਵ ਆਪ ਛੁਪਾਈਆ । ਏਕਾ ਓਟ ਅੰਤਮ ਆਸ, ਏਕਾ ਘਰ ਰਖਾਈਆ । ਨਿਰਗੁਣ ਜੋਤ ਨੂਰ ਪ੍ਰਕਾਸ਼, ਪੁਰਖ ਅਕਾਲ ਵਡੀ ਵਡਿਆਈਆ । ਮੂਰਤ ਅਕਾਲ ਨਾ ਹੋਏ ਵਿਨਾਸ਼, ਪਾਰਬ੍ਰਹਮ ਨਾ ਮਰੇ ਨਾ ਜਾਈਆ । ਪਰਗਟ ਹੋਏ ਸਾਖ਼ਿਆਤ, ਸ਼ਰਅ ਮਜ਼੍ਹਬ ਨਾ ਕੋਇ ਰਖਾਈਆ । ਅਮਾਮ ਅਮਾਮਾ ਹੋਏ ਕਾਇਨਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤਰ, ਆਪਣਾ ਮੰਤਰ ਆਪ ਸੁਣਾਈਆ । ਏਕਾ ਓਟ ਏਕਾ ਦੁਆਰ, ਏਕਾ ਨੈਣ ਉਠਾਈਆ । ਏਕਾ ਨੂਰ ਇਕ ਉਜਿਆਰ, ਏਕਾ ਏਕ ਕਰੇ ਰੁਸ਼ਨਾਈਆ । ਏਕਾ ਆਵੇ ਜਾਵੇ ਵਾਰੋ ਵਾਰ, ਗੁਰ ਅਵਤਾਰ ਸੇਵ ਕਮਾਈਆ । ਨੌਂ ਨੌਂ ਚਾਰ ਹੋਏ ਖੁਵਾਰ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਝੁਕਾਈਆ । ਤੇਰਾ ਅੰਤ ਨਾ ਪਾਰਾਵਾਰ, ਪ੍ਰਭ ਤੇਰਾ ਭੇਵ ਕੋਇ ਨਾ ਪਾਈਆ । ਤੂੰ ਘੜਨ ਭੰਨਣਹਾਰ ਸਮਰਥ ਕਰਤਾਰ, ਤੇਰੀ ਮਹਿਮਾ ਤੇਹੇ ਬਣ ਆਈਆ । ਅਸੀਂ ਵਾਰੀ ਕਰ ਤੇਰੀ ਜੁਗ ਚਾਰ, ਜੁਗ ਚੌਕੜੀ ਨਾਲ ਰਲਾਈਆ । ਗੁਰ ਅਵਤਾਰ ਗਏ ਹਾਰ, ਤੇਰਾ ਨਾਉਂ ਪੜ੍ਹਾਈਆ । ਭਰਮੇ ਭੁਲਾ ਸਰਬ ਸੰਸਾਰ, ਬ੍ਰਹਮ ਮਤ ਨਾ ਕੋਇ ਜਣਾਈਆ । ਦਰ ਦਰ ਘਰ ਘਰ ਹੋਏ ਜੀਵ ਗਵਾਰ, ਗੁਰ ਗਿਆਨ ਨਾ ਕੋਇ ਦ੍ਰਿੜਾਇੰਦਾ । ਮੰਦਰ ਮਸਜਿਦ ਮੱਠ ਸ਼ਿਵਦਆਲੇ ਧੂਆਂਧਾਰ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਮੁਲਾਂ ਸ਼ੇਖ਼ ਮੁਸਾਇਕ ਪੀਰ ਹੋਏ ਗੁਨਾਹਗਾਰ, ਔਗਣ ਭਰੀ ਸਰਬ ਲੋਕਾਈਆ । ਤੁਧ ਬਿਨ ਤੇਰਾ ਰਹੇ ਨਾ ਕੋਈ ਯਾਰ, ਨਾਤਾ ਸਾਰੇ ਗਏ ਤੁੜਾਈਆ । ਨੇਤਰ ਰੋਵਣ ਜ਼ਾਰੋ ਜ਼ਾਰ, ਗਿਰਿਆਜ਼ਾਰ ਕਰਾਈਆ । ਏਕਾ ਮਦਦ ਕਰਨੀ ਮਦਦਗਾਰ, ਤੇਰੀ ਓਟ ਤਕਾਈਆ । ਚੌਦਾਂ ਲੋਕ ਕਰਨ ਨਿਮਸਕਾਰ, ਚੌਦਾਂ ਤਬਕ ਦੇਣ ਦੁਹਾਈਆ । ਸਾਗਰ ਕਰੇ ਵਿਚਾਰ, ਹਰਿ ਵਿਚਾਰ ਵਿਚ ਨਾ ਆਈਆ ।



੩੮੮ ੧੧

ਧਰਨੀ ਡਿੱਗੀ ਮੂੰਹ ਦੇ ਭਾਰ, ਨਾ ਸਕੇ ਕੋਇ ਉਠਾਈਆ । ਚਾਰੋਂ ਕੁੰਟ ਸਭ ਦੇ ਨੈਣ ਹੋਏ ਸ਼ਰਮਸਾਰ, ਹਰਿ ਕਾ ਨਾਉਂ ਨਾ ਕੋਇ ਧਿਆਈਆ । ਰਾਏ ਧਰਮ ਹੋਇਆ ਖ਼ਬਰਦਾਰ, ਆਪਣੀ ਲਏ ਅੰਗੜਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਤੇਰੇ ਅੱਗੇ ਸੀਸ ਝੁਕਾਈਆ । ਤੇਰਾ ਕਰਜ਼ਾ ਦਿਆਂ ਉਤਾਰ, ਲਹਿਣਾ ਕੋਇ ਰਹਿਣ ਨਾ ਪਾਈਆ । ਬ੍ਰਹਮਣ ਸ਼ੱਤਰੀ ਸ਼ੂਦਰ ਵੈਸ਼ ਕਰਾਂ ਵਿਚਾਰ, ਆਤਮ ਪਰਦਾ ਸਭ ਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਜੁਗਾਦਿ ਜੁਗ ਜੁਗ ਤੇਰੇ ਹੁਕਮ ਰਜਾਈਆ । ਤੇਰਾ ਹੁਕਮ ਸਤਿ ਪਰਵਾਨਾ, ਪਰਵਾਨਗੀ ਹੋਰ ਨਾ ਕੋਇ ਜਣਾਇੰਦਾ । ਤੂੰ ਸਾਹਿਬ ਸੱਚਾ ਸੁਲਤਾਨਾ, ਸ਼ਾਹ ਪਾਤਸ਼ਾਹ ਅਖਵਾਇੰਦਾ । ਜੁਗ ਜੁਗ ਮੰਨਿਆ ਤੇਰਾ ਭਾਣਾ, ਤੇਰੀ ਓਟ ਤਕਾਇੰਦਾ । ਕਲਜੁਗ ਅੰਤਮ ਖੇਲ ਮਹਾਨਾ, ਭੇਵ ਕੋਇ ਨਾ ਪਾਇੰਦਾ । ਵੇਦ ਵਿਆਸਾ ਕਰ ਪਰਵਾਨਾ, ਲਿਖ ਲਿਖ ਲੇਖ ਸਮਝਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜਾ ਨੌਜਵਾਨਾ, ਉਚੇ ਟਿੱਲੇ ਪਰਬਤ ਡੇਰਾ ਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਗਿਆਨਾ, ਏਕਾ ਸੰਗ ਸਮਝਾਇੰਦਾ । ਪਰਗਟ ਹੋਏ ਨਿਹਕਲੰਕ ਨੌਜਵਾਨਾ, ਰੂਪ ਰੰਗ ਨਾ ਕੋਇ ਰਖਾਇੰਦਾ । ਮਹੱਲ ਵਸੇ ਧਾਮ ਮਕਾਨਾ, ਅਬਚਲ ਨਾਉਂ ਧਰਾਇੰਦਾ । ਇਕੋ ਤੀਰ ਇਕ ਨਿਸ਼ਾਨਾ, ਦੋ ਜਹਾਨਾਂ ਆਪ ਲਗਾਇੰਦਾ । ਇਕੋ ਇਸ਼ਟ ਦੇਵ ਗੁਰ ਸ੍ਰੀ ਭਗਵਾਨਾ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਏਕਾ ਬ੍ਰਹਮ ਕਰੇ ਪਰਵਾਨਾ, ਈਸ ਜੀਵ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਸ਼ਬਦ ਬ੍ਰਿਹਮਾਦ, ਨਿਰਗੁਣ ਆਪਣਾ ਨਾਦ ਸੁਣਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਹੱਥ ਨਾ ਆਏ ਰਸਨ ਸਵਾਦ, ਰਸ ਆਤਮ ਇਕ ਰਖਾਇੰਦਾ । ੩੮੯

੧੧

## ★ ੧੦ ਮਾਘ ੨੦੧੮ ਬਿਕਰਮੀ ਚਰਨ ਸਿੰਘ ਦੇ ਗ੍ਰਹਿ ਨਵਾਂ ਪਿੰਡ ਜ਼ਿਲਾ ਗੁਰਦਾਸਪੁਰ★

ਹਰਿ ਕਿਰਪਾ ਗ੍ਰਹਿ ਮਿਲੇ ਅਨੰਦ, ਸਾਚਾ ਸੁਖ ਉਪਜਾਈਆ । ਸੁਖੀ ਕਰਾਏ ਬੰਦ ਬੰਦ, ਬੰਧਨ ਤੋੜ ਜਗਤ ਲੋਕਾਈਆ । ਲੇਖਾ ਚੁੱਕਿਆ ਬੱਤੀ ਦੰਦ, ਹਰਿ ਹਰਿ ਨਾਉਂ ਧਿਆਈਆ । ਸਦਾ ਸਦਾ ਸਦ ਰੱਖੇ ਠੰਡ, ਅਗਨੀ ਤੱਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਚਰਨ ਛੁਹਾਈਆ । ਚਰਨ ਕਵਲ ਸਾਚੇ ਗ੍ਰਹਿ, ਘਰ ਮੰਦਰ ਆਪ ਸੁਹਾਇਆ । ਹਰਿਜਨ ਹਰਿ ਕਾ ਭਾਣਾ ਸਹੇ, ਇਸ਼ਟ ਦੇਵ ਗੁਰ ਇਕ ਮਨਾਇਆ । ਦੋ ਜਹਾਨ ਸ਼ਕਤੀ ਸਦ ਰਹੇ, ਘੱਲਾ ਦੁੱਖ ਗਵਾਇਆ । ਚਰਨ ਦੁਆਰੇ ਧਾਮ ਅਵੱਲੜੇ ਬਹਿ, ਬਹਿ ਭੌ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਇਆ । ਹਰਿਜਨ ਰੰਗ ਏਕਾ ਵਾਰ, ਲੋਕਮਾਤ ਰੰਗਾਈਆ । ਜਨਮ ਜਨਮ ਜਨਮ ਦਏ ਸੁਧਾਰ, ਮਰਨ ਮਰਨ ਮਰਨ ਫੰਦ ਕਟਾਈਆ । ਸ਼ਰਨ ਸ਼ਰਨ ਸ਼ਰਨ ਇਕ ਦੁਆਰ, ਚਰਨ ਚਰਨ ਚਰਨ ਕਵਲ ਸ਼ਰਨਾਈਆ । ਬਿਰਧ ਬਾਲ ਜਵਾਨ ਉਤਰੇ ਪਾਰ, ਲੇਖੇ ਲੱਗੇ ਜਨਣੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੁਖ ਘਰ ਆਤਮ ਆਪ ਉਪਜਾਈਆ ।

## ★ ੧੦ ਮਾਘ ੨੦੧੮ ਬਿਕਰਮੀ ਦਰਸ਼ਨ ਸਿੰਘ ਦੇ ਗ੍ਰਹਿ ਮਹਰਾਜਪੁਰ ਜ਼ਿਲਾ ਗੁਰਦਾਸਪੁਰ ★

ਆਦਿ ਜੁਗਾਦਿ ਸਤਿਗੁਰ ਧਾਰਾ, ਸਤਿ ਸਤਿਵਾਦੀ ਆਪ ਚਲਾਇੰਦਾ । ਗੁਰ ਗੁਰ ਰੂਪ ਸ਼ਬਦ ਅਪਾਰਾ, ਨਿਰਗੁਣ ਨਿਰਾਕਾਰ ਖੇਲ ਕਰਾਇੰਦਾ । ਭਗਤੀ ਭਗਤ ਨਾਮ ਵਣਜਾਰਾ, ਵਸਤ ਅਮੋਲਕ ਆਪ ਵਰਤਾਇੰਦਾ । ਸੰਤਨ ਸਤਿ ਸਤਿ ਸਤਿ ਸਹਾਰਾ, ਸਤਿ ਪੁਰਖ ਨਿਰੰਜਣ ਆਪ ਰਖਾਇੰਦਾ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜਾ, ਆਪਣਾ ਪਰਦਾ ਆਪ ਚੁਕਾਇੰਦਾ । ਗੁਰਸਿਖਾਂ ਵਖਾਏ ਇਕ ਦੁਆਰਾ, ਦਰ ਦਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣਾ ਰੰਗ ਵਖਾਇੰਦਾ । ਸਤਿਗੁਰ ਧਾਰ ਪੁਰਖ ਅਗੰਮ, ਅਗੰਮੜੀ ਕਾਰ ਕਰਾਇੰਦਾ । ਗੁਰ ਗੁਰ ਰੂਪ ਨਾ ਮਰੇ ਨਾ ਪਏ ਜੰਮ, ਤੱਤਵ ਤੱਤ ਨਾ ਕੋਇ ਰਖਾਇੰਦਾ । ਭਗਤ ਭਗਵੰਤ ਬੇੜਾ ਬੰਨ੍ਹ, ਜੁਗ ਜੁਗ ਸੇਵ ਕਮਾਇੰਦਾ । ਸੰਤਨ ਦੇਵੇ ਨਾਮ ਧੰਨ, ਜੁਗ ਜੁਗ ਆਪ ਵਰਤਾਇੰਦਾ । ਗੁਰਮੁਖ ਚੜ੍ਹਾਏ ਸਾਚੇ ਚੰਨ, ਅੰਧ ਅੰਧੇਰ ਗਵਾਇੰਦਾ । ਗੁਰਸਿਖਾਂ ਰਾਗ ਸੁਣਾਏ ਕੰਨ, ਅਨਹਦ ਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਆਪਣੀ ਕਾਰ ਕਮਾਇੰਦਾ । ਸਤਿਗੁਰ ਸੱਚਾ ਬੇਪਰਵਾਹ, ਪੁਰਖ ਅਕਾਲ ਅਖਵਾਈਆ । ਗੁਰ ਗੁਰ ਰੂਪ ਬਣ ਮਲਾਹ, ਨਿਰਗੁਣ ਸਰਗੁਣ ਸੇਵ ਕਮਾਈਆ । ਭਗਤਾਂ ਦੇਵੇ ਸਚ ਸਲਾਹ, ਏਕਾ ਮੰਤਰ ਨਾਮ ਸਮਝਾਈਆ । ਸੰਤ ਸੁਹੇਲੇ ਲਏ ਮਿਲਾ, ਮੇਲ ਮਿਲਾਵਾ ਸਹਿਜ ਸੁਖਦਾਈਆ । ਗੁਰਮੁਖ ਸੱਜਣ ਲਏ ਰਖਾ, ਆਪ ਆਪਣੀ ਬੂਝ ਬੁਝਾਈਆ । ਗੁਰਸਿਖ ਰੰਗ ਦਏ ਰੰਗਾ, ਰੰਗ ਮਜੀਠੀ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਵੇਸ ਵਟਾਈਆ । ਸਤਿਗੁਰ ਪੂਰਾ ਹਰਿ ਸਮਰਥ, ਸ਼ਾਹ ਪਾਤਸ਼ਾਹ ਨਾਉਂ ਧਰਾਇੰਦਾ । ਗੁਰ ਗੁਰ ਰੂਪ ਚਲਾਏ ਰਥ, ਨਿਰਗੁਣ ਸਰਗੁਣ ਸੇਵ ਕਮਾਇੰਦਾ । ਜਨ ਭਗਤਾਂ ਦੇਵੇ ਏਕਾ ਵਥ, ਨਾਮ ਅਮੋਲਕ ਆਪ ਵਰਤਾਇੰਦਾ । ਸੰਤਾਂ ਹਿਰਦੇ ਆਪੇ ਵਸ, ਹਰਿ ਹਰਿ ਆਪਣਾ ਰੂਪ ਜਣਾਇੰਦਾ । ਗੁਰਮੁਖਾਂ ਮਾਰਗ ਏਕਾ ਦੱਸ, ਪਾਂਧੀ ਸਾਚੇ ਪੰਧ ਰਖਾਇੰਦਾ । ਗੁਰਸਿਖਾਂ ਆਤਮ ਜੋਤ ਕਰ ਪ੍ਰਕਾਸ਼, ਅੰਧ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਆਪਣਾ ਬੰਧਨ ਆਪੇ ਪਾਇੰਦਾ । ਸਤਿਗੁਰ ਪੂਰਾ ਸਤਿ ਕਰਤਾਰ, ਸਤਿ ਸਤਿਵਾਦੀ ਦਇਆ ਕਮਾਈਆ । ਗੁਰ ਗੁਰ ਰੂਪ ਵਿਚ ਸੰਸਾਰ, ਜੋਤੀ ਜਾਤਾ ਭੇਖ ਵਟਾਈਆ । ਭਗਤਨ ਕਰੇ ਸਚ ਸ਼ਿੰਗਾਰ, ਸਾਚਾ ਬਸਤਰ ਇਕ ਪਹਿਨਾਈਆ । ਸੰਤਨ ਦੇਵੇ ਦਰਸ ਦੀਦਾਰ, ਨੇਤਰ ਲੋਚਣ ਨੈਣ ਖੁਲ੍ਹਾਈਆ । ਗੁਰਮੁਖਾਂ ਫਿਰੇ ਪਿਛੇ ਅਗਾੜ, ਬਣ ਸੇਵਕ ਸੇਵ ਕਮਾਈਆ । ਗੁਰਸਿਖਾਂ ਕਰੇ ਪ੍ਰਕਾਸ਼ ਬਹੱਤਰ ਨਾੜ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਆਪਣਾ ਮਾਰਗ ਆਪੇ ਲਾਈਆ । ਸਤਿਗੁਰ ਪੂਰਾ ਸਤਿ ਸਤਿਵਾਦ, ਸੋ ਪੁਰਖ ਨਿਰੰਜਣ ਭੇਵ ਨਾ ਆਇੰਦਾ । ਗੁਰ ਗੁਰ ਰੂਪ ਖੇਲ ਬ੍ਰਹਿਮਾਦ, ਬ੍ਰਹਿਮਾਦੀ ਰੰਗ ਵਖਾਇੰਦਾ । ਭਗਤ ਭਗਵੰਤ ਆਪੇ ਲਾਧ, ਜੁਗ ਜੁਗ ਮੇਲ ਮਿਲਾਇੰਦਾ । ਸੰਤਨ ਦੇਵੇ ਸਾਚੀ ਦਾਦ, ਦਰ ਘਰ ਸਾਚੇ ਆਪ ਵਰਤਾਇੰਦਾ । ਗੁਰਸਿਖ ਲੱਖ ਚੁਰਾਸੀ ਵਿਚੋਂ ਕਾਢ, ਆਪਣੀ ਗੋਦ ਬਹਾਇੰਦਾ । ਗੁਰਸਿਖਾਂ ਕਰੇ ਸਾਚਾ ਲਾਡ, ਪਿਤਾ ਪੂਤ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਿਆ ਆਪ ਸਮਝਾਇੰਦਾ । ਆਪਣੀ ਕਿਰਿਆ ਹਰਿ ਨਿਰੰਕਾਰ, ਆਦਿ ਜੁਗਾਦਿ ਕਮਾਈਆ ।

ਲੱਖ ਚੁਰਾਸੀ ਕਰ ਤਿਆਰ, ਘਟ ਘਟ ਵਾਸਾ ਪਾਈਆ । ਨਿਰਗੁਣ ਸਰਗੁਣ ਦਏ ਅਧਾਰ, ਏਕਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਆਪਣਾ ਭੇਵ ਹਰਿ ਜੂ ਖੋਲ੍ਹ, ਆਪਣੀ ਦਇਆ ਕਮਾਇੰਦਾ । ਸਚਖੰਡ ਨਿਵਾਸੀ ਤੋਲੇ ਸਾਚਾ ਤੋਲ, ਨਾਮ ਖੰਡਾ ਇਕ ਰਖਾਇੰਦਾ । ਜੁਗਾ ਜੁਗੰਤਰ ਰਹੇ ਅਡੋਲ, ਡੁਲ ਕਦੇ ਨਾ ਜਾਇੰਦਾ । ਏਕਾ ਵਸਤ ਰੱਖੇ ਕੋਲ, ਅਤੋਟ ਅਤੁਟ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਸਮਝਾਇੰਦਾ । ਸਾਚਾ ਮਾਰਗ ਹਰਿ ਕਰਤਾਰ, ਆਪਣਾ ਆਪ ਜਣਾਈਆ । ਸ਼ਾਹੋ ਭੂਪ ਵਡ ਸਿਕਦਾਰ, ਹੁਕਮੀ ਹੁਕਮ ਹੁਕਮ ਫਿਰਾਈਆ । ਗੁਰ ਅਵਤਾਰ ਬਣ ਸੇਵਾਦਾਰ, ਲੋਕਮਾਤ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣਾ ਬੰਧਨ ਆਪ ਵਖਾਈਆ । ਆਦਿ ਬੰਧਨ ਦਿਤਾ ਪਾ, ਏਕਾ ਹੁਕਮ ਵਰਤਾਇਆ । ਜੁਗਾਦਿ ਲੇਖਾ ਦਏ ਮੁਕਾ, ਦਿਸ ਕਿਸੇ ਨਾ ਆਇਆ । ਨਵ ਨੌਂ ਚਾਰ ਖੇਲ ਖਲਾ, ਸੋ ਪੁਰਖ ਨਿਰੰਜਣ ਰੰਗ ਚੜ੍ਹਾਇਆ । ਬ੍ਰਹਿਮੰਡ ਖੰਡ ਨਾਚ ਨਚਾ, ਨਟੂਆ ਆਪਣਾ ਸਵਾਂਗ ਵਖਾਇਆ । ਬੋਧ ਅਗਾਧ ਸ਼ਬਦ ਜਣਾ, ਗੁਰ ਅਵਤਾਰ ਪੜ੍ਹਾਇਆ । ਨਿਰਗੁਣ ਜੋਤ ਕਰ ਰੁਸ਼ਨਾ, ਨੂਰ ਨੁਰਾਨਾ ਇਕ ਦਰਸਾਇਆ । ਚਰਨ ਚਰਨ ਸਰੋਵਰ ਇਕ ਨੁਹਾ, ਸਰ ਅੰਮ੍ਰਿਤ ਇਕ ਵਖਾਇਆ । ਲੇਖਾ ਜਾਣੇ ਦੋ ਜਹਾਨ, ਭੇਵ ਕਿਸੇ ਨਾ ਆਇਆ । ਅਲੱਖ ਅਗੋਚਰ ਬੇਪਰਵਾਹ, ਕਰਤਾ ਪੁਰਖ ਆਪਣੇ ਰੰਗ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਿਆ ਆਪ ਸਮਝਾਇਆ । ਆਦਿ ਜੁਗਾਦਿ ਆਪਣਾ ਪਰਦਾ ਆਪ ਚੁਕਾਇਆ । ਪਰਦਾ ਚੁੱਕੇ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਪਰਗਟ ਹੋਏ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਖੇਲ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਜੁਗ ਜੁਗ ਵੇਖੇ ਆਣ, ਜੁਗ ਆਪਣੀ ਵੰਡ ਵੰਡਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਨੇਤਰ ਨੈਣ ਨੈਣ ਉਠਾਈਆ । ਕਵਣ ਭੂਮਕਾ ਵਸੇ ਸ੍ਰੀ ਭਗਵਾਨ, ਕਵਣ ਦਰ ਸੋਭਾ ਪਾਈਆ । ਕਵਣ ਮੰਦਰ ਸੁਹਾਏ ਮਕਾਨ, ਕਵਣ ਬੰਸ ਦਏ ਵਡਿਆਈਆ । ਕਵਣ ਕੂਟ ਹੋਏ ਪਰਧਾਨ, ਚਾਰੇ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਏਕਾ ਆਪ ਕਰਾਇੰਦਾ । ਸਚਖੰਡ ਨਿਵਾਸੀ ਵਸਣਹਾਰਾ ਸਚ ਮਹੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਨਿਰਗੁਣ ਧਾਰ ਆਪੇ ਰਲਾ, ਸਰਗੁਣ ਦਿਸ ਕਿਸੇ ਨਾ ਆਇੰਦਾ । ਸਤਿ ਸਿੰਘਾਸਣ ਏਕਾ ਮੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਆਪਣਾ ਰੰਗ ਰੰਗਾਇੰਦਾ । ਆਦਿ ਜੁਗਾਦੀ ਹਰਿ ਹਰਿ ਰੰਗ, ਆਪਣਾ ਆਪ ਰੰਗਾਇਆ । ਜੁਗ ਜੁਗ ਸੇਜ ਹੰਢਾਈ ਪਲੰਘ, ਗੁਰ ਅਵਤਾਰਾਂ ਅੰਦਰ ਡੇਰਾ ਲਾਇਆ । ਏਕਾ ਨਾਮ ਵਜਾ ਮਰਦੰਗ, ਸਾਚਾ ਰਾਗ ਸੁਣਾਇਆ । ਨਵ ਨੌਂ ਚਾਰ ਆਪੇ ਲੰਘ, ਆਪਣਾ ਮੁਖ ਛੁਪਾਇਆ । ਗੀਤ ਸੁਹਾਗੀ ਗਾਇਆ ਛੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਜਣਾਇਆ । ਆਪਣਾ ਲੇਖਾ ਜਾਣੇ ਲੇਖ, ਲਿਖਤ ਵਿਚ ਨਾ ਆਇਆ । ਆਦਿ ਜੁਗਾਦਿ ਅਵੱਲੜਾ ਭੇਸ, ਨਿਰਗੁਣ ਨਿਰਗੁਣ ਲਏ ਵਟਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਲਿਆ ਵੇਖ, ਅੰਤਮ ਪੰਧ ਮੁਕਾਇਆ । ਗੁਰ ਅਵਤਾਰ ਪੀਰ ਪੈਗੰਬਰ ਕਰ ਕਰ ਗਏ ਆਦੇਸ, ਹਰਿ ਸਾਚੇ

ਸੀਸ ਨਿਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਗੁਰ ਅਵਤਾਰ ਸੀਸ ਝੁਕਾ, ਆਪਣਾ ਪੰਧ ਗਏ ਮੁਕਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਤੇਰਾ ਭੇਵ ਕੋਇ ਨਾ ਪਾਈਆ । ਕੋਇ ਰਾਮ ਕੋਇ ਕ੍ਰਿਸ਼ਨ ਗਿਆ ਅਖਵਾ, ਈਸਾ ਮੂਸਾ ਕੋਇ ਸਾਲਾਹੀਆ । ਕੋਈ ਮੁਹੰਮਦ ਸੀਸ ਰਿਹਾ ਝੁਕਾ, ਕੋਇ ਕਲਮਾ ਕਲਾਮ ਕਰੇ ਪੜ੍ਹਾਈਆ । ਕੋਈ ਨਾਨਕ ਨਿਰਗੁਣ ਮੰਗੇ ਦਾਨ ਪਨਾਹ, ਕੋਈ ਗੋਬਿੰਦ ਰਿਹਾ ਜਸ ਗਾਈਆ । ਗੋਬਿੰਦ ਕਹੇ ਪੁਰਖ ਅਕਾਲ ਮੇਰਾ ਪਿਤਾ ਮਾਂ, ਦੂਸਰ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਆਪਣਾ ਭੇਵ ਹਰਿ ਜਣਾਉਣਾ, ਏਕਾ ਏਕ ਪੁਰਖ ਅਕਾਲ । ਨੌਂ ਨੌਂ ਚਾਰ ਪੰਧ ਮੁਕਾਉਣਾ, ਖੇਲੇ ਖੇਲ ਦੀਨ ਦਿਆਲ । ਸਚਖੰਡ ਦੁਆਰ ਲੋਕਮਾਤ ਪਰਗਟੌਣਾ, ਗੁਰਮੁਖ ਵੇਖੇ ਸਾਚੇ ਲਾਲ । ਸਚ ਸਿੰਘਾਸਣ ਸੋਭਾ ਪਾਉਣਾ, ਸ਼ਬਦੀ ਸ਼ਬਦ ਬਣੇ ਦਲਾਲ । ਲੱਖ ਚੁਰਾਸੀ ਫੋਲ ਫੁਲਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨੌਜਵਾਨ । ਸਚਖੰਡ ਦੁਆਰਾ ਲੋਕਮਾਤ, ਹਰਿ ਸਤਿਗੁਰ ਆਪ ਬਣਾਈਆ । ਗੁਰ ਗੁਰ ਦੇਵੇ ਏਕਾ ਦਾਤ, ਏਕਾ ਵਸਤ ਵਖਾਈਆ । ਭਗਤ ਭਗਵੰਤ ਬੰਨ੍ਹੇ ਨਾਤ, ਚਰਨ ਸ਼ਰਨ ਸ਼ਰਨਾਈਆ । ਸੰਤਾਂ ਦੇਵੇ ਸਾਚੀ ਗਾਥ, ਏਕਾ ਏਕ ਪੜ੍ਹਾਈਆ । ਗੁਰਮੁਖਾਂ ਅੱਗੇ ਮੁੱਕੇ ਵਾਟ, ਦੂਜਾ ਰਾਹ ਨਾ ਕੋਇ ਚਲਾਈਆ । ਗੁਰਸਿਖ ਵਿਕੇ ਨਾ ਕਿਸੇ ਹਾਟ, ਕਰਤਾ ਕੀਮਤ ਆਪੇ ਪਾਈਆ । ਖੇਲੇ ਖੇਲ ਬਾਜ਼ੀਗਰ ਨਾਟ, ਸਵਾਂਗੀ ਆਪਣਾ ਸਵਾਂਗ ਰਚਾਈਆ । ਪਰਗਟ ਹੋਏ ਪੁਰਖ ਸਮਰਥ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਾਮ ਜਣਾਏ ਮਹਿਮਾ ਅਕੱਥ, ਚਾਰ ਵੇਦ ਭੇਵ ਨਾ ਰਾਈਆ । ਪੁਰਾਨ ਅਠਾਰਾਂ ਜਾਣ ਢੱਠ, ਨਿਉਂ ਨਿਉਂ ਸੀਸ ਝੁਕਾਈਆ । ਲਹਿਣਾ ਦੇਣਾ ਚੁੱਕੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੈਣ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਆਪ ਉਠਾਈਆ । ਆਪਣਾ ਪਰਦਾ ਦੇਵੇ ਖੋਲ੍ਹ, ਬੇਅੰਤ ਹਰਿ ਨਿਰੰਕਾਰਾ । ਨਾਮ ਅਗੰਮੀ ਵਜਾਏ ਢੋਲ, ਤੇਰਾ ਸ਼ਬਦ ਇਕ ਨਗਾਰਾ । ਜਨ ਭਗਤਾਂ ਵਸੇ ਸਦਾ ਕੋਲ, ਸਾਢੇ ਤਿੰਨ ਹੱਥ ਕਾਇਆ ਮੰਦਰ ਮਨਾਰਾ । ਆਤਮ ਅੰਤਰ ਜਾਏ ਮੌਲ, ਮੌਲਾ ਰੂਪ ਸਿਰਜਣਹਾਰਾ । ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਝਿਰਨਾ ਝਿਰੇ ਨਿਆਰਾ । ਦੇਵੇ ਵਡਿਆਈ ਉਪਰ ਧਵਲ, ਇਕ ਕਿਨਾਰਾ । ਨਾ ਕੋਈ ਜਾਣੇ ਪਾਂਧਾ ਰੌਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਕਾਰਾ । ਕਲਜੁਗ ਅੰਤਮ ਕਰਨੀ ਕਾਰ, ਕਰਤਾ ਪੁਰਖ ਆਪ ਜਣਾਈਆ । ਨਿਰਗੁਣ ਨੂਰ ਹੋ ਉਜਿਆਰ, ਸਚ ਨਿਸ਼ਾਨ ਸੋਭਾ ਪਾਈਆ । ਲੋਕਮਾਤ ਇਕ ਦਰਬਾਰ, ਸਤਿ ਪੁਰਖ ਨਿਰੰਜਣ ਆਪ ਪ੍ਰਗਟਾਈਆ । ਸਾਚੇ ਭਗਤਾਂ ਕਰੇ ਪਿਆਰ, ਆਪ ਆਪਣੀ ਗੋਦ ਬਹਾਈਆ । ਏਕ ਰੰਗ ਦੇਵੇ ਚਾੜ੍ਹ, ਉਤਰ ਕਦੇ ਨਾ ਜਾਈਆ । ਕਰੇ ਪ੍ਰਕਾਸ਼ ਬਹੱਤਰ ਨਾੜ, ਅੰਧ ਅੰਧੇਰ ਮਿਟਾਈਆ । ਸਚ ਦੁਆਰੇ ਦੇਵੇ ਵਾੜ, ਦਰਗਹਿ ਮਿਲੇ ਮਾਣ ਵਡਿਆਈਆ । ਅਗਨੀ ਨਾ ਲੱਗੇ ਤੱਤੀ ਹਾੜ, ਸਾਂਤਕ ਸਤਿ ਸਤਿ ਕਰਾਈਆ । ਗੁਰਮੁਖ ਬਣਾਏ ਸਾਚੇ ਲਾੜ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਖਾਈਆ । ਆਪਣਾ ਖੇਲ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਨਿਰਗੁਣ ਨੂਰ ਹੋ ਬਲਵਾਨ, ਬਲ ਆਪਣਾ ਆਪ ਧਰਾਇੰਦਾ । ਲੋਕਮਾਤ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਸਚਖੰਡ ਦੁਆਰਾ

ਸਚ ਮਕਾਨ, ਦਰ ਘਰ ਸਾਚੇ ਆਪ ਬਣਾਇੰਦਾ । ਭਗਤ ਭਗਵੰਤ ਕਰ ਪਰਵਾਨ, ਆਪਣਾ ਮੇਲ ਮਿਲਾਇੰਦਾ । ਤਖ਼ਤ ਨਿਵਾਸੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਸਾਚੀ ਸਖੀਆਂ ਸੱਚਾ ਕਾਹਨ, ਹਰਿ ਸਤਿਗੁਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਹਰਿ ਗੋਬਿੰਦ, ਗਹਿਰ ਗੰਭੀਰ ਕਰਾਈਆ । ਜਨ ਭਗਤਾਂ ਮੇਟੇ ਸਗਲੀ ਚਿੰਦ, ਚਿੰਤਾ ਰੋਗ ਰਹਿਣ ਨਾ ਪਾਈਆ । ਦਰਸ ਵਖਾਏ ਗੁਣੀ ਗਹਿੰਦ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਦਏ ਵਡਿਆਈਆ । ਸਚ ਦੁਆਰਾ ਵੱਡਾ ਵਡ, ਸੋ ਪੁਰਖ ਨਿਰੰਜਣ ਆਪ ਬਣਾਇੰਦਾ । ਆਪਣੀ ਇਛਿਆ ਆਪਣੇ ਵਿਚੋਂ ਕੱਢ, ਲੋਕਮਾਤ ਪ੍ਰਗਟਾਇੰਦਾ । ਛੱਤੀ ਜੁਗ ਦੀ ਸਾਚੀ ਹੱਦ, ਨਾਨਕ ਲੇਖਾ ਪੂਰ ਕਰਾਇੰਦਾ । ਆਪੇ ਜਾਣੇ ਅੱਡੋ ਅੱਡ, ਦੂਸਰ ਵੰਡ ਨਾ ਕੋਇ ਵੰਡਾਇੰਦਾ । ਧਰਮ ਨਿਸ਼ਾਨਾ ਇਕੋ ਗੱਡ, ਦੋ ਜਹਾਨ ਝੁਲਾਇੰਦਾ । ਭਗਤ ਭਗਵੰਤ ਆਪੇ ਸੱਦ, ਆਪਣਾ ਮੇਲ ਮਿਲਾਇੰਦਾ । ਵਿਸ਼ਨੂੰ ਬ੍ਰਹਮੇ ਤੇਰਾ ਬ੍ਰਹਮ ਨਦ, ਪਾਰਬ੍ਰਹਮ ਆਪ ਵਜਾਇੰਦਾ । ਸ਼ੰਕਰ ਤ੍ਰਿਸ਼ੂਲ ਆਪਣਾ ਸੱਟ, ਏਕਾ ਹੁਕਮ ਫ਼ਰਮਾਇੰਦਾ । ਗੁਰਸਿਖ ਮੇਰੇ ਵਿਕੇ ਹੱਟ, ਦੂਸਰ ਹੱਥ ਨਾ ਕੋਇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਬੰਧਾਇੰਦਾ । ਸਚ ਦਰਬਾਰਾ ਸਚਖੰਡ, ਹਰਿ ਸਾਚਾ ਸਚ ਬਣਾਈਆ । ਕਲਜੁਗ ਤੇਰੀ ਅੰਤਮ ਵੰਡ, ਕਰੇ ਬੇਪਰਵਾਹੀਆ । ਨਾਤਾ ਤੋੜ ਨੌਂ ਖੰਡ, ਸਤ ਦੀਪ ਮੁਖ ਭੁਆਈਆ । ਲਹਿਣਾ ਚੁੱਕੇ ਸੂਰਜ ਚੰਦ, ਮੰਡਲ ਮੰਡਪ ਨਾ ਕੋਇ ਵਡਿਆਈਆ । ਗੀਤ ਨਾ ਗਾਏ ਕੋਇ ਬੱਤੀ ਦੰਦ, ਰਸਨਾ ਜਿਹਵਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਹਰਿ ਕਰਨਾ, ਕਲਜੁਗ ਅੰਤਮ ਵੇਸ ਵਟਾਇਆ । ਵੇਖਣਹਾਰਾ ਚਾਰ ਵਰਨਾ ਬਰਨਾ, ਵਰਨ ਬਰਨ ਵਿਚ ਕਦੇ ਨਾ ਆਇਆ । ਜੁਗਾ ਜੁਗੰਤਰ ਤਰਨੀ ਤਰਨਾ, ਹਰਿਜਨ ਸਾਚੇ ਲਏ ਤਰਾਇਆ । ਨਿਰਭੌ ਹੋਏ ਕਦੇ ਨਾ ਡਰਨਾ, ਭੈ ਆਪਣਾ ਸਰਬ ਸਮਝਾਇਆ । ਸਚਖੰਡ ਦੁਆਰੇ ਆਪੇ ਚੜ੍ਹਨਾ, ਥਿਰ ਘਰ ਚਰਨਾਂ ਹੇਠ ਰਖਾਇਆ । ਏਕਾ ਅੱਖਰ ਆਤਮ ਪੜ੍ਹਣਾ, ਪਰਮਾਤਮ ਦਏ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਦਏ ਵਡਿਆਇਆ । ਸਚ ਦਰਬਾਰਾ ਏਕਾ ਵਾਰ, ਹਰਿ ਲੋਕਮਾਤ ਬਣਾਈਆ । ਨਵ ਨੌਂ ਚਾਰ ਹੋਏ ਖੁਵਾਰ, ਕੂਕ ਕੂਕ ਦੇਣ ਦੁਹਾਈਆ । ਛੱਤੀ ਜੁਗ ਤੇਰਾ ਆਧਾਰ, ਨਾਨਕ ਨਿਰਗੁਣ ਸੀਸ ਉਠਾਈਆ । ਗੋਬਿੰਦ ਸੂਰਾ ਕਰ ਪੁਕਾਰ, ਅੰਤਮ ਏਕਾ ਓਟ ਤਕਾਈਆ । ਸਤਿ ਪੁਰਖ ਨਿਰੰਜਣ ਪੁਰਖ ਅਕਾਲ, ਸਿਰ ਮੇਰੇ ਹੱਥ ਰਖਾਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਦਰ ਘਰ ਸਾਚੇ ਸੋਭਾ ਪਾਈਆ । ਸੇਵਾ ਲਾਏ ਕਾਲ ਮਹਾਂਕਾਲ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਏਥੇ ਓਥੇ ਰਿਹਾ ਸੁਰਤ ਸੰਭਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਨਾਨਕ ਗੋਬਿੰਦ ਏਕਾ ਆਸ, ਹਰਿ ਹਰਿ ਓਟ ਰਖਾਈਆ । ਸਚਖੰਡ ਵਸੇ ਪੁਰਖ ਅਬਿਨਾਸ਼, ਸਚ ਸਿੰਘਾਸਣ ਸੋਭਾ ਪਾਈਆ । ਸਰਬ ਗੁਣਾ ਆਪੇ ਗੁਣਤਾਸ਼, ਗੁਣਵੰਤ ਵਡ ਵਡਿਆਈਆ । ਲੇਖਾ ਜਾਣੇ ਪ੍ਰਿਥਮੀ ਅਕਾਸ਼, ਲੋਆਂ ਪੁਰੀਆਂ ਫੋਲ ਫੋਲਾਈਆ । ਆਪੇ ਲਾਇਆ ਪਵਣ ਸਵਾਸ, ਲੱਖ ਚੁਰਾਸੀ ਈਸ਼ ਜੀਵ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰਾਇਣ ਵਡੀ ਵਡਿਆਈਆ । ਨਰ ਨਰਾਇਣ ਦਾਤਾ ਏਕ,

ਗੁਣ ਔਗੁਣ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਹਰਿ ਸਾਚੀ ਟੇਕ, ਗੁਰ ਅਵਤਾਰ ਰਖਾਇੰਦਾ । ਨਾਮ ਨਿਧਾਨਾ ਇਕ ਬਬੇਕ, ਲੋਕਮਾਤ ਪ੍ਰਗਟਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਜ ਤੱਤ ਨਾ ਬੰਧਨ ਪਾਇੰਦਾ । ਵਸਣਹਾਰਾ ਕਾਇਆ ਖੇਤ, ਘਟ ਘਟ ਜੋਤ ਜਗਾਇੰਦਾ । ਆਤਮ ਸੇਜਾ ਰਿਹਾ ਲੇਟ, ਦਿਸ ਕਿਸੇ ਨਾ ਆਇੰਦਾ । ਦਸ ਦਸ ਮਾਸ ਮਾਤ ਗਰਭ ਨਾ ਆਏ ਪੇਟ, ਜੂਨੀ ਜੂਨ ਨਾ ਕੋਇ ਭੁਆਇੰਦਾ । ਜੁਗ ਜੁਗ ਬਣੇ ਖੇਵਟ ਖੇਟ, ਸਾਚਾ ਬੇੜਾ ਆਪ ਚਲਾਇੰਦਾ । ਜਨ ਭਗਤਾਂ ਕਰੇ ਹੇਤ, ਨਿਤ ਨਵਿਤ ਵੇਸ ਵਟਾਇੰਦਾ । ਪਹਿਲੀ ਪਹਿਲੀ ਵਾਰੀ ਰੁੱਤ ਬਸੰਤੀ ਚੇਤ, ਆਪਣੀ ਰੁੱਤ ਵਖਾਇੰਦਾ । ਨਵ ਨੌਂ ਚਾਰ ਚੌਕੜੀ ਜੁਗ ਕਿਸੇ ਨਾ ਦਿਤਾ ਭੇਤ, ਆਪਣਾ ਪਰਦਾ ਆਪ ਛੁਪਾਇੰਦਾ । ਕਲਜੁਗ ਅੰਤਮ ਆਪਣੀ ਖੇਲ ਲਏ ਖੇਡ, ਖਿਲਾੜੀ ਵੇਸ ਵਟਾਇੰਦਾ । ਲੱਖ ਚੁਰਾਸੀ ਵੇਖੇ ਕੌੜੇ ਰੇਠ, ਘਰ ਘਰ ਆਪਣਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਭਗਤ ਭਗਵੰਤ ਆਪਣੇ ਦਰ ਬੁਲਾਇੰਦਾ । ਭਗਤ ਭਗਵਨ ਅੰਤ ਕਲ, ਕਲ ਆਪਣੀ ਆਪ ਧਰਾਈਆ । ਲਹਿਣਾ ਚੁੱਕੇ ਬਾਵਨ ਬਲ, ਬਲਧਾਰੀ ਵੇਖ ਵਖਾਈਆ । ਨਿਰਗੁਣ ਸਰਗੁਣ ਅਛਲ ਅਛੱਲ, ਆਪ ਆਪਣਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਜਣਾਈਆ । ਆਪਣਾ ਖੇਲ ਹਰਿ ਹਰਿ ਦੱਸ, ਦਹਿ ਦਿਸ਼ਾ ਸਮਝਾਇੰਦਾ । ਸਚਖੰਡ ਦੁਆਰਾ ਜਾਏ ਵਸ, ਲੋਕਮਾਤ ਪ੍ਰਗਟਾਇੰਦਾ । ਰਵਦਾਸ ਚੁਮਾਰਾ ਵੇਖੇ ਹੱਸ ਹੱਸ, ਸਾਢੇ ਤਿੰਨ ਹੱਥ ਬਣਤ ਬਣਾਇੰਦਾ । ਕਬੀਰ ਜੁਲਾਹਾ ਆਏ ਨੱਸ, ਨਿਉਂ ਨਿਉਂ ਸੀਸ ਝੁਕਾਇੰਦਾ । ਭਗਤ ਭਗਵਾਨ ਗਾਇਣ ਜਸ, ਸੋਭਾਵੰਤ ਸਰਬ ਸਾਲਾਹਿੰਦਾ । ਵੇਖੋ ਖੇਲ ਪੁਰਖ ਸਮਰਥ, ਲੋਕਮਾਤ ਆਪ ਕਰਾਇੰਦਾ । ਸਾਡਾ ਖੇੜਾ ਕੀਤਾ ਭੱਠ, ਜਨ ਭਗਤਾਂ ਖੇੜਾ ਆਪ ਵਸਾਇੰਦਾ । ਸਾਨੂੰ ਆਪਣਾ ਨਾਮ ਦੱਸ, ਰਸਨਾ ਜਿਹਵਾ ਦਿਵਸ ਰੈਣ ਛੁਹਾਇੰਦਾ । ਕਲਜੁਗ ਅੰਤਮ ਗੁਰਮੁਖਾਂ ਹੋਇਆ ਦਾਸੀ ਦਾਸ, ਬਣ ਸੇਵਕ ਸੇਵ ਕਮਾਇੰਦਾ । ਅੱਠੇ ਪਹਿਰ ਵਸੇ ਸਾਥ, ਬਣ ਸੰਗੀ ਸੰਗ ਨਿਭਾਇੰਦਾ । ਆਪ ਸੁਣਾਏ ਆਪਣੀ ਗਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸਾਲਾਹਿੰਦਾ । ਸਚ ਦੁਆਰਾ ਵੇਖਣਾ, ਕਬੀਰ ਰਿਹਾ ਸੁਣਾਈਆ । ਜਿਸ ਦਾ ਰੂਪ ਨਾ ਕੋਈ ਰੇਖਨਾ, ਸੋ ਪੁਰਖ ਰਿਹਾ ਬਣਾਈਆ । ਮੁੱਛ ਦਾੜ੍ਹੀ ਨਾ ਕੋਈ ਕੇਸਨਾ, ਨਾ ਕੋਈ ਮੂੰਡ ਮੁੰਡਾਈਆ । ਨਾਲ ਰਲਾਏ ਗੁਰੂ ਦਸ ਦਸਮੇਸ਼ਨਾ, ਦਹਿ ਦਿਸ਼ਾ ਫੇਰਾ ਪਾਈਆ । ਜੋਤੀ ਜਾਮਾ ਧਰਿਆ ਭੇਖਨਾ, ਨਜ਼ਰ ਕਿਸੇ ਨਾ ਆਈਆ । ਭੇਵ ਨਾ ਜਾਣੇ ਔਲੀਆ ਪੀਰ ਸ਼ੇਖ਼ਨਾ, ਪੀਰ ਪੈਗ਼ੰਬਰ ਨਾ ਕੋਇ ਚਤੁਰਾਈਆ । ਤਿਸ ਸਾਹਿਬ ਕੋ ਕਰੀਏ ਆਦੇਸ਼ਨਾ, ਜਿਸ ਸਾਡੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਈਆ । ਸਚਖੰਡ ਦੁਆਰਾ ਸੋਭਾਵੰਤ, ਲੋਕਮਾਤ ਸੁਹਾਇਆ । ਦਰ ਘਰ ਵਸਿਆ ਹਰਿ ਜੂ ਕੰਤ, ਕੰਤੂਹਲ ਵੇਸ ਵਟਾਇਆ । ਮੇਲ ਮਿਲਾਏ ਭਗਤ ਭਗਵੰਤ, ਭਗਵਨ ਆਪਣੇ ਰੰਗ ਰੰਗਾਇਆ । ਨਾਤਾ ਜੋੜੇ ਸਾਚੇ ਸੰਤ, ਸਤਿ ਸਤਿਗੁਰ ਹੋਏ ਸਹਾਇਆ । ਗੁਰਮੁਖਾਂ ਦੇਵੇ ਨਾਮ ਮਣੀਆ ਮੰਤ, ਮਨ ਕਾ ਮਣਕਾ ਆਪ ਭੁਆਇਆ । ਗੁਰਸਿਖਾਂ ਗੜ੍ਹ ਤੋੜ੍ਹੇ ਹਉਮੇ ਹੰਗਤ, ਨਿਵਣ ਸੋ ਅੱਖਰ ਇਕ ਜਣਾਇਆ । ਮੇਲ ਮਿਲਾਏ ਸਾਚੀ ਸੰਗਤ, ਸ਼ਰਅ ਸੰਗ ਨਾ ਕੋਇ ਹੰਢਾਇਆ । ਜਿਉਂ ਨਾਨਕ ਲਾਇਆ ਅੰਗ ਅੰਗਦ, ਤਿਉਂ ਗੁਰਮੁਖ ਲਏ ਤਰਾਇਆ । ਇਕ ਬਣਾਏ ਸਾਚੀ ਸੰਗਤ, ਅੰਮ੍ਰਿਤ ਜਾਮ ਪਿਆਇਆ । ਨਾਤਾ ਤੋੜੇ ਭੁੱਖ ਨੰਗਤ, ਸਚ


੩੯੪
੧੧

ਭੰਡਾਰਾ ਆਪ ਵਰਤਾਇਆ । ਗੁਰਸਿਖ ਹੋਏ ਨਾ ਫਿਰ ਮੰਗਤ, ਦੂਜੇ ਦਰ ਨਾ ਮੰਗਣ ਜਾਇਆ । ਨਾ ਕੋਈ ਪਾਂਧਾ ਨਾ ਕੋਈ ਪੰਡਤ, ਗੁਰ ਸ਼ਬਦ ਗਿਆਨ ਦ੍ਰਿੜਾਇਆ । ਨਾਤਾ ਤੋੜੇ ਜੇਰਜ ਅੰਡਤ, ਉਤਭੁਜ ਸੇਤਜ ਨਾ ਕੋਇ ਫਿਰਾਇਆ । ਆਪ ਬਣਾਏ ਮਾਨਸ ਬੁੱਤ ਮਾਨਸ ਆਪਣੀ ਗੋਦ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪ ਬਹਾਇਆ । ਸਚਖੰਡ ਦੁਆਰੇ ਗੁਰਸਿਖ ਬਹਿਣਾ, ਹਰਿ ਸਾਚੇ ਸਚ ਜਣਾਈਆ । ਮਨ ਬਸਤਰ ਪਾਉਣਾ ਏਕਾ ਗਹਿਣਾ, ਏਕਾ ਰੰਗ ਚੜ੍ਹਾਈਆ । ਦਰਸ਼ਨ ਕਰਨਾ ਏਕਾ ਨੈਣਾਂ, ਦੋਏ ਲੋਚਣ ਬੰਦ ਵਖਾਈਆ । ਹਰਿ ਸੰਗਤ ਮੰਨ ਹਰਿ ਜੂ ਕਹਿਣਾ, ਹਰਿ ਸੱਜਣ ਸੰਗ ਰਖਾਈਆ । ਲਾੜੀ ਮੌਤ ਨਾ ਖਾਏ ਡਾਇਣਾ, ਵੇਲੇ ਅੰਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਜਣਾਈਆ । ਆਪਣਾ ਭੇਵ ਜਣਾਏ ਜਨ, ਜਨ ਜਨਨੀ ਵੇਖ ਵਖਾਇੰਦਾ । ਉਠੋ ਰਾਗ ਸੁਣੋ ਕੰਨ, ਹਰਿ ਕੰਤ ਕੰਤੂਹਲ ਮਨਾਇੰਦਾ । ਭਾਂਡਾ ਭਰਮ ਦੇਵੇ ਭੰਨ, ਭੌ ਅਵਰ ਨਾ ਕੋਇ ਵਖਾਇੰਦਾ । ਡੁਬਦਾ ਬੇੜਾ ਦੇਵੇ ਬੰਨ੍ਹ, ਸ਼ੋਹ ਦਰਿਯਾਏ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪ ਬਹਾਇੰਦਾ । ਸਚਖੰਡ ਦੁਆਰੇ ਜਾਣਾ ਆ, ਹਰਿ ਸਤਿਗੁਰ ਇਕ ਆਵਾਜ਼ ਲਗਾਈਆ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਸਿਰ ਆਪਣਾ ਹੱਥ ਟਿਕਾਈਆ । ਕਰੇ ਕਰਾਏ ਸਚ ਨਿਆਂ, ਕਲਜੁਗ ਅੰਤਮ ਫੇਰਾ ਪਾਈਆ । ਸ੍ਰਿਸ਼ਟ ਸਬਾਈ ਆਪ ਭੁਲਾਏ , ਝੂਠੇ ਧੰਦੇ ਲਾਈਆ । ਏਕੋ ਭੁਲਿਆ ਹਰਿ ਕਾ ਨਾਂ, ਚਾਰ ਕੁੰਟ ਰਹੀ ਕੁਰਲਾਈਆ । ਮੂੰਹ ਵਿਚ ਏਕਾ ਸੂਰ ਗਾਂ, ਬੱਤੀ ਦੰਦ ਨਾ ਕੋਇ ਵਡਿਆਈਆ । ਗੁਰ ਅਵਤਾਰ ਗਏ ਮੁਖ ਭੁਆ, ਵੇਲੇ ਅੰਤ ਦੇਵੇ ਨਾ ਕੋਇ ਗਵਾਹੀਆ । ਸਚਖੰਡ ਦਰਬਾਰਾ ਹਰਿ ਜੂ ਰਿਹਾ ਲਗਾ, ਸਚ ਸਿੰਘਾਸਣ ਸੋਭਾ ਪਾਈਆ । ਗੁਰ ਅਵਤਾਰ ਲਏ ਬੁਲਾ, ਧੁਰ ਫ਼ਰਮਾਣਾ ਇਕ ਸੁਣਾਈਆ । ਉਠੋ ਵੇਖੋ ਆਪਣਾ ਰਾਹ, ਲੋਕਮਾਤ ਧਿਆਨ ਲਗਾਈਆ । ਮੰਦਰ ਮਸਜਿਦ ਮੱਠ ਸ਼ਿਵਦੁਆਲੇ ਮਿਲੇ ਨਾ ਕੋਈ ਸੱਚਾ ਥਾਂ, ਥਾਨ ਥਨੰਤਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਪੰਧ ਆਪ ਮੁਕਾਈਆ । ਗੁਰ ਅਵਤਾਰ ਆਉਣ ਦੁਆਰੇ, ਦਰ ਦੁਆਰੇ ਆਪ ਜਣਾਇੰਦਾ । ਉਠੋ ਵੇਖੋ ਵਿਚ ਸੰਸਾਰੇ, ਕਲ ਕੀ ਖੇਲ ਕਰਾਇੰਦਾ । ਕਿਸੇ ਨਜ਼ਰ ਨਾ ਆਏ ਰਾਮ ਉਜਿਆਰੇ, ਕਾਹਨਾ ਕ੍ਰਿਸ਼ਨ ਨਾ ਕੋਇ ਮਨਾਇੰਦਾ । ਈਸਾ ਮੂਸਾ ਨਾ ਕੋਇ ਚਿਤਾਰੇ, ਕਲਮ ਕਲਾਮ ਨਾ ਕੋਇ ਪੜ੍ਹਾਇੰਦਾ । ਮੁਹੰਮਦ ਨਾਤਾ ਤੁਟਾ ਚਾਰ ਯਾਰੇ, ਅੱਲਾ ਰਾਣੀ ਮੁਖ ਸ਼ਰਮਾਇੰਦਾ । ਨਾਮ ਸਤਿ ਨਾ ਕੋਈ ਵੀਚਾਰੇ, ਜੂਠੀ ਝੂਠੀ ਗੰਢ ਪੁਆਇੰਦਾ । ਫਤਹਿ ਡੰਕ ਨਾ ਕੋਇ ਜੈਕਾਰੇ, ਪੁਰਖ ਅਕਾਲ ਨਾ ਨਜ਼ਰੀ ਆਇੰਦਾ । ਗੁਰ ਕਾ ਸ਼ਬਦ ਨਾ ਕੋਇ ਵਿਚਾਰੇ, ਅਗਿਆਨ ਅੰਧੇਰਾ ਛਾਇੰਦਾ । ਗੋਬਿੰਦ ਸੂਰਾ ਮਾਰੇ ਲਲਕਾਰੇ, ਏਕਾ ਬੋਲ ਜਣਾਇੰਦਾ । ਈਸਾ ਰਾਹ ਤੱਕੇ ਆ ਮੇਰੇ ਪਿਤਾ ਮੈਂ ਤੇਰੇ ਸਹਾਰੇ, ਤੇਰੀ ਓਟ ਰਖਾਇੰਦਾ । ਵੇਦ ਵਿਆਸ ਕਰੇ ਨਿਮਸਕਾਰੇ, ਨਿਉਂ ਨਿਉਂ ਸੀਸ ਝੁਕਾਇੰਦਾ । ਨਾਨਕ ਨਿਰਗੁਣ ਕਹੇ ਪੁਕਾਰੇ, ਏਕਾ ਓਟ ਜਣਾਇੰਦਾ । ਅੰਤਮ ਕਲ ਮਹਾਂਬਲੀ ਉਤਰੇ ਵਿਚ ਸੰਸਾਰੇ, ਨਿਹਕਲੰਕ ਨਾਉਂ ਰਖਾਇੰਦਾ । ਗੋਬਿੰਦ ਕਹੇ ਦੇਵੇ ਹੁਲਾਰੇ, ਮੋਹਿ ਸਾਚੀ ਗੋਦ ਬਹਾਇੰਦਾ । ਏਕਾ ਨਾਮ ਬੋਲ ਜੈਕਾਰੇ, ਚਾਰ ਵਰਨ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਵਸਾਇੰਦਾ । ਸਾਚਾ ਘਰ ਵਸਾਏ ਏਕ, ਏਕਾ ਹਰਿ

ਰਘੁਰਾਇਆ । ਗੁਰ ਅਵਤਾਰ ਪੀਰ ਪੈਗੰਬਰ ਰਹੇ ਵੇਖ, ਨੇਤਰ ਨੈਣ ਉਠਾਇਆ । ਪੁਰਖ ਅਬਿਨਾਸ਼ੀ ਅੱਗੇ ਚਲੇ ਨਾ ਕੋਈ ਪੇਸ਼, ਨੇਤਰ ਨੈਣ ਨੈਣ ਸ਼ਰਮਾਇਆ । ਵਿਸ਼ਨੂੰ ਛੱਡੇ ਆਪਣੀ ਸੇਜ, ਬਾਸ਼ਕ ਤਸ਼ਕ ਅੰਗ ਨਾ ਲਾਇਆ । ਬ੍ਰਹਮਾ ਤੋੜੇ ਆਪਣਾ ਹੇਤ, ਬ੍ਰਹਮ ਬ੍ਰਹਮ ਨਾ ਕੋਇ ਵਡਿਆਇਆ । ਸ਼ੰਕਰ ਸੁੱਟੇ ਤਰਸੂਲ ਵਿਚ ਖੇਤ, ਆਪਣਾ ਮਾਣ ਨਾ ਕੋਇ ਜਣਾਇਆ । ਨੇਤਰ ਰੋਵਣ ਮੁਲਾਂ ਸ਼ੇਖ਼, ਹਾਹਾਕਾਰ ਦਏ ਦੁਹਾਇਆ । ਪੰਡਤ ਪਾਂਧੇ ਨਾ ਪਾਇਆ ਭੇਤ, ਪੜ੍ਹ ਪੜ੍ਹ ਵਿਦਿਆ ਵਾਦ ਵਧਾਇਆ । ਗਰੰਥੀ ਪੰਥੀ ਖੇਡਾਂ ਰਹੇ ਖੇਡ, ਗੋਬਿੰਦ ਨਜ਼ਰ ਕਿਸੇ ਨਾ ਆਇਆ । ਵੇਖੋ ਖੇਲ ਮਹੀਨਾ ਚੇਤ, ਚੇਤਨ ਸਭ ਨੂੰ ਦਏ ਕਰਾਇਆ । ਜਨ ਭਗਤਾਂ ਕਰੇ ਹੇਤ, ਆਪਣਾ ਮੇਲ ਮਿਲਾਇਆ । ਜੁਗ ਜਨਮ ਦੇ ਵਿਛੜੇ ਵੇਖ, ਆਪਣੀ ਗੰਢ ਪੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਤਾਰੇ ਪੁਰਖ ਅਕਾਲ, ਗੁਰ ਅਵਤਾਰ ਦੇਣ ਗਵਾਹੀਆ । ਸਚਖੰਡ ਬਹੇ ਸੱਚੀ ਧਰਮਸਾਲ, ਆਸਣ ਸਿੰਘਾਸਣ ਸੋਭਾ ਪਾਈਆ । ਨਿਰਗੁਣ ਸਰਗੁਣ ਬਣ ਦਲਾਲ, ਅੰਤ ਕੰਤ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਆਪ ਸੁਹਾਈਆ । ਸਚ ਦੁਆਰਾ ਹਰਿ ਸੁਹਾਉਣਾ, ਕਲਜੁਗ ਤੇਰੀ ਅੰਤਮ ਵਾਰ । ਸਚ ਸਿੰਘਾਸਣ ਆਸਣ ਲਾਉਣਾ, ਨਿਹਕਲੰਕ ਨਰਾਇਣ ਨਰ ਅਵਤਾਰ । ਗੁਰ ਅਵਤਾਰਾਂ ਦਰ ਬੁਲਾਉਣਾ, ਹੁਕਮੀ ਹੁਕਮ ਖੇਲ ਅਪਾਰ । ਪੂਰਬ ਲਹਿਣਾ ਸਰਬ ਚੁਕਾਉਣਾ, ਲੇਖਾ ਰਹੇ ਨਾ ਵਿਚ ਸੰਸਾਰ । ਚਾਰ ਵੇਦਾਂ ਪੰਧ ਮੁਕਾਉਣਾ, ਪੁਰਾਨ ਅਠਾਰਾਂ ਬੇੜਾ ਪਾਰ । ਗੀਤਾ ਗਿਆਨ ਨਾ ਕੋਇ ਦ੍ਰਿੜਾਉਣਾ, ਅੰਜੀਲ ਕੁਰਾਨ ਨਾ ਕੋਇ ਵਿਚਾਰ । ਖਾਣੀ ਬਾਣੀ ਆਪ ਮੁਕਾਉਣਾ, ਕਰੇ ਖੇਲ ਅਗੰਮ ਅਪਾਰ । ਛੱਤੀ ਰਾਗ ਨਾ ਕਿਸੇ ਸੁਨਾਉਣਾ, ਰਾਗ ਸਾਜ ਨਾ ਕੋਇ ਸਤਾਰ, ਦੀਨ ਮਜ਼੍ਹਬ ਨਾ ਕੋਇ ਬਨਾਉਣਾ, ਸ਼ਰਅ ਸ਼ਰੀਅਤ ਨਾ ਕੋਇ ਅਧਾਰ । ਏਕਾ ਬ੍ਰਹਮ ਸਰਬ ਦਰਸਾਉਣਾ, ਆਤਮ ਅੰਤਰ ਇਕ ਅਧਾਰ । ਏਕਾ ਅੱਖਰ ਆਪ ਪੜ੍ਹਾਉਣਾ, ਕਲਜੁਗ ਤੇਰੀ ਅੰਤਮ ਵਾਰ । ਚੌਥੇ ਜੁਗ ਪੰਧ ਮੁਕਾਉਣਾ, ਛੱਤੀ ਛੱਤੀ ਕਰ ਵਿਚਾਰ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਆਪ ਪੜ੍ਹਾਉਣਾ, ਸਚ ਸੰਦੇਸ਼ਾ ਦੇਵੇ ਏਕਾ ਵਾਰ । ਵਿਸ਼ਨ ਬ੍ਰਹਮਾ ਸ਼ਿਵ ਹਰਿ ਜੂ ਗਾਉਣਾ, ਉਚੀ ਬੋਲ ਬੋਲ ਜੈਕਾਰ । ਪੁਰਖ ਅਬਿਨਾਸ਼ੀ ਵੇਖ ਵਖਾਉਣਾ, ਆਪ ਆਪਣਾ ਬਲ ਧਾਰ । ਸਾਚੇ ਭਗਤਾਂ ਮਾਣ ਦੁਆਉਣਾ, ਦੀਨ ਦੁਨੀ ਚੋਂ ਕੱਢੇ ਬਾਹਰ । ਸਚਖੰਡ ਦੁਆਰੇ ਆਪ ਬਹਾਉਣਾ, ਕਰੇ ਕਰਾਏ ਸਚ ਪਿਆਰ । ਗੁਰਸਿਖ ਇਕ ਸਰੋਵਰ ਨੁਹਾਉਣਾ, ਮੈਲ ਰਹੇ ਨਾ ਵਿਚ ਸੰਸਾਰ । ਪੁਰਖ ਅਬਿਨਾਸ਼ੀ ਇਕੋ ਪਾਉਣਾ, ਗੁਰ ਸਤਿਗੁਰ ਦਏ ਆਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦਰ ਸੱਦੇ ਗੁਰ ਅਵਤਾਰ । ਗੁਰ ਅਵਤਾਰ ਕਰੋ ਤਿਆਰੀ, ਤ੍ਰੈਗੁਣ ਆਪਣਾ ਆਪ ਜਣਾਈਆ । ਵੇਖੋ ਕਲਜੁਗ ਹੁੰਦੀ ਖ਼ੁਵਾਰੀ, ਨਾ ਸਕੇ ਕੋਇ ਬਚਾਈਆ । ਧੀਆਂ ਭੈਣਾਂ ਕਰਨ ਵਣਜ ਵਪਾਰੀ, ਪਿਤਾ ਪੂਤ ਨਾ ਕੋਇ ਵਡਿਆਈਆ । ਕੰਤ ਛੱਡੇ ਏਕੋ ਨਾਰੀ, ਜਗਤ ਵਿਭਚਾਰ ਰਹੀ ਕਮਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰੀ, ਰਸਨਾ ਜਿਹਵਾ ਹਿਲਾਈਆ । ਅਠਸਠ ਕਰ ਕਰ ਥੱਕੇ ਪਾਣੀ, ਦੁਰਮਤ ਮੈਲ ਨਾ ਕੋਇ ਧੁਵਾਈਆ । ਫਿਰ ਫਿਰ ਥੱਕੇ ਚਾਰੇ ਖਾਣੀ, ਲੱਖ ਚੁਰਾਸੀ ਜੂਨ ਵਖਾਈਆ । ਕਿਸੇ ਸੰਗ ਨਾ ਚਲੇ ਰਾਜੇ ਰਾਣੀ, ਅੰਤਮ ਨਾਤਾ ਗਏ ਤੁੜਾਈਆ । ਗੁਰ ਸ਼ਬਦ ਨਾ ਮਿਲਿਆ ਸਾਚਾ ਹਾਣੀ, ਵੇਲੇ ਅੰਤ ਹੋਏ ਸਹਾਈਆ । ਕਰੇ ਖੇਲ ਪੁਰਖ ਸੁਲਤਾਨੀ, ਕਲਜੁਗ ਅੰਤਮ ਵੇਸ ਵਟਾਈਆ । ਚਾਰ ਜੁਗ ਦੀ ਕਹੇ ਕਹਾਣੀ,

ਪਹਿਲੀ ਕਥਾ ਨਾ ਕੋਇ ਪੜ੍ਹਾਈਆ । ਤੇਈ ਅਵਤਾਰ ਦੱਸ ਦੱਸ ਗਏ ਨਿਸ਼ਾਨੀ, ਪੀਰ ਪੈਗ਼ੰਬਰ ਨਾਲ ਮਿਲਾਈਆ । ਨਾਨਕ ਗੋਬਿੰਦ ਕਹੇ ਪ੍ਰਭ ਦਿਸੇ ਪਦ ਨਿਰਬਾਣੀ, ਘਰ ਸੱਚੇ ਸੱਚਾ ਮਾਹੀਆ । ਨਿਰਗੁਣ ਜੋਤ ਨੂਰ ਨੁਰਾਨੀ, ਜਲਵਾ ਜਲਾਲ ਇਕ ਵਖਾਈਆ । ਕਲਜੁਗ ਅੰਤਮ ਪਰਗਟ ਹੋਵੇ ਜੋਧਾ ਸੂਰਬੀਰ ਬਲੀ ਬਲਵਾਨੀ, ਆਪਣਾ ਬਲ ਆਪ ਰਖਾਈਆ । ਤੋੜੇ ਗੜ੍ਹ ਮਾਨ ਅਭਿਮਾਨੀ, ਮਾਇਆ ਮਮਤਾ ਮੋਹ ਮਿਟਾਈਆ । ਸਤਿਜੁਗ ਵਖਾਏ ਇਕ ਨਿਸ਼ਾਨੀ, ਸਾਚੇ ਭਗਤ ਲਏ ਪ੍ਰਗਟਾਈਆ । ਆਪੇ ਬਣੇ ਦਾਤਾ ਦਾਨੀ, ਦੇਵਣਹਾਰ ਆਪ ਹੋ ਜਾਈਆ । ਕਰੇ ਖੇਲ ਇਕ ਲਾਸਾਨੀ, ਦਿਸ ਕਿਸੇ ਨਾ ਆਈਆ । ਚਾਰ ਵਰਨਾ ਬਣੇ ਬਾਨੀ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦੂਸਰ ਸੰਗ ਨਾ ਕੋਇ ਰਲਾਈਆ । ਦੂਸਰ ਸੰਗ ਨਾ ਕੋਇ ਮੇਲ, ਮੇਲ ਮੇਲ ਮਿਲਾਵਾ ਨਾ ਕੋਈ ਵਖਾਇੰਦਾ । ਵਸਣਹਾਰਾ ਧਾਮ ਨਵੇਲ, ਆਪਣਾ ਰੂਪ ਵਟਾਇੰਦਾ । ਲੇਖਾ ਜਾਣੇ ਗੁਰੂ ਗੁਰ ਚੇਲ, ਗੁਰ ਚੇਲਾ ਬੰਧਨ ਪਾਇੰਦਾ । ਨਿਰਗੁਣ ਸਰਗੁਣ ਸੱਜਣ ਸੁਹੇਲ, ਸਾਚਾ ਸੰਗ ਨਿਭਾਇੰਦਾ । ਨੌਂ ਖੰਡ ਪ੍ਰਿਥਮੀ ਕਰੇ ਵਿਹਲ, ਜਗਤ ਅਖਾੜਾ ਆਪ ਲਗਾਇੰਦਾ । ਮਨਮੁਖ ਗਏ ਧਰਮ ਰਾਏ ਦੀ ਜੇਲ, ਵੇਲੇ ਅੰਤ ਨਾ ਕੋਇ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਸਾਇੰਦਾ । ਸਚਖੰਡ ਦੁਆਰਾ ਵਸੇ ਜਗ, ਹਰਿ ਜਾਗਰਤ ਜੋਤ ਜਗਾਇਆ । ਕਰੇ ਖੇਲ ਸੂਰਾ ਸਰਬੱਗ, ਆਪਣਾ ਬਲ ਰਖਾਇਆ । ਦੀਪਕ ਜੋਤ ਜਾਏ ਜਗ, ਅੰਧ ਅੰਧੇਰ ਮੁਕਾਇਆ । ਆਪੇ ਜਾਣੇ ਪਾਰ ਕਿਨਾਰਾ ਹੱਦ, ਹਦੂਦ ਆਪਣੀ ਆਪ ਬਣਾਇਆ । ਗੁਰੂ ਗੁਰਦੇਵ ਲਏ ਸਭ ਸੱਦ, ਇਸ਼ਟ ਦ੍ਰਿਸ਼ਟ ਦਏ ਜਣਾਇਆ । ਜੁਗ ਜੁਗ ਭੇਜੇ ਅੱਡੋ ਅੱਡ, ਹੁਕਮੀ ਹੁਕਮ ਸੁਣਾਇਆ । ਅੰਤ ਚਰਨਾਂ ਹੇਠਾਂ ਛੱਡੇ ਦੱਬ, ਘਰ ਸਾਚੇ ਆਪ ਟਿਕਾਇਆ । ਕਲਜੁਗ ਅੰਤਮ ਏਕਾ ਵਾਰ ਕਰਾਏ ਹੱਜ, ਸਾਚਾ ਕਾਅਬਾ ਆਪ ਖੁਲ੍ਹਾਇਆ । ਸ਼ਰਅ ਸ਼ਰੀਅਤ ਦੀਨ ਮਜ਼੍ਹਬ ਦੀ ਲਾਹੇ ਲਜ, ਦਵੈਤੀ ਪਰਦਾ ਦਏ ਚੁਕਾਇਆ । ਸਿੰਘ ਸ਼ੇਰ ਏਕਾ ਵਾਰ ਪਏ ਗੱਜ, ਦੋ ਜਹਾਨਾਂ ਭਬਕ ਸੁਣਾਇਆ । ਜੋ ਘੜਿਆ ਸੋ ਜਾਏ ਭੱਜ, ਥਿਰ ਕੋਇ ਰਹਿਣ ਨਾ ਪਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਉਠ ਉਠ ਕਹਿਣ ਪ੍ਰਭ ਸਾਡਾ ਪਰਦਾ ਕੱਜ, ਪ੍ਰਭ ਹੱਥ ਤੇਰੇ ਵਡਿਆਇਆ । ਸਾਡੀ ਉਮਤ ਹੋਈ ਨਿਲੱਜ, ਸ਼ਰਅ ਈਮਾਨ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੱਸੇ ਸਾਚਾ ਦਰ, ਤੁਧ ਬਿਨ ਅਵਰ ਨਾ ਕੋਇ ਸਹਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਏਕਾ ਸ਼ਬਦ ਸੁਣਾਈਆ । ਵੇਖੇ ਸਾਰੇ ਕਰੇ ਵਿਚਾਰ, ਚਾਰ ਜੁਗ ਭੇਵ ਚੁਕਾਈਆ । ਕਲਜੁਗ ਅੰਤਮ ਖੇਲ ਨਿਆਰ, ਇਕ ਅਕੱਲਾ ਰਿਹਾ ਕਰਾਈਆ । ਤੁਸਾਂ ਸੇਵਾ ਕੀਤੀ ਬਣ ਬਣ ਖ਼ਿਦਮਤਗਾਰ, ਖ਼ਾਦਮ ਵੇਖੇ ਚਾਈਂ ਚਾਈਂਆ । ਸ਼ਬਦੀ ਨਾਦ ਸੁਣਾਇਆ ਬੋਲ ਜੈਕਾਰ, ਕਲਮਾ ਆਲਮੀਨ ਪੜ੍ਹਾਈਆ । ਲਿਖ ਲਿਖ ਲੇਖ ਦਿਤਾ ਅਧਾਰ, ਜੀਵ ਜੰਤ ਸਮਝਾਈਆ । ਮਾਰਗ ਦੱਸ ਆਏ ਸੰਸਾਰ, ਬਣ ਪਾਂਧੀ ਰਾਹ ਚਲਾਈਆ । ਮੁਕਾਮੇ ਹੱਕ ਵਸੇ ਪਰਵਰਦਿਗਾਰ, ਨੂਰ ਨੁਰਾਨਾ ਨੂਰ ਧਰਾਈਆ । ਲਾਸ਼ਰੀਕ ਸਾਂਝਾ ਯਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਰ ਰਿਹਾ ਸਮਝਾਈਆ । ਏਕਾ ਵਾਰ ਸੁਣਾਇਆ ਸਤਿ, ਹਰਿ ਸਾਚੇ ਸਚ ਜਣਾਇਆ । ਆਪ ਵੇਖੇ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਇਆ । ਭਰਮੇ ਭੁੱਲੀ ਮਜ਼੍ਹਬ ਜ਼ਾਤ, ਜਮਾਤ ਸਾਚੀ ਨਾ ਕੋਇ ਬਣਾਇਆ । ਮਾਇਆ ਮਮਤਾ ਬਣਿਆ ਖ਼ਾਤ, ਏਕਾ ਹਰਿ ਜੂ ਨਾਮ

ਭੁਲਾਇਆ । ਪਿਆਰੀ ਰੱਖੀ ਪੁੱਤਰ ਧੀਆਂ ਦਾਤ, ਵੇਲੇ ਅੰਤ ਨਾ ਕੋਇ ਸਹਾਇਆ । ਨਾਤਾ ਜੁੜਿਆ ਪਿਤਾ ਮਾਤ, ਭੈਣ ਭਈਆ ਮੇਲ ਮਿਲਾਇਆ । ਦੂਰ ਦੁਰਾਡੇ ਤੱਕਣ ਸਾਕ, ਸਗਲਾ ਪੰਧ ਵਖਾਇਆ । ਅੰਤਮ ਕੋਈ ਨਾ ਉਤਰੇ ਪੂਰੇ ਘਾਟ, ਝੂਠਾ ਬੰਧਨ ਏਕਾ ਪਾਇਆ । ਉਠੋ ਗੁਰ ਅਵਤਾਰ ਵੇਖੋ ਆਪਣੇ ਸਾਥੀ ਆਪਣਾ ਸਾਥ, ਹਰਿ ਸਾਚਾ ਰਿਹਾ ਸੁਣਾਇਆ । ਮੰਦਰ ਮਸਜਿਦ ਸ਼ਿਵਦੁਆਲੇ ਮੱਠ ਕਰਦੇ ਪਾਠ, ਪੜ੍ਹ ਪੜ੍ਹ ਆਪਣਾ ਵਕਤ ਲੰਘਾਇਆ । ਫਿਰ ਫਿਰ ਥੱਕੇ ਤੀਰਥ ਤਾਟ, ਅਠਸਠ ਸਰ ਉਪਾਇਆ । ਜੂਠੇ ਝੂਠੇ ਵਿਕੇ ਹਾਟ, ਆਪਣੀ ਕੀਮਤ ਨਾ ਕੋਇ ਰਖਾਇਆ । ਰਸਨਾ ਜਿਹਵਾ ਰਸ ਰਹੇ ਚਾਟ, ਲੋਭੀ ਲੋਭ ਲੋਭ ਹਲਕਾਇਆ । ਕਾਮ ਚੇਸਟਾ ਮੰਗੇ ਖਾਟ, ਕਾਮਨੀ ਆਪਣੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਚੜ੍ਹ, ਗੁਰ ਅਵਤਾਰ ਰਿਹਾ ਵਖਾਇਆ । ਉਠੋ ਵੇਖੋ ਗੁਰ ਅਵਤਾਰ, ਮਾਤ ਕੀ ਕੀ ਖੇਲ ਕਰਾਇੰਦਾ । ਭਾਈ ਭੈਣ ਕਰਨ ਪਿਆਰ, ਅਠਸਠ ਮੁਖ ਸ਼ਰਮਾਇੰਦਾ । ਦੋਏ ਦੋਏ ਨੈਣ ਲਉ ਉਘਾੜ, ਰਾਹ ਸਾਚਾ ਸਚ ਜਣਾਇੰਦਾ । ਗੁਰਦਰ ਮੰਦਰ ਮਸਜਿਦ ਲੱਗਾ ਅਖਾੜ, ਕਲਜੁਗ ਕੂੜਾ ਨਾਚ ਨਚਾਇੰਦਾ । ਵੇਸਵਾ ਰੂਪ ਹੋਏ ਸੰਸਾਰ, ਸਚ ਸ਼ਿੰਗਾਰ ਨਾ ਕੋਇ ਕਰਾਇੰਦਾ । ਚਾਰੋਂ ਕੁੰਟ ਹੋਏ ਖੁਆਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਇਕ ਵਖਾਇੰਦਾ । ਗੁਰ ਅਵਤਾਰ ਲਓ ਤੱਕ, ਹਰਿ ਸਾਚਾ ਸਚ ਜਣਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਸਕੇ ਕੋਈ ਨਾ ਡੱਕ, ਲਿਖ ਲਿਖ ਲੇਖ ਗਏ ਸਮਝਾਈਆ । ਪੁਰਖ ਅਬਿਨਾਸ਼ੀ ਤੁਹਾਡੀ ਕਰਨੀ ਉਤੇ ਗਿਆ ਅੱਕ, ਸਭ ਦਾ ਲੇਖਾ ਦਏ ਮੁਕਾਈਆ । ਧਰਤ ਮਾਤ ਭਾਰ ਚੁੱਕ ਚੁੱਕ ਗਈ ਥੱਕ, ਅੰਤ ਬੈਠੀ ਸੀਸ ਝੁਕਾਈਆ । ਪਤਿਪਰਮੇਸ਼ਵਰ ਮੇਰੇ ਉਤੇ ਨਾ ਕੋਈ ਕਰੀਂ ਸ਼ੱਕ, ਭੁੱਲੀ ਤੇਰੀ ਲੋਕਾਈਆ । ਲੱਖ ਚੁਰਾਸੀ ਤੁਟੀ ਸੁਹਾਗ ਨੱਥ ਨੱਕ, ਸਾਚਾ ਕੰਤ ਨਾ ਕੋਇ ਹੰਢਾਈਆ । ਜਿਉਂ ਭਾਵੇ ਤਿਉਂ ਪਰਦਾ ਢਕ, ਪੱਤ ਤੇਰੇ ਹੱਥ ਰਖਾਈਆ । ਮੈਂ ਫਿਰ ਕੇ ਆਈ ਮਦੀਨਾ ਮੱਕ, ਉਚੇ ਹੁਜਰੇ ਫੇਰਾ ਪਾਈਆ । ਕਿਸੇ ਦੁਆਰੇ ਦਿਸੇ ਨਾ ਹਕ਼ੀਕ਼ਤ ਹੱਕ, ਹੱਕ ਹੱਕ ਹੱਕ ਨਾ ਕੋਇ ਸੁਣਾਈਆ । ਮੈਂ ਪੈਂਡਾ ਮੁਕਾਇਆ ਨੱਠ ਨੱਠ, ਕਲਜੁਗ ਬਣ ਬਣ ਪਾਂਧੀ ਰਾਹੀਆ । ਮੈਨੂੰ ਦੂਰ ਪਰੇ ਨਾ ਦੇਵੀਂ ਧੱਕ, ਖੁਲੜੇ ਕੇਸ ਰਹੀ ਵਖਾਈਆ । ਮੇਰਾ ਕਾਲਜਾ ਗਿਆ ਫਟ, ਤੇਰਾ ਵਿਛੋੜਾ ਝੱਲਿਆ ਨਾ ਜਾਈਆ । ਸਿਰ ਮੇਰੇ ਹੱਥ ਰੱਖ, ਇਕ ਤੇਰੀ ਓਟ ਤਕਾਈਆ । ਤੂੰ ਸਾਹਿਬ ਪੁਰਖ ਸਮਰਥ, ਆਦਿ ਜੁਗਾਦਿ ਹੋਈਂ ਸਹਾਈਆ । ਮੈਂ ਤੱਕ ਕੇ ਆਈ ਆਸ, ਬੇਆਸ ਮਰਾਂ ਤਿਹਾਈਆ । ਅੱਗੋਂ ਕਹੇ ਪੁਰਖ ਅਬਿਨਾਸ਼, ਧਰਨੀ ਦਏ ਸਮਝਾਈਆ । ਤੂੰ ਜਾਣਾ ਮੇਰੇ ਭਗਤਾਂ ਪਾਸ, ਢਹਿ ਢਹਿ ਚਰਨ ਸ਼ਰਨ ਸੀਸ ਝੁਕਾਈਆ । ਮੈਂ ਓਥੇ ਆਉਣਾ ਖਾਸ, ਪਹਿਲੀ ਚੇਤਰ ਵੇਖ ਵਖਾਈਆ । ਤੇਰੀ ਕਰਾਂ ਬੰਦ ਖ਼ਲਾਸ, ਗੁਰਮੁਖ ਨਾਲ ਰਲਾਈਆ । ਤੂੰ ਕਰਨਾ ਹਾਸ ਬਲਾਸ, ਗੋਬਿੰਦ ਮਿਲੇ ਚਾਈਂ ਚਾਈਂਆ । ਕਲਜੁਗ ਕੂੜਾ ਕਰੇ ਨਾਸ, ਬਾਲੇ ਨੀਹਾਂ ਹੇਠ ਦਬਾਈਆ । ਬਲ ਬਾਵਨ ਵਸੇ ਪਾਸ, ਆਪਣਾ ਸੰਗ ਨਿਭਾਈਆ । ਬ੍ਰਹਮੇ ਮੇਲਾ ਸ਼ਾਹੋ ਸ਼ਾਬਾਸ਼, ਦਰ ਘਰ ਸਾਚੇ ਵੱਜੇ ਵਧਾਈਆ । ਸ਼ੰਕਰ ਹੋਏ ਅੰਤ ਨਿਰਾਸ, ਦਰ ਆਏ ਸੀਸ ਝੁਕਾਈਆ । ਸੁਰਪਤ ਇੰਦ ਰੋਵੇ ਮੇਰੀ ਕਰੋੜ ਤੇਤੀਸਾ ਚੁੱਕੀ ਸ਼ਾਖ਼, ਪਤ ਡਾਲੀ ਰਹਿਣ ਨਾ ਪਾਈਆ । ਮੁਹੰਮਦ ਕਹੇ ਮੇਰਾ ਕਰਨਾ ਘਾਤ, ਸਯਦਾ ਨਿਉਂ ਨਿਉਂ ਸੀਸ ਝੁਕਾਈਆ । ਅੱਲਾ ਰਾਣੀ ਕਹੇ ਮੇਰਾ ਬਸਤਰ ਗਿਆ ਪਾਟ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਤੇਈ


੩੯੮
੧੧

ਅਵਤਾਰ ਕਹਿਣ ਸਾਡਾ ਟੁੱਟਿਆ ਸਾਕ, ਲੋਕਮਾਤ ਰਹਿਣ ਨਾ ਕੁੜਮਾਈਆ । ਨਾਨਕ ਕਹੇ ਤੂੰ ਪਾਕੀ ਪਾਕ, ਨਿਰਗੁਣ ਤੇਰੀ ਵਡ ਵਡਿਆਈਆ । ਗੋਬਿੰਦ ਕਹੇ ਮੇਰੇ ਸਿਖ ਲਗਾਉਣੇ ਆਪਣੇ ਘਾਟ, ਜੋ ਸਰਸੇ ਆਇਆ ਰੁੜਾਈਆ । ਮੈਂ ਤੱਕੀ ਤੇਰੀ ਵਾਟ, ਸੂਲਾਂ ਸੱਥਰ ਸੇਜ ਹੰਢਾਈਆ । ਸੁਨੇਹੁੜਾ ਦੇ ਕੇ ਪੁਛੀਂ ਵਾਤ, ਯਾਰ ਯਾਰੜਾ ਲਈਂ ਮਿਲਾਈਆ । ਤੇਰੇ ਹੁੰਦਿਆਂ ਮੈਨੂੰ ਦਿਸੇ ਨਾ ਅੰਧੇਰੀ ਰਾਤ, ਤੇਰਾ ਨੂਰ ਮੇਰੀ ਰੁਸ਼ਨਾਈਆ । ਤੂੰ ਪਿਤਾ ਤੂੰ ਮੇਰਾ ਬਾਪ, ਪੁਰਖ ਅਕਾਲ ਤੇਰੀ ਸ਼ਰਨਾਈਆ । ਤੇਰੀ ਸੇਜਾ ਸੋਹਵਾਂ ਖਾਟ, ਸਚ ਸਿੰਘਾਸਣ ਦੇਣਾ ਵਿਛਾਈਆ । ਤੇਰਾ ਨੂਰ ਮੇਰੀ ਲਾਟ, ਲਲਾਟ ਦੇਣੀ ਜਗਾਈਆ । ਮੈਂ ਫੇਰ ਨਾ ਆਇਆ ਆਨ ਬਾਟ, ਗੁਜ਼ਰੀ ਕੁੱਖ ਨਾ ਕੋਇ ਸੁਹਾਈਆ । ਏਕਾ ਉਤਰਿਆ ਤੇਰੇ ਘਾਟ, ਆਪਣੇ ਬੇੜੇ ਲੈਣਾ ਚੜ੍ਹਾਈਆ । ਤੂੰ ਅੰਤਮ ਆਇਆ ਲੋਕਮਾਤ, ਨਿਹਕਲੰਕ ਨਾਉਂ ਰਖਾਈਆ । ਤੇਰਾ ਡੂੰਘਾ ਦਿਸੇ ਖਾਤ, ਅਤੋਟ ਅਤੁਟ ਬੇਪਰਵਾਹੀਆ । ਨੇਤਰ ਨੈਣ ਇਕ ਵਾਰ ਵੇਖ ਮਾਰ ਝਾਤ, ਤੇਰੀ ਝਾਕੀ ਮੇਰੀ ਵਡਿਆਈਆ । ਜਨ ਭਗਤਾਂ ਬਣਾਉਣਾ ਸੱਚਾ ਸਾਕ, ਸਗਲਾ ਸੰਗ ਤਜਾਈਆ । ਨਾਤਾ ਤੋੜਨਾ ਜ਼ਾਤ ਪਾਤ, ਸ਼ਰਅ ਬੰਧਨ ਨਾ ਕੋਇ ਰਖਾਈਆ । ਇਕ ਜਪਾਉਣਾ ਆਪਣਾ ਨਾਮ ਪੁਰਖ ਸਮਰਾਥ, ਏਕਾ ਇਸ਼ਟ ਦੇਵ ਵਡਿਆਈਆ । ਇਕ ਚੜ੍ਹਾਉਣਾ ਸਾਚੇ ਰਾਥ, ਬਣ ਰਥਵਾਹੀ ਸੇਵ ਕਮਾਈਆ । ਕੋਟਨ ਕੋਟ ਤੇਰੇ ਚਰਨਾਂ ਥੱਲੇ ਤ੍ਰਲੋਕੀ ਨਾਥ, ਬੈਠੇ ਸੀਸ ਝੁਕਾਈਆ । ਤੇਰਾ ਨਾਉਂ ਪੂਜਾ ਪਾਠ, ਬਿਨ ਤੇਰੇ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤਾਂ ਲੈਣਾ ਮਿਲਾਈਆ । ਅੱਗੋਂ ਕਹੇ ਸ੍ਰੀ ਭਗਵਾਨ, ਨਿਰਗੁਣ ਨਿਰਗੁਣ ਆਖ ਸੁਣਾਇਆ । ਗੋਬਿੰਦ ਮੇਰਾ ਇਕ ਨਿਸ਼ਾਨ, ਹਰਿ ਭਗਤ ਰੂਪ ਪ੍ਰਗਟਾਇਆ । ਕਲਜੁਗ ਅੰਤਮ ਵੇਖਾਂ ਆਣ, ਨਿਹਕਲੰਕਾ ਜਾਮਾ ਪਾਇਆ । ਸੰਬਲ ਵਸਾਂ ਸਚ ਮਕਾਨ, ਸਾਢੇ ਤਿੰਨ ਹੱਥ ਬੰਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇਆ । ਆਪਣੀ ਦਇਆ ਕਮਾਏ ਦਿਆਲ, ਦੀਨਨ ਦਏ ਵਡਿਆਈਆ । ਭਗਤ ਭਗਵੰਤ ਲਏ ਉਠਾਲ, ਆਪਣੀ ਬੂਝ ਬੁਝਾਈਆ । ਹਰਿਜਨ ਵੇਖੇ ਸਾਚੇ ਲਾਲ, ਲਾਲ ਅਨਮੁਲੜੇ ਨਾਉਂ ਧਰਾਈਆ । ਨਵ ਨੌਂ ਚਾਰ ਚੌਕੜੀ ਜੁਗ ਦੀ ਪੂਰੀ ਕਰੇ ਘਾਲ, ਘਾਲੀ ਘਾਲ ਪਾਏ ਥਾਈਆ । ਚਰਨ ਕਵਲ ਵਖਾਏ ਸਚ ਧਰਮਸਾਲ, ਘਰ ਮੰਦਰ ਵੱਜੇ ਵਧਾਈਆ । ਐਥੇ ਓਥੇ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਸੰਗ ਰਖਾਈਆ । ਭਗਤਾਂ ਸੰਗ ਸਦਾ ਸਹਾਇਕ, ਸਤਿਗੁਰ ਸਾਹਿਬ ਸੁਲਤਾਨ । ਨਿਰਗੁਣ ਸਰਗੁਣ ਮਿਲਿਆ ਨਾਇਕ, ਆਦਿ ਜੁਗਾਦੀ ਨਿਗਹਬਾਨ ਪਵਿਤ ਪੁਨੀਤ ਪਾਕੀ ਪਾਕ, ਨਾਮ ਨਿਧਾਨਾ ਦੇਵੇ ਦਾਨ । ਹਰਿਜਨ ਆਪ ਬਣਾਏ ਆਪਣੇ ਗਾਹਕ, ਲੱਖ ਚੁਰਾਸੀ ਕਰ ਪਛਾਣ । ਬੰਦ ਕਵਾੜੀ ਖੋਲ੍ਹੇ ਤਾਕ, ਇਕ ਵਖਾਏ ਸਚ ਮਕਾਨ । ਫੜ ਉਤਾਰੇ ਆਪਣੇ ਘਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਚਤੁਰ ਸੁਜਾਨ । ਹਰਿਜਨ ਚਤੁਰ ਸੁਜਾਨਿਆਂ, ਤੇਰੀ ਮਹਿਮਾ ਅਪਰ ਅਪਾਰ । ਤੇਰੇ ਵਸ ਹੋਇਆ ਸ੍ਰੀ ਭਗਵਾਨਿਆਂ, ਦਰ ਦਰ ਫਿਰੇ ਬਣ ਭਿਖਾਰ । ਤੇਰੀ ਵਡਿਆਈ ਗਾਏ ਰਾਗ ਤਰਾਨਿਆਂ, ਆਪਣੀ ਖ਼ੁਸ਼ੀ ਕਰੇ ਵਿਚਾਰ । ਤੂੰ ਮਰਦ ਮਰਦ ਮਰਦਾਨਿਆਂ, ਸਚ ਮਰਦਾਨਗੀ ਨਾਮ ਅਧਾਰ । ਜੋਧਾ ਸੂਰਬੀਰ ਬਲਵਾਨਿਆਂ, ਨਾਤਾ ਤੋੜ ਸਰਬ ਸੰਸਾਰ । ਘਰ ਸਾਚਾ ਇਕ ਪਛਾਨਿਆਂ, ਹਰਿ ਮਿਲਿਆ ਗੁਰ ਕਰਤਾਰ । ਤੁਟਾ ਮਾਣ ਅਭਿਮਾਨਿਆਂ,

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰੇ ਪਿਆਰ । ਹਰਿਜਨ ਤੇਰਾ ਪਿਆਰ ਅਵੱਲੜਾ, ਜਗਤ ਜੁਗਤ ਨਾ ਜਾਣੇ ਰੀਤ । ਪੁਰਖ ਅਬਿਨਾਸ਼ੀ ਜਾਣੇ ਇਕ ਅਕੱਲੜਾ, ਆਦਿ ਜੁਗਾਦੀ ਸਾਚੀ ਰੀਤ । ਨਿਰਗੁਣ ਨਿਰਾਕਾਰ ਨਿਰਵੈਰ ਅਜੂਨੀ ਰਹਿਤ ਫੜਾਏ ਪਲੜਾ, ਪਾਰਬ੍ਰਹਮ ਪ੍ਰਭ ਇਕ ਅਤੀਤ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਦਰ ਦਰਵਾਜ਼ੇ ਖਲੜਾ, ਹਰਿਜਨ ਗਾਏ ਤੇਰੇ ਗੀਤ । ਜੋਤੀ ਧਾਰ ਸ਼ਬਦੀ ਰਲੜਾ, ਕਿਸੇ ਹੱਥ ਨਾ ਆਏ ਮੰਦਰ ਮਸੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਚ ਪ੍ਰੀਤ । ਪ੍ਰੀਤਮ ਪਿਆਰਾ, ਪੀਆ ਪੀਆ ਆਪ ਦ੍ਰਿੜਾਈਆ । ਗੁਰਸਿਖ ਤੇਰਾ ਧਾਮ ਨਿਆਰਾ, ਨਿਹਚਲ ਦਏ ਵਡਿਆਈਆ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਥੱਕੀ ਸ਼ਾਹੀਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰਾ, ਗੁਰਮੁਖ ਤੇਰੇ ਚਰਨਾਂ ਸੀਸ ਝੁਕਾਈਆ । ਤੇਰਾ ਮੇਲਾ ਹਰਿ ਨਿਰੰਕਾਰਾ, ਏਕਾ ਘਰ ਦਏ ਵਖਾਈਆ । ਸਭ ਦੀ ਪਾਵੇ ਸਾਰਾ, ਤ੍ਰੈਭਵਨ ਧਨੀ ਵਡ ਵਡਿਆਈਆ । ਚੌਦਾਂ ਲੋਕਾਂ ਪਾਰ ਕਿਨਾਰਾ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਈਆ । ਅੱਗੇ ਸਤਿਗੁਰ ਮਿਲੇ ਪਿਆਰਾ, ਫੜ ਬਾਹੋਂ ਗਲੇ ਲਗਾਈਆ । ਗੁਰਸਿਖ ਆਏ ਮੇਰਾ ਦੁਲਾਰਾ, ਮੈਂ ਵੇਖਾਂ ਚਾਈਂ ਚਾਈਂਆ । ਗੁਰ ਗੋਬਿੰਦ ਦਏ ਹੁਲਾਰਾ, ਸਾਚਾ ਝੂਲਾ ਰਿਹਾ ਝੁਲਾਈਆ । ਵਾਹ ਵਾਹ ਵੱਜਦੀ ਰਹੇ ਸਤਾਰਾ, ਤਨ ਤੰਦਨ ਤਾਰ ਹਲਾਈਆ । ਜਿਸ ਮਿਲਿਆ ਏਕੰਕਾਰਾ, ਲਹਿਣਾ ਦੇਣਾ ਦਏ ਮੁਕਾਈਆ । ਘਰ ਵਖਾਏ ਠਾਂਡਾ ਦਰਬਾਰਾ, ਕਬੀਰ ਜੁਲਾਹਾ ਰਿਹਾ ਜਸ ਗਾਈਆ । ਬਹੱਤਰਾਂ ਭਗਤਾਂ ਇਕ ਮਨਾਰਾ, ਮੋਹਨ ਮਾਧਵ ਆਪ ਬਣਾਈਆ । ਦਿਵਸ ਰੈਣ ਬਣ ਰਖਵਾਰਾ, ਦੂਰ ਦੁਰਾਡੇ ਵੇਖੇ ਚਾਈਂ ਚਾਈਂਆ । ਸੱਤਰਾਂ ਖੇਲ ਕਰੇ ਨਿਆਰਾ, ਸਤਿ ਸਤਿਵਾਦੀ ਗੁਣ ਦਿਆ । ਸਾਤਾ ਚੌਕਾ ਜਗਤ ਵਿਹਾਰਾ, ਚੌਹੱਤਰ ਏਕਾ ਬੰਧਨ ਪਾਈਆ । ਚੌਥੇ ਜੁਗ ਚਾਰ ਵਰਨ ਅਖਾੜਾ, ਚਾਰ ਕੁੰਟ ਵਖਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਸਾਚਾ ਲਾੜਾ, ਸਤਿ ਸਤਿਵਾਦੀ ਵੇਖੇ ਚਾਈਂ ਚਾਈਂਆ । ਕਰੇ ਖੇਲ ਅਗੰਮ ਅਪਾਰਾ, ਅਗੰਮੜੀ ਕਾਰ ਕਰਾਈਆ । ਏਕਾ ਦਰ ਏਕਾ ਘਰ ਇਕ ਵਣਜਾਰਾ, ਦੂਜੀ ਵਸਤ ਹੱਟ ਖੁਲ੍ਹਾਈਆ । ਤੀਜੇ ਨੈਣ ਨੈਣ ਉਘਾੜਾ, ਚੌਥੇ ਚੌਥੇ ਪਦ ਰਸਾਈਆ । ਪੰਚਮ ਪੰਚਮ ਨਾਦ ਸ਼ਬਦ ਧੁਨਕਾਰਾ, ਗ੍ਰਿਹ ਮੰਦਰ ਵੱਜੇ ਵਧਾਈਆ । ਛੇਵੇਂ ਘਰ ਖੇਲ ਨਿਆਰਾ, ਆਪਣੀ ਛੱਪਰੀ ਆਪੇ ਛਾਈਆ । ਧੰਨਾ ਜੱਟ ਕਰੇ ਪੁਕਾਰਾ, ਮਿਲੇ ਗੁਸਾਈਂ ਮੇਰਾ ਮਾਹੀਆ । ਕਰੇ ਖੇਲ ਆਪ ਨਿਰੰਕਾਰਾ, ਵੇਸ ਅਵੱਲੜਾ ਆਪ ਵਖਾਈਆ । ਕਲਜੁਗ ਅੰਤਮ ਦਏ ਸਹਾਰਾ, ਏਕਾ ਗੁਣ ਗਿਆ ਸਮਝਾਈਆ । ਨਿਹਕਲੰਕ ਆਵੇ ਆਪਣੀ ਵਾਰਾ, ਜੁਗ ਚੌਕੜੀ ਕਾਲ ਬਤਾਈਆ । ਜਨ ਭਗਤਾਂ ਦੇਵੇ ਨਾਮ ਸਹਾਰਾ, ਸੋਹੰ ਅੱਖਰ ਕਰ ਪੜ੍ਹਾਈਆ । ਮੰਦਰ ਬਣਾਏ ਇਕ ਦਰਬਾਰਾ, ਜਗਤ ਡੇਰਾ ਦੇਵੇ ਢਾਈਆ । ਆਪੇ ਕਰੇ ਆਪਣੀ ਕਾਰਾ, ਹਰਿ ਹਰਿ ਭੇਵ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਗਤਾਂ ਆਪੇ ਲਏ ਮਿਲਾਈਆ । ਕਵਣ ਬਿਧ ਮਿਲਾਏ ਭਗਤ, ਨੇਤਰ ਨੈਣ ਰਹੇ ਉਠਾਈਆ । ਕਵਣ ਵਖਾਏ ਆਪਣੀ ਸ਼ਕਤ, ਸ਼ਰਅ ਬੰਧਨ ਦਏ ਤੁੜਾਈਆ । ਕਵਣ ਰੂਪ ਕਰੇ ਹਰਕਤ, ਨਿਰਗੁਣ ਨੂਰ ਨੂਰ ਧਰਾਈਆ । ਕਵਣ ਦੁਆਰੇ ਹੋਏ ਪ੍ਰਗਟ, ਜੋਤੀ ਜਾਮਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਨਾਨਕ ਕਬੀਰ ਰਿਹਾ ਪੁਕਾਰ, ਏਕਾ ਢੋਲਾ ਗਾਇਆ । ਨਿਰਗੁਣ ਵੇਖੇ ਵਿਚ ਸੰਸਾਰ, ਹਰਿ ਜੂ ਖੇਲ ਕਰਾਇਆ । ਪ੍ਰਗਟ

ਹੋਇਆ ਅਗੰਮ ਅਪਾਰ, ਆਪਣਾ ਰਾਹ ਚਲਾਇਆ । ਸਚਖੰਡ ਦੁਆਰਾ ਕਰ ਤਿਆਰ, ਹਰਿਜਨ ਸਾਚੇ ਵਿਚ ਬਹਾਇਆ । ਸ਼ਬਦ ਸੁਨੇਹੜਾ ਦਿਤਾ ਏਕਾ ਵਾਰ, ਧੁਰ ਦਰਬਾਰੇ ਆਪ ਸੁਣਾਇਆ । ਗੁਰ ਅਵਤਾਰ ਰਹਿਣਾ ਖ਼ਬਰਦਾਰ, ਪੀਰ ਪੈਗੰਬਰ ਨਾਲ ਰਲਾਇਆ । ਸਭ ਦਾ ਲਹਿਣਾ ਦੇਣਾ ਰਿਹਾ ਵਿਚਾਰ, ਭੁੱਲ ਕੋਇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਇਕ ਨਿਸ਼ਾਨ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਅਨਾਦ ਅਨਾਦੀ ਬੋਧ ਅਗਾਧੀ ਦੋ ਜਹਾਨ ਸ੍ਰੀ ਭਗਵਾਨ, ਏਕਾ ਰੰਗ ਵਖਾਇਆ ।

★ ੧੧ ਮਾਘ ੨੦੧੮ ਬਿਕਰਮੀ ਕਰਮ ਸਿੰਘ ਦੇ ਗ੍ਰਿਹ ਸੱਦਾ ਜ਼ਿਲਾ ਗੁਰਦਾਸਪੁਰ ★

ਨਿਰਧਨ ਸਰਧਨ ਏਕਾ ਮਾਣ, ਏਕਾ ਰੰਗ ਰੰਗਾਇੰਦਾ । ਅੰਦਰ ਬਾਹਰ ਇਕ ਧਿਆਨ, ਘਟ ਘਟ ਵੇਖ ਵਖਾਇੰਦਾ । ਗ੍ਰਿਹ ਗ੍ਰਿਹ ਮੰਦਰ ਇਕ ਮਕਾਨ, ਘਰ ਘਰ ਸੋਭਾ ਪਾਇੰਦਾ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਤਿਗੁਰ ਪੂਰਾ ਆਪ ਝੁਲਾਇੰਦਾ । ਆਤਮ ਬ੍ਰਹਮ ਸਚ ਗਿਆਨ, ਸਚ ਸੁੱਚ ਦ੍ਰਿੜਾਇੰਦਾ । ਹਰਿਜਨ ਸਾਚੇ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਤੱਤਵ ਤੱਤ ਨਿਗਹਬਾਨ, ਪੰਚਮ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਰੰਗਾਇੰਦਾ । ਪੰਚਮ ਤੱਤ ਤੱਤ ਪਿਆਰਾ, ਪਰਮ ਪੁਰਖ ਵਡੀ ਵਡਿਆਈਆ । ਹਰਿ ਹਰਿ ਖੇਲ ਅਪਰ ਅਪਾਰਾ, ਆਦਿ ਜੁਗਾਦਿ ਕਰਾਈਆ । ਗੁਰ ਗੁਰ ਰੂਪ ਵਿਚ ਸੰਸਾਰਾ, ਸ਼ਬਦੀ ਸ਼ਬਦ ਸ਼ਬਦ ਪ੍ਰਗਟਾਈਆ । ਨਾਮ ਨਾਮ ਨਾਮ ਜੈਕਾਰਾ, ਜੈ ਜੈ ਕਾਰ ਕਰੇ ਲੋਕਾਈਆ । ਵਾਹਵਾ ਗੋਬਿੰਦ ਸ਼ਬਦ ਮੁਰਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੰਗ ਸਮਾਈਆ । ਗੁਰਮੁਖਾਂ ਕਰੇ ਸਦ ਪਿਆਰਾ, ਚਰਨ ਪ੍ਰੀਤੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਸਰਧਨ ਸਰਧਨ ਨਿਰਧਨ ਏਕਾ ਘਰ ਬਹਾਈਆ । ਨਿਰਧਨ ਸਰਧਨ ਏਕਾ ਰੰਗ, ਇਸ਼ਟ ਗੁਰਦੇਵ ਇਕ ਅਖਵਾਇੰਦਾ । ਸਤਿ ਸਤਿ ਦਾਨੀ ਬੁੱਧ ਬਬੇਕ, ਤ੍ਰੈਗੁਣ ਮਾਇਆ ਨਾ ਲਾਇਆ ਸੇਕ, ਮੇਟਣਹਾਰਾ ਪਹਿਲੀ ਰੇਖ, ਲੇਖਾ ਆਪਣੇ ਹੱਥ ਰਖਾਇੰਦਾ । ਨਿਰਾਕਾਰ ਨਿਰਵੈਰ ਲੇਖਾ ਜਾਣੇ ਆਦਿ ਦਸ਼ਮੇਸ਼, ਦਹਿ ਦਿਸ਼ਾ ਫੇਰਾ ਪਾਇੰਦਾ । ਆਦਿ ਜੁਗਾਦਿ ਰਹੇ ਹਮੇਸ਼, ਸੇਵਾ ਲਾਏ ਵਿਸ਼ਨ ਬ੍ਰਹਮਾ ਮਹੇਸ਼ ਗਨੇਸ਼ ਸੋਭਾ ਪਾਇੰਦਾ । ਲੇਖਾ ਜਾਣੇ ਰਿਖੀਕੇਸ, ਗੋਵਰਧਨ ਧਾਰੀ ਇਕ ਆਦੇਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਸਰਧਨ ਸਰਧਨ ਨਿਰਧਨ ਸਾਚਾ ਸੰਗ ਨਿਭਾਇੰਦਾ । ਨਿਰਧਨ ਸਰਧਨ ਆਤਮ ਘਰ, ਘਰ ਘਰ ਵਿਚ ਵੇਖ ਵਖਾਇੰਦਾ । ਬੰਦ ਕਵਾੜੀ ਖੋਲ੍ਹ ਦਰ, ਦਰਵਾਜ਼ਾ ਆਪ ਖੁਲ੍ਹਾਇੰਦਾ । ਸਾਚੇ ਹੁਜਰੇ ਆਪੇ ਚੜ੍ਹ, ਮਹੱਲ ਅਟੱਲ ਸੋਭਾ ਪਾਇੰਦਾ । ਨਿਸ਼ਅੱਖਰ ਆਖਰ ਆਪੇ ਪੜ੍ਹ, ਚੌਦਾਂ ਵਿਦਿਆ ਮਾਣ ਗਵਾਇੰਦਾ । ਚੌਦਾਂ ਲੋਕ ਰਹੇ ਡਰ, ਨੇਤਰ ਨੈਣ ਨਾ ਕੋਇ ਉਠਾਇੰਦਾ । ਚੌਦਾਂ ਤਬਕ ਸ਼ਰਨ ਸ਼ਰਨਾਈ ਗਏ ਪੜ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਸਰਧਨ ਆਪ ਤਰਾਇੰਦਾ । ਨਿਰਧਨ ਸਰਧਨ ਤਾਰੇ ਗੋਪਾਲ, ਹਰਿ ਗੋਬਿੰਦ ਵੱਡ ਵਡਿਆਈਆ । ਹਰਿਜਨ ਵੇਖੇ ਅਨਮੁਲੜੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਤ੍ਰੈਗੁਣ ਅਤੀਤਾ ਏਕਾ ਠਾਂਡਾ ਸੀਤਾ ਪਾਇਆ ਤੋੜ ਜੰਜਾਲ, ਅਗੰਮ ਅਗੰਮੜਾ ਅਗੰਮੜਾ ਖੇਲ ਕਰਾਈਆ ।



੪੦੧
੧੧

ਪਤਤ ਪੁਨੀਤਾ ਏਕਾ ਦੇਵੇ ਨਾਮ ਸੱਚਾ ਧੰਨ ਮਾਲ, ਸਤਿ ਸਤਿਵਾਦੀ ਆਪ ਵਰਤਾਈਆ । ਨਾਤਾ ਤੋੜ ਜਗਤ ਜੰਜਾਲ, ਜੀਵਣ ਜੁਗਤ ਇਕ ਸਮਝਾਈਆ । ਏਥੇ ਓਥੇ ਚਲੇ ਨਾਲ, ਜਨਮ ਜਨਮ ਮੂਲ ਚੁਕਾਈਆ । ਸਚ ਵਖਾਏ ਸੱਚੀ ਧਰਮਸਾਲ, ਚਾਰ ਦੀਵਾਰ ਨਾ ਕੋਇ ਬਣਾਈਆ । ਨਿਰਗੁਣ ਬੈਠਾ ਪੁਰਖ ਅਕਾਲ, ਸਚ ਸਿੰਘਾਸਣ ਸੋਭਾ ਪਾਈਆ । ਗੁਰ ਅਵਤਾਰ ਕਰਨ ਸਵਾਲ, ਅੱਗੇ ਖ਼ਾਲੀ ਝੋਲੀ ਡਾਹੀਆ । ਕਿਰਪਾ ਕਰ ਦੀਨ ਦਿਆਲ, ਦਇਆਨਿਧ ਠਾਕਰ ਸਵਾਮੀ ਨੇਹਕਾਮੀ ਤ੍ਰੈਲੋਕੀ ਤੇਰੀ ਵਡ ਵਡਿਆਈਆ । ਅੰਤ ਸਭ ਨੂੰ ਖਾਇਆ ਕਾਲ, ਪੰਜ ਤੱਤ ਕਾਇਆ ਚੋਲਾ ਗਏ ਤਜਾਈਆ । ਤੁਧ ਬਿਨ ਹੋਏ ਬੇਹਾਲ, ਬੇਹਬਲ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਰਧਨ ਸਰਧਨ ਸਰਧਨ ਨਿਰਧਨ ਤੇਰਾ ਬੰਸ ਅਖਵਾਈਆ । ਨਿਰਧਨ ਸਰਧਨ ਤੇਰਾ ਬੰਸ, ਹਰਿ ਜੂ ਆਖ ਸੁਣਾਇੰਦਾ । ਕੋਟਨ ਕੋਟ ਵੇਖਾਂ ਸਹੰਸ, ਸਹੰਸ ਸਹੰਸਰ ਵੇਖ ਵਖਾਇੰਦਾ । ਗੁਰਮੁਖ ਵਿਰਲਾ ਮੇਰੀ ਅੰਸ, ਅੰਗੀਕਾਰ ਆਪ ਕਰਾਇੰਦਾ । ਮਨਮੁਖ ਦੁਸ਼ਟ ਸੰਘਾਰੇ ਜਿਉਂ ਕਾਹਨਾ ਕੰਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਆਪਣੀ ਗੋਦ ਬਹਾਇੰਦਾ । ਨਿਰਧਨ ਦੇਵੇ ਮਾਣ, ਦਇਆ ਕਮਾਇੰਦਾ । ਸ਼ਾਹ ਪਾਤਸ਼ਾਹ ਸ੍ਰੀ ਭਗਵਾਨ, ਹੱਥ ਕਿਸੇ ਨਾ ਆਇੰਦਾ । ਜੁਗ ਜੁਗ ਤਿਨ੍ਹਾਂ ਮੇਟੇ ਆਣ, ਭਗਵਨ ਆਪਣੀ ਬੂਝ ਬੁਝਾਇੰਦਾ । ਸਤਿ ਦੁਆਰਾ ਖੋਲ੍ਹ ਦੁਕਾਨ, ਨਾਮ ਵਸਤ ਇਕ ਵਕਾਇੰਦਾ । ਮਨਮੁਖ ਭੁੱਲੇ ਜੀਵ ਨਾਦਾਨ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਆਪਣੇ ਦਰ ਬਹਾਇੰਦਾ । ਨਿਰਧਨ ਮੇਲਾ ਏਕੰਕਾਰ, ਹਰਿ ਸਾਚਾ ਸਚ ਕਰਾਈਆ । ਸੋ ਪੁਰਖ ਨਿਰੰਜਣ ਸ਼ਬਦ ਰੂਪ, ਹਰਿ ਪੁਰਖ



ਨਿਰੰਜਣ ਵਡੀ ਵਡਿਆਈਆ । ਏਕੰਕਾਰਾ ਇਕ ਅਧਾਰ, ਚਰਨ ਸ਼ਰਨ ਸ਼ਰਨਾਈਆ । ਆਦਿ ਨਿਰੰਜਣ ਕਰ ਪਿਆਰ, ਜੋਤੀ ਜੋਤ ਲਏ ਮਿਲਾਈਆ । ਅਬਿਨਾਸ਼ੀ ਕਰਤਾ ਠਾਂਡਾ ਦਰਬਾਰ, ਸਚਖੰਡ ਦੁਆਰਾ ਇਕ ਸਮਝਾਈਆ । ਸ੍ਰੀ ਭਗਵਾਨ ਬੇੜਾ ਕਰੇ ਪਾਰ, ਸ਼ੌਹ ਦਰਯਾਏ ਨਾ ਕੋਇ ਰੁੜ੍ਹਾਈਆ । ਪਾਰਬ੍ਰਹਮ ਬ੍ਰਹਮ ਪਾਵੇ ਸਾਰ, ਆਤਮ ਪਰਮਾਤਮ ਲਏ ਮਿਲਾਈਆ । ਈਸ਼ ਜੀਵ ਖੇਲ ਨਿਆਰ, ਜਗਦੀਸ਼ ਆਪ ਕਰਾਈਆ । ਕੁਦਰਤ ਕਾਦਰ ਵੇਖੇ ਵੇਖਣਹਾਰ, ਖ਼ਾਲਕ ਖ਼ਲਕ ਗਿਆ ਸਮਾਈਆ । ਨਿਰਧਨ ਸਾਜਣ ਮੇਲ ਮਿਲਾਏ ਆਪ ਗਿਰਧਾਰ, ਗਿਰਵਰ ਆਪਣੀ ਸੇਵ ਕਮਾਈਆ । ਸਰਗੁਣ ਹੋਏ ਆਪ ਪਨਿਹਾਰ, ਬਣ ਬਣ ਚਾਕਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਆਪਣੇ ਘਰ ਵਖਾਈਆ । ਨਿਰਧਨ ਹੋਏ ਸਾਚਾ ਗੁਰਸਿਖ, ਗੁਰ ਗੁਰ ਬੂਝ ਬੁਝਾਇੰਦਾ । ਧੁਰਦਰਗਾਹੀ ਲੇਖਾ ਲਿਖ, ਪੂਰਬ ਲਹਿਣਾ ਆਪ ਮੁਕਾਇੰਦਾ । ਨਾਮ ਸੰਤੋਖੀ ਪਾਏ ਭਿੱਖ, ਧੀਰਜ ਜੱਤ ਸਤ ਦ੍ਰਿੜਾਇੰਦਾ । ਸਤਿ ਸਤਿਵਾਦੀ ਨੇਤਰ ਪੇਖ, ਪੇਖ ਪੇਖ ਖੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਏਕਾ ਦਰ ਵਖਾਇੰਦਾ । ਗੁਰਸਿਖ ਤੇਰੀ ਨਿਰਧਨ ਧਾਰ, ਨਿਰਾਕਾਰ ਚਲਾਈਆ । ਜੁਗ ਜੁਗ ਕਰੇ ਸਚ ਪਿਆਰ, ਲੋਕਮਾਤ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ, ਕਲਜੁਗ ਅੰਤਮ ਵੇਖ ਵਖਾਈਆ । ਨਿਹਕਲੰਕ ਲਏ ਅਵਤਾਰ, ਜੋਤੀ ਜੋਤ ਕਰੇ ਰੁਸ਼ਨਾਈਆ । ਜੁਗ ਜਨਮ ਦੇ ਵਿਛੜੇ ਲਏ ਉਠਾਲ, ਆਪ ਆਪਣੀ ਗੋਦ ਬਹਾਈਆ । ਦੀਨ ਦਿਆਲ ਠਾਕਰ ਕਰੇ ਪ੍ਰਿਤਪਾਲ, ਪ੍ਰਿਤਪਾਲਕ ਬੇਪਰਵਾਹੀਆ । ਸਚਖੰਡ ਦੁਆਰਾ ਦੇਵੇ ਸੱਚੀ ਧਰਮਸਾਲ, ਦਰਗਹਿ ਸਾਚੀ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਨਿਰਧਨ ਆਪਣੀ ਬੂਝ ਬੁਝਾਈਆ । ਨਿਰਧਨ ਬੋਲੇ ਗੁਰ ਵਿਚਾਰ, ਗੁਰਮਤੀ ਹਰਿ ਜਣਾਇੰਦਾ । ਸ਼ਬਦ ਗੁਰ ਇਕ ਸੰਸਾਰ, ਜੁਗ ਜੁਗ ਵੇਸ ਵਟਾਇੰਦਾ । ਪੰਜ ਤੱਤ ਕਾਇਆ ਕਰੇ ਪਿਆਰ, ਕੰਚਨ ਗੜ੍ਹ ਸੁਹਾਇੰਦਾ । ਮਨ ਮਤ ਬੁਧ ਦਏ ਆਧਾਰ, ਸਾਚੀ ਸੁੱਧ ਵਖਾਇੰਦਾ । ਪੰਚ ਵਿਕਾਰਾ ਕਰੇ ਯੁੱਧ ਮਾਰੇ ਮਾਰ, ਨਾਮ ਖੰਡਾ ਹੱਥ ਰਖਾਇੰਦਾ । ਸੂਰਬੀਰ ਪਏ ਕੁੱਦ ਆਪਣਾ ਬਲ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਆਪਣਾ ਘਰ ਬਣਾਇੰਦਾ । ਨਿਰਧਨ ਬਣਿਆ ਤੇਰਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਲੋਕਮਾਤ ਚੁਕਿਆ ਡਰ, ਵੇਲੇ ਅੰਤ ਨਾ ਕੋਇ ਸਜਾਈਆ । ਸੋ ਸਾਹਿਬ ਘਾੜਨ ਲਿਆ ਘੜ, ਸੋ ਵੇਖੇ ਚਾਈਂ ਚਾਈਂਆ । ਡੂੰਘੀ ਭਵਰੀ ਆਪੇ ਵੜ, ਕਾਇਆ ਕਵਰੀ ਫੋਲ ਫੁਲਾਈਆ । ਆਤਮ ਪਰਮਾਤਮ ਨੁਹਾਏ ਸਾਚੇ ਸਰ, ਕਾਗ ਹੰਸ ਰੂਪ ਵਟਾਈਆ । ਏਕਾ ਸਈਆਂ ਨਾਰੀ ਨਰ, ਨਰ ਨਰਾਇਣ ਆਪ ਸਮਝਾਈਆ । ਲਹਿਣਾ ਦੇਣਾ ਚੁੱਕੇ ਚੋਟੀ ਜੜ੍ਹ, ਹੱਦ ਆਪਣੀ ਖੇਲ ਵਖਾਈਆ । ਗੁਰਸਿਖ ਸੱਜਣ ਆਪੇ ਫੜ, ਆਪਣੀ ਗੰਢ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਮੇਲਾ ਇਕ ਦਾਤਾਰ, ਦਾਤਾ ਦਾਨੀ ਆਪ ਕਰਾਈਆ । ਨਿਰਗੁਣ ਨਿਰਗੁਣ ਨੇਤਰ ਰੋ, ਨਿਰਧਨ ਆਖ ਸੁਣਾਇਆ । ਏਕਾ ਨਾਉਂ ਹਰਿ ਹਰਿ ਸੋ, ਸੋ ਪੁਰਖ ਨਿਰੰਜਣ ਆਪ ਪ੍ਰਗਟਾਇਆ । ਹੰ ਬ੍ਰਹਮ ਏਕਾ ਹੋ, ਦੂਸਰ ਰੂਪ ਨਾ ਕੋਇ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਏਕਾ ਨਾਮ ਸਮਝਾਇਆ । ਹੰ ਬ੍ਰਹਮ ਹਰਿ ਪਸਾਰਾ, ਚਾਰ ਖਾਣੀ ਵਡਿਆਈਆ । ਸੋ ਪੁਰਖ ਨਿਰੰਜਣ ਸ਼ਾਹ ਸਿਕਦਾਰਾ, ਸਾਚੀ ਕਾਰ ਕਮਾਈਆ । ਹੰ ਬ੍ਰਹਮ ਘਟ ਘਟ ਅਧਾਰਾ, ਪੰਜ ਤੱਤ ਰਥਵਾਹੀਆ । ਸੋ ਪੁਰਖ ਨਿਰੰਜਣ ਮੀਤ ਮੁਰਾਰਾ, ਕਰੇ ਖੇਲ ਬੇਪਰਵਾਹੀਆ । ਨਿਰਗੁਣ ਨਿਰਗੁਣ ਦਏ ਸਹਾਰਾ, ਆਤਮ ਪਰਮਾਤਮ ਸੰਗ ਨਿਭਾਈਆ । ਸੋਹੰ ਸਾਚਾ ਸ਼ਬਦ ਜੈਕਾਰਾ, ਚਾਰ ਜੁਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਦੇਵੇ ਨਾਮ ਦਾਤ, ਦਰਸ ਵਖਾਏ ਇਕ ਇਕਾਂਤ, ਰੂਪ ਅਨੂਪ ਦਰਸਾਈਆ । ਸੋਹੰ ਨਾਮ ਸਾਚਾ ਧੰਨ, ਹਰਿ ਸੱਜਣ ਸਚ ਜਣਾਇੰਦਾ । ਰਾਏ ਧਰਮ ਨਾ ਦੇਵੇ ਡੰਨ, ਚਿਤਰ ਗੁਪਤ ਨਾ ਲੇਖ ਵਖਾਇੰਦਾ । ਹਰਿ ਕਾ ਰਾਗ ਏਕਾ ਕੰਨ, ਗੁਰ ਗੁਰ ਸ਼ਬਦ ਅਲਾਇੰਦਾ । ਗੁਰਮੁਖ ਵਿਰਲਾ ਜਾਏ ਮਨ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਆਪ ਵਸਾਏ ਕਾਇਆ ਤਨ, ਅਜਪਾ ਜਾਪ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਆਪਣਾ ਅੱਖਰ ਪੜ੍ਹਾਇੰਦਾ । ਨਿਰਧਨ ਪੜ੍ਹਣਾ ਏਕਾ ਅੱਖਰ, ਹਰਿ ਹਰਿ ਜੂ ਆਪ ਜਣਾਇਆ । ਜੁਗ ਜੁਗ ਸਭ ਤੋਂ ਰਿਹਾ ਵੱਖਰ, ਤਨ ਮਨ ਨਾ ਕਿਸੇ ਸਮਾਇਆ । ਕੋਈ ਕਹੇ ਵਸੇ ਉਹਲੇ ਬਜ਼ਰ ਕਪਾਟੀ ਪੱਥਰ, ਸਾਚੀ ਸਿਲਾ ਨਾ ਕੋਇ ਹਟਾਇਆ । ਕੋਈ ਕਹੇ ਚੜ੍ਹ ਕੇ ਬੈਠਾ ਸ਼ਿਖ਼ਰ, ਨਿਰਗੁਣ ਨੂਰ ਨਜ਼ਰ ਨਾ ਆਇਆ । ਕੋਈ ਕਹੇ ਇਸ ਦਾ ਕੋਈ ਨਹੀਂ ਚਿਤਰ, ਰੂਪ ਰੰਗ ਨਾ ਕੋਇ ਜਣਾਇਆ । ਪਾਰਬ੍ਰਹਮ ਕਹੇ ਮੈਂ ਗੁਰਮੁਖਾਂ ਮਿੱਤਰ, ਜੁਗ ਜੁਗ ਵੇਸ ਵਟਾਇਆ । ਆਦਿ ਜਗਾਦਿ ਮਾਤ ਪਿਤਰ, ਪਿਤਾ ਪੂਤ ਗੋਦ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਏਕਾ ਜੋਗ ਜਣਾਇਆ । ਨਿਰਧਨ ਤੇਰਾ ਸਾਚਾ ਜੋਗ, ਹਰਿ ਸਾਚਾ ਸਚ ਸੁਹਾਇੰਦਾ । ਆਤਮ ਸੇਜਾ ਹਰਿ ਹਰਿ ਭੋਗ, ਸਭ ਦਾ ਹਰਿ ਹਰਿ ਰੰਗ ਵਖਾਇੰਦਾ । ਜਨਮ ਕਰਮ ਨਾ ਹੋਏ ਵਿਯੋਗ, ਨਾਤਾ ਬਿਧਾਤਾ ਨਾ ਕੋਇ ਤੁੜਾਇੰਦਾ ।


੪੦੩
੧੧

ਏਥੇ ਓਥੇ ਸਚ ਸੰਜੋਗ, ਨਾਰੀ ਕੰਤ ਸੋਭਾ ਪਾਇੰਦਾ । ਦਰਸ ਵਿਖਾਏ ਇਕ ਅਮੋਘ, ਸਵੱਛ ਸਰੂਪੀ ਰੂਪ ਵਟਾਇੰਦਾ । ਲਹਿਣਾ ਦੇਣਾ ਚੁੱਕੇ ਚੌਦਾਂ ਲੋਕ, ਸਚ ਸਲੋਕ ਜਿਸ ਸੁਣਾਇੰਦਾ । ਚਰਨ ਦਰਸ ਮੁਕਤੀ ਮੋਖ, ਗੁਰਸਿਖ ਤੇਰੇ ਚਰਨਾਂ ਹੇਠ ਦਬਾਇੰਦਾ । ਪੁਰਖ ਅਕਾਲ ਇਕੋ ਓਟ, ਅੰਤਮ ਜੋਤੀ ਜੋਤ ਮਿਲਾਇੰਦਾ । ਨਿਰਧਨ ਚੁੱਕੇ ਆਲ੍ਹਣਿਉਂ ਡਿੱਗੇ ਬੋਟ, ਆਪਣੀ ਗੋਦ ਬਹਾਇੰਦਾ । ਮੇਲ ਮਿਲਾਵਾ ਨਿਰਮਲ ਜੋਤ, ਜੋਤੀ ਜਾਤਾ ਖੇਲ ਖਲਾਇੰਦਾ । ਨਾ ਕੋਈ ਵਰਨ ਨਾ ਕੋਈ ਗੋਤ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ । ਪਾਰਬ੍ਰਹਮ ਪ੍ਰਭ ਵੇਖੇ ਓਤ ਪੋਤ, ਬੰਸ ਸਰਬੰਸ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਨਾਮ ਦਾਨ, ਲੇਖਾ ਜਾਣੇ ਦੋ ਜਹਾਨ, ਜੂਨ ਅਜੂਨੀ ਨਾ ਕੋਇ ਭੁਵਾਇੰਦਾ ।

★ ੧੧ ਮਾਘ ੨੦੧੮ ਬਿਕਰਮੀ ਬੂੜ ਸਿੰਘ ਵਜੀਰ ਪੁਰਾ ਜ਼ਿਲਾ ਗੁਰਦਾਸਪੁਰ ★

ਏਕਾ ਓਟ ਹਰਿ ਨਿਰੰਕਾਰ, ਨਿਰਗੁਣ ਸਰਗੁਣ ਹੋਏ ਸਹਾਈਆ । ਜੁਗ ਜੁਗ ਲਏ ਮਾਤ ਅਵਤਾਰ, ਰੂਪ ਅਨੂਪ ਆਪ ਵਟਾਈਆ । ਭਗਤ ਭਗਵੰਤ ਬਣੇ ਮੀਤ ਮੁਰਾਰ, ਆਪ ਆਪਣਾ ਭੇਵ ਚੁਕਾਈਆ । ਸੰਤਨ ਦੇਵੇ ਦਰਸ ਦੀਦਾਰ, ਨੇਤਰ ਲੋਚਣ ਨੈਣ ਖੁਲ੍ਹਾਈਆ । ਗੁਰਮੁਖ ਸਾਚੇ ਲਏ ਉਠਾਲ, ਗੁਰ ਗੁਰ ਆਪਣੀ ਬੂਝ ਬੁਝਾਈਆ । ਗੁਰਸਿਖ ਵੇਖੇ ਸਾਚੇ ਲਾਲ, ਲੱਖ ਚੁਰਾਸੀ ਫੋਲ ਫੁਲਾਈਆ । ਏਕਾ ਦੇਵੇ ਨਾਮ ਧੰਨ ਮਾਲ, ਸਾਚੀ ਵਸਤ ਆਪ ਵਰਤਾਈਆ । ਅੰਤਕਾਲ ਨਾ ਖਾਏ ਕਾਲ, ਕੂੜੀ ਕਿਰਿਆ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਓਟ ਸਮਝਾਈਆ । ਏਕਾ ਓਟ ਪੁਰਖ ਅਕਾਲ, ਆਦਿ ਜੁਗਾਦਿ ਦਇਆ ਕਮਾਇੰਦਾ । ਜਨ ਭਗਤਾਂ ਘਾਲਣ ਆਪੇ ਘਾਲ, ਘਾਲੀ ਘਾਲ ਲੇਖੇ ਪਾਇੰਦਾ । ਏਥੇ ਓਥੇ ਹਲ ਕਰੇ ਸਵਾਲ, ਬਣ ਸਾਲਸ ਸੇਵ ਕਮਾਇੰਦਾ । ਜੁਗ ਜੁਗ ਕਰਾਂ ਅਵੱਲੜੀ ਚਾਲ, ਚਾਲ ਨਿਰਾਲੀ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਹਰਿ ਸਮਝਾਇੰਦਾ । ਏਕਾ ਓਟ ਗੁਰ ਅਵਤਾਰ, ਸੋ ਪੁਰਖ ਨਿਰੰਜਣ ਇਕ ਰਖਾਈਆ । ਦਰ ਦਰ ਮੰਗਦੇ ਗਏ ਬਣ ਭਿਖਾਰ, ਪ੍ਰਭ ਅੱਗੇ ਝੋਲੀ ਡਾਹੀਆ । ਤੂੰ ਕਰਤਾ ਕਾਦਰ ਕਰਨੇਹਾਰ, ਬੇਅੰਤ ਤੇਰੀ ਵਡਿਆਈਆ । ਸਾਚਾ ਸਈਆ ਸਿਰਜਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਹਰਿ ਜਣਾਈਆ । ਏਕਾ ਓਟ ਪੁਰਖ ਸਮਰਥ, ਭਗਤ ਭਗਵਾਨ ਧਿਆਨ ਲਗਾਇੰਦਾ । ਏਕਾ ਦੇਵੇ ਨਾਮ ਵਥ, ਵਸਤ ਅਮੋਲਕ ਝੋਲੀ ਪਾਇੰਦਾ । ਕਰੇ ਕਰਾਏ ਪੂਜਾ ਪਾਠ, ਸਾਚਾ ਮੰਤਰ ਅੰਤ ਦ੍ਰਿੜਾਇੰਦਾ । ਇਕ ਨੁਹਾਏ ਸਾਚੇ ਤਾਟ, ਤੀਰਥ ਸਰੋਵਰ ਆਪ ਵਖਾਇੰਦਾ । ਇਕ ਉਤਾਰੇ ਪਾਰ ਘਾਟ, ਸਚ ਕਿਨਾਰਾ ਆਪ ਬਣਾਇੰਦਾ । ਏਕਾ ਮੇਟੇ ਅੰਧੇਰੀ ਰਾਤ, ਨਿਰਗੁਣ ਨੂਰ ਜੋਤ ਜਗਾਇੰਦਾ । ਏਕਾ ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਪੂਰਬ ਲੇਖਾ ਵੇਖ ਵਖਾਇੰਦਾ । ਏਕਾ ਬਣੇ ਪਿਤਾ ਮਾਤ, ਗੁਰਮੁਖ ਆਪਣੀ ਗੋਦ ਬਹਾਇੰਦਾ । ਆਪਣਾ ਦਰਸ ਵਖਾਏ ਇਕ ਇਕਾਂਤ, ਸਚਖੰਡ ਦੁਆਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਓਟ ਜਣਾਇੰਦਾ । ਏਕਾ ਓਟ ਪੁਰਖ ਅਗੰਮ, ਦੂਸਰ ਅਵਰ ਨਾ ਕੋਇ ਵਡਿਆਈਆ ।

ਹਰਖ ਸੋਗ ਨਾ ਕੋਇ ਗ਼ਮ, ਚਿੰਤਾ ਦੁੱਖ ਨਾ ਕੋਇ ਜਣਾਈਆ । ਲੇਖਾ ਜਾਣੇ ਪਵਣ ਸਵਾਸ ਦਮ, ਦਮ ਦਮਾਂ ਵਿਚ ਸਮਾਈਆ । ਨਿਹਕਰਮੀ ਕਰੇ ਆਪਣਾ ਕੰਮ, ਕਰਮ ਕਾਂਡ ਨਾ ਕੋਇ ਵਡਿਆਈਆ । ਜਨ ਭਗਤਾਂ ਬੇੜਾ ਦੇਵੇ ਬੰਨ੍ਹ, ਖੇਵਟ ਖੇਟ ਸੇਵ ਕਮਾਈਆ । ਏਕਾ ਰਾਗ ਸੁਣਾਏ ਕੰਨ, ਨਾਦ ਅਨਾਦੀ ਆਪ ਵਜਾਈਆ । ਭਾਗ ਲਗਾਏ ਪੰਜ ਤੱਤ ਕਾਇਆ ਮਾਟੀ ਤਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਆਪ ਸਮਝਾਈਆ । ਏਕਾ ਓਟ ਇਕੋ ਆਸ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਜਨਮ ਜਨਮ ਦੀ ਮੇਟੇ ਪਿਆਸ, ਹਰਿ ਪੁਰਖ ਨਿਰੰਜਣ ਦਇਆ ਕਮਾਇੰਦਾ । ਪੰਚ ਵਿਕਾਰਾ ਹੋਵੇ ਨਾਸ, ਏਕੰਕਾਰਾ ਦਇਆ ਕਮਾਇੰਦਾ । ਨਿਰਗੁਣ ਨੂਰ ਹੋਏ ਪਰਕਾਸ਼, ਆਦਿ ਨਿਰੰਜਣ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਹੋਏ ਦਾਸ, ਬਣ ਸੇਵਕ ਸੇਵ ਕਮਾਇੰਦਾ । ਸ੍ਰੀ ਭਗਵਾਨ ਰਚਾਏ ਰਾਸ, ਮੰਡਲ ਮੰਡਪ ਆਪ ਸੁਹਾਇੰਦਾ । ਪਾਰਬ੍ਰਹਮ ਸਰਬ ਗੁਣਤਾਸ, ਗੁਣਵੰਤਾ ਖੇਲ ਕਰਾਇੰਦਾ । ਜਨ ਭਗਤਾਂ ਸਦਾ ਵਸੇ ਪਾਸ, ਸਾਚਾ ਸੰਗ ਨਿਭਾਇੰਦਾ । ਲੇਖਾ ਜਾਣੇ ਪ੍ਰਿਥਮੀ ਅਕਾਸ਼, ਅਪ ਤੇਜ ਵਾਏ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਹਰਿ ਆਪਣੀ ਆਪ ਜਣਾਇੰਦਾ । ਇਕੋ ਓਟ ਇਕੋ ਮਤ, ਏਕਾ ਏਕ ਵਡਿਆਈਆ । ਏਕੋ ਕਰੇ ਸੱਚਾ ਹਿੱਤ, ਹਰਿਜਨ ਸਾਚੇ ਲਏ ਤਰਾਈਆ । ਏਕਾ ਜਾਣੇ ਗਤ ਮਿਤ, ਮਿਤ ਗਤ ਆਪਣੇ ਹੱਥ ਰਖਾਈਆ । ਏਕਾ ਆਵੇ ਜਾਵੇ ਨਿਤ ਨਵਿਤ, ਜੁਗ ਜੁਗ ਵੇਸ ਵਟਾਈਆ । ਨਾ ਕੋਈ ਵਾਰ ਨਾ ਕੋਈ ਥਿਤ, ਘੜੀ ਪਲ ਨਾ ਵੰਡ ਵੰਡਾਈਆ । ਕਰੇ ਖੇਲ ਆਪ ਅਨਡਿਠ, ਲਿਖਣ ਪੜ੍ਹਨ ਵਿਚ ਨਾ ਆਈਆ । ਲੱਖ ਚੁਰਸੀ ਸੁੱਤਾ ਦੇ ਕਰ ਪਿੱਠ, ਆਪਣਾ ਮੁਖ ਨਾ ਕਿਸੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਹਰਿ ਸ਼ਰਨ ਸ਼ਰਨਾਈਆ । ਏਕਾ ਓਟ ਹਰਿ ਸ਼ਰਨ, ਹਰਿਜਨ ਆਪ ਜਣਾਇੰਦਾ । ਏਕਾ ਖੋਲ੍ਹੇ ਹਰਨ ਫਰਨ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਏਕਾ ਦਾਤਾ ਤਰਨੀ ਤਰਨ, ਤਾਰਨਹਾਰ ਆਪ ਹੋ ਜਾਇੰਦਾ । ਏਕਾ ਗੁਰ ਵਰਨੀ ਵਰਨ, ਵਰਨ ਗੋਤ ਨਾ ਕੋਇ ਰਖਾਇੰਦਾ । ਏਕਾ ਨਾਤਾ ਤੋੜ ਅਠਾਰਾਂ ਬਰਨ, ਬਰਨ ਆਤਮਕ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਏਕਾ ਘਰ ਵਖਾਇੰਦਾ । ਏਕਾ ਓਟ ਦੀਨਨ ਦੀਨ, ਦਇਆਨਿਧ ਜਣਾਈਆ । ਏਕਾ ਸਾਹਿਬ ਵਡ ਪਰਬੀਨ, ਪਾਰਬ੍ਰਹਮ ਬੇਪਰਵਾਹੀਆ । ਏਕਾ ਨਾਉਂ ਹਰਿ ਹਰਿ ਚੀਨ, ਚਿੰਤਾ ਦੁੱਖ ਰਹੇ ਨਾ ਰਾਈਆ । ਏਕਾ ਰੰਗ ਚੜ੍ਹਾਏ ਭੀਨ, ਉਤਰ ਕਦੇ ਨਾ ਜਾਈਆ । ਗੁਰਮੁਖ ਮੇਲਾ ਜਿਉਂ ਜਲ ਮੀਨ, ਘਰ ਘਰ ਵਿਚ ਖ਼ੁਸ਼ੀ ਰਖਾਈਆ । ਨਾਤਾ ਤੋੜ ਲੋਕ ਤੀਨ, ਤ੍ਰੈਗੁਣ ਮਾਇਆ ਦਏ ਤਜਾਈਆ । ਇਕੋ ਸਾਹਿਬ ਹੋਏ ਅਧੀਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਓਟ ਤਕਾਈਆ । ਇਕੋ ਓਟ ਹਰਿ ਦਾਤਾਰ, ਹਰਿਜਨ ਹਰਿ ਹਰਿ ਆਪ ਜਣਾਇੰਦਾ । ਜੁਗ ਚੌਕੜੀ ਵੇਖੇ ਚਾਰ, ਕੋਟਨ ਕੋਟ ਕਾਲ ਬੀਤਾਇੰਦਾ । ਨਵ ਨੌਂ ਉਤਰੇ ਆਪਣੇ ਘਾਟ, ਪਾਰ ਕਿਨਾਰਾ ਨਾ ਕੋਇ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਗਾ ਗਾ ਗਏ ਗਾਥ, ਹਰਿ ਕਾ ਅੰਤ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਆਪ ਰਖਾਇੰਦਾ । ਏਕਾ ਓਟ ਇਕ ਸੁਲਤਾਨ, ਸ਼ਹਿਨਸ਼ਾਹ ਇਕ ਵਡਿਆਈਆ । ਏਕਾ ਹੁਕਮ ਕਰ ਹੁਕਮਰਾਨ, ਆਪਣਾ ਹੁਕਮੀ ਹੁਕਮ ਭੁਵਾਇਆ । ਏਕਾ ਭੂਪਤ ਰਾਜ ਰਾਜਾਨ, ਸ਼ਾਹ ਸਿਕਦਾਰ ਇਕ ਅਖਵਾਇੰਦਾ । ਏਕਾ

ਜੁਗ ਜੁਗ ਖੇਲੇ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਏਕਾ ਪਰਗਟ ਹੋਏ ਨੌਜਵਾਨ, ਬਲ ਆਪਣਾ ਆਪ ਧਰਾਈਆ । ਏਕਾ ਡੰਕ ਵਜਾਏ ਸ੍ਰੀ ਭਗਵਾਨ, ਦੂਜਾ ਸੰਗ ਨਾ ਕੋਇ ਰਖਾਈਆ । ਏਕਾ ਨਾਮ ਕਰ ਪਰਧਾਨ, ਨੌਂ ਖੰਡ ਪ੍ਰਿਥਮੀ ਕਰੇ ਪੜ੍ਹਾਈਆ । ਏਕਾ ਦੇਵੇ ਸਤਿ ਗਿਆਨ, ਸੱਤ ਦੀਪ ਆਪ ਸਮਝਾਈਆ । ਏਕਾ ਦੇਵੇ ਸਾਚਾ ਮਾਣ, ਵਿਸ਼ਨ ਬ੍ਰਹਮਾ ਸ਼ਿਵ ਸਰਨਾਈਆ । ਏਕਾ ਗੁਰਮੁਖ ਮੇਟੇ ਆਣ, ਗੁਰ ਗੁਰ ਰੂਪ ਵਟਾਈਆ । ਏਕਾ ਨਾਦ ਸ਼ਬਦ ਧੁਨਕਾਨ, ਘਟ ਮੰਦਰ ਆਪ ਵਜਾਈਆ । ਏਕਾ ਪਰਮ ਪੁਰਖ ਸੁਲਤਾਨ, ਪੀਤ ਪੀਤੰਬਰ ਸੀਸ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਓਟ ਜਣਾਈਆ । ਗੁਰ ਅਵਤਾਰ ਏਕਾ ਓਟ, ਹਰਿ ਤੇਰੀ ਅੰਸ ਰਖਾਈਆ । ਤੇਰਾ ਨਾਉਂ ਨਗਾਰਾ ਚੋਟ, ਲੋਕਮਾਤ ਸੁਣਾਈਆ । ਜਗਤ ਵਾਸ਼ਨਾ ਕੱਢੇ ਖੋਟ, ਸਾਚਾ ਮਾਰਗ ਲਾਈਆ । ਨਾਮ ਸਤਿ ਸਤਿ ਅਤੋਟ, ਜੁਗ ਜੁਗ ਸੇਵ ਕਮਾਈਆ । ਲਿਖ ਲਿਖ ਥੱਕੇ ਵਾਰਤਾ ਪੋਥ, ਤੇਰਾ ਲੇਖ ਨਾ ਕੋਇ ਮੁਕਾਈਆ । ਤੇਰਾ ਭੇਵ ਅਭੇਵ ਗੋਝ, ਭੇਤ ਕਿਸੇ ਨਾ ਆਈਆ । ਤੂੰ ਕਿਸੇ ਨਾ ਆਵੇਂ ਵਿਚ ਸੋਚ, ਸੋਚੀ ਸੋਚ ਨਾ ਕੋਇ ਸਮਝਾਈਆ । ਤੇਰੇ ਦਰਸ਼ਨ ਨੂੰ ਗੁਰ ਅਵਤਾਰ ਰਹੇ ਲੋਚ, ਨੇਤਰ ਨੈਣ ਨੈਣ ਉਠਾਈਆ । ਤੂੰ ਸਦ ਮਾਨਣੀ ਆਪਣੀ ਮੌਜ, ਬੇਅੰਤ ਮੇਰੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੀ ਓਟ ਇਕ ਵਖਾਈਆ । ਇਕੋ ਓਟ ਇਕੋ ਨੈਣ, ਨੈਣ ਨੈਣ ਨੈਣ ਬਿਗਸਾਈਆ । ਪੁਰਖ ਅਬਿਨਾਸ਼ੀ ਸਾਰੇ ਕਹਿਣ, ਸਿਫ਼ਤੀ ਸਿਫ਼ਤ ਸਾਲਾਹੀਆ । ਜੁਗ ਜੁਗ ਚੁਕਾਏ ਲੈਣ ਦੇਣ, ਰੂਪ ਅਨੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਓਟ ਆਪ ਵਖਾਈਆ । ਮੇਰੀ ਓਟ ਗਏ ਰੱਖ, ਹਰਿ ਸਤਿਗੁਰ ਆਪ ਜਣਾਇੰਦਾ । ਕਲਜੁਗ ਅੰਤ ਹੋਏ ਪਰਤੱਖ, ਨਿਰਗੁਣ ਆਪਣਾ ਵੇਸ ਵਟਾਇੰਦਾ । ਜਨ ਭਗਤਾਂ ਮਾਰਗ ਦੇਵੇ ਦੱਸ, ਆਪਣੀ ਬੂਝ ਬੁਝਾਇੰਦਾ । ਮੇਲ ਮਿਲਾਵਾ ਹੱਸ ਹੱਸ, ਘਰ ਘਰ ਵਿਚ ਖੋਜ ਖੁਜਾਇੰਦਾ । ਪੰਧ ਮੁਕਾਏ ਨੱਸ ਨੱਸ, ਦੂਰ ਦੁਰਾਡਾ ਨੇੜੇ ਆਇੰਦਾ । ਵਸਣਹਾਰਾ ਘਟ ਘਟ, ਆਪਣਾ ਪਰਦਾ ਲਾਹਿੰਦਾ । ਦੂਈ ਦਵੈਤ ਮੇਟ ਫੱਟ, ਏਕਾ ਪੱਟੀ ਨਾਮ ਬੰਧਾਇੰਦਾ । ਅੰਮ੍ਰਿਤ ਆਤਮ ਸਾਚਾ ਚਟ, ਆਪਣਾ ਰਸ ਚਖਾਇੰਦਾ । ਦੁਰਮਤ ਮੈਲ ਆਪੇ ਕੱਟ, ਅਗਿਆਨ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਆਪ ਜਣਾਇੰਦਾ । ਏਕਾ ਓਟ ਰੱਖੀ ਯਾਦ, ਯਾਦ ਯਾਦ ਯਾਦ ਵਿਚ ਮਿਲਾਈਆ । ਕਲਜੁਗ ਅੰਤ ਸੁਣੇ ਫ਼ਰਿਆਦ, ਲਹਿਣਾ ਦੇਣਾ ਸਰਬ ਚੁਕਾਈਆ । ਭਗਤ ਭਗਵੰਤ ਲਏ ਕਾਢ, ਲੱਖ ਚੁਰਾਸੀ ਵਿਚੋਂ ਰਖਾਈਆ । ਏਕਾ ਦੇਵੇ ਨਾਮ ਦਾਦ, ਸੋਹੰ ਅੱਖਰ ਕਰੇ ਪੜ੍ਹਾਈਆ । ਮੇਲ ਮਿਲਾਵਾ ਮੋਹਨ ਮਾਧਵ ਮਾਧ, ਆਪਣੀ ਧੁਨ ਸੁਣਾਈਆ । ਕਰੇ ਕਰਾਏ ਸਾਚਾ ਲਾਡ, ਪਿਤਾ ਪੂਤ ਬਾਲ ਸਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਓਟ ਦਏ ਸ਼ਰਨਾਈਆ । ਏਕਾ ਓਟ ਸ਼ਰਨ ਸ਼ਰਨਾ, ਹਰਿ ਸਤਿਗੁਰ ਆਪ ਜਣਾਇੰਦਾ । ਮਰਨਾ ਡਰਨਾ ਦਏ ਚੁਕਾ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਸਾਚੀ ਸਰਨਾ ਦਏ ਬਹਾ, ਹਰਿ ਚਰਨ ਕਵਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੱਖੀ ਓਟ ਆਪੇ ਪੂਰ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਨਿਰਮਲ ਜੋਤ, ਜੋਤੀ ਜੋਤ ਡਗਮਗਾਇੰਦਾ ।

★ ੧੧ ਮਾਘ ੨੦੧੮ ਬਿਕਰਮੀ ਦਲੀਪ ਸਿੰਘ ਦੇ ਗ੍ਰਹਿ ਬਾਬੂਪੁਰਾ ਜ਼ਿਲਾ ਗੁਰਦਾਸਪੁਰ ★

ਧੁਰ ਫ਼ਰਮਾਣਾ ਹਰਿ ਨਿਰੰਕਾਰ, ਹਰਿ ਏਕਾ ਏਕ ਸੁਣਾਇੰਦਾ । ਸੁਤ ਸ਼ਬਦ ਹੋ ਤਿਆਰ, ਤੇਰੀ ਸੇਵਾ ਸਚ ਲਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਇੰਦਾ । ਤ੍ਰੈਗੁਣ ਮਾਇਆ ਦਏ ਉਠਾਲ, ਇਕ ਹੁਲਾਰ ਲਗਾਇੰਦਾ । ਪੰਜ ਤੱਤ ਸੁਰਤ ਸੰਭਾਲ, ਆਲਸ ਨਿੰਦਰਾ ਸਰਬ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਪੁਰਖ ਅਥਾਹ, ਏਕੰਕਾਰ ਸੁਣਾਈਆ । ਸੁਤ ਦੁਲਾਰੇ ਉਠ ਉਠ ਜਾ, ਪ੍ਰਭ ਸਾਚਾ ਹੁਕਮ ਸੁਣਾਈਆ । ਚਾਰੇ ਜੁਗ ਲਏ ਉਠਾ, ਏਕਾ ਹੁਕਮ ਸੁਣਾਈਆ । ਚਾਰੇ ਵੇਦ ਭੇਵ ਖੁਲ੍ਹਾ, ਪਰਦਾ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਧੁਰ ਸੰਦੇਸ਼ ਸ੍ਰੀ ਭਗਵਾਨ, ਏਕਾ ਏਕ ਸੁਣਾਇੰਦਾ । ਉਠ ਸੁਤ ਮੇਰੇ ਬਲਵਾਨ, ਸਿਰ ਤੇਰੇ ਹੱਥ ਰਖਾਇੰਦਾ । ਚਾਰੇ ਖਾਣੀ ਬਾਣੀ ਜੇਰਜ ਅੰਡਜ, ਸੇਤਜ ਉਤਭੁਜ ਵੇਖ ਵਖਾਇੰਦਾ । ਚਾਰੇ ਬਾਣੀ ਬਣ ਹੁਕਮਰਾਨ, ਏਕਾ ਆਪਣਾ ਹੁਕਮ ਮਨਾਇੰਦਾ । ਚਾਰੋਂ ਕੁੰਟ ਧਿਆਨ, ਉਤਰ ਪੂਰਬ ਪੱਛਮ ਦੱਖਣ ਵੰਡ ਵੰਡਾਇੰਦਾ । ਦਹਿ ਦਿਸ਼ਾ ਕਰ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਆਪ ਸੁਣਾਇੰਦਾ । ਧੁਰ ਸੰਦੇਸ਼ਾ ਸ੍ਰੀ ਭਗਵੰਤ, ਏਕਾ ਏਕ ਜਣਾਈਆ । ਉਠ ਸੁਤ ਸ੍ਰਿਸ਼ਟ ਸਬਾਈ ਦੇ ਸਾਚੇ ਕੰਤ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਜਿਉਂ ਲਿਆ ਲੱਖ ਚੁਰਾਸੀ ਗਿਆਨ ਤੱਤ, ਘਾੜਤ ਘੜ ਘੜ ਰੂਪ ਵਟਾਈਆ । ਖੇਲ ਖਲਾਇਆ ਆਦਿ ਅੰਤ, ਜੁਗਾ ਜੁਗੰਤ ਵੇਸ ਵਟਾਈਆ । ਨਾਮ ਪ੍ਰਗਟਾਇਆ ਮਣੀਆ ਮੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਅਲਾਈਆ । ਸਚ ਸੰਦੇਸ਼ਾ ਹਰਿ ਪਰਵਾਨ, ਏਕਾ ਏਕ ਜਣਾਇੰਦਾ । ਉਠ ਸੁਤ ਮੇਰੇ ਬਾਲ ਨਾਦਾਨ, ਪੁਰਖ ਅਬਿਨਾਸ਼ੀ ਆਪ ਜਗਾਇੰਦਾ । ਲੋਆਂ ਪੁਰੀਆਂ ਮਾਰ ਧਿਆਨ, ਬ੍ਰਹਿਮੰਡ ਖੰਡ ਤੇਰੀ ਵੰਡ ਵੰਡਾਇੰਦਾ । ਸੂਰਜ ਚੰਦ ਤੇਰੀ ਆਣ, ਰਵ ਸਸ ਤੇਰੀ ਸ਼ਰਨ ਰਖਾਇੰਦਾ । ਕਰੋੜ ਤਤੀਸਾ ਤੇਰਾ ਫ਼ਰਮਾਣ, ਹੁਕਮੀ ਹੁਕਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੁੜਾ ਆਪ ਘਲਾਇੰਦਾ । ਸਚ ਸੁਨੇਹੁੜਾ ਦੇਵੇ ਹਰਿ, ਹਰਿ ਹਰਿ ਵੱਡਾ ਵਡ ਵਡਿਆਈਆ । ਪੂਤ ਸਪੂਤੇ ਜਾਏ ਵਰ, ਦਰ ਵਰ ਆਪ ਸਮਝਾਈਆ । ਇਕ ਉਠਾਉਣਾ ਨਾਰੀ ਨਰ, ਨਰ ਨਰਾਇਣ ਬੂਝ ਬੁਝਾਈਆ । ਡੂੰਘੀ ਭਵਰੀ ਆਪੇ ਵੜ ਵੜ, ਕਾਇਆ ਕਵਰੀ ਫੋਲ ਫੁਲਾਈਆ । ਸੁਰਤ ਸਵਾਣੀ ਆਪੇ ਫੜ ਫੜ, ਆਪਣਾ ਬੰਧਨ ਪਾਈਆ । ਆਪਣਾ ਅੱਖਰ ਆਪੇ ਪੜ੍ਹ ਪੜ੍ਹ, ਏਕਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਵਰਤਾਈਆ । ਸਾਚਾ ਹੁਕਮ ਆਦਿ ਪੁਰਖ, ਏਕਾ ਵਾਰ ਜਣਾਇੰਦਾ । ਨਾ ਕੋਈ ਸੋਗ ਨਾ ਕੋਈ ਹਿਰਖ਼, ਚਿੰਤਾ ਚਿਖਾ ਨਾ ਕੋਇ ਜਲਾਇੰਦਾ । ਜੁਗਾ ਜੁਗੰਤਰ ਨਾ ਕਰੇ ਤਰਸ, ਜੋ ਘੜਿਆ ਭੰਨ ਵਖਾਇੰਦਾ । ਲੇਖਾ ਜਾਣੇ ਅਰਸ਼ ਫ਼ਰਸ਼, ਕੁਰਾ ਕਾਇਨਾਤ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਆਪ ਸੁਣਾਇੰਦਾ । ਸਚ ਸੰਦੇਸ਼ਾ ਮੰਨ ਲੈ ਮੀਤ, ਮਿੱਤਰ ਪਿਆਰਾ ਆਪ ਜਣਾਈਆ । ਜੁਗ ਚੌਕੜੀ ਵੇਖੀ ਰੀਤ, ਨਵ ਨੌਂ ਚਾਰ ਖੇਲ ਕਰਾਈਆ । ਗੁਰ ਗੁਰ ਦੇਵੇ ਨਾਮ ਗੀਤ, ਗੀਤ ਗੋਬਿੰਦ ਗੋਬਿੰਦ ਪੜ੍ਹਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਸਮਝਾਈਆ । ਏਕਾ ਹੁਕਮ ਹਰਿ ਕਰਤਾਰਾ, ਹਰਿ ਜੂ ਆਪ ਜਣਾਇੰਦਾ । ਉਠ ਵੇਖ ਚਲ ਸੰਸਾਰਾ, ਚਾਰੋਂ ਕੁੰਟ ਆਪ ਭੁਵਾਇੰਦਾ । ਏਕਾ ਦਸ ਗੁਰ ਅਵਤਾਰਾ, ਜੁਗ ਜੁਗ ਆਪਣਾ ਆਪ ਛੁਪਾਇੰਦਾ । ਥਿਰ ਘਰ ਖੋਲ੍ਹ ਇਕ ਕਿਵਾੜਾ, ਹਰਿ ਮੰਦਰ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਉਠਾਇੰਦਾ । ਸੁਤ ਦੁਲਾਰਾ ਸ਼ਬਦੀ ਰੰਗ, ਆਪਣੀ ਲਏ ਅੰਗੜਾਈਆ । ਕਿਰਪਾ ਕਰੀ ਸੂਰੇ ਸਰਬੰਗ, ਮੇਰੇ ਘਰ ਵੱਜੀ ਵਧਾਈਆ । ਚਰਨ ਕਵਲ ਦਿਤਾ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਇਕ ਸੁਣਾਇਆ ਸੱਚਾ ਛੰਦ, ਧੁਰ ਫ਼ਰਮਾਣ ਪ੍ਰਗਟਾਈਆ । ਮੇਰਾ ਖ਼ੁਸ਼ੀ ਹੋਇਆ ਬੰਦ ਬੰਦ, ਬੰਦੀਖ਼ਾਨਾ ਨਾ ਕੋਇ ਵਖਾਈਆ । ਮੇਰੀ ਨੰਗੀ ਨਾ ਹੋਵੇ ਕੰਡ, ਸਿਰ ਰੱਖੇ ਹੱਥ ਸ਼ਹਿਨਸ਼ਾਹੀਆ । ਮੈਂ ਵੇਖਾਂ ਖੰਡ ਬ੍ਰਹਿਮੰਡ, ਨਿਰਗੁਣ ਸਰਗੁਣ ਘਰ ਘਰ ਫੋਲ ਫੁਲਾਈਆ । ਮੈਂ ਲਹਿਣਾ ਦੇਣਾ ਚੁਕਾਵਾਂ ਸੂਰਜ ਚੰਦ, ਕਿਰਨ ਕਿਰਨ ਵਿਚ ਸਮਾਈਆ । ਮੈਂ ਫੇਰਾ ਪਾਵਾਂ ਵਿਚ ਬ੍ਰਹਿਮੰਡ, ਬ੍ਰਹਿਮੰਡਾਂ ਖੋਜ ਖੁਜਾਈਆ । ਮੈਂ ਵੇਖਾਂ ਝੂਠ ਪਾਖੰਡ, ਭਰਮੇ ਭੁੱਲੀ ਸਰਬ ਲੋਕਾਈਆ । ਮੈਂ ਵੇਖਾਂ ਬੱਤੀ ਦੰਦ, ਕੌਣ ਹਰਿ ਜੂ ਰਹੇ ਗਾਈਆ । ਮੈਂ ਤੋੜਾਂ ਸਰਬ ਘੁਮੰਡ, ਨਾ ਕੋਇ ਰੱਖੇ ਮਾਣ ਵਡਿਆਈਆ । ਮੈਂ ਕਰਾਂ ਖੰਡ ਖੰਡ, ਏਕਾ ਖੰਡਾ ਨਾਮ ਚਮਕਾਈਆ । ਮੈਂ ਟੁੱਟੀ ਦੇਵਾਂ ਗੰਢ, ਮੇਰੇ ਹੱਥ ਪ੍ਰਭ ਵਡੀ ਵਡਿਆਈਆ । ਮੈਂ ਲੱਖ ਚੁਰਾਸੀ ਕਰਾਂ ਰੰਡ, ਸੀਸ ਕੰਤ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਲਗਾਈਆ । ਮੇਰੀ ਸੇਵਾ ਗਈ ਲੱਗ, ਹਰਿ ਸ਼ਬਦ ਉਠ ਲਲਕਾਰਿਆ । ਮੈਂ ਪਰਗਟ ਹੋਵਾਂ ਵਿਚ ਜੱਗ, ਖੇਲਾਂ ਖੇਲ ਅਪਰ ਅਪਾਰਿਆ । ਨਿਰਗੁਣ ਨੂਰ ਦੀਪਕ ਜਾਵਾਂ ਜਗ, ਮੇਟਾਂ ਅੰਧ ਅੰਧਿਆਰਿਆ । ਗੁਰਮੁਖਾਂ ਵੇਖਾਂ ਉਪਰ ਸ਼ਾਹ ਰਗ, ਘਰ ਮੰਦਰ ਚੜ੍ਹ ਚੁਬਾਰਿਆ । ਤ੍ਰੈਗੁਣ ਸਾੜਾਂ ਅਗਨੀ ਅੱਗ, ਤੱਤਵ ਤੱਤ ਇਕ ਅੰਗਿਆਰਿਆ । ਮੈਂ ਜੁਗ ਜੁਗ ਵੇਖਾਂ ਹੱਦੋ ਹੱਦ, ਹੱਦ ਪਾਰ ਕਿਨਾਰਿਆ । ਮੈਂ ਸਚ ਨਿਸ਼ਾਨਾ ਦੇਵਾਂ ਗੱਡ, ਦੋ ਜਹਾਨਾਂ ਹੋ ਉਜਿਆਰਿਆ । ਮੈਂ ਭਗਤਾਂ ਦਰ ਲਵਾਂ ਸੱਦ, ਸਚ ਸੰਦੇਸ਼ਾ ਦੇਵਾਂ ਵਿਚ ਸੰਸਾਰਿਆ । ਮੂਰਖ ਮੁਗਧ ਜਾਵਾਂ ਛੱਡ, ਜੁਗ ਜੁਗ ਖੇਲ ਕਰਾਂ ਅਪਾਰਿਆ । ਮੇਰਾ ਅੰਮ੍ਰਿਤ ਨਾਮ ਮਧ, ਦਿਵਸ ਰੈਣ ਖੁਮਾਰਿਆ । ਮੈਂ ਭਗਤਾਂ ਅੰਦਰ ਜਾਵਾਂ ਬੱਝ, ਦਿਸ ਕਿਸੇ ਨਾ ਆ ਰਿਹਾ । ਮੈਂ ਗੁਰਮੁਖਾਂ ਕੋਲ ਬਹਿਵਾਂ ਸਜ, ਕਰਾਂ ਖੇਲ ਅਗੰਮ ਅਪਾਰਿਆ । ਮੈਂ ਲਾਹਵਾਂ ਇਕ ਲੱਜ, ਸਿਰ ਆਪਣਾ ਹੱਥ ਟਿਕਾ ਰਿਹਾ । ਮੈਂ ਗ਼ਰੀਬਾਂ ਦਰ ਗ਼ਰੀਬ ਨਿਵਾਜ, ਹਰਿਜਨ ਸਾਚੇ ਨਾਲ ਰਲਾ ਲਿਆ । ਮੈਂ ਲੱਖ ਚੁਰਾਸੀ ਸਾਜਣ ਸਾਜ, ਘਟ ਘਟ ਆਪਣਾ ਰੂਪ ਧਰਾ ਰਿਹਾ । ਮੈਂ ਜੁਗ ਜੁਗ ਦੇਵਾਂ ਦਾਜ, ਨਾਮ ਨਿਧਾਨਾ ਝੋਲੀ ਪਾ ਰਿਹਾ । ਮੈਂ ਅਗੰਮ ਅਗੰਮੜੀ ਲਾਵਾਂ ਵਾਜ, ਰਸਨਾ ਜਿਹਵਾ ਨਾ ਕੋਇ ਹਿਲਾ ਰਿਹਾ । ਮੈਂ ਲੱਖ ਚੁਰਾਸੀ ਰਚਾਂ ਕਾਜ, ਨੌਂ ਖੰਡ ਪ੍ਰਿਥਮੀ ਅਖਾੜਾ ਇਕ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਸੁਤ ਸ਼ਬਦ ਖ਼ੁਸ਼ੀ ਇਕ ਮਨਾ ਲਿਆ । ਸੁਰਤ ਸ਼ਬਦ ਚੜ੍ਹਿਆ ਚਾਅ, ਘਰ ਆਪਣੇ ਖ਼ੁਸ਼ੀ ਮਨਾਈਆ । ਮੈਂ ਦੋ ਜਹਾਨਾਂ ਵੇਖਾਂ ਆ, ਨਿਰਗੁਣ ਸਰਗੁਣ ਖੇਲ ਕਰਾਈਆ । ਮੈਂ ਵਿਸ਼ਨ ਬ੍ਰਹਮਾ ਸ਼ਿਵ ਲਵਾਂ ਉਠਾ, ਏਕਾ ਹੁਕਮ ਸੁਣਾਈਆ । ਮੈਂ ਤੇਈ ਅਵਤਾਰ ਲਵਾਂ ਜਗਾ, ਨੇਤਰ ਨੈਣਾਂ ਨੀਂਦ ਖੁਲ੍ਹਾਈਆ । ਮੈਂ ਈਸਾ ਮੂਸਾ ਭੇਵ ਦਿਆਂ ਖੁਲ੍ਹਾ, ਆਪਣਾ ਪਰਦਾ ਲਾਹੀਆ । ਮੈਂ ਮੁਹੰਮਦ ਅਹਿਮਦ ਠੋਕਰ ਦਿਆਂ ਲਗਾ, ਠਾਕਰ ਦਿਤੀ ਸਚ ਸ਼ਰਨਾਈਆ ।

ਮੈਂ ਨਾਨਕ ਨਿਰਗੁਣ ਲਵਾਂ ਮਿਲਾ, ਗੋਬਿੰਦ ਆਪਣੀ ਗੋਦ ਸੁਹਾਈਆ । ਮੈਂ ਡੰਕਾ ਸਚ ਦਿਆਂ ਵਜਾ, ਰਾਉ ਰੰਕਾਂ ਆਪ ਸੁਣਾਈਆ । ਦੁਆਰ ਬੰਕਾ ਦਿਆਂ ਵਡਿਆ, ਜਿਸ ਦੁਆਰੇ ਫੇਰਾ ਪਾਈਆ । ਸਾਚਾ ਧਨੁਸ਼ ਲਵਾਂ ਉਠਾ, ਨਾਮ ਚਿਲਾ ਇਕ ਵਖਾਈਆ । ਪੁੱਠਾ ਗੇੜਾ ਦਿਆਂ ਦੁਆ, ਲੱਖ ਚੁਰਾਸੀ ਆਪ ਭੁਵਾਈਆ । ਜੀਵ ਜੰਤ ਝੇੜਾ ਦਿਆਂ ਮੁਕਾ, ਸਾਧ ਸੰਤ ਰਹੇ ਕੁਰਲਾਈਆ । ਨਾਰ ਕੰਤ ਨਾਤਾ ਦਿਆਂ ਤੁੜਾ, ਘਰ ਘਰ ਨੇਤਰ ਨੀਰ ਵਹਾਈਆ । ਜਨ ਭਗਤਾਂ ਕਾਇਆ ਚੋਲੀ ਰੰਗ ਦਿਆਂ ਚੜ੍ਹਾ, ਆਪ ਆਪਣੀ ਸੇਵ ਕਮਾਈਆ । ਏਕਾ ਨਾਦ ਦਿਆਂ ਸੁਣਾ, ਧੁਨ ਆਤਮਕ ਕਰ ਸ਼ਨਵਾਈਆ । ਏਕਾ ਅੱਖਰ ਦਿਆਂ ਪੜ੍ਹਾ, ਸੋਹੰ ਸ਼ਬਦ ਬੇਪਰਵਾਹੀਆ । ਨਾਨਕ ਨਿਰਗੁਣ ਗਿਆ ਗਾ, ਅੰਤਰ ਅੰਤਰ ਵਿਚ ਰਖਾਈਆ । ਗੋਬਿੰਦ ਲਿਖ ਕੇ ਗਿਆ ਸਮਝਾ, ਸੋਹੰ ਭੱਥਾ ਤੀਰ ਕਮਾਨ ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਦਿਤਾ ਏਕਾ ਵਰ, ਘਰ ਵੱਜਦੀ ਰਹੇ ਵਧਾਈਆ । ਸੁਤ ਸ਼ਬਦ ਉਠ ਬਲਕਾਰੇ, ਬਲ ਆਪਣਾ ਆਪ ਰਖਾਈਆ । ਮਹੱਲ ਅਟੱਲ ਵੇਖੇ ਉਚ ਮਨਾਰੇ, ਊਚੋ ਊਚ ਬੇਪਰਵਾਹੀਆ । ਮੇਲ ਮਿਲਾਵਾ ਧੁਰ ਦਰਬਾਰੇ, ਦਰਗਹਿ ਸਾਚੀ ਖ਼ੁਸ਼ੀ ਮਨਾਈਆ । ਪਾਇਆ ਪੁਰਖ ਇਕ ਕਰਤਾਰੇ, ਕੁਦਰਤ ਕਾਦਰ ਵੇਖ ਵਖਾਈਆ । ਆਦਿ ਜੁਗਾਦਿ ਮਦਦਗਾਰੇ, ਮੇਰਾ ਸਾਚਾ ਸੰਗ ਨਿਭਾਈਆ । ਜੁਗ ਜੁਗ ਵੱਜਦੇ ਰਹਿਣ ਨਗਾਰੇ, ਗੁਰ ਅਵਤਾਰ ਰਹੇ ਸੁਣਾਈਆ । ਭਗਤ ਵੇਖੇ ਆਪ ਦੁਲਾਰੇ, ਚਾਰ ਜੁਗ ਦੇ ਵਿਛੜੇ ਲਏ ਮਿਲਾਈਆ । ਸੰਤਾਂ ਦੇਵੇ ਨਾਮ ਹੁਲਾਰੇ ਸਚ ਹਲੂਣਾ ਇਕ ਵਖਾਈਆ । ਗੁਰਮੁਖ ਗੋਦ ਆਪ ਬਹਾਲੇ, ਚੁੱਕ ਚੁੱਕ ਆਪਣੀ ਖ਼ੁਸ਼ੀ ਮਨਾਈਆ । ਗੁਰਸਿਖਾਂ ਪ੍ਰੀਤੀ ਨਿਭੇ ਨਾਲੇ, ਨਾ ਕੋਈ ਤੋੜੇ ਤੋੜ ਤੁੜਾਈਆ । ਮਾਰਗ ਦੱਸੇ ਇਕ ਸੁਖਾਲੇ, ਏਕਾ ਪੂਜਾ ਏਕਾ ਪਾਠ ਏਕਾ ਨਾਮ ਜਣਾਈਆ । ਆਦਿ ਜੁਗਾਦਿ ਸਦਾ ਸਦ ਕਰੇ ਪ੍ਰਿਤਪਾਲੇ, ਪ੍ਰਿਤਪਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਦਿਤਾ ਵਰ, ਜਨ ਭਗਤਾਂ ਘਾਲ ਆਪੇ ਘਾਲੇ । ਸੁਤ ਸ਼ਬਦ ਘਰ ਹੋ ਤਿਆਰ, ਥਿਰ ਘਰ ਕੁੰਡਾ ਲਾਹਿਆ । ਪਹਿਲੋਂ ਦਰਸ ਕਰੇ ਨਿਰੰਕਾਰ, ਦੋਏ ਜੋੜ ਚਰਨ ਸੀਸ ਝੁਕਾਇਆ । ਤੇਰਾ ਹੁਕਮ ਮੇਰੀ ਸਰਕਾਰ, ਸਿਰ ਆਪਣਾ ਮੈਂ ਟਿਕਾਇਆ । ਮੈਂ ਜਾਵਾਂ ਵਿਚ ਸੰਸਾਰ, ਰੂਪ ਅਨੂਪ ਵਟਾਇਆ । ਲੱਖ ਚੁਰਾਸੀ ਨੌਂ ਖੰਡ ਖੋਲ੍ਹਾਂ ਇਕ ਕਿਵਾੜ, ਆਪਣਾ ਪਰਦਾ ਆਪ ਉਠਾਇਆ । ਖੇਲ ਕਰਾਂ ਅਪਰ ਅਪਾਰ, ਲਿਖਿਆ ਲੇਖ ਨਾ ਕੋਇ ਸਮਝਾਇਆ । ਸਭ ਦਾ ਲਹਿਣਾ ਦੇਣਾ ਲਵਾਂ ਵਿਚਾਰ, ਅਭੁੱਲ ਭੁੱਲ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਇਆ । ਮੇਰੇ ਸਿਰ ਰੱਖ ਹੱਥ, ਏਕਾ ਮੰਗ ਮੰਗਾਈਆ । ਤੂੰ ਪਰਦਾ ਮੇਰਾ ਲੈਣਾ ਢਕ, ਢਾਕਣ ਕੋ ਪਤ ਮੇਰੇ ਸਾਈਆਂ । ਮੈਂ ਦੋ ਜਹਾਨ ਗਾਵਾਂ ਤੇਰਾ ਜਸ, ਤੇਰੇ ਨਾਉਂ ਵਡਿਆਈਆ । ਗੁਰ ਅਵਤਾਰਾਂ ਦੇਵਾਂ ਦੱਸ, ਪ੍ਰਭ ਪਰਗਟ ਹੋਇਆ ਸੱਚਾ ਮਾਹੀਆ । ਕਿਸੇ ਨਾ ਚਲਣਾ ਕੋਈ ਵਸ, ਸਭ ਦਾ ਲੇਖਾ ਦਏ ਮੁਕਾਈਆ । ਉਠੋ ਵੇਖੋ ਨੱਠ ਨੱਠ, ਵੇਲਾ ਗਿਆ ਹੱਥ ਨਾ ਆਈਆ । ਹਰਿ ਸ਼ਰਨਾਈ ਜਾਓ ਢੱਠ, ਜੇ ਹੋਵੇ ਮਿਹਰਵਾਨ ਦਇਆ ਦਏ ਕਮਾਈਆ । ਪਹਿਲਾ ਲੇਖਾ ਦੇਵੇ ਕੱਟ, ਅੱਗੇ ਆਪਣੇ ਮਾਰਗ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਤੇਰੀ ਓਟ ਤਕਾਈਆ । ਤੇਰੀ ਓਟ ਰੱਖ ਭਗਵਾਨ, ਏਕਾ ਆਸ ਤਕਾਇੰਦਾ । ਮੈਂ ਦੇਵਾਂ ਘਰ ਘਰ ਫ਼ਰਮਾਣ, ਸੋਇਆ ਕੋਇ


੪੦੯ ੧੧

ਰਹਿਣ ਨਾ ਪਾਇੰਦਾ । ਕਲਜੁਗ ਅੰਤਮ ਆਇਆ ਨਿਹਕਲੰਕ ਬਲੀ ਬਲਵਾਨ, ਜਿਸ ਨੂੰ ਨਾਨਕ ਗੋਬਿੰਦ ਗਾਇੰਦਾ । ਸਤਿ ਸਤਿਵਾਦ ਝੁਲਾਏ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਰਖਾਇੰਦਾ । ਖਾਣੀ ਬਾਣੀ ਲਹਿਣਾ ਚੁੱਕੇ ਜੀਵ ਜਹਾਨ, ਬਚਿਆ ਕੋਇ ਰਹਿਣ ਨਾ ਪਾਇੰਦਾ । ਉਠੋ ਬਾਲ ਨਾਦਾਨ, ਹਰਿ ਰਹਿਮਤ ਆਪ ਕਰਾਇੰਦਾ । ਆਦਿ ਜੁਗਾਦੀ ਬਾਗਬਾਨ, ਜਗਤ ਫੁਲਵਾੜੀ ਵੇਖ ਵਖਾਇੰਦਾ । ਸਭ ਦਾ ਕਲਮਾ ਅੰਜੀਲ ਕੁਰਾਨ, ਕਾਤਬ ਲਿਖ ਲਿਖ ਲੇਖ ਵਖਾਇੰਦਾ । ਸੋ ਸਾਹਿਬ ਸੱਚਾ ਸੁਲਤਾਨ, ਲਿਖਤ ਵਿਚ ਕਦੇ ਨਾ ਆਇੰਦਾ । ਉਠੋ ਵੇਖੋ ਨੇਤਰ ਖੋਲ੍ਹੋ ਕਰੋ ਪਛਾਣ, ਪਰਵਰਦਿਗਾਰ ਵੇਸ ਵਟਾਇੰਦਾ । ਮੁਕਾਮੇ ਹੱਕ ਹੋ ਪਰਧਾਨ, ਅਮਾਮ ਅਮਾਮਾ ਇਕ ਨਿਸ਼ਾਨ, ਪਰਗਟ ਹੋਇਆ ਵਿਚ ਜਹਾਨ, ਦਿਸ ਕਿਸੇ ਨਾ ਆਇੰਦਾ । ਮੈਂ ਦੇਵਣ ਆਇਆ ਪੈਗ਼ਾਮ, ਉਠ ਕੇ ਚਲੋ ਕਰੋ ਸਲਾਮ, ਅਸਲਾਮਾਲੈਕਮ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਇਕ ਤੇਰੀ ਓਟ ਤਕਾਇੰਦਾ । ਉਠੋ ਬ੍ਰਹਿਮਣ ਬ੍ਰਹਮ ਗਿਆਨ, ਹਰਿ ਸਾਚਾ ਸਚ ਜਣਾਈਆ । ਚੌਥਾ ਜੁਗ ਅੰਤ ਹੋਇਆ ਪਰਧਾਨ, ਕਲਜੁਗ ਆਪਣਾ ਰੰਗ ਵਖਾਈਆ । ਚਾਰੋਂ ਕੁੰਟ ਹੋਣ ਹੈਰਾਨ, ਸਿੰਮਲ ਰੁੱਖ ਰਿਹਾ ਲਹਿਰਾਈਆ । ਮੰਦਰ ਮਸਜਿਦ ਸ਼ਿਵਦੁਆਲੇ ਮਠ ਬੈਠੇ ਬੇਈਮਾਨ, ਬੇਵਾ ਰੂਪ ਨਜ਼ਰੀ ਆਈਆ । ਹਰਿ ਖਾਵੰਦ ਕਿਸੇ ਨਾ ਮਿਲਿਆ ਆਣ, ਖ਼ਾਲਕ ਖ਼ਲਕ ਰਿਹਾ ਰਵਾਈਆ । ਜਿਸ ਨੂੰ ਲੱਭਦੇ ਬੀਆਬਾਨ, ਜੰਗਲ ਜੂਹ ਉਜਾੜ ਫੇਰਾ ਪਾਈਆ । ਜਿਸ ਦਾ ਉਠ ਉਠ ਕਰਦੇ ਧਿਆਨ, ਨੇਤਰ ਨੈਣ ਨੈਣ ਖੁਲ੍ਹਾਈਆ । ਜਿਸ ਦਾ ਪੜ੍ਹ ਪੜ੍ਹ ਦੇਂਦੇ ਗਿਆਨ, ਰਸਨਾ ਜਿਹਵਾ ਹਲਾਈਆ । ਜਿਸ ਦੀ ਸਿਫ਼ਤ ਕਰੇ ਅੰਜੀਲ ਕੁਰਾਨ, ਮਹਿੰਮਾ ਗੀਤਾ ਗਿਆਨ ਦ੍ਰਿੜਾਈਆ । ਜਿਸ ਦਾ ਵੇਦ ਕਰਨ ਗਿਆਨ, ਪੁਰਾਨ ਅਠਾਰਾਂ ਦੇਣ ਸਾਲਾਹੀਆ । ਜਿਸ ਨੂੰ ਸ਼ਾਸਤਰ ਸਿਮਰਤ ਕਹਿਣ ਪਰਧਾਨ, ਸਚ ਪਰਧਾਨਗੀ ਰਿਹਾ ਕਮਾਈਆ । ਜਿਸ ਨੂੰ ਬਾਣੀ ਕਹੇ ਸ੍ਰੀ ਭਗਵਾਨ, ਨਿਰਗੁਣ ਦਾਤਾ ਬੇਪਰਵਾਹੀਆ । ਸੋ ਪਰਗਟ ਹੋਇਆ ਅੰਤਮ ਆਣ, ਵੇਸ ਆਪਣਾ ਆਪ ਕਰਾਈਆ । ਉਠੋ ਵੇਖੋ ਪਾਂਧੀ ਰਾਹੀ ਕਰੇ ਖੇਲ ਮਹਾਨ, ਹਰਿ ਆਪਣੀ ਖੇਲ ਕਰਾਈਆ । ਜਨ ਭਗਤਾਂ ਦੇਵੇ ਅਨਮੰਗਿਆ ਦਾਨ, ਕਰਤਾ ਕੀਮਤ ਕੋਇ ਨਾ ਲਾਈਆ । ਸਰਨ ਸਰਨਾਈ ਵਿਚ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਕੀਤਾ ਭੁੱਲ ਨਾ ਜਾਈਆ । ਪੁਰਖ ਅਬਿਨਾਸ਼ੀ ਹਰਿ ਅਭੁਲ, ਏਕਾ ਗੁਣ ਜਣਾਇਆ । ਸ਼ਬਦ ਸੁਤ ਤੂੰ ਪਾਉਣਾ ਮੁਲ, ਲੱਖ ਚੁਰਾਸੀ ਤੇਰੇ ਹੱਟ ਵਕਾਇਆ । ਨਾਮ ਕੰਡੇ ਤੋਲਨਾ ਤੋਲ, ਨਾਨਕ ਤੇਰਾਂ ਤੇਰਾਂ ਗਿਆ ਸਮਝਾਇਆ । ਭਾਗ ਲਗਾਉਣਾ ਸਾਚੀ ਕੁਲ, ਕੁਲ ਕੁਲਵੰਤ ਇਹ ਸਮਝਾਇਆ । ਗੁਰਮੁਖ ਵੇਖੀਂ ਸਾਚੇ ਫੁੱਲ, ਪੱਤ ਡਾਲੀ ਨਾਲ ਮਹਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਸੁਣਾਇਆ । ਸੁਣ ਪੁੱਤ ਮੇਰੇ ਲਾਲ ਦੁਲਾਰੇ, ਹਰਿ ਦੂਹਲਾ ਤੋਹੇ ਬਣਾਇੰਦਾ । ਮੇਰੇ ਭਗਤ ਸਦਾ ਕਵਾਰੇ, ਬਿਨ ਤੇਰੇ ਨਾ ਕੋਇ ਪਰਨਾਇੰਦਾ । ਚਾਰ ਜੁਗ ਮੈਂ ਦੇਂਦਾ ਰਿਹਾ ਲਾਰੇ, ਗੁਰ ਅਵਤਾਰ ਮਾਤ ਘਲਾਇੰਦਾ । ਕੋਈ ਰਾਮ ਕੋਈ ਕ੍ਰਿਸ਼ਨ ਪੁਕਾਰੇ, ਕੋਈ ਈਸਾ ਮੂਸਾ ਸਾਲਾਹਿੰਦਾ । ਕੋਈ ਕਹੇ ਮੁਹੰਮਦ ਮੇਲਾ ਚਾਰ ਯਾਰੇ, ਯਾਰੀ ਯਾਰਾਂ ਨਾਲ ਨਿਭਾਇੰਦਾ । ਨਾਨਕ ਬੋਲੇ ਹਰਿ ਨਿਰੰਕਾਰੇ, ਨਿਰੰਕਾਰ ਨਿਰੰਕਾਰ ਇਕ ਸਾਲਾਹਿੰਦਾ । ਗੋਬਿੰਦ ਕਹੇ ਪੁਰਖ ਅਕਾਲ ਸਦਾ ਜੈਕਾਰੇ, ਜੈ ਜੈ ਕਾਰ ਆਪ ਕਰਾਇੰਦਾ । ਅਸੀਂ ਬਣ ਕੇ ਆਏ ਵਣਜਾਰੇ, ਜਗਤ ਸਾਚਾ ਹੱਟ ਚਲਾਇੰਦਾ । ਆਓ ਰਲ ਕੇ ਸਾਰੇ

ਕੱਢੀਏ ਹਾੜੇ, ਦੋਏ ਦੋਏ ਸੀਸ ਝੁਕਾਇੰਦਾ । ਕਿਰਪਾ ਕਰੇ ਪੁਰਖ ਕਰਤਾਰੇ, ਆਪ ਆਪਣੀ ਦਇਆ ਕਮਾਇੰਦਾ । ਮਾਤਲੋਕ ਵਿਚ ਅਸੀਂ ਸਾਰੇ ਹਾਰੇ, ਹਰਿ ਕਾ ਅੰਤ ਕੋਇ ਨਾ ਪਾਇੰਦਾ । ਆਪੇ ਅਰਸ਼ ਆਪੇ ਫ਼ਰਸ਼ ਆਪਣੇ ਰਥ ਆਪੇ ਚਾੜ੍ਹੇ, ਜੁਗ ਗੇੜਾ ਆਪ ਭੁਵਾਇੰਦਾ । ਆਪ ਬਣਾਏ ਸਾਚੇ ਲਾੜੇ, ਸਿਹਰਾ ਸੀਸ ਆਪ ਟਿਕਾਇੰਦਾ । ਆਪ ਉਤਾਰੇ ਆਪਣੇ ਖਾਰੇ, ਸਾਚਾ ਸਗਨ ਆਪ ਮਨਾਇੰਦਾ । ਆਪੇ ਸਾਚੇ ਘੋੜੇ ਚਾੜ੍ਹੇ, ਸਾਚੀ ਵਾਗ ਆਪ ਗੁੰਦਾਇੰਦਾ । ਆਪੇ ਖੇਲ ਕਰੇ ਨਿਆਰੇ, ਨਿਰਗੁਣ ਆਪਣਾ ਰੰਗ ਵਖਾਇੰਦਾ । ਆਪੇ ਆਪਣੀ ਜੋਤੀ ਜੋਤ ਸੰਗਾਰੇ, ਸਾਚੀ ਦੁਲਹਨ ਆਪ ਬਣਾਇੰਦਾ । ਆਪੇ ਬਣ ਵਿਚੋਲਾ ਫੇਰੇ ਮਾਰੇ, ਏਥੇ ਓਥੇ ਖੇਲ ਵਖਾਇੰਦਾ । ਕਲਜੁਗ ਅੰਤਮ ਕਿਰਪਾ ਕਰੇ ਆਪ ਨਿਰੰਕਾਰੇ, ਆਪਣਾ ਬਲ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸੁਣਿਆ ਸੰਦੇਸ਼ਾ ਤੇਰਾ ਭਗਵਾਨ, ਹਉਂ ਬਾਲਕ ਨਾ ਕੋਇ ਚਤੁਰਾਈਆ । ਮੈਂ ਦਰ ਤੇ ਡਿੱਗਾ ਆਣ, ਤੇਰੇ ਹੱਥ ਮੇਰੀ ਵਡਿਆਈਆ । ਮੈਂ ਜੁਗ ਚੌਕੜੀ ਕੀਆ ਖੇਲ ਵਿਚ ਜਹਾਨ, ਗੁਰ ਅਵਤਾਰ ਨਾਲ ਰਲਾਈਆ । ਤੇਰਾ ਨਾਉਂ ਬਾਣੀ ਮਾਰਿਆ ਬਾਣ, ਅਨਿਆਲਾ ਤੀਰ ਚਲਾਈਆ । ਤੇਰੇ ਜੀਵ ਤੈਨੂੰ ਨਾ ਸਕੇ ਪਛਾਣ, ਮੇਰੀ ਚਲੀ ਨਾ ਕੋਇ ਚਤੁਰਾਈਆ । ਮੈਂ ਰਚੇ ਵੇਦ ਪੁਰਾਨ, ਮੈਂ ਵੇਦ ਵਿਆਸ ਦਿਤਾ ਦਾਨ, ਮੈਂ ਕ੍ਰਿਸ਼ਨ ਸੁਣਾਇਆ ਏਕਾ ਗਾਨ, ਆਪਣਾ ਰਾਗ ਅਲਾਈਆ । ਮੈਂ ਈਸਾ ਮੂਸਾ ਕਰ ਪਰਧਾਨ, ਮੁਹੰਮਦ ਏਕਾ ਅਲਫ਼ ਵਖਾ ਏਕਾ ਦਰ ਸਮਝਾਈਆ । ਮੈਂ ਨਾਨਕ ਨਿਰਗੁਣ ਦੇ ਦੇ ਮਾਣ, ਗੋਬਿੰਦ ਗੋਬਿੰਦ ਘੋੜ ਚੜ੍ਹਾਈਆ । ਅੰਤਮ ਸਾਰੇ ਤੇਰੀ ਚਰਨ ਡਿੱਗੇ ਆਣ, ਦੋਏ ਜੋੜ ਮੰਗਣ ਸ਼ਰਨਾਈਆ । ਤੇਰੀ ਮਹਿਮਾ ਸ੍ਰੀ ਭਗਵਾਨ, ਕੋਈ ਕਥ ਨਾ ਸਕੇ ਰਾਈਆ । ਮੈਂ ਭਿਖਕ ਮੰਗਾਂ ਦਾਨ, ਤੇਰੇ ਅੱਗੇ ਝੋਲੀ ਡਾਹੀਆ । ਕਲਜੁਗ ਤੇਰਾ ਰੰਗ ਖੇਲ ਮਹਾਨ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਜਿਉਂ ਭਾਵੇਂ ਤਿਉਂ ਦੇ ਦੇ ਦਾਨ, ਮੇਰੀ ਕੋਈ ਨਾ ਮਾਣ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਪੁਰਖ ਅਬਿਨਾਸ਼ੀ ਪਿਆ ਹੱਸ, ਆਪਣੀ ਖ਼ੁਸ਼ੀ ਮਨਾਇੰਦਾ । ਸਾਚਾ ਮਾਰਗ ਦੇਵਾਂ ਦੱਸ, ਏਕਾ ਰਾਹ ਚਲਾਇੰਦਾ । ਤੂੰ ਲੋਕਮਾਤ ਜਾਣਾ ਨੱਸ, ਸਾਚਾ ਰਾਹ ਵਖਾਇੰਦਾ । ਮੇਰੇ ਭਗਤਾਂ ਦਾ ਗਾਉਣਾ ਜਸ, ਜਸ ਵੇਦ ਪੁਰਾਨ ਕੰਮ ਕਿਸੇ ਨਾ ਆਇੰਦਾ । ਮੈਂ ਅੰਤਰ ਅੰਤਰ ਜਾਵਾਂ ਵਸ, ਆਪਣਾ ਘਰ ਸੁਹਾਇੰਦਾ । ਜੇ ਕੋਈ ਤੈਨੂੰ ਪਾਵੇ ਸ਼ੱਕ, ਅੱਗੋਂ ਆਪਣਾ ਰੂਪ ਪ੍ਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਇਹ ਸਮਝਾਇੰਦਾ । ਸੁਤ ਸ਼ਬਦ ਹੋ ਅਧੀਨ, ਅਦਨਾ ਹੋ ਹੋ ਸੇਵ ਕਮਾਈਆ । ਮੇਰਾ ਰੂਪ ਦਰ ਮਹੀਨ, ਬੇਨਜ਼ੀਰ ਨਜ਼ਰ ਕੋਇ ਨਾ ਪਾਈਆ । ਮੈਂ ਤੇਰਾ ਨੂਰ ਵਖਾਵਾਂ ਸੀਨ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਮੈਂ ਨਾਤਾ ਤੋੜਾਂ ਤ੍ਰੈਗੁਣ ਤੀਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਹੋਏ ਸਹਾਈਆ । ਪੁਰਖ ਅਬਿਨਾਸ਼ੀ ਅੱਗੋਂ ਬੋਲ, ਏਕਾ ਸ਼ਬਦ ਸੁਣਾਇਆ । ਤੇਰੇ ਨਾਲ ਕਰਾਂ ਕੌਲ, ਕੀਤਾ ਕੌਲ ਭੁੱਲ ਨਾ ਜਾਇਆ । ਪਰਗਟ ਹੋਵਾਂ ਉਪਰ ਧੌਲ, ਧਵਲਾ, ਹੌਲਾ ਭਾਰ ਕਰਾਇਆ । ਸਾਢੇ ਤਿੰਨ ਹੱਥ ਅੰਤਰ ਜਾਵਾਂ ਮੌਲ, ਸੰਬਲ ਆਪਣਾ ਗੜ੍ਹ ਬਣਾਇਆ । ਗੋਬਿੰਦ ਦੇਵਾਂ ਏਕਾ ਪੌਹਲ, ਅੰਮ੍ਰਿਤ ਆਪਣਾ ਆਪ ਪਿਆਇਆ । ਨਿਰਗੁਣ ਹੋ ਕੇ ਵਸਾਂ ਕੋਲ, ਪੁਰਖ ਅਕਾਲ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਆਪਣਾ ਖੇਲ ਰਿਹਾ ਸਮਝਾਇਆ । ਅੰਤਮ ਵੇਲਾ ਦੇਵਾਂ ਦਰਸ, ਹਰਿ ਦਰਦੀ ਦਰਦ ਵੰਡਾਈਆ । ਤੇਰੀ ਮੇਟਾਂ ਪਿਛਲੀ ਹਿਰਸ, ਹਵਸ ਨਾ ਕੋਇ ਵਧਾਈਆ । ਕਰ ਕਿਰਪਾ ਕਰਾਂ ਤਰਸ, ਰਹਿਮਤ ਰਹਿਮਾਨ ਕਮਾਈਆ । ਭਾਗ ਲਗਾਵਾਂ ਮਾਟੀ ਫ਼ਰਸ਼, ਖ਼ਾਕੀ ਖ਼ਾਕ ਵਡਿਆਈਆ । ਆਪਣੇ ਬਲ ਆਪਣੇ ਡੌਲੇ ਫਰਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਆਪਣੇ ਆਉਣ ਦਾ ਦੱਸਾਂ ਵੇਲਾ, ਹਰਿ ਜੂ ਆਖ ਸੁਣਾਇਆ । ਨਾਲ ਰਖਾਵਾਂ ਆਪਣਾ ਚੇਲਾ, ਗੋਬਿੰਦ ਰੰਗ ਰੰਗਾਇਆ । ਦੋ ਜਹਾਨਾਂ ਸੱਜਣ ਸੁਹੇਲਾ, ਨਿਰਗੁਣ ਹੋ ਹੋ ਵੇਸ ਵਟਾਇਆ । ਘਰ ਘਰ ਦਰ ਦਰ ਜਾ ਜਾ ਚਾੜ੍ਹਾ ਤੇਲਾ, ਸਾਚਾ ਸਗਨ ਮਨਾਇਆ । ਗੁਰਮੁਖ ਵੇਖਾਂ ਸਾਚੀ ਵੇਲਾ, ਲੋਕਮਾਤ ਆਪ ਫਿਰਾਇਆ । ਲੱਖ ਚੁਰਾਸੀ ਜੰਗਲ ਜੂਹ ਉਜਾੜ ਪਹਾੜ ਬੇਲਾ, ਡੂੰਘੀ ਕੰਦਰ ਧੀਰ ਨਾ ਕੋਇ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਕਲਜੁਗ ਅੰਤਮ ਜਾਣਾ ਆ, ਆਲਮਗੀਰ ਆਪ ਸਮਝਾਇੰਦਾ । ਹਰਿਜਨ ਸਾਚੇ ਲਏ ਜਗਾ, ਜਾਗਰਤ ਜੋਤ ਇਕ ਵਖਾਇੰਦਾ । ਹਰਿ ਨਾਮ ਲਵਾਂ ਪੜ੍ਹਾ, ਸੋਹੰ ਅੱਖਰ ਇਕ ਧਿਆਇੰਦਾ । ਆਪਣਾ ਰੂਪ ਲਵਾਂ ਪਰਗਟਾ, ਪਰਗਟ ਆਪਣੀ ਖੇਲ ਕਰਾਇੰਦਾ । ਸਚ ਦੁਲਾਰਾ ਲੋਕਮਾਤ ਲਵਾਂ ਬਣਾ, ਆਪਣੀ ਸੇਵ ਕਮਾਇੰਦਾ । ਸਾਚੇ ਭਗਤ ਦਵਾਂ ਵਿਚ ਟਿਕਾ, ਟਿੱਕਾ ਮਸਤਕ ਏਕਾ ਲਾਇੰਦਾ । ਸਾਚੀ ਚੋਗ ਦਵਾਂ ਚੁਗਾ, ਮਾਣਕ ਮੋਤੀ ਮੁਖ ਸੁਹਾਇੰਦਾ । ਆਪਣੀ ਗੋਦ ਲਵਾਂ ਬਹਾ, ਸਿਰ ਆਪਣਾ ਹੱਥ ਟਿਕਾਇੰਦਾ । ਕਿਲਾ ਕੋਟ ਦਿਆਂ ਵਸਾ, ਚਾਰੋਂ ਕੁੰਟ ਵੇਖ ਵਖਾਇੰਦਾ । ਸਚ ਨਗਾਰਾ ਦਿਆਂ ਵਜਾ, ਨਾਮ ਨੌਬਤ ਹੱਥ ਉਠਾਇੰਦਾ । ਮੈਖ਼ਾਨਾ ਦਿਆਂ ਖੁਲ੍ਹਾ, ਆਬੇਹਯਾਤ ਪਿਆਲਾ ਆਪ ਪਿਆਇੰਦਾ । ਅਹਿਬਾਬ ਰਾਬਾਬ ਦਿਆਂ ਵਜਾ, ਤੰਦੀ ਤੰਦ ਨਾ ਕੋਇ ਵਖਾਇੰਦਾ । ਕਾਗਦ ਕਲਮ ਛਾਹੀ ਲੇਖਾ ਦਿਆਂ ਮੁਕਾ, ਲਿਖ ਲਿਖ ਲੇਖ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਏਕਾ ਮਾਰਗ ਦੇਵਾਂ ਲਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਪੰਡਤ ਪਾਂਧੇ ਮੁਲਾਂ ਸ਼ੇਖ਼ ਮੁਸਾਇਕ ਪੀਰ ਏਕਾ ਘਰ ਲਵਾਂ ਬਹਾ, ਤਸਬੀ ਮਣਕਾ ਨਾ ਕੋਇ ਭੁਵਾਇੰਦਾ । ਧੋਤੀ ਬੋਦੀ ਟਿੱਕਾ ਜੰਜੂ ਸਭ ਦਾ ਦਿਆਂ ਮਿਟਾ, ਏਕਾ ਰੰਗ ਰੰਗਾਇੰਦਾ । ਕਲਮਾ ਕਲਾਮ ਦਿਆਂ ਪੜ੍ਹਾ, ਅੰਗ ਅੰਗ ਨਾ ਕੋਇ ਕਟਾਇੰਦਾ । ਸਾਬਤ ਸੂਰਤ ਦਿਆਂ ਵਖਾ, ਸੋਭਾ ਆਪਣੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਮੌਕਾ ਦਿਆਂ ਵਖਾ, ਸਾਚਾ ਵਕਤ ਆਪ ਸੁਹਾਇੰਦਾ । ਸੁਤ ਸ਼ਬਦ ਹੋ ਖ਼ੁਸ਼ਹਾਲ, ਪ੍ਰਭ ਅੱਗੇ ਕਰੇ ਅਰਜੋਈਆ । ਸਤਿਗੁਰ ਪੂਰੇ ਹੋ ਦਿਆਲ, ਜਿਉਂ ਮੋਹਨ ਸ਼ਬਦ ਵਕਤ ਦੇਣਾ ਵਖਾਲ, ਮੈਂ ਵੇਖਾਂ ਚਾਈਂ ਚਾਈਆ । ਜੁਗ ਚੌਕੜੀ ਘਾਲੀ ਤੇਰੀ ਘਾਲ, ਗੁਰ ਅਵਤਾਰ ਸੇਵ ਕਮਾਈਆ । ਕਲਜੁਗ ਅੰਤਮ ਵੇਖਾਂ ਤੂੰ ਕਿਸ ਬਿਧ ਉਠਾਏ ਆਪਣੇ ਲਾਲ, ਆਪਣੀ ਗੋਦ ਬਹਾਈਆ । ਪੁਰਖ ਅਬਿਨਾਸ਼ੀ ਹੋ ਕਿਰਪਾਲ, ਏਕਾ ਵਾਰ ਸੁਣਾਈਆ । ਦੇਵਾਂ ਮਾਣ ਸਚਖੰਡ ਸੱਚੀ ਧਰਮਸਾਲ, ਧੁਰ ਦਰਬਾਰੇ ਸੋਭਾ ਪਾਈਆ । ਪਹਿਲਾ ਦਰ ਸਿੰਘ ਪਾਲ, ਦੂਜੇ ਸਵਰਨ ਮਿਲੇ ਵਡਿਆਈਆ । ਤੀਜੇ ਜਗਤ ਜਗਦੀਸ਼ਾ ਹੋਏ ਖ਼ੁਸ਼ਹਾਲ, ਚੌਥੇ ਮਨਜੀਤਾ ਵੱਜੇ ਵਧਾਈਆ । ਪੰਚਮ ਗੁਰ ਗੁਰ ਗੁਰਦਿਆਲ ਲਾਲ, ਗੁਰ ਗੁਰ ਗੋਦ ਸੁਹਾਈਆ । ਨਾਨਕ ਲੇਖਾ ਕਰ ਪਰਵਾਨ, ਪੂਰਾ ਦਏ ਕਰਾਈਆ । ਪੰਚਮ ਪਾਵੇ ਏਕਾ ਮਾਣ, ਗੁਰ ਏਕਾ ਇਸ਼ਟ ਵਖਾਈਆ । ਲੋਕਮਾਤ ਹੋ ਪਰਧਾਨ, ਆਪਣੀ ਕਲ ਧਰਾਈਆ । ਸਚਖੰਡ ਦਾ ਸਚ ਮਕਾਨ, ਸਤਿ ਸਤਿਵਾਦੀ ਆਪ ਬਣਾਈਆ । ਆਪਣੇ ਭਗਤ

ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਸਤਿ ਸਤਿਵਾਦੀ ਇਕੋ ਸਾਤਾ ਦੂਆ ਲਿਖਿਆ ਦੋ ਜਹਾਨ, ਦੋਏ ਦੋਏ ਰੂਪ ਨਿਰਗੁਣ ਸਰਗੁਣ ਆਪ ਕਰਾਈਆ । ਬਹੱਤਰ ਅੰਕ ਇਕ ਵਖਾਣ, ਰਾਓ ਰੰਕ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਈਆ । ਸਤਿਜੁਗ ਦਾ ਸਤਿ ਨਿਸ਼ਾਨ, ਆਪ ਚੜ੍ਹਾਏ ਸ੍ਰੀ ਭਗਵਾਨ, ਸਚ ਦੁਆਰੇ ਦਏ ਝੁਲਾਈਆ । ਦੂਜਾ ਹੁਕਮ ਦੇਵੇ ਧੁਰ ਫ਼ਰਮਾਣ, ਤੂੰ ਸੁਣਨਾ ਲਾ ਲਾ ਕਾਨ, ਹਰਿ ਸਾਚਾ ਸਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਨਰ, ਨਰ ਹਰਿ ਵਡੀ ਵਡਿਆਈਆ । ਹਰਿ ਵੱਡਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਅਖਵਾਈਆ । ਦੇਵੇ ਇਕ ਸਲਾਹ, ਸਲਾਹਗੀਰ ਆਪ ਹੋ ਜਾਈਆ । ਪੀਰ ਫ਼ਕੀਰ ਦਸਤਗੀਰ ਪੈਗ਼ੰਬਰ ਲਏ ਉਠਾ, ਏਕਾ ਹੁਕਮ ਜਣਾਈਆ । ਪੁਰਖ ਅਬਿਨਾਸ਼ੀ ਲੇਖਾ ਮੰਗੇ ਆਪਣਾ ਆਪਣਾ ਲਉ ਮੁਕਾ, ਵੇਲਾ ਅੰਤਮ ਅੰਤ ਆਈਆ । ਪਾਂਧੀ ਬਣ ਬਣ ਬਿਖੜੇ ਰਾਹ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਰੀਤ ਰਿਹਾ ਸੁਣਾਈਆ । ਸਾਚੀ ਰੀਤ ਹਰਿ ਅਨਮੋਲ, ਅਨਮੁਲੜੀ ਕਾਰ ਕਮਾਇੰਦਾ । ਗੁਰ ਅਵਤਾਰੋ ਆਓ ਦੱਸੋ ਕੀ ਕੁਛ ਤੁਹਾਡੇ ਕੋਲ, ਕਵਣ ਵਸਤ ਹੱਥ ਰਖਾਇੰਦਾ । ਸਾਰੇ ਕਹਿਣ ਪ੍ਰਭ ਤੇਰੀ ਸ਼ਰਨ ਹਉਂ ਤੇਰੇ ਚਰਨ ਘੋਲੀ ਘੋਲ, ਆਪਣੀ ਵਸਤ ਨਾ ਕੋਇ ਰਖਾਈਆ । ਤੇਰਾ ਨਾਉਂ ਵਜਾ ਕੇ ਆਏ ਢੋਲ, ਸ੍ਰਿਸ਼ਟ ਸਬਾਈ ਆਖ ਸੁਣਾਈਆ । ਅੰਤਮ ਤੋਲੇ ਹਰਿ ਜੂ ਤੋਲ, ਤੋਲਣਹਾਰਾ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਉਂ ਭਾਵੇ ਤਿਉਂ ਚਲ ਰਜਾਈਆ । ਆਪਣੀ ਰਜਾ ਨਾ ਚਲਾਂ ਸਕ, ਸੋ ਪੁਰਖ ਨਿਰੰਜਣ ਆਖ ਸੁਣਾਇਆ । ਮੈਂ ਭਗਤਾਂ ਹੱਥ ਫੜਾਈ ਨੱਥ, ਜਿਉਂ ਚਾਹਣ ਦੇਣ ਭੁਆਇਆ । ਮੈਂ ਭਾਣਾ ਨਾ ਸਕਾਂ ਡੱਕ, ਮੇਰਾ ਨੈਣ ਨੈਣ ਸ਼ਰਮਾਇਆ । ਕਬੀਰ ਚੜ੍ਹ ਕੇ ਬੋਲਿਆ ਹੱਕ, ਹੱਕ ਹੱਕ ਮੇਰਾ ਖ਼ੁਦਾਇਆ । ਕਲਜੁਗ ਜੀਵ ਸਾਰੇ ਕਹਿਣ ਹਰਿ ਕਾ ਨਾਮ ਝੂਠੀ ਸ਼ਕਤ, ਅੱਗੇ ਨਜ਼ਰ ਕੋਇ ਨਾ ਆਇਆ । ਕਲਜੁਗ ਅੰਤਮ ਪਾਰਬ੍ਰਹਮ ਪਤਿਪਰਮੇਸ਼ਵਰ ਗੁਰ ਅਵਤਾਰਾਂ ਦੀ ਮਿਸਲ ਕੀਤੀ ਠੱਪ, ਅੱਗੇ ਅਪੀਲ ਨਾ ਕੋਇ ਰਖਾਇਆ । ਬਹੱਤਰ ਭਗਤਾਂ ਦਿਤਾ ਹੱਕ, ਵਸੀਅਤਨਾਮਾ ਆਪ ਜਣਾਇਆ । ਆਪੇ ਖਾ ਕੇ ਡਿੱਗਾ ਪ੍ਰੇਮ ਫੱਟ, ਗੋਬਿੰਦ ਸੂਰਾ ਆਪਣਾ ਖ਼ੂਨ ਨੀਹਾਂ ਹੇਠ ਦਬਾਇਆ । ਜੋਤੀ ਜੋਤ ਵਿਚੋਂ ਹੋਇਆ ਪ੍ਰਗਟ, ਮਾਤ ਪਿਤ ਨਾ ਕੋਇ ਬਣਾਇਆ । ਪਾਰਬ੍ਰਹਮ ਵਿਕਿਆ ਭਗਤਾਂ ਹੱਟ, ਆਪਣਾ ਚਿਤ ਨਾ ਕੋਇ ਰਖਾਇਆ । ਹੋ ਨਿਮਾਣਾ ਗਿਆ ਢੱਠ, ਆਪਣਾ ਬਲ ਨਾ ਕੋਇ ਜਣਾਇਆ । ਭਗਤ ਦੁਆਰਾ ਮਾਣ ਚੁਕਾਏ ਅਠਸਠ, ਸਰ ਸਰੋਵਰ ਕੋਈ ਰਹਿਣ ਨਾ ਪਾਇਆ । ਨੌਂ ਖੰਡ ਪ੍ਰਿਥਮੀ ਖੇੜਾ ਹੋਇਆ ਭੱਠ, ਸੱਥਰ ਯਾਰੜਾ ਇਕ ਹੰਢਾਇਆ । ਨੇਤਰ ਰੋਵਣ ਤੱਤ ਅੱਠ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਨਾਲ ਰਲਾਇਆ । ਇਕ ਮੁਹੰਮਦ ਉਠੇ ਝੱਟ, ਆਪਣਾ ਬਲ ਰਖਾਇਆ । ਚਾਰ ਯਾਰਾਂ ਕਰੇ ਅਕੱਠ, ਏਕਾ ਮਤਾ ਪਕਾਇਆ । ਅੱਲਾ ਰਾਣੀ ਲਏ ਕਰਵਟ, ਆਪਣਾ ਮੁਖ ਭੁਵਾਇਆ । ਚਲੋ ਰਲ ਕੇ ਸਾਰੇ ਪਰਵਰਦਿਗਾਰ ਸ਼ਰਨਾਈ ਜਾਈਏ ਢੱਠ, ਸਾਡਾ ਬੇੜਾ ਦਏ ਤਰਾਇਆ । ਰਲ ਮਿਲ ਲਾਹਾ ਲਈਏ ਖੱਟ, ਚੌਦਾਂ ਲੋਕ ਰਹੇ ਕੁਰਲਾਇਆ । ਨਬੀ ਰਸੂਲਾਂ ਇਕੋ ਮਤ, ਏਕਾ ਤੱਤ ਜਣਾਇਆ । ਦਰ ਜਾਏ ਸੱਥਰ ਬਹੀਏ ਘੱਤ, ਆਪਣਾ ਖਾਵੰਦ ਲਈਏ ਮਨਾਇਆ । ਜਿਸ ਦਾ ਕਲਮਾ ਰਹੇ ਰਟ, ਲਿਖ ਲਿਖ ਲੇਖ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਚਾਰ ਯਾਰ ਮਾਰਨ ਧਾ,

ਨੇਤਰ ਨੈਣਾਂ ਨੀਰ ਵਹਾਈਆ । ਸਾਡੇ ਵਿਚ ਨਾ ਕੋਈ ਸਾਹ, ਬਲ ਨਜ਼ਰ ਕੋਇ ਨਾ ਆਈਆ । ਸਾਡੀਆਂ ਭੁਜਾਂ ਦਾ ਤੂੰ ਬਲ ਬਾਂਹ, ਤੀਜਾ ਦੇਵੇ ਨਾ ਕੋਇ ਵਡਿਆਈਆ । ਅਸੀਂ ਸਾਰੇ ਕਰਦੇ ਨਾ, ਤੇਰੇ ਸੰਗ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਸਮਝਾਈਆ । ਮੁਹੰਮਦ ਕਹੇ ਅੱਲਾ ਰਾਣੀ ਹੋ ਤਿਆਰ, ਆਪਣੀ ਖਾਹਿਸ਼ ਨਾਲ ਮਿਲਾਈਆ । ਤੇਰੇ ਨਾਲ ਕਰਾਂ ਪਿਆਰ, ਪਿਆਰ ਪਿਆਰ ਵਿਚ ਸਮਾਈਆ । ਚਲ ਕੇ ਕਰੀਏ ਦਰ ਪੁਕਾਰ, ਕੂਕ ਕੂਕ ਸੁਣਾਈਆ । ਮੇਰੀ ਉਮਤ ਗਈ ਹਾਰ, ਉਲਮਾ ਕਰੇ ਨਾ ਕੋਇ ਪੜ੍ਹਾਈਆ । ਝੂਠੀ ਮੁਹੱਬਤ ਫਸਿਆ ਸੰਸਾਰ, ਸੁਹਬਤ ਤੇਰੀ ਨਾ ਕੋਇ ਸੁਣਾਈਆ । ਤਸਬੀ ਮਣਕਾ ਕਰ ਖਵਾਰ, ਐਨਲਹਕ ਨਾਅਰਾ ਨਾ ਕੋਇ ਲਗਾਈਆ । ਉਠ ਚਲ ਕੇ ਕਰੀਏ ਦੀਦਾਰ, ਨੇਤਰ ਨੈਣ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਕਰਾਈਆ । ਅੱਲਾ ਰਾਣੀ ਖੋਲ੍ਹੇ ਤਾਕ, ਆਪਣਾ ਘੁੰਗਟ ਰਹੀ ਉਠਾਈਆ । ਮੁਹੰਮਦ ਤੇਰੇ ਨਾਲ ਨਾ ਮੇਰਾ ਕੋਈ ਸਾਕ, ਤੇਰੀ ਸ਼ਰਅ ਬੰਧਨ ਨਾ ਕੋਇ ਰਖਾਈਆ । ਮੇਰਾ ਇਕੋ ਨਾਤਾ ਨਾਲ ਏਕਾ ਪਾਕੀ ਪਾਕ, ਬਣ ਬਰਦੀ ਸੇਵ ਕਮਾਈਆ । ਮੇਰੇ ਨੱਕ ਨਾ ਦਿਸੇ ਨੱਥ ਸੁਹਾਗ, ਸੁਕੀ ਮੀਂਢੀ ਰਹੀ ਵਖਾਈਆ । ਮੈਨੂੰ ਦਰ ਦਵਾਰਿਉਂ ਦਿਤਾ ਕਾਢ, ਏਕਾ ਧੱਕਾ ਲਾਈਆ । ਨਿਤ ਰੋਵਾਂ ਕਰਾਂ ਯਾਦ, ਨੇਤਰ ਨੈਣਾਂ ਨੀਰ ਵਹਾਈਆ । ਮੇਰਾ ਮਾਹੀ ਸੁਣੇ ਫਰਿਯਾਦ, ਮੈਂ ਨਿਤ ਨਿਤ ਖ਼ੁਸ਼ੀ ਮਨਾਈਆ । ਤੇਰੀ ਉਮਤ ਵਿਚ ਫਸਾਦ, ਫਸ ਕੇ ਨਿਕਲ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਈਆ । ਅੱਲਾ ਰਾਣੀ ਖੋਲ੍ਹੇ ਪਲਕ, ਨੈਣ ਨੈਣ ਉਘਾੜਿਆ । ਮੇਰੇ ਖ਼ੁਦਾ ਦੇ ਦੇ ਝਲਕ, ਤੇਰਾ ਵਿਛੋੜਾ ਮੋਹੇ ਸਤਾ ਰਿਹਾ । ਚੌਦਾਂ ਲੋਕ ਨਾ ਜਾਣਾ ਅਟਕ, ਚੌਦਾਂ ਤਬਕ ਨਾ ਕੋਇ ਵਿਚਾਰਿਆ । ਮੈਂ ਬ੍ਰਿਹੋਂ ਮਾਰੀ ਰਹੀ ਭਟਕ, ਕਰ ਤਰਸ ਮੇਰੇ ਪਿਆਰਿਆ । ਚਰਨਾਂ ਕੋਲੋਂ ਨਾ ਦੇਵੀਂ ਹਟਕ, ਮੈਨੂੰ ਤੇਰਾ ਇਕ ਸਹਾਰਿਆ । ਬਿਨ ਕੁਰਵੇਂ ਦੇਣਾ ਝਟਕ, ਤੇਰਾ ਪ੍ਰੇਮ ਇਕ ਰਸਾ ਰਿਹਾ । ਮੈਂ ਅੱਧਵਿਚਕਾਰ ਰਹੀ ਲਟਕ, ਨਾ ਕੋਈ ਦਿਸੇ ਆਰ ਪਾਰ ਕਿਨਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਚਰਨ ਸਹਾਰਿਆ । ਮੈਂ ਖੋਲ੍ਹ ਕਾਨ ਸੁੱਤੀ ਬਿਸਾਤ, ਤੇਰਾ ਧਿਆਨ ਲਗਾਈਆ । ਤੂੰ ਸਵਾਂਗੀ ਰਚਿਆ ਸਵਾਂਗ, ਬੇਅੰਤ ਤੇਰੀ ਵਡਿਆਈਆ । ਮੈਂ ਕੋਝੀ ਕਮਲੀ ਰੱਖੀ ਤਾਂਘ, ਨਿਤ ਤੇਰੇ ਦਰਸ ਤਿਹਾਈਆ । ਬਿਨ ਤੇਰੇ ਰੱਖਾਂ ਹੋਰ ਨਾ ਕੋਈ ਸਾਂਝ, ਦੂਜਾ ਅੰਗ ਨਾ ਕੋਇ ਲਗਾਈਆ । ਫੜ ਬਾਹੋਂ ਲੈਣਾ ਕਾਢ, ਦੋਏ ਜੋੜ ਮੰਗਾਂ ਸ਼ਰਨਾਈਆ ਇਕੋ ਕਰਨਾ ਸੱਚਾ ਲਾਡ, ਆਪਣੀ ਗੋਦ ਬਹਾਈਆ । ਚਰਨ ਕਵਲ ਦੇਣੀ ਦਾਦ, ਏਕਾ ਦੁਆਰ ਰਾਗ ਸੁਣਾਈਆ । ਹਜ਼ਾਰਾ ਦਰੂਦ ਨਾ ਕੋਈ ਯਾਦ, ਹਜ਼ਰਤ ਤੇਰੀ ਮੰਗਾਂ ਸ਼ਰਨਾਈਆ । ਮੈਂ ਖ਼ਾਦਮ ਹੋਵਾਂ ਖਾਦ, ਖ਼ਾਲਕ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਤੇਰੀ ਓਟ ਤਕਾਈਆ । ਮੈਂ ਤੇਰੇ ਦਰ ਦੀ ਬਾਂਦੀ, ਸੇਵਕ ਬਣ ਬਣ ਸੇਵ ਕਮਾਈਆ । ਮੈਂ ਕਲਜੁਗ ਥੱਕੀ ਮਾਂਦੀ, ਦਰ ਤੇਰੇ ਤੇ ਆਈਆ । ਮੈਂ ਗੀਤ ਤੇਰੇ ਗਾਉਂਦੀ, ਢੋਲੇ ਮੇਰੇ ਮਾਹੀਆ । ਮੇਰੀ ਕੱਟ ਵਿਛੋੜੇ ਵਾਲੀ ਫਾਂਦੀ, ਆਪ ਆਪਣਾ ਮੇਲ ਮਿਲਾਈਆ । ਨੌਂ ਖੰਡ ਪ੍ਰਿਥਮੀ ਝੁੱਲੇ ਆਂਧੀ, ਸਾਚਾ ਮੇਘ ਨਾ ਕੋਇ ਬਰਸਾਈਆ । ਮੁਲਾਂ ਸ਼ੇਖ਼ ਮੁਸਾਇਕ ਭੁੱਲੇ ਵੇਖ ਸੋਨਾਂ ਚਾਂਦੀ, ਮਾਇਆ ਮਮਤਾ ਮੋਹ ਵਧਾਈਆ । ਮੈਂ ਬਿਨ ਤੇਰੇ ਦਰਸ

ਕੁਛ ਨਾ ਪੀਂਦੀ ਖ਼ਾਂਦੀ, ਦਿਵਸ ਰੈਣ ਰਹਾਂ ਤਿਹਾਈਆ । ਆ ਮਿਲ ਸਾਈਆ ਮੈਂ ਵੈਰਾਗਣ ਕੂੰਜ ਕੁਰਲਾਂਦੀ, ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਹਿਮਤ ਆਪ ਕਮਾਈਆ । ਤੇਰੇ ਉਤੇ ਰਹਿਮਤ ਦਵਾਂ ਕਰਾ, ਹਰਿ ਖ਼ੁਦਾਵੰਦ ਆਪ ਸੁਣਾਇੰਦਾ । ਤੇਰਾ ਵਿਛੋੜਾ ਦਿਆਂ ਗਵਾ, ਸਾਚਾ ਸੰਗ ਨਿਭਾਇੰਦਾ । ਸਾਚਾ ਮਾਰਗ ਦਿਆਂ ਵਖਾ, ਏਕਾ ਰਾਹ ਸਮਝਾਇੰਦਾ । ਮੇਰਿਆਂ ਭਗਤਾਂ ਚਰਨ ਡਿੱਗੀਂ ਜਾ, ਮੇਰਾ ਵਸ ਕੋਇ ਨਾ ਜਾਇੰਦਾ । ਜੇ ਤੈਨੂੰ ਦੇਣ ਪਨਾਹ, ਮੈਂ ਹੱਸ ਹੱਸ ਖ਼ੁਸ਼ੀ ਮਨਾਇੰਦਾ । ਤੇਰਾ ਪਿਛਲਾ ਬਖ਼ਸ਼ਾਂ ਸਰਬ ਗੁਨਾਹ, ਅੱਗੇ ਭਗਤਾਂ ਨਾਲ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਅੱਲਾ ਰਾਣੀ ਕਰ ਕਬੂਲ, ਲੱਖ ਲੱਖ ਸ਼ੁਕਰ ਮਨਾਇਆ । ਸਾਹਿਬ ਤੇਰਾ ਸੱਚਾ ਅਸੂਲ, ਮੋਹਿ ਨਿਮਾਣੀ ਭਾਇਆ । ਮੈਂ ਤੇਰੇ ਭਗਤਾਂ ਮੰਗਾਂ ਚਰਨ ਧੂੜ, ਆਪਣੇ ਮਸਤਕ ਟਿੱਕਾ ਲਾਇਆ । ਤੂੰ ਜਾਈਂ ਨਾ ਮੈਨੂੰ ਭੂਲ, ਮੈਂ ਭੁਲੜੀ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇਆ । ਅੱਲਾ ਰਾਣੀ ਸੁਣ ਲੈ ਗੱਲ, ਹਰਿ ਸਾਚਾ ਸਚ ਜਣਾਇੰਦਾ । ਪਹਿਲੀ ਚੇਤਰ ਆਉਣਾ ਚਲ, ਚਾਲ ਨਿਰਾਲੀ ਇਕ ਵਖਾਇੰਦਾ । ਪੁਰਖ ਅਬਿਨਾਸ਼ੀ ਕਰੇ ਵਲ ਛਲ, ਬਣ ਕਿਰਸਾਣਾ ਹਲ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਇੰਦਾ । ਅੱਲਾ ਰਾਣੀ ਨੈਣ ਉਘਾੜ, ਅੱਖ ਅੱਖ ਨਾਲ ਮਿਲਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਕਵਣ ਕੂਟੇ ਦਏਂ ਮਲਾਈਆ । ਮੱਕਾ ਕਾਅਬਾ ਹੋਏ ਖੁਵਾਰ, ਜਗਤ ਹੁਜਰਾ ਨਾ ਕੋਇ ਵਡਿਆਈਆ । ਮਾਤ ਮਹਿਰਾਬ ਹੋਈ ਬੇਜ਼ਾਰ, ਆਪਣੀ ਦੀਦ ਖੁਲ੍ਹਾਈਆ । ਕਵਣ ਘਰ ਤੇਰਾ ਮੁਨਾਰ, ਕਵਣ ਮਲਾਲ ਰੂਪ ਵਟਾਈਆ । ਪੁਰਖ ਅਬਿਨਾਸ਼ੀ ਕਹੇ ਕਰਤਾਰ, ਏਕਾ ਹੁਕਮ ਸੁਣਾਈਆ । ਮੇਰਾ ਸਿਖ ਸੱਚਾ ਸਰਦਾਰ, ਜੋ ਬੈਠਾ ਆਸਣ ਲਾਈਆ । ਮੈਂ ਉਸ ਦਾ ਸੇਵਾਦਾਰ, ਉਤੇ ਚੜ੍ਹ ਕੇ ਸੇਵ ਕਮਾਈਆ । ਦੂਰ ਦੁਰਾਡੇ ਆਉਂਦੇ ਤੱਕਾਂ ਪੁਰਖ ਨਾਰ, ਨੇਤਰ ਨੈਣ ਉਠਾਈਆ । ਅੱਲਾ ਰਾਣੀ ਤੂੰ ਮਟਿਆਰ, ਤੇਰਾ ਜੋਬਨ ਕਵਣ ਹੰਢਾਈਆ । ਦੁੱਖ ਝਲਣਾ ਪਵੇ ਸੰਸਾਰ, ਸਹਿਕ ਸਹਿਕ ਮਿਲੇ ਵਡਿਆਈਆ । ਜਨ ਭਗਤਾਂ ਕੋਲੋਂ ਪੁਛਣ ਆਣ ਸਚ ਦਰਬਾਰ, ਕਵਣ ਵੇਲਾ ਪ੍ਰਭ ਲਏ ਮਿਲਾਈਆ । ਅੱਗੋਂ ਸਾਰੇ ਕਹਿਣ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬੋਲ ਜੈਕਾਰ, ਤੇਰਾ ਦੁਖੜਾ ਦਏ ਮਿਟਾਈਆ । ਘਰ ਮਿਲੇ ਕੰਤ ਭਤਾਰ, ਨਾਰ ਸੋਭਾਵੰਤ ਵਡਿਆਈਆ । ਤੇਰੀ ਮੁੱਕੇ ਜੁਦਾਈ ਜੁਗ ਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਉਧਰ ਸਦ ਰਿਹਾ ਇਕੱਲਾ, ਚਾਰੋਂ ਕੁੰਟ ਵੇਖ ਵਖਾਇੰਦਾ । ਹਾਏ ਹਾਏ ਖ਼ਾਲੀ ਦਿਸੇ ਮਹੱਲਾ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਬੌਹੜੀ ਬੌਹੜੀ ਰੁੱਸੀ ਅੱਲਾ, ਰੁੱਸੀ ਨਾਰ ਨਾ ਕੋਇ ਮਨਾਇੰਦਾ । ਦੁਹਾਈ ਦੁਹਾਈ ਪਰਵਰਦਿਗਾਰ ਛੁਡਾਇਆ ਪੱਲਾ, ਪੱਲੂ ਹੱਥ ਨਾ ਕੋਇ ਵਖਾਇੰਦਾ । ਉਠ ਕੇ ਉਮਤ ਦਲ ਆਇਆ ਚਲਾ, ਚਲ ਚਲ ਆਪਣਾ ਪੰਧ ਮੁਕਾਇੰਦਾ । ਅੱਗੇ ਵੇਖੇ ਬੂਟਾ ਹੁੱਲਾ, ਫਲ ਕੋਇ ਨਜ਼ਰ ਨਾ ਆਇੰਦਾ । ਸਭ ਸੁੱਕੇ ਨਾਲ ਬੁਲਾਂ, ਆਬੇਹਯਾਤ ਨਾ ਕੋਇ ਪਿਆਇੰਦਾ । ਮਸਲਾ ਨਾ ਕੋਈ ਸੁਣਾਏ ਮੁਲਾਂ, ਆਇਤ ਸ਼ਰਾਇਤ ਨਾ ਕੋਈ ਪੜ੍ਹਾਇੰਦਾ । ਇਧਰ ਉਧਰ ਵੇਖੇ ਮੈਂ ਭੁੱਲਾ, ਸਾਚਾ ਰਾਹ ਨਜ਼ਰ ਨਾ ਆਇੰਦਾ । ਸਿਰ ਤੇ ਮਾਰੇ ਹੱਥ ਦਿਸੇ ਨਾ ਕੁੱਲਾ, ਕੁੱਲੀ ਕੱਖਾਂ ਨਾ ਕੋਇ ਬਹਾਇੰਦਾ । ਨੇਤਰ ਖੋਲ੍ਹ ਵੇਖੇ ਝੱਲਾ, ਵਿਚ ਅੱਗ ਨਾ

ਕੋਇ ਟਿਕਾਇੰਦਾ । ਅੰਤਰ ਵੇਖੇ ਅੰਮ੍ਰਿਤ ਡੁੱਲਾ, ਪਿਆਲਾ ਸਰੂਰ ਨਾ ਕੋਇ ਫੜਾਇੰਦਾ । ਅੱਗੋਂ ਮਿਲੇ ਆਪ ਤਾਨ੍ਹਾ ਮੇਹਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਉਠ ਮੁਹੰਮਦ ਵੇਖ ਤਕਦੀਰ, ਤਦਬੀਰ ਦਿਤੀ ਬਦਲਾਈਆ । ਤੇਰੀ ਉਠੀ ਪੀਰ ਵਹੀਰ, ਚਾਰ ਕੁੰਟ ਨਜ਼ਰੀ ਆਈਆ । ਤੈਨੂੰ ਵੱਜਾ ਸ਼ਰਅ ਜ਼ੰਜੀਰ, ਸ਼ਰਮ ਹਯਾ ਗਵਾਈਆ । ਤੇਰੀ ਮਿਟੇ ਕਲ ਲਕੀਰ, ਫਤਵਾ ਹਰਿ ਜੂ ਦਿਤਾ ਲਾਈਆ । ਤੈਥੋਂ ਰੁਸਿਆ ਤੇਰਾ ਪੀਰ, ਮੁਰਸ਼ਦ ਦੇਵੇ ਨਾ ਕੋਇ ਵਡਿਆਈਆ । ਤੂੰ ਮੰਨ ਜਾ ਅੰਤ ਅਖੀਰ, ਏਕਾ ਮਤ ਸਮਝਾਈਆ । ਦਰ ਜਾਏ ਨੱਕ ਨਾਲ ਕੱਢ ਲਕੀਰ, ਗਿਣਤੀ ਗਣਤ ਨਾ ਕੋਇ ਗਿਣਾਈਆ । ਔਖੀ ਘਾਟੀ ਇਕ ਅਖ਼ੀਰ, ਅਖ਼ੀਰ ਚੜ੍ਹ ਜਾਈਂ ਮਿਲੇ ਸਾਂਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਮੁਹੰਮਦ ਉਠ ਉਠ ਬਲ ਧਾਰੇ, ਆਪਣਾ ਜ਼ੋਰ ਲਗਾਇੰਦਾ । ਵਾਹ ਵਾ ਤੇਰਾ ਖੇਲ ਮੇਰੇ ਪਰਵਰਦਿਗਾਰੇ, ਭੇਵ ਕੋਇ ਨਾ ਆਇੰਦਾ । ਮੈਂ ਆਵਾਂ ਤੇਰੇ ਦੁਆਰੇ, ਬਣ ਦਰਵੇਸ਼ ਸੇਵ ਕਮਾਇੰਦਾ । ਤੂੰ ਦੇ ਕੇ ਆਇਆ ਲਾਰੇ, ਚੌਦਾਂ ਸਦੀਆਂ ਵੰਡ ਵੰਡਾਇੰਦਾ । ਮੈਂ ਕੀਤੇ ਖੇਲ ਅਪਾਰੇ, ਆਪਣਾ ਹੁਕਮ ਸੁਣਾਇੰਦਾ । ਅੰਤਮ ਵੇਲਾ ਆਇਆ ਕਿਨਾਰੇ, ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰ ਸੀਸ ਝੁਕਾਇੰਦਾ । ਤੇਰੇ ਦਰ ਝੁਕੇ ਸੀਸ, ਸਜਦਾ ਨਿਉਂ ਨਿਉਂ ਸੁਟ ਜਣਾਈਆ । ਕਿਰਪਾ ਕਰ ਹਰਿ ਜਗਦੀਸ਼, ਜੁਗਤ ਤੇਰੇ ਹੱਥ ਵਡਿਆਈਆ । ਮੈਂ ਮੰਨਾਂ ਤੇਰੀ ਹਦੀਸ, ਹਜ਼ਰਤ ਤੇਰੀ ਸ਼ਰਨਾਈਆ । ਮੈਨੂੰ ਵਖਾਲ ਨਾਲ ਸ਼ਬਦੀ ਚੀਸ, ਤੇਰਾ ਦੁੱਖ ਝੱਲਿਆ ਨਾ ਜਾਈਆ । ਸਦੀ ਚੌਧਵੀਂ ਫੜ ਫੜ ਕਹੇ ਨਾ ਲੇਟ, ਗੋਡੇ ਗਿੱਟੇ ਨਾ ਦਏ ਰਗੜਾਈਆ । ਮੇਰੀ ਛਿੱਲੀ ਗਈ ਪੀਠ, ਬੌਹੜੀ ਬੌਹੜੀ ਦਏ ਦੁਹਾਈਆ । ਮੇਰੀ ਵੇਖ ਨਾ ਪਹਿਲੀ ਨੀਤ, ਮੇਰੀ ਭੁੱਲ ਭੁੱਲ ਬਖ਼ਸ਼ਾਈਆ । ਤੋਬਾ ਤੋਬਾ ਮੈਂ ਫੇਰ ਨਾ ਜਾਵਾਂ ਵਿਚ ਮਸੀਤ, ਮੁਲਾਂ ਕੋਇ ਨਾ ਬਾਂਗ ਸੁਣਾਈਆ । ਮੈਨੂੰ ਦੱਸ ਦੇ ਆਪਣੀ ਰੀਤ, ਮੈਂ ਰਹਿਵਾਂ ਨਿਤ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਚਰਨ ਸੱਚੀ ਵਡਿਆਈਆ । ਵੇਖ ਪ੍ਰਭ ਮੈਂ ਗਿਆ ਥੱਕ, ਤੇਰਾ ਪੰਧ ਮੁਕਾਇਆ । ਛੱਡ ਦਿਆਂ ਨੱਕ ਨੱਥ, ਸ਼ਰਅ ਰਹੀ ਭੁਵਾਇਆ । ਮੈਂ ਡਿੱਗਾ ਡੂੰਘੀ ਖੱਡ, ਨਾ ਸਕੇ ਕੋਇ ਉਠਾਇਆ । ਮੇਰੇ ਬੁੱਢੇ ਹੋਏ ਹੱਡ, ਮੇਰਾ ਦੁੱਖ ਨਾ ਕੋਇ ਵੰਡਾਇਆ । ਮੈਂ ਤੇਰੀ ਉਪਜਿਆ ਯਦ, ਤੂੰ ਮੇਰਾ ਹੋ ਸਹਾਇਆ । ਪੁਰਖ ਅਬਿਨਾਸ਼ੀ ਅੱਗੋਂ ਹੋਇਆ ਗਦ ਗਦ, ਹੱਸ ਹੱਸ ਸੁਣਾਇਆ । ਮੈਂ ਸਿੰਘ ਤਾਰਾ ਲਵਾਂ ਸੱਦ, ਤੇਰਾ ਦੁਖੜਾ ਲਵਾਂ ਵੰਡਾਇਆ । ਉਹ ਪਿਛਲਾ ਚੋਰ ਠੱਗ, ਤੇਰੀ ਠੱਗੀ ਦਏ ਭੁਲਾਇਆ । ਕਰਾਂ ਖੇਲ ਆਪਣੀ ਹੱਦ, ਹਰਿਜਨ ਸਾਚੇ ਨਾਲ ਰਲਾਇਆ । ਮੁਹੰਮਦ ਕਹੇ ਮੈਂ ਤੇਰੇ ਚਰਨ ਜਾਵਾਂ ਲੱਗ, ਦੂਜੀ ਓਟ ਨਾ ਕੋਇ ਤਕਾਇਆ । ਧੰਨ ਭਾਗ ਸਿੰਘ ਤਾਰਾ ਵੰਡਾਏ ਮੇਰਾ ਅੱਧ, ਜ਼ਿਕਰ ਜ਼ਿਕਰ ਨਾਲ ਰਲਾਇਆ । ਕੌਣ ਵੇਲਾ ਹਰਿ ਜੂ ਲਵੀਂ ਕੱਢ, ਡੂੰਘੀ ਭਵਰੀ ਆਪ ਰਖਾਇਆ । ਪੁਰਖ ਅਬਿਨਾਸ਼ੀ ਰਿਹਾ ਦੱਸ, ਏਕਾ ਹਾਲ ਸੁਣਾਇਆ । ਪਹਿਲੀ ਚੇਤਰ ਆਉਣਾ ਨੱਸ, ਸਾਚਾ ਸਗਨ ਮਨਾਇਆ । ਉਥੇ ਮੇਰੇ ਭਗਤਾਂ ਦਾ ਹੋਣਾ ਇਕੱਠ, ਇਕੱਠ ਏਕਾ ਵਾਰ ਕਰਾਇਆ । ਉਥੇ ਗੋਬਿੰਦ ਹੋਣਾ ਪਰਤੱਖ, ਹਰਿ ਸਤਿਗੁਰ ਆਪ ਕਰਾਇਆ । ਕਰੇ ਖੇਲ ਪੁਰਖ ਸਮਰਥ, ਸਮਝ ਵਿਚ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਜਸ ਭਗਤਾਂ ਹੱਥ ਫੜਾਇਆ ।

ਗੁਰਮੁਖ ਤੇਰਾ ਮੀਤੜਾ, ਹਰਿ ਏਕਾ ਏਕਓਂਕਾਰ । ਕਾਇਆ ਚੋਲੀ ਰੰਗੇ ਚੀਥੜਾ, ਦੇਵੇ ਵਡਿਆਈ ਵਿਚ ਸੰਸਾਰ । ਧਾਮ ਵਖਾਏ ਇਕ ਅਨਡੀਠੜਾ, ਮਹੱਲ ਅਟੱਲ ਉਚ ਮਨਾਰ । ਜਗਤ ਸੁਣਾਏ ਏਕਾ ਗੀਤੜਾ, ਸੋਹੰ ਸ਼ਬਦ ਸ਼ਬਦ ਜੈਕਾਰ । ਨਾਤਾ ਤੁਟਾ ਮੰਦਰ ਮਸੀਤੜਾ, ਹਰਿ ਪਾਇਆ ਇਕ ਦੁਆਰ । ਹੋਇਆ ਪਤਤ ਪੁਨੀਤੜਾ, ਦੁਰਮੱਤ ਮੈਲ ਦਏ ਉਤਾਰ । ਮਿੱਠਾ ਕਰੇ ਕੌੜਾ ਰੀਠੜਾ, ਅੰਮ੍ਰਿਤ ਰਸ ਇਕ ਵਖਾਲ । ਕਲਜੁਗ ਅੰਤਮ ਅੰਤ ਬੀਤੜਾ, ਸਤਿਗੁਰ ਪੂਰਾ ਹੋਏ ਰਖਵਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਵੇਖੇ ਸਾਚੇ ਲਾਲ । ਮੇਰੇ ਲਾਲਨ ਲਾਲ ਪਿਆਰਿਆ, ਗੁਰਸਿਖ ਦਰਸ ਵਖਾ । ਤੇਰੇ ਨਾਮ ਵਣਜਾਰਿਆ, ਸਦਾ ਰੱਖਾਂ ਮਿਲਣ ਦਾ ਚਾਅ । ਮੈਂ ਘਰ ਘਰ ਫੇਰਾ ਮਾਰਿਆ, ਬਣ ਸੇਵਕ ਸੇਵ ਕਮਾ । ਤੂੰ ਆ ਕੇ ਦੇ ਦੀਦਾਰਿਆ, ਫੜ ਲੈ ਮੇਰੀ ਬਾਂਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕੋਲੋਂ ਮੰਗੇ ਪਨਾਹ । ਗੁਰਮੁਖ ਤੇਰਾ ਸਚ ਸਹਾਰਾ, ਸੋ ਪੁਰਖ ਨਿਰੰਜਣ ਆਪ ਤਕਾਇੰਦਾ । ਤੁਧ ਬਿਨ ਮਿਲੇ ਨਾ ਕੋਈ ਦੁਆਰਾ, ਘਰ ਕੋਇ ਨਜ਼ਰ ਨਾ ਆਇੰਦਾ । ਤੇਰੇ ਨਾਮ ਦਾ ਹਰਿ ਵਣਜਾਰਾ, ਗੁਰਸਿਖ ਤੇਰੇ ਗੀਤ ਗਾਇੰਦਾ । ਕਰ ਕਿਰਪਾ ਦੇ ਪ੍ਰੇਮ ਭੰਡਾਰਾ, ਸਤਿਗੁਰ ਪੂਰਾ ਅੱਗੇ ਝੋਲੀ ਡਾਹਿੰਦਾ । ਕਲਜੁਗ ਅੰਤਮ ਖੇਲ ਕੀਆ ਨਿਆਰਾ, ਆਪਣੀ ਖੇਲ ਵਖਾਇੰਦਾ । ਜਿਸ ਨੂੰ ਲੱਭਦੇ ਰਹੇ ਸਚਖੰਡ ਦੁਆਰਾ, ਸੋ ਸਚਖੰਡ ਨਿਵਾਸੀ ਗੁਰਸਿਖਾਂ ਘਰ ਘਰ ਵੇਖ ਵਖਾਇੰਦਾ । ਰਾਤੀਂ ਸੁਤਿਆਂ ਦੇਵੇ ਪਹਿਰਾ, ਠੱਗ ਚੋਰ ਯਾਰ ਕੋਈ ਨੇੜ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣੇ ਮੇਲ ਮਿਲਾਇੰਦਾ । ਗੁਰਸਿਖ ਤੇਰੀ ਮਹਿਮਾ ਅਕੱਥ, ਬ੍ਰਹਮਵੇਤਾ ਕਥ ਨਾ ਸਕੇ ਰਾਈਆ । ਗੁਰਮੁਖ ਤੇਰਾ ਅਗੰਮੀ ਰਥ, ਸਤਿਗੁਰ ਪੂਰਾ ਆਪ ਚਲਾਈਆ । ਗੁਰਮੁਖ ਤੇਰਾ ਨਾਮ ਵਥ, ਵਸਤ ਅਮੋਲਕ ਹਰਿ ਵਰਤਾਈਆ । ਗੁਰਮੁਖ ਤੇਰਾ ਪ੍ਰੇਮ ਰਸ, ਦੋ ਜਹਾਨ ਮਿੱਠਾ ਤੱਤ ਨਾ ਕੋਇ ਜਣਾਈਆ । ਤੂੰ ਮੇਰਾ ਮੈਂ ਤੇਰੇ ਹੋਇਆ ਵਸ, ਮੇਰੀ ਚਲੀ ਨਾ ਕੋਇ ਚਤੁਰਾਈਆ । ਸੋਹੰ ਸ਼ਬਦ ਦੱਸ ਕੇ ਗਿਆ ਫਸ, ਆਤਮ ਪਰਮਾਤਮ ਪਰਮਾਤਮ ਆਤਮ ਵਿਚ ਸਮਾਈਆ । ਚਾਰ ਕੁੰਟ ਨਾਂ ਸਕਾ ਨੱਸ, ਤੇਰਾ ਪ੍ਰੇਮ ਘੇਰਾ ਪਾਈਆ । ਅੰਤਮ ਬਹਿ ਗਿਆ ਕਰ ਕੇ ਬਸ, ਝੱਲੀ ਜਾਏ ਨਾ ਤੇਰੀ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਦਾ ਸੰਗ ਰਖਾਈਆ । ਗੁਰਸਿਖ ਕਹੇ ਮੈਂ ਨਹੀਂ ਮੰਨਦਾ, ਤੂੰ ਅਛਲ ਅਛੱਲ ਅਖਵਾਇਆ । ਜੁਗਾ ਜੁਗੰਤਰ ਸਭ ਨੂੰ ਡੰਨਦਾ, ਜੋ ਘੜਿਆ ਭੰਨ ਵਖਾਇਆ । ਕੋਟਾਂ ਵਿਚੋਂ ਇਕ ਦਾ ਬੇੜਾ ਬੰਨਦਾ, ਧਰੂ ਪ੍ਰਹਿਲਾਦ ਰਿਹਾ ਸੁਣਾਇਆ । ਜੁਗੋ ਜੁਗੰਤ ਆਪਣਾ ਨਾਮ ਸੁਨੇਹੁੜਾ ਘੱਲਦਾ, ਆਪਣਾ ਫੇਰਾ ਕਦੇ ਨਾ ਪਾਇਆ । ਸਦਾ ਸਦਾ ਸਦ ਰਿਹਾ ਛਲਦਾ, ਅਛਲ ਅਛੱਲ ਖੇਲ ਕਰਾਇਆ । ਮੈਂ ਕੀ ਜਾਣਾ ਤੂੰ ਮੇਰੇ ਵਲ ਦਾ, ਮੇਰਾ ਸੰਗ ਨਿਭਾਇਆ । ਪੁਰਖ ਅਬਿਨਾਸ਼ੀ ਕਹੇ ਮੈਂ ਕਰਾਂ ਖੇਲ ਘੜੀ ਘੜੀ ਪਲ ਪਲ ਦਾ, ਆਪਣੀ ਸੇਵ ਕਮਾਇਆ । ਮੈਂ ਰਾਤੀਂ ਸੁਤਿਆਂ ਤੁਹਾਡੇ ਪਾਸੇ ਥੱਲਦਾ, ਆਪਣਾ ਦਰਸ ਵਖਾਇਆ । ਮੈਂ ਤੁਹਾਡੇ ਪ੍ਰੇਮ ਅੰਦਰ ਵਿਚ ਲੋਕਮਾਤ ਪਲਦਾ, ਹੋਰ ਖਾਣਾ

ਪੀਣਾ ਮੋਹੇ ਕੁਛ ਨਾ ਭਾਇਆ । ਮੈਂ ਜੋਤੀ ਅੰਦਰ ਜੋਤ ਰਲਦਾ, ਰੂਪ ਰੰਗ ਰੇਖ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਸਦਾ ਸਦ ਸਦ ਵਡਿਆਈਆ ।

★ ੧੨ ਮਾਘ ੨੦੧੮ ਬਿਕਰਮੀ ਸੰਤ ਸਿੰਘ ਦੇ ਗ੍ਰਿਹ ਬਾਬੂ ਪੁਰਾ ਜ਼ਿਲਾ ਗੁਰਦਾਸਪੁਰ ★

ਮਿਹਰਵਾਨ ਦਰ ਬਰਦਾ ਤੇਰਾ ਰਸੂਲ, ਬੇਵਸੀ ਵਿਚ ਰਿਹਾ ਕੁਰਲਾਈਆ । ਮੇਰੀ ਆਰਜ਼ੂ ਕਰ ਕਬੂਲ, ਮੇਰੀ ਖ਼ੈਰ ਦਏ ਦੁਹਾਈਆ । ਤੂੰ ਕਾਤਲ ਮੈਂ ਤੇਰਾ ਮਕਤੂਲ, ਮੁਨਤਕਲ ਲਿਖਿਆ ਦਏ ਕਰਾਈਆ । ਆਦਿ ਜੁਗਾਦਿ ਤੇਰਾ ਸਚ ਅਸੂਲ, ਸੁਲਾਹ ਤੇਰੀ ਵਡ ਵਡਿਆਈਆ । ਗੁਨਾਹਗਾਰ ਗਿਆ ਭੂਲ, ਬੇਪਰਵਾਹ ਤੇਰੀ ਪਨਾਹ ਤਕਾਈਆ । ਏਕਾ ਫ਼ਰਮਾਣ ਦੇ ਮਾਕੂਲ, ਮੁਖ਼ਬਰ ਹੋਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਤਕਾਈਆ । ਹਰਿ ਨਜ਼ਰ ਨਜ਼ਰ ਰਹਿਮਾਨਾ, ਰਹਿਮਤ ਏਕਾ ਮੰਗ ਮੰਗਾਈਆ । ਕਲਮਾ ਕੁਲ ਅਮਾਮਾ, ਈਮਾਨਉਲਾ ਤੇਰੀ ਪੜ੍ਹਾਈਆ । ਬਿਸਮਿਲ ਰੂਪ ਤੇਰਾ ਨਿਸ਼ਾਨਾ, ਕਰ ਵਣਜ ਬਣ ਕਸਾਈਆ । ਆਪਣੀ ਹੱਥੀਂ ਦੇ ਜੁਰਮਾਨਾ, ਦੂਜੇ ਹੱਥ ਨਾ ਕਿਸੇ ਫੜਾਈਆ । ਮੇਰਾ ਮਿਟਦਾ ਜਾਏ ਨਿਸ਼ਾਨਾ, ਨੂਰ ਨਜ਼ਰ ਦਿਸ ਨਾ ਆਈਆ । ਤੁਲਬਾ ਤਾਲਬ ਨਾ ਕੋਇ ਪੜ੍ਹਾਣਾ, ਤਾਲੀਮ ਗਨੀਮ ਨਾ ਕੋਇ ਸੁਣਾਈਆ । ਕਾਤਬ ਕਲਾਮ ਨਾ ਕੋਇ ਪੜ੍ਹਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਏਕਾ ਪਾਈਆ । ਮਿਹਰ ਨਜ਼ਰ ਪਾ ਮੇਰੇ ਕਰੀਮ, ਕਰਮ ਕਾਂਡ ਤੇਰਾ ਖੇਲ । ਤੂੰ ਕੁਦਰਤ ਕਾਦਰ ਗਣੀ ਗਨੀਮ, ਏਥੇ ਓਥੇ ਤੇਰਾ ਮੇਲ । ਤੂੰ ਅੰਤਮ ਮੇਰੀ ਕਰੀ ਤਕਸੀਮ, ਆਪ ਵਸਿਆ ਧਾਮ ਨਵੇਲ । ਮੇਰਾ ਲਿਖਿਆ ਅਲਫ਼ ਯੇ ਭੇਵ ਨਾ ਪਾਇਆ ਡੰਡਾ ਮੀਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਣ ਸੱਜਣ ਸੁਹੇਲ । ਅਲਫ਼ ਯੇ ਤੇਰੀ ਧਾਰ, ਤਰਾ ਤਰਾ ਸਮਝਾਈਆ । ਬਕਰ ਰੂਪ ਕਰਤਾਰ, ਬੇਸਬਰ ਤੇਰੀ ਵਡਿਆਈਆ । ਸੁਧ ਅੰਦਰ ਖੇਲ ਕਰੀ ਨਿਆਰ, ਪਰਦਾਨਸ਼ੀਂ ਮੁਖ ਨਾ ਕਿਸੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰਵੇਸ਼ ਤੇਰੀ ਆਸ ਤਕਾਈਆ । ਦਰ ਦਰਵੇਸ਼ ਹੋਇਆ ਦਿਲਗੀਰ, ਨੇਤਰ ਨੈਣਾਂ ਨੀਰ ਵਹਾਇਆ । ਤੂੰ ਸਾਹਿਬ ਮੈਂ ਹਕੀਰ, ਤੇਰੀ ਸੇਵ ਕਮਾਇਆ । ਮੇਰਾ ਲਹਿਣਾ ਅੰਤ ਅਖ਼ੀਰ, ਨਿਗਹਬਾਨ ਦਏ ਚੁਕਾਇਆ । ਮੈਂ ਤੇਰਾ ਬਣਾਇਆ ਬਨਿਆ ਪੀਰ, ਮੇਰੀ ਉਲਫ਼ਤ ਨਾ ਕੋਇ ਵਡਿਆਇਆ । ਤੂੰ ਸ਼ਫ਼ਕਤ ਦੇ ਧੀਰ, ਜਸ ਤੇਰਾ ਏਕਾ ਗਾਇਆ । ਮੇਰੇ ਨੇਤਰ ਨੈਣ ਝੱਲਿਆ ਨਾ ਜਾਏ ਨੀਰ, ਤੇਰਾ ਸੀਰ ਹੱਥ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਇਆ । ਮੇਰਾ ਤੁਟਾ ਮਾਨ ਤਕੱਬਰ, ਤਸਬੀ ਮਣਕਾ ਨਾ ਕੋਇ ਭੁਵਾਈਆ । ਅੱਗੇ ਹੋਵੇ ਨਾ ਕੋਇ ਸਬਰ, ਸਬਰ ਸਬੂਰੀ ਨਾ ਕੋਇ ਵਖਾਈਆ । ਚਾਰ ਯਾਰ ਛੁੱਟਾ ਮੇਰਾ ਟੱਬਰ, ਅੱਲਾ ਰਾਣੀ ਨਾ ਸੰਗ ਨਿਭਾਈਆ । ਤੂੰ ਇਕੋ ਉਠਿਆ ਸ਼ਬਦ ਪੀਰ ਬੱਬਰ, ਜੰਗਲ ਜੂਹ ਉਜਾੜ ਪਹਾੜ ਰਹੇ ਕੁਰਲਾਈਆ । ਚੌਦਾਂ ਲੋਕ ਵਸਣ ਪਰ ਹੱਦ, ਬੈਠੇ ਸੀਸ ਝੁਕਾਈਆ । ਦਰੋਹੀ ਮੇਰੀ ਮੇਰੇ ਪਿਛੇ ਨਾ ਕੋਈ ਲੱਗੇ ਮਗਰ, ਮੇਰੀ ਚਲੇ ਨਾ ਕੋਇ ਵਡਿਆਈਆ । ਸਦੀ ਚੌਧਵੀਂ ਪੂਰੀ ਕਰਨੀ ਸੱਧਰ, ਤੂੰ ਸਾਲਾਰ ਸੱਚਾ ਸ਼ਾਹੀਆ ।

ਦਰ ਆਇਆਂ ਦੇਣਾ ਕਦਰ, ਕੁਦਰਤ ਕਾਦਰ ਵਡ ਵਡਿਆਈਆ । ਮੈਂ ਪੜ੍ਹ ਕੇ ਆਇਆ ਬਦਰ, ਬਿਹਤਰੀਨ ਤੇਰੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਮੇਰੇ ਸਿਰ ਰੱਖ ਹੱਥ, ਹੱਥਕੜੀ ਦੇ ਤੁੜਾ । ਚਰਨ ਦੁਆਰੇ ਜਾਵਾਂ ਢੱਠ, ਪਹਿਲੀ ਭੁੱਲ ਬਖ਼ਸ਼ਾ । ਅੱਗੇ ਆਪਣੀ ਦੇਣੀ ਮੱਤ, ਮੇਰੇ ਨਿਰਗੁਣ ਨੂਰ ਖ਼ੁਦਾ । ਮੈਂ ਸਦਾ ਗਾਵਾਂ ਤੇਰਾ ਜਸ, ਪੁਨਹ ਪੁਨਹ ਪੁਨਹ ਮੰਗਾਂ ਪਨਾਹ । ਤੂੰ ਅੱਗੋਂ ਮਿਲੀਂ ਹੱਸ ਹੱਸ, ਮੈਂ ਦੁੱਖੜਾ ਲਵਾਂ ਗਵਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਮੰਗਾਂ ਇਕ ਦੁਆ । ਦੁਆ ਮੰਗਾਂ ਕਰਾਂ ਸਯਦਾ, ਸੀਸ ਸੀਸ ਝੁਕਾਈਆ । ਪਰਵਰਦਿਗਾਰ ਮੈਂ ਤੇਰਾ ਬਰਦਾ, ਬੰਦੀਖ਼ਾਨਾ ਦੇ ਤੁੜਾਈਆ । ਸਦੀ ਚੌਧਵੀਂ ਫਿਰਾਂ ਡਰਦਾ, ਮੇਰਾ ਵੇਲਾ ਅੰਤ ਗਿਆ ਆਈਆ । ਮੇਰਾ ਪਾਸਾ ਜਾਏ ਹਰਦਾ, ਬਾਹੋਂ ਫੜ ਨਾ ਕੋਇ ਰਖਾਈਆ । ਮੈਂ ਜੀਉਂਦਾ ਤੇਰੇ ਅੱਗੇ ਮਰਦਾ, ਮਰੀ ਮੇਰੀ ਲੋਕਾਈਆ । ਪੀਸਣ ਪੀਸ ਮੈਂ ਤੇਰਾ ਪਾਣੀ ਭਰਦਾ, ਬਣ ਗੋਲੀ ਸੇਵ ਕਮਾਈਆ । ਝਾੜੂ ਦੇਵਾਂ ਤੇਰੇ ਦਰ ਦਰ ਦਾ, ਆਪਣਾ ਮਾਣ ਗਵਾਈਆ । ਮੈਂ ਜਾਣਾ ਤੂੰ ਸਭ ਨੂੰ ਘੜਦਾ, ਮੜੀ ਗੌਰ ਤੂੰ ਸਵਾਈਆ । ਤੇਰੇ ਅੱਗੇ ਕੋਈ ਨਾ ਅੜਦਾ, ਜੋ ਆਇਆ ਸੋ ਉਠ ਉਠ ਚਲ ਜਾਈਆ । ਤੂੰ ਕਰੇਂ ਖੇਲ ਨਰ ਹਰਿ ਦਾ, ਬੇਅੰਤ ਤੇਰੀ ਵਡਿਆਈਆ । ਤੋਬਾ ਤੋਬਾ ਮੈਂ ਕੰਨ ਦੋਵੇਂ ਫੜਦਾ, ਦੋਹਾਂ ਕੰਨਾਂ ਉਤੇ ਹੱਥ ਟਿਕਾਈਆ । ਬੌਹੜੀ ਬੌਹੜੀ ਹਾਏ ਹਾਏ ਕਰਦਾ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਤੇਰਾ ਭਾਣਾ ਸਦਾ ਜਰਦਾ, ਤੇਰੇ ਭਾਣੇ ਰਿਹਾ ਸਮਾਈਆ । ਜੇ ਤੂੰ ਮੈਨੂੰ ਮਾਤ ਨਾ ਘੱਲਦਾ, ਕਿਉਂ ਕਰਦਾ ਮਾਤ ਪੜ੍ਹਾਈਆ । ਮੈਂ ਨਹੀਂ ਜਾਣਿਆਂ ਤੂੰ ਸਦਾ ਛਲਦਾ, ਅਛਲ ਅਛੱਲ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਮੇਰੇ ਸਾਹਿਬ ਸੱਚੇ ਸਾਈਆਂ । ਸਾਹਿਬ ਸਾਈਂ ਸੱਚੇ ਮਹਿਬੂਬ, ਮਿਹਰ ਕਰ ਹਰਿ ਮਿਹਰਵਾਨਾ । ਤੇਰੀ ਕਾਇਆ ਤੇਰਾ ਕਲਬੂਤ, ਅੰਦਰ ਤੇਰਾ ਨੂਰ ਨੁਰਾਨਾ । ਪੰਜ ਤੱਤ ਚੋਲਾ ਮੇਰਾ ਅਧਭੂਤ, ਥਿਰ ਰਹੇ ਨਾ ਵਿਚ ਜਹਾਨਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਮਿਲੇ ਤੇਰਾ ਪਰਵਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਵੱਡਾ ਮਰਦ ਮਰਦਾਨਾ । ਬਾਹਰੋਂ ਦਿਸੇ ਅੰਦਰੋਂ ਉਹਲੇ, ਪਰਦਾ ਪਰਦੇ ਵਿਚ ਛੁਪਾਈਆ । ਬਣ ਦਈਆ ਆਪਣੇ ਰੰਗ ਮੌਲੇ, ਮੌਲਾ ਆਪਣੀ ਖੇਲ ਕਰਾਈਆ । ਆਪਣੀ ਧਾਰ ਅੰਦਰੋਂ ਸੋਹੰ ਬੋਲੇ, ਗੁਰਸਿਖ ਰਸਨਾ ਬਾਹਰ ਕਢਾਈਆ । ਸਦਾ ਸੁਹੇਲਾ ਵਸੇ ਕੋਲੇ, ਘਰ ਵਿਚ ਆਸਣ ਲਾਈਆ । ਬਾਹਰੋਂ ਕਿਸੇ ਨਜ਼ਰ ਨਾ ਆਵੇ ਵਸਿਆ ਕਾਇਆ ਚੋਲੇ, ਚੋਲਾ ਆਪਣਾ ਆਪ ਬਦਲਾਈਆ । ਬਾਹਰੋਂ ਗੁਰਸਿਖ ਕੋਝੇ ਕਮਲੇ ਭੋਲੇ, ਅੰਦਰ ਬੈਠਾ ਸੱਚਾ ਮਾਹੀਆ । ਬਿਨ ਕੰਡਿਉਂ ਬਿਨ ਵੱਟਿਉਂ ਤੋਲ ਸਾਚਾ ਤੋਲੇ, ਨਾਮ ਖੰਡਾ ਹੱਥ ਉਠਾਈਆ । ਬਿਨ ਕੁਹਾਰਾ ਪਾਏ ਆਪਣੇ ਡੋਲੇ, ਡੋਲੀ ਆਪਣੇ ਕੰਧ ਰਖਾਈਆ । ਥਿਰ ਘਰ ਦਾ ਕੁੰਡਾ ਖੋਲ੍ਹੇ, ਸਚਖੰਡ ਵਸਾਈਆ । ਫੇਰ ਨਿਰਗੁਣ ਹਰਿ ਅੱਗੋਂ ਬੋਲੇ, ਆ ਗੁਰਸਿਖ ਮਿਲ ਚਾਈਂ ਚਾਈਂਆ । ਮੇਰੇ ਘਰ ਤੇਰੇ ਸੋਹਲੇ, ਏਕਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥੋੜਾ ਭੇਤ ਅਜੇ ਰਖਾਈਆ ।

## ★ ੧੨ ਮਾਘ ੨੦੧੮ ਬਿਕਰਮੀ ਦੀਦਾਰ ਸਿੰਘ ਦੇ ਘਰ ਬਾਬੂ ਪੁਰਾ ★

ਆਦਿ ਜੁਗਾਦਿ ਮੇਰਾ ਸਤਿ ਵਿਹਾਰਾ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਨਿਰਗੁਣ ਸਰਗੁਣ ਖੇਲ ਨਿਆਰਾ, ਨਿਰਾਕਾਰ ਆਪ ਕਰਾਇੰਦਾ । ਮਹੱਲ ਅਟੱਲ ਉਚ ਮਨਾਰਾ, ਸੋਭਾਵੰਤ ਸੁਹਾਇੰਦਾ । ਨੂਰ ਨੁਰਾਨਾ ਪਰਵਰਦਿਗਾਰਾ, ਬੇਐਬ ਵੇਸ ਵਟਾਇੰਦਾ । ਮੁਕਾਮੇ ਹੱਕ ਸਾਂਝਾ ਯਾਰਾ, ਸ਼ਾਹ ਸੁਲਤਾਨਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਆਦਿ ਜੁਗਾਦਿ ਖੇਲ ਅਵੱਲਾ, ਹਰਿ ਏਕਾ ਏਕ ਜਣਾਈਆ । ਜੁਗ ਜੁਗ ਫੜਾਵਾਂ ਆਪਣਾ ਪੱਲਾ, ਏਕਾ ਬੰਧਨ ਪਾਈਆ । ਸਚ ਸੰਦੇਸ਼ਾ ਹਰਿ ਹਰਿ ਘੱਲਾ, ਨਾਮ ਨਾਮ ਵਡਿਆਈਆ । ਗ੍ਰਿਹਿ ਗ੍ਰਿਹਿ ਮੰਦਰ ਆਪੇ ਰਲਾ, ਘਰ ਘਰ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਸਮਝਾਈਆ । ਆਦਿ ਜੁਗਾਦਿ ਮੇਰੀ ਧਾਰ, ਮੇਰਾ ਰੰਗ ਵਖਾਈਆ । ਸੇਵਾ ਲਾ ਗੁਰ ਅਵਤਾਰ, ਸਾਚੀ ਸੇਵ ਸਮਝਾਈਆ । ਏਕਾ ਨਾਮ ਦੇ ਆਧਾਰ, ਲੋਕਮਾਤ ਪਰਗਟਾਈਆ । ਅੱਠੇ ਪਹਿਰ ਦਰਸ ਦੀਦਾਰ, ਨੂਰ ਨੂਰ ਦਰਸਾਈਆ । ਚਰਨ ਧੂੜੀ ਧੂੜੀ ਛਾਰ, ਮਸਤਕ ਟਿੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਆਦਿ ਜੁਗਾਦਿ ਖੇਲ ਅਪਾਰਾ, ਜੁਗ ਜੁਗ ਆਪ ਕਰਾਇੰਦਾ । ਜਾਗਰਤ ਜੋਤ ਕਰ ਉਜਿਆਰਾ, ਅਗਿਆਨ ਅੰਧੇਰ ਮਿਟਾਇੰਦਾ । ਹੁਕਮੀ ਹੁਕਮ ਹੁਕਮ ਵਰਤਾਰਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਜੁਗ ਚੌਕੜੀ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਰੂਪ ਰੰਗ ਨਾ ਕੋਇ ਵਖਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਨਾ ਭੇਵ ਕੋਇ ਜਣਾਇੰਦਾ । ਆਦਿ ਅੰਤ ਨਾ ਪਾਰਾਵਾਰਾ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸਰਬ ਸ਼ੁਕਰ ਮਨਾਇੰਦਾ । ਕਰੇ ਕਰਾਏ ਆਪਣੀ ਕਾਰਾ, ਕਰਤਾ ਪੁਰਖ ਆਪਣੀ ਖੇਲ ਕਰਾਇੰਦਾ । ਨਾ ਕੋਈ ਰੱਖੇ ਮਦਦਗਾਰਾ, ਆਪਣਾ ਬਲ ਆਪ ਧਰਾਇੰਦਾ । ਵਸਣਹਾਰਾ ਧਾਮ ਨਿਆਰਾ, ਸਚਖੰਡ ਦੁਆਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਦੱਸੇ ਕਰਤਾਰ, ਹਰਿ ਸੱਚਾ ਵੱਡਾ ਵਡ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ, ਵੇਸ ਅਨੇਕ ਧਰਾਈਆ । ਕਲਜੁਗ ਮੰਗੀ ਮੰਗ ਭਿਖਾਰ, ਦਰ ਆਪਣੀ ਝੋਲੀ ਡਾਹੀਆ । ਹਰਿ ਜੂ ਦੇਣਾ ਸਚ ਭੰਡਾਰ, ਏਕਾ ਵਸਤ ਵਰਤਾਈਆ । ਮੈਂ ਛੋਟਾ ਬਾਲਾ ਬਾਲੀ ਬੁੱਧ ਤੇਰੀ ਜਾਣਾ ਨਾ ਸਾਰ, ਮੇਰੀ ਚਲੇ ਨਾ ਕੋਇ ਚਤੁਰਾਈਆ । ਆਪਣੀ ਗੋਦੋਂ ਦਿਤਾ ਉਠਾਲ, ਲੋਕਮਾਤ ਬਹਾਈਆ । ਧਰਤ ਮਾਤ ਕਰੇ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਸਮਝਾਈਆ । ਕਲਜੁਗ ਉਠਿਆ ਛੋਟਾ ਬਾਲਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੇਰਾ ਖੇਲ ਜਗਤ ਨਿਰਾਲਾ, ਮੈਂ ਅਨਜਾਣ ਭੇਵ ਨਾ ਆਇੰਦਾ । ਏਕਾ ਮਾਰਗ ਦੱਸ ਸੁਖਾਲਾ, ਤੇਰਾ ਵਿਛੋੜਾ ਝੱਲਿਆ ਨਾ ਜਾਇੰਦਾ । ਜੁਗ ਜੁਗ ਚਲੀ ਅਵੱਲੜੀ ਚਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚੇ ਸੁਤ ਛੋਟੇ ਬਾਲ, ਬਾਲੀ ਬੁੱਧ ਜਣਾਈਆ । ਮੇਰਾ ਜਲਵਾ ਨੂਰ ਜਲਾਲ, ਨੂਰੋ ਨੂਰ ਰੁਸ਼ਨਾਈਆ । ਖੇਲਾਂ ਖੇਲ ਦੋ ਜਹਾਨ, ਅਵਣ ਗਵਣ ਸਮਾਈਆ । ਤ੍ਰੈਭਵਨ ਦੇਵਾਂ ਏਕਾ ਦਾਨ, ਤ੍ਰੈ ਤ੍ਰੈ ਬੂਝ ਬੁਝਾਈਆ । ਤੇਰਾ ਲੇਖਾ ਨਿਗਹਬਾਨ, ਤੇਰੀ ਝੋਲੀ ਪਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਜਣਾਈਆ । ਆਪਣਾ ਰਾਹ ਦੱਸੇ ਮੌਲਾ, ਆਪਣੀ ਮਿਹਰ ਕਮਾਇੰਦਾ । ਤੇਰੇ ਨਾਲ ਕੀਤਾ ਕੌਲਾ, ਤੇਰਾ ਦੁੱਖ ਵੰਡਾਇੰਦਾ । ਤੂੰ ਉਪਰ ਜਾਣਾ ਧਰਨੀ ਧਵਲਾ, ਧਰਤ ਤੇਰੀ ਸੇਜ ਸੁਹਾਇੰਦਾ । ਤੂੰ ਉਚੀ ਕੂਕ ਕੂਕ ਰੌਲਾ ਪੌਣਾ, ਏਕਾ ਹੁਕਮ ਮਨਾਇੰਦਾ । ਜੂਠ ਝੂਠ ਢੋਲਾ ਗਾਉਣਾ, ਏਕਾ ਢੰਗ ਸਮਝਾਇੰਦਾ । ਪਹਿਲਾ ਬੋਲਾ ਸਰਬ ਭੁਲਾਉਣਾ, ਹਰਿ ਹਰਿ ਨਾਮ ਹੱਟ ਨਾ ਕਿਸੇ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਸਮਝਾਈਆ । ਕਲਜੁਗ ਉਠ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਮੈਂ ਇਕੱਲਾ ਕੀ ਕਰਾਂ ਵਿਚ ਸੰਸਾਰ, ਮੇਰੀ ਚਲੇ ਨਾ ਕੋਈ ਵਡਿਆਈਆ । ਇਕ ਦੇ ਦੇ ਮਦਦਗਾਰ, ਜਿਸ ਨਾਲ ਮਤਾ ਪਕਾਈਆ । ਤੇਰਾ ਲਹਿਣਾ ਦੇਵਾਂ ਕਰਜ਼ ਉਤਾਰ, ਪ੍ਰਭ ਮੇਰੇ ਸੱਚੇ ਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੇ ਖੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣਿਆਂ ਦਇਆ ਕਮਾਇੰਦਾ । ਕਲਜੁਗ ਤੇਰੇ ਸਿਰ ਤੇ ਏਕਾ ਤਾਜ, ਸਾਚਾ ਹੁਕਮ ਸੁਣਾਇੰਦਾ । ਨੌਂ ਖੰਡ ਪ੍ਰਿਥਮੀ ਰਚ ਕਾਜ, ਸੱਤਾਂ ਦੀਪਾਂ ਨਾਲ ਮਿਲਾਇੰਦਾ । ਇਕੋ ਇਕ ਮਾਰ ਅਵਾਜ਼, ਕੂੜੀ ਕਿਰਿਆ ਬੰਧਨ ਪਾਇੰਦਾ । ਮਾਇਆ ਮਮਤਾ ਤੇਰਾ ਖਾਜ, ਤੇਰੀ ਤ੍ਰਿਸ਼ਨਾ ਭੁੱਖ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਜਣਾਇੰਦਾ । ਤਾਜ ਰੱਖ ਨਾ ਚੜ੍ਹੇ ਚਾਅ, ਕਲਜੁਗ ਰੋ ਰੋ ਦਏ ਦੁਹਾਈਆ । ਇਕ ਇਕੱਲਾ ਕੀ ਕਰਾਂ ਜਾ, ਬਲ ਆਪਣਾ ਨਾ ਕੋਇ ਵਖਾਈਆ । ਪੁਰਖ ਅਬਿਨਾਸੀ ਹੋ ਸਹਾ, ਏਕਾ ਗੁਣ ਸਮਝਾਈਆ । ਤੇਰਾ ਮਦਦਗਾਰ ਦੇਵਾਂ ਬਣਾ, ਅਥਰਬਣ ਏਕਾ ਅੱਖ ਖੁਲ੍ਹਾਈਆ । ਐੜਾ ਨਾਲੋਂ ਲਵਾਂ ਲਾਹ, ਪਹਿਲਾ ਅੰਕ ਸਮਝਾਈਆ । ਨਿਰਗੁਣ ਸਰਗੁਣ ਖੇਲ ਕਰਾ, ਖੇਲਾਂ ਖੇਲ ਵਡ ਵਡਿਆਈਆ । ਏਕਾ ਨਾਅਰਾ ਦਿਆਂ ਜਣਾ, ਏਕਾ ਢੋਲਾ ਗਾਈਆ । ਆਪਣਾ ਨਾਉਂ ਲਵਾਂ ਵਟਾ, ਅੱਲਾ ਆਲਮੀਨ ਰੁਸ਼ਨਾਈਆ । ਪੰਜ ਤੱਤ ਦੇਵਾਂ ਏਕਾ ਥਾਂ, ਏਕਾ ਘਰ ਵਖਾਈਆ । ਚਾਰੇ ਅੱਖਰ ਮੇਲ ਮਿਲਾ, ਅਹਿਮਦ ਨਾਉਂ ਧਰਾਈਆ । ਅਹਿਮਦ ਮੋੜਾ ਆਪੇ ਪਾ, ਚਾਰੇ ਅੱਖਰ ਵੰਡ ਵੰਡਾਈਆ । ਚੌਥੇ ਜੁਗ ਮੁਹੰਮਦ ਖੇਲ ਕਰਾ, ਚਾਰੇ ਬੰਧਨ ਪਾਈਆ । ਚਾਰੋਂ ਕੁੰਟ ਨੌਬਤ ਦਿਆਂ ਵਜਾ, ਏਕਾ ਨਾਦ ਸੁਣਾਈਆ । ਸਭ ਦੀ ਆਬਰੂ ਦਿਆਂ ਮਿਟਾ, ਇਜ਼ਤ ਕਿਸੇ ਰਹਿਣ ਨਾ ਪਾਈਆ । ਤੇਰਾ ਮੇਲਾ ਸਹਿਜ ਸੁਭਾ, ਘਰ ਸਾਚੇ ਦਿਆਂ ਕਰਾਈਆ । ਇਕ ਦੂਜੇ ਨੂੰ ਮਿਲਣ ਫੜ ਫੜ ਬਾਂਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਅੱਗੋਂ ਮੰਗੇ ਮੰਗ, ਪ੍ਰਭ ਅੱਗੇ ਸੀਸ ਝੁਕਾਇਆ । ਕਵਣ ਵੇਲਾ ਚਾੜ੍ਹੇ ਰੰਗ, ਮੇਰਾ ਤਨ ਸੁਹਾਇਆ । ਕਵਣ ਵਕਤ ਵੱਜੇ ਮਰਦੰਗ, ਮੁਹੰਮਦ ਬੰਧਨ ਪਾਇਆ । ਕਵਣ ਵੇਲਾ ਤਰੀਕੀ ਚੰਦ, ਕਲਮਾ ਕਲਾਮ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਰੂਪ ਖੇਲ ਕਰਾਇਆ । ਖੇਲ ਕਰਾਂ ਅਪਰ ਅਪਾਰ, ਹਰਿ ਸਾਚਾ ਸਚ ਜਣਾਈਆ । ਪਹਿਲਾ ਏਕਾ ਕਰ ਤਿਆਰ, ਦੂਜਾ ਤੀਜਾ ਵਿਚ ਛੁਪਾਈਆ । ਏਕਾ ਚੌਕਾ ਕਰ ਪਰਧਾਨ, ਚਾਰ ਚਾਰ ਵੰਡ ਵੰਡਾਈਆ । ਏਕਾ ਚੌਕਾ ਇਕ ਨਿਸ਼ਾਨ, ਦੋਹਾਂ ਮੇਲ ਮਿਲਾਈਆ । ਚੌਦਾਂ ਚੌਦਾਂ ਹੋ ਪਰਧਾਨ, ਦੇਵੇ ਮਾਣ ਵਡਿਆਈਆ । ਮੁਹੰਮਦ ਲੁਕਿਆ ਜ਼ਿਮੀ ਅਸਮਾਨ, ਅੱਧਵਿਚਕਾਰ ਫਿਰਾਈਆ । ਖੇਲੇ ਖੇਲ ਬੀ ਮਹਿਬਾਨ, ਬੀਦੋ ਆਪਣਾ ਰੰਗ ਵਖਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਚੌਦਾਂ ਚੌਦਾਂ ਖੇਲ ਅਪਾਰਾ, ਹਰਿ ਹਰਿ ਆਪ ਜਣਾਇੰਦਾ । ਆਦਿ ਸਿਫ਼ਰਾ ਅੰਤ ਸਿਫ਼ਰਾ ਖੇਲੇ ਖੇਲ ਅਪਰ ਅਪਾਰਾ, ਭੇਵ ਕੋਇ ਨਾ ਪਾਇੰਦਾ । ਦੋਹਾਂ ਸਿਫ਼ਰਾ ਬਣ ਵਣਜਾਰਾ, ਚੌਦਾਂ ਹੱਟ ਵਿਕਾਇੰਦਾ । ਚੌਦਾਂ ਅੱਗੇ ਰੱਖੇ ਧਾਰਾ, ਸਿਫ਼ਰ ਸਿਫ਼ਰ ਨਾਲ ਮਿਲਾਇੰਦਾ । ਏਕਾ ਚੌਦਸ ਕਰ ਤਿਆਰਾ, ਬਰਸ ਬਰਸ ਵੰਡ ਵੰਡਾਇੰਦਾ । ਅੰਤਮ ਕਰੇ ਪਾਰ ਕਿਨਾਰਾ, ਤੇਰਾ ਲਹਿਣਾ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਸਾਚਾ ਰਾਹ ਵਖਾਇੰਦਾ । ਕਲਜੁਗ ਅੰਤਮ ਚੜ੍ਹਿਆ ਚਾਅ, ਮਨ ਮਨ ਵਿਚ ਵੱਜੀ ਵਧਾਈਆ । ਧੰਨ ਸੁਭਾਗ ਮੇਲਾ ਲਏ ਮਿਲਾ, ਘਰ ਸੱਚੇ ਮੇਰੇ ਮਾਹੀਆ । ਦਰਗਹਿ ਦੀਆ ਸੱਚਾ ਥਾਂ, ਧੁਰਦਰਗਾਹੀ ਸੱਚੇ ਸਾਈਆ । ਨੇਤਰ ਨੈਣ ਦਰਸ ਦੇਣਾ ਕਰਾ, ਦੀਦ ਈਦ ਚੰਦ ਚੜ੍ਹਾਈਆ । ਮੈਂ ਤੱਕਾਂ ਤੇਰਾ ਰਾਹ, ਬਣ ਬਣ ਪਾਂਧੀ ਰਾਹੀਆ । ਤੇਰਾ ਹੁਕਮ ਮੰਨਾਂ ਬੇਪਰਵਾਹ, ਭੁੱਲ ਕਦੇ ਨਾ ਜਾਈਆ । ਸ੍ਰਿਸ਼ਟ ਸਬਾਈ ਝੂਠੇ ਧੰਦੇ ਦੇਵਾਂ ਲਾ, ਤੇਰਾ ਨਾਉਂ ਭੁਲਾਈਆ । ਮੂੰਹ ਵਿਚ ਰਖਾਵਾਂ ਸੂਰ ਗਾਂ, ਬਣ ਬਣ ਜਗਤ ਕਸਾਈਆ । ਤੇਰੇ ਜੀਵਾਂ ਉਤੇ ਛੁਰੀ ਬਿਨ ਤੇਰੇ ਦੇਵਾਂ ਫਿਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਵੰਡ ਆਪ ਵੰਡਾਈਆ । ਕਲਜੁਗ ਕਹੇ ਦੇਣਾ ਬਲ ਅਪਾਰ, ਬਲਧਾਰੀ ਦਇਆ ਕਮਾਈਆ । ਮੈਂ ਵੇਖਾਂ ਜਾ ਸੰਸਾਰ, ਤੇਰੀ ਮਾਤ ਲੋਕਾਈਆ । ਏਕਾ ਵਸਤ ਵੰਡਾਂ ਆਪਣੀ ਵਾਰ, ਘਰ ਘਰ ਫੇਰਾ ਪਾਈਆ । ਦਰ ਦਰ ਭਰਾਂ ਕੂੜ ਭੰਡਾਰ, ਜੂਠ ਝੂਠ ਨਾਲ ਰਲਾਈਆ । ਆਸਾ ਤ੍ਰਿਸ਼ਨਾ ਦੇ ਆਧਾਰ, ਮਾਇਆ ਮਮਤਾ ਮੋਹ ਵਧਾਈਆ । ਹਉਮੇ ਹੰਗਤਾ ਗੜ੍ਹ ਕਰ ਤਿਆਰ, ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਵਸਾਈਆ । ਜੀਵ ਜੰਤ ਬਣਾਵਾਂ ਨਾਰ ਵਿਭਚਾਰ, ਸਾਚੀ ਸੇਜ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਪਣਾ ਖੇਲ ਕਰਾਉਣਾ ਆਪ, ਮੇਰੇ ਸਾਹਿਬ ਸੱਚੇ ਹਰਿ ਸਾਈਆ । ਮੇਰਾ ਵਧਾਉਣਾ ਮਾਤ ਪਰਤਾਪ, ਬੇਪਰਵਾਹ ਮੇਰੇ ਗੋਸਾਈਆ । ਮੈਂ ਨੌਂ ਖੰਡ ਪ੍ਰਿਥਮੀ ਕਰਾਵਾਂ ਪਾਪ, ਛੁਰੀਆਂ ਵਖਾਵਾਂ ਹੱਥ ਕਸਾਈਆ । ਨਾਤਾ ਤੋੜਾਂ ਪੂਤ ਬਾਪ, ਮਾਤਾ ਪ੍ਰੇਮ ਨਾ ਕੋਇ ਰਖਾਈਆ । ਸਭ ਨੂੰ ਭੁਲਾਵਾਂ ਤੇਰਾ ਜਾਪ, ਜੂਠ ਝੂਠ ਦੇਣ ਗਵਾਹੀਆ । ਕਾਇਆ ਚੋਲਾ ਸਭ ਦਾ ਜਾਏ ਪਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਏਕਾ ਮੰਗ ਮੰਗਾਈਆ । ਆਪਣਾ ਬਲ ਦੇ ਕਰਤਾਰ, ਬਲਹੀਣ ਮੰਗ ਮੰਗਾਇੰਦਾ । ਮੈਂ ਵੇਖਾਂ ਤੇਰਾ ਸੰਸਾਰ, ਸਤਿਜੁਗ ਤ੍ਰੇਤਾ ਦੁਆਪਰ ਕੀ ਕੀ ਖੇਲ ਕਰਾਇੰਦਾ । ਹੁਣ ਆਈ ਮੇਰੀ ਵਾਰ, ਮੈਂ ਆਪਣਾ ਰੰਗ ਚੜ੍ਹਾਇੰਦਾ । ਮੈਂ ਆਪਣੀ ਗੋਦੀ ਚੁੱਕਾਂ ਗੁਰ ਅਵਤਾਰ, ਫੜ ਫੜ ਸਾਚਾ ਫਤਵਾ ਲਾਇੰਦਾ । ਜਿਹੜਾ ਤੇਰਾ ਨਾਉਂ ਲਏ ਪੁਕਾਰ, ਉਸ ਦੀ ਪੁੱਠੀ ਖੱਲ ਲੁਹਾਇੰਦਾ । ਜਿਹੜਾ ਮੰਗੇ ਤੇਰਾ ਦੀਦਾਰ, ਉਸ ਨੂੰ ਲੋਹਾਂ ਉਤੇ ਬਹਾਇੰਦਾ । ਜਿਹੜਾ ਕਹੇ ਮੇਰਾ ਯਾਰ, ਉਸ ਦਾ ਸੀਸ ਧੜ ਅੱਡ ਕਰਾਇੰਦਾ । ਜਿਹੜਾ ਕਹੇ ਪੁਰਖ ਅਕਾਲ, ਉਸ ਦੇ ਬੱਚੇ ਨੀਹਾਂ ਹੇਠ ਦਬਾਇੰਦਾ । ਆਪਣਾ ਕਰਾਂ ਹੱਲ ਸਵਾਲ, ਫਿਰ ਤੇਰਾ ਵਾਸਤਾ ਪਾਇੰਦਾ । ਮੈਂ ਘਾਲਣ ਆਵਾਂ ਘਾਲ, ਲੋਕਮਾਤ ਸੇਵ ਕਮਾਇੰਦਾ । ਇਕੋ ਬਣਨਾ ਤੂੰ ਦਲਾਲ, ਮੈਂ ਸਾਚੀ ਮੰਗ ਮੰਗਾਇੰਦਾ । ਮੇਰਾ ਕਰਮ ਵੇਖੀਂ ਹੱਕ ਹਲਾਲ, ਝੂਠ ਝੂਠ ਨਾਲ ਮਿਲਾਇੰਦਾ । ਕਿਸੇ ਪੱਤ ਰਹਿਣ ਨਾ ਦੇਵਾਂ ਡਾਲ, ਸਭ ਦੀ ਜੜ੍ਹ ਉਖੜਾਇੰਦਾ । ਮੈਂ ਨਿੱਕਾ ਤੇਰਾ ਬਾਲ, ਚੌਥੇ ਜੁਗ ਫੇਰੀ ਪਾਇੰਦਾ ।

ਮੇਰੇ ਨਾਲ ਦੇ ਦੇ ਕਾਲ, ਕਾਲ ਨਗਾਰਾ ਸਭ ਦੇ ਸਿਰ ਤੇ ਆਪ ਵਜਾਇੰਦਾ । ਕੋਈ ਦਿਸੇ ਨਾ ਮਾਤ ਖ਼ੁਸ਼ਹਾਲ, ਰਾਓ ਰੰਕ ਸਰਬ ਰਵਾਇੰਦਾ । ਸਾਧ ਸੰਤ ਕਰਾਂ ਬੇਹਾਲ, ਸੁਰਤੀ ਸੁਰਤ ਭੁਵਾਇੰਦਾ । ਤ੍ਰੈਗੁਣ ਮਾਇਆ ਪਾ ਜੰਜਾਲ, ਲੱਖ ਚੁਰਾਸੀ ਬੰਨ੍ਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਪਣਾ ਗੁਣ ਸਮਝਾਇੰਦਾ । ਕਲਜੁਗ ਸੁਣ ਬਾਲੇ ਨਿੱਕੇ, ਨਿੱਕੀ ਨਿੱਕੀ ਗੁਫ਼ਤਾਰ ਸੁਣਾਈਆ । ਤੇਰੇ ਹੱਥ ਫੜਾਏ ਝੂਠੇ ਸਿਕੇ, ਲੋਕਮਾਤ ਚਲਾਈਆ । ਰਾਜ ਰਾਜਾਨਾਂ ਲਾਉਣੇ ਟਿੱਕੇ, ਕੂੜੀ ਕਿਰਿਆ ਇਕ ਛਾਹੀਆ । ਰਸ ਕਰਨੇ ਸਾਰੇ ਫਿਕੇ, ਮਿੱਠਾ ਨਜ਼ਰ ਕੋਇ ਨਾ ਆਈਆ । ਕਾਗਜ਼ ਕਾਲੇ ਕਰਨੇ ਚਿੱਟੇ, ਵਾਰਤਾ ਵਾਰਤਲਾਪ ਸਮਝਾਈਆ । ਜੀਵ ਜੰਤ ਸਾਰੇ ਰੋਵਣ ਕੂਕ ਕੂਕ ਸੁਣਾਈਆ । ਨੌਂ ਖੰਡ ਪ੍ਰਿਥਮੀ ਤੇਰੇ ਕਿਤੇ, ਸੱਤ ਦੀਪ ਤੇਰੀ ਸ਼ਰਨਾਈਆ । ਲੱਖ ਚੁਰਾਸੀ ਤੇਰੀ ਚੱਕੀ ਪੀਸੇ, ਪੀਸਨ ਪੀਸ ਸੇਵ ਕਮਾਈਆ । ਸਭ ਦੇ ਕਰਨੇ ਖ਼ਾਲੀ ਖ਼ੀਸੇ, ਨਾਮ ਧੰਨ ਦੌਲਤ ਨਾ ਕੋਇ ਰਖਾਈਆ । ਤੇਰਾ ਵੇਲਾ ਫੇਰ ਛੇਤੀ ਬੀਤੇ, ਹਰਿ ਜੂ ਲਏ ਮਿਲਾਈਆ । ਗੁਰ ਅਵਤਾਰ ਧਰਨ ਅੰਗੀਠੇ, ਕਲਜੁਗ ਅਗਨੀ ਅੱਗ ਲਗਾਈਆ । ਕੋਟਨ ਕੋਟ ਕਾਲ ਪਿਛੇ ਬੀਤੇ, ਅੱਗੇ ਵੇਲਾ ਦਿਆਂ ਸਮਝਾਈਆ । ਆਪ ਚਲਾਵਾਂ ਆਪਣੀ ਰੀਤੇ, ਸਾਚਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਬਣ ਦਲਾਲ ਦਇਆ ਕਮਾਈਆ । ਕਲਜੁਗ ਘਾਲੇ ਆਪਣੀ ਘਾਲ, ਹਰਿ ਸਾਚਾ ਸਚ ਜਣਾਇੰਦਾ । ਹਰਿ ਜੂ ਅੰਤਮ ਵੇਖੇ ਆਣ, ਨਿਰਗੁਣ ਰੂਪ ਵਟਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਆਪਣਾ ਰੰਗ ਰੰਗਾਇੰਦਾ । ਤੇਰਾ ਵੇਖੇ ਝੂਠ ਮਕਾਨ, ਚਾਰੋਂ ਕੁੰਟ ਫੇਰਾ ਪਾਇੰਦਾ । ਏਕਾ ਚੌਕਾ ਕਰ ਪਰਧਾਨ, ਚਾਰ ਚਾਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਮੇਲਾ ਆਪ ਮਿਲਾਇੰਦਾ । ਅੰਤਮ ਮੇਲ ਮਿਲਾਏ ਆਣ, ਮਿਲਣਹਾਰ ਕਰਤਾਰਾ । ਕਰੇ ਖੇਲ ਦੋ ਜਹਾਨ, ਦੋਏ ਦੋਏ ਰੂਪ ਨਿਰਾਕਾਰਾ । ਲੱਖ ਚੁਰਾਸੀ ਵੇਖ ਕੂੜ ਪਰਧਾਨ, ਕੂੜੋ ਕੂੜ ਜਗਤ ਪਸਾਰਾ । ਆਪਣੀ ਵੰਡ ਵੰਡੇ ਆਣ, ਅਲਖ ਅਗੋਚਰ ਅਗੰਮ ਅਪਾਰਾ । ਬਹੱਤਰ ਨਾੜੀ ਦਿਤਾ ਦਾਨ, ਪੰਜ ਤੱਤ ਕਾਇਆ ਵੱਜੇ ਤਾੜਾ । ਬਹੱਤਰ ਭਗਤ ਕਰੇ ਪਰਵਾਨ, ਦੇਵੇ ਨਾਮ ਅਧਾਰਾ । ਸਤਿ ਸਤਿਵਾਦੀ ਨੌਜਵਾਨ, ਸਿਫ਼ਰ ਵਖਾਏ ਸਰਬ ਸੰਸਾਰਾ । ਸੱਤਰਾਂ ਕਰੇ ਆਪ ਕਲਿਆਣ, ਗੁਰ ਗੋਬਿੰਦ ਮੀਤ ਮੁਰਾਰਾ । ਸਾਤਾ ਚੌਕਾ ਇਕ ਨਿਸ਼ਾਨ, ਸਤਿ ਸਤਿਵਾਦੀ ਚੌਥੇ ਘਰ ਪਾਵੇ ਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਾ । ਸਾਤਾ ਚੌਕਾ ਜੋੜ ਅੰਕ, ਅੰਕ ਨਾਲ ਮਿਲਾਈਆ । ਚੌਹੱਤਰਾਂ ਮੇਲਾ ਏਕਾ ਬੰਕ, ਏਕਾ ਘਰ ਸਮਝਾਈਆ । ਨਾਮ ਨਿਧਾਨਾ ਲਾਏ ਡੰਕ, ਇਕ ਆਵਾਜ਼ ਸੁਣਾਈਆ । ਜਿਸ ਨੇ ਖੇਲ ਰਚਿਆ ਆਦਿ ਸੋ ਵੇਖਣਹਾਰਾ ਅੰਤ, ਬੇਅੰਤ ਬੇਪਰਵਾਹੀਆ । ਆਪਣਾ ਨਾਉਂ ਜਣਾਏ ਏਕਾ ਮੰਤ, ਸੋਹੰ ਸ਼ਬਦ ਸੱਚੀ ਪੜ੍ਹਾਈਆ । ਤੇਰੇ ਅੰਤ ਕਰਨ ਦੀ ਸਾਚੀ ਬੰਤ, ਆਪੇ ਲਏ ਬਣਾਈਆ । ਲੋਕਮਾਤ ਬਣਾਏ ਸਾਚੀ ਸੰਗਤ, ਹਰਿ ਸੰਗਤ ਨਾਉਂ ਰਖਾਈਆ । ਸਚ ਦਰਬਾਰ ਬਣਾਏ ਜਨਤ, ਸਵਰਗ ਜਨਤ ਦੋਵੇਂ ਰਹੇ ਸ਼ਰਮਾਈਆ । ਉਪਰ ਬੈਠੇ ਹਰਿ ਜੂ ਕੰਤ, ਸਚ ਸਿੰਘਾਸਣ ਸੋਭਾ ਪਾਈਆ । ਥੱਲੇ ਰੱਖੇ ਆਪਣੇ ਭਗਤ ਦੇਵੇ ਮਾਣ ਵਡਿਆਈਆ । ਕਲਜੁਗ ਤੇਰੀ ਝੋਲੀ ਪਾਏ ਜਗਤ, ਲੱਖ ਚੁਰਾਸੀ ਵੰਡ ਵੰਡਾਈਆ । ਆਪਣੀ ਕਿਸੇ ਨਾ ਵਖਾਏ ਹਰਕਤ, ਰੂਪ ਰੰਗ ਰੇਖ ਨਾ ਕੋਇ ਧਰਾਈਆ । ਤੇਰੇ ਵਿਚੋਂ ਆਪਣੇ ਭਗਤ ਕੱਢੇ ਤੇਰੀ ਬਰਕਤ, ਤੇਰੀ ਰੱਤ ਨਚੋੜ ਵਖਾਈਆ । ਜਿਨ੍ਹਾਂ

ਵਿਚ ਨਾ ਰੱਖੇ ਕੋਈ ਸ਼ਿਰਕਤ, ਲਾਸ਼ਰੀਕ ਇਕ ਖ਼ੁਦਾਈਆ । ਬਾਕੀ ਸਭ ਕੋਲੋਂ ਕਰੇ ਨਫ਼ਰਤ, ਆਪਣਾ ਮੁਖ ਭੁਵਾਈਆ । ਕਲਜੁਗ ਵੇਲੇ ਅੰਤ ਸਭ ਨੂੰ ਪਾਏ ਗ਼ਫ਼ਲਤ, ਗੂੜ੍ਹੀ ਨੀਂਦ ਸਵਾਈਆ । ਕਰੇ ਖੇਲ ਹਾਜ਼ਰ ਹਜ਼ੂਰ ਹਜ਼ਰਤ, ਆਪਣੇ ਭਗਤਾਂ ਹਾਜ਼ਰੀ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਬੰਨ੍ਹੇ ਧੜਤ, ਧੜਵਾਈ ਮੁਹੰਮਦ ਨਾਲ ਰਲਾਈਆ । ਅੰਤਮ ਲੁਟੇ ਦੁਕਾਨ ਕੋਈ ਮਿਲੇ ਨਾ ਆੜਤ, ਵਹੀ ਖਾਤਾ ਸਭ ਦਾ ਦਏ ਗਵਾਈਆ । ਜਿਸ ਨੇ ਘੜਿਆ ਘਾੜਤ, ਸੋ ਭੰਨਣਹਾਰ ਆਈਆ । ਗੁਰਸਿਖ ਹਰਿਜਨ ਹਰਿਭਗਤ ਮੇਰੀ ਅਮਾਨਤ, ਤੇਰੇ ਵਿਚ ਰਖਾਈਆ । ਤੈਨੂੰ ਮਾਤਲੋਕ ਘੱਲਣ ਤੋਂ ਪਹਿਲੋਂ ਦਿਤੀ ਜਮਾਨਤ, ਆਪਣੀ ਜਾਮਨੀ ਆਪ ਰਖਾਈਆ । ਜੇ ਕਰੇਂ ਵਿਚ ਖਿਆਨਤ, ਦੋ ਜਹਾਨ ਨਾ ਦੇਵਾਂ ਥਾਈਂਆ । ਮੇਰਾ ਭਗਤ ਸਦਾ ਸਹੀ ਸਲਾਮਤ, ਸਹੀ ਇਕੋ ਵਾਰ ਪਾਈਆ । ਤੇਰੇ ਵਿਚ ਲੱਗੇ ਨਾ ਕੋਈ ਅਲਾਮਤ, ਮਾਇਆ ਬੰਧਨ ਨਾ ਕੋਇ ਰਖਾਈਆ । ਦੂਜੇ ਦਰ ਨਾ ਹੋਣ ਮੰਗਤ, ਕਿਸੇ ਅੱਗੇ ਨਾ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪੇ ਕਰ, ਆਪਣਾ ਰੰਗ ਵਖਾਈਆ । ਤੇਰੇ ਭਗਤਾਂ ਦੀ ਕੀ ਪਛਾਣ, ਕਲਜੁਗ ਵਾਸਤਾ ਪਾਇੰਦਾ । ਲੱਖ ਚੁਰਾਸੀ ਜੀਵ ਜਹਾਨ, ਭੇਵ ਕੋਇ ਨਾ ਪਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਸੱਚਾ ਦੱਸਾਂ ਇਕ ਨਿਸ਼ਾਨ, ਏਕਾ ਰੰਗ ਚੜ੍ਹਾਇੰਦਾ । ਮੈਂ ਪਰਗਟ ਹੋਵਾਂ ਆਣ, ਨਿਰਗੁਣ ਰੂਪ ਧਰਾਇੰਦਾ । ਫਿਰ ਦੱਸਾਂ ਸਾਚਾ ਗਾਣ, ਸੋਹੰ ਸ਼ਬਦ ਸੁਣਾਇੰਦਾ । ਤੂੰ ਕਲਜੁਗ ਸੁਣਨਾ ਲਾ ਕੇ ਕਾਨ, ਕਵਣ ਦੁਆਰੇ ਗੁਰਮੁਖ ਸੋਭਾ ਪਾਇੰਦਾ । ਜਿਸ ਹਿਰਦੇ ਵਸੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਮੇਰਾ ਭਗਤ ਅਖਵਾਇੰਦਾ । ਤਿਸ ਦੁਆਰੇ ਜਾ ਕੇ ਕਰੀਂ ਸਲਾਮ, ਸੱਚਾ ਹੁਕਮ ਸੁਣਾਇੰਦਾ । ਮੈਂ ਦੇਵਾਂ ਇਕ ਪੈਗ਼ਾਮ, ਪੀਰ ਪੈਗ਼ੰਬਰ ਉਹਨਾਂ ਦੇ ਚਰਨਾਂ ਹੇਠ ਦਬਾਇੰਦਾ । ਮੈਂ ਫੜਾਇਆ ਆਪਣਾ ਦਾਮ, ਦਾਮਨਗੀਰ ਆਪ ਅਖਵਾਇੰਦਾ । ਮੈਂ ਭਰ ਪਿਆਲਾ ਪਿਆਇਆ ਜਾਮ, ਮਦਿ ਏਕਾ ਰਸ ਵਖਾਇੰਦਾ । ਜਿਸ ਦਾ ਦਰਸ ਕਰਨ ਆਏ ਰਾਮ, ਕ੍ਰਿਸ਼ਨ ਆਪਣਾ ਮੁਕਟ ਲਾਇੰਦਾ । ਈਸਾ ਮੂਸਾ ਕਰੇ ਧਿਆਨ, ਦੂਰ ਦੁਰਾਡਾ ਨੈਣ ਉਠਾਇੰਦਾ । ਮੁਹੰਮਦ ਨੇਤਰ ਨੈਣ ਸ਼ਰਮਾਣ, ਧੂੜੀ ਟਿੱਕਾ ਮਸਤਕ ਚੁੱਕ ਚੁੱਕ ਲਾਇੰਦਾ । ਨਾਨਕ ਗੋਬਿੰਦ ਕਹਿਣ ਵਾਰ ਵਾਰ ਤੇਰੀ ਖੇਲ ਸ੍ਰੀ ਭਗਵਾਨ, ਤੂੰ ਸਾਡੀ ਕੀਤੀ ਘਾਲ ਲੇਖੇ ਪਾਇੰਦਾ । ਸੱਥਰ ਯਾਰੜਾ ਹੰਢਾਇਆ ਵਿਚ ਜਹਾਨ, ਸੂਲਾਂ ਸੇਜ ਸੋਭਾ ਪਾਇੰਦਾ । ਅੰਤਮ ਆਪਣੇ ਗੁਰਸਿਖ ਵੇਖੇਂ ਆਣ, ਮੇਰੀ ਖ਼ਾਲੀ ਝੋਲੀ ਭਰਾਇੰਦਾ । ਨੀਹਾਂ ਹੇਠਾਂ ਦੱਬੇ ਨੌਜਵਾਨ, ਉਤੇ ਭਗਤ ਮਹੱਲ ਸੁਹਾਇੰਦਾ । ਦੂਜੇ ਪਾਸੇ ਵੇਖਿਆ ਮਾਰ ਧਿਆਨ, ਬਲ ਆਪਣਾ ਬਲ ਰਖਾਇੰਦਾ । ਤਿੰਨ ਜੁਗ ਮੈਂ ਕਰਦਾ ਰਿਹਾ ਧਿਆਨ, ਕਵਣ ਵੇਲਾ ਮੇਰਾ ਮੇਲ ਮਿਲਾਇੰਦਾ । ਕਲਜੁਗ ਅੰਤਮ ਨਾਲ ਰੱਖਿਆ ਸਿੰਘ ਗੁਰਦਿਆਲ, ਮੇਰੀ ਪੂਰੀ ਆਸ ਕਰਾਇੰਦਾ । ਮੈਂ ਹੁਣ ਬੈਠਾ ਸੁਰਤ ਸੰਭਾਲ, ਪੰਜਾ ਆਪਣੇ ਨਾਲ ਮਲਾਇੰਦਾ । ਮੈਂ ਜੱਟ ਕਿਸੇ ਦੀ ਗਲਣ ਨਾ ਦੇਣੀ ਦਾਲ, ਮੁਹੰਮਦ ਨੇੜੇ ਰਹਿਣ ਨਾ ਪਾਇੰਦਾ । ਅਨਪੜ੍ਹ ਕਿਸੇ ਦਾ ਕਰੇ ਨਾ ਕੋਈ ਹੱਲ ਸਵਾਲ, ਜਗਤ ਵਿਦਿਆ ਧੱਕਾ ਲਾਇੰਦਾ । ਮੈਂ ਗੋਬਿੰਦ ਗੋਦੀ ਸੁੱਟ ਕੇ ਆਇਆ ਆਪਣਾ ਲਾਲ, ਡੱਲਾ ਝੱਲਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਭਗਤਾਂ ਪੱਲੂ ਨਾ ਕਿਸੇ ਫੜਾਇੰਦਾ ।

ਬਿਨ ਨਾਤੇ ਜੋੜਿਆ ਜੋੜ, ਏਕਾ ਬੰਧਨ ਪਾਇਆ । ਬਿਨ ਘੋੜਿਉਂ ਚੜ੍ਹਾਇਆ ਘੋੜ, ਸ਼ਬਦੀ ਰੰਗ ਰੰਗਾਇਆ । ਬਿਨ ਤੋੜਿਆਂ ਨਿਭਾਏ ਤੋੜ, ਆਪਣਾ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੀ ਗੋਦ ਬਹਾਇਆ । ਗੁਰਸਿਖ ਨਾ ਹੋਏ ਨਿਰਾਸਾ, ਜਿਸ ਜਨ ਆਪਣੀ ਦਇਆ ਕਮਾਈਆ । ਮਿਲਿਆ ਚਰਨ ਸੱਚਾ ਭਰਵਾਸਾ, ਭੁੱਲੀ ਸਰਬ ਲੋਕਾਈਆ । ਅੰਦਰ ਵੜ ਵੜ ਕੀਤਾ ਵਾਸਾ, ਘਰ ਘਰ ਵਿਚ ਸੋਭਾ ਪਾਈਆ । ਆਪਣਾ ਖੋਲ੍ਹੇ ਆਪ ਖੁਲਾਸਾ, ਭੇਵ ਅਭੇਦ ਜਣਾਈਆ । ਗੁਰਸਿਖ ਸੋਨਾ ਕੰਚਨ ਪਾਸਾ, ਏਕਾ ਰੰਗ ਵਖਾਈਆ । ਪਿਤਾ ਪੂਤ ਦਏ ਦਿਲਾਸਾ, ਸਿਰ ਆਪਣਾ ਹੱਥ ਰਖਾਈਆ । ਗੁਰਸਿਖ ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕ ਭਰਵਾਸਾ, ਏਕਾ ਘਰ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਸਦਾ ਸੰਗ ਰਖਾਈਆ । ਗੁਰਸਿਖ ਤੇਰਾ ਉਚਾ ਦਰ, ਹਰਿ ਦਰਦੀ ਆਪ ਰਖਾਇਆ । ਜਿਸ ਜਨ ਚਰਨ ਕਵਲ ਉਪਰ ਲਿਆ ਧਰ, ਧਰਨੀ ਧਰਤ ਮਾਣ ਰਖਾਇਆ । ਫੜ ਬਾਹੋਂ ਲਏ ਜੜ੍ਹ, ਆਪ ਆਪਣਾ ਬੰਧਨ ਪਾਇਆ । ਨਾਤਾ ਤੁਟੇ ਜਗਤ ਡਰ, ਜੁਗ ਇਕੋ ਇਕ ਸਮਝਾਇਆ । ਘਰ ਬੈਠਿਆਂ ਮਿਲਿਆ ਦਰ, ਜੰਗਲ ਜੂਹ ਨਾ ਫੇਰਾ ਪਾਇਆ । ਬਿਨ ਸਰੋਵਰ ਨੁਹਾਏ ਸਰ, ਦੁਰਮਤ ਮੈਲ ਧੁਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਗੁਰ ਗੁਰ ਖੇੜਾ ਇਕ ਵਸਾਇਆ । ਗੁਰ ਗੁਰ ਖੇੜਾ ਗੋਬਿੰਦ ਘਰ, ਹਰਿ ਹਰਿ ਸੇਵ ਕਮਾਈਆ । ਗੁਰਮੁਖ ਡੇਰਾ ਪਹਿਲੇ ਦਰ, ਬੰਕ ਦੁਆਰ ਸੋਭਾ ਪਾਈਆ । ਜਿਸ ਗ੍ਰਿਹਿ ਸਤਿਗੁਰ ਪੂਰਾ ਜਾਏ ਵੜ, ਫੇਰ ਨਿਕਲ ਕਦੇ ਨਾ ਜਾਈਆ । ਜੇ ਕੋਈ ਕਹੇ ਸਤਿਗੁਰ ਗਿਆ ਮਰ, ਭੁੱਲੀ ਭਰਮ ਲੋਕਾਈਆ । ਜੇ ਕੋਈ ਕਹੇ ਗੋਬਿੰਦ ਗਿਆ ਡਰ, ਥੁੱਕੀਂ ਮੁਖ ਭਰਾਈਆ । ਹਰਿ ਜੂ ਕਹੇ ਮੈਂ ਭਗਤਾਂ ਲਿਆ ਵਰ, ਮੇਰੀ ਹੋਈ ਮਾਤ ਕੁੜਮਾਈਆ । ਇਕੇ ਸੇਜਾ ਬੈਠੇ ਰਲ, ਏਕਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਾਜਣ ਕਰਾਏ ਚਰਨ ਧੂੜੀ ਮਜਨ, ਦੁਰਮਤ ਮੈਲ ਮੈਲ ਧੁਆਈਆ ।

ਪਤਿਤ ਪਾਪੀ ਤੁਟਿਆ ਨਾਤਾ, ਕਰੇ ਪੁਨੀਤ ਦਇਆ ਕਮਾਈਆ । ਸਾਹਿਬ ਸਤਿਗੁਰ ਜਿਸ ਜਨ ਜਾਤਾ, ਤਿਸ ਦੇਵੇ ਮਾਣ ਵਡਿਆਈਆ । ਆਵਣ ਜਾਵਣ ਤੁੱਟਾ ਸਾਕਾ, ਜੂਨ ਜੂਨ ਨਾ ਕੋਇ ਭੁਆਈਆ । ਏਕੋ ਮੇਲਾ ਹਰਿ ਸਮਰਾਥਾ, ਆਪਣਾ ਬੰਧਨ ਪਾਈਆ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਜਿਸ ਜਨ ਆਪਣਾ ਦਰਸ ਵਖਾਈਆ । ਜੋ ਜਨ ਚਰਨ ਸੀਸ ਨਿਵਾਏ ਮਾਥਾ, ਤਿਸ ਮਸਤਕ ਲੇਖ ਗਵਾਈਆ । ਬਿਧਨਾ ਰੋਵੇ ਹੱਥੋ ਹਾਥਾ, ਪ੍ਰਭ ਕੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੱਤਤ ਪਾਪੀ ਏਕਾ ਰੰਗ ਰੰਗਾਈਆ । ਪੱਤਤ ਪਾਪੀ ਕੋਈ ਨਾ ਡੇਰਾ, ਜਿਸ ਮਿਲੀ ਸ਼ਰਨ ਸ਼ਰਨਾਈਆ । ਦੁੱਖ ਕੱਟੇ ਹਰਿ ਜੂ ਬੰਧਨ ਤੇਰਾ, ਜਨਮ ਜਨਮ ਦਾ ਦੁੱਖ ਗਵਾਈਆ । ਜਨ ਭਗਤਾਂ ਕਾਰਨ ਮਾਰਿਆ ਫੇਰਾ, ਹੋਰ ਕਿਰਤ ਨਾ ਕੋਈ ਕਮਾਈਆ । ਲੱਖ ਚੁਰਾਸੀ ਵਿਚੋਂ ਗੁਰਸਿਖ ਆਪ ਨਖੇੜਾ, ਵੱਖਰੀ ਚਾਲ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੱਤਤ ਪੁਨੀਤ ਪਵਿਤ ਕਰ ਕਰ, ਘਰ ਘਰ ਆਪਣੇ ਰੰਗ ਵਖਾਈਆ । ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਜਿਸ ਦਰ ਦਰਸ਼ਨ ਦੇਵੇ ਆਣ, ਤਿਸ ਘਰ ਸੁਰ ਨਰ ਮੁਨ ਜਨ ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ ।

ਲੋਕਾਈ ਦਾ ਛੱਡ ਝੇੜਾ, ਸਤਿਗੁਰ ਝੇੜਾ ਆਪ ਮੁਕਾਇੰਦਾ । ਖੇੜੇ ਤੇਰਾ ਵਸੇ ਖੇੜਾ, ਖਿੜੀ ਗੁਲਜ਼ਾਰ ਬਹਾਰ ਲਗਾਇੰਦਾ । ਦੂਰ ਵਸਦਾ ਆਇਆ ਨੇੜਾ, ਆਪਣਾ ਪੰਧ ਮੁਕਾਇੰਦਾ । ਜਿਸ ਨੇ ਦੇਣਾ ਉਲਟਾ ਗੇੜਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਤੇਰਾ ਆਪੇ ਬੰਨ੍ਹੇ ਬੇੜਾ, ਰਸਨਾ ਲੋਭ ਵਿਕਾਰ ਗਵਾਇੰਦਾ । ਝੂਠੀ ਸੰਗਤ ਛੱਡ ਝੇੜਾ, ਹਰਿ ਸੰਗਤ ਨਾਲ ਮਿਲਾਇੰਦਾ । ਫਿਰ ਤੂੰ ਕਹੀਂ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਇਕੋ ਘਰ ਸੁਹਾਇੰਦਾ । ਗੁਰਸਿਖਾਂ ਵਲ ਵੇਖ ਕਰ ਲੈ ਵੱਡਾ ਜੇਰਾ, ਸ਼ਰਾਬ ਮਾਸ ਕਿਸੇ ਕੰਮ ਨਾ ਆਇੰਦਾ । ਅੰਤਮ ਸਾਥੀ ਝੂਠੇ ਹੋਣਾ ਢੇਰੀ ਢੇਰਾ, ਖ਼ਾਕੀ ਖ਼ਾਕ ਮਿਲਾਇੰਦਾ । ਗੁਰਸਿਖ ਤੇਰਾ ਰੰਗ ਸਦਾ ਸੰਞ ਸਵੇਰਾ, ਦੋ ਜਹਾਨ ਨੂਰ ਚਮਕਾਇੰਦਾ । ਕਰੇ ਹਰਿ ਹੱਕ ਨਿਬੇੜਾ, ਕੀਤੀ ਸੇਵਾ ਸਭ ਦੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲੀ ਭੁੱਲ ਬਖ਼ਸ਼ਾਇੰਦਾ । ਇਛਿਆ ਪੂਰਨ ਪੂਰੀ ਆਸ, ਗੁਰ ਪੂਰਾ ਆਪ ਕਰਾਇੰਦਾ । ਜਨਮ ਜਨਮ ਦੀ ਮਿਟੀ ਪਿਆਸ, ਦਰਸੀ ਦਰਸ ਵਖਾਇੰਦਾ । ਮਾਨਸ ਜਨਮ ਆਇਆ ਰਾਸ, ਪੂਰਬ ਲਹਿਣਾ ਲੇਖੇ ਪਾਇੰਦਾ । ਹਰਿ ਭਗਤੀ ਭਗਤਾਂ ਮੇਟੇ ਨਾ ਸ਼ਾਖ਼, ਪਤ ਡਾਲੀ ਆਪ ਮਹਿਕਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਆਪਣੇ ਸੰਗ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਇਕ ਵਰ, ਨਿਰਾਸਾ ਕੋਇ ਰਹਿਣ ਨਾ ਪਾਇੰਦਾ ।



ਸ੍ਰਿਸ਼ਟ ਸਬਾਈ ਫਿਰੇ ਨਿਰਾਸ, ਚਾਰ ਵਰਨ ਕੁਰਲਾਈਆ । ਦਰੋਹੀ ਖ਼ੁਦਾਏ ਪ੍ਰਿਥਮੀ ਆਕਾਸ਼, ਮਖ਼ਲੂਕ ਦਏ ਦੁਹਾਈਆ । ਸਾਧ ਸੰਤ ਸੁੱਤੇ ਵਿਚ ਪਰਭਾਸ, ਗੁਲਸ਼ਨ ਬਹਾਰ ਨਾ ਕੋਇ ਵਖਾਈਆ । ਗੁਰਮੁਖਾਂ ਲੱਗੀ ਇਕ ਪਿਆਸ, ਪ੍ਰਭ ਮਿਲਣ ਦੀ ਓਟ ਤਕਾਈਆ । ਸਤਿਗੁਰ ਪੂਰਾ ਪਰਗਟ ਹੋ ਸਾਖਿਆਤ, ਨਿਰਗੁਣ ਆਪਣਾ ਖੇਲ ਕਰਾਈਆ । ਜਨ ਭਗਤਾਂ ਦੇਵੇ ਦਾਤ, ਵਸਤ ਅਮੋਲਕ ਆਪ ਵਰਤਾਈਆ । ਨਾ ਕੋਈ ਪੁੱਛੇ ਜ਼ਾਤ ਪਾਤ, ਊਚ ਨੀਚ ਨਾ ਕੋਇ ਵਡਿਆਈਆ । ਸਰਬ ਜੀਆਂ ਦਾ ਬਣ ਮਾਈ ਬਾਪ, ਗੁਰਮੁਖ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਦਾਨ ਦਾਨ ਦਾਨ ਮਿਹਰ ਹਰਿ ਨਜ਼ਰ ਨਜ਼ਰੀਆ ਇਕ ਕਰਾਈਆ ।

ਕੱਖਾਂ ਕੁੱਲੀ ਸੱਚਾ ਰੰਗ, ਰੰਗਤ ਰੰਗ ਅਪਾਰਾ । ਸੋਹਣੀ ਸੇਜ ਸਚ ਪਲੰਘ, ਵਾਹਵਾ ਸੋਹਿਆ ਸਚ ਦੁਆਰਾ । ਕਰੇ ਖੇਲ ਸੂਰਾ ਸਰਬੰਗ, ਮਿਤਰਾਂ ਮਿਲੇ ਮਿੱਤਰ ਪਿਆਰਾ । ਲੇਖਾ ਚੁਕਾਏ ਜਸ਼ੋਦਾ ਨੰਦ, ਕਾਹਨਾ ਕ੍ਰਿਸ਼ਨ ਕ੍ਰਿਸ਼ਨ ਅਧਾਰਾ । ਜਗਤ ਗਵਾਲੇ ਚੁੱਕਾ ਪੰਧ, ਬਿੰਦਰਾਬਨ ਪਾਰ ਕਿਨਾਰਾ । ਫਿਰੇ ਚਾਰ ਕੁੰਟ ਮੰਗੀ ਮੰਗ, ਜੰਗਲ ਜੂਹ ਵਿਚ ਉਜਾੜਾ । ਕਵਣ ਵੇਲਾ ਫੇਰ ਮਿਲੇ ਮੇਰਾ ਮੁਕੰਦ, ਮਨੋਹਰ ਲਖ਼ਮੀ ਨਰਾਇਣ ਗਿਰਵਰ ਗਿਰਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਾ । ਤਿਸ ਗਵਾਲੇ ਗਵਾਲ ਪਾਲ, ਗਨੇਸ਼ ਦਏ

ਵਡਿਆਈਆ । ਬਣ ਚਲੇ ਵਿਚ ਜਹਾਨ, ਕੋਟਨ ਕੋਟ ਪੂਰ ਪਾਰ ਕਰਾਈਆ । ਤੇਰਾ ਅੰਤਮ ਮੇਲਾ ਸ੍ਰੀ ਭਗਵਾਨ, ਪੁਰਖ ਅਬਿਨਾਸ਼ੀ ਆਪ ਕਰਾਈਆ । ਹੁਣ ਗਊਆਂ ਬਛੜੇ ਵੇਖੀਂ ਵਿਚ ਬੀਆਬਾਨ, ਫੇਰ ਹਰਿ ਸੰਗਤ ਦਏ ਵਖਾਈਆ । ਤੇਰਾ ਰੱਖੇ ਘਰ ਸੱਚੇ ਮਾਣ, ਕਾਲੀ ਕੁਲੀਉਂ ਕੱਢ ਅਰਸ਼ ਉਤੇ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਜਨਮ ਜਨਮ ਦਾ ਲਹਿਣਾ ਸਭ ਦਾ ਰਿਹਾ ਮੁਕਾਈਆ ।

ਟੁੱਟੀ ਗੰਢ ਪਾਵੇ ਗੰਢ, ਗੰਢਣਹਾਰ ਗੋਪਾਲ । ਨਾਮ ਦੇ ਦਾਤਾ ਦੇ ਠੰਡ, ਤੋੜ ਝੂਠ ਜੰਜਾਲ । ਜੀਅ ਜਨਮ ਕਰੇ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਕਰ ਦਿਆਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਰਖਾਏ ਆਪਣਾ ਲਾਲ । ਟੁੱਟੀ ਗੰਢੀ ਕਿਰਪਾਨਿਧ, ਆਪਣੀ ਦਇਆ ਕਮਾਈਆ । ਨਾ ਕੋਈ ਜਾਣੇ ਜੀਵਣ ਬਿਧ, ਕਵਣ ਵੇਲਾ ਆਤਮਾ ਨਾਤਾ ਜਾਏ ਛੁਡਾਈਆ । ਹਰਿ ਸੰਗਤ ਮਿਲ ਕੇ ਕਾਰਜ ਹੋਇਆ ਸਿਧ, ਜਨਮ ਜਨਮ ਵਿਚ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ ।

ਹਰਿ ਕਿਰਪਾ ਹਰਿ ਪਿਆਰ, ਹਰਿ ਹਰਿ ਨਾਮ ਦ੍ਰਿੜਾਇਆ । ਹਰਿ ਕਿਰਪਾ ਸ਼ਬਦ ਅਧਾਰ, ਗੁਰ ਸ਼ਬਦੀ ਸ਼ਬਦ ਸੁਣਾਇਆ । ਹਰਿ ਕਿਰਪਾ ਸੋਹੇ ਬੰਕ ਦੁਆਰ, ਗ੍ਰਿਹ ਮੰਦਰ ਭਾਗ ਲਗਾਇਆ । ਹਰਿ ਕਿਰਪਾ ਦੂਤ ਦੁਸ਼ਟ ਕਰੇ ਖਵਾਰ, ਨਾਮ ਖੰਡਾ ਇਕ ਚਮਕਾਇਆ । ਹਰਿ ਕਿਰਪਾ ਗੁਰਸਿਖ ਗੁਰ ਸਤਿਗੁਰ ਕਰੇ ਪਿਆਰ, ਮਨ ਮਣਕਾ ਮਨ ਭੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਗਤ ਬਣ ਬਣ ਵਿਚੋਲਾ ਆਪਣਾ ਭੇਵ ਖੁਲ੍ਹਾਇਆ ।

ਜਨਮ ਜਨਮ ਦੀ ਚੁੱਕੀ ਘਾਲ, ਘਾਲੀ ਘਾਲ ਲੇਖੇ ਪਾਈਆ । ਜਨਮ ਜਨਮ ਦਾ ਚੁਕਿਆ ਕਾਲ, ਕਾਲ ਗਰਾਸ ਨਾ ਫੇਰ ਖਾਈਆ । ਜਨਮ ਜਨਮ ਦਾ ਛੁੱਟਿਆ ਜੰਜਾਲ, ਜੀਵਣ ਜੁਗਤ ਮਿਲੀ ਵਡਿਆਈਆ । ਕਰ ਕਿਰਪਾ ਮਿਲਿਆ ਦੀਨ ਦਿਆਲ, ਦੀਨਨ ਦਇਆ ਕਮਾਈਆ । ਇਕੋ ਵਾਰ ਹੱਲ ਕੀਤਾ ਸਵਾਲ, ਅੱਗੇ ਫੇਰ ਨਾ ਕੋਈ ਪੜ੍ਹਾਈਆ । ਦਰ ਸਾਚੇ ਦਏ ਬਹਾਲ, ਉਠੇ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਸੱਚੀ ਸ਼ਹਿਨਸ਼ਾਹੀਆ ।

ਸਾਚੀ ਚਿੱਠੀ ਨਾਮ ਪਰਵਾਨਾ, ਏਕਾ ਏਕ ਫੜਾਈਆ । ਗੁਰਸਿਖ ਤੇਰਾ ਗੋਬਿੰਦ ਨਿਸ਼ਾਨਾ, ਗੁਰ ਗੁਰ ਆਪ ਚਲਾਈਆ । ਭਗਤ ਭਗਵੰਤ ਬਣਾਇਆ ਸਚ ਮਕਾਨਾ, ਉਚ ਮਹੱਲ ਅਟੱਲ ਰੁਸ਼ਨਾਈਆ । ਸਦਾ ਸਦ ਦਿਸੇ ਸ੍ਰੀ ਭਗਵਾਨਾ, ਬੈਠਾ ਆਸਣ ਲਾਈਆ । ਗੁਰਸਿਖ ਹੋਏ ਨਿਗਹਬਾਨਾ, ਦੂਰ ਦੁਰਾਡੇ ਰਿਹਾ ਤਕਾਈਆ । ਆ ਮਿਲ ਮੇਰੇ ਨੌਜਵਾਨਾ, ਤੇਰੀ ਨਿਤ ਉਡੀਕ ਰਖਾਈਆ । ਗੁਰਸਿਖ ਤੂੰ ਪ੍ਰੇਮ ਸਿਖੀ ਦਾ ਸੱਚਾ ਕਾਹਨਾ, ਤੇਰੀ

ਸਿਖੀ ਤੇਰੇ ਬਿਨਾ ਰਹੀ ਕੁਰਲਾਈਆ । ਮੇਰੀ ਆਸ਼ਾ ਤੇਰਾ ਗਾਣਾ, ਗਾ ਗਾ ਮੇਰੀ ਕੁੜਮਾਈਆ । ਤੇਰਾ ਨਾਉਂ ਦੋ ਜਹਾਨਾਂ, ਦੋ ਜਹਾਨ ਤੇਰਾ ਜਸ ਗਾਈਆ । ਤੇਰੇ ਪਿਛੇ ਪਰਗਟ ਹੋ ਕੇ ਆਇਆ ਵਿਸ਼ਨੂੰ ਭਗਵਾਨਾ, ਨਿਹਕਲੰਕ ਨਾਉਂ ਰਖਾਈਆ । ਇਕ ਦੂਜੇ ਨੂੰ ਰਲ ਮਿਲ ਦਿਓ ਮਾਣਾ, ਗੁਰਸਿਖ ਗੁਰ ਗੁਰ ਏਕਾ ਘਰ ਵਡਿਆਈਆ । ਨਾਮ ਨਿਧਾਨ ਗਾਉਣਾ ਸੋਹੰ ਗਾਣਾ, ਗਾਵਤ ਗਾਵਤ ਖ਼ੁਸ਼ੀ ਮਨਾਈਆ । ਹਰਿ ਕਾ ਆਉਣਾ ਹੋਇਆ ਪਰਵਾਨਾ, ਗੁਰਮੁਖ ਮਿਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰਾ ਰੱਖੇ ਮਾਣਾ, ਆਪਣਾ ਮਾਣ ਨਾ ਕੋਇ ਰਖਾਈਆ ।

ਗੁਰਸਿਖ ਗੁਰ ਗੁਰ ਇਕੋ ਟੇਕ, ਏਕਾ ਓਟ ਜਣਾਈਆ । ਜਿਸ ਲੋਕਮਾਤ ਵਿਚ ਲਿਆ ਵੇਖ, ਲੱਖ ਚੁਰਾਸੀ ਫੋਲ ਫੁਲਾਈਆ । ਫੜ ਬਾਹੋਂ ਕੀਤੀ ਬੁੱਧ ਬਬੇਕ, ਆਪਣੀ ਦਇਆ ਕਮਾਈਆ । ਅੰਤ ਨਾ ਲੱਗੇ ਕੋਈ ਸੇਕ, ਅਗਨੀ ਅੱਗ ਤੱਤ ਬੁਝਾਈਆ । ਤੇਰਾ ਚੇਤਨ ਸਦਾ ਚੇਤ, ਚਤੁਰ ਤੇਰਾ ਰੂਪ ਬਣਾਈਆ । ਜਿਸ ਜਨ ਆਪਣਾ ਖੋਲ੍ਹੇ ਭੇਤ, ਸੋ ਨਿਉਂ ਨਿਉਂ ਲਾਗੇ ਪਾਈਆ । ਗੁਰ ਸਤਿਗੁਰ ਕਰੇ ਹੇਤ, ਪ੍ਰੇਮ ਪਿਆਰ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਮਿਲਾਈਆ ।



ਗੁਰਸਿਖ ਕਦੇ ਨਾ ਹੋਏ ਇਕੱਲਾ, ਇਕ ਇਕ ਨਾਲ ਮਿਲਾਈਆ । ਗੁਰਸਿਖ ਤੇਰਾ ਸਤਿਗੁਰ ਫੜਿਆ ਪੱਲਾ, ਤੇਰਾ ਸੰਗ ਨਿਭਾਈਆ । ਗੁਰਸਿਖ ਤੇਰੇ ਆਤਮ ਅੰਤਰ ਸਿੰਘਾਸਣ ਮੱਲਾ, ਬੈਠਾ ਸੇਜ ਸੁਹਾਈਆ । ਗੁਰਸਿਖ ਤੇਰੇ ਪ੍ਰੇਮ ਅੰਦਰ ਰਲਾ, ਏਕਾ ਰੰਗ ਵਖਾਈਆ । ਗੁਰਸਿਖ ਤੇਰੇ ਨੂਰ ਬਲਾ, ਜੋਤੀ ਜੋਤ ਨੂਰ ਰੁਸ਼ਨਾਈਆ । ਗੁਰਸਿਖ ਤੇਰਾ ਮੇਟਿਆ ਸੱਲਾ, ਦੂਈ ਦਵੈਤੀ ਦੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਗੁਰਮੁਖ ਗੁਰਸਿਖ ਤੇਰੇ ਪਿਛੇ ਫਿਰੇ ਹੋ ਕੇ ਝੱਲਾ, ਝਲਕ ਆਪਣੀ ਆਪ ਵਖਾਈਆ ।

ਗੁਰਸਿਖ ਤੇਰੀ ਸਦਾ ਤਾਂਘ, ਹਰਿ ਸਤਿਗੁਰ ਆਪ ਰਖਾਈਆ । ਤੇਰੇ ਪ੍ਰੇਮ ਦੀ ਅਨਡਿਠੀ ਕਾਂਘ, ਆਪਣੀ ਧਾਰ ਵਖਾਈਆ । ਨਿਰਗੁਣ ਕਰੇ ਸਵਾਂਗੀ ਸਵਾਂਗ, ਆਪਣਾ ਭੇਖ ਵਟਾਈਆ । ਵਾਹ ਵਾਹ ਘਰ ਘਰ ਵੇਖੇ ਮਹੀਨਾ ਮਾਘ, ਗੁਰਮੁਖ ਰਲ ਮਿਲ ਨੁਹਾਵਣ ਰਹੇ ਨੁਹਾਈਆ । ਦਾਤਾ ਦਾਤਾਰ ਸਦ ਰੱਖੇ ਯਾਦ, ਭੁੱਲ ਕਦੇ ਨਾ ਜਾਈਆ । ਬਿਨ ਗੁਰਮੁਖਾਂ ਸੁਣੇ ਨਾ ਕਿਸੇ ਫਰਿਯਾਦ, ਦੇਵਣਹਾਰ ਸਰਬ ਸਜਾਈਆ । ਜਿਸ ਬਣਾਇਆ ਆਦਿ ਜੁਗਾਦਿ, ਸੋ ਗੁਰਮੁਖਾਂ ਮਿਲਣ ਆਇਆ ਚਾਈਂ ਚਾਈਆ । ਰਲ ਮਿਲ ਵਜਾਓ ਸੱਚਾ ਨਾਦ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਵਡਿਆਈਆ ।

ਵਿਛੋੜਾ ਕੱਟਿਆ ਚਾਰ ਜੁਗ, ਕੋਟਨ ਕੋਟ ਕਾਲ ਬਤਾ । ਦਰਸ ਕਰਦਾ ਰਿਹਾ ਲੁਕ ਲੁਕ, ਲੋਕਮਾਤ ਵੇਸ ਵਟਾ । ਅੰਤਮ ਪੈਂਡਾ ਗਿਆ ਮੁੱਕ, ਵੇਲਾ ਅੰਤਮ ਗਿਆ ਆ । ਆਪਣਾ ਪਰਦਾ ਦਿਤਾ ਚੁੱਕ, ਨੂਰੋ ਨੂਰ ਕਰ ਰੁਸ਼ਨਾ । ਸਿੰਘ ਸ਼ੇਰ ਹੋ ਕੇ ਰਿਹਾ ਬੁੱਕ, ਭੈ ਭਉ ਦਏ ਗਵਾ । ਗੁਰਸਿਖ ਗੋਦੀ ਲਏ ਚੁੱਕ, ਆਪ ਆਪਣੀ ਸੇਵ ਕਮਾ । ਜਨਮ ਜਨਮ ਦੀ ਮੇਟੇ ਭੁੱਖ, ਅੰਮ੍ਰਿਤ ਆਤਮ ਜਾਮ ਪਿਆ । ਉਜਲ ਕਰੇ ਮੁਖ, ਲੋਕਮਾਤ ਵਡਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਦਏ ਕਟਾ । ਵਿਛੋੜਾ ਕੱਟਿਆ ਜੁਗ ਚਾਰ, ਚਾਲ ਨਿਰਾਲੀ ਇਕ ਵਖਾਈਆ । ਬਿਨ ਗੁਰਮੁਖਾਂ ਹੁੰਦਾ ਰਿਹਾ ਖੁਵਾਰ, ਕਿਸੇ ਸਾਰ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਫਿਰ ਫਿਰ ਗਿਆ ਹਾਰ, ਆਪਣਾ ਪੰਧ ਮੁਕਾਈਆ । ਮਿਲੇ ਨਾ ਢੋਈ ਮੈਨੂੰ ਮੰਦਰ ਮਸਜਿਦ ਗੁਰੂਦੁਆਰ, ਮਠ ਬੈਠੇ ਮੁਖ ਭੁਆਈਆ । ਕਲਜੁਗ ਅੰਤ ਕਰੀ ਵਿਚਾਰ, ਆਪਣੀ ਇਛਿਆ ਆਪ ਪ੍ਰਗਟਾਈਆ । ਗੋਬਿੰਦ ਸੂਰਾ ਲਵਾਂ ਉਠਾਲ, ਆਪਣੇ ਨਾਲ ਮਿਲਾਈਆ । ਉਹਦੀ ਨਿਭੇ ਮੇਰੇ ਨਾਲ, ਮੈਂ ਉਸ ਦੇ ਨਾਲ ਨੇਹ ਲਗਾਈਆ । ਉਠ ਕੇ ਕਰੇ ਅੱਗੋਂ ਸਵਾਲ, ਏਕਾ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਹੋ ਦਿਆਲ, ਤੇਰੀ ਓਟ ਸ਼ਰਨਾਈਆ । ਮੇਰੇ ਮੇਲ ਵਿਛੜੇ ਲਾਲ, ਜੋ ਸਰਸੇ ਗਿਆ ਰੁੜ੍ਹਾਈਆ । ਤੇਰੇ ਪਿਛੇ ਹੋਇਆ ਕੰਗਾਲ, ਪਿਤਾ ਪੂਤ ਭੇਟ ਚੜ੍ਹਾਈਆ । ਅੰਤ ਕਿਹਾ ਸੁਣੀ ਮੁਰੀਦਾਂ ਹਾਲ, ਮੇਰੇ ਮੁਰਸ਼ਦ ਸੱਚੇ ਮਾਹੀਆ । ਮੈਂ ਤੇਰੀ ਘਾਲਣ ਲਈ ਘਾਲ, ਤੂੰ ਕੀਤੀ ਘਾਲ ਲੇਖੇ ਪਾਈਆ । ਮੇਰਾ ਇਕੋ ਇਕ ਸਵਾਲ, ਮੇਰੇ ਗੁਰਸਿਖ ਦੇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਵਿਛੋੜਾ ਦਏ ਕਟਾਈਆ । ਜੁਗ ਜੁਗ ਵਿਛੋੜਾ ਕੱਟਿਆ, ਹੋਇਆ ਰਿਹਾ ਸਦਾ ਬੇਜ਼ਾਰ । ਕਲਜੁਗ ਅੰਤਮ ਆਪਣਾ ਸਵਾਂਗ ਪਲਟਿਆ, ਨਿਰਗੁਣ ਨੂਰ ਜੋਤ ਉਜਿਆਰ । ਕਦੀ ਲੱਭਦਾ ਰਿਹਾ ਵਿਚੋਂ ਵੱਟਿਆ, ਧੰਨੇ ਜੱਟ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਛੋੜਾ ਮੇਟੇ ਅੰਤਮ ਵਾਰ । ਜਗਤ ਵਿਛੋੜਾ ਜਗਤ ਅਵੱਲਾ, ਜੁਗ ਜੁਗ ਆਪ ਰਖਾਇਆ । ਸਤਿਜੁਗ ਤ੍ਰੇਤਾ ਦੁਆਪਰ ਭਗਤ ਤਾਰਿਆ ਇਕ ਇਕੱਲਾ, ਇਕ ਇਕ ਵੇਸ ਵਟਾਇਆ । ਕਲਜੁਗ ਅੰਤ ਵਸਾਏ ਸਚ ਮਹੱਲਾ, ਦਰ ਸਾਚਾ ਆਪ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਰਿਹਾ ਕਟਾਇਆ । ਜਗਤ ਵਿਛੋੜਾ ਕੱਟਣ ਆਇਆ ਕੱਟ ਕੇ ਆਪਣਾ ਫਾਹ । ਏਕਾ ਮਾਰਗ ਦੱਸਣ ਆਇਆ, ਨਿਰਗੁਣ ਬਣ ਮਲਾਹ । ਸਨਮੁਖ ਬਹਿ ਕੇ ਹੱਸਣ ਆਇਆ, ਨਿਰਗੁਣ ਰੂਪ ਧਰਾ । ਪ੍ਰੇਮ ਪਿਆਰ ਅੰਦਰ ਫਸਣ ਆਇਆ, ਲੋਕਲਾਜ ਗਵਾ । ਮਨਮੁਖਾਂ ਕੋਲੋਂ ਨੱਠਣ ਆਇਆ, ਆਪਣਾ ਮੁਖ ਛੁਪਾ । ਅੰਮ੍ਰਿਤ ਮੇਘ ਵੇਖਣ ਆਇਆ, ਸਾਚੀ ਸੇਵਾ ਆਪ ਲਗਾ । ਗੁਰਮੁਖਾਂ ਕੋਲੋਂ ਲਾਹ ਖੱਟਣ ਆਇਆ, ਆਪਣੀ ਝੋਲੀ ਅੱਗੇ ਡਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਦਏ ਮੁਕਾ । ਵੇਖੋ ਜਗਤ ਵਿਛੋੜਾ ਮੁੱਕਦਾ, ਹਰਿ ਸੱਚਾ ਆਪ ਮੁਕਾ । ਆਪੇ ਹੋਇਆ ਨਿਮਾਣਾ ਪ੍ਰੇਮ ਭਿਖ ਦਾ, ਆਪਣੀ ਤ੍ਰਿਸ਼ਨਾ ਭੁੱਖ ਵਧਾ । ਆਪੇ ਦੁਖੀਆ ਹੋਇਆ ਵਿਛੋੜਾ ਦੁੱਖ ਦਾ, ਦੁੱਖ ਸਹਿ ਨਾ ਸਕੇ ਰਾ । ਬਲ ਧਾਰ ਆਪੇ ਉਠਦਾ, ਨਿਰਗੁਣ ਨੂਰ ਜੋਤ ਜਗਾ । ਸਚਖੰਡ ਬਹਿ ਕੇ ਆਪਣੇ ਕੋਲੋਂ ਪੁਛਦਾ, ਜਾਵਾਂ ਕਿਹੜੇ ਰਾਹ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਆਪੇ ਰਿਹਾ ਪੰਧ ਮੁਕਾ । ਮੁਕੇ ਵਿਛੋੜਾ ਕਲਜੁਗ ਅੰਤ, ਹਰਿ ਸਤਿਗੁਰ ਆਪ ਮੁਕਾਈਆ । ਗੁਰਮੁਖ ਤੇਰੇ ਮਿਲਣ ਦੀ ਬਣਤ, ਬਣ ਬਨਵਾਰੀ ਆਪ ਬਣਾਈਆ । ਜਿਉਂ ਰਾਮ ਹਿਰਦੇ ਵਸਿਆ ਹਨਵੰਤ, ਤਿਉਂ ਗੁਰਸਿਖਾਂ ਵਿਚ ਸਮਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਵਿਛੋੜਾ ਆਪਣੇ ਹੱਥ ਰਖਾਈਆ । ਕਿਸ ਬਿਧ ਕੱਟਾਂ ਵਿਛੋੜਾ, ਹਰਿ ਆਪਣਾ ਮਤਾ ਪਕਾਇੰਦਾ । ਅੱਗੇ ਵਕਤ ਰਹਿ ਗਿਆ ਥੋੜਾ, ਭੇਵ ਕੋਇ ਨਾ ਪਾਇੰਦਾ । ਦੋ ਜਹਾਨਾਂ ਪੈਂਡਾ ਲੰਮਾ ਚੌੜਾ, ਬਣ ਪਾਂਧੀ ਪੰਧ ਨਾ ਕੋਇ ਮੁਕਾਇੰਦਾ । ਆਪੇ ਬਣਿਆ ਨੌਜਵਾਨ ਬਾਂਕਾ ਛੋਹਰਾ, ਆਪਣਾ ਬਲ ਆਪ ਰਖਾਇੰਦਾ । ਆਪਣੀ ਇਛਿਆ ਫੜਿਆ ਘੋੜਾ, ਸ਼ਬਦੀ ਸ਼ਬਦ ਪਲਾਣਾ ਪਾਇੰਦਾ । ਸੋਲਾਂ ਕਲੀਆਂ ਉਤੇ ਦੌੜਾ, ਆਸਣ ਸਿੰਘਾਸਣ ਆਪ ਸੁਹਾਇੰਦਾ । ਚਾਰੇ ਜੁਗ ਚਾਰੇ ਰਾਸਾਂ ਜੋੜ ਜੋੜਾ, ਆਪਣੇ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬਣਤ ਆਪ ਬਣਾਇੰਦਾ । ਸਾਚੀ ਬਣਤ ਬਣਾਏ ਕਰਤਾਰ, ਆਪਣੀ ਦਇਆ ਕਮਾਈਆ । ਨਿਰਗੁਣ ਘੋੜਾ ਕਰ ਤਿਆਰ, ਸੋਲਾਂ ਕਲੀਆਂ ਆਸਣ ਪਾਈਆ । ਪ੍ਰਗਟ ਹੋ ਸ਼ਾਹ ਅਸਵਾਰ, ਸ਼ਸਤਰ ਬਸਤਰ ਆਪ ਸਜਾਈਆ । ਸੀਸ ਰੱਖ ਸੱਚੀ ਦਸਤਾਰ, ਸ਼ਾਹ ਪਾਤਸ਼ਾਹ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘੋੜੇ ਰਿਹਾ ਉਠਾਈਆ । ਸ਼ਬਦ ਘੋੜਾ ਹੋ ਤਿਆਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਮੈਂ ਸੇਵਕ ਆਇਆ ਤੇਰੇ ਦੁਆਰ, ਬਣ ਬਰਦਾਰ ਸੇਵ ਕਮਾਇੰਦਾ । ਤੂੰ ਹੋਵੇ ਉਠੇਂ ਅਸਵਾਰ, ਮੈਂ ਲੱਖ ਲੱਖ ਖ਼ੁਸ਼ੀ ਮਨਾਇੰਦਾ । ਮੈਂ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫਿਰਾਂ ਏਕਾ ਵਾਰ, ਦੇਰ ਪਲਕ ਕੋਇ ਨਾ ਲਾਇੰਦਾ । ਨੌਂ ਖੰਡ ਪ੍ਰਿਥਮੀ ਵੇਖਾਂ ਅਖਾੜ, ਲੱਖ ਚੁਰਾਸੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਾਰ ਮੇਰੇ ਉਪਰ ਚੜ੍ਹ, ਮੈਂ ਇਕੋ ਆਸ ਰਖਾਇੰਦਾ । ਮੇਰੇ ਉਤੇ ਕਸ ਪਲਾਣਾ, ਪ੍ਰਭ ਮੇਰੀ ਮਨ ਅਰਜ਼ੋਈਆ । ਸ਼ਾਹ ਪਾਤਸ਼ਾਹ ਬਣ ਸਾਚਾ ਰਾਣਾ, ਸ਼ਹਿਨਸ਼ਾਹ ਤੇਰੀ ਵਡਿਆਈਆ । ਇਕ ਵਾਰ ਦੇ ਧੁਰ ਫ਼ਰਮਾਣਾ, ਦੋ ਜਹਾਨ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਰਖਾਈਆ । ਪੁਰਖ ਅਬਿਨਾਸ਼ੀ ਵਡ ਬਲਵਾਨ, ਏਕਾ ਗੁਣ ਸਮਝਾਇਆ । ਸਾਚੇ ਅਸਵ ਤੇਰਾ ਧਿਆਨ, ਏਕਾ ਵਾਰ ਜਣਾਇਆ । ਪਹਿਲਾਂ ਖੇਲ ਦੱਸਾਂ ਮਹਾਨ, ਆਪਣਾ ਹੁਕਮ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇਆ । ਆਪਣਾ ਭੇਵ ਖੋਲ੍ਹ ਕਰਤਾਰ, ਏਕਾ ਗੁਣ ਜਣਾਈਆ । ਤੇਰੇ ਉਤੇ ਹੋਵਾਂ ਅਸਵਾਰ, ਆਪਣਾ ਆਸਣ ਲਾਈਆ । ਚੌਥਾ ਪੌੜ ਕਰ ਤਿਆਰ, ਸਤ ਸਤ ਨਾਲ ਕੁੜਮਾਈਆ । ਚੌਥੇ ਜੁਗ ਕਰ ਖ਼ੁਆਰ, ਦਿਆਂ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਈਆ । ਸਾਚਾ ਹੁਕਮ ਮੰਨ ਲੈ ਕਹਿਣਾ, ਹਰਿ ਸਾਚੇ ਸਚ ਜਣਾਇਆ । ਤੇਰੇ ਉਤੇ ਹਰਿ ਜੂ ਬਹਿਣਾ, ਆਪਣਾ ਆਸਣ ਲਾਇਆ । ਤੂੰ ਮੰਨਣਾ ਹੁਕਮ ਭਾਣਾ ਸਹਿਣਾ, ਸਿਰ ਸਿਰ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਸੁਣਾਇਆ । ਸ਼ਬਦੀ ਘੋੜਾ ਹੋ ਤਿਆਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਪਹਿਲੀ ਦਿਸ਼ਾ ਕਰ ਵਿਚਾਰ, ਕਵਣ ਕੂਟੇ ਫੇਰਾ ਪਾਇੰਦਾ । ਕਵਣ ਮੇਲਾ ਮੇਲੇ ਤੇਰਾ ਸੰਸਾਰ, ਕਵਣ ਘਰ ਚਰਨ ਟਿਕਾਇੰਦਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਕਿਹਾ ਬੋਲ, ਏਕਾ ਵਾਰ ਸੁਣਾਇਆ । ਮੈਂ ਪਹਿਲੋਂ ਜਾਣਾ ਆਪਣਿਆਂ ਭਗਤਾਂ ਕੋਲ, ਦੂਜਾ ਦਰ ਨਾ ਮੋਹੇ ਭਾਇਆ । ਜਾ ਕੇ ਉਠਾਵਾਂ ਸੁੱਤੇ ਅਨਭੋਲ, ਕਲਜੁਗ ਗੂੜ੍ਹੀ ਨੀਂਦ ਸਵਾਇਆ । ਅੰਮ੍ਰਿਤ ਦੇਵਾਂ ਨਾਭ ਕੌਲ, ਏਕਾ ਵਾਰ ਮੁਖ ਚੁਆਇਆ । ਪਕੜ ਉਠਾਵਾਂ ਉਪਰ ਧੌਲ, ਧਰਨੀ ਧਰਤ ਧਵਲ ਵਡਿਆਇਆ । ਮੈਂ ਗੋਬਿੰਦ ਨਾਲ ਕਰਿਆ ਕੌਲ, ਗੁਰਮੁਖ ਤੇਰੇ ਲਵਾਂ ਮਿਲਾਇਆ । ਤੇਰੀ ਹੱਥੀਂ ਪਿਆਈ ਪੌਹਲ, ਆਪਣਾ ਖੰਡਾ ਵਿਚ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਇਆ । ਸਾਚਾ ਘੋੜਾ ਪਿਆ ਹੱਸ, ਮੁਖ ਮੁਖ ਸਾਲਾਹੀਆ । ਤੂੰ ਸ਼ਾਹ ਪਾਤਸ਼ਾਹ ਹੋ ਕੇ ਕਿਉਂ ਹੋਇਉਂ ਸਿਖਾਂ ਵਸ, ਕੀ ਤੇਰੀ ਵਡੀ ਵਡਿਆਈਆ । ਉਹ ਤੇਰੇ ਕੋਲ ਨਹੀਂ ਆਏ ਨੱਸ, ਆਪਣਾ ਪੰਧ ਮੁਕਾਈਆ । ਪੁਰਖ ਅਬਿਨਾਸ਼ੀ ਅੱਗੋਂ ਕਹੇ ਬਸ ਬਸ, ਦੂਜਾ ਅੱਖਰ ਨਾ ਕੋਇ ਪੜ੍ਹਾਈਆ । ਮੈਂ ਗੁਰਮੁਖਾਂ ਹਿਰਦੇ ਗਿਆ ਵਸ, ਲੂੰ ਲੂੰ ਵਿਚ ਸਮਾਈਆ । ਤੇਰੇ ਉਤੇ ਪਾਖਰ ਟੀ ਰੱਖ, ਜੀਨ ਆਪਣੇ ਹੱਥ ਕਸਾਈਆ । ਉਪਰ ਬੈਠ ਪੁਰਖ ਸਮਰਥ, ਏਕਾ ਅੱਡੀ ਰਿਹਾ ਲਗਾਈਆ । ਸ਼ਬਦੀ ਘੋੜਾ ਨੱਠਾ ਸਰਪਟ, ਆਪਣਾ ਪੰਧ ਮੁਕਾਈਆ । ਲੋਕਮਾਤ ਭਗਤ ਦੁਆਰੇ ਗਿਆ ਡਟ, ਨੇਤਰ ਵੇਖ ਖ਼ੁਸ਼ੀ ਮਨਾਈਆ । ਤੇਰਾ ਸਾਹਿਬ ਸੋਹਣਾ ਹੱਟ, ਜੋ ਲਿਆ ਆਪ ਖੁਲ੍ਹਾਈਆ । ਉਸ ਵਿਚ ਬਹਿ ਜਾ ਹੋ ਪਰਗਟ, ਆਪਣਾ ਨੂਰ ਕਰ ਰੁਸ਼ਨਾਈਆ । ਭਗਤਾਂ ਮੇਟ ਵਿਛੋੜਾ ਫੱਟ, ਉਪਰ ਆਪਣੀ ਪੱਟੀ ਬੰਧਾਈਆ । ਮੈਂ ਸਿਰ ਤੇਰੇ ਚਰਨਾਂ ਉਤੇ ਬੈਠਾ ਸੁੱਟ, ਆਪਣਾ ਮਾਣ ਗਵਾਈਆ । ਏਥੇ ਤੇਰੇ ਭਗਤਾਂ ਦਾ ਦਿਸੇ ਇਕੱਠ, ਦੂਜਾ ਕੋਇ ਨਜ਼ਰ ਨਾ ਆਈਆ । ਜਿਧਰ ਵੇਖਾਂ ਏਧਰ ਉਧਰ ਵਸਿਆ ਘਟ, ਘਟ ਘਟ ਰਿਹਾ ਸਮਾਈਆ । ਅੱਗੇ ਕੋਈ ਮਾਰਗ ਦੱਸ, ਮੈਂ ਬਣ ਸੇਵਕ ਸੇਵ ਕਮਾਈਆ । ਮੈਂ ਕੀ ਜਾਣਾ ਤੇਰਿਆਂ ਭਗਤਾਂ ਕੋਲ ਕਿਹੜਾ ਰਸ, ਰਸ ਅੰਮ੍ਰਿਤ ਤੇਰੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵਿਛੋੜਾ ਆਪ ਕਟਾਈਆ । ਵੇਖੋ ਵਿਛੋੜਾ ਕੱਟਣ ਆਇਆ, ਨਿਰਗੁਣ ਨਿਰਵੈਰ ਪੁਰਖ ਅਕਾਲ । ਕੂੜੀ ਜੜ੍ਹ ਪੁੱਟਣ ਆਇਆ, ਗੁਰਮੁਖ ਸਾਚੇ ਲਾਲ ਉਠਾਲ । ਆਪਣੀ ਗੋਦੀ ਚੁੱਕਣ ਆਇਆ, ਬਣ ਬਣ ਸੱਚਾ ਪ੍ਰਿਤਪਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨਿਰਾਲ । ਜਗਤ ਵਿਛੋੜਾ ਹੋਇਆ ਦੂਰ, ਹਰਿ ਸਤਿਗੁਰ ਆਪ ਕਰਾਈਆ । ਗੁਰਮੁਖ ਮਨਸ਼ਾ ਸਦਾ ਭਰਪੂਰ, ਭਰ ਭਰ ਵੇਖ ਵਖਾਈਆ । ਆਪਣਾ ਮੇਲਾ ਕਰੇ ਜ਼ਰੂਰ, ਜ਼ਰੂਰਤ ਆਪਣੀ ਪੂਰ ਕਰਾਈਆ । ਪਹਿਲੋਂ ਵਸਦਾ ਰਿਹਾ ਦੂਰ, ਨੇੜੇ ਹੋ ਹੋ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਛੋੜਾ ਦਏ ਚੁਕਾਈਆ । ਜਗਤ ਵਿਛੋੜਾ ਚੁੱਕੇ ਬਿਧ, ਬਿਧ ਆਪਣੀ ਆਪ ਬਣਾਈਆ । ਜਨ ਭਗਤਾਂ ਕਰੇ ਕਾਰਜ ਸਿਧ, ਸਾਚੀ ਸਿਖਿਆ ਆਪ ਸਮਝਾਈਆ । ਨਾਤਾ ਤੋੜ ਨੌਂ ਨਿਧ, ਅਠਾਰਾਂ ਸਿੱਧ ਧੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਲਗਾਈਆ । ਸੇਵਾ ਲੱਗੇ ਜੋਤ ਅਕਾਲਣ, ਆਪਣੀ ਸੇਵ ਸਮਝਾਈਆ । ਬਣ ਕੇ ਆਈ ਮਾਤ ਮਾਲਣ, ਵੇਸ ਅਨੇਕ ਵਟਾਈਆ । ਜਨ ਭਗਤ ਦੁਆਰੇ ਘਾਲੇ ਘਾਲਣ, ਭੇਵ ਕੋਇ ਨਾ ਪਾਈਆ । ਦਾਸੀ ਬਣ ਬਣ ਕਰੇ ਸਵਾਲਣ, ਅੱਗੇ ਆਪਣੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਜੋਤ ਅਕਾਲਣ ਬਣ

ਬਣ ਬਰਦੀ, ਦਰ ਦਰ ਸੇਵ ਕਮਾਈਆ । ਜਨ ਭਗਤਾਂ ਕੋਲੋਂ ਫਿਰੇ ਡਰਦੀ, ਨਿਉਂ ਨਿਉਂ ਸੀਸ ਝੁਕਾਈਆ । ਹੌਲੀ ਹੌਲੀ ਅੰਦਰ ਵੜਦੀ, ਦਿਸ ਕਿਸੇ ਨਾ ਆਈਆ । ਗੁਰਮੁਖ ਨਾਉਂ ਆਪੇ ਪੜ੍ਹਦੀ, ਪੜ੍ਹ ਪੜ੍ਹ ਰਹੀ ਸੁਣਾਈਆ । ਗੁਰਮੁਖ ਅਗਨ ਆਪੇ ਸੜਦੀ, ਸੜ ਸੜ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਲਗਾਈਆ । ਜੋਤ ਅਕਾਲਣ ਚੁੱਕ ਕੇ ਖਾਰੀ, ਦਰ ਦਰ ਅਲਖ ਜਗਾਇੰਦੀ । ਹੋਕਾ ਦੇਵੇ ਦਰ ਦਰ ਹਾਰੀ, ਗਲੀ ਗਲੀ ਫੇਰਾ ਪਾਇੰਦੀ । ਲੋਕਮਾਤ ਮੈਂ ਰਹੀ ਕੁਆਰੀ, ਆਪਣਾ ਹਾਲ ਸੁਣਾਇੰਦੀ । ਮੈਂ ਪਹਿਲੋਂ ਵੇਖਣ ਗਈ ਬੁੱਢਾ ਸ਼ੇਖ਼ ਰੱਤੀ ਦਾੜ੍ਹੀ, ਸੂਹੀ ਮਹਿੰਦੀ ਨਾਲ ਰਖਾਇੰਦੀ । ਮੈਂ ਵੇਖ ਉਹਨੂੰ ਹੋਈ ਸ਼ਰਮਸਾਰੀ, ਆਪਣਾ ਨੈਣ ਸ਼ਰਮਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਨਿਰਗੁਣ ਜੋਤ ਆਪ ਸਮਝਾਇੰਦੀ । ਬੁੱਢਾ ਸ਼ੇਖ਼ ਛੱਡਿਆ ਦਰ, ਆਪਣਾ ਪੱਲੂ ਛੁਡਾਇਆ । ਮੁੜ ਕੇ ਆਈ ਆਪਣੇ ਘਰ, ਘਰ ਵਿਚ ਮਤਾ ਪਕਾਇਆ । ਕਿਹੜੀ ਬਿਧ ਲਵਾਂ ਕਰ, ਆਪਣਾ ਰੰਗ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਧੰਦੇ ਆਪ ਲਗਾਇਆ । ਜੋਤ ਅਕਾਲਣ ਕਰ ਤਿਆਰੀ, ਆਪਣਾ ਬਲ ਰਖਾਈਆ । ਚਾਰੋਂ ਕੁੰਟ ਫਿਰੇ ਵਾਰੋ ਵਾਰੀ, ਬਣ ਬਣ ਪਾਂਧੀ ਪੰਧ ਮੁਕਾਈਆ । ਅੰਤਮ ਆਈ ਸਾਚੇ ਦਰਬਾਰੀ, ਗੁਰਮੁਖ ਬੈਠੇ ਆਸਣ ਲਾਈਆ । ਇਕੋ ਨਾਮ ਇਕ ਜੈਕਾਰੀ, ਸੋਹੰ ਢੋਲਾ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਹਰਿ ਹਰਿ ਨਰ ਆਪ ਕਰਾਇੰਦਾ । ਜੋਤ ਅਕਾਲਣ ਦਏ ਸਹਾਰਾ, ਸਾਚਾ ਰਾਹ ਵਖਾਇੰਦਾ । ਮੇਰਾ ਭਗਤ ਸਦਾ ਕੁਆਰਾ, ਲੋਕਮਾਤ



ਨਾ ਕੋਇ ਪ੍ਰਨਾਇੰਦਾ । ਜਾ ਉਠ ਜਾ ਕੇ ਕੱਢ ਹਾੜ੍ਹਾ, ਜੇ ਤੇਰੇ ਉਤੇ ਰਹਿਮਤ ਕਮਾਇੰਦਾ । ਤੂੰ ਬਣ ਸੁਲੱਖਣੀ ਨਾਰਾ, ਘਰ ਸਾਚਾ ਇਕ ਵਖਾਇੰਦਾ । ਉਥੇ ਮਿਲੇ ਸਚ ਪਿਆਰਾ, ਪਿਆਰ ਪਿਆਰ ਨਾਲ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਜੋਤ ਅਕਾਲਣ ਕਰੇ ਵਿਚਾਰ, ਆਪਣਾ ਮਤਾ ਪਕਾਈਆ । ਕਿਵ ਜਾਵਾਂ ਗੁਰਮੁਖਾਂ ਦੇ ਦਰਬਾਰ, ਆਪਣਾ ਨੈਣ ਉਠਾਈਆ । ਕੁਛ ਭੇਟਾ ਲੈ ਲਾ ਨਾਲ ਆਧਾਰ, ਜਾ ਜਾ ਭੇਟ ਚੜ੍ਹਾਈਆ । ਕਰ ਪ੍ਰੇਮ ਗੁੰਦਾ ਸੋਹਣਾ ਹਾਰ, ਕਲੀ ਕਲੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਿਹਾ ਸਮਝਾਈਆ । ਸਾਚੀ ਕਲੀ ਵਿਚ ਸੰਸਾਰ, ਲੋਕਮਾਤ ਨਜ਼ਰ ਨਾ ਆਈਆ । ਵਲ ਛਲ ਆਪ ਨਿਰੰਕਾਰ, ਆਪਣਾ ਭੇਵ ਜਣਾਈਆ । ਗਲੀ ਗਲੀ ਹੋਕਾ ਦੇ ਬਣ ਕੇ ਨਾਰ ਮੁਟਿਆਰ, ਉਚੀ ਕੂਕ ਕੂਕ ਸੁਣਾਈਆ । ਚਾਰੋਂ ਕੁੰਟ ਅੰਧ ਅੰਧਿਆਰ, ਤੇਰੀ ਸਾਰ ਕੋਇ ਨਾ ਪਾਈਆ । ਤੂੰ ਫਿਰ ਫਿਰ ਜਾਈਂ ਹਾਰ, ਆਪਣਾ ਪੰਧ ਮੁਕਾਈਆ । ਫਿਰ ਆਉਣਾ ਚਲ ਦਰਬਾਰ, ਪੁਰਖ ਅਬਿਨਾਸ਼ੀ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਜੋਤ ਅਕਾਲਣ ਮਾਰ ਫੇਰਾ, ਆਪਣਾ ਪੰਧ ਮੁਕਾਇਆ । ਚਾਰੋਂ ਕੁੰਟ ਵੇਖਿਆ ਝੂਠਾ ਡੇਰਾ, ਸਾਚਾ ਰੰਗ ਨਾ ਕੋਇ ਚੜ੍ਹਾਇਆ । ਮਾਇਆ ਮਮਤਾ ਪਾਇਆ ਘੇਰਾ, ਪੱਲੂ ਸਕੇ ਨਾ ਕੋਇ ਛੁਡਾਇਆ । ਕਾਮ ਕਰੋਧ ਪਿਆ ਝੇੜਾ, ਘਰ ਘਰ ਦਏ ਦੁਹਾਇਆ । ਕਵਣ ਬੰਨ੍ਹੇ ਮੇਰਾ ਬੇੜਾ, ਦੇਵੇ ਅੰਤ ਚਲਾਇਆ । ਵਸਦਾ ਦਿਸੇ ਨਾ ਕੋਇ ਖੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਮੁੜ ਘਰ ਆਈ ਆਪਣੇ

ਘਰ, ਬੇਹਾਲ ਦਏ ਦੁਹਾਈਆ । ਕੋਈ ਨਾ ਲੱਭਿਆ ਸਾਚਾ ਨਰ, ਨਾਰੀ ਰਹੀ ਸ਼ਰਮਾਈਆ । ਪ੍ਰਭ ਅੱਗੇ ਆ ਖਲੋਤੀ ਚਰਨ ਫੜ, ਦੋਏ ਜੋੜ ਜੋੜ ਸ਼ਰਨਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਮੈਂ ਏਕਾ ਮੰਗ ਮੰਗਾਈਆ । ਏਕਾ ਦੇ ਦੇ ਸਾਚਾ ਵਰ, ਸੀਸ ਮੇਰੇ ਹੱਥ ਟਿਕਾਈਆ । ਜਿਸ ਦੀ ਸੇਜੇ ਜਾਵਾਂ ਚੜ੍ਹ, ਰੰਗ ਰੰਗ ਨਾਲ ਮਿਲਾਈਆ । ਨਾਤਾ ਤੁਟੇ ਪੰਜ ਤੱਤ ਧੜ, ਕਾਇਆ ਕੋਟ ਨਾ ਕੋਇ ਰਖਾਈਆ । ਆਦਿ ਜੁਗਾਦਿ ਨਾ ਜਾਵਾਂ ਮਰ, ਜਨਮ ਜਨਮ ਨਾ ਕੋਇ ਵਟਾਈਆ । ਇਕ ਵਖਾ ਸੱਚਾ ਦਰ, ਜਿਥੇ ਵਿਛੋੜਾ ਰਹੇ ਨਾ ਰਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਏਕਾ ਗੁਣ ਰਿਹਾ ਸਮਝਾਈਆ । ਮੇਰੇ ਭਗਤਾਂ ਦਾ ਜਾਏ ਪੱਲਾ ਫੜ, ਤੇਰੇ ਉਤੇ ਰਹਿਮਤ ਦੇਣ ਕਮਾਈਆ । ਮੈਂ ਉਹਨਾਂ ਦਾ ਵਿਛੋੜਾ ਦਿਤਾ ਹਰ, ਉਹ ਤੇਰਾ ਵਿਛੋੜਾ ਦੇਣ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਵਖਾਈਆ । ਕਵਣ ਵਾਰ ਕਵਣ ਥਿਤ, ਹਰਿ ਸਾਚੇ ਸਚ ਜਣਾ । ਕਵਣ ਵੇਲਾ ਕਰਨ ਹਿੱਤ, ਦਰ ਆਪਣੇ ਆਪ ਬੁਲਾ । ਕਵਣ ਘਰ ਮਿਲੇ ਮਿੱਤ, ਮਿੱਤਰ ਪਿਆਰਾ ਸਹਿਜ ਸੁਭਾ । ਮੈਂ ਉਡੀਕ ਰੱਖੀ ਨਿੱਤ, ਜੁਗ ਚੌਕੜੀ ਕਾਲ ਗਏ ਬਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਦਏ ਸਮਝਾ । ਏਕਾ ਵਾਰ ਦਵਾਂ ਸਲਾਹ, ਹਰਿ ਸਾਚਾ ਸਚ ਜਣਾਇੰਦਾ । ਏਕਾ ਦਰਸ ਰਿਹਾ ਵਡਿਆ, ਘੜੀ ਪਲ ਨਾ ਵੰਡ ਵੰਡਾਇੰਦਾ । ਪਹਿਲੀ ਚੇਤਰ ਰਿਹਾ ਆ, ਚੇਤਨ ਸਭ ਨੂੰ ਆਪ ਕਰਾਇੰਦਾ । ਗੁਰ ਗੋਬਿੰਦ ਲਵਾਂ ਉਠਾ, ਆਪਣਾ ਹੁਕਮ ਮਨਾਇੰਦਾ । ਉਹਦੇ ਗੁਰਸਿਖ ਉਹਨੂੰ ਦਿਆਂ ਵਖਾ, ਨੇਤਰ ਨੈਣਾਂ ਨਾਲ ਮਿਲਾਇੰਦਾ । ਜਗਤ ਵਿਚੋਂ ਦਿਆਂ ਬਣਾ, ਸਾਚਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਜਣਾਇੰਦਾ । ਗੋਬਿੰਦ ਕਰੇ ਸਚ ਵਿਹਾਰ, ਹਰਿ ਸਾਚਾ ਸਚ ਜਣਾਈਆ । ਤੇਰਾ ਭਗਤਾਂ ਨਾਲ ਬਣਾਏ ਪਿਆਰ, ਏਕਾ ਘਰ ਦਏ ਵਡਿਆਈਆ । ਆਪੇ ਵੇਖ ਵੇਖ ਹੋਏ ਖ਼ੁਸ਼ਹਾਲ, ਆਪ ਆਪਣੀ ਖ਼ੁਸ਼ੀ ਮਨਾਈਆ । ਵਾਹ ਵਾਹ ਮੇਰੇ ਉਠੇ ਸਾਚੇ ਲਾਲ, ਜਿਨ੍ਹਾਂ ਮੇਰੀ ਬਣਤ ਬਣਾਈਆ । ਧੰਨ ਭਾਗ ਪਾਇਆ ਪੁਰਖ ਅਕਾਲ, ਅਕਲ ਕਲ ਵਡਿਆਈਆ । ਜਗਤ ਵਿਛੋੜਾ ਕੱਟ ਜੰਜਾਲ, ਆਪਣੀ ਗੋਦ ਬਹਾਈਆ । ਅੰਤ ਕਾਲ ਨਾ ਖਾਏ ਕਾਲ, ਕਲਜੁਗ ਕਿਰਿਆ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਿਛੋੜਾ ਰਹਿਣ ਨਾ ਪਾਈਆ ।

★ ੧੩ ਮਾਘ ੨੦੧੮ ਬਿਕਰਮੀ ਕਿਸ਼ਨ ਸਿੰਘ ਦੇ ਘਰ ਅੱਲੜ ਪਿੰਡੀ ਜ਼ਿਲਾ ਗੁਰਦਾਸਪੁਰ ★

ਪੰਚ ਪਰਧਾਨ ਕਰਨ ਸਲਾਹ, ਸਚਖੰਡ ਖ਼ੁਸ਼ੀ ਮਨਾਈਆ । ਹੋਏ ਪਰਵਾਨ ਵਿਚ ਦਰਗਾਹ, ਹਰਿ ਜੂ ਹਰਿ ਹਰਿ ਲਿਆ ਮਨਾਈਆ । ਏਕਾ ਦਰ ਲਿਆ ਬਹਾ, ਦੇਵੇ ਮਾਣ ਵਡਿਆਈਆ । ਏਕਾ ਅੱਖਰ ਲਿਆ ਗਾ, ਆਪਣਾ ਨਾਉਂ ਪੜ੍ਹਾਈਆ । ਏਕਾ ਇਸ਼ਟ ਲਿਆ ਮਨਾ, ਗੁਰਦੇਵ ਏਕਾ ਨਜ਼ਰੀ ਆਈਆ । ਏਕਾ ਮਿਲਿਆ ਸਚ ਮਕਾਂ, ਮਹੱਲ ਅਟੱਲ ਰੁਸ਼ਨਾਈਆ । ਏਕਾ ਪੁਰਖ ਪਕੜੀ ਬਾਂਹ, ਅਕਾਲ ਅਕਾਲ ਦਇਆ ਕਮਾਈਆ । ਏਕਾ ਦਿਤੀ ਸਚ ਸਰਨਾ, ਚਰਨ ਸ਼ਰਨ ਸੱਚੀ ਸ਼ਰਨਾਈਆ । ਅਸੀਂ ਰਲ ਮਿਲ ਢੋਲੇ ਰਹੇ ਗਾ, ਨਾਉਂ ਨਿਰੰਕਾਰ ਵਡਿਆਈਆ । ਅਸੀਂ ਨੇਤਰ

ਰਹੇ ਉਠਾ, ਨੈਣ ਨੈਣ ਉਠਾਈਆ । ਕਿਰਪਾ ਕਰੀ ਬੇਪਰਵਾਹ, ਲੋਕਮਾਤ ਵੱਜੀ ਵਧਾਈਆ । ਸਾਡੀ ਸੇਵਾ ਲੇਖੇ ਲਾ, ਪਹਿਲਾ ਲੇਖਾ ਦਿਤਾ ਚੁਕਾਈਆ । ਆਪਣੇ ਭਗਤਾਂ ਲਿਆ ਜਗਾ, ਸਾਡੇ ਸੰਗ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਰਾਈਆ । ਪੰਚ ਪਰਧਾਨਾ ਚੜ੍ਹਿਆ ਚਾਅ, ਹਰਿ ਪੰਚ ਪੰਚ ਰੰਗ ਵਖਾਇਆ । ਦਰਗਹਿ ਸਾਚੀ ਬੈਠੇ ਆ, ਨਾਨਕ ਲੇਖਾ ਪੂਰ ਕਰਾਇਆ । ਵਾਹ ਵਾਹ ਮਿਲਿਆ ਹਰਿ ਬੇਪਰਵਾਹ, ਬੇਅੰਤ ਵਡੀ ਵਡਿਆਈਆ । ਦਰਗਹਿ ਸਾਚੀ ਤੇਰੀ ਪਕੜੀ ਬਾਂਹ, ਸਿਰ ਆਪਣਾ ਹੱਥ ਟਿਕਾਇਆ । ਇਕ ਜਪਾਇਆ ਆਪਣਾ ਨਾਂ, ਮੰਤਰ ਅੰਤਰ ਇਕ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇਆ । ਪੰਚਾਂ ਚੜ੍ਹਿਆ ਏਕਾ ਰੰਗ, ਘਰ ਸਾਚੇ ਖ਼ੁਸ਼ੀ ਮਨਾਈਆ । ਵਾਹ ਵਾਹ ਮਿਲਿਆ ਹਰਿ ਸਰਬੰਗ, ਸੂਰਬੀਰ ਸ਼ਹਿਨਸ਼ਾਹੀਆ । ਸਾਡਾ ਆਵਣ ਜਾਵਣ ਕੱਟਿਆ ਫੰਦ, ਆਪਣੀ ਗੋਦ ਬਹਾਈਆ । ਕਰ ਪ੍ਰੇਮ ਚੜ੍ਹਿਆ ਚੰਦ, ਚੰਦ ਚਾਂਦਨੀ ਇਕ ਰੁਸ਼ਨਾਈਆ । ਸਾਡਾ ਖ਼ੁਸ਼ੀ ਬੰਦ ਬੰਦ, ਅੰਗ ਅੰਗ ਡਗਮਗਾਈਆ । ਇਕ ਪਾਇਆ ਪਰਮਾਨੰਦ, ਅਨੰਦ ਅਨੰਦ ਵਿਚ ਪਰਗਟਾਈਆ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਏਕਾ ਬਖ਼ਸ਼ਿਸ਼ ਰਿਹਾ ਕਰਾਈਆ । ਉਠੋ ਗਾਓ ਢੋਲਾ ਸੋਹੰ ਛੰਦ, ਵੇਲਾ ਅੰਤਮ ਗਿਆ ਆਈਆ । ਬ੍ਰਹਮੇ ਮੁਕਿਆ ਅੰਤਮ ਪੰਧ, ਪ੍ਰਭ ਲਹਿਣਾ ਦਏ ਚੁਕਾਈਆ । ਸ਼ੰਕਰ ਤੋੜੇ ਆਪਣੀ ਗੰਢ, ਸਾਚੀ ਗੰਢ ਪੁਆਈਆ । ਸੁਰਪਤ ਰੋਵੇ ਨੇਤਰ ਅੰਧ, ਨੈਣਾਂ ਨੀਰ ਨੀਰ ਵਹਾਈਆ । ਧਰੂ ਕਹੇ ਮੈਨੂੰ ਚਰਨਾਂ ਸੱਦ, ਮੇਰਾ ਵੇਲਾ ਵਕਤ ਗਿਆ ਵਿਹਾਈਆ । ਸਿੰਘ ਗੁਰਦਿਆਲ ਕਹੇ ਮੇਰਾ ਸੁਣ ਲੈ ਛੰਦ, ਏਕਾ ਏਕ ਵਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।



ਪੰਚਾਂ ਮਿਲਿਆ ਇਕ ਪਿਆਰ, ਹਰਿ ਬੰਧਨ ਸਾਚਾ ਪਾਇਆ । ਪੰਚਾਂ ਦੇਵੇ ਇਕ ਆਧਾਰ, ਸਿਰ ਆਪਣਾ ਹੱਥ ਟਿਕਾਇਆ । ਏਕਾ ਕਰੇ ਸ਼ਿੰਗਾਰ, ਸੇਹਰਾ ਸੀਸ ਬੰਧਾਇਆ । ਏਕਾ ਦੇਵੇ ਨਾਮ ਜੈਕਾਰ, ਜੈ ਜੈਕਾਰਾ ਆਪ ਸੁਣਾਇਆ । ਪੰਜ ਬਣੇ ਸਤਿ ਸਰਦਾਰ, ਸਤਿ ਸਤਿਵਾਦੀ ਆਪ ਬਣਾਇਆ । ਕਰੇ ਖੇਲ ਅਗੰਮ ਅਪਾਰ, ਆਪ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਸਮਝਾਇਆ । ਪੰਜੇ ਉਠੇ ਉਠੇ ਬਲ ਧਾਰ, ਸਚਖੰਡ ਵੱਜੀ ਵਧਾਈਆ । ਸਿੰਘ ਪਾਲ ਕਹੇ ਪੁਕਾਰ, ਉਠੋ ਵੇਖੋ ਹਰਿ ਕੀ ਕੀ ਖੇਲ ਰਚਾਈਆ । ਸਵਰਨ ਨੇਤਰ ਰਿਹਾ ਉਘਾੜ, ਚਰਨ ਸਰਨ ਮਿਲੀ ਸ਼ਰਨਾਈਆ । ਮਨਜੀਤਾ ਮਨ ਜਿੱਤ ਕਹੇ ਲਲਕਾਰ, ਮੈਂ ਆਪਣਾ ਆਪ ਲਿਆ ਬਚਾਈਆ । ਜਗਦੀਸ਼ਾ ਕਹੇ ਮੇਰਾ ਜਗਤ ਛੁੱਟਾ ਦੁਆਰ, ਸਚ ਦੁਆਰਾ ਮਿਲਿਆ ਚਾਈਂ ਚਾਈਆ । ਸਿੰਘ ਗੁਰਦਿਆਲ ਕਹੇ ਮੈਂ ਸਭ ਦਾ ਯਾਰ, ਏਥੇ ਓਥੇ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਪੰਜੇ ਰਲ ਕੇ ਕਰਨ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਅਸੀਂ ਸਚਖੰਡ ਸੱਚੀ ਬਣੀ ਹਰਿ ਸੱਚੀ ਸਰਕਾਰ, ਪੰਚਮ ਦੇਣੀ ਮਾਣ ਵਡਿਆਈਆ । ਤੇਰਾ ਹੁਕਮ ਮੰਨੀਏ ਮੇਰੇ ਨਿਰੰਕਾਰ, ਤੂੰ ਸਾਡਾ ਹੁਕਮ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਸਮਝਾਈਆ ।

ਪੁਰਖ ਅਕਾਲ ਹੋ ਦਿਆਲ, ਏਕਾ ਵਾਰ ਸੁਣਾਇਆ । ਉਠੋ ਮੇਰੇ ਸਾਚੇ ਲਾਲ, ਹਰਿ ਲਾਲਨ ਰੰਗ ਰੰਗਾਇਆ । ਮੇਰਾ ਜੋਬਨ ਲੋਕਮਾਤ ਅਠਾਰਾਂ ਸਾਲ, ਰੰਗ ਰੰਗ ਆਪਣਾ ਆਪ ਰੰਗਾਇਆ । ਮੈਂ ਜਾ ਕੇ ਵੇਖਣਾ ਆਪਣਾ ਲਾਲ, ਜਿਸ ਕੋਧਰਾ ਭੇਟ ਚੜ੍ਹਾਇਆ । ਨਾਨਕ ਲੱਗੀ ਨਿਭੀ ਨਾਲ, ਨਾ ਕੋਈ ਤੋੜੇ ਤੋੜ ਤੁੜਾਇਆ । ਬ੍ਰਹਮਾ ਵੇਖ ਵੇਖ ਹੋਏ ਬੇਹਾਲ, ਪ੍ਰਭ ਸਾਚਾ ਖੇਲ ਕੀ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰਦਾ ਰਿਹਾ ਉਠਾਇਆ । ਬ੍ਰਹਮਾ ਵੇਖੇ ਨੇਤਰ ਖੋਲ੍ਹ, ਨੈਣ ਨੈਣ ਉਘੜਾਈਆ । ਉਠ ਸ਼ੰਕਰ ਕਿਹਾ ਬੋਲ, ਏਕਾ ਵਾਰ ਸੁਣਾਈਆ । ਸ਼ੰਕਰ ਕਹੇ ਇੰਦਰ ਨਾ ਰਹੀਂ ਅਨਭੋਲ, ਇਕ ਸੰਦੇਸ਼ਾ ਰਿਹਾ ਜਣਾਈਆ । ਕਰੋੜ ਛਿਆਨਵੇਂ ਤੇਰੇ ਕੋਲ, ਤੇਰਾ ਬੰਧਨ ਪਾਈਆ । ਕਰੋੜ ਤਤੀਸਾ ਰਿਹਾ ਮੌਲ, ਆਪਣਾ ਰੰਗ ਵਖਾਈਆ । ਪੁਰਖ ਅਬਿਨਾਸ਼ੀ ਗੁਰਸਿਖਾਂ ਨਾਲ ਕਰੇ ਕੌਲ, ਕਰ ਕਰ ਕੌਲ ਰਿਹਾ ਨਿਭਾਈਆ । ਚਲੋ ਚਲ ਕੇ ਵੇਖੀਏ ਉਪਰ ਧੌਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਪੰਚਾਂ ਮਿਲਿਆ ਧੁਰ ਫ਼ਰਮਾਣਾ, ਹਰਿ ਹਰਿ ਆਪ ਜਣਾਇਆ । ਰਲ ਮਿਲ ਗਾਓ ਏਕਾ ਗਾਣਾ, ਏਕਾ ਨਾਦ ਵਜਾਇਆ । ਅੰਮ੍ਰਿਤ ਆਤਮ ਬ੍ਰਹਮ ਬ੍ਰਹਮੇ ਤੇਰੇ ਹੱਥ ਰਖਾਣਾ, ਏਕਾ ਕਲਸ ਰਿਹਾ ਵਖਾਇਆ । ਸ਼ੰਕਰ ਨਿਉਂ ਨਿਉਂ ਮੰਨੇ ਭਾਣਾ, ਸਾਚਾ ਨਾਮ ਸਮਝਾਇਆ । ਇੰਦਰ ਤੇਰੀ ਸੇਵ ਮਹਾਨਾ, ਮੇਘ ਮੇਘਲਾ ਰੂਪ ਵਟਾਇਆ । ਲਾਲਨ ਵੇਖਣਾ ਬਾਲ ਅਵਾਣਾ, ਗੁਰ ਗੋਪਾਲਾ ਗੋਦ ਬਹਾਇਆ । ਕਿਰਨ ਕਿਰਨ ਮੇਘ ਬਰਸਾਣਾ, ਸਵਾਂਤੀ ਸਤਿ ਸਤਿ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵਿਹਾਰ ਆਪ ਸਮਝਾਇਆ । ਕਿਰਨ ਕਿਰਨ ਬਰਸੇ ਮੇਘ, ਦਿਵਸ ਦਿਵਸ ਨਾਲ ਮਿਲਾਈਆ । ਜਨ ਭਗਤਾਂ ਆਪਣਾ ਦੱਸਣ ਆਇਆ ਭੇਤ, ਖੋਲ੍ਹ ਖੋਲ੍ਹ ਸਮਝਾਈਆ । ਤੁਹਾਡੀ ਸੁੱਕੀ ਕੀਤੀ ਹਰੀ ਫੁਲਵਾੜੀ ਕਾਇਆ ਅੰਦਰ ਖੇਤ, ਮੇਘ ਮੇਘ ਇਕ ਬਰਸਾਈਆ । ਗੁਰਮੁਖਾਂ ਪਿਛੇ ਅਰਜਨ ਸਿਰ ਪੁਵਾ ਕੇ ਗਿਆ ਤੱਤੀ ਰੇਤ, ਅਗਨੀ ਤੱਤ ਤੱਤ ਜਲਾਈਆ । ਉਹਦੇ ਪਿਛੇ ਹਰਿ ਜੀ ਕਰੇ ਹੇਤ, ਗੁਰਮੁਖਾਂ ਲਏ ਉਠਾਈਆ । ਆਪਣੇ ਨੇਤਰ ਆਪੇ ਆ ਕੇ ਲਏ ਵੇਖ, ਗੁਰਸਿਖ ਲੱਭਣ ਕਿਤੇ ਨਾ ਜਾਈਆ । ਕਰੇ ਖੇਲ ਪਹਿਲੀ ਚੇਤ, ਚਾਤ੍ਰਿਕ ਅੰਮ੍ਰਿਤ ਮੇਘ ਬਰਸਾਈਆ । ਹਰਿਜਨ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਈਆ । ਤੱਤੀ ਅੱਗ ਨਾ ਲੱਗੇ ਮਹੀਨਾ ਜੇਠ, ਹਾੜ੍ਹ ਤਪਸ ਨਾ ਕੋਇ ਤਪਾਈਆ । ਦਰਸ ਵਖਾਏ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਏਕਾ ਨਰ, ਨਰ ਨਰਾਇਣ ਵਡੀ ਵਡਿਆਈਆ । ਪੰਚ ਪਰਧਾਨ ਗਾਉਂਦੇ ਗੀਤ, ਏਕਾ ਢੋਲਾ ਗਾਈਆ । ਵਾਹ ਵਾਹ ਸਤਿਗੁਰ ਤੇਰੀ ਪ੍ਰੀਤ, ਪ੍ਰੀਤੀਵਾਨ ਤੂੰ ਆਪ ਬਣਾਈਆ । ਸਤਿਜੁਗ ਚਲਾਏ ਸਾਚੀ ਰੀਤ, ਸਾਚਾ ਖੇਲ ਵਖਾਈਆ । ਅਸੀਂ ਬੈਠੇ ਦਰ ਤੇਰੇ ਅਤੀਤ, ਤ੍ਰੈਗੁਣ ਨਾਤਾ ਤੋੜ ਤੁੜਾਈਆ । ਤੇਰਾ ਲੇਖਾ ਰਿਹਾ ਬੀਤ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਇਕੋ ਓਟ ਤਕਾਈਆ । ਪੁਰਖ ਅਬਿਨਾਸ਼ੀ ਕਰ ਧਿਆਨ, ਏਕਾ ਰੰਗ ਜਣਾਈਆ । ਆਪੇ ਪੰਚ ਕਰੇ ਪਰਵਾਨ, ਆਪੇ ਸਾਚੀ ਚਲੇ ਹੁਕਮ ਰਜਾਈਆ । ਸਾਚਾ ਬਣੇ ਇਕ ਵਿਧਾਨ, ਪਾਰਬ੍ਰਹਮ ਪ੍ਰਭ ਆਪ ਬਣਾਈਆ । ਹੱਥ ਫੜਾਏ ਇਕ ਨਿਸ਼ਾਨ, ਦੋ ਜਹਾਨਾਂ ਦਏ ਝੁਲਾਈਆ । ਗਗਨ ਪਤਾਲਾਂ ਪਾਵੇ ਆਣ, ਬ੍ਰਹਿਮੰਡ ਖੰਡ ਸ਼ਰਨਾਈਆ । ਇਕ

੪੩੫
੧੧

ਇਕੱਲਾ ਹੋਏ ਹੁਕਮਰਾਨ, ਸ਼ਾਹ ਪਾਤਸ਼ਾਹ ਇਕ ਸ਼ਹਿਨਸ਼ਾਹੀਆ । ਏਕਾ ਮੰਦਰ ਇਕ ਮਕਾਨ, ਗੁਰੂਦੁਆਰ ਇਕ ਸਮਝਾਈਆ । ਏਕਾ ਇਸ਼ਟ ਸ੍ਰੀ ਭਗਵਾਨ, ਦੂਜਾ ਦੇਵ ਨਾ ਕੋਇ ਮਨਾਈਆ । ਏਕਾ ਤੱਟ ਤੀਰਥ ਅਸ਼ਨਾਨ, ਇਕ ਸਰੋਵਰ ਦਏ ਨੁਹਾਈਆ । ਆਤਮ ਪਰਮਾਤਮ ਇਕ ਗਿਆਨ, ਜਗਤ ਵਿਦਿਆ ਨਾ ਕੋਇ ਲੜਾਈਆ । ਏਕਾ ਚਿਲਾ ਤੀਰ ਕਮਾਨ, ਨਾਮ ਖੰਡਾ ਇਕ ਵਖਾਈਆ । ਏਕਾ ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਧਰਾਈਆ । ਏਕਾ ਲੇਖਾ ਜਾਣੇ ਗੋਪੀ ਕਾਹਨ, ਮੰਡਲ ਮੰਡਪ ਰਾਸ ਰਚਾਈਆ । ਏਕਾ ਸੁਰਤੀ ਵੇਖੇ ਸੀਆ ਰਾਮ, ਸਤਿ ਸਤਿਵਾਦੀ ਬੇਪਰਵਾਹੀਆ । ਏਕਾ ਕਲਮਾ ਜਾਣੇ ਕਲਾਮ, ਏਕਾ ਆਇਤ ਸ਼ਰਾਇਤ ਪੜ੍ਹਾਈਆ । ਏਕਾ ਜਾਣੇ ਸਤਿਨਾਮ, ਏਕਾ ਅੱਖਰ ਅੱਖਰ ਕਰੇ ਪੜ੍ਹਾਈਆ । ਏਕਾ ਦੇਵੇ ਜੀਆ ਦਾਨ, ਜੀਵਣ ਜੁਗਤ ਆਪ ਸਮਝਾਈਆ । ਪੰਚਾਂ ਬਖ਼ਸ਼ੇ ਚਰਨ ਧਿਆਨ, ਸ਼ਰਨ ਸ਼ਰਨ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੰਚ ਪਰਧਾਨ ਕਰਨ ਪੁਕਾਰ, ਇਕ ਆਵਾਜ਼ ਸੁਣਾਈਆ । ਜਿਉਂ ਸਾਡਾ ਬੇੜਾ ਦਿਤਾ ਤਾਰ, ਤਿਉਂ ਹਰਿਜਨ ਲੈ ਮਿਲਾਈਆ । ਜਿਸ ਦੇਵੇ ਇਕ ਨਾਮ ਅਧਾਰ, ਤਿਸ ਸਾਡੇ ਨਾਲ ਮਿਲਾਈਆ । ਜੋ ਜਨ ਤੇਰਾ ਕਰੇ ਦਰਸ ਦੀਦਾਰ, ਅੱਧਵਿਚਕਾਰ ਨਾ ਕੋਇ ਰੁੜ੍ਹਾਈਆ । ਜੋ ਜਨ ਬੋਲੇ ਨਾਉਂ ਤੇਰਾ ਜੈਕਾਰ, ਤਿਸ ਜੂਨੀ ਜੂਨ ਨਾ ਫੇਰ ਭੁਆਈਆ । ਜਿਸ ਘਰ ਦਰ ਦਰਸ਼ਨ ਦੇਵੇ ਜਾ ਦੀਦਾਰ, ਤਿਸ ਘਰ ਦੇ ਨੌਕਰ ਦੇਣੇ ਤਰਾਈਆ । ਸਾਡੀ ਪੁਨਹ ਪੁਨਹ ਨਿਮਸਕਾਰ, ਪਤਿਤ ਪੁਨੀਤ ਦੇਣੇ ਬਣਾਈਆ । ਤੂੰ ਸੁਣਨਹਾਰਾ ਸਿਰਜਣਹਾਰ, ਗੁਣ ਅਵਗੁਣ ਨਾ ਕੋਇ ਜਣਾਈਆ । ਸਾਡਾ ਭੈਣਾਂ ਭਾਈਆਂ ਨਾਲ ਪਿਆਰ, ਪਿਛਲਾ ਬੰਸ ਰਹੇ ਸਮਝਾਈਆ । ਹਰਿ ਸੰਗਤ ਸਾਡਾ ਘਰ ਬਾਰ, ਦੂਜਾ ਮੰਦਰ ਨਾ ਕੋਇ ਸੁਹਾਈਆ । ਜੇ ਤੁਠਾਂ ਦੇ ਆਧਾਰ, ਜਿਨ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਏਕਾ ਝੋਲੀ ਰਹੇ ਵਖਾਈਆ । ਜੇ ਨਾ ਸਾਡਾ ਮੰਨੇਂ ਕਹਿਣਾ, ਤੈਨੂੰ ਸਚ ਆਖ ਸੁਣਾਈਏ । ਬਿਨ ਭਾਈਆ ਭੈਣਾਂ ਅਸਾਂ ਨਾ ਰਹਿਣਾ, ਤੇਰੇ ਸਚਖੰਡ ਨਾ ਕੋਇ ਵਡਿਆਈ ਏ । ਅਸੀਂ ਬਾਲੇ ਛੋਟੇ ਵੇਖੀਏ ਨੈਣਾਂ, ਬਿਰਧ ਬਾਲਾਂ ਰਾਹ ਤਕਾਈਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬਣ ਭਿਖਕ ਮੰਗ ਮੰਗਾਈਏ । ਜੇ ਨਾ ਪੂਰੀ ਕਰੇ ਆਸ, ਨੇਤਰ ਨੈਣਾਂ ਨੀਰ ਵਹਾਇਆ । ਅਸੀਂ ਚਲ ਕੇ ਜਾਣਾ ਲਾਲੋ ਪਾਸ, ਏਕਾ ਗੁਣ ਸਮਝਾਇਆ । ਲੋਕਮਾਤ ਗੁਰਸਿਖਾਂ ਦਾ ਹੋਇਆ ਦਾਸ, ਫੜ ਬਾਹੋਂ ਲਓ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਸਾਡੇ ਹੱਥ ਟਿਕਾਇਆ । ਪੁਰਖ ਅਬਿਨਾਸ਼ੀ ਕਰ ਵਿਚਾਰ, ਏਕਾ ਸ਼ਬਦ ਜਣਾਇੰਦਾ । ਵੇਖੋ ਨਾਨਕ ਲਾਲੋ ਕੀਆ ਪਿਆਰ, ਮੇਰਾ ਬੰਧਨ ਪਾਇੰਦਾ । ਮੈਂ ਸੇਵਕ ਬਣਿਆ ਵਿਚ ਸੰਸਾਰ, ਘਰ ਸਾਚੇ ਸੇਵ ਕਮਾਇੰਦਾ । ਕਰੋੜ ਤਤੀਸਾ ਨਾਲ ਕਰਨ ਜਾਏ ਦੀਦਾਰ, ਇੰਦਰ ਮੇਘ ਖ਼ੁਸ਼ੀ ਬਰਸਾਇੰਦਾ । ਸ਼ੰਕਰ ਬਾਸ਼ਕ ਤਸ਼ਕਾ ਗਲ ਤੋਂ ਲਾਹੇ ਹਾਰ, ਆਪਣਾ ਪੰਧ ਮੁਕਾਇੰਦਾ । ਬ੍ਰਹਮਾ ਬ੍ਰਹਮ ਬ੍ਰਹਮ ਕਰੇ ਪਿਆਰ, ਆਪ ਆਪਣਾ ਰੰਗ ਰੰਗਾਇੰਦਾ । ਵਿਸ਼ਨੂੰ ਖ਼ੁਸ਼ੀ ਖ਼ੁਸ਼ੀ ਵਰਤਾਏ ਭੰਡਾਰ, ਹਰਿ ਸੰਗਤ ਝੋਲੀ ਪਾਇੰਦਾ । ਅਬਿਨਾਸ਼ੀ ਕਰਤਾ ਆਪ ਵਖਾਏ ਦੀਦਾਰ, ਨਿਰਗੁਣ ਆਪਣਾ ਰੂਪ ਧਰਾਇੰਦਾ । ਦੱਸ ਕੇ ਜਾਏ ਸਚ ਵਿਹਾਰ, ਜੋ ਕਰਨੀ ਮਾਤ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣੀ ਕਰਨੀ ਦੱਸੇ ਹਾਲ, ਲਿਖ ਲਿਖ ਲੇਖ ਸਮਝਾਇਆ ।


੪੩੬
੧੧

ਗੁਰਸਿਖ ਤੇਰੇ ਨੇੜ ਨਾ ਆਵੇ ਕਾਲ, ਹਰਿ ਜੂ ਏਕਾ ਧੱਕਾ ਲਾਇਆ । ਅੰਤ ਵੇਖੇ ਆਪਣੇ ਲਾਲ, ਨਿਤ ਨਿਤ ਆਪਣਾ ਸੰਗ ਰਖਾਇਆ । ਮਿਲ ਮਿਲ ਘਾਲਣ ਲਈ ਘਾਲ, ਸੋਹੰ ਢੋਲਾ ਸਾਚਾ ਗਾਇਆ । ਘਰ ਅੰਮ੍ਰਿਤ ਭਰਿਆ ਤਾਲ, ਸਰ ਸਰੋਵਰ ਇਕ ਨੁਹਾਇਆ । ਬਨ ਵੱਟਿਆਂ ਲਏ ਭਾਲ, ਆਉਂਦਾ ਜਾਂਦਾ ਨਜ਼ਰ ਨਾ ਆਇਆ । ਏਕਾ ਦੇਵੇ ਸੱਚਾ ਧੰਨ ਮਾਲ, ਨਾਮ ਨਿਧਾਨਾ ਝੋਲੀ ਪਾਇਆ । ਆਪੇ ਬਣਿਆ ਰਹੇ ਰਖਵਾਲ, ਦਿਵਸ ਰੈਣ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਸੁਹਾਇਆ । ਸਾਚਾ ਘਰ ਸੁਹਾਉਣਾ ਆਪ, ਆਪਣੀ ਸੇਵ ਕਮਾਈਆ । ਗੁਰਮੁਖ ਤੇਰਾ ਵਡ ਪਰਤਾਪ, ਹਰਿ ਪਰਤਾਪੀ ਦਏ ਕਰਾਈਆ । ਏਕਾ ਅੱਖਰ ਅੱਖਰ ਜਾਪ, ਸਾਚੀ ਕਰੇ ਪੜ੍ਹਾਈਆ । ਏਕਾ ਗੁਰ ਏਕਾ ਹਾਟ, ਏਕਾ ਵਣਜ ਦਏ ਕਰਾਈਆ । ਏਕਾ ਨਾਮ ਏਕਾ ਦਾਤ, ਏਕਾ ਏਕਾ ਵਾਰ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਮਨਾਈਆ । ਸਾਚਾ ਘਰ ਸੋਭਾਵੰਤ, ਸੋਭਨੀਕ ਆਪ ਸੁਹਾਇੰਦਾ । ਪੰਚਮ ਤੁਹਾਡੀ ਬਣਾਏ ਬਣਤ, ਸਾਚਾ ਖੇਲ ਕਰਾਇੰਦਾ । ਗੁਰਮੁਖ ਉਠਾਏ ਸਾਚੇ ਸੰਤ, ਸਤਿ ਸਤਿਵਾਦੀ ਦਇਆ ਕਮਾਇੰਦਾ । ਮੇਲ ਮਿਲਾਵਾ ਨਾਰ ਕੰਤ, ਏਕਾ ਦਰ ਬਹਾਇੰਦਾ । ਕਾਇਆ ਚੋਲੀ ਰੰਗ ਬਸੰਤ, ਬਣ ਲਲਾਰੀ ਆਪ ਰੰਗਾਇੰਦਾ । ਰਸਨਾ ਜਿਹਵਾ ਮਣੀਆ ਮੰਤ, ਆਤਮ ਪਰਮਾਤਮ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਕਰਾਇੰਦਾ । ਗੁਰਮੁਖ ਉਠਾਏ ਸਾਚੇ ਸੁਤ, ਸਤਿ ਸਤਿਵਾਦੀ ਦਇਆ ਕਮਾਇੰਦਾ । ਪੰਚਮ ਵੇਖ ਹੋਏ ਖੁਸ਼ਹਾਲ, ਵਾਹ ਵਾਹ ਵੱਜੀ ਵਧਾਈਆ । ਸਤਿਗੁਰ ਸੁਰਤ ਰਿਹਾ ਸੰਭਾਲ, ਗੁਰਮੁਖ ਬਾਲੇ ਗੋਦ ਰਖਾਈਆ । ਨਿਰਗੁਣ ਹੋ ਕੇ ਬਣਿਆ ਦਲਾਲ, ਆਪਣਾ ਵਣਜ ਵਖਾਈਆ । ਜਗਤ ਜੁਗ ਚਲੀ ਅਵੱਲੜੀ ਚਾਲ, ਦਿਸ ਕਿਸੇ ਨਾ ਆਈਆ । ਪੰਚ ਪੰਚ ਲਏ ਉਠਾਲ, ਏਕਾ ਬੂਝ ਬੁਝਾਈਆ । ਉਠੋ ਵੇਖੋ ਮੇਰੇ ਲਾਲ, ਹਰਿ ਲਾਲਨ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਰਿਆ ਖੇਲ ਦਿਤੀ ਦਾਤ, ਦਾਤਾ ਦਾਨੀ ਆਪ ਵਰਤਾਇੰਦਾ । ਕਲਜੁਗ ਮਿਟੇ ਅੰਧੇਰੀ ਰਾਤ, ਕੂੜ ਅਮਾਵਸ ਰਹਿਣ ਨਾ ਪਾਇੰਦਾ । ਨਾਤਾ ਤੁੱਟਾ ਜ਼ਾਤ ਪਾਤ, ਊਚ ਨੀਚ ਨਾ ਵੰਡ ਵੰਡਾਇੰਦਾ । ਦਰਸ ਵਖਾਏ ਇਕ ਇਕਾਂਤ, ਇਕ ਇਕੱਲਾ ਫੇਰੀ ਪਾਇੰਦਾ । ਲੱਖ ਚੁਰਾਸੀ ਵੇਖੇ ਮਾਰ ਝਾਤ, ਪਰਦਾ ਓਹਲਾ ਆਪ ਰਖਾਇੰਦਾ । ਅੱਖਰ ਵੱਖਰ ਸੁਣਾਏ ਗਾਥ, ਸੋਹੰ ਢੋਲਾ ਆਪ ਜਣਾਇੰਦਾ । ਸਰਬ ਕਲਾ ਆਪੇ ਸਮਰਾਥ, ਦੀਨਣ ਆਪਣੀ ਗੋਦ ਬਹਾਇੰਦਾ । ਲੇਖਾ ਜਾਣੇ ਤ੍ਰਲੋਕੀ ਨਾਥ, ਨਾਥ ਅਨਾਥਾਂ ਦਇਆ ਕਮਾਇੰਦਾ । ਏਥੇ ਓਥੇ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਬਣ ਬਣ ਪੂਤ ਵੇਖੇ ਪਿਤਾ ਮਾਤ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਵੇਖੋ ਹਰਿ ਚਲਾਏ ਰਾਹ, ਰਹਿਮਤ ਆਪ ਕਮਾਈਆ । ਨਿਰਗੁਣ ਸਰਗੁਣ ਬਣ ਮਲਾਹ, ਹਸਤ ਕੀਟਾਂ ਫੇਰਾ ਪਾਈਆ । ਏਕਾ ਚੱਪੂ ਦਿਤਾ ਲਾ, ਵੰਝ ਮਹਾਣਾ ਹੋਰ ਨਾ ਕੋਇ ਰਖਾਈਆ । ਏਕਾ ਕੰਢੇ ਬੈਠਾ ਆ, ਡੂੰਘੀ ਭਵਰੀ ਪਾਰ ਕਰਾਈਆ । ਗੁਰਮੁਖ ਸਾਚੇ ਲਏ ਚੜ੍ਹਾ, ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮਾਰਗ ਆਪੇ ਲਾਈਆ । ਆਪਣਾ ਮਾਰਗ ਲਾਏ ਪੰਥ, ਭੇਵ ਕੋਇ ਨਾ ਪਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਗਰੰਥ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਸਾਚਾ

ਨਾਦ ਨਾ ਸੁਣਾਏ ਕੋਇ ਸੰਖ, ਅਸੰਖ ਅਸੰਖ ਸੰਖ ਵਜਾਇੰਦਾ । ਬਿਨ ਸਤਿਗੁਰ ਪੂਰੇ ਕਿਸੇ ਨਾ ਆਏ ਕੋਈ ਅਲਖ, ਸਤਿਗੁਰ ਪੂਰਾ ਆਪਣੇ ਗੁਰਮੁਖ ਆਪ ਉਠਾਇੰਦਾ । ਰਾਮ ਚੁਕਿਆ ਇਕ ਧਨੁਖ, ਜਨਕ ਸਪੁੱਤਰੀ ਨਾਲ ਪਰਨਾਇੰਦਾ । ਗੁਰਸਿਖ ਤੁਹਾਡੀ ਹਰਿ ਜੂ ਬਣਾਏ ਬਣਤ, ਸੀਤਾ ਸੁਰਤੀ ਸਭ ਦੀ ਆਪ ਪਰਨਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਦੁੱਖ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਵਿਚੋਂ ਪਰਖ, ਨਾਮ ਕਸਵੱਟੀ ਉਤੇ ਲਾਇੰਦਾ । ਆਪਣਿਆਂ ਉਤੇ ਆਪੇ ਕੀਤਾ ਤਰਸ, ਪੂਰਬ ਲਹਿਣਾ ਵੇਖ ਵਖਾਇੰਦਾ । ਲੱਖ ਚੁਰਾਸੀ ਰਹੀ ਭਟਕ, ਹਰਿ ਨਜ਼ਰ ਕਿਤੇ ਨਾ ਪਾਇੰਦਾ । ਜਗਤ ਲੋਕਾਈ ਰਹੀ ਲਟਕ, ਰੱਸਾ ਫਾਸ ਨਾ ਕੋਇ ਕਟਾਇੰਦਾ । ਮਾਇਆ ਛੁਰੀ ਰਹੀ ਝਟਕ, ਅੱਗੇ ਹੋ ਨਾ ਕੋਇ ਬਚਾਇੰਦਾ । ਗੁਰਮੁਖ ਸੱਜਣ ਰਹੇ ਨਿਧੜਕ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਚਾਰ ਜੁਗ ਗੁਰ ਅਵਤਾਰਾਂ ਕੋਲੋਂ ਜੋ ਰਹਿ ਗਿਆ ਫਰਕ, ਹੁਣ ਏਕਾ ਦੂਰ ਕਰਾਇੰਦਾ । ਸਿੱਧੀ ਸੜਕ, ਸਚਖੰਡ ਦੁਆਰਾ ਰਾਹ ਵਖਾਇੰਦਾ । ਗੁਰਸਿਖ ਰਾਹ ਵਿਚ ਨਾ ਜਾਣਾ ਅਟਕ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇੰਦਾ । ਤੂੰ ਚਲਣਾ ਤੋਰ ਮਟਕ ਮਟਕ, ਸਤਿਗੁਰ ਤੇਰਾ ਅੱਗੇ ਪਿੱਛੇ ਸੇਵ ਕਮਾਇੰਦਾ । ਅੱਗੇ ਵੇਖ ਜਾਏ ਝਲਕ, ਹਰਿ ਜੂ ਕੀ ਕੀ ਰੰਗ ਵਖਾਇੰਦਾ । ਨਾ ਕੋਈ ਨੇਤਰ ਨਾ ਕੋਈ ਪਲਕ, ਇਕੋ ਜੋਤ ਡਗਮਗਾਇੰਦਾ । ਤੇਰੇ ਮਿਲਣ ਦਾ ਰੱਖੇ ਇਸ਼ਕ, ਇਸ਼ਕ ਚੇਤਨ ਇਕ ਜਣਾਇੰਦਾ । ਗੁਰਸਿਖ ਤੇਰਾ ਵੇਖੇ ਦ੍ਰਿਸ਼ਟ, ਆਪਣਾ ਇਸ਼ਟ ਆਪ ਮਨਾਇੰਦਾ । ਕਲਜੁਗ ਕਾਇਆ ਹੋਈ ਭਰਿਸ਼ਟ, ਦੁਰਮਤ ਮੈਲ ਨਾ ਕੋਇ ਧੁਆਇੰਦਾ । ਨਾ ਕੋਈ ਸ਼ਾਰ ਪਾਸ਼ਾ ਖੇਲ ਜਾਏ ਟਾਂਕ ਜਿਸਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਾਂ ਏਕਾ ਰੰਗ ਵਖਾਇੰਦਾ । ਪੰਚ ਪਰਧਾਨ ਬੰਨ੍ਹੇ ਬੰਸ, ਆਪਣੀ ਖ਼ੁਸ਼ੀ ਮਨਾਈਆ । ਵੇਖੋ ਹਰਿ ਜੂ ਆਪਣਾ ਰਾਹ ਰਿਹਾ ਦੱਸ, ਸਾਚੇ ਰਾਹ ਪਾਈਆ । ਹਰਿ ਜੂ ਮਿਲੇ ਨੱਸ ਨੱਸ, ਆਪਣਾ ਪੰਧ ਮੁਕਾਈਆ । ਹਿਰਦੇ ਅੰਦਰ ਆਪੇ ਵਸ, ਆਪਣਾ ਪਰਦਾ ਲਾਹੀਆ । ਪੰਚ ਵਿਕਾਰਾ ਦੇਵੇ ਝੱਸ, ਤ੍ਰਿਸ਼ਨਾ ਭੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੇ ਗਲੇ ਲਗਾਈਆ । ਦੀਨ ਦਿਆਲ ਗੋਦੀ ਚੁੱਕ, ਹਰਿਜਨ ਖ਼ੁਸ਼ੀ ਮਨਾਇੰਦਾ । ਕਰੋੜ ਤਤੀਸਾ ਸਾਚੀ ਬਰਖਾ ਫੂਲਣ ਉਤੋਂ ਰਹੇ ਸੁੱਟ, ਅੰਦਰ ਕਿਰਨ ਕਿਰਨ ਬਰਸਾਇੰਦਾ । ਗੁਰਸਿਖ ਤੇਰੇ ਅੰਦਰੋਂ ਸੋਮਾ ਫੁੱਟ, ਹਰਿ ਜੂ ਆਪ ਪ੍ਰਗਟਾਇੰਦਾ । ਇਕ ਭੰਡਾਰਾ ਦਵਾਂ ਅਤੁੱਟ, ਤੋਟ ਕਦੇ ਨਾ ਆਇੰਦਾ । ਆਪੇ ਚੜ੍ਹ ਕੇ ਵੇਖਿਆ ਚੋਟ, ਸਾਚੀ ਚੋਟੀ ਆਸਣ ਲਾਇੰਦਾ । ਏਥੇ ਓਥੇ ਇਕੋ ਓਟ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਆਪ ਤਰਾਇੰਦਾ । ਤਾਰਨਹਾਰਾ ਆਇਆ ਜੱਗ, ਦਰ ਦਰ ਸੇਵ ਕਮਾਈਆ । ਗੁਰਮੁਖ ਸੱਜਣ ਸਾਚੇ ਸੱਦ, ਬਹਿ ਬਹਿ ਖ਼ੁਸ਼ੀ ਮਨਾਈਆ । ਮੈਂ ਕਰ ਕੇ ਆਇਆ ਪਾਰ ਹੱਦ, ਆਪਣਾ ਪੰਧ ਮੁਕਾਈਆ । ਵੇਖੋ ਮੈਨੂੰ ਕਰਨਾ ਨਾ ਅੱਡ, ਝੱਲੀ ਨਾ ਜਾਏ ਜੁਦਾਈਆ । ਮੈਂ ਪਿਛੇ ਪੰਜ ਤਤ ਆਇਆ ਛੱਡ, ਹਰਿ ਸੰਗਤ ਰਿਹਾ ਸਮਝਾਈਆ । ਕੱਢਣ ਆਇਆ ਡੂੰਘੀ ਖੱਡ, ਆਪਣਾ ਰਾਹ ਜਣਾਈਆ । ਗੁਰ ਅਵਤਾਰ ਗਏ ਲਦ, ਰਹਿਣ ਕੋਇ ਨਾ ਪਾਈਆ । ਇਕ ਦੂਜੇ ਦਾ ਕਰੀਏ ਹੱਜ, ਘਰ ਵਿਚ ਖ਼ੁਸ਼ੀ ਮਨਾਈਆ । ਗੁਰਸਿਖ ਵੇਖੀਂ ਜਾਈਂ ਨਾ ਭੱਜ, ਤੇਰਾ ਵਿਛੋੜਾ ਮੋਹੇ ਰਿਹਾ ਸਤਾਈਆ । ਮੇਰੀ ਲੱਜਿਆ ਤੇਰੇ ਹੱਥ, ਤੇਰੀ ਪੱਤ ਮੇਰੀ ਵਡਿਆਈਆ । ਤੇਰਾ ਵਾਸਾ ਸੀਆਂ ਸਾਢੇ ਤਿੰਨ ਹੱਥ, ਮੈਂ ਬ੍ਰਹਿਮੰਡ ਖੰਡ ਰਿਹਾ ਸਮਾਈਆ । ਏਥੇ ਓਥੇ

ਗਾਵਾਂ ਤੁਹਾਡਾ ਜਸ, ਵਾਹ ਵਾਹ ਵੱਜਦੀ ਰਹੇ ਵਧਾਈਆ । ਆਓ ਰਲ ਮਿਲ ਇਕ ਦੂਜੇ ਨੂੰ ਹਾਲ ਦਈਏ ਦੱਸ, ਪੰਚ ਵੇਖਣ ਚਾਈਂ ਚਾਈਆ । ਆ ਪ੍ਰੇਮ ਪਿਆਰ ਅੰਦਰ ਜਾਈਏ ਫਸ, ਗਲਵਕੜੀ ਪਾਈਏ ਦੋਹਾਂ ਬਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲੋ ਤੇਰੇ ਘਰ ਦਏ ਵਡਿਆਈਆ । ਲਾਲੋ ਤੇਰਾ ਘਰ ਮਹੱਲਾ, ਊਚੋ ਉਚ ਸੁਹਾਇਆ । ਉਤੋਂ ਆਇਆ ਇਕ ਅਕੱਲਾ, ਏਥੇ ਹਰਿ ਸੰਗਤ ਨਾਲ ਮਿਲਾਇਆ । ਆਪ ਫੜਾਇਆ ਆਪਣਾ ਪੱਲਾ, ਸਾਚੇ ਪੱਲੂ ਗੰਢ ਦੁਵਾਇਆ । ਨਿਹਚਲ ਧਾਮ ਉਚ ਅਟੱਲਾ, ਹਰਿ ਜੂ ਆਪ ਸੁਹਾਇਆ । ਪਾਵੇ ਸਾਰ ਜਲਾਂ ਥਲਾਂ, ਡੂੰਘੀ ਕੰਦਰ ਫੋਲ ਫੁਲਾਇਆ । ਸਚ ਸੰਦੇਸ਼ਾ ਏਕਾ ਘੱਲਾ, ਹੁਕਮੀ ਹੁਕਮ ਮਨਾਇਆ । ਜੋਤੀ ਸ਼ਬਦੀ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਰਖਾਇਆ । ਪਹਿਲੇ ਜਨਮ ਦਾ ਮੇਟਿਆ ਸੱਲਾ, ਅੱਗੇ ਆਪਣੀ ਗੋਦ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਹੱਲਾ ਦਏ ਵਡਿਆਇਆ । ਸਚ ਮਹੱਲਾ ਵਡ ਅਟਾਰੀ, ਊਚੋ ਊਚ ਬਣਾਈਆ । ਨਿਰਗੁਣ ਜੋਤ ਵਸੇ ਨਿਰੰਕਾਰੀ, ਦੀਵਾ ਬਾਤੀ ਨਾ ਕੋਇ ਟਿਕਾਈਆ । ਘਰ ਵਿਚ ਖੋਲ੍ਹੇ ਘਰ ਵਿਚ ਬਾਰੀ, ਆਪਣੀ ਹੱਥੀਂ ਕੁੰਡਾ ਲਾਹੀਆ । ਗੁਰਮੁਖ ਸਾਚੇ ਲਏ ਸਿੰਗਾਰੀ, ਵਡ ਸਿੰਗਾਰ ਸੋਹੇ ਸ਼ਰਨਾਈਆ । ਸਾਚੇ ਘੋੜੇ ਦੇਵੇ ਚਾੜ੍ਹੀ, ਸ਼ਾਹ ਅਸਵਾਰ ਵਡੀ ਵਡਿਆਈਆ । ਲੇਖੇ ਲਾਏ ਚਰਨ ਛੁਹਾਈ ਦਾਹੜੀ, ਨੇਤਰ ਨੈਣ ਨੈਣ ਮਿਲਾਈਆ । ਇਕੋ ਪ੍ਰੇਮ ਇਕ ਪਿਆਰੀ, ਏਕਾ ਪ੍ਰੀਤਮ ਏਕਾ ਨਾਰੀ, ਏਕਾ ਸੇਜ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲਨ ਏਕਾ ਰੰਗ ਚੜ੍ਹਾਈਆ । ਚੜ੍ਹਿਆ ਰੰਗ ਗੁਲਾਲ, ਰੂਪ ਰੰਗ ਰੇਖ ਆਪ ਬਣਾਇਆ । ਆਪੇ ਸੁਣੇ ਮੁਰੀਦਾਂ ਹਾਲ, ਗੋਬਿੰਦ ਆਪਣਾ ਵੇਸ ਵਟਾਇਆ । ਨਿਰਗੁਣ ਸ਼ਬਦੀ ਬਣ ਦਲਾਲ, ਸਾਚੇ ਮਾਰਗ ਲਾਇਆ । ਇਕ ਦੂਜੇ ਦਾ ਪੁੱਛੇ ਹਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਇਆ । ਚਲਿਆ ਰਾਹ ਅਗੰਮੜਾ, ਪੁਰਖ ਅਗੰਮ ਆਪ ਚਲਾਈਆ । ਜਨ ਭਗਤਾਂ ਮਾਤ ਪਿਤ ਬਣਿਆ ਅੰਮੀ ਅੰਮੜਾ, ਨਿਰਗੁਣ ਆਪਣਾ ਵੇਸ ਵਟਾਈਆ । ਲਹਿਣਾ ਚੁੱਕੇ ਹੱਡ ਮਾਸ ਨਾੜੀ ਚਮੜੀ ਚਮੜਾ, ਪੰਜ ਤੱਤ ਨਾ ਕੋਇ ਵਡਿਆਈਆ । ਦੇਵੇ ਦਰਸ ਦਰ ਦੁਆਰ ਖਲੜਾ, ਜੋਤੀ ਜੋਤ ਜੋਤ ਰੁਸ਼ਨਾਈਆ । ਗੁਰਮੁਖਾਂ ਭਾਰੀ ਕਰੇ ਪਲੜਾ, । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਨਾਮ ਰੰਗਤ ਏਕਾ ਰੰਗ ਚੜ੍ਹਾਈਆ ।

ਕੁੱਲੀ ਕੱਖ ਸੋਹਣਾ ਮੰਦਰ, ਮਨ ਵਾਸ਼ਨਾ ਨਜ਼ਰ ਨਾ ਆਈਆ । ਗ੍ਰਿਹਿ ਵਸਿਆ ਹਰਿ ਜੂ ਅੰਦਰ, ਘਰ ਬੈਠਾ ਆਸਣ ਲਾਈਆ । ਨੌਂ ਖੰਡ ਪ੍ਰਿਥਮੀ ਦਿਸੇ ਖੰਡਰ, ਗੁਰਸਿਖ ਤੇਰਾ ਖੇੜਾ ਰਿਹਾ ਵਸਾਈਆ । ਕੋਈ ਨਾ ਚੜ੍ਹੇ ਉਚੀ ਮੰਜ਼ਲ, ਮੰਜ਼ਲ ਮਕਸੂਦ ਹੱਥ ਕਿਸੇ ਨਾ ਆਈਆ । ਸਾਰੇ ਰਾਹ ਵਿਚ ਹੋ ਕੇ ਗਏ ਬੇਦਲ, ਸਤਪਤ ਹੱਥ ਨਾ ਕੋਇ ਰਖਾਈਆ । ਸੂਫ਼ੀ ਫ਼ਕੀਰ ਗਾ ਗਾ ਗਏ ਗਜ਼ਲ, ਨਗਮਾ ਨਾਮ ਸੁਣਾਈਆ । ਅੰਤਮ ਸਭ ਦੇ ਸਿਰ ਤੇ ਆਈ ਅਜ਼ਲ, ਅਜ਼ਰ ਕੋਇ ਰਹਿਣ ਨਾ ਪਾਈਆ । ਲਾਲੋ ਤੇਰੇ ਉਤੇ ਕੀਤਾ ਫ਼ਜ਼ਲ, ਰਹਿਮਤ ਆਪ ਕਮਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਢੀ ਬਾਢੀਆਂ ਨਾਲ ਰਲਾਈਆ । ਸੋਹੇ ਕੁੱਲੀ ਜਿਥੇ ਵਰਸੇ ਨੂਰ, ਸੋ ਧਾਮ ਸੋਭਾਵੰਤ । ਗੁਰਮੁਖ ਆਤਮਾ ਤੇਰੀ ਭਰਪੂਰ, ਘਰ ਮਿਲਿਆ ਸੱਚਾ ਕੰਤ । ਜਿਸ ਨੂੰ ਲੱਭਦੇ ਦੂਰ, ਸੋ ਨੇੜੇ ਆਇਆ ਅੰਤ । ਅੱਠੇ ਪਹਿਰ ਹਾਜ਼ਰ ਹਜ਼ੂਰ, ਘਰ ਮੇਲਾ ਨਾਰੀ ਕੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਕੁੱਲੀ ਵੇਖੇ ਸੋਭਾਵੰਤ । ਗੁਰਮੁਖ ਕੁੱਲੀ ਕੱਖ ਕੱਖ ਕਰੇ ਪੁਕਾਰ, ਤਿਨਕਾ ਤਿਨਕਾ ਦਏ ਦੁਹਾਈਆ । ਮੇਰੀ ਰੱਖ ਪਤ ਵਿਚ ਸੰਸਾਰ, ਮੈਂ ਤੇਰੀ ਓਟ ਤਕਾਈਆ । ਮੈਂ ਤੇਰੇ ਗੁਰਸਿਖਾਂ ਦਾ ਪਰਦਾ ਬੈਠੀ ਢਕ, ਤੂੰ ਮੇਰੀ ਲਾਜ ਰਖਾਈਆ । ਮੇਰੀ ਕੋਈ ਹਾਰ ਨਾ ਕੋਈ ਜਿੱਤ, ਚਾਰ ਦੀਵਾਰ ਨਾ ਬਣਤ ਬਣਾਈਆ । ਮੈਂ ਵੇਂਹਦਿਆਂ ਮੰਦਰ ਜਾਏ ਢੱਠ, ਉਚੇ ਟਿੱਲੇ ਨਜ਼ਰ ਕਿਤੇ ਨਾ ਆਈਆ । ਲਾਲੋ ਤੇਰਾ ਖੇੜਾ ਜਾਣਾ ਵਸ, ਸਤਿਜੁਗ ਸਾਚੇ ਵੱਜੇ ਵਧਾਈਆ । ਕਿਉਂ ਸ੍ਰੀ ਭਗਵਾਨ ਗਿਆ ਦੱਸ, ਨਾ ਕੋਈ ਮੇਟੇ ਨਾ ਮੇਟ ਮਿਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਕੁੱਲੀ ਅੰਦਰ ਗਿਆ ਵਸ, ਸੋ ਕੁੱਲੀ ਸੋਭਾ ਪਾਈਆ ।

ਸੰਗਤ ਨਾਲੋਂ ਬਹੁਤੀ ਉਡੀਕ, ਹਰਿ ਜੂ ਆਪ ਰਖਾਇੰਦਾ । ਸੰਗਤ ਵਾਸਾ ਜਗਤ ਤਾਰੀਕ, ਹਰਿ ਜੂ ਆਪਣਾ ਸ਼ਰੀਕ ਨਾ ਕਿਸੇ ਬਣਾਇੰਦਾ । ਆਵੇ ਜਾਵੇ ਬਿਨ ਤਾਰੀਕ, ਨਿੱਕਾ ਨਿੱਕਾ ਆਪਣਾ ਰੂਪ ਵਖਾਇੰਦਾ । ਗੁਰਸਿਖਾਂ ਦੀ ਸਦਾ ਤਾਰੀਕ, ਰਾਤੀਂ ਸੁਤਿਆਂ ਦਰਸ ਵਖਾਇੰਦਾ । ਅੰਤਮ ਮੇਲਾ ਕਰੇ ਠੀਕ, ਆਪ ਆਪਣੇ ਰੰਗ ਰੰਗਾਇੰਦਾ । ਪਹਿਲੋਂ ਸਿਖੀ ਹਰਿ ਜੀ ਆਪ ਕਰਨ ਦੀ ਪ੍ਰੀਤ, ਫੇਰ ਗੁਰਸਿਖਾਂ ਪ੍ਰੀਤ ਸਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦ ਆਪਣੇ ਅੰਗ ਲਗਾਇੰਦਾ । ਪ੍ਰੀਤ ਕਰਨੀ ਜੇ ਨਾ ਸਿਖਦਾ, ਕਰਦਾ ਕੀ ਕਰਤਾਰ । ਭਗਤਾਂ ਲੇਖ ਕਿਸ ਬਿਧ ਲਿਖਦਾ, ਜਗਤ ਚਲਦਾ ਕਿਵੇਂ ਵਿਹਾਰ । ਵੇਖੋ ਖੇਲ ਸਾਹਿਬ ਅਨਡਿਠ ਦਾ, ਅਨਡਿਠੜੀ ਕਰੇ ਕਾਰ । ਪਹਿਲੋਂ ਬਣਿਆ ਆਪ ਜਿਸ ਜਿਸ ਦਾ, ਤਿਸ ਸੱਜਣ ਲਏ ਤਾਰ । ਜਗਤ ਨੇਤਰ ਕਿਸੇ ਨਾ ਦਿਸਦਾ, ਅੰਦਰ ਅੰਦਰ ਕਰੇ ਪਿਆਰ । ਸਦਾ ਭੁੱਖਾ ਪ੍ਰੇਮ ਭਿੱਖ ਦਾ, ਪੁਰਖ ਅਬਿਨਾਸ਼ੀ ਭਿੱਖਕ ਭਿਖਿਆ ਮੰਗੇ ਗੁਰਸਿਖ ਤੇਰੇ ਦੁਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ ।

### ★ ੧੩ ਮਾਘ ੨੦੧੮ ਬਿਕਰਮੀ ਅੱਛਰ ਸਿੰਘ ਦੇ ਗ੍ਰਹਿ ਅਲੜ ਪਿੰਡੀ ਜ਼ਿਲਾ ਗੁਰਦਾਸ ਪੁਰ ★

ਹਰਿ ਨਾਮ ਰੰਗ ਅਪਾਰਾ, ਬਿਨ ਰੰਗਤ ਹਰਿ ਚੜ੍ਹਾਇੰਦਾ । ਹਰਿ ਨਾਮ ਰੰਗ ਅਪਾਰਾ, ਨਜ਼ਰ ਕਿਸੇ ਨਾ ਆਇੰਦਾ । ਹਰਿ ਨਾਮ ਰੰਗ ਅਪਾਰਾ, ਕਾਇਆ ਚੋਲੀ ਚੋਲੇ ਨਾਲ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ ਵਖਾਇੰਦਾ । ਹਰਿ ਕਾ ਨਾਮ ਆਤਮ ਰੰਗ, ਅੰਤ ਦਾਤਾ ਆਪ ਰੰਗਾਈਆ । ਹਰਿ ਕਾ ਨਾਮ ਸਦਾ ਸੰਗ, ਸਦਾ ਸਦਾ ਸੁਖਦਾਈਆ । ਹਰਿ ਕਾ ਨਾਮ ਡੋਰ ਪਤੰਗ, ਸੁਰਤੀ ਸੁਰਤ ਬੰਧਾਈਆ । ਹਰਿ ਕਾ ਨਾਮ ਗੀਤ ਸੁਹਾਗੀ ਛੰਦ, ਗੋਬਿੰਦ ਗੋਬਿੰਦ ਕਰੇ ਵਡਿਆਈਆ । ਹਰਿ ਕਾ ਨਾਮ ਪਰਮਾਨੰਦ,

ਪਰਮ ਪੁਰਖ ਮਿਲਾਈਆ । ਹਰਿ ਕਾ ਨਾਮ ਟੁੱਟੀ ਗੰਢ, ਆਪਣਾ ਬੰਧਨ ਪਾਈਆ । ਹਰਿ ਕਾ ਨਾਮ ਕਰੇ ਪ੍ਰਕਾਸ਼ ਬਿਨ ਸੂਰਜ ਚੰਦ, ਨੂਰ ਨੂਰ ਨੂਰ ਰੁਸ਼ਨਾਈਆ । ਹਰਿ ਕਾ ਨਾਮ ਸਦਾ ਬਖਸ਼ਿੰਦ, ਪਤਿਤ ਪਾਪੀ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ ਚਖਾਈਆ । ਹਰਿ ਨਾਮ ਸਰਬ ਗੁਣ, ਗੁਣਵੰਤਾ ਗੁਣ ਜਣਾਇੰਦਾ । ਹਰਿ ਕਾ ਨਾਮ ਯਾਦ ਲਏ ਸੁਣ, ਜਨ ਪਰਾਣੀ ਮਾਤ ਸੁਣਾਇੰਦਾ । ਹਰਿ ਕਾ ਨਾਮ ਛਾਣ ਪੁਣ, ਲੱਖ ਚੁਰਾਸੀ ਆਪ ਕਰਾਇੰਦਾ । ਹਰਿ ਕਾ ਨਾਮ ਲਏ ਚੁਣ, ਗੁਰਮੁਖ ਸੱਜਣ ਬਾਹਰ ਕਢਾਇੰਦਾ । ਹਰਿ ਕਾ ਨਾਮ ਸਾਚੀ ਧੁਨ, ਆਤਮ ਰਾਗ ਸੁਣਾਇੰਦਾ । ਹਰਿ ਕਾ ਨਾਮ ਗੁਰਮੁਖ ਵਿਰਲਾ ਜਾਏ ਸਿੱਖ ਕੰਨ ਸੁਣ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ ਸਮਝਾਇੰਦਾ । ਹਰਿ ਕਾ ਨਾਮ ਸਚ ਭੰਡਾਰਾ, ਹਰਿ ਸਾਚਾ ਸਚ ਵਰਤਾਈਆ । ਹਰਿ ਕਾ ਨਾਮ ਠੰਡਾ ਠਾਰਾ, ਸਾਂਤਕ ਸਤਿ ਕਰਾਈਆ । ਹਰਿ ਕਾ ਨਾਮ ਅੰਮ੍ਰਿਤ ਧਾਰਾ, ਨਿਝਰ ਝਿਰਨਾ ਆਪ ਝਿਰਾਈਆ । ਹਰਿ ਕਾ ਨਾਮ ਖੋਲ੍ਹੇ ਕਿਵਾੜਾ, ਦੂਈ ਦਵੈਤੀ ਪਰਦਾ ਲਾਹੀਆ । ਹਰਿ ਕਾ ਨਾਮ ਮੇਟੇ ਧਾੜਾ, ਪੰਚਮ ਮੋਹ ਚੁਕਾਈਆ । ਹਰਿ ਕਾ ਨਾਮ ਰੰਗ ਚਾੜ੍ਹੇ ਗਾੜ੍ਹਾ, ਰੰਗ ਰਤੜਾ ਇਕ ਵਖਾਈਆ । ਹਰਿ ਕਾ ਨਾਮ ਪਾਵੇ ਸਾਰਾ, ਡੂੰਘੀ ਗਾਰਾ ਕਾਇਆ ਕਵਰੀ ਫੋਲ ਫੁਲਾਈਆ । ਹਰਿ ਕਾ ਨਾਉਂ ਵਖਾਏ ਸਚ ਦੁਆਰਾ, ਹਰਿ ਸਤਿਗੁਰ ਸ਼ਰਨ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੇ ਨਾਮ ਬੂਝ ਬੁਝਾਈਆ । ਹਰਿ ਕਾ ਨਾਮ ਸੂਰਬੀਰ, ਵੱਡ ਬਲਵਾਨ ਅਖਵਾਇੰਦਾ । ਹਰਿ ਕਾ ਨਾਉਂ ਨਿਰਾਲਾ ਤੀਰ, ਅਨਿਆਲਾ ਆਪ ਚਲਾਇੰਦਾ । ਹਰਿ ਕਾ ਨਾਮ ਇਕ ਵਖਾਏ ਸੱਚੀ ਧਰਮਸਾਲਾ, ਘਰ ਘਰ ਵਿਚ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਪੜ੍ਹਾਇੰਦਾ । ਹਰਿ ਕਾ ਨਾਮ ਨਿਸ਼ਅੱਖਰ ਧਾਰ, ਧਰਨੀ ਧਵਲ ਨਾ ਕੋਇ ਵਡਿਆਈਆ । ਹਰਿ ਕਾ ਨਾਮ ਰਹੇ ਜੁਗ ਚਾਰ, ਜੁਗ ਜੁਗ ਵੇਸ ਵਟਾਈਆ । ਹਰਿ ਕਾ ਨਾਮ ਗਾਵਣ ਗੁਰ ਅਵਤਾਰ, ਰਸਨਾ ਜਿਹਵਾ ਹਿਲਾਈਆ । ਹਰਿ ਕਾ ਨਾਮ ਭਗਤਾਂ ਮਿਲੇ ਭਗਤ ਦੁਆਰ, ਭਗਵਨ ਬੂਝ ਬੁਝਾਈਆ । ਹਰਿ ਕਾ ਨਾਉਂ ਸੰਤਨ ਕਰੇ ਪਿਆਰ, ਸਾਚੀ ਸਿਖਿਆ ਇਕ ਸਮਝਾਈਆ । ਹਰਿ ਕਾ ਨਾਮ ਗੁਰਮੁਖ ਲਏ ਨਿਕਾਲ, ਗੁਰ ਮੀਤ ਦਏ ਖੁਲ੍ਹਾਈਆ । ਹਰਿ ਕਾ ਨਾਮ ਗੁਰਸਿਖਾਂ ਵਖਾਏ ਸੱਚੀ ਧਰਮਸਾਲ, ਘਰ ਘਰ ਵਿਚ ਭੇਵ ਚੁਕਾਈਆ । ਹਰਿ ਕਾ ਨਾਮ ਤੋੜੇ ਜੰਜਾਲ, ਜੀਵਣ ਜੁਗਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਹਰਿ ਕਾ ਨਾਉਂ ਵੱਡਾ ਸੰਸਾਰ, ਵਡ ਵੱਡਾ ਆਪ ਵਡਿਆਇੰਦਾ । ਹਰਿ ਕਾ ਨਾਉਂ ਆਦਿ ਜੁਗਾਦਿ, ਵਿਵਹਾਰ ਵਿਵਹਾਰੀ ਆਪ ਕਰਾਇੰਦਾ । ਹਰਿ ਕਾ ਨਾਮ ਘਟ ਘਟ ਰਿਹਾ ਪਸਾਰ, ਲੱਖ ਚੁਰਾਸੀ ਡੇਰਾ ਲਾਇੰਦਾ । ਹਰਿ ਕਾ ਨਾਮ ਸੱਚੀ ਗੁਫ਼ਤਾਰ, ਗੁਫ਼ਤ ਸ਼ਨੀਦ ਖੇਲ ਕਰਾਇੰਦਾ । ਹਰਿ ਕਾ ਨਾਉਂ ਸਦਾ ਜੈਕਾਰ, ਬ੍ਰਹਿਮੰਡ ਖੰਡ ਏਕਾ ਨਾਅਰਾ ਲਾਇੰਦਾ । ਹਰਿ ਕਾ ਨਾਮ ਅਤੁਟ ਭੰਡਾਰ, ਵਰਭੰਡੀ ਆਪ ਵਰਤਾਇੰਦਾ । ਹਰਿ ਕਾ ਨਾਮ ਤੇਜ ਕਟਾਰ, ਮਨਮੁਖ ਗੁਰਮੁਖ ਦੋਵੇਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਪ੍ਰਗਟਾਇੰਦਾ । ਹਰਿ ਕਾ ਨਾਉਂ ਤਿੱਖੀ ਧਾਰ, ਧਾਰ ਧਾਰ ਧਾਰ ਵਿਚ ਪ੍ਰਗਟਾਈਆ । ਹਰਿ ਕਾ ਨਾਮ ਜਗਤ ਵਿਕਾਰਾ ਕਰੇ ਖ਼ਵਾਰ, ਮਾਤ ਮੋਹ ਚੁਕਾਈਆ ।

ਹਰਿ ਕਾ ਨਾਮ ਕਰਾਏ ਦਰਸ ਦੀਦਾਰ, ਹਰਿ ਸਤਿਗੁਰ ਲਏ ਮਿਲਾਈਆ । ਹਰਿ ਕਾ ਨਾਮ ਭਾਂਡਾ ਭਰਮ ਭਉ ਭੰਨੇ ਬਣ ਠਠਿਆਰ, ਆਪਣਾ ਥਬਵਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਸਾਲਾਹੀਆ । ਹਰਿ ਕਾ ਨਾਉਂ ਸੱਚਾ ਹੱਟ, ਹਟਵਾਣਾ ਆਪ ਖੁਲ੍ਹਾਇੰਦਾ । ਹਰਿ ਕਾ ਨਾਮ ਸਾਚੀ ਵਥ, ਵਸਤ ਅਮੋਲਕ ਵਿਚ ਰਖਾਇੰਦਾ । ਹਰਿ ਕਾ ਨਾਮ ਮਹਿਮਾ ਅਕੱਥ, ਕਥ ਕਥ ਨਾ ਕੋਇ ਸੁਣਾਇੰਦਾ । ਹਰਿ ਕਾ ਨਾਮ ਸਾਚਾ ਰਥ, ਜੁਗ ਜੁਗ ਬੇੜਾ ਮਾਤ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਨਾਉਂ ਆਪ ਪਰਗਟਾਇੰਦਾ । ਹਰਿ ਕਾ ਨਾਮ ਸੇਵਾਦਾਰ, ਬਣ ਸੇਵਕ ਸੇਵ ਕਮਾਈਆ । ਜਨ ਭਗਤਾਂ ਕਰੇ ਪਿਆਰ, ਮਿੱਤਰ ਪਿਆਰਾ ਨਾਉਂ ਧਰਾਈਆ । ਅੰਦਰ ਵੜੇ ਡੂੰਘੀ ਗਾਰ, ਆਪਣਾ ਆਸਣ ਲਾਈਆ । ਜਿਸ ਵੇਲੇ ਗੁਰਸਿਖ ਕੱਢਣ ਬਾਹਰ, ਤੂੰਹੀ ਤੂੰਹੀ ਰਿਹਾ ਸਾਲਾਹੀਆ । ਰਸਨਾ ਕਰੇ ਜੈਕਾਰ, ਏਕਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਦਰਸਾਈਆ । ਹਰਿ ਕਾ ਨਾਉਂ ਹਰਿ ਕਾ ਦਰਸ, ਦਰਸ ਦਰਸ ਕਰਾਇੰਦਾ । ਹਰਿ ਕਾ ਨਾਮ ਅਰਸ਼ ਫ਼ਰਸ਼, ਕਾਇਆ ਕੁਰਾ ਡੇਰਾ ਲਾਇੰਦਾ । ਹਰਿ ਕਾ ਨਾਮ ਮੇਟੇ ਹਰਸ, ਤ੍ਰਿਸ਼ਨਾ ਦੁੱਖ ਮਿਟਾਇੰਦਾ । ਹਰਿ ਕਾ ਨਾਮ ਅੰਮ੍ਰਿਤ ਮੇਘ ਦੇਵੇ ਬਰਸ, ਅਗਨੀ ਤੱਤ ਬੁਝਾਇੰਦਾ । ਹਰਿ ਕਾ ਨਾਮ ਨਾਤਾ ਤੋੜੇ ਸਵਰਗ ਨਰਕ, ਸਚਖੰਡ ਦੁਆਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਆਪ ਸੁਣਾਇੰਦਾ । ਹਰਿ ਕਾ ਨਾਉਂ ਸੱਚਾ ਰਾਗ, ਰਾਗੀ ਰਾਗ ਭੇਵ ਨਾ ਆਈਆ । ਹਰਿ ਕਾ ਨਾਮ ਜਗਤ ਤਿਆਗ, ਸਚ ਤਿਆਗੀ ਵੇਸ ਵਟਾਈਆ । ਹਰਿ ਕਾ ਨਾਮ ਨਾਮ ਵੈਰਾਗ, ਬਣ ਵੈਰਾਗੀ ਰਾਹ ਤਕਾਈਆ । ਹਰਿ ਕਾ ਨਾਮ ਹੰਸ ਬਣਾਏ ਕਾਗ, ਕਾਗੋਂ ਹੰਸ ਉਡਾਈਆ । ਹਰਿ ਕਾ ਨਾਮ ਧੋਵੇ ਦਾਗ, ਦੁਰਮਤ ਮੈਲ ਧੁਆਈਆ । ਹਰਿ ਕਾ ਨਾਮ ਦੀਪ ਜੋਤ ਜਗਾਏ ਚਿਰਾਗ, ਅੰਧ ਅੰਧੇਰ ਮਿਟਾਈਆ । ਹਰਿ ਕਾ ਨਾਮ ਬਣੇ ਸੱਜਣ ਸਾਕ, ਘਰ ਮੇਲਾ ਸਹਿਜ ਸੁਭਾਈਆ । ਹਰਿ ਕਾ ਨਾਮ ਖੋਲ੍ਹੇ ਤਾਕ, ਦੂਈ ਪਰਦਾ ਆਪ ਉਠਾਈਆ । ਹਰਿ ਕਾ ਨਾਮ ਪੂਰਾ ਕਰੇ ਘਾਟ, ਪੂਰਬ ਲੇਖਾ ਲੇਖੇ ਲਾਈਆ । ਹਰਿ ਕਾ ਨਾਮ ਨੇੜੇ ਦੱਸੇ ਵਾਟ, ਪ੍ਰਭ ਮਿਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਉਪਾਈਆ । ਹਰਿ ਕਾ ਨਾਉਂ ਵੱਡਾ ਦੂਲ੍ਹ, ਹਰਿ ਸਤਿਗੁਰ ਆਪ ਪਰਗਟਾਇਆ । ਹਰਿ ਕਾ ਨਾਮ ਫੁਲਣ ਫੁਲ, ਪੱਤ ਡਾਲੀ ਆਪ ਮਹਿਕਾਇਆ । ਹਰਿ ਕਾ ਨਾਉਂ ਚੁਕਾਏ ਮੂਲ, ਬਾਕੀ ਕੋਈ ਨਜ਼ਰ ਨਾ ਆਇਆ । ਹਰਿ ਕਾ ਨਾਮ ਸੋਭਾ ਪਾਏ ਸਚ ਸਿੰਘਾਸਣ ਬਿਨ ਪਾਵੇ ਚੂਲ, ਬਾਡੀ ਬਣਤ ਨਾ ਕੋਇ ਬਣਾਇਆ । ਹਰਿ ਕਾ ਨਾਮ ਜੋ ਜਨ ਜਪੇ ਭੂਲ, ਤਿਸ ਭੁਲੜੇ ਰਾਹ ਦਏ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਨਾਮ ਵਡਿਆਇਆ । ਹਰਿ ਕਾ ਨਾਮ ਸਦਾ ਅੱਡ, ਵੱਖਰੀ ਧਾਰ ਚਲਾਇੰਦਾ । ਹਰਿ ਕਾ ਨਾਮ ਵਸੇ ਉਪਰ ਸ਼ਾਹ ਰਗ, ਨੌਂ ਦੁਆਰੇ ਦਿਸ ਨਾ ਆਇੰਦਾ । ਹਰਿ ਕਾ ਨਾਮ ਹਰਿਜਨ ਬੱਧਾ ਸਾਚਾ ਤਗ, ਧੀਰਜ ਜਤ ਇਕ ਵਖਾਇੰਦਾ । ਹਰਿ ਕਾ ਨਾਮ ਪਰਦਾ ਲਏ ਕੱਜ, ਢਾਕਣ ਕੋ ਪਤ ਖੇਲ ਵਖਾਇੰਦਾ । ਹਰਿ ਕਾ ਨਾਮ ਸਚ ਨਗਾਰਾ ਜਾਏ ਵੱਜ, ਤਾਲ ਤਲਵਾੜਾ ਨਾ ਕੋਇ ਰਖਾਇੰਦਾ । ਹਰਿ ਕਾ ਨਾਮ ਗੁਰਮੁਖ ਸਕੇ ਨਾ ਕੋਇ ਛੱਡ, ਜਿਸ ਜਨ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ

ਚੁਰਾਸੀ ਚੁੱਕੇ ਡਰ, ਜਿਸ ਜਨ ਆਪਣਾ ਨਾਮ ਜਪਾਇੰਦਾ । ਨਾਮ ਜਪਿਆ ਜਪਾਇਆ ਜਪਤ, ਜਪਤ ਸੁਖ ਪਾਇਆ । ਜਨਮ ਜਨਮ ਦੀ ਮੇਟੇ ਤਪਤ, ਤ੍ਰਿਸ਼ਨਾ ਭੁੱਖ ਗਵਾਇਆ । ਕਰੇ ਪੁਨੀਤ ਪਾਪੀ ਪਤਿਤ, ਪਤਿਤ ਉਧਾਰਨ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਾਏ ਬੂੰਦ ਰਕਤ, ਜਿਸ ਜਨ ਆਪਣੀ ਦਇਆ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਰੱਖੇ ਠੰਡੀ ਛਾਇਆ ।

## ★ ੧੩ ਮਾਘ ੨੦੧੮ ਬਿਕਰਮੀ ਬੀਬੀ ਦੀਪੋ ਦੇ ਘਰ ਦੋਸਤ ਪੁਰਾ ★

ਯਾਰੜੇ ਦਾ ਸੱਥਰ ਚੰਗੇਰਾ, ਮਿਲੇ ਮਾਣ ਵਡਿਆਈਆ । ਨਾ ਚੰਦ ਨਾ ਕੋਇ ਅੰਧੇਰਾ, ਏਕਾ ਨੂਰ ਸਮਾਈਆ । ਨਾ ਦੂਰ ਨਾ ਵਸੇ ਨੇੜਾ, ਘਰ ਬੈਠਾ ਸਹਿਜ ਸੁਭਾਈਆ । ਝੂਠਾ ਦਿਸੇ ਭਠ ਖੇੜਾ, ਤਨ ਮਾਟੀ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੱਥਰ ਇਕ ਸਮਝਾਈਆ । ਸਾਚਾ ਸੱਥਰ ਹਰਿ ਨਿਰੰਕਾਰ, ਏਕਾ ਏਕ ਮਨਾਇਆ । ਗੁਰ ਅਵਤਾਰ ਮੰਗਣ ਵਾਰੋ ਵਾਰ, ਜੁਗ ਜੁਗ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਏਕਾ ਓਟ ਰਖਾਇਆ । ਚਰਨ ਕਵਲ ਦੇ ਅਧਾਰ, ਸਚ ਸ਼ਰਨ ਸ਼ਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੱਥਰ ਇਕ ਬਣਾਇਆ । ਸਾਚਾ ਸੱਥਰ ਚਰਨ ਕਵਲ, ਕਵਲ ਚਰਨ ਚਰਨ ਕਵਲ ਮਿਲੇ ਵਡਿਆਈਆ । ਮਿਲੇ ਵਡਿਆਈ ਉਪਰ ਧਵਲ, ਜਿਸ ਜਨ ਆਪਣੀ ਤਨ ਸੇਜ ਹੇਠ ਵਛਾਈਆ । ਉਪਰ ਬਹੇ ਨਿਰਾਕਾਰ ਸਾਂਵਲ ਸਵਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਸੱਥਰ ਆਪਣਾ ਆਪ ਵਖਾਈਆ । ਸਾਚਾ ਸੱਥਰ ਲੱਗੇ ਚੰਗਾ, ਜਿਸ ਜਨ ਬੂਝ ਬੁਝਾਇੰਦਾ । ਰੂਪ ਰੇਖ ਨਾ ਕੋਇ ਰੰਗਾ, ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦਿ ਇਕ ਅਨੰਦਾ, ਅਨੰਦ ਅਨੰਦ ਵਖਾਇੰਦਾ । ਵੱਜੇ ਤਾਲ ਬਣ ਸਾਰੰਗੀ ਸਰੰਗਾ, ਏਕਾ ਰਾਗ ਅਲਾਇੰਦਾ । ਕਰੇ ਪ੍ਰਕਾਸ਼ ਬਿਨ ਸੂਰਜ ਚੰਦਾ, ਨੂਰ ਨੁਰਾਨਾ ਡਗਮਗਾਇੰਦਾ । ਆਪੇ ਤੋਰ ਆਪੇ ਪੰਧਾ, ਆਪੇ ਇਸਮ ਇਸਮ ਨਾਲ ਮਿਲਾਇੰਦਾ । ਆਪੇ ਆਜ਼ਮ ਹੋਏ ਬਖ਼ਸ਼ੰਦਾ, ਆਪੇ ਸੱਥਰ ਹੇਠ ਸੁਹਾਇੰਦਾ । ਆਪ ਮਿਟਾਏ ਸਗਲੀ ਚਿੰਦਾ, ਸੁਖ ਸਾਂਤਕ ਆਪ ਪ੍ਰਗਟਾਇੰਦਾ । ਆਪੇ ਹੋਏ ਗਹਿਰ ਗੰਭੀਰ ਗੁਣੀ ਗਹਿੰਦਾ, ਆਪੇ ਗੋਬਿੰਦ ਮੇਲ ਮਿਲਾਇੰਦਾ । ਆਪੇ ਗੋਬਿੰਦ ਧਾਰ ਸਾਗਰ ਸਿੰਧਾ, ਅੰਮ੍ਰਿਤ ਪਿਆਲਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੱਥਰ ਇਕ ਬਣਾਇੰਦਾ । ਸਾਚਾ ਸੱਥਰ ਸਾਚੀ ਸੇਵ, ਸੋ ਪੁਰਖ ਨਿਰੰਜਣ ਆਪ ਬਣਾਈਆ । ਨੂਰੀ ਜਲਵਾ ਨੂਰੀ ਤੇਜ, ਨੂਰ ਨੁਰਾਨਾ ਰਿਹਾ ਵਖਾਈਆ । ਸ਼ਬਦ ਅਗੰਮੀ ਏਕਾ ਭੇਜ, ਧੁਰ ਫ਼ਰਮਾਣਾ ਦਏ ਸੁਣਾਈਆ । ਬਿਨ ਨੇਤਰਾਂ ਰਿਹਾ ਵੇਖ, ਪਾਰਬ੍ਰਹਮ ਵਡੀ ਵਡਿਆਈਆ । ਆਦਿ ਅੰਤ ਵਟਾਏ ਭੇਖ, ਭੇਖ ਅਵੱਲੜਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੱਥਰ ਇਕ ਵਡਿਆਈਆ । ਸਾਚਾ ਸੱਥਰ ਏਕਾ ਧਾਰ, ਹਰਿ ਧਾਰੀ ਧਾਰ ਰੰਗਾਇੰਦਾ । ਕਿਸੇ ਦਿਸ ਨਾ ਆਏ ਵਿਚ ਸੰਸਾਰ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਇੰਦਾ । ਗੋਬਿੰਦ ਵੇਖਿਆ ਏਕਾ

ਵਾਰ, ਏਕਾ ਘਰ ਖ਼ੁਸ਼ੀ ਰਖਾਇੰਦਾ । ਨਾਤਾ ਤੁਟਾ ਸਰਬ ਸੰਸਾਰ, ਮਾਤ ਪਿਤ ਪੂਤ ਮੋਹ ਨਾ ਕੋਇ ਵਖਾਇੰਦਾ । ਏਕਾ ਮੰਗ ਮੰਗੀ ਦਰਬਾਰ, ਦੋਏ ਜੋੜ ਸੀਸ ਝੁਕਾਇੰਦਾ । ਕਿਰਪਾ ਕਰ ਮੇਰੇ ਨਿਰੰਕਾਰ, ਮੈਂ ਇਕੋ ਓਟ ਰਖਾਇੰਦਾ । ਸੱਥਰ ਚੰਗਾ ਤੇਰੇ ਪਿਆਰ, ਜਗਤ ਸੇਜ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਸਾਚਾ ਸੱਥਰ ਹੋਇਆ ਸੋਹਣਾ, ਹਰਿ ਸੋਹਣਾ ਰੂਪ ਵਟਾਇਆ । ਨਿਰਗੁਣ ਸਰਗੁਣ ਮਿਲਿਆ ਮੋਹਣਾ, ਮੋਹ ਮੋਹ ਆਪਣੇ ਨਾਲ ਮਿਲਾਇਆ । ਪਿਛਲਾ ਲੇਖਾ ਜਿਸ ਨੇ ਧੋਣਾ, ਅੱਗੇ ਰਾਹ ਚਲਾਇਆ । ਸਾਚੇ ਸੱਥਰ ਤੇਰਾ ਵੇਖੇ ਚਾਰੋਂ ਕੋਨਾ, ਚਾਰੋਂ ਜੁਗ ਫੋਲ ਫੁਲਾਇਆ । ਜਿਸ ਅੱਗੇ ਗੋਬਿੰਦ ਸੋਹਣਾ, ਸੋ ਪੁਰਖ ਨਿਰੰਜਣ ਆਪ ਸੁਹਾਇਆ । ਚੜ੍ਹ ਕੇ ਸੇਜ ਕਦੇ ਨਾ ਸੌਣਾ, ਚਿੰਤਾ ਦੁੱਖ ਨਾ ਕੋਇ ਰਖਾਇਆ । ਪੁਰਖ ਅਕਾਲ ਏਕਾ ਗਾਉਣਾ, ਵਾਹ ਵਾਹ ਵੱਜਦੀ ਰਹੇ ਵਧਾਇਆ । ਦੇਵੇ ਸੁਨੇਹੁੜਾ ਉਨਿੰਜਾ ਪਵਣਾ, ਪਵਣ ਪਵਣਾਂ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੱਥਰ ਇਕ ਰਖਾਇਆ । ਸਾਚਾ ਸੱਥਰ ਕਰ ਤਿਆਰ, ਤ੍ਰੈਗੁਣ ਅਤੀਤਾ ਖੇਲ ਕਰਾਈਆ । ਗੋਬਿੰਦ ਸੁਣ ਤੇਰੀ ਪੁਕਾਰ, ਗੋਬਿੰਦ ਆਪਣੀ ਖ਼ੁਸ਼ੀ ਮਨਾਈਆ । ਕਰਾਂ ਖੇਲ ਅਪਰ ਅਪਾਰ, ਭੇਵ ਕੋਇ ਨਾ ਪਾਈਆ । ਬਾਡੀ ਬਣਾ ਬਣ ਤਰਖਾਣ, ਸਾਚੀ ਘਾੜਤ ਲਵਾਂ ਘੜਾਈਆ । ਨਿਰਗੁਣ ਰੂਪ ਹੋ ਸ੍ਰੀ ਭਗਵਾਨ, ਲੋਕਮਾਤ ਫੇਰਾ ਪਾਈਆ । ਤੇਰੀ ਸੂਲਾਂ ਸੇਜ ਕਰ ਪਰਵਾਨ, ਆਪ ਆਪਣੇ ਅੰਗ ਲਗਾਈਆ । ਤੇਰੇ ਅੰਤਰ ਮਾਰ ਧਿਆਨ, ਆਪਣਾ ਪਰਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੱਥਰ ਦਏ ਵਿਛਾਈਆ । ਸਾਚਾ ਸੱਥਰ ਵਿਛੇ ਵਛੌਣਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਨਿਰਗੁਣ ਨਿਰਗੁਣ ਜਾਮਾ ਪਾਉਣਾ, ਜੋਤੀ ਜੋਤ ਜੋਤ ਵੇਸ ਵਟਾਇੰਦਾ । ਪਲੰਘ ਰੰਗੀਲਾ ਇਕ ਵਖਾਉਣਾ, ਪਾਵਾ ਚੂਲ ਨਾ ਕੋਇ ਰਖਾਇੰਦਾ । ਤਖ਼ਤ ਨਿਵਾਸੀ ਤਖ਼ਤ ਸੁਹਾਉਣਾ, ਸਾਚਾ ਤਖ਼ਤ ਆਪ ਬਣਾਇੰਦਾ । ਜਿਸ ਸੇਜ ਉਤੇ ਗੋਬਿੰਦ ਸੁਵਾਉਣਾ, ਸੋ ਸੇਜ ਨਾ ਕਿਸੇ ਵਖਾਇੰਦਾ । ਸੱਥਰ ਹੰਢਾਇਆ ਲੇਖੇ ਲਾਉਣਾ, ਯਾਰ ਯਾਰੀ ਨਾਲ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਸੱਥਰ ਰੱਖੇ ਚੰਗਾ, ਆਦਿ ਜੁਗਾਦਿ ਨਾ ਹੋਏ ਮੰਦਾ, ਮੰਦ ਵਾਸਨਾ ਨਾ ਕੋਇ ਰਖਾਇੰਦਾ ।



### ★ ੧੩ ਮਾਘ ੨੦੧੮ ਬਿਕਰਮੀ ਗੁਰਮੁਖ ਸਿੰਘ ਦੇ ਗ੍ਰਿਹਿ ਪਿੰਡ ਸ਼ੇਨ ਜ਼ਿਲਾ ਗੁਰਦਾਸਪੁਰ ★

ਸਚਖੰਡ ਖੇਲ ਮਹਾਨ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਤਖ਼ਤ ਨਿਵਾਸੀ ਸ਼ਾਹ ਸੁਲਤਾਨ, ਸਾਚੇ ਤਖ਼ਤ ਸੋਭਾ ਪਾਇੰਦਾ । ਧੁਰ ਫ਼ਰਮਾਣਾ ਹੁਕਮਰਾਨ, ਏਕਾ ਏਕ ਜਣਾਇੰਦਾ । ਪੰਚਮ ਉਠੋ ਨੌਜਵਾਨ, ਏਕਾ ਰੰਗ ਵਖਾਇੰਦਾ । ਚਰਨ ਕਵਲ ਕਰੋ ਧਿਆਨ, ਸ਼ਰਨ ਸ਼ਰਨਾਈ ਇਕ ਸਮਝਾਇੰਦਾ । ਵਿਸ਼ਨੂੰ ਲੇਖਾ ਚੁੱਕੇ ਆਣ, ਭਗਵਨ ਆਪਣੀ ਝੋਲੀ ਪਾਇੰਦਾ । ਬ੍ਰਹਮੇ ਅੰਤਮ ਆਏ ਹਾਨ, ਵੇਲਾ ਵਕਤ ਚੁਕਾਇੰਦਾ । ਸ਼ੰਕਰ ਮੁਕੇ ਜਗਤ ਸ਼ਾਨ, ਹਰਿ ਸਾਚਾ ਆਪ ਮਿਟਾਇੰਦਾ । ਸੁਰਪਤ ਇੰਦ ਹੋਏ ਵੈਰਾਨ, ਥਿਰ ਕੋਇ ਰਹਿਣ ਨਾ ਪਾਇੰਦਾ । ਧਰੂ ਅੰਤ ਕਰੇ ਕਲਿਆਣ, ਪ੍ਰਭ ਅੱਗੇ ਸੀਸ ਝੁਕਾਇੰਦਾ । ਬਲ ਬਾਵਨ ਖੇਲ ਖੇਲ ਮਹਾਨ, ਬਲ ਆਪਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਚਖੰਡ ਸਾਚੀ ਕਾਰ ਕਮਾਇੰਦਾ । ਸਚਖੰਡ ਬੈਠ ਸ੍ਰੀ ਭਗਵਾਨ, ਆਪਣੀ ਖੇਲ ਕਰਾਈਆ । ਮੁਰਸ਼ਦ ਮੁਰੀਦ ਦੇਵਾਂ ਬਾਨ, ਸ਼ਹਿਨਸ਼ਾਹ ਬੇਪਰਵਾਹੀਆ । ਸਚ ਸੰਦੇਸ਼ ਇਕ ਫ਼ਰਮਾਣ, ਏਕਾ ਵਾਰ ਸੁਣਾਈਆ । ਆਦਿ ਜੁਗਾਦੀ ਸਚ ਨਿਸ਼ਾਨ, ਸਾਚਾ ਹੱਥ ਰਖਾਈਆ । ਪੰਚਾਂ ਦੇਵੇ ਏਕਾ ਦਾਨ, ਏਕਾ ਵਸਤ ਝੋਲੀ ਪਾਈਆ । ਏਕਾ ਸ਼ਬਦ ਇਕ ਕਾਨ, ਏਕਾ ਘਰ ਵਖਾਈਆ । ਏਕਾ ਇਸ਼ਟ ਸ੍ਰੀ ਭਗਵਾਨ, ਏਕਾ ਨੂਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਈਆ । ਸਚਖੰਡ ਸਚ ਮਹੱਲਾ, ਹਰਿ ਸਾਚਾ ਸਚ ਸੁਹਾਇੰਦਾ । ਨਿਰਗੁਣ ਨਿਰਵੈਰ ਇਕ ਇਕੱਲਾ, ਪੁਰਖ ਅਬਿਨਾਸ਼ੀ ਸੋਭਾ ਪਾਇੰਦਾ । ਜੋਤੀ ਜੋਤ ਆਪੇ ਰਲਾ, ਨੂਰ ਨੁਰਾਨਾ ਡਗਮਗਾਇੰਦਾ । ਪੰਚਮ ਫੜੇ ਆਪਣਾ ਪੱਲਾ, ਪੰਚਮ ਮੋਹ ਵਧਾਇੰਦਾ । ਪੰਚਮ ਅੰਦਰ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਆਪਣੀ ਖੇਲ ਕਰਾਇੰਦਾ । ਸਚਖੰਡ ਨਿਵਾਸੀ ਏਕੰਕਾਰਾ, ਅਕਲ ਕਲਾ ਵਡਿਆਈਆ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਆਈਆ । ਹੁਕਮੀ ਹੁਕਮ ਹੁਕਮ ਵਰਤਾਰਾ, ਆਪ ਆਪਣਾ ਹੁਕਮ ਸਮਝਾਈਆ । ਪੰਚਮ ਦੇਵੇ ਇਕ ਸਹਾਰਾ, ਏਕਾ ਓਟ ਜਣਾਈਆ । ਏਕਾ ਮੰਦਰ ਉਚ ਮਨਾਰਾ, ਮਹੱਲ ਅਟੱਲ ਵਡਿਆਈਆ । ਨਿਰਗੁਣ ਦੀਆ ਬਾਤੀ ਕਰ ਉਜਿਆਰਾ, ਨੂਰ ਨੁਰਾਨਾ ਕਰ ਰੁਸ਼ਨਾਈਆ । ਕਮਲਾਪਾਤੀ ਖੇਲ ਅਪਾਰਾ, ਅਪਰੰਪਰ ਧਾਰ ਚਲਾਈਆ । ਵੇਖੇ ਵਿਗਸੇ ਵੇਖਣਹਾਰਾ, ਆਪ ਆਪਣਾ ਭਾਉ ਚੁਕਾਈਆ । ਰਾਗੀ ਨਾਦੀ ਵਸੇ ਬਾਹਿਰਾ, ਬੇਅੰਤ ਵਡੀ ਵਡਿਆਈਆ । ਬੋਧ ਅਗਾਧੀ ਖੇਲ ਨਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਸਾਚਾ ਦੁਆਰਾ, ਧੁਰ ਦਰਬਾਰੀ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਹੋ ਤਿਆਰਾ, ਨਿਰਗੁਣ ਆਸਣ ਲਾਇੰਦਾ । ਹਰਿ ਪੁਰਖ ਨਿਰੰਜਣ ਆਪੇ ਜਾਣੇ ਆਪਣੀ ਕਾਰਾ, ਕਰਨੀ ਕਿਰਤ ਆਪ ਕਮਾਇੰਦਾ । ਏਕੰਕਾਰਾ ਕਰ ਪਸਾਰਾ, ਆਪਣੀ ਧਾਰਾ ਆਪ ਚਲਾਇੰਦਾ । ਆਦਿ ਨਿਰੰਜਣ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜਾ, ਗ੍ਰਿਹ ਮੰਦਰ ਸੋਭਾ ਪਾਇੰਦਾ । ਸ੍ਰੀ ਭਗਵਾਨ ਸਤਿ ਹੁਲਾਰਾ, ਸਤਿ ਸਤਿਵਾਦੀ ਆਪ ਹਲਾਇੰਦਾ । ਪਾਰਬ੍ਰਹਮ ਕਰੇ ਖੇਲ ਅਪਰ ਅਪਾਰਾ, ਆਪਣਾ ਰਾਹ ਆਪ ਚਲਾਇੰਦਾ । ਪੰਚਮ ਮੇਲਾ ਏਕਾ ਵਾਰਾ, ਏਕਾ ਮਾਣ ਰਖਾਇੰਦਾ । ਗੁਰਮੁਖ ਦੇਵੇ ਸਚ ਦੁਆਰਾ, ਸਚ ਮਹੱਲ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਸਣਹਾਰਾ ਸਚ ਘਰ, ਸਚ ਘਰ ਸਚਖੰਡ ਦੁਆਰ ਆਪ ਸੁਹਾਇੰਦਾ । ਸਚਖੰਡ ਦੁਆਰਾ ਦੀਪਕ ਜੋਤ, ਏਕਾ ਏਕ ਜਗਾਈਆ । ਆਪੇ ਵਸਿਆ ਸਾਚੇ ਕੋਟ, ਸਾਚੇ ਬੰਕ ਵਡਿਆਈਆ । ਆਪੇ ਪੰਜਾਂ ਦੇਵੇ ਓਟ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਗੁਣ ਆਪ ਸਮਝਾਈਆ । ਸਾਚਾ ਗੁਣ ਹਰਿ ਨਿਰੰਕਾਰ, ਆਪਣਾ ਆਪ ਜਣਾਇੰਦਾ । ਪਹਿਲਾ ਲੇਖਾ ਮੁੱਕੇ ਸਰਬ ਸੰਸਾਰ, ਬਾਕੀ ਕੋਇ ਰਹਿਣ ਨਾ ਪਾਇੰਦਾ । ਜੁਗ ਚੌਕੜੀ ਬੀਤੇ ਕਾਲ, ਕੋਟੀ ਕੋਟ ਰੂਪ ਵਟਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਗੁਰ ਗੁਰ ਵੇਸ ਵਟਾਇੰਦਾ । ਬੋਧ ਅਗਾਧ ਬੋਲ ਜੈਕਾਰ, ਸ਼ਬਦੀ ਨਾਦ ਵਜਾਇੰਦਾ । ਆਤਮ ਪਰਮਾਤਮ ਦਏ ਅਧਾਰ, ਜੀਵ ਜੰਤ ਸਮਝਾਇੰਦਾ । ਰਾਤੀ ਰੁੱਤੀ ਥਿਤੀ ਵਾਰ, ਬਰਸ ਮਾਸ ਰੁੱਤ ਸੁਹਾਇੰਦਾ । ਕਾਗਦ ਕਲਮ ਕਰ ਪਿਆਰ,

ਲਿਖ ਲਿਖ ਲੇਖ ਜਣਾਇੰਦਾ । ਕਾਇਆ ਬਸਤਰ ਤਨ ਸ਼ਿੰਗਾਰ, ਸਰਗੁਣ ਰੰਗ ਚੜ੍ਹਾਇੰਦਾ । ਸਰ ਸਰੋਵਰ ਤੱਟ ਤੀਰਥ ਕਿਨਾਰ, ਜਲ ਥਲ ਮਹੀਅਲ ਡੇਰਾ ਲਾਇੰਦਾ । ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਰਿਖ ਮੁਨ ਆਪ ਭੁਆਇੰਦਾ । ਸਮੁੰਦ ਸਾਗਰ ਡੂੰਘੀ ਗਾਰ, ਗਹਿਰ ਗੰਭੀਰ ਖੇਲ ਕਰਾਇੰਦਾ । ਏਕਾ ਸ਼ਬਦ ਨਾਦ ਧੁਨਕਾਰ, ਆਦਿ ਜੁਗਾਦੀ ਆਪ ਵਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਭਰ ਭੰਡਾਰ, ਤ੍ਰੈਗੁਣ ਮੇਲਾ ਜੋੜ ਜੁੜਾਇੰਦਾ । ਪੰਜ ਤੱਤ ਤੱਤ ਅਖਾੜ, ਆਪ ਆਪਣਾ ਨਾਚ ਨਚਾਇੰਦਾ । ਮਨ ਮਤ ਬੁਧ ਦਏ ਅਧਾਰ, ਨਿਰਗੁਣ ਸਰਗੁਣ ਝੋਲੀ ਪਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਕਰ ਤਿਆਰ, ਖਾਣੀ ਬਾਣੀ ਨਾਲ ਮਿਲਾਇੰਦਾ । ਪਰਾ ਪਸੰਤੀ ਮਧਮ ਬੈਖ਼ਰੀ ਧਾਰ, ਵਰਨ ਵਰਨੀ ਝੋਲੀ ਪਾਇੰਦਾ । ਖੇਲੇ ਖੇਲ ਅਗੰਮ ਅਪਾਰ, ਏਕਾ ਅੱਖਰ ਆਪ ਧਰਾਇੰਦਾ । ਬ੍ਰਹਮਾ ਵੇਤਾ ਕਰ ਤਿਆਰ, ਚਾਰੇ ਵੇਦ ਮੁਖ ਸਾਲਾਹਿੰਦਾ । ਸ਼ਾਸਤਰ ਸਿਮਰਤ ਕਰ ਤਿਆਰ, ਵੇਦ ਪੁਰਾਨਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਸਭ ਸਮਝਾਇੰਦਾ । ਪਿਛਲਾ ਲੇਖਾ ਦੇਵੇ ਦੱਸ, ਪੰਚਮ ਮਾਣ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੈਂਡਾ ਮੁਕਿਆ ਨੱਸ ਨੱਸ, ਪਾਂਧੀ ਆਪਣਾ ਪੰਧ ਮੁਕਾਈਆ । ਕਰ ਪ੍ਰਕਾਸ਼ ਥੱਕੇ ਰਵ ਸਸ, ਜਗਤ ਅੰਧੇਰ ਨਾ ਕੋਇ ਗਵਾਈਆ । ਗੁਰ ਅਵਤਾਰ ਗਏ ਥੱਕ ਥੱਕ, ਲੋਕਮਾਤ ਕਰ ਪੜ੍ਹਾਈਆ । ਪੀਰ ਪੈਗੰਬਰ ਖੋਲ੍ਹ ਹੱਟ, ਜਗਤ ਵਣਜ ਗਏ ਕਰਾਈਆ । ਅੰਤਮ ਸਭ ਦਾ ਲੇਖਾ ਪਿਆ ਖ਼ਾਤ, ਖ਼ਾਤਾ ਕੋਇ ਨਾ ਫੇਰ ਵਖਾਈਆ । ਕਲਜੁਗ ਆਈ ਅੰਧੇਰੀ ਰਾਤ, ਨੂਰ ਨੂਰ ਨਾ ਕੋਇ ਰੁਸ਼ਨਾਈਆ । ਲੱਖ ਚੁਰਾਸੀ ਲੱਭੇ ਨਾ ਕੋਇ ਵਾਟ, ਨੌਂ ਖੰਡ ਪ੍ਰਿਥਮੀ ਦਏ ਦੁਹਾਈਆ । ਸੱਤਾਂ ਦੀਪਾਂ ਤੁੱਟਾ ਨਾਤ, ਨਾਤਾ ਬਿਧਾਤਾ ਨਾ ਕੋਇ ਜੁੜਾਈਆ । ਨਾ ਕੋਈ ਪਿਤਾ ਨਾ ਕੋਈ ਮਾਤ, ਸਾਚਾ ਪੂਤ ਨਾ ਗੋਦ ਸੁਹਾਈਆ । ਸ੍ਰਿਸ਼ਟ ਸਬਾਈ ਲੁੱਟੀ ਜ਼ਾਤ ਪਾਤ, ਆਤਮ ਬ੍ਰਹਮ ਨਾ ਕੋਇ ਵਖਾਈਆ । ਈਸ਼ ਜੀਵ ਕਰਨ ਘਾਤ, ਹੱਥ ਛੁਰੀ ਜਗਤ ਕਸਾਈਆ । ਚਾਰੋਂ ਕੁੰਟ ਪੜ੍ਹ ਪੜ੍ਹ ਗਾਥ, ਰਸਨਾ ਜਿਹਵਾ ਕਰੀ ਹਲਕਾਈਆ । ਹਰਿ ਜੂ ਦਿਸੇ ਕਿਸੇ ਨਾ ਸਾਥ, ਬੈਠਾ ਮੁਖ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜਾਂ ਖੇਲ ਰਿਹਾ ਖਲਾਈਆ । ਪੰਜੇ ਨੈਣ ਖੋਲ੍ਹੋ ਲਓ ਤੱਕ, ਹਰਿ ਜੂ ਆਖ ਸੁਣਾਇਆ । ਲੱਖ ਚੁਰਾਸੀ ਭਾਂਡਾ ਸਖ, ਹਰਿ ਕਾ ਨਾਮ ਨਾ ਕੋਇ ਵਖਾਇਆ । ਮਨ ਸੁਆਨ ਰਿਹਾ ਲਕ, ਜੂਠ ਝੂਠ ਮੁਖ ਧਰਾਇਆ । ਕਾਇਆ ਅੰਦਰ ਰੱਖਿਆ ਢਕ, ਦਿਸ ਕਿਸੇ ਨਾ ਆਇਆ । ਕੂੜੀ ਕਿਰਿਆ ਵਿਕਿਆ ਹੱਟ, ਸਾਚਾ ਵਣਜ ਨਾ ਕੋਇ ਕਰਾਇਆ । ਮਾਇਆ ਮਮਤਾ ਲੱਗਾ ਫਟ, ਦਵੈਤੀ ਪਰਦਾ ਨਾ ਕੋਇ ਉਠਾਇਆ । ਕਰ ਕਰ ਖੇਲ ਬਾਜੀਗਰ ਨਟ, ਕਲਜੁਗ ਆਪਣਾ ਸਵਾਂਗ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਏਕਾ ਰਾਹ ਜਣਾਇਆ । ਪੰਚਮ ਏਕਾ ਰਾਹ ਜਣਾਇੰਦਾ, ਕਰ ਕਿਰਪਾ ਗੁਣ ਨਿਧਾਨ । ਚਾਰ ਜੁਗ ਦੀ ਕੀਤੀ ਆਪ ਵਖਾਇੰਦਾ, ਲੋਕਮਾਤ ਵੇਖ ਮਾਰ ਧਿਆਨ । ਚਾਰ ਯਾਰੀ ਪੰਧ ਮੁਕਾਇੰਦਾ, ਚਾਰੋਂ ਕੁੰਟ ਆਏ ਹਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਫ਼ਰਮਾਣ । ਧੁਰ ਫ਼ਰਮਾਣਾ ਸਤਿ ਸੰਦੇਸ਼ਾ, ਹਰਿ ਸਤਿਗੁਰ ਆਪ ਜਣਾਇੰਦਾ । ਇਕੋ ਭੂਪ ਇਕ ਨਰੇਸ਼ਾ, ਰਾਜ ਰਾਜਾਨ ਇਕ ਅਖਵਾਇੰਦਾ । ਇਕੋ ਠਾਕਰ ਇਕ ਆਦੇਸ਼ਾ, ਏਕਾ ਨਿਉਂ ਨਿਉਂ ਸੀਸ ਝੁਕਾਇੰਦਾ । ਏਕਾ ਨੂਰ ਏਕਾ ਵੇਸਾ, ਏਕਾ ਘਰ ਸੁਹਾਇੰਦਾ । ਏਕਾ ਲੇਖ ਏਕਾ ਲੇਖਾ, ਲਿਖਣਹਾਰ ਇਕ ਹੋ ਜਾਇੰਦਾ ।

ਏਕਾ ਕਰਨੀ ਏਕਾ ਪੇਸ਼ਾ, ਏਕਾ ਕਿਰਤ ਕਮਾਇੰਦਾ । ਏਕਾ ਵਸੇ ਸਾਚੇ ਦੇਸ਼ਾ, ਘਰ ਸਾਚਾ ਆਪ ਸੁਹਾਇੰਦਾ । ਏਕਾ ਉਪਜਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਸਾਚੇ ਧੰਦੇ ਲਾਇੰਦਾ । ਏਕਾ ਪਾਏ ਭਰਮ ਭੁਲੇਖਾ, ਵਲ ਛਲ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਆਪ ਸਮਝਾਇੰਦਾ । ਏਕਾ ਏਕ ਏਕੰਕਾਰ, ਏਕਾ ਹੱਥ ਵਡਿਆਈਆ । ਏਕਾ ਕਰੇ ਸਰਬ ਪਸਾਰ, ਵੇਖੇ ਚਾਈਂ ਚਾਈਂਆ । ਏਕਾ ਸ਼ਬਦ ਨਾਦ ਧੁਨਕਾਰ, ਏਕਾ ਰਾਗ ਰਾਗ ਅਲਾਈਆ । ਏਕਾ ਅੰਮ੍ਰਿਤ ਠੰਡਾ ਠਾਰ, ਸਰ ਸਰੋਵਰ ਇਕ ਸਮਾਈਆ । ਏਕਾ ਗੁਰ ਪੀਰ ਅਵਤਾਰ, ਪੀਰ ਪੈਗ਼ੰਬਰ ਇਕ ਵਡਿਆਈਆ । ਏਕਾ ਖਾਣੀ ਬਾਣੀ ਪਾਵੇ ਸਾਰ, ਏਕਾ ਕਰੇ ਸਚ ਪੜ੍ਹਾਈਆ । ਏਕਾ ਅਵਣੀ ਗਵਣੀ ਫਿਰੇ ਅਗੰਮ ਅਪਾਰ, ਤ੍ਰੈਭਵਣ ਧਨੀ ਵੇਸ ਵਟਾਈਆ । ਏਕਾ ਵਸੇ ਮਹੱਲ ਅਟਾਰ, ਸਾਚੇ ਮੰਦਰ ਸੋਭਾ ਪਾਈਆ । ਏਕਾ ਖੇਲ ਕਰੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਸਮਝਾਈਆ । ਏਕਾ ਲੇਖਾ ਲਿਖਣਹਾਰਾ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਰੂਪ ਧਰੇ ਨਿਆਰਾ, ਭੇਵ ਕੋਇ ਨਾ ਪਾਇਆ । ਨਿਰਗੁਣ ਸਰਗੁਣ ਦਏ ਆਧਾਰਾ, ਸਾਚੀ ਸਿਖਿਆ ਇਕ ਸਮਝਾਇਆ । ਨਾਮ ਵਸਤ ਸਤਿ ਭੰਡਾਰਾ, ਪੁਰਖ ਅਕਾਲ ਆਪ ਵਰਤਾਇਆ । ਗੁਰ ਗੁਰ ਰੂਪ ਸੇਵਾਦਾਰਾ, ਬਣ ਸੇਵਕ ਸੇਵ ਕਮਾਇਆ । ਭਗਤ ਖੁਲ੍ਹਾਏ ਬੰਦ ਕਿਵਾੜਾ, ਆਪ ਆਪਣਾ ਪਰਦਾ ਲਾਹਿਆ । ਸੰਤਨ ਦੇਵੇ ਇਕ ਸਹਾਰਾ, ਸਿਰ ਆਪਣਾ ਹੱਥ ਟਿਕਾਇਆ । ਗੁਰਮੁਖ ਦੇਵੇ ਸਤਿ ਦੀਦਾਰਾ, ਨੇਤਰ ਲੋਚਣ ਨੈਣ ਜਣਾਇਆ । ਗੁਰਸਿਖ ਕਰੇ ਪਨਿਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਜਣਾਇਆ । ਪੂਰਬ ਲੇਖਾ ਜੁਗ ਚਾਰ, ਕੋਟਨ ਕੋਟ ਜੁਗ ਚੌਕੜੀ ਬੀਤ ਬਿਤਾਈਆ । ਨਾਨਕ ਨਿਰਗੁਣ ਪਾਵੇ ਸਾਰ, ਛੱਤੀ ਛੱਤੀ ਭੇਵ ਖੁਲ੍ਹਾਈਆ । ਛੱਤੀ ਲੇਖਾ ਧੰਦੂਕਾਰ, ਛੱਤੀ ਛੱਤੀ ਆਪਣੀ ਗੋਦ ਸੁਹਾਈਆ । ਛੱਤੀ ਰਾਗ ਦਏ ਆਧਾਰ, ਏਕਾ ਦੂਆ ਕਰ ਪਿਆਰ, ਬਹੱਤਰ ਨਾੜ ਵੱਜੇ ਸਿਤਾਰ, ਤਨ ਮਾਟੀ ਭੇਵ ਚੁਕਾਈਆ । ਏਕਾ ਜੋਤ ਨੂਰ ਉਜਿਆਰ, ਘਰ ਮੰਦਰ ਸੋਹੇ ਬੰਕ ਦੁਆਰ, ਗ੍ਰਿਹਿ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਲੇਖੇ ਵਿਚ ਸਮਾਈਆ । ਪੂਰਬ ਲੇਖਾ ਜਾਏ ਲੱਗ, ਹਰਿ ਸਾਚਾ ਆਪ ਲਗਾਇੰਦਾ । ਕਰੇ ਖੇਲ ਸੂਰਾ ਸਰਬੱਗ, ਨਿਰਗੁਣ ਆਪਣੀ ਜੋਤ ਜਗਾਇੰਦਾ । ਕਲਜੁਗ ਲੋਕਮਾਤ ਵਿਚੋਂ ਦੇਵੇ ਕੱਢ, ਏਕਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜਾਂ ਦੇਵੇ ਏਕਾ ਵਰ, ਏਕਾ ਸ਼ਬਦ ਸੁਣਾਇੰਦਾ । ਪੰਜੇ ਉਠ ਹੋਏ ਪਰਧਾਨ, ਆਪਣਾ ਬਲ ਰਖਾਇਆ । ਕਿਰਪਾ ਕਰ ਸ੍ਰੀ ਭਗਵਾਨ, ਏਕਾ ਤੇਰੀ ਓਟ ਰਖਾਇਆ । ਕਵਣ ਬਿਧ ਮੇਟੇਂ ਕੂੜ ਨਿਸ਼ਾਨ, ਲੋਕਮਾਤ ਕਰੇਂ ਸਫ਼ਾਇਆ । ਕਵਣ ਬਿਧ ਦੇਵੇਂ ਇਕ ਗਿਆਨ, ਲੱਖ ਚੁਰਾਸੀ ਦਏਂ ਪੜ੍ਹਾਇਆ । ਕਵਣ ਵਖਾਏਂ ਸਚ ਮਕਾਨ, ਘਰ ਮੰਦਰ ਸੋਭਾ ਪਾਇਆ । ਕਵਣ ਨੂਰ ਦਰਸਾਏਂ ਮਿਹਰਵਾਨ, ਨੂਰ ਨੁਰਾਨਾ ਕਰ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਇਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਕਲਜੁਗ ਅੰਤ ਖੇਲ ਕਰਾਂ ਮਹਾਨ, ਵੇਦ ਕਤੇਬ ਭੇਵ ਨਾ ਆਇੰਦਾ । ਲੇਖਾ ਜਾਣੇ ਨਾ ਕੋਇ ਗਿਆਨ, ਸੂਝ ਬੂਝ ਨਾ ਕੋਇ ਰਖਾਇੰਦਾ । ਅੰਤਰ ਵੇਖੇ ਨਾ ਕੋਇ ਮਾਰ ਧਿਆਨ, ਆਪ ਆਪਣਾ ਪਰਦਾ

੪੪੭
੧੧

ਪਾਇੰਦਾ । ਪ੍ਰਗਟ ਹੋਵਾਂ ਵਿਚ ਜਹਾਨ, ਨਿਰਗੁਣ ਨੂਰ ਨੂਰ ਧਰਾਇੰਦਾ । ਨਿਹਕਲੰਕ ਬਣ ਬਲੀ ਬਲਵਾਨ, ਆਪਣਾ ਬਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਹਰਿ ਜੂ ਦੱਸੇ, ਸਾਚੀ ਖ਼ੁਸ਼ੀ ਮਨਾਈਆ । ਪੰਜਾਂ ਨਾਲ ਬਹਿ ਬਹਿ ਹੱਸੇ, ਵੱਜੇ ਨਾਮ ਵਧਾਈਆ । ਤੀਰ ਨਿਰਾਲਾ ਏਕਾ ਕਸੇ, ਤਿੱਖੀ ਧਾਰ ਬਣਾਈਆ । ਗੁਰਮੁਖ ਲੱਖ ਚੁਰਾਸੀ ਵਿਚੋਂ ਕੱਢੇ ਫਸੇ, ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਪੰਜੇ ਉਠ ਕਰਨ ਅਰਦਾਸ, ਦੋਏ ਜੋੜ ਸੀਸ ਝੁਕਾਇਆ । ਆਪਣਾ ਭੇਵ ਦੱਸ ਖਾਸ, ਭੇਵ ਅਭੇਦਾ ਪਰਦਾ ਲਾਹਿਆ । ਕਿਸ ਬਿਧ ਸਾਨੂੰ ਸੱਦਿਆ ਪਾਸ, ਆਪਣਾ ਹੁਕਮ ਮਨਾਇਆ । ਪੰਜ ਤੱਤ ਕਾਇਆ ਚੋਲਾ ਕਰ ਕੇ ਆਏ ਨਾਸ, ਨਾਤਾ ਮੋਹ ਤੁੜਾਇਆ । ਤੇਰਾ ਮਿਲਿਆ ਸਤਿ ਪ੍ਰਕਾਸ਼, ਜੋਤੀ ਜੋਤ ਸਮਾਇਆ । ਅਸੀਂ ਬਹਿ ਗਏ ਬਣ ਕੇ ਦਾਸ, ਦਰ ਤੇਰੇ ਸੀਸ ਝੁਕਾਇਆ । ਤੇਰਾ ਮੰਡਲ ਵੇਖੀ ਰਾਸ, ਗੋਪੀ ਕਾਹਨ ਨਚਾਇਆ । ਤੂੰ ਸਾਡੀ ਕਰੀਂ ਪੂਰੀ ਆਸ, ਜਗਤ ਤ੍ਰਿਸ਼ਨਾ ਭੁੱਖ ਮਿਟਾਇਆ । ਚਰਨਾਂ ਹੇਠਾਂ ਦਿਤਾ ਪ੍ਰਿਥਮੀ ਆਕਾਸ਼, ਉਪਰ ਸਾਡਾ ਡੇਰਾ ਲਾਇਆ । ਤੇਰੀ ਮਹਿਮਾ ਪੁਰਖ ਅਬਿਨਾਸ਼, ਹਉਂ ਕਥ ਨਾ ਸਕੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਕਿਸ ਬਿਧ ਮੇਲਾ ਮੇਲ ਮਿਲਾਇਆ । ਮੇਲ ਮਿਲਾਇਆ ਕਵਣ ਧਾਰ, ਹਰਿ ਜੂ ਦੇ ਬਤਾਈਆ । ਸਤਿਜੁਗ ਤ੍ਰੇਤਾ ਦੁਆਪਰ ਸੇਵਾ ਕਰ ਕਰ ਆਏ ਗੁਰ ਅਵਤਾਰ, ਲੋਕਮਾਤ ਫੇਰਾ ਪਾਈਆ । ਪੀਰ ਪੈਗ਼ੰਬਰ ਤੈਨੂੰ ਕਹਿੰਦੇ ਰਹੇ ਸੱਚਾ ਯਾਰ, ਪਰਵਰਦਿਗਾਰ ਮੇਰਾ ਖ਼ੁਦਾਈਆ । ਐਨਲਹੱਕ ਸੁੱਤਾ ਪੈਰ ਪਸਾਰ, ਮੁਕਾਮੇ ਹੱਕ ਸੱਚਾ ਸ਼ਹਿਨਸ਼ਾਹੀਆ । ਸਾਨੂੰ ਤੇਰੇ ਤੇ ਪਿਆ ਸ਼ੱਕ, ਸਾਡਾ ਪਰਦਾ ਦੇ ਚੁਕਾਈਆ । ਕਿਸ ਬਿਧ ਆਏ ਤੇਰੇ ਹੱਟ, ਕਵਣ ਵਣਜ ਦਿਤਾ ਕਰਾਈਆ । ਸਾਨੂੰ ਪਿਛਲਾ ਲੇਖਾ ਭੁੱਲਿਆ ਝੱਟ, ਇਕ ਤੇਰਾ ਦਰਸ਼ਨ ਪਾਈਆ । ਸਰਨ ਸਰਨਾਈ ਗਏ ਢੱਠ, ਸਚਖੰਡ ਵੱਜੀ ਵਧਾਈਆ । ਤੇਰਾ ਨੂਰ ਲਟ ਲਟ, ਜੋਤੀ ਜੋਤ ਡਗਮਗਾਈਆ । ਤੇਰਾ ਨਾਮ ਅਗੰਮੀ ਸੱਟ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੰਚਮ ਢਹਿ ਪਏ ਸ਼ਰਨਾਈਆ । ਪੁਰਖ ਅਬਿਨਾਸ਼ੀ ਦੱਸੇ ਹਾਲ, ਪਿਛਲਾ ਭੇਵ ਖੁਲ੍ਹਾਇੰਦਾ । ਗੁਰਮੁਖ ਸੱਚਾ ਇਕੋ ਪਾਲ, ਪਾਲ ਪਲੋਸ ਆਪਣੀ ਸੇਵ ਲਗਾਇੰਦਾ । ਤੇਗ਼ ਹੇਠ ਘਾਲੀ ਘਾਲ, ਬਹਾਦਰ ਰੂਪ ਵਟਾਇੰਦਾ । ਅੰਤਮ ਰੱਖ ਕੇ ਗਿਆ ਇਕ ਸਵਾਲ, ਏਕਾ ਓਟ ਤਕਾਇੰਦਾ । ਮੇਰਾ ਕਿਛ ਨਹੀਂ ਤੇਰਾ ਪੁੱਤ ਗੋਬਿੰਦ ਲਾਲ, ਤੇਰੀ ਝੋਲੀ ਪਾਇੰਦਾ । ਤੂੰ ਏਥੇ ਓਥੇ ਰਾਖਾ ਪੁਰਖ ਅਕਾਲ, ਤੇਰੀ ਓਟ ਤਕਾਇੰਦਾ । ਤੂੰ ਮੇਰਾ ਕਰਨਾ ਹੱਲ ਸਵਾਲ, ਕੀਤੀ ਘਾਲ ਲੇਖੇ ਪਾਇੰਦਾ । ਇਸ ਬਿਧ ਹੋਇਆ ਮਾਤ ਦਲਾਲ, ਕਲਜੁਗ ਅੰਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਖੋਲ੍ਹੇ ਭੇਵ ਆਪ ਕਰਤਾਰਾ, ਆਪਣੀ ਮਹਿਮਾ ਆਪ ਜਣਾਈਆ । ਗੋਬਿੰਦ ਸੁਤ ਸੁਤ ਦੁਲਾਰਾ, ਗੋਦੀ ਗੋਦ ਵਡਿਆਈਆ । ਸੇਵਕ ਸੇਵਾ ਕਰੇ ਤਿਆਰਾ, ਚਾਕਰ ਚਾਕਰੀ ਇਕ ਸਮਝਾਈਆ । ਪੁਰਖ ਅਕਾਲ ਇਕ ਸਹਾਰਾ, ਏਕਾ ਓਟ ਤਕਾਈਆ । ਦੋਏ ਜੋੜ ਕਰੇ ਨਿਮਸਕਾਰਾ, ਚਰਨ ਸਰਨ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹੂ ਮਿਝ ਬਣਾਇਆ ਇੱਟਾਂ ਗਾਰਾ, ਬਾਲੀ ਬਾਲੇ ਭੇਟ ਚੜ੍ਹਾਈਆ । ਦੋਏ ਬਾਲੇ ਦੋਏ ਲਾਲ, ਦੋ ਜਹਾਨਾਂ

ਖੇਲ ਕਰਾਇੰਦਾ । ਏਥੇ ਓਥੇ ਸੱਚੀ ਧਰਮਸਾਲ, ਹਰਿ ਸਾਚਾ ਆਪ ਬਣਾਇੰਦਾ । ਪਹਿਲੀ ਵਾਰੀ ਗੱਡ ਕੇ ਗਿਆ ਨਿਸ਼ਾਨ, ਦੂਜੀ ਵਾਰ ਆਪ ਝੁਲਾਇੰਦਾ । ਪ੍ਰਗਟ ਹੋ ਕੇ ਦਿਤਾ ਦਾਨ, ਦਾਤਾ ਦਾਨੀ ਝੋਲੀ ਪਾਇੰਦਾ । ਆਪਣੇ ਦਰ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਸਾਢੇ ਤਿੰਨ ਹੱਥ ਮੰਦਰ ਮਕਾਨ, ਕਲਜੁਗ ਸੀਆਂ ਵੰਡ ਵੰਡਾਇੰਦਾ । ਨੌਂ ਦੁਆਰੇ ਇਕ ਨਿਸ਼ਾਨ, ਲੱਖ ਚੁਰਾਸੀ ਜੀਵ ਜੰਤ ਸਮਝਾਇੰਦਾ । ਪਿਛਲਾ ਲੇਖਾ ਚੁੱਕੇ ਆਣ, ਵਿਸ਼ਨ ਬ੍ਰਹਮਾ ਸ਼ਿਵ ਉਠਾਇੰਦਾ । ਸੁਰਪਤ ਰਾਜਾ ਇੰਦ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਬਾਲੀ ਬਾਲੇ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਗਹਿ ਸਾਚੀ ਆਪ ਸੁਹਾਇੰਦਾ । ਦਰਗਹਿ ਸਾਚੀ ਹਰਿ ਕਾ ਜ਼ੋਰ, ਜ਼ੋਰਾਵਰ ਦਏ ਵਡਿਆਈਆ । ਆਪਣੀ ਹੱਥੀਂ ਆਪੇ ਤੋਰ, ਆਪੇ ਲਏ ਮਿਲਾਈਆ । ਆਪੇ ਫੜਨਹਾਰਾ ਡੋਰ, ਆਕਾਸ਼ ਆਕਾਸ਼ ਆਪ ਉਡਾਈਆ । ਆਪੇ ਵੇਖੇ ਅੰਧ ਘੋਰ, ਕਲਜੁਗ ਅੰਤਮ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਜਣਾਈਆ । ਪੂਰਬ ਲੇਖਾ ਦੱਸੇ ਮੀਤ, ਹਰਿ ਆਪਣੀ ਦਇਆ ਕਮਾਇੰਦਾ । ਜ਼ੋਰਾਵਰ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਗੋਬਿੰਦ ਗਾਏ ਇਕੋ ਗੀਤ, ਪੁਰਖ ਅਕਾਲ ਮਨਾਇੰਦਾ । ਨਾਤਾ ਤੁਟਾ ਮੰਦਰ ਮਸੀਤ, ਘਰ ਸਾਚੇ ਸੋਭਾ ਪਾਇੰਦਾ । ਸਿੰਘ ਸਵਰਨ ਚਲਾਈ ਰੀਤ, ਸੋਨਾ ਰੁਪਾ ਨਾ ਰੰਗ ਰੰਗਾਇੰਦਾ । ਧ੍ਰੂ ਹੋਣਾ ਅੰਤਮ ਸੀਤ, ਹਰਿ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਆਪ ਸਮਝਾਇੰਦਾ । ਪਿਛਲਾ ਲੇਖਾ ਦੱਸੇ ਅਹਿਵਾਲ, ਹਵਾਲਾ ਆਪਣਾ ਆਪ ਜਣਾਈਆ । ਬਲ ਬਾਵਣ ਖੇਲ ਨਿਆਰ, ਸਾਚੀ ਵੰਡ ਵੰਡਾਈਆ । ਏਥੇ ਓਥੇ ਕਰੇ ਧਿਆਨ, ਵੇਖਣਹਾਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਰਬ ਲੇਖਾ ਦਏ ਚੁਕਾਈਆ । ਬਲ ਬਾਵਨ ਪੂਰਬ ਲੇਖਾ, ਹਰਿ ਸਾਚਾ ਸਚ ਜਣਾਇੰਦਾ । ਕਰੇ ਖੇਲ ਨਰ ਨਰੇਸ਼ਾ, ਆਪਣਾ ਹੁਕਮ ਵਰਤਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਮੇਟੀ ਰੇਖਾ, ਕਲਜੁਗ ਅੰਤਮ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਸਭ ਦਾ ਆਪ ਮੁਕਾਇੰਦਾ । ਕਲਜੁਗ ਅੰਤਮ ਹਰਿ ਜੂ ਲਹਿਣਾ, ਹਰਿਜਨ ਆਪ ਚੁਕਾਈਆ । ਬਲ ਤੇਰਾ ਦੇਵੇ ਦੇਣਾ, ਦੇਵਣਹਾਰ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬਲ ਦੇਣਾ ਤੇਰਾ ਏਕਾ ਮੰਤ, ਹਰਿ ਮੰਤਰ ਆਪ ਪੜ੍ਹਾਇਆ । ਤੇਰਾ ਲਹਿਣਾ ਚੁਕਿਆ ਪਿਛਲਾ ਜੀਵ ਜੰਤ, ਜੰਤ ਜੀਵ ਨਾ ਵੰਡ ਵੰਡਾਇਆ । ਹਰਿ ਜੂ ਮੇਲਾ ਹੋਇਆ ਅੰਤ, ਅੰਤ ਲਏ ਮਿਲਾਇਆ । ਆਪਣੀ ਮਹਿਮਾ ਜਾਣੇ ਅਗਣਤ, ਬੇਅੰਤ ਕਰੇ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਤੇਰੇ ਦਰ, ਸੰਗਤ ਪੰਗਤ ਰੂਪ ਵਟਾਇਆ । ਸੰਗਤ ਵਿਚ ਏਕਾ ਮਾਣ, ਹਰਿ ਜੂ ਹਰਿ ਰਖਾਇਆ । ਪੰਗਤ ਬਿਠਾਈ ਪਿਛਲਾ ਲੇਖਾ ਜਾਣ, ਕੀਤਾ ਦਾਨ ਝੋਲੀ ਪਾਇਆ । ਅੰਤਮ ਦਰ ਕਰ ਪਰਵਾਨ, ਪੰਚਮ ਨਾਲ ਮਿਲਾਇਆ । ਕਰੇ ਖੇਲ ਸ੍ਰੀ ਭਗਵਾਨ, ਸਿਰ ਆਪਣਾ ਹੱਥ ਟਿਕਾਇਆ । ਸਚਖੰਡ ਸਚ ਨਿਸ਼ਾਨ, ਸਤਿ ਸਤਿਵਾਦੀ ਇਕ ਝੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਪੰਜੇ ਸੁਣੋ ਛੋਟੇ ਬਾਲ, ਹਰਿ ਸਾਚਾ ਸਚ ਜਣਾਈਆ । ਤੁਹਾਡੇ ਪਿਛੇ ਘਾਲਣ ਘਾਲ, ਆਪਣੀ ਸੇਵ ਕਮਾਈਆ ।

ਪਹਿਲੋਂ ਕਰਿਆ ਹੱਲ ਸਵਾਲ, ਲੇਖਾ ਲਿਖਿਆ ਬਿਨ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਈਆ । ਆਪਣਾ ਭੇਵ ਹਰਿ ਨਿਰੰਕਾਰਾ, ਏਕਾ ਇਕ ਜਣਾਇੰਦਾ । ਛੱਤੀ ਜੁਗ ਦਾ ਸਚ ਵਿਹਾਰਾ, ਛੱਤੀ ਛੱਤੀ ਵੰਡ ਵੰਡਾਇੰਦਾ । ਬਲ ਤੇਰਾ ਬਲ ਦੁਆਰਾ, ਬਲ ਬਾਵਨ ਆਪ ਸੁਹਾਇੰਦਾ । ਲੋਕਮਾਤ ਕਰ ਉਜਿਆਰਾ, ਚਾਰ ਵਰਨ ਵਖਾਇੰਦਾ । ਚਾਰ ਕੁੰਟ ਇਕ ਨਗਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਆਪ ਵਜਾਇੰਦਾ । ਪੰਚਮ ਦੇਵੇ ਸਚ ਨਿਸ਼ਾਨੀ, ਸ਼ਹਿਨਸ਼ਾਹ ਵਡੀ ਵਡਿਆਈਆ । ਨਿਰਗੁਣ ਜੋਤ ਨੂਰ ਨੁਰਾਨੀ, ਲੋਕਮਾਤ ਕਰੇ ਰੁਸ਼ਨਾਈਆ । ਭਗਤ ਦੁਆਰਾ ਇਕ ਲਾਸਾਨੀ, ਲਾਸ਼ਰੀਕ ਆਪ ਬਣਾਈਆ । ਲੇਖਾ ਜਾਣੇ ਦੋ ਜਹਾਨੀ, ਨਿਰਗੁਣ ਸਰਗੁਣ ਰੂਪ ਵਟਾਈਆ । ਪੁਰਖ ਅਗੰਮੜਾ ਆਪੇ ਜਾਣੇ ਆਪਣੀ ਬਾਣੀ, ਪਿਛਲੀ ਕਰੇ ਨਾ ਕੋਇ ਪੜ੍ਹਾਈਆ । ਕਲਜੁਗ ਅੰਤਮ ਚੁੱਕੇ ਝੂਠੀ ਕਾਣੀ, ਦੂਜੀ ਕਾਣ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਸਮਝਾਈਆ । ਇਸ ਬਿਧ ਹੋਇਆ ਸਚਖੰਡ ਮੇਲਾ, ਹਰਿ ਜੂ ਆਖ ਸੁਣਾਇਆ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਗੋਬਿੰਦ ਲਿਖਿਆ ਪੂਰ ਕਰਾਇਆ । ਆਪੇ ਜਾਣੇ ਆਪਣਾ ਵੇਲਾ, ਥਿਤ ਵਾਰ ਨਾ ਕੋਇ ਜਣਾਇਆ । ਸਾਹਿਬ ਸੁਲਤਾਨ ਸੱਜਣ ਸੁਹੇਲਾ, ਪੁਰਖ ਅਬਿਨਾਸ਼ੀ ਬੇਪਰਵਾਹਿਆ । ਵਸਣਹਾਰਾ ਧਾਮ ਨਵੇਲਾ, ਸਚਖੰਡ ਸਾਚੇ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਕਰਮ ਆਪ ਕਰਾਇਆ । ਨਿਹਕਰਮੀ ਕਰਿਆ ਕਰਮ ਅਪਾਰਾ, ਕਰਮ ਕਾਂਡ ਨਾ ਕੋਇ ਜਣਾਈਆ । ਪੰਚਮ ਵਖਾਏ ਇਕ ਮੁਨਾਰਾ, ਲੋਕਮਾਤ ਸੁਹਾਈਆ । ਬਹੱਤਰਾਂ ਦੇਵੇ ਇਕ ਸਹਾਰਾ, ਏਕਾ ਓਟ ਜਣਾਈਆ । ਕਲਜੁਗ ਅੰਤਮ ਪਾਰ ਕਿਨਾਰਾ, ਪਾਰਬ੍ਰਹਮ ਪ੍ਰਭ ਆਪ ਕਰਾਈਆ । ਫੜ ਕੇ ਸੁੱਟੇ ਡੂੰਘੀ ਗਾਰਾ, ਨਾ ਕੋਈ ਸਕੇ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਿਰਿਆ ਆਪ ਜਣਾਈਆ । ਸਾਚੀ ਕਿਰਿਆ ਕਰੇ ਕਰਤਾਰ, ਕੁਦਰਤ ਕਾਦਰ ਖੇਲ ਖਲਾਇੰਦਾ । ਲਹਿਣਾ ਦੇਣਾ ਚੁੱਕੇ ਜੁਗ ਚਾਰ, ਚਾਰੇ ਖਾਣੀ ਝੋਲੀ ਪਾਇੰਦਾ । ਸਤਿਜੁਗ ਸਚ ਕਰੇ ਵਿਹਾਰ, ਸਤਿ ਸਤਿਵਾਦੀ ਦਇਆ ਕਮਾਇੰਦਾ । ਸਚਖੰਡ ਨਿਵਾਸੀ ਸਚਖੰਡ ਦੁਆਰੇ ਹੋ ਤਿਆਰ, ਸਚ ਸਲਾਹ ਜਣਾਇੰਦਾ । ਪੰਚਮ ਰਹਿਣਾ ਖ਼ਬਰਦਾਰ, ਬੇਖ਼ਬਰ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੰਜਾਂ ਮਾਣ ਰਖਾਇੰਦਾ । ਪੰਜੇ ਆਏ ਸਾਚੇ ਦਰ, ਹਰਿ ਸਾਚੇ ਆਪ ਬੁਲਾਇਆ । ਸਰਨ ਸਰਨਾਈ ਮਿਲਿਆ ਘਰ, ਘਰ ਮੰਦਰ ਡੇਰਾ ਲਾਇਆ । ਨਿਰਭੌ ਚੁਕਾਇਆ ਦੂਜਾ ਡਰ, ਭੈ ਅਵਰ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਇਆ । ਆਪਣਾ ਭੇਵ ਦੱਸੇ ਸ੍ਰੀ ਭਗਵਾਨ, ਮਹਿਮਾ ਆਪ ਸੁਣਾਈਆ । ਪਹਿਲੀ ਚੇਤ ਦਿਵਸ ਮਹਾਨ, ਕਰੇ ਖੇਲ ਬੇਪਰਵਾਹੀਆ । ਨਾਨਕ ਮੰਗਿਆ ਪੰਜਾਂ ਦਾਨ, ਦਰਗਹਿ ਸਾਚੀ ਮਿਲੀ ਵਡਿਆਈਆ । ਪੁਰਖ ਅਬਿਨਾਸ਼ੀ ਦੇਵਣਹਾਰ ਸ੍ਰੀ ਭਗਵਾਨ, ਆਸਾ ਵੰਤ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੇਲਾ ਸਹਿਜ ਸੁਭਾਈਆ । ਪੰਚਮ ਮੇਲਾ ਜੁੜਿਆ ਜੋੜ, ਸੋ ਪੁਰਖ ਨਿਰੰਜਣ ਆਪ ਜੁੜਾਇਆ । ਹਰਿ ਪੁਰਖ ਨਿਰੰਜਣ ਵੇਖੇ ਦੌੜ, ਆਪਣਾ ਪੰਧ ਮੁਕਾਇਆ । ਏਕੰਕਾਰਾ ਕਰੇ ਗੌਰ, ਨਜ਼ਰ ਨਜ਼ਰ ਨਾਲ ਮਿਲਾਇਆ । ਆਦਿ ਨਿਰੰਜਣ ਕਰੇ ਚੌਰ, ਬਣ ਸੇਵਕ ਸੇਵ

ਕਮਾਇਆ । ਅਬਿਨਾਸ਼ੀ ਕਰਤਾ ਕਹੇ ਮੈਂ ਕੱਢਿਆ ਜੌਹਰ, ਲੱਖ ਚੁਰਾਸੀ ਵਿਚੋਂ ਪੰਚਮ ਮੁਖ ਰਖਾਇਆ । ਸ੍ਰੀ ਭਗਵਾਨ ਕਹੇ ਮੈਂ ਚਾੜ੍ਹ ਕੇ ਆਂਦੇ ਘੋੜ, ਏਕਾ ਘੋੜਾ ਆਪ ਉਠਾਇਆ । ਪਾਰਬ੍ਰਹਮ ਕਹੇ ਮੈਂ ਲਾਇਆ ਪੌੜ, ਉਚਾ ਡੰਡਾ ਇਕ ਵਖਾਇਆ । ਪੰਚਮ ਕਹਿਣ ਤੂੰਹੀ ਤੂੰ ਗਿਆ ਬੌਹੜ, ਮਿਲੀ ਤੇਰੀ ਸਰਨ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮਾਣ ਦੁਆਇਆ । ਦਰ ਘਰ ਸਾਚੇ ਦਿਤਾ ਮਾਣ, ਹਰਿ ਜੂ ਆਖ ਸੁਣਾਇੰਦਾ । ਨਾਨਕ ਨਿਰਗੁਣ ਕਰੇ ਪਰਵਾਨ, ਪਹਿਲੀ ਚੇਤ ਵੰਡ ਵੰਡਾਇੰਦਾ । ਤੁਹਾਡਾ ਹਾਲ ਪੁੱਛੇ ਆਣ, ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਆਪ ਸੁਹਾਇੰਦਾ । ਪਹਿਲੀ ਚੇਤ ਨਾਨਕ ਮੇਲਾ, ਨਿਰਗੁਣ ਨਿਰਗੁਣ ਦਏ ਕਰਾਈਆ । ਪੰਚਮ ਸੋਹੇ ਸਾਚਾ ਵੇਲਾ, ਵਾਹ ਵਾ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਬਣ ਵਿਚੋਲਾ, ਦੋ ਜਹਾਨਾਂ ਫੇਰਾ ਪਾਈਆ । ਨਾਨਕ ਗਾਇਆ ਸੋਹੰ ਢੋਲਾ, ਗੁਰਮੁਖ ਜੈ ਜੈਕਾਰ ਨਾਲ ਰਲਾਈਆ । ਵਿਸ਼ਨੂੰ ਭਗਵਾਨ ਚੁਕਾਇਆ ਉਹਲਾ, ਪਰਦਾ ਪਰਦਾ ਦਏ ਉਠਾਈਆ । ਹੋਇਆ ਇਕਰਾਰ ਪੂਰਾ ਕੌਲਾ, ਕੀਤਾ ਕੌਲ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਮੇਲਾ ਸਹਿਜ ਸੁਭਾਈਆ । ਪੰਚਮ ਮਿਲਣਾ ਨਾਨਕ ਧਾਰ, ਹਰਿ ਸਾਚਾ ਆਪ ਮਿਲਾਈਆ । ਪੰਚ ਪਰਵਾਨ ਪੰਚ ਪਰਧਾਨ ਪੰਚੇ ਪਾਵੇ ਦਰਗਹਿ ਮਾਣ, ਪੰਚਾਂ ਕਾ ਗੁਰ ਏਕ ਧਿਆਨ, ਧਿਆਨ ਵਿਚ ਰਲਾਈਆ । ਪੰਜਾਂ ਨੇਤਰ ਪੇਖ ਸ੍ਰੀ ਭਗਵਾਨ, ਆਪਣੀ ਖ਼ੁਸ਼ੀ ਵਖਾਈਆ । ਉਠੋ ਖੋਲ੍ਹੋ ਇਕ ਦੁਕਾਨ, ਏਕਾ ਹੁਕਮ ਜਣਾਈਆ । ਸਤਿਜੁਗ ਬਣੇ ਸਤਿ ਵਿਧਾਨ, ਸਾਚੀ ਸਿਖਿਆ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਦੁਆਰ ਵਿਧਾਨ ਬਣਾਵਣਾ, ਹਰਿ ਆਪਣੀ ਕਿਰਪਾ ਧਾਰ । ਪੰਜਾਂ ਮਾਣ ਦਵਾਵਣਾ , ਤਖ਼ਤ ਨਿਵਾਸੀ ਸੱਚੀ ਸਰਕਾਰ । ਗੋਬਿੰਦ ਸੂਰਾ ਨਾਲ ਰਲਾਵਣਾ, ਆਪ ਆਪਣਾ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਪੰਚ ਹੋ ਪਰਵਾਨ, ਪਰਮ ਪੁਰਖ ਸੀਸ ਝੁਕਾਈਆ । ਅਸੀਂ ਵੇਖਣਾ ਆਪਣਾ ਰਾਜ ਰਾਜਾਨ, ਕਵਣ ਹੁਕਮ ਰਿਹਾ ਸੁਣਾਈਆ । ਨਿਰਗੁਣ ਨੂਰ ਹੋ ਪਰਧਾਨ, ਆਪਣਾ ਦਰਸ ਦਏ ਕਰਾਈਆ । ਜੋਧਾ ਸੂਰਬੀਰ ਬਲਵਾਨ, ਪੰਚਮ ਮੁਖ ਸੀਸ ਤਾਜ ਟਿਕਾਈਆ । ਏਕਾ ਤਖ਼ਤ ਬਹੇ ਰਾਜ ਰਾਜਾਨ, ਦੂਜੀ ਸੇਜ ਨਾ ਕੋਇ ਸੁਹਾਈਆ । ਆਦਿ ਜੁਗਾਦੀ ਸੱਚਾ ਕਾਹਨ, ਪਾਰਬ੍ਰਹਮ ਵਡੀ ਵਡਿਆਈਆ । ਪਹਿਲੀ ਚੇਤ ਦੇਵੇ ਧੁਰ ਫ਼ਰਮਾਣ, ਜੋ ਕਰਨਾ ਸੋ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਆਪ ਚੁਕਾਈਆ । ਪਿਛਲਾ ਲੇਖਾ ਚੁੱਕਣਾ, ਰਹੇ ਨਾ ਵਿਚ ਸੰਸਾਰ । ਸਤਿਜੁਗ ਸਾਚਾ ਉਠਣਾ, ਪੁਰਖ ਅਬਿਨਾਸ਼ੀ ਲਏ ਉਠਾਲ । ਸਾਹਿਬ ਦਿਆਲ ਏਕਾ ਤੁਠਣਾ, ਦੇਵੇ ਨਾਮ ਸੱਚਾ ਧੰਨ ਮਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਖੇਲ ਕਰਾਉਣਾ, ਮਹਿਮਾ ਅਕੱਥ ਕਥੀ ਨਾ ਜਾਈਆ । ਸਤਿਜੁਗ ਸਾਚਾ ਮਾਰਗ ਲਾਉਣਾ, ਸਚ ਸੁਚ ਕਰੇ ਪੜ੍ਹਾਈਆ । ਪੰਚਮ ਏਕਾ ਮਾਣ ਦਿਵਾਉਣਾ, ਪੰਚਮ ਸਿਫ਼ਤ ਸਾਲਾਹੀਆ । ਪੰਚਮ ਏਕਾ ਘਰ ਬਹਾਉਣਾ, ਏਕਾ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਈਆ । ਸਾਚਾ ਰਾਹ ਚਲਾਏ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਈਆ । ਸਤਿਜੁਗ ਉਪਜੇ ਵਿਚ ਸੰਸਾਰ, ਸੰਸਾ


੪੫੧
੧੧

ਰੋਗ ਰਹੇ ਨਾ ਰਾਈਆ । ਭਗਵਨ ਮੇਲਾ ਭਗਤ ਦੁਆਰ, ਘਰ ਸਾਚਾ ਸੋਭਾ ਪਾਈਆ । ਏਕਾ ਅੱਖਰ ਬੋਲ ਜੈਕਾਰ, ਜੈ ਜੈਕਾਰਾ ਦਏ ਸੁਣਾਈਆ । ਚਾਰ ਵਰਨ ਆਧਾਰ, ਚਾਰ ਕੁੰਟ ਵੇਖ ਵਖਾਈਆ । ਚਾਰ ਅੱਖਰ ਉਤਰੇ ਪਾਰ, ਆਤਮ ਪਰਮਾਤਮ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੋਹੰ ਏਕਾ ਨਾਮ ਸੁਣਾਈਆ । ਸੋਹੰ ਸੱਚਾ ਹਰਿ ਕਾ ਨਾਮ, ਆਤਮ ਪਰਮਾਤਮ ਧਾਰ ਵਖਾਇੰਦਾ । ਆਦਿ ਜੁਗਾਦੀ ਸਾਚਾ ਕਾਮ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਪੀਰ ਪੈਗ਼ੰਬਰ ਦੇ ਪੈਗ਼ਾਮ, ਏਕਾ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਪੰਚਮ ਮੇਲਾ ਮੇਲ ਮਿਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਚੇਲਾ ਏਕਾ ਘਰ ਬਹਾਇੰਦਾ ।

ਟੂਣਾ ਜਾਦੂ ਨਾ ਸਕੇ ਪੋਹ, ਜਿਸ ਜਨ ਸਤਿਗੁਰ ਦਇਆ ਕਮਾਈਆ । ਕਾਗ਼ਜ਼ ਕਲਮ ਸ਼ਾਹੀ ਲਿਖਣ ਵਾਲੇ ਸਾਰੇ ਰਹੇ ਰੋ, ਨੇਤਰ ਨੈਣਾਂ ਨੀਰ ਵਹਾਈਆ । ਅੰਦਰ ਬਾਹਰ ਦੁਰਮਤ ਮੈਲ ਦੇਵੇ ਧੋ, ਗੁਰ ਪੂਰੇ ਹੱਥ ਵਡਿਆਈਆ । ਜੋ ਜਨ ਜਪੇ ਜਾਪ ਸੋਹੰ ਸੋ, ਤਿਸ ਘਰ ਟੂਣਾ ਜਾਦੂ ਚਲੇ ਨਾ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜਿੰਨ ਖ਼ਬੀਸ਼ ਭੂਤ ਪ੍ਰੇਤ ਹਾਕਨ ਡਾਕਨ ਸਿਰ ਮੁੰਡਵਾਇੰਦਾ । ਨਾ ਘਰ ਨਾ ਬਾਹਰ ਖੇਤ, ਪਸ਼ੂ ਪੰਛੀ ਬੰਧਨ ਪਾਇੰਦਾ । ਜੋ ਜਨ ਹਰਿ ਸੰਗਤ ਹਰਿ ਕਰੇ ਹੇਤ, ਤਿਸ ਗ੍ਰਿਹਿ ਕੋਇ ਨਾ ਫੇਰਾ ਪਾਇੰਦਾ । ਸਦਾ ਰੁੱਤ ਰਹੇ ਬਸੰਤੀ ਚੇਤ, ਫੁੱਲ ਫੁਲਵਾੜੀ ਆਪ ਮਹਿਕਾਇੰਦਾ । ਬਾਕੀ ਕੁਛ ਥੋੜਾ ਜਿਹਾ ਰੱਖੇ ਭੇਤ, ਆਪਣਾ ਲੇਖਾ ਆਪਣੇ ਹੱਥ ਵਖਾਇੰਦਾ ।


੪੫੨
੧੧

★ ੧੪ ਮਾਘ ੨੦੧੮ ਬਿਕਰਮੀ ਦੇਵ ਸਿੰਘ ਦੇ ਗ੍ਰਿਹਿ ਸ਼ੇਨ ਜ਼ਿਲਾ ਗੁਰਦਾਸਪੁਰ ★

ਸਚਖੰਡ ਸੁਹੰਜਣਾ ਹਰਿ ਦਰਬਾਰ, ਆਦਿ ਨਿਰੰਜਣ ਆਪ ਲਗਾਇੰਦਾ । ਦੁੱਖ ਦਰਦ ਭੈ ਭੰਜਣਾ ਸ਼ਾਹ ਸਿਕਦਾਰ, ਭੂਪਤ ਭੂਪ ਆਸਣ ਲਾਇੰਦਾ । ਆਦਿ ਜੁਗਾਦਿ ਸੱਜਣਾ ਏਕੰਕਾਰ, ਅਕਲ ਕਲ ਆਪਣੀ ਖੇਲ ਖਲਾਇੰਦਾ । ਤਖ਼ਤ ਨਿਵਾਸੀ ਸੁਹਾਏ ਬੰਕ ਦੁਆਰ, ਦਰ ਘਰ ਸਾਚੇ ਸੋਭਾ ਪਾਇੰਦਾ । ਨਿਰਗੁਣ ਨਿਰਗੁਣ ਬਣ ਚੋਬਦਾਰ, ਦਰ ਦਰਵੇਸ਼ ਅਲਖ ਜਗਾਇੰਦਾ । ਹੁਕਮੀ ਹੁਕਮ ਸਤਿ ਵਰਤਾਰ, ਸਤਿ ਸਤਿਵਾਦੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲਾ ਆਪ ਸਜਾਇੰਦਾ । ਸਚ ਮਹੱਲਾ ਗਿਆ ਸਜ, ਸੋ ਪੁਰਖ ਨਿਰੰਜਣ ਆਪ ਸਜਾਇਆ । ਹਰਿ ਪੁਰਖ ਨਿਰੰਜਣ ਚੜ੍ਹਿਆ ਭੱਜ, ਨਿਰਗੁਣ ਆਪਣਾ ਬਲ ਧਰਾਇਆ । ਏਕੰਕਾਰ ਜੈਕਾਰਾ ਬੋਲੇ ਗੱਜ, ਨਾਉਂ ਨਿਰੰਕਾਰਾ ਆਪ ਪ੍ਰਗਟਾਇਆ । ਆਦਿ ਨਿਰੰਜਣ ਤਾਲ ਜਾਏ ਵੱਜ, ਪੁਰਖ ਅਕਾਲ ਆਪ ਵਜਾਇਆ । ਅਬਿਨਾਸ਼ੀ ਕਰਤਾ ਹੋਏ ਗਦ ਗਦ, ਆਪਣਾ ਰੰਗ ਆਪ ਚੜ੍ਹਾਇਆ । ਸ੍ਰੀ ਭਗਵਾਨ ਇਕ ਨਿਸ਼ਾਨ ਦੇਵੇ ਬੰਨ੍ਹ, ਸਚ ਦੁਆਰੇ ਆਪ ਝੁਲਾਇਆ । ਪਾਰਬ੍ਰਹਮ ਪ੍ਰਭ ਕਹੇ ਧੰਨ ਧੰਨ, ਧੰਨ ਧੰਨ ਮੇਰੀ ਵਡਿਆਇਆ । ਕਰਿਆ

ਖੇਲ ਸਚ ਮਕਾਨ, ਸਚਖੰਡ ਦੁਆਰਾ ਸੋਭਾ ਪਾਇਆ । ਨਿਰਗੁਣ ਅੱਗੇ ਨਿਰਗੁਣ ਗਿਆ ਮੰਨ, ਏਕਾ ਦੂਜਾ ਭੌ ਚੁਕਾਇਆ । ਆਪੇ ਬੇੜਾ ਆਪਣਾ ਬੰਨ੍ਹ, ਹਰਿ ਆਪੇ ਖੇਲ ਕਰਾਇਆ । ਕਰੇ ਖੇਲ ਸ੍ਰੀ ਭਗਵਨ, ਰੂਪ ਰੇਖ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਸਾਇਆ । ਸਚਖੰਡ ਵਸਿਆ ਸਚ ਮਹੱਲਾ, ਹਰਿ ਜੂ ਹਰਿ ਹਰਿ ਆਪ ਵਸਾਇੰਦਾ । ਨਿਰਗੁਣ ਨੂਰ ਇਕ ਇਕੱਲਾ, ਅਜੂਨੀ ਰਹਿਤ ਆਸਣ ਲਾਇੰਦਾ । ਦੀਪਕ ਦੀਪ ਆਪੇ ਬਲਾ, ਜੋਤੀ ਜੋਤ ਰੁਸ਼ਨਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਏਕੰਕਾਰ ਹਰਿ ਨਿਰੰਕਾਰ ਆਪੇ ਮੱਲਾ, ਸੋਭਾਵੰਤ ਸ੍ਰੀ ਭਗਵੰਤ ਆਦਿ ਅੰਤ ਏਕਾ ਰੰਗ ਰੰਗਾਇੰਦਾ । ਪੁਰਖ ਬਿਧਾਤਾ ਇਕ ਇਕਾਂਤਾ ਖੇਲੇ ਖੇਲ ਨਾਰੀ ਕੰਤ, ਆਦਿ ਅੰਤ ਜੁਗ ਜੁਗ ਆਪਣਾ ਵੇਸ ਵਟਾਇੰਦਾ । ਸ੍ਰੀ ਭਗਵਾਨਾ ਸਚ ਨਿਸ਼ਾਨਾ ਦੋ ਜਹਾਨਾ ਹੋ ਮਿਹਰਵਾਨਾ, ਇਕ ਇਕੱਲਾ ਆਪ ਝੁਲਾਇੰਦਾ । ਧੁਰ ਫ਼ਰਮਾਣਾ ਦੇਵੇ ਦਾਨਾ ਜੀਵ ਜਹਾਨਾ, ਰਾਗ ਅਨਾਦੀ ਨਾਦ ਸੁਣਾਇੰਦਾ । ਸਚਖੰਡ ਸੁਹਾਏ ਸਚ ਮਕਾਨਾ, ਦੀਪਕ ਜੋਤ ਜਗੇ ਮਹਾਨਾ, ਦੀਆ ਬਾਤੀ ਕਮਲਾਪਾਤੀ ਨਾ ਹੋਰ ਵਖਾਇੰਦਾ । ਭੂਪਤ ਭੂਪ ਰਾਜ ਰਾਜਾਨਾ, ਏਕਾ ਦੇਵੇ ਧੁਰ ਫ਼ਰਮਾਣਾ, ਸਤਿ ਸੰਦੇਸ਼ਾ ਨਰ ਨਰੇਸ਼ਾ ਪਾਰਬ੍ਰਹਮ ਪਤਿਪਰਮੇਸ਼ਵਰ ਆਪ ਸੁਣਾਇੰਦਾ । ਸਤਿ ਸੰਤੋਖੀ ਬੰਨ੍ਹੇ ਗਾਨਾ, ਕਰੇ ਖੇਲ ਨਿਗਹਬਾਨਾ, ਆਪਣੀ ਧਾਰ ਹਰਿ ਕਰਤਾਰ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਮਹੱਲੇ ਆਪੇ ਚੜ੍ਹ ਨਾ ਕੋਈ ਸੀਸ ਨਾ ਕੋਈ ਧੜ, ਨਿਰਾਕਾਰ ਨਿਰਵੈਰ ਆਪਣਾ ਆਸਣ ਲਾਇੰਦਾ । ਹਰਿ ਜੂ ਸਾਚਾ ਆਸਣ ਲਾ, ਤਖ਼ਤ ਨਿਵਾਸੀ ਸੋਭਾ ਪਾਈਆ । ਸਚਖੰਡ ਬੈਠ ਸੱਚਾ ਸ਼ਹਿਨਸ਼ਾਹ, ਆਪਣਾ ਬਲ ਧਰਾਈਆ । ਧੁਰ ਫ਼ਰਮਾਣਾ ਹੁਕਮ ਜਣਾ, ਹੁਕਮੀ ਹੁਕਮ ਖੇਲ ਕਰਾਈਆ । ਸ਼ਬਦੀ ਸੁਤ ਸੇਵਾ ਲਾ, ਵਿਸ਼ਨ ਬ੍ਰਹਮਾ ਸ਼ਿਵ ਕਰੇ ਕੁੜਮਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਘਾੜਤ ਘੜਾ, ਗਗਨ ਮੰਡਲ ਕਰੇ ਰੁਸ਼ਨਾਈਆ । ਸੂਰਜ ਚੰਦ ਚੰਦ ਚਮਕਾ, ਚੰਦ ਚਾਂਦਨੀ ਇਕ ਚਮਕਾਈਆ । ਤ੍ਰੈਗੁਣ ਮੇਲਾ ਸਹਿਜ ਸੁਭਾ, ਪੰਚਮ ਜੋੜ ਜੋੜ ਆਪ ਆਪਣਾ ਬੰਧਨ ਪਾ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਆਪਣਾ ਰੰਗ ਆਪ ਵਖਾਈਆ । ਚਾਰੇ ਖਾਣੀ ਖੇਲ ਮਹਾਨੀ, ਸ਼ਬਦੀ ਬਾਣੀ ਧੁਰ ਦੀ ਰਾਣੀ, ਏਕਾ ਰਾਗ ਏਕਾ ਕਾਨ ਏਕਾ ਬ੍ਰਹਮ ਇਕ ਗਿਆਨ, ਇਕ ਭਗਵਾਨ ਏਕਾ ਵਾਰ ਹਰਿ ਨਿਰੰਕਾਰ, ਦੋ ਜਹਾਨ ਆਪਣਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਆਪੇ ਵੜ, ਸਾਚੇ ਤਖ਼ਤ ਸੋਭਾ ਪਾਈਆ । ਸਾਚੇ ਤਖ਼ਤ ਹਰਿ ਜੂ ਚੜ੍ਹਿਆ, ਇਕ ਇਕੱਲਾ ਏਕੰਕਾਰ । ਸਾਚੇ ਮੰਦਰ ਆਪੇ ਵੜਿਆ, ਨਿਰਗੁਣ ਨੂਰ ਉਜਿਆਰ । ਨਿਰਗੁਣ ਨਿਸ਼ਅੱਖਰ ਆਪੇ ਪੜ੍ਹਿਆ, ਵੇਦ ਕਤੇਬ ਨਾ ਕੋਇ ਸਾਰ । ਵਿਸ਼ਨ ਬ੍ਰਹਮਾ ਸ਼ਿਵ ਪੂਤ ਸਪੂਤਾ ਆਪਣੀ ਗੋਦੀ ਆਪੇ ਧਰਿਆ, ਆਪੇ ਕਰੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਹਰਿ, ਕਰੇ ਖੇਲ ਅਗੰਮ ਅਪਾਰ । ਅਗੰਮ ਅਗੋਚਰ ਖੇਲ ਅਪਾਰਾ, ਹਰਿ ਸਾਚਾ ਸਚ ਕਰਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਨੇਤਰ ਲੋਚਣ ਨੈਣ ਨਾ ਕੋਇ ਰਖਾਇੰਦਾ । ਸ਼ਬਦ ਸ਼ਬਦ ਸ਼ਬਦੀ ਧਾਰਾ, ਧਾਰ ਧਾਰ ਵਿਚੋਂ ਪ੍ਰਗਟਾਇੰਦਾ । ਖੇਲ ਖੇਲ ਕਰੇ ਕਰਤਾਰਾ, ਕੁਦਰਤ ਕਾਦਰ ਵੇਖ ਵਖਾਇੰਦਾ । ਲੱਖ ਚੁਰਾਸੀ ਬਣ ਠਠਿਆਰਾ, ਘੜ ਘੜ ਭਾਂਡਾ ਅੰਦਰ ਵੜ ਵੜ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਖੇਲ ਨਿਰਗੁਣ ਸਰਗੁਣ ਕਰੇ ਮੇਲ, ਜੋਤੀ ਜਾਤਾ ਸੱਜਣ

ਸੁਹੇਲ, ਆਪਣਾ ਬੰਧਨ ਪਾਇੰਦਾ । ਆਪਣਾ ਬੰਧਨ ਹਰਿ ਹਰਿ ਪਾ, ਹਰਿ ਜੂ ਖੇਲ ਕਰਾਈਆ । ਜੁਗ ਚੌਕੜੀ ਵੇਸ ਵਟਾ, ਰੂਪ ਅਨੂਪ ਧਰਾਈਆ । ਨਾਦ ਅਨਾਦੀ ਢੋਲਾ ਗਾ, ਸ਼ਬਦੀ ਸ਼ਬਦ ਸੁਣਾਈਆ । ਅੱਖਰ ਅੱਖਰ ਆਪ ਪੜ੍ਹਾ, ਜਗਤ ਵਿਦਿਆ ਸੰਗ ਰਖਾਈਆ । ਆਪਣਾ ਭੇਵ ਆਪ ਛੁਪਾ, ਪਰਦਾ ਉਹਲਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਣਾ ਆਪਣਾ ਹੁਕਮ ਵਰਤਾਈਆ । ਧੁਰ ਫ਼ਰਮਾਣਾ ਵਰਤੇ ਵਰਤਾਰ, ਹਰਿ ਸੱਜਣ ਆਪ ਵਰਤਾਇੰਦਾ । ਕਰੇ ਖੇਲ ਅਪਰ ਅਪਾਰ, ਅਪਰੰਪਰ ਭੇਵ ਕੋਇ ਨਾ ਆਇੰਦਾ । ਜੁਗ ਚੌਕੜੀ ਵਿਚ ਸੰਸਾਰ, ਲੁਕ ਲੁਕ ਵੇਸ ਵਟਾਇੰਦਾ । ਸਰਗੁਣ ਅੰਦਰ ਡੂੰਘੀ ਗਾਰ, ਨਿਰਗੁਣ ਆਪਣਾ ਆਸਣ ਲਾਇੰਦਾ । ਸ਼ਬਦ ਅਗੰਮੀ ਤਾਰ ਸਿਤਾਰ, ਬਿਨ ਤੰਦੀ ਤਾਰ ਵਜਾਇੰਦਾ । ਰਸਨਾ ਜਿਹਵਾ ਕਰ ਪਿਆਰ, ਜੀਵ ਜੰਤ ਸਮਝਾਇੰਦਾ । ਊਚੀ ਕੂਕ ਕੂਕ ਵਾਜਾਂ ਮਾਰ, ਏਕਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਆਪ ਸੁਹਾਇੰਦਾ । ਸਚਖੰਡ ਦੁਆਰ ਸੁਹਾਵਣਾ, ਸੋਭਾਵੰਤ ਕਰਤਾਰ । ਜੁਗ ਜੁਗ ਵੇਸ ਵਟਾਵਣਾ, ਨਿਰਗੁਣ ਸਰਗੁਣ ਲਏ ਅਵਤਾਰ । ਲੱਖ ਚੁਰਾਸੀ ਬੇੜਾ ਹਰਿ ਚਲਾਵਣਾ, ਮੰਝਧਾਰ ਵੇਖ ਸੰਸਾਰ । ਗੁਰਮੁਖ ਵਿਰਲੇ ਗੋਦ ਬਹਾਵਣਾ, ਜਿਸ ਦੇਵੇ ਦਰਸ ਦੀਦਾਰ । ਆਤਮ ਪਰਮਾਤਮ ਰੰਗ ਚੜ੍ਹਾਵਣਾ, ਰੰਗ ਚਲੂਲ ਏਕਾ ਵਾਰ । ਸਚ ਨਿਸ਼ਾਨ ਇਕ ਵਖਾਵਣਾ, ਆਤਮ ਅੰਤਰ ਖੋਲ੍ਹ ਕਵਾੜ । ਹਰਿ ਹਰਿ ਗੀਤ ਏਕਾ ਗਾਵਣਾ, ਏਕਾ ਮੰਦਰ ਇਕ ਦੁਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਖੇਲ ਅਪਾਰਾ ਹਰਿ ਨਿਰੰਕਾਰਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਹਰਿ ਪੁਰਖ ਨਿਰੰਜਣ ਮੀਤ ਮੁਰਾਰਾ, ਏਕੰਕਾਰਾ ਦਏ ਸਹਾਰਾ, ਆਦਿ ਨਿਰੰਜਣ ਮੇਲਾ ਸਹਿਜ ਸੁਭਾਈਆ । ਸ੍ਰੀ ਭਗਵਾਨ ਸਚ ਅਖਾੜਾ, ਅਬਿਨਾਸ਼ੀ ਕਰਤਾ ਬਹੱਤਰ ਨਾੜ ਵਜਾਏ ਤਾੜਾ, ਪਾਰਬ੍ਰਹਮ ਆਪਣਾ ਰਾਗ ਅਲਾਈਆ । ਇਕੋ ਸੋਹੇ ਸਚ ਦੁਆਰਾ, ਨਿਰਮਲ ਜੋਤ ਜਗੇ ਉਜਿਆਰਾ, ਚਾਰ ਦਿਸੇ ਨਾ ਕੋਇ ਦੀਵਾਰਾ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਖੇਲ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਅਵੱਲੜਾ, ਕਰਨਹਾਰ ਕਰਤਾਰ । ਸਚਖੰਡ ਦੁਆਰਾ ਏਕਾ ਮਲੜਾ, ਸੋਭਾਵੰਤ ਹਰਿ ਨਿਰੰਕਾਰ । ਸਚ ਸੰਦੇਸ਼ ਏਕਾ ਘਲੜਾ, ਸ਼ਬਦੀ ਸ਼ਬਦ ਧਾਰ । ਗੁਰ ਅਵਤਾਰ ਫੜਾਏ ਪਲੜਾ, ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਦਿ ਜੁਗਾਦਿ, ਜੁਗਾ ਜੁਗੰਤਰ ਜੁਗ ਚੌਕੜੀ ਬੰਨ੍ਹੇ ਧਾਰ । ਜੁਗ ਚੌਕੜੀ ਬੰਨ੍ਹੇ ਧਾਰ, ਆਪਣੀ ਬਣਤ ਬਣਾਇੰਦਾ । ਨਿਰਗੁਣ ਸਰਗੁਣ ਲਏ ਅਵਤਾਰ, ਲੱਖ ਚੁਰਾਸੀ ਖੇਲ ਕਰਾਇੰਦਾ । ਗੁਰਮੁਖ ਸੱਜਣ ਲਏ ਉਭਾਰ, ਆਪ ਆਪਣਾ ਮੇਲ ਮਿਲਾਇੰਦਾ । ਕਮਲਾਪਾਤੀ ਕਵਲ ਨੈਣ ਖੋਲ੍ਹ ਕਿਵਾੜ, ਸਾਚੀ ਤਾਕੀ ਆਪ ਤੁੜਾਇੰਦਾ । ਸਾਕੀ ਬਣ ਬਣ ਦੇਵੇ ਜਾਮ ਅਪਾਰ, ਮਧੁਰ ਜਾਮ ਇਕ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਏਕਾ ਚੌਕੜ ਨਾ ਕੋਈ ਸਿਹਾਰੀ ਨਾ ਕੋਈ ਅਉਂਕੜ, ਕੰਨਾ ਮੁਕਤਾ ਨਾ ਕੋਇ ਰਖਾਇੰਦਾ । ਕੰਨਾ ਮੁਕਤਾ ਨਾ ਕੋਇ ਬਿੰਦੀ, ਅੱਖਰ ਅੱਖਰ ਨਾ ਕੋਇ ਪੜ੍ਹਾਈਆ । ਦੀਨ ਦਿਆਲ ਸਰਬ ਗੁਣ ਠਾਕਰ ਇਕ ਬਖ਼ਸ਼ੰਦੀ, ਦੀਨਨ ਆਪਣੀ ਦਇਆ ਕਮਾਈਆ । ਉਰਦੂ ਫ਼ਾਰਸੀ ਨਾ ਕੋਇ ਪੜ੍ਹਾਈ ਹਿੰਦੀ, ਲਫ਼ਜ਼ ਲਫ਼ਜ਼ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਆਪਣੀ ਧਾਰ ਆਪ ਚਲਾਈਆ । ਆਪੇ ਦੂਲਾ ਆਪੇ ਦੁਹਲਣ, ਦੋਏ ਦੋਏ ਰੂਪ ਧਰਾਈਆ । ਆਪੇ ਮਾਲਣ ਆਪੇ ਫੂਲਣ, ਆਪੇ ਬਰਖ਼ਾ ਰਿਹਾ ਲਗਾਈਆ । ਆਪੇ ਕੰਤ ਆਪੇ ਕੰਤੂਹਲਣ, ਆਪੇ ਬਹਿ ਬਹਿ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਚੜ੍ਹ, ਆਪਣਾ ਰੰਗ ਵਖਾਈਆ । ਆਪੇ ਫੂਲਣ ਆਪੇ ਸੇਜ, ਆਪੇ ਸੋਭਾ ਪਾਇੰਦਾ । ਆਪੇ ਜੋਤੀ ਆਪੇ ਤੇਜ, ਆਪੇ ਰੰਗ ਚੜ੍ਹਾਇੰਦਾ । ਆਪਣਾ ਆਪ ਆਪੇ ਵੇਖ, ਆਪੇ ਖ਼ੁਸ਼ੀ ਮਨਾਇੰਦਾ । ਮੁੱਛ ਦਾੜ੍ਹੀ ਨਾ ਕੋਇ ਕੇਸ, ਨਾ ਕੋਇ ਮੂੰਡ ਮੁੰਡਾਇੰਦਾ । ਵਿਸ਼ਨ ਬ੍ਰਹਮਾ ਨਾ ਕੋਇ ਮਹੇਸ਼, ਸੁਰਪਤ ਰੰਗ ਨਾ ਕੋਇ ਰੰਗਾਇੰਦਾ । ਬ੍ਰਹਿਮੰਡ ਖੰਡ ਪੁਰੀਆਂ ਲੋਆਂ ਨਾ ਕੋਇ ਦੇਸ, ਸੂਰਜ ਚੰਨ ਨਾ ਕੋਇ ਚੜ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪੰਡਤ ਪਾਂਧਾ ਨਾ ਕੋਈ ਦਿਸੇ ਮੁਲਾਂ ਸ਼ੇਖ਼, ਤਸਬੀ ਮਾਲਾ ਨਾ ਕੋਇ ਰਖਾਇੰਦਾ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਉਚੇ ਟਿੱਲੇ ਪਰਬਤ ਨਾ ਕੋਈ ਦਿਸੇ ਬਾਲੂ ਰੇਤ, ਸਾਗਰ ਸਰੋਵਰ ਨਾ ਕੋਇ ਜਣਾਇੰਦਾ । ਭਗਤ ਭਗਵੰਤ ਗੁਰਮੁਖ ਗੁਰਸਿਖ ਕਰੇ ਨਾ ਕੋਈ ਹੇਤ, ਪੰਜ ਤੱਤ ਚਰਨ ਨਤ ਨਾਤਾ ਨਾਤਾ ਨਾ ਕੋਇ ਜੁੜਾਇੰਦਾ । ਨਾ ਕੋਈ ਪੂਜਾ ਨਾ ਕੋਈ ਪਾਠ ਨਾ ਕੋਈ ਸਰੋਵਰ ਨਾ ਕੋਈ ਤੱਟ, ਨਾ ਕੋਈ ਵਣਜਾਰਾ ਨਾ ਕੋਈ ਹੱਟ, ਵਸਤ ਵਸਤ ਨਾ ਕੋਇ ਵਖਾਇੰਦਾ । ਨਾ ਕੋਈ ਸੰਗੀ ਨਾ ਕੋਈ ਸਾਥ, ਨਾ ਕੋਈ ਦੇਵੇ ਹੱਥੋ ਹੱਥ ਦਾਤ, ਨਾ ਕੋਈ ਦਿਵਸ ਨਾ ਕੋਈ ਰਾਤ, ਪਿਤਾ ਮਾਤ ਨਾ ਕੋਇ ਜਣਾਇੰਦਾ । ਨਾ ਕੋਈ ਜ਼ਾਤ ਨਾ ਕੋਈ ਪਾਤ, ਨਾ ਕੋਈ ਨਾਰ ਦਿਸੇ ਕਮਜ਼ਾਤ, ਨਾ ਕੋਈ ਡੂੰਘਾ ਰੱਖੇ ਖਾਤ, ਦੂਸਰ ਸੰਗ ਨਾ ਕੋਇ ਰਲਾਇੰਦਾ । ਇਕ ਇਕੱਲਾ ਪੁਰਖ ਸਮਰਥ, ਆਪਣੀ ਮਹਿਮਾ ਜਾਣੇ ਅਕੱਥ, ਆਪ ਚਲਾਏ ਆਪਣਾ ਰਥ, ਜੁਗ ਜੁਗ ਆਪਣੀ ਸੇਵ ਕਮਾਇੰਦਾ । ਆਪਣਾ ਮਾਰਗ ਆਪੇ ਦੱਸ, ਵਿਸ਼ਨ ਬ੍ਰਹਮਾ ਸ਼ਿਵ ਰਾਹ ਚਲਾਇੰਦਾ । ਅੰਤਮ ਪੂਰੀ ਕਰੇ ਆਸ, ਲੇਖਾ ਸਰਬ ਮੁਕਾਇੰਦਾ । ਲੋਕਮਾਤ ਹੋਏ ਉਦਾਸ, ਨੇਤਰ ਨੀਰ ਸਰਬ ਵਹਾਇੰਦਾ । ਨਾਤਾ ਤੁਟਣਾ ਪ੍ਰਿਥਮੀ ਆਕਾਸ਼, ਮੰਡਲ ਮੰਡਪ ਨਾ ਕੋਇ ਵਡਿਆਇੰਦਾ । ਅੰਤਮ ਪੂਰੇ ਹੋਏ ਸਾਸ, ਸਵਾਸ ਪਵਣ ਨਾ ਕੋਇ ਵਧਾਇੰਦਾ । ਘਰ ਘਰ ਬੈਠੇ ਹੋਏ ਨਿਰਾਸ, ਆਸਾ ਪੂਰ ਨਾ ਕੋਇ ਕਰਾਇੰਦਾ । ਜਿਸ ਨੇ ਉਪਜਾਈ ਆਪਣੀ ਸ਼ਾਖ਼, ਸੋ ਆਪਣੀ ਹੱਥੀਂ ਵੱਢ ਵਖਾਇੰਦਾ । ਅੰਤਮ ਕਰਨੀ ਢੇਰੀ ਖਾਕ, ਖ਼ਾਕੀ ਖ਼ਾਕ ਮਿਲਾਇੰਦਾ । ਕੋਈ ਨਾ ਦਿਸੇ ਸੱਜਣ ਸਾਕ, ਵੇਲੇ ਅੰਤ ਛੁਡਾਇੰਦਾ । ਚਾਰੋਂ ਕੁੰਟ ਬੈਠੇ ਝਾਕ, ਨਾਤਾ ਨਜ਼ਰ ਕੋਇ ਨਾ ਆਇੰਦਾ । ਥੱਲੇ ਦਿਸੇ ਨਾ ਕੋਈ ਖਾਟ, ਤੱਕੀਆ ਸੀਸ ਨਾ ਕੋਇ ਟਿਕਾਇੰਦਾ । ਕਾਇਆ ਬਸਤਰ ਗਿਆ ਪਾਟ, ਹੱਥੀਂ ਤੰਦ ਨਾ ਕੋਇ ਲਗਾਇੰਦਾ । ਚਾਰੋਂ ਕੁੰਟ ਆਇਆ ਘਾਟ, ਘਾਟਾ ਪੂਰ ਨਾ ਕੋਇ ਕਰਾਇੰਦਾ । ਕਿਸੇ ਨਜ਼ਰ ਨਾ ਆਏ ਤ੍ਰਲੋਕੀ ਨਾਥ, ਤਿੰਨਾਂ ਲੋਕਾਂ ਮੁਖ ਭੁਆਇੰਦਾ । ਕਿਸੇ ਕੰਮ ਨਾ ਆਏ ਪੂਜਾ ਪਾਠ, ਪੜ੍ਹ ਪੜ੍ਹ ਰਸਨਾ ਜਿਹਵਾ ਸਰਬ ਗਾਇੰਦਾ । ਕਲਜੁਗ ਅੰਤਮ ਖੇਲ ਕਰੇ ਆਪ ਪੁਰਖ ਸਮਰਥ, ਆਪਣੀ ਕਲ ਆਪ ਵਰਤਾਇੰਦਾ । ਚਾਰ ਜੁਗ ਦੀ ਕਿਰਿਆ ਕਰਨੀ ਦੇਵੇ ਮਥ, ਉਪਰ ਆਪਣਾ ਬਲ ਧਰਾਇੰਦਾ । ਅਭਿਮਾਨੀਆਂ ਮਾਣ ਜਾਏ ਢੱਠ, ਮੋਹ ਮਮਤਾ ਨਾ ਕੋਇ ਰਖਾਇੰਦਾ । ਉਲਟੀ ਗੇੜੇ ਆਪੇ ਲੱਠ, ਗੇੜਾ ਗੇੜੇ ਵਿਚ ਰਖਾਇੰਦਾ । ਜਨ ਭਗਤਾਂ ਮਾਰਗ ਏਕਾ ਦੱਸ, ਆਪਣੀ ਬੂਝ ਬੁਝਾਇੰਦਾ । ਸਚਖੰਡ ਨਿਵਾਸੀ ਆਏ ਨੱਠ, ਲੋਕਮਾਤ ਫੇਰਾ ਪਾਇੰਦਾ । ਹਰਿ ਸੰਗਤ ਕਰ ਇਕ ਇਕੱਠ, ਆਪਣਾ ਰੰਗ ਚੜ੍ਹਾਇੰਦਾ । ਨਾਤਾ ਤੁਟਾ ਮੜ੍ਹੀ ਗੋਰ ਮੱਠ, ਸ਼ਿਵਦੁਆਲਾ ਨਜ਼ਰ

ਕੋਇ ਨਾ ਆਇੰਦਾ । ਸਾਰੇ ਸੱਥਰ ਬੈਠੇ ਘੱਤ, ਮੰਦਰ ਮਸੀਤ ਸਰਬ ਕੁਰਲਾਇੰਦਾ । ਇਕੋ ਯਾਰੜਾ ਹੋਏ ਪ੍ਰਗਟ, ਗੋਬਿੰਦ ਪੂਰੀ ਆਸ ਕਰਾਇੰਦਾ । ਦੇਵੇ ਏਕਾ ਸਾਚੀ ਵਥ, ਨਾਮ ਖ਼ਜ਼ਾਨਾ ਆਪ ਵਰਤਾਇੰਦਾ । ਲੇਖੇ ਲਾਏ ਰੱਤੀ ਰੱਤ, ਰਤਨ ਅਮੋਲਕ ਆਪਣੀ ਗੋਲਕ ਗੁਰਮੁਖ ਆਪ ਟਿਕਾਇੰਦਾ । ਬੀਜ ਬੀਜੇ ਸਾਚੇ ਵਤ, ਪਤ ਡਾਲੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਵੇਸ ਆਪ ਧਰਾਇੰਦਾ । ਵਾਹਵਾ ਹਰਿ ਜੂ ਧਰਿਆ ਵੇਸ, ਵਸਤ ਹੱਥ ਨਾ ਕੋਇ ਰਖਾਈਆ । ਜਨ ਭਗਤਾਂ ਵੇਖੇ ਕਾਇਆ ਦੇਸ, ਪ੍ਰਦੇਸੋਂ ਚਲ ਕੇ ਆਇਆ ਮਾਹੀਆ । ਕਿਸੇ ਨਾ ਲੱਭੇ ਰੂਪ ਰੇਖ, ਰੰਗਤ ਰੰਗ ਨਾ ਕੋਇ ਵਖਾਈਆ । ਇਕੋ ਮੇਲਾ ਦਸ ਦਸਮੇਸ਼, ਵਿਛੜਿਆਂ ਲਏ ਮਿਲਾਈਆ । ਅੰਦਰ ਬਾਹਰ ਰਹੇ ਹਮੇਸ਼, ਆਪਣੀ ਗੰਢ ਪੁਆਈਆ । ਨਾਨਕ ਲੇਖੇ ਲਾਈ ਖੂੰਡੀ ਭੂਰੀ ਖੇਸ, ਬਣ ਚਰਵਾਹਾ ਸੇਵ ਕਮਾਈਆ । ਅੰਤਮ ਕਰ ਇਕ ਆਦੇਸ਼, ਏਕਾ ਮੰਗ ਮੰਗਾਈਆ । ਤੂੰ ਸਾਹਿਬ ਸੁਲਤਾਨ ਨਰ ਨਰੇਸ਼, ਸ਼ਹਿਨਸ਼ਾਹ ਵਡੀ ਤੇਰੀ ਵਡਿਆਈਆ । ਆਦਿ ਜੁਗਾਦਿ ਰਹੇਂ ਹਮੇਸ਼, ਨਾ ਮਰੇ ਨਾ ਜਾਈਆ । ਤੇਰਾ ਕੋਇ ਨਾ ਪਾਏ ਭੇਤ, ਤੇਰੀ ਮਹਿਮਾ ਗਣਤ ਗਿਣੀ ਨਾ ਜਾਈਆ । ਤੇਰਾ ਇਕੋ ਸੱਚਾ ਹੇਤ, ਚਰਨ ਸਰਨ ਸੱਚੀ ਸ਼ਰਨਾਈਆ । ਆਪਣੇ ਨੇਤਰ ਮੈਨੂੰ ਵੇਖ, ਮੇਰਾ ਨੇਤਰ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਹਰਿ ਜੂ ਅੱਗੋਂ ਕਹੇ ਹੱਸ, ਏਕਾ ਸ਼ਬਦ ਸੁਣਾਇਆ । ਨਿਰਗੁਣ ਧਾਰ ਨਿਰਗੁਣ ਦੱਸ, ਨਿਰਗੁਣ ਮੇਲਾ ਮੇਲ ਮਿਲਾਇਆ । ਸਚ ਦੁਆਰੇ ਔਣਾ ਨੱਸ, ਸਚਖੰਡ ਇਕ ਵਖਾਇਆ । ਅੱਗੇ ਵੇਖੇ ਜੋਤ ਪ੍ਰਕਾਸ਼, ਨੂਰ ਨੁਰਾਨਾ ਡਗਮਗਾਇਆ । ਦੋਏ ਜੋੜ ਕਰੇ ਅਰਦਾਸ, ਪ੍ਰਭ ਅੱਗੇ ਬੇਨੰਤੀ ਇਕ ਸੁਣਾਇਆ । ਹਉਂ ਚਾਕਰ ਸੇਵਕ ਤੇਰਾ ਦਾਸ, ਮੈਂ ਸੇਵਕ ਸੇਵ ਕਮਾਇਆ । ਤੇਰੀ ਵਸਤ ਤੇਰੀ ਰਾਸ, ਤੇਰੇ ਹੱਟ ਵਿਕਾਇਆ । ਸਰਬ ਗੁਣਾ ਗੁਣ ਤੂੰ ਹੀ ਤਾਸ, ਹੱਥ ਤੇਰੇ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਖੇਲ ਕਰਾਇੰਦਾ, ਇਕ ਇਕੱਲਾ ਏਕੰਕਾਰ । ਨਾਨਕ ਨਿਰਗੁਣ ਹੁਕਮ ਸੁਣਾਇੰਦਾ, ਹੁਕਮੀ ਹੁਕਮ ਸਤਿ ਵਰਤਾਰ । ਏਕਾ ਵਸਤ ਝੋਲੀ ਪਾਇੰਦਾ, ਨਾਮ ਸਤਿ ਕਰ ਪਿਆਰ । ਜੀਵ ਜੰਤ ਵਰਤਾਇੰਦਾ, ਊਚ ਨੀਚ ਆਧਾਰ । ਰਾਓ ਰੰਕ ਸਮਝਾਇੰਦਾ, ਚਾਰ ਕੁੰਟ ਜੈਕਾਰ । ਚਲ ਚਲ ਆਪਣਾ ਪੰਧ ਮੁਕਾਇੰਦਾ, ਬਣ ਪਾਂਧੀ ਵਿਚ ਸੰਸਾਰਾ । ਹਰਿ ਗੁਣ ਹਰਿ ਆਪੇ ਗਾਇੰਦਾ, ਇਕ ਵਜਾਏ ਰਬਾਬ ਸਿਤਾਰ । ਅੰਤਮ ਇਕੋ ਮੰਗ ਮੰਗਾਇੰਦਾ, ਦੋਏ ਜੋੜ ਕਰੇ ਨਿਮਸਕਾਰ । ਤੇਰਾ ਅੰਤ ਕੋਇ ਨਾ ਪਾਇੰਦਾ, ਬੇਐਬ ਪਰਵਰਦਿਗਾਰ । ਕਲਜੁਗ ਅੰਤ ਅੰਧੇਰਾ ਛਾਇੰਦਾ, ਚਾਰੋਂ ਕੁੰਟ ਹੋਏ ਧੂੰਆਂਧਾਰ । ਤੁਧ ਬਿਨ ਕੋਇ ਨਾ ਪਾਰ ਲੰਘਾਇੰਦਾ, ਗੁਰ ਅਵਤਾਰ ਗਏ ਹਾਰ । ਪੀਰ ਪੈਗ਼ੰਬਰ ਖੇਲ ਕਰਾਇੰਦਾ, ਖ਼ਾਲਕ ਖ਼ਲਕ ਕਰ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਕਰ ਏਕਾ ਵਾਰ । ਮਿਹਰ ਨਜ਼ਰ ਕਰੀਂ ਕਰਤਾਰ, ਏਕਾ ਮੰਗ ਮੰਗਾਈਆ । ਕਵਣ ਬਿਧ ਕਲਜੁਗ ਉਤਰੇ ਪਾਰ, ਲੋਕਮਾਤ ਰਹਿਣ ਨਾ ਪਾਈਆ । ਤੇਰੇ ਭਗਤਾਂ ਮਿਲੇ ਤੇਰਾ ਦੁਆਰ, ਸਰਨ ਤੇਰੀ ਸ਼ਰਨਾਈਆ । ਪੁਰਖ ਅਬਿਨਾਸ਼ੀ ਸੁਤ ਦੁਲਾਰ, ਏਕਾ ਗੁਣ ਜਣਾਈਆ । ਤੇਰੀ ਇਛਿਆ ਭਰਾਂ ਭੰਡਾਰ, ਜੋ ਮੰਗੇ ਸੋ ਦੇਵਾਂ ਝੋਲੀ ਪਾਈਆ । ਨਾਨਕ ਨਿਰਗੁਣ ਬੋਲ ਕਹੇ ਪੁਕਾਰ, ਤੂੰ ਨਿਰਗੁਣ ਨਿਹਕਲੰਕ ਤੇਰੀ ਵਡੀ ਵਡ ਵਡਿਆਈਆ । ਤੂੰ ਆਵੀਂ ਵਿਚ ਸੰਸਾਰ, ਆਪਣਾ ਵੇਸ ਵਟਾਈਆ ।

ਆਪੇ ਵੇਖੀਂ ਆਪਣੀ ਕਾਰ, ਜੋ ਘਟ ਘਟ ਰਿਹਾ ਕਮਾਈਆ । ਆਪੇ ਭਗਤ ਆਪੇ ਲਈਂ ਉਭਾਰ, ਤੇਰੀ ਵੰਡ ਨਾ ਕਿਸੇ ਵੰਡਾਈਆ । ਤੂੰ ਦੀਨ ਮਜ਼੍ਹਬ ਸ਼ਰਅ ਈਮਾਨ ਤੋਂ ਵਸਿਆ ਬਾਹਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਬ੍ਰਹਮ ਜਣਾਈਆ । ਪੁਰਖ ਅਬਿਨਾਸ਼ੀ ਕਰ ਪਿਆਰ, ਏਕਾ ਹੁਕਮ ਸੁਣਾਈਆ । ਕਰਾਂ ਖੇਲ ਅਪਰ ਅਪਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਛੱਤੀ ਜੁਗ ਦਾ ਤੇਰਾ ਉਧਾਰ, ਨਾਨਕ ਗੁਰ ਗੁਰ ਦਿਆਂ ਚੁਕਾਈਆ । ਲੋਕਮਾਤ ਬਣ ਸਿਕਦਾਰ, ਸਚ ਸਿਕਦਾਰੀ ਇਕ ਕਮਾਈਆ । ਸਰਬ ਜੀਆਂ ਦਾ ਇਕ ਮਨਾਰ, ਮਹੱਲ ਅਟੱਲ ਕਰਾਂ ਰੁਸ਼ਨਾਈਆ । ਭਗਤ ਸੁਹੇਲੇ ਅੰਦਰ ਵਾੜ, ਬਾਹਰ ਬਹਿ ਬਹਿ ਖ਼ੁਸ਼ੀ ਮਨਾਈਆ । ਆਓ ਵੇਖੋ ਜਿਸ ਕਰਨਾ ਦੀਦਾਰ, ਬਿਨ ਦੀਦਿਆਂ ਦਿਆਂ ਵਖਾਈਆ । ਜਿਸ ਨੂੰ ਲੱਭਦੇ ਜੰਗਲ ਵਿਚ ਪਹਾੜ, ਕੋਟਨ ਕੋਟ ਧੂਣੀਆਂ ਲਾਈਆ । ਜਿਸ ਦੇ ਪਿਛੇ ਹੋਏ ਖ਼ਵਾਰ, ਘਰ ਘਰ ਫੇਰਾ ਪਾਈਆ । ਸੋ ਸਾਹਿਬ ਸਤਿਗੁਰ ਪ੍ਰਗਟ ਹੋਏ ਪੁਰਖ ਅਕਾਲ, ਆਪਣੀ ਕਲ ਵਰਤਾਈਆ । ਦੇ ਦਰਸ ਕਰੇ ਨਿਹਾਲ, ਕਿਆਮਤ ਇਕੋ ਝੋਲੀ ਪਾਈਆ । ਗੁਰਮੁਖ ਵੇਖੇ ਸਾਚੇ ਲਾਲ, ਲਾਲਨ ਆਪਣੇ ਹੱਟ ਵਿਕਾਈਆ । ਨਾਤਾ ਜੋੜ ਜਗਤ ਜੰਜਾਲ, ਜੀਵਣ ਜੁਗਤ ਇਕ ਸਮਝਾਈਆ । ਅੰਤ ਅੰਤ ਨਾ ਖਾਏ ਕਾਲ, ਰਾਏ ਧਰਮ ਨਾ ਦਏ ਸਜਾਈਆ । ਕਰੇ ਆਪ ਸਦਾ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਈਆ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਹਰਿਸੰਤ ਵੇਖੇ ਹਰਿ ਜੂ ਆਪਣੇ ਲਾਲ, ਮੁਰਸ਼ਦ ਮੁਰੀਦ ਆਸ਼ਕ ਮਾਸ਼ੂਕ ਸ਼ਿਕਵਾ ਸ਼ਾਕੂਕ ਸਭ ਦਾ ਦਏ ਚੁਕਾਈਆ । ਏਕਾ ਆਪਣੀ ਰੱਖ ਤੌਫੀਕ, ਪੀਰਨ ਪੀਰ ਵੇਖੇ ਰਫੀਕ, ਕਰੇ ਖੇਲ ਲਾਸ਼ਰੀਕ, ਕਲਜੁਗ ਮੇਟੇ ਅੰਧੇਰਾ ਤਾਰੀਕ, ਜਿਸ ਦੀ ਮੁਹੰਮਦ ਈਸਾ ਰੱਖ ਕੇ ਗਏ ਉਡੀਕ, ਸੋ ਪ੍ਰਗਟ ਹੋਵੇ ਨਾ ਕੋਇ ਬਣਾਏ ਫ਼ਰੀਕ, ਫ਼ਿਰਕਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਜਨ ਜਨ ਹਰਿ ਆਪਣੇ ਸੰਗ ਰਖਾਈਆ ।

## ★ ੧੪ ਮਾਘ ੨੦੧੮ ਬਿਕ੍ਰਮੀ ਧਿਰਤਾ ਸਿੰਘ ਦੇ ਗ੍ਰਿਹ ਕਲਾਨੌਰ ਜ਼ਿਲਾ ਗੁਰਦਾਸਪੁਰ ★

ਸਚਖੰਡ ਸੋਹੇ ਹਰਿ ਦਰਬਾਰ, ਸੋ ਪੁਰਖ ਨਿਰੰਜਣ ਆਸਣ ਲਾਈਆ । ਨਿਰਗੁਣ ਦੀਆ ਬਾਤੀ ਕਰ ਉਜਿਆਰ, ਹਰਿ ਪੁਰਖ ਨਿਰੰਜਣ ਖ਼ੁਸ਼ੀ ਮਨਾਈਆ । ਇਕ ਇਕੱਲਾ ਹੋ ਤਿਆਰ, ਏਕੰਕਾਰਾ ਬਲ ਵਖਾਈਆ । ਆਪੇ ਜਾਣੇ ਆਪਣੀ ਧਾਰ, ਆਦਿ ਨਿਰੰਜਣ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਆਪ ਸੁਹਾਈਆ । ਸਚ ਦਰਬਾਰ ਗਿਆ ਲੱਗ, ਸਤਿ ਪੁਰਖ ਨਿਰੰਜਣ ਆਪ ਲਗਾਇੰਦਾ । ਜੋਧਾ ਸੂਰਬੀਰ ਸਰਬੱਗ, ਸ਼ਾਹ ਪਾਤਸ਼ਾਹ ਖੇਲ ਕਰਾਇੰਦਾ । ਨਾਮ ਨਗਾਰਾ ਗਿਆ ਵੱਜ, ਅਨਾਦ ਨਾਦੀ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਆਪ ਵਡਿਆਇੰਦਾ । ਸਚ ਦਰਬਾਰਾ ਸੋਭਾਵੰਤ, ਸਚਖੰਡ ਵੱਜੀ ਵਧਾਈਆ । ਕਰੇ ਖੇਲ ਸ੍ਰੀ ਭਗਵੰਤ, ਮਹਿਮਾ ਅਕੱਥ ਕਥੀ ਨਾ ਜਾਈਆ । ਆਦਿ ਜੁਗਾਦਿ ਬਣਾਏ ਬਣਤ, ਜੁਗ ਜੁਗ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਆਪ ਲਗਾਈਆ । ਸਚ ਦਰਬਾਰਾ ਹਰਿ ਨਿਰੰਕਾਰਾ, ਏਕਾ ਘਰ ਲਗਾਇੰਦਾ ।

੪੫੭
੧੧

ਏਕਾ ਹੁਕਮ ਇਕ ਵਰਤਾਰਾ, ਸ਼ਾਹ ਪਾਤਸ਼ਾਹ ਇਕ ਸੁਣਾਇੰਦਾ । ਏਕਾ ਮੰਦਰ ਖੋਲ੍ਹ ਕਿਵਾੜਾ, ਏਕਾ ਘਰ ਸੋਭਾ ਪਾਇੰਦਾ । ਏਕਾ ਨਾਮ ਨਾਦ ਜੈਕਾਰਾ, ਏਕਾ ਹੱਕ ਹੱਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਆਪ ਬਣਾਇੰਦਾ । ਸਚ ਦਰਬਾਰਾ ਗਿਆ ਬਣ, ਹਰਿ ਸਾਚਾ ਆਪ ਬਣਾਈਆ । ਕਰੇ ਖੇਲ ਸ੍ਰੀ ਭਗਵਨ, ਮਹੱਲ ਅਟੱਲ ਉਚ ਰੁਸ਼ਨਾਈਆ । ਨਾ ਕੋਈ ਸੂਰਜ ਨਾ ਕੋਈ ਚੰਨ, ਮੰਡਲ ਮੰਡਪ ਨਾ ਕੋਇ ਵਡਿਆਈਆ । ਨਿਰਾਕਾਰ ਆਪਣਾ ਬੇੜਾ ਆਪੇ ਬੰਨ੍ਹ, ਨਿਰਵੈਰ ਰੂਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਸੁਹਾਈਆ । ਸਚ ਦਰਬਾਰਾ ਹਰਿ ਕਰਤਾਰ, ਕਰਤਾ ਪੁਰਖ ਆਪ ਲਗਾਇੰਦਾ । ਭੂਪਤ ਭੂਪ ਬਣ ਰਾਜਾਨ, ਸ਼ਾਹ ਪਾਤਸ਼ਾਹ ਆਸਣ ਲਾਇੰਦਾ । ਆਦਿ ਆਦੀ ਇਕ ਫ਼ਰਮਾਣ, ਪੁਰਖ ਅਕਾਲ ਆਪ ਸੁਣਾਇੰਦਾ । ਸਤਿ ਸਤਿਵਾਦੀ ਨੌਜਵਾਨ, ਇਕ ਇਕੱਲਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਆਪੇ ਚੜ੍ਹ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਤਖ਼ਤ ਨਿਵਾਸੀ ਸੋਹੇ ਤਖ਼ਤ, ਨਿਰਗੁਣ ਆਪਣਾ ਖੇਲ ਕਰਾਇੰਦਾ । ਨਾ ਕੋਈ ਜਾਣੇ ਵੇਲਾ ਵਕਤ, ਥਿਤ ਵਾਰ ਨਾ ਕੋਇ ਸਮਝਾਇੰਦਾ । ਨਾ ਕੋਇ ਬੂੰਦ ਨਾ ਕੋਇ ਰਕਤ, ਤੱਤਵ ਤੱਤ ਨਾ ਕੋਇ ਰਖਾਇੰਦਾ । ਆਪ ਬਣਾਏ ਆਪਣੀ ਬਣਤ, ਨਿਰਗੁਣ ਆਪਣਾ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਖੇਲ ਕਰਾਇੰਦਾ । ਸਚਖੰਡ ਹਰਿ ਖੇਲ ਅਵੱਲਾ, ਏਕਾ ਏਕ ਕਰਾਈਆ । ਅਜੂਨੀ ਰਹਿਤ ਵਸੇ ਸਚ ਮਹੱਲਾ, ਦਰ ਘਰ ਸਾਚਾ ਆਪ ਸੁਹਾਈਆ । ਮੂਰਤ ਅਕਾਲ ਏਕਾ ਨੂਰ ਜੋਤੀ ਬਲਾ, ਨੂਰ ਨੁਰਾਨਾ ਡਗਮਗਾਈਆ । ਸਚ ਸੰਦੇਸ਼ ਨਰ ਨਰੇਸ਼ ਏਕਾ ਘੱਲਾ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਇਕ ਵਖਾਈਆ । ਸਚ ਦਰਬਾਰਾ ਸ੍ਰੀ ਭਗਵਾਨ, ਆਦਿ ਪੁਰਖ ਬਣਾਇੰਦਾ । ਏਕਾ ਹੁਕਮ ਏਕਾ ਹੁਕਮਰਾਨ, ਹੁਕਮੀ ਹੁਕਮ ਇਕ ਭੁਆਇੰਦਾ । ਏਕਾ ਏਕ ਵਖਾਏ ਸਤਿ ਨਿਸ਼ਾਨ, ਸ਼ਾਹ ਪਾਤਸ਼ਾਹ ਆਪ ਝੁਲਾਇੰਦਾ । ਏਕਾ ਪਾਏ ਸਾਚੀ ਆਣ, ਸਿਰ ਸਿਰ ਹੁਕਮ ਮਨਾਇੰਦਾ । ਏਕਾ ਖੇਲ ਕਰੇ ਮਹਾਨ, ਭੇਵ ਅਭੇਦ ਰਖਾਇੰਦਾ । ਏਕਾ ਵਸੇ ਸਚ ਮਕਾਨ, ਸਾਚਾ ਮੰਦਰ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਆਪੇ ਖੜ, ਰੂਪ ਅਨੂਪ ਆਪ ਵਟਾਇੰਦਾ । ਸਚ ਦਰਬਾਰ ਸੁਹਾਇਆ, ਪੁਰਖ ਅਕਾਲ ਅਗੰਮ । ਨਿਰਗੁਣ ਆਸਣ ਲਾਇਆ, ਕਰੇ ਕਰਾਏ ਆਪਣਾ ਕੰਮ । ਸ਼ਬਦੀ ਸੁਤ ਉਠਾਇਆ, ਬਿਨ ਮਾਤਾ ਪਿਤਾ ਜੰਮ । ਸਾਚੀ ਗੋਦ ਸੁਹਾਇਆ, ਕਰੇ ਖੇਲ ਸ੍ਰੀ ਭਗਵਨ । ਏਕਾ ਨਾਉਂ ਵਡਿਆਇਆ, ਨਾਉਂ ਨਿਰੰਕਾਰਾ ਚੜ੍ਹਿਆ ਚੰਨ । ਸਾਚੇ ਮਾਰਗ ਆਪੇ ਲਾਇਆ, ਦੇਵੇ ਧੁਰ ਫ਼ਰਮਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਮਹਾਨ । ਖੇਲ ਮਹਾਨਾ ਸ੍ਰੀ ਭਗਵਾਨਾ, ਸਚਖੰਡ ਨਿਵਾਸੀ ਆਪ ਕਰਾਈਆ । ਜੋਧਾ ਸੂਰਬੀਰ ਬਲੀ ਬਲਵਾਨਾ, ਨੌਜਵਾਨਾ ਬਲ ਆਪਣਾ ਆਪ ਰਖਾਈਆ । ਹੁਕਮੀ ਹੁਕਮ ਹੁਕਮ ਹੁਕਮਰਾਨਾ, ਧੁਰ ਫ਼ਰਮਾਣਾ ਏਕਾ ਏਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਜਣਾਈਆ । ਸਚ ਸੰਦੇਸ਼ਾ ਹਰਿ ਕਰਤਾਰ, ਏਕਾ ਏਕ ਸੁਣਾਇੰਦਾ । ਸ਼ਬਦ ਸੁਤ ਹੋ ਤਿਆਰ, ਧੁਰ ਫ਼ਰਮਾਣਾ ਆਪ ਜਣਾਇੰਦਾ । ਜੁਗ ਚੌਕੜੀ ਹੋਏ ਪਾਰ, ਥਿਰ ਕੋਇ ਰਹਿਣ ਨਾ ਪਾਇੰਦਾ । ਕਲਜੁਗ ਆਈ ਅੰਤਮ ਵਾਰ, ਨੌਂ ਸੌ ਚੁਰਾਨਵੇਂ

ਚੌਕੜੀ ਜੁਗ ਪੰਧ ਮੁਕਾਇੰਦਾ । ਹੁਕਮ ਦੇਣਾ ਏਕਾ ਵਾਰ, ਗੁਰ ਅਵਤਾਰ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਇੰਦਾ । ਕਰੋੜ ਤੇਤੀਸਾ ਦੇ ਹੁਲਾਰ, ਸੁਰਪਤ ਨਾਲ ਮਿਲਾਇੰਦਾ । ਰਵ ਸਸ ਦਏ ਉਠਾਲ, ਨੇਤਰ ਨੈਣ ਖੁਲ੍ਹਾਇੰਦਾ । ਬ੍ਰਹਿਮੰਡ ਖੰਡ ਬੋਲ ਜੈਕਾਰ, ਏਕਾ ਨਾਦ ਸੁਣਾਇੰਦਾ । ਲੱਖ ਚੁਰਾਸੀ ਕਰ ਵਿਚਾਰ, ਤ੍ਰੈਗੁਣ ਮਾਇਆ ਮੋਹ ਰਖਾਇੰਦਾ । ਪੰਚਮ ਤੱਤ ਵੇਖ ਅਖਾੜ, ਬੂੰਦ ਰਕਤ ਨਾਚ ਨਚਾਇੰਦਾ । ਜੰਗਲ ਜੂਹ ਉਜਾੜ ਪਹਾੜ, ਡੂੰਘੀ ਗਾਰ ਪਰਬਤ ਟਿੱਲੇ ਏਕਾ ਰਾਹ ਜਣਾਇੰਦਾ । ਸਮੁੰਦ ਸਾਗਰ ਵੇਖ ਧਾਰ, ਜਲ ਥਲ ਮਹੀਅਲ ਆਪ ਸਮਝਾਇੰਦਾ । ਵੇਦ ਸ਼ਾਸਤਰ ਖੋਲ੍ਹ ਕਿਵਾੜ, ਸਿਮਰਤ ਪੁਰਾਨ ਨਾਲ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸਮਝਾਇੰਦਾ । ਸਾਚੇ ਸੁਤ ਉਠ ਬਲ ਧਾਰ, ਹਰਿ ਸਾਚਾ ਸਚ ਜਣਾਈਆ । ਕਲਜੁਗ ਆਈ ਅੰਤਮ ਵਾਰ, ਪੁਰਖ ਅਬਿਨਾਸ਼ੀ ਖੇਲ ਵਖਾਈਆ । ਨਿਰਗੁਣ ਨੂਰ ਹੋ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਨਿਹਕਲੰਕਾ ਲਏ ਅਵਤਾਰ, ਨਾਮ ਡੰਕਾ ਇਕ ਵਜਾਈਆ । ਦੋ ਜਹਾਨਾਂ ਕਰ ਖ਼ਬਰਦਾਰ, ਚੌਦਾਂ ਲੋਕ ਨੈਣ ਖੁਲ੍ਹਾਈਆ । ਚੌਦਾਂ ਤਬਕ ਮਾਰ ਮਾਰ, ਏਕਾ ਨਾਮ ਖੰਡਾ ਹੱਥ ਉਠਾਈਆ । ਜਿਮੀ ਅਸਮਾਨਾ ਦਏ ਹੁਲਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਸਮਝਾਈਆ । ਸਾਚੀ ਸੇਵਾ ਕਰ ਸਾਚੇ ਸੁਤ, ਸੋ ਪੁਰਖ ਨਿਰੰਜਣ ਆਪ ਜਣਾਇਆ । ਕਰੇ ਖੇਲ ਅਬਿਨਾਸ਼ੀ ਅਚੁਤ, ਲੋਕਮਾਤ ਵੇਸ ਵਟਾਇਆ । ਕਲਜੁਗ ਔਧ ਗਈ ਪੁਗ, ਵੇਲਾ ਅੰਤਮ ਆਇਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਪੈਂਡਾ ਗਿਆ ਮੁੱਕ, ਪਾਂਧੀ ਬਣ ਬਣ ਪੰਧ ਮੁਕਾਇਆ । ਲੱਖ ਚੁਰਾਸੀ ਬੂਟਾ ਰਿਹਾ ਸੁੱਕ, ਹਰਿਆ ਨਜ਼ਰ ਕੋਇ ਨਾ ਆਇਆ । ਸਫ਼ਲ ਨਾ ਦਿਸੇ ਮਾਤਾ ਕੁੱਖ, ਜਨ ਜਨਣੀ ਦਏ ਦੁਹਾਇਆ । ਚਾਰੋਂ ਕੁੰਟ ਅੰਧੇਰਾ ਘੁੱਪ, ਸਾਚਾ ਚੰਦ ਨਾ ਕੋਇ ਚੜ੍ਹਾਇਆ । ਜੀਵ ਜੰਤ ਉਜਲ ਕਰੇ ਨਾ ਕੋਈ ਮੁਖ, ਨੇਤਰ ਨੈਣ ਸਰਬ ਸ਼ਰਮਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਰਿਹਾ ਬੁੱਕ, ਆਪਣਾ ਬਲ ਧਰਾਇਆ । ਅੰਮ੍ਰਿਤ ਸੋਮਾ ਕਿਸੇ ਨਾ ਪਏ ਫੁਟ, ਨਿਝਰ ਝਿਰਨਾ ਨਾ ਕੋਇ ਝਿਰਾਇਆ । ਨਿਰਮਲ ਜਗੇ ਨਾ ਕੋਈ ਜੋਤ, ਅੰਧ ਅੰਧੇਰਾ ਏਕਾ ਛਾਇਆ । ਨਾਤਾ ਬੱਝਾ ਵਰਨ ਗੋਤ, ਆਤਮ ਪਰਮਾਤਮ ਨਾ ਕੋਇ ਮਿਲਾਇਆ । ਹਰਿ ਜੂ ਮਿਲੇ ਨਾ ਕਾਇਆ ਕੋਟ, ਝੂਠਾ ਗੜ੍ਹ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸਮਝਾਇਆ । ਧੁਰ ਫ਼ਰਮਾਣਾ ਦੇਵੇ ਨਿਰੰਕਾਰ, ਹਰਿ ਸ਼ਬਦੀ ਸੇਵ ਲਗਾਈਆ । ਕਲਜੁਗ ਆਈ ਅੰਤਮ ਵਾਰ, ਪੁਰਖ ਅਬਿਨਾਸ਼ੀ ਖੇਲ ਕਰਾਈਆ । ਲਹਿਣਾ ਦੇਣਾ ਵੇਖੇ ਗੁਰ ਅਵਤਾਰ, ਚਾਰ ਜੁਗ ਚੌਕੜ ਮੂਲ ਚੁਕਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਾਚਾ ਹੁਕਮ ਸੁਣਾਈਆ । ਚਲ ਆ ਔਣਾ ਵਿਚ ਸੰਸਾਰ, ਲੋਕਮਾਤ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਏਕਾ ਵਾਰ ਜਣਾਈਆ । ਸਚ ਸੰਦੇਸ਼ਾ ਲਿਆ ਸੁਣ, ਹਰਿ ਸਤਿਗੁਰ ਆਪ ਸੁਣਾਇਆ । ਚਾਰ ਜੁਗ ਦਾ ਵੇਖਣਾ ਗੁਣ, ਅਵਗੁਣ ਨਾਲ ਮਿਲਾਇਆ । ਸਰਬ ਪੁਕਾਰ ਲਏ ਸੁਣ, ਇਕ ਇਕੱਲਾ ਫੇਰਾ ਪਾਇਆ । ਲੇਖਾ ਜਾਣੇ ਰਿਖ ਮੁਨ, ਭੇਵ ਅਭੇਦ ਆਪ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਹਰਿ ਵਰਤੌਣਾ, ਆਪਣੇ ਹੱਥ ਰੱਖੇ ਵਡਿਆਈਆ । ਸਚ ਦਰਬਾਰ ਇਕ

ਸੁਹੌਣਾ, ਸੋਭਾਵੰਤ ਬੇਪਰਵਾਹੀਆ । ਨਿਰਗੁਣ ਉਪਰ ਆਸਣ ਲਾਉਣਾ, ਜੋਤੀ ਜੋਤ ਜੋਤ ਰੁਸ਼ਨਾਈਆ । ਗੁਰ ਅਵਤਾਰ ਦਰ ਮੰਗੌਣਾ, ਲੇਖਾ ਸਭ ਦਾ ਵੇਖੇ ਥਾਉਂ ਥਾਈਂਆ । ਪੀਰ ਪੈਗ਼ੰਬਰ ਦਰ ਦਰਬਾਰ ਬਾਹਰ ਬਹੌਣਾ, ਏਕਾ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਨੈਣ ਸ਼ਰਮਾਉਣਾ, ਨੇਤਰ ਸਕੇ ਨਾ ਕੋਇ ਉਠਾਈਆ । ਕਰੋੜ ਤੇਤੀਸਾ ਢੋਲਾ ਗਾਉਣਾ, ਏਕਾ ਨਾਦ ਵਜਾਈਆ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਸਭ ਨੇ ਪੱਲੂ ਛੁਡਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰਾ ਇਕ ਸੁਹਾਈਆ । ਸਚਖੰਡ ਦੁਆਰਾ ਅਗੰਮ ਅਪਾਰਾ, ਏਕਾ ਏਕ ਸੁਹਾਈਆ । ਕਲਜੁਗ ਵੇਖੇ ਅੰਤ ਕਿਨਾਰਾ, ਬੇਅੰਤ ਬੇਪਰਵਾਹੀਆ । ਨਿਰਗੁਣ ਨਿਰਾਕਾਰ ਲੈ ਅਵਤਾਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਵੇਖੇ ਵਿਗਸੇ ਪਾਵੇ ਸਾਰਾ, ਵਰਨ ਬਰਨ ਫੋਲ ਫੁਲਾਈਆ । ਜੀਵ ਜੰਤ ਖੋਲ੍ਹ ਕਿਵਾੜਾ, ਘਟ ਘਟ ਆਸਣ ਲਾਈਆ । ਛੁਪਿਆ ਰਹੇ ਨਾ ਵਿਚ ਸੰਸਾਰਾ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਅਗੰਮ ਅਥਾਹ, ਅਚਰਜ ਖੇਲ ਕਰਾਇੰਦਾ । ਨਿਰਗੁਣ ਰੂਪ ਬਣ ਮਲਾਹ, ਲੋਕਮਾਤ ਫੇਰਾ ਪਾਇੰਦਾ । ਸਰਗੁਣ ਦੇਵੇ ਸਚ ਸਲਾਹ, ਏਕਾ ਨਾਮ ਜਣਾਇੰਦਾ । ਗੋਬਿੰਦ ਮੇਲਾ ਸਹਿਜ ਸੁਭਾ, ਪੁਰਖ ਅਕਾਲ ਮਨਾਇੰਦਾ । ਸੰਬਲ ਡੇਰਾ ਏਕਾ ਲਾ, ਸਚ ਤਖ਼ਤ ਵਡਿਆਇੰਦਾ । ਧੁਰ ਫ਼ਰਮਾਣਾ ਹੁਕਮ ਜਣਾ, ਏਕਾ ਵਾਰ ਸੁਣਾਇੰਦਾ । ਖੇਲੇ ਖੇਲ ਦੋ ਜਹਾਂ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਵੇਖ ਵਖਾਇੰਦਾ । ਲੇਖਾ ਜਾਣੇ ਥਾਉਂ ਥਾਂ, ਅਭੁਲ ਭੁੱਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਚਖੰਡ ਦੁਆਰਾ ਖੇਲ ਨਿਆਰਾ, ਨਿਰਗੁਣ ਦਾਤਾ ਆਪ ਕਰਾਇੰਦਾ । ਨਿਰਗੁਣ ਦਾਤਾ ਹਰਿ ਦਾਤਾਰ, ਦਇਆਵਾਨ ਵਡੀ ਵਡਿਆਈਆ । ਲੋਕਮਾਤ ਹੋ ਉਜਿਆਰ, ਸਾਚੀ ਘਾੜਤ ਆਪ ਘੜਾਈਆ । ਚਾਰੇ ਖਾਣੀ ਪਾਵੇ ਸਾਰ, ਚਾਰੇ ਬਾਣੀ ਕਰੇ ਪੜ੍ਹਾਈਆ । ਚਾਰੇ ਜੁਗ ਬੰਨ੍ਹੇ ਧਾਰ, ਚਾਰੇ ਵੇਦ ਭੇਵ ਚੁਕਾਈਆ । ਚਾਰੇ ਵਰਨਾਂ ਖੋਲ੍ਹ ਕਿਵਾੜ, ਚਾਰ ਯਾਰੀ ਦਏ ਸਮਝਾਈਆ । ਚਾਰੋਂ ਕੁੰਟ ਬੋਲ ਜੈਕਾਰ, ਚੌਥੇ ਪਦ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਵਰਤਾਈਆ । ਕਲਜੁਗ ਵਰਤੇ ਹਰਿ ਜੂ ਕਲ, ਅਕਲ ਕਲਾ ਵਰਤਾਇੰਦਾ । ਜੁਗਾ ਜੁਗੰਤਰ ਅਛਲ ਅਛੱਲ, ਆਪਣਾ ਵੇਸ ਵਟਾਇੰਦਾ । ਆਪ ਆਪਣਾ ਜਾਣੇ ਬਲ, ਕਲਜੁਗ ਪੰਧ ਮੁਕਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲ, ਸਚਖੰਡ ਸਾਚੇ ਸੋਭਾ ਪਾਇੰਦਾ । ਜੋਤੀ ਸ਼ਬਦੀ ਆਪੇ ਰਲ, ਨਿਰਗੁਣ ਵੇਸ ਵਟਾਇੰਦਾ । ਸਚ ਸਿੰਘਾਸਣ ਏਕਾ ਮਲ, ਸੋਭਾਵੰਤ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸਮਝਾਇੰਦਾ । ਸਚ ਦਰਬਾਰਾ ਲਗਾਉਣਾ ਮਾਤ, ਪਾਰਬ੍ਰਹਮ ਜਣਾਇੰਦਾ । ਲੱਖ ਚੁਰਾਸੀ ਵੇਖੇ ਮਾਰ ਝਾਤ, ਨੇਤਰ ਨੈਣ ਆਪ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਤੋੜੇ ਸਾਕ, ਬੰਧਨ ਬੰਧ ਨਾ ਕੋਇ ਰਖਾਇੰਦਾ । ਕਰੋੜ ਤੇਤੀਸਾ ਉਤਰੇ ਆਪਣੇ ਘਾਟ, ਥਿਰ ਕੋਇ ਰਹਿਣ ਨਾ ਪਾਇੰਦਾ । ਕਲਜੁਗ ਸੁੱਤੇ ਡੂੰਘੇ ਖ਼ਾਤ, ਪਾਰ ਕਿਨਾਰਾ ਨਾ ਕੋਇ ਜਣਾਇੰਦਾ । ਧੂਅੰਧਾਰ ਮੇਟੇ ਅੰਧੇਰੀ ਰਾਤ, ਸਾਚਾ ਚੰਦ ਚੜ੍ਹਾਇੰਦਾ । ਜਨ ਭਗਤਾਂ ਪੁਛੇ ਆਪੇ ਵਾਤ, ਸੰਤ ਸੁਹੇਲੇ ਆਪ ਮਿਲਾਇੰਦਾ । ਗੁਰਮੁਖਾਂ ਦਰਸ ਦਖਾਏ ਇਕ ਇਕਾਂਤ, ਨੂਰੋ ਨੂਰ ਡਗਮਗਾਇੰਦਾ । ਗੁਰਸਿਖਾਂ ਦੇਵੇ ਸਾਚੀ ਦਾਤ, ਨਾਮ ਭੰਡਾਰ ਆਪ ਵਰਤਾਇੰਦਾ । ਨਾਤਾ ਤੁਟੇ ਜ਼ਾਤ

ਪਾਤ, ਦੀਨ ਮਜ਼ਬ ਨਾ ਵੰਡ ਵੰਡਾਇੰਦਾ । ਅੰਤਰ ਆਤਮ ਏਕਾ ਗਾਥ, ਅੱਖਰ ਵੱਖਰ ਆਪ ਪੜ੍ਹਾਇੰਦਾ । ਏਥੇ ਓਥੇ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਪਾਰਬ੍ਰਹਮ ਪ੍ਰਭ ਕਮਲਾਪਾਤ, ਗੁਰਮੁਖ ਨਾਰੀ ਆਪ ਪ੍ਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰਬਾਰਾ ਆਪ ਬਣਾਇੰਦਾ । ਸਚ ਦਰਬਾਰਾ ਬਣਾਏ ਬਣਤ, ਘਾੜਤ ਆਪਣੀ ਆਪ ਘੜਾਈਆ । ਆਪੇ ਜਾਣੇ ਆਦਿ ਅੰਤ, ਮਧ ਆਪਣੀ ਖੇਲ ਕਰਾਈਆ । ਵੇਸ ਵਟਾਏ ਜੁਗਾ ਜੁਗੰਤ, ਜੁਗ ਜੁਗ ਰੂਪ ਧਰਾਈਆ । ਲੇਖਾ ਜਾਣੇ ਸਾਧ ਸੰਤ, ਬੇਅੰਤ ਵਡ ਵਡਿਆਈਆ । ਮਹਿਮਾ ਗਾਏ ਆਪ ਭਗਵੰਤ, ਬੋਧ ਅਗਾਧ ਕਰੇ ਪੜ੍ਹਾਈਆ । ਹਰਿਜਨ ਮੇਲਾ ਸਾਚੇ ਕੰਤ, ਕੰਤ ਕੰਤੂਹਲ ਦਏ ਸ਼ਰਨਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਏਕਾ ਨਾਮ ਮਣੀਆ ਮੰਤ, ਬਿਨ ਰਸਨਾ ਜਿਹਵਾ ਕਰੇ ਪੜ੍ਹਾਈਆ । ਗੜ੍ਹ ਤੋੜੇ ਹਉਮੇ ਹੰਗਤ, ਮਾਇਆ ਮਮਤਾ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਨਿਰਗੁਣ ਸਰਗੁਣ ਪਾਵੇ ਸਾਰ, ਰੂਪ ਅਨੂਪ ਸ਼ਾਹੋ ਭੂਪ ਸਤਿ ਸਰੂਪ ਲੋਕਮਾਤ ਆਪ ਪ੍ਰਗਟਾਈਆ । ਸਤਿ ਸਰੂਪ ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਆਪ ਪ੍ਰਗਟਾਇੰਦਾ । ਖੇਲੇ ਖੇਲ ਬ੍ਰਹਮ ਬ੍ਰਹਿਮਾਦੀ, ਬ੍ਰਹਿਮੰਡ ਆਪਣਾ ਰੰਗ ਰੰਗਾਇੰਦਾ । ਆਪੇ ਹੋਏ ਆਦਿ ਜੁਗਾਦੀ, ਜੁਗ ਕਰਤਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰਬਾਰ ਇਕ ਵਖਾਇੰਦਾ । ਵੇਖੋ ਹਰਿ ਦਰਬਾਰ, ਹਰਿ ਜੂ ਆਪ ਬਣਾਇਆ । ਲੱਖ ਚੁਰਾਸੀ ਨਾ ਪਾਵੇ ਸਾਰ, ਨੇਤਰ ਨਜ਼ਰ ਕਿਸੇ ਨਾ ਆਇਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਧੀਰਜ ਸਤਿ ਨਾ ਕੋਇ ਰਖਾਇਆ । ਕਲਜੁਗ ਮਾਰੇ ਝੂਠੀ ਮਾਰ, ਏਕਾ ਖੰਡਾ ਹੱਥ ਉਠਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਸੁੱਟੇ ਮੂੰਹ ਦੇ ਭਾਰ, ਕੋਈ ਸਕੇ ਨਾ ਬਲ ਧਰਾਇਆ । ਆਸਾ ਤ੍ਰਿਸ਼ਨਾ ਕਰ ਖੁਵਾਰ, ਮਾਇਆ ਮਮਤਾ ਜੀਵ ਭੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰਬਾਰ ਆਪ ਸਜਾਇਆ । ਸਚ ਦਰਬਾਰ ਸਾਹਿਬ ਸੁਲਤਾਨ, ਸਤਿ ਪੁਰਖ ਨਿਰੰਜਣ ਆਪ ਸੁਹਾਈਆ । ਕਲਜੁਗ ਖੇਲ ਕਰੇ ਮਹਾਨ, ਭੇਵ ਕੋਇ ਨਾ ਪਾਈਆ । ਲਹਿਣਾ ਦੇਣਾ ਚੁੱਕੇ ਜੀਵ ਜਹਾਨ, ਬਾਕੀ ਕੋਇ ਰਹੇ ਨਾ ਰਾਈਆ । ਵਿਸ਼ਨ ਬ੍ਰਹਮਾ ਸ਼ਿਵ ਪੰਧ ਮੁੱਕੇ ਆਣ, ਹਰਿ ਪਾਂਧੀ ਆਪ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਸਮਝਾਈਆ । ਸਚ ਦਰਬਾਰ ਇਕ ਸੁਹਾਉਣਾ, ਹਰਿ ਸਾਚਾ ਸਚ ਜਣਾਇੰਦਾ । ਲੋਕਮਾਤ ਆਪ ਲਗੌਣਾ, ਪਹਿਲੀ ਚੇਤਰ ਰੁੱਤ ਸੁਹਾਇੰਦਾ । ਗੋਬਿੰਦ ਸੂਰਾ ਦਰ ਬੁਲਾਉਣਾ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਪਿਛਲਾ ਲੇਖਾ ਸਰਬ ਚੁਕਾਉਣਾ, ਖਾਤਾ ਖਾਤਾ ਆਪ ਭਰਾਇੰਦਾ । ਨੌਂ ਖੰਡ ਪ੍ਰਿਥਮੀ ਵੇਖ ਵਖੌਣਾ, ਸੱਤਾਂ ਦੀਪਾਂ ਪਰਦਾ ਲਾਹਿੰਦਾ । ਸ਼ਾਹ ਸੁਲਤਾਨਾਂ ਖ਼ਾਕ ਮਿਲਾਉਣਾ, ਰਾਜਨ ਰਾਜ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਆਪ ਵੰਡਾਇੰਦਾ । ਸਾਚੀ ਹਰਿ ਜੂ ਵੰਡੇ ਵੰਡ, ਏਕਾ ਬੰਧਨ ਪਾਈਆ । ਕਲਜੁਗ ਮੇਟੇ ਭੇਖ ਪਖੰਡ, ਕੂੜੀ ਕਿਰਿਆ ਰਹਿਣ ਨਾ ਪਾਈਆ । ਸਤਿਜੁਗ ਸਾਚਾ ਚੜ੍ਹੇ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਕਰੇ ਖੇਲ ਸੂਰਾ ਸਰਬੰਗ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਈਆ । ਸਾਚਾ ਬੰਧਨ ਹਰਿ ਪੌਣਾ, ਏਕਾ ਵਾਰ ਜਣਾਇੰਦਾ । ਪੀਰ

ਪੈਗ਼ੰਬਰ ਗੁਰ ਅਵਤਾਰ ਮੰਗਾਉਣਾ, ਦਰ ਦਰਵੇਸ਼ ਖੇਲ ਕਰਾਇੰਦਾ । ਧੁਰ ਫ਼ਰਮਾਣਾ ਇਕ ਸੁਣੌਣਾ, ਏਕਾ ਨਾਮ ਦ੍ਰਿੜਾਇੰਦਾ । ਸੋਹੰ ਢੋਲਾ ਸਭ ਨੇ ਗੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਸੋਹੰ ਢੋਲਾ ਗੌਣਾ ਗੀਤ, ਹਰਿ ਸਤਿਗੁਰ ਦਏ ਸਮਝਾਈਆ । ਕਲਜੁਗ ਅੰਤਮ ਗਿਆ ਬੀਤ, ਲੋਕਮਾਤ ਰਹਿਣ ਨਾ ਪਾਈਆ । ਪਾਰਬ੍ਰਹਮ ਪ੍ਰਭ ਸਾਚੀ ਰੀਤ, ਨਿਰਗੁਣ ਸਰਗੁਣ ਦਏ ਸਮਝਾਈਆ । ਪੁਰਖ ਅਕਾਲ ਇਕ ਅਤੀਤ, ਸਚ ਸਿੰਘਾਸਣ ਸੋਭਾ ਪਾਈਆ । ਏਕਾ ਰੰਗ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਏਕਾ ਮੰਦਰ ਇਕ ਮਸੀਤ, ਗੁਰਦੁਆਰ ਇਕ ਵਖਾਈਆ । ਏਕਾ ਨਾਮ ਹਰਿ ਅਨਡੀਠ, ਲਿਖਣ ਪੜ੍ਹਨ ਵਿਚ ਨਾ ਆਈਆ । ਮਿੱਠਾ ਕਰੇ ਕੌੜਾ ਰੀਠ, ਜਿਸ ਜਨ ਆਪਣਾ ਰਸ ਚਖਾਈਆ । ਏਕਾ ਗਾਓ ਗੋਬਿੰਦ ਗੀਤ, ਪੁਰਖ ਅਕਾਲ ਇਕ ਸ਼ਰਨਾਈਆ । ਮਾਨਸ ਮਾਨੁਖ ਜਨਮ ਲੈਣਾ ਜੀਤ, ਚਿਤ ਵਿਤ ਠਗੋਰੀ ਕੋਇ ਨਾ ਪਾਈਆ । ਸਾਹਿਬ ਸਤਿਗੁਰ ਸੱਚਾ ਮੀਤ, ਮਿੱਤਰ ਪਿਆਰਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਇਹ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੁਲਾਂ ਸ਼ੇਖ਼, ਹਰਿ ਜੂ ਹਰਿ ਹਰਿ ਆਪ ਸਮਝਾਇੰਦਾ । ਕਲਜੁਗ ਅੰਤਮ ਮਿਟੀ ਰੇਖ, ਲੇਖਾ ਹੋਰ ਨਾ ਕੋਇ ਵਖਾਇੰਦਾ । ਲਹਿਣਾ ਦੇਣਾ ਦੇਵੇ ਗੁਰ ਦਸਮੇਸ਼, ਦਹਿ ਦਿਸ਼ਾ ਆਪਣੀ ਵੰਡ ਵੰਡਾਇੰਦਾ । ਦਰ ਬੁਲਾਏ ਵਿਸ਼ਨ ਬ੍ਰਹਮਾ ਮਹੇਸ਼, ਸ਼ੰਕਰ ਏਕਾ ਹੁਕਮ ਜਣਾਇੰਦਾ । ਤਿਸ ਸਾਹਿਬ ਕੋ ਸਦਾ ਆਦੇਸ, ਜੋ ਹੁਕਮੀ ਹੁਕਮ ਫਿਰਾਇੰਦਾ । ਤਿਸ ਅੱਗੇ ਚਲੇ ਨਾ ਕੋਈ ਪੇਸ਼, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਕਰਨੀ ਆਪੇ ਵੇਖ, ਗੁਰ ਅਵਤਾਰ ਨਾਲ ਮਿਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਿਆ ਵੇਸ, ਵੇਸ ਅਨੇਕਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਸਮਝਾਇੰਦਾ । ਪੀਰ ਪੈਗ਼ੰਬਰ ਖੋਲ੍ਹੋ ਅੱਖ, ਹਰਿ ਆਖਰ ਆਪ ਜਣਾਇੰਦਾ । ਮੁਰਸ਼ਦ ਮੁਰੀਦ ਲਓ ਰੱਖ, ਏਕਾ ਹੁਕਮ ਸੁਣਾਇੰਦਾ । ਮੁਲਾਂ ਸ਼ੇਖ਼ ਕਰੋ ਪੱਖ, ਸਾਚੀ ਵੰਡ ਵੰਡਾਇੰਦਾ । ਅੰਤ ਨਿਬੇੜਾ ਹੱਕੋ ਹੱਕ, ਹੱਕ ਹਕ਼ੀਕ਼ਤ ਆਪ ਜਣਾਇੰਦਾ । ਮੁਕਾਮੇ ਹੱਕ ਹੋ ਪ੍ਰਤੱਖ, ਪਰਵਰਦਿਗਾਰ ਸੋਭਾ ਪਾਇੰਦਾ । ਲਾਸ਼ਰੀਕ ਵਸੇ ਘਟ ਘਟ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਆਪ ਸੁਣਾਇੰਦਾ । ਸਚ ਦਰਬਾਰ ਸੁਣਾਏ ਇਲਾਹੀ ਨੂਰ, ਆਲਮੀਨ ਸਮਝਾਈਆ । ਏਕਾ ਨਾਦ ਏਕਾ ਤੂਰ, ਦੂਰ ਦੁਰਾਡਾ ਆਪ ਜਣਾਈਆ । ਏਕਾ ਸਰਬ ਕਲਾ ਭਰਪੂਰ, ਬੇਅੰਤ ਬੇਪਰਵਾਹੀਆ । ਏਕਾ ਬੰਨ੍ਹੇ ਸਚ ਦਸਤੂਰ, ਕਲਮਾ ਕਲਾਮ ਆਪ ਪੜ੍ਹਾਈਆ । ਧੁਰ ਫ਼ਰਮਾਣਾ ਦੇਵੇ ਨਬੀ ਰਸੂਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰ ਆਪ ਜਗਾਈਆ । ਪੀਰ ਪੈਗ਼ੰਬਰ ਜਾਣਾ ਜਾਗ, ਕਲਜੁਗ ਵੇਲਾ ਅੰਤਮ ਆਇਆ । ਚੌਦਾਂ ਤਬਕ ਵੇਖੋ ਸਾਕ, ਮੁਹੰਮਦ ਨਾਲ ਰਲਾਇਆ । ਅੱਲਾ ਰਾਣੀ ਵੇਖੋ ਪਾਕ, ਪਾਕੀ ਪਾਕ ਰੂਪ ਧਰਾਇਆ । ਚਾਰੋਂ ਕੁੰਟ ਲੈਣਾ ਝਾਕ, ਕਵਣ ਰਿਹਾ ਸੰਗ ਨਿਭਾਇਆ । ਅੰਤਮ ਸਭ ਨੇ ਹੋਣਾ ਖ਼ਾਕ, ਖ਼ਾਕੀ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਰਿਹਾ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧਿਆਨ, ਹਰਿ ਸਾਚਾ ਸਚ ਜਣਾਈਆ । ਕਵਣ ਘਰ ਉਪਜੇ ਗਿਆਨ, ਕਵਣ ਕਰੇ ਸਚ ਪੜ੍ਹਾਈਆ । ਬ੍ਰਹਿਮਣ ਬ੍ਰਹਮ ਨਾ ਸਕੇ ਪਛਾਣ, ਮੁਸਲਮ ਮਸੱਲਾ ਹੱਕ

ਨਾ ਕੋਇ ਵਿਛਾਈਆ । ਸਿਖ ਸਿਖਿਆ ਕਰੇ ਨਾ ਕੋਇ ਪਰਵਾਨ, ਨਿਰਗੁਣ ਨਾਨਕ ਮੇਲ ਨਾ ਕੋਇ ਮਿਲਾਈਆ । ਈਸਾ ਦੇਵੇ ਨਾ ਕੋਇ ਪੈਗ਼ਾਮ, ਪੈਗ਼ੰਬਰ ਗੋਦ ਨਾ ਕੋਇ ਉਠਾਈਆ । ਬ੍ਰਹਮ ਕਰੇ ਨਾ ਕੋਇ ਪਰਵਾਨ, ਈਸ਼ ਜੀਵ ਨਾ ਕੋਇ ਜਣਾਈਆ । ਚਾਰੋਂ ਕੁੰਟ ਹੋਈ ਵੈਰਾਨ, ਚਾਰ ਵਰਨ ਪਈ ਲੜਾਈਆ । ਕਿਸੇ ਨਾ ਦਿਸੇ ਸਚ ਈਮਾਨ, ਸ਼ਰਅ ਇਲਮ ਨਾ ਕੋਇ ਪੜ੍ਹਾਈਆ । ਘਰ ਵੜ੍ਹਿਆ ਪੰਜ ਸ਼ੈਤਾਨ, ਅੱਠੇ ਪਹਿਰ ਦੁਖਦਾਈਆ । ਕਿਸੇ ਮਿਲਿਆ ਨਾ ਸੱਚਾ ਕਾਹਨ, ਗੋਪੀ ਰਾਸ ਨਾ ਕੋਇ ਰਚਾਈਆ । ਕਿਸੇ ਪਾਇਆ ਨਾ ਏਕਾ ਰਾਮ, ਸੀਤਾ ਸੁਰਤੀ ਦਏ ਦੁਹਾਈਆ । ਕਿਸੇ ਗਾਇਆ ਨਾ ਸਤਿਨਾਮ, ਨਾਮ ਸਤਿ ਨਾ ਵੱਜੀ ਵਧਾਈਆ । ਕਿਸੇ ਮਿਲਿਆ ਨਾ ਗੋਬਿੰਦ ਆਣ, ਗੁਰ ਗੁਰ ਬੈਠਾ ਮੁਖ ਛੁਪਾਈਆ । ਚਾਰੋਂ ਕੁੰਟ ਦਿਸੇ ਬੀਆਂਬਾਨ, ਸਾਚਾ ਫੁੱਲ ਨਾ ਕੋਇ ਮਹਿਕਾਈਆ । ਕਲਜੁਗ ਕਰੇ ਅੰਤ ਵੈਰਾਨ, ਆਪਣਾ ਬਲ ਧਰਾਈਆ । ਪੁਰਖ ਅਬਿਨਾਸ਼ੀ ਹੁਕਮਰਾਨ, ਸਾਚਾ ਖੇਲ ਕਰਾਈਆ । ਲੇਖਾ ਜਾਣੇ ਜੀਵ ਜਹਾਨ, ਜਗਤ ਜੁਗਤ ਆਪਣੀ ਵੰਡ ਵੰਡਾਈਆ । ਵੇਦ ਸ਼ਾਸਤਰ ਸਿਮਰਤ ਪੁਰਾਨ, ਜੀਵ ਜੰਤ ਪੜ੍ਹ ਨਾ ਸਕੇ ਵਖਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰਬਾਰੇ ਦਏ ਵਡਿਆਈਆ । ਸਚ ਦਰਬਾਰੇ ਹਰਿ ਜੂ ਚੜ੍ਹਿਆ, ਤਖ਼ਤ ਨਿਵਾਸੀ ਆਸਣ ਲਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਮੁਲਾਂ ਸ਼ੇਖ਼ ਪੰਡਤ ਪਾਂਧਾ ਆਪੇ ਫੜਿਆ, ਏਕਾ ਨਾਮ ਬੰਧਨ ਪਾਇਆ । ਲੱਖ ਚੁਰਾਸੀ ਬਣ ਠਠਿਆਰ ਭਾਂਡਾ ਘੜਿਆ, ਅੰਤ ਸ੍ਰੀ ਭਗਵੰਤ ਆਪੇ ਭੰਨ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਬੈਠਾ ਦਰਿਆ, ਪ੍ਰਭ ਅਬਿਨਾਸ਼ੀ ਖੇਲ ਨਿਰਗੁਣ ਕਰਿਆ, ਬੈਠੇ ਸੀਸ ਝੁਕਾਇਆ । ਨਾ ਜੀਵਤ ਨਾ ਮਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਥਾਹ, ਆਦਿ ਜੁਗਾਦੀ ਬੇਪਰਵਾਹ, ਜੁਗ ਜੁਗ ਬੇੜਾ ਰਿਹਾ ਚਲਾ, ਕਲਜੁਗ ਵੇਖੇ ਆਪਣਾ ਥਾਂ, ਥਾਨ ਥਨੰਤਰ ਆਪ ਸੁਹਾਇਆ । ਥਾਨ ਥਨੰਤਰ ਸੋਹਿਆ, ਹਰਿ ਸਾਚਾ ਆਪ ਸੁਹਾਇੰਦਾ । ਧੁਰਦਰਗਾਹੀ ਲੈ ਕੇ ਆਇਆ ਢੋਆ, ਏਕਾ ਨਾਮ ਆਪ ਵਰਤਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਆ, ਬੇਅੰਤ ਸਰਬ ਗਾਇੰਦਾ । ਆਲਸ ਨਿੰਦਰਾ ਵਿਚ ਕਦੇ ਨਾ ਸੋਇਆ, ਏਕਾ ਰੰਗ ਸਮਾਇੰਦਾ । ਆਪਣੇ ਜਿਹਾ ਆਪੇ ਹੋਇਆ, ਦੂਜਾ ਸੰਗ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਕਰਾਇੰਦਾ । ਕਲਜੁਗ ਅੰਤਮ ਖੇਲ ਅਪਾਰਾ, ਹਰਿ ਸਤਿਗੁਰ ਆਪ ਕਰਾਈਆ । ਸਤਿਜੁਗ ਬੰਨ੍ਹੇ ਸਾਚੀ ਧਾਰਾ, ਸਤਿ ਸਤਿਵਾਦ ਕਰੇ ਪੜ੍ਹਾਈਆ । ਜਨ ਭਗਤਾਂ ਮੇਲੇ ਇਕ ਦੁਆਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਏਕਾ ਇਸ਼ਟ ਗੁਰ ਅਵਤਾਰਾ, ਏਕਾ ਦੇਵਾ ਦੇਵ ਸਮਝਾਈਆ । ਏਕਾ ਨਾਮ ਬੋਲ ਜੈਕਾਰਾ, ਕਲਮਾ ਕਲਾਮ ਇਕ ਪੜ੍ਹਾਈਆ । ਏਕਾ ਰਾਮ ਕ੍ਰਿਸ਼ਨ ਸਹਾਰਾ, ਏਕਾ ਈਸਾ ਮੂਸਾ ਰੰਗ ਵਟਾਈਆ । ਇਕ ਮੁਹੰਮਦ ਦਏ ਆਧਾਰਾ, ਏਕਾ ਚਾਰ ਯਾਰ ਮਿਲਾਈਆ । ਏਕਾ ਸਤਿਨਾਮ ਬੰਨੇ ਧਾਰਾ, ਏਕਾ ਨਾਨਕ ਨਿਰਗੁਣ ਸ਼ਰਨਾਈਆ । ਏਕਾ ਫ਼ਤਹਿ ਬੋਲ ਜੈਕਾਰਾ, ਗੋਬਿੰਦ ਡੰਕ ਵਜਾਈਆ । ਏਕਾ ਵਸੇ ਸਭ ਤੋਂ ਬਾਹਿਰਾ, ਦਿਸ ਕਿਸੇ ਨਾ ਆਈਆ । ਏਕਾ ਨਿਰਗੁਣ ਨਿਹਕਲੰਕ ਲਏ ਅਵਤਾਰਾ, ਲੋਕਮਾਤ ਜੋਤ ਪ੍ਰਗਟਾਈਆ । ਏਕਾ ਖੰਡਾ ਇਕ ਕਟਾਰਾ, ਚੰਡ ਪਰਚੰਡ ਇਕ ਚਮਕਾਈਆ । ਏਕਾ ਅੰਮ੍ਰਿਤ ਠੰਡਾ ਠਾਰਾ, ਘਰ ਘਰ ਪਿਆਲਾ ਦਏ ਪਿਆਈਆ । ਏਕਾ ਦੀਆ ਬਾਤੀ ਜੋਤੀ ਕਰ ਉਜਿਆਰਾ, ਅੰਧ ਅੰਧੇਰ ਮਿਟਾਈਆ । ਏਕਾ ਸੱਜਣ ਮੀਤ ਮੁਰਾਰਾ, ਸਗਲਾ ਸੰਗ ਨਿਭਾਈਆ । ਏਕਾ ਪੰਚਮ ਕਰੇ ਪਿਆਰਾ,

ਪੰਚਮ ਪੰਚ ਮੁਖ ਸਾਲਾਹੀਆ । ਏਕਾ ਵਸੇ ਧਾਮ ਨਿਆਰਾ, ਸਚਖੰਡ ਬੈਠਾ ਆਸਣ ਲਾਈਆ । ਏਕਾ ਖੋਲ੍ਹੇ ਬੰਦ ਕਿਵਾੜਾ, ਥਿਰ ਘਰ ਤਾਕੀ ਆਪੇ ਲਾਹੀਆ । ਏਕਾ ਵਸੇ ਧੂੰਆਂਧਾਰਾ, ਸੁਨ ਅਗੰਮ ਸਮਾਈਆ । ਏਕਾ ਵਿਸ਼ਨ ਬ੍ਰਹਮਾ ਸ਼ਿਵ ਕਰ ਉਜਿਆਰਾ, ਤ੍ਰੈਗੁਣ ਮਾਇਆ ਜੋੜ ਜੁੜਾਈਆ । ਏਕਾ ਪੰਚਮ ਤੱਤ ਲਗਾਏ ਅਖਾੜਾ, ਏਕਾ ਅਨਹਦ ਨਾਦੀ ਨਾਦ ਵਜਾਈਆ । ਏਕਾ ਗੁਰ ਇਕ ਅਵਤਾਰਾ, ਏਕਾ ਜੁਗ ਜੁਗ ਵੇਸ ਵਟਾਈਆ । ਏਕਾ ਵੇਦ ਸ਼ਾਸਤਰ ਸਿਮਰਤ ਕਰੇ ਪਿਆਰਾ, ਏਕਾ ਗੀਤਾ ਗਿਆਨ ਦ੍ਰਿੜਾਈਆ । ਏਕਾ ਅੰਜੀਲ ਕੁਰਾਨਾਂ ਦਏ ਹੁਲਾਰਾ, ਤੀਸ ਬਤੀਸਾ ਏਕਾ ਗਾਈਆ । ਏਕਾ ਖਾਣੀ ਬਾਣੀ ਖੋਲ੍ਹ ਦੁਆਰਾ, ਵਰਨ ਬਰਨ ਕਰੇ ਪੜ੍ਹਾਈਆ । ਏਕਾ ਰਾਗੀ ਨਾਦੀ ਵਸੇ ਬਾਹਿਰਾ, ਛੱਤੀ ਰਾਗ ਭੇਵ ਨਾ ਰਾਈਆ । ਏਕਾ ਅਠਸਠ ਤੀਰਥ ਜਾਣੇ ਤੱਟ ਕਿਨਾਰਾ, ਮੰਦਰ ਮਸੀਤ ਮੱਠ ਗੁਰੂਦੁਆਰਾ ਫੋਲ ਫੁਲਾਈਆ । ਏਕਾ ਹੱਟ ਏਕਾ ਵਣਜਾਰਾ, ਏਕਾ ਵਸਤ ਆਪ ਵਰਤਾਈਆ । ਏਕਾ ਮੰਦਰ ਇਕ ਮਨਾਰਾ, ਅਸਥਲ ਰੂਪ ਇਕ ਸਮਝਾਈਆ । ਆਦਿ ਅੰਤ ਖੇਲ ਅਪਾਰਾ, ਮਧ ਆਪਣੀ ਧਾਰ ਵਿਖਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਾਰ ਕਿਨਾਰਾ, ਛੱਤੀ ਛੱਤੀ ਬੰਧਨ ਦਏ ਤੁੜਾਈਆ । ਕਲਜੁਗ ਜੂਠ ਝੂਠ ਕਰ ਖੁਵਾਰਾ, ਕੂੜੀ ਕਿਰਿਆ ਦਏ ਖਪਾਈਆ । ਸਤਿਜੁਗ ਬੰਨ੍ਹੇ ਸਾਚੀ ਧਾਰਾ, ਸਤਿ ਪੁਰਖ ਨਿਰੰਜਣ ਆਪਣੇ ਹੱਥ ਰੱਖੇ ਵਡਿਆਈਆ । ਹਰਿ ਭਗਤਾਂ ਮੇਲੇ ਆਪਣੇ ਦੁਆਰਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਅੱਠੇ ਪਹਿਰ ਨਾਦ ਧੁਨਕਾਰਾ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਸਰ ਸਰੋਵਰ ਠੰਡਾ ਠਾਰਾ, ਦੁਰਮਤ ਮੈਲ ਧੁਆਈਆ । ਕਾਗੋਂ ਹੰਸ ਹੰਸ ਉਡਾਰਾ, ਸੋਹੰ ਹੰਸਾ ਚੋਗ ਚੁਗਾਈਆ । ਭਗਤਾਂ ਖੋਲ੍ਹੇ ਇਕ ਭੰਡਾਰਾ, ਸਾਚਾ ਨਾਮ ਆਪ ਵਰਤਾਈਆ । ਰਾਜ਼ਕ ਰਿਜ਼ਕ ਰਹੀਮ ਪਰਵਰਦਿਗਾਰਾ, ਬੇਐਬ ਵੇਸ ਵਟਾਈਆ । ਫਰਜ਼ੰਦ ਸੁਤ ਵੇਖੇ ਆਪ ਦੁਲਾਰਾ, ਗੁਰਮੁਖ ਗੁਰਸਿਖ ਮੁਰਸ਼ਦ ਮੁਰੀਦ ਗੁਰ ਚੇਲਾ ਵੇਸ ਵਟਾਈਆ । ਜੀਵਣ ਜੁਗਤ ਜਗਤ ਦਏ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਆਪ ਲਗਾਈਆ । ਸਚ ਦਰਬਾਰ ਪੁਰਖ ਕਰਤਾਰ, ਅਬਿਨਾਸ਼ੀ ਆਪ ਲਗਾਇੰਦਾ । ਜਨ ਭਗਤਾਂ ਕਰੇ ਇਕ ਪਿਆਰ, ਏਕਾ ਘਰ ਵਖਾਇੰਦਾ । ਨੇਤਰ ਲੋਚਣ ਦਰਸ ਦੀਦਾਰ, ਦੀਦ ਈਦ ਵਖਾਇੰਦਾ । ਕਾਗਦ ਕਲਮ ਨਾ ਲਿਖਣਹਾਰ, ਬ੍ਰਹਮਾ ਵੇਤਾ ਭੇਵ ਨਾ ਆਇੰਦਾ । ਵਿਸ਼ਨੂੰ ਰੋਵੇ ਜ਼ਾਰੋ ਜ਼ਾਰ, ਸ਼ੰਕਰ ਆਪਣੀ ਤ੍ਰਸੂਲ ਸੁਟਾਇੰਦਾ । ਬਾਸ਼ਕ ਸੇਜਾ ਨਾ ਕੋਇ ਪਿਆਰ, ਸਾਗੋਂ ਪਾਂਗ ਨਾ ਕੋਇ ਹੰਢਾਇੰਦਾ । ਪੁਰਖ ਅਬਿਨਾਸ਼ੀ ਕਰੇ ਕਾਰ, ਆਪਣੀ ਕਿਰਤ ਆਪ ਕਰਾਇੰਦਾ । ਪਿਛਲਾ ਲੇਖਾ ਰਹੇ ਨਾ ਵਿਚ ਸੰਸਾਰ, ਅਗਲਾ ਪੰਧ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਵਿਚ ਸੰਸਾਰ, ਸਤਿ ਸਤਿਵਾਦੀ ਆਪ ਚਲਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਏਕਾ ਰੂਪ ਵਟਾਈਆ । ਦੀਨ ਮਜ਼੍ਹਬ ਕਰ ਖ਼ਵਾਰ, ਜ਼ਾਤ ਪਾਤ ਮੋਹ ਤੁੜਾਈਆ । ਊਚ ਨੀਚ ਨਾ ਕੋਇ ਵਿਚਾਰ, ਏਕਾ ਬ੍ਰਹਮ ਸਮਝਾਈਆ । ਏਕਾ ਗੁਰੂ ਦਏ ਵਖਾਲ, ਸ਼ਬਦੀ ਸ਼ਬਦ ਨਾਉਂ ਧਰਾਈਆ । ਏਕਾ ਇਸ਼ਟ ਪੁਰਖ ਅਕਾਲ, ਗੁਰ ਗੋਬਿੰਦ ਗਿਆ ਸਮਝਾਈਆ । ਆਦਿ ਜੁਗਾਦਿ ਚਲੇ ਨਾਲ ਨਾਲ, ਜਨਮ ਮਰਨ ਵਿਚ ਨਾ ਆਈਆ । ਸੇਵਾ ਲਾਏ ਕਾਲ ਮਹਾਂਕਾਲ, ਰਾਏ ਧਰਮ ਨਾਲ ਮਿਲਾਈਆ । ਚਿਤਰ ਗੁਪਤ ਆਪ ਉਠਾਲ, ਸਾਚੀ ਸਿਖਿਆ ਇਕ ਸਮਝਾਈਆ । ਲਾੜੀ ਮੌਤ ਕਰ ਦਲਾਲ, ਜੀਵ ਜਹਾਨਾਂ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ

੪੬੪
੧੧

ਵਸੇ ਸਚਖੰਡ ਸੱਚੀ ਧਰਮਸਾਲ, ਸਚ ਦੁਆਰੇ ਸੋਭਾ ਪਾਈਆ । ਸਚਖੰਡ ਦੁਆਰੇ ਵੰਡੀ ਵੰਡ, ਵੰਡਣਹਾਰ ਗੋਪਾਲਾ । ਕਲਜੁਗ ਅੰਤਮ ਨੰਗੀ ਕਰੇ ਕੰਡ, ਨਾ ਦਿਸੇ ਕੋਇ ਰਖਵਾਲਾ । ਸ੍ਰਿਸ਼ਟ ਸਬਾਈ ਰੋਵੇ ਵਰਭੰਡ, ਲੱਖ ਚੁਰਾਸੀ ਹੋਏ ਬੇਹਾਲਾ । ਕਿਸੇ ਨਜ਼ਰ ਨਾ ਆਏ ਗੁਜ਼ਰੀ ਨੰਦ, ਚਾਰੋਂ ਕੁੰਟ ਅੰਧੇਰਾ ਕਾਲਾ । ਕੋਇ ਨਾ ਗਾਏ ਸਾਚਾ ਛੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਮਾਤ ਨਿਰਾਲਾ । ਕਰੇ ਖੇਲ ਨਿਰਾਲੀ ਜੋਤ, ਅਕਾਲੀ ਭੇਵ ਕੋਇ ਨਾ ਪਾਇੰਦਾ । ਧੁਰਦਰਗਾਹੀ ਸੱਚਾ ਮਾਲੀ, ਸ੍ਰੀ ਭਗਵਾਨ ਆਪਣੀ ਖੇਲ ਕਰਾਇੰਦਾ । ਨਿਰਗੁਣ ਸਰਗੁਣ ਬਣ ਦਲਾਲੀ, ਹਰਿਜਨ ਸਾਚੇ ਮੇਲ ਮਿਲਾਇੰਦਾ । ਆਤਮ ਪਰਮਾਤਮ ਆਪੇ ਭਾਲੀ, ਮਿਲ ਮਿਲ ਸੱਖੀ ਸਾਚਾ ਕਾਹਨ ਆਪਣਾ ਰੰਗ ਵਖਾਇੰਦਾ । ਭਗਤ ਭਗਵੰਤ ਚੜ੍ਹਾਏ ਲਾਲੀ, ਲਾਲ ਗੁਲਾਲਾ ਰੰਗ ਇਕ ਵਖਾਇੰਦਾ । ਦੀਪਕ ਜੋਤ ਵਖਾਏ ਸਾਚੀ ਥਾਲੀ, ਗਗਨ ਮੰਡਲ ਸੋਭਾ ਪਾਇੰਦਾ । ਲੇਖਾ ਜਾਣੇ ਅਰਸ਼ ਫ਼ਰਸ਼ ਗਗਨੰਤਰ ਪਾਤਾਲੀ, ਡੂੰਘੀ ਧਾਰ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਥਾਹ ਬੇਪਰਵਾਹ ਨਿਰਗੁਣ ਆਪਣਾ ਰੰਗ ਵਟਾਇੰਦਾ । ਨਿਰਗੁਣ ਰੰਗ ਅਨਮੋਲ, ਦਿਸ ਕਿਸੇ ਨਾ ਆਈਆ । ਕਲਜੁਗ ਤੋਲੇ ਆਪਣੇ ਤੋਲ, ਸਾਚਾ ਕੰਡਾ ਹੱਥ ਉਠਾਈਆ । ਜੀਵ ਜੰਤ ਸਾਧ ਸੰਤ ਰਹੇ ਅਨਭੋਲ, ਹਰਿ ਕਾ ਭੇਵ ਕੋਇ ਨਾ ਪਾਈਆ । ਸਚਖੰਡ ਦੁਆਰਾ ਲੋਕਮਾਤ ਦੇਵੇ ਖੋਲ੍ਹ, ਸੇਵਕ ਸੇਵਾ ਆਪ ਕਮਾਈਆ । ਹਰਿਜਨ ਸਾਚੇ ਰੱਖ ਅਡੋਲ, ਲੱਖ ਚੁਰਾਸੀ ਵਿਚੋਂ ਲਏ ਤਰਾਈਆ । ਆਤਮ ਅੰਤਰ ਸ਼ਬਦ ਅਗੰਮੀ ਏਕਾ ਬੋਲ, ਏਕਾ ਅੱਖਰ ਕਰੇ ਪੜ੍ਹਾਈਆ । ਸਰਗੁਣ ਅੰਦਰ ਨਿਰਗੁਣ ਮੌਲ, ਉਲਟਾ ਕਰੇ ਨਾਭ ਕੌਲ, ਅੰਮ੍ਰਿਤ ਝਿਰਨਾ ਇਕ ਝਿਰਾਈਆ । ਦੇਵੇ ਵਡਿਆਈ ਉਪਰ ਧੌਲ, ਧਰਨੀ ਧਰਤ ਧਵਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖੇ ਘਰ ਘਰ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਨੌਂ ਖੰਡ ਪ੍ਰਿਥਮੀ ਹਰਿ ਜੀ ਫਿਰਨਾ, ਆਪਣਾ ਬਲ ਰਖਾਇੰਦਾ । ਲੱਖ ਚੁਰਾਸੀ ਅੰਦਰ ਵੜਨਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਗੁਰਸਿਖ ਗੁਰਮੁਖ ਹਰਿ ਸੰਤ ਭਗਤ ਆਪੇ ਫੜਨਾ, ਚਾਰ ਜੁਗ ਦੇ ਵਿਛੜੇ ਮੇਲ ਮਿਲਾਇੰਦਾ । ਮੜ੍ਹੀ ਗੋਰ ਕਦੇ ਨਾ ਸੜਨਾ, ਤ੍ਰੈਗੁਣ ਅਗਨੀ ਤੱਤ ਨਾ ਕੋਇ ਜਲਾਇੰਦਾ । ਨੇਤਰ ਖੋਲ੍ਹੇ ਹਰਨਾ ਫਰਨਾ, ਰੂਪ ਅਨੂਪ ਆਪ ਸਮਝਾਇੰਦਾ । ਸਾਚਾ ਘਾੜਨ ਹਰਿ ਜੂ ਘੜਨਾ, ਘਾੜਤ ਘੜਨਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਤਿਜੁਗ ਚਲੇ ਸਾਚੀ ਧਾਰ, ਸਤਿਗੁਰ ਪੂਰਾ ਆਪ ਚਲਾਈਆ । ਚਾਰ ਵਰਨਾਂ ਇਕ ਪਿਆਰ, ਏਕਾ ਘਰ ਬਹਾਈਆ । ਏਕਾ ਸ਼ਬਦ ਇਕ ਜੈਕਾਰ, ਏਕਾ ਧੁਨ ਸੁਣਾਈਆ । ਏਕਾ ਘਰ ਮੰਗਲਾਚਾਰ, ਏਕਾ ਵੱਜੇ ਵਧਾਈਆ । ਏਕਾ ਨਿਰਗੁਣ ਜੋਤ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਏਕਾ ਬਨਿਆ ਕੰਤ ਭਤਾਰ, ਲੱਖ ਚੁਰਾਸੀ ਸਖੀ ਰਿਹਾ ਹੰਢਾਈਆ । ਏਕਾ ਮੰਦਰ ਇਕ ਦੁਆਰ, ਗੁਰੂ ਇਸ਼ਟ ਇਕ ਵਖਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪਾਰਬ੍ਰਹਮ ਬੇਪਰਵਾਹੀਆ । ਜ਼ਾਤ ਪਾਤ ਸ਼ਰਅ ਮਜ਼੍ਹਬ ਤੇ ਵਸਿਆ ਬਾਹਿਰ, ਜੂਠਾ ਝੂਠਾ ਬੰਧਨ ਨਾ ਕੋਇ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਏ ਉਠਾਲ, ਏਕਾ ਰੱਖੇ ਅੱਗੇ ਸਵਾਲ, ਮਸਲਾ ਹੱਲ ਨਾ ਕੋਇ ਕਰਾਈਆ । ਉਠੋ ਵੇਖੋ ਨੇਤਰ ਖੋਲ੍ਹੋ ਆਪੋ ਆਪਣੇ ਵੇਖੋ ਲਾਲ, ਜੀਵ ਜੰਤ ਜੰਤ ਸਮਝਾਈਆ । ਕਵਣ ਵਸੇ ਧਰਮਸਾਲ, ਕਵਣ ਮੰਦਰ ਬੈਠਾ ਸੁਰਤ ਸੰਭਾਲ, ਕਵਣ ਮਸਜਿਦ ਸਯਦਾ ਸੀਸ ਝੁਕਾਈਆ ।

ਸਾਰੇ ਵੇਖ ਹੋਏ ਹੈਰਾਨ, ਅੰਦਰ ਕਿਸੇ ਨਾ ਦਿਸੇ ਗਿਆਨ, ਰਸਨਾ ਜਿਹਵਾ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਨੂੰ ਰਿਹਾ ਸਮਝਾਈਆ । ਸਾਰੇ ਸੁਣੋ ਕਰੋ ਧਿਆਨ, ਹਰਿ ਜੂ ਹਰਿ ਸੁਣਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਿਆ ਗਿਆਨ, ਅਗਿਆਨ ਨਾਲ ਮਿਲਾਇਆ । ਰਸਨਾ ਪੜ੍ਹ ਪੜ੍ਹ ਜਿਹਵਾ ਕਹਿ ਕਹਿ ਕਰ ਵਖਾਨ, ਅੰਦਰ ਵੜ ਦਰਸ ਕਿਸੇ ਨਾ ਪਾਇਆ । ਇਕ ਦੂਜੇ ਨੂੰ ਕਹਿਣ ਸ੍ਰੀ ਭਗਵਾਨ, ਆਪਣੇ ਘਰ ਨਾ ਕਿਸੇ ਬਹਾਇਆ । ਨਾਨਕ ਗੋਬਿੰਦ ਕਹੇ ਵਖਾਨ, ਸ੍ਰਿਸ਼ਟ ਸਬਾਈ ਇਹ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨੂਰ ਨੂਰ ਧਰਾਇਆ । ਨਿਰਗੁਣ ਨੂਰ ਜੋਤੀ ਧਾਰ, ਨਿਹਕਲੰਕ ਵਡਿਆਈਆ । ਮਹਾਂਬਲੀ ਉਤਰੇ ਆਪਣੀ ਵਾਰ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਸੰਬਲ ਵਸਿਆ ਧਾਮ ਨਿਆਰ, ਸਾਚੇ ਬੰਕ ਵਡਿਆਈਆ । ਏਕਾ ਸ਼ਬਦ ਬੋਲ ਜੈਕਾਰ, ਬ੍ਰਹਿਮੰਡ ਖੰਡ ਲਏ ਉਠਾਈਆ । ਏਕਾ ਖੰਡਾ ਤੇਜ਼ ਕਟਾਰ, ਨਾਮ ਚੰਡ ਪ੍ਰਚੰਡ ਚਮਕਾਈਆ । ਜੇਰਜ ਅੰਡ ਮਾਰੇ ਮਾਰ, ਉਤਭੁਜ ਸੇਤਜ ਦਏ ਖਪਾਈਆ । ਗੁਰਮੁਖ ਸਾਚੇ ਲਏ ਉਭਾਰ, ਆਪ ਆਪਣਾ ਭੇਵ ਖੁਲ੍ਹਾਈਆ । ਰੰਗ ਚਲੂਲ ਏਕਾ ਚਾੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਰੱਖੇ ਹੱਥ ਸਮਰਥ, ਹਰਿਜਨ ਆਪ ਤਰਾਇਆ । ਕਲਜੁਗ ਵੇਖੀ ਪਿਛਲੀ ਵਥ, ਸਭ ਦਾ ਲਹਿਣਾ ਦਏ ਮੁਕਾਇਆ । ਸਤਿਜੁਗ ਸਾਚਾ ਮਾਰਗ ਦੱਸ, ਹਰਿਜਨ ਸਾਚੇ ਲਏ ਸਮਝਾਇਆ । ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਇਆ । ਪੰਚ ਵਿਕਾਰਾ ਦੇਵੇ ਝੱਸ, ਪੰਚਮ ਮੋਹ ਮੋਹ ਮਿਟਾਇਆ । ਆਪੇ ਕਰੇ ਪੂਰੀ ਆਸ, ਹਰਿਜਨ ਸਾਚੇ ਲਏ ਤਰਾਇਆ । ਦਰਸ ਵਖਾ ਪੁਰਖ ਅਬਿਨਾਸ਼, ਆਪਣਾ ਭੇਵ ਚੁਕਾਇਆ । ਲਹਿਣਾ ਦੇਣਾ ਮੁਕੇ ਪ੍ਰਿਥਮੀ ਅਕਾਸ਼, ਅਪ ਤੇਜ਼ ਵਾਏ ਨਾ ਰੰਗ ਵਖਾਇਆ । ਮਨ ਮਤ ਬੁਧ ਕਰੇ ਦਾਸ, ਏਕਾ ਸ਼ਬਦੀ ਡੰਕ ਵਜਾਇਆ । ਲੇਖਾ ਜਾਣੇ ਪਵਣ ਸਵਾਸ, ਪਵਣ ਪਵਣੀ ਫੇਰਾ ਪਾਇਆ । ਨਾਤਾ ਤੋੜ ਦਸ ਦਸ ਮਾਸ, ਮਾਤ ਗਰਭ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਤਰਾਇਆ । ਹਰਿਜਨ ਤਾਰੇ ਆਪ ਹਰਿ, ਆਪਣੇ ਹੱਥ ਰੱਖੇ ਵਡਿਆਈਆ । ਨਾਮ ਭੰਡਾਰਾ ਏਕਾ ਭਰ, ਵਸਤ ਅਮੋਲਕ ਆਪ ਵਰਤਾਈਆ । ਨਿਰਭੌ ਚੁਕਾਏ ਝੂਠਾ ਡਰ, ਭੈ ਅਵਰ ਨਾ ਕੋਇ ਵਖਾਈਆ । ਇਕ ਨੁਹਾਏ ਸਾਚੇ ਸਰ, ਦੁਰਮਤ ਮੈਲ ਧੁਆਈਆ । ਕਿਲਾ ਤੋੜ ਹੰਕਾਰੀ ਗੜ੍ਹ, ਜੂਠ ਝੂਠ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਲਏ ਵਰ, ਬਰਨ ਅਠਾਰਾਂ ਪੰਧ ਮੁਕਾਈਆ । ਬਰਨ ਅਠਾਰਾਂ ਮੁੱਕੇ ਪੰਧ, ਕਲਜੁਗ ਅੰਤਮ ਵਾਰ । ਸ੍ਰਿਸ਼ਟ ਸਬਾਈ ਏਕਾ ਛੰਦ, ਗਾਏ ਸਰਬ ਸੰਸਾਰ । ਆਤਮ ਅੰਤਰ ਇਕ ਅਨੰਦ, ਨਿਜਾਨੰਦ ਉਰਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ । ਹਰਿਜਨ ਤੇਰਾ ਪਾਰ ਕਿਨਾਰਾ, ਸਤਿਗੁਰ ਪੂਰਾ ਆਪ ਵਖਾਈਆ । ਨਾਤਾ ਤੁਟਾ ਜੀਵ ਸੰਸਾਰਾ, ਸ਼ਾਕਤ ਨਿੰਦਕ ਦੁਸ਼ਟ ਦੁਰਾਚਾਰਾ ਸੰਗ ਨਾ ਕੋਇ ਵਖਾਈਆ । ਗੁਰਮੁਖ ਮੇਲ ਇਕ ਦੁਆਰਾ, ਏਕਾ ਘਰ ਵੱਜੇ ਵਧਾਈਆ । ਗ੍ਰਹਿ ਗ੍ਰਹਿ ਮਿਲੇ ਮੀਤ ਮੁਰਾਰਾ, ਗੁਰ ਗੁਰ ਰੂਪ ਵਟਾਈਆ । ਪੰਚਮ ਸਖੀਆਂ ਮੰਗਲਾਚਾਰਾ, ਏਕਾ ਗੀਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਹਰਿਜਨ ਸਾਚੇ ਲਏ ਫੜ, ਸਤਿਜੁਗ ਸਾਚਾ ਰਾਹ ਵਖਾਈਆ । ਨਾਨਕ ਮੇਲਾ ਸੱਚੇ ਗੁਰਸਿਖ, ਜਿਸ ਸਿਖਿਆ ਸਤਿਗੁਰ ਭਾਈਆ । ਅੰਦਰੋਂ ਕੱਢੇ ਝੂਠੀ ਵਿਖ, ਮਾਇਆ ਮੋਹ ਗਵਾਈਆ । ਪੰਚ ਵਿਕਾਰਾ ਛੱਡੇ ਹਿੱਤ, ਕਾਮ ਕਰੋਧ ਨਾ ਕੋਇ ਲੜਾਈਆ । ਸੇਵਕ ਰਹੇ ਨਿਤ ਨਿਤ, ਬਣ ਚਾਕਰ ਸੇਵ ਕਮਾਈਆ । ਨਾਨਕ ਸਤਿਗੁਰ ਨਾ ਦੇਵੇ ਪਿੱਠ, ਜੋ ਗੁਰਸਿਖ ਰਹੇ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੀ ਰੀਤ ਰਿਹਾ ਸਮਝਾਈਆ । ਗੁਰਸਿਖ ਪਹਿਲੋਂ ਕਰ ਤਿਆਰੀ, ਆਤਮ ਅੰਤਰ ਦਏ ਅਧਾਰ । ਪੰਜ ਤੱਤ ਨਾਤਾ ਤੋੜ ਵਿਕਾਰੀ, ਜੂਠਾ ਝੂਠਾ ਮੋਹ ਪਿਆਰ । ਕਾਇਆ ਮਹੱਲ ਵੇਖ ਅਟਾਰੀ, ਉਚੋ ਉਚ ਅਗੰਮ ਅਪਾਰ । ਅੰਦਰ ਲੱਭੇ ਫਿਰ ਜੋਤ ਨਿਰੰਕਾਰੀ, ਜੋ ਗੁਰਸਿਖ ਸਿਖਿਆ ਕਰੇ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਾਨਕ ਨਿਰਗੁਣ ਗੁਰਸਿਖ ਸਾਚੇ ਕਰੇ ਪਿਆਰ । ਸਤਿਗੁਰ ਜਾਣੀ ਜਾਣ, ਨਾਨਕ ਗਿਆ ਸਮਝਾਈਆ । ਪਹਿਲੋਂ ਕਰੇ ਆਪ ਪਹਿਚਾਨ, ਪਹਿਚਾਨ ਵਿਚ ਕਿਸੇ ਨਾ ਆਈਆ । ਮਨ ਅੰਦਰ ਖੇਲ ਮਹਾਨ, ਛਿੰਨ ਛਿੰਨ ਰੂਪ ਵਟਾਈਆ । ਜਿਸ ਸਤਿਗੁਰ ਕਰੇ ਗਿਆਨ, ਅੱਖਰ ਅੱਖਰ ਦਏ ਪੜ੍ਹਾਈਆ । ਤਿਸ ਸਥਿਰ ਰਹੇ ਧਿਆਨ, ਮਨ ਵਾਸਨਾ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਗੁਰਸਿਖਾਂ ਅੰਦਰ ਵੜ ਵੜ ਮਹੱਲੇ ਚੜ੍ਹ ਚੜ੍ਹ ਸੁਰਤੀ ਫੜ ਫੜ, ਬਿਨ ਬੋਲਿਆਂ ਦਏ ਸਮਝਾਈਆ । ਗੋਬਿੰਦ ਸੂਰਾ ਗੁਰਸਿਖ ਮੀਤ, ਇਕੋ ਇਕ ਵਖਾਇੰਦਾ । ਜੋ ਗੁਰ ਕੀ ਜਾਣੇ ਰੀਤ, ਤਿਸ ਸਤਿਗੁਰ ਵੇਖ ਵਖਾਇੰਦਾ । ਅੰਦਰ ਵੇਖੇ ਧਾਮ ਅਨਡੀਠ, ਅਨਡਿਠੜੀ ਕਾਰ ਕਰਾਇੰਦਾ । ਪਹਿਲੋਂ ਮਨ ਨੂੰ ਲੈਣਾ ਜੀਤ, ਮਨ ਵਾਸਨਾ ਸਰਬ ਮਿਟਾਇੰਦਾ । ਫਿਰ ਗੋਬਿੰਦ ਕਰੇ ਪ੍ਰੀਤ, ਅੰਦਰ ਵੜ ਵੜ ਬੂਝ ਬੁਝਾਇੰਦਾ । ਪਰਖਣਹਾਰਾ ਸਾਚੀ ਨੀਤ, ਵਲ ਛਲ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰਗਤ ਆਪ ਜਣਾਇੰਦਾ । ਕਾਇਆ ਅੰਦਰ ਡੂੰਘੀ ਗਾਰ, ਕੋਟਨ ਕੋਟ ਵਾਸਨਾ ਵਿਚ ਭਰਾਈਆ । ਮਨ ਮਨੂਆ ਫਿਰੇ ਵਾਰੋ ਵਾਰ, ਦਹਿ ਦਿਸ਼ਾ ਫੇਰਾ ਪਾਈਆ । ਗੁਰਮੁਖ ਵਿਰਲਾ ਲਏ ਸੁਰਤ ਸੰਭਾਲ, ਮਨ ਬੰਧਨ ਏਕਾ ਪਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਆਪਣੇ ਹੱਥ ਰਖਾਈਆ । ਗੁਰਸਿਖ ਤੇਰੀ ਕਾਇਆ ਜੇ ਸੁੱਚੀ ਹੋਏ ਧਰਮਸਾਲ, ਫਿਰ ਗੋਬਿੰਦ ਅੰਦਰ ਡੇਰਾ ਲਾਈਆ । ਅੰਦਰੇ ਅੰਦਰ ਹੱਲ ਕਰੇ ਸਵਾਲ, ਬਿਨ ਬੂਝਿਆਂ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਗੋਬਿੰਦ ਖੇਲ ਹਰਿ, ਹਰਿ ਜੂ ਆਪਣਾ ਆਪ ਵਖਾਈਆ । ਨਾਨਕ ਗੋਬਿੰਦ ਪੌਣਾ ਔਖਾ, ਰਸਨਾ ਜਿਹਵਾ ਸਰਬ ਕੁਰਲਾਇੰਦਾ । ਜਗਤ ਵਿਕਾਰ ਦੇਵੇ ਧੋਖਾ, ਪਾਂਧੀ ਪੰਧ ਨਾ ਕੋਇ ਮੁਕਾਇੰਦਾ । ਕੋਈ ਨਾ ਵੇਖੇ ਕਾਇਆ ਕੋਠਾ, ਅੰਦਰ ਵੜ ਨਾ ਦਰਸਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰਗਤ ਬ੍ਰਹਮ ਮਤ ਏਕਾ ਤੱਤ, ਬਿਨ ਰੱਤੀ ਰੱਤ ਆਪ ਸਮਝਾਇੰਦਾ । ਅੰਤਰਗਤ ਬ੍ਰਹਮ ਗਿਆਨ, ਨਿਸ਼ਅੱਖਰ ਹਰਿ ਪੜ੍ਹਾਈਆ । ਬਿਨ ਪੁਛਿਆਂ ਪੁਛੇ ਆਣ, ਨਾਨਕ ਗੋਬਿੰਦ ਦਰਸ ਅਜੇ ਨਾ ਪਾਈਆ । ਨੇਤਰ ਰੂਪ ਨਾ ਸਕੇ ਪਛਾਣ, ਨੂਰ ਨੂਰ ਨਾ ਕੋਇ ਵਖਾਈਆ । ਗੀਤ ਸੁਣਿਆ ਨਾ ਅਗੰਮੀ ਕਾਨ, ਨਾਦ ਧੁਨ ਨਾ ਕੋਇ ਸ਼ਨਵਾਈਆ । ਅੰਦਰ ਸੇਜਾ ਹੋਈ ਵੈਰਾਨ, ਸਤਿਗੁਰ ਉਤੇ ਬੈਠਾ ਨਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਗੋਬਿੰਦ ਗੁਰਮੁਖ ਵਿਰਲੇ ਆਪ ਮਿਲਾਈਆ ।


੪੬੭
੧੧

## ★ ੧੫ ਮਾਘ ੨੦੧੮ ਬਿਕ੍ਰਮੀ ਧਿਰਤਾ ਸਿੰਘ ਦੇ ਗ੍ਰਿਹ ਕਲਾਨੌਰ ਜ਼ਿਲਾ ਗੁਰਦਾਸਪੁਰ ★

ਆਦਿ ਜੁਗਾਦਿ ਸ੍ਰੀ ਭਗਵਾਨ, ਹਰੀ ਹਰਿ ਆਪਣਾ ਖੇਲ ਕਰਾਇੰਦਾ । ਵਿਸ਼ਨੂੰ ਵਿਸ਼ਵ ਦੇਵੇ ਦਾਨ, ਵਸਤ ਅਮੋਲਕ ਇਕ ਵਰਤਾਇੰਦਾ । ਬ੍ਰਹਮਾ ਬ੍ਰਹਮ ਕਰ ਪਰਧਾਨ, ਪਾਰਬ੍ਰਹਮ ਪ੍ਰਭ ਵੰਡ ਵੰਡਾਇੰਦਾ । ਸ਼ੰਕਰ ਦੇਵੇ ਇਕ ਗਿਆਨ, ਸਾਖਯਾਤ ਰੂਪ ਦਰਸਾਇੰਦਾ । ਸ਼ਸਤਰ ਅਸ਼ਤਰ ਇਕ ਮਹਾਨ, ਤ੍ਰੈ ਤ੍ਰੈ ਮੂਲ ਵਖਾਇੰਦਾ । ਸ਼ਾਹ ਪਾਤਸ਼ਾਹ ਇਕ ਹੁਕਮਰਾਨ, ਸ਼ਹਿਨਸ਼ਾਹ ਹਰਿ ਖੇਲ ਖਲਾਇੰਦਾ । ਲੇਖਾ ਜਾਣੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਵਿਸ਼ਨੂੰ ਦੇਵੇ ਹਰਿ ਹਰਿ ਦਾਤ, ਦਾਤਾ ਦਾਨੀ ਦਇਆ ਕਮਾਈਆ । ਬ੍ਰਹਮੇ ਤੇਰਾ ਬ੍ਰਹਮ ਖਾਤ, ਏਕਾ ਘਰ ਵਖਾਈਆ । ਸ਼ੰਕਰ ਲੇਖਾ ਭੋਲੇ ਨਾਥ, ਭੋਲੇ ਭਾਉ ਸਮਝਾਈਆ । ਤਿੰਨਾਂ ਲੇਖਾ ਤ੍ਰਲੋਕੀ ਨਾਥ, ਤ੍ਰੈ ਤ੍ਰੈ ਬੰਧਨ ਪਾਈਆ । ਖੇਲੇ ਖੇਲ ਖੇਲ ਤਮਾਸ਼, ਪੰਚਮ ਏਕਾ ਰੰਗ ਚੜ੍ਹਾਈਆ । ਲੱਖ ਚੁਰਾਸੀ ਕਰ ਕਰ ਵਾਸ, ਘਟ ਘਟ ਸੋਭਾ ਪਾਈਆ । ਲੇਖਾ ਜਾਣ ਪ੍ਰਿਥਮੀ ਆਕਾਸ਼, ਰਵ ਸਸ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਚਲਾਈਆ । ਸਾਚੀ ਧਾਰ ਵਿਸ਼ਨ ਅੰਗ, ਹਰਿ ਸੱਚਾ ਸਚ ਜਣਾਇੰਦਾ । ਬ੍ਰਹਮਾ ਬ੍ਰਹਮ ਸੇਜ ਪਲੰਘ, ਸੋ ਪੁਰਖ ਨਿਰੰਜਣ ਆਪ ਹੰਢਾਇੰਦਾ । ਸ਼ੰਕਰ ਵਜਾਏ ਇਕ ਮਰਦੰਗ, ਜੋ ਘੜਿਆ ਭੰਨ ਵਖਾਇੰਦਾ । ਕਰੇ ਖੇਲ ਸੂਰਾ ਸਰਬੰਗ, ਆਦਿ ਅੰਤ ਭੇਵ ਕੋਇ ਨਾ ਪਾਇੰਦਾ । ਕੋਟਨ ਕੋਟ ਜੁਗ ਚੌਕੜੀ ਗਏ ਲੰਘ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਸਾਚੀ ਧਾਰ, ਵਿਸ਼ਨ ਵਿਸ਼ਵ ਆਪ ਚਲਾਈਆ । ਬ੍ਰਹਮਾ ਬ੍ਰਹਮ ਕਰ ਪਸਾਰ, ਅੰਸ ਬੰਸ ਸੋਭਾ ਪਾਈਆ । ਸ਼ੰਕਰ ਲੇਖਾ ਧੂੰਆਂਧਾਰ, ਸੁੰਨ ਸਮਾਧ ਰਖਾਈਆ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਬੇਪਰਵਾਹੀਆ । ਸਾਚੀ ਰੀਤਾ ਵਿਚ ਸੰਸਾਰ, ਜੀਵ ਜੰਤ ਵਡਿਆਈਆ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਕਰ ਤਿਆਰ, ਚਾਰੇ ਬਾਣੀ ਕਰੇ ਪੜ੍ਹਾਈਆ । ਚਾਰ ਜੁਗ ਬਣ ਪਨਿਹਾਰ, ਸੇਵਕ ਸਾਚੀ ਸੇਵ ਕਮਾਈਆ । ਅੱਖਰ ਅੱਖਰ ਕਰ ਤਿਆਰ, ਵੇਦ ਵੇਦ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਬਣਤ ਆਪ ਬਣਾਈਆ । ਸਾਚੀ ਬਣਤ ਸ੍ਰੀ ਭਗਵਾਨ, ਇਕ ਅਕੱਲਾ ਆਪ ਬਣਾਇੰਦਾ । ਤ੍ਰੈ ਤ੍ਰੈ ਦੇਵੇ ਏਕਾ ਦਾਨ, ਏਕਾ ਵੰਡ ਵੰਡਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਘਟ ਘਟ ਆਸਣ ਲਾਇੰਦਾ । ਆਤਮ ਅੰਤਰ ਇਕ ਮਹਿਮਾਨ, ਈਸ਼ ਜੀਵ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਆਪਣੇ ਰੰਗ ਆਪੇ ਰਾਤਾ, ਰੰਗ ਰਤੜਾ ਬੇਪਰਵਾਹੀਆ । ਆਪੇ ਖੇਲੇ ਖੇਲ ਤਮਾਸ਼ਾ, ਨਿਰਗੁਣ ਸਰਗੁਣ ਰੂਪ ਵਟਾਈਆ । ਆਪੇ ਕਰੇ ਪੂਰੀ ਆਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਖੁਲ੍ਹਾਈਆ । ਸਾਚਾ ਭੇਵ ਹਰਿ ਹਰਿ ਖੋਲ੍ਹ, ਆਪਣਾ ਪਰਦਾ ਲਾਹਿੰਦਾ । ਨਿਰਗੁਣ ਸਰਗੁਣ ਤੋਲੇ ਤੋਲ, ਤੋਲਣਹਾਰਾ ਵੇਸ ਵਟਾਇੰਦਾ । ਸ਼ਬਦ ਅਗੰਮੀ ਏਕਾ ਬੋਲ, ਅਨਾਦੀ ਨਾਦ ਸੁਣਾਇੰਦਾ । ਸਚ ਵਸਤ ਹਰਿ ਰੱਖੇ ਕੋਲ, ਗੁਰ ਅਵਤਾਰਾਂ ਆਪ ਵਰਤਾਇੰਦਾ ।




੪੬੮ ੧੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਧਨ ਆਪੇ ਪਾਇੰਦਾ । ਸਾਚਾ ਬੰਧਨ ਜੁਗ ਚਾਰ, ਚਾਰ ਚਾਰ ਵੰਡ ਵੰਡਾਈਆ । ਗੁਰ ਪੀਰ ਖੇਲ ਕਰਤਾਰ, ਨੂਰ ਨੂਰ ਨੂਰ ਦਰਸਾਈਆ । ਪੀਰ ਪੈਗ਼ੰਬਰ ਕਰ ਤਿਆਰ, ਲੱਖ ਚੁਰਾਸੀ ਕਰੇ ਪੜ੍ਹਾਈਆ । ਭਗਤ ਭਗਵੰਤ ਲਏ ਉਠਾਲ, ਆਪਣੀ ਬੂਝ ਬੁਝਾਈਆ । ਸੰਤਾਂ ਦੇਵੇ ਨਾਮ ਦਲਾਲ, ਜਗਤ ਵਿਚੋਲਾ ਇਕ ਵਖਾਈਆ । ਗੁਰਮੁਖਾਂ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਈਆ । ਗੁਰਸਿਖ ਵੇਖੇ ਸਾਚੇ ਲਾਲ, ਪੂਤ ਸਪੂਤੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ ਜੁਗੋ ਜੁਗ, ਹਰਿ ਕਰਤਾ ਆਪ ਕਰਾਇੰਦਾ । ਕਲਜੁਗ ਔਧ ਗਈ ਪੁੱਗ, ਨਵ ਨੌਂ ਚਾਰ ਪੰਧ ਮੁਕਾਇੰਦਾ । ਨਿਰਗੁਣ ਰੂਪ ਸਰਗੁਣ ਅੰਦਰ ਜੋ ਰਿਹਾ ਲੁਕ, ਆਪਣਾ ਪਰਦਾ ਆਪ ਉਠਾਇੰਦਾ । ਜੋਤ ਉਜਾਲਾ ਹਰਿ ਗੋਪਾਲਾ ਸ਼ੇਰ ਹੋ ਕੇ ਰਿਹਾ ਬੁੱਕ, ਏਕਾ ਭੱਬਕ ਲਗਾਇੰਦਾ । ਦੋ ਜਹਾਨ ਰਖਾਏ ਓਟ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਇੰਦਾ । ਲੱਖ ਚੁਰਾਸੀ ਕਾਇਆ ਵੇਖੇ ਕਿਲਾ ਕੋਟ, ਗੜ੍ਹ ਮੰਦਰ ਫੇਰਾ ਪਾਇੰਦਾ । ਜਨ ਭਗਤਾਂ ਕੱਢੇ ਝੂਠੀ ਵਾਸਨਾ ਖੋਟ, ਮੰਤਰ ਅੰਤਰ ਗਿਆਨ ਇਕ ਦ੍ਰਿੜ੍ਹਾਇੰਦਾ । ਨਾਮ ਭੰਡਾਰਾ ਦਏ ਅਤੋਟ, ਅਤੁਲ ਆਪ ਵਰਤਾਇੰਦਾ । ਮੇਲ ਮਿਲਾਵਾ ਨਿਰਮਲ ਜੋਤ, ਚਤਰਭੁਜ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਚਲੇ ਜਗ, ਹਰਿ ਜਾਗਰਤ ਜੋਤ ਜਗਾਇੰਦਾ । ਕਰੇ ਖੇਲ ਸੂਰਾ ਸਰਬੱਗ, ਪੁਰਖ ਅਕਾਲ ਵੇਸ ਵਟਾਇੰਦਾ । ਕੂੜ ਕੁੜਿਆਰਾ ਮਾਤ ਕੱਢ, ਸਚ ਸੁਚ ਆਪ ਵਰਤਾਇੰਦਾ । ਚਾਰ ਵਰਨ ਪਿਆਏ ਨਾਮ ਮਦਿ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਵੰਡ ਵੰਡਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਵੇਖੇ ਯਦ, ਬੰਸ ਸਰਬੰਸਾ ਫੋਲ ਫੁਲਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਪਾਰ ਹੱਦ, ਛੱਤੀ ਛੱਤੀ ਵੰਡ ਆਪ ਕਰਾਇੰਦਾ । ਸਤਿਜੁਗ ਸਚ ਨਿਸ਼ਾਨਾ ਦੇਵੇ ਗੱਡ, ਦੋ ਜਹਾਨਾਂ ਆਪ ਝੁਲਾਇੰਦਾ । ਭਗਤ ਭਗਵੰਤ ਆਪੇ ਸੱਦ, ਦਰ ਸਾਚੇ ਮੇਲ ਮਿਲਾਇੰਦਾ । ਅਨਹਦ ਵਜਾਏ ਸਾਚਾ ਨਦ, ਧੁੰਨ ਆਤਮਕ ਰਾਗ ਅਲਾਇੰਦਾ । ਸਚ ਨਗਾਰਾ ਜਾਏ ਵੱਜ, ਸਤਿ ਸਤਿਵਾਦੀ ਆਪ ਸੁਣਾਇੰਦਾ । ਲੱਖ ਚੁਰਾਸੀ ਆਪਣਾ ਭਾਰ ਜਾਏ ਲਦ, ਅੱਗੇ ਹੋ ਨਾ ਕੋਇ ਛਡਾਇੰਦਾ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਕਾਮ ਕਰੋਧ ਲੋਭ ਮੋਹ ਹੰਕਾਰ ਅੰਦਰ ਡੇਰਾ ਲਾਇੰਦਾ । ਮਨ ਵਾਸਨਾ ਕੋਈ ਕਰ ਨਾ ਸਕੇ ਬਧ, ਜਗਤ ਕਸਾਈ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਇੰਦਾ । ਸਾਚਾ ਮਾਰਗ ਲੱਗੇ ਰਾਹ, ਸੋ ਪੁਰਖ ਨਿਰੰਜਣ ਆਪ ਲਗਾਈਆ । ਨਿਰਗੁਣ ਸਰਗੁਣ ਬਣੇ ਮਲਾਹ, ਸਾਚਾ ਬੇੜਾ ਆਪ ਚਲਾਈਆ । ਸ਼ਬਦ ਅਗੰਮੀ ਦਏ ਸਲਾਹ, ਏਕੰਕਾਰ ਕਰੇ ਪੜ੍ਹਾਈਆ । ਆਦਿ ਨਿਰੰਜਣ ਡਗਮਗਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਸਤਿ ਸਤਿਵਾਦੀ ਵੇਸ ਵਟਾ, ਸਤਿ ਪੁਰਖ ਨਿਰੰਜਣ ਰੂਪ ਵਟਾਈਆ । ਨਿਹਕਲੰਕਾ ਨਾਉਂ ਰਖਾ, ਏਕਾ ਡੰਕਾ ਰਾਗ ਅਲਾਈਆ । ਰਾਉ ਰੰਕਾਂ ਦਏ ਜਗਾ, ਸੋਇਆ ਕੋਇ ਰਹਿਣ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾ, ਵੇਲਾ ਅੰਤ ਦਏ ਸਮਝਾਈਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਰੋਵੇ ਮਾਰੇ ਧਾਹ, ਜੁਗ ਚੌਕੜੀ ਬੀਤੇ ਕਾਲ, ਕਾਲ ਸਭ ਨੂੰ ਅੰਤਮ ਖਾਈਆ । ਏਕਾ ਰਹੇ ਦੀਨ ਦਿਆਲ, ਦੂਨੀ ਨਜ਼ਰ ਕੋਇ ਨਾ ਆਈਆ । ਜੁਗ ਜੁਗ ਚਲੇ ਅਵੱਲੜੀ ਚਾਲ, ਵੇਦ ਕਤੇਬ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦਾਤਾ ਪੁਰਖ ਬਿਧਾਤਾ ਸਾਚਾ ਪੰਥ ਆਪ ਚਲਾਈਆ । ਸਾਚਾ ਪੰਥ ਚਾਰ ਵਰਨ, ਊਚ ਨੀਚ ਨਾ ਕੋਇ ਵਖਾਇੰਦਾ । ਏਕਾ ਪੁਰਖ ਏਕਾ ਸਰਨ, ਏਕਾ ਨਾਰ ਰੂਪ ਸਮਝਾਇੰਦਾ । ਏਕਾ ਨਾਉਂ ਹਰਿ ਕਾ ਬੰਧਨ, ਦੂਜੀ ਵਿਦਿਆ ਨਾ ਕੋਇ ਪੜ੍ਹਾਇੰਦਾ । ਏਕਾ ਮੰਦਰ ਸਾਰੇ ਵੜ੍ਹਨ, ਮੰਦਰ ਮਸਜਿਦ ਗੁਰਦੁਆਰ ਏਕਾ ਰੰਗ ਚੜ੍ਹਾਇੰਦਾ । ਏਕਾ ਭੌ ਏਕਾ ਡਰਨ, ਏਕਾ ਭੈ ਵਖਾਇੰਦਾ । ਏਕਾ ਦਾਤਾ ਖੋਲ੍ਹੇ ਹਰਨ ਫਰਨ, ਨੇਤਰ ਲੋਚਣ ਨੈਣ ਆਪ ਖੁਲ੍ਹਾਇੰਦਾ । ਏਕਾ ਨਾਤਾ ਤੋੜੇ ਮਰਨ ਡਰਨ, ਲੱਖ ਚੁਰਾਸੀ ਫੰਦ ਕਟਾਇੰਦਾ । ਏਕਾ ਹੋਏ ਘਾੜਨ ਘੜਨ, ਭੰਨਣਹਾਰ ਇਕ ਹੋ ਜਾਇੰਦਾ । ਏਕਾ ਹੋਏ ਚੋਟੀ ਚੜ੍ਹਨ, ਘਟ ਘਟ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਵਖਾਇੰਦਾ । ਸਾਚਾ ਰਾਹ ਹਰਿ ਸੰਸਾਰ, ਸਤਿ ਸਤਿਵਾਦੀ ਆਪ ਲਗਾਈਆ । ਸਤਿਜੁਗ ਸਾਚੇ ਦਏ ਅਧਾਰ, ਸਾਚਾ ਸੁਤ ਮਾਤ ਪ੍ਰਗਟਾਈਆ । ਧਰਤ ਮਾਤ ਦੀ ਗੋਦ ਬਿਠਾਲ, ਸਿਰ ਆਪਣਾ ਹੱਥ ਰਖਾਈਆ । ਭਗਤਨ ਨਾਤਾ ਨਾਲ ਨਾਲ, ਸਗਲਾ ਸੰਗ ਨਿਭਾਈਆ । ਕਰੇ ਖੇਲ ਪੁਰਖ ਕਰਤਾਰ, ਕੁਦਰਤ ਵੇਖੇ ਚਾਈਂ ਚਾਈਂਆ । ਪ੍ਰਗਟ ਹੋ ਨਿਹਕਲੰਕ ਨਰ ਅਵਤਾਰ, ਨਰਾਇਣ ਆਪਣਾ ਵੇਸ ਧਰਾਈਆ । ਚਤੁਰਭੁਜ ਖੇਲ ਨਿਆਰ, ਆਦਿ ਭਵਾਨੀ ਵੇਸ ਵਟਾਈਆ । ਅਸ਼ਟਭੁਜ ਦਰ ਦਰਬਾਰ, ਬਣ ਸੇਵਕ ਸੇਵ ਕਮਾਈਆ । ਜੋਤੀ ਜਾਤਾ ਪੁਰਖ ਬਿਧਾਤਾ ਇਕ ਇਕੱਲਾ ਏਕੰਕਾਰ, ਅਨਕ ਕਲ ਆਪਣੀ ਕਾਰ ਕਰਾਈਆ । ਕਲਜੁਗ ਮੇਟੇ ਅੰਧੇਰੀ ਰਾਤਾ, ਸਤਿਜੁਗ ਸੁਣਾਏ ਸਾਚੀ ਗਾਥਾ, ਕਰੇ ਖੇਲ ਪੁਰਖ ਸਮਰਾਥਾ, ਅੱਖਰ ਵੱਖਰ ਨਾਮ ਪੜ੍ਹਾਈਆ । ਏਕਾ ਤੀਰਥ ਏਕਾ ਤਾਟਾ, ਏਕਾ ਪੂਜਾ ਏਕਾ ਪਾਠਾ, ਏਕਾ ਇਸ਼ਟ ਦੇਵ ਮਨਾਈਆ । ਏਕਾ ਬੰਧਨ ਏਕਾ ਨਾਤਾ, ਏਕਾ ਅੰਮ੍ਰਿਤ ਏਕਾ ਬਾਟਾ, ਨਿਝਰ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਵਖਾਈਆ । ਸਾਚਾ ਰਾਹ ਪੁਰਖ ਸੁਲਤਾਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨ, ਦੀਨਨ ਆਪਣੀ ਦਇਆ ਕਮਾਇੰਦਾ । ਏਕੰਕਾਰਾ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਡ ਬਲਵਾਨ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਦੋ ਜਹਾਨ ਆਪ ਝੁਲਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਰਵਾਨ, ਆਪਣਾ ਲੇਖਾ ਆਪ ਚੁਕਾਇੰਦਾ । ਖੇਲੇ ਖੇਲ ਨੌਜਵਾਨ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਕਾਗਦ ਕਲਮ ਹੋਏ ਹੈਰਾਨ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਦੋਏ ਜੋੜ ਸੀਸ ਝੁਕਾਇੰਦਾ । ਗੁਰ ਅਵਤਾਰ ਮੰਗਣ ਦਾਨ, ਪ੍ਰਭ ਅੱਗੇ ਝੋਲੀ ਸਰਬ ਡਾਹਿੰਦਾ । ਪੀਰ ਪੈਗ਼ੰਬਰ ਚਰਨ ਕਵਲ ਕਰਨ ਧਿਆਨ, ਨੇਤਰ ਨੈਣ ਨੈਣ ਉਠਾਇੰਦਾ । ਈਸਾ ਮੂਸਾ ਕਰਨ ਸਲਾਮ, ਮੁਹੰਮਦ ਸਯਦਾ ਸੀਸ ਝੁਕਾਇੰਦਾ । ਆਦਿ ਜੁਗਾਦੀ ਇਕ ਮਿਹਰਵਾਨ, ਜੁਗ ਜੁਗ ਖੇਲ ਕਰਾਇੰਦਾ । ਕਲਜੁਗ ਮਿਟੇ ਕੂੜ ਨਿਸ਼ਾਨ, ਕੂੜੀ ਕਿਰਿਆ ਨਾ ਕੋਇ ਵਖਾਇੰਦਾ । ਸਤਿਜੁਗ ਸਾਚਾ ਹੋਏ ਪਰਧਾਨ, ਨਾਮ ਪਰਧਾਨਗੀ ਨਾਲ ਲਿਆਇੰਦਾ । ਚਾਰ ਵਰਨਾਂ ਦੇਵੇ ਇਕ ਗਿਆਨ, ਬਰਨ ਅਠਾਰਾਂ ਆਪ ਸਮਝਾਇੰਦਾ । ਨਾਤਾ ਤੋੜ ਝੂਠ ਜਹਾਨ, ਸਚ ਸੁਚ ਇਕ ਸਮਝਾਇੰਦਾ । ਘਰ ਘਰ ਮੇਲਾ ਗੋਪੀ ਕਾਹਨ, ਸੁਰਤੀ ਸ਼ਬਦ ਰੰਗ ਵਖਾਇੰਦਾ । ਘਰ ਘਰ ਲੇਖਾ ਸੀਤਾ ਰਾਮ, ਰਾਮ ਰਾਮਾ ਰੂਪ ਧਰਾਇੰਦਾ । ਘਰ ਘਰ ਈਸਾ ਮੂਸਾ ਦਏ ਪੈਗ਼ਾਮ,

੪੭੦
੧੧

ਹੱਕ ਹੱਕ ਹੱਕ ਜਣਾਇੰਦਾ । ਦਰ ਦਰ ਮੁਹੰਮਦ ਪਕੜੇ ਦਾਮਨ ਦਾਮ, ਦਾਮਨਗੀਰ ਫੇਰਾ ਪਾਇੰਦਾ । ਗ੍ਰਿਹਿ ਗ੍ਰਿਹਿ ਨਾਨਕ ਨਿਰਗੁਣ ਜਣਾਏ ਸਤਿਨਾਮ, ਨਾਮ ਨਾਮ ਵਡਿਆਇੰਦਾ । ਮੰਦਰ ਮੰਦਰ ਗ੍ਰਿਹਿ ਗ੍ਰਿਹਿ ਘਰ ਘਰ ਕਾਇਆ ਬੰਕ ਚੜ੍ਹ ਚੜ੍ਹ ਗੋਬਿੰਦ ਵੇਖੇ ਸਾਚਾ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਅੰਤਮ ਪੰਜ ਤੱਤ ਕਾਇਆ ਖਾਏ ਕਾਲ, ਥਿਰ ਕੋਇ ਰਹਿਣ ਨਾ ਪਾਇੰਦਾ । ਗੁਰਮੁਖ ਗੁਰਸਿਖ ਚਰਨ ਪ੍ਰੀਤੀ ਹਰਿ ਹਰਿ ਨਿਭੇ ਨਾਲ, ਸੰਤ ਭਗਤ ਭਗਵੰਤ ਆਪਣੀ ਗੋਦ ਬਹਾਇੰਦਾ । ਲੇਖਾ ਜਾਣੇ ਆਦਿ ਅੰਤ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਅਗੰਮ ਅਥਾਹ, ਹਰਿ ਸੱਜਣ ਆਪ ਲਗਾਈਆ । ਭਗਤ ਭਗਵੰਤ ਲਏ ਉਠਾ, ਸਾਚੇ ਸੰਤਾਂ ਲਏ ਮਿਲਾਈਆ । ਗੁਰਮੁਖ ਰਾਗ ਦਏ ਅਲਾ, ਅਨਾਦੀ ਨਾਦ ਸੁਣਾਈਆ । ਗੁਰਸਿਖ ਸੱਜਣ ਮੇਲ ਮਿਲਾ, ਜਨਮ ਜਨਮ ਦਾ ਪੰਧ ਮੁਕਾਈਆ । ਦਰ ਦਰਵਾਜ਼ਾ ਇਕ ਖੁਲ੍ਹਾ, ਦੂਈ ਦਵੈਤੀ ਪਰਦਾ ਲਾਹੀਆ । ਗਰੀਬ ਨਿਵਾਜ਼ਾ ਦਇਆ ਕਮਾ, ਮਿਹਰ ਨਜ਼ਰ ਇਕ ਰਖਾਈਆ । ਅਨਹਦ ਵਾਜਾ ਨਾਦ ਵਜਾ, ਆਪਣੀ ਕਰੇ ਪੜ੍ਹਾਈਆ । ਦਿਵਸ ਰੈਣ ਫਿਰੇ ਭਾਜਾ, ਹਰਿਜਨ ਵੇਖੇ ਚਾਈਂ ਚਾਈਂਆ । ਕਲਜੁਗ ਅੰਤਮ ਰਚਿਆ ਕਾਜਾ, ਲੱਖ ਚੁਰਾਸੀ ਬੰਧਨ ਪਾਈਆ । ਖੇਲੇ ਖੇਲ ਦੇਸ ਮਾਝਾ, ਸੰਬਲ ਏਕਾ ਰੁੱਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਖੇੜਾ ਦੇਵੇ ਢਾਹੀਆ । ਕਲਜੁਗ ਖੇੜਾ ਜਾਏ ਢੱਠ, ਹਰਿ ਸਾਚਾ ਆਪੇ ਢਾਹਿੰਦਾ । ਅੰਤਮ ਗੇੜੇ ਉਲਟੀ ਲੱਠ, ਗੇੜਾ ਗੇੜੇ ਵਿਚ ਫਿਰਾਇੰਦਾ । ਨਾਤਾ ਤੋੜ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਪੰਧ ਮੁਕਾਇੰਦਾ । ਵਸਣੇਹਾਰ ਘਟ ਘਟ, ਨਿਰਗੁਣ ਉਜਾਲਾ ਨੂਰ ਦਰਸਾਇੰਦਾ । ਸ਼ਬਦ ਅਗੰਮੀ ਏਕਾ ਸੱਟ, ਤਾਲ ਤਲਵਾੜਾ ਇਕ ਵਜਾਇੰਦਾ । ਜਨ ਭਗਤਾਂ ਮਾਰਗ ਜਾਏ ਦੱਸ, ਦੂਸਰ ਦਿਸ ਕਿਸੇ ਨਾ ਆਇੰਦਾ । ਮੇਲ ਮਿਲਾਵਾ ਹੱਸ ਹੱਸ, ਰਾਤੀਂ ਸੁਤਿਆਂ ਗੋਦ ਬਹਾਇੰਦਾ । ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਇੰਦਾ । ਹਰਿਜਨ ਮੇਲਾ ਆਪ ਪ੍ਰਭ, ਪ੍ਰਭ ਠਾਕਰ ਆਪ ਕਰਾਈਆ । ਲੱਖ ਚੁਰਾਸੀ ਵਿਚੋਂ ਲੱਭ, ਗੁਰਮੁਖ ਸਾਚੇ ਲਏ ਜਗਾਈਆ । ਦਰ ਦੁਆਰੇ ਸਾਚੇ ਸੱਦ, ਸਦਾ ਇਕ ਸੁਣਾਈਆ । ਲੱਖ ਚੁਰਾਸੀ ਮੁੱਕੀ ਹੱਦ, ਅੱਗੇ ਪੰਧ ਨਾ ਕੋਇ ਵਖਾਈਆ । ਵਿਸ਼ਨੂੰ ਕਹੇ ਮੇਰੀ ਯਦ, ਬ੍ਰਹਮਾ ਆਪਣਾ ਬੰਸ ਵਡਿਆਈਆ । ਸ਼ੰਕਰ ਕਹੇ ਪੰਜ ਤੱਤ ਚੋਲਾ ਦਿਆਂ ਵੱਢ, ਜੋ ਘੜਿਆ ਭੰਨ ਵਖਾਈਆ । ਪੁਰਖ ਅਕਾਲ ਮਹਿਮਾ ਅਕੱਥ, ਕਥਨੀ ਕਥ ਨਾ ਕੋਇ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਕਹਿਣ ਸਾਡਾ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਕਲਜੁਗ ਅੰਤਮ ਆਇਆ ਨੱਸ, ਲੋਕਮਾਤ ਵੇਸ ਵਟਾਈਆ । ਏਥੇ ਓਥੇ ਦੋ ਜਹਾਨ ਕਿਸੇ ਨਾ ਚਲੇ ਕੋਈ ਵਸ, ਗੁਰ ਅਵਤਾਰ ਪੀਰ ਪੈਗੰਬਰ ਬੈਠੇ ਸੀਸ ਝੁਕਾਈਆ । ਜਿਸ ਭਾਵੇ ਤਿਸ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਦਰਸ ਦਖਾਏ ਹੋ ਪ੍ਰਤੱਖ, ਨੂਰ ਨੁਰਾਨਾ ਡਗਮਗਾਈਆ । ਹਰਿ ਭਗਤ ਲੱਖ ਚੁਰਾਸੀ ਵਿਚੋਂ ਕਰੇ ਵੱਖ, ਆਪਣਾ ਬੰਧਨ ਪਾਈਆ । ਜੁਗ ਜੁਗ ਭਗਤਾਂ ਕਰੇ ਪੱਖ, ਸਾਚੇ ਸੰਤਾਂ ਵੰਡ ਵੰਡਾਈਆ । ਮੇਲ ਮਿਲਾਏ ਨੱਠ ਨੱਠ, ਬਣ ਪਾਂਧੀ ਪੰਧ ਮੁਕਾਈਆ । ਅੰਮ੍ਰਿਤ ਆਤਮ ਸਤਿ ਸਰੋਵਰ ਦੇਵੇ ਝੱਟ, ਸਾਚੀ ਮਦਿ ਆਪ ਪਿਆਈਆ । ਦੁਰਮਤ ਮੈਲ ਦੇਵੇ ਕੱਟ, ਪਤਿਤ ਪਾਪੀ ਲਏ ਤਰਾਈਆ । ਦੂਈ ਦਵੈਤੀ ਮੇਟੇ ਫੱਟ, ਹਉਮੇ ਹੰਗਤਾ ਗੜ੍ਹ ਤੁੜਾਈਆ । ਲੇਖੇ

ਲਾਏ ਕਾਇਆ ਰੱਤ, ਰੱਤੀ ਰਤ ਰੱਤ ਸੁਹਾਈਆ । ਏਕਾ ਦੇਵੇ ਬ੍ਰਹਮ ਮਤ, ਪਾਰਬ੍ਰਹਮ ਕਰੇ ਪੜ੍ਹਾਈਆ । ਸੋਹੰ ਸ਼ਬਦ ਸਾਚੀ ਗਾਥ, ਚਾਰ ਵਰਨ ਜੈ ਜੈਕਾਰ ਕਰਾਈਆ । ਸਤਿਜੁਗ ਮਿਲੇ ਸਾਚੀ ਦਾਤ, ਕਲਜੁਗ ਅੰਤ ਰਹਿਣ ਨਾ ਪਾਈਆ । ਕਰੇ ਖੇਲ ਪੁਰਖ ਸਮਰਾਥ, ਵਿਸ਼ਨੂੰ ਭਗਵਾਨ ਇਕ ਵਡਿਆਈਆ । ਗੁਰ ਅਵਤਾਰਾਂ ਦੇਵੇ ਦਾਤ, ਨਾਮ ਅਨਮੁਲਾ ਝੋਲੀ ਪਾਈਆ । ਲੱਖ ਚੁਰਾਸੀ ਭੁੱਲੀ ਨਾਰ ਕਮਜ਼ਾਤ, ਹਰਿ ਕੰਤ ਨਜ਼ਰ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦਿਸੇ ਅੰਧੇਰੀ ਰਾਤ, ਸੂਰਜ ਚੰਦ ਬੈਠੇ ਮੁਖ ਸ਼ਰਮਾਈਆ । ਕਲਜੁਗ ਅੰਤਮ ਤੇਰੀ ਵਾਟ, ਲੇਖਾ ਲੇਖਾ ਝੋਲੀ ਪਾਈਆ । ਤੂੰ ਸੌਣਾ ਆਪਣੀ ਖਾਟ, ਪੁਰਖ ਅਬਿਨਾਸ਼ੀ ਦਏ ਸੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਏਕਾ ਰਾਹ ਚਲਾਈਆ । ਏਕਾ ਰਾਹ ਪਾਰਬ੍ਰਹਮ, ਪਤਿਪਰਮੇਸ਼ਵਰ ਆਪ ਚਲਾਇੰਦਾ । ਏਕਾ ਰੂਪ ਦਰਸਾਏ ਬ੍ਰਹਮ, ਬ੍ਰਹਮ ਆਪਣਾ ਰੰਗ ਰੰਗਾਇੰਦਾ । ਏਕਾ ਗੋਤ ਏਕਾ ਵਰਨ, ਅਵਰਨ ਖੇਲ ਨਾ ਕੋਇ ਕਰਾਇੰਦਾ । ਏਕਾ ਗੁਰ ਏਕਾ ਸਰਨ, ਇਸ਼ਟ ਏਕਾ ਨਜ਼ਰੀ ਆਇੰਦਾ । ਏਕਾ ਖੋਲ੍ਹੇ ਹਰਨ ਫਰਨ, ਨੇਤਰ ਨੈਣ ਇਕ ਦਰਸਾਇੰਦਾ । ਏਕਾ ਤੋੜੇ ਮਰਨ ਡਰਨ, ਲੱਖ ਚੁਰਾਸੀ ਫੰਦ ਕਟਾਇੰਦਾ । ਗੁਰਮੁਖ ਸੱਜਣ ਸੰਤ ਸੁਹੇਲੇ ਗੁਰੂ ਗੁਰ ਚੇਲੇ ਦਰਗਹਿ ਸਾਚੀ ਏਕਾ ਘਰ ਵੜਨ, ਥਿਰ ਘਰ ਸਾਚਾ ਆਪ ਬਣਾਇੰਦਾ । ਪੌੜੀ ਪੌੜੀ ਆਪੇ ਚੜ੍ਹਨ, ਸਾਚਾ ਡੰਡਾ ਨਾਮ ਲਗਾਇੰਦਾ । ਗੁਰਮੁਖ ਗੁਰਸਿਖ ਹਰਿ ਜੂ ਅੰਤਮ ਆਇਆ ਫੜਨ, ਬਾਹੋਂ ਪਕੜ ਗੋਦ ਬਹਾਇੰਦਾ । ਕਰੇ ਖੇਲ ਕਰਨੀ ਕਰਨ, ਕਰਤਾ ਪੁਰਖ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਕਰਤਾ ਪੁਰਖ ਕਰਨੇ ਜੋਗ, ਹਰਿਜਨ ਕੀਮਤ ਆਪੇ ਪਾਈਆ । ਮੇਲ ਮਿਲਾਵਾ ਧੁਰ ਸੰਜੋਗ, ਪੂਰਬ ਲਹਿਣਾ ਦਏ ਚੁਕਾਈਆ । ਹਉਮੇ ਹੰਗਤਾ ਕੱਢੇ ਰੋਗ, ਮਾਇਆ ਮਮਤਾ ਦਏ ਖਪਾਈਆ । ਨਾਤਾ ਤੋੜ ਚੌਦਾਂ ਲੋਕ, ਏਕਾ ਬਖ਼ਸ਼ੇ ਸ਼ਰਨ ਸ਼ਰਨਾਈਆ । ਤਨ ਨਗਾਰੇ ਲੱਗੇ ਚੋਟ, ਘਰ ਨਾਦੀ ਨਾਦ ਸੁਣਾਈਆ । ਮੇਲ ਮਿਲਾਵਾ ਨਿਰਮਲ ਜੋਤ, ਜੋਤ ਨਿਰੰਜਣ ਸੇਵ ਕਮਾਈਆ । ਗ੍ਰਿਹਿ ਮੰਦਰ ਵੇਖੇ ਕਿਲਾ ਕੋਟ, ਘਰ ਘਰ ਵਿਚ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵੇ ਮਾਣ ਵਡਿਆਈਆ । ਗੁਰਮੁਖ ਵਡਿਆਈ ਦੇਵੇ ਮਾਣ, ਨਿਮਾਣਿਆਂ ਗਲੇ ਲਗਾਇੰਦਾ । ਏਕਾ ਰਾਗ ਸੁਣਾਏ ਕਾਨ, ਅੱਖਰ ਵੱਖਰ ਆਪ ਪੜ੍ਹਾਇੰਦਾ । ਏਕਾ ਰੂਪ ਸ੍ਰੀ ਭਗਵਾਨ, ਪੁਰਖ ਅਬਿਨਾਸ਼ੀ ਆਪ ਜਣਾਇੰਦਾ । ਏਕਾ ਨਜ਼ਰੀ ਆਏ ਕਾਹਨ, ਏਕਾ ਮੰਡਲ ਰਾਸ ਰਚਾਇੰਦਾ । ਏਕਾ ਵੇਖੇ ਸੱਚਾ ਰਾਮ, ਸਤਿ ਸਤਿਵਾਦੀ ਸੋਭਾ ਪਾਇੰਦਾ । ਏਕਾ ਮੰਦਰ ਇਕ ਮਕਾਨ, ਏਕਾ ਬੰਕ ਬੰਕ ਵਡਿਆਇੰਦਾ । ਏਕਾ ਭੂਪਤ ਰਾਜ ਰਾਜਾਨ, ਸ਼ਾਹ ਪਾਤਸ਼ਾਹ ਇਕ ਅਖਵਾਇੰਦਾ । ਏਕਾ ਹੁਕਮ ਇਕ ਹੁਕਮਰਾਨ, ਧੁਰ ਫ਼ਰਮਾਣਾ ਇਕ ਸੁਣਾਇੰਦਾ । ਏਕਾ ਵਿਸ਼ਨ ਬ੍ਰਹਮਾ ਸ਼ਿਵ ਦੇਵੇ ਗਿਆਨ, ਨਾਮ ਨਿਧਾਨਾ ਇਕ ਪੜ੍ਹਾਇੰਦਾ । ਏਕਾ ਲੱਖ ਚੁਰਾਸੀ ਕਰ ਪਰਧਾਨ, ਤ੍ਰੈਗੁਣ ਮਾਇਆ ਰੰਗ ਰੰਗਾਇੰਦਾ । ਏਕਾ ਪੰਚਮ ਤੱਤ ਕਰੇ ਨਿਸ਼ਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੰਡ ਵੰਡਾਇੰਦਾ । ਏਕਾ ਪੰਚਮ ਨਾਦ ਸੁਣਾਏ ਕਾਨ, ਰਾਗੀ ਰਾਗ ਆਪ ਅਲਾਇੰਦਾ । ਏਕਾ ਨੌਂ ਦੁਆਰੇ ਖੋਲ੍ਹ ਦੁਕਾਨ, ਜਗਤ ਵਾਸਨਾ ਵਿਚ ਭਰਾਇੰਦਾ । ਏਕਾ ਸੁਖਮਨ ਟੇਢੀ ਬੰਕ ਖੇਲ ਕਰੇ ਮਹਾਨ, ਏਕਾ ਈੜਾ ਪਿੰਗਲ ਆਪ ਸੁਹਾਇੰਦਾ । ਏਕਾ ਅੰਮ੍ਰਿਤ ਆਤਮ ਸਰ

ਸਰੋਵਰ ਦੇਵੇ ਪੀਣ ਖਾਣ, ਤ੍ਰਿਸ਼ਨਾ ਭੁੱਖ ਮੁਕਾਇੰਦਾ । ਏਕਾ ਬਜ਼ਰ ਕਪਾਟੀ ਤੋੜੇ ਗੁਣ ਨਿਧਾਨ, ਆਪਣਾ ਪਰਦਾ ਆਪ ਚੁਕਾਇੰਦਾ । ਏਕਾ ਨਜ਼ਰੀ ਆਏ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਏਕਾ ਸੇਜਾ ਕਰ ਪਰਵਾਨ, ਸਾਚੀ ਸੇਜਾ ਸੋਭਾ ਪਾਇੰਦਾ । ਏਕਾ ਬ੍ਰਹਮ ਮੇਲੇ ਆਣ, ਪਾਰਬ੍ਰਹਮ ਆਪਣੇ ਰੰਗ ਰੰਗਾਇੰਦਾ । ਏਕਾ ਮੰਦਰ ਇਕ ਮਕਾਨ, ਕਾਇਆ ਅੰਦਰ ਆਪ ਵਡਿਆਇੰਦਾ । ਗੁਰਮੁਖ ਸਾਚੇ ਚਤੁਰ ਸੁਜਾਨ, ਚਤੁਰਭੁਜ ਭੇਵ ਖੁਲ੍ਹਾਏ ਗੁਝ, ਨੀਕਨ ਨੀਕਾ ਠਾਂਡਾ ਸੀਤਾ ਪਤਿਤ ਪੁਨੀਤਾ, ਸਾਚੀ ਰੀਤਾ ਆਪ ਚਲਾਇੰਦਾ । ਧਾਮ ਵਖਾਏ ਇਕ ਅਨਡੀਠਾ, ਮਿੱਠਾ ਕਰੇ ਕੌੜਾ ਰੀਠਾ, ਏਕਾ ਰਾਗ ਸੁਣਾਏ ਮਾਣ ਰਖਾਏ ਅਠਾਰਾਂ ਧਿਆਏ ਗੀਤਾ, ਗਿਆਨ ਧਿਆਨ ਅਨੁਭਵ ਦ੍ਰਿਸ਼ਟ ਲੇਖਾ ਜਾਣੇ ਰਾਮਾ ਵਸ਼ਿਸ਼ਟ, ਵਿਸ਼ੇਸ਼ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਮੇਲਣ ਕੋ ਦਰ ਇਕੋ ਗੁਰ, ਆਦਿ ਜੁਗਾਦਿ ਸਮਾਇਆ । ਲੇਖਾ ਜਾਣੇ ਧੁਰਦਰਗਾਹੀ ਧੁਰ, ਸਚਖੰਡ ਨਿਵਾਸੀ ਫੇਰਾ ਪਾਇਆ । ਸ਼ਬਦ ਅਗੰਮੀ ਚੜ੍ਹੇ ਘੋੜ, ਦੋ ਜਹਾਨਾਂ ਆਪ ਫਿਰਾਇਆ । ਨਿਰਗੁਣ ਸਰਗੁਣ ਜਾਏ ਬੌਹੁੜ, ਆਪਣਾ ਪੰਧ ਮੁਕਾਇਆ । ਸਤਿਗੁਰ ਪੂਰੇ ਨੂੰ ਗੁਰਸਿਖਾਂ ਦੀ ਸਦਾ ਲੋੜ, ਬਿਨ ਭਗਤਾਂ ਭਗਵਾਨ ਕੰਮ ਕਿਸੇ ਨਾ ਆਇਆ । ਜਨਮ ਜਨਮ ਦੀ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਇਕ ਬਰਸਾਇਆ । ਜਗਤ ਵਿਕਾਰਾ ਦੇਵੇ ਹੌੜ, ਨਾਮ ਖੰਡਾ ਇਕ ਚਮਕਾਇਆ । ਚਰਨ ਪ੍ਰੀਤੀ ਦੇਵੇ ਜੋੜ, ਨਾਤਾ ਬਿਧਾਤਾ ਆਪ ਬੰਧਾਇਆ । ਕਰੇ ਪ੍ਰਕਾਸ਼ ਅੰਧ ਘੋਰ, ਅਗਿਆਨ ਅੰਧੇਰ ਚੁਕਾਇਆ । ਸੁਰਤੀ ਸ਼ਬਦ ਬੰਨੇ ਡੋਰ, ਅਕਾਸ਼ ਆਕਾਸ਼ ਫੇਰਾ ਪਾਇਆ । ਆਪਣੇ ਸੰਗ ਲਏ ਤੋਰ, ਸਾਚਾ ਬੰਧਨ ਪਾਇਆ । ਨਾਤਾ ਤੁਟੇ ਮੋਰ ਤੋਰ, ਮੈਂ ਤੂੰ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇਆ । ਉਠ ਜਾਗ ਗੁਰਮੁਖ ਮੀਤ, ਮਿੱਤਰ ਪਿਆਰਾ ਆਪ ਜਗਾਇੰਦਾ । ਸਤਿਗੁਰ ਕਾਇਆ ਕਰੇ ਠੰਡੀ ਸੀਤ, ਅਗਨ ਮੇਘ ਨਾ ਕੋਇ ਦਰਸਾਇੰਦਾ । ਸਤਿ ਸਤਿਵਾਦੀ ਵਖਾਏ ਸਾਚੀ ਰੀਤ, ਸਾਚਾ ਮਾਰਗ ਆਪੇ ਲਾਇੰਦਾ । ਗੋਬਿੰਦ ਗੌਣਾ ਗੀਤ, ਦੂਜਾ ਰਾਗ ਨਾ ਕੋਇ ਅਲਾਇੰਦਾ । ਸਾਹਿਬ ਸੁਲਤਾਨ ਵਸੇ ਚੀਤ, ਚਿਤ ਵਿਤ ਠਗੋਰੀ ਕੋਇ ਨਾ ਪਾਇੰਦਾ । ਅੰਦਰ ਸੁੱਤਾ ਜੋ ਦੇ ਕਰ ਪੀਠ, ਆਪਣੀ ਕਰਵਟ ਫੇਰ ਬਦਲਾਇੰਦਾ । ਧਾਮ ਵਖਾਏ ਇਕ ਅਨਡੀਠ, ਅਨਡਿਠੜਾ ਰੰਗ ਚੜ੍ਹਾਇੰਦਾ । ਤਖ਼ਤ ਨਿਵਾਸੀ ਸੀਸ ਸੁਹਾਏ ਪੀਤੰਬਰ ਪੀਤ, ਆਪ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕੂੜੀ ਕਿਰਿਆ ਮੇਟ ਮਿਟਾਇੰਦਾ । ਕੂੜੀ ਕਿਰਿਆ ਜਾਏ ਛੁਟ, ਜੂਠ ਝੂਠ ਰਹਿਣ ਨਾ ਪਾਈਆ । ਸਚ ਸੁੱਚ ਪਏ ਉਠ, ਸਤਿਗੁਰ ਪੂਰਾ ਆਪ ਉਠਾਈਆ । ਜਨ ਭਗਤਾਂ ਉਪਰ ਆਪੇ ਤੁਠ, ਆਪਣਾ ਰਾਹ ਵਖਾਈਆ । ਅੰਮ੍ਰਿਤ ਜਾਮ ਪਿਆਏ ਘੁਟ, ਤ੍ਰਿਸ਼ਨਾ ਭੁੱਖ ਮਿਟਾਈਆ । ਨਾਤਾ ਤੋੜ ਵਰਨ ਗੋਤ, ਏਕਾ ਬ੍ਰਹਮ ਸਮਝਾਈਆ । ਪੁਰਖ ਅਕਾਲ ਇਕੋ ਓਟ, ਦੂਸਰ ਸੀਸ ਨਾ ਕਿਸੇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾਂ ਮੇਟੇ ਕੂੜੀ ਸ਼ਾਹੀਆ ।


੪੭੩ ੧੧

★ ੧੫ ਮਾਘ ੨੦੧੮ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਿਹ ਹਜ਼ਾਤਪੁਰਾ ਜ਼ਿਲਾ ਗੁਰਦਾਸਪੁਰ ★

ਸਤਿਗੁਰ ਪੂਰਾ ਸਦਾ ਮਿਹਰਵਾਨ, ਦੀਨਨ ਦਇਆ ਕਮਾਇੰਦਾ । ਜਨ ਭਗਤਾਂ ਦੇਵੇ ਨਾਮ ਦਾਨ, ਅਨਡਿਠੜੀ ਝੋਲੀ ਪਾਇੰਦਾ । ਰਾਖਾ ਹੋਏ ਦੋ ਜਹਾਨ, ਏਥੇ ਓਥੇ ਸੇਵ ਕਮਾਇੰਦਾ । ਜੋ ਜਨ ਨੇਤਰ ਨੈਣ ਦਰਸ਼ਨ ਕਰੇ ਆਣ, ਤਿਸ ਪੂਜਾ ਪਾਠ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਮੰਤਰ ਆਪ ਸਮਝਾਇੰਦਾ । ਸਤਿਗੁਰ ਪੂਰਾ ਸੂਰਬੀਰ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਗੁਰਮੁਖ ਦੇਵੇ ਆਪਣੀ ਧੀਰ, ਸਤਿ ਸੰਤੋਖ ਦ੍ਰਿੜਾਈਆ । ਮਾਇਆ ਮਮਤਾ ਤੋੜ ਜ਼ੰਜੀਰ, ਤ੍ਰੈਗੁਣ ਨਾਤਾ ਦਏ ਤੁੜਾਈਆ । ਅੰਮ੍ਰਿਤ ਆਤਮ ਦੇਵੇ ਠੰਡਾ ਸੀਰ, ਨਿਝਰ ਝਿਰਨਾ ਆਪ ਝਿਰਾਈਆ । ਚੋਟੀ ਚਾੜ੍ਹੇ ਫੜ ਅਖ਼ੀਰ, ਜਿਸ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪਣੇ ਹੱਥ ਰਖਾਈਆ । ਏਕਾ ਨਾਮ ਸਾਚੀ ਵਥ, ਹਰਿ ਜੂ ਆਪਣੇ ਹੱਥ ਰਖਾਇੰਦਾ । ਕਰੇ ਖੇਲ ਪੁਰਖ ਸਮਰਥ, ਜੁਗ ਜੁਗ ਵੇਸ ਵਟਾਇੰਦਾ । ਜੁਗਾ ਜੁਗੰਤਰ ਚਲਾਏ ਰਥ, ਰਥ ਰਥਵਾਹੀ ਦਿਸ ਨਾ ਆਇੰਦਾ । ਲੱਖ ਚੁਰਾਸੀ ਪਾਏ ਨੱਥ, ਘਟ ਘਟ ਆਪਣਾ ਆਸਣ ਲਾਇੰਦਾ । ਸ਼ਬਦ ਅਗੰਮੀ ਅਕਥਨਾ ਅਕਥ, ਬਿਨ ਰਸਨਾ ਜਿਹਵਾ ਆਪ ਸੁਣਾਇੰਦਾ । ਸਗਲ ਵਸੂਰੇ ਜਾਣ ਲਥ, ਜੋ ਜਨ ਸਤਿਗੁਰ ਪੂਰੇ ਦਰਸ਼ਨ ਪਾਇੰਦਾ । ਨਾਤਾ ਤੁਟੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾ ਕੋਇ ਭੁਆਇੰਦਾ । ਨਿਰਮਲ ਜੋਤ ਕਰ ਪ੍ਰਕਾਸ਼, ਅੰਧ ਅੰਧੇਰ ਗਵਾਇੰਦਾ । ਨਾਤਾ ਤੋੜ ਦਸ ਦਸ ਮਾਸ, ਮਾਤ ਗਰਭ ਨਾ ਫੇਰ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਜਪਿਆਂ ਜਾਪ, ਆਪਣਾ ਪ੍ਰਤਾਪ ਆਪ ਵਖਾਇੰਦਾ । ਹਰਿ ਕਾ ਨਾਉਂ ਸੱਚਾ ਏਕ, ਘਟ ਘਟ ਰਿਹਾ ਸਮਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਸਕੇ ਵੇਖ, ਭਰਮੇ ਭੁੱਲੀ ਸਰਬ ਲੋਕਾਈਆ । ਜੀਵ ਜੰਤ ਸਾਧ ਸੰਤ ਕੋਟਨ ਕੋਟ ਧਰ ਧਰ ਟੇਕ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਗੁਰਮੁਖ ਵਿਰਲੇ ਕਰੇ ਬੁੱਧ ਬਿਬੇਕ, ਵਿਵੇਕੀ ਆਪਣੀ ਦਇਆ ਕਮਾਈਆ । ਭਾਗ ਲਗਾਏ ਕਾਇਆ ਖੇਤ, ਫੁੱਲ ਫਲਵਾੜੀ ਆਪ ਮਹਿਕਾਈਆ । ਭਗਤ ਭਗਵੰਤ ਕਰੇ ਹੇਤ, ਨਿਤ ਨਵਿਤ ਆਪਣਾ ਦਰਸ ਦਿਖਾਈਆ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਚੇਤਨ ਰੂਪ ਸੱਚਾ ਸ਼ਹਿਨਸ਼ਾਹੀਆ । ਨਾ ਕੋਈ ਵਾਰ ਨਾ ਕੋਈ ਥਿਤ, ਸਦਾ ਸੁਹੇਲਾ ਇਕ ਅਕੇਲਾ ਹਰਿਜਨ ਹਰਿ ਹਰਿ ਪਾਰ ਕਰਾਈਆ । ਏਥੇ ਓਥੇ ਦੋ ਜਹਾਨ ਮਾਤ ਪਿਤ, ਪਿਤਾ ਪੂਤ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਰਸ ਦਰਸ ਦੀਦਾਰ, ਦੇਵਣਹਾਰ ਆਪ ਕਰਤਾਰ, ਨਿਰਗੁਣ ਸਰਗੁਣ ਖੇਲ ਅਪਾਰ, ਸਰਗੁਣ ਆਪਣੇ ਰੰਗ ਰੰਗਾਈਆ । ਦੇਵੇ ਨਾਮ ਨਾਮ ਅਨਮੁਲ, ਅਨਮੁਲੜੀ ਦਾਤ ਵਰਤਾਇੰਦਾ । ਭਾਗ ਲਗਾਏ ਕਾਇਆ ਕੁਲ, ਕੁਲਵੰਤਾ ਦਇਆ ਕਮਾਇੰਦਾ । ਤੋਲਣਹਾਰਾ ਸਾਚੇ ਤੋਲ, ਆਪਣੇ ਕੰਡੇ ਆਪ ਚੜ੍ਹਾਇੰਦਾ । ਗੁਰਸਿਖ ਉਠਾਏ ਆਪ ਅਨਭੋਲ, ਸਤਿਗੁਰ ਪੂਰਾ ਵੇਖ ਵਖਾਇੰਦਾ । ਸੁਰਤੀ ਸ਼ਬਦੀ ਜਾਏ ਮੌਲ, ਆਤਮ ਪਰਮਾਤਮ ਏਕਾ ਗੰਢ ਪੁਆਇੰਦਾ । ਉਲਟਾ ਕਰੇ ਨਾਭ ਕੌਲ, ਅੰਮ੍ਰਿਤ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਦਿਆ ਜਗਤ ਪਾਠ, ਹਰਿ ਸਤਿਗੁਰ ਆਪ ਜਣਾਈਆ । ਅੰਦਰੇ ਅੰਦਰ ਖੋਲ੍ਹੇ ਬਜ਼ਰ ਕਪਾਟ, ਬੰਦ ਤਾਕੀ ਕੁੰਡਾ ਲਾਹੀਆ । ਅਨਹਦ ਸ਼ਬਦ ਵੇਖੇ ਆਪਣੇ ਘਾਟ, ਨਾਦ ਅਨਾਦੀ ਨਾਦ

ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਈਆ । ਏਕਾ ਸ਼ਬਦ ਹਰਿ ਕਾ ਮੰਤਰ, ਗੁਰ ਗੁਰ ਸੇਵ ਕਮਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਦਿਸ ਕਿਸੇ ਨਾ ਆਇੰਦਾ । ਖੇਲੇ ਖੇਲ ਗਗਨ ਗਗਨੰਤਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵਿਚ ਸਮਾਇੰਦਾ । ਜਿਸ ਜਨ ਬਣਾਏ ਆਪੇ ਬਣਤਰ, ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਨਾਮ ਅਨਡੀਠ, ਮਿੱਠਾ ਕਰੇ ਕੌੜਾ ਰੀਠ, ਬਿਨ ਰਸਨਾ ਜਿਹਵਾ ਆਪ ਚਖਾਇੰਦਾ । ਹਰਿ ਕਾ ਨਾਮ ਹਰਿ ਭਗਤ ਲਏ ਚੱਖ, ਦੂਸਰ ਰਸਨ ਨਾ ਕੋਇ ਲਗਾਈਆ । ਆਪੇ ਰੱਖਿਆ ਸਭ ਤੋਂ ਵੱਖ, ਸਾਚੇ ਭਾਂਡੇ ਆਪ ਟਿਕਾਈਆ । ਕਿਰਪਾ ਕਰ ਨਰਾਇਣ ਨਰ ਜਿਸ ਜਨ ਦੇਵੇ ਦੱਸ, ਗ੍ਰਹਿ ਮੰਦਰ ਕਰੇ ਪੜ੍ਹਾਈਆ । ਏਕਾ ਮਕਤਬ ਵਖਾਏ ਸਾਚਾ ਹੱਟ, ਪਾਠਸ਼ਾਲਾ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਦ ਏਕਾ ਧੁਨ, ਏਕਾ ਸ਼ਬਦ ਸੁਣਾਈਆ । ਸ਼ਬਦ ਨਾਦ ਧੁਨ ਸੱਚੀ ਜੈਕਾਰਾ, ਜੈ ਜੈਕਾਰ ਆਪ ਕਰਾਇੰਦਾ । ਘਰ ਵਿਚ ਘਰ ਖੇਲ ਨਿਆਰਾ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਰਸਨਾ ਜਿਹਵਾ ਵਸੇ ਬਾਹਿਰਾ, ਮਨ ਮਤ ਬੁਧ ਭੇਵ ਕੋਇ ਨਾ ਪਾਇੰਦਾ । ਸੁਵਾਸ ਸੁਵਾਸ ਨਾ ਕੋਇ ਹੁਲਾਰਾ, ਪਵਣ ਪਵਣ ਨਾ ਕੋਇ ਵਖਾਇੰਦਾ । ਆਪੇ ਜਾਣੇ ਰੱਖਣਹਾਰਾ, ਘਰ ਘਰ ਵਿਚ ਆਪ ਟਿਕਾਇੰਦਾ । ਦੀਆ ਬਾਤੀ ਕਰ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪ ਤਰਾਇੰਦਾ । ਸਤਿਗੁਰ ਪੂਰਾ ਜਾਏ ਤਾਰ, ਗੁਰ ਸ਼ਬਦ ਵਡੀ ਵਡਿਆਈਆ । ਜਗਤ ਵਿਦਿਆ ਨਾ ਕੋਇ ਵਿਚਾਰ, ਪੜ੍ਹ ਪੜ੍ਹ ਲੇਖ ਨਾ ਕੋਇ ਮੁਕਾਈਆ । ਰਸਨਾ ਜਿਹਵਾ ਗਾ ਗਾ ਥੱਕਾ ਸੰਸਾਰ, ਆਤਮ ਰਸ ਹੱਥ ਕਿਸੇ ਨਾ ਆਈਆ । ਪੰਡਤ ਪਾਂਧੇ ਮੁਲਾਂ ਸ਼ੇਖ਼ ਗ੍ਰੰਥੀ ਹੋਏ ਵਿਭਚਾਰ, ਹਰਿ ਕੰਤ ਨਾ ਕੋਇ ਹੰਢਾਈਆ । ਗੁਰਮੁਖ ਵਿਰਲਾ ਕਰੇ ਪਿਆਰ, ਜਿਸ ਸਿਰ ਆਪਣਾ ਹੱਥ ਟਿਕਾਈਆ । ਨਿਰਗੁਣ ਨਿਰਾਕਾਰ ਨਿਰਵੈਰ ਰਾਗਾਂ ਨਾਦਾਂ ਵਸੇ ਬਾਹਿਰ, ਛੱਤੀ ਰਾਗ ਭੇਵ ਨਾ ਰਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਰੋਵਣ ਜ਼ਾਰੋ ਜ਼ਾਰ, ਅੰਜੀਲ ਕੁਰਾਨ ਦੇਣ ਦੁਹਾਈਆ । ਗੁਰ ਅਵਤਾਰ ਬੇਅੰਤ ਬੇਅੰਤ ਕਹਿਣ ਪੁਕਾਰ, ਪਾਰਬ੍ਰਹਮ ਸੱਚੀ ਸ਼ਰਨਾਈਆ । ਨਾਨਕ ਨਿਰਗੁਣ ਕਹੇ ਸਰਬ ਸੰਸਾਰ, ਪ੍ਰਭ ਵਸਿਆ ਹਰ ਘਟ ਥਾਈਂਆ । ਗ੍ਰਹਿ ਮਿਲੇ ਆਪਣੀ ਧਾਰ, ਨੂਰ ਨੂਰ ਨੂਰ ਦਰਸਾਈਆ । ਪੰਚਮ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਹਰਿ ਕਾ ਨਾਉਂ ਲਿਖਣ ਪੜ੍ਹਣ ਤੋਂ ਬਾਹਰ, ਲੇਖਾ ਲਿਖ ਨਾ ਕੋਇ ਮੁਕਾਈਆ । ਕਾਗਦ ਕਲਮ ਛਾਹੀ ਹੋਈ ਬੇਜ਼ਾਰ, ਆਪਣਾ ਪੰਧ ਨਾ ਕੋਇ ਮੁਕਾਈਆ । ਗੁਰਮੁਖਾਂ ਦੇਵੇ ਆਪ ਭੰਡਾਰ, ਸਚ ਭੰਡਾਰਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਜਗਤ ਵਿਦਿਆ ਨਾ ਕੋਇ ਪੜ੍ਹਾਈਆ । ਜਗਤ ਵਿਦਿਆ ਚੁੱਕੇ ਲਹਿਣਾ, ਰਸਨਾ ਜਿਹਵਾ ਨਾ ਕੋਇ ਸਮਝਾਇੰਦਾ । ਜਿਸ ਜਨ ਨੇਤਰ ਦਰਸ ਕਰਾਏ ਨੈਣਾਂ, ਨਿਝ ਆਤਮ ਨੈਣ ਖੁਲ੍ਹਾਇੰਦਾ । ਤਿਸ ਗੁਰਮੁਖ ਸਾਚੇ ਮੰਦਰ ਬਹਿਣਾ, ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਨਾਮ ਵਰ, ਨਿਸ਼ਅੱਖਰ ਆਪ ਪੜ੍ਹਾਇੰਦਾ । ਨਿਸ਼ਅੱਖਰ ਨਾਮ ਆਤਮ ਰਸ, ਰਸ ਰਸੀਆ ਆਪ ਜਣਾਇੰਦਾ । ਹਿਰਦੇ ਅੰਦਰ ਆਪੇ ਵਸ, ਭੇਵ ਅਭੇਦ ਜਣਾਇੰਦਾ । ਸੁਖਮਨ ਟੇਢੀ ਬੰਕ ਮਾਰਗ ਦੱਸ, ਈੜਾ ਪਿੰਗਲ ਡੇਰਾ ਢਾਹਿੰਦਾ । ਜੋਤ ਨਿਰੰਜਣ ਕਰ

ਪ੍ਰਕਾਸ਼, ਅੰਧ ਅੰਧੇਰ ਮਿਟਾਇੰਦਾ । ਪੰਚ ਵਿਕਾਰਾ ਕਰ ਕਰ ਨਾਸ, ਹਉਮੇ ਗੜ੍ਹ ਤੁੜ੍ਹਾਇੰਦਾ । ਆਤਮ ਪਰਮਾਤਮ ਖੇਲ ਤਮਾਸ਼, ਆਤਮ ਸੇਜਾ ਸੋਭਾ ਪਾਇੰਦਾ । ਕਰੇ ਕਰਾਏ ਖੇਲ ਹਰਿ ਜਨ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਪੂਰਬ ਲਹਿਣਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਅੰਤਰ ਨਾਮ ਧਰ, ਸਾਚੇ ਦਰ ਆਪ ਵਸਾਇੰਦਾ । ਗ੍ਰਿਹਿ ਵਸੇ ਹਰਿ ਕਾ ਮੰਤ, ਸਤਿਗੁਰ ਪੂਰਾ ਆਪ ਜਣਾਈਆ । ਨਾਰੀ ਮਿਲੇ ਸਾਚਾ ਕੰਤ, ਸੁਰਤ ਸ਼ਬਦ ਹੋਏ ਕੁੜਮਾਈਆ । ਲੇਖਾ ਚੁੱਕੇ ਆਦਿ ਅੰਤ, ਮਧ ਆਪਣਾ ਬੰਧਨ ਪਾਈਆ । ਕਾਇਆ ਚੋਲੀ ਚੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਮਨ ਵਾਸਨਾ ਹੋਈ ਮੰਤ, ਮਨ ਕਾ ਮਣਕਾ ਆਪ ਭੁਆਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਜੀਵਣ ਜੁਗਤ ਇਕ ਸਮਝਾਈਆ । ਗੜ੍ਹ ਤੋੜ੍ਹੇ ਹਉਮੇ ਹੰਗਤ ਸਾਚੇ ਮਾਰਗ ਆਪੇ ਲਾਈਆ । ਹਰਿਜਨ ਮੇਲੇ ਸਾਚੀ ਸੰਗਤ, ਸੰਗ ਆਪਣਾ ਆਪ ਵਖਾਈਆ । ਨਾਤਾ ਤੋੜ ਜੇਰਜ ਅੰਡਜ, ਉਤਭੁਜ ਸੇਤਜ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਪੜ੍ਹਿਆਂ ਦੇਵੇ ਨਾਮ ਨਿਧਾਨ, ਕਾਇਆ ਮੰਦਰ ਵਿਚ ਮਕਾਨ, ਸਚ ਸਿੰਘਾਸਣ ਬੈਠ ਸ੍ਰੀ ਭਗਵਾਨ, ਏਕਾ ਰੰਗ ਵਖਾਈਆ । ਗੁਰੂ ਗ੍ਰੰਥ ਕਲਜੁਗ ਬਾਣੀ, ਬੋਧ ਗਿਆਨ ਦ੍ਰਿੜਾਇਆ । ਨਾਨਕ ਅੰਗਦ ਮੇਲ ਭਵਾਨੀ, ਅਮਰ ਅਮਰਾਪਦ ਵਖਾਇਆ । ਰਾਮਦਾਸ ਸਚ ਨਿਸ਼ਾਨੀ, ਸਰ ਸਰੋਵਰ ਇਕ ਜਣਾਇਆ । ਗੁਰੂ ਅਰਜਨ ਗਾਏ ਅਕਥ ਕਹਾਣੀ, ਹਰਿ ਸਾਚਾ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੀਵਾਂ ਜੰਤਾਂ ਸਾਧਾਂ ਸੰਤਾਂ ਆਪਣਾ ਭੇਵ ਆਪ ਸਮਝਾਇਆ । ਸਤਿਜੁਗ ਬਣਾਏ ਵੇਦ ਚਾਰ, ਸ਼ਾਸਤਰ ਸਿਮਰਤ ਨਾਲ ਰਲਾਈਆ । ਪੁਰਾਨ ਅਠਾਰਾਂ ਕਰ ਤਿਆਰ, ਗੀਤਾ ਗਿਆਨ ਆਪ ਸਮਝਾਈਆ । ਅੰਜੀਲ ਕੁਰਾਨਾਂ ਦੇ ਸਹਾਰ, ਤੀਸ ਬਤੀਸਾ ਸਚ ਹਦੀਸਾ ਇਕ ਪੜ੍ਹਾਈਆ । ਚਾਰੇ ਖਾਣੀ ਬਾਣੀ ਚਾਰ ਕਰੇ ਵਿਚਾਰ, ਜੁਗ ਚੌਥੇ ਵੱਜੇ ਵਧਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਅੰਤ ਰਹਿਣ ਨਾ ਪਾਈਆ । ਅਗਲਾ ਖੇਲ ਜਾਣੇ ਨਿਰੰਕਾਰ, ਜੀਵ ਜੰਤ ਨਾ ਕੋਇ ਵਡਿਆਈਆ । ਨਾਨਕ ਨਿਰਗੁਣ ਸੋਹੰ ਸ਼ਬਦ ਗਾ ਕੇ ਗਿਆ ਧਾਰ, ਆਤਮ ਪਰਮਾਤਮ ਤੇਰੀ ਵਡਿਆਈਆ । ਗੋਬਿੰਦ ਅੰਤ ਸੋਹੰ ਸ਼ਬਦ ਤੀਰ ਭੱਥਾ ਦੱਸ ਕੇ ਗਿਆ ਕਮਾਨ, ਏਕਾ ਏਕ ਬੂਝ ਬੁਝਾਈਆ । ਨਾਨਕ ਨਿਰਗੁਣ ਮੰਗੇ ਦਾਨ, ਏਕਾ ਵਸਤ ਮੰਗ ਮੰਗਾਈਆ । ਕਲਜੁਗ ਔਣਾ ਸ੍ਰੀ ਭਗਵਾਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮਹਾਂਬਲੀ ਉਤਰੇ ਆਣ, ਮਾਤ ਪਿਤ ਨਾ ਕੋਇ ਬਣਾਈਆ । ਗੋਬਿੰਦ ਗੁਰ ਸੂਰਾ ਕਹੇ ਬਲਵਾਨ, ਨਿਹਕਲੰਕ ਵੱਜੇ ਵਧਾਈਆ । ਸੰਬਲ ਨਗਰੀ ਸਚ ਨਿਸ਼ਾਨ, ਨਿਰਗੁਣ ਨਿਰਵੈਰ ਆਪ ਵਖਾਈਆ । ਡੰਕਾ ਵੱਜੇ ਦੋ ਜਹਾਨ, ਦਰੋਹੀ ਦਰੋਹੀ ਕਰੇ ਖ਼ੁਦਾਈਆ । ਮੁਕਾਮੇ ਹੱਕ ਖੇਲ ਮਹਾਨ, ਬੇਐਬ ਆਪ ਕਰਾਈਆ । ਕਲਜੁਗ ਲਹਿਣਾ ਦੇਣਾ ਚੁਕਾਏ ਵਿਚ ਜਹਾਨ, ਲੋਕਮਾਤ ਨਾਤਾ ਤੋੜ ਤੁੜਾਈਆ । ਸਤਿਜੁਗ ਸਾਚਾ ਹੋਏ ਪਰਧਾਨ, ਸਾਚੀ ਸਿਖਿਆ ਇਕ ਸਮਝਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਰਹੇ ਕੋਇ ਨਿਸ਼ਾਨ, ਊਚ ਨੀਚ ਨਾ ਕੋਇ ਵਡਿਆਈਆ । ਏਕਾ ਮੰਦਰ ਇਕ ਮਕਾਨ, ਏਕਾ ਗੁਰਦੁਆਰ ਗੁਰ ਗੁਰ ਏਕਾ ਇਸ਼ਟ ਜਣਾਈਆ । ਸ੍ਰਿਸ਼ਟ ਸਬਾਈ ਪੂਜਾ ਕਰੇ ਪੁਰਖ ਅਕਾਲ, ਦੂਸਰ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਗੁਰ ਗੁਰ ਬਾਣੀ ਆਪਣੀ ਮਹਿਮਾ ਆਪ ਸੁਣਾਈਆ ।

ਪਿਛਲੀ ਵਾਸਨਾ ਉਠੀ ਬਲਵਾਨ, ਮਨ ਮਨੂਆ ਰਿਹਾ ਜਣਾਈਆ । ਮੇਰਾ ਛੁਟਣ ਲੱਗਾ ਪੀਣ ਖਾਣ, ਜਗਤ ਵਿਥਿਆ ਰਿਹਾ ਸੁਣਾਈਆ । ਮੈਂ ਖੇਲ ਕਰਦਾ ਅੰਦਰ ਮਹਾਨ, ਜਿਉਂ ਭਾਵੇ ਤਿਉਂ ਚਲਾ ਰਜ਼ਾਈਆ । ਮਤ ਮਤਵਾਲੀ ਹੋਈ ਨਿਧਾਨ, ਆਪਣਾ ਨੈਣ ਨਾ ਸਕੇ ਉਠਾਈਆ । ਬੁਧ ਬਾਲੀ ਬਾਲ ਅਞਾਣ, ਬੈਠੀ ਮੁੱਖ ਸ਼ਰਮਾਈਆ । ਮੇਰੀ ਆਸਾ ਜਗਤ ਸ਼ੈਤਾਨ, ਚਾਰ ਕੁੰਟ ਦੌੜਾਈਆ । ਧਰਿਆ ਰੂਪ ਨੌਜਵਾਨ, ਮਨ ਆਪਣਾ ਰੂਪ ਵਟਾਈਆ । ਸਾਚੀ ਸੇਜਾ ਕਰ ਪਰਵਾਨ, ਉਪਰ ਆਇਆ ਚਾਈਂ ਚਾਈਂਆ । ਆਪਣੀ ਹੱਥੀ ਅੰਤਮ ਦੇਵੇ ਦਾਨ, ਝੂਠੀ ਮਾਇਆ ਗਿਰਗਟ ਰੂਪ ਵਖਾਈਆ । ਬੌਹੜੀ ਬੌਹੜੀ ਕਹੇ ਸਿੰਘ ਸਵਰਣ ਨੂੰ ਮਿਲਿਆ ਆਪ ਭਗਵਾਨ, ਪਿਛਲਾ ਲੇਖਾ ਦਏ ਚੁਕਾਈਆ । ਜੋ ਸੰਗਤ ਵਿਚ ਮਿਲਿਆ ਆਣ, ਤਿਸ ਜਮ ਨੇੜ ਨਾ ਆਈਆ । ਅੰਦਰੇ ਅੰਦਰ ਨੂਰ ਮਹਾਨ, ਨੂਰ ਨੁਰਾਨਾ ਦਏ ਵਖਾਈਆ । ਰਾਤੀ ਸੁੱਤਿਆਂ ਦਰਸ਼ਨ ਦੇਵੇ ਆਣ, ਕਰੇ ਮਿਹਰ ਮਿਹਰਵਾਨ ਵਡ ਗੁਸਾਂਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਲਹਿਣਾ ਝੋਲੀ ਪਾਈਆ ।

## ★ ੧੫ ਮਾਘ ੨੦੧੮ ਬਿਕ੍ਰਮੀ ਚੇਲਾ ਸਿੰਘ ਦੇ ਗ੍ਰਿਹ ਜੰਮੂ ★

ਸਤਿ ਪੁਰਖ ਨਿਰੰਜਣ ਸ਼ਾਹ ਸੁਲਤਾਨ, ਹਰਿ ਆਦਿ ਜੁਗਾਦਿ ਸਮਾਇੰਦਾ । ਨਿਰਗੁਣ ਜੋਤ ਨੂਰ ਮਹਾਨ, ਨਿਰਾਕਾਰ ਡਗਮਗਾਇੰਦਾ । ਵਸਣਹਾਰਾ ਸਚਖੰਡ ਸਚ ਮਕਾਨ, ਪੁਰਖ ਅਬਿਨਾਸ਼ੀ ਸੋਭਾ ਪਾਇੰਦਾ । ਸ਼ਾਹੋ ਭੂਪ ਰਾਜ ਰਾਜਾਨ, ਸਚ ਸੁਲਤਾਨ ਵੇਸ ਵਟਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਧਰਾਇੰਦਾ । ਅਗੰਮ ਅਗੰਮੜਾ ਇਕ ਨਿਸ਼ਾਨ, ਪੁਰਖ ਅਗੰਮ ਆਪ ਝੁਲਾਇੰਦਾ । ਪੁਰਖ ਅਬਿਨਾਸ਼ੀ ਧੁਰ ਫ਼ਰਮਾਣ, ਹੁਕਮੀ ਆਪ ਸੁਣਾਇੰਦਾ । ਸ਼ਬਦੀ ਸ਼ਬਦ ਕਰ ਪਰਵਾਨ, ਧਾਰ ਧਾਰ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸ਼ਬਦੀ ਧਾਰ ਖੇਲ ਅਪਾਰਾ, ਨਿਰਗੁਣ ਨਿਰਵੈਰ ਆਪ ਕਰਾਈਆ । ਸਚਖੰਡ ਨਿਵਾਸੀ ਖੋਲ੍ਹ ਕਿਵਾੜਾ, ਥਿਰ ਘਰ ਆਪਣਾ ਰੰਗ ਰੰਗਾਈਆ । ਏਕਾ ਵਸਤ ਦਏ ਹਰਿ ਥਾਰਾ, ਅਨਮੁਲੜੀ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰਾ, ਤ੍ਰੈਗੁਣ ਸਾਚਾ ਬੰਧਨ ਪਾਈਆ । ਏਕਾ ਵਸਤ ਸਤਿ ਭੰਡਾਰਾ, ਸਤਿ ਸਤਿਵਾਦੀ ਝੋਲੀ ਪਾਈਆ । ਏਕਾ ਬ੍ਰਹਮ ਬ੍ਰਹਮ ਪਸਾਰਾ, ਬ੍ਰਹਮ ਵੇਤਾ ਖੇਲ ਕਰਾਈਆ । ਏਕਾ ਸ਼ੰਕਰ ਦਏ ਹੁਲਾਰਾ, ਹੱਥ ਤ੍ਰਿਸੂਲ ਫੜਾਈਆ । ਤਿੰਨਾਂ ਵਿਚੋਲਾ ਏਕੰਕਾਰਾ, ਅਕਲ ਕਲਾ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਚ ਸਿੰਘਾਸਣ ਸੋਭਾ ਪਾਈਆ । ਸਚ ਸਿੰਘਾਸਣ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਆਦਿ ਅੰਤ, ਵੇਸ ਅਨੇਕ ਵਟਾਇੰਦਾ । ਏਕੰਕਾਰ ਬਣਾਏ ਬਣਤ, ਸਾਚਾ ਘਾੜਤ ਆਪ ਘੜਾਇੰਦਾ । ਆਦਿ ਨਿਰੰਜਣ ਮਹਿਮਾ ਅਗਣਤ, ਭੇਵ ਕੋਇ ਨਾ ਪਾਇੰਦਾ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣਾ ਮੰਤ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਸ੍ਰੀ ਭਗਵਾਨ ਖੇਲੇ ਖੇਲ ਜੁਗਾਂ ਜੁਗੰਤ, ਜੁਗ ਕਰਤਾ ਆਪਣੇ ਰੰਗ ਸਮਾਇੰਦਾ । ਪਾਰਬ੍ਰਹਮ ਬ੍ਰਹਮ ਲੇਖਾ ਜਾਣੇ ਜੀਵ ਜੰਤ, ਜਾਗਰਤ ਜੋਤ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰ ਕਰਤਾਰ, ਕੁਦਰਤ ਕਾਦਰ ਖੇਲ


੪੭੭
੧੧

ਕਰਾਈਆ । ਨਿਰਗੁਣ ਰੂਪ ਅਪਰ ਅਪਾਰ, ਅਲਖ ਅਗੋਚਰ ਵੇਸ ਵਟਾਈਆ । ਅਜੂਨੀ ਰਹਿਤ ਵਸਣਹਾਰਾ ਧਾਮ ਨਿਆਰ, ਮੂਰਤ ਅਕਾਲ ਭੇਵ ਚੁਕਾਈਆ । ਚਤਰਭੁਜ ਹੋ ਤਿਆਰ, ਕਰੇ ਖੇਲ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਸਚ ਨਿਸ਼ਾਨੀ, ਹਰਿ ਸਾਚਾ ਸਚ ਜਣਾਇੰਦਾ । ਨਿਰਗੁਣ ਜੋਤ ਨੂਰ ਨੂਰਾਨੀ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਪਰਗਟ ਹੋ ਆਦਿ ਭਵਾਨੀ, ਅਨਭਵ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੂਪ ਅਨੂਪ ਸਤਿ ਸਰੂਪ ਆਪ ਪਰਗਟਾਇੰਦਾ । ਸਤਿ ਸਰੂਪ ਸਤਿ ਸਤਿਵਾਦ, ਆਦਿ ਪੁਰਖ ਪਰਗਟਾਈਆ । ਆਪੇ ਖੇਲੇ ਖੇਲ ਤਮਾਸ਼, ਵੇਖਣਹਾਰ ਆਪ ਹੋ ਜਾਈਆ । ਆਪੇ ਜਾਣੇ ਆਪਣੀ ਮੰਡਲ ਰਾਸ, ਆਪੇ ਗੋਪੀ ਕਾਹਨ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਹੱਥ ਰੱਖੇ ਵਡਿਆਈਆ । ਸਚ ਵਡਿਆਈ ਹਰਿ ਜੂ ਹੱਥ, ਆਦਿ ਜੁਗਾਦਿ ਰਖਾਇੰਦਾ । ਪਰਗਟ ਹੋ ਪੁਰਖ ਸਮਰਥ, ਆਪਣਾ ਭੇਵ ਚੁਕਾਇੰਦਾ । ਨਿਰਗੁਣ ਨਿਰਗੁਣ ਚਲਾਏ ਰਥ, ਸਾਚੀ ਸੇਵ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਗਟ, ਸਾਚੀ ਗੋਦ ਬਹਾਇੰਦਾ । ਤ੍ਰੈਗੁਣ ਅਤੀਤਾ ਖੋਲ੍ਹ ਹੱਟ, ਸਾਚਾ ਵਣਜ ਕਰਾਇੰਦਾ । ਇਕ ਵਖਾਏ ਤੱਤਵ ਤੱਤ, ਤੱਤ ਆਪਣਾ ਆਪ ਸਮਝਾਇੰਦਾ । ਏਕਾ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਇਕ ਬੰਧਾਏ ਸਾਚਾ ਨਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਇਕ ਵਖਾਏ ਹਰਿ ਜੂ ਘਾਟ, ਸਾਚਾ ਤਟ ਆਪ ਸੁਹਾਇੰਦਾ । ਇਕ ਜਣਾਏ ਸਾਚੀ ਗਾਥ, ਅੱਖਰ ਵੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਆਪਣੀ ਕਰਨੀ ਆਪੇ ਕਰ, ਸ੍ਰੀ ਭਗਵਾਨ ਦਇਆ ਕਮਾਈਆ । ਵਿਸ਼ਨੂੰ ਦੇਵੇ ਏਕਾ ਵਰ, ਵਰ ਦਾਤਾ ਬੇਪਰਵਾਹੀਆ । ਬ੍ਰਹਮੇ ਬ੍ਰਹਮ ਜੋਤ ਧਰ, ਪਾਰਬ੍ਰਹਮ ਵੇਸ ਵਟਾਈਆ । ਏਕਾ ਅੱਖਰ ਲੈਣਾ ਪੜ੍ਹ, ਚਾਰ ਵੇਦ ਪੜ੍ਹਾਈਆ । ਸ਼ੰਕਰ ਤ੍ਰਿਸੂਲ ਹੱਥ ਧਰ, ਸਭ ਦਾ ਲੇਖਾ ਦਏ ਚੁਕਾਈਆ । ਤਿੰਨਾਂ ਵਿਚੋਲਾ ਆਪੇ ਬਣ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਮਾਇਆ ਘਾੜਨ ਘੜ, ਰਜੋ ਤਮੋ ਸਤੋ ਏਕਾ ਬੰਧਨ ਪਾਈਆ । ਤ੍ਰੈਗੁਣ ਬੰਧਨ ਏਕਾ ਪਾ, ਏਕਾ ਰੰਗ ਵਖਾਇੰਦਾ । ਧੁਰ ਫ਼ਰਮਾਣਾ ਇਕ ਸੁਣਾ, ਏਕਾ ਹੁਕਮ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾ, ਸਾਚੀ ਸੇਵਾ ਇਕ ਜਣਾਇੰਦਾ । ਪੰਜ ਤੱਤ ਕਾਇਆ ਜੋੜ ਜੁੜਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਰੰਗ ਵਖਾਇੰਦਾ । ਲੱਖ ਚੁਰਾਸੀ ਬਣਤ ਬਣਾ, ਘੜ ਭਾਂਡੇ ਸੋਭਾ ਪਾਇੰਦਾ । ਨਿਰਗੁਣ ਨਿਰਗੁਣ ਜੋਤ ਜਗਾ, ਆਦਿ ਨਿਰੰਜਣ ਡਗਮਗਾਇੰਦਾ । ਅਨਹਦ ਨਾਦੀ ਨਾਦ ਸੁਣਾ, ਗ੍ਰਹਿ ਮੰਦਰ ਸਾਜ ਵਜਾਇੰਦਾ । ਪਵਣ ਸਵਾਸ ਆਪ ਚਲਾ, ਰਸਨਾ ਜੇਹਵਾ ਨਾਲ ਮਿਲਾਇੰਦਾ । ਨੌਂ ਦੁਆਰੇ ਆਪ ਖੁਲ੍ਹਾ, ਜਗਤ ਕਿਰਿਆ ਵਿਚ ਫਸਾਇੰਦਾ । ਮਨ ਮਤ ਬੁਧ ਆਪ ਧਰਾ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਪੰਚਮ ਪੰਚਮ ਮੇਲਾ ਸਹਿਜ ਸੁਭਾ, ਦਹਿ ਦਿਸ਼ਾ ਵੇਖ ਵਖਾਇੰਦਾ । ਅੰਮ੍ਰਿਤ ਸਰ ਆਤਮ ਇਕ ਵਖਾ, ਸਾਚਾ ਝਿਰਨਾ ਆਪ ਝਿਰਾਇੰਦਾ । ਬਜਰ ਕਪਾਟੀ ਤਾਲਾ ਲਾ, ਡੂੰਘੀ ਕੰਦਰ ਸੋਭਾ ਪਾਇੰਦਾ । ਆਤਮ ਸੇਜਾ ਇਕ ਵਿਛਾ, ਸਚ ਸਿੰਘਾਸਣ ਆਸਣ ਲਾਇੰਦਾ । ਬ੍ਰਹਮ ਪਾਰਬ੍ਰਹਮ ਰੰਗ ਵਟਾ, ਰੂਪ ਅਨੂਪ ਧਰਾਇੰਦਾ । ਈਸ਼ ਜੀਵ ਖੇਲ ਕਰਾ, ਜਗਦੀਸ ਸੋਭਾ ਪਾਇੰਦਾ । ਅੰਡਜ ਜੇਰਜ ਵਿਚ ਸਮਾ, ਉਤਭੁਜ ਸੇਤਜ ਬਣਤ ਬਣਾਇੰਦਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸਮਝਾਇੰਦਾ । ਲੱਖ ਚੁਰਾਸੀ ਘਾੜਨ ਘੜਨਾ, ਹਰਿ ਜੂ ਆਖ ਸੁਣਾਇਆ । ਨਿਰਗੁਣ ਨਿਰਗੁਣ ਅੰਦਰ ਵੜਨਾ, ਸਰਗੁਣ ਮੇਲ ਮਿਲਾਇਆ । ਸਾਚੇ ਪੌੜੇ ਆਪੇ ਚੜਨਾ, ਘਰ ਮੰਦਰ ਆਪ ਸੁਹਾਇਆ । ਦੀਆ ਬਾਤੀ ਏਕਾ ਧਰਨਾ, ਜੋਤੀ ਜੋਤ ਜੋਤ ਰੁਸ਼ਨਾਇਆ । ਸਾਚਾ ਅੱਖਰ ਏਕਾ ਪੜ੍ਹਣਾ, ਹਰਿ ਹਰਿ ਨਾਮ ਧਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਸਮਝਾਇਆ । ਸਾਚੀ ਸੇਵਾ ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਸਚਖੰਡ ਤੇਰੀ ਸ਼ਹਿਨਸ਼ਾਹੀਆ । ਤੂੰ ਹਾਕਮ ਹੁਕਮਰਾਨ, ਹੁਕਮੀ ਹੁਕਮ ਭੁਵਾਈਆ । ਏਕਾ ਦੇਣਾ ਸਾਚਾ ਦਾਨ, ਬਣ ਬਾਲੇ ਮੰਗ ਮੰਗਾਈਆ । ਤੇਰਾ ਝੁਲਦਾ ਰਹੇ ਨਿਸ਼ਾਨ, ਆਦਿ ਜੁਗਾਦਿ ਸੋਭਾ ਪਾਈਆ । ਤੇਰਾ ਸ਼ਬਦ ਸੁਤ ਬਲਵਾਨ, ਨਾ ਮਰੇ ਨਾ ਜਾਈਆ । ਤੇਰੀ ਮਹਿਮਾ ਅਗਣਤ ਮਹਾਨ, ਭੇਵ ਕੋਇ ਨਾ ਆਈਆ । ਤੇਰਾ ਇਕੋ ਸੱਚਾ ਨਾਮ, ਦੇਵੇ ਸਚ ਵਡਿਆਈਆ । ਵਿਸ਼ਨੂੰ ਕਰੇ ਆਪ ਪਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਬ੍ਰਹਮਾ ਗਾਏ ਸਾਚਾ ਗਾਣ, ਚਾਰ ਵੇਦ ਵੇਦ ਸੁਣਾਈਆ । ਸ਼ੰਕਰ ਖੇਲੇ ਖੇਲ ਮਹਾਨ ਲੱਖ ਚੁਰਾਸੀ ਪੰਧ ਮੁਕਾਈਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਰੂਪ ਆਪ ਧਰਾਈਆ । ਨਿਰਗੁਣ ਸਰਗੁਣ ਹੋ ਪਰਧਾਨ, ਜੀਵ ਜੰਤ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣੀ ਧਾਰ ਚਲਾਈਆ । ਸਤਿ ਸਤਿਵਾਦੀ ਚਲੇ ਧਾਰ, ਆਦਿ ਪੁਰਖ ਆਪ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਲੋਆਂ ਪੁਰੀਆਂ ਸੋਭਾ ਪਾਇੰਦਾ । ਬ੍ਰਹਿਮੰਡ ਖੰਡ ਕਰ ਉਜਿਆਰ, ਗਗਨ ਮੰਡਲ ਆਪ ਰੁਸ਼ਨਾਇੰਦਾ । ਰਵ ਸਸ ਕਰ ਤਿਆਰ, ਕਿਰਨੀ ਕਿਰਨ ਜੋਤ ਜਗਾਇੰਦਾ । ਆਕਾਸ਼ ਪਰਕਾਸ਼ ਦੇ ਆਧਾਰ, ਪਰਮ ਪੁਰਖ ਸੋਭਾ ਪਾਇੰਦਾ । ਜਲ ਬਿੰਬ ਖੇਲ ਨਿਆਰ, ਧਰਨੀ ਧਰਤ ਧਵਲ ਟਿਕਾਇੰਦਾ । ਨਿਰਗੁਣ ਸਰਗੁਣ ਕਰ ਆਕਾਰ, ਨਿਰਾਕਾਰ ਸਾਕਾਰ ਆਪਣਾ ਰੂਪ ਵਖਾਇੰਦਾ । ਚਾਰੇ ਖਾਣੀ ਕਰ ਤਿਆਰ, ਸਾਚੀ ਵੰਡਣ ਵੰਡ ਵੰਡਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਬਣ ਚਾਕਰ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਘਾੜਨ ਘੜ, ਘਟ ਘਟ ਆਪਣੀ ਸੇਜ ਹੰਢਾਇੰਦਾ । ਲੱਖ ਚੁਰਾਸੀ ਘਾੜਨ ਘੜਿਆ, ਹਰਿ ਅਚਰਜ ਖੇਲ ਰਚਾਇਆ । ਆਪੇ ਦੇਵੇ ਸਾਚਾ ਵਰਿਆ, ਵਰ ਦਾਤਾ ਭੇਵ ਚੁਕਾਇਆ । ਡੂੰਘੀ ਭਵਰੀ ਕਾਇਆ ਕਵਰੀ ਉਚ ਮਹੱਲੇ ਹਰਿ ਜੂ ਵੜਿਆ, ਦਰ ਘਰ ਸਾਚੇ ਆਸਣ ਲਾਇਆ । ਸ਼ਬਦ ਅਗੰਮੀ ਏਕਾ ਪੜ੍ਹਿਆ, ਸਾਚਾ ਢੋਲਾ ਰਿਹਾ ਸੁਣਾਇਆ । ਨਾ ਜਨਮੇ ਨਾ ਕਦੇ ਮਰਿਆ, ਆਵਣ ਜਾਵਣ ਖੇਲ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਘਾੜਨ ਘੜ, ਜੀਵ ਜੰਤ ਉਪਜਾਇਆ । ਜੀਵ ਜੰਤ ਹਰਿ ਕਾ ਰੰਗ, ਹਰਿ ਹਰਿ ਆਪ ਕਰਾਇੰਦਾ । ਸਦਾ ਸੁਹੇਲਾ ਵਸੇ ਸੰਗ, ਸਗਲਾ ਸੰਗ ਨਿਭਾਇੰਦਾ । ਆਤਮ ਸੇਜਾ ਇਕ ਪਲੰਘ, ਸੋ ਪੁਰਖ ਨਿਰੰਜਣ ਆਪ ਹੰਢਾਇੰਦਾ । ਨਿਜ ਆਤਮ ਰੱਖੇ ਅਨੰਦ, ਅਨੰਦ ਅਨੰਦ ਵਿਚ ਵਖਾਇੰਦਾ । ਅਨਾਦ ਅਨਾਦੀ ਬੋਲ ਛੰਦ, ਨਾਮ ਨਿਧਾਨਾ ਆਪ ਸੁਣਾਇੰਦਾ । ਸਾਹਿਬ ਦਿਆਲ ਬਣ ਬਖ਼ਸ਼ੰਦ, ਦੀਨਨ ਆਪਣੀ ਦਇਆ ਕਮਾਇੰਦਾ । ਦੋ ਜਹਾਨਾਂ ਮੁਕਾਏ ਪੰਧ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਵਸਤ ਅਮੋਲਕ ਝੋਲੀ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ

ਕਰ ਪਰਵਾਨ, ਪ੍ਰਭ ਅੱਗੇ ਸੀਸ ਝੁਕਾਈਆ । ਤੇਰੀ ਸੇਵਾ ਕਰੀਏ ਵਿਚ ਜਹਾਨ, ਲੋਕਮਾਤ ਵਡੀ ਵਡਿਆਈਆ । ਤੂੰ ਸਾਹਿਬ ਸੱਚਾ ਕਾਹਨ, ਦਰਗਾਹ ਸਾਚੀ ਸੋਭਾ ਪਾਈਆ । ਮੁਕਾਮੇ ਹੱਕ ਤੇਰਾ ਨਿਸ਼ਾਨ, ਹਕੀਕਤ ਤੇਰੀ ਰੁਸ਼ਨਾਈਆ । ਲਾਸ਼ਰੀਕ ਤੂੰ ਮਿਹਬਾਨ, ਬੀਦੋ ਤੇਰਾ ਨੂਰ ਅਲਾਹੀਆ । ਤੂੰ ਚਤਰਭੁਜ ਭਗਵਾਨ, ਆਦਿ ਸਕਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਵਣ ਵਕਤ ਮੇਲ ਮਿਲਾਏ ਵਿਚ ਜਗਤ, ਜੁਗਤ ਆਪਣੇ ਹੱਥ ਰਖਾਈਆ । ਅੰਤਮ ਵੇਲਾ ਦੱਸ ਕਰਤਾਰ, ਵਿਸ਼ਨ ਬ੍ਰਹਮਾ ਸ਼ਿਵ ਮੰਗ ਮੰਗਾਇੰਦਾ । ਕਿਵ ਬਿਧ ਖੇਲੇਂ ਖੇਲ ਵਿਚ ਸੰਸਾਰ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਪੁਰਖ ਅਬਿਨਾਸ਼ੀ ਕਰ ਵਿਚਾਰ, ਭੇਵ ਅਭੇਦ ਖੁਲ੍ਹਾਇੰਦਾ । ਗੁਰ ਗੁਰ ਰੂਪ ਬਣਾਂ ਅਵਤਾਰ, ਲੋਕਮਾਤ ਫੇਰਾ ਪਾਇੰਦਾ । ਵੰਡਾਂ ਵੰਡ ਅਪਰ ਅਪਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੇ ਅੰਗ ਲਗਾਇੰਦਾ । ਜੁਗ ਚੌਕੜੀ ਖੇਲ ਨਿਆਰ, ਬਣ ਬਣ ਪਾਂਧੀ ਪੰਧ ਮੁਕਾਇੰਦਾ । ਹੱਟ ਹਟਵਾਣਾ ਬਣ ਵਣਜਾਰ, ਨਾਮ ਵਸਤ ਇਕ ਵਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਆਪਣਾ ਭੇਵ ਹਰਿ ਜੂ ਦੱਸ, ਏਕਾ ਗੁਣ ਜਣਾਈਆ । ਜੁਗ ਜੁਗ ਵੇਸ ਕਰਾਂ ਅਲੱਖ, ਅਲੱਖ ਅਲੱਖ ਏਕਾ ਨਾਅਰਾ ਲਾਈਆ । ਸਰਗੁਣ ਰੂਪ ਹੋ ਪਰਤੱਖ, ਜੀਵ ਜੰਤ ਕਰਾਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਈਆ । ਆਪਣਾ ਪੜਦਾ ਦੇਵੇ ਖੋਲ੍ਹ, ਪ੍ਰਭ ਵੱਡਾ ਵਡ ਵਡਿਆਈਆ । ਚਾਰੇ ਜੁਗ ਤੋਲਾ ਤੋਲ, ਬਣ ਤੋਲਾ ਫੇਰਾ ਪਾਈਆ । ਰੱਖਾਂ ਵਸਤ ਨਾਮ ਅਨਮੋਲ, ਅਨਮੁਲੜੀ ਦਾਤ ਵਰਤਾਈਆ । ਜਨ ਭਗਤਾਂ ਵਸਾ ਸਦਾ ਕੌਲ, ਵਿਛੜ ਕਦੇ ਨਾ ਜਾਈਆ । ਸੰਤਾਂ ਅੰਦਰ ਆਪੇ ਮੌਲ, ਮੌਲਾ ਰੂਪ ਵਖਾਈਆ । ਗੁਰਮੁਖਾਂ ਪੂਰਾ ਕਰਾ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਗੁਰਸਿਖਾਂ ਦੇਵਾਂ ਵਡਿਆਈ ਉਪਰ ਧੌਲ, ਧਰਨੀ ਧਰਤ ਧਵਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਆਪਣਾ ਭੇਵ ਸ੍ਰੀ ਭਗਵਾਨ, ਵਿਸ਼ਨ ਬ੍ਰਹਮਾ ਸ਼ਿਵ ਜਣਾਇੰਦਾ । ਸਤਿ ਸਤਿਵਾਦੀ ਸਤਿ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਜੁਗ ਜੁਗ ਲੋਕਮਾਤ ਹੋ ਪਰਧਾਨ, ਆਪਣਾ ਹੁਕਮ ਵਰਤਾਇੰਦਾ । ਗੁਰ ਅਵਤਾਰ ਦੇ ਦੇ ਦਾਨ, ਸਚ ਭੰਡਾਰਾ ਆਪ ਵਖਾਇੰਦਾ । ਚਾਰੇ ਵੇਦ ਕਰ ਪਰਵਾਨ, ਜਗਤ ਮਾਰਗ ਏਕਾ ਲਾਇੰਦਾ । ਚਾਰੇ ਖਾਣੀ ਖੇਲ ਮਹਾਨ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇੰਦਾ । ਚਾਰੇ ਬਾਣੀ ਨਾਦ ਧੁੰਨਕਾਨ, ਪਰਾ ਪਸੰਤੀ ਮਧਮ ਬੈਖਰੀ ਆਪਣੇ ਰੰਗ ਰੰਗਾਇੰਦਾ । ਚਾਰੇ ਕੁੰਟਾਂ ਵੇਖੇ ਮਾਰ ਧਿਆਨ, ਉਤਰ ਪੂਰਬ ਪੱਛਮ ਦੱਖਣ ਆਪਣਾ ਖੇਲ ਕਰਾਇੰਦਾ । ਚਾਰੇ ਜੁਗ ਦੇਵੇ ਮਾਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਗੋਦ ਬਹਾਇੰਦਾ । ਚਾਰੇ ਵਰਨ ਕਰੇ ਪਰਧਾਨ, ਸ਼ੱਤਰੀ ਬ੍ਰਹਮਣ ਸ਼ੂਦਰ ਵੈਸ਼ ਵੰਡ ਵੰਡਾਇੰਦਾ । ਬਰਨ ਅਠਾਰਾਂ ਰੱਖੇ ਆਣ, ਏਕਾ ਹੁਕਮ ਸੁਣਾਇੰਦਾ । ਸ਼ਾਸਤਰ ਸਿਮਰਤ ਵੇਖ ਵਖਾਣ, ਅੱਖਰ ਅੱਖਰ ਆਪ ਪੜ੍ਹਾਇੰਦਾ । ਵੇਦ ਵਿਆਸਾ ਦੇ ਦੇ ਦਾਨ, ਪੁਰਾਨ ਅਠਾਰਾਂ ਆਪ ਜਣਾਇੰਦਾ । ਨਾਰਦ ਮੁਨ ਕਰ ਧਿਆਨ, ਰਾਗ ਛਤੀਸਾ ਏਕਾ ਗੁਣ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਵਖਾਇੰਦਾ । ਆਪਣਾ ਹਰਿ ਜੂ ਦੱਸੇ ਰਾਹ, ਵਿਸ਼ਨ ਬ੍ਰਹਮਾ ਸ਼ਿਵ ਜਣਾਇੰਦਾ । ਜੁਗ ਜੁਗ ਬਣਾਂ ਮਾਤ ਮਲਾਹ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਭਗਤ ਭਗਵੰਤ ਲਵਾਂ ਜਗਾ, ਜਾਗਰਤ ਜੋਤ

ਇਕ ਜਗਾਇੰਦਾ । ਸੰਤ ਸਾਜਨ ਮੇਲ ਮਿਲਾ, ਘਰ ਸਾਚਾ ਸੋਭਾ ਪਾਇੰਦਾ । ਏਕਾ ਨਾਮ ਨਾਮ ਦ੍ਰਿੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਸ੍ਰੀ ਭਗਵੰਤ, ਆਪਣਾ ਆਪ ਜਣਾਈਆ । ਲੇਖਾ ਜਾਣਾਂ ਜੁਗਾ ਜੁਗੰਤ, ਜੁਗ ਜੁਗ ਵਡੀ ਵਡਿਆਈਆ । ਸਤਿਜੁਗ ਬਣਾ ਬਣਤ, ਸਤਿ ਸਤਿਵਾਦੀ ਧਾਰ ਚਲਾਈਆ । ਆਤਮ ਪਰਮਾਤਮ ਮਣੀਆ ਮੰਤ, ਓਸ ਆਪਣਾ ਰੂਪ ਰੰਗ ਨਾ ਕੋਇ ਵਖਾਈਆ । ਸੋਇੰਮ ਖੇਲ ਕਰੇ ਭਗਵੰਤ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਵੇਖ ਵਖਾਈਆ । ਆਤਮ ਪਰਮਾਤਮ ਹਰਿ ਹਰਿ ਵੰਡ, ਨਿਰਗੁਣ ਧਾਰ ਧਾਰ ਪਰਗਟਾਇੰਦਾ । ਕਰੇ ਖੇਲ ਸੂਰਾ ਸਰਬੰਗ, ਭੇਵ ਕੋਇ ਨਾ ਪਾਇੰਦਾ । ਆਤਮ ਸੇਜਾ ਸਚ ਪਲੰਘ, ਸਚ ਸਿੰਘਾਸਣ ਇਕ ਵਖਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਦ, ਜੋਤ ਉਜਾਲਾ ਇਕ ਵਖਾਇੰਦਾ । ਖੇਲੇ ਖੇਲ ਜੀਉ ਪਿੰਡ ਇੰਡ ਬ੍ਰਹਿਮੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਚੁਕਾਏ ਹਰਿ ਹਰਿ, ਆਪਣੀ ਦਇਆ ਕਮਾਈਆ । ਸੋ ਪੁਰਖ ਨਿਰੰਜਣ ਦੇਵੇ ਵਰ ਵਰ, ਵਰ ਦਾਤਾ ਆਪ ਹੋ ਜਾਈਆ । ਹੰ ਬ੍ਰਹਮ ਵਖਾਏ ਘਰ ਘਰ, ਈਸ਼ ਜੀਵ ਹੋਏ ਕੁੜਮਾਈਆ । ਸੋਹੰ ਅੱਖਰ ਆਪੇ ਪੜ੍ਹ ਪੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਦਏ ਵਡਿਆਈਆ । ਸੋਹੰ ਅੱਖਰ ਆਤਮ ਪਰਮਾਤਮ ਧਾਰ, ਪਰਮ ਪੁਰਖ ਪਰਗਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਜੈ ਜੈਕਾਰ, ਜੈ ਜੈਕਾਰਾ ਇਕ ਸੁਣਾਇੰਦਾ । ਵਾਹ ਵਾ ਤੇਰੀ ਕੁਦਰਤ ਮੇਰੇ ਕਰਤਾਰ, ਤੇਰਾ ਭੇਵ ਕੋਇ ਨਾ ਆਇੰਦਾ । ਤੂੰ ਵਸੇਂ ਹਰਿ ਘਟ ਸੰਸਾਰ, ਘਟ ਘਟ ਆਪਣੀ ਜੋਤ ਜਗਾਇੰਦਾ । ਚੇਲਾ ਰੂਪ ਗੁਰ ਅਵਤਾਰ, ਲੋਕਮਾਤ ਫੇਰੀ ਪਾਇੰਦਾ । ਤੇਰਾ ਨਾਮ ਸੰਦੇਸਾ ਅਪਰ ਅਪਾਰ, ਰਸਨਾ ਜੇਹਵਾ ਸਰਬ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਨਾਮ ਇਕ ਪਰਗਟਾਇੰਦਾ । ਇਕੋ ਨਾਮ ਸੱਚਾ ਰਾਮ, ਹਰਿ ਹਰਿ ਆਪ ਸੁਣਾਇਆ । ਜੁਗਾ ਜੁਗੰਤਰ ਦੇ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇਆ । ਕਰੇ ਕਰਾਏ ਆਪਣਾ ਕਾਮ, ਕਰਤਾ ਪੁਰਖ ਖੇਲ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਮ ਰੂਪ ਆਪ ਸਮਝਾਇਆ । ਏਕਾ ਰਾਮ ਰਮਈਆ ਨਾਮ, ਘਟ ਘਟ ਰਿਹਾ ਸਮਾਈਆ । ਏਕਾ ਨਈਯਾ ਚਲਾਏ ਜਹਾਨ, ਜੁਗ ਜੁਗ ਗੇੜਾ ਵਿਚ ਭੁਵਾਈਆ । ਏਕਾ ਦਏ ਸਭ ਨੂੰ ਤਾਮ, ਘਰ ਘਰ ਰਿਜ਼ਕ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਮ ਨਾਮ ਦਏ ਸਮਝਾਈਆ । ਰਾਮ ਨਾਮ ਏਕਾ ਓਟ, ਆਦਿ ਜੁਗਾਦਿ ਰਖਾਇੰਦਾ । ਸਤਿ ਸਤਿਵਾਦ ਭੰਡਾਰ ਅਤੋਟ, ਏਕਾ ਵਾਰ ਵਰਤਾਇੰਦਾ । ਜੀਵਾਂ ਜੰਤਾਂ ਵਾਸਨਾ ਕੱਢੇ ਖੋਟ, ਅੰਮ੍ਰਿਤ ਰਸ ਇਕ ਚਖਾਇੰਦਾ । ਹਰਿ ਕਾ ਨਾਮ ਨਾ ਕੋਈ ਵਰਨ ਨਾ ਕੋਈ ਗੋਤ, ਜਾਤ ਪਾਤ ਵਿਚ ਕਦੇ ਨਾ ਆਇੰਦਾ । ਮੇਲ ਮਿਲਾਏ ਨਿਰਮਲ ਜੋਤ, ਜੋਤੀ ਜੋਤ ਜੋਤ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਨਾਮ ਪਰਗਟਾਇੰਦਾ । ਏਕਾ ਨਾਮ ਖੋਲ੍ਹੇ ਹੱਟ, ਜਗਤ ਵਣਜਾਰਾ ਵੇਸ ਵਟਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਵਡੀ ਵਡਿਆਈਆ । ਸਾਚਾ ਮਾਰਗ ਆਪੇ ਦੱਸ, ਆਪੇ ਬਣੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਸਾਲਾਹੀਆ । ਏਕਾ ਨਾਮ ਸਿਫ਼ਤ ਸਾਲਾਹ, ਹਰਿ ਸਾਚਾ

ਸਚ ਜਣਾਇੰਦਾ । ਏਕਾ ਨਾਮ ਘਟ ਘਟ ਰਿਹਾ ਸਮਾ, ਘਟ ਘਟ ਡੇਰਾ ਲਾਇੰਦਾ । ਏਕਾ ਨਾਮ ਗੁਰ ਅਵਤਾਰ ਰਿਹਾ ਪੜ੍ਹਾ, ਰਸਨਾ ਜੇਹਵਾ ਨਾਲ ਮਿਲਾਇੰਦਾ । ਏਕਾ ਨਾਮ ਭਗਤਾਂ ਲਏ ਉਠਾ, ਭਗਵਨ ਆਪਣੀ ਗੋਦ ਬਹਾਇੰਦਾ । ਏਕਾ ਨਾਮ ਸੰਤਾਂ ਲਏ ਮਿਲਾ, ਜਗਤ ਵਿਛੋੜਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਧਰਾਇੰਦਾ । ਆਪਣਾ ਨਾਉਂ ਰੱਖ ਨਿਰੰਕਾਰ ਪ੍ਰਭ ਸਾਚੇ ਖੇਲ ਕਰਾਇਆ । ਰਾਮ ਰਾਮ ਹੋ ਉਜਿਆਰ, ਏਕਾ ਰਾਮ ਰੂਪ ਦਰਸਾਇਆ । ਸਾਚਾ ਕਾਹਨਾ ਮੀਤ ਮੁਰਾਰ, ਦੋ ਜਹਾਨਾਂ ਵੇਖ ਵਖਾਇਆ । ਨਾਮ ਬੰਸਰੀ ਇਕ ਜੈਕਾਰ, ਗੀਤ ਤਰਾਨਾ ਇਕ ਸੁਣਾਇਆ । ਏਕਾ ਨੂਰ ਨੂਰ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਏਕਾ ਨਾਮ ਸਚ ਨਿਸ਼ਾਨ, ਸੋ ਪੁਰਖ ਨਿਰੰਜਣ ਆਪ ਜਣਾਈਆ । ਏਕਾ ਨਾਮ ਗੀਤਾ ਗਿਆਨ, ਅਠਾਰਾਂ ਧਿਆਏ ਦਏ ਵਡਿਆਈਆ । ਏਕਾ ਨਾਮ ਸ਼ਾਸਤਰ ਸਿਮਰਤ ਵੇਦ ਪੁਰਾਨ, ਪੁਰਾਨ ਪੁਰਾਨੀ ਕਰੇ ਪੜ੍ਹਾਈਆ । ਏਕਾ ਨਾਮ ਸਚ ਅਸ਼ਨਾਨ, ਦੁਰਮਤ ਮੈਲ ਧੁਵਾਈਆ । ਏਕਾ ਨਾਮ ਮੇਲੇ ਸਾਚੇ ਕਾਹਨ, ਮਿਲ ਗੋਪੀ ਖ਼ੁਸ਼ੀ ਮਨਾਈਆ । ਏਕਾ ਨਾਮ ਮੁਕੰਦ ਮਨੋਹਰ ਲੱਖਮੀ ਨਰਾਇਣ ਕਰੇ ਪਰਵਾਨ, ਮਧੁਰ ਧੁੰਨ ਬੰਸਰੀ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਸਮਝਾਈਆ । ਏਕਾ ਨਾਮ ਕਲਮਾ ਕਲਾਮ, ਕਾਇਨਾਤ ਆਪ ਪੜ੍ਹਾਇੰਦਾ । ਏਕਾ ਨਾਮ ਸਚ ਅਮਾਮ, ਅਮਾਮ ਅਮਾਮਾ ਸਿਰ ਅਖਵਾਇੰਦਾ । ਏਕਾ ਨਾਮ ਸਚ ਪੈਗ਼ਾਮ, ਪੀਰ ਪੈਗ਼ੰਬਰ ਆਪ ਸੁਣਾਇੰਦਾ । ਏਕਾ ਨਾਮ ਪਕੜੇ ਦਾਮ, ਦਾਮਨਗੀਰ ਫੇਰਾ ਪਾਇੰਦਾ । ਏਕਾ ਨਾਮ ਸੱਚਾ ਜਾਮ, ਅੰਮ੍ਰਿਤ ਰਸ ਵਖਾਇੰਦਾ । ਏਕਾ ਨਾਮ ਕਰੇ ਪਰਕਾਸ਼ ਕੋਟਨ ਭਾਨ, ਅੰਧ ਅੰਧੇਰ ਗਵਾਇੰਦਾ । ਏਕਾ ਨਾਮ ਸਚ ਸਲਾਮ, ਨਿਉਂ ਨਿਉਂ ਸਜਦਾ ਸੀਸ ਝੁਕਾਇੰਦਾ । ਏਕਾ ਨਾਮ ਦੋ ਜਹਾਨ, ਚੌਦਾਂ ਤਬਕ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਆਪ ਸਮਝਾਇੰਦਾ । ਏਕਾ ਨਾਮ ਨਾਮ ਸਤਿ, ਸਤਿਨਾਮ ਕਰੇ ਪੜ੍ਹਾਈਆ । ਏਕਾ ਨਾਮ ਬ੍ਰਹਮ ਮਤ, ਬ੍ਰਹਮ ਵਿਦਿਆ ਦਏ ਜਣਾਈਆ । ਏਕਾ ਨਾਮ ਵਸੇ ਚੌਦਾਂ ਹੱਟ, ਲੋਕ ਪਰਲੋਕ ਡੇਰਾ ਲਾਈਆ । ਏਕਾ ਨਾਮ ਖੇਲ ਬਾਜੀਗਰ ਨਟ, ਜੁਗ ਜੁਗ ਵੇਸ ਵਟਾਈਆ । ਏਕਾ ਨਾਮ ਵਸੇ ਘਟ ਘਟ, ਗੁਰਮੁਖ ਵਿਰਲਾ ਬੂਝ ਬੁਝਾਈਆ । ਏਕਾ ਨਾਮ ਅੰਮ੍ਰਿਤ ਰਸ ਦੇਵੇ ਝੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਸਮਝਾਈਆ । ਏਕਾ ਨਾਮ ਸਚ ਜੈਕਾਰਾ, ਜੈ ਜੈਕਾਰ ਆਪ ਕਰਾਇੰਦਾ । ਏਕਾ ਨਾਮ ਰਹੇ ਵਿਚ ਸੰਸਾਰਾ, ਦੂਸਰ ਕੋਇ ਨਜ਼ਰ ਨਾ ਆਇੰਦਾ । ਏਕਾ ਨਾਮ ਸਰਬ ਪਿਆਰਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਏਕਾ ਨਾਮ ਜ਼ਾਤ ਪਾਤ ਦੀਨ ਮਜ਼੍ਹਬ ਤੋਂ ਵਸੇ ਬਾਹਿਰਾ, ਊਚ ਨੀਚ ਰਾਉ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਘਰ ਬਹਾਇੰਦਾ । ਏਕਾ ਨਾਮ ਸਚ ਭੰਡਾਰਾ, ਆਦਿ ਪੁਰਖ ਪਤਿਪਰਮੇਸ਼ਵਰ ਆਪਣਾ ਆਪ ਵਖਾਇੰਦਾ । ਕਾਗ਼ਜ਼ ਕਲਮ ਲਿਖਣ ਤੋ ਬਾਹਿਰਾ, ਖਾਣੀ ਬਾਣੀ ਹਰਿ ਕਾ ਨਾਮ ਸਿਫ਼ਤ ਸਾਲਾਹਿੰਦਾ । ਏਕਾ ਨਾਮ ਵਸੇ ਧਾਮ ਨਿਆਰ, ਹਰਿ ਸਾਚਾ ਆਪਣੇ ਵਿਚ ਛੁਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੀਤੇ ਵਾਰੋ ਵਾਰਾ, ਥਿਰ ਕੋਇ ਰਹਿਣ ਨਾ ਪਾਇੰਦਾ । ਨਵ ਨੌਂ ਚਾਰ ਖੇਲ ਨਿਆਰਾ, ਜੁਗ ਚੌਕੜੀ ਵੰਡ ਵੰਡਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵੇਖ ਅਖਾੜਾ, ਲੱਖ ਚੁਰਾਸੀ ਨਾਚ ਨਚਾਇੰਦਾ ।


੪੮੨
੧੧

ਬਹੱਤਰ ਨਾੜੀ ਵੱਜੇ ਤਲਵਾੜਾ, ਤਾਲ ਤਲਵਾੜਾ ਆਪਣੇ ਹੱਥ ਰਖਾਇੰਦਾ । ਦੋ ਜਹਾਨ ਵੱਜੇ ਨਗਾਰਾ, ਹਰਿ ਨੌਬਤ ਨਾਮ ਸੁਣਾਇੰਦਾ । ਜੁਗ ਜੁਗ ਮੇਟੇ ਦੁਸ਼ਟ ਹੰਕਾਰਾ, ਰਾਵਣ ਗੜ੍ਹ ਤੁੜਾਇੰਦਾ । ਜੁਗ ਜੁਗ ਬਣੇ ਭਗਤ ਰਖਵਾਰਾ, ਬਿਦਰ ਸੁਦਾਮਾ ਗਲੇ ਲਗਾਇੰਦਾ । ਜੁਗ ਜੁਗ ਬੋਲੇ ਹੱਕ ਜੈਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਹਰਿ ਕਾ ਖੇਲ ਇਕ ਅਵੱਲਾ, ਭੇਵ ਕੋਇ ਨਾ ਪਾਈਆ । ਵਸਣਹਾਰਾ ਸਚਖੰਡ ਮਹੱਲਾ, ਦਰਗਹਿ ਸਾਚੀ ਆਸਣ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਫੜਾਏ ਪੱਲਾ, ਏਕਾ ਡੋਰੀ ਨਾਮ ਬੰਧਾਈਆ । ਸਚ ਸੰਦੇਸ ਏਕਾ ਘੱਲਾ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪੇ ਰਲਾ, ਘਟ ਘਟ ਰਿਹਾ ਸਮਾਈਆ । ਜੁਗਾ ਜੁਗੰਤਰ ਅਛਲ ਅਛੱਲਾ, ਵਲ ਛਲ ਰੂਪ ਧਰਾਈਆ । ਆਪੇ ਫੜੇ ਆਪਣਾ ਚਿੱਲਾ, ਤੀਰ ਕਮਾਨ ਆਪ ਉਠਾਈਆ । ਆਪੇ ਤਾਰੇ ਪਾਥਰ ਸਿਲਾ, ਚਰਨ ਪਾਹਨ ਟਿਕਾਈਆ । ਆਪੇ ਆਪਣੇ ਭਗਤਾਂ ਮਿਲਾ, ਮਿਲ ਮਿਲ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਪਾ ਦਏ ਸਮਝਾਈਆ । ਆਪੇ ਰਮਈਆ ਆਪੇ ਰਾਮ, ਆਪੇ ਸੀਆ ਖੇਲ ਕਰਾਇੰਦਾ । ਆਪੇ ਘਨਈਆ ਆਪੇ ਸ਼ਾਮ, ਆਪੇ ਮੋਰ ਮੁਕਟ ਸੁਹਾਇੰਦਾ । ਆਪੇ ਈਸਾ ਮੂਸਾ ਦੇ ਪੈਗ਼ਾਮ, ਪੈਗ਼ੰਬਰ ਵੇਸ ਵਟਾਇੰਦਾ । ਆਪੇ ਮੁਹੰਮਦ ਦੇਵੇ ਇਕ ਕਲਾਮ, ਕਲਮਾ ਨਬੀ ਆਪ ਪੜ੍ਹਾਇੰਦਾ । ਆਪੇ ਨਾਨਕ ਦੇਵੇ ਸਤਿਨਾਮ, ਵਸਤ ਅਮੋਲਕ ਆਪ ਵਰਤਾਇੰਦਾ । ਆਪੇ ਗੋਬਿੰਦ ਕਰੇ ਪਰਨਾਮ, ਡੰਕਾ ਫਤਿਹ ਇਕ ਵਜਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਜੁਗ ਜੁਗ ਆਪਣੀ ਵੰਡ ਵੰਡਾਇੰਦਾ । ਲੇਖਾ ਜਾਣੇ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਖੇਲ ਕਰਾਇੰਦਾ । ਜੁਗ ਚੌਕੜੀ ਖੇਲ ਕਰਾਉਣਾ, ਹਰਿ ਹਰਿ ਆਪ ਸੁਣਾਇਆ । ਨੌਂ ਸੌ ਚੁਰਾਨਵੇਂ ਚੌਕੜੀ ਵੇਸ ਵਟਾਉਣਾ, ਰੂਪ ਰੰਗ ਰੇਖ ਨਾ ਕੋਇ ਵਖਾਇਆ । ਗੁਰ ਅਵਤਾਰ ਸੇਵਾ ਲੌਣਾ, ਸਾਚੀ ਸੇਵ ਸਮਝਾਇਆ । ਕੋਟਨ ਕੋਟ ਨਾਮ ਪਰਗਟਾਉਣਾ, ਨਾਮ ਨਾਮਾ ਦਏ ਵਡਿਆਇਆ । ਅੰਤਮ ਲਹਿਣਾ ਸਰਬ ਮੁਕੌਣਾ, ਥਿਰ ਕੋਇ ਰਹਿਣ ਨਾ ਪਾਇਆ । ਵਿਸ਼ਨੂੰ ਤੇਰੀ ਵਿਸ਼ਵ ਧਾਰ, ਆਪਣੇ ਵਿਚ ਸਮੌਣਾ, ਆਪ ਆਪਣਾ ਰੰਗ ਚੜ੍ਹਾਇਆ । ਬ੍ਰਹਮੇ ਤੇਰਾ ਬ੍ਰਹਮ ਪਾਰਬ੍ਰਹਮ ਅੰਗ ਲਗੌਣਾ, ਅੰਗੀਕਾਰ ਦਇਆ ਕਮਾਇਆ । ਸ਼ੰਕਰ ਤੇਰਾ ਪੰਧ ਮੁਕੌਣਾ, ਸੰਸਾ ਰੋਗ ਰਹੇ ਨਾ ਰਾਇਆ । ਸੁਰਪਤ ਇੰਦ ਆਪ ਉਠੌਣਾ, ਕਰੋੜ ਤੇਤੀਸਾ ਨਾਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਰਿਹਾ ਖੁਲ੍ਹਾਇਆ । ਆਪਣਾ ਭੇਵ ਖੋਲ੍ਹ ਭਗਵਾਨ, ਆਪਣੀ ਦਇਆ ਕਮਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਚਾਈਂ ਚਾਈਂਆ । ਭਗਤ ਭਗਵੰਤ ਇਕ ਨਿਸ਼ਾਨ, ਆਪ ਪਰਗਟਾਏ ਵਿਚ ਜਹਾਨ, ਧਰੂ ਪ੍ਰਹਿਲਾਦ ਦਏ ਵਡਿਆਈਆ । ਆਪੇ ਵੇਖੇ ਮਾਰ ਧਿਆਨ, ਧਰਨੀ ਧਰਤ ਧਵਲ ਸਹਾਈਆ । ਬਿਨ ਪੜ੍ਹਿਆਂ ਦੇਵੇ ਗਿਆਨ, ਜਗਤ ਵਿਦਿਆ ਨਾ ਕੋਇ ਵਖਾਈਆ । ਚੌਦਾਂ ਵਿਦਿਆ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਕਾਗ਼ਜ਼ ਕਲਮ ਸਰਬ ਪਛਤਾਣ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਆਪੇ ਦਾਤਾ ਸ੍ਰੀ ਭਗਵਾਨ, ਘਰ ਘਰ ਰਿਜ਼ਕ ਸੁਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਖੇਲ ਰਿਹਾ ਵਖਾਈਆ । ਸਾਚਾ ਖੇਲ ਹਰਿ ਆਦਿ ਨਿਰੰਜਣ, ਆਪਣਾ ਆਪ

ਜਣਾਇੰਦਾ । ਜੁਗ ਜੁਗ ਕਰਾਏ ਸਾਚਾ ਮਜਨ, ਧੂੜੀ ਇਸ਼ਨਾਨ ਇਕ ਵਖਾਇੰਦਾ । ਸੰਤ ਸੁਹੇਲੇ ਮੇਲੇ ਸੱਜਣ, ਲੱਖ ਚੁਰਾਸੀ ਵਿਚੋਂ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਚੁਕਾਇੰਦਾ । ਸਾਚਾ ਪੜਦਾ ਦੇਵੇ ਚੁੱਕ, ਹਰਿ ਸੰਤਨ ਬੂਝ ਬੁਝਾਈਆ । ਨਜ਼ਰੀ ਆਏ ਜੋ ਬੈਠਾ ਲੁਕ, ਰੂਪ ਅਨੂਪ ਦਰਸਾਈਆ । ਲੈ ਕਰਵਟ ਪਏ ਉਠ, ਆਪਣਾ ਰੁਖ਼ ਬਦਲਾਈਆ । ਸਾਹਿਬ ਦਿਆਲ ਸਤਿਗੁਰ ਤੁਠ, ਦੇਵੇ ਦਰਸ ਚਾਈਂ ਚਾਈਂਆ । ਭਾਗ ਲਗਾਏ ਕਾਇਆ ਕਿਲਾ ਕੋਟ, ਮਹੱਲ ਅਟੱਲ ਕਰੇ ਰੁਸ਼ਨਾਈਆ । ਨਿਰਮਲ ਨੂਰ ਜਗਾਏ ਜੋਤ, ਜੋਤੀ ਜੋਤ ਡਗਮਗਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਓਤ ਪੋਤ, ਬੰਸ ਸਰਬੰਸ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਆਪ ਸਮਝਾਈਆ । ਸਾਚੀ ਸਿਖਿਆ ਏਕਾ ਵਾਰ, ਹਰਿ ਏਕਾ ਏਕ ਸੁਣਾਇੰਦਾ । ਜੁਗ ਚੌਕੜੀ ਰਹਿਣਾ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਵਖਾਇੰਦਾ । ਨਵ ਨੌਂ ਚਾਰ ਹੋਏ ਉਜਿਆਰ, ਨਵ ਖੰਡ ਆਪਣਾ ਭੇਵ ਖੁਲ੍ਹਾਇੰਦਾ । ਸੱਤਾਂ ਦੀਪਾਂ ਬੋਲ ਜੈਕਾਰ, ਜੈ ਜੈਕਾਰ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਹਰਿ ਜੂ ਚਲੇ ਆਪਣੇ ਰਾਹ, ਸਾਚਾ ਮਾਰਗ ਏਕਾ ਲਾਈਆ । ਜੁਗ ਜੁਗ ਬਣੇ ਆਪ ਮਲਾਹ, ਖੇਵਟ ਖੇਟ ਬੇੜਾ ਆਪਣੇ ਕੰਧ ਉਠਾਈਆ । ਸ਼ਬਦੀ ਸ਼ਬਦ ਦਏ ਸਲਾਹ, ਗੁਰ ਗੁਰ ਕਰੇ ਪੜ੍ਹਾਈਆ । ਜਨ ਭਗਤਾਂ ਬਣੇ ਪਿਤਾ ਮਾਂ, ਬਾਲ ਅਵਾਣੇ ਗੋਦ ਉਠਾਈਆ । ਨੌਂ ਸੌ ਚੁਰਾਨਵੇਂ ਚੌਕੜੀ ਪੰਧ ਮੁਕਾ, ਅੰਤਮ ਚੌਕੜ ਭੇਵ ਦਏ ਖੁਲ੍ਹਾਈਆ । ਤੇਈ ਅਵਤਾਰ ਦਰ ਬਹਾ, ਭਗਤ ਅਠਾਰਾਂ ਲਏ ਜਗਾ, ਈਸਾ ਮੂਸਾ ਸੰਗ ਮੁਹੰਮਦ ਲਏ ਰਲਾ, ਨਾਨਕ ਗੋਬਿੰਦ ਵੇਖੇ ਥਾਂ, ਥਾਨ ਥਨੰਤਰ ਆਪ ਸੁਹਾਈਆ । ਖਾਣੀ ਬਾਣੀ ਵੇਦ ਪੁਰਾਨੀ ਅੰਜ਼ੀਲ ਕੁਰਾਨੀ ਵੇਖੇ ਮਾਰ ਧਿਆਂ, ਧਿਆਨ ਧਿਆਨ ਵਿਚ ਮਿਲਾਈਆ । ਅਠ ਸਠ ਤੀਰਥ ਵੇਖੇ ਪਾਣੀ, ਗੰਗਾ ਗੁਦਾਵਰੀ ਜਮਨਾ ਸੁਰਸਤੀ ਖੇਲ ਮਹਾਨੀ, ਕੇਸ਼ਵ ਆਪਣਾ ਰੂਪ ਵਟਾਈਆ । ਸ਼ੰਕਰ ਦੇਵੇ ਇਕ ਨਿਸ਼ਾਨੀ, ਬ੍ਰਹਮੇ ਤੇਰਾ ਪਦ ਨਿਰਬਾਣੀ, ਵਿਸ਼ਨੂੰ ਖੇਲ ਦੋ ਜਹਾਨੀ, ਭਗਵਨ ਆਪਣਾ ਸੰਗ ਰਖਾਈਆ । ਵਿਸ਼ਨੂੰ ਭਗਵਾਨ ਆਦਿ ਸ਼ਕਤ ਨੂਰ ਨੂਰਾਨੀ ਦੂਸਰ ਦਿਸੇ ਨਾ ਕੋਇ ਨਿਸ਼ਾਨੀ, ਗੁਰ ਅਵਤਾਰ ਗਾਇਣ ਕਹਾਨੀ ਮਹਿਮਾ ਕਥ ਕਥ ਸੁਣਾਈਆ । ਕਲਜੁਗ ਦੱਸੇ ਇਕ ਨਿਸ਼ਾਨੀ, ਜੋਧਾ ਸੂਰਬੀਰ ਬਲੀ ਬਲਵਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਰੱਖਣਾ ਯਾਦ, ਹਰਿ ਸਾਚਾ ਸਚ ਜਣਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਰੂਪ ਅੰਤ ਸੁਣੇ ਫ਼ਰਯਾਦ, ਨੌਂ ਸੌ ਚੁਰਾਨਵੇਂ ਚੌਕੜੀ ਪੰਧ ਮੁਕਾਇੰਦਾ । ਏਕਾ ਦੇਵੇ ਸਾਚੀ ਦਾਦ, ਨਾਮ ਵਸਤ ਝੋਲੀ ਪਾਇੰਦਾ । ਸਚ ਨਿਸ਼ਾਨਾ ਦੇਵੇ ਗਾਡ, ਸਤਿ ਸਤਿਵਾਦੀ ਆਪ ਉਠਾਇੰਦਾ । ਬ੍ਰਹਿਮੰਡ ਖੰਡ ਵੇਖੇ ਬ੍ਰਹਿਮਾਂਡ, ਲੋਆਂ ਪੁਰੀਆਂ ਫੇਰਾ ਪਾਇੰਦਾ । ਆਪੇ ਜਾਣੇ ਕਿਨਾਰਾ ਪਾਰ ਹੱਦ, ਹੱਦ ਹਦੂਦ ਨਾ ਕਿਸੇ ਜਣਾਇੰਦਾ । ਗੁਰ ਅਵਤਾਰ ਆਪਣਾ ਭਾਰ ਗਏ ਲਦ, ਵੇਲਾ ਵੇਲਾ ਸਭ ਦੇ ਹੱਥ ਵਖਾਇੰਦਾ । ਕਲਜੁਗ ਅੰਤਮ ਪਰਗਟੇ ਪੁਰਖ ਸਮਰਥ, ਵੇਦ ਵਿਆਸਾ ਭੇਵ ਚੁਕਾਇੰਦਾ । ਨਿਹਕਲੰਕ ਨਾਉਂ ਰੱਖ, ਏਕਾ ਡੰਕਾ ਨਾਮ ਵਜਾਇੰਦਾ । ਉਚੇ ਟਿੱਲੇ ਚੜ੍ਹੇ ਪਰਬਤ, ਸਚ ਸਿੰਘਾਸਣ ਸੋਭਾ ਪਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜਾ ਅਬਿਨਾਸ਼ੀ ਅਚੁੱਤ, ਮੰਦਰ ਅੰਦਰ ਡੇਰਾ ਲਾਇੰਦਾ । ਅੰਤ ਸੁਹਾਏ ਸਾਚੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਭਾਗ ਲਗਾਏ ਕਾਇਆ ਚੋਲਾ

ਪੰਜ ਤੱਤ ਬੁੱਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਇੰਦਾ । ਸਾਚਾ ਭੇਵ ਅੰਤਮ ਕਲ, ਕੁਲਵੰਤਾ ਆਪ ਸਮਝਾਈਆ । ਪੁਰਖ ਅਬਿਨਾਸ਼ੀ ਅਛਲ ਅਛੱਲ, ਵੇਸ ਅਵੱਲਾ ਆਪ ਵਟਾਈਆ । ਲੇਖਾ ਚੁਕਾਏ ਬਾਵਨ ਬਲ, ਪਾਂਧੀ ਪੰਧ ਮੁਕਾਈਆ । ਵਿਸ਼ਨੂੰ ਜੋਤ ਆਪੇ ਰਲ, ਭਗਵਨ ਕਰੇ ਰੁਸ਼ਨਾਈਆ । ਬ੍ਰਹਮੇ ਬ੍ਰਹਮ ਮੇਟੇ ਸਲ, ਪਾਰਬ੍ਰਹਮ ਕਰ ਕੁੜਮਾਈਆ । ਸ਼ੰਕਰ ਨੇਤਰ ਵੇਖੇ ਖਲ, ਨੈਣ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਈਆ । ਆਪਣਾ ਪੜਦਾ ਦੇਵੇ ਲਾਹ, ਕਲਜੁਗ ਅੰਤ ਵਡੀ ਵਡਿਆਇਆ । ਨਿਰਗੁਣ ਨੂਰ ਜੋਤ ਧਰਾ, ਜੋਤੀ ਜੋਤ ਕਰੇ ਰੁਸ਼ਨਾਇਆ । ਨਿਹਕਲੰਕ ਨਾਉਂ ਰਖਾ, ਸੰਬਲ ਸਾਚਾ ਡੇਰਾ ਲਾਇਆ । ਬੰਕ ਦੁਆਰ ਦਏ ਸੁਹਾ, ਬੰਕ ਦੁਆਰੀ ਭੇਵ ਚੁਕਾਇਆ । ਰਾਉ ਰੰਕ ਦਏ ਜਗਾ, ਏਕਾ ਹੁਕਮ ਦਏ ਸੁਣਾਇਆ । ਕਲਜੁਗ ਲਹਿਣਾ ਦਏ ਮੁਕਾ, ਜੂਠ ਝੂਠ ਕਰ ਸਫ਼ਾਇਆ । ਨਾਤਾ ਮਮਤਾ ਹਉਮੇ ਹੰਗਤਾ ਦਏ ਤੁੜਾ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਇਆ । ਵਰਨ ਬਰਨ ਦਏ ਖਪਾ, ਊਚ ਨੀਚ ਨਾ ਕੋਇ ਵੰਡ ਵੰਡਾਇਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਏਕਾ ਧਾਮ ਬਹਾ, ਏਕਾ ਬ੍ਰਹਮ ਦਏ ਸਮਝਾਇਆ । ਮੰਦਰ ਮਸਜਦ ਸ਼ਿਵਦੁਵਾਲਾ ਮੱਠ, ਗੁਰੂਦੁਆਰ ਏਕਾ ਘਰ ਬਣਾ, ਏਕਾ ਇਸ਼ਟ ਦਏ ਸਮਝਾਇਆ । ਏਕਾ ਰਾਮ ਨਜ਼ਰੀ ਜਾਏ ਆ, ਏਕਾ ਕ੍ਰਿਸ਼ਨਾ ਰੰਗ ਰੰਗਾਇਆ । ਏਕਾ ਨਾਮ ਨਮੋ ਸਤਿ ਦਏ ਸੁਣਾ, ਵਾਸਤਕ ਆਪਣਾ ਭੇਵ ਚੁਕਾਇਆ । ਏਕਾ ਜਾਪ ਦਏ ਜਪਾ, ਆਤਮ ਪਰਮਾਤਮ ਜੋੜ ਜੁੜਾਇਆ । ਸੋਹੰ ਢੋਲਾ ਇਕ ਸੁਣਾ, ਦੋ ਜਹਾਨਾਂ ਵਿਚੋਲਾ ਫੇਰਾ ਪਾਇਆ । ਪਰਦਾ ਉਹਲਾ ਦਏ ਉਠਾ, ਸਵੱਛ ਸਰੂਪੀ ਦਰਸ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਸਮਝਾਇਆ । ਕਲਜੁਗ ਵੇਲਾ ਅੰਤਮ ਔਣਾ, ਹਰਿ ਸਾਚਾ ਸਚ ਜਣਾਈਆ । ਜੋਤੀ ਜਾਮਾ ਵੇਸ ਵਟੌਣਾ, ਨਾ ਕੋਈ ਪਿਤਾ ਨਾ ਕੋਈ ਮਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪਣੀ ਗੋਦ ਬਹੌਣਾ, ਸੁਰਪਤ ਰਾਜਾ ਇੰਦ ਨਾਲ ਮਿਲਾਈਆ । ਧੁਰ ਫ਼ਰਮਾਣਾ ਇਕ ਸੁਣੌਣਾ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਕਲਜੁਗ ਕੂੜੀ ਕਿਰਿਆ ਮੇਟ ਮਿਟੌਣਾ, ਸਤਿਜੁਗ ਸਾਚਾ ਮਾਰਗ ਲਾਈਆ । ਭਗਤ ਭਗਵੰਤ ਆਪ ਉਠੌਣਾ, ਆਪ ਆਪਣੀ ਬੂਝ ਬੁਝਾਈਆ । ਸਾਚਾ ਦਰ ਇਕ ਖੁਲੌਣਾ, ਦਰ ਦਰਵਾਜ਼ਾ ਕੁੰਡਾ ਲਾਹੀਆ । ਏਕਾ ਪੁਰਖ ਨਜ਼ਰੀ ਔਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਅੰਤਮ ਜਾਵੇ ਆ, ਹਰਿ ਸਾਚਾ ਸਚ ਜਣਾਇੰਦਾ । ਨਾਨਕ ਨਿਰਗੁਣ ਗਿਆ ਧਿਆ, ਗੋਬਿੰਦ ਇਕੋ ਓਟ ਰਖਾਇੰਦਾ । ਮੂਸਾ ਕਹੇ ਮੇਰਾ ਖ਼ੁਦਾ, ਮੇਰਾ ਨੂਰ ਨੂਰ ਵਖਾਇੰਦਾ । ਮੁਹੰਮਦ ਕਹੇ ਮੇਰਾ ਇਮਾਮ ਜਾਏ ਆ, ਲਾਲ ਲਾਲ ਆਪਣਾ ਰੰਗ ਚੜ੍ਹਾਇੰਦਾ । ਪੁਰਖ ਅਬਿਨਾਸ਼ੀ ਕਹੇ ਮੈਂ ਵਸਾਂ ਹਰ ਘਟ ਥਾਂ, ਮੇਰੀ ਵੰਡ ਨਾ ਕੋਇ ਵੰਡਾਇੰਦਾ । ਜਿਉਂ ਭਾਵੇ ਤਿਉਂ ਲਵਾਂ ਚਲਾ, ਜੁਗ ਜੁਗ ਖੇਲ ਕਰਾਇੰਦਾ । ਗੁਰ ਪੀਰ ਅਵਤਾਰ ਲੋਕਮਾਤ ਸੇਵ ਲਗਾ, ਸਾਚਾ ਰਾਹ ਚਲਾਇੰਦਾ । ਅੰਤਮ ਲਹਿਣਾ ਸਰਬ ਚੁਕਾ, ਆਪਣੇ ਵਿਚ ਛੁਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਸਲਾਹ, ਏਕਾ ਗੁਣ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਕਲਜੁਗ ਅੰਤਮ ਖੇਲ ਕਰਨਾ, ਸ੍ਰੀ ਭਗਵਾਨ ਆਪ ਜਣਾਈਆ । ਨਾਤਾ ਤੋੜੇ ਬਰਨਾਂ ਵਰਨਾਂ, ਊਚ ਨੀਚ ਰਹਿਣ ਨਾ ਪਾਈਆ । ਸਤਿਜੁਗ ਸਾਚਾ ਮਾਤ ਧਰਨਾ, ਏਕਾ ਧਰਮ

ਦਏ ਵਡਿਆਈਆ । ਏਕੋ ਇਸ਼ਟ ਏਕੋ ਸਰਨਾ, ਗੁਰੁਦੇਵ ਇਕ ਅਖਵਾਈਆ । ਏਕਾ ਮੰਦਰ ਸਭ ਨੇ ਵੜਨਾ, ਏਕਾ ਨਾਮ ਕਰੇ ਪੜ੍ਹਾਈਆ । ਏਕਾ ਤੀਰਥ ਸਭ ਨੇ ਤਰਨਾ, ਸਰ ਸਰੋਵਰ ਇਕ ਨੁਹਾਈਆ । ਏਕਾ ਪੌੜੇ ਸਭ ਨੇ ਚੜਨਾ, ਏਕਾ ਮੰਦਰ ਦਏ ਸੁਹਾਈਆ । ਏਕਾ ਭਾਣਾ ਸਭ ਨੇ ਜਰਨਾ, ਨਿਉਂ ਨਿਉਂ ਸੀਸ ਝੁਕਾਈਆ । ਏਕਾ ਘਾੜਨ ਹਰਿ ਜੂ ਘੜਨਾ, ਸਾਚੀ ਘਾੜਤ ਲਏ ਘੜਾਈਆ । ਨਿਰਭੌ ਚੁਕਾਏ ਭੈ ਡਰਨਾ, ਭੈ ਅਵਰ ਨਾ ਕੋਇ ਵਖਾਈਆ । ਰਾਓ ਰੰਕ ਇਕੋ ਜਿਹਾ ਕਰਨਾ, ਸ਼ਾਹ ਪਾਤਸ਼ਾਹ ਨਾ ਕੋਇ ਅਖਵਾਈਆ । ਸੀਸ ਤਾਜ ਕਿਸੇ ਨਾ ਧਰਨਾ, ਚੋਬਦਾਰ ਨਾ ਕੋਇ ਬਣਾਈਆ । ਦੀਨ ਮਜ਼੍ਹਬ ਨਾ ਕਿਸੇ ਲੜਨਾ, ਜਾਤ ਪਾਤ ਨਾ ਕੋਇ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਇਕ ਲਗਾਈਆ । ਸਾਚਾ ਮਾਰਗ ਲਾਏ ਨਿਰੰਕਾਰ, ਸਤਿ ਸਰੂਪੀ ਦਇਆ ਕਮਾਇੰਦਾ । ਸਤਿਜੁਗ ਸਚ ਕਰੇ ਪਿਆਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਚਖੰਡ ਨਿਵਾਸੀ ਖੋਲ੍ਹ ਦੁਆਰ, ਸਾਚਾ ਮੰਦਰ ਇਕ ਵਖਾਇੰਦਾ । ਭਗਵਨ ਭਗਤਨ ਦੇ ਦੀਦਾਰ, ਤ੍ਰਿਸਨਾ ਭੁੱਖ ਗਵਾਇੰਦਾ । ਦਰ ਘਰ ਸਾਚੇ ਲਵੇ ਵਾੜ, ਸਿਰ ਆਪਣਾ ਹੱਥ ਟਿਕਾਇੰਦਾ । ਅਗਨੀ ਲਗੇ ਨਾ ਤੱਤੀ ਹਾੜ, ਜੇਠ ਧੁਪ ਨਾ ਕੋਇ ਤਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਮਾਰਗ ਆਪ ਲਗਾਇੰਦਾ । ਸਾਚਾ ਮਾਰਗ ਵਿਚ ਸੰਸਾਰ, ਹਰਿਜੂ ਹਰਿ ਹਰਿ ਆਪ ਲਗਾਈਆ । ਭਗਤ ਸੁਹੇਲੇ ਲਏ ਉਭਾਰ, ਆਪਣੀ ਬੂਝ ਬੁਝਾਈਆ । ਰਾਗ ਨਾਦ ਵਜਾਏ ਸਿਤਾਰ, ਅਨਡਿਠੜੀ ਤਾਰ ਹਿਲਾਈਆ । ਗੁਫ਼ਤ ਸ਼ੁਨੀਦ ਕਰੇ ਗੁਫ਼ਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਈਆ । ਸਤਿਜੁਗ ਸਾਚਾ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਰਖਾਇੰਦਾ । ਨੌਂ ਖੰਡ ਪ੍ਰਿਥਮੀ ਇਕ ਗਿਆਨ, ਏਕਾ ਨਾਮ ਪੜ੍ਹਾਇੰਦਾ । ਸੱਤਾਂ ਦੀਪਾਂ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਭਗਤਾਂ ਮਿਲੇ ਸ੍ਰੀ ਭਗਵਾਨ, ਜੁਗ ਜੁਗ ਦਇਆ ਕਮਾਇੰਦਾ । ਗੋਪੀ ਮਿਲੇ ਸਾਚਾ ਕਾਹਨ, ਘਰ ਬਹਿ ਬਹਿ ਰਾਸ ਰਚਾਇੰਦਾ । ਸੀਤਾ ਸੁਰਤੀ ਕਰ ਪਰਵਾਨ, ਰਾਮ ਰਾਮਾ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਇਕੋ ਘਰ, ਘਰ ਮੰਦਰ ਆਪ ਸੁਹਾਇੰਦਾ । ਘਰ ਮੰਦਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਬਣਾਈਆ । ਹੰ ਬ੍ਰਹਮ ਆਦਿ ਅੰਤ, ਪਾਰਬ੍ਰਹਮ ਸਰਨਾਈਆ । ਲੇਖਾ ਲੇਖ ਜੀਵ ਜੰਤ, ਜੁਗਤ ਜਗਤ ਆਪਣੇ ਹੱਥ ਰਖਾਈਆ । ਕਰੇ ਖੇਲ ਸ੍ਰੀ ਭਗਵੰਤ, ਭੇਵ ਅਭੇਦ ਆਪ ਖੁਲਾਈਆ । ਏਕਾ ਨਾਮ ਜਣਾਏ ਮੰਤ, ਮੰਤਰ ਅੰਤਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੇਵੇ ਦਾਨ, ਆਤਮ ਪਰਮਾਤਮ ਏਕਾ ਬੰਧਨ ਪਾਈਆ । ਆਤਮ ਪਰਮਾਤਮ ਬੰਨ੍ਹੇ ਡੋਰ, ਨਾਮ ਤੰਦੀ ਹੱਥ ਰਖਾਇੰਦਾ । ਨਾਤਾ ਤੋੜ ਪੰਜ ਚੋਰ, ਸ਼ਰਅ ਸ਼ਰੀਅਤ ਨਾ ਵੰਡ ਵੰਡਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਵਾਗਾਂ ਆਪਣੇ ਹੱਥ ਰਖਾਇੰਦਾ । ਕਰੇ ਪਰਕਾਸ਼ ਅੰਧ ਘੋਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਫੜ, ਗੁਰ ਚੇਲੇ ਮੇਲ ਮਿਲਾਇੰਦਾ ।

## ★ ੧੬ ਮਾਘ ੨੦੧੮ ਬਿਕ੍ਰਮੀ ਅਮਰੋ ਦੇਵੀ ਦੇ ਗ੍ਰਿਹ ਜੰਮੂ ★

ਹਰਿ ਸਰਨਾਈ ਸਾਚਾ ਜਾਪ, ਜੀਵਣ ਜੁਗਤ ਦਏ ਵਡਿਆਈਆ । ਕੋਟ ਕੋਟ ਜਨਮ ਉਤਾਰੇ ਪਾਪ, ਪਾਪੀ ਪਤਿਤ ਪੁਨੀਤ ਕਰਾਈਆ । ਭੇਵ ਅਭੇਦ ਚੁਕਾਏ ਆਪਣਾ ਆਪ, ਅਨਭਵ ਆਪਣੀ ਖੇਲ ਕਰਾਈਆ । ਹਰਿਜਨ ਵੇਖੇ ਜਿਉਂ ਬਾਲ ਸਖਾਈ ਪਿਤਾ ਬਾਪ, ਪੂਤ ਸਪੂਤਾ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ੇ ਸੱਚਾ ਨਾਮ ਹਰਿ ਗੁਸਾਈਆ । ਸਾਚਾ ਨਾਮ ਸਤਿਗੁਰ ਸਰਨ, ਹਰਿ ਸੱਜਣ ਸਚ ਜਣਾਇੰਦਾ । ਨਾਤਾ ਤੁਟੇ ਮਰਨ ਡਰਨ, ਲੱਖ ਚੁਰਾਸੀ ਫੰਦ ਕਟਾਇੰਦਾ । ਮੇਟ ਮਿਟਾਏ ਵਰਨ ਬਰਨ, ਜ਼ਾਤ ਅਜ਼ਾਤ ਨਾ ਕੋਇ ਰਖਾਇੰਦਾ । ਕਰਤਾ ਪੁਰਖ ਕਰਨੀ ਕਰਨ, ਸਾਚੀ ਕਿਰਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਦ੍ਰਿੜਾਇੰਦਾ । ਸਾਚਾ ਨਾਮ ਹਰਿ ਹਰਿ ਓਟ, ਦੂਸਰ ਅਵਰ ਨਾ ਕੋਇ ਵਡਿਆਈਆ । ਭੈ ਵਿਚ ਕੱਢਣਹਾਰਾ ਖੋਟ, ਮਮਤਾ ਮੋਹ ਚੁਕਾਈਆ । ਨਾਤਾ ਤੋੜ ਵਰਨ ਗੋਤ, ਏਕਾ ਰੰਗ ਰੰਗਾਈਆ । ਮੇਲ ਮਿਲਾਵਾ ਨਿਰਗੁਣ ਜੋਤ, ਜੋਤੀ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਜਣਾਈਆ । ਸਾਚਾ ਨਾਮ ਏਕਾ ਰੰਗ, ਹਰਿ ਹਰਿ ਆਪ ਰੰਗਾਇੰਦਾ । ਆਦਿ ਜੁਗਾਦਿ ਸਦਾ ਸਦ ਆਤਮ ਸੇਜਾ ਬੈਠ ਪਲੰਘ, ਨਿਰਗੁਣ ਸਰਗੁਣ ਭੇਵ ਚੁਕਾਇੰਦਾ । ਨਾਦ ਅਨਾਦੀ ਵੱਜੇ ਅਗੰਮ, ਧੁਨੀ ਧੁਨ ਸੁਣਾਇੰਦਾ । ਮਨ ਮਨਸਾ ਮਨ ਮਾਹੇ ਜਾਏ ਮਨ, ਮਨ ਕਾ ਮੋਹ ਮਿਟਾਇੰਦਾ । ਗਿਆਨ ਪਰਕਾਸ਼ ਕਰੇ ਸਾਚਾ ਚੰਨ, ਅੰਧ ਅਗਿਆਨ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਵਡਿਆਇੰਦਾ । ਸਾਚਾ ਨਾਮ ਸਤਿਗੁਰ ਧਾਰ, ਸਤਿ ਸਤਿ ਵਡਿਆਈਆ । ਕਰਮ ਕਾਂਡ ਤੇ ਵਸਿਆ ਬਾਹਿਰ, ਕਿਰਿਆ ਵਿਚ ਨਾ ਕੋਇ ਫਸਾਈਆ । ਜਿਸ ਜਨ ਦੇਵੇ ਕਿਰਪਾ ਧਾਰ, ਆਪਣੀ ਤਿਸ ਜਨ ਬੂਝ ਬੁਝਾਈਆ । ਸੋ ਗੁਰਮੁਖ ਚਤਰ ਸੁਜਾਨ, ਤਿਸ ਮਿਲਿਆ ਹਰਿ ਰਘੁਰਾਈਆ । ਅੱਠੇ ਪਹਿਰ ਇਕ ਧਿਆਨ, ਨਿਗਹਬਾਨ ਹੋਏ ਸਹਾਈਆ । ਦਰ ਦਰਬਾਰ ਦੇਵੇ ਮਾਣ, ਦਰਦੀ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਕਰੇ ਪੜ੍ਹਾਈਆ । ਏਕਾ ਨਾਮ ਸਾਚੀ ਵਸਤ, ਵਸਤ ਅਮੋਲਕ ਆਪ ਵਰਤਾਇੰਦਾ । ਨਾ ਕੋਈ ਕੀਟ ਨਾ ਕੋਈ ਹਸਤ, ਲੱਖ ਚੁਰਾਸੀ ਏਕਾ ਰੰਗ ਵਖਾਇੰਦਾ । ਸ਼ਬਦ ਖੁਮਾਰੀ ਸਦਾ ਮਸਤ, ਮਸਤ ਅਲਮਸਤ ਆਪਣਾ ਭੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਨਾਮ ਨਾਮਾ ਝੋਲੀ ਪਾਇੰਦਾ । ਹਰਿ ਕਾ ਨਾਮ ਹਰਿ ਹੀ ਜੇਹਾ, ਨਜ਼ਰ ਕਿਸੇ ਨਾ ਆਇੰਦਾ । ਗੁਰ ਅਵਤਾਰਾਂ ਰਸਨਾ ਕਿਹਾ, ਕਹਿ ਕਹਿ ਸ਼ੁਕਰ ਮਨਾਇੰਦਾ । ਨਿਰਗੁਣ ਸਰਗੁਣ ਲਾਏ ਨੇਂਹਾ, ਸਾਚਾ ਨੇਂਹ ਜਣਾਇੰਦਾ । ਅੰਮ੍ਰਿਤ ਬਰਸੇ ਏਕਾ ਮੇਂਹਾ ਮੇਘਲਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਪਰਗਟਾਇੰਦਾ । ਸਾਚਾ ਨਾਮ ਹਰਿ ਸਰਨਾਗਤ, ਗਤ ਮਿਤ ਆਪਣੀ ਆਪ ਜਣਾਈਆ । ਹਰਿ ਕਾ ਨਾਮ ਸਾਚਾ ਤੱਤ, ਤੱਤਵ ਤੱਤ ਨਾ ਵੰਡ ਵੰਡਾਈਆ । ਹਰਿ ਕਾ ਨਾਮ ਬ੍ਰਹਮ ਮਤ, ਪਾਰਬ੍ਰਹਮ ਸਚ ਪੜ੍ਹਾਈਆ । ਹਰਿ ਕਾ ਨਾਮ ਧੀਰਜ ਸਤਿ, ਸਤਿ ਸੰਤੋਖ ਇਕ ਰਖਾਈਆ । ਹਰਿ ਕਾ ਨਾਮ ਮਹਿਮਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਹਰਿ ਕਾ ਨਾਮ ਸਾਚਾ ਰਥ, ਜੁਗ ਜੁਗ ਭਗਤਾਂ ਲਏ ਚੜ੍ਹਾਈਆ ।


੪੮੭
੧੧

੪੮੮
੧੧

ਹਰਿ ਕਾ ਨਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਜਣਾਈਆ । ਸਾਚਾ ਨਾਮ ਸਾਚਾ ਗੁਣ, ਹਰਿ ਸਤਿਗੁਰ ਆਪ ਜਣਾਇੰਦਾ । ਲੱਖ ਚੁਰਾਸੀ ਛਾਣ ਪੁਣ, ਭਗਤ ਭਗਵੰਤ ਮੇਲ ਮਿਲਾਇੰਦਾ । ਲੇਖਾ ਜਾਣੇ ਗੁਣ ਅਵਗੁਣ, ਭੇਵ ਅਭੇਦ ਖੁਲ੍ਹਾਇੰਦਾ । ਨਾਤਾ ਤੋੜ ਰਿਖ ਮੁਨ, ਸੰਤ ਸੁਹੇਲੇ ਆਪਣੇ ਅੰਗ ਲਗਾਇੰਦਾ । ਹਰਿ ਕਾ ਲੇਖਾ ਜਾਣੇ ਕਵਣ, ਸ਼ਾਸਤਰ ਸਿਮਰਤ ਵੇਦ ਪੁਰਾਨ ਸੀਸ ਝੁਕਾਇੰਦਾ । ਪੰਧ ਨਾ ਮੁੱਕੇ ਉਨੰਜਾ ਪਵਣ, ਪਵਣੀ ਪਵਣ ਭੁਵਾਇੰਦਾ । ਖੇਲੇ ਖੇਲ ਅਵਣ ਗਵਣ, ਤ੍ਰੈਭਵਣ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਸਚ ਦਰਸਾਇੰਦਾ । ਏਕਾ ਨਾਮ ਏਕਾ ਧਾਰ, ਧਾਰ ਧਾਰ ਵਿਚ ਸਮਾਈਆ । ਏਕਾ ਨਾਮ ਸਤਿਗੁਰ ਪਿਆਰ, ਪਿਆਰ ਪਿਆਰ ਨਾਲ ਮਿਲਾਈਆ । ਏਕਾ ਨਾਮ ਵਣਜ ਵਾਪਾਰ, ਹੱਟ ਹੱਟ ਵਿਚ ਵਖਾਈਆ । ਏਕਾ ਨਾਮ ਦਰਸ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਏਕਾ ਨਾਮ ਦਏ ਆਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਏਕਾ ਨਾਮ ਹਰਿ ਹਰਿ ਸੋ, ਸੋ ਪੁਰਖ ਨਿਰੰਜਣ ਆਪ ਉਪਾਇਆ । ਏਕਾ ਨਾਮ ਹੰ ਬ੍ਰਹਮ ਬੀਜ ਬੋ, ਪੱਤ ਡਾਲੀ ਆਪ ਮਹਿਕਾਇਆ । ਏਕਾ ਨਾਮ ਜਣਾਏ ਸਾਚਾ ਮੋਹ, ਜੂਠਾ ਨਾਤਾ ਤੋੜ ਤੁੜਾਇਆ । ਏਕਾ ਨਾਮ ਦੁਰਮਤ ਮੈਲ ਦੇਵੇ ਧੋ, ਨਿਰਮਲ ਨੀਰ ਸੀਰ ਪਿਆਇਆ । ਏਕਾ ਨਾਮ ਅੰਮ੍ਰਿਤ ਦੇਵੇ ਚੋ, ਮੁਖ ਮੁਖੜਾ ਆਪ ਸੁਹਾਇਆ । ਏਕਾ ਨਾਮ ਢੋਆ ਢੋਅ, ਸਤਿ ਪੁਰਖ ਨਿਰੰਜਣ ਆਪ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਦਏ ਸਮਝਾਇਆ । ਸਾਚਾ ਨਾਉਂ ਆਦਿ ਪੁਰਖ, ਆਦਿ ਆਦਿ ਉਪਜਾਇਆ । ਆਪੇ ਕਰਕੇ ਆਪਣੀ ਪਰਖ, ਆਪਣੀ ਕੀਮਤ ਆਪੇ ਪਾਇਆ । ਆਪੇ ਮੇਟ ਆਪਣੀ ਹਰਸ, ਸਾਂਤਕ ਸਤਿ ਸਤਿ ਵਰਤਾਇਆ । ਆਪੇ ਦੇ ਆਪਣਾ ਦਰਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਦਏ ਵਡਿਆਇਆ । ਆਪੇ ਨਾਉਂ ਆਪੇ ਨਿਰੰਕਾਰ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਮੰਦਰ ਆਪ ਮੁਨਾਰ, ਆਪੇ ਬੈਠਾ ਆਸਣ ਲਾਈਆ । ਆਪੇ ਸ਼ਬਦ ਨਾਦ ਧੁੰਨਕਾਰ, ਆਪੇ ਰਾਗੀ ਰਾਗ ਅਲਾਈਆ । ਆਪੇ ਸੁੱਤਾ ਪੈਰ ਪਸਾਰ, ਆਪੇ ਕਰਵਟ ਰਿਹਾ ਬਦਲਾਈਆ । ਆਪੇ ਬੰਨ੍ਹੇ ਹਰਿ ਸਾਚੀ ਧਾਰ, ਆਪੇ ਹੁਕਮੀ ਹੁਕਮ ਵਰਤਾਈਆ । ਆਪੇ ਕਾਗਦ ਕਲਮ ਬਣੇ ਲਿਖਾਰ, ਆਪੇ ਲਿਖ ਲਿਖ ਵੇਖ ਵਖਾਈਆ । ਆਪੇ ਵਸੇ ਸਭ ਤੋਂ ਬਾਹਰ, ਸਮਰਥ ਪੁਰਖ ਵਡੀ ਵਡਿਆਈਆ । ਆਪੇ ਗੁਰੂ ਆਪ ਅਵਤਾਰ, ਆਪੇ ਜੁਗ ਜੁਗ ਵੇਸ ਧਰਾਈਆ । ਆਪੇ ਭਗਤ ਭਗਵੰਤ ਕਰੇ ਪਿਆਰ, ਆਪੇ ਸੰਤ ਲਏ ਉਠਾਈਆ । ਆਪੇ ਗੁਰਮੁਖਾਂ ਨਿਭਾਏ ਨਾਲ, ਆਪਣਾ ਸੰਗ ਰਖਾਈਆ । ਆਪੇ ਗੁਰਸਿਖਾਂ ਕਰੇ ਸਦਾ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਈਆ । ਆਪੇ ਪਰਗਟ ਹੋ ਦੀਨ ਦਿਆਲ, ਦੀਨਨ ਆਪਣੇ ਗਲੇ ਲਗਾਈਆ । ਆਪੇ ਸਾਚਾ ਨਾਮ ਸੱਚੀ ਧਰਮਸਾਲ, ਕਾਇਆ ਮੰਦਰ ਸਰਬ ਟਿਕਾਈਆ । ਤਿਸ ਨਾਮ ਨਾ ਖਾਏ ਕਾਲ, ਮਹਾਂਕਾਲ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਨਾਮ ਰਿਹਾ ਸਮਝਾਈਆ । ਸਾਚਾ ਨਾਮ ਏਕਾ ਸੋ, ਸੋ ਪੁਰਖ ਆਪ ਜਣਾਇੰਦਾ । ਹੰ ਬ੍ਰਹਮ ਢੋਆ ਢੋ, ਬਣ ਵਿਚੋਲਾ ਖੇਲ ਕਰਾਇੰਦਾ । ਸੋਹੰ ਸ਼ਬਦ ਨਵਾਂ ਨਰੋ, ਆਤਮ ਪਰਮਾਤਮ ਬੰਧਨ ਪਾਇੰਦਾ । ਆਦਿ ਜੁਗਾਦਿ ਤ੍ਰੈ ਤ੍ਰੈ ਲੋਅ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਬਿਨ ਸੋਹੰ ਦਿਸੇ ਨਾ ਕੋ, ਲੱਖ ਚੁਰਾਸੀ ਮੌਲ ਕੰਤ ਕੰਤੂਹਲ ਏਕਾ ਨਾਮ ਜਣਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਸਮਝਾਇੰਦਾ । ਸਾਚਾ ਨਾਮ ਸੋਹੰ ਹੰਸਾ, ਹੰਸ ਮੁਖ ਵਡਿਆਈਆ । ਵਿਸ਼ਨ ਵਿਸ਼ਵ ਏਕਾ ਬੰਸਾ, ਬੰਸਾਵਲੀ ਆਪ ਅਖਵਾਈਆ । ਸਹੰਸਰ ਮੁਖ ਸ਼ੇਸ਼ ਗਾਏ ਸਹੰਸਾ, ਕੋਟਨ ਕੋਟ ਨਾਲ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਏਕਾ ਰੂਪ ਸਮਝਾਈਆ । ਸੋਹੰ ਰੂਪ ਲੱਖ ਚੁਰਾਸੀ ਨਾਤਾ, ਈਸ਼ ਜੀਵ ਖੇਲ ਕਰਾਇੰਦਾ । ਹੰ ਬ੍ਰਹਮ ਪੰਜ ਤੱਤ ਦਿਤੀ ਦਾਤਾ, ਬ੍ਰਹਮ ਮੇਲਾ ਮੇਲ ਮਿਲਾਇੰਦਾ । ਅੰਦਰ ਵੜ ਪੁਰਖ ਸਮਰਾਥਾ, ਸਮਰਥ ਆਪਣੀ ਗੰਢ ਪੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਪਰਗਟਾਇੰਦਾ । ਸੋਹੰ ਨਾਮ ਕਰ ਪਰਗਟ, ਪਰਗਟ ਆਪਣਾ ਭੇਵ ਚੁਕਾਇੰਦਾ । ਆਦਿ ਜੁਗਾਦੀ ਸਾਚਾ ਹੱਟ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੋਟਨ ਨਾਮ ਪੜ੍ਹ ਪੜ੍ਹ ਜਾਣ ਰਟ, ਮਨ ਕਾ ਮਣਕਾ ਨਾਲ ਰਖਾਇੰਦਾ । ਏਕਾ ਨਾਮ ਵਸੇ ਘਟ ਘਟ, ਬਾਹਰ ਨਜ਼ਰ ਕਿਸੇ ਨਾ ਆਇੰਦਾ । ਗੁਰਮੁਖ ਲਾਹਾ ਲਏ ਖੱਟ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਸੋਹੰ ਸ਼ਬਦ ਮਹਿਮਾ ਅਕਥ, ਨਾਨਕ ਨਿਰਗੁਣ ਸਿਫ਼ਤ ਸਾਲਾਹਿੰਦਾ । ਸੋਹੰ ਸ਼ਬਦ ਚਲਾਏ ਰਥ, ਲੱਖ ਚੁਰਾਸੀ ਗੇੜ ਭੁਆਇੰਦਾ । ਸੋਹੰ ਸ਼ਬਦ ਸਾਚੀ ਵਥ, ਘਰ ਸਾਚੇ ਆਪ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸੋਹੰ ਰੂਪ ਕਰ ਪਰਤੱਖ, ਹੰ ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਨਾਮ ਦੇਵੇ ਦੱਸ, ਤਿਸ ਆਪਣੇ ਵਿਚ ਸਮਾਇੰਦਾ । ਸਾਚਾ ਨਾਮ ਪੂਰਨ ਕਾਮ, ਇਛਿਆ ਅਵਰ ਰਹਿਣ ਨਾ ਪਾਈਆ । ਨਿਰਗੁਣ ਮਿਲਿਆ ਹਰਿ ਭਗਵਾਨ, ਸ੍ਰੀ ਭਗਵਾਨ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਮਿਲਿਆ ਦਾਨ, ਪਰਮ ਪੁਰਖ ਦਏ ਵਡਿਆਈਆ । ਘਰ ਸੱਜਣ ਮਿਲੇ ਸਾਚਾ ਕਾਹਨ, ਹਰਿ ਮੰਡਲ ਰਾਸ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਆਪਣਾ ਭੇਵ ਚੁਕਾਈਆ । ਮਿਲਿਆ ਨਾਮ ਚੁੱਕਿਆ ਭੇਵ, ਭੇਵ ਰਹੇ ਨਾ ਰਾਇਆ । ਪਾਰਬ੍ਰਹਮ ਪ੍ਰਭ ਸਾਚੀ ਸੇਵ, ਹੰ ਬ੍ਰਹਮ ਸੇਵ ਕਮਾਇਆ । ਅਲੱਖ ਅਗੋਚਰ ਦੇਵੀ ਦੇਵ, ਦੇਵਤ ਆਪਣਾ ਰੂਪ ਧਰਾਇਆ । ਆਦਿ ਜੁਗਾਦਿ ਸਦਾ ਨਿਹਕੇਵ, ਨਿਹਚਲ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਆਦਿ ਜੁਗਾਦਿ, ਏਕਾ ਵੱਖਰ ਆਤਮ ਪਰਮਾਤਮ ਬੰਧਨ ਪਾਇਆ । ਆਤਮ ਪਰਮਾਤਮ ਸਾਚਾ ਬੰਧਨ, ਹਰਿ ਸਤਿਗੁਰ ਆਪ ਰਖਾਈਆ । ਜੋਤ ਲਿਲਾਟੀ ਏਕਾ ਚੰਦਨ, ਮਸਤਕ ਟਿੱਕਾ ਲਾਈਆ । ਅੰਤਰ ਅੰਤਰ ਇਕ ਪਰਮਾਨੰਦਨ, ਪਰਮ ਪੁਰਖ ਰਖਾਈਆ । ਗੀਤ ਸੁਹਾਗੀ ਏਕਾ ਛੰਦਨ, ਸੋਹੰ ਸ਼ਬਦ ਕਰੇ ਪੜ੍ਹਾਈਆ । ਨਾਤਾ ਤੁੱਟੇ ਜੇਰਜ ਅੰਡਨ, ਅੰਦਰੇ ਅੰਦਰ ਗੰਢ ਪੁਵਾਈਆ । ਗੁਰਮੁਖ ਮੇਲਾ ਮੁਕੰਦ ਮਨੋਹਰ ਮਕੁੰਦਨ, ਨੇਤਰ ਨੈਣ ਨੈਣ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਵਖਾਏ ਸਾਚੇ ਘਰ, ਘਰ ਸਾਚਾ ਆਪ ਸੁਹਾਈਆ । ਸਾਚਾ ਘਰ ਗੁਰਮੁਖ ਦਵਾਰ, ਗੁਰ ਗੁਰ ਆਪ ਵਡਿਆਇੰਦਾ । ਕਲਜੁਗ ਅੰਤਮ ਵੇਖ ਵਿਚਾਰ, ਵੇਖਣਹਾਰਾ ਦਇਆ ਕਮਾਇੰਦਾ । ਜੁਗ ਚੌਕੜੀ ਕਰਜ ਉਤਾਰ, ਆਪ ਆਪਣਾ ਮੂਲ ਸਮਝਾਇੰਦਾ । ਹਰਿਜਨ ਸਾਚੇ ਕਰੇ ਪਿਆਰ, ਸਿਰ ਆਪਣਾ ਹੱਥ ਟਿਕਾਇੰਦਾ । ਹਰਿ ਕਾ ਨਾਮ ਵਣਜ ਵਾਪਾਰ, ਸਾਚੀ ਹੱਟ ਵਖਾਇੰਦਾ । ਰਸਨਾ ਜੇਹਵਾ ਇਕ ਅਧਾਰ, ਮਨ ਮਨਸਾ ਪੂਰ ਕਰਾਇੰਦਾ । ਸੋਹੰ ਸ਼ਬਦ ਸਚ ਜੈਕਾਰ, ਆਤਮ ਪਰਮਾਤਮ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸਾਚਾ ਦਾਨ, ਸਾਚੀ ਵਸਤ ਆਤਮ ਝੋਲੀ ਪਾਇੰਦਾ ।

## ★ ੧੬ ਮਾਘ ੨੦੧੮ ਬਿਕ੍ਰਮੀ ਤੇਜ਼ ਭਾਨ ਸ਼ੇਖਸਰ ਜੰਮੂ ★

ਬਿਨ ਤਾਰੋਂ ਰੱਖੀ ਤੰਦੀ, ਹਰਿ ਸਚ ਸਿਤਾਰ ਵਜਾਇੰਦਾ । ਧਰਤ ਮਾਤ ਮੰਗ ਮੰਗੀ, ਖਾਲੀ ਧਵਲ ਵੇਖ ਵਖਾਇੰਦਾ । ਨੇਤਰ ਰੋਵੇ ਸੁਹਾਗਣ ਰੰਡੀ, ਧੀਰਜ ਧੀਰ ਨਾ ਕੋਈ ਧਰਾਇੰਦਾ । ਚਾਰੋਂ ਕੁੰਟ ਹੋਏ ਵਰਭੰਡੀ, ਸਿਰ ਹੱਥ ਨਾ ਕੋਈ ਰਖਾਇੰਦਾ । ਮੈਂ ਨੇਤਰ ਨੈਣ ਹੋਈ ਅੰਧੀ, ਮਿਹਰ ਨਜ਼ਰ ਨਾ ਕੋਈ ਟਿਕਾਇੰਦਾ । ਮੈਂ ਚਾਰ ਜੁਗ ਪਈ ਖਾਨੇਬੰਦੀ, ਮੇਰੇ ਬੰਦ ਨਾ ਕੋਈ ਤੁੜਾਇੰਦਾ । ਮੇਰੇ ਸੀਨੇ ਪਾਵੇ ਠੰਡੀ, ਤੂੰ ਸਭ ਦੀ ਆਸ ਪੁਚਾਇੰਦਾ । ਮੈਂ ਬਿਰਹੋਂ ਵੈਰਾਗਣ ਭਾਗਾਂ ਮੰਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਵਰ ਸਾਚਾ ਇਕ ਮੰਗਾਇੰਦਾ । ਬਿਨ ਤਾਰ ਵੱਜੇ ਤੰਦ, ਤੰਦ ਤੰਦ ਨਾਲ ਮਿਲਾਈਆ । ਮੇਰੇ ਸਾਹਿਬ ਸੁਲਤਾਨ ਸਦਾ ਬਖ਼ਸ਼ੰਦ, ਤੇਰੇ ਹੱਥ ਵਡੀ ਵਡਿਆਈਆ । ਤੂੰ ਦਾਤਾ ਗੁਣੀ ਗਹਿੰਦ, ਗਹਿਰ ਗੰਭੀਰ ਸਦਾ ਸਮਾਈਆ । ਮੇਰੀ ਮੇਟ ਸਗਲੀ ਚਿੰਦ, ਧਰਤ ਮਾਤ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਬਿਨ ਤੰਦੀ ਵੱਜੇ ਰਾਗ, ਹਰਿ ਸਾਚਾ ਆਪ ਅਲਾਇੰਦਾ । ਧਰਨੀ ਧਰਤ ਵੈਰਾਗ, ਵੈਰਾਗੀ ਰੂਪ ਵਖਾਇੰਦਾ । ਬਣ ਨਿਮਾਣੀ ਗਈ ਜਾਗ, ਆਲਸ ਨਿੰਦਰਾ ਵੇਖ ਵਖਾਇੰਦਾ । ਤੇਰੀ ਆਸਾ ਹੋਈ ਕਾਗ, ਹੰਸ ਰੂਪ ਨਾ ਕੋਇ ਵਟਾਇੰਦਾ । ਮੇਰੇ ਸਾਲੂ ਲੱਗਾ ਦਾਗ਼, ਦੁਰਮਤ ਮੈਲ ਨਾ ਕੋਈ ਧਵਾਇੰਦਾ । ਨਾਤਾ ਤੁਟਾ ਕੰਤ ਸੁਹਾਗ, ਬੰਧਨ ਸੀਸ ਨਾ ਕੋਇ ਤੁੜਾਇੰਦਾ । ਚਾਰੋਂ ਕੁੰਟ ਜਾਣਾ ਜਾਗ, ਆਪਣਾ ਡੰਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕ ਸੁਹਾਇੰਦਾ । ਤਾਰ ਸਿਤਾਰ ਏਕਾ ਧਾਰ, ਬਿਨ ਤੰਦੀ ਆਪ ਹਿਲਾਈਆ । ਕਰੇ ਖੇਲ ਆਪ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਲੇਖਾ ਜਾਣੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫੇਰਾ ਪਾਈਆ । ਨਿਰਗੁਣ ਸਰਗੁਣ ਹੋ ਪਰਧਾਨ, ਜੁਗ ਜੁਗ ਵੇਸ ਵਟਾਈਆ । ਭਗਤਾਂ ਦੇਵੇ ਭਗਤੀ ਦਾਨ, ਵਸਤ ਅਮੋਲਕ ਝੋਲੀ ਪਾਈਆ । ਸੰਤ ਸੁਹੇਲੇ ਆਪ ਪਛਾਣ, ਦਰ ਸਾਚੇ ਲਏ ਮਿਲਾਈਆ । ਗੁਰਮੁਖਾਂ ਦੇਵੇ ਨਾਮ ਨਿਧਾਨ, ਅਨਮੁਲੜੀ ਦਾਤ ਆਪ ਵਰਤਾਈਆ । ਗੁਰਸਿਖ ਸੱਚੇ ਲਏ ਪਛਾਣ, ਆਤਮ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਬਿਨ ਤੰਦੀ ਨਾਉਂ ਮਰਦੰਗ, ਹਰਿ ਸੱਜਣ ਆਪ ਵਜਾਇੰਦਾ । ਕਰੇ ਖੇਲ ਸੂਰਾ ਸਰਬੰਗ, ਭੇਵ ਕੋਇ ਨਾ ਆਇੰਦਾ । ਲੇਖਾ ਜਾਣੇ ਸੂਰਜ ਚੰਦ, ਮੰਡਲ ਮੰਡਪ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪ ਆਪਣਾ ਭੇਵ ਜਣਾਇੰਦਾ । ਭੇਵ ਜਣਾਏ ਸ੍ਰੀ ਭਗਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਖੇਲੇ ਖੇਲ ਜੁਗਾਂ ਜਗੰਤ, ਆਦਿ ਜੁਗਾਦਿ ਜੁਗ ਜੁਗ ਵੇਸ ਵਟਾਈਆ । ਲੱਖ ਚੁਰਾਸੀ ਵੇਖੇ ਜੰਤ, ਘਟ

ਘਟ ਰਿਹਾ ਸਮਾਈਆ । ਗੁਰਮੁਖ ਮੇਲਾ ਨਾਰ ਕੰਤ, ਸੋਭਾਵੰਤ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੇਲ ਰਿਹਾ ਵਰਤਾਈਆ । ਧਰਨੀ ਧਰਤ ਧਵਲ ਰੋ, ਨੇਤਰ ਨੈਣਾਂ ਨੀਰ ਵਹਾਇਆ । ਖੁਲੜੇ ਕੇਸ ਰਹੀ ਖੋਹ, ਬਹਿਬਲ ਆਪਣਾ ਰੂਪ ਵਟਾਇਆ । ਮੇਰਾ ਨਾਤਾ ਤੁਟਾ ਮੋਹ, ਮੇਰਾ ਸੰਗ ਨਾ ਕੋਇ ਰਖਾਇਆ । ਸਾਧ ਸੰਤ ਕਰਨ ਧਰੋਹ, ਧੀਆਂ ਭੈਣਾਂ ਰਹੇ ਤਕਾਇਆ । ਤੁਧ ਬਿਨ ਸਹਾਈ ਨਾ ਕੋ, ਸਿਰ ਮੇਰੇ ਹੱਥ ਨਾ ਕੋਈ ਰਖਾਇਆ । ਮੈਂ ਫਿਰ ਕੇ ਆਈ ਤ੍ਰੈਲੋਅ, ਲੋਕ ਪਰਲੋਕ ਵੇਖ ਵਖਾਇਆ । ਕੋਈ ਨਾ ਦੇਵੇ ਢੋਆ ਢੋਅ, ਸਭ ਧੱਕਾ ਰਹੇ ਲਗਾਇਆ । ਮੇਰੇ ਨਾਲ ਨਾ ਸਕੇ ਕੋਈ ਛੋਹ, ਜਾਤ ਪਾਤ ਵੰਡ ਵੰਡਾਇਆ । ਮੈਂ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਆਈ ਟੋਹ, ਤੇਰਾ ਨੂਰ ਨਜ਼ਰ ਕਿਸੇ ਨਾ ਆਇਆ । ਦੀਨ ਮਜ਼੍ਹਬ ਬਣ ਬਣ ਬੈਠੇ ਗਰੋਹ, ਤੇਰੀ ਝੂਠੀ ਵੰਡ ਵੰਡਾਇਆ । ਹਿੰਦੂ ਮੁਸਲਮ ਸੂਰ ਗਾਂ ਰਹੇ ਕੋਹ, ਛੁਰੀ ਤੇਰੇ ਉਤੇ ਚਲਾਇਆ । ਮੈਂ ਇਸੇ ਕਰਕੇ ਤੇਰੇ ਅੱਗੇ ਰਹੀ ਰੋ, ਦੋਏ ਜੋੜ ਵਾਸਤਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਪੂਰੀ ਆਸ ਕਰਾਇਆ । ਬਿਨ ਤੰਦੀ ਵੱਜੇ ਤਾਰ, ਸੋ ਪੁਰਖ ਨਿਰੰਜਣ ਆਪ ਵਜਾਈਆ । ਸ਼ਬਦੀ ਸ਼ਬਦ ਬੋਧ ਅਗਾਧ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਏਕੰਕਾਰਾ ਰੱਖੇ ਯਾਦ, ਭੁੱਲ ਕਦੇ ਨਾ ਜਾਈਆ । ਆਦਿ ਨਿਰੰਜਣ ਦੇਵੇ ਦਾਦ, ਜੋਤੀ ਜੋਤ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਮਾਰ ਆਵਾਜ਼, ਏਕਾ ਰਾਗ ਸੁਣਾਈਆ । ਅਬਿਨਾਸ਼ੀ ਕਰਤਾ ਰੱਖੇ ਲਾਜ, ਸਿਰ ਤੇਰੇ ਹੱਥ ਟਿਕਾਈਆ । ਪਾਰਬ੍ਰਹਮ ਸੁਵਾਰੇ ਕਾਜ, ਕਰਤਾ ਪੁਰਖ ਹੋਏ ਸਹਾਈਆ । ਪਰਗਟ ਹੋ ਗ਼ਰੀਬ ਨਿਵਾਜ਼, ਦੀਨਨ ਦਇਆ ਆਪ ਕਮਾਈਆ । ਲੱਖ ਚੁਰਾਸੀ ਵੇਖੇ ਭਾਜ, ਚਾਰੋਂ ਕੁੰਟ ਫੇਰਾ ਪਾਈਆ । ਜਿਸ ਸਾਜਨ ਤੇਰਾ ਲਿਆ ਸਾਜ, ਸੋ ਸਾਹਿਬ ਲਏ ਬਚਾਈਆ । ਤੂੰ ਇਕੋ ਰੱਖਣੀ ਯਾਦ, ਪ੍ਰਭ ਮਿਲੇ ਸੱਚਾ ਮਾਹੀਆ । ਕੂੜੀ ਕਿਰਿਆ ਵਿਚੋਂ ਲਏ ਕਾਢ, ਸਾਚੇ ਮਾਰਗ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਏਕਾ ਗੁਣ ਸਮਝਾਈਆ । ਬਿਨ ਤੰਦੀ ਰਾਗ ਅਵੱਲੜਾ, ਸੱਚਾ ਆਪ ਵਜਾਇੰਦਾ । ਵਸਣਹਾਰਾ ਸਚ ਮਹੱਲੜਾ, ਸਚ ਸਾਚੀ ਕਾਰ ਕਮਾਇੰਦਾ । ਸਚ ਸੰਦੇਸਾ ਏਕਾ ਘਲੜਾ, ਹੁਕਮੀ ਹੁਕਮ ਸੁਣਾਇੰਦਾ । ਨਿਰਗੁਣ ਫੜਾਏ ਆਪਣਾ ਪਲੜਾ, ਦਾਮਨ ਆਪਣੇ ਨਾਲ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਤੰਦੀ ਤਾਰ ਹਿਲਾਇੰਦਾ । ਨਾ ਤੰਦੀ ਨਾ ਕੋਈ ਤਾਰ, ਤਾਲ ਤਲਵਾੜਾ ਨਾ ਕੋਈ ਵਜਾਈਆ । ਆਸਾ ਅੰਦਰ ਇਕ ਪਿਆਰ, ਆਸਾ ਆਸਾ ਵਿਚ ਸਮਾਈਆ । ਗੁਫ਼ਤ ਸ਼ਨੀਦ ਦੀਦ ਨਿਰੰਕਾਰ, ਆਪਣਾ ਰੂਪ ਵਖਾਈਆ । ਖੇਲੇ ਖੇਲ ਅਗੰਮ ਅਪਾਰ, ਅਗੰਮੜੀ ਧਾਰ ਚਲਾਈਆ । ਜੁਗ ਚੌਕੜੀ ਵੇਖੇ ਚਾਰ, ਗੇੜਾ ਆਪ ਭੁਵਾਈਆ । ਲਹਿਣਾ ਜਾਣੇ ਗੁਰ ਅਵਤਾਰ, ਪੀਰ ਪੈਗ਼ੰਬਰ ਸੇਵਾ ਲਾਈਆ । ਰਾਤੀ ਰੁੱਤੀ ਥਿਤੀ ਜਾਣੇ ਵਾਰ, ਘੜੀ ਪਲ ਨਾ ਵੰਡ ਵੰਡਾਈਆ । ਲੇਖਾ ਜਾਣੇ ਰਵ ਸਸ ਸੂਰਜ ਚੰਨ ਉਜਿਆਰ, ਮੰਡਲ ਮੰਡਪ ਬ੍ਰਹਿਮੰਡ ਕਰੇ ਰੁਸ਼ਨਾਈਆ । ਦਾਤਾ ਦਾਨੀ ਦੋ ਜਹਾਨ ਹਰਿ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਭੰਡਾਰ, ਤ੍ਰੈਗੁਣ ਏਕਾ ਬੰਧਨ ਪਾਈਆ । ਪੰਚ ਤੱਤ ਵੇਖ ਜਗਤ ਅਖਾੜ, ਲੱਖ ਚੁਰਾਸੀ ਨਾਚ ਨਚਾਈਆ । ਨਟੂਆ ਨਟ ਖੇਲ ਅਪਾਰ, ਸਵਾਂਗੀ ਸਵਾਂਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਸਮਝਾਈਆ । ਆਪਣਾ ਖੇਲ ਦੱਸੇ ਹਾਲ,

ਹਰਿ ਹਰਿ ਆਪ ਜਣਾਇਆ । ਜੁਗ ਚੌਕੜੀ ਬੀਤੇ ਕਾਲ, ਕੋਟਨ ਕੋਟ ਰੂਪ ਵਟਾਇਆ । ਗੁਰ ਅਵਤਾਰ ਬਣ ਬਣ ਦਲਾਲ, ਲੋਕਮਾਤ ਗਏ ਸਮਝਾਇਆ । ਕਰੇ ਖੇਲ ਦੀਨ ਦਿਆਲ, ਦਇਆਨਿਧ ਬੇਪਰਵਾਹੀਆ । ਅੰਤ ਹੱਲ ਨਾ ਹੋਇਆ ਕਿਸੇ ਕੋਲੋਂ ਸਵਾਲ, ਬੇਅੰਤ ਬੇਅੰਤ ਬੇਅੰਤ ਕਰ ਕਰ ਗਏ ਸੁਣਾਇਆ । ਏਕਾ ਨਾਮ ਨਾਮ ਧੰਨ ਮਾਲ, ਪੁਰਖ ਅਕਾਲ ਖਜ਼ਾਨਾ ਹੱਥ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਇਆ । ਆਪਣਾ ਖੇਲ ਕਰ ਕਰਤਾਰ, ਬਿਨ ਤੰਦੀ ਤਾਰ ਹਿਲਾਇੰਦਾ । ਘਰ ਘਰ ਬਹਿ ਬਹਿ ਕਰੇ ਵਿਚਾਰ, ਸੋਚਿਆਂ ਸੋਚ ਵਿਚ ਨਾ ਆਇੰਦਾ । ਜੁਗ ਜੁਗ ਲੇਖ ਅਪਰ ਅਪਾਰ, ਲੇਖਾ ਲੇਖੇ ਵਿਚ ਰਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ, ਕਲਜੁਗ ਵੇਲਾ ਅੰਤਮ ਆਇੰਦਾ । ਧਰਨੀ ਧਰਤ ਧਵਲ ਦੇ ਸਹਾਰ, ਸਿਰ ਤੇਰੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲਾਇੰਦਾ । ਧਰਨੀ ਉਠ ਕਰ ਧਿਆਨ, ਹਰਿ ਜੂ ਆਪ ਸੁਣਾਇੰਦਾ । ਚਾਰੋਂ ਕੁੰਟ ਦਿਸੇ ਵੈਰਾਨ, ਸਾਚਾ ਖੇੜਾ ਨਾ ਕੋਈ ਵਸਾਇੰਦਾ । ਭਠ ਹੋਇਆ ਗਿਆਨ ਧਿਆਨ, ਭੇਵ ਅਭੇਦ ਨਾ ਕੋਈ ਜਣਾਇੰਦਾ । ਚਾਰੇ ਵਰਨ ਹੋਏ ਸ਼ੈਤਾਨ, ਸ਼ਰਅ ਸ਼ਰੀਅਤ ਨਾਲ ਮਿਲਾਇੰਦਾ । ਸਾਚਾ ਰਾਗ ਨਾ ਸੁਣੇ ਕੋਈ ਕਾਨ, ਝੂਠਾ ਨਾਦ ਸਰਬ ਵਜਾਇੰਦਾ । ਚਾਰ ਦੀਵਾਰੀ ਮੰਦਰ ਮਕਾਨ, ਇੱਟਾਂ ਗਾਰਾ ਨਾਲ ਰਖਾਇੰਦਾ । ਘਟ ਮੰਦਰ ਨਾ ਵੇਖੇ ਕੋਈ ਮਾਰ ਧਿਆਨ, ਬੰਦ ਤਾਕ ਨਾ ਕੋਈ ਖੁਲ੍ਹਾਇੰਦਾ । ਸਤਿਗੁਰ ਮਿਲੇ ਨਾ ਕਿਸੇ ਆਣ, ਦੁਖੜਾ ਰੋਗ ਨਾ ਕੋਈ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਆਪ ਜਣਾਇੰਦਾ । ਏਕਾ ਗੁਣ ਸੁਣ ਲੈ ਪੁੱਤਰੀ ਧੀ, ਹਰਿ ਸੱਚੇ ਸਚ ਜਣਾਇਆ । ਤੇਰੀ ਵੰਡੀ ਹਰਿ ਜੂ ਸੀਂ, ਸਾਚੀ ਵੰਡ ਕਰਾਇਆ । ਗੋਬਿੰਦ ਬਾਲੇ ਰੱਖੇ ਹੇਠਾਂ ਨੀਂਹ, ਤੇਰਾ ਦੁਖੜਾ ਦਏ ਗਵਾਇਆ । ਉਤੇ ਬਰਖੇ ਗੁਰਮੁਖ ਮੀਂਹ, ਅੰਮ੍ਰਿਤ ਮੇਘ ਬਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਸੁਣਾਇਆ । ਤੇਰਾ ਦੁਖ ਵੰਡੇ ਦਰਦ, ਬੇਦਰਦੀ ਆਪ ਸਮਝਾਇੰਦਾ । ਸਭ ਦੇ ਸਿਰ ਤੋਂ ਛੁਰੀ ਹਟਾਏ ਕਰਦ, ਜਿਬ੍ਹਾ ਹਲਾਲ ਨਾ ਕੋਈ ਵਖਾਇੰਦਾ । ਪਰਗਟ ਹੋ ਕੇ ਆਵੇ ਇਕੋ ਮਰਦ, ਮਰਦ ਮਰਦਾਨਾ ਨਾਉਂ ਧਰਾਇੰਦਾ । ਤੇਰੇ ਸਿਰ ਤੇ ਦੇਵੇ ਪਰੇਮ ਫਰਦ, ਖੁਲ੍ਹੀ ਗੁੱਤ ਨਾ ਕੋਈ ਵਖਾਇੰਦਾ । ਅੱਗੇ ਹੋਣ ਦਾ ਦੇਵੇ ਹਰਜ਼, ਪਿਛਲਾ ਦੁੱਖ ਗਵਾਇੰਦਾ । ਤੇਰਾ ਲਾਹਵੇ ਆਪੇ ਕਰਜ਼, ਮਕਰੂਜ਼ ਫੇਰੀ ਪਾਇੰਦਾ । ਤੇਰੀ ਸਿਧੀ ਕਰੇ ਨਰਦ, ਨਾਰਦ ਮੁਨ ਨਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਆਪਣਾ ਭੇਵ ਹਰਿ ਜੂ ਦੱਸ, ਏਕਾ ਗੁਣ ਜਣਾਇਆ । ਬਾਲੀ ਕੰਨਿਆਂ ਉਠ ਉਠ ਹੱਸ, ਸਿਰ ਤੇਰੇ ਹੱਥ ਟਿਕਾਇਆ । ਤੇਰਾ ਸਾਹਿਬ ਹੋਏ ਵਸ, ਵੇਖੀਂ ਚਾਈਂ ਚਾਇਆ । ਨਿਰਗੁਣ ਲੋਕਮਾਤ ਆਏ ਨੱਸ, ਰੂਪ ਅਨੂਪ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਹੋਏ ਸਹਾਇਆ । ਧਰਤ ਮਾਤ ਕਹੇ ਮੈਂ ਰੰਡੀ, ਚਾਰੋਂ ਕੁੰਟ ਕੂਕ ਸੁਣਾਇਆ । ਮੇਰਾ ਕੋਈ ਨਾ ਸੰਗ ਕਰੇ ਵਰਭੰਡੀ, ਸਾਕ ਸੈਣ ਨਾ ਕੋਈ ਬਣਾਇਆ । ਨੱਕ ਨੱਥ ਸੁਹਾਗ ਨਾ ਕੰਨ ਡੰਡੀ, ਸੀਸ ਸੀਸ ਨਾ ਕੋਈ ਗੁੰਦਾਇਆ । ਮੈਂ ਜਾਏ ਬੈਠੀ ਕੰਢੀ, ਜਿਥੇ ਗੁਰ ਅਵਤਾਰ ਕਿਸੇ ਨਾ ਫੇਰਾ ਪਾਇਆ । ਮੈਂ ਭਾਗਹੀਣ ਭਾਗਾਂ ਮੰਦੀ, ਮੇਰਾ ਦੁਖੜਾ ਨਾ ਕੋਈ ਗਵਾਇਆ । ਚਾਰੋਂ ਕੁੰਟ ਵਾਸਨਾ ਗੰਦੀ, ਸੁਗੰਧੀ ਨਜ਼ਰ ਕੋਇ ਨਾ ਆਇਆ । ਮੈਂ ਬਹੁੜੀ

ਫਸ ਗਈ ਫੰਦੀ, ਮੇਰਾ ਫੰਦ ਨਾ ਕੋਈ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਧ ਬਿਨ ਅਵਰ ਨਾ ਕੋਈ ਸਹਾਇਆ । ਤੇਰੀ ਕੰਢੀ ਲੱਗੇ ਪਿਆਰੀ, ਹਰਿ ਸਾਚਾ ਸਚ ਜਣਾਇੰਦਾ । ਕਲਜੁਗ ਤੇਰੀ ਆਈ ਵਾਰੀ, ਅੰਤਮ ਤੇਰਾ ਲਹਿਣਾ ਮੁਕਾਇੰਦਾ । ਪਰਗਟ ਹੋ ਜੋਤ ਨਿਰੰਕਾਰੀ, ਨਿਰਗੁਣ ਆਪਣਾ ਖੇਲ ਕਰਾਇੰਦਾ । ਲਹਿਣਾ ਚੁਕਾਏ ਕ੍ਰਿਸ਼ਨ ਮੁਰਾਰੀ, ਮੁਕੰਦ ਮਨੋਹਰ ਮੁਕਟ ਆਪਣੇ ਸੀਸ ਟਿਕਾਇੰਦਾ । ਜਿਸ ਹੱਥ ਫੜੀ ਕਟਾਰੀ, ਪੰਜੇ ਪਾਡੋਂ ਸੁਤ ਸੀਸ ਕਟਾਇੰਦਾ । ਅੰਤਮ ਮੰਗੇ ਬਣ ਦਰ ਭਿਖਾਰੀ, ਨਿਉਂ ਨਿਉਂ ਸੀਸ ਝੁਕਾਇੰਦਾ । ਅਸਵਥਾਮਾ ਨੇਤਰ ਰੋਵੇ ਕਰੇ ਗਿਰਿਆਜ਼ਾਰੀ, ਨੈਣ ਨੀਰ ਨੀਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਪੰਡਤ ਮੰਗੇ ਏਕਾ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਮੈਂ ਭੁੱਲ ਗਿਆ ਭਗਵਾਨ, ਤੇਰਾ ਭੇਵ ਨਾ ਰਾਈਆ । ਮੈਂ ਮਾਰੇ ਬਾਲੇ ਨਾਦਾਨ, ਰੱਤ ਧਰਤ ਮਾਤ ਡੁਲ੍ਹਾਈਆ । ਮੇਰੀ ਬੁੱਧੀ ਹੋਈ ਸਵਾਨ, ਆਸਾ ਕਾਗ ਵਾਂਗ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੇਰੀ ਦੇਣੀ ਭੁੱਲ ਬਖ਼ਸ਼ਾਈਆ । ਅੱਗੋਂ ਧਰਤ ਮਾਤ ਕਰੇ ਪਕਾਰ, ਏਕਾ ਗੁਣ ਜਣਾਇਆ । ਸੋਲਾਂ ਕਲਾ ਕਲ ਅਵਤਾਰ, ਕ੍ਰਿਸ਼ਨਾ ਇਹ ਕੀ ਖੇਲ ਰਚਾਇਆ । ਤੇਰੇ ਹੱਥੋਂ ਹੋਇਆ ਵਿਭਚਾਰ, ਛੋਟੇ ਬਾਲੇ ਸੀਸ ਕਟਾਇਆ । ਹੁਣ ਪੰਡਤ ਕਰੇ ਗਿਰਿਆਜ਼ਾਰ, ਵੇਲਾ ਗਿਆ ਹੱਥ ਨਾ ਆਇਆ । ਮੈਂ ਦਰਦ ਭਰੀ ਕਰਾਂ ਪੁਕਾਰ, ਬਣ ਦਰਦੀ ਦਰਦ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇਆ । ਸਾਚਾ ਖੇਲ ਸ੍ਰੀ ਭਗਵਾਨ, ਏਕਾ ਏਕ ਕਰਾਇੰਦਾ । ਧਰਤ ਮਾਤ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਅਸਵਥਾਮਾ ਦੇਵੇ ਗਿਆਨ, ਏਕਾ ਗੁਣ ਵਖਾਇੰਦਾ । ਕਲਜੁਗ ਅੰਤਮ ਪਰਗਟ ਹੋਵੇ ਸ੍ਰੀ ਭਗਵਾਨ, ਆਪਣਾ ਖੇਲ ਕਰਾਇੰਦਾ । ਧਰਨੀ ਤੇਰਾ ਪੂਰਾ ਕਰੇ ਦਾਨ, ਦਾਤਾ ਦਾਨੀ ਵੇਸ ਵਟਾਇੰਦਾ । ਤੂੰ ਕੰਢੀ ਡੇਰਾ ਮੱਲੀਂ ਆਣ, ਜਿਥੇ ਫੇਰਾ ਕੋਈ ਨਾ ਪਾਇੰਦਾ । ਕਿਰਪਾ ਕਰੇ ਆਪ ਮਿਹਰਵਾਨ, ਸਾਚੇ ਪ੍ਰੋਹਿਤ ਜਨਮ ਦਵਾਇੰਦਾ । ਆਪ ਹੋਏ ਫੇਰ ਨਿਗਹਬਾਨ, ਨੈਣ ਨੈਣ ਨਾਲ ਮਿਲਾਇੰਦਾ । ਨੂਰੀ ਤੇਜ ਤੇਜ ਭਾਨ, ਭਾਨ ਭਾਨ ਵਿਚ ਪਰਕਾਸ਼ ਵਖਾਇੰਦਾ । ਬਿਨ ਪੜ੍ਹਿਆਂ ਇਕ ਗਿਆਨ, ਬਿਨ ਵਿਦਿਆ ਭੇਵ ਮੁਕਾਇੰਦਾ । ਤੇਰਾ ਨਾਤਾ ਜੋੜੇ ਵਿਚ ਜਹਾਨ, ਸਾਚਾ ਬੰਧਨ ਪਾਇੰਦਾ । ਚਲ ਕੇ ਆਏ ਸ੍ਰੀ ਭਗਵਾਨ, ਤੇਰਾ ਲਹਿਣਾ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰਾ ਆਪਣੇ ਹੱਥ ਰਖਾਇੰਦਾ । ਸਚ ਵਿਹਾਰਾ ਸ਼ਾਹੋ ਭੂਪ, ਹਰਿ ਸਤਿਗੁਰ ਆਪ ਕਰਾਈਆ । ਨਾ ਕੋਈ ਰੰਗ ਨਾ ਕੋਈ ਰੂਪ, ਰੇਖ ਨਜ਼ਰ ਕਿਸੇ ਨਾ ਆਈਆ । ਆਪੇ ਵੰਡੀ ਆਪਣੀ ਕੂਟ, ਆਪੇ ਫੇਰਾ ਪਾਈਆ । ਆਪੇ ਦੇਵੇ ਆਪਣਾ ਸਚ ਸਬੂਤ, ਲਿਖਣ ਪੜ੍ਹਨ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧਰਤ ਧਵਲ ਤੇਰੀ ਪੂਰੀ ਆਸਾ, ਆਸਾਵੰਤ ਕਰਾਇੰਦਾ । ਜੁਗ ਚੌਕੜੀ ਦੇ ਭਰਵਾਸਾ, ਲਹਿਣਾ ਮੂਲ ਚੁਕਾਇੰਦਾ । ਕਰੇ ਖੇਲ ਪੁਰਖ ਅਬਿਨਾਸ਼ਾ, ਅਬਿਨਾਸ਼ੀ ਧਾਰ ਚਲਾਇੰਦਾ । ਸਦਾ ਸੁਹੇਲਾ ਵਸੇ ਪਾਸਾ, ਵਿਛੜ ਕਦੇ ਨਾ ਜਾਇੰਦਾ । ਰਲ ਮਿਲ ਸਾਰੇ ਕਰੋ ਹਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਰਾਇੰਦਾ । ਸਾਚੀ ਦਇਆ ਦਇਆਵਾਨ, ਹਰਿ ਸਾਚਾ ਸਚ ਜਣਾਈਆ । ਦਰੋਨਾਚਾਰਜ਼ ਜਿਨ੍ਹਾਂ ਨੂੰ ਦਿਤਾ ਗਿਆਨ, ਏਕਾ

ਕਰੀ ਪੜ੍ਹਾਈਆ । ਸੋ ਤੇਰੀ ਕੁੱਖੋਂ ਜਨਮ ਲੈਣ ਆਣ, ਉਤੇ ਕੰਢੀ ਡੇਰਾ ਲਾਈਆ । ਤਿਨ੍ਹਾਂ ਅੰਤ ਮਿਲੇ ਭਗਵਾਨ, ਚਾਰੋਂ ਕੁੰਟ ਲਏ ਉਠਾਈਆ । ਸ਼ਬਦ ਸੁਰਤ ਇਕ ਧਿਆਨ, ਏਕਾ ਰਾਗ ਅਲਾਈਆ । ਚਰਨ ਕਵਲ ਬਖ਼ਸ਼ੇ ਮਾਣ, ਮਾਣ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖੇਲਾ, ਖੇਲਣਹਾਰ ਭੇਵ ਨਾ ਆਇਆ । ਲੇਖੇ ਲਾਏ ਗੁਰੂ ਗੁਰ ਚੇਲਾ, ਚੇਲਾ ਆਪਣਾ ਨਾਮ ਧਰਾਇਆ । ਹਰਿ ਸੰਗਤ ਹਰਿ ਜੂ ਕਰੇ ਮੇਲਾ, ਪਹਿਲਾ ਦੁੱਖ ਗਵਾਇਆ । ਵਸਣਹਾਰਾ ਧਾਮ ਨਵੇਲਾ, ਲੋਕਮਾਤ ਵੇਸ ਵਟਾਇਆ । ਆਦਿ ਜੁਗਾਦਿ ਸੱਜਣ ਸੁਹੇਲਾ, ਜੁਗ ਜੁਗ ਆਪਣੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰੇਮ ਪਿਆਰ ਏਕਾ ਘਰ ਵਖਾਇਆ । ਪਰੇਮ ਪਿਆਰ ਪਾਏ ਗੰਢ, ਹਰਿ ਗੰਢਣਹਾਰ ਗੋਪਾਲ । ਆਤਮ ਅੰਤਰ ਰੱਖੇ ਠੰਡ, ਦੀਨਾਂ ਬੰਧਪ ਦੀਨ ਦਿਆਲ । ਦੂਈ ਦਵੈਤੀ ਢਾਹੇ ਕੰਧ, ਇਕ ਵਖਾਏ ਸੱਚੀ ਧਰਮਸਾਲ । ਏਕਾ ਨੂਰ ਏਕਾ ਚੰਦ, ਏਕਾ ਜਲਵਾ ਦਏ ਜਲਾਲ । ਏਕਾ ਤੋੜੇ ਖਾਨਾਬੰਦ, ਏਕਾ ਚਲੇ ਨਾਲ ਨਾਲ । ਇਕ ਵਜਾਏ ਸਚ ਰਬਾਬ ਤੰਦ, ਬਿਨ ਤੰਦੀ ਬਣ ਦਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਚਾ ਸ੍ਰੀ ਭਗਵਾਨ । ਸ੍ਰੀ ਭਗਵਾਨ ਕੀ ਕਰੇ ਵਿਚਾਰਾ, ਆਪਣਾ ਜੁਗ ਜੁਗ ਮੂਲ ਮੁਕਾਈਆ । ਭਗਤਾਂ ਦਰ ਬਣਿਆ ਰਹੇ ਵਣਜਾਰਾ, ਬਣ ਸੇਵਕ ਸੇਵ ਕਮਾਈਆ । ਆਦਿ ਅੰਤ ਕੱਟਦਾ ਰਹੇ ਵਗਾਰਾ, ਬਣ ਵਗਾਰੀ ਫੇਰਾ ਪਾਈਆ । ਗੁਰਮੁਖਾਂ ਅੱਗੇ ਕੱਢਦਾ ਰਹੇ ਹਾੜਾ, ਜਿਉਂ ਧੰਨੇ ਜੱਟ ਸੀਸ ਨਿਵਾਈਆ । ਆਪੇ ਦੋਏ ਦੋਏ ਜੋੜ ਕਰੇ ਨਿਮਸਕਾਰਾ, ਅੰਦਰ ਵੜ ਵੜ ਸੀਸ ਝੁਕਾਈਆ । ਗੁਰਸਿਖ ਤੇਰਾ ਇਕ ਸਹਾਰਾ, ਦੂਜੀ ਓਟ ਨਾ ਕੋਈ ਤਕਾਈਆ । ਤੇਰਾ ਮੰਦਰ ਮੇਰਾ ਚੁਬਾਰਾ, ਚਾਰ ਕੁੰਟ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਰਾਗੀ ਰਾਗ ਸੁਣਾਈਆ । ਅਨਰਾਗੀ ਗਾਏ ਆਪਣਾ ਰਾਗ, ਰਾਗ ਨਾਦ ਭੇਵ ਨਾ ਰਾਇਆ । ਲੇਖਾ ਜਾਣੇ ਬ੍ਰਹਮ ਬ੍ਰਹਮਾਦਿ, ਪਾਰਬ੍ਰਹਮ ਬੇਪਰਵਾਹਿਆ । ਵੇਸ ਵਟਾਏ ਆਦਿ ਜੁਗਾਦਿ, ਜੁਗ ਜੁਗ ਰੂਪ ਧਰਾਇਆ । ਨਾਮ ਜਣਾਏ ਬੋਧ ਅਗਾਧ, ਸ਼ਬਦੀ ਸ਼ਬਦ ਸੁਣਾਇਆ । ਸੰਤ ਸੁਹੇਲੇ ਆਪੇ ਕਾਢ, ਆਪ ਆਪਣੀ ਗੋਦ ਬਹਾਇਆ । ਨਿਰਗੁਣ ਸਰਗੁਣ ਕਰੇ ਲਾਡ, ਪਰੇਮ ਪਿਆਰ ਇਕ ਵਧਾਇਆ । ਲੇਖਾ ਜਾਣੇ ਮੋਹਣ ਮਾਧਵ ਮਾਧ, ਸ਼ਬਦੀ ਸ਼ਬਦ ਸੁਣਾਇਆ । ਬਿਨ ਤੰਦੀ ਵੱਜੇ ਸਾਜ, ਸਚ ਤੰਬੂਰ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਆਪ ਜਣਾਇਆ । ਜੁਗ ਜੁਗ ਲੇਖਾ ਧਰਤ ਮਾਤ, ਧੁਰ ਦਰਬਾਰੀ ਆਪ ਜਣਾਇੰਦਾ । ਨਾ ਕੋਈ ਕਲਮ ਨਾ ਦਵਾਤ, ਬਿਨ ਸ਼ਾਹੀ ਖੇਲ ਕਰਾਇੰਦਾ । ਸਦਾ ਸੁਹੇਲਾ ਇਕ ਅਕੇਲਾ ਦੇਵਣਹਾਰਾ ਅਨਡਿਠੜੀ ਦਾਤ, ਵਸਤ ਅਮੋਲਕ ਨਾਮ ਵਰਤਾਇੰਦਾ । ਜੁਗ ਜੁਗ ਰੱਖੇ ਡੂੰਘਾ ਖਾਤ, ਭੇਵ ਕੋਇ ਨਾ ਪਾਇੰਦਾ । ਕਲਜੁਗ ਅੰਤਮ ਖੋਲ੍ਹੇ ਤਾਕ, ਬਣ ਬਰਦਾ ਸੇਵ ਕਮਾਇੰਦਾ । ਧਰਤ ਧਵਲ ਤੇਰੀ ਸੁੱਤਾ ਖਾਟ, ਗੁਰਮੁਖ ਆਤਮ ਸੇਜਾ ਇਕ ਹੰਢਾਇੰਦਾ । ਦੋ ਜਹਾਨਾਂ ਕੱਟ ਕੇ ਆਇਆ ਵਾਟ, ਬਣ ਪਾਂਧੀ ਪੰਧ ਮੁਕਾਇੰਦਾ । ਚਰਨ ਸਰਨ ਸਰਨਾਈ ਬੰਨ੍ਹੇ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਕੂੜੀ ਕਿਰਿਆ ਮੇਟੇ ਨਾਰ ਕਮਜਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਲਹਿਣਾ ਆਪ ਚੁਕਾਇੰਦਾ । ਜੁਗ ਜੁਗ ਲਹਿਣਾ ਚੁਕਾਵਣ ਖਾਤਰ, ਹਰਿ ਜੂ ਆਪਣੀ ਖੇਲ ਕਰਾਈਆ । ਗੁਰ ਅਵਤਾਰਾਂ

ਸਨੇਹੜਾ ਦੇ ਦੇ ਪਾਤਰ, ਗੁਰ ਗੁਰ ਬਾਣੀ ਨਾਉਂ ਧਰਾਈਆ । ਮਨ ਮਤ ਬੁਧ ਨਾ ਬਣੇ ਚਾਤਰ, ਚਤੁਰਾਈ ਕੋਇ ਨਜ਼ਰ ਨਾ ਆਈਆ । ਜਨ ਭਗਤਾਂ ਦੇਵੇ ਸਾਚਾ ਆਦਰ, ਦਰ ਸਾਚੇ ਆਪ ਬਹਾਈਆ । ਸੰਤ ਸੁਹੇਲੇ ਵੇਖ ਬਹਾਦਰ, ਸਿਰ ਆਪਣਾ ਹੱਥ ਟਿਕਾਈਆ । ਗੁਰਮੁਖ ਨੁਹਾਏ ਸਾਚੇ ਸਾਗਰ, ਦੁਰਮਤ ਮੈਲ ਧੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਆਪ ਮੁਕਾਈਆ । ਪੂਰਬ ਲਹਿਣਾ ਹਰਿਜਨ ਲੈਣਾ, ਦੇਵਣਹਾਰ ਨਿਰੰਕਾਰਾ । ਕਲਜੁਗ ਅੰਤਮ ਵੇਖਣਾ ਨੈਣਾ, ਖੇਲੇ ਖੇਲ ਅਗੰਮ ਅਪਾਰਾ । ਲੱਖ ਚੁਰਾਸੀ ਭਾਣਾ ਸਹਿਣਾ, ਚਾਰੋਂ ਕੁੰਟ ਧੂਆਂਧਾਰਾ । ਧਰਤ ਧਵਲ ਤੇਰੇ ਤਨ ਸਾਚਾ ਗਹਿਣਾ, ਸਤਿਜੁਗ ਸਚ ਕਰੇ ਸ਼ਿੰਗਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਾ । ਅਪਰ ਅਪਾਰ ਹਰਿ ਸਵਾਮੀ, ਮਹਿਮਾ ਅਗਣਤ ਗਣੀ ਨਾ ਜਾਈਆ । ਆਦਿ ਜੁਗਾਦਿ ਘਟ ਘਟ ਅੰਤਰਜਾਮੀ, ਅੰਤਰ ਆਤਮਾ ਬੂਝ ਬੁਝਾਈਆ । ਨਿਰਵੈਰ ਨਿਰਗੁਣ ਸਦਾ ਨਿਹਕਾਮੀ, ਨਿਹਚਲ ਧਾਮ ਡੇਰਾ ਲਾਈਆ । ਆਪਣੀ ਇਛਿਆ ਗੁਰ ਗੁਰ ਬਾਣੀ, ਗੁਰ ਅਵਤਾਰਾਂ ਆਪ ਸੁਣਾਈਆ । ਸਚਖੰਡ ਦੀ ਸਚ ਕਹਾਣੀ, ਲੋਕਮਾਤ ਪਰਗਟਾਈਆ । ਲੇਖਾ ਜਾਣੇ ਚਾਰ ਖਾਣੀ, ਚਾਰੇ ਬਾਣੀ ਰੂਪ ਵਟਾਈਆ । ਸਤਿਗੁਰ ਮਿਲਾਵਾ ਗੁਰ ਗੁਰ ਹਾਣੀ, ਗੁਰ ਗੁਰ ਗੁਰਮੁਖ ਲਏ ਉਠਾਈਆ । ਦੋਹਾਂ ਵਿਚੋਲਾ ਅੰਮ੍ਰਿਤ ਬਾਣੀ, ਨਿਝਰ ਝਿਰਨਾ ਮੁੱਖ ਝਿਰਾਈਆ । ਆਤਮ ਸੁਰਤੀ ਬਣ ਸਵਾਣੀ, ਹੋ ਨਿਮਾਣੀ ਸੇਵ ਕਮਾਈਆ । ਆਪ ਜਣਾਏ ਧੁਰ ਫ਼ਰਮਾਣੀ, ਸਚ ਸੰਦੇਸਾ ਇਕ ਸੁਣਾਈਆ । ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਹਰਿ ਸੁਲਤਾਨੀ, ਸਾਚੇ ਤਖ਼ਤ ਬੈਠਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪਰੇਮ ਆਪ ਵਧਾਈਆ । ਪਰੇਮ ਅੰਦਰ ਪਰੇਮ ਰੱਖ, ਹਰਿ ਆਪਣਾ ਆਪ ਛੁਪਾਇਆ । ਪਿਆਰ ਅੰਦਰ ਹੋ ਪਰਤੱਖ, ਪਿਆਰ ਪਿਆਰ ਨਾਲ ਮਿਲਾਇਆ । ਪਰੇਮ ਅੰਦਰ ਪਰੇਮ ਢਕ, ਆਪ ਆਪਣਾ ਪੜਦਾ ਪਾਇਆ । ਪਿਆਰ ਅੰਦਰ ਪਿਆਰ ਕਰ ਪਰਗਟ, ਆਪਣਾ ਮੇਲਾ ਮਿਲਾਇਆ । ਕਰੇ ਖੇਲ ਹਰਿ ਸਮਰਥ, ਸਮਰਥ ਧਾਰ ਚਲਾਇਆ । ਲੇਖਾ ਜਾਣੇ ਅਕੱਥਨਾ ਅਕੱਥ, ਨਾ ਲੇਖ ਕੋਈ ਮਿਟਾਇਆ । ਦੁਆਪਰ ਦਿਤੀ ਏਕਾ ਵੱਥ, ਵਸਤ ਅਮੋਲਕ ਝੋਲੀ ਪਾਇਆ । ਸ਼ਬਦ ਚਲਾਏ ਸਾਚਾ ਰਥ, ਬਣ ਸੇਵਕ ਸੇਵ ਕਮਾਇਆ । ਹਰਿਜਨ ਸਾਚੇ ਕਰ ਇਕੱਠ, ਏਕਾ ਘਰ ਬਹਾਇਆ । ਵਸਤ ਅਮੋਲਕ ਦੇਵੇ ਵਥ, ਏਕਾ ਏਕਾ ਏਕ ਵਰਤਾਇਆ । ਚਾਰ ਜੁਗ ਗਵੌਂਦਾ ਆਇਆ ਆਪਣਾ ਜਸ, ਕਲਜੁਗ ਅੰਤ ਜਸ ਭਗਤਾਂ ਆਪ ਸੁਣਾਈਆ । ਪਰੇਮ ਅੰਦਰ ਗਿਆ ਫਸ, ਪਿਆਰ ਏਕਾ ਬੰਧਨ ਪਾਇਆ । ਨਿਰਗੁਣ ਰੂਪ ਜਾਏ ਨੱਸ, ਸਰਗੁਣ ਆਪਣਾ ਘੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਆਪ ਚੁਕਾਇਆ । ਲਹਿਣਾ ਦੇਣਾ ਚੁਕਾਏ ਮਕਰੂਜ਼, ਕਰਜ਼ਾ ਆਪਣਾ ਆਪੇ ਲਾਹੀਆ । ਕਲਜੁਗ ਅੰਤਮ ਫਸਿਆ ਵਿਚ ਹਦੂਦ, ਹੱਦ ਪਾਰ ਨਾ ਕੀਤੀ ਰਾਈਆ । ਸਖੀਆਂ ਲੱਭਾ ਇਕ ਮਹਿਬੂਬ, ਮਿਹਬਾਨ ਖ਼ੁਸ਼ੀ ਮਨਾਈਆ । ਜਿਸ ਦਾ ਕਲਮਾ ਦੇਵੇ ਸਬੂਤ, ਸੋ ਇਮਾਮ ਫੇਰਾ ਪਾਈਆ । ਕਰੇ ਖੇਲ ਬਿਨ ਰੂਹ ਕਲਬੂਤ, ਪਵਣ ਸਵਾਸ ਨਾ ਕੋਈ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲਾ ਲਹਿਣਾ ਸਰਬ ਮੁਕਾਈਆ । ਸਾਚਾ ਲਹਿਣਾ ਦੇ ਦੇ ਰਾਮ, ਹਰਿ ਭਗਤਾਂ ਆਖ ਸੁਣਾਇਆ । ਜੁਗ ਜੁਗ ਤੇਰਾ ਕਰਦੇ ਆਏ ਕਾਮ, ਨਿਉਂ ਨਿਉਂ ਸੀਸ ਝੁਕਾਇਆ । ਭਗਤੀ ਲਾ ਲਾ ਕਰ ਰੱਖੇ ਗ਼ੁਲਾਮ,


੪੯੫ ੧੧

ਸਿਰ ਆਪਣਾ ਹੁਕਮ ਵਰਤਾਇਆ । ਚਾਰ ਜੁਗ ਦਾ ਰਿਹਾ ਪੀਣ ਖਾਣ, ਜੰਗਲ ਜੂਹ ਉਜਾੜ ਪਹਾੜ ਡੇਰਾ ਲਾਇਆ । ਫਿਰ ਵੀ ਛੁਪਿਆ ਰਿਹੋਂ ਭਗਵਾਨ, ਆਪਣਾ ਦਰਸ ਨਾ ਕਦੇ ਕਰਾਇਆ । ਇਕ ਵਾਰ ਦੇ ਕੇ ਝਲਕ ਦੱਸ ਨਿਸ਼ਾਨ, ਫਿਰ ਆਪਣਾ ਮੁੱਖ ਛੁਪਾਇਆ । ਸਾਡੀ ਬੰਦ ਹੋਈ ਜ਼ਬਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਡੀ ਇਛਿਆ ਪੂਰ ਕਰਾਇਆ । ਇਛਿਆ ਕਰੇ ਪੂਰ, ਪੂਰ ਗੁਸਾਈਆ । ਸਦਾ ਵਸੇ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਇਆ । ਨਿਰਗੁਣ ਸਰਗੁਣ ਰਹੇ ਹਜ਼ੂਰ, ਹਜ਼ਰਤ ਆਪਣਾ ਖੇਲ ਕਰਾਇਆ । ਪਹਿਲਾ ਲਹਿਣਾ ਚੁੱਕੇ ਜ਼ਰੂਰ, ਅੱਗੇ ਦੇਣਾ ਝੋਲੀ ਪਾਇਆ । ਪਿਛਲਾ ਬਖ਼ਸ਼ੇ ਸਰਬ ਕਸੂਰ, ਅੱਗੇ ਭਗਤੀ ਨਾ ਕੋਇ ਲਾਇਆ । ਚਾਰ ਜੁਗ ਹੁੰਦਾ ਰਿਹਾ ਮਜ਼ਬੂਰ, ਗੁਰ ਅਵਤਾਰ ਮਾਤ ਘਲਾਇਆ । ਆਪਣਾ ਦੇ ਦੇ ਛੋਟਾ ਨੂਰ, ਜੋਤੀ ਜੋਤ ਕਰ ਰੁਸ਼ਨਾਇਆ । ਅੰਤਮ ਚਾੜ੍ਹੇ ਆਪਣੇ ਪੂਰ, ਆਪਣਾ ਬੇੜਾ ਆਪ ਉਠਾਇਆ । ਕਲਜੁਗ ਅੰਤਮ ਪਰਗਟ ਹੋ ਕੇ ਆਇਆ ਹਜ਼ੂਰ, ਆਪਣਾ ਪਰਦਾ ਦਏ ਉਠਾਈਆ । ਆਪਣਾ ਨਾਮ ਦਏ ਸਰੂਰ, ਸ਼ਰਅ ਸ਼ਰੀਅਤ ਨਾ ਵੰਡ ਵੰਡਾਇਆ । ਤ੍ਰੈਗੁਣ ਤਪੇ ਨਾ ਤਨ ਤੰਦੂਰ, ਅੰਮ੍ਰਿਤ ਮੇਘ ਇਕ ਬਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪਣਾ ਦਰਸ ਆਪ ਕਰਾਇਆ । ਹਰਿਜਨ ਸਾਚੇ ਕਰਨਾ ਦਰਸ, ਹਰਿ ਦਰਸੀ ਦਰਸ ਕਰਾਇੰਦਾ । ਜਨਮ ਜਨਮ ਦੀ ਮੇਟੇ ਹਰਸ, ਹਿਵਸ ਹਰਸ ਨਾ ਹੋਰ ਵਧਾਇੰਦਾ । ਲੱਖ ਚੁਰਾਸੀ ਵਿਚੋਂ ਕਰੇ ਪਰਖ, ਪਰਖ ਪਰਖ ਆਪਣੀ ਝੋਲੀ ਪਾਇੰਦਾ । ਲੇਖਾ ਜਾਣੇ ਅਰਸ਼ ਫਰਸ਼, ਫਰਸ਼ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਆਇਆ ਪਰਤ, ਪ੍ਰਤੀਨਿਧ ਆਪਣਾ ਨਾਉਂ ਧਰਾਇੰਦਾ । ਪ੍ਰਤੀਨਿਧ ਹੋਇਆ ਪਰਧਾਨ, ਪੰਚਮ ਮੇਲ ਮਿਲਾਈਆ । ਬਿਨ ਤੰਦੀ ਗਾਏ ਗਾਣ, ਗਾਵਣਹਾਰਾ ਇਕ ਅਖਵਾਈਆ । ਬਿਨ ਰਾਗੋਂ ਕਰੇ ਪਹਿਚਾਨ, ਆਪਣੀ ਬੂਝ ਬੁਝਾਈਆ । ਬਿਨ ਵਿਦਿਆ ਦੇਵੇ ਗਿਆਨ, ਏਕਾ ਅੱਖਰ ਪੜ੍ਹਾਈਆ । ਬਿਨ ਲੱਭਿਆਂ ਮਿਲੇ ਭਗਵਾਨ, ਬਨ ਖੋਜਣ ਕੋਇ ਨਾ ਜਾਈਆ । ਬਿਨ ਮੰਗਿਆਂ ਦੇਵੇ ਦਾਨ, ਸਾਚਾ ਨਾਮ ਝੋਲੀ ਪਾਈਆ । ਬਿਨ ਹੱਥਾਂ ਉਠਾਏ ਨਿਸ਼ਾਨ, ਦੋ ਜਹਾਨਾਂ ਆਪ ਝੁਲਾਈਆ । ਬਿਨ ਸ਼ਾਹਾ ਪਾਏ ਆਣ, ਏਕਾ ਹੁਕਮ ਸੁਣਾਈਆ । ਬਿਨ ਨੇਤਰ ਕਰੇ ਧਿਆਨ, ਵੇਖੇ ਥਾਉਂ ਥਾਈਆ । ਬਿਨ ਤੀਰ ਮਾਰੇ ਨਿਸ਼ਾਨ, ਚਿੱਲਾ ਹੱਥ ਨਾ ਕੋਇ ਉਠਾਈਆ । ਬਿਨ ਵਸੇ ਮੰਦਰ ਮਕਾਨ, ਸਚਖੰਡ ਸਾਚੇ ਡੇਰਾ ਲਾਈਆ । ਬਿਨ ਦੀਵਾ ਬਾਤੀ ਨੂਰ ਮਹਾਨ, ਜੋਤੀ ਜੋਤ ਕਰੇ ਰੁਸ਼ਨਾਈਆ । ਬਿਨ ਮਾਤ ਮਾਤ ਪਿਤ ਪੂਤ ਜੰਮਿਆ ਬਾਲ ਨਿਧਾਨ, ਗੋਦੀ ਗੋਦ ਨਾ ਕੋਈ ਉਠਾਈਆ । ਬਿਨ ਮੰਤਰੀਆਂ ਹੋਇਆ ਹੁਕਮਰਾਨ, ਸੀਸ ਤਾਜ ਨਾ ਕੋਈ ਟਿਕਾਈਆ । ਬਿਨ ਖਾਧਿਆਂ ਪੀਤਿਆਂ ਹੋਇਆ ਜਵਾਨ, ਆਪਣਾ ਬਲ ਧਰਾਈਆ । ਬਿਨ ਨਾਰੀ ਉਤਪਤ ਕਰੇ ਸੰਤਾਨ, ਵਿਸ਼ਨ ਬ੍ਰਹਮਾ ਸ਼ਿਵ ਬਣਾਈਆ । ਬਿਨ ਸੱਦਿਆਂ ਆਵੇ ਵਿਚ ਜਹਾਨ, ਨਿਰਗੁਣ ਸਰਗੁਣ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਭਗਤਨ ਮੇਲਾ ਏਕਾ ਘਰ, ਸਚ ਦੁਆਰਾ ਆਪ ਸੁਹਾਈਆ । ਸਚ ਦੁਆਰਾ ਸੋਭਨੀਕ, ਹਰਿ ਸਾਚੇ ਆਪ ਸੁਹਾਇਆ । ਬਿਨ ਪਰਮਾਤਮਾ ਨਾ ਕੋਈ ਪ੍ਰੀਤ, ਦੂਜਾ ਇਸ਼ਟ ਨਾ ਕੋਈ ਮਨਾਇਆ । ਬਿਨ ਸਤਿਗੁਰ ਨਾ ਕੋਈ ਰੀਤ, ਦੂਜਾ ਰਾਹ ਨਾ ਕੋਈ ਚਲਾਇਆ । ਬਿਨ ਗੁਰਚਰਨ ਨਾ ਕੋਈ ਮੰਦਰ ਮਸੀਤ, ਗੁਰੂਦੁਆਰ ਨਜ਼ਰ

ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇਆ । ਬਿਨ ਮਿਲਿਆ ਨਾ ਹੋਵੇ ਸਾਤ, ਸਾਂਤਕ ਸਤਿ ਨਾ ਕੋਈ ਵਰਤਾਈਆ । ਬਿਨ ਪਰਕਾਸ਼ ਨਾ ਮਿਟੇ ਰਾਤ, ਅੰਤ ਅੰਧੇਰ ਨਾ ਕੋਈ ਗਵਾਈਆ । ਬਿਨ ਸਤਿਗੁਰ ਨਾ ਦੇਵੇ ਕੋਈ ਦਾਤ, ਨਾਮ ਵਸਤ ਨਾ ਕੋਈ ਵਰਤਾਈਆ । ਬਿਨ ਗੁਰਮੁਖ ਉਤਰੇ ਨਾ ਕੋਈ ਘਾਟ, ਲੱਖ ਚੁਰਾਸੀ ਮੰਝਧਾਰ ਰੁੜ੍ਹਾਈਆ । ਬਿਨ ਗੁਰ ਸ਼ਬਦ ਨਾ ਕੋਈ ਸਾਕ, ਜਗਤ ਸੱਜਣ ਨਾ ਕੋਈ ਬਣਾਈਆ । ਬਿਨ ਕਿਰਪਾ ਗੁਰ ਨਾ ਖੁਲ੍ਹੇ ਤਾਕ, ਬੰਦ ਕਿਵਾੜ ਨਾ ਕੋਈ ਖੁਲ੍ਹਾਈਆ । ਬਿਨ ਨੇਤਰ ਨਜ਼ਰ ਨਾ ਆਏ ਹਾਟ, ਗੁਰ ਸਤਿਗੁਰ ਪੂਰਾ ਰਿਹਾ ਵਖਾਈਆ । ਕਲਜੁਗ ਚੋਲਾ ਰਿਹਾ ਪਾਟ, ਕੰਨੀ ਕੰਨੀ ਕਤਰਾਈਆ । ਧਰਤ ਮਾਤ ਖ਼ੁਸ਼ੀ ਹੋਏ ਮੇਰੀ ਅੰਤ ਮੁੱਕੇ ਵਾਟ, ਕੰਢੀ ਮਿਲਿਆ ਸੱਚਾ ਮਾਹੀਆ । ਮੇਰੀ ਸੁਫ਼ਲ ਕਰੇ ਜ਼ਾਤ, ਆਪਣੀ ਜ਼ਾਤ ਨਾਲ ਮਿਲਾਈਆ । ਮੇਰੀ ਫਿਰ ਹੋਵੇ ਪ੍ਰਭਾਤ, ਸਤਿਜੁਗ ਸਾਚਾ ਲਏ ਅੰਗੜਾਈਆ । ਮੈਂ ਭਗਤਾਂ ਕੋਲੋਂ ਸੁਣਾਂ ਗਾਥ, ਸੋਹੰ ਢੋਲਾ ਚਾਈਂ ਚਾਈਂਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਰੱਖਿਆ ਸਾਥ, ਤਿਨ੍ਹਾਂ ਨਿਉਂ ਨਿਉਂ ਲਾਗਾਂ ਪਾਈਂਆ । ਦੋਏ ਜੋੜ ਟੇਕਾਂ ਮਾਥ, ਢਹਿ ਢਹਿ ਪਵਾਂ ਸਰਨਾਈਆ । ਮੇਰੀ ਦੁਰਮਤ ਮੈਲ ਦਿਤੀ ਕਾਟ, ਗੁਰਮੁਖ ਤੇਰੀ ਵਡ ਵਡਿਆਈਆ । ਤੂੰ ਮੇਰਾ ਸੱਜਣ ਸਾਕ, ਮੈਂ ਤੇਰਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕ ਪਰੇਮ ਆਪਣਾ ਨੇਮ ਜੁਗ ਜੁਗ ਆਪ ਸਮਝਾਈਆ । ਹਰਿ ਹਰਿ ਸਤਿਗੁਰ ਸਾਚਾ ਨੇਮ, ਇਕੋ ਇਕ ਜਣਾਇਆ । ਦੁਸ਼ਟ ਦਮਨ ਬਿਠਾਇਆ ਕੁੰਟ ਹੇਮ, ਚਰਨ ਕਵਲ ਚਿਤ ਲਾਇਆ । ਪਾਰਬ੍ਰਹਮ ਪ੍ਰਭ ਕੀਆ ਪਰੇਮ, ਸਿਰ ਆਪਣਾ ਹੱਥ ਟਿਕਾਇਆ । ਇਕੋ ਦੇਵੇ ਲਹਿਣਾ ਦੇਣ, ਦੇਣਾ ਆਪਣੇ ਹੱਥ ਰਖਾਇਆ । ਉਠ ਬਾਲੇ ਮੰਨ ਲੈ ਕਹਿਣ, ਸਾਚਾ ਹੁਕਮ ਸੁਣਾਇਆ । ਮੂਰਤ ਅਕਾਲ ਵੇਖ ਆਪਣੇ ਨੈਣ, ਪੁਰਖ ਅਕਾਲ ਫੇਰਾ ਪਾਇਆ । ਇਕੋ ਸਾਕ ਇਕੋ ਸੈਣ, ਇਕੋ ਸੱਜਣ ਸੰਗ ਨਿਭਾਇਆ । ਇਕੋ ਮਾਤ ਪਿਤ ਭਾਈ ਭੈਣ, ਇਕੋ ਨਾਰ ਕੰਤ ਰੰਗ ਚੜ੍ਹਾਇਆ । ਇਕੋ ਪੁਰਖ ਦੇਵੇ ਦੇਣ, ਦੇਵਣਹਾਰਾ ਫੇਰਾ ਪਾਇਆ । ਤੇਰਾ ਪਰੇਮ ਆਇਆ ਲੈਣ, ਸਾਚੀ ਮੰਗ ਮੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰੇਮ ਇਕ ਸਮਝਾਇਆ । ਪਰੇਮ ਕੀਤਾ ਦੁਸ਼ਟ ਦਮਨ, ਏਕਾ ਓਟ ਤਕਾਈਆ । ਪਾਰਬ੍ਰਹਮ ਆਪਣੇ ਅੰਤਰ ਕੀਤਾ ਗਬਣ, ਭੇਵ ਅਭੇਦ ਛੁਪਾਈਆ । ਇਕ ਵਖਾਇਆ ਸਾਚਾ ਹਵਨ, ਘਿਰਤ ਦੀਪ ਨਾ ਕੋਈ ਮਿਲਾਈਆ । ਨਾ ਸੁਗੰਧੀ ਕੋਈ ਪਵਣ, ਸਚ ਸੁਗੰਧੀ ਇਕ ਸੁਹਾਈਆ । ਤੇਰਾ ਨੂਰ ਸਾਚਾ ਰਮਨ, ਤੇਰਾ ਜਹੂਰ ਵਡੀ ਵਡਿਆਈਆ । ਤੂੰ ਮੇਰਾ ਲੌਣਾ ਚਮਨ, ਲੋਕਮਾਤ ਫੇਰਾ ਪਾਈਆ । ਮੈਂ ਤੇਰਾ ਹੋਵਾਂ ਜਾਮਨ, ਏਕਾ ਪੱਲੂ ਦਿਆਂ ਫੜਾਈਆ । ਤੂੰ ਪੜ੍ਹੌਣਾ ਸ਼ੂਦਰ ਵੈਸ਼ ਸ਼ੱਤਰੀ ਜਾ ਕੇ ਬ੍ਰਹਮਣ, ਏਕਾ ਇਸ਼ਟ ਵਖਾਈਆ । ਨੇਤਰ ਖੋਲ੍ਹਨਾ ਅੱਖਰ ਬੋਲਣਾ ਏਕਾ ਪੁਰਖ ਅਕਾਲਣ, ਦੂਜੀ ਹੋਰ ਨਾ ਕੋਈ ਸਰਨਾਈਆ । ਮੈਂ ਕਰਾਂ ਤੇਰਾ ਪਾਲਣ, ਗੁਜ਼ਰੀ ਗੋਦ ਸੁਹਾਈਆ । ਤੇਗ ਬਹਾਦਰ ਦਾ ਬਣਨਾ ਲਾਲਨ, ਲਾਲ ਲਾਲ ਰੰਗ ਚੜ੍ਹਾਈਆ । ਮੈਂ ਖੇਲਾਂ ਖੇਲ ਨਿਰਾਲਣ, ਭੇਵ ਕੋਇ ਨਾ ਪਾਈਆ । ਤੇਰਾ ਮੇਲਾ ਜੋਤ ਅਕਾਲਣ, ਵਿਛੜ ਕਦੇ ਨਾ ਜਾਈਆ । ਤੂੰ ਘਾਲੀ ਮੇਰੀ ਘਾਲਣ, ਸਾਚੀ ਸੇਵ ਇਕ ਸਮਝਾਈਆ । ਤੇਗ ਬਹਾਦਰ ਹੱਡੀਆਂ ਵੇਖਣੀਆਂ ਬਾਲਣ, ਤ੍ਰੈਗੁਣ ਅਗਨ ਦੇਣਾ ਜਲਾਈਆ । ਤੂੰ ਕਰਨਾ ਇਕ ਸਵਾਲਣ, ਏਕਾ ਮੰਗ ਮੰਗਾਈਆ । ਮੈਂ ਤੇਰਾ ਰਾਹ ਤੱਕਾਂ ਮੇਰੇ ਭਗਵਾਨਨ, ਨੇਤਰ ਨੈਣ

ਉਠਾਈਆ । ਮੈਂ ਬਾਲੇ ਆਇਆ ਤੇਰੀ ਗੋਦ ਸਵਾਲਣ, ਤੇਰੀ ਝੋਲੀ ਪਾਈਆ । ਮੈਂ ਗੁਰਮੁਖ ਆਇਆ ਉਠਾਲਣ, ਗ਼ਰੀਬ ਨਿਮਾਣੇ ਗਲੇ ਲਗਾਈਆ । ਅੰਤਮ ਮੰਗਣ ਏਕਾ ਦਾਨਨ, ਸੂਲਾਂ ਸੱਥਰ ਹੇਠ ਵਿਛਾਈਆ । ਤੂੰ ਹਰ ਘਟ ਜਾਣੀ ਜਾਣਣ, ਅਭੁੱਲ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰੇਮ ਰਿਹਾ ਸਮਝਾਈਆ । ਇਕੋ ਪਰੇਮ ਦੇਵੇ ਹਰਿ, ਏਕਾ ਵਾਰ ਸੁਣਾਇਆ । ਦੁਸ਼ਟ ਦਮਨ ਚੁੱਕੇ ਡਰ, ਭੈ ਨਾ ਕੋਈ ਜਣਾਇਆ । ਸਰਗੁਣ ਅੰਦਰ ਆਪੇ ਵੜ, ਨਿਰਗੁਣ ਰੂਪ ਵਟਾਇਆ । ਗੋਬਿੰਦ ਸੂਰਾ ਨਾਉਂ ਧਰ, ਸਿੰਘ ਸਿੰਘ ਵਡਿਆਇਆ । ਲੋਕਮਾਤ ਸੇਵਾ ਕਰ, ਲੱਖ ਲੱਖ ਸ਼ੁਕਰ ਮਨਾਇਆ । ਅੰਤਮ ਮੰਗਿਆ ਇਕੋ ਘਰ, ਪ੍ਰਭ ਅੱਗੇ ਝੋਲੀ ਡਾਹਿਆ । ਮੈਂ ਸਰਨ ਸਰਨਾਈ ਜਾਵਾਂ ਪੜ, ਪੁਰਖ ਅਕਾਲ ਤੇਰੀ ਸਰਨਾਈਆ । ਤੂੰ ਮੇਰੀ ਬਾਂਹੋਂ ਲੈਣਾ ਫੜ, ਆਪਣੀ ਗੋਦ ਬਹਾਇਆ । ਮੈਂ ਛਾਤੀ ਉਤੇ ਜਾਵਾਂ ਚੜ੍ਹ, ਆਪਣੀ ਖ਼ੁਸ਼ੀ ਮਨਾਇਆ । ਮੈਂ ਵਸਾਂ ਤੇਰੇ ਘਰ, ਘਰ ਤੇਰਾ ਮੋਹੇ ਭਾਇਆ । ਤੂੰ ਚੁਕਾਇਆ ਮੇਰਾ ਡਰ, ਮੈਂ ਗੁਰਮੁਖਾਂ ਡਰ ਰਿਹਾ ਮੁਕਾਇਆ । ਅੰਤ ਫੜਾਵਾਂ ਤੇਰਾ ਲੜ, ਤੇਰਾ ਤੇਰੀ ਝੋਲੀ ਪਾਇਆ । ਤੇਰਾ ਇਕੋ ਨਿਸ਼ਅੱਖਰ ਜਾਵਾਂ ਪੜ੍ਹ, ਵਾਹ ਵਾ ਤੇਰੀ ਵਡ ਵਡਿਆਇਆ । ਗੁਰ ਗੁਰ ਰੂਪ ਤੂੰ ਹੀ ਨਰ, ਨਰ ਨਰਾਇਣ ਸੱਚੇ ਸ਼ਹਿਨਸ਼ਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਲੱਗੀ ਤੋੜ ਨਿਭਾਇਆ । ਤੇਰੀ ਲੱਗੀ ਨਿਭੇ ਤੋੜ, ਪੁਰਖ ਅਕਾਲ ਆਪ ਜਣਾਇੰਦਾ । ਅੰਤਮ ਨਾਤਾ ਲਿਆ ਜੋੜ, ਘਰ ਸਾਚੇ ਆਪ ਬਹਾਇੰਦਾ । ਕਲਜੁਗ ਵਾਗ ਲੈਣੀ ਮੋੜ, ਏਕਾ ਰਾਹ ਵਖਾਇੰਦਾ । ਸ਼ਬਦ ਸਰੂਪੀ ਸ਼ਬਦ ਘੋੜ, ਤੇਰਾ ਰੂਪ ਵਟਾਇੰਦਾ । ਲੋਕਮਾਤ ਜਾਣਾ ਦੌੜ, ਸਾਚਾ ਖੇਲ ਵਖਾਇੰਦਾ । ਲੱਖ ਚੁਰਾਸੀ ਰੀਠਾ ਵੇਖਣਾ ਮਿੱਠਾ ਕੌੜ, ਏਕਾ ਹੁਕਮ ਵਰਤਾਇੰਦਾ । ਦੋ ਜਹਾਨਾਂ ਲੌਣਾ ਪੌੜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਇੰਦਾ । ਆਪਣੇ ਗੁਰਮੁਖ ਵੇਖਣੇ ਕਰਕੇ ਗੌਰ, ਨਿਗਹ ਨਿਗਹ ਨਾ ਕੋਈ ਬਦਲਾਇੰਦਾ । ਤੇਰਾ ਰਚਿਆ ਕਾਰਜ ਜਾਣਾ ਸੌਰ, ਪਰੇਮ ਪਰੇਮ ਨਾਲ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਤੇਰਾ ਪਰੇਮ ਮੇਰਾ ਰੰਗ, ਦੂਜੀ ਅਵਰ ਨਾ ਕੋਈ ਵਡਿਆਈਆ । ਤੇਰੀ ਸੇਜ ਤੇਰਾ ਪਲੰਘ, ਤੇਰਾ ਆਸਣ ਮੇਰਾ ਸੁਖਦਾਈਆ । ਤੇਰਾ ਨਾਮ ਤੇਰਾ ਮਰਦੰਗ, ਮਰਦੰਗ ਮੇਰੀ ਵਡਿਆਈਆ । ਸਾਹਿਬ ਸੁਲਤਾਨ ਪ੍ਰਭ ਤੇਰਾ ਸੰਗ, ਮੈਂ ਵਿਛੜ ਕਦੇ ਨਾ ਜਾਈਆ । ਇਕੋ ਮੰਗਾਂ ਸਾਚੀ ਮੰਗ, ਤੂੰ ਦੇਣੀ ਚਾਈਂ ਚਾਈਆ । ਮੈਂ ਛੱਡਿਆ ਪੁਰੀ ਅਨੰਦ, ਅਨੰਦ ਤੇਰਾ ਇਕ ਮੋਹੇ ਭਾਈਆ । ਮਾਤਲੋਕ ਕਹਿੰਦੇ ਗੁਜ਼ਰੀ ਚੰਦ, ਏਥੇ ਨਾ ਕੋਈ ਪਿਤਾ ਨਾ ਕੋਈ ਮਾਈਆ । ਤੂੰ ਸਾਹਿਬ ਇਕ ਬਖ਼ਸ਼ੰਦ, ਤੇਰੇ ਹੱਥ ਵਡੀ ਵਡਿਆਈਆ । ਤੇਰੇ ਹੁਕਮੇਂ ਅੰਦਰ ਲੋਕਮਾਤ ਜਾਵਾਂ ਵਿਚ ਵਰਭੰਡ, ਨਿਰਗੁਣ ਰੂਪ ਵਟਾਈਆ । ਤੇਰਾ ਮੰਗਾਂ ਸਾਚਾ ਸੰਗ, ਇਕੋ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਈਆ । ਲੋਕਮਾਤ ਦੇਵੇ ਸਾਥ, ਪ੍ਰਭ ਤੇਰੀ ਵਡ ਵਡਿਆਈਆ । ਕਵਣ ਕਿਨਾਰਾ ਉਤਰੇ ਘਾਟ, ਕਵਣ ਮੰਦਰ ਵੱਜੇ ਵਧਾਈਆ । ਕਵਣ ਸੱਜਣ ਰੱਖੇ ਸਾਕ, ਆਪਣਾ ਸੰਗ ਨਿਭਾਈਆ । ਕਵਣ ਕਿਵਾੜ ਖੋਲ੍ਹੇ ਤਾਕ, ਆਪਣਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦੇਣਾ ਸਮਝਾਈਆ । ਸਾਚਾ ਗੁਣ ਸ੍ਰੀ ਭਗਵਾਨ, ਏਕਾ ਏਕ ਜਣਾਇਆ । ਤੇਰਾ ਪਰੇਮ ਮੇਰਾ ਨਿਸ਼ਾਨ, ਸਚ ਨਿਸ਼ਾਨਾ ਦਏ ਜਣਾਇਆ । ਤੇਰਾ ਮੰਦਰ ਮੇਰਾ ਮਕਾਨ,

ਘਰ ਸਾਚਾ ਸੋਭਾ ਪਾਇਆ । ਤੇਰਾ ਸ਼ਬਦ ਮੇਰਾ ਗਿਆਨ, ਰਾਗ ਅਨਾਦੀ ਆਪ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇਆ । ਆਪਣਾ ਬੰਧਨ ਆਪੇ ਪਾ, ਹਰਿ ਹਰਿ ਖੇਲ ਕਰਾਇਆ । ਕਲਜੁਗ ਅੰਤਮ ਬਣਾਂ ਮਲਾਹ, ਤੇਰਾ ਬੇੜਾ ਮਾਤ ਚਲਾਇਆ । ਤੇਰੀ ਰੱਖਾਂ ਜ਼ਰੂਰ ਸਲਾਹ, ਸਾਲਾਹ ਕਾਰ ਏਕਾ ਗੁਣ ਸਮਝਾਇਆ । ਲੱਖ ਚੁਰਾਸੀ ਜੀਵ ਜੰਤ ਚਾਰ ਵਰਨ ਜਪਾਵਾਂ ਨਾਂ, ਏਕਾ ਮੰਤਰ ਨਾਮ ਦ੍ਰਿੜਾਇਆ । ਚਾਰ ਜੁਗ ਦੇ ਵਿਛੜੇ ਭਗਤ ਸੰਤ ਲਵਾਂ ਮਿਲਾ, ਗੁਰਮੁਖ ਸੱਜਣ ਆਪ ਜਗਾਇਆ । ਤੇਰਾ ਮੇਲਾ ਦਿਆਂ ਮਿਲਾ, ਮਿਲ ਮਿਲ ਸਖੀਆਂ ਖ਼ੁਸ਼ੀ ਮਨਾਇਆ । ਏਕਾ ਚੰਦ ਦਿਆਂ ਚੜ੍ਹਾ, ਨਿਰਗੁਣ ਨੂਰ ਜੋਤ ਰੁਸ਼ਨਾਇਆ । ਏਕਾ ਡੰਕਾ ਦਿਆਂ ਵਜਾ, ਦੋ ਜਹਾਨਾਂ ਆਪ ਸੁਣਾਇਆ । ਵਿਸ਼ਨ ਬ੍ਰਹਮਾ ਸ਼ਿਵ ਦਿਆਂ ਹਿਲਾ, ਸੋਇਆ ਕੋਇ ਰਹਿਣ ਨਾ ਪਾਇਆ । ਜੁਗ ਚੌਕੜੀ ਪੰਧ ਮੁਕਾ, ਕਲਜੁਗ ਖੇੜਾ ਦੇਵਾਂ ਢਾਹਿਆ । ਗੁਰ ਅਵਤਾਰ ਪੀਰ ਪੈਗ਼ੰਬਰ ਲਹਿਣਾ ਦੇਣਾ ਦਿਆਂ ਚੁਕਾ, ਖਾਣੀ ਬਾਣੀ ਝੋਲੀ ਪਾਇਆ । ਦਰ ਘਰ ਸਾਚੇ ਬਹਿਣਾ ਦਿਆਂ ਸਮਝਾ, ਏਕਾ ਦੂਜਾ ਭੇਵ ਚੁਕਾਇਆ । ਇਸ਼ਟ ਦੇਵ ਗੁਰ ਇਕ ਵਖਾ, ਪੁਰਖ ਅਕਾਲ ਏਕਾ ਨਜ਼ਰੀ ਆਇਆ । ਏਕਾ ਜਾਪ ਦਿਆਂ ਜਪਾ, ਆਤਮ ਪਰਮਾਤਮ ਰੰਗ ਚੜ੍ਹਾਇਆ । ਸੋਹੰ ਢੋਲਾ ਇਕ ਸੁਣਾ, ਕਾਇਆ ਚੋਲਾ ਆਪ ਰੰਗਾਇਆ । ਪੜਦਾ ਉਹਲਾ ਦਿਆਂ ਉਠਾ, ਉਠ ਉਠ ਆਪਣਾ ਮੁਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਹਰਿ ਹਰਿ ਸਾਚੇ ਲਏ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰੇਮ ਸਿਤਾਰ ਹਰਿ ਨਿਰੰਕਾਰ, ਬਿਨ ਤੰਦੀ ਤੰਦ ਵਜਾਇਆ ।



## ★ ੧੭ ਮਾਘ ੨੦੧੮ ਬਿਕ੍ਰਮੀ ਤੇਜ਼ ਭਾਨ ਦੇ ਘਰ ਸ਼ੇਖ਼ਸਰ ਜੰਮੂ ★

ਧਰਨੀ ਚੜ੍ਹਿਆ ਏਕੋ ਚਾਅ, ਧਵਲ ਰਹੀ ਸਮਝਾਈਆ । ਪੁਰਖ ਅਬਿਨਾਸ਼ੀ ਮਿਲਿਆ ਮਲਾਹ, ਖੇਵਟ ਖੇਟਾ ਬੇਪਰਵਾਹੀਆ । ਮੈਂ ਕੋਝੀ ਕਮਲੀ ਪਕੜੇ ਬਾਂਹ, ਸਿਰ ਆਪਣਾ ਹੱਥ ਟਿਕਾਈਆ । ਜੁਗ ਜੁਗ ਦੇ ਦੁਖੜੇ ਦਏ ਮਿਟਾ, ਮਿਹਰ ਨਜ਼ਰ ਇਕ ਰਖਾਈਆ । ਮੇਰੇ ਵਿਛੜੇ ਸੱਜਣ ਦੇ ਮਿਲਾ, ਜਗਤ ਵਿਛੋੜਾ ਪੰਧ ਮੁਕਾਈਆ । ਮੇਰੇ ਦੁਖੜੇ ਦਰਦ ਦਏ ਮਿਟਾ, ਦੀਨਾਂ ਨਾਥ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਹਿਮਤ ਆਪ ਕਮਾਈਆ । ਧਰਨੀ ਧਵਲ ਕਰੇ ਹਾਸਾ, ਘਰ ਘਰ ਖ਼ੁਸ਼ੀ ਮਨਾਈਆ । ਮਿਲਿਆ ਮੇਲ ਪੁਰਖ ਸਮਰਾਥਾ, ਭੁੱਲੀ ਸਰਬ ਲੋਕਾਈਆ । ਚਲ ਕੇ ਆਇਆ ਸ਼ਾਹੋ ਸ਼ਾਬਾਸ਼ਾ, ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਮੇਰੀ ਰਹੀ ਨਾ ਕੋਈ ਨਿਰਾਸ਼ਾ, ਨਿਰਧਨ ਦਏ ਵਡਿਆਈਆ । ਖੋਲ੍ਹ ਕੇ ਦੱਸਾਂ ਆਪਣਾ ਖੁਲਾਸਾ, ਪਹਿਲਾ ਹਾਲ ਸੁਣਾਈਆ । ਤੂੰ ਕਰਵਟ ਦੇ ਕੇ ਸੁੱਤਾ ਰਹਿਉਂ ਪਾਸਾ, ਮੇਰੀ ਸਾਰ ਕਦੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਧਰਨੀ ਕਹੇ ਮੈਂ ਦੱਸਾਂ ਹਾਲ, ਅਹਿਵਾਲ ਆਪ ਜਣਾਈਆ । ਜੁਗ ਚੌਕੜੀ ਖੇਲ ਕਮਾਲ, ਤੂੰ ਕਰਤਾ ਰਿਹਾ ਕਮਾਈਆ । ਗੁਰਮੁਖ ਵਿਰਲੇ ਭੇਜੇ ਲਾਲ, ਮੇਰਾ ਸੰਗ ਨਿਭਾਈਆ । ਲੱਖ ਚੁਰਾਸੀ ਤੇਰੀ ਚਾਲ, ਅਵੱਲੜੀ ਚਾਲ ਚਲਾਈਆ । ਤ੍ਰੈਗੁਣ ਮਾਇਆ ਪਾ ਜੰਜ਼ਾਲ, ਏਕਾ ਬੰਦ ਰਖਾਈਆ । ਠੱਗ ਚੋਰ

ਯਾਰ ਲੁੱਟਣ ਮੇਰਾ ਧਨ ਮਾਲ, ਮੈਂ ਬੈਠੀ ਮੁੱਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੇਰੀ ਓਟ ਰਖਾਈਆ । ਧਰਤ ਮਾਤ ਨੇਤਰ ਖੋਲ੍ਹ, ਨੈਣ ਨੈਣ ਉਠਾਇਆ । ਪੁਰਖ ਅਬਿਨਾਸ਼ੀ ਵਸਿਆ ਕੋਲ, ਮੇਰਾ ਦੁਖੜਾ ਦਰਦ ਗਵਾਇਆ । ਹੌਲੀ ਹੌਲੀ ਰਹੀ ਬੋਲ, ਆਪਣਾ ਦੁਖ ਸੁਣਾਇਆ । ਤੂੰ ਮੇਰੇ ਨਾਲ ਕੀਤਾ ਕੌਲ, ਪੂਰਾ ਕੌਲ ਦੇ ਕਰਾਇਆ । ਮੈਂ ਤੇਰੇ ਉਤੋਂ ਘੋਲੀ ਘੋਲ, ਘੋਲ ਘੋਲੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੇਰੀ ਆਸ ਰਖਾਇਆ । ਇਕੋ ਰੱਖੀ ਤੇਰੀ ਆਸ, ਪ੍ਰਭ ਮੇਰੇ ਸੱਚੇ ਸਾਂਈਆ । ਤੂੰ ਮੇਰੀ ਬੁਝਾ ਪਿਆਸ, ਦਰ ਤੇਰੇ ਸੀਸ ਝੁਕਾਈਆ । ਤੁਧ ਬਿਨ ਖਾਲੀ ਦਿਸਨ ਸਵਾਸ, ਮੇਰਾ ਜੀਵਣ ਕੰਮ ਕਿਸੇ ਨਾ ਆਈਆ । ਤੂੰ ਸਾਹਿਬ ਪੁਰਖ ਸਮਰਥ, ਹੱਥ ਤੇਰੇ ਵਡਿਆਇਆ । ਕਰ ਕਿਰਪਾ ਅਨਾਥਾ ਨਾਥ, ਦੀਨਨ ਤੇਰੀ ਓਟ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਧਰਨੀ ਧਰਤ ਰਹੀ ਨੱਚ, ਆਪਣੀ ਘੁੰਮਰ ਰਹੀ ਪਾਈਆ । ਵੇਖੇ ਪ੍ਰਭ ਆਇਆ ਸੱਚ, ਸਾਚੀ ਰੀਤ ਚਲਾਈਆ । ਜਿਸ ਦੀ ਅਗਨ ਅੰਦਰ ਗਈ ਮੱਚ, ਬਿਰਹੋਂ ਰੋਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਤੈਨੂੰ ਵੇਖ ਮੇਰਾ ਬਦਲਿਆ ਰੰਗ, ਮੇਰੇ ਪਰੀਤਮ ਸੱਚੇ ਮਾਹੀਆ । ਚੜ੍ਹਿਆ ਚਾਅ ਮੈਂ ਵਸਾਂ ਸੰਗ, ਏਕਾ ਆਸ ਤਕਾਈਆ । ਤੇਰੇ ਚਰਨ ਕਵਲ ਸੱਚਾ ਅਨੰਦ, ਛੁੱਟੀ ਸਰਬ ਲੋਕਾਈਆ । ਤੂੰ ਦੁਖੜਾ ਮੇਰਾ ਕਰਨਾ ਖੰਡ ਖੰਡ, ਏਕਾ ਖੰਡਾ ਨਾਮ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਬੇੜਾ ਪਾਰ ਕਰਾਈਆ । ਮੇਰਾ ਬੇੜਾ ਕਰਦੇ ਪਾਰ, ਤੇਰੀ ਇਕੋ ਓਟ ਰਖਾਈਆ । ਮੈਂ ਕੰਢੀ ਬੈਠੀ ਆਣ, ਆਪਣਾ ਪੰਧ ਮੁਕਾਈਆ । ਅੱਠੇ ਪਹਿਰ ਤੇਰਾ ਧਿਆਨ, ਏਕਾ ਨੈਣ ਉਠਾਈਆ । ਤੂੰ ਸਾਹਿਬ ਹੋ ਮਿਹਰਵਾਨ, ਮੇਰੀ ਚਲੇ ਨਾ ਕੋਇ ਚਤੁਰਾਈਆ । ਮੈਂ ਬਾਲੀ ਬੁਧ ਅਵਾਣ, ਬਲ ਆਪਣਾ ਨਾ ਕੋਇ ਵਖਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਤੇਰੇ ਹੱਥ ਤੇਰੀ ਸ਼ਹਿਨਸ਼ਾਹੀਆ । ਤੇਰਾ ਹੁਕਮ ਮੈਨੂੰ ਪਰਵਾਨ, ਦੇ ਪਰਵਾਨਾ ਮੇਰੇ ਗੁਸਾਂਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਪੂਰੀ ਆਸ ਕਰਾਈਆ । ਮੇਰੀ ਪੂਰੀ ਹੋਏ ਆਸਾ, ਹਰਿ ਸਾਚਾ ਸਚ ਜਣਾਇੰਦਾ । ਤੇਰੀ ਓਟ ਤੇਰਾ ਭਰਵਾਸਾ, ਤੇਰੇ ਲੇਖੇ ਲਾਇੰਦਾ । ਤੇਰਾ ਪਰੇਮ ਤੇਰਾ ਦਿਲਾਸਾ, ਤੇਰਾ ਸੰਗ ਨਿਭਾਇੰਦਾ । ਤੇਰੀ ਖੇਲ ਤੇਰਾ ਤਮਾਸ਼ਾ, ਤੇਰੇ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਦਿਸ਼ਾ ਆਪ ਸੁਹਾਇੰਦਾ । ਤੇਰੀ ਦਿਸ਼ਾ ਸੋਭਾਵੰਤ, ਹਰਿ ਸਾਚੇ ਸਚ ਜਣਾਇਆ । ਤੇਰੀ ਮਹਿਮਾ ਗਣਤ ਅਗਣਤ, ਲਿਖ ਲਿਖ ਲੇਖ ਨਾ ਕੋਈ ਸਮਝਾਇਆ । ਤੇਰੀ ਗੋਦੀ ਬੈਠੇ ਸਾਚੇ ਭਗਤ, ਭਗਵਨ ਮੇਲ ਮਿਲਾਇਆ । ਤੇਰੀ ਮਹਿਮਾ ਗੌਣ ਸੰਤ, ਧੰਨ ਧੰਨ ਤੇਰੀ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਚੁਕਾਇਆ । ਧਰਨੀ ਅੱਗੋਂ ਖੋਲ੍ਹੇ ਅੱਖ, ਆਪਣੀ ਪਲਕ ਭੁਵਾਈਆ । ਤੂੰ ਸਾਹਿਬ ਨਜ਼ਰੀ ਆਇਆ ਇਕ ਸਮਰਥ, ਚਰਨ ਤੇਰੀ ਸਰਨਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਤੇਰਾ ਮਾਣ ਨਾ ਕੋਈ ਵਡਿਆਈਆ । ਤੇਰੀ ਸਰਨੀ ਗਈ ਢੱਠ, ਏਕਾ ਮੰਗ ਮੰਗਾਈਆ । ਸਾਚਾ ਮਾਰਗ ਦੇਣਾ ਦੱਸ, ਮੈਂ ਜਾਵਾਂ ਚਾਈਂ ਚਾਈਆ । ਆਪਣਾ ਪੰਧ ਮੁਕਾਵਾਂ ਨੱਸ ਨੱਸ, ਬਣ ਬਣ ਪਾਂਧੀ ਰਾਹੀਆ । ਤੇਰੇ ਭਗਤਾਂ ਗਾਵਾਂ ਜਸ, ਜਿਸ ਦੁਆਰੇ ਫੇਰਾ ਪਾਈਆ । ਵੇਖੀ

ਲਾਰਾ ਦੇ ਨਾ ਜਾਵੀ ਨੱਸ, ਜੁਗ ਜੁਗ ਅਛਲ ਅਛੱਲ ਤੇਰੀ ਖੇਲ ਤੇਰਾ ਭੇਤ ਕੋਈ ਨਾ ਪਾਈਆ । ਮੈਂ ਚਾਰ ਜੁਗ ਦੀ ਥੱਕੀ ਮਾਂਦੀ ਕਰਕੇ ਬਹਿ ਗਈ ਬੱਸ, ਅੱਗੇ ਬਲ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣੀ ਦਇਆ ਕਮਾਈਆ । ਧਰਨੀ ਕੰਢੀ ਤੇਰੇ ਰੋੜੇ, ਪੱਥਰ ਪਾਹਨ ਮਿਲੇ ਵਡਿਆਈਆ । ਕਰ ਕਿਰਪਾ ਜਿਉਂ ਧੰਨੇ ਬੌਹੜੇ, ਨਿਰਗੁਣ ਆਪਣਾ ਰੂਪ ਪਰਗਟਾਈਆ । ਤੇਰੀ ਛਾਤੀ ਉਤੇ ਬਿਠਾਏ ਨਿੱਕੇ ਨਿੱਕੇ ਮੋੜੇ, ਹਰਿਜਨ ਸਾਚੇ ਵਿਚ ਵਸਾਈਆ । ਚਰਨ ਪ੍ਰੀਤੀ ਏਕਾ ਜੋੜੇ, ਆਪਣਾ ਬੰਧਨ ਪਾਈਆ । ਕਲਜੁਗ ਅੰਤਮ ਆਪੇ ਬੌਹੜੇ ਜਗਤ ਵਿਛੋੜਾ ਦਏ ਕਟਾਈਆ । ਚੜ੍ਹ ਕੇ ਆਇਆ ਸਾਚੇ ਘੋੜੇ, ਨਿਰਗੁਣ ਦਾਤਾ ਬੇਪਰਵਾਹੀਆ । ਚਾਰ ਜੁਗ ਦੀ ਮਿਟੇ ਔੜੇ, ਏਕਾ ਅੰਮ੍ਰਿਤ ਮੇਘ ਬਰਸਾਈਆ । ਮਿਠੇ ਕਰਨੇ ਫਲ ਕੌੜੇ, ਆਪਣਾ ਰਸ ਵਖਾਈਆ । ਗੁਰਮੁਖਾਂ ਹਰਿ ਜੂ ਆਪੇ ਬੌਹੜੇ, ਤੇਰਾ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤੇਰਾ ਰੋੜਾ ਪਿਆਰਾ ਪੱਥਰ, ਪਿਆਰ ਪਿਆਰ ਨਾਲ ਟਪਕਾਇੰਦਾ । ਤੇਰੇ ਉਤੇ ਸਾਚਾ ਸੱਥਰ, ਹਰਿ ਯਾਰੜਾ ਆਪ ਵਿਛਾਇੰਦਾ । ਤੇਰਾ ਨੇਤਰ ਪੂੰਝੇ ਅੱਥਰ, ਆਪਣੀ ਗੋਦ ਬਹਾਇੰਦਾ । ਫੜ ਕੇ ਚੋਟੀ ਚਾੜ੍ਹੇ ਸਿਖਰ, ਹਰਿਜਨ ਸਾਚੇ ਨਾਲ ਮਿਲਾਇੰਦਾ । ਆਦਿ ਜੁਗਾਦਿ ਜੁਗ ਜੁਗ ਜਨ ਭਗਤਾਂ ਰੱਖੇ ਆਪੇ ਫਿਕਰ, ਬੇਫਿਕਰਾ ਹੋ ਭੁੱਲ ਕਦੇ ਨਾ ਜਾਇੰਦਾ । ਕਲਜੁਗ ਅੰਤਮ ਗਾਵਣ ਆਇਆ ਜ਼ਿਕਰ, ਜ਼ਾਹਿਰਾ ਆਪਣਾ ਰੂਪ ਧਰਾਇੰਦਾ । ਆਪੇ ਮਾਤ ਆਪੇ ਪਿੱਤਰ, ਪੂਤ ਸਪੂਤਾ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਕੰਕਰ ਕੰਕਰ ਲੇਖੇ ਲਾਇੰਦਾ । ਕੰਕਰ ਕੰਕਰ ਵੱਜੇ ਮਰਦੰਗ, ਹਰਿ ਮਰਦੰਗਾ ਆਪ ਵਜਾਇੰਦਾ । ਘਰ ਘਰ ਚੜ੍ਹਾਏ ਸਾਚਾ ਰੰਗ, ਬਣ ਲਲਾਰੀ ਸੇਵ ਕਮਾਇੰਦਾ । ਤੇਰੇ ਅੰਦਰ ਵੜ ਵੜ ਸੂਰਾ ਸਰਬੰਗ, ਮੋਹ ਮਮਤਾ ਆਪ ਚੁਕਾਇੰਦਾ । ਤੇਰੀ ਸਹੋਣੀ ਸੇਜ ਪਲੰਘ, ਪਲੰਘ ਰੰਗੀਲਾ ਆਪ ਵਡਿਆਇੰਦਾ । ਉਤੇ ਬਹਿ ਬਹਿ ਗਾਏ ਛੰਦ, ਛੰਦ ਸੁਹਾਗੀ ਆਪ ਸੁਣਾਇੰਦਾ । ਵਜਾਏ ਸਿਤਾਰ ਬਿਨ ਤੰਦੀ ਤੰਦ, ਬੂਝੀ ਨਾਲ ਨਾ ਕੋਈ ਰਲਾਇੰਦਾ । ਆਪੇ ਤੁਟੀ ਦੇਵੇ ਗੰਢ, ਅੱਗੇ ਆਪਣੀ ਗੰਢ ਪੁਵਾਇੰਦਾ । ਤੇਰਾ ਚੁੱਕੇ ਰੰਡੇਪਾ ਰੰਡ, ਸਾਚਾ ਸੰਗ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਕੰਕਰ ਆਪ ਸੁਹਾਇੰਦਾ । ਤੇਰਾ ਕੰਕਰ ਵੇਖਿਆ ਠੀਕਰ, ਹਰਿ ਠੀਕਰ ਭੰਨ ਵਖਾਇਆ । ਤੇਰਾ ਵੈਰਾਗ ਇਕ ਤੀਬਰ, ਤ੍ਰਿਸਨਾ ਭੁੱਖ ਗਵਾਇਆ । ਤੇਰਾ ਜਾਗਿਆ ਬੀਰ ਬੱਬਰ, ਤੇਰਾ ਨਵਿਸ਼ਤਹ ਦਏ ਵਖਾਇਆ । ਗੱਲ ਲਾਏ ਭਰੀ ਚਿਕੜ, ਦੁਰਮਤ ਮੈਲ ਧੁਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਦਰ ਆਪ ਸੁਹਾਇਆ । ਤੇਰੇ ਮੰਦਰ ਅੰਦਰ ਹਰਿ ਭਗਤ, ਭਗਵਾਨ ਆਪ ਬਹਾਇੰਦਾ । ਲੇਖਾ ਜਾਣੇ ਤੇਰਾ ਜੁਗਤ, ਜਗਤ ਜੁਗ ਆਪਣਾ ਖੇਲ ਕਰਾਇੰਦਾ । ਤੇਰਾ ਲਹਿਣਾ ਚੁਕਾਏ ਆਪਣੇ ਵਕਤ, ਵੇਲਾ ਆਪਣਾ ਆਪ ਸੁਹਾਇੰਦਾ । ਤੇਰੇ ਖੇੜੇ ਪਾਏ ਬਰਕਤ, ਨਾਮ ਵਸਤ ਇਕ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰਾ ਮੇਲ ਮਿਲਾਇੰਦਾ । ਤੇਰਾ ਮੇਲਾ ਗੁਰਸਿਖ ਧਾਰ, ਗੁਰ ਗੁਰ ਦਏ ਵਡਿਆਈਆ । ਤੇਰਾ ਮੇਲਾ ਗੁਰਮੁਖ ਦਰਬਾਰ, ਮੁਖ ਮੁਖ ਆਪ ਸਾਲਾਹੀਆ । ਤੇਰਾ ਮੇਲਾ ਸੰਤ ਦੀਦਾਰ, ਸੰਤ ਸਾਜਨ ਲਏ ਉਠਾਈਆ । ਮੇਰਾ ਖੇਲ ਅਗੰਮ ਅਪਾਰ, ਜੁਗ ਜੁਗ ਵੇਸ ਵਟਾਈਆ । ਡੁੱਬਦੇ ਪਾਥਰ ਦੇਵਾਂ ਤਾਰ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤਮ ਆਈ ਤੇਰੀ ਵਾਰ, ਤੇਰਾ

ਦੁਖੜਾ ਦਿਆਂ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਇਕੋ ਦਾਨ, ਨਾਮ ਨਿਧਾਨਾ ਝੋਲੀ ਪਾਈਆ ।

ਦਰ ਘਰ ਆਈ ਇਕੋ ਮੰਗਣ, ਭਗਤਨ ਨਾਤਾ ਦੇ ਜੁੜਾ । ਦਰ ਦਰਵੇਸ ਬਣੀ ਮਲੰਗਣ, ਬੈਠੀ ਸੀਸ ਝੁਕਾ । ਮਿਹਰਵਾਨ ਮਿਹਰਵਾਨ ਮਿਹਰਵਾਨ ਹਰਿ ਚਾੜ੍ਹ ਇਕੋ ਰੰਗਣ, ਮੇਰਾ ਕਾਲਾ ਮੁਖ ਧੁਵਾ । ਤੂੰ ਆਦਿ ਜੁਗਾਦਿ ਜੁਗ ਜੁਗ ਕੋਟਨ ਕੋਟ ਤ੍ਰਿਲੋਕੀ ਵੇਖੇ ਤ੍ਰਿਲੋਕੀ ਨੰਦਨ, ਲੋਕ ਪਰਲੋਕ ਚਰਨਾਂ ਹੇਠ ਦਬਾ । ਕਰਾਂ ਨਿਮਸਕਾਰ ਦੋਏ ਜੋੜ ਬੰਦਨ, ਬੰਦੀਖਾਨਾ ਦੇ ਤੁੜਾ । ਜੁਗ ਚੌਕੜੀ ਪਾਏ ਫੰਦਨ, ਨਾ ਸਕੇ ਕੋਈ ਬਚਾ । ਤੂੰ ਸਾਹਿਬ ਹਾਰਾ ਟੁੱਟੀ ਗੰਢਣ, ਮੇਰੇ ਉਪਰ ਦਇਆ ਕਮਾ । ਮੈਂ ਨੇਤਰਹੀਣ ਫਿਰਾ ਅੰਧਨ, ਕਰ ਜੋਤ ਨੂਰ ਰੁਸ਼ਨਾ । ਮੈਂ ਤੇਰੇ ਭਗਤਾਂ ਦੀ ਚਰਨ ਧੂੜ ਚੁੱਕੀ ਬਣ ਕੇ ਭੰਗਣ, ਸੀਸ ਖਾਰੀ ਲਵਾਂ ਉਠਾ । ਚਾਰੇ ਕੁੰਟ ਗਾਵਾਂ ਏਕਾ ਛੰਦਨ, ਸੋਹੰ ਢੋਲਾ ਦਿਆਂ ਸੁਣਾ । ਤੂੰ ਵੇਖਣਹਾਰਾ ਜੇਰਜ ਅੰਡਨ, ਉਤਭੁਜ ਸੇਤਜ ਰਿਹਾ ਸਮਾ । ਤੂੰ ਜੁਗ ਜੁਗ ਫੜਿਆ ਚੰਡ ਪਰਚੰਡਣ, ਨਾਮ ਖੰਡਾ ਇਕ ਚਮਕਾ । ਮੈਂ ਸੁਹਾਗੀ ਹੋਣਾਂ ਰੰਡਨ, ਮੇਰਾ ਜਗਤ ਰੰਡੇਪਾ ਦੇ ਕਟਾ । ਮੈਂ ਅੰਤਮ ਆਈ ਕੰਢਣ, ਤੂੰ ਕੰਢੀ ਫੇਰਾ ਪਾ । ਮੈਂ ਵੇਖਾਂ ਖੇਲ ਵਿਚ ਵਰਭੰਡਨ, ਬ੍ਰਹਿਮੰਡਨ ਤੇਰੀ ਰਜ਼ਾ । ਤੇਰੇ ਹੁਕਮੇ ਅੰਦਰ ਸੂਰਜ ਚੰਦਨ, ਮੰਡਲ ਮੰਡਪ ਰਹੇ ਡਗਮਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਝੋਲੀ ਪਾ । ਏਕਾ ਵਸਤ ਦੇ ਅਨਮੋਲ, ਤੇਰੇ ਅੱਗੇ ਮੰਗ ਮੰਗਾਈਆ । ਤੇਰੇ ਭਗਤਾਂ ਵਸਾਂ ਕੋਲ, ਵਿਛੜ ਕਦੇ ਨਾ ਜਾਈਆ । ਬਣ ਡੂੰਮਣੀ ਵਜਾਵਾਂ ਢੋਲ, ਤੇਰਾ ਡੰਕਾ ਹੱਥ ਉਠਾਈਆ । ਬਣ ਸੁਵਾਣੀ ਕੁੰਡਾ ਦੇਵੇਂ ਖੋਲ੍ਹ, ਘਰ ਘਰ ਜੋਤ ਜਗਾਈਆ । ਤੂੰ ਸਾਹਿਬ ਮੇਰੇ ਅੰਦਰ ਜਾਣਾ ਮੌਲ, ਤੇਰੀ ਰੁੱਤੜੀ ਮੋਹੇ ਭਾਈਆ । ਤੇਰੇ ਚਰਨ ਕਵਲ ਮੈਂ ਆਪਣੀ ਛਾਤੀ ਉਤੇ ਰੱਖਾਂ ਹੋਏ ਨਿਮਾਣੀ ਧੌਲ, ਧਰਨੀ ਆਪਣਾ ਸੀਸ ਝੁਕਾਈਆ । ਤੂੰ ਆਪਣਾ ਪਰਦਾ ਦੇਣਾ ਖੋਲ੍ਹ, ਮੇਰਾ ਘੁੰਗਟ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਭਗਤਾਂ ਮਿਲਾਂ ਚਾਈਂ ਚਾਈਂਆ । ਤੇਰੇ ਭਗਤ ਮਿਲਣ ਦਾ ਚਾਅ, ਮੈਂ ਨਿਤ ਨਿਤ ਉਡੀਕ ਰਖਾਈਆ । ਚਾਰ ਜੁਗ ਗਏ ਵਿਹਾ, ਚੌਕੜ ਚੌਕੜ ਪੰਧ ਮੁਕਾਈਆ । ਗੁਰ ਅਵਤਾਰ ਪੀਰ ਦੇ ਦੇ ਗਏ ਸਲਾਹ, ਮੈਨੂੰ ਉਂਗਲਾਂ ਨਾਲ ਸਮਝਾਈਆ । ਅੰਤਮ ਆਵੇ ਇਕ ਖ਼ੁਦਾ, ਬੇਐਬ ਰੂਪ ਵਟਾਈਆ । ਤੈਨੂੰ ਦੇਵੇ ਸਚ ਪਨਾਹ, ਸਿਰ ਆਪਣਾ ਹੱਥ ਰਖਾਈਆ । ਮੇਰੇ ਬਖ਼ਸ਼ੇ ਸਰਬ ਗੁਨਾਹ, ਪੱਤਤ ਪਾਪੀ ਪਾਰ ਕਰਾਈਆ । ਤੂੰ ਚਰਨੀ ਡਿਗੀਂ ਆ, ਏਕਾ ਮਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਹੋਰ ਨਾ ਕੋਈ ਸਹਾਈਆ । ਦੱਸਿਆ ਵੇਲਾ ਆਇਆ ਨੇੜੇ, ਆਪਣਾ ਪੰਧ ਮੁਕਾ । ਮੈਂ ਛੱਡ ਕੇ ਆਈ ਸਾਰੇ ਝੇੜੇ, ਦਰ ਤੇਰੇ ਡਿਗੀ ਆ । ਮੈਂ ਵਸਦੇ ਛੱਡੇ ਖੇੜੇ, ਇਕੋ ਮੰਗੀ ਚਰਨ ਪਨਾਹ । ਤੂੰ ਬੰਨ੍ਹੇ ਮੇਰੇ ਬੇੜੇ, ਮੇਰੇ ਪਿਛਲੇ ਬਖ਼ਸ਼ ਗੁਨਾਹ । ਮੈਨੂੰ ਸਚ ਦੱਸ ਤੇਰੇ ਭਗਤ ਕਿਹੜੇ ਕਿਹੜੇ, ਮੈਂ ਚਰਨੀ ਡਿਗਾਂ ਜਾ । ਮੇਰੇ ਖੁਲ੍ਹੇ ਹੋਏ ਵਿਹੜੇ, ਨੌਂ ਖੰਡ ਪ੍ਰਿਥਮੀ ਵਸਿਆ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ

ਭਗਤਾਂ ਪਕੜੀ ਬਾਂਹ । ਪੁਰਖ ਅਬਿਨਾਸ਼ੀ ਪਿਆ ਹੱਸ, ਆਪਣੀ ਖ਼ੁਸ਼ੀ ਮਨਾਈਆ । ਉਠ ਮਾਰਗ ਦੇਵਾਂ ਦੱਸ, ਏਕਾ ਵਾਰ ਸਮਝਾਈਆ । ਪਿਛੇ ਨਿਉਂ ਨਾ ਵੇਖੀ ਜਾਈ ਨੱਸ, ਆਪਣਾ ਪੰਧ ਮੁਕਾਈਆ । ਕੰਡੀ ਬੈਠਾ ਮੇਰਾ ਗੁਰਸਿਖ ਰਿਹਾ ਵਸ, ਮੇਰੇ ਵਿਚ ਧਿਆਨ ਲਗਾਈਆ । ਤੂੰ ਜਾ ਕੇ ਚਰਨੀ ਢੱਠ, ਮੰਗ ਇਕ ਸਰਨਾਈਆ । ਜੇ ਉਹ ਬਹੇ ਦੜ ਵੱਟ, ਚੁਪ ਚੁਪੀਤਾ ਮੁੱਖ ਭੁਵਾਈਆ । ਤੂੰ ਸਿਰ ਚਰਨਾਂ ਉਤੇ ਸੱਟ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰਾਹ ਰਿਹਾ ਵਖਾਈਆ । ਏਕਾ ਰਾਹ ਲੈਣਾ ਤੱਕ, ਹਰਿ ਸੱਚਾ ਸਚ ਜਣਾਇੰਦਾ । ਰਾਹ ਵਿਚ ਨਾ ਜਾਣਾ ਥੱਕ, ਏਕਾ ਮੰਜ਼ਲ ਪੂਰ ਕਰਾਇੰਦਾ । ਉਥੇ ਲੇਖਾ ਹੱਕੋ ਹੱਕ, ਘਾਟਾ ਕੋਇ ਨਜ਼ਰ ਨਾ ਆਇੰਦਾ । ਤੂੰ ਜਾਣਾ ਹੋ ਅਣਝਕ, ਦਰ ਆਇਆਂ ਨਾ ਕੋਇ ਪਰਤਾਇੰਦਾ । ਤੂੰ ਜਾ ਕੇ ਰਗੜੀਂ ਨੱਕ, ਏਕਾ ਗੁਣ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਖੇਲ ਆਪ ਕਰਾਇੰਦਾ । ਕੀ ਕਰਾਂ ਮੈਂ ਕਿਧਰੇ ਜਾਵਾਂ, ਰਾਹ ਖਹਿੜਾ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਵੇਖ ਵਖਾਵਾਂ, ਮੇਰਾ ਨੈਣ ਮੇਰਾ ਸੰਗ ਨਾ ਕੋਇ ਨਿਭਾਈਆ । ਚਾਰੋਂ ਕੁੰਟ ਪਿਆ ਰੌਲਾ ਕਾਗਾਂ ਕਾਵਾਂ, ਹੰਸ ਧਾਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭੇਵ ਦੇਣਾ ਦੱਸ, ਦੇਣੀ ਸਚ ਸਲਾਹੀਆ । ਆ ਦੱਸਾਂ ਸਾਚਾ ਭੇਤ, ਹਰਿ ਸੱਜਣ ਸਚ ਸੁਣਾਇਆ । ਭਗਤ ਗੁਰਮੁਖ ਇਕੋ ਵੇਖ, ਹਰਿ ਸਤਿਗੁਰ ਆਪ ਬਣਾਇਆ । ਸਾਚੇ ਵਸਿਆ ਸਾਹਿਬ ਦੇਸ, ਸੋ ਦੇਸ ਰਿਹਾ ਸਮਝਾਇਆ । ਜਿਥੇ ਨਾ ਕੋਈ ਮੁੱਲਾਂ ਨਾ ਕੋਈ ਸ਼ੇਖ਼, ਪੰਡਤ ਪਾਂਧਾ ਨਾ ਕੋਈ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਸਮਝਾਇਆ । ਉਠ ਜਾਹ ਜਾਣਾਂ ਭੱਜ, ਹਰਿ ਸਾਚਾ ਸਚ ਜਣਾਇੰਦਾ । ਗੁਰਮੁਖ ਦੁਆਰੇ ਜਾਣਾ ਸਜ, ਘਰ ਸਾਚਾ ਇਕ ਵਖਾਇੰਦਾ । ਉਹ ਰੱਖੇ ਤੇਰੀ ਲੱਜ, ਸਿਰ ਤੇਰੇ ਹੱਥ ਟਿਕਾਇੰਦਾ । ਪੜਦਾ ਦੇਵੇ ਮਾਤ ਕੱਜ, ਦੂਜੀ ਵਾਰ ਨਾ ਕੋਇ ਉਠਾਇੰਦਾ । ਤੂੰ ਲਾਹੁਣੀ ਲੋਕ ਲਾਜ, ਹਰਿ ਜੂ ਲੱਜਿਆ ਵਿਚ ਕਦੇ ਨਾ ਆਇੰਦਾ । ਜਿਸ ਰਚਿਆ ਆਪਣਾ ਕਾਜ, ਸੋ ਤੇਰਾ ਕਾਜ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੱਸੇ ਸਾਚਾ ਰਾਹ, ਨਿਰਗੁਣ ਸ਼ਬਦੀ ਬਣ ਮਲਾਹ, ਆਪਣਾ ਬੇੜਾ ਆਪ ਵਖਾਇੰਦਾ । ਸਾਚਾ ਬੇੜਾ ਹਰਿ ਕਰਤਾਰ, ਭਗਤਨ ਹੱਥ ਵਡਿਆਈਆ । ਜਾਹ ਵੇਖ ਪਹਿਲੀ ਵਾਰ, ਸਤਿਗੁਰ ਪੂਰਾ ਰਿਹਾ ਸਮਝਾਈਆ । ਸੇਵਾ ਕਰਨ ਆਇਆ ਨਿਰੰਕਾਰ, ਨਿਰਗੁਣ ਆਪਣਾ ਵੇਸ ਵਟਾਈਆ । ਸੰਤ ਸੁਹੇਲੇ ਰਿਹਾ ਚਾੜ੍ਹ, ਫੜ ਫੜ ਬਾਂਹੋਂ ਉਪਰ ਬਹਾਈਆ । ਤੂੰ ਭੀ ਭਿਖਿਆ ਮੰਗ ਜਾ ਦੁਆਰ, ਵੇਲਾ ਗਿਆ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦਰਸਨ ਦੇਵੇ ਆਣ, ਦਰਸੀ ਦਰਸ ਆਪ ਕਰਾਈਆ ।

★ ੧੭ ਮਾਘ ੨੦੧੮ ਬਿਕ੍ਰਮੀ ਸਰਦਾਰੀ ਜੰਮੂ ★

ਸ਼ਾਹ ਪਾਤਸ਼ਾਹ ਤੇਰੀ ਉਡੀਕ, ਬਣ ਨਿਮਾਣੀ ਮਾਤ ਰਖਾਈਆ । ਮੇਰੇ ਨਾਲ ਜੋ ਪਿਛੇ ਗਈ ਬੀਤ, ਕੀ ਕੁਝ ਦੱਸਾਂ ਦਿਆਂ ਦੁਹਾਈਆ ।

ਜਿਧਰ ਵੇਖਾਂ ਨਜ਼ਰ ਔਣ ਸ਼ਰੀਕ, ਦੁੱਖ ਦਰਦ ਨਾ ਕੋਇ ਵੰਡਾਈਆ । ਮੇਰੀ ਛਾਤੀ ਉਤੇ ਗੁਰ ਅਵਤਾਰਾਂ ਮਾਰੀ ਲੀਕ, ਪੀਰ ਪੈਗ਼ੰਬਰ ਗਏ ਹੱਦ ਬਣਾਈਆ । ਜਿਉਂ ਭਾਵੇ ਤਿਉਂ ਤੂੰ ਕਰੀਂ ਠੀਕ, ਤੇਰੇ ਹੁਕਮੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਵੰਡ ਮੋਹੇ ਨਾ ਭਾਈਆ । ਤੇਰੀ ਵੰਡ ਅੱਡੋ ਅੱਡ, ਵਰਨ ਬਰਨ ਗੋਤ ਬਣਾਈਆ । ਪੀਰ ਪੈਗ਼ੰਬਰਾਂ ਭੰਨੇ ਮੇਰੇ ਹੱਡ, ਆਪਣਾ ਬਲ ਵਖਾਈਆ । ਅੱਡੋ ਅੱਡ ਨਿਸ਼ਾਨਾ ਗੱਡ, ਆਪਣਾ ਰਾਹ ਗਏ ਚਲਾਈਆ । ਮੈਂ ਜਾਣਾ ਤੂੰ ਵੱਸੇਂ ਪਾਰ ਹੱਦ, ਤੇਰਾ ਕਿਨਾਰਾ ਨਜ਼ਰ ਕਿਸੇ ਨਾ ਆਈਆ । ਆਪਣੀ ਵਡਿਆਈ ਪਿਛੇ ਗਏ ਛੱਡ, ਅੱਗੇ ਸੰਗ ਨਾ ਕੋਇ ਲੈ ਜਾਈਆ । ਜਿਧਰ ਵੇਖਾਂ ਡੂੰਘੀ ਖੱਡ, ਸਚ ਮਹੱਲ ਨਾ ਕੋਇ ਸੁਹਾਈਆ । ਬਿਨ ਭਗਤਾਂ ਤੇਰੀ ਬਣੇ ਨਾ ਕੋਈ ਯੱਦ, ਲੱਖ ਚੁਰਾਸੀ ਰਹੀ ਕੁਰਲਾਈਆ । ਜੁਗ ਚੌਕੜੀ ਮੈਂ ਵੇਖੇ ਨੱਠ ਨੱਠ, ਬਣ ਪਾਂਧੀ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਟਨ ਕੋਟ ਤੇਰੀ ਸਰਨਾਈ ਗਏ ਢੱਠ, ਤੇਰਾ ਅੰਤ ਕੋਇ ਨਾ ਪਾਈਆ । ਇਕੋ ਕਹਿ ਗਏ ਵਸੇਂ ਘਟ ਘਟ, ਆਦਿ ਅੰਤ ਨਾ ਕੋਇ ਸਮਝਾਈਆ । ਦੀਨ ਮਜ਼੍ਹਬ ਸ਼ਰਅ ਸ਼ਰੀਅਤ ਪਾ ਪਾ ਵੱਟ, ਆਪਣੇ ਬੰਨੇ ਗਏ ਬਣਾਈਆ । ਕੋਈ ਕਹੇ ਬ੍ਰਹਿਮਣ ਸ਼ੱਤਰੀ ਸ਼ੂਦਰ ਵੈਸ਼ ਕੋਈ ਕਹੇ ਜੱਟ, ਕੋਈ ਨੀਚੋ ਨੀਚ ਸਦਵਾਈਆ । ਕੋਈ ਕਹੇ ਮੈਂ ਖੋਲ੍ਹੇ ਚੌਦਾਂ ਹੱਟ, ਕੋਈ ਕਹੇ ਤ੍ਰਿਲੋਕੀ ਮੇਰੀ ਛਾਹੀਆ । ਕੋਈ ਕਹੇ ਪੁਰਖ ਸਮਰਥ, ਕੋਈ ਫਤਿਹ ਡੰਕਾ ਰਿਹਾ ਵਜਾਈਆ । ਸਭ ਤੇਰਾ ਗੌਂਦੇ ਗਏ ਜਸ, ਦਿਵਸ ਰੈਣ ਧਿਆਨ ਲਗਾਈਆ । ਮੇਰੀ ਛਾਤੀ ਗਏ ਵੱਢ, ਉਤੇ ਸ਼ਰਅ ਛੁਰੀ ਚਲਾਈਆ । ਮੇਰੇ ਬੁੱਢੇ ਹੋਏ ਹੱਡ, ਅੰਤ ਬਲ ਨਜ਼ਰ ਕੋਇ ਨਾ ਆਈਆ । ਮੈਂ ਤੇਰੇ ਹੁਕਮ ਅੰਦਰ ਗਈ ਬੱਝ, ਸਭ ਦੇ ਚਰਨਾਂ ਹੇਠਾਂ ਬੈਠੀ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਜੁਗ ਚੌਕੜੀ ਚੁੱਕਿਆ ਭਾਰ, ਸਾਚੀ ਸੇਵ ਕਮਾਈਆ । ਅੰਤਮ ਕਲਜੁਗ ਗਈ ਹਾਰ, ਮੇਰਾ ਬਲ ਨਾ ਸੰਗ ਨਿਭਾਈਆ । ਪ੍ਰਭ ਤੇਰੇ ਅੱਗੇ ਇਕ ਪੁਕਾਰ, ਮੈਂ ਇਕੋ ਆਸ ਤਕਾਈਆ । ਮੇਰਾ ਪਿਛਲਾ ਦੁੱਖ ਨਿਵਾਰ, ਬਣ ਦਰਦੀ ਦਰਦ ਵੰਡਾਈਆ । ਵਰਨ ਬਰਨ ਕਰ ਖ਼ਵਾਰ, ਜ਼ਾਤ ਪਾਤ ਰਹਿਣ ਨਾ ਪਾਈਆ । ਮਾਨਸ ਦੇ ਇਕ ਅਧਾਰ, ਮਨੁਖ ਏਕਾ ਗੁਣ ਸਮਝਾਈਆ । ਤੇਰੀ ਕਿਰਪਾ ਅੰਦਰ ਵਸੇ ਸਰਬ ਸੰਸਾਰ, ਤੇਰੀ ਮਿਹਰ ਨਾਲ ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਪੂਰੀ ਆਸ ਕਰਾਈਆ । ਮੇਰੀ ਆਸਾ ਪੂਰੀ ਦੇਣੀ ਕਰ, ਮੇਰੇ ਸਾਹਿਬ ਸੱਚੇ ਸੁਲਤਾਨਾ । ਜੁਗ ਚੌਕੜੀ ਲੰਘਾਏ ਡਰ ਡਰ, ਤੇਰਾ ਸੁਣਿਆ ਧੁਰ ਫ਼ਰਮਾਣਾ । ਗੁਰ ਅਵਤਾਰ ਆਪਣੀ ਗੋਦੀ ਧਰ ਧਰ, ਖਲਾਏ ਵਿਚ ਜਹਾਨਾਂ । ਅੰਤਮ ਸਾਰੇ ਗਏ ਛੱਡ ਛੱਡ, ਤੋੜ ਨਿਭਿਆ ਨਾ ਕੋਇ ਜਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰਵਾਨ ਸ੍ਰੀ ਭਗਵਾਨਾ । ਮਿਹਰਵਾਨ ਹੋ ਦਿਆਲ, ਆਪਣੀ ਦਇਆ ਕਮਾਈਆ । ਤੇਰੀ ਲੱਗੀ ਨਿਭੇ ਨਾਲ, ਏਕਾ ਘਰ ਵਖਾਈਆ । ਜੁਗ ਜੁਗ ਭਗਤ ਭਗਵੰਤ ਬਣ ਦਲਾਲ, ਲੋਕਮਾਤ ਫੇਰਾ ਪਾਈਆ । ਤੂੰ ਜਾ ਕੇ ਗੁਰਮੁਖਾਂ ਅੱਗੇ ਕਰ ਸੁਵਾਲ, ਦੋਏ ਜੋੜ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚਾ ਲੇਖਾ ਲਿਖ ਲਿਖ ਲੇਖ, ਹਰਿ ਲਿਖਣਹਾਰ ਸਮਝਾਈਆ । ਭਗਤ ਦੁਆਰਾ ਇਕੋ ਟੇਕ, ਮਿਲੇ ਮਾਤ ਸਰਨਾਈਆ ।

ਪੁਰਖ ਅਬਿਨਾਸ਼ੀ ਆਪਣਾ ਖੋਲ੍ਹਿਆ ਭੇਤ, ਭੇਵ ਆਪ ਚੁਕਾਈਆ । ਸਦਾ ਸੁਹੇਲਾ ਕਰੇ ਹੇਤ, ਕਲਜੁਗ ਅੰਤਮ ਵੇਸ ਵਟਾਈਆ । ਰੁੱਤ ਬਸੰਤੀ ਇਕੋ ਚੇਤ, ਪੱਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਸਮਝਾਈਆ । ਗੁਰਮੁਖ ਸਾਚਾ ਸਚ ਮਹੱਲਾ, ਹਰਿ ਸੱਜਣ ਆਪ ਵਸਾਇੰਦਾ । ਡੇਰਾ ਰੱਖੇ ਪਾਰ ਜਲਾ ਥਲਾ, ਜਲ ਥਲ ਰਾਹ ਵਿਚ ਨਾ ਕੋਇ ਅਟਕਾਇੰਦਾ । ਓਥੇ ਮਿਲੇ ਇਕ ਇਕੱਲਾ, ਏਕੰਕਾਰ ਫੇਰਾ ਪਾਇੰਦਾ । ਜੋਤੀ ਧਾਰ ਸ਼ਬਦੀ ਰਲਾ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਅੱਗੇ ਜਾ ਕੇ ਡਾਹਵੀਂ ਪੱਲਾ, ਏਕਾ ਗੁਣ ਸਮਝਾਇੰਦਾ । ਜਨ ਭਗਤਾਂ ਪਿਛੇ ਤੇਰਾ ਕਰ ਜਾਏ ਭਲਾ, ਤੇਰਾ ਦੁੱਖ ਗਵਾਇੰਦਾ । ਜੁਗ ਚੌਕੜੀ ਮੇਟੇ ਸਲਾ, ਸਲ ਦੂਜਾ ਨਾ ਕੋਇ ਜਣਾਇੰਦਾ । ਲੇਖਾ ਚੁੱਕੇ ਰਾਣੀ ਅੱਲਾ, ਮੁਹੰਮਦ ਵੰਡ ਨਾ ਕੋਇ ਵੰਡਾਇੰਦਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾ ਹੋਏ ਝੱਲਾ, ਜਾਤ ਪਾਤ ਨਾ ਕੋਇ ਰਖਾਇੰਦਾ । ਪੁਰਖ ਅਬਿਨਾਸ਼ੀ ਆਪਣੇ ਹੱਥ ਫੜ ਕੇ ਆਇਆ ਭੱਲਾ, ਚਾਰੋਂ ਕੁੰਟ ਫੇਰਾ ਪਾਇੰਦਾ । ਜੁਗ ਜੁਗ ਜੋ ਕਰਦਾ ਰਿਹਾ ਵਲ ਛਲਾ, ਅੰਤਮ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਗੁਰਮੁਖ ਦੁਆਰਾ ਇਕ ਸਮਝਾਇੰਦਾ । ਗੁਰਮੁਖ ਦਰ ਸਚ ਮੁਨਾਰਾ, ਸੋਭਾਵੰਤ ਆਪ ਸੁਹਾਈਆ । ਨਿਰਮਲ ਨੂਰ ਜੋਤ ਉਜਿਆਰਾ, ਮਹੱਲ ਅਟੱਲ ਕਰੇ ਰੁਸ਼ਨਾਈਆ । ਸ਼ਬਦ ਨਾਦ ਧੁਨ ਜੈਕਾਰਾ, ਸੋਹੰ ਢੋਲਾ ਗਾਈਆ । ਪੜਦਾ ਉਹਲਾ ਵਿਚ ਸੰਸਾਰਾ, ਭੇਵ ਕੋਇ ਨਾ ਪਾਈਆ । ਕਰੇ ਖੇਲ ਅਗੰਮ ਅਪਾਰਾ, ਅਨਭਵ ਆਪਣੀ ਧਾਰ ਚਲਾਈਆ । ਦੋ ਜਹਾਨਾਂ ਹੋ ਉਜਿਆਰਾ, ਏਕਾ ਡੰਕ ਸੁਣਾਈਆ । ਸਾਚੇ ਸੰਤਾਂ ਦੇ ਸਹਾਰਾ, ਇਕੋ ਓਟ ਰਖਾਈਆ । ਨੇਤਰ ਲੋਚਣ ਨੈਣ ਦਰਸ ਦੀਦਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਸਲਾਹੀਆ । ਗੁਰਮੁਖ ਵਸੇ ਸਾਚੇ ਧਾਮ, ਧਾਮ ਅਵੱਲੜਾ ਆਪ ਬਣਾਇੰਦਾ । ਜਿਥੇ ਵਸੇ ਏਕੋ ਰਾਮ, ਦੂਜਾ ਨਜ਼ਰ ਕੋਇ ਨਾ ਆਇੰਦਾ । ਜਿਥੇ ਹੱਸੇ ਇਕੋ ਸ਼ਾਮ, ਏਕਾ ਖ਼ੁਸ਼ੀ ਮਨਾਇੰਦਾ । ਜਿਥੇ ਦੇਵੇ ਇਕ ਪੈਗ਼ਾਮ, ਪੀਰ ਪੈਗ਼ੰਬਰ ਆਪ ਸਮਝਾਇੰਦਾ । ਜਿਥੇ ਜਪਾਏ ਸਤਿਨਾਮ, ਨਾਮ ਸਤਿ ਆਪ ਹੋ ਆਇੰਦਾ । ਸੋ ਸਾਹਿਬ ਸ੍ਰੀ ਭਗਵਾਨ, ਆਪ ਆਪਣਾ ਖੇਲ ਕਰਾਇੰਦਾ । ਕਲਜੁਗ ਅੰਤਮ ਗੁਰਮੁਖਾਂ ਮਿਲਿਆ ਆਣ, ਭਗਤ ਭਗਤੀ ਵੇਖ ਵਖਾਇੰਦਾ । ਜੋਤੀ ਜਾਤਾ ਦੋ ਜਹਾਨ, ਕੁੱਲੀ ਕੱਖਾਂ ਅੰਦਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪ ਪਰਗਟਾਇੰਦਾ । ਧਰਨੀ ਕਹੇ ਮੇਰੇ ਭਗਵਾਨ, ਤੇਰੇ ਹੱਥ ਮੇਰੀ ਵਡਿਆਈਆ । ਤੇਰਾ ਭਗਤ ਮੇਰਾ ਨਿਸ਼ਾਨ, ਲੋਕਮਾਤ ਇਕ ਰਖਾਈਆ । ਸੱਚਾ ਦੇਣਾ ਝੋਲੀ ਦਾਨ, ਬਣ ਨਿਮਾਣੀ ਮੰਗ ਮੰਗਾਈਆ । ਕਲਜੁਗ ਨਾਤਾ ਤੁਟੇ ਵਿਚ ਜਹਾਨ, ਜੂਠ ਝੂਠ ਦੇ ਖਪਾਈਆ । ਅੱਗੇ ਗੁਰਮੁਖ ਸੱਜਣ ਮਿਲੇ ਸੁਜਾਨ, ਚਤੁਰ ਤੇਰੀ ਸਰਨਾਈਆ । ਮੈਂ ਵੇਖਾਂ ਦਰਸ਼ਨ ਦਰ ਦਰ ਆਣ, ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕੋ ਵਰ, ਤੇਰੇ ਭਗਤ ਮੰਗ ਮੰਗਾਈਆ । ਤੇਰਾ ਭਗਤ ਮੇਰਾ ਪਿਆਰ, ਮੇਰੀ ਟੁੱਟੀ ਗੰਢ ਵਖਾਇੰਦਾ । ਤੂੰ ਕਿਰਪਾ ਕਰ ਆਪ ਕਰਤਾਰ, ਦੇਵਣਹਾਰ ਸਦ ਅਖਵਾਇੰਦਾ । ਮੇਰਾ ਦੁਖੜਾ ਜਾਏ ਜੁਗ ਚਾਰ, ਅਗਲਾ ਸੁਖ ਇਕ ਸੁਹਾਇੰਦਾ । ਮੈਂ ਤੇਰਿਆਂ ਭਗਤਾਂ ਕਰਾਂ ਦਰਸ ਦੀਦਾਰ, ਨੇਤਰ ਆਪਣਾ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਤੇਰਾ ਭਗਤ ਮੇਰਾ ਘਰ

੫੦੫
੧੧

ਸੁਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਤੇਰਾ ਖੇਲ ਮਹਾਨ, ਤੇਰੀ ਇਛਿਆ ਸਾਚੀ ਭਿਛਿਆ ਵਸਤ ਦੋ ਜਹਾਨ ਤੂੰ ਹੀ ਵਰਤਾਇੰਦਾ ।

ਭਗਤਾਂ ਸੰਗ ਹਰਿ ਸੰਜੋਗ, ਧੁਰ ਸੰਜੋਗੀ ਮੇਲ ਮਿਲਾਇੰਦਾ । ਭਗਤਾਂ ਕੱਟੇ ਹਉਮੇ ਰੋਗ, ਮਮਤਾ ਮੋਹ ਮਿਟਾਇੰਦਾ । ਭਗਤਾਂ ਦੇਵੇ ਸਾਚਾ ਜੋਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਇੰਦਾ । ਭਗਤਾਂ ਕੱਢੇ ਝੂਠਾ ਖੋਟ, ਜੂਠ ਝੂਠ ਰਹਿਣ ਨਾ ਪਾਇੰਦਾ । ਭਗਤਨ ਦੇਵੇ ਭੰਡਾਰ ਅਤੋਟ, ਭੰਡਾਰ ਹਰਿ ਜੂ ਇਕੋ ਵਾਰ ਵਰਤਾਇੰਦਾ । ਭਗਤਾਂ ਨਾਤਾ ਤੋੜੇ ਵਰਨ ਗੋਤ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਭਗਤਾਂ ਜਗਾਏ ਨਿਰਮਲ ਜੋਤ, ਅੰਧ ਅੰਧੇਰ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਗਤਾਂ ਆਪ ਮਿਲਾਇੰਦਾ । ਭਗਤਨ ਅੰਦਰ ਹਰਿ ਕਾ ਵਾਸ, ਹਰ ਘਟ ਵਾਸੀ ਆਪ ਰਖਾਈਆ । ਭਗਤਨ ਅੰਦਰ ਖੇਲ ਤਮਾਸ਼, ਗੋਪੀ ਕਾਹਨ ਨਾਚ ਨਚਾਈਆ । ਭਗਤਨ ਅੰਦਰ ਪੁਰਖ ਅਬਿਨਾਸ਼, ਨਿਰਗੁਣ ਬੈਠਾ ਡੇਰਾ ਲਾਈਆ । ਭਗਤਨ ਅੰਦਰ ਭਗਤੀ ਸਵਾਸ, ਸਵਾਸ ਸਵਾਸ ਆਪਣਾ ਰੰਗ ਚੜ੍ਹਾਈਆ । ਭਗਤਨ ਅੰਦਰ ਹੋ ਹੋ ਦਾਸ, ਬਣ ਦਾਸੀ ਸੇਵ ਕਮਾਈਆ । ਜਨ ਭਗਤਾਂ ਕਰੇ ਬੰਦ ਖੁਲਾਸ, ਏਕਾ ਆਪਣਾ ਬੰਦਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਸੰਗ ਸਹਾਈਆ ।


੫੦੬ ੧੧

ਹੇ ਪ੍ਰਭੂ ਮੇਰੇ ਸਮਰਥ, ਤੂੰ ਵੱਡਾ ਵਡ ਵਡਿਆਈਆ । ਮੈਂ ਸੁਣਿਆਂ ਤੇਰਾ ਜਸ, ਦੋ ਜਹਾਨ ਵੱਜੀ ਵਧਾਈਆ । ਤੂੰ ਭਗਤਾਂ ਮਿਲੇਂ ਹੱਸ ਹੱਸ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਤੂੰ ਪੰਧ ਮੁਕਾਇਆ ਨੱਸ ਨੱਸ, ਲੋਆਂ ਪੁਰੀਆਂ ਪਾਰ ਕਰਾਈਆ । ਤੂੰ ਪਰੇਮ ਪਿਆਰ ਅੰਦਰ ਗਿਆ ਫਸ, ਆਪਣਾ ਬੰਧਨ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਧ ਬਿਨ ਅਵਰ ਨਾ ਕੋਇ ਸਖਾਈਆ । ਹੇ ਪ੍ਰਭੂ ਮੇਰੇ ਠਾਕਰ, ਦੀਨ ਦਿਆਲ ਰਘੁਨਾਥਾ । ਤੂੰ ਗਹਿਰ ਗੰਭੀਰ ਡੂੰਘਾ ਸਾਗਰ, ਬੇਅੰਤ ਬੇਅੰਤ ਬੇਅੰਤ ਤੇਰੀ ਗਾਥਾ । ਦਰ ਆਇਆਂ ਤੂੰ ਦੇਵੇ ਆਦਰ, ਦੀਨਨ ਸਹਾਈ ਤਿਲੋਕੀ ਨਾਥਾ । ਤੂੰ ਸਾਹਿਬ ਸੁਲਤਾਨ ਵੱਡ ਬਹਾਦਰ, ਵਿਸ਼ਨ ਬ੍ਰਹਮਾ ਸ਼ਿਵ ਗੁਰ ਪੀਰ ਅਵਤਾਰ ਤੇਰਾ ਦਾਸੀ ਦਾਸਾ । ਤੂੰ ਆਦਿ ਜੁਗਾਦਿ ਸੱਚਾ ਸੁਦਾਗਰ, ਚਰਨ ਕਵਲ ਦੇਵੇ ਸਚ ਭਰਵਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਪੂਰੀ ਕਰਨੀ ਆਸਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਕਲਜੁਗ ਅੰਤਮ ਤੇਰਿਆ ਗੁਰਸਿਖਾਂ ਨਾਲ ਵੇਖਾਂ ਤੇਰਾ ਤਮਾਸ਼ਾ ।

ਹਰਿ ਤਮਾਸ਼ਾ ਜਿਸ ਵੇਖਣਾ ਜਗ, ਧਰਨੀ ਹਰਿ ਸਮਝਾਇੰਦਾ । ਭਗਤ ਪਿਆਰ ਅੰਦਰ ਜਾਏ ਬੱਝ, ਪ੍ਰੀਤੀ ਪ੍ਰੀਤ ਇਕ ਸਮਝਾਇੰਦਾ । ਪਰੇਮ

ਅਗਨ ਵਿਚ ਜਾਏ ਦਝ, ਅਗਨੀ ਤੱਤ ਨਾ ਕੋਇ ਵਖਾਇੰਦਾ । ਜਗਤ ਸ਼ਰਅ ਪਾਰ ਕਰੇ ਹੱਦ, ਏਕਾ ਘਰ ਵਖਾਇੰਦਾ । ਹਰਿ ਸੰਗਤ ਵਿਚ ਬਹੇ ਸਜ, ਸੋ ਜਨ ਹਰਿ ਕਾ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਪੜਦਾ ਲਏ ਕਜ, ਸਿਰ ਆਪਣਾ ਹੱਥ ਟਿਕਾਇੰਦਾ । ਹਰਿ ਤਮਾਸ਼ਾ ਸਾਚੀ ਰਾਸ, ਹਰਿ ਸੱਚਾ ਸਚ ਜਣਾਇੰਦਾ । ਸ਼ੰਕਰ ਵੇਖੇ ਉਤੇ ਕੈਲਾਸ਼, ਭੇਵ ਅਭੇਵ ਚੁਕਾਇੰਦਾ । ਬ੍ਰਹਮਾ ਵੇਖੇ ਬ੍ਰਹਮ ਪਰਕਾਸ਼, ਪਾਰਬ੍ਰਹਮ ਪਰਗਟਾਇੰਦਾ । ਵਿਸ਼ਨੂੰ ਵੇਖ ਕਹੇ ਸ਼ਾਬਾਸ਼, ਤੇਰਾ ਭੇਵ ਕੋਇ ਨਾ ਪਾਇੰਦਾ । ਪੁਰਖ ਅਬਿਨਾਸ਼ੀ ਕਹੇ ਆਦਿ ਜੁਗਾਦਿ ਮੈਂ ਭਗਤਾਂ ਸਾਥ, ਸਗਲਾ ਸੰਗ ਨਿਭਾਇੰਦਾ । ਏਥੇ ਓਥੇ ਦੋ ਜਹਾਨਾਂ ਹੋਵਾਂ ਦਾਸ, ਬਣ ਸੇਵਕ ਸੇਵ ਕਮਾਇੰਦਾ । ਕਲਜੁਗ ਅੰਤਮ ਵਸਾਂ ਪਾਸ, ਵਿਛੜ ਕਦੇ ਨਾ ਜਾਇੰਦਾ । ਜਨ ਭਗਤਾਂ ਪਿਛੇ ਲੋਕਮਾਤ ਕੱਟਾਂ ਆਪ ਬਨਵਾਸ, ਬਿਨ ਜੰਗਲ ਜੂਹ ਫੇਰਾ ਪਾਇੰਦਾ । ਮੇਰਾ ਭਗਤ ਨਾ ਹੋਏ ਉਦਾਸ, ਬਿਨ ਭਗਤੀ ਦਇਆ ਕਮਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਜੁਗ ਚੌਕੜੀ ਪੰਧ ਮੁਕਾਇੰਦਾ । ਕਰੇ ਖੇਲ ਪੁਰਖ ਅਬਿਨਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਫੜ, ਅਨਡਿਠੜੀ ਡੋਰ ਇਕ ਰਖਾਇੰਦਾ । ਧਰਨੀ ਕਹੇ ਤੇਰਾ ਅਜ਼ਬ ਤਮਾਸ਼ਾ, ਮੈਂ ਵੇਖ ਹੋਈ ਹੈਰਾਨ । ਘਟ ਘਟ ਅੰਦਰ ਤੇਰਾ ਵਾਸਾ, ਮੇਰੇ ਸਾਹਿਬ ਸਚ ਸੁਲਤਾਨ । ਖਾਲੀ ਦਿਸੇ ਨਾ ਕੋਈ ਪਾਸਾ, ਮੇਰੇ ਭਗਤ ਵਛਲ ਭਗਵਾਨ । ਤੂੰ ਗੁਰਮੁਖਾਂ ਕਰੇ ਪੂਰੀ ਆਸਾ, ਦੇਵੇਂ ਦਰਸ ਦਾਨ । ਮੈਂ ਮੰਗਾਂ ਚਰਨ ਭਰਵਾਸਾ, ਬਖ਼ਸ਼ਿਸ਼ ਕਰੀਂ ਮਿਹਰਵਾਨ । ਤੇਰੇ ਦਰ ਨਾ ਜਾਏ ਕੋਈ ਨਿਰਾਸਾ, ਜੋ ਚਰਨੀ ਡਿਗੇ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੂੰ ਹੋਣਾ ਆਪ ਮਿਹਰਵਾਨ । ਮਿਹਰਵਾਨ ਮੇਰੇ ਦੀਨ ਦਿਆਲ, ਮੈਂ ਤੇਰੀ ਓਟ ਤਕਾਈਆ । ਖ਼ੁਸ਼ ਹੋਈ ਵੇਖ ਤੇਰੇ ਗੁਰਮੁਖ ਲਾਲ, ਘਰ ਘਰ ਵੱਜੇ ਵਧਾਈਆ । ਬਿਨ ਵੇਖਿਉਂ ਹੋਇਉਂ ਦਲਾਲ, ਅਨਡਿਠੜਾ ਰੂਪ ਧਰਾਈਆ । ਤੇਰੀ ਅਵੱਲੜੀ ਵੇਖੀ ਚਾਲ, ਤੇਰੀ ਸਾਰ ਕੋਇ ਨਾ ਆਈਆ । ਤੂੰ ਆਪੇ ਪੁਛਿਆ ਹਾਲ, ਆਪਣਾ ਫੇਰਾ ਪਾਈਆ । ਮੇਰੀ ਬੇਨੰਤੀ ਤੇਰੇ ਅੱਗੇ ਸਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਣੇ ਗੁਰਮੁਖਾਂ ਨਾਲ ਮਿਲਾਈਆ । ਹਰਿ ਜੂ ਮੈਂ ਫਿਰਕੇ ਆਈ ਸਭ, ਨੌਂ ਖੰਡ ਪ੍ਰਿਥਮੀ ਫੇਰਾ ਪਾਇਆ । ਤੈਨੂੰ ਕੋਈ ਨਾ ਸਕੇ ਲੱਭ, ਕਿਉਂ ਬੈਠਾ ਮੁੱਖ ਛੁਪਾਇਆ । ਸਾਧ ਸੰਤ ਕਲਜੁਗ ਸੁੱਟੇ ਡੂੰਘੀ ਖੱਡ, ਬਾਹਰ ਸਕੇ ਨਾ ਕੋਇ ਕਢਾਇਆ । ਇਕ ਦੂਜੇ ਦੀਆਂ ਕੰਡਾਂ ਰਹੇ ਵੱਢ, ਛੁਰੀ ਹੰਕਾਰ ਹੱਥ ਉਠਾਇਆ । ਦੀਨ ਮਜ਼੍ਹਬ ਪਾ ਪਾ ਵੰਡ, ਤੇਰਾ ਨਾਉਂ ਰਹੇ ਸਲਾਹਿਆ । ਬਿਨ ਤੇਰੇ ਨਾਮੇ ਹੋਏ ਰੰਡ, ਖਾਲੀ ਬੁੱਤ ਰਹੇ ਕੁਰਲਾਇਆ । ਚਾਰ ਵਰਨ ਵੇਖਿਆ ਭੇਖ ਪਾਖੰਡ, ਪੇਖੀ ਜਗਤ ਨਜ਼ਰੀ ਆਇਆ । ਕੋਈ ਨਾ ਗਾਵੇ ਤੇਰਾ ਇਕੋ ਛੰਦ, ਜਿਸ ਗਾਇਆਂ ਦੁੱਖ ਰਹੇ ਨ ਰਾਇਆ । ਮੈਂ ਤੇਰਿਆਂ ਭਗਤਾਂ ਦੁਆਰੇ ਵੇਖਿਆ ਏਕਾ ਅਨੰਦ, ਅਨੰਦ ਅਨੰਦ ਵਿਚ ਸਮਾਇਆ । ਮੇਰਾ ਖ਼ੁਸ਼ੀ ਹੋਇਆ ਬੰਦ ਬੰਦ, ਮੈਂ ਪਿਛਲਾ ਦੁੱਖ ਭੁਲਾਇਆ । ਮੇਰੇ ਨੇਤਰ ਕਾਲਜੇ ਪਾਈ ਠੰਡ, ਮੇਰਾ ਆਤਮ ਸਾਂਤ ਕਰਾਇਆ । ਧੰਨ ਭਾਗ ਤੂੰ ਗੁਰਮੁਖ ਚਾੜ੍ਹੇ ਚੰਦ, ਕਲਜੁਗ ਅੰਧੇਰਾ ਅੰਤ ਗਵਾਇਆ । ਮੇਰੀ ਇਕੋ ਇਕ ਮੰਗ, ਤੂੰ ਬਖ਼ਸ਼ੀਂ ਸਚ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਆਪਣਾ ਵਰ, ਦੂਜੀ ਵਸਤ ਨਾ ਕੋਇ ਮੰਗਾਈਆ । ਹਰਿ ਜੂ ਤੇਰੀ ਅਚਰਜ ਰੀਤ, ਅਸਚਰਜ ਤੇਰੀ ਵਡਿਆਈਆ । ਕਿਧਰੇ ਮੰਦਰ ਕਿਧਰ ਮਸੀਤ, ਕਿਧਰੇ ਗੁਰੂਦੁਆਰ

ਸੁਹਾਈਆ । ਕਿਧਰੇ ਜਾਣੇ ਜਣਾਏ ਸਾਚੇ ਗੀਤ, ਕਿਧਰੇ ਗੁਰ ਗੁਰ ਕਰੇ ਪੜ੍ਹਾਈਆ । ਕਿਧਰੇ ਵਸੇਂ ਧਾਮ ਅਨਡੀਠ, ਆਪਣਾ ਭੇਵ ਨਾ ਕਿਸੇ ਜਣਾਈਆ । ਬਾਹਰੋਂ ਤੇਰੀ ਕਰਦੇ ਵੇਖੇ ਪ੍ਰੀਤ, ਕਲਜੁਗ ਜੀਵ ਰਸਨਾ ਜਿਹਵਾ ਢੋਲਾ ਗਾਈਆ । ਅੰਦਰੋਂ ਆਤਮ ਕਿਸੇ ਨਾ ਵੇਖੀਂ ਠੰਡੀ ਸੀਤ, ਤ੍ਰੈਗੁਣ ਅਗਨੀ ਰਹੀ ਜਲਾਈਆ । ਮੈਂ ਨੇਤਰ ਖੋਲ੍ਹ ਵੇਖਿਆ ਤੇਰੀ ਨਜ਼ਰੀ ਆਈ ਛੋਟੀ ਝੀਤ, ਦੂਸਰ ਰਾਹ ਨਾ ਕੋਇ ਰਖਾਈਆ । ਤੇਰੀ ਧਾਰਾ ਵੇਖੀ ਬਰੀਕ, ਰੂਪ ਰੰਗ ਨਾ ਕੋਇ ਵਡਿਆਈਆ । ਮੈਂ ਚਲ ਕੇ ਆਈ ਨਜ਼ਦੀਕ, ਆਪਣਾ ਪੰਧ ਮੁਕਾਈਆ । ਅੱਗੇ ਤੇਰਾ ਭਗਤ ਵੇਖਿਆ ਜਿਸ ਦਾ ਦਿਸੇ ਨਾ ਕੋਇ ਸ਼ਰੀਕ, ਏਕਾ ਰੰਗ ਰਿਹਾ ਸਮਾਈਆ । ਸਦਾ ਤੇਰੇ ਮਿਲਣ ਦੀ ਰੱਖੇ ਉਡੀਕ, ਆਤਮ ਸੇਜਾ ਇਕ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਿਖੌਣਾ ਸਾਚਾ ਘਰ, ਜਿਸ ਘਰ ਹਰਿਜਨ ਲਏ ਮਿਲਾਈਆ । ਆ ਵੇਖ ਮਿਲਿਆ ਮੇਲਾ, ਸੋ ਪੁਰਖ ਨਿਰੰਜਣ ਆਪ ਮਿਲਾਇਆ । ਪਹਿਲੋਂ ਵੇਖਿਆ ਇਕੋ ਗੁਰਸਿਖ ਸਿੰਘ ਚੇਲਾ, ਸਿੰਘ ਰੂਪ ਵਟਾਇਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਦੀਨਨ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਏਕਾ ਘਰ ਬਹਾਇਆ । ਹਰਿਜਨ ਵੇਖ ਇਕੋ ਘਰ, ਘਰ ਬਾਹਰੀ ਆਪ ਵਖਾਇੰਦਾ । ਇਕ ਦੂਜੇ ਦਾ ਪੱਲੂ ਫੜ, ਬੰਧਨ ਬੰਧ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਆਪ ਸਮਝਾਇੰਦਾ । ਸਾਚਾ ਘਰ ਸਚ ਮਕਾਨ, ਹਰਿ ਸਾਚਾ ਸਚ ਜਣਾਈਆ । ਜਿਸ ਗ੍ਰਿਹਿ ਵਸੇ ਸ੍ਰੀ ਭਗਵਾਨ, ਸੋ ਮੰਦਰ ਸੋਭਾ ਪਾਈਆ । ਜਿਸ ਮੰਦਰ ਮਿਲੇ ਧੁਰ ਫ਼ਰਮਾਣ, ਤਿਸ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗ੍ਰਿਹਿ ਏਕਾ ਮੰਦਰ, ਖੇਲੇ ਖੇਲ ਅੰਦਰੇ ਅੰਦਰ, ਆਤਮ ਪਰਮਾਤਮ ਆਪਣਾ ਰੰਗ ਵਖਾਈਆ ।



### ★ ੧੭ ਮਾਘ ੨੦੧੮ ਬਿਕ੍ਰਮੀ ਸ਼ੇਖ਼ਸਰ ਜੰਮੂ ★

ਬੀਤ ਰਿਹਾ ਹਰਿ ਜੁਗ ਚੌਥਾ, ਚਾਰ ਕੁੰਟ ਦੁਹਾਈਆ । ਜੀਵ ਜੰਤ ਹੋਇਆ ਥੋਥਾ, ਥਿਰ ਨਜ਼ਰ ਕੋਇ ਨਾ ਆਈਆ । ਪੜ੍ਹ ਪੜ੍ਹ ਥੱਕੀ ਰਸਨਾ ਪੋਥਾ, ਬੋਧ ਗਿਆਨ ਨਾ ਕੋਇ ਜਣਾਈਆ । ਮੁੱਲਾਂ ਪੰਡਤ ਗ੍ਰੰਥੀ ਦੇਣ ਧੋਖਾ, ਹਿਰਦੇ ਰਾਮ ਨਾ ਕੋਇ ਵਸਾਈਆ । ਬਾਹਰੋਂ ਸੁਣਾਉਂਦੇ ਕੂਕ ਲੋਕਾਂ, ਊਚੀ ਨਾਦ ਵਜਾਈਆ । ਅੰਦਰੋਂ ਚੁੱਕੀ ਨਾ ਕਿਸੇ ਚੂਕਾ, ਚੁੱਕ ਪੜਦਾ ਦਰਸ ਕੋਇ ਨਾ ਪਾਈਆ । ਪਾਰਬ੍ਰਹਮ ਬੇਅੰਤ ਸਵਾਮੀ ਅੱਗੇ ਦੱਸਣਾ ਰਾਹ ਸੌਖਾ, ਸਾਚਾ ਮਾਰਗ ਇਕ ਸਮਝਾਈਆ । ਤੇਰੀ ਸਰਨ ਰਹੇ ਓਟਾ, ਦੂਜੀ ਅਵਰ ਨਾ ਕੋਇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਡੀ ਇਛਿਆ ਪੂਰ ਕਰਾਈਆ । ਸਾਚਾ ਮਾਰਗ ਵਿਚ ਸੰਸਾਰ, ਹਰਿ ਸਾਚਾ ਸਚ ਜਣਾਈਆ । ਸੋਹੰ ਸ਼ਬਦ ਸਤਿ ਜੈਕਾਰ, ਚਾਰ ਵਰਨ ਪੜ੍ਹਾਈਆ । ਜਨਮ ਮਰਨ ਦੁੱਖ ਦਏ ਨਿਵਾਰ, ਦੁੱਖ ਸੁਖ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਚਲਾਈਆ । ਸਾਚਾ ਰਾਹ ਸਾਚੀ ਧਾਰਾ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਨਾਮ ਸਤਿ ਬ੍ਰਹਮ ਮਤ ਇਕ ਜੈਕਾਰਾ, ਸੋਹੰ ਰਸਨਾ ਜਿਹਵ ਸੁਣਾਇੰਦਾ । ਏਥੇ ਓਥੇ ਦਏ ਸਹਾਰਾ, ਆਤਮ ਪਰਮਾਤਮ ਆਪਣਾ ਬੰਧਨ ਪਾਇੰਦਾ ।

ਲੇਖਾ ਜਾਣੇ ਹਰਿ ਨਿਰੰਕਾਰਾ, ਲੇਖਾ ਲੇਖੇ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਸੱਚਾ ਰਾਹ, ਸੋਹੰ ਸ਼ਬਦ ਜਗਤ ਮਲਾਹ, ਆਤਮ ਪਰਮਾਤਮ ਬੇੜਾ ਆਪ ਚਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸਚ ਸਲਾਹ, ਗੁਰ ਸ਼ਬਦੀ ਮਿਲੇ ਇਕ ਮਲਾਹ, ਪੰਜ ਤੱਤ ਕਾਇਆ ਨਾ ਕੋਇ ਵਡਿਆਇੰਦਾ ।

### ★ ੧੭ ਮਾਘ ੨੦੧੮ ਬਿਕ੍ਰਮੀ ਤੇਜ ਭਾਨ ਦੇ ਗ੍ਰਿਹਿ ਸ਼ੇਖਸਰ ਜੰਮੂ ★

ਪੁਰਖ ਅਬਿਨਾਸ਼ੀ ਦੇ ਧਰਵਾਸ, ਹਰਿ ਚਰਨ ਸਰਨ ਸਹਾਰਾ । ਮੈਂ ਨੇਤਰ ਖੋਲ੍ਹ ਵੇਖਾਂ ਅਕਾਸ਼, ਉਪਰ ਰੋਵੇ ਸੂਰਜ ਚੰਨ ਸਿਤਾਰਾ । ਕੋਈ ਨਾ ਕਰੇ ਬੰਦ ਖ਼ਲਾਸ, ਅੰਤ ਦਿਸੇ ਨਾ ਪਾਰ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਨਾਮ ਅਧਾਰਾ । ਨਾਮ ਅਧਾਰ ਦੇ ਭਗਵਾਨ, ਹੱਥ ਤੇਰੇ ਵਡਿਆਈਆ । ਤੂੰ ਦੇਵਣਹਾਰਾ ਸੱਚਾ ਦਾਨ, ਵਸਤ ਅਮੋਲਕ ਆਪ ਵਰਤਾਈਆ । ਤੇਰਾ ਖੇਲ ਦੋ ਜਹਾਨ, ਦੋਏ ਦੋਏ ਰੂਪ ਸਮਾਈਆ । ਤੇਰਾ ਹੁਕਮ ਸਚ ਫ਼ਰਮਾਣ, ਹੁਕਮੇ ਅੰਦਰ ਸਰਬ ਲੋਕਾਈਆ । ਤੇਰਾ ਮੰਦਰ ਧੁਰ ਮਕਾਨ, ਹਉਂ ਸਯਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਹੋਣਾ ਅੰਤ ਸਹਾਈਆ । ਅੰਤ ਸਹਾਈ ਹੋਣਾ ਭਗਵਾਨ, ਏਕਾ ਦਰ ਤਕਾਇਆ । ਮੈਂ ਸੇਵਾ ਕਰਾਂ ਮਹਾਨ, ਬਣ ਸੇਵਕ ਰੂਪ ਵਟਾਇਆ । ਲੱਖ ਚੁਰਾਸੀ ਦੇਵਾਂ ਪਕਵਾਨ, ਘਰ ਘਰ ਰਿਜ਼ਕ ਸੁਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਅੱਗੇ ਹਾਲ ਸੁਣਾਇਆ । ਅੱਗੇ ਹਾਲ ਤੇਰੇ ਦੱਸ, ਮੈਂ ਆਪਣੀ ਕਥਾ ਰਹੀ ਸੁਣਾਈਆ । ਲੱਖ ਚੁਰਾਸੀ ਤੇਰੇ ਜੀਵ ਜੰਤ ਮੈਨੂੰ ਚਰਨਾਂ ਹੇਠਾਂ ਰਹੇ ਝੱਸ, ਉਪਰ ਆਪਣਾ ਭਾਰ ਪਾਈਆ । ਤੇਰੇ ਹੁਕਮ ਬੱਧੀ ਕਿਸੇ ਪਾਸੇ ਨਾ ਸਕਾਂ ਨੱਸ, ਨੇਤਰ ਰੋ ਰੋ ਨੀਰ ਵਹਾਈਆ । ਪਾਪੀਆਂ ਭਾਰ ਚੁੱਕ ਚੁੱਕ ਗਈ ਥੱਕ, ਮੇਰੀ ਔਧ ਵਿਹਾਈਆ । ਮੈਂ ਬੁੱਢੜੀ ਮੇਰਾ ਟੁੱਟਾ ਲੱਕ, ਹੱਡੀ ਰੀੜ ਰਹਿਣ ਨਾ ਪਾਈਆ । ਪਾਰਬ੍ਰਹਮ ਕਰ ਕਿਰਪਾ ਆਪਣੀ ਗੋਦੀ ਚੁੱਕ, ਮੈਂ ਦਰ ਦਰ ਦਿਆਂ ਦੁਹਾਈਆ । ਦੁਸ਼ਟਾਂ ਹੰਕਾਰੀਆਂ ਕੋਲੋਂ ਮੇਰਾ ਪੜਦਾ ਢਕ, ਮੰਗੀ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਮੇਰਾ ਸੀਸ ਵੇਖ ਖੁਲ੍ਹਾ ਝਾਟਾ, ਨੇਤਰ ਨੈਣਾਂ ਨੀਰ ਵਹਾਇਆ । ਮੇਰਾ ਕੋਇ ਨਾ ਕਰੇ ਪੂਰਾ ਘਾਟਾ, ਮੇਰੀ ਝੋਲੀ ਨਾ ਕੋਇ ਭਰਾਇਆ । ਮੈਂ ਤੱਕ ਕੇ ਆਈ ਨੇੜੇ ਵਾਟਾ, ਦਰ ਤੇਰੇ ਪੰਧ ਮੁਕਾਇਆ । ਤੂੰ ਅੰਮ੍ਰਿਤ ਦਿਤਾ ਗੋਬਿੰਦ ਬਾਟਾ, ਏਕਾ ਵਾਰ ਮੁੱਖ ਚੁਆਇਆ । ਇਕ ਖੁਲ੍ਹਾਇਆ ਸੱਚਾ ਹਾਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਮੰਗਾਂ ਸਰਨ ਸਰਨਾਇਆ । ਦਿਸ਼ਾ ਮੇਰੀ ਔਧ ਵੇਖ ਵੇਲਾ ਅੰਤ, ਅੰਤ ਅੰਤ ਕੁਰਲਾਈਆ । ਚਾਰੋਂ ਕੁੰਟ ਕੋਈ ਨਾ ਸੰਗੀ ਜੀਵ ਜੰਤ, ਜੀਵ ਜੰਤ ਦੇਣ ਦੁਹਾਈਆ । ਕੋਈ ਨਾ ਮਿਲਿਆ ਸਾਧ ਸੰਤ, ਸਾਧ ਸੰਤ ਨਜ਼ਰ ਕੋਇ ਨਾ ਆਈਆ । ਜਿਧਰ ਵੇਖਾਂ ਗੜ੍ਹ ਹਉਮੇ ਹੰਗਤ, ਮਾਇਆ ਮਮਤਾ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਇਕੋ ਆਸ ਪੁਚਾਈਆ । ਮੇਰੀ ਇਕੋ ਆਸ ਖ਼ੁਦਾ, ਵੇਖ ਖ਼ਲਕ ਰਹੀ ਕੁਰਲਾਈਆ । ਮੈਂ ਤੇਰੇ ਉਤੋਂ ਹੋਈ ਫ਼ਿਦਾ, ਆਪਣੀ ਫ਼ਿਤਰਤ

ਮਾਤ ਮਿਟਾਈਆ । ਤੇਰਿਆਂ ਪੀਰਾਂ ਪੈਗ਼ੰਬਰਾਂ ਮੇਰਾ ਤਨ ਮਨ ਵਿਧਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਹਾਲ ਵੇਖ ਮੇਰੇ ਮਾਹੀਆ । ਤੇਰੇ ਪੀਰ ਤੇਰੇ ਪੈਗ਼ੰਬਰ, ਤੇਰੀ ਰਹਿਮਤ ਵਿਚ ਸਰਨਾਈਆ । ਰਚ ਕੇ ਗਏ ਜਗਤ ਅਡੰਬਰ, ਅੱਡ ਅੱਡ ਰਾਹ ਚਲਾਈਆ । ਆਪਣਾ ਕਰਕੇ ਗਏ ਸਵੰਬਰ, ਅੱਲਾ ਰਾਣੀ ਨਾਲ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੇ ਸੱਜਣ ਸਚ ਗੁਸਾਈਆ । ਪੀਰ ਪੈਗ਼ੰਬਰ ਵੇਖ ਫਕੀਰ, ਫਿਕਰਾ ਇਕੋ ਇਕ ਸੁਣਾਇੰਦੀ । ਹੱਥ ਪੈਰ ਵੱਝਾ ਜੰਜੀਰ, ਸ਼ਰਅ ਤੰਦ ਨਾ ਕੋਇ ਤੁੜਾਇੰਦੀ । ਮੈਂ ਅੰਤ ਹੋਈ ਹਕੀਰ, ਆਪਣਾ ਬਲ ਗੁਵਾਇੰਦੀ । ਤੂੰ ਸਾਹਿਬ ਬੇਨਜ਼ੀਰ, ਤੇਰੇ ਅੱਗੇ ਵਾਸਤਾ ਪਾਇੰਦੀ । ਤੂੰ ਬਦਲ ਮੇਰੀ ਤਕਦੀਰ, ਤਕਸੀਰ ਤੇਰੇ ਹੱਥ ਵਖਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਰਹਿਮਤ ਮੰਗ ਮੰਗਾਇੰਦੀ । ਤੇਰੀ ਰਹਿਮਤ ਮੇਰੇ ਰਹਿਮਾਨ, ਹੱਥ ਤੇਰੇ ਵਡਿਆਈਆ । ਮੇਰੀ ਛਾਤੀ ਚੜ੍ਹੇ ਪੰਜ ਸ਼ੈਤਾਨ, ਨਵ ਖੰਡ ਦੇਣ ਦੁਹਾਈਆ । ਜੂਠੇ ਝੂਠੇ ਢੋਲੇ ਬਹਿ ਬਹਿ ਗਾਣ, ਉਚੀ ਕੂਕ ਕੂਕ ਸੁਣਾਈਆ । ਤੇਰਾ ਭੁੱਲਿਆ ਨਾਉਂ ਸ੍ਰੀ ਭਗਵਾਨ, ਤੇਰੀ ਭਗਤੀ ਹੱਥ ਕਿਸੇ ਨਾ ਆਈਆ । ਮੰਦਰ ਮਸਜਦ ਖੋਲ੍ਹ ਦੁਕਾਨ, ਜਗਤ ਹੱਟ ਰਹੇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਅਗਨ ਤੱਤ ਬੁਝਾਈਆ । ਮੇਰਾ ਅਗਨੀ ਤੱਤ ਦੇ ਬੁਝਾ, ਮੈਂ ਏਕਾ ਮੰਗ ਮੰਗਾਈ । ਦੂਈ ਦਵੈਤੀ ਪੜਦਾ ਦੇ ਉਠਾ, ਮੇਰੇ ਸਾਹਿਬ ਸੱਚੇ ਸਾਂਈ । ਜ਼ਾਤ ਪਾਤ ਦੇ ਮਿਟਾ, ਏਕਾ ਰੰਗ ਰੰਗਾਈਂ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇ ਸਮਝਾ, ਏਕਾ ਗੁਣ ਵਖਾਈਂ । ਮੈਂ ਘਟ ਘਟ ਰਿਹਾ ਸਮਾ, ਹਿੰਦੂ ਮੁਸਲਮ ਹਰ ਘਟ ਥਾਈਂ । ਪਿਛਲਾ ਲਹਿਣਾ ਦੇ ਚੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਤੇਰੀ ਵਡਿਆਈ । ਪੁਰਖ ਅਬਿਨਾਸ਼ੀ ਮਰਦ ਮਰਦਾਨਾ, ਏਕਾ ਗੁਣ ਸਮਝਾਇੰਦਾ । ਚਾਰ ਜੁਗ ਮੇਰਾ ਖੇਲ ਮਹਾਨਾ, ਜੁਗ ਜੁਗ ਆਪ ਕਰਾਇੰਦਾ । ਗੁਰ ਅਵਤਾਰਾਂ ਦੇ ਦੇ ਦਾਨਾ, ਸਚ ਨਿਸ਼ਾਨਾ ਮਾਤ ਰਖਾਇੰਦਾ । ਪੀਰ ਪੈਗ਼ੰਬਰਾਂ ਦੇ ਕਲਾਮਾ, ਕਲਮਾ ਅਮਾਮ ਆਪ ਪੜ੍ਹਾਇੰਦਾ । ਦੀਨ ਮਜ਼੍ਹਬ ਪਰਗਟਾ ਇਸਲਾਮਾ, ਆਪਣਾ ਇਸਮ ਛੁਪਾਇੰਦਾ । ਬਰਦੇ ਬਣਾ ਬਣਾ ਹੁਕਮ ਦਏ ਗ਼ੁਲਾਮਾ, ਸਾਚੀ ਸੇਵਾ ਸਚ ਕਰਾਇੰਦਾ । ਜਗਤ ਨੌਬਤ ਇਕ ਦਮਾਮਾ, ਦਰ ਦਰ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਕਰੇ ਖੇਲ ਵੰਡੇ ਹਦੂਦ, ਹੱਦ ਆਪਣੀ ਆਪ ਬਣਾਈਆ । ਆਪੇ ਦੱਸੇ ਸਚ ਅਰੂਜ, ਉਲਫਤ ਵਿਚ ਕਦੇ ਨਾ ਆਈਆ । ਕਿਸੇ ਨੂੰ ਕਹੇ ਮੈਂ ਤੇਰਾ ਮਹਿਬੂਬ, ਕਿਸੇ ਰਾਮ ਰਾਮ ਸਮਝਾਈਆ । ਕਿਸੇ ਕਹੇ ਵਸੇ ਬਿਨ ਕਲਬੂਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਚਾਰ ਜੁਗ ਵੰਡ ਅਪਾਰ, ਜੁਗ ਜੁਗ ਕਰਦਾ ਆਇਆ । ਸ਼ੱਤਰੀ ਬ੍ਰਹਮਣ ਸ਼ੂਦਰ ਵੈਸ਼ ਖੇਲ ਨਿਆਰ, ਹਰਿ ਸੱਜਣ ਆਪ ਖਿਲਾਇਆ । ਹਿੰਦੂ ਮੁਸਲਮ ਵੇਖ ਵਿਚਾਰ, ਈਸਾ ਆਪਣੀ ਗੰਢ ਪੁਵਾਇਆ । ਗੋਬਿੰਦ ਸੂਰਾ ਕਰ ਤਿਆਰ, ਸਾਬਤ ਸੂਰਤ ਆਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਆਪਣਾ ਖੇਲ ਕਰੇ ਕਰਤਾਰ, ਭੇਵ ਕੋਇ ਨਾ ਪਾਇੰਦਾ । ਵੰਡਾਂ ਪਾਏ ਵਿਚ ਸੰਸਾਰ, ਵੰਡ ਵੰਡ ਆਪਣੀ ਖ਼ੁਸ਼ੀ ਮਨਾਇੰਦਾ । ਪੀਰਾਂ ਨਾਲ ਪੀਰ ਕਰਾਏ ਤਕਰਾਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਛਲ ਅਛੱਲ ਆਪ

ਕਰਾਇੰਦਾ । ਪੈਗ਼ੰਬਰ ਨਾਲ ਪੈਗ਼ੰਬਰ ਲੜਾ, ਲੜ ਆਪਣਾ ਲਏ ਛੁਡਾਈਆ । ਕਿਸੇ ਨੂੰ ਕਹੇ ਇਕ ਖ਼ੁਦਾ, ਏਕਾ ਨੂਰ ਅਲਾਹੀਆ । ਕਿਸੇ ਨੂੰ ਕਹੇ ਵਾਹਿਗੁਰੂ ਬੇਪਰਵਾਹ, ਵਾਹਿਗੁਰੂ ਫਤਹਿ ਗਜਾਈਆ । ਕਿਸੇ ਹੱਥ ਕਲਮਾ ਸ਼ਰਅ ਦਏ ਫੜਾ, ਸ਼ਰੀਅਤ ਵੰਡ ਵੰਡਾਈਆ । ਕਿਸੇ ਹੱਥ ਤਲਵਾਰ ਦਏ ਟਿਕਾ, ਚੰਡ ਪਰਚੰਡ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਕਿਸੇ ਨੂੰ ਕਹੇ ਖ਼ੁਦਾਵੰਦ ਕਰੀਮ, ਖ਼ੁਦ ਆਪਣੀ ਖੇਲ ਕਰਾਇੰਦਾ । ਕਿਸੇ ਕਹੇ ਸਤਿਨਾਮ ਸੱਚੀ ਤਕਸੀਮ, ਸਚਖੰਡ ਦੁਆਰ ਵਖਾਇੰਦਾ । ਕਿਸੇ ਨੂੰ ਕਹੇ ਅਲਫ਼ ਯੇ ਸੀਨ, ਨੁਕਤਾ ਨੂਨ ਨਾ ਕੋਈ ਜਣਾਇੰਦਾ । ਕਿਸੇ ਨੂੰ ਕਹੇ ਪੈਂਤੀਸ ਅੱਖਰੀ ਹੋਏ ਅਧੀਨ, ਅੱਖਰ ਅੱਖਰ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਕਿਸੇ ਕਹੇ ਬੇਐਬ ਪਰਵਰਦਿਗਾਰ, ਮੁਕਾਮੇ ਹੱਕ ਸਮਾਈਆ । ਕਿਸੇ ਕਹੇ ਏਕੰਕਾਰ, ਸਚਖੰਡ ਬੈਠਾ ਆਸਣ ਲਾਈਆ । ਕਿਸੇ ਕਹੇ ਰਾਮ ਰਾਮ ਪਿਆਰ, ਰਮਿਆ ਹਰ ਘਟ ਥਾਈਆ । ਕਿਸੇ ਕਹੇ ਕ੍ਰਿਸ਼ਨ ਕ੍ਰਿਸ਼ਨ ਸ਼ੰਗਾਰ, ਮੋਰ ਮੁਕਟ ਸੀਸ ਸੁਹਾਈਆ । ਕਿਸੇ ਕਹੇ ਭਗਤ ਦੁਆਰ, ਹਰਿ ਭਗਵਾਨ ਫੇਰਾ ਪਾਈਆ । ਕਿਸੇ ਕਹੇ ਦੁਸ਼ਟ ਦਮਨ ਸਰਦਾਰ, ਜਿਸ ਮਿਲੀ ਮਾਣ ਵਡਿਆਈਆ । ਕਿਸੇ ਕਹੇ ਵੇਖੇ ਜੁਗ ਚਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਕਿਸੇ ਕਹੇ ਆਦਿ ਜੁਗਾਦਿ ਪਸਾਰ, ਜੁਗ ਜੁਗ ਖੇਲ ਕਰਾਈਆ । ਕਿਸੇ ਕਹੇ ਗੁਰ ਅਵਤਾਰ, ਕਿਸੇ ਨਬੀ ਰਸੂਲ ਵਖਾਈਆ । ਕਿਸੇ ਕਹੇ ਪੜ੍ਹ ਪੜ੍ਹ ਵੇਦ ਚਾਰ, ਕਿਸੇ ਸ਼ਾਸਤਰ ਸਿਮਰਤ ਰਿਹਾ ਸੁਣਾਈਆ । ਕਿਸੇ ਕਹੇ ਗੀਤਾ ਗਿਆਨ ਉਜਿਆਰ, ਕਿਸੇ ਅੰਜ਼ੀਲ ਕੁਰਾਨ ਜਣਾਈਆ । ਕਿਸੇ ਕਹੇ ਸਾਚੀ ਬਾਣੀ ਮਾਰੇ ਬਾਣ, ਬਾਣ ਨਿਰਾਲਾ ਤੀਰ ਚਲਾਈਆ । ਕਿਸੇ ਕਹੇ ਫਤਿਹ ਜੈਕਾਰ, ਫਤਿਹ ਡੰਕਾ ਇਕ ਲਗਾਈਆ । ਕਿਸੇ ਕਹੇ ਰਮਿਆ ਸੰਸਾਰ, ਕਿਸੇ ਕਹੇ ਨਿਰਗੁਣ ਵਸੇ ਧਾਮ ਨਿਆਰ ਸੱਚਾ ਮਾਹੀਆ । ਕਰੇ ਖੇਲ ਅਗੰਮ ਅਪਾਰ, ਆਪਣੀ ਕਾਰ ਆਪ ਕਮਾਈਆ । ਦੀਨ ਮਜ਼੍ਹਬ ਵੇਖ ਸਲਾਮ, ਸ਼ਰਅ ਸ਼ਰੀਅਤ ਖੇਲ ਕਰਾਈਆ । ਨਾਮ ਸਤਿ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪਣੇ ਹੱਥ ਰਖਾਈਆ । ਸਾਚਾ ਖੇਲ ਇਕ ਇਕੱਲਾ, ਹਰਿ ਸੱਚਾ ਆਪ ਕਰਾਇੰਦਾ । ਆਪ ਵਸਾਏ ਜਗਤ ਮਹੱਲਾ, ਜੁਗ ਜੁਗ ਵੇਖ ਵਖਾਇੰਦਾ । ਰਾਮ ਕ੍ਰਿਸ਼ਨ ਫੜਾਇਆ ਆਪੇ ਪੱਲਾ, ਈਸਾ ਮੂਸਾ ਉਂਗਲੀ ਲਾਇੰਦਾ । ਮੁਹੰਮਦ ਉਠਾਇਆ ਆਪੇ ਝੱਲਾ, ਆਪਣੀ ਝਲਕ ਜਣਾਇੰਦਾ । ਨਾਨਕ ਨਿਰਗੁਣ ਜੋਤ ਆਪੇ ਰਲਾ, ਜੋਤੀ ਜੋਤ ਸਮਾਇੰਦਾ । ਗੋਬਿੰਦ ਸੰਦੇਸ ਏਕਾ ਘਲਾ, ਪੁਰਖ ਅਕਾਲ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡ ਆਪ ਕਰਾਇੰਦਾ । ਸਾਚੀ ਵੰਡ ਹਰਿ ਸੁਲਤਾਨ, ਨਿਰਗੁਣ ਵੰਡੀ ਵੰਡ ਕਰਾਈਆ । ਦੀਨ ਮਜ਼੍ਹਬ ਮਾਤ ਨਿਸ਼ਾਨ, ਕਲਜੁਗ ਬੰਧਨ ਪਾਈਆ । ਗੁਰ ਅਵਤਾਰ ਕਰ ਬਲਵਾਨ, ਪੀਰ ਪੀਰਾਂ ਨਾਲ ਟਕਰਾਈਆ । ਵੇਖੇ ਖੇਲ ਸ੍ਰੀ ਭਗਵਾਨ, ਆਪਣਾ ਬਲ ਆਪ ਅਜ਼ਮਾਈਆ । ਦੂਰ ਦੁਰਾਡਾ ਨੌਜਵਾਨ, ਵਿਚ ਮੈਦਾਨ ਕਦੇ ਨਾ ਆਈਆ । ਧੁਰ ਫ਼ਰਮਾਣਾ ਦੇ ਫ਼ਰਮਾਣ, ਹੁਕਮੀ ਹੁਕਮ ਸੁਣਾਈਆ । ਰਣ ਭੂਮੀ ਖੇਲ ਮਹਾਨ, ਹਰਿ ਸੱਚਾ ਸੇਵ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਈਆ । ਆਪਣਾ ਰੰਗ ਰੰਗੇ ਨਿਰੰਕਾਰਾ, ਏਕਾ ਰੰਗ ਰੰਗਾਇੰਦਾ । ਖੜਗ ਖੰਡਾ ਦੇ ਕਟਾਰਾ, ਤੀਰ ਕਮਾਨ ਚਿੱਲਾ ਹੱਥ ਫੜਾਇੰਦਾ । ਪਰਗਟ ਹੋ ਵਿਚ


੫੧੧
੧੧

ਸੰਸਾਰਾ, ਸਰਗੁਣ ਸਰਗੁਣ ਨਾਲ ਟਕਰਾਇੰਦਾ । ਵੇਖੇ ਵਿਗਸੇ ਕਰੇ ਵਿਚਾਰਾ, ਆਪਣਾ ਭੇਵ ਨਾ ਕਿਸੇ ਜਣਾਇੰਦਾ । ਜੁਗ ਜੁਗ ਹੌਲਾ ਕਰੇ ਭਾਰਾ, ਦੁਸ਼ਟ ਹੰਕਾਰੀ ਆਪ ਖਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਅੰਤਮ ਵੇਸ ਧਰਾਇੰਦਾ । ਚਾਰੋਂ ਕੁੰਟ ਕਹੇ ਲਲਕਾਰ, ਊਚੀ ਕੂਕ ਕੂਕ ਸੁਣਾਇੰਦਾ । ਪੀਰ ਪੀਰ ਕਰੇ ਖ਼ੁਵਾਰ, ਦਰ ਦਰ ਦਰ ਫਿਰਾਇੰਦਾ । ਨੀਹਾਂ ਹੇਠਾਂ ਗੋਬਿੰਦ ਬਾਲੇ ਦਏ ਸੁਆਲ, ਤਰਸ ਨਾ ਕੋਇ ਕਮਾਇੰਦਾ । ਮੈਂ ਘਾਲੀ ਪੂਰੀ ਘਾਲ, ਪ੍ਰਭ ਦੀ ਸਾਚੀ ਸੇਵ ਕਮਾਇੰਦਾ । ਮੇਰਾ ਵੱਜੇ ਇਕੋ ਤਾਲ, ਜੂਠ ਝੂਠ ਨਾਚ ਨਚਾਇੰਦਾ । ਮੇਰਾ ਵਿਛਿਆ ਸੱਚਾ ਜਾਲ, ਲੱਖ ਚੁਰਾਸੀ ਵਿਚ ਫਸਾਇੰਦਾ । ਮੇਰਾ ਸੰਗੀ ਬਣਿਆ ਕਾਲ, ਘਰ ਘਰ ਡੌਰੂ ਵਾਹਿੰਦਾ । ਚਾਰੋਂ ਕੁੰਟ ਹੋਣ ਬੇਹਾਲ, ਸਿਰ ਅੰਤਮ ਨਾ ਕੋਈ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਖਾਇੰਦਾ । ਆਪਣੀ ਖੇਲ ਕਰੇ ਗੋਬਿੰਦ, ਮਹਿਮਾ ਆਪਣੇ ਹੱਥ ਰਖਾਇੰਦਾ । ਧਰਨੀ ਤੇਰੀ ਲੱਖ ਚੁਰਾਸੀ ਬਿੰਦ, ਤੇਰੀ ਗੋਦ ਬਹਾਇੰਦਾ । ਨਾਲ ਰਲਾਏ ਸੁਰਪਤ ਇੰਦ, ਕਰੋੜ ਤੇਤੀਸਾ ਸੰਗ ਨਿਭਾਇੰਦਾ । ਸ਼ੰਕਰ ਲੱਭੇ ਅੰਤਮ ਚਿੰਦ, ਸਹਿੰਸਾ ਰੋਗ ਮਿਟਾਇੰਦਾ । ਬ੍ਰਹਮਾ ਕਰੇ ਸਰਬ ਬਖ਼ਸ਼ਿੰਦ, ਬ੍ਰਹਮ ਮੇਰਾ ਇਕ ਬਖ਼ਸ਼ਾਇੰਦਾ । ਵਿਸ਼ਨੂੰ ਕਹੇ ਗੁਣੀ ਗਹਿੰਦ, ਹਰਿ ਆਪਣੀ ਖੇਲ ਕਰਾਇੰਦਾ । ਪਹਿਲੋਂ ਜੀਵ ਜੰਤ ਲਗਾਏ ਨਿੰਦ, ਮੂੰਹ ਥੁੱਕਾਂ ਨਾਲ ਭਰਾਇੰਦਾ । ਫਿਰ ਫੜ ਫੜ ਕੱਢੇ ਜਿੰਦ, ਰਾਏ ਧਰਮ ਆਪ ਉਠਾਇੰਦਾ । ਅੰਤਮ ਖਾਲੀ ਕਰੇ ਜੀਓ ਪਿੰਡ, ਜਗਤ ਖੇੜਾ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਨੀ ਧਰਤ ਧਵਲ ਆਪ ਸਮਝਾਇੰਦਾ । ਧਰਨੀ ਸੁਣ ਅੰਤਮ ਬਾਤ, ਹਰਿ ਬਾਤਨ ਆਪ ਜਣਾਈਆ । ਤੇਰੀ ਪੁੱਛਣ ਆਇਆ ਬਾਤ, ਰੂਪ ਅਨੂਪ ਵਟਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਜੂਠ ਝੂਠ ਰਹਿਣ ਨਾ ਪਾਈਆ । ਪੀਰ ਪੀਰਾਂ ਟੁੱਟੇ ਸਾਕ, ਸੱਜਣ ਸੈਣ ਨਾ ਕੋਇ ਬਣਾਈਆ । ਨਾਤਾ ਤੁੱਟੇ ਜਗਤ ਪਾਠ, ਪੂਜਾ ਸੰਧਿਆ ਨਾ ਕੋਈ ਕਰਾਈਆ । ਰਹਿਣ ਨਾ ਪਾਏ ਤੀਰਥ ਤਾਟ, ਤਟ ਕਿਨਾਰਾ ਨਾ ਕੋਇ ਵਡਿਆਈਆ । ਤੇਰੇ ਉਤੇ ਕੋਈ ਨਾ ਦਿਸੇ ਝੂਠਾ ਹਾਟ, ਝੂਠੀ ਵਸਤ ਨਾ ਕੋਈ ਵਕਾਈਆ । ਕੋਇ ਨਾ ਕਰੇ ਤੇਰਾ ਘਾਤ, ਛੁਰੀ ਫੜੇ ਨਾ ਕੋਇ ਕਸਾਈਆ । ਕੋਈ ਨਾ ਪਟੇ ਡੂੰਘਾ ਖਾਤ, ਮਾਇਆ ਲਏ ਦਬਾਈਆ । ਕੋਈ ਨਾ ਵੇਖੇ ਮਾਰ ਝਾਤ, ਨੇਤਰ ਨੈਣ ਉਠਾਈਆ । ਸਭ ਉਤਾਰੇ ਇਕੋ ਘਾਟ, ਏਕਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੀ ਦਇਆ ਆਪ ਕਮਾਈਆ । ਤੇਰੀ ਮੈਂਢੀ ਗੁੰਦੇ ਸੀਸ, ਏਕਾ ਏਕ ਜਣਾਇੰਦਾ । ਤੇਰੀ ਰੱਛਿਆ ਕਰੇ ਜਗਦੀਸ, ਬਲ ਆਪਣਾ ਆਪ ਧਰਾਇੰਦਾ । ਜੁਗ ਚੌਕੜੀ ਪੀਸਣ ਲਿਆ ਪੀਸ, ਕੀਤੀ ਘਾਲ ਲੇਖੇ ਪਾਇੰਦਾ । ਪੀਰ ਪੈਗ਼ੰਬਰਾਂ ਗੁਰ ਅਵਤਾਰਾਂ ਦੇਵੇ ਇਕ ਹਦੀਸ, ਏਕਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਦਰਦੀ ਦਰਦ ਵੰਡਾਇੰਦਾ । ਤੇਰੀ ਦਰਦ ਮਿਟੇ ਦੁੱਖ, ਹਰਿ ਦੁਖੀਆਂ ਗਲੇ ਲਗਾਈਆ । ਇਕ ਉਪਜਾਵੇ ਸਾਚਾ ਸੁਖ, ਘਰ ਸਾਚੇ ਵੱਜੇ ਵਧਾਈਆ । ਜਨ ਭਗਤਾਂ ਕਰੇ ਉਜਲ ਮੁੱਖ, ਦੇਵੇ ਮਾਣ ਵਡਿਆਈਆ । ਸਿੰਘ ਰੂਪ ਪਏ ਬੁੱਕ, ਏਕਾ ਭਬਕ ਲਗਾਈਆ । ਕੂੜ ਕੁੜਿਆਰਾ ਜਾਏ ਮੁੱਕ, ਆਪਣਾ ਮੁੱਖ ਛੁਪਾਈਆ । ਜੂਠਾ ਝੂਠਾ ਬੂਟਾ ਜਾਏ ਸੁੱਕ, ਹਰਿਆ ਫੇਰ ਨਾ ਕੋਇ ਕਰਾਈਆ । ਮਨਮੁਖਾਂ ਮੁੱਖ ਪਏ ਥੁੱਕ, ਗੁਰਮੁਖਾਂ ਦਏ ਵਡਿਆਈਆ । ਕਿਰਪਾ ਕਰ ਅਬਿਨਾਸ਼ੀ ਅਚੁੱਤ, ਤੇਰੀ ਰੁੱਤ ਸੁਹਾਈਆ । ਤੇਰੀ ਫਲਵਾੜੀ ਜਾਏ ਫੁਟ,

ਬੂਟਾ ਲੋਕਮਾਤ ਵਖਾਈਆ । ਤੂੰ ਨੇਤਰਾਂ ਵੇਖਣਾ ਉਠ, ਚਾਰੋਂ ਕੁੰਟ ਲਹਿਰ ਲਹਿਰਾਈਆ । ਸਾਹਿਬ ਸਤਿਗੁਰ ਪਿਆ ਤੁਠ, ਤੇਰਾ ਦੁੱਖ ਰਿਹਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੌਲਾ ਭਾਰ ਆਪ ਕਰਾਈਆ । ਤੇਰੇ ਸਿਰ ਤੋਂ ਲੱਥੇ ਭਾਰ, ਹਰਿ ਸਾਚਾ ਆਪੇ ਲਾਹਿੰਦਾ । ਤੂੰ ਸੇਵਾ ਕਰੀਂ ਜੁਗ ਚਾਰ, ਜੁਗ ਚੌਕੜੀ ਬੰਧਨ ਪਾਇੰਦਾ । ਤੇਰੇ ਦਰ ਰੋਵਣ ਯਾਰ ਚਾਰ, ਮੁਹੰਮਦ ਵਾਸਤਾ ਗਲ ਵਿਚ ਪਾਇੰਦਾ । ਊਚੀ ਕੂਕ ਕੂਕ ਕਰਨ ਪੁਕਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਮੇਰੀ ਮਦਦ ਕਰ ਮੇਰੇ ਮਦਦਗਾਰ, ਇਕੋ ਮੰਗ ਮੰਗਾਇੰਦਾ । ਮੇਰੀ ਸਦੀ ਗਈ ਹਾਰ, ਸੱਦਾ ਗੁਰ ਗੁਰ ਆਪ ਸੁਣਾਇੰਦਾ । ਮੇਰੀ ਬੱਧੀ ਛੁੱਟੀ ਵਿਚ ਸੰਸਾਰ, ਮੇਰੀ ਉਮਤ ਗੰਢ ਨਾ ਕੋਈ ਪੁਵਾਇੰਦਾ । ਡੂੰਘੀ ਭਵਰੀ ਡਿਗੀ ਮੂੰਹ ਦੇ ਭਾਰ, ਫੜ ਬਾਂਹੋਂ ਨਾ ਕੋਈ ਉਠਾਇੰਦਾ । ਮੇਰਾ ਦੁਖੜਾ ਸੁਣੇ ਨਾ ਕੋਈ ਮੀਤ ਮੁਰਾਰ, ਮੱਕੇ ਕਾਅਬੇ ਸੰਗ ਨਾ ਕੋਈ ਨਿਭਾਈਆ । ਮੇਰਾ ਹੁਜ਼ਰਾ ਹੋਇਆ ਖ਼ੁਆਰ, ਮੇਰੀ ਮਹਿਰਾਬ ਨਾ ਕੋਈ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਦੁਆਰਾ ਮੰਗੇ ਵਰ, ਖਾਲੀ ਹੱਥ ਵਖਾਇੰਦਾ ਖ਼ਾਲੀ ਹੱਥ ਕੱਟੀ ਲਬ, ਮੁਛ ਦਾੜ੍ਹੀ ਨਜ਼ਰ ਨਾ ਆਈਆ । ਵੱਡਾ ਛੋਟਾ ਨਾ ਕੋਈ ਕੱਦ, ਬੱਲ ਆਪਣਾ ਨਾ ਕੋਈ ਜਣਾਈਆ । ਬੁੱਢਾ ਸ਼ੇਖ਼ ਬੁੱਢੇ ਹੱਡ, ਰੋ ਰੋ ਦਏ ਦੁਹਾਈਆ । ਸਦੀ ਚੌਧਵੀਂ ਗਈ ਲਦ, ਵੇਲਾ ਵਕਤ ਵਹਾਈਆ । ਮੇਰਾ ਮੁੱਕਾ ਪੈਂਡਾ ਨਾ ਕੋਈ ਹੱਦ, ਅੱਗੇ ਰਾਹ ਨਾ ਕੋਈ ਵਖਾਈਆ । ਪੁਰਖ ਅਬਿਨਾਸ਼ੀ ਦਰ ਦੁਆਰਿਉਂ ਦਿਤਾ ਕੱਢ, ਨਾ ਹੋਏ ਕੋਈ ਸਹਾਈਆ । ਸੰਗੀ ਸਾਥੀ ਗਏ ਛੱਡ, ਚਾਰ ਯਾਰੀ ਨਾ ਤੋੜ ਨਿਭਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਵੇਖ ਧਰਨੀ ਦਰ ਪੁਕਾਰ, ਮੁਹੰਮਦ ਰਿਹਾ ਸੁਣਾਈਆ । ਬੌਹੜੀ ਵਿਛੜੇ ਮੇਰੇ ਯਾਰ, ਯਾਰੀ ਤੋੜ ਨਾ ਕੋਇ ਨਿਭਾਈਆ । ਧਰਨੀ ਦਏ ਨਾ ਕੋਈ ਆਧਾਰ, ਮੈਂ ਆਪਣੀ ਉਮਤ ਏਹਦੀ ਗੋਦ ਬਹਾਈਆ । ਫੜ ਫੜ ਹੱਡੀਆਂ ਖਾ ਗਈ ਵਿਚ ਸੰਸਾਰ, ਰੱਤੀ ਰੱਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਭੇਵ ਨਾ ਜਾਣੇ ਰਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਇਕ ਦੂਜੇ ਆਪ ਜਣਾਇੰਦਾ । ਧਰਨੀ ਦਿਤਾ ਮੁਹੰਮਦ ਸਹਾਰਾ, ਮੁਹੰਮਦ ਉਮਤ ਧਰਤੀ ਵਿਚ ਦਬਾਇੰਦਾ । ਅੰਤ ਦੋਹਾਂ ਮੇਲਾ ਇਕ ਕਿਨਾਰਾ, ਹਰਿ ਜੂ ਆਪਣਾ ਪੱਤਣ ਇਕ ਵਖਾਇੰਦਾ । ਇਕ ਆਵੇ ਇਕ ਜਾਵੇ ਦੋਵੇਂ ਰੋਵਣ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਧਰਨੀ ਕਹੇ ਚੁਕਿਆ ਨਾ ਜਾਏ ਭਾਰਾ, ਮੁਹੰਮਦ ਕਹੇ ਮੇਰਾ ਸੀਸ ਨਾ ਭਾਰ ਉਠਾਇੰਦਾ । ਪੁਰਖ ਅਬਿਨਾਸ਼ੀ ਕਰੇ ਖੇਲ ਦੋ ਜਹਾਨ ਵਸੇ ਬਾਹਰਾ, ਆਪਣਾ ਹੁਕਮ ਵਰਤਾਇੰਦਾ । ਇਕ ਦੂਜੇ ਦੀ ਕੱਢੇ ਵਗਾਰਾ, ਸਿਰ ਨਾਲ ਸਿਰ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਸੁਣਾਇੰਦਾ । ਸੀਸ ਨਾਲ ਸੀਸ ਲਓ ਵਟਾ, ਹਰਿ ਸਾਚੇ ਸਚ ਜਣਾਇਆ । ਮੁਹੰਮਦ ਅੱਗੋਂ ਮਾਰੇ ਧਾ, ਸੁਣ ਮੇਰੇ ਖ਼ੁਦਾ ਖ਼ੁਦਾਵੰਦ ਰਾਇਆ । ਮੈਥੋਂ ਲੱਖ ਚੁਰਾਸੀ ਭਾਰ ਚੁਕਿਆ ਨਾ ਜਾ, ਆਪਣਾ ਬਲ ਨਾ ਕੋਈ ਜਣਾਇਆ । ਮੈਂ ਆਪਣੀ ਉਮਤ ਨਾ ਸਕਿਆ ਉਠਾ, ਅੰਤ ਸੰਗ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਧ ਬਿਨ ਅਵਰ ਨਾ ਕੋਈ ਸਰਨਾਇਆ । ਧਰਨੀ ਦੋਏ ਜੋੜ ਕਰੇ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਤੇਰੀ ਲੱਖ ਚੁਰਾਸੀ ਦਾ ਚੁੱਕਿਆ ਭਾਰ, ਦਰ ਤੇਰੇ ਸੇਵ ਕਮਾਈਆ ।

ਮੇਰੇ ਉਤੋਂ ਪੱਤਤ ਪਾਪੀ ਦੇਣੇ ਮਾਰ, ਦੁਸ਼ਟ ਹੰਕਾਰੀ ਰਹਿਣ ਨਾ ਪਾਈਆ । ਸਾਚੇ ਭਗਤ ਕਰ ਉਜਿਆਰ, ਸਿਰ ਆਪਣਾ ਹੱਥ ਟਿਕਾਈਆ । ਮੇਰਾ ਹੌਲਾ ਹੋ ਜਾਏ ਭਾਰ, ਦੁੱਖ ਰਹੇ ਨਾ ਰਾਈਆ । ਕਲਜੁਗ ਦੇਣਾ ਦਰ ਦੁਰਕਾਰ, ਮੁਹੰਮਦ ਦੇਵੇ ਨਾ ਫੇਰ ਸਲਾਹੀਆ । ਛੋਟਾ ਬਾਲਾ ਲੈਣਾ ਉਠਾਲ, ਸਤਿਜੁਗ ਸਾਚੇ ਜਨਮ ਦੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਖੇਲ ਵੇਖਾਂ ਚਾਈਂ ਚਾਈਂਆ । ਤੇਰੀ ਖੇਲ ਵੇਖਣ ਦਾ ਚਾਉ ਘਨੇਰਾ, ਮੈਂ ਇਕੋ ਓਟ ਤਕਾਈਆ । ਚਾਰ ਜੁਗ ਭੁਲਾਇਆ ਕਰ ਕਰ ਹੇਰਾ ਫੇਰਾ, ਗੁਰੂ ਗੁਰ ਗੁਰ ਸੇਵ ਕਮਾਈਆ । ਅੰਤਮ ਕਲਜੁਗ ਪਾਇਆ ਫੇਰਾ, ਨਿਰਗੁਣ ਆਪਣਾ ਵੇਸ ਵਟਾਈਆ । ਜੁਗ ਚੌਕੜੀ ਢਾਹਿਆ ਢੇਰਾ, ਖ਼ਾਕੀ ਖ਼ਾਕ ਵਖਾਈਆ । ਚਲ ਕੇ ਆਇਉਂ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਨਾ ਕੋਈ ਸੰਝ ਨਾ ਸਵੇਰਾ, ਏਕਾ ਨੂਰ ਦਰਸਾਈਆ । ਜਨ ਭਗਤਾਂ ਬੱਧਾ ਬੇੜਾ, ਆਪਣੇ ਕੰਧ ਉਠਾਈਆ । ਇਕੋ ਵਸਾਇਆ ਸੱਚਾ ਖੇੜਾ, ਗੁਰਮੁਖ ਆਪਣੀ ਗੋਦ ਬਹਾਈਆ । ਮੈਂ ਪੁੱਛਣ ਆਈ ਕੇਹੜਾ ਕੇਹੜਾ, ਜਿਸ ਦੇਵੇਂ ਮਾਣ ਵਡਿਆਈਆ । ਪੁਰਖ ਅਬਿਨਾਸ਼ੀ ਕਹੇ ਮੈਂ ਬ੍ਰਹਮ ਵਿਸ਼ਨ ਸ਼ਿਵ ਇੰਦ ਚੁਕਾਇਆ ਝੇੜਾ, ਜਨ ਭਗਤਾਂ ਦੇਵਾਂ ਮਾਣ ਵਡਿਆਈਆ । ਬ੍ਰਹਿਮੰਡ ਵਖਾਵਾਂ ਆਪਣਾ ਵੇਹੜਾ, ਏਕਾ ਕੁੰਡਾ ਲਾਹੀਆ । ਧਰਨੀ ਦੇਵਾਂ ਤੈਨੂੰ ਗੇੜਾ, ਗੇੜਾ ਗੇੜੇ ਵਿਚ ਰਖਾਈਆ । ਕਰਾਂ ਹੱਕ ਹੱਕ ਨਿਬੇੜਾ, ਏਕਾ ਗੁਣ ਸਮਝਾਈਆ । ਤੂੰ ਵੇਖੀਂ ਗੁਰਮੁਖ ਮੇਰਾ, ਏਕਾ ਘਰ ਰਿਹਾ ਵਖਾਈਆ । ਉਥੇ ਚੜ੍ਹੇ ਚਾਓ ਘਨੇਰਾ, ਵੱਜੇ ਇਕ ਵਧਾਈਆ । ਉਥੇ ਬ੍ਰਹਮਾ ਹੋਏ ਢਹਿ ਢੇਰਾ, ਮਾਇਆ ਮਮਤਾ ਮੋਹ ਚੁਕਾਈਆ । ਗੁਰਮੁਖ ਕਹੇ ਤੂੰ ਮੇਰਾ ਮੈਂ ਤੇਰਾ, ਸੋਹੰ ਢੋਲਾ ਰਹੇ ਗਾਈਆ । ਪੁਰਖ ਅਬਿਨਾਸ਼ੀ ਕਰਕੇ ਆਇਆ ਵੱਡਾ ਜ਼ੇਰਾ, ਵਿਸ਼ਨੂੰ ਭਗਵਾਨ ਨਾਉਂ ਧਰਾਈਆ । ਜੇ ਕੋਈ ਕਹੇ ਸਿੰਘ ਸ਼ੇਰਾ, ਸ਼ੇਰ ਆਪਣੀ ਭਬਕ ਵਖਾਈਆ । ਇਕੋ ਵਖਾਏ ਸੱਚਾ ਖੇੜਾ, ਜਿਸ ਖੇੜੇ ਵਸਿਆ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸਾਚਾ ਦਾਨ, ਦੁਖੀਆਂ ਦੁੱਖ ਦਏ ਗਵਾਈਆ ।



### ★ ੧੮ ਮਾਘ ੨੦੧੮ ਬਿਕ੍ਰਮੀ ਗੂੜਾ ਰਾਮ ਦੇ ਘਰ ਸ਼ੇਖ਼ਸਰ ਜੰਮੂ ★

ਕਲਜੁਗ ਅੰਤਮ ਮੰਗਣ ਦਾਤ, ਪੀਰ ਪੈਗ਼ੰਬਰ ਸੀਸ ਝੁਕਾਈਆ । ਪਰਵਰਦਿਗਾਰ ਅਸੀਂ ਤੇਰੀ ਜ਼ਾਤ, ਤੇਰੇ ਨੂਰ ਵਿਚ ਸਮਾਈਆ । ਤੇਰੇ ਹੁਕਮੇ ਫੜੀ ਕਲਮ ਦਵਾਤ, ਸ਼ਾਹੀ ਸ਼ਹਿਨਸ਼ਾਹ ਨਾਲ ਰਲਾਈਆ । ਤੇਰਾ ਕਲਮਾ ਲਿਖਿਆ ਤੇਰੀ ਯਾਦ, ਯਾਦਦਾਸ਼ਤ ਮਾਤ ਬਣਾਈਆ । ਤੇਰਾ ਸੰਦੇਸਾ ਕਾਇਨਾਤ, ਹੱਕ ਹੱਕ ਸਮਝਾਈਆ । ਤੇਰਾ ਨੇਤਰ ਖੋਲ੍ਹਿਆ ਖੁਲ੍ਹਾ ਤਾਕ, ਸਾਡੇ ਹੱਥ ਨਾ ਕੋਈ ਵਡਿਆਈਆ । ਤੇਰਾ ਵੇਖਿਆ ਜਗਤ ਘਾਟ, ਬਣ ਬਣ ਪਾਂਧੀ ਰਾਹੀਆ । ਤੇਰੀ ਨਜ਼ਰ ਨਾ ਆਈ ਸਚ ਲੁਗਾਤ, ਜਿਸ ਵਿਚੋਂ ਅਲਫ਼ ਯੇ ਦੇਵੇਂ ਪੜ੍ਹਾਈਆ । ਤੇਰੀ ਬਾਤਨ ਸੁਣ ਸੁਣ ਥੱਕੇ ਬਾਤ, ਭੇਵ ਕੋਇ ਨਾ ਆਈਆ । ਆਲਮੀਨ ਤੇਰਾ ਜਾਣੇ ਕੋਈ ਨਾ ਹਾਲਾਤ, ਹੱਲ ਸੁਵਾਲ ਨਾ ਕੋਇ ਕਰਾਈਆ । ਤੇਰਾ ਬਾਗ ਬਗੀਚਾ ਇਕ ਬਾਗ਼ਾਤ, ਬਾਗਬਾਨ ਵਡ ਵਡਿਆਈਆ । ਬਿਨ ਤੇਰੇ ਅੰਤ ਹੋਏ ਵਫ਼ਾਤ, ਫਤਵਾ, ਸਭ ਤੇ ਸਾਦਰ ਲਾਈਆ । ਕਰ ਕਿਰਪਾ ਸੁਣ ਲੈ

ਬਾਤ, ਤੁਧ ਅੱਗੇ ਸੀਸ ਝੁਕਾਈਆ । ਤੇਰਾ ਲੇਖਾ ਕਾਇਨਾਤ, ਸਕੇ ਨਾ ਕੋਇ ਮਿਟਾਈਆ । ਤੇਰਾ ਡੂੰਘਾ ਦਿਸੇ ਖ਼ਾਤ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਤੇਰਾ ਖੇਲ ਬਹੁ ਬਿਧ ਭਾਂਤ, ਅਨਕ ਕਲ ਤੇਰੀ ਵਡਿਆਈਆ । ਬਿਨ ਤੇਰੇ ਅੰਧੇਰੀ ਰਾਤ, ਚੌਧਵੀਂ ਚੰਦ ਮੁਖ ਸ਼ਰਮਾਈਆ । ਨਾ ਕੋਈ ਨਿਭਾਵੇ ਸੱਚਾ ਸਾਥ, ਸਗਲਾ ਸੰਗ ਤਜਾਈਆ । ਸਾਡਾ ਮਸਤਕ ਵੇਖ ਮਾਥ, ਪੂਰਬ ਲੇਖਾ ਤੇਰੀ ਝੋਲੀ ਪਾਈਆ । ਗਲ ਪੱਲੂ ਮੂੰਹ ਵਿਚ ਘਾਸ, ਸਯਦਾ ਸੀਸ ਝੁਕਾਈਆ । ਸਾਡਾ ਕਲਮਾ ਤੇਰਾ ਸਵਾਸ, ਸਵਾਸ ਸਵਾਸ ਅਲਾਈਆ । ਨਾ ਕੋਈ ਪੁੰਨ ਨਾ ਸਬਾਬ, ਸੋਹਬਤ ਤੇਰੀ ਇਕ ਸਮਝਾਈਆ । ਬਿਨ ਤੁਧ ਮਿਲੇ ਨਾ ਹਯਾਤ ਆਬ, ਆਬੇ ਹਯਾਤ ਨਾ ਕੋਈ ਪਿਆਈਆ । ਸਦੀ ਚੌਧਵੀਂ ਲੰਘੀ ਵਿਚ ਖ਼ੁਵਾਬ, ਖ਼ੁਵਾਜਾ ਖਿਜਰ ਦਏ ਦੁਹਾਈਆ । ਮੇਰੀ ਸੋਹੇ ਨਾ ਸਚ ਮਹਿਰਾਬ, ਮਹਿਬੂਬ ਨਜ਼ਰ ਕੋਇ ਨਾ ਆਈਆ । ਰੋਸ਼ਨ ਹੋਏ ਨਾ ਕੋਈ ਆਫ਼ਤਾਬ, ਨੂਰ ਨੂਰ ਨਾ ਕੋਇ ਦਰਸਾਈਆ । ਸਾਚਾ ਬਣੇ ਨਾ ਕੋਈ ਅਹਿਬਾਬ, ਮਿਲ ਮਿਲ ਆਪਣਾ ਹਾਲ ਸੁਣਾਈਆ । ਤਨ ਵੱਜੇ ਨਾ ਤੱਤ ਰਬਾਬ, ਤਾਰ ਸਿਤਾਰ ਨਾ ਕੋਈ ਹਿਲਾਈਆ । ਤੇਰੇ ਅੱਗੇ ਹੋਏ ਲਾ ਜਵਾਬ, ਨੇਤਰ ਨੈਣ ਨੈਣ ਸ਼ਰਮਾਈਆ । ਤੇਰੀ ਝੱਲ ਨਾ ਸਕੇ ਤਾਬ, ਸਾਡਾ ਬਲ ਨਾ ਬਲ ਵਖਾਈਆ । ਕਿਰਪਾ ਕਰ ਸ਼ਾਹ ਨਵਾਬ, ਸ਼ਹਿਨਸ਼ਾਹ ਤੇਰੀ ਸਰਨਾਈਆ । ਚਰਨ ਘੋੜੇ ਦੇ ਰਕ਼ਾਬ, ਸਚ ਸਿੰਘਾਸਣ ਆਸਣ ਲਾਈਆ । ਦੋ ਜਹਾਨਾਂ ਮਾਰ ਅਵਾਜ਼, ਗਫ਼ਲਤ ਸਭ ਦੀ ਦੇ ਮੁਕਾਈਆ । ਤੇਰੀ ਪੜ੍ਹ ਪੜ੍ਹ ਥੱਕੇ ਨਿਮਾਜ, ਨਿਉਂ ਨਿਉਂ ਸੀਸ ਝੁਕਾਈਆ । ਤੇਰਾ ਜਲਵਾ ਦਿਸੇ ਨਾ ਗ਼ਰੀਬ ਨਿਵਾਜ, ਨੇਤਰ ਨੈਣ ਰਹੇ ਤਰਸਾਈਆ । ਸਾਡਾ ਡੁੱਬਦਾ ਜਾਏ ਜਹਾਜ਼, ਬੇੜਾ ਬੰਨੇ ਨਾ ਕੋਈ ਲਾਈਆ । ਚਾਰੋਂ ਕੁੰਟ ਥੱਕੇ ਭਾਜ, ਬਣ ਬਣ ਪਾਂਧੀ ਰਾਹੀਆ । ਸੱਚਾ ਦਿਸੇ ਨਾ ਕੋਈ ਸਮਾਜ, ਚਾਰ ਕੁੰਟ ਰਹੀ ਕੁਰਲਾਈਆ । ਮੱਕੇ ਕਾਅਬੇ ਨਾ ਕੋਈ ਹਾਜ, ਹਾਜੀ ਹੱਜ ਨਾ ਕੋਈ ਵਖਾਈਆ । ਸਾਡੀ ਕੋਈ ਨਾ ਰੱਖੇ ਲਾਜ, ਸਾਡਾ ਸੰਗ ਨਾ ਕੋਈ ਨਿਭਾਈਆ । ਸਾਡਾ ਖੁੱਲਣ ਲੱਗਾ ਪਾਜ, ਜਗਤ ਮੁਲੱਮਾ ਰਹਿਣ ਨਾ ਪਾਈਆ । ਕੰਨਾਂ ਵਿਚ ਪਾ ਪਾ ਉਂਗਲਾਂ ਮਾਰਦੇ ਅਵਾਜ਼, ਹੂ ਹੂ ਅੱਲਾ ਅੱਲਾ ਹੱਕ ਹੱਕ ਨਾਅਰਾ ਸੁਣਾਈਆ । ਚੌਦਾਂ ਸਦੀਆਂ ਰੱਖ ਕੇ ਬੈਠੇ ਰਹੇ ਤਾਜ, ਸੀਸ ਆਪੇ ਛਤਰ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅੱਗੇ ਸੀਸ ਝੁਕਾਈਆ । ਪੀਰ ਪੈਗ਼ੰਬਰ ਰਹੇ ਕੁਰਲਾ, ਕਰਬਲਾ ਦਏ ਦੁਹਾਈਆ । ਪ੍ਰਭ ਮਿਲੇ ਸਚ ਮਲਾਹ, ਬੇੜਾ ਪਾਰ ਕਰਾਈਆ । ਵੇਲੇ ਅੰਤ ਹੋਣਾ ਫ਼ਨਾਹ, ਨਾ ਸਕੇ ਕੋਈ ਬਚਾਈਆ । ਨਾ ਉਮਤ ਬਖ਼ਸ਼ੇ ਗੁਨਾਹ, ਨਬੀ ਰਸੂਲ ਨਾ ਕੋਇ ਵਡਿਆਈਆ । ਬਿਨ ਰੱਸੀਉਂ ਲੱਗਾ ਫਾਹ, ਗਲ ਫ਼ਾਸੀ ਏਕਾ ਪਾਈਆ । ਬਿਨ ਖਾਵੰਦ ਤੁਟਾ ਨਕ਼ਾਹ, ਮੁੱਖ ਨਕ਼ਾਬ ਨਾ ਕੋਈ ਟਿਕਾਈਆ । ਬਿਨ ਛੁਰੀਉਂ ਹਲਾਲ ਹੋਈ ਗਾਂ, ਜਬਾਂ ਆਪਣਾ ਆਪ ਰਹੇ ਕਰਾਈਆ । ਤੇਰਾ ਕਲਮਾ ਭੁਲਿਆ ਸੱਚਾ ਨਾਂ, ਤੇਰੀ ਰਹਿਮਤ ਨਜ਼ਰ ਕਿਸੇ ਨਾ ਆਈਆ । ਤੂੰ ਇਮਾਮਾ ਸਿਰ ਇਮਾਮ, ਰਸੂਲਾਂ ਸਿਰ ਰਸੂਲ ਸੱਚਾ ਸ਼ਹਿਨਸ਼ਾਹੀਆ । ਅਸੀਂ ਬਰਦੇ ਤੇਰੇ ਗੁਲਾਮ, ਦਰ ਦਰਵੇਸ਼ ਬੈਠੇ ਸੀਸ ਝੁਕਾਈਆ । ਤੋਬਾ ਤੋਬਾ ਕਰ ਸਲਾਮ, ਸਲਾਮਾ ਅਲੈਕਮ ਰਹੇ ਸੁਣਾਈਆ । ਅਸੀਂ ਸੁਣਦੇ ਰਹੇ ਤੇਰਾ ਪੈਗ਼ਾਮ, ਇਕ ਧਿਆਨ ਲਗਾਈਆ । ਤੈਨੂੰ ਸਕੇ ਨਾ ਨੇਤਰ ਪਛਾਣ, ਰੂਪ ਰੰਗ ਤੇਰਾ ਨਜ਼ਰ ਕਿਸੇ ਨਾ ਆਈਆ । ਅਸੀਂ ਭੁੱਲੇ ਬਾਲ ਅਵਾਣ, ਸਾਡੀ ਚਲੇ ਨਾ ਕੋਇ ਚਤੁਰਾਈਆ । ਕਲਜੁਗ ਅੰਤਮ ਸੁਣਿਆ ਤੂੰ ਪਰਗਟ ਹੋਇਉਂ ਸ੍ਰੀ ਭਗਵਾਨ, ਨਿਰਗੁਣ ਆਪਣਾ ਵੇਸ ਵਟਾਈਆ । ਜੋਧਾ


੫੧੫
੧੧

ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਰਖਾਈਆ । ਏਕਾ ਦੇਵੇਂ ਸੱਚਾ ਦਾਨ, ਬਣ ਦਾਤਾ ਦਾਨੀ ਆਪ ਵਖਾਈਆ । ਅਸੀਂ ਚਰਨੀ ਡਿਗੇ ਆਣ, ਇਕੋ ਓਟ ਤਕਾਈਆ । ਤੇਰੀ ਸਰਨ ਸਾਡਾ ਇਮਾਨ, ਦੂਜੀ ਸ਼ਰਅ ਨਾ ਕੋਈ ਵਖਾਈਆ । ਤੇਰਾ ਕਲਮਾ ਸਚ ਕਲਾਮ, ਏਕਾ ਰਾਗ ਅਲਾਈਆ । ਤੂੰ ਸਾਹਿਬ ਜਾਣੀ ਜਾਣ, ਘਟ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਢਹਿ ਪਏ ਸਰਨਾਈਆ । ਪੀਰ ਪੈਗ਼ੰਬਰ ਮਾਰਨ ਨਾਅਰਾ, ਏਕਾ ਏਕ ਸੁਣਾਇਆ । ਤੂੰ ਪਰਗਟ ਹੋਇਓਂ ਪੀਰ ਜ਼ਾਹਰਾ, ਹਜ਼ਰਤ ਤੇਰੀ ਵਡ ਵਡਿਆਈਆ । ਚਾਰ ਜੁਗ ਗੁਰ ਅਵਤਾਰ ਤੇਰੇ ਨਾਉਂ ਦਾ ਕਰਦੇ ਰਹੇ ਮੁਸ਼ਾਇਰਾ, ਖਾਣੀ ਬਾਣੀ ਆਪ ਸੁਣਾਇਆ । ਤੂੰ ਸਭ ਤੋਂ ਵਸਿਆ ਬਾਹਿਰਾ, ਤੇਰਾ ਭੇਵ ਕਿਸੇ ਨਾ ਆਇਆ । ਤੂੰ ਗਹਿਰ ਗੰਭੀਰ ਗਹਿਰਾ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹਿਆ । ਲੋਕ ਪਰਲੋਕ ਦੋ ਜਹਾਨ ਚੌਦਾਂ ਤਬਕਾਂ ਬਣ ਕੇ ਨਿਰਗੁਣ ਕਰੇਂ ਸ਼ੈਰਾ, ਨੌਂ ਖੰਡ ਪ੍ਰਿਥਮੀ ਸੱਤ ਦੀਪ ਆਪਣੀ ਸ਼ੈਰਗਾਹ ਬਣਾਇਆ । ਬਿਨ ਤੁਧ ਹੋਏ ਜਗਤ ਅੰਧੇਰਾ, ਧੁਆਂਧਾਰ ਨਾ ਕੋਇ ਮਿਟਾਇਆ । ਤੇਰੇ ਹੁਕਮੇ ਵਰਤੇ ਕਹਿਰਾ, ਕਹਿਰ ਲਹਿਰ ਇਕ ਵਖਾਇਆ । ਬਿਨ ਤੇਰੇ ਕਲਮੇ ਹੋਇਆ ਬਹਿਰਾ, ਸਾਚਾ ਰਾਗ ਨਾ ਕੋਈ ਸੁਣਾਇਆ । ਚਾਰੋਂ ਕੁੰਟ ਝੂਠਾ ਡੇਰਾ, ਜਗਤ ਅਡੰਬਰ ਵੇਖ ਵਖਾਇਆ । ਜੰਗਲ ਜੂਹ ਉਜਾੜ ਪਹਾੜ ਨੌਂ ਸੱਤ ਨਾ ਕੋਈ ਦਿਸੇ ਸਾਚਾ ਸ਼ੇਰਾ, ਆਪਣੀ ਭਬਕ ਦਏ ਵਖਾਇਆ । ਕੂੜ ਕੁੜਿਆਰਾ ਪਾਇਆ ਘੇਰਾ, ਕਲਜੁਗ ਆਪਣਾ ਬਲ ਧਰਾਇਆ । ਅਸੀਂ ਸੇਵਾ ਕਰੀਂ ਕਰ ਕਰ ਵੱਡਾ ਜ਼ੇਰਾ, ਸਾਡਾ ਜ਼ੋਰ ਰਿਹਾ ਨਾ ਰਾਇਆ । ਸਾਡੇ ਵਿਹੰਦਿਆਂ ਉਜੜਨ ਲੱਗਾ ਸਾਡਾ ਖੇੜਾ, ਨਾ ਸਕੇ ਕੋਈ ਬਚਾਇਆ । ਨਬੀਆਂ ਨਾਲ ਨਬੀਆਂ ਪਾਇਆ ਝੇੜਾ, ਬਣ ਵਿਚੋਲਾ ਨਾ ਕੋਈ ਛੁਡਾਇਆ । ਬਿਨ ਤੁਧ ਬੰਨ੍ਹੇ ਨਾ ਕੋਈ ਬੇੜਾ, ਪਰਵਰਦਿਗਾਰ ਮੇਰੇ ਖ਼ੁਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੀਰ ਪੈਗ਼ੰਬਰ ਰਹੇ ਕੁਰਲਾਇਆ । ਪੀਰ ਪੈਗ਼ੰਬਰ ਨੇਤਰ ਨੀਰ, ਨੈਣ ਨੈਣ ਵਹਾਈਆ । ਤੇਰੇ ਹੁਕਮੇ ਸ਼ਰਅ ਜ਼ੰਜੀਰ, ਕੜੀ ਕੜੀ ਨਾਲ ਬੰਧਾਈਆ । ਤੇਰੇ ਹੁਕਮੇ ਪੜ੍ਹੀ ਤਕਬੀਰ, ਤਦਬੀਰ ਤੇਰੀ ਸ਼ਹਿਨਸ਼ਾਹੀਆ । ਤੇਰਾ ਜਲਵਾ ਸਚ ਤਸਵੀਰ, ਤੇਰੀ ਤਸਬੀ ਨਾਲ ਮਿਲਾਈਆ । ਤੇਰੇ ਹੱਥ ਸਾਡੀ ਤਕਦੀਰ, ਜਿਉਂ ਭਾਵੇ ਲਏ ਚਲਾਈਆ । ਈਸਾ ਮੂਸਾ ਮੁਹੰਮਦ ਇਕ ਦੂਜੇ ਦੇ ਛੋਟੇ ਵੀਰ, ਭਾਈ ਭਾਈਆਂ ਵਲ ਵੇਖ ਵਖਾਈਆ । ਸਾਡੀ ਅਲਫ਼ੀ ਲੀਰੋ ਲੀਰ, ਕਾਲੀ ਕਫ਼ਨੀ ਰਹੀ ਕੁਰਲਾਈਆ । ਸਾਡੀ ਹੋਈ ਅੰਤ ਅਖ਼ੀਰ, ਵੇਲਾ ਵਕਤ ਵਹਾਈਆ । ਸਾਡਾ ਆਪਣਾ ਆਪ ਹੋਇਆ ਦਿਲਗੀਰ, ਸਾਂਤਕ ਸਤਿ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਇਕੋ ਹੱਥ ਟਿਕਾਈਆ । ਪੀਰ ਪੈਗ਼ੰਬਰ ਮਾਰਨ ਧਾਹ, ਧਰਤ ਧਵਲ ਹਿਲਾਇਆ । ਤੇਰੇ ਉਤੇ ਕਰੇ ਗੁਨਾਹ, ਖੰਡਾਂ ਖੰਜਰ ਹੱਥ ਚਮਕਾਇਆ । ਛੋਟੇ ਬਾਲੇ ਤੇਰੇ ਅੰਦਰ ਦਏ ਦਬਾ, ਨਿਰਦੋਸ਼ ਦੋਸ਼ ਲਗਾਇਆ । ਤੂੰ ਹੋ ਖਾਮੋਸ਼ ਆਪਣੀ ਗੋਦ ਲੈ ਸੁਵਾਂ, ਤੈਨੂੰ ਤਰਸ ਜ਼ਰਾ ਨਾ ਆਇਆ । ਲੋਕ ਪਰਲੋਕ ਨੇਤਰ ਨੈਣ ਨੀਰ ਰਹੇ ਵਹਾ, ਵਿਸ਼ਨ ਬ੍ਰਹਮਾ ਸ਼ਿਵ ਦਏ ਦੁਹਾਇਆ । ਵੇਖੇ ਪੀਰਾਂ ਨਾਲ ਪੀਰ ਰਹੇ ਟਕਰਾ, ਸ਼ਰਅ ਸ਼ਰਅ ਨਾਲ ਲੜਾਇਆ । ਕਰੇ ਖੇਲ ਆਪ ਖ਼ੁਦਾ, ਅਵਲੱੜੀ ਚਾਲ ਆਪ ਚਲਾਇਆ । ਪਹਿਲੋਂ ਮੁਹੰਮਦ ਕਲਮਾ ਦਿਤਾ ਪੜ੍ਹਾ, ਏਕਾ ਆਇਤ ਸੁਣਾਇਆ । ਫਿਰ ਗੋਬਿੰਦ ਦਿਤਾ ਸਮਝਾ, ਫਤਿਹ ਜੈਕਾਰਾ ਇਕ ਅਲਾਇਆ । ਦੋਹਾਂ ਬਲ ਦਿਤਾ ਵਧਾ,

ਆਪ ਆਪਣਾ ਹੁਕਮ ਵਰਤਾਇਆ । ਇਕ ਦੂਜੇ ਹੱਥ ਕੰਡਾ ਦਿਤਾ ਫੜਾ, ਆਪ ਆਪਣਾ ਮੁੱਖ ਛੁਪਾਇਆ । ਕਰਕੇ ਧੋਖਾ ਗੋਬਿੰਦ ਧੜਾ ਦਿਤਾ ਬਣਾ, ਸਿਰ ਆਪਣਾ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਪੀਰ ਪੈਗ਼ੰਬਰ ਕਹਿਣ ਹਉਂ ਖ਼ਾਕੀ ਖ਼ਾਕਾ, ਤਨ ਮਾਟੀ ਖ਼ਾਕ ਖਪਾਈਆ । ਤੂੰ ਬੇਐਬ ਪਰਵਰਦਿਗਾਰ ਬਾਕੀ ਬਾਂਕਾ, ਨੂਰ ਜ਼ਹੂਰ ਇਲਾਹੀਆ । ਆਦਿ ਜੁਗਾਦਿ ਜੁਗੋ ਜੁਗ ਤੂੰ ਬੜਾ ਲੜਾਕਾ, ਘਰ ਘਰ ਛੇੜਾਂ ਰਿਹਾ ਛਿੜਾਈਆ । ਅਛਲ ਅਛੱਲ ਬੇਮੁਹਤਾਜ ਚਲਾਕਾ, ਬੇਅੰਤ ਤੇਰੀ ਵਡਿਆਈਆ । ਤੂੰ ਪਹਿਲੋਂ ਖਿਚੇ ਆਪਣਾ ਖਾਕਾ, ਲਕੀਰ ਲਕੀਰ ਵਿਚ ਮਿਲਾਈਆ । ਫਿਰ ਗੁਰ ਅਵਤਾਰਾਂ ਸੁਣਾਵੇਂ ਸਾਕਾ, ਪੀਰ ਪੈਗ਼ੰਬਰ ਕਰ ਪੜ੍ਹਾਈਆ । ਕਿਸੇ ਕਰਾਏਂ ਪੰਜ ਵਕਤ ਨਿਮਾਜਾ, ਕਿਸੇ ਅੰਮ੍ਰਿਤ ਬਾਟਾ ਹੱਥ ਫੜਾਈਆ । ਕਿਸੇ ਕਹੇਂ ਮੈਂ ਤੇਰਾ ਸੱਚਾ ਆਕਾ, ਕਿਸੇ ਕਹੇਂ ਇਕ ਪਾਰਬ੍ਰਹਮ ਸਰਨਾਈਆ । ਨਾਨਕ ਕਹੇ ਤੂੰ ਸਭ ਦਾ ਪੜਦਾ ਢਾਕਾ, ਸਿਰ ਆਪਣਾ ਹੱਥ ਟਿਕਾਈਆ । ਮੁਹੰਮਦ ਕਹੇ ਮੇਰਾ ਪੂਰਾ ਕਰਦੇ ਘਾਟਾ, ਤੇਰੇ ਅੱਗੇ ਆਪਣੀ ਝੋਲੀ ਡਾਹੀਆ । ਗੋਬਿੰਦ ਕਹੇ ਮੈਂ ਵੇਖਾਂ ਤੇਰਾ ਖੇਲ ਤਮਾਸ਼ਾ, ਕਲਜੁਗ ਵੇਲਾ ਅੰਤਮ ਆਈਆ । ਨਾਨਕ ਕਹੇ ਪ੍ਰਭ ਸਭ ਦਾ ਰਾਖਾ, ਘਟ ਘਟ ਰਿਹਾ ਸਮਾਈਆ । ਮੁਹੰਮਦ ਕਹੇ ਪ੍ਰਭ ਦੇ ਦੇ ਦਾਤਾਂ, ਤੇਰੀ ਇਕੋ ਓਟ ਤਕਾਈਆ । ਗੋਬਿੰਦ ਕਹੇ ਤੂੰ ਮੇਰਾ ਪਿਤਾ ਮਾਤਾ, ਤੇਰਾ ਸੰਗ ਵਿਛੜ ਨਾ ਜਾਈਆ । ਨਾਨਕ ਕਹੇ ਪੁਰਖ ਅਕਾਲ ਸਭ ਦਾ ਨਾਤਾ, ਹਰ ਘਟ ਆਪਣਾ ਬੰਧਨ ਪਾਈਆ । ਮੁਹੰਮਦ ਕਹੇ ਮੇਰੀ ਸੱਚੀ ਜਾਤਾ, ਤੇਰੀ ਜ਼ਾਤ ਵਿਚੋਂ ਪਰਗਟਾਈਆ । ਗੋਬਿੰਦ ਕਹੇ ਮੇਰਾ ਤੇਰੇ ਅੰਦਰ ਵਾਸਾ, ਦੂਜੇ ਘਰ ਨਾ ਕੋਈ ਵਡਿਆਈਆ । ਨਾਨਕ ਕਹੇ ਪ੍ਰਭ ਸਰਬ ਭਰਵਾਸਾ, ਸਿਰ ਸਭਨਾ ਹੱਥ ਟਿਕਾਈਆ । ਮੁਹੰਮਦ ਕਹੇ ਮੇਰੀ ਮੁੱਕੀ ਵਾਟਾ, ਅੰਤਮ ਵੇਲਾ ਗਿਆ ਆਈਆ । ਗੋਬਿੰਦ ਕਹੇ ਮੈਂ ਕਰਾਂ ਹਾਸਾ, ਦਰ ਤੇਰੇ ਖ਼ੁਸ਼ੀ ਮਨਾਈਆ । ਨਾਨਕ ਨਿਰਗੁਣ ਕਹੇ ਪੁਰਖ ਅਕਾਲ ਵੇਖੇ ਤਮਾਸ਼ਾ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੀਰ ਪੈਗ਼ੰਬਰ ਗੁਰ ਅਵਤਾਰ ਆਪਣੇ ਰੰਗ ਰਿਹਾ ਵਖਾਈਆ ।


੫੧੭
੧੧

## ★ ੧੮ ਮਾਘ ੨੦੧੮ ਬਿਕ੍ਰਮੀ ਸ਼ਿਵ ਸਿੰਘ ਦੇ ਘਰ ਜੰਮੂ★

ਸਚ ਖ਼ੁਦਾਏ ਤੋਹੇ ਤੋਫ਼ੀਕ, ਤੂੰ ਹੀ ਤੂੰ ਅਲਾਹੀਆ । ਦੂਸਰ ਦਿਸੇ ਨਾ ਕੋਇ ਰਫ਼ੀਕ, ਤਾਰੀਫ਼ ਤੇਰੀ ਨਾ ਕੋਇ ਸੁਣਾਈਆ । ਉਮਤ ਮੇਰੀ ਮੇਰੀ ਬਣੀ ਫ਼ਰੀਕ, ਫਿਰਕਾ ਆਪਣਾ ਆਪ ਵਧਾਈਆ । ਚਾਰੋਂ ਕੁੰਟ ਅੰਧੇਰਾ ਤਾਰੀਕ, ਨੂਰ ਜ਼ਹੂਰ ਨਾ ਕੋਈ ਰੁਸ਼ਨਾਈਆ । ਤੇਰੀ ਧਾਰ ਅਨਡੀਠ ਬਾਰੀਕ, ਬਾਤਨ ਤੇਰੀ ਵਡਿਆਈਆ । ਤੂੰ ਸਾਹਿਬ ਸਦਾ ਲਾਸ਼ਰੀਕ, ਸ਼ਿਰਕਤ ਵਿਚ ਕਦੇ ਨਾ ਆਈਆ । ਤੇਰੀ ਮਹਿਮਾ ਬੇਨਜ਼ੀਰ, ਨਜ਼ਰ ਕੋਇ ਨਾ ਪਾਈਆ । ਤੂੰ ਲੇਖਾ ਜਾਣੇ ਸ਼ਾਹ ਹਕੀਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਤੇਰੀ ਚੋਟੀ ਇਕ ਅਖ਼ੀਰ, ਕੋਟਨ ਕੋਟ ਬੈਠੇ ਅਧਵਿਚਕਾਰ ਡੇਰਾ ਲਾਈਆ । ਤੇਰੇ ਬਰਦੇ ਪੀਰ ਫ਼ਕੀਰ, ਫ਼ਿਕਰਾ ਤੇਰਾ ਰਹੇ ਗਾਈਆ । ਤੇਰੇ ਦਰ ਮੁਹੰਮਦ ਕੱਢੇ ਲਕੀਰ, ਨਿਉਂ ਨਿਉਂ ਸੀਸ ਝੁਕਾਈਆ । ਮੇਰਾ ਅੰਤ ਹੋਇਆ ਦਿਲਗੀਰ, ਧੀਰਜ ਧੀਰ ਨਾ ਕੋਇ ਰਖਾਈਆ । ਮੇਰਾ ਅੰਗ ਅੰਗ ਕਰੇ ਪੀੜ, ਦਰਦੀ ਦਰਦ ਨਾ ਵੰਡ ਕੋਈ ਵੰਡਾਈਆ ।

ਜਿਧਰ ਵੇਖਾਂ ਦਿਸੇ ਭੀੜ, ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਜੰਗਲ ਜੂਹ ਉਜਾੜ ਪਹਾੜ ਬਣੀ ਭੀੜ, ਅੰਧ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਈਆ । ਆਪਣੇ ਰੰਗ ਰੰਗ ਮਿਹਰਵਾਨ, ਤੇਰੇ ਹੱਥ ਵਡੀ ਵਡਿਆਈਆ । ਨਾਤਾ ਤੋੜ ਜਗਤ ਸ਼ੈਤਾਨ, ਸ਼ਰਅ ਸ਼ਰੀਅਤ ਰਹਿਣ ਨਾ ਪਾਈਆ । ਏਕਾ ਸਿਦਕ ਤੇਰਾ ਈਮਾਨ, ਏਕਾ ਆਲਮ ਉਲਮਾ ਕਰੇ ਪੜ੍ਹਾਈਆ । ਏਕਾ ਨੁਕਤਾ ਬੇਜ਼ਬਾਨ, ਆਪਣਾ ਆਪ ਸੁਣਾਈਆ । ਏਕਾ ਮੰਦਰ ਸਚ ਮਕਾਨ, ਹੱਕ ਹਕ਼ੀਕ਼ਤ ਦਏ ਵਖਾਈਆ । ਏਕਾ ਉਲਫਤ ਦੋ ਜਹਾਨ, ਏਕਾ ਅਲਫ਼ ਕਰ ਪੜ੍ਹਾਈਆ । ਏਕਾ ਮੀਆ ਵਡ ਬਲਵਾਨ, ਆਪਣਾ ਬਲ ਧਰਾਈਆ । ਮੈਂ ਨੀਵਾਂ ਹੋਏ ਫਿਰਾਂ ਵਿਚ ਜਹਾਨ, ਆਪਣਾ ਸਿਰ ਝੁਕਾਈਆ । ਚਾਰ ਕੁੰਟ ਦਿਸੇ ਵੈਰਾਨ, ਬਾਗ਼ਬਾਨ ਰਿਹਾ ਸ਼ਰਮਾਈਆ । ਚੌਦਾਂ ਲੋਕ ਨਾ ਕੋਈ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਰਹੀਮ ਇਕ ਕਮਾਈਆ । ਰਹਿਮਤ ਕਰ ਮੇਰੇ ਮਹਿਬੂਬ, ਇਕੋ ਆਸ ਰਖਾਈਆ । ਤੇਰੀ ਕੋਈ ਨਾ ਜਾਣੇ ਹਦੂਦ, ਪਾਰ ਕਿਨਾਰਾ ਹੱਥ ਕਿਸੇ ਨਾ ਆਈਆ । ਤੇਰਾ ਉਚਾ ਵਡ ਅਰੂਜ, ਅਰਸ਼ ਕੁਰਸ਼ ਤੇਰੀ ਸ਼ਰਨਾਈਆ । ਤੂੰ ਆਦਿ ਜੁਗਾਦਿ ਸਦਾ ਮਹਿਰੂਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਧਨ ਬੰਧ ਨਾ ਕੋਈ ਰਖਾਈਆ । ਮਹਿਰਮ ਮੇਰੇ ਮਿਹਰਵਾਨਾ, ਇਕ ਇਕੱਲਾ ਖੇਲ ਕਰਾਇੰਦਾ । ਮੈਂ ਮਾਸੂਮ ਤੇਰਾ ਬਾਲਾ, ਭੁੱਲ ਭੁੱਲ ਬਖ਼ਸ਼ਾਇੰਦਾ । ਤੂੰ ਵੇਖ ਮੇਰਾ ਹਾਲਾ, ਬੇਹਾਲ ਕੁਰਲਾਇੰਦਾ । ਮੈਂ ਲੱਗਾ ਤੇਰੀ ਚਾਲਾ, ਤੇਰੀ ਚਾਲ ਚਲ ਚਲ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਰਵੇਸ ਫੇਰੀ ਪਾਇੰਦਾ । ਦਰ ਦਰਵੇਸ ਗਿਆ ਆ, ਅਲਫ਼ੀ ਚੀਰ ਨਾ ਕੋਈ ਰਖਾਈਆ । ਨੰਗੀ ਪੈਰੀ ਫੇਰਾ ਪਾ, ਤਸਬੀ ਹੱਥ ਨਾ ਕੋਈ ਰਖਾਈਆ । ਦਾੜ੍ਹੀ ਮੁਛ ਨਾ ਲਬ ਕਟਾ, ਮਹਿੰਦੀ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭੁੱਲੀ ਮੇਰੀ ਉਮਤ ਤੇਰਾ ਨਾਉਂ ਖ਼ੁਦਾਈਆ । ਮੇਰੀ ਉਮਤ ਤੇਰਾ ਸੰਗ, ਤੇਰੇ ਨਾਲ ਬੰਧਾਇਆ । ਤੇਰੀ ਰਹਿਮਤ ਮੇਰਾ ਰੰਗ, ਰਾਮ ਰਹੀਮ ਖ਼ੁਦਾਇਆ । ਤੇਰਾ ਨਾਦ ਤੇਰਾ ਮਰਦੰਗ, ਤੇਰਾ ਬਰਦਾ ਰਿਹਾ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਇਆ । ਦਰ ਝੁਕੇ ਸੀਸ, ਸ਼ਰਅ ਸ਼ਰਅ ਵਡਿਆਈਆ । ਤੇਰਾ ਕਲਮਾ ਇਕ ਹਦੀਸ, ਨਬੀ ਰਸੂਲ ਦੇਣ ਗਵਾਹੀਆ । ਤੇਰਾ ਨਾਉਂ ਤੀਸ ਬਤੀਸ, ਬੰਦੀ ਬੰਦ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚਾ ਬੰਧਨ ਬੰਧਨ ਅਪਾਰਾ, ਹਰਿ ਸਾਚਾ ਸਚ ਜਣਾਇੰਦਾ । ਪੀਰ ਪੈਗ਼ੰਬਰ ਇਕ ਹੁਲਾਰਾ, ਹਰਿ ਇਕੋ ਇਕ ਉਠਾਇੰਦਾ । ਆਪੇ ਜਾਣੇ ਆਪਣਾ ਬਰਗਾ, ਆਪੇ ਘੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਭਗਵਾਨ, ਮਹਿਮਾ ਅਕੱਥ ਕਥੀ ਨਾ ਜਾਈਆ । ਮਹਿਮਾ ਜਾਣੇ ਦੋ ਜਹਾਨ, ਦੋ ਜਹਾਨਾਂ ਸਿਫ਼ਤ ਸਲਾਹੀਆ । ਕਲਜੁਗ ਅੰਤਮ ਹੋ ਮਿਹਰਵਾਨ, ਸਚ ਪਰਧਾਨਗੀ ਰਿਹਾ ਜਣਾਈਆ । ਪਰਗਟ ਹੋ ਕੇ ਆਇਆ ਵਿਚ ਮੈਦਾਨ, ਖਾਲੀ ਹੱਥ ਫੇਰੀ ਪਾਈਆ । ਗੁਰ ਅਵਤਾਰ ਪੀਰ ਵੇਖ ਮਾਰ ਧਿਆਨ, ਸਚ ਅਖਾੜਾ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਪਰਗਟਾਈਆ । ਇਕ ਧੜੇ ਮੁਹੰਮਦ ਸੂਰਬੀਰ, ਤੇਰਾ ਬਲ ਧਰਾਇਆ ।


੫੧੮
੧੧

ਦੂਜੇ ਪਾਸੇ ਕਹੇ ਗੋਬਿੰਦ ਤੇਰਾ ਝੱਲੇ ਨਾ ਕੋਇ ਤੀਰ, ਬੇਨਜ਼ੀਰ ਆਪ ਚਲਾਇਆ । ਨਾਨਕ ਕਹੇ ਤੂੰ ਸਭ ਦਾ ਕਰੇਂ ਅਖ਼ੀਰ, ਥਿਰ ਕੋਈ ਰਹਿਣ ਨਾ ਪਾਇਆ । ਪੁਰਖ ਅਕਾਲ ਕਹੇ ਮੈਂ ਕੱਟਾਂ ਸਭ ਦੀ ਭੀੜ, ਜੁਗ ਜੁਗ ਭਗਤਾਂ ਸੇਵ ਕਮਾਇਆ । ਮੁਹੰਮਦ ਕਹੇ ਮੈਂ ਚੋਟੀ ਚੜਿਆ ਅਖ਼ੀਰ, ਚੌਦਾਂ ਤਬਕ ਫੇਰਾ ਪਾਇਆ । ਗੋਬਿੰਦ ਕਹੇ ਮੇਰਾ ਦਾਤਾ ਗੁਣੀ ਗਹੀਰ, ਮੇਰੇ ਅੰਗ ਸੰਗ ਸਮਾਇਆ । ਨਾਨਕ ਕਹੇ ਪ੍ਰਭ ਆਪਣੇ ਹੱਥ ਰੱਖੇ ਇਕ ਸ਼ਮਸ਼ੀਰ, ਆਦਿ ਅੰਤ ਸਭ ਦਾ ਕਰੇ ਸਫ਼ਾਇਆ । ਪਾਰਬ੍ਰਹਮ ਕਹੇ ਮੈਂ ਭਗਤਾਂ ਪਿਆਵਾਂ ਸਾਚਾ ਸੀਰ, ਜੁਗ ਜੁਗ ਆਪਣਾ ਵੇਸ ਵਟਾਇਆ । ਮੁਹੰਮਦ ਕਹੇ ਹਰਿ ਇਕ ਅਮਾਮ, ਕਲਮਾ ਇਕ ਜਣਾਈਆ । ਗੋਬਿੰਦ ਕਹੇ ਮੇਰਾ ਪਿਤਾ ਸ੍ਰੀ ਭਗਵਾਨ, ਸਦ ਆਪਣੀ ਗੋਦ ਬਹਾਈਆ । ਨਾਨਕ ਕਹੇ ਸਭ ਨੂੰ ਕਰੇ ਪਰਵਾਨ, ਸਭ ਦਾ ਪਿਤਾ ਮਾਈਆ । ਅਬਿਨਾਸ਼ੀ ਕਰਤਾ ਕਹੇ ਮੈਂ ਜਨ ਭਗਤਾਂ ਦੇਵਾਂ ਦਾਨ, ਨਾਮ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਸਮਝਾਈਆ । ਮੁਹੰਮਦ ਕਹੇ ਮੇਰਾ ਖ਼ੁਦਾ, ਮੇਰੇ ਵਿਚ ਸਮਾਇਆ । ਗੋਬਿੰਦ ਕਹੇ ਮੇਰੇ ਨਾਲੋਂ ਨਾ ਹੋਏ ਜ਼ੁਦਾ, ਸਦ ਸਿਰ ਤੇ ਹੱਥ ਰਖਾਇਆ । ਨਾਨਕ ਕਹੇ ਹਰਿ ਸਭ ਤੋਂ ਹੋਏ ਫ਼ਿਦਾ, ਜੋ ਬੈਠੇ ਧਿਆਨ ਲਗਾਇਆ । ਪਾਰਬ੍ਰਹਮ ਪ੍ਰਭ ਕਹੇ ਮੈਂ ਜਨ ਭਗਤ ਮਿਲਾਂ ਸਿੱਧਾ, ਰਾਹ ਵਿਚ ਨਾ ਕੋਈ ਅਟਕਾਇਆ । ਜੇ ਕੋਈ ਪੁਛੇ ਕੇਹੜਾ ਵੱਡਾ, ਕੋਈ ਦੱਸ ਨਾ ਸਕੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਖ਼ੁਸ਼ੀ ਮਨਾਇਆ । ਮੁਹੰਮਦ ਕਹੇ ਮੈਂ ਮੰਗੀ ਮੰਗ, ਚੌਦਾਂ ਤਬਕ ਮੇਰੀ ਸਰਨਾਈਆ । ਗੋਬਿੰਦ ਕਹੇ ਮੇਰੀ ਸੇਜ ਪਲੰਘ, ਪ੍ਰਭ ਗੋਦੀ ਇਕ ਹੰਢਾਈਆ । ਨਾਨਕ ਕਹੇ ਹਰਿ ਕਰੇ ਸਰਬ ਨੂੰ ਭੰਗ, ਸੈਭੰ ਰੂਪ ਸਮਾਈਆ । ਭਗਵਾਨ ਕਹੇ ਮੈਂ ਭਗਤ ਚੜਾਵਾਂ ਸਾਚੇ ਚੰਦ, ਲੋਕਮਾਤ ਰੁਸ਼ਨਾਈਆ । ਗੀਤ ਸੁਣਾਵਾਂ ਇਕੋ ਛੰਦ, ਆਪਣਾ ਢੋਲਾ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮੁਹੰਮਦ ਕਹੇ ਮੇਰੀ ਵੰਡ ਚੌਦਾਂ ਸਦ, ਸਦੀ ਚੌਧਵੀਂ ਨਾਲ ਮਿਲਾਈਆ । ਗੋਬਿੰਦ ਕਹੇ ਤੇਰੀ ਪਾਰ ਕਰਨੀ ਹੱਦ, ਵੇਲਾ ਅੰਤਮ ਗਿਆ ਆਈਆ । ਨਾਨਕ ਕਹੇ ਪੁਰਖ ਅਕਾਲ ਆਪਣੀ ਉਪਜਾਏ ਸਾਚੀ ਯੱਦ, ਬੰਸ ਸਰਬੰਸ ਆਪ ਸੁਹਾਈਆ । ਭਗਤ ਸੁਹੇਲੇ ਲਏ ਸੱਦ, ਆਪ ਆਪਣੇ ਕੋਲ ਬਹਾਈਆ । ਲੱਖ ਚੁਰਾਸੀ ਵਿਚੋਂ ਕਰੇ ਅੱਡ, ਆਪਣੀ ਵੰਡ ਵੰਡਾਈਆ । ਨਾਮ ਚੜ੍ਹਾਏ ਸਾਚੇ ਰਥ, ਬਣ ਰਥਵਾਹੀ ਸੇਵ ਕਮਾਈਆ । ਸੋਹੰ ਅੱਖਰ ਇਕੋ ਦੱਸ, ਆਤਮ ਪਰਮਾਤਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਪਾਈਆ । ਹਰਿਜਨ ਉਪਮਾ ਕਰੇ ਆਪ, ਆਪਣੀ ਸੇਵਾ ਆਪ ਲਗਾਇੰਦਾ । ਹਰਿਜਨ ਤੇਰਾ ਜਪੇ ਜਾਪ, ਜਪ ਜਪ ਆਪਣਾ ਸੁਖ ਦਰਸਾਇੰਦਾ । ਹਰਿਜਨ ਤੇਰਾ ਮਿਟੇ ਤਾਪ, ਤੀਨੋ ਤਾਪ ਨੇੜ ਨਾ ਆਇੰਦਾ । ਹਰਿਜਨ ਤੇਰਾ ਕੱਟੇ ਪਾਪ, ਬਣ ਅਪਰਾਧੀ ਵੇਸ ਕਮਾਇੰਦਾ । ਹਰਿਜਨ ਤੇਰੀ ਵੇਖੇ ਜਾਤ, ਪਹਿਲੋਂ ਆਪਣੀ ਜ਼ਾਤ ਗਵਾਇੰਦਾ । ਹਰਿਜਨ ਤੇਰੀ ਮਿਟੇ ਰਾਤ, ਜਗਤ ਅੰਧੇਰਾ ਆਪ ਛੁਪਾਇੰਦਾ । ਹਰਿਜਨ ਤੇਰਾ ਦੇਵੇ ਸਾਥ, ਸਗਲਾ ਸੰਗ ਆਪ ਜੁਟਾਇੰਦਾ । ਹਰਿਜਨ ਤੇਰਾ ਲਹਿਣਾ ਮਸਤਕ ਮਾਥ, ਪੂਰਬ ਲੇਖਾ ਝੋਲੀ ਪਾਇੰਦਾ । ਹਰਿਜਨ ਤੇਰੀ ਸਾਚੀ ਗਾਥ, ਗਹਿਰ ਗੰਭੀਰ ਆਪ ਸੁਣਾਇੰਦਾ । ਹਰਿਜਨ ਤੇਰਾ ਪੂਜਾ ਪਾਠ, ਹਵਨ ਦੀਪ ਆਪ ਵਖਾਇੰਦਾ । ਹਰਿਜਨ ਤੇਰਾ ਸੱਜਣ ਸਾਕ, ਹਰਿ ਸਤਿਗੁਰ ਆਪ ਹੋ ਆਇੰਦਾ । ਹਰਿਜਨ ਤੇਰਾ ਤਨ ਖ਼ਾਕੀ ਖ਼ਾਕ, ਆਪਣੀ ਖ਼ਾਕ ਨਾਲ ਮਿਲਾਇੰਦਾ । ਹਰਿਜਨ ਤੇਰਾ ਖੋਲ੍ਹੇ ਤਾਕ,

ਦੂਈ ਪੜਦਾ ਆਪ ਉਠਾਇੰਦਾ । ਹਰਿਜਨ ਤੇਰਾ ਬੰਨ੍ਹੇ ਨਾਤ, ਨਾਤਾ ਬਿਧਾਤਾ ਆਪ ਜੁੜਾਇੰਦਾ । ਹਰਿਜਨ ਤੇਰਾ ਪਿਤਾ ਮਾਤ, ਪੁਰਖ ਅਕਾਲ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਤੇਰਾ ਮੇਲਾ ਸ੍ਰੀ ਭਗਵੰਤ, ਹਰਿ ਭਗਵਨ ਆਪ ਕਰਾਈਆ । ਏਕਾ ਨਾਮ ਮਣੀਆਂ ਮੰਤ, ਮਨ ਆਸਾ ਪੂਰ ਕਰਾਈਆ । ਏਕਾ ਲਹਿਣਾ ਚੁੱਕੇ ਜੀਵ ਜੰਤ, ਜੀਵਣ ਜੁਗਤ ਸਮਝਾਈਆ । ਇਕ ਮਹਿਮਾ ਆਦਿ ਅੰਤ, ਸਦਾ ਸੁਹੇਲਾ ਸੱਚਾ ਮਾਹੀਆ । ਸਰਗੁਣ ਬਣਾਏ ਬਣਤ, ਨਿਰਗੁਣ ਵੇਸ ਵਟਾਈਆ । ਮਿਲ ਸਖੀ ਹਰਿ ਹਰਿ ਕੰਤ, ਗੀਤ ਗੋਬਿੰਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਵੇਖੇ ਬਲ ਦਾ ਮਾਣ, ਹਰਿ ਸਾਚਾ ਆਪ ਦਵਾਇੰਦਾ । ਪੀਰ ਪੈਗ਼ੰਬਰ ਸਰਬ ਸ਼ਰਮਾਣ, ਅੱਗੇ ਜ਼ੋਰ ਨਾ ਕੋਈ ਚਲਾਇੰਦਾ । ਜਿਸ ਨੂੰ ਕਰਕੇ ਆਏ ਸਲਾਮ, ਸੋ ਸਾਹਿਬ ਵੇਸ ਵਟਾਇੰਦਾ । ਜਿਸ ਦਾ ਪੜ੍ਹਦੇ ਆਏ ਕਲਮਾ ਕਲਾਮ, ਸੋ ਕਾਇਨਾਤ ਫੇਰਾ ਪਾਇੰਦਾ । ਜਿਸ ਦੇ ਬਣਦੇ ਰਹੇ ਗ਼ੁਲਾਮ, ਸੋ ਬਣ ਗ਼ੁਲਾਮ ਸੇਵ ਕਮਾਇੰਦਾ । ਜਿਸ ਦਾ ਪੀਂਦੇ ਰਹੇ ਜਾਮ, ਸੋ ਭਰ ਪਿਆਲਾ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਵਡਿਆਇੰਦਾ । ਭਗਤਾਂ ਦੇਵੇ ਇਕ ਸਹਾਰਾ, ਇਕ ਓਟ ਸਰਨਾਈਆ । ਨਿਰਗੁਣ ਸਰਗੁਣ ਖੇਲ ਅਪਾਰਾ, ਨਿਰਾਕਾਰ ਵੇਸ ਵਟਾਈਆ । ਧਾਵਤ ਧਾਵਤ ਪਾਰ ਕਿਨਾਰਾ, ਗਾਵਤ ਗਾਵਤ ਖ਼ੁਸ਼ੀ ਮਨਾਈਆ । ਪਾਵਤ ਪਾਵਤ ਗੁਰਮੁਖ ਦੁਆਰਾ, ਗੁਰ ਗੁਰ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਈਆ । ਹਰਿਜਨ ਉਠਿਆ ਉਠ ਬਲ ਧਾਰ, ਬਲ ਬਾਵਨ ਖੇਲ ਕਰਾਇਆ । ਕਿਰਪਾ ਨਿਧ ਡੂੰਘੇ ਸਾਗਰ ਕਰ ਪਿਆਰ ਜੀਵਤ ਜੁਗਤ ਜੁਗਤ ਜਣਾਇਆ । ਮੰਦਰ ਮਹੱਲ ਉਚ ਮਿਨਾਰ, ਭਗਤ ਦੁਆਰਾ ਬੰਕ ਵਡਿਆਇਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਬਿਨ ਤਾਕੀ ਆਪ ਟਿਕਾਇਆ । ਔਖੀ ਘਾਟੀ ਵਿਚ ਸੰਸਾਰ ਕਰ ਕਿਰਪਾ ਦੇਵੇ ਚਾੜ੍ਹ, ਸਿਰ ਆਪਣਾ ਹੱਥ ਟਿਕਾਇਆ । ਕੰਤ ਮਿਲਾਵਾ ਸਾਚੀ ਨਾਰ, ਸੇਜਾ ਸੋਹੇ ਕੰਤ ਭਤਾਰ, ਰਲ ਮਿਲ ਏਕਾ ਰੰਗ ਰੰਗਾਇਆ । ਅੰਗ ਕਰੇ ਅੰਗੀਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਸੰਗ ਨਿਭਾਇਆ ।

ਰੀ ਸਖੀ ਘਰ ਆਇਉ ਗੋਬਿੰਦ, ਨੇਤਰ ਨੈਣ ਨਿਹਾਲਿਆ । ਮੇਰੀ ਸਗਲੀ ਲੱਥੀ ਚਿੰਦ, ਹਰਿ ਪਾਇਆ ਪੁਰਖ ਅਕਾਲਿਆ । ਨੇਤਰ ਵੇਖਿਆ ਗਹਿਰ ਗੰਭੀਰ ਗੁਣੀ ਗਹਿੰਦ, ਮੇਰਾ ਤੁਟਾ ਜਗਤ ਜੰਜਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਵੇਲੇ ਦਰਸ ਦਿਖਾ ਲਿਆ । ਰੀ ਸਖੀ ਮੋਹੇ ਚੜ੍ਹਿਆ ਚਾਅ, ਘਰ ਮਿਲਿਆ ਬਨਵਾਰੀ । ਮੇਰੇ ਨੇਤਰ ਨੈਣ ਗਿਆ ਸੁਹਾ, ਦੇ ਕੇ ਦਰਸ ਦੀਦਾਰੀ । ਮੇਰੀ ਹਰਸ ਗਿਆ ਮਿਟਾ, ਏਕਾ ਦੇ ਕੇ ਨਾਮ ਖ਼ੁਮਾਰੀ । ਏਕਾ ਬੰਧਨ ਗਿਆ ਪਾ, ਨਾਤਾ ਤੋੜ ਜਗਤ ਵਿਭਚਾਰੀ । ਮੈਂ ਬੈਠੀ ਆਸ ਲਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰੀ । ਰੇ ਸਖੀ ਉਠ ਗਾਓ ਗੀਤ, ਹਰਿ ਮਾਹੀ ਸੱਚਾ ਆਇਆ । ਜਿਸ ਬਣਾਈ ਮੰਦਰ ਮਸੀਤ, ਸੋ ਡੇਰਾ ਰਿਹਾ ਢਾਹਿਆ । ਅੱਗੇ ਦੱਸੇ ਆਪਣੀ ਰੀਤ, ਸਾਚਾ ਸੋਹਲਾ ਗਾਇਆ । ਨਾਤਾ ਤੋੜੇ ਹਸਤ ਕੀਟ,

ਇਕੋ ਰੰਗ ਰੰਗਾਇਆ । ਮੇਰਾ ਸਾਹਿਬ ਸਦਾ ਅਨਡੀਠ, ਅਨਡਿਠੜਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਕਾਇਆ ਕੀਤੀ ਸੀਤ, ਸੀਤਲ ਧਾਰ ਮੁਖ ਚੁਆਇਆ । ਰੀ ਸਖੀ ਉਠ ਵੇਖ ਗੋਬਿੰਦ, ਘਰ ਘਰ ਫੇਰਾ ਪਾਇੰਦਾ । ਗ਼ਰੀਬ ਨਿਮਾਣੀ ਕੋੜੀ ਕਮਲੀ ਮਿਟੀ ਚਿੰਦ, ਚਿੰਤਾ ਦੁੱਖ ਗਵਾਇੰਦਾ । ਉਹਦੇ ਚਰਨਾਂ ਹੇਠ ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਫਿਰਦੇ ਇੰਦ, ਦਰਸ ਨਾ ਕਿਸੇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਰੀ ਸਖੀ ਉਠ ਮਾਰ ਝਾਕੀ, ਹਰਿ ਸੱਜਣ ਸੱਚਾ ਆਇਆ । ਆਪਣੀ ਹੱਥੀਂ ਖੋਲ੍ਹ ਤਾਕੀ, ਤੇਰਾ ਦਰ ਸੁਹਾਇਆ । ਲਹਿਣਾ ਦੇਣਾ ਚੁਕਾਏ ਬਾਕੀ, ਮੂਲ ਰਹੇ ਨਾ ਰਾਇਆ । ਮੈਂ ਕਰਕੇ ਦਰਸ ਖੱਟੀ ਇਕੋ ਖੱਟੀ, ਦੂਜੀ ਹਰਸ ਨਾ ਕੋਈ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਰੀ ਸਖੀ ਉਠ ਮਾਰ ਧਿਆਨ, ਹਰਿ ਜੂ ਫੇਰਾ ਪਾਈਆ । ਤੂੰ ਬਾਲੀ ਨੱਢੀ ਬਾਲ ਅਵਾਣ, ਮਤ ਬੁਧ ਨਾ ਕੋਈ ਚਤੁਰਾਈਆ । ਤੂੰ ਚਰਨੀ ਡਿਗੀ ਆਣ, ਸਿਰ ਚਰਨਾਂ ਉਪਰ ਟਿਕਾਈਆ । ਭੁੱਲੀ ਰੁੱਲੀ ਕਰੇ ਪਰਵਾਨ, ਮੇਰਾ ਸਾਹਿਬ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਉਠ ਸਖੀ ਰੀ ਵੇਖ, ਹਰਿ ਹਰਿ ਹਰਿ ਖੇਲ ਕਰਾਇੰਦਾ । ਪਿਛਲਾ ਮੇਟਣ ਆਇਆ ਲੇਖ, ਅਗਲਾ ਲੇਖਾ ਆਪ ਜਣਾਇੰਦਾ । ਗ਼ਰੀਬ ਨਿਮਾਣਿਆਂ ਕਰੇ ਹੇਤ, ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਇੰਦਾ । ਰੀ ਸਖੀ ਉਠ ਵੇਖ ਮਹਿਕ, ਹਰਿ ਮਹਿਕ ਮਹਿਕ ਮਹਿਕਾਈਆ । ਮੈਂ ਨਿਮਾਣੀ ਰਹੀ ਪੇਖ, ਨੇਤਰ ਨੈਣ ਧਿਆਨ ਲਗਾਈਆ । ਦਰਸ਼ਨ ਪਾਇਆ ਗਈ ਟਹਿਕ, ਬੁਲਬੁਲ ਏਕਾ ਚਹਿਚਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਮਿਲਾਈਆ । ਰੀ ਸਖੀ ਉਠ ਲਾਗ ਰੰਗ ਹਰਿ ਰੰਗਣ ਆਪ ਜਣਾਇੰਦਾ । ਮਿਲੇ ਮੇਲ ਸੂਰਾ ਸਰਬੰਗ, ਸੂਰਤ ਸਾਖਆਤ ਪਰਗਟਾਇੰਦਾ । ਇਕ ਵਖਾਏ ਸਚ ਅਨੰਦ, ਅਨੰਦ ਅਨੰਦ ਵਿਚ ਸਮਾਇੰਦਾ । ਭੋਗ ਬਿਲਾਸ ਮੋਹ ਕਰੇ ਖੰਡ, ਕਾਮ ਕਰੋਧ ਨੇੜ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਵਟਾਇੰਦਾ । ਦੱਸ ਸਖੀ ਹਰਿ ਵਸੇ ਕੇਹੜੇ ਖੇੜੇ, ਕਵਣ ਘਰ ਡੇਰਾ ਲਾਈਆ । ਹਰਿਜਨ ਤਾਰੇ ਕਿਹੜੇ ਕਿਹੜੇ ਜਿਸ ਜਨ ਆਪਣਾ ਦਰਸ ਦਿਖਾਈਆ । ਕਿਸ ਬਿਧ ਬੰਨ੍ਹੇ ਮਾਤ ਬੇੜੇ, ਲੋਕਮਾਤ ਚਲਾਈਆ । ਚਾਰੋਂ ਕੁੰਟ ਪਏ ਝੇੜੇ, ਦੀਨ ਮਜ਼੍ਹਬ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਈਆ । ਸੁਣ ਸਖੀ ਮੇਰੀ ਇਕੋ ਬਾਤ, ਪਿਆਰ ਪਿਆਰ ਨਾਲ ਸਮਝਾਈਆ । ਉਠ ਵੇਖ ਮਾਰ ਝਾਤ, ਤੇਰੇ ਨੈਣਾਂ ਦਿਆਂ ਵਖਾਈਆ । ਜਨ ਭਗਤਾਂ ਦੇਵੇ ਸੱਚੀ ਦਾਤ, ਲੋਕਮਾਤ ਫੇਰਾ ਪਾਈਆ । ਤੂੰ ਬਣੀਂ ਰਹੀ ਨਾ ਨਾਰ ਕਮਜਾਤ, ਕੁਲੱਖਣੀ ਆਪਣਾ ਰੰਗ ਵਖਾਈਆ । ਤੇਰਾ ਪ੍ਰਭ ਮੇਲਾਂ ਤੇਰੇ ਸਾਥ, ਤੇਰਾ ਦੁਖੜਾ ਦਏ ਮਿਟਾਈਆ । ਉਹੋ ਗਾਉਂਦਾ ਭਗਤਾਂ ਗਾਥ, ਨਿਤ ਨਿਤ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਆ ਸਖੀ ਵੇਖ ਹਰਿ, ਵੇਲਾ ਅੰਤਮ ਆਈਆ । ਭਗਤ ਦੁਆਰਾ ਖੁਲ੍ਹਿਆ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਜਨਮ ਜਨਮ ਵਿਛੜੇ ਲਏ ਫੜ, ਆਪਣਾ ਬੰਧਨ ਪਾਈਆ । ਗੁਰਮੁਖ ਅੰਦਰ ਗਿਆ ਵੜ, ਸਚ ਸਿੰਘਾਸਣ ਡੇਰਾ ਲਾਈਆ । ਨੇਤਰ ਖੋਲ੍ਹ ਵੇਖ

ਸ਼ੇਖ ਸਰ, ਸ਼ੇਖੀ ਸਭ ਦੀ ਰਿਹਾ ਮੁਕਾਈਆ । ਕੰਤ ਸੁਹਾਗ ਇਕੋ ਦਰ, ਜਿਸ ਮਿਲਿਆਂ ਸਰਬ ਦੁੱਖ ਮਿਟ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਈਸ਼ ਜੀਵ ਨਾਰ ਕੰਤ, ਕੰਤ ਨਾਰ ਬੰਧਨ ਪਾਈਆ ।

★ ੧੮ ਮਾਘ ੨੦੧੮ ਬਿਕ੍ਰਮੀ ਫਰੰਗੀ ਰਾਮ ਦੇ ਘਰ ਜੰਮੂ ★

ਸਾਚਾ ਨਾਉਂ ਆਪਣਾ ਜਸ, ਜੁਗ ਜੁਗ ਆਪ ਸੁਣਾਇੰਦਾ । ਭਗਤਾਂ ਮਾਰਗ ਸੱਚਾ ਦੱਸ, ਹਰਿ ਸਾਚੇ ਰਾਹ ਚਲਾਇੰਦਾ । ਸੰਤਨ ਅੰਦਰ ਆਪੇ ਵਸ, ਆਪਣੀ ਬੂਝ ਬੁਝਾਇੰਦਾ । ਗੁਰਮੁਖਾਂ ਪੂਰੀ ਕਰੇ ਆਸ, ਆਸਾ ਮਨਸਾ ਪੂਰ ਕਰਾਇੰਦਾ । ਗੁਰਮੁਖਾਂ ਸਦਾ ਰੱਖੇ ਪਾਸ, ਆਪ ਆਪਣਾ ਬੰਧਨ ਪਾਇੰਦਾ । ਹਰਿ ਦਾ ਸੇਵਕ ਦਾਸੀ ਦਾਸ, ਜੁਗ ਜੁਗ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਖੋਲ੍ਹ ਨਿਰੰਕਾਰ, ਨਿਰਗੁਣ ਮਹਿਮਾ ਸ਼ਬਦ ਜਣਾਈਆ । ਸ਼ਬਦੀ ਸ਼ਬਦ ਕਰ ਪਸਾਰ, ਸ਼ਬਦ ਵੇਖੇ ਚਾਈਂ ਚਾਈਂਆ । ਸ਼ਬਦੀ ਗੁਰ ਰੂਪ ਕਰਤਾਰ, ਸ਼ਬਦ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸਿਫ਼ਤ ਆਪ ਸਲਾਹੀਆ । ਏਕਾ ਨਾਮ ਸਿਫ਼ਤ ਸਲਾਹ, ਹਰਿ ਸਾਚਾ ਸਚ ਪਰਗਟਾਇੰਦਾ । ਏਕਾ ਨਾਉਂ ਦੋ ਜਹਾਨ, ਦੋ ਜਹਾਨਾਂ ਖੇਲ ਕਰਾਇੰਦਾ । ਆਪਣਾ ਨਾਉਂ ਦੱਸੇ ਹਰ ਘਟ ਥਾਂ, ਬ੍ਰਹਿਮੰਡ ਖੰਡ ਸਮਾਇੰਦਾ । ਏਕਾ ਨਾਉਂ ਨਿਰਗੁਣ ਸਰਗੁਣ ਲਏ ਧਰਾ, ਸਰਗੁਣ ਆਪਣਾ ਨਾਉਂ ਪਰਗਟਾਇੰਦਾ । ਗੁਰੂ ਗੁਰ ਵੇਸ ਲਏ ਪਰਗਟਾ, ਵੇਸ ਅਵੱਲੜਾ ਆਪ ਕਰਾਇੰਦਾ । ਖਾਣੀ ਬਾਣੀ ਲਏ ਰਚਾ, ਰਚ ਰਚ ਆਪਣੀ ਖੇਲ ਕਰਾਇੰਦਾ । ਵੇਦ ਸ਼ਾਸਤਰ ਸਿਮਰਤ ਲਏ ਬਣਾ, ਵੇਦ ਸ਼ਾਸਤਰ ਸਿਮਰਤ ਆਪਣੀ ਗੰਢ ਪੁਵਾਇੰਦਾ । ਚਾਰੇ ਖਾਣੀ ਚਾਰੇ ਬਾਣੀ, ਚਾਰੇ ਜੁਗ ਲਏ ਸਮਝਾ, ਚਾਰ ਵਰਨ ਭੇਦ ਚੁਕਾਇੰਦਾ । ਲੋਕਮਾਤ ਹੋਏ ਰੁਸ਼ਨਾ, ਅੰਧ ਅੰਧੇਰ ਗਵਾਇੰਦਾ । ਘਰ ਘਰ ਢੋਲਾ ਦਏ ਸੁਣਾ, ਘਟ ਘਟ ਅੰਦਰ ਰਾਗ ਸੁਣਾਇੰਦਾ । ਘਰ ਘਰ ਅੰਮ੍ਰਿਤ ਜਾਮ ਦਏ ਪਿਆ, ਸਾਚਾ ਅੰਮ੍ਰਿਤ ਮੁਖ ਚੁਆਇੰਦਾ । ਜੁਗ ਜੁਗ ਵਿਛੜੇ ਲਏ ਮਿਲਾ, ਆਤਮ ਪਰਮਾਤਮ ਮੇਲ ਕਰਾਇੰਦਾ । ਘਰ ਘਰ ਪਕੜੇ ਬਾਂਹ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਘਰ ਘਰ ਨਿਥਾਵਿਆਂ ਦੇਵੇ ਥਾਂ, ਥਾਨ ਥਨੰਤਰ ਇਕ ਵਖਾਇੰਦਾ । ਘਰ ਘਰ ਠੰਡੀ ਦੇਵੇ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਘਰ ਘਰ ਬਣੇ ਪਿਤਾ ਮਾਉਂ, ਪੂਤ ਸਪੂਤਾ ਵੇਖ ਵਖਾਇੰਦਾ । ਘਰ ਘਰ ਕਰੇ ਸਚ ਨਿਆਉਂ, ਜੁਗ ਜੁਗ ਝੇੜਾ ਆਪ ਮੁਕਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਉਡਾਇੰਦਾ । ਘਰ ਘਰ ਨਿਉਂ ਨਿਉਂ ਲਾਗੇ ਪਾਉਂ, ਨਿਵਣ ਸੁ ਅੱਖਰ ਇਕ ਸਮਝਾਇੰਦਾ । ਏਕਾ ਨਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਪਰਗਟਾਇੰਦਾ । ਏਕਾ ਨਾਉਂ ਪਕੜੇ ਬਾਂਹੋਂ ਸੱਚਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਏਕਾ ਨਾਉਂ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਏਕਾ ਨਾਉਂ ਠੰਡਾ ਸੀਤ, ਅਗਨੀ ਤੱਤ ਨਾ ਕੋਈ ਰਖਾਈਆ । ਏਕਾ ਨਾਉਂ ਸੁਹਾਗੀ ਗੀਤ, ਗੁਰ ਗੁਰ ਆਪ ਅਲਾਈਆ । ਏਕਾ ਨਾਉਂ ਰੱਖੇ ਧਾਮ ਅਨਡੀਠ, ਆਪ ਆਪਣੇ ਵਿਚ ਛੁਪਾਈਆ । ਏਕਾ ਨਾਉਂ ਚਲਾਏ ਸਾਚੀ ਰੀਤ, ਜੁਗ ਜੁਗ ਰਾਹ ਚਲਾਈਆ । ਹਰਿ ਕਾ ਨਾਉਂ ਪਤਿਤ ਪੁਨੀਤ, ਪਾਪੀ ਲਏ

ਤਰਾਈਆ । ਏਕਾ ਰੰਗ ਵਖਾਏ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਹਰਿ ਕਾ ਨਾਉਂ ਕਰਾਏ ਸਚ ਪ੍ਰੀਤ, ਪਾਰਬ੍ਰਹਮ ਸਰਨਾਈਆ । ਹਰਿ ਕਾ ਨਾਉਂ ਵਸਾਏ ਖੇੜਾ ਮੰਦਰ ਮਸੀਤ, ਗੁਰਦੁਆਰਾ ਮੱਠ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਆਪ ਪਰਗਟਾਈਆ । ਏਕਾ ਨਾਉਂ ਰਾਜਨ ਰਾਜ, ਭੂਪਤ ਭੂਪ ਖੇਲ ਕਰਾਇੰਦਾ । ਏਕਾ ਨਾਉਂ ਸਾਜਣ ਸਾਜ, ਘੜ ਭਾਂਡੇ ਵੇਖ ਵਖਾਇੰਦਾ । ਹਰਿ ਕਾ ਨਾਉਂ ਅਚਰਜ ਕਾਜ, ਸੁਰਤੀ ਸ਼ਬਦ ਬੰਧਨ ਪਾਇੰਦਾ । ਹਰਿ ਕਾ ਨਾਉਂ ਮਾਰੇ ਵਾਜ਼, ਰਸਨਾ ਜੇਹਵਾ ਨਾ ਕੋਈ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪ ਧਰਾਇੰਦਾ । ਏਕਾ ਨਾਉਂ ਮਹਾਂਬੀਰ, ਬਲ ਆਪਣਾ ਆਪ ਵਖਾਈਆ । ਏਕਾ ਨਾਉਂ ਸਾਚਾ ਤੀਰ, ਤੀਰ ਨਿਰਾਲਾ ਇਕ ਚਲਾਈਆ । ਏਕਾ ਨਾਉਂ ਪੀਰਨ ਪੀਰ, ਦਸਤਗੀਰ ਇਕ ਅਖਵਾਈਆ । ਏਕਾ ਨਾਉਂ ਸੱਚਾ ਫ਼ਕੀਰ, ਫਿਕਰਾ ਹੋਰ ਨਾ ਕੋਈ ਬਣਾਈਆ । ਏਕਾ ਨਾਉਂ ਬੇਨਜ਼ੀਰ, ਨਜ਼ਰ ਵਿਚ ਕਿਸੇ ਨਾ ਆਈਆ । ਏਕਾ ਨਾਮ ਦੇਵੇ ਧੀਰ, ਸਤਿ ਸੰਤੋਖ ਵਡ ਵਡਿਆਈਆ । ਏਕਾ ਨਾਮ ਕੱਟੇ ਭੀੜ, ਹਉਮੇ ਰੋਗ ਗਵਾਈਆ । ਏਕਾ ਨਾਮ ਬੰਨ੍ਹੇ ਬੀੜ, ਬੰਨ੍ਹ ਬੇੜਾ ਆਪ ਚਲਾਈਆ । ਏਕਾ ਨਾਮ ਲੱਖ ਚੁਰਾਸੀ ਵੇਲਣੇ ਦੇਵੇ ਪੀੜ, ਏਕਾ ਏਕ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਆਪ ਦਰਸਾਈਆ । ਏਕਾ ਨਾਉਂ ਆਦਿ ਅੰਤ, ਹਰਿ ਸਾਚਾ ਸਚ ਪਰਗਟਾਇੰਦਾ । ਏਕਾ ਨਾਉਂ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਇੰਦਾ । ਏਕਾ ਨਾਉਂ ਭਗਤ ਭਗਵੰਤ, ਭਗਵਾਨ ਆਪ ਵਰਤਾਇੰਦਾ । ਏਕਾ ਮੇਲਾ ਸਾਜਣ ਸੰਤ, ਸਤਿ ਸਤਿ ਸਮਝਾਇੰਦਾ । ਲੇਖਾ ਜਾਣੇ ਨਾਰੀ ਕੰਤ, ਗ੍ਰਹਿ ਮੰਦਰ ਸੋਭਾ ਪਾਇੰਦਾ । ਏਕਾ ਨਾਉਂ ਮਣੀਆ ਮੰਤ, ਮਨ ਆਸਾ ਪੂਰ ਕਰਾਇੰਦਾ । ਏਕਾ ਨਾਉਂ ਗੜ੍ਹ ਤੋੜੇ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪ ਸਮਝਾਇੰਦਾ । ਏਕਾ ਨਾਉਂ ਗੁਰੂ ਗੁਰਦੇਵ, ਗੁਰ ਗੁਰ ਰੂਪ ਧਰਾਈਆ । ਏਕਾ ਨਾਉਂ ਅਲੱਖ ਅਭੇਦ, ਲਿਖਿਆ ਕਦੇ ਨਾ ਜਾਈਆ । ਏਕਾ ਨਾਉਂ ਕਰੇ ਸਾਚੀ ਸੇਵ, ਜਨ ਭਗਤਾਂ ਸੇਵ ਕਮਾਈਆ । ਏਕਾ ਨਾਉਂ ਸਾਚਾ ਮੇਵ, ਅੰਮ੍ਰਿਤ ਫਲ ਇਕ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਏਕਾ ਨਾਉਂ ਹਰਿ ਕੀ ਧਾਰ, ਹਰਿ ਹਰਿ ਆਪ ਪਰਗਟਾਇੰਦਾ । ਏਕਾ ਨਾਉਂ ਖੇਲ ਅਪਾਰ, ਅਪਰੰਪਰ ਵੇਖ ਵਖਾਇੰਦਾ । ਏਕਾ ਨਾਉਂ ਰਹੇ ਜੁਗ ਚਾਰ, ਜੁਗ ਚੌਕੜੀ ਪੰਧ ਮੁਕਾਇੰਦਾ । ਏਕਾ ਨਾਮ ਵਣਜ ਵਾਪਾਰ, ਲੱਖ ਚੁਰਾਸੀ ਵਣਜ ਕਰਾਇੰਦਾ । ਏਕਾ ਨਾਉਂ ਡੁੱਬਦੇ ਪਾਥਰ ਦੇਵੇ ਤਾਰ, ਪਾਹਨ ਆਪਣੇ ਅੰਗ ਛੁਹਾਇੰਦਾ । ਏਕਾ ਨਾਉਂ ਸਤਿ ਜੈਕਾਰ, ਸਤਿ ਸਤਿਵਾਦੀ ਆਪ ਸੁਣਾਇੰਦਾ । ਏਕਾ ਨਾਉਂ ਧਰਮ ਆਧਾਰ, ਅਧਰਮ ਰੂਪ ਨਾ ਕੋਇ ਵਟਾਇੰਦਾ । ਏਕਾ ਨਾਉਂ ਕਰਮ ਕਾਂਡ ਤੇ ਵਸਿਆ ਬਾਹਿਰ, ਕਿਰਿਆ ਵਿਚ ਕਦੇ ਨਾ ਆਇੰਦਾ । ਏਕਾ ਨਾਉਂ ਸਚ ਭੰਡਾਰ, ਹਰਿ ਸੱਚਾ ਸਚ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪ ਸਮਝਾਇੰਦਾ । ਏਕਾ ਨਾਉਂ ਬਲੀ ਬਲਵਾਨ, ਬਲ ਆਪਣਾ ਆਪ ਰਖਾਈਆ । ਏਕਾ ਨਾਉਂ ਸਚ ਨਿਸ਼ਾਨ, ਸਤਿ ਸਤਿਵਾਦੀ ਸਤਿ ਝੁਲਾਈਆ । ਏਕਾ ਨਾਉਂ ਰਾਜ ਰਾਜਾਨ, ਸ਼ਾਹ ਪਾਤਸ਼ਾਹ ਨਾਉਂ ਵਡਿਆਈਆ । ਏਕਾ ਨਾਉਂ ਹੁਕਮਰਾਨ, ਹੁਕਮੀ ਹੁਕਮ ਇਕ ਸੁਣਾਈਆ । ਏਕਾ ਨਾਮ ਹੋਏ ਪਰਧਾਨ, ਦੋ ਜਹਾਨਾਂ ਖੇਲ ਕਰਾਈਆ । ਏਕਾ ਨਾਉਂ ਦੇਵੇ ਦਾਨ,

ਆਪਣੀ ਵਸਤ ਆਪ ਵਰਤਾਈਆ । ਏਕਾ ਨਾਮ ਵਸੇ ਸਚ ਮਕਾਨ, ਸਚ ਸਿੰਘਾਸਣ ਆਸਣ ਲਾਈਆ । ਏਕਾ ਨਾਉਂ ਮਰਦ ਮਰਦਾਨ, ਸਚ ਮਰਦਾਨਗੀ ਦਏ ਜਣਾਈਆ । ਏਕਾ ਨਾਉਂ ਬੇਪਹਿਚਾਨ, ਨਜ਼ਰ ਵਿਚ ਕਿਸੇ ਨਾ ਆਈਆ । ਏਕਾ ਨਾਉਂ ਵਿਸ਼ਨ ਬ੍ਰਹਮਾ ਸ਼ਿਵ ਗਾਣ, ਏਕਾ ਰਾਗ ਅਲਾਈਆ । ਏਕਾ ਨਾਉਂ ਬ੍ਰਹਮ ਗਿਆਨ, ਬ੍ਰਹਮ ਗਿਆਨੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਉਪਜਾਈਆ । ਏਕਾ ਨਾਮ ਹਰਿ ਹਰਿ ਅਤੁਟ, ਅਤੁਟ ਅਤੁਟ ਜਣਾਇੰਦਾ । ਹਰਿ ਕਾ ਨਾਉਂ ਸਰਬ ਸ੍ਰਿਸ਼ਟ, ਜੀਵ ਆਤਮ ਮੇਲ ਮਿਲਾਇੰਦਾ । ਹਰਿ ਕਾ ਨਾਮ ਖੋਲ੍ਹੇ ਦ੍ਰਿਸ਼ਟ, ਦੀਰਘ ਰੋਗ ਮਿਟਾਇੰਦਾ । ਏਕਾ ਨਾਉਂ ਮੰਗੇ ਰਾਮਾ ਵਸ਼ਿਸ਼ਟ, ਨੇਤਰ ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਨਾਮ ਧਰਾਇੰਦਾ । ਏਕਾ ਨਾਮ ਸਾਚਾ ਕਾਹਨ, ਹਰਿ ਘਨਈਆ ਆਪ ਜਣਾਈਆ । ਏਕਾ ਨਾਮ ਸੱਚਾ ਰਾਮ, ਰਮਈਆ ਲਏ ਮਿਲਾਈਆ । ਏਕਾ ਨਾਮ ਦਏ ਪੈਗ਼ਾਮ, ਪੀਰ ਪਗ਼ੰਬਰ ਲਏ ਸਮਝਾਈਆ । ਏਕਾ ਨਾਮ ਸਤਿਨਾਮ, ਨਾਨਕ ਨਿਰਗੁਣ ਕਰੇ ਪੜ੍ਹਾਈਆ । ਏਕਾ ਨਾਮ ਗੁਣ ਨਿਧਾਨ, ਗੋਬਿੰਦ ਝੋਲੀ ਪਾਈਆ । ਏਕਾ ਨਾਮ ਸਚ ਨਿਸ਼ਾਨ, ਸਤਿ ਸਤਿਵਾਦੀ ਇਕ ਵਖਾਈਆ । ਏਕਾ ਨਾਮ ਜੁਗ ਜੁਗ ਹੋਏ ਪਰਧਾਨ, ਸਤਿਜੁਗ ਤ੍ਰੇਤਾ ਦੁਆਪਰ ਪੰਧ ਮੁਕਾਈਆ । ਏਕਾ ਨਾਉਂ ਕਲਜੁਗ ਵੇਖੇ ਆਣ, ਲੋਕਮਾਤ ਵੇਸ ਵਟਾਈਆ । ਏਕਾ ਨਾਉਂ ਪਰਗਟ ਕਰੇ ਸ੍ਰੀ ਭਗਵਾਨ, ਆਪ ਆਪਣੀ ਦਇਆ ਕਮਾਈਆ । ਏਕਾ ਨਾਉਂ ਸੋਹੰ ਸ਼ਬਦ ਜਗਤ ਜੀਵ ਜਹਾਨ, ਜਨਮ ਮਰਨ ਕਟਾਈਆ । ਪਰਗਟ ਕਰੇ ਆਪ ਭਗਵਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਉਂ ਧਰਾਈਆ । ਕਲਜੁਗ ਅੰਤ ਕਰੇ ਕਲਿਆਣ, ਸਤਿਜੁਗ ਸਾਚਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਹਰਿ ਕਾ ਨਾਉਂ ਹਰਿ ਸਮਝਾਈਆ ।



## ★ ੧੮ ਮਾਘ ੨੦੧੮ ਬਿਕ੍ਰਮੀ ਕਥਾ ਸਿੰਘ ਦੇ ਘਰ ਪਿੰਡ ਮੋਇਲ ਜੰਮੂ ★

ਪੀਰ ਪੈਗ਼ੰਬਰ ਰਹੇ ਨੱਠ, ਚਾਰ ਯਾਰੀ ਨਾਲ ਰਲਾਈਆ । ਦਰ ਦਰਵੇਸ ਇਕ ਇਕੱਠ, ਗ੍ਰਿਹਿ ਮੰਦਰ ਵੇਖ ਵਖਾਈਆ । ਇਕ ਦੂਜੇ ਨੂੰ ਰਹੇ ਦੱਸ, ਸਦੀ ਚੌਧਵੀਂ ਦਏ ਦੁਹਾਈਆ । ਸਭ ਦੇ ਖਾਲੀ ਹੋਏ ਹੱਥ, ਅੱਗੇ ਚਲੇ ਨਾ ਕੋਇ ਵਡਿਆਈਆ । ਕਲਮਾ ਨਬੀ ਨਾ ਕੋਈ ਨੱਥ, ਰਸੂਲ ਅਸੂਲ ਨਾ ਕੋਈ ਬਿਤਾਈਆ । ਜਿਸ ਦਾ ਗਾਉਂਦੇ ਰਹੇ ਜਸ, ਮੁਕਾਮੇ ਹੱਕ ਹੱਕ ਖ਼ੁਦਾਈਆ । ਸੋ ਪਰਗਟ ਹੋਇਆ ਸਾਹਿਬ ਸਮਰਥ, ਨਿਰਗੁਣ ਆਪਣਾ ਨੂਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਈਆ । ਪੀਰ ਪੈਗ਼ੰਬਰ ਕਰਨ ਵਿਚਾਰ, ਹਰਿ ਵਿਚਾਰ ਵਿਚ ਕਦੇ ਨਾ ਆਈਆ । ਸਦੀ ਸਦੀਵੀ ਹੋਈ ਖ਼ੁਆਰ, ਸਿਰ ਸਦਕਾ ਨਾ ਕੋਈ ਰਖਾਈਆ । ਚਾਰੋਂ ਕੁੰਟ ਧੂੰਆਂਧਾਰ, ਚੌਦਾਂ ਤਬਕ ਰਹੇ ਕੁਰਲਾਈਆ । ਐਨਲਹਕ ਨਾ ਕਹੇ ਕੋਈ ਪੁਕਾਰ, ਹੱਕ ਹਕੀਕਤ ਨਾ ਕੋਈ ਸਮਝਾਈਆ । ਲਾਸ਼ਰੀਕ ਪਰਵਰਦਿਗਾਰ, ਬੇਐਬ ਰੂਪ ਵਟਾਈਆ । ਸਾਡੀ ਕਰਨੀ ਪਾਵੇ ਸਾਰ, ਪੂਰਬ ਲੇਖਾ ਵੇਖੇ ਥਾਉਂ ਥਾਈਆ । ਹੁਕਮੀ ਹੁਕਮ ਕਰੇ ਫ਼ਰਮਾਣ, ਧੁਰ ਫ਼ਰਮਾਣਾ ਇਕ ਜਣਾਈਆ ।

ਸਦਾ ਦੇਵੇ ਏਕਾ ਦਾਨ, ਏਕਾ ਘਰ ਮੰਗਾਈਆ । ਰੁੱਤੜੀ ਸੋਹੇ ਭਗਤ ਦੁਆਰ, ਲੋਕਮਾਤ ਵੱਜੇ ਵਧਾਈਆ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਆਪਣੇ ਹੱਥ ਰੱਖੀ ਵਡਿਆਈਆ । ਏਕਾ ਜਾਣੇ ਰਾਮ ਰੂਪ ਕਰਤਾਰ, ਬੇਅੰਤ ਬੇਅੰਤ ਬੇਅੰਤ ਬੇਪਰਵਾਹੀਆ । ਖੇਲੇ ਖੇਲ ਦੋ ਜਹਾਨ, ਸ੍ਰੀ ਭਗਵਾਨ ਆਪਣੀ ਕਾਰ ਕਮਾਈਆ । ਲਹਿਣਾ ਦੇਣਾ ਵਖਾਏ ਗੋਪੀ ਕਾਹਨ, ਬਣ ਘਨਈਆ ਨੱਸੀਆ ਮਾਤ ਚਲਾਈਆ । ਸ਼ਬਦ ਅਗੰਮੀ ਦੇ ਪੈਗ਼ਾਮ, ਪੀਰ ਪੀਰ ਕਰੇ ਪੜ੍ਹਾਈਆ । ਅੰਤਮ ਸਭ ਨੂੰ ਵੇਖੇ ਆਣ, ਬੇਪਹਿਚਾਨ ਰੂਪ ਵਟਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਗਿਆਨ, ਏਕਾ ਅੱਖਰ ਕਰੇ ਪੜ੍ਹਾਈਆ । ਦਾਤਾ ਦਾਨੀ ਨੌਜਵਾਨ, ਬਲ ਆਪਣਾ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨੂਰ ਜ਼ਹੂਰ ਆਪ ਕਰਾਈਆ । ਨੂਰ ਜ਼ਹੂਰ ਹਰਿ ਅਗੰਮ, ਅਗੰਮੜਾ ਖੇਲ ਕਰਾਇੰਦਾ । ਚੌਦਾਂ ਲੋਕ ਬੇੜਾ ਬੰਨ੍ਹ, ਚੌਦਾਂ ਤਬਕ ਆਪ ਹਿਲਾਇੰਦਾ । ਲੱਖ ਚੁਰਾਸੀ ਦੇਵੇ ਡੰਨ, ਜੋ ਘੜਿਆ ਭੰਨ ਵਖਾਇੰਦਾ । ਭਗਤ ਭਗਵੰਤ ਚੜ੍ਹਾਏ ਸਾਚੇ ਚੰਨ, ਮੁਰਸ਼ਦ ਮੁਰੀਦ ਦਇਆ ਕਮਾਇੰਦਾ । ਏਕਾ ਰਾਗ ਸੁਣਾਏ ਕੰਨ, ਕਲਮਾ ਕਲਾਮ ਆਪ ਜਣਾਇੰਦਾ । ਏਕਾ ਜੋਤ ਜਗਾਏ ਤਨ, ਦੀਪਕ ਦੀਆ ਡਗਮਗਾਇੰਦਾ । ਏਕਾ ਬੇੜਾ ਦੇਵੇ ਬੰਨ੍ਹ, ਖੇਵਟ ਖੇਟ ਸੇਵ ਕਮਾਇੰਦਾ । ਏਕਾ ਦੇਵੇ ਸੱਚਾ ਧੰਨ, ਵਸਤ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭੇਵ ਆਪ ਚੁਕਾਇੰਦਾ । ਪੀਰ ਪੈਗ਼ੰਬਰ ਕਰਨ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਏਕਾ ਵਿਛੜਿਆ ਮੀਤ ਮੁਰਾਰ, ਇਲਾਹੀ ਨੂਰ ਨਾ ਕੋਇ ਰੁਸ਼ਨਾਈਆ । ਮੁਕਾਮੇ ਹੱਕ ਨਾ ਸਾਂਝਾ ਯਾਰ, ਹਕ਼ੀਕਤ ਕਰੇ ਨਾ ਕੋਈ ਕੁੜਮਾਈਆ । ਰਾਮ ਰਹੀਮ ਰਹਿਮਾਨ ਹੋਇਆ ਖ਼ਬਰਦਾਰ, ਖ਼ਬਰਦਾਰ ਕਰੇ ਲੋਕਾਈਆ । ਏਕਾ ਚਿੱਲਾ ਤੀਰ ਕਮਾਨ, ਤ੍ਰੈਭਵਨ ਧਨੀ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਸ ਵਟਾਈਆ । ਸਾਚਾ ਚਿੱਲਾ ਤੀਰ ਕਮਾਨ, ਸ੍ਰੀ ਭਗਵਾਨ ਆਪ ਉਠਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰ ਪਰਵਾਨ, ਕਲਜੁਗ ਅੰਤਮ ਵੇਖ ਵਖਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਧਰਾਇੰਦਾ । ਲੇਖਾ ਜਾਣੇ ਗੋਪੀ ਕਾਹਨ, ਕ੍ਰਿਸ਼ਨ ਮਧੁਰ ਧੁਨ ਬੰਸਰੀ ਨਾਮ ਵਜਾਇੰਦਾ । ਖੇਲੇ ਖੇਲ ਮਹਾਨ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਨਾਦ ਅਨਾਦੀ ਧੁਰ ਫ਼ਰਮਾਣ, ਸ਼ਬਦੀ ਸ਼ਬਦ ਜਣਾਇੰਦਾ । ਕਲਜੁਗ ਅੰਤਮ ਲੇਖਾ ਮੁੱਕੇ ਵਿਚ ਜਹਾਨ, ਥਿਰ ਕੋਇ ਰਹਿਣ ਨਾ ਪਾਇੰਦਾ । ਪਰਗਟ ਹੋ ਸ੍ਰੀ ਭਗਵਾਨ, ਵੇਦ ਵਿਆਸੇ ਨਾਲ ਉਠਾਇੰਦਾ । ਏਕਾ ਮੰਦਰ ਇਕ ਮਕਾਨ, ਸਾਚੇ ਬੰਕ ਸੋਭਾ ਪਾਇੰਦਾ । ਏਕਾ ਨਾਮ ਗੀਤਾ ਗਿਆਨ, ਦ੍ਰਿਸ਼ਟ ਇਸ਼ਟ ਇਕ ਵਖਾਇੰਦਾ । ਏਕਾ ਰਾਮ ਏਕਾ ਕਾਹਨ, ਧੁਨ ਅਨਾਦੀ ਇਕ ਵਜਾਇੰਦਾ । ਏਕਾ ਸਤਿਨਾਮ ਸਤਿਨਾਮ ਕਰੇ ਪਰਵਾਨ, ਧੁਰ ਫ਼ਰਮਾਨਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ ਤੇਰਾ ਲਹਿਣਾ ਤੇਰੀ ਝੋਲੀ ਪਾਇੰਦਾ । ਸਾਚਾ ਲਹਿਣਾ ਦੇਵਣਹਾਰ, ਆਦਿ ਜੁਗਾਦਿ ਸਮਾਇਆ । ਗੁਰ ਅਵਤਾਰਾਂ ਪਾਵੇ ਸਾਰ, ਜੁਗ ਜੁਗ ਵੇਸ ਵਟਾਇਆ । ਭਗਤ ਭਗਵੰਤ ਦਏ ਆਧਾਰ, ਸਿਰ ਆਪਣਾ ਹੱਥ ਟਿਕਾਇਆ । ਲੱਖ ਚੁਰਾਸੀ ਪਾਰ ਕਿਨਾਰ, ਆਵਣ ਜਾਵਣ ਗੇੜ ਕਟਾਇਆ । ਏਥੇ ਓਥੇ ਹੋਏ ਸਹਾਰ, ਵਿਚ ਜਹਾਨਾਂ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇਆ ।

ਹਰਿਜਨ ਸਾਚੇ ਆਪ ਉਠਾਲ, ਆਪਣੀ ਬੂਝ ਬੁਝਾਈਆ । ਗੁਰਮੁਖ ਵੇਖੇ ਸਾਚੇ ਲਾਲ, ਗੁਰ ਗੁਰ ਸੇਵ ਕਮਾਈਆ । ਸ਼ਬਦੀ ਸ਼ਬਦ ਬਣ ਦਲਾਲ, ਜਗਤ ਵਿਚੋਲਾ ਫੇਰਾ ਪਾਈਆ । ਨਾਤਾ ਤੋੜ ਕਾਲ ਮਹਾਂਕਾਲ, ਏਕਾ ਬਖ਼ਸ਼ੇ ਸਰਨ ਸਰਨਾਈਆ । ਨੂਰੀ ਜਲਵਾ ਨੂਰ ਜਲਾਲ, ਨੂਰ ਨੂਰਾਨਾ ਇਕ ਦਰਸਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਭਗਤ ਭਗਵੰਤ ਲਏ ਪਛਾਣ, ਲੱਖ ਚੁਰਾਸੀ ਫੋਲ ਫੁਲਾਈਆ । ਸੀਤਾ ਸੁਰਤੀ ਮਿਲੇ ਰਾਮ, ਘਰ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਸਾਚੇ ਮੇਲ ਮਿਲੌਣਾ, ਹਰਿ ਆਪਣੀ ਦਇਆ ਕਮਾਇੰਦਾ । ਪੀਰ ਪੈਗ਼ੰਬਰ ਨਾਲ ਰਲੌਣਾ, ਗੁਰ ਅਵਤਾਰ ਆਪ ਉਠਾਇੰਦਾ । ਸਾਚਾ ਬੰਕ ਇਕ ਸੁਹੌਣਾ, ਜਿਸ ਦੁਆਰੇ ਫੇਰਾ ਪਾਇੰਦਾ । ਪੂਰਬ ਲਹਿਣਾ ਝੋਲੀ ਪੌਣਾ, ਜਨਮ ਕਰਮ ਪੰਧ ਮੁਕਾਇੰਦਾ । ਜੋਤੀ ਜੋਤ ਜੋਤ ਮਿਲਾਉਣਾ, ਆਪ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਏਕਾ ਹੱਥ ਟਿਕਾਇੰਦਾ । ਗੁਰਮੁਖ ਸੱਚਾ ਸਚ ਦੁਆਰ, ਸੋ ਪੁਰਖ ਨਿਰੰਜਣ ਆਪ ਬਹਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਕਰਨ ਵਿਚਾਰ, ਅਚਰਜ ਹਰਿ ਹਰਿ ਖੇਲ ਵਰਤਾਈਆ । ਜੁਗ ਚੌਕੜੀ ਦੇਂਦਾ ਰਿਹਾ ਨਾਮ ਆਧਾਰ, ਆਪਣਾ ਨਾਉਂ ਕਰ ਵਡਿਆਈਆ । ਕਲਜੁਗ ਅੰਤਮ ਹੋ ਤਿਆਰ, ਲੋਕਮਾਤ ਫੇਰਾ ਪਾਈਆ । ਜੋਤੀ ਜਾਤਾ ਹੋ ਉਜਿਆਰ, ਨੂਰ ਨੂਰਾਨਾ ਡਗਮਗਾਈਆ । ਜੰਗਲ ਜੂਹ ਵੇਖੇ ਉਜਾੜ ਪਹਾੜ, ਲੱਖ ਚੁਰਾਸੀ ਡੂੰਘੀ ਕੰਦਰ ਫੇਰਾ ਪਾਈਆ । ਨੌਂ ਖੰਡ ਪ੍ਰਿਥਮੀ ਚਰਨਾਂ ਹੇਠ ਲਿਤਾੜ, ਸੱਤਾਂ ਦੀਪਾਂ ਵੰਡ ਵੰਡਾਈਆ । ਗੁਰਮੁਖ ਵਿਚੋਂ ਲਏ ਉਠਾਲ, ਆਪ ਆਪਣੀ ਬੂਝ ਬੁਝਾਈਆ । ਨਾਤਾ ਤੋੜੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਮਿਲਿਆ ਧੁਰ ਦਰਬਾਰ, ਸ੍ਰੀ ਭਗਵਾਨ ਦਇਆ ਕਮਾਇੰਦਾ । ਗੁਰ ਕਾ ਸ਼ਬਦ ਇਕ ਆਧਾਰ, ਗੁਰ ਗੁਰ ਰੂਪ ਸਮਾਇੰਦਾ । ਸਤਿਗੁਰ ਪੂਰਾ ਜਾਏ ਤਾਰ, ਫੜ ਬੇੜਾ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇੰਦਾ । ਹਰਿਜਨ ਸਾਚਾ ਸਤਿ ਸਰੂਪ, ਮਹਿਮਾ ਅਨੂਪ ਗਿਣੀ ਨਾ ਜਾਈਆ । ਪ੍ਰਭ ਮਿਲਿਆ ਇਕੋ ਭੂਪ, ਰਾਜਾਨ ਰਾਜ ਬੇਪਰਵਾਹੀਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਧਿਆਨ ਲਗਾਈਆ । ਨਾਤਾ ਤੋੜ ਜੂਠ ਝੂਠ, ਸਚ ਸੁੱਚ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਈਆ । ਹਰਿਜਨ ਸਾਚਾ ਤਾਰਿਆ, ਤਾਰਨਹਾਰ ਗੁਰ ਏਕ । ਆਵਣ ਜਾਵਣ ਗੇੜ ਨਿਵਾਰਿਆ, ਚਰਨ ਸਰਨ ਬਖ਼ਸ਼ੀ ਟੇਕ । ਸਚਖੰਡ ਦੁਆਰੇ ਆਪ ਸੁਹਾ ਲਿਆ, ਮੇਲ ਮਿਲਾਵਾ ਏਕੋ ਏਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਲਿਖਣਹਾਰਾ ਲੇਖ । ਆਪੇ ਲਿਖੇ ਲੇਖ, ਲਿਖਣਹਾਰ ਗੋਪਾਲਾ । ਸੰਤ ਸੁਹੇਲੇ ਆਪੇ ਵੇਖ, ਦੇਵੇ ਨਾਮ ਸੁਖਾਲਾ । ਆਪੇ ਬਨਣਹਾਰਾ ਰੇਖ, ਆਪੇ ਤੋੜਣਹਾਰ ਜੰਜਾਲਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚੇ ਲਾਲਾ । ਹਰਿਜਨ ਲਾਲ ਅਨਮੁਲੜਾ, ਕੀਮਤ ਕੋਇ ਨਾ ਪਾਇੰਦਾ । ਸਤਿਗੁਰ ਕੰਡੇ ਜੋ ਜਨ ਤੁਲੜਾ, ਤਿਸ ਭਾਰ ਨਾ ਕੋਈ ਉਠਾਇੰਦਾ । ਏਥੇ ਓਥੇ ਫਲਿਆ ਫੁਲੜਾ, ਦੋ ਜਹਾਨਾਂ ਡਗਮਗਾਇੰਦਾ । ਭਾਗ ਲਗਾਏ ਆਪਣੀ ਕੁਲੜਾ, ਕੁਲਵੰਤ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸਿਰ ਰੱਖੇ ਹੱਥ ਆਪ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਈਆ । ਜੋ ਜਨ ਰਸਨਾ ਸੋਹੰ ਗਾਏ ਜੈਕਾਰ, ਜਨਮ ਮਰਨ ਵਿਚ ਨਾ ਆਈਆ । ਨੇਤਰ ਲੋਚਣ ਨੈਣ ਦੇਵੇ ਦਰਸ ਦੀਦਾਰ, ਸਵੱਛ ਸਰੂਪੀ ਰੂਪ ਵਟਾਈਆ । ਅਗਨੀ ਤੱਤ ਦੇਵੇ ਠਾਰ, ਅੰਮ੍ਰਿਤ ਮੇਘ ਬਰਸਾਈਆ । ਕਾਗ ਰਲਾਏ ਹੰਸਾ ਡਾਰ, ਸੋਹੰ ਹੰਸਾ ਮੋਤੀ ਚੋਗ ਚੁਗਾਈਆ । ਹਉਮੇ ਦੁਖੜਾ ਦਏ ਨਿਵਾਰ, ਘਰ ਘਰ ਵਿਚ ਸੁਖ ਉਪਜਾਈਆ । ਨਾਤਾ ਤੋੜ ਸਰਬ ਸੰਸਾਰ, ਚਰਨ ਸਰਨ ਦਏ ਸਰਨਾਈਆ । ਗੁਰਮੁਖ ਕਰੇ ਸਦਾ ਪਿਆਰ, ਗੁਰ ਪੂਰੇ ਵਡ ਵਡਿਆਈਆ । ਕਥਾ ਸਿੰਘ ਉਤਰਿਆ ਪਾਰ, ਅਧਵਿਚਕਾਰ ਨਾ ਕੋਇ ਅਟਕਾਈਆ । ਦੋਏ ਜੋੜ ਕਰੇ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਤੇਰੀ ਗੋਦ ਮੇਰਾ ਪਰਵਾਰ, ਇਕੋ ਤੇਰੀ ਓਟ ਤਕਾਈਆ । ਆਦਿ ਜੁਗਾਦਿ ਸਦਾ ਰਖਵਾਲ, ਤੂੰ ਸੱਚਾ ਸਾਹਿਬ ਸਾਈਆ । ਏਥੇ ਓਥੇ ਦੋ ਜਹਾਨਾਂ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਧੰਨ ਭਾਗ ਮੇਰੀ ਲੇਖੇ ਲਾਈ ਘਾਲ, ਕੀਤੀ ਘਾਲ ਥਾਏਂ ਪਾਈਆ । ਚਰਨ ਪ੍ਰੀਤੀ ਨਿਭੇ ਨਾਲ, ਅੰਤ ਵਿਛੋੜਾ ਨਾ ਕੋਈ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ, ਦਇਆਨਿਧ ਠਾਕਰ ਗਹਿਰ ਗੰਭੀਰ ਸਹਿਜ ਗੁਣ ਸਾਗਰ ਅੰਮ੍ਰਿਤ ਤਾਲ ਲਿਆ ਨੁਹਾਈਆ ।



ਪਾਰਬ੍ਰਹਮ ਤੇਰਾ ਪਰਵਾਰ, ਗੁਰ ਅਵਤਾਰ ਨਾਉਂ ਧਰਾਇਆ । ਪੀਰ ਪੈਗ਼ੰਬਰ ਤੇਰਾ ਆਧਾਰ, ਲੋਕਮਾਤ ਖੇਲ ਕਰਾਇਆ । ਆਪਣਾ ਨਾਉਂ ਰੱਖ ਹਰਿ ਨਿਰੰਕਾਰ, ਅੰਮ੍ਰਿਤ ਅਮੋਲਕ ਇਕ ਵਰਤਾਇਆ । ਕਾਇਆ ਗੋਲਕ ਕਰ ਤਿਆਰ, ਆਦਿ ਜੁਗਾਦਿ ਵਿਚ ਟਿਕਾਇਆ । ਸੱਚੀ ਢੋਲਕ ਅਗੰਮ ਅਪਾਰ, ਏਕਾ ਏਕ ਸੁਣਾਇਆ । ਅਨਬੋਲਤ ਤੂੰ ਕੋਇ ਨਾ ਪਾਏ ਸਾਰ, ਤੇਰਾ ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਬੰਸ ਇਕ ਵਡਿਆਇਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨਾਉਂ, ਲੋਕਮਾਤ ਪਰਗਟਾਈਆ । ਜੁਗ ਜੁਗ ਦੇਵਣ ਧੁਰ ਫ਼ਰਮਾਣ, ਜੀਵ ਜੰਤ ਕਰ ਪੜ੍ਹਾਈਆ । ਆਪ ਰੱਖਣ ਤੇਰਾ ਧਿਆਨ, ਧਿਆਨ ਦੱਸਣ ਸਰਬ ਲੋਕਾਈਆ । ਆਪ ਮੰਗਣ ਤੇਰਾ ਗਿਆਨ, ਗਿਆਨ ਜੀਵ ਜੰਤ ਜਣਾਈਆ । ਆਪ ਮੰਗਣ ਤੈਥੋਂ ਦਾਨ, ਬਣ ਦਾਨੀ ਲੋਕਮਾਤ ਸੇਵ ਕਮਾਈਆ । ਆਪ ਮੰਨਣ ਤੈਨੂੰ ਕਾਹਨ, ਲੋਕਮਾਤ ਬਣ ਬਣ ਕਾਹਨ ਤੇਰੀ ਰਾਸ ਰਚਾਈਆ । ਤੂੰ ਸਭ ਦਾ ਦਾਤਾ ਸ੍ਰੀ ਭਗਵਾਨ, ਬੇਅੰਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਤੇਰਾ ਰੰਗ, ਰੰਗ ਰੰਗ ਚੜ੍ਹਾਈਆ । ਆਤਮ ਸੇਜਾ ਸਚ ਪਲੰਘ, ਸਚ ਸਿੰਘਾਸਣ ਇਕ ਵਿਛਾਈਆ । ਨਿਜ ਆਤਮ ਦੇਵੇ ਨਿਜਾਨੰਦ, ਨਿਜ ਘਰ ਕਰੇਂ ਰਸਾਈਆ । ਗੀਤ ਸੁਣਾਏ ਆਪਣਾ ਛੰਦ, ਬਿਨ ਤੰਦੀ ਤਾਰ ਹਿਲਾਈਆ । ਕਰੇ ਪਰਕਾਸ਼ ਬਿਨ ਸੂਰਜ ਚੰਦ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਘਰਾਨਾ, ਤੇਰੇ ਹੱਥ ਸਾਹਿਬ ਵਡਿਆਈਆ । ਤੂੰ ਸਭ ਦਾ ਸੱਚਾ ਦਾਤਾ, ਸ਼ਹਿਨਸ਼ਾਹ ਅਖਵਾਈਆ । ਸਭ ਗੌਂਦੇਂ ਤੇਰਾ ਗਾਣਾ, ਜੁਗ ਜੁਗ ਸੇਵ ਕਮਾਈਆ । ਤੂੰ ਚਰਨ ਬਖ਼ਸ਼ੇ ਮਾਣਾ, ਸਿਰ ਆਪਣਾ ਹੱਥ ਟਿਕਾਈਆ ।

ਨੇਤਰ ਨੈਣ ਤੇਰਾ ਧਿਆਨਾ, ਤੇਰੇ ਹੁਕਮੇ ਫੇਰੀ ਪਾਈਆ । ਤੂੰ ਚਤੁਰ ਸੁਘੜ ਸੁਜਾਨਾ, ਵਡ ਦਾਤਾ ਸ਼ਹਿਨਸ਼ਾਹੀਆ । ਤੇਰਾ ਖੇਲ ਦੋ ਜਹਾਨਾਂ, ਲੋਕਮਾਤ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਤੇਰਾ ਸਾਕ, ਲੋਕਮਾਤ ਬੰਧਨ ਪਾਇਆ । ਤੂੰ ਆਪਣੀ ਦੱਸੀਂ ਭਵਿਖਤ ਵਾਕ, ਭੇਵ ਅਭੇਦ ਖੁਲ੍ਹਾਇਆ । ਤੂੰ ਬਣਾਏਂ ਆਪਣੀ ਜ਼ਾਤ, ਆਪਣਾ ਰੰਗ ਰੰਗਾਇਆ । ਤੂੰ ਬੈਠਾ ਇਕ ਇਕਾਂਤ, ਸਚ ਮਹੱਲੇ ਡੇਰਾ ਲਾਇਆ । ਤੇਰਾ ਖੇਲ ਬਹੁ ਬਿਧ ਭਾਂਤ, ਏਕਾ ਬਿਧ ਆਪਣੀ ਧਾਰ ਚਲਾਇਆ । ਤੇਰੀ ਸੇਵਾ ਦਿਵਸ ਰਾਤ, ਸੂਰਜ ਚੰਨ ਰਹੇ ਕਮਾਇਆ । ਤੇਰੀ ਪੜ੍ਹ ਪੜ੍ਹ ਪੂਜਾ ਪਾਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਧੰਦੇ ਆਪ ਲਗਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਬੰਧਨ, ਦੀਨਾ ਬੰਧੂ ਤੇਰੀ ਵਡਿਆਈਆ । ਤੇਰਾ ਨਾਮ ਮਸਤਕ ਲੌਣ ਚੰਦਨ, ਚੰਦਨ ਨਿੰਮ ਵਾਸ ਮਹਿਕਾਈਆ । ਦੋਏ ਜੋੜ ਕੀਤੀ ਬੰਦਨ, ਸੀਸ ਜਗਦੀਸ ਝੁਕਾਈਆ । ਤੂੰ ਸਾਹਿਬ ਸਦਾ ਬਖ਼ਸ਼ੰਦਨ, ਤੇਰੇ ਹੱਥ ਵਡਿਆਈਆ । ਅਸੀਂ ਸੇਵਾ ਕਰੀਏ ਵਿਚ ਵਰਭੰਡਨ, ਬ੍ਰਹਿਮੰਡ ਤੇਰੀ ਧਾਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਸਾਜਨ ਆਪੇ ਸਾਜ, ਵੇਖੇ ਚਾਈਂ ਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨਾਤਾ, ਜੁਗ ਜੁਗ ਗਾਵੇ ਤੇਰੀ ਗਾਥਾ, ਤੇਰਾ ਸੋਹਲਾ ਨਾਲ ਰਲਾਇਆ । ਨਿਉਂ ਨਿਉਂ ਟੇਕਣ ਮਾਥਾ, ਪ੍ਰਭ ਚਰਨ ਸੀਸ ਝੁਕਾਇਆ । ਤੂੰ ਸਾਹਿਬ ਪੁਰਖ ਸਮਰਾਥਾ, ਵਡ ਦਾਤਾ ਬੇਪਰਵਾਹਿਆ । ਤੂੰ ਬਾਂਕਨ ਬਾਂਕੀ ਬਾਂਕਾ, ਪਤਿਤ ਪੁਨੀਤ ਵੇਸ ਕਰਾਇਆ । ਕੋਟਨ ਕੋਟ ਬ੍ਰਹਿਮੰਡ ਖੰਡ ਤੇਰਾ ਅਹਾਤਾ, ਗੁਰ ਅਵਤਾਰ ਬੈਠੇ ਸੇਵ ਕਮਾਇਆ । ਤੇਰੇ ਰੰਗ ਕਿਸੇ ਨਾ ਜਾਤਾ, ਬੇਅੰਤ ਤੇਰੀ ਸ਼ਹਿਨਸ਼ਾਹਿਆ । ਤੂੰ ਸਭ ਦਾ ਪਿਤਾ ਮਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਜੋੜ, ਜੋੜਨ ਜੋੜ ਜੋੜ ਜੁੜਾਈਆ । ਤੂੰ ਲੱਗੀ ਨਿਭਾਵੇਂ ਤੋੜ, ਤੇਰੇ ਹੱਥ ਵਡ ਵਡਿਆਈਆ । ਜੁਗ ਜੁਗ ਤੇਰੀ ਰੱਖਣ ਓਟ, ਇਕੋ ਆਸ ਤਕਾਈਆ । ਤੂੰ ਦਾਤਾ ਨਿਰਮਲ ਜੋਤ, ਨੂਰ ਨੂਰ ਰੁਸ਼ਨਾਈਆ । ਸਚਖੰਡ ਵਸੇਂ ਸਾਚੇ ਕੋਟ, ਚਾਰ ਦੁਆਰ ਨਾ ਕੋਈ ਬਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਮਿਤ, ਮਿੱਤਰ ਪਿਆਰਾ ਤੂੰ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਹਿਤ, ਨਿਤ ਨਵਿਤ ਵੇਸ ਵਟਾਈਆ । ਕਲਜੁਗ ਅੰਤਮ ਦੱਸੀ ਸਾਚੀ ਥਿਤ, ਸਾਚਾ ਘਰ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਘਰ ਆਪਣਾ ਭੇਵ ਚੁਕਾਈਆ । ਗੁਰ ਪੀਰ ਅਵਤਾਰ ਤੇਰਾ ਦਰਵਾਜ਼ਾ, ਲੋਕਮਾਤ ਖੁਲਾਇਆ । ਅੰਦਰ ਵੜ ਵੜ ਕਰੇ ਕਾਜਾ, ਆਪਣਾ ਹੁਕਮ ਸੁਣਾਇਆ । ਭੂਪਤ ਭੂਪ ਬਣ ਰਾਜਨ ਰਾਜਾ, ਹੁਕਮੀ ਸਰਬ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣਾ ਰੰਗ ਵਖਾਈਆ । ਗੁਰ ਪੀਰ ਅਵਤਾਰ ਤੇਰਾ ਸੱਜਣ, ਤੂੰ ਸਗਲਾ ਸੰਗ ਨਿਭਾਇੰਦਾ । ਚਰਨ ਧੂੜ ਕਰਾਏ ਮਜ਼ਨ, ਸਚ ਸਰੋਵਰ ਇਕ ਨੁਹਾਇੰਦਾ । ਜੁਗਾਂ ਜੁਗੰਤ ਹੋਏ ਪੜਦੇ ਕੱਜਣ, ਨਾਮ ਦਾਤ ਹੱਥ ਰਖਾਇੰਦਾ । ਨਾਦ ਅਨਾਦੀ ਨਾਦ ਤੇਰੇ ਵੱਜਣ, ਗੀਤ ਗੋਬਿੰਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਸੋਭਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਆਸ, ਇਕੋ ਆਸ ਤਕਾਈਆ । ਜੁਗ ਜੁਗ ਬੁਝਾਏ ਪਿਆਸ, ਤ੍ਰਿਸਨਾ

ਅਗ ਮਿਟਾਈਆ । ਭੇਵ ਚੁਕਾਏ ਪ੍ਰਿਥਮੀ ਆਕਾਸ਼, ਆਕਾਸ਼ ਅਕਾਸ਼ਾਂ ਕਰ ਰੁਸ਼ਨਾਈਆ । ਸਰਗੁਣ ਨਿਰਗੁਣ ਹੋ ਦਾਸੀ ਦਾਸ, ਸਾਚੀ ਸੇਵ ਕਮਾਈਆ । ਆਪਣੇ ਵਿਚੋਂ ਪਰਗਟ ਕਰਕੇ ਆਪਣੀ ਸ਼ਾਖ਼, ਸਾਖਿਆਤ ਰੂਪ ਵਖਾਈਆ । ਨਾਮ ਅਗੰਮੀ ਦੇ ਦੇ ਦਾਤ, ਝੋਲੀ ਸਰਬ ਭਰਾਈਆ । ਅੰਤਮ ਵੇਖਣਹਾਰਾ ਜ਼ਾਤ, ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਤੱਕ, ਇਕ ਧਿਆਨ ਲਗਾਇਆ । ਤੂੰ ਆਦਿ ਜੁਗਾਦਿ ਨਾ ਜਾਏਂ ਅੱਕ, ਜੁਗ ਜੁਗ ਖੇਲ ਕਰਾਇਆ । ਆਪਣੇ ਚਰਨਾਂ ਹੇਠਾਂ ਸਾਰੇ ਰੱਖੀ ਢਕ, ਆਪ ਆਪਣਾ ਪੜਦਾ ਲਾਹਿਆ । ਜਿਸ ਭਾਵੇਂ ਤਿਸ ਲਏਂ ਕੱਢ, ਹੁਕਮੀ ਹੁਕਮ ਫਿਰਾਇਆ । ਇਕ ਦੂਜੇ ਨਾਲੋਂ ਕਰੇਂ ਅੱਡ, ਆਪਣੀ ਵੰਡ ਵੰਡਾਇਆ । ਜਗਤ ਨਿਸ਼ਾਨਾ ਮਾਤ ਗੱਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਰਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਵੇਖ, ਨੈਣ ਨੈਣ ਉਠਾਈਆ । ਪਾਰਬ੍ਰਹਮ ਕਿਸੇ ਨਾ ਦੱਸਿਆ ਭੇਤ, ਅਛਲ ਅਛੱਲ ਛਲ ਕਰਾਈਆ । ਆਪਣੇ ਮਤਲਬ ਲਈ ਕਰਦਾ ਆਇਆ ਹੇਤ, ਲੋਕਮਾਤ ਸੇਵਾ ਲਾਈਆ । ਅੰਤ ਸਭ ਨੂੰ ਕਰਿਆ ਖੇਤ, ਰਣਭੂਮੀ ਇਕ ਵਖਾਈਆ । ਆਪੇ ਬੈਠਾ ਰੱਖ ਕੇ ਚਰਨਾਂ ਹੇਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਨਿਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਉਡੀਕ, ਏਕਾ ਓਟ ਤਕਾਈਆ । ਪ੍ਰਭ ਆਏ ਲਾਸ਼ਰੀਕ, ਲੋਕਮਾਤ ਫੇਰਾ ਪਾਈਆ । ਤਿਸ ਅੱਗੇ ਝੁਕਾਈਏ ਸੀਸ, ਨਿਉਂ ਨਿਉਂ ਖ਼ੁਸ਼ੀ ਮਨਾਈਆ । ਸੋ ਸਾਹਿਬ ਸੱਚਾ ਜਗਦੀਸ, ਜਿਸ ਦਿਤੀ ਮਾਣ ਵਡਿਆਈਆ । ਜਿਸ ਦਾ ਕਲਮਾ ਪੜ੍ਹੀ ਹਦੀਸ, ਸੋ ਹਜ਼ਰਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੰਧ ਆਪ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਪੰਧ ਮੁਕਾ, ਵੇਲਾ ਵਕਤ ਰਿਹਾ ਨਾ ਰਾਈਆ । ਕਲਜੁਗ ਅੰਧੇਰਾ ਗਿਆ ਛਾ, ਚੰਦ ਚਾਂਦਨੀ ਨਾ ਕੋਈ ਰੁਸ਼ਨਾਈਆ । ਧੀਰਜ ਸਕੇ ਨਾ ਕੋਈ ਧਰਾ, ਧਰਮ ਅਧਰਮ ਬੈਠਾ ਮੁਖ ਛੁਪਾਈਆ । ਜੀਵ ਜੰਤ ਰਹੇ ਕੁਰਲਾ, ਕੂਕ ਕੂਕ ਸੁਣਾਈਆ । ਸਾਡੀ ਆਯੂ ਗਈ ਵਿਹਾ, ਵੇਲਾ ਗਿਆ ਹੱਥ ਨਾ ਆਈਆ । ਕੋਈ ਸਰਗੁਣ ਨਿਰਗੁਣ ਨਾ ਦਿਸੇ ਐ ਖ਼ੁਦਾ, ਖ਼ੁਦੀ ਵਿਚ ਸਰਬ ਲੋਕਾਈਆ । ਪੀਰ ਪੈਗ਼ੰਬਰ ਬੈਠੇ ਮੁਖ ਛੁਪਾ, ਨਜ਼ਰ ਨਾਲ ਨਜ਼ਰ ਨਾ ਕੋਇ ਮਿਲਾਈਆ । ਮੁੱਲਾ ਸ਼ੇਖ਼ ਹੁਕਾ ਬੈਠਾ ਡਾਹ, ਤੱਤੀ ਅੱਗ ਚਿਲਮ ਨਾ ਕੋਈ ਟਿਕਾਈਆ । ਤੇਰਾ ਭੁਲਿਆ ਨਾਂ ਮੇਰੇ ਮਿਹਰਵਾਨ, ਇਲਮ ਮਿਲੀ ਵਡਿਆਈਆ । ਤੇਰੇ ਉਤੋਂ ਵੇਖ ਹੋਵਾਂ ਕੁਰਬਾਂ, ਜਗਤ ਕਰਬਲਾ ਦਏ ਦੁਹਾਈਆ । ਤੇਰੀ ਮੰਗਾਂ ਠੰਡੀ ਛਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਮੰਗਣ ਪਨਾਹ, ਸਚ ਤੇਰੀ ਸਰਨਾਈਆ । ਕਲਜੁਗ ਅੰਤਮ ਕਰਦੇ ਹਾਂ, ਪਾਰਬ੍ਰਹਮ ਬੇਪਰਵਾਹੀਆ । ਤੇਰੀ ਸਰਨਾਈ ਸੱਚਾ ਥਾਂ, ਮਿਲ ਮਿਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਰਿਹਾ ਸੁਣਾਈਆ । ਮੇਰੀ ਇਕੋ ਹੋਈ ਹਾਂ, ਕਲਜੁਗ ਅੰਤ ਵੰਡ ਵੰਡਾਈਆ । ਜਿਸ ਛੁਰੀ ਫਿਰਾਈ ਉਤੇ ਸੂਰ ਗਾਂ, ਤਿਸ ਨਾਲੋਂ ਕਰਾਂ ਜੁਦਾਈਆ । ਜਨ ਭਗਤਾਂ ਬਣਾਂ ਪਿਤਾ ਮਾਂ, ਲੋਕਮਾਤ ਫੇਰਾ ਪਾਈਆ । ਇਕੋ ਦੱਸਾਂ ਸੱਚਾ ਨਾਂ, ਪੁਰਖ ਅਕਾਲ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਮੇਲਾ ਸਹਿਜ ਸੁਭਾ, ਸੋਹੰ ਅੱਖਰ ਸਚ ਪੜ੍ਹਾਈਆ ।

ਹਾਂ ਕਰੀ ਇਕੋ ਭਗਤ, ਮੈਂ ਤੂੰ ਭੇਵ ਚੁਕਾਇਆ । ਨਾਤਾ ਤੋੜ ਸਰਬ ਜਗਤ, ਸਿਰਫ ਗੁਰਮੁਖ ਇਕ ਉਠਾਇਆ । ਲੇਖੇ ਲਾਈ ਬੂੰਦ ਰਕਤ, ਜਿਸ ਜਨ ਆਪਣਾ ਚਰਨ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਚੁਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਭਗਤਾਂ ਕਲਜੁਗ ਅੰਤ ਹੱਥ ਕਿਸੇ ਨਾ ਆਇਆ ।

★ ੧੮ ਮਾਘ ੨੦੧੮ ਬਿਕ੍ਰਮੀ ਦੇਵਾ ਸਿੰਘ ਧੰਗਾਲੀ ਜ਼ਿਲਾ ਜੰਮੂ ★

ਪੀਰ ਪੈਗ਼ੰਬਰ ਤੱਕੀ ਆਸ, ਆਸ ਇਕ ਰਖਾਈਆ । ਤੇਰਾ ਖੇਲ ਪ੍ਰਿਥਮੀ ਅਕਾਸ਼, ਅਕਾਸ਼ ਤੇਰੀ ਵਡਿਆਈਆ । ਅਸੀਂ ਵੇਖਣੀ ਤੇਰੀ ਰਾਸ, ਕਵਣ ਦੁਆਰੇ ਪਾਈਆ । ਕਵਣ ਸਖੀ ਤੇਰੇ ਵਸੇ ਪਾਸ, ਪਰਵਰਦਿਗਾਰ ਸੱਚੇ ਗੁਸਾਂਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਖੁਲ੍ਹਾਈਆ । ਤੇਰੀ ਰਾਸ ਤੱਕਣ ਦਾ ਚਾਅ, ਇਕੋ ਓਟ ਰਖਾਈਆ । ਤੂੰ ਦੇਣੀ ਸਚ ਸਲਾਹ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਅਸੀਂ ਰਹਿਬਰ ਤੇਰੇ ਗਏ ਆ, ਦਰ ਤੇਰੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇ ਉਠਾਈਆ । ਤੇਰਾ ਤੱਕਣਾ ਜਲਵਾ ਨੂਰ, ਨੂਰ ਨੂਰਾਨੀ ਮਿਹਰਵਾਨਾ । ਤੇਰਾ ਘਰ ਵੇਖਣਾ ਹਜ਼ੂਰ, ਮੇਰੇ ਹਜ਼ਰਤ ਸ਼ਾਹ ਸੁਲਤਾਨਾ । ਤੂੰ ਸ਼ਹਿਨਸ਼ਾਹ ਗਫ਼ੂਰ, ਮਰਦੇ ਮਰਦ ਮਰਦਾਨਾ । ਤੂੰ ਸਰਬ ਕਲਾ ਭਰਪੂਰ, ਆਦਿ ਜੁਗਾਦਿ ਨੌਜਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਮੰਡਲ ਕਵਣ ਨਿਸ਼ਾਨਾ । ਕਵਣ ਮੰਡਲ ਤੇਰੀ ਰਾਸ, ਕਵਣ ਘਰ ਵੱਜੇ ਵਧਾਈਆ । ਕਵਣ ਰੂਪ ਖੇਲ ਤਮਾਸ਼, ਖ਼ਾਲਕ ਖ਼ਲਕ ਵਿਚ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬਿਰਧ ਬਾਲ ਨਾ ਕੋਈ ਬੱਚਾ, ਵੱਡਾ ਛੋਟਾ ਨਾ ਕੋਈ ਅਖਵਾਈਆ । ਜਿਸ ਜਨ ਮਿਲਿਆ ਸਤਿਗੁਰ ਸੱਚਾ, ਏਕਾ ਰੰਗ ਰੰਗਾਈਆ । ਤ੍ਰੈਗੁਣ ਅਗਨ ਕਦੇ ਨਾ ਮੱਚਾ, ਗੁਰਮੁਖ ਵਡੀ ਵਡਿਆਈਆ । ਲੇਖੇ ਲੱਗਾ ਭਾਂਡਾ ਕੱਚਾ, ਕਰਤਾ ਕੀਮਤ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਏਕਾ ਘਰ ਬਹਾਈਆ । ਨਾ ਕੋਈ ਬੱਚਾ ਨਾ ਨਾਦਾਨ, ਬਾਲੀ ਬੁਧ ਨਾ ਕੋਈ ਰਖਾਈਆ । ਗੁਰਮੁਖ ਸੂਰਾ ਚਤਰ ਸੁਜਾਨ, ਮਿਲੀ ਮਾਤ ਵਡਿਆਈਆ । ਜਿਸ ਜਨ ਦਰਸ ਦੇਵੇ ਭਗਵਾਨ, ਸੋ ਜਨ ਸਚ ਦੁਆਰੇ ਸੋਭਾ ਪਾਈਆ । ਨਾਤਾ ਤੁਟੇ ਜਗਤ ਜਹਾਨ, ਜੀਵਣ ਜੁਗਤ ਇਕ ਸਮਝਾਈਆ । ਦੀਨ ਦਿਆਲ ਠਾਕਰ ਸਵਾਮੀ ਵੇਖੇ ਮਾਰ ਧਿਆਨ, ਮਿਹਰਵਾਨ ਨਿਗਹ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਨਾ ਕੋਈ ਬੱਚਾ ਬਾਲੀ ਬੁਧ, ਬਾਲੀ ਬਾਲ ਨਾ ਕੋਈ ਜਣਾਇੰਦਾ । ਜਨ ਭਗਤਾਂ ਕਰੇ ਕਾਰਜ ਸੁਧ, ਹਰਿ ਸਾਚੀ ਸੇਵ ਕਮਾਇੰਦਾ । ਗੁਰਮੁਖ ਜੋਧਾ ਸੂਰਬੀਰ ਏਕਾ ਉਠ, ਆਪਣਾ ਬਲ ਰਖਾਇੰਦਾ । ਜਿਸ ਉਪਰ ਦੀਨ ਦਿਆਲ ਜਾਏ ਤੁਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਨਾ ਕੋਈ ਬੱਚਾ ਮੂਰਖ ਮਤ, ਮੂੜ੍ਹ ਨਜ਼ਰ ਕੋਈ ਨਾ ਆਈਆ । ਸਤਿਗੁਰ ਦੇਵੇ ਸਾਚੀ ਮਤ, ਏਕਾ ਗੁਣ ਸਮਝਾਈਆ । ਘਰ ਘਰ ਅੰਦਰ ਹਰਿ ਹਰਿ ਤੱਤ, ਨਿਕਾ

ਵੱਡਾ ਨਾ ਵੰਡ ਵੰਡਾਈਆ । ਸਾਢੇ ਤਿੰਨ ਹੱਥ ਅੰਦਰ ਰਖਿਆ ਢਕ, ਦਿਸ ਕਿਸੇ ਨਾ ਆਈਆ । ਜਿਸ ਭਾਵੇ ਤਿਸ ਪੜਦਾ ਦੇਵੇ ਢਕ, ਆਪਣਾ ਮੁਖ ਵਖਾਈਆ । ਉਹ ਬੋਲੇ ਨਾਅਰਾ ਹੱਕ, ਕੂਕ ਕੂਕ ਸੁਣਾਈਆ । ਪ੍ਰਭ ਸਾਂਈ ਗਿਆ ਲੱਭ, ਘਰ ਮਿਲਿਆ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਵਡਿਆਈਆ । ਗੁਰਮੁਖ ਬੱਚਾ ਸਦਾ ਜਵਾਨ, ਹਰਿ ਸਾਚਾ ਸਚ ਰਖਾਇੰਦਾ । ਆਤਮ ਪਰਮਾਤਮ ਇਕ ਗਿਆਨ, ਏਕਾ ਗੁਰ ਵਖਾਇੰਦਾ । ਏਕਾ ਮੰਦਰ ਇਕ ਮਕਾਨ, ਏਕਾ ਘਰ ਬਹਾਇੰਦਾ । ਏਕਾ ਅੰਮ੍ਰਿਤ ਪੀਣ ਖਾਣ, ਰਸ ਰਸੀਆ ਆਪ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਗੁਰਮੁਖ ਬੱਚਾ ਸੂਰਬੀਰ, ਵਡ ਸੂਰਾ ਨਾਉਂ ਧਰਾਈਆ । ਜਗਤ ਮਾਇਆ ਤੋੜ ਜੰਜੀਰ, ਇਕੋ ਓਟ ਤਕਾਈਆ । ਚੋਟੀ ਚੜ੍ਹ ਬੈਠਾ ਅਖ਼ੀਰ, ਉਤਰ ਕਦੇ ਨਾ ਜਾਈਆ । ਪ੍ਰਭ ਮਿਲਿਆ ਗਹਿਰ ਗੰਭੀਰ, ਗੁਣ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰਮੁਖ ਬੱਚਾ ਸਦਾ ਗੁਣਵੰਤ, ਗੁਣਵੰਤਾ ਆਪ ਬਣਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਏਕਾ ਨਾਉਂ ਮਣੀਆ ਮੰਤ, ਮਨ ਮਨਸਾ ਦਏ ਖਪਾਈਆ । ਗੜ੍ਹ ਤੋੜ ਹਉਮੇ ਹੰਗਤ, ਗ੍ਰਿਹਿ ਗ੍ਰਿਹਿ ਨਾਦ ਸੁਣਾਈਆ । ਰੰਗ ਚਾੜ੍ਹ ਇਕ ਬਸੰਤ, ਕਾਇਆ ਚੀਥੜਾ ਆਪ ਰੰਗਾਈਆ । ਜਿਸ ਜਨ ਬਣਾਈ ਬਣਤ, ਘੜਨ ਭੰਨਣਹਾਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਜਗਾਈਆ । ਗੁਰਮੁਖ ਬੱਚਾ ਜਾਏ ਜਾਗ, ਪੁਰਖ ਅਬਿਨਾਸ਼ੀ ਆਪ ਜਗਾਈਆ । ਆਪਣੇ ਹੱਥ ਪਕੜੇ ਵਾਗ, ਡੋਰੀ ਤੰਦ ਬੰਧਾਈਆ । ਦੀਪਕ ਜੋਤ ਜਗਾਏ ਚਿਰਾਗ਼, ਅੰਧ ਅੰਧੇਰ ਮਿਟਾਈਆ । ਜਨਮ ਜਨਮ ਦਾ ਧੋਵੇ ਦਾਗ਼, ਦੁਰਮਤ ਮੈਲ ਧੁਵਾਈਆ । ਅੰਤਰ ਆਤਮ ਇਕ ਵੈਰਾਗ, ਬਿਰਹੋਂ ਚੋਟ ਲਗਾਈਆ । ਜਗਤ ਤ੍ਰਿਸਨਾ ਬੁਝੇ ਆਗ, ਮਾਇਆ ਮਮਤਾ ਦਏ ਖਪਾਈਆ । ਸ਼ਬਦ ਅਗੰਮੀ ਇਕ ਅਵਾਜ਼, ਛੋਟੇ ਬਾਲੇ ਦਏ ਸੁਣਾਈਆ । ਛੋਟਾ ਬਾਲਾ ਰਚ ਕੇ ਕਾਜ, ਹਰਿ ਸੰਗਤ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੋਟੇ ਬਾਲੇ ਦਏ ਵਡਿਆਈਆ । ਛੋਟੇ ਬਾਲੇ ਤੇਰਾ ਮਾਣ, ਹਰਿ ਸਾਚਾ ਸਚ ਰਖਾਇੰਦਾ । ਛੋਟੀ ਉਮਰੇ ਖੇਲ ਮਹਾਨ, ਲੋਕਮਾਤ ਕਰਾਇੰਦਾ । ਸਿੰਘ ਮਨਜੀਤਾ ਨੌਜਵਾਨ, ਆਪਣੇ ਰੰਗ ਵਖਾਇੰਦਾ । ਬੱਚਿਆਂ ਦੇਵੇ ਪਹਿਲੋਂ ਗਿਆਨ, ਬੁੱਢਿਆਂ ਫਿਰ ਸਮਝਾਇੰਦਾ । ਅੰਦਰ ਵੜ ਸ੍ਰੀ ਭਗਵਾਨ, ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੋਟੇ ਬਾਲੇ ਆਪ ਤਰਾਇੰਦਾ । ਛੋਟਾ ਬਾਲਾ ਵਡ ਪਰਧਾਨਾ, ਸਚ ਪਰਧਾਨਗੀ ਆਪ ਸਮਝਾਈਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨਾ, ਫਿਰ ਫਿਰ ਖ਼ੁਸ਼ੀ ਮਨਾਈਆ । ਕਰੋੜ ਤੇਤੀਸਾ ਹੋਇਆ ਹੈਰਾਨਾ, ਭੇਵ ਕੋਇ ਨਾ ਪਾਈਆ । ਸੁਰਪਤ ਇੰਦ ਮੁਖ ਸ਼ਰਮਾਨਾ, ਨੇਤਰ ਨੈਣ ਨਾ ਸਕੇ ਉਠਾਈਆ । ਛੋਟਾ ਬਾਲਾ ਬੰਨ੍ਹ ਕੇ ਆਇਆ ਗਾਨਾ, ਸਾਚਾ ਸਗਨ ਮਨਾਈਆ । ਸੋਹੰ ਢੋਲਾ ਗਾਏ ਤਰਾਨਾ, ਏਕਾ ਰਾਗ ਸੁਣਾਈਆ । ਪ੍ਰਭ ਪੁਰਖ ਪਾਇਆ ਇਕ ਮਰਦਾਨਾ, ਵਡ ਮਰਦਾਨਗੀ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੋਟੇ ਬੱਚੇ ਆਪ ਪਰਗਟਾਈਆ । ਛੋਟੇ ਬੱਚੇ ਸਾਚੇ ਲਾਲ, ਹਰਿ ਲਾਲਨ ਰੰਗ ਰੰਗਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਲੋਕਮਾਤ ਸੇਵ ਕਮਾਇੰਦਾ । ਸਾਚੀ ਘਾਲੀ ਘਾਲਣ ਆਪੇ ਘਾਲ, ਨੀਹਾਂ ਹੇਠ ਦਬਾਇੰਦਾ । ਕਰੇ ਖੇਲ ਬੇਮਿਸਾਲ,


੫੩੧
੧੧

ਬੇਨਜ਼ੀਰ ਤਕਦੀਰ ਸਰਬ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਬਾਲੇ ਵੇਖ ਵਖਾਇੰਦਾ । ਛੋਟੇ ਬਾਲੇ ਉਚ ਮਹੱਲਾ, ਏਕਾ ਗੜ੍ਹ ਬਣਾਈਆ । ਵੇਖਣਹਾਰਾ ਇਕ ਇਕੱਲਾ, ਪੁਰਖ ਅਬਿਨਾਸ਼ੀ ਫੇਰਾ ਪਾਈਆ । ਬਹੱਤਰਾਂ ਅੰਦਰ ਆਪੇ ਰਲਾ, ਆਪਣਾ ਗੁਣ ਸਮਝਾਈਆ । ਸਚ ਸੰਦੇਸਾ ਏਕਾ ਘੱਲਾ, ਏਕਾ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਛੋਟੇ ਬਾਲੇ ਨੀਹਾਂ ਹੇਠ ਰੱਖ, ਹਰਿ ਰਾਖੀ ਕਰਨ ਆਇਆ । ਛੋਟੇ ਬੱਚੇ ਕਰ ਪਰਤੱਖ, ਪਰਤੱਖ ਰੂਪ ਧਰਾਇਆ । ਛੋਟੇ ਬਾਲੇ ਕਰ ਕਰ ਵੱਖ, ਹਰਿ ਆਪਣੀ ਵੰਡ ਵੰਡਾਇਆ । ਛੋਟੇ ਬਾਲੇ ਪੜਦਾ ਢਕ, ਸਿਰ ਆਪਣਾ ਹੱਥ ਟਿਕਾਇਆ । ਛੋਟੇ ਬੱਚੇ ਗੋਦੀ ਚੱਕ, ਸਚਖੰਡ ਦੁਆਰ ਬਹਾਇਆ । ਛੋਟੇ ਬਾਲੇ ਰੱਖੇ ਪੱਤ, ਪਤ ਪਤਵੰਤਾ ਹੋਏ ਸਹਾਇਆ । ਛੋਟੇ ਬੱਚੇ ਲੇਖੇ ਲੱਗੇ ਰੱਤ, ਰੱਤੀ ਰੱਤ ਨਾਲ ਰੰਗਾਇਆ । ਛੋਟੇ ਬਾਲੇ ਇਕੋ ਤੱਤ, ਹਰਿ ਤੱਤ ਤੱਤ ਸਮਾਇਆ । ਕਰੇ ਖੇਲ ਪੁਰਖ ਸਮਰਥ, ਭੇਵ ਕਿਸੇ ਨਾ ਆਇਆ । ਸਾਚਾ ਮਾਰਗ ਰਿਹਾ ਦੱਸ, ਬਾਲੇ ਨੀਹਾਂ ਹੇਠ ਧਰਾਇਆ । ਉਤੇ ਤ੍ਰੈਗੁਣ ਮਾਇਆ ਦੇਵੇ ਰੱਖ, ਆਪਣੀ ਹੱਥੀਂ ਪੜਦਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਕਰਾਇਆ । ਛੋਟੇ ਬਾਲੇ ਉਠੇ ਕੁੱਦ, ਆਪਣਾ ਬਲ ਰਖਾਈਆ । ਨੌਂ ਖੰਡ ਪ੍ਰਿਥਮੀ ਵੇਖਣਾ ਯੁੱਧ, ਸੱਤਾਂ ਦੀਪਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਲੀ ਬਾਲੇ ਲਏ ਤਰਾਈਆ । ਛੋਟਾ ਬਾਲਾ ਬਾਲ ਅਵਾਣ, ਏਕਾ ਮਤ ਰਖਾਈਆ । ਕਲਜੁਗ ਅੰਤ ਹੋ ਪਰਧਾਨ, ਸਤਿਜੁਗ ਸਾਚਾ ਰਾਹ ਵਖਾਈਆ । ਸਤਿ ਸਤਿਵਾਦੀ ਮੰਦਰ ਸਚ ਮਕਾਨ, ਸਚਖੰਡ ਨਿਵਾਸੀ ਆਪ ਬਣਾਈਆ । ਸੱਤ ਰੰਗ ਝੁਲਾਏ ਇਕ ਨਿਸ਼ਾਨ, ਸੱਤਾਂ ਦੀਪਾਂ ਕਰੇ ਰੁਸ਼ਨਾਈਆ । ਸਤਿ ਧਰਮ ਦੀ ਸਤਿ ਦੁਕਾਨ, ਸਤਿ ਪੁਰਖ ਨਿਰੰਜਣ ਆਪ ਖੁਲ੍ਹਾਈਆ । ਚਾਰ ਵਰਨਾਂ ਦੇਵੇ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਗ਼ਰੀਬ ਨਿਮਾਣਿਆਂ ਦੇਵੇ ਮਾਣ, ਚਰਨ ਸਰਨ ਸਰਨਾਈਆ । ਤਖ਼ਤ ਨਿਵਾਸੀ ਭੂਪ ਰਾਜਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੁਰਮੁਖ ਉਠਾਏ ਚਤਰ ਸੁਜਾਨ, ਸਾਚੀ ਸੋਝੀ ਆਪੇ ਪਾਈਆ । ਚਤਰਭੁਜ ਨੌਜਵਾਨ, ਆਪਣੀਆਂ ਭੁਜਾਂ ਬਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੋਟੇ ਬਾਲੇ ਹੋਏ ਸਹਾਈਆ । ਛੋਟੇ ਬਾਲੇ ਸਦਾ ਸਹਾਇਕ, ਹਰਿ ਸਾਚੀ ਸੇਵ ਕਮਾਇੰਦਾ । ਛੋਟਾ ਬਾਲਾ ਹੋਇਆ ਲਾਇਕ, ਹਰਿ ਆਪਣੀ ਗੋਦ ਬਹਾਇੰਦਾ । ਕਰੇ ਖੇਲ ਨਰ ਨਰਾਇਣ ਨਾਇਕ, ਨਈਆ ਜਗਤ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੇ ਵਰ, ਛੋਟੇ ਬਾਲੇ ਪਾਰ ਕਰਾਇੰਦਾ ।

## ★ ੧੯ ਮਾਘ ੨੦੧੮ ਬਿਕ੍ਰਮੀ ਪਿੰਡ ਧੰਗਾਲੀ ਜੰਮੂ ★

ਗੁਰ ਅਵਤਾਰ ਕਰੋ ਧਿਆਨ ਨੇਤਰ ਖੁਲ੍ਹੇ, ਬੇਪਰਵਾਹ ਰਿਹਾ ਜਣਾਈਆ । ਜੀਵ ਜੰਤ ਲੋਕਮਾਤ ਸਾਧ ਸੰਤ ਫਿਰਨ ਭੁੱਲੇ, ਆਤਮ ਗਿਆਨ ਨਾ ਕੋਇ ਦ੍ਰਿੜਾਈਆ । ਭਾਗ ਨਾ ਲੱਗੇ ਕਿਸੇ ਕੁੱਲੇ, ਕਾਇਆ ਖਾਲੀ ਹੱਟ ਵਿਕਾਈਆ । ਮਾਇਆ ਮਮਤਾ ਝੂਠੀ ਰੁੱਲੇ, ਮੋਹ ਵਿਕਾਰਾ ਨਾਲ ਰਲਾਈਆ । ਅੰਤ ਪੈਣਾ ਨਾ ਕੋਈ ਮੱਲੇ, ਕੀਮਤ ਮਾਤ ਨਾ ਕੋਇ ਚੁਕਾਈਆ । ਜਗਤ ਅੰਧੇਰਾ ਏਕਾ ਝੁੱਲੇ, ਕੱਚੇ ਬਿਰਹੋਂ ਦਏ ਝੜਾਈਆ ।


੫੩੨
੧੧

ਅੰਮ੍ਰਿਤ ਜਲ ਸਭ ਦੇ ਡੁੱਲੇ, ਸਰੋਵਰ ਸਚ ਨਾ ਕੋਇ ਨਹਾਈਆ । ਸਿੰਮਲ ਬੂਟੇ ਫਲੇ ਫੁੱਲੇ, ਅੰਤ ਰਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨੈਣ ਰਿਹਾ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਧਿਆਨ, ਹਰਿ ਸੱਚਾ ਸਚ ਜਣਾਇੰਦਾ । ਵੇਦ ਸ਼ਾਸਤਰ ਸਿਮਰਤ ਪੂਜਾ ਪਾਠ ਨਾ ਕੋਈ ਗਿਆਨ, ਆਤਮ ਪਰਮਾਤਮ ਮੇਲ ਨਾ ਕੋਈ ਮਿਲਾਇੰਦਾ । ਸ਼ਰਅ ਸ਼ਰੀਅਤ ਨਾ ਕੋਈ ਇਮਾਨ, ਸਚ ਮੁਸੱਲਾ ਹੇਠ ਨਾ ਕੋਈ ਵਿਛਾਇੰਦਾ । ਤੀਸ ਬਤੀਸ ਹਦੀਸ ਨਾ ਕੋਇ ਕੁਰਾਨ, ਸ਼ਰਅ ਸ਼ਰੀਅਤ ਨਾ ਕੋਇ ਵਡਿਆਇੰਦਾ । ਹੱਕ ਹਕ਼ੀਕ਼ਤ ਨਾ ਕੋਇ ਪੈਗ਼ਾਮ, ਸਚ ਸੰਦੇਸ ਨਾ ਕੋਇ ਸੁਣਾਇੰਦਾ । ਸਚ ਮਹਿਰਾਬੇ ਨਾ ਕੋਇ ਕਲਾਮ, ਕਲਮਾ ਨਬੀ ਨਾ ਕੋਇ ਪੜ੍ਹਾਇੰਦਾ । ਨੂਰੀ ਜਲਵਾ ਨਾ ਕੋਇ ਇਮਾਮ, ਆਪਣੀ ਆਮਦ ਨਾ ਕੋਇ ਵਖਾਇੰਦਾ । ਸਜਦਾ ਸੀਸ ਨਾ ਕੋਇ ਸਲਾਮ, ਸਲਾਮਤ ਨਜ਼ਰ ਕੋਇ ਨਾ ਆਇੰਦਾ । ਆਪਣੀ ਉਮਤ ਵੇਖੇ ਸਾਰੇ ਹੋਏ ਹਰਾਮ, ਸਾਚਾ ਹੁਰਮ ਨਾ ਕੋਇ ਸੁਹਾਇੰਦਾ । ਪੰਜ ਤੱਤ ਸ਼ੈਤਾਨਾ ਬਣੇ ਗ਼ੁਲਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭੇਵ ਖੁਲਾਇੰਦਾ । ਗੁਰ ਅਵਤਾਰ ਵੇਖੇ ਮਾਰ ਝਾਤ, ਹਰਿ ਝਾਕੀ ਇਕ ਜਣਾਇੰਦਾ । ਕਲਜੁਗ ਰੈਣ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਕੋਈ ਨਾ ਦਿਸੇ ਪੂਜਾ ਪਾਠ, ਪੜ੍ਹ ਪੜ੍ਹ ਜੀਵ ਸਰਬ ਕੁਰਲਾਇੰਦਾ । ਹਰਿ ਕਾ ਨਾਮ ਮਿਲੇ ਕਿਸੇ ਨਾ ਹਾਟ, ਸਚ ਵਣਜ਼ਾਰਾ ਨਜ਼ਰ ਕੋਇ ਨਾ ਆਇੰਦਾ । ਦੁਰਮਤ ਮੈਲ ਨਾ ਦੇਵੇ ਕਾਟ, ਸਰੋਵਰ ਨੀਰ ਨਾ ਕੋਇ ਸੁਹਾਇੰਦਾ । ਪਾਰ ਨਾ ਕਰੇ ਕੋਈ ਘਾਟ, ਬਣ ਮਲਾਹ ਨਾ ਬੇੜਾ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸੁਣੇ ਸੰਦੇਸਾ ਲਾ ਕੇ ਕੰਨ, ਹਰਿਜੂ ਆਖ ਸੁਣਾਇਆ । ਚਾਰੋਂ ਕੁੰਟ ਖੰਨ ਖੰਨ, ਬੰਧਨ ਬੰਧ ਨਾ ਕੋਇ ਬੰਧਾਇਆ । ਜਗਤ ਵਿਦਿਆ ਹੋਈ ਅੰਨ੍ਹ, ਨੇਤਰ ਗਿਆਨ ਨਾ ਕੋਇ ਖੁਲ੍ਹਾਇਆ । ਸਿਕਦਾਰ ਬਣਿਆ ਮਨੂਆ ਮਨ, ਆਪਣਾ ਹੁਕਮ ਮਨਾਇਆ । ਪੰਚ ਵਿਕਾਰਾ ਚੜ੍ਹਿਆ ਚੰਨ, ਘਰ ਘਰ ਕਰੇ ਰੁਸ਼ਨਾਇਆ । ਕਿਸੇ ਨਾ ਲੱਭੇ ਨਾਮ ਧੰਨ, ਖਾਲੀ ਹੱਥ ਸਰਬ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੇਲ ਰਿਹਾ ਵਖਾਇਆ । ਉਠੋ ਵੇਖੋ ਕਰੋ ਵਿਚਾਰ, ਹਰਿ ਸੱਚਾ ਸਚ ਜਣਾਈਆ । ਚੌਥੇ ਜੁਗ ਦੀ ਚੌਥੀ ਧਾਰ, ਨਜ਼ਰ ਕਿਸੇ ਨਾ ਆਈਆ । ਤ੍ਰੈਗੁਣ ਮਾਇਆ ਕਰ ਪਿਆਰ, ਬਹਿ ਬਹਿ ਖ਼ੁਸ਼ੀ ਮਨਾਈਆ । ਦੋਏ ਦੋਏ ਰੂਪ ਭੁਲਿਆ ਨਿਰੰਕਾਰ, ਨਿਰਗੁਣ ਸਰਗੁਣ ਭੇਵ ਨਾ ਰਾਈਆ । ਇਕ ਇਕੱਲਾ ਹੋ ਤਿਆਰ, ਲੋਕਮਾਤ ਫੇਰਾ ਪਾਈਆ । ਸਚ ਮਹੱਲਾ ਧੁਰ ਦਰਬਾਰ, ਲੋਕਮਾਤ ਲਏ ਪਰਗਟਾਈਆ । ਦੂਜਾ ਖੇਲ ਕਰੇ ਨਿਰੰਕਾਰ, ਭਗਵਨ ਦੇਵੇ ਮਾਣ ਵਡਿਆਈਆ । ਤੀਜਾ ਨੇਤਰ ਖੋਲ੍ਹ ਕਿਵਾੜ, ਆਪਣੀ ਬੂਝ ਬੁਝਾਈਆ । ਚੌਥੇ ਪਦ ਦੇ ਸਹਾਰ, ਸਾਚੀ ਮੰਜ਼ਲ ਪਾਰ ਕਰਾਈਆ । ਪੰਚਮ ਮੇਲਾ ਮੀਤ ਮੁਰਾਰ, ਘਰ ਘਰ ਵਿਚ ਹੋਏ ਸਹਾਈਆ । ਛੇਵੇਂ ਘਰ ਖੇਲ ਕਰਤਾਰ, ਗੁਰ ਉਪਦੇਸ ਆਪ ਸੁਣਾਈਆ । ਸਤਿ ਸਤਿਵਾਦੀ ਏਕੰਕਾਰ, ਅਕਲ ਕਲਾ ਅਖਵਾਈਆ । ਅੱਠਾਂ ਤੱਤਾਂ ਕਰ ਪਿਆਰ, ਆਪਣਾ ਬੰਧਨ ਪਾਈਆ । ਨੌਂ ਦੁਆਰੇ ਕਰ ਖੁਆਰ, ਦਸਵੇਂ ਰੰਗ ਚੜ੍ਹਾਈਆ । ਕਿਰਪਾ ਕਰ ਆਪ ਕਰਤਾਰ, ਆਪਣੀ ਖੇਲ ਆਪ ਸਮਝਾਈਆ । ਵਰਨ ਬਰਨ ਕੱਢੇ ਬਾਹਿਰ, ਸਾਚੀ ਸਰਨ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਕਾਇਣ ਮਤਾ, ਏਕਾ ਦੂਆ ਬੰਧਨ ਰਖਾਈਆ ।

ਪਾਰਬ੍ਰਹਮ ਪ੍ਰਭ ਕਿਸੇ ਨਾ ਬਣਿਆ ਕਦੇ ਸਕਾ, ਆਪਣਾ ਭੇਵ ਨਾ ਕਿਸੇ ਜਣਾਈਆ । ਆਦਿ ਜੁਗਾਦਿ ਕਦੇ ਨਾ ਥੱਕਾ, ਜੁਗ ਜੁਗ ਵੇਸ ਵਟਾਈਆ । ਮੁਹੰਮਦ ਕਹੇ ਪਹਿਲਾਂ ਮਾਣ ਦਿਤਾ ਮੈਨੂੰ ਮੱਕਾ, ਹੁਣ ਮੱਕਾ ਕਰੇ ਸਫ਼ਾਈਆ । ਜ਼ੋਰਾਵਰ ਆਪਣਾ ਕਰੇ ਧੱਕਾ, ਸਾਡੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਚਲੇ ਸਚ ਰਜ਼ਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਕਰਨ ਵਿਚਾਰ, ਏਕਾ ਘਰ ਵੱਜੇ ਵਧਾਈਆ । ਅਸੀਂ ਸੇਵਾ ਕਰੀਂ ਜੁਗ ਚਾਰ, ਜੁਗ ਜੁਗ ਵੇਸ ਵਟਾਈਆ । ਮੰਨਦੇ ਰਹੇ ਇਕ ਨਿਰੰਕਾਰ, ਨਿਰਗੁਣ ਨੂਰ ਰੁਸ਼ਨਾਈਆ । ਪੰਜ ਤੱਤ ਕਾਇਆ ਕਰ ਅਕਾਰ, ਲੋਕਮਾਤ ਖ਼ੁਸ਼ੀ ਹੰਢਾਈਆ । ਦੋਏ ਦੋਏ ਰੂਪ ਵਿਚ ਸੰਸਾਰ, ਜੀਵਣ ਜੁਗਤ ਬਿਤਾਈਆ । ਸਰਗੁਣ ਨਾਤਾ ਜੋੜਿਆ ਪੁਰਖ ਨਾਰ, ਪੁੱਤਰ ਧੀਆਂ ਬੰਸ ਸੁਹਾਈਆ । ਨਿਰਗੁਣ ਖੇਲ ਅਪਰ ਅਪਾਰ, ਜੋਤੀ ਜੋਤ ਜੋਤ ਮਿਲਾਈਆ । ਸਰਗੁਣ ਖੇਲ ਵਿਚ ਗਏ ਹਾਰ, ਜਗਤ ਬੰਧਨ ਨਾਲ ਰਖਾਈਆ । ਨਿਰਗੁਣ ਜੋਤ ਕਰ ਉਤਰੇ ਪਾਰ, ਘਰ ਮਿਲੀ ਸਰਨ ਸਰਨਾਈਆ । ਕਰੇ ਖੇਲ ਅਗੰਮ ਅਪਾਰ, ਆਪਣਾ ਰਾਹ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਸਰਗੁਣ ਤੇਰੀ ਜਗਤ ਧਾਰ, ਗੁਰ ਅੰਤਰ ਮੁਖ ਛੁਪਾਇਆ । ਪੰਜ ਤੱਤ ਕਾਇਆ ਕਾਮ ਕਰੋਧ ਲੋਭ ਮੋਹ ਹੰਕਾਰ, ਜਗਤ ਸੁਵਾਣੀ ਸੇਜ ਹੰਢਾਇਆ । ਆਤਮ ਅੰਤਰ ਖੇਲ ਅਪਾਰ, ਪਾਰਬ੍ਰਹਮ ਪ੍ਰਭ ਆਪ ਕਰਾਇਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਘਰ ਬਾਹਰ, ਏਕਾ ਮੰਦਰ ਡੇਰਾ ਲਾਇਆ । ਸਰਗੁਣ ਆਸਾ ਤ੍ਰਿਸਨਾ ਕਰੇ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਸਰਗੁਣ ਮੰਗੇ ਸ਼ਮਸ਼ੀਰ, ਤੀਰ ਕਮਾਨ ਚਿੱਲਾ ਨਾਲ ਉਠਾਈਆ । ਨਿਰਗੁਣ ਕਰੇ ਅੰਤ ਅਖ਼ੀਰ, ਆਪਣਾ ਰੂਪ ਨਾ ਕੋਇ ਵਖਾਈਆ । ਸਰਗੁਣ ਜੋਧਾ ਸੂਰਬੀਰ ਬਲੀ ਬਲਵਾਨ, ਭੁਜਾਂ ਆਪਣੀਆਂ ਆਪ ਉਠਾਈਆ । ਨਿਰਗੁਣ ਕਰੇ ਖੇਲ ਮਹਾਨ, ਹੁਕਮੀ ਹੁਕਮ ਹੁਕਮ ਵਰਤਾਈਆ । ਸਰਗੁਣ ਵੇਖੇ ਜਗਤ ਨੇਤਰ ਮਾਰ ਧਿਆਨ, ਨਿਰਗੁਣ ਬਣ ਉਠ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਧਾਰ ਵਿਚ ਸੰਸਾਰ, ਨਿਰਗੁਣ ਸਰਗੁਣ ਹੋ ਉਜਿਆਰ, ਆਪਣਾ ਰੰਗ ਆਪ ਵਖਾਈਆ । ਨਿਰਗੁਣ ਤੱਤ ਕਹੇ ਤਨ ਨਾਨਕ, ਸਰਗੁਣ ਨਾਨਕ ਨਿਰਗੁਣ ਰਿਹਾ ਵਡਿਆਈਆ । ਨਿਰਗੁਣ ਖੇਲ ਅਤ ਭਿਆਨਕ, ਸਰਗੁਣ ਨਿਊਂ ਨਿਊਂ ਸੀਸ ਝੁਕਾਈਆ । ਸਰਗੁਣ ਕਹੇ ਪ੍ਰਭ ਖੇਲ ਅਚਨ ਅਚਾਨਕ, ਭੇਵ ਕੋਇ ਨਾ ਆਈਆ । ਨਿਰਗੁਣ ਕਹੇ ਸਰਗੁਣ ਅਣਜਾਣਤ, ਸਰਗੁਣ ਕਹੇ ਬਿਨ ਨਿਰਗੁਣ ਬੂਝ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਧਾਰ ਚਲਾਈਆ । ਸਰਗੁਣ ਕਹੇ ਨਿਰਗੁਣ ਬਾਪ, ਨਿਰਗੁਣ ਕਹੇ ਸਰਗੁਣ ਪੂਤ ਰੂਪ ਅਖਵਾਈਆ । ਸਰਗੁਣ ਕਹੇ ਨਿਰਗੁਣ ਪਰਤਾਪ, ਨਿਰਗੁਣ ਕਹੇ ਸਰਗੁਣ ਮੇਰੀ ਵਡਿਆਈਆ । ਸਰਗੁਣ ਕਹੇ ਨਿਰਗੁਣ ਜਾਪ, ਨਿਰਗੁਣ ਕਹੇ ਸਰਗੁਣ ਕਰੇ ਪੜ੍ਹਾਈਆ । ਸਰਗੁਣ ਕਹੇ ਨਿਰਗੁਣ ਵਸੇ ਸਾਥ, ਨਿਰਗੁਣ ਕਹੇ ਬਿਨ ਸਰਗੁਣ ਮੇਰੀ ਨਾ ਕੋਇ ਰੁਸ਼ਨਾਈਆ । ਸਰਗੁਣ ਕਹੇ ਨਿਰਗੁਣ ਸਮਰਥ, ਨਿਰਗੁਣ ਕਹੇ ਬਿਨ ਸਰਗੁਣ ਮੇਰੀ ਚਲੇ ਨਾ ਕੋਇ ਵਡਿਆਈਆ । ਸਰਗੁਣ ਕਹੇ ਮਹਿਮਾ ਅਕੱਥ, ਨਿਰਗੁਣ ਕਹੇ ਸਰਗੁਣ ਰਾਗੀ ਰਾਗ ਅਲਾਈਆ । ਸਰਗੁਣ ਕਹੇ ਨਿਰਗੁਣ ਸੱਚੀ ਵਥ, ਨਿਰਗੁਣ ਕਹੇ ਸਰਗੁਣ ਆਪ ਵਰਤਾਈਆ । ਸਰਗੁਣ ਕਹੇ ਨਿਰਗੁਣ ਵਸੇ ਘਟ ਘਟ, ਨਿਰਗੁਣ

੫੩੪
੧੧

ਕਹੇ ਸਰਗੁਣ ਮੇਰੇ ਸਿਰ ਪੜਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਰਗੁਣ ਕਹੇ ਨਿਰਗੁਣ ਦਾਤਾ, ਨਿਰਗੁਣ ਕਹੇ ਸਰਗੁਣ ਭੰਡਾਰ ਵਰਤਾਇੰਦਾ । ਸਰਗੁਣ ਕਹੇ ਨਿਰਗੁਣ ਪੁਰਖ ਬਿਧਾਤਾ, ਨਿਰਗੁਣ ਕਹੇ ਸਰਗੁਣ ਪੁਰਖ ਨਾਰੀ ਖੇਲ ਕਰਾਇੰਦਾ । ਸਰਗੁਣ ਕਹੇ ਨਿਰਗੁਣ ਉਤਮ ਜ਼ਾਤਾ ਨਿਰਗੁਣ ਕਹੇ ਸਰਗੁਣ ਜ਼ਾਤ ਪਾਤ ਰੰਗ ਚੜ੍ਹਾਇੰਦਾ । ਸਰਗੁਣ ਕਹੇ ਨਿਰਗੁਣ ਬੈਠਾ ਰਹੇ ਇਕ ਇਕਾਂਤਾ, ਨਿਰਗੁਣ ਕਹੇ ਸਰਗੁਣ ਅੰਦਰ ਮੇਰਾ ਆਸਣ ਲਾਇੰਦਾ । ਸਰਗੁਣ ਕਹੇ ਨਿਰਗੁਣ ਖੇਲ ਤਮਾਸ਼ਾ, ਨਿਰਗੁਣ ਕਹੇ ਸਰਗੁਣ ਗੋਪੀ ਕਾਹਨ ਰੂਪ ਧਰਾਇੰਦਾ । ਸਰਗੁਣ ਕਹੇ ਜੋਤ ਪਰਕਾਸ਼ਾ, ਨਿਰਗੁਣ ਕਹੇ ਸਰਗੁਣ ਜੋਤੀ ਜੋਤ ਡਗਮਗਾਇੰਦਾ । ਸਰਗੁਣ ਕਹੇ ਨਿਰਗੁਣ ਸਚਖੰਡ ਰੱਖੇ ਵਾਸਾ, ਨਿਰਗੁਣ ਕਹੇ ਸਰਗੁਣ ਅੰਦਰ ਰੂਪ ਅਨੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣੀ ਬੂਝ ਬੁਝਾਇੰਦਾ । ਸਰਗੁਣ ਕਹੇ ਨਿਰਗੁਣ ਬਲਵਾਨ, ਆਦਿ ਜੁਗਾਦਿ ਸਮਾਇਆ । ਨਿਰਗੁਣ ਕਹੇ ਸਰਗੁਣ ਮੇਰਾ ਨਿਸ਼ਾਂਨ, ਲੋਕਮਾਤ ਮਾਤ ਵਡਿਆਇਆ । ਸਰਗੁਣ ਕਹੇ ਨਿਰਗੁਣ ਮਿਹਰਵਾਨ, ਨਿਰਗੁਣ ਕਹੇ ਸਰਗੁਣ ਦੀਨਨ ਦਇਆ ਕਮਾਇਆ । ਸਰਗੁਣ ਕਹੇ ਨਿਰਗੁਣ ਬੇਪਹਿਚਾਨ, ਨਿਰਗੁਣ ਕਹੇ ਸਰਗੁਣ ਮੇਰਾ ਰੂਪ ਵਟਾਇਆ । ਸਰਗੁਣ ਕਹੇ ਮੇਰਾ ਭਗਵਾਨ, ਨਿਰਗੁਣ ਕਹੇ ਸਰਗੁਣ ਸਾਚਾ ਪੂਤ ਸੁਹਾਇਆ । ਸਰਗੁਣ ਕਹੇ ਨਿਰਗੁਣ ਦੇਵੇ ਦਾਨ, ਨਿਰਗੁਣ ਕਹੇ ਸਰਗੁਣ ਸਾਚੀ ਵੰਡ ਵੰਡਾਇਆ । ਸਚਖੰਡ ਕਰੇ ਖੇਲ ਮਹਾਨ, ਆਪਣਾ ਝਗੜਾ ਆਪ ਮੁਕਾਇਆ । ਆਪਣੀ ਇਛਿਆ ਕਰ ਪਰਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਅੰਗ ਵਖਾਇਆ । ਗੁਰ ਗੁਰ ਰੂਪ ਵਿਚ ਜਹਾਨ, ਲੋਕਮਾਤ ਫੇਰਾ ਪਾਇਆ । ਬਾਹਰੋਂ ਦਿਸੇ ਪੰਜ ਤੱਤ ਦੁਕਾਨ, ਸਰਗੁਣ ਰੂਪ ਨਜ਼ਰੀ ਆਇਆ । ਅੰਦਰ ਲੁਕਿਆ ਰਹੇ ਭਗਵਾਨ, ਨਿਰਗੁਣ ਆਪਣਾ ਮੁਖ ਛੁਪਾਇਆ । ਬਾਹਰੋਂ ਬੋਲੇ ਰਸਨਾ ਜਬਾਨ, ਬੱਤੀ ਦੰਦ ਜਗਤ ਵਖਾਇਆ । ਅੰਦਰੋਂ ਨਿਰਗੁਣ ਦੇਵੇ ਧੁਰ ਫ਼ਰਮਾਨ, ਸਚਖੰਡ ਨਿਵਾਸੀ ਆਪ ਸੁਣਾਇਆ । ਬਾਹਰੋਂ ਵੇਖਣ ਨੱਕ ਮੂੰਹ ਹੱਥ ਦੋ ਦੋ ਕਾਨ, ਅੰਦਰ ਬਿਨ ਰੰਗ ਰੂਪ ਰਿਹਾ ਸਮਾਇਆ । ਬਾਹਰੋਂ ਤੱਕਣ ਬਿਰਧ ਬਾਲ ਜਵਾਨ, ਅੰਦਰ ਨਿਰਗੁਣ ਬਿਰਧ ਬਾਲ ਰੂਪ ਨਾ ਕੋਇ ਵਟਾਇਆ । ਬਾਹਰੋਂ ਤੱਕਣ ਜੀਵ ਜਹਾਨ, ਜਗਤ ਨੇਤਰ ਵੇਖ ਵਖਾਇਆ । ਅੰਦਰੋਂ ਨਿਰਗੁਣ ਭਗਤਾਂ ਵਖਾਏ ਆਪਣਾ ਸਚ ਨਿਸ਼ਾਨ, ਸਤਿ ਸਤਿਵਾਦੀ ਦਇਆ ਕਮਾਇਆ । ਸਰਗੁਣ ਨਿਰਗੁਣ ਨਿਰਗੁਣ ਸਰਗੁਣ ਖੇਲ ਸ੍ਰੀ ਭਗਵਾਨ, ਗੁਰ ਗੁਰ ਬੰਧਨ ਏਕਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਟਿੱਕਾ ਆਪਣੇ ਮਸਤਕ ਇਕ ਲਗਾਇਆ ।

ਸਰਗੁਣ ਕਹੇ ਨਿਰਗੁਣ ਬੇਪਰਵਾਹ, ਬੇਅੰਤ ਭੇਵ ਨਾ ਆਇੰਦਾ । ਨਿਰਗੁਣ ਕਹੇ ਸਰਗੁਣ ਚਲਾਏ ਰਾਹ, ਲੋਕਮਾਤ ਰਾਹ ਵਖਾਇੰਦਾ । ਸਰਗੁਣ ਕਹੇ ਨਿਰਗੁਣ ਸ਼ਹਿਨਸ਼ਾਹ, ਨਿਰਗੁਣ ਕਹੇ ਸਰਗੁਣ ਜੀਵ ਜੰਤ ਰਈਯਤ ਹੰਢਾਇੰਦਾ । ਸਰਗੁਣ ਕਹੇ ਨਿਰਗੁਣ ਪਰਗਟਾਏ ਆਪਣਾ ਨਾਂ, ਨਿਰਗੁਣ ਕਹੇ ਸਰਗੁਣ ਰਸਨਾ ਜੇਹਵਾ ਸਰਬ ਜਪਾਇੰਦਾ । ਸਰਗੁਣ ਕਹੇ ਨਿਰਗੁਣ ਵਸੇ ਸਾਚੇ ਥਾਂ, ਨਿਰਗੁਣ ਕਹੇ ਸਰਗੁਣ ਮੇਰਾ ਬੰਕ ਸੁਹਾਇੰਦਾ ।

ਸਰਗੁਣ ਕਹੇ ਨਿਰਗੁਣ ਆਦਿ ਜੁਗਾਦਿ ਬੇਪਹਿਚਾਂ, ਨਿਰਗੁਣ ਕਹੇ ਸਰਗੁਣ ਮੇਰਾ ਰੂਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਆਪਣੇ ਰੰਗ ਰੰਗਾਇੰਦਾ । ਸਰਗੁਣ ਕਹੇ ਨਿਰਗੁਣ ਬੇਅੰਤ, ਨਿਰਗੁਣ ਕਹੇ ਸਰਗੁਣ ਸੰਤ ਰੂਪ ਵਟਾਈਆ । ਸਰਗੁਣ ਕਹੇ ਨਿਰਗੁਣ ਮੇਰਾ ਕੰਤ, ਨਿਰਗੁਣ ਕਹੇ ਸਰਗੁਣ ਬਣ ਸਵਾਣੀ ਸਾਚੀ ਸੇਵ ਕਮਾਈਆ । ਸਰਗੁਣ ਕਹੇ ਨਿਰਗੁਣ ਆਦਿ ਅੰਤ, ਨਿਰਗੁਣ ਕਹੇ ਸਰਗੁਣ ਜੁਗ ਜੁਗ ਵੇਸ ਵਟਾਈਆ । ਸਰਗੁਣ ਕਹੇ ਨਿਰਗੁਣ ਮੇਰਾ ਮਣੀਆ ਮੰਤ, ਨਿਰਗੁਣ ਕਹੇ ਸਰਗੁਣ ਮੇਰਾ ਨਾਉਂ ਸਲਾਹੀਆ । ਸਰਗੁਣ ਕਹੇ ਨਿਰਗੁਣ ਵਸੇ ਧਾਮ ਸੋਭਾਵੰਤ, ਨਿਰਗੁਣ ਕਹੇ ਸਰਗੁਣ ਮੇਰੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਕਰਾਈਆ । ਨਿਰਗੁਣ ਕਹੇ ਸਰਗੁਣ ਸੁਖਵੰਤ, ਸਰਗੁਣ ਕਹੇ ਨਿਰਗੁਣ ਹੱਥ ਵਡਿਆਈਆ । ਨਿਰਗੁਣ ਕਹੇ ਸਰਗੁਣ ਸੋਭਾਵੰਤ, ਸਰਗੁਣ ਕਹੇ ਨਿਰਗੁਣ ਸੱਚਾ ਮਾਹੀਆ । ਨਿਰਗੁਣ ਕਹੇ ਸਰਗੁਣ ਮਹਿਮਾ ਅਗਣਤ, ਸਰਗੁਣ ਕਹੇ ਨਿਰਗੁਣ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਛੁਪਾਈਆ । ਸਰਗੁਣ ਕਹੇ ਨਿਰਗੁਣ ਖੇਲ, ਨਿਰਗੁਣ ਕਹੇ ਸਰਗੁਣ ਮੇਲ ਮਿਲਾਇੰਦਾ । ਸਰਗੁਣ ਕਹੇ ਨਿਰਗੁਣ ਸੱਜਣ ਸੁਹੇਲ, ਨਿਰਗੁਣ ਕਹੇ ਸਰਗੁਣ ਸੰਗ ਰਖਾਇੰਦਾ । ਸਰਗੁਣ ਕਹੇ ਨਿਰਗੁਣ ਵਸੇ ਧਾਮ ਨਵੇਲ, ਨਿਰਗੁਣ ਕਹੇ ਸਰਗੁਣ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਆਪਣਾ ਵੇਸ ਵਖਾਇੰਦਾ । ਸਰਗੁਣ ਕਹੇ ਨਿਰਗੁਣ ਦਾਤਾਰ, ਨਿਰਗੁਣ ਕਹੇ ਸਰਗੁਣ ਹੋਏ ਸਹਾਈਆ । ਸਰਗੁਣ ਕਹੇ ਨਿਰਗੁਣ ਪਿਆਰ, ਨਿਰਗੁਣ ਕਹੇ ਬਿਨ ਸਰਗੁਣ ਪਿਆਰ ਮੇਰਾ ਰੂਪ ਨਜ਼ਰ ਕਿਸੇ ਨਾ ਆਈਆ । ਸਰਗੁਣ ਕਹੇ ਨਿਰਗੁਣ ਆਧਾਰ, ਨਿਰਗੁਣ ਕਹੇ ਬਿਨ ਸਰਗੁਣ ਟੇਕ ਨਾ ਕੋਇ ਰਖਾਈਆ । ਸਰਗੁਣ ਕਹੇ ਨਿਰਗੁਣ ਜੈਕਾਰ, ਨਿਰਗੁਣ ਕਹੇ ਬਿਨ ਸਰਗੁਣ ਜੈ ਜੈਕਾਰਾ ਢੋਲਾ ਨਾ ਕੋਇ ਸੁਣਾਈਆ । ਸਰਗੁਣ ਕਹੇ ਨਿਰਗੁਣ ਉਜਿਆਰ, ਨਿਰਗੁਣ ਕਹੇ ਸਰਗੁਣ ਕਰੇ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਸਰਗੁਣ ਕਹੇ ਨਿਰਗੁਣ ਸੁਖ, ਨਿਰਗੁਣ ਕਹੇ ਸੁਖ ਸਰਗੁਣ ਵਿਚ ਰਖਾਈਆ । ਸਰਗੁਣ ਕਹੇ ਨਿਰਗੁਣ ਉਜਲ ਮੁਖ, ਨਿਰਗੁਣ ਕਹੇ ਸਰਗੁਣ ਸਾਚੇ ਮੁਖ ਸਲਾਹੀਆ । ਸਰਗੁਣ ਕਹੇ ਨਿਰਗੁਣ ਕਦੀ ਨਾ ਆਇਆ ਕਿਸੇ ਕੁੱਖ, ਨਿਰਗੁਣ ਕਹੇ ਸਰਗੁਣ ਮੇਰੀ ਕੁੱਖ ਸੁਹਾਈਆ । ਸਰਗੁਣ ਕਹੇ ਨਿਰਗੁਣ ਨਾ ਮਾਨਸ ਨਾ ਕੋਈ ਮਾਨੁਖ, ਨਿਰਗੁਣ ਕਹੇ ਸਰਗੁਣ ਮੇਰਾ ਮਾਨਸ ਰੂਪ ਵਟਾਈਆ । ਸਰਗੁਣ ਕਹੇ ਨਿਰਗੁਣ ਨਾ ਤ੍ਰਿਸਨਾ ਨਾ ਕੋਇ ਭੁੱਖ, ਨਿਰਗੁਣ ਕਹੇ ਸਰਗੁਣ ਮਿਲਣ ਦੀ ਤ੍ਰਿਸਨਾ ਭੁੱਖ ਮੈਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਰਗੁਣ ਕਹੇ ਨਿਰਗੁਣ ਜਸ, ਨਿਰਗੁਣ ਕਹੇ ਸਰਗੁਣ ਜਸ ਮੇਰੀ ਵਡਿਆਈਆ । ਸਰਗੁਣ ਕਹੇ ਨਿਰਗੁਣ ਆਪਣੇ ਅੰਦਰ ਗਿਆ ਵਸ, ਨਿਰਗੁਣ ਕਹੇ ਮੈਂ ਸਰਗੁਣ ਅੰਦਰ ਡੇਰਾ ਲਾਈਆ । ਸਰਗੁਣ ਕਹੇ ਨਿਰਗੁਣ ਜੋਤ ਕਰੇ ਪਰਕਾਸ਼, ਨਿਰਗੁਣ ਕਹੇ ਸਰਗੁਣ ਅੰਦਰ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਆਪਣਾ ਭੇਵ ਚੁਕਾਈਆ । ਸਰਗੁਣ ਕਹੇ ਨਿਰਗੁਣ ਮਿਤ, ਨਿਰਗੁਣ ਕਹੇ ਸਰਗੁਣ ਮਿੱਤਰ ਪਿਆਰਿਆ ਹੱਥ ਵਡਿਆਈਆ । ਸਰਗੁਣ ਕਹੇ ਨਿਰਗੁਣ ਰਹੇ ਨਿਤ, ਨਿਰਗੁਣ

ਕਹੇ ਸਰਗੁਣ ਨਵਿਤ ਫੇਰਾ ਪਾਈਆ । ਸਰਗੁਣ ਕਹੇ ਨਿਰਗੁਣ ਕਰੇ ਹਿਤ, ਨਿਰਗੁਣ ਕਹੇ ਸਰਗੁਣ ਮਿਲ ਮਿਲ ਖ਼ੁਸ਼ੀ ਮਨਾਈਆ । ਸਰਗੁਣ ਕਹੇ ਨਿਰਗੁਣ ਅਬਿਨਾਸ਼ੀ ਅਚੁੱਤ, ਨਿਰਗੁਣ ਕਹੇ ਸਰਗੁਣ ਚੇਤਨ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਏਕਾ ਘਰ ਘਰ ਮੰਦਰ ਦਏ ਵਡਿਆਈਆ । ਸਰਗੁਣ ਕਹੇ ਨਿਰਗੁਣ ਬੰਕ, ਨਿਰਗੁਣ ਕਹੇ ਸਰਗੁਣ ਬੰਕ ਦੁਆਰੀ ਸੋਭਾ ਪਾਇੰਦਾ । ਸਰਗੁਣ ਕਹੇ ਨਿਰਗੁਣ ਡੰਕ, ਨਿਰਗੁਣ ਕਹੇ ਸਰਗੁਣ ਮੇਰਾ ਨਾਦ ਸੁਣਾਇੰਦਾ । ਸਰਗੁਣ ਕਹੇ ਨਿਰਗੁਣ ਮਹਿਮਾ ਅਗਣਤ, ਨਿਰਗੁਣ ਕਹੇ ਸਰਗੁਣ ਮੇਰਾ ਭੇਵ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਹਰਿ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਸਰਗੁਣ ਕਹੇ ਨਿਰਗੁਣ ਓਟ, ਨਿਰਗੁਣ ਕਹੇ ਸਰਗੁਣ ਮਾਣ ਵਡਿਆਈਆ । ਸਰਗੁਣ ਕਹੇ ਨਿਰਗੁਣ ਭੰਡਾਰ ਅਤੋਟ, ਨਿਰਗੁਣ ਕਹੇ ਸਰਗੁਣ ਹੱਥ ਫੜਾਈਆ । ਸਰਗੁਣ ਕਹੇ ਨਿਰਗੁਣ ਵਸੇ ਸਾਚੇ ਕਿਲਾ ਕੋਟ, ਨਿਰਗੁਣ ਕਹੇ ਸਰਗੁਣ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰ ਆਪ ਚਲਾਈਆ ।

## ★ ੧੯ ਮਾਘ ੨੦੧੮ ਬਿਕ੍ਰਮੀ ਇੰਦਰ ਰਾਮ ਦੇ ਗ੍ਰਹਿ ਧੰਗਾਲੀ ਜੰਮੂ ★



ਸਰਗੁਣ ਕਹੇ ਨਿਰਗੁਣ ਸਹਾਰਾ, ਨਿਰਗੁਣ ਕਹੇ ਬਿਨ ਸਰਗੁਣ ਮੇਰਾ ਰੂਪ ਨਾ ਕੋਇ ਜਣਾਈਆ । ਸਰਗੁਣ ਕਹੇ ਨਿਰਗੁਣ ਸ਼ਹਿਨਸ਼ਾਹ ਸੱਚੀ ਸਰਕਾਰਾ, ਨਿਰਗੁਣ ਕਹੇ ਸਰਗੁਣ ਸੱਚੀ ਕਾਰ ਕਮਾਈਆ । ਸਰਗੁਣ ਕਹੇ ਨਿਰਗੁਣ ਹੁਕਮ ਵਰਤਾਰਾ, ਨਿਰਗੁਣ ਕਹੇ ਸਰਗੁਣ ਚਲੇ ਸਚ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪ ਰਖਾਈਆ । ਸਰਗੁਣ ਕਹੇ ਨਿਰਗੁਣ ਪੁਰਖ ਅਕਾਲ, ਨਿਰਗੁਣ ਕਹੇ ਸਰਗੁਣ ਜੋਤ ਰੁਸ਼ਨਾਈਆ । ਸਰਗੁਣ ਕਹੇ ਨਿਰਗੁਣ ਦੀਨ ਦਿਆਲ, ਨਿਰਗੁਣ ਕਹੇ ਸਰਗੁਣ ਸਾਚਾ ਲਾਲ ਨਾਉਂ ਰਖਾਈਆ । ਸਰਗੁਣ ਕਹੇ ਨਿਰਗੁਣ ਚਲੇ ਅਵੱਲੜੀ ਚਾਲ, ਨਿਰਗੁਣ ਕਹੇ ਸਰਗੁਣ ਚਾਲ ਨਿਰਾਲੀ ਇਕ ਜਣਾਈਆ । ਸਰਗੁਣ ਕਹੇ ਨਿਰਗੁਣ ਨਾ ਖਾਏ ਕਾਲ, ਨਿਰਗੁਣ ਕਹੇ ਸਰਗੁਣ ਤੇਰੇ ਕਾਲ ਚਰਨ ਸਰਨ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਸਰਗੁਣ ਕਹੇ ਨਿਰਗੁਣ ਨੂਰਾਨੀ ਜੋਤ, ਨਿਰਗੁਣ ਕਹੇ ਬਿਨ ਸਰਗੁਣ ਮੇਰੀ ਜੋਤ ਕੰਮ ਕਿਸੇ ਨਾ ਆਈਆ । ਸਰਗੁਣ ਕਹੇ ਨਿਰਗੁਣ ਵਸੇ ਸਾਚੇ ਕੋਟ, ਨਿਰਗੁਣ ਕਹੇ ਬਿਨ ਸਰਗੁਣ ਲੋਕਮਾਤ ਕਿਲਾ ਕੋਟ ਨਜ਼ਰ ਕੋਇ ਨਾ ਆਈਆ । ਸਰਗੁਣ ਕਹੇ ਨਿਰਗੁਣ ਉਤੇ ਮੈਂ ਹੋਇਆ ਮੋਹਤ, ਨਿਰਗੁਣ ਕਹੇ ਮੈਂ ਸਰਗੁਣ ਪਿਛੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਸ ਅਵੱਲੜਾ ਆਪ ਕਰਾਈਆ । ਸਰਗੁਣ ਕਹੇ ਨਿਰਗੁਣ ਅਨੁਭਵ ਪਰਕਾਸ਼, ਨਿਰਗੁਣ ਕਹੇ ਸਰਗੁਣ ਨੂਰ ਨੂਰ ਸਮਾਇਆ । ਸਰਗੁਣ ਕਹੇ ਨਿਰਗੁਣ ਸ਼ਾਹੋ ਸ਼ਾਬਾਸ਼, ਨਿਰਗੁਣ ਕਹੇ ਸਰਗੁਣ ਸ਼ਹਿਨਸ਼ਾਹ ਲੋਕਮਾਤ ਵਡਿਆਇਆ । ਸਰਗੁਣ ਕਹੇ ਮੈਂ ਨਿਰਗੁਣ ਦਾਸ, ਨਿਰਗੁਣ ਕਹੇ ਮੈਂ ਸਰਗੁਣ ਬਣ ਦਾਸੀ ਦਾਸ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਨਾ ਕਿਸੇ ਜਣਾਇਆ । ਸਰਗੁਣ ਕਹੇ ਨਿਰਗੁਣ ਅਛੱਲ,

੫੩੭ ੧੧

ਨਿਰਗੁਣ ਕਹੇ ਅਛੱਲ ਸਰਗੁਣ ਵਿਚ ਸਮਾਇਆ । ਸਰਗੁਣ ਕਹੇ ਨਿਰਗੁਣ ਬੀਰ ਬਲ, ਨਿਰਗੁਣ ਕਹੇ ਬਲ ਸਰਗੁਣ ਅੰਦਰ ਧਰਾਇਆ । ਸਰਗੁਣ ਕਹੇ ਨਿਰਗੁਣ ਅਟੱਲ, ਨਿਰਗੁਣ ਕਹੇ ਅਟੱਲ ਮੁਨਾਰਾ ਸਰਗੁਣ ਮਾਤ ਵਡਿਆਇਆ । ਸਰਗੁਣ ਕਹੇ ਨਿਰਗੁਣ ਜੋਤ ਰਿਹਾ ਰਲ, ਨਿਰਗੁਣ ਸਰਗੁਣ ਤੇਰੀ ਜੋਤੀ ਜੋਤ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਫੇਰਾ ਆਪੇ ਪਾਇਆ । ਸਰਗੁਣ ਕਹੇ ਨਿਰਗੁਣ ਗੁਣ ਨਿਧਾਨ, ਨਿਰਗੁਣ ਕਹੇ ਬਿਨ ਸਰਗੁਣ ਮੇਰਾ ਗੁਣ ਕੰਮ ਕਿਸੇ ਨਾ ਆਈਆ । ਸਰਗੁਣ ਕਹੇ ਨਿਰਗੁਣ ਸ਼ਾਹ ਸੁਲਤਾਨ, ਨਿਰਗੁਣ ਕਹੇ ਬਿਨ ਸਰਗੁਣ ਮੇਰੀ ਚਲੇ ਨਾ ਕੋਈ ਸ਼ਹਿਨਸ਼ਾਹੀਆ । ਸਰਗੁਣ ਕਹੇ ਨਿਰਗੁਣ ਇਕ ਸਤਿ ਨਿਸ਼ਾਨ, ਨਿਰਗੁਣ ਕਹੇ ਬਿਨ ਸਰਗੁਣ ਮੇਰਾ ਸਤਿ ਨਿਸ਼ਾਨਾ ਨਾ ਕੋਇ ਉਠਾਈਆ । ਸਰਗੁਣ ਕਹੇ ਨਿਰਗੁਣ ਨੌਜਵਾਨ, ਨਿਰਗੁਣ ਕਹੇ ਬਿਨ ਸਰਗੁਣ ਮੇਰਾ ਜੋਬਨ ਨਾ ਕੋਇ ਹੰਢਾਈਆ । ਸਰਗੁਣ ਕਹੇ ਨਿਰਗੁਣ ਵਸੇ ਸਚਖੰਡ ਮਕਾਨ, ਨਿਰਗੁਣ ਕਹੇ ਬਿਨ ਸਰਗੁਣ ਸਚਖੰਡ ਦੁਆਰਾ ਕੰਮ ਕਿਸੇ ਨਾ ਆਈਆ । ਸਰਗੁਣ ਕਹੇ ਨਿਰਗੁਣ ਈਮਾਨ, ਨਿਰਗੁਣ ਕਹੇ ਬਿਨ ਸਰਗੁਣ ਸ਼ਰਅ ਨਾ ਕੋਇ ਚਲਾਈਆ । ਸਰਗੁਣ ਕਹੇ ਨਿਰਗੁਣ ਸੂਰਬੀਰ ਬਲਵਾਨ, ਨਿਰਗੁਣ ਕਹੇ ਬਿਨ ਸਰਗੁਣ ਮੇਰਾ ਬਲ ਨਾ ਕੋਇ ਅਜਮਾਈਆ । ਸਰਗੁਣ ਕਹੇ ਨਿਰਗੁਣ ਇਕੋ ਆਣ, ਨਿਰਗੁਣ ਕਹੇ ਬਿਨ ਸਰਗੁਣ ਮੇਰਾ ਹੁਕਮ ਕੀਮਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖੇਲ ਖੇਲ ਆਪਣੀ ਖ਼ੁਸ਼ੀ ਮਨਾਈਆ । ਸਰਗੁਣ ਕਹੇ ਨਿਰਗੁਣ ਸੂਰਾ ਸਰਬੰਗ, ਨਿਰਗੁਣ ਕਹੇ ਸਰਗੁਣ ਸੂਰਬੀਰ ਪਰਗਟਾਇਆ । ਸਰਗੁਣ ਕਹੇ ਨਿਰਗੁਣ ਮਰਦੰਗ, ਨਿਰਗੁਣ ਕਹੇ ਮਰਦੰਗ ਸਰਗੁਣ ਹੱਥ ਫੜਾਇਆ । ਸਰਗੁਣ ਕਹੇ ਨਿਰਗੁਣ ਬਿਨ ਰੂਪ ਰੰਗ, ਨਿਰਗੁਣ ਕਹੇ ਆਪਣਾ ਰੂਪ ਰੰਗ ਸਰਗੁਣ ਮਾਤ ਧਰਾਇਆ । ਸਰਗੁਣ ਕਹੇ ਨਿਰਗੁਣ ਸੋਹੇ ਸਚ ਪਲੰਘ, ਨਿਰਗੁਣ ਕਹੇ ਸਚ ਪਲੰਘ ਸਰਗੁਣ ਅੰਦਰ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ ਨਿਰਗੁਣ ਸਰਗੁਣ ਆਪਣੀ ਵੰਡ ਵੰਡਾਇਆ । ਸਰਗੁਣ ਕਹੇ ਨਿਰਗੁਣ ਨਿਰੰਕਾਰ, ਨਿਰਗੁਣ ਕਹੇ ਸਰਗੁਣ ਵਿਹਾਰ ਚਲਾਈਆ । ਸਰਗੁਣ ਕਹੇ ਨਿਰਗੁਣ ਅਗੰਮ ਅਪਾਰ, ਨਿਰਗੁਣ ਕਹੇ ਸਰਗੁਣ ਅਗੰਮੜੀ ਧਾਰ ਵਖਾਈਆ । ਸਰਗੁਣ ਕਹੇ ਨਿਰਗੁਣ ਅਲੱਖ ਜੈਕਾਰ, ਨਿਰਗੁਣ ਕਹੇ ਸਰਗੁਣ ਜੈ ਜੈ ਮੇਰੀ ਵਡਿਆਈਆ । ਸਰਗੁਣ ਕਹੇ ਨਿਰਗੁਣ ਕਿਸੇ ਨਾ ਆਏ ਵਿਚ ਵਿਚਾਰ, ਨਿਰਗੁਣ ਕਹੇ ਸਰਗੁਣ ਅੰਦਰ ਵੜ ਵੜ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਭੇਵ ਰਖਾਈਆ ।

★ ੧੯ ਮਾਘ ੨੦੧੮ ਬਿਕ੍ਰਮੀ ਵਕੀਲ ਸਿੰਘ ਦੇ ਗ੍ਰਹਿ ਧੰਗਾਲੀ ਜੰਮੂ ★

ਸਰਗੁਣ ਕਹੇ ਨਿਰਗੁਣ ਵਸੇ ਉਹਲੇ, ਨਿਰਗੁਣ ਕਹੇ ਸਰਗੁਣ ਆਪਣਾ ਭੇਵ ਜਣਾਈਆ । ਸਰਗੁਣ ਕਹੇ ਨਿਰਗੁਣ ਮੇਰੇ ਅੰਤਰ ਬੋਲੇ, ਨਿਰਗੁਣ ਕਹੇ ਬਿਨ ਸਰਗੁਣ ਮੇਰੀ ਧੁਨ ਨਾ ਕੋਇ ਸੁਣਾਈਆ । ਸਰਗੁਣ ਕਹੇ ਨਿਰਗੁਣ ਰਹੇ ਸਦਾ ਅਡੋਲੇ, ਨਿਰਗੁਣ ਕਹੇ ਸਰਗੁਣ ਅਡੋਲ ਰੂਪ

ਵਖਾਈਆ । ਸਰਗੁਣ ਕਹੇ ਨਿਰਗੁਣ ਮੇਰਾ ਪੜਦਾ ਖੋਲ੍ਹੇ, ਨਿਰਗੁਣ ਕਹੇ ਸਰਗੁਣ ਸੇਵਾ ਕਰਨੀ ਮੇਰੀ ਵਡਿਆਈਆ । ਸਰਗੁਣ ਕਹੇ ਨਿਰਗੁਣ ਸਾਚਾ ਤੋਲ ਤੋਲੇ, ਨਿਰਗੁਣ ਕਹੇ ਸਰਗੁਣ ਕੰਡਾ ਹੱਥ ਫੜਾਈਆ । ਸਰਗੁਣ ਕਹੇ ਨਿਰਗੁਣ ਸੁਣਾਏ ਅਗੰਮੀ ਢੋਲੇ, ਨਿਰਗੁਣ ਕਹੇ ਬਿਨ ਸਰਗੁਣ ਮੇਰੇ ਗੀਤ ਨਾ ਕੋਇ ਸੁਣਾਈਆ । ਸਰਗੁਣ ਕਹੇ ਨਿਰਗੁਣ ਮੇਰੇ ਅੰਤਰ ਮੌਲੇ, ਨਿਰਗੁਣ ਕਹੇ ਸਰਗੁਣ ਫਲ ਫੁਲਵਾੜੀ ਇਕ ਲਗਾਈਆ । ਸਰਗੁਣ ਕਹੇ ਨਿਰਗੁਣ ਅੰਮ੍ਰਿਤ ਭਰਿਆ ਕੌਲੇ, ਨਿਰਗੁਣ ਕਹੇ ਸਰਗੁਣ ਹਰੀ ਸਿੰਚ ਕਿਆਰੀ ਆਪ ਕਰਾਈਆ । ਸਰਗੁਣ ਕਹੇ ਨਿਰਗੁਣ ਦੇਵੇ ਮਾਣ ਉਪਰ ਧੌਲੇ, ਨਿਰਗੁਣ ਕਹੇ ਸਰਗੁਣ ਧੌਲ ਉਪਰ ਮੇਰੀ ਕਰੇ ਰੁਸ਼ਨਾਈਆ । ਸਰਗੁਣ ਕਹੇ ਨਿਰਗੁਣ ਨੂਰ ਅਵਲੇ, ਨਿਰਗੁਣ ਕਹੇ ਸਰਗੁਣ ਮੇਰਾ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰ ਨੂਰ ਵਿਚ ਧਰਾਈਆ । ਸਰਗੁਣ ਕਹੇ ਨਿਰਗੁਣ ਪਰਵਰਦਿਗਾਰ, ਏਕਾ ਨੂਰ ਸਮਾਇਆ । ਨਿਰਗੁਣ ਕਹੇ ਸਰਗੁਣ ਮੇਰਾ ਯਾਰ, ਸਾਚੀ ਯਾਰੀ ਆਪ ਹੰਢਾਇਆ । ਸਰਗੁਣ ਕਹੇ ਨਿਰਗੁਣ ਵਸੇ ਧਾਮ ਨਿਆਰ, ਨਿਰਗੁਣ ਕਹੇ ਸਰਗੁਣ ਖੇੜਾ ਆਪ ਵਸਾਇਆ । ਸਰਗੁਣ ਕਹੇ ਨਿਰਗੁਣ ਹੱਕ ਬੋਲੇ ਜੈਕਾਰ, ਨਿਰਗੁਣ ਕਹੇ ਸਰਗੁਣ ਜਗਤ ਰਿਹਾ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਇਆ । ਸਰਗੁਣ ਕਹੇ ਨਿਰਗੁਣ ਬੇਐਬ, ਨਿਰਗੁਣ ਕਹੇ ਸਰਗੁਣ ਐਬ ਨਾ ਕੋਇ ਜਣਾਈਆ । ਸਰਗੁਣ ਕਹੇ ਨਿਰਗੁਣ ਮੇਰਾ ਸਾਹਿਬ, ਨਿਰਗੁਣ ਕਹੇ ਸਰਗੁਣ ਮੇਰਾ ਸਾਬਤ ਰੂਪ ਵਖਾਈਆ । ਸਰਗੁਣ ਕਹੇ ਨਿਰਗੁਣ ਗਾਇਬ, ਨਿਰਗੁਣ ਕਹੇ ਸਰਗੁਣ ਜ਼ਾਹਿਰ ਜ਼ਹੂਰ ਨੂਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪ ਵਖਾਈਆ । ਸਰਗੁਣ ਕਹੇ ਨਿਰਗੁਣ ਜਲਾਲ, ਨਿਰਗੁਣ ਕਹੇ ਸਰਗੁਣ ਜਲਵਾ ਮਾਤ ਪਰਗਟਾਇੰਦਾ । ਸਰਗੁਣ ਕਹੇ ਨਿਰਗੁਣ ਦਲਾਲ, ਨਿਰਗੁਣ ਕਹੇ ਸਰਗੁਣ ਵਿਚੋਲਾ ਖੇਲ ਕਰਾਇੰਦਾ । ਸਰਗੁਣ ਕਹੇ ਨਿਰਗੁਣ ਵਸੇ ਸੱਚੀ ਧਰਮਸਾਲ, ਨਿਰਗੁਣ ਕਹੇ ਸੱਚੀ ਧਰਮਸਾਲ ਸਰਗੁਣ ਗੜ੍ਹ ਬਣਾਇੰਦਾ । ਸਰਗੁਣ ਕਹੇ ਨਿਰਗੁਣ ਵਜਾਏ ਤਾਲ, ਨਿਰਗੁਣ ਕਹੇ ਤਾਲ ਤਲਵਾੜਾ ਸਰਗੁਣ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਰਮ ਆਪ ਚੁਕਾਇੰਦਾ । ਸਰਗੁਣ ਕਹੇ ਨਿਰਗੁਣ ਜੋਤੀ ਜਾਤਾ, ਨਿਰਗੁਣ ਕਹੇ ਸਰਗੁਣ ਜੋਤ ਜੋਤ ਰੁਸ਼ਨਾਈਆ । ਸਰਗੁਣ ਕਹੇ ਨਿਰਗੁਣ ਪੁਰਖ ਬਿਧਾਤਾ, ਨਿਰਗੁਣ ਕਹੇ ਸਰਗੁਣ ਪੁਰਖ ਰੂਪ ਵਟਾਈਆ । ਸਰਗੁਣ ਕਹੇ ਨਿਰਗੁਣ ਨਾ ਕਿਸੇ ਪਛਾਤਾ, ਨਿਰਗੁਣ ਕਹੇ ਸਰਗੁਣ ਗੁਰਮੁਖ ਆਪਣੇ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਰਗੁਣ ਕਹੇ ਨਿਰਗੁਣ ਸੰਜੋਗ, ਨਿਰਗੁਣ ਕਹੇ ਸਰਗੁਣ ਸੰਗ ਨਿਭਾਇਆ । ਸਰਗੁਣ ਕਹੇ ਨਿਰਗੁਣ ਦਰਸ ਅਮੋਘ, ਨਿਰਗੁਣ ਕਹੇ ਸਰਗੁਣ ਦਰਸੀ ਦਰਸ ਦੇ ਦੇ ਤ੍ਰਿਪਤ ਬੁਝਾਇਆ । ਸਰਗੁਣ ਕਹੇ ਨਿਰਗੁਣ ਵਸੇ ਚੌਦਾਂ ਲੋਕ, ਨਿਰਗੁਣ ਕਹੇ ਸਰਗੁਣ ਕੋਟਨ ਕੋਟ ਲੋਕ ਚਰਨਾਂ ਹੇਠ ਦਬਾਇਆ । ਸਰਗੁਣ ਕਹੇ ਨਿਰਗੁਣ ਸੁਣਾਏ ਸਲੋਕ, ਨਿਰਗੁਣ ਕਹੇ ਕੋਟੀ ਕੋਟ ਸਲੋਕ ਸਰਗੁਣ ਰਹੇ ਸਾਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇਆ । ਸਰਗੁਣ ਕਹੇ ਨਿਰਗੁਣ ਸਤਿਗੁਰ, ਨਿਰਗੁਣ ਕਹੇ ਸਰਗੁਣ ਗੁਰ ਗੁਰ ਰੂਪ ਵਖਾਇੰਦਾ । ਸਰਗੁਣ ਕਹੇ ਨਿਰਗੁਣ ਲੇਖਾ ਜਾਣੇ ਧੁਰ, ਨਿਰਗੁਣ ਕਹੇ ਸਰਗੁਣ ਧੁਰ ਮਸਤਕ ਲੇਖ ਸਮਝਾਇੰਦਾ । ਸਰਗੁਣ ਕਹੇ

ਨਿਰਗੁਣ ਚੜ੍ਹੇ ਸਾਚੇ ਘੋੜ, ਨਿਰਗੁਣ ਕਹੇ ਸਰਗੁਣ ਤੇਰਾ ਪਰੇਮ ਘੋੜਾ ਇਕ ਵਖਾਇੰਦਾ । ਸਰਗੁਣ ਕਹੇ ਨਿਰਗੁਣ ਜਾਏ ਬੌਹੜ, ਨਿਰਗੁਣ ਕਹੇ ਸਰਗੁਣ ਤੇਰੀ ਜੁਗ ਜੁਗ ਸੇਵ ਕਮਾਇੰਦਾ । ਸਰਗੁਣ ਕਹੇ ਨਿਰਗੁਣ ਆਦਿ ਜੁਗਾਦਿ ਰਿਹਾ ਦੌੜ, ਨਿਰਗੁਣ ਕਹੇ ਸਰਗੁਣ ਸਦਾ ਸਦਾ ਆਪਣੀ ਗੋਦ ਬਹਾਇੰਦਾ । ਸਰਗੁਣ ਕਹੇ ਨਿਰਗੁਣ ਬੁਝਾਏ ਔੜ, ਨਿਰਗੁਣ ਕਹੇ ਸਰਗੁਣ ਅੰਮ੍ਰਿਤ ਮੇਘ ਬਰਸਾਇੰਦਾ । ਸਰਗੁਣ ਕਹੇ ਨਿਰਗੁਣ ਦੋ ਜਹਾਨਾਂ ਲਾਏ ਪੌੜ, ਨਿਰਗੁਣ ਕਹੇ ਸਰਗੁਣ ਫੜ ਬਾਂਹੋਂ ਉਪਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਇਕੇ ਘਰ, ਘਰ ਘਰ ਵਿਚ ਵੇਖ ਵਖਾਇੰਦਾ । ਸਰਗੁਣ ਕਹੇ ਨਿਰਗੁਣ ਅਮੀਰ, ਨਿਰਗੁਣ ਕਹੇ ਸਰਗੁਣ ਉਮਰਾਓ ਉਪਜਾਈਆ । ਸਰਗੁਣ ਕਹੇ ਨਿਰਗੁਣ ਪੀਰੇ ਪੀਰ, ਨਿਰਗੁਣ ਕਹੇ ਸਰਗੁਣ ਪੀਰੀ ਤੇਰੇ ਹੱਥ ਫੜਾਈਆ । ਸਰਗੁਣ ਕਹੇ ਨਿਰਗੁਣ ਮਾਰੇ ਜ਼ੰਜੀਰ, ਨਿਰਗੁਣ ਕਹੇ ਸਰਗੁਣ ਜਗਤ ਜ਼ੰਜੀਰ ਤੇਰੀ ਵਸਤ ਵਖਾਈਆ । ਨਿਰਗੁਣ ਸਰਗੁਣ ਆਦਿ ਅੰਤ ਜੁਗਾਂ ਜੁਗੰਤ ਖੇਲ ਅਖ਼ੀਰ, ਆਖਰ ਆਪਣੀ ਖੇਲ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਚ ਨਿਸ਼ਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੋ ਜਹਾਨ ਰਿਹਾ ਝੁਲਾਈਆ ।

### ★ ੧੬ ਮਾਘ ੨੦੧੮ ਬਿਕ੍ਰਮੀ ਧੰਗਾਲੀ ਲਛਮਣ ਸਿੰਘ ਦੇ ਗ੍ਰਿਹਿ ਜੰਮੂ ★

ਸਰਗੁਣ ਕਹੇ ਨਿਰਗੁਣ ਕਾਰ, ਨਿਰਗੁਣ ਤੇਰਾ ਭੇਵ ਕੋਇ ਨਾ ਪਾਇੰਦਾ । ਸਰਗੁਣ ਕਹੇ ਨਿਰਗੁਣ ਤੇਰਾ ਨੂਰ ਉਜਿਆਰ, ਨੂਰ ਨਜ਼ਰ ਕਿਸੇ ਨਾ ਆਇੰਦਾ । ਸਰਗੁਣ ਕਹੇ ਨਿਰਗੁਣ ਤੇਰਾ ਸਚਖੰਡ ਦੁਆਰ, ਅੰਦਰ ਵੜ ਦਰਸ ਕੋਇ ਪਾਇੰਦਾ । ਸਰਗੁਣ ਕਹੇ ਨਿਰਗੁਣ ਤੇਰਾ ਵਡ ਭੰਡਾਰ, ਵਡ ਭੰਡਾਰੀ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਸਰਗੁਣ ਕਹੇ ਤੇਰਾ ਭੇਵ ਨਿਆਰਾ, ਅਭੇਦ ਤੇਰੀ ਵਡਿਆਈਆ । ਸਰਗੁਣ ਕਹੇ ਨਿਰਗੁਣ ਤੂੰ ਅਗੰਮ ਠਠਿਆਰਾ, ਘੜਨ ਭੰਨਣਹਾਰ ਅਖਵਾਈਆ । ਸਰਗੁਣ ਕਹੇ ਨਿਰਗੁਣ ਤੇਰਾ ਸਚ ਵਿਹਾਰਾ, ਤੂੰ ਸਾਚੀ ਸੇਵ ਕਮਾਈਆ । ਸਰਗੁਣ ਕਹੇ ਨਿਰਗੁਣ ਵਿਸ਼ਨ ਬ੍ਰਹਮਾ ਸ਼ਿਵ ਦਏਂ ਅਧਾਰਾ, ਆਪਣਾ ਬੰਸ ਸੁਹਾਈਆ । ਸਰਗੁਣ ਕਹੇ ਨਿਰਗੁਣ ਤੂੰ ਸਤਿ ਵਰਤਾਰਾ, ਰਜੋ ਤਮੋ ਸਤੋ ਆਪ ਵਰਤਾਈਆ । ਸਰਗੁਣ ਕਹੇ ਨਿਰਗੁਣ ਤੇਰਾ ਅਖਾੜਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਤੱਤਵ ਤੱਤ ਨਾਚ ਕਰਾਈਆ । ਸਰਗੁਣ ਕਹੇ ਨਿਰਗੁਣ ਤੇਰਾ ਪਸਾਰਾ, ਲੱਖ ਚੁਰਾਸੀ ਬਣਤ ਬਣਾਈਆ । ਸਰਗੁਣ ਕਹੇ ਨਿਰਗੁਣ ਤੇਰਾ ਜੈਕਾਰਾ, ਚਾਰੇ ਬਾਣੀ ਦਏ ਦੁਹਾਈਆ । ਸਰਗੁਣ ਕਹੇ ਨਿਰਗੁਣ ਤੇਰੀ ਸਿਤਾਰਾ, ਚਾਰੇ ਖਾਣੀ ਤੰਦ ਰਖਾਈਆ । ਸਰਗੁਣ ਕਹੇ ਨਿਰਗੁਣ ਤੇਰਾ ਵਰਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪੇ ਪਾਈਆ । ਸਰਗੁਣ ਕਹੇ ਨਿਰਗੁਣ ਤੇਰਾ ਨੂਰ, ਨੂਰੋ ਨੂਰ ਸਮਾਇੰਦਾ । ਸਰਗੁਣ ਕਹੇ ਨਿਰਗੁਣ ਸਰਬ ਕਲਾ ਭਰਪੂਰ, ਬੇਅੰਤ ਨਾਉਂ ਧਰਾਇੰਦਾ । ਸਰਗੁਣ ਕਹੇ ਨਿਰਗੁਣ ਆਸਾ ਮਨਸਾ ਪੂਰ, ਨਿਰਾਸ਼ਾ ਰੂਪ ਨਾ ਕੋਇ ਜਣਾਇੰਦਾ । ਸਰਗੁਣ ਕਹੇ ਨਿਰਗੁਣ ਤੇਰਾ ਆਦਿ ਜੁਗਾਦਿ ਸਤਿ ਸਰੂਪ, ਸਚ ਖੁਮਾਰੀ ਇਕ ਰਖਾਇੰਦਾ । ਸਰਗੁਣ ਕਹੇ ਨਿਰਗੁਣ ਤੂੰ ਆਦਿ ਜੁਗਾਦਿ ਹਜ਼ੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਸਰਗੁਣ

ਕਹੇ ਨਿਰਗੁਣ ਮੀਤ, ਮਿੱਤਰ ਪਿਆਰੇ ਸੱਚੇ ਮਾਹੀਆ । ਸਰਗੁਣ ਕਹੇ ਨਿਰਗੁਣ ਅਤੀਤ, ਤ੍ਰੈਗੁਣ ਅਤੀਤਾ ਆਸਣ ਲਾਈਆ । ਸਰਗੁਣ ਕਹੇ ਨਿਰਗੁਣ ਅਨਡੀਠ, ਅਨਡਿਠੜਾ ਧਾਮ ਸੁਹਾਈਆ । ਸਰਗੁਣ ਕਹੇ ਨਿਰਗੁਣ ਸੁਣਾਏ ਗੀਤ, ਅੱਖਰ ਅੱਖਰ ਕਰ ਪੜ੍ਹਾਈਆ । ਸਰਗੁਣ ਕਹੇ ਨਿਰਗੁਣ ਠਾਂਡਾ ਸੀਤ, ਅਗਨੀ ਤੱਤ ਨਾ ਕੋਇ ਰਖਾਈਆ । ਸਰਗੁਣ ਕਹੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਸਰਗੁਣ ਕਹੇ ਨਿਰਗੁਣ ਸੱਚ, ਘਰ ਸਾਚੇ ਸੋਭਾ ਪਾਇੰਦਾ । ਸਰਗੁਣ ਕਹੇ ਨਿਰਗੁਣ ਆਪਣੇ ਅੰਦਰ ਗਿਆ ਰਚ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਸਰਗੁਣ ਕਹੇ ਨਿਰਗੁਣ ਜੋਤੀ ਜੋਤ ਰਿਹਾ ਮੱਚ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਸਰਗੁਣ ਕਹੇ ਨਿਰਗੁਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਸਰਗੁਣ ਕਹੇ ਨਿਰਗੁਣ ਨਿਰੰਕਾਰ, ਨਿਰਾਕਾਰ ਸਮਾਈਆ । ਸਰਗੁਣ ਕਹੇ ਨਿਰਗੁਣ ਦਾਤਾਰ, ਦਾਤਾ ਦਾਨੀ ਵਡ ਵਡਿਆਈਆ । ਸਰਗੁਣ ਕਹੇ ਨਿਰਗੁਣ ਭੰਡਾਰ, ਬਣ ਭੰਡਾਰੀ ਆਪ ਵਰਤਾਈਆ । ਸਰਗੁਣ ਕਹੇ ਨਿਰਗੁਣ ਪਸਾਰ, ਨਿਰਗੁਣ ਵੇਖੇ ਚਾਈਂ ਚਾਈਂਆ । ਸਰਗੁਣ ਕਹੇ ਨਿਰਗੁਣ ਜੀਵ ਜੰਤ ਆਧਾਰ, ਘਟ ਘਟ ਰਿਹਾ ਸਮਾਈਆ । ਸਰਗੁਣ ਕਹੇ ਨਿਰਗੁਣ ਨਾਦ ਸ਼ਬਦ ਧੁਨਕਾਰ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਸਰਗੁਣ ਕਹੇ ਨਿਰਗੁਣ ਇਛਿਆ ਵੇਦ ਚਾਰ, ਸ਼ਾਸਤਰ ਸਿਮਰਤ ਆਪ ਸਾਲਾਹੀਆ । ਸਰਗੁਣ ਕਹੇ ਨਿਰਗੁਣ ਪਰਾਣ ਪਰਾਣੀ ਦਏ ਆਧਾਰ, ਅੱਠ ਦਸ ਮੇਲ ਮਿਲਾਈਆ । ਸਰਗੁਣ ਕਹੇ ਨਿਰਗੁਣ ਸ਼ਬਦ ਨਾਦ ਗਿਆਨ, ਗਿਆਤਾ ਗੀਤਾ ਇਕ ਪੜ੍ਹਾਈਆ । ਸਰਗੁਣ ਕਹੇ ਨਿਰਗੁਣ ਈਮਾਨ, ਅੰਜ਼ੀਲ ਕੁਰਾਨ ਰਿਹਾ ਸੁਣਾਈਆ । ਸਰਗੁਣ ਕਹੇ ਨਾਨਕ ਨਾਮ ਨਿਸ਼ਾਨ, ਨਾਮ ਸਤਿ ਸਤਿ ਪਰਗਟਾਈਆ । ਸਰਗੁਣ ਕਹੇ ਨਿਰਗੁਣ ਨਿਸ਼ਾਨ, ਗੋਬਿੰਦ ਸੂਰਾ ਰਿਹਾ ਝੁਲਾਈਆ । ਸਰਗੁਣ ਕਹੇ ਲੇਖਾ ਜਾਣੇ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇੜਾ ਆਪ ਵਸਾਈਆ । ਸਰਗੁਣ ਕਹੇ ਨਿਰਗੁਣ ਅਧਾਰ, ਦੂਸਰ ਓਟ ਨਾ ਕੋਇ ਤਕਾਈਆ । ਸਰਗੁਣ ਕਹੇ ਨਿਰਗੁਣ ਅਵਤਾਰ, ਜੁਗ ਜੁਗ ਵੇਸ ਵਟਾਈਆ । ਸਰਗੁਣ ਕਹੇ ਨਿਰਗੁਣ ਸਿਕਦਾਰ, ਗੁਰ ਗੁਰ ਰੂਪ ਵਖਾਈਆ । ਸਰਗੁਣ ਕਹੇ ਨਿਰਗੁਣ ਪਿਆਰ, ਨਿਰਗੁਣ ਸਰਗੁਣ ਸੰਗ ਨਿਭਾਈਆ । ਸਰਗੁਣ ਕਹੇ ਨਿਰਗੁਣ ਵਿਹਾਰ, ਬਣ ਵਿਵਹਾਰੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤ, ਜੁਗ ਜੁਗ ਖੇਲ ਕਰਾਈਆ । ਸਰਗੁਣ ਕਹੇ ਨਿਰਗੁਣ ਜੋਗ, ਹਰਿ ਸਾਚਾ ਸਚ ਕਰਾਇੰਦਾ । ਸਰਗੁਣ ਕਹੇ ਨਿਰਗੁਣ ਸੰਜੋਗ, ਸਤਿ ਸਤਿਵਾਦੀ ਆਪ ਕਰਾਇੰਦਾ । ਸਰਗੁਣ ਕਹੇ ਨਿਰਗੁਣ ਭੋਗ, ਸਾਚਾ ਭੋਗੀ ਭੋਗ ਭੁਗਾਇੰਦਾ । ਸਰਗੁਣ ਕਹੇ ਨਿਰਗੁਣ ਹੋਂਦ, ਆਦਿ ਜੁਗਾਦਿ ਨਾ ਕੋਇ ਮਿਟਾਇੰਦਾ । ਸਰਗੁਣ ਕਹੇ ਨਿਰਗੁਣ ਓਟ, ਦੂਸਰ ਓਟ ਨਾ ਕੋਇ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਡ ਆਪ ਕਰਾਇੰਦਾ । ਸਰਗੁਣ ਕਹੇ ਨਿਰਗੁਣ ਆਸ, ਆਦਿ ਅੰਤ ਰਖਾਈਆ । ਸਰਗੁਣ ਕਹੇ ਨਿਰਗੁਣ ਬੁਝਾਏ ਪਿਆਸ, ਤ੍ਰਿਸਨਾ ਰੋਗ ਮਿਟਾਈਆ । ਸਰਗੁਣ ਕਹੇ ਨਿਰਗੁਣ ਵਖਾਏ ਰਾਸ, ਮੰਡਲ ਮੰਡਪ ਦਏ ਵਡਿਆਈਆ । ਸਰਗੁਣ ਕਹੇ ਨਿਰਗੁਣ ਕਰੇ ਪਰਕਾਸ਼, ਦੋ ਜਹਾਨ ਜਹਾਨ ਰੁਸ਼ਨਾਈਆ । ਸਰਗੁਣ ਕਹੇ ਨਿਰਗੁਣ ਕਰੇ ਬੰਦ ਖੁਲਾਸ, ਬੰਦੀਖ਼ਾਨਾ ਦਏ ਤੁੜਾਈਆ । ਸਰਗੁਣ ਕਹੇ ਨਿਰਗੁਣ ਵਸੇ ਪਾਸ, ਆਪ ਆਪਣਾ ਪੰਧ ਮੁਕਾਈਆ । ਸਰਗੁਣ ਕਹੇ ਨਿਰਗੁਣ

ਖੇਲ ਤਮਾਸ਼, ਦੀਨ ਦੁਨੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪਣੇ ਵਿਚ ਛੁਪਾਈਆ । ਸਰਗੁਣ ਕਹੇ ਨਿਰਗੁਣ ਜਗਤ, ਜਾਗਰਤ ਜੋਤ ਜਗਾਇੰਦਾ । ਸਰਗੁਣ ਕਹੇ ਨਿਰਗੁਣ ਭਗਤ, ਭਗਵਨ ਆਪਣੀ ਬੂਝ ਬੁਝਾਇੰਦਾ । ਸਰਗੁਣ ਕਹੇ ਨਿਰਗੁਣ ਸੰਤ, ਸਤਿ ਸਤਿ ਅੰਦਰ ਧਾਰ ਵਖਾਇੰਦਾ । ਸਰਗੁਣ ਕਹੇ ਨਿਰਗੁਣ ਕੰਤ, ਨਰ ਨਰਾਇਣ ਸਾਚੀ ਸੇਜਾ ਸੋਭਾ ਪਾਇੰਦਾ । ਸਰਗੁਣ ਕਹੇ ਨਿਰਗੁਣ ਬਣਾਏ ਬਣਤ, ਘੜ ਭਾਂਡੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਰਗੁਣ ਕਹੇ ਨਿਰਗੁਣ ਰਹੇ ਜੁਗ ਚਾਰ, ਆਦਿ ਜੁਗਾਦਿ ਦਇਆ ਕਮਾਈਆ । ਸਰਗੁਣ ਕਹੇ ਨਿਰਗੁਣ ਖੇਲੇ ਖੇਲ ਵਿਚ ਸੰਸਾਰ, ਰੂਪ ਅਨੂਪ ਵਟਾਈਆ । ਸਰਗੁਣ ਕਹੇ ਨਿਰਗੁਣ ਹਰ ਘਟ ਪਾਵੇ ਸਾਰ, ਘਟ ਘਟ ਆਸਣ ਲਾਈਆ । ਸਰਗੁਣ ਕਹੇ ਨਿਰਗੁਣ ਗੁਰ ਅਵਤਾਰ, ਪੀਰ ਪੈਗ਼ੰਬਰ ਰੂਪ ਵਟਾਈਆ । ਸਰਗੁਣ ਕਹੇ ਨਿਰਗੁਣ ਅਕਾਰ, ਸਾਕਾਰ ਨਜ਼ਰੀ ਆਈਆ । ਸਰਗੁਣ ਕਹੇ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਲਾ ਆਪ ਸੁਹਾਈਆ । ਸਰਗੁਣ ਕਹੇ ਨਿਰਗੁਣ ਧਾਰਾ, ਧਰਨੀ ਧਰਤ ਧਵਲ ਚਲਾਇੰਦਾ । ਸਰਗੁਣ ਕਹੇ ਨਿਰਗੁਣ ਪਸਾਰਾ, ਨਿਰਧਨ ਸਰਧਨ ਰੰਗ ਰੰਗਾਇੰਦਾ । ਸਰਗੁਣ ਕਹੇ ਨਿਰਗੁਣ ਜੈਕਾਰਾ, ਜੁਗ ਜੁਗ ਆਪਣਾ ਨਾਉਂ ਪਰਗਟਾਇੰਦਾ । ਸਰਗੁਣ ਕਹੇ ਨਿਰਗੁਣ ਘਰ ਬਾਹਰਾ, ਘਰ ਮੰਦਰ ਸੋਭਾ ਪਾਇੰਦਾ । ਸਰਗੁਣ ਕਹੇ ਨਿਰਗੁਣ ਤੀਰਥ ਤਟ ਕਿਨਾਰਾ, ਸਚ ਸਰੋਵਰ ਇਕ ਵਡਿਆਇੰਦਾ । ਸਰਗੁਣ ਕਹੇ ਨਿਰਗੁਣ ਸ਼ਬਦ ਜੈਕਾਰਾ, ਬੋਧ ਗਿਆਨ ਆਪ ਦ੍ਰਿੜਾਇੰਦਾ । ਸਰਗੁਣ ਕਹੇ ਨਿਰਗੁਣ ਲਿਖਾਰਾ, ਜੁਗ ਜੁਗ ਆਪਣਾ ਲੇਖ ਲਿਖਾਇੰਦਾ । ਸਰਗੁਣ ਕਹੇ ਨਿਰਗੁਣ ਕਰੇ ਆਪਣੀ ਕਾਰਾ, ਕਰਤਾ ਪੁਰਖ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਕਰਨੀ ਆਪ ਕਮਾਇੰਦਾ । ਸਰਗੁਣ ਕਹੇ ਨਿਰਗੁਣ ਉਡੀਕ, ਨਿਤ ਨਿਤ ਆਸ ਰਖਾਈਆ । ਸਰਗੁਣ ਕਹੇ ਨਿਰਗੁਣ ਅਤੀਤ, ਪਾਰਬ੍ਰਹਮ ਬੇਪਰਵਾਹੀਆ । ਸਰਗੁਣ ਕਹੇ ਨਿਰਗੁਣ ਠਾਂਡਾ ਸੀਤ, ਸੀਤਲ ਧਾਰਾ ਇਕ ਵਖਾਈਆ । ਸਰਗੁਣ ਕਹੇ ਨਿਰਗੁਣ ਮੰਦਰ ਮਸੀਤ, ਮੱਠ ਸ਼ਿਵਦਵਾਲਾ ਨਾਉਂ ਧਰਾਈਆ । ਸਰਗੁਣ ਕਹੇ ਨਿਰਗੁਣ ਅਜੀਤ, ਜਿਤਿਆ ਕਦੇ ਨਾ ਜਾਈਆ । ਸਰਗੁਣ ਕਹੇ ਨਿਰਗੁਣ ਨਜ਼ੀਕ, ਜਗਤ ਨੇਤਰ ਨਜ਼ਰ ਨਾ ਆਈਆ । ਸਰਗੁਣ ਕਹੇ ਨਿਰਗੁਣ ਕੋਟਨ ਕੋਟ ਕਾਲ ਵੇਖੇ ਠੀਕ, ਜੁਗ ਜੁਗ ਠੀਕਰਾ ਭੰਨ ਵਖਾਈਆ । ਸਰਗੁਣ ਕਹੇ ਨਿਰਗੁਣ ਬੇਪ੍ਰੀਤ, ਸਾਚੀ ਪ੍ਰੀਤ ਨਾ ਕਿਸੇ ਸਮਝਾਈਆ । ਸਰਗੁਣ ਕਹੇ ਨਿਰਗੁਣ ਜੁਗ ਜੁਗ ਗੁਰ ਅਵਤਾਰਾਂ ਕੋਲੋਂ ਚਲੌਂਦਾ ਰਿਹਾ ਆਪਣੀ ਰੀਤ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਸਰਗੁਣ ਕਹੇ ਨਿਰਗੁਣ ਖੇਲ ਕਰਾਇਆ ਧੰਦੇ ਲਾਇਆ ਜੀਵ ਜੰਤ ਮੰਦਰ ਮਸੀਤ, ਮੁੱਲਾਂ ਸ਼ੇਖ਼ ਪੰਡਤ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਨਿਰਗੁਣ ਆਪਣਾ ਆਪ ਵਖਾਈਆ । ਸਰਗੁਣ ਕਹੇ ਨਿਰਗੁਣ ਅਭੁੱਲ, ਭੁੱਲ ਕਦੇ ਨਾ ਜਾਈਆ । ਸਰਗੁਣ ਕਹੇ ਨਿਰਗੁਣ ਅਮੁਲ, ਮੁਲ ਨਾ ਕੋਇ ਚੁਕਾਈਆ । ਸਰਗੁਣ ਕਹੇ ਨਿਰਗੁਣ ਅਤੁਲ, ਤੋਲਿਆਂ ਤੋਲ ਨਾ ਕੋਇ ਤੁਲਾਈਆ । ਸਰਗੁਣ ਕਹੇ ਨਿਰਗੁਣ ਨਾ ਜਾਏ ਰੁਲ, ਏਕਾ ਰੰਗ ਸਮਾਈਆ । ਸਰਗੁਣ ਕਹੇ ਨਿਰਗੁਣ ਨਾ ਜਾਏ ਹੁਲ, ਆਦਿ ਜੁਗਾਦਿ ਰਿਹਾ ਲਹਿਰਾਈਆ । ਸਰਗੁਣ ਕਹੇ ਨਿਰਗੁਣ ਜਾਏ ਆਪਣੀ ਕੁਲ, ਦੂਸਰ ਭੇਵ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ

ਵਰ, ਸਰਗੁਣ ਬੈਠਾ ਸੀਸ ਝੁਕਾਈਆ । ਸਰਗੁਣ ਮੰਗੇ ਦਾਨ, ਪ੍ਰਭ ਅੱਗੇ ਸੀਸ ਝੁਕਾਇਆ । ਕਿਰਪਾ ਕਰ ਸ੍ਰੀ ਭਗਵਾਨ, ਹਉਂ ਏਕਾ ਮੰਗ ਮੰਗਾਇਆ । ਤੂੰ ਖੇਲੇ ਖੇਲ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਸ ਵਟਾਇਆ । ਤੂੰ ਲੱਖ ਚੁਰਾਸੀ ਕਰ ਪਰਧਾਨ, ਘਰ ਘਰ ਜੋਤ ਜਗਾਇਆ । ਤੂੰ ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਦਾਨ, ਆਪਣਾ ਨਾਮ ਪੜ੍ਹਾਇਆ । ਤੂੰ ਕਾਇਆ ਮੰਦਰ ਕਰ ਪਰਵਾਨ, ਆਤਮ ਸੇਜਾ ਆਸਣ ਲਾਇਆ । ਤੂੰ ਸ਼ਬਦ ਅਨਾਦੀ ਸਚ ਫ਼ਰਮਾਣ, ਧੁਰਦਰਗਾਹੀ ਆਪ ਸੁਣਾਇਆ । ਹਉਂ ਬਾਲਾ ਬਾਲ ਨਾਦਾਨ, ਤੇਰਾ ਅੰਤ ਕੋਇ ਨਾ ਆਇਆ । ਤੂੰ ਭਾਂਡੇ ਘੜੇਂ ਚਤਰ ਸੁਘੜ ਸੁਜਾਨ, ਵਿਚ ਆਪਣੀ ਵਸਤ ਟਿਕਾਇਆ । ਅੰਤ ਮੇਟੇਂ ਜਗਤ ਨਿਸ਼ਾਨ, ਥਿਰ ਕੋਇ ਰਹਿਣ ਨਾ ਪਾਇਆ । ਆਪਣਾ ਦੱਸ ਭੇਵ ਸ੍ਰੀ ਭਗਵਾਨ, ਇਹ ਕੀ ਖੇਲ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਇਆ । ਘੜਨ ਭੰਨਣ ਦੀ ਮੇਰੀ ਕਾਰ, ਮੈਂ ਆਪਣਾ ਖੇਲ ਖਿਲਾਈਆ । ਕਦੇ ਥਥਵਾ ਫੜ ਬਣਾਂ ਘੁਮਿਆਰ, ਕਦੇ ਠੀਕਰ ਫੋੜ ਵਖਾਈਆ । ਕਦੇ ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈਗੁਣ ਮਾਇਆ ਬੰਧਨ ਪਾਈਆ । ਕਦੇ ਲੱਖ ਚੁਰਾਸੀ ਕਰ ਉਜਿਆਰ, ਘਟ ਘਟ ਜੋਤ ਜਗਾਈਆ । ਕਦੇ ਗੁਰ ਪੀਰ ਧਰ ਅਵਤਾਰ, ਧਰਨੀ ਧਰਤ ਧਵਲ ਦਿਆਂ ਵਡਿਆਈਆ । ਕਦੇ ਭਗਤਨ ਦੇਵਾਂ ਇਕ ਅਧਾਰ, ਸਾਚੀ ਭਗਤੀ ਨਾਮ ਪੜ੍ਹਾਈਆ । ਕਦੇ ਜਲ ਥਲ ਮਹੀਅਲ ਡੂੰਘੀ ਕੰਦਰ ਵੇਖਾਂ ਗਾਰ, ਕਦੇ ਉਚੇ ਟਿੱਲੇ ਪਰਬਤ ਆਸਣ ਲਾਈਆ । ਕਦੇ ਵੰਡਾਂ ਵੰਡ ਜੁਗ ਜੁਗ ਚਾਰ, ਚਾਰ ਚਾਰ ਬੰਧਨ ਪਾਈਆ । ਕਦੇ ਸਭ ਨੂੰ ਕਰਾਂ ਖੁਆਰ, ਆਪਣਾ ਬਲ ਰਖਾਈਆ । ਨਿਰਗੁਣ ਨੂਰ ਨੂਰ ਉਜਿਆਰ, ਦੋ ਜਹਾਨ ਮੇਰੀ ਰੁਸ਼ਨਾਈਆ । ਸਰਗੁਣ ਰਹਿਣਾ ਖ਼ਬਰਦਾਰ, ਪੁਰਖ ਅਬਿਨਾਸ਼ੀ ਰਿਹਾ ਸਮਝਾਈਆ । ਪਿਛੇ ਆਉਂਦਾ ਰਿਹਾ ਸਰਗੁਣ ਰੂਪ ਜਾਮਾ ਧਾਰ, ਜਗਤ ਨਾਤਾ ਕਰ ਕੁੜਮਾਈਆ । ਕੋਈ ਕਹੇ ਰਾਮ ਅਵਤਾਰ, ਜਨਕ ਸਪੁੱਤਰੀ ਗਿਆ ਪਰਨਾਈਆ । ਕੋਈ ਕਹੇ ਕ੍ਰਿਸ਼ਨ ਮੁਰਾਰ, ਰਾਧਾ ਆਪਣੀ ਗੋਦ ਬਹਾਈਆ । ਕੋਈ ਕਹੇ ਮੁਹੰਮਦ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਕੋਈ ਕਹੇ ਨਾਨਕ ਨਿਰਗੁਣ ਧਾਰ, ਪੁੱਤਰ ਧੀਆਂ ਗਿਆ ਤਜਾਈਆ । ਕੋਇ ਕਹੇ ਗੋਬਿੰਦ ਸਰਦਾਰ, ਬਾਲੇ ਨੀਹਾਂ ਹੇਠ ਦਬਾਈਆ । ਕੋਈ ਕਹੇ ਲੇਖਾ ਵੇਦ ਚਾਰ, ਕੋਈ ਕਹੇ ਪੁਰਾਨ ਪੜ੍ਹਾਈਆ । ਕੋਈ ਕਹੇ ਗੀਤਾ ਗਿਆਨ, ਬਿਨ ਗੀਤਾ ਹੱਥ ਕਿਸੇ ਨਾ ਆਈਆ । ਕੋਈ ਕਹੇ ਅੰਜੀਲ ਕੁਰਾਨ, ਆਲਾ ਮਰਤਬਾ ਰਹੇ ਸਮਝਾਈਆ । ਕੋਈ ਕਹੇ ਖਾਣੀ ਬਾਣੀ ਪਰਧਾਨ, ਨਾਨਕ ਅਰਜਨ ਕਰੀ ਪੜ੍ਹਾਈਆ । ਸ੍ਰੀ ਭਗਵਾਨ ਕਹੇ ਮੈਂ ਸਭ ਦਾ ਮੇਟਾਂ ਨਿਸ਼ਾਨ, ਅੰਤਮ ਆਪਣੇ ਵਿਚ ਸਮਾਈਆ । ਕਲਜੁਗ ਨਿਰਗੁਣ ਹੋ ਕੇ ਆਇਆ ਵਿਚ ਜਹਾਨ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਨਾ ਕੋਈ ਨਾਰੀ ਦਿਸੇ ਸੰਤਾਨ, ਪਿਤਾ ਪੂਤ ਨਾ ਕੋਇ ਵਡਿਆਈਆ । ਇਕੋ ਨਾਤਾ ਵਿਚ ਜਹਾਨ, ਜਨ ਭਗਤਾਂ ਨਾਲ ਲਿਆ ਜੁੜਾਈਆ । ਅੰਦਰ ਵੜ ਕੇ ਵਸਾਂ ਸਚ ਮਕਾਨ, ਸਚ ਦੁਆਰੇ ਆਸਣ ਲਾਈਆ । ਦਿਸ ਨਾ ਆਏ ਕਿਸੇ ਸ੍ਰੀ ਭਗਵਾਨ, ਜਗਤ ਲੋਕਾਈ ਰਹੀ ਕੁਰਲਾਈਆ । ਹਰਿਜਨ ਹਰਿ ਜੂ ਮਿਲਿਆ ਆਣ, ਆਪਣੀ ਦਇਆ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਿਰਗੁਣ ਨਿਰਗੁਣ ਰਿਹਾ ਉਠਾਈਆ ।

★ ੧੯ ਮਾਘ ੨੦੧੮ ਬਿਕ੍ਰਮੀ ਗਿਆਨ ਚੰਦ ਦੇ ਗ੍ਰਿਹਿ ਖੈਰੋਵਾਲੀ ਜੰਮੂ ★

ਨਿਰਗੁਣ ਕਹੇ ਸ੍ਰੀ ਭਗਵਾਨ, ਸਰਗੁਣ ਦੇਵਾਂ ਮਾਣ ਵਡਿਆਈਆ । ਤੱਤਵ ਤੱਤ ਕਰ ਪਰਧਾਨ, ਹੱਡ ਮਾਸ ਨਾੜੀ ਰੱਤ ਜੋੜ ਜੁੜਾਈਆ । ਬ੍ਰਹਮ ਤੱਤ ਇਕ ਵਖਾਣ, ਨੂਰ ਨੂਰ ਨੂਰ ਦਰਸਾਈਆ । ਘਟ ਘਟ ਕਰ ਪਛਾਣ, ਆਪਣੀ ਬੂਝ ਬੁਝਾਈਆ । ਲੋਕਮਾਤ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਜੁਗ ਚੌਕੜੀ ਵੰਡ ਵੰਡਾਨ, ਗੇੜਾ ਗੇੜੇ ਵਿਚ ਭੁਵਾਈਆ । ਗੁਰ ਅਵਤਾਰ ਖੇਲ ਮਹਾਨ, ਪੀਰ ਪੈਗ਼ੰਬਰ ਨਾਲ ਰਲਾਈਆ । ਸਤਿ ਸਤਿਵਾਦੀ ਸਾਰੇ ਪਾਣ, ਸਾਚੀ ਸਿਖਿਆ ਇਕ ਸਮਝਾਈਆ । ਬੋਧ ਅਗਾਧੀ ਸ਼ਬਦ ਮਹਿਮਾਨ, ਜੁਗ ਜੁਗ ਫੇਰਾ ਪਾਈਆ । ਕਰੇ ਖੇਲ ਖ਼ਲਕ ਮਹਾਨ, ਹਰਿ ਖ਼ਾਲਕ ਬੇਪਰਵਾਹੀਆ । ਰਹਿਮਤ ਕਰੇ ਰਹੀਮ ਰਹਿਮਾਨ ਰਹਿਮ ਆਪਣਾ ਆਪ ਕਮਾਈਆ । ਸਰਗੁਣ ਦੇਵੇ ਸਾਚਾ ਮਾਣ, ਸਿਰ ਆਪਣਾ ਹੱਥ ਟਿਕਾਈਆ । ਨਾਮ ਨਿਧਾਨਾ ਤੀਰ ਕਮਾਨ, ਸਾਚਾ ਚਿੱਲਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਸਾਰ ਆਪੇ ਪਾਈਆ । ਸਰਗੁਣ ਤੇਰੀ ਪਾਵੇ ਸਾਰ, ਨਿਰਗੁਣ ਦਇਆ ਕਮਾਇੰਦਾ । ਜੁਗ ਚੌਕੜੀ ਵੇਖ ਵਿਚਾਰ, ਸਗਲਾ ਸੰਗ ਨਿਭਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਅੰਤਮ ਖੇਲ ਕਰਾਇੰਦਾ । ਨਿਰਗੁਣ ਨਿਰਗੁਣ ਕਰੇ ਪਿਆਰ, ਨਿਰਗੁਣ ਨਾਤਾ ਜੋੜ ਜੁੜਾਇੰਦਾ । ਨਿਰਗੁਣ ਦਾਤਾ ਦੇਵਣਹਾਰ, ਨਿਰਗੁਣ ਝੋਲੀ ਆਪ ਭਰਾਇੰਦਾ । ਨਿਰਗੁਣ ਅੰਮ੍ਰਿਤ ਬੂੰਦ ਸਵਾਂਤੀ ਠੰਡੀ ਠਾਰ ਨਿਰਗੁਣ ਸਚ ਪਿਆਲਾ ਆਪ ਪਿਆਇੰਦਾ । ਨਿਰਗੁਣ ਏਕੰਕਾਰ ਇਕ ਇਕਾਂਤਾ ਸਚਖੰਡ ਵਸੇ ਸਚ ਦਰਬਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਆਪਣਾ ਆਪ ਵਡਿਆਇੰਦਾ । ਸਰਗੁਣ ਤੇਰਾ ਸਾਚਾ ਰੰਗ, ਨਿਰਗੁਣ ਨਿਰਗੁਣ ਆਪ ਚੜ੍ਹਾਈਆ । ਸਰਗੁਣ ਤੇਰੀ ਜਗਤ ਸੇਜ ਪਲੰਘ, ਨਿਰਗੁਣ ਨਿਰਗੁਣ ਆਪ ਹੰਢਾਈਆ । ਸਰਗੁਣ ਤੇਰਾ ਨਾਮ ਮਰਦੰਗ, ਨਿਰਗੁਣ ਤਾਰ ਸਿਤਾਰ ਬਿਨ ਆਪ ਵਜਾਈਆ । ਸਰਗੁਣ ਤੇਰੇ ਵਸੇ ਸੰਗ, ਨਿਰਗੁਣ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਆਪਣੇ ਲੇਖੇ ਲਾਈਆ । ਸਰਗੁਣ ਤੇਰਾ ਮੁੱਕੇ ਪੰਧ, ਨਿਰਗੁਣ ਆਪ ਮੁਕਾਇੰਦਾ । ਸਰਗੁਣ ਤੇਰਾ ਸਾਹਿਬ ਸਦਾ ਬਖ਼ਸ਼ੰਦ, ਜੁਗ ਜੁਗ ਦਇਆ ਕਮਾਇੰਦਾ । ਸਰਗੁਣ ਟੁੱਟੀ ਦੇਵੇ ਗੰਢ, ਨਿਰਗੁਣ ਆਪਣੀ ਗੰਢ ਪੁਵਾਇੰਦਾ । ਸਰਗੁਣ ਤੇਰਾ ਗੀਤ ਸੁਹਾਗੀ ਛੰਦ, ਨਿਰਗੁਣ ਆਪਣਾ ਨਾਉਂ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਆਪਣੇ ਲੇਖੇ ਲਾਇੰਦਾ । ਸਰਗੁਣ ਤੇਰਾ ਜਗਤ ਮਹੱਲਾ, ਨਿਰਗੁਣ ਆਪਣੀ ਬੂਝ ਬੁਝਾਈਆ । ਨਿਰਾਕਾਰ ਫੜਾਏ ਏਕਾ ਪੱਲਾ, ਏਕਾ ਹੱਥ ਵਖਾਈਆ । ਜੋਤੀ ਸ਼ਬਦੀ ਅਨਭਵ ਧਾਰ ਰਲਾ, ਰੂਪ ਰੰਗ ਰੇਖ ਨਾ ਕੋਇ ਵਡਿਆਈਆ । ਸਚ ਸੰਦੇਸ ਏਕੋ ਘੱਲਾ, ਏਕਾ ਕਰੇ ਪੜ੍ਹਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਰਗੁਣ ਤੇਰੇ ਅੰਦਰ ਡੇਰਾ ਲਾਈਆ । ਦੀਪਕ ਜੋਤੀ ਆਪੇ ਬਲਾ, ਤੇਲ ਬਾਤੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਆਪਣਾ ਰੰਗ ਚੜ੍ਹਾਈਆ । ਸਰਗੁਣ ਰੰਗ ਦਏ ਚੜ੍ਹਾ, ਨਿਰਗੁਣ ਆਪਣੇ ਹੱਥ ਰੱਖੇ ਵਡਿਆਈਆ । ਜੁਗ ਜੁਗ ਪਾਂਧੀ ਪੰਧ ਦਏ ਮੁਕਾ, ਕਲਜੁਗ ਅੰਤਮ ਫੇਰਾ ਪਾਈਆ । ਸੂਰਾ ਸਰਬੰਗ ਵੇਸ ਵਟਾ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਸਰਗੁਣ ਤੇਰਾ ਨਿਰਗੁਣ ਮਰਦੰਗ ਦਏ ਵਜਾ, ਆਪਣੀ ਸੇਵਾ ਆਪ ਕਮਾਈਆ ।

ਦੂਈ ਦਵੈਤੀ ਹਉਮੇ ਹੰਗਤਾ ਝੂਠੀ ਕੰਧ ਦਏ ਢਾਹ, ਏਕਾ ਠੋਕਰ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਦੇਵੇ ਮਾਣ ਵਡਿਆਈਆ । ਸਰਗੁਣ ਦੇਵੇ ਸਚ ਸਹਾਰਾ, ਨਿਰਗੁਣ ਦਇਆ ਕਮਾਇੰਦਾ । ਬੰਦ ਤਾਕੀ ਖੋਲ੍ਹ ਕਿਵਾੜਾ, ਆਪਣਾ ਭੇਵ ਚੁਕਾਇੰਦਾ । ਵਾਹ ਨਾ ਲੱਗੀ ਤੱਤੀ ਵਿਚ ਸੰਸਾਰਾ, ਅਗਨੀ ਤੱਤ ਬੁਝਾਇੰਦਾ । ਏਕਾ ਦੇਵੇ ਨਾਮ ਅਧਾਰਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਏਕਾ ਮੰਦਰ ਇਕ ਘਰ ਬਾਰਾ, ਏਕਾ ਬੰਕ ਸੁਹਾਇੰਦਾ । ਏਕਾ ਗੁਰ ਇਕ ਅਵਤਾਰਾ, ਏਕਾ ਸ਼ਬਦੀ ਸ਼ਬਦ ਪੜ੍ਹਾਇੰਦਾ । ਏਕਾ ਰਾਗ ਨਾਦ ਜੈਕਾਰਾ, ਏਕਾ ਧੁਨੀ ਧੁਨ ਸਮਾਇੰਦਾ । ਏਕਾ ਵਸੇ ਸਭ ਤੇ ਬਾਹਿਰਾ, ਨਿਰਗੁਣ ਖੇਲ ਕਰਾਇੰਦਾ । ਸਰਗੁਣ ਤੇਰਾ ਮੀਤ ਮੁਰਾਰਾ, ਦਰ ਤੇਰੇ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਆਪਣਾ ਖੇਲ ਵਖਾਇੰਦਾ । ਨਿਰਗੁਣ ਸਰਗੁਣ ਉਪਰ ਪਏ ਤੁਠ, ਮਿਹਰਵਾਨ ਦਇਆ ਕਮਾਈਆ । ਏਕਾ ਅੰਮ੍ਰਿਤ ਦੇਵੇ ਘੁੱਟ, ਅਮਿਉਂ ਰਸ ਆਪ ਚਖਾਈਆ । ਬਾਲ ਨਾਦਾਨਾ ਪਏ ਉਠ, ਆਪਣਾ ਬਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਤੇਰਾ ਸਦਾ ਸਹਾਈਆ । ਤੇਰਾ ਸਹਾਈ ਸਦਾ ਸਦ ਸੱਜਣ, ਹਰਿ ਸੱਚਾ ਆਪ ਅਖਵਾਇੰਦਾ । ਜੁਗ ਜੁਗ ਕਰਾਏ ਏਕਾ ਮਜਨ, ਚਰਨ ਧੂੜੀ ਟਿੱਕਾ ਲਾਇੰਦਾ । ਸੱਜਣ ਸੁਹੇਲਾ ਹੋਇਆ ਪਰਦੇ ਕੱਜਣ, ਸਚ ਦੁਸ਼ਾਲਾ ਉਪਰ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਤੇਰਾ ਸੰਗ ਨਿਭਾਇੰਦਾ । ਸਰਗੁਣ ਤੇਰਾ ਸਗਲਾ ਸੰਗ, ਸੋ ਪੁਰਖ ਨਿਰੰਜਣ ਆਪ ਨਿਭਾਈਆ । ਗ੍ਰਿਹਿ ਗ੍ਰਿਹਿ ਘਰ ਘਰ ਚਾੜ੍ਹੇ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਆਤਮ ਪਰਮਾਤਮ ਇਕ ਅਨੰਦ, ਨਿਜ਼ਾਨੰਦ ਦਰਸਾਈਆ । ਗੀਤ ਸੁਹਾਗੀ ਸਾਚਾ ਛੰਦ, ਸੋਹੰ ਢੋਲਾ ਗਾਈਆ । ਜਨਮ ਜਨਮ ਜਗ ਮੁੱਕੇ ਪੰਧ, ਲੱਖ ਚੁਰਾਸੀ ਰਹਿਣ ਨਾ ਪਾਈਆ । ਨਾਤਾ ਤੁਟੇ ਜੇਰਜ ਅੰਡ, ਬ੍ਰਹਿਮੰਡ ਨਾ ਵੇਖ ਵਖਾਈਆ । ਹੋਏ ਵਸੇਰਾ ਸਚਖੰਡ, ਅੰਤ ਜੋਤੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਆਪਣੇ ਲੇਖੇ ਲਾਈਆ । ਸਰਗੁਣ ਨਿਰਗੁਣ ਰੱਖੇ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਜੁਗਾਂ ਜੁਗੰਤਰ ਸੁਣ ਫ਼ਰਯਾਦ, ਜਨ ਭਗਤਾਂ ਹੋਏ ਸਹਾਈਆ । ਏਕਾ ਨਾਮ ਦੇਵੇ ਦਾਤ, ਵਸਤ ਅਮੋਲਕ ਝੋਲੀ ਪਾਈਆ । ਲੱਖ ਚੁਰਾਸੀ ਵਿਚੋਂ ਲਏ ਕਾਢ, ਆਪ ਆਪਣਾ ਮੇਲ ਵਖਾਈਆ । ਨਿਰਗੁਣ ਸਰਗੁਣ ਕਰੇ ਲਾਡ, ਬੇਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਫੇਰਾ ਪਾਈਆ । ਜੁਗ ਜੁਗ ਵੇਸ ਅਵੱਲੜਾ, ਨਿਰਗੁਣ ਸਰਗੁਣ ਧਾਰ । ਹਰਿਜਨ ਫੜਾਏ ਪਲੜਾ, ਪਾਰਬ੍ਰਹਮ ਗੁਰ ਕਰਤਾਰ । ਵਸਣਹਾਰਾ ਨਿਹਚਲ ਧਾਮ ਅਚੱਲੜਾ, ਲੋਕਮਾਤ ਹੋਏ ਉਜਿਆਰ । ਸਚ ਸੰਦੇਸਾ ਏਕਾ ਘਲੜਾ, ਸ਼ਬਦੀ ਸ਼ਬਦ ਸ਼ਬਦ ਜੈਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਦਏ ਦੀਦਾਰ । ਨਿਰਗੁਣ ਸਰਗੁਣ ਦੇਵੇ ਦਰਸ, ਆਪਣੀ ਬੂਝ ਬੁਝਾਈਆ । ਜਨਮ ਜਨਮ ਦੀ ਮੇਟੇ ਹਰਸ, ਹਿਰਸ ਅਵਰ ਨਾ ਕੋਇ ਵਧਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਅਗਨੀ ਤੱਤ ਬੁਝਾਈਆ । ਜਨ ਭਗਤਾਂ ਉਪਰ ਕਰ ਕਰ ਤਰਸ, ਆਪਣੀ ਬੂਝ ਬੁਝਾਈਆ । ਲੱਖ ਚੁਰਾਸੀ ਵਿਚੋਂ ਪਰਖ, ਨਾਮ ਕਸਵਟੀ ਏਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਦੁੱਖ ਨਾ ਕੋਇ ਵਖਾਈਆ । ਸਰਗੁਣ ਤੇਰਾ ਨਿਰਗੁਣ ਸਹਾਰਾ, ਸਦਾ ਸਦਾ ਅਖਵਾਈਆ । ਕਲਜੁਗ

ਅੰਤਮ ਵੇਖ ਕਿਨਾਰਾ, ਜੋਤੀ ਜਾਮਾ ਭੇਖ ਵਟਾਈਆ । ਜੁਗ ਜੁਗ ਦੇ ਵਿਛੜੇ ਮੇਲੇ ਮੇਲਣਹਾਰਾ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਬੰਧਨ ਏਕਾ ਪਾਈਆ । ਨਿਰਗੁਣ ਸਰਗੁਣ ਸਾਚਾ ਬੰਧਨ, ਪੁਰਖ ਬਿਧਾਤਾ ਆਪ ਰਖਾਇੰਦਾ । ਨਿਰਗੁਣ ਸਰਗੁਣ ਲਗਾਏ ਚੰਦਨ, ਤਿਲਕ ਲਿਲਾਟੀ ਜੋਤ ਜਗਾਇੰਦਾ । ਨਿਰਗੁਣ ਸਰਗੁਣ ਤੋੜੇ ਫੰਦਨ, ਫਾਂਦੀ ਅਵਰ ਨਾ ਕੋਇ ਵਖਾਇੰਦਾ । ਨਿਰਗੁਣ ਸਰਗੁਣ ਖੇਲੇ ਖੇਲ ਮੁਕੰਦ ਮਨੋਹਰ ਮੁਕੰਦਨ, ਕਵਲ ਨੈਣ ਨੈਣ ਮਟਕਾਇੰਦਾ । ਨਿਰਗੁਣ ਸਰਗੁਣ ਤ੍ਰਿਲੋਕੀ ਨੰਦਨ, ਨੰਦ ਜਸ਼ੋਧਾ ਮਾਣ ਦੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਨਿਰਗੁਣ ਸਰਗੁਣ ਸਚ ਵੈਰਾਗ, ਹਰਿ ਵੈਰਾਗੀ ਆਪ ਉਪਾਈਆ । ਨਿਰਗੁਣ ਸਰਗੁਣ ਖੋਲ੍ਹੇ ਜਾਗ, ਨੇਤਰ ਨੈਣ ਇਕ ਦਰਸਾਈਆ । ਨਿਰਗੁਣ ਸਰਗੁਣ ਅੰਦਰ ਲਾਏ ਭਾਗ, ਆਪਣੇ ਆਸਣ ਸੋਭਾ ਪਾਈਆ । ਨਿਰਗੁਣ ਸਰਗੁਣ ਜਗਾਏ ਚਿਰਾਗ਼, ਜੋਤੀ ਜੋਤ ਜੋਤ ਰੁਸ਼ਨਾਈਆ । ਨਿਰਗੁਣ ਸਰਗੁਣ ਧੋਵੇ ਦਾਗ਼, ਦੁਰਮਤ ਮੈਲ ਰਹਿਣ ਨਾ ਪਾਈਆ । ਨਿਰਗੁਣ ਸਰਗੁਣ ਸੱਚਾ ਕਾਜ, ਘਰ ਘਰ ਵਿਚ ਆਪ ਵਖਾਈਆ । ਨਿਰਗੁਣ ਸਰਗੁਣ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਨਿਰਗੁਣ ਸਰਗੁਣ ਮਾਰੇ ਅਵਾਜ਼, ਸ਼ਬਦ ਅਗੰਮੀ ਤਾਰ ਹਿਲਾਈਆ । ਨਿਰਗੁਣ ਸਰਗੁਣ ਗ਼ਰੀਬ ਨਿਵਾਜ਼, ਬਣ ਨਿਮਾਣਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਸ ਅਵੱਲੜਾ ਆਪ ਵਟਾਈਆ । ਨਿਰਗੁਣ ਸਰਗੁਣ ਵੇਸ ਅਵੱਲਾ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਸਰਗੁਣ ਇਕ ਇਕੱਲਾ, ਲੱਖ ਚੁਰਾਸੀ ਖੇਲ ਕਰਾਇੰਦਾ । ਨਿਰਗੁਣ ਸਰਗੁਣ ਵਸਣਹਾਰਾ ਸਚ ਮਹੱਲਾ, ਸੋਭਾਵੰਤ ਦਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਪਾ ਆਪ ਕਰਾਇੰਦਾ । ਨਿਰਗੁਣ ਸਰਗੁਣ ਕਰੇ ਕਿਰਤ, ਵਡ ਕਿਰਤੀ ਕਿਰਤ ਕਮਾਈਆ । ਨਿਰਗੁਣ ਸਰਗੁਣ ਦੋ ਜਹਾਨੀ ਫਿਰਤ, ਫਿਰ ਫਿਰ ਵੇਸ ਵਟਾਈਆ । ਨਿਰਗੁਣ ਸਰਗੁਣ ਮੇਟੇ ਹਰਸ, ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਹੋਏ ਸਹਾਈਆ । ਨਿਰਗੁਣ ਨੂਰ ਸ੍ਰੀ ਭਗਵਾਨ, ਆਦਿ ਜੁਗਾਦਿ ਸਮਾਇਆ । ਸਰਗੁਣ ਵੇਖੇ ਵਿਚ ਜਹਾਨ, ਲੋਕਮਾਤ ਫੇਰਾ ਪਾਇਆ । ਸਾਚੇ ਭਗਤ ਕਰੇ ਪਰਵਾਨ, ਜਿਸ ਜਨ ਆਪਣੀ ਬੂਝ ਬੁਝਾਇਆ । ਸੰਤਨ ਦੇਵੇ ਏਕੋ ਮਾਣ, ਦਰ ਦੁਆਰ ਸੁਹਾਇਆ । ਗੁਰਮੁਖ ਵੇਖੇ ਚਤੁਰ ਸੁਘੜ ਸੁਜਾਨ, ਆਪਣਾ ਰੰਗ ਰੰਗਾਇਆ । ਗੁਰਸਿਖਾਂ ਦੇਵੇ ਇਕ ਗਿਆਨ, ਏਕਾ ਮੰਤਰ ਨਾਮ ਦ੍ਰਿੜਾਇਆ । ਏਕਾ ਇਸ਼ਟ ਸ੍ਰੀ ਭਗਵਾਨ, ਏਕਾ ਮੰਦਰ ਡੇਰਾ ਲਾਇਆ । ਸਰਗੁਣ ਸਦਾ ਕਰੇ ਪਰਨਾਮ, ਨਿਉਂ ਨਿਉਂ ਸੀਸ ਝੁਕਾਇਆ । ਨਿਰਗੁਣ ਜਣਾਏ ਆਪਣੀ ਕਲਾਮ, ਕਲਮਾ ਕਾਇਨਾਤ ਸੁਣਾਇਆ । ਸਰਗੁਣ ਨਿਉਂ ਨਿਉਂ ਕਰੇ ਸਲਾਮ, ਸਯਦਾ ਸੀਸ ਵਖਾਇਆ । ਨਿਰਗੁਣ ਸਦ ਸਦ ਦਏ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇਆ । ਸਰਗੁਣ ਸੁਣੇ ਧੁਰ ਫ਼ਰਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਆਪਣਾ ਖੇਲ ਰਚਾਇਆ । ਨਿਰਗੁਣ ਨਿਰਾਕਾਰ ਸ੍ਰੀ ਭਗਵੰਤ, ਮਹਿਮਾ ਅਕੱਥ ਕਥੀ ਨਾ ਜਾਈਆ । ਸਰਗੁਣ ਗੁਰਮੁਖ ਮੇਲਾ ਨਾਰੀ ਕੰਤ, ਘਰ ਸਾਚੇ ਵੱਜੇ ਵਧਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਗੜ੍ਹ ਤੋੜੇ ਹਉਮੇ ਹੰਗਤ, ਜੂਠ ਝੂਠ ਦਏ ਮਿਟਾਈਆ । ਮੇਲ ਮਿਲਾਵਾ ਸਾਚੀ ਸੰਗਤ,

ਹਰਿ ਸੱਜਣ ਆਪ ਕਰਾਈਆ । ਮਾਨਸ ਜਨਮ ਨਾ ਹੋਏ ਭੰਗਤ, ਲੱਖ ਚੁਰਾਸੀ ਫੰਦ ਕਟਾਈਆ । ਏਥੇ ਓਥੇ ਸਚ ਵਖਾਏ ਸਾਚੀ ਜੰਨਤ, ਚਰਨ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਈਆ । ਹਰਿਜਨ ਸੱਚਾ ਸਰਗੁਣ ਧਾਰ, ਨਿਰਗੁਣ ਮੇਲ ਮਿਲਾਇਆ । ਬਣ ਵਿਚੋਲਾ ਏਕੰਕਾਰ, ਆਪਣਾ ਬੰਧਨ ਪਾਇਆ । ਨਾਤਾ ਤੋੜ ਸਰਬ ਸੰਸਾਰ, ਸਾਚਾ ਮਾਰਗ ਇਕ ਵਖਾਇਆ । ਸੁਰਤੀ ਸ਼ਬਦੀ ਕਰੇ ਪਿਆਰ, ਸ਼ਬਦ ਸੁਰਤ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਅੰਦਰ ਨਿਰਗੁਣ ਵੜ, ਨਿਰਗੁਣ ਨਿਰਗੁਣ ਰੰਗ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਾਂਹ ਆਪੇ ਫੜ, ਆਪਣੇ ਨਾਲ ਮਿਲਾਇਆ ।



### ★ ੧੯ ਮਾਘ ੨੦੧੮ ਬਿਕ੍ਰਮੀ ਨਵਾਂ ਚੱਕ ਦੌਲਤ ਸਿੰਘ ਦੇ ਗ੍ਰਿਹਿ ★

ਨਿਰਗੁਣ ਘਰ ਨਿਰਗੁਣ ਵਾਸਾ, ਸਰਗੁਣ ਬੰਧਨ ਪਾਈਆ । ਨਿਰਗੁਣ ਅੰਦਰ ਨਿਰਗੁਣ ਧਰਵਾਸਾ, ਸਰਗੁਣ ਆਸ ਤਕਾਈਆ । ਨਿਰਗੁਣ ਅੰਦਰ ਨਿਰਗੁਣ ਤਮਾਸ਼ਾ, ਸਰਗੁਣ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਲੀਲਾ ਆਪ ਰਚਾਈਆ । ਨਿਰਗੁਣ ਸਤਿਗੁਰ ਗੁਰ ਗੁਰ ਧਾਰ, ਸਰਗੁਣ ਰੰਗ ਵਟਾਈਆ । ਨੂਰੋ ਨੂਰ ਅਗੰਮ ਅਪਾਰ, ਅਨਭਵ ਪਰਕਾਸ਼ ਕਰਾਈਆ । ਬੋਧ ਅਗਾਧ ਸ਼ਬਦ ਧੁਨਕਾਰ, ਅਨਾਦੀ ਨਾਦ ਸੁਣਾਈਆ । ਨਾਤਾ ਜੋੜ ਗੁਰ ਅਵਤਾਰ, ਲੋਕਮਾਤ ਬੰਧਨ ਪਾਈਆ । ਨੇਤਰ ਲੋਚਨ ਖੋਲ੍ਹ ਕਿਵਾੜ, ਪਰਤੱਖ ਰੂਪ ਦਰਸਾਈਆ । ਘਰ ਮੰਦਰ ਕਰ ਤਿਆਰ, ਸ੍ਰੀ ਭਗਵੰਤ ਸੋਭਾ ਪਾਈਆ । ਆਤਮ ਅੰਤਰ ਦੇ ਦੀਦਾਰ, ਤ੍ਰਿਸਨਾ ਭੁੱਖ ਗੁਵਾਈਆ । ਸਰਗੁਣ ਨਿਰਗੁਣ ਕਰ ਪਿਆਰ, ਘਰ ਸਾਚੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਸਦਾ ਸਦਾ ਹੋਏ ਸਹਾਈਆ । ਨਿਰਗੁਣ ਸਰਗੁਣ ਸਚ ਵਸੇਰਾ, ਘਰ ਘਰ ਵਿਚ ਮੇਲ ਮਿਲਾਇੰਦਾ । ਪੰਧ ਮੁਕਾਏ ਨੇਰਨ ਨੇਰਾ, ਦੂਰ ਦੁਰਾਡਾ ਮੋਹ ਚੁਕਾਇੰਦਾ । ਇਕ ਵਸਾਏ ਸਾਚਾ ਖੇੜਾ, ਪੰਜ ਤੱਤ ਚੋਲਾ ਆਪ ਹੰਢਾਇੰਦਾ । ਖੁਲ੍ਹਾ ਰੱਖੇ ਹਰਿ ਜੂ ਵਿਹੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਸਾਚਾ ਸੰਗ ਮਿਲਾਇੰਦਾ । ਨਿਰਗੁਣ ਸਤਿਗੁਰ ਮਿਹਰਵਾਨ, ਸਰਗੁਣ ਦਏ ਵਡਿਆਈਆ । ਗੁਰ ਗੁਰ ਰੂਪ ਹੋ ਪਰਧਾਨ, ਤੱਤਵ ਤੱਤ ਸਮਾਈਆ । ਸਤਿ ਸਤਿਵਾਦੀ ਖੋਲ੍ਹ ਦੁਕਾਨ, ਨਾਮ ਹੱਟ ਵਣਜਾਰਾ ਏਕਾ ਏਕ ਵਜਾਈਆ । ਲੋਕਮਾਤ ਹੋ ਪਰਧਾਨ, ਵਸਤ ਅਮੋਲਕ ਇਕ ਵਰਤਾਈਆ । ਜਨ ਭਗਤਾਂ ਦੇਵੇ ਦਾਨ, ਜੀਵਣ ਜੁਗਤ ਇਕ ਸਮਝਾਈਆ । ਆਤਮ ਅੰਤਰ ਬ੍ਰਹਮ ਗਿਆਨ, ਬ੍ਰਹਮ ਵਿਦਿਆ ਕਰ ਪੜ੍ਹਾਈਆ । ਨਾਤਾ ਤੋੜ ਪੰਜ ਸ਼ੈਤਾਨ, ਪੰਚਮ ਨਾਦ ਸ਼ਬਦ ਧੁੰਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਵੇਖੇ ਚਾਈਂ ਚਾਈਂਆ । ਨਿਰਗੁਣ ਸਰਗੁਣ ਸਦਾ ਦਿਆਲ, ਸਰਗੁਣ ਦਇਆ ਕਮਾਇੰਦਾ । ਤ੍ਰੈਗੁਣ ਮਾਇਆ ਤੋੜ ਜ਼ੰਜਾਲ, ਆਪਣਾ ਬੰਧਨ ਪਾਇੰਦਾ । ਪੰਜ ਤੱਤ ਅੰਦਰ ਸੱਚੀ ਧਰਮਸਾਲ, ਘਰ ਵਿਚ ਘਰ ਆਪ ਸੁਹਾਇੰਦਾ । ਦੀਪਕ ਜੋਤੀ ਏਕਾ ਬਾਲ, ਅਗਿਆਨ ਅੰਧੇਰ ਮਿਟਾਇੰਦਾ । ਏਕਾ ਰਾਗ ਸੁਣਾਏ ਕਾਨ, ਸ਼ਬਦੀ ਸ਼ਬਦੀ ਧੁੰਨ ਉਪਜਾਇੰਦਾ । ਆਤਮ ਪਰਮਾਤਮ ਕਰ ਪਹਿਚਾਨ, ਪੁਰਖ ਬਿਧਾਤਾ ਮੇਲ ਮਿਲਾਇੰਦਾ । ਜੋਤੀ ਜੋਤ

੫੪੭
੧੧

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਖੇੜਾ ਆਪ ਵਸਾਇੰਦਾ । ਨਿਰਗੁਣ ਦਾਤਾ ਗਹਿਰ ਗੰਭੀਰ, ਸਰਗੁਣ ਦਏ ਵਡਿਆਈਆ । ਪੰਜ ਤੱਤ ਕਾਇਆ ਸਾਂਤ ਸਰੀਰ, ਸਾਂਤਕ ਸਤਿ ਸਤਿ ਵਰਤਾਈਆ । ਸਤਿ ਸੰਤੋਖੀ ਦੇਵੇ ਧੀਰ, ਏਕਾ ਤੱਤ ਜਣਾਈਆ । ਬਜਰ ਕਪਾਟੀ ਪੜਦਾ ਚੀਰ, ਰੂਪ ਅਨੂਪ ਦਰਸਾਈਆ । ਅੰਮ੍ਰਿਤ ਬਖ਼ਸ਼ੇ ਠੰਡਾ ਸੀਰ, ਨਿਝਰ ਝਿਰਨਾ ਆਪ ਝਿਰਾਈਆ । ਚੋਟੀ ਚਾੜ੍ਹੇ ਫੜ ਅਖ਼ੀਰ, ਮਹੱਲ ਅਟੱਲ ਕਰੇ ਰੁਸ਼ਨਾਈਆ । ਨਿਰਗੁਣ ਸਤਿਗੁਰ ਸੱਚਾ ਪੀਰ, ਮੁਰੀਦ ਮੁਰਸ਼ਦ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਰਗੁਣ ਬੇੜਾ ਬੰਨ੍ਹ ਚਲਾਈਆ । ਨਿਰਗੁਣ ਸਤਿਗੁਰ ਪੁਰਖ ਸਮਰਥ, ਆਦਿ ਜੁਗਾਦਿ ਸਮਾਇਆ । ਸਰਗੁਣ ਚਲਾਏ ਤੇਰਾ ਰਥ, ਜੁਗ ਜੁਗ ਵੇਸ ਵਟਾਇਆ । ਨਾਮ ਜਣਾਏ ਮਹਿਮਾ ਅਕਥ, ਕਥਨੀ ਕਥ ਨਾ ਸਕੇ ਰਾਇਆ । ਜਿਸ ਜਨ ਦੇਵੇ ਸਾਚੀ ਵੱਥ, ਵਸਤ ਅਮੋਲਕ ਝੋਲੀ ਪਾਇਆ । ਜੋ ਸਰਨ ਸਰਨਾਈ ਜਾਏ ਢੱਠ, ਨਿਉਂ ਨਿਉਂ ਸੀਸ ਝੁਕਾਇਆ । ਲਹਿਣਾ ਦੇਣਾ ਚੁੱਕੇ ਸੀਆ ਸਾਢੇ ਤ੍ਰੈ ਤ੍ਰੈ ਹੱਥ, ਮਾਨਸ ਜਨਮ ਲੇਖੇ ਲਾਇਆ । ਏਥੇ ਓਥੇ ਦੋ ਜਹਾਨਾਂ ਹਰਿਜਨ ਤੇਰਾ ਗਾਏ ਜਸ, ਜਸ ਵੇਦ ਪੁਰਾਨ ਭੇਵ ਨਾ ਆਇਆ । ਜਨ ਭਗਤਾਂ ਪੂਰੀ ਕਰੇ ਆਸ, ਨਿਤ ਨਵਿਤ ਵੇਸ ਵਟਾਇਆ । ਖੇਲੇ ਖੇਲ ਪ੍ਰਿਥਮੀ ਅਕਾਸ਼, ਗਗਨ ਮੰਡਲ ਫੇਰਾ ਪਾਇਆ । ਕਲਜੁਗ ਅੰਤਮ ਨਿਰਗੁਣ ਜੋਤ ਕਰ ਪਰਕਾਸ਼, ਜੋਤੀ ਜਾਮਾ ਵੇਸ ਵਟਾਇਆ । ਹਰਿਜਨ ਵਸੇ ਸਦਾ ਪਾਸ, ਸਗਲਾ ਸੰਗ ਨਿਭਾਇਆ । ਗੁਰਮੁਖਾਂ ਬਣ ਬਣ ਦਾਸੀ ਦਾਸ, ਸੇਵਕ ਆਪਣੀ ਸੇਵ ਕਮਾਇਆ । ਕਾਇਆ ਮੰਦਰ ਅੰਦਰ ਪਾਵੇ ਰਾਸ, ਗੋਪੀ ਕਾਹਨ ਆਪ ਨਚਾਇਆ । ਜਨਮ ਜਨਮ ਦੀ ਪੂਰੀ ਕਰੇ ਆਸ, ਜੁਗ ਵਿਛੜੇ ਲਏ ਮਿਲਾਇਆ । ਲੇਖਾ ਜਾਣੇ ਪਵਣ ਸਵਾਸ, ਸਵਾਸ ਸਵਾਸੀ ਡੇਰਾ ਲਾਇਆ । ਅੰਤਮ ਕਰੇ ਬੰਦ ਖੁਲਾਸ, ਰਾਏ ਧਰਮ ਨਾ ਦਏ ਸਜਾਇਆ । ਨਿਰਗੁਣ ਮੇਲਾ ਸ਼ਾਹੋ ਸ਼ਾਬਾਸ਼, ਸਰਗੁਣ ਆਪਣੇ ਅੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਗੁਰ ਚੇਲਾ ਰੂਪ ਵਟਾਇਆ ।



## ★ ੧੯ ਮਾਘ ੨੦੧੮ ਬਿਕ੍ਰਮੀ ਪੂਰਨ ਚੰਦ ਦੇ ਗ੍ਰਿਹ ਮਲਕ ਕੈਂਪ ਜੰਮੂ ★

ਸਰਗੁਣ ਤੇਰਾ ਘਾੜਨ ਘੜ, ਹਰਿ ਨਿਰਗੁਣ ਖੇਲ ਖਿਲਾਇਆ । ਨਿਰਗੁਣ ਅੰਦਰ ਬੈਠਾ ਵੜ, ਆਪਣਾ ਮੁਖ ਛੁਪਾਇਆ । ਸਾਚੇ ਪੌੜੇ ਗਿਆ ਚੜ੍ਹ, ਸਾਚਾ ਮੰਦਰ ਇਕ ਸੁਹਾਇਆ । ਨਿਸ਼ਅੱਖਰ ਬਾਣੀ ਰਿਹਾ ਪੜ੍ਹ, ਬੋਧ ਅਗਾਧ ਸਮਝਾਇਆ । ਦਰਸ ਦਿਖਾਏ ਅੱਗੇ ਖੜ, ਨੇਤਰ ਗਿਆਨ ਇਕ ਖੁਲ੍ਹਾਇਆ । ਅੰਮ੍ਰਿਤ ਨੁਹਾਏ ਸਾਚੇ ਸਰ, ਸਰੋਵਰ ਇਕੋ ਇਕ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਤੇਰਾ ਖੇਲ ਕਰਾਇਆ । ਸਰਗੁਣ ਤੇਰਾ ਜੋੜ ਜੁੜਾ, ਹਰਿ ਅਚਰਜ ਬਣਤ ਬਣਾਈਆ । ਨਿਰਗੁਣ ਅੰਦਰ ਡੇਰਾ ਲਾ, ਆਪਣਾ ਆਸਣ ਰਿਹਾ ਸੁਹਾਈਆ । ਨਿਰਮਲ ਦੀਪ ਜੋਤ ਜਗਾ, ਮਹੱਲ ਅਟੱਲ ਕਰੇ ਰੁਸ਼ਨਾਈਆ । ਏਕਾ ਨਾਦ ਦਏ ਵਜਾ, ਧੁਨ ਅਨਾਦੀ ਨਾਦ ਸੁਣਾਈਆ । ਸਾਚਾ ਸੋਹਲਾ ਆਪੇ ਗਾ, ਏਕਾ ਕਰੇ ਪੜ੍ਹਾਈਆ । ਆਤਮ ਸੇਜਾ ਦਏ ਸੁਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ

ਤੇਰਾ ਰੰਗ ਵਖਾਈਆ । ਸਰਗੁਣ ਤੇਰਾ ਲੇਖਾ ਪੰਜ ਤੱਤ, ਹਰਿ ਤੱਤਵ ਤੱਤ ਰਖਾਇੰਦਾ । ਤੇਰੇ ਅੰਦਰ ਖੇਲ ਸਮਰਥ, ਹਰਿ ਆਪਣੀ ਖੇਲ ਕਰਾਇੰਦਾ । ਨਾਮ ਅਨਮੁੱਲੀ ਰੱਖੇ ਵੱਥ, ਸਾਚੇ ਹੱਟ ਵਿਕਾਇੰਦਾ । ਘਰ ਸਰੋਵਰ ਵਖਾਏ ਤਟ, ਤਟ ਕਿਨਾਰਾ ਆਪ ਬਣਾਇੰਦਾ । ਘਰ ਦੀਪਕ ਜੋਤ ਲਟ ਲਟ, ਨੂਰ ਨੁਰਾਨਾ ਡਗਮਗਾਇੰਦਾ । ਘਰ ਨਿਰਗੁਣ ਹੋਏ ਪਰਗਟ, ਸਰਗੁਣ ਮਾਣ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਤੇਰਾ ਰੰਗ ਮਹੱਲ ਇਕ ਸੁਹਾਇੰਦਾ । ਸਰਗੁਣ ਤੇਰਾ ਸਚ ਮੁਨਾਰਾ, ਹਰਿ ਤੱਤਵ ਤੱਤ ਉਪਾਈਆ । ਅੰਦਰ ਵੜ ਹਰਿ ਨਿਰੰਕਾਰਾ, ਨਿਰਗੁਣ ਵੇਖੇ ਚਾਈਂ ਚਾਈਂਆ । ਖੇਲ ਖੇਲ ਅਗੰਮ ਅਪਾਰਾ, ਖੇਲਣਹਾਰਾ ਦਿਸ ਨਾ ਆਈਆ । ਆਦਿ ਜੁਗਾਦੀ ਸਾਚੀ ਕਾਰਾ, ਜੁਗ ਜੁਗ ਆਪਣਾ ਵੇਸ ਵਟਾਈਆ । ਗੁਰ ਅਵਤਾਰ ਦੇ ਸਹਾਰਾ, ਏਕਾ ਓਟ ਜਣਾਈਆ । ਏਕਾ ਨਾਮ ਸਤਿ ਵਰਤਾਰਾ, ਸਤਿ ਸਤਿਵਾਦੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਭੰਡਾਰਾ ਇਕ ਵਖਾਈਆ । ਸਰਗੁਣ ਤੇਰੇ ਅੰਦਰ ਭੰਡਾਰ, ਨਿਰਗੁਣ ਆਪਣਾ ਆਪ ਟਿਕਾਇੰਦਾ । ਜੁਗ ਜੁਗ ਬਣੇ ਮਾਤ ਵਰਤਾਰ, ਗੁਰ ਗੁਰ ਰੂਪ ਵਟਾਇੰਦਾ । ਜਨ ਭਗਤਾਂ ਦੇਵੇ ਕਰ ਪਿਆਰ, ਸਾਚੀ ਭਿਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਤੇਰਾ ਭੰਡਾਰ ਇਕ ਸਮਝਾਇੰਦਾ । ਸਰਗੁਣ ਤੇਰੇ ਅੰਦਰ ਵਸਤ ਅਨਮੋਲ, ਨਿਰਗੁਣ ਆਪਣੀ ਆਪ ਰਖਾਈਆ । ਆਪਣਾ ਪੜਦਾ ਲੈਣਾ ਖੋਲ੍ਹ, ਘਰ ਵੇਖਣਾ ਚਾਈਂ ਚਾਈਂਆ । ਲੋਕਮਾਤ ਨਾ ਰਹਿਣਾ ਅਨਭੋਲ, ਭੁੱਲ ਰੁੱਲ ਨਾ ਜਨਮ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਕਾਇਆ ਚੋਲ, ਚੋਲੀ ਕਾਇਆ ਇਕ ਸਮਝਾਈਆ । ਸਰਗੁਣ ਤੇਰੇ ਅੰਦਰ ਵਸਤ ਅਤੁਟ, ਅਤੋਟ ਹਰਿ ਰਖਾਇੰਦਾ । ਤੂੰ ਆਪਣਾ ਪੜਦਾ ਵੇਖ ਚੁਕ, ਸਤਿਗੁਰ ਸਾਚਾ ਸਚ ਸਮਝਾਇੰਦਾ । ਦਰਸ ਦਿਖਾਏ ਜੋ ਬੈਠਾ ਲੁਕ, ਨੇਤਰ ਨੈਣਾਂ ਨਾਲ ਮਿਲਾਇੰਦਾ । ਪੰਚ ਵਿਕਾਰਾ ਜੜ੍ਹ ਦੇਵੇ ਪੁੱਟ, ਸਚ ਸੁੱਚ ਇਕ ਜਣਾਇੰਦਾ । ਨਾਮ ਪਿਆਲਾ ਦੇਵੇ ਘੁੱਟ, ਮਧੁਰ ਜਾਮ ਹੱਥ ਰਖਾਇੰਦਾ । ਆਵਣ ਜਾਵਣ ਜਾਏ ਛੁਟ, ਸਰਗੁਣ ਨਿਰਗੁਣ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਤੇਰਾ ਬੰਧਨ ਆਪ ਤੁੜਾਇੰਦਾ । ਸਰਗੁਣ ਤੇਰਾ ਸਚ ਦੁਆਰਾ, ਹਰਿ ਸਾਚਾ ਸੋਭਾ ਪਾਇੰਦਾ । ਜੁਗ ਜੁਗ ਖੇਲ ਕਰੇ ਨਿਰੰਕਾਰ, ਅਗੰਮ ਅਗੰਮੜੀ ਕਾਰ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਵੇਖਣਹਾਰਾ, ਰੂਪ ਅਨੂਪ ਵਖਾਇੰਦਾ । ਕਲਜੁਗ ਅੰਤਮ ਹੋ ਉਜਿਆਰਾ, ਜੋਤੀ ਜਾਮਾ ਵੇਸ ਵਟਾਇੰਦਾ । ਸ਼ਬਦ ਅਗੰਮੀ ਲੈ ਭੰਡਾਰਾ, ਨਿਰਗੁਣ ਲੋਕਮਾਤ ਫੇਰਾ ਪਾਇੰਦਾ । ਸਾਚਾ ਹੱਟ ਖੋਲ੍ਹ ਵਣਜਾਰਾ, ਸਾਚੀ ਵਸਤ ਵਿਚ ਟਿਕਾਇੰਦਾ । ਜਨ ਭਗਤਾਂ ਦੇਵੇ ਕਰ ਪਿਆਰਾ, ਪਰੇਮ ਸਿਖਿਆ ਇਕ ਸਮਝਾਇੰਦਾ । ਸੰਤਾਂ ਦੇਵੇ ਇਕ ਹੁਲਾਰਾ, ਸਾਚੀ ਜੋਤੀ ਆਪ ਮਿਲਾਇੰਦਾ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜਾ, ਬਜਰ ਕਪਾਟੀ ਕੁੰਡਾ ਲਾਹਿੰਦਾ । ਗੁਰਸਿਖਾਂ ਦੇਵੇ ਦਰਸ ਦੀਦਾਰਾ, ਨਿਝ ਆਤਮ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰਾ, ਹਰਿ ਖ਼ਾਲਕ ਖ਼ਲਕ ਵਖਾਇੰਦਾ । ਬੇਐਬ ਵੇਖੇ ਪਰਵਰਦਿਗਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਤੇਰਾ ਪੰਧ ਮੁਕਾਇੰਦਾ । ਸਰਗੁਣ ਤੇਰਾ ਮੁੱਕੇ ਪੰਧ, ਨਿਰਗੁਣ ਆਪ ਮੁਕਾਈਆ । ਏਕਾ ਗੀਤ ਗੌਣਾ ਛੰਦ, ਸੋਹੰ ਰਿਹਾ ਸਮਝਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖ਼ਾਨਾ ਦਏ ਤੁੜਾਈਆ । ਦੀਨ ਦਿਆਲ ਠਾਕਰ ਸਦਾ ਬਖ਼ਸ਼ੰਦ, ਸਵਾਮੀ ਸਿਰ

ਆਪਣਾ ਹੱਥ ਟਿਕਾਈਆ । ਸਰਗੁਣ ਤੇਰੀ ਨੰਗੀ ਨਾ ਹੋਵੇ ਕੰਡ, ਨਿਰਗੁਣ ਆਪਣਾ ਪੜਦਾ ਪਾਈਆ । ਤੇਰਾ ਵਿਕਾਰਾ ਕਰੇ ਖੰਡ ਖੰਡ, ਨਾਮ ਖੰਡਾ ਇਕ ਚਮਕਾਈਆ । ਤੇਰਾ ਨਾਤਾ ਪਾਰ ਕਰਾਏ ਬ੍ਰਹਿਮੰਡ, ਇੰਡ ਪਿੰਡ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਦੇਵੇ ਮਾਣ ਵਡਿਆਈਆ । ਸਰਗੁਣ ਰੂਪ ਗੁਰ ਗੁਰ ਧਾਰ, ਪੰਚਮ ਪੰਚ ਸਮਾਇਆ । ਸਰਗੁਣ ਰੂਪ ਭਗਤ ਆਧਾਰ, ਭਗਵਨ ਭਗਤੀ ਏਕਾ ਲਾਇਆ । ਸਰਗੁਣ ਰੂਪ ਸੰਤ ਸੰਸਾਰ, ਨਿਰਗੁਣ ਆਪਣਾ ਰੰਗ ਚੜ੍ਹਾਇਆ । ਸਰਗੁਣ ਗੁਰਮੁਖ ਖੇਲ ਅਪਾਰ, ਕਾਇਆ ਚੋਲੀ ਭੇਵ ਛੁਪਾਇਆ । ਸਰਗੁਣ ਗੁਰਸਿਖ ਕਰ ਤਿਆਰ, ਨਿਰਗੁਣ ਸਰਗੁਣ ਵੇਖ ਵਖਾਇਆ । ਕਲਜੁਗ ਅੰਤਮ ਖੇਲ ਅਪਾਰ, ਨਿਰਾਕਾਰ ਆਪ ਕਰਾਇਆ । ਗੁਰਮੁਖ ਸਾਚੇ ਕਰ ਪਿਆਰ, ਤ੍ਰੈਗੁਣ ਅਤੀਤਾ ਮੇਲ ਮਿਲਾਇਆ । ਠਾਂਡਾ ਸੀਤਾ ਇਕ ਦਰਬਾਰ, ਦਰ ਦਰਵਾਜ਼ਾ ਦਏ ਖੁਲ੍ਹਾਇਆ । ਜਨਮ ਜਨਮ ਦੇ ਵਿਛੜੇ ਮੇਲੇ ਯਾਰ, ਤੁੱਟੀ ਗੰਢ ਪੁਵਾਇਆ । ਲੱਖ ਚੁਰਾਸੀ ਪਾਰ ਕਿਨਾਰ, ਰਾਏ ਧਰਮ ਨਾ ਦਏ ਸਜਾਇਆ । ਕਾਲ ਮਹਾਂਕਾਲ ਰੋਵੇ ਨੇਤਰ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇਆ । ਜਿਸ ਮਿਲਿਆ ਆਪ ਨਿਰੰਕਾਰ, ਤਿਸ ਮਾਇਆ ਪੋਹ ਨਾ ਸਕੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਮਿਲਾਇਆ । ਹਰਿਜਨ ਹਰਿ ਜੂ ਮਿਲਿਆ ਆਣ, ਆਪਣੀ ਦਇਆ ਕਮਾਈਆ । ਸ਼ਬਦ ਸੰਦੇਸਾ ਧੁਰ ਫ਼ਰਮਾਣ, ਅਗੰਮੀ ਨਾਦ ਸੁਣਾਈਆ । ਪੰਜ ਸ਼ਬਦ ਹੋਏ ਹੈਰਾਨ, ਪ੍ਰਭ ਅਚਰਜ ਖੇਲ ਵਖਾਈਆ । ਸਾਡੀ ਕਰੇ ਨਾ ਕੋਈ ਪਹਿਚਾਨ, ਪੜਦਾ ਸਕੇ ਨਾ ਕੋਈ ਉਠਾਈਆ । ਅਸੀਂ ਬੰਦ ਹੋਏ ਪੰਜ ਤੱਤ ਕਾਇਆ ਮਕਾਨ, ਕਾਇਆ ਮਕਬਰਾ ਇਕ ਬਣਾਈਆ । ਹਰਿਜੂ ਸਚ ਸੰਦੇਸਾ ਲੈ ਕੇ ਆਇਆ ਸਚ ਨਿਸ਼ਾਨ, ਸਚ ਨਿਸ਼ਾਨਾ ਦਏ ਵਖਾਈਆ । ਸਾਡੇ ਉਪਰ ਸੇਜ ਮਹਾਨ, ਸੋ ਪੁਰਖ ਨਿਰੰਜਣ ਆਪ ਲਗਾਈਆ । ਆਤਮ ਪਰਮਾਤਮ ਵੇਖੇ ਮਾਰ ਧਿਆਨ, ਜੋਤੀ ਜੋਤ ਕਰ ਰੁਸ਼ਨਾਈਆ । ਕਲਜੁਗ ਅੰਤਮ ਪਰਗਟ ਹੋਇਆ ਨਿਹਕਲੰਕ ਬਲੀ ਬਲਵਾਨ, ਸਾਚਾ ਮਾਰਗ ਰਿਹਾ ਚਲਾਇਆ । ਏਕਾ ਵਾਰ ਦੇਵੇ ਬ੍ਰਹਮ ਗਿਆਨ, ਜਿਸ ਜਨ ਆਪਣਾ ਦਰਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਗੁਣ ਸੱਜਣ ਲਏ ਫੜ, ਨਿਰਗੁਣ ਦਾਤਾ ਅੰਦਰ ਵੜ, ਅੰਦਰ ਬਾਹਰ ਭੀਤਰ ਆਪਣਾ ਰੰਗ ਵਖਾਈਆ । ਅੰਦਰ ਬਾਹਰ ਇਕੋ ਰੰਗ, ਨਿਰਗੁਣ ਸਰਗੁਣ ਆਪ ਰੰਗਾਇੰਦਾ । ਗੁਰਮੁਖ ਮੇਲਾ ਸੂਰੇ ਸਰਬੰਗ, ਗੁਰ ਗੁਰ ਗੋਦ ਉਠਾਇੰਦਾ । ਨਾਦ ਅਨਾਦੀ ਇਕ ਮਰਦੰਗ, ਬ੍ਰਹਿਮੰਡਾਂ ਖੰਡਾਂ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਸਤਿਗੁਰ ਚਰਨ, ਦੂਸਰ ਅਵਰ ਨਾ ਕੋਇ ਵਡਿਆਈਆ । ਨੇਤਰ ਖੁਲ੍ਹੇ ਹਰਨ ਫਰਨ, ਦਵੈਤੀ ਪੜਦਾ ਦਏ ਉਠਾਈਆ । ਨਾਤਾ ਤੁਟੇ ਮਰਨ ਡਰਨ, ਜੀਵਣ ਮੁਕਤ ਕਰਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਇਕ ਵਖਾਏ ਸਾਚੀ ਸਰਨ, ਸਰਨਗਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪਣਾ ਸੰਗ ਨਿਭਾਈਆ । ਸਗਲਾ ਸੰਗ ਹਰਿਜੂ ਸਾਥਾ, ਵਿਛੜ ਕਦੇ ਨਾ ਜਾਇੰਦਾ । ਜਨ ਭਗਤਾਂ ਦੇਵੇ ਇਕੋ ਦਾਤਾ, ਨਾਮ ਅਮੋਲਕ ਝੋਲੀ ਪਾਇੰਦਾ । ਕਲਜੁਗ ਮਿਟੇ ਰੈਣ ਅੰਧੇਰੀ ਰਾਤਾ, ਸਾਚਾ ਸਤਿਗੁਰ ਚੰਦ ਚੜ੍ਹਾਇੰਦਾ । ਚਰਨ ਕਵਲ ਇਕੋ ਨਾਤਾ, ਪੁਰਖ ਬਿਧਾਤਾ ਆਪ ਬੰਧਾਇੰਦਾ । ਕਾਇਆ ਮੰਦਰ ਅੰਦਰ ਬਹਿ ਬਹਿ

ਗਾਏ ਗਾਥਾ, ਆਪਣੀ ਸਿਫ਼ਤ ਸੁਣਾਇੰਦਾ । ਸਰਬ ਕਲ ਆਪੇ ਸਮਰਾਥਾ, ਦੂਸਰ ਓਟ ਨਾ ਕੋਇ ਤਕਾਇੰਦਾ । ਨਾ ਕੋਈ ਪੂਜਾ ਨ ਕੋਈ ਪਾਠਾ, ਮਿਹਰ ਨਜ਼ਰ ਇਕ ਟਿਕਾਇੰਦਾ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਜਿਸ ਜਨ ਦਰਸ ਦਿਖਾਇੰਦਾ । ਅੱਗੇ ਨੇੜੇ ਰੱਖੇ ਵਾਟਾ, ਲੱਖ ਚੁਰਾਸੀ ਪੰਧ ਮੁਕਾਇੰਦਾ । ਖੇਲੇ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਵਾਂਗ ਰਚਾਇੰਦਾ । ਕਲਜੁਗ ਅੰਤ ਵੇਖਣ ਆਇਆ ਤਮਾਸ਼ਾ, ਲੱਖ ਚੁਰਾਸੀ ਨਾਚ ਨਚਾਇੰਦਾ । ਹਰਿਜਨ ਤੇਰੇ ਦਰਸ ਪਿਆਸਾ, ਦਰ ਦਰ ਘਰ ਘਰ ਫੇਰੀ ਪਾਇੰਦਾ । ਨਿਝ ਆਤਮ ਪਰਮਾਤਮ ਕਰ ਕਰ ਵਾਸਾ, ਝੂਠੀ ਵਾਸਨਾ ਬਾਹਰ ਕਢਾਇੰਦਾ । ਲੇਖੇ ਲਾਏ ਪਵਣ ਸਵਾਸਾ, ਸੋਹੰ ਅਜਪਾ ਜਾਪ ਜਪਾਇੰਦਾ । ਚਰਨ ਕਵਲ ਸਚ ਭਰਵਾਸਾ, ਭਾਂਡਾ ਭਰਮ ਭੌ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਖੇਲ ਕਰ, ਜਨ ਭਗਤਾਂ ਦੇਵੇ ਨਾਮ ਦਿਲਾਸਾ ।

## ★ ੧੯ ਮਾਘ ੨੦੧੮ ਬਿਕ੍ਰਮੀ ਮਲਕ ਕੈਂਪ ਭਾਗ ਸਿੰਘ ਦੇ ਗ੍ਰਿਹਿ ਜੰਮੂ ★

ਸਰਗੁਣ ਤੇਰਾ ਸਾਚਾ ਰਾਗ, ਨਿਰਗੁਣ ਨਾਮ ਵਡਿਆਈਆ । ਸਰਗੁਣ ਤੇਰਾ ਸਚ ਸੁਹਾਗ, ਹਰਿ ਕੰਤ ਕੰਤੂਹਲ ਅਖਵਾਈਆ । ਸਰਗੁਣ ਤੇਰਾ ਸਚ ਸਮਾਜ, ਹਰਿ ਸੰਗਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਵਖਾਈਆ । ਸਾਚਾ ਮਾਰਗ ਵਿਚ ਸੰਸਾਰ, ਨਿਰਗੁਣ ਸਰਗੁਣ ਆਪ ਚਲਾਇੰਦਾ । ਗੁਰਮੁਖ ਸੱਜਣ ਕਰ ਤਿਆਰ, ਆਪਣੀ ਬੂਝ ਬੁਝਾਇੰਦਾ । ਕਾਇਆ ਹੱਟ ਖੋਲ੍ਹ ਕਿਵਾੜ, ਵਸਤ ਅਨਮੁਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਇੰਦਾ । ਸਰਗੁਣ ਤੇਰਾ ਸਾਚਾ ਰੂਪ, ਏਕਾ ਏਕ ਜਣਾਈਆ । ਪੁਰਖ ਅਬਿਨਾਸ਼ੀ ਸ਼ਾਹੋ ਭੂਪ, ਦੇਵੇ ਨਾਮ ਵਡਿਆਈਆ । ਤੇਰਾ ਨਗਾਰਾ ਜਗਤ ਕੂਟ, ਦਹਿ ਦਿਸ਼ਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਸਾਚਾ ਬੰਧਨ ਪਾਈਆ । ਸਰਗੁਣ ਤੇਰਾ ਸੱਚਾ ਰੂਪ, ਗੁਰਮੁਖ ਗੁਰ ਗੁਰ ਆਪ ਸਲਾਹਿੰਦਾ । ਜਨਮ ਜਨਮ ਮਿਟੇ ਦੁੱਖ, ਦਰਦੀ ਦਰਦ ਵੰਡਾਇੰਦਾ । ਆਪ ਉਠਾਏ ਆਪਣੀ ਕੁੱਖ, ਸਾਚੀ ਗੋਦ ਬਹਾਇੰਦਾ । ਝੂਠੀ ਮੇਟੇ ਤ੍ਰਿਸਨਾ ਭੁੱਖ, ਸਾਂਤਕ ਸਤਿ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਮੇਲ ਮਿਲਾਇੰਦਾ । ਸਰਗੁਣ ਤੇਰਾ ਰੂਪ ਗੁਰਸਿਖ, ਗੁਰ ਗੁਰ ਬੂਝ ਬੁਝਾਈਆ । ਸਚ ਦੁਆਰਿਉਂ ਮਿਲੇ ਭਿਖ, ਸਤਿਗੁਰ ਪੂਰਾ ਆਪ ਵਰਤਾਈਆ । ਪੂਰਬ ਜਨਮ ਦੀ ਮੇਟੇ ਰੇਖ, ਅੱਗੇ ਲੇਖਾ ਦਏ ਸਮਝਾਈਆ । ਨੇਤਰ ਲੋਚਣ ਸਾਚੇ ਵੇਖ, ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੀ ਦਇਆ ਕਮਾਈਆ । ਦੀਨ ਦਿਆਲ ਸਰਬ ਗੁਣਵੰਤ, ਜਨ ਭਗਤਾਂ ਦਇਆ ਕਮਾਇੰਦਾ । ਲੇਖਾ ਜਾਣੇ ਆਦਿ ਅੰਤ, ਜੁਗ ਜੁਗ ਵੇਸ ਵਟਾਇੰਦਾ । ਲੱਖ ਚੁਰਾਸੀ ਮਾਇਆ ਬੇਅੰਤ, ਜੀਵ ਜੰਤ ਭੁਲਾਇੰਦਾ । ਹਰਿਜਨ ਮੇਲੇ ਨਾਰੀ ਕੰਤ, ਹਰਿ ਮੰਗਲ ਗੀਤ ਸੁਣਾਇੰਦਾ । ਮਾਨਸ ਜਨਮ ਬਣਾਏ ਬਣਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨੁਖ ਆਪਣੇ ਰੰਗ ਰੰਗਾਇੰਦਾ । ਮਾਨੁਖ ਦੇਹ ਮਾਨਸ ਜ਼ਾਤ, ਮਾਨਵ ਮਾਣ ਰਖਾਇੰਦਾ । ਅੰਤਰ ਆਤਮ ਮੇਟ ਅੰਧੇਰੀ ਰਾਤ, ਸਾਚਾ ਚੰਦ ਚਮਕਾਇੰਦਾ । ਸਤਿ ਸਤਿਵਾਦੀ ਸਾਚੀ ਗਾਥ,

ਅੱਖਰ ਵੱਖਰ ਆਪ ਪੜ੍ਹਾਇੰਦਾ । ਲਹਿਣਾ ਚੁੱਕੇ ਮਸਤਕ ਮਾਥ, ਪੂਰਬ ਝੋਲੀ ਪਾਇੰਦਾ । ਦਰਸ ਦਿਖਾਏ ਬਹੁ ਬਿਧ ਭਾਂਤ, ਸਵੱਛ ਸਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਤਰਿਆ ਵਿਚ ਸੰਸਾਰ, ਡੂੰਘੀ ਭਵਰੀ ਪਾਰ ਕਰਾਈਆ । ਇਕ ਵਖਾਏ ਦਰ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸਾਚੀ ਖ਼ੁਸ਼ੀਆਂ ਮੰਗਲਾਚਾਰ, ਏਕਾ ਗੀਤ ਅਲਾਈਆ । ਸਾਚੇ ਮੰਦਰ ਨਾਦ ਸ਼ਬਦ ਧੁੰਨਕਾਰ, ਤਾਲ ਤਲਵਾੜਾ ਇਕ ਸੁਣਾਈਆ । ਸਾਚੇ ਗ੍ਰਹਿ ਸ਼ਬਦ ਸੁਰਤ ਕਰੇ ਪਿਆਰ, ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਚਾਈਂ ਚਾਈਂਆ । ਹਰਿਜਨ ਵੇਖੇ ਹਰਿ ਨਿਰੰਕਾਰ, ਆਪਣਾ ਨੈਣ ਖੁਲ੍ਹਾਇੰਦਾ । ਭਗਤ ਭਗਵੰਤ ਲਏ ਉਠਾਲ, ਸਾਚੀ ਸੇਵ ਕਮਾਇੰਦਾ । ਨਿਰਗੁਣ ਸਰਗੁਣ ਬਣ ਦਲਾਲ, ਸਾਚੀ ਸੇਵ ਕਮਾਇੰਦਾ । ਗੁਰਮੁਖ ਵੇਖੇ ਸਾਚੇ ਲਾਲ, ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇੰਦਾ । ਹਰਿਜਨ ਵੱਡਾ ਵਡਿਆਈ ਵਡ, ਹਰਿ ਸਤਿਗੁਰ ਆਪ ਵਡਿਆਇੰਦਾ । ਜੀਵ ਜੰਤ ਵਿਚੋਂ ਕੱਢ, ਏਕਾ ਰੰਗ ਰੰਗਾਇੰਦਾ । ਸਚ ਦੁਆਰੇ ਆਪੇ ਸੱਦ, ਸਾਚੀ ਸਿਖਿਆ ਗੁਰ ਸਮਝਾਇੰਦਾ । ਲੱਖ ਚੁਰਾਸੀ ਪਾਰ ਹੱਦ, ਆਵਣ ਜਾਵਣ ਫੰਦ ਕਟਾਇੰਦਾ । ਇਕ ਪਿਆਏ ਨਾਮ ਮਦਿ, ਸਤਿ ਸਰੂਰ ਚੜ੍ਹਾਇੰਦਾ । ਸਚ ਨਗਾਰਾ ਜਾਏ ਵੱਜ, ਅਨਾਦੀ ਨਾਦ ਅਲਾਇੰਦਾ । ਘਰ ਵਿਚ ਵਖਾਏ ਕਾਅਬਾ ਹੱਜ, ਸਾਚਾ ਹੁਜਰਾ ਆਪ ਸੁਹਾਇੰਦਾ । ਸਾਚੇ ਮੰਦਰ ਬੈਠਾ ਸਜ, ਨਿਰਗੁਣ ਆਪਣਾ ਆਸਣ ਲਾਇੰਦਾ । ਸਰਗੁਣ ਮੇਲਾ ਭੱਜ ਭੱਜ, ਜੁਗ ਜੁਗ ਪੰਧ ਮੁਕਾਇੰਦਾ । ਜਨ ਭਗਤਾਂ ਪਰੇਮ ਅੰਦਰ ਜਾਏ ਬੱਝ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਬੰਨ੍ਹੇ ਡੋਰੀ ਤੰਦ, ਪਰੇਮ ਪਰੇਮ ਵਖਾਈਆ । ਸਾਹਿਬ ਸੁਲਤਾਨ ਗਾਏ ਛੰਦ, ਗੁਰਮੁਖ ਕਰੇ ਵਡਿਆਈਆ । ਨਿਝ ਘਰ ਦੇਵੇ ਇਕ ਅਨੰਦ, ਆਤਮ ਅਨੰਦ ਦਰਸਾਈਆ । ਅੰਤ ਕੰਤ ਭਗਵੰਤ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਗੁਰਸਿਖ ਚੜ੍ਹਾਏ ਸਾਚੇ ਚੰਦ, ਚੰਦ ਚਾਂਦਨੀ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਇਕ ਗਿਆਨ, ਆਤਮ ਪਰਮਾਤਮ ਖੇਲ ਮਹਾਨ, ਸੋਹੰ ਸ਼ਬਦ ਗੁਣ ਨਿਧਾਨ, ਗੁਣ ਗੁਣ ਆਪਣਾ ਰੂਪ ਜਣਾਈਆ ।

### ★ ੧੯ ਮਾਘ ੨੦੧੮ ਬਿਕ੍ਰਮੀ ਧਰਮ ਚੰਦ ਦੇ ਗ੍ਰਹਿ ਬਾਲੇ ਵਾਲਾ ਜੰਮੂ ★

ਸਰਗੁਣ ਕਹੇ ਨਿਰਗੁਣ ਮੇਲਾ, ਮੇਲਣਹਾਰ ਆਪ ਨਿਰੰਕਾਰ । ਨਿਰਗੁਣ ਕਹੇ ਸਰਗੁਣ ਚੇਲਾ, ਚੇਲਾ ਗੁਰ ਰੂਪ ਅਵਤਾਰ । ਸਰਗੁਣ ਕਹੇ ਨਿਰਗੁਣ ਸੱਜਣ ਸੁਹੇਲਾ, ਆਦਿ ਜੁਗਾਦੀ ਮੀਤ ਮੁਰਾਰ । ਨਿਰਗੁਣ ਕਹੇ ਸਰਗੁਣ ਸੋਹੇ ਵੇਲਾ, ਥਿਤ ਵਾਰ ਨਾ ਕੋਇ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਖੇਲ ਅਪਾਰ । ਨਿਰਗੁਣ ਕਹੇ ਸਰਗੁਣ ਬਲ, ਬਲਧਾਰੀ ਆਪ ਜਣਾਇੰਦਾ । ਸਰਗੁਣ ਕਹੇ ਨਿਰਗੁਣ ਜੋਤ ਜਾਵਾਂ ਰਲ, ਆਪਾ ਆਪ ਗਵਾਇੰਦਾ । ਨਿਰਗੁਣ ਕਹੇ ਮੈਂ ਆਦਿ ਜੁਗਾਦਿ ਅਛਲ ਅਛੱਲ, ਮੇਰਾ ਭੇਵ ਕੋਇ ਨਾ

ਪਾਇੰਦਾ । ਸਰਗੁਣ ਕਹੇ ਮੈਂ ਤੇਰਾ ਦੁਆਰਾ ਲੈਣਾ ਮੱਲ, ਤੁਧ ਬਿਨ ਅਵਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਖੇਲ ਵਖਾਇੰਦਾ । ਨਿਰਗੁਣ ਕਹੇ ਸਰਗੁਣ ਸਾਥ, ਸਗਲਾ ਸੰਗ ਨਿਭਾਈਆ । ਸਰਗੁਣ ਕਹੇ ਨਿਰਗੁਣ ਪੂਜਾ ਪਾਠ, ਅੱਖਰ ਵੱਖਰ ਪੜ੍ਹਾਈਆ । ਨਿਰਗੁਣ ਕਹੇ ਮੈਂ ਵਸਾਂ ਹਰ ਘਾਟ, ਘਟ ਘਟ ਡੇਰਾ ਲਾਈਆ । ਸਰਗੁਣ ਕਹੇ ਮੈਨੂੰ ਤੇਰੀ ਆਸ, ਇਕੋ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਆਪਣਾ ਭੇਵ ਚੁਕਾਈਆ । ਸਰਗੁਣ ਕਹੇ ਨਿਰਗੁਣ ਮੀਤ, ਮਿਲ ਮਿਲ ਖ਼ੁਸ਼ੀ ਮਨਾਈਆ । ਨਿਰਗੁਣ ਕਹੇ ਸਰਗੁਣ ਅਨਡੀਠ, ਦਰ ਤੇਰੇ ਸੋਭਾ ਪਾਈਆ । ਆਦਿ ਜੁਗਾਦਿ ਅਵੱਲੜੀ ਰੀਤ, ਹਰਿ ਸਾਚਾ ਸਚ ਚਲਾਈਆ । ਸਰਗੁਣ ਸੁਣਾਏ ਸੁਹਾਗੀ ਗੀਤ, ਨਿਰਗੁਣ ਆਪ ਅਲਾਈਆ । ਕਰੇ ਕਰਾਏ ਪਤਿਤ ਪੁਨੀਤ, ਪਤਿਤ ਪਾਪੀ ਆਪ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਨਿਰਗੁਣ ਆਪਣਾ ਭੇਵ ਖੋਲ੍ਹ, ਸਰਗੁਣ ਬੂਝ ਬੁਝਾਇੰਦਾ । ਦੇਵੇ ਦਰਸ ਦਰਸ ਅਨਮੋਲ, ਹਰਿਜਨ ਆਪ ਜਗਾਇੰਦਾ । ਕਾਇਆ ਮੰਦਰ ਅੰਦਰ ਵਸੇ ਕੋਲ, ਵਿਛੜ ਕਦੇ ਨਾ ਜਾਇੰਦਾ । ਦਿਵਸ ਰੈਣ ਪਰਭਾਤ ਸੰਧਿਆ ਕਰੇ ਚੋਲ੍ਹ, ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਮਿਹਰ ਆਪ ਕਰਾਇੰਦਾ । ਕਰੇ ਮਿਹਰ ਸ੍ਰੀ ਭਗਵਾਨ, ਭਗਤਨ ਮਾਣ ਰਖਾਈਆ । ਸਾਚੇ ਸੰਤਾਂ ਦੇਵੇ ਨਾਮ ਨਿਧਾਨ, ਨਿਝ ਆਤਮ ਕਰੇ ਰਸਾਈਆ । ਗੁਰਮੁਖ ਸੱਜਣ ਮੇਲੇ ਆਣ, ਜਗਤ ਵਿਛੋੜਾ ਪੰਧ ਮੁਕਾਈਆ । ਹਰਿਜਨ ਮੇਲਾ ਦੋ ਜਹਾਨ, ਏਥੇ ਓਥੇ ਹੋਏ ਸਹਾਈਆ । ਏਕਾ ਨਾਦ ਸ਼ਬਦ ਧੁੰਨਕਾਨ, ਬਣ ਵੈਰਾਗੀ ਆਪ ਸੁਣਾਈਆ । ਗੁਰਸਿਖ ਸੋਹੰ ਢੋਲਾ ਗਾਣ, ਘਰ ਵੱਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਮੇਲਾ ਚਾਓ ਚਾਈਆ । ਸਰਗੁਣ ਮੇਲਾ ਚਾਓ ਘਨੇਰਾ, ਘਰ ਘਰ ਖੇਲ ਕਰਾਇਆ । ਨਿਰਗੁਣ ਵਸਣਹਾਰਾ ਦੂਰ ਨੇਰਾ, ਨੇਰਨ ਨੇਰਾ ਆਪਣਾ ਪੰਧ ਮੁਕਾਇਆ । ਕਲਜੁਗ ਅੰਤਮ ਬੰਨ੍ਹੇ ਬੇੜਾ, ਸਿਰ ਆਪਣੇ ਭਾਰ ਉਠਾਇਆ । ਹਰਿਜਨ ਤੇਰਾ ਵਸੇ ਖੇੜਾ, ਬੰਕ ਦੁਆਰਾ ਆਪ ਸੁਹਾਇਆ । ਅੰਤਮ ਕਰੇ ਹੱਕ ਨਿਬੇੜਾ, ਨਿਰਗੁਣ ਦਾਤਾ ਬੇਪਰਵਾਹਿਆ । ਜਮ ਕੀ ਫਾਸੀ ਕੱਟੇ ਜੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਤੇਰਾ ਹੋਏ ਸਹਾਇਆ । ਤੇਰਾ ਸਹਾਈ ਸਦਾ ਪ੍ਰਭ, ਜੁਗ ਜੁਗ ਸੇਵ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਲੱਭ ਲੱਭ, ਆਪਣਾ ਮੇਲ ਮਿਲਾਇੰਦਾ । ਕਲਜੁਗ ਅੰਤ ਹੋ ਪਰਗਟ, ਸਾਚੀ ਖੇਲ ਵਖਾਇੰਦਾ । ਭਗਤ ਦੁਆਰਾ ਖੋਲ੍ਹ ਹੱਟ, ਏਕਾ ਵਣਜ ਕਰਾਇੰਦਾ । ਗੁਰਮੁਖ ਲਾਹਾ ਲੈਣ ਖੱਟ, ਦੂਸਰ ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣੀ ਨਜ਼ਰ ਆਪ ਉਠਾਇੰਦਾ । ਮਾਰੇ ਨਜ਼ਰ ਬੇਨਜ਼ੀਰ, ਨਿਰਗੁਣ ਨੈਣ ਨੈਣ ਉਠਾਈਆ । ਸ਼ਾਹ ਪਾਤਸ਼ਾਹ ਵਡ ਪੀਰਨ ਪੀਰ, ਪੀਤ ਪਤੰਬਰ ਸੀਸ ਸੁਹਾਈਆ । ਹਰਿਜਨ ਵੇਖੇ ਅੰਤ ਅਖ਼ੀਰ, ਆਖ਼ਰ ਆਪਣੀ ਦਇਆ ਕਮਾਈਆ । ਮਾਇਆ ਮਮਤਾ ਕੱਟ ਜ਼ੰਜੀਰ, ਸ਼ਰਅ ਬੰਧਨ ਦਏ ਤੁੜਾਈਆ । ਅੰਮ੍ਰਿਤ ਬਖ਼ਸ਼ੇ ਸਾਚਾ ਸੀਰ, ਏਕਾ ਰਸ ਚੁਆਈਆ । ਹਉਮੇ ਕੱਢੇ ਝੂਠੀ ਪੀੜ, ਦਵੈਤੀ ਦੁੱਖ ਰਹਿਣ ਨਾ ਪਾਈਆ । ਸਣ ਦੇਹੀ ਬੰਨ੍ਹੇ ਬੀੜ, ਅੰਤ ਕੰਤ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਸਮਝਾਈਆ । ਹਰਿਜਨ

੫੫੩
੧੧

ਸਾਚੇ ਇਕੋ ਮਤ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਆਦਿ ਜੁਗਾਦੀ ਬ੍ਰਹਮ ਤੱਤ, ਘਟ ਘਟ ਆਸਣ ਲਾਇੰਦਾ । ਪਾਰਬ੍ਰਹਮ ਬੰਧਾਏ ਨਾਤ, ਸਾਚਾ ਨਾਤਾ ਜੋੜ ਜੁੜਾਇੰਦਾ । ਨਾਮ ਨਿਧਾਨ ਸੁਣਾਏ ਗਾਥ, ਅੱਖਰ ਵੱਖਰ ਆਪ ਪੜ੍ਹਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਸਾਚਾ ਚੰਦ ਇਕ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਾ ਨਾਥ ਦੀਨਨ ਦਇਆ ਕਮਾਇੰਦਾ । ਦੀਨ ਦਿਆਲ ਦਇਆ ਨਿਧ ਠਾਕਰ, ਗਹਿਰ ਗੰਭੀਰ ਵਡੀ ਵਡਿਆਈਆ । ਹਰਿਜਨ ਰੱਖੇ ਵਿਚੋਂ ਕਲਜੁਗ ਸਾਗਰ, ਡੂੰਘੀ ਭਵਰੀ ਫੋਲ ਫੁਲਾਈਆ । ਨਿਰਮਲ ਕਰਮ ਕਰੇ ਉਜਾਗਰ, ਦੇਵੇ ਚਰਨ ਸੱਚੀ ਸਰਨਾਈਆ । ਏਕਾ ਵਣਜ ਨਾਮ ਸੁਦਾਗਰ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਜਣ ਆਪ ਮਿਲਾਈਆ । ਸਾਜਣ ਮਿਲਿਆ ਹਰਿ ਹਰਿ ਧਾਰ, ਮਿਲ ਮਿਲ ਖ਼ੁਸ਼ੀ ਮਨਾਈਆ । ਗੁਰ ਗੁਰ ਸ਼ਬਦ ਕਰੇ ਪਿਆਰ, ਦਰ ਦਰ ਵੱਜੇ ਵਧਾਈਆ । ਗ੍ਰਿਹ ਗ੍ਰਿਹ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਪੁਰਖ ਪਰਖੋਤਮ ਕਰ ਪਿਆਰ, ਪੀਆ ਪ੍ਰੀਤਮ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਮਾਣ ਵਡਿਆਈ ਆਪਣੇ ਹੱਥ, ਸਤਿਗੁਰ ਪੂਰਾ ਆਪ ਰਖਾਇੰਦਾ । ਗੁਰਮੁਖ ਵਿਰਲੇ ਮਾਰਗ ਦੱਸ, ਆਪਣੀ ਬੂਝ ਬੁਝਾਇੰਦਾ । ਅੰਮ੍ਰਿਤ ਆਤਮ ਸੱਚਾ ਰਸ, ਪਰੇਮ ਪਿਆਲਾ ਇਕ ਪਿਆਇੰਦਾ । ਹਿਰਦੇ ਅੰਦਰ ਆਪੇ ਵਸ, ਆਪਣਾ ਰੰਗ ਚੜ੍ਹਾਇੰਦਾ । ਜੋਤ ਨੂਰ ਕਰ ਪਰਕਾਸ਼, ਅੰਧ ਅੰਧੇਰ ਗੁਆਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਜਗਤ ਤ੍ਰਿਸਨਾ ਬੁਝੇ ਪਿਆਸ, ਸਾਂਤਕ ਸਤਿ ਸਤਿ ਵਰਤਾਇੰਦਾ । ਘਰ ਮੰਦਰ ਵਖਾਏ ਸਾਚੀ ਰਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਸਲਾਹਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਗੀਤ ਘਰ ਘਰ ਆਪੇ ਗਾਇੰਦਾ ।



### ★ ੧੯ ਮਾਘ ੨੦੧੮ ਬਿਕ੍ਰਮੀ ਗੁਰਦਿਤ ਸਿੰਘ ਸੰਸਾਰ ਸਿੰਘ ਦੇ ਗ੍ਰਿਹ ਛੰਬ ਜੰਮੂ ★

ਸਤਿ ਪੁਰਖ ਨਿਰੰਜਣ ਸਚ ਸੁਲਤਾਨ, ਆਦਿ ਜੁਗਾਦਿ ਸਮਾਇਆ । ਸੋ ਪੁਰਖ ਨਿਰੰਜਣ ਵਡ ਮਿਹਰਵਾਨ, ਨੂਰੋ ਨੂਰ ਰੁਸ਼ਨਾਇਆ । ਹਰਿ ਪੁਰਖ ਨਿਰੰਜਣ ਨੌਜਵਾਨ, ਨਾ ਮਰੇ ਨਾ ਜਾਇਆ । ਏਕੰਕਾਰਾ ਵਡ ਬਲਵਾਨ, ਬਲ ਆਪਣਾ ਆਪ ਧਰਾਇਆ । ਆਦਿ ਨਿਰੰਜਣ ਖੇਲ ਮਹਾਨ, ਜੋਤੀ ਜਾਤਾ ਡਗਮਗਾਇਆ । ਅਬਿਨਾਸ਼ੀ ਕਰਤਾ ਵਸਣਹਾਰਾ ਸਚ ਮਕਾਨ, ਦਰ ਘਰ ਸਾਚਾ ਆਪ ਸੁਹਾਇਆ । ਸ੍ਰੀ ਭਗਵਾਨ ਸਤਿ ਨਿਸ਼ਾਨ, ਨਿਰਗੁਣ ਨਿਰਵੈਰ ਆਪ ਉਠਾਇਆ । ਪਾਰਬ੍ਰਹਮ ਪ੍ਰਭ ਬਣ ਪਰਧਾਨ, ਸਚ ਪਰਧਾਨਗੀ ਆਪਣੇ ਹੱਥ ਰਖਾਇਆ । ਇਕ ਇਕੱਲਾ ਖੇਲ ਮਹਾਨ, ਅਕਲ ਕਲਾ ਕਲ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਖੇਲ ਅਵੱਲਾ, ਹਰਿ ਸੱਚਾ ਸਚ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਨੂਰ ਨੂਰਾਨਾ ਦੀਪਕ ਨੂਰ ਆਪੇ ਬਲਾ, ਜੋਤੀ ਜੋਤ ਡਗਮਗਾਇੰਦਾ । ਸ਼ਾਹੋ ਭੂਪ ਰਾਜ ਰਾਜਾਨਾ, ਸ਼ਹਿਨਸ਼ਾਹ ਨਾਉਂ ਰਖਾਇੰਦਾ । ਹੁਕਮੀ ਹੁਕਮ ਧੁਰ ਫ਼ਰਮਾਣਾ, ਧੁਰ ਦਰਬਾਰੀ ਆਪ


੫੫੪
੧੧

ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਖੇਲੇ ਖੇਲ ਸ੍ਰੀ ਭਗਵੰਤ, ਬੇਅੰਤ ਵਡ ਵਡਿਆਈਆ । ਨਿਰਗੁਣ ਰੂਪ ਨਾਰੀ ਕੰਤ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਆਪ ਬਣਾਏ ਆਪਣੀ ਬਣਤ, ਘਾੜਨ ਸਾਚੀ ਆਪ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਆਪਣਾ ਭੇਵ ਚੁਕਾਏ ਆਪ ਕਰਤਾਰ, ਦੂਸਰ ਸੰਗ ਨਾ ਕੋਇ ਰਖਾਇੰਦਾ । ਨਿਰਗੁਣ ਨੂਰ ਖੇਲ ਅਪਾਰ, ਅਲਖ ਅਗੋਚਰ ਆਪ ਕਰਾਇੰਦਾ । ਅਗੰਮ ਅਗੰਮੜਾ ਹੋ ਤਿਆਰ, ਨਿਰਗੁਣ ਆਪਣਾ ਆਪ ਧਰਾਇੰਦਾ । ਸਚਖੰਡ ਦੁਆਰ ਖੋਲ੍ਹ ਕਿਵਾੜ, ਸ਼ਹਿਨਸ਼ਾਹ ਆਪਣਾ ਆਸਣ ਲਾਇੰਦਾ । ਥਿਰ ਘਰ ਪਾਏ ਆਪੇ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਖੇਲ ਆਪ ਕਰਾਇੰਦਾ । ਆਪਣਾ ਖੇਲ ਕਰੇ ਨਿਰੰਕਾਰ, ਨਿਰਗੁਣ ਦਾਤਾ ਬੇਪਰਵਾਹੀਆ । ਅਜੂਨੀ ਰਹਿਤ ਹੋ ਤਿਆਰ, ਅਨਭਵ ਪਰਕਾਸ਼ ਕਰਾਈਆ । ਸਾਚੇ ਮੰਦਰ ਜੋਤ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਨਾਉਂ ਧਰਾਈਆ । ਨਿਰਗੁਣ ਰੂਪ ਹਰਿ ਨਿਰਾਕਾਰ, ਏਕਾ ਏਕ ਅਖਵਾਇੰਦਾ । ਥਿਰ ਘਰ ਸਾਚਾ ਕਰ ਤਿਆਰ, ਚਰਨਾਂ ਹੇਠ ਦਬਾਇੰਦਾ । ਸ਼ਬਦੀ ਸ਼ਬਦ ਸ਼ਬਦ ਆਧਾਰ, ਪੂਤ ਸਪੂਤਾ ਵਿਚ ਸੁਹਾਇੰਦਾ । ਪੂਤ ਸਪੂਤਾ ਕਰ ਪਿਆਰ, ਸਿਰ ਆਪਣਾ ਹੱਥ ਰਖਾਇੰਦਾ । ਸਾਚੀ ਵਸਤ ਵਸਤ ਵਣਜਾਰ, ਨਾਉਂ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਸਚਖੰਡ ਨਿਵਾਸੀ ਭੇਵ ਖੋਲ੍ਹ, ਏਕਾ ਕਰੇ ਜਣਾਈਆ । ਸ਼ਬਦ ਅਗੰਮੀ ਆਪੇ ਬੋਲ, ਅਨਾਦੀ ਨਾਦ ਸੁਣਾਈਆ । ਸਾਚੇ ਕੰਡੇ ਤੋਲੇ ਤੋਲ, ਤੋਲਣਹਾਰਾ ਇਕ ਹੋ ਜਾਈਆ । ਸਚ ਦੁਆਰਾ ਦੇਵੇ ਖੋਲ੍ਹ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਦਇਆ ਕਮਾਈਆ । ਨਿਰਗੁਣ ਆਪਣੀ ਦਇਆ ਕਮਾ, ਏਕਾ ਰਾਹ ਜਣਾਇੰਦਾ । ਥਿਰ ਘਰ ਦੁਆਰਾ ਆਪ ਸੁਹਾ, ਘਰ ਸਾਚੇ ਮੇਲ ਮਿਲਾਇੰਦਾ । ਸ਼ਬਦ ਦੁਲਾਰਾ ਆਪ ਉਠਾ, ਸਾਚਾ ਮੋਹ ਵਖਾਇੰਦਾ । ਹੁਕਮੀ ਹੁਕਮ ਦਏ ਸੁਣਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਝੋਲੀ ਪਾ, ਏਕਾ ਦਰ ਬਹਾਇੰਦਾ । ਏਕਾ ਤੱਤ ਦਏ ਪਰਗਟਾ, ਤ੍ਰੈਗੁਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਖੇਲ ਕਰਾਇੰਦਾ । ਨਿਰਗੁਣ ਖੇਲ ਕਰੇ ਭਗਵਾਨ, ਆਪਣੇ ਹੱਥ ਰੱਖੇ ਵਡਿਆਈਆ । ਤਖ਼ਤ ਨਿਵਾਸੀ ਵਡ ਮਿਹਰਵਾਨ, ਭੂਪਤ ਭੂਪ ਰੂਪ ਵਟਾਈਆ । ਸ਼ਬਦੀ ਸੁਤ ਸੁਤ ਬਲਵਾਨ, ਬਲਧਾਰੀ ਇਕ ਪਰਗਟਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਸਾਚੀ ਗੋਦੀ ਗੋਦ ਸੁਹਾਈਆ । ਤਿੰਨੇ ਚੇਲੇ ਕਰ ਪਰਵਾਨ, ਚੇਲਾ ਗੁਰ ਰੂਪ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਵੰਡ ਵੰਡਾਈਆ । ਨਿਰਗੁਣ ਵੰਡੇ ਸਾਚੀ ਵੰਡ, ਭੇਵ ਕੋਇ ਨਾ ਪਾਇੰਦਾ । ਵਸਣਹਾਰਾ ਸਚਖੰਡ, ਥਿਰ ਘਰ ਵੇਖ ਵਖਾਇੰਦਾ । ਸ਼ਬਦੀ ਸ਼ਬਦ ਸਾਚਾ ਚੰਦ, ਨਿਰਗੁਣ ਨਿਰਗੁਣ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਖੋਲ੍ਹੇ ਕਰਤਾਰ, ਸਚਖੰਡ ਬੈਠਾ ਸਾਚਾ ਮਾਹੀਆ । ਤ੍ਰੈਗੁਣ ਅਤੀਤਾ ਕਰ ਤਿਆਰ, ਤ੍ਰੈ ਤ੍ਰੈ ਮੇਲ ਮਿਲਾਈਆ । ਏਕਾ ਰੰਗ ਚਾੜ੍ਹੇ ਆਪਾਰ, ਉਤਰ ਕਦੇ ਨਾ ਜਾਈਆ । ਏਕਾ ਮੰਦਰ ਸਚ ਮੁਨਾਰ, ਸਤਿ

ਸਤਿਵਾਦੀ ਦਏ ਵਖਾਈਆ । ਵਿਸ਼ਨੂੰ ਅੰਦਰ ਅੰਮ੍ਰਿਤ ਧਾਰ, ਅੰਮਿਉਂ ਰਸ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਈਆ । ਵਿਸ਼ਨੂੰ ਅੰਦਰ ਅੰਮ੍ਰਿਤ ਰਸ, ਨਿਝਰ ਆਪ ਝਿਰਾਇੰਦਾ । ਪਾਰਬ੍ਰਹਮ ਪ੍ਰਭ ਅੰਦਰ ਵਸ, ਬ੍ਰਹਮ ਰੂਪ ਪਰਗਟਾਇੰਦਾ । ਸ਼ੰਕਰ ਮੇਲਾ ਹੱਸ ਹੱਸ, ਸ਼ਬਦ ਵਿਚੋਲਾ ਨਾਲ ਰਲਾਇੰਦਾ । ਤ੍ਰੈਗੁਣ ਮੇਲਾ ਨੱਸ ਨੱਸ, ਪੰਚਮ ਬੰਧਨ ਪਾਇੰਦਾ । ਲੱਖ ਚੁਰਾਸੀ ਮਾਰਗ ਦੱਸ, ਸਾਚੀ ਘਾੜਤ ਘੜਨ ਘੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਕਾਰ ਕਮਾਇੰਦਾ । ਨਿਰਗੁਣ ਕਾਰ ਕਰੇ ਅਪਾਰ, ਆਪਣੀ ਧਾਰ ਚਲਾਈਆ । ਲੱਖ ਚੁਰਾਸੀ ਕਰ ਤਿਆਰ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਧੁਰ ਫ਼ਰਮਾਣਾ ਇਕ ਜਣਾਈਆ । ਵੰਡੇ ਵੰਡ ਅਗੰਮ ਅਪਾਰ, ਬ੍ਰਹਿਮੰਡ ਖੰਡ ਕਰੇ ਰੁਸ਼ਨਾਈਆ । ਸੂਰਜ ਚੰਦ ਕਰ ਉਜਿਆਰ, ਮੰਡਲ ਮੰਡਪ ਆਪ ਸੁਹਾਈਆ । ਧਰਤ ਧਵਲ ਵੇਖ ਅਖਾੜ, ਜਲ ਬਿੰਬ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਪੁਰਖ ਅਗੰਮ, ਆਦਿ ਜੁਗਾਦਿ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬੇੜਾ ਬੰਨ੍ਹ, ਲੱਖ ਚੁਰਾਸੀ ਖੇੜਾ ਆਪ ਵਸਾਇੰਦਾ । ਕਰੇ ਖੇਲ ਸ੍ਰੀ ਭਗਵਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਏਕਾ ਵਸਤ ਨਾਮ ਧੰਨ, ਸਾਚੇ ਹੱਟ ਆਪ ਵਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਨਿਰਗੁਣ ਵੇਸ ਨਿਰਾਕਾਰ, ਨਿਰਧਨ ਆਪਣਾ ਖੇਲ ਕਰਾਈਆ । ਦਾਤਾ ਦਾਨੀ ਸਚ ਭੰਡਾਰ, ਸਤਿ ਸਤਿਵਾਦੀ ਆਪ ਵਰਤਾਈਆ । ਲੱਖ ਚੁਰਾਸੀ ਦੇਵਣਹਾਰ, ਘਰ ਘਰ ਰਿਜ਼ਕ ਪੁਚਾਈਆ । ਏਥੇ ਓਥੇ ਦਏ ਸਹਾਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਹਰਿ ਅਪਰੰਪਰ ਆਪ ਕਰਾਇੰਦਾ । ਨਿਰਗੁਣ ਨੂਰ ਕਰ ਪਸਾਰਾ, ਸਰਗੁਣ ਵੇਸ ਵਟਾਇੰਦਾ । ਸਰਗੁਣ ਰੂਪ ਸਰਬ ਸੰਸਾਰਾ, ਲੱਖ ਚੁਰਾਸੀ ਬੰਧਨ ਪਾਇੰਦਾ । ਲੱਖ ਚੁਰਾਸੀ ਜੋਤ ਉਜਿਆਰਾ, ਨੂਰ ਨੂਰਾਨਾ ਡਗਮਗਾਇੰਦਾ । ਘਰ ਘਰ ਅੰਦਰ ਖੋਲ੍ਹ ਕਿਵਾੜਾ, ਹਰਿ ਆਪਣਾ ਆਸਣ ਲਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਦਿਸ ਕਿਸੇ ਨਾ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਸੱਚਾ ਝੂਲਾ ਆਪ ਝੁਲਾਇੰਦਾ । ਲੋਆਂ ਪੁਰੀਆਂ ਆਪ ਅਖਾੜਾ, ਏਕੰਕਾਰਾ ਵੇਖ ਵਖਾਇੰਦਾ । ਲੇਖਾ ਜਾਣੇ ਪੁਰਖ ਨਾਰਾ, ਨਰ ਨਰਾਇਣ ਵੇਸ ਵਟਾਇੰਦਾ । ਨਿਰਗੁਣ ਸਰਗੁਣ ਕਰ ਪਸਾਰਾ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਇੰਦਾ । ਆਪਣੀ ਕਲ ਕਰ ਪਰਤੱਖ, ਆਪਣਾ ਭੇਵ ਚੁਕਾਈਆ । ਨਿਰਗੁਣ ਸਰਗੁਣ ਹੋ ਹੋ ਵੱਖ, ਦੋਏ ਦੋਏ ਧਾਰ ਸਮਝਾਈਆ । ਸ਼ਬਦ ਅਨਾਦ ਵੱਜੇ ਘਟ ਘਟ, ਅਨਰਾਗੀ ਰਾਗ ਅਲਾਈਆ । ਨਿਰਗੁਣ ਜੋਤ ਕਰ ਪਰਕਾਸ਼, ਜੋਤ ਨਿਰੰਜਣ ਵਿਚ ਟਿਕਾਈਆ । ਕਰੇ ਖੇਲ ਸ਼ਾਹੋ ਸ਼ਾਬਾਸ਼, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਆਪ ਸੁਹਾਈਆ । ਨਿਰਗੁਣ ਸਰਗੁਣ ਕਰੇ ਪੂਰੀ ਆਸ, ਇੱਛਾ ਪੂਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਸਾਚਾ ਰਾਹ ਚਲਾਈਆ । ਸਰਗੁਣ ਮਾਰਗ ਆਪੇ ਲਾ, ਹਰਿ ਜੂ ਆਪਣਾ ਖੇਲ ਕਰਾਇੰਦਾ । ਲੱਖ ਚੁਰਾਸੀ ਘਾੜਨ ਘੜਤ ਘੜਾ, ਘੜ ਭਾਂਡੇ ਵੇਖ ਵਖਾਇੰਦਾ । ਜੇਰਜ ਅੰਡਜ ਉਤਭੁਜ ਸੇਤਜ

ਵੰਡ ਵੰਡਾ, ਚਾਰੇ ਖਾਣੀ ਬੰਧਨ ਪਾਇੰਦਾ । ਚਾਰੇ ਬਾਣੀ ਰਾਗ ਸੁਣਾ, ਆਪਣਾ ਭੇਵ ਚੁਕਾਇੰਦਾ । ਚਾਰੇ ਜੁਗ ਵੰਡ ਵੰਡਾ, ਏਕਾ ਹੁਕਮ ਸੁਣਾਇੰਦਾ । ਚਾਰੇ ਵਰਨ ਮਾਤ ਪਰਗਟਾ, ਸ਼ੱਤਰੀ ਬ੍ਰਹਮਣ ਸ਼ੂਦਰ ਵੈਸ਼ ਨਾਉਂ ਧਰਾਇੰਦਾ । ਚਾਰੇ ਕੂਟ ਫੇਰਾ ਪਾ, ਆਪਣਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਚਲਾਇੰਦਾ । ਸਾਚੀ ਧਾਰਾ ਹਰਿ ਕਰਤਾਰ, ਆਦਿ ਜੁਗਾਦਿ ਚਲਾਈਆ । ਨਿਰਗੁਣ ਸਰਗੁਣ ਹੋ ਤਿਆਰ, ਤ੍ਰੈਭਵਣ ਧਨੀ ਵੇਸ ਵਟਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੇ ਅਧਾਰ, ਏਕਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਕਰੇ ਖੇਲ ਪੁਰਖ ਸਮਰਥ, ਇਕ ਇਕੱਲਾ ਵਡ ਵਡਿਆਈਆ । ਨਿਰਗੁਣ ਚਲਾਏ ਸਰਗੁਣ ਰਥ, ਬਣ ਰਥਵਾਹੀ ਸੇਵ ਕਮਾਈਆ । ਜੁਗ ਜੁਗ ਮਹਿਮਾ ਅਕਥਨਾ ਅਕਥ, ਏਕਾ ਸ਼ਬਦ ਕਰੇ ਪੜ੍ਹਾਈਆ । ਸਾਚਾ ਮਾਰਗ ਆਪੇ ਦੱਸ, ਆਪੇ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਖੇਲ ਵਖਾਈਆ । ਨਿਰਗੁਣ ਸਰਗੁਣ ਸਾਚਾ ਰੰਗ, ਰੰਗ ਰੰਗੀਲਾ ਆਪ ਚੜ੍ਹਾਇੰਦਾ । ਪਾਰਬ੍ਰਹਮ ਸੂਰਾ ਸਰਬੰਗ, ਘਰ ਸਾਚੇ ਸੋਭਾ ਪਾਇੰਦਾ । ਆਦਿ ਜੁਗਾਦਿ ਏਕਾ ਮਰਦੰਗ, ਜੁਗ ਕਰਤਾ ਆਪ ਵਜਾਇੰਦਾ । ਘਰ ਘਰ ਵੇਖ ਸਾਚਾ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਗੀਤ ਸੁਹਾਗੀ ਗਾਏ ਛੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਆਪਣਾ ਖੇਲ ਸ੍ਰੀ ਭਗਵਾਨ, ਨਿਰਾਕਾਰ ਨਿਰੰਕਾਰ ਆਪ ਕਰਾਈਆ । ਸਰਗੁਣ ਵਖਾਏ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਈਆ । ਪਾਰਬ੍ਰਹਮ ਬ੍ਰਹਮ ਕਰ ਪਰਵਾਨ, ਮੇਲ ਮਿਲਾਏ ਸਾਚੇ ਥਾਈਆ । ਬੰਧਨ ਪਾਏ ਗੋਪੀ ਕਾਹਨ, ਸਾਚੇ ਮੰਡਲ ਰਾਸ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਦੇਵੇ ਮਾਣ ਵਡਿਆਈਆ । ਸਰਗੁਣ ਅੰਦਰ ਸਤਿਗੁਰ ਧਾਰ, ਗੁਰ ਗੁਰ ਆਪ ਪਰਗਟਾਇੰਦਾ । ਜੋਤੀ ਜੋਤ ਕਰ ਪਸਾਰ, ਜੋਤੀ ਜੋਤ ਮੇਲ ਮਿਲਾਇੰਦਾ । ਸ਼ਬਦੀ ਸ਼ਬਦ ਜੈਕਾਰ, ਨਾਮ ਜੈਕਾਰਾ ਇਕ ਸੁਣਾਇੰਦਾ । ਅੰਮ੍ਰਿਤ ਅੰਮ੍ਰਿਤ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਧਾਰ ਆਪ ਸਮਝਾਇੰਦਾ । ਸਰਗੁਣ ਧਾਰ ਪੁਰਖ ਅਕਾਲ, ਨਿਰਗੁਣ ਆਪ ਬਣਾਈਆ । ਆਦਿ ਆਦਿ ਹੋ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਦੇਵੇ ਮਾਣ ਵਡਿਆਈਆ । ਸਰਗੁਣ ਦੇਵੇ ਮਾਣ, ਹਰਿ ਵੱਡਾ ਵਡ ਵਡਿਆਇੰਦਾ । ਖੇਲੇ ਖੇਲ ਦੋ ਜਹਾਨ, ਦੋਏ ਦੋਏ ਰੂਪ ਧਰਾਇੰਦਾ । ਦਾਤਾ ਦਾਨੀ ਵਡ ਮਿਹਰਵਾਨ, ਆਪਣਾ ਰੂਪ ਵਟਾਇੰਦਾ । ਬ੍ਰਹਮਾ ਦੇਵੇ ਇਕ ਗਿਆਨ, ਅੱਖਰ ਵੱਖਰ ਆਪ ਪੜ੍ਹਾਇੰਦਾ । ਚਾਰੇ ਵੇਦ ਕਰ ਪਰਧਾਨ, ਚਾਰੇ ਕੁੰਟ ਵੰਡ ਵੰਡਾਇੰਦਾ । ਚਾਰੇ ਜੁਗ ਇਕ ਨਿਸ਼ਾਨ, ਏਕਾ ਘਰ ਝੁਲਾਇੰਦਾ । ਚਾਰੇ ਬਾਣੀ ਕਰ ਪਰਧਾਨ, ਚਾਰੇ ਖਾਣੀ ਆਪ ਸਮਝਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਮਹਾਨ, ਆਦਿ ਪੁਰਖ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਇੰਦਾ । ਆਪਣਾ ਪੜਦਾ ਦੇਵੇ ਲਾਹ, ਹਰਿ ਵੱਡਾ ਵਡ ਵਡਿਆਈਆ । ਜੁਗ ਜੁਗ ਬਣੇ ਮਾਤ ਮਲਾਹ, ਨਿਰਗੁਣ ਸਰਗੁਣ ਵੇਸ ਵਟਾਈਆ । ਸਤਿਜੁਗ ਤ੍ਰੇਤਾ ਲਿਆ ਹੰਢਾ, ਦੁਆਪਰ ਅੰਗ ਰਖਾਈਆ । ਕਲਜੁਗ

ਅੰਤ ਵੇਖਣ ਦਾ ਚਾਅ, ਪਾਰਬ੍ਰਹਮ ਪ੍ਰਭ ਖ਼ੁਸ਼ੀ ਮਨਾਈਆ । ਜੁਗ ਚੌਕੜੀ ਗਏ ਵਿਹਾ, ਥਿਰ ਕੋਇ ਰਹਿਣ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਪੰਧ ਰਹੇ ਮੁਕਾ, ਬਣ ਬਣ ਪਾਂਧੀ ਰਾਹੀਆ । ਗੁਰ ਅਵਤਾਰ ਸੇਵ ਕਮਾ, ਗਏ ਮੁਖ ਛੁਪਾਈਆ । ਪੀਰ ਪੈਗ਼ੰਬਰ ਡੌਰੂ ਡੰਕ ਵਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਖੇਲ ਕਰਾਈਆ । ਨਿਰਗੁਣ ਖੇਲ ਅਪਰ ਅਪਾਰ, ਹਰਿ ਸਾਚਾ ਸਚ ਕਰਾਇੰਦਾ । ਲੇਖਾ ਜਾਣੇ ਜੁਗ ਚਾਰ, ਜੁਗ ਚੌਕੜੀ ਫੋਲ ਫੁਲਾਇੰਦਾ । ਨਾਤਾ ਜੋੜ ਗੁਰ ਅਵਤਾਰ, ਪੁਰਖ ਬਿਧਾਤਾ ਬੰਧਨ ਪਾਇੰਦਾ । ਖੇਲੇ ਖੇਲ ਪਰਵਰਦਿਗਾਰ, ਪੀਰ ਪੈਗ਼ੰਬਰ ਆਪ ਵਡਿਆਇੰਦਾ । ਮੁਕਾਮੇ ਹੱਕ ਸਾਂਝਾ ਯਾਰ, ਨਬੀ ਰਸੂਲ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤਰ ਨਿਰਗੁਣ ਆਪਣੇ ਰੰਗ ਸਮਾਇੰਦਾ । ਨਿਰਗੁਣ ਨੂਰ ਪੁਰਖ ਅਕਾਲ, ਇਕ ਇਕੱਲਾ ਵਡ ਵਡਿਆਈਆ । ਆਦਿ ਜੁਗਾਦਿ ਖੇਲ ਕਮਾਲ, ਭੇਵ ਕੋਇ ਨਾ ਪਾਈਆ । ਚਰਨਾਂ ਹੇਠ ਦਬਾਏ ਕਾਲ ਮਹਾਂਕਾਲ, ਜੁਗ ਜੁਗ ਹੁਕਮ ਸੁਣਾਈਆ । ਨਿਰਗੁਣ ਸਰਗੁਣ ਬਣ ਦਲਾਲ, ਗੁਰ ਗੁਰ ਰੂਪ ਵਟਾਈਆ । ਬਾਣੀ ਬੋਧ ਸ਼ਬਦ ਗਿਆਨ, ਜੀਵ ਜੰਤ ਕਰੇ ਪੜ੍ਹਾਈਆ । ਸ਼ਾਸਤਰ ਸਿਮਰਤ ਵੇਖ ਪੁਰਾਨ, ਵੇਦ ਵਿਦਾਤਾ ਰੂਪ ਵਟਾਈਆ । ਭਗਤਨ ਮੇਲਾ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਸਾਚਾ ਮਾਰਗ ਨਿਰਗੁਣ ਧਾਰ, ਸਰਗੁਣ ਵੇਖ ਵਖਾਈਆ । ਰੂਪ ਧਰਾਏ ਗੁਰ ਅਵਤਾਰ, ਮਾਤਲੋਕ ਲਏ ਅੰਗੜਾਈਆ । ਖੜਗ ਖੰਡਾ ਤੇਜ ਕਟਾਰ, ਚੰਡ ਪਰਚੰਡ ਹੱਥ ਉਠਾਈਆ । ਤੀਰ ਤਰਕਸ਼ ਫੜ ਕਮਾਨ, ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਵਖਾਈਆ । ਪੀਰ ਪੈਗ਼ੰਬਰ ਵੇਖੇ ਮਾਰ ਧਿਆਨ, ਮਿਹਬਾਨ ਬੀਦੋ ਨਿਗਹਬਾਨ ਬੀ ਖੈਰ ਯਾ ਅੱਲਾ ਇਲਾਹੀ ਨੂਰ ਆਪ ਅਖਵਾਈਆ । ਕਰੇ ਖੇਲ ਸ੍ਰੀ ਭਗਵਾਨ, ਨਿਰਗੁਣ ਸਰਗੁਣ ਦੇਵੇ ਦਾਨ, ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਆਪਣੀ ਰਚਨ ਰਚਾਈਆ । ਕਰੇ ਪਰਕਾਸ਼ ਰਵ ਸਸ ਸੂਰਜ ਚੰਦ ਭਾਨ, ਦਾਤਾ ਜੋਧਾ ਸੂਰਬੀਰ ਸ੍ਰੀ ਭਗਵਾਨ ਇਕ ਵਖਾਏ ਸਚ ਨਿਸ਼ਾਨ, ਦਰਗਾਹ ਸਾਚੀ ਆਪ ਝੁਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਆਤਮ ਅੰਤਰ ਇਕ ਗਿਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ ਇਕ ਇਕੱਲਾ, ਵਸਣਹਾਰ ਸਚ ਮਹੱਲਾ, ਦੋ ਜਹਾਨਾਂ ਆਪਣਾ ਖੇਲ ਕਰਾਈਆ । ਦੋ ਜਹਾਨਾਂ ਖੇਲ ਅਪਾਰਾ, ਹਰਿ ਨਿਰੰਕਾਰਾ ਆਪਣਾ ਆਪ ਕਰਾਇੰਦਾ । ਨਿਰਗੁਣ ਸਰਗੁਣ ਪਾਵੇ ਸਾਰਾ, ਲੋਕਮਾਤ ਹੋ ਉਜਿਆਰਾ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਪਣਾ ਭੇਵ ਚੁਕਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰੇ ਪਾਰ ਕਿਨਾਰਾ, ਵੇਖੇ ਵਿਗਸੇ ਵਾਰੋ ਵਾਰਾ, ਜੁਗ ਚੌਕੜੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਰੰਗਾਇੰਦਾ । ਜੁਗ ਚੌਕੜੀ ਬੀਤੇ ਕਾਲ, ਥਿਰ ਕੋਇ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਥਿਰ ਘਰ ਆਪਣਾ ਰੰਗ ਵਖਾਈਆ । ਜੁਗ ਜੁਗ ਚਲੇ ਅਵੱਲੜੀ ਚਾਲ, ਵੇਦ ਕਤੇਬ ਭੇਵ ਨਾ ਰਾਈਆ । ਗੁਰ ਅਵਤਾਰ ਕਰ ਬਹਾਲ, ਲੋਕਮਾਤ ਸੇਵ ਲਗਾਈਆ । ਹੁਕਮ ਦੇਵੇ ਆਪ ਮਹਾਂਕਾਲ, ਮਿਹਬਾਨ ਬੀਦੋ ਆਪਣਾ ਨਾਉਂ ਧਰਾਈਆ । ਨੂਰੀ ਜਲਵਾ ਜੋਤ ਜਲਾਲ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਇਕ ਅਕੱਲਾ ਪੁਰਖ ਅਕਾਲ, ਅਨਕ ਕਲ ਆਪਣੀ ਰੱਖੇ ਵਡਿਆਈਆ । ਅਨਕ ਕਲ ਪੁਰਖ ਅਕਾਲਾ, ਏਕਾ ਏਕ ਅਖਵਾਇੰਦਾ । ਜੁਗ ਜੁਗ ਖੇਲ ਕਰੇ ਨਿਰਾਲਾ, ਭੇਵ ਕੋਇ ਨਾ ਪਾਇੰਦਾ । ਜਨ ਭਗਤਾਂ ਦੱਸੇ ਰਾਹ ਸੁਖਾਲਾ, ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤ੍ਰੇਤਾ ਦੁਆਪਰ ਆਪ ਹੰਢਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਮੁਕਿਆ ਪੰਧ, ਕਲਜੁਗ ਅੰਤਮ ਵੇਲਾ ਆਈਆ । ਕਰੇ ਖੇਲ ਸੂਰਾ ਸਰਬੰਗ, ਨਿਰਗੁਣ ਆਪਣਾ ਰੂਪ ਧਰਾਈਆ । ਵੇਖਣਹਾਰਾ ਨੌਂ ਖੰਡ ਪ੍ਰਿਥਮੀ ਸਤਿ ਦੀਪ ਸੂਰਜ ਚੰਦ, ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਈਆ । ਖੇਲੇ ਖੇਲ ਵਿਚ ਵਰਭੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਪਰਗਟਾਈਆ । ਨਿਰਗੁਣ ਹਰਿ ਇਕ ਬਲਵਾਨ, ਆਦਿ ਪੁਰਖ ਅਖਵਾਇੰਦਾ । ਕਲਜੁਗ ਅੰਤਮ ਵੇਖੇ ਆਣ, ਨਿਰਗੁਣ ਰੂਪ ਵਟਾਇੰਦਾ । ਸਚਖੰਡ ਵਖਾਏ ਸਚ ਮਕਾਨ, ਲੋਕਮਾਤ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਧਰਾਇੰਦਾ । ਆਪਣਾ ਬਲ ਆਪੇ ਰੱਖ, ਹਰਿ ਆਪਣੀ ਧਾਰ ਚਲਾਈਆ । ਨਿਰਗੁਣ ਰੂਪ ਹੋ ਪਰਤੱਖ, ਘਰ ਸਾਚੇ ਸੋਭਾ ਪਾਈਆ । ਭਗਤ ਭਗਵੰਤ ਕਰ ਕਰ ਵੱਖ, ਆਪਣੀ ਬੂਝ ਬੁਝਾਈਆ । ਲੱਖ ਚੁਰਾਸੀ ਵਿਚੋਂ ਲਏ ਰੱਖ, ਅਗਨੀ ਤੱਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪ ਤਰਾਈਆ । ਹਰਿ ਪੁਰਖ ਅਗੰਮ ਪ੍ਰਭ ਏਕ ਹੈ, ਏਕਾ ਰੰਗ ਸਮਾਇਆ । ਗੁਰ ਸਤਿਗੁਰ ਸਾਚੀ ਟੇਕ ਹੈ, ਸਰਨ ਸੱਚੀ ਸਰਨਾਇਆ । ਭਗਤ ਭਗਵੰਤ ਰਿਹਾ ਵੇਖ ਹੈ, ਜੁਗ ਜੁਗ ਵੇਸ ਵਟਾਇਆ । ਸੰਤਾਂ ਲਿਖਣਹਾਰਾ ਲੇਖ ਹੈ, ਲਹਿਣਾ ਦੇਣਾ ਮੂਲ ਚੁਕਾਇਆ । ਗੁਰਮੁਖ ਮੇਲਾ ਸਾਚੇ ਦੇਸ ਹੈ, ਮਹੱਲ ਅਟੱਲ ਕਰੇ ਰੁਸ਼ਨਾਇਆ । ਗੁਰਸਿਖ ਖੋਲ੍ਹੇ ਆਪਣਾ ਭੇਤ ਹੈ, ਦੂਈ ਦਵੈਤੀ ਪੜਦਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਤਰਾਇਆ । ਹਰਿ ਪੁਰਖ ਨਿਰੰਜਣ ਅਗੰਮ ਅਥਾਹ ਹੈ, ਬੇਅੰਤ ਬੇਪਰਵਾਹ । ਗੁਰ ਸਤਿਗੁਰ ਦੇਵੇ ਸਚ ਸਲਾਹ ਹੈ, ਏਕਾ ਨਾਮ ਪਰਗਟਾ । ਭਗਤਨ ਮੇਲਾ ਸਹਿਜ ਸੁਭਾ ਹੈ, ਗੁਰ ਸਤਿਗੁਰ ਲਏ ਮਿਲਾ । ਸੰਤਨ ਸਦਾ ਇਕੋ ਚਾਅ ਹੈ, ਪ੍ਰਭ ਦਰਸ਼ਨ ਲਈਏ ਪਾ । ਗੁਰਮੁਖ ਗੁਰ ਗੁਰ ਰਹੇ ਧਿਆ ਹੈ, ਚਰਨ ਕਵਲ ਧਿਆਨ ਲਗਾ । ਗੁਰਸਿਖਾਂ ਪਕੜੇ ਆਪੇ ਬਾਂਹ ਹੈ, ਏਥੇ ਓਥੇ ਹੋਏ ਸਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾ । ਹਰਿ ਪੁਰਖ ਸਦਾ ਸਮਰਥ ਹੈ, ਆਦਿ ਜੁਗਾਦੀ ਕਾਰ । ਗੁਰ ਸਤਿਗੁਰ ਚਲਾਏ ਰਥ ਹੈ, ਜੁਗ ਜੁਗ ਮਾਤ ਲਏ ਅਵਤਾਰ । ਜਨ ਭਗਤਾਂ ਦੇਵੇ ਸਾਚੀ ਵੱਥ ਹੈ, ਏਕਾ ਨਾਮ ਅਪਾਰ । ਸੰਤ ਸਾਜਨ ਲਏ ਰੱਖ ਹੈ, ਜਗਤ ਜਲੰਦੇ ਲਾਏ ਪਾਰ । ਗੁਰਮੁਖਾਂ ਮਾਰਗ ਆਪਣਾ ਦੱਸ ਹੈ, ਖੋਲ੍ਹੇ ਬੰਦ ਕਵਾੜ । ਗੁਰਸਿਖਾਂ ਹਿਰਦੇ ਅੰਦਰ ਵਸ ਹੈ, ਦੇਵੇ ਦਰਸ ਦੀਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਹਰਿ ਪੁਰਖ ਦੀਨ ਦਿਆਲ, ਆਪਣੀ ਦਇਆ ਕਮਾਇੰਦਾ । ਗੁਰ ਸਤਿਗੁਰ ਵੇਖ ਸਾਚੇ ਲਾਲ, ਭਗਤ ਭਗਵੰਤ ਰੰਗ ਚੜ੍ਹਾਇੰਦਾ । ਸੰਤਨ ਸਤਿ ਸਤਿਵਾਦੀ ਬਣ ਦਲਾਲ, ਦਰ ਘਰ ਸਾਚੇ ਮੇਲ ਮਿਲਾਇੰਦਾ । ਗੁਰਮੁਖਾਂ ਮਾਇਆ ਤੋੜ ਜ਼ੰਜਾਲ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਏਕਾ ਘਰ ਬਹਾਇੰਦਾ । ਗੁਰਸਿਖਾਂ ਚਲੇ ਨਾਲ ਨਾਲ, ਦਿਵਸ ਰੈਣ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਤੇਰਾ ਬੰਨ੍ਹੇ ਬੇੜਾ, ਸਤਿਗੁਰ ਪੂਰੇ ਹੱਥ ਵਡਿਆਈਆ । ਵਸਦਾ ਰਹੇ ਕਾਇਆ ਖੇੜਾ, ਘਰ ਮੰਦਰ ਵੱਜੇ ਵਧਾਈਆ । ਅੰਤ ਕਰੇ ਹੱਕ ਨਿਬੇੜਾ, ਝੂਠੀ ਮਾਇਆ ਦਏ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵੇ ਮਾਣ ਵਡਿਆਈਆ । ਗੁਰਮੁਖ ਤੇਰਾ ਸੱਚਾ ਮਾਣ, ਘਰ ਸਾਚੇ ਆਪ ਬਣਾਇਆ । ਜਿਥੇ ਝੁੱਲੇ ਸਚ ਨਿਸ਼ਾਨ, ਸੋ ਪੁਰਖ ਨਿਰੰਜਣ ਰਿਹਾ ਝੁਲਾਇਆ । ਓਥੇ ਨਾ ਜਿਮੀਂ ਅਸਮਾਨ, ਸੂਰਜ ਚੰਦ ਨਜ਼ਰ ਕੋਇ ਨਾ ਆਇਆ । ਨਾ ਕੋਈ ਵਿਦਿਆ ਨਾ ਗਿਆਨ, ਸ਼ਾਸਤਰ ਸਿਮਰਤ ਨਾ ਕੋਇ ਪੜ੍ਹਾਇਆ । ਨਾ ਕੋਈ ਮੰਦਰ ਮਸਜਦ ਮੱਠ ਦਿਸੇ ਮਕਾਨ, ਗੁਰਦੁਆਰ ਨਾ ਕੋਇ ਵਖਾਇਆ । ਜਿਸ ਘਰ ਵਸੇ ਸ੍ਰੀ ਭਗਵਾਨ, ਸੋ ਮੰਦਰ ਸੋਭਾ ਪਾਇਆ । ਏਕਾ ਜੋਤ ਜਗੇ ਮਹਾਨ, ਨੂਰ ਨੂਰਾਨਾ ਡਗਮਗਾਇਆ । ਸ਼ਬਦ ਅਗੰਮ ਇਕ ਧੁੰਨਕਾਨ, ਢੋਲਕ ਛੈਣਾ ਨਾ ਕੋਇ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰਾ ਬੰਕ ਸੁਹਾਇਆ । ਗੁਰਸਿਖ ਬੰਕ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਜਿਸ ਘਰ ਮਿਲਾਵਾ ਹਰਿ ਜੂ ਕੰਤ, ਤਿਸ ਗ੍ਰਿਹ ਵੱਜੇ ਵਧਾਈਆ । ਹਰਿਜਨ ਹੋਇਆ ਸਾਚਾ ਸੰਤ, ਸਤਿ ਸਤਿਵਾਦੀ ਆਪ ਬਣਾਈਆ । ਗੜ੍ਹ ਤੁੱਟਾ ਹਉਮੇ ਹੰਗਤ, ਝੂਠੀ ਮਮਤਾ ਦਏ ਤਜਾਈਆ । ਮੇਲ ਮਿਲਾਵਾ ਸਾਚੀ ਸੰਗਤ, ਹਰਿ ਸੰਗਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਡਿਆਈਆ । ਸਚ ਵਡਿਆਈ ਸਾਚੇ ਘਰ, ਹਰਿ ਸਾਚਾ ਸਚ ਰਖਾਇੰਦਾ । ਗੁਰਸਿਖਾਂ ਦੇਵੇ ਏਕਾ ਵਰ, ਏਕਾ ਬੰਧਨ ਪਾਇੰਦਾ । ਆਵਣ ਜਾਵਣ ਚੁੱਕੇ ਡਰ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਰੰਗ ਰੰਗਾਇੰਦਾ । ਏਕਾ ਰੰਗ ਰੰਗੇ ਗੁਲਾਲ, ਪ੍ਰਭ ਸਾਚਾ ਦਇਆ ਕਮਾਈਆ । ਗੁਰਮੁਖ ਵੇਖੇ ਸਾਚੇ ਲਾਲ, ਦਰ ਘਰ ਸਾਚੇ ਲਏ ਮਿਲਾਈਆ । ਮਾਇਆ ਮਮਤਾ ਤੋੜ ਜ਼ੰਜਾਲ, ਨਿਵਣ ਸੁ ਅੱਖਰ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਣ ਦਏ ਸਮਝਾਈਆ । ਸਾਚਾ ਗੁਣ ਸ਼ਬਦ ਧਾਰ, ਏਕਾ ਏਕ ਰਖਾਇੰਦਾ । ਏਕਾ ਗੁਣ ਸ਼ਬਦ ਜੈਕਾਰ, ਸੋਹੰ ਢੋਲਾ ਆਪੇ ਗਾਇੰਦਾ । ਸ਼ਬਦ ਵਿਚੋਲਾ ਏਕੰਕਾਰ, ਗੁਰ ਚੇਲਾ ਰੂਪ ਵਟਾਇੰਦਾ । ਪੜਦਾ ਉਹਲਾ ਵਿਚ ਸੰਸਾਰ, ਅਬਿਨਾਸ਼ੀ ਕਰਤਾ ਆਪੇ ਪਾਇੰਦਾ । ਜਨ ਭਗਤਾਂ ਕਰੇ ਹੌਲਾ ਭਾਰ, ਸਿਰ ਆਪਣੇ ਗੰਢ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਆਪਣੇ ਵਿਚ ਛੁਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਨੇਤਰ ਦਿਸ ਕਿਸੇ ਨਾ ਆਇੰਦਾ ।

### ★ ੨੦ ਮਾਘ ੨੦੧੮ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹ ਛੰਬ ਜੰਮੂ ★

ਹਰਿ ਸਰਨ ਸੱਚੀ ਸਰਨਾਈ, ਜੁਗ ਜੁਗ ਦਇਆ ਕਮਾਇੰਦਾ । ਹਰਿ ਚਰਨ ਸੱਚੀ ਸਰਨਾਈ, ਹਰਿ ਭਗਤਾਂ ਮਾਣ ਰਖਾਇੰਦਾ । ਹਰਿ ਚਰਨ ਸੱਚੀ ਸਰਨਾਈ, ਹਰਿ ਸੰਤਨ ਨਾਮ ਜਪਾਇੰਦਾ । ਹਰਿ ਚਰਨ ਸੱਚੀ ਸਰਨਾਈ, ਹਰਿ ਗੁਰਮੁਖ ਮੇਲ ਮਿਲਾਇੰਦਾ । ਹਰਿ ਚਰਨ ਸੱਚੀ

੫੬੦
੧੧

ਸਰਨਾਈ, ਹਰਿ ਗੁਰਸਿਖ ਆਪ ਉਠਾਇੰਦਾ । ਹਰਿ ਚਰਨ ਸੱਚੀ ਸਰਨਾਈ, ਦੁਰਮਤ ਮੈਲ ਧੁਵਾਇੰਦਾ । ਹਰਿ ਚਰਨ ਸੱਚੀ ਸਰਨਾਈ, ਮਾਇਆ ਮਮਤਾ ਮੋਹ ਚੁਕਾਇੰਦਾ । ਹਰਿ ਚਰਨ ਸੱਚੀ ਸਰਨਾਈ, ਚਿੰਤਾ ਰੋਗ ਗਵਾਇੰਦਾ । ਹਰਿ ਚਰਨ ਸੱਚੀ ਸਰਨਾਈ, ਲੱਖ ਚੁਰਾਸੀ ਫੰਦ ਕਟਾਇੰਦਾ । ਹਰਿ ਚਰਨ ਸੱਚੀ ਸਰਨਾਈ, ਘਰ ਸਾਚਾ ਸੁਖ ਉਪਜਾਇੰਦਾ । ਹਰਿ ਚਰਨ ਸੱਚੀ ਸਰਨਾਈ, ਉਜਲ ਮੁੱਖ ਮਾਤ ਕਰਾਇੰਦਾ । ਹਰਿ ਚਰਨ ਸੱਚੀ ਸਰਨਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨ ਇਕ ਰਖਾਇੰਦਾ । ਹਰਿ ਚਰਨ ਸੱਚੀ ਸਰਨਾਈ, ਜਨ ਭਗਤਾਂ ਦੇਵੇ ਮਾਣ । ਹਰਿ ਚਰਨ ਸੱਚੀ ਸਰਨਾਈ, ਸਾਚੇ ਸੰਤਾਂ ਦੇਵੇ ਦਾਨ । ਹਰਿ ਚਰਨ ਸੱਚੀ ਸਰਨਾਈ, ਗੁਰਮੁਖ ਵੇਖੇ ਬਾਲ ਅਞਾਣ । ਹਰਿ ਚਰਨ ਸੱਚੀ ਸਰਨਾਈ, ਗੁਰਸਿਖ ਦੇਵੇ ਇਕ ਗਿਆਨ । ਹਰਿ ਚਰਨ ਸੱਚੀ ਸਰਨਾਈ, ਮਿਲੇ ਵਡਿਆਈ ਦੋ ਜਹਾਨ । ਹਰਿ ਚਰਨ ਸੱਚੀ ਸਰਨਾਈ, ਨਾਤਾ ਤੁਟੇ ਪੰਜ ਸ਼ੈਤਾਨ । ਹਰਿ ਚਰਨ ਸੱਚੀ ਸਰਨਾਈ, ਘਰ ਮਿਲੇ ਅੰਮ੍ਰਿਤ ਪੀਣ ਖਾਣ । ਹਰਿ ਚਰਨ ਸੱਚੀ ਸਰਨਾਈ, ਜਮ ਕੀ ਚੁੱਕੇ ਕਾਣ । ਹਰਿ ਚਰਨ ਸੱਚੀ ਸਰਨਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹਰਿ ਸਰਨ ਇਕੋ ਓਟ, ਹਰਿਜਨ ਹਰਿ ਰਖਾਇੰਦਾ । ਭਾਗ ਲੱਗੇ ਕਾਇਆ ਕੋਟ, ਗੜ੍ਹ ਬੰਕ ਆਪ ਸੁਹਾਇੰਦਾ । ਜਗਤ ਵਾਸਨਾ ਕਢੇ ਖੋਟ, ਦੁਰਮਤ ਮੈਲ ਧੁਵਾਇੰਦਾ । ਮੇਲ ਮਿਲਾਵਾ ਨਿਰਮਲ ਜੋਤ, ਜੋਤੀ ਜੋਤ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨ ਇਕ ਵਖਾਇੰਦਾ । ਸਾਚੀ ਸਰਨ ਪੁਰਖ ਅਕਾਲ, ਆਦਿ ਜੁਗਾਦਿ ਸਹਾਈਆ । ਭਗਤ ਭਗਵੰਤ ਲਏ ਉਠਾਲ, ਆਪਣੀ ਬੂਝ ਬੁਝਾਈਆ । ਸੰਤਾਂ ਬਣੇ ਸਤਿ ਦਲਾਲ, ਸਤਿ ਸਤਿਵਾਦੀ ਸੇਵ ਕਮਾਈਆ । ਗੁਰਮੁਖਾਂ ਚਲੇ ਨਾਲ ਨਾਲ, ਆਪਣਾ ਪੰਧ ਮੁਕਾਈਆ । ਗੁਰਸਿਖ ਵੇਖੇ ਸਾਚੇ ਲਾਲ, ਬਾਲ ਅਞਾਣੇ ਗੋਦ ਬਹਾਈਆ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਗ੍ਰਿਹਿ ਦੀਵਾ ਬਾਤੀ ਇਕ ਟਿਕਾਈਆ । ਲੇਖਾ ਤੋੜ ਸ਼ਾਹ ਕੰਗਾਲ, ਸ਼ਰਅ ਬੰਧਨ ਦਏ ਮੁਕਾਈਆ । ਏਕਾ ਵਸਤ ਨਾਮ ਧੰਨ ਮਾਲ, ਸਚ ਸੁੱਚ ਝੋਲੀ ਪਾਈਆ । ਕਾਇਆ ਕੱਚ ਤੋੜ ਜ਼ੰਜਾਲ, ਕੰਚਨ ਰੂਪ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਰਨਾਈ ਇਕ ਜਣਾਈਆ । ਸਚ ਸਰਨਾਈ ਸਤਿਗੁਰ ਸ਼ਬਦ, ਚਰਨ ਸਰਨ ਸਹਾਰਾ । ਕਰੇ ਕਰਾਏ ਪੱਤਤ ਪੁਨੀਤ, ਪੱਤਤ ਪਾਵਣ ਏਕੰਕਾਰਾ । ਨਾਮ ਸੁਣਾਏ ਅਗੰਮੀ ਗੀਤ, ਸੋਹੰ ਸ਼ਬਦ ਸਚ ਜੈਕਾਰਾ । ਜਨਮ ਜਨਮ ਵੇਖੇ ਲੱਗੀ ਪ੍ਰੀਤ, ਪੂਰਬ ਲਹਿਣਾ ਦੇਵਣਹਾਰਾ । ਸਦਾ ਸਦਾ ਸਦ ਅਤੀਤ, ਤ੍ਰੈਗੁਣ ਅਤੀਤਾ ਏਕੰਕਾਰਾ । ਏਕਾ ਜਾਣੇ ਹਸਤ ਕੀਟ, ਘਟ ਘਟ ਕਰ ਪਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨ ਦੇ ਸਹਾਰਾ । ਸਾਚੀ ਸਰਨ ਸਤਿਗੁਰ ਸੱਜਣ, ਦੂਸਰ ਅਵਰ ਨਾ ਕੋਇ ਰਖਾਈਆ । ਧੂੜ ਕਰਾਏ ਸਾਚਾ ਮਜਨ, ਮਜਨ ਮਾਘ ਮੁਖ ਸ਼ਰਮਾਈਆ । ਜਗਤ ਵਿਕਾਰ ਗੁਰਮੁਖ ਤਜਣ, ਜੀਵਣ ਜੁਗਤ ਜਣਾਈਆ । ਨਾਮ ਨਗਾਰੇ ਸਾਚੇ ਵੱਜਣ, ਆਤਮ ਪਰਮਾਤਮ ਰੰਗ ਚੜ੍ਹਾਈਆ । ਸਚ ਪ੍ਰੀਤੀ ਗੁਰਮੁਖ ਬੱਝਣ, ਨਾਮ ਡੋਰੀ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਖ਼ਸ਼ੇ ਇਕ ਸਰਨਾਈਆ । ਸਾਚੀ ਸਰਨ ਸਤਿਗੁਰ ਸੇਵ, ਸੇਵਕ ਸੇਵਾ ਇਕ ਸਮਝਾਇੰਦਾ । ਆਦਿ ਪੁਰਖ ਅਲੱਖ ਅਭੇਵ, ਅਗੋਚਰ ਖੇਲ ਕਰਾਇੰਦਾ । ਸਦਾ ਸਦਾ ਸਦ ਨਿਹਕੇਵ, ਨਿਹਚਲ ਧਾਮ ਸੁਹਾਇੰਦਾ । ਲੇਖਾ ਜਾਣੇ ਰਸਨਾ ਜਿਹਵ, ਜੋ ਜਨ ਸੋਹੰ ਢੋਲਾ ਗਾਇੰਦਾ । ਆਤਮ

ਅੰਤਰ ਏਕਾ ਮੇਵ, ਅਮਿਉਂ ਰਸ ਆਪ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨ ਇਕ ਵਖਾਇੰਦਾ । ਸਾਚੀ ਸਰਨ ਏਕੋ ਇਕ, ਏਕਾ ਏਕ ਜਣਾਇੰਦਾ । ਭਗਤ ਭਗਵੰਤ ਲੇਖਾ ਲਿਖ, ਲਿਖ ਲਿਖ ਲੇਖ ਸਮਝਾਇੰਦਾ । ਜੁਗਾਂ ਜੁਗੰਤਰ ਵੰਡੇ ਹਿਸ, ਸਾਚੀ ਵੰਡ ਵੰਡਾਇੰਦਾ । ਬਿਨ ਕਿਰਪਾ ਨਾ ਪਏ ਦਿਸ, ਨੇਤਰ ਸਭ ਦੇ ਬੰਦ ਕਰਾਇੰਦਾ । ਜਿਸ ਜਨ ਪਾਏ ਨਾਮ ਭਿਖ, ਦੀਨਨ ਆਪਣੀ ਦਇਆ ਕਮਾਇੰਦਾ । ਸੋ ਗੁਰਮੁਖ ਸਿਖਿਆ ਲਏ ਸਿਖ, ਸਾਚੀ ਸਿਖਿਆ ਇਕ ਸਮਝਾਇੰਦਾ । ਹਰਿ ਭੇਵ ਨਾ ਜਾਣੇ ਮੁਨ ਰਿਖ, ਰਿਖ ਮੁਨ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਰਨਾਈ ਇਕ ਰਖਾਇੰਦਾ । ਸਚ ਸਰਨਾਈ ਏਕੋ ਆਸ, ਏਕਾ ਘਰ ਵਡਿਆਈਆ । ਜਨਮ ਜਨਮ ਦੀ ਮਿਟੇ ਪਿਆਸ, ਕਰਮ ਕਰਮ ਦਾ ਰੋਗ ਗਵਾਈਆ । ਲੇਖੇ ਲੱਗੇ ਪਵਣ ਸਵਾਸ, ਸਵਾਸ ਸਵਾਸਾਂ ਲੇਖੇ ਲਾਈਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸ, ਡੂੰਘੀ ਕੰਦਰ ਵੇਖ ਵਖਾਈਆ । ਦੀਨ ਦਿਆਲ ਠਾਕਰ ਅਬਿਨਾਸ਼, ਅਬਿਨਾਸ਼ੀ ਕਰਤੇ ਆਪਣੀ ਦਇਆ ਕਮਾਈਆ । ਕਰੇ ਕਰਾਏ ਬੰਦ ਖੁਲਾਸ, ਬੰਦੀ ਤੋੜੇ ਝੂਠੀ ਫਾਹੀਆ । ਨਾਤਾ ਤੋੜ ਗਰਭਵਾਸ, ਆਵਣ ਜਾਵਣ ਪੰਧ ਮੁਕਾਈਆ । ਸਚ ਮੰਦਰ ਵਖਾਏ ਏਕਾ ਰਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਸਚ ਸਰਨਾਈ ਮਿਹਰਵਾਨ, ਇਕੋ ਇਕ ਜਣਾਇੰਦਾ । ਭਗਤਾਂ ਦੇਵੇ ਭਗਤੀ ਦਾਨ, ਵਸਤ ਦਸਤ ਹੱਥ ਫੜਾਇੰਦਾ । ਸੰਤਨ ਰਾਗ ਸੁਣਾਏ ਕਾਨ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਗੁਰਮੁਖਾਂ ਮੇਲਾ ਮੇਲੇ ਆਣ, ਗੁਰ ਗੁਰ ਵੇਸ ਵਟਾਇੰਦਾ । ਗੁਰਸਿਖਾਂ ਦੇਵੇ ਇਕ ਧਿਆਨ, ਚਰਨ ਕਵਲ ਸਮਝਾਇੰਦਾ । ਦਾਤਾ ਦਾਨੀ ਸ੍ਰੀ ਭਗਵਾਨ, ਆਪਣੀ ਖੇਲ ਕਰਾਇੰਦਾ । ਮਹਾਂਬਲੀ ਨੌਜਵਾਨ, ਆਪਣਾ ਬਲ ਧਰਾਇੰਦਾ । ਪਰਗਟ ਹੋ ਵਿਚ ਜਹਾਨ, ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨ ਇਕ ਰਖਾਇੰਦਾ । ਸਾਚੀ ਸਰਨ ਸ੍ਰੀ ਭਗਵਾਨ, ਆਦਿ ਜੁਗਾਦਿ ਜਣਾਈਆ । ਜਨ ਭਗਤਾਂ ਦੇਵੇ ਵਿਚ ਜਹਾਨ, ਸਿਰ ਆਪਣਾ ਹੱਥ ਟਿਕਾਈਆ । ਨਿਰਗੁਣ ਸਰਗੁਣ ਦਰਸਨ ਦੇਵੇ ਆਣ, ਰੂਪ ਅਨੂਪ ਵਖਾਈਆ । ਜਨਮ ਜਨਮ ਦੀ ਚੁੱਕੇ ਕਾਣ, ਕਾਨੀ ਤੀਰ ਨਾ ਕੋਇ ਲਗਾਈਆ । ਹੋ ਪਰਤੱਖ ਕਰੇ ਪਹਿਚਾਨ, ਮਾਇਆ ਪੜਦਾ ਆਪ ਹਟਾਈਆ । ਅਲਖ ਨਿਰੰਜਣ ਖੇਲ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਚ ਸਰਨਾਈ ਪਾਰਬ੍ਰਹਮ, ਪ੍ਰਭ ਏਕਾ ਏਕ ਰਖਾਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਦੁੱਖ ਨਾ ਕੋਇ ਜਣਾਇੰਦਾ । ਜਗਤ ਤ੍ਰਿਸਨਾ ਨਾ ਕੋਇ ਤਮ, ਆਸਾ ਮਨਸਾ ਪੂਰ ਕਰਾਇੰਦਾ । ਭਾਂਡਾ ਭਰਮ ਭੌ ਦੇਵੇ ਭੰਨ, ਘੜਨ ਭੰਨਣਹਾਰ ਖੇਲ ਖਿਲਾਇੰਦਾ । ਜਗਤ ਜੁਗਤ ਜੀਵ ਬੇੜਾ ਦੇਵੇ ਬੰਨ੍ਹ, ਜੀਵਣ ਆਪਣੇ ਰੰਗ ਰੰਗਾਇੰਦਾ । ਭਾਗ ਲਗਾਏ ਕਾਇਆ ਤਨ, ਪੰਜ ਤੱਤ ਮਾਟੀ ਹਾਟੀ ਸੋਭਾ ਪਾਇੰਦਾ । ਜੂਠ ਝੂਠ ਦੇਵੇ ਡੰਨ, ਏਕਾ ਡੰਕਾ ਨਾਮ ਵਜਾਇੰਦਾ । ਮਨ ਕਾ ਮਣਕਾ ਫੇਰੇ ਮਨ, ਮਨ ਮਨਸਾ ਮਾਹਿ ਸਮਾਇੰਦਾ । ਇਕ ਚੜ੍ਹਾਏ ਸਾਚਾ ਚੰਨ, ਚੰਦ ਚਾਂਦਨੀ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚੇ ਜਨ, ਜਨ ਜਨਣੀ ਆਪ ਹੋ ਜਾਇੰਦਾ । ਸਚ ਸਰਨਾਈ ਸਰਬ ਗੁਣਵੰਤ, ਵਡ ਵੱਡਾ ਵਡ ਵਡਿਆਈਆ । ਏਥੇ ਓਥੇ ਬਣਾਏ ਬਣਤ, ਖੇਲੇ ਖੇਲ ਬੇਪਰਵਾਹੀਆ । ਕਲਜੁਗ ਅੰਤ ਮਹਿਮਾ ਅਗਣਤ, ਲਿਖ ਲਿਖ ਲੇਖ ਨਾ ਕੋਇ ਮੁਕਾਈਆ ।

ਹਰਿਜਨ ਵੇਖੇ ਸਾਚੇ ਸੰਤ, ਗੁਰਮੁਖ ਆਪਣੇ ਰੰਗ ਰੰਗਾਈਆ । ਏਕਾ ਨਾਮ ਮਣੀਆ ਮੰਤ, ਸੋਹੰ ਸਤਿ ਕਰੇ ਪੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਵਿਚ ਜੀਵ ਜੰਤ, ਜੀਵਣ ਜੀਵਣ ਵਿਚ ਬਦਲਾਈਆ ।

★ ੨੦ ਮਾਘ ੨੦੧੮ ਬਿਕ੍ਰਮੀ ਬੀਬੀ ਰਾਮ ਕੌਰ ਦੇ ਗ੍ਰਿਹ ਛੰਬ ਜੰਮੂ ★

ਸੋ ਪੁਰਖ ਨਿਰੰਜਣ ਸਤਿ ਸਤਿਵਾਦ, ਸਤਿ ਸਤਿਵਾਦੀ ਖੇਲ ਕਰਾਇੰਦਾ । ਹਰਿ ਸਤਿਗੁਰ ਪੂਰਾ ਆਦਿ ਜੁਗਾਦਿ, ਨਿਰਗੁਣ ਨੂਰ ਡਗਮਗਾਇੰਦਾ । ਗੁਰ ਗੁਰ ਰੂਪ ਬ੍ਰਹਮ ਬ੍ਰਹਿਮਾਦਿ, ਜੁਗ ਜੁਗ ਵੇਸ ਵਟਾਇੰਦਾ । ਭਗਤਾਂ ਭਗਤੀ ਦੇ ਦੇ ਦਾਦ, ਸਾਚੀ ਵਸਤ ਝੋਲੀ ਪਾਇੰਦਾ । ਸੰਤ ਵਜਾਏ ਸਾਚਾ ਨਾਦ, ਅਨਾਦੀ ਨਾਦ ਸੁਣਾਇੰਦਾ । ਗੁਰਮੁਖ ਸੱਜਣ ਆਪੇ ਲਾਧ, ਆਪਣੀ ਬੂਝ ਬੁਝਾਇੰਦਾ । ਗੁਰਸਿਖ ਬਣਾਏ ਸੱਜਣ ਸਾਕ, ਸਾਚਾ ਬੰਧਨ ਪਾਇੰਦਾ । ਖੇਲੇ ਖੇਲ ਹਰਿ ਤਮਾਸ਼, ਆਪਣੀ ਰਾਸ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਏਕੰਕਾਰਾ, ਏਕਾ ਰੰਗ ਸਮਾਇੰਦਾ । ਹਰਿ ਸਤਿਗੁਰ ਵਸੇ ਸਚਖੰਡ ਦੁਆਰਾ, ਜੋਤੀ ਜਾਤਾ ਡਗਮਗਾਇੰਦਾ । ਗੁਰ ਗੁਰ ਰੂਪ ਧਰ ਅਵਤਾਰਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਭਗਤਨ ਭਗਤੀ ਦੇ ਭੰਡਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਸੰਤਨ ਆਤਮ ਇਕ ਖੁਮਾਰਾ, ਅੰਮ੍ਰਿਤ ਧਾਰਾ ਮੁੱਖ ਚੁਆਇੰਦਾ । ਗੁਰਮੁਖਾਂ ਖੋਲ੍ਹ ਬੰਦ ਕਿਵਾੜਾ, ਆਪਣੀ ਬੂਝ ਬੁਝਾਇੰਦਾ । ਗੁਰਸਿਖਾਂ ਵਖਾਏ ਇਕ ਦੁਆਰਾ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਏਕੰਕਾਰਾ ਖੇਲ ਅਪਾਰਾ, ਆਦਿ ਆਦਿ ਕਰਾਈਆ । ਸਤਿਗੁਰ ਰੂਪ ਹੋ ਉਜਿਆਰਾ, ਨਿਰਾਕਾਰ ਵੇਸ ਵਟਾਈਆ । ਗੁਰ ਗੁਰ ਸ਼ਬਦ ਬੋਲ ਜੈਕਾਰਾ, ਏਕਾ ਕਰੇ ਪੜ੍ਹਾਈਆ । ਭਗਤਨ ਦੇਵੇ ਇਕ ਸਹਾਰਾ, ਸਰਨ ਚਰਨ ਸਰਨਾਈਆ । ਸੰਤਨ ਕਰੇ ਸਚ ਪਿਆਰਾ, ਪਰੇਮ ਪ੍ਰੀਤੀ ਇਕ ਸਿਖਾਈਆ । ਗੁਰਮੁਖਾਂ ਮੇਲਾ ਵਿਚ ਸੰਸਾਰਾ, ਸੰਸਾਰ ਸਾਗਰ ਪਾਰ ਕਰਾਈਆ । ਗੁਰਸਿਖਾਂ ਦੇਵੇ ਇਕ ਅਧਾਰਾ, ਆਪਣੀ ਬੂਝ ਬੁਝਾਈਆ । ਕਰੇ ਖੇਲ ਆਪ ਕਰਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਈਆ । ਆਦਿ ਨਿਰੰਜਣ ਆਦਿ ਅੰਤ, ਜੋਤੀ ਜੋਤ ਡਗਮਗਾਇੰਦਾ । ਸਤਿਗੁਰ ਪੂਰਾ ਸਦਾ ਬੇਅੰਤ, ਭੇਵ ਕੋਇ ਨਾ ਪਾਇੰਦਾ । ਗੁਰ ਗੁਰ ਬਣਾਏ ਬਣਤ, ਜੁਗ ਜੁਗ ਵੇਸ ਵਟਾਇੰਦਾ । ਭਗਤਨ ਮੇਲਾ ਨਾਰ ਕੰਤ, ਸੇਜ ਸੁਹੰਜਣੀ ਆਪ ਹੰਢਾਇੰਦਾ । ਸੰਤਨ ਮਹਿਮਾ ਗਣਤ ਅਗਣਤ, ਸਿਫ਼ਤ ਸਾਲਾਹੀ ਆਪ ਸਲਾਹਿੰਦਾ । ਗੁਰਮੁਖਾਂ ਨਾਉਂ ਮਣੀਆ ਮੰਤ, ਅੱਖਰ ਵੱਖਰ ਆਪ ਪੜ੍ਹਾਇੰਦਾ । ਗੁਰਸਿਖ ਮੇਟੇ ਸਗਲੀ ਚਿੰਤ, ਚਿੰਤਾ ਦੁੱਖ ਨਾ ਕੋਇ ਰਖਾਇੰਦਾ । ਵੇਖਣਹਾਰਾ ਜੀਵ ਜੰਤ, ਘਟ ਘਟ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਰਾਇੰਦਾ । ਆਦਿ ਜੁਗਾਦਿ ਪੁਰਖ ਅਬਿਨਾਸ਼, ਆਪਣੀ ਕਲ ਵਰਤਾਈਆ । ਸਤਿਗੁਰ ਪੂਰਾ ਸ਼ਾਹੋ ਸ਼ਾਬਾਸ਼, ਪੁਰਖ ਅਕਾਲ ਵੇਸ ਵਟਾਈਆ । ਗੁਰ ਗੁਰ ਰੂਪ ਕਰ ਪਰਕਾਸ਼, ਨਿਰਗੁਣ ਸਰਗੁਣ ਕਰੇ ਰੁਸ਼ਨਾਈਆ । ਭਗਤਾਂ ਭਗਵਨ ਹੋਏ ਦਾਸ, ਨਿਤ

ਨਵਿਤ ਸੇਵ ਕਮਾਈਆ । ਸੰਤਨ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਗੁਰਮੁਖਾਂ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਈਆ । ਗੁਰਸਿਖ ਹੋਏ ਨਾ ਕਦੇ ਨਿਰਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ੍ਰੀ ਭਗਵਾਨ ਸਚ ਮਹੱਲਾ, ਏਕਾ ਏਕ ਵਸਾਇੰਦਾ । ਸਤਿਗੁਰ ਰੂਪ ਅਟੱਲ ਅਟੱਲਾ, ਦਰ ਘਰ ਸਾਚੇ ਸੋਭਾ ਪਾਇੰਦਾ । ਗੁਰ ਗੁਰ ਰੂਪ ਵਲ ਛਲਾ, ਲੋਕਮਾਤ ਵੇਖ ਵਖਾਇੰਦਾ । ਭਗਤ ਭਗਵੰਤ ਸਚ ਸੰਦੇਸ਼ ਇਕੋ ਘੱਲਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਸੰਤ ਕੰਤ ਫੜਾਏ ਪੱਲਾ, ਆਪਣੀ ਗੰਢ ਪੁਵਾਇੰਦਾ । ਗੁਰਮੁਖਾਂ ਅੰਦਰ ਆਪੇ ਰਲਾ, ਜੋਤੀ ਜੋਤ ਸਮਾਇੰਦਾ । ਗੁਰਸਿਖਾਂ ਵਖਾਏ ਨਿਹਚਲ ਧਾਮ ਅਟੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਪਾਰਬ੍ਰਹਮ ਪ੍ਰਭ ਵੱਡਾ ਵਡ, ਆਪਣੇ ਹੱਥ ਰੱਖੇ ਵਡਿਆਈਆ । ਸਤਿਗੁਰ ਰੂਪ ਸਦਾ ਸਮਰਥ, ਆਪਣੀ ਰਚਨਾ ਆਪ ਰਚਾਈਆ । ਗੁਰ ਗੁਰ ਮਹਿਮਾ ਸਦਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਜਨ ਭਗਤਾਂ ਦੇਵੇ ਸਾਚੀ ਵਥ, ਨਾਮ ਭੰਡਾਰ ਇਕ ਵਰਤਾਈਆ । ਸੰਤਨ ਮਾਰਗ ਸਾਚਾ ਦੱਸ, ਆਪਣਾ ਭੇਵ ਚੁਕਾਈਆ । ਗੁਰਮੁਖਾਂ ਮੇਲਾ ਨੱਸ ਨੱਸ, ਬਣ ਪਾਂਧੀ ਪੰਧ ਮੁਕਾਈਆ । ਗੁਰਸਿਖਾਂ ਤੀਰ ਨਿਰਾਲਾ ਮਾਰੇ ਕਸ, ਸ਼ਬਦ ਨਿਸ਼ਾਨਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਥਾਉਂ ਥਾਈਂਆ । ਹਰਿ ਹਰਿ ਹਰੀ ਨਰਾਇਣ, ਪੁਰਖ ਅਕਾਲ ਬੇਪਰਵਾਹਿਆ । ਸਤਿਗੁਰ ਰੂਪ ਖੇਲੇ ਖੇਲ ਏਕਾ ਨੈਣ, ਲੋਚਨ ਹੋਰ ਨਾ ਕੋਇ ਪੜ੍ਹਾਇਆ । ਗੁਰ ਗੁਰ ਚੁਕਾਏ ਲਹਿਣ ਦੇਣ, ਜੁਗ ਜੁਗ ਨਿਰਗੁਣ ਮੂਲ ਚੁਕਾਇਆ । ਭਗਤ ਭਗਵੰਤ ਏਕਾ ਧਾਮ ਇਕੱਠੇ ਬਹਿਣ, ਸਾਚਾ ਮੰਦਰ ਇਕ ਸੁਹਾਇਆ । ਸੰਤ ਸਤਿ ਸਤਿਵਾਦ ਸਦਾ ਕਹਿਣ, ਰਸਨਾ ਜਿਹਵਾ ਹਰਿ ਗੁਣ ਗਾਇਆ । ਗੁਰਮੁਖ ਅੰਤ ਨਾ ਖਾਏ ਲਾੜੀ ਮੌਤ ਡੈਣ, ਰਾਏ ਧਰਮ ਨਾ ਦਏ ਸਜਾਇਆ । ਗੁਰਸਿਖ ਸਾਚਾ ਨਾਤਾ ਸਾਕ ਸੱਜਣ ਸੈਣ, ਸੋ ਪੁਰਖ ਨਿਰੰਜਣ ਆਪ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇਆ । ਹਰਿ ਹਰਿ ਸਾਚਾ ਬੰਧਨ ਪਾ, ਆਪਣੀ ਦਇਆ ਕਮਾਇੰਦਾ । ਸਤਿਗੁਰ ਰੂਪ ਬੇਪਰਵਾਹ, ਦਿਸ ਕਿਸੇ ਨਾ ਆਇੰਦਾ । ਗੁਰ ਗੁਰ ਰੂਪ ਵੇਸ ਵਟਾ, ਲੋਕਮਾਤ ਖੇਲ ਕਰਾਇੰਦਾ । ਭਗਤ ਭਗਵੰਤ ਲਏ ਉਠਾ, ਆਪਣੀ ਬੂਝ ਬੁਝਾਇੰਦਾ । ਸਾਚੇ ਸੰਤਾਂ ਲਏ ਜਗਾ, ਜਾਗਰਤ ਜੋਤ ਇਕ ਜਗਾਇੰਦਾ । ਗੁਰਮੁਖ ਸੱਜਣ ਭੇਵ ਚੁਕਾ, ਭੇਵ ਅਭੇਦ ਆਪ ਖੁਲ੍ਹਾਇੰਦਾ । ਗੁਰਸਿਖਾਂ ਬਖ਼ਸ਼ੇ ਇਕ ਸਰਨਾ, ਚਰਨ ਕਵਲ ਧਿਆਨ ਜਣਾਇੰਦਾ । ਲੇਖਾ ਜਾਣੇ ਦੋ ਜਹਾਂ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਜੁਗ ਚੌਕੜੀ ਪੰਧ ਮੁਕਾ, ਗੇੜਾ ਗੇੜੇ ਵਿਚ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸੋ ਪੁਰਖ ਸਾਹਿਬ ਸੁਲਤਾਨ, ਏਕਾ ਏਕ ਵਡੀ ਵਡਿਆਈਆ । ਸਤਿਗੁਰ ਰੂਪ ਵਡ ਬਲਵਾਨ, ਨਿਰਾਕਾਰ ਸੱਚਾ ਸ਼ਹਿਨਸ਼ਾਹੀਆ । ਗੁਰ ਗੁਰ ਰੂਪ ਸ਼ਬਦ ਨਿਸ਼ਾਨ, ਲੋਕਮਾਤ ਵਖਾਈਆ । ਭਗਤ ਭਗਵੰਤ ਇਕ ਮਕਾਨ, ਸਾਚੇ ਸੰਤ ਰਹੇ ਜਸ ਗਾਈਆ । ਗੁਰਮੁਖਾਂ ਮੇਲਾ ਗੁਣ ਨਿਧਾਨ, ਗੁਰਸਿਖ ਵੇਖਣ ਚਾਈਂ ਚਾਈਂਆ । ਪਰਗਟ ਹੋਇਆ ਸ੍ਰੀ ਭਗਵਾਨ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਜੁਗਾਂ ਜੁਗੰਤਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਅਵੱਲੜਾ, ਆਦਿ ਪੁਰਖ ਕਰਤਾਰ । ਸਤਿਗੁਰ

੫੬੪
੧੧

ਫੜਾਏ ਪਲੜਾ, ਗੁਰ ਗੁਰ ਕਰ ਪਿਆਰ । ਵਸਣਹਾਰਾ ਨਿਹਚਲ ਧਾਮ ਅਟੱਲੜਾ, ਲੋਕਮਾਤ ਲਏ ਅਵਤਾਰ । ਸਤਿਜੁਗ ਤ੍ਰੇਤਾ ਦੁਆਪਰ ਜੁਗ ਜੁਗ ਦੱਲੜਾ, ਚਰਨ ਕਵਲ ਧੂੜੀ ਕਰ ਕਰ ਸ਼ਾਰ । ਜਨ ਭਗਤ ਦੁਆਰੇ ਖਲੜਾ, ਨਿਰਗੁਣ ਸਰਗੁਣ ਹੋ ਤਿਆਰ । ਆਪ ਫੜਾਏ ਆਪਣਾ ਪਲੜਾ, ਕਰੇ ਖੇਲ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਕਰਨੇਹਾਰ । ਕਰਤਾ ਪੁਰਖ, ਆਦਿ ਆਦਿ ਵਡਿਆਈਆ । ਜੁਗ ਜੁਗ ਨਾ ਕੋਈ ਸੋਗ ਨਾ ਕੋਈ ਹਿਰਖ਼, ਪਾਂਧੀ ਬਣ ਬਣ ਪੰਧ ਮੁਕਾਈਆ । ਜਨ ਭਗਤਾਂ ਦੇਵੇ ਸਾਚਾ ਦਰਸ, ਨੇਤਰ ਨੈਣ ਨੈਣ ਖੁਲ੍ਹਾਈਆ । ਵੇਖਣਹਾਰਾ ਅਰਸ਼ ਫ਼ਰਸ਼, ਦੋ ਜਹਾਨਾਂ ਫੇਰਾ ਪਾਈਆ । ਅੰਮ੍ਰਿਤ ਮੇਘ ਇਕੋ ਬਰਸ, ਜਨਮ ਜਨਮ ਦੀ ਭੁੱਖ ਮੁਕਾਈਆ । ਲੱਖ ਚੁਰਾਸੀ ਜੀਵ ਜੰਤ ਰਹੇ ਤਰਸ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਈਆ । ਸਾਧ ਸੰਤ ਰਹੇ ਭਟਕ, ਉਚੇ ਟਿੱਲੇ ਬੈਠੇ ਪਰਬਤ ਆਸਣ ਲਾਈਆ । ਅਧਵਿਚਕਾਰ ਰਹੇ ਲਟਕ, ਪਾਰ ਕਿਨਾਰਾ ਨਜ਼ਰ ਕੋਇ ਨਾ ਪਾਈਆ । ਗ੍ਰਿਹਿ ਗ੍ਰਿਹਿ ਘਰ ਘਰ ਅੰਦਰ ਮੰਦਰ ਪੰਜ ਵਿਕਾਰਾ ਚੜ੍ਹਿਆ ਕਟਕ, ਨਾ ਸਕੇ ਕੋਈ ਪਿਛੇ ਹਟਾਈਆ । ਬੁਧ ਮਤ ਰਹੀ ਭਟਕ, ਮਨ ਚਲੇ ਨਾ ਕੋਈ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਇਕ ਭਗਵਾਨ, ਏਕਾ ਰੰਗ ਸਮਾਇੰਦਾ । ਸਤਿਗੁਰ ਪੂਰਾ ਸਦਾ ਮਿਹਰਵਾਨ, ਮਿਹਰਵਾਨ ਦਇਆ ਕਮਾਇੰਦਾ । ਗੁਰ ਗੁਰ ਰੂਪ ਵਿਚ ਜਹਾਨ, ਲੋਕਮਾਤ ਖੇਲ ਖਿਲਾਇੰਦਾ । ਭਗਤ ਭਗਵੰਤ ਇਕ ਨਿਸ਼ਾਨ, ਸਾਚੇ ਸੰਤਾਂ ਹੱਥ ਫੜਾਇੰਦਾ । ਗੁਰਮੁਖ ਜੋਧਾ ਸੂਰਬੀਰ ਬਲੀ ਬਲਵਾਨ, ਬਲ ਗੁਰਸਿਖਾਂ ਵਿਚ ਟਿਕਾਇੰਦਾ । ਲੱਖ ਚੁਰਾਸੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਸਾਰੇ ਗਾਣ, ਪੜ੍ਹ ਪੜ੍ਹ ਸੰਧਿਆ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪ ਛੁਪਾਇੰਦਾ । ਆਪਣਾ ਭੇਵ ਆਪਣੇ ਅੰਤਰ ਰੱਖ, ਆਦਿ ਜੁਗਾਦਿ ਨਾ ਕਿਸੇ ਜਣਾਇਆ । ਗੁਰ ਅਵਤਾਰਾਂ ਮਾਰਗ ਦੱਸ, ਲੋਕਮਾਤ ਰਾਹ ਵਖਾਇਆ । ਨਿਰਗੁਣ ਜੋਤ ਕਰ ਪਰਕਾਸ਼, ਸਰਗੁਣ ਸਾਚਾ ਚੰਦ ਚੜ੍ਹਾਇਆ । ਛਿੰਨ ਭੰਗਰ ਪੂਰੀ ਕਰ ਕਰ ਆਸ, ਕਾਇਆ ਮੰਦਰ ਆਪ ਸੁਹਾਇਆ । ਜੁਗ ਚੌਕੜੀ ਖੇਲ ਤਮਾਸ਼, ਡੌਰੂ ਡੰਕਾ ਇਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਾਸ ਆਪ ਰਚਾਇਆ । ਆਪਣੀ ਵੇਖੇ ਮੰਡਲ ਰਾਸ, ਬੇਅੰਤ ਵਡੀ ਵਡਿਆਈਆ । ਸਾਹਿਬ ਸੁਲਤਾਨ ਸ਼ਾਹੋ ਸ਼ਾਬਾਸ਼, ਸ਼ਾਹ ਪਾਤਸ਼ਾਹ ਖੇਲ ਕਰਾਈਆ । ਲੇਖਾ ਜਾਣੇ ਪ੍ਰਿਥਮੀ ਅਕਾਸ਼, ਗਗਨ ਮੰਡਲ ਸੋਭਾ ਪਾਈਆ । ਸਤਿਗੁਰ ਪੂਰਾ ਜਨ ਭਗਤਾਂ ਪੂਰੀ ਕਰੇ ਆਸ, ਸਾਚੇ ਸੰਤਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾਂ ਜੁਗੰਤਰ ਗੁਰ ਗੁਰ ਰੂਪ ਸਤਿਗੁਰ ਧਾਰ ਲੋਕਮਾਤ ਪਰਗਟਾਈਆ । ਸਤਿਗੁਰ ਧਾਰ ਨਿਰਾਕਾਰ, ਨਿਰਵੈਰ ਆਪ ਚਲਾਇੰਦਾ । ਗੁਰ ਗੁਰ ਰੂਪ ਵਿਚ ਸੰਸਾਰ, ਪੰਜ ਤੱਤ ਪਰਗਟਾਇੰਦਾ । ਅੰਤਰ ਅੰਤਰ ਕਰ ਪਿਆਰ, ਆਪਣਾ ਰੰਗ ਰੰਗਾਇੰਦਾ । ਦੀਪਕ ਜੋਤੀ ਇਕੋ ਬਾਲ, ਅਗਿਆਨ ਅੰਧੇਰ ਚੁਕਾਇੰਦਾ । ਸ਼ਬਦ ਮਰਦੰਗ ਸੱਚੀ ਧੁੰਨਕਾਨ, ਰਾਗ ਨਾਦ ਸੁਣਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਇਕੋ ਰਸ ਚਖਾਇੰਦਾ । ਕਾਇਆ ਹੱਟ ਕਰ ਪਰਵਾਨ, ਸਮਰਥ ਡੇਰਾ ਲਾਇੰਦਾ । ਸਤਿ ਵਖਾਏ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ

ਚੁਕਾਇੰਦਾ । ਆਪਣਾ ਭੇਵ ਹਰਿ ਜੂ ਚੁੱਕ, ਆਪਣੀ ਖੇਲ ਵਖਾਈਆ । ਸਤਿਗੁਰ ਰੂਪ ਆਪੇ ਤੁਠ, ਗੁਰ ਗੁਰ ਬੂਝ ਬੁਝਾਈਆ । ਗੁਰ ਗੁਰ ਰੂਪ ਆਪੇ ਉਠ, ਗੁਰਮੁਖ ਲਏ ਜਗਾਈਆ । ਗੁਰਮੁਖ ਚੋਗ ਲਏ ਚੁਗ, ਮਾਣਕ ਮੋਤੀ ਹਰਿ ਹਰਿ ਨਾਉਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਸ਼ਾਹ ਪਾਤਸ਼ਾਹ ਆਪ ਕਰਾਇੰਦਾ । ਸਤਿ ਸਰੂਪ ਸਾਚੀ ਧਾਰਾ, ਸਤਿਗੁਰ ਨਾਉਂ ਧਰਾਇੰਦਾ । ਪੰਜ ਤੱਤ ਤਨ ਕਰ ਪਸਾਰਾ, ਗੁਰ ਗੁਰ ਨਾਉਂ ਵਖਾਇੰਦਾ । ਬੋਧ ਅਗਾਧ ਬੋਲ ਜੈਕਾਰਾ, ਸ਼ਬਦੀ ਨਾਦ ਵਜਾਇੰਦਾ । ਖਾਣੀ ਬਾਣੀ ਬਣ ਵਰਤਾਰਾ, ਬਣ ਭੰਡਾਰੀ ਸੇਵ ਕਮਾਇੰਦਾ । ਲਹਿਣਾ ਦੇਣਾ ਜਾਣੇ ਜੁਗ ਚਾਰਾ, ਜੁਗ ਚੌਕੜੀ ਬੰਧਨ ਪਾਇੰਦਾ । ਰੂਪ ਅਨੂਪ ਵਿਚ ਸੰਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਅਪਣਾ ਖੇਲ ਕਰਾਇੰਦਾ । ਖੇਲੇ ਖੇਲ ਪੁਰਖ ਸਮਰਥ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਮਹਿਮਾ ਸਦਾ ਅਕੱਥ, ਗੁਰ ਗੁਰ ਰਿਹਾ ਸੁਣਾਈਆ । ਗੁਰ ਗੁਰ ਹੋਏ ਲੱਖ ਚੁਰਾਸੀ ਵਿਚੋਂ ਵੱਖ, ਆਤਮ ਪਰਮਾਤਮ ਕਰ ਕੁੜਮਾਈਆ । ਆਤਮ ਪਰਮਾਤਮ ਬੱਧਾ ਨਤ, ਨਾਤਾ ਬਿਧਾਤਾ ਜੋੜ ਜੁੜਾਈਆ । ਸਤਿ ਸੰਤੋਖ ਧੀਰਜ ਜਤ, ਤੱਤਵ ਤੱਤ ਵਿਚ ਸਮਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰਤ ਰਹਿਣ ਨਾ ਪਾਈਆ । ਇਕੋ ਗਿਆਨ ਬ੍ਰਹਮ ਮਤ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਜੀਵਾਂ ਜੰਤਾਂ ਮਾਰਗ ਦੱਸ, ਹਰਿ ਕਾ ਭੇਵ ਖੁਲ੍ਹਾਈਆ । ਆਪੇ ਹੋਇਆ ਹਰਿ ਕੇ ਵਸ, ਹਰਿ ਆਪਣੇ ਵਸ ਕਰਾਈਆ । ਇਕ ਦੂਜੇ ਦੇ ਅੰਦਰ ਵਸ, ਬਹਿ ਬਹਿ ਖ਼ੁਸ਼ੀ ਮਨਾਈਆ । ਇਕ ਦੂਜੇ ਨੂੰ ਹਾਲ ਦੱਸ, ਸਾਚੀ ਗਾਥਾ ਮਾਤ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਗੁਰ ਗੁਰ ਆਪਣਾ ਰੰਗ ਰੰਗਾਈਆ । ਸਤਿਗੁਰ ਵਸੇ ਸਚ ਮਹੱਲਾ, ਘਰ ਏਕਾ ਏਕ ਸੁਹਾਇੰਦਾ । ਗੁਰ ਗੁਰ ਫੜਾਏ ਪੱਲਾ, ਸਾਚਾ ਬੰਧਨ ਪਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਰਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਸਤਿ ਸੰਦੇਸ ਏਕਾ ਘੱਲਾ, ਆਪਣਾ ਨਾਉਂ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸਿਫ਼ਤ ਆਪ ਸਲਾਹ, ਸਲਾਹਗੀਰ ਆਪ ਹੋ ਜਾਇੰਦਾ । ਆਪਣੀ ਸਿਫ਼ਤ ਦੱਸੇ ਸਲਾਹ, ਸਤਿਗੁਰ ਪੂਰਾ ਵਡ ਵਡਿਆਈਆ । ਗੁਰ ਗੁਰ ਰੂਪ ਕਰ ਮਲਾਹ, ਲੋਕਮਾਤ ਦਏ ਵਡਿਆਈਆ । ਆਪਣਾ ਨਾਉਂ ਇਕ ਸਮਝਾ, ਸਮਝ ਸਮਝ ਵਿਚ ਰਲਾਈਆ । ਨਿਰਗੁਣ ਸਰਗੁਣ ਰਮਜ਼ ਦਏ ਲਗਾ, ਬਿਨ ਤਾਰ ਸਿਤਾਰ ਹਿਲਾਈਆ । ਆਪਣੀ ਵਿਦਿਆ ਦਏ ਪੜ੍ਹਾ, ਆਪੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਏਕਾ ਗਤ ਜਣਾਈਆ । ਸਤਿਗੁਰ ਪੂਰਾ ਸਚ ਮਿਹਰਵਾਨ, ਏਕਾ ਘਰ ਸੁਹਾਇੰਦਾ । ਗੁਰ ਗੁਰ ਦੇਵੇ ਸਾਚਾ ਦਾਨ, ਦਾਤਾ ਦਾਨੀ ਆਪ ਵਰਤਾਇੰਦਾ । ਸਾਚਾ ਮੰਤਰ ਨਾਮ ਗਿਆਨ, ਵਸਤ ਅਮੋਲਕ ਇਕ ਵਖਾਇੰਦਾ । ਲੋਕਮਾਤ ਕਰ ਪਰਧਾਨ, ਸ਼ਾਸਤਰ ਸਿਮਰਤ ਵੇਦ ਬਣਾਇੰਦਾ । ਏਕਾ ਘਰ ਕਰ ਪਰਵਾਨ, ਗੀਤਾ ਗਿਆਨ, ਆਪ ਦ੍ਰਿੜਾਇੰਦਾ । ਏਕਾ ਅਲਫ਼ ਆਪਣਾ ਨਿਸ਼ਾਨ, ਸਾਬਤ ਸੂਰਤ ਆਪ ਜਣਾਇੰਦਾ । ਨਿਰਗੁਣ ਸਰਗੁਣ ਖੇਲ ਮਹਾਨ, ਈਸਾ ਮੂਸਾ ਮੁਹੰਮਦ ਆਪ ਪੜ੍ਹਾਇੰਦਾ । ਨਾਨਕ ਨਿਰਗੁਣ ਦੱਸ ਨਿਸ਼ਾਨ, ਸਚਖੰਡ ਨਿਸ਼ਾਨਾ ਇਕ ਝੁਲਾਇੰਦਾ । ਗੋਬਿੰਦ ਸੂਰਾ ਕਰ ਪਰਵਾਨ, ਪੂਤ ਸਪੂਤਾ ਗੋਦ ਸੁਹਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਸਤਿਗੁਰ ਆਪਣੀ ਧਾਰਾ ਆਪ ਬਣਾਇੰਦਾ । ਦੇਵਣਹਾਰਾ ਧੁਰ

ਫ਼ਰਮਾਣ, ਹੁਕਮੀ ਹੁਕਮ ਸਰਬ ਭੁਵਾਇੰਦਾ । ਪੀਰ ਪੈਗ਼ੰਬਰ ਮੰਨਣ ਆਣ, ਅੱਗੇ ਸੀਸ ਨਾ ਕੋਇ ਉਠਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਇਕ ਧਰਾਇੰਦਾ । ਜੁਗ ਚੌਕੜੀ ਖੇਲ ਮਹਾਨ, ਲੱਖ ਲੱਖ ਵੇਸ ਵਟਾਇੰਦਾ । ਸਤਿਗੁਰ ਗੁਰ ਗੁਰ ਹੋ ਪਰਧਾਨ, ਸਰਗੁਣ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਜੁਗਾਦਿ ਆਪਣੀ ਧਾਰ ਜਣਾਇੰਦਾ । ਗੁਰ ਗੁਰ ਕਹੇ ਪੁਕਾਰ, ਹਰਿ ਸਤਿਗੁਰ ਤੇਰੀ ਵਡਿਆਈਆ । ਪੀਰ ਪੈਗ਼ੰਬਰ ਰੋਵਣ ਜ਼ਾਰੋ ਜ਼ਾਰ, ਪਰਵਰਦਿਗਾਰ ਅੱਗੇ ਸੀਸ ਝੁਕਾਈਆ । ਤੂੰ ਸਦਾ ਸੁਹੇਲਾ ਮਦਦਗਾਰ, ਤੇਰੀ ਇਕੋ ਓਟ ਰਖਾਈਆ । ਲੋਕਮਾਤ ਸੇਵਾ ਕਰੀ ਅਪਾਰ, ਬਣ ਸੇਵਕ ਸੇਵ ਕਮਾਈਆ । ਅੰਤਮ ਨਾਤਾ ਤੁਟਾ ਸਰਬ ਸੰਸਾਰ, ਸਗਲਾ ਸੰਗ ਨਾ ਕੋਇ ਰਖਾਈਆ । ਅੱਧ ਵਿਚ ਛੱਡ ਗਏ ਚਾਰ ਯਾਰ, ਆਪਣਾ ਪੱਲੂ ਗਏ ਤੁੜਾਈਆ । ਅੱਲਾ ਰਾਣੀ ਮੋੜ ਮੁਹਾਰ, ਆਪਣਾ ਮੁਖ ਰਹੀ ਭੁਵਾਈਆ । ਮੇਰੀ ਉਮਤ ਹੋਈ ਖੁਆਰ, ਅਮਲ ਕਰੇ ਨਾ ਤੇਰੀ ਖ਼ੁਦਾਈਆ । ਤੇਰਾ ਸੰਮਤ ਮਾਰੇ ਮਾਰ, ਤੇਰੀ ਰਹਿਮਤ ਨਜ਼ਰ ਨਾ ਆਈਆ । ਚੋਦਾਂ ਸਦੀਆਂ ਜਗਤ ਵਪਾਰ, ਬਣ ਵਣਜਾਰਾ ਹੱਟ ਚਲਾਈਆ । ਅੰਤਮ ਲਹਿਣਾ ਦੇਣਾ ਹੱਥ ਨਿਰੰਕਾਰ, ਜਿਉਂ ਭਾਵੇਂ ਤਿਉਂ ਲਏ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਤੇਰੀ ਵਡ ਵਡਿਆਈਆ । ਸਤਿਗੁਰ ਦਾਤਾ ਇਕ ਦਾਤਾਰ, ਆਦਿ ਅੰਤ ਅਖਵਾਇਆ । ਗੁਰ ਗੁਰ ਬਰਦਾ ਸੇਵਾਦਾਰ, ਘਰ ਘਰ ਦੀ ਸੇਵ ਕਮਾਇਆ । ਭਗਤ ਡਰਦਾ ਭੈ ਰੱਖ ਨਿਰੰਕਾਰ, ਨਿਉਂ ਨਿਉਂ ਸੀਸ ਝੁਕਾਇਆ । ਸੰਤ ਸਾਜਨ ਭਾਣਾ ਜਰਦਾ, ਦੁੱਖ ਸੁਖ ਵਿਚ ਮਿਲਾਇਆ । ਗੁਰਮੁਖ ਨਿਉਂ ਨਿਉਂ ਚਰਨਾ ਸੀਸ ਧਰਦਾ, ਦੋਏ ਜੋੜ ਜੋੜ ਸਰਨਾਇਆ । ਗੁਰਸਿਖ ਸਰਨ ਸਰਨਾਈ ਪੜਦਾ, ਮਾਇਆ ਮਮਤਾ ਮੋਹ ਚੁਕਾਇਆ । ਸਤਿਗੁਰ ਪੂਰਾ ਹੋ ਮਿਹਰਵਾਨ ਹਰਿਜਨ ਸਾਚੇ ਆਪੇ ਫੜਦਾ, ਲੋਕਮਾਤ ਦਇਆ ਕਮਾਇਆ । ਬਿਨ ਪੌੜਿਉਂ ਅੰਦਰ ਆਪੇ ਵੜਦਾ, ਔਦਾ ਜਾਂਦਾ ਦਿਸ ਨਾ ਆਇਆ । ਆਪ ਬਚਾਏ ਅਗਨੀ ਸੜਦਾ, ਤ੍ਰੈਗੁਣ ਪੋਹ ਨਾ ਸਕੇ ਰਾਇਆ । ਆਪੇ ਨਾਉਂ ਗੁਰਮੁਖਾਂ ਪੜ੍ਹਦਾ, ਗੁਰਸਿਖਾਂ ਆਪਣਾ ਨਾਮ ਪੜ੍ਹਾਇਆ । ਸੋਹੰ ਵਸਤ ਅੱਗੇ ਧਰਦਾ, ਧੁਰਦਰਗਾਹੀ ਲੈ ਕੇ ਆਇਆ । ਆਦਿ ਜੁਗਾਦਿ ਕਦੇ ਨਾ ਮਰਦਾ, ਸਚ ਮਰਦਾਨਗੀ ਰਿਹਾ ਕਮਾਇਆ । ਗੁਰਸਿਖਾਂ ਦਰ ਹੋਏ ਬਰਦਾ, ਦਰ ਦਰਵੇਸ਼ ਫੇਰੀ ਪਾਇਆ । ਨਿਰਭੌਂ ਰੂਪ ਕਦੇ ਨਾ ਡਰਦਾ, ਭੈ ਸਭ ਦਾ ਰਿਹਾ ਚੁਕਾਇਆ । ਸੰਤ ਸੁਹੇਲੇ ਆਪੇ ਵਰਦਾ, ਗੁਰ ਗੁਰ ਚੇਲੇ ਨਾਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਜਣ ਹੋਏ ਸਹਾਇਆ । ਹਰਿ ਸਤਿਗੁਰ ਸੱਜਣ ਦੀਨ ਦਿਆਲ, ਸਾਂਤਕ ਸਤਿ ਸਤਿ ਸਮਾਇਆ । ਗੁਰਮੁਖ ਵੇਖੇ ਗੁਰ ਗੁਰ ਲਾਲ, ਆਪਣੇ ਰੰਗ ਰੰਗਾਇਆ । ਨਿਰਗੁਣ ਸਰਗੁਣ ਬਣ ਦਲਾਲ, ਸ਼ਬਦ ਵਿਚੋਲਾ ਵੇਸ ਵਟਾਇਆ । ਨਾਤਾ ਤੋੜ ਤ੍ਰੈਗੁਣ ਕਾਲ, ਤ੍ਰੈਕਾਲ ਦਰਸੀ ਆਪਣੇ ਘਰ ਬਹਾਇਆ । ਜੋ ਜਨ ਘਾਲਣਾ ਰਹੇ ਘਾਲ, ਤਿਸ ਜਨ ਘਾਲ ਲੇਖੇ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਗੁਰ ਸੱਚਾ ਇਕੋ ਇਕ ਅਖਵਾਇਆ । ਸਤਿਗੁਰ ਸੱਚਾ ਇਕ ਸੁਲਤਾਨ, ਨਿਰੰਕਾਰ ਅਖਵਾਈਆ । ਸ਼ਬਦ ਸਰੂਪੀ ਵਡ ਬਲਵਾਨ, ਬਲ ਆਪਣਾ ਆਪ ਰਖਾਈਆ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਕਰੇ ਰੁਸ਼ਨਾਈਆ । ਧਰਤ ਧਵਲ ਵੇਖੇ ਆਣ, ਕਲਜੁਗ ਅੰਤਮ ਫੇਰਾ ਪਾਈਆ । ਗੁਰਮੁਖ ਲੱਭੇ ਚਤਰ ਸੁਘੜ

ਸੁਜਾਨ, ਗੁਰ ਗੁਰ ਬੂਝ ਬੁਝਾਈਆ । ਸੋਹੰ ਅੱਖਰ ਦੇ ਦੇ ਦਾਨ, ਆਤਮ ਪਰਮਾਤਮ ਮੇਲ ਮਿਲਾਈਆ । ਨਾਤਾ ਤੁਟੇ ਜੀਵ ਜਹਾਨ, ਜੀਵਣ ਜੁਗਤ ਇਕ ਸਮਝਾਈਆ । ਨਾਰ ਪੁਰਖ ਇਕੋ ਮਾਣ, ਏਕਾ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਲਏ ਉਠਾਈਆ । ਗੁਰਮੁਖ ਸੱਜਣ ਮੀਤ ਪਿਆਰਾ, ਗੁਰ ਸਤਿਗੁਰ ਮੇਲ ਮਿਲਾਇੰਦਾ । ਨੇਤਰ ਲੋਚਣ ਦਰਸ ਦੀਦਾਰਾ, ਨਿਤ ਨਿਤ ਵੇਸ ਵਟਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਸਮੁੰਦ ਸਾਗਰ ਨੈਣ ਨੀਰ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਆਪਣੇ ਹੱਥ ਰਖਾਇੰਦਾ । ਹਰਿਜਨ ਲੇਖਾ ਸਦਾ ਅਭੇਦ, ਹਰਿ ਸਾਚਾ ਸਚ ਜਣਾਈਆ । ਹਰਿਜਨ ਮਹਿਮਾ ਕਰੇ ਚਾਰ ਵੇਦ, ਸ਼ਾਸਤਰ ਸਿਮਰਤ ਨਾਲ ਰਲਾਈਆ । ਹਰਿਜਨ ਕਥਾ ਗਾਏ ਅਛਲ ਅਛੇਦ, ਵਲ ਛਲ ਧਾਰੀ ਆਪਣਾ ਰਾਹ ਚਲਾਈਆ । ਹਰਿਜਨ ਹਰਿਜੂ ਆਪੇ ਲਏ ਵੇਖ, ਜੁਗ ਜੁਗ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੀ ਦਇਆ ਕਮਾਈਆ । ਦੀਨਨ ਹਰਿਜੂ ਦਇਆ ਕਮਾ, ਦਇਆਨਿਧ ਵੇਖ ਵਖਾਇੰਦਾ । ਨਿਰਗੁਣ ਨਿਰਗੁਣ ਰੂਪ ਵਟਾ, ਸਰਗੁਣ ਸਰਗੁਣ ਬੰਧਨ ਪਾਇੰਦਾ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਬਿਨ ਭਗਤੀ ਲਏ ਮਿਲਾ, ਭਾਵੀ ਭਾਵ ਆਪੇ ਪੂਰ ਕਰਾਇੰਦਾ । ਜਿਸ ਉਪਰ ਕਿਰਪਾ ਕਰੇ ਸੱਚਾ ਸ਼ਹਿਨਸ਼ਾਹ, ਸੋ ਜਨ ਦੂਜੇ ਦਰ ਕਿਉਂ ਮੰਗਣ ਜਾਇੰਦਾ । ਜਿਸ ਬਾਂਹੋਂ ਫੜ ਉਪਰ ਤਖ਼ਤ ਦਏ ਬਿਠਾ, ਸੋ ਦੂਜੀ ਓਟ ਕਿਉਂ ਤਕਾਇੰਦਾ । ਜਿਸ ਜਨ ਆਪਣੇ ਵਿਚ ਲਏ ਮਿਲਾ, ਤਿਸ ਵਿਛੋੜਾ ਨਜ਼ਰ ਕੋਇ ਨਾ ਆਇੰਦਾ । ਪਰੇਮ ਸਪੁੱਤਰੀ ਰਾਮ ਕੌਰ ਸਿਰ ਹੱਥ ਟਿਕਾ, ਸਿਰ ਸਿਰ ਲੱਜਿਆ ਆਪ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣਤ ਰਿਹਾ ਬਣਾ, ਜੀਵ ਜੰਤ ਨਾ ਕੋਇ ਅਟਕਾਇੰਦਾ ।



੫੬੮
੧੧

### ★ ੨੦ ਮਾਘ ੨੦੧੮ ਬਿਕ੍ਰਮੀ ਤਾਰਾ ਸਿੰਘ ਦੇ ਗ੍ਰਿਹਿ ਦੀਵਾਨ ਗੜ੍ਹ ਜੰਮੂ ★

ਆਮ ਦਿਨ ਨਾ ਕੋਇ ਵਿਚਾਰ, ਹਰਿ ਹਰਿ ਆਪਣੀ ਖੇਲ ਖਿਲਾਇੰਦਾ । ਪੰਡਤ ਪਾਂਧਾ ਨਾ ਪਾਵੇ ਸਾਰ, ਭੇਵ ਅਭੇਦ ਨਾ ਕੋਇ ਜਣਾਇੰਦਾ । ਬ੍ਰਹਿਮੰਡ ਖੰਡ ਹਰਿ ਖੇਲ ਨਿਆਰ, ਨਿਰਗੁਣ ਦਾਤਾ ਆਪ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਬਾਲਕ ਫੜ ਫੜ ਸੇਵ ਲਗਾਇੰਦਾ । ਰਵ ਸਸ ਕਰ ਉਜਿਆਰ, ਸੂਰਜ ਚੰਦ ਚੰਦ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪਣੇ ਹੱਥ ਰਖਾਇੰਦਾ । ਅੱਜ ਕਲ ਨਾ ਕੋਇ ਗੱਲ, ਹਰਿ ਅਚਰਜ ਖੇਲ ਕਰਾਈਆ । ਕਰੇ ਖੇਲ ਅਛਲ ਅਛੱਲ, ਵਲ ਛਲ ਧਾਰੀ ਭੇਵ ਨਾ ਰਾਈਆ । ਸਚ ਸਿੰਘਾਸਣ ਬੈਠਾ ਮੱਲ, ਤਖ਼ਤ ਨਿਵਾਸੀ ਸੋਭਾ ਪਾਈਆ । ਸੁਹਾਏ ਧਾਮ ਨਿਹਚਲ ਅਟੱਲ, ਨਿਰਗੁਣ ਨਿਰਵੈਰ ਪੁਰਖ ਅਕਾਲ ਬੇਪਰਵਾਹੀਆ । ਜੋਤੀ ਜੋਤ ਆਪੇ ਰਲ, ਸ਼ਬਦੀ ਸ਼ਬਦ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਏਕੰਕਾਰ, ਆਪਣਾ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਹੋ ਤਿਆਰ, ਦਰ ਘਰ ਸਾਚੇ ਸੋਭਾ ਪਾਇੰਦਾ । ਹਰਿ ਪੁਰਖ ਨਿਰੰਜਣ ਵਡ ਬਲਕਾਰ, ਬਲ ਆਪਣਾ ਆਪ ਰਖਾਇੰਦਾ । ਏਕੰਕਾਰਾ ਖੇਲ ਅਪਾਰ, ਭੇਵ ਕੋਇ ਨਾ ਪਾਇੰਦਾ । ਆਦਿ ਨਿਰੰਜਣ ਜੋਤ ਉਜਿਆਰ, ਨੂਰ

ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਸੇ ਧਾਮ ਨਿਆਰ, ਸਚਖੰਡ ਦੁਆਰਾ ਸੋਭਾ ਪਾਇੰਦਾ । ਸ੍ਰੀ ਭਗਵਾਨ ਸਾਂਝਾ ਯਾਰ, ਆਦਿ ਜੁਗਾਦਿ ਜੁਗਾਂ ਜੁਗੰਤਰ ਆਪਣਾ ਰੰਗ ਆਪ ਵਖਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪਣੇ ਹੱਥ ਰਖਾਇੰਦਾ । ਅੱਜ ਕਲ ਨਾ ਕੋਈ ਬਾਤ, ਦਾਤਾ ਦਾਨੀ ਨਾ ਕੋਇ ਜਣਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਪੁਰਖ ਹੱਥ ਵਡਿਆਈਆ । ਆਪਣੀ ਮਹਿਮਾ ਜਾਣੇ ਅਕੱਥ, ਲਿਖ ਲਿਖ ਲੇਖ ਨਾ ਕੋਇ ਸਮਝਾਈਆ । ਜੁਗ ਜੁਗ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਆਪਣਾ ਮਾਰਗ ਆਪੇ ਦੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਈਆ । ਆਪਣੇ ਰੰਗ ਹਰਿ ਰੰਗ ਰਾਤਾ, ਆਦਿ ਪੁਰਖ ਵਡ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਤਾ, ਸਾਚੀ ਵਸਤ ਝੋਲੀ ਪਾਈਆ । ਬ੍ਰਹਮੇ ਦੇਵੇ ਇਕ ਗਿਆਤਾ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਸਾਚੀ ਖੇਲ ਹਰਿ ਕਰਤਾਰ, ਆਪਣੀ ਆਪ ਜਣਾਇੰਦਾ । ਬੋਧ ਅਗਾਧ ਸ਼ਬਦ ਜੈਕਾਰ, ਨਿਰਗੁਣ ਧਾਰ ਆਪ ਬੰਧਾਇੰਦਾ । ਆਪੇ ਲੇਖਾ ਜਾਣੇ ਵੇਦ ਚਾਰ, ਚਾਰ ਵੇਦ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਹਰਿ ਕਰਤਾਰ, ਪੰਜ ਤਿੰਨ ਅੱਠ ਵੰਡ ਵੰਡਾਈਆ । ਨਵ ਨੌ ਹੋ ਉਜਿਆਰ, ਦਹਿ ਦਿਸ਼ਾ ਫੇਰੀ ਪਾਈਆ । ਸਤਿ ਦੋ ਕਰ ਪਿਆਰ, ਪੰਜ ਤੱਤ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਖੇਲ ਆਪ ਕਰਾਈਆ । ਸਾਚੀ ਖੇਲ ਹਰਿ ਕਰਤਾਰ, ਆਦਿ ਪੁਰਖ ਆਪ ਕਰਾਇੰਦਾ । ਸ਼ਬਦੀ ਸ਼ਬਦ ਵਡ ਬਲਕਾਰ, ਸੂਰਬੀਰ ਨਾਉਂ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਸਹਾਰ, ਨਾਮ ਨਿਧਾਨ ਝੋਲੀ ਪਾਇੰਦਾ । ਲੇਖਾ ਲਿਖਤ ਅਪਰ ਅਪਾਰ, ਲਿਖ ਲਿਖ ਲੇਖ ਆਪ ਸਮਝਾਇੰਦਾ । ਸਾਚੀ ਵੰਡਣ ਵੰਡ ਕਰੇ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਸਾਚੀ ਵੰਡ ਸ੍ਰੀ ਭਗਵਾਨ, ਏਕਾ ਏਕ ਕਰਾਈਆ । ਬ੍ਰਹਿਮੰਡ ਖੰਡ ਸਚ ਨਿਸ਼ਾਨ, ਲੋਆਂ ਪੁਰੀਆਂ ਆਪ ਝੁਲਾਈਆ । ਜੇਰਜ ਅੰਡ ਕਰ ਪਰਧਾਨ, ਉਤਭੁਜ ਸੇਤਜ ਨਾਲ ਰਲਾਈਆ । ਚਾਰੇ ਵੇਦ ਦੇ ਗਿਆਨ, ਅੱਖਰ ਵੱਖਰ ਕਰੇ ਪੜ੍ਹਾਈਆ । ਚਾਰੇ ਜੁਗ ਪਾਵੇ ਆਣ, ਏਕਾ ਹੁਕਮ ਸੁਣਾਈਆ । ਚਾਰੇ ਖਾਣੀ ਗੁਣ ਨਿਧਾਨ, ਆਪਣੀ ਅੰਸ ਬਣਾਈਆ । ਚਾਰੇ ਬਾਣੀ ਦੇਵੇ ਦਾਨ, ਆਤਮ ਅੰਤਰ ਵਸਤ ਟਿਕਾਈਆ । ਮੰਡਲ ਮੰਡਪ ਖੇਲ ਮਹਾਨ, ਰਵ ਸਸ ਸੂਰਜ ਚੰਨ ਸਿਤਾਰ ਸੇਵਾ ਲਾਈਆ । ਆਪੇ ਹੋਏ ਵੇਖਣਹਾਰ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਰਤਾਈਆ । ਖੇਲ ਕਰੇ ਪੁਰਖ ਅਬਿਨਾਸ਼, ਇਕ ਇਕੱਲਾ ਵੇਸ ਵਟਾਇੰਦਾ । ਸਾਚੀ ਮੰਡਲ ਪਾਵੇ ਰਾਸ, ਤਾਰ ਤਾਰਕਾ ਨਾਲ ਮਿਲਾਇੰਦਾ । ਸਤਿ ਸਤਿ ਇਕ ਅਧਾਰ, ਏਕਾ ਗੰਢ ਪੁਵਾਇੰਦਾ । ਦੋਏ ਦੋਏ ਕਰ ਵਿਚਾਰ, ਰਾਹੂ ਕੇਤੂ ਖੇਲ ਖਲਾਇੰਦਾ । ਆਦਿ ਅੰਤ ਆਪੇ ਸਭ ਨੂੰ ਫੜ ਫੜ ਮਾਰੇ ਮਾਰ, ਹੁਕਮੇ ਹੁਕਮ ਆਪ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਠ ਅੱਠ ਨੌਂ ਨੌਂ ਸੱਤ ਸੱਤ ਆਪਣੇ ਰੰਗ ਵਖਾਇੰਦਾ । ਨੌਂ ਸੱਤ ਸੋਲਾਂ ਖੇਲ ਅਪਰ ਅਪਾਰ, ਹਰਿ ਕਰਤਾ ਆਪ ਕਰਾਈਆ । ਅੱਠ ਤੱਤ ਕਰ ਵਿਚਾਰ, ਪਾਰਬ੍ਰਹਮ ਵੰਡ ਵੰਡਾਈਆ ।

ਜਗਤ ਵਿਦਿਆ ਨਾ ਪਾਵੇ ਸਾਰ, ਬਾਰਾਂ ਰਾਸ ਨਾ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਜ ਕਲ ਕਲ ਅੱਜ ਜੁਗ ਚੌਕੜੀ ਕੋਟਨ ਕੋਟ ਕਾਲ ਬਿਤਾਈਆ । ਕੋਟਨ ਕੋਟ ਕਾਲ ਗਏ ਬੀਤ, ਜੁਗ ਜੁਗ ਚੌਕੜੀ ਵੇਸ ਵਟਾਈਆ । ਹਰਿ ਕਾ ਖੇਲ ਸਦਾ ਅਤੀਤ, ਦਿਸ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣਾਈ ਰੀਤ, ਜੀਵ ਜੰਤ ਕਰੇ ਪੜ੍ਹਾਈਆ । ਬੁੱਧੀ ਵਿਦਿਆ ਬੁੱਧੀ ਦੱਸੇ ਠੀਕ, ਅਨਭਵ ਨਾ ਕੋਇ ਜਣਾਈਆ । ਕਾਗਜ਼ਾ ਉਤੇ ਮਾਰੀ ਲੀਕ, ਧਰਤੀ ਧਰਤ ਧਵਲ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਨਾ ਕਿਸੇ ਜਣਾਈਆ । ਅੱਜ ਕਲ ਜਗਤ ਵਿਚਾਰ, ਚਾਰੋਂ ਕੁੰਟ ਰਿਹਾ ਕੁਰਲਾਈਆ । ਪੰਡਤ ਪਾਂਧੇ ਗਿਆਨੀ ਧਿਆਨੀ ਵਡ ਵਿਦਵਾਨੀ ਨਾ ਪਾਇਣ ਸਾਰ, ਹਰਿ ਕਾ ਭੇਵ ਨਾ ਕੋਇ ਜਣਾਈਆ । ਰਸਨਾ ਕਹਿਣ ਨੌਂ ਖੰਡ ਪ੍ਰਿਥਮੀ ਅੱਠ ਗ੍ਰਹਿ ਮਾਰਨ ਮਾਰ, ਮਾਰਨਹਾਰਾ ਦਿਸ ਨਾ ਆਈਆ । ਜਿਸ ਨੇ ਅੱਠ ਗ੍ਰਹਿ ਨੌਂ ਲਾਏ ਸੇਵਾਦਾਰ, ਸੋ ਭੁੱਲਿਆ ਸੱਚਾ ਮਾਹੀਆ । ਜਿਸ ਦੇ ਹੁਕਮੇ ਅੰਦਰ ਗੁਰ ਅਵਤਾਰ, ਪੀਰ ਪੈਗ਼ੰਬਰ ਜੁਗ ਜੁਗ ਸੇਵ ਕਮਾਈਆ । ਜਿਸ ਦੇ ਹੁਕਮੇ ਅੰਦਰ ਵੇਦ ਚਾਰ, ਵਿਸ਼ਨ ਬ੍ਰਹਮਾ ਸ਼ਿਵ ਕਰੇ ਨਿਮਸਕਾਰ, ਦੋਏ ਦੋਏ ਜੋੜ ਸੀਸ ਝੁਕਾਈਆ । ਜਿਸ ਦੇ ਹੁਕਮੇ ਅੰਦਰ ਸਰਬ ਸੰਸਾਰ, ਖਾਣੀ ਬਾਣੀ ਕਰਿਆ ਪਾਰ, ਨਿਰਗੁਣ ਸਰਗੁਣ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਨਾ ਕਿਸੇ ਜਣਾਈਆ । ਅਜ ਕਲ ਜਗਤ ਨਾਅਰਾ, ਚਾਰ ਕੁੰਟ ਕੁਰਲਾਇੰਦਾ । ਬੌਹੜੀ ਬੌਹੜੀ ਹਾਏ ਹਾਏ ਵਿਦਿਆ ਵਿਦਿਤ ਕਰੇ ਪੁਕਾਰਾ, ਧਿਆਨ ਗਿਆਨ ਗਿਆਨ ਧਿਆਨ ਨਾ ਕੋਇ ਰਖਾਇੰਦਾ । ਸੋਚ ਸਮਝ ਤੋਂ ਹੋਇਆ ਬਾਹਰਾ, ਮਤ ਬੁਧ ਹੋਈ ਖੁਆਰਾ, ਤੱਤਵ ਨਾ ਕੋਇ ਜਣਾਇੰਦਾ । ਅਸ਼ਟ ਗ੍ਰਹਿ ਖੇਲ ਕਰੇ ਵਿਚਾਰਾ, ਹੁਕਮੇ ਫਿਰੇ ਸਰਬ ਸੰਸਾਰਾ, ਰਵ ਸਸ ਕੋਹ ਕਰੋੜੀ ਚਲਤ ਚਲਤ ਆਪਣਾ ਪੰਧ ਨਾ ਕਦੇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਕਲ ਆਪ ਵਰਤਾਇੰਦਾ । ਆਪਣੀ ਕਲ ਅਕਲ ਕਲ, ਹਰਿ ਕਰਤਾ ਆਪ ਵਰਤਾਈਆ । ਲੱਖ ਚੁਰਾਸੀ ਵਲ ਛਲ, ਭੇਵ ਕੋਇ ਨਾ ਪਾਈਆ । ਜਗਤ ਵਿਦਿਆ ਡੂੰਘੀ ਡਲ, ਸਚ ਗਿਆਨ ਨਾ ਕੋਇ ਦ੍ਰਿੜਾਈਆ । ਮਹਾਂਬਲੀ ਤੁਟੇ ਬਲ, ਧੀਰਜ ਧੀਰ ਨਾ ਕੋਇ ਰਖਾਈਆ । ਇਕ ਦੂਜੇ ਨੂੰ ਦੱਸਣ ਗੱਲ, ਵਿਚਲਾ ਭੇਵ ਕਿਸੇ ਨਾ ਆਈਆ । ਰਾਜ ਰਾਜਾਨ ਸ਼ਾਹ ਸੁਲਤਾਨ ਨੀਤੀਵਾਨ ਹੋਏ ਝੱਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਅੱਜ ਕੱਲ ਰਹੇ ਸੋਚ, ਸੋਚ ਵਿਚ ਕੁਝ ਨਾ ਆਇੰਦਾ । ਇਕ ਦੂਜੇ ਨੂੰ ਉਂਗਲਾਂ ਨਾਲ ਰਹੇ ਨੋਚ, ਫੜ ਫੜ ਬਾਂਹੋਂ ਸਰਬ ਹਿਲਾਇੰਦਾ । ਪਿਛੇ ਜੇਹੜੀ ਮਾਣੀ ਮੌਜ, ਅੱਗੇ ਵੇਲਾ ਕੀ ਹੁਣ ਆਇੰਦਾ । ਪੰਡਤ ਪਾਂਧੇ ਗਿਆਨੀ ਧਿਆਨੀ ਮੁੱਲਾਂ ਸ਼ੇਖ਼ ਮੁਸਾਇਕ ਰਹੇ ਖੋਜ, ਅੰਦਰ ਵੜ ਵੜ ਧਿਆਨ ਸਰਬ ਲਗਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪਣੀ ਕੋਈ ਨਾ ਰੱਖੇ ਖੋਜ, ਅੱਠ ਤੱਤ ਅੱਠ ਗ੍ਰਹਿ ਆਪਣਾ ਖੇਲ ਕਰਾਇੰਦਾ । ਕਿਸੇ ਕੰਮ ਨਾ ਆਵੇ ਕਿਸੇ ਜੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਜੀਵ ਜੰਤ ਹੋਏ ਅਨਭੋਲ, ਹਰਿ ਕਾ ਭੇਵ ਨਾ ਕੋਇ ਜਣਾਈਆ । ਪੰਡਤ ਪਾਂਧੇ ਪੱਤਰੀ ਰਹੇ ਖੋਲ੍ਹ, ਖੋਲ੍ਹ ਖੋਲ੍ਹ ਸਮਝਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਕਰਨਵਾਲਾ ਘੋਲ, ਵੇਖੇ ਹੇਠਾਂ ਉਪਰ ਕਰੇ ਲੜਾਈਆ । ਜੁਗਾਂ ਜੁਗੰਤਰ ਤੋਲੇ ਤੋਲ, ਤੋਲਣਹਾਰਾ

ਇਕ ਅਖਵਾਈਆ । ਭਗਤ ਭਗਵੰਤ ਸਦਾ ਅਡੋਲ, ਭੈ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਜ ਕਲ ਵਲ ਛਲ ਅਛਲ ਅਛੱਲ ਧਰਨੀ ਧਰਤ ਧੌਲ ਆਪਣਾ ਖੇਲ ਵਖਾਈਆ । ਧਰਨੀ ਧਰਤ ਧਵਲ ਖੇਲ ਅਵੱਲਾ, ਹਰਿ ਏਕਾ ਏਕ ਕਰਾਇੰਦਾ । ਚਾਰੋਂ ਕੁੰਟ ਪਿਆ ਹੱਲਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਕਿਸੇ ਨਜ਼ਰ ਨਾ ਆਏ ਅੱਲਾ, ਨੇਤਰ ਨੈਣ ਪਰਵਰਦਿਗਾਰ ਨਾ ਕੋਇ ਮਨਾਇੰਦਾ । ਰਾਮ ਕ੍ਰਿਸ਼ਨ ਨਾ ਫੜੇ ਕੋਈ ਪੱਲਾ, ਅਸ਼ਟ ਗ੍ਰਹਿ ਸਭ ਨੂੰ ਘਰ ਘਰ ਡਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਾਯੂ ਮੰਡਲ ਏਕਾ ਤਾਰ, ਆਪ ਹਿਲਾਏ ਏਕੰਕਾਰ, ਕਰਤਾ ਪੁਰਖ ਕਰਨੇਹਾਰ, ਕੁਦਰਤ ਕਾਦਰ ਆਪਣਾ ਖੇਲ ਖਿਲਾਇੰਦਾ । ਕੁਦਰਤ ਕਾਦਰ ਮੁਕਾਮੇ ਹੱਕ, ਹੱਕ ਹਕ਼ੀਕਤ ਵੇਖ ਵਖਾਈਆ । ਸ੍ਰਿਸ਼ਟ ਸਬਾਈ ਪਿਆ ਸ਼ੱਕ, ਸ਼ੱਕ ਨਾ ਕੋਇ ਮਿਟਾਈਆ । ਨੇਤਰ ਨੈਣ ਰਹੇ ਤੱਕ, ਤਕਦੀਰ ਤਦਬੀਰ ਤਕਸੀਰ ਨਾ ਕੋਇ ਗਵਾਈਆ । ਵੇਲਾ ਔਣ ਵਾਲਾ ਝੱਟ, ਬੈਠੇ ਰਾਹ ਤਕਾਈਆ । ਇਹ ਖੇਲ ਬਾਜੀਗਰ ਨਟ, ਸਵਾਂਗੀ ਆਪਣਾ ਸਵਾਂਗ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਤਾਰਾ, ਹਰਿ ਆਪਣਾ ਆਪ ਕਰਾਇੰਦਾ । ਦੋ ਜਹਾਨ ਦਏ ਸਹਾਰਾ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਅਸ਼ਟ ਗ੍ਰਹਿ ਕੀ ਕਰੇ ਵਿਚਾਰਾ, ਨਿਉਂ ਨਿਉਂ ਸੀਸ ਝੁਕਾਇੰਦਾ । ਨੌਂਵਾਂ ਫਿਰੇ ਚਰਨ ਦੁਆਰਾ, ਦੋਏ ਦੋਏ ਜੋੜ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਰੰਗ ਆਪਣੇ ਹੱਥ ਰਖਾਇੰਦਾ । ਏਕਾ ਰੰਗ ਸੂਰਾ ਸਰਬੰਗ, ਏਕਾ ਏਕ ਰਖਾਈਆ । ਭੈ ਭਿਆਨਕ ਵਜਾਏ ਮਰਦੰਗ, ਇਕ ਮਰਦੰਗਾ ਰਿਹਾ ਸੁਣਾਈਆ । ਸ੍ਰਿਸ਼ਟ ਸਬਾਈ ਹੋਈ ਨੰਗ, ਸਾਚਾ ਪੱਲੂ ਨਾ ਕੋਇ ਪਾਈਆ । ਭਗਤ ਭਗਵੰਤ ਸੁਹਾਗੀ ਗਾਏ ਨਾ ਕੋਇ ਛੰਦ, ਸੀਤਾ ਸੁਰਤੀ ਨਾ ਰਾਮ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਭਿਆਨਕ ਆਪਣੇ ਹੱਥ ਵਖਾਈਆ । ਅਜ ਕਲ ਨਾ ਕੋਇ ਡਰ, ਭੈ ਅਵਰ ਨਾ ਕੋਇ ਰਖਾਇੰਦਾ । ਵੇਲਾ ਵਕਤ ਜਾਣਾ ਟਲ, ਪੁਰਖ ਅਬਿਨਾਸ਼ੀ ਖੇਲ ਕਰਾਇੰਦਾ । ਹਰਿਜਨ ਹਰਿ ਭਗਤ ਇਕ ਦੁਆਰਾ ਬੈਠੇ ਮਲ, ਜਿਸ ਦਰ ਭੈ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਜ ਕਲ ਕਲ ਅਜ ਜਗਤ ਵਿਚਾਰ, ਜੁਗਤ ਜਗਤ ਜੀਵਣ ਆਪਣੇ ਹੱਥ ਰਖਾਇੰਦਾ । ਹਰਿ ਸਤਿਗੁਰ ਪੂਰਾ ਸ਼ਾਹ ਸੁਲਤਾਨ, ਸਤਿ ਪੁਰਖ ਨਿਰੰਜਣ ਖੇਲ ਕਰਾਇੰਦਾ । ਜੁਗ ਚੌਕੜੀ ਹੋ ਪਰਧਾਨ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣ, ਦੋ ਜਹਾਨਾਂ ਆਪ ਸੁਣਾਇੰਦਾ । ਸਤਿ ਸਤਿਵਾਦੀ ਸਚ ਨਿਸ਼ਾਨ, ਨਿਰਗੁਣ ਸਰਗੁਣ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾਂ ਜੁਗੰਤਰ ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸ੍ਰੀ ਭਗਵਾਨ, ਆਦਿ ਜੁਗਾਦਿ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਖੇਲ ਮਹਾਨ, ਰੂਪ ਅਨੂਪ ਵਟਾਈਆ । ਵੇਦ ਸ਼ਾਸਤਰ ਸਿਮਰਤ ਜਾਣੇ ਕੁਰਾਨ, ਗੀਤਾ ਗਿਆਨ ਦ੍ਰਿੜਾਈਆ । ਭੇਵ ਖੁਲ੍ਹਾਏ ਅੰਜੀਲ ਕੁਰਾਨ, ਤੀਸ ਬਤੀਸ ਹਦੀਸ ਸੁਣਾਈਆ । ਖਾਣੀ ਬਾਣੀ ਕਰ ਪਰਧਾਨ, ਚਾਰ ਵਰਨ ਦਏ ਵਡਿਆਈਆ । ਆਤਮ ਅੰਤਰ ਇਕ ਗਿਆਨ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਅੰਮ੍ਰਿਤ ਆਤਮ ਪੀਣ ਖਾਣ, ਨਿਝਰ ਝਿਰਨਾ ਇਕ ਝਿਰਾਈਆ । ਜੋਤ ਨਿਰੰਜਣ ਨੂਰ ਮਹਾਨ, ਘਰ ਘਰ ਵਿਚ ਕਰ ਰੁਸ਼ਨਾਈਆ । ਆਤਮ

੫੭੧
੧੧

ਸੇਜਾ ਹੋ ਪਰਧਾਨ, ਸਚ ਸਿੰਘਾਸਣ ਸੋਭਾ ਪਾਈਆ । ਸੁਰਤੀ ਸ਼ਬਦ ਇਕ ਮਕਾਨ, ਕਾਇਆ ਖੇੜਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਭੇਵ ਚੁਕਾਈਆ । ਜੁਗ ਜੁਗ ਖੇਲ ਕਰੇ ਨਿਰੰਕਾਰਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰ ਪਾਰ ਕਿਨਾਰਾ, ਜੁਗ ਚੌਕੜੀ ਪੰਧ ਮੁਕਾਇੰਦਾ । ਨਵ ਨੌਂ ਵੇਖ ਅਖਾੜਾ, ਚਾਰ ਚਾਰ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਗੁਰ ਅਵਤਾਰ ਸਾਚੀ ਸੇਵ ਲਗਾਇੰਦਾ । ਸਾਚੀ ਸੇਵਾ ਗੁਰ ਅਵਤਾਰ, ਸੋ ਪੁਰਖ ਨਿਰੰਜਣ ਆਪ ਲਗਾਈਆ । ਹਰਿ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰ, ਏਕੰਕਾਰਾ ਦਏ ਸਲਾਹੀਆ । ਆਦਿ ਨਿਰੰਜਣ ਨੂਰ ਉਜਿਆਰ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਮੁਕਾਮੇ ਹੱਕ ਸਾਂਝੇ ਯਾਰ, ਹੱਕ ਹਕ਼ੀਕ਼ਤ ਇਕ ਜਣਾਈਆ । ਸ੍ਰੀ ਭਗਵਾਨ ਸਤਿ ਨਿਸ਼ਾਨ, ਦੋ ਜਹਾਨ ਇਕ ਇਕੱਲਾ ਆਪ ਵਖਾਈਆ । ਪਾਰਬ੍ਰਹਮ ਪ੍ਰਭ ਦੇਵੇ ਦਾਨ, ਦਾਤਾ ਦਾਨੀ ਗੁਣ ਨਿਧਾਨ ਵਸਤ ਅਮੋਲਕ ਆਪਣੀ ਗੋਲਕ ਆਪ ਟਿਕਾਈਆ । ਬ੍ਰਹਮ ਬ੍ਰਹਮ ਕਰ ਪਰਵਾਨ, ਨਿਸ਼ਅੱਖਰ ਦੇਵੇ ਇਕ ਗਿਆਨ, ਬੋਧ ਅਗਾਧ ਅਗਾਧ ਬੋਧ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਜੁਗ ਜੁਗ ਆਪਣਾ ਖੇਲ ਕਰਾਈਆ । ਜੁਗ ਜੁਗ ਵੇਸ ਅਵੱਲੜਾ, ਕਰੇ ਕਰਾਏ ਕਰਨੇਹਾਰ । ਸਤਿਜੁਗ ਤ੍ਰੇਤਾ ਦੁਆਪਰ ਫੜਿਆ ਪਲੜਾ, ਨਿਰਗੁਣ ਸਰਗੁਣ ਲਏ ਅਵਤਾਰ । ਸਚ ਸੰਦੇਸ ਏਕਾ ਘਲੜਾ, ਰਾਮ ਰਾਮ ਅਧਾਰ । ਆਪ ਫੜਾਏ ਆਪਣਾ ਪਲੜਾ, ਕਾਹਨਾ ਕ੍ਰਿਸ਼ਨਾ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ । ਅਗੰਮ ਅਪਾਰ ਖੇਲ ਅਪਾਰਾ, ਅਪਰੰਪਰ ਆਪ ਕਰਾਇੰਦਾ । ਜੁਗਾ ਜੁਗੰਤਰ ਲਏ ਅਵਤਾਰਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਪੀਰ ਪੈਗ਼ੰਬਰ ਦੇ ਸਹਾਰਾ, ਏਕਾ ਕਲਮਾ ਕਲਾਮ ਪੜ੍ਹਾਇੰਦਾ । ਸਚ ਇਮਾਮ ਹੋ ਤਿਆਰਾ, ਏਕਾ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਜੁਗ ਜੁਗ ਖੇਲ ਸ੍ਰੀ ਭਗਵਾਨ, ਏਕਾ ਏਕ ਵਖਾਈਆ । ਦੇਵਣਹਾਰਾ ਸਤਿਨਾਮ, ਨਾਮ ਸਤਿ ਕਰੇ ਪੜ੍ਹਾਈਆ । ਨਿਰਗੁਣ ਨਿਰਗੁਣ ਕਰ ਪਰਵਾਨ, ਸਰਗੁਣ ਸਰਗੁਣ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਧਰਾਈਆ । ਜੁਗ ਜੁਗ ਵੇਸ ਨਿਰਗੁਣ ਸਰਗੁਣ ਧਾਰ, ਕਲਜੁਗ ਆਪਣਾ ਭੇਵ ਜਣਾਇੰਦਾ । ਨਾਨਕ ਗੋਬਿੰਦ ਖੇਲ ਅਪਾਰ, ਜੋਤੀ ਜਾਤਾ ਡਗਮਗਾਇੰਦਾ । ਜੁਗ ਚੌਕੜੀ ਵੇਖ ਵਿਚਾਰ, ਲਹਿਣਾ ਦੇਣਾ ਪੂਰ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਆਪਣੇ ਘਾਟ, ਕਲਜੁਗ ਅੰਤਮ ਵੇਲਾ ਆਇੰਦਾ । ਕਰੇ ਖੇਲ ਪੁਰਖ ਅਬਿਨਾਸ਼, ਜੋਤੀ ਜਾਮਾ ਵੇਸ ਵਟਾਇੰਦਾ । ਨਿਰਗੁਣ ਨੂਰ ਕਰ ਪਰਕਾਸ਼, ਅੰਧ ਅੰਧੇਰ ਗਵਾਇੰਦਾ । ਜਨ ਭਗਤਾਂ ਹੋਏ ਦਾਸੀ ਦਾਸ, ਬਣ ਸੇਵਕ ਸੇਵ ਕਮਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਪੂਰਬ ਲਹਿਣਾ ਝੋਲੀ ਪਾਇੰਦਾ । ਲੱਖ ਚੁਰਾਸੀ ਕੱਟੇ ਫਾਸ, ਰਾਏ ਧਰਮ ਨੇੜ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਇਕ ਵਖਾਇੰਦਾ । ਸਾਚਾ ਮਾਰਗ ਇਕੋ ਜਗ, ਜੁਗ ਕਰਤਾ ਆਪ ਲਗਾਈਆ । ਪਰਗਟ ਹੋ ਸੂਰਾ ਸਰਬੱਗ, ਸ਼ੂਦਰ ਵੈਸ਼ ਸ਼ੱਤਰੀ ਬ੍ਰਹਮਣ ਏਕਾ ਰੰਗ ਰੰਗਾਈਆ । ਆਤਮ ਅੰਦਰ ਇਕ ਅਨੰਦ, ਬ੍ਰਹਮ ਬ੍ਰਹਮ ਕਰੇ ਪੜ੍ਹਾਈਆ । ਗੀਤ

੫੭੨
੧੧

ਸੁਹਾਗੀ ਸਾਚਾ ਛੰਦ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਤਾਲ ਵਜਾਈਆ । ਲੇਖਾ ਜਾਣੇ ਜੀਉ ਪਿੰਡ, ਬ੍ਰਹਿਮੰਡ ਆਪਣਾ ਰੰਗ ਵਖਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਆਪੇ ਲਾਈਆ । ਸਾਚਾ ਮਾਰਗ ਹਰਿ ਜੂ ਲੌਣਾ, ਨਿਰਾਕਾਰ ਸੇਵ ਕਮਾਈਆ । ਏਕਾ ਅੱਖਰ ਜਾਪ ਜਪੌਣਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਏਕਾ ਇਸ਼ਟ ਰਾਮ ਵਖੌਣਾ, ਪੁਰਖ ਅਕਾਲ ਏਕਾ ਨਜ਼ਰੀ ਆਈਆ । ਏਕਾ ਕਲਮਾ ਨਬੀ ਪੜ੍ਹੌਣਾ, ਇਕ ਰਸੂਲ ਦਏ ਸਮਝਾਈਆ । ਏਕਾ ਨਾਮ ਸਤਿ ਝੋਲੀ ਪੌਣਾ, ਨਾਨਕ ਨਿਰਗੁਣ ਸੇਵ ਕਮਾਈਆ । ਏਕਾ ਵਰਨ ਸ੍ਰਿਸ਼ਟ ਸਬਾਈ ਨਜ਼ਰੀ ਔਣਾ, ਜਾਤ ਪਾਤ ਨਾ ਕੋਇ ਰਖਾਈਆ । ਏਕਾ ਬਰਨ ਆਪ ਸਮਝੌਣਾ, ਅਠਾਰਾਂ ਬਰਨ ਮਾਣ ਗਵਾਈਆ । ਏਕਾ ਸਰਨ ਓਟ ਰਖੌਣਾ, ਪਾਰਬ੍ਰਹਮ ਸਰਨਾਈਆ । ਏਕਾ ਨਿਰਮਲ ਜੋਤ ਜਗੌਣਾ, ਘਰ ਘਰ ਦੀਪ ਕਰੇ ਰੁਸ਼ਨਾਈਆ । ਏਕਾ ਚਤਰਭੁਜ ਨਜ਼ਰੀ ਔਣਾ, ਨੇਤਰ ਨੈਣ ਨੈਣ ਮਿਲਾਈਆ । ਏਕਾ ਰਾਗ ਨਾਦ ਸੁਨੌਣਾ, ਏਕਾ ਧੁਨੀ ਧੁਨ ਸ਼ਨਵਾਈਆ । ਏਕਾ ਮੰਦਰ ਗੁਰਦੁਆਰ ਵਖੌਣਾ, ਮਸਤਕ ਮਠ ਏਕਾ ਘਰ ਬਹਾਈਆ । ਏਕਾ ਦੇਵ ਆਤਮਾ ਸਰਬ ਘਟ ਰਮੌਣਾ, ਵਾਸਦੇਵ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਇਕ ਜਣਾਈਆ । ਸਾਚਾ ਮਾਰਗ ਇਕੋ ਏਕ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਪਾਰਬ੍ਰਹਮ ਪ੍ਰਭ ਸਾਚੀ ਟੇਕ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਆਪੇ ਕਰੇ ਬੁਧ ਬਿਬੇਕ, ਵਿਵੇਕੀ ਆਪਣਾ ਰੰਗ ਚੜ੍ਹਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤੱਤ ਨਾ ਕੋਇ ਜਲਾਇੰਦਾ । ਆਪੇ ਮੇਟੇ ਪਿਛਲੀ ਰੇਖ, ਅਗਲਾ ਮਾਰਗ ਆਪ ਵਖਾਇੰਦਾ । ਸ਼ਾਹ ਪਾਤਸ਼ਾਹ ਹਰਿ ਸਚ ਨਰੇਸ਼, ਹੁਕਮੀ ਹੁਕਮ ਆਪ ਸੁਣਾਇੰਦਾ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਸੀਸ ਝੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਲੋਚਣ ਨੈਣ ਹਰਿ ਹਰਿ ਰਹੇ ਪੇਖ, ਪੇਖ ਪੇਖ ਸਰਬ ਸੁਖ ਪਾਇੰਦਾ । ਤਿਸ ਸਾਹਿਬ ਕੋ ਸਦਾ ਆਦੇਸ, ਜੁਗ ਜੁਗ ਵਟਾਏ ਆਪਣਾ ਵੇਸ, ਵੇਸ ਅਵੱਲਾ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਏਕੰਕਾਰ, ਏਕਾ ਏਕ ਜਣਾਈਆ । ਬ੍ਰਹਿਮੰਡ ਖੰਡ ਨਾਮ ਜੈਕਾਰ, ਜੈ ਜੈਕਾਰ ਸੁਣਾਈਆ । ਵਰਭੰਡੀ ਵੰਡੇ ਆਪੇ ਵੰਡ, ਵੰਡਣਹਾਰਾ ਬੇਪਰਵਾਹੀਆ । ਲੱਖ ਚੁਰਾਸੀ ਦੇਵੇ ਦੰਡ, ਨੌ ਖੰਡ ਪ੍ਰਿਥਮੀ ਚਾਰੇ ਕੁੰਟ ਵੇਖ ਵਖਾਈਆ । ਨਾਮ ਖੰਡਾ ਚੰਡ ਪਰਚੰਡ, ਤੇਜ਼ ਕਟਾਰ ਆਪਣੇ ਹੱਥ ਰਖਾਈਆ । ਨਾਰ ਦੁਹਾਗਣ ਵੇਖੇ ਰੰਡ, ਘਰ ਘਰ ਅੰਦਰ ਡੂੰਘੀ ਕੰਦਰ ਵੜ ਵੜ ਫੋਲ ਫੋਲਾਈਆ । ਮੇਟ ਮਿਟਾਏ ਭੇਖ ਪਖੰਡ, ਕੂੜੀ ਕਿਰਿਆ ਦਏ ਹਟਾਈਆ । ਚਾਰ ਵਰਨ ਸੁਣਾਏ ਏਕਾ ਛੰਦ, ਆਤਮ ਪਰਮਾਤਮ ਮੇਲ ਮਿਲਾਈਆ । ਲੇਖਾ ਜਾਣੇ ਬੱਤੀ ਦੰਦ, ਰਸਨਾ ਜਿਹਵਾ ਗੁਣ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਰਖਾਈਆ । ਸਾਚਾ ਮਾਰਗ ਇਕੋ ਰਾਹ, ਹਰਿ ਸਤਿਗੁਰ ਆਪ ਜਣਾਇੰਦਾ । ਗੁਰ ਗੁਰ ਸ਼ਬਦੀ ਜਗਤ ਮਲਾਹ, ਬੇੜਾ ਪਾਰ ਕਰਾਇੰਦਾ । ਸਿਫ਼ਤੀ ਸਿਫ਼ਤ ਸਿਫ਼ਤ ਸਲਾਹ, ਸਿਫ਼ਤ ਵਿਚ ਕਦੇ ਨਾ ਆਇੰਦਾ । ਗ਼ਰੀਬ ਨਿਮਾਣਿਆਂ ਪਕੜੇ ਬਾਂਹ, ਊਚਾਂ ਨੀਚਾਂ ਏਕਾ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਆਪ ਸਮਝਾਇੰਦਾ ।

ਏਕਾ ਨਾਉਂ ਸਾਚਾ ਮਿਤ, ਚਾਰ ਵਰਨ ਕੁੜਮਾਈਆ । ਜੁਗਾਂ ਜੁਗੰਤਰ ਕਰੇ ਹਿਤ, ਭਗਤਨ ਮੇਲਾ ਸਹਿਜ ਸੁਭਾਈਆ । ਵੇਸ ਵਟਾਏ ਨਿਤ ਨਵਿਤ, ਰੂਪ ਅਨੂਪ ਧਰਾਈਆ । ਸ੍ਰਿਸ਼ਟ ਸਬਾਈ ਮਾਤ ਪਿਤ, ਲੱਖ ਚੁਰਾਸੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਏਕਾ ਨਾਮ ਦਏ ਸਮਝਾਈਆ । ਏਕਾ ਨਾਮ ਸਰਬ ਗੁਣਵੰਤ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸਤਿਜੁਗ ਬਣਾਏ ਸਾਚੀ ਬਣਤ, ਸਾਚਾ ਮਾਰਗ ਇਕ ਵਖਾਇੰਦਾ । ਗੁਰਮੁਖ ਗੁਰਸਿਖ ਮੇਲਾ ਹਰਿ ਹਰਿ ਕੰਤ, ਕੰਤ ਕੰਤੂਹਲ ਦਇਆ ਕਮਾਇੰਦਾ । ਏਕਾ ਨਾਮ ਮਣੀਆਂ ਮੰਤ, ਅੱਖਰ ਵੱਖਰ ਆਪ ਪੜ੍ਹਾਇੰਦਾ । ਦੇਵੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਜਗਾਇੰਦਾ । ਗੜ੍ਹ ਤੋੜੇ ਹਉਮੇ ਹੰਗਤ, ਮਾਇਆ ਮਮਤਾ ਮੋਹ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚਾ ਨਾਮ ਇਕ ਦ੍ਰਿੜ੍ਹਾਇੰਦਾ । ਸਾਚਾ ਨਾਮ ਹਰਿ ਚਰਨ ਸਰਨ ਸਰਨਾ, ਏਕਾ ਓਟ ਜਣਾਈਆ । ਰਸਨਾ ਜਿਹਵਾ ਗੀਤ ਗੋਬਿੰਦ ਗੁਣ ਲੈਣਾ ਗਾ, ਅੱਖਰ ਵੱਖਰ ਕਰ ਪੜ੍ਹਾਈਆ । ਭਰਮ ਭੁਲੇਖਾ ਭਾਂਡਾ ਭਰਮ ਭੌ ਲੈਣਾ ਭੰਨਾ, ਦੂਈ ਦਵੈਤੀ ਮੇਟ ਮਿਟਾਈਆ । ਹਉਮੇ ਹੰਗਤਾ ਰੋਗ ਲੈਣਾ ਗਵਾ, ਮਾਇਆ ਮਮਤਾ ਮੋਹ ਚੁਕਾਈਆ । ਕਾਇਆ ਅੰਦਰ ਆਪਨਾ ਪੜਦਾ ਲੈਣਾ ਉਠਾ, ਬਜਰ ਕਪਾਟੀ ਕੁੰਡਾ ਲਾਹੀਆ । ਅੱਗੇ ਮਿਲੇ ਹਰਿ ਜੂ ਸਹਿਜ ਸੁਭਾ, ਨਿਰਗੁਣ ਆਪਨਾ ਰੂਪ ਵਖਾਈਆ । ਜ਼ਾਤ ਪਾਤ ਕੋਈ ਜਾਣੇ ਨਾ, ਵਰਨ ਬਰਨ ਵਿਚ ਨਾ ਆਈਆ । ਗੁਰਮੁਖ ਸੱਜਣ ਲਏ ਮਿਲਾ, ਮਿਲ ਮਿਲ ਖ਼ੁਸ਼ੀ ਮਨਾਈਆ । ਆਤਮ ਸੇਜਾ ਸੋਭਾ ਪਾ, ਬ੍ਰਹਮ ਆਪਨੇ ਰੰਗ ਰੰਗਾਈਆ । ਈਸ਼ ਜੀਵ ਗੋਦ ਬਹਾ, ਜਗਦੀਸ਼ਰ ਦੇਵੇ ਮਾਣ ਵਡਿਆਈਆ । ਸਾਚੇ ਮਾਰਗ ਆਪ ਚਲਾ, ਬਣ ਪਾਂਧੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਰਾਹ ਵਖਾਈਆ । ਸਤਿਜੁਗ ਸਾਚਾ ਰਾਹ ਅਪਾਰਾ, ਹਰਿ ਸਾਚਾ ਆਪ ਲਗਾਈਆ । ਚਾਰ ਵਰਨ ਇਕ ਪਿਆਰਾ, ਏਕਾ ਮਾਣ ਵਡਿਆਈਆ । ਏਕਾ ਮੰਦਰ ਇਕ ਦੁਆਰਾ, ਏਕਾ ਗੁਰ ਸਮਝਾਈਆ । ਏਕਾ ਨਾਮ ਇਕ ਜੈਕਾਰਾ, ਏਕਾ ਨਾਦ ਅਲਾਈਆ । ਏਕਾ ਰਾਗ ਇਕ ਤਲਵਾੜਾ, ਏਕਾ ਤੰਦ ਸਿਤਾਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚਾ ਰਾਹ ਆਪ ਚਲਾਈਆ । ਸਾਚਾ ਰਾਹ ਏਕਾ ਘਰ, ਹਰਿ ਏਕਾ ਏਕ ਵਖਾਇੰਦਾ । ਊਚ ਨੀਚ ਮੁੱਕੇ ਡਰ, ਜਾਤ ਪਾਤ ਨਾ ਕੋਇ ਵਡਿਆਇੰਦਾ । ਪੁਰਖ ਅਬਿਨਾਸ਼ੀ ਕਿਰਪਾ ਕਰ, ਕਲਜੁਗ ਅੰਤਮ ਪੰਧ ਮੁਕਾਇੰਦਾ । ਕੂੜੀ ਕਿਰਿਆ ਜਾਏ ਹਰ, ਸਚ ਸੁੱਚ ਸਾਚਾ ਰਾਹ ਚਲਾਇੰਦਾ । ਏਕਾ ਮਾਣ ਨਾਰੀ ਨਰ, ਨਰ ਨਰਾਇਣ ਦਇਆ ਕਮਾਇੰਦਾ । ਸੰਤ ਸੁਹੇਲੇ ਆਪੇ ਫੜ, ਗੁਰ ਚੇਲੇ ਗੋਦ ਬਹਾਇੰਦਾ । ਭਗਤਾਂ ਦੇਵੇ ਸਾਚਾ ਵਰ, ਆਪਨੀ ਭਗਤੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਦਰ ਦਰਵਾਜ਼ਾ ਗ਼ਰੀਬ ਨਿਵਾਜ਼, ਏਕਾ ਏਕ ਖੁਲ੍ਹਾਈਆ । ਕਲਜੁਗ ਅੰਤਮ ਰਚਿਆ ਕਾਜ, ਸਤਿਜੁਗ ਰਾਹ ਚਲਾਈਆ । ਚਾਰ ਵਰਨ ਦੇਵੇ ਦਾਤ, ਏਕਾ ਨਾਮ ਪੜ੍ਹਾਈਆ । ਦਰਸ ਦਿਖਾਏ ਇਕ ਇਕਾਂਤ, ਅਨੁਭਵ ਪਰਕਾਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਆਤਮ ਪਰਮਾਤਮ ਪਰਮਾਤਮ ਆਤਮ ਸਾਚੀ ਗਾਥ ਸੁਣਾਈਆ । ਸਾਚੀ ਗਾਥਾ ਸੋਹੰ ਸੋ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਦੁਰਮਤ ਮੈਲ ਦੇਵੇ ਧੋ, ਪੱਤਤ ਪਾਪੀ ਪਾਰ ਕਰਾਇੰਦਾ । ਹਉਮੇ ਹੰਗਤਾ ਨਾਤਾ ਤੋੜੇ

ਝੂਠਾ ਮੋਹ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਭਿਛਿਆ ਝੋਲੀ ਪਾਇੰਦਾ । ਸਾਚੀ ਭਿਛਿਆ ਨਾਮ ਅਨਮੋਲ, ਅਨਮੁਲੜੀ ਦਾਤ ਵਰਤਾਈਆ । ਸ਼ਬਦ ਅਗੰਮੀ ਕੰਡੇ ਤੋਲੇ ਤੋਲ, ਤੋਲਣਹਾਰਾ ਦਿਸ ਨਾ ਆਈਆ । ਆਦਿ ਜੁਗਾਦਿ ਸਦਾ ਸਦ ਰਹੇ ਅਡੋਲ, ਸਚਖੰਡ ਵਸੇ ਸਾਚਾ ਮਾਹੀਆ । ਲੱਖ ਚੁਰਾਸੀ ਅੰਦਰ ਗਿਆ ਮੌਲ, ਮੌਲਾ ਆਪਣਾ ਨਾਂਉਂ ਧਰਾਈਆ । ਭਗਤ ਭਗਵੰਤ ਸਾਧ ਸੰਤ ਪੀਰ ਪੈਗ਼ੰਬਰ ਗੁਰ ਅਵਤਾਰ ਪੂਰਾ ਕਰੇ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਲੇਖਾ ਜਾਣੇ ਧਰਨੀ ਧਰਤ ਧੌਲ, ਅਕਾਸ਼ ਪਰਕਾਸ਼ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਅਨੂਪ ਸ਼ਾਹੋ ਭੂਪ ਸਤਿ ਸਰੂਪ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸ਼ਬਦ ਅਨਾਦੀ ਨਾਦ ਵਜਾਇੰਦਾ । ਸ਼ਬਦ ਅਨਾਦੀ ਸਾਚਾ ਢੋਲਾ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਹੰ ਬ੍ਰਹਮ ਪੜਦਾ ਖੋਲ੍ਹਾ, ਆਤਮ ਪਰਮਾਤਮ ਮੇਲ ਮਿਲਾਈਆ । ਲੇਖਾ ਜਾਣੇ ਕਾਇਆ ਚੋਲਾ, ਪੰਜ ਤੱਤ ਅੰਦਰ ਖੇਲ ਵਖਾਈਆ । ਆਪ ਉਠਾਏ ਪੜਦਾ ਉਹਲਾ, ਆਪਣਾ ਪੜਦਾ ਆਪ ਚੁਕਾਈਆ । ਪੰਚ ਵਿਕਾਰ ਨਾ ਪਾਏ ਰੌਲਾ, ਪੰਚ ਸ਼ਬਦ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪਣੇ ਘਰ ਬਹਾਈਆ । ਘਰ ਬਹਾਏ ਏਕੰਕਾਰ, ਸਚਖੰਡ ਵੱਜੇ ਵਧਾਈਆ । ਜੋਤੀ ਜੋਤ ਜੋਤ ਪਸਾਰ, ਜੋਤੀ ਜਾਤਾ ਵੇਖ ਵਖਾਈਆ । ਸ਼ਬਦੀ ਸ਼ਬਦ ਡੰਕ ਅਪਾਰ, ਸਾਚਾ ਡੰਕਾ ਨਾਮ ਵਜਾਈਆ । ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾ ਕਰੇ ਖ਼ਬਰਦਾਰ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਰਿਹਾ ਉਠਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਜੁਗ ਜੁਗ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖੇ ਚਾਈਂ ਚਾਈਂਆ । ਚਾਰੋਂ ਕੁੰਟ ਆਈ ਹਾਰ, ਸ੍ਰਿਸ਼ਟੀ ਰੋਵੇ ਜ਼ਾਰੋ ਜ਼ਾਰ, ਕਰਮ ਧਰਮ ਨਾ ਕੋਇ ਵਿਚਾਰ, ਕੂੜੀ ਕਿਰਿਆ ਬੰਧਨ ਪਾਈਆ । ਨਾਤਾ ਜੁੜਿਆ ਠੱਗ ਚੋਰ ਯਾਰ, ਘਰ ਘਰ ਵੜਿਆ ਕਾਮ ਕਰੋਧ ਲੋਭ ਮੋਹ ਹੰਕਾਰ, ਹਰਿ ਕਾ ਨਾਉਂ ਨਜ਼ਰ ਕਿਸੇ ਨਾ ਆਈਆ । ਸਾਧ ਸੰਤ ਹੋਏ ਗਵਾਰ, ਧੀ ਭੈਣ ਤੱਕਣ ਨਾਰ ਮੁਟਿਆਰ, ਨੇਤਰ ਨੈਣ ਨਾ ਕੋਇ ਪੜ੍ਹਾਈਆ । ਪਿਤਾ ਪੂਤ ਨਾ ਕੋਇ ਪਿਆਰ, ਧੀਆਂ ਭੈਣਾਂ ਜਗਤ ਵਿਹਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਬੰਧਨ ਆਪੇ ਪਾਈਆ । ਸਾਚਾ ਬੰਧਨ ਦੀਨ ਦਿਆਲ, ਸਤਿਗੁਰ ਪੂਰਾ ਆਪ ਰਖਾਇੰਦਾ । ਗੁਰਮੁਖ ਵੇਖ ਸਾਚੇ ਲਾਲ, ਲਾਲ ਅਨਮੁਲੜੇ ਆਪ ਉਠਾਇੰਦਾ । ਨਿਰਗੁਣ ਸਰਗੁਣ ਬਣ ਦਲਾਲ, ਸਾਚਾ ਵਣਜ ਇਕ ਕਰਾਇੰਦਾ । ਜੋਤੀ ਜਲਵਾ ਨੂਰ ਜਲਾਲ, ਨੂਰ ਨੂਰਾਨਾ ਡਗਮਗਾਇੰਦਾ । ਲੇਖਾ ਜਾਣੇ ਹੱਕ ਹਲਾਲ, ਹਕ਼ੀਕ਼ਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਜਾਗੇ ਜਾਗਰਤ ਜੋਤ, ਜੋਤੀ ਜਾਤਾ ਆਪ ਜਗਾਈਆ । ਨਾਤਾ ਤੋੜ ਵਰਨ ਗੋਤ, ਪ੍ਰਭ ਮੰਗੇ ਇਕ ਸਰਨਾਈਆ । ਕਾਇਆ ਵੇਖੇ ਕਿਲ੍ਹਾ ਕੋਟ, ਘਰ ਮੰਦਰ ਹੋਏ ਰੁਸ਼ਨਾਈਆ । ਅੰਦਰ ਭੰਡਾਰਾ ਨਾਮ ਅਤੋਟ, ਸਤਿਗੁਰ ਪੂਰਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਬੂਝ ਬੁਝਾਈਆ । ਜਿਸ ਜਨ ਦੇਵੇ ਆਪਣੀ ਬੂਝ, ਸਿਰ ਆਪਣਾ ਹੱਥ ਰਖਾਇੰਦਾ । ਏਥੇ ਓਥੇ ਹੋਏ ਸੂਝ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਭੇਵ ਚੁਕਾਏ ਗੂਝੋ ਗੂਝ, ਅਨਭਵ

ਪਰਕਾਸ਼ ਕਰਾਇੰਦਾ । ਨਾਤਾ ਤੁਟੇ ਏਕਾ ਦੂਜ, ਦਵੈਤੀ ਰੂਪ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਆਪ ਉਠਾਇੰਦਾ । ਸਾਚਾ ਭਗਤ ਲਏ ਅੰਗੜਾਈ, ਜਿਸ ਜਨ ਉਪਰ ਦਇਆ ਕਮਾਇੰਦਾ । ਘਰ ਆਤਮ ਵੱਜੇ ਵਧਾਈ, ਪਰਮਾਤਮ ਖੇਲ ਕਰਾਇੰਦਾ । ਲੋਕੀ ਕਹਿਣ ਹੋਇਆ ਸ਼ੁਦਾਈ, ਗੁਰਮੁਖ ਆਪਣੇ ਰੰਗ ਸਮਾਇੰਦਾ । ਕਰੇ ਖੇਲ ਬੇਪਰਵਾਹੀ, ਲੱਖ ਚੁਰਾਸੀ ਫੋਲ ਫੁਲਾਇੰਦਾ । ਸੰਤ ਸੁਹੇਲੇ ਲਏ ਜਗਾਈ, ਨਿਰਗੁਣ ਸਰਗੁਣ ਦਇਆ ਕਮਾਇੰਦਾ । ਗੁਰਮੁਖ ਪਕੜੇ ਆਪੇ ਬਾਂਹੀ, ਜੁਗ ਜਨਮ ਦੇ ਵਿਛੜੇ ਮੇਲ ਮਿਲਾਇੰਦਾ । ਗੁਰਸਿਖ ਮੇਲਾ ਚਾਈਂ ਚਾਈਂ, ਦਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਪੁਰਖ ਬਿਧਾਤਾ, ਹਰਿਜਨ ਮੇਲੇ ਗੁਰੂ ਗੁਰ ਚੇਲੇ ਗੁਰ ਗੁਰ ਆਪਣਾ ਰੰਗ ਵਖਾਇੰਦਾ । ਗੁਰ ਗੁਰ ਰੰਗ ਅਗੰਮ ਅਪਾਰ, ਨਜ਼ਰ ਕਿਸੇ ਨਾ ਆਈਆ । ਭਰਮੇ ਭੁੱਲਾ ਸਰਬ ਸੰਸਾਰ, ਮਾਇਆ ਮਮਤਾ ਰਹੀ ਭੁਲਾਈਆ । ਜੂਠ ਝੂਠ ਕਰ ਪਿਆਰ, ਆਪਾ ਨੂਰ ਨਜ਼ਰ ਨਾ ਆਈਆ । ਚਾਰੋਂ ਕੁੰਟ ਹਾਹਾਕਾਰ, ਦਹਿ ਦਿਸ਼ਾ ਪਈ ਲੜਾਈਆ । ਅੰਦਰ ਵੱੜੇ ਠੱਗ ਚੋਰ ਯਾਰ, ਕਾਮ ਕਰੋਧ ਲੋਭ ਮੋਹ ਹੰਕਾਰ ਬੈਠੇ ਮੁਖ ਛੁਪਾਈਆ । ਦਿਵਸ ਰੈਣ ਮਾਰਨ ਮਾਰ, ਆਪਣਾ ਬਲ ਵਖਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਦੇਵੇ ਅਧਾਰ, ਸਿਰ ਹੱਥ ਨਾ ਕੋਇ ਟਿਕਾਈਆ । ਜਿਸ ਜਨ ਕਿਰਪਾ ਕਰੇ ਆਪ ਨਿਰੰਕਾਰ, ਤਿਸ ਆਪਣਾ ਮੇਲ ਮਿਲਾਈਆ । ਜਨਮ ਜਨਮ ਦਾ ਰੋਗ ਨਿਵਾਰ, ਚਿੰਤਾ ਸੋਗ ਸਰਬ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸੱਜਣ ਮੇਲਾ ਏਕਾ ਘਰ ਮਿਲਾਈਆ ।

## ★ ੨੧ ਮਾਘ ੨੦੧੮ ਬਿਕ੍ਰਮੀ ਬਾਬੂ ਰਾਮ ਦੇ ਗ੍ਰਿਹਿ ਪਿੰਡ ਹੰਸਾ ਜੰਮੂ ★

ਆਦਿ ਜੁਗਾਦਿ ਸਚ ਗੁਲਜ਼ਾਰ, ਹਰਿ ਨਿਰਗੁਣ ਸਰਗੁਣ ਆਪ ਲਗਾਇੰਦਾ । ਜੁਗਾ ਜੁਗੰਤਰ ਸਚ ਬਹਾਰ, ਫੁਲ ਫੁਲਵਾੜੀ ਮਾਤ ਮਹਿਕਾਇੰਦਾ । ਅੰਮ੍ਰਿਤ ਸਿੰਚੇ ਵਾਰੋ ਵਾਰ, ਨਾਮ ਫੁਹਾਰਾ ਹੱਥ ਉਠਾਇੰਦਾ । ਵੇਖੇ ਵਿਗਸੇ ਵਾਰੋ ਵਾਰ, ਵੇਸ ਅਨੇਕ ਵਟਾਇੰਦਾ । ਮਾਲਣ ਬਣ ਜੋਤ ਨਿਰੰਕਾਰ, ਰੂਪ ਅਨੂਪ ਧਰਾਇੰਦਾ । ਗੁਰਮੁਖ ਸਾਚੇ ਵੇਖ ਵਖਾਨ, ਆਪਣੇ ਰੰਗ ਰੰਗਾਇੰਦਾ । ਸੰਤਨ ਚਲੇ ਨਾਲ ਨਾਲ, ਸਾਚਾ ਸੰਗ ਨਿਭਾਇੰਦਾ । ਭਗਤਨ ਕਰੇ ਸਦਾ ਰਖਵਾਲ, ਜਗਤ ਮਾਇਆ ਕੰਢਾ ਨੇੜ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਫੁਲਵਾੜੀ ਆਪ ਲਗਾਇੰਦਾ । ਸਚ ਫੁਲਵਾੜੀ ਲੋਕਮਾਤ, ਨਿਰਗੁਣ ਦਾਤਾ ਆਪ ਲਗਾਈਆ । ਜੁਗ ਜੁਗ ਵੇਖੇ ਮਾਰ ਝਾਤ, ਗੁਰ ਅਵਤਾਰ ਰੂਪ ਧਰਾਈਆ । ਜਨ ਭਗਤਾਂ ਦੇਵੇ ਸਾਚੀ ਦਾਤ, ਵਸਤ ਅਮੋਲਕ ਝੋਲੀ ਪਾਈਆ । ਸੰਤਨ ਮੇਟੇ ਅੰਧੇਰੀ ਰਾਤ, ਅੰਧ ਅੰਧੇਰ ਗਵਾਈਆ । ਗੁਰਮੁਖਾਂ ਸੁਣਾਏ ਸਾਚੀ ਗਾਥ, ਰਾਮ ਨਾਮ ਪੜ੍ਹਾਈਆ । ਗੁਰਸਿਖ ਲਹਿਣਾ ਦੇਣਾ ਹੱਥੋ ਹਾਥ, ਸਮਰਥ ਪੁਰਖ ਆਪ ਚੁਕਾਈਆ । ਵਰਭੰਡੀ ਵੇਖੇ ਖੇਲ ਤਮਾਸ਼, ਬ੍ਰਹਿਮੰਡੀ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਲਸ਼ਨ ਆਪ ਸੁਹਾਈਆ । ਸਾਚਾ ਗੁਲਸ਼ਨ ਲੱਗੇ ਬਾਗ, ਗੁਰਮੁਖ ਸੱਜਣ ਬੂਟੇ ਲਾਇੰਦਾ । ਦੁਰਮਤ ਮੈਲ ਧੋ ਧੋ ਦਾਗ਼, ਨਿਰਮਲ ਰੂਪ ਵਟਾਇੰਦਾ । ਆਤਮ ਅੰਤਰ ਇਕ ਚਿਰਾਗ, ਦੀਪਕ

ਜੋਤੀ ਜੋਤ ਜਗਾਇੰਦਾ । ਹੰਸ ਬਣਾਏ ਫੜ ਫੜ ਕਾਗ, ਸੋਹੰ ਸਾਚਾ ਜਾਪ ਜਪਾਇੰਦਾ । ਸਾਚਾ ਮੇਲਾ ਆਦਿ ਜੁਗਾਦਿ, ਗੁਰ ਗੁਰ ਚੇਲਾ ਆਪ ਕਰਾਇੰਦਾ । ਬ੍ਰਹਿਮੰਡ ਬ੍ਰਹਿਮਾਂਡ ਵਜਾਏ ਨਾਦ, ਜੇਰਜ ਅੰਡਜ ਆਪ ਸੁਣਾਇੰਦਾ । ਲੇਖਾ ਜਾਣੇ ਬੋਧ ਅਗਾਧ, ਖਾਣੀ ਬਾਣੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਫੁਲਵਾੜੀ ਆਪ ਮਹਿਕਾਇੰਦਾ । ਸਚ ਫੁਲਵਾੜੀ ਹਰਿ ਨਿਰੰਕਾਰ, ਏਕਾ ਏਕ ਲਗਾਈਆ । ਵੇਖੇ ਵਿਗਸੇ ਕਰੇ ਵਿਚਾਰ, ਵੇਖਣਹਾਰਾ ਬੇਪਰਵਾਹੀਆ । ਜੁਗ ਜੁਗ ਖੇਲ ਕਰੇ ਅਪਾਰ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਰੂਪ ਵਟਾਈਆ । ਸਤਿਜੁਗ ਤ੍ਰੇਤਾ ਕਰ ਵਿਹਾਰ, ਦੁਆਪਰ ਆਪਣਾ ਬੰਧਨ ਪਾਈਆ । ਕਲਜੁਗ ਵੇਖੇ ਵੇਖਣਹਾਰ, ਨੇਤਰ ਲੋਚਣ ਨੈਣ ਖੁਲ੍ਹਾਈਆ । ਲੇਖਾ ਜਾਣੇ ਗੁਰ ਅਵਤਾਰ, ਪੀਰ ਪੈਗ਼ੰਬਰ ਭੇਵ ਚੁਕਾਈਆ । ਭਗਤ ਭਗਵੰਤ ਖੋਲ੍ਹ ਕਵਾੜ, ਸੰਤ ਸਾਜਨ ਲਏ ਜਗਾਈਆ । ਗੁਰਮੁਖਾਂ ਦੇਵੇ ਨਾਮ ਆਧਾਰ, ਇਕੋ ਓਟ ਰਖਾਈਆ । ਗੁਰਸਿਖ ਮੇਲਾ ਵਿਚ ਸੰਸਾਰ, ਸੰਸਾਰ ਸਾਗਰ ਪਾਰ ਕਰਾਈਆ । ਰੁੱਤ ਬਸੰਤੀ ਇਕ ਬਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਲੋਕਮਾਤ ਰੁੱਤ ਬਸੰਤ, ਸਤਿਗੁਰ ਪੂਰਾ ਆਪ ਲਗਾਇੰਦਾ । ਹਰਿਜਨ ਮੇਲਾ ਹਰਿ ਹਰਿ ਕੰਤ, ਘਰ ਸਾਚੇ ਸੋਭਾ ਪਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਏਕਾ ਨਾਮ ਮਣੀਆ ਮੰਤ, ਰਸਨਾ ਜਿਹਵਾ ਆਪ ਜਪਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ । ਸੋ ਪੁਰਖ ਨਿਰੰਜਣ ਆਦਿ ਅੰਤ, ਜੁਗ ਜੁਗ ਆਪਣਾ ਖੇਲ ਵਖਾਇੰਦਾ । ਕਲਜੁਗ ਅੰਤ ਬਣਾਏ ਬਣਤ, ਭਗਤ ਭਗਵੰਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੱਤ ਡਾਲੀ ਆਪ ਮਹਿਕਾਇੰਦਾ । ਪੱਤ ਡਾਲੀ ਵੇਖੇ ਫੁੱਲ, ਫੁਲਵਾੜੀ ਆਪ ਲਗਾਈਆ । ਹਰਿਜਨ ਉਪਜੇ ਸਾਚੀ ਕੁਲ, ਧੰਨ ਧੰਨ ਜਣੇਂਦੀ ਮਾਈਆ । ਪੁਰਖ ਅਬਿਨਾਸ਼ੀ ਪਾਏ ਮੁਲ, ਕੀਮਤ ਕਰਤਾ ਆਪਣੇ ਹੱਥ ਰਖਾਈਆ । ਸ੍ਰਿਸ਼ਟ ਸਬਾਈ ਰਹੇ ਅਨਭੋਲ, ਹਰਿ ਕਾ ਭੇਵ ਕਿਸੇ ਨਾ ਆਈਆ । ਮਾਇਆ ਮਮਤਾ ਪਿਆ ਘੋਲ, ਪੰਜ ਤੱਤ ਕਰੇ ਲੜਾਈਆ । ਗੁਰਮੁਖ ਵਿਰਲਾ ਰਹੇ ਅਡੋਲ, ਜਿਸ ਜਨ ਆਪਣੀ ਬੂਝ ਬੁਝਾਈਆ । ਬੰਦ ਕਿਵਾੜਾ ਦੇਵੇ ਖੋਲ੍ਹ, ਘਰ ਘਰ ਵਿਚ ਕਰ ਰੁਸ਼ਨਾਈਆ । ਬ੍ਰਹਮ ਪਾਰਬ੍ਰਹਮ ਸਦ ਵਸੇ ਕੋਲ, ਨਿਝ ਘਰ ਬੈਠਾ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਫੁਲਵਾੜੀ ਆਪ ਮਹਿਕਾਈਆ । ਸਚ ਫੁਲਵਾੜੀ ਬਾਗ ਬਗੀਚਾ, ਚਾਰ ਵਰਨ ਵਖਾਇੰਦਾ । ਨਾਤਾ ਤੋੜ ਊਚਾਂ ਨੀਚਾਂ, ਰਾਓ ਰੰਕਾਂ ਮੇਲ ਮਿਲਾਇੰਦਾ । ਆਪੇ ਹੋਏ ਨੀਕਨ ਨੀਕਾ, ਨਿਉਂ ਨਿਉਂ ਸੀਸ ਝੁਕਾਇੰਦਾ । ਕੜਵਾ ਰਸ ਕੱਢੇ ਫੀਕਾ, ਅੰਮ੍ਰਿਤ ਮੁੱਖ ਚੁਆਇੰਦਾ । ਲੇਖਾ ਜਾਣੇ ਜੀਵ ਜੀ ਕਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਫੁਲਵਾੜੀ ਵੇਖ ਵਖਾਇੰਦਾ । ਸਚ ਫੁਲਵਾੜੀ ਸਾਚਾ ਬੂਟਾ, ਗੁਰਮੁਖ ਮਾਤ ਲਗਾਈਆ । ਵੇਖਣਹਾਰਾ ਚਾਰੇ ਕੂਟਾਂ, ਦਹਿ ਦਿਸ਼ਾ ਫੋਲ ਫੁਲਾਈਆ । ਨਾਮ ਅਗੰਮੀ ਦਏ ਹੂਟਾ, ਇਕ ਹੁਲਾਰ ਜਣਾਈਆ । ਨਾਤਾ ਤੋੜੇ ਜੂਠਾ ਝੂਠਾ, ਸਚ ਸੁੱਚ ਸਰਨਾਈਆ । ਝੂਠੀ ਮਾਇਆ ਮੂਧਾ ਠੂਠਾ, ਅੰਮ੍ਰਿਤ ਮੁਖ ਚੁਆਈਆ । ਏਕਾ ਨਾਮ ਦਏ ਰਸ ਅਨੂਠਾ, ਰਸ ਆਪਣਾ ਆਪ ਜਣਾਈਆ । ਮਾਤ ਗਰਭ ਨਾ ਲਟਕੇ ਪੁੱਠਾ, ਜਿਸ ਜਨ ਆਪਣੀ ਦਇਆ ਕਮਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਪੁਰਖ ਅਬਿਨਾਸ਼ੀ ਗੋਦੀ ਸੁੱਤਾ, ਫਿਰ ਸਕੇ ਨਾ ਕੋਇ

੫੭੭
੧੧

ਜਗਾਈਆ । ਆਪ ਸੁਹਾਏ ਸਾਚੀ ਰੁੱਤਾ, ਰੁੱਤ ਰੁੱਤੜੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਚ ਬਗੀਚਾ ਇਕੋ ਕਲੀ, ਕਲੀ ਕਲੀ ਮਹਿਕਾਇੰਦਾ । ਆਦਿ ਜੁਗਾਦਿ ਵਲੀ ਛਲੀ, ਵਲ ਛਲ ਆਪਣਾ ਖੇਲ ਕਰਾਇੰਦਾ । ਕਲਜੁਗ ਅੰਤਮ ਮਹਾਂਬਲੀ, ਨਿਹਕਲੰਕ ਨਾਉਂ ਰਖਾਇੰਦਾ । ਗੁਰਮੁਖ ਵੇਖੇ ਗਲੀਓ ਗਲੀ, ਦਰ ਦਰ ਘਰ ਘਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇੰਦਾ । ਆਪਣੇ ਰੰਗ ਰੰਗੇ ਨਿਰੰਕਾਰਾ, ਲੋਕਮਾਤ ਵੱਜੇ ਵਧਾਈਆ । ਵੇਖੇ ਰੁੱਤ ਬਸੰਤ ਬਹਾਰਾ, ਬਿਹਬਲ ਆਪਣਾ ਰੂਪ ਵਟਾਈਆ । ਜਨ ਭਗਤਾਂ ਦੇਵੇ ਇਕ ਸਹਾਰਾ, ਏਕਾ ਨਾਮ ਪੜ੍ਹਾਈਆ । ਸੰਤ ਵਖਾਏ ਇਕ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਗੁਰਮੁਖ ਬਣਾਏ ਆਪ ਦੁਲਾਰਾ, ਪੂਤ ਸਪੂਤਾ ਗੋਦ ਬਹਾਈਆ । ਗੁਰਸਿਖਾਂ ਦੇਵੇ ਦਰਸ ਦੀਦਾਰਾ, ਦਰ ਘਰ ਫੇਰਾ ਪਾਈਆ । ਨਾਤਾ ਤੋੜ ਸਰਬ ਸੰਸਾਰਾ, ਹਰਿਜਨ ਸਾਚੇ ਮੇਲ ਮਿਲਾਈਆ । ਏਕਾ ਮੰਦਰ ਏਕਾ ਗੁਰੂਦੁਆਰਾ, ਏਕਾ ਇਸ਼ਟ ਦੇਵ ਸਮਝਾਈਆ । ਏਕਾ ਸ਼ਬਦ ਨਾਦ ਧੁੰਨਕਾਰਾ, ਏਕਾ ਡੰਕਾ ਨਾਮ ਵਜਾਈਆ । ਏਕਾ ਨੂਰ ਕ੍ਰਿਸ਼ਨ ਮੁਰਾਰਾ, ਏਕਾ ਬੰਸਰੀ ਵੇਖ ਵਖਾਈਆ । ਏਕਾ ਐਨਲਹਕ ਜੈਕਾਰਾ, ਜੈ ਜੈਕਾਰ ਇਕ ਕਰਾਈਆ । ਏਕਾ ਨਾਮ ਸਤਿ ਭੰਡਾਰਾ, ਸਤਿ ਸਤਿਵਾਦੀ ਆਪ ਵਰਤਾਈਆ । ਏਕਾ ਫਤਹਿ ਬੋਲ ਬੁਲਾਰਾ, ਵਾਹਵਾ ਗੁਰੂ ਗੁਰੂ ਗੁਰ ਵਡਿਆਈਆ । ਖੇਲੇ ਖੇਲ ਅਗੰਮ ਅਪਾਰਾ, ਜੁਗ ਜੁਗ ਆਪਣਾ ਖੇਲ ਕਰਾਈਆ । ਕਲਜੁਗ ਵੇਖੇ ਵੇਖਣਹਾਰਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਚਾਰੋਂ ਕੁੰਟ ਹੋ ਉਜਿਆਰਾ, ਭੇਵ ਅਭੇਦ ਚੁਕਾਈਆ । ਵਰਨ ਬਰਨ ਤੇ ਵਸੇ ਬਾਹਰਾ, ਜ਼ਾਤ ਪਾਤ ਨਾ ਕੋਇ ਰਖਾਈਆ । ਮਾਲੀ ਬਣੇ ਆਪ ਨਿਰੰਕਾਰਾ, ਵੇਸ ਅਵੱਲਾ ਆਪ ਵਟਾਈਆ । ਖਾਲੀ ਹੱਥ ਫਿਰੇ ਫਿਰਨੇਹਾਰਾ, ਬਣ ਸੇਵਕ ਸੇਵ ਕਮਾਈਆ । ਸੀਸ ਉਠਾਏ ਇਕੋ ਖਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਰੁੱਤੀ ਰੁੱਤ, ਹਰਿ ਰੁੱਤੜੀ ਮਾਤ ਮਹਿਕਾਈਆ । ਹਰਿਜਨ ਵੇਖੇ ਸਾਚੇ ਸੁਤ, ਗੁਰਮੁਖ ਸੱਜਣ ਆਪ ਜਗਾਈਆ । ਮੇਲ ਮਿਲਾਵਾ ਅਬਿਨਾਸ਼ੀ ਅਚੁੱਤ, ਚੇਤਨ ਰੂਪ ਦਏ ਸਮਝਾਈਆ । ਲੇਖਾ ਜਾਣੇ ਕਾਇਆ ਬੁੱਤ, ਪੰਜ ਤੱਤ ਦਏ ਜਣਾਈਆ । ਪੰਚ ਵਿਕਾਰਾ ਕੱਢੇ ਕੁਟ, ਜੂਠ ਝੂਠ ਦਏ ਮਿਟਾਈਆ । ਏਕਾ ਦੇਵੇ ਨਾਮ ਅਤੁਟ, ਨਿਖੁਟ ਕਦੇ ਨਾ ਜਾਈਆ । ਜਿਸ ਉਪਰ ਜਨ ਪ੍ਰਭ ਜਾਏ ਤੁਠ, ਤਿਸ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਈਂਆ । ਹਰਿਜਨ ਵੇਖੇ ਹਰਿ ਨਿਰੰਕਾਰਾ, ਹਰਿ ਹਰਿ ਵੇਸ ਵਟਾਈਆ । ਚਾਰ ਕੁੰਟ ਦਹਿ ਦਿਸ਼ਾ ਪਾਵੇ ਸਾਰਾ, ਫਿਰ ਫਿਰ ਆਪਣੀ ਸੇਵ ਕਮਾਈਆ । ਲੱਖ ਚੁਰਾਸੀ ਖੇਲ ਨਿਆਰਾ, ਘਟ ਘਟ ਵਾਸੀ ਆਪ ਕਰਾਈਆ । ਕਲਜੁਗ ਅੰਤਮ ਧੂੰਆਂਧਾਰਾ, ਜਗਤ ਅੰਧੇਰਾ ਛਾਈਆ । ਨਾ ਕੋਈ ਸੱਜਣ ਮੀਤ ਮੁਰਾਰਾ, ਸਾਕ ਸੈਣ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਆਦਿ ਪੁਰਖ ਕਰਾਇੰਦਾ । ਜਨ ਭਗਤਾਂ ਅੰਦਰ ਆਪੇ ਰਲਾ, ਆਪਣੀ ਸੇਜ ਸੁਹਾਇੰਦਾ । ਸੰਤ ਫੜਾਏ ਸਾਚਾ ਪੱਲਾ, ਏਕਾ ਪੱਲੂ ਨਾਮ ਗੰਢ ਪੁਵਾਇੰਦਾ । ਗੁਰਮੁਖਾਂ ਦੁਆਰੇ ਆਪੇ ਖਲਾ, ਨਿਰਗੁਣ ਵੇਸ ਵਟਾਇੰਦਾ । ਗੁਰਸਿਖ ਸੁਨੇਹੁੜਾ ਏਕਾ ਘੱਲਾ, ਲੋਕਮਾਤ ਉਠਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਦਰ ਦਰਵੇਸ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਹਰਿਜਨ ਸੱਜਣ ਮੇਲ ਮਿਲਾਇੰਦਾ । ਹਰਿਜਨ ਮੇਲਾ ਵਿਚ ਸੰਸਾਰ, ਜੀਵਣ ਜੁਗਤ ਜਗ ਜਣਾਈਆ । ਕਲਜੁਗ ਅੰਤਮ ਹੋ ਤਿਆਰ, ਨਿਰਗੁਣ ਨੂਰ ਨੂਰ ਧਰਾਈਆ । ਭਗਤ ਭਗਵੰਤ ਲਏ ਉਠਾਲ, ਸਾਚੀ ਸਿਖਿਆ ਸਿਖ ਸਮਝਾਈਆ । ਸ਼ਬਦ ਸਰੂਪੀ ਬਣ ਦਲਾਲ, ਇਕੋ ਵਣਜ ਵਖਾਈਆ । ਗੁਰਮੁਖ ਵੇਖੇ ਸਾਚੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੁੱਤ ਆਪ ਸੁਹਾਈਆ । ਸਾਚੀ ਰੁੱਤ ਜਾਏ ਮਹਿਕ, ਹਰਿ ਸਾਚਾ ਆਪ ਮਹਿਕਾਇੰਦਾ । ਹਰਿਜਨ ਫੁਲਵਾੜੀ ਜਾਏ ਟਹਿਕ, ਲੋਕਮਾਤ ਰੰਗ ਚੜ੍ਹਾਇੰਦਾ । ਲੱਖ ਚੁਰਾਸੀ ਰਹੀ ਸਹਿਕ, ਧੀਰਜ ਧੀਰ ਨਾ ਕੋਇ ਧਰਾਇੰਦਾ । ਕਿਸੇ ਹੱਥ ਨਾ ਆਏ ਸਾਚੀ ਆਇਤ, ਸ਼ਰਅ ਸ਼ਰੀਅਤ ਬੰਧਨ ਪਾਇੰਦਾ । ਨਾਤਾ ਤੁਟੇ ਕਾਇਨਾਤ, ਕਾਨੀ ਤੀਰ ਨਾ ਕੋਇ ਲਗਾਇੰਦਾ । ਗੁਰ ਅਵਤਾਰ ਨਾ ਵੇਖੇ ਕੋਈ ਬਾਗ ਬਗਾਤ, ਬਗੀਚਾ ਹਰਾ ਨਾ ਕੋਇ ਕਰਾਇੰਦਾ । ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਦੁਰਮਤ ਮੈਲ ਮਸਤਕ ਖਾਕ, ਨੂਰੀ ਨੂਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਦੱਸ ਨਿਰੰਕਾਰ, ਆਪਣੀ ਬੂਝ ਬੁਝਾਈਆ । ਕਰੇ ਖੇਲ ਅਪਰ ਅਪਾਰ, ਅਪਰੰਪਰ ਧਾਰ ਵਖਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜ਼ੀਲ ਕੁਰਾਨ ਨਾ ਪਾਏ ਸਾਰ, ਕਰੇ ਖੇਲ ਬੇਪਰਵਾਹੀਆ । ਲੇਖਾ ਜਾਣੇ ਗੁਰ ਅਵਤਾਰ, ਪੀਰ ਪੈਗ਼ੰਬਰ ਲੇਖਾ ਰਿਹਾ ਸਮਝਾਈਆ । ਲਹਿਣਾ ਦੇਣਾ ਚੁਕਾਏ ਜੁਗ ਚਾਰ, ਜੁਗ ਚੌਕੜੀ ਰਹਿਣ ਨਾ ਪਾਈਆ । ਕਲਜੁਗ ਵੇਖੇ ਅੰਤ ਬਹਾਰ, ਖਿਜ਼ਾ ਰੂਪ ਸਰਬ ਦਰਸਾਈਆ । ਗੁਰਮੁਖ ਵਿਰਲੇ ਲਏ ਉਭਾਰ, ਜਿਸ ਜਨ ਆਪਣਾ ਦਰਸ ਕਰਾਈਆ । ਜਨਮ ਜਨਮ ਦੀ ਲੇਖੇ ਲਾਏ ਘਾਲ, ਕੀਤੀ ਘਾਲ ਲੇਖੇ ਪਾਈਆ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਗ੍ਰਹਿ ਮੰਦਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੁੱਤ ਆਪ ਵਖਾਈਆ । ਸਾਚੀ ਰੁੱਤ ਸੁਹਾਏ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਹਰਿਜਨ ਖਿੜੇ ਮਾਤ ਗੁਲਜ਼ਾਰ, ਫਲ ਫੁਲ ਆਪ ਲਗਾਈਆ । ਪੁਰਖ ਅਬਿਨਾਸ਼ੀ ਹੋ ਤਿਆਰ, ਨਿਰਗੁਣ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾ, ਆਪਣਾ ਰੰਗ ਵਖਾਇੰਦਾ । ਹਰਿਜਨ ਬੂਟਾ ਮਾਤ ਲਗਾ, ਸਤਿਜੁਗ ਰਾਹ ਚਲਾਇੰਦਾ । ਸਿਫ਼ਤੀ ਸਿਫ਼ਤ ਸਿਫ਼ਤ ਕਰ ਸਲਾਹ, ਜਨ ਭਗਤਾਂ ਸਿਫ਼ਤ ਆਪ ਸਮਝਾਇੰਦਾ । ਮੁਫ਼ਤੋ ਮੁਫ਼ਤੀ ਬਣ ਮਲਾਹ, ਬਿਨ ਦਮਾਂ ਸੇਵ ਕਮਾਇੰਦਾ । ਲੇਖਾ ਜਾਣੇ ਥਲ ਅਸਗਾਹ, ਡੂੰਘੀ ਭਵਰੀ ਪਾਰ ਕਰਾਇੰਦਾ । ਰਹਿਬਰ ਬਣੇ ਆਪ ਖ਼ੁਦਾ, ਸਾਚਾ ਮਾਰਗ ਆਪੇ ਲਾਇੰਦਾ । ਰਾਮ ਰੂਪ ਆਪ ਵਟਾ, ਰਮੱਯਾ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰੁੱਤ ਆਪ ਸੁਹਾਇੰਦਾ । ਸੋਹੇ ਰੁੱਤ ਸੋਭਨੀਕ, ਹਰਿ ਸਾਚਾ ਆਪ ਸੁਹਾਈਆ । ਹਰਿਜਨ ਤੇਰਾ ਦਿਸੇ ਨਾ ਕੋਇ ਸ਼ਰੀਕ, ਸਿਰਕਤ ਨੇੜ ਕੋਇ ਨਾ ਆਈਆ । ਤੇਰਾ ਸਾਹਿਬ ਇਕ ਅਨਡੀਠ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਭਗਤਨ ਤੇਰਾ ਸਾਚਾ ਗੀਤ, ਸੋਹੰ ਅੱਖਰ ਕਰੇ ਪੜ੍ਹਾਈਆ । ਪੱਤਤ ਪਾਪੀ ਕਰੇ ਪੁਨੀਤ, ਪਤਿਤ ਪਾਵਣ ਫੇਰਾ ਪਾਈਆ । ਸਤਿਜੁਗ ਚਲੇ ਸਾਚੀ ਰੀਤ, ਵਰਨ ਬਰਨ ਨਾ ਕੋਇ ਰਖਾਈਆ । ਨਾਤਾ ਤੁਟੇ ਮੰਦਰ ਮਸੀਤ, ਇਸ਼ਟ ਗੁਰਦੇਵ ਏਕਾ ਨਜ਼ਰੀ ਆਈਆ । ਸ਼ਬਦ ਨਿਸ਼ਾਨਾ ਵੱਜੇ ਠੀਕ, ਅਣਿਆਲਾ ਤੀਰ


੫੭੯
੧੧

ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲੌਣਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਹਰਿਜਨ ਸਾਚਾ ਸੰਗ ਮਿਲੌਣਾ, ਜਨਮ ਜਨਮ ਦਾ ਰੋਗ ਮਿਟਾਇੰਦਾ । ਏਕਾ ਅੱਖਰ ਵੱਖਰ ਆਪ ਪੜ੍ਹੌਣਾ, ਸਾਚੀ ਸਿਖਿਆ ਸਿਖ ਸਮਝਾਇੰਦਾ । ਫੜ ਫੜ ਬਾਂਹੋਂ ਰਾਹੇ ਪਾਉਣਾ, ਅੰਧਲੇ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਡਗਮਗੌਣਾ, ਨੂਰ ਨੂਰਾਨਾ ਨੂਰ ਧਰਾਇੰਦਾ । ਲੋਕ ਪਰਲੋਕ ਪਾਰ ਕਰੌਣਾ, ਦੋ ਜਹਾਨਾਂ ਵੇਖ ਵਖਾਇੰਦਾ । ਸਤਿ ਸਲੋਕ ਇਕ ਸੁਣੌਣਾ, ਆਤਮ ਪਰਮਾਤਮ ਬੰਧਨ ਪਾਇੰਦਾ । ਕਿਲਾ ਕੋਟ ਇਕ ਵਸੌਣਾ, ਕਾਇਆ ਬੰਕ ਡੇਰਾ ਲਾਇੰਦਾ । ਜੋਤ ਨਗਾਰਾ ਇਕ ਵਜੌਣਾ, ਅਨਾਦੀ ਨਾਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੁੱਤ ਆਪ ਸੁਹਾਇੰਦਾ । ਸਾਚੀ ਰੁੱਤ ਵੇਖ ਬਹਾਰ, ਹਰਿ ਆਪਣੀ ਖ਼ੁਸ਼ੀ ਮਨਾਈਆ । ਗੁਲਸ਼ਨ ਖਿੜੇ ਵਿਚ ਸੰਸਾਰ, ਗੁਲ ਗੁੰਚਾ ਗੁਰਮੁਖ ਰੂਪ ਵਟਾਈਆ । ਗੁਰਮੁਖ ਆਸਾ ਬੁਲਬੁਲ ਬੋਲੇ ਏਕਾ ਵਾਰ, ਚਹਿ ਚਹਾ ਇਕ ਸੁਣਾਈਆ । ਤੂੰ ਸਾਹਿਬ ਪਰਵਰਦਿਗਾਰ, ਤੇਰੇ ਹੱਥ ਵਡੀ ਵਡਿਆਈਆ । ਤੂੰ ਭਵਰਾ ਵਿਚ ਸੰਸਾਰ, ਜਨ ਭਗਤ ਦੁਆਰੇ ਫੇਰਾ ਪਾਈਆ । ਤੇਰਾ ਰੰਗ ਕਾਲੀ ਧਾਰ, ਕਲਜੁਗ ਜੀਵਾਂ ਨਜ਼ਰ ਨਾ ਆਈਆ । ਤੇਰੇ ਅੰਦਰ ਪਰੇਮ ਪਿਆਰ, ਸਚ ਸਮਗਰੀ ਇਕ ਰਖਾਈਆ । ਗੁਰਮੁਖਾਂ ਦੇਵੇ ਵਾਰੋ ਵਾਰ, ਰਹਿਮਤ ਆਪਣੀ ਆਪ ਕਮਾਈਆ । ਤੇਰੀ ਸਿਫ਼ਤ ਸਿਫ਼ਤ ਤੋਂ ਬਾਹਰ, ਸਿਫ਼ਤੀ ਸਿਫ਼ਤ ਨਾ ਕੋਇ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਤੇਰੀ ਰੁੱਤ ਸੁਹਾਈਆ । ਹਰਿਜਨ ਰੁੱਤੜੀ ਲੋਕਮਾਤ, ਮਿੱਤਰ ਪਿਆਰਾ ਆਪ ਸੁਹਾਇੰਦਾ । ਨਾਮ ਨਿਧਾਨਾ ਦੇਵੇ ਦਾਤ, ਦਾਤਾ ਦਾਨੀ ਆਪ ਵਰਤਾਇੰਦਾ । ਨਾਤਾ ਤੋੜ ਜ਼ਾਤ ਪਾਤ, ਏਕਾ ਬ੍ਰਹਮ ਸਮਝਾਇੰਦਾ । ਮੇਲ ਮਿਲਾਵਾ ਕਮਲਾਪਾਤ, ਕਵਲ ਨੈਣ ਵੇਖ ਵਖਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਅੰਧਲੇ ਮੁੱਖ ਦਿਖਲਾਇੰਦਾ । ਅੰਮ੍ਰਿਤ ਬੂੰਦ ਬੂੰਦ ਸਵਾਂਤ, ਨਿਝਰ ਝਿਰਨਾ ਆਪ ਝਿਰਾਇੰਦਾ । ਏਥੇ ਓਥੇ ਪੁਛੇ ਵਾਤ, ਸਦਾ ਸੁਹੇਲਾ ਇਕ ਅਕੇਲਾ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਕਾਇੰਦਾ । ਹਰਿਜਨ ਤਾਰੇ ਹਰਿ ਨਿਰੰਕਾਰ, ਹਰਿ ਹਰਿ ਵਡੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਅੰਤਮ ਵੇਲਾ ਆਈਆ । ਪੁਰਖ ਅਬਿਨਾਸ਼ੀ ਲਏ ਅਵਤਾਰ, ਜੋਤੀ ਜਾਮਾ ਵੇਸ ਵਟਾਈਆ । ਗੁਰਮੁਖ ਗੁਰਸਿਖ ਲਏ ਉਭਾਰ, ਗੁਰ ਗੁਰ ਬੂਝ ਬੁਝਾਈਆ । ਕਾਗ਼ਜ਼ ਕਲਮ ਨਾ ਲਿਖਣਹਾਰ, ਹਰਿ ਕਾ ਭੇਵ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਅਗੰਮ ਅਪਾਰ, ਅਗੰਮੜੀ ਕਾਰ ਕਰਾਈਆ । ਵੇਖੇ ਰੁੱਤ ਵਿਚ ਸੰਸਾਰ, ਚਾਰੋਂ ਕੁੰਟ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਚਰਨ ਧਿਆਨ, ਮਸਤਕ ਟਿੱਕਾ ਨੂਰੀ ਜੋਤ, ਨਾਤਾ ਤੋੜ ਵਰਨ ਗੋਤ, ਇਕ ਵਖਾਏ ਕਿਲਾ ਕੋਟ, ਸਚਖੰਡ ਦੁਆਰਾ ਏਕੰਕਾਰਾ ਸਚ ਸਹਾਰਾ ਆਦਿ ਅੰਤ ਸ੍ਰੀ ਭਗਵੰਤ, ਗੁਰਸਿਖ ਮੇਲਾ ਨਾਰੀ ਕੰਤ, ਕੰਤ ਕੰਤੂਹਲ ਗੁਰਮੁਖ ਵੇਖੇ ਸਾਚੇ ਫੂਲ, ਬਣ ਮਾਲਣ ਤੋੜੇ ਆਪਣੇ ਨਾਲ ਜੋੜੇ ਏਕਾ ਦੂਆ ਏਕਾ ਏਕਾ ਬੰਧਨ ਪਾਈਆ ।

## ★ ੨੧ ਮਾਘ ੨੦੧੮ ਬਿਕ੍ਰਮੀ ਦੇਵੀ ਸਿੰਘ ਦੇ ਗ੍ਰਿਹ ਮੱਘੋ ਵਾਲੀ ਜੰਮੂ ★

ਭਗਤ ਭਗਵਾਨ ਸਾਚਾ ਰੰਗ, ਸ੍ਰੀ ਭਗਵਾਨ ਆਪ ਚੜ੍ਹਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਲੰਘ, ਦੋ ਜਹਾਨ ਵਾਲੀ ਲੋਕਮਾਤ ਫੇਰਾ ਪਾਇੰਦਾ । ਗੀਤ ਸੁਹਾਗੀ ਅਗੰਮੀ ਛੰਦ, ਨਿਰਗੁਣ ਸਰਗੁਣ ਆਪ ਜਣਾਇੰਦਾ । ਨਾਤਾ ਤੋੜ ਬੱਤੀ ਦੰਦ, ਆਤਮ ਅੰਤਰ ਬੂਝ ਬੁਝਾਇੰਦਾ । ਸਚ ਸੁਹੰਜਣੀ ਸੇਜ ਪਲੰਘ, ਘਰ ਘਰ ਵਿਚ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਭਗਤ ਭਗਵਾਨ ਏਕੋ ਧਾਰ, ਆਦਿ ਜੁਗਾਦਿ ਰਖਾਈਆ । ਨਿਰਗੁਣ ਸਰਗੁਣ ਲਏ ਅਵਤਾਰ, ਹਰਿਜਨ ਵੇਖੇ ਚਾਈਂ ਚਾਈਆ । ਰੋਗ ਸੋਗ ਦਰਦ ਨਿਵਾਰ, ਦਰਦੀ ਦਰਦ ਵੰਡਾਈਆ । ਏਕਾ ਦੇਵੇ ਨਾਮ ਖ਼ੁਮਾਰ, ਰਾਮ ਨਾਮ ਪੜ੍ਹਾਈਆ । ਏਕਾ ਮੰਦਰ ਦਏ ਵਖਾਲ, ਘਰ ਮੇਲੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਭਗਤ ਭਗਵਾਨ ਇਕੋ ਵੇਸ, ਆਦਿ ਅੰਤ ਜਣਾਇੰਦਾ । ਵਸਣਹਾਰਾ ਸਾਚੇ ਦੇਸ, ਦੇਸ ਦਸੰਤਰ ਸੋਭਾ ਪਾਇੰਦਾ । ਨਿਰਗੁਣ ਸਰਗੁਣ ਲਏ ਵੇਖ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਲੇਖਾ ਜਾਣੇ ਰਿਖੀ ਕੇਸ਼, ਗਵਰਧਨ ਆਪਣੇ ਰੰਗ ਰੰਗਾਇੰਦਾ । ਸੇਵਕ ਸੇਵਾ ਬ੍ਰਹਮਾ ਵਿਸ਼ਨ ਮਹੇਸ਼, ਸਾਚੀ ਸੇਵਾ ਇਕ ਜਣਾਇੰਦਾ । ਭਗਤ ਭਗਵੰਤ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਦਾਤਾ ਦਾਨੀ ਜੋਧਾ ਸੂਰਬੀਰ ਨਰ ਨਰੇਸ਼, ਸ਼ਾਹ ਪਾਤਸ਼ਾਹ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾਂ ਜੁਗੰਤਰ ਜਨ ਭਗਤਾਂ ਆਪ ਵਡਿਆਇੰਦਾ । ਭਗਤ ਭਗਵੰਤ ਏਕਾ ਓਟ, ਆਦਿ ਜੁਗਾਦਿ ਰਖਾਈਆ । ਵਸਣਹਾਰਾ ਸਾਚੇ ਕੋਟ, ਸਚਖੰਡ ਦੁਆਰਾ ਇਕ ਸਮਝਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਗਵਾਈਆ । ਨਾਮ ਨਗਾਰੇ ਲਾਏ ਚੋਟ, ਅਨਹਦ ਨਾਦੀ ਨਾਦ ਵਜਾਈਆ । ਜਗਤ ਵਾਸਨਾ ਕਢੇ ਖੋਟ, ਮਾਇਆ ਮਮਤਾ ਮੋਹ ਮਿਟਾਈਆ । ਦੇਵੇ ਨਾਮ ਰਾਮ ਅਤੋਟ, ਅਤੁਟ ਭੰਡਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਏਕਾ ਰੰਗ ਵਖਾਈਆ । ਭਗਤ ਭਗਵੰਤ ਇਕ ਮਕਾਨ, ਏਕਾ ਘਰ ਵਖਾਇੰਦਾ । ਆਦਿ ਜੁਗਾਦਿ ਖੇਲ ਮਹਾਨ, ਜੁਗ ਜੁਗ ਵੇਸ ਵਟਾਇੰਦਾ । ਦਾਤਾ ਦਾਨੀ ਵਡ ਮਿਹਰਵਾਨ, ਵਸਤ ਅਮੋਲਕ ਆਪ ਵਰਤਾਇੰਦਾ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਉਠਾਇੰਦਾ । ਜਨ ਭਗਤਾਂ ਦੇਵੇ ਇਕ ਗਿਆਨ, ਆਤਮ ਪਰਮਾਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਏਕਾ ਘਰ ਬਹਾਇੰਦਾ । ਭਗਤ ਭਗਵੰਤ ਸਾਚਾ ਮੇਲਾ, ਹਰਿ ਹਰਿ ਆਪ ਕਰਾਇੰਦਾ । ਵਸਣਹਾਰਾ ਧਾਮ ਨਵੇਲਾ, ਲੋਕਮਾਤ ਫੇਰਾ ਪਾਇੰਦਾ । ਜੁਗਾਂ ਜੁਗੰਤ ਸੱਜਣ ਸੁਹੇਲਾ, ਹਰਿਜਨ ਸਾਚੇ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਆਪ ਸਮਝਾਇੰਦਾ । ਭਗਤ ਭਗਵੰਤ ਸਾਚਾ ਰਾਹ, ਹਰਿ ਸਚ ਸਚ ਜਣਾਈਆ । ਸ਼ਬਦੀ ਸ਼ਬਦ ਸ਼ਬਦ ਸਲਾਹ, ਰਾਮ ਨਾਮ ਪੜ੍ਹਾਈਆ । ਦੀਵਾ ਬਾਤੀ ਇਕ ਜਗਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਅੰਮ੍ਰਿਤ ਬੂੰਦ ਸਵਾਂਤੀ ਦਏ ਪਿਆ, ਅਗਨੀ ਤੱਤ ਬੁਝਾਈਆ । ਬੋਧ ਅਗਾਧੀ ਨਾਦ ਵਜਾ, ਧੁੰਨ ਆਤਮਕ ਕਰੇ ਸ਼ਨਵਾਈਆ । ਦੂਈ ਦਵੈਤੀ ਪੜਦਾ ਲਾਹ, ਸਤਿ ਸਰੂਪ ਪਰਗਟਾਈਆ । ਜੂਠ ਝੂਠ ਦਏ ਮਿਟਾ, ਸਚ ਸੁੱਚ ਬੰਧਨ ਪਾਈਆ । ਜ਼ਾਤ ਪਾਤ ਦਏ ਖਪਾ, ਊਚ

ਨੀਚ ਨਾ ਕੋਇ ਰਖਾਈਆ । ਏਕਾ ਬ੍ਰਹਮ ਦਏ ਦਰਸਾ, ਈਸ਼ ਜੀਵ ਮੇਲ ਮਿਲਾਈਆ । ਜਗਤ ਜਗਦੀਸ਼ ਹੋਏ ਸਹਾ, ਸਿਰ ਆਪਣਾ ਹੱਥ ਟਿਕਾਈਆ । ਭਾਂਡਾ ਭਰਮ ਭੌ ਦੇਵੇ ਭੰਨਾ, ਕੂੜੀ ਕਿਰਿਆ ਦਏ ਖਪਾਈਆ । ਏਕਾ ਰੰਗ ਦਏ ਚੜ੍ਹਾ, ਉਤਰ ਕਦੇ ਨਾ ਜਾਈਆ । ਏਕਾ ਅਨੰਦ ਦਏ ਵਖਾ, ਅਨੰਦ ਅਨੰਦ ਅਨੰਦ ਘਰ ਘਰ ਵਿਚ ਸਮਾਈਆ । ਏਕਾ ਚੰਦ ਦਏ ਚੜ੍ਹਾ, ਅੰਧ ਅੰਧੇਰ ਰਹਿਣ ਨਾ ਪਾਈਆ । ਏਕਾ ਛੰਦ ਦਏ ਸੁਣਾ, ਸੋਹੰ ਢੋਲਾ ਏਕਾ ਗਾਈਆ । ਸਤਿਜੁਗ ਮਾਰਗ ਦਏ ਵਖਾ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਡੁੱਬਦੇ ਪਾਥਰ ਲਏ ਤਰਾ, ਪਾਹਨ ਆਪਣਾ ਚਰਨ ਛੁਹਾਈਆ । ਰਾਗ ਨਾਦ ਪੰਧ ਦਏ ਮੁਕਾ, ਇਕ ਇਕ ਅਵਾਜ਼ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਚਾਈਂ ਚਾਈਂਆ । ਭਗਤਨ ਮਿਲੇ ਆਪ ਭਗਵਾਨ, ਜੁਗ ਜੁਗ ਦਇਆ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰ ਕਰ ਪਹਿਚਾਨ, ਸਾਚਾ ਸੰਗ ਨਿਭਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਅੱਖਰ ਵਖਰ ਆਪ ਪੜ੍ਹਾਇੰਦਾ । ਕਾਇਆ ਮੰਦਰ ਵੇਖ ਮਕਾਨ, ਸਾਚੇ ਮੰਦਰ ਸੋਭਾ ਪਾਇੰਦਾ । ਤਖ਼ਤ ਨਿਵਾਸੀ ਵਡ ਮਿਹਰਵਾਨ, ਸ਼ਾਹੋ ਭੂਪ ਫੇਰਾ ਪਾਇੰਦਾ । ਲੇਖਾ ਜਾਣੇ ਦੋ ਜਹਾਨ, ਜੀਵ ਜੰਤ ਰੰਗ ਰੰਗਾਇੰਦਾ । ਲੱਖ ਚੁਰਾਸੀ ਦੇਵਣਹਾਰਾ ਦਾਨ, ਜੀਵਣ ਜੁਗਤ ਆਪਣੇ ਹੱਥ ਰਖਾਇੰਦਾ । ਖੇਲੇ ਖੇਲ ਸ੍ਰੀ ਭਗਵਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਭਗਤਾਂ ਮੇਲਾ ਮੇਲੇ ਆਣ, ਲੋਕਮਾਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਹਰਿਜਨ ਸਾਚੇ ਆਪਣੇ ਘਰ ਬਹਾਇੰਦਾ । ਭਗਤ ਭਗਵਾਨ ਇਕੋ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਭਗਤ ਭਗਵਾਨ ਇਕੋ ਘਰ, ਬੰਕ ਦੁਆਰਾ ਇਕ ਸੁਹਾਈਆ । ਭਗਤ ਭਗਵਾਨ ਏਕਾ ਅੱਖਰ ਜਾਣ ਪੜ੍ਹ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਭਗਤ ਭਗਵਾਨ ਏਕਾ ਮੰਦਰ ਜਾਣ ਵੜ, ਸਚ ਮਹੱਲਾ ਸੋਭਾ ਪਾਈਆ । ਭਗਤ ਭਗਵਾਨ ਇਕ ਦੂਜੇ ਦਾ ਲੜ ਲੈਣ ਫੜ, ਫੜਿਆ ਲੜ ਨਾ ਕੋਇ ਛੁਡਾਈਆ । ਭਗਤ ਭਗਵਾਨ ਇਕ ਦੂਜੇ ਦੇ ਪੌੜੇ ਜਾਇਨ ਚੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤ ਭਗਵਾਨ ਇਕੋ ਮੰਗ, ਏਕਾ ਆਸ ਰਖਾਈਆ । ਭਗਤ ਭਗਵਾਨ ਸਦਾ ਅਖੰਡ, ਖੰਡ ਖੰਡ ਨਾ ਕੋਇ ਕਰਾਈਆ । ਭਗਤ ਭਗਵਾਨ ਪਰਕਾਸ਼ ਵਿਚ ਬ੍ਰਹਿਮੰਡ, ਵਰਭੰਡ ਵੱਜੇ ਵਧਾਈਆ । ਭਗਤ ਭਗਵਾਨ ਉਤਮ ਜੇਰਜ ਅੰਡ, ਉਤਭੁਜ ਸੇਤਜ ਮਾਣ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੀ ਭਗਤੀ ਆਪ ਸਮਝਾਈਆ । ਸਾਚੀ ਭਗਤੀ ਭਗਤ ਭਗਵਾਨ, ਜੁਗ ਜੁਗ ਆਪ ਸਮਝਾਇੰਦਾ । ਚਰਨ ਸਰਨ ਸਰਨ ਚਰਨ ਹਰਿ ਧਿਆਨ, ਦੂਜਾ ਇਸ਼ਟ ਨਾ ਕੋਇ ਵਖਾਇੰਦਾ । ਅੰਤਰ ਆਤਮ ਆਤਮ ਅੰਤਰ ਇਕ ਗਿਆਨ, ਏਕਾ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਭਗਤ ਭਗਵੰਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਥਿਰ ਮਾਤ ਰਹਿਣ ਨਾ ਪਾਈਆ । ਭਗਤ ਭਗਵੰਤ ਦਏ ਅਧਾਰ, ਏਕਾ ਬੂਝ ਬੁਝਾਈਆ । ਲੇਖਾ ਜਾਣੇ ਵਿਚ ਸੰਸਾਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਕਲਜੁਗ ਅੰਤਮ ਆਈ ਵਾਰ, ਗੁਰ ਗੁਰ ਅਵਤਾਰ ਕਹਿ ਕਹਿ ਗਏ ਪੁਕਾਰ, ਪੁਰਖ ਅਬਿਨਾਸ਼ੀ ਏਕਾ ਓਟ ਰਖਾਈਆ । ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨ ਜੋਤ ਸਰੂਪੀ ਜਾਮਾ ਧਾਰ, ਜੋਤੀ ਜੋਤ ਕਰੇ ਰੁਸ਼ਨਾਈਆ । ਵਰਨ ਗੋਤ ਤੇ ਵਸੇ ਬਾਹਰ, ਰੂਪ ਰੰਗ ਰੇਖ ਨਾ ਕੋਇ ਵਿਚ ਸੰਸਾਰ,


੫੮੨
੧੧

ਅਕਲ ਕਲ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਨਿਰਗੁਣ ਆਪਣਾ ਵੇਸ ਵਟਾਈਆ । ਨਿਰਗੁਣ ਵੇਸ ਆਪੇ ਧਰ, ਧਰ ਧਰਨੀ ਆਪ ਸੁਹਾਇੰਦਾ । ਭਗਤ ਭਗਵੰਤ ਲਏ ਫੜ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਲੇਖਾ ਜਾਣੇ ਨਾਰੀ ਨਰ, ਨਰ ਨਰਾਇਣ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵੇ ਇਕੋ ਦਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਇਕ ਸਮਝਾਇੰਦਾ । ਸਾਚੀ ਵਸਤ ਭਗਤਨ ਦਾਤ, ਹਰਿ ਭਗਵਨ ਆਪ ਜਣਾਈਆ । ਸੋਹੰ ਅੱਖਰ ਸਤਿਜੁਗ ਗਾਥ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਲਹਿਣਾ ਦੇਣਾ ਚੁੱਕੇ ਮਸਤਕ ਮਾਥ, ਪੂਰਬ ਲੇਖਾ ਰਹਿਣ ਨਾ ਪਾਈਆ । ਦੋ ਜਹਾਨਾਂ ਦੇਵੇ ਸਾਥ, ਏਥੇ ਓਥੇ ਹੋਏ ਸਹਾਈਆ । ਮੇਲ ਮਿਲਾਵਾ ਤ੍ਰਿਲੋਕੀ ਨਾਥ, ਤ੍ਰੈ ਤ੍ਰੈ ਮਾਇਆ ਫੰਦ ਕਟਾਈਆ । ਘਰ ਘਰ ਵੇਖੇ ਹਰਿ ਰਘੁਨਾਥ, ਰਘੁਪਤ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਉਠਾਈਆ । ਭਗਤ ਭਗਵੰਤ ਇਕ ਭਰਵਾਸਾ, ਏਕਾ ਓਟ ਜਣਾਇੰਦਾ । ਨਿਰਗੁਣ ਸਰਗੁਣ ਦਾਸੀ ਦਾਸਾ, ਬਣ ਸੇਵਕ ਸੇਵ ਕਮਾਇੰਦਾ । ਕਾਇਆ ਮੰਦਰ ਪਾਵੇ ਰਾਸਾ, ਗੋਪੀ ਕਾਹਨ ਨਾਚ ਨਚਾਇੰਦਾ । ਹਰਿ ਭਗਤ ਹਰਿ ਦਰਸ਼ਨ ਪਿਆਸਾ, ਦੇ ਦਰਸ ਤ੍ਰਿਖਾ ਬੁਝਾਇੰਦਾ । ਆਦਿ ਅੰਤ ਨਾ ਹੋਏ ਵਿਨਾਸਾ, ਅਬਿਨਾਸ਼ੀ ਕਰਤਾ ਆਪਣੇ ਰੰਗ ਰੰਗਾਇੰਦਾ । ਕਲਜੁਗ ਅੰਤਮ ਵੇਖਣ ਆਇਆ ਆਪ ਤਮਾਸ਼ਾ, ਨਿਰਗੁਣ ਆਪਣਾ ਰੂਪ ਧਰਾਇੰਦਾ । ਲੱਖ ਚੁਰਾਸੀ ਤੋਲਣਹਾਰਾ ਤੋਲਾ ਮਾਸ਼ਾ, ਰੱਤੀ ਰੱਤ ਰੱਤ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਆਪਣੇ ਘਰ, ਭਗਵਨ ਸਾਚਾ ਮੇਲ ਮਿਲਾਇੰਦਾ । ਸਾਚਾ ਮੇਲਾ ਭਗਤ ਭਗਵੰਤ, ਸਾਚੇ ਘਰ ਵੱਜੇ ਵਧਾਈਆ । ਲੇਖਾ ਜਾਣੇ ਜੀਵ ਜੰਤ, ਘਟ ਘਟ ਰਿਹਾ ਸਮਾਈਆ । ਜਿਸ ਜਨ ਬਣਾਏ ਸਾਚੀ ਬਣਤ, ਤਿਸ ਆਪਣੀ ਬੂਝ ਬੁਝਾਈਆ । ਗੁਰਮੁਖ ਵੇਖੇ ਵਿਰਲਾ ਸੰਤ, ਹਰਿ ਸਤਿਗੁਰ ਹੋਏ ਸਹਾਈਆ । ਨਾਤਾ ਜੋੜ ਨਾਰ ਕੰਤ, ਕੰਤ ਕੰਤੂਹਲ ਖ਼ੁਸ਼ੀ ਮਨਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਰਸਨਾ ਜਿਹਵਾ ਮਣੀਆ ਮੰਤ, ਸੋਹੰ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਭਗਤ ਭਗਵੰਤ ਏਕਾ ਦਰ ਵੱਜੇ ਵਧਾਈਆ । ਏਕਾ ਦਰ ਵੱਜੇ ਵਾਜਾ, ਹਰਿ ਹਰਿ ਆਪ ਵਜਾਇੰਦਾ । ਮੇਲ ਮਿਲਾਵਾ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਲੱਖ ਚੁਰਾਸੀ ਸਾਜਣ ਸਾਜਾ, ਘਟ ਘਟ ਵੇਖ ਵਖਾਇੰਦਾ । ਜਨ ਭਗਤਾਂ ਦੇਵੇ ਨਾਮ ਦਾਤਾ, ਵਸਤ ਅਮੋਲਕ ਆਪ ਵਰਤਾਇੰਦਾ । ਅੰਦਰ ਬਹਿ ਬਹਿ ਗਾਏ ਗਾਥਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਸਰਬ ਕਲ ਆਪੇ ਸਮਰਾਥਾ, ਸੋ ਪੁਰਖ ਨਿਰੰਜਣ ਵੇਸ ਵਟਾਇੰਦਾ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਜਿਸ ਜਨ ਆਪਣਾ ਦਰਸ ਕਰਾਇੰਦਾ । ਲਹਿਣਾ ਦੇਣਾ ਚੁੱਕੇ ਤੀਰਥ ਤਾਟਾ, ਸਰ ਸਰੋਵਰ ਇਕ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਆਪ ਤਰਾਇੰਦਾ । ਭਗਤ ਭਗਵੰਤ ਇਕੋ ਮਾਣ, ਏਕਾ ਮਿਲੇ ਵਡਿਆਈਆ । ਭਗਤ ਭਗਵੰਤ ਇਕ ਨਿਸ਼ਾਨ, ਏਕਾ ਤੀਰ ਚਲਾਈਆ । ਭਗਤ ਭਗਵੰਤ ਇਕ ਗਿਆਨ, ਏਕਾ ਕਰੇ ਪੜ੍ਹਾਈਆ । ਭਗਤ ਭਗਵੰਤ ਇਕ ਮਕਾਨ, ਏਕਾ ਘਰ ਡੇਰਾ ਲਾਈਆ । ਭਗਤ ਭਗਵੰਤ ਇਕ ਵਿਧਾਨ, ਸਾਚਾ ਮਾਰਗ

੫੮੩
੧੧

ਜਗਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਦਾ ਸਲਾਹੀਆ । ਹਰਿਜਨ ਵਡਿਆਈ ਭਗਤੀ ਭਗਤ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਲੇਖਾ ਜਾਣੇ ਬੂੰਦ ਰਕਤ, ਹੱਡ ਮਾਸ ਨਾੜੀ ਚੰਮ ਵੇਖ ਵਖਾਇੰਦਾ । ਦੇਵੇ ਵਡਿਆਈ ਵਿਚ ਜਗਤ, ਜੀਵਣ ਜੁਗਤ ਆਪ ਸਮਝਾਇੰਦਾ । ਆਪਣੇ ਮੇਲਣ ਦਾ ਆਪੇ ਜਾਣੇ ਵਕਤ, ਵੇਦ ਕਤੇਬ ਭੇਵ ਨਾ ਆਇੰਦਾ । ਕਰ ਕਿਰਪਾ ਜਿਸ ਦੇਵੇ ਦਰਸ, ਜਗਤ ਤ੍ਰਿਸਨਾ ਭੁੱਖ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਦੇਵੇ ਇਕ ਗਿਆਨ, ਆਤਮ ਪਰਮਾਤਮ ਪਰਮਾਤਮ ਆਤਮ ਏਕਾ ਰੰਗ ਵਖਾਇੰਦਾ ।

★ ੨੧ ਮਾਘ ੨੦੧੮ ਬਿਕ੍ਰਮੀ ਰਾਜਿੰਦਰ ਸਿੰਘ ਦੇ ਗ੍ਰਹਿ ਪਿੰਡ ਸੀੜ ਜੰਮੂ ★

ਭਗਤਾਂ ਕਰੇ ਸਦਾ ਪਿਆਰ, ਹਰਿ ਭਗਵਨ ਬੇਪਰਵਾਹੀਆ । ਭਗਤਾਂ ਦੇਵੇ ਨਾਮ ਅਧਾਰ, ਹਰਿ ਭਗਵਨ ਦਇਆ ਕਮਾਈਆ । ਭਗਤਾਂ ਦੇਵੇ ਸਚ ਸ਼ਿੰਗਾਰ, ਹਰਿ ਭਗਵਨ ਸ਼ਹਿਨਸ਼ਾਹੀਆ । ਭਗਤਾਂ ਦੇਵੇ ਇਕ ਆਧਾਰ, ਹਰਿ ਭਗਵਨ ਚਰਨ ਸਰਨ ਸਰਨਾਈਆ । ਭਗਤਾਂ ਦੇਵੇ ਇਕ ਖ਼ੁਮਾਰ, ਹਰਿ ਭਗਵਨ ਅੰਮ੍ਰਿਤ ਜਾਮ ਪਿਆਈਆ । ਭਗਤਾਂ ਦੇਵੇ ਇਕ ਜੈਕਾਰ, ਹਰਿ ਭਗਵਨ ਸਾਚਾ ਸੋਹਲਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜਨ ਭਗਤਾਂ ਸੇਵ ਕਮਾਈਆ । ਭਗਵਨ ਮੇਲਾ ਏਕੰਕਾਰ, ਭਗਵਨ ਆਪਣਾ ਆਪ ਕਰਾਇੰਦਾ । ਭਗਤਨ ਸੇਜ ਦਏ ਸੁਵਾਰ, ਹਰਿ ਭਗਵਨ ਵੇਖ ਵਖਾਇੰਦਾ । ਭਗਤਨ ਵਖਾਏ ਸਚ ਵਿਹਾਰ, ਵਿਵਹਾਰੀ ਖੇਲ ਕਰਾਇੰਦਾ । ਜੁਗਾਂ ਜੁਗੰਤਰ ਲਏ ਅਵਤਾਰ, ਨਿਰਧਨ ਸਰਧਨ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਆਪਣਾ ਸੰਗ ਨਿਭਾਇੰਦਾ । ਭਗਤਨ ਸੋਹੇ ਸਾਚਾ ਬੰਕ, ਬੰਕ ਦੁਆਰੀ ਆਪ ਸੁਹਾਈਆ । ਨਾਤ ਤੋੜ ਜੀਵ ਜੰਤ, ਹਰਿਜਨ ਆਪਣੇ ਸੰਗ ਮਿਲਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਬੂਝ ਬੁਝਾਈਆ । ਆਤਮ ਅੰਤਰ ਸਾਚਾ ਮੰਤ, ਸੋ ਪੁਰਖ ਨਿਰੰਜਣ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਭਗਤ ਮਾਣ ਵਡਿਆਈਆ । ਭਗਤ ਵਡਿਆਈ ਵਿਚ ਜਗ, ਜੀਵਣ ਦਾਤਾ ਆਪ ਰਖਾਇੰਦਾ । ਦਰਸ ਦਿਖਾਏ ਉਪਰ ਸ਼ਾਹ ਰਗ, ਨੇਤਰ ਨੈਣ ਇਕ ਖੁਲ੍ਹਾਇੰਦਾ । ਤ੍ਰੈਗੁਣ ਮਾਇਆ ਬੁਝੇ ਅੱਗ, ਰਜੋ ਤਮੋ ਸਤੋ ਨਾ ਕੋਇ ਤਪਾਇੰਦਾ । ਸਚ ਨਗਾਰਾ ਜਾਏ ਵੱਜ, ਤ੍ਰੈਕਾਲ ਦਰਸੀ ਆਪ ਵਜਾਇੰਦਾ । ਪਾਰ ਕਿਨਾਰਾ ਕਰੇ ਹੱਦ, ਅਧਵਿਚਕਾਰ ਨਾ ਕੋਇ ਡੁਬਾਇੰਦਾ । ਭਗਤ ਭਗਵੰਤ ਸਾਚੀ ਯਦ, ਸਾਚਾ ਬੰਸ ਬਣਾਇੰਦਾ । ਆਦਿ ਅੰਤ ਦਰ ਦੁਆਰੇ ਸੱਦ, ਸਾਚਾ ਮੇਲ ਮਿਲਾਇੰਦਾ । ਭਗਤ ਪਿਆਰ ਜਾਏ ਵੱਝ, ਏਕਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਇਕ ਅਕੇਲਾ, ਜੁਗ ਜੁਗ ਖੇਲ ਕਰਾਇੰਦਾ । ਜੁਗ ਜੁਗ ਖੇਲ ਪਾਰਬ੍ਰਹਮ, ਆਪਣਾ ਆਪ ਕਰਾਈਆ । ਨਾ ਮਰੇ ਨਾ ਪਏ ਜੰਮ, ਨਿਰਗੁਣ ਸਰਗੁਣ ਵੇਸ ਵਟਾਈਆ । ਦੋ ਜਹਾਨਾਂ ਜਾਣੇ ਕੰਮ, ਲੱਖ ਚੁਰਾਸੀ ਭੇਵ ਚੁਕਾਈਆ । ਲੇਖਾ ਜਾਣੇ ਦਮਾਂ ਦਮ, ਪਵਣ ਸਵਾਸ ਰਿਹਾ ਸਮਾਈਆ । ਭਗਤਾਂ ਬੇੜਾ ਆਪ ਬੰਨ੍ਹ, ਹਰਿਜੂ ਆਪਣੇ ਕੰਧ ਉਠਾਈਆ । ਰਾਏ ਧਰਮ ਨਾ ਦੇਵੇ ਡੰਨ, ਵੇਲੇ ਅੰਤ ਨਾ ਕੋਇ ਸਜਾਈਆ । ਏਕਾ ਰਾਗ ਸੁਣਾਏ ਕੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਵੇਖੇ ਥਾਉਂ

ਬਾਈਆ । ਭਗਤਨ ਵੇਖੇ ਥਾਨ ਥਨੰਤਰ, ਦੋ ਜਹਾਨਾਂ ਫੋਲ ਫੁਲਾਇੰਦਾ । ਭੇਵ ਚੁਕਾਏ ਗਗਨ ਗਗਨੰਤਰ, ਗਗਨ ਮੰਡਲ ਸੋਭਾ ਪਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਆਪਣਾ ਆਸਣ ਲਾਇੰਦਾ । ਜੁਗ ਜੁਗ ਜਣਾਏ ਆਪਣਾ ਮੰਤਰ, ਗੁਰ ਪੀਰ ਅਵਤਾਰ ਆਪ ਪੜ੍ਹਾਇੰਦਾ । ਆਦਿ ਜੁਗਾਦਿ ਸਦਾ ਸੁਤੰਤਰ, ਸਤਿ ਸਤਿਵਾਦੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਸੱਚਾ ਇਕੋ ਮੀਤ, ਦੂਸਰ ਸੰਗ ਨਾ ਕੋਇ ਰਖਾਈਆ । ਜਗਤ ਜੁਗ ਅਵੱਲੜੀ ਰੀਤ, ਜੁਗ ਕਰਤਾ ਆਪ ਚਲਾਈਆ । ਲੱਖ ਚੁਰਾਸੀ ਪਰਖਣਹਾਰਾ ਨੀਤ, ਦਿਵਸ ਰੈਣ ਰੈਣ ਦਿਵਸ ਆਪਣੀ ਸੇਵ ਕਮਾਈਆ । ਭਗਤਨ ਮੇਲਾ ਘਰ ਅਨਡੀਠ, ਅਨਡਿਠੜਾ ਧਾਮ ਵਖਾਈਆ । ਅੱਠੇ ਪਹਿਰ ਵਸੇ ਚੀਤ, ਚਿਤ ਵਿਤ ਠਗੋਰੀ ਕੋਇ ਨਾ ਪਾਈਆ । ਚਰਨ ਸਰਨ ਸਚ ਪ੍ਰੀਤ, ਪ੍ਰੀਤੀਵਾਨ ਇਕ ਸਿਖਾਈਆ । ਆਦਿ ਅੰਤ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਲੇਖਾ ਜਾਣੇ ਹਸਤ ਕੀਟ, ਘਟ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਾਚੇ ਘਰ, ਗ੍ਰਿਹ ਮੰਦਰ ਸੋਭਾ ਪਾਈਆ । ਭਗਤਨ ਮੇਲਾ ਭਗਤਨ ਅੰਦਰ, ਕਾਇਆ ਬੰਕ ਸੁਹਾਇੰਦਾ । ਲੇਖਾ ਜਾਣੇ ਡੂੰਘੀ ਕੰਦਰ, ਕਾਇਆ ਭਵਰੀ ਫੋਲ ਫੁਲਾਇੰਦਾ । ਵਾਸਨਾ ਮੇਟੇ ਮਨੂਆ ਬੰਦਰ, ਆਸਾ ਤ੍ਰਿਸਨਾ ਨਾਲ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੀ ਦਇਆ ਕਮਾਇੰਦਾ । ਹਰਿਜਨ ਨਾਤਾ ਤੁਟੇ ਮੋਹ, ਮਮਤਾ ਲੋਕਮਾਤ ਰਹਿਣ ਨਾ ਪਾਈਆ । ਜਗਤ ਵਿਕਾਰਾ ਦੇਵੇ ਕੋਹ, ਨਾਮ ਛੁਰੀ ਇਕ ਚਲਾਈਆ । ਭੇਵ ਖੁਲ੍ਹਾਏ ਸੋਹੰ ਸੋ, ਆਤਮ ਪਰਮਾਤਮ ਪੜਦਾ ਲਾਹੀਆ । ਅੰਮ੍ਰਿਤ ਆਤਮ ਦੇਵੇ ਚੋਅ, ਨਿਝਰ ਝਿਰਨਾ ਆਪ ਝਿਰਾਈਆ । ਜੋਤ ਨਿਰੰਜਣ ਕਰੇ ਲੋਅ, ਅੰਧ ਅੰਧੇਰ ਮਿਟਾਈਆ । ਹਰਿ ਕਾ ਨਾਮ ਢੋਆ ਢੋਅ, ਹਰਿ ਜੂ ਝੋਲੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਭਾਗ ਲਗਾਈਆ । ਗ੍ਰਿਹ ਮੰਦਰ ਲੱਗੇ ਭਾਗ, ਕਾਇਆ ਬੰਕ ਸੁਹਾਇੰਦਾ । ਬੰਦ ਕਿਵਾੜੀ ਖੁਲ੍ਹੇ ਤਾਕ, ਬਜਰ ਕਪਾਟੀ ਤੋੜ ਤੁੜਾਇੰਦਾ । ਨਿਰਮਲ ਜੋਤ ਜਗੇ ਚਿਰਾਗ, ਦੀਵਾ ਬਾਤੀ ਨਾ ਕੋਇ ਰਖਾਇੰਦਾ । ਸ਼ਬਦ ਅਨਾਦੀ ਵੱਜੇ ਨਾਦ, ਅਨਹਦ ਰਾਗ ਅਲਾਇੰਦਾ । ਆਤਮ ਉਪਜੇ ਇਕ ਵੈਰਾਗ, ਵੈਰਾਗੀ ਰੂਪ ਆਪ ਅਖਵਾਇੰਦਾ । ਜਗਤ ਤ੍ਰਿਸਨਾ ਦਏ ਤਿਆਗ, ਤਿਆਗੀ ਆਪਣਾ ਰੰਗ ਰੰਗਾਇੰਦਾ । ਸੁਰਤ ਸਵਾਣੀ ਜਾਏ ਜਾਗ, ਸ਼ਬਦ ਹਾਣੀ ਮੇਲ ਮਿਲਾਇੰਦਾ । ਆਪਣੇ ਹੱਥ ਪਕੜੇ ਵਾਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਬੰਕ ਸੁਹਾਇੰਦਾ । ਬੰਕ ਸੋਹੇ ਬੰਕ ਦੁਆਰ, ਟੇਢੀ ਬੰਕ ਪਾਰ ਕਰਾਈਆ । ਗ੍ਰਿਹ ਮੰਦਰ ਅੰਦਰ ਹੋਏ ਉਜਿਆਰ, ਨੂਰ ਨੂਰਾਨਾ ਨੂਰ ਰੁਸ਼ਨਾਈਆ । ਨਾਦ ਧੁਨ ਧੁਨ ਜੈਕਾਰ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਸਾਚੀ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਵਾਹ ਵਾ ਸਤਿਗੁਰ ਵੱਜੇ ਸਿਤਾਰ, ਬਿਨ ਤੰਦੀ ਤਾਰ ਹਿਲਾਈਆ । ਏਕਾ ਨਾਦ ਏਕਓਅੰਕਾਰ, ਓਅੰਕਾਰਾ ਰੂਪ ਵਟਾਈਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਬੇਪਰਵਾਹੀਆ । ਭਗਤਾਂ ਪੈਜ ਆਪ ਸਵਾਰ, ਭਗਤ ਵਛਲ ਨਾਉਂ ਧਰਾਈਆ । ਜੁਗ ਜੁਗ ਲੋਕਮਾਤ ਲਏ ਅਵਤਾਰ, ਲੇਖਾ ਜਾਣੇ ਥਾਉਂ ਥਾਈਆ । ਕਲਜੁਗ ਅੰਤਮ ਖੇਲ ਅਪਾਰ, ਨਿਰਾਕਾਰ ਆਪ ਕਰਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਵੇਖੇ ਵਿਗਸੇ ਵੇਖਣਹਾਰ, ਅੱਖ ਪਰਤੱਖ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੫੮੫
੧੧

ਭਗਤਨ ਮੀਤਾ ਇਕ ਅਤੀਤਾ ਠਾਂਡਾ ਸੀਤਾ ਪਤਿਤ ਪੁਨੀਤਾ ਸਾਚੀ ਰੀਤਾ ਆਪ ਚਲਾਈਆ । ਸਾਚੀ ਰੀਤਾ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਗਿਆਨ, ਏਕਾ ਗੁਣ ਸਮਝਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖੇ ਮਾਰ ਧਿਆਨ, ਆਤਮ ਅੰਤਰ ਬੂਝ ਬੁਝਾਇੰਦਾ । ਨੌਂ ਖੰਡ ਸਤ ਦੀਪ ਬ੍ਰਹਿਮੰਡ ਖੰਡ ਵਖਾਏ ਨਿਸ਼ਾਨ, ਸਚ ਨਿਸ਼ਾਨਾ ਇਕ ਝੁਲਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਲੇਖਾ ਜਾਣੇ ਅੰਜੀਲ ਕੁਰਾਨ, ਖਾਣੀ ਬਾਣੀ ਭੇਵ ਚੁਕਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਲੇਖਾ ਜਾਣ ਸ੍ਰੀ ਭਗਵਾਨ, ਪੂਰਬ ਲਹਿਣਾ ਝੋਲੀ ਪਾਇੰਦਾ । ਭਗਤਾਂ ਦੇਵੇ ਆਤਮ ਦਾਨ, ਸਾਚੇ ਸੰਤਾਂ ਮਿਲੇ ਆਣ, ਗੁਰਮੁਖ ਵੇਖੇ ਬਾਲ ਅਞਾਣ, ਗੁਰਸਿਖਾਂ ਬਖ਼ਸ਼ੇ ਚਰਨ ਧਿਆਨ, ਸਰਨ ਚਰਨ ਸੱਚੀ ਸਰਨਾਈਆ । ਦਾਤਾ ਦਾਨੀ ਨੌਜਵਾਨ, ਦੇਵਣਹਾਰਾ ਜੀਵ ਜਹਾਨ, ਆਦਿ ਅੰਤ ਸ੍ਰੀ ਭਗਵੰਤ ਜੁਗ ਜੁਗ ਸਾਚੀ ਭਿਛਿਆ ਏਕਾ ਏਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਾਚੇ ਘਰ, ਗ੍ਰਿਹ ਮੰਦਰ ਆਪ ਸੁਹਾਈਆ । ਗ੍ਰਿਹ ਮੰਦਰ ਵੇਖੇ ਕਾਇਆ ਤਨ, ਤ੍ਰੈਗੁਣ ਮਾਇਆ ਬੰਧਨ ਰਖਾਈਆ । ਬੁਧੀ ਮਤ ਵੇਖੇ ਮਨ, ਮਨ ਮਨਸਾ ਖੇਲ ਕਰਾਈਆ । ਜੋਤ ਨਿਰੰਜਣ ਚੜ੍ਹੇ ਚੰਨ, ਚੰਦ ਚੰਦ ਸ਼ਰਮਾਈਆ । ਪੰਚਮ ਪੰਚ ਬੇੜਾ ਬੰਨ, ਖੇਵਟ ਖੇਟਾ ਸਿਖ ਜਣਾਈਆ । ਵਸਤ ਅਮੋਲਕ ਨਾਮ ਧਨ, ਸਚ ਖ਼ਜ਼ੀਨਾ ਵਿਚ ਰਖਾਈਆ । ਦਿਸ ਨਾ ਆਏ ਨੇਤਰ ਅੰਨ੍ਹ, ਭਰਮੇ ਭੁੱਲੀ ਸਰਬ ਲੁਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਦੇਵੇ ਡੰਨ, ਡੌਰੂ ਡੰਕਾ ਇਕ ਵਜਾਈਆ । ਜਨ ਭਗਤਾਂ ਕਿਰਪਾ ਕਰ ਸ੍ਰੀ ਭਗਵਨ, ਆਪਣੀ ਬੂਝ ਬੁਝਾਈਆ । ਏਕਾ ਰਾਗ ਸੁਣਾਏ ਕੰਨ, ਛੱਤੀ ਰਾਗ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਆਪਣੇ ਦਰ, ਦਰ ਮੰਦਰ ਇਕ ਸੁਹਾਈਆ । ਦਰ ਮੰਦਰ ਸਦਾ ਸੁਹੌਣਾ, ਹਰਿ ਸਾਚਾ ਆਪ ਸੁਹਾਈਆ । ਭਗਤ ਭਗਵੰਤ ਗੀਤ ਇਕੋ ਗਾਵਣਾ, ਏਕਾ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਪਕੜੇ ਦਾਮਨਾ, ਦਾਮਨਗੀਰ ਸੱਚਾ ਸ਼ਹਿਨਸ਼ਾਹੀਆ । ਏਥੇ ਓਥੇ ਹੋਏ ਜਾਮਨਾ, ਸਾਚੀ ਜਾਮਨੀ ਆਪ ਨਿਭਾਈਆ । ਅੰਤਮ ਅੰਤ ਪੂਰੀ ਕਰੇ ਭਾਵਨਾ, ਭਾਵੀ ਕਾਲ ਨੇੜ ਨਾ ਆਈਆ । ਸੋਹੰ ਸੋ ਸਾਚਾ ਢੋਲਾ ਗਾਵਣਾ, ਆਤਮ ਪਰਮਾਤਮ ਹੋਏ ਸਹਾਈਆ । ਪਰਮ ਪੁਰਖ ਏਕਾ ਪਾਵਣਾ, ਅਮਰਾਪਦ ਇਕ ਵਖਾਈਆ । ਜੋਤੀ ਜੋਤ ਜੋਤ ਮਿਲਾਵਣਾ, ਭਗਤ ਭਗਵੰਤ ਏਕਾ ਰੰਗ ਵਖਾਈਆ । ਕਲਜੁਗ ਅੰਤਮ ਬੇੜਾ ਪਾਰ ਕਰਾਵਣਾ, ਜਿਸ ਜਨ ਸਾਚੇ ਬੇੜੇ ਲਏ ਚੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਫੜਾਏ ਦਾਮਨਾ, ਫੜਿਆ ਪੱਲੂ ਛੁੱਟ ਨਾ ਜਾਈਆ । ਭਗਤ ਕਹੇ ਪ੍ਰਭ ਸਰਬੱਗ, ਹਰਿ ਏਕਾ ਏਕ ਬੂਝ ਬੁਝਾ । ਕਲਜੁਗ ਅੰਤਮ ਲੱਗੀ ਅੱਗ, ਚਾਰ ਵਰਨ ਰਿਹਾ ਕੁਰਲਾ । ਕੋਈ ਸਹਾਈ ਦਿਸੇ ਨਾ ਜੱਗ, ਵੇਖਿਆ ਥਾਉਂ ਥਾਂ । ਮੇਰੀ ਰੱਖੇ ਨਾ ਕੋਈ ਲਜ, ਅੰਤਮ ਪਕੜੇ ਨਾ ਕੋਈ ਬਾਂਹ । ਪੜਦਾ ਸਕੇ ਨਾ ਕੋਈ ਕਜ, ਸਾਰੇ ਬੈਠੇ ਕਰਕੇ ਨਾਂਹ । ਕੂੜ ਨਗਾਰਾ ਰਿਹਾ ਵੱਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ਣੀ ਸਚ ਸਰਨਾ । ਭਗਤ ਕਹੇ ਦੱਸ ਭਗਵਾਨ, ਕਲਜੁਗ ਕੂਕੇ ਦਏ ਦੁਹਾਈਆ । ਚਾਰੋਂ ਕੁੰਟ ਹੋਈ ਵੈਰਾਨ, ਰੁੱਤ ਬਸੰਤ ਨਾ ਕੋਇ ਵਖਾਈਆ । ਰਸਨਾ ਜਿਹਵਾ ਸਾਰੇ ਗਾਣ, ਆਤਮ ਪਰਮਾਤਮ ਨਾ ਕੋਇ ਮਿਲਾਈਆ । ਜੀਵ ਜੰਤ ਹੋਏ ਹੈਰਾਨ, ਸਾਧ ਸੰਤ ਦੇਣ ਗਵਾਹੀਆ । ਕਲਜੁਗ ਜੋਧਾ ਵਡ ਬਲਵਾਨ, ਸਭ ਦੇ ਮਾਣ ਰਿਹਾ ਗਵਾਈਆ । ਘਰ ਘਰ ਪੰਚ ਵਿਕਾਰ ਹੋਇਆ ਪਰਧਾਨ, ਸਚ ਪਰਧਾਨਗੀ


੫੮੬
੧੧

ਇਕ ਸਮਝਾਈਆ । ਅੰਦਰ ਬਹਿ ਬਹਿ ਖੇਲ ਕਰੇ ਸ਼ੈਤਾਨ, ਸ਼ਰੀਅਤ ਨਾਲ ਲੜਾਈਆ । ਤੇਰੀ ਕੋਈ ਨਾ ਮੰਨੇ ਆਣ, ਗੁਰ ਅਵਤਾਰ ਗਏ ਸਮਝਾਈਆ । ਪੀਰ ਪੈਗ਼ੰਬਰ ਹੋਏ ਬੇਪਹਿਚਾਨ, ਨੂਰ ਜ਼ਹੂਰ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਿਸ ਬਿਧ ਮਿਲੇ ਤੇਰੀ ਸਰਨਾਈਆ । ਭਗਤ ਕਹੇ ਸੁਣ ਭਗਵੰਤ, ਮੇਰੀ ਇਕ ਅਰਦਾਸ । ਲੱਖ ਚੁਰਾਸੀ ਜੀਵ ਜੰਤ, ਕਲਜੁਗ ਅੰਤ ਹੋਈ ਨਿਰਾਸ । ਕੋਈ ਨਾ ਦਿਸੇ ਸਾਚਾ ਸੰਤ, ਸਚ ਵਸਤ ਕਿਸੇ ਨਾ ਪਾਸ । ਕਲਜੁਗ ਮਾਇਆ ਪਾਈ ਬੇਅੰਤ, ਨਾ ਕੋਈ ਕਰੇ ਬੰਦ ਖੁਲਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬਖ਼ਸ਼ ਸਚ ਧਰਵਾਸ । ਸਚ ਧਰਵਾਸ ਦੇ ਨਿਰੰਕਾਰ, ਹਰਿ ਭਗਤ ਮੰਗ ਮੰਗਾਈਆ । ਤੇਰਾ ਖੇਲ ਪ੍ਰਿਥਮੀ ਅਕਾਸ਼, ਗਗਨ ਮੰਡਲ ਤੇਰੀ ਰੁਸ਼ਨਾਈਆ । ਰਵ ਸਸ ਤੇਰਾ ਪਰਕਾਸ਼, ਨੂਰ ਨੂਰ ਨੂਰ ਸਮਾਈਆ । ਗੁਰ ਅਵਤਾਰ ਤੇਰੇ ਦਾਸ, ਪੀਰ ਪੈਗ਼ੰਬਰ ਸੇਵ ਕਮਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸ਼ਾਹੋ ਸ਼ਬਾਸ, ਸਚਖੰਡ ਸਾਚੇ ਤਖ਼ਤ ਆਸਣ ਲਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਤੇਰੀ ਰਾਸ, ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਗੋਪੀ ਕਾਹਨ ਨਾਚ ਨਚਾਈਆ । ਘਟ ਘਟ ਅੰਦਰ ਤੇਰਾ ਵਾਸ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਕਰ ਕਿਰਪਾ ਰੱਖ ਆਪਣੇ ਪਾਸ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਸਾਚੇ ਭਗਤ ਸੁਣ ਲਾ ਮੀਤ, ਹਰਿ ਸਾਚਾ ਸਚ ਜਣਾਇੰਦਾ । ਕਲਜੁਗ ਅੰਤ ਖੇਲ ਅਨਡੀਠ, ਅਨਭਵ ਆਪਣੀ ਧਾਰ ਚਲਾਇੰਦਾ । ਨਿਰਗੁਣ ਚਲਾਏ ਆਪਣੀ ਰੀਤ, ਸਰਗੁਣ ਰੂਪ ਨਾ ਕੋਇ ਵਖਾਇੰਦਾ । ਲੱਖ ਚੁਰਾਸੀ ਪਰਖੇ ਨੀਤ, ਜੀਵ ਜੰਤ ਵੇਖ ਵਖਾਇੰਦਾ । ਲੇਖਾ ਜਾਣੇ ਮੰਦਰ ਮਸੀਤ, ਸ਼ਿਵਦੁਆਲੇ ਮੱਠ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚੇ ਭਗਤ ਰੱਖ ਉਡੀਕ, ਹਰਿ ਇਕੋ ਇਕ ਜਣਾਈਆ । ਵੇਦ ਵਿਆਸਾ ਲਿਖ ਕੇ ਗਿਆ ਤਾਰੀਕ, ਏਕਾ ਗੁਣ ਸਮਝਾਈਆ । ਈਸਾ ਕਹਿ ਕੇ ਗਿਆ ਲਾਸ਼ਰੀਕ, ਮੇਰਾ ਖ਼ੁਦਾਵੰਦ ਆਏ ਚਾਈਂ ਚਾਈਂਆ । ਮੁਹੰਮਦ ਰੱਖੀ ਇਕ ਪ੍ਰੀਤ, ਸਿਰ ਅਮਾਮਾ ਫੇਰਾ ਪਾਈਆ । ਨਿਰਗੁਣ ਨਾਨਕ ਕਹੇ ਹਰਿ ਨਜ਼ਦੀਕ, ਨੇਰਨ ਨੇਰਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਰਿਹਾ ਸਮਝਾਈਆ । ਸਾਚਾ ਗੁਣ ਸੁਣ ਲੈ ਬਾਲ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਕਲਜੁਗ ਅੰਤਮ ਖੇਲ ਕਮਾਲ, ਕਮਲਾ ਰਮਲਾ ਆਪ ਕਰਾਇੰਦਾ । ਗੋਬਿੰਦ ਸੂਰਾ ਵੇਖੇ ਲਾਲ, ਲਾਲ ਅਨਮੁਲੜਾ ਗੋਦ ਬਹਾਇੰਦਾ । ਨਿਰਗੁਣ ਸਰਗੁਣ ਬਣ ਦਲਾਲ, ਲੋਕਮਾਤ ਵੇਸ ਵਟਾਇੰਦਾ । ਸੰਬਲ ਵੇਖੇ ਧਾਮ ਨਿਰਾਲ, ਨਿਹਚਲ ਮਹੱਲ ਬਣਾਇੰਦਾ । ਮਹਾਂਬਲੀ ਉਤਰੇ ਆਣ, ਨਾਨਕ ਲੇਖਾ ਪੂਰ ਕਰਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਸਤਿ ਉਠਾਏ ਇਕ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਜਨ ਭਗਤਾਂ ਵੇਖੇ ਆਪੇ ਆਣ, ਜਨਮ ਜਨਮ ਦਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਦੇਵੇ ਦੱਸ, ਹਰਿ ਵੱਡਾ ਵਡ ਵਡਿਆਈਆ । ਪਰਗਟ ਹੋਵੇ ਪੁਰਖ ਸਮਰਥ, ਨਿਹਕਲੰਕਾ ਨਾਉਂ ਰਖਾਈਆ । ਹਰਿਜਨ ਸਾਚੇ ਲਏ ਰੱਖ, ਲੱਖ ਚੁਰਾਸੀ ਵੇਖ ਵਖਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਕਰ ਕਿਰਪਾ ਕਰੇ ਵੱਖ, ਸਿਰ ਆਪਣਾ ਹੱਥ

ਟਿਕਾਈਆ । ਏਥੇ ਗਾਵੇ ਆਪਣਾ ਜਸ, ਓਥੇ ਦੇਵੇ ਮਾਣ ਵਡਿਆਈਆ । ਮੇਲ ਮਿਲਾਵਾ ਹੱਸ ਹੱਸ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਆਪ ਚੁਕਾਈਆ । ਆਪਣਾ ਭੇਵ ਦੇਵੇ ਚੁੱਕ, ਸ੍ਰੀ ਭਗਵਾਨ ਚੁਕਾਇੰਦਾ । ਦਰਸ ਵਖਾਏ ਜੋ ਬੈਠਾ ਲੁਕ, ਰੂਪ ਅਨੂਪ ਧਰਾਇੰਦਾ । ਨਿਰਗੁਣ ਸ਼ੇਰ ਪਏ ਬੁੱਕ, ਸਿੰਘ ਆਪਣਾ ਰੂਪ ਵਖਾਇੰਦਾ । ਜਨ ਭਗਤਾਂ ਉਪਰ ਜਾਏ ਤੁਠ, ਮਿਹਰ ਨਜ਼ਰ ਇਕ ਟਿਕਾਇੰਦਾ । ਅੰਮ੍ਰਿਤ ਜਾਮ ਪਿਆਏ ਘੁੱਟ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਮਿਲਣ ਦੀ ਬਿਧੀ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦਿ ਮੇਲਾ ਹੱਥ, ਹਰਿ ਸਤਿਗੁਰ ਆਪ ਰਖਾਇੰਦਾ । ਜੁਗ ਜੁਗ ਖੇਲ ਪੁਰਖ ਸਮਰਥ, ਭੇਵ ਕੋਇ ਨਾ ਪਾਇੰਦਾ । ਲੱਖ ਚੁਰਾਸੀ ਪਾ ਨੱਥ, ਬ੍ਰਹਿਮੰਡ ਖੰਡ ਨਾਚ ਨਚਾਇੰਦਾ । ਲੇਖਾ ਜਾਣੇ ਅਠ ਸਠ, ਤੀਰਥ ਤਟ ਫੋਲ ਫੁਲਾਇੰਦਾ । ਵਸਣਹਾਰਾ ਘਟ ਘਟ, ਗ੍ਰਿਹ ਗ੍ਰਿਹ ਸੇਜ ਸੁਹਾਇੰਦਾ । ਜੋਤੀ ਨੂਰ ਲਟ ਲਟ, ਨੂਰ ਨੂਰਾਨਾ ਡਗਮਗਾਇੰਦਾ । ਦੁਰਮਤ ਮੈਲ ਕੱਟ ਕੱਟ, ਸੁੱਚ ਸੰਜਮ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਹਰਿਜਨ ਮੇਲਾ ਅੰਤ ਕਲ, ਕਲ ਕਾਤੀ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਵਡ ਪਰਬਲ, ਬਲ ਆਪਣਾ ਆਪ ਵਖਾਈਆ । ਲੱਖ ਚੁਰਾਸੀ ਅਛਲ ਅਛੱਲ, ਹਰਿਜਨ ਸਾਚੇ ਲਏ ਉਠਾਈਆ । ਆਤਮ ਸਿੰਘਾਸਣ ਏਕਾ ਮਲ, ਸਾਚੀ ਸੇਜਾ ਸੋਭਾ ਪਾਈਆ । ਸ਼ਬਦ ਸੰਦੇਸਾ ਏਕਾ ਘੱਲ, ਘਰ ਘਰ ਵਿਚ ਲਏ ਜਗਾਈਆ । ਜੋਤੀ ਸ਼ਬਦੀ ਆਪੇ ਰਲ, ਨਿਰਗੁਣ ਨਿਰਗੁਣ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਏਕਾ ਘਰ, ਘਰ ਮੰਦਰ ਇਕ ਵਖਾਈਆ । ਇਕੋ ਘਰ ਸੋਭਾਵੰਤ, ਆਦਿ ਜੁਗਾਦਿ ਸੁਹਾਇਆ । ਖੇਲੇ ਖੇਲ ਜੁਗਾਂ ਜੁਗੰਤ, ਜੁਗ ਜੁਗ ਵੇਸ ਵਟਾਇਆ । ਹਰਿਜਨ ਮੇਲਾ ਹਰਿ ਹਰਿ ਕੰਤ, ਘਰ ਸਾਚੇ ਸੋਭਾ ਪਾਇਆ । ਕਲਜੁਗ ਅੰਤ ਬਣਾਈ ਬਣਤ, ਬਸਨ ਬਨਵਾਰੀ ਆਪਣੀ ਦਇਆ ਕਮਾਇਆ । ਏਕਾ ਨਾਮ ਮਣੀਆ ਮੰਤ, ਮਨ ਕਾ ਮਣਕਾ ਦਏ ਭੁਵਾਇਆ । ਕਰੇ ਖੇਲ ਵਾਸੀ ਪੁਰੀ ਘਨਕ, ਘਨਈਆ ਆਪਣਾ ਰੂਪ ਧਰਾਇਆ । ਗੁਰਮੁਖ ਸੁਰਤੀ ਵਰੇ ਜਿਉਂ ਸੀਤਾ ਸਪੁੱਤਰੀ ਜਨਕ, ਜਾਨਕੀ ਆਪਣੇ ਅੰਗ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਾਚੇ ਦਰ, ਦਰ ਮੰਦਰ ਆਪ ਬਣਾਇਆ । ਦਰ ਮੰਦਰ ਵੇਖੇ ਕਾਇਆ ਗੜ੍ਹ, ਪੰਜ ਤੱਤ ਵਡਿਆਈਆ । ਪੁਰਖ ਅਬਿਨਾਸ਼ੀ ਅੰਦਰ ਵੜ, ਆਪਣਾ ਪੰਧ ਮੁਕਾਈਆ । ਸਾਚੇ ਪੌੜੇ ਜਾਏ ਚੜ੍ਹ, ਔਂਦਾਂ ਜਾਂਦਾ ਦਿਸ ਨਾ ਆਈਆ । ਨਿਸ਼ਅੱਖਰ ਆਖਰ ਆਪੇ ਪੜ੍ਹ, ਕਰੇ ਸਚ ਪੜ੍ਹਾਈਆ । ਦਰਸ ਦਿਖਾਏ ਅੱਗੇ ਖੜ, ਸਵੱਛ ਸਰੂਪੀ ਰੂਪ ਧਰਾਈਆ । ਸੰਤ ਸੁਹੇਲੇ ਆਪੇ ਫੜ, ਫੜ ਫੜ ਬੰਧਨ ਪਾਈਆ । ਨਾ ਜਨਮੇ ਨਾ ਜਾਏ ਮਰ, ਭਗਤ ਭਗਵੰਤ ਸਦਾ ਸਦਾ ਆਪਣੀ ਗੋਦ ਰਖਾਈਆ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਜਣਾਈਆ । ਚਰਨ ਸਰੋਵਰ ਨੁਹਾਏ ਸਾਚੇ ਸਰ, ਸਰ ਆਤਮ ਇਕ ਵਖਾਈਆ । ਜਨ ਭਗਤਾਂ ਉਪਰ ਕਿਰਪਾ ਕਰ, ਕਿਰਪਾ ਨਿਧ ਗਹਿਰ ਗੁਣ ਸਾਗਰ, ਸੰਸਾਰ ਸਾਗਰ ਪਾਰ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਕਰਮ ਕਰੇ ਉਜਾਗਰ, ਤਿਸ ਕਰਮ ਕਾਂਡ ਕੋਇ ਰਹਿਣ ਨਾ ਪਾਈਆ ।


੫੮੮
੧੧

★ ੨੧ ਮਾਘ ੨੦੧੮ ਬਿਕ੍ਰਮੀ ਸਰਦਾਰ ਸਿੰਘ ਦੇ ਗ੍ਰਿਹ ਸੀੜ ਜੰਮੂ ★

ਭਗਤ ਭਗਵਾਨ ਮੇਲਾ ਜਗ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸੰਤ ਸੁਹੇਲੇ ਸਾਚੇ ਲੱਭ, ਹਰਿ ਪੁਰਖ ਨਿਰੰਜਣ ਖੇਲ ਵਖਾਇੰਦਾ । ਗੁਰਮੁਖ ਸਾਜਣ ਪਿਆਏ ਅੰਮ੍ਰਿਤ ਜਾਮ ਮਦਿ, ਰਸ ਰਸੀਆ ਇਕ ਵਖਾਇੰਦਾ । ਗੁਰਸਿਖ ਪਿਆਰੇ ਕਰ ਕਰ ਅੱਡ, ਨਾਮ ਡੋਰੀ ਬੰਧਨ ਪਾਇੰਦਾ । ਸਤਿ ਸਰੂਪ ਨਿਸ਼ਾਨਾ ਗੱਡ, ਸਤਿ ਸਤਿਵਾਦੀ ਆਪ ਵਖਾਇੰਦਾ । ਜਨਮ ਕਰਮ ਦੀ ਤੋੜ ਹੱਦ, ਆਪਣੇ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੀ ਦਇਆ ਕਮਾਇੰਦਾ । ਭਗਤ ਭਗਵੰਤ ਸਚ ਸੰਦੇਸਾ ਏਕਾ ਏਕ ਜਣਾਈਆ । ਸੰਤ ਸਾਜਨ ਆਪੇ ਵੇਖਾ, ਲੋਚਣ ਨੈਣ ਨੈਣ ਖੁਲ੍ਹਾਈਆ । ਗੁਰਮੁਖਾਂ ਮੇਟੇ ਪਿਛਲੀ ਰੇਖਾ, ਅਗਲਾ ਪੰਧ ਵਖਾਈਆ । ਗੁਰਸਿਖਾਂ ਮੇਲੇ ਸਾਚੇ ਦੇਸਾ, ਘਰ ਮੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤ ਭਗਵੰਤ ਹੋਏ ਅਧੀਨ, ਏਕਾ ਦੂਆ ਭੇਵ ਚੁਕਾਇਆ । ਸੰਤਾਂ ਲੇਖਾ ਚੁਕਿਆ ਲੋਕ ਤੀਨ, ਲੋਕ ਪਰਲੋਕ ਵੇਖ ਵਖਾਇਆ । ਗੁਰਮੁਖਾਂ ਹਿਰਦਾ ਠਾਂਡਾ ਸੀਨ, ਸਾਂਤਕ ਸਤਿ ਸਤਿ ਕਰਾਇਆ । ਗੁਰਸਿਖ ਰਸਨਾ ਜਿਵਹਾ ਰਹੇ ਚੀਨ, ਨਿਮਖ ਨਿਮਖ ਗੁਣ ਗਾਇਆ । ਦਾਤਾ ਦਾਨੀ ਵਡ ਪਰਬੀਨ, ਮਿਹਰਵਾਨ ਦਇਆ ਕਮਾਇਆ । ਲੇਖਾ ਜਾਣੇ ਜਿਉਂ ਜਲ ਮੀਨ, ਜਲ ਮੀਨ ਆਪਣੀ ਧਾਰ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇਆ । ਭਗਤ ਭਗਵੰਤ ਇਕੋ ਘਾਟ, ਹਰਿ ਸਾਚਾ ਸਚ ਰਖਾਇੰਦਾ । ਸੰਤਨ ਮੇਟੇ ਦੂਰ ਦੁਰਾਡੀ ਵਾਟ, ਆਪਣਾ ਪੰਧ ਮੁਕਾਇੰਦਾ । ਗੁਰਮੁਖਾਂ ਦੇਵੇ ਇਕੋ ਦਾਤ, ਸਾਚੀ ਵਸਤ ਝੋਲੀ ਪਾਇੰਦਾ । ਗੁਰਸਿਖਾਂ ਜੋੜੇ ਸਾਚਾ ਨਾਤ, ਨਾਤਾ ਬਿਧਾਤਾ ਇਕ ਬੰਧਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਵਖਾਇੰਦਾ । ਸ਼ਬਦ ਅਗੰਮੀ ਹਰਿ ਹਰਿ ਗਾਥ, ਚਾਰ ਵਰਨ ਪੜ੍ਹਾਇੰਦਾ । ਅਠਾਰਾਂ ਬਰਨ ਦੇਵੇ ਸਾਥ, ਨਵ ਨੌਂ ਫੇਰਾ ਪਾਇੰਦਾ । ਚਾਰ ਚਾਰ ਮੇਲਾ ਕਮਲਾਪਾਤ, ਦਹਿ ਦਿਸ਼ਾ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਇੰਦਾ । ਵਸਣਹਾਰਾ ਇਕ ਇਕਾਂਤ, ਅਕਲ ਕਲਾ ਰੂਪ ਵਟਾਇੰਦਾ । ਗੁਰਮੁਖ ਸੱਜਣ ਵੇਖੇ ਮਾਰ ਝਾਤ, ਆਪਣਾ ਨੈਣ ਖੁਲ੍ਹਾਇੰਦਾ । ਗੁਰਸਿਖਾਂ ਖੋਲ੍ਹਣਹਾਰਾ ਤਾਕ, ਬੰਦ ਤਾਕੀ ਆਪ ਤੁੜਾਇੰਦਾ । ਸੰਤਾ ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਪੂਰਬ ਲੇਖਾ ਝੋਲੀ ਪਾਇੰਦਾ । ਭਗਤ ਭਗਵੰਤ ਵਸੇ ਸਾਥ, ਸਗਲਾ ਸੰਗ ਰਖਾਇੰਦਾ । ਸਗਲ ਵਿਸੂਰੇ ਜਾਇਣ ਲਾਥ, ਜਿਸ ਜਨ ਆਪਣਾ ਦਰਸ ਕਰਾਇੰਦਾ । ਨਾਤਾ ਤੁੱਟੇ ਪੂਜਾ ਪਾਠ, ਅਠ ਸਠ ਤੀਰਥ ਨਾ ਕੋਇ ਨੁਹਾਇੰਦਾ । ਇਕੋ ਰਖੇ ਸਾਚੀ ਯਾਦ, ਆਪਣੀ ਬੂਝ ਬੁਝਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਸੁਣਦਾ ਆਇਆ ਫ਼ਰਯਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਆਪ ਮਿਲਾਇੰਦਾ । ਭਗਤ ਭਗਵੰਤ ਦੱਸੇ ਰਾਹ, ਏਕਾ ਗੁਣ ਜਣਾਈਆ । ਸੰਤਨ ਮੇਲਾ ਸਹਿਜ ਸੁਭਾ, ਸਤਿਗੁਰ ਆਪ ਕਰਾਈਆ । ਗੁਰਮੁਖ ਨੇਤਰ ਪੇਖ ਚੜ੍ਹੇ ਚਾਅ, ਨਿਤ ਨਿਤ ਵੇਖ ਵਖਾਈਆ । ਗੁਰਸਿਖ ਗੁਰ ਗੁਰ ਸੀਸ ਰਿਹਾ ਝੁਕਾ, ਨਿਉਂ ਨਿਉਂ ਮਸਤਕ ਟਿੱਕਾ ਲਾਹੇ ਛਾਹੀਆ । ਸਤਿਗੁਰ ਪੂਰਾ ਬੇਪਰਵਾਹ, ਦੀਨਨ ਆਪਣੀ ਦਇਆ ਕਮਾਈਆ । ਕਲਜੁਗ ਅੰਤਮ ਵੇਖੇ ਆ, ਵੇਖਣਹਾਰਾ ਦਿਸ ਨਾ ਆਈਆ । ਜਨ ਭਗਤਾਂ ਬਖ਼ਸ਼ੇ ਸਰਬ ਗੁਨਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੫੮੯
੧੧

ਸਮਰਥ ਪੁਰਖ ਵਡ ਵਡਿਆਈਆ । ਸਮਰਥ ਪੁਰਖ ਇਕ ਇਕੱਲਾ ਆਦਿ ਜੁਗਾਦਿ ਸਮਾਇੰਦਾ । ਵਸਣਹਾਰਾ ਸਚਖੰਡ ਮਹੱਲਾ, ਸੋਭਨੀਕ ਸੋਭਾ ਪਾਇੰਦਾ । ਜੋਤੀ ਧਾਰ ਆਪੇ ਰਲਾ, ਸ਼ਬਦੀ ਨਾਦ ਵਜਾਇੰਦਾ । ਥਿਰ ਘਰ ਫੜਾਏ ਆਪਣਾ ਪੱਲਾ, ਸ਼ਬਦੀ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਆਦਿ ਪੁਰਖ ਹੋ ਉਜਿਆਰਾ, ਏਕਾ ਘਰ ਦਏ ਵਡਿਆਈਆ । ਸਚਖੰਡ ਸੁਹਾਏ ਸਚ ਮੁਨਾਰਾ, ਛੱਪਰ ਛੰਨ ਨਾ ਕੋਇ ਸੁਹਾਈਆ । ਜੋਤੀ ਜੋਤ ਜੋਤ ਉਜਿਆਰਾ, ਸੂਰਜ ਚੰਨ ਨਾ ਕੋਇ ਚੜ੍ਹਾਈਆ । ਧਰਤ ਧਵਲ ਨਾ ਕੋਇ ਅਖਾੜਾ, ਮੰਡਲ ਮੰਡਪ ਨਾ ਕੋਇ ਵਡਿਆਈਆ । ਇਕ ਇਕੱਲਾ ਇਕਓਅੰਕਾਰਾ, ਏਕਾ ਆਪਣਾ ਬੰਕ ਸੁਹਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਸੀਸ ਜਗਦੀਸ ਆਪਣੇ ਤਾਜ਼ ਟਿਕਾਈਆ । ਹੁਕਮੀ ਹੁਕਮ ਹੁਕਮ ਵਰਤਾਰਾ, ਧੁਰ ਫ਼ਰਮਾਣਾ ਆਪ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਸਹਾਰਾ, ਤ੍ਰੈਗੁਣ ਮੇਲਾ ਸਹਿਜ ਸੁਭਾਈਆ । ਪੰਜ ਤੱਤ ਕਰ ਅਕਾਰਾ, ਨਿਰਗੁਣ ਸਰਗੁਣ ਬੰਧਨ ਪਾਈਆ । ਸ਼ਬਦੀ ਨਾਦ ਸੱਚੀ ਧੁੰਨਕਾਰਾ, ਘਟ ਮੰਦਰ ਆਪ ਵਜਾਈਆ । ਲੇਖਾ ਜਾਣੇ ਗੁਰ ਅਵਤਾਰਾ, ਗੁਰ ਗੁਰ ਆਪਣੀ ਬੂਝ ਬੁਝਾਈਆ । ਖਾਣੀ ਬਾਣੀ ਪਾਵੇ ਸਾਰਾ, ਅੰਡਜ ਜੇਰਜ ਉਤਭੁਜ ਸੇਤਜ ਸ਼ੱਤਰੀ ਬ੍ਰਹਮਣ ਸ਼ੂਦਰ ਵੈਸ਼ ਆਪਣਾ ਹੁਕਮ ਮਨਾਈਆ । ਰਾਉ ਰੰਕਾਂ ਰਾਜ ਰਾਜਾਨਾ ਸ਼ਾਹ ਸੁਲਤਾਨਾ ਦਏ ਸਹਾਰਾ, ਊਚ ਨੀਚ ਜਾਤ ਪਾਤ ਕਾਇਨਾਤ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਗੇੜਾ ਆਪਣੇ ਹੱਥ ਰਖਾਈਆ । ਜੁਗ ਜੁਗ ਗੇੜਾ ਹਰਿ ਹਰਿ ਗੇੜ, ਕੋਹਲੂ ਚੱਕੀ ਚੱਕ ਭੁਵਾਇੰਦਾ । ਅੰਤਮ ਕਰੇ ਹੱਕ ਨਿਬੇੜ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤ ਰਹਿਣ ਨਾ ਪਾਇੰਦਾ । ਨਿਰਗੁਣ ਸਰਗੁਣ ਛੇੜਾ ਛੇੜ, ਜਗਤ ਖੇਲ ਆਪ ਖਿਲਾਇੰਦਾ । ਵਰਨ ਬਰਨ ਦੇਵੇ ਭੇੜ, ਜਾਤ ਪਾਤ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਧੰਦਾ ਤੇਰੀ ਝੋਲੀ ਪਾਇੰਦਾ । ਕਲਜੁਗ ਉਠ ਉਠ ਮਲੰਗ, ਹਰਿ ਸਾਚਾ ਸਚ ਜਣਾਈਆ । ਅੰਤਮ ਵੇਲਾ ਵਜਾ ਮਰਦੰਗ, ਝੂਠ ਮਰਦੰਗਾ ਹੱਥ ਫੜਾਈਆ । ਸ੍ਰਿਸ਼ਟ ਸਬਾਈ ਹੋਈ ਨੰਗ, ਸਾਚਾ ਪੜਦਾ ਉਤੇ ਨਾ ਕੋਇ ਪਾਈਆ । ਆਤਮ ਪਰਮਾਤਮ ਅੰਦਰ ਝੂਠੀ ਕੰਧ, ਢਹਿ ਢੇਰੀ ਖ਼ਾਕ ਨਾ ਕੋਇ ਕਰਾਈਆ । ਤੇਰਾ ਨਸ਼ਾ ਝੂਠਾ ਗੰਦ, ਰਸਨਾ ਜਿਹਵਾ ਕਰੇ ਹਲਕਾਈਆ । ਕਿਸੇ ਨਾ ਆਵੇ ਪਰਮਾਨੰਦ, ਨਿਜ਼ਾਨੰਦ ਨਾ ਕੋਇ ਰਸਾਈਆ । ਗਾ ਗਾ ਥੱਕੇ ਬੱਤੀ ਦੰਦ, ਹਰਿ ਕਾ ਦਰਸ ਕੋਇ ਨਾ ਪਾਈਆ । ਹਰਿ ਜੂ ਸੁੱਤਾ ਦੇ ਕਰ ਕੰਡ, ਆਪਣੀ ਕਰਵਟ ਨਾ ਲਏ ਬਦਲਾਈਆ । ਚਾਰੋਂ ਕੁੰਟ ਭੇਖ ਪਖੰਡ, ਆਪਣਾ ਬਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਨਭਵ ਆਪਣੀ ਧਾਰ ਚਲਾਈਆ । ਅਨਭਵ ਧਾਰ ਸ੍ਰੀ ਭਗਵਾਨ, ਹਰਿ ਸਾਚਾ ਸਚ ਚਲਾਇੰਦਾ । ਜੋਧਾ ਸੂਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਹਿਲਾਇੰਦਾ । ਸੰਤ ਸੁਹੇਲੇ ਵੇਖੇ ਆਣ, ਭਗਤ ਭਗਵੰਤ ਮੇਲ ਮਿਲਾਇੰਦਾ । ਗੁਰਮੁਖਾਂ ਚੁੱਕੇ ਝੂਠੀ ਕਾਣ, ਦੂਸਰ ਆਣ ਨਾ ਕੋਇ ਪੁਵਾਇੰਦਾ । ਗੁਰਸਿਖਾਂ ਦੇਵੇ ਇਕ ਗਿਆਨ, ਗੋਝ ਗਿਆਨ ਸਮਝਾਇੰਦਾ । ਸੋਹੰ ਅੱਖਰ ਸਾਚਾ ਨਾਮ, ਸਤਿਗੁਰ ਪੂਰਾ ਝੋਲੀ ਪਾਇੰਦਾ । ਏਥੇ ਓਥੇ ਦੇਵੇ ਮਾਣ, ਸਗਲਾ ਸੰਗ ਰਖਾਇੰਦਾ । ਕਿਰਪਾ ਕਰ ਸ੍ਰੀ ਭਗਵਾਨ, ਵਿਸ਼ਨੂੰ ਆਪਣੇ ਰੰਗ ਰੰਗਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਨਾਮ ਨਿਧਾਨ, ਤਿਸ ਆਪਣਾ ਬੰਧਨ ਪਾਇੰਦਾ ।

### ★ ੨੧ ਮਾਘ ੨੦੧੮ ਬਿਕ੍ਰਮੀ ਸੇਵਾ ਸਿੰਘ ਦੇ ਗ੍ਰਹਿ ਪਿੰਡ ਕੋਟਲੀ ਸ਼ਾਹ ਦੌਲਾ ਜੰਮੂ ★

ਹੁਕਮੇ ਅੰਦਰ ਚਲੇ ਜਮਾਨਾ, ਸੋ ਪੁਰਖ ਨਿਰੰਜਣ ਆਪ ਚਲਾਈਆ । ਆਦਿ ਜੁਗਾਦਿ ਖੇਲ ਸ੍ਰੀ ਭਗਵਾਨਾ, ਜੁਗ ਕਰਤਾ ਆਪ ਚਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਮੇਟੇ ਕੂੜ ਨਿਸ਼ਾਨਾ, ਕਲਜੁਗ ਵੇਲਾ ਅੰਤਮ ਆਇੰਦਾ । ਕਰੇ ਖੇਲ ਵਾਲੀ ਦੋ ਜਹਾਨਾਂ, ਆਪਣਾ ਭੇਵ ਚੁਕਾਇੰਦਾ । ਲੱਖ ਚੁਰਾਸੀ ਹੋਏ ਹੈਰਾਨਾ, ਜੀਵ ਜੰਤ ਸਾਧ ਸੰਤ ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਕਾਲੀ ਧਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਸ੍ਰਿਸ਼ਟ ਸਬਾਈ ਗਈ ਹਾਰ, ਧੀਰਜ ਜਤ ਨਾ ਕੋਈ ਰਖਾਈਆ । ਜੀਵ ਜੰਤ ਕਰੇ ਵਿਭਚਾਰ, ਸਤਿ ਸੰਤੋਖ ਨਾ ਕੋਇ ਦ੍ਰਿੜਾਈਆ । ਧਰਮ ਕਰਮ ਹੋਏ ਖੁਵਾਰ, ਸਾਚੀ ਗੰਢ ਨਾ ਕੋਇ ਪੁਵਾਈਆ । ਏਕਾ ਵਿਸਰਿਆ ਹਰਿ ਨਿਰੰਕਾਰ, ਨੌਂ ਖੰਡ ਪ੍ਰਿਥਮੀ ਦਏ ਦੁਹਾਈਆ । ਸੱਤਾਂ ਦੀਪਾਂ ਹਾਹਾਕਾਰ, ਜਗਤ ਦੁਹਾਗਣ ਰੰਡ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਜਮਾਨਾ ਦਏ ਸਮਝਾਈਆ । ਜਗਤ ਜਮਾਨਾ ਅੰਧੇਰਾ ਅੰਧ, ਸਾਚਾ ਚੰਨ ਨਾ ਕੋਇ ਚੜ੍ਹਾਇੰਦਾ । ਘਰ ਘਰ ਦਰ ਦਰ ਦਿਸੇ ਵਿਕਾਰ ਗੰਦ, ਆਤਮ ਪਰਮਾਤਮ ਮੇਲ ਨਾ ਕੋਇ ਕਰਾਇੰਦਾ । ਰਸਨਾ ਜਿਹਵਾ ਗਾ ਗਾ ਥੱਕੀ ਬੱਤੀ ਦੰਦ, ਆਤਮ ਅਨੰਦ ਨਾ ਕੋਇ ਪਾਇੰਦਾ । ਦਹਿ ਦਿਸ਼ਾ ਭੇਖ ਪਖੰਡ, ਸਚ ਸੁੱਚ ਨਾ ਕੋਇ ਦ੍ਰਿੜਾਇੰਦਾ । ਬਿਨ ਹਰਿ ਨਾਮੇ ਸ੍ਰਿਸ਼ਟ ਸਬਾਈ ਹੋਈ ਰੰਡ, ਹਰਿ ਕੰਤ ਨਾ ਕੋਇ ਹੰਢਾਇੰਦਾ । ਆਦਿ ਜੁਗਾਦਿ ਖੇਲੇ ਖੇਲ ਸੂਰਾ ਸਰਬੰਗ, ਬਲ ਆਪਣਾ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜਮਾਨਾ ਵੇਖ ਵਖਾਇੰਦਾ । ਜਗਤ ਜਮਾਨਾ ਵੇਖ ਭਗਵਾਨ, ਆਪਣੀ ਦਇਆ ਕਮਾਈਆ । ਚਾਰੋਂ ਕੁੰਟ ਪੰਜ ਸ਼ੈਤਾਨ, ਵਰਨ ਬਰਨ ਕਰਨ ਲੜਾਈਆ । ਮੰਦਰ ਮਸਜਦ ਸ਼ਿਵਦਵਾਲੇ ਬੈਠੇ ਬੇਈਮਾਨ, ਆਤਮ ਅੰਤਰ ਨਾ ਕੋਇ ਦਰਸਾਈਆ । ਰਸਨਾ ਪੜ੍ਹ ਪੜ੍ਹ ਕਰਨ ਗਿਆਨ, ਅੰਤਰ ਰਾਮ ਨਾ ਕੋਇ ਵਸਾਈਆ । ਨਾਨਕ ਗੋਬਿੰਦ ਨਾ ਕਰੇ ਕੋਈ ਧਿਆਨ, ਭੁੱਲੀ ਸਰਬ ਲੋਕਾਈਆ । ਗੁਰੂ ਗ੍ਰੰਥ ਗੁਰ ਬਾਣੀ ਨਾ ਸਕੇ ਪਛਾਣ, ਚਾਰ ਵਰਨ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਆਦਿ ਪੁਰਖ ਕਰਾਇੰਦਾ । ਵਸਣਹਾਰਾ ਸਚਖੰਡ ਮਹੱਲਾ, ਥਿਰ ਘਰ ਸਾਚੇ ਆਸਣ ਲਾਇੰਦਾ । ਗੋਬਿੰਦ ਸੂਰਾ ਸੂਰਬੀਰ ਸ਼ਬਦੀ ਸੁਤ ਏਕਾ ਘੱਲਾ, ਆਪ ਆਪਣਾ ਬਲ ਜਣਾਇੰਦਾ । ਨਵ ਨੌਂ ਸਤ ਚਾਰ ਪਏ ਥਰਥੱਲਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਆਇਆ ਵੇਲਾ, ਵੇਲਾ ਵਕਤ ਨਾ ਕੋਇ ਜਣਾਈਆ । ਖੇਲੇ ਖੇਲ ਗੁਰੂ ਗੁਰ ਚੇਲਾ, ਗੁਰ ਗੋਬਿੰਦ ਵੇਸ ਵਟਾਈਆ । ਵਸਣਹਾਰਾ ਸਦ ਨਿਵੇਲਾ, ਪਾਰਬ੍ਰਹਮ

ਬੇਪਰਵਾਹੀਆ । ਗੁਰਮੁਖਾਂ ਬਣੇ ਸਦਾ ਸੁਹੇਲਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਜੁਗ ਜੁਗ ਆਪਣਾ ਖੇਲ ਕਰਾਈਆ । ਜੁਗ ਜੁਗ ਖੇਲ ਪੁਰਖ ਅਗੰਮ, ਆਦਿ ਜੁਗਾਦਿ ਕਰਾਇੰਦਾ । ਕਲਜੁਗ ਵੇਖਣਹਾਰਾ ਚੰਨ, ਚੰਦ ਚਾਂਦਨਾ ਨਜ਼ਰ ਕਿਸੇ ਨਾ ਆਇੰਦਾ । ਚਾਰ ਕੁੰਟ ਅੰਧੇਰਾ ਅੰਧ, ਰੈਣ ਅੰਧੇਰੀ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੋਬਿੰਦ ਆਸਾ ਇਕ ਭਰਵਾਸਾ, ਸ਼ਾਹੋ ਸ਼ਬਾਸ਼ਾ ਪੂਰ ਕਰਾਇੰਦਾ । ਸ਼ਾਹੋ ਸ਼ਾਬਾਸ਼ਾ ਹਰਿ ਸੁਲਤਾਨ, ਪਾਰਬ੍ਰਹਮ ਵਡੀ ਵਡਿਆਈਆ । ਜੁਗ ਜੁਗ ਵੇਖੇ ਮਾਰ ਧਿਆਨ, ਨਿਰਗੁਣ ਦਾਤਾ ਸੱਚਾ ਸ਼ਹਿਨਸ਼ਾਹੀਆ । ਨਾਨਕ ਨਾਮ ਸਤਿ ਕਰ ਪਰਧਾਨ, ਜੀਵ ਜੰਤ ਗਿਆ ਸਮਝਾਈਆ । ਆਤਮ ਬ੍ਰਹਮ ਇਕ ਗਿਆਨ, ਦੂਜੀ ਹੋਰ ਨਾ ਕੋਇ ਪੜ੍ਹਾਈਆ । ਜ਼ਾਤ ਪਾਤ ਨਾ ਕੋਇ ਨਿਸ਼ਾਨ, ਊਚ ਨੀਚ ਨਾ ਕੋਇ ਰਖਾਈਆ । ਗੋਬਿੰਦ ਸੂਰਾ ਹੋ ਮਿਹਰਵਾਨ, ਅੰਮ੍ਰਿਤ ਜਾਮ ਗਿਆ ਪਿਆਈਆ । ਇਕੋ ਓਟ ਪੁਰਖ ਅਕਾਲ, ਦੂਜੀ ਕੋਇ ਨਾ ਸਰਨ ਸਰਨਾਈਆ । ਲੇਖਾ ਜਾਣੇ ਦੀਨ ਦਿਆਲ, ਦੀਨ ਦੁਨੀ ਆਪਣੇ ਹੱਥ ਰਖਾਈਆ । ਕਲਜੁਗ ਅੰਤ ਹੋਏ ਬੇਹਾਲ, ਚਾਰੋਂ ਕੁੰਟ ਕੁੰਟ ਕੁਰਲਾਈਆ । ਘਰ ਘਰ ਕੂਕੇ ਕਾਲ, ਡੌਰੂ ਡੰਕਾ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਜਮਾਨਾ ਵੇਖ ਵਖਵਾਈਆ । ਜਗਤ ਜਮਾਨਾ ਚਲੇ ਧਾਰ, ਧਰਨੀ ਧਰਤ ਰਹੀ ਕੁਰਲਾਈਆ । ਸ੍ਰਿਸ਼ਟ ਸਬਾਈ ਹੋਇਆ ਵਿਭਚਾਰ, ਜੂਠ ਝੂਠ ਬੰਧਨ ਪਾਈਆ । ਸਾਧ ਸੰਤ ਨਾ ਪਾਵੇ ਕੋਈ ਸਾਰ, ਹਰਿ ਕੰਤ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਮੇਲਾ ਸਹਿਜ ਸੁਭਾਈਆ । ਗੋਬਿੰਦ ਅੰਤਮ ਮੰਗੀ ਮੰਗ, ਦੋਏ ਜੋੜ ਕਰੇ ਨਿਮਸਕਾਰਾ, ਪੁਰਖ ਅਬਿਨਾਸ਼ੀ ਤੇਰਾ ਸੰਗ, ਆਦਿ ਜੁਗਾਦਿ ਇਕ ਸਹਾਰਾ, ਤੇਰੀ ਸੇਜ ਮੇਰਾ ਪਲੰਘ, ਸੇਜ ਮੇਰਾ ਪਲੰਘ ਤੇਰਾ ਅਵਤਾਰਾ । ਕਲਜੁਗ ਅੰਤ ਹੋਏ ਅੰਧੇਰਾ ਅੰਧ, ਚਾਰੋਂ ਕੁੰਟ ਨਾ ਪਾਵੇ ਕੋਈ ਸਾਰਾ । ਪਰਗਟ ਹੋਣਾ ਗੁਣੀ ਗਹਿੰਦ, ਨਿਹਕਲੰਕ ਨਰਾਇਣ ਨਰ ਅਵਤਾਰਾ । ਇਕ ਸੁਣਾਏ ਸਹਾਗੀ ਛੰਦ, ਚਾਰ ਵਰਨ ਕਰੇ ਪਿਆਰਾ । ਜਨ ਭਗਤਾਂ ਤੁਟੀ ਦੇਵੇ ਗੰਢ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨਿਆਰਾ । ਜਗਤ ਜਮਾਨਾ ਰਿਹਾ ਰੋ, ਚਾਰ ਕੁੰਟ ਚਾਰ ਵਰਨ ਕੁਰਲਾਈਆ । ਦੁਰਮਤ ਮੈਲ ਨਾ ਸਕੇ ਕੋਈ ਧੋ, ਨਿਰਮਲ ਨੀਰ ਨਾ ਕੋਇ ਪਿਆਈਆ । ਆਤਮ ਪਰਮਾਤਮ ਸਕੇ ਨਾ ਛੋਹ, ਦੂਈ ਦਵੈਤੀ ਪੜਦਾ ਵਿਚ ਰਖਾਈਆ । ਨਿਰਮਲ ਜੋਤ ਜਗੇ ਨਾ ਕੋ, ਜੋਤ ਜੋਤ ਨਾ ਕੋਇ ਰੁਸ਼ਨਾਈਆ । ਅਨਹਦ ਸ਼ਬਦ ਨਾ ਮਿਲੇ ਢੋਆ ਢੋਅ, ਧੁਨੀ ਰਾਗ ਨਾ ਕੋਇ ਸੁਣਾਈਆ । ਅੰਮ੍ਰਿਤ ਸੀਰ ਸਕੇ ਨਾ ਕੋਈ ਚੋਅ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਦਰ ਦਰਵੇਸ਼ ਫੇਰੀ ਪਾਈਆ । ਕਲਜੁਗ ਵੇਲਾ ਅੰਤਮ ਆਇਆ, ਹਰਿ ਸਾਚਾ ਖੇਲ ਕਰਾਇੰਦਾ । ਲੱਖ ਚੁਰਾਸੀ ਵੇਖ ਵਖਾਇਆ, ਵੇਖਣਹਾਰਾ ਦਿਸ ਨਾ ਆਇੰਦਾ । ਸੰਮਤ ਸੰਮਤੀ ਦਏ ਮਿਟਾਇਆ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਸੰਮਤ ਅਠਾਰਾਂ ਵਿਚ ਸੰਸਾਰ, ਵੀਹ ਸੌ ਬਿਕ੍ਰਮੀ ਨਾਲ ਰਲਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਹੋਣ ਖੁਵਾਰ, ਸੀਸ ਤਾਜ਼ ਨਾ ਕੋਇ ਟਿਕਾਈਆ । ਚਾਰ ਕੁੰਟ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ ।

ਹਿੰਦੂ ਮੁਸਲਮ ਸਿੱਖ ਇਸਾਈ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਪੀਰ ਪੈਗ਼ੰਬਰ ਨਾ ਕੋਇ ਸਹਾਰ, ਮੁੱਲਾ ਸ਼ੇਖ਼ ਮੁਸਾਇਕ ਸੰਗ ਨਾ ਕੋਇ ਨਿਭਾਈਆ । ਪੰਡਤ ਪਾਂਧੇ ਕਰਨ ਗਿਰਿਆਜ਼ਾਰ, ਹਿਸਾਬ ਕਿਤਾਬ ਕੰਮ ਕਿਸੇ ਨਾ ਆਈਆ । ਗੁਰਮੁਖ ਵਿਰਲੇ ਕਰਨ ਪੁਕਾਰ, ਸਤਿਗੁਰ ਪੂਰਾ ਗੁਰੂ ਗੋਬਿੰਦ ਮਿਲੇ ਚਾਈਂ ਚਾਈਂਆ । ਕਰੇ ਖੇਲ ਅਪਰ ਅਪਾਰ, ਨਾਮ ਡੰਕਾ ਇਕ ਵਜਾਈਆ । ਵੀਹ ਸੌ ਉਨੀਂ ਹੋ ਤਿਆਰ, ਆਪ ਆਪਣਾ ਬਲ ਧਰਾਈਆ । ਮੁਸਲਮ ਸੁੰਨੀ ਕਰ ਖੁਵਾਰ, ਦੇਵੇ ਅੰਤ ਸਜਾਈਆ । ਚੌਦਾਂ ਤਬਕ ਹਾਹਾਕਾਰ, ਅੱਲਾ ਰਾਣੀ ਨੈਣ ਸ਼ਰਮਾਈਆ । ਮੁਹੰਮਦ ਨਾਤਾ ਤੁੱਟੇ ਚਾਰ ਯਾਰ, ਯਾਰੀ ਯਾਰਾਂ ਨਾਲ ਨਾ ਕੋਇ ਨਿਭਾਈਆ । ਈਸਾ ਮੂਸਾ ਕਰੇ ਪੁਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਉਨੀ ਸਭ ਦੀ ਚੋਟੀ ਜਾਏ ਮੁੰਨੀ, ਸੀਸ ਤਾਜ਼ ਨਾ ਕੋਇ ਟਿਕਾਈਆ । ਸੰਮਤ ਉਨੀ ਹੋਏ ਉਨੀਸਾ, ਏਕਾ ਨਾਇਆ ਜੋੜ ਜੁੜਾਇੰਦਾ । ਵੇਖਣਹਾਰਾ ਅੰਜੀਲ ਕੁਰਾਨ ਹਦੀਸਾ, ਬੇਐਬ ਪਰਵਰਦਿਗਾਰ ਫੇਰੀ ਪਾਇੰਦਾ । ਮੁਕਾਮੇ ਹੱਕ ਖੇਲ ਸ਼ਾਹੋ ਸ਼ਬੀਸਾ, ਸ਼ਹਿਨਸ਼ਾਹ ਆਪਣਾ ਭੇਵ ਚੁਕਾਇੰਦਾ । ਸਭ ਦਾ ਕਰੇ ਖਾਲੀ ਖੀਸਾ, ਰਾਜ ਰਾਜਾਨ ਸ਼ਾਹ ਸੁਲਤਾਨ ਦਰ ਦਰ ਆਪ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸੰਮਤ ਉਨੀ ਜਾਏ ਚੜ੍ਹ, ਲੋਕਮਾਤ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਆਵੇ ਡਰ, ਭੈ ਭਿਆਨਕ ਸਰਬ ਜਣਾਈਆ । ਇਕ ਦੂਜੇ ਦਾ ਛੱਡਣ ਲੜ, ਸਗਲਾ ਸੰਗ ਨਾ ਕੋਇ ਨਿਭਾਈਆ । ਗੁਰਮੁਖ ਵਿਰਲੇ ਏਕਾ ਅੱਖਰ ਹਰਿ ਕਾ ਨਾਮ ਲੈਣ ਪੜ੍ਹ, ਏਕਾ ਓਟ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਸੰਮਤੀ ਖੇਲ ਰਚਾਈਆ । ਸੰਮਤ ਸੰਮਤੀ ਮਾਰੇ ਮਾਰ, ਵੇਲਾ ਵਕਤ ਆਪਣੇ ਹੱਥ ਰਖਾਇੰਦਾ । ਜਗਤ ਲੋਕਾਈ ਹੋਏ ਖੁਵਾਰ, ਲੋਕ ਪਰਲੋਕ ਖੇਲ ਕਰਾਇੰਦਾ । ਚੋਦਾਂ ਲੋਕ ਹਾਹਾਕਾਰ, ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੈਣਾਂ ਨੀਰ ਵਹਾਇੰਦਾ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਕਰੇ ਪੁਕਾਰ, ਦੋਏ ਦੋਏ ਜੋੜ ਸੀਸ ਸਰਬ ਝੁਕਾਇੰਦਾ । ਮੰਡਲ ਮੰਡਪ ਬ੍ਰਹਿਮੰਡ ਖੰਡ ਕਰੇ ਵਿਚਾਰ, ਹਰਿ ਜੂ ਕੀ ਕੀ ਖੇਲ ਕਰਾਇੰਦਾ । ਲੇਖਾ ਜਾਣੇ ਗੋਬਿੰਦ ਸੂਰਾ ਵਡ ਬਲਕਾਰ, ਨਾਮ ਖੰਡਾ ਚੰਡ ਪਰਚੰਡਾ ਆਪਣੇ ਹੱਥ ਰਖਾਇੰਦਾ । ਸ੍ਰਿਸ਼ਟ ਸਬਾਈ ਮਾਰੇ ਮਾਰ, ਮੇਟ ਮਿਟਾਏ ਦੁਸ਼ਟ ਹੰਕਾਰ, ਵਿਭਚਾਰ ਕੋਇ ਰਹਿਣ ਨਾ ਪਾਇੰਦਾ । ਸੰਮਤ ਵੀਹ ਸੌ ਬੀਸਾ ਖੇਲ ਅਪਾਰਾ, ਨਿਰਗੁਣ ਦਾਤਾ ਆਪ ਕਰਾਈਆ । ਜੋਧਾ ਸੂਰਬੀਰ ਨਿਰਗੁਣ ਨਿਰਵੈਰ ਨਿਰਾਕਾਰਾ, ਮੂਰਤ ਅਕਾਲ ਅਜੂਨੀ ਰਹਿਤ ਡਗਮਗਾਈਆ । ਸ੍ਰਿਸ਼ਟ ਸਬਾਈ ਆਰ ਪਾਰ ਕਿਨਾਰਾ, ਮੰਝਧਾਰਾ ਦਏ ਰੁੜ੍ਹਾਈਆ । ਸਾਚਾ ਮਾਰਗ ਵਿਚ ਸੰਸਾਰਾ, ਸਤਿ ਸਤਿਵਾਦੀ ਆਪ ਲਗਾਈਆ । ਨੌਂ ਖੰਡ ਪ੍ਰਿਥਵੀਂ ਵਖਾਏ ਇਕ ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਅਲੱਖ ਅਗੋਚਰ ਅਗੰਮ ਅਥਾਹ ਬੇਐਬ ਪਰਵਰਦਿਗਾਰਾ, ਊਚੋ ਊਚ ਮਹੱਲ ਅਟੱਲ ਅਚੱਲ ਕਰੇ ਰੁਸ਼ਨਾਈਆ । ਏਕਾ ਨਾਮ ਸ਼ਬਦ ਜੈਕਾਰਾ, ਸ੍ਰਿਸ਼ਟ ਸਬਾਈ ਦਏ ਸੁਣਾਈਆ । ਏਕਾ ਡੰਕਾ ਜਗਤ ਜੈਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਕਰੇ ਖੇਲ ਹਰਿ ਜਗਦੀਸਾ, ਜਗਤ ਜੁਗਤ ਜੋਗ ਆਪਣੇ ਹੱਥ ਰਖਾਈਆ । ਬੀਸ ਬੀਸਾ ਸ੍ਰੀ ਭਗਵਾਨਾ, ਆਪਣਾ ਖੇਲ ਜਣਾਇੰਦਾ । ਸਤਿ ਸਤਿਵਾਦੀ ਸਤਿ ਨਿਸ਼ਾਨਾ, ਨੌਂ ਖੰਡ ਪ੍ਰਿਥਮੀ ਆਪ ਝੁਲਾਇੰਦਾ । ਪੰਦਰਾਂ ਕੱਤਕ ਦਿਵਸ ਮਹਾਨਾ, ਥਿਤ ਵਾਰ ਵੰਡ ਵੰਡਾਇੰਦਾ । ਦਿਲੀ ਤਖ਼ਤ ਭੂਪ ਰਾਜਾਨਾ, ਸ਼ਾਹੋ ਆਪਣਾ ਆਸਣ ਲਾਇੰਦਾ । ਤਖ਼ਤ ਨਿਵਾਸੀ ਹੋ ਮਿਹਰਵਾਨਾ,

ਧੁਰ ਫ਼ਰਮਾਣਾ ਇਕ ਸਮਝਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਰੂਪ ਸਤਿ ਸਰੂਪ ਪਹਿਰੇ ਬਾਣਾ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਇੰਦਾ । ਸ਼ਬਦ ਨਾਦ ਇਕ ਸੁਨਾਣਾ, ਬ੍ਰਹਿਮਾਦ ਗਾਏ ਸਾਚਾ ਗਾਣਾ, ਰਾਗੀ ਰਾਗ ਨਾ ਕੋਇ ਜਣਾਇੰਦਾ । ਲੱਖ ਚੁਰਾਸੀ ਮੰਨਣਾ ਭਾਣਾ, ਵੀਹ ਸੌ ਉਨੀਂ ਆਪ ਜਣਾਇੰਦਾ । ਵੀਹ ਸੌ ਬੀਸ ਬਿਕ੍ਰਮੀ ਜੀਵ ਜੰਤ ਹੋਏ ਵੈਰਾਨਾ, ਸਿਰ ਹੱਥ ਨਾ ਕੋਇ ਟਿਕਾਇੰਦਾ । ਸੋ ਜਨ ਉਧਰੇ ਜਿਸ ਜਨ ਮਿਲੇ ਆਪ ਸ੍ਰੀ ਭਗਵਾਨਾ, ਕਰ ਕਿਰਪਾ ਆਪਣਾ ਮੇਲ ਮਿਲਾਇੰਦਾ । ਗੁਰਮੁਖ ਗੁਰਸਿਖ ਵੇਖੋ ਮਾਰ ਧਿਆਨਾ, ਗੁਰ ਗੋਬਿੰਦ ਤੇਰਾ ਰਾਹ ਤਕਾਇੰਦਾ । ਪੁਰਖ ਅਕਾਲ ਦੀਨ ਦਿਆਲ ਸਦਾ ਸਦ ਕਰੇ ਪ੍ਰਿਤਪਾਲਾ, ਜੋ ਜਨ ਚਰਨ ਧਿਆਨ ਰਖਾਇੰਦਾ । ਅੱਗੇ ਬੜਾ ਔਖਾ ਆਉਣ ਵਾਲਾ ਜ਼ਮਾਨਾ, ਜ਼ੁਲਮ ਜਾਲਮ ਜ਼ਬਰ ਸਰਬ ਖਪਾਇੰਦਾ । ਵੀਹ ਸੌ ਵੀਹ ਬਿਕ੍ਰਮੀ ਪਿਛਲਾ ਮੇਟੇ ਸਰਬ ਨਿਸ਼ਾਨਾ, ਅੱਗੇ ਮਾਰਗ ਇਕ ਰਖਾਇੰਦਾ । ਗੁਰ ਗੋਬਿੰਦ ਸੂਰਾ ਪਰਗਟ ਹੋਏ ਵਿਚ ਜਹਾਨਾਂ, ਚਾਰ ਵਰਨ ਇਕ ਸਰਨ ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਧਾਮ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਖੇਲ ਲੋਕਮਾਤ ਆਪ ਆਪਣੇ ਹੱਥ ਰਖਾਇੰਦਾ ।

★ ੨੧ ਮਾਘ ੨੦੧੮ ਬਿਕ੍ਰਮੀ ਅੰਗਰੇਜ਼ ਸਿੰਘ ਦੇ ਗ੍ਰਿਹ ਸਤਵਾਰੀ ਜੰਮੂ ★

ਸ੍ਰੀ ਭਗਵਾਨ ਕਹੇ ਮੈਂ ਭਗਤਾਂ ਦਾਸ, ਲੋਕਮਾਤ ਨਾ ਕੋਇ ਵਡਿਆਈਆ । ਜੁਗ ਜੁਗ ਜਨ ਭਗਤ ਮਿਲਣ ਦੀ ਰੱਖਾਂ ਆਸ, ਸਚਖੰਡ ਬੈਠਾ ਧਿਆਨ ਲਗਾਈਆ । ਮਿਲ ਮਿਲ ਭਗਤ ਬੁਝੇ ਪਿਆਸ, ਤ੍ਰਿਸਨਾ ਤ੍ਰਿਖ ਰਹਿਣ ਨਾ ਪਾਈਆ । ਬਿਨ ਭਗਤ ਮੇਰੀ ਪੂਰੀ ਕਰੇ ਨਾ ਕੋਈ ਆਸ, ਆਸਾ ਪੂਰ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਸਾਚਾ ਭਗਤ ਸਾਖਆਤ, ਮੇਰਾ ਰੂਪ ਦਰਸਾਇੰਦਾ । ਨਿਰਗੁਣ ਸਰਗੁਣ ਸਾਚਾ ਨਾਤ, ਲੋਕਮਾਤ ਬੰਧਨ ਵਖਾਇੰਦਾ । ਨਾਦ ਅਨਾਦ ਸੁਣਾਏ ਗਾਥ, ਸ਼ਬਦੀ ਸ਼ਬਦ ਪੜ੍ਹਾਇੰਦਾ । ਅੰਦਰ ਬਾਹਰ ਵਸੇ ਸਾਥ, ਵਿਛੜ ਕਦੇ ਨਾ ਜਾਇੰਦਾ । ਅੰਤ ਵਿਖਾਏ ਏਕਾ ਘਾਟ, ਸਤਿ ਕਿਨਾਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਭੇਵ ਚੁਕਾਇੰਦਾ । ਜਨ ਭਗਤ ਮੇਰਾ ਸੱਚਾ ਮੀਤ, ਲੋਕਮਾਤ ਅਖਵਾਇੰਦਾ । ਆਦਿ ਜੁਗਾਦੀ ਸਾਚੀ ਰੀਤ, ਜੁਗ ਜੁਗ ਧਾਰ ਜਣਾਇੰਦਾ । ਮੇਰਾ ਉਹਦਾ ਇਕੋ ਗੀਤ, ਏਕਾ ਰਾਗ ਅਲਾਇੰਦਾ । ਸਦਾ ਸੁਹੇਲਾ ਠੰਡਾ ਸੀਤ, ਸਾਂਤਕ ਸਤਿ ਸਤਿ ਸਮਝਾਇੰਦਾ । ਸਤਿ ਸਤਿਵਾਦੀ ਸਚ ਪ੍ਰੀਤ, ਸਤਿ ਪੁਰਖ ਨਿਰੰਜਣ ਆਪ ਰਖਾਇੰਦਾ । ਮੇਲ ਮਿਲਾਵਾ ਧਾਮ ਅਨਡੀਠ, ਅਨਡਿਠੜੀ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਸਦਾ ਸਲਾਹਿੰਦਾ । ਬਿਨ ਹਰਿ ਭਗਤ ਨਾ ਮੇਰੀ ਯਾਦ, ਜਗਤ ਜੁਗਤ ਨਾ ਕੋਇ ਵਡਿਆਈਆ । ਹਰਿ ਭਗਤ ਸਾਚੀ ਦਾਦ, ਪਰੇਮ ਵਸਤ ਝੋਲੀ ਪਾਈਆ । ਸੱਜਣ ਸੁਹੇਲਾ ਆਪੇ ਲਾਧ, ਮਿਲ ਮਿਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਦਏ ਵਡਿਆਈਆ । ਸਾਚੇ ਭਗਤ ਤੇਰਾ ਸਤਿ ਸਰੂਪ, ਹਰਿ ਸਾਚਾ ਸਚ ਜਣਾਇੰਦਾ । ਤੇਰੇ ਅੰਦਰ ਇਕ ਸਬੂਤ ਆਪਣਾ ਆਪ ਵਖਾਇੰਦਾ । ਤੇਰੀ ਕਾਇਆ ਪੰਜ ਤੱਤ ਕਲਬੂਤ, ਅੰਦਰ ਆਪਣਾ ਆਸਣ


੫੯੪
੧੧

ਲਾਇੰਦਾ । ਨਾਤਾ ਤੋੜ ਜੂਠ ਝੂਠ, ਸਾਚਾ ਮੰਤਰ ਨਾਮ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਆਪ ਵਡਿਆਇੰਦਾ । ਭਗਤ ਭਗਵੰਤ ਵੱਡਾ ਵਡ, ਹਰਿ ਦੇਵੇ ਮਾਣ ਵਡਿਆਈਆ । ਆਪਣੀ ਧਾਰ ਆਪਣੇ ਵਿਚੋਂ ਕੱਢ, ਆਪੇ ਲਏ ਪਰਗਟਾਈਆ । ਆਪੇ ਨਾਤਾ ਜੋੜੇ ਹੱਡ ਮਾਸ ਨਾੜੀ ਰੱਤ, ਬੂੰਦ ਰਕਤ ਬੰਧਨ ਪਾਈਆ । ਆਪੇ ਦੇਵੇ ਸਾਚੀ ਵੱਥ, ਆਤਮ ਪਰਮਾਤਮ ਵਡ ਵਡਿਆਈਆ । ਆਪਣੀ ਮਹਿਮਾ ਜਣਾਏ ਅਕੱਥ, ਬੋਧ ਅਗਾਧ ਕਰ ਪੜ੍ਹਾਈਆ । ਆਪ ਚਲਾਏ ਸਾਚਾ ਰਥ, ਬਣ ਰਥਵਾਹੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਸਾਲਾਹੀਆ । ਬਿਨ ਭਗਤ ਨਾ ਕੋਈ ਰੰਗ, ਰੂਪ ਰੇਖ ਮਾਤ ਨਾ ਕੋਈ ਸਮਝਾਈਆ । ਬਿਨ ਭਗਤ ਨਾ ਸੇਜ ਪਲੰਘ, ਸਚ ਸਿੰਘਾਸਣ ਨਾ ਕੋਈ ਬਹਾਈਆ । ਬਿਨ ਭਗਤ ਨਾ ਕੋਈ ਅਨੰਦ, ਅਨੰਦ ਅਨੰਦ ਨਾ ਕੋਈ ਰਖਾਈਆ । ਬਿਨ ਭਗਤ ਨਾ ਕੋਈ ਛੰਦ, ਰਸਨਾ ਜੇਹਵਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨੂਰ ਆਪਣਾ ਜ਼ਹੂਰ ਹਰਿ ਭਗਤ ਆਪ ਦਿਖਾਈਆ । ਹਰਿ ਭਗਤ ਸਾਚਾ ਨੂਰ, ਨੂਰ ਨੂਰਾਨਾ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਹਾਜ਼ਰ ਹਜ਼ੂਰ, ਆਪ ਆਪਣਾ ਖੇਲ ਕਰਾਇੰਦਾ । ਵਸਣਹਾਰਾ ਦੂਰਨ ਦੂਰ, ਨੇਰਨ ਨੇਰ ਪੰਧ ਮੁਕਾਇੰਦਾ । ਆਸਾ ਮਨਸਾ ਮਨਸਾ ਆਸਾ ਪੂਰ, ਤ੍ਰਿਸਨਾ ਭੁੱਖ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਮਿਲੇ ਇਕ ਦੁਆਰ, ਕਲਜੁਗ ਅੰਤ ਮਿਲੀ ਵਡਿਆਈਆ । ਲਹਿਣਾ ਦੇਣਾ ਜੁਗ ਚਾਰ, ਜੁਗ ਚੌਕੜੀ ਬੰਧਨ ਪਾਈਆ । ਵੇਖੇ ਵਿਗਸੇ ਵੇਖਣਹਾਰ, ਨੌਂ ਪ੍ਰਿਥਮੀ ਫੋਲ ਫੁਲਾਈਆ । ਲੱਖ ਚੁਰਾਸੀ ਨੈਣ ਉਘਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਬਿਨ ਭਗਤ ਨਾ ਕੋਈ ਸੰਗ, ਸਗਲਾ ਸੰਗ ਨਾ ਕੋਈ ਨਿਭਾਇੰਦਾ । ਨਾਮ ਵਜਾਏ ਨਾ ਕੋਈ ਮਰਦੰਗ, ਸਚ ਮਰਦਾਨਗੀ ਨਾ ਕੋਇ ਜਣਾਇੰਦਾ । ਨਾਮ ਚਿੱਲਾ ਤੀਰ ਕਮਾਨ ਖਿਚੇ ਨਾ ਕੋਈ ਕਮੰਦ, ਬਾਹੂ ਬਲ ਨਾ ਕੋਈ ਰਖਾਇੰਦਾ । ਭਗਤ ਸੁਹਾਗੀ ਗਾਏ ਨਾ ਕੋਈ ਛੰਦ, ਸਹਿੰਸਾ ਰੋਗ ਨਾ ਕੋਈ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਆਪ ਵਡਿਆਇੰਦਾ । ਭਗਤ ਵਡਿਆਈ ਜੁਗ ਜੁਗ ਚਾਰ, ਜੁਗ ਜੁਗ ਆਪ ਕਰਾਇੰਦਾ । ਕਲਜੁਗ ਅੰਤਮ ਕਰ ਪਿਆਰ, ਏਕਾ ਬੂਝ ਬੁਝਾਇੰਦਾ । ਏਕਾ ਨਾਮ ਸ਼ਬਦ ਧੁੰਨਕਾਰ, ਸੋਹੰ ਢੋਲਾ ਆਪ ਸੁਣਾਇੰਦਾ । ਬਣ ਵਿਚੋਲਾ ਆਪ ਓਅੰਕਾਰ, ਸਾਚੀ ਸੇਵ ਕਮਾਇੰਦਾ । ਹੌਲਾ ਹੌਲਾ ਕਰ ਕਰ ਭਾਰ, ਸਾਚੀ ਵੰਡ ਵੰਡਾਇੰਦਾ । ਪੂਰਬ ਜਨਮ ਪਾਵੇ ਸਾਰ, ਲਿਖਤ ਲੇਖਾ ਫੋਲ ਫੁਲਾਇੰਦਾ । ਕਰਮੀ ਕਰਮ ਲਏ ਵਿਚਾਰ, ਨਿਹਕਰਮੀ ਵੇਸ ਵਟਾਇੰਦਾ । ਜਨਮ ਜਨਮ ਦਏ ਸਵਾਰ, ਅਜਨਮਾ ਰੋਗ ਗਵਾਇੰਦਾ । ਵਰਨ ਵਰਨ ਕਰੇ ਖੁਵਾਰ, ਸਾਚੀ ਸਰਨ ਇਕ ਸਮਝਾਇੰਦਾ । ਹਰਨ ਫਰਨ ਖੋਲ੍ਹ ਕਿਵਾੜ, ਰੂਪ ਅਨੂਪ ਦਰਸਾਇੰਦਾ । ਵਾਹ ਨਾ ਲੱਗੇ ਤੱਤੀ ਹਾੜ, ਅਗਨੀ ਤੱਤ ਨਾ ਕੋਈ ਜਲਾਇੰਦਾ । ਦੇਵੇ ਦਰਸ ਅਗੰਮ ਅਪਾਰ, ਰੂਪ ਅਨੂਪ ਵਟਾਇੰਦਾ । ਕਰੇ ਖੇਲ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਇੰਦਾ । ਭਗਤ ਭਗਵੰਤ ਲਏ ਉਠਾਲ, ਆਪ ਆਪਣੀ ਬੂਝ ਬੁਝਾਇੰਦਾ । ਨਾਤਾ ਤੋੜ ਜਗਤ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਚਰਨ ਪ੍ਰੀਤੀ ਨਿਭੇ ਨਾਲ, ਪੁਰਖ ਅਬਿਨਾਸ਼ੀ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਾਂ ਆਪ ਤਰਾਇੰਦਾ । ਤਾਰਨਹਾਰਾ

ਇਕੋ ਗੁਰ, ਆਦਿ ਅੰਤ ਅਖਵਾਇੰਦਾ । ਲੇਖਾ ਜਾਣੇ ਧੁਰਦਰਗਾਹੀ ਧੁਰ, ਧੁਰ ਲੇਖਾ ਆਪਣੇ ਹੱਥ ਰਖਾਇੰਦਾ । ਭਗਤ ਭਗਵਾਨ ਸੁਣਾਏ ਇਕੋ ਸੁਰ, ਰਾਗ ਅਨਾਦੀ ਨਾਦ ਅਲਾਇੰਦਾ । ਏਕਾ ਮੰਦਰ ਬਹਿਣ ਚੜ੍ਹ, ਜੋਤੀ ਜੋੜਾ ਆਪ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਵਨ ਰੰਗ ਆਪ ਰੰਗਾਇੰਦਾ । ਭਗਵਨ ਰੰਗ ਰੰਗ ਅਪਾਰਾ, ਜਨ ਭਗਤਾਂ ਆਪ ਚੜ੍ਹਾਈਆ । ਕਲਜੁਗ ਅੰਤਮ ਦੇ ਸਹਾਰਾ, ਸਰਨਗਤ ਇਕ ਸਮਝਾਈਆ । ਵੇਖੇ ਵਿਗਸੇ ਵੇਖਣਹਾਰਾ, ਨੇਤਰ ਲੋਚਣ ਨੈਣ ਆਪ ਖੁਲ੍ਹਾਈਆ । ਦਰਸੀ ਦਰਸ ਅਪਰ ਅਪਾਰਾ, ਦਰਸਨ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਈਆ । ਭਗਤਨ ਮੇਲਾ ਆਤਮ ਘਾਟ, ਘਰ ਘਰ ਵਿਚ ਮੇਲ ਮਿਲਾਇੰਦਾ । ਨਾਤਾ ਤੋੜ ਸੱਜਣ ਸਾਕ, ਸਾਚਾ ਬੰਧਨ ਪਾਇੰਦਾ । ਲੇਖਾ ਜਾਣੇ ਭਵਿਖਤ ਵਾਕ, ਅਨਭਵ ਆਪਣਾ ਖੇਲ ਖਿਲਾਇੰਦਾ । ਖੋਲ੍ਹਣਹਾਰਾ ਬੰਦ ਤਾਕ, ਦਰ ਦੁਆਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਧਾਮ ਬਹਾਇੰਦਾ । ਹਰਿਜਨ ਵੇਖੇ ਸਾਚਾ ਧਾਮ, ਏਕਾ ਏਕ ਵਡਿਆਈਆ । ਨਿਰਗੁਣ ਉਥੇ ਵਸੇ ਰਾਮ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਸ਼ਾਹੋ ਭੂਪ ਸਚ ਅਮਾਮ, ਬੇਐਬ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਬੇਐਬ ਡੇਰਾ ਆਪਣਾ ਲਾ, ਆਪਣਾ ਖੇਲ ਕਰਾਇੰਦਾ । ਸਾਚਾ ਸਯਦਾ ਸੀਸ ਝੁਕਾ, ਨਿਉਂ ਨਿਉਂ ਵੇਖ ਵਖਾਇੰਦਾ । ਸਾਚਾ ਕਾਅਬਾ ਦਏ ਵਡਿਆ, ਦੋਏ ਦੋਏ ਆਬਾ ਖੇਲ ਕਰਾਇੰਦਾ । ਤਨ ਰਬਾਬਾ ਦਏ ਵਜਾ, ਅਹਿਬਾਬ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਆਪ ਵਡਿਆਇੰਦਾ । ਹਰਿ ਭਗਤ ਤੇਰਾ ਮਾਣ, ਦੋ ਜਹਾਨ ਰਖਾਈਆ । ਕਲਜੁਗ ਅੰਤ ਕਰ ਪਛਾਣ, ਆਪਣਾ ਮੇਲ ਮਿਲਾਈਆ । ਨਾਤਾ ਤੋੜ ਜੀਵ ਜਹਾਨ, ਜੀਵਣ ਜੁਗਤ ਸਮਝਾਈਆ । ਆਤਮ ਅੰਤਰ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਈਆ । ਈਸ਼ ਜੀਵ ਕਰ ਪਰਵਾਨ, ਜਗਦੀਸ਼ਰ ਸੋਭਾ ਪਾਈਆ । ਕਾਇਆ ਮੰਦਰ ਵੇਖ ਮਕਾਨ, ਬੈਠਾ ਆਸਣ ਲਾਈਆ । ਸਚ ਸੰਦੇਸਾ ਧੁਰ ਫ਼ਰਮਾਣ, ਸੋਹੰ ਢੋਲਾ ਰਿਹਾ ਗਾਈਆ । ਨਰ ਨਰੇਸ਼ਾ ਨੌਜਵਾਨ, ਆਪਣਾ ਬਲ ਪਰਗਟਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਨਣ ਆਣ, ਨਿਉਂ ਨਿਉਂ ਸੀਸ ਝੁਕਾਈਆ । ਲੇਖਾ ਜਾਣੇ ਦੋ ਜਹਾਨ, ਭੇਵ ਕੋਇ ਨਾ ਪਾਈਆ । ਕਰੋੜ ਤੇਤੀਸਾ ਸਾਰੇ ਗਾਣ, ਲੱਖ ਲੱਖ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਬਲ ਆਪਣਾ ਆਪ ਧਰਾਈਆ । ਭਗਤਨ ਮੇਲਾ ਸਚ ਦਰਬਾਰ, ਧੁਰ ਦਰਬਾਰੀ ਆਪ ਕਰਾਇੰਦਾ । ਖੇਲੇ ਖੇਲ ਅਪਰ ਅਪਾਰ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਸ਼ਬਦੀ ਸ਼ਬਦ ਕਰ ਪਿਆਰ, ਦਰ ਘਰ ਸਾਚੇ ਸੋਭਾ ਪਾਇੰਦਾ । ਵਣਜੀ ਵਣਜ ਵਣਜ ਵਾਪਾਰ, ਸਾਚਾ ਹੱਟ ਚਲਾਇੰਦਾ । ਤੀਰਥ ਤਟ ਪਾਰ ਕਿਨਾਰ, ਅਠ ਸਠ ਭੇਵ ਮੁਕਾਇੰਦਾ । ਭਗਤ ਭਗਵੰਤ ਕਰ ਤਿਆਰ, ਸਾਚਾ ਮਾਰਗ ਲਾਇੰਦਾ । ਸੋਹੰ ਸ਼ਬਦ ਇਕ ਜੈਕਾਰ, ਜੈ ਜੈਕਾਰ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਆਪ ਮਿਲਾਇੰਦਾ । ਭਗਤਨ ਮੇਲਾ ਏਕੰਕਾਰ, ਆਦਿ ਜੁਗਾਦਿ ਕਰਾਇੰਦਾ । ਜੁਗ ਜੁਗ ਵੇਖੇ ਵੇਖਣਹਾਰ, ਆਪਣਾ ਰੂਪ ਧਰਾਇੰਦਾ । ਜੁਗ ਜਨਮ ਦੇ ਵਿਛੜੇ ਮੇਲੇ ਯਾਰ, ਆਪਣਾ ਬੰਧਨ ਪਾਇੰਦਾ । ਨਾਤਾ ਤੋੜ ਪੁਰਖ ਨਾਰ, ਏਕਾ ਰੰਗ ਵਖਾਇੰਦਾ । ਬਿਰਧ

ਬਾਲ ਜਵਾਨ ਦੇਵੇ ਤਾਰ, ਜਿਸ ਜਨ ਆਪਣਾ ਦਰਸ ਕਰਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਵਸਿਆ ਬਾਹਰ ਅੰਜੀਲ ਕੁਰਾਨ ਭੇਵ ਨਾ ਆਇੰਦਾ । ਰਾਗੀ ਨਾਦੀ ਗਏ ਹਾਰ, ਗਾ ਗਾ ਪੰਧ ਨਾ ਕੋਇ ਮੁਕਾਇੰਦਾ । ਮਹੱਲ ਅਟੱਲ ਉਚ ਮਨਾਰ, ਸੋਭਾਵੰਤ ਡੇਰਾ ਲਾਇੰਦਾ । ਨਿਰਮਲ ਨੂਰ ਜੋਤ ਉਜਿਆਰ, ਨਾਉਂ ਨਿਰੰਕਾਰਾ ਆਪ ਅਖਵਾਇੰਦਾ । ਸਚਖੰਡ ਵਸੇ ਸਚ ਮਿਨਾਰ, ਸਤਿ ਸਤਿਵਾਦੀ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਾਚੇ ਘਰ, ਘਰ ਸੁਹੰਜਣਾ ਆਪ ਸੁਹਾਇੰਦਾ । ਸਾਚਾ ਘਰ ਹਰਿ ਸੁਹੰਜਣਾ, ਏਕਾ ਏਕ ਵਡਿਆਈਆ । ਦੀਪਕ ਜੋਤ ਜਗੇ ਨਿਰੰਜਣਾ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਜਨ ਭਗਤਾਂ ਮੇਲ ਸਾਚੇ ਸੱਜਣਾ, ਹਰਿ ਸੱਜਣ ਆਪ ਕਰਾਈਆ । ਦੀਨਾ ਨਾਥ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਗੁਰਮੁਖ ਵਿਰਲੇ ਦੇਵੇ ਨੇਤਰ ਅੰਜਨਾ, ਅਗਿਆਨ ਅੰਧੇਰ ਮਿਟਾਈਆ । ਚਰਨ ਧੂੜ ਸਾਚਾ ਮਜਨਾ, ਦੁਰਮਤ ਮੈਲ ਧੁਵਾਈਆ । ਕਾਲ ਨਗਾਰਾ ਸਿਰ ਤੇ ਵੱਜਣਾ, ਕੂਕੇ ਸਰਬ ਲੋਕਾਈਆ । ਗੁਰਮੁਖ ਗੁਰ ਦਰ ਬਹਿ ਬਹਿ ਸਜਣਾ, ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਭਗਤਨ ਵੇਖੇ ਚਾਈਂ ਚਾਈਂਆ । ਭਗਤਨ ਮੇਲਾ ਚਾਓ ਘਨੇਰਾ, ਏਕਾ ਏਕ ਜਣਾਇੰਦਾ । ਨਾਤਾ ਤੁਟੇ ਸੰਝ ਸਵੇਰਾ, ਏਕਾ ਰੰਗ ਵਖਾਇੰਦਾ । ਲੇਖਾ ਚੁੱਕੇ ਮੇਰਾ ਤੇਰਾ, ਤੇਰਾ ਮੇਰਾ ਏਕਾ ਰੂਪ ਪਰਗਟਾਇੰਦਾ । ਪਰਗਟ ਹੋਏ ਸਿੰਘ ਸ਼ੇਰ ਦਲੇਰਾ, ਭਬਕ ਆਪਣੀ ਆਪ ਲਗਾਇੰਦਾ । ਧਰਤ ਮਾਤ ਦਾ ਖੁਲ੍ਹਾ ਵੇਹੜਾ, ਘਰ ਘਰ ਖ਼ੁਸ਼ੀ ਮਨਾਇੰਦਾ । ਜੀਵ ਜੰਤ ਦੇਵੇ ਗੇੜਾ, ਗੇੜੇ ਵਿਚ ਭੁਵਾਇੰਦਾ । ਜਨ ਭਗਤਾਂ ਬੰਨ੍ਹੇ ਆਪੇ ਬੇੜਾ, ਸਾਚੀ ਸੇਵ ਕਮਾਇੰਦਾ । ਹਰਿਜਨ ਵਸੇ ਤੇਰਾ ਖੇੜਾ, ਦਰ ਘਰ ਸਾਚਾ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਆਪਣੇ ਰੰਗ ਰੰਗਾਇੰਦਾ । ਭਗਤਨ ਰੰਗ ਚੜ੍ਹੇ ਅਮੋਲਾ, ਅਮੁਲ ਆਪ ਚੜ੍ਹਾਈਆ । ਨਿਰਗੁਣ ਸਰਗੁਣ ਹੋਏ ਤੋਲਾ, ਏਕਾ ਕੰਡਾ ਹੱਥ ਉਠਾਈਆ । ਸੋਹੰ ਸੋ ਸਾਚਾ ਬੋਲਾ, ਧਾਰਨ ਨਾਲ ਜਣਾਈਆ । ਲੱਖ ਚੁਰਾਸੀ ਚਾਰ ਕੁੰਟ ਚਾਰ ਵਰਨ ਪਿਆ ਰੌਲਾ, ਹਰਿ ਕਾ ਭੇਵ ਕੋਇ ਨਾ ਪਾਈਆ । ਕੋਈ ਕਹੇ ਮੇਰਾ ਮੌਲਾ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਕੋਈ ਕਹੇ ਮੇਰੇ ਨਾਲ ਕਰਕੇ ਗਿਆ ਕੌਲਾ, ਕੀਤਾ ਕੌਲ ਭੁੱਲ ਨਾ ਜਾਈਆ । ਪੁਰਖ ਅਬਿਨਾਸ਼ੀ ਕਹੇ ਮੈਂ ਸਭ ਤੋਂ ਰੱਖਿਆ ਓਹਲਾ, ਆਪਣਾ ਭੇਵ ਨਾ ਕਿਸੇ ਜਣਾਈਆ । ਪੰਜ ਤੱਤ ਕਾਇਆ ਵਸਦਾ ਰਿਹਾ ਚੋਲਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੇ ਹੁਕਮ ਫਿਰਾਈਆ । ਕਲਜੁਗ ਅੰਤਮ ਬਣ ਵਿਚੋਲਾ, ਜਨ ਭਗਤਾਂ ਮੇਲ ਮਿਲਾਈਆ । ਭਗਤ ਦੁਆਰਾ ਏਕਾ ਖੋਲ੍ਹਾ, ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਆਪ ਪਰਗਟਾਈਆ । ਸਾਚੇ ਭਗਤ ਮਾਤ ਪਰਗਟਾ, ਪਰਗਟ ਆਪਣਾ ਖੇਲ ਜਣਾਈਆ । ਸਾਚਾ ਹੱਟ ਆਪ ਖੁਲ੍ਹਾ, ਵਸਤ ਅਨਡਿਠ ਆਪ ਵਰਤਾਈਆ । ਸਾਚਾ ਤਟ ਆਪ ਜਣਾ, ਤਟ ਕਿਨਾਰੇ ਡੇਰਾ ਲਾਈਆ । ਸਚ ਰਾਗ ਆਪ ਅਲਾ, ਸੋਹੰ ਢੋਲਾ ਰਿਹਾ ਗਾਈਆ । ਸਾਚਾ ਨਾਦ ਆਪ ਵਜਾ, ਅਨਹਦ ਨਾਦੀ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਸਹਿਜ ਸੁਭਾਉ ਮੇਲਾ ਭਗਤ, ਹਰਿ ਭਗਵਨ ਆਪ ਕਰਾਇੰਦਾ । ਵੇਖ ਲੋਕਾਈ ਦੇਵੇ ਮਾਣ ਜਗਤ, ਜੁਗਤ ਆਪਣੀ ਆਪ ਜਣਾਇੰਦਾ । ਸੇਵਕ ਸੇਵਾ ਆਦਿ ਸ਼ਕਤ, ਸ਼ਕਤੀ ਆਪਣੀ ਆਪ ਪਰਗਟਾਇੰਦਾ ।

੫੯੭
੧੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਇੰਦਾ। ਹਰਿਜਨ ਲੰਘੇ ਪਾਰ ਹੱਦ, ਹਰਿ ਸਤਿਗੁਰ ਆਪ ਲੰਘਾਈਆ। ਕਲਜੁਗ ਕੂੜਾ ਛੱਡੇ ਹਠ, ਪ੍ਰਭ ਅੱਗੇ ਸੀਸ ਝੁਕਾਈਆ। ਬਣ ਨਿਮਾਣਾ ਜਾਏ ਢੱਠ, ਢਹਿ ਢਹਿ ਨੀਰ ਵਹਾਈਆ। ਆਪਣੇ ਘਰੋਂ ਨਾ ਦੇਣਾ ਕੱਢ, ਤੁਧ ਬਿਨ ਹੋਰ ਨਾ ਕੋਇ ਸਰਨਾਈਆ। ਮੇਰੇ ਬੁੱਢੇ ਹੋਏ ਹੱਡ, ਦੁੱਖ ਅਵਰ ਨਾ ਝੱਲਿਆ ਜਾਈਆ। ਕਰ ਕਿਰਪਾ ਮੇਰਾ ਨਿਸ਼ਾਨਾ ਗੱਡ, ਦੋਏ ਜੋੜ ਮੰਗ ਮੰਗਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਸਾਚੇ ਸੱਚੀ ਸਰਨਾਈਆ। ਸਚ ਸਰਨਾਈ ਦੇਣੀ ਚਰਨ, ਚਰਨ ਕਵਲ ਧਿਆਨ ਲਗਾਈਆ। ਨਾਤਾ ਤੁਟਿਆ ਜਨਮ ਮਰਨ, ਮਰਨ ਜਨਮ ਨਾ ਵੰਡ ਵੰਡਾਈਆ। ਪ੍ਰਭੂ ਮਿਲਿਆ ਘਾੜਤ ਘੜਨ, ਘੜ ਭਾਂਡੇ ਵੇਖ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਭਗਤਨ ਏਕਾ ਰੰਗ ਰੰਗਾਈਆ। ਭਗਤਨ ਰੰਗੇ ਰੰਗ ਮਜੀਠ, ਸਾਚੀ ਭਗਤੀ ਇਕ ਜਣਾਇੰਦਾ। ਸਤਿਜੁਗ ਚਲੇ ਸਾਚੀ ਰੀਤ, ਸਤਿ ਸਤਿਵਾਦੀ ਆਪ ਲਗਾਇੰਦਾ। ਚਾਰ ਵਰਨ ਦਾ ਇਕੋ ਗੀਤ, ਸੋਹੰ ਢੋਲਾ ਇਕੋ ਗਾਇੰਦਾ। ਪੁਰਖ ਅਬਿਨਾਸ਼ੀ ਬਣੇ ਮੀਤ, ਬਣ ਬਣ ਮਿੱਤਰ ਸੇਵ ਕਮਾਇੰਦਾ। ਹਰਿਜਨ ਕਾਇਆ ਕਰੇ ਠੰਡੀ ਸੀਤ, ਆਪ ਆਪਣਾ ਦਰਸ ਦਿਖਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਚੇ ਵੇਖ ਵਖਾਇੰਦਾ। ਹਰਿਜਨ ਹਰਿਜੂ ਆਪੇ ਵੇਖ, ਆਪਣੀ ਖ਼ੁਸ਼ੀ ਮਨਾਈਆ। ਕਰ ਕਿਰਪਾ ਧਾਰੇ ਸਾਚਾ ਭੇਸ, ਵੇਸ ਅਵੱਲੜਾ ਆਪ ਵਟਾਈਆ। ਨਾ ਕੋਈ ਜਾਣੇ ਨਰ ਨਰੇਸ਼, ਸ਼ਾਹ ਪਾਤਸ਼ਾਹ ਭੇਵ ਨਾ ਰਾਈਆ। ਲਿਖਣਹਾਰਾ ਸਾਚੇ ਲੇਖ, ਲਿਖ ਲਿਖ ਲੇਖਾ ਆਪ ਮੁਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਈਆ। ਭਗਤਨ ਮੇਲਾ ਲੋਕਮਾਤ, ਹਰਿ ਸਾਚਾ ਸਚ ਲਗਾਇੰਦਾ। ਆਪੇ ਵੇਖੇ ਮਾਰ ਝਾਤ, ਨੇਤਰ ਨੈਣ ਆਪ ਉਠਾਇੰਦਾ। ਆਪੇ ਹੋਏ ਸੱਜਣ ਸਾਕ, ਸਾਚਾ ਬੰਧਨ ਆਪੇ ਪਾਇੰਦਾ। ਆਪੇ ਜਾਣੇ ਸਾਚਾ ਘਾਟ, ਪਾਰ ਕਿਨਾਰਾ ਆਪਣੇ ਹੱਥ ਰਖਾਇੰਦਾ। ਆਪੇ ਲੇਖਾ ਜਾਣੇ ਸੀਆਂ ਸਾਢੇ ਤਿੰਨ ਹੱਥ ਮਾਟ, ਕਾਇਆ ਮਾਟੀ ਫੋਲ ਫੁਲਾਇੰਦਾ। ਆਪ ਉਤਾਰੇ ਸਾਚੇ ਘਾਟ, ਸਾਚਾ ਪੱਤਣ ਇਕ ਵਖਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਏਕਾ ਦਾਨ, ਸਤਿਗੁਰ ਭਿਛਿਆ ਆਪਣੀ ਇਛਿਆ ਝੋਲੀ ਪਾਇੰਦਾ।

## ★ ੨੨ ਮਾਘ ੨੦੧੮ ਬਿਕ੍ਰਮੀ ਮੇਲਾ ਰਾਮ ਪਰਕਾਸ਼ ਚੰਦ ਦੇ ਗ੍ਰਿਹ ਜੰਮੂ ★

ਹਰੀ ਹਰਿ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਖੇਲ ਕਰਾਇੰਦਾ। ਪਾਰਬ੍ਰਹਮ ਬ੍ਰਹਮ ਕਰ ਧਿਆਨ, ਆਤਮ ਪਰਮਾਤਮ ਜੋੜ ਜੁੜਾਇੰਦਾ। ਸੋਹੰ ਅੱਖਰ ਇਕ ਗਿਆਨ, ਸਰਬ ਗਿਆਤਾ ਆਪ ਸਮਝਾਇੰਦਾ। ਲੱਖ ਚੁਰਾਸੀ ਜੀਵਣ ਦਾਨ, ਜੀਵਣ ਮੁਕਤੀ ਆਪ ਸਮਝਾਇੰਦਾ। ਸਾਚਾ ਮੰਦਰ ਇਕ ਮਕਾਨ, ਵਿਸ਼ਵ ਆਪਣੀ ਖੇਲ ਕਰਾਇੰਦਾ। ਧੁਰਦਰਗਾਹੀ ਸ਼ਬਦ ਨਿਸ਼ਾਨ, ਸੂਰਾ ਸਰਬੰਗ ਆਪ ਝੁਲਾਇੰਦਾ। ਨਿਜ ਘਰ ਆਤਮ ਅਨੰਦ ਮਹਾਨ, ਨਿਜ ਨੇਤਰ ਆਪ ਜਣਾਇੰਦਾ। ਅੰਮ੍ਰਿਤ ਰਸ ਪੀਣ ਖਾਣ, ਅਨਮੁਲੜੀ ਵਸਤ ਵਰਤਾਇੰਦਾ। ਸਚ ਸੁੱਚ ਸਤਿ ਇਸ਼ਨਾਨ, ਧੀਰਜ

ਜਤ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਵਖਾਇੰਦਾ । ਵਿਸ਼ਨੂੰ ਭਗਵਾਨ ਹਰੀ ਹਰਿ, ਨਰ ਨਰਾਇਣ ਵਡੀ ਵਡਿਆਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਖੇਲ ਕਰਾਈਆ । ਤਖ਼ਤ ਨਿਵਾਸੀ ਸਾਚੇ ਤਖ਼ਤ ਆਪੇ ਚੜ੍ਹ, ਦੋ ਜਹਾਨਾਂ ਵੇਖੇ ਚਾਈਂ ਚਾਈਂਆ । ਲੱਖ ਚੁਰਾਸੀ ਘਾੜਨ ਘੜ, ਨਿਰਗੁਣ ਸਰਗੁਣ ਬੰਧਨ ਪਾਈਆ । ਸ਼ਬਦ ਅਗੰਮੀ ਏਕਾ ਪੜ੍ਹ, ਅਗੰਮ ਅਗੋਚਰ ਕਰੇ ਪੜ੍ਹਾਈਆ । ਆਦਿ ਜੁਗਾਦੀ ਦੇਵਣਹਾਰਾ ਵਰ, ਸਾਚੀ ਭਿਖਿਆ ਝੋਲੀ ਪਾਈਆ । ਜੁਗ ਚੌਕੜੀ ਜਾਇਣ ਹਰ, ਹਰੀ ਹਰਿ ਆਪਣਾ ਖੇਲ ਕਰਾਈਆ । ਸਚ ਭੰਡਾਰਾ ਇਕੋ ਭਰ, ਆਦਿ ਜੁਗਾਦਿ ਵਰਤਾਈਆ । ਦੇਵਣਹਾਰਾ ਇਕੋ ਨਰ, ਮਹਾਂਬਲੀ ਭੇਵ ਨਾ ਰਾਈਆ । ਕਰੇ ਖੇਲ ਅਗੰਮ ਅਪਰ, ਅਕਾਸ਼ ਪਰਕਾਸ਼ ਸਮਾਈਆ । ਜੀਵਣ ਜੁਗਤ ਜਾਣੇ ਜਹਾਨ, ਜੁਗ ਜੁਗ ਭੇਵ ਚੁਕਾਈਆ । ਕਲਜੁਗ ਅੰਤਮ ਹੋ ਪਰਧਾਨ, ਕਰੇ ਖੇਲ ਬੇਪਰਵਾਹੀਆ । ਸਚਖੰਡ ਦਾ ਸਚ ਨਿਸ਼ਾਨ, ਲੋਕਮਾਤ ਆਪ ਝੁਲਾਈਆ । ਸਚਖੰਡ ਦੁਆਰ ਸਚ ਮਕਾਨ, ਲੋਕਮਾਤ ਆਪ ਪਰਗਟਾਈਆ । ਸਚਖੰਡ ਦੁਵਾਰ ਸਚ ਵਿਧਾਨ, ਲੋਕਮਾਤ ਆਪ ਬਣਾਈਆ । ਸਚਖੰਡ ਦੁਆਰ ਸਚ ਗਿਆਨ, ਏਕਾ ਸਤਿ ਕਰੇ ਪੜ੍ਹਾਈਆ । ਸਚਖੰਡ ਦਾ ਸਚ ਧਿਆਨ, ਏਕਾ ਹਰਿ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵਿਸ਼ਨੂੰ ਭਗਵਾਨ ਹਰਿ ਨਰਾਇਣ, ਨਰ ਨਰਾਇਣ ਖੇਲ ਕਰਾਇੰਦਾ । ਲੱਖ ਚੁਰਾਸੀ ਵੇਖੇ ਆਪਣੇ ਨੈਣ, ਨੇਤਰ ਨੈਣ ਆਪ ਖੁਲ੍ਹਾਇੰਦਾ । ਜੀਵ ਜੰਤ ਚੁਕਾਏ ਲਹਿਣ ਦੇਣ, ਪੂਰਬ ਲੇਖਾ ਸਰਬ ਮੁਕਾਇੰਦਾ । ਇਕੋ ਅੱਖਰ ਆਪਣਾ ਨਾਉਂ ਆਇਆ ਕਹਿਣ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਕਰਾਇੰਦਾ । ਵਿਸ਼ਨੂੰ ਭਗਵਾਨ ਹਰੀ ਹਰਿ, ਹਰਿ ਵੱਡਾ ਵਡ ਵਡਿਆਈਆ । ਆਦਿ ਜੁਗਾਦਿ ਖੋਲ੍ਹੇ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਗੁਰ ਅਵਤਾਰਾਂ ਦੇਵੇ ਵਰ, ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਵੇਖੇ ਅੰਦਰ ਵੜ, ਘਟ ਘਟ ਜੋਤ ਰੁਸ਼ਨਾਈਆ । ਲੇਖਾ ਜਾਣੇ ਚੋਟੀ ਜੜ੍ਹ, ਮਧ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲ੍ਹਾਈਆ । ਵਿਸ਼ਨੂੰ ਭਗਵਾਨ ਪਾਰਬ੍ਰਹਮ, ਬ੍ਰਹਮ ਆਪਣੇ ਰੰਗ ਰੰਗਾਇੰਦਾ । ਆਪੇ ਜਾਣੇ ਆਪਣਾ ਕੰਮ, ਕਰਨੀ ਕਰਤਾ ਆਪ ਕਰਾਇੰਦਾ । ਹਰਖ ਸੋਗ ਨਾ ਕੋਇ ਗ਼ਮ, ਚਿੰਤਾ ਦੁੱਖ ਨਾ ਕੋਇ ਜਣਾਇੰਦਾ । ਲੱਖ ਚੁਰਾਸੀ ਜੀਵ ਜੰਤ ਬਣ ਬਣ ਜਨਨੀ ਜਨ, ਘਾੜਤ ਘੜਤ ਵੇਖ ਵਖਾਇੰਦਾ । ਆਦਿ ਅੰਤ ਜੁਗਾਂ ਜੁਗੰਤ ਸ੍ਰੀ ਭਗਵੰਤ ਦੇਵਣਹਾਰਾ ਡੰਨ, ਡੰਡਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਚੁਕਾਇੰਦਾ । ਵਿਸ਼ਨੂੰ ਭਗਵਾਨ ਹਰੀ ਹਰਿ, ਏਕਾ ਏਕ ਰੰਗ ਵਖਾਈਆ । ਆਪਣਾ ਭਾਣਾ ਆਪੇ ਜਰ, ਆਪੇ ਬੈਠਾ ਸੀਸ ਝੁਕਾਈਆ । ਜੁਗ ਜੁਗ ਵੇਸ ਆਪੇ ਧਰ, ਨਿਰਗੁਣ ਸਰਗੁਣ ਖੇਲ ਕਰਾਈਆ । ਸੰਤ ਸੁਹੇਲੇ ਆਪੇ ਫੜ, ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੰਗ ਆਪ ਰੰਗਾਈਆ । ਵਿਸ਼ਨੂੰ ਭਗਵਾਨ ਹਰੀ ਹਰਿ ਰੰਗ, ਹਰਿ ਕਰਤਾ ਆਪ ਰੰਗਾਇੰਦਾ । ਦੋ ਜਹਾਨਾਂ ਵੇਖ ਪਲੰਘ, ਸੇਜ ਆਤਮ ਇਕ ਸੁਹਾਇੰਦਾ । ਨਿਰਗੁਣ ਨਿਰਵੈਰ ਫੜ ਮਰਦੰਗ, ਸਾਚਾ ਨਾਦ ਆਪ ਵਜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਭ ਦੀ ਪੂਰੀ ਕਰੇ ਮੰਗ, ਵੇਲਾ ਅੰਤ ਵੇਖ ਵਖਾਇੰਦਾ । ਨਿਰਗੁਣ ਜੋਤ ਪਰਕਾਸ਼ ਚੜ੍ਹੇ

ਚੰਦ, ਚੰਦ ਚਾਂਦਨਾ ਆਪ ਚਮਕਾਇੰਦਾ । ਵੇਖਣਹਾਰਾ ਹਰਿ ਬ੍ਰਹਿਮੰਡ, ਬ੍ਰਹਿਮੰਡ ਖੰਡ ਆਪਣੀ ਧਾਰ ਵਖਾਇੰਦਾ । ਪਰਗਟ ਹੋ ਸੂਰਾ ਸਰਬੰਗ, ਸਾਹਿਬ ਸੁਲਤਾਨ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਆਪ ਜਣਾਇੰਦਾ । ਸ੍ਰੀ ਭਗਵਾਨ ਵਿਸ਼ਨੂੰ ਧਾਰ, ਵਿਸ਼ਵ ਵਿਸ਼ਵ ਜਣਾਈਆ । ਕਲਜੁਗ ਅੰਤਮ ਖੇਲ ਨਿਆਰ, ਖ਼ਾਲਕ ਖ਼ਲਕ ਰਿਹਾ ਵਖਾਈਆ । ਪਰਵਰਦਿਗਾਰ ਹੋ ਤਿਆਰ, ਲੋਕਮਾਤ ਵੇਸ ਵਟਾਈਆ । ਲੇਖਾ ਜਾਣੇ ਸਰਬ ਸੰਸਾਰ, ਸਰਨਗਤ ਆਪਣੇ ਹੱਥ ਰਖਾਈਆ । ਭਗਤ ਭਗਵੰਤ ਲਏ ਉਭਾਰ, ਭੇਵ ਅਭੇਵ ਚੁਕਾਈਆ । ਦੇਵੇ ਦਰਸ ਦਰਸ ਦੀਦਾਰ, ਦੀਦ ਈਦ ਚੰਦ ਸ਼ਰਮਾਈਆ । ਨਾਤਾ ਤੋੜ ਜਗਤ ਸੰਸਾਰ, ਏਕਾ ਨਾਉਂ ਬੰਧਨ ਪਾਈਆ । ਆਤਮ ਪਰਮਾਤਮ ਇਕ ਪਿਆਰ, ਸੋਹੰ ਸ਼ਬਦ ਕਰੇ ਪੜ੍ਹਾਈਆ । ਚਾਰ ਵਰਨ ਜੈ ਜੈਕਾਰ, ਏਕਾ ਰਾਗ ਅਲਾਈਆ । ਵਿਸ਼ਨੂੰ ਰੂਪ ਹਰਿ ਕਰਤਾਰ, ਦਰ ਦਰ ਘਰ ਘਰ ਸੇਵਕ ਬਣ ਬਣ ਸੇਵ ਕਮਾਈਆ । ਭਗਵਨ ਹੁਕਮੀ ਕਰੇ ਵਰਤਾਰ, ਧੁਰ ਫ਼ਰਮਾਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵਿਸ਼ਨੂੰ ਭਗਵਾਨ ਖੇਲ ਅਪਾਰਾ, ਪਰਵਰਦਿਗਾਰ ਆਪ ਕਰਾਇੰਦਾ । ਵਿਸ਼ਨੂੰ ਦੋਏ ਦੋਏ ਜੋੜ ਕਰੇ ਨਿਮਸਕਾਰਾ, ਭਗਵਨ ਆਪਣੀ ਦਇਆ ਕਮਾਇੰਦਾ । ਵਿਸ਼ਨੂੰ ਦਰ ਦਰਵੇਸ਼ ਬਣੇ ਭਿਖਾਰਾ, ਭਗਵਨ ਆਪਣੀ ਵਸਤ ਵਰਤਾਇੰਦਾ । ਵਿਸ਼ਨੂੰ ਏਕਾ ਰੰਗ ਮੰਗੇ ਅਪਾਰਾ, ਭਗਵਨ ਆਪਣਾ ਰੰਗ ਚੜ੍ਹਾਇੰਦਾ । ਵਿਸ਼ਨੂੰ ਆਪਣਾ ਮੇਲ ਮੰਗੇ ਸੰਸਾਰਾ, ਭਗਵਨ ਮਿਲ ਮਿਲ ਖ਼ੁਸ਼ੀ ਮਨਾਇੰਦਾ । ਵਿਸ਼ਨੂੰ ਮੰਗੇ ਇਕ ਤੇਰਾ ਮੇਰਾ ਹੁਲਾਰਾ, ਭਗਵਨ ਦੇ ਹੁਲਾਰਾ ਆਪਣਾ ਭੇਵ ਚੁਕਾਇੰਦਾ । ਵਿਸ਼ਨੂੰ ਮੰਗੇ ਤੇਰਾ ਮੇਰਾ ਇਕ ਦੁਆਰਾ, ਭਗਵਨ ਖੋਲ੍ਹ ਕਿਵਾੜਾ ਰਾਹ ਵਖਾਇੰਦਾ । ਦੋਹਾਂ ਵੱਜੇ ਇਕ ਸਿਤਾਰਾ, ਸ਼ੱਤਰੂ ਮਿੱਤਰ ਏਕਾ ਰੰਗ ਵਖਾਇੰਦਾ । ਕਲਜੁਗ ਅੰਤਮ ਅੰਤ ਕਿਨਾਰਾ, ਜਗਤ ਨਈਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਵ ਆਪਣੀ ਧਾਰ ਚਲਾਇੰਦਾ । ਵਿਸ਼ਨੂੰ ਭਗਵਾਨ ਇਕ ਵਿਸ਼ਵਾਸ਼, ਵਿਸ਼ਵ ਆਪ ਜਣਾਇੰਦਾ । ਜੁਗ ਚੌਕੜੀ ਹੋਏ ਨਾਸ, ਥਿਰ ਕੋਇ ਰਹਿਣ ਨਾ ਪਾਇੰਦਾ । ਭਗਵਨ ਵਸੇ ਸਭ ਦੇ ਪਾਸ, ਬਿਨ ਭਗਤਾਂ ਹੱਥ ਕਿਸੇ ਨਾ ਆਇੰਦਾ । ਆਪਣੀ ਪਾਵੇ ਸਾਚੀ ਰਾਸ, ਮੰਡਲ ਮੰਡਪ ਖੇਲ ਕਰਾਇੰਦਾ । ਸੂਰਜ ਚੰਦ ਬਖ਼ਸ਼ ਨਿਵਾਸ, ਹੁਕਮੀ ਹੁਕਮ ਆਪ ਫਿਰਾਇੰਦਾ । ਲੇਖਾ ਜਾਣੇ ਅਕਾਸ਼ਾ ਅਕਾਸ਼, ਕੋਟਨ ਕੋਟ ਅਕਾਸ਼ ਚਰਨਾਂ ਹੇਠ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਧਰਾਇੰਦਾ । ਆਪਣਾ ਬਲ ਵਿਸ਼ਨੂੰ ਭਗਵਾਨ, ਏਕਾ ਏਕ ਪਰਗਟਾਈਆ । ਪਰਗਟ ਹੋਏ ਵਿਚ ਜਹਾਨ, ਦੋ ਜਹਾਨਾਂ ਕਰੇ ਰੁਸ਼ਨਾਈਆ । ਸਾਚਾ ਚਿੱਲਾ ਤੀਰ ਕਮਾਨ, ਸ਼ਬਦੀ ਸ਼ਬਦ ਉਠਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰਾ ਗਿਆਨ, ਆਪਣਾ ਨਾਉਂ ਕਰੇ ਪੜ੍ਹਾਈਆ । ਭਗਤ ਭਗਵੰਤ ਮੇਲੇ ਆਣ, ਆਪ ਆਪਣਾ ਬੰਧਨ ਪਾਈਆ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਲੇਖਾ ਜਾਣੇ ਜ਼ਿਮੀਂ ਅਸਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਵ ਆਪਣਾ ਭੇਵ ਚੁਕਾਈਆ । ਵਿਸ਼ਨੂੰ ਭਗਵਾਨ ਸਦਾ ਅਨਡਿਠ, ਨਜ਼ਰ ਕਿਸੇ ਨਾ ਆਇੰਦਾ । ਕੋਟਨ ਕੋਟ ਲੇਖਾ ਗਏ ਲਿਖ, ਲਿਖ ਲਿਖ ਲੇਖ ਨਾ ਕਿਸੇ ਮੁਕਾਇਆ । ਆਪਣਾ ਵੰਡ ਵੰਡ ਗਏ ਹਿਸ, ਸਾਚੀ ਵੰਡਨ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਚੁਕਾਇਆ । ਆਪਣਾ ਪੜਦਾ ਦੇਵੇ ਚੁੱਕ,

ਚਾਰ ਕੁੰਟ ਕੁੰਟ ਰੁਸ਼ਨਾਈਆ । ਪਰਗਟ ਹੋਏ ਜੋ ਬੈਠਾ ਲੁਕ, ਲੁਕਵੀਂ ਖੇਲ ਦਏ ਮੁਕਾਈਆ । ਬਿਨ ਹੱਥਾਂ ਬਾਂਹਾਂ ਭੁਜਾਂ ਜੋਧਾ ਸੂਰਬੀਰ ਪਏ ਉਠ, ਤੀਰ ਤਲਵਾਰ ਤੁਫੰਗ ਕਟਾਰ ਸ਼ਸਤਰ ਬਸਤਰ ਨਾ ਕੋਇ ਰਖਾਈਆ । ਲੱਖ ਚੁਰਾਸੀ ਦੇਵੇ ਕੁਠ, ਸ਼ਬਦੀ ਮਾਰ ਇਕ ਵਖਾਈਆ । ਜਨ ਭਗਤਾਂ ਉਪਰ ਆਪੇ ਤੁਠ, ਆਪਣੀ ਬੂਝ ਬੁਝਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਪਾਰਬ੍ਰਹਮ ਵਡ ਵਡਿਆਈਆ । ਹਰਿਜਨ ਸੁਹਾਏ ਰੁੱਤ, ਰੁਤ ਰੁੱਤੜੀ ਆਪ ਮਹਿਕਾਈਆ । ਵੇਖਣਹਾਰਾ ਕਾਇਆ ਬੁੱਤ, ਪੰਜ ਤੱਤ ਮੇਲਾ ਸਹਿਜ ਸੁਭਾਈਆ । ਗੁਰਸਿਖ ਬਾਲੇ ਛੋਟੇ ਸੁਤ, ਸੁਤ ਅਪਰਾਧ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਵਿਸ਼ਨੂੰ ਭਗਵਾਨ ਵਿਸ਼ਵ ਗਿਆਤਾ, ਗਿਆਨ ਧਿਆਨ ਇਕ ਦ੍ਰਿੜਾਇੰਦਾ । ਸਤਿਜੁਗ ਸੁਣਾਏ ਸਾਚਾ ਸਾਕਾ, ਸੋਹੰ ਸੋ ਨਾਉਂ ਪਰਗਟਾਇੰਦਾ । ਚਾਰ ਵਰਨ ਬੰਧਾਏ ਨਾਤਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਵੰਡ ਵੰਡਾਇੰਦਾ । ਉਤਮ ਰੱਖੇ ਇਕੋ ਜਾਤਾ, ਬ੍ਰਹਮ ਬ੍ਰਹਮ ਸਰਬ ਸਮਝਾਇੰਦਾ । ਮੇਟੇ ਰੈਣ ਅੰਧੇਰੀ ਰਾਤਾ, ਸਤਿ ਸਤਿਵਾਦੀ ਸਾਚਾ ਚੰਦ ਵਖਾਇੰਦਾ । ਸ੍ਰਿਸ਼ਟ ਸਬਾਈ ਪਿਤਾ ਮਾਤਾ, ਹਰਿਜਨ ਸਾਚੇ ਗੋਦ ਬਹਾਇੰਦਾ । ਲੇਖਾ ਜਾਣੇ ਤ੍ਰਿਲੋਕੀ ਨਾਥਾ, ਲੋਆਂ ਪੁਰੀਆਂ ਖੋਜ ਖੁਜਾਇੰਦਾ । ਵੇਖ ਵਖਾਏ ਪੂਜਾ ਪਾਠਾ, ਪੁਸਤਕ ਪੁਸ਼ਤਕ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਇੰਦਾ । ਹਰਿਜਨ ਮੇਲਾ ਇਕ ਦੁਆਰ, ਏਕਾ ਘਰ ਵਡਿਆਈਆ । ਜਨਮ ਨਾ ਹੋਵੇ ਦੂਜੀ ਵਾਰ, ਜਨਮ ਮਰਨ ਪੰਧ ਚੁਕਾਈਆ । ਇਕੋ ਮੇਲਾ ਹਰਿ ਨਿਰੰਕਾਰ, ਦੂਜੀ ਸਰਨ ਨਾ ਕੋਇ ਸਰਨਾਈਆ । ਇਕੋ ਮੰਦਰ ਹਰਿ ਦਾ ਦੁਆਰ, ਸਚਖੰਡ ਵੱਜੇ ਵਧਾਈਆ । ਇਕੋ ਅੰਦਰ ਮਹੱਲ ਮੁਨਾਰ, ਉਚ ਅਟੱਲ ਹੋਏ ਰੁਸ਼ਨਾਈਆ । ਏਕਾ ਸੇਜਾ ਕੰਤ ਭਤਾਰ, ਪੁਰਖ ਅਬਿਨਾਸ਼ੀ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਚਾਈਂ ਚਾਈਂਆ । ਹਰਿਜਨ ਮੇਲਾ ਏਕਾ ਘਾਟ, ਹਰਿ ਘਾਟਾ ਪੂਰ ਕਰਾਇੰਦਾ । ਜਨਮ ਜਨਮ ਦੀ ਚੁਕੇ ਵਾਟ, ਅਗਲਾ ਪੰਧ ਮੁਕਾਇੰਦਾ । ਸਾਚੀ ਸੇਜ ਵਖਾਏ ਖਾਟ, ਨਾਮ ਵਿਛੌਣਾ ਇਕ ਵਖਾਇੰਦਾ । ਹਰਿਜਨ ਮੇਲਾ ਕਮਲਾਪਾਤ, ਕਵਲ ਨੈਣ ਆਪਣੇ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਬਹਾਇੰਦਾ । ਹਰਿਜਨ ਸਾਚੇ ਬਹਿਣਾ ਘਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਇਕ ਭਗਵਾਨ ਲੈਣਾ ਵਰ, ਦੂਜੀ ਹੋਰ ਨਾ ਕੋਇ ਕੁੜਮਾਈਆ । ਦੋ ਜਹਾਨਾਂ ਚੁੱਕੇ ਡਰ, ਭੈ ਨਜ਼ਰ ਕੋਇ ਨਾ ਆਈਆ । ਸਾਚੀ ਸੇਜੇ ਜਾਣਾ ਚੜ੍ਹ, ਮਿਲੇ ਮੇਲ ਹਰਿ ਰਘੁਰਾਈਆ । ਇਕੋ ਪੱਲੂ ਲੈਣਾ ਫੜ, ਦਰਗਾਹ ਸਾਚੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਈਆ । ਮਿਲਿਆ ਮੇਲ ਸ੍ਰੀ ਭਗਵਾਨ, ਹਰਿਜਨ ਆਪਣਾ ਆਪ ਚੁਕਾਇਆ । ਦੀਪਕ ਜਗਿਆ ਬਿਨ ਬਾਤੀ ਤੇਲ, ਤੇਲ ਬਾਤੀ ਨਾ ਕੋਇ ਰਖਾਇਆ । ਪ੍ਰਭ ਮਿਲਿਆ ਸੱਜਣ ਸੁਹੇਲ, ਸਗਲਾ ਸੰਗ ਰਖਾਇਆ । ਧਾਮ ਵਖਾਏ ਇਕ ਨਿਵੇਲ, ਅਵੱਲੜਾ ਧਾਮ ਆਪ ਬਣਾਇਆ । ਓਥੇ ਲੇਖਾ ਗੁਰੂ ਗੁਰ ਚੇਲ, ਗੁਰ ਚੇਲਾ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਆਪ ਮਿਲਾਇਆ । ਦਰ ਘਰ ਸਾਚੇ ਆਪ ਮਿਲਣਾ, ਮੇਲਣਹਾਰ ਗੋਪਾਲ । ਨਾ ਕੋਈ ਸੂਰਜ ਨਾ ਕੋਈ ਚੰਨਾ, ਨਾ ਕੋਈ ਜ਼ਿਮੀਂ ਨਾ ਅਸਮਾਨ । ਨਾ ਕੋਈ ਹੱਦ ਨਾ ਕੋਈ ਬੰਨਾ, ਨਾ ਕੋਈ ਮੰਦਰ ਧਰਮਸਾਲ । ਇਕੋ ਇਕ ਸ੍ਰੀ ਭਗਵਾਨਾ,

ਨੂਰੋ ਨੂਰ ਜੋਤ ਜਮਾਲ । ਨਾ ਕੋਈ ਰਾਗ ਨਾ ਕੋਈ ਕੰਨਾ, ਨਾ ਕੋਈ ਸੁਰਤ ਸ਼ਬਦ ਦਲਾਲ । ਜੋਤੀ ਜੋਤ ਆਪ ਮਿਲੰਨਾ, ਜੋਤੀ ਜੋਤ ਖੇਲ ਮਹਾਨ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਸ੍ਰੀ ਭਗਵਾਨ ਇਕ ਦੂਜੇ ਦਾ ਕਹਿਣਾ ਮੰਨਾ, ਮੰਨ ਮੰਨ ਕਹਿਣ ਦੋਵੇਂ ਹੋਏ ਖ਼ੁਸ਼ਹਾਲ । ਚਾਓ ਘਨੇਰਾ ਪ੍ਰੇਮ ਘਨਾ, ਸਚਖੰਡ ਸੱਚੀ ਧਰਮਸਾਲ । ਨੇਰਨ ਨੇਰਾ ਵਸਾ ਵਾਲੀ ਦੋ ਜਹਾਨਾਂ, ਆਪ ਆਪਣਾ ਪੜਦਾ ਉਠਾਲ । ਪਹਿਲੋਂ ਇਕ ਜਟ ਧੰਨਾ ਮੰਨਾ, ਦੂਜੀ ਵਾਰ ਗੁਰਮੁਖ ਗੁਰਸਿਖ ਧੰਨੇ ਰੱਖੇ ਆਪਣੇ ਨਾਲ ਨਾਲ । ਆਦਿ ਜੁਗਾਦਿ ਜੁਗਾਂ ਜੁਗੰਤਰ ਰਹੇ ਚੁਕੰਨਾ, ਆਲਸ ਨਿੰਦਰਾ ਵਿਚ ਨਾ ਆਏ ਦੀਨ ਦਿਆਲ । ਦੋ ਜਹਾਨ ਸ੍ਰੀ ਭਗਵਾਨ ਫਿਰੇ ਭੰਨਾ, ਹਰਿਜਨ ਲੱਭੇ ਸਾਚੇ ਲਾਲ । ਕਲਜੁਗ ਅੰਤਮ ਕੀਆ ਵਣਜ ਸੁਵੰਨਾ, ਗੁਰਸਿਖ ਆਪਣੇ ਘਰ ਰੱਖਿਆ ਸੱਚਾ ਧੰਨ ਮਾਲ । ਪਾਰਬ੍ਰਹਮ ਖ਼ੁਸ਼ੀ ਹੋ ਹੋ ਕਹੇ ਮੇਰੀ ਛੱਪਰੀ ਸੋਹੀ ਛੰਨਾ, ਮੇਰੇ ਭਗਤ ਮੈਨੂੰ ਮਿਲੇ ਆਣ । ਬਿਨ ਭਗਤਾਂ ਮੈਂ ਲੋਕਮਾਤ ਅੰਨ੍ਹਾ, ਮੇਰੀ ਕੋਈ ਨਾ ਕਰੇ ਪਛਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਮਿਲਾਏ ਆਪਣੇ ਦਰ, ਕਰੇ ਖੇਲ ਵਿਸ਼ਨੂੰ ਭਗਵਾਨ ।

★ ਪਹਿਲੀ ਫੱਗਣ ੨੦੧੮ ਬਿਕ੍ਰਮੀ ਹਰਿ ਭਗਤ ਦੁਆਰ ਜੇਠੂਵਾਲ ★



ਅਲਖ ਅਗੋਚਰ ਅਗੰਮ ਅਥਾਹ ਹਰਿ ਮਿਹਰਵਾਨ, ਨਿਰਗੁਣ ਬੇਐਬ ਪਰਵਰਦਿਗਾਰਿਆ । ਆਦਿ ਜੁਗਾਦਿ ਨੌਜਵਾਨ, ਸ਼ਾਹ ਪਾਤਸ਼ਾਹ ਸੱਚਾ ਨਿਰੰਕਾਰਿਆ । ਵਸਣਹਾਰਾ ਸਚ ਮਕਾਨ, ਜੋਤੀ ਜੋਤ ਨੂਰ ਉਜਿਆਰਿਆ । ਸੋ ਪੁਰਖ ਨਿਰੰਜਣ ਖੇਲ ਮਹਾਨ, ਹਰਿ ਪੁਰਖ ਨਿਰੰਜਣ ਆਪ ਕਰਾ ਰਿਹਾ । ਏਕੰਕਾਰਾ ਵਡ ਬਲਵਾਨ, ਆਦਿ ਨਿਰੰਜਣ ਨੂਰ ਪਰਗਟਾ ਲਿਆ । ਅਬਿਨਾਸ਼ੀ ਕਰਤਾ ਦੇਵੇ ਨਾਮ, ਸ੍ਰੀ ਭਗਵਾਨ ਆਪ ਵਰਤਾ ਰਿਹਾ । ਪਾਰਬ੍ਰਹਮ ਮੰਗੇ ਦਾਨ, ਆਪਣੀ ਝੋਲੀ ਅੱਗੇ ਡਾਹ ਲਿਆ । ਕਰੇ ਖੇਲ ਆਪ ਮਹਾਨ, ਹਰਿ ਕਾ ਭੇਵ ਕੋਇ ਨਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਅਨਭਵ ਆਪਣਾ ਰੂਪ ਪਰਗਟਾ ਲਿਆ । ਅਨਭਵ ਰੂਪ ਹਰਿ ਨਿਰੰਕਾਰ, ਮਹਿਮਾ ਅਕਥ ਕਥੀ ਨਾ ਜਾਈਆ । ਸਚਖੰਡ ਦੁਆਰੇ ਹੋ ਤਿਆਰ, ਆਪਣੀ ਰਚਨਾ ਆਪ ਰਚਾਈਆ । ਮਾਤ ਪਿਤ ਨਾ ਕੋਇ ਅਧਾਰ, ਕਰੇ ਖੇਲ ਬੇਪਰਵਾਹੀਆ । ਜੋਤੀ ਜਾਤਾ ਪੁਰਖ ਨਾਰ, ਨਰ ਨਰਾਇਣ ਵਡੀ ਵਡਿਆਈਆ । ਭੂਪਤ ਭੂਪ ਰਾਜ ਰਾਜਾਨ, ਸ਼ਾਹ ਪਾਤਸ਼ਾਹ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਆਪਣੇ ਹੱਥ ਰੱਖ ਵਡਿਆਈ, ਹਰਿ ਆਪਣਾ ਖੇਲ ਕਰਾਇਆ । ਨਿਰਗੁਣ ਘਰ ਵੱਜੇ ਵਧਾਈ, ਨਿਰਗੁਣ ਆਪਣਾ ਰੰਗ ਚੜ੍ਹਾਇਆ । ਸਚਖੰਡ ਖੇਲ ਅਗੰਮ ਅਥਾਹੀ, ਭੇਵ ਕੋਇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਆਪਣਾ ਨੂਰ ਆਪ ਪਰਗਟਾਇਆ । ਆਪਣਾ ਨੂਰ ਆਪੇ ਰੱਖ, ਹਰਿ ਆਪਣੀ ਦਇਆ ਕਮਾਈਆ । ਸਚਖੰਡ ਦੁਆਰੇ ਹੋ ਪਰਤੱਖ, ਨਿਰਗੁਣ ਵੇਸ ਵਟਾਈਆ । ਅਗੰਮ ਅਥਾਹ ਬੋਲ ਅਲਖ, ਆਪਣਾ ਨਾਅਰਾ ਆਪ ਸੁਣਾਈਆ । ਆਪਣਾ ਮਾਰਗ ਆਪੇ ਦੱਸ, ਆਪੇ ਬਣੇ ਪਾਂਧੀ ਰਾਹੀਆ । ਆਪਣੇ ਮੰਦਰ ਆਪੇ ਵਸ, ਸਚਖੰਡ ਦੁਆਰ ਦਏ ਵਡਿਆਈਆ । ਆਪਣਾ ਨੂਰ

ਕਰ ਪਰਤੱਖ, ਜੋਤੀ ਜੋਤ ਡਗਮਗਾਈਆ । ਕਰੇ ਖੇਲ ਪੁਰਖ ਅਬਿਨਾਸ਼, ਬੇਅੰਤ ਬੇਪਰਵਾਹੀਆ । ਆਪੇ ਲੇਖਾ ਜਾਣੇ ਆਪਣਾ ਆਦਿ ਜੁਗਾਦਿ, ਆਪਣਾ ਰੰਗ ਵਖਾਈਆ । ਆਪ ਸੁਣਾਇਆ ਆਪਣਾ ਨਾਦ, ਅਨਾਦੀ ਆਪ ਵਜਾਈਆ । ਲੇਖਾ ਜਾਣੇ ਬੋਧ ਅਗਾਧ, ਨਿਸ਼ਅੱਖਰ ਇਕ ਪੜ੍ਹਾਈਆ । ਆਪਣੇ ਅੰਦਰ ਆਪਾ ਕਾਢ, ਹਰਿ ਆਪੇ ਵੇਖ ਵਖਾਈਆ । ਆਪ ਕਰਾਏ ਸਾਚਾ ਲਾਡ, ਨਿਰਗੁਣ ਨਿਰਗੁਣ ਮੇਲਾ ਸਹਿਜ ਸੁਭਾਈਆ । ਖੇਲੇ ਖੇਲ ਕਮਲਾਪਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ ਆਪਣਾ ਭੇਵ ਆਪਣੇ ਵਿਚ ਛੁਪਾਈਆ । ਆਪਣਾ ਭੇਵ ਆਪੇ ਜਾਣ, ਹਰਿ ਆਪਣੀ ਦਇਆ ਕਮਾਇੰਦਾ । ਨਿਰਗੁਣ ਨੂਰ ਹੋ ਪਰਧਾਨ, ਦਰ ਘਰ ਸਾਚੇ ਸੋਭਾ ਪਾਇੰਦਾ । ਤਖ਼ਤ ਨਿਵਾਸੀ ਰਾਜ ਰਾਜਾਨ, ਭੂਪਤ ਭੂਪ ਆਪ ਅਖਵਾਇੰਦਾ । ਦਰ ਦਰਵੇਸ਼ ਬਣ ਦਰਬਾਨ, ਦਰ ਆਪਣਾ ਸੀਸ ਝੁਕਾਇੰਦਾ । ਅਲੱਖ ਅਗੋਚਰ ਵਡ ਮਿਹਰਵਾਨ, ਮਿਹਬਾਨ ਬੀਦੋ ਬੀ ਖੈਰ ਯਾ ਅੱਲਾ, ਅਲਾਹੀ ਨੂਰ ਡਗਮਗਾਇੰਦਾ । ਮੁਕਾਮੇ ਹੱਕ ਹੱਕ ਮਕਾਨ, ਕਰੇ ਖੇਲ ਸ੍ਰੀ ਭਗਵਾਨ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਆਦਿ ਜੁਗਾਦੀ ਨੌਜਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਸ੍ਰੀ ਭਗਵਾਨ, ਆਦਿ ਜੁਗਾਦਿ ਆਪਣੇ ਹੱਥ ਰਖਾਈਆ । ਨਿਰਗੁਣ ਦਾਤਾ ਵਡ ਮਿਹਰਵਾਨ, ਆਪਣੀ ਵਸਤ ਆਪ ਵਰਤਾਈਆ । ਆਪਣੀ ਇਛਿਆ ਕਰ ਪਰਧਾਨ, ਸਾਚੀ ਸਿਖਿਆ ਕਰੇ ਪੜ੍ਹਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਰਖਾਈਆ । ਵਸਣਹਾਰਾ ਸਚਖੰਡ ਸੱਚੇ ਮਕਾਨ, ਥਿਰ ਘਰ ਆਪਣਾ ਆਸਣ ਲਾਈਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣਾ ਰੰਗ ਵਖਾਈਆ । ਸ਼ਬਦੀ ਸੁਤ ਕਰ ਪਰਵਾਨ, ਪੂਤ ਸਪੂਤਾ ਗੋਦ ਸੁਹਾਈਆ । ਨਾਮ ਨਿਧਾਨਾ ਏਕਾ ਦਾਨ, ਨਰ ਨਿਰੰਕਾਰਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਆਪਣਾ ਭੇਵ ਬੇਪਰਵਾਹ, ਆਦਿ ਪੁਰਖ ਆਪ ਜਣਾਇੰਦਾ । ਆਪਣਾ ਮਹੱਲ ਆਪ ਸੁਹਾ, ਨਿਹਚਲ ਆਪਣਾ ਆਸਣ ਲਾਇੰਦਾ । ਨਿਰਗੁਣ ਜੋਤ ਕਰ ਰੁਸ਼ਨਾ, ਨੂਰੋ ਨੂਰ ਡਗਮਗਾਇੰਦਾ । ਸਚਖੰਡ ਦੁਆਰੇ ਸੋਭਾ ਪਾ, ਤਖ਼ਤ ਨਿਵਾਸੀ ਆਸਣ ਲਾਇੰਦਾ । ਸਚ ਨਿਸ਼ਾਨ ਸਤਿ ਸਤਿਵਾਦੀ ਆਪ ਝੁਲਾ, ਆਪ ਆਪਣਾ ਖੇਲ ਕਰਾਇੰਦਾ । ਅਨਾਦ ਨਾਦੀ ਧੁਨ ਅਲ੍ਹਾ, ਏਕਾ ਰਾਗ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਸਚਖੰਡ ਦੁਆਰ ਖੋਲ੍ਹ ਕਿਵਾੜ, ਗ੍ਰਿਹ ਮੰਦਰ ਸੋਭਾ ਪਾਇੰਦਾ । ਗ੍ਰਿਹ ਮੰਦਰ ਸੋਭਨੀਕ, ਹਰਿ ਸਾਚਾ ਆਪ ਸੁਹਾਈਆ । ਦੂਸਰ ਨਾ ਕੋਈ ਦਿਸੇ ਸ਼ਰੀਕ, ਲਾਸ਼ਰੀਕ ਇਕ ਖ਼ੁਦਾਈਆ । ਨਾ ਕੋਈ ਅੰਧੇਰਾ ਦਿਸੇ ਤਾਰੀਕ, ਨਿਰਗੁਣ ਰੂਪ ਡਗਮਗਾਈਆ । ਰੂਪ ਰੰਗ ਨਾ ਕੋਇ ਬਾਰੀਕ, ਅਨਭਵ ਆਪਣੀ ਖੇਲ ਕਰਾਈਆ । ਆਪੇ ਜਾਣੇ ਆਪਣੀ ਰੀਤ, ਸਾਚਾ ਮਾਰਗ ਆਪੇ ਲਾਈਆ । ਆਪੇ ਸ਼ਬਦੀ ਸੁਤ ਕਰੇ ਪ੍ਰੀਤ, ਸਾਚਾ ਸੰਗ ਆਪ ਨਿਭਾਈਆ । ਆਪੇ ਬੈਠਾ ਰਹੇ ਅਤੀਤ, ਸਚਖੰਡ ਸਾਚੇ ਸੋਭਾ ਪਾਈਆ । ਆਪੇ ਗਾਏ ਅਗੰਮੀ ਗੀਤ, ਲਿਖਣ ਪੜ੍ਹਨ ਵਿਚ ਨਾ ਆਈਆ । ਕਰੇ ਖੇਲ ਆਪ ਅਨਡੀਠ, ਪਾਰਬ੍ਰਹਮ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਆਪਣਾ ਮਾਰਗ ਆਪੇ ਲਾ, ਨਿਰਗੁਣ ਆਪਣੀ ਖੇਲ ਕਰਾਇੰਦਾ । ਥਿਰ ਘਰ ਦੁਆਰਾ ਆਪ ਖੁਲ੍ਹਾ, ਸ਼ਬਦੀ ਸੁਤ ਬਹਾਇੰਦਾ । ਸਾਚੀ ਵੰਡ ਆਪਣੇ ਹੱਥ ਰਖਾ, ਹਰਿ ਆਪਣੀ ਬਣਤ

ਬਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਘਾੜਤ ਲਏ ਘੜਾ, ਘੜਨ ਭੰਨਣਹਾਰ ਖੇਲ ਕਰਾਇੰਦਾ । ਵਸਤ ਅਗੋਚਰ ਝੋਲੀ ਪਾ, ਏਕਾ ਨਾਮ ਸਮਝਾਇੰਦਾ । ਨਿਸ਼ਅੱਖਰ ਵੱਖਰ ਆਪ ਪੜ੍ਹਾ, ਆਪਣਾ ਰਾਗ ਅਲਾਇੰਦਾ । ਸਾਚਾ ਮੰਦਰ ਦਏ ਵਖਾ, ਅਨਡਿਠੜਾ ਧਾਮ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਕਰੇ ਕਰਤਾਰ, ਆਪਣੀ ਰਚਨ ਰਚਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਧੁਰ ਫ਼ਰਮਾਣਾ ਦਏ ਸੁਣਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਜ ਤੱਤ ਕਰੇ ਕੁੜਮਾਈਆ । ਸ਼ਬਦੀ ਸ਼ਬਦ ਸੱਚਾ ਸਿਕਦਾਰ, ਸ਼ਾਹ ਪਾਤਸ਼ਾਹ ਇਕ ਪਰਗਟਾਈਆ । ਲੱਖ ਚੁਰਾਸੀ ਵਣਜ ਵਾਪਾਰ, ਘੜ ਭਾਂਡੇ ਵੇਖ ਵਖਾਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦਰਬਾਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਆਪਣਾ ਮਾਰਗ ਆਪੇ ਦੱਸ, ਹਰਿ ਆਪਣੀ ਦਇਆ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਮੰਤਰ ਦੱਸ, ਆਪਣਾ ਭੇਵ ਖੁਲ੍ਹਾਇੰਦਾ । ਏਕਾ ਦੇਵੇ ਸਾਚਾ ਰਸ, ਅੰਮ੍ਰਿਤ ਰਸ ਆਪ ਚੁਆਇੰਦਾ । ਮੇਲ ਮਿਲਾਵਾ ਹੱਸ ਹੱਸ, ਦਰ ਘਰ ਸਾਚਾ ਆਪ ਵਖਾਇੰਦਾ । ਤੀਰ ਨਿਰਾਲਾ ਮਾਰੇ ਕਸ, ਸ਼ਬਦੀ ਬਾਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਖਿਲਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਆਦਿ ਪੁਰਖ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਦੇ ਦਾਨ, ਏਕਾ ਮੰਤ ਸਮਝਾਈਆ । ਲੱਖ ਚੁਰਾਸੀ ਜਗਤ ਨਿਸ਼ਾਨ, ਜੀਵ ਜੰਤ ਵਡਿਆਈਆ । ਵੰਡੇ ਵੰਡ ਵਡ ਮਿਹਰਵਾਨ, ਵੰਡਣਹਾਰਾ ਇਕ ਹੋ ਆਈਆ । ਨਿਰਗੁਣ ਸਰਗੁਣ ਕਰ ਪਰਧਾਨ, ਸਾਖਿਆਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਨਿਰਗੁਣ ਸਰਗੁਣ ਸਾਚੀ ਧਾਰ, ਹਰਿ ਸਾਚਾ ਸਚ ਚਲਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰ, ਨਿਰਗੁਣ ਆਪਣੇ ਰੰਗ ਰੰਗਾਇੰਦਾ । ਲੱਖ ਚੁਰਾਸੀ ਕਰ ਤਿਆਰ, ਘਟ ਘਟ ਆਪਣਾ ਰੂਪ ਟਿਕਾਇੰਦਾ । ਪੰਜ ਤੱਤ ਮੇਲਾ ਕੰਤ ਭਤਾਰ, ਸੁਰਤੀ ਸ਼ਬਦ ਬੰਧਨ ਪਾਇੰਦਾ । ਨਾਤਾ ਜੋੜ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਸੰਗ ਰਖਾਇੰਦਾ । ਆਤਮ ਧੁੰਨ ਸ਼ਬਦ ਜੈਕਾਰ, ਸ਼ਬਦ ਪੰਜ ਏਕਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਸ ਵਟਾਇੰਦਾ । ਲੱਖ ਚੁਰਾਸੀ ਅੰਦਰ ਵੜ, ਨਿਰਗੁਣ ਆਪਣਾ ਖੇਲ ਕਰਾਇੰਦਾ । ਸ਼ਬਦ ਅਗੰਮੀ ਏਕਾ ਪੜ੍ਹ, ਭੇਵ ਅਭੇਦ ਜਣਾਇੰਦਾ । ਕਰ ਪਰਕਾਸ਼ ਬਹੱਤਰ ਨੜ, ਸਾਚਾ ਬੰਧਨ ਆਪ ਰਖਾਇੰਦਾ । ਲੇਖਾ ਜਾਣੇ ਚੋਟੀ ਜੜ੍ਹ, ਬ੍ਰਹਿਮੰਡ ਖੰਡ ਫੋਲ ਫੁਲਾਇੰਦਾ । ਕਰੇ ਖੇਲ ਏਕਾ ਹਰਿ, ਹਰੀ ਨਰਾਇਣ ਆਪਣਾ ਖੇਲ ਰਚਾਇੰਦਾ । ਆਦਿ ਜੁਗਾਦੀ ਪੁਰਖ ਨਰ, ਨਰ ਨਰਾਇਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਇੰਦਾ । ਲੱਖ ਚੁਰਾਸੀ ਪਾਵੇ ਬੰਧਨ, ਪਾਰਬ੍ਰਹਮ ਵਡੀ ਵਡਿਆਈਆ । ਘਰ ਘਰ ਮਸਤਕ ਲਾਏ ਚੰਦਨ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਲੇਖਾ ਜਾਣੇ ਪਰਮਾਨੰਦਨ, ਨਿਜ਼ਾ ਨੰਦ ਕਰੇ ਰਸਾਈਆ । ਭੇਵ ਖੁਲ੍ਹਾਏ ਬੱਤੀ ਦੰਦਨ, ਰਸਨਾ ਜਿਹਵਾ ਨਾਲ ਮਿਲਾਈਆ । ਲੇਖਾ ਜਾਣੇ ਬ੍ਰਹਿਮੰਡ ਖੰਡ ਖੰਡਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪਣੇ ਹੱਥ ਰਖਾਈਆ । ਆਪਣਾ ਰਾਹ ਰੱਖੇ ਹੱਥ, ਹਰਿ ਵੱਡਾ ਵਡ ਵਡਿਆਈਆ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਨਿਰਗੁਣ ਰੂਪ ਸਰਬ ਕਲਾ ਸਮਰਥ, ਬੇਅੰਤ ਵਡੀ

ਵਡਿਆਈਆ । ਲੱਖ ਚੁਰਾਸੀ ਪਾਏ ਨੱਥ, ਨਾਮ ਡੋਰੀ ਹੱਥ ਉਠਾਈਆ । ਸਾਚਾ ਮਾਰਗ ਆਪੇ ਦੱਸ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਘਟ ਘਟ ਅੰਤਰ ਆਪੇ ਵਸ, ਗ੍ਰਹਿ ਗ੍ਰਹਿ ਡੇਰਾ ਲਾਈਆ । ਵੇਦ ਪੁਰਾਨ ਗਾਏ ਜਸ, ਸ਼ਾਸਤਰ ਸਿਮਰਤ ਨਾਲ ਰਲਾਈਆ । ਸਰਗੁਣ ਕਰੇ ਪੂਰੀ ਆਸ, ਗੁਰ ਗੁਰ ਰੂਪ ਵਟਾਈਆ । ਜੋਤੀ ਜਾਤਾ ਕਰ ਪਰਕਾਸ਼, ਅਗਿਆਨ ਅੰਧੇਰ ਗਵਾਈਆ । ਲੇਖਾ ਜਾਣੇ ਪਵਣ ਸਵਾਸ, ਪਵਣ ਪਵਣਾਂ ਵਿਚ ਸਮਾਈਆ । ਆਪੇ ਕਰੇ ਪੂਰੀ ਆਸ, ਵਡ ਦਾਤਾ ਸ਼ਹਿਨਸ਼ਾਹੀਆ । ਲੱਖ ਚੁਰਾਸੀ ਖੇਲ ਤਮਾਸ਼, ਜੁਗ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਭੇਵ ਆਪ ਜਣਾਈਆ । ਆਦਿ ਪੁਰਖ ਹਰਿ ਖੇਲ ਅਪਾਰਾ, ਆਦਿ ਆਦਿ ਕਰਾਇਆ । ਜੁਗ ਚੌਕੜੀ ਬਣ ਵਣਜਾਰਾ, ਸਾਚਾ ਵਣਜ ਵਖਾਇਆ । ਸਾਚੀ ਵੰਡਨ ਵੰਡੇ ਵਿਚ ਸੰਸਾਰਾ, ਸਾਚੀ ਵੰਡ ਰਖਾਇਆ । ਵਿਸ਼ਨ ਬ੍ਰਹਮਾ ਸ਼ਿਵ ਪਾਵੇ ਸਾਰਾ, ਤ੍ਰੈਗੁਣ ਅਤੀਤਾ ਤ੍ਰੈ ਤ੍ਰੈ ਮੇਲ ਮਿਲਾਇਆ । ਪੰਜ ਤੱਤ ਤੱਤ ਅਖਾੜਾ, ਨਵ ਨੌਂ ਨਾਚ ਨਚਾਇਆ । ਸ਼ਬਦ ਅਗੰਮੀ ਸਾਚਾ ਲਾੜਾ, ਘਰ ਘਰ ਆਪ ਬਹਾਇਆ । ਬਹੱਤਰ ਨਾੜੀ ਵੱਜੇ ਤਾੜਾ, ਅਨਹਦ ਨਾਦੀ ਨਾਦ ਵਜਾਇਆ । ਵੇਖੇ ਵਿਗਸੇ ਵੇਖਣਹਾਰਾ, ਦਿਸ ਕਿਸੇ ਨਾ ਆਇਆ । ਕਰੇ ਖੇਲ ਅਪਰ ਅਪਾਰਾ, ਅਪਰੰਪਰ ਆਪਣਾ ਰੂਪ ਵਟਾਇਆ । ਸਚਖੰਡ ਨਿਵਾਸੀ ਹੋ ਉਜਿਆਰਾ, ਨਿਰਗੁਣ ਸਰਗੁਣ ਕਰੇ ਰੁਸ਼ਨਾਇਆ । ਨਾਮ ਅਮੁਲ ਸੱਚਾ ਭੰਡਾਰਾ, ਜੀਵ ਜੰਤ ਆਪ ਵਰਤਾਇਆ । ਹੁਕਮੀ ਹੁਕਮ ਸਚ ਫ਼ਰਮਾਣਾ, ਧੁਰ ਫ਼ਰਮਾਣਾ ਇਕ ਸੁਣਾਇਆ । ਤਖ਼ਤ ਨਿਵਾਸੀ ਸਾਚਾ ਰਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇਆ । ਆਪਣਾ ਭੇਵ ਹਰਿਜੂ ਖੋਲ੍ਹ, ਏਕਾ ਕਰੇ ਪੜ੍ਹਾਈਆ । ਨਿਰਗੁਣ ਅੰਦਰ ਨਿਰਗੁਣ ਬੋਲ, ਆਪਣੀ ਬੂਝ ਬੁਝਾਈਆ । ਆਪੇ ਤੋਲੇ ਸਾਚਾ ਤੋਲ, ਤੋਲਣਹਾਰਾ ਇਕ ਅਖਵਾਈਆ । ਆਦਿ ਜੁਗਾਦਿ ਰਹੇ ਅਡੋਲ, ਸਚਖੰਡ ਵਸੇ ਸੱਚਾ ਮਾਹੀਆ । ਹਰ ਘਟ ਅੰਤਰ ਆਪੇ ਮੌਲ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਚੁਕਾਈਆ । ਆਪਣਾ ਪੜਦਾ ਦੇਵੇ ਚੁੱਕ, ਸੋ ਪੁਰਖ ਨਿਰੰਜਣ ਬੇਪਰਵਾਹਿਆ । ਸਚਖੰਡ ਦੁਆਰੇ ਆਪੇ ਉਠ, ਆਪ ਆਪਣਾ ਬਲ ਧਰਾਇਆ । ਸਰਗੁਣ ਉਪਰ ਹਰਿ ਜੂ ਤੁਠ, ਦੀਨਨ ਦਇਆ ਕਮਾਇਆ । ਅੰਮ੍ਰਿਤ ਸਰੋਵਰ ਸਾਚਾ ਘੁੱਟ, ਏਕਾ ਰਸ ਪਿਆਇਆ । ਨਿਰਮਲ ਨੂਰ ਜਗਾਏ ਜੋਤ, ਅੰਧ ਅੰਧੇਰ ਗਵਾਇਆ । ਪੰਜ ਤੱਤ ਕਾਇਆ ਕਿਲਾ ਕੋਟ, ਸਾਚਾ ਮੰਦਰ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਰੰਗ ਰੰਗਾਇਆ । ਲੱਖ ਚੁਰਾਸੀ ਰੰਗਿਆ ਰੰਗ, ਹਰਿ ਆਪਣੀ ਦਇਆ ਕਮਾਈਆ । ਘਟ ਘਟ ਅੰਦਰ ਸੇਜ ਪਲੰਘ, ਆਤਮ ਰਾਮ ਹੰਢਾਈਆ । ਸ਼ਬਦ ਅਨਾਦ ਅਗੰਮ ਮਰਦੰਗ, ਅਨਾਦੀ ਨਾਦ ਸੁਣਾਈਆ । ਨਵ ਨੌਂ ਦੁਆਰੇ ਆਪੇ ਲੰਘ, ਘਰ ਵੇਖੇ ਚਾਈਂ ਚਾਈਂਆ । ਲੇਖਾ ਜਾਣੇ ਕੋਟ ਬ੍ਰਹਿਮੰਡ, ਬ੍ਰਹਿਮੰਡ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡ ਆਪ ਵੰਡਾਈਆ । ਸਾਚੀ ਵੰਡ ਹਰਿ ਨਿਰੰਕਾਰ, ਏਕਾ ਏਕ ਕਰਾਇੰਦਾ । ਲੇਖਾ ਜਾਣੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਮ ਰਖਾਇੰਦਾ । ਆਪਣਾ ਭੇਵ ਖੁਲ੍ਹਾਏ ਬਾਣੀ ਚਾਰ, ਪਰਾ ਪਸੰਤੀ ਮਧਮ ਬੈਖਰੀ ਖੇਲ ਕਰਾਇੰਦਾ । ਨਾਤਾ ਜੋੜ ਵਰਨ ਚਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚੀ ਵੰਡ ਆਪਣੇ ਹੱਥ ਰਖਾਇੰਦਾ । ਸਾਚੀ ਵੰਡ ਪੁਰਖ ਅਕਾਲ, ਆਦਿ ਆਪਣੇ ਹੱਥ ਰਖਾਈਆ । ਸ਼ਬਦੀ ਗੁਰ ਕਰ ਦਲਾਲ, ਲੋਕਮਾਤ ਰੂਪ ਵਟਾਈਆ । ਅੰਤ ਲੇਖਾ ਜਾਣੇ ਹੱਕ ਹਲਾਲ, ਹਕੀਕ਼ਤ ਵੇਖੇ ਥਾਉਂ ਥਾਈਆ । ਜੋਤੀ ਜਲਵਾ ਨੂਰ ਜਲਾਲ, ਨੂਰ ਨੂਰਾਨਾ ਡਗਮਗਾਈਆ । ਵਸਣਹਾਰਾ ਸਾਚੀ ਧਰਮਸਾਲ, ਸਚਖੰਡ ਸੋਭਾ ਪਾਈਆ । ਬ੍ਰਹਿਮੰਡ ਖੰਡ ਵਸੇ ਗਗਨ ਪਾਤਾਲ, ਲੋਆਂ ਪੁਰੀਆਂ ਫੋਲ ਫੁਲਾਈਆ । ਲੱਖ ਚੁਰਾਸੀ ਵੱਜੇ ਤਾਲ, ਤਾਲ ਤਲਵਾੜਾ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਨਿਰੰਕਾਰ, ਆਪਣੀ ਧਾਰ ਚਲਾਇੰਦਾ । ਜੁਗ ਚੌਕੜੀ ਕਰ ਤਿਆਰ, ਤ੍ਰੈ ਤ੍ਰੈ ਮੇਲਾ ਮੇਲ ਮਿਲਾਇੰਦਾ । ਸ਼ਬਦੀ ਸ਼ਬਦ ਸ਼ਬਦ ਪਸਾਰ, ਗੁਰ ਗੁਰ ਰੂਪ ਵਟਾਇੰਦਾ । ਗੁਰ ਗੁਰ ਰੂਪ ਮਾਤ ਧਾਰ, ਲੋਕ ਪਰਲੋਕ ਖੇਲ ਕਰਾਇੰਦਾ । ਦੋ ਜਹਾਨਾਂ ਹੋ ਤਿਆਰ, ਨਿਰਗੁਣ ਆਪਣਾ ਰਾਗ ਅਲਾਇੰਦਾ । ਸਰਗੁਣ ਦੇਵੇ ਇਕ ਸਹਾਰ, ਏਕਾ ਨਾਦ ਵਜਾਇੰਦਾ । ਏਕਾ ਜੋਤੀ ਜੋਤ ਉਜਿਆਰ, ਨੂਰ ਨੂਰਾਨਾ ਡਗਮਗਾਇੰਦਾ । ਚਰਨ ਸਰਨ ਸਰਨ ਚਰਨ ਇਕ ਸਹਾਰ, ਪੁਰਖ ਅਬਿਨਾਸ਼ੀ ਆਪ ਜਣਾਇੰਦਾ । ਕਾਗਜ਼ ਕਲਮ ਨਾ ਲਿਖਣਹਾਰ, ਬ੍ਰਹਮਾ ਵੇਤਾ ਭੇਵ ਨਾ ਪਾਇੰਦਾ । ਚਾਰ ਵੇਦ ਕਰਨ ਪੁਕਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਪਾਰਬ੍ਰਹਮ ਪ੍ਰਭ ਖੇਲ ਨਿਆਰ, ਆਪਣਾ ਖੇਲ ਆਪ ਕਰਾਇੰਦਾ । ਲੋਕਮਾਤ ਹੋ ਤਿਆਰ, ਸਰਗੁਣ ਆਪਣਾ ਬੰਧਨ ਪਾਇੰਦਾ । ਜੁਗਾ ਜੁਗੰਤਰ ਲਏ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਜੁਗ ਚੌਕੜੀ ਪਾਵੇ ਸਾਰ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਨਿਮਸਕਾਰ, ਦੋਏ ਦੋਏ ਜੋੜ ਸੀਸ ਸਰਬ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਚਲਾਇੰਦਾ । ਸਾਚਾ ਮਾਰਗ ਚਲੇ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਰੇ ਖੇਲ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਤ੍ਰੈਗੁਣ ਮਾਇਆ ਲਾਏ ਅੱਗ, ਬਿਨ ਸਤਿਗੁਰ ਪੂਰੇ ਸਕੇ ਨਾ ਕੋਇ ਬੁਝਾਈਆ । ਸ੍ਰਿਸ਼ਟ ਸਬਾਈ ਜਾਏ ਮਘ, ਸੀਤਲ ਧਾਰ ਨਾ ਕੋਇ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਖੇਲ ਆਪਣੇ ਹੱਥ ਰਖਾਈਆ । ਆਪਣੇ ਹੱਥ ਖੇਲ ਸ੍ਰੀ ਭਗਵਾਨ, ਆਦਿ ਜੁਗਾਦਿ ਰਖਾਇਆ । ਜੁਗ ਜੁਗ ਦੇਵੇ ਸਾਚਾ ਦਾਨ, ਨਾਮ ਅਮੋਲਕ ਝੋਲੀ ਪਾਇਆ । ਗੁਰ ਅਵਤਾਰ ਜਗਤ ਨਿਸ਼ਾਨ, ਨਿਰਗੁਣ ਆਪਣਾ ਆਪ ਵਖਾਇਆ । ਹੁਕਮੀ ਹੁਕਮ ਧੁਰ ਫ਼ਰਮਾਣ, ਧੁਰਦਰਬਾਰੀ ਆਪ ਜਣਾਇਆ । ਭੂਪਤ ਭੂਪ ਰਾਜ ਰਾਜਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਵਿਚ ਛੁਪਾਇਆ । ਆਪਣਾ ਭੇਵ ਸ੍ਰੀ ਭਗਵੰਤ, ਆਦਿ ਜੁਗਾਦਿ ਨਾ ਕਿਸੇ ਜਣਾਇੰਦਾ । ਲੱਖ ਚੁਰਾਸੀ ਸਾਚਾ ਕੰਤ, ਸ੍ਰਿਸ਼ਟ ਸਬਾਈ ਸੇਜ ਹੰਢਾਇੰਦਾ । ਗੁਰ ਅਵਤਾਰ ਬਣਾਈ ਬਣਤ, ਪੀਰ ਪੈਗ਼ੰਬਰ ਸੇਵਾ ਲਾਇੰਦਾ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਘਟ ਘਟ ਆਪਣੀ ਜੋਤ ਜਗਾਇੰਦਾ । ਭੇਵ ਅਭੇਦਾ ਆਦਿ ਅੰਤ, ਜੁਗਾ ਜੁਗੰਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਚੁਕਾਇੰਦਾ । ਆਪਣਾ ਪੜਦਾ ਆਪੇ ਪਾ, ਜੁਗ ਜੁਗ ਖੇਲ ਕਰਾਇਆ । ਨਵ ਨੌਂ ਚਾਰ ਚੌਕੜੀ ਵੇਸ ਵਟਾ, ਗੁਰ ਅਵਤਾਰ ਰੰਗ ਰੰਗਾਇਆ । ਪੀਰ ਪੈਗ਼ੰਬਰ ਮਸਲਾ ਇਕ ਸੁਣਾ, ਅੱਲਾ ਇਕ ਨਾਉਂ ਧਰਾਇਆ । ਸਾਚਾ ਸਯਦਾ

ਸੀਸ ਝੁਕਾ, ਹੱਕ ਹਕ਼ੀਕ਼ਤ ਇਕ ਵਖਾਇਆ । ਲਾਸ਼ਰੀਕ ਇਕ ਖ਼ੁਦਾ, ਏਕਾ ਨੂਰ ਨੂਰ ਦਰਸਾਇਆ । ਬੇਐਬ ਬੇਪਰਵਾਹ, ਆਪ ਆਪਣਾ ਰੰਗ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਪਣਾ ਗੇੜਾ ਆਪ ਭੁਵਾਇਆ । ਜੁਗ ਜੁਗ ਗੇੜਾ ਗੇੜਨਹਾਰ, ਆਦਿ ਪੁਰਖ ਅਖਵਾਇਆ । ਸਤਿਜੁਗ ਤ੍ਰੇਤਾ ਦੁਆਪਰ ਉਤਰੇ ਪਾਰ, ਕੋਟਨ ਕੋਟ ਰੂਪ ਵਟਾਇਆ । ਗੁਰ ਅਵਤਾਰ ਬਣ ਬਣ ਸੇਵਾਦਾਰ, ਜੁਗ ਜੁਗ ਗਏ ਸਮਝਾਇਆ । ਪੀਰ ਪੈਗ਼ੰਬਰ ਬੋਲ ਨਾਅਰ, ਐਨਲਹਕ ਗਏ ਸਮਝਾਇਆ । ਕਾਗਦ ਕਲਮ ਬਣ ਬਣ ਲਿਖਾਰ, ਲਿਖ ਲਿਖ ਲੇਖ ਗਏ ਜਣਾਇਆ । ਹਰਿ ਕਾ ਅੰਤ ਨਾ ਪਾਰਾਵਾਰ, ਬੇਅੰਤ ਨਾਮ ਖ਼ੁਦਾਇਆ । ਲੇਖਾ ਜਾਣੇ ਧੁਰਦਰਗਾਹੀ ਧੁਰ ਦਰਬਾਰ, ਸਾਚੇ ਤਖ਼ਤ ਸੱਚਾ ਸ਼ਹਿਨਸ਼ਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਇਆ । ਸਾਚਾ ਖੇਲ ਸ੍ਰੀ ਭਗਵਾਨ, ਆਪਣਾ ਆਪ ਰਚਾਈਆ । ਜੁਗ ਚੌਕੜੀ ਹੋ ਪਰਧਾਨ, ਨਿਰਗੁਣ ਸਰਗੁਣ ਦਏ ਵਡਿਆਈਆ । ਨਵ ਨੌਂ ਵੇਖੇ ਧਿਆਨ ਵਿਚ ਜਹਾਨ, ਚਾਰ ਚਾਰ ਕੁੜਮਾਈਆ । ਇਕ ਇਕੱਲਾ ਵਡ ਮਿਹਰਵਾਨ, ਦੂਜੀ ਕੁਦਰਤ ਵੰਡ ਵੰਡਾਈਆ । ਤੀਜੇ ਨੇਤਰ ਸਚ ਗਿਆਨ, ਚੌਥੇ ਪਦ ਰਿਹਾ ਸਮਝਾਈਆ । ਪੰਚਮ ਮੇਲਾ ਹਰਿ ਭਗਵਾਨ, ਛੇਵੇਂ ਛੱਪਰ ਛੰਨ ਨਾ ਕੋਈ ਛੁਹਾਈਆ । ਸੱਤਵੇਂ ਸਤਿ ਸਤਿਵਾਦੀ ਨੌਜਵਾਨ, ਨਾ ਮਰੇ ਨਾ ਜਾਈਆ । ਅੱਠਾਂ ਤੱਤਾਂ ਦੇਵੇ ਦਾਨ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤ ਬੁਧ ਬੰਧਨ ਪਾਈਆ । ਨੌਂ ਦੁਆਰੇ ਖੋਲ੍ਹ ਦੁਕਾਨ, ਜਗਤ ਵਿਦਿਆ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਈਆ । ਜੁਗ ਜੁਗ ਵੇਸ ਅਵੱਲੜਾ, ਕਰੇ ਕਰਾਏ ਕਰਨੇਹਾਰ । ਜੋਤੀ ਸ਼ਬਦੀ ਆਪੇ ਰਲੜਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਅਪਾਰ । ਨਾਮ ਨਿਧਾਨ ਫੜਾਏ ਪਲੜਾ ਦੋ ਜਹਾਨਾਂ ਪਾਵੇ ਸਾਰ । ਸਚ ਸਿੰਘਾਸਣ ਏਕਾ ਮਲੜਾ, ਸਚਖੰਡ ਨਿਵਾਸੀ ਸੱਚੀ ਸਰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਸਾਚੀ ਕਾਰ । ਕਾਰ ਕਰਾਏ ਕਰਨੇਹਾਰਾ, ਕਰਤਾ ਪੁਰਖ ਵਡੀ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬੀਤੇ ਵਾਰੋ ਵਾਰ, ਲੋਕਮਾਤ ਫੇਰਾ ਪਾਈਆ । ਸੇਵਾ ਕਰ ਕਰ ਗਏ ਗੁਰ ਅਵਤਾਰ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਪੀਰ ਪੈਗ਼ੰਬਰ ਕਰ ਪਿਆਰ, ਨਿਉਂ ਨਿਉਂ ਮੰਗ ਮੰਗਾਈਆ । ਭਗਤ ਭਗਵੰਤ ਬੋਲ ਜੈਕਾਰ, ਜੈ ਜੈਕਾਰ ਗਏ ਸੁਣਾਈਆ । ਸੰਤ ਸੱਜਣ ਮੰਗ ਮੰਗ ਚਰਨ ਧੂੜੀ ਸ਼ਾਰ, ਮਸਤਕ ਟਿੱਕਾ ਧੂੜ ਲਗਾਈਆ । ਗੁਰਮੁਖ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਗੁਰਸਿਖ ਮੰਗਣ ਦਰਸ ਦੀਦਾਰ, ਨੇਤਰ ਨੈਣ ਨੈਣ ਉਠਾਈਆ । ਮੁਰਸ਼ਦ ਮੁਰੀਦ ਕਿਸ ਬਿਧ ਦਏ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਕਾਇਆ ਕਾਅਬਾ ਖੋਲ੍ਹ ਕਿਵਾੜ, ਦੋ ਦੋ ਆਬਾ ਆਬੇ ਹਯਾਤ ਪਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਜਗ ਖੇਲ ਵਰਤਾਇਆ, ਪਾਰਬ੍ਰਹਮ ਬੇਅੰਤ । ਜੁਗ ਚੌਕੜੀ ਪੰਧ ਮੁਕਾਇਆ, ਵੇਖਣਹਾਰਾ ਜੁਗਾਂ ਜੁਗੰਤ । ਗੁਰ ਅਵਤਾਰ ਸੇਵਾ ਲਾਇਆ, ਕਰੇ ਖੇਲ ਸ੍ਰੀ ਭਗਵੰਤ । ਵੇਦ ਸ਼ਾਸਤਰ ਸਿਮਰਤ ਆਪ ਪੜ੍ਹਾਇਆ, ਇਕ ਸੁਣਾਇਆ ਮਣੀਆ ਮੰਤ । ਰਾਗ ਅਨਾਦੀ ਆਪ ਅਲਾਇਆ, ਖੇਲੇ ਖੇਲ ਆਦਿ ਅੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸਦਾ ਸਦਾ ਬੇਅੰਤ । ਬੇਅੰਤ ਹੋਇਆ ਆਪ ਨਿਰੰਕਾਰ, ਭੇਵ ਕੋਇ ਨਾ ਪਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਵਿਚ ਸੰਸਾਰ,

ਗੁਰ ਅਵਤਾਰ ਸੇਵ ਲਗਾਇੰਦਾ । ਦੇ ਦੇ ਆਪਣਾ ਨਾਮ ਅਧਾਰ, ਸਾਚੀ ਸਿਖਿਆ ਇਕ ਸਮਝਾਇੰਦਾ । ਰਸਨਾ ਬੋਲ ਜੈ ਜੈਕਾਰ, ਸਿਫ਼ਤੀ ਸਿਫ਼ਤ ਸਿਫ਼ਤ ਸਲਾਹਿੰਦਾ । ਕਾਗਦ ਕਲਮ ਕਰ ਵਿਹਾਰ, ਜਗਤ ਸ਼ਾਹੀ ਬੰਧਨ ਪਾਇੰਦਾ । ਅੱਖਰ ਵੱਖਰ ਕਰ ਤਿਆਰ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਜਿਸ ਨਾਮ ਨੂੰ ਲੱਭੇ ਲੱਖ ਚੁਰਾਸੀ ਜੀਵ ਜੰਤ ਵਿਚ ਸੰਸਾਰ, ਸੋ ਦਿਸ ਕਿਸੇ ਨਾ ਆਇੰਦਾ । ਅੱਖਰ ਪੜ੍ਹ ਪੜ੍ਹ ਕਰਨ ਵਿਚਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪਰਨਾਇੰਦਾ । ਗੁਰ ਅਵਤਾਰ ਹਿਰਦੇ ਕਰ ਕਰ ਗਏ ਧਿਆਨ, ਦੋਏ ਦੋਏ ਜੋੜ ਮੰਗਣ ਦਾਨ, ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣਾ ਨਾਮ ਝੋਲੀ ਪਾਇੰਦਾ । ਬਿਨ ਰਸਨਾ ਦੇਵੇ ਗਿਆਨ, ਬਿਨ ਪੜ੍ਹਿਆਂ ਵਖਾਏ ਨਿਸ਼ਾਨ, ਬਿਨ ਚਾਰ ਦੀਵਾਰੀ ਵਸੇ ਮਕਾਨ, ਸੂਰਜ ਚੰਦ ਨਾ ਕੋਇ ਸੁਹਾਨ, ਮੰਡਲ ਮੰਡਪ ਨਾ ਕੋਇ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਬੰਧਨ ਪਾਇੰਦਾ । ਜੁਗ ਚੌਕੜੀ ਖੇਲ ਅਵੱਲਾ, ਹਰਿ ਜੂ ਆਪ ਕਰਾਇੰਦਾ । ਪਹਿਲੋਂ ਵਸਾਇਆ ਸਚਖੰਡ ਮਹੱਲਾ, ਦੂਜੇ ਥਿਰ ਘਰ ਡੇਰਾ ਲਾਇੰਦਾ । ਤੀਜੇ ਵਿਸ਼ਨ ਬ੍ਰਹਮਾ ਸ਼ਿਵ ਫੜਾਇਆ ਪੱਲਾ, ਚੌਥੇ ਤ੍ਰੈ ਤ੍ਰੈ ਮੇਲਾ ਮੇਲ ਮਿਲਾਇੰਦਾ । ਪੰਚਮ ਪੰਜ ਤੱਤ ਕਾਇਆ ਹੱਲਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਬੰਧਨ ਪਾਇੰਦਾ । ਛੇਵੇਂ ਨਿਰਗੁਣ ਸਰਗੁਣ ਅੰਦਰ ਵੜਿਆ ਬਣ ਕੇ ਝੱਲਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸਤਵੇਂ ਸਤਿ ਸਤਿਵਾਦੀ ਆਪ ਫੜਾਇਆ ਆਪਣਾ ਪੱਲਾ, ਏਕਾ ਬੰਧਨ ਪਾਇੰਦਾ । ਅੱਠਵੇਂ ਅੱਠਾਂ ਤੱਤਾਂ ਅੱਗੇ ਖਲਾ, ਮਨ ਮਤ ਬੁਧ ਨਾਲ ਰਲਾਇੰਦਾ । ਨਾਵੇਂ ਨੌਂ ਦਰ ਦਰਵੇਸ਼ ਕਰ ਕਰ ਮੇਲਾ, ਆਸਾ ਤ੍ਰਿਸਨਾ ਬੰਧਨ ਪਾਇੰਦਾ । ਦਸਵੇਂ ਦਹਿ ਦਿਸ਼ਾ ਵੇਖਣਹਾਰਾ ਵਸਣਹਾਰਾ ਉਚ ਮਹੱਲਾ, ਅਟੱਲ ਆਪਣਾ ਨਾਉਂ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੱਖ ਚੁਰਾਸੀ ਅੰਦਰ ਵੜ ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਸਰਗੁਣ ਬੱਧਾ ਨਾਤਾ ਲੋਕਮਾਤ ਮਾਰ ਝਾਤ ਇਕ ਇਕਾਂਤ ਧਿਆਨ ਸ੍ਰੀ ਭਗਵਾਨ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਰੰਗ ਵਖਾਇੰਦਾ । ਬ੍ਰਹਿਮੰਡ ਖੰਡ ਘਾੜਨ ਘੜ, ਹਰਿ ਅਚਰਜ ਖੇਲ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਬਹਾਏ ਫੜ, ਆਪਣਾ ਹੁਕਮ ਸੁਣਾਈਆ । ਗੁਰ ਅਵਤਾਰ ਧਰਨੀ ਧਰਤ ਧਵਲ ਉਪਰ ਧਰ, ਪੰਜ ਤੱਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਆਪਣਾ ਖੇਲ ਆਪ ਵਰਤਾਈਆ । ਸਚਖੰਡ ਨਿਵਾਸੀ ਏਕੰਕਾਰ, ਅਕਲ ਕਲਾ ਅਖਵਾਇੰਦਾ । ਆਦਿ ਪੁਰਖ ਕਰ ਪਸਾਰ, ਪੁਰਖ ਨਿਰੰਜਣ ਧਾਰ ਚਲਾਇੰਦਾ । ਸੇਵਾ ਲਾ ਗੁਰ ਅਵਤਾਰ, ਜੁਗ ਚੌਕੜੀ ਵੰਡ ਵੰਡਾਇੰਦਾ । ਭਗਤਾਂ ਦੇਵੇ ਨਾਮ ਆਧਾਰ, ਵਸਤ ਅਮੋਲਕ ਇਕ ਵਰਤਾਇੰਦਾ । ਸੰਤਾਂ ਖੋਲ੍ਹੇ ਬੰਦ ਕਿਵਾੜ, ਸਾਖਆਤ ਰੂਪ ਵਟਾਇੰਦਾ । ਗੁਰਮੁਖਾਂ ਦੇਵੇ ਇਕ ਸਹਾਰ, ਸਿਰ ਆਪਣਾ ਹੱਥ ਰਖਾਇੰਦਾ । ਗੁਰਸਿਖਾਂ ਮੇਲ ਮਿਲਾਏ ਵਿਚ ਸੰਸਾਰ, ਸੰਸਾਰ ਸਾਗਰ ਪਾਰ ਕਰਾਇੰਦਾ । ਲੱਖ ਚੁਰਾਸੀ ਵੇਖੇ ਵਾਰੋ ਵਾਰ, ਜੁਗ ਜੁਗ ਆਪਣਾ ਰੂਪ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ ਕਿਨਾਰ, ਥਿਰ ਕੋਇ ਰਹਿਣ ਨਾ ਪਾਇੰਦਾ । ਨਵ ਨੌਂ ਪੰਧ ਮੁਕਾ ਅੰਤਮ ਵਾਰ, ਚਾਰ ਚਾਰ ਸੰਗ ਨਾ ਕੋਇ ਨਿਭਾਇੰਦਾ । ਰਾਤੀ ਰੁੱਤੀ ਥਿਤੀ ਨਾ ਕੋਈ ਵਾਰ, ਸੂਰਜ ਚੰਦ ਨਾ ਗਣਤ ਗਣਾਇੰਦਾ । ਪੁਰਖ ਅਬਿਨਾਸ਼ੀ ਹੋ ਨਿਆਰ, ਆਪ ਆਪਣਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ ਪਾਰਬ੍ਰਹਮ

ਬ੍ਰਹਮ ਰੂਪ ਅਨੂਪ ਸਤਿ ਸਰੂਪ ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਆਦਿ ਜੁਗਾਦੀ ਆਪਣੀ ਖੇਲ ਆਪ ਵਰਤਾਇੰਦਾ । ਆਪਣੀ ਖੇਲ ਵਰਤੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਜੁਗ ਚੌਕੜੀ ਪਾਰ ਕਿਨਾਰ, ਲੱਖ ਚੁਰਾਸੀ ਲੇਖਾ ਦਏ ਸਮਝਾਈਆ । ਕਲਜੁਗ ਆਈ ਅੰਤਮ ਵਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਧਰਨੀ ਧਰਤ ਧਵਲ ਕਰੇ ਪੁਕਾਰ, ਖੁਲ੍ਹੜੇ ਕੇਸ ਰਹੀ ਵਖਾਈਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਸ਼ੰਕਰ ਕਰੇ ਇਕ ਪੁਕਾਰ, ਦੋਏ ਜੋੜ ਜੋੜ ਸਰਨਾਈਆ । ਸੇਵਾ ਤੇਰੀ ਕਰ ਕਰ ਗਏ ਹਾਰ, ਤੇਰਾ ਅੰਤ ਕੋਇ ਨਾ ਆਈਆ । ਲੱਖ ਚੁਰਾਸੀ ਤੇਰਾ ਭੰਡਾਰ, ਮੁੱਕ ਕਦੇ ਨਾ ਜਾਈਆ । ਕਿਰਪਾ ਕਰ ਆਪ ਨਿਰੰਕਾਰ, ਤੇਰੇ ਹੱਥ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸ੍ਰੀ ਭਗਵਾਨ, ਏਕਾ ਸ਼ਬਦ ਜਣਾਇੰਦਾ । ਵਿਸ਼ਨੂੰ ਵੇਖ ਕਰ ਧਿਆਨ, ਵਿਸ਼ਵ ਏਕਾ ਰੰਗ ਵਖਾਇੰਦਾ । ਬ੍ਰਹਮੇ ਤੇਰਾ ਬ੍ਰਹਮ ਦਾਨ, ਲੱਖ ਚੁਰਾਸੀ ਵਿਚ ਟਿਕਾਇੰਦਾ । ਸ਼ੰਕਰ ਤੇਰਾ ਅੰਤ ਨਿਸ਼ਾਨ, ਜਗਤ ਨਿਸ਼ਾਨਾ ਮੇਟ ਮਿਟਾਇੰਦਾ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣਾ ਰੂਪ ਵਖਾਇੰਦਾ । ਜੁਗ ਚੌਕੜੀ ਸਰਗੁਣ ਰੂਪ ਹੋ ਪਰਧਾਨ, ਪੰਜ ਤੱਤ ਕਾਇਆ ਚੋਲਾ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਜੁਗ ਚੌਕੜੀ ਖੇਲ ਅਪਾਰਾ, ਲੋਕਮਾਤ ਕਰਾਇਆ । ਕਲਜੁਗ ਅੰਤ ਹੋ ਤਿਆਰਾ, ਨਿਰਗੁਣ ਆਪਣਾ ਵੇਸ ਵਟਾਇਆ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦਰਬਾਰੀ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਇਆ । ਕਲਜੁਗ ਅੰਤਮ ਖੋਲ੍ਹੇ ਭੇਵ, ਅਭੇਦ ਵਡੀ ਵਡਿਆਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਲਾਏ ਸੇਵ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਈਆ । ਲੱਖ ਚੁਰਾਸੀ ਨਾਮ ਗਾਇਆ ਰਸਨਾ ਜਿਹਵ, ਬੱਤੀ ਦੰਦ ਦੰਦ ਸਾਲਾਹੀਆ । ਧਾਮ ਨਾ ਪਾਇਆ ਕਿਸੇ ਨਿਹਕੇਵ, ਨਿਹਚਲ ਮਿਲੀ ਨਾ ਕਿਸੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਖੇਲ ਆਪ ਵਰਤਾਈਆ । ਕਲਜੁਗ ਅੰਤਮ ਖੇਲ ਅਪਾਰਾ, ਨਿਰਗੁਣ ਦਾਤਾ ਆਪ ਕਰਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਸ਼ਬਦ ਅਗੰਮੀ ਇਕ ਜੈਕਾਰਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਆਪ ਮੁਕਾਇੰਦਾ । ਸਭ ਦਾ ਲੇਖਾ ਸ੍ਰੀ ਭਗਵੰਤ, ਆਪਣੇ ਹੱਥ ਰਖਾਈਆ । ਕਲਜੁਗ ਅੰਤਮ ਆਇਆ ਅੰਤ, ਅੰਤ ਦਏ ਕਰਾਈਆ । ਲੱਖ ਚੁਰਾਸੀ ਜੀਵ ਜੰਤ, ਜੀਵਣ ਜੁਗਤ ਗਏ ਭੁਲਾਈਆ । ਆਤਮ ਪਰਮਾਤਮ ਕਿਸੇ ਨਾ ਮਿਲਿਆ ਹਰਿਜੂ ਕੰਤ, ਨਾਰ ਦੁਹਾਗਣ ਰਹੀ ਕੁਰਲਾਈਆ । ਪੜ੍ਹ ਪੜ੍ਹ ਥੱਕੇ ਜੁਗਾ ਜੁਗੰਤ, ਆਤਮ ਅੰਤਰ ਨਾ ਕੋਇ ਪੜ੍ਹਾਈਆ । ਭਰਮੇ ਭੁੱਲੇ ਝੂਠੇ ਸੰਤ, ਮਾਇਆ ਮਮਤਾ ਪਈ ਲੜਾਈਆ । ਗੜ੍ਹ ਬਣਿਆ ਹਉਮੇ ਹੰਗਤ, ਆਸਾ ਤ੍ਰਿਸਨਾ ਕਰੀ ਕੁੜਮਾਈਆ । ਬਿਨ ਹਰਿ ਨਾਮੇ ਹੋਏ ਨੰਗਤ, ਸਚ ਦੁਸ਼ਾਲਾ ਕੋਇ ਨਾ ਪਾਈਆ । ਭੇਵ ਨਾ ਪਾਏ ਕੋਈ ਪੰਡਤ, ਮੁੱਲਾਂ ਸ਼ੇਖ਼ ਮੁਸਾਇਕ ਰਹੇ ਕੁਰਲਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਕੱਢ ਕੱਢ ਵਖਾਣ ਪਿਛਲੀ ਸੰਨਦ, ਨਾਮ ਸੰਨਦ ਅੰਤਰ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਨਿਰਗੁਣ ਲਏ ਅੰਗੜਾਈਆ । ਨਿਰਗੁਣ ਰੂਪ ਨਿਰਾਕਾਰ, ਨਿਰਵੈਰ

ਖੇਲ ਕਰਾਇੰਦਾ । ਸਚਖੰਡ ਦੁਆਰ ਹੋ ਉਜਿਆਰ, ਸਚਖੰਡ ਨਿਵਾਸੀ ਸੋਭਾ ਪਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਏਕੋ ਸੁਤ ਸ਼ਬਦ ਦੁਲਾਰ, ਮਹਾਂਬਲੀ ਆਪ ਜਗਾਇੰਦਾ । ਲੇਖਾ ਜਾਣੇ ਵਿਚ ਸੰਸਾਰ, ਜੀਵ ਜੰਤ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਕਲਜੁਗ ਅੰਤਮ ਦੱਸੇ ਖੇਲ, ਪਾਰਬ੍ਰਹਮ ਵਡੀ ਵਡਿਆਈਆ । ਸੱਜਣ ਸੰਤ ਸੁਹੇਲੇ ਆਪੇ ਮੇਲ, ਮੇਲ ਮਿਲਾਵਾ ਚਾਈਂ ਚਾਈਂਆ । ਦੀਪਕ ਜਗਾਏ ਬਿਨ ਬਾਤੀ ਤੇਲ, ਜੋਤੀ ਜੋਤ ਜੋਤ ਰੁਸ਼ਨਾਈਆ । ਅਚਰਜ ਪਾਰਬ੍ਰਹਮ ਪ੍ਰਭ ਖੇਲ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਵਖਾਈਆ । ਆਪਣਾ ਰੰਗ ਦੱਸੇ ਨਿਰੰਕਾਰ, ਕਲਜੁਗ ਅੰਤਮ ਆਇਆ । ਮਰਦੰਗ ਵੱਜੇ ਏਕੰਕਾਰ, ਇਕ ਇਕੱਲਾ ਦਏ ਸੁਣਾਇਆ । ਚਾਰ ਵਰਨ ਕਰੇ ਖ਼ਬਰਦਾਰ, ਚੌਥੇ ਜੁਗ ਸੋਇਆ ਕੋਇ ਰਹਿਣ ਨਾ ਪਾਇਆ । ਚਾਰ ਵੇਦ ਕਰੇ ਬੇਦਾਰ, ਚਾਰੇ ਬਾਣੀ ਦਏ ਹਿਲਾਇਆ । ਚਾਰੇ ਖਾਣੀ ਕਰੇ ਵਿਚਾਰ, ਅੰਡਜ ਜੇਰਜ ਉਤਭੁਜ ਸੇਤਜ ਪੜਦਾ ਲਾਹਿਆ । ਜੁਗ ਜੁਗ ਦਾ ਲਹਿਣਾ ਦੇਣਾ ਕਰਜ਼ ਦਏ ਉਤਾਰ, ਮਕਰੂਜ਼ ਆਪਣਾ ਫੇਰਾ ਪਾਇਆ । ਨੇਤਰ ਨੈਣਾਂ ਵੇਖੇ ਆਪ ਸੰਸਾਰ, ਏਕਾ ਨੈਣ ਆਪ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਕਲਜੁਗ ਅੰਤਮ ਲਹਿਣਾ ਲੈਣਾ, ਹਰਿ ਜੂ ਆਪਣੇ ਹੱਥ ਰੱਖੇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਭ ਨੇ ਭਾਣਾ ਸਹਿਣਾ, ਬਚਿਆ ਕੋਇ ਰਹਿਣ ਨਾ ਪਾਈਆ । ਲੇਖਾ ਜਾਣੇ ਦੋ ਜਹਾਨਾਂ ਸਾਕ ਸੱਜਣ ਸੈਣਾ, ਸਗਲਾ ਸੰਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਲੇਖਾ ਦਏ ਸਮਝਾਈਆ । ਆਪਣਾ ਲੇਖਾ ਬੋਧ ਅਗਾਧ, ਹਰਿਜੂ ਆਪ ਜਣਾਇੰਦਾ । ਪਕੜ ਉਠਾਏ ਕਲਜੁਗ ਸਾਧ, ਲੋਕਮਾਤ ਫੇਰਾ ਪਾਇੰਦਾ । ਪੂਜਾ ਪਾਠ ਵੇਖੇ ਧੁਨ ਸੰਖ ਨਾਦ, ਰੋਜ਼ਾ ਬਾਂਗ ਸਯਦਾ ਭੇਵ ਚੁਕਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਸੱਜਣ ਨਿਰਗੁਣ ਸਰਗੁਣ ਲਏ ਲਾਧ, ਘਰ ਘਰ ਆਪਣਾ ਫੇਰਾ ਪਾਇੰਦਾ । ਸ਼ਾਹ ਪਾਤਸ਼ਾਹ ਰਾਜ ਰਾਜਾਨ ਜੀਵ ਜਹਾਨ ਕਰਨ ਅਪਰਾਧ, ਆਪਣਾ ਬੇੜਾ ਨਾ ਕੋਇ ਉਠਾਇੰਦਾ । ਕਲਜੁਗ ਦਿਸੇ ਅੰਧੇਰੀ ਡੂੰਘੀ ਖਾਡ, ਕੰਢਾ ਪਾਰ ਨਾ ਕੋਇ ਕਰਾਇੰਦਾ । ਨੌਂ ਖੰਡ ਪ੍ਰਿਥਮੀ ਸਤ ਦੀਪ ਆਪਣਾ ਆਪਣਾ ਨਿਸ਼ਾਨਾ ਰਹੇ ਗਾਡ, ਅੰਤ ਨਿਸ਼ਾਨਾ ਕੋਇ ਰਹਿਣ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਕਰਨ ਫ਼ਰਯਾਦ, ਨੇਤਰ ਨੈਣ ਨੀਰ ਸਰਬ ਵਹਾਇੰਦਾ । ਗੋਬਿੰਦ ਸੂਰਾ ਕਰੇ ਯਾਦ, ਪੁਰਖ ਅਕਾਲ ਇਕ ਮਨਾਇੰਦਾ । ਮੁਹੰਮਦ ਕਹੇ ਮੇਰੀ ਮੁੱਕੀ ਮੁਨਿਆਦ, ਅੱਗੇ ਲੇਖਾ ਨਾ ਕੋਇ ਜਣਾਇੰਦਾ । ਈਸਾ ਕਹੇ ਮੇਰੀ ਅੰਤਮ ਹਾਦ, ਮੂਸਾ ਪੱਲੂ ਨਾ ਕੋਇ ਫੜਾਇੰਦਾ । ਰਾਮ ਕਹੇ ਮੈਂ ਰਾਮ ਨਾਮ ਗਿਆ ਛੱਡ, ਅੱਗੇ ਖਾਲੀ ਹੱਥ ਵਖਾਇੰਦਾ । ਕ੍ਰਿਸ਼ਨ ਕਹੇ ਮੈਂ ਆਪਣੀ ਹੱਥੀਂ ਮੇਟੀ ਯਾਦਵ ਯਦ, ਆਪਣੀ ਯਦ ਨਾ ਕੋਇ ਬਣਾਇੰਦਾ । ਭਗਤ ਕਹਿਣ ਭਗਵਾਨ ਕੋਲੋਂ ਅਸੀਂ ਲੈਣਾ ਅੱਧ, ਸਾਚੀ ਵੰਡਣ ਇਕ ਵਖਾਇੰਦਾ । ਸੰਤ ਕਹੇ ਕੋਟਨ ਕੋਟ ਰਾਜ ਰਾਜਾਨ ਗਏ ਲਦ, ਸ਼ਾਹ ਪਾਤਸ਼ਾਹ ਕੋਈ ਰਹਿਣ ਨਾ ਪਾਇੰਦਾ । ਗੁਰਮੁਖ ਕਹਿਣ ਪਾਰਬ੍ਰਹਮ ਪਤਿਪਰਮੇਸ਼ਵਰ ਆਪਣੇ ਦੁਆਰੇ ਲਏ ਸੱਦ, ਇਕੋ ਆਸ ਤਕਾਇੰਦਾ । ਗੁਰਸਿਖ ਕਹੇ ਸਤਿਗੁਰ ਮੇਰਾ ਲੱਖ ਚੁਰਾਸੀ ਨਾਲੋਂ ਕਰੇ ਅੱਡ, ਆਪਣੇ ਚਰਨਾਂ ਜੋੜ ਜੁੜਾਇੰਦਾ । ਪੁਰਖ ਅਕਾਲ ਕਹੇ ਮੈਂ ਪਰੇਮ ਅੰਦਰ ਗਿਆ ਬੱਝ, ਦੂਜਾ ਨਾਤਾ ਨਾ ਕੋਇ

ਰਖਾਇੰਦਾ । ਹਰਿਭਗਤ ਹਰਿਜਨ ਤੇਰੀ ਕਾਇਆ ਮੰਦਰ ਅੰਦਰ ਬੈਠਾ ਸਜ, ਮੰਦਰ ਮਸਜਿਦ ਗੁਰਦੁਆਰ ਹੱਥ ਕਿਸੇ ਨਾ ਆਇੰਦਾ । ਕਰ ਪਰੇਮ ਆਪਣੇ ਵਿਚੋਂ ਕੱਢ, ਤੇਰਾ ਪੜਦਾ ਆਪ ਉਠਾਇੰਦਾ । ਜਗਤ ਲਾਜ ਲੋਕ ਛੱਡ, ਲੱਜਿਆਵੰਤ ਤੇਰਾ ਮੇਲਾ ਮੇਲ ਮਿਲਾਇੰਦਾ । ਲੱਖ ਚੁਰਾਸੀ ਭਾਂਡਾ ਜਾਣਾ ਭੱਜ, ਵੇਲੇ ਅੰਤ ਨਾ ਕੋਇ ਬਚਾਇੰਦਾ । ਕੋਟਨ ਕੋਟ ਮੱਕੇ ਕਾਅਬੇ ਕਰਨ ਗਏ ਹੱਜ, ਸਾਚਾ ਇਮਾਮ ਨਜ਼ਰ ਕਿਸੇ ਨਾ ਆਇੰਦਾ । ਕੋਟਨ ਕੋਟ ਸੰਖ ਨਾਦ ਗੁਰ ਦਰ ਮੰਦਰ ਰਹੇ ਵੱਜ, ਆਤਮ ਧੁਨ ਨਾ ਕੋਇ ਸੁਣਾਇੰਦਾ । ਕੋਟਨ ਕੋਟ ਸਾਧ ਸੰਤ ਘਰ ਗਏ ਛੱਡ, ਮਨ ਕੀ ਵਾਸਨਾ ਨਾ ਕੋਇ ਮਿਟਾਇੰਦਾ । ਕੋਟਨ ਕੋਟ ਜਟਾ ਜੂਟ ਬੈਠੇ ਡੂੰਘੀ ਖੱਡ, ਕਾਇਆ ਕਵਰੀ ਭਵਰੀ ਪਾਰ ਨਾ ਕੋਇ ਕਰਾਇੰਦਾ । ਕੋਟਨ ਕੋਟ ਕੂਕ ਕੂਕ ਰਾਮ ਕ੍ਰਿਸ਼ਨ ਨਾਨਕ ਗੋਬਿੰਦ ਈਸਾ ਮੂਸਾ ਪੈਗ਼ੰਬਰ ਰਹੇ ਸੱਦ, ਆਤਮ ਪਰਮਾਤਮ ਨਾਦ ਨਾ ਕੋਇ ਵਜਾਇੰਦਾ । ਪੁਰਖ ਅਬਿਨਾਸ਼ੀ ਕਲਜੁਗ ਅੰਤਮ ਸਭ ਨਾਲੋਂ ਹੋ ਕੇ ਬੈਠਾ ਅੱਡ, ਪੱਲੂ ਨਾ ਕਿਸੇ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਪੜਦਾ ਆਪ ਚੁਕਾਇੰਦਾ । ਨਿਰਗੁਣ ਆਪਣਾ ਪੜਦਾ ਲੌਣਾ, ਕਰੇ ਖੇਲ ਬੇਪਰਵਾਹੀਆ । ਸਚਖੰਡ ਦੁਆਰਾ ਇਕ ਸੁਹੌਣਾ, ਦਰਗਾਹ ਸਾਚੀ ਵੱਜੇ ਵਧਾਈਆ । ਸ਼ਬਦੀ ਸੁਤ ਇਕ ਉਠੌਣਾ, ਉਠ ਉਠ ਦਏ ਸਲਾਹੀਆ । ਲੱਖ ਚੁਰਾਸੀ ਵੇਖ ਵਖੌਣਾ, ਜੀਵ ਜੰਤ ਭੇਵ ਨਾ ਰਾਈਆ । ਸੰਮਤ ਸੰਮਤੀ ਪੰਧ ਮੁਕੌਣਾ, ਪੂਰਬ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੇਲ ਦਏ ਕਰਾਈਆ । ਕਰੇ ਖੇਲ ਹਰਿ ਗੋਬਿੰਦ, ਕਰਨਹਾਰ ਕਰਤਾਰਾ । ਸ੍ਰਿਸ਼ਟ ਸਬਾਈ ਵੇਖੇ ਚਿੰਦ, ਚਿੰਤਾ ਰੋਗ ਜਗਤ ਭੰਡਾਰਾ । ਚਾਰ ਵਰਨ ਹਰਿ ਕੀ ਕਰੇ ਨਿੰਦ, ਦੀਨ ਮਜ਼੍ਹਬ ਲੱਗਾ ਅਖਾੜਾ । ਕਿਸੇ ਨਾ ਮਿਲੇ ਅੰਮ੍ਰਿਤ ਆਤਮ ਸਾਗਰ ਸਿੰਧ, ਫਿਰ ਫਿਰ ਥੱਕੇ ਅਠ ਸਠ ਤੀਰਥ ਤਟ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਰੇ ਖੇਲ ਅਪਾਰਾ । ਕਲਜੁਗ ਅੰਤਮ ਖੇਲ ਅਵੱਲਾ, ਹਰਿਜੂ ਆਪ ਕਰਾਈਆ । ਪਰਗਟ ਹੋਏ ਇਕ ਇਕੱਲਾ, ਦੋ ਜਹਾਨਾਂ ਵੇਖ ਵਖਾਈਆ । ਨਿਰਗੁਣ ਸਰਗੁਣ ਫੜਾਇਆ ਪੱਲਾ, ਏਕਾ ਪੱਲੂ ਨਾਮ ਜਣਾਈਆ । ਜੋਤੀ ਸ਼ਬਦੀ ਆਪੇ ਰਲਾ, ਰਲ ਮਿਲ ਆਪਣੀ ਖ਼ੁਸ਼ੀ ਮਨਾਈਆ । ਜਨ ਭਗਤ ਵਸਾਏ ਇਕ ਮਹੱਲਾ, ਮਹੱਲ ਅਟੱਲ ਕਰੇ ਰੁਸ਼ਨਾਈਆ । ਹੱਥ ਵਿਚ ਫੜਿਆ ਇਕੋ ਭੱਲਾ, ਗੁਰ ਗੋਬਿੰਦ ਗਿਆ ਸਮਝਾਈਆ । ਨੇਤਰ ਨੈਣ ਨੀਰ ਵਿਰੋਲੇ ਰਾਣੀ ਅੱਲਾ, ਆਲਮੀਨ ਰਹੀ ਕੁਰਲਾਈਆ । ਕਲਜੁਗ ਅੰਤਮ ਹੋਇਆ ਝੱਲਾ, ਦਹਿ ਦਿਸ਼ਾ ਫੇਰਾ ਪਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਮਾਰੇ ਹੱਲਾ, ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਨਿਰੰਕਾਰਾ, ਨਿਰਗੁਣ ਨਿਰਵੈਰ ਅਖਵਾਇੰਦਾ । ਕਲਜੁਗ ਅੰਤਮ ਹੋ ਉਜਿਆਰਾ ਨਿਹਕਲੰਕਾ ਨਾਉਂ ਧਰਾਇੰਦਾ । ਗੋਬਿੰਦ ਮੇਲਾ ਸੁਤ ਦੁਲਾਰਾ, ਸਤਿ ਸਤਿਵਾਦੀ ਆਪ ਉਠਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਾਚੀ ਧਾਰਾ, ਧਰਨੀ ਧਰਤ ਧਵਲ ਕਰਾਇੰਦਾ । ਰਾਜ ਜੋਗ ਇਕ ਅਖਾੜਾ, ਜੁਗਤ ਆਪਣੇ ਹੱਥ ਰਖਾਇੰਦਾ । ਲੇਖਾ ਜਾਣੇ ਸੰਮਤ ਅਠਾਰਾਂ, ਵੀਹ ਸੌ ਬਿਕ੍ਰਮੀ ਨਾਲ ਰਲਾਇੰਦਾ । ਗੁਰ ਅਵਤਾਰਾਂ ਦਏ ਹੁਲਾਰਾ, ਚਾਰ ਜੁਗ ਦੇ ਸੋਏ ਆਪ ਹਿਲਾਇੰਦਾ । ਪੀਰ ਪੈਗ਼ੰਬਰਾਂ ਵੇਖੇ ਉਧਾਰਾ, ਪਿਛਲਾ ਲਹਿਣਾ ਆਪ ਸਮਝਾਇੰਦਾ । ਉਠੋ ਵੇਖੋ ਕਰੋ ਵਿਚਾਰਾ, ਹਰਿ ਜੂ ਕੀ ਕੀ ਖੇਲ ਕਰਾਇੰਦਾ । ਭਗਤਾਂ ਮੇਲ ਅਗੰਮ ਅਪਾਰਾ, ਅਪਰੰਪਰ ਧਾਰ ਚਲਾਇੰਦਾ ।


੬੧੧
੧੧

ਰਾਗਾਂ ਨਾਦਾਂ ਵਸੇ ਬਾਹਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਆਦਿ ਜੁਗਾਦਿ ਸਦਾ ਜਸ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬਲ ਆਪ ਪਰਗਟਾਇੰਦਾ । ਗੁਰ ਅਵਤਾਰ ਕਰੋ ਧਿਆਨ, ਹਰਿ ਸਾਚਾ ਰਿਹਾ ਜਣਾਈਆ । ਕਰੇ ਖੇਲ ਸ੍ਰੀ ਭਗਵਾਨ, ਲੋਕਮਾਤ ਵੇਸ ਵਟਾਈਆ । ਲੇਖਾ ਜਾਣੇ ਦੋ ਜਹਾਨ, ਦੋ ਜਹਾਨਾਂ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਜਣਾਈਆ । ਸਚਖੰਡ ਲੱਗਾ ਦਰਬਾਰ, ਹਰਿ ਦਰਬਾਰੀ ਆਪ ਲਗਾਇਆ । ਹੁਕਮੀ ਹੁਕਮ ਕਰ ਵਰਤਾਰ, ਸਚ ਸੰਦੇਸ਼ ਇਕ ਸੁਣਾਇਆ । ਉਠੋ ਸਾਰੇ ਗੁਰ ਅਵਤਾਰ ਤੇਈ ਦਸ ਰਿਹਾ ਸਮਝਾਇਆ । ਇਕ ਅੱਠ ਕਰੋ ਵਿਚਾਰ, ਭਗਤ ਅਠਾਰਾਂ ਨਾਲ ਮਿਲਾਇਆ । ਆਦਿ ਜੁਗਾਦੀ ਸਚ ਪਿਆਰ, ਇਕੋ ਸ਼ਬਦੀ ਮੇਲ ਮਿਲਾਇਆ । ਲਹਿਣਾ ਜਾਣੇ ਹਰਿ ਜੁਗ ਚਾਰ, ਚੌਕੜੀ ਆਪਣਾ ਬੰਧਨ ਪਾਇਆ । ਵਿਸ਼ਨੂੰ ਉਠ ਹੋ ਤਿਆਰ, ਸਚ ਸੰਦੇਸਾ ਇਕ ਸਮਝਾਇਆ । ਬ੍ਰਹਮਾ ਬ੍ਰਹਮ ਕਰ ਵਿਚਾਰ, ਪਾਰਬ੍ਰਹਮ ਅਲਾਇਆ । ਸ਼ੰਕਰ ਉਠ ਬੰਨ੍ਹ ਭਾਰ, ਵੇਲਾ ਅੰਤਮ ਆਇਆ । ਸੁਰਪਤ ਵਕਤ ਲੈ ਵਿਚਾਰ, ਵੇਲਾ ਗਿਆ ਹੱਥ ਨਾ ਆਇਆ । ਕਰੋੜ ਤੇਤੀਸਾ ਪੈਣੀ ਮਾਰ, ਪੁਰਖ ਅਬਿਨਾਸ਼ੀ ਵੇਸ ਵਟਾਇਆ । ਈਸਾ ਮੂਸਾ ਸੰਗ ਮੁਹੰਮਦ ਰਹਿਣਾ ਖ਼ਬਰਦਾਰ, ਅੱਲਾ ਰਾਣੀ ਦਏ ਹਿਲਾਇਆ । ਲੇਖਾ ਚੁਕੇ ਚਾਰ ਯਾਰ, ਚੌਥਾ ਜੁਗ ਰਿਹਾ ਪਾਰ ਕਰਾਇਆ । ਚਾਰ ਵਰਨ ਜਾਣੇ ਹਾਰ, ਚਾਰ ਕੁੰਟ ਪਏ ਦੁਹਾਇਆ । ਪਿਛਲਾ ਲੇਖਾ ਮੁੱਕੇ ਵਿਚ ਸੰਸਾਰ, ਅਗਲਾ ਪੰਧ ਆਪ ਲਗਾਇਆ । ਖੇਲੇ ਖੇਲ ਆਪ ਕਰਤਾਰ, ਕਰਤਾ ਪੁਰਖ ਹੁਕਮ ਵਰਤਾਇਆ । ਸੂਰਜ ਚੰਦ ਗਏ ਹਾਰ, ਚਲ ਚਲ ਪੰਧ ਨਾ ਕਿਸੇ ਮੁਕਾਇਆ । ਲਿਖ ਲਿਖ ਲੇਖ ਕਰ ਵਿਚਾਰ, ਆਦਿ ਅੰਤ ਨਾ ਕਿਸੇ ਜਣਾਇਆ । ਜੋ ਉਪਜਿਆ ਸੋ ਗਿਆ ਹਾਰ, ਥਿਰ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਆਪਣਾ ਖੇਲ ਕਰਾਇਆ । ਅੰਤਮ ਖੇਲ ਕਰੇ ਭਗਵਾਨ, ਆਪਣਾ ਭੇਵ ਜਣਾਈਆ । ਕਲਜੁਗ ਮਾਤ ਹੁਕਮਰਾਨ, ਹੁਕਮੀ ਹੁਕਮ ਸਰਬ ਫਿਰਾਈਆ । ਘਰ ਘਰ ਵੜਿਆ ਪੰਜ ਸ਼ੈਤਾਨ, ਸ਼ਰਅ ਸ਼ਰੀਅਤ ਨਾਲ ਲੜਾਈਆ । ਕਿਸੇ ਨਾ ਦਿਸੇ ਹੱਕ ਮਕਾਨ, ਮੰਦਰ ਮਸਜਦ ਪਈ ਦੁਹਾਈਆ । ਕੋਈ ਕਹੇ ਵੇਦ ਪੁਰਾਨ, ਕੋਈ ਸ਼ਾਸਤਰ ਸਿਮਰਤ ਰਿਹਾ ਸਾਲਾਹੀਆ । ਕੋਈ ਕਹੇ ਗੀਤਾ ਗਿਆਨ, ਕੋਈ ਕਹੇ ਅੰਜੀਲ ਕੁਰਾਨ ਵਡਿਆਈਆ । ਕੋਈ ਕਹੇ ਖਾਣੀ ਬਾਣੀ ਮਹਾਨ, ਬਾਣ ਨਿਰਾਲਾ ਤੀਰ ਚਲਾਈਆ । ਨਾਨਕ ਕਹੇ ਇਕ ਸ੍ਰੀ ਭਗਵਾਨ, ਜੋ ਹਰ ਘਟ ਰਿਹਾ ਸਮਾਈਆ । ਸ਼ਬਦ ਸੰਦੇਸ ਦੇਵੇ ਧੁਰ ਫ਼ਰਮਾਣ, ਨਾਨਕ ਗੋਬਿੰਦ ਸੇਵ ਕਮਾਈਆ । ਕੋਟਨ ਕੋਟ ਖਾਣੀ ਬਾਣੀ ਗਾ ਗਾ ਥੱਕੀ ਗਾਣ, ਗਾਵਤ ਗਾਵਤ ਆਪਣਾ ਰਾਗ ਮੁਕਾਈਆ । ਹਰਿ ਕਾ ਭੇਵ ਕੋਇ ਨਾ ਪਾਣ, ਕੂਕ ਕੂਕ ਗਿਆ ਸੁਣਾਈਆ । ਅੰਤਮ ਪਰਗਟ ਹੋਏ ਸ੍ਰੀ ਭਗਵਾਨ, ਨਿਰਗੁਣ ਆਪਣਾ ਰੂਪ ਵਟਾਈਆ । ਲੇਖਾ ਜਾਣੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚਖੰਡ ਸਚ ਦਰਬਾਰਾ, ਹਰਿ ਸਾਚੇ ਸਚ ਲਗਾਇਆ । ਆਪ ਉਠਾਏ ਗੁਰ ਅਵਤਾਰਾ, ਗੁਰ ਗੁਰ ਏਕਾ ਹੁਕਮ ਸੁਣਾਇਆ । ਪਰਗਟ ਹੋਇਆ ਹਰਿ ਕਰਤਾਰਾ, ਨਿਰਗੁਣ ਆਪਣਾ ਰੂਪ ਵਟਾਇਆ । ਗੋਬਿੰਦ ਮੇਲਾ ਵਿਚ ਸੰਸਾਰਾ, ਪੁਰਖ ਅਬਿਨਾਸ਼ੀ ਆਪ ਮਿਲਾਇਆ । ਸੰਬਲ ਵਸੇ ਧਾਮ ਨਿਆਰਾ, ਸਾਢੇ ਤਿੰਨ ਹੱਥ ਡੇਰਾ ਲਾਇਆ । ਭਗਤਨ ਮੇਲਾ ਅਪਰ ਅਪਾਰਾ, ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਆਪ ਚਲਾਇਆ । ਸਾਚਾ ਮਾਰਗ ਪੁਰਖ ਅਗੰਮ, ਏਕਾ ਏਕ ਲਗਾਈਆ । ਹਰਖ਼ ਸੋਗ ਨਾ ਕੋਈ ਗ਼ਮ, ਚਿੰਤਾ ਦੁੱਖ ਨਾ ਕੋਇ ਰਖਾਈਆ । ਕਲਜੁਗ ਅੰਤਮ ਗੁਰ ਅਵਤਾਰ ਪੀਰ ਪੈਗ਼ੰਬਰ ਰੋਵਣ ਛੰਮ ਛੰਮ, ਗਿਰਿਆਜ਼ਾਰ ਰਹੇ ਸੁਣਾਈਆ । ਅਸੀਂ ਦੱਸ ਕੇ ਆਏ ਤੇਰਾ ਨਾਉਂ ਜਪਣਾ ਦਮਾ ਦਮ, ਭੁੱਲੀ ਸਰਬ ਲੋਕਾਈਆ । ਤੇਰੇ ਨੇਤਰ ਨੈਣਾ ਹੋਏ ਅੰਨ੍ਹ, ਦੋਏ ਲੋਚਣ ਜਗਤ ਲੋਕਾਈਆ । ਤੂੰ ਦੇਵਣ ਆਇਆ ਡੰਨ, ਨਾ ਸਕੇ ਕੋਇ ਛੁਡਾਈਆ । ਜੋ ਘੜਿਆ ਦੇਣਾ ਭੰਨ, ਕਿਸੇ ਨਾ ਚਲੇ ਕੋਇ ਚਤੁਰਾਈਆ । ਜਿਸ ਤੇਰਾ ਕਹਿਣਾ ਲਿਆ ਮੰਨ, ਤੂੰ ਉਸ ਦਾ ਸਚ ਗੁਸਾਂਈਆ । ਨਾ ਕੋਈ ਤੱਤਵ ਨਾ ਕੋਈ ਤਨ, ਹੱਡ ਮਾਸ ਨਾੜੀ ਰੱਤ ਨਾ ਕੋਇ ਵਖਾਈਆ । ਨਾ ਕੋਈ ਰਾਗ ਨਾ ਕੋਈ ਕੰਨ, ਨਾ ਕੋਈ ਤੰਦ ਸਿਤਾਰ ਵਜਾਈਆ । ਨਾ ਕੋਈ ਛੱਪਰੀ ਨਾ ਕੋਈ ਛੰਨ, ਚਾਰ ਦੀਵਾਰ ਨਾ ਕੋਇ ਬਣਾਈਆ । ਨਾ ਕੋਈ ਸੂਰਜ ਨਾ ਕੋਈ ਚੰਨ, ਮੰਡਲ ਮੰਡਪ ਨਾ ਕੋਇ ਵਖਾਈਆ । ਨਾ ਕੋਈ ਮਾਇਆ ਨਾ ਕੋਈ ਧਨ, ਨਾ ਕੋਈ ਵਸਤ ਰੂਪ ਵਟਾਈਆ । ਨਾ ਕੋਈ ਠੱਗ ਚੋਰ ਯਾਰ ਲਾਏ ਸੰਨ, ਹੱਥੇ ਹੱਥ ਨਾ ਕੋਇ ਫੜਾਈਆ । ਤੇਰੀ ਕਿਰਪਾ ਸ੍ਰੀ ਭਗਵਨ, ਗੁਰ ਅਵਤਾਰਾਂ ਮਿਲੇ ਵਡਿਆਈਆ । ਤੂੰ ਸਭ ਦਾ ਜਨਨੀ ਜਨ, ਤੂੰ ਇਕੋ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਚਰਨੀ ਡਿਗੇ ਆ ਕੇ ਦਰ, ਦਰ ਦਰਵੇਸ਼ ਫੇਰਾ ਪਾਈਆ । ਆਏ ਦਰ ਤੇਰੇ ਦਰਬਾਰ, ਤੇਈ ਦਸ ਅਠਾਰਾਂ ਦੇਣ ਦੁਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣਿਆ ਰਿਹਾ ਯਾਰ, ਮਿੱਤਰ ਬਣ ਬਣ ਸੰਗ ਨਿਭਾਈਆ । ਅਸੀਂ ਤੇਰਾ ਦੱਸਦੇ ਰਹੇ ਇਕ ਪਿਆਰ, ਸੱਥਰ ਯਾਰ ਹੰਢਾਈਆ । ਤੇਰਾ ਨਾਉਂ ਪੁਰਖ ਅਕਾਲ, ਅਕਲ ਕਲਾ ਤੇਰੀ ਸ਼ਹਿਨਸ਼ਾਹੀਆ । ਤੇਰਾ ਤ੍ਰੈਗੁਣ ਵੱਡਾ ਜਾਲ, ਲੱਖ ਚੁਰਾਸੀ ਰਿਹਾ ਫਸਾਈਆ । ਤੇਰੇ ਹੁਕਮੇ ਅੰਦਰ ਕਾਲ ਮਹਾਂਕਾਲ, ਬੈਠੇ ਸੀਸ ਝੁਕਾਈਆ । ਤੇਰੇ ਹੁਕਮੇ ਅੰਦਰ ਚਿਤਰ ਗੁਪਤ ਕੱਢੇ ਸੁਆਲ, ਸਭ ਦਾ ਲੇਖਾ ਰਿਹਾ ਸਮਝਾਈਆ । ਤੇਰੇ ਲੇਖੇ ਅੰਦਰ ਰਾਏ ਧਰਮ ਬੈਠਾ ਕੰਗਾਲ, ਖਾਲੀ ਹੱਥ ਵਖਾਈਆ । ਤੇਰੀ ਰਹਿਮਤ ਲਾੜੀ ਮੌਤ ਪਾਏ ਧਮਾਲ, ਮੁਖ ਆਪਣਾ ਘੁੰਗਟ ਲਾਹੀਆ । ਚਾਰ ਕੁੰਟ ਦਹਿ ਦਿਸ਼ਾ ਨਵ ਖੰਡ ਦਿਸੇ ਨਾ ਕੋਇ ਦਲਾਲ, ਜਗਤ ਦਲੀਲ ਰਿਹਾ ਵਖਾਈਆ । ਕਿਰਪਾ ਕਰੇ ਆਪ ਕਿਰਪਾਲ, ਮਿਹਰਵਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਪੀਰ ਪੈਗ਼ੰਬਰ ਗੁਰ ਅਵਤਾਰ ਹੋ ਇਕੱਠੇ, ਪ੍ਰਭ ਅੱਗੇ ਸੀਸ ਝੁਕਾਇਆ । ਸਾਹਿਬ ਸੁਲਤਾਨ ਤੇਰੇ ਅੱਗੇ ਢੱਠੇ, ਆਪਣਾ ਬਲ ਮੁਕਾਇਆ । ਪੰਜ ਤੱਤ ਲੁਕਾਇਆ ਵਿਚ ਕੋਰੇ ਲੱਠੇ, ਅੰਤ ਖ਼ਾਕੀ ਭੇਟ ਚੜ੍ਹਾਇਆ । ਤੇਰੇ ਚਰਨਾਂ ਹੇਠਾਂ ਵਸੇ, ਚਰਨ ਧੂੜੀ ਟਿੱਕਾ ਲਾਇਆ । ਜੁਗ ਜੁਗ ਮਾਰਗ ਸਾਨੂੰ ਦੱਸੇਂ, ਆਪਣਾ ਰਾਹ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸਰਨ ਪਏ ਸਰਨਾਇਆ । ਤੇਰੀ ਸਰਨ ਇਕ ਕਰਤਾਰ, ਏਕਾ ਮੰਗ ਮੰਗਾਈਆ । ਜੁਗ ਚੌਕੜੀ ਤੇਰਾ ਵਿਹਾਰ, ਵਿਵਹਾਰੀ ਖੇਲ ਕਰਾਈਆ । ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰੀ ਵਡਿਆਈਆ । ਤੂੰ ਭਗਤਾਂ ਹੱਥ ਰੱਖੇਂ ਵਿਚ ਸੰਸਾਰ, ਜਗਤ ਪੱਤ ਰਖਾਈਆ । ਬਣ ਬਰਦਾ ਹੋਏਂ ਸੇਵਾਦਾਰ, ਜਾਚਕ ਬਣ ਬਣ ਸੇਵ ਕਮਾਈਆ । ਨਾਤਾ ਤੋੜ ਪੁਰਖ ਨਾਰ, ਨਰ ਨਰਾਇਣ ਆਪਣਾ ਰੂਪ ਦ੍ਰਿੜਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਸਗਲਾ ਸੰਗ ਨਿਭਾਈਆ ।

ਸਤਿਜੁਗ ਤੇਰਾ ਸਚ ਵਿਹਾਰ, ਤ੍ਰੇਤਾ ਤੇਰਾ ਰੰਗ ਸਮਾਈਆ । ਦੁਆਪਰ ਵੇਖੇ ਆਪ ਗਿਰਵਰ ਗਿਰਧਾਰ, ਗੋਪੀ ਕਾਹਨ ਨਾਚ ਨਚਾਈਆ । ਕਲਜੁਗ ਕਾਲਾ ਸੂਸਾ ਕਰ ਸ਼ੰਗਾਰ, ਤਨ ਬਸਤਰ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਮੰਗੀ ਮੰਗ ਮੇਰੇ ਪਰਵਰਦਿਗਾਰ, ਦੋਏ ਜੋੜ ਸੀਸ ਝੁਕਾਇਆ । ਚੌਦਾਂ ਸਦੀਆਂ ਨਾਤਾ ਚਾਰ ਯਾਰ, ਚੌਦਾਂ ਤਬਕ ਰੰਗ ਰੰਗਾਇਆ । ਚੌਦਾਂ ਲੋਕ ਖੇਲ ਅਪਾਰ, ਚੌਦਾਂ ਵਿਦਿਆ ਰਹੀ ਜਸ ਗਾਇਆ । ਚੌਧਵੀਂ ਚੰਨ ਹੋਇਆ ਸ਼ਰਮਸਾਰ, ਸਾਚਾ ਨੂਰ ਨਾ ਕੋਇ ਜਣਾਇਆ । ਕਲਜੁਗ ਰੈਣ ਅੰਧ ਅੰਧਿਆਰ, ਆਤਮ ਪਰਦਾ ਨਾ ਕੋਇ ਉਠਾਇਆ । ਕਰੇ ਖੇਲ ਆਪ ਅਪਾਰ, ਅਪਰੰਪਰ ਆਪਣਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚਾ ਇਕ ਸੁਹਾਇਆ । ਦੇਵੇ ਵਰ ਸ੍ਰੀ ਭਗਵੰਤ, ਆਪਣਾ ਭੇਵ ਜਣਾਈਆ । ਮੇਰਾ ਲੇਖਾ ਜੁਗਾ ਜੁਗੰਤ, ਜੁਗ ਜੁਗ ਵੇਸ ਵਟਾਈਆ । ਸਦਾ ਮੇਲਾ ਸਾਚੇ ਸੰਤ, ਅੰਗ ਸੰਗ ਸਮਾਈਆ । ਪੂਰਬ ਲੇਖਾ ਮਣੀਆ ਮੰਤ, ਰਸਨਾ ਜਿਹਵਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਸਮਝਾਈਆ । ਮੇਰਾ ਭੇਵ ਹੱਥ ਭਗਤ, ਹਰਿ ਭਗਵਾਨ ਆਪ ਜਣਾਇੰਦਾ । ਆਦਿ ਜੁਗਾਦਿ ਵਿਚ ਜਗਤ, ਜੁਗ ਜੁਗ ਵੇਸ ਵਟਾਇੰਦਾ । ਲੇਖੇ ਲੱਗੇ ਬੂੰਦ ਰਕਤ, ਜੋ ਜਨ ਮੇਰਾ ਧਿਆਨ ਲਗਾਇੰਦਾ । ਨਾਤਾ ਤੁਟੇ ਕੀਟ ਹਸਤ, ਊਚ ਨੀਚ ਨਾ ਕੋਇ ਰਖਾਇੰਦਾ । ਨਾਮ ਖ਼ੁਮਾਰੀ ਰੱਖੇ ਮਸਤ, ਏਕਾ ਰੰਗ ਚੜ੍ਹਾਇੰਦਾ । ਦੇਵੇ ਨਾਮ ਅਮੁਲੜੀ ਵਸਤ, ਸਾਚੇ ਮੰਦਰ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਮੇਰਾ ਖੇਲ ਅਪਾਰ, ਆਦਿ ਅੰਤ ਭੇਵ ਨਾ ਆਇਆ । ਰਿਖੀ ਮੁਨੀ ਦੇ ਸਹਾਰ, ਏਕਾ ਰਾਹ ਚਲਾਇਆ । ਸਤਿਜੁਗ ਵਰਤਿਆ ਵਿਚ ਸੰਸਾਰ, ਸਤਿ ਸਤਿ ਆਪਣੀ ਧਾਰ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਇਆ । ਭੇਵ ਖੋਲ੍ਹੇ ਹਰਿ ਭਗਵੰਤ, ਪੂਰਬ ਲਹਿਣਾ ਦਏ ਜਣਾਈਆ । ਸਤਿਜੁਗ ਬਣਾਈ ਬਣਤ, ਸਿਰ ਆਪਣਾ ਹੱਥ ਟਿਕਾਈਆ । ਪੰਜ ਤੱਤ ਕਾਇਆ ਵੇਖਿਆ ਸੰਤ, ਗੋਤਮ ਨਾਮ ਧਰਾਈਆ । ਅੰਦਰ ਮੇਲਾ ਹਰਿ ਜੂ ਕੰਤ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਕਲਜੁਗ ਮਾਇਆ ਰੂਪ ਵਟਾਈਆ । ਗੋਤਮ ਸੁੱਤਾ ਇਕ ਦੁਆਰਾ, ਏਕਾ ਘਰ ਵਖਾਈਆ । ਅਠ ਚਾਰ ਚੁਰਾਸੀ ਹਜ਼ਾਰ ਬਰਸ ਰਿਹਾ ਕੁਵਾਰਾ, ਅੰਗ ਅੰਗ ਨਾ ਕੋਇ ਲਗਾਈਆ । ਕਰਿਆ ਖੇਲ ਆਪ ਕਰਤਾਰਾ, ਆਪਣੀ ਰਚਨਾ ਆਪ ਸਮਝਾਈਆ । ਅਹਲਿਆ ਰੂਪ ਅਪਰ ਅਪਾਰਾ, ਤ੍ਰੈਗੁਣ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪਣੇ ਹੱਥ ਰਖਾਈਆ । ਆਪਣੀ ਖੇਲ ਤ੍ਰੈਗੁਣ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਕਰੇ ਖੇਲ ਸੂਰਾ ਸਰਬੰਗ, ਭੇਵ ਕੋਇ ਨਾ ਪਾਇੰਦਾ । ਦੋ ਜਹਾਨਾਂ ਬਿਨ ਹਥਿਆਰੋਂ ਕੀਤਾ ਜੰਗ, ਤੀਰ ਤਲਵਾਰ ਨਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਆਪ ਵੰਡਾਇੰਦਾ । ਵੰਡੇ ਵੰਡ ਆਪ ਕਰਤਾਰ, ਆਪਣੀ ਖੇਲ ਕਰਾਈਆ । ਤ੍ਰੈਗੁਣ ਮਾਇਆ ਕਰ ਤਿਆਰ, ਨਾਰਦ ਦਿਤਾ ਸਮਝਾਈਆ । ਨਾਰਦ ਮੰਗੀ ਮੰਗ ਅਪਾਰ, ਏਕਾ ਵਾਰ ਝੋਲੀ ਡਾਹੀਆ । ਤੇਰਾ ਖੇਲ ਚਲੇ ਵਿਚ ਸੰਸਾਰ, ਪੁਰਖ ਅਬਿਨਾਸ਼ੀ ਬੇਪਰਵਾਹੀਆ ।

੬੧੫
੧੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਪੁਰਖ ਅਬਿਨਾਸ਼ੀ ਕਹੇ ਹੱਸ, ਤੇਰੀ ਆਸਾ ਵੇਖ ਵਖਾਇਆ । ਕਵਣ ਤੇਰੀ ਆਸਾ ਸਾਚੀ ਦੱਸ, ਰਸਨਾ ਜਿਹਵਾ ਨਾਲ ਮਿਲਾਇਆ । ਕਰੇ ਖੇਲ ਹਰਿ ਸਮਰਥ, ਸਿਰ ਆਪਣਾ ਹੱਥ ਟਿਕਾਇਆ । ਗੌਤਮ ਕਹੇ ਤ੍ਰੈਗੁਣ ਦਾ ਪਹਿਲੋਂ ਚਲੇ ਰਥ, ਦੂਜਾ ਰੰਗ ਨਾ ਕੋਇ ਚੜ੍ਹਾਇਆ । ਪੁਰਖ ਅਬਿਨਾਸ਼ੀ ਕਹੇ ਮੈਂ ਤੇਰੇ ਵਸ, ਜਿਉਂ ਭਾਵੇਂ ਤਿਉਂ ਲਏ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਦਏ ਸਮਝਾਇਆ । ਤੂੰ ਜ਼ੋਰਾਵਰ ਮੈਂ ਕਿਸ ਤਰਾਂ ਕਰਾਂ ਵਸ, ਗੌਤਮ ਅੱਗੋਂ ਆਖ ਸੁਣਾਈਆ । ਪਹਿਲੋਂ ਆਪਣਾ ਮਾਰਗ ਦੱਸ, ਜਿਸ ਬਿਧ ਡੋਰੀ ਲਵਾਂ ਪਾਈਆ । ਆਪਣੇ ਸੀਨੇ ਨਾਲ ਬੰਨਾਂ ਕਸ, ਵਿਛੜ ਕਦੇ ਨਾ ਜਾਈਆ । ਤੈਨੂੰ ਆਪਣੀ ਗੋਦੀ ਚੁੱਕ ਕੇ ਗੌਂਦਾ ਫਿਰਾਂ ਜਸ, ਮੈਨੂੰ ਮਿਲਿਆ ਮੇਰਾ ਮਾਹੀਆ । ਜੇ ਕੋਈ ਪੁਛੇ ਕਿਥੇ ਵਸਦਾ ਮੈਂ ਤੇਰੇ ਚਰਨਾਂ ਜਾਵਾਂ ਢੱਠ, ਚੁੰਮ ਚੁੰਮ ਚਰਨ ਖ਼ੁਸ਼ੀ ਮਨਾਈਆ । ਜੇ ਕੋਈ ਪੁਛੇ ਉਹਦਾ ਕਿਥੇ ਸੱਚਾ ਹੱਟ, ਆਪਣੀ ਝੋਲੀ ਦਿਆਂ ਵਖਾਈਆ । ਜੇ ਕੋਈ ਪੁੱਛੇ ਉਹਦਾ ਕਿਥੇ ਪਰੇਮ ਫਟ, ਆਪਣਾ ਤਨ ਮਨ ਚੀਰ ਚੀਰ ਦਿਆਂ ਵਖਾਈਆ । ਜੇ ਕੋਈ ਕਹੇ ਪ੍ਰਭ ਹੋਏ ਸਾਡੇ ਵਸ, ਮੈਂ ਕਹਾਂ ਬਿਨ ਉਹਦੀ ਰਹਿਮਤ ਸਾਡੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨ ਓਟ ਤਕਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੇ ਗਲੇ ਲਗਾਇਆ । ਆ ਵੇਖ ਸੱਚਾ ਦਾਨ, ਬਿਨ ਹੱਥਾਂ ਰਿਹਾ ਵਰਤਾਇਆ । ਆ ਵੇਖ ਸਚ ਮਕਾਨ, ਬਿਨ ਬਾਡੀ ਰਿਹਾ ਬਣਾਇਆ । ਆ ਵੇਖ ਸਚ ਗਿਆਨ, ਬਿਨ ਪੜ੍ਹਿਆਂ ਰਿਹਾ ਜਣਾਇਆ । ਆ ਵੇਖ ਤ੍ਰੈਗੁਣ ਹੋਏ ਪਰਧਾਨ, ਪਹਿਲੋਂ ਤ੍ਰੇਤਾ ਮਾਤ ਲਗਾਇਆ । ਤ੍ਰੇਤਾ ਦੇਵੇ ਸੱਚਾ ਦਾਨ, ਆਪ ਆਪਣਾ ਰੰਗ ਰੰਗਾਇਆ । ਕਾਮ ਕਰੋਧ ਲੋਭ ਮੋਹ ਜਗਤ ਨਿਸ਼ਾਨ, ਧਰਨੀ ਧਰਤ ਧਵਲ ਦਏ ਸੁਹਾਇਆ । ਕਰੇ ਖੇਲ ਸ੍ਰੀ ਭਗਵਾਨ, ਆਪ ਆਪਣਾ ਭੇਵ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦ ਛੁਪਾਇਆ । ਗੌਤਮ ਅੱਗੋਂ ਬੈਠਾ ਰੁੱਸ, ਆਪਣਾ ਮੁਖ ਭੁਵਾਈਆ । ਜੇ ਤੂੰ ਮੇਰਾ ਤੇ ਮੈਥੋਂ ਪੁੱਛ, ਕਵਣ ਆਸ ਮੈਂ ਰਖਾਈਆ । ਬਿਨ ਤੇਰੀ ਪ੍ਰੀਤ ਨਾ ਮੰਗਾਂ ਕੁਛ, ਤ੍ਰੇਤੇ ਮਿਲੇ ਨਾ ਕੋਇ ਵਡਿਆਈਆ । ਬਿਨ ਤੇਰੇ ਸਦਾ ਰਹਾਂ ਲੁਕ, ਲੱਖ ਚੁਰਾਸੀ ਮੋਹੇ ਨਾ ਭਾਈਆ । ਬਿਨ ਤੇਰੇ ਚਰਨਾਂ ਮੇਰਾ ਸੀਸ ਨਾ ਜਾਏ ਝੁਕ, ਦੂਜੀ ਓਟ ਨਾ ਕੋਇ ਤਕਾਈਆ । ਮੈਂ ਜੰਮਾਂ ਤੇਰੀ ਕੁੱਖ, ਤੂੰ ਮੇਰਾ ਪਿਤਾ ਮਾਈਆ । ਮੇਰੀ ਉਤਰੇ ਫੇਰ ਭੁੱਖ, ਤ੍ਰਿਸਨਾ ਜਗਤ ਨਾ ਹੋਰ ਰਖਾਈਆ । ਕਰ ਕਿਰਪਾ ਜੇ ਜਾਵੇਂ ਤੁਠ, ਤੇਰਾ ਵਿਗੜ ਕੁਛ ਨਾ ਜਾਈਆ । ਮੈਨੂੰ ਦਿਸਦਾ ਤੇਰੇ ਘਰ ਅਨਮੁਲੜੀ ਲੁੱਟ, ਮੈਂ ਲੁੱਟਣ ਆਇਆ ਚਾਈਂ ਚਾਈਂਆ । ਜੇ ਤੂੰ ਲੁਕੇ ਮੈਂ ਲੁਕਣ ਨਹੀਂ ਦੇਣਾ ਕਿਸੇ ਗੁਠ, ਦਹਿ ਦਿਸ਼ਾ ਵੇਖ ਵਖਾਈਆ । ਮੈਂ ਤੇਰਾ ਚਰਨ ਫੜਿਆ ਘੁੱਟ, ਛੁੱਟ ਕਦੇ ਨਾ ਜਾਈਆ । ਤੂੰ ਭਗਵਾਨ ਮੈਂ ਭਗਤ ਇਕ ਦੂਜੇ ਨਾਲ ਗਏ ਜੁਟ, ਵਾਹ ਵਾ ਪਰੇਮ ਦੀ ਹੋਏ ਲੜਾਈਆ । ਮੈਂ ਹੱਥੀਂ ਫੜਿਆ ਤੇਰਾ ਗੁੱਟ, ਮੇਰੇ ਮਨ ਵੱਜੀ ਵਧਾਈਆ । ਵਾਹ ਵਾ ਤੇਰਾ ਭੰਡਾਰਾ ਮਿਲਿਆ ਅਤੁਟ, ਮੁੱਕ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮਿਲੇ ਤੇਰੀ ਸੱਚੀ ਸਰਨਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲ, ਆਪਣੀ ਦਇਆ ਕਮਾਇੰਦਾ । ਆ ਵੇਖ ਮੇਰੇ ਸਾਚੇ ਲਾਲ, ਤੇਰਾ ਸਾਚਾ ਰੰਗ ਰੰਗਾਇੰਦਾ । ਜੁਗ ਚੌਕੜੀ ਬੀਤੇ ਕਾਲ, ਕਲਜੁਗ ਵੇਲਾ ਅੰਤਮ ਆਇੰਦਾ ।

ਤੇਰੀ ਲੇਖੇ ਲਾਏ ਘਾਲ, ਕੀਤੀ ਘਾਲ ਲੇਖੇ ਪਾਇੰਦਾ । ਤੇਰਾ ਪਿਛਲਾ ਲੇਖਾ ਦਏ ਵਖਾਲ, ਹਰਿਜਨ ਸਾਚੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪ ਹੱਥ ਰਖਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਹਰਿ ਹਰਿ ਪੁਰਖ ਜਣਾਇਆ । ਪੁਰਖ ਅਬਿਨਾਸ਼ੀ ਖੇਲ ਕਰੌਣਾ, ਨਿਰਗੁਣ ਨਿਰਗੁਣ ਰੂਪ ਧਰਾਇਆ । ਸਾਚਾ ਮੇਲਾ ਮੇਲ ਮਿਲੌਣਾ, ਮਿਲ ਮਿਲ ਖ਼ੁਸ਼ੀ ਮਨਾਇਆ । ਆਪਣਾ ਰੰਗ ਰੰਗ ਰੰਗੌਣਾ, ਰੰਗ ਉਤਰ ਕਦੇ ਨਾ ਜਾਇਆ । ਮਰਦੰਗ ਮਰਦੰਗਾ ਇਕ ਵਜੌਣਾ, ਸਾਰੰਗ ਸਾਰੰਗਾ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇਆ । ਗੋਤਮ ਕਹੇ ਮੇਰੇ ਭਗਵਾਨ, ਮੇਰੀ ਇਕ ਅਰਜ਼ੋਈਆ । ਮੈਂ ਕੱਲਾ ਬਾਲ ਨਾਦਾਨ, ਮੈਨੂੰ ਮਿਲੇ ਕਿਤੇ ਨਾ ਢੋਈਆ । ਤੂੰ ਦਾਤਾ ਦੇਵਣਹਾਰਾ ਦਾਨ, ਵਡੀ ਤੇਰੀ ਰਸੋਈਆ । ਮੇਰਾ ਤਨ ਕਰ ਪਰਵਾਨ, ਦਰ ਆਪਣੇ ਲੈ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਇਕੋ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਕਹੇ ਸੁਤ, ਭੇਵ ਅਭੇਦ ਖੋਲ੍ਹ । ਤੇਰੀ ਸੁਹਾਈ ਸਾਚੀ ਰੁੱਤ, ਆਦਿ ਜੁਗਾਦੀ ਬੋਲ । ਲੇਖਾ ਜਾਣੇ ਅਬਿਨਾਸ਼ੀ ਅਚੁੱਤ, ਜੁਗ ਜੁਗ ਵਜਾਏ ਢੋਲ । ਨਿਰਗੁਣ ਸਰਗੁਣ ਪਏ ਉਠ, ਨਵ ਨੌਂ ਤੋਲੇ ਸਾਚਾ ਤੋਲ । ਆਪਣਾ ਲੇਖਾ ਲੈਣਾ ਪੁਛ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਨਾਮ ਸ਼ਬਦ ਅਨਮੋਲ । ਨਾਮ ਅਨਮੋਲਾ ਸੁਣਿਆ ਸੰਦੇਸਾ, ਵੱਜੀ ਇਕ ਵਧਾਈਆ । ਮਿਹਰਵਾਨ ਹੋਇਆ ਨਰ ਨਰੇਸ਼ਾ, ਨਿਰਗੁਣ ਦਇਆ ਕਮਾਈਆ । ਮੇਰਾ ਜਾਣੇ ਅਗਲਾ ਲੇਖਾ, ਪਿਛਲਾ ਲੇਖਾ ਲੇਖੇ ਵਿਚ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸਤ ਦੇ ਵਰਤਾਈਆ । ਏਕਾ ਵਸਤ ਦੇਵੇ ਹਰਿ ਮੀਤ, ਮਿੱਤਰ ਪਿਆਰਾ ਦਇਆ ਕਮਾਇੰਦਾ । ਗੋਤਮ ਤੇਰੀ ਚਲੇ ਰੀਤ, ਸਤਿਜੁਗ ਤ੍ਰੇਤਾ ਰੂਪ ਵਟਾਇੰਦਾ । ਦੁਆਪਰ ਵੇਖੇ ਖੇਲ ਅਤੀਤ, ਤ੍ਰੈਭਵਣ ਧਨੀ ਖੇਲ ਵਖਾਇੰਦਾ । ਕਲਜੁਗ ਅੰਤ ਹਰਿ ਅਨਡੀਠ, ਅਨਡਿਠੜਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਇਕੋ ਹਰਿ, ਦੂਜਾ ਭੇਵ ਆਪ ਖੁਲ੍ਹਾਇੰਦਾ ।



### ★ ੨ ਫੱਗਣ ੨੦੧੮ ਬਿਕ੍ਰਮੀ ਹਰਿ ਭਗਤ ਦੁਆਰ ਜੇਠੂਵਾਲ ★

ਗੋਤਮ ਕਹੇ ਸੁਣ ਸਾਚੇ ਰਾਜਨ, ਸ਼ਹਿਨਸ਼ਾਹ ਤੇਰੀ ਵਡਿਆਈਆ । ਮੈਂ ਗ਼ਰੀਬ ਤੂੰ ਗ਼ਰੀਬ ਨਿਵਾਜ਼ਨ, ਮਿਹਰਵਾਨ ਬੇਪਰਵਾਹੀਆ । ਆਦਿ ਜੁਗਾਦਿ ਸਾਜੇਂ ਸਾਜਨ ਘੜਨ ਭੰਨਣ ਖੇਲ ਕਰਾਈਆ । ਸ਼ਬਦ ਅਗੰਮੀ ਮਾਰ ਅਵਾਜ਼ਨ, ਆਪਣਾ ਮੇਲ ਮਿਲਾਈਆ । ਸਤਿਜੁਗ ਚਲਾਇਆ ਸਚ ਜਹਾਜ਼ਨ, ਸਤਿ ਸਤਿ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਕਰਾਈਆ । ਗੋਤਮ ਕਹੇ ਮੇਰੇ ਮੀਤ, ਪਾਰਬ੍ਰਹਮ ਤੇਰੀ ਸਰਨਾਇਆ । ਮੈਂ ਗਾਇਆ ਤੇਰਾ ਗੀਤ, ਗੀਤ ਗੀਤ ਅਲਾਇਆ । ਤੂੰ ਵੇਖ ਮੇਰੀ ਨੀਤ, ਨੀਤੀਵਾਨ ਤੂੰ ਬੇਪਰਵਾਹਿਆ । ਮੈਂ ਵਸਾਇਆ ਤੈਨੂੰ ਚੀਤ, ਘਰ ਮੰਦਰ ਇਕ ਬਣਾਇਆ । ਤੂੰ ਵੇਖ ਧਾਮ ਅਨਡੀਠ, ਅਨਡਿਠੜਾ ਰੂਪ ਵਟਾਇਆ । ਮੈਂ ਤਪਤ ਤੂੰ ਠਾਂਡਾ ਸੀਤ, ਅੰਮ੍ਰਿਤ ਮੇਘ ਇਕ ਵਖਾਇਆ । ਮੈਂ ਪਾਪੀ ਤੂੰ ਪੱਤਤ ਪੁਨੀਤ, ਪੱਤਤ ਪਾਪੀ ਦੇ ਤਰਾਇਆ । ਮੈਂ ਹਾਰਿਆ ਤੂੰ ਗਿਆ ਜੀਤ, ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਇਆ । ਮਿਹਰਵਾਨ ਬੇਨਜ਼ੀਰ, ਰਹਿਮਤ ਰਹਿਮਾਨ ਆਪ ਕਰਾਈਆ । ਆਪੇ ਬਦਲਣਹਾਰ ਤਕਦੀਰ, ਤਦਬੀਰ ਆਪਣੀ ਦਏ ਸਮਝਾਈਆ । ਮੇਰੇ ਚਰਨ ਉਤੇ ਕੱਢ ਲਕੀਰ, ਦੋਏ ਜੋੜ ਜੋੜ ਸਰਨਾਈਆ । ਮੈਂ ਦੋ ਜਹਾਨਾਂ ਪੜਦਾ ਦੇਵਾਂ ਚੀਰ, ਭੇਵ ਅਭੇਦ ਵਿਚ ਰਖਾਈਆ । ਤ੍ਰੈਗੁਣ ਮਾਇਆ ਲਾਏ ਪੀੜ, ਵੇਖੇ ਸਰਬ ਲੋਕਾਈਆ । ਤ੍ਰੈਗੁਣ ਬੰਨਾਂ ਬੀੜ, ਤ੍ਰੇਤਾ ਏਕਾ ਅੰਕ ਬਣਾਈਆ । ਏਕਾ ਪਾਵਾਂ ਸਚ ਜ਼ੰਜੀਰ, ਆਪ ਆਪਣੀ ਡੋਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤ੍ਰੈਗੁਣ ਮਾਇਆ ਨਾਰੀ ਰੂਪ, ਰੂਪ ਅਨੂਪ ਆਪ ਦਰਸਾਇਆ । ਕਰਿਆ ਖੇਲ ਸਾਚੇ ਭੂਪ, ਭੂਪ ਭੂਪਤ ਰੂਪ ਵਟਾਇਆ । ਵੇਖਣਹਾਰਾ ਦਹਿ ਦਿਸ਼ਾ ਕੂਟ, ਬ੍ਰਹਿਮੰਡ ਖੰਡ ਖੇਲ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸੁਣਾਇਆ । ਧੁਰ ਫ਼ਰਮਾਣਾ ਸ੍ਰੀ ਭਗਵੰਤ ਆਦਿ ਪੁਰਖ ਆਪ ਜਣਾਈਆ । ਤੇਰੀ ਮਹਿਮਾ ਮਾਤ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਮੈਂ ਤੇਰੀ ਬਣਾਈ ਬਣਤ, ਤੂੰ ਮੇਰੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਣ ਸਾਚਾ ਝੋਲੀ ਪਾਈਆ । ਸਾਚਾ ਗੁਣ ਹਰਿ ਭਗਵਾਨ, ਏਕਾ ਏਕ ਜਣਾਇੰਦਾ । ਗੋਤਮ ਵੇਖ ਮਾਰ ਧਿਆਨ, ਚਰਨ ਧਿਆਨ ਇਕ ਜਣਾਇੰਦਾ । ਸਤਿਜੁਗ ਤ੍ਰੇਤਾ ਤੇਰਾ ਰੰਗ ਮਹਾਨ, ਤ੍ਰੀਆ ਆਪਣਾ ਵੇਸ ਵਟਾਇੰਦਾ । ਦੁਆਪਰ ਹੋਵੇ ਨੌਜਵਾਨ, ਦੋਏ ਦੋਏ ਰੂਪ ਖੇਲ ਕਰਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਨਿਰਗੁਣ ਰੂਪ ਜੋਧਾ ਸੂਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤ ਆਪਣਾ ਮੇਲ ਕਰਾਇੰਦਾ । ਸਾਚਾ ਭਗਤ ਨੇਤਰ ਰੋ, ਨੈਣਾਂ ਨੀਰ ਵਹਾਈਆ । ਤੇਰੇ ਚਰਨ ਜਾਵਾਂ ਛੋਹ, ਮਸਤਕ ਟਿੱਕਾ ਏਕਾ ਲਾਈਆ । ਝੂਠਾ ਨਾਤਾ ਤਜਿਆ ਮੋਹ, ਪਰੇਮ ਬੰਧਨ ਇਕ ਵਖਾਈਆ । ਆਪਣਾ ਤਨ ਮਨ ਤੇਰੇ ਉਤੋਂ ਦਿਤਾ ਖੋਹ, ਵਸਤ ਅਨਮੁਲੜੀ ਤੇਰੀ ਦਾਤ ਏਕਾ ਪਾਈਆ । ਤੂੰ ਅੰਮ੍ਰਿਤ ਆਤਮ ਦੇਣਾ ਚੋਅ, ਸਾਂਤਕ ਸਤਿ ਸਤਿ ਕਰਾਈਆ । ਮੈਂ ਤੇਰੇ ਜਿਹਾ ਜਾਵਾਂ ਹੋ, ਬ੍ਰਹਮ ਪਾਰਬ੍ਰਹਮ ਸਮਾਈਆ । ਤੇਰਾ ਨੇਤਰ ਮੇਰੀ ਲੋਅ, ਮੇਰੀ ਲੋਅ ਤੇਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਪਾਰਬ੍ਰਹਮ ਪੁਰਖ ਸੁਜਾਨ, ਦੇਵੇ ਮਾਣ ਵਡਿਆਈਆ । ਸਾਚੇ ਸੁਤ ਮਾਰ ਧਿਆਨ, ਏਕਾ ਗੁਣ ਜਣਾਈਆ । ਕਲਜੁਗ ਅੰਤਮ ਮੇਲਾ ਮੇਲੇ ਆਣ, ਮਿਲ ਮਿਲ ਖ਼ੁਸ਼ੀ ਵਖਾਈਆ । ਏਕਾ ਰਾਗ ਸੁਣਾਏ ਕਾਨ, ਕਾਨੀ ਤੀਰ ਆਪ ਲਗਾਈਆ । ਨਾਤਾ ਤੋੜ ਜਗਤ ਵਿਦਵਾਨ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਰਿਹਾ ਸਮਝਾਈਆ । ਸਾਚੀ ਸਿਖਿਆ ਪਾਰਬ੍ਰਹਮ, ਏਕਾ ਏਕ ਜਣਾਇੰਦਾ । ਕਲਜੁਗ ਅੰਤਮ ਪੈਣਾ ਜੰਮ, ਲੋਕਮਾਤ ਵੇਸ ਵਟਾਇੰਦਾ । ਲੇਖਾ ਜਾਣੇ ਦਮ ਦਮ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਤੱਤਵ ਤਤ ਬੇੜਾ ਬੰਨ੍ਹ, ਖੇਵਟ ਖੇਟ ਸੇਵ ਕਮਾਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਦੁੱਖ ਨਾ ਕੋਇ ਰਖਾਇੰਦਾ । ਕਰ ਪਰਕਾਸ਼ ਸਾਚਾ ਚੰਨ, ਚੰਨ ਚੌਧਵੀਂ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

੬੧੭ ੧੧

ਕਲਜੁਗ ਵੇਲਾ ਅੰਤ ਸਮਝਾਇੰਦਾ । ਹਰਿ ਜੂ ਦਿਤਾ ਏਕਾ ਵਰ, ਘਰ ਸਾਚੇ ਵੱਜੀ ਵਧਾਈਆ । ਸਤਿਜੁਗ ਬੈਠਾ ਰਿਹਾ ਦੜ, ਮੇਰਾ ਅੰਤ ਲਹਿਣਾ ਰਿਹਾ ਮੁਕਾਈਆ । ਗੌਤਮ ਚਰਨੀ ਡਿਗਾ ਦੜ, ਨਿਉਂ ਨਿਉਂ ਸੀਸ ਝੁਕਾਈਆ । ਮੇਰੇ ਉਤੇ ਕਿਰਪਾ ਕਰ, ਤ੍ਰੇਤਾ ਰੂਪ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਬੇਪਰਵਾਹੀਆ । ਗੋਤਮ ਕਹੇ ਸੁਣ ਸਤਿਜੁਗ, ਹਰਿ ਹਰਿ ਖੇਲ ਰਚਾਇਆ । ਤੇਰੀ ਔਧ ਗਈ ਪੁਗ, ਮੇਰੀ ਨਾਰ ਸੇਵ ਕਮਾਇਆ । ਜਿਹੜਾ ਬੈਠਾ ਰਿਹਾ ਲੁਕ ਲੁਕ, ਰਾਤੀਂ ਸੁਤਿਆਂ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਧੰਦੇ ਆਪੇ ਲਾਇਆ । ਸੁਣ ਸਤਿਜੁਗ ਕਰ ਵਿਚਾਰ, ਰਿਖਪ ਦੇਵ ਆਪ ਸਮਝਾਈਆ । ਤੇਰਾ ਲਹਿਣਾ ਮੁੱਕਿਆ ਵਿਚ ਸੰਸਾਰ, ਵੇਲਾ ਅੰਤਮ ਰਿਹਾ ਸੁਣਾਈਆ । ਅੱਗੇ ਚਲੇ ਹਰਿ ਵਿਹਾਰ, ਵਿਵਹਾਰੀ ਖੇਲ ਕਰਾਈਆ । ਤ੍ਰੇਤਾ ਆਏ ਆਪਣੀ ਵਾਰ, ਵਾਰ ਥਿਤ ਨਾ ਕੋਇ ਵਡਿਆਈਆ । ਹਰਿ ਵੱਡਾ ਵਡ ਘੁਮਿਆਰ, ਕੋਟਨ ਕੋਟ ਘੜ ਘੜ ਭਾਂਡੇ ਦਏ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਜੁਗ ਰੋਵੇ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਇੰਦਾ । ਬੌਹੜੀ ਬੌਹੜੀ ਪੱਲੂ ਮੇਰਾ ਦਿਤਾ ਛੁਡਾ, ਛੁਟਿਆ ਲੜ ਨਾ ਕੋਇ ਫੜਾਇੰਦਾ । ਮੇਰਾ ਖਾਲੀ ਦਿਸੇ ਮਕਾਂ, ਸਾਚਾ ਮੰਦਰ ਨਾ ਕੋਇ ਸੁਹਾਇੰਦਾ । ਮੈਂ ਜਾਵਾਂ ਕਿਹੜੇ ਥਾਂ, ਥਾਨ ਥਨੰਤਰ ਕੋਇ ਨਜ਼ਰ ਨਾ ਆਇੰਦਾ । ਮੇਰੀ ਕੋਇ ਨਾ ਪਕੜੇ ਬਾਂਹ, ਸਾਚੇ ਦਰ ਨਾ ਕੋਇ ਸੁਹਾਇੰਦਾ । ਸਿਰ ਰੱਖੇ ਨਾ ਕੋਈ ਛਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਗੋਤਮ ਦੇਵੇ ਧੀਰ, ਦਇਆ ਕਮਾਈਆ । ਤੇਰਾ ਵੇਲਾ ਅੰਤ ਅਖ਼ੀਰ, ਏਹ ਸਮਝਾਈਆ । ਜੁਗ ਚੌਕੜੀ ਸ਼ਰਅ ਜ਼ੰਜੀਰ, ਵੰਡ ਵੰਡਾਈਆ । ਪੁਰਖ ਅਬਿਨਾਸ਼ੀ ਬੇਨਜ਼ੀਰ, ਨਜ਼ਰ ਨਾ ਆਈਆ । ਬਦਲਣਹਾਰ ਤਕਦੀਰ, ਤਦਬੀਰ ਸਮਝਾਈਆ । ਤੇਰੇ ਸਤਿ ਸਤਿਵਾਦੀ ਲੱਥੇ ਚੀਰ, ਤ੍ਰੈਗੁਣ ਮਾਇਆ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਸਤਿਜੁਗ ਅੱਗੋਂ ਕਰੇ ਪੁਕਾਰ, ਏਕਾ ਮੰਗ ਮੰਗਾਈਆ । ਗੋਤਮ ਤੈਨੂੰ ਦਿਤਾ ਆਧਾਰ, ਆਪ ਆਪਣਾ ਸੰਗ ਨਿਭਾਈਆ । ਮੇਰੇ ਵਿਚ ਮਿਲਿਆ ਤੈਨੂੰ ਨਿਰੰਕਾਰ, ਨਿਰਗੁਣ ਸਰਗੁਣ ਰੂਪ ਵਖਾਈਆ । ਉਹ ਤੇਰਾ ਸੱਚਾ ਯਾਰ, ਤੇਰੇ ਮੰਦਰ ਫੇਰਾ ਪਾਈਆ । ਤੂੰ ਉਸ ਦੇ ਅੱਗੇ ਕਰ ਪੁਕਾਰ, ਮੇਰਾ ਲਹਿਣਾ ਦਏ ਚੁਕਾਈਆ । ਏਕਾ ਦੇਵੇ ਚਰਨ ਛਾਰ, ਧੂੜੀ ਟਿੱਕਾ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਤਮ ਅੱਗੋਂ ਦਏ ਦਿਲਾਸਾ, ਏਕਾ ਗੁਣ ਜਣਾਇੰਦਾ । ਪਾਰਬ੍ਰਹਮ ਚਰਨ ਭਰਵਾਸਾ, ਸਰਨ ਸਰਨਾਈ ਇਕ ਰਖਾਇੰਦਾ । ਪ੍ਰਭ ਮਿਲਣ ਦੀ ਰੱਖ ਆਸਾ, ਨਿਰਾਸਾ ਕੋਇ ਰਹਿਣ ਨਾ ਪਾਇੰਦਾ । ਮੇਰੇ ਅੰਦਰ ਜਿਸ ਦਾ ਵਾਸਾ, ਤਿਸ ਆਪਣਾ ਹਾਲ ਸੁਣਾਇੰਦਾ । ਲੇਖਾ ਜਾਣੇ ਪ੍ਰਿਥਮੀ ਆਕਾਸਾ, ਗਗਨੰਤਰ ਮੰਡਲ ਵੇਖ ਵਖਾਇੰਦਾ । ਅੰਤਮ ਆਇਆ ਹਾਰ ਪਾਸਾ, ਪਾਸਾ ਫੇਰ ਨਾ ਕੋਇ ਬਦਲਾਇੰਦਾ । ਅਗਲਾ ਦੱਸਾਂ ਖੋਲ੍ਹ ਖੁਲਾਸਾ, ਭੇਵ ਅਭੇਦ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਧੰਦੇ ਆਪੇ ਲਾਇੰਦਾ । ਹਰਿ ਜੂ ਧੰਦਾ ਸਾਚੀ ਕਾਰ, ਕਰਤਾ ਪੁਰਖ ਆਪ ਕਰਾਈਆ । ਸਤਿਜੁਗ ਚਲਿਆ ਤੇਰਾ ਵਿਹਾਰ, ਵਿਵਹਾਰੀ ਵੇਖ ਵਖਾਈਆ । ਗੋਤਮ ਕੱਟਣ ਆਇਆ ਵਗਾਰ, ਹੁਕਮੀ ਹੁਕਮ ਸੇਵ ਕਮਾਈਆ । ਲੇਖੇ ਲਾਈ ਆਪਣੀ ਨਾਰ, ਨਰਾਇਣ ਰੰਗ ਜਣਾਈਆ ।

ਵਰ ਮੰਗਿਆ ਇਕੋ ਵਾਰ, ਤ੍ਰੇਤਾ ਦੁਆਪਰ ਮੁੱਖ ਛੁਪਾਈਆ । ਕਲਜੁਗ ਪਰਗਟ ਹੋਏ ਵਿਚ ਸੰਸਾਰ, ਨਿਰਗੁਣ ਆਪਣਾ ਰੂਪ ਵਟਾਈਆ । ਮੇਰਾ ਲੇਖਾ ਲਹਿਣਾ ਦਏ ਨਿਵਾਰ, ਆਪ ਆਪਣਾ ਮੇਲ ਮਿਲਾਈਆ । ਮੈਂ ਦੱਸਣਾ ਸਾਰਾ ਹਾਲ, ਸਤਿਜੁਗ ਤੇਰੀ ਕਰੀ ਸ਼ਨਵਾਈਆ । ਤੂੰ ਰਹੀ ਮੇਰੇ ਨਾਲ, ਤੇਰਾ ਮੇਰਾ ਏਕਾ ਘਰ ਏਕਾ ਗੋਬਿੰਦ ਮਿਲੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਕਰਾਈਆ । ਗੋਬਿੰਦ ਕਹੇ ਸਚ ਵਿਚਾਰ, ਅਭੇਦ ਭੇਵ ਜਣਾਇੰਦਾ । ਕਲਜੁਗ ਅੰਤਮ ਹੋ ਤਿਆਰ, ਵੇਲਾ ਨੇੜੇ ਆਇੰਦਾ । ਤ੍ਰੇਤਾ ਦੁਆਪਰ ਉਤਰੇ ਪਾਰ, ਬਣ ਪਾਂਧੀ ਪੰਧ ਮੁਕਾਇੰਦਾ । ਅੰਤਮ ਲਹਿਣਾ ਕਰਜ ਦਏ ਉਤਾਰ, ਮਕਰੂਜ ਆਪਣਾ ਫਰਜ ਪੂਰ ਕਰਾਇੰਦਾ । ਸੂਰਜ ਚੰਨ ਕਰਨ ਵਿਚਾਰ, ਨੇਤਰ ਨੈਣ ਹੋਏ ਸ਼ਰਮਸ਼ਾਰ, ਭੇਵ ਕਾਗ਼ਜ਼ ਕਲਮ ਨਾ ਪਾਇੰਦਾ । ਲਿਖ ਲਿਖ ਵਾਰਤਾ ਕੋਈ ਨਾ ਪਾਏ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪਣੇ ਹੱਥ ਵਖਾਇੰਦਾ । ਗੋਤਮ ਕਹੇ ਸਤਿਜੁਗ ਉਠ ਬਲ ਧਾਰ, ਏਕਾ ਰਾਹ ਜਣਾਈਆ । ਦੋਏ ਜੋੜ ਕਰ ਨਿਮਸਕਾਰ, ਪ੍ਰਭ ਸਾਚਾ ਸੱਚਾ ਮਾਹੀਆ । ਤੇਰਾ ਦੁੱਖੜਾ ਦਏ ਨਿਵਾਰ, ਜਗਤ ਵਿਛੋੜਾ ਪੰਧ ਮੁਕਾਈਆ । ਮੈਂ ਇਕ ਇਕੱਲਾ ਬਣਿਆ ਰਿਹਾ ਗਵਾਰ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਉਚੀ ਕੂਕ ਕਰਾਂ ਪੁਕਾਰ, ਪ੍ਰਭ ਸਾਚੇ ਦਿਆਂ ਸੁਣਾਈਆ । ਜੇ ਫੇਰ ਮਾਤਲੋਕ ਵਿਚ ਮਿਲਣਾ ਵਿਚ ਸੰਸਾਰ, ਮੇਰੀ ਮੰਨ ਸਚ ਅਰਜ਼ੋਈਆ । ਮੇਰਾ ਬੰਸ ਕਬੀਲਾ ਪਹਿਲੋਂ ਕਰਨਾ ਤਿਆਰ, ਸਾਕ ਸੈਣ ਬੰਧਨ ਜਗਤ ਨਾਤਾ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਆਪਣੀ ਦਏ ਕਮਾਈਆ । ਗੋਤਮ ਕਰੇ ਅਰਦਾਸ, ਦੋਏ ਜੋੜ ਬੇਨੰਤੀਆ । ਪ੍ਰਭ ਮੈਂ ਵਸਾਂ ਤੇਰੇ ਪਾਸ, ਸਾਹਿਬ ਸੁਲਤਾਨ ਸਾਚੇ ਕੰਤੀਆ । ਮੇਰੀ ਕੀਤੀ ਬੰਦ ਖੁਲਾਸ, ਲੇਖਾ ਜਾਣੇ ਜੁਗ ਜੁਗੰਤੀਆ । ਕਲਜੁਗ ਅੰਤਮ ਹੋਣਾ ਪਰਕਾਸ਼, ਤੇਰਾ ਖੇਲ ਬੇਅੰਤ ਬੇਅੰਤ ਬੇਅੰਤੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੇ ਸਾਹਿਬ ਸ਼ਾਹ ਸੁਲਤਾਨ ਵਡ ਮਹੰਤੀਆ । ਸੁਣ ਅਰਦਾਸ ਮੇਰੀ ਅਰਜ਼ੋਈ, ਦੋਏ ਜੋੜ ਜੋੜ ਪੁਕਾਰਿਆ । ਤੁਧ ਬਿਨ ਮਿਲੇ ਨਾ ਢੋਈ, ਮੇਰੇ ਸਾਹਿਬ ਪਰਵਰਦਿਗਾਰਿਆ । ਮੈਂ ਨਿਭਾਗਣ ਤੇਰੀ ਹੋਈ, ਤੂੰ ਮੇਰਾ ਕੰਤ ਭਤਾਰਿਆ । ਮੈਂ ਤੇਰੀ ਕਰਾਂ ਰਸੋਈ, ਬਣ ਸੇਵਕ ਵਿਚ ਸੰਸਾਰਿਆ । ਦੂਜਾ ਅਵਰ ਨਾ ਦਿਸੇ ਕੋਈ, ਨੇਤਰ ਨੈਣ ਨਾ ਕੋਇ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੀ ਮੰਗ ਮੰਗਾ ਰਿਹਾ । ਮੰਗਾਂ ਮੰਗ ਇਕੋ ਦਾਤ, ਤੇਰੇ ਅੱਗੇ ਝੋਲੀ ਡਾਹੀਆ । ਮੇਰੇ ਨਾਲ ਮਿਲਾਉਣੇ ਆਪਣੇ ਸੱਜਣ ਸਾਕ, ਸਾਚੇ ਭਗਤ ਮਾਤ ਪਰਗਟਾਈਆ । ਉਨ੍ਹਾਂ ਵੇਖਾਂ ਸੱਚਾ ਨਾਤ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੀ ਮੰਗ ਮੰਗਾਈਆ । ਆਪਣੇ ਭਗਤਾਂ ਦੇਣਾ ਸਾਥ, ਗੋਤਮ ਏਕਾ ਮੰਗ ਮੰਗਾਇੰਦਾ । ਮੈਂ ਇਕ ਇਕੱਲਾ ਗਾ ਗਾ ਥੱਕਾ ਤੇਰੀ ਗਾਥ, ਤੇਰਾ ਅੰਤ ਕੋਇ ਨਾ ਆਇੰਦਾ । ਅੰਤ ਵੇਖਿਆ ਕੋਈ ਨਾ ਦਿਸੇ ਸਾਕ, ਇਕੋ ਨਾਰੀ ਨਾਤਾ ਲੋਕਮਾਤ ਤੁੜਾਇੰਦਾ । ਤੇਰੀ ਉਚੀ ਸੁੱਚੀ ਜ਼ਾਤ, ਤੇਰਾ ਵਰਨ ਨਜ਼ਰ ਕੋਇ ਨਾ ਆਇੰਦਾ । ਮੈਂ ਕਿਸ ਨਾਲ ਬਹਿ ਬਹਿ ਕਰਾਂ ਵਾਤ, ਵਾਤਾਵਰਨ ਨਾ ਕੋਇ ਸੁਣਾਇੰਦਾ । ਮੈਂ ਤੇਰੇ ਬੈਠਾ ਘਾਟ, ਸਾਚੇ ਪੱਤਣ ਡੇਰਾ ਲਾਇੰਦਾ । ਤੂੰ ਸਾਹਿਬ ਪੁਰਖ ਸਮਰਾਥ, ਮੈਂ ਇਕੋ ਮੰਗ ਮੰਗਾਇੰਦਾ । ਕਲਜੁਗ ਅੰਤਮ ਪੁੱਛੀ ਵਾਤ,


੬੧੯ ੧੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਇੰਦਾ । ਸਾਚੀ ਵਸਤ ਹਰਿ ਦਾਤਾਰ, ਏਕਾ ਝੋਲੀ ਪਾਈਆ । ਕਲਜੁਗ ਅੰਤਮ ਖੇਲ ਕਰਾਂ ਆਪਾਰ, ਵੇਦ ਕਤੇਬ ਭੇਵ ਨਾ ਰਾਈਆ । ਤੇਈ ਅਵਤਾਰ ਦਸ ਗੁਰੂ ਨਾ ਪਾਵਣ ਸਾਰ, ਬੇਅੰਤ ਬੇਅੰਤ ਬੇਅੰਤ ਕਹਿ ਕਹਿ ਖ਼ੁਸ਼ੀ ਮਨਾਈਆ । ਨਿਰਗੁਣ ਨਿਰਗੁਣ ਸਾਚੀ ਧਾਰ, ਧਾਰ ਅਵੱਲੜੀ ਆਪ ਰਖਾਈਆ । ਪਰਗਟ ਹੋਏ ਵਿਚ ਸੰਸਾਰ, ਜੋਤੀ ਜਾਮਾ ਭੇਖ ਵਟਾਈਆ । ਚਾਰ ਜੁਗ ਦੇ ਵਿਛੜੇ ਯਾਰ, ਪਹਿਲੋਂ ਮੇਲਾ ਲਵਾਂ ਮਿਲਾਈਆ । ਸਾਚੇ ਭਗਤ ਕਰ ਤਿਆਰ, ਏਕਾ ਭਗਤੀ ਬੂਝ ਬੁਝਾਈਆ । ਆਤਮ ਪਰਮਾਤਮ ਦੇ ਆਧਾਰ, ਆਪਣੇ ਰੰਗ ਰੰਗਾਈਆ । ਲੱਖ ਚੁਰਾਸੀ ਨਾਤਾ ਤੋੜ ਜੰਜਾਲ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਏਕਾ ਘਰ ਵਖਾਏ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਨਾ ਕੋਇ ਵਡਿਆਈਆ । ਸ਼ਬਦ ਗੁਰੂ ਬਣ ਦਲਾਲ, ਦਰ ਦਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਕਲਜੁਗ ਵੇਲਾ ਅੰਤਮ ਔਣਾ, ਪਰਮ ਪੁਰਖ ਸੁਣਾਇੰਦਾ । ਪੁਰਖ ਅਬਿਨਾਸ਼ੀ ਖੇਲ ਕਰੌਣਾ, ਭੇਦ ਅਭੇਦ ਆਪ ਜਣਾਇੰਦਾ । ਗੋਤਮ ਤੇਰੇ ਨੈਣਾਂ ਸਰਬ ਵਖੌਣਾ, ਨੇਤਰ ਨੈਣ ਆਪ ਖੁਲ੍ਹਾਇੰਦਾ । ਸਾਚੇ ਭਗਤਾਂ ਆਪ ਉਠਾਉਣਾ, ਆਪ ਆਪਣਾ ਬੰਧਨ ਪਾਇੰਦਾ । ਫੜ ਫੜ ਕਾਗੋਂ ਹੰਸ ਬਣੌਣਾ, ਹੰਸ ਕਾਗ ਰੂਪ ਵਟਾਇੰਦਾ । ਨਾਦ ਅਨਾਦੀ ਸ਼ਬਦ ਸੁਣੌਣਾ, ਬ੍ਰਹਮ ਬ੍ਰਹਿਮਾਦੀ ਆਪ ਅਲਾਇੰਦਾ । ਪੁਰਖ ਅਬਿਨਾਸ਼ੀ ਸੇਵ ਕਮੌਣਾ, ਬਣ ਸੇਵਕ ਖ਼ੁਸ਼ੀ ਮਨਾਇੰਦਾ । ਆਪਣਾ ਆਪ ਭੇਟ ਚੜ੍ਹੌਣਾ, ਤਨ ਖ਼ਾਕੀ ਨਾ ਕੋਇ ਰਖਾਇੰਦਾ । ਨਿਰਗੁਣ ਹੋ ਕੇ ਡੰਕ ਵਜੌਣਾ, ਸੋਹੰ ਢੋਲਾ ਏਕਾ ਗਾਇੰਦਾ । ਭਗਤ ਵਿਚੋਲਾ ਆਪ ਉਠੌਣਾ, ਦੂਜਾ ਕੋਇ ਰਹਿਣ ਨਾ ਪਾਇੰਦਾ । ਤੇਰਾ ਬੰਸ ਸਰਬੰਸ ਆਪ ਪਰਗਟੌਣਾ, ਸਾਚੇ ਭਗਤਾਂ ਆਪ ਵਡਿਆਇੰਦਾ । ਮਿਲ ਮਿਲ ਸਖੀਆਂ ਮੰਗਲ ਗੌਣਾ, ਗੀਤ ਗੋਬਿੰਦ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਖੋਲ੍ਹੇ ਭਗਵਾਨ, ਪ੍ਰਭ ਆਪਣੀ ਦਇਆ ਕਮਾਈਆ । ਕਲਜੁਗ ਖੇਲ ਕਰੇ ਮਹਾਨ, ਲੇਖਾ ਲਿਖਤ ਵਿਚ ਨਾ ਆਈਆ । ਸਚਖੰਡ ਦਾ ਸਚ ਵਿਧਾਨ, ਲੋਕਮਾਤ ਲਏ ਪਰਗਟਾਈਆ । ਲੇਖਾ ਜਾਣ ਜ਼ਿਮੀਂ ਅਸਮਾਨ, ਦੋ ਜਹਾਨਾਂ ਖ਼ੁਸ਼ੀ ਮਨਾਈਆ । ਸਚਖੰਡ ਦਾ ਸਚ ਨਿਸ਼ਾਨ, ਲੋਕਮਾਤ ਲਏ ਪਰਗਟਾਈਆ । ਲੋਕਮਾਤ ਦਾ ਸੱਚਾ ਦਾਨ, ਗੋਬਿੰਦ ਬਾਲੇ ਨੀਹਾਂ ਹੇਠ ਚਣਾਈਆ । ਉਪਰ ਬਣਾਏ ਸਚ ਮਕਾਨ, ਨੌਂ ਦੁਆਰੇ ਖੋਲ੍ਹ ਖੁਲਾਈਆ । ਸੇਵਾ ਕਰੇ ਸ੍ਰੀ ਭਗਵਾਨ, ਬਲ ਆਪਣਾ ਆਪ ਰਖਾਈਆ । ਜੁਗ ਚੌਕੜੀ ਮੁੱਕੇ ਆਣ, ਦੂਜੀ ਕਾਣ ਨਾ ਕੋਇ ਜਣਾਈਆ । ਸਾਚੇ ਭਗਤ ਕਰ ਪਰਵਾਨ, ਤੇਰਾ ਮੇਲਾ ਦਏ ਮਿਲਾਈਆ । ਨਾਤਾ ਜੋੜ ਵਿਚ ਜਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਸੱਤਰ ਬਹੱਤਰ ਇਕ ਗਿਆਨ, ਸਤਿ ਚਾਰ ਚਾਰ ਮਿਲਾਈਆ । ਪੰਜ ਪੰਜ ਖੇਲ ਮਹਾਨ, ਪੰਚਮ ਮੀਤਾ ਸੱਚਾ ਸ਼ਹਿਨਸ਼ਾਹੀਆ । ਛੱਤੀ ਜੁਗ ਕਰ ਕਲਿਆਣ, ਰਾਗ ਛਤੀਸਾ ਦਏ ਜਣਾਈਆ । ਮਹੱਲ ਅਟੱਲ ਉਚ ਮਕਾਨ, ਤ੍ਰੈ ਤ੍ਰੈ ਅਤੀਤਾ ਰੂਪ ਵਟਾਈਆ । ਸਾਚਾ ਮੰਦਰ ਇਕ ਮਕਾਨ, ਸੋਭਾਵੰਤ ਦਏ ਸੁਹਾਈਆ । ਤੇਰਾ ਮੇਲਾ ਮੇਲੇ ਆਣ, ਮਿਲਿਆ ਮੇਲ ਵਿਛੜ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੌਤਮ ਮਿਲਿਆ ਮਾਣ, ਘਰ ਆਪਣੇ ਖ਼ੁਸ਼ੀ ਮਨਾਇੰਦਾ । ਦੂਜੇ ਪਾਸੇ ਅਹਿਲਿਆ ਬਾਲ ਅਵਾਣ, ਭੇਵ ਕੋਇ ਨਾ ਆਇੰਦਾ । ਨੇਤਰ ਰੋ ਰੋ ਕਰੇ ਧਿਆਨ, ਪ੍ਰਭ ਚਰਨ ਇਕ

ਨਿਸ਼ਾਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਨੀਤੀ ਆਪਣੇ ਹੱਥ ਰਖਾਇੰਦਾ । ਸਾਚੀ ਰੀਤੀ ਹਰਿ ਕਰਤਾਰ, ਆਪਣੇ ਹੱਥ ਰਖਾਈਆ । ਗੋਤਮ ਅਹਲਿਆ ਕੀ ਪਾਵੇ ਸਾਰ, ਭੇਵ ਅਭੇਦ ਛੁਪਾਈਆ । ਨੇਤਰ ਰੋਵੇ ਜ਼ਾਰੋ ਜ਼ਾਰ, ਨੈਣਾਂ ਛਹਿਬਰ ਲਾਈਆ । ਮੇਰਾ ਦੁੱਖ ਕੱਟ ਮੇਰੇ ਨਿਰੰਕਾਰ, ਦੁਖੀ ਦੁੱਖ ਵਿਚ ਸਮਾਈਆ । ਸਾਚਾ ਸੁਖ ਤੇਰਾ ਪਿਆਰ, ਦੂਜੀ ਵਸਤ ਨਾ ਕੋਇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਸਚ ਸਪੁੱਤਰੀ ਰੱਖਣਾ ਯਾਦ, ਤ੍ਰੈਗੁਣ ਅਤੀਤਾ ਆਪ ਜਣਾਇੰਦਾ । ਤੇਰੀ ਸੁਣਾ ਫੇਰ ਫ਼ਰਯਾਦ, ਰੂਪ ਅਨੂਪ ਆਪ ਵਟਾਇੰਦਾ । ਬਣ ਖੰਡ ਵਿਚੋਂ ਲਵਾਂ ਲਾਧ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਸ ਇਕ ਸਮਝਾਇੰਦਾ । ਅੰਤ ਰੱਖਣੀ ਇਕੋ ਆਸ, ਹਰਿ ਜੂ ਆਖ ਸੁਣਾਇਆ । ਜੁਗ ਚੌਕੜੀ ਖੇਲ ਤਮਾਸ਼, ਸਾਚਾ ਮੰਦਰ ਜਣਾਇਆ । ਤ੍ਰੇਤੇ ਕਰੇ ਬੰਦ ਖੁਲਾਸ਼, ਰਾਮ ਰਮਈਆ ਰੂਪ ਵਟਾਇਆ । ਚਰਨ ਛੋਹ ਵਸਣਾ ਚਰਨਾਂ ਪਾਸ, ਚਰਨਾਮਿਤ ਇਕ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚੀ ਨਾਰ ਕਰੇ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਤੂੰ ਆਦਿ ਜੁਗਾਦੀ ਕੰਤ ਭਤਾਰ, ਸਦ ਤੇਰੀ ਸੇਜ ਸੁਹਾਈਆ । ਓਥੇ ਏਥੇ ਦੋ ਜਹਾਨ ਸੱਚਾ ਪਿਆਰ, ਪਿਆਰ ਪਿਆਰ ਵਿਚ ਰਖਾਈਆ । ਤੂੰ ਮਾਤਾ ਪਿਤਾ ਬਣ ਬਣ ਕਰੇਂ ਸ਼ੰਗਾਰ, ਸਿਰ ਆਪਣਾ ਹੱਥ ਟਿਕਾਈਆ । ਤੂੰ ਪੂਤ ਸਪੂਤਾ ਦਏਂ ਅਧਾਰ, ਘਰ ਆਪਣੇ ਖ਼ੁਸ਼ੀ ਮਨਾਈਆ । ਤੇਰੀ ਕਿਰਪਾ ਤੇਰੀ ਦਾਦ ਤੇਰੇ ਹੁਕਮੇ ਅੰਦਰ ਆਈ ਲੋਕਮਾਤ, ਮਾਣਸ ਜਨਮ ਰੂਪ ਵਟਾਈਆ । ਇਕੋ ਮਿਲਿਆ ਕਮਲਾਪਾਤ, ਗੋਤਮ ਤੇਰਾ ਰੂਪ ਨਜ਼ਰੀ ਆਈਆ । ਮੇਰਾ ਛੁਟਾ ਪਿਛਲਾ ਸਾਕ, ਸਗਲਾ ਸੰਗ ਗਿਆ ਤਜਾਈਆ । ਮੈਂ ਵਿਕੀ ਉਹਦੇ ਹਾਟ, ਮੇਰੀ ਕੀਮਤ ਕਿਸੇ ਨਾ ਪਾਈਆ । ਤੂੰ ਸਾਹਿਬ ਪੁਰਖ ਸਮਰਾਥ, ਮੇਰਾ ਕੰਤ ਦੇਣਾ ਮਿਲਾਈਆ । ਮੈਂ ਹੋਈ ਅਨਾਥਾਂ ਨਾਥ, ਬਣ ਦੀਨਨ ਸੀਸ ਝੁਕਾਈਆ । ਤੇਰਾ ਮੰਗਾਂ ਸਦਾ ਸਾਥ, ਵਿਛੜ ਕਦੇ ਨਾ ਜਾਈਆ । ਦੋਵੇਂ ਰਲ ਮਿਲ ਆਈਏ ਤੇਰੇ ਘਾਟ, ਏਕਾ ਘਰ ਵੱਜੇ ਵਧਾਈਆ । ਪੀਆ ਵਿਛੋੜਾ ਮੇਰਾ ਘਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬਾਲੀ ਮੰਗ ਮੰਗਾਈਆ । ਮਿਹਰਵਾਨ ਮਿਹਰਵਾਨ ਵਡ ਦਾਤਾ, ਆਪਣੀ ਦਇਆ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਤੇਰੀ ਗਾਥਾ, ਪੜ੍ਹ ਪੜ੍ਹ ਸ੍ਰਿਸ਼ਟ ਸਰਬ ਸੁਣਾਇੰਦਾ । ਕਲਜੁਗ ਅੰਤਮ ਹੋਏ ਅੰਧੇਰੀ ਰਾਤਾ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਕਰੇ ਖੇਲ ਪੁਰਖ ਸਮਰਾਥਾ, ਵੇਸ ਆਪਣਾ ਆਪ ਵਟਾਇੰਦਾ । ਜਨ ਭਗਤਾਂ ਦੇਵੇ ਸਾਚਾ ਸਾਥਾ, ਸਾਚੇ ਮੰਦਰ ਸੋਭਾ ਪਾਇੰਦਾ । ਮੇਲ ਮਿਲਾਵਾ ਸਾਚੇ ਸਾਕਾ, ਸੱਜਣ ਮੀਤ ਮੇਰਾ ਫੇਰਾ ਪਾਇੰਦਾ । ਪੂਰਬ ਜਨਮ ਦਾ ਪੂਰਾ ਕਰੇ ਘਾਟਾ, ਅੱਗੇ ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਇਆ ਆਪ ਕਮਾਇੰਦਾ । ਕਲਜੁਗ ਅੰਤਮ ਜਾਏ ਆ, ਹਰਿ ਸਾਚਾ ਆਪ ਜਣਾਇੰਦਾ । ਜਗਤ ਵਿਛੋੜਾ ਦਏ ਮਿਟਾ, ਸਿਰ ਆਪਣਾ ਹੱਥ ਟਿਕਾਇੰਦਾ । ਦੋਹਾਂ ਮੇਲਾ ਦਏ ਮਿਲਾ, ਮੇਲ ਮਿਲਾਵਾ ਆਪ ਜਣਾਇੰਦਾ । ਸ਼ਬਦ ਅਗੰਮੀ ਹੁਕਮ ਸੁਣਾ, ਹੁਕਮੀ ਡੰਕ ਵਜਾਇੰਦਾ । ਗੋਤਮ ਸੁਣਿਆ ਕੀ ਕਰੇ ਬੇਪਰਵਾਹ, ਕਵਣ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਵਖਾਇੰਦਾ । ਗੋਤਮ ਸੁਣੀ ਹਰਿ ਆਵਾਜ਼, ਸ਼ਬਦੀ

੬੨੧
੧੧

ਧੁਨ ਧੁਨ ਸ਼ਨਵਾਈਆ । ਦੋਏ ਜੋੜ ਕਹੇ ਗ਼ਰੀਬ ਨਿਵਾਜ਼, ਮੇਰੀ ਇਕ ਇਕ ਅਰਜ਼ੋਈਆ । ਕਲਜੁਗ ਅੰਤਮ ਤੂੰ ਸਾਜਣ ਲੈਣਾ ਸਾਜ, ਸਾਚੀ ਬਣਤ ਬਣਾਈਆ । ਸਤਿਜੁਗ ਨਾਲ ਮੇਰਾ ਸਾਥ, ਵਿਛੜ ਕਦੇ ਨਾ ਜਾਈਆ । ਮੈਂ ਦੱਸੀ ਤੇਰੀ ਗਾਥ, ਕਰੀ ਸਚ ਪੜ੍ਹਾਈਆ । ਕਲਜੁਗ ਹੋਏ ਅੰਧੇਰੀ ਰਾਤ, ਰਾਹ ਖਹਿੜਾ ਨਜ਼ਰ ਨਾ ਆਈਆ । ਜੇ ਤੁਠਾ ਦੇ ਦਾਤ, ਸਤਿਜੁਗ ਮੇਰੇ ਨਾਲ ਰਲਾਈਆ । ਨਾਲ ਰਲੇ ਤੇਰੀ ਜਮਾਤ, ਜੋ ਭਗਤਾਂ ਕਰੀ ਪੜ੍ਹਾਈਆ । ਫੇਰ ਮੈਂ ਤੈਥੋਂ ਪੁੱਛਾਂ ਪਿਛਲੀ ਵਾਤ, ਆਪਣੀ ਕਥਾ ਸੁਣਾਈਆ । ਕਲਜੁਗ ਉਤਰੇ ਤੇਰੇ ਘਾਟ, ਸਤਿਜੁਗ ਸਾਚੀ ਹੋਏ ਰੁਸ਼ਨਾਈਆ । ਲਹਿਣਾ ਦੇਣਾ ਚੁੱਕੇ ਜ਼ਾਤ ਪਾਤ, ਊਚ ਨੀਚ ਨਾ ਕੋਇ ਅਖਵਾਈਆ । ਮਨ ਮਤ ਦੁਹਾਗਣ ਨਾਰ ਮਿਟੇ ਕਮਜ਼ਾਤ, ਗੁਰਮਤ ਹੋਏ ਕੁੜਮਾਈਆ । ਤੇਰਾ ਦੁਆਰਾ ਡੂੰਘਾ ਖਾਤ, ਵਸੰਦਿਆਂ ਘਾਟ ਕੋਇ ਨਾ ਆਈਆ । ਬਿਨ ਸਤਿਜੁਗ ਮੈਂ ਕਿਸੇ ਨਾਲ ਨਾ ਰੱਖਣਾ ਕੋਈ ਸਾਥ, ਸੱਚੀ ਸਚ ਰਿਹਾ ਸੁਣਾਈਆ । ਜੇ ਨਾ ਤੂੰ ਪੁੱਛੇ ਮੇਰੀ ਵਾਤ, ਤੁਧ ਬਿਨ ਹੋਰ ਨਜ਼ਰ ਕੋਇ ਨਾ ਆਈਆ । ਮੈਂ ਛੱਡੇ ਸੱਜਣ ਸਾਕ, ਇਕ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਟਿਕਾਈਆ । ਸਿਰ ਰੱਖ ਹੱਥ ਕਰਤਾਰ, ਆਪਣੀ ਦਇਆ ਕਮਾਇੰਦਾ । ਤ੍ਰੇਤਾ ਦੁਆਪਰ ਰਥ ਚਲੇ ਸੰਸਾਰ, ਬਣ ਰਥਵਾਹੀ ਸੇਵ ਕਮਾਇੰਦਾ । ਕਲਜੁਗ ਆਏ ਅੰਤਮ ਵਾਰ, ਆਪ ਆਪਣੀ ਕਲ ਵਰਤਾਇੰਦਾ । ਪਿਛਲਾ ਲੇਖਾ ਜਾਣੇ ਸਰਬ ਸੰਸਾਰ, ਚਾਰ ਜੁਗ ਦੇ ਵੇਖੇ ਯਾਰ, ਮੇਲ ਵਿਛੋੜਾ ਪੰਧ ਮੁਕਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਦਏ ਹੁਲਾਰ, ਭਗਤ ਭਗਵੰਤ ਆਪ ਉਠਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰੇ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਜਣਾਇੰਦਾ । ਵੇਦ ਸ਼ਾਸਤਰ ਸਿਮਰਤ ਪੁਰਾਨ ਪਾਵੇ ਸਾਰ, ਅੰਜ਼ੀਲ ਕੁਰਾਨਾਂ ਫੋਲ ਫੁਲਾਇੰਦਾ । ਪਰਗਟ ਹੋ ਅਗੰਮ ਅਪਾਰ, ਅਲਖ ਅਗੋਚਰ ਰੂਪ ਵਟਾਇੰਦਾ । ਭਗਤ ਭਗਵੰਤ ਕਰ ਤਿਆਰ, ਤ੍ਰੈਗੁਣ ਬੰਦਨ ਆਪ ਤੁੜਾਇੰਦਾ । ਸਚ ਮਹੱਲ ਇਕ ਉਸਾਰ, ਰੱਤੀ ਰੱਤ ਨਾਲ ਰਲਾਇੰਦਾ । ਤ੍ਰੈਗੁਣ ਮਾਇਆ ਥੱਲੇ ਦੇਵੇ ਵਾੜ, ਆਪਣੀ ਹੱਥੀਂ ਆਪ ਦਬਾਇੰਦਾ । ਕਰੇ ਖੇਲ ਆਪ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਆਪ ਵਖਾਇੰਦਾ । ਸਾਚਾ ਸੰਗ ਕਰਾਏ ਮੇਲਾ, ਮੇਲਣਹਾਰ ਨਿਰੰਕਾਰ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਸੋਹੇ ਮੰਦਰ ਉਚ ਮੁਨਾਰ । ਪਾਰਬ੍ਰਹਮ ਸੱਜਣ ਸੁਹੇਲਾ, ਸਦਾ ਸਦਾ ਕਰੇ ਕਰਾਏ ਵਣਜ ਵਾਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਧਾਰ । ਸਾਚੀ ਧਾਰ ਹਰਿ ਸਮਝਾਇੰਦਾ, ਪਾਰਬ੍ਰਹਮ ਪੁਰਖ ਅਬਿਨਾਸ਼ । ਤ੍ਰੇਤਾ ਤੇਰੇ ਪਿਛੇ ਪਰਗਟਾਇੰਦਾ, ਤ੍ਰੈ ਤ੍ਰੈ ਦੇਵੇ ਸਾਚੀ ਦਾਤ । ਕਲਜੁਗ ਅੰਤਮ ਪੰਧ ਮੁਕਾਇੰਦਾ, ਨਾਲ ਰਲਾਏ ਤੇਰੀ ਜਮਾਤ । ਤੇਰਾ ਲੇਖਾ ਵੇਖ ਵਖਾਇੰਦਾ, ਲਹਿਣਾ ਜਾਣੇ ਸੱਜਣ ਸਾਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਅਬਿਨਾਸ਼ । ਸਾਕ ਸੱਜਣ ਸਾਚਾ ਮੀਤਾ, ਅੰਤਮ ਦਇਆ ਕਮਾਈਆ । ਕਰੇ ਖੇਲ ਇਕ ਅਨਡੀਠਾ, ਲਿਖਣ ਪੜ੍ਹਣ ਵਿਚ ਨਾ ਆਈਆ । ਤੇਰਾ ਪਰੇਮ ਲੱਗੇ ਮੀਠਾ, ਰਸ ਹੋਰ ਨਜ਼ਰ ਨਾ ਆਈਆ । ਰਾਮ ਨਾਲੋਂ ਵਿਛੜੀ ਸੀਤਾ, ਮੁੜ ਕੇ ਫੇਰ ਨਾ ਸਕੇ ਕੋਇ ਮਿਲਾਈਆ । ਕਾਹਨ ਕ੍ਰਿਸ਼ਨ ਰਾਧਾ ਸੁਰਤੀ ਮੁਕੰਦ ਮਨੋਹਰ ਬੰਸਰੀ ਵਜਾਏ ਅਠਾਰਾਂ ਧਿਆਏ ਗਾਏ ਗੀਤਾ, ਵਾਤਾਵਰਨ ਜਗਤ ਸੁਣਾਈਆ । ਗੋਬਿੰਦ ਮਿਲਿਆ ਇਕੋ ਮੀਤਾ, ਪਾਰਬ੍ਰਹਮ ਬੇਪਰਵਾਹੀਆ । ਗੋਤਮ

੬੨੨
੧੧

ਦਰ ਤੇਰਾ ਠਾਂਡਾ ਸੀਤਾ, ਧੁਰ ਦਰਬਾਰੀ ਆਪ ਸੁਹਾਈਆ । ਕਲਜੁਗ ਅੰਤਮ ਇਕ ਵਖਾਏ ਸਚ ਪ੍ਰੀਤਾ, ਚਰਨ ਕਵਲ ਸਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾਂ ਜੁਗੰਤਰ ਲੇਖਾ ਆਪਣੇ ਹੱਥ ਰਖਾਈਆ । ਸਾਚਾ ਲੇਖਾ ਹਰਿ ਭਗਵੰਤ, ਆਪਣੇ ਹੱਥ ਰਖਾਇੰਦਾ । ਸਚ ਦੁਆਰਾ ਸੋਭਾਵੰਤ, ਭਗਤ ਭਗਵਾਨ ਵੇਸ ਵਟਾਇੰਦਾ । ਪੂਰੀ ਆਸਾ ਨਾਰੀ ਕੰਤ, ਕੰਤ ਨਾਲ ਰੰਗ ਰੰਗਾਇੰਦਾ । ਬਣ ਵਿਚੋਲਾ ਸ੍ਰੀ ਭਗਵੰਤ, ਸਾਚੀ ਸੇਵਾ ਆਪ ਕਮਾਇੰਦਾ । ਏਥੇ ਓਥੇ ਦੋ ਜਹਾਨ ਇਕੋ ਮੰਤ, ਮੰਤਰ ਆਪਣਾ ਆਪ ਸਮਝਾਇੰਦਾ । ਮਿਲੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਇਕ ਜਗਾਇੰਦਾ । ਪਹਿਲੋਂ ਬਣਾਏ ਗੋਤਮ ਤੇਰੀ ਬਣਤ, ਫਿਰ ਕਲਜੁਗ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵਿਹਾਰ ਹਰਿ ਨਿਰੰਕਾਰ ਭੁੱਲ ਕਦੇ ਨਾ ਜਾਇੰਦਾ । ਅਭੁੱਲ ਕਦੇ ਨਾ ਭੁੱਲਦਾ, ਬੇਪਰਵਾਹ ਹਰਿ ਸੁਲਤਾਨ । ਲੇਖਾ ਜਾਣੇ ਆਪਣੀ ਕੁਲ ਦਾ, ਕੁਲਵੰਤਾ ਨੌਜਵਾਨ । ਹਰਿਜਨ ਕਦੇ ਮਾਤ ਨਾ ਰੁਲਦਾ, ਜੁਗ ਜੁਗ ਦੇਵਣਹਾਰਾ ਮਾਣ । ਗੁਰਮੁਖ ਸਦਾ ਲੱਖ ਚੁਰਾਸੀ ਵਿਚ ਫੁਲਦਾ, ਪੱਤ ਡਾਲੀ ਹੋਏ ਪਰਵਾਨ । ਹਰਿ ਭਾਣਾ ਸੋ ਜਨ ਝੱਲਦਾ, ਅੰਤਮ ਮੇਲਾ ਹੋਏ ਆਣ । ਖੇਲ ਵੇਖ ਅੱਜ ਕੇ ਕਲ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਦੋ ਜਹਾਨ । ਪੂਰਬ ਲੇਖਾ ਦਏ ਮੁਕਾ, ਹਰਿ ਵੱਡਾ ਵੱਡ ਵਡਿਆਈਆ । ਗੋਤਮ ਲਹਿਣਾ ਇਕ ਸਮਝਾ, ਏਕਾ ਵਾਰ ਜਣਾਈਆ । ਭਗਤ ਦੁਆਰਾ ਇਕ ਬਣਾ, ਸਾਚੇ ਘਰ ਕਰੀ ਕੁੜਮਾਈਆ । ਸਚਖੰਡ ਦੁਆਰਾ ਦਏ ਵਖਾ, ਏਥੇ ਓਥੇ ਇਕੋ ਰੰਗ ਰੰਗਾਈਆ । ਪਹਿਲੀ ਚੇਤ ਦਿਵਸ ਰਿਹਾ ਆ, ਗੁਰ ਅਵਤਾਰ ਕਰਨ ਸਾਲਾਹੀਆ । ਪੀਰ ਪੈਗ਼ੰਬਰ ਨੈਣ ਰਹੇ ਸ਼ਰਮਾ, ਨੈਣ ਸਕੇ ਨਾ ਕੋਇ ਉਠਾਈਆ । ਭਗਤ ਤੱਕਣ ਰਾਹ, ਇਕੋ ਓਟ ਤਕਾਈਆ । ਵੇਖੋ ਕਲਜੁਗ ਅੰਤਮ ਕੀ ਕਰੇ ਬੇਪਰਵਾਹ, ਬੇਅੰਤ ਵਡ ਵਡਿਆਈਆ । ਗ਼ਰੀਬ ਨਿਮਾਣਿਆਂ ਫੜ ਫੜ ਬਾਂਹ, ਆਪਣੇ ਗਲੇ ਲਗਾਈਆ । ਪੂਰਬ ਲਹਿਣਾ ਰਿਹਾ ਚੁਕਾ, ਭੁੱਲੀ ਸਰਬ ਲੋਕਾਈਆ । ਸਾਚਾ ਬੰਧਨ ਰਿਹਾ ਪਾ, ਨਾ ਕੋਈ ਤੋੜੇ ਤੋੜ ਤੁੜਾਈਆ । ਕੁੱਖ ਵਿਚੋਂ ਕੁੱਖ ਪਰਗਟਾ, ਕੁੱਖੀ ਕੁੱਖ ਸਮਝਾਈਆ । ਮੁਖ ਵਿਚੋਂ ਮੁਖ ਸਲਾਹ, ਮੁਖ ਏਕਾ ਦਏ ਵਡਿਆਈਆ । ਪੂਰਬ ਜਨਮ ਦਾ ਦੁੱਖ ਮਿਟਾ, ਸਾਚਾ ਸੁਖ ਇਕ ਸਰਨਾਈਆ । ਆਪਣੀ ਗੋਦ ਆਪ ਟਿਕਾ, ਹਰਿ ਸਾਚੀ ਖ਼ੁਸ਼ੀ ਮਨਾਈਆ । ਨਾਰੀ ਕੰਤ ਮੇਲਾ ਸਹਿਜ ਸੁਭਾ, ਗੁਣ ਅਵਗੁਣ ਨਾ ਕੋਇ ਵਖਾਈਆ । ਹਰਿ ਚਰਨ ਦੁਆਰੇ ਚੜ੍ਹਿਆ ਚਾਅ, ਚਾਓ ਘਨੇਰਾ ਇਕ ਵਖਾਈਆ । ਸਾਧ ਸੰਗਤ ਭੈਣ ਭਰਾ, ਬਹਿ ਬਹਿ ਮੰਗਲ ਆਪੇ ਗਾਈਆ । ਕਲਜੁਗ ਰੋਵੇ ਮਾਰੇ ਧਾਹ, ਬੌਹੜੀ ਗੋਤਮ ਕੀ ਕੀ ਖੇਲ ਕਰਾਈਆ । ਸਤਿਜੁਗ ਓਧਰ ਚੜ੍ਹੇ ਚਾਅ, ਬਹਿ ਬਹਿ ਖ਼ੁਸ਼ੀ ਮਨਾਈਆ । ਮੇਰਾ ਪੱਲੂ ਫੜੇ ਆ, ਜਿਹੜਾ ਗਿਆ ਅੰਤ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਜਨਮ ਆਪਣੇ ਲੇਖੇ ਪਾਈਆ । ਪੂਰਬ ਲਹਿਣਾ ਗਿਆ ਚੁੱਕ, ਹਰਿ ਜੂ ਦਇਆ ਕਮਾਈਆ । ਗੁਰਮੁਖ ਸਾਚੇ ਗੋਦੀ ਚੁੱਕ, ਵੇਖੇ ਸਹਿਜ ਸੁਭਾਈਆ । ਪੁਰਖ ਅਬਿਨਾਸ਼ੀ ਆਪਣੇ ਸੁਤ, ਭਗਤ ਭਗਵੰਤ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਮੇਲ ਮਿਲਾਈਆ । ਸਾਚਾ ਮੇਲਾ ਮਿਲਿਆ ਆਤਮ ਅੰਤਰ, ਅੰਤਰਗਤ ਜਣਾਇੰਦਾ । ਦੋਹਾਂ ਪੜ੍ਹਨਾ ਇਕੋ ਮੰਤਰ, ਸੋਹੰ ਢੋਲਾ ਸੁਣਾਇੰਦਾ । ਨਾਤਾ ਤੁਟੇ ਗਗਨ ਗਗਨੰਤਰ, ਸਚਖੰਡ ਦੁਆਰੇ ਆਪ ਬਹਾਇੰਦਾ । ਜਿਸ ਜਨ ਬਣਾਏ ਹਰਿ ਜੂ ਬਣਤਰ,

ਤਿਸ ਫੰਦ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਆਪਣਾ ਰੰਗ ਸ੍ਰੀ ਭਗਵਾਨ, ਏਕਾ ਏਕ ਰੰਗਾਈਆ । ਮਨੀ ਸਿੰਘ ਦਿਤਾ ਦਾਨ, ਸਚ ਸਚ ਗਿਆ ਸਮਝਾਈਆ । ਪੂਰੀ ਅਨੰਦ ਲੇਖ ਮਹਾਨ, ਲਿਖ ਲਿਖ ਲੇਖ ਵਖਾਈਆ । ਸਿੰਘ ਖ਼ੁਸ਼ਹਾਲ ਤੇਰਾ ਬੰਸ ਹੋਏ ਪਰਧਾਨ, ਖ਼ੁਸ਼ੀ ਖ਼ੁਸ਼ੀ ਵਡਿਆਈਆ । ਜਿਸ ਦੇ ਪਿਛੇ ਮੇਲਾ ਮਿਲਿਆ ਆਣ, ਸੋ ਮੀਤ ਨਜ਼ਰ ਨਾ ਆਈਆ । ਬੰਸ ਸਰਬੰਸ ਹੋਏ ਪ੍ਰਵਾਨ, ਕੀਤੀ ਘਾਲ ਲੇਖੇ ਪਾਈਆ । ਗੁਰਮੁਖ ਰਾਗ ਸੁਣਿਆ ਕਾਨ, ਸਿੰਘ ਗੁਰਮੁਖ ਖ਼ੁਸ਼ੀ ਮਨਾਈਆ । ਜਿਸ ਦੇ ਸੀਸ ਚਰਨ ਧਰੇ ਭਗਵਾਨ, ਕੰਧੇ ਆਪਣਾ ਆਸਣ ਲਾਈਆ । ਤਿਸ ਕੁਲ ਵਿਚ ਨਿਸ਼ਾਨ, ਪੂਤ ਸਪੂਤੇ ਲਏ ਪਰਗਟਾਈਆ । ਜਗਤ ਸਪੁੱਤਰੀ ਕਰ ਪਰਵਾਨ, ਭਗਤ ਸਪੁੱਤਰੀ ਲਏ ਬਣਾਈਆ । ਗਿਰਧਾਰਾ ਸਿੰਘ ਗੁਰਚਰਨ ਕੌਰ ਇਕ ਨਿਸ਼ਾਨ, ਇਕੇ ਘਰ ਵਖਾਈਆ । ਜਿਨ੍ਹਾਂ ਦਾ ਮਾਤਾ ਪਿਤਾ ਬਣਿਆ ਆਪ ਭਗਵਾਨ, ਦੂਜਾ ਸੰਗ ਨਾ ਕੋਇ ਰਖਾਈਆ । ਸਚਖੰਡ ਦਾ ਸਚ ਵਿਧਾਨ, ਸਾਚਾ ਮਾਰਗ ਰਿਹਾ ਲਗਾਈਆ । ਬਹੱਤਰ ਭਗਤ ਗਾਇਣ ਗਾਣ, ਸੱਤਰ ਜੈ ਜੈਕਾਰ ਸੁਣਾਈਆ । ਚੁਹੱਤਰ ਨੇਤਰ ਵੇਖਣ ਆਣ, ਨੈਣ ਨੈਣ ਉਠਾਈਆ । ਪੰਜ ਪੰਜ ਹੋਏ ਪਰਵਾਨ, ਦਰਗਾਹ ਸਾਚੀ ਬੈਠੇ ਸਚ ਸੰਦੇਸ ਰਹੇ ਘਲਾਈਆ । ਸਿੰਘ ਪਾਲ ਗਾਏ ਗਾਣ, ਛੋਟੇ ਬਾਲੇ ਤਾਲ ਵਜਾਈਆ । ਸਿੰਘ ਸੁਵਰਨ ਚਰਨ ਧਿਆਨ, ਨਿਉਂ ਨਿਉਂ ਸੀਸ ਝੁਕਾਈਆ । ਸਿੰਘ ਗੁਰਦਿਆਲ ਕਹੇ ਲੋਕਮਾਤ ਬਣਿਆ ਸਚ ਨਿਸ਼ਾਨ, ਤੇਰੇ ਭਗਤਾਂ ਹੋਈ ਸੱਚੀ ਕੁੜਮਾਈਆ । ਜਗਦੀਸ ਮਨਜੀਤ ਕਹਿਣ ਅਸੀਂ ਬਾਲ ਅਞਾਣ, ਬਾਲੀ ਬੁੱਧ ਰਖਾਈਆ । ਤੂੰ ਭਗਤਾਂ ਹਿਤ ਕਰੇਂ ਆਪ ਮਿਹਰਵਾਨ, ਮਿਹਰ ਨਜ਼ਰ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲੇਖਾ ਲੇਖਾ ਲੇਖੇ ਪਾਈਆ ।



ਸਤਿਗੁਰ ਪੂਰਾ ਸਦ ਮਿਹਰਵਾਨ, ਆਦਿ ਜੁਗਾਦਿ ਸਮਾਇੰਦਾ । ਜਿਸ ਜਨ ਦੇਵੇ ਸਾਚਾ ਦਾਨ, ਤਿਸ ਏਕਾ ਨਾਮ ਸਮਝਾਇੰਦਾ । ਘਰ ਵਿਚ ਮੇਲਾ ਗੋਪੀ ਕਾਹਨ, ਸੁਰਤੀ ਸ਼ਬਦ ਰੰਗ ਰੰਗਾਇੰਦਾ । ਜੀਵਣ ਨਾਤਾ ਜਗਤ ਜਹਾਨ, ਜੋਗ ਜੁਗਤ ਵਖਾਇੰਦਾ । ਆਤਮ ਅੰਤਰ ਇਕ ਧਿਆਨ, ਬਿਨ ਰਸਨਾ ਜਿਹਵਾ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਮਿਹਰ ਨਜ਼ਰ ਕਰੇ ਮਿਹਰਵਾਨਾ, ਰਹਿਮਤ ਆਪਣੀ ਆਪ ਕਮਾਈਆ । ਲੋਕਮਾਤ ਵੇਖੇ ਜਗਤ ਵਿਧਾਨਾ, ਚਾਰ ਕੁੰਟ ਫੇਰਾ ਪਾਈਆ । ਸਚ ਸੁੱਚ ਸਚ ਨਿਸ਼ਾਨਾ, ਸਾਖਿਆਤ ਸਰਬ ਸਮਝਾਈਆ । ਗ਼ਰੀਬ ਨਿਮਾਣਿਆਂ ਦੇਵੇ ਮਾਣਾ, ਹੰਕਾਰੀਆਂ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਦਾਨ ਇਕ ਵਖਾਈਆ । ਸਾਚਾ ਦਾਨ ਇਕ ਪਿਆਰ, ਪਰੇਮ ਪਰੇਮ ਵਿਚ ਪਰਗਟਾਈਆ । ਲੇਖਾ ਜਾਣੇ ਜਗਤ ਸੰਸਾਰ, ਸੰਸਾਰੀ ਆਪਣਾ ਰੂਪ ਵਟਾਈਆ । ਮੰਗ ਦਾਨ ਭੁੱਲੇ ਨਾ ਜੀਵ ਜਹਾਨ, ਅਭੁੱਲ ਦਇਆ ਦਏ ਕਮਾਈਆ । ਮਿਲੇ ਵਡਿਆਈ ਵਡੀ ਵਿਚਾਰ, ਵਿਚਾਰ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਜ਼ਰ ਮਿਹਰ ਬੇਨਜ਼ੀਰ ਸ਼ਾਹ ਹਕੀਰ ਤਕਸੀਰ ਤਾਅਬੀਰ ਤਦਬੀਰ ਆਪਣੇ ਹੱਥ ਰਖਾਈਆ । ਸਿੰਘ ਜਾਗੀਰ ਮੰਗੀ ਮੰਗ, ਪ੍ਰਭ ਸਦਾ ਰਹਾਂ ਸਰਨਾਈਆ । ਸਤਿਗੁਰ ਪੂਰੇ ਕਿਹਾ ਮੈਂ ਸਦ ਵਸਾਂ

ਸੰਗ, ਵਿਛੜ ਕਦੇ ਨਾ ਜਾਈਆ । ਅੰਦਰ ਮਾਣਾਂ ਗੁਰਸਿਖ ਤੇਰੀ ਸੇਜ ਪਲੰਘ, ਬਾਹਰੋਂ ਆਪਣਾ ਸੀਸ ਤੇਰੇ ਚਰਨਾਂ ਉਪਰ ਟਿਕਾਈਆ । ਫਿਰ ਅੰਦਰ ਆਵੇ ਅਨੰਦ, ਗੁਰਸਿਖ ਗੁਰ ਗੁਰ ਵੇਖੇ ਚਾਈਂ ਚਾਈਂਆ । ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਮਿਲੇ ਸੂਰਾ ਸਰਬੰਗ, ਭੇਵ ਅਭੇਦ ਰਖਾਈਆ । ਕਲਜੁਗ ਅੰਤਮ ਵਜਾਇਆ ਮਰਦੰਗ, ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਮਿਲਣ ਦੀ ਰੀਤੀ ਆਪ ਚਲਾਈਆ । ਰਵਦਾਸ ਠੱਗ ਦਾ ਮੁੱਕਿਆ ਲਹਿਣਾ, ਪੂਰਬ ਲੇਖਾ ਰਹੇ ਨਾ ਰਾਈਆ । ਲਾਲੋ ਵੇਖਿਆ ਆਪਣੇ ਨੈਣਾਂ, ਨਾਨਕ ਨਿਰਗੁਣ ਨਾਲ ਮਿਲਾਈਆ । ਨੌ ਜਨਮ ਮੰਨਿਆ ਕਹਿਣਾ, ਪੰਡਤ ਵੱਜੀ ਵਧਾਈਆ । ਅੰਤ ਲਾੜੀ ਮੌਤ ਨਾ ਖਾਏ ਡੈਣਾ, ਦੋਹਾਂ ਮਿਲੀ ਹਰਿ ਸਰਨਾਈਆ । ਏਥੇ ਓਥੇ ਸਚਖੰਡ ਦਰਗਾਹ ਸਾਚੀ ਇਕੱਠੇ ਬਹਿਣਾ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਦੁਆਰ ਹਰਿ ਨਿਰੰਕਾਰ, ਜਗਤ ਨਾਤਾ ਮੋਹ ਤੁੜਾਈਆ । ਜਗਤ ਨਾਤਾ ਤੁਟਾ ਮੋਹ, ਪੰਜ ਤੱਤ ਤਜਾਇਆ । ਆਤਮ ਪਰਮਾਤਮ ਗਈ ਛੋਹ, ਸਗਲਾ ਪੰਧ ਮੁਕਾਇਆ । ਏਥੇ ਓਥੇ ਨੇਤਰ ਨੈਣ ਨੀਰ ਨਾ ਸਕੇ ਕੋਈ ਰੋ, ਪੁਰਖ ਅਬਿਨਾਸ਼ੀ ਦਇਆ ਕਮਾਇਆ । ਸਚ ਦਰਬਾਰੇ ਢੋਆ ਲਿਆ ਢੋ, ਆਪ ਆਪਣਾ ਭੇਵ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਹਾਂ ਇਕੋ ਗੋਦ ਬਹਾਇਆ । ਰਵਦਾਸ ਸੰਗ ਤਰਿਆ ਠੱਗ, ਕੰਗਣ ਕਸੀਰਾ ਲੇਖਾ ਚੁਕਾਈਆ । ਕਲਜੁਗ ਬੁਝਾਈ ਲੱਗੀ ਅੱਗ, ਪਰੇਮ ਪ੍ਰੀਤੀ ਇਕ ਸਿਖਾਈਆ । ਸਤਿਗੁਰ ਪੂਰਾ ਦੀਨ ਦਿਆਲ ਸੂਰਾ ਸਰਬੱਗ, ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਵਿਚੋਂ ਕੱਢ, ਚਰਨ ਸਰਨ ਦਿਤੀ ਸਰਨਾਈਆ । ਅੰਤਮ ਸਾਕ ਸੱਜਣ ਭੈਣ ਭਾਈ ਪੁੱਤਰ ਧੀਆਂ ਜਾਣ ਛੱਡ, ਸਤਿਗੁਰ ਪੂਰਾ ਪੱਲੂ ਨਾ ਕਦੇ ਤੁੜਾਈਆ । ਦੋਹਾਂ ਆਪਣੇ ਅੱਗੇ ਰੱਖ, ਜੀਉਂਦਿਆਂ ਮਰਿਆਂ ਵੇਖੇ ਚਾਈਂ ਚਾਈਂਆ । ਜਗਤ ਵਲੋਂ ਮੁਰਦੇ ਹੋਏ ਪਰਤੱਖ, ਘਰ ਸਤਿਗੁਰ ਜਨਮ ਦਵਾਈਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ, ਵਿਸ਼ਨ ਬ੍ਰਹਮਾ ਸ਼ਿਵ ਗਾਇਨ ਜਸ, ਨਿਉਂ ਨਿਉਂ ਬੈਠੇ ਸੀਸ ਝੁਕਾਈਆ । ਕਬੀਰ ਜੁਲਾਹਾ ਸਚਖੰਡ ਬੈਠਾ ਰਿਹਾ ਹੱਸ, ਵਾਹ ਵਾ ਦਾਤੇ ਤੇਰੀ ਬੇਪਰਵਾਹੀਆ । ਨਾਨਕ ਨਿਰਗੁਣ ਕਹੇ ਮੇਰਾ ਸਾਹਿਬ ਪੁਰਖ ਸਮਰਥ, ਗ਼ਰੀਬ ਨਿਮਾਣਿਆਂ ਵੇਖੇ ਚਾਈਂ ਚਾਈਂਆ । ਗੁਰ ਗੋਬਿੰਦ ਕਹੇ ਮੇਰੀ ਰੱਖੀ ਪੱਤ, ਮੇਰੇ ਗੁਰਸਿਖ ਆਪਣੀ ਗੋਦ ਬਹਾਈਆ । ਤੂੰ ਦੀਨ ਦਿਆਲ ਠਾਕਰ ਅਬਿਨਾਸ਼ੀ ਅਲੱਖ, ਤੇਰਾ ਲੇਖ ਨਾ ਲਖਿਆ ਜਾਈਆ । ਆਪਣੇ ਦੁਆਰੇ ਆਪਣੇ ਕੀਤੇ ਵੱਖ, ਵੱਖਰੀ ਧਾਰ ਚਲਾਈਆ । ਕਾਇਆ ਭਾਂਡੇ ਕੀਤੇ ਸੱਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਗੁਰਸਿਖ ਹੋਏ ਕਦੀ ਨਾ ਮੁਰਦਾ, ਮਰਨ ਵਿਚ ਕਦੇ ਨਾ ਆਇਆ । ਸਤਿਗੁਰ ਪੂਰਾ ਲੱਤਾਂ ਬਾਹਵਾਂ ਨਾਲ ਕਦੇ ਨਾ ਤੁਰਦਾ, ਨਿਰਗੁਣ ਆਪਣਾ ਖੇਲ ਕਰਾਇਆ । ਆਦਿ ਜੁਗਾਦਿ ਜੁਗਾਂ ਜੁਗੰਤਰ ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪੇ ਵਰਦਾ, ਨਾਰੀ ਕੰਤ ਰੂਪ ਧਰਾਇਆ । ਸਿੰਘ ਤਾਰਾ ਗੁਰਮੁਖ ਦੋਵੇਂ ਅੱਗੇ ਧਰਦਾ, ਧਰਨੀ ਧਰਤ ਧਵਲ ਦਏ ਵਡਿਆਇਆ । ਦੂਰ ਦੁਰਾਡਾ ਮੁਹੰਮਦ ਡਰਦਾ, ਨੇਤਰ ਨੈਣ ਰਿਹਾ ਉਠਾਇਆ । ਧਰਮ ਰਾਏ ਥਰ ਥਰ ਕੰਬਦਾ, ਨੇਤਰ ਨੈਣਾਂ ਨੀਰ ਰਿਹਾ ਵਹਾਇਆ । ਗੁਰਮੁਖ ਸੱਚਾ ਇਕੋ ਅੱਖਰ ਪੜ੍ਹਦਾ, ਬਿਨ ਰਸਨਾ ਜਿਹਵਾ ਗਾਇਆ । ਬਿਨ ਡੰਡਿਉਂ ਪੌੜੇ ਸਾਚੇ ਚੜ੍ਹਦਾ, ਸਚਖੰਡ ਦੁਆਰ ਮਹੱਲ ਸੁਹਾਇਆ । ਸੋ ਗੁਰਸਿਖ ਰਾਹ ਵਿਚ ਕਦੇ ਨਾ ਅੜਦਾ, ਜਿਸ ਦੇਵੇ ਆਪ ਸਰਨਾਇਆ ।

ਅੰਤਮ ਲੇਖਾ ਚੁੱਕਣਾ ਸੀਸ ਧੜ ਦਾ, ਪੰਜ ਤੱਤ ਚੋਲਾ ਜਗਤ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾਂ ਜੁਗੰਤਰ ਜਨ ਭਗਤਾਂ ਆਪਣੇ ਦੁਆਰੇ ਆਪੇ ਖੜਦਾ, ਬਣ ਸੇਵਕ ਸੇਵ ਕਮਾਇਆ । ਨਾ ਮੁਰਦਾ ਹੋਏ ਕਦੇ ਮੁਰੀਦ, ਮੁਰਸ਼ਦ ਆਪਣੀ ਦਇਆ ਕਮਾਈਆ । ਬਿਨ ਨੇਤਰ ਦੇਵੇ ਦੀਦ, ਸਤਿ ਸਰੂਪ ਵਖਾਈਆ । ਸਦਾ ਸਦਾ ਰਹੇ ਸਾਚੀ ਈਦ, ਏਕਾ ਏਕ ਚੰਦ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਪ ਸਮਾਈਆ । ਆਪਣਾ ਰੰਗ ਕਰਤਾ ਪੁਰਖ, ਪੁਰਖ ਪੁਰਖੋਤਮ ਆਪ ਜਣਾਇੰਦਾ । ਸਦਾ ਸੁਹੇਲਾ ਇਕ ਇਕੇਲਾ ਦੋ ਜਹਾਨ ਨਾ ਕੋਈ ਸੋਗ ਨਾ ਕੋਈ ਹਰਖ਼, ਹਰਖ਼ ਸੋਗ ਨਾ ਕੋਇ ਜਣਾਇੰਦਾ । ਜਿਸ ਜਨ ਕਰ ਕਿਰਪਾ ਦੇਵੇ ਆਪਣਾ ਦਰਸ, ਤਿਸ ਜਨਮ ਮਰਨ ਕਟਾਇੰਦਾ । ਦੇਵੇ ਵਡਿਆਈ ਅਰਸ਼ ਫਰਸ਼, ਕੁਰਾ ਕਾਇਨਾਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸੱਚੇ ਆਪ ਤਰਾਇੰਦਾ ।

ਧਰਤ ਧਵਲ ਕਹੇ ਮੇਰੀ ਸੋਹੇ ਧੌਣ, ਭਗਤ ਭਗਵੰਤ ਚਰਨ ਛੁਹਾਈਆ । ਸਚ ਸੁਗੰਧੀ ਮਿਲੇ ਪੌਣ, ਨਾਮ ਸਤਿ ਮਹਿਕ ਮਹਿਕਾਈਆ । ਹਰਿਜਨ ਗੀਤ ਗਾਇਣ ਸਾਚਾ ਗੌਣ, ਆਵਾਗਵਣ ਮਿਟਾਈਆ । ਹਰਿ ਕਾ ਭੇਵ ਜਾਣੇ ਕੌਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧਰਨੀ ਕਹੇ ਮੇਰਾ ਸੋਹਿਆ ਸੀਸ, ਲੇਖੇ ਲੱਗੀ ਮੇਰੀ ਕਮਾਈਆ । ਚਰਨ ਛੁਹਾਇਆ ਹਰਿ ਜਗਦੀਸ, ਧੂੜੀ ਮਸਤਕ ਟਿੱਕਾ ਲਾਈਆ । ਮੇਰੀ ਕੋਈ ਨਾ ਕਰੇ ਰੀਸ, ਵੇਖੀ ਜਗਤ ਲੋਕਾਈਆ । ਤ੍ਰੈਗੁਣ ਪੀਸਣ ਰਹੀ ਪੀਸ, ਕਲਜੁਗ ਚੱਕੀ ਮਾਤ ਚਲਾਈਆ । ਸਾਹਿਬ ਸਾਚੇ ਦੀ ਸਾਚੀ ਰੀਤ, ਆਦਿ ਜੁਗਾਦਿ ਖੇਲ ਕਰਾਈਆ । ਅੰਤਮ ਪਰਖੇ ਮੇਰੀ ਨੀਤ, ਵਸਣਹਾਰਾ ਹਰ ਘਟ ਥਾਈਂਆ । ਮੇਰੇ ਸੀਨੇ ਭਾਰ ਪਾਇਆ ਮੰਦਰ ਮਸੀਤ, ਗੁਰਦੁਆਰ ਗੜ੍ਹ ਬਣਾਈਆ । ਪਾਰਬ੍ਰਹਮ ਸੁੱਤਾ ਦੇ ਕਰ ਪੀਠ, ਕਰਵਟ ਆਪਣੀ ਨਾ ਲਏ ਬਦਲਾਈਆ । ਧੰਨ ਭਾਗ ਮੈਂ ਪਤਿਤ ਹੋਈ ਪੁਨੀਤ, ਪਤਿਤ ਉਧਾਰੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਪਰਗਟਾਈਆ । ਧਰਨੀ ਕਹੇ ਮੇਰੇ ਅੰਤਰ ਚਾਅ, ਚਾਉ ਘਨੇਰਾ ਇਕ ਜਣਾਈਆ । ਆਦਿ ਜੁਗਾਦਿ ਜੁਗ ਜੁਗ ਮੈਂ ਤੱਕਦੀ ਰਹੀ ਰਾਹ, ਨੇਤਰ ਨੈਣ ਨੈਣ ਉਠਾਈਆ । ਗੁਰ ਅਵਤਾਰ ਦੇ ਦੇ ਗਏ ਸਲਾਹ, ਖਾਣੀ ਬਾਣੀ ਭੇਵ ਚੁਕਾਈਆ । ਮੈਂ ਰੱਖੀ ਓਟ ਕਵਣ ਵੇਲੇ ਮਿਲੇ ਹਰਿ ਮਲਾਹ, ਮੇਰਾ ਬੇੜਾ ਲਏ ਚਲਾਈਆ । ਕੋਝੀ ਕਮਲੀ ਪਕੜੇ ਬਾਂਹ, ਜਗਤ ਨਿਮਾਣੀ ਆਪਣੇ ਗਲੇ ਲਗਾਈਆ । ਸੋਭਾਵੰਤ ਸੁਹਾਏ ਥਾਂ, ਥਾਨ ਥਨੰਤਰ ਮਾਣ ਵਡਿਆਈਆ । ਆਤਮ ਪਰਮਾਤਮ ਮੰਤਰ ਜਣਾਏ ਨਾਂ, ਨਾਉ ਨਿਰੰਕਾਰਾ ਇਕ ਪੜ੍ਹਾਈਆ । ਸਦਾ ਸੁਹੇਲਾ ਇਕ ਅਕੇਲਾ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਵਖਾਈਆ । ਧਰਨੀ ਕਹੇ ਮੇਰੇ ਧੰਨ ਭਾਗ, ਧਵਲ ਮਿਲੀ ਵਡਿਆਈਆ । ਮੇਰੇ ਗ੍ਰਿਹਿ ਜਗਿਆ ਚਿਰਾਗ਼, ਦੀਪਕ ਰੂਪ ਵਟਾਈਆ । ਸਾਹਿਬ ਮੇਰਾ ਗਿਆ ਜਾਗ, ਅੱਖ ਪਰਤੱਖ ਖੁਲ੍ਹਾਈਆ । ਮੇਰੀ ਤ੍ਰਿਸਨਾ ਬੁਝੀ ਆਗ, ਹਵਸ ਨਾ ਕੋਇ ਵਧਾਈਆ । ਚਰਨ ਧੂੜੀ ਗਈ ਲਾਗ, ਮਸਤਕ ਮੇਟੇ ਕੂੜੀ ਸ਼ਾਹੀਆ ।

ਤ੍ਰੈਗੁਣ ਡੱਸਣੀ ਨਾ ਡੱਸੇ ਨਾਗ, ਮਾਇਆ ਮਮਤਾ ਮੋਹ ਚੁਕਾਈਆ । ਡੂੰਘੇ ਸਾਗਰ ਬੇੜਾ ਚਲਾਏ ਇਕ ਜਹਾਜ਼, ਨਾਮ ਚੱਪੂ ਹੱਥ ਉਠਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਦੀ ਰੱਖੇ ਲਾਜ, ਗ਼ਰੀਬ ਨਿਵਾਜ਼ ਫੇਰਾ ਪਾਈਆ । ਮੇਰੇ ਅੰਦਰ ਬਹਿ ਬਹਿ ਰਚਿਆ ਕਾਜ, ਮੇਰਾ ਮੰਦਰ ਦਏ ਸੁਹਾਈਆ । ਸ਼ਬਦ ਅਗੰਮੀ ਮਾਰ ਆਵਾਜ਼, ਸਾਚਾ ਢੋਲਾ ਏਕਾ ਗਾਈਆ । ਕਲਜੁਗ ਅੰਤਮ ਰਚਿਆ ਕਾਜ, ਕਰਤਾ ਪੁਰਖ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਧਰਨੀ ਕਹੇ ਮੇਰੇ ਘਰ ਪਰਕਾਸ਼, ਹਰਿ ਦੀਪਕ ਮਾਤ ਜਗਾਇਆ । ਮੇਰੀ ਪੂਰੀ ਹੋਈ ਆਸ, ਆਸਾ ਤ੍ਰਿਸਨਾ ਮੋਹ ਮਿਟਾਇਆ । ਮੇਰਾ ਲੇਖੇ ਲੱਗਾ ਸਵਾਸ, ਹਰਿ ਜੂ ਹਰਿ ਹਰਿ ਦਰਸਨ ਪਾਇਆ । ਮੇਰਾ ਲਹਿਣਾ ਮੁੱਕਾ ਬੰਦ ਖੁਲਾਸ, ਬੰਦੀਖਾਨਾ ਤੋੜ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਾਚੀ ਦਇਆ ਆਪ ਕਮਾਇਆ । ਧਰਨੀ ਕਹੇ ਮੈਨੂੰ ਚੜ੍ਹਿਆ ਰੰਗ, ਰੰਗ ਰੰਗੀਲਾ ਆਪ ਰੰਗਾਈਆ । ਮੇਰੀ ਸੇਜ ਬਣੀ ਪਲੰਘ, ਪੁਰਖ ਅਬਿਨਾਸ਼ੀ ਸੋਭਾ ਪਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਇਆ ਲੰਘ, ਰੂਪ ਅਨੂਪ ਧਰਾਈਆ । ਕਰ ਪਰਕਾਸ਼ ਚੜ੍ਹਾਏ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧਰਨੀ ਕਹੇ ਮੇਰਾ ਮਿਲਿਆ ਮੀਤ, ਹਰਿ ਸੱਜਣ ਸੱਚਾ ਪਾਇਆ । ਜਿਸ ਦੇ ਗਾਉਂਦੀ ਰਹੀ ਗੀਤ, ਗਾ ਗਾ ਜੁਗ ਜੁਗ ਵਕਤ ਲੰਘਾਇਆ । ਜਿਸ ਨੂੰ ਲੱਭਦੇ ਮੰਦਰ ਵਿਚ ਮਸੀਤ, ਸ਼ਿਵਦਵਾਲੇ ਮੱਠ ਫੇਰਾ ਪਾਇਆ । ਸੋ ਸਾਹਿਬ ਨਿਰਗੁਣ ਸਰਗੁਣ ਨਾਲ ਕਰੇ ਪ੍ਰੀਤ, ਪ੍ਰੀਤੀਵਾਨ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਇਆ । ਧਰਨੀ ਕਹੇ ਮੇਰਾ ਤੁੱਟਾ ਮੋਹ, ਲੋਕਮਾਤ ਰਹਿਣ ਨਾ ਪਾਈਆ । ਪਾਰਬ੍ਰਹਮ ਪ੍ਰਭ ਚਰਨ ਗਿਆ ਛੋਹ, ਮਸਤਕ ਟਿੱਕਾ ਧੂੜੀ ਲਾਈਆ । ਏਕਾ ਬੀਜ ਲਿਆ ਬੋਅ, ਅੰਮ੍ਰਿਤ ਫਲ ਅੰਤ ਵਖਾਈਆ । ਏਕਾ ਢੋਲਾ ਸੋਹੰ ਸੋ, ਆਦਿ ਅੰਤ ਪੁਰਖ ਅਕਾਲ ਸਮਝਾਈਆ । ਏਕਾ ਅੰਤਰ ਆਤਮ ਚੋਅ, ਸਾਂਤਕ ਸਤਿ ਸਤਿ ਕਰਾਈਆ । ਏਕਾ ਪਰਕਾਸ਼ ਦੇਵੇ ਲੋਅ, ਲੋਆਂ ਪੁਰੀਆਂ ਪੰਧ ਮੁਕਾਈਆ । ਏਕਾ ਘਾਤ ਦੇਵੇ ਕੋਹ, ਜਗਤ ਵਿਕਾਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਧਰਨੀ ਕਹੇ ਮੇਰਾ ਮਿਟਿਆ ਦੁੱਖ, ਦੁੱਖ ਅਵਰ ਨਾ ਕੋਇ ਰਖਾਈਆ । ਮਿਲਿਆ ਹਰਿ ਨਾ ਮਾਨਸ ਨਾ ਮਾਨੁਖ, ਬੇਅੰਤ ਵਡ ਵਡਿਆਈਆ । ਆਪਣੇ ਨੂਰ ਬੈਠਾ ਲੁਕ, ਦਿਸ ਕਿਸੇ ਨਾ ਆਈਆ । ਲੱਖ ਚੁਰਾਸੀ ਇਕ ਦੂਜੇ ਤੋਂ ਰਹੀ ਪੁੱਛ, ਕਵਣ ਦੁਆਰ ਹਰਿ ਜੂ ਡੇਰਾ ਲਾਈਆ । ਬਿਨ ਹਰਿ ਨਾਮੇ ਖਾਲੀ ਦਿਸਣ ਬੁੱਤ, ਭੇਵ ਕੋਇ ਨਾ ਪਾਈਆ । ਲੇਖਾ ਜਾਣੇ ਅਬਿਨਾਸ਼ੀ ਅਚੁੱਤ, ਚੇਤਨ ਏਕਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਮਾਣ ਵਡਿਆਈਆ । ਧਰਨੀ ਕਹੇ ਮੇਰਾ ਰੱਖਿਆ ਮਾਣ, ਮੈਂ ਨਿਮਾਣੀ ਦਏ ਵਡਿਆਈਆ । ਮੇਰੇ ਉਪਰ ਝੁਲਾਇਆ ਸਚ ਨਿਸ਼ਾਨ, ਸਚਖੰਡ ਦਏ ਵਖਾਈਆ । ਮੇਰੇ ਉਤੇ ਭਗਤ ਕਰ ਪਰਵਾਨ, ਭਗਵਨ ਆਪਣੇ ਰੰਗ ਰੰਗਾਈਆ । ਮੇਰੇ ਉਤੇ ਬਹਿ ਬਹਿ ਦੇਵੇ ਦਾਨ, ਦਾਤਾ ਦਾਨੀ ਸੇਵ ਕਮਾਈਆ । ਮੇਰੇ ਘਰ ਬਹਿ ਬਹਿ ਗਾਏ ਗਾਣ, ਗੀਤ ਗੋਬਿੰਦ ਇਕ ਅਲਾਈਆ । ਮੇਰੇ ਅੰਦਰ ਬਹਿ ਬਹਿ ਕਰੇ ਪਹਿਚਾਨ, ਜੁਗ ਵਿਛੜੇ ਮੇਲ ਮਿਲਾਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਚਲਾਈਆ । ਰਾਓ ਰੰਕ ਹੋਏ ਹੈਰਾਨ, ਰਾਜਨ ਰਾਜ ਨੈਣ ਸ਼ਰਮਾਈਆ ।

ਪਰਗਟ ਹੋਇਆ ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਨਾਲ ਲਿਆਈਆ । ਕੋਈ ਨਾ ਸਕੇ ਮਾਤ ਪਛਾਣ, ਭਰਮੇ ਭੁੱਲੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧਰਨੀ ਕਹੇ ਮੇਰਾ ਹੌਲਾ ਭਾਰ, ਹੋਲੀ ਹੌਲੀ ਰਿਹਾ ਕਰਾਈਆ । ਦਿਵਸ ਰੈਣ ਕਰੇ ਵਿਚਾਰ, ਘੜੀ ਪਲ ਵੰਡ ਵੰਡਾਈਆ । ਕਰੇ ਖੇਲ ਅਗੰਮ ਅਪਾਰ, ਬੇਅੰਤ ਸੱਚਾ ਸ਼ਹਿਨਸ਼ਾਹੀਆ । ਸਚ ਮਹੱਲ ਕਰ ਤਿਆਰ, ਮੇਰੀ ਗੋਦੀ ਗੋਦ ਵਡਿਆਈਆ । ਭਗਤ ਭਗਵੰਤ ਅੰਦਰ ਵਾੜ, ਸਾਚੇ ਸੰਤ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਦੁਖੜਾ ਦਏ ਗਵਾਈਆ । ਧਰਨੀ ਕਹੇ ਮੇਰੀ ਪੂਰੀ ਆਸ, ਆਸਾ ਪੁੰਨੀ ਖ਼ੁਸ਼ੀ ਮਨਾਈਆ । ਜੁਗ ਚੌਕੜੀ ਬੁਝੀ ਪਿਆਸ, ਰਸਨਾ ਜਿਹਵਾ ਨਾ ਕੋਇ ਧਿਆਈਆ । ਲੇਖਾ ਲੱਗਾ ਪ੍ਰਿਥਮੀ ਆਕਾਸ਼, ਅਕਲ ਕਲ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਹਿਮਤ ਆਪ ਕਮਾਈਆ । ਧਰਨੀ ਕਹੇ ਮੇਰੇ ਉਤੇ ਹੋਇਆ ਰਹਿਮ, ਰਹਿਮਤ ਹਰਿ ਕਮਾਈਆ । ਜੁਗ ਚੌਕੜੀ ਰਹੀ ਸਹਿਮ, ਭੈ ਭੌ ਡਰਾਈਆ । ਭਗਤਾਂ ਸੰਗ ਮੈਂ ਹੋਈ ਕਾਇਮ, ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦਏ ਮੁਕਾਈਆ । ਧਰਨੀ ਕਹੇ ਮਿਲਿਆ ਸਹਾਰਾ, ਓਟ ਅਕਾਲ ਤਕਾਈਆ । ਦਰ ਠਾਂਡਾ ਵੇਖ ਪਰਵਰਦਿਗਾਰਾ, ਵਾਹਿਦ ਆਪਣਾ ਨਾਉਂ ਜਣਾਈਆ । ਚਾਰ ਜੁਗ ਦਾ ਜਗਤ ਨਗਾਰਾ, ਜੁਗ ਕਰਤਾ ਵੇਖ ਵਖਾਈਆ । ਏਕਾ ਅੱਖਰ ਹੋਏ ਉਜਿਆਰਾ, ਨੇਤਰ ਨੈਣ ਕਰੇ ਰੁਸ਼ਨਾਈਆ । ਮੇਰੇ ਉਪਰ ਲੱਗਾ ਇਕ ਅਖਾੜਾ, ਭਗਤ ਭਗਵੰਤ ਨਾਚ ਨਚਾਈਆ । ਮੇਰੇ ਉਤੇ ਸੋਹੇ ਸਾਚਾ ਲਾੜਾ, ਦੂਲ੍ਹੇ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਸਮਝਾਈਆ । ਧਰਨੀ ਕਹੇ ਮੇਰੇ ਉਪਰ ਦੂਲ੍ਹਾ, ਸਾਚਾ ਰੰਗ ਵਖਾਈਆ । ਲੋਕਮਾਤ ਫਲਿਆ ਫੂਲਾ, ਪੱਤ ਡਾਲ੍ਹੀ ਨਾਲ ਰਲਾਈਆ । ਪਰੇਮ ਅਵੱਲੜਾ ਝੂਲੇ ਝੂਲਾ, ਸਚ ਹੁਲਾਰ ਰਖਾਈਆ । ਲਹਿਣਾ ਦੇਣਾ ਚੁੱਕੇ ਮੂਲਾ, ਪਿਛਲੀ ਗਤ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਮੁਕਾਈਆ । ਧਰਨੀ ਕਹੇ ਮੇਰਾ ਮੁੱਕਾ ਲੇਖਾ, ਲੇਖਾ ਅੰਤ ਕਰਾਈਆ । ਜੁਗ ਚੌਕੜੀ ਰਿਹਾ ਭਰਮ ਭੁਲੇਖਾ, ਗੁਰ ਅਵਤਾਰ ਸੇਵ ਕਮਾਈਆ । ਅੰਤਮ ਕਰਦੇ ਰਹੇ ਆਦੇਸਾ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਈਆ । ਧਰਨੀ ਕਹੇ ਮੇਰੀ ਆਸਾ ਪੁੰਨੀ, ਆਸਾਵੰਦ ਪੂਰ ਕਰਾਈਆ । ਕਲਜੁਗ ਕੂੜ ਚੋਟੀ ਮੁੰਨੀ, ਦੁੱਖ ਦਲਿੱਦਰ ਕਰੇ ਸਫ਼ਾਈਆ । ਹਰਿ ਕਾ ਭੇਵ ਨਾ ਜਾਣੇ ਕੋਇ ਗੁਣੀ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਧਰਨੀ ਕਹੇ ਮੇਰਾ ਸੋਹੇ ਘਰ, ਘਰ ਵਿਚ ਵੱਜੇ ਵਧਾਈਆ । ਜਿਸ ਡਿਠਿਆ ਜਾਈਏ ਤਰ, ਤਿਸ ਮਿਲੇ ਮਾਣ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਲਹਿਣਾ ਸਰਬ ਮੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜ਼ਿਮੀਂ ਅਸਮਾਨ, ਸਭ ਦੀ ਜਾਮਨੀ ਆਪ ਰਖਾਈਆ ।

## ★ ੧੧ ਫੱਗਣ ੨੦੧੮ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹ ਇਟਾਰਸੀ ★

ਦੋ ਜਹਾਨਾਂ ਸੱਚਾ ਅਨੰਦ, ਹਰਿ ਸੰਗਤ ਵਿਚ ਸਮਾਈਆ । ਸਤਿ ਸਤਿਵਾਦੀ ਅਤੀਤ ਪਲੰਘ, ਹਰਿਜਨ ਹਿਰਦਾ ਹਰਿ ਬਣਾਈਆ । ਜੋਧਾ ਸੂਰਬੀਰ ਸਰਬੰਗ, ਸ਼ਾਹ ਪਾਤਸ਼ਾਹ ਖੇਲ ਕਰਾਈਆ । ਨਾਤਾ ਤੋੜ ਕੋਟ ਬ੍ਰਹਿਮੰਡ, ਕਰੇ ਖੇਲ ਬੇਪਰਵਾਹੀਆ । ਨਵ ਨੌਂ ਚਾਰ ਪਾਰ ਕਿਨਾਰ ਆਪੇ ਲੰਘ, ਲੋਕਮਾਤ ਵੇਖ ਵਖਾਈਆ । ਧੁੰਨ ਅਨਾਦ ਸ਼ਬਦ ਮਰਦੰਗ, ਆਤਮ ਪਰਮਾਤਮ ਆਪ ਸੁਣਾਈਆ । ਜੁਗ ਜਨਮ ਦੀ ਟੁੱਟੀ ਗੰਢ, ਹਰਿ ਸੱਜਣ ਮੇਲੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵੇਖੇ ਵੇਖਣਹਾਰਾ ਦਿਸ ਕਿਸੇ ਨਾ ਆਈਆ । ਦੋ ਜਹਾਨਾਂ ਸੱਚਾ ਮਾਣ, ਪੁਰਖ ਅਬਿਨਾਸ਼ੀ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਨਿਰਗੁਣ ਨਿਰਵੈਰ ਖੇਲ ਕਰਾਇੰਦਾ । ਹਰਿਜਨ ਸਾਚੇ ਦੇਵੇ ਦਾਨ, ਆਤਮ ਪਰਮਾਤਮ ਏਕਾ ਬ੍ਰਹਮ ਗਿਆਨ ਦ੍ਰਿੜਾਇੰਦਾ । ਇਕ ਇਕੱਲਾ ਵੇਖਣਹਾਰਾ ਘਟ ਘਟ ਵੇਖੇ ਆਪ ਗੁਣ ਨਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਏਕਾ ਰੰਗ ਸਮਾਈਆ । ਹਰਿ ਸੰਗਤ ਅੰਤਰ ਏਕਾ ਧਾਰ, ਹਰਿ ਹਰਿ ਜੂ ਆਪ ਵਹਾਇੰਦਾ । ਆਤਮ ਪਰਮਾਤਮ ਸਚ ਪਿਆਰ, ਦੀਦ ਈਦ ਚੰਦ ਚੜ੍ਹਾਇੰਦਾ । ਰਾਗ ਰਾਗਨੀ ਵਸੇ ਬਾਹਰ, ਸ਼ਾਸਤਰ ਸਿਮਰਤ ਚਾਰ ਵੇਦਾਂ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨਰ ਹਰਿ, ਹਰ ਘਟ ਸਾਚਾ ਮੇਲ ਮਿਲਾਇੰਦਾ । ਹਰਿ ਸੰਗਤ ਮੇਲ ਮਿਲੰਦੜਾ, ਹਰਿ ਸੱਚਾ ਸ਼ਹਿਨਸ਼ਾਹ । ਚਰਨ ਕਵਲ ਕਵਲ ਚਰਨ ਇਕ ਵਿਖੰਦੜਾ, ਦੋ ਜਹਾਨਾਂ ਦੇਵੇ ਪਨਾਹ । ਆਵਣ ਜਾਵਣ ਪੱਤਤ ਪਾਵਣ ਮੇਟ ਮਿਟੰਦੜਾ, ਸਿਰ ਆਪਣਾ ਹੱਥ ਟਿਕਾ । ਲੱਖ ਚੁਰਾਸੀ ਜੀਵ ਜੰਤ ਵੇਖ ਵਖੰਦੜਾ, ਗੁਰਮੁਖ ਸੱਜਣ ਆਪ ਮਿਲਾ । ਰਾਗ ਅਨਾਦੀ ਇਕ ਸੁਣੰਦੜਾ, ਸੋਹੰ ਢੋਲਾ ਸੱਚਾ ਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਮੇਲਾ ਲਏ ਮਿਲਾ । ਮੇਲ ਮਿਲਾਵਾ ਸ੍ਰੀ ਭਗਵਾਨ, ਆਦਿ ਜੁਗਾਦਿ ਕਰਾਈਆ । ਨੌਂ ਸੌ ਚੁਰਾਨਵੇਂ ਚੌਕੜੀ ਵੇਖੇ ਮਾਰ ਧਿਆਨ, ਹਰਿ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤਮ ਹੋ ਪਰਧਾਨ, ਨਿਰਗੁਣ ਦਾਤਾ ਨੌਜਵਾਨ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਹਰਿਜਨ ਸੱਜਣ ਲਏ ਪਛਾਣ, ਕਿਰਪਾ ਕਰ ਹਰਿ ਮਿਹਰਵਾਨ, ਬ੍ਰਹਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਹਰਿ ਸੱਜਣ ਮੇਲੇ ਆਪਣੇ ਘਰ, ਘਰ ਸਾਚਾ ਇਕ ਸਮਝਾਈਆ । ਸਾਚਾ ਘਰ ਸਚ ਮਹੱਲਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਵਸੇ ਇਕ ਇਕੱਲਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਏਕੰਕਾਰਾ ਸਚ ਸਿੰਘਾਸਣ ਆਪੇ ਮੱਲਾ, ਆਦਿ ਨਿਰੰਜਣ ਤੋੜ ਨਿਭਾਇੰਦਾ । ਸ੍ਰੀ ਭਗਵਾਨ ਕਰ ਕਰ ਹੱਲਾ, ਰੂਪ ਅਨੂਪ ਆਪ ਧਰਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਨਿਹਚਲ ਧਾਮ ਅਟੱਲਾ, ਲੋਕਮਾਤ ਫੇਰਾ ਪਾਇੰਦਾ । ਪਾਰਬ੍ਰਹਮ ਬ੍ਰਹਮ ਅੰਤਰ ਰਲਾ, ਆਪ ਆਪਣਾ ਰੰਗ ਰੰਗਾਇੰਦਾ । ਹਰਿ ਸੰਗਤ ਦੂਈ ਦਵੈਤੀ ਮੇਟੇ ਸੱਲਾ, ਏਕਾ ਤੀਰ ਨਿਰਾਲਾ ਬਾਣ ਚਲਾਇੰਦਾ । ਵਸਣਹਾਰਾ ਜਲਾਂ ਥਲਾਂ, ਲੋਆਂ ਪੁਰੀਆਂ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਵੇਖ ਵਖਾਇੰਦਾ । ਹਰਿ ਸੰਗਤ ਵੇਖੇ ਵੇਖਣਹਾਰਾ, ਨਿਰਗੁਣ ਨਿਰਵੈਰ ਬੇਪਰਵਾਹੀਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਏਕਾ ਨਾਮ ਸਚ ਜੈਕਾਰਾ,

ਜੈ ਜੈਕਾਰ ਆਪ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਫੜਾਏ ਪੱਲਾ, ਕਰੋੜ ਤੇਤੀਸਾ ਸੰਗ ਨਿਭਾਈਆ । ਗੁਰ ਅਵਤਾਰ ਕੱਢਣ ਹਾੜਾ, ਪੀਰ ਪੈਗ਼ੰਬਰ ਮਾਰਨ ਨਾਅਰਾ, ਪਰਵਰਦਿਗਾਰ ਤੇਰਾ ਇਕ ਸਹਾਰਾ, ਮੁਕਾਮੇ ਹੱਕ ਹੱਕ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੰਗਤ ਸੰਗ ਮੇਲਾ ਸ੍ਰੀ ਭਗਵਾਨ, ਹਰਿ ਸਾਚਾ ਸਚ ਮਿਲਾਈਆ । ਏਕਾ ਦੇਵੇ ਇਕ ਗਿਆਨ, ਏਕਾ ਅੱਖਰ ਆਪ ਪੜ੍ਹਾਇੰਦਾ । ਨਾਤਾ ਤੋੜ ਜੀਵ ਜਹਾਨ, ਜਾਗਰਤ ਜੋਤ ਜਗਤ ਜਗਾਇੰਦਾ । ਦਰ ਆਇਆਂ ਘਰ ਦੇਵੇ ਮਾਣ, ਨਿਮਾਣਿਆਂ ਗੋਦ ਬਹਾਇੰਦਾ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਤਿ ਪੁਰਖ ਨਿਰੰਜਣ ਇਕ ਵਖਾਇੰਦਾ । ਦਾਤਾ ਜੋਧਾ ਸੂਰਬੀਰ ਬਲੀ ਬਲਵਾਨ, ਨਿਹਕਲੰਕ ਵਜਾਏ ਡੰਕ, ਜੀਵ ਜੰਤ ਸਾਧ ਸੰਤ ਸਰਬ ਉਠਾਇੰਦਾ । ਆਦਿ ਜੁਗਾਦਿ ਖੇਲ ਪੁਰਖ ਸਮਰਥ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਜੁਗਾਂ ਜੁਗੰਤਰ ਮਹਿਮਾ ਅਕੱਥ, ਹਰਿ ਪੁਰਖ ਨਿਰੰਜਣ ਭੇਵ ਖੁਲ੍ਹਾਇੰਦਾ । ਨਿਰਗੁਣ ਨਿਰਾਕਾਰ ਸਚਖੰਡ ਦੁਆਰੇ ਵਸ, ਏਕੰਕਾਰਾ ਵੇਸ ਵਟਾਇੰਦਾ । ਅਜੂਨੀ ਰਹਿਤ ਕਰ ਪਰਕਾਸ਼, ਆਦਿ ਨਿਰੰਜਣ ਡਗਮਗਾਇੰਦਾ । ਖੇਲੇ ਖੇਲ ਖੇਲ ਤਮਾਸ਼, ਅਬਿਨਾਸ਼ੀ ਕਰਤਾ ਵੇਸ ਵਟਾਇੰਦਾ । ਸ਼ਾਹੋ ਭੂਪ ਬਣ ਸ਼ਾਬਾਸ਼ ਸ੍ਰੀ ਭਗਵਾਨ ਸਾਚੇ ਤਖ਼ਤ ਸੋਭਾ ਪਾਇੰਦਾ । ਪਾਰਬ੍ਰਹਮ ਸਾਚੇ ਮੰਡਲ ਪਾਵੇ ਰਾਸ, ਦਰ ਘਰ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਖੇਲ ਕਰਾਇੰਦਾ । ਆਦਿ ਜੁਗਾਦਿ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਵਸਣਹਾਰਾ ਸਚ ਮਹੱਲਾ, ਸਚਖੰਡ ਵਡੀ ਵਡਿਆਈਆ । ਸਚ ਸੰਦੇਸ਼ ਆਦਿ ਜੁਗਾਦਿ ਏਕਾ ਘੱਲਾ, ਨਿਰਗੁਣ ਆਪਣਾ ਨਾਉਂ ਪਰਗਟਾਈਆ । ਜੋਤੀ ਧਾਰ ਆਪੇ ਰਲਾ, ਸ਼ਬਦੀ ਸ਼ਬਦ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਮੰਦਰ ਸੋਭਾ ਪਾਈਆ । ਸਾਚਾ ਮੰਦਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਮਹਿਮਾ ਅਗਣਤ, ਏਕੰਕਾਰਾ ਭੇਵ ਛੁਪਾਇੰਦਾ । ਆਦਿ ਨਿਰੰਜਣ ਆਦਿ ਅੰਤ, ਅਬਿਨਾਸ਼ੀ ਕਰਤਾ ਵੇਸ ਵਟਾਇੰਦਾ । ਸ੍ਰੀ ਭਗਵਾਨ ਸੋਭਾਵੰਤ, ਸਚ ਮਹੱਲਾ ਇਕ ਵਸਾਇੰਦਾ । ਪਾਰਬ੍ਰਹਮ ਪ੍ਰਭ ਬੇਅੰਤ, ਭੇਵ ਅਭੇਦ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪਣੇ ਹੱਥ ਰਖਾਇੰਦਾ । ਸਾਚਾ ਖੇਲ ਹੱਥ ਕਰਤਾਰ, ਆਦਿ ਅੰਤ ਵਡੀ ਵਡਿਆਈਆ । ਨਿਰਗੁਣ ਨੂਰ ਕਰ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਸਚ ਮਹੱਲਾ ਕਰ ਤਿਆਰ, ਸਚਖੰਡ ਸਾਚੇ ਸੋਭਾ ਪਾਈਆ । ਰੂਪ ਧਰ ਪੁਰਖ ਨਾਰ, ਨਰ ਨਰਾਇਣ ਵੇਸ ਵਟਾਈਆ । ਸਾਚੀ ਸੇਜਾ ਕਰ ਪਿਆਰ, ਆਪ ਆਪਣਾ ਘਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪੇ ਰਿਹਾ ਖੁਲ੍ਹਾਈਆ । ਸਾਚਾ ਭੇਵ ਪੁਰਖ ਅਕਾਲ, ਆਪਣਾ ਆਪ ਜਣਾਇੰਦਾ । ਸਚਖੰਡ ਨਿਵਾਸੀ ਹੋ ਦਿਆਲ, ਆਪ ਆਪਣਾ ਪੜਦਾ ਲਾਹਿੰਦਾ । ਲੇਖਾ ਜਾਣ ਸ਼ਾਹ ਕੰਗਾਲ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਇੰਦਾ । ਸਤਿ ਸਰੂਪੀ ਬਣ ਦਲਾਲ, ਦਰ ਘਰ ਸਾਚੇ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਇੰਦਾ । ਆਪਣਾ ਪੜਦਾ ਚੁੱਕ ਪੁਰਖ ਅਬਿਨਾਸ਼, ਆਪਣੀ ਦਇਆ ਆਪ ਕਮਾਈਆ । ਸਚਖੰਡ ਨਿਵਾਸੀ ਸਚ ਦੁਆਰੇ ਪਾਵੇ ਰਾਸ, ਗੋਪੀ ਕਾਹਨ ਆਪਣਾ ਰੂਪ ਧਰਾਈਆ । ਆਦਿ ਜੁਗਾਦਿ ਸਦਾ ਸੁਹੇਲਾ ਵਸੇ ਪਾਸ, ਸਗਲਾ ਸੰਗ ਆਪ ਨਿਭਾਈਆ । ਭੂਪਤ ਭੂਪ ਰਾਜ ਰਾਜਾਨ ਸ਼ਾਹੋ

ਸ਼ਾਬਾਸ਼, ਸ਼ਾਹ ਸੁਲਤਾਨ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਸਾਚਾ ਮਾਰਗ ਹਰਿ ਨਿਰੰਕਾਰ, ਆਦਿ ਜੁਗਾਦਿ ਰਖਾਇੰਦਾ । ਸਚਖੰਡ ਦੁਆਰ ਖੋਲ੍ਹ ਕਿਵਾੜ, ਥਿਰ ਘਰ ਆਪਣੀ ਬਣਤ ਬਣਾਇੰਦਾ । ਸੁਤ ਦੁਲਾਰੇ ਕਰ ਪਿਆਰ, ਸ਼ਬਦੀ ਸ਼ਬਦ ਸ਼ਬਦ ਵਡਿਆਇੰਦਾ । ਵਸਤ ਅਮੋਲਕ ਭਰ ਭੰਡਾਰ, ਸਚ ਖ਼ਜ਼ੀਨਾ ਹੱਥ ਫੜਾਇੰਦਾ । ਦਾਤਾ ਦਾਨੀ ਬਣ ਦਾਤਾਰ, ਦਇਆਵਾਨ ਸਿਰ ਆਪਣਾ ਹੱਥ ਟਿਕਾਇੰਦਾ । ਆਪਣੀ ਇਛਿਆ ਕਰ ਵਿਚਾਰ, ਸਾਚੀ ਭਿਛਿਆ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਪੁਰਖ ਅਗੰਮ, ਆਦਿ ਆਦਿ ਲਗਾਈਆ । ਆਪੇ ਜਾਣੇ ਆਪਣਾ ਕੰਮ, ਨਿਰਗੁਣ ਨਿਰਵੈਰ ਬੇਪਰਵਾਹੀਆ । ਆਪਣਾ ਬੇੜਾ ਆਪੇ ਬੰਨ੍ਹ, ਆਪੇ ਰਿਹਾ ਚਲਾਈਆ । ਕਰੇ ਖੇਲ ਸ੍ਰੀ ਭਗਵਨ, ਦੂਸਰ ਸੰਗ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪ ਪਰਗਟਾਈਆ । ਆਪਣੀ ਇਛਿਆ ਵਿਸ਼ਵ ਧਾਰ, ਵਿਸ਼ਨੂੰ ਆਪਣਾ ਖੇਲ ਕਰਾਇੰਦਾ । ਨਿਰਗੁਣ ਨੂਰ ਕਰ ਤਿਆਰ, ਨਿਰਾਕਾਰ ਵੰਡ ਵੰਡਾਇੰਦਾ । ਵਿਸ਼ਨੂੰ ਖੇਲ ਅਪਰ ਅਪਾਰ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਜੋਤੀ ਜਾਤਾ ਹੋ ਤਿਆਰ, ਜੋਤੀ ਜੋਤ ਡਗਮਗਾਇੰਦਾ । ਕਿਲ੍ਹਾ ਕੋਟ ਕਰ ਤਿਆਰ, ਸਾਚੇ ਮੰਦਰ ਆਪ ਬਹਾਇੰਦਾ । ਨਿਰਗੁਣ ਨੂਰ ਦਰਸ ਦੀਦਾਰ, ਨੇਤਰ ਨੈਣ ਨੈਣ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਮਾਰਗ ਆਪੇ ਲਾਇੰਦਾ । ਆਪਣਾ ਮਾਰਗ ਸ੍ਰੀ ਭਗਵਾਨ, ਆਦਿ ਆਦਿ ਲਗਾਈਆ । ਵਿਸ਼ਨੂੰ ਦੇਵੇ ਏਕਾ ਦਾਨ, ਦਾਤਾ ਦਾਨੀ ਆਪ ਹੋ ਜਾਈਆ । ਸਚਖੰਡ ਨਿਵਾਸੀ ਸਚ ਨਿਸ਼ਾਨ, ਸਤਿ ਸਤਿਵਾਦੀ ਇਕ ਝੁਲਾਈਆ । ਏਕਾ ਅੰਮ੍ਰਿਤ ਪੀਣ ਖਾਣ, ਰਸਨਾ ਰਸ ਇਕ ਵਖਾਈਆ । ਏਕਾ ਨਾਮ ਸਾਚਾ ਗਾਨ, ਢੋਲਾ ਸੋਹਲਾ ਆਪੇ ਆਪ ਸੁਣਾਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਹੰ ਆਪਣੀ ਅੰਸ ਉਪਾਈਆ । ਵਿਸ਼ਨੂੰ ਭਗਵਾਨ ਖੇਲ ਮਹਾਨ, ਆਦਿ ਆਦਿ ਦਿਤੀ ਵਡਿਆਈਆ । ਸਾਚੇ ਤਖ਼ਤ ਬੈਠ ਸ਼ਾਹ ਸੁਲਤਾਨ, ਤਖ਼ਤ ਨਿਵਾਸੀ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰ ਏਕੰਕਾਰ, ਏਕਾ ਬੈਠਾ ਆਸਣ ਲਾਈਆ । ਏਕਾ ਆਸਣ ਪੁਰਖ ਅਬਿਨਾਸ਼, ਸਚਖੰਡ ਦੁਆਰ ਲਗਾਇੰਦਾ । ਕਰੇ ਖੇਲ ਖੇਲ ਤਮਾਸ਼, ਭੇਵ ਕੋਇ ਨਾ ਪਾਇੰਦਾ । ਸ਼ਬਦੀ ਸ਼ਬਦ ਸਾਚੀ ਰਾਸ, ਮੰਡਲ ਮੰਡਪ ਆਪ ਸੁਹਾਇੰਦਾ । ਭਗਵਨ ਵਿਸ਼ਨੂੰ ਹੋਇਆ ਦਾਸ, ਵਿਸ਼ਨੂੰ ਭਗਵਨ ਰੰਗ ਰੰਗਾਇੰਦਾ । ਜੋਤੀ ਜੋਤ ਜੋਤ ਪਰਕਾਸ਼, ਨੂਰ ਨੂਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਇੰਦਾ । ਸਤਿ ਸਤਿਵਾਦੀ ਸਾਚਾ ਰਾਹ, ਆਦਿ ਪੁਰਖ ਆਪ ਚਲਾਈਆ । ਨਿਰਗੁਣ ਨਿਰਾਕਾਰ ਬਣ ਮਲਾਹ, ਸਾਚਾ ਬੇੜਾ ਕੰਧ ਉਠਾਈਆ । ਵਿਸ਼ਨੂੰ ਵਿਸ਼ਵ ਰੂਪ ਵਟਾ, ਆਪ ਆਪਣੀ ਗੋਦ ਉਠਾਈਆ । ਸਮਰਥ ਪੁਰਖ ਸਿਰ ਹੱਥ ਟਿਕਾ, ਮਹਿਮਾ ਅਕੱਥ ਕਰੇ ਪੜ੍ਹਾਈਆ । ਸੋਹੰ ਰਥ ਆਪ ਚਲਾ, ਨਿਰਗੁਣ ਨਿਰਾਕਾਰ ਸਾਕਾਰ ਆਪਣੀ ਵੰਡ ਵੰਡਾਈਆ । ਸਚ ਸੰਦੇਸਾ ਇਕ ਸੁਣਾ, ਏਕੰਕਾਰਾ ਕਰੇ ਪੜ੍ਹਾਈਆ । ਮਹੱਲ ਅਟੱਲ ਇਕ ਬਣਾ, ਛਪਰ ਛੰਨ ਨਾ ਕੋਇ ਸੁਹਾਈਆ । ਬਿਨ ਸੂਰਜ ਚੰਦ ਕਰ ਰੁਸ਼ਨਾ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਜਣਾਈਆ । ਸਾਚਾ ਮਾਰਗ ਸ੍ਰੀ


੬੩੧
੧੧

ਭਗਵਾਨ, ਏਕਾ ਏਕ ਜਣਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣ, ਧੁਰ ਦਰਬਾਰੀ ਆਪ ਸੁਣਾਇੰਦਾ । ਮੁਕਾਮੇ ਹੱਕ ਨੌਜਵਾਨ, ਬੇਐਬ ਖੇਲ ਕਰਾਇੰਦਾ । ਤਖ਼ਤ ਨਿਵਾਸੀ ਹੋ ਮਿਹਰਵਾਨ, ਸ਼ਾਹ ਸੁਲਤਾਨ ਹੁਕਮ ਮਨਾਇੰਦਾ । ਵਿਸ਼ਨੂੰ ਵਿਸ਼ਵ ਇਕ ਗਿਆਨ, ਨਿਸ਼ਅੱਖਰ ਆਪ ਪੜ੍ਹਾਇੰਦਾ । ਦੀਪਕ ਜੋਤੀ ਜੋਤ ਮਹਾਨ, ਬ੍ਰਹਿਮੰਡ ਖੰਡ ਨੂਰ ਚਮਕਾਇੰਦਾ । ਏਕਾ ਇਸ਼ਟ ਸ੍ਰੀ ਭਗਵਾਨ, ਦੂਸਰ ਨਜ਼ਰ ਕੋਇ ਨਾ ਆਇੰਦਾ । ਏਕਾ ਭੂਪ ਰਾਜ ਰਾਜਾਨ, ਸ਼ਾਹ ਪਾਤਸ਼ਾਹ ਸੋਭਾ ਪਾਇੰਦਾ । ਏਕਾ ਹੁਕਮ ਇਕ ਹੁਕਮਰਾਨ, ਏਕਾ ਹੁਕਮੀ ਹੁਕਮ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਆਪਣਾ ਰੰਗ ਰੰਗਾਇੰਦਾ । ਵਿਸ਼ਨੂੰ ਵਿਸ਼ਵ ਕਰ ਵਿਚਾਰ, ਨੇਤਰ ਨੈਣ ਉਠਾਈਆ । ਪੁਰਖ ਅਬਿਨਾਸ਼ੀ ਨਿਰਾਕਾਰ, ਤੱਤਵ ਤੱਤ ਨਾ ਕੋਇ ਰਖਾਈਆ । ਸਚਖੰਡ ਵਸੇ ਵਸਣਹਾਰ, ਦਰ ਘਰ ਸਾਚੇ ਸੋਭਾ ਪਾਈਆ । ਰੂਪ ਰੰਗ ਨਾ ਕੋਇ ਆਧਾਰ, ਰੇਖ ਭੇਖ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਵਿਸ਼ਨੂੰ ਦੋਵੇਂ ਨੈਣ ਉਠਾ, ਪ੍ਰਭ ਨੇਤਰ ਨੈਣ ਮਿਲਾਈਆ । ਚਰਨ ਕਵਲ ਮੰਗੇ ਸਰਨਾ, ਸਰਨਗਤ ਇਕ ਵਖਾਈਆ । ਆਦਿ ਜੁਗਾਦਿ ਤੇਰੀ ਪਨਾਹ, ਸਮਰਥ ਪੁਰਖ ਤੇਰੀ ਵਡਿਆਈਆ । ਸਦਾ ਸੁਹੇਲੇ ਪਕੜੀਂ ਬਾਂਹ, ਦਾਮਨ ਪੱਲੂ ਹੱਥ ਰਖਾਈਆ । ਤੂੰ ਹੀ ਪਿਤਾ ਤੂੰ ਹੀ ਮਾਂ, ਹਉਂ ਬਾਲਕ ਰੂਪ ਸਖਾਈਆ । ਇਕੋ ਗਾਵਾਂ ਤੇਰਾ ਨਾਂ, ਦੂਸਰ ਜਸ ਨਾ ਕੋਇ ਵਡਿਆਈਆ । ਚਰਨ ਕਵਲ ਦੇਣਾ ਥਾਂ, ਮਿਲੇ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਮਾਣ ਵਡਿਆਈਆ । ਪੁਰਖ ਅਬਿਨਾਸ਼ੀ ਵਡ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਵਿਸ਼ਨੂੰ ਦੇਵੇ ਏਕਾ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਤੇਰਾ ਮੇਰਾ ਇਕ ਨਿਸ਼ਾਨ, ਦੋ ਜਹਾਨਾਂ ਆਪ ਸਮਝਾਇੰਦਾ । ਤੇਰੇ ਅੰਤਰ ਖੇਲ ਮਹਾਨ, ਅੰਮ੍ਰਿਤ ਧਾਰ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ । ਵਿਸ਼ਨੂੰ ਮੰਗੇ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਤੂੰ ਸਾਹਿਬ ਸੂਰਾ ਸਰਬੰਗ, ਹੱਥ ਤੇਰੇ ਵਡਿਆਈਆ । ਆਦਿ ਜੁਗਾਦੀ ਤੇਰਾ ਅਨੰਦ, ਤੁਧ ਬਿਨ ਅਵਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਢਹਿ ਪਿਆ ਸਰਨਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲ, ਆਪਣੀ ਦਇਆ ਕਮਾਇੰਦਾ । ਉਠ ਬਾਲੀ ਬਾਲ ਅਵਾਣ, ਬਾਲ ਅਵਾਣੇ ਗੋਦ ਬਹਾਇੰਦਾ । ਤੇਰਾ ਮੇਰਾ ਇਕ ਗਿਆਨ, ਏਕਾ ਅੰਕ ਜਣਾਇੰਦਾ । ਤੇਰਾ ਮੇਰਾ ਇਕ ਮਕਾਨ, ਏਕਾ ਮੰਦਰ ਸੋਭਾ ਪਾਇੰਦਾ । ਤੇਰਾ ਮੇਰਾ ਏਕਾ ਮਾਣ, ਏਕਾ ਘਰ ਵਖਾਇੰਦਾ । ਤੇਰਾ ਮੇਰਾ ਖੇਲ ਮਹਾਨ, ਖੇਲਣਹਾਰਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਵਿਸ਼ਨੂੰ ਨੇਤਰ ਨੈਣਾਂ ਨੀਰ ਵਹਾ, ਦੋਏ ਜੋੜ ਪਿਆ ਸਰਨਾਈਆ । ਪ੍ਰਭ ਤੇਰੀ ਸਰਨ ਸਰਨਾ, ਮੋਹੇ ਏਕਾ ਏਕ ਸਖਾਈਆ । ਆਦਿ ਜੁਗਾਦਿ ਭੁੱਲਣਾ ਨਾ, ਜੁਗ ਜੁਗ ਤੇਰਾ ਜਸ ਗਾਈਆ । ਤੇਰਾ ਦਰਸ ਦੋ ਜਹਾਨਾਂ ਵੇਖਾਂ ਥਾਂ ਥਾਂ, ਥਾਨ ਥਨੰਤਰ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਵਾਰ ਦਏ ਸਮਝਾਈਆ । ਏਕਾ ਵਾਰ ਸਚ ਸੰਦੇਸਾ, ਹਰਿ ਜੂ ਹਰਿ ਹਰਿ ਆਪ ਸੁਣਾਇਆ । ਤੇਰਾ ਲੇਖਾ ਬ੍ਰਹਮ ਵਿਸ਼ਨ ਸਚ ਆਦੇਸਾ, ਦੇਸ ਦਸੰਤਰ ਆਪ ਵਸਾਇਆ । ਨਿਰਗੁਣ ਸਰਗੁਣ ਧਾਰੇ ਭੇਖਾ, ਰੂਪ ਅਨੂਪ ਆਪ

੬੩੨
੧੧

ਧਰਾਇਆ । ਪਾਰਬ੍ਰਹਮ ਬ੍ਰਹਮ ਕਰੇ ਹੇਤਾ, ਆਪ ਆਪਣੀ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਸਗਲਾ ਸੰਗ ਨਿਭਾਇਆ । ਤੇਰਾ ਸੰਗ ਤੇਰਾ ਮੀਤ, ਹਰਿ ਹਰਿ ਆਪ ਨਿਭਾਈਆ । ਆਦਿ ਜੁਗਾਦਿ ਰਹੇ ਅਤੀਤ, ਆਪਣੀ ਕਲ ਧਰਾਈਆ । ਵਿਸ਼ਨੂੰ ਤੇਰੀ ਬ੍ਰਹਮਾ ਰੀਤ, ਬ੍ਰਹਮ ਸ਼ੰਕਰ ਕਰੇ ਕੁੜਮਾਈਆ । ਕਰੇ ਖੇਲ ਇਕ ਅਨਡੀਠ, ਲਿਖਣ ਪੜ੍ਹਣ ਵਿਚ ਨਾ ਆਈਆ । ਸ਼ਬਦ ਨਿਰਾਲਾ ਸਾਚਾ ਗੀਤ, ਸੋਹੰ ਢੋਲਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਖੇਲ ਕਰਾਈਆ । ਵਿਸ਼ਨੂੰ ਵਿਸ਼ਵ ਕਰ ਵਿਚਾਰ, ਹਰਿ ਸਾਚਾ ਸਚ ਜਣਾਇੰਦਾ । ਤ੍ਰੈਗੁਣ ਮਾਇਆ ਕਰ ਤਿਆਰ, ਸਾਚੀ ਝੋਲੀ ਆਪ ਭਰਾਇੰਦਾ । ਪੰਜ ਤੱਤ ਤੱਤ ਅਖਾੜ, ਤੱਤਵ ਤੱਤ ਰਖਾਇੰਦਾ । ਚਾਰੇ ਖਾਣੀ ਦੇ ਅਧਾਰ, ਅੰਡਜ ਜੇਰਜ ਉਤਭੁਜ ਸੇਤਜ ਨਾਲ ਰਲਾਇੰਦਾ । ਚਾਰੇ ਬਾਣੀ ਕਰ ਅਧਾਰ, ਚਾਰ ਜੁਗ ਆਪ ਵੰਡਾਇੰਦਾ । ਚਾਰੇ ਵੇਦ ਕਰ ਪਸਾਰ, ਚਾਰ ਵਰਨ ਆਪ ਸਮਝਾਇੰਦਾ । ਨਿਰਗੁਣ ਸਰਗੁਣ ਹੋ ਤਿਆਰ, ਸਰਗੁਣ ਨਿਰਗੁਣ ਰੰਗ ਵਖਾਇੰਦਾ । ਗੁਰ ਗੁਰ ਰੂਪ ਅਪਰ ਅਪਾਰ, ਲੋਕਮਾਤ ਆਪ ਪਰਗਟਾਇੰਦਾ । ਸ਼ਬਦੀ ਸ਼ਬਦ ਸ਼ਬਦ ਜੈਕਾਰ, ਸਾਚਾ ਸੋਹਲਾ ਆਪ ਸੁਣਾਇੰਦਾ । ਮਨ ਮਤ ਬੁਧ ਦਏ ਅਧਾਰ, ਗੁਣ ਅਵਗੁਣ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਤੇਰਾ ਬੰਸ ਵਡਿਆਇੰਦਾ । ਵਿਸ਼ਨੂੰ ਵਿਸ਼ਵ ਰੱਖਣਾ ਯਾਦ, ਹਰਿ ਸਾਚਾ ਸਚ ਜਣਾਈਆ । ਤੇਰਾ ਲੇਖਾ ਜਾਣੇ ਆਦਿ, ਅੰਤ ਆਪਣੇ ਹੱਥ ਰੱਖੇ ਵਡਿਆਈਆ । ਆਪਣੇ ਵਿਚੋਂ ਆਪਾ ਕਾਢ, ਨਿਰਗੁਣ ਨਿਰਗੁਣ ਖੇਲ ਕਰਾਈਆ । ਨਾ ਕੋਈ ਮਾਈ ਨਾ ਕੋਇ ਬਾਪ, ਦਾਈ ਦਾਇਆ ਨਾ ਕੋਇ ਬਣਾਈਆ । ਨਾ ਕੋਈ ਸੱਜਣ



ਨਾ ਕੋਈ ਸਾਕ, ਸਗਲਾ ਸੰਗ ਨਾ ਕੋਈ ਰਖਾਈਆ । ਤਨ ਮਾਟੀ ਨਾ ਕੋਈ ਖ਼ਾਕ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਕਰਿਆ ਖੇਲ ਹਰਿ ਪਾਕੀ ਪਾਕ, ਪਾਰਬ੍ਰਹਮ ਬੇਪਰਵਾਹੀਆ । ਅਗੰਮ ਅਗੰਮੜਾ ਖੋਲ੍ਹ ਤਾਕ, ਸਾਚੇ ਮੰਦਰ ਕਰੇ ਰੁਸ਼ਨਾਈਆ । ਆਪ ਵਖਾਏ ਆਪਣਾ ਘਾਟ, ਪਾਰ ਕਿਨਾਰਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਈਆ । ਸਾਚਾ ਭੇਵ ਹਰਿ ਕਰਤਾਰ, ਆਪਣਾ ਆਪ ਜਣਾਇੰਦਾ । ਵਿਸ਼ਨੂੰ ਤੇਰਾ ਵਿਸ਼ਵ ਪਸਾਰ, ਬ੍ਰਹਮਾ ਸ਼ਿਵ ਨਾਲ ਰਲਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਚਮ ਗੋਦ ਬਹਾਇੰਦਾ । ਲੱਖ ਚੁਰਾਸੀ ਕਰ ਤਿਆਰ, ਚਾਰ ਚਾਰ ਵੰਡ ਵੰਡਾਇੰਦਾ । ਪੰਚਮ ਪੰਚ ਬੋਲ ਜੈਕਾਰ, ਸਾਚਾ ਨਾਅਰਾ ਆਪ ਸੁਣਾਇੰਦਾ । ਨਿਰਗੁਣ ਸਰਗੁਣ ਦੇ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਵਖਾਇੰਦਾ । ਸਾਚਾ ਮਾਰਗ ਵਿਚ ਸੰਸਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਲੱਖ ਚੁਰਾਸੀ ਕਰ ਤਿਆਰ, ਘੜ ਭਾਂਡੇ ਵੇਖ ਵਖਾਈਆ । ਸਰਗੁਣ ਅੰਦਰ ਨਿਰਗੁਣ ਧਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦੀ ਸ਼ਬਦ ਸ਼ਬਦ ਧੁੰਨਕਾਰ, ਅਨਹਦ ਨਾਦੀ ਨਾਦ ਵਜਾਈਆ । ਅੰਮ੍ਰਿਤ ਸਰੋਵਰ ਠੰਡਾ ਠਾਰ, ਨਿਝਰ ਝਿਰਨਾ ਇਕ ਝਿਰਾਈਆ । ਪੰਚਮ ਪੰਚ ਪੰਚ ਵਿਕਾਰ, ਪੰਚਮ ਮੇਲਾ ਸਹਿਜ ਸੁਭਾਈਆ । ਖੇਲੇ ਖੇਲ ਅਗੰਮ ਅਪਾਰ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਰਿਹਾ ਵਖਾਈਆ । ਸਾਚਾ ਮਾਰਗ ਜਾਏ ਲੱਗ, ਹਰਿ ਸਾਚਾ ਸਚ ਜਣਾਇੰਦਾ । ਕਰੇ ਖੇਲ ਸੂਰਾ ਸਰਬੱਗ, ਦਿਸ ਕਿਸੇ ਨਾ ਆਇੰਦਾ । ਘਟ ਘਟ ਦੀਪਕ ਜੋਤ ਜਾਏ ਜਗ, ਜੋਤ ਨਿਰੰਜਣ ਡਗਮਗਾਇੰਦਾ । ਲੇਖਾ ਜਾਣੇ ਪੰਜ

ਤੱਤ ਮਾਸ ਨਾੜੀ ਹੱਡ, ਰੱਤੀ ਰੱਤ ਵੇਖ ਵਖਾਇੰਦਾ । ਵਿਸ਼ਨੂੰ ਤੇਰੀ ਵਿਸ਼ਵ ਯੱਦ, ਬ੍ਰਹਮਾ ਬ੍ਰਹਮ ਰੂਪ ਵਟਾਇੰਦਾ । ਸ਼ੰਕਰ ਅੰਤਮ ਵੇਖੇ ਹੱਦ, ਜੋ ਘੜਿਆ ਭੰਨ ਵਖਾਇੰਦਾ । ਕਰੇ ਖੇਲ ਪੁਰਖ ਸਮਰਥ, ਭੇਵ ਅਭੇਦ ਆਪ ਛੁਪਾਇੰਦਾ । ਜੁਗ ਜੁਗ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਨਿਰਗੁਣ ਸਰਗੁਣ ਮਾਰਗ ਦੱਸ, ਸਾਚਾ ਰਾਹ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਇੰਦਾ । ਆਪਣਾ ਪੜਦਾ ਦੇਵੇ ਲਾਹ, ਪਾਰਬ੍ਰਹਮ ਵਡੀ ਵਡਿਆਈਆ । ਵਿਸ਼ਨੂੰ ਦੇਵੇ ਇਕ ਸਲਾਹ, ਲੱਖ ਚੁਰਾਸੀ ਘਾੜਤ ਲਏ ਘੜਾਈਆ । ਲੋਕਮਾਤ ਵੇਸ ਵਟਾ, ਜੂਨ ਅਜੂਨੀ ਆਪ ਭਵਾਈਆ । ਨਿਰਗੁਣ ਸਰਗੁਣ ਲਏ ਪਰਗਟਾ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਰੂਪ ਵਟਾ, ਵੇਸ ਅਨੇਕ ਖੇਲ ਕਰਾਈਆ । ਸਾਚੀ ਵੰਡਣ ਵੰਡ ਵੰਡਾ, ਚਾਰ ਚਾਰ ਬੰਧਨ ਪਾਈਆ । ਚਾਰੇ ਦਿਸ਼ਾ ਖੇਲ ਕਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਏਕਾ ਗੁਣ ਸਮਝਾਈਆ । ਵਿਸ਼ਨੂੰ ਚਰਨੀ ਗਿਆ ਢੱਠ, ਦੋਏ ਜੋੜ ਕਰੇ ਨਿਮਸਕਾਰਾ । ਤੂੰ ਸਾਹਿਬ ਪੁਰਖ ਸਮਰਥ, ਤੇਰਾ ਅੰਤ ਨਾ ਪਾਰਾਵਾਰਾ । ਹਰਿ ਜੂ ਆਪਣਾ ਮਾਰਗ ਦੱਸ, ਕਿਵ ਰੂਪ ਵਰਤੇ ਵਿਚ ਸੰਸਾਰਾ । ਮੈਂ ਗਾਵਾਂ ਤੇਰਾ ਜਸ, ਆਦਿ ਜੁਗਾਦਿ ਬੋਲ ਜੈਕਾਰਾ । ਤੇਰੇ ਚਰਨਾਂ ਜਾਵਾਂ ਵਸ, ਮਿਲੇ ਸਚ ਦੁਆਰਾ । ਤੇਰਾ ਦਰਸ਼ਨ ਪਾਵਾਂ ਹੱਸ ਹੱਸ, ਨੇਤਰ ਨੈਣ ਨੈਣ ਉਘਾੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਸਹਾਰਾ । ਸਚ ਸਹਾਰਾ ਮੰਗੇ ਮੰਗ, ਦੋਏ ਜੋੜ ਸਰਨਾਇਆ । ਆਦਿ ਜੁਗਾਦਿ ਤੇਰਾ ਅਨੰਦ, ਅਨੰਦ ਮੇਰਾ ਸੁਖਦਾਇਆ । ਤੇਰਾ ਨੂਰ ਸਾਚਾ ਚੰਦ, ਚੰਦ ਚਾਂਦਨੀ ਮੁਖ ਸ਼ਰਮਾਇਆ । ਤੂੰ ਖੇਲੇ ਖੇਲ ਵਿਚ ਵਰਭੰਡ, ਆਪਣਾ ਪੜਦਾ ਦੇ ਉਠਾਇਆ । ਤੁਧ ਬਿਨ ਹੋਏ ਕਦੇ ਨਾ ਰੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਦੇ ਚੁਕਾਇਆ । ਪੁਰਖ ਅਬਿਨਾਸ਼ੀ ਸਾਹਿਬ ਦਾਤਾਰ, ਦਾਤਾ ਦਾਨੀ ਦਇਆ ਕਮਾਈਆ । ਵਿਸ਼ਨੂੰ ਵਿਸ਼ਵ ਕਰ ਵਿਚਾਰ, ਪਾਰਬ੍ਰਹਮ ਰਿਹਾ ਸਮਝਾਈਆ । ਬ੍ਰਹਮਾ ਬ੍ਰਹਮ ਕਰੇ ਪਸਾਰ, ਪਾਰਬ੍ਰਹਮ ਵੰਡ ਵੰਡਾਈਆ । ਈਸ਼ ਜੀਵ ਕਰ ਤਿਆਰ, ਜਗਦੀਸ਼ ਖੇਲ ਕਰਾਈਆ । ਏਕਾ ਅੱਖਰ ਬੋਲ ਜੈਕਾਰ, ਸਾਚੇ ਸੁਤ ਕਰੇ ਪੜ੍ਹਾਈਆ । ਅਬਿਨਾਸ਼ੀ ਅਚੁੱਤ ਸਾਚੀ ਕਾਰ, ਕਰਤਾ ਪੁਰਖ ਆਪ ਕਮਾਈਆ । ਚਾਰੇ ਵੇਦ ਖੋਲ੍ਹ ਕਿਵਾੜ, ਏਕਾ ਅੰਤ ਦਏ ਸਮਝਾਈਆ । ਚਾਰ ਜੁਗ ਜਗਤ ਵਿਹਾਰ, ਬਿਵਹਾਰੀ ਆਪ ਕਰਾਈਆ । ਨਿਰਗੁਣ ਸਰਗੁਣ ਲਏ ਅਵਤਾਰ, ਲੋਕਮਾਤ ਕਰੇ ਜਣਾਈਆ । ਗੁਰ ਗੁਰ ਹੋਏ ਖ਼ਬਰਦਾਰ, ਬੇਖ਼ਬਰ ਲਏ ਉਠਾਈਆ । ਰਹਿਬਰ ਬਣੇ ਆਪ ਨਿਰੰਕਾਰ, ਸਾਚਾ ਮਾਰਗ ਦਏ ਵਖਾਈਆ । ਖੇਲੇ ਖੇਲ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਸਾਚਾ ਭੇਵ ਸ੍ਰੀ ਭਗਵਾਨਾ, ਆਪਣਾ ਆਪ ਜਣਾਇੰਦਾ । ਜੁਗ ਚੌਕੜੀ ਹੋਏ ਪਰਧਾਨਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਲੇਖਾ ਜਾਣੇ ਦੋ ਜਹਾਨਾ, ਦੋਏ ਦੋਏ ਰੂਪ ਧਰਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਇਕ ਨਿਸ਼ਾਨਾ, ਸਤਿ ਸਤਿਵਾਦੀ ਆਪ ਝੁਲਾਇੰਦਾ । ਭੂਪਤ ਭੂਪ ਰਾਜ ਰਾਜਾਨਾ, ਸ਼ਾਹ ਪਾਤਸ਼ਾਹ ਹਰਿ ਅਖਵਾਇੰਦਾ । ਗੁਰ ਅਵਤਾਰਾਂ ਧੁਰ ਫ਼ਰਮਾਣਾ, ਸ਼ਬਦ ਅਗੰਮੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡ ਆਪਣੇ ਹੱਥ ਰਖਾਇੰਦਾ । ਸਾਚੀ ਵੰਡ ਹਰਿ ਨਿਰੰਕਾਰ, ਆਪਣੇ ਹੱਥ ਰਖਾਈਆ । ਚਾਰੇ ਵੇਦ ਕਰ ਤਿਆਰ, ਬ੍ਰਹਮਾ ਸੁਤ ਕਰੇ ਪੜ੍ਹਾਈਆ । ਅਬਿਨਾਸ਼ੀ ਅਚੁੱਤ ਖੇਲ ਨਿਆਰ,

ਭੇਵ ਕੋਇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਪਾਏ ਸਾਰ, ਕਲਜੁਗ ਏਕਾ ਰੰਗ ਰੰਗਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਆਵੇ ਵਾਰੋ ਵਾਰ, ਕੋਟਨ ਕੋਟ ਕਾਲ ਬਿਤਾਈਆ । ਕਰੇ ਖੇਲ ਅਗੰਮ ਅਪਾਰ, ਅਗੰਮੜੀ ਕਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਦਰਸਾਈਆ । ਸਾਚਾ ਖੇਲ ਸ੍ਰੀ ਭਗਵੰਤ, ਵਿਸ਼ਨੂੰ ਆਪ ਜਣਾਇੰਦਾ । ਆਦਿ ਜੁਗਾਦੀ ਸਾਚਾ ਕੰਤ, ਨਰ ਹਰਿ ਹਰੀ ਆਪ ਅਖਵਾਇੰਦਾ । ਜੀਵ ਜੰਤ ਬਣਾਏ ਬਣਤ, ਸਾਧ ਸੰਤ ਆਪ ਪਰਗਟਾਇੰਦਾ । ਜੁਗਾ ਜੁਗੰਤਰ ਮਣੀਆਂ ਮੰਤ, ਨਾਮ ਮੰਤਰ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਵਖਾਇੰਦਾ । ਆਦਿ ਜੁਗਾਦੀ ਰਾਹ ਅਵੱਲਾ, ਸੋ ਪੁਰਖ ਨਿਰੰਜਣ ਆਪ ਚਲਾਈਆ । ਗੁਰ ਅਵਤਾਰ ਫੜਾਏ ਪੱਲਾ, ਸਿਰ ਆਪਣਾ ਹੱਥ ਟਿਕਾਈਆ । ਸਚ ਸੰਦੇਸ ਏਕਾ ਘੱਲਾ, ਜੁਗ ਜੁਗ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਵਿਸ਼ਨੂੰ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਇਆ । ਜੁਗ ਚੌਕੜੀ ਤੇਰਾ ਵਿਹਾਰ, ਭੇਵ ਕੋਇ ਨਾ ਆਇਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਬਣ ਬਣ ਸੇਵਕ ਸੇਵ ਕਮਾਇਆ । ਸ਼ੰਕਰ ਮੰਗੇ ਧੂੜੀ ਛਾਰ, ਚਰਨ ਚਰਨੋਦਕ ਟਿੱਕਾ ਲਾਇਆ । ਹੁਕਮੇ ਅੰਦਰ ਗੁਰ ਅਵਤਾਰ, ਵੇਸ ਅਨੇਕ ਗਏ ਵਟਾਇਆ । ਸ਼ਬਦੀ ਨਾਦ ਧੁਨ ਜੈਕਾਰ, ਸੋਹਲਾ ਢੋਲਾ ਤੇਰਾ ਗਾਇਆ । ਲੱਖ ਚੁਰਾਸੀ ਭਾਂਡਾ ਘੜੇ ਬਣ ਠਠਿਆਰ, ਵੇਲੇ ਅੰਤ ਦਏ ਭੰਨਾਇਆ । ਸਚਖੰਡ ਵੇਸ ਆਪ ਨਿਰੰਕਾਰ, ਰੂਪ ਰੰਗ ਰੇਖ ਨਾ ਕੋਇ ਜਣਾਇਆ । ਸਰਗੁਣ ਸਿਫ਼ਤ ਕਰੇ ਵਿਚ ਸੰਸਾਰ, ਸਿਫ਼ਤੀ ਸਿਫ਼ਤ ਸਿਫ਼ਤ ਸਲਾਹਿਆ । ਤੇਰਾ ਜਲਵਾ ਨੂਰ ਨਿਰਾਕਾਰ, ਆਦਿ ਨਿਰੰਜਣ ਡਗਮਗਾਇਆ । ਮੁਕਾਮੇ ਹੱਕ ਵਸੇ ਸਾਂਝਾ ਯਾਰ, ਸਾਚੇ ਤਖ਼ਤ ਸੋਭਾ ਪਾਇਆ । ਵਿਸ਼ਨੂੰ ਵੰਸ ਕਰ ਤਿਆਰ, ਸਾਚਾ ਬੰਸ ਇਕ ਸੁਹਾਇਆ । ਬ੍ਰਹਮਾ ਬ੍ਰਹਮ ਦਏ ਅਧਾਰ, ਬ੍ਰਹਮ ਵੇਤਾ ਖੇਲ ਕਰਾਇਆ । ਸ਼ੰਕਰ ਲੇਖਾ ਦਏ ਨਿਵਾਰ, ਲੇਖਾ ਕੋਇ ਰਹਿਣ ਨਾ ਪਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੀਤੇ ਵਿਚ ਸੰਸਾਰ, ਜੁਗ ਚੌਕੜੀ ਪੰਧ ਮੁਕਾਇਆ । ਆਪਣਾ ਅੰਤ ਦੱਸ ਆਪ ਨਿਰੰਕਾਰ, ਇਹ ਤੇਰੇ ਅੱਗੇ ਮੰਗ ਮੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੋਏ ਜੋੜ ਪਿਆ ਸਰਨਾਇਆ । ਪੁਰਖ ਅਬਿਨਾਸ਼ੀ ਸ਼ਬਦ ਅਗੰਮੀ ਬੋਲ, ਏਕਾ ਏਕ ਜਣਾਈਆ । ਆਦਿ ਜੁਗਾਦਿ ਸਦਾ ਅਤੋਲ, ਹਰਿ ਤੋਲ ਨਾ ਤੋਲਿਆ ਜਾਈਆ । ਜੁਗ ਚੌਕੜੀ ਸ਼ਬਦ ਅਗੰਮੀ ਨਾਮ ਨਿਧਾਨ ਵਜਾਏ ਢੋਲ, ਗੁਰ ਅਵਤਾਰ ਸੇਵ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹਿਣਾ ਅਨਭੋਲ, ਪਾਰਬ੍ਰਹਮ ਬ੍ਰਹਮ ਸਮਝਾਈਆ । ਨਿਰਗੁਣ ਨਿਰਾਕਾਰ ਘਟ ਘਟ ਅੰਤਰ ਰਿਹਾ ਮੌਲ, ਮੌਲਾ ਆਪਣਾ ਰੂਪ ਸਮਝਾਈਆ । ਲੇਖਾ ਜਾਣੇ ਧਰਨੀ ਧਰਤ ਧਵਲ ਧੌਲ, ਅਕਾਸ਼ ਪਰਕਾਸ਼ ਰਿਹਾ ਸਮਾਈਆ । ਆਪੇ ਜਾਣੇ ਆਪਣਾ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਆਪਣਾ ਭੇਵ ਆਪੇ ਦੱਸ, ਹਰਿ ਹਰਿ ਦਇਆ ਕਮਾਈਆ । ਆਦਿ ਜੁਗਾਦਿ ਖੇਲ ਤਮਾਸ਼, ਪਾਰਬ੍ਰਹਮ ਪ੍ਰਭ ਵੇਖੇ ਚਾਈਂ ਚਾਈਂਆ । ਮੰਡਲ ਮੰਡਪ ਪਾਵੇ ਰਾਸ, ਲੋਆਂ ਪੁਰੀਆਂ ਨਾਚ ਨਚਾਈਆ । ਲੇਖਾ ਜਾਣੇ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਫੋਲ ਫੁਲਾਈਆ । ਲਹਿਣਾ ਦੇਣਾ ਵੇਖੇ ਲੱਖ ਚੁਰਾਸੀ ਜੀਵ ਜੰਤ ਪਵਣ ਸਵਾਸ, ਸਵਾਸ ਸਵਾਸਾਂ ਨਾਲ ਮਿਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰੀ ਕਰੇ ਆਸ,

ਬਖ਼ਸ਼ੇ ਸਰਨ ਸੱਚੀ ਸਰਨਾਈਆ । ਵਿਸ਼ਨੂੰ ਤੇਰਾ ਵਸੇ ਤੇਰੇ ਪਾਸ, ਤੇਰਾ ਸੰਗ ਰਖਾਈਆ । ਆਦਿ ਅੰਤ ਨਾ ਕੋਇ ਉਦਾਸ, ਚਿੰਤਾ ਸੋਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਆਪਣਾ ਭੇਵ ਖੋਲ੍ਹ ਕਰਤਾਰ, ਬਿਨ ਅੱਖਰ ਕਰੇ ਪੜ੍ਹਾਈਆ । ਚਾਰ ਵੇਦ ਨਾ ਪਾਵਣ ਸਾਰ, ਪੁਰਾਨ ਅਠਾਰਾਂ ਨਾ ਅੰਕ ਜਣਾਈਆ । ਸ਼ਾਸਤਰ ਸਿਮਰਤ ਨਾ ਕੋਇ ਧਾਰ, ਧਾਰ ਧਾਰ ਨਜ਼ਰ ਨਾ ਆਈਆ । ਗੀਤਾ ਗਿਆਨ ਗਿਆਨ ਅਧਾਰ, ਏਕਾ ਏਕ ਕਰੇ ਪੜ੍ਹਾਈਆ । ਅੰਜ਼ੀਲ ਕੁਰਾਨ ਜਾਇਣ ਹਾਰ, ਸ਼ਰਅ ਸ਼ਰੀਅਤ ਨਾ ਕੋਇ ਵਖਾਈਆ । ਖਾਣੀ ਬਾਣੀ ਕਰੇ ਪੁਕਾਰ, ਊਚੀ ਕੂਕ ਕੂਕ ਸੁਣਾਈਆ । ਗੁਰ ਅਵਤਾਰ ਬੋਲ ਜੈਕਾਰ, ਆਦਿ ਜੁਗਾਦਿ ਢੋਲਾ ਗਾਈਆ । ਸੇਵਾ ਲਾਏ ਤੇਈ ਅਵਤਾਰ, ਭਗਤ ਅਠਾਰਾਂ ਨਾਲ ਮਿਲਾਈਆ । ਈਸਾ ਮੂਸਾ ਦਏ ਹੁਲਾਰ, ਸੰਗ ਮੁਹੰਮਦ ਕਰੇ ਕੁੜਮਾਈਆ । ਦਸ ਗੁਰ ਕਰ ਨਿਮਸਕਾਰ, ਨਿਉਂ ਨਿਉਂ ਬੈਠਣ ਸੀਸ ਝੁਕਾਈਆ । ਭਗਤ ਭਗਵੰਤ ਬੋਲ ਜੈਕਾਰ, ਜੈ ਜੈ ਏਕਾ ਗੁਣ ਗਾਈਆ । ਸੰਤ ਮੰਗਣ ਧੂੜੀ ਸਾਰ, ਨਿਉਂ ਨਿਉਂ ਸੀਸ ਝੁਕਾਈਆ । ਗੁਰਮੁਖ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਗੁਰਸਿਖ ਮੰਗਣ ਇਕ ਦੀਦਾਰ, ਆਦਿ ਜੁਗਾਦਿ ਆਸ ਤਕਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਖ਼ਾਲਕ ਖ਼ਲਕ ਰਿਹਾ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਧੰਦਾ ਆਪੇ ਰਿਹਾ ਸਮਝਾਈਆ । ਸਾਚਾ ਧੰਦਾ ਸ੍ਰੀ ਭਗਵਾਨ, ਏਕਾ ਏਕ ਜਣਾਇੰਦਾ । ਸਤਿਜੁਗ ਵੇਖ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਤ੍ਰੇਤਾ ਮੇਲਾ ਰਮਈਆ ਰਾਮ, ਹਰ ਘਟ ਆਪ ਸਮਾਇੰਦਾ । ਦੁਆਪਰ ਲੇਖਾ ਕ੍ਰਿਸ਼ਨਾ ਕਾਹਨ, ਘਰ ਘਰ ਬੰਸਰੀ ਨਾਮ ਵਜਾਇੰਦਾ । ਕਲਜੁਗ ਖੇਲ ਕਰੇ ਮਹਾਨ, ਮੁਕਾਮੇ ਹੱਕ ਸੋਭਾ ਪਾਇੰਦਾ । ਏਕਾ ਕਲਮਾ ਸਚ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਨਿਰਗੁਣ ਸਰਗੁਣ ਹੋ ਮਿਹਰਵਾਨ, ਨਾਨਕ ਨਾਮ ਆਪ ਜਣਾਇੰਦਾ । ਗੋਬਿੰਦ ਸੁਤ ਕਰ ਪਰਵਾਨ, ਸਤਿ ਪਰਵਾਨਾ ਹੱਥ ਫੜਾਇੰਦਾ । ਜੁਗ ਚੌਕੜੀ ਵੇਖ ਵਖਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇੰਦਾ । ਨੌਂ ਨੌਂ ਜਾਣੇ ਲੇਖਾ ਆਪ ਭਗਵਾਨ, ਚਾਰ ਚਾਰ ਭੇਵ ਕੋਇ ਨਾ ਆਇੰਦਾ । ਵਿਸ਼ਨੂੰ ਵਿਸ਼ਵ ਵੇਖੇ ਆਣ, ਵਾਸਤਕ ਆਪਣਾ ਰੂਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਧੁਰ ਫ਼ਰਮਾਣਾ ਸਚ ਸੰਦੇਸਾ, ਸੋ ਪੁਰਖ ਨਿਰੰਜਣ ਆਪ ਸੁਣਾਈਆ । ਜੁਗਾਂ ਜੁਗੰਤਰ ਹਰਿ ਜੂ ਵੇਸਾ, ਨਰ ਹਰਿ ਨਰਾਇਣ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਆਪੇ ਵੇਖਾ, ਜੋਤੀ ਜੋਤ ਕਰ ਰੁਸ਼ਨਾਈਆ । ਕਲਜੁਗ ਅੰਤਮ ਧਾਰੇ ਭੇਖਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਈਆ । ਲਹਿਣਾ ਦੇਣਾ ਮੁਕਾਏ ਪੀਰ ਪੈਗ਼ੰਬਰ ਮੁੱਲਾ ਸ਼ੇਖ਼ਾ ਮੁਸਾਇਕ ਸੁਣਾਏ ਸਚ ਸੰਦੇਸਾ, ਏਕਾ ਕਲਮਾ ਨਬੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਏਕਾ ਗੁਣ ਸਮਝਾਈਆ । ਵਿਸ਼ਨੂੰ ਵੇਖ ਕਰ ਧਿਆਨ, ਹਰਿ ਸਾਚਾ ਸਚ ਜਣਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭੇਵ ਕੋਇ ਨਾ ਪਾਇੰਦਾ । ਜੁਗ ਚੌਕੜੀ ਬੀਤੇ ਵਿਚ ਜਹਾਨ, ਥਿਰ ਕੋਇ ਰਹਿਣ ਨਾ ਪਾਇੰਦਾ । ਗੁਰ ਅਵਤਾਰ ਦੇ ਪੈਗ਼ਾਮ, ਪੀਰ ਪੈਗ਼ੰਬਰ ਮੁਖ ਛੁਪਾਇੰਦਾ । ਚਾਰ ਵਰਨ ਹੋਣ ਹੈਰਾਨ, ਚਾਰ ਕੁੰਟ ਨੈਣ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਿਲਾਇੰਦਾ । ਵਿਸ਼ਨੂੰ ਵੇਸ ਹਰਿ ਕਾ ਰੰਗ, ਹਰਿ ਸਾਚਾ ਸਚ ਜਣਾਈਆ । ਜੁਗ ਚੌਕੜੀ ਕਾਲ ਜਾਏ

ਲੰਘ, ਕੋਟਨ ਕੋਟ ਰੂਪ ਵਟਾਈਆ । ਗੁਰ ਅਵਤਾਰ ਵਜਾ ਮਰਦੰਗ, ਬੈਠਣ ਮੁੱਖ ਛੁਪਾਈਆ । ਕਰੇ ਖੇਲ ਸੂਰਾ ਸਰਬੰਗ, ਪਾਰਬ੍ਰਹਮ ਬੇਪਰਵਾਹੀਆ । ਲੱਖ ਚੁਰਾਸੀ ਵੰਡਣ ਵੰਡ, ਵੰਡ ਵੰਡ ਵੇਖੇ ਥਾਉਂ ਥਾਈਆ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਵਿਸ਼ਨੂੰ ਏਕਾ ਗੁਣ ਵਖਾਈਆ । ਵਿਸ਼ਨੂੰ ਗੁਣ ਹਰਿ ਜਣਾਇਆ, ਰਸਨਾ ਜਿਹਵਾ ਨਾ ਕੋਇ ਰਖਾਇੰਦਾ । ਬਿਨ ਅੱਖਰ ਆਪ ਪੜ੍ਹਾਇਆ, ਅਖਸ਼ਰ ਵੰਡ ਨਾ ਕੋਇ ਵੰਡਾਇੰਦਾ । ਬਿਨ ਕਲਮ ਦੁਵਾਤ ਆਪ ਲਿਖਾਇਆ, ਸ਼ਾਹੀ ਨਾਲ ਨਾ ਕੋਇ ਮਿਲਾਇੰਦਾ । ਸਚ ਸੰਦੇਸਾ ਇਕ ਸੁਣਾਇਆ, ਬਿਨ ਕੰਨਾਂ ਆਪ ਅਲਾਇੰਦਾ । ਸਾਚੇ ਮੰਦਰ ਇਕ ਬਹਾਇਆ, ਚਾਰ ਦੀਵਾਰ ਨਾ ਕੋਇ ਵਖਾਇੰਦਾ । ਸਾਚਾ ਨੂਰ ਕਰ ਰੁਸ਼ਨਾਇਆ, ਸੂਰਜ ਚੰਦ ਨਾ ਕੋਇ ਚੜ੍ਹਾਇੰਦਾ । ਸਾਚਾ ਸੱਜਣ ਇਕ ਬਣਾਇਆ, ਆਪ ਆਪਣੇ ਅੰਗ ਲਗਾਇੰਦਾ । ਸਿਰ ਆਪਣਾ ਹੱਥ ਟਿਕਾਇਆ, ਸਮਰਥ ਪੁਰਖ ਆਪਣਾ ਖੇਲ ਕਰਾਇੰਦਾ । ਵੇਲਾ ਅੰਤ ਦਏ ਸਮਝਾਇਆ, ਭੇਵ ਅਭੇਦ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਵਖਾਇੰਦਾ । ਸਾਚਾ ਰਾਹ ਸ੍ਰੀ ਭਗਵਾਨਾ, ਭਗਵਨ ਆਪ ਜਣਾਈਆ । ਕਲਜੁਗ ਅੰਤਮ ਆਏ ਵਿਚ ਜਹਾਨਾ, ਲੋਕਮਾਤ ਵੱਜੇ ਵਧਾਈਆ । ਪਰਗਟ ਹੋਏ ਨਿਹਕਲੰਕ ਬਲੀ ਬਲਵਾਨਾ, ਬਲ ਆਪਣਾ ਆਪ ਰਖਾਈਆ । ਸਚਖੰਡ ਦਾ ਸਚ ਨਿਸ਼ਾਨਾ, ਲੋਕਮਾਤ ਝੁਲਾਈਆ । ਚਾਰ ਜੁਗ ਦਾ ਇਕ ਗਿਆਨਾ, ਏਕਾ ਅੱਖਰ ਕਰੇ ਪੜ੍ਹਾਈਆ । ਚਾਰ ਵਰਨ ਦਾ ਇਕ ਧਿਆਨਾ, ਏਕਾ ਇਸ਼ਟ ਦਏ ਸਮਝਾਈਆ । ਚਾਰ ਖਾਣੀ ਦਾ ਇਕ ਮਕਾਨਾ, ਏਕਾ ਮੰਦਰ ਦਏ ਬਣਾਈਆ । ਚਾਰ ਬਾਣੀ ਦਾ ਇਕ ਪਰਵਾਨਾ, ਸਚ ਸੰਦੇਸਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਲੇਖਾ ਆਪਣੇ ਹੱਥ ਰਖਾਈਆ । ਜੁਗ ਚੌਕੜੀ ਹੋਏ ਅੰਤ, ਸੋ ਪੁਰਖ ਨਿਰੰਜਣ ਆਪ ਜਣਾਇਆ । ਕਰੇ ਖੇਲ ਸ੍ਰੀ ਭਗਵੰਤ, ਦੂਸਰ ਸੰਗ ਨਾ ਕੋਇ ਰਲਾਇਆ । ਗੜ੍ਹ ਤੋੜੇ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਇਆ । ਲੱਖ ਚੁਰਾਸੀ ਵੇਖੇ ਜੀਵ ਜੰਤ, ਘਟ ਘਟ ਆਪਣਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਅੰਤ ਦਏ ਸਮਝਾਇਆ । ਕਲਜੁਗ ਵੇਲਾ ਅੰਤਮ ਔਣਾ, ਹਰਿ ਸਾਚਾ ਸਚ ਜਣਾਈਆ । ਪੁਰਖ ਅਬਿਨਾਸ਼ੀ ਵੇਸ ਵਟੌਣਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਚਾਰ ਜੁਗ ਦੇ ਗੁਰ ਅਵਤਾਰਾਂ ਫੜ ਉਠੌਣਾ, ਸਚਖੰਡ ਵੱਜੇ ਵਧਾਈਆ । ਨੇਤਰ ਸਭ ਦੇ ਆਪ ਵਖੌਣਾ, ਨੈਣ ਨੈਣਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਈਆ । ਕਲਜੁਗ ਵੇਲਾ ਅੰਤਮ ਮਾਤ, ਲੋਕਮਾਤ ਕਰਾਈਆ । ਪੁਰਖ ਅਬਿਨਾਸ਼ੀ ਵੇਖੇ ਮਾਰ ਝਾਤ, ਨਿਰਗੁਣ ਆਪਣਾ ਨੈਣ ਖੁਲ੍ਹਾਈਆ । ਲੱਖ ਚੁਰਾਸੀ ਵਿਕੇ ਝੂਠੇ ਹਾਟ, ਸਾਚਾ ਵਣਜ ਨਾ ਕੋਇ ਕਰਾਈਆ । ਆਤਮ ਸੇਜਾ ਮਿਲੇ ਨਾ ਕਿਸੇ ਖਾਟ, ਖ਼ਾਕੀ ਖ਼ਾਕ ਸਰਬ ਲੋਕਾਈਆ । ਕੋਈ ਨਾ ਉਤਰੇ ਪੂਰੇ ਘਾਟ, ਕਲਜੁਗ ਭਵਰ ਰਹੀ ਰੁੜ੍ਹਾਈਆ । ਨਾਤਾ ਤੁੱਟੇ ਤੀਰਥ ਅਠ ਸਾਠ, ਸਰ ਸਰੋਵਰ ਦੇਣ ਦੁਹਾਈਆ । ਨੇਤਰ ਰੋਵੇ ਜ਼ਾਤ ਪਾਤ, ਚਾਰ ਵਰਨ ਨਾ ਧੀਰ ਧਰਾਈਆ । ਮਨ ਮਨਸਾ ਨਾਰ ਕਮਜ਼ਾਤ, ਕਲਜੁਗ ਜੀਵਾਂ ਲਏ ਪਰਨਾਈਆ । ਮਾਇਆ ਰਾਣੀ ਡੂੰਘਾ ਖਾਤ, ਘਰ ਘਰ ਰਹੀ ਵਖਾਈਆ । ਪਿਤਾ ਪੂਤ ਕਰੇ ਘਾਤ, ਘਰ ਘਰ ਪਈ ਲੜਾਈਆ । ਭੈਣਾਂ ਭਈਆਂ ਬਣੇ ਨਾਤ, ਵਿਭਚਾਰ ਸਰਬ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਸਮਝਾਈਆ । ਕਲਜੁਗ ਵੇਲਾ ਅੰਤਮ ਆਏ, ਹਰਿ ਸਾਚਾ ਸਚ ਜਣਾਇੰਦਾ । ਹਰਿ ਕਾ ਨਾਮ ਨਾ ਕੋਇ ਧਿਆਏ, ਰਸਨਾ ਜਿਹਵਾ ਸਰਬ ਕੁਰਲਾਇੰਦਾ । ਆਤਮ ਅੰਤਰ ਸਚ ਸਰੋਵਰ ਕੋਈ ਨਾ ਨੁਹਾਏ, ਅਠ ਸਠ ਤੀਰਥ ਸਰਬ ਭਵਾਇੰਦਾ । ਗੁਰ ਕਾ ਸ਼ਬਦ ਨਾ ਕੋਈ ਗਾਏ, ਅੰਤਰ ਧਿਆਨ ਨਾ ਕੋਈ ਲਗਾਇੰਦਾ । ਕਲਜੁਗ ਡੌਰੂ ਡੰਕਾ ਵਾਹੇ, ਜੂਠ ਝੂਠ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਆਪਣਾ ਖੇਲ ਦੱਸੇ ਭਗਵਾਨ, ਆਪਣੀ ਦਇਆ ਕਮਾਈਆ । ਚਾਰ ਜੁਗ ਗੁਰ ਅਵਤਾਰਾਂ ਦੱਸੇ ਨਿਸ਼ਾਨ, ਨਿਸ਼ਾਨ ਨਿਸ਼ਾਨਾ ਨਾਲ ਮਿਲਾਈਆ । ਵੇਦ ਵਿਆਸਾ ਕਰ ਕਲਿਆਣ, ਗੁਣ ਗੁਣ ਗਿਆ ਸਮਝਾਈਆ । ਈਸਾ ਦੇ ਦੇ ਸਚ ਪੈਗ਼ਾਮ, ਪੈਗ਼ੰਬਰ ਕਰੇ ਪੜ੍ਹਾਈਆ । ਮੁਹੰਮਦ ਮੰਗੇ ਏਕਾ ਆਣ, ਨਿਉਂ ਨਿਉਂ ਸੀਸ ਝੁਕਾਈਆ । ਨਾਨਕ ਨਿਰਗੁਣ ਕਰੇ ਧਿਆਨ, ਨਿਰਵੈਰ ਰਿਹਾ ਸਲਾਹੀਆ । ਗੋਬਿੰਦ ਵੇਖੇ ਸਾਚੀ ਸ਼ਾਨ, ਪੁਰਖ ਅਕਾਲ ਵਡੀ ਵਡਿਆਈਆ । ਦੋਏ ਜੋੜ ਕਰੇ ਪਰਨਾਮ, ਚਰਨ ਚਰਨ ਸੀਸ ਝੁਕਾਈਆ । ਕਲਜੁਗ ਪਰਗਟ ਹੋਵੇ ਆਣ, ਨਿਹਕਲੰਕ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦਏ ਖੁਲ੍ਹਾਈਆ । ਭੇਵ ਅਭੇਦ ਦੇਵੇ ਖੋਲ੍ਹ, ਹਰਿ ਸਾਚੇ ਸਚ ਜਣਾਇਆ । ਵਿਸ਼ਨੂੰ ਤੇਰਾ ਤੋਲੇ ਤੋਲ, ਕਲਜੁਗ ਅੰਤਮ ਵੇਸ ਵਟਾਇਆ । ਨਿਰਗੁਣ ਨਿਰਗੁਣ ਵਸੇ ਕੋਲ, ਦਿਸ ਕਿਸੇ ਨਾ ਆਇਆ । ਲੱਖ ਚੁਰਾਸੀ ਖੇਲੇ ਹੋਲ, ਚਾਰੋਂ ਕੁੰਟ ਫੇਰਾ ਪਾਇਆ । ਭਗਤ ਭਗਵੰਤ ਰੱਖੇ ਅਡੋਲ, ਆਪ ਆਪਣੀ ਬੂਝ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਆਪਣਾ ਖੇਲ ਕਰੇ ਕਰਤਾਰਾ, ਕਲਜੁਗ ਅੰਤਮ ਵੇਖ ਵਖਾਈਆ । ਭਗਤਾਂ ਦੇਵੇ ਇਕ ਅਧਾਰਾ, ਏਕਾ ਨਾਮ ਕਰੇ ਪੜ੍ਹਾਈਆ । ਸੰਤਾਂ ਦੇਵੇ ਸਤਿ ਵਿਚਾਰਾ, ਸਤਿ ਸਤਿਵਾਦ ਸਤਿ ਸਮਝਾਈਆ । ਗੁਰਮੁਖਾਂ ਖੋਲ੍ਹ ਬੰਦ ਕਿਵਾੜਾ, ਘਰ ਘਰ ਵਿਚ ਲਏ ਪਰਗਟਾਈਆ । ਗੁਰਸਿਖਾਂ ਦੇਵੇ ਦਰਸ ਦੀਦਾਰਾ, ਰਾਤੀ ਸੁੱਤਿਆਂ ਆਪ ਜਗਾਈਆ । ਲੱਖ ਚੁਰਾਸੀ ਹਾਹਾਕਾਰਾ, ਜੀਵ ਜੰਤ ਸਰਬ ਕੁਰਲਾਈਆ । ਸ਼ਾਹ ਪਾਤਸ਼ਾਹ ਰੋਵਣ ਜ਼ਾਰੋ ਜ਼ਾਰਾ, ਰਾਜ ਰਾਜਾਨ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲਾ ਅੰਤ ਰਿਹਾ ਸਮਝਾਈਆ । ਵੇਲਾ ਅੰਤਮ ਵੇਖੇ ਅੰਤ, ਆਦਿ ਅੰਤ ਵਡੀ ਵਡਿਆਈਆ । ਪਰਗਟ ਹੋ ਸ੍ਰੀ ਭਗਵੰਤ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਲੇਖਾ ਜਾਣੇ ਜੀਵ ਜੰਤ, ਅਭੁੱਲ ਭੁੱਲ ਕਦੇ ਨਾ ਜਾਈਆ । ਹਰਿਜਨ ਵੇਖੇ ਸਾਚੇ ਸੰਤ, ਪੂਰਬ ਜਨਮਾਂ ਲਹਿਣਾ ਆਪ ਚੁਕਾਈਆ । ਮੇਲ ਮਿਲਾਵਾ ਨਾਰੀ ਕੰਤ, ਕੰਤ ਕੰਤੂਲ ਖ਼ੁਸ਼ੀ ਮਨਾਈਆ । ਗੜ੍ਹ ਤੋੜੇ ਹਉਮੇ ਹੰਗਤ, ਮਨ ਕਾ ਮਣਕਾ ਆਪ ਭੁਵਾਈਆ । ਗੁਰਸਿਖ ਮੇਲੇ ਸਾਚੀ ਸੰਗਤ, ਸਗਲਾ ਸੰਗ ਆਪ ਹੋ ਜਾਈਆ । ਵਿਸ਼ਨੂੰ ਤੇਰੀ ਇਕੋ ਪੰਗਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਅੰਤਮ ਖੇਲ ਅਪਾਰਾ, ਹਰਿ ਸਾਚਾ ਸਚ ਜਣਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਮਾਤ ਪਿਤ ਨਾ ਕੋਇ ਬਣਾਇੰਦਾ । ਜਨ ਭਗਤਾਂ ਹਿਤ ਕਰੇ ਵਿਚ ਸੰਸਾਰਾ, ਨਿਤ ਨਵਿਤ ਆਪਣੀ ਖੇਲ ਵਖਾਇੰਦਾ । ਮਹੱਲ ਅਟੱਲ ਉਚ ਮੁਨਾਰਾ, ਦੋ ਜਹਾਨਾਂ ਆਪ ਜਣਾਇੰਦਾ । ਵਿਸ਼ਨ ਬਣਨਾ ਸੇਵਾਦਾਰਾ, ਸਾਚੀ ਸੇਵਾ ਇਕ ਰਖਾਇੰਦਾ । ਬ੍ਰਹਮਾ ਨਿਉਂ ਨਿਉਂ ਕਰੇ ਨਿਮਸਕਾਰਾ, ਸੀਸ ਜਗਦੀਸ ਇਕ ਝੁਕਾਇੰਦਾ । ਸ਼ੰਕਰ

ਧੂੜੀ ਮਸਤਕ ਲਾਏ ਛਾਰਾ, ਸਾਚਾ ਟਿੱਕਾ ਇਕ ਲਗਾਇੰਦਾ । ਤਿੰਨਾਂ ਵਿਚੋਲਾ ਆਪ ਕਰਤਾਰਾ, ਸਾਚੀ ਖੇਲ ਆਪ ਵਖਾਇੰਦਾ । ਸਾਚਾ ਢੋਲਾ ਅਪਰ ਅਪਾਰਾ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਆਦਿ ਕੀਆ ਆਪ ਪਸਾਰਾ, ਅੰਤ ਆਪੇ ਵੇਖ ਵਖਾਇੰਦਾ । ਵਿਸ਼ਨੂੰ ਤੇਰਾ ਰੂਪ ਨਿਆਰਾ, ਨਿਰਗੁਣ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਇੰਦਾ । ਸਾਚੀ ਵਸਤ ਅਨਮੁਲੜੀ ਦਾਤ, ਹਰਿ ਸਾਚਾ ਸਚ ਵਰਤਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾ ਪਾ ਆਪਣੇ ਖ਼ਾਤ, ਸਾਚਾ ਖਾਤਾ ਵੇਖ ਵਖਾਈਆ । ਆਪੇ ਬੈਠਾ ਆਪਣੇ ਘਾਟ, ਸਾਚੇ ਪੱਤਣ ਬੇਪਰਵਾਹੀਆ । ਨਿਰਗੁਣ ਜੋਤ ਨੂਰ ਲਿਲਾਟ, ਘਟ ਘਟ ਨੂਰ ਕਰੇ ਰੁਸ਼ਨਾਈਆ । ਗੁਰਮੁਖ ਵੇਖੇ ਸੱਜਣ ਸਾਕ, ਲੱਖ ਚੁਰਾਸੀ ਵਿਚੋਂ ਲਏ ਪਰਗਟਾਈਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਵਰਨ ਗੋਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤ ਸੰਦੇਸ਼ਾ ਇਕ ਸੁਣਾਈਆ । ਅੰਤ ਸੰਦੇਸਾ ਅਛਲ ਅਛੱਲ, ਸ੍ਰੀ ਭਗਵਾਨ ਆਪ ਜਣਾਇੰਦਾ । ਵਿਸ਼ਨੂੰ ਜੋਤੀ ਭਗਵਨ ਰਲ, ਸ੍ਰੀ ਭਗਵਾਨ ਵੇਸ ਵਟਾਇੰਦਾ । ਵਸਣਹਾਰਾ ਜਲ ਥਲ, ਜਲ ਥਲ ਮਹੀਅਲ ਖੇਲ ਕਰਾਇੰਦਾ । ਆਪਣੇ ਦੀਪਕ ਆਪੇ ਬਲ, ਅਗਿਆਨ ਅੰਧੇਰ ਗਵਾਇੰਦਾ । ਸਚ ਦੁਆਰਾ ਨਿਹਚਲ ਧਾਮ ਅਟੱਲ, ਮਹੱਲ ਇਕ ਵਡਿਆਇੰਦਾ । ਦਰਸ ਦਿਖਾਏ ਅੱਗੇ ਖਲ, ਸਵੱਛ ਸਰੂਪ ਅਨੂਪ ਧਰਾਇੰਦਾ । ਗੁਰਮੁਖ ਸੱਜਣ ਬਲ ਬਲ, ਵਿਸ਼ਨੂੰ ਤੇਰੀ ਸੇਵ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਵਿਸ਼ਨੂੰ ਸੇਵ ਸਾਚੇ ਘਰ, ਹਰਿ ਸਾਚਾ ਸਚ ਲਗਾਈਆ । ਨਿਰਭੌ ਚੁਕਾਏ ਭੈ ਡਰ, ਭੈ ਅਵਰ ਨਾ ਕੋਇ ਵਖਾਈਆ । ਕਲਜੁਗ ਅੰਤਮ ਵੇਸ ਕਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸੰਤ ਸੁਹੇਲੇ ਲਏ ਫੜ, ਗੁਰ ਚੇਲੇ ਗੋਦ ਉਠਾਈਆ । ਆਪ ਬੰਧਾਏ ਆਪਣੇ ਲੜ, ਏਕਾ ਪੱਲੂ ਹੱਥ ਰਖਾਈਆ । ਕਾਇਆ ਮੰਦਰ ਅੰਦਰ ਜਾਏ ਚੜ੍ਹ, ਔਂਦਾ ਜਾਂਦਾ ਦਿਸ ਨਾ ਆਈਆ । ਸਾਚਾ ਢੋਲਾ ਆਪੇ ਪੜ੍ਹ, ਬਿਨ ਪੜ੍ਹਿਆਂ ਕਰੇ ਪੜ੍ਹਾਈਆ । ਨਾ ਜਨਮੇ ਨਾ ਜਾਏ ਮਰ, ਸੋ ਪੁਰਖ ਨਿਰੰਜਣ ਖੇਲ ਕਰਾਈਆ । ਵਿਸ਼ਨੂੰ ਔਣਾ ਸਾਚੇ ਦਰ, ਦਰ ਦਰਵਾਜ਼ਾ ਇਕ ਸਮਝਾਈਆ । ਬ੍ਰਹਮਾ ਨਾਲ ਲਿਔਣਾ ਫੜ, ਏਕਾ ਗੁਣ ਵਖਾਈਆ । ਸਰਨ ਸਰਨਾਈ ਡਿਗਣਾ ਦੜ, ਢਹਿ ਢਹਿ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਘਾੜਨ ਲਿਆ ਜੋ ਘੜ, ਪ੍ਰਭ ਦੇਵੇ ਅੰਤ ਭੰਨਾਈਆ । ਗੁਰ ਅਵਤਾਰਾਂ ਭਾਣਾ ਲਿਆ ਮੰਨ, ਗਏ ਸੀਸ ਝੁਕਾਈਆ । ਭਗਤ ਭਗਵੰਤ ਜਨਣੀ ਜਨ ਲੇਖਾ ਜਾਣੇ ਪਿਤਾ ਮਾਈਆ । ਏਕਾ ਰਾਗ ਸੁਣਾਏ ਕੰਨ, ਰਾਗ ਰਾਗਨੀ ਨੈਣ ਸ਼ਰਮਾਈਆ । ਏਕਾ ਦੇਵੇ ਸੱਚਾ ਧੰਨ, ਤ੍ਰੈਗੁਣ ਬੈਠੀ ਡੇਰਾ ਢਾਹੀਆ । ਪੰਜ ਵਿਕਾਰਾ ਦੇਵੇ ਡੰਨ, ਨਾਮ ਖੰਡਾ ਹੱਥ ਚਮਕਾਈਆ । ਜਨ ਭਗਤਾਂ ਬੇੜਾ ਦੇਵੇ ਬੰਨ, ਕੰਧ ਆਪਣੇ ਭਾਰ ਉਠਾਈਆ । ਤੇਈ ਅਵਤਾਰ ਕਹਿਣ ਧੰਨ ਧੰਨ, ਪਾਰਬ੍ਰਹਮ ਬ੍ਰਹਮ ਜਸ ਗਾਈਆ । ਦਿਸ ਨਾ ਆਏ ਨੇਤਰ ਅੰਨ, ਭਰਮ ਭੁਲਾਏ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਪਣਾ ਭੇਵ ਚੁਕਾਈਆ । ਵਿਸ਼ਨੂੰ ਅੰਤ ਕਰ ਵਿਚਾਰ, ਹਰਿ ਵਿਚਾਰ ਵਿਚ ਨਾ ਆਇਆ । ਨਿਰਗੁਣ ਜੋਤ ਨੂਰ ਧਾਰ, ਧਾਰ ਧਾਰ ਵਿਚ ਸਮਾਇਆ । ਸ਼ਬਦ ਅਗੰਮੀ ਅਗੰਮ ਜੈਕਾਰ, ਖਾਣੀ ਬਾਣੀ ਰਹੀ ਜਸ ਗਾਇਆ । ਗੁਰ ਅਵਤਾਰ ਕਰੇ ਨਿਮਸਕਾਰ, ਲੱਖ ਲੱਖ ਬੈਠੇ ਸ਼ੁਕਰ

ਮਨਾਇਆ । ਪੀਰ ਪੈਗ਼ੰਬਰ ਸਯਦਾ ਕਰ ਵਿਚ ਸੰਸਾਰ, ਰਸਨਾ ਕਲਮਾ ਰਹੇ ਗਾਇਆ । ਆਦਿ ਜੁਗਾਦਿ ਏਕਾ ਏਕੰਕਾਰ, ਆਪਣਾ ਖੇਲ ਰਚਾਇਆ । ਵਿਸ਼ਨੂੰ ਤੇਰਾ ਅੰਤ ਪਿਆਰ, ਵਿਸ਼ਵ ਤੇਰਾ ਰੰਗ ਚੜ੍ਹਾਇਆ । ਸਾਚੇ ਸੰਤਾਂ ਕਰ ਤਿਆਰ, ਸਤਿਗੁਰ ਆਪਣੀ ਗੰਢ ਪੁਵਾਇਆ । ਚਾਰ ਵਰਨ ਦਾ ਦੁੱਖ ਨਿਵਾਰ, ਸਾਚਾ ਸੁਖ ਇਕ ਉਪਜਾਇਆ । ਉਜਲ ਮੁਖ ਕਰ ਕਰਤਾਰ, ਨੂਰੀ ਨੂਰ ਦਏ ਚਮਕਾਇਆ । ਮਾਤਾ ਕੁੱਖ ਦੇ ਸਹਾਰ, ਸਾਚੀ ਕੁੱਖ ਆਪ ਵਡਿਆਇਆ । ਸੋ ਗੁਰਮੁਖ ਉਤਰੇ ਪਾਰ, ਜਿਸ ਆਪਣਾ ਦਰਸ ਦਿਖਾਇਆ । ਕਲ ਕਲਕੀ ਲਏ ਅਵਤਾਰ, ਨਿਹਕਲੰਕਾਂ ਨਾਉਂ ਰਖਾਇਆ । ਰਾਮ ਰਾਮਾ ਰੂਪ ਅਪਾਰਾ, ਹਰ ਘਟ ਆਪਣਾ ਆਸਣ ਲਾਇਆ । ਕਾਹਨਾ ਕੰਸ ਕਰੇ ਸ਼ਿੰਗਾਰ, ਮਾਇਆ ਮਮਤਾ ਮੋਹ ਮਿਟਾਇਆ । ਨਾਨਕ ਨਾਮ ਸਤਿ ਕਰੇ ਪਿਆਰ, ਸਤਿ ਸਤਿ ਵਿਚ ਵਖਾਇਆ । ਗੋਬਿੰਦ ਬੋਲ ਫਤਹਿ ਜੈਕਾਰ, ਏਕਾ ਡੰਕਾ ਡੰਕ ਵਜਾਇਆ । ਅੰਤਮ ਆਏ ਹਰਿ ਨਿਰੰਕਾਰ, ਸਭ ਦਾ ਲੇਖਾ ਦਏ ਮੁਕਾਇਆ । ਵਿਸ਼ਨੂੰ ਰਹਿਣਾ ਖ਼ਬਰਦਾਰ, ਆਲਸ ਨਿੰਦਰਾ ਦੇਣਾ ਲਾਹਿਆ । ਪੁਰਖ ਅਬਿਨਾਸ਼ੀ ਹੋਏ ਤਿਆਰ, ਨਿਰਗੁਣ ਆਪਣਾ ਵੇਸ ਵਟਾਇਆ । ਲੋਕਮਾਤ ਕਰੇ ਖ਼ਬਰਦਾਰ, ਜੀਵ ਜੰਤ ਆਪ ਜਗਾਇਆ । ਸਾਚਾ ਮੰਦਰ ਕਰ ਤਿਆਰ, ਪਿਛਲਾ ਲੇਖਾ ਦਏ ਮੁਕਾਇਆ । ਚੌਥੇ ਜੁਗ ਆਏ ਹਾਰ, ਚਾਰੋਂ ਕੁੰਟ ਕੁੰਟ ਕੁਰਲਾਇਆ । ਅੱਗੇ ਚੱਲੇ ਸਚ ਵਿਹਾਰ, ਸਤਿ ਸਤਿਵਾਦੀ ਆਪ ਰਖਾਇਆ । ਹਿੰਦੂ ਮੁਸਲਮ ਸਿੱਖ ਇਕ ਪਿਆਰ, ਸ਼ਰਅ ਸ਼ਰੀਅਤ ਨਾ ਵੰਡ ਵੰਡਾਇਆ । ਕਾਇਆ ਮੰਦਰ ਅੰਦਰ ਖੋਲ੍ਹ ਕਿਵਾੜ, ਸਾਚਾ ਕਾਅਬਾ ਦਏ ਵਖਾਇਆ । ਨਿਰਮਲ ਜੋਤ ਜਗੇ ਅਪਾਰ, ਨੂਰੋ ਨੂਰ ਡਗਮਗਾਇਆ । ਅਨਹਦ ਸ਼ਬਦ ਸੱਚੀ ਧੁੰਨਕਾਰ, ਘਰ ਮੰਦਰ ਨਾਦ ਅਲਾਇਆ । ਸ਼ਿਵਦੁਵਾਲੇ ਮੱਠ ਪਾਏ ਸਾਰ, ਘਰ ਗਣਪਤ ਗਣੇਸ਼ ਦਏ ਵਖਾਇਆ । ਅਸ਼ਟਭੁਜ ਜੋਤ ਉਜਿਆਰ, ਜੋਤੀ ਜੋਤ ਜੋਤ ਜਗਾਇਆ । ਚਤੁਰਭੁਜ ਦੇ ਦੀਦਾਰ, ਬਾਲੀ ਬਾਲਾ ਰੂਪ ਵਟਾਇਆ । ਕਰੇ ਖੇਲ ਆਪ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵੇਲਾ ਅੰਤ ਰਿਹਾ ਸਮਝਾਇਆ । ਵੇਲਾ ਅੰਤਮ ਰੱਖਣਾ ਯਾਦ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਸੁਣੇ ਸਰਬ ਫ਼ਰਯਾਦ, ਏਕੰਕਾਰਾ ਵੇਸ ਵਟਾਇੰਦਾ । ਭਗਤ ਭਗਵੰਤ ਲੜਾਏ ਲਾਡ, ਆਪ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਸਾਹਿਬ ਸਤਿਗੁਰ ਸੱਚੀ ਰੀਤ, ਆਦਿ ਜੁਗਾਦਿ ਚਲਾਈਆ । ਬਿਨ ਮੰਗਿਆਂ ਦੇਵੇ ਚਰਨ ਪ੍ਰੀਤ, ਜਿਸ ਜਨ ਆਪਣੀ ਪ੍ਰੀਤ ਸਮਝਾਈਆ । ਕਾਇਆ ਕਰੇ ਪੱਤਤ ਪੁਨੀਤ, ਪਤਿਤ ਪਾਪੀ ਪਾਰ ਕਰਾਈਆ । ਨਾਤਾ ਤੁਟਾ ਮੰਦਰ ਮਸੀਤ, ਕਾਇਆ ਮੰਦਰ ਦਏ ਵਖਾਈਆ । ਅੱਠੇ ਪਹਿਰ ਵਸੇ ਚੀਤ, ਵਿਸਰ ਕਦੇ ਨਾ ਜਾਈਆ । ਜੋ ਜਨ ਗਾਏ ਸੋਹੰ ਗੀਤ, ਜਨਮ ਮਰਨ ਵਿਚ ਨਾ ਆਈਆ । ਸਤਿਜੁਗ ਸਾਚੀ ਚਲੀ ਰੀਤ, ਬਿਨ ਪੜ੍ਹਿਆਂ ਕਰੀ ਪੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਬਣ ਪ੍ਰੀਤੀਵਾਨ ਆਪਣੀ ਪ੍ਰੀਤ ਆਪ ਲਗਾਈਆ ।



੬੪੦
੧੧

## ★ ੧੨ ਫੱਗਣ ੨੦੧੮ ਬਿਕ੍ਰਮੀ ਇਟਾਰਸੀ ★

ਹਰ ਘਟ ਅੰਦਰ ਨਿਰਗੁਣ ਧਾਰ, ਸ੍ਰੀ ਭਗਵਾਨ ਆਪ ਰਖਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਜੀਵ ਜੰਤ ਭੇਵ ਚੁਕਾਇੰਦਾ । ਭਗਤ ਭਗਵੰਤ ਲਏ ਉਭਾਰ, ਅਨਭਵ ਆਪਣੀ ਖੇਲ ਕਰਾਇੰਦਾ । ਸਾਚੇ ਸੰਤਾਂ ਕਰ ਪਿਆਰ, ਹਰਿ ਸਤਿਗੁਰ ਮੇਲ ਮਿਲਾਇੰਦਾ । ਗੁਰਮੁਖਾਂ ਖੋਲ੍ਹ ਬੰਦ ਕਿਵਾੜ, ਨੇਤਰ ਨੈਣ ਇਕ ਵਖਾਇੰਦਾ । ਗੁਰਸਿਖਾਂ ਦੇਵੇ ਦਰਸ ਦੀਦਾਰ, ਆਪ ਆਪਣੀ ਬੂਝ ਬੁਝਾਇੰਦਾ । ਜੁਗ ਚੌਕੜੀ ਹੋ ਉਜਿਆਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸਰਗੁਣ ਮੀਤਾ ਏਕੰਕਾਰ, ਅਕਲ ਕਲ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਸਾਚਾ ਰੰਗ ਹਰਿ ਕਰਤਾਰ, ਹਰਿਜਨ ਹਰਿ ਜੂ ਆਪ ਰੰਗਾਈਆ । ਹਰਿ ਸੰਗਤ ਮੇਲਾ ਅਪਰ ਅਪਾਰ, ਹਰਿ ਮੰਦਰ ਇਕ ਵਖਾਈਆ । ਕਾਇਆ ਬੰਕ ਖੋਲ੍ਹ ਕਿਵਾੜ, ਘਰ ਵੇਖੇ ਚਾਈਂ ਚਾਈਆ । ਦੀਪਕ ਦੀਆ ਜੋਤ ਉਜਿਆਰ, ਪਰਕਾਸ਼ ਪਰਕਾਸ਼ ਨਾਲ ਮਿਲਾਈਆ । ਸ਼ਬਦ ਨਾਦ ਧੁੰਨ ਜੈਕਾਰ, ਅਨਹਦ ਨਾਦੀ ਨਾਦ ਸੁਣਾਈਆ । ਮਹੱਲ ਅਟੱਲ ਉਚ ਮੁਨਾਰ, ਸੋਭਾਵੰਤ ਆਪ ਸੁਹਾਈਆ । ਪੁਰਖ ਅਬਿਨਾਸ਼ੀ ਕਰ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਏਕਾ ਏਕ ਕਰਾਇੰਦਾ । ਪੁਰਖ ਅਬਿਨਾਸ਼ੀ ਵਸਣਹਾਰਾ ਨਿਹਚਲ ਧਾਮ ਅਟੱਲਾ, ਦੋ ਜਹਾਨਾਂ ਫੋਲ ਫੁਲਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਰਲਾ, ਜਲਾਂ ਥਲਾਂ ਡੇਰਾ ਲਾਇੰਦਾ । ਆਦਿ ਜੁਗਾਦਿ ਸਚ ਸੰਦੇਸ ਨਰ ਨਰੇਸ਼ ਏਕਾ ਘੱਲਾ, ਸ਼ਬਦੀ ਸ਼ਬਦ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਪੁਰਖ ਸਮਰਥ, ਸ੍ਰੀ ਭਗਵਾਨ ਆਪ ਕਰਾਈਆ । ਜੀਵ ਜੰਤ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਜੁਗ ਜੁਗ ਮਹਿਮਾ ਜਾਣੇ ਅਕੱਥ, ਅਕੱਥ ਕਰੇ ਪੜ੍ਹਾਈਆ । ਸਾਚਾ ਮਾਰਗ ਆਪੇ ਦੱਸ, ਭੇਵ ਅਭੇਦ ਖੁਲ੍ਹਾਈਆ । ਜਿਸ ਜਨ ਹਿਰਦੇ ਅੰਦਰ ਜਾਏ ਵਸ, ਤਿਸ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਅਪਰੰਪਰ ਆਪ ਕਰਾਇੰਦਾ । ਸਤਿਜੁਗ ਤ੍ਰੇਤਾ ਹੋ ਉਜਿਆਰਾ, ਦੁਆਪਰ ਆਪਣਾ ਡੰਕ ਵਜਾਇੰਦਾ । ਕਲਜੁਗ ਵੇਖੇ ਵੇਖਣਹਾਰਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਜਨ ਭਗਤਾਂ ਮੇਲੇ ਮੇਲਣਹਾਰਾ, ਮੇਲ ਮਿਲਾਵਾ ਆਪਣੇ ਹੱਥ ਜਣਾਇੰਦਾ । ਕਾਗ਼ਜ਼ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਵੇਦ ਕਤੇਬ ਵਸੇ ਬਾਹਿਰਾ, ਸ਼ਾਸਤਰ ਸਿਮਰਤ ਮੁਖ ਸ਼ਰਮਾਇੰਦਾ । ਅੰਜੀਲ ਕੁਰਾਨ ਕਰੇ ਪੁਕਾਰਾ, ਕਲਮਾ ਕਲਾਮ ਨਾ ਕੋਇ ਜਣਾਇੰਦਾ । ਖਾਣੀ ਬਾਣੀ ਏਕਾ ਨਾਅਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਰਖਾਇੰਦਾ । ਆਪਣਾ ਭੇਵ ਪੁਰਖ ਅਗੰਮ, ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਜੀਵ ਜੰਤ ਜਾਣੇ ਪਵਣ ਸਵਾਸ ਦਮ, ਘਟ ਘਟ ਆਪਣਾ ਆਸਣ ਲਾਈਆ । ਜੀਵਣ ਜੀਵਤ ਬੇੜਾ ਬੰਨ੍ਹ, ਜੁਗਤੀ ਜਗਤ ਦਏ ਵਡਿਆਈਆ । ਰਾਗੀ ਨਾਦ ਸੁਣਾਏ ਕੰਨ, ਏਕਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਆਪਣਾ ਆਪ ਕਰਾਇੰਦਾ । ਕਲਜੁਗ ਅੰਤ ਹੋ ਉਜਿਆਰਾ, ਨਿਰਗੁਣ ਆਪਣਾ ਰੂਪ ਵਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ

ਨਿਮਸਕਾਰਾ, ਕਰੋੜ ਤੇਤੀਸਾ ਸੀਸ ਝੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਭਿਖਾਰਾ, ਖਾਲੀ ਝੋਲੀ ਸਰਬ ਭਰਾਇੰਦਾ । ਭਗਤਾਂ ਦੇਵੇ ਵਸਤ ਹਰਿ ਥਾਰਾ, ਵਸਤ ਅਮੋਲਕ ਆਪ ਵਰਤਾਇੰਦਾ । ਲੇਖਾ ਜਾਣੇ ਜੁਗ ਚਾਰਾ, ਚਾਰੇ ਵਰਨ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦਇਆ ਕਮਾਇੰਦਾ । ਦੀਨ ਦਿਆਲ ਦਇਆ ਕਮਾ, ਪੂਰਬ ਲਹਿਣਾ ਆਪ ਚੁਕਾਈਆ । ਬਿਨ ਪੜ੍ਹਿਆਂ ਵਿਦਿਆ ਦਏ ਪੜ੍ਹਾ, ਆਤਮ ਅੰਤਰ ਕਰ ਜਣਾਈਆ । ਜਗ ਨੇਤਰ ਬੰਦ ਦਏ ਵਖਾ, ਨਿਝ ਨੇਤਰ ਇਕ ਖੁਲ੍ਹਾਈਆ । ਕਾਇਆ ਖੇਤਰ ਅੰਦਰ ਸਾਚਾ ਬ੍ਰਹਿਮੰਡ ਦਏ ਪਰਗਟਾ, ਬ੍ਰਹਮ ਆਪਣੀ ਅੰਸ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਲੇਖਾ ਜਾਣੇ ਥਾਉਂ ਥਾਈਆ । ਲੇਖਾ ਜਾਣੇ ਥਾਨ ਥਨੰਤਰ, ਗਹਿਰ ਗੰਭੀਰ ਵਡੀ ਵਡਿਆਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਵਸੇ ਸੱਚਾ ਮਾਹੀਆ । ਜਿਸ ਜਨ ਬਣਾਏ ਸਾਚੀ ਬਣਤਰ, ਤਿਸ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਸੁੱਤਿਆਂ ਖ਼ੁਵਾਬ, ਬੇਖ਼ਬਰ ਆਪ ਜਣਾਇੰਦਾ । ਦੂਈ ਦਵੈਤੀ ਪੜਦਾ ਲਾਹੇ ਨਕ਼ਾਬ, ਮੁਖ ਘੁੰਗਟ ਆਪ ਚੁਕਾਇੰਦਾ । ਬੇਐਬ ਪਰਵਰਦਿਗਾਰ ਜਾਮ ਪਿਆਏ ਏਕਾ ਆਬ ਹਯਾਤ, ਆਪਣੇ ਰੰਗ ਰੰਗਾਇੰਦਾ । ਜਨਮ ਜਨਮ ਦਾ ਲਹਿਣਾ ਦੇਵੇ ਦਾਦ, ਪੂਰਬ ਲੇਖਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਏਕੰਕਾਰ, ਹਰਿਜਨ ਕਰੇ ਜਣਾਈਆ । ਹਰਿ ਸੰਗਤ ਵੇਖੇ ਵੇਖਣਹਾਰ, ਆਪ ਆਪਣਾ ਪੜਦਾ ਲਾਹੀਆ । ਪੰਜ ਸਿਖ ਜਿਸ ਜਨ ਦੇਵਣ ਦਰਸ ਦੀਦਾਰ, ਤਿਸ ਉਪਰ ਹਰਿ ਜੂ ਦਇਆ ਕਮਾਈਆ । ਮਿਲੇ ਵਡਿਆਈ ਵਿਚ ਸੰਸਾਰ, ਸੰਸਾ ਸਾਗਰ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲੇਖੇ ਪਾਈਆ । ਪਿਛਲਾ ਲੇਖਾ ਜਾਏ ਲੱਗ, ਵੇਖਣਹਾਰ ਕਰਤਾਰ । ਕਰੇ ਖੇਲ ਸੂਰਾ ਸਰਬੱਗ, ਰਾਤੀ ਸੁੱਤਿਆਂ ਦਏ ਦੀਦਾਰ । ਤ੍ਰੈਗੁਣ ਮਾਇਆ ਬੁਝਾਏ ਅੱਗ, ਅੰਮ੍ਰਿਤ ਬਖ਼ਸ਼ੇ ਠੰਡਾਂ ਠਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਅਪਰ ਅਪਾਰਾ ਖੇਲ ਨਿਰੰਕਾਰਾ, ਨਿਰਗੁਣ ਆਪਣੇ ਹੱਥ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਮੇਲੇ ਯਾਰਾ, ਕਲਜੁਗ ਵੇਲਾ ਅੰਤ ਸਮਝਾਈਆ । ਅੱਗੇ ਪਿਛੇ ਆਵਣ ਵਾਰੋ ਵਾਰਾ, ਦੂਰ ਨੇੜਾ ਨਾ ਕੋਇ ਜਣਾਈਆ । ਘਰ ਘਰ ਦੇਵੇ ਦਰਸ ਦੀਦਾਰਾ, ਦਰ ਦਰ ਆਪਣਾ ਬੰਕ ਸੁਹਾਈਆ । ਗਾਵਤ ਗਾਵਤ ਗਾਵੇ ਢੋਲਾ ਹਰਿ ਕਰਤਾਰਾ, ਗੁਰਮੁਖ ਗੀਤ ਆਪ ਅਲਾਈਆ । ਭਗਤੀ ਭਗਤ ਭਗਤ ਵਣਜਾਰਾ, ਸਾਚੀ ਭਗਤੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਧਨ ਆਪੇ ਪਾਈਆ । ਸਾਚਾ ਬੰਧਨ ਨਾਮ ਡੋਰ, ਅਨਡਿਠੜੀ ਧਾਰ ਰਖਾਇੰਦਾ । ਲੇਖਾ ਜਾਣੇ ਕਾਇਆ ਅੰਧ ਘੋਰ, ਡੂੰਘੀ ਭਵਰੀ ਫੋਲ ਫੁਲਾਇੰਦਾ । ਰਾਤੀ ਸੁੱਤਿਆ ਨਾਲ ਲਏ ਤੋਰ, ਦਿਨੇ ਵੇਖਿਆਂ ਨਜ਼ਰ ਨਾ ਆਇੰਦਾ । ਮਾਰਨਹਾਰਾ ਪੰਜ ਚੋਰ, ਸ਼ਬਦ ਖੰਡਾ ਇਕ ਚਮਕਾਇੰਦਾ । ਨਿਰਗੁਣ ਚੜ੍ਹਿਆ ਫਿਰੇ ਸਾਚੇ ਘੋੜ, ਸ਼ਾਹ ਸਵਾਰਾ ਫੇਰਾ ਪਾਇੰਦਾ । ਪੂਰਬ ਜਨਮ ਦੇ ਵਿਛੜੇ ਜੋੜ, ਆਪ ਆਪਣਾ ਮੇਲ ਮਿਲਾਇੰਦਾ । ਮਿੱਠਾ ਕਰੇ ਰੀਠਾ ਕੌੜ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜਨਮ ਜਨਮ ਦੀ ਬੁਝਾਏ ਔੜ, ਦੇ ਦਰਸ ਤ੍ਰਿਪਤ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਮੇਲਾ ਗੁਰੂ ਗੁਰ

ਚੇਲਾ ਗੁਰ ਗੋਬਿੰਦ ਸੰਗ ਰਖਾਇੰਦਾ । ਗੁਰ ਚੇਲਾ ਏਕਾ ਰੰਗ, ਰੰਗ ਰੰਗੀਲਾ ਆਪ ਚੜ੍ਹਾਈਆ । ਹਰਿ ਸੰਗਤ ਕੋਲੋਂ ਮੰਗੀ ਮੰਗ, ਸਾਚੀ ਭਿਛਿਆ ਹਰਿ ਵਰਤਾਈਆ । ਗੁਰਮੁਖ ਵੇਖ ਗੁਰਸਿਖ ਹੋਏ ਅਨੰਦ, ਅਨੰਦ ਅਨੰਦ ਵੱਜੇ ਵਧਾਈਆ । ਨਾਤਾ ਤੁੱਟੇ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਮੁਖ ਸ਼ਰਮਾਏ ਚੌਧਵੀਂ ਚੰਦ, ਚੰਦ ਚਾਂਦਨੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਅੰਤਰ ਬੂਝ ਬੁਝਾਈਆ । ਅੰਤਰ ਬੂਝ ਹਰਿ ਲਿਵ ਤਾਰ, ਲਿਵ ਆਪਣੀ ਆਪ ਕਰਾਇੰਦਾ । ਗੁਫ਼ਤ ਸ਼ਨੀਦ ਕਰੇ ਗੁਫ਼ਤਾਰ, ਰਸਨਾ ਜਿਹਵਾ ਨਾ ਕੋਇ ਵਖਾਇੰਦਾ । ਕਾਇਆ ਮੰਦਰ ਕਾਅਬਾ ਸਚ ਮਨਾਰ, ਸਾਚੇ ਹੁਜਰੇ ਆਸਣ ਲਾਇੰਦਾ । ਬੰਦ ਕਿਵਾੜੀ ਖੋਲ੍ਹ ਕਿਵਾੜ, ਇਲਾਬੁੱਤ ਡੇਰਾ ਲਾਇੰਦਾ । ਮਹਿਬੂਬ ਮਹਿਵ ਹੋਏ ਆਪ ਪਰਵਰਦਿਗਾਰ, ਬੇਐਬ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਵੇਖ ਵਖਾਇੰਦਾ । ਪੂਰਬ ਲਹਿਣਾ ਰੱਖੇ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਜੁਗ ਜੁਗ ਸੁਣੇ ਆਪ ਫ਼ਰਯਾਦ, ਸਾਚੇ ਤਖ਼ਤ ਬੈਠਾ ਸੱਚਾ ਮਾਹੀਆ । ਭਗਤ ਭਗਵੰਤ ਲਡਾਏ ਲਾਡ, ਗੋਦੀ ਗੋਦ ਆਪ ਉਠਾਈਆ । ਲੱਖ ਚੁਰਾਸੀ ਵਿਚੋਂ ਕਾਢ, ਆਪ ਆਪਣਾ ਬੰਧਨ ਪਾਈਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਈਸ਼ ਜੀਵ ਭੇਵ ਚੁਕਾਈਆ । ਗੁਰਮੁਖ ਗੁਰਸਿਖ ਸੱਜਣ ਆਪੇ ਲਾਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਈਆ । ਰੰਗੇ ਰੰਗ ਰੰਗ ਚਲੂਲ, ਕਾਇਆ ਚੋਲਾ ਆਪ ਰੰਗਾਇੰਦਾ । ਦੇਵੇ ਨਾਮ ਨਾਮ ਅਨਮੋਲ, ਕਰਤਾ ਕੀਮਤ ਨਾ ਕੋਇ ਰਖਾਇੰਦਾ । ਗੁਰਮੁਖ ਗੁਰਸਿਖ ਜਾਏ ਭੂਲ, ਸਤਿਗੁਰ ਭੁੱਲ ਕਦੇ ਨਾ ਜਾਇੰਦਾ । ਪੂਰਬ ਜਨਮ ਲੇਖਾ ਚੁੱਕੇ ਮੂਲ, ਪਿਛਲਾ ਲਹਿਣਾ ਝੋਲੀ ਪਾਇੰਦਾ । ਆਦਿ ਜੁਗਾਦੀ ਸਚ ਅਸੂਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਬੰਧਨ ਪਾਇੰਦਾ । ਆਪਣਾ ਬੰਧਨ ਆਪੇ ਪਾ, ਆਪਣੀ ਬੂਝ ਬੁਝਾਈਆ । ਨੌਂ ਸਾਲ ਤੋਂ ਰਿਹਾ ਸਮਝਾ, ਨੌਂ ਦੁਆਰੇ ਸਾਫ਼ ਕਰਾਈਆ । ਨੌਂ ਖੰਡ ਢੇਰੀ ਢਾਹ, ਨੌਂ ਨਿਧਾਂ ਮਾਣ ਚੁਕਾਈਆ । ਗੁਰਮੁਖ ਸੱਜਣ ਆਪ ਮਿਲਾ, ਆਪਣਾ ਭੇਵ ਖੁਲ੍ਹਾਈਆ । ਪੂੰਨਾ ਸੰਗਤ ਪੂਰਬ ਲਹਿਣਾ ਝੋਲੀ ਪਾ, ਪੂਰੀ ਆਸ ਕਰਾਈਆ । ਗੁਰਸਿਖ ਡਿਠਿਆਂ ਗੁਰਸਿਖ ਮਿਲੇ ਸੱਚਾ ਥਾਂ, ਮਨਮੁਖ ਦੇਣ ਦੁਹਾਈਆ । ਬਣੇ ਵਿਚੋਲਾ ਆਪ ਸ਼ਹਿਨਸ਼ਾਹ, ਦੂਸਰ ਸੰਗ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦੇਣਾ ਲਹਿਣਾ ਸਭ ਦਾ ਆਪਣੇ ਲੇਖੇ ਪਾਈਆ । ਕਿਰਪਾ ਕਰੇ ਕਿਰਪਾਨਿਧ ਠਾਕਰ, ਦੀਨ ਦਿਆਲ ਦਇਆ ਕਮਾਈਆ । ਕਾਇਆ ਵੇਖੇ ਡੂੰਘਾ ਸਾਗਰ, ਭਵਰੀ ਆਪਣਾ ਫੇਰਾ ਪਾਈਆ । ਦੇਵੇ ਨਾਮ ਰਤੀ ਰਤਨਾਗਰ, ਰੰਗ ਰਤੜਾ ਸੱਚਾ ਮਾਹੀਆ । ਏਕਾ ਵਣਜ ਕਰਾਏ ਸਚ ਸੌਦਾਗਰ, ਨਾਮ ਵਸਤ ਅਮੁਲ ਅਤੁਲ ਵਰਤਾਈਆ । ਨਿਰਮਲ ਕਰਮ ਕਰੇ ਉਜਾਗਰ, ਜਿਸ ਸਿਰ ਆਪਣਾ ਹੱਥ ਟਿਕਾਈਆ । ਏਥੇ ਓਥੇ ਦੇਵੇ ਆਦਰ, ਦੋ ਜਹਾਨ ਸਦਾ ਸਹਾਈਆ । ਪਿਛਲਾ ਲਹਿਣਾ ਮੇਲਾ ਗੁਰ ਤੇਗ ਬਹਾਦਰ, ਗੁਰ ਚੇਲਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਨਿਧ ਕਿਰਪਨ ਦਏ ਵਡਿਆਈਆ । ਦਇਆ ਕਰੀ ਸਰਬ ਕਰਤਾਰ, ਕਰਨੀ ਕਿਰਤ ਵੇਖ ਵਖਾਇੰਦਾ । ਜੋ ਜਨ ਆਇਆ ਚਲ ਦੁਆਰ, ਤਿਸ ਦਰਦੀ ਦਰਦ ਵੰਡਾਇੰਦਾ । ਜਨਨੀ ਜਨ ਕਰ ਵਿਚਾਰ, ਜਗ ਆਪਣਾ ਰੰਗ ਰੰਗਾਇੰਦਾ । ਦੁਖ ਸੁਖ ਮੇਟ ਸੰਸਾਰ, ਮੁਖ ਉਜਲ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਟਿਕਾਇੰਦਾ । ਮਿਹਰਵਾਨ ਬੇਨਜ਼ੀਰ, ਨਜ਼ਰ ਆਪਣੀ ਆਪ ਟਿਕਾਈਆ । ਬਦਲਣਹਾਰ ਜਗਤ ਤਕਦੀਰ ਤਦਬੀਰ ਦਏ ਸਮਝਾਈਆ । ਗੁਰਚਰਨ ਸਰੋਵਰ ਸਾਚਾ ਨੀਰ, ਅੰਮ੍ਰਿਤ ਜਲ ਦਏ ਵਖਾਈਆ । ਹਉਮੇ ਹੰਗਤਾ ਕੱਢੇ ਪੀੜ, ਦੂਈ ਦਵੈਤ ਦੁਖ ਮਿਟਾਈਆ । ਨਿਹਕਰਮੀ ਬੰਨ੍ਹੇ ਬੀੜ, ਸਚ ਧਰਮੀ ਧਰਮ ਕਮਾਈਆ । ਸ਼ਰਅ ਸ਼ਰੀਅਤ ਕੱਟ ਜ਼ੰਜੀਰ, ਏਕਾ ਕਲਮਾ ਦਏ ਸਮਝਾਈਆ । ਪੌੜੇ ਚਾੜ੍ਹੇ ਫੜ ਅਖ਼ੀਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਆਇਆਂ ਲੇਖਾ ਲੇਖੇ ਵਿਚ ਰਖਾਈਆ । ਦਰ ਆਏ ਦਰਵੇਸ਼ ਪਰਵਾਨ, ਘਰ ਸਾਚੇ ਆਪ ਸੁਹਾਇੰਦਾ । ਅਨਮੰਗਿਆ ਅਨਡਿਠਿਆ ਅਨਡਿਠੜਾ ਦੇਵੇ ਦਾਨ, ਸਾਚੀ ਝੋਲੀ ਆਪ ਭਰਾਇੰਦਾ । ਘਰ ਘਰ ਉਪਜੇ ਗੁਰ ਸੰਤਾਨ, ਗੁਰ ਸ਼ਬਦੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਮਿਹਰ ਸ੍ਰੀ ਭਗਵਾਨ, ਵਿਸ਼ਨੂੰ ਆਪਣੀ ਖੇਲ ਕਰਾਇੰਦਾ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦ, ਸਚਖੰਡ ਸਾਚੇ ਸੋਭਾ ਪਾਈਆ । ਨਿਰਗੁਣ ਰੂਪ ਆਦਿ ਜੁਗਾਦਿ, ਨਿਰਾਕਾਰ ਨਿਰਵੈਰ ਖੇਲ ਕਰਾਈਆ । ਸ਼ਬਦ ਅਗੰਮ ਅਨਾਦੀ ਨਾਦ, ਧੁਰ ਫ਼ਰਮਾਣਾ ਰਾਗ ਅਲਾਈਆ । ਦੋ ਜਹਾਨਾਂ ਖੇਲ ਤਮਾਸ਼, ਅਨਭਵ ਆਪਣਾ ਰੂਪ ਵਟਾਈਆ । ਥਿਰ ਘਰ ਸਾਚੇ ਪਾਏ ਰਾਸ, ਸ੍ਰੀ ਭਗਵਾਨ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਕਰ ਪਰਕਾਸ਼, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਖੇਲ ਅਪਾਰਾ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਆਦਿ ਪੁਰਖ ਪੁਰਖ ਹੋ ਉਜਿਆਰਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਆਪਣੀ ਇਛਿਆ ਕਰ ਵਿਚਾਰਾ, ਸਾਚੀ ਇਛਿਆ ਆਪ ਪਰਗਟਾਇੰਦਾ । ਅਜੂਨੀ ਰਹਿਤ ਕਰ ਪਸਾਰਾ, ਆਪ ਆਪਣਾ ਰੰਗ ਰੰਗਾਇੰਦਾ । ਸਚ ਮਹੱਲ ਕਰ ਤਿਆਰਾ, ਅਟੱਲ ਆਪ ਵਡਿਆਇੰਦਾ । ਦੀਵਾ ਬਾਤੀ ਠਾਂਡੇ ਦਰਬਾਰਾ, ਕਮਲਾਪਾਤੀ ਆਪ ਟਿਕਾਇੰਦਾ । ਖੇਲੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਵੇਸ ਵਟਾਇੰਦਾ । ਸੂਰਜ ਚੰਨ ਨਾ ਕੋਇ ਸਿਤਾਰਾ, ਮੰਡਲ ਮੰਡਪ ਨਾ ਕੋਇ ਬਣਾਇੰਦਾ । ਜ਼ਿਮੀਂ ਅਸਮਾਨ ਨਾ ਕੋਇ ਅਖਾੜਾ, ਪੁਰੀਆਂ ਲੋਆਂ ਨਾ ਨਾਚ ਨਚਾਇੰਦਾ । ਸਰਗੁਣ ਰੂਪ ਨਾ ਕੋਇ ਜੈਕਾਰਾ, ਤੱਤਵ ਤੱਤ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰੂਪ ਅਨੂਪ ਆਪ ਪਰਗਟਾਇੰਦਾ । ਰੂਪ ਅਨੂਪ ਸ੍ਰੀ ਭਗਵਾਨ, ਆਪਣਾ ਆਪ ਪਰਗਟਾਈਆ । ਕਰੇ ਖੇਲ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਸਚ ਮਹੱਲਾ ਇਕ ਮਕਾਨ, ਸਚਖੰਡ ਦੁਆਰੇ ਦਏ ਵਡਿਆਈਆ । ਭੂਪਤ ਭੂਪ ਬਣ ਸੁਲਤਾਨ, ਰਾਜਨ ਰਾਜ ਨਾਉਂ ਰਖਾਈਆ । ਤਖ਼ਤ ਨਿਵਾਸੀ ਹੋ ਮਿਹਰਵਾਨ, ਸਾਚੇ ਤਖ਼ਤ ਸੋਭਾ ਪਾਈਆ । ਸ਼ਬਦੀ ਅਗੰਮੀ ਅਗੰਮ ਫ਼ਰਮਾਣ, ਸਚ ਸੰਦੇਸਾ ਇਕ ਸੁਣਾਈਆ । ਦਰ ਦਰਵੇਸ਼ ਬਣ ਦਰਬਾਨ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਦੁਆਰਾ ਸਚ ਮਹੱਲਾ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਵਸੇ ਇਕ ਇਕੱਲਾ, ਏਕੰਕਾਰਾ ਵੇਸ ਵਟਾਇੰਦਾ । ਆਦਿ ਨਿਰੰਜਣ ਜੋਤੀ ਦੀਪਕ ਆਪੇ ਬਲਾ, ਸ੍ਰੀ ਭਗਵਾਨ ਖੇਲ ਕਰਾਇੰਦਾ । ਅਬਿਨਾਸ਼ੀ ਕਰਤਾ ਸਚ ਸਿੰਘਾਸਣ ਏਕਾ ਮੱਲਾ, ਪਾਰਬ੍ਰਹਮ ਪ੍ਰਭ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਸੋਭਾ ਪਾਇੰਦਾ ।

ਸਾਚਾ ਮੰਦਰ ਸੋਭਾਵੰਤ, ਨਿਰਗੁਣ ਨਿਰਵੈਰ ਆਪ ਸੁਹਾਈਆ । ਪੁਰਖ ਅਕਾਲ ਮਹਿਮਾ ਅਗਣਤ, ਭੇਵ ਅਭੇਦ ਨਾ ਕੋਇ ਜਣਾਈਆ । ਕਰੇ ਖੇਲ ਆਦਿ ਅੰਤ, ਬੇਅੰਤ ਵਡ ਸ਼ਹਿਨਸ਼ਾਹੀਆ । ਲੇਖਾ ਜਾਣੇ ਨਾਰ ਕੰਤ, ਸੇਜ ਸੁਹੰਜਣੀ ਇਕ ਸੁਹਾਈਆ । ਸਚਖੰਡ ਦੁਆਰੇ ਨਿਰਗੁਣ ਨਿਰਗੁਣ ਬਣਾਏ ਬਣਤ, ਬਣ ਬਣ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਸਚਖੰਡ ਨਿਵਾਸੀ ਆਪ ਕਰਾਇੰਦਾ । ਨਿਰਮਲ ਦੀਆ ਕਰ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਪੁਰਖ ਪੁਰਖੋਤਮ ਹੋ ਤਿਆਰਾ, ਬੇਐਬ ਆਪਣੀ ਖੇਲ ਕਰਾਇੰਦਾ । ਨਿਰਗੁਣ ਨਾਉਂ ਰੱਖ ਪਰਵਰਦਿਗਾਰਾ, ਮੁਕਾਮੇ ਹੱਕ ਸੋਭਾ ਪਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਦਰਗਾਹ ਸਾਚੀ ਧਾਮ ਸੁਹਾਇੰਦਾ । ਆਦਿ ਆਦਿ ਆਪਣੀ ਕਾਰਾ, ਕਰਤਾ ਪੁਰਖ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦੂਸਰ ਸੰਗ ਨਾ ਕੋਇ ਰਲਾਇੰਦਾ । ਦੂਸਰ ਸੰਗ ਨਾ ਕੋਇ ਸਾਥ, ਨਿਰਗੁਣ ਆਪਣੀ ਖੇਲ ਕਰਾਈਆ । ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਵੇਸ ਵਟਾਈਆ । ਆਦਿ ਜੁਗਾਦਿ ਵਸੇ ਸਾਥ, ਸਗਲਾ ਸੰਗ ਆਪ ਹੋ ਜਾਈਆ । ਆਪੇ ਤਖ਼ਤ ਨਿਵਾਸੀ ਖੇਲੇ ਖੇਲ ਤਮਾਸ਼, ਖੇਲਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਦਏ ਵਡਿਆਈਆ । ਸਚਖੰਡ ਦੁਆਰਾ ਵੱਡਾ ਵਡ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਆਪਣੇ ਵਿਚੋਂ ਆਪਾ ਕੱਢ, ਆਪੇ ਵੇਖ ਵਖਾਇੰਦਾ । ਆਪੇ ਕਰੇ ਸਾਚਾ ਲਡ, ਸਾਚੀ ਗੋਦ ਆਪ ਸੁਹਾਇੰਦਾ । ਆਪ ਬਣਾਏ ਆਪਣੀ ਯਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਾਰ ਕਮਾਇੰਦਾ । ਸਾਚੀ ਕਾਰ ਹਰਿ ਕਰਤਾਰ, ਆਦਿ ਪੁਰਖ ਆਪ ਕਰਾਈਆ । ਆਪੇ ਪੁਰਖ ਆਪੇ ਨਾਰ, ਨਰ ਨਰਾਇਣ ਵੇਸ ਵਟਾਈਆ । ਆਪੇ ਸਾਚੀ ਸੇਜ ਮਾਣੇ ਬਣ ਭਤਾਰ, ਬੇਅੰਤ ਬੇਪਰਵਾਹੀਆ । ਆਪੇ ਦਾਈ ਦਾਇਆ ਬਣੇ ਸੇਵਾਦਾਰ, ਬਣ ਬਣ ਸੇਵਕ ਸੇਵ ਕਮਾਈਆ । ਆਪੇ ਜਨਨੀ ਜਨ ਬਣੇ ਨਿਰੰਕਾਰ, ਸੁਤ ਦੁਲਾਰਾ ਏਕਾ ਜਾਈਆ । ਆਪੇ ਸ਼ਬਦੀ ਸ਼ਬਦ ਲਏ ਉਭਾਰ, ਜੋਤੀ ਜੋਤ ਜੋਤ ਵਡਿਆਈਆ । ਸਚਖੰਡ ਦੁਆਰੇ ਖੋਲ੍ਹ ਕਿਵਾੜ, ਸਾਚਾ ਕੁੰਡਾ ਦੇਵੇ ਲਾਹੀਆ । ਚਰਨ ਕਵਲ ਕਵਲ ਚਰਨ ਇਕ ਵਿਚਾਰ, ਪੁਰਖ ਅਬਿਨਾਸ਼ੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਾੜਨ ਆਪੇ ਘੜ, ਆਪੇ ਵੇਖ ਵਖਾਈਆ । ਆਪਣਾ ਘਾੜਨ ਆਪੇ ਘੜਿਆ, ਦੂਸਰ ਸੰਗ ਨਾ ਕੋਇ ਰਖਾਇੰਦਾ । ਸਚਖੰਡ ਦੁਆਰੇ ਆਪੇ ਵੜਿਆ, ਮਾਤ ਪਿਤ ਨਾ ਕੋਇ ਬਣਾਇੰਦਾ । ਨਾਰੀ ਕੰਤ ਬਣ ਬਣ ਆਪਾ ਆਪੇ ਵਰਿਆ, ਸਾਚਾ ਸਗਨ ਆਪ ਮਨਾਇੰਦਾ । ਤਖ਼ਤ ਨਿਵਾਸੀ ਸ਼ਾਹੋ ਸ਼ਬਾਸੀ ਸ਼ਾਹ ਸੁਲਤਾਨਾ ਸ੍ਰੀ ਭਗਵਾਨਾ ਸਾਚੇ ਮੰਦਰ ਆਪੇ ਚੜ੍ਹਿਆ, ਉਚ ਮਹੱਲ ਅਟੱਲ ਸੋਭਾ ਪਾਇੰਦਾ । ਆਪਣਾ ਨਾਉਂ ਨਿਰੰਕਾਰਾ ਆਪੇ ਪੜ੍ਹਿਆ, ਅੱਖਰ ਅੱਖਰ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਕਰਾਇੰਦਾ । ਸਚਖੰਡ ਦੁਆਰੇ ਖੇਲ ਅਵੱਲਾ, ਅੱਲਾ ਇਲਾਹੀ ਨੂਰ ਆਪ ਕਰਾਈਆ । ਵਸਣਹਾਰਾ ਨਿਹਚਲ ਧਾਮ ਉਚ ਅਟੱਲਾ, ਮੁਕਾਮੇ ਹੱਕ ਸੋਭਾ ਪਾਈਆ । ਜੋਤੀ ਨੂਰ ਆਪੇ ਰੱਲਾ, ਸ਼ਬਦੀ ਸ਼ਬਦ ਨਾਦ ਸੁਣਾਈਆ । ਸਚ ਦੁਆਰੇ ਆਪੇ ਖਲਾ, ਨਿਰਗੁਣ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਪੁਰਖ ਸਮਰਥ, ਆਦਿ ਆਦਿ ਆਪ ਕਰਾਇਆ ।

ਨਿਰਗੁਣ ਨੂਰ ਹੋ ਪਰਗਟ, ਅਸੁੱਤੇ ਪਰਕਾਸ਼ ਆਪ ਧਰਾਇਆ । ਸਚਖੰਡ ਦੁਆਰ ਖੋਲ੍ਹ ਹੱਟ, ਬਣ ਵਣਜਾਰਾ ਸੇਵ ਕਮਾਇਆ । ਇਕੋ ਜੋਤ ਲਟ ਲਟ, ਨੂਰ ਨੁਰਾਨਾ ਡਗਮਗਾਇਆ । ਇਕੋ ਸ਼ਬਦ ਸਾਚਾ ਸਤਿ, ਰਾਗੀ ਰਾਗ ਰਾਗ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਜਣਾਇਆ । ਆਦਿ ਪੁਰਖ ਆਪਣਾ ਮਾਰਗ ਲਾ, ਆਪਣੀ ਦਇਆ ਆਪ ਕਮਾਈਆ । ਸਚਖੰਡ ਦੁਆਰਾ ਇਕ ਵਸਾ, ਦਰ ਘਰ ਸਾਚੇ ਸੋਭਾ ਪਾਈਆ । ਤਖ਼ਤ ਨਿਵਾਸੀ ਬਣ ਖ਼ੁਦਾ, ਰਹਿਮਤ ਆਪਣੀ ਆਪ ਕਮਾਈਆ । ਪੁਰਖ ਅਕਾਲ ਨਾਉਂ ਧਰਾ, ਨਾਉਂ ਨਿਰੰਕਾਰਾ ਦਏ ਵਡਿਆਈਆ । ਪਾਰਬ੍ਰਹਮ ਪ੍ਰਭ ਸਿਫ਼ਤ ਸਲਾਹ, ਅਬਿਨਾਸ਼ੀ ਕਰਤਾ ਸੇਵ ਕਮਾਈਆ । ਸੋ ਪੁਰਖ ਨਿਰੰਜਣ ਰਾਗ ਅਲਾ, ਹਰਿ ਪੁਰਖ ਨਿਰੰਜਣ ਰਿਹਾ ਸੁਣਾਈਆ । ਬਣ ਵਿਚੋਲਾ ਬੇਪਰਵਾਹ, ਆਪਣਾ ਬੰਧਨ ਆਪੇ ਪਾਈਆ । ਸਾਚਾ ਢੋਲਾ ਆਪੇ ਗਾ, ਆਪਣਾ ਨਾਉਂ ਲਏ ਸਮਝਾਈਆ । ਥਿਰ ਘਰ ਸਾਚੇ ਭੇਵ ਚੁਕਾ, ਚਰਨ ਕਵਲ ਦਏ ਸਰਨਾਈਆ । ਸੁਤ ਦੁਲਾਰਾ ਇਕ ਵਸਾ, ਸਿਰ ਆਪਣਾ ਹੱਥ ਟਿਕਾਈਆ । ਸ਼ਬਦੀ ਸ਼ਬਦ ਨਾਉਂ ਵਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਦੇਵੇ ਮਾਣ ਵਡਿਆਈਆ । ਥਿਰ ਘਰ ਦੇਵੇ ਹਰਿ ਜੂ ਮਾਣ, ਭੇਵ ਕੋਇ ਨਾ ਪਾਇੰਦਾ । ਸਚਖੰਡ ਵਸੇ ਆਪ ਭਗਵਾਨ, ਸੁਤ ਦੁਲਾਰਾ ਏਕਾ ਗੁਣ ਜਣਾਇੰਦਾ । ਤੇਰਾ ਮੇਰਾ ਇਕ ਗਿਆਨ, ਏਕਾ ਰਾਹ ਵਖਾਇੰਦਾ । ਤੇਰਾ ਮੇਰਾ ਇਕ ਮਕਾਨ, ਏਕਾ ਘਰ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਦਰਬਾਰ ਆਪ ਸੁਹਾਇੰਦਾ । ਥਿਰ ਦਰਬਾਰਾ ਵਸਿਆ ਘਰ, ਸੋ ਪੁਰਖ ਨਿਰੰਜਣ ਆਪ ਵਸਾਇਆ । ਹਰਿ ਪੁਰਖ ਨਿਰੰਜਣ ਦੇਵੇ ਵਰ, ਏਕੰਕਾਰਾ ਹੋਏ ਸਹਾਇਆ । ਆਦਿ ਨਿਰੰਜਣ ਨੂਰ ਧਰ, ਜੋਤੀ ਜੋਤ ਕਰੇ ਰੁਸ਼ਨਾਇਆ । ਸ੍ਰੀ ਭਗਵਾਨ ਦਰਸ ਦਿਖਾਏ ਅੱਗੇ ਖੜ, ਅਬਿਨਾਸ਼ੀ ਕਰਤਾ ਰੂਪ ਵਟਾਇਆ । ਪਾਰਬ੍ਰਹਮ ਪ੍ਰਭ ਪੱਲੂ ਲਏ ਫੜ, ਆਪ ਆਪਣੀ ਗੰਢ ਪੁਵਾਇਆ । ਸੁਤ ਦੁਲਾਰੇ ਦੇਵੇ ਵਰ, ਏਕਾ ਗੁਣ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਆਪ ਪੜ੍ਹਾਇਆ । ਸ਼ਬਦ ਸੁਤ ਹੋ ਤਿਆਰ, ਪ੍ਰਭ ਅੱਗੇ ਸੀਸ ਝੁਕਾਈਆ । ਸਚਖੰਡ ਵਸੇ ਤੂੰ ਨਿਰੰਕਾਰ, ਤੇਰੀ ਮਹਿਮਾ ਗਣਤ ਨਾ ਆਈਆ । ਤੇਰਾ ਨੂਰ ਨੂਰ ਜੋਤ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਅਲੱਖ ਅਗੰਮ ਅਗੋਚਰ ਤੇਰੀ ਧਾਰ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਹਉਂ ਬਾਲਕ ਸੇਵਾਦਾਰ, ਦੋਏ ਜੋੜ ਪਿਆ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਤੇਰਾ ਵੇਖਾਂ ਘਰ, ਆਦਿ ਜੁਗਾਦਿ ਚਾਈਂ ਚਾਈਂਆ । ਸੁਤ ਦੁਲਾਰਾ ਕਰ ਨਿਮਸਕਾਰ, ਦੋਏ ਜੋੜ ਪਿਆ ਸਰਨਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਇਕ ਤੇਰੀ ਓਟ ਤਕਾਈਆ । ਵਸਦਾ ਰਹੇ ਤੇਰਾ ਦੁਆਰ, ਸਚਖੰਡ ਵੱਜੇ ਵਧਾਈਆ । ਮੈਂ ਥਿਰ ਘਰ ਬੈਠਾ ਨੇਤਰ ਨੈਣ ਰਿਹਾ ਉਘਾੜ, ਲਿਵ ਅੰਤਰ ਇਕੋ ਲਾਈਆ । ਤੂੰ ਦੇਣਾ ਸਚ ਪਿਆਰ, ਸਿਰ ਆਪਣਾ ਹੱਥ ਟਿਕਾਈਆ । ਮੈਂ ਮੰਗਾਂ ਦਰਸ ਦੀਦਾਰ, ਆਦਿ ਜੁਗਾਦਿ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਉਂ ਬਾਲਾ ਮੰਗ ਮੰਗਾਈਆ । ਸੁਤ ਦੁਲਾਰਾ ਛੋਟਾ ਬਾਲਾ, ਹਰਿ ਜੂ ਅੱਗੇ ਸੀਸ ਝੁਕਾਇੰਦਾ । ਸ਼ਾਹ ਪਾਤਸ਼ਾਹ ਤੇਰਾ ਖੇਲ ਨਿਰਾਲਾ, ਸ਼ਹਿਨਸ਼ਾਹ ਤੇਰਾ ਅੰਤ ਕੋਇ ਨਾ ਆਇੰਦਾ । ਤੂੰ ਸਚਖੰਡ ਵਸੇ ਸੱਚੀ ਧਰਮਸਾਲਾ, ਸਾਚੇ ਤਖ਼ਤ ਸੋਭਾ ਪਾਇੰਦਾ । ਆਦਿ ਜੁਗਾਦਿ ਦੀਨਾ ਬੰਧੂ ਦੀਨ ਦਿਆਲਾ,


੬੪੬
੧੧

ਹਉਂ ਦੀਨਨ ਤੇਰੇ ਅੱਗੇ ਸੀਸ ਝੁਕਾਇੰਦਾ । ਤੂੰ ਨਰਾਇਣ ਰਖਵਾਲਾ, ਇਕੋ ਤੇਰੀ ਆਸ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨਾਂ ਸੀਸ ਨਿਵਾਇੰਦਾ । ਚਰਨੀ ਸੀਸ ਗਿਆ ਝੁਕ, ਪੁਨਹ ਪੁਨਹ ਸਰਨਾਈਆ । ਪੁਰਖ ਅਬਿਨਾਸ਼ੀ ਆਪਣੀ ਗੋਦੀ ਲਏ ਚੁੱਕ, ਸਾਚੇ ਬਾਲੇ ਲਏ ਉਠਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਭੇਵ ਕੋਇ ਨਾ ਪਾਈਆ । ਥਿਰ ਘਰ ਸੁਹਾਏ ਸਾਚੀ ਰੁੱਤ, ਸਚਖੰਡ ਮਿਲੇ ਮਾਣ ਵਡਿਆਈਆ । ਨਿਰਗੁਣ ਦਾਤਾ ਦਾਨੀ ਗਿਆ ਤੁਠ, ਅਨਡਿਠੜੀ ਦਾਤ ਆਪ ਵਰਤਾਈਆ । ਸੁਤ ਦੁਲਾਰੇ ਸਾਚੇ ਸੁਤ, ਅਬਿਨਾਸ਼ੀ ਕਰਤਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਟਿਕਾਈਆ । ਛੋਟੇ ਸੁਤ ਸੁਣ ਲੈ ਬਾਲ, ਆਦਿ ਪੁਰਖ ਆਦਿ ਸੁਣਾਇਆ । ਤੇਰਾ ਖੇਲ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਵਖਾਇਆ । ਸਤਿ ਸਤਿਵਾਦ ਤੇਰਾ ਨਿਸ਼ਾਨ, ਸਤਿ ਪੁਰਖ ਨਿਰੰਜਣ ਦਏ ਝੁਲਾਇਆ । ਤੇਰਾ ਰੂਪ ਅਨੂਪ ਮਹਾਨ, ਭੇਵ ਕੋਇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸ਼ਬਦੀ ਸ਼ਬਦ ਰਿਹਾ ਸਮਝਾਇਆ । ਸਾਚੇ ਸ਼ਬਦ ਸੁਣ ਸੁਣ ਮੀਤ, ਹਰਿ ਸਾਚਾ ਸਚ ਜਣਾਇੰਦਾ । ਮੇਰਾ ਨਾਉਂ ਤੇਰਾ ਗੀਤ, ਤੇਰਾ ਗੀਤ ਹਰਿ ਗੁਣ ਵਖਾਇੰਦਾ । ਤੇਰਾ ਮਾਰਗ ਚਲੇ ਰੀਤ, ਸਾਚਾ ਰਾਹ ਆਪ ਜਣਾਇੰਦਾ । ਤੂੰ ਵਸਣਾ ਧਾਮ ਅਨਡੀਠ, ਥਿਰ ਘਰ ਸਾਚੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲਾਇੰਦਾ । ਸਾਚਾ ਭੇਵ ਖੋਲ੍ਹੇ ਭਗਵਾਨ, ਆਦਿ ਪੁਰਖ ਦਇਆ ਕਮਾਈਆ । ਸੁਤ ਦੁਲਾਰੇ ਵਡ ਬਲਵਾਨ, ਬਲ ਤੇਰਾ ਇਕ ਸਮਝਾਈਆ । ਤੇਰੇ ਅੰਤਰ ਅੰਤਰ ਖੇਲ ਕਰੇ ਮਹਾਨ, ਖੇਲਣਹਾਰਾ ਦਿਸ ਨਾ ਆਈਆ । ਤੇਰੀ ਗੋਦੀ ਵਿਸ਼ਨੂੰ ਦਾਨ, ਵਿਸ਼ਨੂੰ ਅੰਦਰ ਬ੍ਰਹਮ ਪਰਗਟਾਈਆ । ਬ੍ਰਹਮ ਅੰਦਰ ਖੇਲ ਮਹਾਨ, ਪਾਰਬ੍ਰਹਮ ਵੇਖ ਵਖਾਈਆ । ਵੰਡੇ ਵੰਡ ਨੌਜਵਾਨ, ਆਪ ਆਪਣਾ ਬਲ ਸਮਝਾਈਆ । ਸੁੰਨ ਅਗੰਮ ਵੇਖੇ ਸੁੰਞ ਮਸਾਣ, ਧੂੰਆਂਧਾਰ ਵੇਸ ਵਟਾਈਆ । ਤੇਰੀ ਰਕਤ ਇਕ ਨਿਸ਼ਾਨ, ਸ਼ੰਕਰ ਆਪਣਾ ਖੇਲ ਕਰਾਈਆ । ਤਿੰਨਾਂ ਮੇਲ ਮੇਲੇ ਭਗਵਾਨ, ਸਾਚੇ ਮੰਦਰ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਤੇਰਾ ਫ਼ਰਮਾਣ, ਸਚ ਸੰਦੇਸਾ ਦਏ ਸੁਣਾਈਆ । ਸਚ ਸੰਦੇਸ ਸੁਣਾਏ ਢੋਲਾ, ਹਰਿ ਜੂ ਹਰਿ ਹਰਿ ਆਪ ਸੁਣਾਇਆ । ਆਪ ਚੁਕਾਏ ਪੜਦਾ ਉਹਲਾ, ਆਪਣਾ ਪੜਦਾ ਦਏ ਉਠਾਇਆ । ਇਕ ਵਖਾਏ ਅੰਮ੍ਰਿਤ ਕਵਲਾ, ਕਵਲ ਕਵਲੀ ਨਾਭ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਧਾਰਾ ਆਪ ਬੰਨਾਇਆ । ਸਾਚੀ ਧਾਰਾ ਹਰਿ ਨਿਰੰਕਾਰ, ਤੇਰਾ ਤੇਰੀ ਦਏ ਬਣਾਈਆ । ਸਚਖੰਡ ਨਿਵਾਸੀ ਹੋ ਉਜਿਆਰ, ਥਿਰ ਘਰ ਆਪਣਾ ਫੇਰਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਆਪ ਆਪਣਾ ਹੁਕਮ ਜਣਾਈਆ । ਸਦਾ ਸੁਹੇਲਾ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਈਆ । ਅੱਗੇ ਮਾਰਗ ਦੱਸੇ ਸੁਖਾਲ, ਏਕਾ ਤੱਤ ਤੱਤ ਵਡਿਆਈਆ । ਤੇਰੀ ਘਾਲਣ ਹਰਿ ਜੂ ਘਾਲ, ਬਣ ਸੇਵਕ ਸੇਵ ਕਮਾਈਆ । ਨਿਰਗੁਣ ਸਰਗੁਣ ਬਣੇ ਦਲਾਲ, ਰੂਪ ਅਨੂਪ ਵਟਾਈਆ । ਤ੍ਰੈਗੁਣ ਮਾਇਆ ਕਰ ਪਰਧਾਨ, ਤ੍ਰੈ ਤ੍ਰੈ ਮੇਲਾ ਮੇਲ ਮਿਲਾਈਆ । ਪੰਚਮ ਖੇਲ ਖੇਲ ਭਗਵਾਨ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਬੰਧਨ ਪਾਈਆ । ਤੇਰਾ ਮਾਰਗ ਸਚ ਨਿਸ਼ਾਨ, ਪੂਤ ਸਪੂਤੇ ਦਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸ਼ਬਦ ਇਕ ਸਮਝਾਈਆ । ਸੁਤ



੬੪੭
੧੧

ਸ਼ਬਦ ਕਰ ਧਿਆਨ, ਹਰਿ ਜੂ ਹਰਿ ਹਰਿ ਆਪ ਜਣਾਇਆ। ਥਿਰ ਘਰ ਤੇਰਾ ਇਕ ਮਕਾਨ, ਸਚਖੰਡ ਨਿਵਾਸੀ ਆਪ ਬਣਾਇਆ। ਆਪਣਾ ਨਾਉਂ ਨਾਮ ਨਿਧਾਨ, ਤੇਰੀ ਗੋਦ ਵਡਿਆਇਆ। ਆਪਣਾ ਬਲ ਤੇਰਾ ਬਲਵਾਨ, ਬਲਧਾਰੀ ਆਪ ਰਖਾਇਆ। ਆਪਣੀ ਇਛਿਆ ਕਰ ਪਰਧਾਨ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਇਆ। ਸਾਚੀ ਸਿਖਿਆ ਬਾਲ ਅਵਾਣ, ਸੋ ਪੁਰਖ ਨਿਰੰਜਣ ਇਕ ਸਮਝਾਇਆ। ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਇਕ ਨਿਸ਼ਾਨ, ਤੇਰਾ ਰੰਗ ਚੜ੍ਹਾਇਆ। ਰਵ ਸਸ ਕਰ ਪਰਵਾਨ, ਕਿਰਨ ਕਿਰਨ ਕਿਰਨ ਚਮਕਾਇਆ। ਮੰਡਲ ਮੰਡਪ ਦੇਵੇ ਦਾਨ, ਸਾਚੀ ਵਸਤ ਝੋਲੀ ਪਾਇਆ। ਤ੍ਰੈ ਤ੍ਰੈ ਖੇਲ ਖੇਲ ਮਹਾਨ, ਪੰਚਮ ਪੰਚ ਜੋੜ ਜੁੜਾਇਆ। ਨਿਰਗੁਣ ਸਰਗਣ ਹੋਏ ਪਰਧਾਨ, ਸੂਰਬੀਰ ਤੇਰਾ ਨਾਉਂ ਵਡਿਆਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚੇ ਹਰਿ, ਆਪਣੀ ਰਚਨਾ ਆਪਣਾ ਮੂਲ ਸੁਤ ਸ਼ਬਦੀ ਇਕ ਜਣਾਇਆ। ਸੁਤ ਸ਼ਬਦ ਨੈਣ ਉਠਾ, ਨੀਰ ਨੀਰ ਵਹਾਈਆ। ਪੁਰਖ ਅਬਿਨਾਸ਼ੀ ਬੇਪਰਵਾਹ, ਤੇਰਾ ਭੇਵ ਕੋਇ ਨਾ ਆਈਆ। ਜਿਉਂ ਭਾਵੇ ਤਿਉਂ ਲੈਣਾ ਚਲਾ, ਮੇਰੀ ਚਲੇ ਨਾ ਕੋਇ ਚਤੁਰਾਈਆ। ਸਦਾ ਸਦ ਰੱਖੀਂ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਈਆ। ਤੂੰ ਹੀ ਪਿਤਾ ਤੂੰ ਹੀ ਮਾਂ, ਹਉਂ ਬਾਲਕ ਰੂਪ ਸਖਾਈਆ। ਵਿਸ਼ਨ ਬ੍ਰਹਮਾ ਸ਼ਿਵ ਲਏ ਪਰਗਟਾ, ਆਪਣੀ ਸੇਵਾ ਦੇਣੀ ਸਮਝਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਸੰਗ ਵਿਛੜ ਨਾ ਜਾਈਆ। ਤੇਰਾ ਸੰਗ ਸਗਲਾ ਸਾਥ, ਇਕੋ ਮੰਗ ਮੰਗਾਇਆ। ਤੂੰ ਸਾਹਿਬ ਪੁਰਖ ਸਮਰਾਥ, ਸਮਰਥ ਤੇਰੀ ਵਡਿਆਇਆ। ਮੈਂ ਗਾਵਾਂ ਤੇਰੀ ਗਾਥ, ਨਾਉਂ ਨਿਰੰਕਾਰਾ ਇਕ ਸਾਲਾਹਿਆ। ਮੈਂ ਵੇਖਾਂ ਤੇਰਾ ਹਾਟ, ਬਣ ਵਣਜਾਰਾ ਸੇਵ ਕਮਾਇਆ। ਤ੍ਰੈਗੁਣ ਮਾਇਆ ਤੇਰੀ ਦਾਤ, ਵਿਸ਼ਨ ਬ੍ਰਹਮਾ ਸ਼ਿਵ ਲਏ ਪਰਨਾਇਆ। ਪੰਜ ਤੱਤ ਤੇਰਾ ਖਾਤ, ਡੂੰਘਾ ਖਾਤਾ ਫੋਲ ਫੁਲਾਇਆ। ਬ੍ਰਹਿਮੰਡ ਖੰਡ ਤੇਰੀ ਵਾਟ, ਲੋਆਂ ਪੁਰੀਆਂ ਪੰਧ ਮੁਕਾਇਆ। ਜ਼ਿਮੀਂ ਅਸਮਾਨ ਤੇਰੀ ਦਾਤ, ਧਰਤ ਧਵਲ ਵੰਡ ਵੰਡਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਅੰਤ ਸਦਾ ਸਦਾ ਆਪਣਾ ਸੰਗ ਰਖਾਇਆ। ਇਕੋ ਮੰਗਾਂ ਸੱਚਾ ਸੰਗ, ਸੁਤ ਸ਼ਬਦੀ ਆਖ ਜਣਾਇੰਦਾ। ਤੇਰਾ ਨੂਰ ਚੜ੍ਹੇ ਰੰਗ, ਦੂਸਰ ਰੰਗ ਨਾ ਮੋਹੇ ਭਾਇੰਦਾ। ਤੇਰਾ ਨਾਦ ਵੱਜੇ ਮਰਦੰਗ, ਬ੍ਰਹਿਮੰਡ ਖੰਡ ਸੁਣਾਇੰਦਾ। ਮੇਰੀ ਤੇਰੇ ਨਾਲ ਜਾਏ ਹੰਢ, ਦੂਜੀ ਓਟ ਨਾ ਕੋਇ ਤਕਾਇੰਦਾ। ਮੈਂ ਤੇਰਾ ਗਾਵਾਂ ਛੰਦ, ਸਾਚਾ ਢੋਲਾ ਇਕ ਅਲਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਖਾਲੀ ਝੋਲੀ ਇਕ ਵਖਾਇੰਦਾ। ਖਾਲੀ ਝੋਲੀ ਦੇਣੀ ਭਰ, ਸ਼ਬਦੀ ਸੁਤ ਆਖ ਸੁਣਾਇਆ। ਨਿਰਭੌ ਚੁਕਾਉਣਾ ਭੈ ਡਰ, ਭਿਆਨਕ ਰੂਪ ਨਾ ਕੋਇ ਰਖਾਇਆ। ਆਦਿ ਜੁਗਾਦਿ ਵੇਖਾਂ ਤੇਰਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਇਆ। ਸਰਨ ਸਰਨਾਈ ਜਾਵਾਂ ਪੜ੍ਹ, ਨਿਉਂ ਨਿਉਂ ਸੀਸ ਝੁਕਾਇਆ। ਤੂੰ ਦਰਸ ਦਿਖੌਣਾ ਅੱਗੇ ਖੜ, ਬੇਅੰਤ ਬੇਪਰਵਾਹਿਆ। ਵਿਸ਼ਨ ਬ੍ਰਹਮਾ ਸ਼ਿਵ ਘਾੜਨ ਲਿਆ ਘੜ, ਤ੍ਰੈਗੁਣ ਮਾਇਆ ਰਜੋ ਤਮੋ ਸਤੋ ਨਾਲ ਰਲਾਇਆ। ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਲਾਈ ਜੜ੍ਹ, ਪੰਚਮ ਤੱਤ ਜੋੜ ਜੁੜਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਦਿ ਆਦਿ ਤੇਰੇ ਅੱਗੇ ਝੋਲੀ ਡਾਹਿਆ। ਤੇਰੇ ਅੱਗੇ ਝੋਲੀ ਦਿਤੀ ਡਾਹ, ਬੇਅੰਤ ਮੇਰੇ ਗੁਸਾਈਆ। ਤੂੰ ਬਣਨਾ ਆਪ ਮਲਾਹ, ਬੇੜਾ ਆਪਣੇ ਕੰਧ ਉਠਾਈਆ। ਆਪਣੀ ਦੇਵੀਂ ਸਚ ਸਲਾਹ,

ਸਲਾਹਗੀਰ ਨਾ ਹੋਰ ਰਖਾਈਆ । ਇਕ ਜਪਾਉਣਾ ਆਪਣਾ ਨਾਂ, ਦੂਸਰ ਨਾਂ ਨਾ ਕੋਇ ਵਡਿਆਈਆ । ਤੂੰ ਵਸਣਾ ਹਰ ਘਟ ਥਾਂ, ਘਟ ਘਟ ਆਪਣਾ ਰੰਗ ਰੰਗਾਈਆ । ਮੈਂ ਮੰਗਾਂ ਤੇਰੀ ਪਨਾਹ, ਚਰਨ ਕਵਲ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਸ੍ਰੀ ਭਗਵੰਤ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਆਦਿ ਬਣਾਈ ਤੇਰੀ ਬਣਤ, ਮਾਤ ਪਿਤ ਨਾ ਕੋਇ ਵਖਾਇੰਦਾ । ਰੂਪ ਧਰ ਧਰ ਨਾਰੀ ਕੰਤ, ਸਾਚੀ ਗੋਦ ਗੋਦ ਸੁਹਾਇੰਦਾ । ਏਕਾ ਨਾਉਂ ਮਣੀਆ ਮੰਤ, ਬੋਧ ਅਗਾਧ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਸਾਚੇ ਸੁਤ ਹੋ ਤਿਆਰ, ਹਰਿ ਸਾਚੇ ਸਚ ਜਣਾਇਆ । ਕਰਾਂ ਖੇਲ ਅਪਰ ਅਪਾਰ, ਆਪਣਾ ਪੜਦਾ ਲਾਹਿਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸਾਚੀ ਸੇਵ ਇਕ ਸਮਝਾਇਆ । ਭਾਂਡੇ ਘੜਾਂ ਅਪਰ ਅਪਾਰ, ਲੱਖ ਚੁਰਾਸੀ ਵੰਡ ਵੰਡਾਇਆ । ਤੱਤਵ ਤੱਤ ਇਕ ਅਖਾੜ, ਨਿਰਗੁਣ ਸਰਗੁਣ ਰੂਪ ਧਰਾਇਆ । ਮਨ ਮਤ ਬੁਧ ਦਏ ਆਧਾਰ, ਸਾਚੀ ਵਸਤ ਆਪ ਵਰਤਾਇਆ । ਨਵ ਦਰ ਖੋਲ੍ਹ ਆਪ ਕਿਵਾੜ, ਨੌਂ ਨੌਂ ਲਹਿਣਾ ਦੇਣਾ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਸਚਖੰਡ ਨਿਵਾਸੀ ਖੇਲ ਅਪਾਰਾ, ਥਿਰ ਦਰਬਾਰੀ ਆਪ ਸਮਝਾਈਆ । ਲੱਖ ਚੁਰਾਸੀ ਘੜੇ ਬਣ ਠਠਿਆਰਾ, ਸੇਵਕ ਸਾਚੀ ਸੇਵ ਕਮਾਈਆ । ਨਿਰਗੁਣ ਸਰਗੁਣ ਕਰ ਉਜਿਆਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਘਰ ਵਿਚ ਘਰ ਖੇਲ ਅਪਾਰਾ, ਬੰਕ ਦੁਆਰਾ ਦਏ ਵਡਿਆਈਆ । ਵੇਖਣਹਾਰਾ ਟੇਢੀ ਗਾਰਾ, ਬੰਕ ਬੰਕ ਭੇਵ ਛੁਪਾਈਆ । ਰਾਗ ਅਨਾਦ ਸੱਚੀ ਧੁੰਨਕਾਰਾ, ਧੁੰਨ ਆਤਮਕ ਆਪ ਰਖਾਈਆ । ਅੰਮ੍ਰਿਤ ਸਰੋਵਰ ਠੰਡੀ ਠਾਰਾ, ਨਿਝਰ ਝਿਰਨਾ ਇਕ ਬਣਾਈਆ । ਆਤਮ ਸੇਜਾ ਕਰ ਤਿਆਰਾ, ਬਜਰ ਕਪਾਟੀ ਕੁੰਡਾ ਲਾਹੀਆ । ਪਾਰਬ੍ਰਹਮ ਬ੍ਰਹਮ ਕਰ ਤਿਆਰਾ, ਨਿਰਗੁਣ ਆਪਣੀ ਵੰਡ ਵੰਡਾਈਆ । ਈਸ਼ ਜੀਵ ਦੇ ਸਹਾਰਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਾਚੇ ਮੰਦਰ ਇਕ ਅਖਾੜਾ, ਨਿਰਗੁਣ ਸਰਗੁਣ ਨਾਚ ਨਚਾਈਆ । ਵੇਖੇ ਵਿਗਸੇ ਵੇਖਣਹਾਰਾ, ਦਿਸ ਕਿਸੇ ਨਾ ਆਈਆ । ਅਲਖ ਅਗੋਚਰ ਅਗੰਮੜੀ ਕਾਰਾ, ਪੁਰਖ ਅਗੰਮੜਾ ਆਪ ਕਰਾਈਆ । ਸ਼ਬਦ ਸੁਤ ਤੇਰਾ ਖੇਲ ਅਪਾਰਾ, ਪਾਰਬ੍ਰਹਮ ਆਪ ਸਮਝਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਹੋ ਉਜਿਆਰਾ, ਉਤਭੁਜ ਸੇਤਜ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣਾ ਭੇਵ ਸਮਝਾਈਆ । ਆਦਿ ਆਦਿ ਹਰਿ ਖੇਲ ਅਪਾਰਾ, ਹਰਿ ਹਰਿ ਨਰਾਇਣ ਆਪ ਸਮਝਾਇੰਦਾ । ਹਰੀ ਰੂਪ ਅਪਰ ਅਪਾਰਾ, ਵਿਸ਼ਨੂੰ ਆਪਣਾ ਰੰਗ ਰੰਗਾਇੰਦਾ । ਬ੍ਰਹਮਾ ਬ੍ਰਹਮ ਕਰ ਪਸਾਰਾ, ਪਾਰਬ੍ਰਹਮ ਵੇਖ ਵਖਾਇੰਦਾ । ਸ਼ੰਕਰ ਮੇਟੇ ਅੰਤਮ ਧਾਰਾ, ਸੰਸਾ ਰੋਗ ਸਰਬ ਚੁਕਾਇੰਦਾ । ਵਿਸ਼ਨੂੰ ਵਿਸ਼ਵ ਇਕ ਭੰਡਾਰਾ, ਵਸਤ ਅਮੋਲਕ ਇਕ ਵਰਤਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਜੇਰਜ ਅੰਡ ਵੰਡ ਵੰਡਾਇੰਦਾ । ਉਤਭੁਜ ਸੇਤਜ ਕਰੇ ਕਾਰਾ, ਕਰਤਾ ਪੁਰਖ ਖੇਲ ਖਲਾਇੰਦਾ । ਚਾਰੇ ਖਾਣੀ ਕਰ ਤਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਜਣਾਇੰਦਾ । ਸਾਚਾ ਮਾਰਗ ਪੁਰਖ ਅਬਿਨਾਸ਼, ਆਪਣਾ ਆਪ ਜਣਾਈਆ । ਸਚਖੰਡ ਦੁਆਰੇ ਪਾਏ ਰਾਸ, ਨਿਰਗੁਣ ਦਾਤਾ ਬੇਪਰਵਾਹੀਆ । ਲੱਖ ਚੁਰਾਸੀ ਜੋਤ ਪਰਕਾਸ਼, ਘਟ ਘਟ ਆਪਣਾ ਆਸਣ ਲਾਈਆ । ਦੇਵੇ ਵਸਤ ਪਵਣ ਸੁਵਾਸ,

ਸਵਾਸ ਸਵਾਸਾਂ ਵਿਚ ਸਮਾਈਆ । ਸਦਾ ਵਸੇ ਆਸ ਪਾਸ, ਗ੍ਰਹਿ ਮੰਦਰ ਡੇਰਾ ਲਾਈਆ । ਲੇਖਾ ਜਾਣੇ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਵੇਖ ਵਖਾਈਆ । ਸੇਵਾ ਕਰੇ ਬਣ ਬਣ ਦਾਸੀ ਦਾਸ, ਨਿਰਗੁਣ ਸਰਗੁਣ ਹੋਏ ਸਹਾਈਆ । ਤੇਰੀ ਪੂਰੀ ਕਰੇ ਆਸ, ਆਸਾਵੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਸਾਚਾ ਭੇਵ ਹਰਿ ਜੂ ਦੱਸ, ਏਕਾ ਏਕ ਜਣਾਇਆ । ਬ੍ਰਹਮੇਂ ਅੰਤਰ ਆਪੇ ਵਸ, ਆਪਣਾ ਰਾਗ ਅਲਾਇਆ । ਚਾਰੇ ਮੁਖ ਹੱਸ, ਚਾਰੇ ਵੇਦ ਸੁਣਾਇਆ । ਚਾਰੇ ਜੁਗ ਜਾਇਣ ਵਸ, ਚਾਰੋਂ ਕੁੰਟ ਡੰਕ ਵਜਾਇਆ । ਚਾਰੇ ਖਾਣੀ ਦੇਵੇ ਰਸ, ਚਾਰੇ ਬਾਣੀ ਨਾਦ ਸੁਣਾਇਆ । ਚਾਰ ਜੁਗ ਚੌਕੜੀ ਕਰੇ ਬਸ, ਥਿਰ ਕੋਇ ਰਹਿਣ ਨਾ ਪਾਇਆ । ਪੰਧ ਮੁਕਾਏ ਨੱਠ ਨੱਠ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇਆ । ਕਰੇ ਖੇਲ ਪੁਰਖ ਸਮਰਥ, ਜੁਗ ਜੁਗ ਆਪਣਾ ਵੇਸ ਵਟਾਇਆ । ਸ਼ਬਦ ਅਗੰਮੀ ਮਾਰਗ ਦੱਸ, ਸਾਚਾ ਮੰਤਰ ਇਕ ਸੁਣਾਇਆ । ਨਿਰਗੁਣ ਨੂਰ ਕਰ ਪਰਕਾਸ਼, ਜੋਤੀ ਜੋਤ ਕਰ ਰੁਸ਼ਨਾਇਆ । ਸਾਚਾ ਕਰੇ ਭੋਗ ਬਿਲਾਸ, ਭਸਮੜ ਆਪਣਾ ਰੂਪ ਧਰਾਇਆ । ਸਾਚੇ ਸੁਤ ਦੇਵੇ ਸ਼ਾਬਾਸ਼, ਸ਼ਹਿਨਸ਼ਾਹ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣਾ ਪੜਦਾ ਆਪ ਉਠਾਇਆ । ਆਦਿ ਪੁਰਖ ਆਪਣਾ ਪੜਦਾ ਲਾਹ, ਭੇਵ ਅਭੇਦ ਜਣਾਈਆ । ਲੱਖ ਚੁਰਾਸੀ ਲਏ ਬਣਾ, ਘਾੜਤ ਘੜੇ ਸੱਚਾ ਸ਼ਹਿਨਸ਼ਾਹੀਆ । ਜਲ ਬਿੰਬ ਜਾਏ ਸਮਾ, ਧਰਨੀ ਧਰਤ ਧਵਲ ਦਏ ਵਡਿਆਈਆ । ਨਵ ਨੌਂ ਵੰਡ ਵੰਡਾ, ਸਤਿ ਸਤਿ ਕਰੇ ਰੁਸ਼ਨਾਈਆ । ਪਾਰਬ੍ਰਹਮ ਬ੍ਰਹਮ ਮਤ ਇਕ ਸਮਝਾ, ਏਕਾ ਤੱਤ ਤੱਤ ਰਖਾਈਆ । ਸਾਚਾ ਰਥ ਦਏ ਚਲਾ, ਬਣ ਰਥਵਾਹੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਦਏ ਵਡਿਆਈਆ । ਸ਼ਬਦੀ ਸ਼ਬਦ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਲੋਕਮਾਤ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਬੰਨ੍ਹੇ ਧਾਰਾ, ਦੁਆਪਰ ਆਪਣਾ ਖੇਲ ਕਰਾਇੰਦਾ । ਕਲਜੁਗ ਵੇਖੇ ਵੇਖਣਹਾਰਾ, ਰੂਪ ਅਨੂਪ ਆਪ ਜਣਾਇੰਦਾ । ਚਾਰੇ ਵੇਦ ਬੋਲ ਜੈਕਾਰਾ, ਅਲਖ ਅਗੋਚਰ ਏਕਾ ਢੋਲਾ ਗਾਇੰਦਾ । ਸ਼ਾਸਤਰ ਸਿਮਰਤ ਦਏ ਸਹਾਰਾ, ਪੁਰਾਨ ਪੁਰਾਨੀ ਆਪ ਜਣਾਇੰਦਾ । ਗੀਤਾ ਗਿਆਨ ਲਾਏ ਅਖਾੜਾ, ਗੋਪੀ ਕਾਹਨ ਆਪ ਨਚਾਇੰਦਾ । ਅੰਜੀਲ ਕੁਰਾਨਾ ਬੋਲੇ ਨਾਅਰਾ, ਹੱਕ ਹਕੀਕਤ ਵੇਖ ਵਖਾਇੰਦਾ । ਲਾਸ਼ਰੀਕ ਪਰਵਰਦਿਗਾਰਾ, ਕਲਮਾ ਕਲਾਮ ਇਕ ਪੜ੍ਹਾਇੰਦਾ । ਨਿਰਗੁਣ ਨਿਰਗੁਣ ਸਾਚੀ ਧਾਰਾ, ਨਾਮ ਸਤਿ ਸਤਿ ਦ੍ਰਿੜ੍ਹਾਇੰਦਾ । ਸਤਿਨਾਮ ਕਰ ਪਿਆਰਾ, ਵਰਨ ਬਰਨ ਆਪ ਸਮਝਾਇੰਦਾ । ਏਕਾ ਬੋਲ ਫਤਹਿ ਜੈਕਾਰਾ, ਡੰਕਾ ਸ਼ਬਦੀ ਸ਼ਬਦ ਵਜਾਇੰਦਾ । ਜੁਗ ਚੌਕੜੀ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਆਵੇ ਵਾਰੋ ਵਾਰਾ, ਗੇੜਾ ਗੇੜੇ ਵਿਚ ਰਖਾਇੰਦਾ । ਕਰੇ ਖੇਲ ਅਗੰਮ ਅਪਾਰਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇੰਦਾ । ਸ਼ਬਦੀ ਸੁਤ ਤੇਰਾ ਜੈਕਾਰਾ, ਜੈ ਜੈਕਾਰ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਝੋਲੀ ਪਾਇੰਦਾ । ਵਸਤ ਅਮੋਲਕ ਸੱਚੀ ਦਾਤ, ਸਤਿਗੁਰ ਪੂਰਾ ਝੋਲੀ ਪਾਈਆ । ਜੁਗਾਂ ਜੁਗੰਤਰ ਤੇਰੀ ਗਾਥ, ਗੁਰ ਅਵਤਾਰਾਂ ਕਰੇ ਪੜ੍ਹਾਈਆ । ਭਗਤਾਂ ਵਸੇ ਸਦਾ ਸਾਥ, ਵਿਛੜ ਕਦੇ ਨਾ ਜਾਈਆ । ਸੰਤਨ ਪੂਰੀ ਕਰੇ ਆਸ, ਮੇਲ ਮਿਲਾਵਾ ਸਹਿਜ ਸੁਭਾਈਆ । ਗੁਰਮੁਖਾਂ ਕਰੇ ਬੰਦ ਖ਼ਲਾਸ,

ਰਾਏ ਧਰਮ ਨਾ ਦਏ ਸਜਾਈਆ । ਗੁਰਸਿਖਾਂ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਦੇਣਾ ਦਏ ਸਮਝਾਈਆ । ਤੇਰਾ ਲਹਿਣਾ ਦੇਣਾ ਵਿਚ ਮਾਤ, ਨਿਰਗੁਣ ਦਾਤਾ ਆਪ ਸਮਝਾਇੰਦਾ । ਜੁਗ ਜੁਗ ਵੇਖਣਾ ਖੇਲ ਤਮਾਸ਼, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਝੋਲੀ ਪਾਇੰਦਾ । ਸਾਧ ਸੰਤ ਭਗਤ ਭਗਵੰਤ ਤੇਰਾ ਸਾਕ, ਗੁਰਮੁਖ ਸੱਜਣ ਨਾਲ ਮਿਲਾਇੰਦਾ । ਬੰਦ ਕਿਵਾੜੀ ਖੋਲ੍ਹਣਾ ਤਾਕ, ਸਾਚਾ ਮੰਦਰ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦਾ ਨੌਂ ਸੌ ਚੁਰਾਨਵੇ ਚੌਕੜੀ ਜੁਗ ਚਾਰ, ਚਾਰ ਪੰਧ ਮੁਕਾਈਆ । ਕਰੇ ਖੇਲ ਆਪ ਕਰਤਾਰ, ਕੁਦਰਤ ਕਾਦਰ ਵੇਖੇ ਚਾਈਂ ਚਾਈਂਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲਹਿਣਾ ਜਾਣੇ ਤੇਈ ਅਵਤਾਰ, ਅਭੁੱਲ ਭੁੱਲ ਕਦੇ ਨਾ ਜਾਈਆ । ਰਾਮਾ ਕ੍ਰਿਸ਼ਨਾ ਦੇ ਸਹਾਰ, ਈਸਾ ਮੂਸਾ ਸੰਗ ਮੁਹੰਮਦ ਕਰੇ ਪੜ੍ਹਾਈਆ । ਮੁਖ ਨਕਾਬ ਪੜਦਾ ਦਏ ਉਤਾਰ, ਜਲਵਾ ਨੂਰ ਨੂਰ ਰੁਸ਼ਨਾਈਆ । ਆਬੇ ਹਯਾਤ ਦਏ ਦਿਲਦਾਰ, ਆਬ ਆਬ ਬੇਤਾਬ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਏ ਵਡਿਆਈਆ । ਸ਼ਬਦ ਸੁਤ ਰਹਿਣਾ ਖ਼ਬਰਦਾਰ, ਹਰਿ ਸਾਚੇ ਸਚ ਜਣਾਇਆ । ਨੌਂ ਸੌ ਚੁਰਾਨਵੇਂ ਚੌਕੜੀ ਯੁਗ ਉਤਰੇ ਪਾਰ, ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਇਆ । ਰਾਮ ਕ੍ਰਿਸ਼ਨ ਲੈ ਅਵਤਾਰ, ਤ੍ਰੈਲੋਕੀ ਨਾਥ ਆਪਣਾ ਜਸ ਜਸ ਸੁਣਾਇਆ । ਈਸਾ ਮੂਸਾ ਬੋਲ ਜੈਕਾਰ, ਸਚ ਪੈਗ਼ਾਮ ਕਲਮਾ ਨਬੀ ਪੜ੍ਹਾਇਆ । ਮੁਹੰਮਦ ਲੇਖਾ ਚਾਰ ਯਾਰ, ਚੌਥੇ ਜੁਗ ਫੇਰਾ ਪਾਇਆ । ਅੱਲਾ ਰਾਣੀ ਨੇਤਰ ਨੀਰ ਵਹਾਏ ਜ਼ਾਰੋ ਜ਼ਾਰ, ਜ਼ਰਾ ਜ਼ਰਾ ਤਰਸ ਨਾ ਆਇਆ । ਨਿਰਗੁਣ ਖੇਲ ਕਰੇ ਅਪਾਰ, ਨਿਰਵੈਰ ਆਪਣਾ ਰੂਪ ਵਟਾਇਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੇਖੇ ਹਾਹਾਕਾਰ, ਬਰਨ ਅਠਾਰਾਂ ਦੇਣ ਦੁਹਾਇਆ । ਏਕਾ ਜੋਤ ਕਰ ਪਸਾਰ, ਪੰਜ ਤੱਤ ਚੋਲਾ ਨਾਨਕ ਨਾਮ ਹੰਢਾਇਆ । ਨਾਮ ਸਤਿ ਬੋਲ ਜੈਕਾਰ, ਸਤਿ ਸਤਿਵਾਦੀ ਰਾਹ ਚਲਾਇਆ । ਲੇਖਾ ਜਾਣੇ ਧੁਰ ਦਰਬਾਰ, ਜੋਤੀ ਜੋਤ ਡਗਮਗਾਇਆ । ਏਕਾ ਜੋਤੀ ਨਾ ਕੋਈ ਵਰਨ ਨਾ ਕੋਈ ਗੋਤੀ, ਰੂਪ ਰੰਗ ਰੇਖ ਨਾ ਕੋਈ ਰਖਾਇਆ । ਨਿਰਗੁਣ ਚੜ੍ਹ ਕੇ ਬੈਠਾ ਸਾਚੀ ਚੋਟੀ, ਸਚਖੰਡ ਦੁਆਰੇ ਆਸਣ ਲਾਇਆ । ਲੱਭ ਲੱਭ ਥੱਕੇ ਕੋਟਨ ਕੋਟੀ, ਅੰਦਰ ਵੜ ਵੜ ਧਿਆਨ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਇਆ । ਆਪਣਾ ਭੇਵ ਦੱਸੇ ਹਾਲ, ਬੇਪਰਵਾਹ ਵਡੀ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਖੇਲ ਮਹਾਨ, ਪੁਰਖ ਅਬਿਨਾਸ਼ੀ ਆਪ ਕਰਾਈਆ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਰੂਪ ਵਟਾਈਆ । ਕਲਜੁਗ ਅੰਤਮ ਹੋ ਬਲਵਾਨ, ਗੋਬਿੰਦ ਸੂਰਾ ਲਏ ਉਪਜਾਈਆ । ਸੁਤ ਦੁਲਾਰੇ ਦੇਵੇ ਮਾਣ, ਦੁਸ਼ਟ ਦਮਨ ਦਮਕ ਵਖਾਈਆ । ਸਾਚਾ ਚਿੱਲਾ ਤੀਰ ਕਮਾਨ, ਅਣਿਆਲਾ ਤੀਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਸਮਝਾਈਆ । ਸਾਚੇ ਸੁਤ ਜੁਗ ਚੌਕੜੀ ਧਾਰ, ਨਿਰਗੁਣ ਸਰਗੁਣ ਆਪ ਜਣਾਇੰਦਾ । ਗੁਰ ਅਵਤਾਰ ਦੇ ਹੁਲਾਰ, ਸ਼ਬਦ ਹੁਲਾਰਾ ਇਕ ਰਖਾਇੰਦਾ । ਭਗਤ ਸੰਤ ਕਰ ਤਿਆਰ, ਗੁਰਮੁਖ ਸੱਜਣ ਨਾਲ ਮਿਲਾਇੰਦਾ । ਏਕਾ ਨਾਦ ਅਨਾਦ ਧੁੰਨਕਾਰ, ਧੁੰਨੀ ਧੁੰਨ ਧੁੰਨ ਸੁਣਾਇੰਦਾ । ਜੋਤੀ ਜੋਤ ਕਰ ਉਜਿਆਰ, ਜੋਤ ਨਿਰੰਜਣ ਡਗਮਗਾਇੰਦਾ । ਕਰੇ ਖੇਲ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮਾਣ ਤੇਰਾ ਨਿਸ਼ਾਨ ਦੋ ਜਹਾਨ ਸ੍ਰੀ

ਭਗਵਾਨ ਆਪ ਝੁਲਾਇੰਦਾ । ਸੁਤ ਸ਼ਬਦ ਤੇਰਾ ਸਚ ਨਿਸ਼ਾਨਾ, ਸਤਿਗੁਰ ਪੂਰਾ ਆਪ ਝੁਲਾਈਆ । ਲੇਖਾ ਜਾਣੇ ਦੋ ਜਹਾਨਾਂ, ਨਿਰਗੁਣ ਸਰਗੁਣ ਵੇਸ ਵਟਾਈਆ । ਜੁਗ ਜੁਗ ਦੇਵੇ ਧੁਰ ਫ਼ਰਮਾਣਾ, ਸ਼ਬਦ ਸੰਦੇਸਾ ਇਕ ਸੁਣਾਈਆ । ਵੇਦ ਵਿਆਸ ਕਰੇ ਕਲਿਆਣਾ, ਲਿਖ ਲਿਖ ਲੇਖਾ ਕਲਮ ਸ਼ਾਹੀਆ । ਪੂਤ ਸਪੂਤਾ ਬ੍ਰਹਮਣ ਗੌੜਾ ਆਏ ਵਿਚ ਜਹਾਨਾ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਈਸਾ ਦੋਏ ਜੋੜ ਕਰੇ ਸਲਾਮਾ, ਸਜਦਾ ਸੀਸ ਜਗਦੀਸ ਝੁਕਾਈਆ । ਮੇਰਾ ਪਰਵਰਦਿਗਾਰ ਮੇਰੇ ਪਿਛੇ ਦਏ ਪੈਗ਼ਾਮਾ, ਪੀਰ ਪੈਗ਼ੰਬਰ ਮੁੱਲਾਂ ਸ਼ੇਖ਼ ਮੁਸਾਇਕ ਦਸਤਗੀਰ ਕਰੇ ਪੜ੍ਹਾਈਆ । ਮੁਹੰਮਦ ਕਹੇ ਮੇਰਾ ਖ਼ੁਦਾ ਸਹੀ ਸਲਾਮਾ, ਚੌਦਾਂ ਤਬਕਾਂ ਵੇਖੇ ਚਾਈਂ ਚਾਈਂਆ । ਮੁਕਾਮੇ ਹੱਕ ਖੇਲੇ ਖੇਲ ਮਹਾਨਾ, ਜਲਵਾ ਨੂਰ ਨੂਰ ਰੁਸ਼ਨਾਈਆ । ਨਾਨਕ ਨਿਰਗੁਣ ਕਹੇ ਸ੍ਰੀ ਭਗਵਾਨਾ, ਸਚਖੰਡ ਵਸੇ ਸਾਚਾ ਮਾਹੀਆ । ਜਿਸ ਨੇ ਦਿਤਾ ਸਤਿ ਨਾਮ ਸੱਚਾ ਦਾਨਾ, ਵਰਨ ਚਾਰ ਕਰੇ ਪੜ੍ਹਾਈਆ । ਸੋ ਹਰ ਘਟ ਅੰਤਰਜਾਮਾ, ਘਟ ਘਟ ਬੈਠਾ ਡੇਰਾ ਲਾਈਆ । ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਬਲੀ ਬਲਵਾਨਾ, ਬਲ ਆਪਣਾ ਆਪ ਰਖਾਈਆ । ਏਕਾ ਜੋਤੀ ਦਸ ਦਸ ਜਾਮਾ, ਗੋਬਿੰਦ ਅੰਤਮ ਵੇਖ ਵਖਾਈਆ । ਜੋਧਾ ਸੂਰਬੀਰ ਬਲਵਾਨਾ, ਸਾਚਾ ਚਿੱਲਾ ਤੀਰ ਉਠਾਈਆ । ਦੂਈ ਦਵੈਤੀ ਮਾਰੇ ਇਕ ਨਿਸ਼ਾਨਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਭਾਣਾ ਮੰਨੇ ਸ੍ਰੀ ਭਗਵਾਨਾ, ਬੰਸ ਸਰਬੰਸਾ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਦਏ ਵਡਿਆਈਆ । ਸਾਚੇ ਸ਼ਬਦ ਤੇਰਾ ਖੇਲ ਅਪਾਰ, ਹਰਿ ਸਾਚਾ ਸਚ ਜਣਾਇੰਦਾ । ਗੋਬਿੰਦ ਸੂਰਾ ਵਡ ਬਲਕਾਰ, ਲੋਕਮਾਤ ਸਮਝਾਇੰਦਾ । ਸੱਥਰ ਹੰਢਾਏ ਸਾਚੇ ਯਾਰ, ਸੂਲਾਂ ਸੇਜ ਸੋਭਾ ਪਾਇੰਦਾ । ਏਕਾ ਮੰਗੇ ਮੰਗ ਦੋਏ ਜੋੜ ਕਰੇ ਨਿਮਸਕਾਰ, ਪੁਰਖ ਅਕਾਲ ਅੱਗੇ ਝੋਲੀ ਡਾਹਿੰਦਾ । ਤੇਰਾ ਕਰਜ਼ਾ ਦਿਤਾ ਉਤਾਰ, ਮਕਰੂਜ਼ ਤੇਰਾ ਲਹਿਣਾ ਆਪ ਚੁਕਾਇੰਦਾ । ਇਕੋ ਮੰਗਾਂ ਦਰਸ ਦੀਦਾਰ, ਦੂਸਰ ਓਟ ਨਾ ਕੋਇ ਰਖਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਕਰੇ ਆਪ ਨਿਰੰਕਾਰ, ਕਲਜੁਗ ਅੰਤ ਕੰਤ ਸਮਝਾਇੰਦਾ । ਗੋਬਿੰਦ ਸੂਰੇ ਹੋ ਤਿਆਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਪੁਰਖ ਅਕਾਲ ਨਾ ਮਰੇ ਨਾ ਕਦੇ ਜੰਮਾ, ਸਚ ਸੰਦੇਸਾ ਇਕ ਸੁਣਾਇੰਦਾ । ਪੰਜ ਤੱਤ ਕਾਇਆ ਚੋਲਾ ਜੋ ਘੜਿਆ ਸੋ ਅੰਤਮ ਭੰਨਾ, ਥਿਰ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਤੇਰਾ ਬਲ, ਹਰਿ ਜੂ ਆਪ ਸਮਝਾਇੰਦਾ । ਸੁਤ ਸ਼ਬਦ ਤੇਰਾ ਅੰਤਮ ਬਲ, ਹਰਿ ਕਲਜੁਗ ਵੇਖ ਵਖਾਈਆ । ਲੱਖ ਚੁਰਾਸੀ ਲਏ ਛਲ, ਭੇਵ ਕੋਇ ਨਾ ਪਾਈਆ । ਗੋਬਿੰਦ ਅੰਤਰ ਆਪੇ ਰਲ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਵਸਣਹਾਰਾ ਨਿਹਚਲ ਧਾਮ ਅਟੱਲ, ਲੋਕਮਾਤ ਫੇਰਾ ਪਾਈਆ । ਸੰਬਲ ਨਗਰ ਵੇਖੇ ਅਚਲ, ਮੂਰਤ ਅਕਾਲ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਮਾਣ ਵਡਿਆਈਆ । ਸਾਚੇ ਸ਼ਬਦ ਤੇਰਾ ਮਾਣ, ਕਲਜੁਗ ਅੰਤਮ ਅੰਤ ਰਖਾਇੰਦਾ । ਚਾਰ ਵਰਨ ਦਾ ਇਕ ਗਿਆਨ, ਚੌਥੇ ਜੁਗ ਆਪ ਸਮਝਾਇੰਦਾ । ਚਾਰ ਕੁੰਟ ਇਕ ਧਿਆਨ, ਏਕਾ ਇਸ਼ਟ ਪਰਗਟਾਇੰਦਾ । ਚਾਰ ਵੇਦ ਵੇਖੇ ਆਣ, ਪੁਰਾਨ ਅਠਾਰਾਂ ਫੋਲ ਫੁਲਾਇੰਦਾ । ਸ਼ਾਸਤਰ ਸਿਮਰਤ ਭੇਵ ਚੁਕਾਨ, ਗੀਤਾ ਗਿਆਨ ਅਠਾਰਾਂ ਅਧਿਆਏ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਰੂਪ ਆਪ ਪਰਗਟਾਇੰਦਾ । ਅੰਜ਼ੀਲ ਕੁਰਾਨਾਂ ਵੇਖੇ ਆ, ਰਹਿਮਤ ਰਹੀਮ ਰਹਿਮਾਨ ਆਪ ਕਮਾਈਆ । ਮਿਹਰਬਾਨ ਬੀਦੋ ਬੀ ਖੈਰ ਯਾ ਅੱਲਾਹ ਪਰਗਟ ਹੋਏ ਆਪ ਖ਼ੁਦਾ, ਖ਼ੁਦੀ ਸਭ

ਦੀ ਦਏ ਗਵਾਈਆ । ਪੀਰ ਪੈਗ਼ੰਬਰ ਔਲੀਏ ਵੇਖੇ ਥਾਉਂ ਥਾਂ, ਚੌਦਾਂ ਚੌਦਾਂ ਫੇਰਾ ਪਾਈਆ । ਹੱਕ ਹਕੀਕ਼ਤ ਦਏ ਸਮਝਾ, ਲਾਸ਼ਰੀਕ ਸ਼ਰਅ ਇਕ ਜਣਾਈਆ । ਜਗਤ ਤਾਰੀਕ ਦਏ ਮਿਟਾ, ਸਾਚਾ ਨੂਰ ਕਰ ਰੁਸ਼ਨਾਈਆ । ਏਕਾ ਕਲਮਾ ਦਏ ਪੜ੍ਹਾ, ਆਲਮੀਨ ਕਰੇ ਪੜ੍ਹਾਈਆ । ਸੁਹਬਤ ਜਾਣੇ ਦੋ ਜਹਾਂ, ਸਾਚੀ ਨੌਬਤ ਨਾਮ ਵਜਾਈਆ । ਲੇਖਾ ਲਹਿਣਾ ਦੇਣਾ ਦਏ ਮੁਕਾ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਤੇਰਾ ਨਾਉਂ ਲਏ ਪਰਗਟਾ, ਅਨਾਦੀ ਨਾਦ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਸ਼ਬਦ ਵਡਿਆਈਆ । ਵੇਖਣਹਾਰਾ ਜੁਗ ਚੌਕੜੀ ਚਾਰ, ਚਾਰ ਯਾਰੀ ਪੰਧ ਮੁਕਾਇੰਦਾ । ਨਾਮ ਸਤਿ ਕਰ ਪਿਆਰ, ਸਤਿ ਅਸਤਿ ਪੜਦਾ ਲਾਹਿੰਦਾ । ਨਿਰਗੁਣ ਸਰਗੁਣ ਦੇ ਅਧਾਰ, ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਕਾਇਆ ਤੋੜ ਗੜ੍ਹ ਹੰਕਾਰ, ਮਾਇਆ ਮਮਤਾ ਮੋਹ ਚੁਕਾਇੰਦਾ । ਦੂਈ ਦਵੈਤੀ ਕਰ ਖੁਵਾਰ, ਸੱਚਾ ਏਕਾ ਰੰਗ ਰੰਗਾਇੰਦਾ । ਕਾਇਆ ਮੰਦਰ ਕਰ ਤਿਆਰ, ਸਾਚੇ ਬੰਕ ਸੋਭਾ ਪਾਇੰਦਾ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਖ਼ੁਸ਼ੀ ਮਨਾਇੰਦਾ । ਗੁਰਮੁਖ ਸੱਜਣ ਵੇਖ ਵਿਚਾਰ, ਗੁਰ ਗੁਰ ਆਪਣਾ ਹੱਟ ਖੁਲ੍ਹਾਇੰਦਾ । ਤੀਰਥ ਤਟ ਸਰੋਵਰ ਵੇਖੇ ਵਾਰੋ ਵਾਰ, ਅਠ ਸਠ ਆਪਣਾ ਪੰਧ ਮੁਕਾਇੰਦਾ । ਗੰਗਾ ਜਮਨਾ ਸੁਰਸਤੀ ਗੋਦਾਵਰੀ ਨੇਤਰ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਕੇਸ਼ਵ ਕਰੇ ਖੇਲ ਅਪਾਰ, ਰਿਖੀ ਕੇਸ਼ ਰੂਪ ਵਟਾਇੰਦਾ । ਮੋਹਣ ਮਾਧਵ ਹੋ ਉਜਿਆਰ, ਮੁਕੰਦ ਮਨੋਹਰ ਲਖਮੀ ਨਰਾਇਣ ਚਤਰਭੁਜ ਆਦਿ ਸ਼ਕਤ ਰੂਪ ਅਨੂਪ ਆਪ ਧਰਾਇੰਦਾ । ਏਕਾ ਜੋਤੀ ਜੋਤ ਬਲਕਾਰ, ਏਕਾ ਸ਼ਬਦ ਨਾਦ ਧੁੰਨਕਾਰ ਰਾਗਾਂ ਨਾਦਾਂ ਵਸੇ ਬਾਹਰ, ਛੱਤੀ ਰਾਗ ਭੇਵ ਨਾ ਆਇੰਦਾ । ਸਚਖੰਡ ਦੁਆਰੇ ਖੇਲੇ ਖੇਲ ਅਪਾਰ,

੬੫੩ ੧੧

ਨਾਨਕ ਮੇਲਾ ਸਚ ਦਰਬਾਰ, ਕਬੀਰਾ ਕੂਕ ਕਰੇ ਪੁਕਾਰ, ਸ੍ਰਿਸ਼ਟ ਸਬਾਈ ਏਕਾ ਗੁਣ ਸਮਝਾਇੰਦਾ । ਸੁਤ ਦੁਲਾਰਾ ਵਿਚ ਸੰਸਾਰ, ਗੋਬਿੰਦ ਮੇਲਾ ਅਪਰ ਅਪਾਰ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਪੰਜ ਤੱਤ ਤੱਤ ਕਰ ਖ਼ੁਵਾਰ, ਗੁਰ ਅਵਤਾਰ ਕੋਈ ਨਾ ਨਿਭੇ ਨਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਵੇਦ ਸ਼ਾਸਤਰ ਸਿਮਰਤ ਅੰਜ਼ੀਲ ਕੁਰਾਨ ਖਾਣੀ ਬਾਣੀ ਕਰੇ ਪੁਕਾਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਭਗਤ ਭਗਵੰਤ ਕਰ ਕਰ ਗਏ ਨਿਮਸਕਾਰ, ਸੰਤ ਸੱਜਣ ਮੰਗਣ ਦੀਦਾਰ ਨੇਤਰ ਨੈਣ ਸਰਬ ਉਠਾਇੰਦਾ । ਗੁਰਮੁਖ ਰੋਵਣ ਜ਼ਾਰੋ ਜ਼ਾਰ, ਪੁਰਖ ਅਬਿਨਾਸ਼ੀ ਤੇਰਾ ਵਿਛੋੜਾ ਝੱਲਿਆ ਨਾ ਜਾਇੰਦਾ । ਸਾਚੇ ਸੁਤ ਰਹਿਣਾ ਤਿਆਰ, ਕਲਜੁਗ ਆਏ ਅੰਤਮ ਵਾਰ, ਲੱਖ ਚੁਰਾਸੀ ਜਾਏ ਹਾਰ, ਜੀਵ ਜੰਤ ਹੋਣ ਵਿਭਚਾਰ ਸਾਚਾ ਇਸ਼ਟ ਨਾ ਕੋਇ ਮਨਾਇੰਦਾ । ਚਾਰ ਵਰਨ ਹੋਣ ਖ਼ੁਵਾਰ, ਅਠਾਰਾਂ ਬਰਨ ਰੋਵਣ ਜ਼ਾਰੋ ਜ਼ਾਰ, ਮਨ ਮਤ ਬੁਧ ਨਾ ਕੋਇ ਵਿਚਾਰ, ਸਾਚੀ ਸੁਧ ਨਾ ਕੋਇ ਜਣਾਇੰਦਾ । ਘਰ ਵਿਚ ਘਰ ਨਾ ਮਿਲੇ ਕਿਸੇ ਦੀਦਾਰ, ਰਾਮ ਰਘੁਵੰਸ ਨਾ ਕਰੇ ਪਿਆਰ, ਸੀਤਾ ਸੁਰਤੀ ਨਾ ਸੰਗ ਰਖਾਈਆ । ਕਾਹਨਾ ਕ੍ਰਿਸ਼ਨਾ ਨਾ ਦਏ ਦੀਦਾਰ, ਘਰ ਸੱਚਾ ਮਿਲੇ ਨਾ ਕੰਤ ਭਤਾਰ, ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਈਸਾ ਮੂਸਾ ਮਿਲੇ ਨਾ ਕੋਇ ਮੁਹੰਮਦ ਯਾਰ, ਅੱਲਾ ਰਾਣੀ ਰੋਵੇ ਆਪਣੀ ਧਾਰ, ਊਚੀ ਕੂਕ ਕੂਕ ਸੁਣਾਈਆ । ਨਾਨਕ ਨਿਰਗੁਣ ਵੇਖੇ ਵੇਖਣਹਾਰ, ਜੀਵ ਜੰਤ ਹੋਏ ਵਿਭਚਾਰ, ਹਿਰਦੇ ਹਰਿ ਹਰਿ ਨਾਉਂ ਨਾ ਕੋਇ ਵਸਾਈਆ । ਗੁਰ ਗੋਬਿੰਦ ਸੂਰਾ ਪਾਵੇ ਸਾਰ, ਕਵਣ ਗੁਰਸਿਖ ਸਿੰਘ ਸੱਚਾ ਮੇਰਾ ਮੰਗੇ ਦਰਸ ਦੀਦਾਰ, ਸ਼ਸਤਰ ਬਸਤਰ ਸੀਸ ਸਜਾਈਆ । ਨਾਤਾ ਤੋੜੇ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਨਾ ਸੰਗ ਨਿਭਾਈਆ । ਗੁਰੂ ਗ੍ਰੰਥ ਗੁਰ ਕਰੇ ਵਿਚਾਰ,

੬੫੩ ੧੧

ਪੈਂਤੀ ਅਖਸ਼ਰ ਅੱਖਰ ਪੜ੍ਹਾਈਆ । ਏਕੰਕਾਰ ਵੇਖੇ ਧਾਰ, ਸਤਿ ਸਤਿ ਸਮਝਾਈਆ । ਕਰਤਾ ਪੁਰਖ ਭੁੱਲਿਆ ਨਾਰੀ ਨਾਰ, ਹਰਿ ਜੂ ਕੰਤ ਨਾ ਕੋਇ ਹੰਢਾਈਆ । ਰਸਨਾ ਗੌਂਦੇ ਜਗਤ ਵਾਰ, ਅੰਤਰ ਆਤਮ ਲਿਵ ਨਾ ਕੋਇ ਲਗਾਈਆ । ਕਲਜੁਗ ਕੂੜ ਚਾਰੋਂ ਕੁੰਟ ਰਿਹਾ ਲਲਕਾਰ, ਆਪ ਆਪਣਾ ਬਲ ਰਖਾਈਆ । ਸਾਧ ਸੰਤ ਗਏ ਹਾਰ, ਅੰਤ ਬੈਠੇ ਪੱਤ ਗਵਾਈਆ । ਮੰਦਰ ਮਸਜਦ ਮੱਠ ਸ਼ਿਵਦਵਾਲੇ ਗੁਰਦੁਆਰ ਹਾਹਾਕਾਰ, ਸਤਿ ਸੰਤੋਖ ਨਜ਼ਰ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਸਚਖੰਡ ਨਿਵਾਸੀ ਵੇਖੇ ਵੇਖਣਹਾਰ, ਆਦਿ ਜੁਗਾਦਿ ਭੁੱਲ ਕਦੇ ਨਾ ਜਾਈਆ । ਕਲਜੁਗ ਅੰਤਮ ਨਿਹਕਲੰਕ ਲਏ ਅਵਤਾਰ, ਸੰਬਲ ਨਗਰੀ ਆਸਣ ਲਾਈਆ । ਸ਼ਬਦੀ ਡੰਕ ਵੱਜੇ ਸੰਸਾਰ, ਦਹਿ ਦਿਸ਼ਾ ਲਏ ਜਗਾਈਆ । ਸਾਧਾਂ ਸੰਤਾਂ ਕਰੇ ਖ਼ਬਰਦਾਰ, ਰਾਜ ਰਾਜਾਨਾ ਹੁਕਮ ਜਣਾਈਆ । ਚਾਰੋਂ ਕੁੰਟ ਹੋਏ ਹਾਹਾਕਾਰ, ਨੌਂ ਖੰਡ ਪ੍ਰਿਥਮੀ ਪਏ ਦੁਹਾਈਆ । ਸਤਿ ਦੀਪ ਨਾ ਕੋਇ ਸੁਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਦੇਵੇ ਮਾਣ ਵਡਿਆਈਆ । ਸਾਚੇ ਸੁਤ ਤੇਰਾ ਵਕਤ ਸੁਹੌਣਾ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਕਲਜੁਗ ਵੇਲਾ ਅੰਤ ਕਰੌਣਾ, ਅੰਤ ਦੇਵੇ ਨਾ ਕੋਇ ਸਫ਼ਾਈਆ । ਸਤਿਜੁਗ ਸਾਚਾ ਮਾਰਗ ਲੌਣਾ, ਸਤਿ ਸਤਿਵਾਦੀ ਰੂਪ ਵਟਾਈਆ । ਵਰਨ ਬਰਨ ਹਰਿ ਡੇਰਾ ਢਾਉਣਾ, ਜ਼ਾਤ ਪਾਤ ਊਚ ਨੀਚ ਰਹਿਣ ਨਾ ਪਾਈਆ । ਸ੍ਰਿਸ਼ਟ ਸਬਾਈ ਏਕਾ ਇਸ਼ਟ ਵਖੌਣਾ, ਨਮੋ ਦੇਵ ਗੁਰਦੇਵ ਸਤਿਨਾਮ ਸਤਿ ਕਲਮਾ ਕਲਾਮ ਇਕ ਸਮਝਾਈਆ । ਬ੍ਰਹਮ ਮਤ ਇਕ ਪਰਗਟੌਣਾ, ਮਨ ਮਤ ਦਏ ਖਪਾਈਆ । ਸਾਚਾ ਮੰਦਰ ਇਕ ਵਖੌਣਾ, ਕਾਇਆ ਬੰਕ ਬੰਕ ਵਡਿਆਈਆ । ਪਾਰਬ੍ਰਹਮ ਬ੍ਰਹਮ ਨਜ਼ਰੀ ਔਣਾ, ਈਸ਼ ਜੀਵ ਕਰੇ ਕੁੜਮਾਈਆ । ਸੋ ਪੁਰਖ ਨਿਰੰਜਣ ਢੋਲਾ ਸਭ ਨੇ ਗੌਣਾ, ਹੰ ਬ੍ਰਹਮ ਰਹੇ ਸਰਨਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕਿਸੇ ਅਖਵੌਣਾ, ਏਕਾ ਬ੍ਰਹਮ ਰੂਪ ਸਮਝਾਈਆ । ਸਾਚਾ ਮਾਰਗ ਆਪ ਲਗੌਣਾ, ਪੁਰਖ ਅਕਾਲ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਵੇਖ ਵਖਾਈਆ । ਸਾਚੇ ਸ਼ਬਦ ਹਰਿ ਲੈਣਾ ਵੇਖ, ਅੰਤ ਅੰਤ ਸਮਝਾਇੰਦਾ । ਕਲਜੁਗ ਅੰਤਮ ਮਿਟਣੀ ਰੇਖ, ਰੂਪ ਰੰਗ ਨਾ ਕੋਇ ਜਣਾਇੰਦਾ । ਲੱਖ ਚੁਰਾਸੀ ਝੂਜਣਾ ਝੂਠੇ ਖੇਤ, ਗੁਰਮੁਖ ਵਿਰਲੇ ਨਾਲ ਮਿਲਾਇੰਦਾ । ਜੁਗਾ ਜੁਗੰਤਰ ਕਰੇ ਹੇਤ, ਭਗਤ ਭਗਵੰਤ ਆਪ ਉਠਾਇੰਦਾ । ਵਸਣਹਾਰਾ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚਾਰ ਜੁਗ ਦਾ ਲਹਿਣਾ ਦੇਣਾ ਨਬੇੜੇ ਪਹਿਲੀ ਚੇਤ, ਚੇਤਨ ਸਭ ਨੂੰ ਆਪ ਕਰਾਇੰਦਾ । ਅਜੂਨੀ ਰਹਿਤ ਅਨਭਵ ਪਰਕਾਸ਼ ਜੁਗਾ ਜੁਗੰਤਰ ਸਭ ਦਾ ਜਾਣੇ ਭੇਤ, ਭੇਵ ਨਾ ਕੋਇ ਛੁਪਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਸਾਚੇ ਭਗਤ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਇੰਦਾ । ਤ੍ਰੈਗੁਣ ਅਗਨੀ ਕਲਜੁਗ ਤਪੇ ਮਹੀਨਾ ਜੇਠ, ਕਲਜੁਗ ਜੀਵ ਸਰਬ ਤੜਫਾਇੰਦਾ । ਨਿਰਗੁਣ ਸਰਗੁਣ ਤੇਰੀ ਵੇਖਣ ਆਇਆ ਖੇਡ, ਲੱਖ ਚੁਰਾਸੀ ਏਕਾ ਖੇਡ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਸ਼ਬਦੀ ਸ਼ਬਦ ਤੇਰਾ ਮਾਣ ਵਧਾਇੰਦਾ । ਸ਼ਬਦੀ ਸ਼ਬਦ ਤੇਰਾ ਸਚ ਬਿਬਾਣਾ, ਹਰਿ ਸਾਚਾ ਸਚ ਪਰਗਟਾਇੰਦਾ । ਕਲਜੁਗ ਅੰਤਮ ਖੇਲ ਮਹਾਨਾ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਤਖ਼ਤੋਂ ਲਾਹੇ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਇੰਦਾ । ਨਵ ਨੌਂ ਹੋਏ ਵੈਰਾਨਾ, ਚਾਰ ਚਾਰ ਵੰਡ ਵੰਡਾਇੰਦਾ । ਗੁਰੂ ਗੁਰਦੇਵ ਮੰਨਣਾ ਪਏ ਸਭ ਨੂੰ ਭਾਣਾ, ਭਾਣੇ ਵਿਚ ਸਰਬ ਰਖਾਇੰਦਾ । ਗੁਰਮੁਖ ਵਿਰਲੇ ਗੀਤ ਗੋਬਿੰਦ ਬਿਨ

੬੫੪
੧੧

ਰਸਨਾ ਜਿਹਵਾ ਗਾਣਾ, ਆਤਮ ਅੰਤਰ ਤਾਰ ਸਿਤਾਰ ਹਿਲਾਇੰਦਾ । ਬਿਨ ਮੰਜ਼ਲ ਚੜ੍ਹਿਆਂ ਦੇਵੇ ਪਦ ਨਿਰਬਾਣਾ, ਚੌਥੇ ਪਦ ਆਪ ਬਹਾਇੰਦਾ । ਅਨਹਦ ਰਾਗ ਅਨਾਦੀ ਗਾਣਾ, ਬਿਨ ਰਸਨਾ ਜਿਹਵਾ ਆਪ ਸੁਣਾਇੰਦਾ । ਅੰਮ੍ਰਿਤ ਆਤਮ ਪੀਣਾ ਖਾਣਾ, ਨਿਝਰ ਝਿਰਨਾ ਆਪ ਝਿਰਾਇੰਦਾ । ਆਤਮ ਬ੍ਰਹਮ ਕਰ ਪਰਵਾਨਾ, ਪਾਰਬ੍ਰਹਮ ਆਪਣਾ ਮੇਲ ਮਿਲਾਇੰਦਾ । ਹਰਿ ਭਗਤ ਤੇਰਾ ਸੰਗ ਨਿਭਾਣਾ, ਸਗਲਾ ਸੰਗ ਆਪ ਰਖਾਇੰਦਾ । ਦੋ ਜਹਾਨਾਂ ਦੇਵੇ ਮਾਣਾ, ਏਥੇ ਓਥੇ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦ ਦੁਆਰੇ ਸਾਚੇ ਖੜ, ਖੜਗ ਖੰਡਾ ਇਕ ਚਮਕਾਇੰਦਾ । ਖੜਗ ਖੰਡਾ ਤੇਜ਼ ਕਟਾਰ, ਤਿਖੀ ਧਾਰੀ ਧਾਰ ਜਣਾਈਆ । ਨਿਰਗੁਣ ਹੱਥ ਫੜੇ ਨਿਰੰਕਾਰ, ਦੋ ਜਹਾਨਾਂ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਜੀਵ ਜੰਤ ਕਲਜੁਗ ਮਾਇਆ ਸੁੱਤੇ ਪੈਰ ਪਸਾਰ, ਨਾ ਲਏ ਕੋਇ ਅੰਗੜਾਈਆ । ਮਾਨਸ ਜਨਮ ਰਹੇ ਹਾਰ, ਹਰਿ ਜੂ ਭੁੱਲਿਆ ਬੇਪਰਵਾਹੀਆ । ਅੰਦਰ ਵੜਿਆ ਠੱਗ ਚੋਰ ਯਾਰ, ਕਾਮ ਕਰੋਧ ਲੋਭ ਮੋਹ ਹੰਕਾਰ ਮਨ ਮਤੀ ਦਏ ਸਲਾਹੀਆ । ਨੌਂ ਦੁਆਰੇ ਵਣਜ ਵਾਪਾਰ, ਸਾਚਾ ਹੱਟ ਨਾ ਕੋਇ ਸਮਝਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਗੁਰ ਕਾ ਸ਼ਬਦ ਹੱਥ ਕਿਸੇ ਨਾ ਆਈਆ । ਸਤਿਗੁਰ ਅਰਜਨ ਲਿਖ ਲਿਖ ਲੇਖਾ ਰੱਖਿਆ ਵਿਚ ਸੰਸਾਰ, ਬਿਨ ਖੋਜੇ ਸ਼ਬਦ ਹਰਿ ਸ਼ਬਦ ਸਾਰ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਤੇਰਾ ਵਸਾਏ ਘਰ, ਸਚ ਦੁਆਰੇ ਦਏ ਵਡਿਆਈਆ । ਸ਼ਬਦੀ ਘਰ ਵਸੇ ਦਰਬਾਰਾ, ਸਤਿਗੁਰ ਪੂਰਾ ਆਪ ਵਸਾਈਆ । ਵੇਖੇ ਵਿਗਸੇ ਪਾਵੇ ਸਾਰਾ, ਲੋਕਮਾਤ ਖ਼ੁਸ਼ੀ ਮਨਾਈਆ । ਮਹੱਲ ਅਟੱਲ ਉਚ ਮੁਨਾਰਾ, ਛੱਤੀ ਯੁਗ ਮਾਣ ਦਵਾਈਆ । ਨਾਨਕ ਸਤਿਗੁਰ ਗਾਈ ਧਾਰਾ, ਛੱਤੀ ਰਾਗ ਸਿਫ਼ਤ ਸਲਾਹੀਆ । ਭਗਤਾਂ ਮਿਲੇ ਹਰਿ ਮੀਤ ਮੁਰਾਰਾ, ਮਿੱਤਰ ਪਿਆਰਾ ਰੂਪ ਵਟਾਈਆ । ਕਲਜੁਗ ਅੰਤਮ ਦਏ ਸਹਾਰਾ, ਸਾਚੀ ਨੱਯਾ ਮਾਤ ਚਲਾਈਆ । ਨਿਹਕਲੰਕ ਮਹਾਂਬਲੀ ਉਤਰੇ ਵਿਚ ਸੰਸਾਰਾ, ਡੰਕਾ ਸ਼ਬਦ ਇਕ ਸੁਣਾਈਆ । ਲੋਕਮਾਤ ਸਚਖੰਡ ਖੋਲ੍ਹੇ ਸਚ ਦੁਆਰਾ, ਸਚਖੰਡ ਨਿਵਾਸੀ ਆਪਣਾ ਆਸਣ ਲਾਈਆ । ਦਰ ਸੱਦੇ ਗੁਰ ਅਵਤਾਰਾ, ਧੁਰ ਫ਼ਰਮਾਣਾ ਇਕ ਸੁਣਾਈਆ । ਪੀਰ ਪੈਗ਼ੰਬਰ ਆਉਣਾ ਵਾਰੋ ਵਾਰਾ, ਦੂਰ ਦੁਰਾਡਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਦੋਏ ਜੋੜ ਕਰਨ ਨਿਮਸਕਾਰਾ, ਦਰ ਬੈਠਣ ਸੀਸ ਝੁਕਾਈਆ । ਸੁਰਪਤ ਇੰਦ ਕਰੇ ਪੁਕਾਰਾ, ਕਰੋੜ ਤੇਤੀਸਾ ਇਕ ਧਿਆਨ ਲਗਾਈਆ । ਗਣ ਗੰਧਰਬ ਕਿੰਨਰ ਜੱਛਪ ਗਾਇਨ ਵਾਰਾ, ਗੀਤ ਗੀਤ ਨਾਲ ਮਿਲਾਈਆ । ਭਗਤ ਭਗਵੰਤ ਮੰਗਣ ਦਰਸ ਦੀਦਾਰਾ, ਨੇਤਰ ਲੋਚਣ ਨੈਣ ਉਠਾਈਆ । ਗੋਬਿੰਦ ਕਹੇ ਕਲ ਕਲਕੀ ਆਏ ਅਵਤਾਰਾ, ਕਲਜੁਗ ਕਲੇਸ਼ ਦਏ ਗਵਾਈਆ । ਸਾਖਆਤ ਪਰਗਟ ਹੋਏ ਵਿਚ ਸੰਸਾਰਾ, ਚਾਰ ਕੁੰਟ ਕਰੇ ਰੁਸ਼ਨਾਈਆ । ਕਾਇਨਾਤ ਦੇਵੇ ਇਕ ਹੁਲਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਖੇਲ ਕਰਾਈਆ । ਸ਼ਬਦ ਖੇਲ ਪਾਰਬ੍ਰਹਮ, ਬ੍ਰਹਮ ਆਪਣੀ ਅੰਸ ਜਣਾਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਦੁੱਖ ਨਾ ਕੋਇ ਵਖਾਇੰਦਾ । ਨੇਤਰ ਨੀਰ ਨਾ ਛੰਮ ਛੰਮ, ਹੰਸ ਮੁਖ ਨਾ ਰੂਪ ਵਟਾਇੰਦਾ । ਪਵਣ ਸਵਾਸ ਨਾ ਕੋਇ ਦਮ, ਨੇਤਰ ਨੈਣ ਨਾ ਕੋਇ ਮਟਕਾਇੰਦਾ । ਜੋਤ ਨਿਰੰਜਣ ਨਾ ਕੋਇ ਚੰਨ, ਧੁੰਨ ਨਾਦ ਨਾ ਕੋਇ ਸੁਣਾਇੰਦਾ । ਆਪਣਾ ਬੇੜਾ ਆਪੇ ਬੰਨ੍ਹ, ਆਪਣੇ ਕੰਧ ਆਪ ਉਠਾਇੰਦਾ । ਪਰਗਟ ਹੋ ਸ੍ਰੀ ਭਗਵਨ, ਨਿਰਗੁਣ ਆਪਣਾ ਰੂਪ ਵਟਾਇੰਦਾ । ਦਿਸ ਨਾ ਆਏ ਨੇਤਰ ਅੰਨ, ਕਲਜੁਗ ਅੰਧੇਰਾ ਛਾਇੰਦਾ । ਸਾਚਾ ਰਾਗ ਨਾ

੬੫੫
੧੧

੬੫੬
੧੧

ਸੁਣਿਆ ਕੰਨ, ਮਨ ਕਾ ਮਣਕਾ ਨਾ ਕੋਇ ਭੁਵਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਦੇਵਣਹਾਰਾ ਡੰਨ, ਗੁਰਮੁਖ ਮਨਮੁਖ ਜੀਵ ਜੰਤ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਸ਼ਬਦ ਤੇਰਾ ਮਾਣ ਆਦਿ ਅੰਤ ਰਖਾਇੰਦਾ । ਆਦਿ ਅੰਤ ਤੇਰਾ ਜ਼ੋਰ, ਜ਼ੋਰਾਵਰ ਆਪ ਸਮਝਾਈਆ । ਤੁਧ ਬਿਨ ਰਹੇ ਨਾ ਕੋਈ ਹੋਰ, ਗੁਰ ਸ਼ਬਦ ਤੇਰੀ ਵਡਿਆਈਆ । ਤੇਰੇ ਹੱਥ ਜੁਗ ਚੌਕੜੀ ਡੋਰ, ਜਿਉਂ ਭਾਵੇ ਤਿਉਂ ਲਏ ਚਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਹਕਰਮੀ ਚੜ੍ਹਿਆ ਸਾਚੇ ਘੋੜ, ਸਾਚਾ ਘੋੜਾ ਆਪ ਦੌੜ੍ਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਗੁਰਮੁਖ ਸੰਤ ਜਾਏ ਬਹੁੜ, ਆਪ ਆਪਣੀ ਗੋਦ ਉਠਾਈਆ । ਜੂਠਾ ਝੂਠਾ ਭੰਨੇ ਰੀਠਾ ਕੌੜ, ਕੂੜੀ ਕਿਰਿਆ ਮੇਟ ਮਿਟਾਈਆ । ਗੁਰਮੁਖਾਂ ਜਨਮ ਜਨਮ ਦੀ ਬੁਝਾਏ ਲੱਗੀ ਔੜ, ਦੇ ਦਰਸ ਤ੍ਰਿਪਤ ਕਰਾਈਆ । ਸੱਸੇ ਉਪਰ ਲਾਇਆ ਹੋੜ, ਨਿਰਗੁਣ ਸਰਗੁਣ ਰੂਪ ਧਰਾਈਆ । ਹੰ ਬ੍ਰਹਮ ਆਤਮ ਪਰਮਾਤਮ ਜੋੜ ਜੋੜ, ਸੋਹੰ ਰੂਪ ਇਕ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਸ੍ਰਿਸ਼ਟ ਸਬਾਈ ਦਿਸਾਏ ਅੰਧ ਘੋਰ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਜੀਵ ਜੰਤ ਸਾਚਾ ਧੰਨ ਲੁੱਟਿਆ ਕਾਮ ਕਰੋਧ ਲੋਭ ਮੋਹ ਹੰਕਾਰ ਠੱਗ ਚੋਰ, ਕਾਇਆ ਅੰਦਰ ਫੇਰੀ ਪਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਸਕੇ ਹੋੜ, ਘਰ ਘਰ ਰੋਵੇ ਸਰਬ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਪ੍ਰਭ ਅੱਗੇ ਦੋਏ ਹੱਥ ਰਹੇ ਜੋੜ, ਚਰਨ ਕਵਲ ਸੀਸ ਝੁਕਾਈਆ । ਤੇਰੇ ਅੱਗੇ ਚਲੇ ਨਾ ਕੋਈ ਜ਼ੋਰ, ਤੇਰੇ ਹੁਕਮ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪੰਜ ਤੱਤ ਕਾਇਆ ਛੱਡਿਆ ਘਰ, ਏਕਾ ਸ਼ਬਦ ਗੁਰ ਵਖਾਈਆ । ਏਕਾ ਸ਼ਬਦ ਗੁਰੂ ਆਦਿ ਜੁਗਾਦਿ, ਜੁਗ ਜੁਗ ਖੇਲ ਕਰਾਇੰਦਾ । ਏਕਾ ਸ਼ਬਦ ਗੁਰੂ ਵਜਾਏ ਨਾਦ, ਘਟ ਘਟ ਰਾਗ ਸੁਣਾਇੰਦਾ । ਏਕਾ ਸ਼ਬਦ ਗੁਰੂ ਵਸੇ ਬ੍ਰਹਿਮਾਦ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫੇਰਾ ਪਾਇੰਦਾ । ਏਕਾ ਸ਼ਬਦ ਗੁਰੂ ਸਾਧਾਂ ਸੰਤਾਂ ਕਰੇ ਲਾਡ, ਗੁਰਮੁਖਾਂ ਆਪਣੀ ਗੋਦ ਬਹਾਇੰਦਾ । ਏਕਾ ਸ਼ਬਦ ਗੁਰੂ ਸਚ ਨਿਸ਼ਾਨਾ ਦੇਵੇ ਗਾਡ, ਸਾਚਾ ਧਰਮ ਸਾਚਾ ਕਰਮ ਸਾਚਾ ਜਨਮ ਇਕ ਸਮਝਾਇੰਦਾ । ਏਕਾ ਸ਼ਬਦ ਗੁਰੂ ਮਾਰੇ ਆਪੇ ਆਵਾਜ਼, ਗੁਰਮੁਖ ਸੋਏ ਆਪ ਜਗਾਇੰਦਾ । ਏਕਾ ਸ਼ਬਦ ਗੁਰੂ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਏਕਾ ਸ਼ਬਦ ਗੁਰੂ ਚਲਾਏ ਜਹਾਜ਼, ਜਨ ਭਗਤਾਂ ਬੇੜਾ ਬੰਨ੍ਹ ਵਖਾਇੰਦਾ । ਏਕਾ ਸ਼ਬਦ ਗੁਰੂ ਸਚਖੰਡ ਦੇਵੇ ਸੱਚਾ ਰਾਜ, ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਏਕਾ ਸ਼ਬਦ ਗੁਰੂ ਨਾਰੀ ਕੰਤ ਰਚੇ ਕਾਜ, ਦੂਲ੍ਹਾ ਦੁਲਹਨ ਮੇਲ ਮਿਲਾਇੰਦਾ । ਏਕਾ ਸ਼ਬਦ ਗੁਰੂ ਸਭ ਦਾ ਖੋਲ੍ਹੇ ਪਾਜ, ਕੰਚਨ ਸੋਨਾ ਵੇਖ ਵਖਾਇੰਦਾ । ਏਕਾ ਸ਼ਬਦ ਗੁਰੂ ਆਦਿ ਜੁਗਾਦਿ ਜਨ ਭਗਤਾਂ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਸ਼ਬਦ ਗੁਰੂ ਜਨ ਭਗਤਾਂ ਸੁਵਾਰੇ ਕਾਜ, ਸਾਚਾ ਮਾਰਗ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਗੁਰੂ ਇਕ ਪਰਗਟਾਇੰਦਾ । ਸ਼ਬਦ ਗੁਰੂ ਹੋਏ ਪਰਗਟ, ਕਲਜੁਗ ਅੰਤਮ ਵੱਜੇ ਵਧਾਈਆ । ਵਸਣਹਾਰਾ ਘਟ ਘਟ, ਨਿਰਗੁਣ ਫੇਰਾ ਪਾਈਆ । ਲਹਿਣਾ ਦੇਣਾ ਮੁਕਾਏ ਤੀਰਥ ਤਟ, ਅਠ ਸਠ ਮੂਲ ਚੁਕਾਈਆ । ਸਤਿ ਸਤਿਵਾਦੀ ਸਾਚਾ ਮਾਰਗ ਜਾਏ ਦੱਸ, ਸਤਿਜੁਗ ਸਾਚਾ ਰਾਹ ਚਲਾਈਆ । ਚਾਰ ਵਰਨ ਏਕਾ ਸਰਨ ਏਕਾ ਮੰਦਰ ਜਾਇਣ ਵਸ, ਏਕਾ ਇਸ਼ਟ ਦੇਵ ਮਨਾਈਆ । ਪੁਰਖ ਅਕਾਲ ਗਾਵਣ ਜਸ, ਦੂਸਰ ਹੋਰ ਨਾ ਕੋਇ ਪੜ੍ਹਾਈਆ । ਸਤਿਗੁਰ ਪੂਰਾ ਮਿਲੇ ਹੱਸ ਹੱਸ, ਹਰਿਜਨ ਮੇਲਾ ਚਾਈਂ


੬੫੬
੧੧

ਚਾਈਆ । ਜਿਸ ਦੇ ਅੱਗੇ ਜੋੜਦੇ ਰਹੇ ਹੱਥ, ਕਰ ਡੰਡੌਤ ਮਸਤਕ ਧੂੜ ਲਾਈ ਸ਼ਾਹੀਆ । ਸੋ ਸਾਹਿਬ ਪੁਰਖ ਸੁਲਤਾਨ, ਪਰਗਟ ਹੋਏ ਸਮਰਥ, ਸੰਸਾ ਦੁੱਖ ਦਏ ਗਵਾਈਆ । ਜਿਸ ਕੋਲੋਂ ਰਵੀਦਾਸ ਚੁਮਾਰੇ ਸੀਆਂ ਮੰਗੀ ਸਾਢੇ ਤਿੰਨ ਹੱਥ, ਤਿਸ ਕੋਲੋਂ ਸਭ ਦਾ ਲੇਖਾ ਦਏ ਮੁਕਾਈਆ । ਜਿਸ ਨੂੰ ਕਹਿੰਦੇ ਰਹੇ ਤ੍ਰੈਲੋਕੀ ਨਾਥ, ਸੋ ਨਾਥ ਅਨਾਥਾਂ ਹੋਏ ਸਹਾਈਆ । ਜਿਸ ਨੂੰ ਕਹਿੰਦੇ ਰਾਮ ਸੁਤ ਦਸਰਥ, ਸੋ ਦਹਿ ਦਿਸ਼ਾ ਫੇਰਾ ਪਾਈਆ । ਜਿਸ ਨੂੰ ਕਹਿੰਦੇ ਨੰਦ ਜਸ਼ੋਦਾ ਹੋਇਆ ਵਸ, ਸੋ ਰੂਪ ਅਨੂਪ ਵਟਾਈਆ । ਜਿਸ ਨੂੰ ਈਸਾ ਮੂਸਾ ਸਯਦਾ ਕਰਦੇ ਰਹੇ ਚਰਨਾਂ ਸੀਸ ਝਸ, ਸੋ ਮੁਖ ਨਕ਼ਾਬ ਰਿਹਾ ਉਠਾਈਆ । ਜਿਸ ਨੂੰ ਨਾਨਕ ਨਿਰਗੁਣ ਕਹੇ ਰੱਖੇ ਪੱਤ, ਢਾਕਣ ਕੁ ਪਤ ਸੱਚਾ ਮਾਹੀਆ । ਜਿਸ ਨੂੰ ਗੁਰ ਗੋਬਿੰਦ ਕਿਹਾ ਮੇਰਾ ਪਿਤਾ ਪੁਰਖ ਸਮਰਥ, ਪੁਰਖ ਅਕਾਲ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਗਾਏ ਸਾਚਾ ਜਸ, ਸ਼ਬਦੀ ਸ਼ਬਦ ਵੱਜੇ ਵਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਨਾ ਆਏ ਹੱਥ ਨਿਰਗੁਣ ਬੈਠਾ ਮੁਖ ਛੁਪਾਈਆ ।

## ★ ੧੩ ਫੱਗਣ ੨੦੧੮ ਬਿਕ੍ਰਮੀ ਹਰਦਿਤ ਸਿੰਘ ਦੇ ਗ੍ਰਿਹ ਇਟਾਰਸੀ ★

ਜਗਤ ਜਗ ਖੇਲ ਅਪਾਰਾ, ਜਨਮ ਜਨਮ ਭੇਵ ਚੁਕਾਈਆ । ਰਾਤੀ ਰੁੱਤੀ ਥਿਤੀ ਵਾਰਾ, ਘੜੀ ਪਲ ਦਿਵਸ ਰੈਣ ਮਾਸ ਬਰਖ ਲੇਖੇ ਲਾਈਆ । ਆਤਮ ਪਰਮਾਤਮ ਖੇਲ ਨਿਆਰਾ, ਹਰਿ ਨਿਰੰਕਾਰਾ ਆਪ ਕਰਾਈਆ । ਲੱਖ ਚੁਰਾਸੀ ਬਣ ਠਠਿਆਰਾ, ਘੜ ਘੜ ਭਾਂਡੇ ਵੇਖ ਵਖਾਈਆ । ਮਾਨਸ ਮਾਨੁਖ ਦਏ ਅਧਾਰਾ, ਮਾਨਵ ਆਪਣੇ ਰੰਗ ਰੰਗਾਈਆ । ਤੱਤਵ ਤੱਤ ਦਏ ਸਹਾਰਾ, ਤ੍ਰੈਗੁਣ ਆਪਣਾ ਬੰਧਨ ਪਾਈਆ । ਪੰਜ ਤੱਤ ਤੱਤ ਅਖਾੜਾ, ਜਗਤ ਵਾਸਨਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਪੰਜ ਤੱਤ ਤ੍ਰੈਗੁਣ ਨਾਤਾ, ਪੰਚਮ ਮੀਤਾ ਜੋੜ ਜੁੜਾਇੰਦਾ । ਨਿਰਗੁਣ ਸਰਗੁਣ ਖੇਲ ਤਮਾਸ਼ਾ, ਜੋਤੀ ਜਾਤਾ ਵੇਖ ਵਖਾਇੰਦਾ । ਨਾਮ ਨਿਧਾਨ ਅਗੰਮੀ ਗਾਥਾ, ਪੁਰਖ ਅਬਿਨਾਸ਼ੀ ਆਪ ਸੁਣਾਇੰਦਾ । ਸ਼ਬਦੀ ਸ਼ਬਦ ਚਲਾਏ ਰਾਥਾ, ਬਣ ਰਥਵਾਹੀ ਸੇਵ ਕਮਾਇੰਦਾ । ਲੇਖਾ ਜਾਣ ਤ੍ਰੈਲੋਕੀ ਨਾਥਾ, ਤ੍ਰੈ ਤ੍ਰੈ ਆਪਣਾ ਰੰਗ ਵਖਾਇੰਦਾ । ਆਦਿ ਜੁਗਾਦੀ ਇਕ ਇਕਾਂਤਾ, ਸਚਖੰਡ ਸਾਚੇ ਸੋਭਾ ਪਾਇੰਦਾ । ਜੁਗਾ ਜੁਗੰਤਰ ਪੁਛੇ ਵਾਤਾ, ਜਨ ਭਗਤਾਂ ਮੇਲ ਮਿਲਾਇੰਦਾ । ਚਰਨ ਕਵਲ ਬੰਧਾਏ ਨਾਤਾ, ਲੋਕਮਾਤ ਜੋੜ ਜੁੜਾਇੰਦਾ । ਸਦਾ ਸੁਹੇਲਾ ਦੇਵੇ ਸਾਥਾ, ਸਗਲਾ ਸੰਗ ਨਿਭਾਇੰਦਾ । ਅੱਖਰ ਵੱਖਰ ਪੂਜਾ ਪਾਠਾ, ਹਰਿ ਹਰਿ ਨਾਮ ਪੜ੍ਹਾਇੰਦਾ । ਸਰਬ ਜੀਆ ਘਟ ਕਰ ਕਰ ਵਾਸਾ, ਗ੍ਰਿਹ ਗ੍ਰਿਹ ਖੋਜ ਖੁਜਾਇੰਦਾ । ਨਿਰਮਲ ਦੀਆ ਕਰ ਪਰਕਾਸ਼ਾ, ਜੋਤ ਨਿਰੰਜਣ ਆਪ ਜਗਾਇੰਦਾ । ਲੇਖਾ ਜਾਣੇ ਪ੍ਰਿਥਮੀ ਅਕਾਸ਼ਾ, ਗਗਨ ਮੰਡਲ ਸੋਭਾ ਪਾਇੰਦਾ । ਰਵ ਸਸ ਦਾਸੀ ਦਾਸਾ, ਸੂਰਜ ਚੰਦ ਨੂਰ ਚਮਕਾਇੰਦਾ । ਹਰਿਜਨ ਹਰਿ ਜੂ ਪੂਰੀ ਕਰੇ ਆਸਾ, ਨਿਰਾਸਾ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸਚ ਸੁਹੰਜਣਾ, ਸੋਭਾਵੰਤ ਆਪ ਸੁਹਾਈਆ । ਹਰਿਜਨ ਮੇਲਾ ਆਦਿ ਨਿਰੰਜਣਾ, ਜੋਤ ਨਿਰੰਜਣ ਵੇਖ ਵਖਾਈਆ ।

ਦਾਤਾ ਦਾਨੀ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਏਕੰਕਾਰਾ ਏਕਾ ਪਾਏ ਨਾਮ ਅੰਜਣਾ, ਨੇਤਰ ਗਿਆਨ ਇਕ ਖੁਲ੍ਹਾਈਆ । ਆਤਮ ਪਰਮਾਤਮ ਸਾਚਾ ਸਜਣਾ, ਸਾਕ ਸੈਣ ਇਕ ਹੋ ਆਈਆ । ਸਾਚੇ ਮੰਦਰ ਇਕ ਅਨੰਦਨਾ, ਅਨੰਦ ਅਨੰਦ ਸਮਾਈਆ । ਚਰਨ ਧੂੜ ਕਰਾਏ ਮਜਨਾ, ਦੁਰਮਤ ਮੈਲ ਧੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸੱਚਾ ਰਾਮ, ਹਰ ਘਟ ਰਿਹਾ ਸਮਾਈਆ । ਜੁਗ ਜੁਗ ਜਾਣੇ ਆਪਣਾ ਕਾਮ, ਕਰਨੀ ਕਰਤਾ ਸੇਵ ਕਮਾਈਆ । ਕਾਇਆ ਖੇੜੇ ਵਸੇ ਨਗਰ ਗਰਾਮ, ਸਾਚੇ ਮੰਦਰ ਡੇਰਾ ਲਾਈਆ । ਅੰਮ੍ਰਿਤ ਆਤਮ ਨਿਝਰ ਦੇਵੇ ਜਾਮ, ਭਰ ਪਿਆਲਾ ਇਕ ਪਿਆਈਆ । ਮੇਟੇ ਰੈਣ ਅੰਧੇਰੀ ਸ਼ਾਮ, ਜੋਤੀ ਨੂਰ ਕਰ ਰੁਸ਼ਨਾਈਆ । ਏਕਾ ਨਜ਼ਰੀ ਆਏ ਸ਼ਾਮ, ਘਨਈਆ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਥਾਨ ਥਨੰਤਰ ਹਰਿ ਹਰਿ ਕਾਰ, ਹਰੀ ਹਰਿ ਨਰ ਨਰਾਇਣ ਆਪ ਕਰਾਇੰਦਾ । ਲਖਮੀ ਖੇਲ ਕਰੇ ਕਰਤਾਰ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਇੰਦਾ । ਨੌਂ ਖੰਡ ਪ੍ਰਿਥਮੀ ਹੋ ਉਜਿਆਰ, ਸੱਤ ਦੀਪ ਭੇਵ ਚੁਕਾਇੰਦਾ । ਚੌਦਾਂ ਤਬਕ ਪਾਵੇ ਸਾਰ, ਚੌਦਾਂ ਲੋਕ ਹੱਟ ਵਖਾਇੰਦਾ । ਚੌਦਾਂ ਵਿਦਿਆ ਕਰ ਤਿਆਰ, ਗੁਣ ਅਵਗੁਣ ਆਪ ਸਮਝਾਇੰਦਾ । ਆਪੇ ਵਸੇ ਸਭ ਤੋਂ ਬਾਹਰ, ਨਿਰਗੁਣ ਆਪਣੇ ਰੰਗ ਸਮਾਇੰਦਾ । ਜਨ ਭਗਤਾਂ ਕਰੇ ਸਚ ਪਿਆਰ, ਜੁਗ ਜੁਗ ਆਪਣਾ ਵੇਸ ਧਰਾਇੰਦਾ । ਕਲਜੁਗ ਅੰਤਮ ਵੇਖੇ ਵਿਗਸੇ ਵੇਖਣਹਾਰ, ਰੂਪ ਅਨੂਪ ਸਤਿ ਸਰੂਪ ਅਨਡਿਠੜੀ ਖੇਲ ਕਰਾਇੰਦਾ । ਵਸਣਹਾਰਾ ਚਾਰੋਂ ਕੁੰਟ, ਦਹਿ ਦਿਸ਼ਾ ਫੇਰੀ ਪਾਇੰਦਾ । ਜਿਸ ਜਨ ਉਪਰ ਜਾਏ ਤੁਠ, ਆਪ ਆਪਣਾ ਭੇਵ ਖੁਲ੍ਹਾਇੰਦਾ । ਲੇਖਾ ਜਾਣੇ ਕਾਇਆ ਕਲਬੂਤ, ਕਾਇਆ ਕਾਅਬਾ ਫੋਲ ਫੁਲਾਇੰਦਾ । ਸਰਗੁਣ ਦੇਵੇ ਸਚ ਸਬੂਤ, ਨਿਰਗੁਣ ਆਪਣਾ ਰੂਪ ਦਰਸਾਇੰਦਾ । ਨਾਤਾ ਤੋੜ ਜੂਠ ਝੂਠ, ਸਚ ਸੁੱਚ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਇਕੋ ਘਰ, ਪੰਜ ਤੱਤ ਕਾਇਆ ਮੰਦਰ ਦਏ ਵਡਿਆਈਆ । ਜਗਤ ਵਾਸਨਾ ਜਾਏ ਹਰ, ਕਾਮ ਕਰੋਧ ਲੋਭ ਮੋਹ ਹੰਕਾਰ ਦਏ ਮਿਟਾਈਆ । ਆਸਾ ਤ੍ਰਿਸਨਾ ਚੁੱਕੇ ਡਰ, ਭਾਂਡਾ ਭਰਮ ਭੌ ਭੰਨਾਈਆ । ਨੌਂ ਦੁਆਰੇ ਪਾਰ ਕਰ, ਸੁਖਮਨ ਟੇਢੀ ਬੰਕ ਲੰਘਾਈਆ । ਈੜਾ ਪਿੰਗਲ ਸਰਨ ਸਰਨਾਈ ਜਾਏ ਪੜ, ਤ੍ਰਿਕੁਟੀ ਛੁੱਟੀ ਆਪਣੀ ਬੂਝ ਬੁਝਾਈਆ । ਨੂਰ ਉਜਾਲਾ ਇਕੋ ਕਰ, ਜੋਤੀ ਜੋਤ ਜੋਤ ਰੁਸ਼ਨਾਈਆ । ਅਨਹਦ ਨਾਦ ਮਰਦੰਗਾ ਵੱਜੇ ਘਰ, ਤਾਲ ਤਾਲ ਨਾਲ ਮਿਲਾਈਆ । ਸਚ ਸਰੋਵਰ ਨੁਹਾਏ ਸਾਚੇ ਸਰ, ਅੰਮ੍ਰਿਤ ਆਤਮ ਦਏ ਵਖਾਈਆ । ਸਹੰਸ ਸਹੰਸਾ ਪਾਰ ਕਰ, ਕਵਲ ਕਵਲਾ ਦਏ ਵਡਿਆਈਆ । ਬਜਰ ਕਪਾਟੀ ਤੋੜ ਗੜ੍ਹ, ਸਾਚਾ ਮੰਦਰ ਲਏ ਖੁਲ੍ਹਾਈਆ । ਸਾਚੀ ਸੇਜਾ ਆਪੇ ਚੜ੍ਹ, ਬ੍ਰਹਮ ਵੇਖੇ ਚਾਈਂ ਚਾਈਆ । ਪਾਰਬ੍ਰਹਮ ਪ੍ਰਭ ਖੇਲ ਕਰ, ਈਸ਼ ਜੀਵ ਖ਼ੁਸ਼ੀ ਮਨਾਈਆ । ਸੁੰਨ ਅਗੰਮੀ ਆਪੇ ਵੜ, ਆਪਣਾ ਮੁਖ ਛੁਪਾਈਆ । ਆਪਣੀ ਕਿਰਪਾ ਆਪੇ ਕਰ, ਕਰੇ ਖੇਲ ਬੇਪਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਲਗਾਏ ਆਪਣੇ ਲੜ, ਸੂਰਜ ਚੰਨ ਆਪਣੇ ਹੇਠ ਦਬਾਈਆ । ਸਾਗੋਂ ਪਾਂਗ ਬਾਸ਼ਕ ਤਸ਼ਕਾ ਸਾਚੀ ਸੇਜ ਵੇਖੇ ਨਰ, ਨਰ ਨਰਾਇਣ ਖ਼ੁਸ਼ੀ ਮਨਾਈਆ । ਖਿਰ ਘਰ ਦੁਆਰੇ ਖੋਲ੍ਹ ਕਿਵਾੜ, ਅਲਖ ਨਿਰੰਜਣ ਏਕਾ ਅਲਖ ਜਗਾਈਆ । ਸੁਤ ਦੁਲਾਰਾ ਸਰਨ ਸਰਨਾਈ ਜਾਏ ਪੜ, ਦੋਏ ਜੋੜ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਧਾਰ ਬਲ,

੬੫੮
੧੧

ਬਲ ਆਪਣਾ ਆਪ ਦਏ ਸਮਝਾਈਆ । ਸਚਖੰਡ ਦੁਆਰੇ ਆਪੇ ਵੜ, ਪੁਰਖ ਅਬਿਨਾਸ਼ੀ ਖ਼ੁਸ਼ੀ ਮਨਾਈਆ । ਵੇਖੇ ਪਰਕਾਸ਼ ਏਕਾ ਘਰ, ਜੋਤੀ ਜੋਤ ਡਗਮਗਾਈਆ । ਅਲੱਖ ਅਗੰਮ ਅਗੋਚਰ ਖੇਲ ਕਰ, ਧਾਰ ਧਾਰ ਨਾਲ ਸਮਾਈਆ । ਸ਼ਾਹੋ ਭੂਪ ਆਪੇ ਬਣ, ਤਖ਼ਤ ਨਿਵਾਸੀ ਨਾਉਂ ਰਖਾਈਆ । ਸੀਸ ਜਗਦੀਸ ਤਾਜ ਧਰ, ਹੁਕਮੀ ਹੁਕਮ ਆਪ ਸੁਣਾਈਆ । ਨਿਰਗੁਣ ਨਿਰਗੁਣ ਵੇਸ ਹਰਿ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਆਪਣੀ ਰਚਨਾ ਵੇਖੇ ਖੜ, ਜੁਗ ਜੁਗ ਆਪਣਾ ਰਾਹ ਚਲਾਈਆ । ਨਿਰਗੁਣ ਸਰਗੁਣ ਦੇਵੇ ਵਰ, ਲੋਕਮਾਤ ਫੇਰਾ ਪਾਈਆ । ਸੰਤ ਸੁਹੇਲੇ ਲਏ ਫੜ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਈਆ । ਸਾਚਾ ਮਾਰਗ ਆਰਤੀ ਹਵਨ, ਪੂਜਾ ਪਾਠ ਪਾਠ ਸਮਝਾਇੰਦਾ । ਆਪੇ ਸਭ ਮੈਂ ਰਿਹਾ ਗਵਨ, ਦਿਸ ਕਿਸੇ ਨਾ ਆਇੰਦਾ । ਆਪੇ ਸਚ ਸੁਗੰਧੀ ਹੋਏ ਹਵਨ, ਧੂਪ ਦੀਪ ਮਾਲਾ ਆਪ ਫੁਲਨ ਅਖਵਾਇੰਦਾ । ਆਪੇ ਤੁਲਸੀ ਆਪੇ ਚੰਦਨ, ਚੰਦੀ ਮਸਤਕ ਟਿੱਕਾ ਆਪ ਲਗਾਇੰਦਾ । ਆਪੇ ਜਾਣੇ ਖਾਨਾ ਬੰਦੀ, ਬੰਦੀਖਾਨਾ ਆਪ ਤੁੜਾਇੰਦਾ । ਆਪੇ ਗੀਤ ਸੁਹਾਗੀ ਛੰਦੀ, ਵਾਹ ਵਾ ਆਪਣਾ ਢੋਲਾ ਆਪ ਸੁਣਾਇੰਦਾ । ਆਪੇ ਖੇਲ ਕਰੇ ਵਰਭੰਡੀ, ਬ੍ਰਹਿਮੰਡੀ ਖੋਜ ਖੋਜਾਇੰਦਾ । ਲੱਖ ਚੁਰਾਸੀ ਜੀਵ ਜੰਤ ਬਿਨ ਪਰਮਾਤਮ ਆਤਮ ਹੋਈ ਅੰਧੀ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜਗਤ ਵਿਕਾਰਾ ਵਾਸਨਾ ਗੰਦੀ, ਸਚ ਸੁਗੰਧੀ ਨਾ ਕੋਇ ਰਖਾਇੰਦਾ । ਚਾਰੋਂ ਕੁੰਟ ਭੇਖ ਪਖੰਡੀ, ਕਲਜੁਗ ਆਪਣਾ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਤੇਰਾ ਚੁਕੇ ਉਹਲਾ, ਸ੍ਰੀ ਭਗਵਾਨ ਆਪ ਚੁਕਾਈਆ । ਪੰਜ ਤੱਤ ਕਾਇਆ ਵੇਖੇ ਚੋਲਾ, ਨਗਰ ਖੇੜਾ ਸੋਭਾ ਪਾਈਆ । ਅੰਦਰ ਮੰਦਰ ਬਹਿ ਬਹਿ ਗਾਏ ਢੋਲਾ, ਗੀਤ ਅਨਾਦੀ ਇਕ ਸੁਣਾਈਆ । ਮਨ ਵਾਸਨਾ ਨਾ ਪਾਏ ਰੌਲਾ, ਮਨ ਮਨਸਾ ਦਏ ਖਪਾਈਆ । ਨਜ਼ਰੀ ਆਏ ਸਾਵਲ ਸਵਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਹਿਣਾ ਮੂਲ ਚੁਕਾਈਆ । ਹਰਿਜਨ ਲਹਿਣਾ ਚੁੱਕੇ ਮੂਲ, ਅਨਮੁਲ ਆਪ ਚੁਕਾਇੰਦਾ । ਲੇਖਾ ਜਾਣੇ ਸ਼ੰਕਰ ਤ੍ਰਿਸੂਲ, ਜਟਾ ਜੂਟ ਵੇਖ ਵਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਸਾਹਿਬ ਸੁਲਤਾਨ ਸਚ ਅਸੂਲ, ਅਸਲੀਅਤ ਆਪਣੇ ਹੱਥ ਰਖਾਇੰਦਾ । ਬ੍ਰਹਮ ਮੇਲਾ ਪਾਰਬ੍ਰਹਮ ਕੰਤ ਕੰਤੂਹਲ, ਨਾਰੀ ਕੰਤ ਵੇਸ ਵਟਾਇੰਦਾ । ਵਿਸ਼ਨੂੰ ਵਿਸ਼ਵ ਵਾਸਤਕ ਝੂਲਾ ਲਏ ਝੂਲ, ਸਚ ਹੁਲਾਰਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਵੇਖਣਹਾਰਾ ਇਕ ਗੁਰਦੇਵ, ਨਮੋ ਨਮੋ ਨਮੋ ਵਡਿਆਈਆ । ਜਨਮ ਜਨਮ ਦੀ ਜਾਣੇ ਸੇਵ, ਪੂਰਬ ਲੇਖਾ ਝੋਲੀ ਪਾਈਆ । ਦਾਤਾ ਦਾਨੀ ਵਡ ਦੇਵੀ ਦੇਵ, ਦੇਵਤ ਸੁਰ ਲਏ ਮਿਲਾਈਆ । ਜਗਤ ਮਿਲਾਵਾ ਇਕ ਨੇਹਕੇਵ, ਨਿਹਚਲ ਧਾਮ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਹਰਿ ਸ਼ਬਦ ਸੱਚੀ ਕੁੜਮਾਈਆ । ਸ਼ਬਦ ਕੁੜਮਾਈ ਜੁੜਿਆ ਜੋੜ, ਸੁਰਤੀ ਸ਼ਬਦ ਬੰਧਾਇਆ । ਨਿਰਗੁਣ ਸਰਗੁਣ ਇਕੋ ਲੋੜ, ਬਣ ਵਿਚੋਲਾ ਖੇਲ ਕਰਾਇਆ । ਦੋ ਜਹਾਨਾਂ ਵਾਲੀ ਘਰ ਘਰ ਦਰ ਦਰ ਜਾਏ ਬੌਹੜ, ਆਪ ਆਪਣਾ ਪੰਧ ਮੁਕਾਇਆ । ਜਨਮ ਜਨਮ ਦੀ ਟੁੱਟੀ ਗੰਢੇ ਡੋਰ, ਬਣ ਸੇਵਕ ਸੇਵ ਕਮਾਇਆ । ਨਾਤਾ ਤੋੜ ਮੜ੍ਹੀ ਗੋਰ, ਆਪ ਆਪਣੀ ਗੋਦ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਚੇ ਲਏ ਤਰਾਇਆ । ਤਾਰਨਹਾਰਾ ਏਕੰਕਾਰ, ਅਬਿਨਾਸ਼ੀ ਕਰਤਾ

ਵਡ ਵਡਿਆਈਆ । ਕਾਇਆ ਮੰਦਰ ਅੰਦਰ ਵੇਖੇ ਡੂੰਘੀ ਗਾਰ, ਅੰਧੇਰੀ ਭਵਰੀ ਫੇਰਾ ਪਾਈਆ । ਕਿਰਪਾ ਨਿਧ ਠਾਕਰ ਸਵਾਮੀ ਲਏ ਉਭਾਰ, ਸਿਰ ਆਪਣਾ ਹੱਥ ਟਿਕਾਈਆ । ਮਾਨਸ ਜਨਮ ਜਨਮ ਸਵਾਰ, ਜਨ ਭਗਤਾਂ ਪੈਜ ਬਧਾਈਆ । ਕਾਗਜ ਕਲਮ ਲਿਖ ਲਿਖ ਗਏ ਹਾਰ, ਹਰਿ ਕਾ ਭੇਵ ਕੋਇ ਨਾ ਪਾਈਆ । ਬਸੁਧਾ ਆਪਣਾ ਆਪ ਕਰ ਪਸਾਰ, ਆਪਣਾ ਬਲ ਗਈ ਗਵਾਈਆ । ਸਮੁੰਦ ਸਾਗਰ ਰੋਵਣ ਜ਼ਾਰੋ ਜ਼ਾਰ, ਮਸ ਲੇਖਾ ਨਾ ਕੋਇ ਜਣਾਈਆ । ਬਨਾਸਪਤ ਡਿਗੇ ਮੂੰਹ ਦੇ ਭਾਰ, ਨੇਤਰ ਨੈਣ ਨਾ ਕੋਇ ਉਠਾਈਆ । ਗੁਰ ਅਵਤਾਰ ਕਰਨ ਪੁਕਾਰ, ਬੇਅੰਤ ਤੇਰੀ ਵਡਿਆਈਆ । ਪੁਰਖ ਅਬਿਨਾਸ਼ੀ ਕਹੇ ਮੇਰਾ ਇਕੋ ਇਕ ਪਿਆਰ, ਜਨ ਭਗਤਾਂ ਮੇਲ ਮਿਲਾਈਆ । ਕਲਜੁਗ ਅੰਤਮ ਲਏ ਅਵਤਾਰ, ਨਿਰਗੁਣ ਨਿਰਾਕਾਰ ਸਾਕਾਰ ਵੇਖੇ ਚਾਈਂ ਚਾਈਂਆ । ਜੁਗ ਜੁਗ ਵਿਛੜੇ ਮੇਲੇ ਮੇਲਣਹਾਰ, ਮਿਲ ਮਿਲ ਸਖੀਆਂ ਮੰਗਲ ਗਾਈਆ । ਗੀਤ ਗੋਬਿੰਦ ਆਪ ਉਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਮਾਣ ਇਕ ਦੁਆਰ, ਦਰ ਦੁਆਰਕਾ ਇਕ ਵਖਾਇੰਦਾ । ਸੋਭਾਵੰਤ ਵੰਤ ਕਰਤਾਰ, ਸ੍ਰੀ ਭਗਵੰਤ ਖੇਲ ਕਰਾਇੰਦਾ । ਮਣੀਆ ਮੰਤ ਮੰਤ ਜੈਕਾਰ, ਜੈ ਜੈਕਾਰ ਸ਼ਬਦ ਅਲਾਇੰਦਾ । ਬਣਾਏ ਬਣਤ ਵਿਚ ਸੰਸਾਰ, ਬਸਨ ਬਨਵਾਰੀ ਰੂਪ ਵਟਾਇੰਦਾ । ਪੂਰਬ ਲਹਿਣਾ ਕਰਮ ਵਿਚਾਰ, ਸਾਚੇ ਨੈਣਾਂ ਨੈਣ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਘਰ, ਦਰ ਸਾਚਾ ਆਪ ਸੁਹਾਇੰਦਾ । ਦਰ ਸੱਚਾ ਸੋਹੇ ਦਰਬਾਰ, ਦਰ ਦਰ ਵੱਜੇ ਵਧਾਈਆ । ਹਰਿਜਨ ਮੇਲਾ ਮੀਤ ਮੁਰਾਰ, ਮਿਲ ਮਿਲ ਖ਼ੁਸ਼ੀ ਮਨਾਈਆ । ਜੋਤ ਅਕਾਲਣ ਬਣ ਦਲਾਲਣ ਲੋਕਮਾਤ ਬਣੇ ਸੇਵਾਦਾਰ, ਬਣ ਸੁਘੜ ਸੁਚੱਜੀ ਸੁਆਣੀ ਸੇਵ ਕਮਾਈਆ । ਗੁਰਮੁਖ ਵੇਖੇ ਮੀਤ ਮੁਰਾਰ, ਚਾਰੋਂ ਕੁੰਟ ਨੈਣ ਉਘਾੜ ਦਹਿ ਦਿਸ਼ਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜੋਤ ਅਕਾਲਣ ਬਣ ਨਿਮਾਣੀ, ਲੋਕਮਾਤ ਵੇਸ ਵਟਾਇਆ । ਗੁਰਮੁਖ ਲੱਭੇ ਸੱਚਾ ਹਾਣੀ, ਦਰ ਦਰ ਫੇਰਾ ਪਾਇਆ । ਏਕਾ ਬਖ਼ਸ਼ੇ ਅੰਮ੍ਰਿਤ ਠੰਡਾ ਪਾਣੀ, ਪਰੇਮ ਪਿਆਲਾ ਹੱਥ ਉਠਾਇਆ । ਮੈਂ ਗਾਵਾਂ ਉਹਦੀ ਸਚ ਕਹਾਣੀ, ਕਹਿ ਕਹਿ ਆਪਣਾ ਸ਼ੁਕਰ ਮਨਾਇਆ । ਗੁਰਮੁਖ ਦਰ ਜਾਏ ਬਣਾਂ ਸਾਚੀ ਰਾਣੀ, ਸੀਸ ਤਾਜ ਇਕ ਸੁਹਾਇਆ । ਨਾਤਾ ਤੁਟੇ ਚਾਰੇ ਖਾਣੀ, ਚਾਰੇ ਬਾਣੀ ਮਾਣ ਚੁਕਾਇਆ । ਮਿਲੇ ਪਦ ਪਦ ਨਿਰਬਾਣੀ, ਸਚ ਮਹੱਲ ਸੋਭਾ ਪਾਇਆ । ਓਥੇ ਰਲ ਮਿਲ ਗਾਈਏ ਅਕਥ ਕਹਾਣੀ, ਰਸਨਾ ਜਿਹਵਾ ਨਾ ਕੋਇ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਆਪਣਾ ਘਰ, ਆਪੇ ਮੇਲੇ ਆਪਣਾ ਵਰ, ਹਰਿਜਨ ਆਪਣਾ ਬੰਧਨ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਕਾਇਆ ਮੰਦਰ ਜਾਏ ਵੜ, ਸੋ ਮੰਦਰ ਆਪ ਸੁਹਾਇਆ ।

## ★ ੧੩ ਫੱਗਣ ੨੦੧੮ ਬਿਕ੍ਰਮੀ ਸੁਰਿੰਦਰ ਸਿੰਘ ਦੇ ਗ੍ਰਹਿ ਇਟਾਰਸੀ ★

ਹਰਿਜਨ ਮੰਗੇ ਇਕੋ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਕਾਇਆ ਚੋਲੀ ਚੜ੍ਹੇ ਰੰਗ, ਉਤਰ ਕਦੇ ਨਾ ਜਾਈਆ । ਆਤਮ ਅੰਤਰ ਇਕ ਅਨੰਦ, ਦਿਵਸ ਰੈਣ ਖ਼ੁਸ਼ੀ ਮਨਾਈਆ । ਅਨਹਦ ਨਾਦ ਵੱਜੇ ਮਰਦੰਗ, ਸ਼ਬਦੀ ਸ਼ਬਦ ਹੋਏ ਸ਼ਨਵਾਈਆ । ਆਤਮ ਸੇਜਾ ਮਿਲੇ ਪਲੰਘ, ਬੰਕ

ਦੁਆਰੇ ਵਡੀ ਵਡਿਆਈਆ । ਇਕੋ ਗੀਤ ਸੁਹਾਗੀ ਸੁਣੇ ਛੰਦ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਪੰਚ ਵਿਕਾਰਾ ਹੋਏ ਖੰਡ ਖੰਡ, ਜਗਤ ਤ੍ਰਿਸਨਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਪੂਰਾ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਹਰਿਜਨ ਬਖ਼ਸ਼ੇ ਚਰਨ ਧਿਆਨ, ਸਰਨ ਸਰਨਾਈ ਇਕ ਜਣਾਇੰਦਾ । ਆਤਮ ਬ੍ਰਹਮ ਬ੍ਰਹਮ ਗਿਆਨ, ਪਾਰਬ੍ਰਹਮ ਆਪ ਪੜ੍ਹਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸਨਾ ਭੁੱਖ ਗਵਾਇੰਦਾ । ਕਰ ਪਰਕਾਸ਼ ਕੋਟਨ ਭਾਨ, ਨਿਰਗੁਣ ਜੋਤੀ ਜੋਤ ਜਗਾਇੰਦਾ । ਸ਼ਬਦ ਅਗੰਮੀ ਏਕਾ ਗਾਣ, ਬੋਧ ਅਗਾਧ ਸੁਣਾਇੰਦਾ । ਕਾਇਆ ਮੰਦਰ ਸਚ ਮਕਾਨ, ਗੁਰੂਦੁਆਰ ਇਕ ਵਖਾਇੰਦਾ । ਨਜ਼ਰੀ ਆਏ ਸ੍ਰੀ ਭਗਵਾਨ, ਨਿਝ ਨੇਤਰ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਸ ਵਟਾਇੰਦਾ । ਹਰਿਜਨ ਮੰਗੇ ਇਕੋ ਦਾਤ, ਪ੍ਰਭ ਅੱਗੇ ਝੋਲੀ ਡਾਹੀਆ । ਮੇਲ ਮਿਲਾਵਾ ਲੋਕਮਾਤ, ਮਿਲੇ ਸ਼ਰਨ ਸਰਨਾਈਆ । ਨਾਉਂ ਨਿਰੰਕਾਰਾ ਸਾਚੀ ਗਾਥ, ਕਿਰਪਨ ਕਰ ਪੜ੍ਹਾਈਆ । ਜੋਤ ਲਿਲਾਟੀ ਮਸਤਕ ਮਾਥ, ਸਾਚੀ ਘਾਟੀ ਫੜ ਚੜ੍ਹਾਈਆ । ਏਥੇ ਓਥੇ ਦੇਣਾ ਸਾਥ, ਸਗਲਾ ਸੰਗ ਨਿਭਾਈਆ । ਤੇਰਾ ਨਾਉਂ ਪੂਜਾ ਪਾਠ, ਬਿਨ ਰਸਨਾ ਜਿਵਹਾ ਗਾਈਆ । ਤੇਰਾ ਨੂਰ ਪਾਕੀ ਪਾਕ, ਪਤਿਤ ਪਾਪੀ ਪਾਰ ਕਰਾਈਆ । ਤੇਰੀ ਬਾਤਨ ਦਿਸੇ ਜ਼ਾਤ, ਜ਼ਾਹਰਾ ਜ਼ਹੂਰ ਤੇਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿਜਨ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲ, ਦੀਨਨ ਆਪਣੀ ਦਇਆ ਕਮਾਇੰਦਾ । ਹਰਿਜਨ ਵੇਖੇ ਸਾਚੇ ਲਾਲ, ਬਾਲ ਅਵਾਣੇ ਆਪ ਉਠਾਇੰਦਾ । ਦੇਵੇ ਨਾਮ ਸੱਚਾ ਧੰਨ ਮਾਲ, ਵਸਤ ਅਮੋਲਕ ਝੋਲੀ ਪਾਇੰਦਾ । ਨਾਤਾ ਤੋੜ ਸ਼ਾਹ ਕੰਗਾਲ, ਏਕਾ ਰੰਗ ਵਖਾਇੰਦਾ । ਦੀਪਕ ਦੀਆ ਏਕਾ ਬਾਲ, ਅਗਿਆਨ ਅੰਧੇਰ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੀ ਦਇਆ ਕਮਾਇੰਦਾ । ਹਰਿਜਨ ਮੰਗੇ ਇਕੋ ਵਰ, ਪ੍ਰਭ ਅੱਗੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਤੇਰੇ ਹੱਥ ਤੇਰੀ ਵਡਿਆਈਆ । ਨਿਰਭੌ ਚੁਕਾ ਭੈ ਡਰ, ਭਿਆਨਕ ਰੂਪ ਨਜ਼ਰ ਨਾ ਆਈਆ । ਥਿਰ ਘਰ ਵੇਖਾਂ ਤੇਰਾ ਘਰ, ਘਰ ਵੱਜਦੀ ਰਹੇ ਵਧਾਈਆ । ਦਰਸ ਦੇਣਾ ਅੱਗੇ ਖੜ, ਸਵੱਛ ਸਰੂਪੀ ਰੂਪ ਵਟਾਈਆ । ਨਾਤਾ ਤੁਟੇ ਸੀਸ ਧੜ, ਪੰਜ ਤੱਤ ਨਾ ਕੋਇ ਜਣਾਈਆ । ਆਤਮ ਪਰਮਾਤਮ ਬੰਨ੍ਹਣਾ ਲੜ, ਨਿਰਗੁਣ ਡੋਰੀ ਆਪ ਰਖਾਈਆ । ਸਾਚੇ ਪੌੜੇ ਜਾਵਾਂ ਚੜ੍ਹ, ਘਰ ਬੰਕ ਤੇਰਾ ਪਾਈਆ । ਕਿਲ੍ਹਾ ਤੋੜ ਹੰਕਾਰੀ ਗੜ੍ਹ, ਦੇਣੀ ਮਾਣ ਵਡਿਆਈਆ । ਮੈਂ ਸਰਨ ਸਰਨਾਈ ਜਾਵਾਂ ਪੜ, ਧੂੜੀ ਟਿੱਕਾ ਮਸਤਕ ਲਾਈਆ । ਮਾਨਸ ਜਨਮ ਨਾ ਆਏ ਹਾਰ, ਲੱਖ ਚੁਰਾਸੀ ਫੰਦ ਕਟਾਈਆ । ਰਾਏ ਧਰਮ ਨਾ ਮਾਰੇ ਮਾਰ, ਚਿਤਰ ਗੁਪਤ ਨਾ ਦਏ ਸਜਾਈਆ । ਲਾੜੀ ਮੌਤ ਨਾ ਕਰੇ ਸ਼ਿੰਗਾਰ, ਵੇਲੇ ਅੰਤ ਕਾਲ ਨਾ ਖਾਈਆ । ਮਹਾਂਕਾਲ ਕਰ ਪ੍ਰਿਤਪਾਲ, ਇਕੋ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਰਵੇਸ਼ ਬੈਠਾ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਬੇਐਬ ਨਾਉਂ ਰਖਾਇੰਦਾ । ਜੁਗਾ ਜੁਗੰਤਰ ਬਣ ਮਲਾਹ, ਜਨ ਭਗਤਾਂ ਬੇੜਾ ਆਪ ਚਲਾਇੰਦਾ । ਸ਼ਬਦ ਅਗੰਮੀ ਸਤਿ ਸਲਾਹ, ਸਤਿ ਸਤਿਵਾਦੀ ਆਪ ਸਮਝਾਇੰਦਾ । ਫੜ ਫੜ ਬਾਂਹੋਂ ਰਾਹੇ ਪਾ, ਸਾਚਾ ਮਾਰਗ ਇਕ ਵਖਾਇੰਦਾ । ਨਾਉਂ ਨਿਰੰਕਾਰਾ ਲੈਣਾ ਗਾ, ਸਾਚੀ ਸਿਖਿਆ ਇਕ ਸਿਖਾਇੰਦਾ । ਨਿਰਗੁਣ ਸਰਗੁਣ

ਹੋਏ ਸਹਾ, ਸਰਗੁਣ ਰੂਪ ਅਨੂਪ ਧਰਾਇੰਦਾ । ਗੁਰ ਗੁਰ ਫੇਰਾ ਆਪੇ ਪਾ, ਸ਼ਬਦੀ ਡੰਕ ਵਜਾਇੰਦਾ । ਸਾਚੇ ਸੰਤ ਲਏ ਉਠਾ, ਗੁਰਮੁਖ ਮੇਲ ਮਿਲਾਇੰਦਾ । ਡੂੰਘੀ ਭਵਰੀ ਪਾਰ ਕਰਾ, ਸਾਚੇ ਬੇੜੇ ਆਪ ਚੜ੍ਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪਕੜਨਹਾਰਾ ਬਾਂਹ, ਆਪ ਆਪਣਾ ਖੇਲ ਕਰਾਇੰਦਾ । ਜਨ ਭਗਤਾਂ ਬਣੇ ਪਿਤਾ ਮਾਂ, ਬਾਲਕ ਆਪਣੀ ਗੋਦ ਸੁਹਾਇੰਦਾ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਉਡਾਇੰਦਾ । ਵੇਖਣਹਾਰਾ ਥਾਉਂ ਥਾਂ, ਨੌਂ ਖੰਡ ਪ੍ਰਿਥਮੀ ਖੋਜ ਖੁਜਾਇੰਦਾ । ਲੱਖ ਚੁਰਾਸੀ ਅੰਦਰ ਰਿਹਾ ਸਮਾ, ਭੇਵ ਕੋਇ ਨਾ ਪਾਇੰਦਾ । ਵਸਣਹਾਰਾ ਨਗਰ ਖੇੜਾ ਗਰਾਂ, ਪੰਜ ਤੱਤ ਕਾਇਆ ਸੋਭਾ ਪਾਇੰਦਾ । ਸਦਾ ਸੁਹੇਲਾ ਇਕ ਅਕੇਲਾ ਆਦਿ ਜੁਗਾਦੀ ਸ਼ਬਦ ਬ੍ਰਹਿਮਾਦੀ ਸਿਰ ਰੱਖੇ ਠੰਡੀ ਛਾਂ, ਸਮਰਥ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਖਾਇੰਦਾ । ਗੁਰਸਿਖ ਮੰਗੇ ਕਰ ਪੁਕਾਰ, ਨੇਤਰ ਨੈਣਾਂ ਨੀਰ ਵਹਾਇਆ । ਮਾਤ ਗਰਭ ਜਨਮ ਜਨਮ ਅਗਨੀ ਰਹੀ ਸਾੜ, ਹਵਨੀ ਹਵਨ ਕੁੰਡ ਤਪਾਇਆ । ਬਹੱਤਰ ਨਾੜ ਲੱਗੀ ਆਗ, ਤੱਤਵ ਤੱਤ ਰਿਹਾ ਜਲਾਇਆ । ਨੇਤਰ ਨੈਣ ਨਾ ਖੁਲ੍ਹੀ ਜਾਗ, ਗਿਆਨ ਨੇਤਰ ਨਾ ਕੋਇ ਰਖਾਇਆ । ਲੱਖ ਚੁਰਾਸੀ ਵਿਚੋਂ ਲਏ ਨਾ ਕੋਇ ਕਾਢ, ਜੂਨੀ ਜੂਨ ਜੂਨ ਭੁਵਾਇਆ । ਮਾਤ ਪਿਤ ਭਾਈ ਭੈਣ ਸੱਜਣ ਦਿਸੇ ਝੂਠੇ ਸਾਕ, ਸਗਲਾ ਸੰਗ ਨਾ ਕੋਇ ਨਿਭਾਈਆ । ਬਿਨ ਤੇਰੇ ਖੋਲ੍ਹੇ ਨਾ ਕੋਇ ਤਾਕ, ਘਰ ਦੀਪਕ ਨਾ ਕੋਇ ਜਗਾਇਆ । ਜਗਤ ਵਣਜਾਰਾ ਝੂਠਾ ਹਾਟ, ਜੁਗ ਜੁਗ ਤ੍ਰੈਗੁਣ ਮਾਇਆ ਹੱਟ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸਰਨ ਰਹੇ ਸਰਨਾਇਆ । ਪੁਰਖ ਅਬਿਨਾਸ਼ੀ ਸਦਾ ਸਮਰਥ, ਸਮਰਥ ਦਇਆ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਆਪਣਾ ਮਾਰਗ ਦੱਸ, ਭਗਤ ਭਗਵੰਤ ਲਏ ਤਰਾਈਆ । ਕਲਜੁਗ ਅੰਤਮ ਮਹਿਮਾ ਜਾਣੇ ਅਕਥਨਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਨਿਰਗੁਣ ਸਰਗੁਣ ਹੋਇਆ ਵਸ, ਬੇਵਸ ਬੇਪਰਵਾਹੀਆ । ਆਦਿ ਜੁਗਾਦਿ ਜੁਗਾ ਜੁਗੰਤ ਸਚ ਪਿਆਰ ਅੰਦਰ ਜਾਏ ਫਸ, ਸਾਚੀ ਭਗਤੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰਮੁਖ ਸੱਜਣ ਸੁਣ ਸੰਦੇਸਾ, ਘਰ ਵਿਚ ਖ਼ੁਸ਼ੀ ਮਨਾਇੰਦਾ । ਪਾਰਬ੍ਰਹਮ ਪ੍ਰਭ ਨਰ ਨਰੇਸ਼ਾ, ਨਿਰਗੁਣ ਆਪਣੀ ਦਇਆ ਕਮਾਇੰਦਾ । ਜਨ ਭਗਤਾਂ ਕਾਰਨ ਕਰੇ ਵੇਸਾ, ਰੂਪ ਅਨੂਪ ਧਰਾਇੰਦਾ । ਆਦਿ ਜੁਗਾਦੀ ਸਾਚਾ ਪੇਸ਼ਾ, ਬਣ ਕਿਰਤੀ ਕਿਰਤ ਕਮਾਇੰਦਾ । ਤਿਸ ਸਾਹਿਬ ਨੂੰ ਸਦਾ ਆਦੇਸਾ, ਜੋ ਵਿਛੜੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਸੀਏ ਸਾਚੇ ਘਰ, ਘਰ ਸਾਚਾ ਮੋਹੇ ਭਾਇੰਦਾ । ਸਾਚਾ ਘਰ ਸ੍ਰੀ ਭਗਵਾਨ, ਏਕਾ ਏਕ ਜਣਾਈਆ । ਨਾਤਾ ਤੁਟੇ ਜਗਤ ਜਹਾਨ, ਜੀਵਣ ਜੁਗਤ ਨਾ ਕੋਇ ਵਡਿਆਈਆ । ਦਿਵਸ ਰੈਣ ਇਕ ਧਿਆਨ, ਹਰਿ ਚਰਨ ਸੱਚੀ ਸਰਨਾਈਆ । ਕਾਇਆ ਮੰਦਰ ਸਚ ਮਕਾਨ, ਗੁਰਦੁਆਰਾ ਇਕ ਸਮਝਾਈਆ । ਅੰਦਰ ਵਸੇ ਸ੍ਰੀ ਭਗਵਾਨ, ਘਰ ਘਰ ਵਿਚ ਸੋਭਾ ਪਾਈਆ । ਦੀਆ ਬਾਤੀ ਜੋਤ ਮਹਾਨ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਅਨਹਦ ਸ਼ਬਦ ਨਾਦ ਧੁੰਨਕਾਨ, ਧੁੰਨ ਆਤਮਕ ਰਿਹਾ ਸੁਣਾਈਆ । ਅੰਮ੍ਰਿਤ ਆਤਮ ਪੀਣ ਖਾਣ, ਨਿਝਰ ਝਿਰਨਾ ਆਪ ਝਿਰਾਈਆ । ਨਾਤਾ ਤੁਟੇ ਪੰਜ ਸ਼ੈਤਾਨ, ਆਸਾ ਤ੍ਰਿਸਨਾ ਦਏ ਖਪਾਈਆ । ਮਨ ਮਨੂਆ ਮਿਟੇ ਮਾਣ, ਉਠ ਉਠ ਨਾ ਦਹਿ ਦਿਸ਼ ਧਾਈਆ । ਮਤ ਮਤਵਾਲੀ ਹੋਏ ਹੈਰਾਨ, ਬੁਧੀ ਚਲੇ ਨਾ ਕੋਇ ਚਤੁਰਾਈਆ । ਹਰਿ ਕਾ ਸ਼ਬਦ ਇਕ ਬਲਵਾਨ,

ਬਲ ਆਪਣਾ ਲਏ ਵਖਾਈਆ । ਏਕਾ ਦੇਵੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਚੌਦਾਂ ਵਿਦਿਆ ਨੈਣ ਸ਼ਰਮਾਣ, ਨੇਤਰ ਨੈਣ ਨਾ ਕੋਇ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਸਰਬ ਜਸ ਗਾਣ, ਜਸ ਹਰਿ ਜੂ ਆਪ ਜਣਾਈਆ । ਗੁਰਸਿਖ ਤੇਰਾ ਮੇਲਾ ਇਕ ਮਕਾਨ, ਗ੍ਰਿਹਿ ਮੰਦਰ ਮਿਲੇ ਵਡਿਆਈਆ । ਸੂਰਜ ਚੰਦ ਨਾ ਕੋਇ ਨਿਸ਼ਾਨ, ਮੰਡਲ ਮੰਡਪ ਨਾ ਕੋਇ ਰਖਾਈਆ । ਨਾ ਕੋਇ ਜ਼ਿਮੀਂ ਨਾ ਅਸਮਾਨ, ਸਮੁੰਦ ਸਾਗਰ ਨਾ ਕੋਇ ਰਖਾਈਆ । ਜੰਗਲ ਜੂਹ ਉਜਾੜ ਪਹਾੜ ਨਾ ਕੋਇ ਬੀਆਬਾਨ, ਉਚਾ ਟਿੱਲਾ ਪਰਬਤ ਨਜ਼ਰ ਕੋਇ ਨਾ ਆਈਆ । ਇਕ ਇਕੱਲਾ ਨੌਜਵਾਨ, ਨਿਰਗੁਣ ਬੈਠਾ ਆਸਣ ਲਾਈਆ । ਜੋਤੀ ਜਾਤਾ ਸ੍ਰੀ ਭਗਵਾਨ, ਨੂਰੋ ਨੂਰ ਨੂਰ ਰੁਸ਼ਨਾਈਆ । ਸਚਖੰਡ ਵਸੇ ਸਦਾ ਮਿਹਰਵਾਨ, ਮਿਹਰ ਨਜ਼ਰ ਇਕ ਟਿਕਾਈਆ । ਕਲਜੁਗ ਅੰਤਮ ਹੋ ਪਰਧਾਨ, ਨਿਹਕਲੰਕਾ ਨਾਉਂ ਰਖਾਈਆ । ਗੁਰਮੁਖ ਸੱਜਣ ਵੇਖੇ ਆਣ, ਗੁਰ ਗੋਬਿੰਦ ਮੇਲਾ ਚਾਈਂ ਚਾਈਆ । ਨਾਨਕ ਲੇਖਾ ਦਰ ਪਰਵਾਨ, ਸਚ ਪਰਵਾਨਾ ਇਕ ਫੜਾਈਆ । ਸੋ ਪੁਰਖ ਨਿਰੰਜਣ ਗੁਣ ਨਿਧਾਨ, ਹੰ ਬ੍ਰਹਮ ਕਰੇ ਕੁੜਮਾਈਆ । ਲੇਖਾ ਜਾਣੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਫੋਲ ਫੁਲਾਈਆ । ਕਰ ਕਿਰਪਾ ਜਿਸ ਜਨ ਦੇਵੇ ਨਾਦ ਦਾਨ, ਤਿਸ ਆਪਣੀ ਬੂਝ ਬੁਝਾਈਆ । ਨਾਤਾ ਤੁਟੇ ਜੀਵ ਜਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੁਰਸਿਖ ਗੁਰ ਗੁਰ ਸਦਾ ਵਸਣ ਇਕ ਮਕਾਨ, ਘਰ ਸਾਚੇ ਸੋਭਾ ਪਾਈਆ । ਦੋ ਜਹਾਨਾਂ ਇਕ ਨਿਸ਼ਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪ ਝੁਲਾਈਆ । ਕਲਜੁਗ ਅੰਤਮ ਹੋ ਪਰਧਾਨ, ਸਚ ਪਰਧਾਨਗੀ ਇਕ ਵਖਾਈਆ । ਜਨਮ ਜੁਗ ਦੇ ਵਿਛੜੇ ਮੇਲੇ ਆਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਬੰਧਨ ਪਾਈਆ । ਗੁਰਸਿਖ ਗੁਰਮੁਖ ਹਰਿਜਨ ਚਤਰ ਸੁਘੜ ਸੁਜਾਨ, ਬੁਧ ਬਿਬੇਕ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸੱਚਾ ਵਰ, ਅੰਤ ਕੰਤ ਭਗਵੰਤ, ਜੋਤੀ ਜਾਤਾ ਪੁਰਖ ਬਿਧਾਤਾ, ਗੁਰ ਗੁਰ ਚੇਲਾ ਸੱਜਣ ਸੁਹੇਲਾ, ਸਚਖੰਡ ਨਿਵਾਸੀ ਸਚ ਘਰ ਮੇਲਾ ਇਕ ਇਕੇਲਾ ਆਪ ਕਰਾਈਆ । ਸਾਚੇ ਤਖ਼ਤ ਬੈਠ ਨਿਰੰਕਾਰ, ਧੁਰ ਫ਼ਰਮਾਣਾ ਹਰਿ ਜਣਾਇੰਦਾ । ਸਚ ਸੰਦੇਸਾ ਏਕਾ ਵਾਰ, ਏਕੰਕਾਰਾ ਆਪ ਅਲਾਇੰਦਾ । ਸਚਖੰਡ ਦਵਾਰਾ ਖੋਲ੍ਹ ਕਿਵਾੜ, ਨੂਰ ਨੁਰਾਨਾ ਨੂਰ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਵਡ ਬਲਵਾਨ, ਬਲਧਾਰੀ ਭੇਵ ਖੁਲ੍ਹਾਈਆ । ਏਕੰਕਾਰਾ ਜਾਣੀ ਜਾਣ, ਜਾਨਣਹਾਰ ਸੱਚਾ ਸ਼ਹਿਨਸ਼ਾਹੀਆ । ਆਦਿ ਨਿਰੰਜਣ ਹੋ ਪਰਧਾਨ, ਸਤਿ ਪਰਧਾਨਗੀ ਆਪ ਕਮਾਈਆ । ਸ੍ਰੀ ਭਗਵਾਨ ਸਚ ਨਿਸ਼ਾਨ, ਸਚ ਮਹੱਲੇ ਇਕ ਵਖਾਈਆ । ਅਬਿਨਾਸ਼ੀ ਕਰਤਾ ਹੁਕਮਰਾਨ, ਪਾਰਬ੍ਰਹਮ ਪ੍ਰਭ ਦਏ ਸਲਾਹੀਆ । ਸਚਖੰਡ ਖੇਲ ਮਹਾਨ, ਅਗੰਮ ਅਗੰਮੜਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਹਰਿ ਨਿਰੰਕਾਰ, ਏਕਾ ਏਕ ਸੁਣਾਇੰਦਾ । ਸਚ ਸਿੰਘਾਸਣ ਸੋਭਾਵੰਤ ਸ੍ਰੀ ਭਗਵੰਤ ਇਕ ਇਕੱਲਾ ਬੈਠ ਕਰੇ ਵਿਹਾਰ, ਭੇਵ ਕੋਇ ਨਾ ਪਾਇੰਦਾ । ਜੁਗ ਚੌਕੜੀ ਜਾਣੇ ਪਿਛਲੀ ਕਾਰ, ਲੇਖਾ ਆਪਣੇ ਹੱਥ ਰਖਾਇੰਦਾ । ਗੁਰ ਅਵਤਾਰ ਲਏ ਉਠਾਲ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਪੀਰ ਪੈਗੰਬਰ ਦੇ ਜਲਾਲ, ਜਲਵਾ ਨੂਰ ਆਪ ਵਖਾਇੰਦਾ । ਉਠੋ ਵੇਖੋ ਹੱਕ ਹਕੀਕਤ, ਜੋਤੀ

੬੬੩ ੧੧

੬੬੪
੧੧

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਜੋਧਾ ਬੀਰ, ਬਲੀ ਬਲਵਾਨ ਆਪ ਜਣਾਈਆ । ਜੁਗ ਚੌਕੜੀ ਹੋਏ ਅਖ਼ੀਰ, ਆਖਰ ਆਪਣੇ ਹੱਥ ਰਖਾਈਆ । ਦੋ ਜਹਾਨਾਂ ਖੇਲ ਬੇਨਜ਼ੀਰ, ਨਜ਼ਰ ਵਿਚ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਰਅ ਸ਼ਰੀਅਤ ਪਾ ਜ਼ੰਜੀਰ, ਵਰਨ ਬਰਨ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਸਭ ਨੂੰ ਰਿਹਾ ਜਗਾਈਆ । ਗੁਰ ਅਵਤਾਰ ਜਾਣਾ ਜਾਗ, ਹਰਿ ਜਾਗਰਤ ਜੋਤ ਜਗਾਇੰਦਾ । ਤਖ਼ਤ ਨਿਵਾਸੀ ਏਕਾ ਰਾਗ, ਪੁਰਖ ਅਕਾਲ ਆਪ ਸੁਣਾਇੰਦਾ । ਜੁਗ ਚੌਕੜੀ ਬੰਨਾਂ ਤਾਗ, ਸਾਚਾ ਤੰਦ ਇਕ ਵਖਾਇੰਦਾ । ਸਰਗੁਣ ਰੂਪ ਜਗੇ ਚਿਰਾਗ਼, ਦੀਆ ਬਾਤੀ ਡਗਮਗਾਇੰਦਾ । ਤ੍ਰੈਗੁਣ ਤੱਤ ਵੇਖੇ ਆਗ, ਅਗਨੀ ਅੱਗ ਲਗਾਇੰਦਾ । ਮਾਨਸ ਮਾਨੁਖ ਵੇਖੇ ਕਾਗ, ਕਾਗੀ ਰੂਪ ਵਟਾਇੰਦਾ । ਦੁਰਮਤ ਮੈਲ ਲੱਗਾ ਦਾਗ਼, ਨਿਰਮਲ ਨੀਰ ਨਾ ਕੋਇ ਵਖਾਇੰਦਾ । ਕੋਈ ਨਾ ਕਿਸੇ ਰੱਖੇ ਲਾਜ, ਸਿਰ ਹੱਥ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਗੁਰ ਅਵਤਾਰ ਖੋਲ੍ਹੋ ਅੱਖ, ਹਰਿ ਆਖਰ ਆਪ ਸੁਣਾਇੰਦਾ । ਲੋਕਮਾਤ ਵੇਖੋ ਪਰਤੱਖ, ਪਰਮ ਪੁਰਖ ਖੇਲ ਕਰਾਇੰਦਾ । ਜੁਗ ਜੁਗ ਮਾਰਗ ਜੋ ਆਏ ਦੱਸ, ਜੀਵ ਜੰਤ ਜੰਤ ਸਮਝਾਇੰਦਾ । ਭੇਵ ਚੁਕਾਏ ਮੰਦਰ ਮੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਵਟ ਆਪ ਬਦਲਾਇੰਦਾ । ਸਾਚੀ ਕਰਵਟ ਸ੍ਰੀ ਭਗਵਾਨ, ਚੌਥੇ ਜੁਗ ਆਪ ਬਦਲਾਈਆ । ਸਚਖੰਡ ਨਿਵਾਸੀ ਹੋ ਮਿਹਰਵਾਨ, ਸਚ ਸੰਦੇਸਾ ਇਕ ਸੁਣਾਈਆ । ਨੇਤਰ ਖੋਲ੍ਹ ਕਰੋ ਧਿਆਨ, ਲੋਕਮਾਤ ਰਿਹਾ ਵਖਾਈਆ । ਚਾਰ ਵਰਨ ਸਰਬ ਕੁਰਲਾਣ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੇਣ ਦੁਹਾਈਆ । ਚਾਰੋਂ ਕੁੰਟ ਅੰਧ ਅੰਧਿਆਨ, ਦੀਪਕ ਜੋਤ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਨਾ ਕੋਇ ਗਿਆਨ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਅੰਤਰ ਲਿਵ ਨਾ ਕੋਇ ਧਿਆਨ, ਨਿਝ ਨੇਤਰ ਨਾ ਕੋਇ ਖੁਲ੍ਹਾਈਆ । ਅੰਮ੍ਰਿਤ ਰਸ ਨਾ ਪੀਣ ਖਾਣ, ਕਵਲ ਝਿਰਨਾ ਨਾ ਕੋਇ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਸਭ ਨੂੰ ਰਿਹਾ ਜਗਾਈਆ । ਗੁਰ ਅਵਤਾਰ ਕਰੋ ਵਿਚਾਰ, ਹਰਿ ਸਾਚਾ ਸਚ ਜਣਾਇੰਦਾ । ਲੇਖਾ ਵੇਖੇ ਵੇਖਣਹਾਰ, ਲਿਖਿਆ ਲੇਖ ਸਰਬ ਵਖਾਇੰਦਾ । ਵੇਦ ਸ਼ਾਸਤਰ ਸਿਮਰਤ ਗਏ ਹਾਰ, ਗੀਤਾ ਗਿਆਨ ਨਾ ਕੋਇ ਦ੍ਰਿੜਾਇੰਦਾ । ਅੰਜ਼ੀਲ ਕੁਰਾਨ ਨਾ ਕੋਇ ਅਧਾਰ, ਤੀਸ ਬਤੀਸ ਨਾ ਕੋਇ ਸਲਾਹਿੰਦਾ । ਸਾਚਾ ਕਲਮਾ ਨਾ ਕੋਇ ਪਿਆਰ, ਕਲਾਮ ਇਲਾਹੀ ਨਾ ਕੋਇ ਜਣਾਇੰਦਾ । ਕਾਤਬ ਬਣੇ ਨਾ ਕੋਇ ਲਿਖਾਰ, ਲਿਖ ਲਿਖ ਲੇਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਆਪ ਸਮਝਾਇੰਦਾ । ਗੁਰ ਅਵਤਾਰ ਦਿਓ ਦਲੀਲ, ਹਰਿ ਸਾਚਾ ਸਚ ਜਣਾਈਆ । ਪੀਰ ਪੈਗ਼ੰਬਰ ਕਰੋ ਅਪੀਲ, ਪੁਰਖ ਅਬਿਨਾਸ਼ੀ ਰਿਹਾ ਸਮਝਾਈਆ । ਨੌਂ ਖੰਡ ਪ੍ਰਿਥਮੀ ਦਿਸੇ ਨਾ ਕੋਇ ਵਕੀਲ, ਭੇਵ ਅਭੇਦ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਰਿਹਾ ਵਰਤਾਈਆ । ਏਕਾ ਹੁਕਮ ਬ੍ਰਹਮਾ ਸੁਤ, ਸਨਕ ਸਨੰਦਨ ਆਪ ਜਣਾਇੰਦਾ । ਸੰਤ ਕੁਮਾਰ ਜਾਣਾ ਉਠ, ਵੇਲਾ ਅੰਤਮ ਆਇੰਦਾ । ਬਰਾਹ ਤੇਰੀ ਗਈ ਰੁੱਤ, ਜਗੇ ਪੁਰਸ਼ ਪੰਧ ਮੁਕਾਇੰਦਾ । ਹਾਵ ਗ਼ਰੀਵ ਤੇਰੀ ਰੁੱਤ, ਨਰ ਨਰਾਇਣ ਵੇਖ ਵਖਾਇੰਦਾ । ਕਪਲ ਮੁਨ ਵੇਖ ਕਾਇਆ ਬੁੱਤ, ਦੱਤਾ ਤ੍ਰੈ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਚਾਰ ਜੁਗ ਦਾ ਪਿਛਲਾ ਲੇਖਾ ਲਹਿਣਾ ਸਭ ਦਾ ਝੋਲੀ ਪਾਇੰਦਾ । ਰਿਖਵ ਦੇਵ ਕਰ ਧਿਆਨ, ਹਰਿ ਸਾਚਾ ਸਚ ਜਣਾਈਆ । ਪਿਰਬੂ ਤੇਰਾ ਧਰਤ ਨਿਸ਼ਾਨ, ਧਰਤ ਧਵਲ ਦਏ ਦੁਹਾਈਆ । ਮਤਸ ਤੇਰਾ ਤੁਟਾ ਮਾਣ, ਜਲ ਬਿੰਬ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਪੜਦਾ ਰਿਹਾ ਚੁਕਾਈਆ । ਕਛਪ ਉਠ ਵੇਖ ਵਿਚਾਰ, ਮਿੰਦਰਾ ਸੀਸ ਨਜ਼ਰ ਨਾ ਆਇੰਦਾ । ਧਨੰਤਰ ਤੇਰੀ ਕਰੇ ਨਾ ਕੋਇ ਵਿਚਾਰ, ਔਖਧ ਜਗਤ ਨਾ ਕੋਇ ਮੁਕਾਇੰਦਾ । ਮੋਹਣੀ ਰੂਪ ਨਜ਼ਰ ਨਾ ਆਏ ਵਿਚ ਸੰਸਾਰ, ਨੇਤਰ ਨੈਣ ਬੰਦ ਰਖਾਇੰਦਾ । ਹੰਸ ਚੋਗ ਨਾ ਚੁਗੇ ਮਾਣਕ ਮੋਤੀ ਸੋਹੰ ਸ਼ਬਦ ਨਾ ਕੋਇ ਜੈਕਾਰ, ਪੰਖੀ ਪੰਛੀ ਸੰਗ ਨਾ ਕੋਇ ਰਖਾਇੰਦਾ । ਨਰ ਸਿੰਘ ਤੇਰਾ ਲੇਖਾ ਨਾ ਕੋਇ ਉਜਿਆਰ, ਪ੍ਰਹਿਲਾਦ ਵੇਸ ਨਾ ਕੋਇ ਵਟਾਇੰਦਾ । ਹਰੀ ਰੂਪ ਨਾ ਕੋਇ ਅਧਾਰ, ਗਜ਼ ਤੰਦ ਨਾ ਕੋਇ ਤੁੜਾਇੰਦਾ । ਨਰਾਇਣ ਤੇਰਾ ਗਿਆਨ ਨਾ ਕੋਇ ਸਹਾਰ, ਬਾਲਕ ਧਰੂ ਨਾ ਕੋਇ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਲਾਇੰਦਾ । ਬਾਵਨ ਉਠ ਕਰ ਵਿਚਾਰ, ਬਲ ਨਜ਼ਰ ਕਿਤੇ ਨਾ ਆਇਆ । ਕਰੇ ਖੇਲ ਅਗੰਮ ਅਪਾਰ, ਅਗੰਮੜੀ ਧਾਰ ਆਪ ਚਲਾਇਆ । ਸਤਿਜੁਗ ਰਿਹਾ ਨਾ ਵਿਚ ਸੰਸਾਰ, ਤ੍ਰੇਤਾ ਆਪਣਾ ਰੂਪ ਵਟਾਇਆ । ਪਰਸ ਰਾਮ ਕਰਿਆ ਖ਼ਬਰਦਾਰ, ਬ੍ਰਹਮਣ ਸੁਤ ਏਕਾ ਜਾਇਆ । ਰਾਮ ਰਘੁਪਤ ਲਏ ਅਵਤਾਰ, ਰਘੁਵੰਸ ਲੇਖ ਚੁਕਾਇਆ । ਨੇਤਰ ਨੈਣ ਵੇਖ ਉਘਾੜ, ਸੀਤਾ ਸੁਰਤੀ ਰੂਪ ਨਾ ਕੋਇ ਵਟਾਇਆ । ਭੀਲਣੀ ਦਿਸੇ ਨਾ ਕੋਇ ਵਿਚ ਉਜਾੜ, ਸਰ ਸਰੋਵਰ ਨਾ ਕੋਇ ਸੁਹਾਇਆ । ਸ੍ਰਿਸ਼ਟ ਸਬਾਈ ਰਾਵਣ ਰੂਪ ਹੋਇਆ ਸੰਸਾਰ, ਲੰਕਾ ਗੜ੍ਹ ਨਾ ਕੋਇ ਤੁੜਾਇਆ । ਪੁਰਖ ਅਬਿਨਾਸ਼ੀ ਕਰੇ ਖ਼ਬਰਦਾਰ, ਸਾਚਾ ਹੁਕਮ ਇਕ ਸੁਣਾਇਆ । ਸਾਚਾ ਹੁਕਮ ਧੁਰ ਫ਼ਰਮਾਣਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਵੇਦ ਵਿਆਸ ਉਠ ਬਾਲ ਅੰਞਾਣਾ, ਬਾਲੀ ਬੁਧ ਇਕ ਦ੍ਰਿੜਾਈਆ । ਨਾਤਾ ਤੁੱਟਾ ਅਠਾਰਾਂ ਪੁਰਾਣਾ, ਚਾਰ ਲੱਖ ਸਤਾਰਾਂ ਹਜ਼ਾਰ ਗਿਣ ਗਿਣ ਪੰਧ ਮੁਕਾਈਆ । ਅੰਤਮ ਵਰਤੇ ਹਰਿ ਕਾ ਭਾਣਾ, ਹਰਿ ਭਾਣਾ ਆਪ ਵਰਤਾਈਆ । ਜੀਵ ਜੰਤ ਕੋਈ ਨਾ ਦਿਸੇ ਸੁਘੜ ਸਿਆਣਾ, ਮਨ ਮਤ ਚਾਰੋਂ ਕੁੰਟ ਰਹੀ ਕੁਰਲਾਈਆ । ਕਾਹਨ ਕ੍ਰਿਸ਼ਨ ਵੇਖ ਖੇਲ ਮਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਜਣਾਈਆ । ਕਾਹਨ ਕ੍ਰਿਸ਼ਨ ਤ੍ਰੈਲੋਕੀ ਨਾਥ, ਨਾਥ ਅਨਾਥਾਂ ਆਪ ਜਣਾਇੰਦਾ । ਲੱਖ ਚੁਰਾਸੀ ਕੋਇ ਨਾ ਦਿਸੇ ਸਾਥ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਆਤਮ ਪਰਮਾਤਮ ਭੁੱਲਿਆ ਪਾਠ, ਸੁਰਤੀ ਸ਼ਬਦ ਨਾ ਕੋਇ ਮਿਲਾਇੰਦਾ । ਕੋਈ ਨਾ ਆਏ ਸਾਚੇ ਘਾਟ, ਸਾਚੇ ਸਰੋਵਰ ਸਚ ਇਸ਼ਨਾਨ ਨਾ ਕੋਇ ਕਰਾਇੰਦਾ । ਕੂੜੀ ਕਿਰਿਆ ਵਿਕਿਆ ਹਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਹਰਿ ਬੋਧ, ਬੋਧ ਅਗਾਧਾ ਆਪ ਸੁਣਾਈਆ । ਜਗਤ ਵਿਦਿਆ ਨਾ ਸਕੇ ਕੋਈ ਸੋਧ, ਸੋਭਤ ਨਜ਼ਰ ਕਿਸੇ ਨਾ ਆਈਆ । ਹਰਿ ਕਾ ਭੇਵ ਨਾ ਕਿਸੇ ਦਿਸੇ ਗੋਝ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੁਧ ਰਿਹਾ ਸਮਝਾਈਆ । ਸੋ ਪੁਰਖ ਨਿਰੰਜਣ ਪਰਵਰਦਿਗਾਰਾ, ਆਪਣਾ ਖੇਲ ਆਪ ਸਮਝਾਇੰਦਾ । ਈਸਾ ਮੂਸਾ ਕਰ ਖ਼ਬਰਦਾਰਾ, ਖ਼ਾਲਕ ਖ਼ਲਕ ਆਪ ਵਖਾਇੰਦਾ । ਮੁਕਾਮੇ ਹੱਕ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਲੋਕਮਾਤ ਹਾਹਾਕਾਰਾ, ਨੇਤਰ ਨੈਣ ਸਰਬ ਜਣਾਇੰਦਾ । ਕਲਮਾ ਕਲਾਮ ਨਾ ਕਿਸੇ ਵਿਚਾਰਾ, ਬਿਸਮਲ ਰੂਪ ਨਾ ਕੋਇ ਵਟਾਇੰਦਾ । ਸਯਦਾ ਸੀਸ ਨਾ ਝੁਕੇ ਪਰਵਰਦਿਗਾਰਾ,

ਆਬੇ ਹਯਾਤ ਨਾ ਕੋਇ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਆਪ ਚੁਕਾਇੰਦਾ । ਉਠ ਮੁਹੰਮਦ ਵੇਖ ਵਿਚਾਰ, ਬੇਐਬ ਰਿਹਾ ਸਮਝਾਈਆ । ਨਾਤਾ ਤੁਟਾ ਚਾਰ ਯਾਰ, ਚਾਰ ਕੁੰਟ ਰਹੀ ਕੁਰਲਾਈਆ । ਅੱਲਾ ਰਾਣੀ ਰੋਵੇ ਧਾਹਾਂ ਮਾਰ, ਧੀਰਜ ਧੀਰ ਨਾ ਕੋਇ ਧਰਾਈਆ । ਹੱਕ ਹਕੀਕਤ ਨਾ ਪਾਵੇ ਕੋਈ ਸਾਰ, ਲਾਸ਼ਰੀਕ ਬੈਠਾ ਮੁੱਖ ਛੁਪਾਈਆ । ਉਮਤ ਉਮਤੀ ਗਈ ਹਾਰ, ਨਬੀ ਰਸੂਲ ਨਾ ਸੰਗ ਨਿਭਾਈਆ । ਚਾਰੋਂ ਕੁੰਟ ਧੂੰਅਂਧਾਰ, ਚੌਦਸ ਚੰਦ ਨਾ ਕੋਇ ਚੜ੍ਹਾਈਆ । ਚੌਦਾਂ ਤਬਕ ਕਰਨ ਪੁਕਾਰ, ਚੌਧਵੀਂ ਸਦੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਮਤ ਉਮਤੀ ਰਿਹਾ ਵਖਾਈਆ । ਉਮਤ ਵੇਖੇ ਵਡ ਉਲਮਾ, ਆਲਮੀਨ ਸਮਝਾਇੰਦਾ । ਸਾਚਾ ਕਲਮਾ ਨਾ ਸਕੇ ਕੋਈ ਪੜ੍ਹਾ, ਸ਼ਰਅ ਸ਼ਰੀਅਤ ਨਾ ਕੋਇ ਵਖਾਇੰਦਾ । ਸਾਚਾ ਹੁਜਰਾ ਨਾ ਸਕੇ ਕੋਈ ਵਖਾ, ਸਾਚੀ ਬਾਂਗ ਨਾ ਕੋਇ ਅਲਾਇੰਦਾ । ਸਾਚਾ ਮਹਿਬੂਬ ਨਾ ਸਕੇ ਕੋਈ ਮਿਲਾ, ਗੁਰਬਤ ਕੋਈ ਨਾ ਬਾਹਰ ਕਢਾਇੰਦਾ । ਇਲਾਬੁੱਤ ਨਾ ਸਕੇ ਫੇਰਾ ਪਾ, ਇਤਲ ਵਿਤਲ ਸਿਤਲ ਖੇਲ ਨਾ ਕੋਇ ਜਣਾਇੰਦਾ । ਪੁਰਖ ਅਬਿਨਾਸ਼ੀ ਬੇਪਰਵਾਹ ਦੋ ਜਹਾਨਾਂ ਵੇਖ ਵਖਾਇੰਦਾ । ਸਭ ਦਾ ਲਹਿਣਾ ਦਏ ਮੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਸਾਚੀ ਖੇਲ ਹਰਿ ਨਿਰੰਕਾਰ, ਸਚਖੰਡ ਨਿਵਾਸੀ ਆਪ ਕਰਾਈਆ । ਨਾਨਕ ਨਿਰਗੁਣ ਵੇਖ ਵਿਚਾਰ, ਸਰਗੁਣ ਨਾਨਕ ਰਿਹਾ ਸਮਝਾਈਆ । ਚਾਰੋਂ ਕੁੰਟ ਕੁੰਟ ਵਿਭਚਾਰ, ਜੀਵ ਆਧਾਰ ਨਾ ਕੋਇ ਵਡਿਆਈਆ । ਨਾਮ ਸਤਿ ਨਾ ਕੋਇ ਪਿਆਰ, ਸਤਿਨਾਮ ਨਾ ਕੋਇ ਪੜ੍ਹਾਈਆ । ਅੰਦਰ ਵੜਿਆ ਕਾਮ ਕਰੋਧ ਲੋਭ ਮੋਹ ਹੰਕਾਰ, ਗਿਆਨ ਗੁਰੂ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਰਿਹਾ ਸਮਝਾਈਆ । ਨਾਨਕ ਨਿਰਗੁਣ ਬੋਲ ਜੈਕਾਰਾ, ਪੁਰਖ ਅਬਿਨਾਸ਼ੀ ਇਕ ਸੁਣਾਇੰਦਾ । ਤੇਰਾ ਭੇਵ ਆਦਿ ਜੁਗਾਦਿ ਨਿਆਰਾ, ਅੰਤ ਕੋਇ ਨਾ ਪਾਇੰਦਾ । ਮੈਂ ਲੋਕਮਾਤ ਬਣ ਕੇ ਗਿਆ ਵਣਜਾਰਾ, ਸਾਚਾ ਵਣਜ ਹੱਟ ਵਖਾਇੰਦਾ । ਚਾਰ ਵਰਨ ਦਿਤਾ ਇਕ ਸਹਾਰਾ, ਊਚ ਨੀਚ ਰਾਓ, ਰੰਕ ਨਾ ਕੋਇ ਜਣਾਇੰਦਾ । ਆਤਮ ਬ੍ਰਹਮ ਇਕ ਅਧਾਰਾ, ਪਾਰਬ੍ਰਹਮ ਮੇਲ ਮਿਲਾਇੰਦਾ । ਏਕਾ ਸ਼ਬਦ ਨਾਮ ਜੈਕਾਰਾ, ਚਾਰੋਂ ਕੁੰਟ ਕੁੰਟ ਸੁਣਾਇੰਦਾ । ਕਲਜੁਗ ਅੰਤਮ ਭੁੱਲਿਆ ਸਰਬ ਸੰਸਾਰਾ, ਕਲਜੁਗ ਆਪਣਾ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਵਡ ਬਲਵਾਨ, ਆਪੇ ਆਪ ਖੁਲ੍ਹਾਈਆ । ਗੋਬਿੰਦ ਸੂਰਾ ਨੌਜਵਾਨ, ਸਿੰਘ ਰੂਪ ਲਏ ਪਰਗਟਾਈਆ । ਪੁਰਖ ਅਬਿਨਾਸ਼ੀ ਵੇਖੇ ਮਾਰ ਧਿਆਨ, ਨੇਤਰ ਨੈਣ ਨੈਣ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਵੇਖੇ ਲੋਕਮਾਤ, ਏਕਾ ਨੈਣ ਉਠਾਇਆ । ਕੋਈ ਨਾ ਦਿਸੇ ਮੇਰਾ ਸਾਕ, ਸਭ ਬੈਠੇ ਸੰਗ ਤਜਾਇਆ । ਅੰਦਰ ਬਾਹਰ ਨਾ ਕੋਈ ਪਾਕ, ਪਤਿਤ ਰੂਪ ਨਾ ਕੋਇ ਵਟਾਇਆ । ਸਾਚੇ ਉਤਰਿਆ ਨਾ ਕੋਈ ਘਾਟ, ਕੰਢਾ ਪਾਰ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਜਣਾਇਆ । ਗੋਬਿੰਦ ਸੂਰਾ ਵਡ ਬਲਕਾਰ, ਏਕਾ ਸ਼ਬਦ ਸ਼ਬਦ ਜਣਾਈਆ । ਮੈਂ ਦੱਸ ਕੇ ਆਇਆ ਸਚ ਵਿਹਾਰ, ਚਾਰ ਵਰਨ ਕਰ ਕੁੜਮਾਈਆ । ਊਚ ਨੀਚ ਕਰ ਪਿਆਰ, ਆਪਣਾ ਰੰਗ ਰੰਗਾਈਆ । ਅੰਮ੍ਰਿਤ ਦੇ ਕੇ ਆਇਆ ਠੰਡਾ ਠਾਰ, ਸਾਚਾ ਰਸ ਵਿਚ ਸਮਾਈਆ । ਸੀਸ ਬੰਨ੍ਹ ਕੇ ਆਇਆ ਦਸਤਾਰ,

ਪੰਚਮ ਪੰਚ ਪੰਚ ਵਡਿਆਈਆ । ਚਾਰ ਯਾਰੀ ਜਾਏ ਹਾਰ, ਚੌਥਾ ਜੁਗ ਰਹਿਣ ਨਾ ਪਾਈਆ । ਅੰਤਮ ਖੇਲ ਕਰੇ ਨਿਰੰਕਾਰ, ਨਿਰਗੁਣ ਆਪਣਾ ਰੂਪ ਵਟਾਈਆ । ਸੰਬਲ ਨਗਰ ਧਾਮ ਨਿਆਰ, ਸਾਚਾ ਮੰਦਰ ਦਏ ਸੁਹਾਈਆ । ਪਰਗਟ ਹੋਏ ਕਲ ਕਲਕੀ ਅਵਤਾਰ, ਕਾਲਖ ਟਿੱਕਾ ਦਏ ਮਿਟਾਈਆ । ਚਾਰ ਜੁਗ ਦਾ ਲਹਿਣਾ ਦੇਣਾ ਕਰਜ਼ਾ ਦਏ ਉਤਾਰ, ਬਾਕੀ ਕੋਇ ਰਹਿਣ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਿਛਲਾ ਮੁੱਕੇ ਸਰਬ ਵਿਹਾਰ, ਅੱਗੇ ਲੇਖਾ ਆਪੇ ਲਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਆਪਣੀ ਗੋਦ ਲਏ ਬਹਾਲ, ਸਿਰ ਆਪਣਾ ਹੱਥ ਟਿਕਾਈਆ । ਵਰਨ ਬਰਨ ਜ਼ਾਤ ਪਾਤ ਊਚ ਨੀਚ ਰਾਉ ਰੰਕ ਤੋੜ ਜ਼ੰਜਾਲ, ਏਕਾ ਮਾਰਗ ਦਏ ਵਖਾਈਆ । ਨੌ ਖੰਡ ਪ੍ਰਿਥਮੀ ਦੋ ਜਹਾਨ ਸੱਤ ਦੀਪ ਬ੍ਰਹਿਮੰਡ ਖੰਡ ਏਕਾ ਇਸ਼ਟ ਪੁਰਖ ਅਕਾਲ, ਏਕਾ ਸੀਸ ਜਗਦੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸ਼ਾ ਏਕਾ ਵਾਰ ਸੁਣਾਈਆ । ਸਚ ਸੰਦੇਸਾ ਪੀਰ ਪੈਗ਼ੰਬਰ, ਪੈਗ਼ਾਮ ਹਰਿ ਜਣਾਇੰਦਾ । ਕਲਜੁਗ ਅੰਤਮ ਵੇਖ ਅਡੰਬਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਸਤਿਜੁਗ ਸਾਚੇ ਰਚੇ ਸਵੰਬਰ, ਥਿਤ ਵਾਰ ਆਪਣੇ ਹੱਥ ਰਖਾਇੰਦਾ । ਸਰਬ ਗੁਣਾਂ ਆਪੇ ਭਰਤੰਬਰ, ਗੁਣਵੰਤਾ ਗੁਣ ਨਾ ਕਿਸੇ ਸਮਝਾਇੰਦਾ । ਵਸਣਹਾਰਾ ਡੂੰਘੀ ਕੰਦਰ, ਉਚੇ ਟਿੱਲੇ ਆਪੇ ਫੇਰਾ ਪਾਇੰਦਾ । ਲੱਖ ਚੁਰਾਸੀ ਮਨ ਜੀਵ ਜੰਤ ਬੰਨ੍ਹੇ ਬੰਦਰ, ਨਾਮ ਡੋਰੀ ਹੱਥ ਉਠਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਖੰਡਰ, ਏਕਾ ਖੰਡਾ ਹੱਥ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਸਮਝਾਇੰਦਾ । ਪੀਰ ਪੈਗ਼ੰਬਰ ਸ਼ਾਹ ਹਕੀਰ, ਹਕ਼ੀਕਤ ਹਰਿ ਜਣਾਈਆ । ਚਾਰ ਜੁਗ ਸ਼ਰਅ ਸ਼ਰੀਅਤ ਵੱਜਾ ਰਿਹਾ ਜ਼ੰਜੀਰ, ਕਲਜੁਗ ਅੰਤਮ ਦਏ ਤੁੜਾਈਆ । ਬਦਲਣ ਆਇਆ ਆਪ ਤਕਦੀਰ, ਤਦਬੀਰ ਆਪਣੇ ਹੱਥ ਰਖਾਈਆ । ਕਰੇ ਖੇਲ ਬੇਨਜ਼ੀਰ, ਲਿਖਤ ਪੜ੍ਹਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਸਰਬ ਖੁਲ੍ਹਾਈਆ । ਨੇਤਰ ਖੋਲ੍ਹੋ ਅੱਗੋਂ ਬੋਲੋ, ਹਰਿ ਹਰਿ ਆਖ ਸੁਣਾਇੰਦਾ । ਆਪਣੀ ਉਮਤ ਆਪਣਾ ਮਜ਼੍ਹਬ ਆਪੇ ਤੋਲੋ, ਕੰਡਾ ਹੱਥ ਫੜਾਇੰਦਾ । ਆਦਿ ਜੁਗਾਦਿ ਸਦਾ ਅਡੋਲੋ, ਅਡੋਲ ਡੁਲ ਕਦੇ ਨਾ ਜਾਇੰਦਾ । ਲੱਖ ਚੁਰਾਸੀ ਜੀਵ ਜੰਤ ਕਲਜੁਗ ਅੰਤਮ ਕਰਨ ਆਇਆ ਘੋਲੋ, ਲੋਕਮਾਤ ਨੌਂ ਖੰਡ ਪ੍ਰਿਥਮੀ ਅਖਾੜਾ ਇਕ ਵਖਾਇੰਦਾ । ਆਪਣਾ ਆਪਣਾ ਪੜਦਾ ਖੋਲ੍ਹੋ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਖੋਲ੍ਹੋ ਤਾਕੀ ਬੰਦ ਕਿਵਾੜ, ਹਰਿ ਹਰਿ ਆਪ ਜਣਾਇਆ । ਕਲਜੁਗ ਅੰਤਮ ਅੱਗ ਲੱਗੀ ਤੱਤੀ ਹਾੜ, ਜੀਵ ਜੰਤ ਰਹੇ ਕੁਰਲਾਇਆ । ਸਾਧਾਂ ਸੰਤਾਂ ਰਹੀ ਸਾੜ ਧੀਰਜ ਧੀਰ ਨਾ ਕੋਇ ਧਰਾਇਆ । ਨਾ ਕੋਇ ਪਿਛੇ ਨਾ ਕੋਇ ਅਗਾੜ, ਸੀਸ ਹੱਥ ਨਾ ਕੋਇ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਰਿਹਾ ਮੁਕਾਇਆ । ਪੀਰ ਪੈਗ਼ੰਬਰ ਕਰ ਸਲਾਮ, ਦੋਏ ਜੋੜ ਪਏ ਸਰਨਾਈਆ । ਬੇਐਬ ਤੇਰੇ ਬਣੇ ਗ਼ੁਲਾਮ, ਆਪਣਾ ਮਾਣ ਨਾ ਕੋਇ ਰਖਾਈਆ । ਉਮਤ ਸਕੇ ਨਾ ਕੋਇ ਪਹਿਚਾਨ, ਸ਼ਰਅ ਸ਼ਰੀਅਤ ਰਹੀ ਕੁਰਲਾਈਆ । ਅਸੀਂ ਛੱਡ ਕੇ ਆਏ ਮੈਦਾਨ, ਆਪਣਾ ਬਲ ਨਾ ਕੋਇ ਰਖਾਈਆ । ਤੇਰੀ ਚਰਨੀ ਡਿਗੇ ਆਣ, ਇਕ ਪਨਾਹ ਮੰਗਾਈਆ । ਲੋਕਮਾਤ ਮੰਨਿਆ ਤੇਰਾ ਫ਼ਰਮਾਣ, ਧੁਰ ਸੰਦੇਸਾ ਜੋ ਲਿਆ ਸੁਣਾਈਆ । ਸਦੀ ਚੌਧਵੀਂ ਕਰ ਕਲਿਆਣ, ਕਲਮਾ ਨਬੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਆਪ ਸਮਝਾਇੰਦਾ । ਆਪਣੀ ਹੱਥੀਂ ਲਿਖੇ ਸਰਬ ਪਰਵਾਨਾ, ਆਪਣੀ ਪਰਵਾਨਗੀ ਆਪ ਜਣਾਇੰਦਾ । ਕਲਜੁਗ ਅੰਤ ਖੇਲ ਮਹਾਨਾ, ਖ਼ਾਲਕ ਖ਼ਲਕ ਵਿਚ ਵਖਾਇੰਦਾ । ਲੱਖ ਚੁਰਾਸੀ ਬੰਨ੍ਹੇ ਗਾਨਾ, ਜੀਵ ਜੰਤ ਸਗਨ ਮਨਾਇੰਦਾ । ਚਾਰੋਂ ਜੁਗ ਜੁਗ ਚੌਕੜੀ ਤੁਟੇ ਮਾਣਾ, ਅਭਿਮਾਨ ਨਾ ਕੋਇ ਵਡਿਆਇੰਦਾ । ਸਭ ਨੂੰ ਮੰਨਣਾ ਪਏ ਭਾਣਾ, ਹਰ ਭਾਣੇ ਸਦ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇੰਦਾ । ਦੀਨ ਦਿਆਲ ਦਇਆ ਕਰ, ਏਕਾ ਗੁਣ ਜਣਾਈਆ । ਦੇਵੇ ਹੁਕਮ ਅੱਗੇ ਖੜ੍ਹ, ਧੁਰ ਫ਼ਰਮਾਣਾ ਆਪ ਸੁਣਾਈਆ । ਲੋਕਮਾਤ ਜਿਸ ਲਾਈ ਜੜ੍ਹ, ਅੰਤਮ ਦੇਵੇ ਆਪ ਉਖੜਾਈਆ । ਜਿਸ ਦਾ ਕਲਮਾ ਆਏ ਪੜ੍ਹ, ਅੰਜੀਲ ਕੁਰਾਨ ਸਿਫ਼ਤ ਸਲਾਹੀਆ । ਜਿਸ ਦੀ ਬਾਣੀ ਆਏ ਮਾਤ ਧਰ, ਲਿਖ ਲਿਖ ਲੇਖ ਵਖਾਈਆ । ਜਿਸ ਨੂੰ ਸਯਦਾ ਆਏ ਕਰ, ਸੋ ਸਿਆਹ ਪੋਸ਼ ਰੂਪ ਵਟਾਈਆ । ਜਿਸ ਦਾ ਬਰਦਾ ਆਏ ਬਣ, ਸੋ ਬੇਪਰਦਾ ਹੋਇਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸਚਖੰਡ ਨਿਵਾਸੀ, ਏਕਾ ਏਕ ਜਣਾਇੰਦਾ । ਕਲਜੁਗ ਅੰਤਮ ਖੇਲ ਤਮਾਸ਼ੀ, ਚੌਥੇ ਜੁਗ ਆਪ ਕਰਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਜੀਵ ਜੰਤ ਬਿਨ ਹਰ ਨਾਮੇ ਚੜ੍ਹਨੇ ਫਾਂਸੀ, ਅੱਗੇ ਹੋ ਨਾ ਕੋਇ ਬਚਾਇੰਦਾ । ਨਜ਼ਰ ਨਾ ਆਏ ਪੰਡਤ ਕਾਂਸੀ, ਮੁੱਲਾਂ ਸ਼ੇਖ਼ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਵਰਤੇ ਹੁਕਮ ਸ੍ਰੀ ਭਗਵਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਤਖ਼ਤੋਂ ਲਾਹੇ ਰਾਜ ਰਾਜਾਨ, ਸੀਸ ਤਾਜ ਨਾ ਕੋਇ ਟਿਕਾਈਆ । ਨਗਰ ਖੇੜੇ ਬੀਆਬਾਨ, ਜੰਗਲ ਜੂਹ ਰੂਪ ਵਟਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਲਏ ਧਰਾਈਆ । ਚਾਰ ਯੁਗ ਦੀ ਚੁੱਕੇ ਆਣ, ਪਿਛਲੀ ਕਾਣ ਨਾ ਕੋਇ ਰਖਾਈਆ । ਅੱਗੇ ਦੇਵੇ ਇਕ ਗਿਆਨ, ਚਾਰ ਵਰਨ ਕਰੇ ਪੜ੍ਹਾਈਆ । ਏਕਾ ਸ਼ਬਦ ਨੌਜਵਾਨ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਏਕਾ ਖੰਡਾ ਬਿਨ ਮਿਆਨ, ਪੁਰਖ ਅਬਿਨਾਸ਼ੀ ਆਪ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸਲਾਹ, ਇਕ ਦੂਜੇ ਨਾਲ ਮਿਲ ਮਿਲ ਮਤਾ ਪਕਾਇਆ । ਕਲਜੁਗ ਵੇਲਾ ਅੰਤਮ ਗਿਆ ਆ, ਪਾਂਧੀ ਆਪਣਾ ਪੰਧ ਮੁਕਾਇਆ । ਜਿਸ ਦਾ ਢੋਲਾ ਆਏ ਗਾ, ਸੋ ਸਾਹਿਬ ਹੋਏ ਰੁਸ਼ਨਾਇਆ । ਜਿਸ ਨੂੰ ਵੇਦ ਵਿਆਸ ਗਿਆ ਲਿਖਾ, ਸੋ ਟਿੱਲੇ ਪਰਬਤ ਡੇਰਾ ਲਾਇਆ । ਜਿਸ ਨੂੰ ਈਸਾ ਕਹੇ ਮੇਰਾ ਖ਼ੁਦਾ, ਸੋ ਨੂਰ ਜ਼ਹੂਰ ਦਏ ਜਣਾਇਆ । ਜਿਸ ਨੂੰ ਮੁਹੰਮਦ ਕਹੇ ਅਮਾਮ ਮਹਿੰਦੀ ਵੇਸ ਲਏ ਵਟਾ, ਸੋ ਮੁਖ ਨਕ਼ਾਬ ਪੜਦਾ ਲਏ ਚੁਕਾਇਆ । ਜਿਸ ਨੂੰ ਸਤਿਗੁਰ ਨਾਨਕ ਕਿਹਾ ਨਿਹਕਲੰਕ ਮਹਾਂਬਲੀ ਜਾਏ ਆ, ਸਭ ਦਾ ਦੇਵੇ ਮਾਣ ਗਵਾਇਆ । ਜਿਸ ਨੂੰ ਗੋਬਿੰਦ ਕਿਹਾ ਕਲ ਕਲਕੀ ਅਵਤਾਰ ਫੇਰਾ ਲਏ ਪਾ । ਸੰਬਲ ਨਗਰੀ ਡੇਰਾ ਲਾਇਆ । ਸੋ ਪੁਰਖ ਨਿਰੰਜਣ ਲੋਕਮਾਤ ਆਇਆ ਵੇਸ ਵਟਾ, ਸਭ ਦਾ ਕਰੇ ਸਫਾਇਆ । ਪਹਿਲੀ ਚੇਤ ਦਿਵਸ ਸੁਹਾ, ਸਾਚੇ ਤਖ਼ਤ ਸੋਭਾ ਪਾਇਆ । ਹੁਕਮੀ ਹੁਕਮ ਲਏ ਮੰਗਾ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਬਹਾਇਆ । ਕਿਸੇ ਕੋਲੋਂ ਮੰਗੇ ਨਾ ਅੰਤ ਕੋਈ ਗਵਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਬਲ ਧਰਾਇਆ । ਨਾ ਕੋਈ ਮੰਗੇ ਗਵਾਹ, ਨਾ ਦੇਵੇ ਸਫ਼ਾਈਆ । ਸਭ ਦਾ ਲੇਖਾ

ਦੇਵੇ ਵਖਾ, ਜੋ ਲਿਖ ਲਿਖ ਆਏ ਨਾਲ ਕਲਮ ਸ਼ਾਹੀਆ । ਬ੍ਰਹਮੇ ਅੱਗੇ ਚਾਰੇ ਵੇਦ ਦਏ ਟਿਕਾ, ਵੇਦ ਵਿਆਸ ਪੁਰਾਨ ਅਠਾਰਾਂ ਦਏ ਸਮਝਾਈਆ । ਗੀਤਾ ਗਿਆਨ ਦਏ ਖੁਲ੍ਹਾ, ਕਾਹਨਾ ਕ੍ਰਿਸ਼ਨਾ ਪੜਦਾ ਲਾਹੀਆ । ਸਚ ਮੁਸੱਲਾ ਹੇਠ ਵਛਾ, ਇਲ ਲਿੱਲਾ ਕਰੇ ਪੜ੍ਹਾਈਆ । ਬਿਸਮਲ ਰੂਪ ਹੋਏ ਖ਼ੁਦਾ, ਬੇਹਬਲ ਵੇਖੇ ਸਰਬ ਲੋਕਾਈਆ । ਈਸਾ ਮੂਸਾ ਡੇਰਾ ਦੇਵੇ ਢਾਹ, ਕਰੇ ਖੇਲ ਬੇਪਰਵਾਹੀਆ । ਚੌਦਾਂ ਤਬਕਾਂ ਫੇਰਾ ਪਾ, ਅਹਿਮਦ ਮੁਹੰਮਦ ਖੇਲ ਕਰਾਈਆ । ਅਲਫ਼ ਯੇ ਦਏ ਮੁਕਾ, ਹਮਜ਼ਾ ਨੂਨ ਨਾ ਕੋਇ ਪੜ੍ਹਾਈਆ । ਨੁਕਤਾ ਗੈਨ ਦਏ ਮਿਟਾ, ਐਨ ਅੱਖ ਨਾ ਕੋਇ ਖੁਲ੍ਹਾਈਆ । ਸਹੀ ਸਲਾਮਤ ਇਕ ਖ਼ੁਦਾ, ਸੂਰਤ ਆਪ ਦਰਸਾਈਆ । ਅਜੂਨੀ ਰਹਿਤ ਵੇਸ ਵਟਾ, ਪੁਰਖ ਅਕਾਲ ਭੇਵ ਚੁਕਾਈਆ । ਨਾਨਕ ਨਿਰਗੁਣ ਮੇਲਾ ਸਹਿਜ ਸੁਭਾ, ਸਚਖੰਡ ਵੱਜੇ ਵਧਾਈਆ । ਗੁਰ ਗੋਬਿੰਦ ਅੰਦਰ ਜਾਏ ਸਮਾ, ਸਚ ਸਿੰਘਾਸਣ ਆਸਣ ਲਾਈਆ । ਜ਼ਿਮੀਂ ਅਸਮਾਨਾਂ ਫੇਰਾ ਆਏ ਪਾ, ਸ਼ਬਦੀ ਘੋੜਾ ਇਕ ਦੌੜਾਈਆ । ਸੋਲਾਂ ਕਲੀਆਂ ਆਸਣ ਪਾ, ਸੋਲਾਂ ਸ਼ਿੰਗਾਰ ਕਰੇ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤਮ ਸਭ ਨਾਲੋਂ ਹੋਏ ਬੇਵਫ਼ਾ, ਪਰਵਰਦਿਗਾਰ ਮੁਰਸ਼ਦ ਮੁਰੀਦ ਵੇਖੇ ਚਾਈਂ ਚਾਈਂਆ । ਰਾਮ ਰੂਪ ਆਪ ਧਰਾ, ਲੋਕਮਾਤ ਆਪਣਾ ਰੰਗ ਜਣਾਈਆ । ਸੰਤ ਸੁਹੇਲੇ ਭਗਤ ਭਗਵੰਤ ਲਏ ਉਠਾ, ਆਪ ਆਪਣਾ ਬੰਧਨ ਪਾਈਆ । ਆਤਮ ਤਾਕੀ ਬਜਰ ਕਪਾਟੀ ਕੁੰਡਾ ਲਾਹ, ਸਾਚੇ ਮੰਤਰ ਮੇਲ ਮਿਲਾਈਆ । ਮੰਦਰ ਮਸਜਿਦ ਮੱਠ ਸ਼ਿਵਦੁਵਾਲੇ ਪੰਧ ਦਏ ਮੁਕਾ, ਸਤਿਜੁਗ ਸਾਚਾ ਰਾਹ ਚਲਾਈਆ । ਏਕ ਇਸ਼ਟ ਇਕ ਗੁਰਦੇਵ ਇਕ ਸਵਾਮੀ ਹਰ ਨਿਹਕਾਮੀ ਦਏ ਵਖਾ, ਨਿਹਚਲ ਧਾਮ ਦਏ ਵਡਿਆਈਆ । ਘਟ ਘਟ ਬੈਠਾ ਅੰਤਰਜਾਮੀ, ਪੂਰਨ ਬ੍ਰਹਮ ਬ੍ਰਹਮ ਗਿਆਨੀ, ਪਾਰਬ੍ਰਹਮ ਵੇਸ ਵਟਾਈਆ । ਜਨ ਭਗਤਾਂ ਦੇਵੇ ਇਕ ਨਿਸ਼ਾਨੀ, ਆਤਮ ਅੰਦਰ ਅਨਹਦ ਬਾਣੀ, ਧੁਨ ਅਨਾਦੀ ਖੇਲ ਮਹਾਨੀ, ਜੋਤ ਨਿਰੰਜਣ ਨੂਰ ਨੁਰਾਨੀ, ਸੁਰਤੀ ਸ਼ਬਦ ਬਣੇ ਸਵਾਣੀ, ਆਤਮ ਬ੍ਰਹਮ ਪਦ ਨਿਰਬਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਪਣਾ ਖੇਲ ਪੁਰਖ ਕਰਤਾਰ, ਅਗੋਚਰ ਆਪਣੀ ਧਾਰ ਚਲਾਇੰਦਾ । ਅਨਹਦ ਸ਼ਬਦ ਵੱਜੇ ਆਪਣੇ ਭਾਰ, ਆਪਣੇ ਵਿਚ ਛੁਪਾਇੰਦਾ । ਆਪਣੀ ਜੋਤੀ ਆਪਣੇ ਅੰਦਰ ਵਾੜ, ਆਪੇ ਬੰਦ ਕਰਾਇੰਦਾ । ਦਸਮ ਦਵਾਰੀ ਆਪੇ ਹੋਏ ਬਾਹਰ, ਸੁਨ ਅਗੰਮ ਆਪ ਸਮਾਇੰਦਾ । ਆਪੇ ਵੇਖੇ ਧੂੰਆਂਧਾਰ, ਨੂਰ ਨੂਰ ਆਪ ਪਰਗਟਾਇੰਦਾ । ਨਾ ਕੋਈ ਸੂਰਜ ਚੰਦ ਹੋਏ ਉਜਿਆਰ, ਕਿਰਨ ਕਿਰਨ ਨਾ ਕੋਇ ਚਮਕਾਇੰਦਾ । ਪਰਕਾਸ਼ ਪਰਕਾਸ਼ ਵਿਚ ਪਿਆਰ, ਪਿਆਰ ਪਿਆਰ ਵਿਚ ਮਿਲਾਇੰਦਾ । ਆਪਣੇ ਫੜ ਕੇ ਕੱਢੇ ਬਾਹਰ, ਪੰਜ ਤੱਤ ਨਾਤਾ ਤੋੜ ਤੁੜਾਇੰਦਾ । ਜੋਤੀ ਜੋਤ ਖੇਲ ਨਿਆਰ, ਥਿਰ ਘਰ ਆਪਣਾ ਖੇਲ ਵਖਾਇੰਦਾ । ਥਿਰ ਘਰ ਬੈਠ ਆਪ ਕਰਤਾਰ, ਆਪ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪੁਰਖ ਅਕਾਲ ਇਕ ਅਖਵਾਇੰਦਾ । ਏਕਾ ਪੁਰਖ ਇਕ ਅਕਾਲ, ਅਕਲ ਕਲਾ ਅਖਵਾਇੰਦਾ । ਆਦਿ ਜੁਗਾਦੀ ਦੀਨ ਦਿਆਲ, ਦਇਆਨਿਧ ਠਾਕਰ ਭੇਵ ਨਾ ਆਇੰਦਾ । ਸਚਖੰਡ ਵਸੇ ਸੱਚੀ ਧਰਮਸਾਲ, ਸੋਭਾਵੰਤ ਆਪ ਸੁਹਾਇੰਦਾ । ਜੁਗ ਜੁਗ ਖੇਲ ਕਰੇ ਲੋਕਮਾਤ ਬਣ ਦਲਾਲ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਜਨ ਭਗਤਾਂ ਦੇਵੇ ਨਾਮ ਨਿਸ਼ਾਨ, ਸਚ ਨਿਸ਼ਾਨਾ ਹੱਥ ਫੜਾਇੰਦਾ । ਆਤਮ ਅੰਤਰ ਇਕ ਗਿਆਨ, ਬਿਨ ਰਸਨਾ ਜਿਹਵਾ ਆਪ ਸਮਝਾਇੰਦਾ । ਅਨਹਦ ਸ਼ਬਦ ਅਨਾਦੀ ਤਾਨ, ਰਾਗੀ ਰਾਗ

ਆਪ ਅਲਾਇੰਦਾ । ਜੋਤੀ ਦੀਪਕ ਦੀਆ ਬਾਲ ਮਹਾਨ, ਅਗਿਆਨ ਅੰਧੇਰ ਚੁਕਾਇੰਦਾ । ਜਨ ਭਗਤਾਂ ਕਰੇ ਆਪ ਪਛਾਣ, ਦੂਰ ਦੁਰਾਡਾ ਪੰਧ ਮੁਕਾਇੰਦਾ । ਰਾਤੀਂ ਸੁੱਤਿਆਂ ਦਰਸਨ ਦੇਵੇ ਆਣ, ਜਨਮ ਜੁਗ ਦੇ ਰੁੱਠਿਆਂ ਆਪ ਮਨਾਇੰਦਾ । ਬਿਰਹੋਂ ਤੀਰ ਨਿਰਾਲਾ ਮਾਰੇ ਬਾਣ, ਅਣਿਆਲਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ, ਹਰਿਜਨ ਆਪਣੀ ਗੋਦ ਬਹਾਇੰਦਾ । ਹਰਿਜਨ ਆਪਣੀ ਗੋਦੀ ਚੁੱਕ, ਹਰਿ ਸਾਚਾ ਖ਼ੁਸ਼ੀ ਮਨਾਈਆ । ਆਵਣ ਜਾਵਣ ਲੱਖ ਚੁਰਾਸੀ ਪੈਂਡਾ ਜਾਏ ਮੁੱਕ, ਮਾਤ ਗਰਭ ਫੇਰ ਨਾ ਆਈਆ । ਅੰਤ ਕੰਤ ਭਗਵੰਤ ਬਖ਼ਸ਼ੇ ਏਕਾ ਓਟ, ਚਰਨ ਸਰਨ ਸੱਚੀ ਸਰਨਾਈਆ । ਮੇਲ ਮਿਲਾਵਾ ਨਿਰਮਲ ਜੋਤ, ਜੋਤੀ ਜੋਤ ਜੋਤ ਸਮਾਈਆ । ਧਾਮ ਅਵੱਲੜਾ ਸਚਖੰਡ ਸਾਚਾ ਕੋਟ, ਚਾਰ ਦੀਵਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਭਗਤ ਸਹਾਈ ਏਕੰਕਾਰਾ, ਭਗਤ ਵਛਲ ਦਇਆ ਕਮਾਇੰਦਾ । ਕਲਜੁਗ ਅੰਤਮ ਕਰ ਪਿਆਰਾ, ਪਰਮ ਪੁਰਖ ਵੇਖ ਵਖਾਇੰਦਾ । ਚਤਰਭੁਜ ਬਾਲ ਅਵਾਣਾ, ਰੂਪ ਅਨੂਪ ਆਪ ਧਰਾਇੰਦਾ । ਭਗੌਤੀ ਭਗਵਨ ਹੋ ਮਿਹਰਵਾਨਾ, ਆਪ ਆਪਣਾ ਰੰਗ ਰੰਗਾਇੰਦਾ । ਆਦਿ ਸ਼ਕਤ ਨੂਰ ਮਹਾਨਾ, ਨੂਰੋ ਨੂਰ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਇਕ ਇਕੱਲਾ ਵਸਣਹਾਰਾ ਸਚ ਮਹੱਲਾ, ਲੋਕਮਾਤ ਫੇਰਾ ਪਾਇੰਦਾ । ਲੋਕਮਾਤ ਫੇਰਾ ਪਾ, ਕਰੇ ਖੇਲ ਬੇਪਰਵਾਹੀਆ । ਕਲਜੁਗ ਪੰਧ ਦਏ ਮੁਕਾ, ਲੇਖਾ ਆਪਣੇ ਹੱਥ ਰਖਾਈਆ । ਕੂੜੀ ਕਿਰਿਆ ਦਏ ਖਪਾ, ਜੂਠ ਝੂਠ ਰਹੇ ਨਾ ਰਾਈਆ । ਸਤਿ ਸਤਿਵਾਦੀ ਸਾਚਾ ਮਾਰਗ ਦਏ ਲੱਗਾ, ਸਤਿ ਅਸਤਿ ਏਕਾ ਰੰਗ ਵਖਾਈਆ । ਏਕਾ ਅੱਖਰ ਦਏ ਪੜ੍ਹਾ, ਏਕਾ ਜਪਤ ਜਾਪ ਸਮਝਾਈਆ । ਏਕਾ ਮੰਦਰ ਦਏ ਬਣਾ, ਚਾਰ ਵਰਨ ਸੋਭਾ ਪਾਈਆ । ਏਕਾ ਰਾਗ ਦਏ ਅਲਾ, ਆਤਮ ਪਰਮਾਤਮ ਕਰੇ ਕੁੜਮਾਈਆ । ਏਕਾ ਪੜਦਾ ਦਏ ਉਠਾ, ਨੂਰੋ ਨੂਰ ਨੂਰ ਰੁਸ਼ਨਾਈਆ । ਜੀਵ ਜੰਤ ਸਾਧ ਸੰਤ ਪਤਿਪਰਮੇਸ਼ਵਰ ਨਜ਼ਰੀ ਜਾਏ ਆ, ਲੱਖ ਚੁਰਾਸੀ ਨਾਰੀ ਖ਼ੁਸ਼ੀ ਮਨਾਈਆ । ਕੰਤ ਕੰਤੂਹਲਾ ਸਾਚੀ ਸੇਜ ਦਏ ਸੁਹਾ, ਸੋਭਾਵੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੇਵੇ ਵਰ, ਹਰਿਜਨ ਸਾਚੇ ਆਪ ਮਿਲਾਈਆ । ਹਰਿਜਨ ਸਾਚੇ ਮਿਲਿਆ ਮੇਲਾ, ਮਿਲ ਮਿਲ ਖ਼ੁਸ਼ੀ ਮਨਾਇੰਦਾ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਗੁਰ ਗੋਬਿੰਦ ਰੰਗ ਚੜ੍ਹਾਇੰਦਾ । ਏਥੇ ਓਥੇ ਸੱਜਣ ਸੁਹੇਲਾ, ਰਾਮ ਰਮੱਯਾ ਆਪਣੇ ਅੰਗ ਲਗਾਇੰਦਾ । ਜੁਗਾ ਜੁਗੰਤਰ ਵਸਣਹਾਰ ਨਵੇਲਾ, ਸਚਖੰਡ ਸਾਚੇ ਡੇਰਾ ਲਾਇੰਦਾ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਭਗਤ ਭਗਵੰਤ ਆਪ ਉਠਾਇੰਦਾ । ਭਗਤ ਭਗਵੰਤ ਲਏ ਉਠਾ, ਹਰਿ ਜੂ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਲਏ ਜਗਾ, ਜੀਵਣ ਜੁਗਤ ਇਕ ਸਮਝਾਈਆ । ਬਿਨ ਤੰਦੀ ਤਾਰ ਸਤਾਰ ਰਾਗ ਦਏ ਅਲਾ, ਘਰ ਨਾਦ ਮਰਦੰਗ ਵਜਾਈਆ । ਬ੍ਰਹਮ ਬ੍ਰਿਹਮਾਦ ਦਏ ਵਖਾ, ਪਾਰਬ੍ਰਹਮ ਸਚ ਸਰਨਾਈਆ । ਜਿਸ ਜਨ ਦਇਆ ਦਏ ਕਮਾ, ਤਿਸ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਦਰ ਅੰਦਰ ਆਪੇ ਵੜ, ਹਰਿਜਨ ਸਾਚੇ ਆਪ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤਰ, ਈਸ਼ ਜੀਵ ਜੀਵ ਈਸ਼ ਜਗਦੀਸ਼ ਕਰੇ ਕੁੜਮਾਈਆ ।

## ★ ੧੪ ਫੱਗਣ ੨੦੧੮ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਹਿ ਇਟਾਰਸੀ ★

ਆਦਿ ਜੁਗਾਦਿ ਇਕ ਭਗਵਾਨ, ਸ੍ਰੀ ਭਗਵਾਨ ਵਡੀ ਵਡਿਆਈਆ । ਆਦਿ ਜੁਗਾਦਿ ਇਕ ਨਿਸ਼ਾਨ, ਸਤਿ ਨਿਸ਼ਾਨਾ ਇਕ ਪਰਗਟਾਈਆ । ਆਦਿ ਜੁਗਾਦਿ ਇਕ ਰਾਜਾਨ, ਸ਼ਾਹੋ ਭੂਪ ਬੇਪਰਵਾਹੀਆ । ਆਦਿ ਜੁਗਾਦਿ ਇਕ ਮਕਾਨ, ਸਚਖੰਡ ਦੁਆਰਾ ਸੋਭਾ ਪਾਈਆ । ਆਦਿ ਜੁਗਾਦਿ ਏਕਾ ਨੂਰ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਆਦਿ ਜੁਗਾਦਿ ਏਕਾ ਧੁੰਨਕਾਨ, ਨਾਦ ਅਨਾਦੀ ਨਾਦ ਸੁਣਾਈਆ । ਆਦਿ ਜੁਗਾਦਿ ਇਕ ਗਿਆਨ, ਬੋਧ ਅਗਾਧ ਕਰੇ ਪੜ੍ਹਾਈਆ । ਆਦਿ ਜੁਗਾਦੀ ਏਕਾ ਅੰਮ੍ਰਿਤ ਪਾਨ, ਅੰਮਿਉਂ ਰਸ ਆਪਣਾ ਆਪ ਚਖਾਈਆ । ਆਦਿ ਜੁਗਾਦੀ ਏਕਾ ਕਾਹਨ, ਨਿਰਗੁਣ ਨਿਰਵੈਰ ਰੂਪ ਧਰਾਈਆ । ਆਦਿ ਜੁਗਾਦੀ ਏਕਾ ਦਾਨ, ਦਾਤਾ ਦਾਨੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਈਆ । ਆਦਿ ਜੁਗਾਦੀ ਏਕਾ ਮੀਤ, ਮਿੱਤਰ ਪਿਆਰਾ ਇਕ ਅਖਵਾਇੰਦਾ । ਆਦਿ ਜੁਗਾਦੀ ਏਕਾ ਗੀਤ, ਗੀਤ ਗੋਬਿੰਦ ਆਪ ਅਲਾਇੰਦਾ । ਆਦਿ ਜੁਗਾਦੀ ਏਕਾ ਰੀਤ, ਭਗਤ ਭਗਵੰਤ ਮੇਲ ਮਿਲਾਇੰਦਾ । ਆਦਿ ਜੁਗਾਦੀ ਠਾਂਡਾ ਸੀਤ, ਥਿਰ ਘਰ ਸਾਚੇ ਭੇਵ ਪਾਇੰਦਾ । ਆਦਿ ਜੁਗਾਦੀ ਪਤਤ ਪੁਨੀਤ, ਪਤਿਤ ਪਾਵਣ ਵੇਸ ਵਟਾਇੰਦਾ । ਆਦਿ ਜੁਗਾਦੀ ਵਸੇ ਹਰ ਘਟ ਚੀਤ, ਚੇਤਨ ਆਪਣਾ ਖੇਲ ਕਰਾਇੰਦਾ । ਆਦਿ ਜੁਗਾਦੀ ਸਦਾ ਅਨਡੀਠ, ਅਨਡਿਠੜੇ ਧਾਮ ਆਸਣ ਲਾਇੰਦਾ । ਆਦਿ ਜੁਗਾਦਿ ਸੁੱਤਾ ਰਹੇ ਦੇ ਕਰ ਪੀਠ, ਆਪਣੀ ਕਰਵਟ ਨਾ ਕਦੇ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਚਲਾਇੰਦਾ । ਆਦਿ ਜੁਗਾਦੀ ਏਕਾ ਗੋਬਿੰਦ, ਹਰਿ ਗੋਬਿੰਦ ਵਡ ਵਡਿਆਈਆ । ਆਦਿ ਜੁਗਾਦੀ ਏਕਾ ਬਿੰਦ, ਬਿੰਦ ਅਨਾਦੀ ਆਪ ਦਰਸਾਈਆ । ਆਦਿ ਜੁਗਾਦੀ ਏਕਾ ਸਿੰਧ, ਸਿੰਧ ਸਾਗਰ ਰੂਪ ਵਟਾਈਆ । ਆਦਿ ਜੁਗਾਦੀ ਗੁਣੀ ਗਹਿੰਦ, ਗਹਿਰ ਗੰਭੀਰ ਨਾਉਂ ਰਖਾਈਆ । ਆਦਿ ਜੁਗਾਦੀ ਹਰਖ਼ ਸੋਗ ਨਾ ਕੋਈ ਚਿੰਦ, ਚਿੰਤਾ ਦੁੱਖ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਦਿ ਜੁਗਾਦੀ ਏਕਾ ਆਸਣ, ਏਕਾ ਸੇਜਾ ਸੋਭਾ ਪਾਇੰਦਾ । ਆਦਿ ਜੁਗਾਦੀ ਖੇਲ ਤਮਾਸ਼ਨ, ਦੋ ਜਹਾਨਾਂ ਖੇਲ ਕਰਾਇੰਦਾ । ਆਦਿ ਜੁਗਾਦੀ ਭੂਪਤ ਭੂਪ ਸ਼ਾਹੋ ਸ਼ਾਬਾਸ਼ਨ, ਸ਼ਹਿਨਸ਼ਾਹ ਨਾਉਂ ਧਰਾਇੰਦਾ । ਆਦਿ ਜੁਗਾਦਿ ਵੇਖੇ ਵਿਗਸੇ ਪ੍ਰਿਥਮੀ ਅਕਾਸ਼ਨ, ਅਕਾਸ਼ ਅਕਾਸ਼ਾਂ ਡੇਰਾ ਲਾਇੰਦਾ । ਆਦਿ ਜੁਗਾਦੀ ਮੰਡਲ ਰਾਸਨ, ਗੋਪੀ ਕਾਹਨ ਆਪ ਨਚਾਇੰਦਾ । ਆਦਿ ਜੁਗਾਦੀ ਪਵਣ ਸੁਵਾਸਨ, ਪਵਣੀ ਪਵਣ ਫੇਰਾ ਪਾਇੰਦਾ । ਆਦਿ ਜੁਗਾਦੀ ਪੂਰੀ ਕਰੇ ਆਸਨ, ਆਸਾ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦੀ ਦਾਸੀ ਦਾਸਨ, ਬਣ ਸੇਵਕ ਸੇਵ ਕਮਾਇੰਦਾ । ਆਦਿ ਜੁਗਾਦੀ ਬੰਦ ਖੁਲਾਸਣ, ਬੰਦੀ ਤੋੜ ਬੰਦ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਦਿ ਜੁਗਾਦੀ ਏਕਾ ਰੰਗ, ਰੰਗ ਰੰਗੀਲਾ ਇਕ ਜਣਾਈਆ । ਆਦਿ ਜੁਗਾਦੀ ਇਕ ਪਲੰਘ, ਪਾਵਾ ਚੂਲ ਨਾ ਕੋਇ ਬਣਾਈਆ । ਆਦਿ ਜੁਗਾਦੀ ਨਾਮ ਮਰਦੰਗ, ਬਿਨ ਤਾਰ ਸਿਤਾਰ ਹਿਲਾਈਆ । ਆਦਿ ਜੁਗਾਦੀ ਵਸਣਹਾਰਾ ਬ੍ਰਹਿਮੰਡ ਖੰਡ, ਲੋਆਂ ਪੁਰੀਆਂ ਸੋਭਾ ਪਾਈਆ । ਆਦਿ ਜੁਗਾਦੀ ਰਚਨਾ ਰਚ ਜੇਰਜ ਅੰਡ, ਰਚ ਰਚ ਆਪਣੀ ਖ਼ੁਸ਼ੀ ਮਨਾਈਆ । ਆਦਿ ਜੁਗਾਦੀ ਵੇਸ ਵਟਾਏ ਵਿਚ ਵਰਭੰਡ, ਨਿਰਗੁਣ ਸਰਗੁਣ ਰੂਪ ਵਟਾਈਆ ।

ਆਦਿ ਜੁਗਾਦੀ ਗਾਏ ਛੰਦ, ਸਾਚਾ ਸੋਹਲਾ ਆਪ ਸੁਣਾਈਆ । ਆਦਿ ਜੁਗਾਦੀ ਇਕ ਅਨੰਦ, ਅਨੰਦ ਮੰਗਲ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਜਣਾਈਆ । ਆਦਿ ਜੁਗਾਦੀ ਏਕਾ ਨੂਰ, ਨੂਰ ਨੁਰਾਨਾ ਡਗਮਗਾਇੰਦਾ । ਆਦਿ ਜੁਗਾਦੀ ਇਕ ਜ਼ਹੂਰ, ਜ਼ਾਹਰਾ ਜ਼ਹੂਰ ਵੇਸ ਵਟਾਇੰਦਾ । ਆਦਿ ਜੁਗਾਦੀ ਇਕ ਦਸਤੂਰ, ਹੁਕਮ ਹਾਕਮ ਆਪ ਸੁਣਾਇੰਦਾ । ਆਦਿ ਜੁਗਾਦੀ ਸਰਬ ਕਲਾ ਭਰਪੂਰ, ਅਕਲ ਕਲ ਖੇਲ ਕਰਾਇੰਦਾ । ਆਦਿ ਜੁਗਾਦੀ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਆਦਿ ਜੁਗਾਦੀ ਸਤਿ ਸਰੂਰ, ਸਤਿ ਸਤਿਵਾਦੀ ਇਕ ਰਖਾਇੰਦਾ । ਆਦਿ ਜੁਗਾਦੀ ਨਾਤਾ ਤੋੜੇ ਕੂੜੇ ਕੂੜ, ਕੂੜੀ ਕਿਰਿਆ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਵਖਾਇੰਦਾ । ਆਦਿ ਜੁਗਾਦੀ ਇਕ ਭਗਵੰਤ, ਭਗਵਨ ਆਪਣਾ ਰੂਪ ਵਟਾਈਆ । ਆਦਿ ਜੁਗਾਦੀ ਏਕਾ ਕੰਤ, ਲੱਖ ਚੁਰਾਸੀ ਨਾਰੀ ਸੇਜ ਹੰਢਾਈਆ । ਆਦਿ ਜੁਗਾਦੀ ਬਣਾਏ ਬਣਤ, ਘੜਨ ਭੰਨਣਹਾਰ ਬੇਪਰਵਾਹੀਆ । ਆਦਿ ਜੁਗਾਦੀ ਮਹਿਮਾ ਅਗਣਤ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਆਦਿ ਜੁਗਾਦੀ ਏਕਾ ਸੰਤ, ਏਕਾ ਸਤਿਗੁਰ ਸੋਭਾ ਪਾਈਆ । ਆਦਿ ਜੁਗਾਦੀ ਏਕਾ ਮੰਤ, ਏਕਾ ਮੰਤਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਈਆ । ਆਦਿ ਜੁਗਾਦੀ ਇਕੋ ਦਾਤਾ, ਦੇਵਣਹਾਰ ਆਪ ਅਖਵਾਇੰਦਾ । ਆਦਿ ਜੁਗਾਦੀ ਇਕੋ ਗਾਥਾ, ਜੁਗ ਜੁਗ ਆਪ ਪੜ੍ਹਾਇੰਦਾ । ਆਦਿ ਜੁਗਾਦੀ ਇਕੋ ਰਾਥਾ, ਬਣ ਰਥਵਾਹੀ ਸੇਵ ਕਮਾਇੰਦਾ ਆਦਿ ਜੁਗਾਦੀ ਸਗਲਾ ਸਾਥਾ, ਸਗਲਾ ਸੰਗ ਨਿਭਾਇੰਦਾ । ਆਦਿ ਜੁਗਾਦੀ ਇਕੋ ਨਾਤਾ, ਜ਼ਾਤ ਪਾਤ ਨਾ ਵੰਡ ਵੰਡਾਇੰਦਾ । ਆਦਿ ਜੁਗਾਦੀ ਇਕੋ ਨਾਤਾ, ਬਿਧਾਤਾ ਜੋੜ ਜੁੜਾਇੰਦਾ । ਆਦਿ ਜੁਗਾਦੀ ਪਿਤਾ ਮਾਤਾ, ਪਿਤਾ ਪੂਤ ਖੇਲ ਖਿਲਾਇੰਦਾ । ਆਦਿ ਜੁਗਾਦੀ ਇਕੋ ਸਾਕਾ, ਪੁਰਖ ਅਬਿਨਾਸ਼ੀ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਇੰਦਾ । ਆਦਿ ਜੁਗਾਦੀ ਇਕ ਗੋਪਾਲ, ਏਕਾ ਘਰ ਸੁਹਾਈਆ । ਆਦਿ ਜੁਗਾਦੀ ਦੀਨ ਦਿਆਲ, ਆਪਣੀ ਦਇਆ ਕਮਾਈਆ । ਆਦਿ ਜੁਗਾਦੀ ਏਕਾ ਕਾਲ, ਲੱਖ ਚੁਰਾਸੀ ਫੜ ਫੜ ਖਾਈਆ । ਆਦਿ ਜੁਗਾਦੀ ਏਕਾ ਘਾਲਨ ਲਏ ਘਾਲ, ਸਾਚੀ ਘਾਲਣ ਆਪ ਸਮਝਾਈਆ । ਗੁਰਮੁਖ ਵਿਰਲਾ ਵੇਖੇ ਲਾਲ, ਲਾਲ ਅਨਮੁਲੜਾ, ਕੀਮਤ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਵੇਸ ਵਟਾਈਆ । ਜੁਗ ਕਰਤਾ ਵੇਸ ਅਵੱਲੜਾ, ਨਿਰਗੁਣ ਨੂਰ ਨੂਰ ਪਰਗਟਾ । ਜਨ ਭਗਤ ਫੜਾਏ ਪਲੜਾ, ਦਰ ਘਰ ਸਾਚਾ ਦਏ ਵਖਾ । ਨਿਹਚਲ ਧਾਮ ਉਚ ਅਟੱਲੜਾ, ਸਚਖੰਡ ਦੁਆਰਾ ਬਣਤ ਬਣਾ । ਕਰੇ ਖੇਲ ਅਗੰਮ ਅਗੰਮੜਾ, ਅਲਖ ਅਗੋਚਰ ਬੇਪਰਵਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਵੇਸ ਵਟਾ । ਆਦਿ ਜੁਗਾਦੀ ਏਕੰਕਾਰ, ਰੂਪ ਅਨੂਪ ਧਰਾਈਆ । ਆਦਿ ਜੁਗਾਦੀ ਕਰ ਪਸਾਰ, ਜੁਗ ਜੁਗ ਵੇਖ ਵਖਾਈਆ । ਆਦਿ ਜੁਗਾਦੀ ਗੁਰ ਅਵਤਾਰ, ਸੇਵਕ ਸਾਚੀ ਸੇਵ ਲਗਾਈਆ । ਆਦਿ ਜੁਗਾਦੀ ਪੀਰ ਪੈਗੰਬਰ ਦੇਵੇ ਸਹਾਰ, ਸਿਰ ਆਪਣਾ ਹੱਥ ਟਿਕਾਈਆ । ਆਦਿ ਜੁਗਾਦੀ ਜੁਗ ਚੌਕੜੀ ਲਹਿਣਾ ਦੇਣਾ ਦੇਵੇ ਕਰਜ਼ ਉਤਾਰ, ਮਕਰੂਜ਼ ਨਜ਼ਰ ਕੋਇ ਨਾ ਆਈਆ । ਖ਼ਾਲਕ ਖ਼ਲਕ ਵੇਖੇ ਵਿਗਸੇ ਵੇਖਣਹਾਰ, ਮਖਲੂਕ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ

੬੭੨
੧੧

ਆਪਣਾ ਨਾਦ ਆਪ ਸੁਣਾਈਆ । ਆਦਿ ਜੁਗਾਦੀ ਇਕੋ ਨਾਦ, ਅਨਾਦੀ ਹਰਿ ਵਜਾਇੰਦਾ । ਆਦਿ ਜੁਗਾਦੀ ਖੇਲ ਬ੍ਰਹਿਮਾਦ, ਬ੍ਰਹਿਮਾਦਕ ਵੇਸ ਵਟਾਇੰਦਾ । ਆਦਿ ਜੁਗਾਦੀ ਬੋਧ ਅਗਾਧ, ਬੋਧ ਅਗਾਧਾ ਸ਼ਬਦ ਅਲਾਇੰਦਾ । ਆਦਿ ਜੁਗਾਦੀ ਨਿਰਗੁਣ ਸਰਗੁਣ ਆਪਣੇ ਵਿਚੋਂ ਕਾਢ, ਲੱਖ ਚੁਰਾਸੀ ਬਣਤ ਬਣਾਇੰਦਾ । ਆਦਿ ਜੁਗਾਦਿ ਵਿਸ਼ਨ ਬ੍ਰਹਮਾ ਸ਼ਿਵ ਲਡਾਏ ਲਾਡ, ਸਾਚੀ ਗੋਦੀ ਗੋਦ ਸੁਹਾਇੰਦਾ । ਆਦਿ ਜੁਗਾਦੀ ਦੋ ਜਹਾਨ ਸ੍ਰੀ ਭਗਵਾਨ ਜਾਣੇ ਹਾਦ, ਪਾਰ ਕਿਨਾਰਾ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦੀ ਸਤਿ ਨਿਸ਼ਾਨਾ ਏਕਾ ਗਾਡ, ਸਚ ਸੁੱਚ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਆਦਿ ਜੁਗਾਦੀ ਇਕੋ ਰਾਹ, ਏਕਾ ਏਕ ਚਲਾਈਆ । ਆਦਿ ਜੁਗਾਦੀ ਇਕ ਮਲਾਹ, ਜੁਗ ਜੁਗ ਬੇੜਾ ਕੰਧ ਉਠਾਈਆ । ਆਦਿ ਜੁਗਾਦੀ ਸਚ ਸਲਾਹ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਆਦਿ ਜੁਗਾਦੀ ਇਕ ਨਿਕਾਹ, ਖਾਵੰਦ ਬੀਵੀ ਰੂਪ ਵਟਾਈਆ । ਆਦਿ ਜੁਗਾਦੀ ਇਕ ਮਹੱਲਾ ਦਏ ਵਸਾ, ਮਹੱਲ ਅਟੱਲ ਨਾਉਂ ਰਖਾਈਆ । ਆਦਿ ਜੁਗਾਦੀ ਨੂਰ ਨੁਰਾਨਾ ਇਕ ਖ਼ੁਦਾ, ਜਲਵਾ ਜਲਾਲ ਕਰੇ ਰੁਸ਼ਨਾਈਆ । ਆਦਿ ਜੁਗਾਦੀ ਦੇਵੇ ਇਕ ਪਨਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਬਰ ਆਪਣਾ ਵੇਸ ਵਟਾਈਆ । ਆਦਿ ਜੁਗਾਦੀ ਇਕ ਦਾਤਾਰ, ਦਾਤਾਰ ਆਪਣੀ ਖੇਲ ਖਿਲਾਇੰਦਾ । ਆਦਿ ਜੁਗਾਦੀ ਵਿਹਾਰ, ਬਿਵਹਾਰੀ ਧਾਰ ਚਲਾਇੰਦਾ । ਆਦਿ ਜੁਗਾਦੀ ਏਕਾ ਕਾਰ, ਕਰਤਾ ਪੁਰਖ ਕਿਰਤ ਕਮਾਇੰਦਾ । ਆਦਿ ਜੁਗਾਦੀ ਇਕ ਦਰਬਾਰ, ਸਚਖੰਡ ਦੁਆਰੇ ਆਪ ਲਗਾਇੰਦਾ । ਆਦਿ ਜੁਗਾਦੀ ਏਕਾ ਯਾਰ, ਮਿੱਤਰ ਪਿਆਰਾ ਨਾਉਂ ਧਰਾਇੰਦਾ । ਆਦਿ ਜੁਗਾਦੀ ਖੇਲੇ ਖੇਲ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇੰਦਾ । ਆਦਿ ਜੁਗਾਦੀ ਏਕਾ ਗੁਰਦੇਵ, ਗੁਰੂ ਗੁਰ ਗੁਰ ਵਡ ਵਡਿਆਈਆ । ਆਦਿ ਜੁਗਾਦਿ ਸਾਚੀ ਸੇਵ, ਸੇਵਕ ਸੇਵਾ ਸਚ ਸਮਝਾਈਆ । ਆਦਿ ਜੁਗਾਦੀ ਏਕਾ ਮੇਵ, ਨਾਮ ਰਸ ਹਰਿ ਚਖਾਈਆ । ਆਦਿ ਜੁਗਾਦੀ ਏਕਾ ਜਿਹਵ, ਜਿਹਵ ਰਸਨਾ ਰੂਪ ਵਟਾਈਆ । ਆਦਿ ਜੁਗਾਦੀ ਅਲਖ ਅਭੇਵ, ਅਲਖਨਾ ਅਲਖ ਵੇਖ ਵਖਾਈਆ । ਆਦਿ ਜੁਗਾਦੀ ਸਦਾ ਨਿਹਕੇਵ, ਨਿਹਚਲ ਧਾਮ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਪੜਦਾ ਲਾਹੀਆ । ਆਦਿ ਜੁਗਾਦੀ ਏਕਾ ਮੀਤ, ਮਿੱਤਰ ਪਿਆਰਾ ਹਰਿ ਅਖਵਾਇੰਦਾ । ਆਦਿ ਜੁਗਾਦੀ ਵਸਣਹਾਰਾ ਹਸਤ ਕੀਟ, ਘਟ ਘਟ ਆਪਣੀ ਜੋਤ ਜਗਾਇੰਦਾ । ਆਦਿ ਜੁਗਾਦੀ ਪੱਤਤ ਪਾਪੀ ਕਰੇ ਪੁਨੀਤ, ਦੁਰਮਤ ਮੈਲ ਧੁਵਾਇੰਦਾ । ਆਦਿ ਜੁਗਾਦੀ ਵਸਣਹਾਰਾ ਦਰ ਘਰ ਠਾਂਡੇ ਸੀਤ, ਸਾਚੇ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਏਕਾ ਘਰ ਸਮਝਾਇੰਦਾ । ਆਦਿ ਜੁਗਾਦਿ ਏਕਾ ਘਰ ਇਕ ਦਰਵਾਜ਼ਾ, ਹਰਿ ਸਾਚਾ ਸਚ ਜਣਾਈਆ । ਆਦਿ ਜੁਗਾਦਿ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾਈਆ । ਆਦਿ ਜੁਗਾਦਿ ਰਚਣਹਾਰਾ ਕਾਜਾ, ਰਚ ਰਚ ਆਪੇ ਵੇਖ ਵਖਾਈਆ । ਆਦਿ ਜੁਗਾਦਿ ਚਲਾਏ ਜਹਾਜ਼ਾ, ਦੋ ਜਹਾਨਾਂ ਬੇੜਾ ਆਪਣੇ ਕੰਧ ਉਠਾਈਆ । ਆਦਿ ਜੁਗਾਦਿ ਜਨ ਭਗਤਾਂ ਮਾਰੇ ਵਾਜ਼ਾਂ, ਲੋਕਮਾਤ ਸੁੱਤਿਆਂ ਲਏ ਉਠਾਈਆ । ਆਦਿ ਜੁਗਾਦਿ ਗੁਰਮੁਖਾਂ ਰੱਖੇ ਆਪੇ ਲਾਜਾ, ਸਿਰ ਆਪਣਾ ਹੱਥ ਟਿਕਾਈਆ । ਆਦਿ ਜੁਗਾਦਿ ਗੁਰਸਿਖਾਂ ਫਿਰੇ ਪਿਛੇ ਭਾਜਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੬੭੩
੧੧

ਕਿਰਪਾ ਕਰ, ਜੁਗ ਜੁਗ ਆਪਣੀ ਸੇਵ ਕਮਾਈਆ । ਆਦਿ ਜੁਗਾਦਿ ਘਾਲੇ ਘਾਲ, ਘਾਲਣਹਾਰ ਹਰਿ ਅਖਵਾਇੰਦਾ । ਆਦਿ ਜੁਗਾਦਿ ਲੱਭੇ ਲਾਲ, ਗੁਰਮੁਖ ਸਾਚੇ ਖੋਜ ਖੁਜਾਇੰਦਾ । ਆਦਿ ਜੁਗਾਦਿ ਬਣੇ ਦਲਾਲ, ਗੁਰ ਸ਼ਬਦੀ ਰੂਪ ਵਟਾਇੰਦਾ । ਆਦਿ ਜੁਗਾਦਿ ਬਣ ਵਣਜਾਰਾ ਦੇਵੇ ਨਾਮ ਸੱਚਾ ਧਨ ਮਾਲ, ਸਚ ਖ਼ਜ਼ੀਨਾ ਇਕ ਵਖਾਇੰਦਾ । ਆਦਿ ਜੁਗਾਦਿ ਨਾਤਾ ਤੋੜ ਜਗਤ ਜੰਜ਼ਾਲ, ਜਾਗਰਤ ਜੋਤ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਆਪਣੀ ਖੇਲ ਖਲਾਇੰਦਾ । ਆਦਿ ਜੁਗਾਦਿ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਆਦਿ ਜੁਗਾਦਿ ਜਨ ਭਗਤ ਫੜਾਏ ਆਪਣਾ ਪੱਲਾ, ਦੂਸਰ ਹੱਥ ਕਿਸੇ ਨਾ ਆਈਆ । ਆਦਿ ਜੁਗਾਦਿ ਵਸਣਹਾਰਾ ਸਚ ਮਹੱਲਾ, ਹਰਿਜਨ ਕਾਇਆ ਮੰਦਰ ਅੰਦਰ ਡੇਰਾ ਲਾਈਆ । ਆਦਿ ਜੁਗਾਦਿ ਸਚ ਸਨੇਹੁੜਾ ਇਕੋ ਘੱਲਾ, ਗੁਰਮੁਖ ਸਾਚੇ ਕਰੇ ਪੜ੍ਹਾਈਆ । ਆਦਿ ਜੁਗਾਦਿ ਗੁਰਸਿਖਾਂ ਅੰਦਰ ਆਪੇ ਰੱਲਾ, ਰਲ ਮਿਲ ਆਪਣੀ ਖ਼ੁਸ਼ੀ ਮਨਾਈਆ । ਆਦਿ ਜੁਗਾਦਿ ਬਿਰਹੋਂ ਵੈਰਾਗੀ ਹਰਿਜਨ ਵੈਰਾਗ ਅੰਦਰ ਹੋਏ ਝੱਲਾ, ਆਪਣੀ ਝਲਕ ਨਾ ਕੋਇ ਜਣਾਈਆ । ਜਿਸ ਦੁਆਰੇ ਗੁਰਮੁਖ ਸੱਜਣ ਸਾਚਾ ਖੱਲਾ, ਤਿਸ ਦੁਆਰੇ ਆਪਣੀ ਅਲਖ ਜਗਾਈਆ । ਗੁਰਮੁਖ ਤੇਰੇ ਬਾਝ ਫਿਰੇ ਇਕੱਲਾ, ਹਰਿ ਜੂ ਕੰਮ ਕਿਸੇ ਨਾ ਆਈਆ । ਤੇਰੇ ਹੱਥ ਫੜਾਏ ਆਪਣਾ ਪੱਲਾ, ਤੇਰਾ ਪੱਲੂ ਆਪਣੇ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਬਣ ਚਾਕਰ ਸੇਵ ਕਮਾਈਆ । ਚਾਕਰ ਚਾਕ ਬਣਾਇਆ ਖ਼ਾਕ, ਖ਼ਾਕੀ ਖ਼ਾਕ ਵੇਖ ਵਖਾਇੰਦਾ । ਗੁਰਮੁਖ ਵਿਰਲੇ ਘਰ ਖੁਲ੍ਹੇ ਤਾਕ, ਬੰਦ ਕਿਵਾੜੀ ਪੜਦਾ ਲਾਹਿੰਦਾ । ਅੰਦਰ ਬਹਿ ਬਹਿ ਮਾਰੇ ਝਾਤ, ਆਪ ਆਪਣਾ ਰੰਗ ਵਖਾਇੰਦਾ । ਨਾਤਾ ਜੋੜੇ ਬਣ ਬਣ ਸਾਕ, ਸਾਚਾ ਸੱਜਣ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜਨ ਭਗਤਾਂ ਮੇਲ ਮਿਲਾਇੰਦਾ । ਆਦਿ ਜੁਗਾਦਿ ਮੇਲ ਮਿਲੰਨਾ, ਮਿਲ ਮਿਲ ਆਪਣੀ ਖ਼ੁਸ਼ੀ ਬਣਾਈਆ । ਬਿਨ ਭਗਤਾਂ ਹਰਿ ਜੂ ਫਿਰੇ ਅੰਨਾ, ਜਗਤ ਨੇਤਰ ਨਾ ਕੋਇ ਖੁਲ੍ਹਾਈਆ । ਕਿਸੇ ਮਾਣ ਨਾ ਮਿਲੇ ਛਪਰ ਛੰਨਾ, ਗੁਰਦੁਆਰ ਮੰਦਰ ਮਸਜਦ ਮੱਠ ਰਹਿਣ ਨਾ ਪਾਈਆ । ਗੁਰਮੁਖ ਵਿਰਲਾ ਇਕੋ ਮੰਨਾ, ਹਰਿ ਸਤਿਗੁਰ ਖ਼ੁਸ਼ੀ ਮਨਾਈਆ । ਦੂਰ ਦੁਰਾਡਾ ਵਾਲੀ ਦੋ ਜਹਾਨਾਂ ਆਏ ਭੰਨਾ, ਲੋਆਂ ਪੁਰੀਆਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਪਣੀ ਸੇਵਾ ਆਪ ਕਮਾਈਆ । ਸੇਵਾ ਕਰਨ ਦਾ ਸਦਾ ਚਾਓ, ਹਰਿ ਜੂ ਹਰਿ ਹਰਿ ਆਪ ਰਖਾਇੰਦਾ । ਜੁਗ ਜੁਗ ਕਰੇ ਸਚ ਨਿਆਉਂ, ਹੁਕਮੀ ਹੁਕਮ ਆਪ ਵਰਤਾਇੰਦਾ । ਹਰਿਜਨ ਵੇਖੇ ਥਾਈਂ ਥਾਂਉਂ, ਥਾਨ ਥਨੰਤਰ ਖੋਜ ਖੁਜਾਇੰਦਾ । ਆਪੇ ਮੇਲੇ ਫੜ ਫੜ ਬਾਂਹੋਂ, ਆਪਣਾ ਪੰਧ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਮੇਲਣ ਆਏ ਹਰਿ ਜੂ ਨਰ ਨਰਾਇਣ, ਨਿਰਗੁਣ ਆਪਣਾ ਵੇਸ ਵਟਾਈਆ । ਰਸਨਾ ਕਿਆ ਕੋਈ ਸਕੇ ਕਹਿਣ, ਕਹਿਣ ਕਥਨ ਨਾ ਕੋਇ ਵਡਿਆਈਆ । ਇਕ ਦੂਜੇ ਦਾ ਲੈਣਾ ਦੇਣਾ ਇਕ ਦੂਜੇ ਨੂੰ ਦੇਣ, ਦੂਸਰ ਵੰਡ ਨਾ ਕੋਇ ਵੰਡਾਈਆ । ਭਗਤ ਭਗਵਾਨ ਦੋਵੇਂ ਇਕੋ ਧਾਮ ਰਹਿਣ, ਸਦ ਵੱਜਦੀ ਰਹੇ ਵਧਾਈਆ । ਦੋਹਾਂ ਨੇਤਰ ਇਕੋ ਨੈਣ, ਏਕਾ ਅੱਖ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਾ ਕਰੇ ਸਾਚਾ ਹਰਿ, ਬਿਨ ਭਗਤਾਂ ਚੈਨ ਕਿਤੇ ਨਾ ਆਈਆ । ਬਿਨ ਭਗਤਾਂ ਫਿਰੇ ਉਦਾਸ, ਜੁਗ ਜੁਗ ਕੂਕ ਕੂਕ ਸੁਣਾਇੰਦਾ ।



੬੭੪
੧੧

ਕਵਣ ਦੁਆਰੇ ਕਰਾਂ ਵਾਸ, ਸਾਚਾ ਘਰ ਨਜ਼ਰ ਕੋਇ ਨਾ ਆਇੰਦਾ । ਕਿਸ ਮੰਦਰ ਦੀਪਕ ਕਰਾਂ ਪਰਕਾਸ਼, ਸਾਚਾ ਮੰਦਰ ਕੌਣ ਸੁਹਾਇੰਦਾ । ਕਿਸ ਗ੍ਰਿਹ ਹੋਵਾਂ ਦਾਸੀ ਦਾਸ, ਬਣ ਸੇਵਕ ਸੇਵ ਕਮਾਇੰਦਾ । ਬਿਨ ਹਰਿ ਭਗਤ ਮੇਰੀ ਪੂਰੇ ਕਰੇ ਨਾ ਕੋਈ ਆਸ, ਪੁਰਖ ਅਬਿਨਾਸ਼ੀ ਇਕ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਜੁਗ ਵੇਸ ਵਟਾਇੰਦਾ । ਆਦਿ ਜੁਗਾਦਿ ਵੇਸ ਵਟਾਇਆ, ਵੇਸ ਅਨੇਕਾ ਰੂਪ ਵਟਾ । ਕਲਜੁਗ ਵੇਲਾ ਅੰਤਮ ਆਇਆ, ਪੁਰਖ ਅਬਿਨਾਸ਼ੀ ਅਚਰਜ ਖੇਲ ਰਿਹਾ ਰਚਾ । ਨਿਰਗੁਣ ਆਪਣਾ ਨਾਉਂ ਧਰਾਇਆ, ਸਰਗੁਣ ਮੇਲਾ ਸਹਿਜ ਸੁਭਾ । ਅੰਤਰ ਬਹਿ ਬਹਿ ਡੇਰਾ ਲਾਇਆ, ਮੰਤਰ ਆਪਣਾ ਜਾਪ ਜਪਾ । ਜਗਤ ਬਸੰਤਰ ਦਏ ਬੁਝਾਇਆ, ਏਕਾ ਮੇਘ ਬਰਸਾ । ਗਗਨ ਗਗਨੰਤਰ ਡੇਰਾ ਢਾਹਿਆ, ਰਵ ਸਸ ਸੂਰਜ ਚੰਨ ਰਹੇ ਸ਼ਰਮਾ । ਵਿਸ਼ਨ ਬ੍ਰਹਮਾ ਸ਼ਿਵ ਚਰਨ ਸੀਸ ਝੁਕਾਇਆ, ਦੋਏ ਜੋੜ ਪਏ ਸਰਨਾ । ਗੁਰਮੁਖ ਸਾਚਾ ਖ਼ੁਸ਼ੀ ਮਨਾਇਆ, ਪ੍ਰਭ ਮਿਲਿਆ ਬੇਪਰਵਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਆਪਣਾ ਨਾਉਂ ਲਏ ਧਰਾ । ਆਪਣਾ ਨਾਉਂ ਆਪੇ ਰੱਖ, ਰੱਖਕ ਆਪਣਾ ਵੇਸ ਵਟਾਈਆ । ਨਿਰਗੁਣ ਨਿਰਗੁਣ ਹੋ ਪਰਤੱਖ, ਨਿਰਗੁਣ ਨਿਰਗੁਣ ਲਏ ਮਿਲਾਈਆ । ਨੌਂ ਖੰਡ ਪ੍ਰਿਥਮੀ ਭਾਂਡੇ ਕਰੇ ਸਖ, ਸਾਚੀ ਵਸਤ ਹੱਥ ਕਿਸੇ ਨਾ ਆਈਆ । ਜਨ ਭਗਤਾਂ ਮਾਰਗ ਦੇਵੇ ਦੱਸ, ਆਪ ਆਪਣੀ ਬੂਝ ਬੁਝਾਈਆ । ਪਹਿਲੋਂ ਆਪ ਹੋਏ ਵਸ, ਦੂਜੇ ਗੁਰਮੁਖ ਲਏ ਮਿਲਾਈਆ । ਤੀਜੇ ਪੂਰੀ ਕਰੇ ਆਸ, ਚੌਥੇ ਆਪਣੇ ਘਰ ਬਹਾਈਆ । ਪੰਚਮ ਲੇਖਾ ਲਾਏ ਪਵਣ ਸਵਾਸ, ਛੇਵੇਂ ਛੱਪਰ ਛੰਨ ਦਏ ਵਡਿਆਈਆ । ਸਤਵੇਂ ਸਤਿ ਪੁਰਖ ਨਿਰੰਜਣ ਪਾਏ ਰਾਸ, ਅੱਠਾਂ ਤੱਤਾਂ ਨਾਚ ਨਚਾਈਆ । ਨੌਂ ਦੁਆਰੇ ਬੰਦ ਖੁਲਾਸ, ਬੰਦੀਖਾਨਾ ਤੋੜ ਤੁੜਾਈਆ । ਦਸਵੇਂ ਮੇਲਾ ਸ਼ਾਹੋ ਸ਼ਾਬਾਸ਼, ਦਹਿ ਦਿਸ਼ਾ ਵੰਡ ਵੰਡਾਈਆ । ਗੁਰਮੁਖ ਪੂਰੀ ਕਰੇ ਆਪੇ ਆਸ, ਆਪਣੀ ਆਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਘਰ, ਜਨ ਭਗਤਾਂ ਰਿਹਾ ਸਮਝਾਈਆ । ਸਾਚੇ ਘਰ ਹਰਿਜਨ ਵੜਨਾ, ਹਰਿ ਹਰਿ ਆਖ ਸੁਣਾਇੰਦਾ । ਬਿਨ ਪੌੜੀ ਡੰਡੇ ਉਪਰ ਚੜ੍ਹਨਾ, ਸਚ ਮਹੱਲ ਇਕ ਵਡਿਆਇੰਦਾ । ਬਿਨ ਤੇਲ ਬਾਤੀ ਦੀਪਕ ਜਲਣਾ, ਜੋਤੀ ਜੋਤ ਡਗਮਗਾਇੰਦਾ । ਸਤਿਗੁਰ ਪੂਰਾ ਇਕੋ ਮਿਲਣਾ, ਏਕੰਕਾਰਾ ਆਪਣੀ ਗੋਦ ਧਰਾਇੰਦਾ । ਪੁਰਖ ਅਬਿਨਾਸ਼ੀ ਦੁਆਰੇ ਗੁਰਸਿਖ ਸਦਾ ਪਲਣਾ, ਪਾਲ ਪੋਸ ਆਪਣੇ ਨਾਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਗੁਰਮੁਖ ਆਪਣੀ ਗੋਦ ਸੁਹਾਇੰਦਾ ।

★ ੧੪ ਫੱਗਣ ੨੦੧੮ ਬਿਕ੍ਰਮੀ ਟੋਪਨ ਲਾਲ ਦੇ ਗ੍ਰਿਹ ਇਟਾਰਸੀ ★

ਆਦਿ ਅੰਤ ਏਕਾ ਗੁਰ, ਨਿਰਗੁਣ ਨਿਰਾਕਾਰ ਹਰਿ ਅਖਵਾਇੰਦਾ । ਆਦਿ ਅੰਤ ਏਕਾ ਸੁਰ, ਨਾਦ ਅਨਾਦੀ ਨਾਦ ਸੁਣਾਇੰਦਾ । ਆਦਿ ਅੰਤ ਏਕਾ ਘੁੜ, ਸ਼ਬਦ ਸ਼ਬਦੀ ਵੇਸ ਵਟਾਇੰਦਾ । ਆਦਿ ਅੰਤ ਏਕਾ ਜੋੜ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਆਦਿ ਅੰਤ ਏਕਾ ਜਾਏ

ਬੋਹੜ, ਰੂਪ ਅਨੂਪ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਖੇਲ ਕਰਾਇੰਦਾ । ਆਦਿ ਅੰਤ ਇਕ ਅਵਤਾਰ, ਏਕਾ ਏਕ ਵਡੀ ਵਡਿਆਈਆ । ਆਦਿ ਅੰਤ ਇਕ ਦੁਆਰ, ਦਰ ਘਰ ਸਾਚਾ ਇਕ ਸਮਝਾਈਆ । ਆਦਿ ਅੰਤ ਇਕ ਭੰਡਾਰ, ਸੋ ਪੁਰਖ ਨਿਰੰਜਣ ਆਪ ਵਰਤਾਈਆ । ਆਦਿ ਅੰਤ ਇਕ ਵਿਹਾਰ, ਬਿਵਹਾਰੀ ਆਪ ਕਰਾਈਆ । ਆਦਿ ਅੰਤ ਏਕਾ ਕਾਰ, ਕਰਤਾ ਪੁਰਖ ਆਪ ਕਮਾਈਆ । ਆਦਿ ਅੰਤ ਇਕ ਦਰਬਾਰ, ਧੁਰ ਦਰਬਾਰੀ ਆਪ ਲਗਾਈਆ । ਆਦਿ ਅੰਤ ਇਕ ਪਸਾਰ, ਪਸਰ ਪਸਾਰੀ ਖੇਲ ਕਰਾਈਆ । ਆਦਿ ਅੰਤ ਇਕ ਜੈਕਾਰ, ਜੈ ਜੈਕਾਰ ਨਾਉਂ ਸੁਣਾਈਆ । ਆਦਿ ਅੰਤ ਖੇਲ ਪੁਰਖ ਨਾਰ, ਨਾਰੀ ਕੰਤ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਵੇਖ ਵਖਾਈਆ । ਆਦਿ ਅੰਤ ਏਕਾ ਧਾਰ, ਇਕ ਇਕੱਲਾ ਹਰਿ ਚਲਾਇੰਦਾ । ਜੁਗਾ ਜੁਗੰਤਰ ਹੋ ਤਿਆਰ, ਤ੍ਰੈਗੁਣ ਅਤੀਤਾ ਵੇਸ ਵਟਾਇੰਦਾ । ਲੋਕਮਾਤ ਕਰੇ ਖ਼ਬਰਦਾਰ, ਜੀਵ ਜੰਤ ਆਪ ਜਗਾਇੰਦਾ । ਨਾਮ ਡੰਕਾ ਅਪਰ ਅਪਾਰ, ਦੋ ਜਹਾਨਾਂ ਵਾਲੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣੇ ਹੱਥ ਰਖਾਇੰਦਾ । ਆਦਿ ਅੰਤ ਸੂਰਬੀਰ, ਵਡ ਬਲਵਾਨ ਬਲ ਰਖਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪੈਂਡਾ ਚੀਰ, ਵਰਭੰਡ ਕਰੇ ਕੁੜਮਾਈਆ । ਸਰ ਸਰੋਵਰ ਤਟ ਕਿਨਾਰਾ ਵੇਖੇ ਨੀਰ, ਨਵ ਨੌਂ ਫੇਰਾ ਪਾਈਆ । ਤ੍ਰੈਗੁਣ ਤੋੜਣਹਾਰ ਜ਼ੰਜੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਭੇਵ ਚੁਕਾਈਆ । ਆਦਿ ਅੰਤ ਇਕ ਬਲਵਾਨ, ਬਲਧਾਰੀ ਹਰਿ ਅਖਵਾਇੰਦਾ । ਆਦਿ ਅੰਤ ਇਕ ਭਗਵਾਨ, ਭਗਵਨ ਵੇਸ ਵਟਾਇੰਦਾ । ਆਦਿ ਅੰਤ ਇਕ ਨਿਸ਼ਾਨ, ਦਰਗਾਹ ਸਾਚੀ ਸਚ ਜਣਾਇੰਦਾ । ਆਦਿ ਜੁਗਾਦੀ ਏਕਾ ਬਾਣ, ਤੀਰ ਨਿਰਾਲਾ ਆਪ ਚਲਾਇੰਦਾ । ਆਦਿ ਜੁਗਾਦੀ ਇਕ ਮਕਾਨ, ਹਰਿ ਚਰਨ ਸਰਨ ਸਰਨ ਚਰਨ ਹਰਿ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਵੇਖ ਵਖਾਇੰਦਾ । ਆਦਿ ਅੰਤ ਵੇਖੇ ਏਕ, ਏਕਾ ਰੰਗ ਸਮਾਇਆ । ਜੁਗਾ ਜੁਗੰਤਰ ਬਖ਼ਸ਼ੇ ਟੇਕ, ਇਸ਼ਟ ਦੇਵ ਰੂਪ ਵਟਾਇਆ । ਲੱਖ ਚੁਰਾਸੀ ਲਿਖਣਹਾਰਾ ਲੇਖ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇਆ । ਨਿਰਗੁਣ ਸਰਗੁਣ ਧਰ ਧਰ ਭੇਖ, ਭੇਖ ਅਵੱਲੜਾ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਸ੍ਰੀ ਭਗਵੰਤ ਆਪਣਾ ਖੇਲ ਆਪ ਸਮਝਾਇਆ । ਆਦਿ ਅੰਤ ਖੇਲ ਅਪਾਰਾ, ਆਦਿ ਨਿਰੰਜਣ ਹਰਿ ਕਰਾਈਆ । ਜੁਗਾ ਜੁਗੰਤਰ ਲਏ ਅਵਤਾਰਾ, ਗੁਰ ਗੁਰ ਵੇਸ ਵਟਾਈਆ । ਸ਼ਬਦੀ ਸ਼ਬਦ ਸ਼ਬਦ ਜੈਕਾਰਾ, ਨਾਦੀ ਨਾਦ ਨਾਦ ਸੁਣਾਈਆ । ਭਗਤ ਭਗਵੰਤ ਖੋਲ੍ਹ ਕਿਵਾੜਾ, ਆਤਮ ਅੰਤਰ ਬੂਝ ਬੁਝਾਈਆ । ਸੰਤਨ ਦੇਵੇ ਸਚ ਹੁਲਾਰਾ, ਸਾਚੀ ਸਿਖਿਆ ਇਕ ਸਮਝਾਈਆ । ਗੁਰਮੁਖ ਮੇਲੇ ਚਰਨ ਦੁਆਰਾ, ਧੂੜੀ ਟਿੱਕਾ ਮਸਤਕ ਲਾਈਆ । ਗੁਰਸਿਖ ਨਾਤਾ ਤੋੜੇ ਅਗਨੀ ਤੱਤ ਤੱਤੀ ਹਾੜਾ, ਸਾਂਤਕ ਸਤਿ ਸਤਿ ਕਰਾਈਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਜਲ ਥਲ ਮਹੀਅਲ ਫੇਰਾ ਪਾਈਆ । ਲੇਖਾ ਜਾਣੇ ਬਹੱਤਰ ਨਾੜਾ, ਨਾੜੀ ਨਾੜੀ ਰੂਪ ਵਟਾਈਆ । ਕਾਇਆ ਮੰਦਰ ਅੰਦਰ ਇਕ ਅਖਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਵੇਖ ਵਖਾਈਆ । ਆਦਿ ਅੰਤ ਵੇਖਣ ਯੋਗ, ਜੋਗ ਜੁਗਤ ਆਪਣੇ ਹੱਥ ਰਖਾਇੰਦਾ । ਆਦਿ ਅੰਤ ਕੱਟਣਹਾਰਾ ਰੋਗ, ਚਿੰਤਾ ਸੋਗ ਮੋਹ ਚੁਕਾਇੰਦਾ । ਆਦਿ ਅੰਤ ਵਸਣਹਾਰਾ ਚੌਦਾਂ ਲੋਕ, ਲੋਕ ਪਰਲੋਕ

੬੭੬
੧੧

੬੭੭
੧੧

ਫੇਰਾ ਪਾਇੰਦਾ । ਆਦਿ ਅੰਤ ਦੱਸਣਹਾਰਾ ਸਚ ਸਲੋਕ, ਸਾਚਾ ਸੋਹਲਾ ਢੋਲਾ ਗਾਇੰਦਾ । ਆਦਿ ਅੰਤ ਵਸਣਹਾਰਾ ਸਾਚੇ ਕੋਟ, ਸਾਚਾ ਮੰਦਰ ਆਪ ਸੁਹਾਇੰਦਾ । ਆਦਿ ਅੰਤ ਜਗਾਵਣਹਾਰਾ ਨਿਰਮਲ ਜੋਤ, ਜੋਤੀ ਜੋਤ ਡਗਮਗਾਇੰਦਾ । ਆਦਿ ਅੰਤ ਵੇਖਣਹਾਰਾ ਓਤ ਪੋਤ, ਪੂਤ ਸਪੂਤੇ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਅੰਤ ਖੇਲ ਖਿਲਾਇੰਦਾ । ਆਦਿ ਅੰਤ ਹਰਿ ਜੂ ਖੇਲ, ਖੇਲਣਹਾਰਾ ਆਪ ਖਿਲਾਈਆ । ਭਗਤ ਭਗਵੰਤ ਸਾਚਾ ਮੇਲ, ਘਰ ਮੇਲਾ ਸਹਿਜ ਸੁਭਾਈਆ । ਕਰੇ ਪਰਕਾਸ਼ ਬਿਨ ਬਾਤੀ ਤੇਲ, ਜੋਤੀ ਜੋਤ ਜੋਤ ਜਗਾਈਆ । ਸਖਾ ਸਹਾਈ ਸੱਜਣ ਸੁਹੇਲ, ਸਗਲਾ ਸੰਗ ਨਿਭਾਈਆ । ਰਾਏ ਧਰਮ ਦੀ ਕੱਟੇ ਜੇਲ, ਜਮ ਕੀ ਫਾਸੀ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਹਰਿਜਨ ਸਾਚੇ ਲਏ ਤਰਾਈਆ । ਆਦਿ ਅੰਤ ਇਕ ਸਹਾਰਾ, ਸੋ ਪੁਰਖ ਨਿਰੰਜਣ ਇਕ ਜਣਾਇੰਦਾ । ਜਨ ਭਗਤਾਂ ਲਾਏ ਪਾਰ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਦੇਵੇ ਦਰਸ ਅਗੰਮ ਅਪਾਰਾ, ਅਗੰਮ ਨਿਗ਼ਮ ਆਪਣੀ ਖੇਲ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਆਦਿ ਅੰਤ ਤਾਰੇ ਹਰਿ, ਤਾਰਨਹਾਰ ਇਕ ਅਖਵਾਇਆ । ਜੁਗਾਂ ਜੁਗੰਤਰ ਦੇਵੇ ਵਰ, ਵਰ ਸਾਚਾ ਝੋਲੀ ਪਾਇਆ । ਜਨਮ ਜਨਮ ਚੁਕਾਏ ਡਰ, ਨਿਰਭੌ ਆਪਣਾ ਭੈ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸਮਝਾਇਆ । ਆਦਿ ਅੰਤ ਖੇਲ ਅਗੰਮ, ਪੁਰਖ ਅਗੰਮੜਾ ਆਪ ਕਰਾਈਆ । ਹਰਿਜਨ ਲੇਖਾ ਲਾਏ ਦਮੋਂ ਦਮ, ਪਵਣ ਸਵਾਸ ਵੇਖ ਵਖਾਈਆ । ਨਾਤਾ ਤੋੜ ਹਰਖ਼ ਸੋਗ ਚਿੰਤਾ ਗ਼ਮ, ਏਕਾ ਰੰਗ ਰੰਗ ਵਖਾਈਆ । ਡੁੱਬਦਾ ਬੇੜਾ ਆਪੇ ਬੰਨ੍ਹ, ਪਾਥਰ ਪਾਹਨ ਲਏ ਤਰਾਈਆ । ਲੇਖਾ ਜਾਣੇ ਜਨਨੀ ਜਨ, ਜਨ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਹਰਿਜਨ ਸਾਚੇ ਲਏ ਤਰਾਈਆ । ਆਦਿ ਅੰਤ ਇਕ ਨਰੇਸ਼, ਨਰ ਹਰਿ ਹਰੀ ਨਰਾਇਣ ਹਰਿ ਅਖਵਾਇੰਦਾ । ਆਦਿ ਅੰਤ ਏਕਾ ਲੇਖ, ਗੁਰ ਅਵਤਾਰਾਂ ਆਪ ਪੜ੍ਹਾਇੰਦਾ । ਆਦਿ ਅੰਤ ਏਕਾ ਭੇਖ, ਵਿਸ਼ਨ ਬ੍ਰਹਮਾ ਸ਼ਿਵ ਸਮਝਾਇੰਦਾ । ਆਦਿ ਅੰਤ ਇਕ ਆਦੇਸ, ਭਗਤ ਭਗਵੰਤ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਆਪ ਸੁਹਾਇੰਦਾ । ਆਦਿ ਅੰਤ ਇਕ ਮਹੱਲ, ਹਰਿ ਜੂ ਹਰਿ ਹਰਿ ਆਪ ਬਣਾਈਆ । ਆਦਿ ਅੰਤ ਏਕਾ ਕਲ, ਅਕਲ ਕਲ ਰੂਪ ਵਟਾਈਆ । ਆਦਿ ਅੰਤ ਏਕਾ ਜੋਤ ਰਹੀ ਬਲ, ਜੋਤੀ ਜੋਤ ਜੋਤ ਰੁਸ਼ਨਾਈਆ । ਆਦਿ ਅੰਤ ਇਕ ਅਟੱਲ, ਅਟੱਲ ਪਦਵੀ ਇਕ ਸਮਝਾਈਆ । ਆਦਿ ਅੰਤ ਏਕਾ ਬਲ, ਬਲ ਆਪਣਾ ਆਪ ਪਰਗਟਾਈਆ । ਆਦਿ ਅੰਤ ਅਛਲ ਅਛੱਲ, ਵਲ ਛਲ ਆਪਣੀ ਖੇਲ ਕਰਾਈਆ । ਆਦਿ ਅੰਤ ਜਨ ਭਗਤਾਂ ਅੰਦਰ ਜਾਏ ਰਲ, ਰਲ ਰਲ ਆਪਣਾ ਮੁੱਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਦਿ ਅੰਤ ਏਕਾ ਮਾਣ, ਨਿਮਾਣਿਆਂ ਹਰਿ ਰਖਾਇੰਦਾ । ਆਦਿ ਅੰਤ ਇਕ ਗਿਆਨ, ਮੂੜ ਮੁਗਧ ਆਪ ਸਮਝਾਇੰਦਾ । ਆਦਿ ਅੰਤ ਇਕ ਧਿਆਨ, ਚਰਨ ਸਰਨ ਇਕ ਰਖਾਇੰਦਾ । ਆਦਿ ਅੰਤ ਏਕਾ ਰਾਗ ਏਕਾ ਗਾਨ, ਸੁਰ ਤਾਲ ਇਕ ਵਜਾਇੰਦਾ । ਆਦਿ ਅੰਤ ਏਕਾ ਏਕ ਕਰੇ ਪਛਾਣ, ਦੂਜਾ ਸੰਗ ਨਾ ਕੋਇ ਰਲਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਹਰਿ ਜੂ ਹਰਿ ਹਰਿ ਆਪਣਾ ਡੰਕ ਵਜਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਪਣੇ ਹੱਥ ਰਖਾਇੰਦਾ । ਅੰਤ ਹੱਥ ਰੱਖ ਨਿਰੰਕਾਰ, ਆਪਣੀ ਦਇਆ ਕਮਾਈਆ । ਸਮਰਥ ਖੇਲ ਕਰੇ ਅਪਾਰ, ਮਹਿਮਾ ਅਕਥ ਕਥ ਪੜ੍ਹਾਈਆ । ਹਿਰਦੇ ਵਸ ਵਸ ਕਰੇ ਪਿਆਰ, ਨੱਸ ਨੱਸ ਆਪਣਾ ਪੰਧ ਮੁਕਾਈਆ । ਜਨ ਭਗਤਾਂ ਗਾਏ ਜਸ ਵਿਚ ਸੰਸਾਰ, ਵੇਦ ਪੁਰਾਨ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਅੰਤ ਆਪਣੀ ਕਲ ਆਪ ਵਰਤਾਈਆ । ਗਾਏ ਜਸ ਸ੍ਰੀ ਭਗਵਾਨ, ਜੁਗ ਜੁਗ ਦਏ ਵਡਿਆਈਆ । ਹੱਥ ਉਠਾਏ ਇਕ ਨਿਸ਼ਾਨ, ਦੋ ਜਹਾਨਾਂ ਦਏ ਝੁਲਾਈਆ । ਆਪੇ ਵੇਖੇ ਨਿਰਗੁਣ ਆਣ, ਸਰਗੁਣ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਜਨ ਜਨ ਆਪਣੇ ਲੇਖੇ ਲਾਈਆ ।

## ★ ੧੪ ਫੱਗਣ ੨੦੧੮ ਬਿਕ੍ਰਮੀ ਇਟਾਰਸੀ ★

ਪੂਰਬ ਲਹਿਣਾ ਮਾਨਸ ਜਨਮ, ਜਨਮ ਅਜਨਮ ਵੇਖ ਵਖਾਇੰਦਾ । ਜ਼ਾਤ ਪਾਤ ਨਾਤਾ ਤੋੜੇ ਵਰਨ ਬਰਨ, ਦਰ ਘਰ ਇਕ ਵਖਾਇੰਦਾ । ਈਸ਼ ਜੀਵ ਜਗਦੀਸ ਸਾਚੀ ਸਰਨ, ਸ੍ਰੀ ਭਗਵੰਤ ਕੰਤ ਇਕ ਸਮਝਾਇੰਦਾ । ਨਾਤਾ ਤੁਟੇ ਮਰਨ ਡਰਨ, ਆਵਣ ਜਾਵਣ ਪੱਤਤ ਪਾਵਣ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਇੰਦਾ । ਪੂਰਬ ਲੇਖਾ ਹਰਿਜਨ ਲੈਣਾ, ਦੇਵਣਹਾਰ ਇਕ ਅਖਵਾਇੰਦਾ । ਸਤਿਗੁਰ ਦਰਸਨ ਪੇਖਤ ਨੈਣਾਂ, ਨੈਣ ਨੈਣ ਖ਼ੁਸ਼ੀ ਮਨਾਇੰਦਾ । ਨਾਤਾ ਝੂਠਾ ਸਾਕ ਸੱਜਣ ਭਾਈ ਭੈਣਾਂ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਹਰਿ ਸਰਨਾਈ ਸਾਚੀ ਬਹਿਣਾ, ਮੰਦਰ ਮਹੱਲ ਇਕ ਵਖਾਇੰਦਾ । ਨਾਮ ਹਰਿ ਕਾ ਸਾਚਾ ਗਹਿਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਹਰਿ ਜਣਾਇੰਦਾ । ਪੂਰਬ ਲੇਖਾ ਪੰਜ ਤੱਤ, ਤੱਤ ਤੱਤ ਤੱਤ ਦ੍ਰਿੜਾਈਆ । ਵੇਖਣਹਾਰਾ ਰਤੀ ਰਤ, ਨਾੜੀ ਹੱਡ ਫੋਲ ਫੁਲਾਈਆ । ਦੇਵਣਹਾਰਾ ਇਕੋ ਮਤ, ਬ੍ਰਹਮ ਮਤ ਇਕ ਸਮਝਾਈਆ । ਸਤਿ ਸੰਤੋਖ ਧੀਰਜ ਜਤ, ਆਸਾ ਤ੍ਰਿਸਨਾ ਮੋਹ ਚੁਕਾਈਆ । ਆਤਮ ਸੇਜਾ ਸਾਚੀ ਖਾਟ, ਘਰ ਮੰਦਰ ਦਏ ਵਖਾਈਆ । ਜੋਤ ਨਿਰੰਜਣ ਨੂਰ ਲਿਲਾਟ, ਨੂਰੋ ਨੂਰ ਡਗਮਗਾਈਆ । ਨਾਮ ਨਿਧਾਨਾ ਅਨਹਦ ਨਾਦ, ਅਨਡਿਠੜਾ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਰਨ ਬਰਨ ਬਰਨ ਵਰਨ ਲੇਖਾ ਦਏ ਮੁਕਾਈਆ । ਵਰਨ ਬਰਨ ਰਾਓ ਰੰਕ, ਊਚ ਨੀਚ ਨਾ ਕੋਇ ਜਣਾਇੰਦਾ । ਵੇਖਣਹਾਰਾ ਕਾਇਆ ਬੰਕ, ਬੰਕ ਸਰੀਰ ਫੋਲ ਫੁਲਾਇੰਦਾ । ਰੂਪ ਅਨੂਪ ਵਟਾਏ ਅਨਕ, ਅਨਕ ਕਲ ਧਾਰੀ ਮੇਲ ਕਰਾਇੰਦਾ । ਹਰਿਜਨ ਵੇਖੇ ਜਿਉਂ ਜਨ ਜਨਕ, ਰਾਮ ਰਾਮਾ ਭੇਵ ਖੁਲ੍ਹਾਇੰਦਾ । ਜੋਤੀ ਧਾਰ ਸ਼ਬਦੀ ਤਨਕ, ਰਾਗੀ ਰਾਗ ਆਪ ਅਲਾਇੰਦਾ । ਮਾਨਸ ਜਨਮ ਬਣਾਏ ਬਣਤ, ਘੜ ਭਾਂਡਾ ਵੇਖ ਵਖਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਕਾਮ ਕਰੋਧ ਲੋਭ ਮੋਹ ਹੰਕਾਰ ਝੂਠਾ ਨਤ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਆਪ ਸਮਝਾਇੰਦਾ । ਪੂਰਬ ਲੇਖਾ ਨਿਰਮਲ ਧਾਰ, ਜੋਤ ਅਧਾਰੀ ਆਪ ਜਣਾਇੰਦਾ । ਕਿਰਪਾ ਨਿਧ ਕਿਰਪਨ ਪਾਏ ਸਾਰ, ਨਿਰਧਨ ਸਰਧਨ ਖੇਲ ਕਰਾਇੰਦਾ । ਚਰਨ ਧੂੜ ਧੂੜ ਚਰਨ

ਬਖ਼ਸ਼ ਛਾਰ, ਸਿਰ ਆਪਣਾ ਹੱਥ ਟਿਕਾਇੰਦਾ । ਮਾਨਸ ਜਨਮ ਪੈਜ ਸੁਆਰ, ਲੱਖ ਚੁਰਾਸੀ ਫੰਦ ਕਟਾਇੰਦਾ । ਰਾਏ ਧਰਮ ਨਾ ਕਰੇ ਖ਼ਵਾਰ, ਚਿੱਤਰ ਗੁਪਤ ਨਾ ਲੇਖ ਵਖਾਇੰਦਾ । ਮਾਤ ਗਰਭ ਨਾ ਦੇਵੇ ਸਾੜ, ਦਸ ਦਸ ਮਾਸ ਨਾ ਅਗਨ ਤਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਵਰਨ ਬਰਨ ਜ਼ਾਤ ਪਾਤ ਨਾਤਾ ਗਿਆ ਛੁੱਟ, ਮਾਇਆ ਮੋਹ ਬੰਧਨ ਦਏ ਚੁਕਾਈਆ । ਜੂਠ ਝੂਠ ਹਉਮੇ ਹੰਗਤਾ ਵਿਚੋਂ ਕੱਢੇ ਖੋਟ, ਏਕਾ ਅੱਖਰ ਕਰੇ ਪੜ੍ਹਾਈਆ । ਹਰਿਜਨ ਉਠਾਏ ਜਿਉਂ ਬਾਲਕ ਮਾਤਾ ਸੁਤ, ਬਣ ਜਨਨੀ ਸੇਵ ਕਮਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਆਪਣਾ ਭੇਵ ਜਣਾਈਆ । ਸੋਭਾਵੰਤ ਹੋਈ ਰੁੱਤ, ਪ੍ਰਭ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚ ਰਖਾਈਆ । ਲੇਖਾ ਜਾਣੇ ਸਾਗਰ ਸਿੰਧ, ਗਹਿਰ ਗੰਭੀਰ ਦਇਆ ਕਮਾਇੰਦਾ । ਜਿਸ ਜਨ ਬਣਾਏ ਸਾਚੀ ਬਿੰਦ, ਤਿਸ ਏਕਾ ਘਰ ਬਹਾਇੰਦਾ । ਸਗਲੀ ਮੇਟੇ ਝੂਠੀ ਚਿੰਦ, ਚਿੰਤਾ ਚਿਖਾ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਨਸ ਮਾਨੁਖ ਏਕਾ ਰੰਗ ਰੰਗਾਇੰਦਾ । ਮਾਨਸ ਜਨਮ ਉਤਰੇ ਪਾਰ, ਮਨੁਸ਼ ਲਹਿਣਾ ਮੂਲ ਚੁਕਾਇਆ । ਮਾਨਵ ਦੇਵੇ ਏਕਾ ਅਧਾਰ, ਦਾਨਵ ਦੇਵ ਸੇਵ ਕਮਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਦੋਏ ਦੋਏ ਜੋੜ ਸੀਸ ਝੁਕਾਇਆ । ਕਿਰਪਾ ਕਰੇ ਆਪ ਕਰਤਾਰ, ਰਾਮ ਰਾਮਾ ਰੂਪ ਧਰਾਇਆ । ਸਾਚਾ ਕਾਹਨ ਹੋਇਆ ਬੇਪਹਿਚਾਨ, ਰੂਪ ਰੰਗ ਰੇਖ ਨਾ ਕੋਇ ਵਖਾਇਆ । ਸਾਚੀ ਸਖੀਆਂ ਮੇਲੇ ਆਣ, ਮੇਲ ਮਿਲਾਵਾ ਆਪਣੇ ਹੱਥ ਰਖਾਇਆ । ਮਥਰਾ ਗੋਕਲ ਬਨ ਬਿੰਦਰਾ ਵੇਖੇ ਮਾਰ ਧਿਆਨ, ਧਿਆਨ ਧਿਆਨ ਵਿਚ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਆਪੇ ਵੇਖਾ ਆਪ ਆਪਣੀ ਦਇਆ ਕਮਾਈਆ । ਦਇਆ ਕਮਾਏ ਹਰਿ ਬਨਵਾਰੀ, ਬਸਨ ਆਪਣੀ ਖੇਲ ਕਰਾਇੰਦਾ । ਮੁਕੰਦ ਮਨੋਹਰ ਏਕਾ ਮੁਰਲੀ ਨਾਮ ਵਜਾਏ ਅਗੰਮ ਅਪਾਰੀ, ਸੁਰ ਤਾਲ ਨਾ ਕੋਇ ਜਣਾਇੰਦਾ । ਸਾਚੀ ਸਖੀਆ ਘਨੱਈਆ ਗਾਏ ਮੰਗਲਾਚਾਰੀ, ਗੀਤ ਅਤੀਤ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਇੰਦਾ । ਲੇਖਾ ਜਾਣੇ ਬਿੰਦਰਾ ਬਨ, ਬਨਵਾਰੀ ਫੇਰਾ ਪਾਈਆ । ਵੇਖਣਹਾਰਾ ਸਾਚੇ ਚੰਨ, ਚੰਨ ਚਾਂਦਨੀ ਪੜਦਾ ਲਾਹੀਆ । ਜੁਗ ਜੁਗ ਬੇੜਾ ਆਪੇ ਬੰਨ੍ਹ, ਬਣ ਰਥਵਾਹੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਰਿਹਾ ਚੁਕਾਈਆ । ਪੂਰਬ ਲਹਿਣਾ ਵੇਖੇ ਰਾਸ, ਮੰਡਲ ਮੰਡਪ ਸੋਭਾ ਪਾਇੰਦਾ । ਜਨਮ ਜਨਮ ਪੂਰੀ ਕਰੇ ਆਸ, ਨਿਰਾਸਾ ਕੋਇ ਨਜ਼ਰ ਨਾ ਆਇੰਦਾ । ਕਰੇ ਕਰਾਏ ਬੰਦ ਖ਼ਲਾਸ, ਬੰਦੀਖਾਨਾ ਤੋੜ ਤੁੜਾਇੰਦਾ । ਆਤਮ ਅੰਤਰ ਵਸੇ ਪਾਸ, ਨਿਰੰਤਰ ਧਾਰ ਚਲਾਇੰਦਾ । ਮਾਇਆ ਬ੍ਰਹਮ ਹੋਏ ਵਿਨਾਸ, ਪਰਕਾਸ਼ ਆਪਣਾ ਰੂਪ ਵਟਾਇੰਦਾ । ਕਰਨਹਾਰਾ ਬੰਦ ਖ਼ਲਾਸ, ਬੰਦੀਖਾਨਾ ਆਪ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਤਮ ਖੋਲ੍ਹੇ ਇਕੋ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗ਼ਰੀਬ ਨਿਵਾਜ਼ਾ ਨਿਰਧਨ ਸਰਧਨ ਸਰਧਨ ਨਿਰਧਨ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਗੁਣ ਅਵਗੁਣ ਅਵਗੁਣ ਗੁਣ ਗੁਣ ਆਪਣੇ ਹੱਥ ਰਖਾਇੰਦਾ ।


੬੭੯
੧੧

## ★ ੧੪ ਫੱਗਣ ੨੦੧੮ ਬਿਕ੍ਰਮੀ ਭਗਤ ਸਿੰਘ ਦੇ ਗ੍ਰਿਹ ਇਟਾਰਸੀ ★

ਪਾਰਬ੍ਰਹਮ ਪੁਰਖ ਸਮਰਥ, ਸਮਰਥ ਵਡ ਵਡਿਆਈਆ । ਜੁਗ ਜੁਗ ਮਹਿਮਾ ਅਕਥਨਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਚਲਾਇਆ ਰਥ, ਕਲਜੁਗ ਅੰਤਮ ਫੇਰਾ ਪਾਈਆ । ਚਾਰ ਵਰਨ ਮਾਰਗ ਦੱਸ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰੇ ਪੜ੍ਹਾਈਆ । ਏਕਾ ਅੰਮ੍ਰਿਤ ਸਾਚਾ ਰਸ, ਸਰ ਸਰੋਵਰ ਇਕ ਨੁਹਾਈਆ । ਏਕਾ ਜੋਤ ਨੂਰ ਪਰਕਾਸ਼, ਏਕਾ ਬ੍ਰਹਮ ਦਏ ਦਰਸਾਈਆ । ਏਕਾ ਹਰ ਘਟ ਰੱਖੇ ਵਾਸ, ਲੱਖ ਚੁਰਾਸੀ ਡੇਰਾ ਲਾਈਆ । ਏਕਾ ਪੂਰੀ ਕਰੇ ਆਸ, ਸ੍ਰੀ ਭਗਵਾਨ ਸੱਚਾ ਸ਼ਹਿਨਸ਼ਾਹੀਆ । ਏਕਾ ਖੇਲੇ ਖੇਲ ਤਮਾਸ਼, ਖ਼ਾਲਕ ਵੇਖੇ ਚਾਈਂ ਚਾਈਆ । ਏਕਾ ਪਾਵੇ ਸਾਚੀ ਰਾਸ, ਮੰਡਲ ਮੰਡਪ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਆਪ ਰੰਗਾਈਆ । ਏਕਾ ਰੰਗ ਸ੍ਰੀ ਭਗਵਾਨ, ਜੀਵ ਜੰਤ ਰੰਗਾਇੰਦਾ । ਏਕਾ ਲੇਖਾ ਚਾਰੇ ਵਰਨ, ਅਵਰਨ ਭੇਵ ਮਿਟਾਇੰਦਾ । ਏਕਾ ਬਖ਼ਸ਼ੇ ਸਾਚੀ ਸਰਨ, ਚਰਨ ਸਰਨ ਇਕ ਜਣਾਇੰਦਾ । ਏਕਾ ਖੋਲ੍ਹੇ ਹਰਨ ਫਰਨ, ਨੇਤਰ ਨੈਣ ਪੜਦਾ ਲਾਹਿੰਦਾ । ਏਕਾ ਚੁਕਾਏ ਮਰਨ ਡਰਨ, ਆਵਣ ਜਾਵਣ ਫੰਦ ਕਟਾਇੰਦਾ । ਏਕਾ ਦਾਤਾ ਕਰਨੀ ਕਰਨ, ਕਰਤਾ ਪੁਰਖ ਕਿਰਤ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਬੰਧਾਇੰਦਾ । ਆਦਿ ਜੁਗਾਦਿ ਏਕਾ ਧਾਰ, ਹਰਿ ਜੂ ਹਰਿ ਹਰਿ ਆਪ ਰਖਾਇੰਦਾ । ਸਰਬ ਜੀਆਂ ਬਣ ਸਾਂਝਾ ਯਾਰ, ਸਗਲਾ ਸੰਗ ਨਿਭਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ, ਰਾਮਾ ਕ੍ਰਿਸ਼ਨਾ ਖੇਲ ਖਿਲਾਇੰਦਾ । ਕਲਜੁਗ ਅੰਤਮ ਹੋ ਉਜਿਆਰ, ਨਿਰਗੁਣ ਨੂਰ ਧਰਾਇੰਦਾ । ਹੁਕਮੀ ਹੁਕਮ ਹੁਕਮ ਵਰਤਾਰ, ਧੁਰ ਫ਼ਰਮਾਣਾ ਆਪ ਜਣਾਇੰਦਾ । ਲਹਿਣਾ ਦੇਣਾ ਦਏ ਉਤਾਰ, ਲੇਖਾ ਸਭ ਦਾ ਆਪ ਮੁਕਾਇੰਦਾ । ਸ੍ਰਿਸ਼ਟ ਸਬਾਈ ਪਾਵੇ ਸਾਰ, ਨੌਂ ਖੰਡ ਪ੍ਰਿਥਮੀ ਫੋਲ ਫੁਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਸੁਰਪਤ ਇੰਦ ਨਾਲ ਰਲਾਇੰਦਾ । ਤ੍ਰੈਗੁਣ ਤੋੜੇ ਜਗਤ ਜੰਜਾਲ, ਪੰਜ ਤੱਤ ਆਪਣਾ ਭੇਵ ਖੁਲ੍ਹਾਇੰਦਾ । ਭਗਤਾਂ ਚਲੇ ਨਾਲ ਨਾਲ, ਭਗਵਨ ਸੰਗ ਰਖਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਊਚ ਨੀਚ ਭੇਵ ਮਿਟਾਇੰਦਾ । ਸਤਿ ਸਰੂਪੀ ਬਣ ਦਲਾਲ, ਸਚ ਦਲਾਲੀ ਆਪ ਕਮਾਇੰਦਾ । ਲੇਖਾ ਜਾਣੇ ਹੱਕ ਹਲਾਲ, ਹਕੀਕ਼ਤ ਆਪਣੀ ਖੋਜ ਖੁਜਾਇੰਦਾ । ਲੋਕਮਾਤ ਬਣਾਏ ਸੱਚੀ ਧਰਮਸਾਲ, ਸਚਖੰਡ ਦੁਆਰਾ ਇਕ ਵਡਿਆਇੰਦਾ । ਦੀਪਕ ਦੀਆ ਏਕਾ ਬਾਲ, ਜੋਤੀ ਜੋਤ ਡਗਮਗਾਇੰਦਾ । ਨਾਤਾ ਤੋੜ ਅੰਤਮ ਕਾਲ, ਮਹਾਂਕਾਲ ਸੰਗ ਰਖਾਇੰਦਾ । ਨਿਰਗੁਣ ਰੂਪ ਦੀਨ ਦਿਆਲ, ਦਇਆਨਿਧ ਵੰਡ ਵੰਡਾਇੰਦਾ । ਚਲੇ ਚਲਾਏ ਅਵੱਲੜੀ ਚਾਲ, ਭੇਵ ਕੋਇ ਨਾ ਪਾਇੰਦਾ । ਹਰਿਜਨ ਘਾਲਣ ਰਹੇ ਘਾਲ, ਘਾਲੀ ਘਾਲ ਲੇਖੇ ਲਾਇੰਦਾ । ਮਸਤਕ ਦੀਪਕ ਵੇਖੇ ਥਾਲ, ਗਗਨ ਗਗਨੰਤਰ ਪੜਦਾ ਲਾਹਿੰਦਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਸਾਚਾ ਰੰਗ ਪੁਰਖ ਕਰਤਾਰ, ਕੁਦਰਤ ਆਪ ਰੰਗਾਈਆ । ਚਾਰ ਵਰਨ ਕਰੇ ਪਿਆਰ, ਜ਼ਾਤ ਪਾਤ ਨਾ ਕੋਇ ਰਖਾਈਆ । ਏਕਾ ਮੰਦਰ ਖੋਲ੍ਹ ਦੁਆਰ, ਊਚਾਂ ਨੀਚਾਂ ਲਏ ਮਿਲਾਈਆ । ਏਕਾ ਡੰਕਾ ਅਗੰਮ ਅਪਾਰ, ਅਲੱਖ ਅਗੋਚਰ ਆਪ ਸੁਣਾਈਆ । ਏਕਾ ਨਾਦ ਜੈ ਜੈਕਾਰ, ਏਕਾ ਸ਼ਬਦ ਕਰੇ ਪੜ੍ਹਾਈਆ । ਏਕਾ ਇਸ਼ਟ ਗਿਰਵਰ ਗਿਰਧਾਰ, ਰਘਪਤ ਰਘਵੰਸ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਈਆ । ਸਾਚਾ ਮਾਰਗ ਜਾਏ ਲੱਗ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਸਤਿਜੁਗ ਦੀਪਕ ਜਾਏ ਜਗ, ਕਲਜੁਗ ਅਗਿਆਨ ਅੰਧੇਰ ਗਵਾਇੰਦਾ । ਕਰੇ ਖੇਲ ਸੂਰਾ ਸਰਬੱਗ, ਬਲ ਆਪਣਾ ਆਪ ਧਰਾਇੰਦਾ । ਜਨ ਭਗਤਾਂ ਦਰਸ ਦਿਖਾਏ ਉਪਰ ਸ਼ਾਹ ਰਗ, ਘਰ ਮੰਦਰ ਇਕ ਸੁਹਾਇੰਦਾ । ਸਤਿ ਸੰਤੋਖੀ ਬੰਨ੍ਹੇ ਤਗ, ਜਤ ਸਤਿ ਆਪਣੇ ਹੱਥ ਵਖਾਇੰਦਾ । ਲੱਖ ਚੁਰਾਸੀ ਵਿਚੋਂ ਕੱਢ, ਆਪਣਾ ਬੰਧਨ ਪਾਇੰਦਾ । ਵਿਸ਼ਨੂੰ ਵੇਖੇ ਵਿਸ਼ਵ ਯਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਰਾਹ ਆਪ ਚਲਾਇੰਦਾ । ਸਾਚਾ ਰਾਹ ਚਲੇ ਸੰਸਾਰ, ਸਤਿਗੁਰ ਪੂਰਾ ਆਪ ਚਲਾਈਆ । ਸਤਿਜੁਗ ਸਤਿ ਸਤਿ ਵਰਤਾਰ, ਸਾਂਤਕ ਸਤਿ ਦਏ ਕਰਾਈਆ । ਬ੍ਰਹਮ ਮਤ ਕਰ ਪਸਾਰ, ਮਨ ਮਤ ਦਏ ਗਵਾਈਆ । ਜੀਵ ਜੰਤ ਜੈ ਜੈਕਾਰ, ਨੌ ਖੰਡ ਪ੍ਰਿਥਮੀ ਢੋਲਾ ਗਾਈਆ । ਚਾਰ ਵਰਨ ਕਰੇ ਨਿਮਸਕਾਰ, ਇਸ਼ਟ ਦੇਵ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਈਆ । ਸਾਚਾ ਮਾਰਗ ਹਰਿ ਨਿਰੰਕਾਰ, ਏਕਾ ਏਕ ਲਗਾਇੰਦਾ । ਸਤਿਜੁਗ ਸਾਚਾ ਕਰੇ ਵਿਹਾਰ, ਸਤਿ ਸਤਿਵਾਦੀ ਦਇਆ ਕਮਾਇੰਦਾ । ਏਕਾ ਮੰਦਰ ਕਰ ਤਿਆਰ, ਹਰਿ ਮੰਦਰ ਵਡ ਵਡਿਆਇੰਦਾ । ਨਾਰੀ ਪੁਰਖ ਦਏ ਆਧਾਰ, ਪੁਰਖ ਪੁਰਖੋਤਮ ਖੇਲ ਕਰਾਇੰਦਾ । ਏਕਾ ਵਣਜ ਕਰਾਏ ਵਾਪਾਰ, ਹਰਿ ਜੂ ਸਾਚਾ ਹੱਟ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਰਖਾਇੰਦਾ । ਸਾਚਾ ਮਾਰਗ ਇਕੋ ਰਾਹ, ਚਾਰ ਵਰਨ ਜਣਾਈਆ । ਊਚਾਂ ਨੀਚਾਂ ਬਣ ਮਲਾਹ, ਰਾਓ ਰੰਕਾਂ ਲਏ ਤਰਾਈਆ । ਏਕਾ ਨਾਮ ਦਏ ਸਲਾਹ, ਸੋਹੰ ਸਾਚਾ ਢੋਲਾ ਗਾਈਆ । ਏਕਾ ਏਕ ਪਕੜੇ ਬਾਂਹ, ਫੜ ਬਾਂਹੋਂ ਪਾਰ ਕਰਾਈਆ । ਇਕ ਵਖਾਏ ਸੱਚਾ ਥਾਂ, ਦਰਗਹਿ ਸਾਚੀ ਮਾਣ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਧਨ ਆਪੇ ਪਾਈਆ । ਸਤਿਜੁਗ ਪਾਏ ਸਾਚਾ ਬੰਧਨ, ਬੰਦੀ ਛੋੜ ਦਇਆ ਕਮਾਈਆ । ਮਸਤਕ ਟਿੱਕਾ ਲਾਏ ਚੰਦਨ, ਨਿੰਮ ਵਾਸਨਾ ਦਏ ਕਢਾਈਆ । ਕਰੇ ਖੇਲ ਸਰਬ ਬਖ਼ਸ਼ੰਦਨ, ਪੱਤਤ ਪਾਪੀ ਲਏ ਤਰਾਈਆ । ਲੇਖਾ ਜਾਣੇ ਤ੍ਰੈਲੋਕੀ ਨੰਦਨ, ਅਨੰਦ ਅਨੰਦ ਰੂਪ ਵਟਾਈਆ । ਭੇਵ ਖੁਲ੍ਹਾਏ ਬ੍ਰਹਿਮੰਡ ਖੰਡ ਜੇਰਜ ਅੰਡਨ, ਅੰਡਜ ਜੇਰਜ ਵੇਖ ਵਖਾਈਆ । ਦੋ ਜਹਾਨਾਂ ਏਕਾ ਛੰਦਨ, ਸੋਹੰ ਗੀਤ ਗੀਤ ਅਲਾਈਆ । ਭਗਤ ਭਗਵੰਤ ਕਰੇ ਬੰਦਨ, ਦੋਏ ਜੋੜ ਸੀਸ ਝੁਕਾਈਆ । ਜਗਤ ਵਿਕਾਰਾ ਕਰੇ ਖੰਡਨ, ਨਾਮ ਖੰਡਾ ਇਕ ਚਮਕਾਈਆ । ਪਰਗਟ ਹੋ ਵਿਚ ਵਰਭੰਡਨ, ਝੂਠੀ ਭੰਡੀ ਦਏ ਮੁਕਾਈਆ । ਜਨ ਭਗਤਾਂ ਆਪੇ ਆਏ ਸੱਦਨ, ਨਿਰਗੁਣ ਘਰ ਘਰ ਫੇਰਾ ਪਾਈਆ । ਪਾਰ ਕਿਨਾਰਾ ਕਰੇ ਹੱਦਨ, ਹੱਦ ਮਹਿਦੂਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਈਆ । ਸਤਿਜੁਗ ਸਾਚਾ ਸਾਖਆਤ, ਹਰਿ ਲੋਕਮਾਤ ਪਰਗਟਾਇੰਦਾ । ਧਰਨੀ ਧਰਤ ਧਵਲ ਦੇਵੇ ਦਾਤ, ਦਾਤਾ ਦਾਨੀ ਝੋਲੀ ਆਪ ਭਰਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਇੰਦਾ । ਚਾਰ ਵਰਨ ਸੁਣਾਏ ਏਕਾ ਪੂਜਾ ਪਾਠ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਸ੍ਰਿਸ਼ਟ ਸਬਾਈ ਏਕਾ ਘਾਟ, ਸਰ ਸਰੋਵਰ ਇਕ ਨੁਹਾਇੰਦਾ । ਏਕਾ ਮੇਲਾ ਕਮਲਾਪਾਤ, ਕਵਲ ਨੈਣ ਨਜ਼ਰੀ ਆਇੰਦਾ । ਏਕਾ ਬ੍ਰਹਮ ਏਕਾ ਜ਼ਾਤ, ਏਕਾ ਪਾਰਬ੍ਰਹਮ ਵਖਾਇੰਦਾ । ਏਕਾ ਬੈਠਾ ਰਹੇ ਇਕਾਂਤ, ਮਹੱਲ ਅਟੱਲ ਸੋਭਾ ਪਾਇੰਦਾ । ਏਕਾ ਪੁਛਣਹਾਰਾ ਵਾਤ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਏਕਾ ਲੇਖਾ ਲਿਖੇ ਬਿਨ

ਕਲਮ ਦਵਾਤ, ਲਿਖ ਲਿਖ ਲੇਖ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਡੰਕ ਆਪ ਵਜਾਇੰਦਾ । ਸਾਚਾ ਡੰਕ ਦਏ ਵਜਾ, ਵਜਾਵਣਹਾਰਾ ਇਕ ਅਖਵਾਈਆ । ਰਾਓ ਰੰਕ ਦਏ ਉਠਾ, ਰਾਜ ਰਾਜਾਨ ਦਏ ਸੁਣਾਈਆ । ਭਗਤ ਭਗਵੰਤ ਲਏ ਜਣਾ, ਭਗਵਨ ਆਪਣੀ ਬੂਝ ਬੁਝਾਈਆ । ਲਹਿਣਾ ਦੇਣਾ ਦਏ ਚੁਕਾ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਮਾਤ ਧਰਾਈਆ । ਸਤਿਜੁਗ ਸਾਚਾ ਮਾਤ ਧਰ, ਧਰ ਧਰ ਖ਼ੁਸ਼ੀ ਮਨਾਇੰਦਾ । ਦੇਵਣਹਾਰਾ ਏਕਾ ਵਰ, ਵਰ ਦਾਤਾ ਦਇਆ ਕਮਾਇੰਦਾ । ਲੇਖਾ ਜਾਣੇ ਨਾਰੀ ਨਰ, ਨਰ ਨਰਾਇਣ ਖੇਲ ਕਰਾਇੰਦਾ । ਕਲਜੁਗ ਵੇਖ ਹੰਕਾਰੀ ਗੜ੍ਹ, ਜੂਠਾ ਝੂਠਾ ਡੇਰਾ ਢਾਹਿੰਦਾ । ਜਨ ਭਗਤਾਂ ਫੜਾਏ ਆਪਣਾ ਲੜ, ਸਾਚਾ ਪੱਲੂ ਨਾਮ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਲੋਕਮਾਤ, ਚਾਰ ਵਰਨ ਵਰਨ ਸਰਨਾਈਆ । ਨਿਰਗੁਣ ਨਿਰਾਕਾਰ ਬੰਧਾਏ ਨਾਤ, ਸਾਕਾਰ ਜੋੜ ਜੁੜਾਈਆ । ਬਣ ਮਲਾਹ ਲਾਏ ਘਾਟ, ਬੇੜਾ ਆਪਣੇ ਕੰਧ ਉਠਾਈਆ । ਆਤਮ ਸੇਜਾ ਵਖਾਏ ਸਾਚੀ ਖਾਟ, ਆਸਣ ਸਿੰਘਾਸਣ ਦਏ ਵਡਿਆਈਆ । ਜੂਠ ਝੂਠ ਮੁੱਕੇ ਵਾਟ, ਸਚ ਸੁੱਚ ਲਏ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਦਏ ਸਰਨਾਈਆ । ਚਾਰ ਵਰਨ ਏਕਾ ਸਰਨਗਤ, ਸਰਨ ਸਰਨਾਈ ਹਰਿ ਰਖਾਇੰਦਾ । ਚਾਰ ਵਰਨ ਏਕਾ ਮਤ, ਮਿੱਤਰ ਪਿਆਰਾ ਆਪ ਸਮਝਾਇੰਦਾ । ਚਾਰ ਵਰਨ ਏਕਾ ਤੱਤ, ਤੱਤਵ ਤੱਤ ਰੂਪ ਧਰਾਇੰਦਾ । ਚਾਰ ਵਰਨ ਏਕਾ ਹੱਟ, ਬਣ ਵਣਜਾਰਾ ਹੱਟ ਖੁਲ੍ਹਾਇੰਦਾ । ਚਾਰ ਵਰਨ ਏਕਾ ਗਾਥ, ਸੋਹੰ ਅੱਖਰ ਆਪ ਪੜ੍ਹਾਇੰਦਾ । ਚਾਰ ਵਰਨ ਏਕਾ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਚਾਰ ਵਰਨ ਏਕਾ ਸਾਕ, ਸੱਜਣ ਸੈਣ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਡੋਰ ਆਪ ਬੰਧਾਇੰਦਾ । ਸਾਚੀ ਡੋਰ ਬੰਧਨ ਪਾ, ਚਾਰ ਵਰਨ ਕਰੇ ਕੁੜਮਾਈਆ । ਸਾਚਾ ਮੰਦਰ ਦਏ ਵਖਾ, ਬੰਕ ਦੁਆਰਾ ਦਏ ਵਡਿਆਈਆ । ਸਾਚੇ ਅੰਦਰ ਦਏ ਬਹਾ, ਦੂਈ ਦਵੈਤੀ ਪੜਦਾ ਦਏ ਮਿਟਾਈਆ । ਸਾਚਾ ਛੰਦ ਦਏ ਸੁਣਾ, ਬਿਨ ਰਸਨਾ ਜਿਹਵਾ ਗਾਈਆ । ਸਾਚਾ ਅਨੰਦ ਦਏ ਦਰਸਾ, ਅਨੰਦ ਅਨੰਦ ਵਿਚ ਰਖਾਈਆ । ਸਾਚਾ ਚੰਦ ਦਏ ਚੜ੍ਹਾ, ਨੂਰੀ ਜੋਤ ਜੋਤ ਰੁਸ਼ਨਾਈਆ । ਸਾਚਾ ਖੰਡਾ ਦਏ ਚਮਕਾ, ਨਾਮ ਨਿਧਾਨਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮਾਰਗ ਆਪੇ ਲਾਈਆ । ਸਾਚਾ ਮਾਰਗ ਵੇਖੇ ਸਤਿਜੁਗ, ਸਤਿ ਸਤਿਵਾਦੀ ਦਇਆ ਕਮਾਇੰਦਾ । ਪੁਰਖ ਅਕਾਲ ਆਪੇ ਉਠ, ਪਾਰਬ੍ਰਹਮ ਖੇਲ ਕਰਾਇੰਦਾ । ਭਗਤਾਂ ਉਪਰ ਆਪੇ ਤੁਠ, ਆਪਣਾ ਸੰਗ ਰਖਾਇੰਦਾ । ਲੱਖ ਚੁਰਾਸੀ ਵਿਚੋਂ ਕੱਢੇ ਏਕਾ ਮੁੱਠ, ਆਪਣੀ ਵੰਡਣ ਆਪ ਵੰਡਾਇੰਦਾ । ਬਾਕੀ ਸਭ ਦਾ ਗਲ ਦੇਵੇ ਘੁੱਟ, ਅੱਗੇ ਹੋ ਨਾ ਕੋਇ ਛੁਡਾਇੰਦਾ । ਦੋ ਜਹਾਨਾਂ ਜੜ ਦੇਵੇ ਪੁੱਟ, ਲੋਕਮਾਤ ਫੇਰ ਨਾ ਕੋਇ ਲਗਾਇੰਦਾ । ਡੂੰਘੇ ਖਾਤੇ ਦੇਵੇ ਸੁੱਟ, ਸ਼ੌਹ ਦਰਿਆ ਆਪ ਰੁੜ੍ਹਾਇੰਦਾ । ਹਰਿਜਨ ਵੇਖੇ ਸਾਚੇ ਸੁਤ, ਸੁਤ ਬਾਲੇ ਆਪ ਜਗਾਇੰਦਾ । ਆਪ ਜਣਾਏ ਆਪਣੀ ਰੁੱਤ, ਰੁੱਤ ਬਸੰਤੀ ਆਪ ਲਹਿਰਾਇੰਦਾ । ਲੇਖਾ ਜਾਣੇ ਕਾਇਆ ਬੁੱਤ, ਪੰਚਮ ਤੱਤ ਜੋੜ ਜੁੜਾਇੰਦਾ । ਆਤਮ ਪਰਮਾਤਮ ਵਿਚੋਂ ਪਏ ਫੁੱਟ, ਪਰਮਾਤਮ ਆਤਮ ਆਪਣਾ ਰੰਗ ਰੰਗਾਇੰਦਾ । ਆਦਿ ਅੰਤ ਕੱਢਣਹਾਰਾ ਝੂਠਾ ਖੋਟ, ਕੂੜੀ ਕਿਰਿਆ ਮੇਟ ਮਿਟਾਇੰਦਾ । ਚਾਰ ਵਰਨ ਦੱਸੇ ਏਕਾ ਗੋਤ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ ।

ਦੋ ਜਹਾਨਾਂ ਚੌਦਾਂ ਲੋਕਾਂ, ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਏਕਾ ਸਤਿਗੁਰ ਬਹੁਤ, ਦੂਜਾ ਗੁਰੂ ਕੰਮ ਕਿਸੇ ਨਾ ਆਇੰਦਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਇਕ ਬਣਾਏ ਕਿਲਾ ਕੋਟ, ਕੋਟਨ ਕੋਟ ਬ੍ਰਹਿਮੰਡ ਆਪਣੇ ਚਰਨਾਂ ਹੇਠ ਰਖਾਇੰਦਾ । ਏਥੇ ਓਥੇ ਨਿਰਗੁਣ ਸਰਗੁਣ ਜਗਾਏ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਨੂਰੋ ਨੂਰ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਗਲ ਆਪੇ ਗਾਇੰਦਾ । ਸਾਚਾ ਮੰਗਲ ਗਾਏ ਗੀਤ, ਗਾਵਣਹਾਰਾ ਇਕ ਅਖਵਾਇੰਦਾ । ਆਦਿ ਜੁਗਾਦਿ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਲੱਖ ਚੁਰਾਸੀ ਪਰਖੇ ਨੀਤ, ਘਟ ਘਟ ਆਸਣ ਲਾਇੰਦਾ । ਲੇਖਾ ਜਾਣੇ ਪਤਿਤ ਪੁਨੀਤ, ਪੱਤਤ ਪਾਵਣ ਦਇਆ ਕਮਾਇੰਦਾ । ਕਿਸੇ ਹੱਥ ਨਾ ਆਏ ਮੰਦਰ ਮਸੀਤ, ਨੇਤਰ ਨੈਣ ਨਾ ਕੋਇ ਮਿਲਾਇੰਦਾ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਜੋਤ ਰਖਾਇੰਦਾ । ਜਨ ਭਗਤਾਂ ਬਣੇ ਸਾਚਾ ਮੀਤ, ਜੁਗ ਜੁਗ ਆਪਣੇ ਅੰਗ ਲਗਾਇੰਦਾ । ਸਤਿਜੁਗ ਚਲਾਏ ਸਾਚੀ ਰੀਤ, ਕੌੜਾ ਰੀਠਾ ਭੰਨ ਵਖਾਇੰਦਾ । ਨਵ ਨੌਂ ਚਾਰ ਸੁੱਤਾ ਰਿਹਾ ਦੇ ਕਰ ਪੀਠ, ਕਲਜੁਗ ਅੰਤ ਆਪਣੀ ਕਰਵਟ ਆਪ ਬਦਲਾਇੰਦਾ । ਵਸਣਹਾਰਾ ਧਾਮ ਅਨਡੀਠ, ਲੋਕਮਾਤ ਵੇਖ ਵਖਾਇੰਦਾ । ਜਨ ਭਗਤਾਂ ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਉਤਰ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਆਪ ਸਮਝਾਇੰਦਾ । ਚਾਰ ਵਰਨ ਇਕ ਗਿਆਨ, ਹਰਿ ਸ਼ਬਦੀ ਸ਼ਬਦ ਜਣਾਈਆ । ਚਾਰ ਵਰਨ ਇਕ ਧਿਆਨ, ਇਸ਼ਟ ਦੇਵ ਗੁਰ ਏਕਾ ਨਜ਼ਰੀ ਆਈਆ । ਚਾਰ ਵਰਨ ਏਕਾ ਮਾਣ, ਏਕਾ ਮੰਦਰ ਦਏ ਬਹਾਈਆ । ਚਾਰ ਵਰਨ ਇਕ ਨਿਸ਼ਾਨ, ਸਤਿ ਨਿਸ਼ਾਨਾ ਦਏ ਵਖਾਈਆ । ਚਾਰ ਵਰਨ ਏਕਾ ਕਾਹਨ, ਏਕਾ ਨਾਦ ਦਏ ਵਜਾਈਆ । ਚਾਰ ਵਰਨ ਏਕਾ ਬਾਣ, ਤੀਰ ਨਿਰਾਲਾ ਆਪ ਚਲਾਈਆ । ਚਾਰ ਵਰਨ ਇਕ ਮਹਿਮਾਨ, ਆਪ ਆਪਣਾ ਦਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਗੇ ਲੇਖਾ ਆਪ ਜਣਾਈਆ । ਚਾਰ ਵਰਨ ਏਕਾ ਲੇਖਾ, ਲਿਖਣ ਹਾਰ ਆਪ ਹੋ ਜਾਇੰਦਾ । ਚਾਰ ਵਰਨ ਕੱਢੇ ਭਰਮ ਭੁਲੇਖਾ, ਭਾਂਡਾ ਭਰਮ ਭੌ ਭੰਨਾਇੰਦਾ । ਚਾਰ ਵਰਨ ਵੇਖੇ ਰੇਖਾ, ਵੇਖਣਹਾਰਾ ਦਿਸ ਨਾ ਆਇੰਦਾ । ਚਾਰ ਵਰਨ ਲੇਖਾ ਜਾਣੇ ਮੂੰਡ ਮੁੰਡਾਏ ਧਾਰੀ ਕੇਸਾ, ਕੇਸਵ ਆਪਣੀ ਖੇਲ ਕਰਾਇੰਦਾ । ਚਾਰ ਵਰਨ ਸੇਵਾ ਕਰੇ ਬ੍ਰਹਮਾ ਵਿਸ਼ਨ ਮਹੇਸ਼ਾ, ਸ਼ੰਕਰ ਆਪਣੀ ਧਾਰ ਚਲਾਇੰਦਾ । ਚਾਰ ਵਰਨ ਆਤਮ ਪਰਮਾਤਮ ਪੇਸ਼ਾ, ਸਾਚੀ ਬਣਤ ਆਪ ਸਮਝਾਇੰਦਾ । ਚਾਰ ਵਰਨ ਇਕ ਆਦੇਸਾ, ਨਰ ਨਰੇਸ਼ਾ ਏਕਾ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪ ਉਠਾਇੰਦਾ । ਚਾਰ ਵਰਨ ਪੜਦਾ ਚੁੱਕ, ਚਾਰ ਕੁੰਟ ਜਣਾਈਆ । ਨਜ਼ਰ ਆਏ ਜੋ ਬੈਠਾ ਲੁਕ, ਆਪਣਾ ਰੂਪ ਦਰਸਾਈਆ । ਨਿਰਗੁਣ ਸ਼ੇਰ ਪਏ ਬੁੱਕ, ਸਾਚੀ ਭਬਕ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਬਿਨਾਸ਼ੀ ਅਚੁੱਤ, ਚੇਤਨ ਸਭ ਨੂੰ ਦਏ ਕਰਾਈਆ । ਚਾਰ ਵਰਨ ਕਰੇ ਚੇਤਨ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਲੱਖ ਚੁਰਾਸੀ ਵੇਖੇ ਖੇਤਨ, ਵਡ ਕਿਰਸਾਣਾ ਬੇਪਰਵਾਹੀਆ । ਦੂਰ ਦੁਰਾਡਾ ਵਸੇ ਨੇਤ ਨੇਤਨ, ਨਿਝ ਘਰ ਆਪਣਾ ਆਸਣ ਲਾਈਆ । ਊਚਾਂ ਨੀਚਾਂ ਕਰੇ ਹੇਤਨ, ਰਾਓ ਰੰਕ ਲਏ ਮਿਲਾਈਆ । ਆਪਣਾ ਦੱਸਣ ਆਇਆ ਭੇਤਨ, ਪੜਦਾ ਮਾਤ ਚੁਕਾਈਆ । ਹਰਿਜਨ ਰੱਖੇ ਸਾਇਆ ਹੇਠਨ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਵਰਤਾਈਆ । ਅਚਰਜ

ਖੇਲ ਰਿਹਾ ਵਰਤਾ, ਹਰਿ ਹਰਿ ਭੇਵ ਕੋਇ ਨਾ ਪਾਇੰਦਾ । ਕਲਜੁਗ ਕੂੜਾ ਰਿਹਾ ਮੁਕਾ, ਸਤਿਜੁਗ ਸਾਚਾ ਰਾਹ ਚਲਾਇੰਦਾ । ਪਿਛਲਾ ਲਹਿਣਾ ਰਿਹਾ ਚੁਕਾ, ਅੱਗੇ ਆਪਣਾ ਹੁਕਮ ਵਰਤਾਇੰਦਾ । ਨੌਂ ਖੰਡ ਪ੍ਰਿਥਮੀ ਹੋਏ ਸਹਾ, ਸਹਾਇਕ ਆਪਣਾ ਬਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਗ ਆਪ ਅਲਾਇੰਦਾ । ਆਪਣਾ ਰਾਗ ਅਲਾਏ ਰਾਗੀ, ਏਕਾ ਰਾਗ ਜਣਾਈਆ । ਦੋ ਜਹਾਨਾਂ ਬਣ ਤਿਆਗੀ, ਕਰੇ ਖੇਲ ਬੇਪਰਵਾਹੀਆ । ਬਿਰਹੋਂ ਵਿਛੋੜੇ ਬਣ ਵੈਰਾਗੀ, ਜਨ ਭਗਤਾਂ ਰਿਹਾ ਧਿਆਈਆ । ਨਿਰਗੁਣ ਵਰਤੇ ਸੁਵਾਂਗ ਆਪਣਾ ਸੁਵਾਂਗੀ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਵਟਾਈਆ । ਰੂਪ ਵਟਾਏ ਏਕੰਕਾਰਾ, ਅਕਥ ਕਲਾ ਵਡਿਆਈਆ । ਸਤਿਜੁਗ ਸਾਚਾ ਕਰੇ ਪਸਾਰਾ, ਲੋਕਮਾਤ ਮਾਤ ਧਰਾਈਆ । ਏਕਾ ਨਾਦ ਸ਼ਬਦ ਜੈਕਾਰਾ, ਜੈ ਜੈਕਾਰ ਦਏ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਖ਼ਬਰਦਾਰਾ, ਆਲਸ ਨਿੰਦਰਾ ਦਏ ਗਵਾਈਆ । ਸਾਲਸ ਬਣ ਆਪ ਨਿਰੰਕਾਰਾ, ਸਚ ਸਾਲਸੀ ਲਏ ਕਮਾਈਆ । ਲਹਿਣਾ ਦੇਣਾ ਚੁੱਕੇ ਵਿਚ ਸੰਸਾਰਾ, ਲੋਕ ਪਰਲੋਕ ਵੇਖੇ ਥਾਉਂ ਥਾਈਂਆ । ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜ਼ੀਲ ਕੁਰਾਨ ਖਾਣੀ ਬਾਣੀ ਲਿਖ ਲਿਖ ਲੇਖਾ ਲਿਖਾਇਆ ਵਿਚ ਸੰਸਾਰਾ, ਬਣ ਬਣ ਕਾਤਬ ਸੱਚਾ ਮਾਹੀਆ । ਅੰਤਮ ਕਰੇ ਪਾਰ ਕਿਨਾਰਾ, ਆਪਣੇ ਘਾਟ ਦਏ ਬਹਾਈਆ । ਇਕੋ ਵਣਜ ਇਕ ਵਣਜਾਰਾ, ਏਕਾ ਹਰਿ ਜੂ ਫੇਰਾ ਪਾਈਆ । ਏਕਾ ਵਸਤ ਰੱਖੇ ਹਰਿ ਥਾਰਾ, ਥਿਰ ਘਰ ਆਪਣੀ ਖੇਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੰਦੀ ਤੰਦ ਹਿਲਾਈਆ । ਏਕਾ ਤੰਦੀ ਏਕਾ ਤੰਦ, ਤਾਰ ਸਿਤਾਰ ਆਪ ਹਿਲਾਇੰਦਾ । ਲੇਖਾ ਜਾਣੇ ਬੱਤੀ ਦੰਦ, ਭੇਵ ਅਭੇਦ ਆਪ ਖੁਲ੍ਹਾਇੰਦਾ । ਆਤਮ ਪਰਮਾਤਮ ਇਕ ਅਨੰਦ, ਅਨੰਦ ਅਨੰਦ ਵਿਚ ਸਮਾਇੰਦਾ । ਚਾਰ ਵਰਨ ਦਾ ਇਕੋ ਛੰਦ, ਸੋਹੰ ਸੋਹਲਾ ਆਪ ਸੁਣਾਇੰਦਾ । ਜਨਮ ਜਨਮ ਦੀ ਟੁੱਟੀ ਦੇਵੇ ਗੰਢ, ਸਾਚੀ ਗੰਢ ਆਪ ਪੁਵਾਇੰਦਾ । ਜਨ ਭਗਤਾਂ ਅੰਤਰ ਪਾਵੇ ਠੰਡ, ਤ੍ਰੈਗੁਣ ਅਗਨੀ ਤੱਤ ਬੁਝਾਇੰਦਾ । ਸੁਰਤ ਸਵਾਣੀ ਨਾਰ ਦੁਹਾਗਣ ਨਾ ਹੋਏ ਰੰਡ, ਹਰਿ ਜੂ ਕੰਤ ਭਗਵੰਤ ਆਪਣੀ ਗੋਦ ਸੁਹਾਇੰਦਾ । ਨਾਮ ਨਿਧਾਨਾ ਸ੍ਰੀ ਭਗਵਾਨਾ ਨੌਜਵਾਨਾ ਦੋ ਜਹਾਨਾਂ ਏਕਾ ਵੰਡ, ਸਾਚੀ ਵਸਤ ਝੋਲੀ ਪਾਇੰਦਾ । ਚਿਲਾ ਤੀਰ ਕਮਾਨ ਉਠਾਏ ਇਕ ਕਮੰਦ, ਬਲਧਾਰੀ ਆਪਣਾ ਬਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਭੇਵ ਚੁਕਾਏ ਦਇਆ ਕਮਾਏ, ਆਪਣਾ ਪੜਦਾ ਆਪ ਉਠਾਈਆ । ਗੁਰਮੁਖ ਜਗਾਏ ਲਏ ਮਿਲਾਏ, ਆਪ ਆਪਣੇ ਅੰਗ ਲਗਾਈਆ । ਨੈਣ ਖੁਲ੍ਹਾਏ ਦਰਸ ਕਰਾਏ, ਸਵੱਛ ਸਰੂਪੀ ਰੂਪ ਵਟਾਈਆ । ਨਿਹਕਲੰਕ ਅਖਵਾਏ ਡੰਕ ਵਜਾਏ, ਡੌਰੂ ਡੰਕੇ ਸਭ ਦੇ ਬੰਦ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਕੁਰਲਾਏ, ਕਰੋੜ ਤੇਤੀਸਾ ਹਾਏ ਹਾਏ, ਦੋਏ ਜੋੜ ਸਰਨਾਈਆ । ਗੁਰ ਅਵਤਾਰ ਰਾਹ ਤਕਾਏ, ਪੀਰ ਪੈਗ਼ੰਬਰ ਸਯਦਾ ਸੀਸ ਝੁਕਾਏ, ਚਰਨ ਸਰਨ ਸਰਨ ਚਰਨ ਮੰਗਣ ਸਰਨਾਈਆ । ਗੁਰਮੁਖ ਵਿਰਲਾ ਖ਼ੁਸ਼ੀ ਮਨਾਏ, ਲੋਕਮਾਤ ਜਿਸ ਨਜ਼ਰੀ ਆਈਆ । ਲੱਖ ਚੁਰਾਸੀ ਅਗਨ ਤਪਾਏ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪੁਰਖ ਅਬਿਨਾਸ਼ੀ ਖੇਲ ਕਰਾਏ, ਘਟ ਘਟ ਵਾਸੀ ਫੇਰਾ ਪਾਈਆ । ਸੰਤ ਸੁਹੇਲੇ ਲਏ ਤਰਾਏ, ਤਾਰਨਹਾਰ ਦਇਆ ਕਮਾਈਆ । ਪੂਰਬ ਲਹਿਣਾ ਲਏ ਮੁਕਾਏ, ਭਗਤ ਸਿੰਘ ਭਗਵਾਨ ਏਕਾ ਰੂਪ ਵਖਾਈਆ । ਸੁਤ ਦੁਲਾਰੇ ਨਾਲ ਮਿਲਾਏ, ਬੰਸ ਸਰਬੰਸ

ਪਾਰ ਕਰਾਏ, ਸਾਚੀ ਅੰਸ ਆਪ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਟਨ ਕੋਟ ਕੋਟਾਂ ਵਿਚੋਂ ਹਰਿਜਨ ਸਾਚੇ ਆਪ ਤਰਾਏ, ਤਾਰਨਹਾਰਾ ਆਪਣੀ ਸੇਵ ਕਮਾਈਆ । ਈੜੀ ਇਸ਼ਟ ਇਕ ਹੋ ਜਾਏ, ਟੈਂਕਾ ਟੱਲ ਨਾਮ ਖੜਕਾਏ, ਰਾਰਾ ਰਾਮ ਰੂਪ ਨਜ਼ਰੀ ਆਏ, ਸੱਸਾ ਸਤਿਗੁਰ ਸੱਚਾ ਫੇਰਾ ਪਾਏ, ਬਿਹਾਰੀ ਨਾਰੀ ਗੋਦ ਬਹਾਏ, ਇਟਾਰਸੀ ਆਪਣਾ ਚਰਨ ਛੁਹਾਈਆ ।

## ★ ੧੪ ਫੱਗਣ ੨੦੧੮ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹ ਭੂਪਾਲ ★

ਸਤਿਗੁਰ ਪੂਰਾ ਸਦਾ ਮਿਹਰਵਾਨ, ਜੁਗ ਜੁਗ ਦੀਨਨ ਦਇਆ ਕਮਾਇੰਦਾ । ਆਦਿ ਜੁਗਾਦਿ ਸ੍ਰੀ ਭਗਵਾਨ, ਅਨਭਵ ਆਪਣੀ ਖੇਲ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਰਜੋ ਤਮੋ ਸਤੋ ਵੰਡ ਵੰਡਾਇੰਦਾ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਕਰ ਪਰਵਾਨ, ਵਸਤ ਅਮੋਲਕ ਝੋਲੀ ਪਾਇੰਦਾ । ਈਸ਼ ਜੀਵ ਖੇਲ ਮਹਾਨ, ਜਗਦੀਸ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਹਰਿ ਕਰਤਾਰ, ਕਰਤਾ ਆਪ ਕਰਾਈਆ । ਅਲੱਖ ਅਗੋਚਰ ਅਗੰਮ ਅਪਾਰ, ਅਗੰਮੜੀ ਧਾਰ ਆਪ ਚਲਾਈਆ । ਸਚਖੰਡ ਨਿਵਾਸੀ ਹੋ ਤਿਆਰ, ਥਿਰ ਘਰ ਆਪਣਾ ਭੇਵ ਚੁਕਾਈਆ । ਸ਼ਬਦੀ ਸ਼ਬਦ ਦਏ ਅਧਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਬਣਤ ਬਣਾਈਆ । ਹੁਕਮੀ ਹੁਕਮ ਹੁਕਮ ਵਰਤਾਰ, ਧੁਰ ਫ਼ਰਮਾਣਾ ਆਪ ਜਣਾਈਆ । ਦਾਈ ਦਾਇਆ ਬਣ ਅਗੰਮ ਅਪਾਰ, ਨਿਰਗੁਣ ਸੇਵ ਕਮਾਈਆ । ਪੁਰਖ ਅਕਾਲ ਹੋ ਤਿਆਰ, ਅਜੂਨੀ ਰਹਿਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਸਮਾਈਆ । ਆਪਣੇ ਰੰਗ ਹਰਿ ਜੂ ਰਾਤਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਸਚਖੰਡ ਨਿਵਾਸੀ ਖੇਲੇ ਖੇਲ ਖੇਲ ਤਮਾਸ਼ਾ, ਖੇਲਣਹਾਰਾ ਦਿਸ ਨਾ ਆਇੰਦਾ । ਮੰਡਲ ਮੰਡਪ ਪਾਵੇ ਰਾਸਾ, ਨੂਰ ਨੁਰਾਨਾ ਜੋਤੀ ਜੋਤ ਡਗਮਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਇਕ ਦਲਾਸਾ, ਧੁਰ ਫ਼ਰਮਾਣਾ ਹਰਿ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਸਾਚੀ ਖੇਲ ਪੁਰਖ ਅਕਾਲ, ਅਨਭਵ ਆਪਣੀ ਧਾਰ ਚਲਾਈਆ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਰੂਪ ਵਟਾਈਆ । ਜੋਤੀ ਜਾਤਾ ਵਡ ਬਲਵਾਨ, ਪੁਰਖ ਬਿਧਾਤਾ ਵੇਸ ਵਟਾਈਆ । ਪਾਰਬ੍ਰਹਮ ਬ੍ਰਹਮ ਨਿਸ਼ਾਨ, ਸਤਿ ਸਤਿਵਾਦੀ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਸਾਚਾ ਮਾਰਗ ਸ੍ਰੀ ਭਗਵਾਨ, ਆਦਿ ਪੁਰਖ ਆਪ ਲਗਾਇੰਦਾ । ਘਰ ਮਾਚੇ ਮੇਲਾ ਖੇਲ ਮਹਾਨ, ਖ਼ਾਲਕ ਖ਼ਲਕ ਵੇਸ ਵਟਾਇੰਦਾ । ਸਚਖੰਡ ਨਿਵਾਸੀ ਨੂਰ ਮਹਾਨ, ਮੁਕਾਮੇ ਹੱਕ ਡਗਮਗਾਇੰਦਾ । ਲੇਖਾ ਜਾਣੇ ਜੀਵ ਜਹਾਨ, ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਆਤਮ ਬ੍ਰਹਮ ਕਰ ਪਰਧਾਨ, ਬ੍ਰਹਮ ਆਪਣੀ ਅੰਸ ਬਣਾਇੰਦਾ । ਪੰਜ ਤੱਤ ਕਾਇਆ ਦੇਵੇ ਦਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਹਰਿ ਅਵੱਲਾ, ਆਦਿ ਪੁਰਖ ਆਪ ਚੁਕਾਈਆ । ਨਰ ਨਰਾਇਣ ਇਕ ਇਕੱਲਾ, ਨਰ ਨਰੇਸ਼ ਵੇਸ ਵਟਾਈਆ । ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਅਤੀਤਾ ਠਾਂਡਾ ਸੀਤਾ ਆਪ ਫੜਾਇਆ ਆਪਣਾ ਪੱਲਾ, ਸ਼ਬਦੀ ਡੋਰ ਡੋਰ ਬੰਧਾਈਆ । ਵਸਣਹਾਰਾ ਸਚ ਮਹੱਲਾ, ਲੱਖ

ਚੁਰਾਸੀ ਘਾੜਨ ਲਏ ਘੜਾਈਆ । ਦੀਪਕ ਜੋਤ ਜੋਤ ਨਿਰੰਜਣ ਆਪੇ ਬੱਲਾ, ਘਟ ਘਟ ਆਪ ਕਰੇ ਰੁਸ਼ਨਾਈਆ । ਸ਼ਬਦ ਸੰਦੇਸ਼ ਏਕਾ ਘੱਲਾ, ਅਨਹਦ ਨਾਦੀ ਨਾਦ ਵਜਾਈਆ । ਸਰਗੁਣ ਅੰਦਰ ਨਿਰਗੁਣ ਰੱਲਾ, ਆਪ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਲੱਖ ਚੁਰਾਸੀ ਖੇਲ ਖਲਾਈਆ । ਲੱਖ ਚੁਰਾਸੀ ਖੇਲ ਅਪਾਰ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਜੇਰਜ ਅੰਡ ਕਰ ਤਿਆਰ, ਉਤਭੁਜ ਸੇਤਜ ਵੰਡ ਵੰਡਾਇੰਦਾ । ਚਾਰੇ ਖਾਣੀ ਪਾਵੇ ਸਾਰ, ਚਾਰੇ ਬਾਣੀ ਆਪ ਪੜ੍ਹਾਇੰਦਾ । ਪਰਾ ਪਸੰਤੀ ਖੋਲ੍ਹ ਕਿਵਾੜ, ਮਧਮ ਬੈਖਰੀ ਆਪੇ ਗਾਇੰਦਾ । ਚਾਰੇ ਕੁੰਟਾਂ ਹੋ ਉਜਿਆਰ, ਦਹਿ ਦਿਸ਼ਾ ਡੰਕ ਵਜਾਇੰਦਾ । ਚਾਰੇ ਵੇਦਾਂ ਕਰ ਪਸਾਰ, ਚਾਰ ਯੁਗ ਵੰਡ ਵੰਡਾਇੰਦਾ । ਚਾਰ ਵਰਨਾਂ ਦੇ ਅਧਾਰ, ਏਕਾ ਅੱਖਰ ਵੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਜੀਵਣ ਜੀਵ ਆਪ ਉਪਾਇੰਦਾ । ਜੀਵਣ ਜੀਵ ਆਪ ਉਪਾ, ਹਰਿ ਅਚਰਜ ਖੇਲ ਕਰਾਈਆ । ਪਾਰਬ੍ਰਹਮ ਬ੍ਰਹਮ ਵੰਡ ਵੰਡਾ, ਤ੍ਰੈਗੁਣ ਮਾਇਆ ਜੋੜ ਜੁੜਾਈਆ । ਪੰਜ ਤੱਤ ਘਾੜਨ ਲਏ ਘੜਾ, ਰਕਤ ਬੂੰਦ ਸੋਭਾ ਪਾਈਆ । ਮਨ ਮਤ ਬੁਧ ਦਏ ਵਸਾ, ਘਰ ਬੰਕ ਲਏ ਸੁਹਾਈਆ । ਘਰ ਵਿਚ ਘਰ ਲਏ ਪਰਗਟਾ, ਕਾਇਆ ਮੰਦਰ ਦਏ ਵਡਿਆਈਆ । ਮੰਦਰ ਅੰਦਰ ਦੀਪ ਜਗਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਅੰਧ ਅੰਧੇਰਾ ਦਏ ਮਿਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਪੁਰਖ ਅਗੰਮ, ਆਦਿ ਅੰਤ ਆਪ ਕਰਾਇੰਦਾ । ਜੁਗਾ ਜੁਗੰਤਰ ਜਾਣੇ ਕੰਮ, ਜੁਗ ਕਰਤਾ ਵੇਸ ਵਟਾਇੰਦਾ । ਲੇਖਾ ਜਾਣੇ ਪਵਣ ਸਵਾਸ ਦਮ, ਪਵਣ ਪਵਣਾਂ ਵਿਚ ਸਮਾਇੰਦਾ । ਆਪੇ ਘੜੇ ਆਪੇ ਲਏ ਭੰਨ, ਘੜਨ ਭੰਨਣਹਾਰ ਆਪ ਅਖਵਾਇੰਦਾ । ਆਪੇ ਦੇਵਣਹਾਰਾ ਦਾਨ, ਆਪੇ ਖਾਲੀ ਹੱਥ ਫਿਰਾਇੰਦਾ । ਆਪੇ ਵੇਖਣਹਾਰਾ ਮਾਰ ਧਿਆਨ, ਆਪੇ ਆਪਣਾ ਮੁਖ ਛੁਪਾਇੰਦਾ । ਆਪੇ ਹੋਏ ਜਾਣੀ ਜਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਾਚੀ ਰਚਨਾ ਆਪ ਰਚਾਇੰਦਾ । ਸਾਚੀ ਰਚਨਾ ਹਰਿ ਜੂ ਰਚ, ਰਚ ਰਚ ਵੇਖ ਵਖਾਈਆ । ਨਿਰਗੁਣ ਅੰਦਰ ਵੜ ਵੜ ਸੱਚ, ਸਚ ਸਚ ਸਮਝਾਈਆ । ਕਾਇਆ ਮਾਟੀ ਭਾਂਡਾ ਕੱਚ, ਝੂਠੀ ਗਗਰੀ ਵੇਖ ਵਖਾਈਆ । ਤ੍ਰੈਗੁਣ ਲਾਏ ਏਕਾ ਆਂਚ, ਅਗਨੀ ਅੱਗ ਜਲਾਈਆ । ਪੰਜ ਤੱਤ ਤੱਤ ਬਣਾਏ ਸਾਂਝ, ਆਤਮ ਪਰਮਾਤਮ ਜੋੜ ਜੁੜਾਈਆ । ਨਾਰ ਪੁਰਖ ਪੁਰਖ ਨਾਰ ਕੋਇ ਨਾ ਦਿਸੇ ਬਾਂਝ, ਜਿਸ ਸਤਿਗੁਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਭੇਵ ਚੁਕਾਏ ਹਰਿ ਭਗਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਆਦਿ ਜੁਗਾਦਿ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਲੇਖਾ ਜਾਣੇ ਸਾਚੇ ਸੰਤ, ਸਤਿਗੁਰ ਆਪਣਾ ਰੂਪ ਧਰਾਈਆ । ਮਾਣਸ ਜਨਮ ਬਣਾਏ ਬਣਤ, ਘੜ ਭਾਂਡਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਈਆ । ਜੁਗ ਜੁਗ ਖੇਲ ਅਵੱਲੜਾ, ਕਰਨਹਾਰ ਕਰਤਾਰ । ਨਿਰਗੁਣ ਸਰਗੁਣ ਫੜਾਏ ਪੱਲੜਾ, ਦੋ ਜਹਾਨਾਂ ਪਾਵੇ ਸਾਰ । ਸਚ ਸਿੰਘਾਸਣ ਏਕਾ ਮਲੜਾ, ਆਤਮ ਸੇਜਾ ਕਰ ਵਿਚਾਰ । ਸਚ ਸੰਦੇਸ ਏਕਾ ਘੱਲੜਾ, ਅਨਹਦ ਸ਼ਬਦ ਸੱਚੀ ਧੁੰਨਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲ ਕਰੇ ਅਪਾਰ । ਜੁਗ ਜੁਗ ਖੇਲ ਕਰੇ ਅਪਾਰਾ,

ਅਪਰੰਪਰ ਵਡ ਵਡਿਆਈਆ । ਨਿਰਗੁਣ ਸਰਗੁਣ ਲੈ ਅਵਤਾਰਾ, ਲੋਕਮਾਤ ਵੇਸ ਵਟਾਈਆ । ਨਾਮ ਸ਼ਬਦ ਸਚ ਭੰਡਾਰਾ, ਪੁਰਖ ਅਕਾਲ ਇਕ ਵਰਤਾਈਆ । ਜੀਵਾਂ ਜੰਤਾਂ ਦੇ ਸਹਾਰਾ, ਸਾਧਾਂ ਸੰਤਾਂ ਲਏ ਤਰਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਸਿਰ ਆਪਣਾ ਹੱਥ ਟਿਕਾਈਆ । ਜੁਗ ਚੌਕੜੀ ਕਰੇ ਪਾਰ ਕਿਨਾਰਾ, ਸਤਿਜੁਗ ਤ੍ਰੇਤਾ ਦੁਆਪਰ ਰਹਿਣ ਨਾ ਪਾਈਆ । ਲੇਖਾ ਜਾਣੇ ਗੁਰ ਅਵਤਾਰਾ, ਗੁਰ ਗੁਰ ਸ਼ਬਦ ਕਰੇ ਪੜ੍ਹਾਈਆ । ਪੀਰ ਪੈਗ਼ੰਬਰ ਖੇਲ ਨਿਆਰਾ, ਦਸਤਗੀਰ ਵੇਖ ਵਖਾਈਆ । ਮੁਕਾਮੇ ਹੱਕ ਏਕਾ ਨਾਅਰਾ, ਹੱਕ ਹਕ਼ੀਕ਼ਤ ਦਏ ਜਣਾਈਆ । ਲਾਸ਼ਰੀਕ ਪਰਵਰਦਿਗਾਰਾ, ਬੇਐਬ ਨਾਉਂ ਖ਼ੁਦਾਈਆ । ਖ਼ਾਲਕ ਖ਼ਲਕ ਵੇਖੇ ਵੇਖਣਹਾਰਾ, ਮਖਲੂਕ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ, ਆਪ ਚਲਾਏ ਸਾਚਾ ਮੰਤਰ, ਨਮੋ ਸਤਿ ਤੱਤ ਸਤਿ ਸਤਿ ਪੜ੍ਹਾਈਆ । ਸਤਿ ਸਤਿ ਹਰਿ ਕਾ ਨਾਉਂ, ਹਰਿ ਹਰਿ ਆਪ ਪਰਗਟਾਇੰਦਾ । ਆਪ ਵਖਾਏ ਹਰ ਘਟ ਥਾਉਂ, ਘਟ ਘਟ ਆਪਣਾ ਡੇਰਾ ਲਾਇੰਦਾ । ਜਨ ਭਗਤਾਂ ਬਣੇ ਪਿਤਾ ਮਾਉਂ, ਬਾਲ ਅਞਾਣੇ ਗੋਦ ਬਹਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਉਂ, ਥਾਨ ਥਨੰਤਰ ਇਕ ਸੁਹਾਇੰਦਾ । ਪਕੜਨਹਾਰਾ ਆਪੇ ਬਾਂਹੋਂ, ਫੜ ਫੜ ਆਪਣੇ ਗਲੇ ਲਗਾਇੰਦਾ । ਕਰੇ ਕਰਾਏ ਸਚ ਨਿਆਉਂ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਏਕਾ ਹੱਥ ਰਖਾਇੰਦਾ । ਦੇਵੇ ਵਰ ਆਪ ਨਿਰੰਕਾਰ, ਨਿਰਗੁਣ ਵਡ ਵਡੀ ਵਡਿਆਈਆ । ਡੁੱਬਦੇ ਪਾਥਰ ਲਏ ਤਾਰ, ਪਾਹਨ ਆਪਣਾ ਚਰਨ ਛੁਹਾਈਆ । ਸੰਸਾਰ ਸਾਗਰ ਵੇਖੇ ਆਣ, ਡੂੰਘੀ ਗਾਗਰ ਭੇਵ ਚੁਕਾਈਆ । ਜੋ ਜਨ ਬਣੇ ਦਰ ਸੌਦਾਗਰ, ਸਾਚਾ ਵਣਜ ਵਣਜਾਰਾ ਇਕ ਵਖਾਈਆ । ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਮੈਲ ਧੁਵਾਈਆ । ਦਰ ਆਇਆਂ ਦਰ ਦੇਵੇ ਆਦਰ, ਦਰਦੀ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪਣੇ ਹੱਥ ਰਖਾਈਆ । ਸਾਚੀ ਵਸਤ ਰੱਖੇ ਹੱਥ, ਹਰਿ ਵੱਡਾ ਬੇਪਰਵਾਹਿਆ । ਜੁਗ ਜੁਗ ਖੇਲ ਕਰੇ ਸਮਰਥ, ਨਿਰਗੁਣ ਸਰਗੁਣ ਵੇਸ ਵਟਾਇਆ । ਲੱਖ ਚੁਰਾਸੀ ਪਾਏ ਨੱਥ, ਜੀਵ ਜੰਤ ਰਿਹਾ ਫਿਰਾਇਆ । ਨਿਰਧਨ ਨਿਰਧਨ ਪੂਰੀ ਕਰੇ ਆਸ, ਆਸਾਵੰਤ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਇਕ ਵਖਾਇਆ । ਸਾਚੀ ਵਸਤ ਸਾਚੀ ਦਾਤ, ਸੋ ਸਤਿਗੁਰ ਆਪ ਵਰਤਾਈਆ । ਲੋਕਮਾਤ ਬੰਨ੍ਹੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਪਿਤਾ ਪੂਤ ਏਕਾ ਸਾਕ, ਮਾਤਾ ਕੁੱਖ ਕੁੱਖ ਸੁਹਾਈਆ । ਸੁਕਲਾ ਕਿਸ਼ਨਾ ਮਿਟੇ ਅੰਧੇਰੀ ਰਾਤ, ਏਕਾ ਨੂਰ ਨੂਰ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਝੋਲੀ ਪਾਈਆ । ਸਾਚੀ ਵਸਤ ਝੋਲੀ ਪਾ, ਸਿਰ ਆਪਣਾ ਹੱਥ ਟਿਕਾਈਆ । ਬਾਲਕ ਜਨਮੇ ਘਰ ਵਿਚ ਆ, ਘਰ ਆਪਣਾ ਰੰਗ ਰੰਗਾਈਆ । ਮਾਤ ਪਿਤ ਪਿਤਾ ਮਾਤ ਖ਼ੁਸ਼ੀ ਲਏ ਮਨਾ, ਦਰ ਮੰਗਲ ਸਾਚਾ ਗਾਈਆ । ਨਾਤਾ ਬਿਧਾਤਾ ਜਗਤ ਜੁਗ ਲਏ ਬੰਧਾ, ਜੀਵਣ ਜੁਗਤ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਾਲਕ ਖ਼ਾਲਕ ਕਰ ਕਿਰਪਾ ਝੋਲੀ ਪਾਈਆ । ਮਨ ਮਤ ਨਾਰ ਜਗਤ ਕਮਜ਼ਾਤ, ਕਲਜੁਗ ਘਰ ਘਰ ਕਰੇ ਲੜਾਈਆ । ਭੈਣ ਭਾਈ ਸਾਕ ਸੱਜਣ ਕੋਈ ਨਾ ਦੇਵੇ ਸਾਥ, ਸਗਲਾ ਸੰਗ ਸਰਬ ਤਜਾਈਆ । ਸਾਂਤ ਨਾ ਆਵੇ ਦਿਵਸ ਰਾਤ, ਘੜੀ


੬੮੭
੧੧

ਪਲ ਨਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਰਖਾਈਆ । ਮਨ ਮਤ ਮਤ ਹੋਏ ਦੂਰ, ਗੁਰਮੁਖ ਘਰ ਰਹਿਣ ਨਾ ਪਾਈਆ । ਪੰਜ ਤੱਤ ਕਾਇਆ ਤਨ ਨਾ ਤਪੇ ਤੰਦੂਰ, ਸਾਂਤਕ ਸਤਿ ਸਤਿ ਵਰਤਾਈਆ । ਅੰਮ੍ਰਿਤ ਮੇਘ ਬਰਸੇ ਇਕ ਜ਼ਰੂਰ, ਝਿਰਨਾ ਨਿਝਰ ਦਏ ਝਿਰਾਈਆ । ਪਿਛਲੇ ਬਖ਼ਸ਼ੇ ਸਰਬ ਕਸੂਰ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਇਕ ਦੂਜੇ ਨੂੰ ਕੋਈ ਨਾ ਸਕੇ ਘੂਰ, ਪਰੇਮ ਪਰੇਮ ਨਾਲ ਮਿਲਾਈਆ । ਆਤਮ ਕੋਲੋਂ ਆਤਮ ਕਦੇ ਨਾ ਹੋਵੇ ਦੂਰ, ਪਰਮਾਤਮਾ ਮੇਲਾ ਕਰੇ ਸਹਿਜ ਸੁਭਾਈਆ । ਜਗਤ ਵਿਕਾਰਾ ਕਰੇ ਚੂਰੋ ਚੂਰ, ਨਾਮ ਖੰਡਾਂ ਇਕ ਚਮਕਾਈਆ । ਸਤੋ ਗੁਣ ਕਰੇ ਭਰਪੂਰ, ਤਾਮਸ ਤ੍ਰਿਸਨਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਿਚ ਮੇਲਾ ਦਏ ਮਿਲਾਈਆ । ਘਰ ਵਿਚ ਮੇਲਾ ਦਏ ਮਿਲਾ, ਮਿਲ ਮਿਲ ਖ਼ੁਸ਼ੀ ਜਣਾਇੰਦਾ । ਦੁਖ ਦਰਦ ਦਰਦ ਦਏ ਕਢਾ, ਸੁਖ ਸੁਖ ਨਾਲ ਮਿਲਾਇੰਦਾ । ਇਕ ਦੂਜੇ ਨੂੰ ਹੱਥ ਨਾਲ ਹੱਥ ਦਏ ਫੜਾ, ਸਮਰਥ ਅੰਦਰੇ ਅੰਦਰ ਬੰਧਨ ਪਾਇੰਦਾ । ਮਨ ਹੰਕਾਰੀ ਦੇਵੇ ਢਾਹ, ਮਨ ਕਾ ਮਣਕਾ ਆਪ ਫਿਰਾਇੰਦਾ । ਸਾਚੇ ਮਾਰਗ ਦੇਵੇ ਲਾ, ਗੁਰਮਤ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸੋਭਾਵੰਤ ਸੁਹਾਇੰਦਾ ।



ਬਿਨ ਦਵਾਈਉਂ ਕਰੇ ਇਲਾਜ, ਗੁਰ ਸਤਿਗੁਰ ਹੱਥ ਵਡਿਆਈਆ । ਦੁਖੀਆਂ ਦਰਦੀਆਂ ਪੂਰਾ ਕਰੇ ਕਾਜ, ਕਰ ਕਿਰਪਾ ਦਇਆ ਕਮਾਈਆ । ਜਿਸ ਤਨ ਪੰਜ ਤੱਤ ਲਿਆ ਸਾਜ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਰਜੋ ਤਮੋ ਸਤੋ ਬੰਧਨ ਪਾਈਆ । ਜੋ ਅੰਦਰ ਵੜ ਚਲਾਏ ਜਹਾਜ਼, ਬਣ ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੋਗ ਸੋਗ ਚਿੰਤਾ ਦੁੱਖ ਆਪਣੇ ਹੱਥ ਰਖਾਈਆ । ਚਿੰਤਾ ਦੁਖ ਰੋਗ ਪੂਰਬ ਕਰਮ, ਕਰਮ ਕਰਮਾਂ ਨਾਲ ਬੰਧਾਇੰਦਾ । ਲੇਖਾ ਜਾਣੇ ਮਾਨਸ ਜਨਮ, ਜਨਮ ਜਨਮ ਫੋਲ ਫੁਲਾਇੰਦਾ । ਜਿਸ ਜਨ ਬਖ਼ਸ਼ੇ ਆਪਣੀ ਸਰਨ, ਸਿਰ ਆਪਣਾ ਹੱਥ ਰਖਾਇੰਦਾ । ਤਿਸ ਨਾਤਾ ਤੋੜੇ ਜਨਮ ਮਰਨ, ਮਰਨ ਜਨਮ ਪੰਧ ਮੁਕਾਇੰਦਾ । ਕਿਰਪਾ ਕਰੇ ਕਰਨੀ ਕਰਨ, ਕਰਤਾ ਪੁਰਖ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸਾਚੀ ਦਵਾ ਹਰਿ ਕਾ ਨਾਉਂ, ਹਰਿ ਹਰਿ ਆਪ ਪਿਆਈਆ । ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਉਂ, ਤੱਤੀ ਵਾ ਨਾ ਲਾਗੇ ਰਾਈਆ । ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਕਾਇਆ ਵੇਖ ਵਖਾਈਆ । ਪੰਜ ਤੱਤ ਕਾਇਆ ਵੇਖੇ ਅਗਨੀ ਅੱਗ, ਹੱਡ ਮਾਸ ਨਾੜੀ ਤਨ ਜਲਾਇਆ । ਦਿਵਸ ਰੈਣ ਜੀਵਤ ਜੀਅ ਦੁਖੀਆ ਜਗ, ਜੀਵਣ ਮੁਕਤ ਨਾ ਕੋਇ ਕਰਾਇਆ । ਨਾੜੀ ਨਾੜੀ ਗਏ ਬੱਝ, ਬਹੱਤਰ ਤੰਦੀ ਤੰਦ ਰਖਾਇਆ । ਤਿੰਨ ਸੌ ਸੱਠ ਹਾਡੀ ਵਿਚੋਂ ਕੋਈ ਨਾ ਸਕੇ ਕੱਢ, ਧਨੰਤਰ ਬੈਠਾ ਮੁਖ ਛੁਪਾਇਆ । ਜਿਸ ਜਨ ਕਿਰਪਾ ਕਰੇ ਪੁਰਖ ਸਮਰਥ, ਦੁੱਖ ਦਰਦ ਰਹੇ ਨਾ ਰਾਇਆ । ਸਾਚਾ ਮਾਰਗ ਦੇਵੇ ਦੱਸ, ਏਕਾ ਅੱਖਰ ਜਾਪ ਪੜ੍ਹਾਇਆ । ਸੋ ਪੁਰਖ ਨਿਰੰਜਣ ਹੋਏ ਵਸ, ਹੰ ਮੇਲਾ ਸਹਿਜ ਸੁਭਾਇਆ । ਜਗਤ ਦਲਿੱਦਰ ਜਾਏ ਨੱਸ, ਸੁਖ ਸਹਿਜੇ ਸਹਿਜ ਘਰ ਆਇਆ । ਹਿਰਦੇ ਅੰਦਰ ਸਤਿਗੁਰ ਪੂਰਾ

ਜਾਏ ਵਸ, ਦਿਵਸ ਰੈਣ ਰੈਣ ਦਿਵਸ ਬਿਨ ਨੇਤਰ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਖ ਦਾਰੂ ਇਕ ਸਮਝਾਇਆ । ਦੁਖ ਦਾਰੂ ਵੇਖੇ ਦਰਦ, ਵੇਖਣਹਾਰਾ ਆਪ ਹੋ ਆਈਆ । ਕਦੇ ਤੱਤੀ ਕਾਇਆ ਕਦੇ ਸਰਦ, ਭੇਵ ਕੋਇ ਨਾ ਪਾਈਆ । ਨੇਤਰ ਨੈਣ ਹੋਣ ਜ਼ਰਦ, ਦੁੱਖ ਦੁੱਖ ਵਿਚ ਛੁਪਾਈਆ । ਨਾ ਰੋਗ ਨਾਰੀ ਨਾ ਕੋਈ ਮਰਦ, ਮਰਦ ਨਾਰੀ ਦਿਸ ਕਿਸੇ ਨਾ ਆਈਆ । ਪਾਰਬ੍ਰਹਮ ਸਤਿਗੁਰ ਪੂਰਾ ਸ਼ਬਦ ਸਰੂਪੀ ਇਕੋ ਫੇਰੇ ਕਰਦ, ਨਾੜੀ ਨਾੜੀ ਸਾਫ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਦਵਾ ਦਇਆ ਕਮਾਈਆ । ਬਿਨ ਦਵਾ ਆਇਆ ਤਬੀਬ, ਵੇਖੇ ਵੇਖਣਹਾਰਾ । ਵੇਖਣਹਾਰਾ ਹੋ ਕਰੀਬ, ਨੇਤਰ ਨੈਣ ਨੈਣ ਉਘਾੜਾ । ਪਿਛਲਾ ਅਗਲਾ ਅਗਲਾ ਪਿਛਲਾ ਬਖ਼ਸ਼ੇ ਆਪ ਨਸੀਬ, ਨਿਸਬਤ ਨਿਸਬਤ ਆਪਣੇ ਹੱਥ ਰਖੇ ਕਰਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਅੰਮ੍ਰਿਤ ਆਤਮ ਦੇਵੇ ਠੰਡਾ ਠਾਰਾ । ਘਟ ਘਟ ਅੰਦਰ ਹਰਿ ਕਾ ਗਿਆਨ, ਹਰੀ ਹਰਿ ਆਦਿ ਜੁਗਾਦਿ ਰਖਾਇੰਦਾ । ਬਿਨ ਸਤਿਗੁਰ ਪੂਰੇ ਮਿਲੇ ਨਾ ਕਿਸੇ ਨਿਸ਼ਾਨ, ਜੀਵ ਜੰਤ ਸਰਬ ਕੁਰਲਾਇੰਦਾ । ਗੁਰ ਸਤਿਗੁਰ ਪੂਰਾ ਹੋਏ ਮਿਹਰਵਾਨ, ਨੌਂ ਦੁਵਾਰੇ ਖੋਜ ਖੁਜਾਇੰਦਾ । ਸੁਖਮਨ ਟੇਢੀ ਬੰਕ ਵੇਖੇ ਮਾਰ ਧਿਆਨ, ਆਪ ਆਪਣਾ ਭੇਵ ਚੁਕਾਇੰਦਾ । ਈੜਾ ਪਿੰਗਲ ਹੋਏ ਹੈਰਾਨ, ਨੇਤਰ ਨੈਣ ਨਾ ਕੋਇ ਉਠਾਇੰਦਾ । ਨਾਤਾ ਤੁਟੇ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਆਸਾ ਤ੍ਰਿਸਨਾ ਹਉਮੇ ਹੰਗਤਾ ਜੂਠ ਝੂਠ ਮੁੱਕੇ ਦੁਕਾਨ, ਮਾਇਆ ਮਮਤਾ ਹੱਟ ਨਾ ਕੋਇ ਵਿਕਾਇੰਦਾ । ਅੰਮ੍ਰਿਤ ਆਤਮ ਨਿਝਰ ਝਿਰਨਾ ਝਿਰਾਏ ਸ੍ਰੀ ਭਗਵਾਨ, ਰਸ ਰਸਕ ਇਕ ਵਖਾਇੰਦਾ । ਦੀਪਕ ਜੋਤੀ ਦੇਵੇ ਬਾਲ, ਅਗਿਆਨ, ਅੰਧੇਰ ਮਿਟਾਇੰਦਾ । ਅਨਹਦ ਸ਼ਬਦ ਸੁਣਾਏ ਜਸ ਧੁਨਕਾਨ, ਧੁਨ ਆਤਮ ਰਾਗ ਅਲਾਇੰਦਾ । ਬਜਰ ਕਪਾਟੀ ਤੋੜੇ ਆਣ, ਨਾਮ ਖੰਡਾ ਹੱਥ ਉਠਾਇੰਦਾ । ਘਰ ਵਿਚ ਘਰ ਵਖਾਏ ਮਕਾਨ, ਚਾਰ ਦੀਵਾਰੀ ਨਾ ਕੋਇ ਬਣਾਇੰਦਾ । ਨਿਰਮਲ ਜੋਤ ਜਗੇ ਮਹਾਨ, ਜੋਤ ਨਿਰੰਜਣ ਡਗਮਗਾਇੰਦਾ । ਆਤਮ ਸੇਜਾ ਹੋ ਪਰਧਾਨ, ਸਚ ਸਿੰਘਾਸਣ ਆਸਣ ਲਾਇੰਦਾ । ਸੁਰਤੀ ਸ਼ਬਦੀ ਦਏ ਗਿਆਨ, ਮੂਰਤ ਅਕਾਲ ਵੇਖ ਵਖਾਇੰਦਾ । ਨਾਤਾ ਤੋੜ ਦੋ ਜਹਾਨ, ਆਪ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਿਆਨ ਪਰਕਾਸ਼ ਇਕ ਕਰਾਇੰਦਾ । ਗਿਆਨ ਪਰਕਾਸ਼ ਹੋਵੇ ਭਾਨ, ਸੂਰਜ ਚੰਦ ਮੁੱਖ ਸ਼ਰਮਾਈਆ । ਏਕਾ ਰਾਗ ਸੁਣਾਏ ਕਾਨ, ਛੱਤੀ ਰਾਗ ਭੇਵ ਚੁਕਾਈਆ । ਇਕ ਵਖਾਏ ਮੰਦਰ ਮਕਾਨ, ਘਰ ਘਰ ਵਿਚ ਪੜਦਾ ਲਾਹੀਆ । ਏਕਾ ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਤ੍ਰਿਸਨਾ ਭੁੱਖ ਗਵਾਈਆ । ਏਕਾ ਈਸ਼ ਜੀਵ ਹੋਏ ਬਲਵਾਨ, ਈਸ਼ ਜੀਵ ਲਏ ਮਿਲਾਈਆ । ਏਕਾ ਪਾਰਬ੍ਰਹਮ ਬ੍ਰਹਮ ਵੇਖੇ ਆਣ, ਬੇਅੰਤ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਗਿਆਨ ਇਕ ਜਣਾਈਆ । ਸਚ ਗਿਆਨ ਸਤਿਗੁਰ ਚਰਨ, ਏਕਾ ਓਟ ਸਰਨਾਈਆ । ਨੇਤਰ ਖੁਲ੍ਹੇ ਹਰਨ ਫਰਨ, ਦੋਏ ਲੋਚਨ ਬੰਦ ਕਰਾਈਆ । ਨਾਤਾ ਤੁਟੇ ਵਰਨ ਬਰਨ, ਜ਼ਾਤ ਪਾਤ ਰਹਿਣ ਨਾ ਪਾਈਆ । ਪੁਰਖ ਅਕਾਲ ਇਕੋ ਸਰਨ, ਦੂਜੀ ਓਟ ਨਾ ਕੋਇ ਜਣਾਈਆ । ਕਿਰਪਾ ਕਰੇ ਕਰਨੀ ਕਰਨ, ਕਰਤਾ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਗਿਆਨ ਇਕ ਵਖਾਈਆ । ਸਚ ਗਿਆਨ ਨਿਸ਼ਅੱਖਰ, ਲਿਖਣ ਪੜ੍ਹਣ ਵਿਚ ਨਾ ਆਇਆ । ਪੁਰਖ ਅਬਿਨਾਸ਼ੀ ਉਹਲੇ ਰੱਖਿਆ ਬਜਰ ਕਪਾਟੀ ਪੱਥਰ, ਦਿਸ ਕਿਸੇ ਨਾ ਆਇਆ ।

੬੯੦
੧੧

ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵਿਰੋਲਣ ਅੱਥਰ, ਨੇਤਰ ਨੈਣਾਂ ਨੀਰ ਵਹਾਇਆ । ਗੁਰਮੁਖ ਵਿਰਲਾ ਚੋਟੀ ਚੜ੍ਹੇ ਸਿਖਰ, ਜਿਸ ਸਤਿਗੁਰ ਪੂਰਾ ਦਏ ਚੜ੍ਹਾਇਆ । ਅੱਗੇ ਹਰਿ ਜੂ ਮਿਲੇ ਮਿੱਤਰ, ਮਿੱਤਰ ਪਿਆਰਾ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗਿਆਨ ਇਕ ਵਖਾਇਆ । ਸਾਚਾ ਗਿਆਨ ਸਤਿਗੁਰ ਚਰਨ ਧੂੜ, ਟਿੱਕਾ ਮਸਤਕ ਇਕ ਜਣਾਇਆ । ਚਤੁਰ ਸੁਘੜ ਸਿਆਣ ਕਰੇ ਮੂਰਖ ਮੁਗਧ ਮੂੜ੍ਹ, ਮੂੜ੍ਹੇ ਆਪਣੇ ਧੰਦੇ ਲਾਈਆ । ਕਾਇਆ ਚੋਲੀ ਚਾੜ੍ਹੇ ਰੰਗ ਗੂੜ੍ਹ, ਉਤਰ ਕਦੇ ਨਾ ਜਾਈਆ । ਆਤਮ ਪਰਮਾਤਮ ਜੋਤੀ ਨੂਰ, ਨੂਰ ਨੁਰਾਨਾ ਦਏ ਦਰਸਾਈਆ । ਦਰਸ ਦਿਖਾਏ ਹਾਜ਼ਰ ਹਜ਼ੂਰ, ਹਾਜ਼ਰ ਹਜ਼ੂਰ ਫੇਰਾ ਪਾਈਆ । ਅੱਠੇ ਪਹਿਰ ਦਿਵਸ ਰੈਣ ਬਖ਼ਸ਼ੇ ਨਾਮ ਸਰੂਰ, ਚਿੰਤਾ ਦੁੱਖ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਗਿਆਨ ਇਕ ਚਮਕਾਈਆ । ਸਚ ਗਿਆਨ ਸਚ ਪਰਕਾਸ਼, ਹਰਿ ਪਰਕਾਸ਼ ਆਪ ਵਖਾਇੰਦਾ । ਜੁਗ ਜੁਗ ਜਨ ਭਗਤਾਂ ਹੋਏ ਦਾਸ, ਬਣ ਸੇਵਕ ਸੇਵ ਕਮਾਇੰਦਾ । ਪ੍ਰਭ ਮਿਲਣ ਦੀ ਜੋ ਜਨ ਰੱਖੇ ਆਸ, ਤਿਸ ਆਪਣਾ ਮੇਲ ਕਰਾਇੰਦਾ । ਨਾਤਾ ਤੋੜ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਡੇਰਾ ਢਾਹਿੰਦਾ । ਗੁਰਸਿਖ ਤੇਰਾ ਵੇਖਣਹਾਰਾ ਪਵਣ ਸਵਾਸ, ਸਵਾਸ ਸਵਾਸਾਂ ਵਿਚ ਸਮਾਇੰਦਾ । ਹਰਿਜਨ ਕਦੇ ਨਾ ਹੋਏ ਨਿਰਾਸ, ਜੋ ਇਕੋ ਓਟ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਿਆਨ ਗਿਆਨ ਗਿਆਨ ਚਮਕਾਇੰਦਾ । ਹਰਿ ਕਾ ਗਿਆਨ ਹਰਿ ਕਾ ਰੂਪ, ਹਰਿ ਵਿਚ ਰਿਹਾ ਸਮਾਈਆ । ਹਰਿ ਜੂ ਵਸੇ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਈਆ । ਨਾਤਾ ਤੋੜੇ ਜੂਠ ਝੂਠ, ਤਿਸ ਗੁਰਮੁਖ ਮਿਲੇ ਵਡਿਆਈਆ । ਪ੍ਰਭ ਵੇਖੇ ਆ ਆ ਸਾਚਾ ਪੂਤ, ਪੂਤ ਸਪੂਤਾ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਿਆਨ ਪਰਕਾਸ਼ ਇਕ ਕਰਾਈਆ । ਗਿਆਨ ਪਰਕਾਸ਼ ਹੋਏ ਨੇਤਰ ਅੰਧ, ਅਗਿਆਨ ਅੰਧੇਰ ਚੁਕਾਇੰਦਾ । ਸੁਰਤੀ ਮੁਕਾਏ ਆਪਣਾ ਪੰਧ, ਸ਼ਬਦੀ ਮੇਲ ਮਿਲਾਇੰਦਾ । ਨਾਤਾ ਤੁਟੇ ਬੱਤੀ ਦੰਦ, ਅਜਪਾ ਜਾਪ ਆਪ ਕਰਾਇੰਦਾ । ਲੇਖਾ ਚੁਕੇ ਜੇਰਜ ਅੰਡ, ਜੋਤੀ ਜੋਤ ਜੋਤ ਮਿਲਾਇੰਦਾ । ਆਤਮ ਅੰਤਰ ਇਕ ਅਨੰਦ, ਪਰਮਾਨੰਦ ਵਖਾਇੰਦਾ । ਰਸਨਾ ਤਜੇ ਮਦਿਰਾ ਮਾਸ ਗੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਇਕੋ ਨਾਤਾ, ਵਰਨ ਗੋਤ ਨਾ ਕੋਇ ਪਛਾਤਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਹਰਿ ਕਾ ਗਿਆਨ ਨਾ ਕੋਇ ਰੂਪ ਰੰਗ ਨਜ਼ਰ ਕੋਇ ਨਾ ਆਈਆ । ਗੁਰਮੁਖ ਮੇਲਾ ਆਤਮ ਸੇਜ ਪਲੰਘ, ਘਰ ਸਾਚੇ ਵੱਜੇ ਵਧਾਈਆ । ਦਿਵਸ ਰੈਣ ਇਕ ਅਨੰਦ, ਅਨੰਦ ਮੰਗਲ ਏਕਾ ਗਾਈਆ । ਗੀਤ ਗੋਬਿੰਦ ਸਾਚਾ ਛੰਦ, ਸਾਚਾ ਸੋਹਲਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਗਿਆਨ ਇਕ ਦ੍ਰਿੜਾਈਆ । ਸਚ ਗਿਆਨ ਨਾਮ ਸਤਿ, ਸਤਿ ਸਤਿ ਸਮਝਾਇਆ । ਘਰ ਵਿਚ ਉਪਜੇ ਬ੍ਰਹਮ ਮਤ, ਮਨ ਮਤ ਰਹੇ ਨਾ ਰਾਇਆ । ਸਤਿ ਸੰਤੋਖ ਧੀਰਜ ਜਤ, ਸਤਿ ਸਤਿਵਾਦੀ ਆਪ ਬੰਧਾਇਆ । ਏਥੇ ਓਥੇ ਰੱਖੇ ਪਤ, ਸਿਰ ਆਪਣਾ ਹੱਥ ਟਿਕਾਇਆ । ਪੰਚ ਵਿਕਾਰਾ ਪਾਏ ਨੱਥ, ਏਕਾ ਡੋਰੀ ਹੱਥ ਰਖਾਇਆ । ਸਰਬ ਜੀਆਂ ਜਾਣੇ ਮਿਤ ਗਤ, ਹਰਿਜਨ ਵੇਖੇ ਥਾਉਂ ਥਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਗਿਆਨ ਇਕ ਸਮਝਾਇਆ । ਸਚ ਗਿਆਨ ਚਰਨ ਕਵਲ, ਹਰਿ ਸਰਨ ਸੱਚੀ ਸਰਨਾਈਆ । ਮਿਲੇ ਵਡਿਆਈ ਉਪਰ ਧਵਲ, ਅੱਗੇ ਲੇਖਾ ਰਹੇ ਨਾ ਰਾਈਆ । ਉਲਟਾ ਹੋਏ ਨਾਭ ਕਵਲ, ਕਵਲਾ ਕਵਲ ਭੁਵਾਈਆ ।

ਨਿਰਗੁਣ ਸਰਗੁਣ ਅੰਦਰ ਜਾਏ ਮਵਲ, ਆਪ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਅੰਦਰ ਗਿਆਨ ਦਏ ਪਰਗਟਾਈਆ । ਕਾਇਆ ਅੰਦਰ ਗਿਆਨ ਭੰਡਾਰਾ, ਹਰਿ ਸਤਿਗੁਰ ਆਪ ਰਖਾਇਆ । ਗੁਰਮੁਖ ਵਿਰਲਾ ਬਣੇ ਵਣਜਾਰਾ, ਆਪਣਾ ਹੱਟ ਲਏ ਖੁਲ੍ਹਾਇਆ । ਸ੍ਰਿਸ਼ਟੀ ਰੋਵੇ ਜ਼ਾਰੋ ਜ਼ਾਰਾ, ਨਾਮ ਅਨਮੁਲੜਾ ਹੱਥ ਕਿਸੇ ਨਾ ਆਇਆ । ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਚੜ੍ਹ ਚੜ੍ਹ ਵੇਖਣ ਡੂੰਘੀਆਂ ਗਾਰਾ, ਦਹਿ ਦਿਸ਼ਾ ਫੇਰਾ ਪਾਇਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਮੰਗੇ ਇਕ ਸਹਾਰਾ, ਪ੍ਰਭ ਚਰਨ ਧਿਆਨ ਲਗਾਇਆ । ਨਾਨਕ ਗੋਬਿੰਦ ਵੇਖੇ ਵਿਗਸੇ ਵੇਖਣਹਾਰਾ, ਅਭੁੱਲ ਭੁੱਲ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਵਿਚ ਵਖਾਏ ਨਾਮ ਖਜ਼ਾਨਾ, ਦੂਈ ਦਵੈਤੀ ਪੜਦਾ ਲਾਹਿਆ । ਦੂਈ ਦਵੈਤੀ ਪੜਦਾ ਜਾਏ ਲੱਥ, ਮਾਇਆ ਮਮਤਾ ਰਹਿਣ ਨਾ ਪਾਈਆ । ਅੰਤਰ ਮਿਲੇ ਪੁਰਖ ਸਮਰਥ, ਨਿਰੰਤਰ ਬੈਠਾ ਆਸਣ ਲਾਈਆ । ਸਾਚਾ ਮਾਰਗ ਆਪੇ ਦੱਸ, ਆਪਣੇ ਰਾਹ ਚਲਾਈਆ । ਮੇਲ ਮਿਲਾਵਾ ਹੱਸ ਹੱਸ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਭਗਤ ਭਗਵਾਨ ਇਕ ਦੂਜੇ ਦਾ ਗਾਵਣ ਜਸ, ਘਰ ਏਕਾ ਬੈਠੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਿਆਨ ਧਿਆਨ ਏਕਾ ਨਾਮ ਦ੍ਰਿੜਾਈਆ । ਸ਼ਰੀਰਕ ਰੋਗ ਮਿਟੇ ਦੁੱਖ, ਦੁਖੀ ਜੀਵ ਨਾ ਕੋਇ ਕੁਰਲਾਇਆ । ਪੰਜ ਤੱਤ ਕਾਇਆ ਮਿਲੇ ਸੁਖ, ਸੁਖ ਸਾਗਰ ਰੂਪ ਵਟਾਇਆ । ਸੁਫਲ ਕਰੇ ਮਾਤ ਕੁੱਖ, ਜਨ ਜਨਨੀ ਲੇਖੇ ਲਾਇਆ । ਉਜਲ ਹੋਏ ਜਗਤ ਮੁਖ, ਜਿਸ ਨੇਤਰ ਸਤਿਗੁਰ ਦਰਸਨ ਪਾਇਆ । ਮਾਤ ਗਰਭ ਨਾ ਉਲਟਾ ਰੁੱਖ, ਲੱਖ ਚੁਰਾਸੀ ਫੰਦ ਕਟਾਇਆ । ਲੇਖੇ ਲੱਗਾ ਜਨਮ ਮਨੁੱਖ, ਜਨਮ ਮਰਨ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦਿਖਾਏ ਜੋ ਬੈਠਾ ਅੰਦਰ ਲੁਕ, ਸਵੱਛ ਸਰੂਪੀ ਸ਼ਾਹੋ ਭੂਪੀ ਆਪਣਾ ਰੂਪ ਵਟਾਇਆ । ਪੂਰਬ ਜਨਮ ਮਿਲਿਆ ਲਹਿਣਾ, ਸਤਿਗੁਰ ਨਿੰਦਿਆ ਮੁੱਖ ਰਖਾਈਆ । ਗੁਰੂ ਅਮਰਦਾਸ ਨਾ ਮੰਨਿਆ ਕਹਿਣਾ, ਬੈਠਾ ਮੁਖ ਭੁਵਾਈਆ । ਜਗਤ ਭਾਣਾ ਸਹਿਣਾ ਪੈਣਾ, ਲਿਖਿਆ ਲੇਖ ਨਾ ਕੋਇ ਮਿਟਾਈਆ । ਅੱਗੇ ਸਚਖੰਡ ਦੁਆਰੇ ਗੁਰ ਕੀ ਚਰਨੀ ਬਹਿਣਾ, ਰਾਮ ਦਾਸ ਹੋਏ ਸਹਾਈਆ । ਮਰਨ ਤੋਂ ਪਹਿਲੋਂ ਤਿੰਨ ਦਿਨ ਦਰਸਨ ਦੇਵੇ ਤੇਰੇ ਨੈਣਾਂ, ਗੁਰੂ ਅਮਰਦਾਸ ਅਮਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਦੇਣਾ ਲਹਿਣਾ ਆਦਿ ਜੁਗਾਦਿ ਜੁਗਾਂ ਜੁਗੰਤਰ ਵੇਖੇ ਵਿਗਸੇ ਬੇਪਰਵਾਹੀਆ । ਚਰਨ ਕਵਲ ਸਚ ਪ੍ਰੀਤ, ਗੁਰਸਿਖ ਸਿਖ ਵਡਿਆਈਆ । ਆਦਿ ਜੁਗਾਦੀ ਸਤਿਗੁਰ ਰੀਤ, ਹਰਿ ਹਰਿ ਜਣਾਈਆ । ਕਾਇਆ ਕਰੇ ਪਤਿਤ ਪੁਨੀਤ, ਪਤਿਤ ਪਾਪੀ ਲਏ ਤਰਾਈਆ । ਧਾਮ ਵਖਾਏ ਇਕ ਅਨਡੀਠ, ਬੰਕ ਦੁਆਰਾ ਆਪ ਖੁਲ੍ਹਾਈਆ । ਆਤਮ ਪਰਮਾਤਮ ਠਾਂਡਾ ਸੀਤ, ਅਗਨੀ ਤੱਤ ਨਾ ਕੋਇ ਜਲਾਈਆ । ਵੇਖਣਹਾਰਾ ਸਦ ਅਤੀਤ, ਨਿਤ ਨਵਿਤ ਵੇਸ ਵਟਾਈਆ । ਕਲਜੁਗ ਅੰਤਮ ਰਿਹਾ ਬੀਤ, ਜੁਗ ਚੌਕੜੀ ਮੁੱਖ ਭੁਆਈਆ । ਪੁਰਖ ਅਕਾਲ ਇਕ ਅਤੀਤ, ਤਖ਼ਤ ਨਿਵਾਸੀ ਸ਼ਾਹੋ ਸ਼ਬਾਸੀ ਸਚ ਮਹੱਲੇ ਉਚ ਅਟੱਲੇ ਆਪਣਾ ਆਸਣ ਲਾਈਆ । ਲੇਖਾ ਜਾਣੇ ਹਸਤ ਕੀਟ, ਉਚ ਨੀਚ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਖ਼ਸ਼ੇ ਇਕ ਪ੍ਰੀਤ, ਪ੍ਰੀਤੀਵਾਨ ਹਰਿ ਭਗਵਾਨ ਜੁਗ ਜੁਗ ਆਪਣਾ ਬੰਧਨ ਪਾਈਆ । ਸਚ ਪ੍ਰੀਤੀ ਸਾਚਾ ਮੇਲਾ, ਨਿਰਗੁਣ ਸਰਗੁਣ ਆਪ ਕਰਾਇੰਦਾ । ਏਕਾ ਘਰ


੬੯੧
੧੧

੬੯੨
੧੧

ਵਸੇ ਗੁਰੂ ਗੁਰ ਚੇਲਾ, ਗੁਰ ਗੋਬਿੰਦ ਵੇਖ ਵਖਾਇੰਦਾ । ਵਸਣਹਾਰਾ ਧਾਮ ਨਿਵੇਲਾ, ਨਿਰਗੁਣ ਆਪਣਾ ਵੇਸ ਵਟਾਇੰਦਾ । ਆਦਿ ਜੁਗਾਦੀ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਧਨ ਇਕ ਰਖਾਇੰਦਾ । ਕੂੜਾ ਬੰਧਨ ਜਾਏ ਉਠ, ਬਲ ਬਲੀਆ ਬਲ ਜਣਾਇੰਦਾ । ਦੀਨ ਦਿਆਲ ਜਾਏ ਤੁਠ, ਅੰਤ ਦਇਆ ਕਮਾਇੰਦਾ । ਅੰਮ੍ਰਿਤ ਪੀਣਾ ਇਕੋ ਘੁੱਟ, ਰੋਗ ਸੋਗ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਦੇਹੀ ਦੁਖ ਲੱਥੇ ਸਰੀਰ, ਅੰਗ ਅੰਗ ਮਿਲੇ ਵਡਿਆਈਆ । ਮਨ ਚਿੰਦਿਆ ਦੇਵੇ ਧੀਰ, ਧੀਰਜ ਧੀਰ ਇਕ ਰਖਾਈਆ । ਹੱਡੀ ਹੱਡ ਕੱਢੇ ਪੀੜ, ਨਾੜ ਨਾੜ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁੱਖ ਦਰਦ ਕੱਟ ਜ਼ੰਜੀਰ, ਜਰਾ ਜਰਾ ਹੋਏ ਸਹਾਈਆ । ਸੋ ਪੁਰਖ ਨਿਰੰਜਣ ਬੇਪਰਵਾਹ, ਬੇਅੰਤ ਵਡੀ ਵਡਿਆਈਆ । ਹਰਿ ਪੁਰਖ ਨਿਰੰਜਣ ਸ਼ਹਿਨਸ਼ਾਹ, ਸਾਚੇ ਤਖ਼ਤ ਸੋਭਾ ਪਾਈਆ । ਏਕੰਕਾਰਾ ਅਗੰਮ ਅਥਾਹ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਆਦਿ ਨਿਰੰਜਣ ਨੂਰ ਰੁਸ਼ਨਾ, ਜੋਤੀ ਜਾਤਾ ਡਗਮਗਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਸਾਚੇ ਥਾਂ, ਮਹੱਲ ਅਟੱਲ ਸੋਭਾ ਪਾਈਆ । ਸ੍ਰੀ ਭਗਵਾਨ ਹੁਕਮੀ ਹੁਕਮ ਰਿਹਾ ਵਰਤਾ, ਧੁਰ ਫ਼ਰਮਾਣਾ ਆਪ ਜਣਾਈਆ । ਪਾਰਬ੍ਰਹਮ ਪ੍ਰਭ ਵੇਸ ਵਟਾ, ਆਪਣੀ ਅਲਖ ਆਪ ਜਗਾਈਆ । ਸਚਖੰਡ ਦੁਆਰੇ ਡੇਰਾ ਲਾ, ਥਿਰ ਘਰ ਆਪਣੀ ਰਚਨ ਰਚਾਈਆ । ਥਿਰ ਘਰ ਸ਼ਬਦੀ ਸੁਤ ਬਹਾ, ਦੇਵੇ ਮਾਣ ਵਡਿਆਈਆ । ਸਾਚੇ ਸੁਤ ਸੇਵਾ ਲਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਰਚਨ ਰਚਾਈਆ । ਕਰੇ ਖੇਲ ਬੇਪਰਵਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਵਖਾਈਆ । ਬ੍ਰਹਿਮੰਡ ਖੰਡ ਆਪ ਉਪਾ, ਭੇਵ ਅਭੇਦ ਖੁਲ੍ਹਾਇੰਦਾ । ਵਿਸ਼ਨੂੰ ਵਿਸ਼ਵ ਰੂਪ ਧਰਾ, ਬ੍ਰਹਮਾ ਪਾਰਬ੍ਰਹਮ ਪਰਗਟਾਇੰਦਾ । ਕਵਲ ਕਵਲਾ ਕਵਲ ਖੁਲਾ, ਰਸ ਰਸੀਆ ਰਸ ਚੁਆਇੰਦਾ । ਸੁੰਨ ਅਗੰਮੀ ਆਪ ਸਮਾ, ਧੁੰਆਂਧਾਰ ਵੇਖ ਵਖਾਇੰਦਾ । ਸ਼ੰਕਰ ਮੇਲਾ ਸਹਿਜ ਸੁਭਾ, ਸਗਲਾ ਸੰਗ ਰਖਾਇੰਦਾ । ਨਿਰਗੁਣ ਨਿਰਾਕਾਰ ਬੇਪਰਵਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਪੁਰਖ ਅਕਾਲ ਆਪ ਜਣਾਈਆ । ਤਖ਼ਤ ਨਿਵਾਸੀ ਸ੍ਰੀ ਭਗਵਾਨਾ, ਗੇੜਾ ਗੇੜੇ ਵਿਚ ਰਖਾਈਆ । ਭੂਪਤ ਭੂਪ ਰਾਜ ਰਾਜਾਨਾ, ਬੇਅੰਤ ਵਡ ਵਡਆਈਆ । ਵਸਣਹਾਰਾ ਸਚ ਮਕਾਨਾ, ਸਚਖੰਡ ਸਾਚੇ ਸੋਭਾ ਪਾਈਆ । ਜੁਗਾ ਜੁਗੰਤਰ ਹੋ ਪਰਧਾਨਾ, ਲੋਕਮਾਤ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਪੰਧ ਮੁਕਾਨਾ, ਜੁਗ ਚੌਕੜੀ ਗੇੜਾ ਇਕ ਰਖਾਈਆ । ਨਵ ਨੌਂ ਚਾਰ ਖੇਲ ਮਹਾਨਾ, ਮਿਹਰਵਾਨਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਵੇਖ ਵਖਾਈਆ । ਨਿਰਗੁਣ ਸਰਗੁਣ ਵੇਖੇ ਆ, ਆਦਿ ਜੁਗਾਦਿ ਰੂਪ ਧਰਾਇੰਦਾ । ਗੁਰ ਅਵਤਾਰ ਨਾਉਂ ਰਖਾ, ਪੰਜ ਤੱਤ ਚੋਲਾ ਆਪ ਹੰਢਾਇੰਦਾ । ਸ਼ਬਦੀ ਸ਼ਬਦ ਡੰਕ ਵਜਾ, ਜੀਵ ਜੰਤ ਆਪ ਉਠਾਇੰਦਾ । ਰਾਗੀ ਰਾਗ ਨਾਦ ਅਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਜੁਗ ਜੁਗ ਖੇਲ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਪਣਾ ਰੂਪ ਧਰਾਈਆ । ਵੇਖੇ ਵਿਗਸੇ ਵੇਖਣਹਾਰਾ, ਜੁਗਾ ਜੁਗੰਤਰ ਵੇਸ ਵਟਾਈਆ । ਕਲਜੁਗ ਅੰਤਮ ਹੋ ਤਿਆਰਾ, ਨਿਰਵੈਰ ਨੂਰ ਕਰੇ ਰੁਸ਼ਨਾਈਆ । ਅਗੰਮ ਅਗੋਚਰ ਵਸਣਹਾਰਾ

੬੯੨
੧੧

ਠਾਂਡੇ ਦਰਬਾਰਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਬਲ ਆਪ ਰਖਾਈਆ । ਆਪਣਾ ਬਲ ਰੱਖੇ ਭਗਵਾਨ, ਦੂਜਾ ਸੰਗ ਨਾ ਕੋਇ ਰਖਾਇੰਦਾ । ਨਿਰਗੁਣ ਨਿਰਗੁਣ ਹੋ ਪਰਧਾਨ, ਨਿਰਵੈਰ ਖੇਲ ਕਰਾਇੰਦਾ । ਸਚਖੰਡ ਵੇਖ ਮਕਾਨ, ਲੋਕਮਾਤ ਆਸਣ ਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਪਹਿਚਾਨ, ਆਪ ਆਪਣੀ ਬੂਝ ਬੁਝਾਇੰਦਾ । ਗੁਰ ਅਵਤਾਰਾਂ ਧੁਰ ਫ਼ਰਮਾਣ, ਸਚ ਸੰਦੇਸਾ ਇਕ ਸੁਣਾਇੰਦਾ । ਪੀਰ ਪੈਗ਼ੰਬਰ ਦੇਵੇ ਈਮਾਨ, ਆਲਮੀਨ ਰੂਪ ਵਟਾਇੰਦਾ । ਦਸਤਗੀਰ ਸਚ ਕਲਾਮ, ਕਲਮਾ ਨਬੀ ਆਪ ਪੜ੍ਹਾਇੰਦਾ । ਰਸੂਲ ਰਸੂਲਾਂ ਬਣ ਅਮਾਮ, ਉਮਤ ਆਪਣਾ ਰੰਗ ਵਖਾਇੰਦਾ । ਨਿਰਗੁਣ ਵੇਖ ਪਦ ਨਿਰਬਾਣ, ਨਾਨਕ ਮੇਲਾ ਆਪ ਕਰਾਇੰਦਾ । ਪੰਜ ਤੱਤ ਤੱਤ ਨਿਸ਼ਾਨ, ਜਗਤ ਨਿਸ਼ਾਨਾ ਇਕ ਰਖਾਇੰਦਾ । ਅੰਤਰ ਵਸ ਸ੍ਰੀ ਭਗਵਾਨ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਚਾਰ ਵਰਨ ਇਕ ਗਿਆਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਵੰਡ ਵੰਡਾਇੰਦਾ । ਰਾਓ ਰੰਕ ਰਾਜ ਰਾਜਾਨ ਇਕ ਮਕਾਨ, ਊਚ ਨੀਚ ਨਾ ਕੋਇ ਰਖਾਇੰਦਾ । ਸਤਿਨਾਮ ਸਾਚਾ ਦਾਨ, ਬਣ ਬਣ ਦਾਨੀ ਆਪ ਵਰਤਾਇੰਦਾ । ਅੰਤਮ ਦੇ ਕੇ ਗਿਆ ਧੁਰ ਫ਼ਰਮਾਣ, ਸਚ ਸੰਦੇਸਾ ਇਕ ਸੁਣਾਇੰਦਾ । ਅੰਤਮ ਕਲ ਨਿਹਕਲੰਕ ਆਵੇ ਬਲੀ ਬਲਵਾਨ, ਬਲ ਆਪਣਾ ਆਪ ਜਣਾਇੰਦਾ । ਜੂਠਾ ਝੂਠਾ ਮੇਟ ਨਿਸ਼ਾਨ, ਸਤਿ ਸਤਿਵਾਦੀ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਹਰਿ ਕਰਤਾਰਾ, ਆਦਿ ਜੁਗਾਦਿ ਕਰਾਈਆ । ਏਕਾ ਜੋਤੀ ਦਸ ਅਵਤਾਰਾ, ਏਕਾ ਨੂਰ ਨੂਰ ਰੁਸ਼ਨਾਈਆ । ਏਕਾ ਪੁਰਖ ਏਕਾ ਨਾਰਾ, ਪੂਤ ਸਪੂਤਾ ਏਕਾ ਜਾਈਆ । ਗੋਬਿੰਦ ਬਣਿਆ ਸੁਤ ਦੁਲਾਰਾ, ਪੁਰਖ ਅਕਾਲ ਖ਼ੁਸ਼ੀ ਮਨਾਈਆ । ਮਾਤਾ ਗੁਜਰੀ ਦਏ ਸਹਾਰਾ, ਤੇਗ ਬਹਾਦਰ ਵਡ ਵਡਿਆਈਆ । ਨੂਰੀ ਸ਼ਬਦ ਨੂਰ ਉਜਿਆਰਾ, ਰਕਤ ਬੂੰਦ ਨਾ ਬੰਧਨ ਪਾਈਆ । ਲੋਕਮਾਤ ਵੇਖ ਅਖਾੜਾ, ਮਹਾਂਬਲੀ ਫੇਰਾ ਪਾਈਆ । ਦੁਸ਼ਟ ਦਮਨ ਬਣ ਵਣਜਾਰਾ, ਸਾਚਾ ਵਣਜ ਇਕ ਕਰਾਈਆ । ਹੇਮ ਕੁੰਟ ਠਾਂਡੀ ਧਾਰਾ, ਸੀਤਲ ਧਾਰ ਇਕ ਵਹਾਈਆ । ਜੀਵ ਜੰਤਾਂ ਕਰ ਪਿਆਰਾ, ਅੰਮ੍ਰਿਤ ਮੇਘ ਗਿਆ ਬਰਸਾਈਆ । ਪੰਚਮ ਮੇਲ ਮੇਲ ਸੰਸਾਰਾ, ਪੰਚਮ ਦੇਵੇ ਮਾਣ ਵਡਿਆਈਆ । ਬੰਸ ਸਰਬੰਸ ਆਪੇ ਵਾਰਾ, ਆਪ ਆਪਣੀ ਖ਼ੁਸ਼ੀ ਮਨਾਈਆ । ਆਪੇ ਸੱਥਰ ਸੁੱਤਾ ਸਾਚੇ ਯਾਰਾ, ਸੂਲਾਂ ਸੇਜ ਆਪ ਹੰਢਾਈਆ । ਆਪ ਮੰਗੇ ਮੰਗ ਦੋਏ ਜੋੜ ਕਰੇ ਨਿਮਸਕਾਰਾ, ਪੁਰਖ ਅਕਾਲ ਤੇਰੀ ਸਰਨਾਈਆ । ਆਦਿ ਜੁਗਾਦਿ ਇਕ ਅਵਤਾਰਾ, ਜੁਗ ਜੁਗ ਵੇਸ ਵਟਾਈਆ । ਕਲਜੁਗ ਅੰਤਮ ਕਲ ਕਲਕੀ ਆਏ ਅਵਤਾਰਾ, ਸੰਬਲ ਨਗਰੀ ਡੇਰਾ ਲਾਈਆ । ਸ਼ਬਦੀ ਸ਼ਬਦ ਬਣੇ ਵਣਜਾਰਾ, ਸ਼ਬਦ ਗੁਰ ਇਕ ਪਰਗਟਾਈਆ । ਰਾਗਾਂ ਨਾਦਾਂ ਵਸੇ ਬਾਹਰਾ, ਤਾਲ ਤਲਵਾੜਾ ਨਾ ਕੋਇ ਰਖਾਈਆ । ਬੋਧ ਅਗਾਧ ਇਕ ਜੈਕਾਰਾ, ਜੈ ਜੈਕਾਰ ਆਪ ਸੁਣਾਈਆ । ਨਾਤਾ ਤੋੜੇ ਦੋ ਜਹਾਨ ਜੀਵ ਜੰਤ ਗਵਾਰਾ, ਸਾਧ ਸੰਤ ਵੇਖੇ ਥਾਉਂ ਥਾਈਂਆ । ਕਲਜੁਗ ਮੇਟੇ ਕੂੜ ਕੁੜਿਆਰਾ, ਅੰਧ ਅੰਧੇਰਾ ਦਏ ਗਵਾਈਆ । ਕਰੇ ਖੇਲ ਅਪਰ ਅਪਾਰਾ, ਆਪ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਵੇਲਾ ਅੰਤਮ ਔਣਾ, ਗੁਰ ਗੋਬਿੰਦ ਇਕ ਜਣਾਇੰਦਾ । ਸਿੰਘ ਰੂਪ ਹਰਿ ਵਟੌਣਾ, ਭੇਵ ਕੋਇ ਨਾ ਪਾਇੰਦਾ । ਨਾਮ ਖੰਡਾ ਇਕ ਚਮਕੌਣਾ, ਦੋ ਜਹਾਨਾਂ ਆਪ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਅੰਤ ਕਰੌਣਾ, ਥਿਰ ਕੋਇ ਰਹਿਣ ਨਾ

ਪਾਇੰਦਾ । ਕਰੋੜ ਤੇਤੀਸਾ ਪੰਧ ਮੁਕੌਣਾ, ਸੁਰਪਤ ਇੰਦ ਡੇਰਾ ਢਾਹਿੰਦਾ । ਗੁਰਮੁਖ ਸਾਚੇ ਮਾਣ ਦਵੌਣਾ, ਗੁਰ ਗੋਬਿੰਦ ਗੋਦ ਸੁਹਾਇੰਦਾ । ਸਾਚਾ ਮਾਰਗ ਏਕਾ ਲੌਣਾ, ਚਾਰ ਵਰਨਾਂ ਗਲੇ ਲਗਾਇੰਦਾ । ਕਲਜੁਗ ਜੜ ਆਪ ਉਖੜਾਉਣਾ, ਬਾਲੇ ਨੀਹਾਂ ਹੇਠ ਦਬਾਇੰਦਾ । ਸਾਚਾ ਮੰਦਰ ਇਕ ਸੁਹੌਣਾ, ਸਤਿਜੁਗ ਸਾਚਾ ਰਾਹ ਚਲਾਇੰਦਾ । ਹਿੰਦੂ ਮੁਸਲਮ ਸਿਖ ਈਸਾਈ ਏਕਾ ਰੰਗ ਰੰਗੌਣਾ, ਦੂਜਾ ਵੇਸ ਨਾ ਕੋਇ ਵਟਾਇੰਦਾ । ਮੰਦਰ ਮਸਜਦ ਸ਼ਿਵਦਵਾਲਾ ਮੱਠ ਏਕਾ ਘਰ ਵਖੌਣਾ, ਗੁਰਦੁਆਰ ਬਣਤ ਬਣਾਇੰਦਾ । ਪੁਰਖ ਅਕਾਲ ਸਭ ਨੇ ਗਾਉਣਾ, ਇਕ ਅਕਾਲ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਭੇਵ ਅਭੇਦਾ ਦੇਵੇ ਖੋਲ੍ਹ, ਕਲਜੁਗ ਅੰਤ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਤੋਲੇ ਸਾਚਾ ਤੋਲ, ਨਾਮ ਕੰਡਾ ਹੱਥ ਉਠਾਈਆ । ਲੱਖ ਚੁਰਾਸੀ ਜੀਵ ਜੰਤ ਵੇਖੇ ਘੋਲ, ਤ੍ਰੈਭਵਣ ਧਨੀ ਕਰੇ ਲੜਾਈਆ । ਬੈਠਾ ਰਹੇ ਆਪ ਅਡੋਲ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਵੇਲਾ ਅੰਤਮ ਆਇਆ, ਅੰਤ ਅੰਤ ਵਖਾਈਆ । ਨਿਰਗੁਣ ਨਿਰਗੁਣ ਵੇਸ ਵਟਾਇਆ, ਭੇਵ ਕੋਇ ਨਾ ਪਾਈਆ । ਗੁਰਮੁਖ ਵਿਰਲੇ ਲਏ ਜਗਾਇਆ, ਜਿਸ ਆਪਣੀ ਬੂਝ ਬੁਝਾਈਆ । ਨੇਤਰ ਨੈਣ ਇਕ ਖੁਲ੍ਹਾਇਆ, ਦੋਏ ਲੋਚਨ ਬੰਦ ਕਰਾਈਆ । ਅੰਦਰ ਵੜ ਵੜ ਦਰਸ ਕਰਾਇਆ, ਬੰਦ ਤਾਕੀ ਕੁੰਡਾ ਲਾਹੀਆ । ਰਾਤੀ ਸੁੱਤਿਆਂ ਲਏ ਜਗਾਇਆ, ਬਣ ਸੇਵਕ ਸੇਵ ਕਮਾਈਆ । ਲਹਿਣਾ ਦੇਣਾ ਬਾਕੀ ਦਏ ਚੁਕਾਇਆ, ਪੂਰਬ ਲੇਖਾ ਰਿਹਾ ਮੁਕਾਈਆ । ਨੇਤਰ ਨਾਮ ਗਹਿਣਾ ਦੇਵੇ ਪਾਇਆ, ਤਨ ਸ਼ਿੰਗਾਰ ਇਕ ਵਖਾਈਆ । ਥਿਰ ਘਰ ਸਾਚੇ ਬਹਿਣਾ ਦਏ ਸਮਝਾਇਆ, ਗੁਰ ਚਰਨ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਬੂਝ ਬੁਝਾਈਆ । ਹਰਿਜਨ ਬੂਝੇ ਗੁਰ ਵਿਚਾਰ, ਗੁਰ ਸ਼ਬਦੀ ਆਪ ਸਮਝਾਇੰਦਾ । ਨਿਰਗੁਣ ਸਰਗੁਣ ਕਰੇ ਪਿਆਰ, ਕਿਰਤ ਕਰਮ ਵਿਛੜੇ ਮੇਲ ਮਿਲਾਇੰਦਾ । ਰਾਤੀ ਰੁੱਤੀ ਥਿਤੀ ਨਾ ਕੋਈ ਜਾਣੇ ਵਾਰ, ਘੜੀ ਪਲ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਦਾਤਾ ਪੁਰਖ ਬਿਧਾਤਾ ਹਰਿਜਨ ਤੇਰੀ ਉਤਮ ਜਾਤਾ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਉਤਮ ਜ਼ਾਤ ਆਤਮ ਬ੍ਰਹਮ, ਪਾਰਬ੍ਰਹਮ ਸਰਨਾਈਆ । ਨਿਹਕਰਮੀ ਜਾਣੇ ਸਾਚਾ ਕਰਮ, ਕਰਮ ਕਾਂਡ ਨਾ ਕੋਇ ਰਖਾਈਆ । ਨਾਤਾ ਤੁੱਟੇ ਚਾਰ ਵਰਨ, ਬਰਨ ਅਠਾਰਾਂ ਰਹਿਣ ਨਾ ਪਾਈਆ । ਜਿਸ ਜਨ ਹਰਿ ਜੂ ਮਿਲੀ ਸਾਚੀ ਸਰਨ, ਤਿਸ ਮਾਨਸ ਜਨਮ ਹਾਰ ਕਦੇ ਨਾ ਆਈਆ । ਨਿਰਭੌ ਚੁਕਾਏ ਭੈ ਡਰਨ, ਭਿਆਨਕ ਰੂਪ ਨਾ ਕੋਇ ਰਖਾਈਆ । ਨੇਤਰ ਖੋਲ੍ਹੇ ਹਰਨ ਫਰਨ, ਨਿਰਗੁਣ ਨਿਰਗੁਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਸਹਿਜ ਸੁਭਾਈਆ । ਸਹਿਜ ਸੁਭਾਉ ਮਿਲੇ ਗੋਬਿੰਦ, ਭਗਤ ਵਛਲ ਦਇਆ ਕਮਾਇੰਦਾ । ਜਨਮ ਜਨਮ ਦੀ ਮੇਟੇ ਚਿੰਦ, ਜਿਸ ਜਨ ਆਪਣਾ ਦਰਸ ਕਰਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਖੇਲ ਕਰਾਇੰਦਾ । ਜੀਵ ਜੰਤ ਕਿਆ ਕੋਈ ਕਰੇ ਨਿੰਦ, ਨਿੰਦਕ ਨਿੰਦਿਆ ਮੁੱਖ ਰਖਾਇੰਦਾ । ਗੁਰਸਿਖ ਗੁਰਸਿਖ ਆਦਿ ਜੁਗਾਦਿ ਅਨਾਦੀ ਬਿੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ । ਹਰਿਜਨ ਮੇਲਾ ਸਾਧ ਸੰਗਤ, ਹਰਿ ਸੰਗਤ ਮਾਣ ਵਡਿਆਈਆ । ਇਕੋ ਨਾਮ ਚੜ੍ਹੇ ਰੰਗਤ, ਦੂਜੀ ਵਾਰ ਉਤਰ ਨਾ ਜਾਈਆ ।

੬੯੪
੧੧

ਗੁਰਮੁਖ ਸੱਚਾ ਕਿਸੇ ਦੁਵਾਰੇ ਕਦੇ ਨਾ ਹੋਏ ਮੰਗਤ, ਜਿਸ ਗੋਬਿੰਦ ਮਿਲਿਆ ਸੱਚਾ ਮਾਹੀਆ । ਜਿਸ ਨਾਨਕ ਅੰਗੀਕਾਰ ਕਰਿਆ ਆਪਣੇ ਅੰਗਤ, ਅੰਗ ਅੰਗ ਖ਼ੁਸ਼ੀ ਮਨਾਈਆ । ਮਾਨਸ ਜਨਮ ਨਾ ਹੋਏ ਭੰਗਤ, ਗੁਰ ਸ਼ਬਦ ਵਿਚੋਲਾ ਲਏ ਬਚਾਈਆ । ਨਾਤਾ ਤੋੜੇ ਜੇਰਜ ਅੰਡਜ, ਉਤਭੁਜ ਸੇਤਜ ਰਹਿਣ ਨਾ ਪਾਈਆ । ਹਰਿ ਕਾ ਭੇਵ ਕਿਆ ਕੋਈ ਜਾਣੇ ਪੰਡਤ, ਪੜ੍ਹਿਆਂ ਹੱਥ ਕਿਸੇ ਨਾ ਆਈਆ । ਨਿਰਗੁਣ ਨਿਰਵੈਰ ਨਿਰਾਕਾਰ ਸਦਾ ਅਖੰਡਤ, ਅਖੰਡ ਰੂਪ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਧ ਸੰਗਤ ਰਿਹਾ ਸਮਾਈਆ । ਸਾਧ ਸੰਗਤ ਸਮਾਏ ਸਤਿਗੁਰ, ਸੋ ਪੁਰਖ ਵਡੀ ਵਡਿਆਈਆ । ਲੇਖਾ ਜਾਣੇ ਲਿਖਿਆ ਧੁਰ, ਧੁਰ ਮਸਤਕ ਵੇਖ ਵਖਾਈਆ । ਬਿਨ ਸੱਦਿਆਂ ਘਰ ਵਿਚ ਜਾਏ ਬਹੁੜ, ਦਇਆਵਾਨ ਦਇਆ ਕਮਾਈਆ । ਜਨਮ ਜਨਮ ਦੀ ਬੁਝਾਏ ਔੜ, ਅੰਮ੍ਰਿਤ ਮੇਘ ਇਕ ਬਰਸਾਈਆ । ਕਾਇਆ ਰੀਠਾ ਮਿੱਠਾ ਕਰੇ ਕੌੜ, ਕੜਵਾ ਰੂਪ ਰਹਿਣ ਨਾ ਪਾਈਆ । ਪੰਧ ਮੁਕਾਏ ਦੌੜ ਦੌੜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਜਿਸ ਨੂੰ ਕਹਿੰਦੇ ਬ੍ਰਹਿਮਣ ਗੌੜ, ਉਚੇ ਟਿੱਲੇ ਪਰਬਤ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਮਾਣ ਮਾਣ ਵਡਿਆਈਆ । ਹਰਿ ਸੰਗਤ ਤੇਰਾ ਇਕੋ ਨੈਣ, ਨੇਤਰ ਨੈਣ ਨੈਣ ਵਡਿਆਈਆ । ਗੁਰਮਤ ਨਾਤਾ ਭਾਈ ਭੈਣ, ਅੱਖ ਅੱਖ ਨਾ ਕੋਇ ਉਠਾਈਆ । ਅੰਤਮ ਸਭ ਨੂੰ ਖਾਏ ਲਾੜੀ ਮੌਤ ਡੈਣ, ਬਿਨ ਸਤਿਗੁਰ ਪੂਰੇ ਨਾ ਕੋਇ ਛੁਡਾਈਆ । ਲੱਖ ਚੁਰਾਸੀ ਵਹੇ ਵਹਿੰਦੇ ਵਹਿਣ, ਗੁਰਮੁਖ ਵਿਰਲੇ ਗੁਰ ਗੁਰ ਓਟ ਤਕਾਈਆ । ਰਸਨਾ ਜਿਹਵਾ ਸਾਰੇ ਕਹਿਣ, ਹਿਰਦੇ ਹਰਿ ਨਾ ਕੋਇ ਵਸਾਈਆ । ਗੁਰਮੁਖ ਵਿਰਲੇ ਭਾਣਾ ਸਹਿਣ, ਦੋਏ ਜੋੜ ਜੋੜ ਪਏ ਸਰਨਾਈਆ । ਸਾਧ ਸੰਗਤ ਆਦਿ ਜੁਗਾਦਿ ਲਹਿਣ ਦੇਣ, ਦੇਣਾ ਲਹਿਣਾ ਏਕਾ ਘਰ ਵੰਡ ਵੰਡਾਈਆ । ਸਾਧ ਸੰਗਤ ਤੇਰਾ ਸਾਚਾ ਨਾਤਾ, ਵਰਨ ਬਰਨ ਨਾ ਕੋਇ ਰਖਾਇੰਦਾ । ਕਰੇ ਕਰਾਏ ਪੁਰਖ ਬਿਧਾਤਾ, ਪੁਰਖ ਪਰਖੋਤਮ ਸੇਵ ਕਮਾਇੰਦਾ । ਇਕੋ ਰਾਮ ਇਕੋ ਕ੍ਰਿਸ਼ਨ ਏਕਾ ਨਾਨਕ ਗੋਬਿੰਦ ਗਾਏ ਗਾਥਾ, ਏਕਾ ਈਸਾ ਮੂਸਾ ਮੁਹੰਮਦ ਆਪ ਪੜ੍ਹਾਇੰਦਾ । ਜੁਗਾ ਜੁਗੰਤਰ ਚਲਾਏ ਰਾਥਾ, ਬਣ ਰਥਵਾਹੀ ਸੇਵ ਕਮਾਇੰਦਾ । ਸਰਬ ਜੀਆਂ ਇਕੋ ਦਾਤਾ, ਘਰ ਘਰ ਰਿਜ਼ਕ ਪੁਚਾਇੰਦਾ । ਲੱਖ ਚੁਰਾਸੀ ਪਿਤਾ ਮਾਤਾ, ਜੀਵ ਜੰਤ ਗੋਦ ਬਹਾਇੰਦਾ । ਹਰਿ ਸੰਗਤ ਹਰਿ ਜੂ ਤੇਰਾ ਸੱਜਣ ਸਾਕਾ, ਸਗਲਾ ਸੰਗ ਆਪ ਨਿਭਾਇੰਦਾ । ਰਾਤੀ ਸੁੱਤਿਆਂ ਕਾਇਆ ਮੰਦਰ ਅੰਦਰ ਖੋਲ੍ਹੇ ਤਾਕਾ, ਖੋਲ੍ਹ ਤਾਕੀ ਆਪਣਾ ਦਰਸ ਵਖਾਇੰਦਾ । ਜਨਮ ਜਨਮ ਦੇ ਵਿਛੜਿਆਂ ਪੁਛੇ ਵਾਤਾ, ਭੇਵ ਅਭੇਦ ਆਪਣਾ ਪੜਦਾ ਲਾਹਿੰਦਾ । ਕਲਜੁਗ ਅੰਤ ਮਿਟੇ ਅੰਧੇਰੀ ਰਾਤਾ, ਜਿਸ ਜਨ ਹਰਿ ਜੂ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਹਰਿ ਸੰਗਤ ਅੰਦਰ ਡੇਰਾ ਲਾਇੰਦਾ । ਹਰਿ ਸੰਗਤ ਅੰਦਰ ਜਾਏ ਵੜ, ਹਰਿ ਵੱਡਾ ਵਡ ਵਡਿਆਈਆ । ਬਿਨ ਪੌੜੀ ਡੰਡੇ ਜਾਏ ਚੜ੍ਹ, ਔਂਦਾ ਜਾਂਦਾ ਦਿਸ ਨਾ ਆਈਆ । ਡੂੰਘੀ ਭਵਰੀ ਕਾਇਆ ਕਵਰੀ ਪਾਰ ਕਰ, ਆਤਮ ਸੇਜਾ ਸੋਭਾ ਪਾਈਆ । ਨਿਰਮਲ ਨੂਰ ਜੋਤ ਇਕੋ ਧਰ, ਅਗਿਆਨ ਅੰਧੇਰ ਦਏ ਮਿਟਾਈਆ । ਸੁਰਤੀ ਸ਼ਬਦ ਲਏ ਵਰ, ਸ਼ਬਦ ਸੁਰਤ ਹੋਏ ਕੁੜਮਾਈਆ । ਏਕਾ ਸੇਜੇ ਬਹਿਣ ਚੜ੍ਹ, ਵਜਦੀ ਰਹੇ ਵਧਾਈਆ । ਆਪੇ ਪੁਰਖ ਆਪੇ ਨਾਰੀ ਨਰ, ਨਾਰ ਕੰਤ ਆਪ ਹੋ ਜਾਈਆ । ਆਪੇ ਵਸੇ ਸਾਚੇ ਘਰ, ਗੁਰਮੁਖ ਤੇਰਾ ਘਰ ਆਪ ਵਖਾਈਆ । ਮੰਗਲ ਸਿੰਘ ਨਾਲ ਸਿੰਘ ਇੰਦਰ ਜਾਏ ਰਲ, ਅੱਠੇ ਪਹਿਰ ਏਕਾ

ਰੰਗ ਰੰਗਾਈਆ । ਕਾਇਆ ਅੰਦਰ ਚਲਾਵੇ ਹਲ, ਬਣ ਹਾਲੀ ਸੇਵ ਕਮਾਈਆ । ਅੰਮ੍ਰਿਤ ਆਤਮ ਲਾਵੇ ਫਲ, ਬੂਟਾ ਦਿਸ ਕਿਸੇ ਨਾ ਆਈਆ । ਸਾਹਿਬ ਸਤਿਗੁਰ ਜਿਸ ਹੋਏ ਵਲ, ਤਿਸ ਦੁੱਖ ਪੋਹ ਨਾ ਸਕੇ ਰਾਈਆ । ਕਲਜੁਗ ਮਾਇਆ ਝੂਠੀ ਰਹੀ ਛਲ, ਲੱਖ ਚੁਰਾਸੀ ਡੇਰਾ ਰਹੀ ਢਾਹੀਆ । ਗੁਰਸਿਖ ਕਦੇ ਨਾ ਜਾਏ ਹੱਲ, ਜਿਸ ਸਤਿਗੁਰ ਗੋਬਿੰਦ ਮਿਲਿਆ ਚਾਈਂ ਚਾਈਂਆ । ਇਕ ਦੂਜੇ ਅੰਦਰ ਜਾਇਣ ਰਲ, ਗੁਰ ਚੇਲਾ ਏਕਾ ਘਰ ਸੋਭਾ ਪਾਈਆ । ਹਰਿ ਸੰਗਤ ਮੇਲਾ ਘੜੀ ਘੜੀ ਪਲ ਪਲ, ਪਲ ਘੜੀ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨਮ ਕਰਮ ਧਰਮ ਵਰਨ ਬਰਨ ਸਰਨ ਸਰਨਾਈ ਇਕ ਰਖਾਈਆ ।

### ★ ੧੬ ਫੱਗਣ ੨੦੧੮ ਮੰਗਲ ਸਿੰਘ ਦੇ ਗ੍ਰਿਹਿ ਭੂਪਾਲ ★

ਹਰਿ ਪਿਆਰ ਸਤਿ ਅਨੰਦ, ਅਨੰਦ ਅਨੰਦ ਵਿਚ ਰਖਾਇੰਦਾ । ਜਨਮ ਜਨਮ ਦੀ ਟੁੱਟੀ ਦੇਵੇ ਗੰਢ, ਏਕਾ ਪੱਲੂ ਹੱਥ ਫੜਾਇੰਦਾ । ਜੂਠ ਝੂਠ ਮੇਟੇ ਗੰਦ, ਸਚ ਸੁੱਚ ਇਕ ਵਖਾਇੰਦਾ । ਕਿਰਪਾਨਿਧ ਚਾੜ੍ਹੇ ਚੰਦ, ਅਗਿਆਨ ਅੰਧੇਰ ਚੁਕਾਇੰਦਾ । ਆਵਣ ਜਾਵਣ ਮੁਕੇ ਪੰਧ, ਲੱਖ ਚੁਰਾਸੀ ਫੰਦ ਕਟਾਇੰਦਾ । ਮਮਤਾ ਮੋਹ ਖੰਡ ਖੰਡ, ਧੀਰਜ ਧੀਰ ਇਕ ਰਖਾਇੰਦਾ । ਦੂਈ ਦਵੈਤ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਘਰ ਵਿਚ ਘਰ ਸੁਣੇ ਸੁਹਾਗੀ ਛੰਦ, ਅਨਹਦ ਰਾਗੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਇਕ ਰਖਾਇੰਦਾ । ਸਚ ਪਿਆਰ ਭਗਤ ਭਗਵਾਨ, ਜੁਗ ਜੁਗ ਆਪ ਰਖਾਈਆ । ਸੰਤਾਂ ਦੇਵੇ ਇਕ ਗਿਆਨ, ਨਿਸ਼ਅੱਖਰ ਕਰੇ ਪੜ੍ਹਾਈਆ । ਗੁਰਮੁਖ ਵੇਖੇ ਚਤੁਰ ਸੁਜਾਨ, ਗੁਰ ਗੁਰ ਬੂਝ ਬੁਝਾਈਆ । ਗੁਰਸਿਖ ਮੇਲਾ ਗੁਣ ਨਿਧਾਨ, ਗੁਣਵੰਤਾ ਹੋਏ ਸਹਾਈਆ । ਨਾਤਾ ਤੁਟੇ ਜਗਤ ਸ਼ੈਤਾਨ, ਸਾਚਾ ਮੰਦਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਿਆਰ ਇਕ ਰਖਾਈਆ । ਸਚ ਪਿਆਰ ਗੁਰਚਰਨ ਡੋਰ, ਡੋਰੀ ਹਰਿ ਹਰਿ ਆਪਣੇ ਹੱਥ ਰਖਾਇੰਦਾ । ਕੱਢਣਹਾਰਾ ਪੰਜੇ ਚੋਰ, ਨੀਚਾਂ ਮਾਣ ਰਖਾਇੰਦਾ । ਪੰਚਮ ਸ਼ਬਦ ਦਏ ਘਨਘੋਰ, ਘਰ ਆਤਮਕ ਰਾਗ ਸੁਣਾਇੰਦਾ । ਗੁਰ ਸ਼ਬਦੀ ਆਦਿ ਜੁਗਾਦਿ ਜੁਗਾ ਜੁਗੰਤਰ ਚੜ੍ਹਿਆ ਰਹੇ ਅਗੰਮੀ ਘੋੜ, ਦੋ ਜਹਾਨਾਂ ਵੇਖ ਵਖਾਇੰਦਾ । ਗੁਰਮੁਖ ਸਾਚੇ ਜਾਏ ਬਹੁੜ, ਗੁਰ ਗੁਰ ਆਪਣੀ ਦਇਆ ਕਮਾਇੰਦਾ । ਜਨਮ ਜਨਮ ਬੁਝਾਏ ਔੜ, ਕਰਮ ਨਿਹਕਰਮੀ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬ੍ਰਹਮ ਏਕਾ ਬੰਧਨ ਪਾਇੰਦਾ । ਸਾਚਾ ਬ੍ਰਹਮ ਬੰਧਨ ਪਾ, ਬੰਦੀਖਾਨਾ ਦਏ ਤੁੜਾਈਆ । ਮਸਤਕ ਟਿੱਕਾ ਚੰਦਨ ਲਾ, ਚਿੰਤਾ ਚਿਖਾ ਦਏ ਗਵਾਈਆ । ਸਦ ਬਖ਼ਸ਼ੰਦਨ ਬੇਪਰਵਾਹ, ਸਿਰ ਆਪਣਾ ਹੱਥ ਟਿਕਾਈਆ । ਸ਼ਬਦੀ ਸ਼ਬਦ ਬਣ ਮਲਾਹ, ਗੁਰ ਗੁਰ ਬੇੜਾ ਆਪ ਚਲਾਈਆ । ਸਾਚੀ ਨੱਯਾ ਲਏ ਚੜ੍ਹਾ, ਨੌਕਾ ਆਪਣਾ ਨਾਮ ਰਖਾਈਆ । ਪਾਰ ਕਿਨਾਰੇ ਦੇਵੇ ਲਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਰਾਏ ਧਰਮ ਨਾ ਦਏ ਸਜ਼ਾ, ਚਿਤਰ ਗੁਪਤ ਨਾ ਲੇਖਾ ਰਾਈਆ । ਲਾੜ੍ਹੀ ਮੌਤ ਨਾ ਲਏ ਪਰਨਾ, ਵੇਲੇ ਅੰਤ ਕਾਲ ਨਾ ਖਾਈਆ । ਜਿਸ ਜਨ ਸਤਿਗੁਰ ਪੂਰਾ ਦਏ ਦਇਆ ਕਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੀਤੀ ਇਕ ਸਮਝਾਈਆ । ਪ੍ਰੇਮ

ਪ੍ਰੀਤੀ ਨਿਭੇ ਤੋੜ, ਹਰਿ ਸਤਿਗੁਰ ਆਪ ਨਿਭਾਇੰਦਾ । ਜਨਮ ਜਨਮ ਦੇ ਵਿਛੜੇ ਲਏ ਜੋੜ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਸੁਰਤ ਸੁਵਾਣੀ ਸ਼ਬਦ ਹਾਣੀ ਅੱਗੇ ਦੇਵੇ ਤੋਰ, ਪੱਲੂ ਪੱਲੂ ਨਾਲ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਨਾਤਾ ਇਕ ਜੁੜਾਇੰਦਾ । ਪ੍ਰੇਮ ਨਾਤਾ ਸ਼ਬਦੀ ਧਾਰ, ਸੁਰਤੀ ਸੁਰਤ ਸੁਰਤ ਕੁੜਮਾਈਆ । ਦੋਹਾਂ ਵਿਚੋਲਾ ਏਕੰਕਾਰ, ਘਰ ਘਰ ਵਿਚ ਮੇਲ ਕਰਾਈਆ । ਜੋਤੀ ਜਾਤਾ ਹੋ ਤਿਆਰ, ਪੁਰਖ ਬਿਧਾਤਾ ਵੇਖ ਵਖਾਈਆ । ਸਾਚੀ ਗਾਥਾ ਮਹਿਮਾ ਮੰਗਲਾਚਾਰ, ਅਨਹਦ ਰਾਗੀ ਰਾਗ ਸੁਣਾਈਆ । ਬੋਧ ਅਗਾਧੀ ਬੋਲ ਜੈਕਾਰ, ਜੈ ਜੈਕਾਰ ਆਪਣਾ ਨਾਉਂ ਸਮਝਾਈਆ । ਪ੍ਰੇਮ ਅਨਡਿਠੜੀ ਵਜਦੀ ਰਹੇ ਸਿਤਾਰ, ਤੰਦੀ ਤੰਦ ਨਾ ਕੋਇ ਰਖਾਈਆ । ਬੱਤੀ ਦੰਦ ਨਾ ਕੋਇ ਅਧਾਰ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਅੰਤਰ ਅੰਤਰ ਕਰੇ ਪਿਆਰ, ਜਗਤ ਬਸੰਤਰ ਦਏ ਬੁਝਾਈਆ । ਗੁਰ ਕਾ ਸ਼ਬਦ ਮੰਤਰ ਅਪਾਰ, ਬਿਨ ਰਸਨਾ ਜਿਹਵਾ ਗਾਈਆ । ਆਤਮ ਸੇਜਾ ਖੇਲ ਅਪਾਰ, ਬ੍ਰਹਮ ਵੇਖੇ ਚਾਈਂ ਚਾਈਆ । ਪਾਰਬ੍ਰਹਮ ਪ੍ਰਭ ਕੰਤ ਭਤਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਾਰੀ ਕੰਤ ਪਰਨਾਈਆ । ਪਰੇਮ ਵਿਛੌਣਾ ਕਰ ਤਿਆਰ, ਦਰ ਘਰ ਸਾਚਾ ਆਪ ਸੁਹਾਈਆ । ਕਮਲਾਪਾਤੀ ਕਿਰਪਾ ਧਾਰ, ਦੀਆ ਬਾਤੀ ਡਗਮਗਾਈਆ । ਪੁਰਖ ਅਬਿਨਾਸ਼ੀ ਹੋ ਤਿਆਰ, ਘਟ ਘਟ ਵਾਸੀ ਦਰਸ ਦਿਖਾਈਆ । ਜੋਤ ਪਰਕਾਸ਼ ਮਿਟੇ ਧੁੰਆਂਧਾਰ, ਅੰਧ ਅੰਧੇਰ ਦਏ ਗਵਾਈਆ । ਪਵਣ ਸਵਾਸੀ ਲੇਖਾ ਜਾਣੇ ਜਾਨਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੇਮ ਨਾਲ ਨਿਭਾਈਆ । ਪ੍ਰੇਮ ਨਾਲ ਪ੍ਰੇਮ ਰੰਗ, ਹਰਿ ਪ੍ਰੀਤਮ ਆਪ ਰੰਗਾਇੰਦਾ । ਪ੍ਰੇਮ ਵਿਛੌਣਾ ਪ੍ਰੇਮ ਪਲੰਘ, ਪ੍ਰੇਮ ਉਪਰ ਸੋਭਾ ਪਾਇੰਦਾ । ਪ੍ਰੇਮ ਨਾਮ ਪ੍ਰੇਮ ਮਰਦੰਗ, ਪਰੇਮ ਢੋਲਾ ਸਾਚਾ ਗਾਇੰਦਾ । ਪ੍ਰੇਮ ਨੂਰ ਪ੍ਰੇਮ ਚੰਦ, ਪ੍ਰੇਮ ਗੀਤ ਪਰੇਮ ਛੰਦ ਪ੍ਰੇਮ ਆਪਣਾ ਰਾਗ ਸੁਣਾਇੰਦਾ । ਪ੍ਰੇਮ ਸੂਰਬੀਰ ਸਰਬੰਗ, ਪ੍ਰੇਮ ਅੰਤਰ ਆਤਮ ਵੇਖੇ ਲੰਘ, ਘਰ ਮੰਦਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਏਕਾ ਪ੍ਰੇਮ ਵਧਾਇੰਦਾ । ਏਕਾ ਪ੍ਰੇਮ ਜਾਏ ਵਧ, ਹਾਥ ਕਿਸੇ ਨਾ ਆਈਆ । ਕੋਟਨ ਕੋਟ ਜੀਵ ਜੰਤ ਸਾਧ ਸੰਤ ਗਏ ਲਦ, ਬੇਅੰਤ ਕਹੇ ਲੋਕਾਈਆ । ਜਿਸ ਮੰਦਰ ਵਜਾਵੇ ਆਪਣਾ ਨਦ, ਸੋ ਮੰਦਰ ਸੋਭਾ ਪਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪੇ ਸਦ, ਗੁਰ ਗੁਰ ਆਪਣਾ ਭੇਵ ਖੁਲ੍ਹਾਈਆ । ਜਗਤ ਜੰਜ਼ਾਲੇ ਵਿਚੋਂ ਕੱਢ, ਸਾਚੇ ਮਾਰਗ ਆਪੇ ਲਾਈਆ । ਲੇਖਾ ਜਾਣੇ ਸਾਚੀ ਯੱਦ, ਬੰਸ ਸਰਬੰਸਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਬੰਧਨ ਇਕ ਰਖਾਈਆ । ਪ੍ਰੇਮ ਬੰਧਨ ਸਾਚਾ ਨਾਤਾ, ਹਰਿਜਨ ਹਰਿ ਹਰਿ ਆਪ ਰਖਾਇੰਦਾ । ਦੋ ਜਹਾਨਾਂ ਪਿਤਾ ਮਾਤਾ, ਬਣ ਬਣ ਸੇਵਕ ਸੇਵ ਕਮਾਇੰਦਾ । ਨਾਮ ਅਗੰਮੀ ਦੇਵੇ ਦਾਤਾ, ਅਨਮੁਲੜੀ ਆਪ ਵਰਤਾਇੰਦਾ । ਘਰ ਵਿਚ ਘਰ ਬਹਿ ਬਹਿ ਗਾਏ ਗਾਥਾ, ਮਹੱਲ ਅਟੱਲ ਸੋਭਾ ਪਾਇੰਦਾ । ਆਪੇ ਜਾਣੇ ਪੂਜਾ ਪਾਠਾ, ਹਵਨ ਦੀਪ ਘਿਰਤ ਪਵਣ ਤੇਲ ਬਾਤੀ ਕਮਲਾਪਾਤੀ ਆਪਣਾ ਪਿਆਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਘਰ, ਘਰ ਸਾਚਾ ਆਪ ਵਡਿਆਇੰਦਾ । ਪਰੇਮ ਅੰਦਰ ਪ੍ਰੇਮ ਪਿਆਲਾ, ਬਣ ਬਣ ਸਾਕੀ ਜਾਮ ਪਿਆਇੰਦਾ । ਦੀਨਾਂ ਬੰਧਪ ਦੀਨ ਦਿਆਲਾ, ਦੀਨਨ ਆਪਣਾ ਭੇਵ ਚੁਕਾਇੰਦਾ । ਸਦਾ ਸਦਾ ਸਦ ਰਹੇ ਰਖਵਾਲਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਨਾਤਾ ਤੋੜੇ ਕਾਲ ਮਹਾਂਕਾਲਾ, ਭੈ ਭਿਆਨਕ ਸੋਭਾ


੬੯੭
੧੧

ਪਾਇੰਦਾ । ਅੰਤਰ ਮੰਤਰ ਦੇਵੇ ਸਾਚੀ ਮਾਲਾ, ਮਨ ਕਾ ਮਣਕਾ ਆਪ ਭੁਵਾਇੰਦਾ । ਅੱਠ ਅਠੋਤਰੀ ਤੋੜ ਜੰਜਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਆਪਣੇ ਰੰਗ ਵਖਾਇੰਦਾ । ਪਰੇਮ ਰੰਗਾ ਹਰਿ ਪੁਰਖ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਦੁੱਖ ਨਾ ਕੋਇ ਰਖਾਈਆ । ਜਨ ਭਗਤਾਂ ਦੇਵੇ ਆਪਣਾ ਦਰਸ, ਰੂਪ ਅਨੂਪ ਧਰਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਨਿਝਰ ਝਿਰਨਾ ਇਕ ਝਿਰਾਈਆ । ਜੁਗ ਜਨਮ ਦੀ ਮੇਟੇ ਹਰਸ, ਹਵਸ ਹੋਰ ਨਾ ਕੋਇ ਵਧਾਈਆ । ਲੇਖਾ ਜਾਣੇ ਅਰਸ਼ ਫਰਸ਼, ਕਾਇਆ ਕੁਰਾ ਫੋਲ ਫੁਲਾਈਆ । ਗੁਰਮੁਖ ਉਪਰ ਕਰੇ ਤਰਸ, ਗੁਰ ਪੂਰੇ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਖੇਲ ਇਕ ਖਿਲਾਈਆ । ਪ੍ਰੇਮ ਖੇਲ ਰਿਹਾ ਖੇਲ, ਖੇਲਣਹਾਰਾ ਏਕੰਕਾਰਾ । ਜੁਗਾ ਜੁਗੰਤਰ ਕਰ ਕਰ ਮੇਲ, ਜਨ ਭਗਤਾਂ ਦੇਵੇ ਸਤਿ ਦੁਆਰਾ । ਦੀਪ ਜਗਾਏ ਬਿਨ ਬਾਤੀ ਤੇਲ, ਘਰ ਵਿਚ ਘਰ ਕਰੇ ਉਜਿਆਰਾ । ਅੰਮ੍ਰਿਤ ਬਖ਼ਸ਼ੇ ਕਰ ਕਰ ਮਿਹਰ, ਨਿਝਰ ਝਿਰਨਾ ਠੰਡਾ ਠਾਰਾ । ਦੇਵੇ ਦਰਸ ਨਾ ਲਾਏ ਦੇਰ, ਖੋਲ੍ਹਣਹਾਰਾ ਬੰਦ ਕਿਵਾੜਾ । ਆਵਣ ਜਾਵਣ ਪਤਿਤ ਪਾਵਨ ਲੱਖ ਚੁਰਾਸੀ ਕੱਟੇ ਗੇੜ, ਅਗਨੀ ਤੱਤ ਨਾ ਲੱਗੇ ਹਾੜਾ । ਲਹਿਣਾ ਦੇਣਾ ਦਏ ਨਿਬੇੜ, ਨਾੜ ਬਹੱਤਰ ਵੱਜੇ ਇਕੋ ਤਾੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਪ੍ਰੇਮ ਨਿਆਰਾ । ਪ੍ਰੇਮ ਨਿਆਰਾ ਨਿਰਾਕਾਰ, ਨਿਰਗੁਣ ਏਕਾ ਏਕ ਜਣਾਈਆ । ਲਿਖਣ ਪੜ੍ਹਣ ਤੋਂ ਵਸੇ ਬਾਹਰ, ਕਾਗਦ ਕਲਮ ਭੇਵ ਨਾ ਰਾਈਆ । ਵੇਦ ਕਤੇਬ ਗਏ ਹਾਰ, ਹਰਿ ਕਾ ਅੰਤ ਕੋਇ ਨਾ ਪਾਈਆ । ਸਮੁੰਦ ਸਾਗਰ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਧਰਤ ਬਸੁਧਾ ਕਰੇ ਪੁਕਾਰ, ਬਲ ਆਪਣਾ ਆਪ ਗਵਾਈਆ । ਬ੍ਰਹਮਾ ਦੋਏ ਜੋੜ ਕਰੇ ਨਿਮਸਕਾਰ, ਪ੍ਰਭ ਤੇਰੀ ਵਡ ਵਡਿਆਈਆ । ਗੁਰ ਅਵਤਾਰ ਬਣ ਭਿਖਾਰ, ਹਰਿ ਅੱਗੇ ਝੋਲੀ ਡਾਹੀਆ । ਜੁਗ ਜੁਗ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖੇ ਚਾਈਂ ਚਾਈਂਆ । ਨਿਰਗੁਣ ਸਰਗੁਣ ਲਏ ਅਵਤਾਰ, ਗੁਰ ਗੁਰ ਸ਼ਬਦੀ ਵੰਡ ਵੰਡਾਈਆ । ਸ਼ਬਦ ਭੰਡਾਰਾ ਅਪਰ ਅਪਾਰ, ਜੀਵਾਂ ਜੰਤਾਂ ਝੋਲੀ ਪਾਈਆ । ਸਾਚੇ ਸੰਤਾਂ ਕਰ ਪਿਆਰ, ਸਾਚੀ ਸਿਖਿਆ ਇਕ ਸਮਝਾਈਆ । ਕਾਇਆ ਮੰਦਰ ਅੰਦਰ ਹਰੀ ਦੁਆਰ, ਹਰਿ ਜੂ ਬੈਠਾ ਆਸਣ ਲਾਈਆ । ਦਿਸ ਨਾ ਆਵੇ ਜੀਵ ਸੰਸਾਰ, ਤ੍ਰੈਗੁਣ ਮਾਇਆ ਪੜਦਾ ਪਾਈਆ । ਕੂੜਾ ਕਾਇਆ ਕਪੜ ਵੇਖ ਵਿਚਾਰ, ਤਨ ਧਨ ਹਾਟੀ ਬਾਜੀ ਲਾਈਆ । ਗੁਰ ਸਾਖੀ ਗੁਰ ਸਾਖਿਆਤ ਗੁਰ ਸ਼ਬਦ ਦਏ ਅਧਾਰ, ਗੁਰ ਨਾਦੀ ਨਾਦ ਵਜਾਈਆ । ਬ੍ਰਹਮ ਬ੍ਰਹਿਮਾਦੀ ਖੋਲ੍ਹ ਕਿਵਾੜ, ਆਦਿ ਜੁਗਾਦੀ ਇਕ ਸਹਾਰ, ਹਰਿ ਸਰਨ ਸੱਚੀ ਸਰਨਾਈਆ । ਡੂੰਘੀ ਭਵਰੀ ਪਾਰ ਗ਼ਾਰ, ਆਤਮ ਸੇਜਾ ਖੇਲ ਨਿਆਰ, ਨਿਰਗੁਣ ਮੇਲਾ ਸਰਗੁਣ ਧਾਰ, ਸਰਗੁਣ ਨਾਤਾ ਛੁੱਟੇ ਸੰਸਾਰ, ਗੁਰ ਗੁਰ ਰੂਪ ਅਪਰ ਅਪਾਰ, ਗੁਰਸਿਖ ਮੇਲਾ ਏਕਾ ਵਾਰ, ਮਿਲ ਮਿਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰੇਮ ਪਿਆਰ ਇਕ ਰਖਾਈਆ । ਪਰੇਮ ਪਿਆਰ ਸਦਾ ਅਤੁਟ, ਗੁਰ ਚੇਲਾ ਰੂਪ ਵਖਾਇੰਦਾ । ਜਗਤ ਵਾਸਨਾ ਜਾਏ ਛੁਟ, ਕੂੜੀ ਕਿਰਿਆ ਮੇਟ ਮਿਟਾਇੰਦਾ । ਜਿਸ ਜਨ ਅੰਮ੍ਰਿਤ ਜਾਮ ਪਿਆਏ ਘੁੱਟ, ਤਿਸ ਆਪਣਾ ਜਾਮ ਪਿਆਇੰਦਾ । ਅੰਮ੍ਰਿਤ ਸੋਮਾ ਪਏ ਫੁੱਟ, ਮੁਖ ਕਵਲ ਨਾਭ ਖੁਲ੍ਹਾਇੰਦਾ । ਅੰਦਰ ਬੈਠਾ ਪਏ ਉਠ, ਆਪਣੀ ਕਰਵਟ ਆਪ ਬਦਲਾਇੰਦਾ । ਗੁਰਮੁਖ ਗੋਦੀ ਲਏ ਚੁੱਕ, ਸਾਚੀ ਗੋਦ ਸੁਹਾਇੰਦਾ । ਜਗਤ ਵਿਕਾਰਾ ਕੱਢੇ ਕੁੱਟ, ਆਪ ਆਪਣਾ ਬਲ ਧਰਾਇੰਦਾ ।


੬੯੮
੧੧

ਕਰੇ ਖੇਲ ਅਬਿਨਾਸ਼ੀ ਅਚੁੱਤ, ਚੇਤਨ ਆਪਣਾ ਰੂਪ ਵਖਾਇੰਦਾ । ਗੁਰਸਿਖ ਮੇਲਾ ਗੁਰ ਗੁਰ ਸੁਤ, ਗੁਰ ਏਕਾ ਰੰਗ ਰੰਗਾਇੰਦਾ । ਲੇਖਾ ਜਾਣੇ ਪੰਜ ਤੱਤ ਕਾਇਆ ਬੁੱਤ, ਮਨ ਮਤ ਬੁਧ ਆਪਣੇ ਰਾਹ ਚਲਾਇੰਦਾ । ਮਾਨਸ ਜਨਮ ਜੀਵ ਦੇਵੇ ਸੁਧ, ਸੁਧ ਪਿਛਲੀ ਸਰਬ ਭੁਲਾਇੰਦਾ । ਹਰਿ ਕਾ ਪ੍ਰੇਮ ਪਿਆਰ ਨਿਰਮਲ ਦੁੱਧ, ਦਸਮ ਦੁਆਰੀ ਸਾਚੀ ਧਾਰ, ਧਾਰ ਧਾਰ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਵਰ, ਵਰ ਦਾਤਾ ਇਕ ਅਖਵਾਇੰਦਾ ।

★ ੧੭ ਫੱਗਣ ੨੦੧੮ ਕਾਨਪੁਰ ★

ਸਿਰੋਪਾਉ ਹਰਿ ਨਾਉਂ, ਸਦਾ ਸੰਗ ਰਖਾਇੰਦਾ । ਭਗਤ ਭਗਵਾਨ ਮਿਲਣ ਦਾ ਚਾਉ, ਚਾਉ ਘਨੇਰਾ ਇਕ ਜਣਾਇੰਦਾ । ਪ੍ਰੇਮ ਪ੍ਰੇਮ ਪਕੜੇ ਬਾਂਹੋਂ, ਪਿਆਰ ਪਿਆਰ ਨਾਲ ਰਖਾਇੰਦਾ । ਏਥੇ ਓਥੇ ਦੋ ਜਹਾਨ ਠੰਡੀ ਛਾਉਂ, ਅਗਨੀ ਤੱਤ ਨਾ ਕੋਇ ਰਖਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਆਪ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਿਰੋਪਾ ਸੰਤਾਂ ਸੀਸ ਟਿਕਾਇੰਦਾ । ਸਿਰੋਪਾਉ ਸੋਹੇ ਸਾਚੇ ਸੰਤ, ਸਤਿਗੁਰ ਦੇਵੇ ਮਾਣ ਵਡਿਆਈਆ । ਜੀਵਾਂ ਨਾਰੀ ਮਿਲੇ ਕੰਤ, ਮਿਲ ਕੰਤ ਖ਼ੁਸ਼ੀ ਮਨਾਈਆ । ਕਾਇਆ ਚੋਲੀ ਚੜ੍ਹੇ ਰੰਗ ਬਸੰਤ, ਆਤਮ ਅੰਤਰ ਵੱਜੇ ਵਧਾਈਆ । ਮਾਨਸ ਜਨਮ ਬਣੇ ਬਣਤ, ਮਾਨੁਖ ਆਪਣਾ ਭੇਵ ਚੁਕਾਈਆ । ਮੇਲਾ ਹੋਏ ਹਰਿ ਜੂ ਅੰਤ, ਅੰਤ ਕੰਤ ਸੰਤ ਭਗਵੰਤ ਏਕਾ ਘਰ ਸਮਾਈਆ । ਨਾਤਾ ਤੁਟੇ ਜੀਵ ਜੰਤ, ਲੱਖ ਚੁਰਾਸੀ ਜੰਮ ਕੀ ਫਾਸੀ ਰਾਏ ਧਰਮ ਨਾ ਦਏ ਸਜਾਈਆ । ਸਿਰੋਪਾਉ ਸੰਤ ਮਾਣ, ਘਰ ਘਰ ਵਿਚ ਵੇਖ ਵਖਾਈਆ । ਨਿਝ ਨੇਤਰ ਦਿਸੇ ਸ੍ਰੀ ਭਗਵਾਨ, ਨਿਝ ਆਤਮ ਆਸਣ ਲਾਈਆ । ਨਿਝ ਖੇਤਰ ਕਰ ਪਰਵਾਨ, ਬਣ ਹੇਤੀ ਹਿਤ ਰਖਾਈਆ । ਦਿਤੀ ਵਸਤ ਹੋਈ ਪਰਵਾਨ, ਪਰਵਾਨਗੀ ਸੰਤਾਂ ਹੱਥ ਫੜਾਈਆ । ਇਕੋ ਸਤਿ ਸਤਿ ਨਿਸ਼ਾਨ, ਸਦਾ ਸਦਾ ਸਦ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਲ ਮਿਲ ਆਪਣੀ ਖ਼ੁਸ਼ੀ ਰਖਾਈਆ । ਤੁਛ ਚੀਜ ਨਾ ਦਿਸੇ ਕੋਇ, ਹਰ ਘਟ ਘਟ ਰਿਹਾ ਸਮਾਈਆ । ਬਿਨ ਹਰਿ ਮਿਲੇ ਨਾ ਕੋਈ ਢੋਏ, ਢੋਆ ਲੈ ਕੇ ਅੱਗੇ ਕੋਇ ਨਾ ਆਈਆ । ਪੂਰਬ ਲਹਿਣਾ ਬੀਜ ਜੋ ਜਨ ਬੋਏ, ਪੂਰਬ ਲੇਖਾ ਲੇਖੇ ਪਾਈਆ । ਚਿੱਟੇ ਬਸਤਰ ਚਿੱਟੀ ਧਾਰ ਚਿੱਟਾ ਰੰਗ ਸੋ ਪੁਰਖ ਨਿਰੰਜਣ ਜਾਣੇ ਸੋਏ, ਹਰਿ ਪੁਰਖ ਨਿਰੰਜਣ ਵੇਖੇ ਚਾਈਂ ਚਾਈਆ । ਏਕੰਕਾਰ ਨਿਰਮਲ ਜੋਤ ਬਲੋਏ, ਆਦਿ ਨਿਰੰਜਣ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸੰਤ ਸੁਹੇਲਾ ਸੰਤਾਂ ਜਿਹਾ ਹੋਏ, ਸ੍ਰੀ ਭਗਵਾਨ ਆਪਣੇ ਘਰ ਆਪੇ ਸੋਭਾ ਪਾਈਆ । ਪਾਰਬ੍ਰਹਮ ਬ੍ਰਹਮ ਅੰਮ੍ਰਿਤ ਆਤਮ ਰਸ ਸਾਚਾ ਚੋਏ, ਸਾਚਾ ਝਿਰਨਾ ਦਏ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰੋਪਾਉ ਸਾਚੀ ਪੱਗ, ਲੇਖਾ ਜਾਣੇ ਸੂਰਾ ਸਰਬੱਗ, ਤ੍ਰੈਗੁਣ ਵੇਖੇ ਜਗਤ ਬਸੰਤਰ, ਗਲ ਚੋਲਾ ਪ੍ਰੇਮ ਬਸਤਰ ਸ਼ਸਤਰ ਨਾਮ ਹੱਥ ਰਖਾਈਆ ।

## ★ ੧੭ ਫੱਗਣ ੨੦੧੮ ਬਿਕ੍ਰਮੀ ਅਵਤਾਰ ਸਿੰਘ ਦੇ ਗ੍ਰਿਹਿ ਕਾਨਪੁਰ ★

ਸੋ ਪੁਰਖ ਨਿਰੰਜਣ ਖੇਲ ਨਿਆਰਾ, ਹਰਿ ਪੁਰਖ ਨਿਰੰਜਣ ਆਪ ਕਰਾਇੰਦਾ । ਏਕੰਕਾਰਾ ਹੋ ਉਜਿਆਰਾ, ਆਦਿ ਨਿਰੰਜਣ ਨੂਰ ਧਰਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਠਾਂਡੇ ਦਰਬਾਰਾ, ਸ੍ਰੀ ਭਗਵਾਨ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਪਾਰਬ੍ਰਹਮ ਵੇਸ ਵਟਾਇੰਦਾ । ਹੁਕਮੀ ਹੁਕਮ ਸਚ ਵਰਤਾਰਾ, ਸਤਿ ਸਤਿਵਾਦੀ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਅਧਾਰਾ, ਲੱਖ ਚੁਰਾਸੀ ਬੰਧਨ ਪਾਇੰਦਾ । ਤ੍ਰੈਗੁਣ ਮਾਇਆ ਕਰ ਪਸਾਰਾ, ਪੰਚਮ ਮੇਲਾ ਮੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣੀ ਕਾਰ ਕਰਾਇੰਦਾ । ਨਿਰਗੁਣ ਨੂਰ ਪੁਰਖ ਅਕਾਲ, ਇਕ ਇਕੱਲਾ ਖੇਲ ਕਰਾਇੰਦਾ । ਸਚਖੰਡ ਵਸੇ ਸੱਚੀ ਧਰਮਸਾਲ, ਸਤਿ ਦੁਆਰੇ ਸੋਭਾ ਪਾਇੰਦਾ । ਥਿਰ ਘਰ ਵਾਸਾ ਦੀਨ ਦਿਆਲ, ਖੇਲ ਤਮਾਸ਼ਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚਾ ਭੇਵ ਪੁਰਖ ਅਪਾਰਾ, ਏਕਾ ਏਕ ਜਣਾਈਆ । ਨਿਰਗੁਣ ਸਰਗੁਣ ਹੋ ਉਜਿਆਰਾ, ਲੋਕਮਾਤ ਵੇਸ ਵਟਾਈਆ । ਜੁਗਾ ਜੁਗੰਤਰ ਸਾਚੀ ਕਾਰਾ, ਕਰਤਾ ਪੁਰਖ ਆਪ ਕਮਾਈਆ । ਗੁਰ ਗੁਰ ਰੂਪ ਲਏ ਅਵਤਾਰਾ, ਸ਼ਬਦੀ ਸ਼ਬਦ ਡੰਕ ਸੁਣਾਈਆ । ਜੀਵਾਂ ਜੰਤਾਂ ਦੇ ਸਹਾਰਾ, ਏਕਾ ਮੰਤਰ ਨਾਮ ਪੜ੍ਹਾਈਆ । ਵਣਜ ਕਰਾਏ ਬਣ ਵਣਜਾਰਾ, ਹੱਟ ਹਟਵਾਣਾ ਇਕ ਚਲਾਈਆ । ਵੇਖੇ ਵਿਗਸੇ ਵੇਖਣਹਾਰਾ, ਘਟ ਘਟ ਆਪਣਾ ਆਸਣ ਲਾਈਆ । ਜੋਤੀ ਜੋਤ ਜੋਤ ਉਜਿਆਰਾ, ਨੂਰ ਨੂਰ ਨੂਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਪੁਰਖ ਕਰਤਾਰ, ਏਕਾ ਏਕ ਕਰਾਇੰਦਾ । ਨਿਰਗੁਣ ਸਰਗੁਣ ਲਏ ਅਵਤਾਰ, ਵੇਸ ਅਨੇਕ ਆਪ ਵਟਾਇੰਦਾ । ਲੇਖਾ ਜਾਣੇ ਧੁਰ ਦੀ ਧਾਰ, ਧੁਰ ਧਾਰਾ ਆਪ ਉਪਾਇੰਦਾ । ਲੱਖ ਚੁਰਾਸੀ ਕਰ ਪਸਾਰ, ਘਟ ਘਟ ਆਪਣਾ ਰੰਗ ਰੰਗਾਇੰਦਾ । ਬ੍ਰਹਿਮੰਡ ਖੰਡ ਖੋਲ੍ਹ ਕਿਵਾੜ, ਲੋਆਂ ਪੁਰੀਆਂ ਡਗਮਗਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈਗੁਣ ਅਤੀਤਾ ਸਾਚਾ ਭੇਵ ਚੁਕਾਇੰਦਾ । ਠਾਂਡਾ ਸੀਤਾ ਏਕੰਕਾਰ, ਅਕਲ ਕਲ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਹਰਿ ਕਰਤਾਰਾ, ਆਦਿ ਜੁਗਾਦਿ ਕਰਾਈਆ । ਲੋਕਮਾਤ ਕਰ ਪਸਾਰਾ, ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਵਿਸ਼ਨ ਬ੍ਰਹਮਾ ਸ਼ਿਵ ਦੇ ਸਹਾਰਾ, ਗੁਣ ਅਵਗੁਣ ਆਪ ਜਣਾਈਆ । ਏਕਾ ਮੰਤ ਬ੍ਰਹਮ ਉਜਿਆਰਾ, ਪਾਰਬ੍ਰਹਮ ਵੇਖ ਵਖਾਈਆ । ਏਕਾ ਨਾਦ ਸ਼ਬਦ ਧੁੰਨਕਾਰਾ, ਘਟ ਘਟ ਆਪ ਸੁਣਾਈਆ । ਏਕਾ ਅੰਮ੍ਰਿਤ ਠੰਡਾ ਠਾਰਾ, ਸਰ ਸਰੋਵਰ ਇਕ ਨੁਹਾਈਆ । ਏਕਾ ਮੰਦਰ ਗੁਰਦੁਆਰਾ, ਘਰ ਘਰ ਵਿਚ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨਾ ਸ੍ਰੀ ਭਗਵਾਨ, ਆਦਿ ਪੁਰਖ ਆਪ ਰਚਾਇੰਦਾ । ਤਖ਼ਤ ਨਿਵਾਸੀ ਵਡ ਮਿਹਰਵਾਨ, ਸਚਖੰਡ ਆਪਣੀ ਖੇਲ ਕਰਾਇੰਦਾ । ਥਿਰ ਘਰ ਦੁਆਰਾ ਖੋਲ੍ਹ ਦੁਕਾਨ, ਸ਼ਬਦੀ ਹੱਟ ਇਕ ਚਲਾਇੰਦਾ । ਵਿਸ਼ਨ ਬ੍ਰਹਮਾ ਦੇਵੇ ਦਾਨ, ਸ਼ੰਕਰ ਝੋਲੀ ਆਪ ਭਰਾਇੰਦਾ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਆਪਣਾ ਆਸਣ ਲਾਇੰਦਾ । ਸੂਰਜ ਚੰਨ ਕਰ ਪਰਧਾਨ, ਮੰਡਲ ਮੰਡਪ ਡੇਰਾ ਲਾਇੰਦਾ । ਖੇਲੇ ਖੇਲ ਜ਼ਿਮੀਂ ਅਸਮਾਨ, ਗਗਨ ਗਗਨੰਤਰ ਸੋਭਾ ਪਾਇੰਦਾ । ਧੁਰ ਦੀ ਬਾਣੀ ਧੁਰ ਫ਼ਰਮਾਣ,

ਸਤਿ ਸੰਦੇਸਾ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਦੇ ਪੈਗ਼ਾਮ, ਸਾਚਾ ਕਲਮਾ ਆਪ ਪੜ੍ਹਾਇੰਦਾ । ਲੱਖ ਚੁਰਾਸੀ ਜਾਣੀ ਜਾਣ, ਘਟ ਘਟ ਆਪਣੀ ਖੇਲ ਵਖਾਇੰਦਾ । ਏਕਾ ਨਾਦ ਸ਼ਬਦ ਧੁਨਕਾਨ, ਵੇਦ ਸ਼ਾਸਤਰ ਆਪੇ ਗਾਇੰਦਾ । ਬ੍ਰਹਮੇ ਆਪਣੇ ਬ੍ਰਹਮ ਪਛਾਣ, ਏਕਾ ਅੰਤਰ ਇਕ ਧਿਆਨ, ਗਿਆਨ ਗਿਆਨ ਵਿਚ ਸਮਾਇੰਦਾ । ਸਤਿ ਸਤਿਵਾਦੀ ਸਚ ਨਿਸ਼ਾਨ, ਸਤਿ ਸਰੂਪ ਸ੍ਰੀ ਭਗਵਾਨ, ਅਨਡਿਠੜਾ ਧਾਮ ਆਪ ਰਖਾਇੰਦਾ । ਲੇਖਾ ਜਾਣੇ ਗੋਪੀ ਕਾਹਨ, ਆਤਮ ਪਰਮਾਤਮ ਖੇਲ ਮਹਾਨ, ਈਸ਼ ਜੀਵ ਜਗਦੀਸ਼ ਆਪਣਾ ਬੰਧਨ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਪੁਰਖ ਸਮਰਥ, ਆਦਿ ਜੁਗਾਦਿ ਕਰਾਈਆ । ਨਿਰਗੁਣ ਸਰਗੁਣ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਲੇਖਾ ਜਾਣੇ ਪੰਜ ਤੱਤ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਵੇਸ ਵਟਾਈਆ । ਦੇਵਣਹਾਰਾ ਇਕੋ ਤੱਤ, ਮਨ ਮਤ ਬੁਧ ਦਏ ਸਮਝਾਈਆ । ਵੇਖ ਵਖਾਏ ਹੱਡ ਮਾਸ ਨਾੜੀ ਰੱਤ, ਰੱਤੀ ਰੱਤ ਫੋਲ ਫੁਲਾਈਆ । ਸਰਬ ਜੀਆਂ ਜਾਣੇ ਮਿਤ ਗਤ, ਭੇਵ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰਨੇ ਜੋਗ, ਜੁਗੀਸ਼ਰ ਹਰਿ ਅਖਵਾਇੰਦਾ । ਆਦਿ ਜੁਗਾਦੀ ਧੁਰ ਸੰਜੋਗ, ਲੱਖ ਚੁਰਾਸੀ ਮੇਲ ਮਿਲਾਇੰਦਾ । ਕੱਟਣਹਾਰਾ ਜਨਮ ਜਨਮ ਦਾ ਰੋਗ, ਅਜਨਮ ਆਪਣਾ ਰੰਗ ਵਖਾਇੰਦਾ । ਵਸਣਹਾਰਾ ਸਚਖੰਡ ਸਾਚੇ ਕੋਟ, ਕਾਇਆ ਬੰਕ ਡੇਰਾ ਲਾਇੰਦਾ । ਨਿਰਮਲ ਨੂਰ ਜਗਾਏ ਜੋਤ, ਦੀਆ ਬਾਤੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਸ ਆਪ ਵਟਾਇੰਦਾ । ਸਾਚਾ ਵੇਸ ਵੇਸ ਅਵੱਲਾ, ਸੋ ਪੁਰਖ ਨਿਰੰਜਣ ਆਪ ਵਟਾਈਆ । ਵਸਣਹਾਰਾ ਕਾਇਆ ਉਚ ਅਟੱਲ ਮਹੱਲਾ, ਘਰ ਘਰ ਵਿਚ ਸੋਭਾ ਪਾਈਆ । ਅਸੁੱਤੇ ਪਰਕਾਸ਼ ਨਿਰਗੁਣ ਨੂਰ ਸਾਚਾ ਦੀਪਕ ਆਪੇ ਬਲਾ, ਤੇਲ ਬਾਤੀ ਨਾ ਕੋਇ ਰਖਾਈਆ । ਪਾਵੇ ਸਾਰ ਜਲਾਂ ਥਲਾਂ, ਮਹੀਅਲ ਆਪਣਾ ਡੇਰਾ ਲਾਈਆ । ਸਚ ਸੰਦੇਸ ਨਰ ਨਰੇਸ਼ ਏਕੰਕਾਰ ਏਕਾ ਘੱਲਾ, ਜੁਗਾ ਜੁਗੰਤਰ ਗੁਰ ਅਵਤਾਰਾਂ ਕਰੇ ਪੜ੍ਹਾਈਆ । ਜੋਤੀ ਸ਼ਬਦੀ ਨਿਰਗੁਣ ਸਰਗੁਣ ਆਪੇ ਰਲਾ, ਬ੍ਰਹਮ ਪਾਰਬ੍ਰਹਮ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਸ ਆਪ ਵਟਾਈਆ । ਸਾਚਾ ਵੇਸ ਸ੍ਰੀ ਭਗਵਾਨ, ਜੁਗ ਜੁਗ ਆਪ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਮਾਰ ਧਿਆਨ, ਰੂਪ ਅਨੂਪ ਆਪ ਜਣਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਦੇ ਦੇ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਭਗਤ ਭਗਵੰਤ ਰੱਖੇ ਮਾਣ, ਚਰਨ ਸਰਨ ਸਰਨ ਚਰਨ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਲਾਏ ਰਾਹ, ਰਹਿਬਰ ਆਪਣਾ ਰੂਪ ਵਟਾਈਆ । ਨਿਰਗੁਣ ਸਰਗੁਣ ਦਏ ਸਲਾਹ, ਸਾਚੀ ਸਿਫ਼ਤ ਸਿਫ਼ਤ ਸਮਝਾਈਆ । ਸਤਿ ਸਤਿਵਾਦੀ ਬਣ ਮਲਾਹ, ਲੋਕਮਾਤ ਬੇੜਾ ਆਪ ਚਲਾਈਆ । ਇਕ ਜਣਾਏ ਸਾਚਾ ਨਾਂ, ਨਾਉਂ ਨਿਰੰਕਾਰਾ ਕਰੇ ਪੜ੍ਹਾਈਆ । ਸੰਤ ਸੁਹੇਲੇ ਵੇਖੇ ਥਾਉਂ ਥਾਂ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਸਾਚੇ ਗੁਰਮੁਖਾਂ ਪਕੜੇ ਬਾਂਹ, ਸੱਤ ਦੀਪ ਚਰਨਾਂ ਹੇਠ ਦਬਾਈਆ । ਅੱਠ ਅਠਾਰਾਂ ਡੇਰਾ ਢਾਹ, ਗੁਰਸਿਖ ਸਾਚੇ ਵੇਖੇ ਚਾਈਂ ਚਾਈਂਆ । ਨੌਂ ਦੁਆਰੇ ਪੰਧ ਮੁਕਾ, ਨਵ ਨੌਂ ਆਪਣਾ ਰੰਗ ਰੰਗਾਈਆ । ਚਾਰ ਚਾਰ ਲੇਖਾ ਲਏ ਲੱਗਾ, ਨਾ ਕੋਈ ਰੱਖੇ ਕਲਮ ਸ਼ਾਹੀਆ । ਕਾਗਜ਼ ਕਲਮ ਰਹੇ ਸ਼ਰਮਾ, ਹਰਿ ਕਾ ਅੰਤ ਕੋਇ ਨਾ ਪਾਈਆ । ਭਗਤ ਭਗਵੰਤ ਰਹੇ

ਧਿਆ, ਇਕ ਧਿਆਨ ਲਗਾਈਆ । ਸਤਿਗੁਰ ਪੂਰਾ ਦਇਆ ਨਿਧ ਠਾਕਰ ਹਰਿਜਨ ਸਾਚੇ ਲਏ ਜਗਾ, ਆਤਮ ਪਰਮਾਤਮ ਮੇਲ ਮਿਲਾਈਆ । ਜਗਤ ਬਸੰਤਰ ਤ੍ਰੈਗੁਣ ਦਏ ਬੁਝਾ, ਏਕਾ ਅੰਮ੍ਰਿਤ ਮੇਘ ਬਰਸਾਈਆ । ਬਜਰ ਕਪਾਟੀ ਦਏ ਖੁਲ੍ਹਾ, ਅਗਿਆਨ ਅੰਧੇਰ ਚੁਕਾਈਆ । ਅਨਹਦ ਨਾਦ ਦਏ ਵਜਾ, ਰਾਗੀ ਰਾਗ ਅਲਾਈਆ । ਜੋਤ ਨਿਰੰਜਣ ਦੀਪ ਜਗਾ, ਵੇਖੇ ਚਾਈਂ ਚਾਈਂਆ । ਅੰਮ੍ਰਿਤ ਆਤਮ ਜਾਮ ਪਿਆ, ਨਿਝਰ ਝਿਰਨਾ ਦਏ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਈਆ । ਜੁਗ ਜੁਗ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪ ਕਰਾਇੰਦਾ । ਜਨ ਭਗਤਾਂ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਇੰਦਾ । ਕਾਇਆ ਮੰਡਲ ਮੰਡਪ ਬਹਿ ਬਹਿ ਪਾਏ ਰਾਸ, ਦਰ ਘਰ ਸਾਚਾ ਆਪ ਸੁਹਾਇੰਦਾ । ਲੇਖਾ ਜਾਣੇ ਪ੍ਰਿਥਮੀ ਅਕਾਸ਼, ਅਕਾਸ਼ ਅਕਾਸ਼ਾਂ ਪਾਰ ਕਰਾਇੰਦਾ । ਸੇਵਕ ਬਣੇ ਬਣ ਬਣ ਦਾਸ, ਸਾਚੀ ਸੇਵਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਵੇਸ ਵਟਾਇੰਦਾ । ਜੁਗ ਕਰਤਾ ਕਰਤਾ ਪੁਰਖ, ਦੂਸਰ ਅਵਰ ਨਾ ਕੋਇ ਵਡਿਆਈਆ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਰੋਗ ਨਾ ਕੋਇ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਦਾ ਆਇਆ ਪਰਖ, ਨਾਮ ਕਸਵੱਟੀ ਹੱਥ ਉਠਾਈਆ । ਸਾਚੇ ਭਗਤਾਂ ਦੇ ਦੇ ਦਰਸ, ਆਤਮ ਤ੍ਰਿਖਾ ਬੁਝਾਈਆ । ਅੰਮ੍ਰਿਤ ਮੇਘ ਇਕੋ ਬਰਸ, ਸਾਂਤਕ ਸਤਿ ਸਤਿ ਕਰਾਈਆ । ਨਾਤਾ ਤੋੜ ਅਰਸ਼ ਫਰਸ਼, ਘਰ ਸਾਚੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਅਵੱਲੜਾ, ਕਰੇ ਕਰਾਏ ਕਰਨੇਹਾਰ । ਹਰਿਜਨ ਫੜਾਏ ਪਲੜਾ, ਦੇਵੇ ਦਰਸ ਦੀਦਾਰ । ਸਚ ਸੰਦੇਸ਼ ਏਕਾ ਘਲੜਾ, ਹਿਰਦੇ ਰਾਮ ਨਾਮ ਉਰਧਾਰ । ਦਰ ਦੁਆਰੇ ਆਪੇ ਖਲੜਾ, ਨਿਰਗੁਣ ਸਰਗੁਣ ਲਏ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰ । ਅਗੰਮ ਅਪਾਰ ਖੇਲ ਅਨਡਿਠ, ਅਨਡਿਠੜਾ ਆਪ ਕਰਾਈਆ । ਸਰਬ ਜੀਆਂ ਪ੍ਰਭ ਲੇਖਾ ਲਿਖ, ਲਿਖ ਲਿਖ ਵੇਖੇ ਚਾਈਂ ਚਾਈਂਆ । ਲੱਖ ਚੁਰਾਸੀ ਨਾ ਪਏ ਦਿਸ, ਨੇਤਰ ਨੈਣ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਏਕਾ ਏਕ ਸੁਣਾਈਆ । ਸਚ ਸੰਦੇਸਾ ਗੁਰ ਅਵਤਾਰ, ਗੁਰ ਗੁਰ ਆਪ ਜਣਾਇੰਦਾ । ਲਿਖ ਲਿਖ ਲੇਖ ਗਏ ਵਿਚਾਰ, ਵਿਚਾਰ ਵਿਚ ਕਦੇ ਨਾ ਆਇੰਦਾ । ਬੇਅੰਤ ਬੇਅੰਤ ਬੇਅੰਤ ਕਰਨ ਪੁਕਾਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚਾ ਭੇਵ ਦੀਨ ਦਿਆਲ, ਦਇਆ ਨਿਧ ਆਪ ਜਣਾਈਆ । ਜੁਗ ਚੌਕੜੀ ਖਾਵੇ ਕਾਲ, ਥਿਰ ਕੋਇ ਰਹਿਣ ਨਾ ਪਾਈਆ । ਤ੍ਰੈਗੁਣ ਮਾਇਆ ਜਗਤ ਜ਼ੰਜਾਲ, ਲੱਖ ਚੁਰਾਸੀ ਬੰਧਨ ਵਖਾਈਆ । ਕਰੇ ਖੇਲ ਆਪ ਨਿਰਾਲ, ਤ੍ਰੈਗੁਣ ਅਤੀਤਾ ਸਾਚਾ ਮਾਹੀਆ । ਸਤਿਜੁਗ ਤ੍ਰੇਤਾ ਦੁਆਪਰ, ਜਨ ਭਗਤਾਂ ਕਰਦਾ ਰਿਹਾ ਭਾਲ, ਲੁਕ ਲੁਕ ਆਪਣੀ ਸੇਵ ਕਮਾਈਆ । ਗੁਰ ਅਵਤਾਰ ਘਾਲਣ ਗਏ ਘਾਲ, ਹਰਿ ਹਰਿ ਨਾਉਂ ਧਿਆਈਆ । ਪੀਰ ਪੈਗ਼ੰਬਰ ਕਹਿੰਦੇ ਗਏ ਹੱਕ ਹਲਾਲ, ਮੁਕਾਮੇ ਹੱਕ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਜਣਾਈਆ । ਸਚ ਸੰਦੇਸਾ ਏਕੰਕਾਰ, ਜੁਗ ਜੁਗ ਆਪ ਸੁਣਾਇੰਦਾ । ਬ੍ਰਹਮਾ ਵੇਤਾ ਲਿਖ ਲਿਖ ਵੇਦ ਚਾਰ, ਚਾਰੇ ਜੁਗ ਜੁਗ ਪੜ੍ਹਾਇੰਦਾ । ਸ਼ਾਸਤਰ ਸਿਮਰਤ ਦੇ ਅਧਾਰ, ਪੁਰਾਨ

ਅਠਾਰਾਂ ਨਾਲ ਮਿਲਾਇੰਦਾ । ਵੇਦ ਵਿਆਸਾ ਕਰ ਕਰ ਗਿਆ ਪੁਕਾਰ, ਉਚੀ ਕੂਕ ਕੂਕ ਸੁਣਾਇੰਦਾ । ਕਲ ਕਲਕੀ ਆਏ ਅਵਤਾਰ, ਭੇਵ ਕੋਇ ਨਾ ਪਾਇੰਦਾ । ਰਾਮਾ ਕ੍ਰਿਸ਼ਨਾ ਖੇਲ ਅਪਾਰ, ਨਿਰਗੁਣ ਸਰਗੁਣ ਰੰਗ ਰੰਗਾਇੰਦਾ । ਏਕਾ ਅੱਖਰ ਗੀਤਾ ਗਿਆਨ, ਵੱਖਰ ਵੱਖਰ ਆਪ ਪੜ੍ਹਾਇੰਦਾ । ਪੰਜ ਤੱਤ ਕਾਇਆ ਕਰ ਪਰਵਾਨ, ਸਾਚਾ ਕਾਅਬਾ ਆਪ ਸੁਹਾਇੰਦਾ । ਈਸਾ ਮੂਸਾ ਦੇ ਪੈਗ਼ਾਮ, ਪੀਰ ਪੈਗ਼ੰਬਰ ਨਬੀ ਰਸੂਲ ਆਪ ਪੜ੍ਹਾਇੰਦਾ । ਸਾਚਾ ਹੁਜਰਾ ਇਕ ਮਹਾਨ, ਚੌਦਾਂ ਤਬਕ ਵੇਖ ਵਖਾਇੰਦਾ । ਚਾਰ ਯਾਰੀ ਦੇਵੇ ਦਾਨ, ਮੁਹੰਮਦ ਏਕਾ ਬੰਧਨ ਪਾਇੰਦਾ । ਨਾਨਕ ਨਿਰਗੁਣ ਕਹੇ ਸਤਿਨਾਮ, ਨਾਮ ਸਤਿ ਸਰਬ ਦ੍ਰਿੜਾਇੰਦਾ । ਬ੍ਰਹਮ ਮਤ ਇਕ ਗਿਆਨ, ਦੂਜਾ ਤੱਤ ਨਾ ਕੋਇ ਰਖਾਇੰਦਾ । ਸਚਖੰਡ ਵਸੇ ਆਪ ਭਗਵਾਨ, ਸਾਚੇ ਤਖ਼ਤ ਡੇਰਾ ਲਾਇੰਦਾ । ਕਲਜੁਗ ਅੰਤਮ ਵੇਖੇ ਆਣ, ਮਹਾਂਬਲੀ ਵੇਸ ਵਟਾਇੰਦਾ । ਚਾਰ ਵਰਨਾਂ ਦੇਵੇ ਮਾਣ, ਊਚ ਨੀਚ ਰਾਓ ਰੰਕ ਨਾ ਕੋਇ ਜਣਾਇੰਦਾ । ਚਾਰੇ ਖਾਣੀ ਕਰੇ ਪਰਵਾਨ, ਅੰਡਜ ਜੇਰਜ ਉਤਭੁਜ ਸੇਤਜ ਆਪਣੀ ਖੇਲ ਵਖਾਇੰਦਾ । ਚਾਰੇ ਜੁਗ ਵੇਖ ਨਿਸ਼ਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਚਾਰੇ ਬਾਣੀ ਕਰ ਪਹਿਚਾਨ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਗੁਰ ਅਵਤਾਰਾਂ ਵੇਖੇ ਮਾਰ ਧਿਆਨ, ਨਿਰਗੁਣ ਨਿਰਗੁਣ ਆਪਣਾ ਕੁੰਡਾ ਆਪੇ ਲਾਹਿੰਦਾ । ਸ਼ਬਦ ਅਨਾਦੀ ਧੁਰ ਫ਼ਰਮਾਣ, ਦੇਵਣਹਾਰ ਸ੍ਰੀ ਭਗਵਾਨ, ਸਚ ਸੰਦੇਸਾ ਨਰ ਨਰੇਸ਼ਾ, ਦੋ ਜਹਾਨਾਂ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਆਦੇਸਾ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਨਾਨਕ ਗੋਬਿੰਦ ਕਰੇ ਆਦੇਸਾ, ਘਰ ਸਾਚੇ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਰੂਪ ਧਰਾਇੰਦਾ । ਜੁਗ ਜੁਗ ਆਪਣਾ ਰੂਪ ਰੱਖ, ਰੱਖਕ ਆਪਣੀ ਦਇਆ ਕਮਾਈਆ । ਨਿਰਗੁਣ ਸਰਗੁਣ ਹੋ ਪਰਤੱਖ, ਪਰਤੱਖ ਸਰਗੁਣ ਲਏ ਵਡਿਆਈਆ । ਨਿਰੰਕਾਰ ਨਿਰਾਕਾਰ ਗਾਏ ਜਸ, ਸਾਕਾਰ ਵੱਜੇ ਵਧਾਈਆ । ਜੀਵ ਜੰਤ ਮਾਰਗ ਦੱਸ, ਸਾਚਾ ਰਾਹ ਇਕ ਚਲਾਈਆ । ਜਗਤ ਵਿਕਾਰਾ ਪਾਏ ਨੱਥ, ਨਾਮ ਡੋਰੀ ਹੱਥ ਉਠਾਈਆ । ਆਪਣੇ ਵਿਚੋਂ ਆਪਾ ਕੱਢ, ਆਪੇ ਦਏ ਸਮਝਾਈਆ । ਸਾਚੇ ਭਗਤਾਂ ਕਰੇ ਲਾਡ, ਆਪ ਆਪਣੀ ਬੂਝ ਬੁਝਾਈਆ । ਸੰਤਨ ਦੇਵੇ ਨਾਮ ਦਾਦ, ਅਨਮੁਲੜੀ ਵਸਤ ਆਪ ਵਰਤਾਈਆ । ਗੁਰਮੁਖਾਂ ਦੇਵੇ ਸਾਚਾ ਸਾਥ, ਸਗਲਾ ਸੰਗ ਆਪ ਹੋ ਜਾਈਆ । ਗੁਰਸਿਖਾਂ ਮੇਟੇ ਅੰਧੇਰੀ ਰਾਤ, ਜੂਠ ਝੂਠ ਅੰਧੇਰਾ ਰਹੇ ਨਾ ਰਾਈਆ । ਮੇਲ ਮਿਲਾਵਾ ਕਮਲਾਪਾਤ, ਕਵਲ ਨੈਣ ਹੋਏ ਸਹਾਈਆ । ਬੰਦ ਕਿਵਾੜੀ ਖੋਲ੍ਹੇ ਤਾਕ, ਬ੍ਰਹਮ ਮੇਲਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਅਪਰੰਪਰ ਆਪ ਕਰਾਇੰਦਾ । ਗੁਰਸਿਖਾਂ ਦੇਵੇ ਇਕ ਸਹਾਰਾ, ਦਰ ਘਰ ਸਾਚਾ ਇਕ ਵਖਾਇੰਦਾ । ਮਨ ਮਮਤਾ ਕਰੇ ਦੂਰ ਕਿਨਾਰਾ, ਮਨਸਾ ਮਨ ਨਾ ਕੋਇ ਰਖਾਇੰਦਾ । ਮਤ ਮਤਵਾਲੀ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣ ਨੈਣ ਨੀਰ ਵਹਾਇੰਦਾ । ਬੁੱਧੀ ਦੋਏ ਜੋੜ ਕਰੇ ਨਿਮਸਕਾਰਾ, ਸਾਚੀ ਸਿਖਿਆ ਇਕ ਸਮਝਾਇੰਦਾ । ਸੁਰਤੀ ਸ਼ਬਦ ਕਰੇ ਪਿਆਰਾ, ਸ਼ਬਦ ਸੁਰਤ ਮੇਲ ਮਿਲਾਇੰਦਾ । ਨਾਮ ਵੱਜੇ ਸਤਿ ਸਤਾਰਾ, ਅਹਿਬਾਬ ਰਬਾਬ ਆਪ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਠਾਕਰ ਸਵਾਮੀ ਆਪਣੇ ਰੰਗ ਰੰਗਾਇੰਦਾ । ਸਾਚਾ ਰੰਗ ਹਰਿ ਹਰਿ ਸਵਾਮੀ, ਏਕਾ ਏਕ ਰੰਗਾਈਆ । ਸਰਬ ਘਟਾਂ ਘਟ ਅੰਤਰਜਾਮੀ, ਆਪਣੀ ਬੂਝ ਬੁਝਾਈਆ ।

ਸ਼ਬਦ ਅਗੰਮੀ ਗਾਏ ਬਾਣੀ, ਅੱਖਰ ਵੱਖਰ ਕਰੇ ਪੜ੍ਹਾਈਆ । ਸਚਖੰਡ ਵਖਾਏ ਸਚ ਨਿਸ਼ਾਨੀ, ਸਚਖੰਡ ਵਸੇ ਸੱਚਾ ਮਾਹੀਆ । ਇਕ ਜਣਾਏ ਪਦ ਨਿਰਬਾਣੀ, ਚੌਥਾ ਪਦ ਇਕ ਵਖਾਈਆ । ਗੁਰਮੁਖ ਨਾਰੀ ਸੁਘੜ ਸੁਜਾਣੀ, ਹਰਿ ਕੰਤ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਵੇਸ ਵਟਾਈਆ । ਜੁਗ ਕਰਤਾ ਵੇਸ ਵਟਾਇੰਦਾ, ਜੁਗਾ ਜੁਗੰਤਰ ਸਾਚੀ ਕਾਰ । ਕਲਜੁਗ ਅੰਤਮ ਖੇਲ ਵਖਾਇੰਦਾ, ਨਿਰਗੁਣ ਨਿਰਗੁਣ ਲਏ ਅਵਤਾਰ । ਪੂਰਬ ਲੇਖਾ ਪੂਰ ਕਰਾਇੰਦਾ, ਗੁਰ ਗੁਰ ਕਰ ਕਰ ਗਏ ਪੁਕਾਰ । ਸਭ ਦਾ ਲੇਖਾ ਆਪ ਚੁਕਾਇੰਦਾ । ਲੇਖਾ ਰਹੇ ਨਾ ਵਿਚ ਸੰਸਾਰ । ਸਾਚੇ ਮੰਦਰ ਡੇਰਾ ਲਾਇੰਦਾ, ਸੋਭਾਵੰਤ ਹਰਿ ਮੰਦਰ ਹਰੀ ਦੁਆਰ । ਸਾਚਾ ਦੀਪਕ ਇਕ ਟਿਕਾਇੰਦਾ, ਦਿਵਸ ਰੈਣ ਰਹੇ ਉਜਿਆਰ । ਗੀਤ ਗੋਬਿੰਦ ਏਕਾ ਗਾਇੰਦਾ, ਛੱਤੀ ਰਾਗ ਨਾ ਪਾਵਣ ਸਾਰ । ਜਿਸ ਜਨ ਆਪਣੀ ਬੂਝ ਬੁਝਾਇੰਦਾ, ਨਾਤਾ ਤੋੜ ਸਰਬ ਸੰਸਾਰ । ਮਨਸਾ ਮਨ ਹੀ ਮਾਹੇਂ ਖਪਾਇੰਦਾ, ਮਨ ਮਮਤਾ ਦੇਵੇ ਮਾਰ । ਸਾਂਤਕ ਸਤਿ ਸਤਿ ਵਰਤਾਇੰਦਾ, ਸਤਿ ਸਤਿਵਾਦੀ ਕਰ ਪਿਆਰ । ਬੋਧ ਅਗਾਧੀ ਸ਼ਬਦ ਸੁਣਾਇੰਦਾ, ਲਿਖਣ ਪੜ੍ਹਣ ਤੋਂ ਹੋਵੇ ਬਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਹਰਿ ਕਰਤਾਰਾ ਖੇਲ ਕਰ, ਖ਼ਾਲਕ ਖ਼ਲਕ ਵੇਖ ਵਖਾਈਆ । ਕਲਜੁਗ ਅੰਤਮ ਦੇ ਦੇ ਵਰ, ਗੁਰ ਅਵਤਾਰ ਕਰੀ ਪੜ੍ਹਾਈਆ । ਪੀਰ ਪੈਗ਼ੰਬਰ ਰਹੇ ਡਰ, ਸਜਦਾ ਸੀਸ ਜਗਦੀਸ਼ ਝੁਕਾਈਆ । ਕਲਜੁਗ ਅੰਤਮ ਪਰਗਟ ਹੋਏ ਨਰਾਇਣ ਨਰ, ਨਿਰਗੁਣ ਆਪਣਾ ਵੇਸ ਵਟਾਈਆ । ਚਾਰ ਵਰਨ ਲਏ ਫੜ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਲੁਕਿਆ ਕੋਇ ਰਹਿਣ ਨਾ ਪਾਈਆ । ਜੂਠ ਝੂਠ ਤੋੜੇ ਹੰਕਾਰੀ ਗੜ੍ਹ, ਸਚ ਸੁੱਚ ਦਏ ਦ੍ਰਿੜਾਈਆ । ਹੰਕਾਰ ਵਿਕਾਰ ਵਿਭਚਾਰ ਲਏ ਫੜ, ਦੁਰਾਚਾਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਸਾਚਾ ਖੇਲ ਹਰਿ ਨਿਰੰਕਾਰਾ, ਕਲਜੁਗ ਅੰਤ ਅੰਤ ਕਰਾਇੰਦਾ । ਨਿਰਗੁਣ ਰੂਪ ਨਿਹਕਲੰਕ ਹੋ ਉਜਿਆਰਾ, ਸ਼ਬਦੀ ਡੰਕ ਡੰਕ ਵਜਾਇੰਦਾ । ਦੋ ਜਹਾਨਾਂ ਸ੍ਰੀ ਭਗਵਾਨਾ ਕਰੇ ਖ਼ਬਰਦਾਰਾ, ਵਿਸ਼ਨ ਬ੍ਰਹਮਾ ਸ਼ਿਵ ਉਠਾਇੰਦਾ । ਤੇਈ ਅਵਤਾਰ ਲੈਣ ਹੁਲਾਰਾ, ਭਗਤ ਅਠਾਰਾਂ ਅੱਖ ਖੁਲ੍ਹਾਇੰਦਾ । ਗੁਰ ਦਸ ਮੰਗਣ ਸਹਾਰਾ, ਏਕਾ ਓਟ ਅਕਾਲ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਯੁਗ ਕਰੇ ਪਾਰ ਕਿਨਾਰਾ, ਕੋਟਨ ਕੋਟ ਜੁਗ ਆਪਣੇ ਵਿਚ ਛੁਪਾਇੰਦਾ । ਜਨ ਭਗਤਾਂ ਦੇਵੇ ਇਕ ਅਧਾਰਾ, ਚਰਨ ਕਵਲ ਉਪਰ ਧਵਲ ਸਰਨ ਸਰਨਾਈ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਰੰਗ ਵਖਾਇੰਦਾ । ਨਿਰਗੁਣ ਰੰਗ ਅਗੰਮ ਅਪਾਰ, ਅਗੋਚਰ ਨਜ਼ਰ ਕਿਸੇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਲੱਭ ਲੱਭ ਗਈ ਹਾਰ, ਹਰਿ ਜੂ ਦਰਸ ਕੋਇ ਨਾ ਪਾਈਆ । ਕੋਟਨ ਕੋਟ ਚੜ੍ਹ ਚੜ੍ਹ ਥੱਕੇ ਉਚੇ ਟਿੱਲੇ ਪਰਬਤ ਪਹਾੜ, ਡੂੰਘੀ ਕੰਦਰ ਬੈਠੇ ਆਸਣ ਲਾਈਆ । ਕੋਟਨ ਕੋਟ ਤਨ ਮਾਟੀ ਖ਼ਾਕੀ ਗਏ ਸਾੜ, ਹਵਨ ਕੁੰਡ ਕੁੰਡ ਤਪਾਈਆ । ਕੋਟਨ ਕੋਟ ਪੰਜ ਤੱਤ ਕਾਇਆ ਰਹੇ ਠਾਰ, ਸੀਤਲ ਧਾਰ ਜਲ ਵਹਾਈਆ । ਕੋਟਨ ਕੋਟ ਮੰਦਰ ਮਸਜਦ ਮੱਠ ਸ਼ਿਵਦਵਾਲੇ ਗੁਰੂ ਘਰ ਕਰਨ ਪੁਕਾਰ, ਸਤਿਗੁਰ ਨਜ਼ਰ ਕਿਸੇ ਨਾ ਆਈਆ । ਕੋਟਨ ਕੋਟ ਅਠ ਸਠ ਤੀਰਥ ਹੋਏ ਖੁਵਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਪਾਈਆ । ਕਾਇਆ ਮੰਦਰ ਅੰਦਰ ਨਾ ਕੋਈ ਵੇਖੇ ਆਪਣਾ ਮੀਤ ਮੁਰਾਰ, ਘਰ ਬੈਠਾ ਮੁਖ ਛੁਪਾਈਆ । ਸ੍ਰਿਸ਼ਟ ਸਬਾਈ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਈਆ ।

ਪੰਚ ਵਿਕਾਰ ਕਰਨ ਪਿਆਰ, ਪੰਚਮ ਸ਼ਬਦ ਨਾ ਕੋਇ ਸ਼ਨਵਾਈਆ । ਜੂਠ ਝੂਠ ਵਣਜ ਵਾਪਾਰ, ਸਚ ਸੁੱਚ ਨਾ ਕੋਇ ਵਡਿਆਈਆ । ਹਰਿ ਕਾ ਨਾਮ ਗਏ ਵਿਸਾਰ, ਜ਼ਾਤ ਪਾਤ ਵਰਨ ਗੋਤ ਪਈ ਲੜਾਈਆ । ਅੰਤਮ ਕੋਈ ਨਾ ਉਤਰੇ ਪਾਰ ਕਿਨਾਰ, ਅਧ ਵਿਚਕਾਰੇ ਬੈਠੇ ਡੇਰਾ ਲਾਈਆ । ਸਾਧ ਸੰਤ ਕਰਨ ਵਿਭਚਾਰ, ਧੀਆਂ ਭੈਣਾਂ ਰਹੇ ਤਕਾਈਆ । ਆਤਮ ਮਿਲੇ ਨਾ ਨਾਮ ਖੁਮਾਰ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਡੂੰਘੀ ਭਵਰੀ ਡਿਗੇ ਗ਼ਾਰ, ਕਾਇਆ ਬੰਕ ਨਾ ਪਾਰ ਕਰਾਈਆ । ਨੌਂ ਦੁਆਰੇ ਰਸ ਜਹਾਨ, ਆਤਮ ਰਸ ਨਾ ਕੋਇ ਚਖਾਈਆ । ਰਸਨਾ ਜਿਹਵਾ ਗਾਇਨ ਗਾਣ, ਅੰਤਰ ਮੰਤਰ ਨਾ ਕੋਇ ਪੜ੍ਹਾਈਆ । ਗੁਰ ਕਾ ਨਾਉਂ ਸੁਣਨ ਕਾਨ, ਹਿਰਦੇ ਗੁਰ ਨਾ ਕੋਇ ਵਸਾਈਆ । ਘਰ ਘਰ ਨਾਚ ਕਰੇ ਸ਼ੈਤਾਨ, ਸ਼ਰਅ ਸ਼ਰੀਅਤ ਘੁੰਗਟ ਰਹੀ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਧਰਾਈਆ । ਜੁਗ ਜੁਗ ਵੇਸ ਹਰਿ ਕਰਤਾਰਾ, ਆਦਿ ਜੁਗਾਦਿ ਕਰਾਇੰਦਾ । ਕਲਜੁਗ ਅੰਤਮ ਵੇਖੇ ਪਾਰ ਕਿਨਾਰਾ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਰੋਵਣ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਸਤਿ ਸੰਤੋਖ ਨਾ ਕੋਇ ਵਣਜਾਰਾ, ਸਾਚਾ ਹੱਟ ਨਾ ਕੋਇ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤ ਵੇਖੇ ਭਗਵਾਨ, ਨਿਹਕਲੰਕ ਰੂਪ ਵਟਾਈਆ । ਸੰਬਲ ਵਸੇ ਸਚ ਮਕਾਨ, ਸਾਢੇ ਤਿੰਨ ਹੱਥ ਬਣਤ ਬਣਾਈਆ । ਸ਼ਬਦ ਅਨਾਦੀ ਏਕਾ ਗਾਣ, ਸੋਹੰ ਢੋਲਾ ਆਪ ਸੁਣਾਈਆ । ਬਣ ਵਿਚੋਲਾ ਦੋ ਜਹਾਨ, ਵੇਲੇ ਅੰਤ ਹੋਏ ਸਹਾਈਆ । ਸੁਰਤੀ ਮੇਲਾ ਸ਼ਬਦੀ ਕਾਹਨ, ਨਾਮ ਬੰਸਰੀ ਦਏ ਸੁਣਾਈਆ । ਸੀਆ ਸੁਵਾਣੀ ਵੇਖੇ ਰਾਮ, ਘਰ ਮੇਲਾ ਸਹਿਜ ਸੁਭਾਈਆ । ਚਤੁਰ ਸੁਘੜ ਸੁਚੱਜੀ ਰਾਣੀ ਗੁਰਮੁਖ ਮਿਲੇ ਇਕੋ ਨਾਮ, ਨਾਮ ਸਤਿ ਸਤਿ ਸਮਝਾਈਆ । ਗੁਰਸਿਖ ਗੁਰ ਗੁਰ ਕਰੇ ਪਰਨਾਮ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਕਲਜੁਗ ਅੰਤਮ ਵੇਖੇ ਵੇਖਣਹਾਰ ਸ੍ਰੀ ਭਗਵਾਨ, ਨਿਰਗੁਣ ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਮਾਰਗ ਏਕਾ ਲਾਈਆ । ਸਾਚਾ ਮਾਰਗ ਚਾਰ ਵਰਨ, ਹਰਿ ਜੂ ਹਰਿ ਹਰਿ ਆਪ ਲਗਾਇੰਦਾ । ਜਨ ਭਗਤਾਂ ਨੇਤਰ ਖੋਲ੍ਹੇ ਹਰਨ ਫਰਨ, ਰਾਤੀ ਸੁੱਤਿਆਂ ਦਰਸ ਦਿਖਾਇੰਦਾ । ਨਿਰਭੌ ਚੁਕਾਏ ਭੈ ਡਰਨ, ਭਵ ਸਾਗਰ ਪਾਰ ਕਰਾਇੰਦਾ । ਲੇਖਾ ਜਾਣੇ ਭੰਨਣ ਘੜਨ, ਘੜਨ ਭੰਨਣਹਾਰ ਪੁਰਖ ਸਮਰਥ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਸਰਬ ਮੁਕਾਇੰਦਾ । ਲਹਿਣਾ ਦੇਣਾ ਚੁਕਾਏ ਆਪ, ਆਪਣੀ ਦਇਆ ਕਮਾਈਆ । ਚੌਥੇ ਜੁਗ ਵੇਖੇ ਪੁੰਨ ਪਾਪ, ਨਾਮ ਖੰਡਾ ਹੱਥ ਉਠਾਈਆ । ਚਾਰ ਵਰਨ ਚਾਰ ਕੁੰਟ ਚਾਰ ਜੁਗ ਅੰਤ ਅੰਧੇਰੀ ਰਾਤ, ਜੋਤ ਨੂਰ ਨਾ ਕੋਇ ਰੁਸ਼ਨਾਈਆ । ਕਲਜੁਗ ਜੀਵ ਸੁੱਤਾ ਮਾਇਆ ਖਾਟ, ਆਪਣੀ ਕਰਵਟ ਨਾ ਲਏ ਬਦਲਾਈਆ । ਮਮਤਾ ਮੋਹ ਵਿਕਿਆ ਹਾਟ, ਕਰਤਾ ਕੀਮਤ ਕੋਇ ਨਾ ਪਾਈਆ । ਅੰਤ ਕਿਨਾਰਾ ਦਿਸੇ ਨਾ ਕੋਈ ਘਾਟ, ਮੰਝਧਾਰੇ ਦਏ ਰੁੜ੍ਹਾਈਆ । ਸਾਚੇ ਭਗਤਾਂ ਪੁਛੇ ਆਪੇ ਵਾਤ, ਹਰਿ ਜੂ ਬਣ ਸੇਵਕ ਸੇਵ ਕਮਾਈਆ । ਜੁਗ ਜਨਮ ਦੀ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਕਰੇ ਬੰਦ ਖ਼ਲਾਸ, ਰਾਏ ਧਰਮ ਨਾ ਦਏ ਸਜਾਈਆ । ਨਿਜ ਘਰ ਆਤਮ ਕਰੇ ਵਾਸ, ਆਪਣਾ ਰੂਪ ਦਰਸਾਈਆ । ਜੋਤ ਉਜਾਲਾ ਕਰ ਪਰਕਾਸ਼,

ਅਗਿਆਨ ਅੰਧੇਰ ਚੁਕਾਈਆ । ਲੇਖੇ ਲਾਏ ਪਵਣ ਸਵਾਸ, ਸਵਾਸ ਪਵਣ ਜੋ ਰਿਹਾ ਧਿਆਈਆ । ਗੁਰਮੁਖ ਸੱਚੇ ਸਦਾ ਸ਼ਾਬਾਸ਼, ਜਿਸ ਮਿਲਿਆ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਡੇਰਾ ਢਾਹੀਆ । ਕਲਜੁਗ ਡੇਰਾ ਜਾਏ ਢੱਠ, ਵੇਲਾ ਅੰਤ ਦਏ ਦੁਹਾਈਆ । ਪੁਰਖ ਅਬਿਨਾਸ਼ੀ ਗੇੜੇ ਉਲਟੀ ਲੱਠ, ਚਾਰੋਂ ਕੁੰਟ ਆਪ ਭੁਵਾਈਆ । ਕਿਸੇ ਨਾ ਰਹੇ ਕੋਈ ਹਠ, ਜੀਵ ਜੰਤ ਸਰਬ ਕੁਰਲਾਈਆ । ਨਾਤਾ ਤੁਟਣਾ ਮੰਦਰ ਮਸਜਦ ਗੁਰਦੁਆਰ ਮੱਠ, ਪੁਰਖ ਅਕਾਲ ਏਕਾ ਨਜ਼ਰੀ ਆਈਆ । ਚਾਰ ਵਰਨ ਅਠਾਰਾਂ ਬਰਨ ਵਖਾਏ ਇਕੋ ਹੱਟ, ਸਾਚਾ ਹੱਟ ਹਰਿ ਖੁਲ੍ਹਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੀਵਾਂ ਜੰਤਾਂ ਸਾਧਾ ਸੰਤਾਂ ਮਾਰਗ ਦੇਵੇ ਦੱਸ, ਦੱਸ ਦੱਸ ਆਪਣੀ ਬੂਝ ਬੁਝਾਈਆ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਜਗ ਰੀਤੀ ਵਿਚ ਨਾ ਜਾਏ ਫਸ, ਬੰਧਨ ਹੋਰ ਨਾ ਕੋਇ ਰਖਾਈਆ । ਜਨ ਭਗਤਾਂ ਮਿਲੇ ਹੱਸ ਹੱਸ, ਜੁਗ ਜੁਗ ਆਪਣਾ ਵੇਸ ਵਟਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪੰਧ ਮੁਕਾਏ ਨੱਸ ਨੱਸ, ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਤਾਰਨਹਾਰਾ ਏਕੋ ਏਕ, ਆਦਿ ਅੰਤ ਅਖਵਾਇਆ । ਹਰਿਜਨ ਕਰੇ ਬੁਧ ਬਿਬੇਕ, ਆਪ ਆਪਣੀ ਬੂਝ ਬੁਝਾਇਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤੱਤ ਨਾ ਕੋਇ ਰਖਾਇਆ । ਚਰਨ ਕਵਲ ਜਣਾਏ ਸਾਚੀ ਟੇਕ, ਦਰ ਦੁਆਰ ਇਕ ਵਖਾਇਆ । ਸਦਾ ਸੁਹੇਲਾ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਇਆ । ਮਿੱਠਾ ਕਰੇ ਕੌੜਾ ਰੇਠ, ਰਸ ਅੰਮ੍ਰਿਤ ਇਕ ਭਰਾਇਆ । ਲੇਖਾ ਜਾਣੇ ਮਾਤ ਪਿਤ ਬੇਟੀ ਬੇਟ, ਦਾਈ ਦਾਇਆ ਰੂਪ ਧਰਾਇਆ । ਗੁਰਸਿਖ ਸ਼ਬਦ ਦੁਸ਼ਾਲੇ ਲਏ ਲਪੇਟ, ਏਕਾ ਪੱਲੂ ਹੱਥ ਰਖਾਇਆ । ਨਿਰਗੁਣ ਸਰਗੁਣ ਬਣੇ ਖੇਵਟ ਖੇਟ, ਲੋਕਮਾਤ ਬੇੜਾ ਆਪ ਚਲਾਇਆ । ਕਲਜੁਗ ਅਗਨੀ ਲੱਗੇ ਨਾ ਤੱਤੀ ਜੇਠ, ਅਗਨੀ ਅਗ ਨਾ ਕੋਇ ਜਲਾਇਆ । ਰੁੱਤ ਬਸੰਤੀ ਵਖਾਏ ਚੇਤ, ਫੁਲ ਫੁਲਵਾੜੀ ਆਪ ਮਹਿਕਾਇਆ । ਜਿਸ ਗੁਰਸਿਖ ਦੇਵੇ ਆਪਣਾ ਭੇਤ, ਤਿਸ ਪੜਦਾ ਦਏ ਚੁਕਾਇਆ । ਸਦਾ ਸਦਾ ਸਦ ਕਰੇ ਹੇਤ, ਨਿਤ ਨਵਿਤ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਾਕਾਰ ਨਿਰਵੈਰ ਅਜੂਨੀ ਰਹਿਤ ਅਨਭਵ ਪਰਕਾਸ਼ ਆਪ ਕਰਾਇਆ । ਅਨਭਵ ਪਰਕਾਸ਼ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਜਨਮ ਜਨਮ ਦੇ ਵਿਛੜੇ ਮੇਲੇ ਯਾਰ, ਬਣ ਮਿੱਤਰ ਪਿਆਰਾ ਸੇਵ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜ਼ੀਲ ਕੁਰਾਨ ਨਾ ਪਾਵੇ ਸਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਆਪਣੀ ਕਰਨੀ ਕਰਤਾ ਪੁਰਖ ਜਾਣੇ ਕਾਰ, ਜੁਗ ਜੁਗ ਆਪਣੀ ਕਾਰ ਕਮਾਈਆ । ਕਲਜੁਗ ਅੰਤ ਲਏ ਅਵਤਾਰ, ਨਿਹਕਲੰਕ ਨਾਉਂ ਰਖਾਈਆ । ਲੇਖਾ ਜਾਣੇ ਜੁਗ ਚਾਰ, ਜੁਗ ਚੌਕੜੀ ਆਪ ਭੁਵਾਈਆ । ਅੰਤ ਸਭ ਨੂੰ ਕਰੇ ਦਸਤਬਰਦਾਰ, ਦਸਤਗੀਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਮਾਰਗ ਲਾਈਆ । ਸਤਿਜੁਗ ਸਾਚਾ ਹਰਿ ਹਰਿ ਲੌਣਾ, ਕਲਜੁਗ ਅੰਤ ਰਹਿਣ ਨਾ ਪਾਈਆ । ਏਕਾ ਨਾਮ ਹਰਿ ਪਰਗਟੌਣਾ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਏਕਾ ਮੰਦਰ ਹਰਿ ਵਖੌਣਾ, ਏਕਾ ਘਰ ਸੋਭਾ ਪਾਈਆ । ਏਕਾ ਵਰਨ ਸਰਬ ਜਣੌਣਾ, ਬ੍ਰਹਮ ਪਾਰਬ੍ਰਹਮ ਰੂਪ ਧਰਾਈਆ । ਏਕਾ ਰਾਹ ਹਰਿ ਚਲੌਣਾ, ਦੂਜਾ ਇਸ਼ਟ ਨਾ ਕੋਇ ਵਖਾਈਆ । ਭਗਤ ਭਗਤ ਆਪਣੀ ਗੋਦ ਬਹੌਣਾ, ਚੁੱਕ ਚੁੱਕ ਆਪਣੀ ਖ਼ੁਸ਼ੀ ਮਨਾਈਆ । ਆਲ੍ਹਣਿਉਂ ਡਿਗੇ ਬੋਟ ਆਪ ਉਠੌਣਾ,

ਬਣ ਸੇਵਕ ਸੇਵ ਕਮਾਈਆ । ਸੋਹੰ ਹੰਸਾ ਚੋਗ ਚੁਗਾਉਣਾ, ਆਤਮ ਪਰਮਾਤਮ ਪਰਮਾਤਮ ਆਤਮ ਏਕਾ ਘਰ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਲਏ ਪਰਗਟਾਈਆ । ਸਤਿਜੁਗ ਸਾਚਾ ਉਠੇ ਮਾਤ, ਹਰਿ ਜੂ ਹਰਿ ਹਰਿ ਆਪ ਉਠਾਇੰਦਾ । ਸਤਿ ਸਤਿਵਾਦੀ ਦੇਵੇ ਦਾਤ, ਵਸਤ ਅਮੋਲਕ ਝੋਲੀ ਪਾਇੰਦਾ । ਭਗਤਾਂ ਦੇਵੇ ਸਾਚਾ ਸਾਥ, ਸਗਲਾ ਸੰਗ ਬਣਾਇੰਦਾ । ਸੋਹੰ ਅੱਖਰ ਇਕੋ ਗਾਥ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਹੰ ਬ੍ਰਹਮ ਇਕੋ ਜ਼ਾਤ, ਵਰਨ ਗੋਤ ਨਾ ਵੰਡ ਵੰਡਾਇੰਦਾ । ਈਸ਼ ਜੀਵ ਏਕਾ ਘਾਟ, ਜਗਦੀਸ਼ ਡੇਰਾ ਲਾਇੰਦਾ । ਲੇਖਾ ਜਾਣੇ ਲੋਕਮਾਤ, ਪਰਲੋਕ ਆਪਣੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਖੇਲ ਕਰਾਇੰਦਾ । ਨਰ ਹਰਿ ਨਰਾਇਣ ਬਨਵਾਰੀ, ਰਘਪਤ ਆਪਣੀ ਦਇਆ ਕਮਾਈਆ । ਪੁਰਖ ਅਕਾਲ ਜੋਤ ਨਿਰੰਕਾਰੀ, ਨਿਰਗੁਣ ਆਪਣਾ ਵੇਸ ਧਰਾਈਆ । ਖ਼ਾਲਕ ਖ਼ਲਕ ਕਰ ਪਸਾਰੀ, ਮਖ਼ਲੂਕ ਵੇਖੇ ਬੇਪਰਵਾਹੀਆ । ਚੌਥੇ ਜੁਗ ਟੁੱਟੇ ਯਾਰੀ, ਯਾਰੜਾ ਸੱਥਰ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਸਾਚੇ ਲਏ ਫੜ, ਕਾਇਆ ਮੰਦਰ ਅੰਦਰ ਆਪੇ ਚੜ੍ਹ, ਔਂਦਾ ਜਾਂਦਾ ਦਿਸ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਤਾ ਪੁਰਖ ਪੁਰਖ ਕਰਤਾਰ, ਆਪਣੀ ਕਰਨੀ ਰਿਹਾ ਕਰ, ਦੂਸਰ ਸੰਗ ਨਾ ਕੋਇ ਰਖਾਈਆ ।



## ★ ੧੮ ਫੱਗਣ ੨੦੧੮ ਬਿਕ੍ਰਮੀ ਸ਼ਾਸ਼ਤਰੀ ਨਗਰ ਦੇ ਗ੍ਰਹਿ ਕਾਨਪੁਰ ★

ਸਤਿ ਪੁਰਖ ਨਿਰੰਜਣ ਸਤਿਵਾਦੀ ਧਾਰਾ, ਨਿਰਗੁਣ ਨਿਰਾਕਾਰ ਆਪ ਕਰਾਈਆ । ਆਦਿ ਜੁਗਾਦੀ ਖੇਲ ਅਪਾਰਾ, ਜੁਗ ਕਰਤਾ ਆਪਣੇ ਹੱਥ ਰਖਾਈਆ । ਬ੍ਰਹਮ ਬ੍ਰਹਿਮਾਦੀ ਕਰ ਪਸਾਰਾ, ਪਾਰਬ੍ਰਹਮ ਭੇਵ ਚੁਕਾਈਆ । ਨਾਦ ਅਨਾਦੀ ਸੱਚੀ ਧੁੰਨਕਾਰਾ, ਸ਼ਬਦ ਅਗੰਮੀ ਢੋਲਾ ਗਾਈਆ । ਜੋਤੀ ਜੋਤ ਕਰ ਪਸਾਰਾ, ਨੂਰ ਨੂਰ ਨੂਰ ਰੁਸ਼ਨਾਈਆ । ਸਚਖੰਡ ਖੋਲ੍ਹ ਕਿਵਾੜਾ, ਸਾਚੇ ਮੰਦਰ ਆਸਣ ਲਾਈਆ । ਛੱਪਰ ਛੰਨ ਨਾ ਕੋਇ ਦੀਵਾਰਾ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਥਿਰ ਘਰ ਆਪਣਾ ਕਰ ਪਸਾਰਾ, ਤਖ਼ਤ ਨਿਵਾਸੀ ਸੋਭਾ ਪਾਈਆ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰਾ, ਹਰਿ ਪੁਰਖ ਨਿਰੰਜਣ ਆਪਣੀ ਬਣਤ ਬਣਾਈਆ । ਏਕੰਕਾਰਾ ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਅਥਾਹ ਵਡੀ ਵਡਿਆਈਆ । ਆਦਿ ਨਿਰੰਜਣ ਜੋਤ ਉਜਿਆਰਾ, ਨੂਰੋ ਨੂਰ ਮਹੱਲ ਅਟੱਲ ਸੋਭਾ ਪਾਈਆ । ਸ੍ਰੀ ਭਗਵਾਨ ਹੁਕਮੀ ਹੁਕਮ ਕਰੇ ਵਰਤਾਰਾ, ਧੁਰ ਫ਼ਰਮਾਣਾ ਆਪਣੇ ਹੱਥ ਰਖਾਈਆ । ਅਬਿਨਾਸ਼ੀ ਕਰਤਾ ਅਜੂਨੀ ਰਹਿਤ ਅਨਭਵ ਧਾਰ ਆਪੇ ਜਾਣੇ ਜਾਣਨਹਾਰਾ, ਦੂਸਰ ਸੰਗ ਨਾ ਕੋਇ ਰਖਾਈਆ । ਪਾਰਬ੍ਰਹਮ ਪ੍ਰਭ ਹੋ ਤਿਆਰਾ, ਸ਼ਾਹੋ ਭੂਪ ਬਣ ਸਿਕਦਾਰਾ, ਰਾਜਨ ਰਾਜ ਆਪਣਾ ਨਾਉਂ ਧਰਾਈਆ । ਆਪਣੀ ਇਛਿਆ ਭਰ ਭੰਡਾਰਾ, ਸਾਚੀ ਵਸਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਏਕੰਕਾਰਾ ਆਪ ਕਰਾਇੰਦਾ । ਸਚ ਮਹੱਲ ਅਟੱਲ ਮੁਨਾਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਨਿਰਗੁਣ ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਆਪਣਾ

ਆਸਣ ਲਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦੀ ਧਾਰ ਆਪ ਪਰਗਟਾਇੰਦਾ । ਚਤਰਭੁਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਚਤਰਭੁਜ ਸ੍ਰੀ ਭਗਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਆਪ ਬਣਾਏ ਆਪਣੀ ਬਣਤ, ਮਾਤ ਪਿਤ ਨਾ ਕੋਇ ਰਖਾਈਆ । ਅਸੁੱਤੇ ਪਰਕਾਸ਼ ਆਦਿ ਅੰਤ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਸ੍ਰੀ ਭਗਵਾਨਾ, ਆਦਿ ਜੁਗਾਦਿ ਅਖਵਾਇੰਦਾ । ਸਾਚੇ ਤਖ਼ਤ ਬੈਠ ਰਾਜ ਰਾਜਾਨਾ, ਹੁਕਮੀ ਹੁਕਮ ਆਪ ਭੁਵਾਇੰਦਾ । ਦੇਵਣਹਾਰਾ ਧੁਰ ਫ਼ਰਮਾਣਾ, ਧੁਰ ਦਾ ਰਾਗ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਨੂਰ ਨੁਰਾਨੀ, ਜੋਤੀ ਜੋਤ ਜੋਤ ਰੁਸ਼ਨਾਈਆ । ਆਦਿ ਸ਼ਕਤ ਸ਼ਕਤ ਭਵਾਨੀ, ਭਗਵੰਤ ਆਪਣਾ ਰੂਪ ਧਰਾਈਆ । ਆਪੇ ਮਰਦ ਮਰਦ ਮਰਦਾਨੀ, ਵਡ ਮਰਦਾਨਾ ਆਪ ਅਖਵਾਈਆ । ਆਪੇ ਤੀਰ ਬਣ ਨਿਸ਼ਾਨੀ, ਸਾਚਾ ਚਿੱਲਾ ਆਪ ਉਠਾਈਆ । ਆਪੇ ਜਾਣੇ ਅਕਥ ਕਹਾਣੀ, ਮਹਿਮਾ ਅਕਥ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਰਾਇਣ ਵਡੀ ਵਡਿਆਈਆ । ਨਰ ਨਰਾਇਣ ਨਿਰਾਕਾਰ, ਨਿਰਗੁਣ ਆਪਣਾ ਰੂਪ ਧਰਾਇੰਦਾ । ਖੇਲੇ ਖੇਲ ਅਪਰ ਅਪਾਰ, ਅਪਰੰਪਰ ਦਿਸ ਕਿਸੇ ਨਾ ਆਇੰਦਾ । ਆਦਿ ਜੁਗਾਦੀ ਸਾਚੀ ਕਾਰ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਆਪਣੀ ਇਛਿਆ ਆਪੇ ਦੇਵੇ ਦੇਵਣਹਾਰ, ਵਸਤ ਅਮੋਲਕ ਆਪ ਰਖਾਇੰਦਾ । ਆਪਣੇ ਘਰ ਆਪਣਾ ਕਰ ਪਸਾਰ, ਨਰ ਹਰਿ ਆਪੇ ਵੇਖ ਵਖਾਇੰਦਾ । ਨਿਰਗੁਣ ਅੰਦਰ ਨਿਰਗੁਣ ਵਾੜ, ਨਿਰਗੁਣ ਮੇਲਾ ਇਕ ਅਕੇਲਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਵਿਸ਼ਵ ਧਾਰ, ਨਿਰਾਕਾਰ ਕਾਰ ਕਮਾਈਆ । ਖੇਲੇ ਖੇਲ ਅਪਰ ਅਪਾਰ, ਆਪਣਾ ਬੰਧਨ ਆਪਣੇ ਹੱਥ ਰਖਾਈਆ । ਸਾਚੇ ਮੰਦਰ ਹੋ ਤਿਆਰ, ਰੂਪ ਅਨੂਪ ਆਪ ਧਰਾਈਆ । ਕਵਲ ਨੈਣ ਨੈਣ ਸ਼ਿੰਗਾਰ, ਮਧੁਰ ਨੈਣ ਖੇਲ ਵਖਾਈਆ । ਸਾਗੋਂ ਪਾਂਗ ਕਰ ਤਿਆਰ, ਸਾਚੀ ਸੇਜ ਆਸਣ ਲਾਈਆ । ਵਿਸ਼ਨੂੰ ਰੂਪ ਆਪ ਕਰਤਾਰ, ਭਗਵਨ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਆਪੇ ਲਾਈਆ । ਸਾਚਾ ਮਾਰਗ ਵਿਸ਼ਨੂੰ ਰੰਗ, ਹਰਿ ਜੂ ਹਰਿ ਹਰਿ ਆਪ ਲਗਾਇੰਦਾ । ਇਕੋ ਸੇਜ ਇਕ ਪਲੰਘ, ਏਕਾ ਘਰ ਸੋਭਾ ਪਾਇੰਦਾ । ਏਕਾ ਨਾਮ ਇਕ ਮਰਦੰਗ, ਏਕਾ ਗੀਤ ਗੀਤ ਗਾਇੰਦਾ । ਕਰੇ ਖੇਲ ਸੂਰਾ ਸਰਬੰਗ, ਸੂਰਬੀਰ ਆਪਣਾ ਵੇਸ ਵਟਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਦ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਇੰਦਾ । ਪਰਮ ਪੁਰਖ ਦੀਨ ਦਿਆਲ ਸਰਬ ਸੁਖ ਇਕ ਅਨੰਦ, ਠਾਕਰ ਸਵਾਮੀ ਆਪਣੇ ਦਰ ਜਣਾਇੰਦਾ । ਆਦਿ ਜੁਗਾਦਿ ਸਦਾ ਨੇਹਕਾਮੀ, ਨਿਹਚਲ ਧਾਮ ਆਪਣਾ ਆਸਣ ਲਾਇੰਦਾ । ਆਪੇ ਜਾਣੇ ਪਦ ਨਿਰਬਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਏਕਾ ਏਕ ਕਰਾਈਆ । ਵਿਸ਼ਨੂੰ ਦੇਵੇ ਏਕਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਅੰਮ੍ਰਿਤ ਆਤਮ ਪੀਣ ਖਾਣ, ਏਕਾ ਰਸ ਭਰਾਈਆ । ਨਾਭੀ ਕਵਲਾ ਕਰ ਪਰਵਾਨ, ਕਵਲ ਕਵਲ ਖੇਲ ਕਰਾਈਆ । ਲੇਖਾ ਜਾਣੇ ਸੁੰਞ ਮਸਾਣ, ਧੂੰਆਂਧਾਰ ਆਸਣ ਲਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਆਪਣੀ ਵੰਡ ਵੰਡਾਈਆ । ਸਾਚੀ ਵੰਡ ਵੰਡੇ ਨਿਰੰਕਾਰਾ, ਵੰਡਣਹਾਰਾ ਦਿਸ ਨਾ ਆਇੰਦਾ । ਵਿਸ਼ਨੂੰ ਅੰਦਰ ਖੇਲ ਨਿਆਰਾ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਅੰਮ੍ਰਿਤ ਜਲ ਸਚ ਭੰਡਾਰਾ, ਘਰ ਸਾਚੇ ਆਪ ਟਿਕਾਇੰਦਾ । ਕਵਲ ਕਵਲਾਂ ਕਰ ਪਸਾਰਾ, ਕਵਲ ਨੈਣ ਵੇਖ ਵਖਾਇੰਦਾ । ਏਕਾ ਬ੍ਰਹਮ ਪਾਰਬ੍ਰਹਮ ਅਧਾਰਾ, ਬ੍ਰਹਮ ਵੇਤਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਆਦਿ ਆਪਣੀ ਰਚਨਾ ਆਪ ਰਚਾਇੰਦਾ । ਵਿਸ਼ਨੂੰ ਬ੍ਰਹਮਾ ਏਕਾ ਧਾਰ, ਨੂਰ ਨੂਰ ਨੂਰ ਜਣਾਈਆ । ਲੇਖਾ ਜਾਣੇ ਹਰਿ ਕਰਤਾਰ, ਭੇਵ ਅਭੇਦ ਆਪ ਖੁਲ੍ਹਾਈਆ । ਦੋਹਾਂ ਵਿਚੋਲਾ ਅਗੰਮ ਅਪਾਰ, ਸਾਚਾ ਸੋਹਲਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਨਾਲ ਮਿਲਾਈਆ । ਆਪਣੀ ਇਛਿਆ ਆਪੇ ਰੱਖ, ਆਪਣੀ ਦਇਆ ਕਮਾਇੰਦਾ । ਆਪਣੇ ਵਿਚੋਂ ਕਰ ਪਰਤੱਖ, ਆਪਣਾ ਰੂਪ ਵਟਾਇੰਦਾ । ਏਕਾ ਬੋਲ ਸਚ ਅਲੱਖ, ਅਲੱਖ ਅਲੱਖ ਆਪ ਜਣਾਇੰਦਾ । ਏਕਾ ਮਾਰਗ ਦੇਵੇ ਦੱਸ, ਸਾਚੇ ਰਾਹ ਆਪ ਚਲਾਇੰਦਾ । ਹਿਰਦੇ ਅੰਤਰ ਆਪੇ ਵਸ, ਆਪਣਾ ਮੇਲ ਮਿਲਾਇੰਦਾ । ਆਪੇ ਗਾਏ ਸਾਚਾ ਜਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਸੁਹਾਇੰਦਾ । ਦਰ ਘਰ ਸਾਚਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਆਪੇ ਨਾਰ ਆਪੇ ਕੰਤ, ਕੰਤ ਨਾਰ ਰੂਪ ਧਰਾਈਆ । ਆਪ ਬਣਾਏ ਸਾਚੀ ਬਣਤ, ਬਣ ਬਣ ਦਾਈ ਦਾਇਆ ਸੇਵ ਕਮਾਈਆ । ਆਪੇ ਹੋਏ ਸਦਾ ਬੇਅੰਤ, ਬੇਅੰਤ ਸੱਚੀ ਸ਼ਹਿਨਸ਼ਾਹੀਆ । ਆਪੇ ਜਾਣੇ ਆਪਣਾ ਮੰਤ, ਏਕਾ ਮੰਤਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ੰਕਰ ਮੇਲਾ ਸਹਿਜ ਸੁਭਾਈਆ । ਸ਼ੰਕਰ ਮੇਲਾ ਧੂੰਆਂਧਾਰ, ਸੁੰਨ ਅਗੰਮ ਖੋਜ ਖੁਜਾਇੰਦਾ । ਭੋਲਾ ਨਾਥ ਕਰ ਤਿਆਰ, ਆਪ ਆਪਣਾ ਬੰਦਨ ਪਾਇੰਦਾ । ਬਾਸ਼ਕ ਤਸ਼ਕਾ ਕਰ ਤਿਆਰ, ਕੰਠ ਮਾਲਾ ਇਕ ਬਣਾਇੰਦਾ । ਸਾਚੀ ਤ੍ਰਿਸੂਲ ਦੇ ਨਿਰੰਕਾਰ, ਤ੍ਰੈਗੁਣ ਮਾਇਆ ਰੂਪ ਵਟਾਇੰਦਾ । ਰਜੋ ਤਮੋ ਸਤੋ ਦੇ ਅਧਾਰ, ਸਤਿ ਸਤਿਵਾਦੀ ਏਕਾ ਗੰਢ ਪੁਵਾਇੰਦਾ । ਪੰਚਮ ਮੇਲਾ ਅਪਰ ਅਪਾਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼, ਸਾਚੀ ਵੰਡਣ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਏਕਾ ਗੁਣ ਵਖਾਇੰਦਾ । ਸਾਚਾ ਗੁਣ ਸ੍ਰੀ ਭਗਵਾਨ, ਏਕਾ ਏਕ ਜਣਾਈਆ । ਤਿੰਨਾ ਦੇਵੇ ਏਕੋ ਦਾਨ, ਏਕਾ ਵਸਤ ਵਸਤ ਵਰਤਾਈਆ । ਆਦਿ ਜੁਗਾਦਿ ਇਕ ਗਿਆਨ, ਏਕਾ ਨਾਮ ਕਰੇ ਪੜ੍ਹਾਈਆ । ਜੁਗਾ ਜੁਗੰਤਰ ਖੇਲ ਮਹਾਨ, ਜੁਗ ਕਰਤਾ ਵੇਖ ਵਖਾਈਆ । ਵਿਸ਼ਨੂੰ ਤੇਰੀ ਸੇਵ ਮਹਾਨ, ਘਰ ਘਰ ਰਿਜ਼ਕ ਪੁਚਾਈਆ । ਬ੍ਰਹਮੇ ਤੇਰਾ ਬ੍ਰਹਮ ਨਿਸ਼ਾਨ, ਪਾਰਬ੍ਰਹਮ ਰਿਹਾ ਜਣਾਈਆ । ਸ਼ੰਕਰ ਅੰਤ ਕਰੇ ਕਲਿਆਣ, ਜੋ ਘੜਿਆ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਸਾਚਾ ਭੇਵ ਹਰਿ ਜੂ ਖੋਲ੍ਹ, ਗੁਣ ਏਕਾ ਏਕ ਜਣਾਇੰਦਾ । ਪੰਜ ਤੱਤ ਤ੍ਰੈਗੁਣ ਤੋਲਣਾ ਸਾਚਾ ਤੋਲ, ਤੋਲਣਹਾਰਾ ਵੇਖ ਵਖਾਇੰਦਾ । ਘਟ ਘਟ ਅੰਤਰ ਜਾਣਾ ਮੌਲ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਸ਼ਬਦ ਅਗੰਮੀ ਏਕਾ ਬੋਲ, ਨਾਦ ਅਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਖੋਲ੍ਹੇ ਭੇਵ, ਅਨਭਵ ਕਰੇ ਜਣਾਈਆ । ਬ੍ਰਹਮਾ ਲੇਖਾ ਜਾਣੇ ਚਾਰੇ ਵੇਦ, ਵੇਦ ਵਿਦਾਂਤਾ

ਆਪ ਅਖਵਾਈਆ । ਨਿਰਗੁਣ ਸਰਗੁਣ ਅਛਲ ਅਛੇਦ, ਅਛਲ ਅਛੱਲ ਭੇਵ ਨਾ ਰਾਈਆ । ਆਪ ਚਲਾਈ ਆਪਣੀ ਖੇਡ, ਆਪੇ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਵਖਾਈਆ । ਨਿਰਗੁਣ ਸਰਗੁਣ ਸਾਚਾ ਰਾਹ, ਹਰਿ ਜੂ ਹਰਿ ਹਰਿ ਆਪ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਸਲਾਹ, ਲੱਖ ਚੁਰਾਸੀ ਘਾੜਨ ਆਪ ਘੜਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਲਏ ਬਣਾ, ਚਾਰੇ ਖਾਣੀ ਸੋਭਾ ਪਾਇੰਦਾ । ਚਾਰੇ ਵੇਦ ਆਪ ਜਣਾ, ਚਾਰੇ ਬਾਣੀ ਰਾਗ ਅਲਾਇੰਦਾ । ਚਾਰ ਜੁਗ ਵੰਡ ਵੰਡਾ, ਚਾਰੋਂ ਕੁੰਟ ਵੇਖ ਵਖਾਇੰਦਾ । ਚਾਰ ਯਾਰੀ ਬੰਧਨ ਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਵਖਾਇੰਦਾ । ਸਾਚਾ ਰਾਹ ਹਰਿ ਕਰਤਾਰ, ਲੱਖ ਚੁਰਾਸੀ ਬਣਤ ਬਣਾਈਆ । ਘਟ ਘਟ ਅੰਦਰ ਹੋ ਉਜਿਆਰ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਘਟ ਘਟ ਅੰਦਰ ਅੰਮ੍ਰਿਤ ਠੰਡਾ ਠਾਰ, ਨਿਝਰ ਝਿਰਨਾ ਆਪ ਵਖਾਈਆ । ਘਟ ਘਟ ਅੰਦਰ ਸ਼ਬਦ ਧੁਨਕਾਰ, ਧੁਨ ਆਤਮਕ ਆਪ ਸੁਣਾਈਆ । ਘਟ ਘਟ ਅੰਦਰ ਸੁਖਮਨ ਟੇਢੀ ਦਿਸੇ ਨਾੜ, ਈੜਾ ਪਿੰਗਲ ਨਾਲ ਮਿਲਾਈਆ । ਘਟ ਘਟ ਅੰਦਰ ਬਜਰ ਕਪਾਟੀ ਲਾਏ ਪਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਘਟ ਘਟ ਅੰਦਰ ਹਰਿ ਪਸਾਰਾ, ਨਿਰਗੁਣ ਸਰਗੁਣ ਰੰਗ ਰੰਗਾਇੰਦਾ । ਘਟ ਘਟ ਅੰਦਰ ਸਾਚਾ ਮੰਦਰ ਗੁਰਦੁਆਰਾ, ਕਾਇਆ ਕਾਅਬਾ ਇਕ ਸਮਝਾਇੰਦਾ । ਘਟ ਘਟ ਅੰਦਰ ਪਾਰਬ੍ਰਹਮ ਬ੍ਰਹਮ ਵੇਖੇ ਵੇਖਣਹਾਰਾ, ਈਸ਼ ਜੀਵ ਪੜਦਾ ਲਾਹਿੰਦਾ । ਘਟ ਘਟ ਅੰਦਰ ਆਤਮ ਸੇਜਾ ਖੇਲ ਨਿਆਰਾ, ਨਾਰੀ ਕੰਤ ਸ੍ਰੀ ਭਗਵੰਤ ਆਪਣਾ ਭੇਵ ਚੁਕਾਇੰਦਾ । ਘਟ ਘਟ ਅੰਦਰ ਨਾਮ ਵਣਜਾਰਾ, ਚੌਦਾਂ ਲੋਕਾਂ ਹੱਟ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਆਪਣਾ ਬੰਧਨ ਪਾਇੰਦਾ । ਘਟ ਘਟ ਅੰਦਰ ਧੂੰਆਂਧਾਰ, ਅੰਧ ਅੰਧੇਰਾ ਛਾਈਆ । ਘਟ ਘਟ ਅੰਦਰ ਪੰਜ ਤੱਤ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਆਸਣ ਲਾਈਆ । ਘਟ ਘਟ ਅੰਦਰ ਜੂਠ ਝੂਠ ਹਉਮੇ ਹੰਗਤਾ ਗੜ੍ਹ ਅਪਾਰ, ਭਾਂਡਾ ਭਰਮ ਨਾ ਕੋਇ ਭੰਨਾਈਆ । ਘਟ ਘਟ ਅੰਦਰ ਮਨ ਵਾਸਨਾ ਕਰੇ ਖੁਵਾਰ, ਦਹਿ ਦਿਸ਼ਾ ਰਹੀ ਭੁਵਾਈਆ । ਘਟ ਘਟ ਅੰਦਰ ਮਤ ਮਤਵਾਲੀ ਜਾਏ ਹਾਰ, ਆਪਣਾ ਬਲ ਨਾ ਕੋਇ ਜਣਾਈਆ । ਘਟ ਘਟ ਅੰਦਰ ਬੁਧ ਬਿਬੇਕੀ ਪਾਏ ਸਾਰ, ਸਾਰ ਸਾਰ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪੰਜ ਤੱਤ ਕਰੇ ਕੁੜਮਾਈਆ । ਪੰਜ ਤੱਤ ਸਾਚਾ ਮੇਲਾ, ਨਿਰਗੁਣ ਸਰਗੁਣ ਆਪ ਕਰਾਇੰਦਾ । ਆਦਿ ਜੁਗਾਦਿ ਸੱਜਣ ਸੁਹੇਲਾ, ਜੁਗ ਜੁਗ ਵੇਸ ਵਟਾਇੰਦਾ । ਸ਼ਬਦੀ ਸ਼ਬਦ ਗੁਰੂ ਗੁਰ ਚੇਲਾ, ਆਤਮ ਪਰਮਾਤਮ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਪੁਰਖ ਸਮਰਥ, ਸਤਿਜੁਗ ਤ੍ਰੇਤਾ ਦੁਆਪਰ ਆਪ ਹੰਢਾਈਆ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਆਪ ਚਲਾਏ ਸਾਚਾ ਰਥ, ਬਣ ਰਥਵਾਹੀ ਸੇਵ ਕਮਾਈਆ । ਸਾਚਾ ਮਾਰਗ ਆਪੇ ਦੱਸ, ਗੁਰ ਅਵਤਾਰ ਕਰੇ ਪੜ੍ਹਾਈਆ । ਭਗਤ ਭਗਵੰਤ ਮੇਲਾ ਹੱਸ ਹੱਸ, ਲੋਕਮਾਤ ਫੇਰਾ ਪਾਈਆ । ਸਾਚੇ ਸੰਤਾਂ ਹੋਏ ਵਸ, ਬਣ ਸੇਵਕ ਸੇਵ ਕਮਾਈਆ । ਗੁਰਮੁਖਾਂ ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਈਆ । ਗੁਰਸਿਖਾਂ ਗਾਏ ਸਾਚਾ ਜਸ, ਜੁਗਾ ਜੁਗੰਤਰ ਦਇਆ ਕਮਾਈਆ । ਜੁਗ ਚੌਕੜੀ ਪੰਧ ਮੁਕਾਏ ਨੱਠ

ਨੱਠ, ਬਣ ਬਣ ਪਾਂਧੀ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜੁਗ ਚੌਕੜੀ ਹੋਏ ਦੂਰ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਆਪਣੇ ਪੂਰ, ਰਾਮਾ ਕ੍ਰਿਸ਼ਨਾ ਸੇਵ ਕਮਾਈਆ । ਕਲਜੁਗ ਅੰਤ ਵੇਖੇ ਹਰਿ ਜੂ ਆਪ ਜਰੂਰ, ਨਿਰਗੁਣ ਨਿਰਗੁਣ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਪੜਦਾ ਲਾਹੀਆ । ਕਲਜੁਗ ਅੰਤਮ ਖੇਲ ਕਰੌਣਾ, ਹਰਿ ਵੱਡਾ ਵਡ ਵਡਿਆਈਆ । ਵੇਦ ਵਿਆਸਾ ਲਿਖਿਆ ਲੇਖ ਪੂਰ ਕਰੌਣਾ, ਪੂਤ ਸਪੂਤਾ ਬ੍ਰਹਮਣ ਗੌੜਾ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਈਸਾ ਆਸ ਇਕ ਰਖੌਣਾ, ਏਕਾ ਓਟ ਤਕਾਈਆ । ਮੇਰਾ ਪਰਵਰਦਿਗਾਰ ਲੋਕਮਾਤ ਔਣਾ, ਬੇਐਬ ਨਾਮ ਖ਼ੁਦਾਈਆ । ਮੁਕਾਮੇ ਹੱਕ ਡੇਰਾ ਲੌਣਾ, ਹੱਕ ਹਕੀਕ਼ਤ ਵੇਖੇ ਥਾਉਂ ਥਾਈਆ । ਏਕਾ ਕਲਮਾ ਨਬੀ ਸੁਣੌਣਾ, ਆਇਤ ਸ਼ਰਾਇਤ ਇਕ ਪੜ੍ਹਾਈਆ । ਨਾਨਕ ਨਿਰਗੁਣ ਓਟ ਇਕ ਤਕਾਉਣਾ, ਨੇਤਰ ਨੈਣ ਨੈਣ ਉਠਾਈਆ । ਗੋਬਿੰਦ ਸਾਚੀ ਮੰਗ ਮੰਗੌਣਾ, ਆਪਣੀ ਝੋਲੀ ਰਿਹਾ ਵਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਾਕਾਰ ਕਲਜੁਗ ਵੇਲੇ ਅੰਤਮ ਔਣਾ, ਨਿਹਕਲੰਕਾ ਨਾਉਂ ਰਖਾਈਆ । ਸੰਬਲ ਨਗਰ ਡੇਰਾ ਲੌਣਾ, ਛੱਪਰ ਛੰਨ ਨਾ ਕੋਇ ਛੁਹਾਉਣਾ, ਆਪ ਆਪਣਾ ਪੜਦਾ ਦਏ ਉਠਾਈਆ । ਨਾਮ ਮਰਦੰਗ ਇਕ ਵਜੌਣਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਆਪ ਉਠਾਉਣਾ, ਉਤਭੁਜ ਸੇਤਜ ਨਾਲ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪ ਜਗਾਉਣਾ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਆਪਣਾ ਭੇਵ ਖੁਲ੍ਹਾਈਆ । ਗੀਤ ਗੋਬਿੰਦ ਸੁਹਾਗੀ ਛੰਦ ਏਕਾ ਗਾਉਣਾ, ਸੋਹੰ ਢੋਲਾ ਆਤਮ ਪਰਮਾਤਮ ਮੇਲ ਮਿਲਾਈਆ । ਪਾਰਬ੍ਰਹਮ ਬ੍ਰਹਮ ਚੁਕਾਏ ਪੜਦਾ ਉਹਲਾ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਜੂ ਔਣਾ, ਕਲਜੁਗ ਅੰਤਮ ਹੋ ਉਜਿਆਰ । ਜੂਠ ਝੂਠ ਡੇਰਾ ਢੌਣਾ, ਸਚ ਸੁੱਚ ਕਰੇ ਪਿਆਰ । ਚਾਰ ਵਰਨਾਂ ਏਕਾ ਘਰ ਬਹੌਣਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦਏ ਅਧਾਰ । ਰਾਮ ਕ੍ਰਿਸ਼ਨ ਈਸਾ ਮੂਸਾ ਨਾਨਕ ਗੋਬਿੰਦ ਸਭ ਨੂੰ ਨਜ਼ਰੀ ਔਣਾ, ਨੇਤਰ ਖੋਲ੍ਹੇ ਬੰਦ ਕਿਵਾੜ । ਸਾਚੇ ਭਗਤਾਂ ਆਪੇ ਜਗਾਉਣਾ, ਦੇਵੇ ਦਰਸ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲ ਕਰੇ ਕਰਤਾਰ । ਜੁਗ ਜੁਗ ਖੇਲ ਕਰੰਦੜਾ, ਸੋ ਪੁਰਖ ਨਿਰੰਜਣ ਬੇਪਰਵਾਹ । ਜਨ ਭਗਤਾ ਮੇਲ ਮਿਲੰਦੜਾ, ਗ਼ਰੀਬ ਨਿਮਾਣੇ ਗਲੇ ਲਗਾ । ਨਿਤ ਨਵਿਤ ਵੇਸ ਵਟੰਦੜਾ, ਨਿਰਗੁਣ ਸਰਗੁਣ ਹੋਏ ਸਹਾ । ਸਾਚਾ ਘਰ ਇਕ ਵਖੰਦੜਾ, ਚਰਨ ਦੁਆਰਾ ਬੇਪਰਵਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਮੇਲ ਲਏ ਮਿਲਾ । ਮਿਲੇ ਮੇਲ ਹਰਿ ਬਨਵਾਰੀ, ਬਸਨ ਆਪਣੀ ਖੇਲ ਕਰਾਇੰਦਾ । ਰਘੁਪਤ ਰਘੁਨਾਥ ਏਕੰਕਾਰੀ, ਓਅੰਕਾਰੀ ਸੋਭਾ ਪਾਇੰਦਾ । ਓਮ ਰੂਪ ਅਪਰ ਅਪਾਰੀ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਹੰ ਬ੍ਰਹਮ ਲੱਖ ਚੁਰਾਸੀ ਜੀਵ ਜੰਤ ਅਧਾਰੀ, ਨਿਹਕਰਮੀ ਕਰਮ ਗੁਣ ਆਪਣੇ ਹੱਥ ਰਖਾਇੰਦਾ । ਆਵਣ ਜਾਵਣ ਪੱਤਤ ਪਾਵਣ ਲੇਖਾ ਜਾਣੇ ਧੁਰ ਦਰਬਾਰੀ, ਕਾਲ ਮਹਾਂਕਾਲ ਦੀਨ ਦਿਆਲ ਹੁਕਮੀ ਹੁਕਮ ਆਪ ਫਿਰਾਇੰਦਾ । ਧਰਮ ਰਾਏ ਦੇ ਸਿਕਦਾਰੀ, ਚਿੱਤਰ ਗੁਪਤ ਬਣਾਏ ਲਿਖਾਰੀ, ਲੇਖਾ ਸਭ ਦਾ ਆਪ ਗਣਾਇੰਦਾ । ਲਾੜੀ ਮੌਤ ਕਰੇ ਸ਼ੰਗਾਰੀ, ਨੇਤਰ ਨੈਣ ਕਜਲ ਧਾਰੀ, ਜੀਵ

ਜੰਤ ਲੱਖ ਚੁਰਾਸੀ ਅੰਤ ਕੰਤ ਪਰਨਾਇੰਦਾ । ਗੁਰਮੁਖ ਵਿਰਲਾ ਸਾਚਾ ਸੰਤ ਪ੍ਰਭ ਚਰਨ ਦੋਏ ਜੋੜ ਕਰੇ ਨਿਮਸਕਾਰੀ, ਦੂਸਰ ਓਟ ਨਾ ਕੋਇ ਰਖਾਇੰਦਾ । ਸਤਿਗੁਰ ਪੂਰਾ ਏਕਾ ਦੇਵੇ ਨਾਮ ਖ਼ੁਮਾਰੀ, ਅੱਠੇ ਪਹਿਰ ਦਿਵਸ ਰਾਤ ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤਰ ਤ੍ਰੈਗੁਣ ਮਾਇਆ ਬੁਝਾਏ ਲੱਗੀ ਬਸੰਤਰ, ਆਪਣਾ ਅੰਮ੍ਰਿਤ ਮੇਘ ਇਕ ਬਰਸਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਖੇਲ ਮਹਾਨ, ਜੁਗ ਜੁਗ ਨਾ ਨਾ ਰੂਪ ਕਰੇ ਆਣ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ ।

ਭਗਤ ਭਗਵੰਤ ਏਕਾ ਓਟ, ਅਕਾਲ ਪੁਰਖ ਰਖਾਇੰਦਾ । ਭਗਤ ਭਗਵੰਤ ਇਕੋ ਗੋਤ, ਦੀਨ ਮਜ਼੍ਹਬ ਇਕ ਬਣਾਇੰਦਾ । ਭਗਤ ਭਗਵੰਤ ਇਕੋ ਜੋਤ, ਜੋਤੀ ਜਾਤਾ ਡਗਮਗਾਇੰਦਾ । ਭਗਤ ਭਗਵੰਤ ਇਕੋ ਕੋਟ, ਸਾਚੇ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਸੰਗ ਸਦਾ ਸਮਾਇੰਦਾ । ਭਗਤ ਭਗਵੰਤ ਇਕੋ ਆਸ, ਜੁਗ ਜੁਗ ਹਰਿ ਰਖਾਈਆ । ਭਗਤ ਭਗਵੰਤ ਇਕ ਦੂਜੇ ਦੇ ਦਾਸੀ ਦਾਸ, ਬਣ ਬਣ ਸੇਵਕ ਸੇਵ ਕਮਾਈਆ । ਭਗਤ ਭਗਵੰਤ ਇਕੋ ਘਰ ਪਾਇਣ ਰਾਸ, ਸਾਚੇ ਮੰਡਲ ਸੋਭਾ ਪਾਈਆ । ਭਗਤ ਭਗਵੰਤ ਏਕਾ ਵੇਖਣ ਖੇਲ ਤਮਾਸ਼, ਅਨਡਿਠੜੀ ਖੇਲ ਆਪ ਜਣਾਈਆ । ਭਗਤ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਦਰ ਸੁਹਾਈਆ । ਭਗਤ ਭਗਵੰਤ ਇਕੋ ਰੰਗ, ਰੰਗ ਰੰਗੀਲਾ ਇਕ ਰਖਾਇੰਦਾ । ਭਗਤ ਭਗਵੰਤ ਇਕ ਪਲੰਘ, ਸਚ ਸਿੰਘਾਸਣ ਆਸਣ ਲਾਇੰਦਾ । ਭਗਤ ਭਗਵੰਤ ਇਕ ਮਰਦੰਗ, ਅਨਹਦ ਨਾਦੀ ਨਾਦ ਵਜਾਇੰਦਾ । ਭਗਤ ਭਗਵੰਤ ਸਦਾ ਸੰਗ, ਸਗਲਾ ਸੰਗ ਰਖਾਇੰਦਾ । ਭਗਤ ਭਗਵੰਤ ਇਕ ਅਨੰਦ, ਅਨੰਦ ਅਨੰਦ ਵਿਚ ਜਣਾਇੰਦਾ । ਭਗਤ ਭਗਵੰਤ ਏਕੋ ਛੰਦ, ਆਤਮ ਪਰਮਾਤਮ ਢੋਲਾ ਗਾਇੰਦਾ । ਭਗਤ ਭਗਵੰਤ ਇਕੋ ਚੰਦ, ਅਮਾਵਸ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਸੁਹਾਇੰਦਾ । ਭਗਤ ਭਗਵੰਤ ਏਕੋ ਰੂਪ, ਏਕਾ ਘਰ ਵੱਜੇ ਵਧਾਈਆ । ਭਗਤ ਭਗਵੰਤ ਏਕਾ ਕੂਟ, ਏਕਾ ਧਾਮ ਰਹੇ ਸੁਹਾਈਆ । ਭਗਤ ਭਗਵੰਤ ਤਾਣਾ ਪੇਟਾ ਇਕੋ ਸੂਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਲਏ ਮਿਲਾਈਆ । ਭਗਤ ਭਗਵੰਤ ਇਕ ਪਰਕਾਸ਼, ਹਰਿ ਪਰਕਾਸ਼ੀ ਆਪ ਕਰਾਇੰਦਾ । ਭਗਤ ਭਗਵੰਤ ਏਕਾ ਸ਼ਾਖ, ਪੱਤ ਡਾਲੀ ਆਪ ਮਹਿਕਾਇੰਦਾ । ਭਗਤ ਭਗਵੰਤ ਏਕਾ ਰਾਸ, ਬਾਰਾਂ ਰਾਸੀ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਭਗਤ ਭਗਵੰਤ ਇਕੋ ਜੋੜ, ਹਰਿ ਜੋੜੀ ਜੋੜ ਜੁੜਾਇੰਦਾ । ਭਗਤ ਭਗਵੰਤ ਇਕੋ ਘੋੜ, ਨਾਮ ਘੋੜਾ ਆਪ ਦੁੜਾਇੰਦਾ । ਭਗਤ ਭਗਵੰਤ ਇਕੋ ਡੋਰ, ਤੰਦੀ ਤੰਦ ਨਾ ਕੋਇ ਰਖਾਇੰਦਾ । ਭਗਤ ਭਗਵੰਤ ਆਦਿ ਜੁਗਾਦਿ ਮਿਲਣ ਦੀ ਰੱਖਣ ਲੋੜ, ਮਿਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਭਗਤ ਭਗਵੰਤ ਇਕ ਦੂਜੇ ਨੂੰ ਜਾਇਣ ਬਹੁੜ, ਲੋਕਮਾਤ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਏਕਾ ਦਰ ਵਖਾਇੰਦਾ । ਭਗਤ ਭਗਵੰਤ ਇਕੋ ਜੋਗ, ਜੀਵਣ ਜੁਗਤ ਜੁਗਤ ਜਣਾਈਆ । ਭਗਤ ਭਗਵੰਤ ਇਕ ਸੰਜੋਗ, ਏਕਾ ਘਰ ਲਏ ਪਰਨਾਈਆ । ਭਗਤ ਭਗਵੰਤ ਇਕ ਵਿਜੋਗ, ਵਿਛੋੜਾ

ਸਹਿ ਸਕੇ ਨਾ ਰਾਈਆ । ਭਗਤ ਭਗਵੰਤ ਇਕੋ ਭੋਗ, ਏਕਾ ਸੇਜਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਮਿਲਾਈਆ । ਭਗਤ ਭਗਵੰਤ ਇਕੋ ਢੋਲਾ, ਬਿਨ ਰਸਨਾ ਜਿਹਵਾ ਆਪੇ ਗਾਇੰਦਾ । ਭਗਤ ਭਗਵੰਤ ਇਕੋ ਸੋਹਲਾ, ਲਿਖ ਲਿਖ ਲੇਖ ਨਾ ਕੋਇ ਸਮਝਾਇੰਦਾ । ਭਗਤ ਭਗਵੰਤ ਇਕ ਵਿਚੋਲਾ, ਬਣ ਵਿਚੋਲਾ ਮੇਲ ਮਿਲਾਇੰਦਾ । ਭਗਤ ਭਗਵੰਤ ਚੁੱਕੇ ਪੜਦਾ ਉਹਲਾ, ਦੂਈ ਦਵੈਤੀ ਪੜਦਾ ਲਾਹਿੰਦਾ । ਭਗਤ ਭਗਵੰਤ ਸਦਾ ਸਦ ਵਸਣ ਕੋਲਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਆਪਣਾ ਦਰ ਵਖਾਇੰਦਾ । ਭਗਤ ਭਗਵੰਤ ਇਕੋ ਜ਼ਾਤ, ਅਜ਼ਾਤੀ ਰੂਪ ਨਾ ਕੋਇ ਰਖਾਈਆ । ਭਗਤ ਭਗਵੰਤ ਇਕ ਪਰਭਾਤ, ਸੰਧਿਆ ਨਜ਼ਰ ਕੋਇ ਨਾ ਆਈਆ । ਭਗਤ ਭਗਵੰਤ ਇਕੋ ਸਾਕ, ਬਣ ਬਣ ਸੱਜਣ ਖ਼ੁਸ਼ੀ ਮਨਾਈਆ । ਭਗਤ ਭਗਵੰਤ ਇਕੋ ਘਾਟ, ਸਾਚੇ ਪੱਤਣ ਬੈਠੇ ਡੇਰਾ ਲਾਈਆ । ਭਗਤ ਭਗਵੰਤ ਇਕ ਹਾਟ, ਬਣ ਵਣਜਾਰੇ ਹੱਟ ਚਲਾਈਆ । ਭਗਤ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਭਗਤ ਭਗਵੰਤ ਸਗਲਾ ਸਾਥ, ਬਣ ਸੰਗੀ ਸੰਗ ਰਖਾਇੰਦਾ । ਭਗਤ ਭਗਵੰਤ ਇਕੋ ਗਾਥ, ਮਿਲ ਮਿਲ ਆਪਣਾ ਗੀਤ ਅਲਾਇੰਦਾ । ਭਗਤ ਭਗਵੰਤ ਪੁੱਛੇ ਵਾਤ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਭਗਤ ਭਗਵੰਤ ਮੇਟੇ ਰੈਣ ਅੰਧੇਰੀ ਰਾਤ, ਨੂਰੋ ਨੂਰ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਉਠਾਇੰਦਾ । ਭਗਤ ਭਗਵੰਤ ਇਕੋ ਬੰਧਨ, ਏਕਾ ਡੋਰ ਰਖਾਈਆ । ਭਗਤ ਭਗਵੰਤ ਇਕੋ ਚੰਦਨ, ਨਿੰਮ ਵਾਸ ਨਾ ਕੋਇ ਜਣਾਈਆ । ਭਗਤ ਭਗਵੰਤ ਇਕ ਦੂਜੇ ਨੂੰ ਕਰਨ ਬੰਦਨ, ਨਿਉਂ ਨਿਉਂ ਸੀਸ ਝੁਕਾਈਆ । ਭਗਤ ਭਗਵੰਤ ਤੋੜੇ ਫੰਦਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਕਮਾਈਆ । ਭਗਤ ਭਗਵੰਤ ਇਕੋ ਘਾਟ, ਏਕਾ ਦਰ ਸੁਹਾਇੰਦਾ । ਭਗਤ ਭਗਵੰਤ ਮੇਟੇ ਵਾਟ, ਬਣ ਪਾਂਧੀ ਪੰਧ ਮੁਕਾਇੰਦਾ । ਭਗਤ ਭਗਵੰਤ ਕਰੇ ਕਰਾਏ ਬੰਦ ਖੁਲਾਸ, ਬੰਦੀਖਾਨਾ ਆਪ ਤੁੜਾਇੰਦਾ । ਭਗਤ ਭਗਵੰਤ ਸਦ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਜਨਮ ਜਨਮ ਪੂਰੀ ਕਰੇ ਆਸ, ਜੁਗ ਜੁਗ ਆਪਣਾ ਰੂਪ ਧਰਾਇੰਦਾ । ਕਲਜੁਗ ਅੰਤਮ ਵੇਖੇ ਖੇਲ ਤਮਾਸ਼, ਲੱਖ ਚੁਰਾਸੀ ਨਟੂਆ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਮਿਲਾਇੰਦਾ । ਸਾਚੇ ਭਗਤਾਂ ਮੇਲਾ ਜਾਏ ਮਿਲ, ਮਿਲ ਮਿਲ ਆਪਣੀ ਖ਼ੁਸ਼ੀ ਰਖਾਈਆ । ਦਿਲਦਾਰ ਦਿਲਬਰ ਦੀਨ ਵੇਖੇ ਦਿਲ, ਭਰਵਾਸਾ ਦਿਲਾਸਾ ਇਕ ਇਕ ਸਮਝਾਈਆ । ਗੁਰਸਿਖ ਗੁਰਮੁਖ ਕਦੇ ਨਾ ਜਾਏ ਹਿਲ, ਹੌਲਾ ਭਾਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਨ ਭਗਤੀ ਏਕਾ ਝੋਲੀ ਪਾਈਆ ।

★ ੧੮ ਫੱਗਣ ੨੦੧੮ ਬਿਕ੍ਰਮੀ ਗੁਰਦਿਤ ਸਿੰਘ ਦੇ ਗ੍ਰਿਹਿ ਕਾਨਪੁਰ ★

ਜੁਗ ਜੁਗ ਖੇਲ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਭਗਵਤ ਹਰ ਘਟ ਵੇਖੇ ਆਣ, ਭਾਵੀ ਭੈ ਭੇਵ ਜਣਾਈਆ ।

ਸਾਚੇ ਭਗਤ ਕਰੇ ਪਰਵਾਨ, ਹਰਿਜਨ ਸਾਚੇ ਲਏ ਮਿਲਾਈਆ । ਆਤਮ ਅੰਤਰ ਦੇਵੇ ਗਿਆਨ, ਏਕਾ ਰਾਮ ਨਾਮ ਪੜ੍ਹਾਈਆ । ਸ਼ਾਸਤਰ ਸਿਮਰਤ ਸਾਰੇ ਗਾਣ, ਵੇਦ ਕਤੇਬ ਰਹੇ ਜਸ ਗਾਈਆ । ਪੁਰਖ ਅਬਿਨਾਸ਼ੀ ਵਡ ਮਿਹਰਵਾਨ, ਦੀਨਾ ਨਾਥ ਦੀਨਨ ਦਇਆ ਕਮਾਈਆ । ਸੰਤ ਸੁਹੇਲੇ ਕਰੇ ਪਹਿਚਾਨ, ਦੁਰਮਤ ਮੈਲ ਧੁਵਾਈਆ । ਹਰਿਜਨ ਵੇਖੇ ਚਤਰ ਸੁਘੜ ਸੁਜਾਨ, ਜੀਵਣ ਜੁਗਤ ਇਕ ਜਣਾਈਆ । ਕਾਇਆ ਮੰਦਰ ਵੇਖ ਮਕਾਨ, ਘਟ ਪੜਦਾ ਦਏ ਉਠਾਈਆ । ਸਵੱਛ ਸਰੂਪੀ ਦਰਸ਼ਨ ਦੇਵੇ ਆਣ, ਦਰਸੀ ਆਪਣਾ ਦਰਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਨ ਵੇਖੇ ਚਾਈਂ ਚਾਈਂਆ । ਭਗਤ ਮਿਲਣ ਦਾ ਚਾਉ ਘਨੇਰਾ, ਹਰੀ ਹਰਿ ਨਰਾਇਣ ਆਪ ਰਖਾਇੰਦਾ । ਜੁਗਾ ਜੁਗੰਤਰ ਪਾਵੇ ਫੇਰਾ, ਵੇਸ ਅਨੇਕ ਵਟਾਇੰਦਾ । ਲੱਖ ਚੁਰਾਸੀ ਜੀਵ ਜੰਤ ਭੁਲਾਏ ਕਰ ਕਰ ਹੇਰਾ ਫੇਰਾ, ਤ੍ਰੈਗੁਣ ਮਾਇਆ ਪੜਦਾ ਪਾਇੰਦਾ । ਹਰਿਜਨ ਵਿਰਲੇ ਕਰੇ ਆਪ ਨਿਬੇੜਾ, ਨਿਝ ਆਤਮ ਨਿਝ ਘਰ ਨਿਝ ਪਰਮਾਤਮ ਵੇਖ ਵਖਾਇੰਦਾ । ਜਨਮ ਜਨਮ ਦਾ ਚੁੱਕੇ ਗੇੜਾ, ਜਮ ਕਾ ਫਾਸ ਆਪ ਕਟਾਇੰਦਾ । ਦੂਰ ਦੁਰਾਡਾ ਦਿਸੇ ਨੇਰਾ, ਨੇਰਨ ਨੇਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਸਦਾ ਸਲਾਹਿੰਦਾ । ਹਰਿ ਭਗਤ ਸਲਾਹ ਸਦਾ ਸਦ, ਸਿਫ਼ਤੀ ਸਿਫ਼ਤ ਸਿਫ਼ਤ ਸਲਾਹਿਆ । ਸਚ ਦੁਆਰੇ ਲਏ ਸੱਦ, ਨਾਮ ਸੰਦੇਸਾ ਇਕ ਸੁਣਾਇਆ । ਲੱਖ ਚੁਰਾਸੀ ਵਿਚੋਂ ਲਏ ਕੱਢ, ਆਪ ਆਪਣੀ ਗੋਦ ਬਹਾਇਆ । ਅੰਮ੍ਰਿਤ ਜਾਮ ਪਿਆਏ ਮਦਿ, ਰਸਨਾ ਰਸ ਇਕ ਵਖਾਇਆ । ਜਗਤ ਦੁਆਰਾ ਕਰੇ ਪਾਰ ਹੱਦ, ਦਸਮ ਦੁਆਰੀ ਕੁੰਡਾ ਲਾਹਿਆ । ਲੇਖਾ ਜਾਣੇ ਰੱਤ ਨਾੜੀ ਮਾਸ ਹੱਡ, ਤੱਤਵ ਤੱਤ ਫੋਲ ਫੁਲਾਇੰਦਾ । ਪਾਏ ਸਾਰ ਵਿਸ਼ਨੂੰ ਯਦ, ਵਿਸ਼ਵ ਆਪਣੀ ਧਾਰ ਰਖਾਇਆ । ਕੋਟਨ ਕੋਟ ਗਏ ਲਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਵਿਚ ਸਮਾਇਆ । ਸਾਚੇ ਭਗਤਾਂ ਅੰਦਰ ਵੜ, ਹਰਿ ਜੂ ਆਪਣਾ ਘਰ ਵਖਾਇੰਦਾ । ਕਿਲਾ ਤੋੜ ਹੰਕਾਰੀ ਗੜ੍ਹ, ਮਮਤਾ ਮੋਹ ਮਿਟਾਇੰਦਾ । ਅੰਮ੍ਰਿਤ ਝਿਰਨਾ ਜਾਏ ਝਰ, ਨਿਝਰ ਰਸ ਚਖਾਇੰਦਾ । ਸੁਰਤੀ ਸ਼ਬਦੀ ਲਏ ਫੜ, ਆਪ ਆਪਣੀ ਦਇਆ ਕਮਾਇੰਦਾ । ਰਾਮ ਸੀਤਾ ਏਕਾ ਘਰ, ਅਨਡਿਠੜਾ ਵਰ ਆਪ ਵਡਿਆਇੰਦਾ । ਰਾਧਾ ਕ੍ਰਿਸ਼ਨਾ ਪੱਲੂ ਫੜ, ਨਾਮ ਬੰਸਰੀ ਇਕ ਵਜਾਇੰਦਾ । ਅੱਲਾ ਰਾਣੀ ਹੂ ਹੂ ਹੱਕ ਹੱਕ ਦੇਵੇ ਵਰ, ਐਨਲਹੱਕ ਭੇਵ ਚੁਕਾਇੰਦਾ । ਨਾਨਕ ਆਤਮ ਪਰਮਾਤਮ ਦੇਵੇ ਵਰ, ਬ੍ਰਹਮ ਪਾਰਬ੍ਰਹਮ ਵਖਾਇੰਦਾ । ਗੋਬਿੰਦ ਗੁਰਸਿਖ ਲਾਏ ਲੜ, ਪੱਲੂ ਆਪਣੀ ਗੰਢ ਦਿਵਾਇੰਦਾ । ਸਰਬ ਜੀਆਂ ਦਾ ਇਕੋ ਦਾਤਾ ਹਰਿ, ਸਚਖੰਡ ਬੈਠਾ ਖੇਲ ਕਰਾਇੰਦਾ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਜਣਾਇੰਦਾ । ਭਗਤ ਭਗਵੰਤ ਦਰਸ ਦਿਖਾਏ ਅੱਗੇ ਖੜ, ਆਪ ਆਪਣਾ ਪੜਦਾ ਲਾਹਿੰਦਾ । ਕਾਇਆ ਮੰਦਰ ਸਚ ਮਹੱਲੇ ਬਹੇ ਚੜ੍ਹ, ਆਸਣ ਸਿੰਘਾਸਣ ਸੋਭਾ ਪਾਇੰਦਾ । ਸ਼ਬਦ ਅਗੰਮੀ ਆਪੇ ਪੜ੍ਹ, ਤਾਲ ਤਲਵਾੜਾ ਆਪ ਵਜਾਇੰਦਾ । ਲੇਖਾ ਜਾਣੇ ਚੋਟੀ ਜੜ੍ਹ, ਮਧ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਵਡਿਆਇੰਦਾ । ਸਾਚਾ ਭਗਤ ਵੱਡਾ ਵਡ, ਸਿਫ਼ਤੀ ਸਿਫ਼ਤ ਨਾ ਕੋਇ ਜਣਾਈਆ । ਲੱਖ ਚੁਰਾਸੀ ਵਿਚੋਂ ਹੋਏ ਅੱਡ, ਦਰਗਹਿ ਸਾਚੀ ਮਿਲੇ ਵਡਿਆਈਆ । ਪਾਰ ਕਿਨਾਰਾ ਵੇਖੇ ਹੱਦ, ਆਪਣਾ ਪੰਧ ਮੁਕਾਈਆ । ਧਰਮ ਨਿਸ਼ਾਨਾ ਦੇਵੇ ਗੱਡ, ਵਰਨ ਬਰਨ ਨਾ ਕੋਇ ਲੜਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕ ਯਦ, ਬ੍ਰਹਮ ਪਾਰਬ੍ਰਹਮ ਪਰਗਟਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਵੇਖ ਵਖਾਈਆ । ਹਰਿ ਭਗਤਾਂ ਵੇਖੇ ਨੇਤਰ ਖੋਲ੍ਹ, ਨਿਝ ਨੇਤਰ ਆਪ ਖੁਲ੍ਹਾਇੰਦਾ । ਅੱਠੇ ਪਹਿਰ ਵਜਾਏ ਢੋਲ, ਨਾਦ ਮਰਦੰਗ ਨਾ ਕੋਇ ਜਣਾਇੰਦਾ । ਸਖਾ ਸਖਾਈ ਵਸੇ ਕੋਲ, ਸਦਾ ਸੁਹੇਲਾ ਮੇਹ ਵਧਾਇੰਦਾ । ਭਾਗ ਲਗਾਏ ਕਾਇਆ ਚੋਲ, ਚੋਲਾ ਕਾਇਆ ਆਪ ਬਦਲਾਇੰਦਾ । ਸੁਰਤੀ ਸ਼ਬਦੀ ਜਾਏ ਮੌਲ, ਮੌਲਾ ਆਪਣਾ ਰੂਪ ਵਖਾਇੰਦਾ । ਉਲਟਾ ਕਰੇ ਨਾਭ ਕੌਲ, ਕਵਲ ਕਵਲਾ ਆਪ ਭੁਵਾਇੰਦਾ । ਦੇਵੇ ਵਡਿਆਈ ਉਪਰ ਧੌਲ, ਧਰਨੀ ਧਰਤ ਧਵਲ ਸੁਹਾਇੰਦਾ । ਸਾਚੇ ਭਗਤਾਂ ਵਸੇ ਕੋਲ, ਘਰ ਸਾਚੇ ਡੇਰਾ ਲਾਇੰਦਾ । ਆਦਿ ਜੁਗਾਦਿ ਰਹੇ ਅਡੋਲ, ਅਡੁਲ ਆਪਣੀ ਧਾਰ ਵਖਾਇੰਦਾ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਘਟ ਘਟ ਅੰਤਰ ਰਿਹਾ ਫੋਲ, ਫੋਲਣਹਾਰਾ ਦਿਸ ਨਾ ਆਇੰਦਾ । ਕਲਜੁਗ ਅੰਤ ਸ੍ਰੀ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਲਏ ਵਰੋਲ, ਨਾਮ ਮਧਾਣਾ ਏਕਾ ਪਾਇੰਦਾ । ਨਾਮ ਮਧਾਣਾ ਵਿਰੋਲੇ ਛਾਛ, ਸਾਖਆਤ ਰੂਪ ਵਟਾਈਆ । ਰਿਜ਼ਕਣਹਾਰਾ ਜ਼ਾਤ ਪਾਤ, ਵਰਨ ਬਰਨ ਆਪ ਭੁਵਾਈਆ । ਬੈਠਾ ਰਹੇ ਇਕ ਇਕਾਂਤ, ਅਕਲ ਕਲਾ ਅਖਵਾਈਆ । ਦੋ ਜਹਾਨ ਸ੍ਰੀ ਭਗਵਾਨ ਵੇਖੇ ਮਾਰ ਝਾਤ, ਚੌਦਾਂ ਲੋਕ ਫੇਰਾ ਪਾਈਆ । ਚੌਦਾਂ ਤਬਕ ਜਾਣੇ ਖਾਤ, ਖਾਤਾ ਆਪਣਾ ਆਪ ਬਣਾਈਆ । ਮੁਰੀਦ ਮੁਰਸ਼ਦ ਕਰੇ ਪਾਕੀ ਪਾਕ, ਮੁਰਸ਼ਦ ਮੁਰੀਦ ਏਕਾ ਦਰ ਵਖਾਈਆ । ਬੰਕ ਦੁਆਰੀ ਖੋਲ੍ਹੇ ਤਾਕ, ਤਾਕੀ ਆਪਣੀ ਆਪੇ ਲਾਹੀਆ । ਚਰਨ ਕਵਲ ਕਵਲ ਚਰਨ ਉਪਰ ਧਵਲ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਜਨ ਭਗਤਾਂ ਬਣੇ ਸੱਚਾ ਸਾਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਹੋਏ ਸਹਾਈਆ । ਹੋਏ ਸਹਾਈ ਸ੍ਰੀ ਭਗਵੰਤ, ਭਗਵਨ ਦਇਆ ਕਮਾਇੰਦਾ । ਨਾਤਾ ਤੋੜ ਜੀਵ ਜੰਤ, ਆਪਣਾ ਬੰਧਨ ਇਕ ਵਖਾਇੰਦਾ । ਏਕਾ ਨਾਉਂ ਮਣੀਆ ਮੰਤ, ਮੰਤਰ ਨਾਮ ਇਕ ਪੜ੍ਹਾਇੰਦਾ । ਏਕਾ ਰੂਪ ਨਾਰ ਕੰਤ, ਕੰਤ ਕੰਤੂਹਲਾ ਸੇਜ ਸੁਹਾਇੰਦਾ । ਏਕਾ ਰੰਗ ਚਾੜ੍ਹੇ ਬਸੰਤ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਏਕਾ ਮੇਲਾ ਸਾਚੀ ਸੰਗਤ, ਹਰਿ ਸੰਗਤ ਵਿਚ ਸਮਾਇੰਦਾ । ਹਰਿਜਨ ਹਰਿ ਜੂ ਲਾਏ ਆਪਣੇ ਅੰਗਤ, ਅੰਗੀਕਾਰ ਆਪ ਹੋ ਜਾਇੰਦਾ । ਗੁਰਮੁਖ ਦੂਜੇ ਦਰ ਨਾ ਹੋਏ ਮੰਗਤ, ਸਾਚੀ ਵਸਤ ਆਪ ਵਰਤਾਇੰਦਾ । ਦੁਖ ਦਰਦ ਸਰਬ ਅਖੰਡਤ, ਖੰਡਾ ਨਾਮ ਵਿਚ ਫਿਰਾਇੰਦਾ । ਲੇਖਾ ਜਾਣੇ ਵਰਭੰਡੀ ਵਰਭੰਡਤ, ਬ੍ਰਹਿਮੰਡੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਏਕਾ ਵਰ, ਬੋਧ ਗਿਆਨਾ ਨਾਮ ਪੰਡਤ, ਪੰਡਤ ਆਪਣਾ ਭੇਵ ਜਣਾਇੰਦਾ । ਸਾਚਾ ਪੰਡਤ ਹਰਿ ਨਿਰੰਕਾਰ, ਭਗਤਨ ਕਰੇ ਪੜ੍ਹਾਈਆ । ਕਾਗਦ ਕਲਮ ਨਾ ਪਾਵੇ ਸਾਰ, ਲਿਖ ਲਿਖ ਸ਼ਾਹੀ ਲੇਖ ਨਾ ਕੋਇ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਚੀ ਕੂਕ ਕੂਕ ਗਏ ਪੁਕਾਰ, ਦੋਏ ਜੋੜ ਜੋੜ ਸਰਨਾਈਆ । ਬੇਅੰਤ ਬੇਪਰਵਾਹ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਅੰਤ ਨਾ ਕੋਇ ਪਾਈਆ । ਜੁਗਾ ਜੁਗੰਤਰ ਗੁਰ ਅਵਤਾਰਾਂ ਦੇ ਸਹਾਰ, ਲੋਕਮਾਤ ਸੇਵਾ ਲਾਈਆ । ਕਲਜੁਗ ਅੰਤਮ ਹੋ ਤਿਆਰ, ਨਿਰਗੁਣ ਆਪਣਾ ਵੇਸ ਵਟਾਈਆ । ਭਗਤ ਭਗਵੰਤ ਲਏ ਉਠਾਲ, ਫੜ ਬਾਂਹੋਂ ਗਲੇ ਲਗਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਵੰਤ ਏਕਾ ਮੰਦਰ ਏਕਾ ਘਰ ਬੈਠੇ ਆਸਣ ਲਾਈਆ ।

## ★ ੧੮ ਫੱਗਣ ੨੦੧੮ ਬਿਕ੍ਰਮੀ ਸਰਧਾ ਸਿੰਘ ਦੇ ਗ੍ਰਿਹਿ ਕਾਨਪੁਰ ★

ਪੰਜ ਤੱਤ ਕਾਇਆ ਜਗਤ ਨਾਤਾ, ਤੱਤਵ ਤੱਤ ਖੇਲ ਰਖਾਇੰਦਾ । ਅੰਦਰ ਵੜ ਪੁਰਖ ਸਮਰਾਥਾ, ਨਿਰਗੁਣ ਆਪਣਾ ਆਪ ਛੁਪਾਇੰਦਾ । ਹਰਿਜਨ ਹਰਿ ਜੂ ਹਰਿ ਹਰਿ ਏਕਾ ਦੱਸੇ ਨਾਮ ਗਾਥਾ, ਨਾਮ ਨਿਧਾਨਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਤੱਤ ਵੇਖ ਵਖਾਇੰਦਾ । ਕਾਇਆ ਤੱਤ ਅਪ ਤੇਜ ਵਾਏ ਪ੍ਰਿਥਮੀ ਅਕਾਸ਼, ਸਰਗੁਣ ਏਕਾ ਏਕ ਜਣਾਇੰਦਾ । ਰੋਗ ਸੋਗ ਚਿੰਤਾ ਦੁੱਖ ਘਰ ਵਿਚ ਘਰ ਕਰ ਨਿਵਾਸ, ਬੰਧਨ ਬੰਧ ਪਵਾਇੰਦਾ । ਬ੍ਰਹਮ ਪਾਰਬ੍ਰਹਮ ਨਿਰਗੁਣ ਜੋਤ ਨੂਰ ਪਰਕਾਸ਼, ਸਾਚੇ ਮੰਦਰ ਆਪ ਟਿਕਾਇੰਦਾ । ਜੁਗਾ ਜੁਗੰਤਰ ਖੇਲ ਤਮਾਸ਼, ਈਸ਼ ਜੀਵ ਵੇਖ ਵਖਾਇੰਦਾ । ਗੁਰਮੁਖ ਵਿਰਲੇ ਕਰੇ ਬੰਦ ਖੁਲਾਸ਼, ਬੰਦੀਖਾਨਾ ਆਪ ਤੁੜਾਇੰਦਾ । ਲੇਖੇ ਲਾਏ ਪਵਣ ਸਵਾਸ, ਰਸਨਾ ਜਿਹਵਾ ਜੋ ਜਨ ਗਾਇੰਦਾ । ਅੰਤ ਭਗਵੰਤ ਪੂਰੀ ਕਰੇ ਆਸ, ਜੰਮ ਕੀ ਫਾਸੀ ਫੰਦ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਤੱਤ ਵੇਖ ਵਖਾਇੰਦਾ । ਪੰਜ ਤੱਤ ਅੰਦਰ ਦੁਖ ਸੁਖ, ਸੁਖ ਦੁਖ ਆਪਣਾ ਰੰਗ ਵਖਾਈਆ । ਪੰਜ ਤੱਤ ਕਾਇਆ ਮਾਣਸ ਮਨੁੱਖ, ਮਾਨਵ ਰੂਪ ਧਰਾਈਆ । ਪੰਜ ਤੱਤ ਕਾਇਆ ਉਜਲ ਮੁਖ, ਜਿਸ ਮੁਖੜਾ ਹਰਿ ਹਰਿ ਨਾਮ ਧਿਆਈਆ । ਪੰਜ ਤੱਤ ਕਾਇਆ ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਗੇੜ ਨਾ ਕੋਇ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਖੀ ਦੁਖ ਦਰਦੀ ਦਰਦ ਦਏ ਗਵਾਈਆ । ਦੁਖ ਦਰਦ ਹੋਏ ਦੂਰ, ਤਨ ਖ਼ਾਕੀ ਰਹਿਣ ਨਾ ਪਾਈਆ । ਆਤਮ ਅੰਤਰ ਇਕ ਸਰੂਰ, ਅੰਮ੍ਰਿਤ ਆਤਮ ਜਾਮ ਪਿਆਈਆ । ਦਰਸ ਦਿਖਾਏ ਵਸਣਹਾਰਾ ਦੂਰਨ ਦੂਰ, ਨੇਰਨ ਨੇਰ ਆਪੇ ਆਈਆ । ਚਿੰਤਾ ਚਿਖਾ ਕਰੇ ਚੂਰ ਚੂਰ, ਸਾਂਤਕ ਸਤਿ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਅੰਤਮ ਲੇਖਾ ਜਾਏ ਲੱਗ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਸਰਨ ਸਰਨਾਈ ਹਰਿ ਪੁਰਖ ਨਿਰੰਜਣ ਜੋ ਜਨ ਜਾਏ ਲੱਗ, ਲੱਗੀ ਪ੍ਰੀਤੀ ਤੋੜ ਨਿਭਾਇੰਦਾ । ਤ੍ਰੈਗੁਣ ਮਾਇਆ ਬੁਝਾਏ ਅੱਗ, ਤੱਤਵ ਤੱਤ ਨਾ ਕੋਇ ਜਣਾਇੰਦਾ । ਅੰਤਮ ਪੜਦਾ ਲਵੇ ਕੱਜ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਪਣਾ ਰੰਗ ਵਖਾਇੰਦਾ । ਅੰਤ ਅੰਤ ਸ੍ਰੀ ਭਗਵਾਨ, ਜਨ ਜਨ ਦਇਆ ਕਮਾਈਆ । ਪਾਰਬ੍ਰਹਮ ਬ੍ਰਹਮ ਦੇਵੇ ਦਾਨ, ਈਸ਼ ਜੀਵ ਵੰਡ ਵੰਡਾਈਆ । ਦੋ ਜਹਾਨਾਂ ਵਾਲੀ ਵੇਖੇ ਆਣ, ਦਰ ਦੁਆਰੇ ਫੇਰਾ ਪਾਈਆ । ਨਾਤਾ ਤੁਟੇ ਜਗਤ ਜਹਾਨ, ਜੀਵਣ ਮੁਕਤ ਆਪ ਕਰਾਈਆ । ਏਥੇ ਓਥੇ ਦੇਵੇ ਮਾਣ, ਨਿਮਾਣਿਆਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਕਾਇਆ ਵੇਖ ਵਖਾਈਆ । ਪੰਜ ਤੱਤ ਕਾਇਆ ਵੇਖੇ ਚੋਲਾ, ਚੋਲੀ ਆਪਣੇ ਰੰਗ ਰੰਗਾਇੰਦਾ । ਆਪ ਚੁਕਾਏ ਪੜਦਾ ਉਹਲਾ, ਰੂਪ ਅਨੂਪ ਆਪ ਦਰਸਾਇੰਦਾ । ਸਚ ਦੁਆਰਾ ਏਕਾ ਖੋਲ੍ਹਾ, ਦੀਨਾ ਨਾਥ ਦੀਨਨ ਦਇਆ ਆਪ ਕਮਾਇੰਦਾ । ਇਕ ਸੁਣਾਏ ਸਾਚਾ ਢੋਲਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵ ਈਸ਼ ਆਪਣੇ ਦਰ ਸੁਹਾਇੰਦਾ । ਸਾਚਾ ਦਰ ਸੱਚਾ ਦਰਬਾਰਾ, ਸਚਖੰਡ ਨਿਵਾਸੀ ਇਕ ਬਣਾਈਆ । ਜੁਗਾ ਜੁਗੰਤਰ ਹੋ ਉਜਿਆਰਾ, ਰੂਪ ਅਨੂਪ ਆਪ ਵਟਾਈਆ । ਮਾਨਸ ਮਨੁਖ ਵੇਖੇ ਵਿਗਸੇ ਵੇਖਣਹਾਰਾ,


੭੧੬
੧੧

ਆਪ ਆਪਣੀ ਦਇਆ ਕਮਾਈਆ । ਰੋਗ ਸੋਗ ਚਿੰਤਾ ਦੁਖ ਪਾਰ ਕਿਨਾਰਾ, ਸਾਚਾ ਸੁਖ ਸੁਖ ਸਮਝਾਈਆ । ਸੋਹੰ ਨਾਮ ਸਚ ਜੈਕਾਰਾ, ਅੰਤਮ ਲਹਿਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਗਹਿ ਸਾਚੀ ਏਕਾ ਧਾਮ ਬਹਾਈਆ । ਦਰਗਹਿ ਸਾਚੀ ਧਾਮ ਅਵੱਲਾ, ਹਰਿ ਸਾਚਾ ਸਚ ਰਖਾਇੰਦਾ । ਜਿਸ ਜਨ ਫੜਾਏ ਆਪਣਾ ਪੱਲਾ, ਫੜਿਆ ਪੱਲੂ ਨਾ ਕੋਇ ਛੁਡਾਇੰਦਾ । ਬਿਨ ਹਰਿ ਨਾਮੇ ਜੀਵ ਜੰਤ ਸਾਧ ਹੋਏ ਝੱਲਾ, ਗਿਆਨ ਧਿਆਨ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸੱਚਾ ਦਾਨ, ਤੱਤਵ ਤੱਤ ਤੱਤ ਆਪਣੇ ਲੇਖੇ ਪਾਇੰਦਾ ।

★ ੧੮ ਫੱਗਣ ੨੦੧੮ ਬਿਕ੍ਰਮੀ ਸ਼ਾਸ਼ਤਰ ਨਗਰ ਸਿੰਘ ਦੇ ਗ੍ਰਿਹ ਕਾਨਪੁਰ ★

ਹਰਿ ਹਰਿ ਖੇਲ ਅਗੰਮ ਅਥਾਹ, ਭੇਵ ਅਭੇਦ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਵੇਸ ਵਟਾ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਜੁਗ ਚੌਕੜੀ ਮਾਰਗ ਲਾ, ਪਾਂਧੀ ਆਪਣਾ ਪੰਧ ਰਖਾਇੰਦਾ । ਸ਼ਬਦੀ ਸ਼ਬਦ ਨਾਮ ਪਰਗਟਾ, ਨਾਮ ਨਿਧਾਨਾ ਇਕ ਸੁਣਾਇੰਦਾ । ਗੁਰ ਅਵਤਾਰ ਨਾਉਂ ਧਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਅੰਤ ਆਪਣਾ ਨਾਉਂ ਰਖਾਇੰਦਾ । ਬੇਅੰਤ ਨਾਉਂ ਆਪਣਾ ਰੱਖ, ਭੇਵ ਅਭੇਦ ਛੁਪਾਈਆ । ਸਚਖੰਡ ਨਿਵਾਸੀ ਅਲੱਖਣਾ ਅਲੱਖ, ਅਲੱਖ ਅਗੋਚਰ ਬੇਪਰਵਾਹੀਆ । ਨਿਰਗੁਣ ਨਿਰਾਕਾਰ ਅਜੂਨੀ ਰਹਿਤ ਹੋ ਪਰਤੱਖ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਏਕੰਕਾਰਾ, ਅਕਲ ਕਲਾ ਅਖਵਾਇੰਦਾ । ਵਸਣਹਾਰਾ ਧਾਮ ਨਿਆਰਾ, ਸਚਖੰਡ ਸਾਚੇ ਆਸਣ ਲਾਇੰਦਾ । ਥਿਰ ਘਰ ਖੋਲ੍ਹੇ, ਆਪ ਕਿਵਾੜਾ, ਰੂਪ ਅਨੂਪ ਆਪ ਧਰਾਇੰਦਾ । ਸ਼ਬਦ ਅਗੰਮੀ ਇਕ ਜੈਕਾਰਾ, ਜੈ ਜੈਕਾਰ ਆਪ ਸੁਣਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਸ਼ਾਹ ਪਾਤਸ਼ਾਹ ਹੁਕਮ ਵਰਤਾਇੰਦਾ । ਹੁਕਮੀ ਹੁਕਮ ਖੇਲ ਨਿਆਰਾ, ਭੇਵ ਅਭੇਦ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਆਦਿ ਅੰਤ ਕਰਾਈਆ । ਸਚਖੰਡ ਨਿਵਾਸੀ ਸਚ ਨਿਸ਼ਾਨ, ਦੋ ਜਹਾਨਾਂ ਆਪ ਝੁਲਾਈਆ । ਬ੍ਰਹਿਮੰਡਾਂ ਖੰਡਾਂ ਇਕ ਗਿਆਨ, ਏਕਾ ਅੱਖਰ ਕਰੇ ਪੜ੍ਹਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖੇ ਮਾਰ ਧਿਆਨ, ਘਟ ਘਟ ਆਪਣਾ ਆਸਣ ਲਾਈਆ । ਭੇਵ ਚੁਕਾਏ ਗੋਪੀ ਕਾਹਨ, ਮੰਡਲ ਮੰਡਪ ਡੇਰਾ ਲਾਈਆ । ਰਵ ਸਸ ਕਰ ਪਰਧਾਨ, ਨੂਰੀ ਨੂਰ ਨੂਰ ਰੁਸ਼ਨਾਈਆ । ਚੌਦਾਂ ਲੋਕ ਖੇਲ ਮਹਾਨ, ਚੌਦਾਂ ਤਬਕ ਬਣਤ ਬਣਾਈਆ । ਗੁਰ ਅਵਤਾਰ ਦੇ ਦੇ ਦਾਨ, ਵਸਤ ਅਮੋਲਕ ਆਪ ਵਰਤਾਈਆ । ਪੰਜ ਤੱਤ ਕਾਇਆ ਕਰ ਪਰਧਾਨ, ਨਿਰਗੁਣ ਸਰਗੁਣ ਖੇਲ ਕਰਾਈਆ । ਬੋਧ ਅਗਾਧੀ ਸ਼ਬਦ ਨਿਸ਼ਾਨ, ਸ੍ਰੀ ਭਗਵਾਨ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਸ ਅਨੇਕ ਆਪ ਵਟਾਈਆ । ਵੇਸ ਅਨੇਕ ਇਕ ਇਕੱਲਾ, ਆਦਿ ਪੁਰਖ ਆਪ ਵਟਾਇੰਦਾ । ਵਸਣਹਾਰਾ ਸਚਖੰਡ ਸਚ ਮਹੱਲਾ, ਉਚ ਅਟੱਲਾ ਸੋਭਾ ਪਾਇੰਦਾ । ਸ਼ਬਦੀ ਸ਼ਬਦ ਜੋਤੀ ਜੋਤ ਆਪੇ ਰਲਾ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਸਚ ਸੰਦੇਸ ਨਰ ਨਰੇਸ਼ ਦੋ ਜਹਾਨ ਏਕਾ ਘੱਲਾ,

ਨਾਉਂ ਨਿਰੰਕਾਰਾ ਆਪ ਪੜ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਫੜਾਏ ਪੱਲਾ, ਤ੍ਰੈਗੁਣ ਆਪਣਾ ਬੰਧਨ ਪਾਇੰਦਾ । ਵਸਣਹਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਅਨਭਵ ਆਪਣੀ ਧਾਰ ਚਲਾਇੰਦਾ । ਅਨਭਵ ਧਾਰ ਪੁਰਖ ਅਕਾਲ, ਆਦਿ ਜੁਗਾਦਿ ਚਲਾਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਥਿਰ ਦਰਬਾਰੇ ਡੇਰਾ ਲਾਈਆ । ਜਲਵਾ ਨੂਰ ਨੂਰ ਜਲਾਲ, ਬੇਐਬ ਐਬ ਖ਼ੁਦਾਈਆ । ਪਰਵਰਦਿਗਾਰ ਦੀਨ ਦਿਆਲ, ਰਾਮ ਰਾਮ ਰਾਮ ਸਮਾਈਆ । ਜੁਗ ਜੁਗ ਚਲੇ ਅਵੱਲੜੀ ਚਾਲ, ਭੇਵ ਕੋਇ ਨਾ ਪਾਈਆ । ਕਾਗਦ ਕਲਮ ਲਿਖ ਲਿਖ ਗਏ ਹਾਰ, ਸਮੁੰਦ ਸਾਗਰ ਨੇਤਰ ਰੋ ਰੋ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਹਰਿ ਕਰਤਾਰ, ਕਰਤਾ ਕੁਦਰਤ ਵੇਖ ਵਖਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਭਗਤ ਭਗਵੰਤ ਲਏ ਉਭਾਰ, ਆਤਮ ਅੰਤਰ ਇਕ ਗਿਆਨ ਦ੍ਰਿੜਾਇੰਦਾ । ਸਾਚੇ ਸੰਤਾਂ ਦੇ ਦੀਦਾਰ, ਦਰਸੀ ਆਪਣਾ ਦਰਸ ਕਰਾਇੰਦਾ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜ, ਆਤਮ ਤਾਕੀ ਆਪੇ ਲਾਹਿੰਦਾ । ਗੁਰਸਿਖਾਂ ਅੱਗ ਨਾ ਲਗੇ ਤੱਤੀ ਹਾੜ, ਤ੍ਰੈਗੁਣ ਅਗਨੀ ਆਪ ਬੁਝਾਇੰਦਾ । ਸਚ ਦੁਆਰੇ ਦੇਵੇ ਵਾੜ, ਘਰ ਘਰ ਵਿਚ ਆਪ ਵਖਾਇੰਦਾ । ਕਰੇ ਪਰਕਾਸ਼ ਬਹੱਤਰ ਨਾੜ, ਨਾੜੀ ਨਾੜੀ ਜੋਤ ਜਗਾਇੰਦਾ । ਨਾਤਾ ਤੁਟੇ ਅੰਧ ਅੰਧਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਰਾਇੰਦਾ । ਸਾਚੀ ਕਾਰ ਕਰਤਾ ਪੁਰਖ, ਕਰਨਹਾਰ ਕਰਤਾਰਾ । ਨਾ ਕੋਇ ਸੋਗ ਨਾ ਕੋਈ ਹਰਖ਼, ਲੱਖ ਚੁਰਾਸੀ ਬਣੇ ਵਣਜਾਰਾ । ਆਦਿ ਜੁਗਾਦਿ ਜੁਗਾ ਜੁਗੰਤਰ ਸੰਤ ਸੁਹੇਲੇ ਦੇਵੇ ਦਰਸ, ਰੂਪ ਅਨੂਪ ਕਰੇ ਕਰਾਏ ਕਰਨੇਹਾਰਾ । ਅੰਮ੍ਰਿਤ ਮੇਘ ਦੇਵੇ ਬਰਸ, ਅਗਨੀ ਤੱਤ ਕਰੇ ਠੰਡਾ ਠਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਖੇਲ ਨਿਆਰਾ । ਜੁਗਾ ਜੁਗੰਤਰ ਖੇਲ ਅਵੱਲਾ, ਅਜੂਨੀ ਰਹਿਤ ਆਪ ਕਰਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਮਹੱਲ ਅਟੱਲ ਕਰੇ ਰੁਸ਼ਨਾਈਆ । ਭਗਤਾਂ ਅੰਦਰ ਬਿਨ ਤੇਲ ਬਾਤੀ ਦੀਪਕ ਆਪੇ ਬਲਾ, ਆਪਣੀ ਕਰੇ ਸਚ ਰੁਸ਼ਨਾਈਆ । ਪੰਚ ਵਿਕਾਰ ਨਾ ਕਰੇ ਹੱਲਾ, ਆਸਾ ਤ੍ਰਿਸਨਾ ਹਉਮੇ ਹੰਗਤਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਆਪਣਾ ਵੇਸ ਵਟਾਈਆ । ਜੁਗ ਕਰਤਾ ਵੇਸ ਅਵੱਲੜਾ, ਕਰੇ ਕਰਾਏ ਆਪ । ਮਾਰਗ ਲਾਏ ਇਕ ਸੁਖੱਲੜਾ, ਗੁਰ ਅਵਤਾਰ ਦੇਵੇ ਜਾਪ । ਸ਼ਬਦੀ ਸ਼ਬਦ ਫੜਾਏ ਪਲੜਾ, ਦੋ ਜਹਾਨਾਂ ਵਡ ਪਰਤਾਪ । ਸਚ ਦੁਆਰੇ ਆਪੇ ਖਲੜਾ, ਨਿਰਗੁਣ ਨੂਰ ਜੋਤ ਪਰਕਾਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਵੇਖੇ ਖੇਲ ਤਮਾਸ਼ । ਖੇਲ ਤਮਾਸ਼ਾ ਵੇਖੇ ਜਗ, ਹਰਿ ਜਾਗਰਤ ਜੋਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਲੱਗੀ ਅੱਗ, ਸਾਂਤਕ ਸਤਿ ਨਾ ਕੋਇ ਕਰਾਈਆ । ਪੰਚ ਵਿਕਾਰ ਸ੍ਰਿਸ਼ਟ ਸਬਾਈ ਗਈ ਬੱਝ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਆਪਣਾ ਪੜਦਾ ਸਕੇ ਨਾ ਕੋਈ ਕੱਜ, ਸੀਸ ਜਗਦੀਸ ਹੱਥ ਨਾ ਕੋਇ ਟਿਕਾਈਆ । ਜੋ ਘੜਿਆ ਸੋ ਰਿਹਾ ਭੱਜ ਥਿਰ ਕੋਇ ਰਹਿਣ ਨਾ ਪਾਈਆ । ਗੁਰਮੁਖ ਵਿਰਲਾ ਹਰਿ ਚਰਨ ਦੁਆਰੇ ਜਾਏ ਸਜ, ਜਿਸ ਜਨ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰੰਗ ਰੰਗਾਈਆ । ਆਪਣੇ ਰੰਗ ਆਪੇ ਰਾਤਾ, ਜੁਗ ਜੁਗ ਖੇਲ

ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਗਾਏ ਗਾਥਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਲੇਖਾ ਜਾਣੇ ਤ੍ਰਿਲੋਕੀ ਨਾਥਾ, ਤ੍ਰੈ ਤ੍ਰੈ ਆਪਣਾ ਬੰਧਨ ਪਾਇੰਦਾ । ਲਹਿਣਾ ਦੇਣਾ ਹਾਥੋ ਹਾਥਾ, ਲੱਖ ਚੁਰਾਸੀ ਆਪ ਚੁਕਾਇੰਦਾ । ਜਨ ਭਗਤਾਂ ਵੇਖੇ ਮਸਤਕ ਮਾਥਾ, ਪੂਰਬ ਭੇਵ ਖੁਲ੍ਹਾਇੰਦਾ । ਏਥੇ ਓਥੇ ਦੋ ਜਹਾਨ ਸਗਲਾ ਸਾਥਾ, ਸਾਚਾ ਸੰਗ ਆਪ ਨਿਭਾਇੰਦਾ । ਬੋਧ ਅਗਾਧ ਦੇਵੇ ਸਾਚੀ ਗਾਥਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਏਕਾ ਪੂਜਾ ਏਕਾ ਪਾਠਾ, ਏਕਾ ਤੀਰਥ ਏਕਾ ਤਾਟਾ, ਸਰ ਸਰੋਵਰ ਇਕ ਵਖਾਇੰਦਾ । ਏਕਾ ਜੋਤ ਨੂਰ ਲਲਾਟਾ, ਏਕਾ ਅੰਮ੍ਰਿਤ ਦੇਵੇ ਕਾਇਆ ਬਾਟਾ, ਨਿਝਰ ਝਿਰਨਾ ਆਪ ਝਿਰਾਇੰਦਾ । ਏਕਾ ਖੋਲ੍ਹੇ ਸਾਚਾ ਹਾਟਾ, ਜਨਮ ਜਨਮ ਦਾ ਪੂਰਾ ਕਰੇ ਘਾਟਾ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਨਿਰਗੁਣ ਸਰਗੁਣ ਦਾਸੀ ਦਾਸਾ, ਭਗਤ ਭਗਵੰਤ ਕਰੇ ਪੂਰੀ ਆਸਾ, ਨਿਰਾਸਾ ਕੋਇ ਨਜ਼ਰ ਨਾ ਆਇੰਦਾ । ਖੇਲੇ ਖੇਲ ਪ੍ਰਿਥਮੀ ਅਕਾਸ਼ਾ, ਗਗਨ ਮੰਡਲ ਪਾਏ ਰਾਸਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣੀ ਧਾਰ ਚਲਾਇੰਦਾ । ਨਿਰਗੁਣ ਜੋਤ ਨੂਰ ਪਰਕਾਸ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਵ ਅਭੇਦਾ ਅਛਲ ਅਛੇਦਾ, ਆਪਣਾ ਪੜਦਾ ਆਪ ਉਠਾਇੰਦਾ । ਆਪਣਾ ਪੜਦਾ ਦੇਵੇ ਚੁੱਕ, ਨਿਰਗੁਣ ਵੱਡਾ ਵਡ ਵਡਿਆਈਆ । ਦਰਸ ਦਿਖਾਏ ਜੋ ਬੈਠਾ ਲੁਕ, ਰੂਪ ਅਨੂਪ ਆਪ ਧਰਾਈਆ । ਸ਼ਬਦੀ ਸ਼ਬਦ ਪਏ ਬੁੱਕ, ਸਿੰਘ ਆਪਣਾ ਨਾਉਂ ਰਖਾਈਆ । ਲੇਖਾ ਜਾਣੇ ਲੋਕ ਪਰਲੋਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਸਾਚਾ ਖੇਲ ਪੁਰਖ ਅਗੰਮ, ਅਲੱਖ ਅਲੱਖਣਾ ਆਪ ਜਣਾਇੰਦਾ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਡੇਰਾ ਲਾਇੰਦਾ । ਪਵਣ ਸਵਾਸ ਨਾ ਕੋਇ ਦਮ, ਜੂਨੀ ਜੂਨ ਨਾ ਕੋਇ ਭੁਵਾਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਰੋਗ ਨਾ ਕੋਇ ਰਖਾਇੰਦਾ । ਆਪੇ ਜਾਣੇ ਆਪਣਾ ਕੰਮ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਬੇੜਾ ਬੰਨ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਪੁਰਖ ਸਮਰਥ, ਜੁਗਾ ਜੁਗੰਤਰ ਆਪ ਕਰਾਈਆ । ਨਿਰਗੁਣ ਸਰਗੁਣ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਭਗਤ ਭਗਵੰਤਾ ਹੋਏ ਵਸ, ਨਿਰਧਨ ਸਰਧਨ ਰੂਪ ਵਟਾਈਆ । ਵੇਦ ਪੁਰਾਨ ਗਾ ਗਾ ਥੱਕੇ ਜਸ, ਅੰਤ ਕੋਇ ਨਾ ਆਈਆ । ਜੁਗ ਚੌਕੜੀ ਮਾਰਗ ਦੱਸ, ਸਾਚਾ ਪੰਧ ਆਪ ਮੁਕਾਈਆ । ਜਿਸ ਜਨ ਹਿਰਦੇ ਜਾਏ ਵਸ, ਤਿਸ ਆਪਣੀ ਬੂਝ ਬੁਝਾਈਆ । ਅੰਮ੍ਰਿਤ ਦੇਵੇ ਇਕੋ ਰਸ, ਰਸਨਾ ਰਸ ਨਾ ਕੋਇ ਵਖਾਈਆ । ਤੀਰ ਨਿਰਾਲਾ ਮਾਰੇ ਕਸ, ਸ਼ਬਦੀ ਬਾਣ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਵਡ ਵਡਿਆਈਆ । ਵਡੀ ਵਡਿਆਈ ਆਦਿ ਅੰਤ, ਮਧ ਆਪਣੀ ਖੇਲ ਕਰਾਇੰਦਾ । ਪੂਰਨ ਜੋਤ ਸ੍ਰੀ ਭਗਵੰਤ, ਪਰਮ ਪੁਰਖ ਵੇਸ ਵਟਾਇੰਦਾ । ਲੇਖਾ ਜਾਣੇ ਸਾਚੇ ਸੰਤ, ਸੰਤ ਸਤਿਗੁਰ ਦਇਆ ਕਮਾਇੰਦਾ । ਮੇਲ ਮਿਲਾਵਾ ਨਾਰੀ ਕੰਤ, ਕੰਤ ਕੰਤੂਹਲ ਗੋਦ ਸੁਹਾਇੰਦਾ । ਦੇਵੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਜੋਤ ਜਗਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਨਿਵਣ ਸੋ ਅੱਖਰ ਇਕ ਸਮਝਾਇੰਦਾ । ਏਕਾ ਨਾਮ ਮਣੀਆ ਮੰਤ, ਮਨ ਕਾ ਮਣਕਾ ਆਪ ਭੁਵਾਇੰਦਾ । ਜੁਗ ਜੁਗ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਖੇਲ ਕਰਾਇੰਦਾ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਚੌਕੜੀ ਗੇੜੇ ਵਿਚ ਭੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਭੇਵ ਅਭੇਦ ਨਾ ਕੋਇ ਜਣਾਈਆ ।

ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ, ਕਲਜੁਗ ਅੰਤਮ ਵੇਖ ਵਖਾਈਆ । ਨੌਂ ਸੋ ਚੁਰਾਨਵੇਂ ਚੌਕੜੀ ਜੁਗ ਜਾਏ ਹਾਰ, ਨਵ ਨੌਂ ਆਪਣਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਸੁਰਪਤ ਇੰਦ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਕਰੋੜ ਤੇਤੀਸਾ ਗਿਆ ਹਾਰ, ਵੇਲਾ ਅੰਤ ਅੰਤ ਜਣਾਈਆ । ਗੁਰ ਅਵਤਾਰ ਕਰਨ ਵਿਚਾਰ, ਬੇਅੰਤ ਹਰਿ ਤੇਰੀ ਸ਼ਹਿਨਸ਼ਾਹੀਆ । ਪੀਰ ਪੈਗ਼ੰਬਰ ਦੋਏ ਜੋੜ ਕਰਨ ਨਿਮਸਕਾਰ, ਸਜਦਾ ਸੀਸ ਸੀਸ ਝੁਕਾਈਆ । ਚਾਰੇ ਵੇਦ ਨੇਤਰ ਰੋਵਣ ਜ਼ਾਰੋ ਜ਼ਾਰ, ਪੁਰਾਨ ਅਠਾਰਾਂ ਰਹੇ ਕੁਰਲਾਈਆ । ਸ਼ਾਸਤਰ ਸਿਮਰਤ ਗਏ ਹਾਰ, ਹਰਿ ਕਾ ਰੂਪ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਕਲਜੁਗ ਅੰਤਮ ਆਪ ਕਰਾਇੰਦਾ । ਵੇਖਣਹਾਰਾ ਰਵ ਸਸ ਸੂਰਜ ਚੰਨ ਸਿਤਾਰਾ, ਪੁਰੀਆਂ ਲੋਆਂ ਫੇਰਾ ਪਾਇੰਦਾ । ਗਗਨ ਮੰਡਲ ਦੇ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਸਾਚਾ ਭੇਵ ਦੇਵੇ ਖੋਲ੍ਹ, ਅਗੰਮ ਅਗੰਮੜੀ ਕਾਰ ਕਮਾਈਆ । ਕਲਜੁਗ ਅੰਤਮ ਕੂੜ ਕੁੜਿਆਰਾ ਵੱਜੇ ਢੋਲ, ਚਾਰੋਂ ਕੁੰਟ ਰਿਹਾ ਸੁਣਾਈਆ । ਸਚ ਵਸਤ ਨਾ ਕਿਸੇ ਕੋਲ, ਖਾਲੀ ਦਿਸੇ ਸਰਬ ਲੋਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੋਲਣਹਾਰਾ ਸਾਚਾ ਤੋਲ, ਨਾਮ ਕੰਡਾ ਹੱਥ ਉਠਾਈਆ । ਲੱਖ ਚੁਰਾਸੀ ਲਏ ਵਰੋਲ, ਨਾਮ ਮਧਾਣਾ ਏਕਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਜਣਾਈਆ । ਸਾਚੀ ਖੇਲ ਜਣਾਏ ਜਨ, ਜਨ ਜਨਣੀ ਆਪ ਸਮਝਾਇੰਦਾ । ਲੇਖਾ ਜਾਣੇ ਪੰਜ ਤੱਤ ਤਨ, ਤਨ ਮੰਦਰ ਭੇਵ ਚੁਕਾਇੰਦਾ । ਪੰਚ ਵਿਕਾਰਾ ਦੇਵਣਹਾਰਾ ਡੰਨ, ਨਾਮ ਖੰਡਾ ਹੱਥ ਰਖਾਇੰਦਾ । ਬੰਨ੍ਹਣਹਾਰਾ ਮਨੂਆ ਮਨ, ਮਨ ਮਨਸਾ ਮੋਹ ਚੁਕਾਇੰਦਾ । ਏਕਾ ਰਾਗ ਸੁਣਾਏ ਕੰਨ, ਅਨਹਦ ਨਾਦੀ ਨਾਦ ਵਜਾਇੰਦਾ । ਏਕਾ ਦੇਵੇ ਨਾਮ ਧਨ, ਸਚ ਖਜ਼ਾਨਾ ਇਕ ਰਖਾਇੰਦਾ । ਏਕਾ ਬੇੜਾ ਦੇਵੇ ਬੰਨ੍ਹ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਨੂਰ ਚੜ੍ਹਾਏ ਚੰਨ, ਜੋਤ ਨਿਰੰਜਣ ਡਗਮਗਾਇੰਦਾ । ਭਗਤਾਂ ਦੇਵੇ ਸਾਚਾ ਦਾਨ, ਬਣ ਦਾਨੀ ਆਪ ਵਰਤਾਇੰਦਾ । ਘਰ ਵਿਚ ਮੇਲਾ ਗੋਪੀ ਕਾਹਨ, ਸੁਰਤੀ ਸ਼ਬਦੀ ਬੰਧਨ ਪਾਇੰਦਾ । ਆਤਮ ਸੇਜਾ ਕਰ ਪਰਵਾਨ, ਸਚ ਸਿੰਘਾਸਣ ਆਸਣ ਲਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਰਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਮਿਟਿਆ ਅੰਤ ਨਿਸ਼ਾਨ, ਕਲਜੁਗ ਹਰਿ ਜੂ ਵੇਖ ਵਖਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨ, ਸੱਤਾਂ ਦੀਪਾਂ ਪੜਦਾ ਲਾਹਿੰਦਾ । ਚਾਰੇ ਵੇਦ ਵੇਖੇ ਹਰਿ ਜੂ ਆਣ, ਖਾਣੀ ਬਾਣੀ ਸ਼ਾਸਤਰ ਸਿਮਰਤ ਅੰਜ਼ੀਲ ਕੁਰਾਨੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਰਾਹ ਚਲਾਏ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਕਲਜੁਗ ਅੰਤਮ ਮੇਟੇ ਝੂਠ ਨਿਸ਼ਾਨ, ਕੂੜੀ ਕਿਰਿਆ ਰਹੇ ਨਾ ਰਾਈਆ । ਚਾਰ ਵਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੇਵੇ ਇਕ ਗਿਆਨ, ਏਕਾ ਅੱਖਰ ਕਰੇ ਪੜ੍ਹਾਈਆ । ਏਕਾ ਮੰਦਰ ਵਖਾਏ ਸਚ ਮਕਾਨ, ਗੁਰੂਦੁਆਰਾ ਇਕ ਸੁਹਾਈਆ । ਏਕਾ ਮਸਜਦ ਕਰੇ ਪਰਵਾਨ, ਕਾਇਆ ਕਾਅਬਾ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਸ ਵਟਾਈਆ । ਕਲਜੁਗ ਅੰਤਮ ਵੇਸ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰਾ, ਨਿਰਗੁਣ ਆਪਣਾ ਪੜਦਾ ਲਾਹਿੰਦਾ । ਏਕੰਕਾਰਾ ਕਰ ਪਸਾਰਾ, ਆਦਿ

ਨਿਰੰਜਣ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਦੇ ਸਹਾਰਾ, ਸ੍ਰੀ ਭਗਵਾਨ ਆਪਣਾ ਬੰਧਨ ਪਾਇੰਦਾ । ਪਾਰਬ੍ਰਹਮ ਪ੍ਰਭ ਭਰ ਭੰਡਾਰਾ, ਬ੍ਰਹਮ ਆਪਣੀ ਵਸਤ ਵਰਤਾਇੰਦਾ । ਈਸ਼ ਜੀਵ ਇਕ ਕਿਨਾਰਾ, ਜਗਦੀਸ ਹਰਿ ਵਖਾਇੰਦਾ । ਤ੍ਰੈਗੁਣ ਮਾਇਆ ਖੇਲ ਨਿਆਰਾ, ਪੰਚਮ ਆਪਣਾ ਜੋੜ ਜੁੜਾਇੰਦਾ । ਲੱਖ ਚੁਰਾਸੀ ਬਣ ਠਠਿਆਰਾ, ਘੜ ਘੜ ਭਾਂਡੇ ਵੇਖ ਵਖਾਇੰਦਾ । ਨਿਰਗੁਣ ਸਰਗੁਣ ਕਰ ਪਸਾਰਾ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਰੰਗ ਰੰਗਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਵੇਖਣਹਾਰਾ, ਚਾਰੇ ਬਾਣੀ ਆਪ ਜਣਾਇੰਦਾ । ਚਾਰੇ ਕੁੰਟਾਂ ਹੋ ਉਜਿਆਰਾ, ਦਹਿ ਦਿਸ਼ਾ ਫੇਰਾ ਪਾਇੰਦਾ । ਬ੍ਰਹਿਮੰਡ ਖੰਡ ਇਕ ਨਗਾਰਾ, ਨਿਰਾਕਾਰ ਆਪ ਵਜਾਇੰਦਾ । ਸ਼ਾਹੋ ਭੂਪ ਬਣ ਸਿਕਦਾਰਾ, ਹੁਕਮੇ ਹੁਕਮ ਆਪ ਸੁਣਾਇੰਦਾ । ਕਲਜੁਗ ਅੰਤਮ ਪਾਰ ਕਿਨਾਰਾ, ਝੂਠਾ ਜੂਠਾ ਮੋਹ ਤੁੜਾਇੰਦਾ । ਆਪੇ ਸੁੱਟੇ ਡੂੰਘੀ ਗਾਰਾ, ਸ਼ੌਹ ਦਰਿਆਏ ਆਪ ਰੁੜ੍ਹਾਇੰਦਾ । ਨਾਤਾ ਤੁਟੇ ਚਾਰ ਯਾਰਾ, ਮੁਹੰਮਦ ਸੰਗ ਨਾ ਕੋਇ ਰਖਾਇੰਦਾ । ਚੌਦਾਂ ਤਬਕਾਂ ਹਾਹਾਕਾਰਾ, ਹੱਕ ਹਕ਼ੀਕਤ ਵੇਖ ਵਖਾਇੰਦਾ । ਮੁਕਾਮੇ ਹੱਕ ਏਕਾ ਨਾਅਰਾ, ਪਰਵਰਦਿਗਾਰ ਆਪ ਸੁਣਾਇੰਦਾ । ਸਦੀ ਚੌਧਵੀਂ ਪਾਰ ਕਿਨਾਰਾ, ਚੌਦਸ ਚੌਦਸ ਚੰਦ ਇਕ ਚਮਕਾਇੰਦਾ । ਕਰੇ ਖੇਲ ਆਪ ਨਿਰੰਕਾਰਾ, ਦੂਸਰ ਸੰਗ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਲਾਏ ਜਗ, ਜੀਵਣ ਜੁਗਤ ਆਪ ਜਣਾਈਆ । ਫੜ ਫੜ ਹੰਸ ਬਣਾਏ ਕੱਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਜਨਮ ਕਰਮ ਵਰਨ ਬਰਨ ਮੇਟੇ ਅੱਗ, ਜ਼ਾਤ ਪਾਤ ਰਹੇ ਨਾ ਰਾਈਆ । ਦਰਸ ਦਿਖਾਏ ਸੂਰਾ ਸਰਬੱਗ, ਸਾਖਿਆਤ ਰੂਪ ਵਟਾਈਆ । ਕੂੜੀ ਕਿਰਿਆ ਦੇਵੇ ਕੱਢ, ਸਚ ਸੁੱਚ ਮਾਣ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਾਰ ਹੱਦ, ਕਲਜੁਗ ਲੇਖਾ ਦਏ ਮੁਕਾਈਆ । ਸਤਿਜੁਗ ਸਾਚਾ ਉਪਜੇ ਸਾਚੀ ਯਦ, ਵਿਸ਼ਨ ਵਿਸ਼ਵ ਇਕ ਰਖਾਈਆ । ਅੰਮ੍ਰਿਤ ਪਿਆਏ ਏਕਾ ਮਦਿ, ਨਾਮ ਖੁਮਾਰ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਸਭ ਦਾ ਆਣ ਚੁਕਾਈਆ । ਲਹਿਣਾ ਦੇਣ ਚੁਕਾਏ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਕਲਜੁਗ ਮੇਟੇ ਕੂੜ ਨਿਸ਼ਾਨ, ਕੂੜੀ ਕਿਰਿਆ ਨਾਤਾ ਮੋਹ ਤੁੜਾਇੰਦਾ । ਸਰਬ ਜੀਆਂ ਦੇਵੇ ਇਕ ਗਿਆਨ, ਅੱਖਰ ਆਖਰ ਇਕ ਪੜ੍ਹਾਇੰਦਾ । ਕਾਇਆ ਮੰਦਰ ਵੇਖ ਮਕਾਨ, ਡੂੰਘੀ ਕੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਵਖਾਇੰਦਾ । ਸਾਚਾ ਮਾਰਗ ਇਕੋ ਹਰਿ, ਦੂਸਰ ਅਵਰ ਨਾ ਕੋਇ ਵਡਿਆਈਆ । ਸਰਨ ਸਰਨਾਈ ਜੋ ਜਨ ਜਾਏ ਪੜ, ਜਨਮ ਮਰਨ ਵਿਚ ਨਾ ਆਈਆ । ਰਾਏ ਧਰਮ ਨਾ ਦੇਵੇ ਕੋਈ ਡਰ, ਚਿਤਰ ਗੁਪਤ ਹਿਸਾਬ ਨਾ ਕੋਇ ਵਖਾਈਆ । ਲਾੜੀ ਮੌਤ ਨਾ ਲਏ ਵਰ, ਕਾਲ ਗਰਾਸ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੇ ਰੰਗ ਰੰਗਾਈਆ । ਜਿਸ ਜਨ ਰੰਗੇ ਆਪਣੇ ਰੰਗ, ਰੰਗ ਰੰਗੀਲਾ ਦਇਆ ਕਮਾਇੰਦਾ । ਆਤਮ ਸੇਜਾ ਸਚ ਪਲੰਘ, ਸਚ ਸਿੰਘਾਸਣ ਇਕ ਵਖਾਇੰਦਾ । ਦਿਵਸ ਰੈਣ ਇਕ ਅਨੰਦ, ਪਰਮਾਨੰਦ ਵਿਚ ਸਮਾਇੰਦਾ । ਗੀਤ ਗੋਬਿੰਦ ਸਾਚਾ ਛੰਦ, ਧੁੰਨ ਆਤਮਕ ਰਾਗ ਅਲਾਇੰਦਾ । ਨਾਤਾ ਤੁਟੇ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਤੱਤਵ ਤੱਤ ਦੇਵੇ ਦੰਡ, ਖੰਡਾ ਖੜਗ ਆਪ ਚਮਕਾਇੰਦਾ । ਸੁਰਤ ਸਵਾਣੀ ਨਾ ਹੋਏ ਰੰਡ, ਸ਼ਬਦੀ ਕੰਤ ਕੰਤ ਮਿਲਾਇੰਦਾ । ਨਾਤਾ ਤੋੜ ਭੇਖ ਪਖੰਡ, ਆਪ

ਆਪਣਾ ਬੰਧਨ ਪਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਨੂਰ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਸਾਚਾ ਜਾਏ ਉਠ, ਸਤਿਗੁਰ ਪੂਰਾ ਆਪ ਉਠਾਈਆ । ਦੀਨ ਦਿਆਲ ਠਾਕਰ ਸਵਾਮੀ ਜਾਏ ਤੁਠ, ਪਾਰਬ੍ਰਹਮ ਬੇਪਰਵਾਹੀਆ । ਚਰਨ ਚਰਨੋਦਕ ਅੰਮ੍ਰਿਤ ਜਾਮ ਪਿਆਏ ਘੁੱਟ, ਰਸ ਰਸੀਆ ਇਕ ਵਖਾਈਆ । ਕਾਇਆ ਕਵਰੀ ਡੂੰਘੀ ਭਵਰੀ ਨਿਰਮਲ ਜੋਤ ਕਰੇ ਪਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਲੇਖੇ ਲਾਏ ਪਵਣ ਸਵਾਸ, ਪਵਣ ਪਵਣਾਂ ਵਿਚ ਸਮਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਪੂਰੀ ਕਰੇ ਆਸ, ਆਸਾ ਆਸਾ ਨਾਲ ਰਖਾਈਆ । ਨਿਝ ਘਰ ਆਤਮ ਕਰ ਕਰ ਵਾਸ, ਨਿਝ ਨੇਤਰ ਦਏ ਖੁਲ੍ਹਾਈਆ । ਨਾਤਾ ਤੁਟੇ ਪ੍ਰਿਥਮੀ ਆਕਾਸ਼, ਘਰ ਮੰਡਲ ਸੋਭਾ ਪਾਈਆ । ਸਤਿਗੁਰ ਪੂਰਾ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਸਾਚੇ ਮਿਲੇ ਮੇਲ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਦੀਪਕ ਜੱਗੇ ਬਿਨ ਬਾਤੀ ਤੇਲ, ਅਗਿਆਨ ਅੰਧੇਰ ਚੁਕਾਇੰਦਾ । ਵਸਣਹਾਰਾ ਧਾਮ ਨਵੇਲ, ਘਰ ਘਰ ਵਿਚ ਸੋਭਾ ਪਾਇੰਦਾ । ਰਾਏ ਧਰਮ ਦੀ ਕੱਟੇ ਜੇਲ, ਆਵਣ ਜਾਵਣ ਪੰਧ ਮੁਕਾਇੰਦਾ । ਅਚਰਜ ਵਖਾਏ ਆਪਣਾ ਖੇਲ, ਨਿਰਗੁਣ ਸਰਗੁਣ ਆਪ ਕਰਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਹਰਿ ਜੂ ਸੱਜਣ ਸੁਹੇਲ, ਜਨ ਭਗਤਾਂ ਸੰਗ ਨਿਭਾਇੰਦਾ । ਨਿਹਕਰਮੀ ਆਪਣਾ ਕਰ ਕਰ ਮੇਲ, ਅਭੇਵ ਅਭੇਦ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਸਾਚਾ ਜਾਏ ਜਾਗ, ਜਾਗਣਹਾਰਾ ਆਪ ਜਗਾਇੰਦਾ । ਆਤਮ ਅੰਤਰ ਇਕ ਵੈਰਾਗ, ਪੁਰਖ ਵੈਰਾਗੀ ਆਪ ਉਪਜਾਇੰਦਾ । ਜਨਮ ਜਨਮ ਦਾ ਧੋਵੇ ਦਾਗ਼, ਦੁਰਮਤ ਮੈਲ ਆਪ ਧੁਵਾਇੰਦਾ । ਅਨਹਦ ਸ਼ਬਦ ਅਨਾਦੀ ਰਾਗ, ਬਿਨ ਤੰਦੀ ਤੰਦ ਸਿਤਾਰ ਆਪ ਸੁਣਾਇੰਦਾ । ਦੀਪਕ ਜੋਤ ਜਗੇ ਚਿਰਾਗ਼, ਘਰ ਮੰਦਰ ਆਪ ਸੁਹਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਬਣਾਇੰਦਾ । ਪੰਜ ਤੱਤ ਕਾਇਆ ਚੋਲਾ ਦੇਵੇ ਸਾਧ, ਸਾਚੀ ਸਾਧਨਾ ਆਪ ਸਮਝਾਇੰਦਾ । ਮੇਲ ਮਿਲਾਵਾ ਮੋਹਣ ਮਾਧਵ ਮਾਧ, ਮੁਕੰਦ ਮਨੋਹਰ ਲੱਖਖੀ ਨਰੈਣ ਆਪਣੇ ਰੰਗ ਰੰਗਾਇੰਦਾ । ਭਗਤ ਭਗਵੰਤ ਸੁਣੇ ਫ਼ਰਿਯਾਦ, ਦੁਖੀਆਂ ਦਰਦੀ ਦਰਦ ਵੰਡਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਚਰਨ ਕਵਲ ਆਪ ਬਹਾਇੰਦਾ । ਦਰਗਹ ਸਾਚੀ ਕਰੇ ਲਾਡ, ਸਚਖੰਡ ਦੁਆਰੇ ਆਪ ਸੁਹਾਇੰਦਾ । ਲੇਖਾ ਜਾਣੇ ਜੁਗਾਦਿ ਆਦਿ, ਜੁਗ ਜੁਗ ਆਪਣਾ ਵੇਸ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤ ਆਪ ਮਿਲਾਇੰਦਾ । ਭਗਤਨ ਮੀਤਾ ਏਕੰਕਾਰ, ਅਕਲ ਕਲਾ ਅਖਵਾਈਆ । ਜੁਗਾ ਜੁਗੰਤਰ ਲਏ ਅਵਤਾਰ, ਨਿਤ ਨਵਿਤ ਵੇਸ ਵਟਾਈਆ । ਘਰ ਮੰਦਰ ਵਖਾਏ ਠਾਂਡਾ ਦਰਬਾਰ, ਸੀਤਲ ਧਾਰ ਇਕ ਵਹਾਈਆ । ਨਾਤਾ ਤੋੜ ਸਰਬ ਸੰਸਾਰ, ਆਪ ਆਪਣੇ ਰੰਗ ਰੰਗਾਈਆ । ਝੂਠਾ ਦਿਸੇ ਸਰਬ ਪਸਾਰ, ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ ਕੰਮ ਕੋਇ ਨਾ ਆਈਆ । ਧੀਆਂ ਪੁੱਤਰ ਨਾ ਕੋਈ ਨਾਰ, ਅੰਤ ਬਿਨ ਹਰਿ ਕੰਤ ਸਗਲਾ ਸੰਗ ਨਾ ਕੋਇ ਨਿਭਾਈਆ । ਆਸਾ ਤ੍ਰਿਸਨਾ ਜਗਤ ਪਿਆਰ, ਮਾਇਆ ਮਮਤਾ ਹੋਈ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਕਰੇ ਇਕ ਪੜ੍ਹਾਈਆ । ਹਰਿਜਨ ਪੜ੍ਹੇ ਅੱਖਰ ਏਕ, ਏਕਾ ਗੁਣ ਸਮਝਾਇੰਦਾ ।

ਹਰਿਜਨ ਰੱਖੇ ਏਕਾ ਟੇਕ, ਏਕਾ ਇਸ਼ਟ ਵਖਾਇੰਦਾ । ਹਰਿਜਨ ਵੇਖੇ ਏਕਾ ਲੇਖ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਹਰਿਜਨ ਵਸੇ ਏਕਾ ਦੇਸ, ਸਚਖੰਡ ਸਾਚੇ ਸੋਭਾ ਪਾਇੰਦਾ । ਹਰਿਜਨ ਸਹਾਈ ਇਕ ਨਰੇਸ਼, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੀ ਗੋਦ ਬਹਾਇੰਦਾ । ਹਰਿਜਨ ਸਾਚੀ ਬਹੇ ਗੋਦ, ਸਤਿਗੁਰ ਪੂਰਾ ਆਪ ਬਹਾਈਆ । ਦੂਈ ਦਵੈਤੀ ਮਿਟੇ ਰੋਗ, ਸੋਗ ਚਿੰਤਾ ਨਾ ਕੋਇ ਰਖਾਈਆ । ਆਤਮ ਪਰਮਾਤਮ ਹੋਏ ਸੰਜੋਗ, ਬ੍ਰਹਮ ਪਾਰਬ੍ਰਹਮ ਮਿਲਾਈਆ । ਏਕਾ ਪੁਰਖ ਏਕਾ ਓਟ, ਏਕਾ ਸੀਸ ਜਗਦੀਸ ਹੋਏ ਸਹਾਈਆ । ਏਕਾ ਕਿਲਾ ਏਕਾ ਕੋਟ, ਏਕਾ ਗੜ੍ਹ ਬੰਕ ਵਡਿਆਈਆ । ਏਕਾ ਨੂਰ ਏਕਾ ਜੋਤ, ਏਕਾ ਨਿਰਮਲ ਧਾਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਈਆ । ਹਰਿਜਨ ਉਠਾਏ ਆਪ ਦਿਆਲ, ਦੀਨਨ ਦਇਆ ਕਮਾਇੰਦਾ । ਗੁਰਮੁਖ ਵੇਖੇ ਸਾਚੇ ਲਾਲ, ਆਪਣੀ ਗੋਦ ਬਹਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਆਪ ਆਪਣੇ ਰੰਗ ਰੰਗਾਇੰਦਾ । ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਸਤਿਗੁਰ ਸਾਚਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਗੁਰਸਿਖ ਸੰਤ ਭਗਵੰਤ ਏਕਾ ਘਰ ਬਹਾਇੰਦਾ । ਏਕਾ ਘਰ ਹਰਿਜਨ ਬਹਿਣਾ, ਹਰੀ ਹਰਿ ਨਰੈਣ ਆਪ ਜਣਾਈਆ । ਦਰਸ਼ਨ ਕਰਨਾ ਹਰਿ ਹਰਿ ਨੈਣਾਂ, ਨੇਤਰ ਨੈਣ ਨੈਣ ਖੁਲ੍ਹਾਈਆ । ਸਾਚੇ ਧਾਮ ਸਚਖੰਡ ਬਹਿਣਾ, ਸਚ ਵੱਜੇ ਸਦਾ ਵਧਾਈਆ । ਲਾੜ੍ਹੀ ਮੌਤ ਨਾ ਖਾਏ ਡੈਣਾਂ, ਜੂਨੀ ਜੂਨ ਨਾ ਕੋਇ ਭੁਵਾਈਆ । ਗੁਰਸਿਖ ਗੁਰ ਗੁਰ ਮੰਨਣਾ ਕਹਿਣਾ, ਗੁਰ ਇਸ਼ਟ ਦੇਵ ਗੁਰ ਨਮੋ ਨਮੋ ਸਦਾ ਸਦਾ ਸਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰੈਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸ੍ਰੀ ਭਗਵੰਤ ਹਰਿਜਨ ਮੇਲਾ ਨਾਰੀ ਕੰਤ, ਸੇਜ ਸੁਹੰਜਣੀ ਜੋਤ ਨਿਰੰਜਣੀ ਅਨਭਵ ਪਰਕਾਸ਼ ਸ਼ਾਹੋ ਸ਼ਾਬਾਸ਼ ਦਾਸੀ ਦਾਸ ਸੇਵਕ ਸੇਵਾ ਆਪਣੀ ਆਪ ਕਮਾਈਆ ।

ਸੇਵਾ ਕਰੇ ਹਰਿ ਜੂ ਠਾਕਰ ਹਰਿਜਨ ਸਾਚੇ ਵੇਖ ਵਖਾਈਆ । ਦੇਵੇ ਨਾਮ ਰੱਤੀ ਰਤਨਾਗਰ, ਰੱਤੀ ਰੱਤ ਦਏ ਸੁਕਾਈਆ । ਭਾਗ ਲਗਾਏ ਕਾਇਆ ਗਾਗਰ, ਕਾਚੀ ਗਗਰੀਆ ਦਏ ਵਡਿਆਈਆ । ਅੰਮ੍ਰਿਤ ਨੀਰ ਵਿਰੋਲੇ ਸਿੰਧ ਸਾਗਰ, ਸਮੁੰਦ ਆਪਣਾ ਭੇਵ ਚੁਕਾਈਆ । ਜਨ ਭਗਤਾਂ ਦੇਵੇ ਮਾਣ ਆਦਰ, ਆਦਰਸ਼ ਆਪਣਾ ਆਪ ਵਖਾਈਆ । ਨਿਰਮਲ ਕਰਮ ਹੋਏ ਉਜਾਗਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਆਪਣਾ ਭੇਵ ਚੁਕਾਈਆ । ਜਿਸ ਜਨ ਖੋਲ੍ਹੇ ਆਪਣਾ ਭੇਵ, ਭੇਦ ਨਾ ਕੋਇ ਰਖਾਇੰਦਾ । ਨਜ਼ਰੀ ਆਏ ਵਡ ਦੇਵੀ ਦੇਵ, ਦੇਵਤ ਸੁਰ ਸੀਸ ਝੁਕਾਇੰਦਾ । ਨਿਰਾਕਾਰ ਨਿਰੰਕਾਰ ਨਿਹਕੇਵ, ਨਿਹਚਲ ਧਾਮ ਆਸਣ ਲਾਇੰਦਾ । ਕਥਨੀ ਕਥ ਨਾ ਸਕੇ ਰਸਨਾ ਜਿਹਵ, ਗੁਣ ਅਵਗੁਣ ਨਾ ਕੋਇ ਰਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਅਲੱਖ ਅਭੇਵ, ਅਲੱਖ ਅਲੱਖਣਾ ਆਪਣੀ ਅਲੱਖ ਆਪ ਸੁਣਾਇੰਦਾ । ਹਰਿਜਨ ਵਿਰਲਾ ਲੱਗੇ ਸੇਵ, ਜਿਸ ਜਨ ਸਾਚੀ ਸੇਵ ਸਮਝਾਇੰਦਾ । ਅੰਮ੍ਰਿਤ ਆਤਮ ਰਸ ਦੇਵੇ ਇਕੋ ਮੇਵ, ਰਸਨਾ ਰਸ ਸਰਬ ਗਵਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੀ ਬੂਝ ਬੁਝਾਇੰਦਾ । ਹਰਿਜਨ ਬੂਝੇ ਗੁਰ ਵਿਚਾਰ ਗੁਰ ਗੁਰ ਭੇਵ ਚੁਕਾਇਆ । ਮਨ ਮਤ ਬੁਧ ਨਾ ਪਾਵੇ ਸਾਰ, ਬੇਅੰਤ ਬੇਪਰਵਾਹਿਆ । ਜਿਸ ਜਨ ਖੋਲ੍ਹੇ ਬੰਦ ਕਿਵਾੜ, ਨਿਜ ਨੇਤਰ ਦਏ ਦਰਸਾਇਆ । ਜਿਸ ਜਨ ਕਰੇ ਆਪ ਪਿਆਰ, ਕਿਰਪਨ ਆਪਣੇ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਤਰਾਇਆ । ਗੁਰਮੁਖ ਤਰਿਆ ਵਿਚ ਸੰਸਾਰ, ਸੰਸਾਰ ਸਾਗਰ ਪਾਰ ਕਰਾਇਆ । ਪ੍ਰਭ ਮਿਲਿਆ ਏਕੋ ਵਾਰ, ਵਿਛੜ ਕਦੇ ਨਾ ਜਾਇਆ । ਦਰ ਦੇਵੇ ਠਾਂਡਾ ਦਰਬਾਰ, ਤੱਤੀ ਵਾ ਨਾ ਲਾਗੇ ਰਾਇਆ । ਜਿਸ ਜਨ ਕਿਰਪਾ ਕਰੇ ਆਪ ਨਿਰੰਕਾਰ, ਕਰ ਕਿਰਪਾ ਮੇਲ ਮਿਲਾਇਆ । ਦਰ ਦਰ ਘਰ ਘਰ ਆ ਆ ਦੇਵੇ ਦਰਸ ਦੀਦਾਰ, ਨਿਰਗੁਣ ਆਪਣਾ ਰੂਪ ਵਟਾਇਆ । ਜਨਮ ਜਨਮ ਦਾ ਲਹਿਣਾ ਦੇਣਾ ਦੇਵੇ ਕਰਜ ਉਤਾਰ, ਪੂਰਬ ਲੇਖਾ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੀ ਬੂਝ ਬੁਝਾਇਆ । ਗੁਰਮੁਖ ਬੂਝੇ ਆਤਮ ਅੰਤਰ, ਲਿਵ ਆਤਮ ਇਕ ਇਕ ਲਾਈਆ । ਜਨਮ ਜਨਮ ਦੀ ਬੁਝੇ ਬਸੰਤਰ, ਅਗਨੀ ਅੱਗ ਰਹੇ ਨਾ ਰਾਈਆ । ਲੇਖਾ ਚੁੱਕੇ ਗਗਨ ਗਗਨੰਤਰ, ਗਗਨ ਮੰਡਲ ਡੇਰਾ ਢਾਹੀਆ । ਏਕਾ ਜਾਪ ਮਿਲੇ ਸਚ ਮੰਤਰ, ਸੋ ਪੁਰਖ ਨਿਰੰਜਣ ਹੰ ਬ੍ਰਹਮ ਕਰੇ ਪੜ੍ਹਾਈਆ । ਮਾਨਸ ਜਨਮ ਬਣਾਏ ਬਣਤਰ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਏਕਾ ਵਰ, ਚਰਨ ਸਰਨ ਇਕ ਸਰਨਾਈਆ । ਚਰਨ ਸਰਨ ਸੱਚੀ ਸਰਨਾਗਤ, ਗਤ ਮਿਤ ਆਪਣੇ ਹੱਥ ਰਖਾਇੰਦਾ ਦੇਵਣਹਾਰਾ ਇਕੋ ਮਤ, ਬ੍ਰਹਮ ਮਤ ਆਪ ਪੜ੍ਹਾਇੰਦਾ । ਬੀਜ ਬੀਜੇ ਸਾਚੇ ਵਤ, ਨਾਮ ਫਲ ਇਕ ਲਗਾਇੰਦਾ । ਨਾਤਾ ਤੋੜ ਸੀਆਂ ਸਾਢੇ ਤਿੰਨ ਹੱਥ, ਆਵਣ ਜਾਵਣ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਵਿਚ ਛੁਪਾਇੰਦਾ । ਹਰਿਜਨ ਆਪਣੇ ਅੰਤਰ ਰੱਖ, ਆਪਣਾ ਭੇਵ ਛੁਪਾਈਆ । ਸ੍ਰਿਸ਼ਟ ਸਬਾਈ ਹੋਏ ਭੱਠ, ਭਠ ਖੇੜਾ ਦਏ ਜਣਾਈਆ । ਉਲਟੀ ਗੇੜੇ ਆਪੇ ਲੱਠ, ਲੱਖ ਚੁਰਾਸੀ ਦਏ ਭੁਵਾਈਆ । ਕਰੇ ਖੇਲ ਬਾਜੀਗਰ ਨਟ, ਨਟੂਆ ਆਪਣਾ ਸਵਾਂਗ ਵਰਤਾਈਆ । ਹਰਿਜਨ ਆਪਣੇ ਖਾਤੇ ਲਏ ਖਤ, ਡੂੰਘਾ ਖਾਤਾ ਲਏ ਭਰਾਈਆ । ਕਲਜੁਗ ਅੰਤ ਹੋ ਪਰਗਟ, ਨਿਹਕਲੰਕ ਫੇਰਾ ਪਾਈਆ । ਸੰਬਲ ਨਗਰ ਰਿਹਾ ਵਸ, ਗੋਬਿੰਦ ਮੇਲਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲੇ ਆਪਣੇ ਘਰ, ਘਰ ਮੰਦਰ ਇਕ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਜੁਗ ਭਗਤ ਭਗਵੰਤ ਸਾਚੇ ਸੰਤ ਸਗਲਾ ਸੰਗ ਰਖਾਈਆ ।



੭੨੪
੧੧

## ★ ੧੯ ਫੱਗਣ ੨੦੧੮ ਬਿਕ੍ਰਮੀ ਤਾਰੂ ਸਿੰਘ ਦੇ ਗ੍ਰਿਹ ਕੋਰਾ ਪੁਰ ਫਾਰਮ ਲਖੀਮਪੁਰ ★

ਹਰਿ ਦਾਨ ਹਰਿ ਨਿਰੰਕਾਰ, ਆਦਿ ਜੁਗਾਦਿ ਜਨ ਭਗਤਾਂ ਆਪ ਵਰਤਾਇੰਦਾ । ਆਤਮ ਅੰਤਰ ਦੇਵੇ ਬ੍ਰਹਮ ਗਿਆਨ, ਨਿਝ ਨੇਤਰ ਨੈਣ ਆਪ ਖੁਲ੍ਹਾਇੰਦਾ । ਅਨਹਦ ਸ਼ਬਦ ਸੱਚੀ ਧੁਨਕਾਨ, ਅਨਾਦੀ ਨਾਦ ਰਾਗ ਅਲਾਇੰਦਾ । ਨਿਰਮਲ ਜੋਤ ਨੂਰ ਮਹਾਨ, ਜੋਤੀ ਜਾਤਾ ਆਪ ਜਗਾਇੰਦਾ । ਚਰਨ ਕਵਲ ਦੇਵੇ ਸਚ ਧਿਆਨ, ਸਰਨ ਸਰਨਾਈ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਆਪ

ਵਰਤਾਇੰਦਾ । ਸਾਚਾ ਦਾਨ ਨਾਮ ਧਨ, ਹਰਿ ਜੂ ਹਰਿ ਹਰਿ ਆਪ ਵਰਤਾਈਆ । ਮਨ ਵਾਸਨਾ ਦੇਵੇ ਬੰਨ੍ਹ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਏਕਾ ਰਾਗ ਸੁਣਾਏ ਕੰਨ, ਅਨਹਦ ਨਾਦੀ ਨਾਦ ਵਜਾਈਆ । ਗੜ੍ਹ ਹੰਕਾਰੀ ਦੇਵੇ ਭੰਨ, ਭਾਂਡਾ ਭਰਮ ਭਓ ਭੰਨਾਈਆ । ਕਰੇ ਪਰਕਾਸ਼ ਨੇਤਰ ਅੰਨ੍ਹ, ਅਗਿਆਨ ਅੰਧੇਰ ਚੁਕਾਈਆ । ਪੰਚ ਵਿਕਾਰਾ ਦੇਵੇ ਡੰਨ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਥਿਰ ਘਰ ਵਖਾਏ ਬਿਨ ਛੱਪਰੀ ਛੰਨ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਦਰਸ ਦਿਖਾਏ ਸ੍ਰੀ ਭਗਵਨ, ਸਤਿ ਸਰੂਪੀ ਰੂਪ ਵਟਾਈਆ । ਮਾਣਸ ਜਨਮ ਬੇੜਾ ਦੇਵੇ ਬੰਨ੍ਹ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਨਾਮ ਵਰਤਾਈਆ । ਸਾਚਾ ਦਾਨ ਸ੍ਰੀ ਭਗਵਾਨ, ਜੁਗ ਕਰਤਾ ਆਪ ਵਰਤਾਇੰਦਾ । ਗੁਰਮੁਖ ਵੇਖੇ ਚਤੁਰ ਸੁਘੜ ਸੁਜਾਨ, ਲੱਖ ਚੁਰਾਸੀ ਜੀਵ ਜੰਤ ਫੋਲ ਫੁਲਾਇੰਦਾ । ਮਾਨਸ ਮਨੁਖ ਦੇਵੇ ਮਾਣ, ਅਭਿਮਾਣ ਮੋਹ ਮਿਟਾਇੰਦਾ । ਕਰ ਪਰਕਾਸ਼ ਕੋਟਨ ਭਾਨ, ਨੂਰੋ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਆਪ ਵਰਤਾਇੰਦਾ । ਸਾਚਾ ਦਾਨ ਸ੍ਰੀ ਭਗਵੰਤ, ਜੁਗ ਜੁਗ ਆਪ ਵਰਤਾਈਆ । ਹਰਿਜਨ ਵੇਖੇ ਸਾਚੇ ਸੰਤ, ਈਸ਼ ਜੀਵ ਬੂਝ ਬੁਝਾਈਆ । ਗੜ੍ਹ ਤੋੜ ਹਉਮੇ ਹੰਗਤ, ਨਿਵਣ ਸੋ ਅੱਖਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਇਕ ਵਰਤਾਈਆ । ਸਾਚਾ ਦਾਨ ਦੇਵਣਹਾਰਾ, ਆਦਿ ਜੁਗਾਦਿ ਸਮਾਇੰਦਾ । ਸਚਖੰਡ ਵਸੇ ਵਸਣਹਾਰਾ, ਨਿਰਗੁਣ ਨਿਰਾਕਾਰ ਰੂਪ ਰਖਾਇੰਦਾ । ਸੋ ਪੁਰਖ ਨਿਰੰਜਣ ਖੇਲ ਅਪਾਰਾ, ਹਰਿ ਪੁਰਖ ਨਿਰੰਜਣ ਆਪ ਕਰਾਇੰਦਾ । ਏਕੰਕਾਰਾ ਕਰ ਪਸਾਰਾ, ਆਦਿ ਨਿਰੰਜਣ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਸਚ ਭੰਡਾਰਾ, ਥਿਰ ਘਰ ਸਾਚੇ ਆਪ ਟਿਕਾਇੰਦਾ । ਸ੍ਰੀ ਭਗਵਾਨ ਬਣ ਵਣਜਾਰਾ, ਸਾਚੀ ਵਸਤ ਆਪ ਵਰਤਾਇੰਦਾ । ਪਾਰਬ੍ਰਹਮ ਬ੍ਰਹਮ ਦਏ ਸਹਾਰਾ, ਆਪ ਆਪਣੀ ਦਇਆ ਕਮਾਇੰਦਾ । ਏਕਾ ਨਾਮ ਹਰਿ ਨਿਰੰਕਾਰਾ, ਸਾਚਾ ਦਾਨ ਆਪਣੇ ਹੱਥ ਰਖਾਇੰਦਾ । ਖੇਲ ਕਰੇ ਅਗੰਮ ਅਪਾਰਾ, ਅਲੱਖ ਅਗੋਚਰ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਨੀ ਆਪਣਾ ਦਾਨ ਆਪਣੇ ਕੋਲ ਵਖਾਇੰਦਾ । ਸਾਚਾ ਦਾਨ ਰੱਖੇ ਕੋਲ, ਦਿਸ ਕਿਸੇ ਨਾ ਆਈਆ । ਨਾਮ ਕੰਡੇ ਲਏ ਤੋਲ ਅਤੁਲ ਬੇਪਰਵਾਹੀਆ । ਜੁਗਾ ਜੁਗੰਤਰ ਰੱਖੇ ਅਨਮੋਲ, ਕਰਤਾ ਕੀਮਤ ਕੋਇ ਨਾ ਪਾਈਆ । ਸਚ ਭੰਡਾਰਾ ਸਾਚੇ ਸੰਤਾਂ ਦੇਵੇ ਖੋਲ੍ਹ, ਆਪ ਆਪਣੀ ਬੂਝ ਬੁਝਾਈਆ । ਅੰਤਰ ਆਤਮ ਜਾਏ ਮੌਲ, ਬਸੰਤਰ ਅਗਨੀ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਏਕਾ ਏਕ ਰਖਾਈਆ । ਸਾਚਾ ਦਾਨ ਏਕੰਕਾਰ, ਅਕਲ ਕਲ ਰਖਾਇੰਦਾ । ਜਨ ਭਗਤਾਂ ਦੇਵੇ ਕਰ ਪਿਆਰ, ਜੁਗ ਜੁਗ ਝੋਲੀ ਆਪ ਭਰਾਇੰਦਾ । ਵੇਖੇ ਵਿਗਸੇ ਵੇਖਣਹਾਰ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਜੋਤੀ ਜਾਤਾ ਪੁਰਖ ਨਾਰ, ਨਾਰੀ ਕੰਤ ਰੂਪ ਵਟਾਇੰਦਾ । ਸ਼ਬਦ ਅਗੰਮੀ ਇਕ ਵਣਜਾਰ, ਬਣ ਵਣਜਾਰਾ ਸੇਵ ਕਮਾਇੰਦਾ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਖੋਲ੍ਹ ਕਿਵਾੜ, ਗਗਨ ਪਾਤਾਲਾਂ ਏਕਾ ਵਸਤ ਵਖਾਇੰਦਾ । ਰਵ ਸਸ ਸੂਰਜ ਚੰਨ ਮੰਡਲ ਮੰਡਪ ਦੇ ਸਹਾਰ, ਧਰਤ ਧਵਲ ਏਕਾ ਓਟ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਸਾਚੀ ਵਸਤ ਝੋਲੀ ਪਾਇੰਦਾ । ਤ੍ਰੈਗੁਣ ਮਾਇਆ ਦੇ ਦੇ ਦਾਨ, ਰਜੋ ਤਮੋ ਸਤੋ ਸੰਗ ਮਿਲਾਇੰਦਾ । ਪੰਚ ਤੱਤ ਕਰ ਪਰਧਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੇਸ ਵਟਾਇੰਦਾ । ਨਿਰਗੁਣ ਨਿਰਗੁਣ

ਖੇਲ ਮਹਾਨ, ਸਰਗੁਣ ਆਪਣੀ ਵੰਡ ਵੰਡਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਰਧਾਨ, ਨੂਰ ਨੁਰਾਨਾ ਡਗਮਗਾਇੰਦਾ । ਈਸ਼ ਜੀਵ ਵੇਖ ਵਖਾਏ ਇਕ ਮਕਾਨ, ਘਰ ਘਰ ਵਿਚ ਸੋਭਾ ਪਾਇੰਦਾ । ਆਤਮ ਬ੍ਰਹਮ ਕਰ ਕਲਿਆਣ, ਏਕਾ ਕਲਮਾ ਆਪ ਪੜ੍ਹਾਇੰਦਾ । ਏਕੰਕਾਰਾ ਨਾਉਂ ਨਿਰੰਕਾਰਾ ਸਾਚਾ ਦਾਨ, ਲੱਖ ਚੁਰਾਸੀ ਝੋਲੀ ਪਾਇੰਦਾ । ਖੇਲੇ ਖੇਲ ਸ੍ਰੀ ਭਗਵਾਨ, ਲੇਖਾ ਜਾਣ ਦੋ ਜਹਾਨ, ਜੀਵ ਜੰਤ ਆਦਿ ਅੰਤ ਜੁਗ ਜੁਗ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਏਕਾ ਏਕ ਰਖਾਇੰਦਾ । ਸਾਚਾ ਦਾਨ ਇਕੋ ਰੱਖ, ਵਿਸ਼ਨ ਬ੍ਰਹਮਾ ਸ਼ਿਵ ਦਏ ਵਡਿਆਈਆ । ਸਾਚਾ ਦਾਨ ਝੋਲੀ ਪਾਏ ਚੁਰਾਸੀ ਲੱਖ, ਘਟ ਘਟ ਆਪਣੀ ਜੋਤ ਟਿਕਾਈਆ । ਸਾਚਾ ਦਾਨ ਅਨਹਦ ਸ਼ਬਦ ਨਾਦ ਧੁੰਨਕਾਨ ਆਪ ਰਖਾਏ ਅਲੱਖਣਾ ਅਲੱਖ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਨਿਰਗੁਣ ਸਰਗੁਣ ਹੋ ਪਰਤੱਖ, ਆਤਮ ਪਰਮਾਤਮ ਪੜਦਾ ਦਏ ਚੁਕਾਈਆ । ਵਸਤ ਅਮੋਲਕ ਕਾਇਆ ਗੋਲਕ ਨਿਰਗੁਣ ਦਾਤਾ ਪੁਰਖ ਬਿਧਾਤਾ ਆਪੇ ਲਏ ਢਕ, ਉਪਰ ਆਪਣਾ ਪੜਦਾ ਪਾਈਆ । ਕਿਰਪਾ ਨਿਧ ਦੀਨ ਦਿਆਲ ਠਾਕਰ ਗੁਰਮੁਖ ਵਿਰਲੇ ਦਏ ਦੱਸ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਇਕ ਵਰਤਾਈਆ । ਸਾਚਾ ਦਾਨ ਦੇਵਣ ਜੋਗ, ਜੁਗਤ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦਿ ਸਚ ਸਲੋਕ, ਗੁਰ ਅਵਤਾਰਾ ਆਪ ਪੜ੍ਹਾਇੰਦਾ । ਏਕਾ ਦਾਨ ਚੌਦਾਂ ਲੋਕ, ਚੌਦਾਂ ਹੱਟ ਆਪ ਵਰਤਾਇੰਦਾ । ਏਕਾ ਦਾਨ ਹਰਿ ਕਾ ਨਾਮ ਸਲੋਕ, ਬਿਨ ਅੱਖਰ ਆਪ ਪੜ੍ਹਾਇੰਦਾ । ਏਕਾ ਦਾਨ ਅੰਤਮ ਦੇਵੇ ਮੋਖ, ਜੀਵਣ ਮੁਕਤ ਆਪ ਕਰਾਇੰਦਾ । ਏਕਾ ਦਾਨ ਬਖ਼ਸ਼ੇ ਪੰਜ ਤੱਤ ਕਾਇਆ ਕਿਲਾ ਕੋਟ, ਤ੍ਰੈਗੁਣ
੭੨੬
੧੧
ਮੇਲਾ ਜੋੜ ਜੁੜਾਇੰਦਾ । ਏਕਾ ਦਾਨ ਨਿਰਮਲ ਜੋਤ, ਘਟ ਦੀਪਕ ਬਾਤੀ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਏਕਾ ਏਕ ਪਰਗਟਾਇੰਦਾ । ਸਾਚਾ ਦਾਨ ਦੇਵੇ ਦਾਤਾਰ, ਦੀਨਨ ਆਪਣੀ ਦਇਆ ਕਮਾਈਆ । ਜੁਗ ਜੁਗ ਵੇਸ ਕਰੇ ਅਗੰਮ ਅਪਾਰ, ਬੇਅੰਤ ਵੱਡਾ ਸ਼ਹਿਨਸ਼ਾਹੀਆ । ਸ਼ਬਦ ਅਗੰਮੀ ਖੋਲ੍ਹ ਭੰਡਾਰ, ਗੁਰ ਗੁਰ ਵੇਸ ਵਟਾਈਆ । ਲੱਖ ਚੁਰਾਸੀ ਪਾਵੇ ਸਾਰ, ਘਟ ਘਟ ਪੜਦਾ ਰਿਹਾ ਉਠਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਉਠਾਲ, ਆਪ ਆਪਣਾ ਮੇਲ ਮਿਲਾਈਆ । ਨਾਤਾ ਤੋੜ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਵਡਿਆਈਆ । ਚਾਰ ਵਰਨਾਂ ਬਣੇ ਦਲਾਲ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪਣੇ ਰੰਗ ਰੰਗਾਈਆ । ਹੱਕ ਹਕੀਕਤ ਜਾਣੇ ਹਲਾਲ, ਮੁਕਾਮੇ ਹੱਕ ਹੱਕ ਰਸਾਈਆ । ਨੌਬਤ ਵਜਾਏ ਦੋ ਜਹਾਨ, ਕਰੇ ਖੇਲ ਸ੍ਰੀ ਭਗਵਾਨ, ਬੇਅੰਤ ਬੇਅੰਤ ਆਪਣਾ ਨਾਉਂ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਏਕਾ ਹੱਥ ਰਖਾਈਆ । ਸਾਚਾ ਦਾਨ ਏਕਾ ਹੱਥ, ਸੋ ਪੁਰਖ ਨਿਰੰਜਣ ਆਪ ਰਖਾਇੰਦਾ । ਹਰਿ ਪੁਰਖ ਨਿਰੰਜਣ ਸਾਹਿਬ ਸਮਰਥ, ਦੂਸਰ ਓਟ ਨਾ ਕੋਇ ਤਕਾਇੰਦਾ । ਏਕੰਕਾਰਾ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਆਦਿ ਨਿਰੰਜਣ ਅੰਤਰ ਅੰਤਰ ਜਾਏ ਵਸ, ਨੂਰੋ ਨੂਰ ਨੂਰ ਪਰਗਟਾਇੰਦਾ । ਅਬਿਨਾਸ਼ੀ ਕਰਤਾ ਆਪਣੇ ਮੰਡਲ ਪਾਏ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਸ੍ਰੀ ਭਗਵਾਨ ਇਕ ਵਖਾਏ ਸਚ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਦੇਵੇ ਦਾਨ, ਬ੍ਰਹਮ ਬ੍ਰਹਮ ਬ੍ਰਹਮ ਕਰੇ ਕਲਿਆਣ, ਆਪ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਾਤ ਆਪ ਵਰਤਾਇੰਦਾ । ਦੇਵੇ ਦਾਨ ਦੀਨ ਦਿਆਲਾ,

ਗੁਰ ਗੁਰ ਵੇਸ ਵਟਾਈਆ । ਘਰ ਵਿਚ ਘਰ ਵਖਾਏ ਸੱਚੀ ਧਰਮਸਾਲਾ, ਘਟ ਬੈਠਾ ਮੁੱਖ ਛੁਪਾਈਆ । ਹਰਿਜਨ ਗੁਰਮੁਖ ਗੁਰਸਿਖ ਆਪ ਉਠਾਏ ਸੱਚਾ ਬਾਲਾ, ਬਾਲੀ ਬੁਧ ਬਿਬੇਕ ਕਰਾਈਆ । ਬਿਰਹੋਂ ਤੀਰ ਮਾਰੇ ਨਿਰਾਲਾ, ਨਿਰਵੈਰ ਹੱਥ ਉਠਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਨੇੜ ਨਾ ਆਏ ਕਾਲ ਮਹਾਂਕਾਲਾ, ਰਾਏ ਧਰਮ ਮੁਖ ਛੁਪਾਈਆ । ਜਿਸ ਜਨ ਦੱਸੇ ਰਾਹ ਸੁਖਾਲਾ, ਏਕਾ ਹਰਿ ਕਾ ਨਾਉਂ ਪੱਲੂ ਦਏ ਫੜਾਈਆ । ਆਤਮ ਅੰਤਰ ਇਕੋ ਮਾਲਾ, ਮਨ ਕਾ ਮਣਕਾ ਦਏ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਆਪ ਵਰਤਾਈਆ । ਸਾਚਾ ਦਾਨ ਦੇਵੇ ਗੋਬਿੰਦ, ਗੁਰ ਗੁਰ ਆਪਣੀ ਦਇਆ ਕਮਾਇੰਦਾ । ਜਨਮ ਜਨਮ ਦੀ ਮੇਟੇ ਚਿੰਦ, ਕਰਮੀ ਕਰਮ ਕਾਂਡ ਮੁਕਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਵੇਖ ਵਖਾਇੰਦਾ । ਅੰਮ੍ਰਿਤ ਆਤਮ ਸਾਗਰ ਸਿੰਧ, ਘਰ ਸਰੋਵਰ ਇਕ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਇਕ ਰਖਾਇੰਦਾ । ਸਾਚਾ ਦਾਨ ਏਕੋ ਏਕ, ਇਕ ਇਕੱਲਾ ਹਰਿ ਵਰਤਾਇੰਦਾ । ਜੁਗ ਜੁਗ ਜਣਾਏ ਸਾਚੀ ਟੇਕ, ਪੁਰਖ ਅਕਾਲ ਇਸ਼ਟ ਰਖਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ ਅਗਨੀ ਤੱਤ ਨਾ ਕੋਇ ਜਲਾਇੰਦਾ । ਆਤਮ ਅੰਤਰ ਖੋਲ੍ਹੇ ਭੇਤ, ਬਜਰ ਕਪਾਟੀ ਕੁੰਡਾ ਲਾਹਿੰਦਾ । ਸਤਿ ਫੁਲਵਾੜੀ ਕਾਇਆ ਖੇਤ, ਪੱਤ ਡਾਲੀ ਆਪ ਮਹਿਕਾਇੰਦਾ । ਦਰਸ ਦਿਖਾਏ ਨੇਤਨ ਨੇਤ, ਨਿਜ ਨੇਤਰ ਆਪ ਖੁਲ੍ਹਾਇੰਦਾ । ਭਗਤ ਭਗਵੰਤ ਕਰੇ ਹੇਤ, ਮਿਲ ਮਿਲ ਸਾਚਾ ਮੰਗਲ ਗਾਇੰਦਾ । ਭੇਵ ਨਾ ਪਾਇਣ ਚਾਰ ਵੇਦ, ਪੁਰਾਣ ਅਠਾਰਾਂ ਨੈਣ ਸ਼ਰਮਾਇੰਦਾ । ਹਰਿ ਜੂ ਖੇਲੇ ਆਪਣੀ ਖੇਡ, ਜੁਗ ਜੁਗ ਆਪਣੀ ਵਸਤ ਆਪ ਵਰਤਾਇੰਦਾ । ਸਾਚੇ ਸੰਤ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਇੰਦਾ । ਮਿੱਠਾ ਕਰੇ ਕੌੜਾ ਰੇਠ, ਅੰਮ੍ਰਿਤ ਰਸ ਵਿਚ ਭਰਾਇੰਦਾ । ਅਗਨੀ ਲਗੇ ਨਾ ਤੱਤੀ ਜੇਠ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਦੇਵੇ ਦਾਨ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਦਇਆ ਕਮਾਇਆ । ਦੋ ਜਹਾਨਾਂ ਪੂਰੀ ਕਰੇ ਆਸ, ਅਵਣ ਗਵਣ ਨਾ ਕੋਇ ਫਿਰਾਈਆ । ਏਥੇ ਓਥੇ ਦੇਵੇ ਸਾਥ, ਜਿਸ ਜਨ ਆਪਣਾ ਨਾਮ ਵਰਤਾਈਆ । ਰਸਨਾ ਜਿਹਵਾ ਚੁੱਕੇ ਪੂਜਾ ਪਾਠ, ਅਜਪਾ ਜਾਪ ਆਪ ਕਰਾਈਆ । ਨਾਤਾ ਤੁਟੇ ਤੀਰਥ ਤਾਟ, ਅਠ ਸਠ ਪੰਧ ਨਾ ਕੋਇ ਫਿਰਾਈਆ । ਮਿਟੇ ਰੈਣ ਅੰਧੇਰੀ ਰਾਤ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਦਰਸ ਦਿਖਾਏ ਇਕ ਇਕਾਂਤ, ਅਨਭਵ ਆਪਣਾ ਨੂਰ ਪਰਗਟਾਈਆ । ਗੁਰਮੁਖ ਬਾਲੇ ਗੋਦ ਉਠਾਏ ਜਿਉਂ ਬਾਲਕ ਮਾਤ, ਪਿਤਾ ਪੂਤ ਸੇਵ ਕਮਾਈਆ । ਨਾਤਾ ਤੋੜ ਸੱਜਣ ਸਾਕ, ਚਰਨ ਕਵਲ ਦੇਵੇ ਇਕ ਸਰਨਾਈਆ । ਆਪ ਉਤਾਰੇ ਔਖੇ ਘਾਟ, ਪਾਰ ਕਿਨਾਰਾ ਆਪ ਕਰਾਈਆ । ਜਿਸ ਜਨ ਦੇਵੇ ਨਾਮ ਦਾਤ, ਵਡ ਦਾਨੀ ਦਇਆ ਕਮਾਈਆ । ਵੇਲੇ ਅੰਤਮ ਆਪੇ ਪੁਛੇ ਵਾਤ, ਰਾਏ ਧਰਮ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਦਾਨ ਆਪ ਸਮਝਾਈਆ । ਜੁਗ ਜੁਗ ਦਾਨ ਹਰਿ ਕਾ ਨਾਉਂ, ਦੂਸਰ ਵਸਤ ਨਾ ਕੋਇ ਰਖਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਉਂ, ਨਿਥਾਵਿਆਂ ਗਲੇ ਲਗਾਇੰਦਾ । ਨਿਤਾਣਿਆਂ ਪਕੜੇ ਆਪੇ ਬਾਂਹੋਂ, ਫੜ ਬਾਂਹੋਂ ਆਪ ਉਠਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਉਡਾਇੰਦਾ । ਸਦਾ ਸੁਹੇਲਾ ਦੇਵੇ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਕਰੇ ਸਚ ਨਿਆਉਂ, ਤਖ਼ਤ


੭੨੭
੧੧

ਨਿਵਾਸੀ ਸਾਚੇ ਤਖ਼ਤ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਆਪ ਸਮਝਾਇੰਦਾ । ਸਾਚਾ ਦਾਨ ਸ਼ਬਦੀ ਧਾਰ, ਹਰਿ ਸ਼ਬਦ ਸ਼ਬਦ ਵਡਿਆਈਆ । ਸਾਚਾ ਹਰਿ ਚਰਨ ਪਿਆਰ, ਹਰਿ ਚਰਨ ਸਰਨ ਸਰਨ ਸਰਨਾਈਆ । ਸਾਚਾ ਦਾਨ ਹਰਿ ਅੰਮ੍ਰਿਤ ਠੰਡਾ ਠਾਰ, ਸਰੋਵਰ ਸਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਆਪ ਵਰਤਾਈਆ । ਸਾਚਾ ਦਾਨ ਵਿਸ਼ਨ ਬ੍ਰਹਮਾ ਸ਼ਿਵ ਰੰਗ, ਰੰਗ ਰੰਗੀਲਾ ਇਕ ਰਖਾਇੰਦਾ । ਸਾਚਾ ਦਾਨ ਲੱਖ ਚੁਰਾਸੀ ਆਤਮ ਸੇਜ ਪਲੰਘ, ਆਤਮ ਪਰਮਾਤਮ ਆਪ ਸੁਹਾਇੰਦਾ । ਸਾਚਾ ਦਾਨ ਸ਼ਬਦ ਅਨਾਦ ਮਰਦੰਗ, ਘਟ ਘਟ ਰਾਗੀ ਰਾਗ ਅਲਾਇੰਦਾ । ਸਾਚਾ ਦਾਨ ਸੂਰਾ ਸਰਬੰਗ, ਆਤਮ ਅਨੰਦ ਇਕ ਵਖਾਇੰਦਾ । ਸਾਚਾ ਦਾਨ ਵੰਡੇ ਜੇਰਜ ਅੰਡ, ਉਤਭੁਜ ਸੇਤਜ ਆਪ ਰਖਾਇੰਦਾ । ਸਾਚਾ ਦਾਨ ਦੇਵੇ ਸੂਰਜ ਚੰਦ, ਕਿਰਨ ਕਿਰਨ ਆਪ ਪਰਗਟਾਇੰਦਾ । ਸਾਚਾ ਦਾਨ ਵੇਖੇ ਨਵ ਖੰਡ, ਸੱਤ ਦੀਪ ਝੋਲੀ ਪਾਇੰਦਾ । ਸਾਚਾ ਦਾਨ ਜਾਣੇ ਬ੍ਰਹਿਮੰਡ, ਬ੍ਰਹਿਮਾਂਡ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਦਾਨ ਆਪ ਵਰਤਾਇੰਦਾ । ਜੁਗ ਜੁਗ ਦੇਵੇ ਦਾਨ, ਸਤਿਜੁਗ ਆਪਣੀ ਦਇਆ ਕਮਾਈਆ । ਸੋ ਪੁਰਖ ਨਿਰੰਜਣ ਹੋ ਪਰਧਾਨ, ਹੰ ਬ੍ਰਹਮ ਕਰੀ ਕੁੜਮਾਈਆ । ਸੋਹੰ ਰੂਪ ਨਿਰਗੁਣ ਸਰਗੁਣ ਇਕ ਨਿਸ਼ਾਨ, ਸਰਗੁਣ ਨਿਰਗੁਣ ਆਪਣਾ ਖੇਲ ਰਚਾਈਆ । ਓਮ ਰੂਪ ਆਪ ਭਗਵਾਨ, ਨਮੋ ਸਤਿ ਸਤਿ ਪੜ੍ਹਾਈਆ । ਕਰੇ ਖੇਲ ਸ੍ਰੀ ਭਗਵਾਨ, ਲੋਕਮਾਤ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਦਾਨ ਸਤਿਜੁਗ ਵੇਸ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਤ੍ਰੇਤਾ ਦੇਵੇ ਇਕ ਆਦੇਸ, ਰਾਮ ਰਾਮਾ ਰੰਗ ਰੰਗਾਇੰਦਾ । ਸਾਚਾ ਦਾਨ ਵਿਸ਼ਨੂੰ ਸੇਜਾ ਬਾਸ਼ਕ ਸੇਜ, ਸਾਗੋਂ ਪਾਂਗ ਹੇਠ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਏਕਾ ਘਰ ਵਖਾਇੰਦਾ । ਦੁਆਪਰ ਦੇਵੇ ਸਾਚਾ ਦਾਨ, ਆਪਣੀ ਦਇਆ ਕਮਾ । ਪੰਜ ਤੱਤ ਕਾਇਆ ਖੇਲ ਭਗਵਾਨ, ਕਾਹਨਾ ਕ੍ਰਿਸ਼ਨਾ ਨਾਮ ਪਰਗਟਾ । ਇਕ ਵਖਾਏ ਸਚ ਨਿਸ਼ਾਨ, ਬੰਸਰੀ ਨਾਦ ਧੁਨ ਜਣਾ । ਸਾਚੇ ਮੰਡਲ ਪਾਵੇ ਰਾਸ, ਗੋਪੀ ਕਾਹਨ ਵੇਸ ਵਟਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਆਪ ਵਰਤਾ । ਸਾਚਾ ਦਾਨ ਪਰਵਰਦਿਗਾਰ, ਬੇਐਬ ਆਪ ਵਰਤਾਈਆ । ਮੁਕਾਮੇ ਹੱਕ ਸਾਂਝਾ ਯਾਰ, ਸਾਬਤ ਸੂਰਤ ਇਕ ਰਖਾਈਆ । ਈਸਾ ਮੂਸਾ ਕਰ ਤਿਆਰ, ਸਚ ਹਦੀਸਾ ਇਕ ਪੜ੍ਹਾਈਆ । ਮੁਹੰਮਦ ਕਰਿਆ ਖ਼ਬਰਦਾਰ, ਕਲਮਾ ਨਬੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਈਆ । ਸਾਚੀ ਵਸਤ ਨੌਜਵਾਨ, ਸੋ ਪੁਰਖ ਨਿਰੰਜਣ ਆਪ ਵਰਤਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨ, ਅਨਭਵ ਆਪਣੀ ਧਾਰ ਚਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰ ਪਰਵਾਨ, ਕਲਜੁਗ ਆਪਣਾ ਰਾਹ ਵਖਾਇੰਦਾ । ਚਾਰੋਂ ਕੁੰਟ ਸੁੰਞ ਮਸਾਣ, ਨਵ ਨੌਂ ਅੰਧੇਰਾ ਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਵਰਤਾਇੰਦਾ । ਸਾਚਾ ਨਾਮ ਨਾਮ ਸਤਿ, ਨਿਰਗੁਣ ਸਰਗੁਣ ਨਾਨਕ ਝੋਲੀ ਪਾਇੰਦਾ । ਚਾਰ ਵਰਨ ਦੇਵੇ ਇਕੋ ਮਤ, ਊਚ ਨੀਚ ਨਾ ਕੋਇ ਰਖਾਇੰਦਾ । ਸਤਿ ਸੰਤੋਖ ਧੀਰਜ ਜਤ, ਚਰਨ ਕਵਲ ਨਤ ਇਕ ਬੰਧਾਇੰਦਾ । ਸਰਬ ਜੀਆਂ ਜਾਣੇ ਮਿਤ ਗਤ, ਹਰਿ ਜੂ ਘਟ ਘਟ ਆਸਣ ਲਾਇੰਦਾ । ਬਿਨ ਹਰਿ ਨਾਮੇ ਕਾਇਆ ਖੇੜਾ ਭੱਠ, ਪੰਜ

ਤੱਤ ਕੰਮ ਕਿਸੇ ਨਾ ਆਇੰਦਾ । ਕਾਇਆ ਅੰਦਰ ਮੱਕਾ ਕਾਅਬਾ ਮੰਦਰ ਸ਼ਿਵਦਵਾਲਾ ਮੱਠ, ਗੁਰਦੁਆਰਾ ਇਕ ਵਖਾਇੰਦਾ । ਨਾਤਾ ਤੁਟੇ ਤੀਰਥ ਅਠਸਠ, ਜਿਸ ਜਨ ਸਤਿਗੁਰ ਆਪਣਾ ਨਾਮ ਝੋਲੀ ਪਾਇੰਦਾ । ਨਿਰਮਲ ਜੋਤ ਜਗੇ ਲਟ ਲਟ, ਘਟ ਘਟ ਪਰਕਾਸ਼ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਆਪ ਵਖਾਇੰਦਾ । ਸਾਚਾ ਦਾਨ ਸਤਿ ਨਾਮ, ਸਤਿਗੁਰ ਗੁਰ ਗੁਰ ਕਰੇ ਪੜ੍ਹਾਈਆ । ਧੁਰਦਰਗਾਹੀ ਇਕ ਪੈਗ਼ਾਮ, ਪੀਰ ਪੈਗ਼ੰਬਰ ਰਿਹਾ ਸੁਣਾਈਆ । ਸਰਬ ਜੀਆਂ ਦਾ ਇਕੋ ਰਾਮ, ਏਕਾ ਤ੍ਰਿਸਨਾ ਵੇਖ ਵਖਾਈਆ । ਸਰਬ ਜੀਆਂ ਇਕੋ ਅਮਾਮ, ਪੁਰਖ ਅਕਾਲ ਬੇਪਰਵਾਹੀਆ । ਸਰਬ ਜੀਆਂ ਇਕੋ ਮੁਕਾਮ, ਸਚਖੰਡ ਸਾਚਾ ਸੋਭਾ ਪਾਈਆ । ਸਰਬ ਜੀਆਂ ਏਕਾ ਭਗਵਾਨ, ਥਿਰ ਘਰ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਆਪ ਵਰਤਾਈਆ । ਸਾਚਾ ਦਾਨ ਨਾਨਕ ਧਾਰ, ਹਰਿ ਦਾਤਾ ਦਾਨੀ ਆਪ ਵਰਤਾਇੰਦਾ । ਦੇਵੇ ਦਾਨ ਕਰ ਪਿਆਰ, ਗੁਰ ਅੰਗਦ ਅੰਗ ਲਗਾਇੰਦਾ । ਅੰਗਦ ਅੰਗ ਕਰ ਪਰਵਾਨ, ਅਮਰ ਅਮਰਾਪਦ ਵਖਾਇੰਦਾ । ਅਮਰ ਅਮਰ ਹੋ ਮਿਹਰਵਾਨ, ਰਾਮ ਦਾਸ ਝੋਲੀ ਆਪ ਭਰਾਇੰਦਾ । ਰਾਮ ਦਾਸ ਹੋ ਮਿਹਰਵਾਨ, ਗੁਰ ਅਰਜਨ ਬੋਧ ਗਿਆਨ ਦ੍ਰਿੜ੍ਹਾਇੰਦਾ । ਪੁਰਖ ਅਬਿਨਾਸ਼ੀ ਦੇਵੇ ਦਾਨ, ਸਾਚੀ ਗਾਥਾ ਆਪ ਜਣਾਇੰਦਾ । ਗੁਰੂ ਗ੍ਰੰਥ ਗੁਰ ਕਰ ਪਰਵਾਨ, ਚਾਰ ਜੁਗ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਏਕਾ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਨ ਅਨਮੁੱਲਾ ਆਪਣੇ ਹੱਟ ਵਿਕਾਇੰਦਾ । ਦੇਵੇ ਦਾਨ ਹਰਿ ਗੋਬਿੰਦ ਚਾੜ੍ਹੇ ਰੰਗ, ਘਰ ਸਾਚੇ ਵੱਜੇ ਵਧਾਈਆ । ਹਰਿਰਾਏ ਮਿਲਿਆ ਇਕ ਅਨੰਦ, ਹਰਿਕਿਸ਼ਨ ਵੱਜੀ ਵਧਾਈਆ । ਗੁਰ ਤੇਗ ਬਹਾਦਰ ਦੀਆ ਦਾਨ ਬੰਦ ਬੰਦ, ਬੰਦੀਖਾਨਾ ਸਰਬ ਤੁੜਾਈਆ । ਪੁਰਖ ਅਕਾਲ ਦੇਵੇ ਦਾਨ ਲੇਖਾ ਜਾਣੇ ਗੁਜਰੀ ਚੰਦ, ਚੰਦ ਚਾਂਦਨਾ ਇਕ ਚਮਕਾਈਆ । ਭੂਮਕਾ ਸੁਹਾਏ ਪੁਰੀ ਅਨੰਦ, ਅਨੰਦ ਮੰਗਲ ਏਕਾ ਗਾਈਆ । ਖੇਲੇ ਖੇਲ ਵਿਚ ਬ੍ਰਹਿਮੰਡ, ਵਰਭੰਡ ਫੇਰਾ ਪਾਈਆ । ਦੁਸ਼ਟ ਦਮਨ ਪੂਰੀ ਕਰੀ ਮੰਗ, ਸਾਚੀ ਵਸਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਾਨ ਜੁਗ ਜੁਗ ਝੋਲੀ ਆਪ ਭਰਾਈਆ । ਦੇਵੇ ਦਾਨ ਝੋਲੀ ਭਰ, ਭਰ ਝੋਲੀ ਖ਼ੁਸ਼ੀ ਮਨਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਵਰ, ਵਰ ਦਾਤਾ ਆਪ ਅਖਵਾਇੰਦਾ । ਨਿਰਭੈ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਜਣਾਇੰਦਾ । ਦਰਸ ਦਿਖਾਏ ਅੱਗੇ ਖੜ, ਸਵੱਛ ਸਰੂਪੀ ਰੂਪ ਵਟਾਇੰਦਾ । ਆਪ ਬੰਧਾਏ ਆਪਣੇ ਲੜ, ਪੱਲੂ ਪੱਲੂ ਨਾਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਏਕਾ ਘਰ ਟਿਕਾਇੰਦਾ । ਸਾਚਾ ਦਾਨ ਦੇਵੇ ਗੋਬਿੰਦ, ਮਾਤਾ ਪਿਤਾ ਭੇਟ ਚੜ੍ਹਾਈਆ । ਲੇਖਾ ਜਾਣੇ ਸਰਬ ਹਿੰਦ, ਦਰਦੀ ਦਰਦੀਆਂ ਦਰਦ ਵੰਡਾਈਆ । ਹਰਖ਼ ਸੋਗ ਨਾ ਕੋਈ ਚਿੰਦ, ਗਮੀਂ ਰੂਪ ਨਾ ਕੋਇ ਵਟਾਈਆ । ਲੇਖੇ ਲਾਈ ਆਪਣੀ ਬਿੰਦ, ਚੌਥੇ ਜੁਗ ਚਾਰੇ ਬਾਲ ਕਰਨ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਨ ਆਪ ਵਖਾਈਆ । ਸਾਚਾ ਦਾਨ ਦਿਤਾ ਪਿਆਰ, ਪ੍ਰੇਮ ਪਿਆਰ ਇਕ ਜਣਾਇਆ । ਸੱਥਰ ਮਾਣਿਆਂ ਸਾਚੇ ਯਾਰ, ਸੂਲ੍ਹਾ ਸੱਥਰ ਹੇਠ ਵਿਛਾਇਆ । ਮੰਗੀ ਮੰਗ ਅਗੰਮ ਅਪਾਰ, ਪੁਰਖ ਅਕਾਲ ਅੱਗੇ ਝੋਲੀ ਡਾਹਿਆ । ਤੇਰਾ ਕਰਜ਼ਾ ਦਿਤਾ ਉਤਾਰ, ਮਕਰੂਜ਼ ਆਪਣਾ ਫਰਜ਼ ਅਦਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਖੇਲ

ਅਵੱਲਾ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਵਸਣਹਾਰਾ ਸਚਖੰਡ ਸਚ ਮਹੱਲਾ, ਉਚ ਅਟੱਲਾ ਡੇਰਾ ਲਾਇੰਦਾ । ਸਚ ਸੰਦੇਸ ਨਰ ਨਰੇਸ਼ ਜੁਗਾ ਜੁਗੰਤਰ ਏਕਾ ਘੱਲਾ, ਸ਼ਬਦੀ ਸ਼ਬਦ ਸ਼ਬਦ ਅਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭਗਤ ਭਗਵੰਤ ਫੜਾਉਂਦਾ ਆਇਆ ਪੱਲਾ, ਆਪ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਇੰਦਾ । ਸਾਚਾ ਖੇਲ ਕਰੇ ਹਰਿ ਖ਼ਾਲਕ, ਖ਼ਲਕਤ ਵੇਖੇ ਚਾਈਂ ਚਾਈਂਆ । ਗੁਰ ਗੋਬਿੰਦ ਹਰਿ ਜੂ ਬਣਾਇਆ ਆਪਣਾ ਬਾਲਕ, ਪੂਤ ਸਪੂਤਾ ਨਾਉਂ ਧਰਾਈਆ । ਏਥੇ ਓਥੇ ਬਣੇ ਸਦਾ ਪ੍ਰਿਤਪਾਲਕ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਈਆ । ਭੇਵ ਅਭੇਦਾ ਦੇਵੇ ਖੋਲ੍ਹ, ਪੁਰਖ ਅਗੰਮ ਬੇਪਰਵਾਹਿਆ । ਬੈਠਾ ਰਹੇ ਸਦਾ ਅਡੋਲ, ਨਿਰਗੁਣ ਸਚਖੰਡ ਆਸਣ ਲਾਇਆ । ਸਰਗੁਣ ਤੋਲੇ ਸਾਚਾ ਤੋਲ, ਤੋਲਣਹਾਰਾ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਧਰਾਇਆ । ਕਰੇ ਵੇਸ ਪੁਰਖ ਅਗੰਮ, ਭੇਵ ਅਭੇਦ ਨਾ ਕੋਇ ਜਣਾਇੰਦਾ । ਨਾ ਮਰੇ ਨਾ ਪਏ ਜੰਮ, ਜੂਨੀ ਜੂਨ ਨਾ ਕੋਇ ਵਟਾਇੰਦਾ । ਤੱਤਵ ਤੱਤ ਕਾਇਆ ਨਾ ਕੋਈ ਤਨ, ਛੱਪਰ ਛੰਨ ਨਾ ਕੋਈ ਛੁਹਾਇੰਦਾ । ਨਾ ਕੋਈ ਰਾਗ ਨਾ ਕੋਈ ਕੰਨ, ਤੰਦੀ ਤੰਦ ਨਾ ਕੋਇ ਵਜਾਇੰਦਾ । ਨਾ ਕੋਈ ਮਨਸਾ ਨਾ ਕੋਈ ਮਨ, ਆਸਾ ਤ੍ਰਿਸਨਾ ਨਾ ਕੋਇ ਵਧਾਇੰਦਾ । ਨਾ ਕੋਈ ਵਿਕਾਰ ਨਾ ਕੋਈ ਡੰਨ, ਘੜ ਭੰਨ ਨਾ ਕੋਈ ਬਣਾਇੰਦਾ । ਨਾ ਕੋਈ ਸੂਰਜ ਨਾ ਕੋਈ ਚੰਨ, ਮੰਡਲ ਮੰਡਪ ਨਾ ਕੋਇ ਰਖਾਇੰਦਾ । ਨਾ ਕੋਈ ਛੱਪਰ ਨਾ ਕੋਈ ਛੰਨ, ਚਾਰ ਦੀਵਾਰ ਨਾ ਬਣਤ ਬਣਾਇੰਦਾ । ਨਿਰਗੁਣ ਨਿਰਾਕਾਰ ਜੋਤ ਸਰੂਪ ਸ੍ਰੀ ਭਗਵਾਨ, ਸਚਖੰਡ ਸਾਚੇ ਆਸਣ ਲਾਇੰਦਾ । ਅੰਤ ਅੰਤ ਏਕਾ ਦੇਵੇ ਆਪਣਾ ਦਾਨ, ਦਾਤਾ ਦਾਨੀ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਭੇਵ ਚੁਕਾਇੰਦਾ । ਗੋਬਿੰਦ ਮੰਗੇ ਏਕਾ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਤੇਰਾ ਖੇਲ ਸਦਾ ਮਹਾਨ, ਭੇਵ ਕੋਇ ਨਾ ਪਾਈਆ । ਤੂੰ ਦਾਤਾ ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਰਖਾਈਆ । ਤੂੰ ਸ਼ਾਹ ਪਾਤਸ਼ਾਹ ਰਾਜ ਰਾਜਾਨ, ਸ਼ਹਿਨਸ਼ਾਹ ਤੇਰੀ ਵਡਿਆਈਆ । ਤੂੰ ਹੁਕਮੀ ਹੁਕਮ ਜਣਾਏ ਧੁਰ ਫ਼ਰਮਾਣ, ਸਚ ਸੰਦੇਸਾ ਇਕ ਅਲਾਈਆ । ਤੇਰੇ ਗੀਤ ਗਾਏ ਚਾਰ ਵੇਦ ਅਠਾਰਾਂ ਪੁਰਾਨ, ਸ਼ਾਸਤਰ ਸਿਮਰਤ ਦੇਣ ਦੁਹਾਈਆ । ਤੇਰਾ ਅੰਤ ਨਾ ਪਾਇਆ ਅੰਜੀਲ ਕੁਰਾਨ, ਪੀਰ ਪੈਗ਼ੰਬਰ ਕਰਨ ਸਿਫ਼ਤ ਸਾਲਾਹੀਆ । ਮੈਂ ਤੇਰਾ ਛੋਟਾ ਬਾਲ ਨਿਧਾਨ, ਤੇਰੇ ਚਰਨ ਬੈਠਾ ਸੀਸ ਝੁਕਾਈਆ । ਕਰ ਕਿਰਪਾ ਦੇਣਾ ਦਾਨ, ਮੇਰੀ ਘਾਲ ਲੇਖੇ ਪਾਈਆ । ਕਲਜੁਗ ਚਾਰ ਕੁੰਟ ਦਿਸੇ ਬੇਈਮਾਨ, ਸਚ ਸੁੱਚ ਨਾ ਕੋਇ ਵਡਿਆਈਆ । ਚਾਰ ਵਰਨ ਬਣੇ ਸ਼ੈਤਾਨ, ਹੱਕ ਹਕ਼ੀਕ਼ਤ ਨਾ ਕੋਇ ਸਮਝਾਈਆ । ਬਿਨ ਤੇਰੇ ਨਾਮ ਨਾ ਕੋਈ ਗਿਆਨ, ਚੌਦਾਂ ਵਿਦਿਆ ਨੇਤਰ ਨੈਣਾਂ ਨੀਰ ਰਹੀ ਵਹਾਈਆ । ਤੂੰ ਪਰਗਟ ਹੋਣਾ ਵਿਚ ਜਹਾਨ, ਇਕ ਤੇਰੀ ਓਟ ਤਕਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਊਚਾਂ ਨੀਚਾਂ ਦੇਣਾ ਏਕਾ ਮਾਣ, ਗ਼ਰੀਬ ਨਿਮਾਣੇ ਗਲੇ ਲਗਾਈਆ । ਏਕਾ ਦੇਣਾ ਨਾਮ ਨਿਧਾਨ, ਏਕਾ ਅੱਖਰ ਕਰ ਪੜ੍ਹਾਈਆ । ਇਕ ਕਰੌਣਾ ਸਚ ਇਸ਼ਨਾਨ, ਦੁਰਮਤ ਮੈਲ ਮੈਲ ਧੁਵਾਈਆ । ਏਕਾ ਦੇਣਾ ਪਦ ਨਿਰਬਾਣ, ਪਰਮ ਪੁਰਖ ਵਡ ਵਡਿਆਈਆ । ਇਕ ਵਿਖੌਣਾ ਸਚ ਮਕਾਨ, ਸਾਚਾ ਮੰਦਰ ਸੋਭਾ ਪਾਈਆ । ਏਕਾ ਨਜ਼ਰ ਆਏ ਭਗਵਾਨ, ਦੂਜਾ ਇਸ਼ਟ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਦਾਨ ਕਲਜੁਗ ਅੰਤ ਅੰਤ ਵਰਤਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਗੋਬਿੰਦ ਗੁਰ ਗੁਰ ਕਰ ਪਰਵਾਨ, ਹਰਿ ਸਤਿਗੁਰ ਖੇਲ ਕਰਾਇੰਦਾ । ਤੇਰਾ ਮੇਰਾ ਇਕ ਨਿਸ਼ਾਨ, ਦੂਜਾ ਰੰਗ ਨਾ ਕੋਇ ਚੜ੍ਹਾਇੰਦਾ । ਕਲਜੁਗ ਅੰਤ ਹੋਏ ਪਰਧਾਨ, ਨਿਰਗੁਣ ਜੋਤੀ ਜੋਤ ਡਗਮਗਾਇੰਦਾ । ਗੋਬਿੰਦ ਡੰਕਾ ਚਲੇ ਦੋ ਜਹਾਨ, ਵਿਸ਼ਨ ਬ੍ਰਹਮਾ ਸ਼ਿਵ ਸਰਬ ਉਠਾਇੰਦਾ । ਕਰੋੜ ਤੇਤੀਸਾ ਤੁਟੇ ਮਾਣ, ਸੁਰਪਤ ਇੰਦ ਤਖ਼ਤੋਂ ਲਾਹਿੰਦਾ । ਸ੍ਰਿਸ਼ਟ ਸਬਾਈ ਦੇਵੇ ਇਕ ਗਿਆਨ, ਨੌਂ ਖੰਡ ਪ੍ਰਿਥਮੀ ਆਪ ਪੜ੍ਹਾਇੰਦਾ । ਊਚਾਂ ਨੀਚਾਂ ਇਕੋ ਮਾਣ, ਰਾਉਂ ਰੰਕਾਂ ਏਕਾ ਦਰ ਵਖਾਇੰਦਾ । ਸੰਤ ਸੁਹੇਲੇ ਗੁਰਮੁਖ ਮੇਲੇ ਆਪੇ ਆਣ, ਗੁਰਸਿਖ ਆਪਣੇ ਅੰਗ ਲਗਾਇੰਦਾ । ਭਗਤ ਭਗਵੰਤ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਨਿਧ ਦੀਨਨ ਠਾਕਰ, ਸਾਚਾ ਦਾਨ ਵਸਤ ਅਮੋਲਕ ਅਨਮੁਲ ਆਪ ਵਰਤਾਇੰਦਾ । ਅਮੁਲ ਅਤੁਲ ਹਰਿ ਭੰਡਾਰ, ਬਣ ਭੰਡਾਰੀ ਆਪ ਵਰਤਾਈਆ । ਲੇਖਾ ਜਾਣੇ ਜੁਗ ਚਾਰ, ਨੌਂ ਸੌ ਚੁਰਾਨਵੇਂ ਜੁਗ ਗੇੜਾ ਆਪ ਭੁਵਾਈਆ । ਲਹਿਣਾ ਦੇਣਾ ਜਾਣੇ ਤੇਈ ਅਵਤਾਰਾ, ਭਗਤ ਅਠਾਰਾਂ ਨਾਲ ਮਿਲਾਈਆ । ਵੇਖੇ ਵਿਗਸੇ ਈਸਾ ਮੂਸਾ ਮੁਹੰਮਦ ਸੰਗ ਚਾਰ ਯਾਰਾ, ਅੱਲਾ ਰਾਣੀ ਨੈਣ ਖੁਲ੍ਹਾਈਆ । ਨਾਨਕ ਗੋਬਿੰਦ ਇਕ ਜੈਕਾਰਾ, ਫਤਿਹ ਡੰਕਾ ਡੰਕ ਵਜਾਈਆ । ਰਾਗੀ ਨਾਦੀ ਵਸੇ ਬਾਹਰਾ, ਬ੍ਰਹਮ ਬ੍ਰਹਿਮਾਦੀ ਡੇਰਾ ਲਾਈਆ । ਆਦਿ ਜੁਗਾਦੀ ਏਕੰਕਾਰਾ, ਅਕਲ ਕਲ ਆਪਣੀ ਆਪ ਵਰਤਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਕਲਜੁਗ ਅੰਤਮ ਵੇਖ ਵਖਾਈਆ । ਸੰਬਲ ਨਗਰ ਧਾਮ ਨਿਆਰਾ, ਸਾਢੇ ਤਿੰਨ ਹੱਥ ਬੰਕ ਦਏ ਵਡਿਆਈਆ । ਦੋ ਜਹਾਨਾਂ ਕਰੇ ਖ਼ਬਰਦਾਰਾ, ਸੋਇਆ ਕੋਇ ਰਹਿਣ ਨਾ ਪਾਈਆ । ਸ਼ਬਦੀ ਖੰਡਾ ਤੇਜ਼ ਕਟਾਰਾ, ਬ੍ਰਹਿਮੰਡਾਂ ਆਪ ਚਮਕਾਈਆ । ਤੋੜਨਹਾਰਾ ਗੜ੍ਹ ਹੰਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਜਣਾਈਆ । ਬਲ ਬਾਵਨ ਦੇਵੇ ਦਾਨ, ਵਲ ਛਲ ਆਪਣਾ ਖੇਲ ਕਰਾਇੰਦਾ । ਆਪੇ ਬਲ ਦੇਵੇ ਰਾਵਣ ਰਾਮ, ਰਮੱਈਆ ਆਪਣਾ ਰੂਪ ਵਟਾਇੰਦਾ । ਆਪੇ ਬਲ ਕੰਸ ਦੇਵੇ ਕ੍ਰਿਸ਼ਨਾ ਕਾਹਨ, ਪਕੜ ਕੇਸੀ ਆਪ ਗਿਰਾਇੰਦਾ । ਆਪੇ ਕਲਜੁਗ ਅੰਤਮ ਜੂਠ ਝੂਠ ਕਰੇ ਬਲਵਾਨ, ਜਗਤ ਵਿਕਾਰਾ ਨਾਲ ਮਿਲਾਇੰਦਾ । ਨਾਮ ਖੰਡਾ ਤੇਜ਼ ਕਿਰਪਾਨ, ਪੁਰਖ ਅਬਿਨਾਸ਼ੀ ਇਕ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਆਪਣਾ ਖੇਲ ਆਪਣੇ ਹੱਥ ਰੱਖੇ ਨਿਰੰਕਾਰਾ, ਦੂਸਰ ਅਵਰ ਨਾ ਕੋਇ ਵਡਿਆਈਆ । ਕਲਜੁਗ ਅੰਤ ਹੋ ਉਜਿਆਰਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਚਾਰ ਕੁੰਟ ਦਹਿ ਦਿਸ਼ਾ ਪਾਵੇ ਸਾਰਾ, ਭੇਵ ਅਭੇਦਾ ਭੇਵ ਖੁਲ੍ਹਾਈਆ । ਜਨ ਭਗਤਾਂ ਦੇਵੇ ਨਾਮ ਅਧਾਰਾ, ਏਕਾ ਵਸਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦਾਨ, ਹਰਿ ਹਰਿ ਨਾਮ ਕਰ ਪਰਵਾਨ, ਪਰਮ ਪੁਰਖ ਹਰਿਜਨ ਝੋਲੀ ਆਪ ਭਰਾਈਆ । ਨਿਰਗੁਣ ਨਾਨਕ ਨਿਰਗੁਣ ਤੱਤ, ਨਿਰਾਕਾਰ ਰੂਪ ਸਮਾਇੰਦਾ । ਸਰਗੁਣ ਨਾਨਕ ਪੰਜ ਤੱਤ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਇੰਦਾ । ਦੋਹਾਂ ਵਿਚੋਲਾ ਪੁਰਖ ਸਮਰਥ, ਸਚਖੰਡ ਨਿਵਾਸੀ ਰਾਹ ਚਲਾਇੰਦਾ । ਨਿਰਗੁਣ ਨਾਨਕ ਸਰਗੁਣ ਨਾਨਕ ਮਾਰਗ ਦੇਵੇ ਦੱਸ, ਲੋਕਮਾਤ ਮਾਤ ਜਣਾਇੰਦਾ । ਨਿਰਗੁਣ ਨਾਨਕ ਸਰਗੁਣ ਨਾਨਕ ਘਰ ਲਏ ਸੱਦ, ਸਚਖੰਡ ਦੁਆਰੇ ਮੰਗ ਮੰਗਾਇੰਦਾ । ਸਰਗੁਣ ਨਾਨਕ ਨਿਰਗੁਣ

੭੩੧
੧੧

ਨਾਨਕ ਚਰਨੀ ਜਾਏ ਢੱਠ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਨਿਰਗੁਣ ਨਾਨਕ ਅੱਗੋਂ ਪਏ ਹੱਸ, ਫੜ ਫੜ ਆਪਣੇ ਗਲੇ ਲਗਾਇੰਦਾ । ਇਕ ਦੂਜੇ ਦੇ ਅੰਦਰ ਜਾਈਏ ਵਸ, ਭੇਵ ਅਭੇਦ ਚੁਕਾਇੰਦਾ । ਦੋ ਜਹਾਨ ਨਿਰਗੁਣ ਸਰਗੁਣ ਹੋ ਕੇ ਜਾਈਏ ਫਸ, ਫਾਸੀ ਹੋਰ ਨਾ ਕੋਇ ਪਵਾਇੰਦਾ । ਇਕ ਦੂਜੇ ਦਾ ਬਹਿ ਬਹਿ ਗਾਈਏ ਜਸ, ਕਾਗ਼ਦ ਕਲਮ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਾਨਕ ਸਰਗੁਣ ਨਾਨਕ ਨਾਨਕ ਨੰਨਾ ਰੂਪ ਵਟਾਇੰਦਾ । ਪਹਿਲਾ ਨੰਨਾ ਕਰ ਤਿਆਰ, ਨਿਰਗੁਣ ਰੂਪ ਵਟਾਈਆ । ਦੂਜਾ ਨੰਨਾ ਖੋਲ੍ਹ ਕਿਵਾੜ, ਆਪਣੀ ਜੋਤ ਜਗਾਈਆ । ਤੀਜਾ ਕੱਕਾ ਕਰਮਾਂ ਕੁਕਰਮਾਂ ਮਾਰੀ ਮਾਰ, ਕਰਮ ਕਾਂਡ ਰਹਿਣ ਨਾ ਪਾਈਆ । ਕੱਕਾ ਮੁਕਤਾ ਕਰਿਆ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਦੂਜੇ ਕੱਕੇ ਪਿਛੇ ਸਿਹਾਰੀ ਕਰ ਤਿਆਰ, ਤ੍ਰੈਗੁਣ ਬੰਧਨ ਪਾਈਆ । ਤੀਜੇ ਕੱਕੇ ਥੱਲੇ ਔਂਕੜ ਕਰਿਆ ਖ਼ਬਰਦਾਰ, ਦੋ ਜਹਾਨ ਕਿਲਾ ਕੋਟ ਨਿਰਗੁਣ ਸਰਗੁਣ ਏਕਾ ਚਰਨ ਵਖਾਈਆ । ਨਾਮ ਸਤਿ ਦੇ ਫੇਰ ਭੰਡਾਰ, ਪੁਰਖ ਅਬਿਨਾਸ਼ੀ ਸਿਰ ਦੇ ਉਤੇ ਦੇ ਪਿਆਰ, ਲੋਕਮਾਤ ਰਾਹ ਦਿਤਾ ਵਖਾਲ, ਬਿਨ ਅੱਖਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣੀ ਖ਼ੁਸ਼ੀ ਮਨਾਈਆ । ਸਚਖੰਡ ਵਸਿਆ ਆਪ ਨਿਰੰਕਾਰਾ, ਨਿਰਗੁਣ ਆਪਣਾ ਖੇਲ ਖਿਲਾਈਆ । ਸਰਗੁਣ ਨਾਨਕ ਬਣ ਵਣਜਾਰਾ, ਸਾਚੀ ਵਸਤ ਮਾਤ ਲਿਆਇੰਦਾ । ਚਾਰ ਵਰਨ ਖੋਲ੍ਹ ਭੰਡਾਰਾ, ਜੀਵਾਂ ਜੰਤਾਂ ਆਪ ਵਰਤਾਇੰਦਾ । ਸਤਿਨਾਮ ਸਤਿ ਜੈਕਾਰਾ, ਜੈ ਜੈਕਾਰ ਆਪ ਸੁਣਾਇੰਦਾ । ਹਿੰਦੂ ਮੁਸਲਮ ਸਿਖ ਈਸਾਈ ਕਰੇ ਇਕ ਪਿਆਰਾ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਵਰਨ ਬਰਨ ਤੇ ਵਸੇ ਬਾਹਰਾ, ਭੇਵ ਅਭੇਦ ਆਪ ਸਮਝਾਇੰਦਾ । ਏਕਾ ਇਸ਼ਟ ਹਰਿ ਨਿਰੰਕਾਰਾ, ਦ੍ਰਿਸ਼ਟ ਸਰਬ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਗੁਣ ਨਾਨਕ ਨਿਰਗੁਣ ਨਿਰਾਕਾਰ ਆਪ ਸਲਾਹਿੰਦਾ । ਨਾਨਕ ਕਹੇ ਸੋ ਪੁਰਖ ਨਿਰੰਜਣ ਨਿਰਾਕਾਰ, ਸਚਖੰਡ ਵਸੇ ਸਾਚਾ ਮਾਹੀਆ । ਹੰ ਬ੍ਰਹਮ ਕਰ ਪਸਾਰ, ਲੱਖ ਚੁਰਾਸੀ ਘਾੜਤ ਲਿਆ ਘੜਾਈਆ । ਗੁਰ ਸ਼ਬਦ ਵਿਚੋਲਾ ਕਰ ਤਿਆਰ, ਜੁਗ ਜੁਗ ਕਰੇ ਪੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਆਪਣੀ ਵਾਰ, ਕਲਜੁਗ ਆਪਣਾ ਰੰਗ ਚੜ੍ਹਾਈਆ । ਏਕਾ ਜੋਤੀ ਦਸ ਅਵਤਾਰ, ਦਹਿ ਦਿਸ਼ਾ ਰੂਪ ਧਰਾਈਆ । ਪੂਰਬ ਲਹਿਣਾ ਕਰਮ ਵਿਚਾਰ, ਦੁਸ਼ਟ ਦਮਨ ਦਏ ਵਡਿਆਈਆ । ਹੇਮ ਕੁੰਟ ਲਿਆ ਠਾਰ, ਸਾਚੇ ਪਰਬਤ ਸੋਭਾ ਪਾਈਆ । ਕਿਰਪਾ ਕਰ ਦੀਨ ਦਿਆਲ, ਆਪ ਆਪਣੀ ਬੂਝ ਬੁਝਾਈਆ । ਜਨਨੀ ਜਨ ਜਣਿਆ ਲਾਲ, ਲਾਲ ਅਨਮੁਲੜਾ ਵੇਸ ਵਟਾਈਆ । ਦੀਪਕ ਦੀਆ ਨਿਰਗੁਣ ਬਾਲ, ਜੋਤੀ ਜੋਤ ਜੋਤ ਰੁਸ਼ਨਾਈਆ । ਅੰਮ੍ਰਿਤ ਜਾਮ ਇਕ ਪਿਆਲ, ਏਕਾ ਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੋਬਿੰਦ ਸੂਰਾ ਹਰਿ ਬਲਵਾਨ, ਸ਼ਬਦੀ ਸ਼ਬਦ ਪਰਗਟਾਇੰਦਾ । ਸਾਚਾ ਚਿੱਲਾ ਤੀਰ ਕਮਾਨ, ਤੀਰ ਅੰਦਾਜ ਇਕ ਰਖਾਇੰਦਾ । ਲੇਖਾ ਜਾਣੇ ਦੋ ਜਹਾਨ, ਲੋਕਮਾਤ ਵੇਸ ਵਟਾਇੰਦਾ । ਧੁਰ ਫ਼ਰਮਾਣਾ ਸੁਣ ਭਗਵਾਨ, ਲੋਕਮਾਤ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਲਗਾਇੰਦਾ । ਸਾਚਾ ਮਾਰਗ ਗੋਬਿੰਦ ਮੀਤ, ਹਰਿ ਮਿੱਤਰ ਪਿਆਰਾ ਆਪ ਜਣਾਇੰਦਾ । ਆਪ ਚਲਾਈ ਆਪਣੀ ਰੀਤ, ਸਾਚਾ ਮਾਰਗ ਇਕ ਵਖਾਇੰਦਾ । ਚਾਰ ਵਰਨ ਊਚ ਨੀਚ ਪਰਖੀ ਨੀਤ, ਝੀਵਰ ਛੀਬੇਂ ਨਾਈ ਰੰਗ ਚੜ੍ਹਾਇੰਦਾ । ਸਰਬ ਬਣਾਏ ਭਾਈ ਭਾਈ, ਦੂਈ ਦਵੈਤੀ


੭੩੨
੧੧

ਮੋਹ ਮਿਟਾਇੰਦਾ । ਏਕਾ ਅੰਮ੍ਰਿਤ ਜਾਮ ਪਿਆਈ, ਅਮਰ ਅਮਰ ਵਖਾਇੰਦਾ । ਏਕਾ ਸੀਸ ਦਸਤਾਰ ਬੰਨਾਈ, ਸੀਸ ਜਗਦੀਸ ਬੰਨ੍ਹ ਵਖਾਇੰਦਾ । ਏਕਾ ਖੰਡਾਂ ਹੱਥ ਚਮਕਾਈ, ਖੜਗ ਖੰਡਾ ਨਾਉਂ ਰਖਾਇੰਦਾ । ਏਕਾ ਬਾਟਾ ਏਕਾ ਰਸ ਭਰਾਈ, ਪੰਚਮ ਬਾਣੀ ਬਾਣ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਦੱਸੇ ਗੁਰ ਗੁਰ, ਗੋਬਿੰਦ ਆਪਣੀ ਬੂਝ ਬੁਝਾਈਆ । ਪੁਰਖ ਅਕਾਲ ਮੇਲ ਮਿਲਾਇਆ ਧੁਰ ਧੁਰ, ਧੁਰ ਸੰਜੋਗੀ ਮੇਲ ਮਿਲਾਈਆ । ਇਕ ਦੂਜੇ ਨਾਲ ਬਹਿਣਾ ਜੁੜ ਜੁੜ, ਦੂਈ ਦਵੈਤੀ ਰਹੇ ਨਾ ਰਾਈਆ । ਗੁਰ ਪੂਰੇ ਨੂੰ ਗੁਰਸਿਖਾਂ ਦੀ ਸਦਾ ਲੋੜ, ਬਿਨ ਗੁਰਸਿਖਾਂ ਗੁਰੂ ਕੰਮ ਕਿਸੇ ਨਾ ਆਈਆ । ਆਦਿ ਅੰਤ ਜੁਗਾ ਜੁਗੰਤ ਜਾਏ ਬਹੁੜ, ਰੂਪ ਅਨੂਪ ਵਟਾਈਆ । ਕਲਜੁਗ ਅੰਤਮ ਨੀਲੇ ਵਾਲਾ ਮਾਹੀ ਮਾਰੇ ਏਕਾ ਪੌੜ, ਚਾਰੋਂ ਕੁੰਟ ਦਏ ਭੁਵਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਿਨਾਰਾ ਕਰੇ ਦੌੜ, ਗੁਰਮੁਖ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਸਤਿਗੁਰ ਪੂਰਾ, ਏਕਾ ਏਕ ਜਣਾਇੰਦਾ । ਗੁਰਸਿਖ ਮੇਰਾ ਹੋਏ ਨੂਰਾ, ਨੂਰ ਗੁਰਸਿਖ ਵਿਚ ਰਖਾਇੰਦਾ । ਸੋ ਗੁਰਮੁਖ ਹੋਏ ਪੂਰਾ, ਜੋ ਪੁਰਖ ਅਕਾਲ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਇੰਦਾ । ਸਾਚਾ ਖੇਲ ਹਰਿ ਕਰਤਾਰ, ਇਕ ਸਤ ਪੰਜ ਛੇ ਵਰਤਾਈਆ । ਇਕ ਇਕੱਲਾ ਏਕੰਕਾਰ, ਸਤਿ ਸਤਿਵਾਦੀ ਹੁਕਮ ਸੁਣਾਈਆ । ਪੰਜ ਪਿਆਰੇ ਕਰ ਤਿਆਰ, ਛੇਵੇਂ ਘਰ ਦਰ ਵਡਿਆਈਆ । ਪੰਜਾਂ ਅੰਮ੍ਰਿਤ ਠੰਡਾ ਠਾਰ, ਭਰ ਪਿਆਲਾ ਜਾਮ ਪਿਆਈਆ । ਪੰਜਾਂ ਬਣਾਉਣਾ ਵਡ ਸਿਕਦਾਰ, ਦੇ ਦੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਰੀਤੀ ਇਕ ਬਣਾਈਆ । ਗੋਬਿੰਦ ਸਿੰਘ ਸਿੰਘ ਬਲਵਾਨ, ਬਲ ਆਪਣਾ ਆਪ ਧਰਾਇਆ । ਪੰਜ ਪਿਆਰੇ ਕਰ ਪਰਵਾਨ, ਧੁਰ ਪਰਵਾਨਾ ਹੱਥ ਫੜਾਇਆ । ਗੁਰ ਚੇਲਾ ਇਕ ਗਿਆਨ, ਚੇਲਾ ਗੁਰ ਰੂਪ ਵਟਾਇਆ । ਆਪੇ ਚਰਨੀਂ ਡਿਗਾ ਆਣ, ਦੋਏ ਜੋੜ ਮੰਗ ਮੰਗਾਈਆ । ਖਾਲਸਾ ਦੇਣਾ ਇਕੋ ਦਾਨ, ਪ੍ਰੇਮ ਵਸਤ ਝੋਲੀ ਪਾਇਆ । ਬਣੇ ਵਿਚੋਲਾ ਸ੍ਰੀ ਭਗਵਾਨ, ਪੁਰਖ ਅਕਾਲ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸਮਝਾਇਆ । ਸਚ ਸੰਦੇਸਾ ਗੁਰ ਗੋਬਿੰਦ, ਸਿੰਘ ਸਿੰਘ ਸਮਝਾਈਆ । ਪੰਜਾਂ ਲਾਹੇ ਸਗਲੀ ਚਿੰਦ, ਚਿੰਤਾ ਚਿਖਾ ਦਏ ਮਿਟਾਈਆ । ਆਪ ਬਣਾ ਆਪਣੀ ਬਿੰਦ, ਨਾਦੀ ਸੁਤ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਮਾਣ ਵਡਿਆਈਆ । ਪੰਜ ਪਿਆਰੇ ਦੇ ਦੇ ਮਾਣ, ਗੁਰ ਸਤਿਗੁਰ ਆਪ ਜਣਾਇਆ । ਲੋਕਮਾਤ ਦਾ ਸਤਿ ਨਿਸ਼ਾਨ, ਪੰਜ ਪਿਆਰੇ ਰੂਪ ਧਰਾਇਆ । ਚਾਰ ਯਾਰੀ ਮਿਟੇ ਨਿਸ਼ਾਨ, ਅੰਤ ਰਹੇ ਨਾ ਰਾਇਆ । ਸਤਿ ਸੰਤੋਖ ਇਕ ਗਿਆਨ, ਧੀਰਜ ਜਤ ਸਤਿ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੰਥ ਇਕ ਬਣਾਇਆ । ਸਾਚਾ ਪੰਥ ਬਣਾਇਆ ਸੱਚ, ਜ਼ਾਤ ਪਾਤ ਨਾ ਕੋਇ ਰਖਾਈਆ । ਸਰਬ ਜੀਆਂ ਦਾ ਦਾਤਾ ਕਮਲਾਪਤ, ਪੁਰਖ ਅਕਾਲ ਬੇਪਰਵਾਹੀਆ । ਗ਼ਰੀਬ ਨਿਮਾਣਿਆਂ ਲਏ ਰੱਖ, ਜੋ ਜਨ ਓਟ ਤਕਾਈਆ । ਅੰਤਮ ਪੜਦਾ ਲਏ ਢਕ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਥ ਖਾਲਸਾ ਇਕ ਸਜਾਈਆ । ਪੰਥ ਖਾਲਸਾ ਹੋਣਾ ਖਾਲਸ, ਗੁਰ ਗੁਰ ਆਪ ਸੁਣਾਇਆ । ਸਤਿਗੁਰ ਪੂਰਾ ਹੋਏ ਸਾਲਸ,

ਵੇਖੇ ਵਿਗਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਖ ਜਣਾਇਆ । ਭੇਵ ਅਭੇਦ ਦੇਵੇ ਦੱਸ, ਗੁਰ ਗੋਬਿੰਦ ਵਡੀ ਵਡਿਆਈਆ । ਗੁਰਮਤ ਅੰਤਮ ਜਾਏ ਨਸ, ਆਪਣਾ ਮੁਖ ਛੁਪਾਈਆ । ਕਿਸੇ ਨਾ ਚਲੇ ਕੋਈ ਵਸ, ਭਰਮੇ ਭੁੱਲੇ ਸਰਬ ਲੋਕਾਈਆ । ਨਾਨਕ ਨਾਮ ਬਾਣ ਮਾਰਿਆ ਕਸ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰੂ ਗ੍ਰੰਥ ਗੁਰ ਗੁਰ ਗਿਆਨ ਪੁਰਖ ਅਕਾਲ ਸ੍ਰੀ ਭਗਵਾਨ ਗਾਏ ਜਸ, ਸਿਫ਼ਤੀ ਸਿਫ਼ਤ ਸਿਫ਼ਤ ਸਲਾਹੀਆ । ਹਰਿ ਕਾ ਨਾਉਂ ਜਿਸ ਹਿਰਦੇ ਜਾਏ ਵਸ, ਤਿਸ ਸਤਿਗੁਰ ਪੂਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂ ਗ੍ਰੰਥ ਗੁਰ ਉਪਦੇਸ਼ ਨਰ ਨਰੇਸ਼ ਇਕ ਵਖਾਈਆ । ਕਲਜੁਗ ਵੇਲਾ ਅੰਤਮ ਔਣਾ, ਗੁਰ ਗੋਬਿੰਦ ਆਖ ਜਣਾਇੰਦਾ । ਪੜ੍ਹ ਪੜ੍ਹ ਵਕਤ ਸਰਬ ਲੰਘਾਉਣਾ, ਹਿਰਦੇ ਗੁਰੂ ਕੋਇ ਵਸਾਇੰਦਾ । ਅੰਮ੍ਰਿਤ ਵੇਲੇ ਉਠ ਉਠ ਸਭ ਨੇ ਨਹੌਣਾ, ਦੁਰਮਤ ਮੈਲ ਨਾ ਕੋਇ ਧੁਵਾਇੰਦਾ । ਹੱਥ ਵਿਚ ਮਾਲਾ ਮਣਕਾ ਸਭ ਫਿਰੌਣਾ, ਮਨ ਕਾ ਮਣਕਾ ਨਾ ਕੋਇ ਭੁਵਾਇੰਦਾ । ਧੀਰਜ ਜਤ ਨਾ ਕਿਸੇ ਰਖੌਣਾ, ਸਤਿ ਸੰਤੋਖ ਨਾ ਕੋਇ ਵਡਿਆਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਅੰਦਰ ਫੇਰਾ ਪੌਣਾ, ਅੱਗੇ ਹੋ ਬਾਹਰ ਨਾ ਕੋਇ ਕਢਾਇੰਦਾ । ਸਿਖਾਂ ਨਾਲ ਸਿਖ ਲੜੌਣਾ, ਗੁਰਮੁਖ ਗੁਰਮੁਖ ਨਜ਼ਰ ਕੋਇ ਨਾ ਆਇੰਦਾ । ਪੁਰਖ ਅਕਾਲ ਵੇਸ ਵਟੌਣਾ, ਨਿਹਕਲੰਕ ਨਾਉਂ ਰਖਾਇੰਦਾ । ਨਾਨਕ ਲਿਖਿਆ ਪੂਰ ਕਰੌਣਾ, ਮਹਾਂਬਲੀ ਉਤਰੇ ਆਪਣਾ ਪੰਧ ਮੁਕਾਇੰਦਾ । ਚਾਰ ਵਰਨਾਂ ਨੌਂ ਖੰਡ ਪ੍ਰਿਥਮੀ ਸਤ ਦੀਪ ਬ੍ਰਹਿਮੰਡਾਂ ਖੰਡਾਂ ਏਕਾ ਮਾਰਗ ਲੌਣਾ, ਏਕਾ ਰਾਹ ਚਲਾਇੰਦਾ । ਕਲਜੁਗ ਅੰਤਮ ਰਹਿਣ ਨਾ ਪੌਣਾ, ਆਪਣੀ ਹੱਥੀਂ ਆਪ ਮਿਟਾਇੰਦਾ । ਸਤਿਜੁਗ ਸਾਚਾ ਧਰਤ ਮਾਤ ਦੀ ਗੋਦ ਬਹਾਉਣਾ, ਲੋਕਮਾਤ ਮਾਤ ਪਰਗਟਾਇੰਦਾ । ਸੰਤ ਸੁਹੇਲੇ ਨਾਲ ਰਲਾਉਣਾ, ਭਗਤ ਭਗਵੰਤ ਜੋੜ ਜੁੜਾਇੰਦਾ । ਜਿਸ ਜਨ ਏਕਾ ਸਤਿਗੁਰ ਆਤਮ ਅੰਤਰ ਇਕ ਧਿਔਣਾ, ਤਿਸ ਜਮ ਨੇੜ ਕਦੇ ਨਾ ਆਇੰਦਾ । ਸ੍ਰੀ ਭਗਵਾਨ ਦੀਨ ਮਜ਼੍ਹਬ ਜ਼ਾਤ ਪਾਤ ਵਰਨ ਗੋਤ ਨਾ ਕੋਇ ਰਖਾਉਣਾ, ਇਸ਼ਟ ਸ੍ਰਿਸ਼ਟ ਸ੍ਰਿਸ਼ਟ ਇਸ਼ਟ ਆਪ ਹੋ ਜਾਇੰਦਾ ।

## ★ ੨੦ ਫੱਗਣ ੨੦੧੮ ਬਿਕ੍ਰਮੀ ਤਾਰੂ ਸਿੰਘ ਦੇ ਗ੍ਰਿਹ ਕੋਰਾ ਪੁਰ ਫਾਰਮ ★

ਆਦਿ ਅੰਤ ਇਕ ਅਵਤਾਰਾ, ਆਦਿ ਪੁਰਖ ਬੇਪਰਵਾਹੀਆ । ਆਦਿ ਅੰਤ ਇਕ ਘਰ ਬਾਹਰਾ, ਸਚਖੰਡ ਦੁਆਰਾ ਸੋਭਾ ਪਾਈਆ । ਆਦਿ ਅੰਤ ਇਕ ਨਗਾਰਾ, ਨਿਰਗੁਣ ਆਪਣਾ ਸ਼ਬਦ ਸੁਣਾਈਆ । ਆਦਿ ਅੰਤ ਇਕ ਸਿਕਦਾਰਾ, ਸ਼ਾਹ ਪਾਤਸ਼ਾਹ ਹਰਿ ਰਘੁਰਾਈਆ । ਆਦਿ ਅੰਤ ਇਕ ਵਰਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਦਿ ਅੰਤ ਏਕਾ ਏਕ, ਇਕ ਇਕੱਲਾ ਖੇਲ ਕਰਾਇੰਦਾ । ਆਦਿ ਅੰਤ ਵੇਸ ਅਨੇਕ, ਰੂਪ ਅਨੂਪ ਆਪ ਧਰਾਇੰਦਾ । ਆਦਿ ਅੰਤ ਲਿਖੇ ਲੇਖ, ਲਿਖ ਲਿਖ ਲੇਖ ਆਪ ਸਮਝਾਇੰਦਾ । ਆਦਿ ਅੰਤ ਵਸੇ ਸਾਚੇ ਦੇਸ, ਦੇਸ ਦਸੰਤਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਆਪਣਾ ਰੰਗ ਰੰਗਾਇੰਦਾ । ਆਦਿ ਅੰਤ ਏਕਾ ਰੰਗ, ਰੰਗ ਰੰਗੀਲਾ ਇਕ ਉਪਾਈਆ । ਆਦਿ ਅੰਤ ਇਕ ਪਲੰਘ, ਥਿਰ ਘਰ ਸਾਚੇ ਸੇਜ ਸੁਹਾਈਆ । ਆਦਿ

ਅੰਤ ਇਕ ਮਰਦੰਗ, ਬਣ ਮਰਦ ਮਰਦਾਨਾ ਆਪ ਵਜਾਈਆ । ਆਦਿ ਅੰਤ ਏਕਾ ਸੂਰਾ ਸਰਬੰਗ, ਸੂਰਬੀਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਛੁਪਾਈਆ । ਆਦਿ ਅੰਤ ਏਕਾ ਰਾਹ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਆਦਿ ਅੰਤ ਇਕ ਮਲਾਹ, ਹਰਿ ਪੁਰਖ ਨਿਰੰਜਣ ਬੇੜਾ ਆਪ ਚਲਾਇੰਦਾ । ਆਦਿ ਅੰਤ ਇਕ ਸਲਾਹ, ਏਕੰਕਾਰਾ ਆਪ ਜਣਾਇੰਦਾ । ਆਦਿ ਅੰਤ ਇਕ ਰੁਸ਼ਨਾ, ਆਦਿ ਨਿਰੰਜਣ ਨੂਰ ਧਰਾਇੰਦਾ । ਆਦਿ ਅੰਤ ਏਕਾ ਥਾਂ, ਅਬਿਨਾਸ਼ੀ ਕਰਤਾ ਸਾਚੇ ਧਾਮ ਸੋਭਾ ਪਾਇੰਦਾ । ਆਦਿ ਅੰਤ ਇਕ ਨਿਸ਼ਾਨ, ਸ੍ਰੀ ਭਗਵਾਨ ਆਪ ਝੁਲਾਇੰਦਾ । ਆਦਿ ਅੰਤ ਇਕ ਮਕਾਨ, ਪਾਰਬ੍ਰਹਮ ਪ੍ਰਭ ਆਪਣਾ ਆਸਣ ਲਾਇੰਦਾ । ਆਦਿ ਅੰਤ ਇਕ ਰਾਜਾਨ, ਸ਼ਾਹ ਪਾਤਸ਼ਾਹ ਆਪਣਾ ਨਾਉਂ ਰਖਾਇੰਦਾ । ਆਦਿ ਅੰਤ ਇਕ ਹੁਕਮਰਾਨ, ਹੁਕਮੀ ਹੁਕਮ ਆਪ ਚਲਾਇੰਦਾ । ਆਦਿ ਅੰਤ ਇਕ ਮਿਹਰਵਾਨ, ਮਿਹਬਾਨ ਬੀਦੋ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਛੁਪਾਇੰਦਾ । ਆਦਿ ਅੰਤ ਏਕਾ ਆਸਣ, ਸੋ ਪੁਰਖ ਨਿਰੰਜਣ ਆਪ ਲਗਾਈਆ । ਆਦਿ ਅੰਤ ਖੇਲ ਤਮਾਸ਼ਨ, ਹਰਿ ਖ਼ਾਲਕ ਵੇਖ ਵਖਾਈਆ । ਆਦਿ ਅੰਤ ਪਾਵੇ ਰਾਸਨ, ਸਾਚੇ ਮੰਡਲ ਦਏ ਵਡਿਆਈਆ । ਆਦਿ ਅੰਤ ਆਪਣਾ ਨਾਉਂ ਰੱਖ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਰੂਪ ਅਨੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਆਦਿ ਅੰਤ ਹਰਿ ਭੇਵ ਨਿਆਰਾ, ਅਨਭਵ ਆਪਣੀ ਖੇਲ ਕਰਾਇੰਦਾ । ਸਚਖੰਡ ਨਿਵਾਸੀ ਸਚਖੰਡ ਦੁਆਰੇ ਹੋ ਉਜਿਆਰਾ, ਦਰ ਘਰ ਸਾਚਾ ਆਪ ਸੁਹਾਇੰਦਾ । ਨਿਰਗੁਣ ਜੋਤ ਕਰ ਉਜਿਆਰਾ, ਦੀਆ ਬਾਤੀ ਇਕ ਟਿਕਾਇੰਦਾ । ਮਹੱਲ ਅਟੱਲ ਅਚੱਲ ਮੁਨਾਰਾ, ਥਿਰ ਘਰ ਵਾਸੀ ਆਪ ਸੁਹਾਇੰਦਾ । ਸਾਚਾ ਤਖ਼ਤ ਕਰ ਤਿਆਰਾ, ਪਾਵਾ ਚੂਲ ਨਾ ਕੋਇ ਬਣਾਇੰਦਾ । ਨਿਰਗੁਣ ਰੂਪ ਅਨੂਪ ਕਰੇ ਖੇਲ ਅਪਰ ਅਪਾਰਾ, ਸ਼ਾਹੋ ਭੂਪ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਰੰਗ ਰੰਗਾਇੰਦਾ । ਆਦਿ ਰੰਗ ਪੁਰਖ ਅਕਾਲ, ਆਪਣਾ ਆਪ ਰੰਗਾਈਆ । ਆਪਣੀ ਖੇਲ ਕਰੇ ਆਪਣੇ ਧਰਮਸਾਲ, ਧੁਰ ਦਰਬਾਰੇ ਦਏ ਵਡਿਆਈਆ । ਆਪਣਾ ਦੀਪਕ ਆਪੇ ਬਾਲ, ਜੋਤੀ ਜੋਤ ਡਗਮਗਾਈਆ । ਆਪੇ ਵਸੇ ਆਪਣੇ ਨਾਲ, ਸਗਲਾ ਸੰਗ ਆਪ ਹੋ ਜਾਈਆ । ਆਪੇ ਮਾਰਗ ਦੱਸੇ ਸਖਾਲ, ਸਾਚਾ ਮਾਰਗ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣੀ ਬਣਤ ਆਪ ਬਣਾਈਆ । ਆਦਿ ਬਣਾਏ ਆਪਣੀ ਬਣਤ, ਨਿਰਗੁਣ ਨਿਰਗੁਣ ਦਇਆ ਕਮਾਇੰਦਾ । ਆਪੇ ਨਾਰ ਆਪੇ ਕੰਤ, ਸਾਚੀ ਸੇਜ ਆਪ ਹੰਢਾਇੰਦਾ । ਆਪੇ ਵੇਖੇ ਆਪਣਾ ਰੰਗ ਬਸੰਤ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਆਪੇ ਸੋਭਾ ਪਾਇੰਦਾ । ਆਪਣਾ ਘਾੜਨ ਆਪੇ ਘੜ, ਹਰਿ ਆਪੇ ਵੇਖ ਵਖਾਈਆ । ਆਪਣੀ ਸੇਜਾ ਆਪੇ ਚੜ੍ਹ, ਆਪਣਾ ਆਸਣ ਲਾਈਆ । ਆਪਣੇ ਅੰਦਰ ਆਪੇ ਵੜ ਵੜ, ਆਪਣਾ ਬੰਧਨ ਪਾਈਆ । ਆਪਣੇ ਘਰ ਆਪੇ ਵੇਖੇ ਖੜ ਖੜ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਭੇਵ ਚੁਕਾਈਆ । ਆਪਣੇ ਅੰਤਰ ਹੋ ਤਿਆਰ, ਆਪਣਾ ਭੇਵ ਚੁਕਾਇੰਦਾ । ਆਪੇ ਨਾਰੀ ਕੰਤ ਭਤਾਰ, ਸਾਚੀ ਸੇਜਾ ਆਪ ਹੰਢਾਇੰਦਾ । ਆਪੇ ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰਾ ਆਪ ਹੋ

ਜਾਇੰਦਾ । ਖੇਲੇ ਖੇਲ ਅਗੰਮ ਅਪਾਰ, ਆਪ ਆਪਣਾ ਖੇਲ ਕਰਾਇੰਦਾ । ਅਲੱਖ ਅਗੋਚਰ ਬੇਐਬ ਪਰਵਰਦਿਗਾਰ, ਨੂਰ ਨੁਰਾਨਾ ਡਗਮਗਾਇੰਦਾ । ਮੁਕਾਮੇ ਹੱਕ ਹੋ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣਾ ਭੇਵ ਜਣਾਇੰਦਾ । ਆਦਿ ਆਪਣੀ ਰਚਨਾ ਰਚ, ਸਚਖੰਡ ਸਾਚੇ ਸੋਭਾ ਪਾਈਆ । ਨਿਰਗੁਣ ਅੰਦਰ ਵੜਿਆ ਸੱਚ, ਸਚ ਰੱਖੇ ਆਪਣੀ ਵਡਿਆਈਆ । ਆਪੇ ਜਾਣੇ ਖੇਲ ਤਮਾਸ਼, ਦੂਸਰ ਸੰਗ ਨਾ ਕੋਇ ਰਖਾਈਆ । ਆਪੇ ਕਰੇ ਆਪਣੀ ਪੂਰੀ ਆਸ, ਆਸਾ ਆਸਾ ਵਿਚ ਸਮਾਈਆ । ਆਪੇ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਘਰ ਸਾਚਾ ਸੋਭਾਵੰਤ, ਸਚਖੰਡ ਖੰਡ ਵਡਿਆਇਆ । ਕਰੇ ਖੇਲ ਸ੍ਰੀ ਭਗਵੰਤ, ਅਨਭਵ ਆਪਣਾ ਰੂਪ ਰਖਾਇਆ । ਆਪ ਬਣਾਏ ਆਪਣੀ ਬਣਤ, ਆਪ ਆਪਣਾ ਵੇਸ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਰਚਾਇਆ । ਸਾਚਾ ਖੇਲ ਪੁਰਖ ਕਰਤਾਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਚਖੰਡ ਸਾਚੇ ਸੋਭਾ ਪਾਈਆ । ਹੁਕਮੀ ਹੁਕਮ ਹੁਕਮ ਵਰਤਾਰ, ਆਪਣਾ ਹੁਕਮ ਆਪ ਜਣਾਈਆ । ਆਪੇ ਦਰ ਦਰਵੇਸ ਬਣੇ ਭਿਖਾਰ, ਦਰ ਆਪਣੀ ਅਲਖ ਜਗਾਈਆ । ਆਪੇ ਦਾਤਾ ਦੇਵਣਹਾਰ, ਵਡ ਭੰਡਾਰੀ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਅੱਗੇ ਨਿਰਗੁਣ ਮੰਗ ਮੰਗਾਈਆ । ਨਿਰਗੁਣ ਮੰਗੇ ਆਪਣਾ ਦਾਨ, ਨਿਰਗੁਣ ਝੋਲੀ ਪਾਇੰਦਾ । ਨਿਰਗੁਣ ਬਣੇ ਰਾਜ ਰਾਜਾਨ, ਨਿਰਗੁਣ ਨਿਰਗੁਣ ਸੀਸ ਝੁਕਾਇੰਦਾ । ਨਿਰਗੁਣ ਸ਼ਾਹੋ ਭੂਪ ਸੁਲਤਾਨ, ਨਿਰਗੁਣ ਅਨਕ ਰੂਪ ਵਟਾਇੰਦਾ । ਨਿਰਗੁਣ ਤਖ਼ਤ ਨਿਵਾਸੀ ਰਾਜ ਰਾਜਾਨ, ਨਿਰਗੁਣ ਸੇਵਕ ਬਣ ਬਣ ਸੇਵ ਕਮਾਇੰਦਾ । ਸਚਖੰਡ ਖੇਲ ਕਰੇ ਸ੍ਰੀ ਭਗਵਾਨ, ਭੇਵ ਕੋਇ ਨਾ ਪਾਇੰਦਾ । ਆਪੇ ਦੇਵੇ ਆਪਣਾ ਧੁਰ ਫ਼ਰਮਾਣ, ਆਪਣੇ ਵਿਚੋਂ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪ ਜਣਾਇੰਦਾ । ਨਿਰਗੁਣ ਨਿਰਗੁਣ ਦੱਸੇ ਰਾਹ, ਨਿਰਗੁਣ ਸਿਫ਼ਤ ਸਲਾਹੀਆ । ਨਿਰਗੁਣ ਦਾਤਾ ਬੇਪਰਵਾਹ, ਬੇਐਬ ਵਡੀ ਵਡਿਆਈਆ । ਨਿਰਗੁਣ ਵੇਖੇ ਆਪਣਾ ਥਾਂ, ਨਿਰਗੁਣ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਚੁਕਾਈਆ । ਨਿਰਗੁਣ ਆਪਣਾ ਪੜਦਾ ਚੁੱਕ, ਆਪਣੀ ਦਇਆ ਕਮਾਇੰਦਾ । ਆਪੇ ਜਾਣੇ ਆਪਣਾ ਮੁਖ, ਰੂਪ ਰੰਗ ਰੇਖ ਨਾ ਕੋਇ ਬਣਾਇੰਦਾ । ਆਪੇ ਸੁੰਨ ਆਪੇ ਚੁੱਪ, ਆਪੇ ਜੈ ਜੈਕਾਰ ਕਰਾਇੰਦਾ । ਆਪੇ ਪਰਕਾਸ਼ ਆਪੇ ਅੰਧੇਰਾ ਘੁੱਪ, ਆਪਣੀ ਲੁਕਵੀਂ ਖੇਲ ਕਰਾਇੰਦਾ । ਆਪਣੇ ਅੰਤਰ ਆਪੇ ਪਏ ਉਠ, ਆਪ ਆਪਣਾ ਬਲ ਵਧਾਇੰਦਾ । ਆਪਣਾ ਨਾਉਂ ਰੱਖ ਅਬਿਨਾਸ਼ੀ ਅਚੁੱਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਆਪਣਾ ਮਤਾ ਪਕਾਇੰਦਾ । ਸਚਖੰਡ ਦੁਆਰੇ ਹੋ ਉਜਿਆਰ, ਹਰਿ ਆਪਣੀ ਦਇਆ ਕਮਾਈਆ । ਨਿਰਗੁਣ ਰੂਪ ਅਪਰ ਅਪਾਰ, ਨਿਰੰਕਾਰ ਵਡੀ ਵਡਿਆਈਆ । ਇਕ ਇਕੱਲਾ ਕਰ ਪਸਾਰ, ਆਪੇ ਵੇਖੇ ਚਾਈਂ ਚਾਈਂਆ । ਨਾ ਕੋਈ ਦੂਸਰ ਮੀਤ ਮੁਰਾਰ, ਸਗਲਾ ਸੰਗ ਨਾ ਕੋਇ ਰਖਾਈਆ । ਨਾ ਕੋਈ ਮੰਦਰ ਚਾਰ ਦੀਵਾਰ, ਛੱਪਰ ਛੰਨ ਨਾ ਕੋਇ ਵਡਿਆਈਆ । ਸੂਰਜ ਚੰਨ ਨਾ ਕੋਇ ਪਸਾਰ, ਮੰਡਲ ਮੰਡਪ ਨਾ ਕੋਇ ਉਪਾਈਆ । ਲੋਆਂ ਪੁਰੀਆਂ ਨਾ ਕੋਇ ਪਸਾਰ, ਬ੍ਰਹਿਮੰਡ ਖੰਡ ਵੰਡ ਨਾ ਕੋਇ ਵੰਡਾਈਆ । ਨਾ ਜ਼ਿਮੀਂ ਨਾ ਕੋਇ ਅਸਮਾਨ, ਧਰਤ ਧਵਲ ਨਾ ਕੋਇ ਜਣਾਈਆ ।

੭੩੬
੧੧

ਜੰਗਲ ਜੂਹ ਨਾ ਉਜਾੜ ਪਹਾੜ, ਸਮੁੰਦ ਸਾਗਰ ਨਾ ਕੋਇ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਅਕਾਰ, ਤ੍ਰੈਗੁਣ ਬੰਧਨ ਨਾ ਕੋਇ ਰਖਾਈਆ । ਪੰਜ ਤੱਤ ਨਾ ਕੋਇ ਅਖਾੜ, ਲੱਖ ਚੁਰਾਸੀ ਨਾਚ ਨਾ ਕੋਇ ਨਚਾਈਆ । ਨਾ ਕੋਈ ਗੁਰੂ ਨਾ ਅਵਤਾਰ, ਪੀਰ ਪੈਗ਼ੰਬਰ ਨਾ ਕੋਇ ਬਣਾਈਆ । ਨਾ ਕੋਈ ਭਗਤ ਕਰੇ ਵਿਚਾਰ, ਸੰਤ ਧਿਆਨ ਨਾ ਕੋਇ ਲਗਾਈਆ । ਨਾ ਕੋਈ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਨਾ ਕੋਇ ਪੜ੍ਹਾਈਆ । ਨਾ ਕੋਈ ਰਸਨਾ ਜਿਹਵਾ ਦੱਸੇ ਜ਼ਬਾਨ, ਬੱਤੀ ਦੰਦ ਨਾ ਕੋਇ ਸਲਾਹੀਆ । ਸਚਖੰਡ ਬੈਠ ਸ੍ਰੀ ਭਗਵਾਨ, ਇਕ ਇਕੱਲਾ ਆਪਣਾ ਭੇਵ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪਣੇ ਹੱਥ ਰਖਾਈਆ । ਸਾਚੀ ਧਾਰ ਪੁਰਖ ਸਮਰਥ, ਨਰ ਹਰਿ ਆਪਣੇ ਹੱਥ ਰਖਾਇੰਦਾ । ਨਿਰਗੁਣ ਦੇਵੇ ਨਿਰਗੁਣ ਵੱਥ, ਨਿਰਗੁਣ ਝੋਲੀ ਆਪ ਭਰਾਇੰਦਾ । ਨਿਰਗੁਣ ਮਾਰਗ ਆਪੇ ਦੱਸ, ਨਿਰਗੁਣ ਰਾਹ ਆਪ ਵਖਾਇੰਦਾ । ਨਿਰਗੁਣ ਅੰਤਰ ਆਪੇ ਵਸ, ਨਿਰਗੁਣ ਆਪਣਾ ਭੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਬੰਧਨ ਆਪੇ ਪਾਇੰਦਾ । ਸਾਚਾ ਬੰਧਨ ਹਰਿ ਹਰਿ ਪਾ, ਆਪਣਾ ਖੇਲ ਕਰਾਈਆ । ਨਿਰਗੁਣ ਨਿਰਗੁਣ ਲਏ ਪਰਨਾ, ਨਾਰੀ ਕੰਤ ਰੂਪ ਧਰਾਈਆ । ਨਿਰਗੁਣ ਮੇਲਾ ਸਹਿਜ ਸੁਭਾ, ਨਿਰਗਣ ਵੇਖੇ ਚਾਈਂ ਚਾਈਂਆ । ਨਿਰਗੁਣ ਸੇਵਾ ਲਏ ਕਮਾ, ਦਾਈ ਦਾਇਆ ਰੂਪ ਵਟਾਈਆ । ਨਿਰਗੁਣ ਜਨਨੀ ਜਨ ਬਣੇ ਆਪ ਬੇਪਰਵਾਹ, ਧੰਨ ਜਣੇਂਦੀ ਮਾਈ ਆਪਣਾ ਨਾਉਂ ਰਖਾਈਆ । ਸੁਤ ਦੁਲਾਰਾ ਲਏ ਜਾ, ਸ਼ਬਦੀ ਸ਼ਬਦ ਪਰਗਟਾਈਆ । ਆਪਣੀ ਗੋਦੀ ਆਪ ਉਠਾ, ਆਪੇ ਖ਼ੁਸ਼ੀ ਮਨਾਈਆ । ਸਚਖੰਡ ਨਿਵਾਸੀ ਸਚਖੰਡ ਦੁਆਰੇ ਚੜ੍ਹਿਆ ਜਾ, ਆਪਣਾ ਬੰਸ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਸੁਤ ਦੁਲਾਰਾ ਲਿਆ ਜੰਮ, ਜਨ ਜਨਣੀ ਹਰਿ ਅਖਵਾਇੰਦਾ । ਨਿਰਗੁਣ ਨਿਰੰਕਾਰ ਜਾਣੇ ਆਪਣਾ ਕੰਮ, ਦੂਜੀ ਕਿਰਤ ਨਾ ਕੋਇ ਰਖਾਇੰਦਾ । ਪਵਣ ਸਵਾਸ ਨਾ ਕੋਇ ਦਮ, ਤੱਤਵ ਤੱਤ ਨਾ ਕੋਇ ਬਣਾਇੰਦਾ । ਆਪਣਾ ਖੇਲ ਕਰ ਭਗਵਨ, ਰੂਪ ਅਨੂਪ ਆਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰਾ ਆਪ ਉਠਾਇੰਦਾ । ਸੁਤ ਦੁਲਾਰਾ ਛੋਟਾ ਬਾਲਾ, ਸ਼ਬਦੀ ਸ਼ਬਦ ਆਪ ਉਠਾਇਆ । ਕਰੇ ਖੇਲ ਹਰਿ ਗੋਪਾਲਾ, ਦੀਨਨ ਆਪਣੀ ਦਇਆ ਕਮਾਇਆ । ਆਦਿ ਜੁਗਾਦਿ ਹੋਏ ਰਖਵਾਲਾ, ਸਿਰ ਆਪਣਾ ਹੱਥ ਟਿਕਾਇਆ । ਇਕ ਵਖਾਏ ਸੱਚੀ ਧਰਮਸਾਲਾ, ਚਰਨ ਕਵਲ ਧਿਆਨ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਇਆ । ਸੁਤ ਦੁਲਾਰੇ ਕਰ ਧਿਆਨ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਥਿਰ ਘਰ ਤੇਰਾ ਇਕ ਮਕਾਨ, ਥਿਰ ਘਰ ਵਾਸੀ ਵੰਡ ਵੰਡਾਇੰਦਾ । ਆਦਿ ਅੰਤ ਇਕ ਨਿਸ਼ਾਨ, ਸਤਿ ਸਤਿਵਾਦੀ ਤੇਰੇ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਸ਼ਬਦੀ ਸ਼ਬਦ ਸ਼ਬਦ ਜਣਾਈਆ । ਤੇਰਾ ਰੂਪ ਰੂਪ ਮਹਾਨ, ਅਨੂਪ ਤੇਰੀ ਵਡਿਆਈਆ । ਤੇਰਾ ਲੇਖਾ ਆਪਣੇ ਹੱਥ ਰੱਖੇ ਭਗਵਾਨ, ਦੂਸਰ ਹੱਥ ਨਾ ਕਿਸੇ ਫੜਾਈਆ । ਤੇਰਾ ਬੰਸ ਵੇਖੇ ਦੋ ਜਹਾਨ, ਸਹੰਸਰ ਵੇਖੇ ਤੇਰੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸੁਤ ਦੁਲਾਰਾ ਕਰ ਪਰਨਾਮ, ਦੋਏ ਦੋਏ ਸੀਸ ਝੁਕਾਇੰਦਾ । ਪੁਰਖ

ਅਬਿਨਾਸ਼ੀ ਪਕੜਿਆ ਤੇਰਾ ਦਾਮ, ਦਾਮਨਗੀਰ ਏਕਾ ਨਜ਼ਰੀ ਆਇੰਦਾ । ਆਦਿ ਜੁਗਾਦਿ ਤੇਰਾ ਮਿਲੇ ਇਕੋ ਨਾਮ, ਦੂਸਰ ਓਟ ਨਾ ਕੋਇ ਰਖਾਇੰਦਾ । ਬਣ ਸੇਵਕ ਕਰਾਂ ਸਾਚਾ ਕਾਮ, ਸਾਚੀ ਸੇਵ ਕਮਾਇੰਦਾ । ਮੈਂ ਬਰਦਾ ਤੇਰਾ ਗ਼ੁਲਾਮ, ਗੁਰਬਤ ਹੋਰ ਨਾ ਕੋਇ ਵਧਾਇੰਦਾ । ਨਿਉਂ ਨਿਉਂ ਝੁਕ ਝੁਕ ਕਰਾਂ ਸਲਾਮ, ਅਲੈਕਮ ਤੇਰਾ ਰੰਗ ਵਖਾਇੰਦਾ । ਤੇਰਾ ਇਕੋ ਇਕ ਪੈਗ਼ਾਮ, ਸਚ ਪੈਗ਼ੰਬਰ ਮੋਹੇ ਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਨਾਤਾ ਤੁਟ ਨਾ ਜਾਇੰਦਾ । ਤੇਰਾ ਨਾਤਾ ਮੰਗਾਂ ਦਾਨ, ਸ਼ਬਦੀ ਸ਼ਬਦ ਸੀਸ ਝੁਕਾਇਆ । ਸਚਖੰਡ ਵੇਖਾਂ ਖੇਲ ਮਹਾਨ, ਤੇਰਾ ਰੂਪ ਅਨੂਪ ਸਮਾਇਆ । ਹਉਂ ਬਾਲਕ ਬਾਲ ਅਵਾਣ, ਤੁਧ ਬਿਨ ਅਵਰ ਨਾ ਦੀਸੇ ਕੋਈ ਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰਾ ਧਿਆਨ ਲਗਾਇਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਆਪ ਕਮਾਈਆ । ਤੇਰਾ ਮੇਰਾ ਇਕ ਮਕਾਨ, ਏਕਾ ਘਰ ਵੱਜੇ ਵਧਾਈਆ । ਤੇਰਾ ਮੇਰਾ ਇਕ ਨਿਸ਼ਾਨ, ਮੇਰਾ ਨਿਸ਼ਾਨ ਤੇਰੀ ਵਡਿਆਈਆ । ਤੇਰਾ ਮੇਰਾ ਇਕ ਫ਼ਰਮਾਣ, ਮੇਰਾ ਫ਼ਰਮਾਣ ਤੇਰੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਦੇਵੇ ਹਰਿ, ਹਰਿ ਹਰਿ ਜੂ ਏਕਾ ਏਕ ਜਣਾਇਆ । ਸ਼ਬਦੀ ਸੁਤ ਤੇਰਾ ਦਰ ਘਰ, ਧੁਰ ਦਰਬਾਰੀ ਆਪ ਬਣਾਇਆ । ਨਿਰਭੌ ਚੁਕਾਏ ਭੈ ਡਰ ਡਰ, ਭਿਆਨਕ ਰੂਪ ਨਾ ਕੋਇ ਰਖਾਇਆ । ਆਦਿ ਅੰਤ ਪੱਲੂ ਫੜ ਫੜ, ਤੇਰਾ ਸੰਗ ਨਿਭਾਇਆ । ਤੇਰਾ ਵੇਖਾਂ ਘਾੜਨ ਘੜ ਘੜ, ਰੂਪ ਅਨੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇਆ ।

ਸਾਚੇ ਸੁਤ ਤੇਰਾ ਨਿਸ਼ਾਨ, ਹਰਿ ਜੂ ਹਰਿ ਹਰਿ ਆਪ ਝੁਲਾਇੰਦਾ । ਖੇਲੇ ਖੇਲ ਸ੍ਰੀ ਭਗਵਾਨ, ਭੇਵ ਅਭੇਦ ਖੁਲ੍ਹਾਇੰਦਾ । ਤੇਰੀ ਉਤਪਤ ਕਰੇ ਸੰਤਾਨ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਗੋਦ ਬਹਾਇੰਦਾ । ਬ੍ਰਹਿਮੰਡ ਖੰਡ ਖੇਲ ਮਹਾਨ, ਸੂਰਜ ਚੰਨ ਤੇਰਾ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਧਾਰ ਆਪ ਚਲਾਇੰਦਾ । ਸਾਚੀ ਧਾਰ ਚਲਾਏ ਹਰਿ ਨਿਰੰਕਾਰ, ਏਕਾ ਗੁਣ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਬ੍ਰਹਿਮੰਡ ਖੰਡ ਵੇਖ ਵਖਾਈਆ । ਲੋਆਂ ਪੁਰੀਆਂ ਵੇਖ ਅਖਾੜ, ਦੋ ਜਹਾਨ ਕਰੇ ਰੁਸ਼ਨਾਈਆ । ਰਵ ਸਸ ਦੇ ਸਹਾਰ, ਮੰਡਲ ਮੰਡਪ ਦਏ ਵਡਿਆਈਆ । ਜਲ ਜਲ ਪਾਵੇ ਆਪੇ ਸਾਰ, ਥਲ ਥਲ ਤੇਰਾ ਰੂਪ ਵਖਾਈਆ । ਤ੍ਰੈਗੁਣ ਮਾਇਆ ਕਰ ਤਿਆਰ, ਤੇਰੀ ਚਰਨ ਧੂੜ ਲਾਏ ਛਾਹੀਆ । ਵਿਸ਼ਨ ਬ੍ਰਹਮਾ ਸ਼ਿਵ ਦੇ ਭੰਡਾਰ, ਰਜੋ ਤਮੋ ਸਤੋ ਨਾਲ ਪਰਨਾਈਆ । ਪੰਜ ਤੱਤ ਤੱਤ ਅਕਾਰ, ਨਿਰਾਕਾਰ ਸਾਕਾਰ ਰੂਪ ਵਟਾਈਆ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਕਰ ਪਸਾਰ, ਮਨ ਮਤ ਬੁਧ ਬੰਧਨ ਨਾਲ ਮਿਲਾਈਆ । ਲੱਖ ਚੁਰਾਸੀ ਭਾਂਡਾ ਘੜੇ ਬਣ ਠਠਿਆਰ, ਚਾਰ ਖਾਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਦਏ ਵਡਿਆਈਆ । ਸਾਚੇ ਸ਼ਬਦ ਤੇਰਾ ਹੁਲਾਰਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਸਹਾਰਾ, ਸਭ ਤੇਰੀ ਓਟ ਤਕਾਇੰਦਾ । ਮੇਰਾ ਨਾਉਂ ਤੇਰਾ ਭੰਡਾਰਾ, ਤੇਰਾ ਭੰਡਾਰਾ ਅਤੋਟ ਅਤੁਟ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਫ਼ਰਮਾਣਾ ਆਪ ਸੁਣਾਇੰਦਾ । ਸਚ ਫ਼ਰਮਾਣ ਸ੍ਰੀ ਭਗਵਾਨ, ਸ਼ਬਦੀ ਸ਼ਬਦ ਜਣਾਇਆ । ਮੇਰਾ ਨਾਉਂ ਤੇਰਾ ਗਿਆਨ, ਤੇਰਾ ਗਿਆਨ ਵਿਸ਼ਨ ਬ੍ਰਹਮਾ ਸ਼ਿਵ ਦਏ ਪੜ੍ਹਾਇਆ । ਵਿਸ਼ਨੂੰ ਚਰਨ ਕਵਲ ਕਵਲ

ਚਰਨ ਓਟ ਮੰਗੇ ਏਕਾ ਆਣ, ਬ੍ਰਹਮ ਵੇਤਾ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਆਪ ਵਡਿਆਇਆ । ਸਾਚੇ ਸ਼ਬਦ ਤੇਰਾ ਬਲ, ਹਰਿ ਜੂ ਹਰਿ ਹਰਿ ਆਪ ਰਖਾਇੰਦਾ । ਤੇਰੇ ਅੰਤਰ ਜਾਏ ਰਲ, ਦਿਸ ਕਿਸੇ ਨਾ ਆਇੰਦਾ । ਤੇਰਾ ਸੰਦੇਸ ਲੋਕ ਪਰਲੋਕ ਦੇਵੇ ਘੱਲ, ਦੋ ਜਹਾਨਾਂ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਦੇਵੇ ਦੱਸ, ਹਰਿ ਜੂ ਹਰਿ ਹਰਿ ਆਪ ਜਣਾਇਆ । ਲੱਖ ਚੁਰਾਸੀ ਅੰਦਰ ਜਾਏ ਵਸ, ਆਪਣਾ ਆਪ ਮੁਖ ਛੁਪਾਇਆ । ਤੇਰਾ ਨੂਰ ਕਰੇ ਪਰਕਾਸ਼, ਜੋਤੀ ਜੋਤ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਸਮਝਾਇਆ । ਸੁਣ ਸੰਦੇਸ ਸ੍ਰੀ ਭਗਵੰਤ, ਸ਼ਬਦੀ ਸ਼ਬਦ ਸੀਸ ਝੁਕਾਇੰਦਾ । ਤੂੰ ਸਾਹਿਬ ਦਾਤਾ ਬੇਅੰਤ, ਹਉਂ ਬਾਲਕ ਭੇਵ ਨਾ ਆਇੰਦਾ । ਤੇਰਾ ਨਾਉਂ ਮੇਰਾ ਮੰਤ, ਮੇਰਾ ਮੰਤ ਤੇਰਾ ਨਾਉਂ ਵਡਿਆਇੰਦਾ । ਤੇਰਾ ਲੇਖਾ ਆਦਿ ਅੰਤ, ਆਦਿ ਅੰਤ ਤੇਰਾ ਖੇਲ ਮੋਹੇ ਭਾਇੰਦਾ । ਤੂੰ ਘਾੜਤ ਘੜੇਂ ਲੱਖ ਚੁਰਾਸੀ ਜੀਵ ਜੰਤ, ਘਟ ਘਟ ਮੇਰਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਆਪਣੇ ਸੰਗ ਮਿਲਾਇੰਦਾ । ਸਚ ਵਕਤ ਦੱਸ ਮੇਰੇ ਨਿਰੰਕਾਰ, ਸ਼ਬਦੀ ਸ਼ਬਦ ਮੰਗ ਮੰਗਾਇਆ । ਨਿਰਗੁਣ ਸਰਗੁਣ ਤੇਰੀ ਧਾਰ, ਲੱਖ ਚੁਰਾਸੀ ਵੰਡ ਵੰਡਾਇਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪੁਕਾਰ, ਦੋਏ ਦੋਏ ਜੋੜ ਸੀਸ ਝੁਕਾਇਆ । ਦਰ ਦਰ ਵੇਸ ਬਣ ਭਿਖਾਰ, ਖਾਲੀ ਝੋਲੀ ਲੈਣ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਹੋਏ ਸਹਾਇਆ । ਸਾਚਾ ਵੇਲਾ ਹਰਿ ਜੂ ਰਿਹਾ ਜਣਾ, ਭੇਵ ਅਭੇਦ ਖੁਲ੍ਹਾਇੰਦਾ । ਕਰੇ ਖੇਲ ਅਗੰਮ ਅਥਾਹ, ਦਿਸ ਕਿਸੇ ਨਾ ਆਇੰਦਾ । ਨਿਰਗੁਣ ਸਰਗੁਣ ਵੇਸ ਲਏ ਵਟਾ, ਆਪਣਾ ਰੂਪ ਵਖਾਇੰਦਾ । ਜੁਗ ਚੌਕੜੀ ਵੰਡ ਲਏ ਵੰਡਾ, ਪਾਂਧੀ ਆਪਣਾ ਪੰਧ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਭੇਵ ਅਭੇਦ ਖੋਲ੍ਹੇ ਨਿਰੰਕਾਰਾ, ਆਪਣੀ ਬੂਝ ਬੁਝਾਈਆ । ਸ਼ਬਦੀ ਤੇਰਾ ਸਤਿ ਭੰਡਾਰਾ, ਵਿਸ਼ਨੂੰ ਝੋਲੀ ਆਪ ਭਰਾਈਆ । ਸ਼ਬਦੀ ਤੇਰਾ ਨਾਦ ਜੈਕਾਰਾ, ਬ੍ਰਹਮਾ ਦਏ ਵਜਾਈਆ । ਸ਼ਬਦੀ ਤੇਰਾ ਅੰਤ ਅਖਾੜਾ, ਸ਼ੰਕਰ ਦਏ ਵਖਾਈਆ । ਸਰਗੁਣ ਨਿਰਗੁਣ ਕਰੇ ਪਿਆਰਾ, ਨਿਰਗੁਣ ਸਰਗੁਣ ਵੇਸ ਵਟਾਈਆ । ਗੁਰ ਗੁਰ ਰੂਪ ਵਿਚ ਸੰਸਾਰਾ, ਪੰਜ ਤੱਤ ਕਰੇ ਕੁੜਮਾਈਆ । ਕਾਗ਼ਜ਼ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਿਗਸੇ ਵੇਖਣਹਾਰਾ, ਚਾਰੇ ਖਾਣੀ ਦਏ ਬੁਝਾਈਆ । ਅੰਡਜ ਜੇਰਜ ਉਤਭੁਜ ਸੇਤਜ ਪਾਵੇ ਸਾਰਾ, ਚਾਰੇ ਬਾਣੀ ਦਏ ਪੜ੍ਹਾਈਆ । ਚਾਰੇ ਬਾਣੀ ਪਰਾ ਪਸੰਤੀ ਮਧਮ ਬੈਖਰੀ ਗਾਏ ਆਪਣੀ ਵਾਰਾ, ਅਨਾਦ ਨਾਦ ਧੁੰਨ ਵਜਾਈਆ । ਚਾਰੇ ਵਰਨ ਦੇ ਸਹਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਪੱਲੂ ਨਾਮ ਫੜਾਈਆ । ਚਾਰੇ ਕੁੰਟ ਹੋ ਉਜਿਆਰਾ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਈਆ । ਨੌਂ ਦੁਆਰੇ ਖੋਲ੍ਹ ਕਿਵਾੜਾ, ਨੌਂ ਖੰਡ ਪ੍ਰਿਥਮੀ ਵੇਖ ਵਖਾਈਆ । ਸਤਿ ਸਤਿਵਾਦੀ ਸਾਚੀ ਕਾਰਾ, ਸੱਤਾਂ ਦੀਪਾਂ ਪੜਦਾ ਲਾਹੀਆ । ਬੋਧ ਅਗਾਧੀ ਏਕਾ ਨਾਅਰਾ, ਗੁਰ ਗੁਰ ਆਪਣਾ ਆਪ ਬੁਝਾਈਆ । ਰਾਗ ਨਾਦ ਨਾ ਪਾਵੇ ਸਾਰਾ, ਤੀਸ ਬਤੀਸ ਨਾ ਕੋਇ ਵਡਿਆਈਆ । ਕਰੇ ਖੇਲ ਆਪ ਨਿੰਰਕਾਰਾ, ਨਿਰਗੁਣ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ

ਨਰੇਸ਼ਾ ਏਕਾ ਵਾਰ ਜਣਾਈਆ । ਏਕਾ ਵਾਰ ਸ੍ਰੀ ਭਗਵਾਨ, ਆਪਣਾ ਆਪ ਜਣਾਇਆ । ਸਾਚੇ ਸੁਤ ਹੋਣਾ ਬਲਵਾਨ, ਬਲਧਾਰੀ ਬਲ ਵਧਾਇਆ । ਜੁਗ ਚੌਕੜੀ ਖੇਲ ਮਹਾਨ, ਨਿਰਗੁਣ ਸਰਗੁਣ ਆਪ ਕਰਾਇਆ । ਗੁਰ ਅਵਤਾਰ ਦੇ ਦੇ ਦਾਨ, ਲੋਕਮਾਤ ਸੇਵਾ ਲਾਇਆ । ਸ਼ਬਦੀ ਸ਼ਬਦ ਇਕ ਗਿਆਨ, ਨਿਸ਼ਅੱਖਰ ਇਕ ਪੜ੍ਹਾਇਆ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਚਖੰਡ ਦੁਆਰੇ ਆਪ ਵਖਾਇਆ । ਜੋਤੀ ਜੋਤ ਜੋਤ ਮਹਾਨ, ਨੂਰ ਨੁਰਾਨਾ ਡਗਮਗਾਇਆ । ਸ਼ਬਦੀ ਸ਼ਬਦ ਸ਼ਬਦ ਧੁੰਨਕਾਨ, ਅਨਹਦ ਨਾਦੀ ਰਾਗ ਅਲਾਇਆ । ਮੰਦਰ ਅੰਦਰ ਸਚ ਮਕਾਨ, ਸਾਚਾ ਹੱਟ ਇਕ ਖੁਲ੍ਹਾਇਆ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡਾਂ ਖੰਡਾਂ ਫੋਲ ਫੋਲਾਇਆ । ਜੁਗ ਚੌਕੜੀ ਕਰ ਪਰਵਾਨ, ਜੁਗ ਜੁਗ ਆਪਣਾ ਵੇਸ ਵਟਾਇਆ । ਸਤਿਜੁਗ ਤ੍ਰੇਤਾ ਦੁਆਪਰ ਦੇਵੇ ਦਾਨ, ਕਲਜੁਗ ਹਿੱਸਾ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸੁਣਾਇਆ । ਸਾਚੀ ਸਿਖਿਆ ਏਕਾ ਸਿਖ, ਸ਼ਬਦੀ ਸ਼ਬਦ ਖ਼ੁਸ਼ੀ ਮਨਾਇੰਦਾ । ਪਾਰਬ੍ਰਹਮ ਪ੍ਰਭ ਪਾਈ ਭਿਖ, ਵਸਤ ਅਮੋਲਕ ਇਕ ਵਰਤਾਇੰਦਾ । ਬਿਨ ਕਲਮ ਦਵਾਤੋਂ ਲੇਖ ਦਿਤਾ ਲਿਖ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਆਪੇ ਵੰਡਿਆ ਆਪਣਾ ਹਿਸ, ਦੂਜਾ ਸ਼ਰੀਕ ਨਾ ਕੋਇ ਰਖਾਇੰਦਾ । ਆਦਿ ਅੰਤ ਰੱਖੇ ਆਪਣੀ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇੰਦਾ । ਸਾਚਾ ਖੇਲ ਦੱਸੇ ਬੇਅੰਤ, ਬੇਅੰਤ ਵਡੀ ਵਡਿਆਈਆ । ਜੁਗ ਚੌਕੜੀ ਬਣਾਏ ਬਣਤ, ਲੋਕਮਾਤ ਵੰਡ ਵੰਡਾਈਆ । ਅੰਤ ਕਰੇ ਸਭ ਦਾ ਅੰਤ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪਣੇ ਹੱਥ ਰਖਾਈਆ । ਸਾਚਾ ਖੇਲ ਪੁਰਖ ਸਮਰਥ, ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਫੇਰਾ ਪਾਇੰਦਾ । ਲੇਖਾ ਜਾਣੇ ਤੱਤ ਅੱਠ, ਅੱਠ ਤੱਤ ਸੇਵ ਕਮਾਇੰਦਾ । ਪੰਧ ਮੁਕਾਏ ਨੱਠ ਨੱਠ, ਬਣ ਪਾਂਧੀ ਪੈਂਡਾ ਆਪਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਘਟ ਘਟ, ਸਚਖੰਡ ਸਾਚੇ ਆਸਣ ਲਾਇੰਦਾ । ਸੁਤ ਦੁਲਾਰਾ ਕਹੇ ਸ੍ਰੀ ਭਗਵਾਨ, ਆਪਣਾ ਭੇਵ ਮੋਹੇ ਜਣਾਈਆ । ਸਚਖੰਡ ਵਸੇ ਤੂੰ ਮਕਾਨ, ਤੇਰਾ ਅੰਤ ਕੋਇ ਨਾ ਪਾਈਆ । ਜੁਗ ਚੌਕੜੀ ਖੇਲ ਮਹਾਨ, ਲੱਖ ਚੁਰਾਸੀ ਵੰਡ ਵੰਡਾਈਆ । ਤੇਰਾ ਨਾਮ ਸਤਿ ਨਿਸ਼ਾਨ, ਰੂਪ ਰੇਖ ਨਾ ਕੋਇ ਰਖਾਈਆ । ਕਵਣ ਬਿਧ ਪਰਗਟ ਹੋਵੇਂ ਵਿਚ ਜਹਾਨ, ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗਤ ਮਿਤ ਤੇਰੇ ਹੱਥ ਰਖਾਈਆ । ਪੁਰਖ ਅਬਿਨਾਸ਼ੀ ਕਹੇ ਪੁਕਾਰ, ਕੂਕ ਕੂਕ ਸੁਣਾਇਆ । ਤੇਰਾ ਮੇਰਾ ਇਕ ਵਿਹਾਰ, ਬਿਵਹਾਰੀ ਖੇਲ ਰਚਾਇਆ । ਜਨ ਭਗਤਾਂ ਦੇਵਾਂ ਦਰਸ ਦੀਦਾਰ, ਨਿਰਗੁਣ ਨੂਰ ਨੂਰ ਧਰਾਇਆ । ਆਤਮ ਪਰਮਾਤਮ ਇਕ ਗਿਆਨ, ਮੰਤਰ ਗਿਆਨ ਇਕ ਜਣਾਇਆ । ਪਾਰਬ੍ਰਹਮ ਬ੍ਰਹਮ ਇਕ ਸੰਤਾਨ, ਸਤਿ ਸਤਿਵਾਦੀ ਦਏ ਵਖਾਈਆ । ਸੁਰਤੀ ਮੇਲਾ ਸ਼ਬਦੀ ਕਾਹਨ, ਗੋਪੀ ਕਾਹਨ ਰੂਪ ਵਟਾਇਆ । ਬਿਨ ਪੜ੍ਹਿਆਂ ਦੇਵੇ ਆਪ ਗਿਆਨ, ਸਾਚਾ ਮੰਤਰ ਆਪ ਸੁਣਾਇਆ । ਏਥੇ ਓਥੇ ਦੋ ਜਹਾਨਾਂ ਵੇਖੇ ਆਣ, ਆਪ ਆਪਣਾ ਦਰਸ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਇਆ । ਸਾਚਾ ਖੇਲ ਜੁਗ ਜੁਗ ਚਾਰ, ਚਾਰ ਚਾਰ ਵੰਡ ਵੰਡਾਈਆ । ਸਾਚਾ ਖੇਲ ਨੌਂ ਨੌਂ ਦੁਆਰ, ਦੁਆਰ

ਦੁਆਰ ਵੇਖ ਵਖਾਈਆ । ਸਾਚਾ ਖੇਲ ਨੌਂ ਨੌਂ ਧਾਰ, ਨਵ ਨੌਂ ਆਪਣਾ ਫੇਰਾ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਚਲੇ ਇਕ ਵਿਹਾਰ, ਵੇਸ ਅਨੇਕ ਅਨੇਕ ਵੇਸ ਆਪ ਵਟਾਈਆ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰਾ ਰੰਗ ਰੰਗਾਈਆ । ਨਵ ਨੌਂ ਚਾਰ ਤੇਰਾ ਰੰਗ, ਹਰਿ ਸਾਚਾ ਸਚ ਜਣਾਇੰਦਾ । ਗੁਰ ਅਵਤਾਰਾਂ ਆਤਮ ਸੇਜ ਤੇਰਾ ਪਲੰਘ, ਸਾਚੀ ਸੇਜਾ ਆਪ ਸੁਹਾਇੰਦਾ । ਸ਼ਬਦ ਅਗੰਮੀ ਇਕ ਮਰਦੰਗ, ਬਣ ਮਰਦਾਨਾ ਆਪ ਵਜਾਇੰਦਾ । ਨੰਗੀ ਹੋਣ ਨਾ ਦੇਵੇ ਕੰਡ, ਸਿਰ ਆਪਣਾ ਹੱਥ ਟਿਕਾਇੰਦਾ । ਦੇਵੇ ਵਡਿਆਈ ਵਿਚ ਵਰਭੰਡ, ਬ੍ਰਹਿਮੰਡਾਂ ਤੇਰਾ ਮਾਣ ਰਖਾਇੰਦਾ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਪੜਦਾ ਆਪੇ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਝੋਲੀ ਪਾਇੰਦਾ । ਚਾਰੇ ਜੁਗ ਤੇਰੀ ਝੋਲੀ, ਸੋ ਪੁਰਖ ਨਿਰੰਜਣ ਆਪੇ ਪਾਈਆ । ਤੇਰੇ ਕੰਧ ਉਠਾਏ ਡੋਲੀ, ਲੋਕਮਾਤ ਫਿਰਾਈਆ । ਕਰੇ ਖੇਲ ਹੌਲੀ ਹੌਲੀ, ਭੇਵ ਕਿਸੇ ਨਾ ਆਈਆ । ਅੰਤਮ ਸਭ ਦੀ ਖੇਲੇ ਹੌਲੀ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਚਾਰ ਜੁਗ ਦਏ ਵੰਡ, ਵੰਡਣਹਾਰ ਆਪ ਨਿਰੰਕਾਰਾ । ਲੇਖਾ ਜਾਣੇ ਵਿਚ ਵਰਭੰਡ, ਬ੍ਰਹਿਮੰਡ ਖੇਲ ਨਿਆਰਾ । ਸੇਵਾ ਲਾਏ ਸੂਰਜ ਚੰਦ, ਦਿਵਸ ਰੈਣ ਕਰਨ ਨਿਮਸਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਾ । ਅਪਰ ਅਪਾਰ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੜਾਏ ਪੱਲਾ, ਜੁਗ ਜੁਗ ਗੇੜਾ ਆਪ ਭੁਵਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਾਰ ਕਰਾਏ ਕਰ ਕਰ ਹੱਲਾ, ਪਾਂਧੀ ਆਪਣਾ ਪੰਧ ਮੁਕਾਇੰਦਾ । ਕਲਜੁਗ ਅੰਤਮ ਸੰਦੇਸ ਨਰ ਨਰੇਸ਼ ਏਕਾ ਘੱਲਾ, ਸ੍ਰਿਸ਼ਟ ਸਬਾਈ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਸ਼ਬਦ ਵਡਿਆਇੰਦਾ । ਸਾਚੇ ਸ਼ਬਦ ਤੇਰੀ ਧਾਰ, ਜੁਗ ਚੌਕੜੀ ਆਪ ਚਲਾਈਆ । ਨਿਰਗੁਣ ਸਰਗੁਣ ਲਏ ਅਵਤਾਰ, ਜੀਵ ਜੰਤ ਕਰੇ ਪੜ੍ਹਾਈਆ । ਭਗਤ ਭਗਵੰਤ ਖੋਲ੍ਹ ਕਿਵਾੜ, ਆਤਮ ਅੰਤਰ ਬੂਝ ਬੁਝਾਈਆ । ਸਾਚੇ ਸੰਤਾਂ ਦੇ ਦੀਦਾਰ, ਦਰਸੀ ਆਪਣਾ ਦਰਸ ਕਰਾਈਆ । ਸਾਚੇ ਗੁਰਮੁਖ ਦਏ ਅਧਾਰ, ਗੁਰ ਗੁਰ ਏਕਾ ਬੂਝ ਬੁਝਾਈਆ । ਸਾਚੇ ਗੁਰਸਿਖ ਕਰੇ ਪਾਰ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਮੁਰਸ਼ਦ ਮੁਰੀਦ ਦੇਵੇ ਇਕ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਗੁਰ ਅਵਤਾਰ ਕਰਨ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਤੇਰੀ ਕੁਦਰਤ ਤੂੰ ਹੀ ਜਾਣੇ ਆਪ ਨਿਰੰਕਾਰ, ਤੇਰਾ ਅੰਤ ਕੋਇ ਨਾ ਪਾਈਆ । ਹਉਂ ਸੇਵਕ ਚਾਕਰ ਸੇਵਾਦਾਰ, ਬਣ ਸੇਵਕ ਸੇਵ ਕਮਾਈਆ । ਕੋਟਨ ਕੋਟ ਤੇਰੇ ਨਾਉਂ ਕਰ ਉਜਿਆਰ, ਲੋਕਮਾਤ ਗੀਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਸਾਚਾ ਖੇਲ ਵਖਾਏ ਜੱਗ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਸ਼ਾਹ ਪਾਤਸ਼ਾਹ ਸੂਰਾ ਸਰਬਗ, ਹੁਕਮੀ ਹੁਕਮ ਆਪ ਫਿਰਾਈਆ । ਜੁਗ ਚੌਕੜੀ ਜਾਇਣ ਲੰਘ, ਅੰਤ ਕੰਤ ਸਰਬ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਚਾਰ ਜੁਗ ਭੇਵ ਅਪਾਰਾ, ਭੇਦੀ ਭੇਦ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗਾਇਨ ਵਾਰਾ, ਲਿਖ ਲਿਖ ਜੀਵ ਜੰਤ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਨਿਉਂ ਨਿਉਂ

ਕਰੇ ਨਿਮਸਕਾਰਾ, ਸੀਸ ਜਗਦੀਸ ਝੁਕਾਈਆ । ਕਲਜੁਗ ਅੰਤਮ ਖੇਲ ਅਪਾਰਾ, ਗੁਰ ਸ਼ਬਦ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਸ਼ਬਦ ਸਲਾਹੀਆ । ਗੁਰ ਸ਼ਬਦ ਗੁਰ ਹੋਵੇ ਬਲਵਾਨ, ਸੋ ਪੁਰਖ ਨਿਰੰਜਣ ਆਦਿ ਜਣਾਇਆ । ਨਾਨਕ ਨਿਰਗੁਣ ਲੈ ਕੇ ਆਵੇ ਦਾਨ, ਸਰਗੁਣ ਜੀਵ ਜੰਤ ਵਰਤਾਇਆ । ਗੋਬਿੰਦ ਵਖਾਏ ਇਕ ਨਿਸ਼ਾਨ, ਸਚ ਨਿਸ਼ਾਨਾ ਇਕ ਉਠਾਇਆ । ਚਾਰ ਵਰਨ ਦੇਵੇ ਮਾਣ, ਊਚ ਨੀਚ ਰਾਓ ਰੰਕ ਗਲੇ ਲਗਾਇਆ । ਆਤਮ ਅੰਤਰ ਇਕ ਧਿਆਨ, ਪੁਰਖ ਅਕਾਲ ਇਸ਼ਟ ਵਖਾਇਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਰੂਪ ਅਨੂਪ ਲਏ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣਾ ਭੇਵ ਚੁਕਾਇਆ । ਆਦਿ ਸ਼ਬਦ ਗੁਰ ਉਪਜਿਆ ਬਲਵਾਨ, ਹਰਿ ਹਰਿ ਆਪ ਉਪਾਇਆ । ਅੰਤਮ ਪਰਗਟ ਹੋਏ ਵਿਚ ਜਹਾਨ, ਗੁਰ ਗੁਰ ਆਪਣਾ ਰੂਪ ਵਖਾਇਆ । ਨੌਂ ਖੰਡ ਪ੍ਰਿਥਮੀ ਦੇਵੇ ਇਕ ਗਿਆਨ, ਵਿਸ਼ਨ ਬ੍ਰਹਮਾ ਸ਼ਿਵ ਲਏ ਪੜ੍ਹਾਇਆ । ਆਤਮ ਪਰਮਾਤਮ ਕਰ ਪਰਵਾਨ, ਦਰ ਘਰ ਸਾਚੇ ਲਏ ਮਿਲਾਇਆ । ਨਾਤਾ ਤੋੜ ਕੂੜ ਜਹਾਨ, ਸਾਚੀ ਸਿਖਿਆ ਦਏ ਸਮਝਾਇਆ । ਏਕਾ ਮੰਦਰ ਇਕ ਮਕਾਨ, ਏਕਾ ਹਰਿ ਜੂ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਸਮਝਾਇਆ । ਸਾਚਾ ਖੇਲ ਹਰਿ ਸਮਝੌਣਾ, ਹਰਿ ਹਰਿ ਆਪਣੀ ਦਇਆ ਕਮਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕੌਣਾ, ਥਿਰ ਕੋਇ ਰਹਿਣ ਨਾ ਪਾਈਆ । ਸ਼ਬਦੀ ਸ਼ਬਦ ਡੰਕ ਵਜੌਣਾ, ਪੰਜ ਤੱਤ ਨਾ ਕੋਇ ਰਖਾਈਆ । ਏਕਾ ਸਤਿਗੁਰ ਨਜ਼ਰੀ ਔਣਾ, ਨਾ ਮਰੇ ਨਾ ਜਾਈਆ । ਏਕਾ ਅੱਖਰ ਆਖਰ ਆਪ ਪੜ੍ਹੌਣਾ, ਏਕਾ ਕਲਮਾ ਦਏ ਸਮਝਾਈਆ । ਏਕਾ ਨਬੀ ਨਜ਼ਰੀ ਔਣਾ, ਏਕਾ ਰਸੂਲ ਅਸੂਲ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣਾ ਭੇਵ ਚੁਕਾਈਆ । ਕਲਜੁਗ ਵੇਲਾ ਅੰਤਮ ਆਏ, ਹਰਿ ਸਤਿਗੁਰ ਆਪ ਜਣਾਇੰਦਾ । ਸ਼ਬਦੀ ਗੁਰ ਵੇਸ ਵਟਾਏ, ਦਿਸ ਕਿਸੇ ਨਾ ਆਇੰਦਾ । ਨਿਹਕਲੰਕਾ ਨਾਉਂ ਰਖਾਏ, ਦੋ ਜਹਾਨਾਂ ਫੇਰਾ ਪਾਇੰਦਾ । ਜੁਗ ਚੌਕੜੀ ਲਹਿਣਾ ਝੋਲੀ ਪਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਰਖਾਇੰਦਾ । ਸ਼ਬਦੀ ਸ਼ਬਦ ਤੇਰਾ ਸੰਗ, ਸਗਲਾ ਸੰਗ ਆਪ ਰਖਾਈਆ । ਕਲਜੁਗ ਅੰਤਮ ਕਰੇ ਭੰਗ, ਕੂੜੀ ਕਿਰਿਆ ਦਏ ਮਿਟਾਈਆ । ਨਾਰ ਦੁਹਾਗਣ ਵੇਖੇ ਰੰਡ, ਸ੍ਰਿਸ਼ਟ ਸਬਾਈ ਫੇਰਾ ਪਾਈਆ । ਘਰ ਘਰ ਤੋੜੇ ਮਾਣ ਘਮੰਡ, ਨਾਮ ਖੰਡਾ ਹੱਥ ਚਮਕਾਈਆ । ਮੇਟ ਮਿਟਾਏ ਭੇਖ ਪਖੰਡ, ਭੇਖੀ ਆਪਣਾ ਖੇਲ ਜਣਾਈਆ । ਸਤਿ ਸਤਿਵਾਦੀ ਚਾੜ੍ਹੇ ਚੰਦ, ਅੰਧ ਅੰਧੇਰਾ ਦਏ ਗਵਾਈਆ । ਪਰਗਟ ਹੋ ਸੂਰਾ ਸਰਬੰਗ, ਸੂਰਬੀਰ ਆਪਣਾ ਬਲ ਜਣਾਈਆ । ਗੋਬਿੰਦ ਗੀਤ ਸੁਹਾਗੀ ਛੰਦ, ਜੀਵ ਜੰਤ ਕਰੇ ਪੜ੍ਹਾਈਆ । ਚਾਰ ਵਰਨ ਇਕ ਅਨੰਦ, ਏਕਾ ਰਸ ਦਏ ਵਖਾਈਆ । ਜਨਮ ਜਨਮ ਦੀ ਟੁੱਟੀ ਗੰਢ, ਪੱਲੂ ਨਾਮ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਏਕਾ ਗੁਰ ਅਖਵਾਈਆ । ਆਦਿ ਅੰਤ ਏਕਾ ਗੁਰ, ਗੁਰ ਸ਼ਬਦੀ ਨਾਉਂ ਰਖਾਇੰਦਾ । ਆਦਿ ਅੰਤ ਏਕਾ ਸੁਰ, ਏਕਾ ਤਾਲ ਵਜਾਇੰਦਾ । ਆਦਿ ਅੰਤ ਏਕਾ ਘੁੜ, ਸ਼ਾਹ ਅਸਵਾਰਾ ਆਸਣ ਲਾਇੰਦਾ । ਆਦਿ ਅੰਤ ਜਾਏ ਬੌਹੜ, ਜੁਗ ਜੁਗ ਵੇਸ ਵਟਾਇੰਦਾ । ਆਦਿ ਅੰਤ ਰਿਹਾ ਦੌੜ, ਨਿਰਗੁਣ ਸਰਗੁਣ ਪੰਧ ਮੁਕਾਇੰਦਾ । ਆਦਿ ਅੰਤ ਲੱਖ ਚੁਰਾਸੀ ਵੇਖੇ ਰੀਠਾ ਮਿੱਠਾ ਕੌੜ, ਘਟ ਘਟ ਆਪਣਾ ਰੂਪ ਧਰਾਇੰਦਾ । ਆਦਿ ਅੰਤ ਕਿਸੇ ਹੱਥ

ਨਾ ਆਏ ਬ੍ਰਹਿਮਣ ਗੌੜ, ਉਚੇ ਟਿੱਲੇ ਪਰਬਤ, ਆਪਣਾ ਆਸਣ ਲਾਇੰਦਾ । ਆਦਿ ਅੰਤ ਕੋਈ ਚੜ੍ਹ ਨਾ ਸਕੇ ਸੱਚੇ ਪੌੜ੍ਹ, ਬਿਨ ਨਾਨਕ ਦਰਸ ਕੋਇ ਨਾ ਪਾਇੰਦਾ । ਆਦਿ ਅੰਤ ਬੁਝਾ ਨਾ ਸਕੇ ਕੋਈ ਔੜ, ਬਿਨ ਗੋਬਿੰਦ ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਆਦਿ ਅੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਇਕ ਵਡਿਆਇੰਦਾ । ਗੁਰ ਸ਼ਬਦ ਇਕ ਇਕ ਬਲਵਾਨ, ਜੁਗਾ ਜੁਗੰਤਰ ਵੇਸ ਵਟਾਇੰਦਾ । ਸਤਿ ਸਤਿਵਾਦੀ ਸਚ ਨਿਸ਼ਾਨ, ਲੋਕਮਾਤ ਆਪ ਝੁਲਾਇੰਦਾ । ਕਲਜੁਗ ਅੰਤਮ ਚਾਰ ਵਰਨ ਪਾਵੇ ਇਕੋ ਆਣ, ਏਕਾ ਰਾਹ ਵਖਾਇੰਦਾ । ਸ਼ਾਹ ਸੁਲਤਾਨ ਰਾਜ ਰਾਜਾਨ ਸਰਬ ਮਿਟ ਜਾਣ, ਸੀਸ ਤਾਜ ਨਾ ਕੋਇ ਟਿਕਾਇੰਦਾ । ਜੀਵ ਜੰਤ ਰਾਓ ਰੰਕ ਪੁਰਖ ਅਕਾਲ ਏਕਾ ਗਾਣ, ਫਤਿਹ ਡੰਕਾ ਇਕ ਵਜਾਇੰਦਾ । ਸਤਿ ਸਤਿਵਾਦੀ ਸੱਤ ਰੰਗ ਝੁਲਾਏ ਨਿਸ਼ਾਨ, ਸੱਤਾਂ ਦੀਪਾਂ ਆਪ ਉਠਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹੋਣ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਗੁਰ ਅਵਤਾਰ ਕਰਨ ਧਿਆਨ, ਨੇਤਰ ਨੈਣ ਸਰਬ ਉਠਾਇੰਦਾ । ਪੀਰ ਪੈਗ਼ੰਬਰ ਕਰਨ ਸਲਾਮ, ਸੱਜਦਾ ਸੀਸ ਸਰਬ ਝੁਕਾਇੰਦਾ । ਜੋ ਘੱਲਦਾ ਰਿਹਾ ਆਪ ਪੈਗ਼ਾਮ, ਪੀਰ ਪੈਗ਼ੰਬਰ ਮਾਤ ਪੜ੍ਹਾਇੰਦਾ । ਮੁੱਲਾਂ ਸ਼ੇਖ਼ ਮੁਸਾਇਕ ਦੱਸਦਾ ਰਿਹਾ ਅਸਲਾਮ, ਇਸਮ ਆਜ਼ਮ ਆਪ ਜਣਾਇੰਦਾ । ਮਿਹਬਾਨ ਬੀਦੋ ਬੀ ਖੈਰ ਯਾ ਅੱਲਾ, ਹੱਕ ਹਕ਼ੀਕ਼ਤ ਜਣਾਏ ਸਚ ਕਲਾਮ, ਕਲਮਾ ਹੱਕ ਹੱਕ ਵਖਾਇੰਦਾ । ਚੌਦਾਂ ਤਬਕ ਵੇਖਣਹਾਰਾ ਨਿਜ਼ਾਮ, ਸ਼ਾਹ ਪਾਤਸ਼ਾਹ ਆਪਣਾ ਰੂਪ ਵਟਾਇੰਦਾ । ਚਾਰ ਯਾਰੀ ਜਿਸ ਬਰਦੇ ਕਰੇ ਗ਼ੁਲਾਮ, ਸੇਵਕ ਸਾਚੀ ਸੇਵ ਸਮਝਾਇੰਦਾ । ਜ਼ਬਰਾਈਲ ਅਸਰਾਫ਼ੀਲ ਮੇਕਾਈਲ ਦੇਦਾਂ ਰਿਹਾ ਪੈਗ਼ਾਮ, ਆਇਤ ਸ਼ਰਾਇਤ ਆਪ ਸੁਣਾਇੰਦਾ । ਸੋ ਅਮਾਮ ਖੇਲ ਕਰੇ ਮਹਾਨ, ਬੇਨਕਾਬ ਆਪਣਾ ਪੜਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਵਸੇ ਏਕਾ ਘਰ, ਸਚਖੰਡ ਦੁਆਰੇ ਸੋਭਾ ਪਾਇੰਦਾ । ਸਤਿਨਾਮ ਦਾ ਠੰਡਾ ਪਾਣੀ, ਸਤਿਗੁਰ ਨਾਨਕ ਰਿਹਾ ਪਾ । ਗੁਰਸਿਖ ਅੰਤਰ ਪੜ੍ਹੇ ਬਾਣੀ, ਆਤਮ ਇਕ ਲਿਵ ਲਾ । ਦਿਵਸ ਰੈਣ ਸੁਣੇ ਅਕੱਥ ਕਹਾਣੀ, ਰਸਨਾ ਜਿਹਵਾ ਬੰਦ ਕਰਾ । ਸਤਿਗੁਰ ਦੇਵੇ ਪਦ ਨਿਰਬਾਣੀ, ਘਰ ਵਿਚ ਘਰ ਦਏ ਵਖਾ । ਜੋਤ ਜਗੇ ਇਕ ਮਹਾਨੀ, ਨੂਰੋ ਨੂਰ ਨੂਰ ਰੁਸ਼ਨਾ । ਰਾਗ ਸੁਣਾਏ ਸੱਚੇ ਕਾਨੀ, ਅਨਹਦ ਨਾਦੀ ਨਾਦ ਵਜਾ । ਨਾਤਾ ਤੋੜੇ ਪੰਜ ਸ਼ੈਤਾਨੀ, ਕਾਮ ਕਰੋਧ ਲੋਭ ਮੋਹ ਹੰਕਾਰ ਗਵਾ । ਤਿਸ ਸਤਿਗੁਰ ਸੱਚਾ ਆਪਣੇ ਚਰਨ ਕਰੇ ਪਰਵਾਨੀ, ਸਾਚੀ ਸਰਨ ਲਏ ਬਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਨਾਮ ਦਾ ਸੱਚਾ ਪਾਣੀ, ਗੁਰੂ ਗ੍ਰੰਥ ਰਿਹਾ ਬਰਸਾ । ਗੁਰੂ ਸਿਖ ਪੜ੍ਹੇ ਗੁਰ ਗੁਰ ਧਾਰ, ਗੁਰ ਸ਼ਬਦੀ ਬੂਝ ਬੁਝਾਈਆ । ਜੋ ਪੜ੍ਹ ਪੜ੍ਹ ਰਹੇ ਵਿਸਾਰ, ਤਿਸ ਰਾਏ ਧਰਮ ਦਏ ਸਜਾਈਆ । ਏਥੇ ਓਥੇ ਹੋਏ ਖੁਵਾਰ, ਨਾਨਕ ਗੋਬਿੰਦ ਦਏ ਨਾ ਅੰਤ ਗਵਾਹੀਆ । ਜੋ ਦੋਏ ਦੋਏ ਜੋੜ ਕਰਨ ਸਦਾ ਨਿਮਸਕਾਰ, ਇਕੋ ਓਟ ਰਖਾਈਆ । ਸੋ ਸੁਣਦੇ ਉਤਰੇ ਪਾਰ, ਜੋ ਬੈਠੇ ਧਿਆਨ ਲਗਾਈਆ । ਨਾਨਕ ਲਾਈ ਇਕ ਗੁਲਜ਼ਾਰ, ਗੋਬਿੰਦ ਬੂਟਾ ਰਿਹਾ ਮਹਿਕਾਈਆ । ਪੁਰਖ ਅਕਾਲ ਸੇਵਾਦਾਰ, ਬਣ ਮਾਲੀ ਸੇਵ ਕਮਾਈਆ । ਜਿਸ ਜਨ ਭੁਲਿਆ ਨਾਨਕ ਨਿਰੰਕਾਰ, ਤਿਸ ਜਨ ਏਥੇ ਓਥੇ ਕੋਇ ਨਾ ਮਿਲੇ ਥਾਈਆ । ਅੰਮ੍ਰਿਤ ਰਸ ਆਤਮ ਅੰਤਰ, ਗੁਰ ਸ਼ਬਦੀ ਆਪ ਬਰਸਾਇੰਦਾ । ਪੰਜ ਤੱਤ ਵਿਕਾਰਾ ਤ੍ਰੈਗੁਣ ਬੁਝੇ ਲੱਗੀ ਬਸੰਤਰ, ਸਤਿ ਸਤਿ ਕਰਾਇੰਦਾ । ਜੋ ਜਨ ਪੜ੍ਹੇ ਸਤਿਨਾਮ ਮੰਤਰ, ਤਿਸ ਜਨ ਦੂਜਾ ਫੁਰਨਾ ਫੁਰ ਕਦੇ ਨਾ ਜਾਇੰਦਾ । ਵੇਖੇ ਘਰ ਵਿਚ ਗਗਨ ਗਗਨੰਤਰ, ਮੰਡਲ ਮੰਡਪ ਫੇਰਾ ਪਾਇੰਦਾ ।

ਬਾਹਰੋਂ ਵੇਖੇ ਪਹਿਨੇ ਬਸਤਰ, ਅੰਦਰ ਨਿਰਗੁਣ ਨਿਰਾਕਾਰ ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਸਤਿ ਦਾ ਠੰਡਾ ਪਾਣੀ, ਗੁਰਮੁਖ ਗੁਰਮੁਖ ਖੇਲ ਮਹਾਨੀ, ਗੁਰ ਗੁਰ ਆਪ ਕਰਾਇੰਦਾ । ਅੰਮ੍ਰਿਤ ਪੀਣਾ ਠੰਡਾ ਰਸ, ਤਿਸ ਗੁਰਸਿਖ ਗੁਰ ਗੁਰ ਆਪ ਜਣਾਈਆ । ਸਤਿਗੁਰ ਸਰਨਾਈ ਜਾਣਾ ਢੱਠ, ਮਾਣ ਮੋਹ ਮਿਟਾਈਆ । ਨਾਤਾ ਤੁਟੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਕੋਏ ਨਾ ਪਾਈਆ । ਕਾਇਆ ਮੰਦਰ ਅੰਦਰ ਸਾਚਾ ਤੀਰਥ ਤਟ, ਸਰ ਸਰੋਵਰ ਦਏ ਵਖਾਈਆ । ਸਤਿਗੁਰ ਨਾਨਕ ਦੋ ਹੱਥਾਂ ਅੰਮ੍ਰਿਤ ਰਿਹਾ ਝੱਟ, ਗੁਰਮੁਖ ਵਿਰਲਾ ਪਾਈਆ । ਮਨਮੁਖ ਦੂਰੋ ਦੂਰੋ ਜਾਂਦੇ ਨੱਠ, ਅੰਦਰ ਵੜ ਦਰਸ ਕੋਇ ਨਾ ਪਾਈਆ । ਚਾਰੋਂ ਕੁੰਟ ਫਿਰਦੇ ਹੱਟੋ ਹੱਟ, ਹਰਿ ਕਾ ਨਾਮ ਹੱਥ ਕਿਸੇ ਨਾ ਆਈਆ । ਮਣਕਾ ਮਣਕਾ ਮਾਲਾ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭੁਵਾਈਆ । ਦੂਈ ਦਵੈਤ ਨਾ ਮਿਲੇ ਫਟ, ਏਕਾ ਰੰਗ ਨਾ ਕੋਇ ਰੰਗਾਈਆ । ਸਤਿਗੁਰ ਨਾਨਕ ਜਿਸ ਦੇ ਹੋਇਆ ਵਸ, ਸੋ ਜਨ ਦੂਜੇ ਦਰ ਨਾ ਮੰਗਣ ਜਾਈਆ । ਨਿਰਗੁਣ ਕਰੇ ਪੂਰੀ ਆਸ, ਸਰਗੁਣ ਘਰ ਵੱਜੇ ਵਧਾਈਆ । ਤਿਸ ਗੁਰਮੁਖ ਕਹੋ ਸ਼ਾਬਾਸ਼, ਜਿਸ ਗੋਬਿੰਦ ਮਿਲਿਆ ਸੱਚਾ ਮਾਹੀਆ । ਬਿਨ ਗੋਬਿੰਦ ਸ੍ਰਿਸ਼ਟੀ ਹੋਈ ਉਦਾਸ, ਧੀਰਜ ਧੀਰ ਨਾ ਕੋਇ ਧਰਾਈਆ । ਨੇਤਰ ਰੋਵੇ ਪ੍ਰਿਥਮੀ ਅਕਾਸ਼, ਵਿਸ਼ਨ ਬ੍ਰਹਮਾ ਸ਼ਿਵ ਰਹੇ ਕੁਰਲਾਈਆ । ਗੁਰਸਿਖਾਂ ਬੁਝਾਏ ਨਾ ਕੋਇ ਪਿਆਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਅੰਮ੍ਰਿਤ ਆਪੇ ਸਿੰਚ, ਗੋਬਿੰਦ ਬੂਟਾ ਹਰਾ ਕਰਾਈਆ । ਗੋਬਿੰਦ
੭੪੪ ਬੂਟਾ ਨਾ ਜਾਏ ਸੁੱਕ, ਪੁਰਖ ਅਕਾਲ ਆਪ ਲਗਾਇਆ । ਘਰ ਘਰ ਵਿਚ ਸਤਿਗੁਰ ਪੂਰਾ ਗੁਰ ਗੋਬਿੰਦ ਗੁਰ ਸ਼ਬਦੀ ਪਏ ਉਠ, ਜੋ ਜਨ ਆਤਮ ੭੪੪
੧੧ ਅੰਤਰ ਧਿਆਨ ਲਗਾਇਆ । ਗੁਰਸਿਖ ਮਾਇਆ ਮਮਤਾ ਹਉਮੇ ਹੰਗਤਾ ਜੜ ਦੇਵੇ ਪੁੱਟ, ਸਚ ਸੁੱਚ ਏਕਾ ਝੋਲੀ ਪਾਇਆ । ਸਤਿਗੁਰ ਪੂਰਾ ਹਾਜ਼ਰ ੧੧
ਹਜ਼ੂਰਾ ਅੰਮ੍ਰਿਤ ਜਾਮ ਪਿਆਲਾ ਦੇਵੇ ਘੁੱਟ, ਤ੍ਰਿਸਨਾ ਤ੍ਰਿਖਾ ਦਏ ਮਿਟਾਇਆ । ਨਾਨਕ ਘਰ ਅਨਮੁਲੀ ਲੁੱਟ, ਕਲਜੁਗ ਜੀਵ ਲੁੱਟਣ ਕੋਇ ਨਾ ਜਾਇਆ । ਪੰਚ ਵਿਕਾਰੇ ਮਿਲ ਮਿਲ ਭਾਗ ਗਏ ਨਿਖੁਟ, ਗੁਰ ਕਾ ਸ਼ਬਦ ਨਾ ਰਿਦੇ ਵਸਾਇਆ । ਸਤਿਗੁਰ ਪੂਰਾ ਕਦੇ ਨਾ ਜਾਏ ਰੁਠ, ਅੰਤ ਰੁਠੜੇ ਲਏ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੰਮ੍ਰਿਤ ਸੱਚਾ ਬਾਟਾ, ਗੁਰ ਗੋਬਿੰਦ ਹੱਥ ਫੜਾਇਆ । ਗੋਬਿੰਦ ਹੱਥ ਅੰਮ੍ਰਿਤ ਬਾਟਾ, ਚਾਰ ਵਰਨਾਂ ਰਿਹਾ ਪਿਆਈਆ । ਗੁਰਸਿਖ ਕਰਨਾ ਪੂਰਾ ਘਾਟਾ, ਵੇਲਾ ਗਿਆ ਹੱਥ ਨਾ ਆਈਆ । ਅੰਤ ਪੰਧ ਮੁੱਕੇ ਵਾਟਾ, ਪੰਜ ਤੱਤ ਕਾਇਆ ਸੰਗ ਨਾ ਜਾਈਆ । ਜਗਤ ਤਮਾਸ਼ਾ ਖੇਲ ਬਾਜੀਗਰ ਨਾਟਾ, ਸਵਾਂਗੀ ਆਪਣਾ ਸਵਾਂਗ ਰਚਾਈਆ । ਧੰਨ ਗੁਰਸਿਖ ਧੰਨ ਗੁਰਮੁਖ ਜਿਸ ਸਤਿਗੁਰ ਨਾਨਕ ਮਿਲਿਆ ਕਮਲਾਪਾਤਾ, ਗੁਰ ਗੋਬਿੰਦ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੁਰਖ ਅਕਾਲ ਗੋਬਿੰਦ ਬੂਟਾ ਆਪ ਲਗਾਈਆ ।

ਸਤਾਰਾਂ ਸੌ ਪੈਂਸਠ ਬਿਕ੍ਰਮੀ ਅੰਤ ਨਦੇੜ, ਗੋਬਿੰਦ ਆਪਣਾ ਖੇਲ ਕਰਾਇੰਦਾ । ਪੰਜ ਤੱਤ ਕਾਇਆ ਖੇਲ ਜਗਤ ਨਿਬੇੜ, ਜੋਤੀ ਜੋਤ ਡਗਮਗਾਇੰਦਾ । ਆਪਣੇ ਹੱਥ ਰੱਖ ਕੇ ਆਪਣਾ ਗੇੜ, ਭੇਵ ਅਭੇਦ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰ ਨੂਰ ਵਿਚ ਮਿਲਾਇੰਦਾ ।

ਦੇਹ ਜੋਤ ਪੰਜ ਤੱਤ, ਅਸਵ ਘੋੜਾ ਸ਼ਬਦੀ ਰੂਪ ਵਟਾਈਆ । ਕਰੇ ਖੇਲ ਖੇਲ ਸਮਰਥ, ਹੱਥ ਆਪਣੇ ਰੱਖ ਵਡਿਆਈਆ । ਗੁਰੂ ਗ੍ਰੰਥ ਗੁਰ ਗੌਣਾ ਜਸ, ਗੁਰਸਿਖਨ ਇਕ ਵਡਿਆਈਆ । ਦੂਸਰ ਕਿਸੇ ਨਾ ਹੋਣਾ ਵਸ, ਪੰਜ ਤੱਤ ਗੁਰੂ ਨਾ ਕੋਇ ਮਨਾਈਆ । ਏਕਾ ਓਟ ਲੈਣੀ ਰੱਖ, ਪੁਰਖ ਅਕਾਲ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪਣੇ ਵਿਚ ਛੁਪਾਈਆ । ਗੋਬਿੰਦ ਸੂਰਾ ਕਰ ਪਿਆਨਾ, ਆਪਣਾ ਵੇਸ ਵਟਾਇੰਦਾ । ਸਤਿ ਸਰੂਪੀ ਸਤਿ ਗਿਆਨਾ, ਗੁਰ ਸ਼ਬਦੀ ਸ਼ਬਦ ਜਣਾਇੰਦਾ । ਮੇਰਾ ਅੰਗੀਠਾ ਫੋਲ ਨਾ ਵੇਖਣਾ ਕੋਈ ਨਿਸ਼ਾਨਾ, ਗੁਰਸਿਖਾਂ ਸਿਖ ਸਮਝਾਇੰਦਾ । ਮੇਰਾ ਧਾਮ ਸਚ ਟਿਕਾਣਾ, ਏਥੇ ਓਥੇ ਦੋ ਜਹਾਨ ਵਖਾਇੰਦਾ । ਮੇਰਾ ਸਿਖ ਮੇਰਾ ਨਿਸ਼ਾਨਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਆਪਣੀ ਹੱਥੀਂ ਬੱਧਾ ਗਾਨਾ, ਸਾਚਾ ਸਗਨ ਮਨਾਇੰਦਾ । ਸਾਰਾ ਬੰਸ ਕੀਤਾ ਕੁਰਬਾਨਾ, ਮਾਤ ਪਿਤ ਪੂਤ ਭੇਟ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਆਪਣਾ ਭੇਵ ਸਤਿਗੁਰ ਸੂਰਾ, ਸੂਰਬੀਰ ਆਪ ਜਣਾਈਆ । ਦਿਵਸ ਰੈਣ ਮਾਸ ਬਰਸ ਹੋਇਆ ਪੂਰਾ, ਦੂਰ ਦੁਰਾਡਾ ਨੇੜੇ ਆਈਆ । ਗੁਰਮੁਖ ਨਾਤਾ ਤੋੜ ਕੂੜੇ ਕੂੜਾ, ਆਪਣੀ ਬੂਝ ਬੁਝਾਈਆ । ਮਸਤਕ ਲਾਈ ਚਰਨ ਧੂੜਾ, ਦੁਰਮਤ ਮੈਲ ਧੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਦੇਵੇ ਗੋਬਿੰਦ, ਗੁਰ ਗੁਰ ਆਪ ਜਣਾਇੰਦਾ । ਪੰਥ ਖਾਲਸਾ ਮੇਟਣੀ ਚਿੰਦ, ਚਿੰਤਾ ਚਿਖਾ ਨਾ ਕੋਇ ਰਖਾਇੰਦਾ । ਇਕੋ ਮਿਲਿਆ ਵਾਲੀ ਹਿੰਦ, ਗੋਬਿੰਦ ਆਪਣਾ ਰੂਪ ਧਰਾਇੰਦਾ । ਪੰਥ ਖਾਲਸਾ ਮੇਰੀ ਬਿੰਦ, ਦੂਜਾ ਪੂਤ ਨਾ ਕੋਈ ਮੈਂ ਬਣਾਇੰਦਾ । ਅੰਮ੍ਰਿਤ ਦੇ ਕੇ ਆਇਆ ਸਾਗਰ ਸਿੰਧ, ਪੰਜ ਪਿਆਰੇ ਗੰਢ ਵਖਾਇੰਦਾ । ਗੁਰਦੁਆਰ ਬੈਠ ਨਾ ਕਿਸੇ ਕਰਨੀ ਚੁਗਲੀ ਨਿੰਦ, ਦਵੈਤ ਰੂਪ ਨਾ ਕੋਇ ਜਣਾਇੰਦਾ । ਗੁਰੂ ਗ੍ਰੰਥ ਗੁਰਦੇਵ ਸਰਬ ਬਖ਼ਸ਼ਿੰਦ, ਪੱਤਤ ਪਾਪੀ ਪਾਰ ਕਰਾਇੰਦਾ । ਲੇਖਾ ਮੁਕੇ ਜੀਵ ਇੰਡ ਪਿੰਡ, ਬ੍ਰਹਿਮੰਡ ਦਰ ਘਰ ਸਾਚੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪ ਖੁਲ੍ਹਾਇੰਦਾ । ਸੋ ਪੁਰਖ ਨਿਰੰਜਣ ਖੇਲ ਅਪਾਰ, ਇਕ ਇਕੱਲਾ ਆਪ ਕਰਾਇੰਦਾ । ਸਚਖੰਡ ਨਿਵਾਸੀ ਸ਼ਾਹ ਸਿਕਦਾਰ, ਧੁਰ ਫ਼ਰਮਾਣਾ ਹੁਕਮ ਚਲਾਇੰਦਾ । ਭੂਪਤ ਭੂਪ ਬੇਐਬ ਪਰਵਰਦਿਗਾਰ, ਨੂਰ ਨੁਰਾਨਾ ਡਗਮਗਾਇੰਦਾ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਲੇਖਾ ਜਾਣੇ ਧੁਰ ਦਰਬਾਰ, ਧੁਰ ਦਰਗਾਹੀ ਭੇਵ ਨਾ ਆਇੰਦਾ । ਸ਼ਬਦੀ ਸ਼ਬਦ ਕਰ ਤਿਆਰ, ਬ੍ਰਹਿਮੰਡ ਖੰਡ ਕਰ ਪਸਾਰ, ਲੋਆਂ ਪੁਰੀਆਂ ਆਪਣਾ ਬੰਧਨ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਆਧਾਰ, ਤ੍ਰੈਗੁਣ ਮਾਇਆ ਕਰ ਸ਼ਿੰਗਾਰ, ਪੰਚਮ ਤੱਤ ਤੱਤ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਜੁਗ ਜੁਗ ਖੇਲ ਹਰਿ ਕਰਤਾਰਾ, ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਡਗਮਗਾਇੰਦਾ । ਸ਼ਬਦੀ ਨਾਦ ਨਾਦ ਧੁਨਕਾਰਾ, ਅਨਹਦ ਰਾਗੀ ਰਾਗ ਸੁਣਾਇੰਦਾ । ਆਤਮ ਬ੍ਰਹਮ ਕਰ ਪਸਾਰਾ, ਪਾਰਬ੍ਰਹਮ ਵੇਖ ਵਖਾਇੰਦਾ । ਈਸ਼ ਜੀਵ ਦੇ ਸਹਾਰਾ, ਜਗਦੀਸ ਰੰਗ ਚੜ੍ਹਾਇੰਦਾ । ਮਹੱਲ ਅਟੱਲ ਉਚ ਮੁਨਾਰਾ, ਕਾਇਆ ਬੰਕ ਆਪ ਬਣਾਇੰਦਾ । ਨੌਂ ਦੁਆਰੇ ਖੋਲ੍ਹ ਕਿਵਾੜਾ, ਪੰਜ ਦਸ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਇੰਦਾ । ਆਪਣੀ ਰਚਨਾ

ਪੁਰਖ ਅਬਿਨਾਸ਼, ਏਕਾ ਏਕ ਰਚਾਈਆ । ਲੱਖ ਚੁਰਾਸੀ ਖੇਲ ਤਮਾਸ਼, ਨਿਰਗੁਣ ਸਰਗੁਣ ਵੇਖ ਵਖਾਈਆ । ਘਟ ਘਟ ਅੰਦਰ ਮੰਦਰ ਪਾਵੇ ਰਾਸ, ਗੋਪੀ ਕਾਹਨ ਰੂਪ ਵਟਾਈਆ । ਲੇਖਾ ਜਾਣੇ ਪਵਣ ਸਵਾਸ, ਪਵਣ ਪਵਣਾਂ ਵਿਚ ਰਖਾਈਆ । ਦੀਪਕ ਦੀਆ ਕਰ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਪੰਜ ਤੱਤ ਵੇਖੇ ਕਾਇਆ ਗੜ੍ਹ, ਹਰਿ ਜੂ ਹਰਿ ਹਰਿ ਖੇਲ ਕਰਾਇੰਦਾ । ਲੇਖਾ ਜਾਣੇ ਚੇਤਨ ਜੜ੍ਹ, ਭੇਵ ਕੋਇ ਨਾ ਪਾਇੰਦਾ । ਸਰਗੁਣ ਅੰਦਰ ਨਿਰਗੁਣ ਵੜ, ਆਪਣਾ ਰੂਪ ਵਟਾਇੰਦਾ । ਆਪਣਾ ਪੱਲੂ ਆਪੇ ਫੜ, ਆਪਣਾ ਸੰਗ ਨਿਭਾਇੰਦਾ । ਆਤਮ ਸੇਜਾ ਆਪੇ ਚੜ੍ਹ, ਬ੍ਰਹਮ ਆਪਣਾ ਪੜਦਾ ਲਾਹਿੰਦਾ । ਬਜਰ ਕਪਾਟੀ ਤੋੜ ਗੜ੍ਹ, ਬੰਕ ਦੁਆਰਾ ਆਪ ਖੁਲ੍ਹਾਇੰਦਾ । ਬਿਨ ਅੱਖਰ ਵਿਦਿਆ ਆਪੇ ਪੜ੍ਹ, ਆਪਣਾ ਨਾਉਂ ਆਪ ਸਮਝਾਇੰਦਾ । ਕਰ ਖੇਲ ਸ੍ਰੀ ਭਗਵਨ, ਭੇਵ ਅਭੇਦ ਆਪ ਖੁਲ੍ਹਾਇੰਦਾ । ਸਤਿ ਸਤਿਵਾਦੀ ਸਚ ਨਿਸ਼ਾਨ, ਗ੍ਰਿਹਿ ਮੰਦਰ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਖੇਲ ਖਿਲਾਇੰਦਾ । ਲੱਖ ਚੁਰਾਸੀ ਖੇਲ ਅਪਾਰਾ, ਪਾਰਬ੍ਰਹਮ ਪ੍ਰਭ ਆਪ ਕਰਾਈਆ । ਆਤਮ ਪਰਮਾਤਮ ਦੇ ਸਹਾਰਾ, ਏਕਾ ਓਟ ਜਣਾਈਆ । ਏਕਾ ਮੰਦਰ ਇਕ ਦੁਆਰਾ, ਏਕਾ ਘਰ ਵਡਿਆਈਆ । ਏਕਾ ਦੀਪ ਇਕ ਉਜਿਆਰਾ, ਏਕਾ ਨੂਰ ਨੂਰ ਰੁਸ਼ਨਾਈਆ । ਏਕਾ ਹੱਟ ਇਕ ਵਣਜਾਰਾ, ਏਕਾ ਵਸਤ ਰਿਹਾ ਵਰਤਾਈਆ । ਏਕਾ ਨਾਦ ਸ਼ਬਦ ਧੁੰਨਕਾਰਾ, ਏਕਾ ਆਤਮਕ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਈਸ਼ ਜੀਵ ਕਰੇ ਕੁੜਮਾਈਆ । ਈਸ਼ ਜੀਵ ਏਕਾ ਨਾਤਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਖੇਲੇ ਖੇਲ ਪੁਰਖ ਬਿਧਾਤਾ, ਬਿਧ ਆਪਣੇ ਹੱਥ ਰਖਾਇੰਦਾ । ਦਰਸ ਦਿਖਾਏ ਇਕ ਇਕਾਂਤਾ, ਅਨਭਵ ਆਪਣਾ ਰੂਪ ਵਟਾਇੰਦਾ । ਆਪੇ ਹੋਏ ਪਿਤਾ ਮਾਤਾ, ਬਾਲਕ ਆਪਣੀ ਗੋਦ ਬਹਾਇੰਦਾ । ਆਪੇ ਦੇਵਣਹਾਰਾ ਸਾਚੀ ਦਾਤਾ, ਵਸਤ ਅਮੋਲਕ ਆਪਣਾ ਨਾਉਂ ਝੋਲੀ ਪਾਇੰਦਾ । ਆਪ ਸੁਣਾਏ ਸਾਚੀ ਗਾਥਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਇੰਦਾ । ਲੱਖ ਚੁਰਾਸੀ ਵੇਖਣ ਜੋਗ, ਨਿਰਗੁਣ ਵੱਡਾ ਵਡ ਵਡਿਆਈਆ । ਸੋ ਪੁਰਖ ਨਿਰੰਜਣ ਕਰੇ ਸਤਿ ਸੰਜੋਗ, ਹਰਿ ਪੁਰਖ ਨਿਰੰਜਣ ਖ਼ੁਸ਼ੀ ਮਨਾਈਆ । ਏਕੰਕਾਰਾ ਪੜ੍ਹੇ ਸਲੋਕ, ਆਦਿ ਨਿਰੰਜਣ ਗੀਤ ਢੋਲਾ ਸੋਹਲਾ ਸਾਚਾ ਗਾਈਆ । ਅਬਿਨਾਸ਼ੀ ਕਰਤਾ ਨਿਰਮਲ ਜਗਾਏ ਜੋਤ, ਸ੍ਰੀ ਭਗਵਾਨ ਕਰੇ ਰੁਸ਼ਨਾਈਆ । ਪਾਰਬ੍ਰਹਮ ਪ੍ਰਭ ਵੇਖਣਹਾਰਾ ਸਾਚਾ ਕੋਟ, ਘਰ ਏਕਾ ਕੁੰਡਾ ਲਾਹੀਆ । ਆਦਿ ਜੁਗਾਦਿ ਜੁਗਾ ਜੁਗੰਤਰ ਬੈਠਾ ਰਹੇ ਅਲੋਪ, ਦਿਸ ਕਿਸੇ ਨਾ ਆਈਆ । ਅਨਡਿਠੜੀ ਧਾਰ ਆਪੇ ਜਾਣੇ ਆਪਣਾ ਸਲੋਕ, ਸੂਰਬੀਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਆਪਣੇ ਮਾਰਗ ਪਾਈਆ । ਲੱਖ ਚੁਰਾਸੀ ਮਾਰਗ ਪਾ, ਹਰਿ ਜੂ ਹਰਿ ਹਰਿ ਆਪਣਾ ਖੇਲ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾ, ਸਾਚੀ ਸੇਵਾ ਇਕ ਜਣਾਇੰਦਾ । ਗੁਰ ਗੁਰ ਸ਼ਬਦ ਸ਼ਬਦ ਪਰਗਟਾ, ਗੁਰ ਗੁਰ ਏਕਾ ਬੂਝ ਵਖਾਇੰਦਾ । ਨਿਰਗੁਣ ਆਪਣਾ ਤੱਤ ਪਰਗਟਾ, ਨਿਰਾਕਾਰ ਵੰਡ ਵੰਡਾਇੰਦਾ । ਮਨ ਮਤ ਬੁਧ ਦਏ ਟਿਕਾ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼, ਚਾਰੋਂ ਕੁੰਟ ਤ੍ਰੈਗੁਣ ਪੜਦਾ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਪੁਰਖ ਕਰਤਾਰਾ, ਅਨਭਵ

ਆਪਣੀ ਧਾਰ ਚਲਾਈਆ । ਅਜੂਨੀ ਰਹਿਤ ਹੋ ਤਿਆਰਾ, ਪੁਰਖ ਅਕਾਲ ਵੇਸ ਵਟਾਈਆ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਪਣੀ ਜੋਤ ਜਗਾਈਆ । ਵਸਣਹਾਰਾ ਠਾਂਡੇ ਦਰਬਾਰਾ, ਹਸਤ ਕੀਟ ਰਿਹਾ ਸਮਾਈਆ । ਸ਼ਬਦੀ ਸ਼ਬਦ ਗੁਰ ਅਵਤਾਰਾ, ਗੁਰ ਗੁਰ ਆਪਣਾ ਵੇਸ ਵਟਾਈਆ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਜਣਾਈਆ । ਸੇਵਾ ਲਾਏ ਗੁਰ ਅਵਤਾਰਾ, ਹੁਕਮੀ ਹੁਕਮ ਆਪ ਫਿਰਾਈਆ । ਤਖ਼ਤ ਨਿਵਾਸੀ ਏਕੰਕਾਰਾ, ਸਾਚੇ ਤਖ਼ਤ ਬੈਠਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪੁਰਖ ਅਗੰਮ, ਅਗੋਚਰ ਵਡ ਵਡਿਆਈਆ । ਨਾ ਮਰੇ ਨਾ ਪਏ ਜੰਮ, ਜੀਵਣ ਜੁਗਤ ਨਾ ਕੋਇ ਰਖਾਈਆ । ਨਾ ਕੋਈ ਰਾਗ ਨਾ ਕੋਈ ਕੰਨ, ਧੁੰਨ ਨਾਦ ਨਾ ਕੋਇ ਸ਼ਨਵਾਈਆ । ਨਾ ਕੋਈ ਆਸਾ ਮਨਸਾ ਦਏ ਮਨ, ਮਤ ਬੁਧ ਨਾ ਕੋਇ ਵਡਿਆਈਆ । ਨਾ ਕੋਈ ਤੱਤਵ ਨਾ ਕੋਈ ਤਨ, ਤ੍ਰੈਗੁਣ ਬੰਧਨ ਨਾ ਕੋਇ ਪਾਈਆ । ਨਾ ਕੋਈ ਸੂਰਜ ਨਾ ਕੋਈ ਚੰਨ, ਨਾ ਕੋਈ ਦੀਪ ਕਰੇ ਰੁਸ਼ਨਾਈਆ । ਨਾ ਕੋਈ ਘੜੇ ਨਾ ਕੋਈ ਦੇਵੇ ਭੰਨ, ਬਣ ਠਠਿਆਰ ਨਾ ਕੋਇ ਬਣਾਈਆ । ਨਾ ਕੋਈ ਦੇਵਣਹਾਰਾ ਡੰਨ, ਨਾ ਕੋਈ ਦੇਵਣਹਾਰ ਸਜਾਈਆ । ਆਦਿ ਜੁਗਾਦਿ ਸ੍ਰੀ ਭਗਵਾਨ, ਜੁਗ ਜੁਗ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਈਆ । ਸਾਚਾ ਮਾਰਗ ਲਾਇਆ ਆਦਿ, ਸ਼ਬਦੀ ਸ਼ਬਦ ਸ਼ਬਦ ਵਡਿਆਇਆ । ਵਿਸ਼ਨ ਬ੍ਰਹਮਾ ਦਿਤੀ ਦਾਦ, ਸਾਚੀ ਵਸਤ ਆਪ ਵਰਤਾਇਆ । ਖੇਲੇ ਖੇਲ ਹਰਿ ਬ੍ਰਹਿਮਾਦਿ, ਬ੍ਰਹਿਮਾਦਿਕ ਰੰਗ ਰੰਗਾਇਆ । ਧੁਰਦਰਗਾਹੀ ਏਕਾ ਨਾਦ, ਹਰਿ ਰਾਗੀ ਰਾਗ ਸੁਣਾਇਆ । ਆਪਣੇ ਵਿਚੋਂ ਆਪਾ ਕਾਢ, ਨਿਰਗੁਣ ਸਰਗੁਣ ਰੂਪ ਵਟਾਇਆ । ਆਪੇ ਦੇਵਣਹਾਰਾ ਦਾਦ, ਅੱਖਰ ਵੱਖਰ ਆਪ ਪੜ੍ਹਾਇਆ । ਆਪੇ ਹਰ ਘਟ ਰਿਹਾ ਵਿਸਮਾਦ, ਬਿਸਮਾਦ ਆਪਣਾ ਰੂਪ ਵਟਾਇਆ । ਆਪੇ ਰੱਖੇ ਆਪਣੀ ਯਾਦ, ਵਿਸਰ ਕਦੇ ਨਾ ਜਾਇਆ । ਆਪੇ ਹੋਏ ਬੋਧ ਅਗਾਧ, ਅਗਾਧ ਬੋਧ ਭੇਵ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇਆ । ਸਾਚਾ ਮਾਰਗ ਲਾਏ ਜੱਗ, ਲੋਕਮਾਤ ਵਡ ਵਡਿਆਈਆ । ਕਰੇ ਖੇਲ ਸੂਰਾ ਸਰਬੱਗ, ਬੇਅੰਤ ਹਰਿ ਰਘੁਰਾਈਆ । ਤਖ਼ਤ ਨਿਵਾਸੀ ਸਾਚੇ ਧਾਮ ਬੈਠਾ ਸੱਚ, ਸਚਖੰਡ ਸਾਚੇ ਡੇਰਾ ਲਾਈਆ । ਆਪਣਾ ਪੜਦਾ ਆਪੇ ਕੱਜ, ਲੱਖ ਚੁਰਾਸੀ ਮੁੱਖ ਛੁਪਾਈਆ । ਦੋ ਜਹਾਨਾਂ ਰਿਹਾ ਭੱਜ, ਪਾਂਧੀ ਆਪਣਾ ਪੰਧ ਮੁਕਾਈਆ । ਨਾਮ ਜੈਕਾਰਾ ਬੋਲੇ ਗੱਜ, ਨਿਰਗੁਣ ਸਰਗੁਣ ਦਏ ਸੁਣਾਈਆ । ਆਪੇ ਜਾਣੇ ਸਾਚੀ ਹੱਦ, ਪਾਰ ਕਿਨਾਰਾ ਨਾ ਕੋਇ ਰਖਾਈਆ । ਆਪੇ ਹੋਏ ਆਪੇ ਨਾਲੋਂ ਅੱਡ, ਆਪਣੀ ਵੰਡਣ ਆਪ ਵੰਡਾਈਆ । ਆਪੇ ਕਾਇਆ ਚੋਲੇ ਵਸੇ ਡੂੰਘੀ ਖੱਡ, ਅੰਧ ਅੰਧੇਰੇ ਡੇਰਾ ਲਾਈਆ । ਆਪੇ ਆਤਮ ਪਰਮਾਤਮ ਬਣਾਏ ਸਾਚੀ ਯਦ, ਵਿਸ਼ਵ ਯਦ ਆਪ ਰਖਾਈਆ । ਆਪੇ ਅੰਮ੍ਰਿਤ ਜਾਮ ਪਿਆਏ ਮਦਿ, ਸਤਿ ਸਰੂਰ ਇਕ ਰਖਾਈਆ । ਆਪੇ ਘਰ ਵਿਚ ਬਹਿ ਬਹਿ ਕਰੇ ਲਡ, ਆਤਮ ਪਰਮਾਤਮ ਖ਼ੁਸ਼ੀ ਮਨਾਈਆ । ਆਪੇ ਸਚ ਨਿਸ਼ਾਨਾ ਦੇਵੇ ਗੱਡ, ਲੋਕਮਾਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਨਿਰਗੁਣ ਨਿਰਾਕਾਰ ਆਪ ਕਰਾਇੰਦਾ । ਵਿਸ਼ਨੂੰ ਵਿਸ਼ਵ ਦਏ ਹੁਲਾਰਾ, ਸਾਂਗੋ ਪਾਂਗ ਇਕ ਰਖਾਇੰਦਾ । ਬ੍ਰਹਮਾ ਕਰੇ ਬ੍ਰਹਮ ਪਸਾਰਾ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਸ਼ੰਕਰ ਦੇਵੇ ਇਕ ਅਖਾੜਾ, ਤ੍ਰਿਸੂਲ ਏਕਾ


੭੪੭
੧੧

ਹੱਥ ਰਖਾਇੰਦਾ । ਬਾਸ਼ਕ ਤਸ਼ਕਾ ਕਰ ਸ਼ਿੰਗਾਰਾ, ਕੰਠ ਮਾਲਾ ਗਲ ਲਟਕਾਇੰਦਾ । ਤ੍ਰੈਗੁਣ ਮਾਇਆ ਰਚ ਅਖਾੜਾ, ਪੰਚਮ ਆਪਣਾ ਨਾਚ ਨਚਾਇੰਦਾ । ਆਪਣੀ ਇਛਿਆ ਕਰ ਪਸਾਰਾ, ਬ੍ਰਹਮਾ ਸੁਤ ਆਪ ਪਰਗਟਾਇੰਦਾ । ਸਨਕ ਸਨੰਦਨ ਸੰਤ ਕੁਮਾਰਾ, ਚਾਰੇ ਮੁਖ ਮੁਖ ਸਲਾਹਿੰਦਾ । ਪਿਛਲਾ ਰੂਪ ਲੋਕਮਾਤ ਵਿਚ ਅਵਤਾਰਾ, ਆਪ ਆਪ ਪਰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਖਾਇੰਦਾ । ਸੰਤ ਕੁਮਾਰਾ ਕਰ ਕਰ ਪਾਰ, ਬਰਾਹ ਰੂਪ ਆਪ ਵਟਾਈਆ । ਯਗੈ ਪੁਰਸ਼ ਹੋ ਤਿਆਰ, ਹਾਵ ਗ਼ਰੀਵ ਕਰੇ ਰੁਸ਼ਨਾਈਆ । ਨਰ ਨਰੈਣ ਖੇਲ ਅਪਾਰ, ਲੋਕਮਾਤ ਮਾਤ ਵਡਿਆਈਆ । ਦੱਤਾ ਤ੍ਰੈ ਦਰ ਪਸਾਰ, ਆਪ ਆਪਣੀ ਬੂਝ ਬੁਝਾਈਆ । ਕਪਲ ਮੁਲ ਖੋਲ੍ਹ ਕਿਵਾੜ, ਇਕ ਗਿਆਨ ਸਮਝਾਈਆ । ਰਿਖਪ ਦੇਵ ਦੇ ਨਿਸ਼ਾਨ, ਸਚ ਨਿਸ਼ਾਨਾ ਇਕ ਝੁਲਾਈਆ । ਪਿਰਥੂ ਦੇਵੇ ਸਾਚਾ ਦਾਨ, ਅੰਨ ਦਾਣਾ ਝੋਲੀ ਪਾਈਆ । ਮਤਸ ਬਖ਼ਸ਼ੇ ਇਕ ਧਿਆਨ, ਜਲ ਜਲ ਆਪਣਾ ਰੂਪ ਧਰਾਈਆ । ਕਛਪ ਕਰੇ ਆਪ ਪਰਧਾਨ, ਮਿੰਦਰਾ ਏਕਾ ਸੀਸ ਟਿਕਾਈਆ । ਧਨੰਤਰ ਵੈਦ ਕਰ ਪਰਵਾਨ, ਸਾਚਾ ਔਖਧ ਦਏ ਸਮਝਾਈਆ । ਮੋਹਣੀ ਰੂਪ ਕਰ ਭਗਵਾਨ, ਸਭ ਦਾ ਮਾਣ ਗਵਾਈਆ । ਬਲ ਬਾਵਣ ਵੇਖੇ ਆਣ, ਬਾਲ ਬਿਰਧ ਰੂਪ ਨਾ ਕੋਇ ਜਣਾਈਆ । ਹੰਸਾ ਖੇਲ ਕਰੇ ਮਹਾਨ, ਬ੍ਰਹਮੇ ਸੁਤ ਕਰੇ ਪੜ੍ਹਾਈਆ । ਪ੍ਰਹਿਲਾਦ ਲੱਜਿਆ ਰੱਖੇ ਆਣ, ਨਰ ਸਿੰਘ ਆਪਣਾ ਵੇਸ ਵਟਾਈਆ । ਧਰੂ ਬਾਲਕ ਦੇਵੇ ਗਿਆਨ ਬਿਨ ਵਿਦਿਆ ਕਰੇ ਪੜ੍ਹਾਈਆ । ਗਜ ਦੇਵੇ ਇਕੋ ਦਾਨ, ਏਕਾ ਖੰਡਾ ਨਾਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਸ ਅਨੇਕ ਰੂਪ ਵਟਾਈਆ । ਰੂਪ ਅਨੇਕ ਸ੍ਰੀ ਭਗਵਾਨ, ਜੁਗ ਕਰਤਾ ਆਪ ਵਟਾਇੰਦਾ । ਆਪੇ ਵੇਖੇ ਮਾਰ ਧਿਆਨ, ਬਲ ਆਪਣਾ ਆਪ ਜਣਾਇੰਦਾ । ਆਪੇ ਪਰਸ ਰਾਮ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਆਪੇ ਰੂਪ ਧਰੇ ਰਾਮ ਭਗਵਾਨ, ਦਸਰਥ ਬੇਟਾ ਜਗਤ ਅਖਵਾਇੰਦਾ । ਆਪੇ ਘਟ ਘਟ ਕਰੇ ਪਹਿਚਾਨ, ਆਪੇ ਦਿਸ ਕਿਸੇ ਨਾ ਆਇੰਦਾ । ਆਪੇ ਗ਼ਰੀਬ ਨਿਮਾਣਿਆਂ ਦੇਵੇ ਮਾਣ, ਫੜ ਬਾਂਹੋਂ ਗਲੇ ਲਗਾਇੰਦਾ । ਆਪੇ ਦੁਸ਼ਟ ਹੰਕਾਰੀ ਦੇਵੇ ਹਾਣ, ਗੜ੍ਹ ਹੰਕਾਰ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੇ ਵੇਸ ਵਟਾਇੰਦਾ । ਸਤਿਜੁਗ ਤ੍ਰੇਤਾ ਉਤਰਿਆ ਪਾਰ, ਦੁਆਪਰ ਹਰਿ ਜੂ ਵੇਖ ਵਖਾਈਆ । ਵੇਦ ਵਿਆਸਾ ਕਰ ਤਿਆਰ, ਆਪਣੀ ਵਿਦਿਆ ਆਪ ਪੜ੍ਹਾਈਆ । ਪੁਰਾਨ ਅਠਾਰਾਂ ਕਰ ਤਿਆਰ, ਲੱਖ ਚਾਰ ਸਤਾਰਾਂ ਹਜ਼ਾਰ ਸਲੋਕ ਗਣਾਈਆ । ਊਚੀ ਕੂਕ ਕੂਕ ਕਹੇ ਪੁਕਾਰ, ਏਕਾ ਨਾਦ ਅਲਾਈਆ । ਏਕਾ ਰੂਪ ਨਿਰਾਹਾਰ, ਆਦਿ ਨਿਰੰਜਣ ਵਡ ਵਡਿਆਈਆ । ਚਤਰਭੁਜ ਬੇਮਿਸਾਲ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਯੁਗ ਯੁਗ ਆਪਣੀ ਖੇਲ ਕਰਾਈਆ । ਖੇਲ ਕਰਾਏ ਹਰ ਮਿਹਰਵਾਨ, ਮਹਿਮਾ ਅਗਣਤ ਗਣੀ ਨਾ ਜਾਈਆ । ਧਾਰੇ ਰੂਪ ਕ੍ਰਿਸ਼ਨਾ ਕਾਹਨ, ਨੰਦ ਜਸੋਦਾ ਦਏ ਵਡਿਆਈਆ । ਗ਼ਰੀਬ ਨਿਮਾਣਿਆਂ ਦੇਵੇ ਮਾਣ, ਬਿਦਰ ਸੁਦਾਮਾ ਗਲੇ ਲਗਾਈਆ । ਅਰਜਨ ਏਕਾ ਦੇ ਗਿਆਨ, ਅੱਠ ਦਸ ਦਸ ਅੱਠ ਅਠਾਰਾਂ ਧਿਆਏ ਕਰੇ ਪੜ੍ਹਾਈਆ । ਤ੍ਰਿਲੋਕੀ ਨਾਥ ਖੇਲ ਮਹਾਨ, ਸਚ ਸਲੋਕ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਲੋਕਮਾਤ ਪਰਗਟਾਇਆ । ਬੋਧੀ ਸ਼ਬਦੀ ਇਕ ਗਿਆਨ, ਆਤਮ ਪਰਮਾਤਮ ਇਕ ਦ੍ਰਿੜਾਇਆ । ਕਰੇ

੭੫੮
੧੧

ਖੇਲ ਬੇਪਹਿਚਾਨ, ਦਿਸ ਕਿਸੇ ਨਾ ਆਇਆ । ਪੰਜ ਤੱਤ ਕਾਇਆ ਦੇਵੇ ਇਕ ਪੈਗ਼ਾਮ, ਪੈਗ਼ੰਬਰ ਆਪਣਾ ਰੂਪ ਵਖਾਇਆ । ਈਸਾ ਮੂਸਾ ਦੇ ਕਲਾਮ, ਕਲਮਾ ਅਮਾਮ ਆਪ ਪੜ੍ਹਾਇਆ । ਮੁਕਾਮੇ ਹੱਕ ਬੈਠ ਸਚ ਮਕਾਨ, ਸਾਚਾ ਕਾਅਬਾ ਦਏ ਜਣਾਇਆ । ਖੇਲੇ ਖੇਲ ਵਾਲੀ ਦੋ ਜਹਾਨ, ਦੋਏ ਦੋਏ ਆਪਣਾ ਰੂਪ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰਾਹ ਚਲਾਇਆ । ਜੁਗ ਜੁਗ ਰਾਹ ਚਲਾਏ ਹਰਿ ਹਰਿ, ਹਰਿ ਵੱਡਾ ਵਡ ਵਡਿਆਈਆ । ਲੋਕਮਾਤ ਖੋਲ੍ਹੇ ਦਰ ਦਰ, ਦਰ ਦਰਵਾਜ਼ਾ ਆਪ ਜਣਾਈਆ । ਲੱਖ ਚੁਰਾਸੀ ਜੀਵ ਫੜ ਫੜ, ਜੁਗ ਜੁਗ ਆਪਣੇ ਮਾਰਗ ਲਾਈਆ । ਸਰਗੁਣ ਅੰਦਰ ਨਿਰਗੁਣ ਵੜ ਵੜ, ਕਰੇ ਸਚ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਰਤਾਈਆ । ਵਰਤਾਏ ਖੇਲ ਨੌਜਵਾਨ, ਨੌਬਤ ਆਪਣੇ ਨਾਮ ਵਜਾਇੰਦਾ । ਇਕ ਮੁਹੰਮਦ ਕਰ ਪਰਵਾਨ, ਸਚ ਹਦੀਸ ਇਕ ਸੁਣਾਇੰਦਾ । ਏਕਾ ਕਲਮਾ ਇਲਾਹੀ ਕਲਾਮ, ਕਾਇਆ ਕੁਰਾ ਆਪ ਸਮਝਾਇੰਦਾ । ਏਕਾ ਦੇਵੇ ਸਚ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਉਮਤ ਉਮਤੀ ਖੇਲ ਖਿਲਾਇੰਦਾ । ਉਮਤ ਉਮਤੀ ਖੇਲ ਖਿਲਾਇਆ, ਨਿਰਗੁਣ ਸਰਗੁਣ ਵਡ ਵਡਿਆਈਆ । ਆਪਣਾ ਭੇਵ ਨਾ ਕਿਸੇ ਜਣਾਇਆ, ਬੇਅੰਤ ਕਹੇ ਖ਼ੁਦਾਈਆ । ਵੇਸ ਅਵੱਲੜਾ ਰੂਪ ਧਰਾਇਆ, ਰੰਗ ਰੇਖ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਆਪਣਾ ਮਾਰਗ ਨਿਰਗੁਣ ਧਾਰ, ਨਿਰਾਕਾਰ ਨਿਰੰਕਾਰ ਆਪ ਲਗਾਇੰਦਾ । ਪੰਜ ਤੱਤ ਚੋਲੀ ਕਰ ਪਿਆਰ, ਨਾਨਕ ਆਪਣਾ ਰੂਪ ਵਟਾਇੰਦਾ । ਸਚਖੰਡ ਨਿਵਾਸੀ ਸਚਖੰਡ ਦੁਆਰੇ ਦੇ ਆਧਾਰ, ਜੋਤੀ ਜੋਤ ਜੋਤ ਜਗਾਇੰਦਾ । ਕਾਇਆ ਕੋਟ ਕਰ ਤਿਆਰ, ਸਾਚਾ ਮੰਦਰ ਇਕ ਸੁਹਾਇੰਦਾ । ਅੰਦਰ ਵੜ ਕਰੇ ਗੁਫ਼ਤਾਰ, ਗੁਫ਼ਤ ਸ਼ੁਨੀਦ ਖੇਲ ਕਰਾਇੰਦਾ । ਆਪ ਵਜਾਏ ਸਚ ਸਤਾਰ, ਨਾੜ ਬਹੱਤਰ ਰਬਾਬ ਬਣਾਇੰਦਾ । ਏਕਾ ਬੋਲ ਏਕੰਕਾਰ, ਏਕੰਕਾਰਾ ਗੀਤ ਅਲਾਇੰਦਾ । ਸਤਿਨਾਮ ਸਚ ਭੰਡਾਰ, ਲੋਕਮਾਤ ਮਾਤ ਵਰਤਾਇੰਦਾ । ਜੀਵਾਂ ਜੰਤਾਂ ਦਏ ਆਧਾਰ, ਸਾਧਾਂ ਸੰਤਾਂ ਆਪ ਸਮਝਾਇੰਦਾ । ਊਚਾਂ ਨੀਚਾਂ ਭੇਵ ਨਿਆਰ, ਰਾਓ ਰੰਕਾਂ ਏਕਾ ਰੰਗ ਵਖਾਇੰਦਾ । ਬੰਕ ਦੁਆਰਾ ਖੋਲ੍ਹ ਭੰਡਾਰ, ਸਤਿ ਸਤਿਵਾਦੀ ਸਾਚਾ ਹੱਟ ਖੁਲ੍ਹਾਇੰਦਾ । ਆਤਮ ਪਰਮਾਤਮ ਇਕ ਆਧਾਰ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਨਾਤਾ ਤੋੜ ਗੜ੍ਹ ਹੰਕਾਰ, ਮਾਇਆ ਮਮਤਾ ਮੋਹ ਚੁਕਾਇੰਦਾ । ਮਨ ਮਨਸਾ ਕਰ ਖ਼ਵਾਰ, ਬੁਰਜ ਹੰਕਾਰੀ ਆਪੇ ਢਾਇੰਦਾ । ਦੇਵੇ ਮਤ ਗੁਰ ਵਿਚਾਰ, ਗੁਰ ਗੁਰ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਇੰਦਾ । ਨਾਨਕ ਚਲਾਏ ਇਕੋ ਰਾਹ, ਨਾਮ ਸਤਿ ਸਤਿ ਪੜ੍ਹਾਈਆ । ਗੋਬਿੰਦ ਪੱਲੂ ਦਏ ਫੜਾ, ਏਕਾ ਗੰਢ ਦਵਾਈਆ । ਦੋਹਾਂ ਵਿਚੋਲਾ ਬੇਪਰਵਾਹ, ਪੁਰਖ ਅਕਾਲ ਸੇਵ ਕਮਾਈਆ । ਲੇਖਾ ਜਾਣੇ ਥਾਉਂ ਥਾਂ, ਭੁੱਲ ਕਦੇ ਨਾ ਜਾਈਆ । ਲੱਖ ਚੁਰਾਸੀ ਜੀਵ ਜੰਤ ਵਰਨ ਬਰਨ ਜੇਰਜ ਅੰਡਜ ਉਤਭੁਜ ਸੇਤਜ ਖਾਣੀ ਬਾਣੀ ਪਿਤਾ ਮਾਂ, ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਆਪਣੀ ਗੋਦ ਬਹਾਈਆ । ਆਦਿ ਜੁਗਾਦਿ ਸੱਚਾ ਨਾਂ, ਲੋਕਮਾਤ ਮਾਤ ਕਰੇ ਰੁਸ਼ਨਾਈਆ । ਜੇ ਕੋਈ ਕਹੇ ਪ੍ਰਭੂ ਭੁੱਲ ਕੇ ਰਸਤਾ ਰਿਹਾ ਵਖਾ, ਭੁੱਲੀ ਸਰਬ ਲੋਕਾਈਆ । ਆਪਣਾ ਭੇਵ ਕੋਈ ਜਾਣੇ ਨਾ, ਮਾਇਆ ਬੈਠੀ ਪੜਦਾ ਪਾਈਆ । ਨਾਨਕ ਗੋਬਿੰਦ ਵਖਾਏ ਏਕਾ ਰਾਹ, ਸਾਚਾ ਮਾਰਗ ਸ੍ਰਿਸ਼ਟ

ਸਬਾਈ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਕਰਤਾਰਾ, ਹਰਿ ਜੂ ਆਪਣਾ ਖੇਲ ਕਰਾਇੰਦਾ । ਦੁਖੀ ਜੀਵ ਨਾ ਦਿਸੇ ਵਿਚ ਸੰਸਾਰਾ, ਦੁਖੀਆਂ ਦੁੱਖ ਆਪ ਵੰਡਾਇੰਦਾ । ਹਰਿ ਕਾ ਭੇਵ ਨਾ ਪਾਏ ਮੂਰਖ ਮੁਗਧ ਗਵਾਰਾ, ਮਾਇਆ ਪੜਦਾ ਨਾ ਕੋਇ ਉਠਾਇੰਦਾ । ਜੁਗਾ ਜੁਗੰਤਰ ਸਾਚੀ ਕਾਰਾ, ਕਰਤਾ ਪੁਰਖ ਆਪ ਕਰਾਇੰਦਾ । ਸੇਵਕ ਬਣ ਬਣ ਕੱਟੇ ਆਪ ਵਗਾਰਾਂ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਰਾਹ ਚਲਾਇੰਦਾ । ਗੁਰਸਿਖ ਸੱਚਾ ਨਾ ਜਾਏ ਭੁੱਲ, ਗੁਰ ਸਤਿਗੁਰ ਕਰੀ ਪੜ੍ਹਾਈਆ । ਜੋ ਜਨ ਉਪਜਿਆ ਨਾਨਕ ਕੁਲ, ਤਿਸ ਨਾਨਕ ਦਏ ਵਡਿਆਈਆ । ਗੁਰ ਗੋਬਿੰਦ ਪਾਏ ਮੁਲ, ਜੋ ਗੁਰ ਗੋਬਿੰਦ ਓਟ ਤਕਾਈਆ । ਸਤਿਗੁਰ ਭੰਡਾਰਾ ਸਦਾ ਅਤੁਲ, ਦੇਂਦਿਆ ਤੋਟ ਨਾ ਰਾਈਆ । ਹਰਿ ਦੁਆਰਾ ਆਦਿ ਜੁਗਾਦਿ ਰਿਹਾ ਖੁਲ੍ਹ, ਨਾ ਕੋਈ ਸਕੇ ਬੰਦ ਕਰਾਈਆ । ਜੋ ਗੁਰ ਕੇ ਕੰਡੇ ਜਾਏ ਤੁਲ, ਦੂਜੇ ਦਰ ਨਾ ਕੀਮਤ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਦਿ ਜੁਗਾਦਿ ਏਕਾ ਹਰਿ ਕਾ ਨਾਉਂ ਵਖਾਈਆ । ਸਾਚਾ ਮਾਰਗ ਵਿਚ ਸੰਸਾਰ, ਆਦਿ ਜੁਗਾਦੀ ਹਰਿ ਚਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਉਤਰੇ ਪਾਰ, ਥਿਰ ਕੋਇ ਰਹਿਣ ਨਾ ਪਾਇੰਦਾ । ਪੁਰਖ ਅਕਾਲ ਦੀਨ ਦਿਆਲ ਵਰਨ ਗੋਤ ਜ਼ਾਤ ਪਾਤ ਦੀਨ ਮਜ਼੍ਹਬ ਵਸੇ ਬਾਹਰ, ਸ਼ਰਅ ਸ਼ਰੀਅਤ ਬੰਦ ਨਾ ਕੋਇ ਕਰਾਇੰਦਾ । ਦੋ ਜਹਾਨਾਂ ਸ੍ਰੀ ਭਗਵਾਨ ਘਟ ਘਟ ਵਾਸੀ ਪੁਰਖ ਅਬਿਨਾਸ਼ੀ ਸਰਬ ਜੀਆਂ ਦਾ ਸਾਂਝਾ ਯਾਰ, ਨਵ ਨੌਂ ਆਪਣਾ ਰਾਹ ਵਖਾਇੰਦਾ । ਜਿਸ ਜਨ ਆਤਮ ਬੰਦ ਕਿਵਾੜਾ ਖੋਲ੍ਹੇ ਕਿਵਾੜ, ਸਾਚਾ ਦਰ ਆਪ ਸੁਹਾਇੰਦਾ । ਦੁਖੀਏ ਦੁੱਖ ਨਾ ਲੱਗੇ ਵਾ ਤੱਤੀ ਹਾੜ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਹੋਏ ਪਰਕਾਸ਼ ਨਾੜ ਨਾੜ, ਅਗਿਆਨ ਅੰਧੇਰ ਚੁਕਾਇੰਦਾ । ਸਤਿਗੁਰ ਪੂਰਾ ਸਦਾ ਸਹਾਈ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਦਇਆ ਕਮਾਇੰਦਾ । ਤ੍ਰੈਗੁਣ ਮਾਇਆ ਤੱਤ ਨਾ ਸਕੇ ਸਾੜ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਆਪਣਾ ਆਪਣੇ ਹੱਥ ਰਖਾਇੰਦਾ । ਮਾਰਗ ਸੱਚਾ ਏਕੰਕਾਰਾ, ਆਦਿ ਜੁਗਾਦਿ ਲਗਾਈਆ । ਮੇਟਣਹਾਰਾ ਝੂਠ ਪਸਾਰਾ, ਝੂਠੀ ਕਰੇ ਨਾ ਕਦੇ ਪੜ੍ਹਾਈਆ । ਏਕਾ ਮੰਦਰ ਏਕਾ ਗੁਰੂਦੁਆਰਾ, ਏਕਾ ਸ਼ਿਵਦਵਾਲਾ ਮਠ ਘਰ ਘਰ ਦਏ ਸਮਝਾਈਆ । ਏਕਾ ਨਾਦ ਇਕ ਧੁਨਕਾਰਾ, ਏਕਾ ਆਤਮਕ ਰਾਗ ਸੁਣਾਈਆ । ਏਕਾ ਬਾਤੀ ਕਰ ਉਜਿਆਰਾ, ਘਰ ਘਰ ਵਿਚ ਕਰੇ ਰੁਸ਼ਨਾਈਆ । ਏਕਾ ਮੇਟੇ ਗੜ੍ਹ ਹੰਕਾਰਾ, ਕਾਮ ਕਰੋਧ ਮੋਹ ਲੋਭ ਹੰਕਾਰ ਨਾ ਹੋਏ ਹਲਕਾਈਆ । ਏਕਾ ਆਸਾ ਤ੍ਰਿਸਨਾ ਕਰੇ ਖੁਵਾਰਾ, ਏਕਾ ਮਨ ਦੀ ਮਨਸਾ ਦੇਵੇ ਮਿਟਾਈਆ । ਏਕਾ ਬ੍ਰਹਮ ਕਰੇ ਉਜਿਆਰਾ, ਏਕਾ ਪਾਰਬ੍ਰਹਮ ਸਮਾਈਆ । ਏਕਾ ਆਤਮ ਸੇਜਾ ਹੋ ਤਿਆਰਾ, ਬੈਠਾ ਸੇਜ ਸੁਹਾਈਆ । ਏਕਾ ਗਾਏ ਮੰਗਲਾਚਾਰਾ, ਮਿਲ ਮਿਲ ਸਖ਼ੀਆਂ ਗੀਤ ਅਲਾਈਆ । ਗੁਰਮੁਖ ਬੂਝ ਬੂਝਣਹਾਰਾ, ਜਿਸ ਜਨ ਆਪਣੀ ਬੂਝ ਬੁਝਾਈਆ । ਗੁਰਸਿਖ ਅੰਦਰ ਗੁਰ ਗੁਰ ਧਾਰਾ, ਗੁਰ ਸ਼ਬਦੀ ਸ਼ਬਦ ਰਿਹਾ ਸੁਣਾਈਆ । ਬਾਹਰੋਂ ਦਿਸੇ ਪੰਜ ਤੱਤ ਅਕਾਰਾ, ਨਿਰਗੁਣ ਅੰਦਰ ਆਪਣਾ ਖੇਲ ਵਰਤਾਈਆ । ਏਕਾ ਨਾਮ ਇਕ ਜੈਕਾਰਾ, ਜੈ ਜੈਕਾਰ ਇਕ ਸੁਣਾਈਆ । ਸਾਚਾ ਮਾਰਗ ਅਪਰ ਅਪਾਰਾ, ਅਪਰੰਪਰ ਆਪਣਾ ਆਪ ਲਗਾਈਆ । ਦੁਖੀਆਂ ਦੁੱਖ ਦੁੱਖ ਜਿਸ ਨਵਾਰਾ, ਦੁੱਖ ਵਿਚ ਕਦੇ ਨਾ ਪਾਈਆ । ਸਾਚਾ ਸੁਖ ਸਤਿਗੁਰ ਚਰਨ ਦੁਆਰਾ, ਦੂਜੀ


੭੫੦
੧੧

ਓਟ ਨਾ ਕੋਇ ਸਰਨਾਈਆ । ਸਾਂਤਕ ਸਤਿ ਸਤਿ ਵਰਤੇ ਵਰਤਾਰਾ, ਮਨ ਮਨਸਾ ਮਨ ਹੀ ਮਾਹੇ ਖਪਾਈਆ । ਦਹਿ ਦਿਸ਼ਾ ਉਠ ਉਠ ਨਾ ਕਰੇ ਵਿਚਾਰਾ, ਚਾਰ ਕੁੰਟ ਨਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਏਕਾ ਏਕ ਲਗਾਈਆ । ਸਾਚਾ ਮਾਰਗ ਲੱਗੇ ਜਹਾਨ, ਦੋ ਜਹਾਨਾਂ ਵਾਲੀ ਆਪ ਲਗਾਇੰਦਾ । ਚੌਦਾਂ ਲੋਕ ਵੇਖੇ ਮਾਰ ਧਿਆਨ, ਚੌਦਾਂ ਤਬਕ ਫੋਲ ਫੋਲਾਇੰਦਾ । ਚੌਦਾਂ ਵਿਦਿਆ ਵੇਖ ਨਾਦਾਨ, ਨਾਮ ਨਿਧਾਨ ਇਕ ਪਰਗਟਾਇੰਦਾ । ਭਗਤਾਂ ਦੇਵੇ ਬ੍ਰਹਮ ਗਿਆਨ, ਸਾਚੇ ਸੰਤਾਂ ਪੜਦਾ ਲਾਹਿੰਦਾ । ਗੁਰਮੁਖਾਂ ਏਕਾ ਰਾਗ ਸੁਣਾਏ ਕਾਨ, ਅਨਾਦੀ ਆਪਣਾ ਨਾਦ ਵਜਾਇੰਦਾ । ਗੁਰਸਿਖ ਆਪਣੇ ਦਰ ਕਰੇ ਪਰਵਾਨ, ਸਤਿ ਪਰਵਾਨਾ ਨਾਮ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਗੁਰਸਿਖ ਵਿਚ ਸਮਾਇੰਦਾ । ਗੁਰਸਿਖ ਅੰਦਰ ਗੁਰ ਗੁਰ ਰੰਗ, ਹਰਿ ਸਤਿਗੁਰ ਆਪ ਚੜ੍ਹਾਈਆ । ਗੁਰਸਿਖ ਅੰਦਰ ਸੇਜ ਪਲੰਘ, ਹਰਿ ਸਤਿਗੁਰ ਆਪ ਸੁਹਾਈਆ । ਗੁਰਸਿਖ ਅੰਦਰ ਨਾਮ ਮਰਦੰਗ, ਹਰਿ ਸਤਿਗੁਰ ਆਪ ਵਜਾਈਆ । ਗੁਰਸਿਖ ਅੰਦਰ ਕੋਟਨ ਕੋਟ ਸੂਰਜ ਚੰਦ, ਬੈਠੇ ਮੁੱਖ ਸ਼ਰਮਾਈਆ । ਗੁਰਸਿਖ ਅੰਦਰ ਖੇਲ ਬ੍ਰਹਿਮੰਡ, ਹਰਿ ਬ੍ਰਹਿਮਾਦੀ ਆਪ ਜਣਾਈਆ । ਗੁਰਸਿਖ ਨਾਤਾ ਤੁਟੇ ਨਾਰ ਰੰਡ, ਹਰਿ ਕੰਤ ਸੁਹਾਗ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਅੰਦਰ ਸਤਿਗੁਰ ਰਿਹਾ ਸਮਾਈਆ । ਗੁਰਸਿਖ ਅੰਦਰ ਸਤਿਗੁਰ ਵਸੇ ਪਾਸ, ਆਤਮ ਪਰਮਾਤਮ ਮੇਲ ਮਿਲਾਇੰਦਾ । ਕਿਸ ਦੁਆਰੇ ਕਰੇ ਅਰਦਾਸ, ਅਰਦਾਸ ਸੁਣਨ ਵਾਲਾ ਘਰ ਘਰ ਘਰ ਫੇਰੀ ਪਾਇੰਦਾ । ਵੇਖੇ ਵਿਗਸੇ ਪੁਰਖ ਅਬਿਨਾਸ਼, ਪੁਰਖ ਪੁਰਖੋਤਮ ਰੂਪ ਵਟਾਇੰਦਾ । ਸਦਾ ਸੁਹੇਲਾ ਇਕ ਇਕੇਲਾ ਕਦੇ ਨਾ ਹੋਏ ਵਿਨਾਸ, ਸ੍ਰਿਸ਼ਟ ਸਬਾਈ ਵਿਨਾਸੀ ਰੂਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਦੇਵੇ ਸਾਚਾ ਵਰ, ਗੁਰਸਿਖ ਤੇਰੇ ਸਵਾਸ ਸਵਾਸ ਸਮਾਇੰਦਾ । ਸਵਾਸ ਸਵਾਸ ਗੁਰ ਗੁਰ ਮੇਲਾ, ਚੇਲਾ ਰੂਪ ਨਜ਼ਰ ਨਾ ਆਈਆ । ਚੇਲਾ ਗੁਰ ਸੱਜਣ ਸੁਹੇਲਾ, ਸਤਿਗੁਰ ਪੂਰਾ ਬੇਪਰਵਾਹੀਆ । ਆਦਿ ਅੰਤ ਜੁਗਾ ਜੁਗੰਤ ਸ੍ਰੀ ਭਗਵੰਤ ਆਪੇ ਜਾਣੇ ਆਪਣਾ ਵੇਲਾ, ਥਿਤ ਵਾਰ ਨਾ ਕੋਇ ਵਖਾਈਆ । ਅਚਰਜ ਖੇਲ ਪਾਰਬ੍ਰਹਮ ਕਲਜੁਗ ਅੰਤਮ ਖੇਲਾ, ਭੇਵ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚੀ ਅਰਦਾਸ ਗੁਰਸਿਖ ਤੇਰੀ ਸਦਾ ਸਦਾ ਲੇਖੇ ਲਾਈਆ । ਗੁਰਸਿਖ ਸੱਚਾ ਕਰੇ ਸੱਚੀ ਅਰਦਾਸ, ਸਤਿਗੁਰ ਪੂਰਾ ਲੇਖੇ ਪਾਇੰਦਾ । ਕੀਤੀ ਅਰਦਾਸ ਹੋਏ ਨਾ ਨਾਸ, ਅਟਲ ਅਟੱਲ ਆਪ ਰਖਾਇੰਦਾ । ਅੰਦਰ ਵੜ ਵੜ ਕਰੇ ਪਰਕਾਸ਼, ਆਪਣੀ ਬੂਝ ਬੁਝਾਇੰਦਾ । ਤੂੰ ਮੇਰਾ ਮੈਂ ਤੇਰਾ ਇਕੋ ਘਰ ਰੱਖੀਏ ਵਾਸ, ਗੁਰਸਿਖ ਤੇਰਾ ਘਰ ਮੋਹੇ ਭਾਇੰਦਾ । ਤੇਰੇ ਮੰਡਲ ਤੇਰੀ ਰਾਸ, ਤੇਰੀ ਸੁਰਤੀ ਮੇਰਾ ਸ਼ਬਦ ਗੋਪੀ ਕਾਹਨ ਖੇਲ ਖਿਲਾਇੰਦਾ । ਤੇਰੀ ਪੂਰੀ ਪੂਰੀ ਆਸ, ਮੇਰਾ ਤੇਰਾ ਇਕ ਵਿਸ਼ਵਾਸ਼, ਏਕਾ ਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪਣਾ ਪੰਥ ਆਪਣਾ ਮਗ ਆਪ ਚਲਾਇੰਦਾ । ਸਾਚਾ ਮਗ ਚਲਾਏ ਬੇਪਰਵਾਹ, ਜੁਗਾ ਜੁਗੰਤਰ ਵਡ ਵਡਿਆਈਆ । ਜੇ ਕੋਈ ਜੀਵ ਕਹੇ ਚੰਗਾਂ ਨਾ, ਕਰਤੇ ਘਟ ਕਿਛ ਨਾ ਜਾਈਆ । ਕਲਜੁਗ ਲੇਖਾ ਦੇਣਾ ਮੁਕਾ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਧਰਤ ਧਵਲ ਦੀ ਗੋਦੀ ਦੇਣਾ ਬਹਾ, ਲੋਕਮਾਤ ਵੱਜੇ ਵਧਾਈਆ । ਨੌਂ ਖੰਡ ਪ੍ਰਿਥਮੀ ਏਕਾ ਨਾਉਂ ਲੈਣਾ ਗਾ, ਗੋਬਿੰਦ ਢੋਲਾ ਸੱਚੇ ਮਾਹੀਆ । ਚਾਰ ਵਰਨਾਂ ਏਕਾ ਮੰਦਰ ਦੇਣਾ ਬਹਾ, ਗੁਰ ਦੁਆਰਾ

੭੫੨
੧੧

ਇਕ ਵਖਾਈਆ । ਬਰਨ ਅਠਾਰਾਂ ਨਾਤਾ ਦੇਣਾ ਤੁੜਾ, ਰਾਓ ਰੰਕ ਹੋਏ ਸਹਾਈਆ । ਗੋਬਿੰਦ ਅਰਦਾਸਾ ਨਾ ਸਕੇ ਕੋਈ ਭੁਲਾ, ਸੋ ਭੁਲਿਆ ਜਿਸ ਗੋਬਿੰਦ ਨਜ਼ਰ ਨਾ ਆਈਆ । ਰਸਨਾ ਜਿਹਵਾ ਸਾਰੇ ਰਹੇ ਗਾ, ਨਿਝ ਨੇਤਰ ਦਰਸ ਕੋਇ ਨਾ ਪਾਈਆ । ਤ੍ਰੈਗੁਣ ਮਾਇਆ ਨਾ ਕੱਟਿਆ ਫਾਹ, ਮਨਸਾ ਮਨ ਨਾ ਕੋਇ ਮਿਟਾਈਆ । ਕਾਇਆ ਮੰਦਰ ਅੰਦਰ ਨਾ ਲਿਆ ਮਨਾ, ਘਰ ਵਿਚ ਘਰ ਨਾ ਫੇਰਾ ਪਾਈਆ । ਆਤਮ ਸੁੱਤਾ ਨਾ ਲਿਆ ਜਗਾ, ਪਰਮਾਤਮ ਵੇਖੇ ਨਾ ਚਾਈਂ ਚਾਈਂਆ । ਸਾਚੀ ਸੇਜ ਨਾ ਲਿਆ ਬਹਾ, ਕੰਤ ਕੰਤੂਹਲਾ ਸੱਚਾ ਮਾਹੀਆ । ਅੰਗੀਕਾਰ ਨਾ ਲਿਆ ਕਰਾ, ਪੰਜ ਤੱਤ ਕਾਇਆ ਕੰਮ ਕਿਸੇ ਨਾ ਆਈਆ । ਨਿਰਗੁਣ ਚੰਦ ਨਾ ਲਿਆ ਚੜ੍ਹਾ, ਜੂਠ ਝੂਠ ਅੰਧੇਰ ਨਾ ਬਾਹਰ ਕਢਾਈਆ । ਪੰਜ ਵਿਕਾਰਾ ਨਾ ਲਿਆ ਢਾਹ, ਆਪਣਾ ਬਲ ਵਧਾਈਆ । ਬਿਨ ਸਤਿਗੁਰ ਦਰਸ ਝੂਠੀ ਕਾਇਆ ਅੰਤ ਹੋਏ ਸੁਆਹ, ਖ਼ਾਕੀ ਖ਼ਾਕ ਖ਼ਾਕ ਉਡਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਨਿਰਗੁਣ ਦਾਤਾ ਪੁਰਖ ਬਿਧਾਤਾ ਪਕੜੇ ਸਭ ਦੀ ਬਾਂਹ, ਜੋ ਜਨ ਬੈਠੇ ਧਿਆਨ ਲਗਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਹੰਸ ਬਣਾਏ ਫੜ ਫੜ ਕਾਂ, ਰਹਿਮਤ ਰਹਿਮਾਨ ਆਪ ਕਮਾਈਆ । ਜਿਸ ਨੇ ਖਾਧੀ ਸੂਰ ਗਾਂ, ਤਿਸ ਨੂੰ ਦੇਵੇ ਅੰਤ ਸਜ਼ਾਈਆ । ਸਰਬ ਜੀਆਂ ਦਾ ਇਕੋ ਨਾਂ, ਭਿੰਨ ਭਿੰਨ ਰਹੇ ਸੁਣਾਈਆ । ਸਰਬ ਜੀਆਂ ਦਾ ਇਕੋ ਪਿਤਾ ਮਾਂ, ਆਪਣੀ ਗੋਦ ਬਹਾਈਆ । ਨਾਨਕ ਨਿਰਗੁਣ ਸਰਗੁਣ ਗਿਆ ਸਮਝਾ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਪੱਲੂ ਗਿਆ ਫੜਾ, ਆਪ ਆਪਣਾ ਰੰਗ ਚੜ੍ਹਾਈਆ । ਆਦਿ ਅੰਤ ਹੋਏ ਸਹਾ, ਭਗਤ ਭਗਵੰਤ ਸਾਚੇ ਸੰਤ ਗੁਰਮੁਖ ਗੁਰਸਿਖ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਰਦਾਸਾ ਏਕਾ ਏਕ ਰਖਾਈਆ । ਸਚ ਅਰਦਾਸਾ ਸਤਿਗੁਰ ਚਰਨ ਓਟ, ਮਿਲੇ ਵਡ ਵਡਿਆਈਆ । ਮਨ ਵਾਸਨਾ ਕੱਢੇ ਖੋਟ, ਕੂੜੀ ਕਿਰਿਆ ਦਏ ਗਵਾਈਆ । ਅੰਦਰ ਵੜ ਕੇ ਵੇਖੇ ਕਾਇਆ ਕੋਟ, ਸਤਿਗੁਰ ਬੈਠਾ ਡੇਰਾ ਲਾਈਆ । ਨਿਰਮਲ ਜਗਾ ਕੇ ਬੈਠਾ ਜੋਤ, ਗੁਰਸਿਖ ਤੇਰਾ ਰਾਹ ਤਕਾਈਆ । ਮਾਇਆ ਅੰਦਰ ਆਲਣਿਓਂ ਡਿਗਾ ਬੋਟ, ਮਨ ਧੱਕਾ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਅਰਦਾਸ ਗੁਰਸਿਖ ਸਦਾ ਘਾਲ ਪਾਈਆ । ਸਾਚੀ ਅਰਦਾਸ ਪਾਏ ਘਾਲ, ਕੀਤੀ ਘਾਲ ਭੁੱਲ ਨਾ ਜਾਈਆ । ਗੁਰਮੁਖ ਵੇਖੇ ਸਾਚੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਸ਼ਬਦੀ ਗੁਰ ਬਣ ਦਲਾਲ, ਜਗਤ ਵਿਚੋਲਾ ਫੇਰਾ ਪਾਈਆ । ਨਾਤਾ ਤੋੜ ਕਾਲ ਮਹਾਂਕਾਲ, ਸਿਰ ਆਪਣਾ ਹੱਥ ਟਿਕਾਈਆ । ਸਾਚਾ ਮਾਰਗ ਦੱਸੇ ਰਾਹ ਸੁਖਾਲ, ਸਤਿਜੁਗ ਸਾਚੀ ਕਰੇ ਪੜ੍ਹਾਈਆ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਸਾਚਾ ਮੰਦਰ ਇਕ ਸੁਹਾਈਆ । ਹਰਿ ਜੂ ਬੈਠਾ ਦੀਨ ਦਿਆਲ, ਦੀਨਾਂ ਨਾਥ ਦਇਆ ਕਮਾਈਆ । ਸੰਤ ਸੁਹੇਲੇ ਆਪੇ ਭਾਲ, ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਗੁਰਮੁਖਾਂ ਹਰਿ ਭਗਤਾਂ ਸਾਚੇ ਸੰਤਾਂ ਸਾਚੀ ਅਰਦਾਸ ਸਦਾ ਸਦਾ ਪੜ੍ਹਾਈਆ । ਗੁਰਮੁਖ ਪੜ੍ਹਨ ਸਾਚੀ ਅਰਦਾਸ, ਅੰਤਰ ਆਤਮ ਇਕ ਲਿਵ ਲਾਈਆ । ਨਾਤਾ ਤੋੜ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਪੰਧ ਮੁਕਾਈਆ । ਚਰਨਾਂ ਹੇਠ ਰਵ ਸਸ ਕਰੇ ਪਰਕਾਸ਼, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਗੁਰਮੁਖ ਵਸੇ ਸਤਿਗੁਰ ਪਾਸ, ਸਤਿਗੁਰ ਗੁਰਮੁਖ ਵਿਚ ਸਮਾਈਆ । ਸੋ ਗੁਰਮੁਖ ਹੋਇਆ ਦਾਸ, ਜਿਸ ਦਾਸੀ ਬਣ ਕੇ ਹਰਿ ਜੂ ਸੇਵ ਕਮਾਈਆ । ਏਥੇ ਓਥੇ ਦੋ ਜਹਾਨ ਅੰਦਰ ਬਾਹਰ ਗੁਪਤ ਜ਼ਾਹਰ ਨਿਰਗੁਣ ਨੂਰ ਜੋਤ ਪਰਕਾਸ਼,

ਪਰਕਾਸ਼ਮਾਨ ਸਰਬ ਲੋਕਾਈਆ । ਧੰਨ ਗੁਰਸਿਖ ਜੋ ਸਤਿਗੁਰ ਅੱਗੇ ਕਰੇ ਅਰਦਾਸ, ਦੋਏ ਦੋਏ ਜੋੜ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਿਸ ਗੁਰਸਿਖ ਗੁਰ ਸੰਗਤ ਸਦਾ ਬਲ ਬਲ ਜਾਈਆ । ਗੁਰਸਿਖ ਤੇਰਾ ਉਚ ਮਹੱਲਾ, ਭੇਵ ਕੋਇ ਨਾ ਪਾਇੰਦਾ । ਗੁਰਸਿਖ ਤੇਰਾ ਸੁੱਚਾ ਪੱਲਾ, ਦੁਰਮਤ ਮੈਲ ਨਾ ਕੋਇ ਵਖਾਇੰਦਾ । ਗੁਰਸਿਖ ਤੇਰਾ ਇਕੋ ਹੱਲਾ, ਗੋਬਿੰਦ ਆਪਣੀ ਗੋਦ ਬਹਾਇੰਦਾ । ਗੁਰਸਿਖ ਤੇਰਾ ਇਕੋ ਭੱਲਾ, ਪੰਜ ਵਿਕਾਰ ਡੇਰਾ ਢਾਹਿੰਦਾ । ਗੁਰਸਿਖ ਤੇਰਾ ਸਤਿਗੁਰ ਤੇਰੇ ਅੱਗੇ ਖੱਲਾ, ਦੂਈ ਦਵੈਤੀ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਗੁਰਸਿਖਾਂ ਆਪਣੀ ਬੂਝ ਬੁਝਾਇੰਦਾ । ਗੁਰਮੁਖ ਤੇਰਾ ਉਚ ਮੁਨਾਰਾ, ਸੋ ਪੁਰਖ ਨਿਰੰਜਣ ਆਪ ਬਣਾਇਆ । ਤੇਰਾ ਮਿੱਤਰ ਏਕੰਕਾਰਾ, ਦੂਜਾ ਸਾਕ ਨਾ ਕੋਇ ਰਖਾਇਆ । ਤੇਰਾ ਨਾਦ ਅਨਹਦ ਧੁੰਨਕਾਰਾ, ਦੂਜਾ ਸਾਜ ਨਾ ਕੋਇ ਵਜਾਇਆ । ਤੇਰਾ ਨੂਰ ਜੋਤ ਉਜਿਆਰਾ, ਦੂਜਾ ਦੀਪ ਨਾ ਕੋਇ ਜਗਾਇਆ । ਤੇਰਾ ਇਸ਼ਟ ਤੇਰਾ ਗੁਰੂਦੁਆਰਾ, ਪੁਰਖ ਅਕਾਲ ਇਕ ਅਖਵਾਇਆ । ਏਥੇ ਓਥੇ ਦਏ ਸਹਾਰਾ, ਦੋ ਜਹਾਨਾਂ ਪਾਰ ਕਰਾਇਆ । ਸਚਖੰਡ ਬਹਾਏ ਠਾਂਡੇ ਦਰਬਾਰਾ, ਚਰਨ ਕਵਲ ਦਏ ਸਰਨਾਇਆ । ਜੋਤੀ ਜੋਤ ਜੋਤ ਹੁਲਾਰਾ, ਜੋਤੀ ਜੋਤ ਲਏ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਪਣੇ ਰੰਗ ਰੰਗਾਇਆ । ਧੰਨ ਵਡਿਆਈ ਸਾਚੇ ਸੰਤ, ਮਹਿਮਾ ਗਣਤ ਗਣੀ ਨਾ ਜਾਈਆ । ਤੂੰ ਨਾਰ ਸੁਹਾਗਣ ਤੇਰਾ ਇਕੋ ਕੰਤ, ਪਾਰਬ੍ਰਹਮ ਬੇਪਰਵਾਹੀਆ । ਤੇਰੀ ਕਾਇਆ ਚੋਲੀ ਚੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਤੇਰਾ ਮੇਲਾ ਆਦਿ ਅੰਤ, ਜਗਤ ਵਿਛੋੜਾ ਦਏ ਮੁਕਾਈਆ । ਜਿਸ ਬਣਾਈ ਤੇਰੀ ਬਣਤ, ਅੰਤ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤ ਸਦਾ ਸਮਾਈਆ । ਹਰਿਭਗਤ ਤੇਰੀ ਵਡਿਆਈ ਵਡ, ਹਰਿ ਵੱਡਾ ਵਡ ਵਡਿਆਇੰਦਾ । ਲੱਖ ਚੁਰਾਸੀ ਨਾਲੋਂ ਕਰੇ ਅੱਡ, ਆਪਣਾ ਭੇਵ ਖੁਲ੍ਹਾਇੰਦਾ । ਲੇਖੇ ਲਾਏ ਪੰਜ ਤੱਤ ਕਾਇਆ ਮਾਸ ਨਾੜੀ ਰੱਤ ਹੱਡ, ਤੱਤਵ ਤੱਤ ਭੇਵ ਚੁਕਾਇੰਦਾ । ਆਪ ਕਰਾਏ ਪਾਰ ਹੱਦ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਸਚਖੰਡ ਦੁਆਰੇ ਆਪੇ ਸੱਦ, ਆਪਣਾ ਦਰਸ ਕਰਾਇੰਦਾ । ਕੋਟਨ ਕੋਟੀ ਰਹੇ ਲੱਭ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਏਕਾ ਘਰ ਵਖਾਇੰਦਾ । ਭਗਤ ਭਗਵੰਤ ਸੰਤ ਕੰਤ, ਘਰ ਸਾਚੇ ਸੋਭਾ ਪਾਈਆ । ਗੁਰਮੁਖ ਮੇਲਾ ਆਦਿ ਅੰਤ, ਗੁਰਸਿਖ ਨਾ ਹੋਏ ਜੁਦਾਈਆ । ਨਿਰਗੁਣ ਸਰਗੁਣ ਮਣੀਆ ਮੰਤ, ਮੰਤਰ ਨਾਮ ਕਰੇ ਪੜ੍ਹਾਈਆ । ਮਿਲੇ ਵਡਿਆਈ ਜੀਵ ਜੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਵਿਚ ਸਮਾਈਆ । ਸਤਿ ਸਤਿ ਹਰਿ ਕਰੇ ਸਾਂਤ, ਸਾਂਤਕ ਆਪਣੀ ਦਇਆ ਕਮਾਇੰਦਾ । ਭਰਮ ਭੁਲੇਖਾ ਕੱਢ ਭਰਾਂਤ, ਭਾਂਡਾ ਭੌ ਭੰਨਾਇੰਦਾ । ਅੰਤਰ ਮੇਟ ਅੰਧੇਰੀ ਰਾਤ, ਸਾਚਾ ਚੰਦ ਚੜ੍ਹਾਇੰਦਾ । ਨਾਮ ਅਗੰਮੀ ਸੁਣਾ ਗਾਥ, ਆਪਣਾ ਸਾਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸਤਿ ਕਰਾਇੰਦਾ । ਗੁਰਮੁਖ ਸਾਚਾ ਹੋਏ ਅਤੀਤ, ਤ੍ਰੈਗੁਣ ਅਤੀਤਾ ਆਪ ਕਰਾਈਆ । ਕਰ ਕਿਰਪਾ ਅੰਮ੍ਰਿਤ ਨਾਮ ਦੇਵੇ ਠਾਂਡਾ ਸੀਤ, ਭਰ ਪਿਆਲਾ ਜਾਮ ਪਿਆਈਆ । ਪੱਤਤ ਉਧਾਰਨ ਪੱਤਤ ਪਾਪੀ ਕਰੇ ਪੁਨੀਤ, ਪਰਮ ਪੁਰਖ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਏਕਾ ਰੰਗ ਰੰਗਾਈਆ ।


੭੫੩
੧੧

ਗੁਰਮੁਖ ਰੰਗੇ ਰੰਗ ਅਨਡਿਠ, ਅਨਡਿਠੜੇ ਧਾਮ ਆਪ ਰੰਗਾਇੰਦਾ । ਘਰ ਘਰ ਸੁੱਤਾ ਦੇ ਕਰ ਪਿਠ, ਆਪਣੀ ਕਰਵਟ ਨਾ ਬਦਲਾਇੰਦਾ । ਕਿਰਪਾ ਕਰੇ ਸਤਿਗੁਰ ਜਿਸ ਉਪਰ ਸਿਖ, ਤਿਸ ਸਿਖ ਆਪਣੀ ਸਿਖਿਆ ਸਚ ਸਮਝਾਇੰਦਾ । ਬਿਨ ਕਲਮ ਦਵਾਤੋਂ ਦੇਵੇ ਲੇਖ ਲਿਖ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਜਿਨ ਨਾਨਕ ਗੋਬਿੰਦ ਦਿਤੀ ਨਾਮ ਭਿਖ, ਤਿਸ ਮਨ ਨਿਉਂ ਨਿਉਂ ਸੀਸ ਝੁਕਾਇੰਦਾ । ਮੇਰੀ ਚਤੁਰਾਈ ਚਲੇ ਨਾ ਕਿਛ, ਜਿਧਰ ਵੇਖਾਂ ਅੰਦਰ ਬੈਠਾ ਗੋਬਿੰਦ ਨਜ਼ਰੀ ਆਇੰਦਾ । ਮੈਂ ਅੰਦਰ ਆਵਾਂ ਬਣ ਕੇ ਢੀਠ, ਦੋਏ ਜੋੜ ਵਾਸਤਾ ਪਾਇੰਦਾ । ਮੇਰੀ ਲੱਗ ਜਾਏ ਸਤਿਗੁਰ ਤੇਰੇ ਨਾਲ ਪ੍ਰੀਤ, ਦੂਜੀ ਓਟ ਨਾ ਕੋਇ ਰਖਾਇੰਦਾ । ਮੇਰਾ ਕਾਅਬਾ ਮੰਦਰ ਤੂੰ ਮਸੀਤ, ਸ਼ਿਵਦਵਾਲਾ ਮਠ ਗੁਰੂਦੁਆਰਾ ਤੂੰ ਹੀ ਨਜ਼ਰੀ ਆਇੰਦਾ । ਮੈਂ ਹਾਰਿਆ ਤੂੰ ਗਿਆ ਜੀਤ, ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਗੁਰਮੁਖ ਵਖਾਏ ਆਪਣਾ ਘਰ, ਸੋ ਗੁਰਮੁਖ ਦੂਜੇ ਦਰ ਨਾ ਮੰਗਣ ਜਾਇੰਦਾ । ਗੁਰਸਿਖ ਨਾ ਮੰਗੇ ਦੂਜੇ ਦਰ, ਨਾਨਕ ਨਿਰਗੁਣ ਕਰੀ ਪੜ੍ਹਾਈਆ । ਗੁਰਸਿਖ ਨਾ ਰੱਖੇ ਕੋਈ ਡਰ, ਗੁਰ ਗੋਬਿੰਦ ਖੰਡਾ ਹੱਥ ਫੜਾਈਆ । ਗੁਰਸਿਖ ਆਪਣੇ ਅੰਦਰ ਆਪੇ ਵੇਖੇ ਵੜ, ਗੁਰ ਕਾ ਸ਼ਬਦ ਕਮਾਈਆ । ਸਤਿਗੁਰ ਪੂਰਾ ਅੱਗੋਂ ਦਰਸਨ ਦੇਵੇ ਖੜ, ਸਵਛ ਸਰੂਪੀ ਰੂਪ ਵਟਾਈਆ । ਸੁਖਮਨ ਟੇਢੀ ਬੰਕੋਂ ਬਾਹਰ ਕੱਢੇ ਬਾਂਹ ਫੜ, ਈੜਾ ਪਿੰਗਲ ਨਾ ਕੋਇ ਅਟਕਾਈਆ । ਅੰਧ ਅੰਧੇਰਾ ਜਾਏ ਦੜ, ਪੰਚ ਵਿਕਾਰਾ ਮੁੱਖ ਛੁਪਾਈਆ । ਮਨ ਹੰਕਾਰੀ ਚਰਨ ਲਏ ਫੜ, ਆਪਣੀ ਭੁੱਲੇ ਸਰਬ ਚਤੁਰਾਈਆ । ਸਤਿਗੁਰ ਪੂਰਾ ਦਇਆ ਦੇਵੇ ਕਰ, ਦੀਨਨ ਆਪਣੀ ਦਇਆ ਕਮਾਈਆ । ਘਰ ਪਰਕਾਸ਼ ਇਕੋ ਕਰ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਅਨਹਦ ਨਾਦ ਵੱਜੇ ਧੜਾ ਧੜ, ਤਾਲ ਤਲਵਾੜਾ ਇਕ ਸੁਣਾਈਆ । ਬਜਰ ਕਪਾਟੀ ਤੁੱਟੇ ਗੜ੍ਹ, ਪੜਦਾ ਰਹਿਣ ਕੋਇ ਨਾ ਪਾਈਆ । ਆਤਮ ਸੇਜਾ ਮਿਲੇ ਵਰ, ਘਰ ਸੱਚਾ ਸੱਚਾ ਮਾਹੀਆ । ਗੁਰਸਿਖ ਗੁਰ ਇਕ ਦੁਆਰੇ ਬਹਿਣ ਰਲ, ਮਿਲ ਮਿਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾਂ ਜੁਗੰਤਰ ਭਗਤ ਸੰਤ ਗੁਰਮੁਖ ਗੁਰਸਿਖ ਦੇਵੇ ਦੇਵਣਹਾਰ ਮਾਣ ਵਡਿਆਈਆ । ਸ਼ਬਦ ਗੋਬਿੰਦ ਸ਼ਬਦ ਘੋੜਾ, ਸ਼ਬਦੀ ਸ਼ਬਦ ਹਰਿ ਦੌੜਾਈਆ । ਸ਼ਬਦੀ ਸ਼ਬਦ ਸਾਚਾ ਜੋੜਾ, ਦੋ ਜਹਾਨਾਂ ਫੇਰਾ ਪਾਈਆ । ਸਾਚੇ ਗੁਰਮੁਖਾਂ ਅੰਦਰ ਵੱਜੇ ਪੌੜਾ, ਸਾਢੇ ਤਿੰਨ ਹੱਥ ਕਾਇਆ ਧਰਤ ਰਿਹਾ ਹਿਲਾਈਆ । ਜਿਸ ਅੰਤਰ ਮਨ ਵਾਸਨਾ ਰੂਪ ਧਰ ਕੇ ਬੈਠੀ ਕੌੜਾ, ਤਿਸ ਕਾਨ ਸੁਣਨ ਨਾ ਪਾਈਆ । ਜਿਸ ਜਨ ਜਨਮ ਜਨਮ ਦੀ ਲੱਗੀ ਔੜਾ, ਤਿਸ ਜਨ ਆਪਣਾ ਦਰਸ ਦਿਖਾਈਆ । ਅੱਗੇ ਸਮਾਂ ਰਹਿ ਗਿਆ ਥੋੜਾ, ਲੱਖ ਚੁਰਾਸੀ ਆਪਣਾ ਭੇਵ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘੋੜੇ ਦਏ ਸੁਣਾਈਆ । ਸਾਚਾ ਘੋੜਾ ਮਾਰੇ ਪੌੜ, ਪੌੜਾ ਦੋ ਜਹਾਨ ਲਗਾਇਆ । ਸਾਚੇ ਭਗਤਾਂ ਰਿਹਾ ਬਹੁੜ, ਬੌਹੜ ਬੌਹੜੀ ਕਰੇ ਸਰਬ ਲੋਕਾਇਆ । ਪਹਿਲੋਂ ਵੇਖੋ ਆਪਣੇ ਅੰਦਰ ਤੱਕ ਕੇ ਗੌਰ, ਗੋਬਿੰਦ ਨਜ਼ਰ ਕਿਸੇ ਨਾ ਆਇਆ । ਗੋਬਿੰਦ ਘੋੜਾ ਅੱਠੇ ਪਹਿਰ ਪਾਵੇ ਸ਼ੋਰ, ਪ੍ਰੇਮ ਦਾਣਾ ਮੰਗ ਮੰਗਾਇਆ । ਸਤਿਗੁਰ ਪੂਰਾ ਆਪਣੇ ਹੱਥ ਵਿਚ ਫੜ ਕੇ ਬੈਠਾ ਡੋਰ, ਬਿਨ ਪੂਰਨ ਸਿਖਾਂ ਨਜ਼ਰ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਘੋੜਾ ਇਕ ਰਖਾਇਆ । ਸ਼ਬਦੀ ਘੋੜਾ ਵੱਡਾ ਬਲਵਾਨ, ਬਲਧਾਰੀ ਇਕ ਰਖਾਇੰਦਾ । ਗੋਬਿੰਦ ਸੂਰਬੀਰ ਨੌਜਵਾਨ, ਸ਼ਾਹ ਪਾਤਸ਼ਾਹ ਆਸਣ ਲਾਇੰਦਾ । ਨੌਂ ਖੰਡ ਪ੍ਰਿਥਮੀ

ਸੱਤ ਦੀਪ ਸੋਲਾਂ ਕਲੀਆਂ ਇਕ ਨਿਸ਼ਾਨ, ਕੰਨੀ ਕੰਨੀ ਵੰਡ ਵੰਡਾਇੰਦਾ । ਚਾਰ ਕੁੰਟ ਦਹਿ ਦਿਸ਼ਾ ਵੇਖੇ ਮਾਰ ਧਿਆਨ, ਬ੍ਰਹਿਮੰਡ ਖੰਡ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘੋੜਾ ਇਕ ਜਣਾਇੰਦਾ । ਸਾਚਾ ਘੋੜਾ ਇਕ ਅਗੰਮ, ਅਗੰਮੜੀ ਚਾਲ ਰਖਾਇੰਦਾ । ਚਾਰ ਪਾਉਂ ਨਾ ਕੋਈ ਚੰਮ, ਗਰਦਨ ਕੰਨ ਨਾ ਕੋਇ ਰਖਾਇੰਦਾ । ਨਿਰਗੁਣ ਖੇਲ ਸ੍ਰੀ ਭਗਵਨ, ਗੋਬਿੰਦ ਜੋਤੀ ਜੋਤ ਵਖਾਇੰਦਾ । ਚਾਰੋਂ ਕੁੰਟ ਵੇਖਣਹਾਰਾ ਵਡ ਮਿਹਰਵਾਨ, ਮਿਹਰ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਪੌੜ ਸੁਣਨ ਵਾਲੇ ਸਾਚੇ ਕੰਨ ਬਣਾਇੰਦਾ । ਬਿਨ ਕਿਰਪਾ ਨਾ ਝੁਕੇ ਸੀਸ, ਕੋਟਨ ਸੀਸ ਬੈਠੇ ਧੜ ਉਠਾਈਆ । ਬਿਨ ਕਰਮਾਂ ਨਾ ਮਿਲੇ ਜਗਦੀਸ, ਜੀਵ ਚਲੇ ਨਾ ਕੋਇ ਚਤੁਰਾਈਆ । ਕਰੇ ਖੇਲ ਬੀਸ ਇਕੀਸ, ਏਕਾ ਹਰ ਘਟ ਨਜ਼ਰੀ ਆਈਆ । ਛੱਤਰ ਝੁੱਲੇ ਸਾਚੇ ਸੀਸ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦਾ ਲੇਖ ਤਿਸ ਆਪੇ ਲਏ ਮਿਲਾਈਆ । ਬੁਰਾ ਕਰਮ ਜਿਸ ਜਨ ਮਿਟੋਣਾ, ਪਹਿਲੋਂ ਲਏ ਸਰਨ ਸਰਨਾਈਆ । ਦੂਜੇ ਸਤਿਗੁਰ ਸ਼ਬਦ ਧਿਔਣਾ, ਮਾਣ ਮੋਹ ਚੁਕਾਈਆ । ਤੀਜੇ ਮਸਤਕ ਧੂੜ ਲਗੌਣਾ, ਖ਼ਾਕੀ ਖ਼ਾਕ ਰਮਾਈਆ । ਚੌਥੇ ਦਰ ਦਰ ਦਰਵੇਸ ਅਖਵੌਣਾ, ਦਰਦੀ ਦੁਖ ਵੰਡਾਈਆ । ਪੰਚਮ ਨਾਤਾ ਮੋਹ ਤੁੜਾਉਣਾ, ਛੇਵੇਂ ਛੱਪਰ ਮੋਹ ਤਜਾਈਆ । ਸੱਤਵੇਂ ਸਤਿ ਸਤਿਵਾਦੀ ਓਟ ਰਖੌਣਾ, ਅੱਠਾਂ ਤੱਤਾਂ ਭੇਟ ਕਰਾਈਆ । ਨੌਂ ਦੁਆਰੇ ਪੰਧ ਮੁਕੌਣਾ, ਦਸਵੇਂ ਬੂਝ ਬੁਝਾਈਆ । ਸਤਿਗੁਰ ਸਾਚੇ ਫਿਰ ਦਰਸਨ ਪੌਣਾ, ਨਿਰਗੁਣ ਨਿਰਾਕਾਰ ਏਕਾ ਨਜ਼ਰੀ ਆਈਆ । ਜਿਸ ਨੂੰ ਹਰਿ ਜੂ ਆਪ ਮਨੌਣਾ, ਰਾਤੀ ਸੁੱਤਿਆਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿੰਘ ਤਾਰੂ ਤਾਰੂ ਸਿੰਘ ਏਕਾ ਬੂਝ ਬੁਝਾਈਆ ।



## ★ ਪਹਿਲੀ ਚੇਤ ੨੦੧੯ ਬਿਕ੍ਰਮੀ ਹਰਿ ਭਗਤ ਦੁਆਰ ਦਰਬਾਰ ਵਿਚ ਜੇਠੂਵਾਲ ★

ਸਚਖੰਡ ਨਿਵਾਸੀ ਸਚ ਦਰਬਾਰ, ਸਤਿ ਸਤਿਵਾਦੀ ਆਪ ਲਗਾਇੰਦਾ । ਨਿਰਗੁਣ ਖੇਲ ਅਗੰਮ ਅਪਾਰ, ਅਲਖ ਅਗੋਚਰ ਭੇਵ ਨਾ ਆਇੰਦਾ । ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਮੇਲ ਮਿਲਾਇੰਦਾ । ਏਕੰਕਾਰਾ ਖੋਲ੍ਹ ਕਿਵਾੜ, ਆਦਿ ਨਿਰੰਜਣ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਹੋ ਤਿਆਰ, ਆਪਣਾ ਬਲ ਆਪ ਧਰਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਇੰਦਾ । ਪਾਰਬ੍ਰਹਮ ਹੋ ਨਿਗਹਬਾਨ, ਨੇਤਰ ਨੈਣ ਨੈਣ ਉਠਾਇੰਦਾ । ਆਪਣੀ ਇਛਿਆ ਕਰ ਪਰਵਾਨ, ਸਾਚੀ ਭਿਛਿਆ ਆਪ ਵਰਤਾਇੰਦਾ । ਸਤਿ ਸਤਿਵਾਦੀ ਸਤਿ ਮਕਾਨ, ਬੇਨਿਸ਼ਾਨ ਆਪ ਜਣਾਇੰਦਾ । ਸਚਖੰਡ ਦੁਆਰ ਗੁਣ ਨਿਧਾਨ, ਗੁਣ ਆਪਣੇ ਰੰਗ ਰੰਗਾਇੰਦਾ । ਤਖ਼ਤ ਨਿਵਾਸੀ ਬਣ ਬਲਵਾਨ, ਸਾਚਾ ਤਖ਼ਤ ਆਪ ਸੁਹਾਇੰਦਾ । ਭੂਪਤ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਨਾਉਂ ਰਖਾਇੰਦਾ । ਹੁਕਮੀ ਹੁਕਮ ਹੁਕਮਰਾਨ, ਸਤਿ ਫ਼ਰਮਾਣਾ ਆਪ ਅਲਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਆਪਣੀ ਧਾਰਾ ਆਪ ਚਲਾਇੰਦਾ । ਦਰ ਦਰਵੇਸ ਬਣ ਦਰਬਾਨ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਖੁਲਾਇੰਦਾ । ਭੇਵ ਖੁਲ੍ਹਾਏ ਹਰਿ ਨਿੰਰਕਾਰਾ, ਨਿਰਗੁਣ ਵੱਡਾ ਵਡ ਵਡਿਆਈਆ । ਆਦਿ ਆਦਿ ਕਰ ਪਸਾਰਾ,

ਪੁਰਖ ਪੁਰਖ ਵੇਸ ਵਟਾਈਆ । ਮਹਲ ਮਹੱਲ ਅਟੱਲ ਮੁਨਾਰਾ, ਸਚਖੰਡ ਦੁਆਰ ਸਮਝਾਈਆ । ਘਰ ਵਿਚ ਘਰ ਕਰ ਤਿਆਰਾ, ਥਿਰ ਘਰ ਦੇਵੇ ਮਾਣ ਵਡਿਆਈਆ । ਨਾਰ ਕੰਤ ਬਣ ਨਿਰੰਕਾਰਾ, ਅਚਰਜ ਖੇਲ ਰਚਾਈਆ । ਸਾਚੀ ਸੇਜਾ ਬੈਠ ਭਤਾਰਾ, ਆਪ ਆਪਣੇ ਅੰਗ ਲਾਈਆ । ਜਨਨੀ ਜਨ ਬਣ ਅਗੰਮ ਅਪਾਰਾ, ਦਾਈ ਦਾਇਆ ਸੇਵ ਕਮਾਈਆ । ਨਿਰਗੁਣ ਨਿਰਗੁਣ ਕਰ ਪਸਾਰਾ, ਸ਼ਬਦੀ ਸ਼ਬਦ ਸ਼ਬਦ ਪਰਗਟਾਈਆ । ਕਰੇ ਖੇਲ ਖੇਲਣਹਾਰਾ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਈਆ । ਆਪਣਾ ਭੇਵ ਰੱਖੇ ਹੱਥ, ਆਦਿ ਪੁਰਖ ਬੇਪਰਵਾਹਿਆ । ਆਪਣੇ ਗ੍ਰਿਹ ਹੋ ਪਰਗਟ, ਆਪ ਆਪਣਾ ਰੂਪ ਧਰਾਇਆ । ਆਪਣੇ ਮੰਦਰ ਬੈਠ ਪੁਰਖ ਸਮਰਥ, ਆਪਣਾ ਬਲ ਆਪ ਰਖਾਇਆ । ਆਪਣੀ ਮਹਿਮਾ ਗਾਏ ਅਕੱਥ, ਭੇਵ ਅਭੇਦ ਆਪ ਜਣਾਇਆ । ਆਪਣਾ ਚਲਾਏ ਸਾਚਾ ਰਥ, ਬਣ ਰਥਵਾਹੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਚੁਕਾਇਆ । ਆਪਣਾ ਪੜਦਾ ਆਪੇ ਲਾਹ, ਪੁਰਖ ਅਕਾਲ ਖੇਲ ਕਰਾਇੰਦਾ । ਅਜੂਨੀ ਰਹਿਤ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਸਤਿ ਸਤਿਵਾਦੀ ਦੇਵੇ ਸਚ ਸਲਾਹ, ਮਾਰਗ ਪੰਧ ਆਪ ਰਖਾਇੰਦਾ । ਨਾਉਂ ਨਿਰੰਕਾਰ ਆਪ ਪਰਗਟਾ, ਇਕ ਇਕੱਲਾ ਆਪੇ ਗਾਇੰਦਾ । ਥਾਨ ਥਨੰਤਰ ਆਪ ਸੁਹਾ, ਦਰਗਹਿ ਸਾਚੀ ਆਸਣ ਲਾਇੰਦਾ । ਆਪਣੀ ਬਣਤਰ ਆਪ ਬਣਾ, ਤਖ਼ਤ ਨਿਵਾਸੀ ਦਇਆ ਕਮਾਇੰਦਾ । ਆਪਣੀ ਇਛਿਆ ਆਪ ਸਮਝਾ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਘਾੜਨ ਆਪ ਘੜਾ, ਘੜ ਘੜ ਆਪੇ ਵੇਖ ਵਖਾਇੰਦਾ । ਆਪਣਾ ਗੜ੍ਹ ਆਪ ਬਣਾ, ਨਿਰਾਕਾਰ ਆਪੇ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰਨੀ ਕਰ, ਕਰਤਾ ਪੁਰਖ ਆਪ ਕਰਾਈਆ । ਸਾਚੇ ਤਖ਼ਤ ਬਹੇ ਚੜ੍ਹ, ਸਚ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਪਰਗਟਾਈਆ । ਧੁਰ ਫ਼ਰਮਾਣਾ ਆਪੇ ਜਾਣ, ਆਪਣੀ ਦਇਆ ਕਮਾਇੰਦਾ । ਸਚਖੰਡ ਦੁਆਰਾ ਕਰ ਪਰਵਾਨ, ਥਿਰ ਘਰ ਆਪਣਾ ਆਪ ਸੁਹਾਇੰਦਾ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਇੰਦਾ । ਤਖ਼ਤ ਨਿਵਾਸੀ ਹੋ ਮਿਹਰਬਾਨ, ਸੀਸ ਜਗਦੀਸ ਤਾਜ ਟਿਕਾਇੰਦਾ । ਏਕਾ ਰੰਗ ਖੇਲ ਮਹਾਨ, ਬੇਰੰਗ ਨਜ਼ਰ ਨਾ ਕੋਇ ਵਖਾਇੰਦਾ । ਮੁਕਾਮੇ ਹੱਕ ਹੋ ਪਰਧਾਨ, ਬੇਐਬ ਵੇਸ ਵਟਾਇੰਦਾ । ਪਰਵਰਦਿਗਾਰ ਵਡ ਮਿਹਰਬਾਨ, ਮਹਿਬਾਨ ਬੀਦੋ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਜਾਣੀ ਜਾਣ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਕਰ ਪਰਵਾਨ, ਸਚ ਸੰਦੇਸਾ ਇਕ ਸਮਝਾਈਆ । ਏਕੰਕਾਰਾ ਇਕ ਧਿਆਨ, ਏਕਾ ਏਕ ਦਏ ਸਮਝਾਈਆ । ਆਦਿ ਨਿਰੰਜਣ ਦੀਪ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਡ ਮਿਹਰਵਾਨ, ਮਿਹਰ ਮਿਹਰ ਮਿਹਰ ਆਪਣੀ ਆਪ ਕਰਾਈਆ । ਸ੍ਰੀ ਭਗਵਾਨ ਦੇਵੇ ਦਾਨ, ਦਾਤਾ ਦਾਨੀ ਇਕ ਅਖਵਾਈਆ । ਪਾਰਬ੍ਰਹਮ ਵੇਖੇ ਮਾਰ ਧਿਆਨ, ਆਪ ਆਪਣਾ ਪੜਦਾ ਲਾਹੀਆ । ਨਿਰਗੁਣ ਖੇਲ ਕਰੇ ਮਹਾਨ, ਬੇਅੰਤ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਈਆ । ਸਾਚਾ ਰਾਹ ਲਾਏ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਸਚਖੰਡ ਵਸਣਹਾਰਾ ਸਚ

ਮਕਾਨ, ਥਿਰ ਘਰ ਆਪਣਾ ਰੂਪ ਪਰਗਟਾਇੰਦਾ । ਸ਼ਬਦੀ ਸ਼ਬਦ ਸ਼ਬਦ ਬਲਵਾਨ, ਦਰ ਘਰ ਸਾਚੇ ਆਪ ਬਹਾਇੰਦਾ । ਨਾਮ ਨਿਧਾਨਾ ਇਕ ਫ਼ਰਮਾਣ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਦੀਪਕ ਦੀਆ ਜੋਤ ਮਹਾਨ, ਜੋਤੀ ਜਾਤਾ ਆਪ ਜਗਾਇੰਦਾ । ਅਨੁਭਵ ਪਰਕਾਸ਼ ਖੇਲ ਮਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਰਖਾਇੰਦਾ । ਸਾਚੀ ਸੇਵਾ ਸ਼ਬਦ ਸੁਤ, ਸਤਿ ਸਤਿਵਾਦੀ ਆਪ ਜਣਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਭੇਵ ਕੋਇ ਨਾ ਪਾਈਆ । ਸਚਖੰਡ ਦੁਆਰ ਸੁਹਾਈ ਸਾਚੀ ਰੁੱਤ, ਥਿਰ ਘਰ ਫੁਲ ਫੁਲਵਾੜੀ ਆਪ ਮਹਿਕਾਈਆ । ਆਪਣੇ ਮੰਦਰ ਆਪੇ ਉਠ, ਨਿਰਗੁਣ ਆਪਣਾ ਬਲ ਧਰਾਈਆ । ਸਾਹਿਬ ਸੁਲਤਾਨ ਹਰਿ ਜੂ ਤੁਠ, ਆਪਣੀ ਦਇਆ ਆਪ ਕਮਾਈਆ । ਕਰ ਪਰਕਾਸ਼ ਨਿਰਮਲ ਜੋਤ, ਨੂਰ ਨੂਰ ਨੂਰ ਰੁਸ਼ਨਾਈਆ । ਵਸਣਹਾਰਾ ਸਾਚੇ ਕੋਟ, ਬੰਕ ਦੁਆਰ ਖ਼ੁਸ਼ੀ ਮਨਾਈਆ । ਆਪੇ ਰੱਖੇ ਆਪਣੀ ਓਟ, ਦੂਜਾ ਭੈ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪੇ ਲਾਹੀਆ । ਆਪਣਾ ਪੜਦਾ ਲਾਹੇ ਹਰਿ ਨਿਰੰਕਾਰ, ਏਕੰਕਾਰਾ ਨਾਉਂ ਧਰਾਇੰਦਾ । ਏਕਾ ਨਾਮ ਮੰਤ ਜੈਕਾਰ, ਜੈ ਜੈਕਾਰ ਅਲਾਇੰਦਾ । ਆਪਣਾ ਨੂਰ ਜ਼ਹੂਰ ਕਰੇ ਖੇਲ ਅਪਾਰ, ਰੂਪ ਰੰਗ ਰੇਖ ਨਾ ਕੋਇ ਬਣਾਇੰਦਾ । ਮਹੱਲ ਅਟੱਲ ਉਚ ਮੁਨਾਰ, ਬਿਨ ਚਾਰ ਦੀਵਾਰ ਸੋਭਾ ਪਾਇੰਦਾ । ਸਾਚਾ ਤਖ਼ਤ ਕਰ ਤਿਆਰ, ਪਾਵਾ ਚੂਲ ਨਾ ਕੋਇ ਬਣਾਇੰਦਾ । ਬਾਢੀ ਬਣ ਆਪ ਕਰਤਾਰ, ਸਾਚੀ ਘਾੜਨ ਘੜਨ ਘੜਾਇੰਦਾ । ਸੀਸ ਜਗਦੀਸ ਪਹਿਨ ਦਸਤਾਰ, ਅਪਰੰਪਰ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਰਖਾਇੰਦਾ । ਆਪਣਾ ਬਲ ਆਪੇ ਰੱਖ,

ਹਰਿ ਹਰਿ ਖੇਲ ਕਰਾਇੰਦਾ । ਸਚਖੰਡ ਦੁਆਰੇ ਹੋ ਪਰਤੱਖ, ਅਨੁਭਵ ਪਰਕਾਸ਼ ਕਰਾਇੰਦਾ । ਥਿਰ ਘਰ ਦੁਆਰੇ ਹੋ ਹੋ ਵੱਖ, ਸ਼ਬਦੀ ਧਾਰ ਚਲਾਇੰਦਾ । ਆਦਿ ਜੁਗਾਦੀ ਅਲਖਨਾ ਅਲੱਖ, ਏਕਾ ਅਲਖ ਜਗਾਇੰਦਾ । ਸਾਚੇ ਮੰਦਰ ਆਪੇ ਵਸ, ਨਿਰਗੁਣ ਸੋਭਾ ਪਾਇੰਦਾ । ਆਪਣਾ ਮਾਰਗ ਆਪੇ ਦੱਸ, ਸੁਤ ਦੁਲਾਰੇ ਹਰਿ ਸਮਝਾਇੰਦਾ । ਚਰਨ ਕਵਲ ਧੂੜ ਸਾਚਾ ਰਸ, ਰਸ ਰਸੀਆ ਆਪ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਪੁਰਖ ਅਬਿਨਾਸ਼, ਹਰਿ ਅਬਿਨਾਸ਼ੀ ਆਪ ਜਣਾਈਆ । ਸੁਤ ਦੁਲਾਰੇ ਰਹਿਣਾ ਦਾਸ, ਦਾਸਨ ਦਾਸ ਖੇਲ ਵਖਾਈਆ । ਮੇਰਾ ਨੂਰ ਤੇਰਾ ਪਰਕਾਸ਼, ਤੇਰਾ ਪਰਕਾਸ਼ ਵਡ ਵਡਿਆਈਆ । ਮੇਰੀ ਵਸਤ ਤੇਰੀ ਰਾਸ, ਤੇਰੀ ਰਾਸ ਸੋਭਾ ਪਾਈਆ । ਮੇਰਾ ਖੇਲ ਤੇਰਾ ਤਮਾਸ਼, ਤੇਰਾ ਤਮਾਸ਼ਾ ਸਾਚੀ ਰਾਸ ਰਚਾਈਆ । ਆਦਿ ਜੁਗਾਦਿ ਵਸਣਾ ਪਾਸ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਏ ਸਮਝਾਈਆ । ਸਾਚੇ ਸੁਤ ਜਾਣਾ ਜਾਗ, ਹਰਿ ਜਾਗਰਤ ਆਪ ਜਗਾਇੰਦਾ । ਤੇਰਾ ਮੇਰਾ ਇਕ ਵੈਰਾਗ, ਸਚਖੰਡ ਨਿਵਾਸੀ ਥਿਰ ਘਰ ਦੁਆਰੇ ਆਪ ਸੁਣਾਇੰਦਾ । ਤੇਰਾ ਮੇਰਾ ਇਕ ਸੁਹਾਗ, ਨਾਰੀ ਕੰਤ ਰੂਪ ਵਟਾਇੰਦਾ । ਤੇਰਾ ਮੇਰਾ ਇਕ ਰਾਗ, ਹਰਿ ਰਾਗੀ ਰਾਗ ਅਲਾਇੰਦਾ । ਤੇਰਾ ਮੇਰਾ ਇਕ ਕਾਜ, ਕਾਜ ਕਰਤਾ ਆਪ ਕਰਾਇੰਦਾ । ਤੇਰਾ ਮੇਰਾ ਇਕ ਸਾਜ, ਸਾਜਨਹਾਰਾ ਆਪ ਵਜਾਇੰਦਾ । ਤੇਰਾ ਮੇਰਾ ਇਕ ਤਾਜ, ਤਾਜ ਸੀਸ ਜਗਦੀਸ ਸੁਹਾਇੰਦਾ । ਤੇਰਾ ਮੇਰਾ ਇਕ ਜਹਾਜ਼, ਬਣ ਜਹਾਜ਼ੀ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਸਮਝਾਇੰਦਾ । ਸਾਚੇ ਸੁਤ ਕਰ ਧਿਆਨ,

ਨਰ ਨਰਾਇਣ ਆਪ ਜਣਾਈਆ । ਏਕਾ ਹੁਕਮ ਇਕ ਫ਼ਰਮਾਣ, ਧੁਰ ਦਾ ਬਾਣ ਲਗਾਈਆ । ਏਕਾ ਮੰਦਰ ਇਕ ਮਕਾਨ, ਏਕਾ ਘਰ ਦਏ ਵਸਾਈਆ । ਏਕਾ ਨਾਮ ਇਕ ਨਿਸ਼ਾਨ, ਏਕਾ ਦਏ ਝੁਲਾਈਆ । ਏਕਾ ਖੇਲ ਕਰੇ ਭਗਵਾਨ, ਏਕਾ ਸ਼ਬਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਸਮਝਾਈਆ । ਰਾਹ ਸਾਚਾ ਆਪ ਸਮਝਾਏ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਨਿਰਗੁਣ ਬਣਾਈ ਨਿਰਗੁਣ ਬਣਤ, ਨਿਰਾਕਾਰ ਵੇਸ ਵਟਾਇੰਦਾ । ਨਿਰਗੁਣ ਨਾਰ ਨਿਰਗੁਣ ਕੰਤ, ਨਿਰਗੁਣ ਸੇਜ ਹੰਢਾਇੰਦਾ । ਨਿਰਗੁਣ ਮਹਿਮਾ ਬੇਅੰਤ, ਅਗਣਤ ਲੇਖਾ ਲੇਖ ਨਾ ਕੋਇ ਜਣਾਇੰਦਾ । ਨਿਰਗੁਣ ਆਦਿ ਨਿਰਗੁਣ ਅੰਤ, ਨਿਰਗੁਣ ਆਪਣੀ ਖੇਲ ਖਿਲਾਇੰਦਾ । ਨਿਰਗੁਣ ਨਾਮ ਨਿਰਗੁਣ ਮੰਤ, ਨਿਰਗੁਣ ਰਾਗੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਸੱਚੀ ਸਿਖ, ਹਰਿ ਜੂ ਹਰਿ ਹਰਿ ਆਪ ਜਣਾਈਆ । ਤੇਰਾ ਲੇਖ ਦੇਵਾਂ ਲਿਖ, ਲੇਖਾ ਲਿਖਾ ਬਿਨ ਕਲਮ ਸ਼ਾਹੀਆ । ਏਕਾ ਦੇਵਾਂ ਸਾਚੀ ਭਿਖ, ਭਿਖਕ ਝੋਲੀ ਏਕਾ ਭਰਾਈਆ । ਆਦਿ ਜੁਗਾਦਿ ਬਿਨ ਨੇਤਰ ਆਵਾਂ ਦਿਸ, ਜੋਤੀ ਜੋਤ ਜੋਤ ਰੁਸ਼ਨਾਈਆ । ਤੇਰਾ ਵੰਡਾਂ ਸਾਚਾ ਹਿਸ, ਆਪਣਾ ਭਾਗ ਤੇਰੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤੇਰੇ ਹੱਥ ਰੱਖਾਂ ਸੱਚਾ ਭਾਗ, ਹਰਿ ਜੂ ਹਰਿ ਹਰਿ ਵੰਡ ਵੰਡਾਇੰਦਾ । ਤੇਰੇ ਮੰਦਰ ਇਕ ਚਰਾਗ਼, ਬਿਨ ਤੇਲ ਬਾਤੀ ਆਪ ਜਗਾਇੰਦਾ । ਤੇਰੇ ਅੰਦਰ ਇਕ ਵੈਰਾਗ, ਬਣ ਵੈਰਾਗੀ ਆਪ ਪਰਗਟਾਇੰਦਾ । ਤੇਰੇ ਅੰਤਰ ਏਕਾ ਜਾਗ, ਬਿਨ ਨੇਤਰ ਆਪ ਖੁਲ੍ਹਾਇੰਦਾ । ਤੇਰੇ ਅੰਦਰ ਏਕਾ ਰਾਜ, ਇਕ ਰਈਅਤ ਰਾਜ ਕਮਾਇੰਦਾ । ਤੇਰੇ ਅੰਦਰ ਇਕ ਸਮਾਜ, ਨਿਰਗੁਣ ਆਪਣਾ ਰੂਪ ਵਖਾਇੰਦਾ । ਤੇਰੇ ਅੰਤਰ ਇਕ ਕਾਜ਼, ਕਰਤਾ ਪੁਰਖ ਆਪ ਰਖਾਇੰਦਾ । ਤੇਰੇ ਅੰਤਰ ਇਕ ਅਵਾਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ । ਸਾਚੀ ਵਸਤ ਦੇਵੇ ਦਾਤ, ਹਰਿ ਦਾਨੀ ਆਪ ਵਰਤਾਈਆ । ਚਰਨ ਕਵਲ ਸਾਚਾ ਨਾਤ, ਨਿਰਗੁਣ ਨਿਰਗੁਣ ਲਏ ਸਮਝਾਈਆ । ਆਦਿ ਅੰਤ ਰਹੇ ਇਕਾਂਤ, ਇਕ ਇਕੱਲਾ ਬੇਪਰਵਾਹੀਆ । ਥਿਰ ਘਰ ਵੇਖੇ ਮਾਰ ਝਾਤ, ਬੰਦ ਤਾਕੀ ਆਪ ਖੁਲ੍ਹਾਈਆ । ਪਿਤਾ ਪੂਤ ਸੱਜਣ ਸਾਕ, ਬੰਧਨ ਬੰਧਪ ਇਕ ਰਖਾਈਆ । ਸਚ ਮਹੱਲਾ ਸਾਚਾ ਘਾਟ, ਸਚ ਦੁਆਰਾ ਦਏ ਸਮਝਾਈਆ । ਨਿਰਗੁਣ ਨੂਰ ਜੋਤ ਲਿਲਾਟ, ਏਕਾ ਨੂਰ ਕਰੇ ਰੁਸ਼ਨਾਈਆ । ਸਦਾ ਸੁਹੇਲਾ ਦੇਵੇ ਸਾਥ, ਵਿਛੜ ਕਦੇ ਨਾ ਜਾਈਆ । ਇਕ ਪੜ੍ਹਾਏ ਏਕੰਕਾਰਾ ਗਾਥ, ਅੱਖਰ ਰੂਪ ਨਾ ਕੋਇ ਵਟਾਈਆ । ਕਰੇ ਖੇਲ ਪੁਰਖ ਸਮਰਾਥ, ਸਚਖੰਡ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਨਿਰਗੁਣ ਗਾਉਣਾ ਜਸ, ਜਸ ਏਕਾ ਗੁਣ ਵਖਾਈਆ । ਮੇਲ ਮਿਲਾਵਾ ਹੱਸ ਹੱਸ, ਹੰਸ ਮੁਖ ਦਏ ਸਮਝਾਈਆ । ਤੇਰਾ ਤੇਰੀ ਪੂਰੀ ਕਰੇ ਆਸ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਭੇਵ ਅਭੇਦਾ ਦੇਵੇ ਖੋਲ੍ਹ, ਖੋਲ੍ਹਣਹਾਰ ਆਪ ਨਿਰੰਕਾਰਾ । ਸ਼ਬਦ ਅਗੰਮੀ ਏਕਾ ਬੋਲ, ਬੋਲੇ ਸਚ ਜੈਕਾਰਾ । ਨਾਮ ਕੰਡੇ ਤੋਲੇ ਤੋਲ, ਤੋਲਣਹਾਰਾ ਹਰਿ ਗਿਰਧਾਰਾ । ਸਚ ਮਹੱਲੇ ਬੈਠਾ ਅਡੋਲ, ਡੁਲ ਨਾ ਜਾਏ ਅਗੰਮ ਅਪਾਰਾ । ਤੇਰੇ ਅੰਤਰ ਜਾਏ ਮੌਲ, ਫੁਲ ਫੁਲਵਾੜੀ ਵੇਖੇ ਸਚ ਗੁਲਜਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਸਤ ਨਾਮ ਹਰਿ ਥਾਰਾ । ਨਾਮ ਵਸਤ

ਦੇਵੇ ਦਾਨੀ, ਹਰਿ ਦਾਤਾ ਆਪ ਵਰਤਾਇੰਦਾ । ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨੀ, ਹਰਿ ਪੁਰਖ ਨਿਰੰਜਣ ਖੇਲ ਖਿਲਾਇੰਦਾ । ਏਕੰਕਾਰਾ ਵਡ ਬਲਵਾਨੀ, ਬਲ ਆਪਣਾ ਆਪ ਜਣਾਇੰਦਾ । ਸ੍ਰੀ ਭਗਵਾਨ ਜੋਤ ਨੂਰਾਨੀ, ਆਦਿ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਖੇਲ ਮਹਾਨੀ, ਅਨਭਵ ਆਪਣੀ ਧਾਰ ਵਖਾਇੰਦਾ । ਪਾਰਬ੍ਰਹਮ ਵਖਾਏ ਸਚ ਨਿਸ਼ਾਨੀ, ਸਚ ਨਿਸ਼ਾਨਾ ਇਕ ਝੁਲਾਇੰਦਾ । ਸ਼ਬਦ ਅਗੰਮੀ ਇਕੋ ਬਾਣੀ, ਅਗੰਮ ਅਥਾਹ ਬੇਪਰਵਾਹ ਆਪ ਪੜ੍ਹਾਇੰਦਾ । ਸਾਚੇ ਸੁਤ ਕਰ ਪਰਵਾਨੀ, ਹਰਿ ਪਰਵਾਨਾ ਹੱਥ ਫੜਾਇੰਦਾ । ਚਰਨ ਸਰਨ ਮੇਲ ਕਰ ਕੁਰਬਾਨੀ, ਸਾਚੀ ਸਿਖਿਆ ਆਪ ਜਣਾਇੰਦਾ । ਪੁਰਖ ਅਕਾਲ ਸੱਚਾ ਹਾਣੀ, ਆਦਿ ਅੰਤ ਮੇਲ ਮਿਲਾਇੰਦਾ । ਆਪੇ ਜਾਣੇ ਅਕਥ ਕਹਾਣੀ, ਆਪਣਾ ਭੇਵ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਦੇਵੇ ਦੱਸ, ਬੇਅੰਤ ਵਡੀ ਵਡਿਆਈਆ । ਥਿਰ ਘਰ ਦੁਆਰੇ ਜਾਏ ਵਸ, ਤੇਰਾ ਹੋਏ ਆਪ ਸਹਾਈਆ । ਤੇਰੇ ਅੰਤਰ ਭਰੇ ਰਸ, ਆਪ ਆਪਣਾ ਰਸ ਜਣਾਈਆ । ਤੇਰੇ ਗ੍ਰਿਹ ਕਰੇ ਪਰਕਾਸ਼, ਘਰ ਘਰ ਖ਼ੁਸ਼ੀ ਮਨਾਈਆ । ਆਪਣੀ ਪੂਰੀ ਕਰੇ ਆਸ, ਤੇਰੀ ਆਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਏ ਵਡਿਆਈਆ । ਸੁਤ ਸ਼ਬਦ ਹੋ ਨਿਮਾਣਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਸ਼ਾਹ ਪਾਤਸ਼ਾਹ ਸਚ ਸੁਲਤਾਨਾ, ਹਉਂ ਬਾਲਕ ਸੇਵ ਕਮਾਇੰਦਾ । ਤੇਰਾ ਮੰਦਰ ਸਚ ਮਕਾਨਾ, ਪੁਰਖ ਅਬਿਨਾਸ਼ੀ ਮੋਹੇ ਭਾਇੰਦਾ । ਤੇਰਾ ਨਾਉਂ ਰਾਗ ਤਰਾਨਾ, ਗੁਣ ਏਕਾ ਇਕ ਜਣਾਇੰਦਾ । ਤੂੰ ਸਾਹਿਬ ਸੱਚਾ ਬੀਨਾ ਦਾਨਾ, ਦਾਤ ਅਨਮੁਲੜੀ ਇਕ ਵਰਤਾਇੰਦਾ । ਹਉਂ ਬਾਲਕ ਬਾਲ ਅਵਾਣਾ, ਭੇਵ ਕੋਇ ਨਾ ਆਇੰਦਾ । ਮੈਨੂੰ ਤੇਰਾ ਇਕੋ ਮਾਣਾ, ਦੂਜੀ ਓਟ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨਾਂ ਸੀਸ ਝੁਕਾਇੰਦਾ । ਤੇਰੇ ਚਰਨਾਂ ਜਾਵਾਂ ਝੁਕ, ਝੁਕ ਝੁਕ ਆਪਣੀ ਖ਼ੁਸ਼ੀ ਮਨਾਈਆ । ਤੇਰੇ ਬਿਨਾਂ ਤੇਰਾ ਬੂਟਾ ਜਾਏ ਸੁੱਕ, ਹਰਾ ਸਿੰਚ ਨਾ ਕੋਇ ਕਰਾਈਆ । ਸਚਖੰਡ ਦੁਆਰੇ ਨਾ ਬਹਿਣਾ ਲੁਕ, ਥਿਰ ਘਰ ਤੇਰੀ ਆਸ ਰਖਾਈਆ । ਆਪਣੀ ਗੋਦੀ ਲੈਣਾ ਚੁੱਕ, ਤੇਰਾ ਪ੍ਰੇਮ ਮੇਰੀ ਵਡਿਆਈਆ । ਮੈਂ ਉਪਜਿਆ ਤੇਰੀ ਕੁੱਖ, ਜਨਮਿਆਂ ਬਿਨ ਪਿਤਾ ਮਾਈਆ । ਤੇਰੀ ਕਿਰਪਾ ਗਿਆ ਉਠ, ਦੂਸਰ ਬਲ ਨਾ ਕੋਇ ਰਖਾਈਆ । ਤੂੰ ਸਾਹਿਬ ਗਿਆ ਤੁਠ, ਹਉਂ ਦੀਨਨ ਮਾਣ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਸਿਰ ਮੇਰੇ ਰੱਖੀਂ ਹੱਥ, ਦੂਸਰ ਓਟ ਨਾ ਕੋਇ ਤਕਾਇੰਦਾ । ਤੇਰਾ ਤੇਰੇ ਹੋਏ ਵਸ, ਤੁਧ ਬਿਨ ਅਵਰ ਨਾ ਕੋਇ ਭਾਇੰਦਾ । ਸਦ ਗਾਵਾਂ ਤੇਰਾ ਜਸ, ਗਾ ਗਾ ਆਪਣੀ ਖ਼ੁਸ਼ੀ ਮਨਾਇੰਦਾ । ਤੇਰੇ ਦੁਆਰੇ ਆਵਾਂ ਨੱਸ, ਬਣ ਪਾਂਧੀ ਪੰਧ ਮੁਕਾਇੰਦਾ । ਤੂੰ ਅੱਗੋਂ ਮਿਲਣਾ ਹੱਸ ਹੱਸ, ਇਕੋ ਮੰਗ ਮੰਗਾਇੰਦਾ । ਏਕਾ ਮਾਰਗ ਦੇਣਾ ਦੱਸ, ਹਉਂ ਬਾਲਕ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸਿਰ ਹੱਥ ਰੱਖੇ ਨਿਰੰਕਾਰ, ਨਿਰਾਕਾਰ ਦਇਆ ਕਮਾਇੰਦਾ । ਸ਼ਬਦੀ ਸੁਤ ਤੇਰਾ ਪਿਆਰ, ਬਣ ਪਿਆਰਾ ਪੂਰ ਕਰਾਇੰਦਾ । ਬਾਲੇ ਬਾਲ ਤੇਰਾ ਵਿਹਾਰ, ਬਾਲੀ ਬਾਲਾ ਖੇਲ ਕਰਾਇੰਦਾ । ਤਖ਼ਤ ਨਿਵਾਸੀ ਸ਼ਾਹਕਾਰ, ਸ਼ਹਿਨਸ਼ਾਹ ਰੂਪ ਧਰਾਇੰਦਾ । ਖੇਲ ਤਮਾਸ਼ੀ ਏਕੰਕਾਰ, ਅਕਲ ਕਲਾ ਵੇਸ ਵਟਾਇੰਦਾ । ਥਿਰ ਘਰ ਤੇਰੇ ਪਾਵੇ ਸਾਰ, ਥਿਰ ਘਰ ਸਾਚਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੭੫੯
੧੧

ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਸਾਚਾ ਖੇਲ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸਾਚੇ ਸੁਤ ਤੇਰਾ ਨਿਸ਼ਾਨ, ਹਰਿ ਨਿਸ਼ਾਨਾ ਲਏ ਬਣਾਈਆ । ਤੇਰਾ ਰੂਪ ਬੇਪਹਿਚਾਨ, ਪਹਿਚਾਨ ਵਿਚ ਕਿਸੇ ਨਾ ਆਈਆ । ਤੇਰਾ ਨਾਦ ਸੱਚੀ ਧੁੰਨਕਾਨ, ਅਨਾਦੀ ਨਾਦ ਵਜਾਈਆ । ਅਨਡਿਠ ਤੇਰਾ ਮਕਾਨ, ਬੇਮਕਾਨ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣਾ ਹੁਕਮ ਸੁਣਾਈਆ । ਸਾਚਾ ਹੁਕਮ ਏਕਾ ਵਾਰ, ਹਰਿ ਜੂ ਹਰਿ ਸੁਣਾਇਆ । ਤੇਰੀ ਮੇਰੀ ਗੁਫ਼ਤਾਰ, ਗੁਫ਼ਤ ਸ਼ਨੀਦ ਖੇਲ ਖਿਲਾਇਆ । ਤੇਰਾ ਮੇਰਾ ਇਕ ਪਿਆਰ, ਏਕਾ ਵਣਜ ਰਿਹਾ ਜਣਾਈਆ । ਤੇਰਾ ਮੇਰਾ ਇਕ ਵਿਹਾਰ, ਬਣ ਵਿਹਾਰੀ ਹਰਿ ਸਮਝਾਇਆ । ਤੇਰਾ ਮੇਰਾ ਇਕ ਦੁਆਰ, ਬਣ ਦਰਬਾਰੀ ਪੜਦਾ ਲਾਹਿਆ । ਤੇਰਾ ਮੇਰਾ ਇਕ ਸ਼ਿੰਗਾਰ, ਹਰਿ ਸ਼ਬਦੀ ਸ਼ਬਦ ਸਮਝਾਇਆ । ਤੇਰਾ ਮੇਰਾ ਇਕ ਜੈਕਾਰ, ਜੈ ਜੈਕਾਰ ਆਪ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰਖਾਇਆ । ਆਪਣਾ ਦੱਸੇ ਹਰਿ ਜੂ ਰੰਗ, ਰੂਪ ਰੇਖ ਨਾ ਕੋਇ ਜਣਾਇੰਦਾ । ਆਪਣਾ ਵਖਾਏ ਸਚ ਪਲੰਘ, ਪਾਵਾ ਚੂਲ ਨਾ ਕੋਇ ਵਖਾਇੰਦਾ । ਆਪਣਾ ਵਜਾਏ ਆਪ ਮਰਦੰਗ, ਤਾਰ ਸਿਤਾਰ ਨਾ ਕੋਇ ਹਿਲਾਇੰਦਾ । ਆਪਣਾ ਚਖਾਏ ਆਪ ਅਨੰਦ, ਰਸਨਾ ਰਸ ਨਾ ਕੋਇ ਰਖਾਇੰਦਾ । ਆਪੇ ਹੋਏ ਸੂਰਾ ਸਰਬੰਗ, ਸਾਖਆਤ ਰੂਪ ਵਟਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਦ, ਨੂਰ ਨੁਰਾਨਾ ਡਗਮਗਾਇੰਦਾ । ਇਕੋ ਸੁਣਾਇਆ ਸਾਚਾ ਛੰਦ, ਸੋ ਪੁਰਖ ਨਿਰੰਜਣ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਆਪਣੀ ਦਇਆ ਕਮਾਇੰਦਾ । ਥਿਰ ਘਰ ਦਇਆ ਕਮਾਏ ਦੀਨ ਦਿਆਲ, ਆਪਣੀ ਦਇਆ ਕਮਾਈਆ । ਸੁਤ ਦੁਲਾਰਾ ਵੇਖੇ ਲਾਲ, ਹਰਿ ਲਾਲਨ ਬੇਪਰਵਾਹੀਆ । ਆਪ ਬਣਾਏ ਸੱਚੀ ਧਰਮਸਾਲ, ਸਚ ਦੁਆਰੇ ਦਏ ਵਡਿਆਈਆ । ਆਪੇ ਵਸੇ ਨਾਲ ਨਾਲ, ਆਪਣਾ ਸੰਗ ਰਖਾਈਆ । ਆਪੇ ਕਰੇ ਸੱਚੀ ਪ੍ਰਿਤਪਾਲ, ਪ੍ਰਿਤਪਾਲਕ ਬੇਪਰਵਾਹੀਆ । ਆਪਣੀ ਘਾਲਣ ਆਪੇ ਘਾਲ, ਬਣ ਸੇਵਕ ਸੇਵ ਕਮਾਈਆ । ਕਰੇ ਖੇਲ ਪੁਰਖ ਅਕਾਲ, ਅਕਲ ਕਲ ਵਡ ਵਡਿਆਈਆ । ਸਾਚੇ ਸੁੱਤ ਤੇਰਾ ਦਲਾਲ, ਹਰਿ ਸਤਿਗੁਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਸਤ ਦੇਵੇ ਧਨ ਮਾਲ, ਸਚ ਖ਼ਜ਼ੀਨਾ ਹੱਥ ਫੜਾਈਆ । ਸਚ ਖ਼ਜ਼ੀਨਾ ਦੇਵੇ ਦਾਤ, ਸਾਚੀ ਝੋਲੀ ਆਪ ਭਰਾਇੰਦਾ । ਦਾਨਾ ਬੀਨਾ ਇਕ ਇਕਾਂਤ, ਏਕਾ ਘਰ ਸੋਭਾ ਪਾਇੰਦਾ । ਬੰਦ ਕਿਵਾੜਾ ਖੋਲ੍ਹੇ ਤਾਕ, ਸਾਚੀ ਹਾਟੀ ਆਪ ਜਣਾਇੰਦਾ । ਕਰੇ ਖੇਲ ਪੁਰਖ ਸਮਰਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੂਪ ਅਨੂਪ ਆਪ ਜਣਾਇੰਦਾ । ਆਪ ਜਣਾਏ ਰੂਪ ਅਨੂਪਾ, ਭੇਵ ਅਭੇਦ ਖੁਲ੍ਹਾਇਆ । ਲੇਖਾ ਜਾਣੇ ਸ਼ਾਹੋ ਭੂਪਾ, ਭੂਪਤ ਭੂਪ ਰੂਪ ਵਟਾਇਆ । ਵਸਣਹਾਰਾ ਸਾਚੀ ਕੂਟਾ, ਸਾਚੇ ਤਖ਼ਤ ਡੇਰਾ ਲਾਇਆ । ਥਿਰ ਘਰ ਲਾਇਆ ਆਪੇ ਬੂਟਾ, ਸ਼ਬਦੀ ਸੁਤ ਆਪ ਪਰਗਟਾਇਆ । ਠਾਕਰ ਸਵਾਮੀ ਆਪੇ ਤੁਠਾ, ਮਿਹਰਵਾਨ ਬੇਪਰਵਾਹੀਆ । ਅੰਮ੍ਰਿਤ ਰਸ ਦਏ ਅਨੂਠਾ, ਚਰਨ ਚਰਨ ਨਾਲ ਰਗੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਟਿਕਾਇਆ । ਮਿਹਰ ਨਜ਼ਰ ਪਾਏ ਭਗਵਾਨ, ਸ਼ਬਦੀ ਸ਼ਬਦ ਦਏ ਵਡਿਆਈਆ । ਕਰੇ ਖੇਲ ਖੇਲ ਮਹਾਨ, ਖੇਲਣਹਾਰ ਇਕ ਹੋ ਜਾਈਆ । ਰੂਪ ਅਨੂਪ ਸ੍ਰੀ ਭਗਵਾਨ, ਹਰਿ ਭਗਵਨ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ

ਸੁਤ ਦਿਤਾ ਵਰ, ਏਕਾ ਵਸਤ ਏਕਾ ਵਾਰ ਝੋਲੀ ਪਾਈਆ । ਏਕਾ ਵਾਰ ਝੋਲੀ ਭਰ, ਹਰਿ ਜੂ ਦਇਆ ਕਮਾਇੰਦਾ । ਨਿਰਭੌ ਚੁਕਾਏ ਭੈ ਡਰ, ਭੈ ਆਪਣਾ ਆਪ ਵਖਾਇੰਦਾ । ਨਿਰਗੁਣ ਅੰਦਰ ਨਿਰਗੁਣ ਵੜ, ਨਿਰਗੁਣ ਪੌੜੇ ਨਿਰਗੁਣ ਚੜ੍ਹ, ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਫੜ ਨਿਰਗੁਣ ਲੜ, ਨਿਰਗੁਣ ਬੰਧਨ ਪਾਇੰਦਾ । ਨਿਰਗੁਣ ਘਾੜਤ ਨਿਰਗੁਣ ਘੜ, ਨਿਰਗੁਣ ਰੰਗ ਰੰਗਾਇੰਦਾ । ਨਿਰਗੁਣ ਅੱਗੇ ਨਿਰਗੁਣ ਖੜ, ਨਿਰਗੁਣ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਪਰਗਟਾਇੰਦਾ । ਸਾਚੀ ਧਾਰ ਪੁਰਖ ਅਗੰਮ, ਆਪਣੀ ਆਪ ਪਰਗਟਾਈਆ । ਆਪਣੇ ਅੰਤਰ ਆਪੇ ਜੰਮ, ਕਰੇ ਖੇਲ ਬਿਨ ਪਿਤਾ ਮਾਈਆ । ਆਪਣਾ ਬੇੜਾ ਆਪੇ ਬੰਨ੍ਹ, ਆਪੇ ਰਿਹਾ ਚਲਾਈਆ । ਆਪਣਾ ਭਾਣਾ ਆਪੇ ਮੰਨ, ਆਪੇ ਚਲੇ ਹੁਕਮ ਰਜ਼ਾਈਆ । ਆਪੇ ਵਸੇ ਸਾਚੇ ਛੱਪਰ ਛੰਨ, ਚਾਰ ਕੁੰਟ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਣੇ ਪਿਤਾ ਮਾਈਆ । ਆਪੇ ਪਿਤਾ ਮਾਈ ਬਣੇ ਪੂਤ, ਪਾਰਬ੍ਰਹਮ ਹਰਿ ਖੇਲ ਖਿਲਾਇੰਦਾ । ਆਪੇ ਤਾਣਾ ਪੇਟਾ ਬਣ ਸੂਤ, ਸੂਤਰਧਾਰੀ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਾਕਾਰ ਨਿਰਗੁਣ ਧਾਰ ਨਿਰਵੈਰ ਅਜੂਨੀ ਰਹਿਤ ਆਪਣਾ ਵੇਸ ਵਟਾਇੰਦਾ । ਆਪਣਾ ਵੇਸ ਵਟਾਇਆ, ਹਰਿ ਆਪਣੀ ਦਇਆ ਕਮਾਈਆ । ਸ਼ਬਦੀ ਅੰਦਰ ਸ਼ਬਦ ਸਮਾਇਆ, ਸ਼ਬਦੀ ਖੇਲ ਕਰਾਈਆ । ਸ਼ਬਦ ਦਾਈ ਸ਼ਬਦ ਸ਼ਬਦ ਦਾਇਆ, ਸੇਵਕ ਸਾਚੀ ਸੇਵ ਕਮਾਈਆ । ਸ਼ਬਦੀ ਗੋਦ ਆਪ ਸੁਹਾਇਆ, ਆਪੇ ਵੇਖੇ ਚਾਈਂ ਚਾਈਆ । ਆਪਣਾ ਨੂਰ ਆਪ ਪਰਗਟਾਇਆ, ਨੂਰੋ ਨੂਰ ਨੂਰ ਰੁਸ਼ਨਾਈਆ । ਵਿਸ਼ਨੂੰ ਆਪਣਾ ਖੇਲ ਕਰਾਇਆ, ਵਿਸ਼ਵ ਏਕਾ ਘਰ ਵਖਾਈਆ । ਅੰਮ੍ਰਿਤ ਆਪਣਾ ਜਾਮ ਪਿਆਇਆ, ਭਰ ਪਿਆਲਾ ਸਚ ਸੁਰਾਈਆ । ਘਰ ਵਿਚ ਬੂਟਾ ਆਪ ਲਗਾਇਆ, ਕਵਲ ਕਵਲਾ ਆਪ ਲਗਾਈਆ । ਫੁਲ ਫੁਲਵਾੜੀ ਆਪ ਮਹਿਕਾਇਆ, ਬਣ ਮਾਲੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਇਕ ਵਰਤਾਈਆ । ਸਾਚੀ ਵਸਤ ਕਵਲ ਕਵਲਾ ਧਾਰ, ਕਵਲ ਨੈਣ ਆਪ ਵਰਤਾਇੰਦਾ । ਵਿਸ਼ਨੂੰ ਵਿਸ਼ਵ ਦਏ ਅਧਾਰ, ਵਾਸਤਕ ਆਪਣਾ ਭੇਵ ਖੁਲ੍ਹਾਇੰਦਾ । ਪਾਰਬ੍ਰਹਮ ਬ੍ਰਹਮ ਕਰ ਤਿਆਰ, ਵੰਡਣਹਾਰਾ ਏਕਾ ਵੰਡ ਵੰਡਾਇੰਦਾ । ਨਿਰਗੁਣ ਰੂਪ ਨਿਰਾਕਾਰ ਕਰੇ ਖੇਲ ਅਪਰ ਅਪਾਰ, ਪਤ ਡਾਲ੍ਹੀ ਆਪ ਮਹਿਕਾਇੰਦਾ । ਗੁਲਸ਼ਨ ਵੇਖ ਸੱਚੀ ਗੁਲਜ਼ਾਰ, ਬ੍ਰਹਮਾ ਬ੍ਰਹਮ ਕਰ ਪਸਾਰ, ਆਪ ਆਪਣੇ ਰੰਗ ਰੰਗਾਇੰਦਾ । ਥਿਰ ਘਰ ਵੇਖੇ ਵੇਖਣਹਾਰ, ਸੁੰਨ ਅਗੰਮ ਭੇਵ ਨਿਆਰ, ਧੁਆਂਧਾਰ ਦਿਸ ਕਿਸੇ ਨਾ ਆਇੰਦਾ । ਜਨ ਜਨਨੀ ਬਣ ਕਰਤਾਰ, ਸ਼ੰਕਰ ਸੇਵ ਕਰੇ ਸੇਵਾ ਕਰਨੇਹਾਰ, ਆਪ ਆਪਣਾ ਰੰਗ ਰੰਗਾਇੰਦਾ । ਤਿੰਨਾਂ ਵਿਚੋਲਾ ਏਕੰਕਾਰ, ਹੁਕਮ ਹੁਕਮ ਆਪ ਸੁਣਾਇੰਦਾ । ਸ਼ਬਦੀ ਸ਼ਬਦ ਤੇਰਾ ਵਿਹਾਰ, ਬਿਵਹਾਰੀ ਆਪ ਰਖਾਇੰਦਾ । ਥਿਰ ਘਰ ਖੇਲ ਕਰੇ ਕਰਤਾਰ, ਆਪਣੀ ਰਚਨਾ ਆਪ ਰਚਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਸਾਚਾ ਮੇਲਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਭੇਵ ਅਭੇਦਾ ਆਪਣਾ ਆਪ ਕਰਾਈਆ । ਵਿਸ਼ਨੂੰ ਵੇਖੇ ਮਾਰ ਧਿਆਨ, ਕਵਣ ਪਿਤਾ ਕਵਣ ਮਾਈਆ । ਕਵਣ ਦੇਵਣਹਾਰ ਧਿਆਨ, ਅੰਤਰ ਅੰਤਰ ਕਰੇ ਪੜ੍ਹਾਈਆ । ਕਵਣ ਹੋਏ ਨਿਗਹਬਾਨ, ਬਿਨ ਨੇਤਰ ਵੇਖ ਵਖਾਈਆ । ਕਵਣ ਵਸਾਏ ਸਚ ਮਕਾਨ, ਸਾਚੇ ਧਾਮ ਦਏ ਵਡਿਆਈਆ । ਕਵਣ ਮੇਲਾ ਮਿਲਾਏ

ਆਣ, ਆਪ ਆਪਣੀ ਦਇਆ ਕਮਾਈਆ । ਕਵਣ ਦੇਵੇ ਚਰਨ ਧਿਆਨ, ਚਰਨ ਸਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਖੋਲ੍ਹੇ ਭਗਵੰਤ, ਆਪਣੀ ਦਇਆ ਕਮਾਇੰਦਾ । ਇਕੋ ਨਾਰ ਇਕੋ ਕੰਤ, ਇਕੋ ਵੇਸ ਵਟਾਇੰਦਾ । ਇਕ ਬਣਾਏ ਸਾਚੀ ਬਣਤ, ਵਿਸ਼ਨ ਬ੍ਰਹਮਾ ਸ਼ਿਵ ਉਪਜਾਇੰਦਾ । ਇਕੋ ਪੁਰਖ ਆਦਿ ਅੰਤ, ਜਨਮ ਮਰਨ ਵਿਚ ਨਾ ਆਇੰਦਾ । ਇਕੋ ਮਹਿਮਾ ਗਾਏ ਅਗਣਤ, ਬਿਨ ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਏਕੰਕਾਰ, ਏਕਾ ਏਕ ਜਣਾਈਆ । ਵਿਸ਼ਨੂੰ ਰਹਿਣਾ ਖ਼ਬਰਦਾਰ, ਸਚ ਸੰਦੇਸਾ ਹਰਿ ਸੁਣਾਈਆ । ਬ੍ਰਹਮਾ ਬ੍ਰਹਮ ਹੋਏ ਉਜਿਆਰ, ਪਾਰਬ੍ਰਹਮ ਵੰਡ ਵੰਡਾਈਆ । ਸ਼ੰਕਰ ਲੇਖਾ ਧੂਆਂਧਾਰ, ਸੁੰਨ ਅਗੰਮੀ ਵੇਖ ਵਖਾਈਆ । ਸਾਖਆਤ ਰੂਪ ਨਿਰੰਕਾਰ, ਜੋਤ ਸ਼ਬਦ ਕਰੇ ਸ਼ਨਵਾਈਆ । ਸ਼ਬਦੀ ਸ਼ਬਦ ਵਡ ਭੰਡਾਰ, ਹਰਿ ਭੰਡਾਰਾ ਆਪ ਵਰਤਾਈਆ । ਵਸਤ ਦੇਵੇ ਏਕਾ ਵਾਰ, ਅਤੋਟ ਅਤੁਟ ਰਖਾਈਆ । ਬ੍ਰਹਮੇ ਤੇਰਾ ਬ੍ਰਹਮ ਪਸਾਰ, ਪਾਰਬ੍ਰਹਮ ਦਏ ਸਮਝਾਈਆ । ਸ਼ੰਕਰ ਸੰਸਾ ਦਏ ਨਿਵਾਰ, ਸ਼ਰਅ ਆਪਣੀ ਆਪ ਜਣਾਈਆ । ਤਿੰਨਾਂ ਵਿਚੋਲਾ ਬਣ ਪੁਰਖ ਨਿਰੰਕਾਰ, ਏਕਾ ਗੁਣ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਇਕ ਜਣਾਇੰਦਾ । ਸ਼ਬਦੀ ਸ਼ਬਦ ਚਲਾਈ ਰੀਤਾ, ਵਿਸ਼ਨ ਬ੍ਰਹਮਾ ਸ਼ਿਵ ਆਪ ਪਰਗਟਾਇੰਦਾ । ਧਾਮ ਜਣਾਏ ਇਕ ਅਨਡੀਠਾ, ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਠਾਂਡਾ ਸੀਤਾ, ਧੁਰ ਫ਼ਰਮਾਣਾ ਹੁਕਮ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਵਿਸ਼ਨੂੰ ਭੇਵ ਦੱਸੇ ਭਗਵਾਨਾ, ਆਪਣੀ ਦਇਆ ਕਮਾਈਆ । ਬ੍ਰਹਮੇ ਵੇਖੇ ਮਾਰ ਧਿਆਨਾ, ਪਾਰਬ੍ਰਹਮ ਵਡ ਵਡਿਆਈਆ । ਸ਼ੰਕਰ ਤੇਰਾ ਇਕ ਨਿਸ਼ਾਨਾ, ਸ਼ਾਹ ਪਾਤਸ਼ਾਹ ਆਪ ਸਮਝਾਈਆ । ਤਿੰਨਾਂ ਕੋਲੋਂ ਮੰਗੇ ਇਕ ਬਿਆਨਾ, ਏਕਾ ਹੁਕਮ ਵਰਤਾਈਆ । ਕਰੇ ਖੇਲ ਖੇਲ ਮਹਾਨਾ, ਆਪਣਾ ਮਾਰਗ ਲਾਈਆ । ਤਿੰਨਾਂ ਦੇਵੇ ਇਕੋ ਦਾਨਾ, ਏਕਾ ਵਾਰੋ ਵਾਰ ਵਰਤਾਈਆ । ਤ੍ਰੈਗੁਣ ਮਾਇਆ ਕਰ ਪਰਧਾਨਾ, ਪੱਲੇ ਗੰਢ ਪੁਵਾਈਆ । ਬ੍ਰਹਿਮੰਡ ਖੰਡ ਨਿਸ਼ਾਨਾ, ਲੋਆਂ ਪੁਰੀਆਂ ਦਏ ਝੁਲਾਈਆ । ਰਵ ਸਸ ਕਿਰਨ ਕਿਰਨ ਮਹਾਨਾ, ਨੂਰ ਨੂਰ ਨੂਰ ਰੁਸ਼ਨਾਈਆ । ਮੰਡਲ ਮੰਡਪ ਇਕ ਅਸਥਾਨਾ, ਥਾਨ ਥਨੰਤਰ ਦਏ ਬਣਾਈਆ । ਪੰਚਮ ਤੱਤ ਤੱਤ ਵਿਖਾਨਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਬੰਧਨ ਪਾਈਆ । ਜਲ ਜਲ ਬਿੰਬ ਸਮਾਨਾ, ਧਰਨੀ ਧਰਤ ਧਵਲ ਧੌਲ ਵਡਿਆਈਆ । ਲੇਖਾ ਕਰ ਦੋ ਜਹਾਨਾਂ, ਦੋਏ ਦੋਏ ਰੂਪ ਆਪ ਸਮਝਾਈਆ । ਨਿਰਗੁਣ ਸਰਗੁਣ ਖੇਲੇ ਖੇਲ ਮਹਾਨਾ, ਲੱਖ ਚੁਰਾਸੀ ਘਾੜਤ ਲਏ ਘੜਾਈਆ । ਸਚ ਭੰਡਾਰ ਇਕ ਵਰਤਾਨਾ, ਵਿਸ਼ਨੂੰ ਵਿਸ਼ਵ ਦਏ ਸਮਝਾਈਆ । ਬ੍ਰਹਮੇ ਤੇਰਾ ਬ੍ਰਹਮ ਵਖਾਨਾ, ਬ੍ਰਹਮ ਏਕਾ ਰੂਪ ਵਖਾਈਆ । ਸ਼ੰਕਰ ਮੇਟੇ ਅੰਤ ਨਿਸ਼ਾਨਾ, ਜੋ ਘੜਿਆ ਭੰਨ ਵਖਾਈਆ । ਸ਼ਬਦੀ ਸ਼ਬਦ ਸਚ ਤਰਾਨਾ, ਸਤਿ ਸਤਿਵਾਦੀ ਇਕ ਸੁਣਾਈਆ । ਲੱਖ ਚੁਰਾਸੀ ਬੰਨ੍ਹੇ ਗਾਨਾ, ਘਰ ਘਰ ਸਗਨ ਮਨਾਈਆ । ਕਰੇ ਖੇਲ ਸ੍ਰੀ ਭਗਵਾਨਾ, ਅਨਭਵ ਆਪਣੀ ਖੇਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਰਿਹਾ ਸੁਣਾਈਆ । ਧੁਰ ਫ਼ਰਮਾਨਾ ਹਰਿ ਜਗਦੀਸ, ਆਦਿ ਆਦਿ ਸੁਣਾਇੰਦਾ । ਏਕਾ ਛਤਰ ਝੁੱਲੇ ਹਰਿ ਜੂ ਸੀਸ, ਸ਼ਾਹ ਪਾਤਸ਼ਾਹ ਇਕ ਅਖਵਾਇੰਦਾ ।


੭੬੨ ੧੧

ਏਕਾ ਹੁਕਮ ਇਕ ਹਦੀਸ, ਏਕਾ ਸ਼ਬਦੀ ਸ਼ਬਦ ਸੁਣਾਇੰਦਾ । ਏਕਾ ਪੀਸਣ ਲੈਣਾ ਪੀਸ, ਸਾਚੀ ਸੇਵਾ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਆਪ ਉਠਾਇੰਦਾ । ਸ਼ਬਦ ਦੁਲਾਰੇ ਉਠ ਉਠ ਜਾਗ, ਹਰਿ ਹਰਿ ਆਪ ਜਗਾਇਆ । ਤੇਰੀ ਗੋਦੀ ਲੱਗਾ ਭਾਗ, ਵਿਸ਼ਨ ਬ੍ਰਹਮਾ ਸ਼ਿਵ ਸੁਹਾਇਆ । ਤ੍ਰੈਗੁਣ ਮਾਇਆ ਬੱਧਾ ਤਾਗ, ਪੰਚਮ ਤੱਤ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਸਮਝਾਇਆ । ਸਾਚਾ ਖੇਲ ਦੱਸੇ ਅਬਿਨਾਸ਼ਾ, ਆਪਣੀ ਦਇਆ ਕਮਾਈਆ । ਸ਼ਬਦੀ ਸ਼ਬਦ ਤੇਰਾ ਤਮਾਸ਼ਾ, ਵਿਸ਼ਨ ਬ੍ਰਹਮਾ ਸ਼ਿਵ ਨਾਚ ਨਚਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਕਰ ਵਾਸਾ, ਦੋ ਜਹਾਨਾਂ ਵੇਖ ਵਖਾਈਆ । ਵੇਖ ਵਖਾਏ ਪ੍ਰਿਥਮੀ ਅਕਾਸ਼ਾ, ਅਕਾਸ਼ ਆਕਾਸ਼ਾਂ ਉਪਰ ਡੇਰਾ ਲਾਈਆ । ਰਵ ਸਸ ਕਰ ਪਰਕਾਸ਼ਾ, ਮੰਡਲ ਮੰਡਪ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਸੁਤ ਸ਼ਬਦ ਹੋ ਤਿਆਰ, ਹਰਿ ਸਤਿਗੁਰ ਆਪ ਜਣਾਇੰਦਾ । ਲੱਖ ਚੁਰਾਸੀ ਤੇਰਾ ਪਸਾਰ, ਤੇਰੀ ਝੋਲੀ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸਾਚੀ ਸੇਵ ਸਮਝਾਇੰਦਾ । ਘਰ ਘਰ ਮੰਦਰ ਕਰ ਤਿਆਰ, ਘਰ ਘਰ ਜੋਤ ਜਗਾਇੰਦਾ । ਘਰ ਘਰ ਨਾਦ ਸ਼ਬਦ ਧੁੰਨਕਾਰ, ਘਰ ਘਰ ਰਾਗ ਅਲਾਇੰਦਾ । ਘਰ ਘਰ ਬ੍ਰਹਮ ਕਰ ਪਸਾਰ, ਪਾਰਬ੍ਰਹਮ ਖ਼ੁਸ਼ੀ ਮਨਾਇੰਦਾ । ਘਰ ਘਰ ਸੇਜਾ ਮਾਣੇ ਬਣ ਭਤਾਰ, ਲੱਖ ਚੁਰਾਸੀ ਨਾਰੀ ਆਪ ਹੰਡਾਇੰਦਾ । ਘਰ ਘਰ ਰੱਖੇ ਧੁਆਂਧਾਰ, ਅੰਧ ਅੰਧੇਰ ਵਖਾਇੰਦਾ । ਘਰ ਘਰ ਰੱਖੇ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸਨਾ ਨਾਲ ਮਿਲਾਇੰਦਾ । ਘਰ ਘਰ ਜੂਠ ਝੂਠ ਕਰੇ ਪਸਾਰ, ਘਰ ਘਰ ਹਉਮੇ ਹੰਗਤਾ ਗੜ੍ਹ ਬਣਾਇੰਦਾ । ਘਰ ਘਰ ਮਨ ਮਤ ਬੁਧ ਦਏ ਅਧਾਰ, ਘਰ ਘਰ ਰਾਗੀ ਰਾਗ ਸੁਣਾਇੰਦਾ । ਘਰ ਘਰ ਅੰਮ੍ਰਿਤ ਜਲ ਰੱਖੇ ਠੰਡਾ ਠਾਰ, ਘਰ ਘਰ ਅਗਨੀ ਅੱਗ ਜਲਾਇੰਦਾ । ਘਰ ਘਰ ਵੇਖੇ ਮਹੱਲ ਅਟਾਰ, ਘਰ ਘਰ ਡੂੰਘੀ ਕੰਦਰ ਮੁੱਖ ਛੁਪਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਸਾਚਾ ਸ਼ਬਦ ਸੁਣ ਸੰਦੇਸਾ, ਘਰ ਆਪਣੇ ਖ਼ੁਸ਼ੀ ਮਨਾਈਆ । ਤੂੰ ਸਾਹਿਬ ਨਰ ਨਰੇਸ਼ਾ, ਤੇਰੇ ਹੱਥ ਵਡੀ ਵਡਿਆਈਆ । ਤੂੰ ਮੇਰਾ ਬਣਾਇਆ ਪੇਸ਼ਾ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਈਆ । ਮੈਂ ਵਸਾਂ ਦੇਸ ਪਰਦੇਸਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਸਣ ਲਾਈਆ । ਕਵਣ ਬਿਧ ਦਰਸਨ ਤੇਰਾ ਪੇਖਾਂ, ਘਰ ਆਪਣੇ ਖ਼ੁਸ਼ੀ ਮਨਾਈਆ । ਕਵਣ ਕਰੇ ਤੇਰਾ ਲੇਖਾ, ਆਪਣੀ ਬਿਧ ਦੇਣੀ ਸਮਝਾਈਆ । ਕਵਣ ਰੂਪ ਧਰੇ ਵੇਸਾ, ਅਨਕ ਕਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਬਣਤ ਦੇਣੀ ਸਮਝਾਈਆ । ਸਾਚੀ ਬਣਤ ਸਮਝਾਏ ਰਘੁਨਾਥ, ਆਪਣੀ ਦਇਆ ਕਮਾਇੰਦਾ । ਸ਼ਬਦੀ ਸ਼ਬਦ ਤੇਰਾ ਸਾਥ, ਮਹਾਂਕਾਲ ਰੂਪ ਵਟਾਇੰਦਾ । ਮਹਾਂਕਾਲ ਮੰਗੇ ਦਾਤ, ਅੱਗੇ ਝੋਲੀ ਡਾਹਿੰਦਾ । ਪੁਰਖ ਅਬਿਨਾਸ਼ੀ ਬੈਠ ਇਕਾਂਤ, ਆਪ ਆਪਣੀ ਖੇਲ ਕਰਾਇੰਦਾ । ਵੇਖਣਹਾਰਾ ਮਾਰ ਝਾਤ, ਝਾਕੀ ਆਪਣੀ ਇਕ ਰਖਾਇੰਦਾ । ਦੋ ਜਹਾਨਾਂ ਖੋਲ੍ਹ ਤਾਕ, ਸਾਚਾ ਮੰਦਰ ਆਪ ਸੁਹਾਇੰਦਾ । ਸਾਚੇ ਘੋੜੇ ਚੜ੍ਹ ਰਾਕ, ਸ਼ਾਹ ਸਵਾਰਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਂਕਾਲ ਖੇਲ ਖਿਲਾਇੰਦਾ । ਮਹਾਂਕਾਲ ਹੋਏ ਨਿਮਾਣਾ, ਨਿਉਂ ਨਿਉਂ ਸੀਸ ਝੁਕਾਈਆ । ਏਕਾ ਮੰਗੇ ਸਾਚਾ ਦਾਨਾ, ਆਪਣੀ ਝੋਲੀ ਅੱਗੇ ਡਾਹੀਆ । ਕਰੇ ਖੇਲ ਸ੍ਰੀ ਭਗਵਾਨਾ, ਤੇਰੇ ਹੱਥ ਵਡੀ ਵਡਿਆਈਆ ।

ਵਿਸ਼ਨ ਬ੍ਰਹਮਾ ਸ਼ਿਵ ਬੱਧਾ ਗਾਨਾ, ਲੱਖ ਚੁਰਾਸੀ ਕਰੀ ਕੁੜਮਾਈਆ । ਘਟ ਘਟ ਤੇਰਾ ਰੂਪ ਨਿਸ਼ਾਨਾ, ਈਸ਼ ਜੀਵ ਭੇਵ ਚੁਕਾਈਆ । ਘਰ ਘਰ ਤੇਰਾ ਰਾਗ ਤਰਾਨਾ, ਤਾਰ ਸਿਤਾਰ ਹਿਲਾਈਆ । ਘਰ ਘਰ ਤੇਰਾ ਖੇਲ ਮਹਾਨਾ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਿਸ ਬਿਧ ਤੇਰਾ ਲੇਖਾ ਤੇਰੇ ਲੇਖੇ ਪਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲਾ, ਆਪਣੀ ਦਇਆ ਕਮਾਇੰਦਾ । ਸੁਣ ਸੁਤ ਮਹਾਂਕਾਲਾ, ਭੇਵ ਅਭੇਦ ਜਣਾਇੰਦਾ । ਆਦਿ ਜੁਗਾਦਿ ਬਣ ਰਖਵਾਲਾ, ਹਰਿ ਸਿਰ ਸਿਰ ਹੱਥ ਰਖਾਇੰਦਾ । ਤੇਰਾ ਮਾਰਗ ਦੱਸੇ ਸੁਖਾਲਾ, ਤੇਰੀ ਗੋਦੀ ਭਾਗ ਲਗਾਇੰਦਾ । ਤੇਰੇ ਅੰਤਰ ਉਪਜੇ ਬਾਲਾ, ਚਿਤਰ ਗੁਪਤ ਨਾਉਂ ਰਖਾਇੰਦਾ । ਚਿਤਰ ਗੁਪਤ ਫਲ ਲੱਗੇ ਡਾਲ੍ਹਾ, ਰਾਏ ਧਰਮ ਆਪ ਪਰਗਟਾਇੰਦਾ । ਰਾਏ ਧਰਮ ਹੋ ਬੇਹਾਲਾ, ਨੇਤਰ ਰੋ ਰੋ ਨੀਰ ਵਹਾਇੰਦਾ । ਪਾਰਬ੍ਰਹਮ ਤੇਰਾ ਖੇਲ ਨਿਰਾਲਾ, ਭੇਵ ਕੋਇ ਨਾ ਆਇੰਦਾ । ਲੱਖ ਚੁਰਾਸੀ ਘਰ ਘਰ ਅੰਦਰ ਤੇਰਾ ਲੱਗਿਆ ਤਾਲਾ, ਬ੍ਰਹਮ ਪੜਦਾ ਨਾ ਕੋਇ ਉਠਾਇੰਦਾ । ਲੱਖ ਚੁਰਾਸੀ ਤੇਰੀ ਧਰਮਸਾਲਾ, ਤੂੰ ਹਰਿ ਥਾਂ ਨਜ਼ਰੀ ਆਇੰਦਾ । ਏਕਾ ਮਾਰਗ ਦੇ ਸੁਖਾਲਾ, ਹਉਂ ਬਾਲਕ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਰਾਏ ਧਰਮ ਹਰਿ ਹੋ ਦਿਆਲ, ਸਿਰ ਆਪਣਾ ਹੱਥ ਟਿਕਾਈਆ । ਤੇਰੇ ਅੰਤਰ ਉਪਜੇ ਕਾਲ, ਹਰਿ ਜੂ ਸਾਚੀ ਬਣਤ ਬਣਾਈਆ । ਲੱਖ ਚੁਰਾਸੀ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਈਆ । ਅੰਤਮ ਫਲ ਰਹਿਣ ਨਾ ਦੇਵੇ ਤੇਰੇ ਡਾਲ, ਪਤ ਡਾਲ੍ਹੀ ਦਏ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਈਆ । ਕਾਲ ਰੂਪ ਉਠਿਆ ਕਾਲ, ਪ੍ਰਭ ਅੱਗੇ ਸੀਸ ਝੁਕਾਇੰਦਾ । ਲੱਖ ਚੁਰਾਸੀ ਤੇਰਾ ਹਾਲ, ਘਰ ਘਰ ਤੂ ਹੀ ਨਜ਼ਰੀ ਆਇੰਦਾ । ਮੈਂ ਨਿਮਾਣਾ ਹੋਇਆ ਕੰਗਾਲ, ਆਪਣਾ ਬਲ ਨਾ ਕੋਇ ਰਖਾਇੰਦਾ । ਤੇਰੇ ਅੱਗੇ ਕਰਾਂ ਇਕ ਸੁਵਾਲ, ਖ਼ਾਲੀ ਝੋਲੀ ਅੱਗੇ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਿਸ ਬਿਧ ਤੇਰੀ ਸੇਵ ਕਮਾਇੰਦਾ । ਸੇਵਾ ਦੱਸੇ ਹਰਿ ਨਿਰੰਕਾਰਾ, ਆਪਣਾ ਭੇਵ ਖੁਲ੍ਹਾਈਆ । ਕਾਲ ਕਾਲ ਤੇਰਾ ਸਚ ਪਸਾਰਾ, ਹਰਿ ਪਸਾਰੀ ਆਪ ਜਣਾਈਆ । ਤੇਰਾ ਭੇਵ ਕਰੇ ਨਿਆਰਾ, ਨਿਰਾਕਾਰ ਵਡੀ ਵਡਿਆਈਆ । ਤੇਰਾ ਵਸਾਏ ਇਕ ਦੁਆਰਾ, ਦਰ ਦਰਵਾਜ਼ਾ ਦਏ ਖੁਲ੍ਹਾਈਆ । ਤੇਰੀ ਇਛਿਆ ਬਣੇ ਤੇਰੀ ਨਾਰਾ, ਨਾਰ ਕੰਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਾਰ ਕੰਤ ਖੇਲ ਅਪਾਰਾ, ਹਰਿ ਕਾਲ ਕਾਲ ਜਣਾਇੰਦਾ । ਰਾਏ ਧਰਮ ਵੇਖੇ ਵੇਖਣਹਾਰਾ, ਵੇਖ ਵੇਖ ਖ਼ੁਸ਼ੀ ਮਨਾਇੰਦਾ । ਮੈਂ ਇਕ ਇਕੱਲਾ ਰਿਹਾ ਕੁਆਰਾ, ਮੇਰਾ ਸੰਗ ਨਜ਼ਰ ਕੋਇ ਨਾ ਆਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਸੱਚਾ ਸਚ ਦੁਆਰਾ, ਖ਼ਾਲੀ ਕੋਈ ਨਜ਼ਰ ਨਾ ਆਇੰਦਾ । ਮੈਂ ਢਹਿ ਢਹਿ ਕਰਾਂ ਨਿਮਸਕਾਰਾ, ਇਕੋ ਇਕੋ ਮੰਗ ਮੰਗਾਇੰਦਾ । ਕਾਲ ਨਾਲ ਮੇਰਾ ਹੋਏ ਪਿਆਰਾ, ਸਾਚੀ ਗੰਢ ਪੁਵਾਇੰਦਾ । ਦੋਹਾਂ ਅੰਤਰ ਇਕੋ ਧਾਰਾ, ਏਕਾ ਰੰਗ ਰੰਗਾਇੰਦਾ । ਏਕਾ ਨੂਰ ਹੋਏ ਉਜਿਆਰਾ, ਪਿਤਾ ਪੂਤ ਵੇਖ ਵਖਾਇੰਦਾ । ਲੱਖ ਚੁਰਾਸੀ ਕਰੇ ਵਣਜ ਵਣਜਾਰਾ, ਸਾਚਾ ਵਣਜ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸਮਝਾਇੰਦਾ । ਰਾਏ ਧਰਮ ਤੇਰਾ ਹੋਇਆ ਸੰਗ, ਕਾਲ ਕਾਲ ਪਰਨਾਈਆ । ਇਕੋ ਸੇਜ ਇਕ ਪਲੰਘ, ਏਕਾ ਬਸਤਰ ਦਏ ਸੁਹਾਈਆ । ਏਕਾ

ਸੇਜ ਇਕ ਅਨੰਦ, ਏਕਾ ਰਸ ਦਏ ਵਖਾਈਆ । ਏਕਾ ਚੜ੍ਹੇ ਜਗਤ ਚੰਦ, ਸਾਚਾ ਚੰਦ ਦਏ ਚਮਕਾਈਆ । ਲੱਖ ਚੁਰਾਸੀ ਕਰੇ ਖੰਡ ਖੰਡ, ਘਰ ਘਰ ਆਪਣਾ ਫੇਰਾ ਪਾਈਆ । ਸਦਾ ਬਣੀ ਰਹੇ ਨਾਰ ਦੁਹਾਗਣ ਰੰਡ, ਸਾਚਾ ਕੰਤ ਨਜ਼ਰ ਨਾ ਆਈਆ । ਲਾੜ੍ਹੀ ਮੌਤ ਉਪਜੇ ਤੇਰੀ ਬਿੰਦ, ਜਗਤ ਸਪੁੱਤਰੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਦਏ ਸਮਝਾਈਆ । ਲਾੜ੍ਹੀ ਮੌਤ ਕਾਲ ਮੀਤ, ਧਰਮ ਰਾਏ ਖੇਲ ਖਿਲਾਇਆ । ਚਿਤਰ ਗੁਪਤ ਪਰਖੇ ਨੀਤ, ਘਟ ਘਟ ਵੇਖ ਵਖਾਇਆ । ਮਹਾਂਕਾਲ ਠਾਂਡਾ ਸੀਤ, ਦਰ ਘਰ ਸਾਚੇ ਸੋਭਾ ਪਾਇਆ । ਸ਼ਬਦੀ ਸ਼ਬਦ ਇਕ ਅਤੀਤ, ਹੁਕਮੀ ਹੁਕਮ ਇਕ ਵਰਤਾਇਆ । ਲੱਖ ਚੁਰਾਸੀ ਵੇਖੇ ਪਰਖੇ ਨੀਤ, ਨੀਤੀਵਾਨ ਮੁਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਜਣਾਇਆ । ਵਸਤ ਅਮੋਲਕ ਮਿਲਿਆ ਭੰਡਾਰਾ, ਹਰਿ ਜੂ ਰਚਨਾ ਸਚ ਰਚਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਕ ਸੇਵਾਦਾਰਾ, ਮਹਾਂਕਾਲ ਆਪਣਾ ਰੰਗ ਵਖਾਈਆ । ਚਿਤਰ ਗੁਪਤ ਬਣ ਲਿਖਾਰਾ, ਰਾਏ ਧਰਮ ਹਿਸਾਬ ਮੁਕਾਈਆ । ਕਾਲ ਵਜਾਏ ਇਕ ਨਗਾਰਾ, ਲਾੜ੍ਹੀ ਮੌਤ ਕਰੇ ਪੜ੍ਹਾਈਆ । ਥਿਰ ਰਹੇ ਨਾ ਕੋਈ ਵਿਚ ਸੰਸਾਰਾ, ਜੋ ਘੜਿਆ ਸੋ ਭੰਨ ਵਖਾਈਆ । ਏਕਾ ਹੁਕਮ ਧੁਰ ਦਰਬਾਰਾ, ਹਰਿ ਦਰਬਾਰੀ ਆਪ ਸੁਣਾਈਆ । ਸ਼ਬਦ ਸੁਤ ਨਿਉਂ ਨਿਉਂ ਕਰੇ ਨਿਮਸਕਾਰਾ, ਪਾਰਬ੍ਰਹਮ ਤੇਰੀ ਵਡਿਆਈਆ । ਏਕਾ ਦੱਸ ਆਪਣਾ ਸਚ ਵਿਹਾਰਾ, ਕਿਸ ਬਿਧ ਆਪਣਾ ਰੂਪ ਵਟਾਈਆ । ਲੋਕਮਾਤ ਹੋਏ ਉਜਿਆਰਾ, ਪਰਲੋਕ ਵੇਖ ਵਖਾਈਆ । ਬ੍ਰਹਿਮੰਡ ਖੰਡ ਵਜਾਏ ਨਗਾਰਾ, ਲੋਆਂ ਪੁਰੀਆਂ ਨਾਦ ਸੁਣਾਈਆ । ਲੱਖ ਚੁਰਾਸੀ ਦਏ ਅਧਾਰਾ, ਅੰਡਜ ਜੇਰਜ ਸੇਤਜ ਉਤਭੁਜ ਫੇਰਾ ਪਾਈਆ । ਕਾਗਦ ਕਲਮ ਬਣੇ ਲਿਖਾਰਾ, ਲਿਖ ਲਿਖ ਆਪਣਾ ਗੁਣ ਜਣਾਈਆ । ਰਾਗ ਨਾਦ ਬੋਲ ਜੈਕਾਰਾ, ਜੈ ਜੈਕਾਰ ਕਰੇ ਸ਼ਨਵਾਈਆ । ਸਚਖੰਡ ਨਿਵਾਸੀ ਵਖਾਏ ਸਚ ਦੁਆਰਾ, ਦੋਏ ਦੋਏ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਝੋਲੀ ਡਾਹੀਆ । ਏਕਾ ਵਰ ਦੇਵੇ ਦਾਤਾਰ, ਆਪਣੀ ਦਇਆ ਕਮਾਇੰਦਾ । ਏਕਾ ਵਸਤ ਇਕ ਭੰਡਾਰ, ਹਰਿ ਏਕਾ ਏਕ ਵਰਤਾਇੰਦਾ । ਏਕਾ ਵਿਸ਼ਨ ਬ੍ਰਹਮਾ ਸ਼ਿਵ ਦਏ ਅਧਾਰ, ਏਕਾ ਸਾਚੀ ਸੇਵ ਲਗਾਇੰਦਾ । ਏਕਾ ਤ੍ਰੈਗੁਣ ਮਾਇਆ ਕਰ ਤਿਆਰ, ਏਕਾ ਪੰਚਮ ਗੰਢ ਪੁਵਾਇੰਦਾ । ਏਕਾ ਲੱਖ ਚੁਰਾਸੀ ਕਰ ਆਕਾਰ, ਏਕਾ ਨਿਰਾਕਾਰ ਵੇਖ ਵਖਾਇੰਦਾ । ਏਕਾ ਜੋਤੀ ਜੋਤ ਕਰ ਉਜਿਆਰ, ਜੋਤੀ ਜਾਤਾ ਡਗਮਗਾਇੰਦਾ । ਏਕਾ ਸ਼ਬਦੀ ਸ਼ਬਦ ਧੁੰਨਕਾਰ, ਏਕਾ ਰਾਗੀ ਰਾਗ ਅਲਾਇੰਦਾ । ਏਕਾ ਵਿਸ਼ਨੂੰ ਦੇਵੇ ਪਿਆਰ, ਏਕਾ ਬ੍ਰਹਮੇ ਧਾਰ ਚਲਾਇੰਦਾ । ਏਕਾ ਬੋਧ ਅਗਾਧ ਜੈਕਾਰ, ਜੈ ਜੈਕਾਰ ਇਕ ਸੁਣਾਇੰਦਾ । ਏਕਾ ਲੇਖਾ ਜਾਣੇ ਵੇਦ ਚਾਰ, ਚਾਰੇ ਜੁਗ ਵੰਡ ਵੰਡਾਇੰਦਾ । ਏਕਾ ਚਾਰੇ ਖਾਣੀ ਕਰ ਤਿਆਰ, ਚਾਰੇ ਬਾਣੀ ਇਕ ਸੁਣਾਇੰਦਾ । ਏਕਾ ਚਾਰੇ ਵਰਨ ਕਰੇ ਪਸਾਰ, ਚਾਰੋਂ ਕੁੰਟ ਫੇਰਾ ਪਾਇੰਦਾ । ਏਕਾ ਰਵ ਸਸ ਦਏ ਅਧਾਰ, ਏਕਾ ਆਪਣਾ ਹੁਕਮ ਵਰਤਾਇੰਦਾ । ਏਕਾ ਜੁਗ ਚੌਕੜੀ ਵੰਡੇ ਵੰਡ ਵਿਚ ਸੰਸਾਰ, ਲੋਕਮਾਤ ਵੇਖ ਵਖਾਇੰਦਾ । ਏਕਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰ ਪਸਾਰ, ਨਿਰਗੁਣ ਸਰਗੁਣ ਸੇਵ ਕਮਾਇੰਦਾ । ਏਕਾ ਜੁਗ ਜੁਗ ਲਏ ਅਵਤਾਰ, ਰੂਪ ਅਨੂਪ ਆਪ ਧਰਾਇੰਦਾ । ਏਕਾ ਖੇਲੇ ਖੇਲ ਅਗੰਮ ਅਪਾਰ, ਅਗੋਚਰ ਆਪਣਾ ਭੇਵ ਖੁਲ੍ਹਾਇੰਦਾ । ਏਕਾ ਰਾਗਾਂ ਨਾਦਾਂ ਵਸੇ ਬਾਹਰ, ਏਕਾ ਗੀਤ ਗੋਬਿੰਦ ਅਲਾਇੰਦਾ । ਏਕਾ ਸਤਿਜੁਗ ਸਾਚਾ ਵੇਖੇ ਆਣ, ਮਾਟੀ

੭੬੫
੧੧

ਭਾਂਡਾ ਕਾਚਾ ਫੋਲ ਫੋਲਾਇੰਦਾ । ਏਕਾ ਤ੍ਰੇਤਾ ਤ੍ਰੀਆ ਦਏ ਅਧਾਰ, ਤ੍ਰੈਗੁਣ ਅਤੀਤਾ ਸਾਚਾ ਮੀਤਾ ਖੇਲ ਖਿਲਾਇੰਦਾ । ਏਕਾ ਕਾਹਨ ਕਰੇ ਸ਼ਿੰਗਾਰ, ਦੋਏ ਦੋਏ ਲੋਚਣ, ਦੋਏ ਦੋਏ ਰੂਪ ਧਰਾਇੰਦਾ । ਏਕਾ ਬੋਲ ਹੱਕ ਜੈਕਾਰ, ਹੱਕ ਹਕ਼ੀਕ਼ਤ ਵੇਖ ਵਖਾਇੰਦਾ । ਏਕਾ ਲਾਸ਼ਰੀਕ ਬੇਐਬ ਪਰਵਰਦਿਗਾਰ, ਬੇਨਕਾਬ ਇਕ ਅਖਵਾਇੰਦਾ । ਏਕਾ ਸਚਖੰਡ ਵਸੇ ਮਕਾਨ ਨਿਆਰ, ਏਕਾ ਸਤਿ ਸਤਿਨਾਮ ਦ੍ਰਿੜਾਇੰਦਾ । ਏਕਾ ਡੰਕਾ ਵਜਾਏ ਅਪਰ ਅਪਾਰ, ਰਾਓ ਰੰਕਾਂ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇੰਦਾ । ਆਪਣਾ ਖੇਲ ਜਣਾਏ ਹਰਿ ਹਰਿ, ਆਪਣੀ ਦਇਆ ਕਮਾਈਆ । ਏਕਾ ਦੇਵੇ ਸਾਚਾ ਵਰ ਵਰ, ਵਰ ਦਾਤਾ ਬੇਪਰਵਾਹੀਆ । ਏਕਾ ਲੱਖ ਚੁਰਾਸੀ ਭਾਂਡੇ ਵੇਖੇ ਘੜ ਘੜ, ਏਕਾ ਭੰਨ ਵਖਾਈਆ । ਏਕਾ ਨਿਰਭੌ ਚੁਕਾਏ ਡਰ ਡਰ, ਭਿਆਨਕ ਰੂਪ ਨਾ ਕੋਇ ਜਣਾਈਆ । ਏਕਾ ਬੰਨ੍ਹੇ ਆਪਣੇ ਲੜ ਲੜ, ਏਕਾ ਪੱਲੂ ਲਏ ਫੜਾਈਆ । ਏਕਾ ਨੁਹਾਏ ਸਾਚੇ ਸਰ ਸਰ, ਏਕਾ ਦੁਰਮਤ ਮੈਲ ਧੁਵਾਈਆ । ਏਕਾ ਆਵੇ ਜਾਵੇ ਜੰਮੇ ਮਰ ਮਰ, ਜੂਨੀ ਜੂਨ ਜੂਨ ਭੁਵਾਈਆ । ਏਕਾ ਦਰਸ ਦਿਖਾਵੇ ਖੜ ਖੜ, ਨਿਰਗੁਣ ਸਰਗੁਣ ਹੋਏ ਸਹਾਈਆ । ਏਕਾ ਵੇਖੇ ਸਾਚੇ ਪੌੜੇ ਚੜ੍ਹ ਚੜ੍ਹ, ਕਾਇਆ ਮੰਦਰ ਅੰਦਰ ਸੋਭਾ ਪਾਈਆ । ਏਕਾ ਬਿਨ ਅੱਖਰ ਵਿਦਿਆ ਪੜ੍ਹ ਪੜ੍ਹ, ਲੱਖ ਚੁਰਾਸੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੂ ਆਪਣਾ ਭੇਵ ਜਣਾਈਆ । ਸ਼ਬਦ ਸੁਤ ਕਹੇ ਭਗਵਾਨ, ਸਤਿ ਸਤਿ ਤੇਰੀ ਵਡਿਆਈਆ । ਆਪਣਾ ਦੱਸ ਇਕ ਨਿਸ਼ਾਨ, ਲੋਕਮਾਤ ਮਾਤ ਸਮਝਾਈਆ । ਕਵਣ ਬਿਧ ਵੇਖੇ ਖੇਲ ਦੋ ਜਹਾਨ, ਦੋਏ ਦੋਏ ਰੂਪ ਵਟਾਈਆ । ਕਵਣ ਹੱਥ ਵਖਾਏ ਨਿਸ਼ਾਨ, ਸ਼ਾਹ ਸੁਲਤਾਨ ਬਣ ਝੁਲਾਈਆ । ਕਵਣ ਨਾਮ ਦੇਵੇ ਗਿਆਨ, ਬਿਨ ਅੱਖਰ ਕਰ ਪੜ੍ਹਾਈਆ । ਕਵਣ ਮੰਦਰ ਵਖਾਏ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਕਵਣ ਰਾਗ ਸੁਣਾਏ ਕਾਨ, ਤਾਰ ਸਿਤਾਰ ਨਾ ਕੋਇ ਹਿਲਾਈਆ । ਕਵਣ ਰੂਪ ਵੇਖੇ ਆਣ, ਅਨੂਪ ਤੇਰੀ ਵਡਿਆਈਆ । ਕਵਣ ਕੂਟ ਮਾਰੇ ਧਿਆਨ, ਕਵਣ ਦਿਸ਼ਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਲਾ ਦੇਣਾ ਸਮਝਾਈਆ । ਸਾਚਾ ਵੇਲਾ ਦੱਸ ਰੁੱਤ, ਦੋਏ ਜੋੜ ਜੋੜ ਸਰਨਾਇਆ । ਕਵਣ ਧਾਰ ਪਏ ਉਠ, ਨਿਰਗੁਣ ਏਕਾ ਰੂਪ ਪਰਗਟਾਇਆ । ਕਵਣ ਬਿਧ ਜਾਏ ਤੁਠ, ਮਿਹਰਵਾਨ ਮੇਰੇ ਰਘੁਰਾਇਆ । ਕਵਣ ਬਣਾਏ ਸਾਚਾ ਸੁਤ, ਲੋਕਮਾਤ ਸਲਾਹਿਆ । ਕਵਣ ਭਾਗ ਲਗਾਏ ਮਾਟੀ ਬੁੱਤ, ਪੰਜ ਤੱਤ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸੁਤ ਆਪ ਜਣਾਇਆ । ਸ਼ਬਦੀ ਸੁਤ ਸੁਤ ਬਲਵਾਨ, ਹਰਿ ਸਾਚਾ ਸਚ ਜਣਾਈਆ । ਆਦਿ ਖੇਲ ਕਰਾਂ ਮਹਾਨ, ਵਿਸ਼ਨ ਬ੍ਰਹਮ ਸ਼ਿਵ ਤੇਰੇ ਨਾਲ ਰਲਾਈਆ । ਕਰੋੜ ਤੇਤੀਸਾ ਇਕ ਧਿਆਨ, ਸੁਰਪਤ ਇੰਦ ਮਾਣ ਰਖਾਈਆ । ਆਦਿ ਸ਼ਕਤ ਨੂਰ ਮਹਾਨ, ਚਤਰਭੁਜ ਰੰਗ ਚੜ੍ਹਾਈਆ । ਲੇਖਾ ਜਾਣ ਦੋ ਜਹਾਨ, ਭਰਮ ਭੁਲੇਖਾ ਏਕਾ ਪਾਈਆ । ਨਿਰਗੁਣ ਸਰਗੁਣ ਹੋ ਪਰਧਾਨ, ਸਰਗੁਣ ਆਪਣੀ ਬੂਝ ਬੁਝਾਈਆ । ਆਤਮ ਪਰਮਾਤਮ ਇਕ ਮਕਾਨ, ਪਾਰਬ੍ਰਹਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦਏ ਚੁਕਾਈਆ । ਆਪਣਾ ਪੜਦਾ ਚੁੱਕੇ ਹਰਿ, ਹਰਿ ਹਰਿ ਆਪ ਜਣਾਇੰਦਾ । ਜੁਗਾ ਜੁਗੰਤਰ ਵੇਸ ਕਰ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਪੰਜ ਤੱਤ ਅੰਦਰ ਜਾਏ ਵੜ, ਨਜ਼ਰ ਕਿਸੇ ਨਾ ਆਇੰਦਾ । ਆਪਣਾ ਨਾਓਂ ਆਪ ਜਣਾਏ ਪੜ੍ਹ ਪੜ੍ਹ, ਸਾਚੀ ਸਿਖਿਆ


੭੬੬
੧੧

ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲੇ ਹਰਿ ਜੂ ਖੇਲ, ਖੇਲਣਹਾਰ ਵਡ ਵਡਿਆਈਆ । ਨਿਰਗੁਣ ਸਰਗੁਣ ਕਰ ਕਰ ਮੇਲ, ਸ਼ਬਦੀ ਸ਼ਬਦ ਦਏ ਵਡਿਆਈਆ । ਲੇਖਾ ਜਾਣ ਗੁਰੂ ਗੁਰ ਚੇਲ, ਗੁਰ ਗੁਰ ਚੇਲਾ ਰੂਪ ਵਟਾਈਆ । ਬਣ ਬਣ ਸਾਚਾ ਸੱਜਣ ਸੁਹੇਲ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਖੇਲ ਕਰਾਈਆ । ਜੁਗ ਚੌਕੜੀ ਖੇਲ ਅਵੱਲਾ, ਆਲਮੀਨ ਆਪ ਕਰਾਇੰਦਾ । ਨੂਰ ਇਲਾਹੀ ਏਕਾ ਬਲਾ, ਬਿਸਮਲ ਆਪਣੀ ਧਾਰ ਚਲਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਸੋਭਾਵੰਤ ਸੋਭਾ ਪਾਇੰਦਾ । ਵਸਣਹਾਰਾ ਜਲਾਂ ਥਲਾਂ, ਜਲ ਥਲ ਮਹੀਅਲ ਆਪਣਾ ਰੰਗ ਰੰਗਾਇੰਦਾ । ਸਮੁੰਦ ਸਾਗਰ ਡੂੰਘੀ ਕੰਦਰ ਆਪੇ ਰਲਾ, ਰਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਉਚੇ ਟਿੱਲੇ ਪਰਬਤ ਆਪੇ ਖੱਲਾ, ਚੋਟੀ ਚੋਟੀ ਡੰਕ ਵਜਾਇੰਦਾ । ਕੋਟਨ ਕੋਟ ਬ੍ਰਹਿਮੰਡ ਖੰਡ ਫਿਰਾਏ ਪੱਲਾ, ਉਚੀ ਕੂਕ ਕੂਕ ਸੁਣਾਇੰਦਾ । ਸਚ ਸੰਦੇਸ ਨਰ ਨਰੇਸ਼ ਸਤਿ ਸਤਿਵਾਦੀ ਇਕੋ ਘੱਲਾ, ਨਿਰਗੁਣ ਸਰਗੁਣ ਆਪ ਪੜ੍ਹਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਨਿਰਗੁਣ ਸਰਗੁਣ ਸਾਚੀ ਧਾਰ, ਧਰਨੀ ਧਰਤ ਧਵਲ ਵਡਿਆਈਆ । ਨਾਉਂ ਰੱਖ ਗੁਰ ਅਵਤਾਰ, ਜੀਵ ਜੰਤ ਜੰਤ ਪੜ੍ਹਾਈਆ । ਏਕਾ ਨਾਮ ਬੋਲ ਜੈਕਾਰ, ਜੈ ਜੈਕਾਰ ਦਏ ਸੁਣਾਈਆ । ਕਰੇ ਖੇਲ ਆਪ ਕਰਤਾਰ, ਕੁਦਰਤ ਕਾਦਰ ਵੇਖੇ ਚਾਈਂ ਚਾਈਂਆ । ਜੁਗ ਚੌਕੜੀ ਬਣੇ ਵਾਰੋ ਵਾਰ, ਥਿਰ ਕੋਇ ਰਹਿਣ ਨਾ ਪਾਈਆ । ਭਗਤਾਂ ਦੇਵੇ ਸਚ ਭੰਡਾਰ, ਨਾਮ ਭਗਤੀ ਝੋਲੀ ਪਾਈਆ । ਸੰਤਨ ਖੋਲ੍ਹ ਬੰਦ ਕਿਵਾੜ, ਆਤਮ ਤਾਕੀ ਕੁੰਡਾ ਲਾਹੀਆ । ਗੁਰਮੁਖਾਂ ਕਰੇ ਪਰਕਾਸ਼ ਨਾੜ ਨਾੜ, ਬਹੱਤਰ ਨਾੜ ਇਕ ਰੁਸ਼ਨਾਈਆ । ਗੁਰਸਿਖ ਵੇਖੇ ਸਾਚੇ ਲਾੜ, ਲੋਕਮਾਤ ਫੇਰਾ ਪਾਈਆ । ਜੁਗਾ ਜੁਗੰਤਰ ਸਾਚੇ ਪੌੜੇ ਦੇਵੇ ਚਾੜ੍ਹ, ਚੌਥੇ ਪਦ ਵਡਿਆਈਆ । ਵਾ ਨਾ ਲੱਗੇ ਅਗਨੀ ਹਾੜ, ਤੱਤਵ ਤੱਤ ਨਾ ਕੋਇ ਜਲਾਈਆ । ਲੇਖਾ ਜਾਣੇ ਹਰਿ ਜੁਗ ਚਾਰ, ਗੁਰ ਅਵਤਾਰ ਸੇਵ ਕਮਾਈਆ । ਪੀਰ ਪੈਗ਼ੰਬਰ ਦਏ ਅਧਾਰ, ਏਕਾ ਕਲਮਾ ਨਬੀ ਪੜ੍ਹਾਈਆ । ਰਹਿਮਤ ਕਰ ਪਰਵਰਦਿਗਾਰ, ਰਹੀਮ ਰਹਿਮਾਨ ਰਹਿਮਤ ਆਪਣੀ ਆਪ ਕਮਾਈਆ । ਏਕਾ ਨਾਮ ਬੋਲ ਜੈਕਾਰ, ਸਤਿ ਸਤਿ ਕਰੇ ਸ਼ਨਵਾਈਆ । ਏਕਾ ਜੋਤ ਜੋਤ ਉਜਿਆਰ, ਏਕਾ ਸ਼ਬਦ ਸ਼ਬਦ ਸ਼ਨਵਾਈਆ । ਏਕਾ ਮੰਤ ਮੰਤ ਵਿਚਾਰ, ਬ੍ਰਹਮ ਮਤ ਇਕ ਸਮਝਾਈਆ । ਏਕਾ ਸ਼ਬਦ ਕਰੇ ਤਿਆਰ, ਜੁਗ ਜੁਗ ਆਪਣਾ ਖੇਲ ਕਰਾਈਆ । ਪੰਜ ਤੱਤ ਘੜੇ ਭੰਨੇ ਬਣ ਠਠਿਆਰ, ਲੋਕਮਾਤ ਖੇਲ ਰਚਾਈਆ । ਕੋਟਨ ਕੋਟ ਗੁਰੂ ਅਵਤਾਰ, ਜੀਵ ਜੰਤ ਸੇਵ ਲਗਾਈਆ । ਕੋਟਨ ਕੋਟ ਪੀਰ ਪੈਗ਼ੰਬਰ ਦਏ ਅਧਾਰ, ਕਲਮਾ ਕਲਾਮ ਆਪ ਜਣਾਈਆ । ਕੋਟਨ ਕੋਟ ਭਗਤ ਭਗਵੰਤ ਕਰ ਤਿਆਰ, ਲੋਕਮਾਤ ਹੋਏ ਸਹਾਈਆ । ਕੋਟਨ ਕੋਟ ਸੰਤ ਦਏ ਅਧਾਰ, ਸਾਚੀ ਸਿਖਿਆ ਇਕ ਸਿਖਾਈਆ । ਕੋਟਨ ਕੋਟ ਗੁਰਮੁਖ ਲਾਏ ਪਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਕੋਟਨ ਕੋਟ ਗੁਰਸਿਖ ਲਏ ਉਧਾਰ, ਜਗਤ ਉਧਾਰਨ ਬੇਪਰਵਾਹੀਆ । ਕੋਟਨ ਕੋਟ ਕਰ ਕਰ ਖੁਆਰ, ਲੱਖ ਚੁਰਾਸੀ ਆਪ ਭੁਵਾਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਰੋਵਣ ਜ਼ਾਰੋ ਜ਼ਾਰ, ਦਰ ਬੈਠੇ ਸੀਸ ਝੁਕਾਈਆ । ਕੋਟਨ ਕੋਟ ਜੁਗ ਚੌਕੜੀ ਗਏ ਹਾਰ, ਬਣ ਪਾਂਧੀ ਪੰਧ ਮੁਕਾਈਆ । ਕੋਟਨ ਕੋਟ ਕਰ ਕਰ ਗਏ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਕੋਟਨ ਕੋਟ ਮੰਨ ਕੇ ਗਏ ਹਾਰ, ਆਪਣਾ ਬਲ ਨਾ ਕੋਇ ਰਖਾਈਆ ।

੭੬੭
੧੧

ਕੋਟਨ ਕੋਟ ਕਰ ਕਰ ਗਏ ਸ਼ਿੰਗਾਰ, ਹਰਿ ਕੰਤ ਨਾ ਕੋਇ ਮਨਾਈਆ । ਕੋਟਨ ਕੋਟ ਬਣ ਬਣ ਗਏ ਲਿਖਾਰ, ਵੇਦ ਪੁਰਾਨ ਸ਼ਾਸਤਰ ਸਿਮਰਤ ਕੁਰਾਨ ਅੰਜ਼ੀਲ ਖਾਣੀ ਬਾਣੀ ਕਰ ਪੜ੍ਹਾਈਆ । ਕੋਟਨ ਕੋਟ ਬੇਅੰਤ ਬੇਅੰਤ ਕਹਿ ਕਰ ਗਏ ਪੁਕਾਰ, ਅੰਤ ਕੋਇ ਨਾ ਪਾਈਆ । ਕੋਟਨ ਕੋਟ ਬੈਠੇ ਡੂੰਘੀ ਗਾਰ, ਬਾਹਰ ਨਾ ਕੋਇ ਕਢਾਈਆ । ਕੋਟਨ ਕੋਟ ਸਮੁੰਦ ਸਾਗਰ ਰੋਵਣ ਜ਼ਾਰੋ ਜ਼ਾਰ, ਕੋਟਨ ਕੋਟ ਉਚੇ ਪਰਬਤ ਦੇਣ ਦੁਹਾਈਆ । ਕੋਟਨ ਕੋਟ ਜੰਗਲ ਜੂਹ ਉਜਾੜ ਪਹਾੜ ਕਰਨ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਏਕਾ ਸ਼ਬਦ ਦਏ ਵਡਿਆਈਆ । ਸਾਚੇ ਸ਼ਬਦ ਸੁਣ ਸੁਤ ਦੁਲਾਰੇ, ਹਰਿ ਸਾਚਾ ਸਚ ਜਣਾਇੰਦਾ । ਚਾਰ ਜੁਗ ਦੇ ਜਗਤ ਵਿਹਾਰੇ, ਹਰਿ ਜੂ ਆਪ ਬਣਾਇੰਦਾ । ਸ਼ਾਸਤਰ ਸਿਮਰਤ ਬਣ ਵਣਜਾਰੇ, ਲੋਕਮਾਤ ਹਟ ਚਲਾਇੰਦਾ । ਗੁਰ ਅਵਤਾਰਾਂ ਦੇ ਅਧਾਰੇ, ਪੀਰ ਪੈਗ਼ੰਬਰ ਨਾਲ ਰਲਾਇੰਦਾ । ਲਿਖ ਲਿਖ ਲੇਖ ਥੱਕੇ ਸਰਬ ਸੰਸਾਰੇ, ਹਰਿ ਕਾ ਅੰਤ ਕੋਇ ਨਾ ਪਾਇੰਦਾ । ਜੁਗ ਚੌਕੜੀ ਜੀਵ ਜੰਤ ਸਭ ਮੰਗਦੇ ਰਹਿਣ ਦੁਆਰੇ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਪੁਰਖ ਅਬਿਨਾਸ਼ੀ ਖੇਲ ਨਿਆਰੇ, ਭੇਵ ਕੋਇ ਨਾ ਪਾਇੰਦਾ । ਆਵੇ ਜਾਵੇ ਵਾਰੋ ਵਾਰੇ, ਰੂਪ ਅਨੂਪ ਧਰਾਇੰਦਾ । ਸਤਿਜੁਗ ਤ੍ਰੇਤਾ ਆਪੇ ਜਾਣੇ, ਦੁਆਪਰ ਆਪਣਾ ਰੰਗ ਵਖਾਇੰਦਾ । ਕਲਜੁਗ ਵੇਖੇ ਖੇਲ ਸ੍ਰੀ ਭਗਵਾਨੇ, ਭੇਵ ਕੋਇ ਨਾ ਪਾਇੰਦਾ । ਕਲਮ ਸ਼ਾਹੀ ਲਿਖ ਲਿਖ ਥੱਕੀ ਤੇਰੇ ਤਰਾਨੇ, ਤੀਰ ਨਿਸ਼ਾਨਾ ਕੋਈ ਨਾ ਲਾਇੰਦਾ । ਕੋਟਨ ਕੋਟ ਬੰਨ੍ਹ ਬੰਨ੍ਹ ਗਏ ਗਾਨੇ, ਤੇਰਾ ਸਗਨ ਨਾ ਕੋਇ ਮਨਾਇੰਦਾ । ਜੀਵ ਜੰਤ ਆਦਿ ਅੰਤ ਜੁਗਾ ਜੁਗੰਤ ਚਲਣ ਸੱਚੇ ਭਾਣੇ, ਹਰਿ ਭਾਣਾ ਨਾ ਕੋਇ ਮਨਾਇੰਦਾ । ਹੁਕਮੇ ਅੰਦਰ ਰਾਜੇ ਰਾਣੇ, ਹੁਕਮੀ ਹੁਕਮ ਖੇਲ ਕਰਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਸ਼ਾਹ ਸੁਲਤਾਨੇ, ਸਾਚੇ ਤਖ਼ਤ ਸੋਭਾ ਪਾਇੰਦਾ । ਨੌਂ ਨੌਂ ਚਾਰ ਵੰਡ ਵੰਡਾਨੇ, ਚਾਰ ਚਾਰ ਵੇਖ ਵਖਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਨਿਰਗੁਣ ਸਰਗੁਣ ਦਏ ਮਾਣੇ, ਸਿਰ ਆਪਣਾ ਹੱਥ ਰਖਾਇੰਦਾ । ਆਪਣਾ ਹੁਕਮ ਦਏ ਪਰਵਾਨੇ, ਲੋਕਮਾਤ ਸੇਵਾ ਲਾਇੰਦਾ । ਅੰਤਮ ਸਭ ਦੇ ਮਿਟੇ ਨਿਸ਼ਾਨੇ, ਨਿਸ਼ਾਨ ਆਪਣਾ ਇਕ ਝੁਲਾਇੰਦਾ । ਸਾਚੇ ਸੁਤ ਸ਼ਬਦ ਵੇਖ ਮਾਰ ਧਿਆਨੇ, ਤੇਰਾ ਪੁਰਖ ਅਕਾਲ ਇਕੋ ਇਕ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਿਹਾਰਾ ਹਰਿ ਨਿਰੰਕਾਰਾ ਏਕਾ ਏਕ ਜਣਾਇੰਦਾ । ਤੇਰਾ ਵਿਹਾਰਾ ਹਰਿ ਨਿਰੰਕਾਰ, ਬਿਨ ਤੇਰੇ ਸਮਝ ਨਾ ਆਈਆ । ਬਿਨ ਲਿਖਿਆ ਲਿਖਾਰਾ ਬਣਿਆ ਰਹੇ ਅਗੰਮ ਅਪਾਰ, ਤੇਰਾ ਲੇਖ ਨਾ ਕੋਇ ਮਿਟਾਈਆ । ਜੁਗ ਚੌਕੜੀ ਖੇਲ ਕਰੇ ਸੰਸਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਕਰ ਕਰ ਪਾਰ, ਗੁਰ ਅਵਤਾਰ ਸੇਵ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰ, ਨਵ ਨੌਂ ਚਾਰ ਖੇਲ ਕਰਾਈਆ । ਅੰਤ ਕੰਤ ਭਗਵੰਤ ਸਾਰੇ ਮੰਗਣ ਤੇਰਾ ਦਰਸ ਦੀਦਾਰ, ਦੋਏ ਜੋੜ ਜੋੜ ਸਰਨਾਈਆ । ਤੂੰ ਸਰਬ ਜੀਆਂ ਦਾ ਇਕ ਭਤਾਰ, ਹਰਿ ਕੰਤ ਵਡ ਵਡਿਆਈਆ । ਤੇਰਾ ਸੱਚਾ ਸਚ ਦਰਬਾਰ, ਦਰ ਦਰਬਾਰ ਦੂਸਰ ਨਾ ਹੋਰ ਕੋਇ ਰਖਾਈਆ । ਮੈਨੂੰ ਦੱਸਦੇ ਅੰਤ ਵਿਹਾਰ, ਕਿਸ ਬਿਧ ਮੇਰਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਜਣਾਈਆ । ਪੁਰਖ ਅਬਿਨਾਸ਼ੀ ਨਿਰਗੁਣ ਹੱਸ, ਹੰਸਮੁਖ ਵਡਿਆਇਆ । ਆਪਣਾ ਮਾਰਗ ਦੇਵਾਂ ਦੱਸ, ਬਿਨ ਕਲਮ ਦਵਾਤ ਲਿਖਾਇਆ । ਜੁਗ ਚੌਕੜੀ ਨੱਸ ਨੱਸ, ਬਣ ਪਾਂਧੀ ਪੰਧ ਮੁਕਾਇਆ । ਗੁਰ ਅਵਤਾਰ ਅੰਤਰ

ਵਸ, ਆਪਣਾ ਭੇਵ ਖੁਲ੍ਹਾਇਆ । ਭਗਤਾਂ ਦੇ ਦੇ ਸਾਚਾ ਰਸ, ਅੰਮ੍ਰਿਤ ਰਸ ਚਖਾਇਆ । ਤੀਰ ਨਿਰਾਲਾ ਮਾਰ ਕਸ, ਅਣਿਆਲਾ ਆਪ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਇਆ । ਆਪਣਾ ਖੇਲ ਕਰੇ ਕਰਤਾਰਾ, ਹਰਿ ਕਰਤਾ ਵਡ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਆਏ ਵਿਚ ਸੰਸਾਰਾ, ਸੰਸਾਰ ਸਾਗਰ ਵੇਖੇ ਚਾਈਂ ਚਾਈਆ । ਸਤਿਗੁਰ ਸਰਗੁਣ ਲਏ ਅਵਤਾਰਾ, ਵਾਰ ਅਠਾਰਾਂ ਸੰਸਾਰ ਰੂਪ ਵਟਾਈਆ । ਤ੍ਰੇਤਾ ਕਰੇ ਖੇਲ ਨਿਆਰਾ, ਦੋਏ ਦੋਏ ਨਿਸ਼ਾਨ ਝੁਲਾਈਆ । ਦੁਆਪਰ ਪਾਵਣਹਾਰਾ ਸਾਰਾ, ਦੋਏ ਦੋਏ ਰੰਗ ਰੰਗ ਵਖਾਈਆ । ਕਲਜੁਗ ਖੇਲ ਕਰੇ ਅਪਾਰਾ, ਏਕਾ ਏਕੇ ਪਿਛੇ ਛੁਪਾਈਆ । ਏਕਾ ਅੱਖਰ ਕਰ ਪਿਆਰਾ, ਊੜਾ ਓਅੰਕਾਰਾ ਤ੍ਰੈ ਤ੍ਰੈ ਲੇਖਾ ਦਏ ਮੁਕਾਈਆ । ਐੜਾ ਅੱਖ ਉਘਾੜਾ, ਆਖਰ ਸਭ ਦਾ ਦਏ ਕਰਾਈਆ । ਅਲਫ਼ੀ ਕਰ ਤਨ ਸ਼ਿੰਗਾਰਾ, ਆਰਫ਼ ਕਰੇ ਸਚ ਪੜ੍ਹਾਈਆ । ਆਪੇ ਛੱਡੇ ਤੁਲਸੀ ਮਾਲਾ, ਹਵਨ ਘਿਰਤ ਨਾ ਕੋਇ ਵਖਾਈਆ । ਪੰਜ ਤੱਤ ਤੱਤ ਅਧਾਰਾ, ਤੱਤਵ ਤੱਤ ਮੇਲ ਮਿਲਾਈਆ । ਨੂਰੋ ਨੂਰ ਨੂਰ ਉਜਿਆਰਾ, ਈਸਾ ਮੂਸਾ ਸੋਭਾ ਪਾਈਆ । ਏਕਾ ਹੱਕ ਹੱਕ ਜੈਕਾਰਾ, ਲਾ ਹੱਕ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੇਲ ਦਏ ਵਖਾਈਆ । ਏਕਾ ਖੇਲ ਕਰੇ ਕਰਤਾਰ, ਹਰਿ ਖ਼ਾਲਕ ਖ਼ਲਕ ਜਣਾਇੰਦਾ । ਤੱਤਵ ਤੱਤ ਦਏ ਅਧਾਰ, ਜਗਤ ਅਧਾਰੀ ਵੇਸ ਵਟਾਇੰਦਾ । ਚੌਥੇ ਜੁਗ ਕਰ ਪਿਆਰ, ਚਾਰੇ ਅੱਖਰ ਮੇਲ ਮਿਲਾਇੰਦਾ । ਇਕ ਮੁਹੰਮਦ ਕਰ ਉਜਿਆਰ, ਅਹਿਮਦ ਆਪਣਾ ਰੂਪ ਵਖਾਇੰਦਾ । ਸਮਝ ਵਿਚ ਸਮਝ ਦਏ ਕਰਤਾਰ, ਕੁਦਰਤ ਕਾਦਰ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ ।

ਆਪਣਾ ਭੇਵ ਮਾਟੀ ਖਾਕ, ਏਕਾ ਏਕ ਜਣਾਈਆ । ਕਾਇਆ ਅੰਤਰ ਖੋਲ੍ਹ ਤਾਕ, ਏਕਾ ਚੰਦ ਚੜ੍ਹਾਈਆ । ਏਕਾ ਅੱਖਰ ਭਵਿਖਤ ਵਾਕ, ਏਕਾ ਅਲਫ਼ ਕਰੇ ਪੜ੍ਹਾਈਆ । ਏਕਾ ਲੇਖਾ ਬਾਤਨ ਬਾਤ, ਹਰਿ ਜੂ ਹਰਿ ਹਰਿ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਈਆ । ਆਪਣਾ ਪੜਦਾ ਦੇਵੇ ਲਾਹ, ਆਪਣੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਵੇਸ ਵਟਾ, ਕਲਜੁਗ ਖੇਲ ਖਿਲਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਪੰਧ ਮੁਕਾ, ਬਣ ਪਾਂਧੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਚੋਲਾ ਡਗਮਗਾਇੰਦਾ । ਨਾਨਕ ਨਾਉਂ ਲਏ ਧਰਾ, ਲੋਕਮਾਤ ਵੇਸ ਧਰਾਇੰਦਾ । ਏਕਾ ਨਾਮ ਕਰ ਰੁਸ਼ਨਾ, ਨਾਮ ਸਤਿ ਆਪ ਪੜ੍ਹਾਇੰਦਾ । ਏਕਾ ਘਰ ਮੇਲ ਮਿਲਾ, ਦਸ ਦਸ ਆਪਣਾ ਰੰਗ ਰੰਗਾਇੰਦਾ । ਅੰਤਮ ਮੇਲਾ ਸਹਿਜ ਸੁਭਾ, ਸ੍ਰੀ ਭਗਵਾਨ ਆਪਣੇ ਹੱਥ ਰਖਾਇੰਦਾ । ਸੁਤ ਦੁਲਾਰਾ ਏਕਾ ਜਾ, ਗੋਬਿੰਦ ਨਾਉਂ ਧਰਾਇੰਦਾ । ਅੰਮ੍ਰਿਤ ਜਾਮ ਇਕ ਪਿਆ, ਏਕਾ ਰਸ ਵਖਾਇੰਦਾ । ਏਕਾ ਖੰਡਾ ਦਏ ਚਮਕਾ, ਏਕਾ ਖੜਗ ਉਠਾਇੰਦਾ । ਏਕਾ ਮਾਰਗ ਦਏ ਲਗਾ, ਏਕਾ ਰਹਿਬਰ ਨਜ਼ਰੀ ਆਇੰਦਾ । ਚਾਰ ਕੁੰਟ ਫੇਰਾ ਪਾ, ਚੌਥੇ ਜੁਗ ਡੇਰਾ ਢਾਹਿੰਦਾ । ਚਾਰ ਯਾਰੀ ਵੇਖ ਵਿਖਾ, ਪੰਚਮ ਜੋੜ ਜੁੜਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕੋਈ ਦਿਸੇ ਨਾ ਆਤਮ ਪਰਮਾਤਮ ਸਰਬ ਵਖਾਇੰਦਾ । ਅਠਸਠ ਤੀਰਥ ਡੇਰਾ ਢਾਹ, ਏਕਾ ਅੰਮ੍ਰਿਤ ਜਾਮ ਪਿਆਇੰਦਾ । ਪੁਰਖ ਅਕਾਲ ਇਕ ਮਨਾ, ਏਕਾ ਇਸ਼ਟ ਵਖਾਇੰਦਾ । ਆਪਣਾ ਆਪ ਭੇਟ ਚੜ੍ਹਾ, ਗੁਰਮੁਖਾਂ ਸੇਵ ਕਮਾਇੰਦਾ । ਖੇਵਟ ਖੇਟ ਬਣ ਮਲਾਹ, ਸਾਚੇ ਪੱਤਣ ਡੇਰਾ ਲਾਇੰਦਾ । ਇਕੋ ਓਟ ਰਿਹਾ ਤਕਾ, ਦੂਸਰ ਓਟ ਨਾ ਕੋਇ ਤਕਾਇੰਦਾ । ਸੱਥਰ

ਸਚ ਰਿਹਾ ਹੰਡਾ, ਯਾਰ ਯਾਰੀ ਨਾਲ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਇੰਦਾ । ਸਾਚੇ ਸੁਤ ਕਰ ਧਿਆਨ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਮਿਟੇ ਨਿਸ਼ਾਨ, ਲੋਕਮਾਤ ਰਹਿਣ ਨਾ ਪਾਇੰਦਾ । ਸਤਿਜੁਗ ਹਰਿ ਜੂ ਵੇਖੇ ਆਣ, ਬ੍ਰਹਮਾ ਸੁਤ ਰੂਪ ਧਰਾਇੰਦਾ । ਬਰਾਹ ਖੇਲ ਕਰੇ ਮਹਾਨ, ਯਗੇ ਪੁਰਸ਼ ਰੰਗ ਵਖਾਇੰਦਾ । ਹਾਵ ਗਰੀਵ ਇਕ ਗਿਆਨ, ਨਰ ਨਰਾਇਣ ਆਪ ਪੜ੍ਹਾਇੰਦਾ । ਦਤਾ ਤ੍ਰੈ ਦੇਵੇ ਮਾਣ, ਕਪਲ ਮੁੰਨ ਆਪ ਸਮਝਾਇੰਦਾ । ਰਿਖਪ ਦੇਵੇ ਇਕ ਨਿਸ਼ਾਨ, ਪਿਰਥੂ ਏਕਾ ਹੁਕਮ ਵਰਤਾਇੰਦਾ । ਮਤਸ ਮੇਲਾ ਮੇਲੇ ਆਣ, ਕਛਪ ਆਪਣਾ ਭਾਰ ਵੰਡਾਇੰਦਾ । ਧਨੰਤਰ ਦੇਵੇ ਏਕਾ ਖਾਣ, ਮੋਹਣੀ ਆਪਣਾ ਰੂਪ ਧਰਾਇੰਦਾ । ਬਾਵਨ ਵੇਖੇ ਖੇਲ ਮਹਾਨ, ਆਪਣਾ ਬਲ ਨਾ ਕੋਇ ਜਣਾਇੰਦਾ । ਹੰਸਾ ਚੋਗ ਮੰਗੇ ਆਣ, ਮਾਣਕ ਮੋਤੀ ਮੁਖ ਸਲਾਹਿੰਦਾ । ਹਰੀ ਹਰਿ ਕਰ ਧਿਆਨ, ਧਰੂ ਬਾਲਾ ਗੋਦ ਬਹਾਇੰਦਾ । ਨਰ ਨਰਾਇਣ ਹੋ ਪਰਧਾਨ, ਗਜ ਸਿਰ ਆਪਣਾ ਹੱਥ ਟਿਕਾਇੰਦਾ । ਪ੍ਰਹਿਲਾਦ ਦੇਵੇ ਏਕਾ ਮਾਣ, ਹਰਨਾਕਸ਼ ਮੇਟ ਮਿਟਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਸਰਗੁਣ ਨਿਰਗੁਣ ਵੇਸ ਵਟਾਇੰਦਾ । ਸਤਿਜੁਗ ਸਾਚਾ ਜਾਏ ਲੰਘ, ਲੋਕਮਾਤ ਰਹਿਣ ਨਾ ਪਾਈਆ । ਇਕੋ ਬਲ ਬਾਵਨ ਕੋਲੋਂ ਮੰਗੀ ਮੰਗ, ਅੱਗੇ ਆਪਣੀ ਝੋਲੀ ਡਾਹੀਆ । ਕਰਮ ਢਾਈ ਤੇਰਾ ਸੰਗ, ਤੇਰੀ ਸੇਜ ਸੁਹਾਈਆ । ਤੇਰਾ ਮੇਰਾ ਇਕ ਅਨੰਦ, ਲੋਕਮਾਤ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਸਾਚਾ ਭੇਵ ਸ੍ਰੀ ਭਗਵਾਨ, ਏਕਾ ਏਕ ਜਣਾਇੰਦਾ । ਦੇਵਣਹਾਰਾ ਦਾਨੀ ਦਾਨ, ਬਣ ਦਾਤਾ ਆਪ ਵਰਤਾਇੰਦਾ । ਬਲ ਤੇਰਾ ਰੱਖਾਂ ਧਿਆਨ, ਭੁੱਲ ਕਦੇ ਨਾ ਜਾਇੰਦਾ । ਤ੍ਰੇਤਾ ਦੁਆਪਰ ਖੇਲ ਮਹਾਨ, ਹਰਿ ਜੂ ਆਪ ਕਰਾਇੰਦਾ । ਅੰਤਮ ਮੇਲਾ ਮੇਲੇ ਆਣ, ਆਪ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਹਰਿ ਨਿਰੰਕਾਰਾ, ਹਰਿ ਹਰਿ ਆਪ ਕਰਾਈਆ । ਰਿਖ ਮੁਨ ਦਏ ਸਹਾਰਾ, ਏਕਾ ਬ੍ਰਹਮ ਪਾਰਬ੍ਰਹਮ ਮਿਲਾਈਆ । ਜੁਗ ਜੁਗ ਕਰੇ ਵਣਜ ਵਪਾਰਾ, ਬਣ ਹਟਵਾਣਾ ਹੱਟ ਚਲਾਈਆ । ਗੌਤਮ ਦਏ ਇਕ ਸਹਾਰਾ, ਇਕ ਕਿਨਾਰਾ ਦਏ ਵਖਾਈਆ । ਤ੍ਰੈਗੁਣ ਮਾਇਆ ਬਣ ਲਾੜਾ, ਅਛਲ ਅਛੱਲ ਖੇਲ ਜਣਾਈਆ । ਕਰੇ ਕਰਾਏ ਕਰਨੇਹਾਰਾ, ਭੇਵ ਕੋਇ ਨਾ ਪਾਈਆ । ਨਾਰੀ ਮੰਗੇ ਬਣ ਭਿਖਾਰਾ, ਅੱਗੇ ਝੋਲੀ ਡਾਹੀਆ । ਮੇਲੇ ਮੇਲ ਕੰਤ ਭਤਾਰਾ, ਜਗਤ ਵਿਛੋੜਾ ਝੱਲਿਆ ਨਾ ਜਾਈਆ । ਪੁਰਖ ਅਬਿਨਾਸ਼ੀ ਦਏ ਸਹਾਰਾ, ਏਕਾ ਗੁਣ ਵਖਾਈਆ । ਤ੍ਰੈਗੁਣ ਤੇਰਾ ਇਕ ਕਿਨਾਰਾ, ਤ੍ਰੈਗੁਣ ਅਤੀਤਾ ਲਏ ਪਰਗਟਾਈਆ । ਤ੍ਰੇਤਾ ਆਏ ਵਡ ਪਰਵਾਰਾ, ਦੁਆਪਰ ਤ੍ਰੇਤਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਕਰਨੇਹਾਰਾ, ਹਰਿ ਹਰਿ ਭੇਵ ਕੋਇ ਨਾ ਪਾਇੰਦਾ । ਤ੍ਰੇਤਾ ਲਏ ਉਨੀਸਵਾਂ ਅਵਤਾਰਾ, ਪਰਸਰਾਮ ਰਾਮ ਰਾਮ ਅਖਵਾਇੰਦਾ । ਬੀਸਵਾਂ ਕਰ ਸਚ ਸ਼ਿੰਗਾਰਾ, ਦਸਰਥ ਬੇਟਾ ਰੂਪ ਵਟਾਇੰਦਾ । ਸਾਚੀ ਸੀਆ ਕਰ ਪਿਆਰਾ, ਜਨਕ ਸਪੁੱਤਰੀ ਆਪ ਪਰਨਾਇੰਦਾ । ਏਕਾ ਲਕਸ਼ਮਨ ਦਏ ਅਧਾਰਾ, ਆਪਣਾ ਲਕਸ਼ਨ ਆਪ ਜਣਾਇੰਦਾ । ਏਕਾ ਦੁਸ਼ਟ ਦੈਂਤ ਸੰਘਾਰਾ, ਏਕਾ ਤੀਰ ਕਮਾਨ ਚਲਾਇੰਦਾ । ਏਕਾ ਭਗਤ ਭਗਤ ਵਣਜਾਰਾ, ਹਨਵੰਤਾ ਰੰਗ ਰੰਗਾਇੰਦਾ । ਏਕਾ ਤੋੜਨਹਾਰਾ ਗੜ੍ਹ ਹੰਕਾਰਾ, ਹੰਕਾਰੀ ਗੜ੍ਹ ਆਪ ਤੁੜਾਇੰਦਾ । ਏਕਾ ਕਰਨਹਾਰਾ ਸ਼ਿੰਗਾਰਾ, ਦੂਤੀ ਦੁਸ਼ਟ

ਆਪ ਖਪਾਇੰਦਾ । ਏਕਾ ਦੇਵਣਹਾਰ ਸਹਾਰਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਏਕਾ ਅੱਖਰ ਕਰ ਪਿਆਰਾ, ਰਾਮ ਰਾਮ ਰਾਮ ਸਮਝਾਇੰਦਾ । ਏਕਾ ਰਾਮ ਵਸੇ ਸਰਬ ਨਿਆਰਾ, ਏਕਾ ਘਟ ਘਟ ਡੇਰਾ ਲਾਇੰਦਾ । ਏਕਾ ਰਾਮ ਦਸਰਥ ਕਰੇ ਪਿਆਰਾ, ਏਕਾ ਦਿਸ ਕਿਸੇ ਨਾ ਆਇੰਦਾ । ਏਕਾ ਦਏ ਸਚ ਸਹਾਰਾ, ਬਾਲਮੀਕ ਬਿਜਵਾੜਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪੰਜ ਤੱਤ ਕਾਇਆ ਚੋਲਾ ਆਪ ਹੰਢਾਇੰਦਾ । ਪੰਜ ਤੱਤ ਚੋਲਾ ਜਾਏ ਹੰਢ, ਲੋਕਮਾਤ ਰਹਿਣ ਨਾ ਪਾਈਆ । ਨਿਰਗੁਣ ਨਾਮ ਸਾਚਾ ਚੰਦ, ਜੁਗ ਜੁਗ ਲੋਕਮਾਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਇਕ ਅਨੰਦ, ਅਨੰਦ ਅਨੰਦ ਅਨੰਦ ਦਰਸਾਈਆ । ਕਰੇ ਖੇਲ ਸੂਰਾ ਸਰਬੰਗ, ਆਪਣੇ ਹੱਥ ਰੱਖੇ ਵਡਿਆਈਆ । ਤ੍ਰੇਤਾ ਜਾਏ ਪਾਰ ਲੰਘ, ਦੁਆਪਰ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਦੁਆਪਰ ਲੋਕਮਾਤ ਰੂਪ ਵਟਾਇਆ, ਆਪਣਾ ਖੇਲ ਆਪ ਜਣਾਈਆ । ਘਨੱਯਾ ਘਨੱਯਾ ਵਸਤ ਝੋਲੀ ਪਾਇਆ, ਦਾਤਾ ਦਾਨੀ ਵਸਤ ਆਪ ਵਰਤਾਈਆ । ਵੇਦ ਵਿਆਸਾ ਆਪੇ ਜਾਇਆ, ਖੇਲ ਬੇਪਰਵਾਹੀਆ । ਪੁਰਾਨ ਅਠਾਰਾਂ ਆਪੇ ਗਾਇਆ, ਲੱਖ ਚਾਰ ਹਜ਼ਾਰ ਸਤਾਰਾਂ ਸਲੋਕ ਸੁਣਾਈਆ । ਬਾਰਾਂ ਅੱਖਰ ਰਾਗ ਅਲਾਇਆ, ਨਾਰਦ ਬ੍ਰਹਮਾ ਕਰ ਪੜ੍ਹਾਈਆ । ਸੁਰਸਤੀ ਤਾਲ ਇਕ ਵਜਾਇਆ, ਰਾਗ ਰਾਗਨੀ ਮੇਲ ਮਿਲਾਈਆ । ਪੁਰਖ ਅਬਿਨਾਸ਼ੀ ਵੇਸ ਵਟਾਇਆ, ਕਰੇ ਖੇਲ ਬੇਪਰਵਾਹੀਆ । ਨੰਦ ਜਸ਼ੋਦਾ ਮਾਣ ਦੁਵਾਇਆ, ਘਨੱਯਾ ਨੱਯਾ ਇਕ ਚਲਾਈਆ । ਸਾਚੀ ਬੰਸਰੀ ਇਕ ਵਜਾਇਆ, ਰਾਗ ਧੁਨ ਧੁਨ ਸ਼ਨਵਾਈਆ । ਸਾਚੀ ਸਖ਼ੀਆਂ ਮੰਡਲ ਰਾਸ ਆਪ ਰਚਾਇਆ, ਬਣ ਕਾਹਨ ਫੇਰਾ ਪਾਇਆ । ਸੀਸ ਮੁਕਟ ਤਾਜ਼ ਟਿਕਾਇਆ, ਕਵਲ ਨੈਣ ਮਟਕਾਈਆ । ਬਣ ਰਥਵਾਹੀ ਰਥ ਚਲਾਇਆ, ਸੇਵਕ ਸੇਵਾ ਸਚ ਕਮਾਈਆ । ਗ਼ਰੀਬ ਨਿਮਾਣੇ ਗਲੇ ਲਗਾਇਆ, ਬਿਦਰ ਸੁਦਾਮਾ ਲਏ ਤਰਾਈਆ । ਸਾਗ ਅਲੂਣੇ ਭੋਗ ਲਗਾਇਆ, ਬਿਦਰ ਦੇਵੇ ਮਾਣ ਵਡਿਆਈਆ । ਦਰੋਪਤ ਸੁਤ ਪਾਰ ਕਰਾਇਆ, ਦਰੋਪਤ ਲੱਜਿਆ ਇਕ ਰਖਾਈਆ । ਗੀਤਾ ਗਿਆਨ ਇਕ ਦ੍ਰਿੜਾਇਆ, ਅਠਾਰਾਂ ਧਿਆਏ ਕਰੇ ਪੜ੍ਹਾਈਆ । ਏਕਾ ਅਰਜਨ ਹਰਿ ਸਮਝਾਇਆ, ਰੂਪ ਅਨੂਪ ਵਿਰਾਟ ਵਟਾਈਆ । ਚੌਦਾਂ ਲੋਕ ਆਪਣੇ ਵਿਚ ਸਮਾਇਆ, ਸੋਲਾਂ ਕਲ ਕਲ ਰਖਾਈਆ । ਚੌਦਾਂ ਵਿਦਿਆ ਮਾਣ ਗੁਵਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਵੇਲਾ ਅੰਤ ਅੰਤ ਕਰਾਈਆ । ਪੁਰਖ ਅਬਿਨਾਸ਼ੀ ਕਰ ਤਿਆਰ, ਚੌਥੇ ਜੁਗ ਛੋਟੇ ਸੁਤ ਲਏ ਉਠਾਈਆ । ਸ਼ਬਦ ਮੰਗੇ ਬਣ ਭਿਖਾਰ, ਹਰਿ ਵਸਤ ਰਿਹਾ ਵਰਤਾਈਆ । ਤੇਰੀ ਆਈ ਅੰਤਮ ਵਾਰ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਗਏ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸੁਣਾਈਆ । ਧੁਰ ਫ਼ਰਮਾਣਾ ਹਰਿ ਭਗਵਾਨ, ਏਕਾ ਇਕ ਜਣਾਇੰਦਾ । ਕਲਜੁਗ ਤੇਰੇ ਵਿਚ ਮੇਰਾ ਧਿਆਨ, ਧਿਆਨ ਧਿਆਨ ਨਾਲ ਮਿਲਾਇੰਦਾ । ਤੂੰ ਮੰਗ ਇਕੋ ਵਾਰ ਦਾਨ, ਹਰਿ ਦਾਤਾ ਝੋਲੀ ਪਾਇੰਦਾ । ਕਲਜੁਗ ਬੋਲੇ ਬਾਲ ਨਾਦਾਨ, ਦੋਏ ਜੋੜ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਤੇਰਾ ਚਰਨ ਧਿਆਨ, ਮੋਹੇ ਸਦਾ ਭਾਇੰਦਾ । ਲੋਕਮਾਤ ਨਾ ਕੋਈ ਮਾਣ, ਬਿਨ ਤੇਰੇ ਮਾਣ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਮੈਨੂੰ ਵਰ, ਜਿਸ ਬਿਧ ਤੇਰਾ ਪੰਧ ਮੁਕਾਇੰਦਾ ।

ਜਿਸ ਬਿਧ ਮੁੱਕੇ ਤੇਰਾ ਪੰਧ, ਸੋ ਬਿਧੀ ਦੇ ਬਤਾਈਆ । ਮੇਰੀ ਆਰਜ਼ੂ ਚਾਰ ਲੱਖ ਬੱਤੀ ਹਜ਼ਾਰ ਪਈ ਗੰਢ, ਲੋਕਮਾਤ ਹੋਈ ਕੁੜਮਾਈਆ । ਮੈਂ ਝੱਲਾਂ ਨਾ ਵਿਛੋੜਾ ਤੇਰਾ ਰੰਡੇਪਾ ਰੰਡ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਕਰ ਕਿਰਪਾ ਮੇਰਾ ਪੰਧ ਖੰਡ, ਆਪਣਾ ਖੰਡਾ ਇਕ ਚਮਕਾਈਆ । ਬੌਹੜੀ ਬੌਹੜੀ ਮੇਰੀ ਤੁਟੀ ਗੰਢ, ਮੈਂ ਦਰ ਤੇ ਦਿਆਂ ਦੁਹਾਈਆ । ਤੂੰ ਦੀਨ ਦਿਆਲ ਸਾਹਿਬ ਬਖ਼ਸ਼ੰਦ, ਬਖ਼ਸ਼ਸ਼ ਤੇਰੇ ਹੱਥ ਵਡਿਆਈਆ । ਤਿੰਨ ਜੁਗ ਮਾਣਿਆ ਅਨੰਦ, ਮਿਲੀ ਸਰਨ ਸਰਨਾਈਆ । ਚੌਥੇ ਜੁਗ ਤੇਰਾ ਵਿਛੋੜਾ ਦਿਸੇ ਦੂਜੀ ਕੰਧ, ਤੇਰਾ ਨੂਰ ਨਜ਼ਰ ਨਾ ਆਈਆ । ਕਵਣ ਬਿਧ ਮਿਲਾਂ ਦੂਰ ਦੁਰਾਡਾ ਕੱਟ ਕੇ ਪੰਧ, ਘਰ ਤੇਰੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੋਏ ਜੋੜ ਵਾਸਤਾ ਪਾਈਆ । ਦੋਏ ਜੋੜ ਵਾਸਤਾ ਰਿਹਾ ਘੱਤ, ਹਰਿ ਚਰਨੀ ਸੀਸ ਝੁਕਾਇਆ । ਮੇਰੀ ਉਬਲ ਆਈ ਰੱਤ, ਰੱਤੀ ਰੱਤ ਵੇਖ ਵਖਾਇਆ । ਮੈਨੂੰ ਦੇ ਆਪਣੀ ਮਤ, ਮੇਰੀ ਚਲੇ ਨਾ ਕੋਇ ਚਤੁਰਾਇਆ । ਲਹਿਣਾ ਦੇਣਾ ਮੁਕਾਈਂ ਹੱਥੋ ਹੱਥ, ਮੇਰੇ ਸਾਹਿਬ ਸੱਚੇ ਸ਼ਹਿਨਸ਼ਾਹਿਆ । ਤੂੰ ਪੁਰਖ ਅਕਾਲ ਸਮਰਥ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰਾ ਖੇਲ ਵੇਖ ਵਖਾਇਆ । ਜੋ ਉਪਜਿਆ ਸੋ ਗਿਆ ਢੱਠ, ਬਣਿਆ ਕੋਈ ਰਹਿਣ ਨਾ ਪਾਇਆ । ਜਿਉਂ ਭਾਵੇ ਤਿਉਂ ਗੇੜੇਂ ਲੱਠ, ਗੇੜਾ ਗੇੜੇ ਵਿਚ ਰਖਾਇਆ । ਇਕੋ ਮਾਰਗ ਦੇਣਾ ਦੱਸ, ਲੋਕਮਾਤ ਮਾਤ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਆਪ ਸੁਣਾਇਆ । ਧੁਰ ਸੰਦੇਸਾ ਦਏ ਸੁਣਾ, ਹਰਿ ਹਰਿ ਆਪ ਜਣਾਇੰਦਾ । ਕਲਜੁਗ ਤੇਰੀ ਇਕ ਸਲਾਹ, ਸਲਾਹਗੀਰ ਆਪ ਰਖਾਇੰਦਾ । ਜੂਠ ਝੂਠ ਤੇਰੀ ਝੋਲੀ ਦਿਆਂ ਪਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਰਲਾਇੰਦਾ । ਆਸਾ ਤ੍ਰਿਸਨਾ ਵਿਚ ਦਿਆਂ ਵਸਾ, ਹਉਮੇ ਹੰਗਤਾ ਗੜ੍ਹ ਬਣਾਇੰਦਾ । ਆਪਣਾ ਨਾਮ ਸਭ ਨੂੰ ਦਿਆਂ ਭੁਲਾ, ਤੇਰਾ ਰੰਗ ਚੜ੍ਹਾਇੰਦਾ । ਤੇਰਾ ਡੰਕਾ ਦਿਆਂ ਵਜਾ, ਚਾਰੋਂ ਕੁੰਟ ਸੁਣਾਇੰਦਾ । ਚਾਰੋਂ ਕੁੰਟ ਦਿਆ ਹਿਲਾ, ਦਹਿ ਦਿਸ਼ਾ ਵੇਖ ਵਖਾਇੰਦਾ । ਦਹਿ ਦਿਸ਼ਾ ਡੇਰਾ ਢਾਹ, ਤੇਰੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਤ ਆਪਣੇ ਹੱਥ ਰਖਾਇੰਦਾ । ਤੇਰਾ ਅੰਤ ਰੱਖੇ ਹੱਥ ਕਰਤਾਰ, ਆਪਣੀ ਖੇਲ ਸਮਝਾਈਆ । ਲੋਕਮਾਤ ਤੇਰਾ ਵਿਹਾਰ, ਬਹੁ ਭਾਂਤ ਭਾਂਤ ਕਰਾਈਆ । ਨਿਰਗੁਣ ਸਰਗੁਣ ਕਰੇ ਖੁਆਰ, ਨਿਰਗੁਣ ਨਿਰਗੁਣ ਵੇਖ ਵਖਾਈਆ । ਬੋਧ ਬੋਧ ਗਿਆਨ ਦਏ ਅਧਿਆਨ, ਅਧਿਆਨ ਅਗਿਆਨ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਰਖਾਈਆ । ਸਚ ਸਚ ਤੂੰ ਕਿਹਾ ਭਗਵਾਨਾ, ਕਲਜੁਗ ਸੀਸ ਝੁਕਾਇੰਦਾ । ਪੰਜ ਤੱਤ ਕੀ ਕਰੇ ਨਿਮਾਣਾ, ਪੰਚ ਵਿਕਾਰ ਕੰਮ ਕਿਸੇ ਨਾ ਆਇੰਦਾ । ਜੁਗ ਜੁਗ ਖੇਲੇ ਖੇਲ ਮਹਾਨਾ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਗੁਰ ਗੁਰ ਖੇਲ ਕਰੇ ਮਹਾਨਾ, ਆਪਣਾ ਮਾਰਗ ਲਾਇੰਦਾ । ਜੋਧਾ ਸੂਰ ਬਣੇ ਬਲਵਾਨਾ, ਬਲ ਆਪਣਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਸੰਗ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਹੋ ਦਿਆਲ, ਆਪਣੀ ਦਇਆ ਕਮਾਈਆ । ਕਲਜੁਗ ਤੇਰੇ ਨਾਲ ਰਲਾਏ ਕਾਲ, ਮਹਾਂਕਾਲ ਵੇਖ ਵਖਾਈਆ । ਨਿਰਗੁਣ ਸਰਗੁਣ ਖੇਲੇ ਖੇਲ ਕਮਾਲ, ਰੂਪ ਅਨੂਪ ਵਟਾਈਆ । ਈਸਾ ਮੂਸਾ ਬਣ ਬਣ ਲਾਲ, ਸੰਗ ਮੁਹੰਮਦ ਮੇਲ ਮਿਲਾਈਆ । ਕਲਮਾ ਕਲਾਮ ਬੇਮਿਸਾਲ, ਮਿਸਲ ਆਪਣੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਤੇਰਾ ਸੰਗੀ ਇਕ ਬਣਾਈਆ । ਤੇਰਾ ਸੰਗੀ ਦਏ ਬਣਾ, ਹਰਿ ਸਾਚਾ ਸੰਗ ਸਮਝਾਇੰਦਾ । ਇਕ ਮੁਹੰਮਦ ਨਾਲ ਰਲਾ, ਤੇਰਾ ਰੰਗ ਚੜ੍ਹਾਇੰਦਾ । ਏਕਾ ਕਲਮਾ ਦਏ ਪੜ੍ਹਾ, ਸ਼ਰੀਅਤ ਆਪ ਵਖਾਇੰਦਾ । ਏਕਾ ਨਗਮਾ ਦਏ ਸੁਣਾ, ਏਕਾ ਰਾਗ ਅਲਾਇੰਦਾ । ਏਕਾ ਹੁਜ਼ਰਾ ਦਏ ਵਖਾ, ਏਕਾ ਮਹਿਰਾਬ ਵਖਾਇੰਦਾ । ਏਕਾ ਸੱਜਦਾ ਦਏ ਕਰਾ, ਏਕਾ ਸੀਸ ਝੁਕਾਇੰਦਾ । ਇਕ ਮੁਸੱਲਾ ਦਏ ਵਿਛਾ, ਏਕਾ ਆਸਣ ਲਾਇੰਦਾ । ਏਕਾ ਵੁਜ਼ੂ ਦਏ ਵਖਾ, ਇਕ ਸਦਾ ਸੁਣਾਇੰਦਾ । ਏਕਾ ਕਾਅਬਾ ਦਏ ਦ੍ਰਿੜਾ, ਏਕਾ ਹੱਜ ਜਣਾਇੰਦਾ । ਦੋ ਦੋ ਆਬਾ ਮੇਲ ਮਿਲਾ, ਨਿਰਗੁਣ ਸਰਗੁਣ ਧਾਰ ਬਣਾਇੰਦਾ । ਹੱਕ ਹੱਕ ਇਕ ਖ਼ੁਦਾ, ਲਾ ਹੱਕ ਖੇਲ ਕਰਾਇੰਦਾ । ਰਾਮ ਨਾਮ ਦਏ ਭੁਲਾ, ਇਸ਼ਟ ਦ੍ਰਿਸ਼ਟ ਆਪ ਬਦਲਾਇੰਦਾ । ਨੂਰੀ ਇਸਮ ਨੂਰ ਦਰਸਾ, ਬਿਸਮਲ ਆਪਣਾ ਰੂਪ ਵਟਾਇੰਦਾ । ਕਰਦ ਕਿਰਪਾਨ ਬਿਨ ਹੋ ਕੁਰਬਾਂ, ਜਗਤ ਕਰਬਲਾ ਇਕ ਵਖਾਇੰਦਾ । ਪੀਰ ਪੈਗੰਬਰ ਹੋਏ ਸਰਨਾ, ਹਜ਼ਰਤ ਆਇਤ ਇਕ ਪੜ੍ਹਾਇੰਦਾ । ਹਸਰਤ ਸਭ ਦੀ ਦਏ ਮਿਟਾ, ਹਿਰਸ ਹੋਰ ਨਾ ਕੋਇ ਵਖਾਇੰਦਾ । ਫਿਤਰਤ ਵੇਖੇ ਆਪ ਖ਼ੁਦਾ, ਇਬਰਤਨਾਕ ਖੇਲ ਖਿਲਾਇੰਦਾ । ਕਾਇਨਾਤ ਫੇਰਾ ਪਾ, ਬੀਆਬਾਨ ਆਪ ਸੁਹਾਇੰਦਾ । ਤਾਰ ਸਿਤਾਰ ਇਕ ਵਜਾ, ਅਹਿਬਾਬ ਰਬਾਬ ਵਜਾਇੰਦਾ । ਕਲਮ ਕਾਤਬ ਬਣ ਬਣ ਦਏ ਲਿਖਾ, ਲੇਖਾ ਏਕਾ ਏਕ ਰਖਾਇੰਦਾ । ਤੀਸ ਬਤੀਸ ਹਦੀਸ ਇਕ ਇਕ ਜਣਾ, ਸ਼ਰਅ ਸ਼ਰੀਅਤ ਵੰਡ ਵੰਡਾਇੰਦਾ । ਅੱਲਾ ਰਾਣੀ ਨਾਲ ਪਰਨਾ, ਨਾਰੀ ਖੌਂਤ ਮੇਲ ਮਿਲਾਇੰਦਾ । ਖਾਵੰਦ ਖੇਲ ਕਰੇ ਬੇਪਰਵਾਹ, ਮੁਖ ਨਕਾਬ ਪੜਦਾ ਪਾਇੰਦਾ । ਚੌਦਾਂ ਤਬਕ ਤਬਕ ਭੇਵ ਖੁਲਾ, ਸਬਕ ਸਾਬਰ ਇਕ ਸੁਣਾਇੰਦਾ । ਲੇਖਾ ਜਾਣ ਜ਼ਿਮੀਂ ਅਸਮਾਨ, ਅਮਾਮ ਅਮਾਮਾ ਵੇਸ ਵਟਾਇੰਦਾ । ਨਿਹਕਰਮੀ ਨਿਹਕਰਮ ਲਏ ਕਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਪੰਧ ਮੁਕਾਇੰਦਾ । ਕਲਜੁਗ ਤੇਰਾ ਪੰਧ ਮੁਕੌਣਾ, ਹਰਿ ਜੂ ਹਰਿ ਹਰਿ ਦਇਆ ਕਮਾ । ਤੇਰਾ ਸੰਗੀ ਇਕ ਰਖੌਣਾ, ਸੰਗ ਸੁਹੇਲਾ ਇਕ ਸਮਝਾ । ਤੇਰਾ ਪੈਂਡਾ ਪੰਧ ਮੁਕੌਣਾ, ਕਰੇ ਖੇਲ ਆਪ ਖ਼ੁਦਾ । ਖ਼ੁਦੀ ਘਰ ਘਰ ਡੇਰਾ ਲਾਉਣਾ, ਤਕੱਬਰ ਦੇਵੇ ਰੰਗ ਚੜ੍ਹਾ । ਮੁਸੱਵਰ ਨਜ਼ਰ ਕਿਸੇ ਨਾ ਆਉਣਾ, ਬੇਸਬਰ ਪਿਆਲਾ ਦਏ ਭਰਾ । ਜਾਬਰ ਜ਼ਬਰ ਆਪਣਾ ਜ਼ੋਰ ਵਖੌਣਾ, ਜ਼ੇਰ ਜਬਰ ਕੋਈ ਜਾਣੇ ਨਾ । ਬੇਖ਼ਬਰ ਖ਼ਬਰ ਆਪ ਸੁਣਾਉਣਾ, ਭੇਵ ਅਭੇਦਾ ਦਏ ਖੁਲ੍ਹਾ । ਧਰਨੀ ਧਰਤੀ ਧਵਲ ਕਾਅਬਾ ਕਬਰ ਆਪ ਬਣਾਉਣਾ, ਕਿਬਲ ਵੇਖੇ ਹਰਿ ਮਿਹਰਵਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਪੰਧ ਮੁਕੌਣਾ । ਤੇਰਾ ਪੰਧ ਮੁੱਕੇ ਵਿਚ ਸੰਸਾਰ, ਹਰਿ ਸਾਚਾ ਸਚ ਜਣਾਈਆ । ਮੂਸਾ ਕਰੇ ਇਕ ਗੁਫ਼ਤਾਰ, ਏਕਾ ਰਾਗ ਅਲਾਈਆ । ਈਸਾ ਕਹੇ ਪੁਕਾਰ ਪੁਕਾਰ, ਮੇਰਾ ਖ਼ੁਦਾਵੰਦ ਮੇਰਾ ਸੱਚਾ ਮਾਹੀਆ । ਮੈਂ ਪੂਤ ਉਹ ਪਿਤਾ ਮੇਰਾ ਯਾਰ, ਸਿਰ ਮੇਰੇ ਹੱਥ ਟਿਕਾਈਆ । ਮੇਰੇ ਪਿਛੇ ਆਏ ਆਪਣੀ ਵਾਰ, ਆਪਣਾ ਰੂਪ ਵਟਾਈਆ । ਖੇਲੇ ਖੇਲ ਅਪਰ ਅਪਾਰ, ਅਪਰੰਪਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਰਖਾਈਆ । ਈਸਾ ਮੰਗੀ ਏਕਾ ਮੰਗ, ਇਕ ਧਿਆਨ ਲਗਾਇਆ । ਮੇਰਾ ਖ਼ੁਦਾ ਚਾੜ੍ਹੀਂ ਮੇਰਾ ਰੰਗ, ਰੰਗ ਰੰਗੀਲਾ ਇਕ ਵਖਾਇਆ । ਬਿਨ ਤੰਦੀ ਸਿਤਾਰ ਵਜਾਏ ਮਰਦੰਗ, ਏਕਾ ਨਾਅਰਾ ਲਾਇਆ । ਬੀਸ ਬੀਸ ਦਏ ਅਨੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਮੁਹੰਮਦ ਮਿਲਿਆ ਕਲਜੁਗ ਸੰਗ, ਹਰਿ ਹਰਿ ਆਪ ਬਣਾਇੰਦਾ । ਮੁਹੰਮਦ



੭੭੩
੧੧

ਕਹੇ ਬਣਾ ਮਲੰਗ, ਘਰ ਘਰ ਨਾਚ ਨਚਾਇੰਦਾ । ਚਾਰ ਯਾਰੀ ਮੇਰਾ ਅਨੰਦ, ਏਕਾ ਘਰ ਸੋਭਾ ਪਾਇੰਦਾ । ਪਿਛਲਾ ਕੀਤਾ ਕਰਨਾ ਖੰਡ ਖੰਡ, ਅਗਲਾ ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਸੁਣ ਮੁਹੰਮਦ ਹਰਿ ਜਣਾਇਆ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਪੰਜ ਤੱਤ ਤੇਰਾ ਰੂਪ ਧਰਾਇਆ । ਨੂਰ ਨੂਰ ਮਿਲਾਈਆ, ਕਲਮਾ ਕਲਾਮ ਇਕ ਪੜ੍ਹਾਇਆ, ਏਕਾ ਅਲਫ਼ ਅਲਫ਼ ਵਖਾਈਆ । ਹਰਫ਼ ਬੇਹਰਫ਼ ਆਪ ਸਿਖਾਇਆ, ਪੇ ਯੇ ਕਰੇ ਸਫ਼ਾਈਆ । ਤਸਬੀ ਮਾਲਾ ਗਲ ਲਟਕਾਇਆ, ਮਨ ਕਾ ਮਣਕਾ ਮਨ ਭੁਵਾਈਆ । ਨੀਲੇ ਬਸਤਰ ਰੰਗ ਚੜ੍ਹਾਇਆ, ਨੀਲਮ ਆਪਣਾ ਖੇਲ ਕਰਾਈਆ । ਚੌਦਾਂ ਤਬਕਾਂ ਕੁੰਡਾ ਲਾਹਿਆ, ਚੌਦਸ ਇਕ ਚੰਦ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਚੌਦਾਂ ਲੋਕ ਵੇਖ ਨਜ਼ਾਰਾ, ਮੁਹੰਮਦ ਖ਼ੁਸ਼ੀ ਮਨਾਇੰਦਾ । ਮੇਰੇ ਖ਼ੁਦਾ ਤੇਰਾ ਮੁਜਾਹਰਾ, ਮੋਹੇ ਸਦਾ ਭਾਇੰਦਾ । ਇਕੋ ਹੱਕ ਤੇਰਾ ਨਾਅਰਾ, ਤੇਰੇ ਦਰ ਸੁਣਾਇੰਦਾ । ਤੂੰ ਸਾਹਿਬ ਪਰਵਰਦਿਗਾਰਾ, ਹਉਂ ਖਾਕੀ ਖ਼ਾਕ ਸੀਸ ਝੁਕਾਇੰਦਾ । ਹਉਂ ਭਿਖਕ ਤੇਰੇ ਆਏ ਦੁਆਰਾ, ਬਣ ਦਰਵੇਸ਼ ਸੀਸ ਝੁਕਾਇੰਦਾ । ਇਕੋ ਅਲਫ਼ੀ ਤਨ ਸ਼ਿੰਗਾਰਾ, ਬਣ ਮਲੰਗ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਬਣ ਮਲੰਗ ਫੜੇ ਮਤਹਿਰਾ, ਤਸਬੀ ਮਾਲਾ ਗਲ ਲਟਕਾਈਆ । ਵਾਹਵਾ ਕਾਦਰ ਤੇਰੀ ਕੁਦਰਤ ਵਿਚ ਤੇਰੀ ਲਹਿਰਾ, ਲਹਿਰ ਲਹਿਰ ਵਿਚ ਮਿਲਾਈਆ । ਮੈਂ ਚੌਦਾਂ ਤਬਕ ਕਰਕੇ ਆਇਆ ਸੈਰਾਂ, ਸੈਰਗਾਹ ਇਕ ਵਖਾਈਆ । ਬਿਨ ਤੇਰੀ ਨਜ਼ਮ ਬਿਨ ਤੇਰੇ ਨਗਮੇ ਹੋਇਆ ਬਹਿਰਾ, ਕੰਨ ਅਵਾਜ਼ ਨਾ ਕੋਇ ਸੁਣਾਈਆ । ਮੈਂ ਦਰ ਤੇਰਾ ਮੰਗਾਂ ਨਾ ਛੱਡਣਾ ਖਹਿੜਾ, ਸਿਰ ਕਦਮਾਂ ਉਪਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਆਪਣਾ ਹੱਥ ਟਿਕਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਮਿਹਬਾਨ ਦਇਆ ਕਮਾਇੰਦਾ । ਤੇਰਾ ਇਸਮ ਇਕ ਇਮਾਨ, ਹਰਿ ਆਜ਼ਮ ਆਪ ਜਣਾਇੰਦਾ । ਸਾਚੇ ਹਜ਼ਰਤ ਕਰ ਪਹਿਚਾਨ, ਨਜ਼ਰੀਆ ਇਕ ਰਖਾਇੰਦਾ । ਦੇਵਣਹਾਰਾ ਸਚ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਸਾਚੇ ਅਸਵ ਚੜ੍ਹਿਆ ਬਿਨ ਲਗਾਮ, ਆਪਣਾ ਦੁਲਦੁਲ ਆਪ ਦੌੜਾਇੰਦਾ । ਦੇਵਣਹਾਰਾ ਸਚ ਬਿਆਨ, ਬਿਆਨਾ ਆਪਣਾ ਨਾਉਂ ਰਖਾਇੰਦਾ । ਏਕਾ ਏਕ ਇਲਾਹੀ ਕਲਾਮ, ਕਲਮਾ ਕਲਾਮ ਆਪ ਜਣਾਇੰਦਾ । ਏਕਾ ਸਿਫ਼ਤ ਸਿਫ਼ਤ ਸਲਾਮ, ਇਸਲਾਮ ਆਪਣਾ ਰੰਗ ਵਖਾਇੰਦਾ । ਇਕ ਅਲੈਕਮ ਬਣ ਗ਼ੁਲਾਮ, ਗੁਰਬਤ ਏਕਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖ਼ੁਸ਼ੀ ਆਪ ਵਖਾਇੰਦਾ । ਸਾਚੀ ਖ਼ੁਸ਼ੀ ਪਰਵਰਦਿਗਾਰ, ਬੇਪਰਵਾਹ ਆਪ ਵਖਾਈਆ । ਆਪੇ ਬਣ ਸਾਚਾ ਯਾਰ, ਸਾਚੀ ਸ਼ਰਅ ਦਏ ਸਮਝਾਈਆ । ਕਲਜੁਗ ਕਰਨਾ ਇਕ ਪਿਆਰ, ਕੂੜੀ ਕਿਰਿਆ ਸੰਗ ਰਖਾਈਆ । ਚਾਰੋਂ ਕੁੰਟ ਕਰ ਖੁਆਰ, ਜੀਵ ਜੰਤ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮਾਰਗ ਆਪੇ ਲਾਈਆ । ਇਕ ਮੁਹੰਮਦ ਚੜ੍ਹਿਆ ਚਾਅ, ਚਾਓ ਘਨੇਰਾ ਇਕ ਰਖਾਈਆ । ਏਕਾ ਘਰ ਮਿਲੀ ਸਲਾਹ, ਸਲਾਹਗੀਰ ਇਕ ਵਡਿਆਈਆ । ਏਕਾ ਬੇੜਾ ਦਏ ਚਲਾ, ਬਿਨ ਚੱਪੂ ਪਾਰ ਲੰਘਾਈਆ । ਏਕਾ ਸਬਕ ਦਏ ਪੜ੍ਹਾ, ਸਾਬਤ ਆਪਣਾ ਨਾਉਂ ਸਮਝਾਈਆ । ਇਕ ਆਲਮ ਉਲਮਾ ਬਣੇ ਖ਼ੁਦਾ, ਆਲਮੀਨ ਇਕ ਅਖਵਾਈਆ । ਏਕਾ ਰਹੀਮ ਰਹਿਮਾਨ ਰਹਿਮਤ ਰਿਹਾ ਕਮਾ,

੭੭੪
੧੧

ਰਹਿਬਰ ਏਕਾ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਮੁਹੰਮਦ ਖੇਲ ਦੱਸ
ਆਪਣਾ ਵਜੂਦ, ਭੇਵ ਅਭੇਦ ਛੁਪਾਇੰਦਾ । ਤੇਰਾ ਮੇਲਾ ਪੰਜ ਤੱਤ ਕਾਇਆ ਕਲਬੂਤ, ਕਾਇਆ ਕੁਰਾ ਇਕ ਵਖਾਇੰਦਾ । ਚੌਦਾਂ ਲੋਕ ਤੇਰਾ ਸਬੂਤ,
ਅੱਗੇ ਰਾਹ ਨਾ ਕੋਇ ਜਣਾਇੰਦਾ । ਅਧਵਿਚਕਾਰ ਤੇਰੀ ਕੂਟ, ਹਰਿ ਜੂ ਸਾਚੀ ਵੰਡ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਦੀਨਨ ਆਪਣੀ ਦਇਆ ਕਮਾਇੰਦਾ । ਦੀਨ ਦਿਆਲ ਮੇਰੇ ਖ਼ੁਦਾ, ਤੁਧ ਅੱਗੇ ਸੀਸ ਝੁਕਾਇਆ । ਤੇਰਾ ਨੂਰ ਤੇਰੇ ਨਾਲੋਂ ਹੋਇਆ ਜ਼ੁਦਾ,
ਜਗਤ ਜੁਦਾਈ ਵੇਖ ਵਖਾਇਆ । ਕਵਣ ਬਿਧ ਹੋਵਾਂ ਫਿਦਾ, ਆਪਣੀ ਫਿਤਰਤ ਮਾਤ ਮਿਟਾਇਆ । ਮੈਨੂੰ ਮਾਰਗ ਦੱਸਣਾ ਸਿੱਧਾ, ਰਾਹ ਵਿਚ
ਨਾ ਕੋਇ ਅਟਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਣ ਦਏ ਸਮਝਾਇਆ । ਮੁਹੰਮਦ ਸੁਣ ਰੱਖਣਾ ਯਾਦ,
ਚੌਥੇ ਜੁਗ ਹਰਿ ਜਣਾਈਆ । ਅੰਤ ਸੁਣੇ ਤੇਰੀ ਫ਼ਰਯਾਦ, ਪਰਵਰਦਿਗਾਰ ਸੱਚਾ ਮਾਹੀਆ । ਮੈਂ ਤੈਨੂੰ ਦਿਤੀ ਦਾਦ, ਚੌਦਾਂ ਲੋਕ ਕਲਮਾ ਕਰੇ
ਪੜ੍ਹਾਈਆ । ਸੋ ਤੇਰੀ ਜਾਣੇ ਹਦ, ਬੇਹਦ ਆਪ ਅਖਵਾਈਆ । ਤੇਰਾ ਪੈਂਡਾ ਮੁਕਣਾ ਅਧ, ਅੱਗੇ ਮਿਲੇ ਨਾ ਕੋਇ ਵਡਿਆਈਆ । ਉਮਤ ਉਮਤੀ
ਜਾਣੀ ਛੱਡ, ਕਲਜੁਗ ਸੰਗ ਨਾ ਕੋਇ ਰਖਾਈਆ । ਅੰਤਮ ਖ਼ਾਲੀ ਹੋਣੇ ਹੱਡ, ਨਾੜੀ ਨਾੜ ਨਾੜ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਸਮਝਾਈਆ । ਮੁਹੰਮਦ ਉਠ ਕਰੇ ਸੱਜਦਾ, ਸੀਸ ਸੀਸ ਝੁਕਾਇਆ । ਮੈਂ ਚਾਕਰ ਖ਼ਾਕ ਤੇਰਾ ਬਰਦਾ,
ਦਰ ਤੇਰੇ ਫੇਰਾ ਪਾਇਆ । ਤੂੰ ਸਾਹਿਬ ਸਭ ਦਾ ਘਾੜਨ ਘੜਦਾ, ਘੜਨਹਾਰ ਇਕ ਅਖਵਾਇਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਗੁਰ ਅਵਤਾਰ

ਪੀਰ ਪੈਗ਼ੰਬਰ ਤੇਰੇ ਕੋਲੋਂ ਡਰਦਾ, ਨੇਤਰ ਨੈਣ ਨੈਣ ਸ਼ਰਮਾਇਆ । ਮੈਂ ਤੇਰੇ ਹੁਕਮ ਅੰਦਰ ਚੌਦਾਂ ਤਬਕ ਅੰਦਰ ਵੜਦਾ, ਘਰ ਘਰ ਫੇਰੀ ਪਾਇਆ ।
ਚਾਰੋਂ ਕੁੰਟ ਰਹੇ ਸੜਦਾ, ਆਬੇਹਯਾਤ ਨਾ ਕੋਇ ਪਿਆਇਆ । ਕਲਜੁਗ ਨਾਲ ਨਾਲ ਰਹੇ ਤੁਰਦਾ, ਆਪਣਾ ਜ਼ੋਰ ਵਖਾਇਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਅੰਤ ਲਏ ਮਿਲਾਇਆ । ਕਵਣ ਵੇਲਾ ਮੇਲੇ ਅੰਤ, ਏਕਾ ਮੰਗ
ਮੰਗਾਈਆ । ਤੂੰ ਬਣਾਈ ਮੇਰੀ ਬਣਤ, ਤੇਰੇ ਹੱਥ ਮੇਰੀ ਵਡਿਆਈਆ । ਤੂੰ ਸਾਹਿਬ ਸਾਚਾ ਕੰਤ, ਮੈਂ ਬੀਵੀ ਬੇਵਾ ਤੇਰੇ ਬਿਨ ਕੰਮ ਕਿਸੇ ਨਾ
ਆਈਆ । ਤੇਰਾ ਚਰਨ ਦਿਸੇ ਬੰਕ, ਤੇਰਾ ਨੂਰ ਮੇਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ
ਵਰ, ਤੇਰੇ ਅੱਗੇ ਝੋਲੀ ਡਾਹੀਆ । ਸੁਣ ਮੁਹੰਮਦ ਕਰ ਧਿਆਨ, ਹਰਿ ਹਜ਼ਰਤ ਆਪ ਜਣਾਇੰਦਾ । ਇਜ਼ਰਾਈਲ ਜ਼ਬਰਾਈਲ ਮੇਕਾਈਲ ਅਸਰਾਫ਼ੀਲ
ਜੋ ਦੇਂਦੇ ਰਹੇ ਪੈਗ਼ਾਮ, ਚਾਰ ਜੁਗ ਵੇਸ ਵਟਾਇੰਦਾ । ਚੌਦਾਂ ਸਦੀਆਂ ਰੱਖਾਂ ਤੇਰਾ ਮਾਣ, ਚੌਦਾਂ ਤਬਕ ਨਾ ਤੇਰੇ ਹਿਲਾਇੰਦਾ । ਅੰਤਮ ਖੇਲ ਕਰਾਂ
ਮਹਾਨ, ਸਿਰ ਅਮਾਮ ਅਮਾਮਾ ਰੂਪ ਵਟਾਇੰਦਾ । ਨਾਤਾ ਤੋੜੇ ਜਗਤ ਸ਼ੈਤਾਨ, ਸ਼ਰਅ ਸ਼ਰੀਅਤ ਮੇਟ ਮਿਟਾਇੰਦਾ । ਇਕ ਸੁਣਾਵਾਂ ਧੁਰ ਫ਼ਰਮਾਣ,
ਸਚ ਸੰਦੇਸਾ ਇਕ ਅਲਾਇੰਦਾ । ਏਕਾ ਦੇਵਾਂ ਹੱਕ ਪੈਗ਼ਾਮ, ਪੀਰ ਪੈਗ਼ੰਬਰ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਆਪਣਾ ਖੇਲ ਆਪ ਸਮਝਾਇੰਦਾ । ਚੌਦਾਂ ਸਦੀਆਂ ਦਿਤਾ ਵਰ, ਸਿਦਕ ਸਬੂਰੀ ਇਕ ਸਮਝਾਇੰਦਾ । ਅੰਤਮ ਵੇਲੇ ਜਾਣਾ ਹਰ, ਹਰਿ ਜੂ
ਆਪਣੀ ਖੇਲ ਕਰਾਇੰਦਾ । ਪਰਗਟ ਹੋਏ ਨਰਾਇਣ ਨਰ, ਨਿਰਗੁਣ ਵੇਸ ਵਟਾਇੰਦਾ । ਲੋਕ ਪਰਲੋਕ ਵੇਖੇ ਖੜ, ਅਵਣ ਗਵਣ ਫੇਰਾ ਪਾਇੰਦਾ ।

ਭੇਵ ਚੁਕਾਏ ਗੋਰ ਮੜ੍ਹ, ਸਿਲ ਪੂਜਸ ਡੇਰਾ ਢਾਹਿੰਦਾ । ਪੀਰ ਪੈਗ਼ੰਬਰ ਵੇਖੇ ਖੜ, ਮੁੱਲਾਂ ਸ਼ੇਖ਼ ਮੁਸਾਇਕ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਤ ਏਕਾ ਹੱਥ ਰਖਾਇੰਦਾ । ਤੇਰਾ ਅੰਤ ਕਰੇ ਕਰਤਾਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨਾਨਕ ਨਾਮ ਕਰ ਉਜਿਆਰ, ਪੰਜ ਤੱਤ ਤੱਤ ਕੁੜਮਾਈਆ । ਸ਼ਬਦ ਸ਼ਬਦ ਬੋਲ ਜੈਕਾਰ, ਲੱਖ ਚੁਰਾਸੀ ਕਰੇ ਪੜ੍ਹਾਈਆ । ਦੇਵਤ ਸੁਰ ਦਏ ਅਧਾਰ, ਅਸੁਰ ਮਾਣ ਰਖਾਈਆ । ਕਿਨਰ ਯੱਛਪ ਦਏ ਉਠਾਲ, ਨਾਦ ਅਨਾਦੀ ਇਕ ਸੁਣਾਈਆ । ਬ੍ਰਹਮ ਬ੍ਰਹਮਾਦੀ ਵੇਖੇ ਚਾਲ, ਚਾਲ ਨਿਰਾਲੀ ਇਕ ਰਖਾਈਆ । ਚਾਰ ਵਰਨਾਂ ਕਰ ਬਹਾਲ, ਬਰਨ ਅਠਾਰਾਂ ਫੰਦ ਕਟਾਈਆ । ਨਾਤਾ ਤੋੜ ਸ਼ਾਹ ਕੰਗਾਲ, ਊਚ ਨੀਚ ਦਏ ਵਡਿਆਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਹਰਿ ਜੂ ਬੈਠਾ ਆਸਣ ਲਾਈਆ । ਨਾਮ ਸਤਿ ਇਕ ਸਿਖਾਲ, ਸਤਿ ਸਤਿ ਕਰੇ ਪੜ੍ਹਾਈਆ । ਏਕੰਕਾਰਾ ਪੁਰਖ ਅਕਾਲ, ਅਕਲ ਕਲਾ ਜਣਾਈਆ । ਆਦਿ ਅੰਤ ਕਰੇ ਪ੍ਰਿਤਪਾਲ, ਜੁਗ ਜੁਗ ਸੇਵ ਕਮਾਈਆ । ਏਕਾ ਦੀਪਕ ਜੋਤੀ ਬਾਲ, ਨੂਰ ਨੂਰ ਦੀਪਕ ਦੀਪ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਨਾ, ਕਰਨਹਾਰ ਕਰਤਾਰਾ । ਏਕਾ ਜੋਤੀ ਦਸ ਦਸ ਰੂਪ ਵਰਨਾ, ਪੰਜ ਤੱਤ ਵੇਖੇ ਕਾਇਆ ਜਗਤ ਅਖਾੜਾ । ਨਾ ਜੰਮਣਾ ਨਾ ਕਦੇ ਮਰਨਾ, ਸ਼ਬਦੀ ਸ਼ਬਦ ਹੋ ਉਜਿਆਰਾ । ਪੁਰਖ ਅਕਾਲ ਏਕੋ ਸਰਨਾ, ਏਕਾ ਗੁਰੂ ਗੁਰੂਦੁਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਾ । ਅਪਰ ਅਪਾਰਾ ਖੇਲ ਕਰਤਾਰ, ਹਰਿ ਕਰਤਾ ਆਪ ਕਰਾਈਆ । ਏਕਾ ਜੋਤੀ ਦਸ ਅਵਤਾਰ, ਗੁਰ ਗੁਰ ਰੂਪ ਵਟਾਈਆ । ਸਤਿਗੁਰ ਖੇਲ ਕਰੇ ਅਪਾਰ, ਬੇਅੰਤ ਬੇਅੰਤ ਸੱਚਾ ਸ਼ਹਿਨਸ਼ਾਹੀਆ । ਪੁਰਖ ਅਕਾਲ ਕਰ ਵਿਚਾਰ, ਵਿਚਾਰ ਵਿਚਾਰ ਨਾਲ ਮਿਲਾਈਆ । ਪੂਰਬ ਲਹਿਣਾ ਦਏ ਉਤਾਰ, ਲੇਖਾ ਲੇਖੇ ਵਿਚ ਪਾਈਆ । ਦੁਸ਼ਟ ਦਮਨ ਦਮਨ ਉਠਾਲ, ਹੇਮਕੁੰਟ ਕੁੰਟ ਸਮਾਈਆ । ਬੈਕੁੰਠ ਨਿਵਾਸੀ ਹੋ ਦਿਆਲ, ਲਾਲ ਆਪਣਾ ਆਪ ਪਰਗਟਾਈਆ । ਚੌਥੇ ਜੁਗ ਹਲ ਕਰੇ ਸਵਾਲ, ਬਣ ਸਵਾਲੀ ਸਵਾਲ ਫੇਰ ਨਾ ਕੋਇ ਰਖਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਦਏ ਵਜਾਈਆ । ਚੌਥੇ ਜੁਗ ਬੇਮਿਸਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਕਰੇ ਖੇਲ, ਹਰਿ ਗੋਬਿੰਦ ਗੋਬਿੰਦ ਆਪਣੀ ਧਾਰ ਚਲਾਇੰਦਾ । ਗਹਿਰ ਗੰਭੀਰ ਗੁਣੀ ਗਹਿੰਦ, ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਸਾਗਰ ਸਿੰਧ, ਅੰਮ੍ਰਿਤ ਸੋਮਾ ਆਪ ਪਰਗਟਾਇੰਦਾ । ਆਪ ਬਣਾਈ ਆਪਣੀ ਬਿੰਦ, ਨਾਦੀ ਸੁਤ ਨਾਉ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਇੰਦਾ । ਸਾਚਾ ਖੇਲ ਕਰੇ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਗੋਬਿੰਦ ਵਖਾਏ ਇਕ ਨਿਸ਼ਾਨਾ, ਸਚਖੰਡ ਖੰਡ ਰੁਸ਼ਨਾਈਆ । ਪੁਰਖ ਅਕਾਲ ਸ਼ਾਹ ਸੁਲਤਾਨਾ, ਸੀਸ ਆਪਣੇ ਤਾਜ ਟਿਕਾਈਆ । ਜੋਧਾ ਸੂਰ ਮਰਦ ਮਰਦਾਨਾ, ਵਡ ਮਰਦਾਨਗੀ ਆਪ ਕਮਾਈਆ । ਗੁਰ ਪੀਰਾਂ ਦੇਵੇ ਦਾਨਾ, ਪੀਰ ਪੈਗ਼ੰਬਰਾਂ ਝੋਲੀ ਆਪ ਭਰਾਈਆ । ਆਪਣਾ ਨਾਉਂ ਧੁਰ ਫ਼ਰਮਾਣਾ, ਜੁਗ ਜੁਗ ਰਿਹਾ ਸੁਣਾਈਆ । ਅੰਤਰ ਮੇਟ ਸਰਬ ਨਿਸ਼ਾਨਾ, ਜੋਤੀ ਜੋਤ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਦਏ ਸੁਣਾਈਆ । ਸਚ ਸੰਦੇਸ ਪੁਰਖ ਅਕਾਲ, ਏਕਾ ਆਪ ਜਣਾਇਆ । ਕੋਟਨ ਕੋਟ ਚੌਕੜੀ ਜੁਗ ਬੀਤੇ ਕਾਲ,

੭੭੬
੧੧

ਕਾਲ ਕਾਲ ਰੂਪ ਵਟਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣਦੇ ਰਹੇ ਦਲਾਲ, ਬਣ ਦਲਾਲੀ ਵਣਜ ਕਰਾਇਆ । ਅੰਤ ਹੱਲ ਨਾ ਹੋਇਆ ਕਿਸੇ ਕੋਲੋਂ ਸਵਾਲ, ਹਰਿ ਕਾ ਭੇਵ ਕਿਸੇ ਨਾ ਪਾਇਆ । ਆਪਣੀ ਘਾਲਣ ਗਏ ਘਾਲ, ਘਾਲੀ ਘਾਲ ਮੁੜ ਕੇ ਵੇਖਣ ਕੋਇ ਨਾ ਆਇਆ । ਜੁਗ ਚੌਕੜੀ ਬਣਦੇ ਰਹੇ ਬੇਹਾਲ, ਬਹਿਬਲ ਹੋ ਹੋ ਹਰਿ ਅੱਗੇ ਆਪਣਾ ਹਾਲ ਸੁਣਾਇਆ । ਤੇਰਾ ਤ੍ਰੈਗੁਣ ਮਾਇਆ ਵੱਡਾ ਜੰਜ਼ਾਲ, ਲੱਖ ਚੁਰਾਸੀ ਰਿਹਾ ਫਸਾਇਆ । ਤੇਰਾ ਖੇਲ ਸ੍ਰੀ ਭਗਵਾਨ, ਸਮਝ ਵਿਚ ਕਿਸੇ ਨਾ ਆਇਆ । ਤੇਰਾ ਨਾਉਂ ਸਾਰੇ ਗਾਣ, ਕੋਟਨ ਕੋਟ ਨਾਉਂ ਰਖਾਇਆ । ਤੇਰੀ ਕੋਈ ਨਾ ਕਰੇ ਪਹਿਚਾਨ, ਪਹਿਚਾਨ ਵਿਚ ਕਦੇ ਨਾ ਆਇਆ । ਤੂੰ ਜੁਗ ਜੁਗ ਲੋਕਮਾਤ ਬਣੇ ਮਹਿਮਾਨ, ਆਪਣਾ ਫੇਰਾ ਪਾਇਆ । ਜੇ ਕੋਈ ਵੇਖੇ ਤੇਰਾ ਸਚ ਨਿਸ਼ਾਨ, ਤੇਰਾ ਰੂਪ ਰੰਗ ਨਜ਼ਰ ਕਿਸੇ ਨਾ ਆਇਆ । ਜਿਸ ਕਿਰਪਾ ਕਰੇਂ ਆਪ ਭਗਵਾਨ, ਸੋ ਤੇਰਾ ਦਰਸਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਗੁਰ ਇਕ ਉਠਾਇਆ । ਗੁਰ ਗੋਬਿੰਦ ਸ਼ਬਦੀ ਪੂਤ, ਪਿਤਾ ਪੂਤ ਵਡਿਆਈਆ । ਲੇਖਾ ਜਾਣੇ ਸਾਚੇ ਸੂਤ, ਤੰਦੀ ਤੰਦ ਤੰਦ ਬੰਧਾਈਆ । ਜੁਗ ਚੌਕੜੀ ਆਵਾ ਜਾਏ ਊਤ, ਅੰਤ ਅੰਤ ਨਾ ਕੋਇ ਵਖਾਈਆ । ਸਾਰੇ ਵਸਦੇ ਗਏ ਪੰਜ ਤੱਤ ਕਾਇਆ ਭੂਤਕ ਭੂਤ, ਬ੍ਰਹਮ ਪਾਰਬ੍ਰਹਮ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਅੰਤ ਇਕ ਵਖਾਈਆ । ਕਲਜੁਗ ਤੇਰਾ ਅੰਤ ਦੱਸੇ ਭਗਵਾਨ, ਆਪਣਾ ਸ਼ਬਦ ਜਣਾਇੰਦਾ । ਮੁਹੰਮਦ ਉਮਤ ਹੋਏ ਸ਼ੈਤਾਨ, ਸ਼ਰਅ ਸ਼ਰੀਅਤ ਵੇਖ ਵਖਾਇੰਦਾ । ਗੋਬਿੰਦ ਪਰਗਟੇ ਵਿਚ ਜਹਾਨ, ਲੋਕਮਾਤ ਫੇਰਾ ਪਾਇੰਦਾ । ਪੁਰਖ ਅਬਿਨਾਸ਼ੀ ਦੇਵੇ ਦਾਨ, ਸਾਚੀ ਵਸਤ ਇਕ ਵਰਤਾਇੰਦਾ । ਚਾਰ ਜੁਗ ਦੇ ਚਾਰ ਨਿਸ਼ਾਨ, ਚਾਰੇ ਬਾਲੇ ਗੋਦ ਸੁਹਾਇੰਦਾ । ਖੇਲੇ ਖੇਲ ਖੇਲ ਮਹਾਨ, ਹਰਿ ਖ਼ਾਲਕ ਭੇਵ ਰਖਾਇੰਦਾ । ਦੋਹਾਂ ਥੱਲੇ ਰੱਖੇ ਆਣ, ਤੇਰੀ ਲੱਗੀ ਜੜ੍ਹ ਉਖੜਾਇੰਦਾ । ਛੋਟਾ ਬਾਲਾ ਮੁਹੰਮਦ ਚੁਕਾਏ ਤੇਰਾ ਮਾਣ, ਵੱਡਾ ਕਲਜੁਗ ਤੇਰਾ ਪੰਧ ਮੁਕਾਇੰਦਾ । ਤੀਜਾ ਚੌਥਾ ਝੂਜੇ ਵਿਚ ਮੈਦਾਨ, ਮਰਦ ਮਰਦਾਨਗੀ ਇਕ ਵਖਾਇੰਦਾ । ਲੱਖ ਚੁਰਾਸੀ ਕਰ ਕੁਰਬਾਨ, ਕਲਜੁਗ ਕਰਬਲਾ ਵੰਡ ਵੰਡਾਇੰਦਾ । ਪੀਰ ਪੈਗ਼ੰਬਰ ਹੋਣ ਹੈਰਾਨ, ਗੁਰ ਅਵਤਾਰ ਵੇਖ ਵਖਾਇੰਦਾ । ਕਰੇ ਖੇਲ ਹਰਿ ਭਗਵਾਨ, ਭੇਵ ਕੋਇ ਨਾ ਪਾਇੰਦਾ । ਪੰਜ ਤੱਤ ਨਾਤਾ ਤੋੜ ਜਹਾਨ, ਪਿਤਾ ਪੂਤ ਨਾ ਕੋਇ ਅਖਵਾਇੰਦਾ । ਪੰਜ ਪਿਆਰੇ ਕਰ ਪਰਵਾਨ, ਚਾਰ ਯਾਰੀ ਪੰਧ ਮੁਕਾਇੰਦਾ । ਸਾਚਾ ਅੰਮ੍ਰਿਤ ਪੀਣ ਖਾਣ, ਨਾਮ ਖੰਡਾ ਵਿਚ ਫਿਰਾਇੰਦਾ । ਆਤਮ ਪਰਮਾਤਮ ਇਕੋ ਆਣ, ਪਰਮ ਪੁਰਖ ਮੇਲ ਮਿਲਾਇੰਦਾ । ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਸਾਰੇ ਗਾਣ, ਵਾਹ ਵਾਹ ਗੁਰੂ ਪੁਰਖ ਅਕਾਲ ਇਕ ਜਣਾਇੰਦਾ । ਪੰਜ ਤੱਤ ਕਾਇਆ ਸਭ ਦਾ ਮਿਟਣਾ ਨਿਸ਼ਾਨ, ਵੇਲੇ ਅੰਤ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵਸ ਕੇ ਗਏ ਜਗਤ ਮਕਾਨ, ਮਕਾਨ ਫਨਾਹ ਸਭ ਨੂੰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਦੱਸੇ ਕਰਤਾਰਾ, ਕਰਨਹਾਰ ਆਪ ਅਖਵਾਇੰਦਾ । ਕਲਜੁਗ ਆਏ ਅੰਤਮ ਵਾਰਾ, ਅੰਤ ਅੰਤ ਵੇਖ ਵਖਾਇੰਦਾ । ਚਾਰੋਂ ਕੁੰਟ ਪਾਵੇ ਸਾਰਾ, ਦਹਿ ਦਿਸ਼ਾ ਫੋਲ ਫੋਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਕਰੋੜ ਤੇਤੀਸਾ ਸੁਰਪਤ ਇੰਦ ਨਾਲ ਮਿਲਾਇੰਦਾ । ਰਵ ਸਸ ਦਏ ਸਹਾਰਾ, ਏਕਾ ਗੁਣ ਵਖਾਇੰਦਾ । ਬ੍ਰਹਿਮੰਡਾਂ ਖੰਡਾਂ ਵੇਖ ਅਖਾੜਾ, ਨਿਰਗੁਣ ਨਿਰਗੁਣ ਨਾਚ ਨਚਾਇੰਦਾ । ਲੋਕਮਾਤ ਹੋ ਉਜਿਆਰਾ, ਲੱਖ ਚੁਰਾਸੀ ਆਪ

ਜਗਾਇੰਦਾ । ਏਕਾ ਸ਼ਬਦ ਬੋਲ ਜੈਕਾਰਾ, ਜੈ ਜੈਕਾਰ ਇਕ ਕਰਾਇੰਦਾ । ਚਾਰ ਜੁਗ ਦਾ ਪਾਰ ਕਿਨਾਰਾ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਇੰਦਾ । ਸਚ ਸੰਦੇਸਾ ਦੇਵੇ ਇਕੋ ਵਾਰਾ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਸ਼ਬਦੀ ਸ਼ਬਦ ਖੇਲ ਨਿਆਰਾ, ਦਿਸ ਕਿਸੇ ਨਾ ਆਇੰਦਾ । ਆਦਿ ਜੁਗਾਦੀ ਸਾਚੀ ਕਾਰਾ, ਕਰਤਾ ਪੁਰਖ ਆਪ ਕਮਾਇੰਦਾ । ਲੇਖਾ ਮੰਗੇ ਵਾਰੋ ਵਾਰਾ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਲੋਕਮਾਤ ਲਾਏ ਸਚ ਦਰਬਾਰਾ, ਸਚਖੰਡ ਰੂਪ ਵਟਾਇੰਦਾ । ਸਾਚੇ ਤਖ਼ਤ ਬਹਿ ਸੱਚੀ ਸਰਕਾਰਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਪੂਰਬ ਲੇਖਾ ਜਾਣੇ ਜਾਨਣਹਾਰਾ, ਚਾਰੇ ਵੇਦ ਫੋਲ ਫੋਲਾਇੰਦਾ । ਸ਼ਾਸਤਰ ਸਿਮਰਤ ਨੈਣ ਉਘਾੜਾ, ਪੁਰਾਨ ਪੁਰਾਨੀ ਵੇਖ ਵਿਚਾਰਾ, ਗੀਤਾ ਗਿਆਨ ਪਾਵੇ ਸਾਰਾ, ਅੰਜੀਲ ਕੁਰਾਨ ਪੜਦਾ ਲਾਹਿੰਦਾ । ਖਾਣੀ ਬਾਣੀ ਵੇਖੇ ਵੇਖਣਹਾਰਾ, ਭੇਵ ਅਭੇਦ ਆਪ ਜਣਾਇੰਦਾ । ਗੁਰ ਅਵਤਾਰ ਪੁੱਛਦਾ ਰਿਹਾ ਵਾਰੋ ਵਾਰਾ, ਜੁਗ ਜੁਗ ਸਾਚੀ ਸੇਵ ਸਮਝਾਇੰਦਾ । ਸਾਰੇ ਕੱਟ ਕੇ ਗਏ ਵਗਾਰਾ, ਬਣ ਹੁਕਮਰਾਨ ਆਪਣਾ ਹੁਕਮ ਨਾ ਕੋਇ ਚਲਾਇੰਦਾ । ਅੰਤਮ ਡਿਗੇ ਇਕ ਦੁਆਰਾ, ਦੋਏ ਦੋਏ ਸੀਸ ਸਰਬ ਝੁਕਾਇੰਦਾ । ਮੁਹੰਮਦ ਬੈਠਾ ਅਧਵਿਚਕਾਰਾ, ਪਰਵਰਦਿਗਾਰਾ ਰਾਹ ਤਕਾਇੰਦਾ । ਗੋਬਿੰਦ ਮੰਗੇ ਇਕ ਸਹਾਰਾ, ਪੁਰਖ ਅਕਾਲ ਓਟ ਰਖਾਇੰਦਾ । ਪੁਰਖ ਅਕਾਲ ਜਾਣੇ ਜਾਨਣਹਾਰਾ, ਆਪ ਆਪਣੀ ਦਇਆ ਕਮਾਇੰਦਾ । ਸਚ ਸੰਦੇਸਾ ਨਰ ਨਰੇਸਾ ਦਿਤਾ ਇਕੋ ਵਾਰਾ, ਵੀਹ ਸੌ ਸਤਾਰਾਂ ਸਤਾਰਾਂ ਹਾੜੀ ਹੁਕਮ ਸੁਣਾਇੰਦਾ । ਚਾਰ ਜੁਗ ਦੇ ਉਠੋ ਯਾਰਾ, ਯਾਰ ਯਾਰੀ ਵੇਖ ਵਖਾਇੰਦਾ । ਮੈਂ ਲਿਖ ਲਿਖ ਸਭ ਦਾ ਲੇਖਾ ਰੱਖਿਆ ਵਾਰੋ ਵਾਰਾ, ਹੱਥ ਨਾ ਕਿਸੇ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਇੰਦਾ । ਧੁਰ ਸੰਦੇਸਾ ਹਾੜ ਸਤਾਰਾਂ, ਹਰਿ ਹਰਿ ਆਪ ਸੁਣਾਇਆ । ਉਠੋ ਸਾਰੇ ਕਰੋ ਵਿਚਾਰਾ, ਕੀ ਹਰਿ ਹਰਿ ਖੇਲ ਰਚਾਇਆ । ਜਿਸ ਦੀ ਗਾਉਂਦੇ ਆਵੋ ਵਾਰਾ, ਲਿਖ ਲਿਖ ਜੀਵਾਂ ਜਗਤ ਪੜ੍ਹਾਇਆ । ਜਿਸ ਦਾ ਤਕਦੇ ਆਏ ਸਹਾਰਾ, ਦੋਏ ਦੋਏ ਸੀਸ ਝੁਕਾਇਆ । ਜਿਹਨੂੰ ਕਹਿੰਦੇ ਰਹੇ ਪਰਵਰਦਿਗਾਰਾ, ਬੇਐਬ ਨਾਮ ਖ਼ੁਦਾਇਆ । ਜਿਹਨੂੰ ਕਹਿੰਦੇ ਰਾਮ ਰਾਮ ਪਿਆਰਾ, ਸੋ ਰਾਮ ਵੇਸ ਵਟਾਇਆ । ਜਿਸ ਨੂੰ ਕਹਿੰਦੇ ਏਕੰਕਾਰਾ, ਆਪਣੀ ਅਕਲ ਕਲਾ ਜਣਾਇਆ । ਜਿਸ ਦੇ ਕੋਲੋਂ ਮੰਗਦੇ ਰਹੇ ਭੰਡਾਰਾ, ਆਪਣੀ ਖਾਲੀ ਝੋਲੀ ਭਰਾਇਆ । ਜਿਸ ਨੂੰ ਬੇਅੰਤ ਬੇਅੰਤ ਬੇਅੰਤ ਕਹਿ ਕਹਿ ਆਏ ਵਿਚ ਸੰਸਾਰਾ, ਸੋ ਆਪਣਾ ਅੰਤ ਰਿਹਾ ਸਮਝਾਇਆ । ਜਿਸ ਦਾ ਹੱਥ ਨਾ ਆਇਆ ਕੋਈ ਕਿਨਾਰਾ, ਸਾਚਾ ਪੱਤਣ ਨਾ ਕੋਇ ਵਖਾਇਆ । ਸੋ ਪਰਗਟ ਹੋਇਆ ਮਹਾਂਬਲੀ ਅਵਤਾਰਾ, ਆਪ ਆਪਣਾ ਬਲ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇਆ । ਸਚ ਸੰਦੇਸਾ ਰਿਹਾ ਘੱਲ, ਹਰਿ ਜੂ ਹਰਿ ਹਰਿ ਆਖ ਸੁਣਾਇਆ । ਨੌਂ ਸੌ ਚੁਰਾਨਵੇ ਚੌਕੜੀ ਕਰਦਾ ਰਿਹਾ ਵਲ ਛਲ, ਅਛਲ ਅਛਲ ਵੇਸ ਵਟਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਆਏ ਚਲ, ਹੁਕਮੇ ਅੰਦਰ ਸਰਬ ਫਿਰਾਇਆ । ਅੰਤਮ ਜੋਤੀ ਗਏ ਰਲ, ਆਪਣਾ ਮੂਲ ਮੁਕਾਇਆ । ਬਿਨ ਅਗਨੀ ਗਏ ਢਲ, ਸਚ ਕੁਠਾਲੀ ਆਪੇ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਰੇ ਇਕੋ ਵਾਰ ਲਏ ਉਠਾਇਆ । ਸਾਰੇ ਉਠੋ ਕਰੋ ਧਿਆਨ, ਹਰਿ ਹਰਿ ਆਖ ਸੁਣਾਇੰਦਾ । ਚਾਰ ਜੁਗ ਜੁਗਤ ਗਿਆਨ, ਗੁਰ ਸਤਿਗੁਰ ਵੇਖ ਵਖਾਇੰਦਾ । ਆਪਣਾ ਆਪਣਾ ਦਿਉ ਬਿਆਨ, ਦੂਜਾ ਸੰਗ ਨਾ ਕੋਇ ਮਿਲਾਇੰਦਾ । ਤਖ਼ਤ ਬੈਠਾ ਹੁਕਮਰਾਨ, ਆਪਣਾ ਹੁਕਮ ਸੁਣਾਇੰਦਾ । ਸ਼ਾਹ ਪਾਤਸ਼ਾਹ ਨੌਜਵਾਨ, ਬਿਰਧ

ਬਾਲ ਨਾ ਰੂਪ ਵਟਾਇੰਦਾ । ਜੁਗ ਜੁਗ ਲੇਖਾ ਮੰਗੇ ਆਣ, ਆਪਣੇ ਭਾਣੇ ਸਰਬ ਵਖਾਇੰਦਾ । ਨੇਤਰ ਖੋਲ੍ਹੋ ਕਰੋ ਪਛਾਣ, ਕਵਣ ਹਰਿ ਜੂ ਰੂਪ ਵਟਾਇੰਦਾ । ਜਿਸ ਨੂੰ ਮੰਨਦੇ ਰਹੇ ਨਿਰਗੁਣ ਸ੍ਰੀ ਭਗਵਾਨ, ਸੋ ਕਲਜੁਗ ਵੇਖ ਵਖਾਇੰਦਾ । ਆਪਣਾ ਲੇਖਾ ਦਿਓ ਆਣ, ਅੱਗੇ ਹੋ ਨਾ ਕੋਇ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਪੁਚਾਇੰਦਾ । ਸਚ ਸੰਦੇਸਾ ਗਿਆ ਪੁਜ, ਹਰਿ ਸ਼ਬਦੀ ਆਪ ਪੁਚਾਇੰਦਾ । ਸਭ ਦਾ ਭੇਵ ਖੁਲਣਾ ਗੁਝ, ਹਰਿ ਪੜਦਾ ਆਪ ਉਠਾਇੰਦਾ । ਲੋਕਮਾਤ ਜਾ ਕੇ ਜਗਤ ਪਿਆਰ ਵਿਚ ਗਏ ਰੁਝ, ਆਪਣਾ ਆਪਣਾ ਰਾਹ ਸਰਬ ਚਲਾਇੰਦਾ । ਸਭ ਦਾ ਦੀਵਾ ਗਿਆ ਬੁਝ, ਨਜ਼ਰ ਕੋਈ ਨਾ ਆਇੰਦਾ । ਨਾਲ ਲੈ ਕੇ ਨਾ ਆਇਆ ਕੋਈ ਕੁਝ, ਖਾਲੀ ਹੱਥ ਸਰਬ ਵਖਾਇੰਦਾ । ਮੇਰੇ ਚਰਨਾਂ ਤਾਈਂ ਕੋਈ ਗਿਆ ਪੁਜ, ਜਿਸ ਆਪਣੀ ਦਇਆ ਕਮਾਇੰਦਾ । ਕੋਟਨ ਕੋਟ ਅਧਵਿਚਕਾਰੇ ਆਪਣਾ ਭਾਰ ਬੈਠੇ ਸੁੱਟ, ਅੱਗੇ ਸੀਸ ਨਾ ਕੋਇ ਉਠਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪੈਂਦੀ ਰਹੀ ਲੁੱਟ, ਠੱਗ ਚੋਰ ਯਾਰ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸਮਝਾਇੰਦਾ । ਸਚ ਸੰਦੇਸਾ ਸੁਣੀ ਬਾਤ, ਗੁਰ ਪੀਰ ਅਵਤਾਰ ਲੈਣ ਅੰਗੜਾਈਆ । ਬੌਹੜੀ ਬੌਹੜੀ ਕਲਜੁਗ ਅੰਤਮ ਆਈ ਵਾਟ, ਚੌਕੜੀ ਜੁਗ ਗਏ ਪੰਧ ਮੁਕਾਈਆ । ਅਸੀਂ ਬੜੇ ਖ਼ੁਸ਼ੀ ਬੈਠੇ ਆਪਣੇ ਘਾਟ, ਆਪਣਾ ਪੰਧ ਮੁਕਾਈਆ । ਕੋਈ ਨਾ ਪੁੱਛੇ ਸਾਚੀ ਵਾਤ, ਆਪਣਾ ਬਲ ਆਏ ਰਖਾਈਆ । ਕੋਈ ਗਾਏ ਰਿਹਾ ਗਾਥ, ਕੋਈ ਕ੍ਰਿਸ਼ਨ ਰਿਹਾ ਮਨਾਈਆ । ਕੋਈ ਅਸ਼ਟਭੁਜ ਮੰਗੇ ਸਾਥ, ਕੋਈ ਦੇਵਤ ਦੇਵ ਸੀਸ ਝੁਕਾਈਆ । ਕੋਈ ਕਹੇ ਭੋਲਾ ਨਾਥ, ਕੋਈ ਬ੍ਰਹਮੇ ਮਾਣ ਵਡਿਆਈਆ । ਕੋਈ ਕਹੇ ਵਿਸ਼ਨੂੰ ਵਸੇ ਪਾਸ, ਕੋਈ ਗਣੇਸ਼ ਸੀਸ ਝੁਕਾਈਆ । ਕੋਈ ਕਹੇ ਚਾਰ ਵੇਦ ਪੁਜਾਵਣ ਆਸ, ਕੋਈ ਕਹੇ ਪੁਰਾਨ ਅਠਾਰਾਂ ਦੇਣ ਵਡਿਆਈਆ । ਕੋਈ ਕਹੇ ਗੀਤਾ ਗਿਆਨ ਤ੍ਰਿਲੋਕੀ ਨਾਥ, ਨਾਥ ਅਨਾਥਾ ਹੋਏ ਸਹਾਈਆ । ਕੋਈ ਕਹੇ ਈਸਾ ਹੋਏ ਸੱਜਣ ਸਾਕ, ਸਗਲਾ ਸੰਗ ਰਖਾਈਆ । ਕੋਈ ਕਹੇ ਮੁਹੰਮਦ ਪਾਕੀ ਪਾਕ, ਪੱਤਤ ਪੁਨੀਤ ਦਏ ਕਰਾਈਆ । ਕੋਈ ਕਹੇ ਨਾਨਕ ਜੁੜਿਆ ਨਾਤ, ਪੰਜ ਤੱਤ ਸੇਵ ਰਹੇ ਕਮਾਈਆ । ਕੋਈ ਕਹੇ ਗੋਬਿੰਦ ਮਿਲਿਆ ਘਾਟ, ਸਾਚਾ ਬੇੜਾ ਲਏ ਚਲਾਈਆ । ਨਾਨਕ ਗੋਬਿੰਦ ਕਹੇ ਵੇਖੋ ਪੁਰਖ ਅਬਿਨਾਸ਼, ਸਾਡੀ ਚਲੇ ਨਾ ਕੋਇ ਚਤੁਰਾਈਆ । ਅਸੀਂ ਵੇਖਣ ਆਏ ਰਾਸ, ਹਰਿ ਜੂ ਕੀ ਕੀ ਖੇਲ ਰਚਾਈਆ । ਇਕੋ ਵਸਤ ਰੱਖੀ ਪਾਸ, ਹਰਿ ਹਰਿ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਮੰਗੇ ਥਾਉਂ ਥਾਈਂਆ । ਉਠੋ ਸਾਰੇ ਖੋਲ੍ਹੋ ਅੱਖ, ਹਰਿ ਹਰਿ ਆਖ ਸੁਣਾਇਆ । ਨਿਰਗੁਣ ਨਿਰਾਕਾਰ ਅਜੂਨੀ ਰਹਿਤ ਹੋਇਆ ਪਰਤੱਖ, ਸੈਭੰ ਭੰਗ ਨਾ ਕੋਇ ਕਰਾਇਆ । ਜਿਸ ਨੇ ਆਦਿ ਜੁਗਾਦਿ ਨਿਰਗੁਣ ਸਰਗੁਣ ਕੀਤਾ ਵੱਖ, ਸਰਗੁਣ ਨਿਰਗੁਣ ਆਪਣਾ ਖੇਲ ਕਰਾਇਆ । ਜੁਗ ਜੁਗ ਮਾਰਗ ਦੇਵੇ ਦੱਸ, ਸਾਚਾ ਰਾਹ ਆਪ ਚਲਾਇਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣਾ ਵੇਸ ਵਟਾਇਆ । ਅੰਤਮ ਸਭ ਦਾ ਖੇੜਾ ਕਰੇ ਭੱਠ, ਬਣ ਭਠਿਆਰਾ ਅਗਨ ਤਪਾਇਆ । ਕਿਸੇ ਦਾ ਰਹਿਣ ਨਾ ਦੇਵੇ ਕੋਈ ਹਠ, ਬਿਨ ਆਪਣੇ ਨਾਉਂ ਨਾ ਕੋਇ ਵਡਿਆਇਆ । ਜੋ ਆਇਆ ਸੋ ਗਿਆ ਵਹੀਰ ਘਤ, ਬਣ ਪਾਂਧੀ ਪੰਧ ਮੁਕਾਇਆ । ਇਕੋ ਗੋਬਿੰਦ ਲੱਗੀ ਲੇਖੇ ਰੱਤ, ਰੁੱਤ ਰੁੱਤੜੀ ਵੇਖ ਵਖਾਇਆ । ਜਾਨਣਹਾਰਾ ਕਮਲਾਪਤ, ਕਮਲ ਨੈਣ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸਮਝਾਇਆ ।

੭੭੯
੧੧

ਸਚ ਸੰਦੇਸਾ ਸੁਣਿਆ ਤੇਰਾ, ਤ੍ਰੈਭਵਣ ਤੇਰੀ ਵਡਿਆਈਆ । ਚਾਰ ਜੁਗ ਦਾ ਹੇਰਾ ਫੇਰਾ, ਦਿਨ ਚਾਰ ਚਾਰ ਮੰਗ ਮੰਗਾਈਆ । ਦੋ ਸੌ ਛਪੰਜਾ ਦਿਨ ਦਾ ਹੋਇਆ ਨਿਬੇੜਾ, ਅੰਤਮ ਵੇਲਾ ਗਿਆ ਆਈਆ । ਅਸੀਂ ਸਾਰੇ ਭੁੱਲੇ ਦੱਸੀਏ ਕੇਹੜਾ ਕੇਹੜਾ, ਤੇਰੇ ਅੱਗੇ ਨਾ ਕੋਇ ਚਤੁਰਾਈਆ । ਜੇ ਬੋਲੀਏ ਅੱਗੇ ਹੋਏ ਝੇੜਾ, ਝੇੜਾ ਤੇਰੇ ਦਰ ਨਾ ਭਾਈਆ । ਤੇਰਾ ਵੇਖਿਆ ਖੁਲ੍ਹਾ ਵੇਹੜਾ, ਬੇਅੰਤ ਤੇਰੀ ਵਡਿਆਈਆ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਦਰ ਤੇ ਪਾ ਪਾ ਗਏ ਫੇਰਾ, ਤੇਰਾ ਘਟ ਕਿਛ ਨਾ ਜਾਈਆ । ਤੇਰੀ ਮਿਹਰ ਨਜ਼ਰ ਵਿਚ ਤੇਰੀ ਮਿਹਰਾ, ਮਿਹਰਵਾਨ ਤੇਰੀ ਸਰਨਾਈਆ । ਅਸੀਂ ਆ ਗਏ ਤੇਰੇ ਵਿਚ ਘੇਰਾ, ਰਸਤਾ ਕੋਇ ਨਜ਼ਰ ਨਾ ਆਈਆ । ਨਾ ਕੁਛ ਮੇਰਾ ਸਭ ਕੁਛ ਤੇਰਾ, ਤੇਰਾ ਮੇਰਾ ਏਕਾ ਰੰਗ ਵਖਾਈਆ । ਤੇਰੇ ਹੁਕਮ ਅੰਦਰ ਲੋਕਮਾਤ ਲਾਇਆ ਡੇਰਾ, ਛੱਪਰ ਛੰਨ ਇਕ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਭ ਦਾ ਲੇਖਾ ਦਏ ਸਮਝਾਈਆ । ਉਠੋ ਵੇਖੋ ਆਏ ਚਲ, ਹਰਿ ਸਭ ਦੇ ਚਲਾਣ ਰਿਹਾ ਕਰਾਈਆ । ਚਾਰ ਜੁਗ ਦਾ ਨਿਕਲੇ ਜਨ, ਭਰਮ ਭੁਲੇਖਾ ਦਏ ਮਿਟਾਈਆ । ਸਾਰੇ ਸੁਣੋ ਲਾ ਕੇ ਕੰਨ, ਕੰਨਾ ਮੁਕਤਾ ਸਭ ਦਾ ਦਏ ਉਡਾਈਆ । ਜੁਗਾ ਜੁਗੰਤਰ ਬੇੜਾ ਰਿਹਾ ਬੰਨ੍ਹ, ਬੰਨ੍ਹ ਬੰਨ੍ਹ ਆਪ ਚਲਾਈਆ । ਜਿਸਦਾ ਭਾਣਾ ਰਹੇ ਮੰਨ, ਸੋ ਦੱਸੇ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਚਾਰ ਜੁਗ ਦੇ ਚਾਰ ਚਾਰ ਦਿਨ ਅੰਤਮ ਦਏ ਮੁਕਾਈਆ । ਚਾਰ ਜੁਗ ਦੇ ਮੁੱਕੇ ਦਿਨ, ਵੇਲਾ ਅੰਤਮ ਆਇਆ । ਵਿਸ਼ਨੂੰ ਕਹੇ ਮੈਂ ਰਿਹਾ ਗਿਣ, ਦਿਵਸ ਰੈਣ ਧਿਆਨ ਲਗਾਇਆ । ਬ੍ਰਹਮਾ ਕਹੇ ਮੈਂ ਵੇਖਾਂ ਭਿੰਨ ਭਿੰਨ, ਹਰਿ ਭਿੰਨੜਾ ਰੂਪ ਵਟਾਇਆ । ਸ਼ੰਕਰ ਕਹੇ ਮੈਂ ਵੇਖਾਂ ਚਿੰਨ, ਚਿਤਰਕਾਰ ਨਜ਼ਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਚਾਰ ਚਾਰ ਪੰਧ ਮੁਕਾਇਆ । ਤ੍ਰੈਗੁਣ ਕਹੇ ਮੇਰੇ ਬੀਤੇ ਦਿਵਸ, ਵੇਲਾ ਵਕਤ ਗਿਆ ਆਈਆ । ਪੰਜ ਤੱਤ ਕਹੇ ਮੇਰੀ ਮਿਟੀ ਨਾ ਹਿਰਸ, ਹਰਿ ਜੂ ਅਚਰਜ ਖੇਲ ਰਚਾਈਆ । ਕਰੋੜ ਤੇਤੀਸਾ ਕਹੇ ਅਸੀਂ ਰਹੇ ਤਰਸ, ਸਾਡੀ ਤ੍ਰਿਸਨਾ ਨਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਭ ਦਾ ਪੰਧ ਮੁਕਾਈਆ । ਤੇਈ ਅਵਤਾਰ ਕਰਨ ਪੁਕਾਰ, ਕੂਕ ਕੂਕ ਸੁਣਾਇਆ । ਚਾਰ ਜੁਗ ਦੇ ਮੰਗੇ ਦਿਨ ਚਾਰ ਚਾਰ, ਉਹ ਭੀ ਬੈਠੇ ਪੰਧ ਮੁਕਾਇਆ । ਲੇਖਾ ਦੇਣਾ ਪਿਆ ਧੁਰ ਦਰਬਾਰ, ਧੁਰਦਰਗਾਹੀ ਮੰਗ ਮੰਗਾਇਆ । ਅੱਗੇ ਦਿਸੇ ਨਾ ਕੋਈ ਵਿਚਾਰ, ਵਿਚਾਰ ਕਰੇ ਨਾ ਕੋਈ ਸਲਾਹਿਆ । ਬਿਨ ਕਲਮ ਦਵਾਤੋਂ ਹੋਏ ਖ਼ੁਆਰ, ਕਲਮ ਸ਼ਾਹੀ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਤੇਈ ਅਵਤਾਰ ਇਕ ਦੂਜੇ ਨੂੰ ਕਹਿਣ, ਮਤਾ ਮਤੇ ਨਾਲ ਪਕਾਈਆ । ਚਲੋ ਚਲੀਏ ਚਲ ਕੇ ਵੇਖੀਏ ਨੈਣ, ਹਰਿ ਜੂ ਕੀ ਕੀ ਖੇਲ ਵਰਤਾਈਆ । ਸਾਨੂੰ ਲੁਕਿਆ ਕੋਈ ਨਾ ਦੇਵੇ ਰਹਿਣ, ਵੇਖਣਹਾਰਾ ਥਾਉਂ ਥਾਈਂਆ । ਸਾਨੂੰ ਆਪਨਿਆਂ ਜਨਾਂ ਕੋਲ ਦੇਵੇ ਬਹਿਣ, ਸਿਰ ਆਪਨਾ ਹੱਥ ਟਿਕਾਈਆ । ਖੁਲੜੇ ਕੇਸ ਗਲ ਪੱਲੂ ਪਾਇਆ ਪਾਈਏ ਵੈਣ, ਆਪਨਾ ਦੁਖੜਾ ਹਾਲ ਸੁਣਾਈਆ । ਅਸੀਂ ਤੈਨੂੰ ਬਣਾਇਆ ਸਾਕ ਸੱਜਣ ਸੈਣ, ਤੇਰੇ ਉਤੇ ਓਟ ਰਖਾਈਆ । ਤੂੰ ਆਇਆ ਅੰਤ ਲੇਖਾ ਲੈਣ, ਤੇਰੇ ਹੱਥ ਤੇਰੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਆਪਨੀ ਖੇਲ ਆਪ ਵਰਤਾਈਆ । ਸਾਚੇ ਭਗਤਾਂ ਹਰਿ ਜੂ ਸੱਦਾ, ਏਕਾ ਏਕ ਜਣਾਇਆ । ਸਾਰੇ ਛੱਡ ਕੇ ਆਓ ਹੱਦਾਂ, ਆਪਨੀ ਹੱਦ ਵਖਾਇਆ । ਮੁਕਾਮੇ ਅੰਦਰ

੭੮੦
੧੧

ਹਰਿ ਕੋਈ ਬੱਧਾ, ਜੁਗ ਜੁਗ ਗੇੜ ਭੁਵਾਇਆ । ਗ੍ਰਿਹਿ ਗ੍ਰਿਹਿ ਨਾਦ ਏਕਾ ਵੱਜਾ, ਹਰਿ ਹਰਿ ਆਪ ਸੁਣਾਇਆ । ਲੋਕਮਾਤ ਤੁਹਾਡੀ ਰੱਖਦਾ ਰਿਹਾ ਲੱਜਾ, ਨਿਰਗੁਣ ਸਰਗੁਣ ਵੇਸ ਵਟਾਇਆ । ਬਿਨ ਪੜਦਿਉਂ ਪੜਦਾ ਕਜਾ, ਸਿਰ ਆਪਣਾ ਹੱਥ ਟਿਕਾਇਆ । ਦਰ ਦਰ ਘਰ ਘਰ ਫਿਰਦਾ ਰਿਹਾ ਭੱਜਾ, ਬਣ ਪਾਂਧੀ ਪੰਧ ਮੁਕਾਇਆ । ਕਿਸੇ ਦੀਆਂ ਚਾਰਦਾ ਰਿਹਾ ਮੱਝਾਂ, ਕਿਸੇ ਦੀ ਛੱਪਰੀ ਆਣ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਅਠਾਰਾਂ ਰਿਹਾ ਉਠਾਇਆ । ਭਗਤ ਅਠਾਰਾਂ ਕਰਨ ਵਿਚਾਰ, ਇਕ ਧਿਆਨ ਲਗਾਈਆ । ਚਾਰ ਜੁਗ ਦੇ ਦਿਨ ਚਾਰ, ਚਾਰ ਆਪਣਾ ਵਕਤ ਗਏ ਲੰਘਾਈਆ । ਅੰਤਮ ਵੇਲਾ ਹੋਇਆ ਸਿਕਦਾਰ, ਬਣ ਸਿਕਦਾਰੀ ਹੁਕਮ ਸੁਣਾਈਆ । ਚਲ ਕੇ ਔਣਾ ਸਚ ਦੁਆਰ, ਘਰ ਸਾਚਾ ਇਕ ਵਖਾਈਆ । ਪੁਰਖ ਅਬਿਨਾਸ਼ੀ ਲਹਿਣੇਦਾਰ, ਸਭ ਦਾ ਲਹਿਣਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤ ਅਠਾਰਾਂ ਬਣ ਪਾਂਧੀ, ਏਕਾ ਰਾਹ ਤਕਾਇਆ । ਆਸਾ ਤ੍ਰਿਸਨਾ ਥੱਕੀ ਮਾਂਦੀ, ਏਕਾ ਬਲ ਵਧਾਇਆ । ਚਾਰੋਂ ਕੁੰਟ ਅੰਧੇਰਾ ਆਂਧੀ, ਸਾਚਾ ਨੂਰ ਨਾ ਕੋਇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ । ਸਚ ਸੰਦੇਸਾ ਈਸਾ ਮੂਸਾ, ਪੈਗ਼ੰਬਰ ਪੈਗ਼ਾਮ ਆਪ ਜਣਾਈਆ । ਤਨ ਪਹਿਨਾਏ ਕਾਲਾ ਸੂਸਾ, ਸੂਰਬੀਰ ਵਡ ਵਡਿਆਈਆ । ਇਕ ਵਖਾਏ ਸਚ ਹਦੀਸਾ, ਪਿਛਲੀ ਵੇਖੇ ਸਰਬ ਪੜ੍ਹਾਈਆ । ਖਾਲੀ ਕਰੇ ਸਭ ਦਾ ਖੀਸਾ, ਖਲਕਤ ਰੋਵੇ ਮਾਰੇ ਧਾਹੀਆ । ਆਪਣਾ ਚਿਹਰਾ ਵੇਖੋ ਆਪਣਾ ਸ਼ੀਸ਼ਾ, ਜੋ ਕਰਮ ਗਏ ਕਮਾਈਆ । ਆਪੇ ਖਾਣਾ ਆਪਣਾ ਪੀਸਾ, ਹਰਿ ਜੂ ਚੱਕੀ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਬੁਲਾਏ ਬੇਪਰਵਾਹੀਆ । ਈਸਾ ਦੋਏ ਨੇਤਰ ਰੋ, ਨੈਣਾਂ ਨੀਰ ਵਹਾਇਆ । ਬੌਹੜੀ ਬੌਹੜੀ ਉਮਤ ਉਮਤੀ ਵਧਿਆ ਮੋਹ, ਮੋਹ ਮੁਹੱਬਤ ਇਕ ਵਖਾਇਆ । ਸ਼ਰਅ ਸ਼ਰੀਅਤ ਬੀਜ ਬੋ, ਮੁਹੰਮਦ ਸੰਗ ਸੰਗ ਨਿਭਾਇਆ । ਜੀਵ ਜੰਤ ਕੋਹ ਕੋਹ ਜਗਤ ਹਲਾਲੀ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇਆ । ਮੁਹੰਮਦ ਰੋਵੇ ਚਾਰ ਯਾਰ, ਯਾਰੀ ਯਾਰ ਨਾ ਕੋਇ ਨਿਭਾਈਆ । ਚਾਰੋਂ ਕੁੰਟ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਚਾਰੇ ਕੁੰਟ ਆਈ ਹਾਰ, ਸਗਲਾ ਸੰਗ ਨਾ ਕੋਇ ਵਖਾਈਆ । ਮੁੱਲਾਂ ਮੁਸਾਇਕ ਹੋਏ ਖੁਆਰ, ਖ਼ਲਕ ਖ਼ੁਦਾਏ ਰਹੀ ਕੁਰਲਾਈਆ । ਕਲਮਾ ਕਲਾਮ ਨਾ ਕੋਈ ਪਿਆਰ, ਸਾਚਾ ਕਾਅਬਾ ਨਾ ਕੋਇ ਵਖਾਈਆ । ਬੇਆਬਾ ਮਰੇ ਸਰਬ ਸੰਸਾਰ, ਆਬੇਹਯਾਤ ਨਾ ਕੋਇ ਪਿਲਾਈਆ । ਅਧਵਿਚਕਾਰ ਬੈਠਾ ਰੋਵਾਂ ਜ਼ਾਰੋ ਜ਼ਾਰ, ਅੱਗੇ ਰਾਹ ਨਾ ਕੋਇ ਵਖਾਈਆ । ਪੁਰਖ ਅਬਿਨਾਸ਼ੀ ਦੱਸ ਕੇ ਗਿਆ ਇਕ ਗੁਫ਼ਤਾਰ, ਆਪਣਾ ਸਬਕ ਪੜ੍ਹਾਈਆ । ਚੌਦਾਂ ਸਦੀਆਂ ਤੇਰੀ ਰਫ਼ਤਾਰ, ਰਫ਼ਤਾ ਰਫ਼ਤਾ ਆਪ ਚਲਾਈਆ । ਅੰਤਮ ਬਸਤਾ ਬੰਨ੍ਹ ਹੋਵਾਂ ਤਿਆਰ, ਸਿਰ ਆਪਣਾ ਭਾਰ ਉਠਾਈਆ । ਦਸਤ ਬਦਸਤਾ ਦਏ ਉਧਾਰ, ਕਰਜ਼ਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਪਣਾ ਖੇਲ ਹਰਿ ਕਰਤਾਰਾ, ਏਕਾ ਏਕ ਜਣਾਇੰਦਾ । ਨਾਨਕ ਨਿਰਗੁਣ ਕਹੇ ਸਤਿ ਸਤਿ ਜੈਕਾਰਾ, ਸਤਿ ਸਤਿਵਾਦੀ ਆਪ ਸੁਣਾਇੰਦਾ । ਏਕਾ ਏਕ ਏਕੰਕਾਰਾ, ਅਕਲ ਕਲਾ ਵੇਸ ਵਟਾਇੰਦਾ । ਮਹਾਂਬਲੀ ਇਕ ਅਵਤਾਰਾ, ਆਪਣਾ ਬਲ ਆਪ ਧਰਾਇੰਦਾ । ਚਾਰ ਵਰਨਾਂ ਦਏ ਸਹਾਰਾ, ਜਾਗਰਤ ਜੋਤ ਜੋਤ ਜਗਾਇੰਦਾ ।


੭੮੧
੧੧

ਗੋਬਿੰਦ ਬਣੇ ਇਕ ਲਿਖਾਰਾ, ਲਿਖ ਲਿਖ ਲੇਖ ਸਰਬ ਸਮਝਾਇੰਦਾ । ਕਲਜੁਗ ਅੰਤਮ ਅੰਤ ਕਿਨਾਰਾ, ਚਾਰ ਜੁਗ ਦਾ ਪੰਧ ਮੁਕਾਇੰਦਾ । ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਜਾਤਾ ਵੇਸ ਵਟਾਇੰਦਾ । ਵਸਣਹਾਰਾ ਧਾਮ ਨਿਆਰਾ, ਸੰਬਲ ਆਪਣਾ ਆਸਣ ਲਾਇੰਦਾ । ਪੂਤ ਸਪੂਤਾ ਪਾਵੇ ਸਾਰਾ, ਬਾਲ ਅਵਾਣਾ ਗੋਦ ਬਹਾਇੰਦਾ । ਅੰਤ ਖੇਲ ਕਰੇ ਨਿਆਰਾ, ਨਿਰਗੁਣ ਆਪਣਾ ਹੁਕਮ ਵਰਤਾਇੰਦਾ । ਗੁਰ ਅਵਤਾਰ ਸੱਦੇ ਸਚ ਦੁਆਰਾ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਸਚਖੰਡ ਬਣਾਏ ਲੋਕਮਾਤ ਆਪ ਬੈਠ ਸੱਚੇ ਦਰਬਾਰਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰਦਰਗਾਹੀ ਖੇਲ ਕਰਾਇੰਦਾ । ਧੁਰਦਰਗਾਹੀ ਖੇਲ ਅਵੱਲਾ, ਏਕਾ ਏਕ ਕਰਾਇੰਦਾ । ਵਸਣਹਾਰ ਸਚ ਮਹੱਲਾ, ਸਚ ਸੰਦੇਸ ਇਕ ਸੁਣਾਇੰਦਾ । ਜੁਗ ਜੁਗ ਫੜਾਵਣਹਾਰਾ ਪੱਲਾ, ਏਕਾ ਪੱਲੂ ਗੰਢ ਪੁਵਾਇੰਦਾ । ਨਿਰਗੁਣ ਸਰਗੁਣ ਅੰਦਰ ਰਲਾ, ਰਲ ਮਿਲ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਜੋਤ ਰੂਪ ਮਿਲਾ, ਜੋਤ ਨਿਰੰਜਣ ਆਦਿ ਜੁਗਾਦਿ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਅੰਤਮ ਅੰਤ, ਹਰੀ ਹਰਿ ਹਰਿ ਆਪ ਕਰਾਈਆ । ਰੂਪ ਧਰ ਸ੍ਰੀ ਭਗਵੰਤ ਆਪਣਾ ਬਲ ਜਣਾਈਆ । ਲੇਖਾ ਜਾਣ ਜੁਗਾ ਜੁਗੰਤ, ਜੁਗ ਜੁਗ ਪੜਦਾ ਰਿਹਾ ਉਠਾਈਆ । ਗੁਰ ਅਵਤਾਰ ਵੇਖੇ ਸੰਤ, ਭਗਵੰਤ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਏਕਾ ਏਕ ਰਖਾਈਆ । ਸਚ ਸੰਦੇਸਾ ਸਤਾਰਾਂ ਹਾੜ, ਗੁਰ ਅਵਤਾਰ ਮਨ ਮਨਾਇਆ । ਪਹਿਲੀ ਚੇਤ ਲੱਗਣਾ ਇਕ ਅਖਾੜ, ਪੁਰਖ ਅਬਿਨਾਸ਼ੀ ਲਏ ਲਗਾਇਆ । ਰਲ ਮਿਲ ਸਾਰੇ ਕਰੀਏ ਵਿਚਾਰ, ਸਲਾਹ ਸਲਾਹ ਨਾਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਦਏ ਸਮਝਾਇਆ । ਗੁਰ ਅਵਤਾਰ ਹੋਏ ਇਕੱਠੇ, ਏਕਾ ਮਤਾ ਪਕਾਇਆ । ਬਿਨ ਢਾਹਿਉਂ ਅਸੀਂ ਸਾਰੇ ਢੱਠੇ, ਆਪਣੀ ਕੰਡ ਲਵਾਇਆ । ਕਰੇ ਖੇਲ ਪੁਰਖ ਸਮਰਥੇ, ਭੇਵ ਕੋਇ ਨਾ ਆਇਆ । ਜਿਸ ਦੀ ਗਾਉਂਦੇਂ ਰਹੇ ਗਾਥੇ, ਸੋ ਗਾਥਾ ਰਿਹਾ ਸੁਣਾਇਆ । ਜਿਸ ਦਾ ਤਕਦੇ ਰਹੇ ਸਾਥੇ, ਸੋ ਆਪਣਾ ਸਾਥ ਜਣਾਇਆ । ਜਿਸ ਦੇ ਚੜ੍ਹਦੇ ਰਹੇ ਰਾਥੇ, ਰਥ ਰਥਵਾਹੀ ਵੇਸ ਵਟਾਇਆ । ਜਿਸ ਦਾ ਦੱਸ ਕੇ ਆਏ ਪੂਜਾ ਪਾਠੇ, ਸੋ ਸਾਥੋਂ ਪੁੱਛ ਪੁਛਾਇਆ । ਆਉ ਰਲ ਮਿਲ ਸੋਚੀਏ ਸਾਨੂੰ ਕੇਹੜੇ ਪਏ ਘਾਟੇ, ਘਾਟਾ ਕੋਈ ਨਜ਼ਰ ਨਾ ਆਇਆ । ਅਸੀਂ ਜਗਤ ਚਲਾ ਕੇ ਆਏ ਹਾਟੇ, ਏਕਾ ਹਰਿ ਹਰਿ ਨਾਮ ਵਿਕਾਇਆ । ਅੰਤਮ ਮੁੜ ਕੇ ਵੇਖਣ ਗਏ ਨਾ ਖਾਤੇ, ਕਵਣ ਮੰਨੇ ਕਵਣ ਰਿਹਾ ਭੁਲਾਇਆ । ਆਪਣੀ ਭੁੱਲ ਨਾ ਦੱਸੀ ਪੁਰਖ ਅਬਿਨਾਸ਼ੇ, ਬੈਠੇ ਮੁਖ ਸ਼ਰਮਾਇਆ । ਕਵਣ ਬਿਧ ਪਤ ਸਾਡੀ ਰਾਖੇ, ਸਿਰ ਆਪਣਾ ਹੱਥ ਟਿਕਾਇਆ । ਖਾਣੀ ਬਾਣੀ ਪੜ੍ਹ ਪੜ੍ਹ ਗਾ ਗਾ ਦੱਸਦੇ ਰਹੇ ਖੁਲਾਸੇ, ਹਰਿ ਕਾ ਖ਼ਾਸ ਭੇਵ ਨਾ ਆਇਆ । ਜਿਸ ਦੀ ਗੋਪੀ ਕਾਹਨ ਪਾਉਂਦੇ ਰਹੇ ਰਾਸੇ, ਮੰਡਲ ਮੰਡਪ ਨਾਚ ਨਚਾਇਆ । ਸੋ ਅੰਤਮ ਸਾਡੇ ਸਭ ਦੇ ਵੇਖੇ ਤਮਾਸ਼ੇ, ਵੇਖੋ ਕੀ ਕੀ ਹੁਕਮ ਸੁਣਾਇਆ । ਨਾ ਰੋਈਏ ਨਾ ਆਵਣ ਹਾਸੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਵਰਤਾਇਆ । ਗੁਰ ਅਵਤਾਰ ਬਣਿਆ ਸੰਗ, ਪੀਰ ਪੈਗ਼ੰਬਰ ਨਾਲ ਰਲਾਇਆ । ਆਉ ਰਲ ਮਿਲ ਮੰਗੀਏ ਮੰਗ, ਪ੍ਰਭ ਅੱਗੇ ਝੋਲੀ ਡਾਹਿਆ । ਤੇਰਾ ਨਾਉਂ ਵਜਾਉਂਦੇ ਰਹੇ ਮਰਦੰਗ, ਜੁਗ ਜੁਗ ਮਾਤ ਸੁਣਾਇਆ । ਤੇਰੀ ਕਿਰਪਾ ਤੇਰੇ ਦੁਆਰੇ ਆਏ ਲੰਘ, ਤੇਰੀ ਚਰਨ ਮਿਲੀ ਸਰਨਾਇਆ । ਜੋਤੀ ਜੋਤ


੭੮੨
੧੧

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇਆ । ਸਾਰੇ ਕਹਿਣ ਹੋ ਦਲੇਰ, ਤੇਈ ਅਠਾਰਾਂ ਦਸ ਮਤਾ ਪਕਾਈਆ । ਈਸਾ ਮੂਸਾ ਮੁਹੰਮਦ ਦੂਰ ਦੁਰਾਡੇ ਰਹੇ ਵੇਖ, ਨੇਤਰ ਨੈਣ ਨੈਣ ਉਠਾਈਆ । ਕੋਈ ਨਾ ਮੇਟੇ ਸਾਡੀ ਰੇਖ, ਲੇਖਾ ਸਕੇ ਨਾ ਕੋਇ ਚਲਾਈਆ । ਸਾਡੀ ਚਲੇ ਨਾ ਕੋਈ ਪੇਸ਼, ਪੇਸ਼ਵਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਸਾਰਿਆਂ ਮਤਾ ਗਿਆ ਪੱਕ, ਇਕ ਸਲਾਹ ਜਣਾਈਆ । ਨਾਨਕ ਨਿਰਗੁਣ ਵਲ ਰਹੇ ਤੱਕ, ਨੇਤਰ ਨੈਣ ਨੈਣ ਉਠਾਈਆ । ਤੂੰ ਸਭ ਦਾ ਸਾਂਝਾ ਤੇਰੇ ਉਤੇ ਨਾ ਕੋਈ ਸ਼ੱਕ, ਸਭ ਦਾ ਸ਼ੰਕਾ ਦੇਣਾ ਮੁਕਾਈਆ । ਪਰਵਰਦਿਗਾਰ ਕੋਲੇ ਪੁੱਛੇ ਹੱਕ, ਹੱਕ ਹੱਕ ਭੇਵ ਖੁਲ੍ਹਾਈਆ । ਅਸੀਂ ਤੇਰਾ ਮਾਰਗ ਆਏ ਦੱਸ, ਬਣ ਰਹਿਬਰ ਰਾਹ ਚਲਾਈਆ । ਤੇਰਾ ਗਾ ਗਾ ਆਏ ਜਸ, ਜਸ ਵੇਦ ਪੁਰਾਨ ਪੜ੍ਹਾਈਆ । ਤੇਰੇ ਹੁਕਮੇ ਅੰਦਰ ਫਸ, ਲੋਕਮਾਤ ਵੇਸ ਵਟਾਈਆ । ਸਾਡਾ ਕੋਈ ਨਾ ਚਲੇ ਵਸ, ਤੇਰੇ ਹੱਥ ਤੇਰੀ ਸ਼ਹਿਨਸ਼ਾਹੀਆ । ਜਿਉਂ ਭਾਵੇਂ ਤਿਉਂ ਲੈਣਾ ਰੱਖ, ਬੈਠੇ ਸੀਸ ਝੁਕਾਈਆ । ਚਾਰ ਜੁਗ ਦਾ ਹਾਲ ਦੱਸ, ਸਾਰੇ ਰਹੇ ਕੁਰਲਾਈਆ । ਸਾਡੀ ਅੰਤਮ ਹੋਈ ਬਸ, ਵਾਸਤਾ ਰਹੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਨਿਰਗੁਣ ਨਾਨਕ ਕਰਕੇ ਨਾਹ, ਏਕਾ ਏਕ ਰਿਹਾ ਜਣਾਈਆ । ਮੈਂ ਹਾਂ ਵਿਚ ਹਾਂ ਰਿਹਾ ਮਿਲਾ, ਮੈਂ ਤੂੰ ਨਾ ਕੋਇ ਰਖਾਈਆ । ਚਾਕਰ ਖ਼ਾਕ ਬਣ ਸੇਵਾ ਆਇਆ ਕਮਾ, ਚਾਰ ਵਰਨ ਸੇਵ ਲਗਾਈਆ । ਚਾਰ ਜੁਗ ਦਾ ਲੰਮਾ ਰਾਹ, ਪੈਂਡਾ ਸਕੇ ਨਾ ਕੋਇ ਮੁਕਾਈਆ । ਪ੍ਰਭ ਅੱਗੇ ਮੈਂ ਦੇਣੀ ਨਾ ਕੋਈ ਸਲਾਹ, ਹੁਕਮ ਚਲਣਾ ਸਦਾ ਰਜ਼ਾਈਆ । ਆਪਣੀ ਆਪਣੀ ਕਰਨੀ ਲੈਣੀ ਪਾ, ਕਰਤਾ ਪੁਰਖ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਈਆ । ਨਾਨਕ ਕਹੇ ਜੋਤ ਨੂਰਾਨੀ, ਏਕਾ ਏਕ ਜਣਾਇਆ । ਚਾਰ ਜੁਗ ਦਾ ਖੇਲ ਦੀਵਾਨੀ, ਮੇਰੇ ਮਨ ਭਾਇਆ । ਚੌਥੇ ਜੁਗ ਹੋਈ ਹੈਰਾਨੀ, ਗੁਰ ਅਵਤਾਰ ਰਹੇ ਘਬਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਇਕ ਲਗਾਇਆ । ਸਚ ਦਰਬਾਰ ਲਗਾ ਕਰਤਾਰ, ਹਰਿ ਜੂ ਹਰਿ ਲਗਾਇੰਦਾ । ਗੁਰ ਅਵਤਾਰ ਕਰ ਵਿਚਾਰ, ਏਕਾ ਰਾਹ ਵਖਾਇੰਦਾ । ਮੁਹੰਮਦ ਉਠਿਆ ਬੇਜ਼ਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਮੈਂ ਸਭ ਨੂੰ ਕਰਿਆ ਖੁਆਰ, ਖ਼ਾਲਕ ਖ਼ਾਕ ਵਿਚ ਰੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਮੁਹੰਮਦ ਉਠੇ ਮਾਰੇ ਧਾਹ, ਕੂਕ ਕੂਕ ਸੁਣਾਈਆ । ਅੱਲਾ ਰਾਣੀ ਨਾਲ ਹੋਇਆ ਨਿਕਾਹ, ਖਾਵੰਦ ਬੀਵੀ ਨਾ ਕੋਇ ਪਰਨਾਈਆ । ਮੀਆਂ ਪਕੜੇ ਨਾ ਕੋਈ ਬਾਂਹ, ਮਿਹਰਵਾਨ ਨਜ਼ਰ ਕੋਇ ਨਾ ਆਈਆ । ਮੈਂ ਵੇਖਿਆ ਜਗਤ ਮਕਾਨ, ਚੌਦਾਂ ਤਬਕ ਫੇਰੀ ਪਾਈਆ । ਅੰਤਮ ਹੁੰਦਾ ਦਿਸੇ ਫਨਾਹ, ਨਾ ਸਕੇ ਕੋਈ ਬਚਾਈਆ । ਮੇਰੀ ਉਮਤ ਕਰਿਆ ਗੁਨਾਹ, ਮੇਰੇ ਨੇਤਰ ਨੈਣ ਸ਼ਰਮਾਈਆ । ਗੋਬਿੰਦ ਬੱਚੇ ਨੀਹਾਂ ਹੇਠਾਂ ਦਿਤੇ ਦਬਾ, ਜੜ੍ਹ ਆਪਣੀ ਆਪੇ ਉਖੜਾਈਆ । ਦੋ ਗੜ੍ਹੀ ਚਮਕੌਰ ਦਿਤੇ ਭੇਟ ਚੜ੍ਹਾ, ਗੋਬਿੰਦ ਆਪਣਾ ਵੇਸ ਵਟਾਈਆ । ਸੀਸ ਨਾਲ ਤਾਜ਼ ਵਟਾ, ਤਾਜ਼ ਸੀਸ ਨਾਲ ਵਟਾਈਆ । ਆਪਣਾ ਸੁਨੇਹੜਾ ਗਿਆ ਸੁਣਾ, ਸੱਥਰ ਸੂਲਾਂ ਸੇਜ ਹੰਢਾਈਆ । ਅੰਤਮ ਆਵੇ ਬੇਪਰਵਾਹ, ਸਭ ਦਾ ਲਹਿਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਮੁਹੰਮਦ ਰੋਵੇ ਕਰੇ

ਗਿਰਿਆਜ਼ਾਰ, ਕਿਰਨ ਕਿਰਨ ਨੀਰ ਵਹਾਈਆ । ਬਹੁੜੀ ਬਹੁੜੀ ਹੋਇਆ ਖੁਆਰ, ਖ਼ੁਦੀ ਕੰਮ ਕਿਸੇ ਨਾ ਆਈਆ । ਚਾਰੋਂ ਕੁੰਟ ਧੂੰਆਂਧਾਰ, ਚੰਦ ਚਾਂਦਨਾ ਨਾ ਕੋਇ ਚਮਕਾਈਆ । ਪਰਵਰਦਿਗਾਰ ਮਾਰੇ ਮਾਰ, ਨਾ ਸਕੇ ਕੋਇ ਬਚਾਈਆ । ਅਧਵਿਚਕਾਰ ਬੈਠਾ ਨਾ ਆਰ ਨਾ ਪਾਰ, ਬੇੜਾ ਬੰਨ੍ਹੇ ਕੋਇ ਨਾ ਲਾਈਆ । ਸਤਾਰਾਂ ਹਾੜ ਗਿਆ ਦਰਬਾਰ, ਦਰਬਾਰ ਅੰਦਰ ਵੜਨਾ ਹੁਕਮ ਨਾ ਕੋਇ ਸੁਣਾਈਆ । ਦੂਰ ਦੁਰਾਡਾ ਕਰ ਨਿਮਸਕਾਰ, ਧੂੜੀ ਟਿੱਕਾ ਮਸਤਕ ਲਾਈਆ । ਮੈਂ ਬਣਿਆ ਗੁਨਾਹਗਾਰ, ਅਵਗੁਣ ਮੇਰੀ ਚਤੁਰਾਈਆ । ਕੋਈ ਨਜ਼ਰ ਨਾ ਆਏ ਯਾਰ, ਯਾਰ ਯਾਰੀ ਗਏ ਗਵਾਈਆ । ਅੱਲਾ ਰਾਣੀ ਨਾਰ ਮੁਟਿਆਰ, ਆਪਣਾ ਪੱਲੂ ਗਈ ਛੁਡਾਈਆ । ਹਾਣੀ ਹਾਣੀ ਨਾ ਕਰਿਆ ਕੋਇ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭਾਣਾ ਆਪ ਵਰਤਾਈਆ । ਆਪਣਾ ਭਾਣਾ ਵਰਤਾਏ ਜਗ, ਹਰਿ ਜਾਗਰਤ ਜੋਤ ਜਗਾਇੰਦਾ । ਦਸ ਗਜ ਦੂਰ ਦੁਰਾਡੇ ਲੱਗੇ ਅੱਗ, ਨੇੜੇ ਆਉਣਾ ਮੂਲ ਨਾ ਭਾਇੰਦਾ । ਮੇਰੇ ਨੇਤਰ ਤੱਕਣ ਹੱਜ਼, ਮੇਰਾ ਨੈਣ ਨੈਣ ਸ਼ਰਮਾਇੰਦਾ । ਕੌਣ ਲਾਵਾਂ ਅੱਗੇ ਪੱਜ, ਘਟ ਘਟ ਅੰਤਰ ਹਰਿ ਹਰਿ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਦੂਰ ਦੁਰਾਡਾ ਕਰ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਆਇਆ ਚਲ ਤੇਰੇ ਦਰਬਾਰ, ਹਾੜ ਸਤਾਰਾਂ ਫੇਰਾ ਪਾਈਆ । ਅੱਗੇ ਮਿਲੇ ਨਾ ਕੋਇ ਸਹਾਰ, ਰਾਹ ਖਹਿੜਾ ਨਜ਼ਰ ਨਾ ਆਈਆ । ਕਿਰਪਾ ਕਰ ਮੇਰੇ ਕਰਤਾਰ, ਅਭੁੱਲ ਤੇਰੀ ਵਡਿਆਈਆ । ਮੈਂ ਰੁਲ ਹੋਇਆ ਖੁਆਰ, ਮੇਰੀ ਕਲ ਨਾ ਕੋਇ ਰਸਾਈਆ । ਮੈਂ ਤੁੱਟਾ ਫਲ ਤੇਰੀ ਗੁਲਜ਼ਾਰ, ਜਗਤ ਮਹਿਕ ਨਾ ਕੋਇ ਮਹਿਕਾਈਆ । ਬੂਟਾ ਹੁੱਲੇ ਅੰਤਮ ਵਾਰ, ਸਾਚਾ ਫਲ ਨਾ ਕੋਇ ਲਗਾਈਆ । ਪੁਰਖ ਅਬਿਨਾਸ਼ੀ ਕਰ ਪਿਆਰ, ਦੇ ਮਤ ਰਿਹਾ ਸਮਝਾਈਆ । ਤੇਰਾ ਲਹਿਣਾ ਗੋਬਿੰਦ ਦਏ ਉਤਾਰ, ਦੂਜੇ ਹੱਥ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਸਾਚਾ ਖੇਲ ਦੱਸੇ ਅਕਾਲ, ਅਕਲ ਕਲਾ ਜਣਾਇੰਦਾ । ਪਾਰਬ੍ਰਹਮ ਪ੍ਰਭ ਦੀਨ ਦਿਆਲ, ਦਇਆਨਿਧ ਦਇਆ ਕਮਾਇੰਦਾ । ਭਗਤ ਭਗਵੰਤ ਰਿਹਾ ਉਠਾਲ, ਉਠ ਉਠ ਵੇਖ ਵਖਾਇੰਦਾ । ਜੁਗ ਚੌਕੜੀ ਹਲ ਕਰੇ ਸਵਾਲ, ਬਣ ਸਵਾਲੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਹਰਿ ਕਰੌਣਾ, ਏਕਾ ਏਕ ਜਣਾਈਆ । ਕਬੀਰ ਜੁਲਾਹਾ ਆਪ ਉਠਾਉਣਾ, ਭੇਵ ਅਭੇਦ ਸਮਝਾਈਆ । ਧੰਨੇ ਜੱਟ ਲਹਿਣਾ ਝੋਲੀ ਪੌਣਾ, ਕਲਜੁਗ ਅੰਤਮ ਮਾਣ ਰਖਾਈਆ । ਨਾਮਾ ਛੱਪਰ ਵੇਖ ਵਖੌਣਾ, ਬਣੀ ਛੱਪਰੀ ਆਪ ਸੁਹਾਈਆ । ਅਗਲਾ ਲੇਖਾ ਝੋਲੀ ਪੌਣਾ, ਬਹੱਤਰ ਵਾਰ ਦਰਸ ਦਿਖਾਈਆ । ਬਹੱਤਰ ਰੂਪ ਹਰਿ ਪਰਗਟੌਣਾ, ਏਕਾ ਰਾਤ ਸੇਵ ਕਮਾਈਆ । ਭਿੰਨੜੀ ਰੈਣ ਰੰਗ ਚੜ੍ਹੌਣਾ, ਰੈਣ ਭਿੰਨੀ ਖ਼ੁਸ਼ੀ ਮਨਾਈਆ । ਗੀਤ ਸੁਹਾਗੀ ਏਕਾ ਗੌਣਾ, ਗੋਬਿੰਦ ਰਾਗ ਅਲਾਈਆ । ਨਾਮੇ ਲੇਖਾ ਪੂਰ ਕਰੌਣਾ, ਕੀਤਾ ਕੌਲ ਭੁੱਲ ਨਾ ਜਾਈਆ । ਛੱਪਰ ਪਿਛੇ ਦਰ ਦਰਬਾਰ ਸੁਹੌਣਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਬਹੱਤਰ ਭਗਤ ਆਪ ਪਰਗਟੌਣਾ, ਪਰਮ ਪੁਰਖ ਜੋਤ ਜਗਾਈਆ । ਸਚ ਸਚ ਹਰਿ ਖੇਲ ਖਿਲੌਣਾ, ਸਚ ਸਚ ਦਏ ਵਖਾਈਆ । ਸਚਖੰਡ ਦੁਆਰਾ ਲੋਕਮਾਤ ਬਨੌਣਾ, ਛੱਤੀ ਛੱਤੀ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਲੋਕਮਾਤ ਸਚ ਦਰਬਾਰ, ਹਰਿ ਜੂ ਹਰਿ ਹਰਿ ਆਪ ਬਣਾਇੰਦਾ । ਭਗਤਾਂ


੭੮੪
੧੧

ਦਏ ਇਕ ਸਹਾਰਾ, ਭਗਵਨ ਆਪਣਾ ਖੇਲ ਖਿਲਾਇੰਦਾ । ਨਾਮੇ ਤੇਰਾ ਨਾਮ ਉਜਿਆਰਾ, ਧੰਨੇ ਤੇਰਾ ਧੰਨ ਵਧਾਇੰਦਾ । ਬਿਨ ਪੜ੍ਹਿਆਂ ਦੇਵੇ ਸ਼ਬਦ ਭੰਡਾਰਾ, ਬਿਨ ਲਿਖਿਆਂ ਲੇਖ ਬਣਾਇੰਦਾ । ਬਿਨ ਮੰਗਿਆਂ ਦੇਵੇ ਦਾਨ ਕਰਤਾਰਾ, ਅਨਡਿਠੜੀ ਵਸਤ ਝੋਲੀ ਪਾਇੰਦਾ । ਬਣ ਸੇਵਕ ਸੇਵਾ ਕਰੇ ਵਿਚ ਸੰਸਾਰਾ, ਰੂਪ ਅਨੂਪ ਧਰਾਇੰਦਾ । ਮਹੱਲ ਅਟੱਲ ਉਚ ਮਨਾਰਾ, ਭਗਤ ਦੁਆਰਾ ਆਪ ਸੁਹਾਇੰਦਾ । ਤਖ਼ਤ ਬਣਾਏ ਏਕੰਕਾਰਾ, ਸਾਢੇ ਤਿੰਨ ਹੱਥ ਵੰਡ ਵੰਡਾਇੰਦਾ । ਸੱਤਰਾਂ ਦੇਵੇ ਇਕ ਸਹਾਰਾ, ਗੋਬਿੰਦ ਮੇਲਾ ਮੇਲ ਕਰਾਇੰਦਾ । ਗੁਰ ਚੇਲਾ ਵਸੇ ਇਕ ਦੁਆਰਾ, ਦੂਈ ਦਵੈਤੀ ਪੰਧ ਮੁਕਾਇੰਦਾ । ਵਰਨ ਬਰਨ ਦੇਵੇ ਸਚ ਸਹਾਰਾ, ਜ਼ਾਤ ਪਾਤ ਫੰਦ ਕਟਾਇੰਦਾ । ਰਾਗ ਰਾਗਨੀ ਪਾਰ ਕਿਨਾਰਾ, ਛੱਤੀ ਰਾਗ ਨਾ ਕੋਇ ਅਲਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਨਿਉਂ ਨਿਉਂ ਕਰਨ ਸਰਬ ਨਿਮਸਕਾਰਾ, ਖਾਣੀ ਬਾਣੀ ਸੀਸ ਝੁਕਾਇੰਦਾ । ਸਾਚੇ ਤਖ਼ਤ ਬਹਿ ਸੱਚੀ ਸਰਕਾਰਾ, ਦੋ ਜਹਾਨਾਂ ਹੁਕਮ ਮਨਾਇੰਦਾ । ਵਿਸ਼ਨੂੰ ਆਏ ਚਲ ਦੁਆਰਾ, ਬ੍ਰਹਮਾ ਸੰਗ ਰਖਾਇੰਦਾ । ਭੋਲਾ ਨਾਥ ਮੰਗੇ ਛਾਰਾ, ਧੂੜੀ ਧੂੜ ਖ਼ਾਕ ਰਮਾਇੰਦਾ । ਬਾਸ਼ਕ ਤਸ਼ਕਾ ਕੰਠ ਮਾਲਾ, ਸਾਚਾ ਸਾਂਗ ਵਰਤਾਇੰਦਾ । ਏਕਾ ਓਟ ਤੇਈ ਅਵਤਾਰਾ, ਈਸਾ ਮੂਸਾ ਆਪ ਸਮਝਾਇੰਦਾ । ਮੁਹੰਮਦ ਤੇਰਾ ਇਕ ਸਹਾਰਾ, ਸਾਚੇ ਭਗਤ ਆਪ ਬਣਾਇੰਦਾ । ਭਗਤਾਂ ਅੱਗੇ ਕਰੀਂ ਨਿਮਸਕਾਰਾ, ਸਾਚੀ ਸਿਖਿਆ ਹਰਿ ਸਮਝਾਇੰਦਾ । ਹਰਿ ਜੂ ਵੇਖੇ ਵੇਖਣਹਾਰਾ, ਆਪਣਾ ਨੈਣ ਖੁਲ੍ਹਾਇੰਦਾ । ਆਪੇ ਕੁਦਰਤ ਆਪੇ ਕਾਦਰ ਆਪੇ ਕਰਨੇਹਾਰਾ, ਆਪੇ ਆਪਣਾ ਭੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਬੰਕ ਦੁਆਰੇ ਵਸੇ ਭਗਵਾਨ, ਸਚਖੰਡ ਖੇਲ ਬਣਾਈਆ । ਸਚਖੰਡ ਦਾ ਸਚ ਨਿਸ਼ਾਨ, ਲੋਕਮਾਤ ਝੁਲਾਈਆ । ਨਿਰਗੁਣ ਵਸੇ ਸਰਗੁਣ ਮਕਾਨ, ਦਿਸ ਕਿਸੇ ਨਾ ਆਈਆ । ਜਿਸ ਦਾ ਲਹਿਣਾ ਸੋ ਦੇਵੇ ਆਣ, ਦੇਵਣਹਾਰ ਇਕ ਹੋ ਜਾਈਆ । ਜਿਸ ਦਾ ਸ਼ਬਦ ਸੋ ਵੇਖੇ ਗਿਆਨ, ਧਿਆਨੀ ਧਿਆਨ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਸੁਣਾਈਆ । ਮੁਹੰਮਦ ਕਹੇ ਮੇਰੇ ਪਰਵਰਦਿਗਾਰ, ਤੇਰੀ ਬੇਪਰਵਾਹੀਆ । ਮੈਂ ਸੁਣਿਆ ਤੂੰ ਸਭ ਦਾ ਯਾਰ, ਸਗਲਾ ਸੰਗ ਰਖਾਈਆ । ਤੇਰੀ ਮਹਿਮਾ ਅਪਰ ਅਪਾਰ, ਭੇਵ ਕੋਇ ਨਾ ਆਈਆ । ਮੇਰੇ ਕਲਮੇ ਆਈ ਹਾਰ, ਤੇਰੀ ਕਲਾ ਤੇਰੀ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਵਰਤਾਈਆ । ਮੁਹੰਮਦ ਕਹੇ ਸੁਣ ਮੇਰੇ ਮੀਤ, ਮਿੱਤਰ ਪਿਆਰੇ ਮੇਰਾ ਹਾਲ । ਅਚਰਜ ਵੇਖੀ ਤੇਰੀ ਰੀਤ, ਤੂੰ ਖੇਲ ਕਰੇਂ ਕਮਾਲ । ਮੈਂ ਦੱਸ ਕੇ ਆਇਆ ਵਸੇ ਵਿਚ ਮਸੀਤ, ਤੂੰ ਮੁਰਸ਼ਦ ਵਸੇ ਮੁਰੀਦਾਂ ਨਾਲ ਨਾਲ । ਮੇਰਾ ਕਾਅਬਾ ਹੋਇਆ ਪਲੀਤ, ਮੇਰੀ ਉਮਤ ਆਏ ਜ਼ਵਾਲ । ਸਦੀ ਚੌਧਵੀਂ ਰਹੀ ਬੀਤ, ਫਲ ਕਿਸੇ ਨਾ ਦਿਸੇ ਡਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਵੇਖ ਆਪਣਾ ਲਾਲ । ਤੇਰਾ ਲਾਲ ਨਿੱਕਾ ਬਾਲਾ, ਦੁਖੀਆਂ ਦੁਖ ਸੁਣਾਈਆ । ਤੇਰੀ ਤਸਬੀ ਤੇਰੀ ਮਾਲਾ, ਤੇਰਾ ਨਾਮ ਖ਼ੁਦਾਈਆ । ਤੂ ਹੀ ਸ਼ਾਹ ਤੂ ਹੀ ਕੰਗਾਲਾ, ਸ਼ਹਿਨਸ਼ਾਹ ਤੂ ਹੀ ਅਖਵਾਈਆ । ਤੂ ਹੀ ਮੰਦਰ ਤੂ ਹੀ ਧਰਮਸਾਲਾ, ਤੂ ਹੀ ਮਸਜਦ ਰੂਪ ਵਟਾਈਆ । ਕਲਜੁਗ ਅੰਤਮ ਬਿਨ ਤੇਰੇ ਸਭ ਦਾ ਮੁਖ ਹੋਇਆ ਕਾਲਾ, ਨਾ ਲਾਹੇ ਕੋਇ ਛਾਹੀਆ । ਮੇਰਾ ਨਿਕਲਿਆ ਅੰਤ ਦਿਵਾਲਾ, ਪੱਲੇ ਗੰਢ ਨਾ ਕੋਇ ਵਖਾਈਆ । ਬੌਹੜੀ ਬੌਹੜੀ ਹੋਏ ਬੇਹਾਲਾ, ਬਹਿਬਲ ਹੋ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ


੭੯੫
੧੧

ਵਖਾਈਆ । ਮਿਹਰ ਨਜ਼ਰ ਪਾ ਮਿਹਰਵਾਨ, ਏਕਾ ਮੰਗ ਮੰਗਾਇੰਦਾ । ਤੇਰੇ ਦਰ ਤੇ ਡਿਗਾ ਆਣ, ਦੂਰ ਦੁਰਾਡਾ ਸੀਸ ਝੁਕਾਇੰਦਾ । ਤੇਰੇ ਭਗਤ ਕਰਨ ਧਿਆਨ, ਮੈਂ ਇਕੋ ਮੰਗ ਮੰਗਾਇੰਦਾ । ਤੇਰਾ ਲੇਖ ਲੇਖ ਮਹਾਨ, ਤੇਰਾ ਲੇਖਾ ਮੋਹੇ ਭਾਇੰਦਾ । ਤੇਰੇ ਹੱਥ ਮੇਰਾ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਤੇਰੀ ਓਟ ਤਕਾਇੰਦਾ । ਤੇਰੀ ਓਟ ਤੱਕੀ ਆਸ, ਆਸਾ ਇਕ ਰਖਾਈਆ । ਚੌਦਾਂ ਸਦੀਆਂ ਨਾ ਬੁਝੀ ਪਿਆਸ, ਭਰ ਪਿਆਲਾ ਸਾਕੀ ਜਾਮ ਨਾ ਕੋਇ ਪਿਆਈਆ । ਹਾੜ ਸਤਾਰਾਂ ਹੋ ਕੇ ਗਿਆ ਨਿਰਾਸ, ਪਹਿਲੀ ਚੇਤ ਓਟ ਰਖਾਈਆ । ਤੇਰੇ ਭਗਤਾਂ ਮੈਂ ਹੋਇਆ ਦਾਸ, ਦੋਏ ਜੋੜ ਸੀਸ ਝੁਕਾਈਆ । ਮੇਰੀ ਕਰਾਉਣ ਬੰਦ ਖੁਲਾਸ, ਬੰਦੀਖਾਨਾ ਦੇਣਾ ਤੁੜਾਈਆ । ਮੇਰਾ ਕੰਮ ਇਕੋ ਖ਼ਾਸ, ਫਤਵਾ ਦੇਣਾ ਨਾ ਕੋਇ ਗੁਨਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਗਤਾਂ ਦਏ ਸਮਝਾਈਆ । ਤੇਰੇ ਭਗਤਾਂ ਸਚ ਮਹੱਲਾ, ਹਰਿ ਜੂ ਵੇਖਣ ਆਇਆ । ਦੂਰ ਦੁਰਾਡਾ ਕਰਕੇ ਹੱਲਾ, ਆਪਣਾ ਪੰਧ ਮੁਕਾਇਆ । ਸਾਥ ਨਾ ਮਿਲਿਆ ਰਾਣੀ ਅੱਲਾ, ਇਕ ਇਕੱਲਾ ਫੇਰਾ ਪਾਇਆ । ਬਿਨ ਤੇਰੇ ਹੋਇਆ ਝੱਲਾ, ਜੰਗਲ ਜੂਹ ਉਜਾੜ ਦਿਆਂ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਗਤਾਂ ਫੜਾ ਪੱਲਾ, ਪੱਲੂ ਏਕਾ ਗੰਢ ਬੰਧਾਇਆ । ਮੇਰੇ ਭਗਤ ਮੇਰਾ ਰੂਪ, ਹਰਿ ਜੂ ਹਰਿ ਹਰਿ ਆਖ ਸੁਣਾਇੰਦਾ । ਮੇਰਾ ਭਗਤ ਮੇਰਾ ਪੂਤ, ਪਿਤਾ ਪੂਤ ਖੇਲ ਕਰਾਇੰਦਾ । ਮੇਰਾ ਭਗਤ ਪਰਗਟ ਹੋਏ ਚਾਰ ਕੂਟ, ਦਹਿ ਦਿਸ਼ਾ ਰੰਗ ਰੰਗਾਇੰਦਾ । ਮੇਰਾ ਭਗਤ ਨਾਤਾ ਤੋੜੇ ਜੂਠ ਝੂਠ, ਸਚ ਸੁੱਚ ਇਕ ਵਖਾਇੰਦਾ । ਮੇਰਾ ਭਗਤ ਪੀਏ ਅੰਮ੍ਰਿਤ ਘੁੱਟ, ਮਧੁਰ ਪਿਆਲਾ ਹੱਥ ਵਖਾਇੰਦਾ । ਮੇਰਾ ਭਗਤ ਪੰਚ ਵਿਕਾਰਾ ਕੱਢੇ ਕੁੱਟ, ਜਗਤ ਸ਼ੈਤਾਨ ਨੇੜ ਨਾ ਆਇੰਦਾ । ਮੇਰਾ ਭਗਤ ਮੇਰੇ ਅੰਦਰੋਂ ਪਏ ਫੁਟ, ਮੇਰੀ ਧਾਰ ਸਮਝਾਇੰਦਾ । ਮੇਰੇ ਭਗਤ ਮੇਰੀ ਜੋਤ, ਮੇਰੇ ਨੂਰ ਡਗਮਗਾਇੰਦਾ । ਮੇਰਾ ਭਗਤ ਮੇਰੀ ਗੋਤ, ਦੀਨ ਮਜ੍ਹਬ ਨਾ ਕੋਇ ਰਖਾਇੰਦਾ । ਮੇਰਾ ਭਗਤ ਮੇਰੀ ਓਟ, ਓਟ ਇਕੋ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਗਤ ਆਪ ਵਡਿਆਇੰਦਾ । ਮੇਰਾ ਭਗਤ ਮੇਰਾ ਰਾਗ, ਬਿਨ ਤੰਦੀ ਤੰਦ ਸੁਣਾਈਆ । ਮੇਰਾ ਭਗਤ ਮੇਰਾ ਵੈਰਾਗ, ਬਣ ਵੈਰਾਗੀ ਖੇਲ ਕਰਾਈਆ । ਮੇਰਾ ਭਗਤ ਮੇਰਾ ਸੁਹਾਗ, ਬਣ ਨਾਰੀ ਸੇਵ ਕਮਾਈਆ । ਮੇਰਾ ਭਗਤ ਮੇਰਾ ਲਾਡ, ਦੂਜਾ ਹੋਰ ਨਾ ਕੋਇ ਰਖਾਈਆ । ਮੇਰਾ ਭਗਤ ਮੇਰੀ ਯਾਦ, ਲੋਕਮਾਤ ਕਰੇ ਸ਼ਨਵਾਈਆ । ਮੇਰਾ ਭਗਤ ਸੁਣੇ ਮੇਰੀ ਫ਼ਰਯਾਦ, ਬਿਨ ਭਗਤਾਂ ਭਗਵਾਨ ਘਰ ਕਿਸੇ ਨਾ ਜਾਈਆ । ਮੇਰਾ ਭਗਤ ਮੇਰੀ ਹੱਦ, ਅੱਗੇ ਕੋਈ ਲੰਘ ਨਾ ਆਈਆ । ਮੇਰਾ ਭਗਤ ਮੇਰੀ ਯੱਦ, ਬੰਸਾਵਲੀ ਇਕ ਬਣਾਈਆ । ਮੇਰਾ ਭਗਤ ਲੱਖ ਚੁਰਾਸੀ ਨਾਲੋਂ ਹੋਇਆ ਅੱਡ, ਜਗਤ ਜੰਜਾਲਾ ਗਿਆ ਤੁੜਾਈਆ । ਮੇਰਾ ਭਗਤ ਜੂਠ ਝੂਠ ਸਾਕ ਸੱਜਣ ਸੈਣ ਗਿਆ ਛੱਡ, ਸ਼ਰਅ ਸ਼ਰੀਅਤ ਨਾ ਕੋਇ ਪਰਨਾਈਆ । ਮੇਰਾ ਭਗਤ ਮੇਰਾ ਭਾਰ ਰਿਹਾ ਲੱਦ, ਸੀਸ ਆਪਣਾ ਆਪ ਝੁਕਾਈਆ । ਮੇਰਾ ਭਗਤ ਮੇਰੇ ਨਾਮ ਪੀਏ ਮਦਿ, ਦੂਜਾ ਨਸ਼ਾ ਨਾ ਕੋਇ ਰਖਾਈਆ । ਮੇਰਾ ਭਗਤ ਮੇਰੇ ਦੁਆਰੇ ਜਾਏ ਵਸ, ਦੂਸਰ ਕੋਇ ਰਹਿਣ ਨਾ ਪਾਈਆ । ਮੈਂ ਭਗਤਾਂ ਹੋਇਆ ਵਸ, ਮੇਰੀ ਚਲੇ ਨਾ ਕੋਇ ਵਡਿਆਈਆ । ਨੌਂ ਸੌ ਚੁਰਾਨਵੇਂ ਚੌਕੜੀ ਪਿਛੋਂ ਨਿਰਗੁਣ ਸਰਗੁਣ ਅੰਦਰ ਗਿਆ ਫਸ, ਨਿਕਲ ਕਿਸੇ ਪਾਸੇ ਨਾ ਜਾਈਆ । ਮੇਰੇ ਭਗਤ ਸਾਚੇ ਮੰਦਰ ਬਹਿ ਬਹਿ ਰਹੇ ਹੱਸ, ਘਰ ਸਾਚੇ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੂਰ

ਦੁਰਾਡੇ ਰਹੇ ਨੱਠ, ਕਦਮ ਕਦਮ ਕਰਨ ਧਾਈਆ । ਬਿਨ ਰਸਨਾ ਜਿਹਵਾ ਗਾਉਂਦੇ ਆਵਣ ਜਸ, ਪੁਰਖ ਅਕਾਲ ਤੇਰੀ ਵਡਿਆਈਆ । ਤੇਰੇ ਅੱਗੇ ਸਾਡੀ ਬਸ, ਬਸ ਬੈਠੇ ਢੇਰੀ ਢਾਹੀਆ । ਸਾਨੂੰ ਆਪਣਿਆਂ ਚਰਨਾਂ ਹੇਠ ਝਸ, ਸਾਡੀ ਦੁਰਮਤ ਮੈਲ ਧੁਵਾਈਆ । ਦੀਨ ਮਜ਼੍ਹਬਾਂ ਵਿਚ ਗਵਾਇਆ ਤੇਰਾ ਰਸ, ਜਾਤ ਪਾਤ ਮੇਰੀ ਸਫ਼ਾਤ ਗਈ ਛੁਪਾਈਆ । ਤੇਰਾ ਤੀਰ ਵੱਜਾ ਕਸ, ਦਰਗਾਹ ਕੋਈ ਧਾਮ ਨਜ਼ਰ ਨਾ ਆਈਆ । ਅਸੀਂ ਸਾਰੇ ਪੈ ਗਏ ਵਿਚ ਸ਼ੱਕ, ਨਿਰਗੁਣ ਕੀ ਕੀ ਖੇਲ ਰਚਾਈਆ । ਜੇਹੜਾ ਸਾਡਾ ਪੜਦਾ ਬੈਠਾ ਢਕ, ਅੱਜ ਪੜਦਾ ਰਿਹਾ ਚੁਕਾਈਆ । ਬਿਨ ਅਗਨੀਉਂ ਗਏ ਪੱਕ, ਬੂਟਾ ਸਭ ਦਾ ਰਿਹਾ ਵਖਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸ਼ਰਅ ਨਕ ਵਿਚ ਪਾਈ ਨੱਥ, ਬਣ ਕਲੰਦਰ ਰਿਹਾ ਨਚਾਈਆ । ਪਰਵਰਦਿਗਾਰ ਕਰੇ ਨਿਬੇੜਾ ਹੱਕੋ ਹਕ, ਹਕੀਕ਼ਤ ਵੇਖੇ ਖ਼ਲਕ ਖ਼ੁਦਾਈਆ । ਦੂਰ ਦੁਰਾਡਾ ਸਾਨੂੰ ਦਿਤਾ ਡੱਕ, ਅੱਗੇ ਵੜਨ ਕੋਇ ਨਾ ਪਾਈਆ । ਭਗਤਾਂ ਕੋਲੋਂ ਅਸੀਂ ਰਹੇ ਝਕ, ਸਾਡਾ ਝਕ ਨਾ ਕੋਇ ਖੁਲ੍ਹਾਈਆ । ਲੋਕਮਾਤ ਆਇਆ ਆਪ ਅਣਥੱਕ, ਆਦਿ ਜੁਗਾਦਿ ਥੱਕ ਕਦੇ ਨਾ ਜਾਈਆ । ਬਣ ਤਰਖਾਣ ਲਾਹੁਣ ਲੱਗਾ ਸੱਕ, ਸ਼ਬਦ ਕੁਹਾੜਾ ਹੱਥ ਉਠਾਈਆ । ਵਸਣਹਾਰਾ ਘਟ ਘਟ, ਲੱਖ ਚੁਰਾਸੀ ਫੋਲ ਫੋਲਾਈਆ । ਫੋਲਣਹਾਰਾ ਚੌਦਾਂ ਲੋਕ ਚੌਦਾਂ ਤਬਕ ਚੌਦਾਂ ਹੱਟ, ਲੋਆਂ ਪੁਰੀਆਂ ਕੁੰਡਾ ਲਾਹੀਆ । ਵੇਖ ਵਖਾਏ ਨੱਠ ਨੱਠ, ਬਣ ਪਾਂਧੀ ਪੰਧ ਮੁਕਾਈਆ । ਤੇਰਾ ਨਾਮ ਸਚ ਸੰਦੇਸਾ ਆਏ ਦੱਸ, ਧੁਰ ਦਾ ਹੁਕਮ ਜਣਾਈਆ । ਆਤਮ ਪਰਮਾਤਮ ਦੇ ਕੇ ਆਏ ਰਸ, ਸੱਚਾ ਅੰਮ੍ਰਿਤ ਇਕ ਸਮਝਾਈਆ । ਤੇਰਾ ਪਾਣੀ ਤੀਰਥ ਤੱਟਾਂ ਆਏ ਛੱਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਪਾਈਆ । ਤੇਰੇ ਬਣਾ ਕੇ ਆਏ ਸ਼ਿਵਦਵਾਲੇ ਗੁਰਦੁਆਰ ਮੱਠ, ਮਸਜਦ ਮਸੀਤ ਰਾਹ ਚਲਾਈਆ । ਬਿਨ ਤੇਰੇ ਸਾਰੇ ਹੋਏ ਭੱਠ, ਤੇਰਾ ਰੂਪ ਨਜ਼ਰ ਕੋਇ ਨਾ ਆਈਆ । ਹਿੰਦੂ ਮੁਸਲਮ ਸਿਖ ਇਸਾਈ ਜ਼ਾਤ ਪਾਤ ਅੰਦਰ ਗਏ ਫਸ, ਬੈਠੇ ਇਸ਼ਟ ਭੁਲਾਈਆ । ਆਪੋ ਆਪਣੀ ਮਾਲਾ ਰਹੇ ਰਟ, ਤੇਰਾ ਨਾਮ ਲਏ ਨਾ ਕੋਇ ਲੋਕਾਈਆ । ਤੇਰੇ ਅੱਗੇ ਵਾਸਤਾ ਰਹੇ ਘਤ, ਦੋਏ ਜੋੜ ਪਏ ਸਰਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਦੇ ਦੇ ਸਾਂਝੀ ਮਤ, ਪਿਛਲੀ ਚਲੇ ਨਾ ਕੋਇ ਚਤੁਰਾਈਆ । ਤੇਰੇ ਦੁਆਰੇ ਸੱਬਰ ਬੈਠੇ ਘਤ, ਸੱਬਰ ਹੋਏ ਸਰਬ ਲੋਕਾਈਆ । ਅਸੀਂ ਨੇਤਰ ਵਹਾਈਏ ਨਾ ਅੱਥ, ਗੁਰ ਅਵਤਾਰ ਪੀਰ ਪੈਗ਼ੰਬਰ ਭਰੇ ਨਾ ਕਿਸੇ ਦੀ ਕੋਈ ਗਵਾਈਆ । ਸਾਡੇ ਦੂਰੋਂ ਜੋੜੇ ਹੱਥ, ਹੱਥੋ ਹੱਥ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਗੁਰ ਅਵਤਾਰ ਆਏ ਨੱਠੇ, ਨੱਠ ਨੱਠ ਪੰਧ ਮੁਕਾਇਆ । ਬਹੱਤਰ ਗਜ਼ ਤੇ ਹੋਏ ਇਕੱਠੇ, ਰਹੇ ਧਿਆਨ ਲਗਾਇਆ । ਚਾਰ ਜੁਗ ਦੇ ਵਿਛੜੇ ਮਿਲੇ ਸਕੇ, ਹਰਿ ਜੂ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਸੁਣਾਇਆ । ਗੁਰ ਅਵਤਾਰ ਸੁਣੋ ਲਾ ਕਰ ਕੰਨ, ਹਰੀ ਹਰਿ ਹਰਿ ਆਪ ਜਣਾਇੰਦਾ । ਸਾਰੇ ਮੇਟੋ ਆਪਣਾ ਜਨ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ । ਰਸਨਾ ਕਹਿਣਾ ਧੰਨ ਧੰਨ, ਪੁਰਖ ਅਕਾਲ ਹੁਕਮ ਵਰਤਾਇੰਦਾ । ਚਾਰ ਜੁਗ ਦਾ ਦੇਵਣਹਾਰਾ ਡੰਨ, ਏਕਾ ਡੰਕਾ ਨਾਮ ਵਜਾਇੰਦਾ । ਜੋ ਘੜਿਆ ਸੋ ਦੇਵੇ ਭੰਨ, ਘੜਨ ਭੰਨਣਹਾਰ ਆਪ ਅਖਵਾਇੰਦਾ । ਜਿਸ ਨੇ ਸਭ ਨੂੰ ਲਿਆਂਦਾ ਬੰਨ੍ਹ, ਹੁਕਮੀ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਸਰਬ ਸਮਝਾਇੰਦਾ । ਪਿਛਲਾ ਲੇਖਾ ਕਰਾਏ ਯਾਦ, ਹਰਿ ਜੂ ਹਰਿ ਹਰਿ ਆਪ ਸਮਝਾਇੰਦਾ । ਮੁਹੰਮਦ

੭੮੭ ੧੧

ਕਰੀ ਇਕ ਫ਼ਰਯਾਦ, ਗੋਬਿੰਦ ਅੱਗੇ ਮੰਗ ਮੰਗਾਇੰਦਾ । ਪਰਵਰਦਿਗਾਰ ਤੇਰੇ ਨਾਲ ਲਡਾਏ ਲਾਡ, ਛੋਟੇ ਸੁਤ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣਾ ਹੁਕਮ ਆਪ ਵਰਤਾਇੰਦਾ । ਗੁਰ ਗੋਬਿੰਦ ਏਕਾ ਧਾਰ, ਆਪਣੀ ਆਪ ਜਣਾਈਆ । ਮੈਂ ਕਰਾਂ ਖੇਲ ਹਰਿ ਨਿਰੰਕਾਰ, ਨਿਰੰਕਾਰ ਮੇਰਾ ਖੇਲ ਕਰਾਈਆ । ਮੈਂ ਚੌਥੇ ਜੁਗ ਆਇਆ ਅੰਤਮ ਵਾਰ, ਛੋਟੀ ਬੁੱਧ ਰਖਾਈਆ । ਪੁਰਖ ਅਕਾਲ ਕਰ ਪਿਆਰ, ਨਿੱਕਾ ਬਾਲਾ ਗੋਦ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖ਼ੁਸ਼ੀ ਆਪ ਜਣਾਈਆ । ਗੁਰ ਗੋਬਿੰਦ ਦਏ ਸਲਾਹ, ਸਭ ਨੂੰ ਆਖ ਸੁਣਾਇੰਦਾ । ਪੁਰਖ ਅਕਾਲ ਬੇਪਰਵਾਹ, ਸਾਚੇ ਤਖ਼ਤ ਡੇਰਾ ਲਾਇੰਦਾ । ਸਭ ਦਾ ਲੇਖਾ ਵੇਖੇ ਥਾਉਂ ਥਾਂ, ਭੁੱਲ ਕਦੇ ਨਾ ਜਾਇੰਦਾ । ਸਚ ਅਦਾਲਤ ਮੰਗੇ ਨਾ ਕੋਈ ਗਵਾਹ, ਜ਼ਿਮਨੀ ਫੇਰ ਨਾ ਕੋਇ ਭਰਾਇੰਦਾ । ਵਕੀਲ ਦਲੀਲ ਨਾ ਸਕੇ ਦੁੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਨਾ ਕੋਈ ਅਪੀਲ ਨਾ ਦਲੀਲ, ਅਰਦਾਸ ਨਾ ਕਰੇ ਅਰਜ਼ੋਈਆ । ਨਾ ਕੋਈ ਮੁਸੱਦੀ ਨਾ ਵਕੀਲ, ਵਕਾਲਤ ਨਜ਼ਰ ਕੋਇ ਨਾ ਆਈਆ । ਕਰੇ ਖੇਲ ਖ਼ਲਲ ਖ਼ਲੀਲ, ਖ਼ਾਲਕ ਖ਼ਲਕ ਬੇਪਰਵਾਹੀਅ । ਅੱਗੇ ਸੁਣੇ ਨਾ ਕੋਇ ਅਪੀਲ, ਸਾਚਾ ਫ਼ੈਸਲਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਈਆ । ਸਾਚਾ ਭੇਵ ਹਰਿ ਕਰਤਾਰ, ਆਪਣੇ ਹੱਥ ਰਖਾਇੰਦਾ । ਪਹਿਲੀ ਚੇਤ ਦਿਵਸ ਵਿਚਾਰ, ਸੰਮਤ ਸੰਮਤੀ ਮੇਲ ਮਿਲਾਇੰਦਾ । ਦਰ ਸਦ ਗੁਰ ਅਵਤਾਰ, ਈਸਾ ਮੂਸਾ ਨਾਲ ਮਿਲਾਇੰਦਾ । ਮੁਹੰਮਦ ਮੰਗੇ ਮੰਗ ਅਪਾਰ, ਜਨ ਭਗਤਾਂ ਅੱਗੇ ਝੋਲੀ ਡਾਹਿੰਦਾ । ਸਾਚੇ ਭਗਤ ਦੇਣ ਸਹਾਰ, ਦਰ ਆਇਆ ਗਲੇ ਲਗਾਇੰਦਾ । ਚਲ ਕੇ ਔਣਾ ਵਾਰੋ ਵਾਰ, ਤਖ਼ਤ ਨਿਵਾਸੀ ਤਖ਼ਤ ਸੁਹਾਇੰਦਾ । ਵਿਸ਼ਨੂੰ ਲੈ ਕੇ ਫੂਲਣਹਾਰ, ਸਾਂਗੋ ਪਾਂਗ ਸੇਜ ਸੁਹਾਇੰਦਾ । ਬ੍ਰਹਮਾ ਗਾਏ ਆਪਣੀ ਵਾਰ, ਸੋਹਲਾ ਢੋਲਾ ਇਕ ਸੁਣਾਇੰਦਾ । ਸ਼ੰਕਰ ਕਰ ਸਚ ਸ਼ਿੰਗਾਰ, ਬਾਸ਼ਕ ਤਸ਼ਕਾ ਗਲ ਲਟਕਾਇੰਦਾ । ਤਨ ਭਬੂਤੀ ਏਕਾ ਛਾਰ, ਹੱਥ ਤ੍ਰਿਸੂਲ ਉਠਾਇੰਦਾ । ਸੁਰਪਤ ਇੰਦ ਹੋ ਤਿਆਰ, ਕਰੋੜ ਤੇਤੀਸਾ ਨਾਲ ਮਿਲਾਇੰਦਾ । ਤ੍ਰੈਗੁਣ ਮਾਇਆ ਪੰਜ ਤੱਤ ਪਿਛੇ ਪਿਛੇ ਆਵਣ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਸੱਤ ਸਮੁੰਦਰ ਆਏ ਕਰ ਪਾਰ, ਰੂਪ ਅਨੂਪ ਆਪ ਵਖਾਇੰਦਾ । ਸਮੇਰੂ ਪਰਬਤ ਕਰ ਨਿਮਸਕਾਰ, ਦਰ ਨਿਉਂ ਨਿਉਂ ਸੀਸ ਝੁਕਾਇੰਦਾ । ਕਬੀਰ ਜੁਲਾਹਾ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਇੰਦਾ । ਨਾਨਕ ਕਹੇ ਤੇਰੀ ਧਾਰ, ਨਿਰੰਕਾਰ ਤੇਰਾ ਰੂਪ ਨਜ਼ਰ ਨਾ ਆਇੰਦਾ । ਗੋਬਿੰਦ ਕਹੇ ਪੁਰਖ ਅਕਾਲ, ਅਕਾਲ ਅਕਾਲ ਖੇਲ ਕਰਾਇੰਦਾ । ਪੁਰਖ ਅਬਿਨਾਸ਼ੀ ਕਹੇ ਸਚ ਦੁਆਰ, ਭਗਤ ਦੁਆਰ ਹਰਿ ਭਗਤਾਂ ਮਾਣ ਰਖਾਇੰਦਾ । ਦੋ ਜਹਾਨਾਂ ਬੇੜਾ ਕਰ ਕਰ ਪਾਰ, ਸਾਚੇ ਦਰ ਆਪ ਬਹਾਇੰਦਾ । ਕਰੇ ਖੇਲ ਅਪਰ ਅਪਾਰ, ਰੂਪ ਅਨੂਪ ਆਪ ਵਟਾਇੰਦਾ । ਤਖ਼ਤ ਨਿਵਾਸੀ ਏਕੰਕਾਰ, ਸਾਚੇ ਤਖ਼ਤ ਚਰਨ ਟਿਕਾਇੰਦਾ । ਗੋਬਿੰਦ ਸੂਰਾ ਕਰ ਤਿਆਰ, ਆਪ ਆਪਣਾ ਮੇਲ ਮਿਲਾਇੰਦਾ । ਸ਼ਬਦੀ ਸ਼ਬਦ ਵਡ ਬਲਕਾਰ, ਬਲਧਾਰੀ ਆਪ ਅਖਵਾਇੰਦਾ । ਸਾਚਾ ਖੰਡਾ ਕਰ ਤਿਆਰ, ਨਾਮ ਖੰਡਾ ਇਕ ਚਮਕਾਇੰਦਾ । ਸਾਚੇ ਬਸਤਰ ਕਰ ਸ਼ਿੰਗਾਰ, ਆਪ ਆਪਣਾ ਰੰਗ ਰੰਗਾਇੰਦਾ । ਨੇਤਰ ਨੈਣ ਖੋਲ੍ਹ ਉਘਾੜ, ਨਿਰਾਕਾਰ ਦਰਸਨ ਪਾਇੰਦਾ । ਦੋਏ ਜੋੜ ਕਰੇ ਨਿਮਸਕਾਰੀ, ਪ੍ਰਭ ਅੱਗੇ ਸੀਸ ਝੁਕਾਇੰਦਾ । ਚਾਰ ਜੁਗ ਗੁਰ ਅਵਤਾਰ ਜੋ ਬਣ ਬਣ ਗਏ ਲਿਖਾਰੀ, ਲੇਖਾ ਸਭ ਦਾ ਆਪ ਮੁਕਾਇੰਦਾ । ਸੰਮਤ

੭੮੯
੧੧

ਅਠਾਰਾਂ ਉਤਰਿਆ ਪਾਰੀ, ਇਕ ਨੌਂ ਜੋੜ ਜੁੜਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰੀ, ਦੂਆ ਆਪਣਾ ਪੰਧ ਵਖਾਇੰਦਾ । ਸਿਫ਼ਰ ਸਿਫ਼ਰ ਨਾ ਕੋਇ ਆਧਾਰੀ, ਸਿਫ਼ਰਾ ਸਿਫ਼ਰੇ ਨਾਲ ਉਡਾਇੰਦਾ । ਇਕ ਇਕੱਲਾ ਏਕੰਕਾਰੀ, ਨਵ ਖੰਡ ਪ੍ਰਿਥਮੀ ਡੰਕ ਵਜਾਇੰਦਾ । ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰੀ, ਆਲਸ ਨਿੰਦਰਾ ਸਰਬ ਗਵਾਇੰਦਾ । ਦਰ ਬਹਾ ਗੁਰ ਅਵਤਾਰੀ, ਪੀਰ ਪੈਗ਼ੰਬਰ ਲਹਿਣਾ ਦੇਣ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰਨ ਆਇਆ, ਕਰਨਹਾਰ ਕਰਤਾਰਾ । ਨਿਰਗੁਣ ਆਪਣਾ ਨਾਉਂ ਧਰਾਇਆ, ਮਾਤ ਪਿਤ ਨਾ ਕੋਇ ਬਣਾਇਆ । ਆਦਿ ਅੰਤ ਵੇਸ ਵਟਾਇਆ, ਜੋਤੀ ਜਾਤਾ ਹੋ ਰੁਸ਼ਨਾਇਆ । ਕਲਜੁਗ ਅੰਤਮ ਖੇਲ ਖਿਲਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਮਾਇਆ । ਆਪਣੀ ਮਾਇਆ ਆਪੇ ਰੰਗ ਰਾਤਾ, ਰੰਗ ਰਤੜਾ ਸੱਚਾ ਮਾਹੀਆ । ਆਪੇ ਦੇਵਣਹਾਰਾ ਸਾਚੀ ਦਾਤਾ, ਆਪੇ ਲੇਖਾ ਰਿਹਾ ਮੁਕਾਈਆ । ਆਪੇ ਸੁਣਾਉਂਦਾ ਰਿਹਾ ਜੁਗ ਜੁਗ ਗਾਥਾ, ਆਪੇ ਕਰੇ ਅੰਤ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਕਲਜੁਗ ਅੰਤਮ ਹੁਕਮੇ ਰਾਣਾ, ਦੋ ਜਹਾਨਾਂ ਰਈਅਤ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣ ਨਿਮਾਣਾ, ਦਰ ਹਰਿ ਹਰਿ ਸੀਸ ਝੁਕਾਇੰਦਾ । ਸਤਿ ਸਤਿਵਾਦੀ ਸ਼ਾਹ ਸੁਲਤਾਨਾ, ਏਕਾ ਹੁਕਮ ਵਰਤਾਇੰਦਾ । ਬ੍ਰਹਮਾ ਛੱਡਣਾ ਪਏ ਟਿਕਾਣਾ, ਬ੍ਰਹਮ ਆਪਣੇ ਵਿਚ ਮਿਲਾਇੰਦਾ । ਭੋਲਾ ਨਾਥ ਆਪ ਸਮਝੌਣਾ, ਸਾਚੀ ਸਿਖਿਆ ਇਕ ਰਖਾਇੰਦਾ । ਅੰਤ ਕੋਈ ਰਹਿਣ ਨਾ ਪੌਣਾ, ਜੋ ਘੜਿਆ ਭੰਨ ਵਖਾਇੰਦਾ । ਸੁਰਪਤ ਇੰਦ ਤੁਟਾ ਮਾਣਾ, ਅਭਿਮਾਨ ਨਾ ਕੋਇ ਜਣਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਨਿਰੰਕਾਰ, ਆਪਣਾ ਆਪ ਵਰਤਾਈਆ । ਬ੍ਰਹਮੇ ਤੇਰਾ ਬ੍ਰਹਮ ਪਸਾਰ, ਆਪਣੇ ਵਿਚ ਛੁਪਾਈਆ । ਗੁਰਮੁਖ ਸਾਚਾ ਕਰ ਉਜਿਆਰ, ਸਿੰਘ ਪਾਲ ਦਏ ਵਡਿਆਈਆ । ਸ਼ੰਕਰ ਤੇਰਾ ਸਚ ਅਖਾੜ, ਜਗਤ ਜਗਦੀਸਾ ਆਪ ਲਗਾਈਆ । ਇੰਦਰ ਤੇਰਾ ਕਰ ਮਨਜੀਤਾ ਜਿਤ ਆਪਣੀ ਆਪ ਵਖਾਈਆ । ਪੁਰਖ ਅਬਿਨਾਸ਼ੀ ਹੋ ਤਿਆਰ, ਦੋ ਜਹਾਨਾਂ ਵੇਖ ਵਖਾਈਆ । ਸਚਖੰਡ ਬਣਾ ਸੱਚਾ ਦਰਬਾਰ, ਸਾਚੇ ਭਗਤਾਂ ਦਏ ਵਡਿਆਈਆ । ਸਾਚੇ ਸੰਤਾਂ ਕਰ ਪਿਆਰ, ਸਾਚੇ ਘਰ ਮੇਲ ਮਿਲਾਈਆ । ਗਰਮੁਖਾਂ ਖੋਲ੍ਹ ਇਕ ਕਿਵਾੜ, ਏਕਾ ਮੰਦਰ ਦਏ ਵਖਾਈਆ । ਲੇਖਾ ਲਿਖ ਸਤਾਰਾਂ ਹਾੜ, ਪਹਿਲੀ ਚੇਤਰ ਪੂਰ ਕਰਾਈਆ । ਗੁਰ ਗੋਬਿੰਦ ਹੋਇਆ ਤਿਆਰ, ਪਾਰਬ੍ਰਹਮ ਅੱਗੇ ਕਰੇ ਅਰਜ਼ੋਈਆ । ਸਾਚਾ ਹੁਕਮ ਦੇਵੇ ਸੱਚੀ ਸਰਕਾਰ, ਸੋ ਸਭ ਨੂੰ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਗੁਰ ਗੋਬਿੰਦ ਉਠ ਬਲਕਾਰ, ਹਰਿ ਹਰਿ ਆਪ ਜਣਾਇੰਦਾ । ਦਰ ਬੈਠੇ ਤੇਈ ਅਵਤਾਰ, ਭਗਤ ਭਗਵੰਤ ਸੀਸ ਝੁਕਾਇੰਦਾ । ਈਸਾ ਮੂਸਾ ਨੇਤਰ ਰੋਵਣ ਜ਼ਾਰੋ ਜ਼ਾਰ, ਨੈਣਾਂ ਨੀਰ ਸਰਬ ਵਹਾਇੰਦਾ । ਮੁਹੰਮਦ ਕਰੇ ਇਕ ਪੁਕਾਰ, ਆਪਣਾ ਵਾਸਤਾ ਇਕੋ ਪਾਇੰਦਾ । ਮੇਰੀ ਮੰਨ ਅਰਜ਼ ਸਰਕਾਰ, ਅਰਜ਼ੀ ਆਪਣੇ ਹੱਥ ਵਖਾਇੰਦਾ । ਤੂੰ ਲਿਖ ਕੇ ਲੇਖ ਦਿਤਾ ਚੌਦਾਂ ਸਦੀਆਂ ਤੇਰਾ ਰਹੇ ਉਧਾਰ, ਅੰਤਮ ਤੇਰਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਦਇਆ ਕਰ, ਤੇਰੇ ਅੱਗੇ ਝੋਲੀ ਡਾਹਿੰਦਾ । ਗੁਰ ਗੋਬਿੰਦ ਸੁਣ ਅਰਜ਼ੋਈ, ਏਕਾ ਅਰਜ਼ ਜਣਾਈਆ । ਬਿਨ ਹਰਿ ਦੁਆਰ ਮਿਲੇ ਨਾ ਢੋਈ, ਚਾਰੋਂ ਕੁੰਟ ਫੇਰਾ ਪਾਈਆ । ਲੱਖ ਚੁਰਾਸੀ ਵਿਚੋਂ ਹਰਿ ਭਗਤ

ਮਿਲਿਆ ਕੋਈ ਕੋਈ, ਸੋ ਹਰਿ ਜੂ ਆਪਣੇ ਨਾਲ ਮਿਲਾਈਆ । ਨੌਂ ਖੰਡ ਪ੍ਰਿਥਮੀ ਰਹੀ ਸੋਈ, ਨੇਤਰ ਜਾਗ ਨਾ ਕੋਇ ਖੁਲ੍ਹਾਈਆ । ਬਿਨ ਮਰਿਉਂ ਆਪੇ ਮੋਈ, ਰਾਏ ਧਰਮ ਦਏ ਸਜ਼ਾਈਆ । ਧਰਤ ਮਾਤ ਦਰ ਆ ਕੇ ਆਪਣੇ ਖੁਲ੍ਹੜੇ ਕੇਸ ਰਹੀ ਖੋਹੀ, ਕੂਕ ਕੂਕ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਅੱਗੇ ਇਕ ਅਰਜ਼ੋਈਆ । ਤੇਰੇ ਅੱਗੇ ਇਕ ਅਰਦਾਸ, ਏਕਾ ਏਕ ਸੁਣਾਇੰਦਾ । ਤੂੰ ਵਸੇਂ ਭਗਤਾਂ ਪਾਸ, ਮੈਂ ਤੇਰੇ ਭਗਤਾਂ ਓਟ ਤਕਾਇੰਦਾ । ਦਰ ਆਇਆਂ ਨਾ ਕਰੀਂ ਨਿਰਾਸ, ਇਕੋ ਤੇਰੀ ਆਸ ਜਣਾਇੰਦਾ । ਚੌਦਾਂ ਸਦੀਆਂ ਰੱਖੀਂ ਖਾਹਸ਼, ਅੱਗੇ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਭੁਲਿਆਂ ਮਾਰਗ ਆਪੇ ਲਾਇੰਦਾ । ਤੇਰੀ ਵਸਤ ਤੇਰੀ ਵੰਡ, ਵੰਡਣਹਾਰ ਤੂੰ ਅਖਵਾਇੰਦਾ । ਚੌਦਾਂ ਸਦੀਆਂ ਬੱਧੀ ਗੰਢ, ਏਕਾ ਗੰਢ ਪੁਆਇੰਦਾ । ਤੇਰਾ ਨੂਰ ਮੇਰਾ ਚੰਦ, ਚੌਦਸ ਚੰਦ ਇਕ ਚੜ੍ਹਾਇੰਦਾ । ਤੂੰ ਸਾਹਿਬ ਸਦਾ ਬਖ਼ਸ਼ੰਦ, ਸਿਰ ਸਭ ਦੇ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੁਹੰਮਦ ਮੰਗ ਮੰਗਾਇੰਦਾ । ਮੁਹੰਮਦ ਮੰਗੇ ਮੰਗ ਬਾਰਾਂ ਮਾਸ, ਰਜਵ ਮੇਲਾਣ ਮਾਸ ਸੁਣਾਈਆ । ਸ਼ਾਬਾਨ ਤੇਰੀ ਆਸ, ਰਮਜ਼ਾਨ ਤੇਰੀ ਕੁੜਮਾਈਆ । ਸ਼ਵਾਲ ਤੇਰਾ ਪਰਕਾਸ਼, ਜ਼ਾਕੀਦ ਤੇਰੀ ਸ਼ਨਵਾਈਆ । ਬਜ਼ੋਰ ਤੇਰੀ ਰਾਸ, ਸਫ਼ਰ ਤੇਰੀ ਵਡਿਆਈਆ । ਮੁਹਰੱਮ ਵਸਣਾ ਪਾਸ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਮਾਣ ਵਡਿਆਈਆ । ਰਬੀ ਉਲ ਅਵਲ, ਤੇਰਾ ਰੰਗ ਰੰਗਾਇੰਦਾ । ਰਬੀ ਓਲਸਾਨੀ ਤੇਰਾ ਸੰਗ, ਏਕਾ ਓਟ ਤਕਾਇੰਦਾ । ਜਮਾਦੀਉਲਅਵਲ ਸੂਰਾ ਸਰਬੰਗ, ਤੂ ਹੀ ਖੇਲ ਖਿਲਾਇੰਦਾ । ਜਮਾਦੀਉਲਸਾਨੀ ਤੇਰਾ ਤਰੰਗ, ਨਜ਼ਰ ਕਿਸੇ ਨਾ ਆਇੰਦਾ । ਇਕ ਤਿੰਨ ਅੱਠ ਇਕ ਤੇਰਾਂ ਸੌ ਇਕਾਸੀ ਚੜ੍ਹਿਆ ਚੰਨ, ਚੰਦ ਚਾਂਦਨਾ ਸਰਬ ਚਮਕਾਇੰਦਾ । ਤੂੰ ਸਾਹਿਬ ਸਦਾ ਬਖ਼ਸ਼ੰਦ, ਏਕਾ ਨਾਇਆ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਅੱਗੇ ਝੋਲੀ ਡਾਹਿੰਦਾ । ਪੁਰਖ ਅਕਾਲਾ ਹੋ ਦਿਆਲਾ, ਆਪਣੀ ਦਇਆ ਕਮਾਈਆ । ਇਕ ਨੌਂ ਰਹੇ ਰਖਵਾਲਾ, ਚੌਦਾਂ ਸਦ ਪੂਰ ਕਰਾਈਆ । ਬੀਸ ਬੀਸਾ ਸਭ ਦਾ ਕੱਢੇ ਦੀਵਾਲਾ, ਪਿਛਲਾ ਲੇਖਾ ਨਾ ਕੋਇ ਜਣਾਈਆ । ਚਾਰ ਵਰਨ ਹੋਏ ਬੇਹਾਲਾ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਨੌਂ ਤੇਰੀ ਝੋਲੀ ਪਾਈਆ । ਇਕ ਨੌਂ ਹਰਿ ਹਰਿ ਧਾਰ, ਤੇਰੀ ਝੋਲੀ ਪਾਇੰਦਾ । ਤੀਆ ਸਾਤਾ ਅਧਵਿਚਕਾਰ ਵੰਡਣ ਵੰਡ ਵੰਡਾਇੰਦਾ । ਵੀਹ ਸੌ ਬਿਕ੍ਰਮੀ ਹੋ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਬੀਸ ਬੀਸਾ ਹੋਏ ਖ਼ਬਰਦਾਰ, ਪਿਛਲਾ ਲੇਖਾ ਸਰਬ ਜਣਾਇੰਦਾ । ਅੱਗੇ ਖੇਲ ਕਰੇ ਨਿਰੰਕਾਰ, ਨਿਰਗੁਣ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਮਾਣ ਗਵਾਇੰਦਾ । ਤੇਰਾ ਲਹਿਣਾ ਮੈਨੂੰ ਮਨਜ਼ੂਰ, ਮੁਹੰਮਦ ਆਖ ਸੁਣਾਇੰਦਾ । ਮੇਰਾ ਬਖ਼ਸ਼ੀਂ ਇਕ ਕਸੂਰ, ਵਾਸਤਾ ਤੇਰੇ ਅੱਗੇ ਪਾਇੰਦਾ । ਚਰਨੀਂ ਰਹਿਣ ਨਾ ਦੇਣਾ ਦੂਰ, ਇਕੋ ਚਰਨਾਂ ਓਟ ਤਕਾਇੰਦਾ । ਮੇਰਾ ਨਾਤਾ ਤੁਟਾ ਗਰੂਰ, ਹੋਰ ਨਾ ਕੋਇ ਵਖਾਇੰਦਾ । ਚੌਦਾਂ ਸਦੀਆਂ ਪਾਇਆ ਫਤੂਰ, ਫਤਵਾ ਇਕੋ ਇਕ ਵਖਾਇੰਦਾ । ਕਲਜੁਗ ਮੈਨੂੰ ਕੀਤਾ ਮਜਬੂਰ, ਬਣ ਸੰਗੀ ਸੰਗ ਨਿਭਾਇੰਦਾ । ਤੇਰਾ ਜਲਵਾ ਤੱਕੇ ਕੋਹਤੂਰ, ਮੂਸਾ ਆਪਣੀ ਹੋਸ਼ ਭੁਲਾਇੰਦਾ । ਧੰਨ ਖੇੜਾ ਧੰਨ ਮੰਦਰ ਧੰਨ ਦੁਆਰ ਧੰਨ ਕਾਅਬਾ ਜਿਸ

ਘਰ ਵਸੇ ਹਾਜ਼ਰ ਹਜ਼ੂਰ, ਹਜ਼ਰਤ ਆਪਣੀ ਜੋਤ ਜਗਾਇੰਦਾ । ਮੈਂ ਅੰਤਮ ਮਿਲਣਾ ਤੈਨੂੰ ਜਰੂਰ, ਅਮਾਮ ਤੇਰੀ ਆਸ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਜਣਾਇੰਦਾ । ਆਪਣੇ ਰੰਗ ਆਪੇ ਰਾਤਾ, ਗੁਰ ਗੋਬਿੰਦ ਕਰੇ ਜਣਾਈਆ । ਉਠ ਦੁਲਾਰੇ ਖੋਲ੍ਹ ਤਾਕਾ, ਬੰਦ ਕਿਵਾੜਾ ਆਪ ਖੁਲ੍ਹਾਈਆ । ਚਾਰ ਜੁਗ ਪਿਛਲਾ ਸਾਕਾ, ਗੁਰ ਅਵਤਾਰਾਂ ਦਏ ਸੁਣਾਈਆ । ਕਿਹੜੀ ਗੱਲੇ ਪਿਆ ਘਾਟਾ, ਪੜਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਗੁਰ ਗੋਬਿੰਦ ਗੁਰ ਆਇਆ, ਆਇਆ ਆਪਣੀ ਵਾਰ । ਪ੍ਰਭ ਅੱਗੇ ਸੀਸ ਝੁਕਾਇਆ, ਝੁਕ ਝੁਕ ਕਰੇ ਨਿਮਸਕਾਰ । ਤੇਰਾ ਦਰ ਮੋਹੇ ਭਾਇਆ, ਸ਼ਹਿਨਸ਼ਾਹ ਸੱਚੀ ਸਰਕਾਰ । ਪੁਰਖ ਅਕਾਲ ਤੂ ਹੀ ਨਜ਼ਰੀ ਆਇਆ, ਤੇਰਾ ਰੂਪ ਅਗੰਮ ਅਪਾਰ । ਸ੍ਰਿਸ਼ਟ ਸਬਾਈ ਗਿਆ ਸਮਝਾਇਆ, ਉਚੀ ਕੂਕ ਕੂਕ ਪੁਕਾਰ । ਬਿਨ ਹਰਿ ਸੰਗ ਕੋਇ ਨਾ ਜਾਇਆ, ਅੰਤਮ ਸਰਬ ਹੋਣ ਖੁਆਰ । ਜੋ ਜੋ ਆਇਆ ਸੋ ਆਪਣਾ ਰਾਹ ਗਿਆ ਚਲਾਇਆ, ਏਕਾ ਭੁਲਿਆ ਹਰਿ ਨਿਰੰਕਾਰ । ਪੁਰਖ ਅਬਿਨਾਸ਼ੀ ਵੇਖ ਵਖਾਇਆ, ਸਚਖੰਡ ਨਿਵਾਸੀ ਵੇਖਣਹਾਰ । ਅੰਤਮ ਸਭ ਨੂੰ ਦਏ ਸਜ਼ਾਇਆ, ਹੁਕਮੀ ਹੁਕਮ ਵਰਤੇ ਵਰਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣਾ ਵਰ ਸੱਚੀ ਸਰਕਾਰ । ਦੇਣਾ ਵਰ ਤੇਰਾ ਭਰੋਸਾ, ਤੇਰੀ ਓਟ ਰਖਾਈਆ । ਬੱਚਿਆਂ ਨਾਲ ਪਿਤਾ ਦਾ ਕਾਹਦਾ ਰੋਸਾ, ਰੁੱਸੇ ਲਏ ਮਨਾਈਆ । ਗਲਵਕੜੀ ਲੈ ਕੇ ਲਏ ਬੋਸਾ, ਮੁਖੜਾ ਮੁਖ ਮੁਖ ਸਲਾਹੀਆ । ਤੇਰਾ ਝੱਲਿਆ ਨਾ ਜਾਏ ਜੋਸ਼ਾ, ਤੇਰਾ ਬਲ ਤੇਰੀ ਚਤੁਰਾਈਆ । ਤੇਰਾ ਭਾਣਾ ਨਾ ਹੋਵੇ ਹੋਛਾ, ਦੇਵੇ ਸਰਬ ਸਜ਼ਾਈਆ । ਕਲਜੁਗ ਲੱਖ ਚੁਰਾਸੀ ਤੱਤ ਹੋਇਆ ਕੋਸਾ, ਘਰ ਘਰ ਅਗਨੀ ਲਾਈਆ । ਬਿਨ ਤੇਰੇ ਨਾਮੋਂ ਜੀਵ ਜੰਤ ਹੋਇਆ ਥੋਥਾ, ਠੋਕਰ ਰਿਹਾ ਖਾਈਆ । ਮੈਂ ਦਸ ਕੇ ਆਇਆ ਪੁਰਖ ਅਕਾਲ ਮਿਲੇ ਕਿਸੇ ਵਿਚੋਂ ਨਾ ਪੋਥਾ, ਪੁਸਤਕ ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਰਾਹ ਰਹੀ ਜਣਾਈਆ । ਕਲਜੁਗ ਜੀਵ ਲਾ ਲਾ ਬੈਠੇ ਘੋਟਾ, ਰਸਨਾ ਜਿਹਵਾ ਰਹੇ ਸੁਣਾਈਆ । ਅੰਦਰੋਂ ਮਨ ਹੋਇਆ ਖੋਟਾ, ਕੂੜੀ ਕਿਰਿਆ ਲਈ ਪਰਨਾਈਆ । ਗੁਰ ਦਰ ਮੰਦਰ ਮਸਜਦ ਅੰਦਰ ਭਰੀ ਨਾ ਕਿਸੇ ਦੀ ਪੋਟਾ, ਮਾਇਆ ਮਮਤਾ ਹੋਈ ਹਲਕਾਈਆ । ਸਾਧ ਸੰਤ ਜਤ ਰੱਖੇ ਨਾ ਕੋਈ ਲੰਗੋਟਾ, ਧੀਰਜ ਧੀਰ ਗਏ ਗਵਾਈਆ । ਹਿੰਦੂ ਮੁਸਲਮ ਫੜਿਆ ਹੱਥ ਵਿਚ ਲੋਟਾ, ਤੇਰਾ ਨਾਮ ਰਸਨਾ ਰਸ ਨਾ ਕੋਈ ਗਾਈਆ । ਤੇਰਾ ਗੁਰਸਿਖ ਹੋਇਆ ਖੋਤਾ, ਮਦਿ ਪੀ ਪੀ ਖ਼ਾਕ ਉਡਾਈਆ । ਕਲਜੁਗ ਅੰਦਰ ਸਭ ਨੇ ਮਾਰਿਆ ਗੋਤਾ, ਕੋਈ ਸਕੇ ਨਾ ਬਾਹਰ ਕਢਾਈਆ । ਤੇਰਾ ਨਾਮ ਨਾ ਮਿਲੇ ਕਿਸੇ ਤੋਤਾ, ਵਾਂਗ ਗਨਕਾ ਦਏ ਪੜ੍ਹਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸਾਰੇ ਰੋਤਾ, ਨੇਤਰ ਨੈਣਾਂ ਨੀਰ ਵਹਾਈਆ । ਤੇਰਾ ਪ੍ਰੇਮ ਕਿਸੇ ਨਾ ਪਾਇਆ ਤੂੰ ਜੱਟਾਂ ਘਰ ਵੜ ਕੇ ਲਾਏਂ ਜੋਤਾ, ਤੂੰ ਸਭ ਦੀ ਜੜ੍ਹ ਦਏ ਉਖੜਾਈਆ । ਤੈਨੂੰ ਸਾਡੇ ਤਿੰਨ ਹੱਥ ਲੱਭਾ ਇਕੋ ਕੋਠਾ, ਗੋਬਿੰਦ ਅੰਦਰ ਡੇਰਾ ਲਾਈਆ । ਜਨ ਭਗਤਾਂ ਦੇਵੇਂ ਬਹੁਤਾ ਬਹੁਤਾ, ਬਿਨ ਮੰਗਿਆਂ ਆਪ ਵਰਤਾਈਆ । ਲੱਖ ਚੁਰਾਸੀ ਜਾਏ ਔਤਾਂ, ਪਿਤਾ ਪੂਤ ਨਾ ਕੋਇ ਮਿਲਾਈਆ । ਨਾਰੀ ਛੱਡੇ ਆਪਣਾ ਖੌਤਾ, ਖੌਤ ਨਾਰ ਨਾ ਕੋਇ ਹੰਢਾਈਆ । ਪੰਡਤ ਪਾਂਧੇ ਸਾਫ਼ ਕਰ ਕਰ ਬੈਠੇ ਚੌਕਾ, ਆਤਮ ਅੰਤਰ ਨਾ ਕੋਇ ਸਫ਼ਾਈਆ । ਮੁੱਲਾਂ ਸ਼ੇਖ਼ ਮਸਜਦ ਅੰਦਰ ਮੰਦਰ ਬਣ ਸਵਾਨ ਭੌਂਕਾ, ਮਸਲਾ ਪੜ੍ਹ ਪੜ੍ਹ ਰਿਹਾ ਸੁਣਾਈਆ । ਆਤਮ ਅੰਤਰ ਸਾਚਾ ਅੰਮ੍ਰਿਤ ਨਾ ਕਿਸੇ ਤਰੌਂਕਾ, ਅਠਸਠ ਰਹੇ ਨਹਾਈਆ ।

ਹਰਿ ਕਾ ਨਾਮ ਸਚ ਸ਼ਿੰਗਾਰ ਨਾ ਕਰਿਆ ਕਿਸੇ ਸੌਕਾ, ਵੇਸਵਾ ਰੂਪ ਸਰਬ ਲੋਕਾਈਆ । ਨਾਮ ਗਾਨਾ ਸਾਚੇ ਗੁਟ ਨਾ ਬੰਨ੍ਹਿਆ ਪੌਚਾ, ਬੰਧੀ ਬੰਧ ਨਾ ਕੋਇ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੰਗੇ ਇਕੋ ਵਰ, ਭੁਲੀ ਤੇਰੀ ਸਰਬ ਲੋਕਾਈਆ । ਤੇਰੀ ਕਰਨੀ ਗਏ ਭੁੱਲ, ਨਾ ਚਲੇ ਕੋਈ ਚਤੁਰਾਈਆ । ਬਿਨ ਤੇਰੇ ਹਰਿ ਜੂ ਗਏ ਰੁਲ, ਹਰਿ ਕੇ ਪੌੜੇ ਨਾ ਕੋਇ ਚੜ੍ਹਾਈਆ । ਤੇਰੀ ਫੁਲਵਾੜੀ ਵਿਚੋਂ ਟੁੱਟਾ ਫੁਲ, ਪਤ ਡਾਲ੍ਹੀ ਨਾ ਕੋਇ ਮਹਿਕਾਈਆ । ਝੂਠੀ ਮਾਇਆ ਗਏ ਰੁਲ, ਆਪਣਾ ਆਪ ਗਵਾਈਆ । ਭਾਗ ਨਾ ਲੱਗਾ ਗੋਬਿੰਦ ਕੁਲ, ਚਾਰ ਵਰਨ ਨਾ ਸੰਗ ਨਿਭਾਈਆ । ਕੋਈ ਨਾ ਤੁਲਿਆ ਸਾਚੇ ਤੋਲ, ਝੂਠੇ ਕੰਡੇ ਤੁਲੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਏ ਵਡਿਆਈਆ । ਗੁਰ ਗੋਬਿੰਦ ਗੋਬਿੰਦ ਤੇਰਾ ਮਾਣ, ਤੇਰਾ ਤੇਰੇ ਵਿਚ ਰਖਾਇੰਦਾ । ਮੇਰਾ ਰੂਪ ਸ਼ਬਦ ਨਿਸ਼ਾਨ, ਸ਼ਬਦ ਤੇਰਾ ਨਾਉਂ ਪਰਗਟਾਇੰਦਾ । ਤੇਰਾ ਖੇਲ ਦੋ ਜਹਾਨ, ਦੋ ਜਹਾਨੀਂ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਾਲਸ ਇਕ ਬਣਾਇੰਦਾ । ਸਚ ਸਾਲਸ ਬਣ ਜਮਾਤ, ਜੁਮਲਾ ਆਪਣਾ ਵੇਖ ਵਖਾਈਆ । ਚਾਰ ਵਰਨ ਦੀ ਵੇਖ ਵਾਤ, ਵਾਤਾ ਵਰਨ ਦਏ ਸਮਝਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਜੋ ਦੱਸ ਦੱਸ ਗਏ ਗਾਥ, ਪੜ੍ਹ ਪੜ੍ਹ ਚਲੇ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਭ ਦਾ ਲੇਖਾ ਆਪਣੇ ਹੱਥ ਰਖਾਈਆ । ਗੁਰ ਅਵਤਾਰ ਸੁਣੋ ਸੰਦੇਸਾ, ਹਰਿ ਜੂ ਹਰਿ ਹਰਿ ਆਪ ਸੁਣਾਇੰਦਾ । ਵੀਹ ਸੌ ਵੀਹ ਬਿਕ੍ਰਮੀ ਸਭ ਦਾ ਮੁੱਕਣਾ ਲੇਖਾ, ਅੰਤ ਕੋਇ ਰਹਿਣ ਨਾ ਪਾਇੰਦਾ । ਨਾ ਕੋਈ ਪੂਜੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਾ, ਹਨਵੰਤ ਬੀਰ ਨਾ ਕੋਇ ਮਨਾਇੰਦਾ । ਖਾਣੀ ਬਾਣੀ ਕਰੇ ਨਾ ਕੋਇ ਆਦੇਸਾ, ਗੁਰ ਅਵਤਾਰ ਨਾ ਸੀਸ ਝੁਕਾਇੰਦਾ । ਸਭ ਦਾ ਪਿਛਲਾ ਚੁੱਕਣਾ ਠੇਕਾ, ਠੇਕੇਦਾਰ ਅੱਗੇ ਕੋਈ ਨਜ਼ਰ ਨਾ ਆਇੰਦਾ । ਮੰਦਰ ਮਸਜਦ ਗੁਰ ਦਰ ਕੱਢਦੇ ਰਹੇ ਹੇਕਾ, ਸਾਚਾ ਰਾਗ ਨਾ ਕੋਇ ਅਲਾਇੰਦਾ । ਨਰ ਨਰਾਇਣ ਨਜ਼ਰ ਕਿਸੇ ਨਾ ਪੇਖਾ, ਲੱਖ ਚੁਰਾਸੀ ਜੀਵ ਜੰਤ ਕੁਰਲਾਇੰਦਾ । ਕਿਸੇ ਹੱਥ ਨਾ ਆਏ ਧਾਰੀ ਕੇਸਾ, ਮੂੰਡ ਮੁੰਡਾਏ ਮੁਖ ਸ਼ਰਮਾਇੰਦਾ । ਰੋ ਰੋ ਥੱਕੇ ਮੁੱਲਾ ਸ਼ੇਖ਼ਾ, ਮਸਲਾ ਹੱਲ ਨਾ ਕੋਇ ਕਰਾਇੰਦਾ । ਸਾਧ ਸੰਤ ਧਰ ਧਰ ਭੇਖਾ, ਜੰਗਲ ਜੂਹ ਉਜਾੜ ਡੇਰਾ ਲਾਇੰਦਾ । ਕਲਜੁਗ ਘਰ ਘਰ ਕਰਦਾ ਫਿਰੇ ਝੇੜਾਂ, ਆਪਣੀ ਖੁਸ਼ੀ ਮਨਾਇੰਦਾ । ਲਖ ਚੁਰਾਸੀ ਜੀਵ ਜੰਤ ਰਾਏ ਧਰਮ ਦਾ ਵਾੜਾ ਭੇਡਾਂ, ਏਕਾ ਵਾਰ ਬੰਦ ਕਰਾਇੰਦਾ । ਅੰਤਮ ਗੋਬਿੰਦ ਮਾਰੇ ਠੇਡਾ, ਸਭ ਨੂੰ ਮੂੰਹ ਦੇ ਭਾਰ ਸੁਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਹੁਕਮ ਵਰਤੇ ਸ੍ਰੀ ਭਗਵਾਨ, ਦੂਜਾ ਕੋਇ ਰਹਿਣ ਨਾ ਪਾਈਆ । ਰਾਉ ਰੰਕ ਇਕ ਗਿਆਨ, ਏਕਾ ਏਕ ਕਰੇ ਪੜ੍ਹਾਈਆ । ਦੋ ਜਹਾਨ ਇਕ ਨਿਸ਼ਾਨ, ਸਚ ਨਿਸ਼ਾਨਾ ਦਏ ਝੁਲਾਈਆ । ਗੋਬਿੰਦ ਦੇਵੇ ਧੁਰ ਫ਼ਰਮਾਣ, ਸਚ ਸੰਦੇਸਾ ਇਕ ਸੁਣਾਈਆ । ਪਰਗਟ ਹੋਇਆ ਸ੍ਰੀ ਭਗਵਾਨ, ਨਿਹਕਲੰਕਾ ਨਾਉਂ ਰਖਾਈਆ । ਸਭ ਨੂੰ ਮੰਨਣੀ ਪਏ ਆਣ, ਬਚਿਆ ਕੋਇ ਰਹਿਣ ਨਾ ਪਾਈਆ । ਪਿਛਲਾ ਲੇਖਾ ਚੁਕਿਆ ਵਿਚ ਜਹਾਨ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਆਪਣਾ ਹੁਕਮ ਗੁਰ ਗੋਬਿੰਦ, ਹਰਿ ਜਣਾਇੰਦਾ । ਸਰਬ ਮੇਟਣੀ ਪਿਛਲੀ ਚਿੰਦ, ਚਿੰਤਾ ਚਿਖਾ ਸਰਬ ਜਲਾਇੰਦਾ । ਇਕ ਦੂਜੇ ਦੀ ਕਰਨ ਨਿੰਦ,

੭੯੨
੧੧

ਨਿੰਦਕ ਨਿੰਦਿਆ ਮੁਖ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਕਰਤਾਰਾ, ਗੁਰ ਗੋਬਿੰਦ ਜਣਾਈਆ । ਸਭ ਨੂੰ ਦਸ ਸਚ ਵਿਹਾਰਾ, ਸਚ ਸਚ ਸ਼ਨਵਾਈਆ । ਪੂਜਾ ਚੁਕੇ ਤੇਈ ਅਵਤਾਰਾ, ਲੋਕਮਾਤ ਰਹਿਣ ਨਾ ਪਾਈਆ । ਈਸਾ ਮੂਸਾ ਸੰਗ ਮੁਹੰਮਦ ਪਾਰ ਕਿਨਾਰਾ, ਹਰਿ ਜੂ ਦੇਵੇ ਜੜ੍ਹ ਉਖੜਾਈਆ । ਏਕਾ ਏਕ ਨਾਮ ਜੈਕਾਰਾ, ਜੈ ਜੈਕਾਰ ਖ਼ਲਕ ਖ਼ੁਦਾਈਆ । ਏਕਾ ਇਸ਼ਟ ਇਕ ਦੁਆਰਾ ਏਕਾ ਹਰਿ ਜੂ ਲਏ ਮਨਾਈਆ । ਏਕਾ ਨਾਮ ਇਕ ਭੰਡਾਰਾ, ਏਕਾ ਏਕਾ ਵਾਰ ਵਰਤਾਈਆ । ਮਿਲਿਆ ਹੁਕਮ ਸੱਚੀ ਸਰਕਾਰਾ, ਸਚ ਸੰਦੇਸਾ ਬੇਪਰਵਾਹੀਆ । ਗੋਬਿੰਦ ਤੇਰਾ ਜਗਤ ਅਖਾੜਾ, ਤੇਰੀ ਖੇਡ ਰਚਾਈਆ । ਬਣਨਾ ਇਕੋ ਸੱਚਾ ਲਾੜਾ, ਏਕਾ ਘੋੜੀ ਦਏ ਚੜ੍ਹਾਈਆ । ਭਗਤ ਮੰਗਣ ਤੇਰਾ ਵਾੜਾ, ਦਰ ਆਪਣੀ ਅਲਖ ਜਗਾਈਆ । ਬਾਕੀ ਵੇਖਣ ਸਰਬ ਅਖਾੜਾ, ਲੱਖ ਚੁਰਾਸੀ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਸਮਝਾਈਆ । ਸਾਰੇ ਉਠੋ ਦਿਉ ਇਕਵਾਲ, ਹਰਿ ਜੂ ਹਰਿ ਸੁਣਾਇੰਦਾ । ਕਿਉਂ ਚਲਾਈ ਆਪਣੀ ਚਾਲ, ਲੱਖ ਚੁਰਾਸੀ ਇਕੋ ਬ੍ਰਹਮ ਜਣਾਇੰਦਾ । ਸੂਰ ਗਾਂ ਖਾਦੀ ਕਿਉਂ ਗਾਲ, ਜਲਵਾ ਰੂਪ ਸਰਬ ਵਖਾਇੰਦਾ । ਅੰਤਮ ਸਭ ਦੇ ਸਿਰ ਤੇ ਕੂਕੇ ਕਾਲ, ਅੱਗੇ ਹੋ ਨਾ ਕੋਇ ਛੁਡਾਇੰਦਾ । ਵੇਖੋ ਗੁਰ ਅਵਤਾਰ ਪੀਰ ਪੈਗ਼ੰਬਰ ਪੁਰਖ ਅਬਿਨਾਸ਼ੀ ਅੱਗੇ ਕਰਨ ਸਵਾਲ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪ ਬੰਧਾਇੰਦਾ । ਸਾਚੀ ਧਾਰਾ ਬੰਧੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਸ਼ਬਦੀ ਗੁਰ ਇਕ ਪਰਤਾਪ, ਗੁਰ ਗੋਬਿੰਦ ਨਾਮ ਸਲਾਹੀਆ । ਰਾਮਾ ਕ੍ਰਿਸ਼ਨਾ ਆਪੇ ਥਾਪ, ਥਾਪਨ ਥਾਪ ਵੇਖ ਵਖਾਈਆ । ਨਿਰਗੁਣ ਸਰਗੁਣ ਮਾਈ ਬਾਪ, ਪਿਤਾ ਪੂਤ ਖੇਲ ਖਿਲਾਈਆ । ਕਲਜੁਗ ਅੰਤਮ ਇਕ ਜਣਾਏ ਸਾਚਾ ਜਾਪ, ਏਕਾ ਗੁਰੂ ਕਰੇ ਪੜ੍ਹਾਈਆ । ਜਾਤ ਪਾਤ ਮੁੱਕੀ ਵਾਟ, ਦੀਨ ਇਸਲਾਮ ਨਾ ਕੋਇ ਰਖਾਈਆ । ਏਕਾ ਪੱਤਣ ਏਕਾ ਘਾਟ, ਏਕਾ ਮੇਲਾ ਸਾਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਗ ਆਪ ਅਲਾਈਆ । ਸਾਚਾ ਰਾਗ ਗੋਬਿੰਦ ਧਾਰ, ਹਰਿ ਨਿਰੰਕਾਰੀ ਆਪ ਅਲਾਇੰਦਾ । ਮੁਹੰਮਦ ਹੋਣਾ ਪਏ ਖੁਆਰ, ਉਮਤ ਉਮਤੀ ਡੇਰਾ ਢਾਹਿੰਦਾ । ਇਕ ਨੌਂ ਦਏ ਅਧਾਰ, ਸਿਰ ਆਪਣਾ ਹੱਥ ਟਿਕਾਇੰਦਾ । ਪਿਛਲਾ ਲੇਖਾ ਭੋਗ ਸਭ ਦਾ ਦਏ ਨਿਵਾਰ, ਅਗਲਾ ਲੇਖਾ ਨਾ ਕੋਇ ਸਮਝਾਇੰਦਾ । ਸਰਗੁਣ ਤੇਰਾ ਬੰਦ ਹੋਏ ਵਿਹਾਰ, ਬੀਸ ਬੀਸਾ ਖੇਲ ਕਰਾਇੰਦਾ । ਅੱਗੇ ਨਿਰਗੁਣ ਕਰੇ ਕਾਰ, ਨਿਰਾਕਾਰ ਹੁਕਮ ਵਰਤਾਇੰਦਾ । ਇਕ ਸਤ ਹੋ ਉਜਿਆਰ,

ਇਕ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਆਪ ਮੁਕਾਇੰਦਾ । ਪਿਛਲਾ ਲੇਖਾ ਜਾਣਾ ਮੁੱਕ, ਹਰਿ ਜੂ ਹਰਿ ਹਰਿ ਆਪ ਮੁਕਾਇੰਦਾ । ਦੂਈ ਦਵੈਤੀ ਕੱਢੇ ਕੁਟ, ਗੋਬਿੰਦ ਖੰਡਾ ਹੱਥ ਚਮਕਾਇੰਦਾ । ਦਿਨ ਦਿਹਾੜੇ ਪਾਵੇ ਲੁੱਟ, ਚਾਰੋਂ ਕੁੰਟ ਵੇਖ ਵਖਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਭੇਵ ਕੋਇ ਨਾ ਆਇੰਦਾ । ਸਿੰਘ ਸ਼ੇਰ ਹੋ ਸ਼ੇਰ ਗਿਆ ਬੁੱਕ, ਦੋ ਜਹਾਨ ਜੰਗਲ ਜੂਹ ਉਜਾੜ ਪਹਾੜ ਫੇਰਾ ਪਾਇੰਦਾ । ਕੋਈ ਨਾ ਸਕੇ ਅੱਗੇ ਲੁਕ, ਲੁਕਵੀ ਆਪਣੀ ਖੇਲ ਰਚਾਇੰਦਾ । ਸਭ ਦੀ ਜੜ੍ਹ ਦੇਵੇ ਪੁੱਟ, ਬਿਨ ਭਗਤਾਂ ਬੂਟਾ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰਾਂ ਲੇਖਾ ਜਾਏ ਮੁੱਕ, ਅੱਗੇ ਵਸਤ ਨਾ ਕੋਇ ਵਰਤਾਇੰਦਾ । ਲਹਿਣਾ ਜਾਣੇ ਤੀਨਾਂ ਲੋਕ, ਲੋਕ ਪਰਲੋਕ



੭੯੩
੧੧

ਸੋਭਾ ਪਾਇੰਦਾ । ਏਕਾ ਨਾਮ ਸਤਿ ਸਲੋਕ, ਸੋਹੰ ਢੋਲਾ ਆਪੇ ਗਾਇੰਦਾ । ਚਾਰ ਵਰਨਾਂ ਦੇਵੇ ਮੋਖ, ਮੁਕਤੀ ਚਰਨਾਂ ਹੇਠ ਦਬਾਇੰਦਾ । ਜਗਤ ਵਿਕਾਰਾ ਦੇਵੇ ਝੋਕ, ਅਗਨੀ ਅੱਗ ਵਿਚ ਜਲਾਇੰਦਾ । ਸਤਿ ਸਤਿਵਾਦੀ ਭੋਗੇ ਭੋਗ, ਭਸਮੜ ਆਪਣਾ ਰੂਪ ਵਟਾਇੰਦਾ । ਭਗਤ ਭਗਵੰਤ ਧੁਰ ਸੰਜੋਗ, ਬਣ ਸੰਜੋਗੀ ਮੇਲ ਮਿਲਾਇੰਦਾ । ਜਨਮ ਜਨਮ ਦਾ ਕੱਟੇ ਰੋਗ, ਕਰਮ ਕਰਮ ਪਾਰ ਕਰਾਇੰਦਾ । ਏਕਾ ਦੇਵੇ ਸਾਚਾ ਜੋਗ, ਚਰਨ ਪ੍ਰੀਤੀ ਇਕ ਸਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚਾ ਇਕ ਅਖਵਾਇੰਦਾ । ਗੋਬਿੰਦ ਕਹੇ ਇਕੋ ਸਤਿਗੁਰ, ਦੂਜਾ ਕੋਇ ਨਜ਼ਰ ਨਾ ਆਈਆ । ਆਦਿ ਜੁਗਾਦੀ ਚੜ੍ਹਿਆ ਘੋੜ, ਸ਼ਾਹ ਸਵਾਰ ਫੇਰਾ ਪਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਦੋ ਜਹਾਨਾਂ ਰਿਹਾ ਦੌੜ, ਬਣ ਪਾਂਧੀ ਪੰਧ ਮੁਕਾਈਆ । ਜਨ ਭਗਤਾਂ ਬੁਝਾਏ ਜਨਮ ਜਨਮ ਦੀ ਲੱਗੀ ਔੜ, ਅੰਮ੍ਰਿਤ ਮੇਘ ਬਰਸਾਈਆ । ਬਿਨ ਨਜ਼ਰੋਂ ਵੇਖੇ ਕਰਕੇ ਗੌਰ, ਗਹਿਰ ਗੰਭੀਰ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤਮ ਪਕੜਨਹਾਰਾ ਠੱਗ ਚੋਰ, ਸਾਰ ਪਾਸ਼ ਖੇਲ ਵਖਾਈਆ । ਗੋਬਿੰਦ ਹੱਥ ਫੜਾਏ ਡੋਰ, ਚਾਰ ਵਰਨ ਬੰਧਨ ਪਾਈਆ । ਲੇਖਾ ਰਹੇ ਨਾ ਕੋਈ ਹੋਰ, ਹੋੜਾ ਸੱਸੇ ਉਪਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੰ ਬ੍ਰਹਮ ਵੇਖ ਵਖਾਈਆ । ਹੰ ਬ੍ਰਹਮ ਖੇਲ ਅਪਾਰਾ, ਹਰਿ ਹਰਿ ਆਪ ਜਣਾਇੰਦਾ । ਗੁਰ ਗੋਬਿੰਦ ਬੋਲ ਜੈਕਾਰਾ, ਫਤਹਿ ਡੰਕਾ ਇਕ ਗਜਾਇੰਦਾ । ਏਕਾ ਹੁਕਮ ਹਰਿ ਨਿਰੰਕਾਰਾ, ਘਰ ਸਾਚੇ ਆਪ ਸੁਣਾਇੰਦਾ । ਨਾਤਾ ਤੁੱਟੇ ਸਰਬ ਸੰਸਾਰਾ, ਸਾਚਾ ਬੰਧਨ ਨਾ ਕੋਇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਇੰਦਾ । ਆਪਣਾ ਖੇਲ ਹਰਿ ਵਰਤੌਣਾ, ਆਪਣੇ ਹੱਥ ਰੱਖੇ ਵਡਿਆਈਆ । ਸਭ ਦਾ ਲੇਖਾ ਆਪ ਚੁਕਾਉਣਾ, ਲੇਖਾ ਕੋਇ ਰਹਿਣ ਨਾ ਪਾਈਆ । ਏਕਾ ਨਾਇਆ ਵੰਡ ਵਡੌਣਾ, ਚਾਰ ਕੁੰਟ ਕੁੰਟ ਦੁਹਾਈਆ । ਖੰਡਾ ਖੜਗ ਇਕ ਚਮਕੌਣਾ, ਤੇਜ਼ ਧਾਰ ਆਪ ਰਖਾਈਆ । ਚਿੱਲਾ ਤੀਰ ਇਕ ਚੜ੍ਹੌਣਾ, ਸਚ ਕਮੰਦ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਾਚਾ ਹੁਕਮ ਅੰਤਮ ਵਾਰ, ਹਰਿ ਗੋਬਿੰਦ ਆਪ ਸੁਣਾਇੰਦਾ । ਪਿਛਲਾ ਲੇਖਾ ਸਭ ਦਾ ਮੁੱਕਾ ਵਿਚ ਸੰਸਾਰ, ਹਰਿ ਜੂ ਹਰਿ ਹਰਿ ਆਪ ਮੁਕਾਇੰਦਾ । ਸਭ ਨੇ ਗਾਉਣਾ ਏਕਾ ਪੁਰਖ ਅਕਾਲ, ਦੂਜਾ ਇਸ਼ਟ ਨਾ ਕੋਇ ਜਣਾਇੰਦਾ । ਬੀਸ ਬੀਸਾ ਖੇਲ ਨਿਰਾਲ, ਜਗਤ ਜਗਦੀਸਾ ਆਪ ਕਰਾਇੰਦਾ । ਸਾਚਾ ਤਖ਼ਤ ਵੇਖ ਧਰਮਸਾਲ, ਦਿਲਬਰ ਆਪਣਾ ਆਸਣ ਲਾਇੰਦਾ । ਨੰਗੀ ਕਰ ਕਰ ਨਾਮ ਢਾਲ, ਜਗਤ ਵਿਕਾਰਾ ਬੰਧਨ ਪਾਇੰਦਾ । ਜਨ ਭਗਤਾਂ ਚਲੇ ਨਾਲ ਨਾਲ, ਰਾਤੀ ਸੁਤਿਆਂ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਿਛਲਾ ਪੰਧ ਮੁਕਾਇੰਦਾ । ਪਿਛਲਾ ਪੰਧ ਰਿਹਾ ਦੂਰ, ਅੱਗੇ ਵਾਟ ਨਾ ਕੋਇ ਜਣਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਜੋ ਬਣਿਆ ਰਿਹਾ ਮਫ਼ਰੂਰ, ਕਲਜੁਗ ਅੰਤਮ ਆਪਣਾ ਫੇਰਾ ਪਾਈਆ । ਜੁਗ ਜੁਗ ਆਪਣਾ ਕਰਦਾ ਕਰੌਦਾ ਰਿਹਾ ਕਸੂਰ, ਆਪੇ ਦੇਵਣ ਆਇਆ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਸਤਿਜੁਗ ਇਕੋ ਲਾਈਆ । ਸਤਿਜੁਗ ਲੱਗੇ ਵਿਚ ਸੰਸਾਰਾ, ਹਰਿ ਸਾਚਾ ਸਚ ਲਗਾਈਆ । ਏਕਾ ਗੁਰ ਇਕ ਅਵਤਾਰਾ, ਏਕਾ ਇਸ਼ਟ ਸਰਬ ਸਮਝਾਈਆ । ਏਕਾ ਮੰਦਰ ਇਕ ਦੁਆਰਾ, ਏਕਾ ਠਾਕਰ ਨਜ਼ਰੀ ਆਈਆ । ਏਕਾ ਨਾਮ ਇਕ ਜੈਕਾਰਾ, ਜੈ ਜੈਕਾਰ ਇਕ ਸੁਣਾਈਆ । ਹਿੰਦੂ


੭੯੪
੧੧

੭੯੫
੧੧

ਮੁਸਲਮ ਸਿਖ ਈਸਾਈ ਏਕਾ ਧਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਕੁੜਮਾਈਆ । ਰਾਗ ਨਾਦ ਨਾ ਕੋਈ ਧੁੰਨਕਾਰਾ, ਸਾਜ ਤਾਲ ਨਾ ਕੋਇ ਵਜਾਈਆ । ਕੋਈ ਸੰਤ ਆਪਣੀ ਕਰਨੀ ਕਰ ਚੜ੍ਹੇ ਨਾ ਦਸਮ ਦੁਆਰਾ, ਸਭ ਦਾ ਬੂਹਾ ਬੰਦ ਕਰਾਈਆ । ਜੋ ਜਨ ਆਏ ਹਰਿ ਦੁਆਰਾ, ਤਿਸ ਆਪਣੀ ਬੂਝ ਬੁਝਾਈਆ । ਨੇਤਰ ਲੋਚਣ ਦਏ ਦੀਦਾਰਾ, ਦਿਵਸ ਰੈਣ ਦਰਸ ਕਰਾਈਆ । ਅਰਸ਼ ਕੁਰਸ਼ ਦਏ ਸਹਾਰਾ, ਦੋ ਜਹਾਨ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਤੀਰ ਤਫ਼ੰਗ, ਸੋਹੰ ਮੁਖੀ ਆਪ ਚਲਾਇੰਦਾ । ਕਰੇ ਖੇਲ ਬਾਲ ਰੂਪ ਭੁਝੰਗ, ਭੁਝੰਗੀ ਆਪਣੀ ਭੇਟ ਚੜ੍ਹਾਇੰਦਾ । ਅਸਵ ਅਸਵਾਰ ਕਸ ਕਸ ਤੰਗ, ਸੋਲਾਂ ਕਲੀਆਂ ਆਸਣ ਪਾਇੰਦਾ । ਏਕਾ ਨਾਮ ਚਾਰ ਕੁੰਟ, ਗੋਬਿੰਦ ਡੰਕਾ ਸਰਬ ਸੁਣਾਇੰਦਾ । ਸ੍ਰਿਸ਼ਟ ਸਬਾਈ ਖੰਡ ਖੰਡ, ਖੰਡਾ ਖੜਗ ਇਕ ਚਮਕਾਇੰਦਾ । ਨਾਤਾ ਤੁਟਨਾ ਭੇਖ ਪਖੰਡ, ਕੂੜੀ ਕਿਰਿਆ ਆਪ ਗਵਾਇੰਦਾ । ਸਭ ਨੇ ਗੌਣਾ ਸੁਹਾਗੀ ਛੰਦ, ਸੋਹੰ ਢੋਲਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪਿਛਲਾ ਲਹਿਣਾ ਸਰਬ ਚੁਕਾਇੰਦਾ । ਪਿਛਲਾ ਲਹਿਣਾ ਆਪ ਮੁਕਾਇਆ, ਮੁੱਕੀ ਕਲਜੁਗ ਧਾਰ । ਸਾਚਾ ਹੁਕਮ ਇਕ ਚਲਾਇਆ, ਚਲੇ ਵਿਚ ਸੰਸਾਰ । ਸਤਿਗੁਰ ਪੂਰਾ ਇਕ ਅਖਵਾਇਆ, ਇਕ ਇਕੱਲਾ ਏਕੰਕਾਰ । ਸਾਚਾ ਨਾਮ ਇਕ ਦ੍ਰਿੜਾਇਆ, ਸੋਹੰ ਸ਼ਬਦ ਜੈ ਜੈ ਜੈਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਦਰਸਨ ਪਾਇਆ, ਲੱਖ ਚੁਰਾਸੀ ਉਤਰੇ ਪਾਰ । ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸੀਸ ਝੁਕਾਇਆ, ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅੰਤਮ ਵਾਰ । ਅੰਤਮ ਵਾਰ ਖੇਲ ਕਰਿਆ, ਕਰਨਹਾਰ ਭਗਵਾਨਾ । ਨਿਰਭੌ ਹੋ ਕਦੇ ਨਾ ਡਰਿਆ, ਜੋਧਾ ਸੂਰਬੀਰ ਮਰਦ ਮਰਦਾਨਾ । ਭਗਤਾਂ ਅੰਦਰ ਆਪੇ ਵੜਿਆ, ਨਿਰਗੁਣ ਰੂਪ ਗੁਣ ਨਿਧਾਨਾ । ਸਾਚੇ ਮੰਦਰ ਆਪੇ ਚੜ੍ਹਿਆ, ਸ਼ਾਹੋ ਭੂਪ ਬਣ ਰਾਜਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੋਂ ਕੁੰਟ ਕਰੇ ਵੈਰਾਨਾ । ਚਾਰੋਂ ਕੁੰਟ ਹੋਏ ਵੈਰਾਨ, ਪ੍ਰਭ ਆਪਣੀ ਖੇਲ ਕਰਾਇੰਦਾ । ਆਪੇ ਦੇਵਣਹਾਰਾ ਜੀਆ ਦਾਨ, ਜੀਵ ਜੰਤ ਆਪਣੇ ਵਿਚ ਸਮਾਇੰਦਾ । ਆਪੇ ਲੱਖ ਚੁਰਾਸੀ ਵੇਖੇ ਮਾਰ ਧਿਆਨ, ਆਪੇ ਜੂਨੀ ਜੂਨ ਭਵਾਇੰਦਾ । ਭਗਤ ਭਗਵੰਤ ਮਿਲੇ ਆਣ, ਲੋਕਮਾਤ ਦਇਆ ਕਮਾਇੰਦਾ । ਹਰਿ ਸੰਤਾਂ ਕਰੇ ਸਤਿ ਪਹਿਚਾਨ, ਸਤਿ ਸਤਿਵਾਦੀ ਭੇਵ ਖੁਲ੍ਹਾਇੰਦਾ । ਗੁਰਮੁਖ ਦੇਵੇ ਇਕ ਗਿਆਨ, ਏਕਾ ਅੱਖਰ ਆਪ ਪੜ੍ਹਾਇੰਦਾ । ਗੁਰਸਿਖਾਂ ਵਖਾਏ ਇਕ ਮਕਾਨ, ਸਾਚੇ ਮੰਦਰ ਡੇਰਾ ਲਾਇੰਦਾ । ਪਹਿਲੀ ਚੇਤ ਦਿਵਸ ਮਹਾਨ, ਬੀਸ ਉਨੀਸ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੀਹ ਸੌ ਬੀਸ ਬਿਕ੍ਰਮੀ ਆਪਣਾ ਮਾਰਗ ਆਪਣੇ ਹੱਥ ਰਖਾਇੰਦਾ ।

ਨਿਰਗੁਣ ਰੂਪ ਨਿਰਾਧਾਰ, ਨਿਰਾਕਾਰ ਨਿਰਵੈਰ ਪੁਰਖ ਅਬਿਨਾਸ਼ਿਆ । ਕਰੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਅਗੰਮ ਅਥਾਹ ਸ਼ਹਿਨਸ਼ਾਹ ਸ਼ਾਹੋ ਭੂਪ ਸ਼ਾਬਾਸਿਆ । ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਖੇਲ ਅਪਾਰ, ਏਕੰਕਾਰਾ ਖੇਲੇ ਖੇਲ ਤਮਾਸਿਆ । ਆਦਿ ਨਿਰੰਜਣ

ਜੋਤ ਉਜਿਆਰ, ਅਬਿਨਾਸ਼ੀ ਕਰਤਾ ਬੇਐਬ ਪਰਵਰਦਿਗਾਰ, ਸ੍ਰੀ ਭਗਵਾਨ ਸਤਿ ਨਿਸ਼ਾਨ, ਸਤਿ ਸਤਿਵਾਦੀ ਇਕ ਝੁਲਾ ਰਿਹਾ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਇਕ ਅਕੱਲਾ ਖੇਲ ਅਪਾਰ, ਆਪੇ ਇਛਿਆ ਆਪੇ ਪੂਰੀ ਕਰੇ ਆਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ ਨੂਰ ਆਪ ਪ੍ਰਕਾਸਿਆ । ਆਪਣੀ ਇਛਿਆ ਹਰਿ ਕਰਤਾਰ, ਆਪਣਾ ਮੰਦਰ ਆਪ ਪਰਗਟਾਈਆ । ਸਚਖੰਡ ਦੁਆਰ ਕਰ ਤਿਆਰ, ਚਾਰ ਦੀਵਾਰ ਨਾ ਕੋਈ ਬਣਾਈਆ । ਦੀਵਾ ਬਾਤੀ ਕਮਲਾਪਾਤੀ ਕਰ ਅਕਾਰ, ਨਿਰਾਕਾਰ ਕਰੇ ਰੁਸ਼ਨਾਈਆ । ਤਖ਼ਤ ਨਿਵਾਸੀ ਸਾਚੇ ਤਖ਼ਤ ਕਰ ਪਸਾਰ, ਸਚ ਸਿੰਘਾਸਣ ਸੋਭਾ ਪਾਈਆ । ਸ਼ਾਹੋ ਭੂਪ ਬਣ ਸਿਕਦਾਰ, ਅਗੰਮ ਅਗੰਮੜਾ ਧੁਰ ਫ਼ਰਮਾਣਾ ਆਪ ਜਣਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਕਰੇ ਖੇਲ ਹਰਿ ਕਰਨੇਹਾਰ, ਕਰਤਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਆਪਣਾ ਮਾਰਗ ਹਰਿ ਹਰਿ ਲਾ, ਨਿਰਗੁਣ ਨਿਰਾਕਾਰ ਨਿਰਵੈਰ ਖੇਲ ਕਰਾਇੰਦਾ । ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਹੁਕਮ ਚਲਾਇੰਦਾ । ਆਪਣਾ ਹੁਕਮ ਆਪ ਵਰਤਾ, ਆਪੇ ਮੰਨ ਮੰਨ ਖ਼ੁਸ਼ੀ ਮਨਾਇੰਦਾ । ਆਪਣਾ ਬੰਧਨ ਆਪੇ ਪਾ, ਨਿਰਗੁਣ ਨਿਰਗੁਣ ਜੋੜ ਜੁੜਾਇੰਦਾ । ਨਾਰੀ ਕੰਤ ਆਪ ਅਖਵਾ, ਸੇਜ ਸੁਹੰਜਣੀ ਆਪ ਸੁਹਾਇੰਦਾ । ਅੰਤਰ ਅੰਤਰ ਆਪ ਸਮਾ, ਆਪ ਆਪਣਾ ਰੰਗ ਰੰਗਾਇੰਦਾ । ਦਾਈ ਦਾਇਆ ਬਣ ਸੇਵ ਕਮਾ, ਸੇਵਕ ਸਾਚੀ ਸੇਵਾ ਆਪਣੇ ਹੱਥ ਰਖਾਇੰਦਾ । ਜਨਣੀ ਜਨ ਬਣ ਬੇਪਰਵਾਹ, ਸੁਤ ਦੁਲਾਰਾ ਏਕਾ ਜਾਇੰਦਾ । ਸ਼ਬਦੀ ਸ਼ਬਦ ਨਾਉਂ ਰਖਾ, ਪੂਤ ਸਪੂਤਾ ਗੋਦ ਬਹਾਇੰਦਾ । ਹੱਥ ਸਮਰਥ ਸਿਰ ਟਿਕਾ, ਸੀਸ ਜਗਦੀਸ ਇਕ ਸੁਹਾਇੰਦਾ । ਸਾਚੀ ਇਛਿਆ ਆਪ ਪਰਗਟਾ, ਆਪਣੀ ਭਿਛਿਆ ਝੋਲੀ ਪਾਇੰਦਾ । ਥਿਰ ਘਰ ਦੁਆਰਾ ਦਏ ਬਣਾ, ਸ਼ਬਦ ਸੁਤ ਵਿਚ ਬਹਾਇੰਦਾ । ਸਚ ਸੰਦੇਸਾ ਦਏ ਸੁਣਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਵਿਸ਼ਨੂੰ ਬ੍ਰਹਮਾ ਸ਼ਿਵ ਰਚਨ ਰਚਾ, ਤ੍ਰੈਗੁਣ ਮਾਇਆ ਵੇਸ ਵਟਾਇੰਦਾ । ਪੰਜ ਤੱਤ ਘਾੜਨ ਲਏ ਘੜਾ, ਘੜਨਹਾਰ ਖੇਲ ਕਰਾਇੰਦਾ । ਲੱਖ ਚੁਰਾਸੀ ਤੱਤਵ ਤੱਤ ਲਏ ਮਿਲਾ, ਆਪ ਆਪਣਾ ਬੰਧਨ ਪਾਇੰਦਾ । ਰਵ ਸਸ ਬ੍ਰਹਿਮੰਡ ਖੰਡ ਪੁਰੀ ਲੋਆਂ ਲਏ ਬਣਾ, ਧਰਤ ਧਵਲ ਜਲ ਬਿੰਬ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰ ਕਰਤਾਰ, ਲੱਖ ਚੁਰਾਸੀ ਦਇਆ ਕਮਾਈਆ । ਵਿਸ਼ਨੂੰ ਬ੍ਰਹਮਾ ਸ਼ਿਵ ਦਏ ਅਧਾਰ, ਸ਼ਬਦੀ ਸ਼ਬਦ ਹੁਕਮ ਵਰਤਾਈਆ । ਮਹੱਲ ਅਟੱਲ ਕਰ ਮੁਨਾਰ, ਤ੍ਰੈ ਪੰਜ ਪੰਜ ਤ੍ਰੈ ਜੋੜ ਜੁੜਾਈਆ । ਕਰੇ ਕਰਾਏ ਸਾਚੀ ਕਾਰ, ਕਰਤਾ ਪੁਰਖ ਬੇਪਰਵਾਹੀਆ । ਘਰ ਵਿਚ ਘਰ ਕਰ ਤਿਆਰ, ਗ੍ਰਿਹ ਮੰਦਰ ਦਏ ਵਡਿਆਈਆ । ਡੂੰਘੀ ਭਵਰੀ ਖੇਲ ਨਿਆਰ, ਦੀਆ ਬਾਤੀ ਏਕਾ ਏਕ ਜਗਾਈਆ । ਜੋਤ ਨਿਰੰਜਣ ਕਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਸਾਚਾ ਸਾਕੀ ਬਣ ਕਰਤਾਰ, ਅੰਮ੍ਰਿਤ ਆਤਮ ਜਾਮ ਪਿਆਈਆ । ਰਾਗ ਅਨਾਦੀ ਏਕਾ ਧੁੰਨਕਾਰ, ਅਨਹਦ ਨਾਦ ਵਜਾਈਆ । ਕਰੇ ਖੇਲ ਅਗੰਮ ਅਪਾਰ, ਅਗੋਚਰ ਭੇਵ ਕੋਇ ਨਾ ਪਾਈਆ । ਆਤਮ ਸੇਜਾ ਖੇਲ ਨਿਆਰ, ਬ੍ਰਹਮ ਪਾਰਬ੍ਰਹਮ ਵੇਖ ਵਖਾਈਆ । ਈਸ਼ ਜੀਵ ਦਏ ਅਧਾਰ, ਵੰਡਣਹਾਰਾ ਏਕਾ ਵੰਡ ਵੰਡਾਈਆ । ਘਟ ਘਟ ਅੰਤਰ ਕਰ ਪਸਾਰ, ਜਗਤ ਬਸੰਤਰ ਨਾਲ ਰਲਾਈਆ । ਆਸਾ ਤ੍ਰਿਸਨਾ ਹਉਮੇ ਹੰਗਤਾ ਦਏ ਅਧਾਰ, ਕਾਮ ਕਰੋਧ ਲੋਭ ਮੋਹ ਹੰਕਾਰ ਬੰਧਨ ਪਾਈਆ । ਨੌ ਦੁਆਰੇ ਖੋਲ੍ਹ ਕਿਵਾੜ, ਜਗਤ ਵਾਸਨਾ ਵਿਚ ਸਮਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਵਖਾਈਆ । ਲੱਖ ਚੁਰਾਸੀ ਹਰਿ ਜੂ ਰਚ, ਆਪਣਾ ਖੇਲ ਕਰਾਇਆ । ਘਰ ਘਰ ਅੰਦਰ ਰਿਹਾ ਨੱਚ, ਮਨ ਮਤ ਬੁਧ ਵੰਡ ਵੰਡਾਇਆ । ਕਰੇ ਖੇਲ ਭਾਂਡੇ ਕੱਚ, ਕੰਚਨ ਰੂਪ ਨਜ਼ਰ ਨਾ ਆਇਆ । ਸਰਗੁਣ ਅੰਦਰ ਨਿਰਗੁਣ ਸੱਚ, ਨਾ ਮਰੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਜੀਵ ਜੰਤ ਉਪਾਇਆ । ਲੱਖ ਚੁਰਾਸੀ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਤਿੰਨਾਂ ਮਿਲੇ ਨਾ ਕੋਈ ਸਚ ਨਿਸ਼ਾਨੀ, ਲੋਕਮਾਤ ਨਾ ਕੋਈ ਵਡਿਆਈਆ । ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨੀ, ਦੀਨਨ ਆਪਣੀ ਦਇਆ ਕਮਾਈਆ । ਆਪਣਾ ਨਾਉ ਕਰ ਪਰਧਾਨੀ, ਗੁਰੂ ਗੁਰ ਰੂਪ ਵਟਾਈਆ । ਪੰਜ ਤੱਤ ਕਰੇ ਪਰਵਾਨੀ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਬ੍ਰਹਮ ਪਾਰਬ੍ਰਹਮ ਸੁਣਾਏ ਅਕੱਥ ਕਹਾਣੀ, ਧੁਰ ਫ਼ਰਮਾਣਾ ਇਕ ਜਣਾਈਆ । ਪੁਰਖ ਅਕਾਲ ਨੂਰ ਨੁਰਾਨੀ, ਆਦਿ ਜੁਗਾਦਿ ਵਡੀ ਵਡਿਆਈਆ । ਭੇਵ ਅਭੇਦ ਲਾਸਾਨੀ, ਬੇਅੰਤ ਬੇਅੰਤ ਅੰਤ ਕੋਇ ਨਾ ਪਾਈਆ । ਲੱਖ ਚੁਰਾਸੀ ਜੀਵ ਜੰਤ ਬਣਾਏ ਆਪਣੀ ਰਾਣੀ, ਸਾਚਾ ਕੰਤ ਇਕ ਅਖਵਾਈਆ । ਆਪਣੀ ਖੇਲ ਕਰੇ ਮਹਾਨੀ, ਇਕ ਇਕੱਲਾ ਵਡ ਵਡਿਆਈਆ । ਗਹਿਰ ਗੰਭੀਰ ਵਡ ਦਾਤਾ ਦਾਨੀ, ਆਪਣੀ ਦਇਆ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਪਣਾ ਖੇਲ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਸਚਖੰਡ ਨਿਵਾਸੀ ਹੋ ਮਿਹਰਵਾਨ, ਤਖ਼ਤ ਨਿਵਾਸੀ ਵੇਖ ਵਖਾਇੰਦਾ । ਸ਼ਬਦੀ ਸੁਤ ਇਕ ਬਲਵਾਨ, ਗੁਰ ਗੁਰ ਨਾਉਂ ਧਰਾਇੰਦਾ । ਜੋਧਾ ਸੂਰਾ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਥਿਰ ਘਰ ਵਖਾਏ ਸਚ ਨਿਸ਼ਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਪਤਾਲਾਂ ਆਪ ਝੁਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਮੰਨੇ ਆਣ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਪੰਜ ਤੱਤ ਹੋ ਪਰਧਾਨ, ਹਰਿ ਹਰਿ ਧਾਰ ਗੁਰ ਗੁਰ ਸ਼ਬਦ ਪੰਜ ਤੱਤ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਪੰਜ ਤੱਤ ਅੰਦਰ ਹਰਿ ਜੂ ਧਾਰ, ਜੋਤੀ ਜੋਤ ਡਗਮਗਾਇੰਦਾ । ਪੰਜ ਤੱਤ ਅੰਦਰ ਸ਼ਬਦ ਜੈਕਾਰ, ਗੁਰ ਗੁਰ ਰੂਪ ਵਖਾਇੰਦਾ । ਪੰਜ ਤੱਤ ਅੰਦਰ ਕਰੇ ਗ਼ਫ਼ਤਾਰ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਪੰਜ ਤੱਤ ਦੇ ਅਧਾਰ, ਆਤਮ ਪਰਮਾਤਮ ਏਕਾ ਘਰ ਵਸਾਇੰਦਾ । ਪੰਜ ਤੱਤ ਪੁਰਖ ਨਾਰ, ਨਾਰ ਕੰਤ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਸ਼ਬਦ ਸ਼ਬਦ ਗੁਰ ਗੁਰ ਪੰਜ ਤੱਤ ਡੇਰਾ ਲਾਇੰਦਾ । ਪੰਜ ਤੱਤ ਅੰਦਰ ਸ਼ਬਦ ਗੁਰ, ਪੁਰਖ ਅਬਿਨਾਸ਼ੀ ਆਪ ਰਖਾਇੰਦਾ । ਨਿਰਗੁਣ ਸਰਗੁਣ ਨਾਲ ਜੁੜ, ਆਪਣਾ ਬੰਧਨ ਪਾਇੰਦਾ । ਆਪੇ ਜਾਣੇ ਆਪਣੀ ਲੋੜ, ਪੁਰਖ ਅਕਾਲ ਵੇਖ ਵਖਾਇੰਦਾ । ਸਚਖੰਡ ਨਿਵਾਸੀ ਚੜ੍ਹ ਚੜ੍ਹ ਵੇਖੇ ਸਾਚੇ ਘੋੜੇ, ਦੋ ਜਹਾਨਾਂ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪਣਾ ਨਾਉਂ, ਗੁਰ ਗੁਰ ਝੋਲੀ ਪਾਇੰਦਾ । ਸ਼ਬਦ ਗੁਰ ਹਰਿ ਦੇਵੇ ਦਾਤ, ਦਾਨੀ ਆਪਣੀ ਦਇਆ ਕਮਾਈਆ । ਲੋਕਮਾਤ ਵੇਖੇ ਮਾਰ ਝਾਤ, ਨੇਤਰ ਨੈਣ ਨਾ ਕੋਇ ਰਖਾਈਆ । ਵਸਣਹਾਰਾ ਇਕ ਇਕਾਂਤ, ਤੱਤਵ ਤੱਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਧੁਰ ਫ਼ਰਮਾਣਾ, ਸ਼ਾਹ ਪਾਤਸ਼ਾਹ ਸਾਚਾ ਰਾਣਾ, ਸਤਿ ਸਤਿਵਾਦੀ ਆਪ ਵਰਤਾਈਆ । ਸਤਿ ਸਤਿਵਾਦੀ ਰਾਜਨ ਰਾਜ, ਭੂਪਤ ਭੂਪ ਦਇਆ ਕਮਾਇੰਦਾ ।

ਨਿਰਗੁਣ ਸਰਗੁਣ ਰਚ ਰਚ ਕਾਜ, ਕਰਤਾ ਪੁਰਖ ਵੇਖ ਵਖਾਇੰਦਾ । ਸ਼ਬਦ ਸ਼ਬਦ ਗੁਰ ਗੁਰ ਧੁਰ ਧੁਰ ਦਿਤੀ ਦਾਤ, ਲੋਕਮਾਤ ਹਰਿ ਵਰਤਾਇੰਦਾ । ਆਪਣੀ ਸਾਚੀ ਸਿਖਿਆ ਹਰਿ ਨਿਰੰਕਾਰ ਸੁਣਾਏ ਬਾਤ, ਬਾਤਨ ਆਪਣਾ ਭੇਵ ਚੁਕਾਇੰਦਾ । ਅਗੰਮੀ ਨਾਦ ਸ਼ਬਦੀ ਰਾਗ ਸੁਣਾਏ ਗਾਥ, ਰਸਨਾ ਕਥ ਕਥ ਫੇਰ ਅਲਾਇੰਦਾ । ਅਨਭਵ ਅਨਡਿਠ ਵੇਖੇ ਖੇਲ ਤਮਾਸ਼, ਖੇਲਣਹਾਰਾ ਖੇਲ ਕਰਾਇੰਦਾ । ਆਪਣੀ ਇਛਿਆ ਸ਼ਬਦੀ ਆਸ, ਗੁਰ ਗੁਰ ਦਾਸ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਕਾਇਆ ਆਪ ਵਡਿਆਇੰਦਾ । ਪੰਜ ਤੱਤ ਕਾਇਆ ਦੇਵੇ ਮਾਣ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਜਿਸ ਅੰਤਰ ਦੇਵੇ ਸ਼ਬਦ ਗੁਣ ਨਿਧਾਨ, ਗੁਰ ਸ਼ਬਦ ਸ਼ਬਦ ਵਡਿਆਈਆ । ਹਰਿ ਕਾ ਸ਼ਬਦ ਗੁਣ ਗਾਏ ਸ੍ਰੀ ਭਗਵਾਨ, ਪੰਜ ਤੱਤ ਤੱਤ ਨਾਲ ਰਲਾਈਆ । ਪਰਾ ਪਸੰਤੀ ਮਧਮ ਸਕੇ ਨਾ ਕੋਇ ਪਹਿਚਾਨ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਬੈਖਰੀ ਗਾਏ ਆਪਣਾ ਗਾਣ, ਰਸਨਾ ਜਿਹਵਾ ਓਟ ਤਕਾਈਆ । ਲੋਕਮਾਤ ਹੋਏ ਪਰਧਾਨ, ਕਲਮ ਸ਼ਾਹੀ ਨਾਲ ਰਲਾਈਆ । ਕਾਗਦ ਉਤੇ ਇਕ ਨਿਸ਼ਾਨ, ਧੁਰ ਨਿਸ਼ਾਨਾ ਇਕ ਵਖਾਈਆ । ਵਾਹਵਾ ਗੁਰ ਸਤਿਗੁਰ ਵਡ ਬਲਵਾਨ, ਜਿਸ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪਣੇ ਹੱਥ ਰਖਾਈਆ । ਹਰਿ ਸ਼ਬਦ ਗੁਰ ਗੁਰ ਧਾਰ, ਗੁਰ ਗੁਰ ਹਰਿ ਨਾਉਂ ਦ੍ਰਿੜਾਇੰਦਾ । ਹਰਿ ਨਾਉਂ ਸਚ ਜੈਕਾਰ, ਗੁਰ ਗੁਰ ਆਪ ਅਲਾਇੰਦਾ । ਕਲਮ ਸ਼ਾਹੀ ਲਿਖ ਲਿਖ ਕਰ ਤਿਆਰ, ਜੀਵ ਜੰਤ ਆਤਮ ਪਰਮਾਤਮ ਈਸ਼ ਜੀਵ ਨਿਰਗੁਣ ਸਰਗੁਣ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਪੜਦਾ ਆਪ ਉਠਾਇੰਦਾ । ਸਤਿਗੁਰ ਗੁਰ ਸ਼ਬਦ ਪੰਜ ਤੱਤ ਅੰਦਰ ਵੜ, ਆਪਣਾ ਭੇਵ ਛੁਪਾਈਆ । ਨਿਸ਼ਅੱਖਰ ਨਿਰਾਕਾਰ ਆਪਣਾ ਆਪੇ ਪੜ੍ਹ, ਪੰਜ ਤੱਤ ਰਸਨਾ ਜਿਹਵਾ ਲਏ ਹਿਲਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਗ੍ਰਿਹ ਮੰਦਰ ਅੰਦਰ ਆਪੇ ਖੜ, ਦਰ ਦਰਵਾਜਾ ਗ਼ਰੀਬ ਨਿਵਾਜਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਧੁਰ ਫ਼ਰਮਾਣ ਏਕਾ ਏਕ ਜਣਾਈਆ । ਧੁਰ ਫ਼ਰਮਾਣ ਜੋਤ ਨੂਰਾਨੀ, ਹਰਿ ਨਿਰੰਕਾਰ ਆਪ ਜਣਾਇੰਦਾ । ਗੁਰ ਸ਼ਬਦ ਗਾਏ ਸਚ ਕਹਾਣੀ, ਕਥਨੀ ਕਥ ਕਥ ਸੁਣਾਇੰਦਾ । ਕਲਮ ਸ਼ਾਹੀ ਨਾਲ ਲਿਖ ਕੇ ਬਣੇ ਬਾਣੀ, ਅੱਖਰ ਅੱਖਰ ਜੋੜ ਜੁੜਾਇੰਦਾ । ਆਦਿ ਜੁਗਾਦਿ ਸਤਿਗੁਰ ਸੱਚਾ ਇਕ ਭਗਵਾਨੀ, ਭਗਵਨ ਆਪਣਾ ਨਾਉਂ ਰਖਾਇੰਦਾ । ਆਪਣਾ ਹੁਕਮ ਜੁਗ ਜੁਗ ਦੇਵੇ ਲੋਕਮਾਤ ਨਿਸ਼ਾਨੀ, ਗੁਰ ਗੁਰ ਸੇਵਾ ਲਾਇੰਦਾ । ਰਸਨਾ ਜਿਹਵਾ ਪੜ੍ਹ ਪੜ੍ਹ ਫੇਰ ਕਹੇ ਕੋਈ ਸਤਿਗੁਰ ਬਾਣੀ, ਬਾਣੀ ਸਤਿਗੁਰ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਬਾਣੀ ਸਤਿਗੁਰ ਸਤਿਗੁਰ ਬਾਣੀ ਦੋਹਾਂ ਵਿਚੋਲਾ ਇਕ ਨਿਰੰਕਾਰ ਅਖਵਾਇੰਦਾ ।

★ ੪ ਚੇਤ ੨੦੧੯ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ★

ਆਦਿ ਪੁਰਖ ਏਕੰਕਾਰਾ, ਨਿਰਗੁਣ ਆਪਣਾ ਖੇਲ ਕਰਾਇੰਦਾ । ਧੁਰਦਰਗਾਹੀ ਸਚ ਦਰਬਾਰਾ, ਪੁਰਖ ਅਬਿਨਾਸ਼ੀ ਏਕਾ ਲਾਇੰਦਾ । ਹੁਕਮੀ ਹੁਕਮ ਸਚ ਜੈਕਾਰਾ, ਦੋ ਜਹਾਨਾਂ ਆਪ ਸੁਣਾਇੰਦਾ । ਜੁਗ ਚੌਕੜੀ ਲੋਕ ਪਰਲੋਕ ਵੇਖਣਹਾਰਾ, ਬ੍ਰਹਿਮੰਡ ਖੰਡ ਭੇਵ ਚੁਕਾਇੰਦਾ । ਖਾਣੀ ਬਾਣੀ

ਪਾਵੇ ਸਾਰਾ, ਸਾਰੰਗ ਧਰ ਭਗਵਾਨ ਬੀਠਲੋ ਰੂਪ ਅਨੂਪ ਆਪ ਵਟਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਵਿਸ਼ਨ ਬ੍ਰਹਮਾ ਸ਼ਿਵ ਨਾ ਪਾਵੇ ਸਾਰਾ, ਬੇਅੰਤ ਬੇਅੰਤ ਸ੍ਰੀ ਭਗਵੰਤ ਆਪਣੀ ਧਾਰ ਆਪ ਚਲਾਇੰਦਾ । ਗੁਰ ਅਵਤਾਰ ਦੇ ਸਹਾਰਾ, ਪੀਰ ਪੈਗ਼ੰਬਰ ਕਰ ਭਿਖਾਰਾ, ਦਰ ਦਰਵੇਸ਼ ਨਰ ਨਰੇਸ਼ ਵਸਤ ਅਮੋਲਕ ਆਪ ਵਰਤਾਇੰਦਾ । ਨਿਰਗੁਣ ਸਰਗੁਣ ਵੇਖੇ ਵਿਗਸੇ ਵੇਖਣਹਾਰਾ, ਆਦਿ ਜੁਗਾਦੀ ਸਾਚੀ ਕਾਰਾ, ਜੁਗ ਕਰਤਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਹੁਕਮੀ ਹੁਕਮ ਆਪ ਚਲਾਇੰਦਾ । ਸਾਚਾ ਹੁਕਮ ਹਰਿ ਨਿਰੰਕਾਰ, ਏਕੰਕਾਰ ਇਕ ਚਲਾਈਆ । ਸ਼ਬਦੀ ਸ਼ਬਦ ਸੇਵਾਦਾਰ, ਦਰ ਘਰ ਸਾਚੇ ਸੇਵ ਕਮਾਈਆ । ਗੁਰ ਪੀਰ ਪੈਗ਼ੰਬਰ ਨਿਉਂ ਨਿਉਂ ਕਰਨ ਨਿਮਸਕਾਰ, ਸਯਦਾ ਸੀਸ ਜਗਦੀਸ ਝੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਰਿਆ ਖ਼ਬਰਦਾਰ, ਸਚ ਸੁਨੇਹੜਾ ਇਕ ਸੁਣਾਈਆ । ਏਕਾ ਵਾਰ ਹਰਿ ਨਿਰੰਕਾਰ ਸੱਦ ਸੱਦ ਸੱਚੇ ਦਰਬਾਰ, ਧੁਰ ਫ਼ਰਮਾਣਾ ਆਪ ਜਣਾਈਆ । ਆਪਣੀ ਕਰਨੀ ਲਓ ਵਿਚਾਰ, ਸਤਿਜੁਗ ਤ੍ਰੇਤਾ ਦੁਆਪਰ ਨੇਤਰ ਨੈਣ ਅੱਖ ਉਘਾੜ, ਅਨਭੇਵ ਭੇਵ ਭੇਵ ਜਣਾਈਆ । ਜੰਗਲ ਜੂਹ ਉਜਾੜ ਪਹਾੜ ਸਮੁੰਦ ਸਾਗਰ ਡੂੰਘੀ ਗਾਰ, ਉਚੇ ਟਿੱਲੇ ਪਰਬਤ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਆਦਿ ਜੁਗਾਦੀ ਸਾਚੀ ਕਾਰਾ, ਜੁਗ ਕਰਤਾ ਆਪ ਕਰਾਇੰਦਾ । ਨਿਰਗੁਣ ਸਰਗੁਣ ਵੇਖਣਹਾਰਾ, ਲੋਕਮਾਤ ਫੇਰਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰ ਕਰ ਪਾਰ ਕਿਨਾਰਾ, ਕਲਜੁਗ ਅੰਤਮ ਵੇਖ ਵਖਾਇੰਦਾ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਨੇਤਰ ਨੈਣ ਰੋਵੇ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਅੰਤਮ ਖੇਲ ਅਪਰ ਅਪਾਰਾ, ਪੁਰਖ ਅਗੰਮੜਾ ਆਪ ਸਮਝਾਇੰਦਾ । ਲੇਖਾ ਜਾਣੇ ਵੇਦ ਚਾਰਾ, ਪੁਰਾਨ ਅਠਾਰਾਂ ਫੋਲ ਫੋਲਾਇੰਦਾ । ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨਾਂ ਵੇਖ ਅਖਾੜਾ, ਨਵ ਨੌਂ ਨਟੂਆ ਨਾਚ ਨਚਾਇੰਦਾ । ਖਾਣੀ ਬਾਣੀ ਖੋਲ੍ਹ ਕਿਵਾੜਾ, ਪਰਾ ਪਸੰਤੀ ਮਧਮ ਬੈਖਰੀ ਵੇਖਣਹਾਰਾ, ਆਪਣਾ ਪੜਦਾ ਆਪ ਉਠਾਇੰਦਾ । ਲੋਕਮਾਤ ਲਗਾਏ ਸਚ ਦਰਬਾਰਾ, ਤਖ਼ਤ ਨਿਵਾਸੀ ਏਕੰਕਾਰਾ, ਸੋਭਾਵੰਤ ਆਸਣ ਲਾਇੰਦਾ । ਜੋਤੀ ਜਾਤਾ ਜੋਤ ਉਜਿਆਰਾ, ਸ਼ਬਦ ਅਨਾਦੀ ਨਾਦ ਜੈਕਾਰਾ, ਇਕ ਅਕੱਲਾ ਆਪ ਸੁਣਾਇੰਦਾ । ਰਾਗੀ ਨਾਦੀ ਵਸੇ ਬਾਹਰਾ, ਥਿਤ ਵਾਰ ਨਾ ਕੋਇ ਵਿਚਾਰਾ, ਘੜੀ ਪਲ ਨਾ ਕੋਇ ਜਣਾਇੰਦਾ । ਰਵ ਸਸ ਕਰਨ ਨਿਮਸਕਾਰਾ, ਬ੍ਰਹਮਾ ਵਿਸ਼ਨ ਸ਼ਿਵ ਰੋਵੇ ਜ਼ਾਰੋ ਜ਼ਾਰਾ, ਦਰ ਅਲਖ ਸਰਬ ਜਗਾਇੰਦਾ । ਸ਼ਾਹ ਪਾਤਸ਼ਾਹ ਪਰਵਰਦਿਗਾਰਾ, ਮੁਕਾਮੇ ਹੱਕ ਖੇਲ ਨਿਆਰਾ, ਮਿਹਬਾਨ ਬੀਦੋ ਆਪ ਖਲਾਇੰਦਾ । ਹੱਕ ਹਕ਼ੀਕ਼ਤ ਵੇਖਣਹਾਰਾ, ਲਾਸ਼ਰੀਕ ਏਕਾ ਧਾਰਾ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਾਰ ਆਪ ਕਰਾਇੰਦਾ । ਆਪਣੀ ਕਾਰ ਕਰੇ ਕਰਤਾਰਾ, ਕੁਦਰਤ ਕਾਦਰ ਵੇਖ ਵਖਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਜੋ ਘੱਲਦਾ ਰਿਹਾ ਗੁਰ ਅਵਤਾਰਾ, ਪੀਰ ਪੈਗ਼ੰਬਰ ਸੇਵਾ ਲਾਈਆ । ਜੋਤੀ ਜੋਤ ਦੇ ਉਜਿਆਰਾ, ਦੀਆ ਬਾਤੀ ਇਕ ਟਿਕਾਈਆ । ਨਾਦ ਸ਼ਬਦ ਧੁਨ ਜੈਕਾਰਾ, ਅਨਹਦ ਨਾਦੀ ਨਾਦ ਸੁਣਾਈਆ । ਪਾਰਬ੍ਰਹਮ ਬ੍ਰਹਮ ਕਰ ਪਿਆਰਾ, ਆਤਮ ਪਰਮਾਤਮ ਜੋੜ ਜੁੜਾਈਆ । ਈਸ਼ ਜੀਵ ਇਕ ਅਖਾੜਾ, ਜਗਦੀਸ ਵੇਖ ਵਖਾਈਆ । ਲੇਖਾ ਜਾਣੇ ਧੁਰ ਦਰਬਾਰਾ, ਸਚਖੰਡ ਵਸੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ


੭੯੯
੧੧

ਆਪਣੇ ਹੱਥ ਰਖਾਈਆ । ਸਾਚਾ ਖੇਲ ਪੁਰਖ ਅਬਿਨਾਸ਼, ਆਦਿ ਜੁਗਾਦੀ ਆਪਣੇ ਹੱਥ ਰਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖਿਆ ਜਗਤ ਤਮਾਸ਼, ਗੁਰ ਪੀਰ ਅਵਤਾਰ ਆਪਣੀ ਸੇਵਾ ਲਾਇੰਦਾ । ਕਲਜੁਗ ਪਾਏ ਸਾਚੀ ਰਾਸ, ਮੰਡਲ ਮੰਡਪ ਆਪ ਸੁਹਾਇੰਦਾ । ਪੀਰ ਪੈਗ਼ੰਬਰ ਪਰਗਟਾਏ ਸਾਚੀ ਸ਼ਾਖ਼, ਸਾਖਿਆਤ ਵੇਸ ਵਟਾਇੰਦਾ । ਕਲਮਾ ਕਲਾਮ ਦੇ ਦੇ ਦਾਤ, ਕਾਇਨਾਤ ਆਪ ਪੜ੍ਹਾਇੰਦਾ । ਦੋ ਦੋ ਮੇਲਾ ਆਬੇਹਯਾਤ, ਇਕ ਇਕੱਲਾ ਆਪ ਕਰਾਇੰਦਾ । ਵਾਹਦ ਸੁਣਾਏ ਏਕਾ ਗਾਥ, ਹੂ ਹੂ ਨਾਅਰਾ ਆਪੇ ਲਾਇੰਦਾ । ਆਪ ਜਣਾਏ ਦਿਵਸ ਰਾਤ, ਸੂਰਜ ਚੰਨ ਆਪ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਪਾ ਆਪਣੇ ਹੱਥ ਰਖਾਇੰਦਾ । ਸਾਚੀ ਕਿਰਪਾ ਸ੍ਰੀ ਭਗਵਾਨ, ਆਪਣੇ ਹੱਥ ਰੱਖੇ ਵਡਿਆਈਆ । ਜੁਗ ਚੌਕੜੀ ਜੋ ਦੇਦਾਂ ਰਿਹਾ ਦਾਨ, ਨਾਮ ਵਸਤ ਅਮੋਲਕ ਆਪ ਵਰਤਾਈਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣਾ ਰੂਪ ਧਰਾਈਆ । ਨਿਰਗੁਣ ਸਰਗੁਣ ਕਰ ਪਰਧਾਨ, ਜਗਤ ਪਰਧਾਨਗੀ ਵੇਖ ਵਖਾਈਆ । ਕਾਇਆ ਕਾਅਬਾ ਖੇਲ ਮਹਾਨ, ਪੀਰ ਪੈਗ਼ੰਬਰ ਹਰਿ ਸਮਝਾਈਆ । ਦੇਵਣਹਾਰਾ ਧੁਰ ਫ਼ਰਮਾਣ, ਬੋਧ ਅਗਾਧ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਸਾਚਾ ਲੇਖਾ ਪੁਰਖ ਅਗੰਮ, ਆਦਿ ਜੁਗਾਦਿ ਆਪਣੇ ਹੱਥ ਰਖਾਇੰਦਾ । ਨਾ ਮਰੇ ਨਾ ਪਏ ਜੰਮ, ਮਾਤ ਪਿਤ ਨਾ ਕੋਇ ਬਣਾਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਰੋਗ ਨਾ ਕੋਇ ਰਖਾਇੰਦਾ । ਨੇਤਰ ਨੀਰ ਨਾ ਵਿਰੋਲੇ ਅੰਨ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚਾ ਭੇਵ ਹਰਿ ਕਰਤਾਰਾ, ਏਕਾ ਏਕਾ ਵਾਰ ਜਣਾਈਆ । ਕਲਜੁਗ ਅੰਤਮ ਹੋ ਤਿਆਰਾ, ਨਿਰਗੁਣ ਆਪਣਾ ਵੇਸ ਵਟਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਲਿਖ ਲਿਖ ਲੇਖ ਦੇ ਦੇ ਗਏ ਸਹਾਰਾ, ਜੀਵ ਜੰਤ ਜੰਤ ਸਮਝਾਈਆ । ਸਰਬ ਜੀਆਂ ਦਾ ਇਕ ਦਾਤਾਰਾ, ਘਟ ਘਟ ਡੇਰਾ ਲਾਈਆ । ਵਸਣਹਾਰਾ ਧਾਮ ਨਿਆਰਾ, ਸਚਖੰਡ ਸਾਚੇ ਸੋਭਾ ਪਾਈਆ । ਲੇਖਾ ਜਾਣੇ ਸ਼ਬਦੀ ਸ਼ਬਦ ਗੁਰ ਅਵਤਾਰਾ, ਗੁਰ ਗੁਰ ਆਪਣੀ ਸੇਵ ਜਣਾਈਆ । ਕਲਜੁਗ ਆਏ ਅੰਤਮ ਵਾਰਾ, ਲੋਕਮਾਤ ਫੇਰਾ ਪਾਈਆ । ਚਾਰ ਵਰਨ ਦਏ ਸਰਨ, ਸਰਨਗਤ ਇਕ ਰਖਾਈਆ । ਜਨ ਭਗਤਾਂ ਖੋਲ੍ਹੇ ਨੇਤਰ ਹਰਨ ਫਰਨ, ਆਤਮ ਅੰਤਰ ਬੂਝ ਬੁਝਾਈਆ । ਨਾਤਾ ਤੁੱਟੇ ਮਰਨ ਡਰਨ, ਭੈ ਭਿਆਨਕ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਰਹੀਮ ਰਹਿਮਾਨ ਆਪ ਕਮਾਈਆ । ਕਰੇ ਰਹਿਮਤ ਹਰਿ ਰਹਿਮਾਨ, ਭੇਵ ਕੋਇ ਨਾ ਪਾਇੰਦਾ । ਕਲਜੁਗ ਅੰਤਮ ਹੱਕ ਨਿਸ਼ਾਨ, ਹਰਿ ਜੂ ਹਰਿ ਹਰਿ ਆਪ ਝੁਲਾਇੰਦਾ । ਲੋਕ ਚੌਦਾਂ ਚੌਦਾਂ ਤਬਕ ਵੇਖੇ ਨੱਠ, ਪਾਂਧੀ ਆਪਣਾ ਪੰਧ ਮੁਕਾਇੰਦਾ । ਪਾਵੇ ਸਾਰ ਤੀਰਥ ਤੱਟ, ਤੱਟ ਕਿਨਾਰਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਹਰਿ ਜੂ ਆਪ ਕਰਾਇੰਦਾ । ਹਰਿ ਖੇਲ ਕਰੇ ਕਰਤਾਰਾ, ਕਲਜੁਗ ਅੰਤਮ ਵੇਸ ਵਟਾਈਆ । ਸੰਮਤ ਸੰਮਤੀ ਪਾਰ ਕਿਨਾਰਾ, ਲੋਕਮਾਤ ਵੇਖ ਵਖਾਈਆ । ਕਾਗਦ ਕਲਮ ਨਾ ਲਿਖਣਹਾਰਾ, ਬੇਅੰਤ ਹਰਿ ਵਡਿਆਈਆ । ਰਾਗ ਨਾਦ ਨਾ ਪਾਵੇ ਸਾਰਾ, ਛੱਤੀ ਰਾਗ ਨੈਣ ਸ਼ਰਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਰੋਵਣ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਇਕ ਇਕੱਲਾ ਏਕੰਕਾਰਾ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤਮ ਕਰੇ ਖੇਲ ਅਪਾਰਾ, ਲੋਕਮਾਤ ਰੂਪ ਅਨੂਪ ਜਣਾਈਆ ।

ਸਚਖੰਡ ਵਖਾਏ ਸਚ ਦਰਬਾਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਤਖ਼ਤ ਨਿਵਾਸੀ ਕਰ ਪਸਾਰਾ, ਸੀਸ ਜਗਦੀਸ ਤਾਜ ਸੁਹਾਈਆ । ਸਚ ਸੰਦੇਸਾ ਏਕਾ ਵਾਰਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਏ ਸੁਣਾਈਆ । ਪਹਿਲੀ ਚੇਤ ਦਿਵਸ ਵਿਚਾਰਾ, ਏਕਾ ਨਾਇਆ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਰਿਹਾ ਮੁਕਾਈਆ । ਏਕਾ ਹੁਕਮ ਧੁਰ ਫ਼ਰਮਾਣ, ਹਰਿ ਜੂ ਹਰਿ ਜਣਾਇਆ । ਸਭ ਦਾ ਲੇਖਾ ਚੁਕੇ ਆਣ, ਲੋਕਮਾਤ ਰਹੇ ਨਾ ਰਾਇਆ । ਨੇਤਰ ਖੋਲ੍ਹ ਆਪਣੇ ਆਪਣੇ ਲਓ ਪਛਾਣ, ਲੋਕਮਾਤ ਰਾਹ ਵਖਾਇਆ । ਦਰ ਦੁਆਰੇ ਸਾਰੇ ਹੋਏ ਹੈਰਾਨ, ਹਰਿ ਜੂ ਕੀ ਖੇਲ ਵਰਤਾਇਆ । ਚਾਰ ਕੁੰਟ ਨੌਂ ਖੰਡ ਪ੍ਰਿਥਮੀ ਜੀਵ ਜੰਤ ਬੇਈਮਾਨ, ਆਤਮ ਪਰਮਾਤਮ ਧੀਰਜ ਧੀਰ ਨਾ ਕੋਇ ਧਰਾਇਆ । ਗ੍ਰਿਹਿ ਗ੍ਰਿਹਿ ਵਸੇ ਪੰਜ ਸ਼ੈਤਾਨ, ਘਟ ਘਟ ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਹਲਕਾਇਆ । ਕਿਸੇ ਘਰ ਦਿਸੇ ਨਾ ਗੁਰ ਕਾ ਸਚ ਨਿਸ਼ਾਨ, ਗੁਰ ਸ਼ਬਦ ਹਿਰਦੇ ਨਜ਼ਰ ਕਿਸੇ ਨਾ ਆਇਆ । ਤੇਈ ਅਵਤਾਰ ਵੇਖ ਵੇਖ ਕੁਰਲਾਣ, ਬੌਹੜੀ ਬੌਹੜੀ ਦੇਣ ਦੁਹਾਇਆ । ਸਾਡੀ ਸਿਖਿਆ ਨਾ ਸਕਿਆ ਕੋਈ ਜਾਣ, ਹਰਿ ਜੂ ਤੇਰਾ ਨਾਉਂ ਭੁਲਾਇਆ । ਤੇਰੇ ਹੁਕਮੇ ਅੰਦਰ ਆਏ ਵਿਚ ਜਹਾਨ, ਹੁਕਮੀ ਹੁਕਮ ਸੇਵਾ ਲਾਇਆ । ਪੰਜ ਤੱਤ ਵੇਖ ਨੈਣ ਸ਼ਰਮਾਣ, ਬ੍ਰਹਮ ਤੱਤ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਤੇਰੀ ਵਡਿਆਇਆ । ਪੁਰਖ ਅਬਿਨਾਸ਼ੀ ਰਿਹਾ ਦੱਸ, ਪੀਰ ਪੈਗ਼ੰਬਰ ਆਪ ਜਣਾਈਆ । ਲੋਕਮਾਤ ਆਏ ਨੱਸ, ਬਣ ਪਾਂਧੀ ਪੰਧ ਮੁਕਾਈਆ । ਜੀਵਾਂ ਜੰਤਾਂ ਜੋ ਮਾਰਗ ਗਏ ਦੱਸ, ਕਲਮਾ ਕਲਾਮ ਇਕ ਪੜ੍ਹਾਈਆ । ਆਪਣੇ ਨੇਤਰ ਵੇਖੇ ਆਪਣਾ ਰਸ, ਰਸਨਾ ਰਸ ਨਜ਼ਰ ਕਿਤੇ ਨਾ ਆਈਆ । ਈਸਾ ਮੂਸਾ ਸੰਗ ਮੁਹੰਮਦ ਨੇਤਰ ਸੁੱਟਣ ਅੱਥ, ਬਹੁੜੀ ਬਹੁੜੀ ਕਰ ਕੁਰਲਾਈਆ । ਸਾਡਾ ਖੇੜਾ ਹੋਇਆ ਭੱਠ, ਚਾਰੋਂ ਕੁੰਟ ਚਾਰ ਦੀਵਾਰ ਨਜ਼ਰ ਨਾ ਆਈਆ । ਅਸੀਂ ਬਿਨ ਢਾਇਆ ਗਏ ਢੱਠ, ਸਾਡੀ ਹਾਰ ਸਾਡੀ ਉਮਤ ਹੱਥ ਫੜਾਈਆ । ਤੇਰੇ ਹੁਕਮ ਅੰਦਰ ਪਹਿਲੀ ਚੇਤ ਹੋਇਆ ਇਕੱਠ, ਦਰ ਤੇਰੇ ਤੇਰਾ ਦਰਸ਼ਨ ਪਾਈਆ । ਪੁਰਖ ਅਬਿਨਾਸ਼ੀ ਅੱਗੋਂ ਪਿਆ ਹੱਸ, ਪਰਵਰਦਿਗਾਰ ਖ਼ੁਸ਼ੀ ਮਨਾਈਆ । ਅੰਜ਼ੀਲ ਕੁਰਾਨ ਲੱਗਾ ਫਟ, ਦਵੈਤੀ ਦੂਰ ਨਾ ਕੋਇ ਕਰਾਈਆ । ਚੌਦਾਂ ਤਬਕ ਵੇਖੇ ਹੱਟ, ਅਗਨੀ ਅੱਗ ਰਹੀ ਜਲਾਈਆ । ਮੁੱਲਾ ਸ਼ੇਖ਼ ਮੁਸਾਇਕ ਆਬੇਹਯਾਤ ਨਾ ਸਕੇ ਕੋਈ ਝਟ, ਮੱਕਾ ਕਾਅਬਾ ਤਪੇ ਨਾਲ ਲੋਕਾਈਆ । ਚੌਦਾਂ ਸਦੀਆਂ ਕੀ ਖੱਟੀ ਗਿਆ ਖੱਟ, ਮੁਹੰਮਦ ਨੇਤਰ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰਾਂ ਰਿਹਾ ਵਖਾਈਆ । ਗੁਰ ਗੁਰ ਵੇਖੋ ਕਰੋ ਧਿਆਨ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਆਪਣਾ ਆਪਣਾ ਦਿਓ ਬਿਆਨ, ਸਚਖੰਡ ਨਿਵਾਸੀ ਮੰਗ ਮੰਗਾਇੰਦਾ । ਧੁਰ ਸੰਦੇਸਾ ਸੁਣਾ ਕੇ ਗਏ ਜਗਤ ਫ਼ਰਮਾਨ, ਕਲਮ ਸ਼ਾਹੀ ਲੇਖ ਬਣਾਇੰਦਾ । ਆਤਮ ਪਰਮਾਤਮ ਦੱਸ ਦੱਸ ਗਏ ਗਿਆਨ, ਗਿਆਨ ਧਿਆਨ ਜੋੜ ਜੁੜਾਇੰਦਾ । ਘਰ ਘਰ ਵੇਖੋ ਹੋ ਨਿਗਹਬਾਨ, ਕਵਣ ਹੁਕਮ ਹੁਕਮ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਨਾਨਕ ਨਿਰਗੁਣ ਨੇਤਰ ਖੋਲ੍ਹ, ਨੌਂ ਖੰਡ ਪ੍ਰਿਥਮੀ ਵੇਖ ਵਖਾਈਆ । ਸਤਿਨਾਮ ਵਸਤ ਨਾ ਕਿਸੇ ਕੋਲ, ਖਾਲੀ ਹੱਥ ਸਰਬ ਲੋਕਾਈਆ । ਸ੍ਰਿਸ਼ਟ ਸਬਾਈ ਰਹੀ ਡੋਲ, ਧੀਰਜ ਧੀਰ ਨਾ ਕੋਇ ਧਰਾਈਆ । ਜੂਠ ਝੂਠ ਰਹੇ ਵਰੋਲ, ਸਚ ਸੁੱਚ ਵਣਜ ਨਾ ਕੋਇ ਕਰਾਈਆ । ਗੁਰਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਤੀਰਥ ਤਟਾਂ ਉਤੇ ਧੀਆਂ ਭੈਣਾਂ ਕਰਨ

ਮਖੋਲ, ਨੇਤਰ ਨੈਣ ਨੈਣ ਉਠਾਈਆ । ਗੁਰ ਕਾ ਸ਼ਬਦ ਨਿਭਾਇਆ ਨਾ ਕੋਈ ਕੌਲ, ਕੀਤਾ ਕੌਲ ਗਏ ਭੁਲਾਈਆ । ਮੰਗਣ ਵਡਿਆਈ ਉਪਰ ਧਰਨੀ ਧਰਤ ਧੌਲ, ਅਗਲਾ ਲੇਖਾ ਨਜ਼ਰ ਕਿਸੇ ਨਾ ਆਈਆ । ਕੂੜੀ ਕਿਰਿਆ ਆਤਮ ਜਾਮ ਪੀਤਾ ਘੋਲ, ਹਰਿ ਕਾ ਨਾਉਂ ਸਾਚਾ ਰੰਗ ਨਾ ਕੋਇ ਚੜ੍ਹਾਈਆ । ਮੈਂ ਤੋਲ ਕੇ ਆਇਆ ਸਾਚਾ ਤੋਲ, ਨਾਮ ਕੰਡਾ ਹੱਥ ਫੜਾਈਆ । ਤੇਰਾਂ ਤੇਰਾਂ ਤੇਰਾਂ ਧਾਰਨ ਆਇਆ ਬੋਲ, ਵੱਟਾ ਸੇਰ ਨਾ ਕੋਇ ਪਾਈਆ । ਸਾਹਿਬ ਸੁਲਤਾਨ ਸਦ ਵਸੇ ਕੋਲ, ਵਿਛੜ ਕਦੇ ਨਾ ਜਾਈਆ । ਗੁਰਮੁਖ ਗੁਰਸਿਖ ਹਰਿਜਨ ਆਤਮ ਤਾਕੀ ਪੜਦਾ ਖੋਲ੍ਹ, ਹਰਿ ਜੂ ਮਿਲੇ ਚਾਈਂ ਚਾਈਆ । ਭਾਗ ਲਗਾਏ ਕਾਇਆ ਚੋਲ, ਤੇਰੀ ਚੋਲੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰੋਂ ਕੁੰਟ ਭੁੱਲੀ ਸਰਬ ਲੋਕਾਈਆ । ਗੋਬਿੰਦ ਸੂਰਾ ਮਾਰ ਲਲਕਾਰ, ਏਕਾ ਵਾਰ ਜਣਾਇੰਦਾ । ਪੁਰਖ ਅਕਾਲ ਤੇਰਾ ਵਿਹਾਰ, ਭੇਵ ਕੋਇ ਨਾ ਪਾਇੰਦਾ । ਮੈਂ ਨੀਚਾਂ ਦੱਸਕੇ ਆਇਆ ਸਚ ਪਿਆਰ, ਊਚ ਨੀਚ ਨਾ ਕੋਇ ਰਖਾਇੰਦਾ । ਦੇ ਕੇ ਆਇਆ ਪੰਜ ਕਕਾਰ, ਧੀਰਜ ਜਤ ਸੰਤੋਖ ਏਕਾ ਗੰਢ ਪੁਵਾਇੰਦਾ । ਪੰਜਾਂ ਪਿਆਰਿਆਂ ਦੇ ਕੇ ਆਇਆ ਮਾਣ, ਆਪਣਾ ਰੂਪ ਵਟਾਇੰਦਾ । ਕਲਜੁਗ ਅੰਤਮ ਸਾਰੇ ਹੋਏ ਬੇਈਮਾਨ, ਮਨ ਕੀ ਵਾਸਨਾ ਨਾ ਕੋਇ ਬੰਧਾਇੰਦਾ । ਰਸਨਾ ਖਾਣ ਪੀਣ ਜੂਠ ਝੂਠ ਖ਼ਾਕ ਰਹੇ ਛਾਣ, ਸਚ ਸੁੱਚ ਵਸਤ ਕੋਲ ਨਾ ਕੋਇ ਰਖਾਇੰਦਾ । ਰਸਨਾ ਜਿਹਵਾ ਬੱਤੀ ਦੰਦ ਸਾਰੇ ਗਾਣ, ਆਤਮ ਬਾਣ ਤੀਰ ਨਿਰਾਲਾ ਨਾ ਕੋਇ ਲਗਾਇੰਦਾ । ਤਨ ਉਤੇ ਸਾਰੇ ਰੱਖਣ ਕਿਰਪਾਨ, ਅੰਦਰ ਨਾਮ ਖੰਡਾ ਨਾ ਫਿਰਾਇੰਦਾ । ਮੈਂ ਦਿਵਸ ਰੈਣ ਵੇਖਾਂ ਮਾਰ ਧਿਆਨ, ਭੁੱਲ ਕਦੇ ਨਾ ਜਾਇੰਦਾ । ਮੇਰਾ ਭੁੱਲਿਆ ਮੇਰਾ ਨਿਸ਼ਾਨ, ਮੇਰਾ ਰੂਪ ਨਜ਼ਰ ਕਿਸੇ ਨਾ ਆਇੰਦਾ । ਤੂੰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨ, ਸ਼ਹਿਨਸ਼ਾਹ ਤੇਰਾ ਕੀਤਾ ਨਾ ਕੋਇ ਉਲਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੈਂ ਸਾਚੀ ਮੰਗ ਮੰਗਾਇੰਦਾ । ਸਾਚੀ ਮੰਗ ਮੰਗਾਂ ਨਿਰੰਕਾਰ, ਗੋਬਿੰਦ ਏਕਾ ਵਾਰ ਜਣਾਈਆ । ਜੁਗ ਚੌਕੜੀ ਬੀਤੇ ਕੋਟਨ ਕਾਲ, ਕਾਲ ਕਾਲ ਗਰਾਸ ਖਾਈਆ । ਕਲਜੁਗ ਅੰਤ ਵਰਨ ਬਰਨ ਹੋਏ ਬੇਹਾਲ, ਜਾਤ ਪਾਤ ਰਹੀ ਕੁਰਲਾਈਆ । ਦੀਨ ਮਜ਼੍ਹਬ ਪਿਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਬਿਨ ਹਰਿ ਨਾਮੇ ਹੋਏ ਸਰਬ ਕੰਗਾਲ, ਨਾਮ ਧਨ ਹੱਟ ਨਾ ਕੋਇ ਵਿਕਾਈਆ । ਆਪਣੀ ਆਪਣੀ ਘਾਲਣ ਸਾਰੇ ਰਹੇ ਘਾਲ, ਪੁਰਖ ਅਕਾਲ ਤੇਰਾ ਇਸ਼ਟ ਨਾ ਕੋਇ ਮਨਾਈਆ । ਮੈਂ ਜੀਵਾਂ ਜੰਤਾਂ ਏਕਾ ਵਾਰ ਆਇਆ ਸਿਖਾਲ, ਬੰਸ ਸਰਬੰਸ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖ ਵਡਿਆਈਆ । ਤੇਰੇ ਹੱਥ ਵਡਿਆਈ ਪੁਰਖ ਅਕਾਲ, ਮੈਂ ਨਿਉਂ ਨਿਉਂ ਸੀਸ ਝੁਕਾਇੰਦਾ । ਤੇਰਾ ਹੁਕਮ ਦੀਨ ਦਿਆਲ, ਹਰਿ ਦਾਤੇ ਮੋਹੇ ਭਾਇੰਦਾ । ਮੈਂ ਚਲ ਕੇ ਆਇਆ ਤੇਰੇ ਦੁਆਰ, ਦਰ ਦੁਆਰੇ ਸੀਸ ਝੁਕਾਇੰਦਾ । ਪਹਿਲੀ ਚੇਤ ਕਰ ਪਿਆਰ, ਪਰੇਮ ਬੰਧਨ ਏਕਾ ਪਾਇੰਦਾ । ਗੁਰ ਅਵਤਾਰ ਕਰਨ ਪੁਕਾਰ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਤੂੰ ਕਰਤਾ ਪੁਰਖ ਕਰਨੇਹਾਰ, ਤੇਰੀ ਕੀਤੀ ਨਾ ਕੋਇ ਉਲਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪਾਣੀ ਹਾਰ, ਬਣ ਪਨਿਹਾਰ ਸੇਵ ਕਮਾਇੰਦਾ । ਮੈਂ ਦਰ ਦਰਵੇਸ਼ ਬਣ ਚੋਬਦਾਰ, ਤੇਰਾ ਫ਼ਰਮਾਣਾ ਇਕ ਜਣਾਇੰਦਾ । ਪੀਰ ਪੈਗ਼ੰਬਰ ਸੁਣੋ ਗੁਰ ਅਵਤਾਰ, ਪੂਰਬ ਲੇਖਾ ਸਭ ਦਾ ਅੰਤ ਕਰਾਇੰਦਾ । ਬੀਸ ਬੀਸਾ ਹਰਿ ਜਗਦੀਸਾ ਰਹਿਣ ਨਾ ਦੇਵੇ ਪਿਛਲਾ ਮਾਣ, ਅਗਲਾ ਲੇਖਾ ਆਪਣੇ

ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਏਕਾ ਵਾਰ, ਏਕਾ ਏਕ ਜਣਾਈਆ । ਸਭ ਨੇ ਰਹਿਣਾ ਖ਼ਬਰਦਾਰ, ਵਿਸ਼ਨ ਬ੍ਰਹਮਾ ਸ਼ਿਵ ਸਮੁੰਦ ਸਾਗਰ ਧਰਤ ਧਵਲ ਤ੍ਰੈਗੁਣ ਪੰਜ ਤੱਤ ਨਾਲ ਮਿਲਾਈਆ । ਕਰੇ ਖੇਲ ਕਰਤਾ ਕਰੀਮ ਕਾਦਰ, ਨਬੀ ਰਸੂਲ ਪੀਰ ਪੈਗ਼ੰਬਰ ਪੂਰਬ ਲਹਿਣਾ ਸਭ ਦਾ ਰਿਹਾ ਮੁਕਾਈਆ । ਅੱਗੇ ਦੇਵੇ ਇਕੋ ਆਡਰ, ਸਾਚੇ ਹੁਕਮ ਗੋਬਿੰਦ ਤਾਮੀਲ ਆਪ ਕਰਾਈਆ । ਲੇਖਾ ਲਿਖੇ ਨਾਲ ਰਤ, ਤੇਗ ਬਹਾਦਰ ਤੀਰ ਮੁਖੀ ਕਲਮ ਬਣਾਈਆ । ਕਲਜੁਗ ਵਹਿਣ ਡੂੰਘਾ ਸਾਗਰ, ਕੂੜੀ ਕਿਰਿਆ ਦਏ ਰੁੜ੍ਹਾਈਆ । ਸਾਚੇ ਭਗਤਾਂ ਦੇਵੇ ਇਕੋ ਆਦਰ, ਆਪਣਾ ਆਦਰਸ਼ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਫ਼ਰਮਾਣ ਆਪੇ ਰਿਹਾ ਅਲਾਈਆ । ਹਰਿ ਫ਼ਰਮਾਨ ਸੁਣਾਇਆ ਸੰਦੇਸ, ਪਹਿਲੀ ਚੇਤ ਚੇਤਨ ਕਰਤਾਰ । ਪਿਛਲਾ ਰਹੇ ਨਾ ਕੋਈ ਨਰ ਨਰੇਸ਼ ਅੱਗੇ ਲੇਖਾ ਪਾਰ ਕਿਨਾਰ । ਪੂਜਾ ਚੁਕੇ ਗਣਪਤ ਗਣੇਸ਼, ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਅਧਾਰ । ਗੁਰ ਪੀਰ ਅਵਤਾਰ ਪੈਗ਼ੰਬਰ ਇਕੋ ਵਾਰ ਕਰ ਲੈ ਪੇਸ਼, ਅੱਗੇ ਰੱਖਿਆ ਨਾ ਕੋਇ ਉਧਾਰ । ਸਾਰਿਆਂ ਸੌਂ ਜਾਣਾ ਉਤੇ ਲੈ ਕਰ ਲੇਫ਼, ਪੁਰਖ ਅਬਿਨਾਸ਼ੀ ਲਏ ਸੁਆਲ । ਲੋਕਮਾਤ ਨੌਂ ਖੰਡ ਪ੍ਰਿਥਮੀ ਬਿਨ ਕਰਸਾਣ ਦਿਸੇ ਖਾਲੀ ਖੇਤ, ਚਾਰੋਂ ਕੁੰਟ ਕੁੰਟ ਕਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰੇ ਸਾਚਾ ਹੇਤ, ਭਗਵਨ ਭਗਤ ਲਏ ਪਰਗਟਾਇਆ । ਗੁਰ ਪੀਰ ਪੈਗ਼ੰਬਰ ਲਹਿਣਾ ਮੁਕਿਆ, ਮੁਕਿਆ ਵਿਚ ਸੰਸਾਰ । ਭਗਤ ਭਗਵੰਤ ਗੋਦੀ ਚੁੱਕਿਆ, ਸਤਿਜੁਗ ਚਲਾਈ ਸਾਚੀ ਧਾਰ । ਨਿਰਗੁਣ ਨਿਰਵੈਰ ਪੁਰਖ ਅਕਾਲ ਏਕਾ ਉਠਿਆ, ਸਭ ਦਾ ਲਹਿਣਾ ਦਏ ਨਿਵਾਰ । ਦੀਨ ਦਿਆਲ ਠਾਕਰ ਸੁਆਮੀ ਏਕਾ ਤੁਠਿਆ, ਹਰਿਜਨ ਸਾਚੇ ਲਏ ਉਠਾਲ । ਲੁਕਿਆ ਰਹਿਣ ਨਾ ਦੇਵੇ ਕੋਈ ਕਿਸੇ ਗੁਠਿਆ, ਸਤਿਗੁਰ ਮੇਲਾ ਮੇਲੇ ਆਣ । ਪੰਜ ਤੱਤ ਤੇਰਾ ਦੀਪਕ ਬੁਝਿਆ, ਨਿਰਗੁਣ ਜੋਤ ਹੋਏ ਪਰਧਾਨ । ਗੋਬਿੰਦ ਭੇਵ ਖੁਲ੍ਹਾਏ ਗੁਝਿਆ, ਕੋਈ ਰਹੇ ਨਾ ਜਗਤ ਅਵਾਣ । ਲੇਖਾ ਚੁਕੇ ਏਕਾ ਦੂਜਿਆ, ਦੋਆ ਏਕਾ ਨਾ ਕੋਇ ਨਿਸ਼ਾਨ । ਭਗਤ ਭਗਵੰਤ ਆਪੇ ਬੂਝਿਆ, ਲੇਖਾ ਜਾਣੇ ਦੋ ਜਹਾਨ । ਆਪੇ ਕੰਮ ਹਰਿ ਜੂ ਰੁਝਿਆ, ਆਪੇ ਘਰ ਘਰ ਵੇਖੇ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਖੇਲ ਅਵੱਲਾ, ਆਦਿ ਪੁਰਖ ਕਰਾਇੰਦਾ । ਜਿਸ ਨੂੰ ਕਹਿੰਦੇ ਰਹੇ ਮੀਆਂ ਅੱਲਾ, ਅਲਾਹੀ ਨੂਰ ਡਗਮਗਾਇੰਦਾ । ਜਿਸ ਨੂੰ ਕਹਿੰਦੇ ਰਹੇ ਮੇਟੇ ਸੱਲਾ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਜਿਸ ਨੂੰ ਕਹਿੰਦੇ ਰਹੇ ਗੁਰ ਅਵਤਾਰ ਪੀਰ ਪੈਗ਼ੰਬਰ ਫੜਾਏ ਪੱਲਾ, ਸ਼ਬਦੀ ਡੋਰ ਡੋਰ ਬੰਧਾਇੰਦਾ । ਜਿਸ ਨੂੰ ਕਹਿੰਦੇ ਵਸੇ ਨਿਹਚਲ ਧਾਮ ਅਟੱਲਾ, ਸਚਖੰਡ ਸਾਚੇ ਆਸਣ ਲਾਇੰਦਾ । ਜਿਸ ਨੂੰ ਕਹਿੰਦੇ ਬੋਧ ਅਗਾਧ ਸਚ ਸੰਦੇਸ ਘੱਲਾ, ਗੁਰ ਪੀਰ ਅਵਤਾਰਾਂ ਸ਼ਬਦੀ ਸ਼ਬਦ ਸ਼ਬਦ ਪੜ੍ਹਾਇੰਦਾ । ਸੋ ਕਲਜੁਗ ਅੰਤਮ ਨਿਰਗੁਣ ਨਿਹਕਲੰਕ ਨਿਰਾਕਾਰ ਅਜੂਨੀ ਰਹਿਤ ਹੋਇਆ ਝੱਲਾ, ਬਣ ਝੱਲਾ ਭਗਤਾਂ ਪਿਛੇ ਫੇਰਾ ਪਾਇੰਦਾ । ਹੱਥ ਵਿਚ ਫੜਿਆ ਇਕੋ ਭੱਲਾ, ਦੋ ਜਹਾਨਾਂ ਨੈਣ ਸ਼ਰਮਾਇੰਦਾ । ਸਚ ਸੰਦੇਸ ਪਹਿਲੀ ਚੇਤ ਏਕਾ ਘੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤਰ ਇਕ ਇਕੱਲਾ, ਅਕਲ ਕਲ ਕੁਲਵੰਤਾ ਆਪਣੀ ਕਲ ਪਰਗਟਾਇੰਦਾ ।

## ★ ੫ ਚੇਤ ੨੦੧੯ ਸੁਰੈਣ ਸਿੰਘ ਦੇ ਗ੍ਰਿਹਿ ਜੰਡਿਆਲਾ ਗੁਰੂ ਅੰਮ੍ਰਿਤਸਰ ★

ਸੋ ਪੁਰਖ ਨਿਰੰਜਣ ਹੁਕਮਰਾਨ, ਨਿਰਗੁਣ ਨਿਰਗੁਣ ਹਰਿ ਜਣਾਇੰਦਾ । ਹਰਿ ਪੁਰਖ ਨਿਰੰਜਣ ਵੇਖਣਾ ਮਾਰ ਧਿਆਨ, ਨਿਰਾਕਾਰ ਭੇਵ ਚੁਕਾਇੰਦਾ । ਏਕੰਕਾਰੇ ਬਣਨਾ ਬਲਵਾਨ, ਬਲ ਧਾਰੀ ਆਪ ਸੁਣਾਇੰਦਾ । ਆਦਿ ਨਿਰੰਜਣ ਜੋਤੀ ਨੂਰ ਕਰ ਨਿਸ਼ਾਨ, ਸਚ ਨਿਸ਼ਾਨਾ ਇਕ ਸਮਝਾਇੰਦਾ । ਅਬਿਨਾਸ਼ੀ ਕਰਤੇ ਵੇਖ ਮਕਾਨ, ਸਤਿ ਸਤਿਵਾਦੀ ਆਪ ਸੁਣਾਇੰਦਾ । ਸ੍ਰੀ ਭਗਵਾਨ ਨੇਤਰ ਖੋਲ੍ਹ ਵੇਖਣਾ ਦੋ ਜਹਾਨ, ਦੋ ਜਹਾਨਾਂ ਵਾਲੀ ਹੁਕਮ ਵਰਤਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਛਾਣ, ਭੇਵ ਅਭੇਦਾ ਅਛਲ ਅਛੇਦਾ ਪੜਦਾ ਲਾਹਿੰਦਾ । ਸ਼ਬਦੀ ਸੁਤ ਵੇਖ ਆਪਣਾ ਗਿਆਨ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਲੋਕਮਾਤ ਲੇਖਾ ਵੇਖ ਜੀਵ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸੇਵਾ ਆਪ ਲਗਾਇੰਦਾ । ਨਿਰਗੁਣ ਨਿਰਗੁਣ ਧੁਰ ਫ਼ਰਮਾਣ, ਸਚਖੰਡ ਨਿਵਾਸੀ ਆਪ ਜਣਾਈਆ । ਆਪਣੀ ਕੀਤੀ ਲਏ ਪਛਾਣ, ਕਰਨੀ ਕਰਤਾ ਭੇਵ ਚੁਕਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਵੇਖ ਮਕਾਨ, ਗ੍ਰਿਹਿ ਗ੍ਰਿਹਿ ਪੜਦਾ ਲਾਹੀਆ । ਵਿਸ਼ਨ ਬ੍ਰਹਮਾ ਸ਼ਿਵ ਬਣੇ ਨਾਦਾਨ, ਬਾਲੀ ਬੁਧ ਰਖਾਈਆ । ਸੁਰਪਤ ਇੰਦ ਹੋਇਆ ਹੈਰਾਨ, ਹਰਿ ਕਾ ਭੇਵ ਕੋਇ ਨਾ ਆਈਆ । ਹਰਿ ਜੂ ਹਰਿ ਹਰਿ ਨਰਾਇਣ ਨਰ ਆਪਣੇ ਹੱਥ ਰੱਖੇ ਤੀਰ ਕਮਾਨ, ਸਾਚਾ ਚਿੱਲਾ ਇਕ ਇਕੱਲਾ ਆਪ ਚੜ੍ਹਾਈਆ । ਦਰਗਹਿ ਸਾਚੀ ਮੁਕਾਮੇ ਹੱਕ, ਹਕੀਕਤ ਵੇਖੇ ਨੂਰ ਨਿਸ਼ਾਨ, ਜ਼ਾਹਰਾ ਜ਼ਹੂਰ ਬੇਪਰਵਾਹੀਆ । ਲੋਕ ਪਰਲੋਕ ਤੋੜਨਹਾਰਾ ਮਾਣ, ਲੇਖਾ ਜਾਣੇ ਸ੍ਰੀ ਭਗਵਾਨ, ਭਗਵਨ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਰਤਾਈਆ । ਨਿਰਗੁਣ ਖੇਲ ਦੱਸੇ ਅਵੱਲਾ, ਨਿਰਗੁਣ ਆਪ ਸਮਝਾਈਆ । ਨੌਂ ਖੰਡ ਪ੍ਰਿਥਮੀ ਵੇਖ ਮਹੱਲਾ, ਨਵ ਨੌਂ ਚਾਰ ਫੇਰਾ ਪਾਈਆ । ਪੜਦਾ ਲਾਹ ਸਮੁੰਦ ਸਾਗਰ ਡੂੰਘੀ ਡੱਲਾ, ਉਚੇ ਟਿੱਲੇ ਪਰਬਤ ਵੇਖੇ ਚਾਈਂ ਚਾਈਂਆ । ਜੰਗਲ ਜੂਹ ਉਜਾੜ ਪਹਾੜ ਫਿਰਨਾ ਹੋ ਕੇ ਝੱਲਾ, ਝਲਕ ਆਪਣੀ ਆਪ ਪਰਗਟਾਈਆ । ਲੱਖ ਚੁਰਾਸੀ ਆਤਮ ਪਰਮਾਤਮ ਫੜਿਆ ਪੱਲਾ, ਪੱਲੂ ਗੰਢ ਨਾ ਕੋਇ ਪੁਆਈਆ । ਜੀਵ ਜੰਤ ਤੱਤ ਵਿਕਾਰ ਜੂਠ ਝੂਠ ਰੱਲਾ, ਸਚ ਸੁੱਚ ਨਾ ਕੋਇ ਵਡਿਆਈਆ । ਮਨ ਵਾਸਨਾ ਬੂਟਾ ਫਲਾ, ਜਗਤ ਤ੍ਰਿਸਨਾ ਪਤ ਡਾਲ੍ਹੀ ਆਪਣਾ ਰੰਗ ਵਖਾਈਆ । ਸਚ ਸੁਨੇਹੜਾ ਕਿਸੇ ਨਾ ਘੱਲਾ, ਸੀਸ ਜਗਦੀਸ ਨਿਉਂ ਨਿਉਂ ਨਾ ਕੋਇ ਝੁਕਾਈਆ । ਰਸਨਾ ਕਹਿ ਕਹਿ ਥੱਕੇ ਅੱਲਾ, ਆਲਮੀਨ ਨਜ਼ਰ ਨਾ ਆਏ ਖ਼ੁਦਾਈਆ । ਮੰਦਰ ਮੱਠ ਸ਼ਿਵਦਵਾਲੇ ਘਿਰਤ ਦੀਪਕ ਪਵਣ ਹਵਨ ਬਲਾ, ਨਿਰਗੁਣ ਜੋਤ ਜੋਤ ਨਾ ਕੋਇ ਰੁਸ਼ਨਾਈਆ । ਕਿਸੇ ਨਾ ਮਿਲਿਆ ਨਿਹਚਲ ਧਾਮ ਅਟੱਲਾ, ਪਦਵੀ ਅਟੱਲ ਨਾ ਕੋਇ ਪਾਈਆ । ਕੋਈ ਕਹੇ ਰਾਮ ਮੇਰਾ ਫੜਿਆ ਪੱਲਾ, ਕੋਈ ਕ੍ਰਿਸ਼ਨ ਸੀਸ ਝੁਕਾਈਆ । ਕੋਈ ਕਹੇ ਨਾਨਕ ਨਿਰਗੁਣ ਅੱਗੇ ਖਲਾ, ਕੋਈ ਗੋਬਿੰਦ ਕਹੇ ਹੋਏ ਸਹਾਈਆ । ਕੋਈ ਕਹੇ ਚਾਰ ਵੇਦ ਹਰਿ ਜੂ ਰੱਲਾ, ਕੋਈ ਪੁਰਾਨ ਅਠਾਰਾਂ ਵਿਚ ਸਮਾਈਆ । ਕੋਈ ਕਹੇ ਗੀਤਾ ਗਿਆਨ ਸ੍ਰੀ ਭਗਵਾਨ ਏਕਾ ਘੱਲਾ, ਸਚ ਸੰਦੇਸ਼ ਨਰੇਸ਼ ਸੁਣਾਈਆ । ਕੋਈ ਕਹੇ ਅੰਜੀਲ ਕੁਰਾਨ ਵਖਾਏ ਸਚ ਮਹੱਲਾ, ਮਹੱਲ ਅਟੱਲ ਕਰ ਰੁਸ਼ਨਾਈਆ । ਕੋਈ ਕਹੇ ਬਾਣੀ ਬਾਣ ਨਿਰਾਲਾ ਮਾਰੇ ਅਣਿਆਲਾ, ਆਰ ਪਾਰ ਪਾਰ ਆਰ ਆਪ ਕਰਾਈਆ । ਨਾਨਕ ਗੋਬਿੰਦ ਕਹੇ ਏਕੰਕਾਰਾ ਇਕ ਦਿਆਲਾ, ਆਦਿ ਜੁਗਾਦਿ ਜੁਗਾ ਜੁਗੰਤਰ ਹੋਏ ਸਹਾਈਆ । ਕਲਜੁਗ ਅੰਤ ਚਾਰ ਵਰਨ ਅਠਾਰਾਂ ਬਰਨ

ਰਾਓ ਰੰਕ ਊਚ ਨੀਚ ਹੋਏ ਬੇਹਾਲਾ, ਨੇਤਰ ਨੈਣ ਨੀਰ ਵਿਰੋਲੇ ਸਰਬ ਲੋਕਾਈਆ । ਨੌਂ ਖੰਡ ਪ੍ਰਿਥਮੀ ਧੁਆਂਧਾਰ ਜਗਤ ਰੈਣ ਅੰਧੇਰੀ ਕਾਲਾ, ਨਿਰਗੁਣ ਨੂਰ ਸਚ ਪਰਕਾਸ਼ ਚੰਦ ਚਾਂਦਨੀ ਨਾ ਕੋਇ ਚਮਕਾਈਆ । ਕੋਈ ਕਹੇ ਵਸੇ ਧਰਮਸਾਲਾ, ਧਰਮ ਧਾਰ ਨਾ ਕੋਇ ਬਣਾਈਆ । ਪੰਡਤ ਪਾਂਧੇ ਮੁੱਲਾ ਸ਼ੇਖ਼ ਮੁਸਾਇਕ ਗ੍ਰੰਥੀ ਪੰਥੀ ਸਾਰੇ ਮੰਗਣ ਹਾਲਾ, ਆਤਮ ਪ੍ਰੇਮ ਸਾਚਾ ਨੇਮ ਨਾ ਕੋਇ ਨਿਭਾਈਆ । ਅੰਤਮ ਸਭ ਦਾ ਮੁਖੜਾ ਹੋਏ ਕਾਲਾ, ਦੁਰਮਤ ਮੈਲ ਧੋਵੇ ਨਾ ਕੋਇ ਛਾਹੀਆ । ਪਾਰਬ੍ਰਹਮ ਪਰਮੇਸ਼ਵਰ ਅਲਖ ਅਗੋਚਰ ਅਗੰਮ ਅਥਾਹ ਆਪੇ ਚਲੇ ਅਵੱਲੜੀ ਚਾਲਾ, ਵੇਦ ਪੁਰਾਨ ਸ਼ਾਸਤਰ ਸਿਮਰਤ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਹੁਕਮ ਸੁਣਾਈਆ । ਨਿਰਗੁਣ ਹੁਕਮ ਸਚ ਫ਼ਰਮਾਨਾ, ਹਰਿ ਸਾਚਾ ਸਚ ਜਣਾਇੰਦਾ । ਭੂਪਤ ਭੂਪ ਭੂਪ ਰਾਜਾਨਾ, ਤਖ਼ਤ ਨਿਵਾਸੀ ਖੇਲ ਕਰਾਇੰਦਾ । ਪੁਰਖ ਅਕਾਲ ਵਾਲੀ ਦੋ ਜਹਾਨਾਂ, ਦੋਏ ਦੋਏ ਰੂਪ ਆਪ ਅਖਵਾਇੰਦਾ । ਜੋਤੀ ਸ਼ਬਦ ਖੇਲ ਨਿਰਾਲਾ, ਤਾਰ ਸਿਤਾਰ ਆਪ ਹਿਲਾਇੰਦਾ । ਨਿਰਗੁਣ ਸਰਗੁਣ ਪਹਿਰੇ ਬਾਣਾ, ਜੁਗ ਜੁਗ ਏਕਾ ਗੁਰ ਰੂਪ ਵਟਾਇੰਦਾ । ਨਾਦ ਅਨਾਦੀ ਬੋਲ ਤਰਾਨਾ, ਤ੍ਰੈਗੁਣ ਅਤੀਤਾ ਆਪ ਸੁਣਾਇੰਦਾ । ਜੁਗ ਚੌਕੜੀ ਖੇਲ ਮਹਾਨਾ, ਹਰਿ ਖ਼ਾਲਕ ਖ਼ਲਕ ਵੇਖ ਵਖਾਇੰਦਾ । ਲੱਖ ਚੁਰਾਸੀ ਤਣਿਆਂ ਤਾਣਾ, ਘਟ ਘਟ ਆਪਣਾ ਰੰਗ ਰੰਗਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤ ਹੋ ਪਰਧਾਨਾ, ਬੇਅੰਤ ਖੇਲ ਕਰਾਇੰਦਾ । ਪੂਰਬ ਲੇਖਾ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਨਾ, ਪਾਂਧੀ ਨਜ਼ਰ ਕੋਇ ਨਾ ਆਇੰਦਾ । ਭਗਤਾਂ ਬੰਨ੍ਹੇ ਸਾਚਾ ਗਾਨਾ, ਦਰਗਹਿ ਸਾਚੀ ਸਗਨ ਮਨਾਇੰਦਾ । ਲੋਕਮਾਤ ਸਚ ਨਿਸ਼ਾਨਾ, ਸਤਿ ਸਤਿਵਾਦੀ ਆਪ ਝੁਲਾਇੰਦਾ । ਹਰਿਜਨ ਜਨਹਰਿ ਆਤਮ ਅੰਤਰ ਦੇਵੇ ਇਕ ਗਿਆਨਾ, ਪਰਮਾਤਮ ਬੂਝ ਬੁਝਾਇੰਦਾ । ਅੰਮ੍ਰਿਤ ਆਤਮ ਪੀਣਾ ਖਾਣਾ, ਜਗਤ ਤ੍ਰਿਸਨਾ ਭੁੱਖ ਗਵਾਇੰਦਾ । ਦੀਪਕ ਜੋਤ ਇਕ ਮਹਾਨਾ, ਘਰ ਘਰ ਵਿਚ ਆਪ ਟਿਕਾਇੰਦਾ । ਅਨਹਦ ਰਾਗੀ ਰਾਗ ਤਰਾਨਾ, ਧੁਨ ਆਤਮਕ ਆਪ ਸੁਣਾਇੰਦਾ । ਆਤਮ ਸੇਜਾ ਕਰ ਪਰਵਾਨਾ, ਸਾਚੀ ਸੇਜਾ ਸੋਭਾ ਪਾਇੰਦਾ । ਨਾਰੀ ਕੰਤ ਖੇਲ ਮਹਾਨਾ, ਸੁਰਤੀ ਸ਼ਬਦੀ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਰਾਇੰਦਾ । ਸਾਚੀ ਕਾਰ ਕਰੇ ਕਰਤਾਰਾ, ਕੁਦਰਤ ਕਾਦਰ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਦੇਂਦੇ ਰਹੇ ਸਹਾਰਾ, ਨਗ਼ਮਾ ਨਿਗਹਬਾਨ ਸੁਣਾਈਆ । ਤਾਲਬ ਤੁਲਬਾ ਕਰਦੇ ਰਹੇ ਦੀਦਾਰਾ, ਦੀਦ ਈਦ ਇਕ ਵਖਾਈਆ । ਕਾਗਦ ਕਲਮ ਲਿਖ ਲਿਖ ਹਾਰਾ, ਪ੍ਰਭ ਅੱਗੇ ਚਲੇ ਨਾ ਕੋਇ ਚਤੁਰਾਈਆ । ਕਲਜੁਗ ਅੰਤਮ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜ਼ੀਲ ਕੁਰਾਨ ਖਾਣੀ ਬਾਣੀ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਸਾਡਾ ਚਲੇ ਨਾ ਕੋਇ ਚਾਰਾ, ਚਾਰੋਂ ਕੁੰਟ ਰਹੀ ਕੁਰਲਾਈਆ । ਰਸਨਾ ਜਿਹਵਾ ਕਰਨ ਹਾਰਾਕਾਰਾ, ਉਚੀ ਕੂਕ ਕੂਕ ਸੁਣਾਈਆ । ਮਾਇਆ ਖਾਤਰ ਕਰਨ ਪਵਾੜਾ, ਹਿਰਦੇ ਹਰਿ ਹਰਿ ਨਾ ਕੋਇ ਵਸਾਈਆ । ਸਾਧਾਂ ਸੰਤਾਂ ਲਾਇਆ ਅਖਾੜਾ, ਬਣ ਵੇਸਵਾ ਨਾਚ ਨਚਾਈਆ । ਲੱਗੀ ਅੱਗ ਬਹੱਤਰ ਨਾੜਾ, ਤੱਤਵ ਤੱਤ ਨਾ ਕੋਇ ਬੁਝਾਈਆ । ਧੁਰ ਦਰਗਾਹੀ ਪਾਰਬ੍ਰਹਮ ਪਤਿਪਰਮੇਸ਼ਵਰ ਕਿਸੇ ਨਾ ਮਿਲਿਆ ਸੱਚਾ ਲਾੜਾ, ਹਰਿ ਜੂ ਕੰਤ ਨਾਰ ਨਾ ਕੋਇ ਪਰਨਾਈਆ । ਚਾਰੋਂ ਕੁੰਟ ਦਿਸੇ ਵਿਭਚਾਰ, ਜਗਤ ਦੁਹਾਗਣ ਰਹੀ ਕੁਰਲਾਈਆ । ਗੁਰਮੁਖ ਵਿਰਲਾ ਸੁੱਤਾ ਪੈਰ ਪਸਾਰਾ, ਜਿਸ ਹਰਿ ਜੂ ਆਪਣੀ ਬੂਝ ਬੁਝਾਈਆ ।


੮੦੫
੧੧

ਦਿਵਸ ਰੈਣ ਰਾਤੀ ਸੁੱਤਿਆ ਦਏ ਦੀਦਾਰਾ, ਦਰ ਦਰ ਘਰ ਘਰ ਫੇਰਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਕਰੇ ਨਿਮਸਕਾਰਾ, ਨਿਉਂ ਨਿਉਂ ਸੀਸ ਜਗਦੀਸ ਝੁਕਾਈਆ । ਪੀਰ ਪੈਗੰਬਰ ਗੁਰ ਅਵਤਾਰ ਵੇਖਣ ਵਾਰੋ ਵਾਰਾ, ਪਾਰਬ੍ਰਹਮ ਤੇਰੀ ਵਡੀ ਵਡਿਆਈਆ । ਜੁਗ ਜੁਗ ਖੇਲ ਕਰੇ ਨਿਆਰਾ, ਅੰਤ ਕੋਇ ਨਾ ਪਾਈਆ । ਬੇਅੰਤ ਕਹਿ ਕਹਿ ਤੇਰੇ ਕੋਲੋਂ ਕਰਾਇਆ ਛੁਟਕਾਰਾ, ਮਾਣ ਅਭਿਮਾਣ ਨਾ ਕੋਇ ਰਖਾਈਆ । ਖਾਣੀ ਬਾਣੀ ਕਹੇ ਤੂੰ ਸਰਬ ਚੰਨਾਂ ਦਾ ਤਾਰਾ, ਲੱਖ ਲੱਖ ਤੇਰੀ ਸਿਫ਼ਤ ਸਾਲਾਹੀਆ । ਤੂੰ ਸਭ ਤੋਂ ਵਸੇਂ ਨਿਆਰਾ, ਸਚਖੰਡ ਸਾਚੇ ਆਸਣ ਲਾਈਆ । ਹੁਕਮੀ ਹੁਕਮ ਤੇਰਾ ਵਰਤਾਰਾ, ਜੁਗ ਚੌਕੜੀ ਹੁਕਮੇ ਵਿਚ ਭੁਵਾਈਆ । ਹੁਕਮੇ ਸਿਫ਼ਤ ਭਗਤ ਪਿਆਰਾ, ਪਿਆਰ ਪਿਆਰ ਨਾਲ ਪਰਨਾਈਆ । ਹੁਕਮੇ ਅੰਦਰ ਸਤਿ ਵਿਹਾਰਾ, ਸਤਿ ਪੁਰਖ ਨਿਰੰਜਣ ਆਪ ਕਰਾਈਆ । ਹੁਕਮੇ ਅੰਦਰ ਭਗਤ ਦੁਆਰਾ, ਹਰਿ ਭਗਵਨ ਆਪ ਬਣਾਈਆ । ਹੁਕਮੇ ਅੰਦਰ ਬਣ ਬਣ ਸੇਵਾਦਾਰਾ, ਬਣ ਸੇਵਕ ਸੇਵ ਕਮਾਈਆ । ਹੁਕਮ ਅੰਦਰ ਲਹਿਣਾ ਦੇਣ ਚੁਕਾਇਆ ਗੁਰ ਅਵਤਾਰਾਂ, ਪਿਛਲਾ ਲੇਖਾ ਰਹੇ ਨਾ ਰਾਈਆ । ਅੱਗੇ ਸਤਿ ਸਤਿ ਕਰੇ ਵਰਤਾਰਾ, ਸਤਿ ਸਤਿਵਾਦੀ ਇਕ ਰਘੁਰਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਰਾਜ ਰਾਜਾਨ ਆਪਣਾ ਬਲ ਆਪ ਧਰਾਈਆ । ਨਿਰਗੁਣ ਬਣ ਬਣ ਚੋਬਦਾਰਾ, ਦਰ ਦਰਵੇਸ਼ ਦਰ ਦਰ ਅਲਖ ਜਗਾਈਆ । ਵਾਹਵਾ ਤੇਰੀ ਕੁਦਰਤ ਤੂੰ ਵੇਖਣਹਾਰਾ ਪਰਵਰਦਿਗਾਰਾ, ਤੂ ਹੀ ਤੂ ਹੀ ਤੇਰੀ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪਣੇ ਹੱਥ ਰਖਾਈਆ । ਆਪਣਾ ਹੁਕਮ ਰੱਖੇ ਹੱਥ, ਦੂਸਰ ਭੇਵ ਨਾ ਕਿਸੇ ਜਣਾਇੰਦਾ । ਜੁਗ ਜੁਗ ਚਲਾਏ ਮਾਤ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਗੁਰ ਅਵਤਾਰ ਮਾਰਗ ਦੱਸ, ਭਗਤ ਭਗਵੰਤ ਭੇਵ ਚੁਕਾਇੰਦਾ । ਲੱਖ ਚੁਰਾਸੀ ਪਾਏ ਨੱਥ, ਚਾਰੋਂ ਕੁੰਟ ਆਪ ਭੁਵਾਇੰਦਾ । ਸਰਬ ਕਲ ਆਪੇ ਸਮਰਥ, ਸਮਰਥ ਪੁਰਖ ਵੇਸ ਵਟਾਇੰਦਾ । ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਰਵਦਾਸ ਚੁਮਾਰਾ ਸੇਵ ਕਮਾਇੰਦਾ । ਆਪਣੀ ਮਹਿਮਾ ਜਣਾਏ ਅਕਥ, ਕਥਨੀ ਕਥ ਨਾ ਕੋਇ ਸੁਣਾਇੰਦਾ । ਚਾਰ ਜੁਗ ਦਾ ਖੇੜਾ ਭੱਠ, ਅੰਤ ਭਠਿਆਲਾ ਇਕ ਵਖਾਇੰਦਾ । ਪੰਧ ਮੁਕਾਇਆ ਨੱਠ ਨੱਠ, ਦੋ ਜਹਾਨਾਂ ਫੇਰਾ ਪਾਇੰਦਾ । ਵੇਖਣਹਾਰਾ ਚੌਦਾਂ ਲੋਕ ਚੌਦਾਂ ਹੱਟ, ਚੌਦਾਂ ਤਬਕਾਂ ਪੜਦਾ ਲਾਹਿੰਦਾ । ਸ਼ਬਦ ਨਿਧਾਨ ਹਰਿ ਮਿਹਰਵਾਨ ਅਗੰਮ ਅਗੰਮੜੀ ਮਾਰੇ ਸੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਧਰਾਇੰਦਾ । ਆਪਣਾ ਬਲ ਧਰੇ ਬਲ ਬਾਵਨ, ਭੇਵ ਕੋਇ ਨਾ ਪਾਇੰਦਾ । ਆਪੇ ਰਾਮਾ ਆਪੇ ਰਾਵਣ, ਰਘਪਤ ਆਪਣੀ ਖੇਲ ਕਰਾਇੰਦਾ । ਆਪੇ ਕ੍ਰਿਸ਼ਨਾ ਆਪੇ ਕਾਹਨਨ, ਆਪੇ ਗੋਪੀ ਨਾਚ ਨਚਾਇੰਦਾ । ਆਪੇ ਈਸਾ ਮੂਸਾ ਨਿਉਂ ਨਿਉਂ ਕਰੇ ਸਲਾਮਨ, ਆਪੇ ਸੱਜਦਾ ਸੀਸ ਝੁਕਾਇੰਦਾ । ਆਪੇ ਮੁਹੰਮਦ ਚਾਰ ਯਾਰ ਕਰੇ ਗੁਲਾਮਨ, ਗੁਰਬਤ ਸਭ ਦੀ ਆਪ ਮਿਟਾਇੰਦਾ । ਆਪੇ ਨਾਨਕ ਦੇਵੇ ਸਤਿਨਾਮ ਨਾਮਨ, ਹਰਿ ਹਰਿ ਨਾਮਾ ਆਪ ਪੜ੍ਹਾਇੰਦਾ । ਆਪੇ ਗੋਬਿੰਦ ਬੋਲੇ ਪੁਰਖ ਅਕਾਲਣ, ਅਕਾਲ ਪੁਰਖ ਏਕਾ ਨਜ਼ਰੀ ਆਇੰਦਾ । ਆਪੇ ਭਗਤ ਦੁਆਰੇ ਬਣੇ ਸੁਵਾਲਣ, ਬਣ ਦਰਵੇਸ਼ ਫੇਰੀ ਪਾਇੰਦਾ । ਲੱਖ ਚੁਰਾਸੀ ਬੂਟਾ ਵੇਖੇ ਬਣ ਬਣ ਮਾਲਣ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਆਪੇ ਚਲੇ ਅਵੱਲੜੀ ਚਾਲਣ, ਚਾਲ ਨਿਰਾਲੀ ਆਪ ਰਖਾਇੰਦਾ । ਆਪੇ ਬਣ ਬਣ ਵੈਰਾਗਣ ਗੁਰਮੁਖਾਂ ਚੜ੍ਹੇ ਭਾਲਣ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਇੰਦਾ । ਆਪੇ ਕਿਰਪਾਨਿਧ ਗਹਿਰ ਗੰਭੀਰ ਗੁਣ ਸਾਗਰ


੮੦੬
੧੧

ਹਰਿਜਨ ਫੜਾਏ ਆਪਣਾ ਦਾਮਨ, ਦਾਮਨਗੀਰ ਆਪ ਹੋ ਜਾਇੰਦਾ । ਆਪੇ ਸੰਤ ਸੁਹੇਲੇ ਗੁਰੂ ਗੁਰ ਚੇਲੇ ਮੇਲ ਮਿਲਾਏ ਆਮਣੋ ਸਾਮ੍ਹਣ, ਨੇਤਰ ਨੈਣ ਨੈਣਾ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਨਿਰਗੁਣ ਆਪਣਾ ਹੁਕਮ ਵਰਤਾਇੰਦਾ । ਸਾਚਾ ਹੁਕਮ ਹਰਿ ਹਰਿ ਧਾਰ, ਹਰਿ ਜੂ ਹਰਿ ਹਰਿ ਆਪ ਚਲਾਇੰਦਾ । ਜੁਗ ਚੌਕੜੀ ਕਰ ਖੁਆਰ, ਕੋਟਨ ਕਾਲ ਪਾਰ ਕਰਾਇੰਦਾ । ਕੋਟਨ ਕੋਟ ਗੁਰ ਅਵਤਾਰ, ਲੋਕਮਾਤ ਸੇਵਾ ਲਾਇੰਦਾ । ਕੋਟਨ ਕੋਟ ਭਗਤ ਭਗਵੰਤ ਕਰਨ ਜੈ ਜੈਕਾਰ, ਜੈ ਜੈਕਾਰ ਆਪ ਅਲਾਇੰਦਾ । ਕੋਟਨ ਕੋਟ ਸਾਧ ਸੰਤ ਖੜੇ ਦੁਆਰ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਕੋਟਨ ਕੋਟ ਵਿਸ਼ਨ ਬਣ ਭਿਖਾਰ, ਦਰ ਦਰ ਘਰ ਘਰ ਫੇਰੀ ਸਰਬ ਪੁਵਾਇੰਦਾ । ਕੋਟਨ ਕੋਟ ਗੁਰਮੁਖ ਨੇਤਰ ਨੈਣ ਰਾਹ ਤੱਕਣ ਸਾਚੇ ਯਾਰ, ਕਵਣ ਵੇਲਾ ਦਰਸ ਦਿਖਾਇੰਦਾ । ਕੋਟਨ ਕੋਟ ਗੁਰਸਿਖ ਚਰਨ ਪ੍ਰੀਤੀ ਮੰਗਣ ਪਿਆਰ, ਪੀਆ ਪ੍ਰੀਤਮ ਵਸਤ ਅਮੋਲਕ ਝੋਲੀ ਪਾਇੰਦਾ । ਪੁਰਖ ਅਬਿਨਾਸ਼ੀ ਸਰਬ ਜੀਆਂ ਦਾ ਸਾਂਝਾ ਯਾਰ, ਚਾਰ ਕੁੰਟ ਦਹਿ ਦਿਸ਼ਾ ਘਟ ਘਟ ਵੇਖ ਵਖਾਇੰਦਾ । ਜਾਤ ਪਾਤ ਦੀਨ ਮਜ਼੍ਹਬ ਵਸਿਆ ਬਾਹਰ, ਊਚ ਨੀਚ ਰਾਉ ਰੰਕ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਦੇਸ ਨਰ ਨਰੇਸ਼ ਨਿਰੰਤਰ ਏਕਾ ਏਕ ਜਣਾਇੰਦਾ । ਏਕਾ ਸ਼ਬਦ ਸੁਣਾਏ ਨਿਰੰਤਰ, ਨਿਰਾਕਾਰ ਵਡੀ ਵਡਿਆਈਆ । ਸਰਬ ਜੀਆ ਗੁਰ ਏਕਾ ਮੰਤਰ, ਗੁਰਦੇਵ ਨਮੋਂ ਸਹਾਈਆ । ਲੱਖ ਚੁਰਾਸੀ ਬੁਝਾਏ ਬਸੰਤਰ, ਅੰਮ੍ਰਿਤ ਮੇਘ ਮੇਘ ਬਰਸਾਈਆ । ਸਰਬ ਜੀਆਂ ਬਿਧ ਜਾਣੇ ਅੰਤਰ, ਘਰ ਬੈਠਾ ਸੱਚਾ ਮਾਹੀਆ । ਲੇਖਾ ਜਾਣੇ ਗਗਨ ਗਗਨੰਤਰ, ਮੰਡਲ ਮੰਡਪ ਫੇਰਾ ਪਾਈਆ । ਘਾੜਤ ਘੜ ਬਣਾਈ ਬਣਤਰ, ਭੰਨਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਵਰਤਾਈਆ । ਘੜੇ ਭੰਨੇ ਹੁਕਮੇ ਅੰਦਰ, ਹੁਕਮੀ ਹੁਕਮ ਚਲਾਇੰਦਾ । ਤੋੜਨਹਾਰ ਹੰਕਾਰੀ ਜੰਦਰ, ਨਾਮ ਖੰਡਾਂ ਇਕ ਉਠਾਇੰਦਾ । ਨਵ ਨੌਂ ਵੇਖੇ ਖੰਡਰ, ਚਾਰੋਂ ਕੁੰਟ ਨੈਣ ਉਠਾਇੰਦਾ । ਜੀਵ ਜੰਤ ਮਨ ਵਾਸਨਾ ਬੰਦਰ, ਆਤਮ ਪਰਮਾਤਮ ਮੇਲ ਨਾ ਕੋਇ ਕਰਾਇੰਦਾ । ਜਗਤ ਅੰਧੇਰਾ ਡੂੰਘੀ ਕੰਦਰ, ਮਹੱਲ ਅਟੱਲ ਨਾ ਕੋਇ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਸਰਬ ਰਖਾਇੰਦਾ । ਹੁਕਮੇ ਅੰਦਰ ਚਾਰ ਜੁਗ, ਜੁਗ ਚੌਕੜੀ ਖੇਲ ਕਰਾਈਆ । ਹੁਕਮੇ ਅੰਦਰ ਔਧ ਜਾਏ ਪੁਗ, ਲੇਖਾ ਕੋਇ ਰਹਿਣ ਨਾ ਪਾਈਆ । ਹੁਕਮੇ ਅੰਦਰ ਲੱਖ ਚੁਰਾਸੀ ਬੂਟਾ ਜਾਏ ਸੁੱਕ, ਪੱਤ ਡਾਲ੍ਹੀ ਨਜ਼ਰ ਨਾ ਆਈਆ । ਹੁਕਮੇ ਅੰਦਰ ਜੜ੍ਹ ਦੇਵੇ ਪੁੱਟ, ਨਾ ਫੇਰ ਕੋਇ ਲਗਾਈਆ । ਹੁਕਮੇ ਅੰਦਰ ਸ਼ੌਹ ਦਰਿਆਏ ਦੇਵੇ ਸੁੱਟ, ਕੂੜੀ ਕਿਰਿਆ ਦਏ ਮਿਟਾਈਆ । ਹੁਕਮੇ ਅੰਦਰ ਜਨ ਭਗਤਾਂ ਉਪਰ ਜਾਏ ਤੁਠ, ਦੀਨ ਦਿਆਲ ਆਪਣੀ ਦਇਆ ਕਮਾਈਆ । ਹੁਕਮੇ ਅੰਦਰ ਜਾਮ ਪਿਆਏ ਘੁੱਟ, ਨਿਝਰ ਝਿਰਨਾ ਰਸ ਚਖਾਈਆ । ਹੁਕਮੇ ਅੰਦਰ ਨਿਰਮਲ ਨੂਰ ਵਖਾਏ ਜੋਤ, ਜੋਤੀ ਜਾਤਾ ਬੇਪਰਵਾਹੀਆ । ਹੁਕਮੇ ਅੰਦਰ ਭਾਗ ਲਗਾਏ ਕਾਇਆ ਕੋਟ, ਸਾਚਾ ਬੰਕ ਘਰ ਸੁਹਾਈਆ । ਹੁਕਮੇ ਅੰਦਰ ਲਹਿਣਾ ਦੇਣਾ ਚੁਕਾਏ ਵਰਨ ਗੋਤ, ਏਕਾ ਬ੍ਰਹਮ ਬ੍ਰਹਮ ਦਰਸਾਈਆ । ਹੁਕਮੇ ਅੰਦਰ ਆਤਮ ਪਰਮਾਤਮ ਪਰਮਾਤਮ ਆਤਮ ਉਤੇ ਹੋਏ ਮੋਹਤ, ਮੋਹ ਮੁਹੱਬਤ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਆਪਣਾ ਬੰਧਨ ਪਾਈਆ । ਹੁਕਮੇ ਅੰਦਰ ਪਾਏ ਬੰਧ, ਬੰਦੀਖਾਨਾ ਤੋੜ ਤੁੜਾਇੰਦਾ । ਹੁਕਮੇ ਅੰਦਰ ਸੂਰਜ ਚੰਦ, ਆਦਿ ਜੁਗਾਦਿ ਸੇਵ ਕਮਾਇੰਦਾ । ਹੁਕਮੇ

ਅੰਦਰ ਬ੍ਰਹਮੰਡ ਖੰਡ, ਲੋਆਂ ਪੁਰੀਆਂ ਰਾਸ ਰਚਾਇੰਦਾ । ਹੁਕਮੇ ਅੰਦਰ ਜੇਰਜ ਅੰਡ, ਉਤਭੁਜ ਸੇਤਜ ਨਾਲ ਮਿਲਾਇੰਦਾ । ਹੁਕਮੇ ਅੰਦਰ ਗੁਣ ਗਾਏ ਬੱਤੀ ਦੰਦ, ਰਸਨਾ ਜਿਹਵਾ ਵੇਖ ਵਖਾਇੰਦਾ । ਹੁਕਮੇ ਅੰਦਰ ਲੇਖਾ ਜਾਣੇ ਜੀਓ ਪਿੰਡ, ਕਾਇਆ ਬੰਕ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਇੰਦਾ । ਹੁਕਮੇ ਅੰਦਰ ਹਕ਼ੀਕ਼ਤ ਹੱਕ, ਲਾਸ਼ਰੀਕ ਵੇਖ ਵਖਾਈਆ । ਹੁਕਮੇ ਅੰਦਰ ਖੇਲ ਕਰੇ ਸਮਰਥ, ਸਮਰਥ ਬੇਪਰਵਾਹੀਆ । ਹੁਕਮੇ ਅੰਦਰ ਹਰਿ ਭਗਤ ਮਿਲਾਏ ਨੱਸ ਨੱਸ, ਮੁਰਸ਼ਦ ਮੁਰੀਦ ਦਇਆ ਕਮਾਈਆ । ਹੁਕਮੇ ਅੰਦਰ ਨਿਰਗੁਣ ਸਰਗੁਣ ਹੋਇਆ ਵਸ, ਸਰਗੁਣ ਪੰਜ ਤੱਤ ਚੋਲਾ ਆਪ ਹੰਢਾਈਆ । ਹੁਕਮੇ ਅੰਦਰ ਦੇਵੇ ਸਾਚਾ ਰਸ, ਗੋਬਿੰਦ ਅੰਮ੍ਰਿਤ ਰਸ ਚਖਾਈਆ । ਹੁਕਮੇ ਅੰਦਰ ਖੇਲ ਤਮਾਸ਼, ਘਟ ਗੋਪੀ ਕਾਹਨ ਨਚਾਈਆ । ਹੁਕਮੇ ਅੰਦਰ ਵਸੇ ਪਾਸ, ਆਤਮ ਪਰਮਾਤਮ ਸੇਜ ਹੰਢਾਈਆ । ਹੁਕਮੇ ਅੰਦਰ ਹੋਵੇ ਨਾਸ, ਹੁਕਮੇ ਅੰਦਰ ਉਤਪਤ ਲਏ ਕਰਾਈਆ । ਹੁਕਮੇ ਅੰਦਰ ਸਚਖੰਡ ਕਰੇ ਨਿਵਾਸ, ਹੁਕਮੇ ਅੰਦਰ ਥਿਰ ਘਰ ਆਪਣਾ ਚਰਨ ਟਿਕਾਈਆ । ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਜੋਤ ਪਰਕਾਸ਼, ਹੁਕਮੇ ਅੰਦਰ ਸ਼ਬਦੀ ਰਾਗ ਸੁਣਾਈਆ । ਹੁਕਮੇ ਅੰਦਰ ਸਭ ਦਾ ਕਰੇ ਨਾਸ, ਪੰਜ ਤੱਤ ਚੋਲਾ ਕੋਇ ਰਹਿਣ ਨਾ ਪਾਈਆ । ਹੁਕਮੇ ਅੰਦਰ ਏਕਾ ਏਕ ਏਕੰਕਾਰਾ ਸ਼ਾਹੋ ਸ਼ਾਬਾਸ਼, ਆਪਣਾ ਹੁਕਮ ਆਪੇ ਆਪ ਵਰਤਾਈਆ । ਆਪੇ ਰਾਜਾ ਆਪੇ ਦਾਸ, ਆਪੇ ਸੇਵਕ ਆਪੇ ਮਾਲਕ ਆਪੇ ਚਲੇ ਹੁਕਮ ਰਜ਼ਾਈਆ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਇਕੋ ਕਾਰਜ਼ ਕਰਤਾ ਕਰੇ ਖਾਸ, ਖ਼ਲਾਸੀ ਸਭ ਦੀ ਦਏ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਵਸੇ ਪਾਸ, ਵਿਛੜ ਕਦੇ ਨਾ ਜਾਈਆ ।

## ★ ੫ ਚੇਤ ੨੦੧੯ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਿਹ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ★

ਹੁਕਮੇ ਅੰਦਰ ਬਣ ਦਲੇਰ, ਦਹਿ ਦਿਸ਼ਾ ਹੁਕਮ ਵਰਤਾਈਆ । ਹੁਕਮੇ ਅੰਦਰ ਬਣ ਸ਼ੇਰ, ਸਿੰਘ ਆਪਣਾ ਰੂਪ ਵਟਾਈਆ । ਹੁਕਮੇ ਅੰਦਰ ਨੌਂ ਸੌ ਚੁਰਾਨਵੇ ਚੌਕੜੀ ਜੁਗ ਲਿਆ ਘੇਰ, ਦੋ ਜਹਾਨ ਫੇਰਾ ਪਾਈਆ । ਹੁਕਮੇ ਅੰਦਰ ਕਰਦਾ ਰਿਹਾ ਹੇਰ ਫੇਰ, ਜੁਗ ਜੁਗ ਵੇਸ ਵਟਾਈਆ । ਹੁਕਮੇ ਅੰਦਰ ਸਭ ਦਾ ਲਹਿਣਾ ਦੇਣਾ ਦਏ ਨਬੇੜ, ਲੇਖਾ ਲੇਖ ਨਾ ਕੋਇ ਰਖਾਈਆ । ਹੁਕਮੇ ਅੰਦਰ ਲੱਖ ਚੁਰਾਸੀ ਗੇੜੇ ਗੇੜ, ਗੇੜਾ ਆਪਣੇ ਹੱਥ ਰਖਾਈਆ । ਹੁਕਮੇ ਅੰਦਰ ਖੇਡਾਂ ਰਿਹਾ ਖੇਡ, ਬਿਰਧ ਬਾਲ ਜਵਾਨ ਰੂਪ ਨਜ਼ਰ ਕੋਇ ਨਾ ਆਈਆ । ਹੁਕਮੇ ਅੰਦਰ ਛੇੜਾਂ ਰਿਹਾ ਛੇੜ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਲੇਰੀ ਇਕ ਰਖਾਈਆ । ਹੋਏ ਦਲੇਰ ਸ਼ਾਹ ਸੁਲਤਾਨਾ, ਜੋਰ ਆਪਣਾ ਆਪ ਵਖਾਇੰਦਾ । ਮੇਲ ਮਿਲਾਏ ਸ੍ਰੀ ਭਗਵਾਨਾ, ਭਗਵਨ ਆਪਣਾ ਰੂਪ ਵਟਾਇੰਦਾ । ਬਲ ਬਾਵਨ ਬੰਨ੍ਹੇ ਗਾਨਾ, ਸਾਚਾ ਸਗਨ ਮਨਾਇੰਦਾ । ਪੰਚਮ ਪੰਚ ਕਰ ਪਰਵਾਨਾ, ਪੰਚਮ ਆਪਣੀ ਗੋਦ ਬਹਾਇੰਦਾ । ਪੰਚਮ ਦੇਵੇ ਸਾਚਾ ਦਾਨਾ, ਵਸਤ ਅਮੋਲਕ ਝੋਲੀ ਪਾਇੰਦਾ । ਪੰਚਮ ਹੱਥ ਸਚ ਨਿਸ਼ਾਨਾ, ਦਰਗਹਿ ਸਾਚੀ ਆਪ ਝੁਲਾਇੰਦਾ । ਪੰਚਮ ਏਕਾ ਰਾਗ ਤਰਾਨਾ, ਗੀਤ ਗੋਬਿੰਦ

੮੦੮ ੧੧

ਆਪ ਸੁਣਾਇੰਦਾ । ਪੰਚਮ ਦੇਵੇ ਇਕ ਧਿਆਨਾ, ਚਰਨ ਕਵਲ ਬੂਝ ਬੁਝਾਇੰਦਾ । ਪੰਚਮ ਖੇਲ ਕਰੇ ਮਹਾਨਾ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਲੇਰੀ ਇਕ ਰਖਾਇੰਦਾ । ਸਚ ਦਲੇਰੀ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪ ਰਖਾਈਆ । ਆਦਿ ਜੁਗਾਦਿ ਚਲਾਉਂਦਾ ਰਿਹਾ ਰਾਹ, ਬਣ ਰਹਿਬਰ ਮਾਰਗ ਲਾਈਆ । ਸਦਾ ਸੁਹੇਲਾ ਇਕ ਇਕੇਲਾ ਦੇਂਦਾ ਰਿਹਾ ਸਲਾਹ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਗੁਰੂ ਗੁਰ ਬਣਦਾ ਰਿਹਾ ਮਲਾਹ, ਖੇਵਟ ਖੇਟ ਬੇੜਾ ਮਾਤ ਚਲਾਈਆ । ਜੁਗੋ ਜੁਗ ਜਪਾਉਂਦਾ ਰਿਹਾ ਨਾਂ, ਨਾਉਂ ਨਿਰੰਕਾਰਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਰਖਾਈਆ । ਆਪਣਾ ਬਲ ਰੱਖੇ ਨਿਰੰਕਾਰ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਭੇਵ ਕੋਇ ਨਾ ਪਾਇੰਦਾ । ਜੋਧਾ ਸੂਰਬੀਰ ਬਲਕਾਰ, ਬਲ ਆਪਣਾ ਆਪ ਪਰਗਟਾਇੰਦਾ । ਵੇਖਣਹਾਰ ਸਰਬ ਸੰਸਾਰ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਚਾਰੇ ਖਾਣੀ ਬਾਣੀ ਪੜਦਾ ਦਏ ਉਘਾੜ, ਆਪ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਲ ਆਪ ਜਣਾਇੰਦਾ । ਸਾਚਾ ਬਲ ਆਪੇ ਰੱਖ, ਬਲੀ ਬਲਵਾਨ ਖੇਲ ਕਰਾਇਆ । ਨਿਰਗੁਣ ਨੂਰ ਹੋ ਪਰਤੱਖ, ਸਰਗੁਣ ਹਰਿ ਸਮਝਾਇਆ । ਏਕਾ ਢੋਲਾ ਅਗੰਮੀ ਅਲੱਖ, ਸੋਹੰ ਬੋਲਾ ਆਪੇ ਗਾਇਆ । ਸਤਿ ਸਤਿਵਾਦੀ ਮਾਰਗ ਦੱਸ, ਗੁਰਮੁਖ ਸੱਜਣ ਲਏ ਜਗਾਇਆ । ਭਗਤ ਭਗਵੰਤ ਕਰ ਕਰ ਵੱਖ, ਲੱਖ ਚੁਰਾਸੀ ਬੰਧਨ ਮਾਤ ਤੁੜਾਇਆ । ਇਕ ਖੁਲ੍ਹਾਈ ਆਪਣੀ ਅੱਖ, ਆਪਣਾ ਭੇਵ ਜਣਾਇਆ । ਮੇਲ ਮਿਲਾਇਆ ਹੱਸ ਹੱਸ, ਪੂਤ ਸਪੂਤਾ ਗੋਦ ਬਹਾਇਆ । ਅੰਮ੍ਰਿਤ ਆਤਮ ਇਕੋ ਰਸ, ਬਿਨ ਰਸਨਾ ਜਿਹਵਾ ਆਪ ਛਕਾਇਆ । ਅੱਠੇ ਪਹਿਰ ਜਨ ਭਗਤਾਂ ਗਾਏ ਜਸ, ਬਣ ਸੇਵਕ ਸੇਵ ਕਮਾਇਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋਂ ਆਇਆ ਨੱਸ, ਹਰਿ ਜੂ ਪੱਲੂ ਆਪ ਛੁਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣ ਦਲੇਰ ਲੋਕਮਾਤ ਫੇਰਾ ਪਾਇਆ । ਬਣ ਦਲੇਰ ਸ੍ਰੀ ਭਗਵਾਨਾ, ਆਪਣੀ ਦਇਆ ਆਪ ਕਮਾਈਆ । ਗ਼ਰੀਬ ਨਿਮਾਣਿਆਂ ਦੇਵੇ ਮਾਣਾ, ਸਿਰ ਆਪਣੇ ਭਾਰ ਉਠਾਈਆ । ਭਗਤਾਂ ਬੰਨ੍ਹੇ ਸਾਚਾ ਗਾਨਾ, ਦਰਗਹਿ ਸਾਚੀ ਸਗਨ ਮਨਾਈਆ । ਬਿਨ ਰਸਨਾ ਜਿਹਵਾ ਗਾਏ ਤਰਾਨਾ, ਤ੍ਰੈਗੁਣ ਅਤੀਤਾ ਰੰਗ ਵਖਾਈਆ । ਆਦਿ ਜੁਗਾਦਿ ਨੌਜਵਾਨਾ, ਸਦਾ ਸੁਹੇਲਾ ਏਕਾ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬਣ ਦਲੇਰ ਆਇਆ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਏਕੋ ਦੀਪਕ ਗਿਆ ਜਗ, ਬਾਕੀ ਦੀਵੇ ਗੁਲ ਕਰਾਈਆ । ਕੋਈ ਨਾ ਚੜ੍ਹੇ ਉਪਰ ਸ਼ਾਹ ਰਗ, ਸਭ ਮੂੰਹ ਦੇ ਭਾਰ ਸੁਟਾਈਆ । ਭਗਤ ਭਗਵੰਤ ਕਰ ਕਿਰਪਾ ਕੀਤੇ ਅੱਡ, ਬਿਨ ਪੜ੍ਹਿਆਂ ਆਪਣੇ ਨਾਲ ਮਿਲਾਈਆ । ਲੱਖ ਚੁਰਾਸੀ ਦਿਤੀ ਛੱਡ, ਸੱਜਣ ਕੋਇ ਨਜ਼ਰ ਨਾ ਆਈਆ । ਸਭ ਦੇ ਖਾਲੀ ਦਿਸਣ ਹੱਡ, ਕਾਇਆ ਤੱਤ ਤੱਤ ਕੁਰਲਾਈਆ । ਲੋਕਮਾਤ ਨਿਸ਼ਾਨਾ ਸਾਚਾ ਗੱਡ, ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਦਰ ਆ ਸੀਸ ਝੁਕਾਈਆ । ਪਾਰਬ੍ਰਹਮ ਤੇਰੀ ਲੱਭਦੇ ਰਹੇ ਹੱਦ, ਤੇਰਾ ਅੰਤ ਕੋਇ ਨਾ ਪਾਈਆ । ਕਲਜੁਗ ਅੰਤਮ ਤੂੰ ਭਗਤ ਬਣਾਏ ਆਪਣੀ ਯੱਦ, ਸਾਚਾ ਬੰਸ ਇਕ ਵਖਾਈਆ । ਕੋਟਨ ਕੋਟ ਗੁਰ ਪੀਰ ਅਵਤਾਰ ਲੋਕਮਾਤ ਭਾਰ ਗਏ ਲਦ, ਥਿਰ ਕੋਇ ਰਹਿਣ ਨਾ ਪਾਈਆ । ਤੇਰਾ ਭੇਵ ਨਾ ਜਾਣੇ ਕੋਇ ਤੂੰ ਰੱਖੇ ਕਿਹੜੀ ਖੱਡ, ਕਵਣ ਕੂਟੇ ਦਏ ਬਹਾਈਆ ।


੮੦੯
੧੧

ਕਰਿਆ ਖੇਲ ਅੰਤ ਸਮਰਥ, ਸਮਰਥ ਤੇਰੀ ਵਡਿਆਈਆ । ਸਤਿ ਸਤਿਵਾਦੀ ਇਕ ਨਿਸ਼ਾਨਾ ਸਾਢੇ ਤਿੰਨ ਹੱਥ, ਅੱਗੇ ਪਿਛੇ ਏਥੇ ਓਥੇ ਦੋ ਜਹਾਨ ਬਣਾਈਆ । ਤੇਰੀ ਵਸਤ ਤੇਰੇ ਹੱਥ, ਦੂਸਰ ਹੱਥ ਕਿਸੇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਬਣ ਦਲੇਰ ਜਨ ਭਗਤਾਂ ਰਿਹਾ ਦੱਸ, ਹਰਿਜਨ ਤੇਰੀ ਵਡ ਵਡਿਆਈਆ । ਮੈਂ ਤੇਰਾ ਤੇਰੇ ਹੋਇਆ ਵਸ, ਮੇਰੀ ਚਲੇ ਨਾ ਕੋਇ ਚਤੁਰਾਈਆ । ਤੇਰੇ ਅੰਦਰ ਵੜ ਕੇ ਮੂੰਹ ਦੇ ਭਾਰ ਗਿਆ ਢੱਠ, ਉਪਰ ਤੇਰਾ ਭਾਰ ਟਿਕਾਈਆ । ਤੇਰੇ ਵਿਕਾਰ ਆਪਣੀ ਹੱਥੀਂ ਕਰ ਇਕੱਠ, ਬਿਨ ਅਗਨੀ ਦਿਆਂ ਜਲਾਈਆ । ਤੇਰਾ ਪ੍ਰੇਮ ਵੇਖਾਂ ਰੱਤੀ ਰੱਤ, ਰੱਤੀ ਰੱਤ ਵਿਚ ਸਮਾਈਆ । ਤੇਰੀ ਆਸ ਧੀਰਜ ਜਤ, ਸਤਿ ਸੰਤੋਖ ਨੇਤਰ ਨੈਣਾਂ ਦਰਸਨ ਪਾਈਆ । ਤੇਰੀ ਇਕੋ ਬ੍ਰਹਮ ਮਤ, ਪੁਰਖ ਅਕਾਲ ਓਟ ਰਖਾਈਆ । ਸਾਹਿਬ ਸੁਲਤਾਨ ਜਾਣੇ ਮਿਤ ਗਤ, ਸਿਰ ਆਪਣਾ ਹੱਥ ਟਿਕਾਈਆ । ਕਰ ਕਿਰਪਾ ਬੀਜਿਆ ਨਾਮ ਆਪਣੇ ਵਤ, ਬਣ ਕਿਰਸਾਣਾ ਹਲ ਚਲਾਈਆ । ਆਪ ਮਹਿਕਾਏ ਡਾਲ੍ਹੀ ਪਤ, ਫੁਲ ਫੁਲਵਾੜੀ ਆਪਣੇ ਹੱਥ ਰਖਾਈਆ । ਦੋ ਜਹਾਨਾਂ ਲਏ ਰੱਖ, ਤੱਤੀ ਵਾ ਨਾ ਲਾਗੇ ਰਾਈਆ । ਕੋਟਨ ਕੋਟ ਰਵ ਸਸ, ਗੁਰਮੁਖ ਤੇਰੇ ਚਰਨਾਂ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਪੰਧ ਮੁਕਾਇਆ ਨੱਸ ਨੱਸ, ਦੂਰ ਦੁਰਾਡੇ ਪਹਿਲੀ ਚੇਤ ਆ ਆ ਦਰਸਨ ਪਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਅੰਤ ਸਾਨੂੰ ਨਾ ਜਾਣਾ ਛੱਡ, ਦਰ ਤੇਰੇ ਦੇਣ ਦੁਹਾਈਆ । ਬਿਨ ਭਗਤਾਂ ਮੈਂ ਸਭ ਨੂੰ ਕੀਤਾ ਰੱਦ, ਹੁਕਮੀ ਹੁਕਮ ਇਕ ਜਣਾਈਆ । ਅੰਤਮ ਸਭ ਦਾ ਪੜਦਾ ਲੈਣਾ ਕਜ਼, ਸ਼ਬਦ ਦੁਸ਼ਾਲਾ ਉਪਰ ਰਖਾਈਆ । ਕੋਝਾ ਕਮਲਾ ਪੁਰਖ ਅਬਿਨਾਸ਼ੀ ਨਾ ਕੋਈ ਆਚਾਰ ਨਾ ਕੋਈ ਚੱਜ਼, ਸਚ ਪ੍ਰੀਤੀ ਗੁਰਸਿਖਾਂ ਕੋਲੋਂ ਸਿਖਣ ਆਈਆ । ਬਿਨ ਨਗਾਰਿਉਂ ਗਿਆ ਵੱਜ, ਨੌਬਤ ਗੁਰਸਿਖ ਨਾਮ ਵਜਾਈਆ । ਬਿਨ ਡੋਰਿਉਂ ਗਿਆ ਬੱਝ, ਪ੍ਰੇਮ ਤੰਦੀ ਇਕ ਰਖਾਈਆ । ਹਰਿਜਨ ਹਰਿ ਜੂ ਤੇਰਾ ਕਰਕੇ ਹੱਜ, ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਬਣ ਦਲੇਰ ਸਿੰਘ ਸ਼ੇਰ ਆਪਣਾ ਬਲ ਰਖਾਈਆ ।

## ★ ੫ ਚੇਤ ੨੦੧੯ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ ਟਾਂਗਰਾ ਜ਼ਿਲਾ ਅੰਮ੍ਰਿਤਸਰ ★

ਹੁਕਮੇ ਅੰਦਰ ਸੂਰਾ ਸਰਬੰਗ, ਸਤਿ ਪੁਰਖ ਨਿਰੰਜਣ ਖੇਲ ਕਰਾਇੰਦਾ । ਹੁਕਮੇ ਅੰਦਰ ਖੇਲ ਸਚਖੰਡ, ਨਿਰਗੁਣ ਨਿਰਵੈਰ ਪੁਰਖ ਅਕਾਲ ਆਪ ਕਰਾਇੰਦਾ । ਹੁਕਮੇ ਅੰਦਰ ਦੇਸ ਬ੍ਰਹਿਮੰਡ, ਪੁਰੀ ਲੋਅ ਬ੍ਰਹਿਮੰਡ ਖੰਡ ਆਪਣੀ ਬਣਤ ਬਣਾਇੰਦਾ । ਹੁਕਮੇ ਅੰਦਰ ਸੂਰਜ ਚੰਦ, ਮੰਡਲ ਮੰਡਪ ਆਪ ਸੁਹਾਇੰਦਾ । ਹੁਕਮੇ ਅੰਦਰ ਨਿਰਗੁਣ ਸਰਗੁਣ ਦਏ ਸੰਗ, ਸਗਲਾ ਸੰਗ ਆਪ ਨਿਭਾਇੰਦਾ । ਹੁਕਮੇ ਅੰਦਰ ਭਗਤ ਭਗਵੰਤ ਮੰਗੇ ਮੰਗ, ਦਾਤਾ ਭਿਖਾਰੀ ਨਾਉਂ ਧਰਾਇੰਦਾ । ਹੁਕਮੇ ਅੰਦਰ ਇਕ ਪਲੰਘ, ਸਾਚੀ ਸੇਜਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣੀ ਖੇਲ ਕਰਾਇੰਦਾ । ਅਨਭਵ ਖੇਲ ਕਰੇ ਨਿਰੰਕਾਰਾ, ਨਿਰਾਕਾਰ ਵਡੀ ਵਡਿਆਈਆ । ਸਤਿ ਸਤਿਵਾਦੀ ਹੋ ਉਜਿਆਰਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਮਹੱਲ ਅਟੱਲ ਉਚ ਮੁਨਾਰਾ, ਸਚਖੰਡ ਵਸੇ ਸੱਚਾ ਮਾਹੀਆ । ਥਿਰ ਘਰ ਖੋਲ੍ਹ ਆਪ ਕਿਵਾੜਾ, ਆਪਣੀ

੮੧੦
੧੧

੮੧੧
੧੧

ਬਣਤ ਆਪ ਬਣਾਈਆ । ਸਤਿ ਸਰੂਪੀ ਸੁਤ ਦੁਲਾਰਾ, ਸ਼ਬਦੀ ਸ਼ਬਦ ਵਸਾਈਆ । ਹੁਕਮੀ ਹੁਕਮ ਹੁਕਮ ਵਰਤਾਰਾ, ਭੂਪਤ ਭੂਪ ਰਾਜ ਰਾਜਾਨ ਆਪ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਸਾਰਾ, ਤ੍ਰੈ ਤ੍ਰੈ ਮੇਲਾ ਸਹਿਜ ਸੁਭਾਈਆ । ਪੰਚਮ ਪੰਚ ਪੰਚ ਅਖਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਈਆ । ਹੁਕਮੇ ਅੰਦਰ ਸਾਚੀ ਧਾਰ, ਧਰਨੀ ਧਰਤ ਧਵਲ ਸੁਹਾਇੰਦਾ । ਹੁਕਮੇ ਅੰਦਰ ਜਲ ਥਲ ਮਹੀਅਲ ਪਾਏ ਸਾਰ, ਉਚੇ ਟਿੱਲੇ ਪਰਬਤ ਫੋਲ ਫੋਲਾਇੰਦਾ । ਹੁਕਮੇ ਅੰਦਰ ਖਾਣੀ ਬਾਣੀ ਕਰ ਤਿਆਰ, ਜੇਰਜ ਅੰਡਜ ਉਤਭੁਜ ਸੇਤਜ ਵੇਸ ਵਟਾਇੰਦਾ । ਹੁਕਮੇ ਅੰਦਰ ਤੱਤਵ ਤੱਤ ਦੇ ਅਧਾਰ, ਤੱਤ ਨਿਵਾਸੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਅਕਲ ਕਲ ਧਾਰੀ ਆਪ ਕਰਾਇੰਦਾ । ਨਿਰਗੁਣ ਸਰਗੁਣ ਕਰ ਪਰਧਾਨ, ਘਾੜਨ ਘੜਤ ਆਪ ਘੜਾਇੰਦਾ । ਘਰ ਵਿਚ ਘਰ ਇਕ ਮਕਾਨ, ਬੇਮਕਾਮ ਆਪ ਬਣਾਇੰਦਾ । ਨਵ ਨੌਂ ਖੋਲ੍ਹ ਦੁਕਾਨ, ਦਰ ਦਰ ਆਪਣਾ ਰੰਗ ਵਖਾਇੰਦਾ । ਭਗਤਨ ਭਗਵਨ ਦੇ ਦੇ ਦਾਨ, ਸਾਚੀ ਭਗਤੀ ਝੋਲੀ ਪਾਇੰਦਾ । ਏਕੰਕਾਰਾ ਨਾਉਂ ਨਿਧਾਨ, ਨਾਮ ਵਸਤ ਅਮੋਲਕ ਝੋਲੀ ਪਾਇੰਦਾ । ਘਰ ਵਿਚ ਘਰ ਖੇਲ ਕਰੇ ਮਹਾਨ, ਗ੍ਰਿਹ ਮੰਦਰ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਭਗਤਨ ਮੀਤਾ ਏਕੰਕਾਰਾ, ਏਕਾ ਏਕ ਵਡੀ ਵਡਿਆਈਆ । ਨਿਰਗੁਣ ਸਰਗੁਣ ਪਾਵੇ ਸਾਰਾ, ਜੁਗ ਜੁਗ ਵੇਸ ਵਟਾਈਆ । ਸ਼ਬਦ ਅਗੰਮੀ ਇਕ ਜੈਕਾਰਾ, ਜੈ ਜੈਕਾਰ ਆਪ ਸੁਣਾਈਆ । ਨਿਰਮਲ ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਨੂਰ ਰੁਸ਼ਨਾਈਆ । ਸਾਚੀ ਹਾਟੀ ਬਣ ਵਣਜਾਰਾ, ਕਾਇਆ ਹੱਟ ਇਕ ਵਖਾਈਆ । ਸਾਚੇ ਮੰਦਰ ਵਸਤ ਹਰਿ ਥਾਰਾ, ਥਿਰ ਦਰਬਾਰੀ ਆਪ ਜਣਾਈਆ । ਸ਼ਬਦੀ ਸ਼ਬਦ ਅਗੰਮ ਅਪਾਰਾ, ਰਾਗੀ ਅਨਹਦ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਈਆ । ਹਰਿਜਨ ਮੇਲਾ ਏਕਾ ਘਰ, ਘਰ ਮੰਦਰ ਆਪ ਸੁਹਾਇੰਦਾ । ਪੰਚ ਵਿਕਾਰਾ ਚੁੱਕੇ ਡਰ, ਪੰਚਮ ਜੋੜ ਜੋੜਾਇੰਦਾ । ਡੂੰਘੀ ਭਵਰੀ ਪਾਵੇ ਸਾਰ, ਕਾਇਆ ਕਵਰੀ ਖੋਜ ਖੋਜਾਇੰਦਾ । ਟੇਢੀ ਬੰਕ ਆਪੇ ਵੜ, ਈੜਾ ਪਿੰਗਲ ਮੋਹ ਮਿਟਾਇੰਦਾ । ਦਰਸ ਦਿਖਾਏ ਅੱਗੇ ਖੜ੍ਹ, ਸਾਚੇ ਸੰਤਾਂ ਆਪ ਉਠਾਇੰਦਾ । ਜੋਤ ਨਿਰੰਜਣ ਆਪੇ ਧਰ, ਬਿਨ ਤੇਲ ਬਾਤੀ ਆਪੇ ਡਗਮਗਾਇੰਦਾ । ਸ਼ਬਦ ਅਨਾਦੀ ਅਨਹਦ ਧੁਨ ਰਾਗ ਸੁਣਾਏ ਸਾਚਾ ਹਰਿ, ਤੰਦੀ ਤੰਦ ਨਾ ਕੋਇ ਰਖਾਇੰਦਾ । ਅੰਮ੍ਰਿਤ ਸਰੋਵਰ ਠੰਡਾ ਠਰ, ਨਿਝਰ ਝਿਰਨਾ ਆਪ ਝਿਰਾਇੰਦਾ । ਬਜਰ ਕਪਾਟੀ ਤੋੜ ਗੜ੍ਹ, ਦੂਈ ਦਵੈਤੀ ਪੜਦਾ ਆਪੇ ਲਾਹਿੰਦਾ । ਆਤਮ ਸੇਜਾ ਸਾਚੀ ਚੜ੍ਹ, ਸਚ ਸਿੰਘਾਸਣ ਸੋਭਾ ਪਾਇੰਦਾ । ਸੁਰਤ ਨਿਮਾਣੀ ਲਏ ਫੜ, ਸ਼ਬਦੀ ਆਪਣਾ ਬੰਧਨ ਆਪੇ ਪਾਇੰਦਾ । ਆਪ ਵਖਾਏ ਸਾਚਾ ਘਰ, ਗ੍ਰਿਹ ਮੰਦਰ ਸੋਭਾ ਪਾਇੰਦਾ । ਆਤਮ ਪਰਮਾਤਮ ਮਿਲੇ ਵਰ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਮਿਲਾਇੰਦਾ । ਸਾਚੇ ਭਗਤਾਂ ਹਰਿ ਹਰਿ ਮੇਲਾ, ਨਿਰਗੁਣ ਸਰਗੁਣ ਆਪ ਕਰਾਈਆ । ਏਕਾ ਘਰ ਵਖਾਏ ਗੁਰੂ ਗੁਰ ਚੇਲਾ, ਗੁਰ ਚੇਲਾ ਰੂਪ ਧਰਾਈਆ । ਆਦਿ ਜੁਗਾਦੀ ਸੱਜਣ ਸੁਹੇਲਾ, ਸਤਿਗੁਰ ਪੂਰਾ ਨਾਉਂ ਰਖਾਈਆ । ਸਰਬ ਘਟ ਵਸੇ ਇਕ ਇਕੇਲਾ, ਘਟ ਘਟ ਆਪੇ ਰਿਹਾ ਸਮਾਈਆ । ਕੱਟਣਹਾਰਾ ਰਾਏ ਧਰਮ ਦੀ ਜੇਲਾ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਸਿਰ ਆਪਣਾ ਹੱਥ ਟਿਕਾਈਆ । ਜਿਸ ਸਿਰ ਹੱਥ ਰੱਖੇ ਕਰਤਾਰ, ਆਪ ਆਪਣੀ ਬੂਝ ਬੁਝਾਇੰਦਾ । ਦੂਈ ਦਵੈਤੀ ਕਰ ਖੁਆਰ, ਮਾਇਆ ਮਮਤਾ ਮੋਹ ਚੁਕਾਇੰਦਾ । ਜਾਤ ਪਾਤ ਊਚ ਨੀਚ ਰਾਓ ਰੰਕ ਨਾ ਕੋਇ ਵਿਚਾਰ, ਆਤਮ ਪਰਮਾਤਮ ਬੂਝ ਬੁਝਾਇੰਦਾ । ਮੰਦਰ ਮਸਜਦ ਮੱਠ ਸ਼ਿਵਦਵਾਲਾ ਨਾ ਕੋਇ ਦੁਆਰ, ਕਾਇਆ ਗੁਰੂਦੁਆਰਾ ਇਕ ਵਖਾਇੰਦਾ । ਦਿਵਸ ਰੈਣ ਅੱਠੇ ਪਹਿਰ ਪਾਰਬ੍ਰਹਮ ਪਤਿਪਰਮੇਸ਼ਵਰ ਬੈਠਾ ਰਹੇ ਖ਼ਬਰਦਾਰ, ਆਲਸ ਨਿੰਦਰਾ ਵਿਚ ਕਦੇ ਨਾ ਆਇੰਦਾ । ਸੰਤ ਸੁਹੇਲੇ ਲੱਭੇ ਸਾਚੇ ਯਾਰ, ਬਣ ਪਾਂਧੀ ਫੇਰਾ ਪਾਇੰਦਾ । ਕਾਗਦ ਕਲਮ ਸ਼ਾਹੀ ਨਾ ਕੋਇ ਵਿਚਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਕੋਇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਉਚੀ ਕੂਕ ਕੂਕ ਗਏ ਪੁਕਾਰ, ਬੇਅੰਤ ਬੇਅੰਤ ਬੇਅੰਤ ਸਰਬ ਸਲਾਹਿੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਅੰਤ ਨਾ ਪਾਰਾਵਾਰ, ਖਾਣੀ ਬਾਣੀ ਦੋ ਜਹਾਨੀ ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹਿੰਦਾ । ਰਾਗ ਨਾਦ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਨੀਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਦਰਸ ਦਿਖਾਇੰਦਾ । ਸਾਚੇ ਭਗਤ ਦੇਵੇ ਦਰਸ, ਹਰਿ ਦਰਸੀ ਦਇਆ ਕਮਾਈਆ । ਜਨਮ ਜਨਮ ਦੀ ਮੇਟੇ ਹਰਸ, ਹਵਸ ਹੋਰ ਨਾ ਕੋਇ ਵਧਾਈਆ । ਲੇਖਾ ਜਾਣੇ ਅਰਸ਼ ਫਰਸ਼, ਕਾਇਆ ਕਾਅਬਾ ਫੋਲ ਫੋਲਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਤ੍ਰੈਗੁਣ ਅਗਨੀ ਤੱਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਚਾਈਂ ਚਾਈਂਆ । ਭਗਤਨ ਮੇਲਾ ਚਾਓ ਘਨੇਰਾ, ਗਹਿਰ ਗੰਭੀਰ ਆਪ ਰਖਾਇੰਦਾ । ਵਸਣਹਾਰਾ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਮਨ ਮਨੂਆਂ ਦੇਵੇ ਗੇੜਾ,



ਮਨ ਕਾ ਮਣਕਾ ਆਪ ਭੁਵਾਇੰਦਾ । ਪੰਚ ਵਿਕਾਰਾ ਚੁੱਕੇ ਝੇੜਾ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਕਾਇਆ ਮੰਦਰ ਵਸੇ ਖੇੜਾ, ਗ੍ਰਿਹਿ ਮੰਦਰ ਸੋਭਾ ਪਾਇੰਦਾ । ਖੁੱਲਾ ਕਰੇ ਹਰਿ ਜੂ ਵੇਹੜਾ, ਕੂੜੀ ਕਿਰਿਆ ਮੇਟ ਮਿਟਾਇੰਦਾ । ਸੰਤ ਸੁਹੇਲਾ ਇਕ ਅਕੇਲਾ ਨਿਰਗੁਣ ਸਰਗੁਣ ਬੰਨ੍ਹੇ ਬੇੜਾ, ਖੇਵਟ ਖੇਟਾ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਆਪਣੇ ਰੰਗ ਰੰਗਾਇੰਦਾ । ਭਗਤ ਭਗਵੰਤ ਇਕੋ ਰੰਗ, ਏਕਾ ਘਰ ਵੱਜੇ ਵਧਾਈਆ । ਏਕਾ ਸੇਜ ਇਕ ਪਲੰਘ, ਏਕਾ ਮੰਦਰ ਆਸਣ ਲਾਈਆ । ਏਕਾ ਰਾਗ ਇਕ ਮਰਦੰਗ, ਏਕਾ ਨਾਦੀ ਨਾਦ ਸੁਣਾਈਆ । ਏਕਾ ਰਸ ਇਕ ਅਨੰਦ, ਪਰਮਾਨੰਦ ਇਕ ਵਡਿਆਈਆ । ਏਕਾ ਪਰਕਾਸ਼ ਏਕ ਚੰਦ, ਏਕਾ ਨੂਰ ਨੂਰ ਰੁਸ਼ਨਾਈਆ । ਏਕਾ ਖੇਲ ਜਾਣੇ ਬ੍ਰਹਿਮੰਡ, ਜੀਉਂ ਪਿੰਡ ਸੋਭਾ ਪਾਈਆ । ਏਕਾ ਸਾਹਿਬ ਦਿਆਲ ਬਖ਼ਸ਼ੰਦ, ਬਖ਼ਸ਼ਸ਼ ਆਪਣੇ ਹੱਥ ਰਖਾਈਆ । ਏਕਾ ਕਾਲ ਗਰਾਸ ਤੋੜੇ ਤੰਦ, ਨਾਮ ਖੰਡਾ ਹੱਥ ਚਮਕਾਈਆ । ਏਕਾ ਦਿਆਲ ਖ਼ੁਸ਼ੀ ਕਰਾਏ ਬੰਦ ਬੰਦ, ਸਤਿਗੁਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਈਆ । ਭਗਤਨ ਮੇਲਾ ਹਰਿ ਨਿਰੰਕਾਰ, ਨਰ ਨਿਰੰਕਾਰਾ ਆਪ ਮਿਲਾਇੰਦਾ । ਮਹਾਂਕਾਲ ਖੇਲ ਅਪਾਰ, ਖੇਲਣਹਾਰਾ ਦਿਸ ਨਾ ਆਇੰਦਾ । ਦੀਨ ਦਿਆਲ ਸਤਿਗੁਰ ਧਾਰ, ਗੁਰ ਸ਼ਬਦੀ ਰੂਪ ਵਟਾਇੰਦਾ । ਅੰਤ ਕਾਲ ਨਾ ਮਾਰੇ ਮਾਰ, ਕਲ ਕਾਤੀ ਮੋਹ ਮਿਟਾਇੰਦਾ । ਸਾਚੀ ਘਾਟੀ ਏਕਾ ਵਾਰ, ਸਤਿਗੁਰ ਪੂਰਾ ਆਪ ਚੜ੍ਹਾਇੰਦਾ । ਕਾਇਆ ਤਾਕੀ ਖੋਲ੍ਹ ਕਿਵਾੜ, ਹਰਿ ਦਰਸੀ ਦਰਸ ਦਿਖਾਇੰਦਾ । ਲਹਿਣਾ ਦੇਣਾ ਬਾਕੀ ਦਏ ਨਿਵਾਰ, ਪੂਰਬ ਲੇਖਾ ਵੇਖ ਵਖਾਇੰਦਾ । ਏਥੇ ਓਥੇ ਦੋ ਜਹਾਨਾਂ ਪਾਵੇ ਸਾਰ, ਅੱਗੇ

ਪਿਛੇ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕੋ ਹਰਿ, ਜੁਗ ਜੁਗ ਵੇਸ ਵਟਾਇੰਦਾ । ਜੁਗ ਜੁਗ ਵੇਸ ਸ਼ਬਦੀ ਧਾਰ, ਗੁਰ ਗੁਰ ਰੂਪ ਵਟਾਈਆ । ਗੁਰ ਗੁਰ ਸ਼ਬਦ ਖੇਲ ਅਪਾਰ, ਅਪਰੰਪਰ ਆਪ ਕਰਾਈਆ । ਪੰਜ ਤੱਤ ਤੱਤ ਅਧਾਰ, ਜਗਤ ਅਧਾਰੀ ਵੇਖ ਵਖਾਈਆ । ਬੋਧ ਅਗਾਧੀ ਇਕ ਸੁਨਾਰ, ਗੀਤ ਸੰਗੀਤ ਆਪੇ ਗਾਈਆ । ਰਾਗ ਨਾਦ ਨਾ ਪਾਏ ਸਾਰ, ਛੱਤੀਸ ਬੈਠੇ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਹਰਿਜਨ ਭਗਤ ਵੱਡਾ ਵਡ, ਸੋ ਪੁਰਖ ਨਿਰੰਜਣ ਆਪ ਵਡਿਆਇੰਦਾ । ਹਰਿ ਪੁਰਖ ਨਿਰੰਜਣ ਲੱਖ ਚੁਰਾਸੀ ਵਿਚੋਂ ਕੱਢ, ਆਪ ਆਪਣੀ ਬੂਝ ਬੁਝਾਇੰਦਾ । ਇਕ ਓਅੰਕਾਰ ਲੜਾਏ ਲੜ, ਤਖ਼ਤ ਨਿਵਾਸੀ ਆਪਣੀ ਗੋਦ ਬਹਾਇੰਦਾ । ਆਦਿ ਨਿਰੰਜਣ ਜੋਤ ਨਿਰੰਜਣ ਕਰ ਪਰਕਾਸ਼, ਅੰਧ ਅੰਧੇਰ ਗਵਾਇੰਦਾ । ਅਬਿਨਾਸ਼ੀ ਕਰਤਾ ਹੋ ਹੋ ਦਾਸ, ਭਗਤ ਭਗਵੰਤ ਸੇਵ ਕਮਾਇੰਦਾ । ਸ੍ਰੀ ਭਗਵਾਨ ਵੇਖਣਹਾਰਾ ਖੇਲ ਤਮਾਸ਼, ਘਟ ਘਟ ਆਪਣੀ ਰਾਸ ਰਚਾਇੰਦਾ । ਪਾਰਬ੍ਰਹਮ ਬ੍ਰਹਮ ਵਸੇ ਪਾਸ, ਈਸ਼ ਜੀਵ ਏਕਾ ਦਰ ਬਹਾਇੰਦਾ । ਲੇਖਾ ਜਾਣੇ ਪ੍ਰਿਥਮੀ ਅਕਾਸ਼, ਗਗਨ ਮੰਡਲ ਸੋਭਾ ਪਾਇੰਦਾ । ਪੂਰੀ ਕਰੇ ਸਤਿਗੁਰ ਆਸ, ਦਿਆਲ ਠਾਕਰ ਦਇਆ ਕਮਾਇੰਦਾ । ਜੋ ਜਨ ਹਰਿ ਹਰਿ ਜਪੇ ਰਸਨਾ ਸਵਾਸ, ਬੱਤੀ ਦੰਦ ਮੁਖ ਸਾਲਾਹਿੰਦਾ । ਤਿਸ ਜਮ ਕਾ ਕੱਟੇ ਫਾਸ, ਰਾਏ ਧਰਮ ਨੇੜ ਨਾ ਆਇੰਦਾ । ਵੇਲੇ ਅੰਤ ਨਾ ਹੋਏ ਉਦਾਸ, ਸਤਿਗੁਰ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਏਕਾ ਦਰ ਬਹਾਇੰਦਾ । ਭਗਤ ਵਸੇਰਾ ਸਾਚੇ ਘਰ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਰਖਾਇੰਦਾ । ਅਜੂਨੀ ਰਹਿਤ ਲੱਖ ਚੁਰਾਸੀ ਜੂਨ ਪਾਰ ਕਰ, ਆਵਣ ਜਾਵਣ ਪੰਧ ਮੁਕਾਇੰਦਾ । ਪੁਰਖ ਅਕਾਲ ਪੁਰਖ ਪੁਰਖੋਤਮ ਦੀਨਨ ਆਪਣੀ ਦਇਆ ਕਰ, ਦਰ ਘਰ ਸਾਚੇ ਆਪ ਬਹਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਸਵੱਛ ਸਰੂਪੀ ਦਰਸ ਦਿਖਾਏ ਅੱਗੇ ਖੜ, ਤੱਤਵ ਤੱਤ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਮੇਲਾ ਏਕਾ ਘਰ, ਘਰ ਸੁਹੰਜਣਾ ਜਗੇ ਜੋਤ ਆਦਿ ਨਿਰੰਜਣਾ ਦੀਆ ਬਾਤੀ ਹੋਰ ਨਾ ਕੋਇ ਰਖਾਇੰਦਾ । ਦੀਆ ਬਾਤੀ ਨਾ ਕੋਈ ਤੇਲ, ਅਗਨੀ ਅੱਗ ਨਾ ਕੋਇ ਲਗਾਈਆ । ਜੋਤੀ ਜਾਤਾ ਜੋਤੀ ਮੇਲ, ਜੋਤੀ ਜੋਤ ਜੋਤ ਰੁਸ਼ਨਾਈਆ । ਆਪ ਵਸਾਏ ਧਾਮ ਨਿਵੇਲ, ਸਚਖੰਡ ਸਾਚੇ ਮਾਣ ਦਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਵੇਖੇ ਚਾਈਂ ਚਾਈਂਆ । ਸਾਚੇ ਘਰ ਸਾਚਾ ਚਾਓ, ਹਰਿ ਸਤਿਗੁਰ ਆਪ ਰਖਾਇੰਦਾ । ਸੰਤ ਸੁਹੇਲੇ ਫੜ ਫੜ ਬਾਂਹੋਂ, ਆਪ ਆਪਣੇ ਘਰ ਬਹਾਇੰਦਾ । ਇਕ ਜਪਾਏ ਆਪਣਾ ਨਾਉਂ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਆਪੇ ਪਿਤਾ ਆਪੇ ਮਾਉਂ, ਗੁਰਮੁਖ ਬਾਲ ਅਵਾਣੇ ਗੋਦ ਬਹਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਆਪ ਉਡਾਇੰਦਾ । ਆਦਿ ਜੁਗਾਦਿ ਕਰੇ ਸਚ ਨਿਆਉਂ, ਸਾਚੇ ਤਖ਼ਤ ਸੋਭਾ ਪਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਮਾਣ ਦਿਵਾਇੰਦਾ । ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਉਂ, ਅਗਨੀ ਤੱਤ ਤੱਤ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਆਪਣੇ ਰੰਗ ਸਮਾਇੰਦਾ । ਆਪਣੇ ਰੰਗ ਆਪੇ ਰਾਤਾ, ਰੱਤੀ ਰੱਤ ਨਾ ਕੋਇ ਰੰਗਾਈਆ । ਕਰੇ ਖੇਲ ਪੁਰਖ ਬਿਧਾਤਾ, ਬਿਧ ਆਪਣੀ ਆਪ ਜਣਾਈਆ ।

ਨਿਰਗੁਣ ਸਰਗੁਣ ਜੋੜ ਨਾਤਾ, ਜੋੜੀ ਆਪਣੀ ਆਪ ਬਣਾਈਆ । ਆਪ ਸੁਣਾਏ ਸਾਚਾ ਸਾਕਾ, ਨਿਸ਼ਅੱਖਰ ਕਰ ਪੜ੍ਹਾਈਆ । ਬੋਧ ਅਗਾਧੀ ਇਕੋ ਗਾਥਾ, ਲਿਖਣ ਪੜ੍ਹਣ ਵਿਚ ਨਾ ਆਈਆ । ਸਾਹਿਬ ਸੁਲਤਾਨ ਹਰਿ ਸਮਰਾਥਾ, ਆਪਣਾ ਖੇਲ ਆਪ ਵਰਤਾਈਆ । ਗੁਰਮੁਖ ਹਰਿਜਨ ਹਰਿ ਭਗਤ ਸਗਲ ਵਿਸੂਰਾ ਲਾਥਾ, ਹਰਿ ਸਤਿਗੁਰ ਦਰਸਨ ਪਾਈਆ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਆਵਣ ਜਾਵਣ ਮਾਤ ਗਰਭ ਮੁੱਕੇ ਵਾਟਾ, ਜੂਨੀ ਜੂਨ ਨਾ ਕੋਇ ਫਿਰਾਈਆ । ਨਿਰਮਲ ਜੋਤ ਨੂਰ ਪਰਕਾਸ਼ ਕਰੇ ਲਿਲਾਟਾ, ਲਿਵ ਅੰਤਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵੰਤ ਮੇਲੇ ਆਪਣੇ ਘਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਦਰ ਦਰਵਾਜ਼ਾ ਕਲਜੁਗ ਅੰਤਮ ਖੋਲ੍ਹ, ਹਰਿ ਜੂ ਆਪਣੀ ਦਇਆ ਕਮਾਇੰਦਾ । ਸ਼ਬਦ ਵਸਤ ਅਨਮੁਲੜੀ ਦੇਵੇ ਨਾ ਕੋਈ ਤੋਲੇ ਤੋਲ, ਤੋਲਣਹਾਰਾ ਨਜ਼ਰ ਕੋਇ ਨਾ ਆਇੰਦਾ । ਸਤਿ ਸਤਿਵਾਦੀ ਬੋਧ ਅਗਾਧੀ ਸਚਖੰਡ ਨਿਵਾਸੀ ਬੈਠਾ ਰਹੇ ਅਡੋਲ, ਧੁਰ ਫ਼ਰਮਾਣਾ ਸਾਚਾ ਰਾਣਾ ਏਕਾ ਏਕ ਸੁਣਾਇੰਦਾ । ਜਨ ਭਗਤਾਂ ਅੰਦਰ ਕਾਇਆ ਮੰਦਰ ਅਨਹਦ ਨਾਦ ਵਜਾਏ ਢੋਲ, ਮਰਦੰਗਾ ਆਪਣੇ ਹੱਥ ਰਖਾਇੰਦਾ । ਅੰਮ੍ਰਿਤ ਆਤਮ ਪਰਮਾਤਮ ਪਿਆਏ ਪੌਲ, ਨਿਝਰ ਝਿਰਨਾ ਆਪ ਝਿਰਾਇੰਦਾ । ਇਕ ਅਤੀਤਾ ਠਾਂਡਾ ਸੀਤਾ ਬਿਨ ਮੰਦਰ ਮਸੀਤਾ ਵਸੇ ਕੋਲ, ਸਚ ਦੁਆਰੇ ਆਸਣ ਲਾਇੰਦਾ । ਦਿਵਸ ਰੈਣ ਰੈਣ ਦਿਵਸ ਸੁਰਤੀ ਸ਼ਬਦ ਕਰੇ ਚੋਲ੍ਹ, ਸੇਜ ਸੁਹੰਜਣੀ ਜੋਤ ਨਿਰੰਜਣੀ ਪੁਰਖ ਅਬਿਨਾਸ਼ਾ ਖੇਲ ਤਮਾਸ਼ਾ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਆਪੇ ਭੋਗੀ ਭੋਗ ਬਿਲਾਸਾ, ਆਪੇ ਜਾਣੇ ਆਪਣੀ ਰਾਸਾ, ਆਪੇ ਅੰਤਰ ਕਰ ਕਰ ਵਾਸਾ, ਆਪੇ ਬਣ ਬਣ ਦਾਈ ਦਾਇਆ ਸੇਵ ਕਮਾਇੰਦਾ । ਭਗਤ ਭਗਵੰਤ ਇਕ ਧਰਵਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਜੁਗਤ ਜਗ ਜੀਵਣ ਜੀਵਤ ਆਪਣੇ ਹੱਥ ਰਖਾਇੰਦਾ ।



### ★ ੫ ਚੇਤ ੨੦੧੯ ਬਿਕ੍ਰਮੀ ਪਾਲ ਸਿੰਘ ਦੇ ਗ੍ਰਹਿ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ★

ਸਚ ਤਖ਼ਤ ਸੋਭਾਵੰਤ, ਹਰਿ ਜੂ ਹਰਿ ਹਰਿ ਆਸਣ ਲਾਇੰਦਾ । ਸਚਖੰਡ ਨਿਵਾਸੀ ਬੇਅੰਤ ਬੇਅੰਤ ਬੇਅੰਤ, ਭੂਪਤ ਭੂਪ ਦਇਆ ਕਮਾਇੰਦਾ । ਆਪਣੀ ਮਹਿਮਾ ਜਾਣੇ ਅਗਣਤ, ਅਲੱਖ ਅਗੋਚਰ ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਧਾਰ ਚਲਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਅਨਭਵ ਪਰਕਾਸ਼ ਬਣਾ ਆਪਣੀ ਬਣਤ, ਅਜੂਨੀ ਰਹਿਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕ ਸੁਹਾਇੰਦਾ । ਸਚ ਸਿੰਘਾਸਣ ਹਰਿ ਨਿਰੰਕਾਰਾ, ਆਦਿ ਪੁਰਖ ਆਪ ਸੁਹਾਈਆ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਲੱਖਣਾ ਵਡ ਵਡਿਆਈਆ । ਸ਼ਬਦ ਅਗੰਮੀ ਧੁਰ ਜੈਕਾਰਾ, ਧੁਰ ਦਰਬਾਰੀ ਆਪ ਸੁਣਾਈਆ । ਵੇਖੇ ਵਿਗਸੇ ਵੇਖਣਹਾਰਾ, ਨੇਤਰ ਨੈਣ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਈਆ । ਆਪਣੀ ਕਾਰ ਕਰ ਕਰਤਾਰ, ਆਦਿ ਜੁਗਾਦਿ ਵੇਸ ਵਟਾਇੰਦਾ । ਖੇਲੇ ਖੇਲ ਨਿਰਗੁਣ ਸਰਗੁਣ ਧਾਰ, ਦੋਏ ਦੋਏ ਰੂਪ ਆਪ ਵਟਾਇੰਦਾ । ਲੱਖ ਚੁਰਾਸੀ ਕਰ ਪਸਾਰ, ਤ੍ਰੈਗੁਣ

ਮਾਇਆ ਬੰਧਨ ਪਾਇੰਦਾ । ਪੰਜ ਤੱਤ ਤੱਤ ਅਖਾੜ, ਖਾਣੀ ਬਾਣੀ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਆਪੇ ਕਰ ਕਰ, ਕਰਤਾ ਪੁਰਖ ਵੇਖ ਵਖਾਈਆ । ਸਾਚੇ ਮੰਦਰ ਆਪੇ ਵੜ ਵੜ, ਸਚਖੰਡ ਦੁਆਰੇ ਦਏ ਵਡਿਆਈਆ । ਸਾਚਾ ਅੱਖਰ ਆਪੇ ਪੜ੍ਹ ਪੜ੍ਹ, ਨਿਸ਼ਅੱਖਰ ਕਰੇ ਪੜ੍ਹਾਈਆ । ਸਤਿ ਦੁਆਰੇ ਆਪੇ ਖੜ ਖੜ, ਸਤਿ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਏਕੰਕਾਰ, ਅਕਲ ਕਲਧਾਰੀ ਵਰਤਾਇੰਦਾ । ਜੁਗਾ ਜੁਗੰਤਰ ਖੇਲ ਅਪਾਰ, ਜੁਗ ਕਰਤਾ ਆਪ ਕਰਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰ, ਜੋਤੀ ਜਾਤਾ ਡਗਮਗਾਇੰਦਾ । ਨਾਦ ਅਨਾਦੀ ਧੁਨ ਧੁੰਨਕਾਰ, ਰਾਗੀ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਖੇਲਣਹਾਰਾ, ਲੱਖ ਚੁਰਾਸੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਕਰ ਪਸਾਰਾ, ਰੂਪ ਅਨੂਪ ਆਪ ਵਟਾਇੰਦਾ । ਗੁਰ ਗੁਰ ਦੇਵੇ ਮਾਤ ਸਹਾਰਾ, ਸਤਿਗੁਰ ਆਪਣਾ ਰੰਗ ਵਖਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰਾ ਆਪ ਚਲਾਇੰਦਾ । ਸਚ ਵਿਹਾਰਾ ਚਲੇ ਕਰਤਾਰ, ਚਾਲ ਨਿਰਾਲੀ ਆਪ ਰਖਾਈਆ । ਸੇਵਾ ਲਾ ਗੁਰ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਕਰ ਪੜ੍ਹਾਈਆ । ਜੁਗ ਚੌਕੜੀ ਕਰ ਤਿਆਰ, ਲੋਕਮਾਤ ਵੰਡ ਵੰਡਾਈਆ । ਬੋਧ ਅਗਾਧੀ ਕਰ ਗੁਫ਼ਤਾਰ, ਗੁਫਤ ਸ਼ਨੀਦ ਖੇਲ ਖਿਲਾਈਆ । ਲੇਖਾ ਜਾਣੇ ਬਾਤਨ ਜ਼ਾਹਰ, ਜ਼ਾਹਰ ਜ਼ਹੂਰ ਵਡੀ ਵਡਿਆਈਆ । ਕੁਦਰਤ ਕਾਦਰ ਕਰੇ ਪਿਆਰ, ਕਰਤਾ ਕਰੀਮ ਇਕ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਸਾਚਾ ਮਾਰਗ ਹਰਿ ਹਰਿ ਲਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਬਣ ਮਲਾਹ, ਖੇਵਟ ਖੇਟਾ ਬੇੜਾ ਆਪ ਚਲਾਇੰਦਾ । ਨਾਮ ਨਿਧਾਨਾ ਦੇ ਸਲਾਹ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਤਖ਼ਤ ਨਿਵਾਸੀ ਇਕ ਵਖਾਏ ਸਾਚਾ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਵਖਾਇੰਦਾ । ਸਾਚੀ ਰੀਤੀ ਹਰਿ ਕਰਤਾਰਾ, ਆਦਿ ਜੁਗਾਦਿ ਚਲਾਈਆ । ਹੁਕਮੇ ਹੁਕਮ ਦੇ ਫ਼ਰਮਾਣਾ, ਧੁਰ ਦੀ ਬਾਣੀ ਬਾਣ ਲਗਾਈਆ । ਸੇਵਕ ਸੇਵਾ ਗੁਰ ਅਵਤਾਰਾ, ਜੁਗ ਜੁਗ ਸੇਵ ਕਮਾਈਆ । ਦੋਏ ਦੋਏ ਜੋੜ ਕਰਨ ਨਿਮਸਕਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਖਾਲੀ ਝੋਲੀ ਮੰਗਣ ਬਣ ਭਿਖਾਰਾ, ਦਰ ਦਰਵੇਸ਼ ਅਲਖ ਜਗਾਈਆ । ਅਬਿਨਾਸ਼ੀ ਕਰਤਾ ਪਾਰਬ੍ਰਹਮ ਪਤਿਪਰਮੇਸ਼ਵਰ ਸਦਾ ਸਦਾ ਸਦ ਦੇਵਣਹਾਰਾ, ਅਤੋਟ ਅਤੁਟ ਆਪਣਾ ਨਾਉਂ ਵਰਤਾਈਆ । ਏਕਾ ਮੰਦਰ ਇਕ ਦੁਆਰਾ, ਏਕਾ ਗ੍ਰਹਿ ਦਏ ਸਮਝਾਈਆ । ਏਕਾ ਦੀਆ ਬਾਤੀ ਕਰ ਉਜਿਆਰਾ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਈਆ । ਸਚ ਸੰਦੇਸਾ ਬੋਧ ਅਗਾਧ, ਸ਼ਬਦੀ ਸ਼ਬਦ ਸ਼ਬਦ ਜਣਾਇੰਦਾ । ਲੇਖਾ ਜਾਣੇ ਆਦਿ ਜੁਗਾਦਿ, ਜੁਗ ਜੁਗ ਵੇਸ ਵਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲਡਾਏ ਲਾਡ, ਗੋਦੀ ਗੋਦ ਆਪ ਸੁਹਾਇੰਦਾ । ਏਕਾ ਦੇਵੇ ਸਾਚਾ ਨਾਦ, ਤੁਰੀਆ ਰਾਗ ਰਾਗ ਅਲਾਇੰਦਾ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ,

੮੧੫
੧੧

ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰੇ ਸੰਸਾਰ, ਵਡ ਸੰਸਾਰੀ ਦਇਆ ਕਮਾਈਆ । ਪੀਰ ਪੈਗ਼ੰਬਰ ਗੁਰ ਗੁਰ ਲਏ ਅਵਤਾਰ, ਸਤਿਗੁਰ ਆਪਣਾ ਖੇਲ ਕਰਾਈਆ । ਪੀਰ ਪੈਗ਼ੰਬਰ ਕਰ ਤਿਆਰ, ਦਸਤਗੀਰ ਦਸਤ ਬਦਸਤ ਮਿਲਾਈਆ । ਆਪੇ ਵੇਖੇ ਚੋਟੀ ਚੜ੍ਹ ਅਖ਼ੀਰ, ਆਖਰ ਆਪਣੀ ਹੱਦ ਵਖਾਈਆ । ਮੁਕਾਮੇ ਹੱਕ ਇਕ ਤੌਫ਼ੀਕ, ਤੌਫ਼ੀਕ ਨਾਮ ਖ਼ੁਦਾਈਆ । ਇਕ ਇਕੱਲਾ ਲਾਸ਼ਰੀਕ, ਪਰਵਰਦਿਗਾਰ ਬੇਪਰਵਾਹੀਆ । ਸਚਖੰਡ ਦੁਆਰਾ ਨੂਰੋ ਨੂਰ ਪਰਕਾਸ਼ ਨਾ ਕੋਇ ਤਾਰੀਕ, ਅੰਧੇਰਾ ਅੰਧ ਨਾ ਕੋਇ ਰਖਾਈਆ । ਸਰਗੁਣ ਕਰੇ ਨਿਰਗੁਣ ਪ੍ਰੀਤ, ਪ੍ਰੀਤੀਵਾਨ ਬੇਪਰਵਾਹੀਆ । ਬੈਠਾ ਰਹੇ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਲੇਖਾ ਜਾਣੇ ਹਸਤ ਕੀਟ, ਘਟ ਘਟ ਰਿਹਾ ਸਮਾਈਆ । ਭੇਵ ਜਣਾਏ ਹਰਿ ਅਨਡੀਠ, ਅਨਡਿਠੜੀ ਕਾਰ ਆਪ ਕਮਾਈਆ । ਜੁਗ ਚੌਕੜੀ ਗੁਰ ਅਵਤਾਰਾਂ ਸੁਣਾਏ ਆਪਣਾ ਗੀਤ, ਸਾਚਾ ਸੋਹਲਾ ਆਪੇ ਗਾਈਆ । ਲੱਖ ਚੁਰਾਸੀ ਪਰਖਣਹਾਰਾ ਨੀਤ, ਲਿਖ ਲਿਖ ਲੇਖਾ ਸਭ ਨੂੰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਲ ਆਪ ਵਰਤਾਈਆ । ਸਾਚੀ ਕਲ ਅਕਲ ਕਲ ਦਾਤਾ, ਆਪਣੀ ਆਪ ਵਰਤਾਇੰਦਾ । ਖੇਲੇ ਖੇਲ ਪੁਰਖ ਬਿਧਾਤਾ, ਬਿਧ ਆਪਣੇ ਹੱਥ ਰਖਾਇੰਦਾ । ਚਾਰ ਜੁਗ ਚੌਕੜੀ ਗੁਰੂਆਂ ਪੀਰਾਂ ਬੱਧਾ ਨਾਤਾ, ਚਰਨ ਕਵਲ ਜੋੜ ਜੁੜਾਇੰਦਾ । ਅਗੰਮ ਅਗੰਮੜੀ ਸੁਣਾਏ ਗਾਥਾ, ਲਿਖਣ ਪੜ੍ਹਨ ਵਿਚ ਕਦੇ ਨਾ ਆਇੰਦਾ । ਸਰਬ ਜੀਆਂ ਬਣ ਪਿਤ ਮਾਤਾ, ਲੱਖ ਚੁਰਾਸੀ ਬਾਲ ਆਪਣੀ ਗੋਦ ਬਹਾਇੰਦਾ । ਸਾਧ ਸੰਤ ਭਗਤ ਭਗਵੰਤ ਦੇਵੇ ਦਾਤਾ, ਨਾਮ ਨਿਧਾਨਾ ਝੋਲੀ ਪਾਇੰਦਾ । ਗੁਰਮੁਖਾਂ ਮੇਟੇ ਅੰਧੇਰੀ ਰਾਤਾ, ਸਤਿਗੁਰ ਸਾਚਾ ਚੰਦ ਚੜ੍ਹਾਇੰਦਾ । ਗੁਰਸਿਖਾਂ ਪੂਰਾ ਕਰੇ ਘਾਟਾ, ਪੂਰਬ ਲਹਿਣਾ ਝੋਲੀ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਜੁਗ ਚੌਕੜੀ ਮੁੱਕੀ ਵਾਟਾ, ਬਣ ਪਾਂਧੀ ਪੰਧ ਮੁਕਾਇੰਦਾ । ਕਰੇ ਖੇਲ ਪੁਰਖ ਸਮਰਾਥਾ, ਸਮਰਥ ਆਪਣਾ ਨਾਉਂ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਤਖ਼ਤ ਨਿਵਾਸੀ ਆਪ ਜਣਾਈਆ । ਜੁਗ ਚੌਕੜੀ ਹੋ ਪਰਧਾਨਾ, ਸਤਿਜੁਗ ਤ੍ਰੇਤਾ ਦੁਆਪਰ ਆਪ ਹੰਢਾਈਆ । ਲੇਖਾ ਜਾਣੇ ਵੇਦ ਪੁਰਾਨਾ, ਸ਼ਾਸਤਰ ਸਿਮਰਤ ਕਰ ਪੜ੍ਹਾਈਆ । ਭੇਵ ਚੁਕਾਏ ਗੀਤਾ ਗਿਆਨਾ, ਅੰਜ਼ੀਲ ਕੁਰਾਨਾਂ ਨਾਲ ਰਲਾਈਆ । ਖਾਣੀ ਬਾਣੀ ਖੇਲ ਮਹਾਨਾ, ਚਾਰੋਂ ਕੁੰਟ ਵੇਖ ਵਖਾਈਆ । ਜੋਤੀ ਨੂਰ ਨੂਰ ਨਿਸ਼ਾਨਾ, ਨੂਰ ਨੁਰਾਨਾ ਆਪ ਵਖਾਈਆ । ਕਲਜੁਗ ਅੰਤਮ ਪਰਗਟ ਹੋ ਸ੍ਰੀ ਭਗਵਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸੱਚਾ ਹੁਕਮ ਸਚ ਸੰਦੇਸ, ਸਤਿ ਸਤਿਵਾਦੀ ਆਪ ਜਣਾਇੰਦਾ । ਆਪ ਉਠਾਏ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਗਣਪਤ ਬਲ ਨਾ ਕੋਇ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣਹਾਰਾ ਨਰ ਨਰੇਸ਼, ਨਰ ਨਰਾਇਣ ਪੜਦਾ ਲਾਹਿੰਦਾ । ਏਥੇ ਓਥੇ ਦੋ ਜਹਾਨ ਖੇਲ ਖਿਲਾਏ ਸਾਚੇ ਦੇਸ, ਦੇਸ ਦਸੰਤਰ ਸੋਭਾ ਪਾਇੰਦਾ । ਆਦਿ ਅੰਤ ਸ੍ਰੀ ਭਗਵੰਤ ਸਭ ਦਾ ਲਹਿਣਾ ਲਏ ਵੇਖ, ਬਚਿਆ ਕੋਇ ਨਾ ਰਹਿਣ ਨਾ ਪਾਇੰਦਾ । ਗੁਰ ਪੀਰਾਂ ਦਿਤਾ ਕਿਸੇ ਨਾ ਆਪਣਾ ਭੇਤ, ਹੁਕਮੇ ਅੰਦਰ ਸਰਬ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਕਰ ਕਰ ਹੇਤ, ਆਪਣਾ ਰੰਗ ਆਪ ਰੰਗਾਇੰਦਾ । ਜੁਗ ਜੁਗ ਰੰਗ ਰੰਗਦਾ, ਆਇਆ ਰੰਗਣਹਾਰ ਕਰਤਾਰਾ । ਜੁਗ ਜੁਗ ਦੋ ਜਹਾਨ ਦਰ ਦਰਵਾਜ਼ਾ ਲੰਘਦਾ, ਆਇਆ ਨਿਰਗੁਣ

ਸਰਗੁਣ ਲੈ ਅਵਤਾਰਾ । ਜੁਗ ਜੁਗ ਕਰੇ ਖੇਲ ਸੂਰੇ ਸਰਬੰਗ ਦਾ, ਜੋਧਾ ਸੂਰਬੀਰ ਬਲੀ ਬਲਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਕਰੇ ਖੇਲ ਨਿਆਰਾ । ਜੁਗ ਚੌਕੜੀ ਖੇਲ ਨਿਆਰ, ਨਿਰਗੁਣ ਨਿਰਵੈਰ ਆਪ ਕਰਾਈਆ । ਕਲਜੁਗ ਅੰਤਮ ਹੋ ਤਿਆਰ, ਪੁਰਖ ਅਬਿਨਾਸ਼ੀ ਵੇਸ ਵਟਾਈਆ । ਚਾਰ ਜੁਗ ਨੌਂ ਸੌ ਚੁਰਾਨਵੇ ਚੌਕੜੀ ਜੁਗ ਗੁਰ ਪੀਰ ਅਵਤਾਰ ਮੰਗਦੇ ਰਹੇ ਅਧਾਰ, ਦੋਏ ਜੋੜ ਜੋੜ ਸੀਸ ਝੁਕਾਈਆ । ਦਰ ਦਰਵੇਸ਼ ਬਣੇ ਰਹੇ ਭਿਖਾਰ, ਖਾਲੀ ਝੋਲੀ ਇਕ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਵੇਖੇ ਥਾਉਂ ਥਾਈਂਆ । ਥਾਨ ਥਨੰਤਰ ਵੇਖਣਹਾਰਾ, ਨਿਤ ਨਵਿਤ ਵੇਸ ਵਟਾਇੰਦਾ । ਕਲਜੁਗ ਅੰਤਮ ਹੋ ਉਜਿਆਰਾ, ਲੋਕਮਾਤ ਫੇਰਾ ਪਾਇੰਦਾ । ਸ਼ਬਦ ਸੰਦੇਸ ਪਹਿਲੀ ਵਾਰਾ, ਸਚਖੰਡ ਦੁਆਰੇ ਆਪ ਸੁਣਾਇੰਦਾ । ਸਚ ਦੁਆਰਾ ਵਿਚ ਸੰਸਾਰਾ, ਉਚ ਮੁਨਾਰਾ ਆਪ ਬਣਾਇੰਦਾ । ਆਪ ਲਗਾਏ ਸਚ ਦਰਬਾਰਾ, ਤਖ਼ਤ ਨਿਵਾਸੀ ਆਸਣ ਲਾਇੰਦਾ । ਚਰਨ ਬਹਾਏ ਪੀਰ ਪੈਗ਼ੰਬਰ ਗੁਰ ਅਵਤਾਰਾ, ਪੂਰਬ ਲਹਿਣਾ ਸਰਬ ਵਖਾਇੰਦਾ । ਚਾਰੋਂ ਕੁੰਟ ਵੇਖੇ ਨਜ਼ਾਰਾ, ਨਜ਼ਰ ਨਜ਼ਰ ਇਕ ਖੁਲ੍ਹਾਇੰਦਾ । ਆਪਣਾ ਆਪਣਾ ਬੋਲ ਬੋਲ ਗਏ ਜੈਕਾਰਾ, ਕੋਟਨ ਕੋਟ ਨਾਮ ਸੁਣਾਇੰਦਾ । ਕੋਈ ਸੀਆ ਰਾਮ ਪਿਆਰਾ ਕੋਈ ਕਾਹਨਾ ਕ੍ਰਿਸ਼ਨ ਅਧਾਰਾ ਕੋਈ ਸ਼ਬਦ ਵਜਾਏ ਨਗਾਰਾ, ਈਸਾ ਮੂਸਾ ਕੋਇ ਸੰਗ ਰਖਾਇੰਦਾ । ਕੋਈ ਨਾਮ ਸਤਿ ਕਰੇ ਪਿਆਰਾ, ਕੋਈ ਫਤਿਹ ਬੋਲ ਜੈਕਾਰਾ, ਰਸਨਾ ਜਿਹਵਾ ਬੱਤੀ ਦੰਦ ਸਲਾਹਿੰਦਾ । ਨਾਨਕ ਕਬੀਰ ਏਕਾ ਏਕੰਕਾਰਾ, ਆਦਿ ਜੁਗਾਦਿ ਆਪਣਾ ਖੇਲ ਕਰਾਇੰਦਾ । ਗੁਰ ਅਵਤਾਰ ਛੋਟੇ ਬਾਲੇ ਕਰ ਤਿਆਰਾ, ਲੋਕਮਾਤ ਸੇਵਾ ਲਾਇੰਦਾ । ਪੰਜ ਤੱਤ ਕਰ ਅਕਾਰਾ, ਨਿਰਗੁਣ ਧਾਰਾ ਜੋਤ ਜਗਾਇੰਦਾ । ਘੜੇ ਭੰਨੇ ਭੰਨਣਹਾਰਾ, ਬਣ ਠਠਿਆਰਾ ਖੇਲ ਕਰਾਇੰਦਾ । ਕਲਜੁਗ ਆਈ ਅੰਤਮ ਵਾਰਾ, ਪੂਰਬ ਲਹਿਣਾ ਸਰਬ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸਮਝਾਇੰਦਾ । ਸਚ ਸੰਦੇਸਾ ਸਮਝਾਇੰਦਾ, ਪੁਰਖ ਅਬਿਨਾਸ਼ੀ ਬੇਪਰਵਾਹ । ਰੁੱਤ ਰੁੱਤੜੀ ਵੇਖ ਵਖਾਇੰਦਾ, ਜੁਗ ਚੌਕੜੀ ਕਰ ਗਵਾਹ । ਜੋਤੀ ਜੋਤ ਰੂਪ ਵਟਾਇੰਦਾ, ਪੀਰ ਪੈਗ਼ੰਬਰ ਗੁਰ ਅਵਤਾਰ ਦੇ ਦੇ ਗਏ ਸਲਾਹ । ਸਾਚੇ ਮੰਦਰ ਆਸਣ ਲਾਇੰਦਾ, ਸਾਢੇ ਤਿੰਨ ਹੱਥ ਬੰਕ ਸੁਹਾ । ਗੋਬਿੰਦ ਮੇਲਾ ਮੇਲ ਮਿਲਾਇੰਦਾ, ਸ਼ਬਦੀ ਸ਼ਬਦ ਡੰਕ ਵਜਾ । ਪਹਿਲੀ ਚੇਤ ਰੁੱਤ ਸੁਹਾਇੰਦਾ, ਭਗਤ ਫੁਲਵਾੜੀ ਆਪ ਮਹਿਕਾ । ਉਪਰ ਆਪਣਾ ਆਸਣ ਡਾਹਿੰਦਾ, ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹ । ਗੁਰ ਪੀਰ ਅਵਤਾਰ ਭਗਤ ਭਗਵੰਤ ਆਪਣੇ ਦਰ ਬਹਾਇੰਦਾ, ਏਕਾ ਵਾਰ ਲਏ ਬੁਲਾ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੈਣਾਂ ਨੀਰ ਵਹਾਇੰਦਾ, ਉਚੀ ਕੂਕ ਮਾਰਨ ਧਾਹ । ਪੁਰਖ ਅਬਿਨਾਸ਼ੀ ਸਭ ਨੂੰ ਆਪ ਸਮਝਾਇੰਦਾ, ਆਪਣਾ ਆਪਣਾ ਲੇਖਾ ਵੇਖੋ ਆ । ਹਰਿ ਕਾ ਨਾਮ ਕਿਸੇ ਘਰ ਨਜ਼ਰ ਨਾ ਆਇੰਦਾ, ਮੰਦਰ ਮਸਜਦ ਸ਼ਿਵਦਵਾਲਾ ਮੱਠ ਗੁਰਦੁਆਰ ਰਿਹਾ ਕੁਰਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਰਿਹਾ ਵਖਾ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਵੇਖ, ਵੇਖ ਵੇਖ ਰਹੇ ਸ਼ਰਮਾਈਆ । ਸਾਡੀ ਮਿਟਦੀ ਜਾਏ ਰੇਖ, ਕਲਜੁਗ ਜੀਵ ਤੇਰਾ ਨਾਉਂ ਗਏ ਭੁਲਾਈਆ । ਕਬੀਰ ਕਹੇ ਮੈਂ ਦੱਸ ਕੇ ਗਿਆ ਭੇਤ, ਉਚ ਮਹੱਲ ਅਟੱਲ ਵਸੇ ਸਾਚਾ ਮਾਹੀਆ । ਨਾਨਕ ਨਿਰਗੁਣ ਕਹੇ ਮੈਂ ਕਰਕੇ ਗਿਆ ਚੇਤਨ ਚੇਤ, ਚਿਤ ਵਿਤ ਠਗੋਰੀ ਕੋਇ ਨਾ ਪਾਈਆ । ਗੋਬਿੰਦ ਕਹੇ ਮੈਂ ਦੱਸ ਕੇ ਗਿਆ ਭੇਤ, ਪੁਰਖ ਅਕਾਲ ਇਕ ਮਨਾਈਆ । ਅੰਤਮ ਸਭ ਨੇ ਝੂਝਣਾ ਲੋਕਮਾਤ ਖੇਤ, ਥਿਰ ਕੋਇ

ਰਹਿਣ ਨਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਫੁਲਵਾੜੀ ਮਹਿਕਾਉਣੀ ਮਹੀਨਾ ਚੇਤ, ਰੁੱਤ ਬਸੰਤੀ ਮੁਖ ਸ਼ਰਮਾਈਆ । ਆਉ ਸਾਰੇ ਵੇਖੋ ਨੇਤਰ ਨੇਤ, ਨੈਣ ਨੈਣ ਉਠਾਈਆ । ਹਰਿ ਜੂ ਇਕ ਇਕੱਲਾ ਖੇਡਾਂ ਰਿਹਾ ਖੇਡ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਵਰਤਾਈਆ । ਸੁਣਿਆ ਸੰਦੇਸਾ ਸ੍ਰੀ ਭਗਵਾਨ, ਨੇਤਰ ਨੈਣ ਸਰਬ ਉਠਾਇਆ । ਚਾਰੋਂ ਕੁੰਟ ਦਿਸੇ ਬੇਈਮਾਨ, ਸਾਚੀ ਸ਼ਰਅ ਨਾ ਕੋਇ ਪੜ੍ਹਾਇਆ । ਘਰ ਘਰ ਵੜਿਆ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇਆ । ਰਸਨਾ ਜਿਹਵਾ ਕਰਨ ਗਿਆਨ, ਆਤਮ ਅੰਤਰ ਹਰਿ ਨਾ ਕਿਸੇ ਵਸਾਇਆ । ਰਸਨਾ ਪੜ੍ਹ ਪੜ੍ਹ ਹੋਏ ਸ਼ੈਤਾਨ, ਪਾਰਬ੍ਰਹਮ ਨਜ਼ਰ ਕਿਸੇ ਨਾ ਆਇਆ । ਚਾਰ ਦੀਵਾਰੀ ਵੜ ਵੜ ਬੈਠੇ ਅੰਦਰ ਮਕਾਨ, ਉਪਰ ਛੱਪਰ ਛੰਨ ਸੁਹਾਇਆ । ਸਚਖੰਡ ਨਾ ਦਿਸੇ ਕਿਸੇ ਨਿਸ਼ਾਨ, ਨਿਰਗੁਣ ਰੂਪ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਜੀ ਵੇਰ ਫੇਰ ਜਗਾਇਆ । ਦੂਜੀ ਵੇਰ ਜਗਾਏ ਜਾਗ, ਜਗ ਜੀਵਣ ਦਾਤਾ ਦਇਆ ਕਮਾਇੰਦਾ । ਉਠੋ ਨੇਤਰ ਵੇਖੋ ਆਪਣੀ ਉਮਤ ਸਾਕ, ਦੀਨ ਮਜ਼੍ਹਬ ਸਰਬ ਜਣਾਇੰਦਾ । ਨੌਂ ਖੰਡ ਪ੍ਰਿਥਮੀ ਨੇਤਰ ਵੇਖੋ ਆਪਣਾ ਆਪਣਾ ਹਾਟ, ਹਟ ਹਟਵਾਣਾ ਭੇਵ ਖੁਲ੍ਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੱਸ ਕੇ ਆਏ ਗਾਥ, ਰਸਨਾ ਜਿਹਵਾ ਨਾਲ ਮਿਲਾਇੰਦਾ । ਕੋਈ ਨਾ ਦਿਸੇ ਕਿਸੇ ਸਾਥ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਰਬਾਰੀ ਖੇਲ ਕਰਾਇੰਦਾ । ਧੁਰ ਦਰਬਾਰੀ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇਆ । ਹੁਕਮੀ ਹੁਕਮ ਹੁਕਮ ਵਰਤਾਰਾ, ਸਚ ਸੰਦੇਸਾ ਆਪ ਸੁਣਾਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਹੋਇਆ ਪਾਰ ਕਿਨਾਰਾ, ਲੋਕਮਾਤ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪ ਵਰਤਾਇਆ । ਹੁਕਮ ਵਰਤਾਏ ਸ੍ਰੀ ਭਗਵੰਤ, ਏਕਾ ਏਕ ਜਣਾਈਆ । ਚਾਰ ਜੁਗ ਬਣਦੇ ਰਹੇ ਗੁਰ ਅਵਤਾਰ ਕੰਤ, ਜੀਵ ਜੰਤ ਨਾਰ ਹੰਢਾਈਆ । ਪੰਜ ਤੱਤ ਕਾਇਆ ਚੋਲਾ ਬਣਾਈ ਬਣਤ, ਹੱਡ ਮਾਸ ਨਾੜੀ ਰਕਤ ਬੂੰਦ ਜੋੜ ਜੁੜਾਈਆ । ਥਿਰ ਨਾ ਦਿਸੇ ਕੋਈ ਅੰਤ, ਖ਼ਾਕੀ ਖ਼ਾਕ ਸਰਬ ਮਿਲਾਈਆ । ਏਕਾ ਨਾਉਂ ਆਪਣਾ ਮੰਤ, ਮੰਤਰ ਸਾਚਾ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਜਣਾਈਆ । ਸਚ ਸੰਦੇਸਾ ਏਕਾ ਵਾਰ, ਹਰਿ ਜੂ ਹਰਿ ਜਣਾਇਆ । ਸਾਚੇ ਸੱਦ ਸੱਚੇ ਦਰਬਾਰ, ਦਰ ਦਰਬਾਰੇ ਆਪ ਬਹਾਇਆ । ਕਲਜੁਗ ਕੂੜਾ ਹੋਇਆ ਪਾਰ, ਲੋਕਮਾਤ ਰਹੇ ਨਾ ਰਾਇਆ । ਗੁਰ ਅਵਤਾਰ ਅੱਗੇ ਚਲੇ ਨਾ ਕੋਇ ਵਿਹਾਰ, ਸਭ ਦਾ ਲਹਿਣਾ ਝੋਲੀ ਰਿਹਾ ਭਰਾਇਆ । ਲੋਕਮਾਤ ਨਾ ਔਣਾ ਹੋ ਤਿਆਰ, ਗੁਰਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਨਾ ਵੜਨਾ ਕਰ ਵਿਚਾਰ, ਧੁਰ ਫ਼ਰਮਾਣਾ ਇਕ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇਆ । ਇਕਾਵਨ ਬਾਵਨ ਬੋਲ ਜੈਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਸ਼ਾਹ ਪਾਤਸ਼ਾਹ ਤੇਰਾ ਖੇਲ ਨਿਆਰਾ, ਬੇਅੰਤ ਤੇਰੀ ਵਡਿਆਈਆ । ਸਾਹਿਬ ਸੁਲਤਾਨ ਤੂੰ ਪਰਵਰਦਿਗਾਰਾ, ਸੱਚੀ ਤੇਰੀ ਸ਼ਹਿਨਸ਼ਾਹੀਆ । ਚਾਰ ਜੁਗ ਲੋਕਮਾਤ ਦੱਸ ਦੱਸ ਗਏ ਧਾਰਾ, ਹੁਕਮੀ ਹੁਕਮ ਸੇਵ ਕਮਾਈਆ । ਅੰਤਮ ਹੋਇਆ ਪਾਰ ਕਿਨਾਰਾ, ਤੇਰੇ ਅੱਗੇ ਨਾ ਚਲੇ ਕੋਇ ਚਤੁਰਾਈਆ । ਦੋ ਦੋ ਜੋੜ ਕਰਨ ਨਿਮਸਕਾਰਾ, ਦਰ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ ।


੮੧੮ ੧੧

ਸਾਚਾ ਹੁਕਮ ਦੇਵੇ ਕਰਤਾਰ, ਕਰਤਾ ਆਪਣਾ ਖੇਲ ਕਰਾਇੰਦਾ । ਸਤਿਜੁਗ ਚਲੇ ਸਚ ਵਿਹਾਰ, ਸਤਿ ਸਤਿਵਾਦੀ ਆਪ ਚਲਾਇੰਦਾ । ਸਰਬ ਜੀਆਂ ਦਾ ਇਕ ਦਵਾਰ, ਭਗਤ ਦੁਆਰਾ ਆਪ ਵਖਾਇੰਦਾ । ਮੰਦਰ ਸ਼ਿਵਦਵਾਲਾ ਮੱਠ ਮਸਜਦ ਨਾ ਕੋਇ ਅਧਾਰ, ਗ੍ਰਹਿ ਮੰਦਰ ਇਕ ਸੁਹਾਇੰਦਾ । ਤੀਰਥ ਤਟ ਨਾ ਕੋਇ ਕਿਨਾਰ, ਸਰੋਵਰ ਸਰ ਨਾ ਕੋਇ ਜਣਾਇੰਦਾ । ਸੋ ਧਾਮ ਹਰਿ ਕਰੇ ਉਜਿਆਰ, ਲੋਕਮਾਤ ਨਿਸ਼ਾਨ ਝੁਲਾਇੰਦਾ । ਜਿਸ ਦਰ ਗੁਰ ਅਵਤਾਰ ਪੀਰ ਪੈਗ਼ੰਬਰ ਆ ਕੇ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਸੋ ਦੁਆਰਾ ਸਚਖੰਡ ਲੋਕਮਾਤ ਹੋਏ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਆਪ ਮੁਕਾਇੰਦਾ । ਗੁਰ ਅਵਤਾਰ ਸਾਰੇ ਕਹਿਣ, ਰਲ ਮਿਲ ਰਹੇ ਸੁਣਾਈਆ । ਪੁਰਖ ਅਬਿਨਾਸ਼ੀ ਸਾਡਾ ਚੁੱਕਿਆ ਲਹਿਣ ਦੇਣ, ਲੋਕਮਾਤ ਰਹੇ ਨਾ ਰਾਈਆ । ਅਸੀਂ ਤੇਰਾ ਪਸਾਰਾ ਵੇਖਿਆ ਆਪਣੇ ਨੈਣ, ਦਰ ਤੇਰੇ ਦਰਸਨ ਪਾਈਆ । ਤੇਰੇ ਚਰਨ ਕਵਲ ਭਗਤ ਜਨ ਸਾਚੇ ਬਹਿਣ, ਜਿਨ੍ਹਾਂ ਦੇਵੇਂ ਮਾਣ ਵਡਿਆਈਆ । ਰਸਨਾ ਜਿਹਵਾ ਇਕੋ ਨਾਅਰਾ ਕਹਿਣ, ਆਤਮ ਪਰਮਾਤਮ ਵੱਜੇ ਵਧਾਈਆ । ਕਲਜੁਗ ਮਿਟੀ ਅੰਧੇਰੀ ਰੈਣ, ਤੇਰਾ ਨੂਰ ਸਾਚਾ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ । ਪੁਰਖ ਅਬਿਨਾਸ਼ੀ ਤੇਰੀ ਵਡਿਆਈ, ਗੁਰ ਅਵਤਾਰ ਸਰਬ ਜਸ ਗਾਇੰਦਾ । ਸਤਿਜੁਗ ਸਾਚੀ ਧਾਰ ਚਲਾਈ, ਵੇਦ ਕਤੇਬ ਭੇਵ ਨਾ ਪਾਇੰਦਾ । ਸਾਚੇ ਭਗਤਾਂ ਕਰ ਕੁੜਮਾਈ, ਆਪਣਾ ਨਾਤਾ ਆਪ ਜੁੜਾਇੰਦਾ । ਏਕਾ ਘਰ ਧੀ ਜਵਾਈ, ਏਕਾ ਮੰਦਰ ਆਪ ਸੁਹਾਇੰਦਾ । ਏਕਾ ਨੇਤਰ ਨੈਣ ਰਿਹਾ ਉਠਾਈ, ਏਕਾ ਮਿਲ ਮਿਲ ਖ਼ੁਸ਼ੀ ਮਨਾਇੰਦਾ । ਏਕਾ ਸੋਹਲਾ ਢੋਲਾ ਰਿਹਾ ਗਾਈ, ਏਕਾ ਗੀਤ ਗੋਬਿੰਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਆਪ ਨਿਭਾਇੰਦਾ । ਤੇਰਾ ਸੰਗ ਸ੍ਰੀ ਭਗਵਾਨ, ਏਕਾ ਏਕ ਵੇਖ ਵਖਾਇਆ । ਤੇਰਾ ਮੰਦਰ ਬੇਪਹਿਚਾਨ, ਨਜ਼ਰ ਵਿਚ ਕਿਸੇ ਨਾ ਆਇਆ । ਤੂੰ ਮਿਹਬਾਨ ਬੀਦੋ ਮਿਹਰਵਾਨ, ਮਹਿਬਾਨ ਤੇਰੀ ਵਡਿਆਇਆ । ਸਚਖੰਡ ਦੁਆਰੇ ਖੇਲ ਮਹਾਨ, ਸਚਖੰਡ ਦੁਆਰਾ ਲੋਕਮਾਤ ਵਖਾਇਆ । ਛੱਤੀ ਜੁਗ ਦੀ ਚੁੱਕੀ ਆਣ, ਨਾਨਕ ਰਸਨਾ ਰਿਹਾ ਗਾਇਆ । ਛੱਤੀ ਛੱਤੀ ਚਾਰੋਂ ਕੁੰਟ ਵਖਾਣ, ਛੱਤੀ ਉਪਰ ਧਿਆਨ ਲਗਾਇਆ । ਛੱਤੀ ਰਾਗ ਸਰਬ ਕੁਰਲਾਣ, ਨੇਤਰ ਨੈਣਾਂ ਨੀਰ ਵਹਾਇਆ । ਚਾਰ ਬਾਣੀ ਹੋਈ ਹੈਰਾਨ, ਚਾਰੇ ਖਾਣੀ ਭੇਵ ਨਾ ਆਇਆ । ਪੁਰਖ ਅਬਿਨਾਸ਼ੀ ਇਕ ਅਣਿਆਲਾ ਲਾਇਆ ਬਾਣ, ਦੋ ਜਹਾਨਾਂ ਰਿਹਾ ਹਿਲਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਸੰਤ ਸਭ ਚਰਨੀਂ ਡਿਗੇ ਆਣ, ਮਸਤਕ ਧੂੜੀ ਟਿੱਕਾ ਖ਼ਾਕ ਰਮਾਇਆ । ਰਸਨਾ ਕਹਿਣ ਤੂ ਹੀ ਤੂ ਭਗਵਾਨ, ਤੇਰਾ ਅੰਤ ਕਿਸੇ ਨਾ ਪਾਇਆ । ਅਸੀਂ ਗਾ ਗਾ ਗਏ ਤੇਰਾ ਗਾਨ, ਗਾ ਗਾ ਆਪਣਾ ਵਕਤ ਲੰਘਾਇਆ । ਤੂੰ ਸਾਹਿਬ ਸਦਾ ਬੇਜ਼ਬਾਨ, ਜ਼ਬਾਹ ਆਪਣਾ ਆਪ ਕਰਾਇਆ । ਤੇਰਾ ਅੰਤ ਨਾ ਮਿਲਿਆ ਕਿਸੇ ਨਿਸ਼ਾਨ, ਬਣ ਪਾਂਧੀ ਪੰਧ ਨਾ ਕੋਇ ਮੁਕਾਇਆ । ਨਾਨਕ ਕਬੀਰ ਕਰ ਕਰ ਧਿਆਨ, ਸਚਖੰਡ ਦੁਆਰੇ ਇਕੋ ਚਰਨ ਤੇਰਾ ਨਜ਼ਰੀ ਆਇਆ । ਉਪਰੋਂ ਰਿਹੋਂ ਬੇਪਹਿਚਾਨ, ਆਪ ਆਪਣਾ ਮੁੱਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਰਤਾਇਆ । ਤੇਰਾ ਖੇਲ ਸਦਾ ਬੇਅੰਤ, ਬੇਅੰਤ ਤੇਰੀ ਵਡਿਆਈਆ । ਅਸੀਂ ਜਾਣਿਆ ਤੂੰ ਕਰਿਆ ਅੰਤ, ਅੰਤ ਤੇਰੇ ਵਿਚ ਸਮਾਈਆ । ਤੂੰ ਸਰਬ ਜੀਆਂ ਦਾ ਸਾਚਾ ਕੰਤ, ਕੰਤ ਕੰਤੂਹਲ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦਰ ਦੇਣੀ ਇਕ ਪਨਾਹੀਆ । ਦਰ ਦੁਆਰੇ ਮੰਗ ਪਨਾਹ, ਸਭ ਨੇ ਸ਼ੁਕਰ ਮਨਾਇਆ । ਮੁਹੰਮਦ ਕਹੇ ਮੇਰਾ ਬਖ਼ਸ਼ ਗੁਨਾਹ, ਮੇਰੇ ਪੀਰ ਪੀਰ ਖ਼ੁਦਾਇਆ । ਦੂਰ ਦੁਰਾਡਾ ਅਧਵਿਚਕਾਰ ਬੈਠਾ ਕੋਈ ਨਾ ਪਕੜੇਂ ਬਾਂਹ, ਗੋਬਿੰਦ ਅੱਗੇ ਵਾਸਤਾ ਪਾਇਆ । ਉਹ ਤੇਰਾ ਹੁਕਮ ਰਿਹਾ ਸੁਣਾ, ਧੁਰ ਫ਼ਰਮਾਣਾ ਏਕਾ ਗਾਇਆ । ਚੌਦਾਂ ਤਬਕ ਦੇਣੇ ਢਾਹ, ਖ਼ਾਕੀ ਖ਼ਾਕ ਖ਼ਾਕ ਮਿਲਾਇਆ । ਅੱਲਾ ਰਾਣੀ ਨੈਣ ਰਹੀ ਸ਼ਰਮਾ, ਮੁਖ ਘੁੰਗਟ ਏਕਾ ਪਾਇਆ । ਮੈਂ ਜਾਵਾਂ ਕੇਹੜੇ ਥਾਂ, ਚਾਰੋਂ ਕੁੰਟ ਅੰਧੇਰਾ ਛਾਇਆ । ਕਲਜੁਗ ਸੇਜ ਮਾਣੇ ਪੁੱਤਰ ਮਾਂ, ਗੁਰ ਪੀਰ ਹੋਏ ਨਾ ਕੋਇ ਸਹਾਇਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰ ਦਰ ਵੇਸਵਾ ਨਾਚ ਰਹੇ ਕਰਾ, ਮਨ ਮਤ ਆਪਣੀ ਨਾਲ ਰਲਾਇਆ । ਤੂੰ ਵੇਖਣਹਾਰਾ ਥਾਉਂ ਥਾਂ, ਅਭੁਲ ਭੁਲ ਕਦੇ ਨਾ ਜਾਇਆ । ਏਕਾ ਹੁਕਮ ਦਿਤਾ ਸੁਣਾ, ਗੋਬਿੰਦ ਸਾਚੀ ਸੇਵਾ ਲਾਇਆ । ਗੋਬਿੰਦ ਆਪਣਾ ਖੰਡਾ ਰਿਹਾ ਚਮਕਾ, ਚੰਦ ਚਾਂਦਨੀ ਦਏ ਚਮਕਾਇਆ । ਖੜਗ ਖੰਡਾ ਦਏ ਖੜਕਾ, ਦੋ ਜਹਾਨਾਂ ਵੇਖ ਵਖਾਇਆ । ਮੇਰੀ ਸਦੀ ਚੌਧਵੀਂ ਦੇਣੀ ਪੂਰ ਕਰਾ, ਤੇਰੇ ਅੱਗੇ ਵਾਸਤਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਇਆ । ਗੋਬਿੰਦ ਬਣਾਇਆ ਸਾਚਾ ਜੱਜ, ਦੂਜਾ ਸੈਸ਼ਨ ਨਾ ਕੋਇ ਰਖਾਈਆ । ਸਦੀ ਚੌਧਵੀਂ ਕਰੇ ਹੱਜ, ਬਣ ਹਾਜ਼ੀ ਫੇਰਾ ਪਾਈਆ । ਚੌਦਾਂ ਤਬਕ ਵੇਖ ਲਾ ਭੱਜ, ਭੱਜਿਆਂ ਪੰਧ ਨਾ ਕੋਇ ਮੁਕਾਈਆ । ਆਪਣਾ ਪੜਦਾ ਵੇਖ ਲੈ ਕਜ, ਦੋ ਜਹਾਨਾਂ ਲੁਕਣ ਕਿਤੇ ਨਾ ਜਾਈਆ । ਤੇਰੇ ਬੁੱਢੇ ਸ਼ੇਖ਼ ਬੁੱਢੇ ਹੋਏ ਹੱਡ, ਦਾੜ੍ਹੀ ਰੱਤੜੀ ਆਪਣਾ ਰੰਗ ਵਟਾਈਆ । ਅੰਤਮ ਡਿਗਣਾ ਡੂੰਘੀ ਖੱਡ, ਨਾ ਸਕੇ ਕੋਇ ਉਠਾਈਆ । ਦੀਨ ਇਸਲਾਮ ਉਮਤੀ ਕਲਾਮ ਕਲਮਾ ਰਸੂਲ ਜਾਣਾ ਛੱਡ, ਰਸਮ ਆਪਣੇ ਨਾਲ ਰਖਾਈਆ । ਆਪਣੀ ਹੱਥੀਂ ਸ਼ਰਅ ਜ਼ੰਜੀਰ ਜਾਣੀ ਵੱਢ, ਮਿਲਿਆ ਹੁਕਮ ਧੁਰਦਰਗਾਹੀਆ । ਲੋਕਮਾਤ ਵਿਚੋਂ ਹੋਣਾ ਅੱਡ, ਏਥੇ ਮਿਲੇ ਠੋਰ ਨਾ ਰਾਈਆ । ਪੁਰਖ ਅਕਾਲ ਸਚ ਨਿਸ਼ਾਨਾ ਦੇਣਾ ਗੱਡ, ਦੋ ਜਹਾਨਾਂ ਆਪ ਝੁਲਾਈਆ । ਸਭ ਦੀ ਕਰੇ ਪਾਰ ਹੱਦ, ਆਪਣੀ ਹੱਦ ਨਾ ਕਿਸੇ ਵਖਾਈਆ । ਉਠੋ ਸਾਰੇ ਆਪਣਾ ਭਾਰ ਜਾਓ ਲਦ, ਸਿਰ ਆਪਣੀ ਗੰਢ ਉਠਾਈਆ । ਚੇਤ ਮਹੀਨਾ ਮੁੱਕੇ ਸਭ ਦੀ ਪੂਜਾ ਹੋਏ ਬੰਦ, ਸੀਸ ਕਿਸੇ ਨਾ ਕੋਇ ਝੁਕਾਈਆ । ਚਾਰ ਜੁਗ ਆਪਣਾ ਆਪਣਾ ਲੈ ਲਿਆ ਅਨੰਦ, ਅੱਗੇ ਅਨੰਦ ਪੁਰਖ ਅਕਾਲ ਆਪਣਾ ਆਪ ਜਣਾਈਆ । ਇਕੋ ਗੀਤ ਸੁਹਾਗੀ ਛੰਦ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਸਫ਼ਾ ਦਏ ਉਠਾਈਆ । ਸਭ ਦੀ ਸਫ਼ਾ ਦਏ ਚੁਕ, ਚੁਕਣਹਾਰ ਕਰਤਾਰਾ । ਸਭ ਦਾ ਪੈਂਡਾ ਗਿਆ ਮੁਕ, ਚਾਰ ਜੁਗ ਵੇਖਿਆ ਬਣ ਵਣਜਾਰਾ । ਸਭ ਦੀ ਔਧ ਗਈ ਪੁਗ, ਅੰਤਮ ਪਾਰ ਕਿਨਾਰਾ । ਆਪਣੀ ਆਪਣੀ ਚੋਗ ਲਈ ਚੁਗ, ਰਸਨਾ ਜਿਹਵਾ ਦੇ ਸਹਾਰਾ । ਹਰਿ ਕਾ ਭਾਣਾ ਨਾ ਸਕੇ ਰੁਕ, ਨਾ ਕੋਈ ਮੇਟੇ ਮੇਟਣਹਾਰਾ । ਨਿਰਗੁਣ ਸ਼ੇਰ ਏਕਾ ਰਿਹਾ ਬੁੱਕ, ਮਾਰੇ ਭਬਕ ਵਿਚ ਸੰਸਾਰਾ । ਅੱਗੇ ਸਕੇ ਨਾ ਕੋਈ ਉਠ, ਦੋ ਜਹਾਨ ਰੋਵਣ ਜ਼ਾਰੋ ਜ਼ਾਰਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਤੇਰੇ ਸਾਚੇ ਸੁਤ, ਤੂੰ ਸਾਹਿਬ ਬਖ਼ਸ਼ਣਹਾਰਾ । ਆਪਣੀ ਗੋਦੀ ਲੈ ਚੁੱਕ, ਤੇਰਾ ਤੱਕਿਆ ਇਕ ਸਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰਾ । ਅਗੰਮ ਅਪਾਰ ਖੇਲ ਅਗੰਮਾ, ਹਰਿ ਹਰਿ ਆਪ ਜਣਾਇੰਦਾ । ਸਭ ਦਾ ਅੰਤ ਮੁੱਕਿਆ ਬੰਨਾਂ, ਅੱਗੇ ਰਾਹ ਨਾ ਕੋਇ ਚਲਾਇੰਦਾ । ਪੁਰਖ ਅਕਾਲ ਦੋ

ਜਹਾਨ ਇਸ਼ਟ ਦੇਵ ਗੁਰੂ ਗੁਰ ਸਭ ਨੇ ਮੰਨਾ, ਮਨ ਮਨਸਾ ਸਰਬ ਮਿਟਾਇੰਦਾ । ਪਹਿਲੋਂ ਤਾਰਿਆ ਇਕ ਜੱਟ ਧੰਨਾ, ਹੁਣ ਗੁਰਮੁਖ ਧੰਨੇ ਆਪਣੀ ਗੋਦ ਬਹਾਇੰਦਾ । ਕਲਜੁਗ ਜੀਵ ਨਾ ਜਾਣੇ ਅੰਨ੍ਹਾ, ਅਗਿਆਨ ਅੰਧੇਰ ਨਾ ਕੋਇ ਚੁਕਾਇੰਦਾ । ਭਗਤ ਭਗਵੰਤ ਏਕਾ ਮੰਨਾ, ਜਿਸ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਆਪ ਚੁਕਾਇੰਦਾ । ਪਿਛਲਾ ਲੇਖਾ ਚੁੱਕੇ ਚੂਕ, ਲੋਕਮਾਤ ਰਹਿਣ ਨਾ ਪਾਈਆ । ਸਭ ਦੀ ਅਰਥੀ ਦੇਵੇ ਫੂਕ, ਜੋਤ ਫੁੰਕਾਰਾ ਏਕਾ ਲਾਈਆ । ਅੰਤ ਨਾ ਸੁਣੇ ਕਿਸੇ ਦੀ ਕੂਕ, ਕੂਕ ਕੂਕ ਸਰਬ ਕੁਰਲਾਈਆ । ਹਰਿਜਨ ਵੇਖੇ ਸਾਚੇ ਪੂਤ, ਪੂਤ ਸਪੂਤੇ ਮੇਲ ਮਿਲਾਈਆ । ਗੁਰ ਚੇਲਾ ਤਾਣਾ ਪੇਟਾ ਏਕਾ ਸੂਤ, ਤੰਦੀ ਤੰਦ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਰਾਹ ਚਲਾਈਆ । ਸਤਿ ਸਤਿਵਾਦੀ ਰਾਹ ਚਲੌਣਾ, ਚਲੇ ਚਾਲ ਨਿਰਾਲੀ । ਸਤਿਜੁਗ ਸਾਚਾ ਖੇਲ ਕਰੌਣਾ, ਖੇਲ ਕਰਾਏ ਦੋ ਜਹਾਨਾਂ ਵਾਲੀ । ਪੁਰਖ ਅਕਾਲ ਇਕ ਮਨੌਣਾ, ਚਾਰੋਂ ਕੁੰਟ ਖੇਲ ਨਿਰਾਲੀ । ਸੋਹੰ ਢੋਲਾ ਸਭ ਨੇ ਗੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾਂ ਨਿਰਗੁਣ ਸਰਗੁਣ ਕਰੇ ਆਪ ਦਲਾਲੀ ।

## ★ ੬ ਚੇਤ ੨੦੧੯ ਬਿਕ੍ਰਮੀ ਡਾ੦ ਪਾਲ ਸਿੰਘ ਦੇ ਗ੍ਰਿਹਿ ਭਲਾਈਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ★



ਸੋ ਪੁਰਖ ਨਿਰੰਜਣ ਸਾਹਿਬ ਸਮਰਥ, ਮਹਿਮਾ ਅਕਥ ਅਕਥ ਵਡਿਆਈਆ । ਸ਼ਬਦੀ ਧਾਰ ਗੁਰ ਗੁਰ ਵਸ, ਗੁਰ ਸਤਿਗੁਰ ਵੇਸ ਵਟਾਈਆ । ਭਗਤ ਭਗਵੰਤ ਮਾਰਗ ਦੱਸ, ਦੋ ਜਹਾਨਾਂ ਖੇਲ ਕਰਾਈਆ । ਸੰਤਨ ਦੇਵੇ ਸਾਚਾ ਰਸ, ਆਤਮ ਅੰਤਰ ਬੂਝ ਬੁਝਾਈਆ । ਗੁਰਮੁਖਾਂ ਮੇਲ ਮਿਲਾਵਾ ਹੱਸ ਹੱਸ, ਨਿਰਗੁਣ ਸਰਗੁਣ ਬੰਧਨ ਪਾਈਆ । ਗੁਰਸਿਖਾਂ ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਈਆ । ਜੁਗ ਚੌਕੜੀ ਚਰਨਾਂ ਹੇਠਾਂ ਝੱਸ, ਕੋਟਨ ਕੋਟ ਕਾਲ ਖਪਾਈਆ । ਕਿਸੇ ਨਾ ਚਲੇ ਕੋਈ ਵਸ, ਵਿਸ਼ਨ ਬ੍ਰਹਮਾ ਸ਼ਿਵ ਦੇਣ ਦੁਹਾਈਆ । ਗੁਰ ਅਵਤਾਰ ਆਪਣਾ ਪੰਧ ਮੁਕਾ ਗਏ ਨੱਸ ਨੱਸ, ਰਸਨਾ ਜਿਹਵਾ ਹਰਿ ਗੁਣ ਗਾਈਆ । ਏਕਾ ਓਟ ਰੱਖਦੇ ਗਏ ਆਸ, ਪੁਰਖ ਅਕਾਲ ਚਰਨ ਧਿਆਨ ਲਗਾਈਆ । ਜੁਗਾ ਜੁਗੰਤਰ ਖੇਲੇ ਖੇਲ ਤਮਾਸ਼, ਖੇਲਣਹਾਰਾ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਪੂਰੀ ਕਰੀ ਆਸ, ਕਲਜੁਗ ਆਸਾ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਘਟ ਘਟ ਅੰਦਰ ਰੱਖਣਹਾਰਾ ਵਾਸ, ਨੂਰ ਨੁਰਾਨਾ ਨਿਰਗੁਣ ਜੋਤ ਜੋਤ ਰੁਸ਼ਨਾਈਆ । ਭੂਪਤ ਭੂਪ ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼, ਸਚਖੰਡ ਬੈਠਾ ਆਸਣ ਲਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਵੇ ਰਾਸ, ਗੋਪੀ ਕਾਹਨ ਆਪ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਤਿਗੁਰ ਆਪਣੀ ਖੇਲ ਕਰਾਈਆ । ਹਰਿ ਸਤਿਗੁਰ ਪੂਰਾ ਏਕਾ ਹਰਿ, ਏਕੰਕਾਰਾ ਆਪ ਅਖਵਾਇੰਦਾ । ਸ਼ਬਦੀ ਸ਼ਬਦ ਸਾਚਾ ਵਰ, ਗੁਰ ਗੁਰ ਝੋਲੀ ਆਪ ਭਰਾਇੰਦਾ । ਭਗਤ ਭਗਵੰਤ ਚੁਕਾਏ ਡਰ, ਭੈ ਭੌ ਨਾ ਕੋਇ ਵਖਾਇੰਦਾ । ਸੰਤਨ ਦੇਵੇ ਏਕਾ ਵਰ, ਨਾਮ ਵਸਤ ਆਪ ਵਰਤਾਇੰਦਾ । ਗੁਰਮੁਖ ਸੱਜਣ ਸਾਚੇ ਫੜ, ਆਤਮ ਪਰਮਾਤਮ ਜੋੜ ਜੁੜਾਇੰਦਾ । ਗੁਰਸਿਖ ਲਗਾਏ ਆਪਣੇ ਲੜ, ਫੜ

ਪੱਲੂ ਗੰਢ ਪੁਵਾਇੰਦਾ । ਜੁਗ ਚੌਕੜੀ ਜਾਏ ਹਰ, ਥਿਰ ਕੋਇ ਰਹਿਣ ਨਾ ਪਾਇੰਦਾ । ਗੁਰ ਅਵਤਾਰ ਪੀਰਨ ਪੀਰ ਘਾੜਨ ਘੜ, ਤੱਤਵ ਤੱਤ ਹੁਕਮ ਵਰਤਾਇੰਦਾ । ਜੁਗਾ ਜੁਗੰਤਰ ਵੇਸ ਕਰ, ਕਾਇਆ ਚੋਲਾ ਆਪ ਜਣਾਇੰਦਾ । ਨਵ ਨੌਂ ਬੇੜਾ ਪਾਰ ਕਰ, ਚਾਰ ਚਾਰ ਪੰਧ ਮੁਕਾਇੰਦਾ । ਸਾਚੇ ਤਖ਼ਤ ਆਪੇ ਖੜ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਚਾਰ ਜੁਗ ਦੇ ਕਰਤੇ ਏਕਾ ਵਾਰ ਫੜ, ਪਿਛਲੀ ਕਰਨੀ ਸਭ ਦੀ ਵੇਖ ਵਖਾਇੰਦਾ । ਦੋ ਜਹਾਨ ਵਖਾਏ ਘਰ ਘਰ, ਦੋਏ ਦੋਏ ਨੇਤਰ ਨਾਲ ਮਿਲਾਇੰਦਾ । ਆਪਣੀ ਕਰਨੀ ਸਭ ਨੇ ਲੈਣੀ ਭਰ, ਅੱਗੇ ਹੋ ਨਾ ਕੋਇ ਬਚਾਇੰਦਾ । ਪੁਰਖ ਅਬਿਨਾਸ਼ੀ ਅੱਗੇ ਸਾਰੇ ਕੰਬਣ ਥਰ ਥਰ, ਆਪਣਾ ਬਲ ਨਾ ਕੋਇ ਜਣਾਇੰਦਾ । ਤੂ ਹੀ ਪੁਰਖ ਤੂ ਹੀ ਨਾਰੀ ਨਰ, ਨਰਾਇਣ ਤੇਰਾ ਅੰਤ ਕੋਇ ਨਾ ਪਾਇੰਦਾ । ਆਦਿ ਜੁਗਾਦੀ ਘਾੜਨ ਘੜ, ਘੜ ਘੜ ਭਾਂਡੇ ਵੇਖ ਵਖਾਇੰਦਾ । ਪੰਜ ਤੱਤ ਕਾਇਆ ਚੋਲਾ ਜਗਤ ਅਗਨੀ ਜਾਏ ਸੜ, ਤੱਤਵ ਤੱਤ ਸੰਗ ਨਾ ਕੋਇ ਲਿਆਇੰਦਾ । ਨਿਰਗੁਣ ਸਰਗੁਣ ਆਪੇ ਲਿਆ ਫੜ, ਆਪਣਾ ਬੰਧਨ ਏਕਾ ਪਾਇੰਦਾ । ਚਰਨ ਕਵਲ ਲਿਆ ਧਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਤ ਕੋਇ ਨਾ ਪਾਇੰਦਾ । ਤੇਰਾ ਅੰਤ ਨਾ ਪਾਰਾਵਾਰ, ਗੁਰ ਗੁਰ ਦੇਣ ਦੁਹਾਈਆ । ਤੂੰ ਸਤਿਗੁਰ ਸੱਚਾ ਸਾਹਿਬ ਦਾਤਾਰ, ਬੇਅੰਤ ਤੇਰੀ ਵਡਿਆਈਆ । ਹਉਂ ਸੇਵਕ ਸੇਵਾਦਾਰ, ਬਣ ਚਾਕਰ ਸੇਵ ਕਮਾਈਆ । ਤੇਰਾ ਹੁਕਮ ਤੇਰਾ ਵਰਤਾਰ, ਹੁਕਮੇ ਅੰਦਰ ਸਰਬ ਭੁਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕੱਟ ਕੇ ਆਏ ਵੰਗਾਰ, ਲੋਕਮਾਤ ਫੇਰਾ ਪਾਈਆ । ਕਲਜੁਗ ਅੰਤਮ ਗਏ ਹਾਰ, ਭੁੱਲੀ ਸਰਬ ਲੋਕਾਈਆ । ਘਰ ਘਰ ਦਰ ਦਰ ਚਾਰ ਕੁੰਟ, ਦਹਿ ਦਿਸ਼ਾ ਦਿਸੇ ਵਿਭਚਾਰ, ਸਚ ਸ਼ਿੰਗਾਰ ਨਾ ਕੋਇ ਕਰਾਈਆ । ਮੁੱਲਾਂ ਸ਼ੇਖ਼ ਮੁਸਾਇਕ ਪੰਡਤ ਪਾਂਧੇ ਗਏ ਹਾਰ, ਹਰਿ ਕਾ ਨਾਮ ਨਾ ਕੋਇ ਸਮਝਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਪੜ੍ਹ ਪੁਸਤਕ ਵਾਦ ਵਧਾਈਆ । ਕਾਇਆ ਮੰਦਰ ਅੰਦਰ ਖੋਲ੍ਹੇ ਨਾ ਕੋਈ ਕਿਵਾੜ, ਆਤਮ ਤਾਕੀ ਕੋਇ ਨਾ ਲਾਹੀਆ । ਸਾਧ ਸੰਤ ਫਿਰਨ ਜੰਗਲ ਜੂਹ ਉਜਾੜ ਪਹਾੜ, ਬਣ ਖੰਡ ਬੈਠੇ ਧੂਆਂ ਲਾਈਆ । ਅੰਤਰ ਲੱਗੀ ਅਗਨੀ ਹਾੜ, ਤ੍ਰੈਗੁਣ ਬਸੰਤਰ ਨਾ ਕੋਇ ਬੁਝਾਈਆ । ਮਨ ਇਛਿਆ ਵੇਸਵਾ ਨਾਰ ਚਲੇ ਨਾਲ ਨਾਲ, ਨਾ ਕੋਇ ਸਕੇ ਪੱਲੂ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਮਾਣ ਵਡਿਆਈਆ । ਮਾਣ ਵਡਿਆਈ ਤੇਰੇ ਹੱਥ, ਪੁਰਖ ਅਕਾਲ ਸੱਚੇ ਦਾਤਾਰਾ । ਜਿਉਂ ਭਾਵੇਂ ਤਿਉਂ ਲੈਣਾ ਰਖ, ਕਲਜੁਗ ਆਈ ਅੰਤਮ ਵਾਰਾ । ਸਭ ਦੇ ਭਾਂਡੇ ਦਿਸਣ ਸਖ, ਨਾ ਕੋਈ ਮੰਦਰ ਗੁਰੂਦੁਆਰਾ । ਚਾਰੋਂ ਕੁੰਟ ਹੋਇਆ ਭੱਠ, ਭੱਠ ਖੇੜਾ ਦਿਸੇ ਸੰਸਾਰਾ । ਕਿਸੇ ਅੰਤਰ ਨਾ ਧੀਰਜ ਜਤ, ਸਤਿ ਸੰਤੋਖ ਨਾ ਕੋਇ ਅਧਾਰਾ । ਚਾਰ ਕੁੰਟ ਚਾਰ ਵਰਨ ਚਲੌਣ ਆਪਣੀ ਮਤ, ਏਕਾ ਭੁੱਲਿਆ ਹਰਿ ਨਿਰੰਕਾਰਾ । ਪੜ੍ਹ ਪੜ੍ਹ ਸ਼ਾਸਤਰ ਸਿਮਰਤ ਵੇਦ ਪੁਰਾਨ ਗਾਵਣ ਜਸ, ਹਰਿ ਜੂ ਵਸੇ ਵੇਦ ਪੁਰਾਨਾਂ ਬਾਹਰਾ । ਨਾਨਕ ਸਤਿਗੁਰ ਰਿਹਾ ਹੱਸ, ਕਲਜੁਗ ਭੁੱਲੇ ਜੀਵ ਗਵਾਰਾ । ਗੋਬਿੰਦ ਕਹੇ ਮੈਂ ਮਾਰਗ ਆਇਆ ਦੱਸ, ਏਕਾ ਪਿਤਾ ਪੁਰਖ ਅਗੰਮ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਾ । ਅਪਰ ਅਪਾਰ ਖੇਲ ਮਹਾਨਾ, ਹਰਿ ਜੂ ਭੇਵ ਕੋਇ ਨਾ ਪਾਈਆ । ਤੂੰ ਆਦਿ ਜੁਗਾਦਿ ਸੱਚਾ ਸੁਲਤਾਨਾ, ਸ਼ਹਿਨਸ਼ਾਹ ਤੇਰੀ ਵਡਿਆਈਆ । ਜੋਧਾ ਸੂਰਬੀਰ ਮਰਦ ਮਰਦਾਨਾ, ਬਲ ਆਪਣਾ ਆਪ ਧਰਾਈਆ । ਤੂੰ ਭੂਪਤ ਭੂਪ ਰਾਜ ਰਾਜਾਨਾ, ਹੁਕਮੀ ਹੁਕਮ ਆਪ ਵਰਤਾਈਆ । ਸਚਖੰਡ ਨਿਵਾਸੀ ਤੇਰਾ ਖੇਲ ਮਹਾਨਾ, ਦੋ

ਜਹਾਨਾਂ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਸੁਣਦੇ ਰਹੇ ਤਰਾਨਾ, ਸੁਣ ਤਰਾਨਾ ਲੋਕਮਾਤ ਸੁਣਾਈਆ । ਲਿਖ ਲਿਖ ਲੇਖ ਬਣਿਆ ਜਗਤ ਮਹਾਨਾ, ਲਿਖਿਆ ਲੇਖ ਲੇਖਕ ਦਏ ਜਣਾਈਆ । ਬਿਨ ਤੇਰੇ ਨਾਉਂ ਮਿਲੇ ਨਾ ਕੋਇ ਟਿਕਾਣਾ, ਏਥੇ ਓਥੇ ਨਾ ਕੋਇ ਸਹਾਈਆ । ਕਲਜੁਗ ਅੰਤਮ ਨੌਂ ਖੰਡ ਪ੍ਰਿਥਮੀ ਰਸਨਾ ਜਿਹਵਾ ਦੀਨ ਮਜ਼੍ਹਬ ਗਾਏ ਗਾਣਾ, ਜ਼ਾਤ ਪਾਤ ਵੰਡ ਵੰਡਾਈਆ । ਪੰਜ ਤੱਤ ਇਸ਼ਟ ਰਖਾਣਾ, ਕਾਇਆ ਮਾਟੀ ਪੂਜਸ ਪੂਜ ਪੁਜਾਈਆ । ਹਰਿ ਕਾ ਸ਼ਬਦ ਨਾ ਕਿਸੇ ਪਛਾਣਾ, ਗੁਰ ਸ਼ਬਦ ਨਜ਼ਰ ਨਾ ਆਈਆ । ਕਾਗਜ਼ ਸ਼ਾਹੀ ਉਤੇ ਰੱਖਿਆ ਮਾਣਾ, ਕਲਮ ਸ਼ਾਹੀ ਅੰਤ ਕੰਮ ਕਿਸੇ ਨਾ ਆਈਆ । ਸਾਰੇ ਰਲ ਮਿਲ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜ਼ੀਲ ਕੁਰਾਨ ਪ੍ਰਭ ਅਬਿਨਾਸ਼ੀ ਦਾ ਕਰਨ ਧਿਆਨਾ, ਨੇਤਰ ਨੈਣ ਨੈਣ ਉਠਾਈਆ । ਪੁਰਖ ਅਬਿਨਾਸ਼ੀ ਜੋਧਾ ਸੂਰਬੀਰ ਬਲੀ ਬਲਵਾਨਾ, ਆਪਣਾ ਬਲ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਮ ਸ਼ਾਹੀ ਕਾਗ਼ਜ਼ ਕਰੇ ਪੁਕਾਰ, ਨੇਤਰ ਨੈਣਾਂ ਨੀਰ ਵਹਾਇਆ । ਤੇਰਾ ਲੇਖਾ ਲਿਖ ਲਿਖ ਗਏ ਗੁਰ ਅਵਤਾਰ, ਪੀਰ ਪੈਗ਼ੰਬਰ ਸੇਵ ਕਮਾਇਆ । ਤੇਰਾ ਮਾਰਗ ਦਿਸੇ ਨਾ ਅਗੰਮ ਅਪਾਰ, ਮੰਜ਼ਲ ਹੱਥ ਕਿਸੇ ਨਾ ਆਇਆ । ਕੋਟਨ ਕੋਟ ਚੜ੍ਹ ਚੜ੍ਹ ਗਏ ਹਾਰ, ਅਧਵਿਚਕਾਰੇ ਡੇਰਾ ਢਾਹਿਆ । ਅੰਤਮ ਤੂ ਹੀ ਤੂ ਹੀ ਤੂ ਹੀ ਕਰ ਪੁਕਾਰ, ਬੇਅੰਤ ਬੇਅੰਤ ਬੇਅੰਤ ਤੇਰਾ ਨਾਉਂ ਵਡਿਆਇਆ । ਅਸੀਂ ਦੇ ਦੇ ਸਿਖਿਆ ਗਏ ਹਾਰ, ਸਾਡੀ ਸਿਖਿਆ ਕੰਮ ਕਿਸੇ ਨਾ ਆਇਆ । ਧੁਰ ਦਾ ਲਿਖਿਆ ਵਿਕਿਆ ਹੱਟ ਬਾਜਾਰ, ਕੌਡੀ ਕੌਡੀ ਮੁਲ ਪੁਵਾਇਆ । ਰਸਨਾ ਕਹਿਣ ਸਾਡਾ ਗੁਰੂ ਮਹਾਰਾਜ, ਰਾਤੀ ਸੁਤਿਆਂ ਅੰਦਰ ਬੰਦ ਕਰਾਇਆ । ਬਿਨ ਬੁਲਾਇਆਂ ਦੇਵੇ ਨਾ ਅੱਗੋਂ ਅਵਾਜ਼ ਆਪਣਾ ਬਲ ਨਾ ਕੋਇ ਰਖਾਇਆ । ਜੀਵ ਜੰਤ ਬੱਝਾ ਵਿਚ ਸਮਾਜ, ਸਾਚਾ ਭੇਵ ਨਾ ਕੋਇ ਖੁਲ੍ਹਾਇਆ । ਪੀਰ ਪੈਗ਼ੰਬਰ ਮੁੱਲਾ ਸ਼ੇਖ਼ ਮੁਸ਼ਾਇਕ ਤੇਰੇ ਬਰਦੇ ਬਣ ਬਣ ਤੇਰੇ ਦਰ ਦਰ ਪੜ੍ਹਦੇ ਗਏ ਨਿਮਾਜ਼, ਨਿਉਂ ਨਿਉਂ ਆਪਣਾ ਸੀਸ ਝੁਕਾਇਆ । ਭਗਤ ਕਹਿਣ ਭਗਵਾਨ ਸਾਡਾ ਸਾਜਣ ਲਿਆ ਸਾਜ, ਸਿਰ ਸਾਡੇ ਹੱਥ ਰਖਾਇਆ । ਨਾਨਕ ਗੋਬਿੰਦ ਕਹੇ ਏਕਾ ਏਕ ਚਲਾਏ ਜਹਾਜ, ਸਚਖੰਡ ਸਾਚੇ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਮ ਸ਼ਾਹੀ ਦਏ ਦੁਹਾਇਆ । ਕਲਮ ਸ਼ਾਹੀ ਨੇਤਰ ਰੋਏ, ਨੈਣਾਂ ਨੈਣਾਂ ਨੀਰ ਵਹਾਈਆ । ਤੁਧ ਬਿਨ ਦੁਖੜਾ ਸੁਣੇ ਨਾ ਕੋਇ, ਚਾਰੋਂ ਕੁੰਟ ਕੂਕ ਸੁਣਾਈਆ । ਤੁਧ ਬਿਨ ਪਰਕਾਸ਼ ਕਰੇ ਨਾ ਕੋਈ ਲੋਏ, ਅੰਧ ਅੰਧੇਰਾ ਰਿਹਾ ਛਾਈਆ । ਮੈਂ ਲੋਕਮਾਤ ਚਾਰ ਖਾਣੀ ਅੱਗੇ ਲੈ ਕੇ ਆਈ ਢੋਏ, ਬਾਣੀ ਬਣ ਬਣ ਰੂਪ ਵਟਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਾਰੇ ਟੋਹੇ, ਘਰ ਘਰ ਫੇਰਾ ਪਾਈਆ । ਕਲਜੁਗ ਅੰਤਮ ਸਾਰੇ ਹੋਏ ਮਰਦ ਅਧ ਮੋਏ, ਆਪਣਾ ਬਲ ਨਾ ਕੋਇ ਰਖਾਈਆ । ਤ੍ਰੈਗੁਣ ਮਾਇਆ ਮਮਤਾ ਮੋਹੇ, ਮਨ ਵਾਸਨਾ ਹੋਏ ਹਲਕਾਈਆ । ਤੇਰਾ ਨਾਉਂ ਨਾ ਜਾਣੇ ਕੋਇ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਸਾਚਾ ਬੀਜ ਨਾ ਕੋਇ ਬੋਏ, ਲੱਖ ਚੁਰਾਸੀ ਸਿੰਮਲ ਰਿਹਾ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਅੱਗੇ ਇਕ ਅਰਜ਼ੋਈਆ । ਤੇਰੇ ਅੱਗੇ ਇਕ ਅਰਦਾਸ, ਮੇਰੇ ਸਾਹਿਬ ਸੱਚੇ ਸੁਲਤਾਨਾ । ਮੈਂ ਲਿਖ ਲਿਖ ਲੇਖ ਤੇਰਾ ਸੇਵਾ ਕੀਤੀ ਖਾਸ, ਤੇਰਾ ਗਾਇਆ ਸਚ ਤਰਾਨਾ । ਕਲਜੁਗ ਅੰਤਮ ਮੇਰੇ ਵਿਚ ਦਿਸੇ ਨਾ ਕੋਈ ਸਾਸ, ਮੇਰਾ ਤੁਟਾ ਮਾਣ ਅਭਿਮਾਨਾ । ਮੇਰੀ ਪੂਰੀ ਹੋਈ ਨਾ ਆਸ, ਕਲਜੁਗ ਜੀਵ ਮਿਲੇ ਸ਼ੈਤਾਨਾ । ਕਰ ਕਿਰਪਾ ਸੱਦ ਲੈ ਪਾਸ, ਮਿਹਰਵਾਨ ਸ੍ਰੀ ਭਗਵਾਨਾ ।

੮੨੩
੧੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਰ ਦੇ ਦੇ ਸੱਚਾ ਦਾਨਾ । ਦੇ ਵਰ ਮੇਰੇ ਭਗਵੰਤ, ਤੇਰੇ ਅੱਗੇ ਝੋਲੀ ਡਾਹੀਆ । ਤੂੰ ਬਣਾਈ ਮੇਰੀ ਬਣਤ, ਗੁਰ ਅਵਤਾਰਾਂ ਕਰ ਪੜ੍ਹਾਈਆ । ਤੇਰੇ ਹੱਥ ਲੇਖਾ ਅੰਤ, ਅੰਤ ਤੇਰੇ ਚਰਨਾਂ ਓਟ ਰਖਾਈਆ । ਪਹਿਲਾਂ ਗੌਂਦੇ ਰਹੇ ਮੈਨੂੰ ਸੰਤ, ਸਤਿਗੁਰ ਤੇਰੀ ਓਟ ਰਖਾਈਆ । ਹੁਣ ਸਾਰੇ ਹੋਏ ਨੰਗਤ, ਤੇਰਾ ਨਾਮ ਓਢਣ ਕੋਇ ਨਾ ਆਈਆ । ਦਰ ਭਿਖਾਰੀ ਬਣੇ ਮੰਗਤ, ਦਰ ਦਰ ਫੇਰਾ ਪਾਈਆ । ਅੰਤਮ ਗੜ੍ਹ ਬਣਿਆ ਹਉਮੇ ਹੰਗਤ, ਹਰਿ ਕੇ ਪੌੜੇ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਮੰਗ ਮੰਗਾਈਆ । ਮੰਗਾਂ ਮੰਗ ਮੇਰੇ ਦਾਤਾਰ, ਚਰਨੀ ਚਰਨ ਸੀਸ ਝੁਕਾਇਆ । ਤੇਰੀ ਮਹਿਮਾ ਲਿਖ ਲਿਖ ਗਈ ਹਾਰ, ਚਾਰ ਜੁਗ ਸੇਵ ਕਮਾਇਆ । ਗੁਰ ਅਵਤਾਰ ਕਰ ਕਰ ਗਏ ਪੁਕਾਰ, ਤੇਰਾ ਢੋਲਾ ਸੋਹਲਾ ਮਾਤ ਸੁਣਾਇਆ । ਜੀਵ ਜੰਤ ਕਰੇ ਨਾ ਕੋਈ ਵਿਚਾਰ, ਤੂੰ ਵਿਚਾਰ ਵਿਚ ਕਦੇ ਨਾ ਆਇਆ । ਮੈਨੂੰ ਪੜ੍ਹ ਪੜ੍ਹ ਕਰਨ ਖੁਆਰ, ਦਰ ਦਰ ਦੇਵਣ ਧੱਕਾ ਲਾਇਆ । ਮੈਂ ਨਿਤ ਨਿਤ ਰੋਵਾਂ ਜ਼ਾਰੋ ਜ਼ਾਰਾ, ਨੇਤਰ ਨੈਣ ਨੈਣ ਉਠਾਇਆ । ਕਲਜੁਗ ਜੀਵ ਹੋਏ ਵਿਭਚਾਰ, ਵਿਭਚਾਰੀ ਆਪਣਾ ਕਰਮ ਰਹੇ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਮੁਕਾਇਆ । ਮੇਰਾ ਲੇਖਾ ਦੇ ਮੁਕਾ, ਤੇਰੇ ਦਰ ਦਰ ਸੀਸ ਝੁਕਾਇਆ । ਬਣ ਨਿਮਾਣੀ ਰਹੀ ਕੁਰਲਾ, ਚਾਰੇ ਬਾਣੀ ਵਾਸਤਾ ਪਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾ, ਵਾਂਗ ਸੁਆਨ ਘਰ ਘਰ ਰਿਹਾ ਦੌੜਾਇਆ । ਮੈਨੂੰ ਪੜ੍ਹਨ ਵਾਲੇ ਤੇਰਾ ਨਾਮ ਗਏ ਭੁਲਾ, ਤੇਰਾ ਭੈ ਨਾ ਕੋਇ ਰਖਾਇਆ । ਧੀਆਂ ਭੈਣਾਂ ਰਹੇ ਤਕਾ, ਪਹਿਲੋਂ ਆਪਣਾ ਨੇਤਰ ਨੈਣ ਉਠਾਇਆ । ਫੇਰ ਮੇਰੇ ਉਤੋਂ ਪੜਦਾ ਲੈਣ ਲਾਹ, ਵਰਕਾ ਵਰਕਾ ਲੈਣ ਉਲਟਾਇਆ । ਰਸਨਾ ਗਾਉਂਦੇ ਚੜ੍ਹਿਆ ਚਾਅ, ਮਾਇਆ ਰਾਣੀ ਨਾਲ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰ ਸਾਚੀ ਮੰਗ ਮੰਗਾਇਆ । ਮੰਗਾ ਮੰਗ ਬਣ ਨਿਮਾਣੀ, ਦਰ ਤੇਰੇ ਸੀਸ ਝੁਕਾਈਆ । ਤੂੰ ਬਣਾਈ ਸਾਚੀ ਰਾਣੀ, ਲੋਕਮਾਤ ਦਿਤੀ ਵਡਿਆਈਆ । ਤੂੰ ਸੁਣਾਈ ਅਕਥ ਕਹਾਣੀ, ਗੁਰ ਅਵਤਾਰਾਂ ਦੇ ਵਡਿਆਈਆ । ਮੇਰਾ ਨਾਉਂ ਧਰਾਇਆ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਬੌਹੜੀ ਬੌਹੜੀ ਕਲਜੁਗ ਮਿਲੇ ਨਾ ਕੋਈ ਸੱਚਾ ਹਾਣੀ, ਮੇਰਾ ਸੰਗ ਨਾ ਕੋਇ ਰਖਾਈਆ । ਅੰਮ੍ਰਿਤ ਮਿਲੇ ਨਾ ਠੰਡਾ ਪਾਣੀ, ਸਾਂਤਕ ਸਤਿ ਨਾ ਕੋਇ ਜਣਾਈਆ । ਮੈਨੂੰ ਪੜ੍ਹਣ ਵਾਲੇ ਹੋਏ ਸ਼ੈਤਾਨੀ, ਸ਼ਰਅ ਆਪਣੇ ਗਲ ਪੁਵਾਈਆ । ਮੇਰੇ ਨੇਤਰ ਨੈਣ ਸ਼ਰਮਾਨੀ, ਉਪਰ ਅੱਖ ਨਾ ਸਕਾਂ ਉਠਾਈਆ । ਮੈਨੂੰ ਮੱਥਾ ਟੇਕਣ ਵਾਲੇ ਕਰਨ ਬੇਈਮਾਨੀ, ਤੇਰਾ ਨਾਉਂ ਗਏ ਭੁਲਾਈਆ । ਤੂੰ ਸਰਬ ਘਟਾ ਦਾ ਜਾਣ ਜਾਣੀ, ਜਾਨਣਹਾਰ ਤੇਰੀ ਵਡਿਆਈਆ । ਮੈਂ ਲੈ ਕੇ ਆਈ ਤੇਰੀ ਨਿਸ਼ਾਨੀ, ਕਲਜੁਗ ਜੀਵ ਤੇਰਾ ਨਿਸ਼ਾਨਾ ਰਹੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਦਰ ਤੇਰੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਅੰਤਮ ਲੇਖਾ ਚੁਕਾ ਆਣ, ਸਭ ਦਾ ਪੰਧ ਮੁਕਾਇੰਦਾ । ਤੇਰੀ ਬੇਨੰਤੀ ਕਰ ਪਰਵਾਨ, ਆਪਣੇ ਵਿਚ ਰਖਾਇੰਦਾ । ਚਾਰ ਜੁਗ ਦਾ ਮੇਟ ਨਿਸ਼ਾਨ, ਚਾਰੇ ਕੁੰਟ ਫੇਰਾ ਪਾਇੰਦਾ । ਸਤਿ ਸਤਿਵਾਦੀ ਨਿਗਹਬਾਨ, ਨਿਗਹ ਆਪਣੀ ਆਪ ਉਠਾਇੰਦਾ । ਏਕਾ ਨਾਉਂ ਕਰ ਬਲਵਾਨ, ਲੋਕਮਾਤ ਹੁਕਮ ਚਲਾਇੰਦਾ । ਲੱਖ ਚੁਰਾਸੀ ਦੇਵੇ ਗਿਆਨ, ਗਿਆਨ ਆਪਣਾ

ਆਪ ਪਰਗਟਾਇੰਦਾ । ਨੌਂ ਖੰਡ ਪ੍ਰਿਥਮੀ ਮਾਰੇ ਬਾਣ, ਬਾਣ ਨਿਰਾਲਾ ਆਪ ਚਲਾਇੰਦਾ । ਲੱਖ ਚੁਰਾਸੀ ਕਰ ਪਹਿਚਾਨ, ਭਗਤ ਭਗਵੰਤ ਵੇਖ ਵਖਾਇੰਦਾ । ਦਰ ਦੁਆਰੇ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਤੂੰ ਵੀਂ ਚਰਨੀ ਡਿਗੀਂ ਆਣ, ਆਪਣਾ ਭੇਵ ਖੁਲ੍ਹਾਇੰਦਾ । ਸਾਚੇ ਭਗਤ ਕਰਨ ਤੈਨੂੰ ਪਰਵਾਨ, ਤੇਰਾ ਲੜ ਨਾਲ ਲੜ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਧੁਰ ਫ਼ਰਮਾਨਾ ਦਏ ਸੰਦੇਸਾ, ਹਰਿ ਜੂ ਹਰਿ ਹਰਿ ਆਪ ਜਣਾਈਆ । ਕਰੇ ਖੇਲ ਨਰ ਨਰੇਸ਼ਾ, ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਧਾਰੇ ਆਪਣਾ ਵੇਸਾ, ਨਿਰਵੈਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਵੱਜੇ ਵਧਾਈਆ । ਸਾਚਾ ਵਰ ਸੁਣ ਲੈ ਬਾਤ, ਹਰਿ ਬਾਤਨ ਆਪ ਜਣਾਇੰਦਾ । ਚਾਰ ਜੁਗ ਤੂੰ ਗਾਉਂਦੀ ਰਹੀ ਗਾਥ, ਮੇਰਾ ਨਾਉਂ ਤੇਰਾ ਰੰਗ ਵਖਾਇੰਦਾ । ਅੰਤਮ ਦਿਸੇ ਕੋਇ ਨਾ ਸਾਥ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਚਾਰ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਪੜ੍ਹ ਪੜ੍ਹ ਮੁੱਕੇ ਨਾ ਤੇਰੀ ਵਾਟ, ਤੂੰ ਪੜ੍ਹਿਆਂ ਹੱਥ ਕਿਸੇ ਨਾ ਆਇੰਦਾ । ਤੇਰਾ ਨੇੜੇ ਦਿਸੇ ਹਾਟ, ਜਿਸ ਜਨ ਆਪਣੀ ਦਇਆ ਕਮਾਇੰਦਾ । ਕਰ ਕਿਰਪਾ ਮੇਰੀ ਮੁਕਾ ਵਾਟ, ਅੰਤ ਭਗਵੰਤ ਤੇਰਾ ਦਰ ਮੋਹੇ ਭਾਇੰਦਾ । ਜਗਤ ਖੇਲ ਬਾਜ਼ੀਗਰ ਨਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇੰਦਾ । ਸਿਰ ਰੱਖ ਹੱਥ ਨਿਰੰਕਾਰਾ, ਨਿਰਗੁਣ ਨਰ ਹਰਿ ਆਪ ਜਣਾਇੰਦਾ । ਤੂੰ ਔਣਾ ਚਲ ਦੁਆਰਾ, ਭਗਤ ਦੁਆਰਾ ਇਕ ਵਖਾਇੰਦਾ । ਓਥੇ ਕਰਾਂ ਸਚ ਵਿਹਾਰਾ, ਗੁਰ ਅਵਤਾਰਾਂ ਨਾਲ ਮਿਲਾਇੰਦਾ । ਜਿਨ੍ਹਾਂ ਗਾਈ ਤੇਰੀ ਵਾਰਾ, ਤਿਨ੍ਹਾਂ ਤੇਰੇ ਕੋਲ ਬਹਾਇੰਦਾ । ਪਹਿਲੋਂ ਕਰਨ ਉਹ ਨਿਮਸਕਾਰਾ, ਫੇਰ ਤੇਰਾ ਸੀਸ ਝੁਕਾਇੰਦਾ । ਤੇਰਾ ਝੁਕਿਆ ਸੀਸ ਤੇਰਾ ਪਾਰ ਕਰਾਏ ਕਿਨਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਸਾਚਾ ਭੇਵ ਦੱਸ ਭਗਵਾਨ, ਮੇਰੇ ਸੱਚੇ ਸਾਹਿਬ ਗੁਸਾਈਆ । ਕਵਣ ਵੇਲਾ ਦਰ ਡਿਗਾ ਆਣ, ਲੈ ਨਿਮਾਣੀ ਗਲੇ ਲਗਾਇਆ । ਮੇਰਾ ਛੁੱਟਾ ਪੀਣ ਖਾਣ, ਦਿਵਸ ਰੈਣ ਰਹੀ ਕੁਰਲਾਇਆ । ਮੈਨੂੰ ਸਕੇ ਨਾ ਕੋਈ ਪਛਾਣ, ਮੇਰਾ ਭੇਵ ਕਿਸੇ ਨਾ ਪਾਇਆ । ਨਾਨਕ ਨਿਰਗੁਣ ਚਾਰ ਵਰਨਾਂ ਦੇ ਕੇ ਗਿਆਨ, ਚਾਰੇ ਵਰਨ ਗਏ ਭੁਲਾਇਆ । ਅੰਤਮ ਸਭ ਦੀ ਕਰਨੀ ਹਾਣ, ਹਰਿ ਜੂ ਤੇਰੇ ਹੱਥ ਵਡਿਆਇਆ । ਗੋਬਿੰਦ ਵਖਾ ਕੇ ਗਿਆ ਇਕ ਕਿਰਪਾਨ, ਕਿਰਪਾਨਿਧ ਦਇਆ ਕਮਾਇਆ । ਪੰਜਾਂ ਮੇਲਾ ਵਿਚ ਜਹਾਨ, ਪੰਚਮ ਸਾਚਾ ਜੋੜ ਜੁੜਾਇਆ । ਸਚ ਸੁੱਚ ਦਾ ਇਕ ਵਿਧਾਨ, ਬਣ ਬਿਧਾਤਾ ਆਪ ਰਖਾਇਆ । ਅੰਤਮ ਦਿਸੇ ਨਾ ਕੋਇ ਜਵਾਨ, ਸੂਰਬੀਰ ਨਜ਼ਰ ਕੋਇ ਨਾ ਆਇਆ । ਧੀਰਜ ਜਤ ਨਾ ਕਿਸੇ ਮਕਾਨ, ਸਾਚਾ ਹਠ ਨਾ ਕੋਇ ਰਖਾਇਆ । ਅੰਦਰ ਵੜਿਆ ਤੱਤ ਸ਼ੈਤਾਨ, ਆਪਣੀ ਸ਼ਰਅ ਰਿਹਾ ਚਲਾਇਆ । ਏਕਾ ਭੁੱਲਿਆ ਗੁਰ ਫ਼ਰਮਾਣ, ਫ਼ਰਮਾਬਰਦਾਰ ਨਜ਼ਰ ਕੋਇ ਨਾ ਆਇਆ । ਗੋਬਿੰਦ ਸੂਰਾ ਵਡ ਬਲਵਾਨ, ਦੋ ਜਹਾਨਾਂ ਵੇਖ ਵਖਾਇਆ । ਕਲਜੁਗ ਅੰਤਮ ਹੋਏ ਹੈਰਾਨ, ਸਾਰੇ ਹਰਿ ਜੂ ਰਹੇ ਭੁਲਾਇਆ । ਕੋਈ ਮੰਨੇ ਨਾ ਪੁਰਖ ਅਕਾਲ, ਇੱਟਾ ਪੱਥਰਾਂ ਰਹੇ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਸਰਬ ਵਡਿਆਇਆ । ਤੇਰੇ ਹੱਥ ਵਡਿਆਈ ਸੱਚੇ ਭਗਵਾਨ, ਮਹਿਮਾ ਅਗਣਤ ਗਣੀ ਨਾ ਜਾਈਆ । ਜੁਗ ਜੁਗ ਮੇਟੇ ਤੂ ਹੀ ਨਿਸ਼ਾਨ, ਜਗਤ ਨਿਸ਼ਾਨਾ ਤੂ ਹੀ ਝੁਲਾਈਆ । ਤੇਰਾ ਨਾਉਂ ਹੋਏ

ਪਰਧਾਨ, ਸਤਿ ਪਰਧਾਨਗੀ ਮਾਤ ਕਮਾਈਆ । ਤੂੰ ਆਦਿ ਜੁਗਾਦੀ ਸ਼ਾਹ ਸੁਲਤਾਨ, ਦੂਸਰ ਰਾਜ ਨਾ ਕੋਇ ਕਮਾਈਆ । ਤੇਰਾ ਹੁਕਮ ਇਕ ਫ਼ਰਮਾਨ, ਦੋ ਜਹਾਨਾਂ ਰਿਹਾ ਝੁਲਾਈਆ । ਕਲਜੁਗ ਅੰਤਮ ਵੇਖਿਆ ਆਣ, ਚਾਰੋਂ ਕੁੰਟ ਅੰਧੇਰਾ ਛਾਈਆ । ਨਾ ਕੋਈ ਸਿਦਕ ਨਾ ਈਮਾਨ, ਸ਼ਰਅ ਸ਼ਰੀਅਤ ਰਹੀ ਕੁਰਲਾਈਆ । ਨਾ ਕੋਈ ਮਜ਼੍ਹਬ ਨਾ ਇਸਲਾਮ, ਇਸਮ ਆਜਮ ਨਾ ਕੋਇ ਵਖਾਈਆ । ਪੜ੍ਹ ਪੜ੍ਹ ਥੱਕੇ ਅੰਜੀਲ ਕੁਰਾਨ, ਸਾਚਾ ਮਸਲਾ ਹੱਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਲੈਣਾ ਕਰ, ਸਾਡੀ ਚਲੇ ਨਾ ਕੋਇ ਚਤੁਰਾਈਆ ।

## ★ ੬ ਚੇਤ ੨੦੧੯ ਬਿਕ੍ਰਮੀ ਊਧਮ ਸਿੰਘ ਦੇ ਗ੍ਰਿਹਿ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ★

ਤੇਰਾ ਹੁਕਮ ਜੁਗ ਚਾਰ, ਹਰਿ ਜੂ ਮੰਨ ਮੰਨ ਸੀਸ ਝੁਕਾਇਆ । ਤੇਰੀ ਸੇਵਾ ਜੁਗ ਚਾਰ, ਬਣ ਬਣ ਸੇਵਕ ਮਾਤ ਕਮਾਇਆ । ਤੇਰਾ ਲੇਖਾ ਜੁਗ ਚਾਰ, ਬਣ ਬਣ ਲੇਖਣੀ ਲੇਖ ਵਖਾਇਆ । ਤੇਰੀ ਰੇਖਾ ਜੁਗ ਚਾਰ, ਨਿਰਗੁਣ ਸਰਗੁਣ ਰੂਪ ਵਟਾਇਆ । ਤੇਰਾ ਆਦੇਸਾ ਜੁਗ ਚਾਰ, ਨਿਉਂ ਨਿਉਂ ਸਯਦਾ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲੇ ਅੰਤ ਮੰਗ ਮੰਗਾਇਆ । ਜੁਗ ਚਾਰ ਤੇਰਾ ਰਾਗ, ਬਣ ਰਾਗਨੀ ਮਾਤ ਅਲਾਇਆ । ਜੁਗ ਚਾਰ ਤੇਰਾ ਵੈਰਾਗ, ਬਣ ਵੈਰਾਗਣ ਆਪ ਹੰਢਾਇਆ । ਜੁਗ ਚਾਰ ਤੇਰਾ ਸਾਕ, ਗੁਰ ਅਵਤਾਰਾਂ ਨਾਲ ਰਲਾਇਆ । ਜੁਗ ਚਾਰ ਤੇਰਾ ਨਾਤ, ਬਣ ਨਿਮਾਣੀ ਤੋੜ ਨਿਭਾਇਆ । ਜੁਗ ਚਾਰ ਤੇਰਾ ਘਾਟ, ਲੱਖ ਚੁਰਾਸੀ ਇਕ ਵਖਾਇਆ । ਜੁਗ ਚਾਰ ਤੇਰੀ ਯਾਦ, ਢੋਲਾ ਸੋਹਲਾ ਆਪ ਸੁਣਾਇਆ । ਜੁਗ ਚਾਰ ਸਚ ਫ਼ਰਯਾਦ, ਸਾਧਾ ਸੰਤਾਂ ਝੋਲੀ ਪਾਇਆ । ਜੁਗ ਚਾਰ ਤੇਰਾ ਨਾਦ, ਅਨਹਦ ਨਾਦੀ ਨਾਦ ਵਜਾਇਆ । ਜੁਗ ਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਇਆ । ਜੁਗ ਚਾਰ ਤੇਰੀ ਧਾਰ, ਲਿਖ ਲਿਖ ਮਾਤ ਸਮਝਾਈਆ । ਜੁਗ ਚਾਰ ਸੁਣੇ ਭਗਤ ਪੁਕਾਰ, ਭਗਤਨ ਨਾਲ ਸਲਾਹੀਆ । ਜੁਗ ਚਾਰ ਹੋ ਉਜਿਆਰ, ਨਿਰਗੁਣ ਸਰਗੁਣ ਵੰਡਣ ਵੰਡ ਵੰਡਾਈਆ । ਜੁਗ ਚਾਰ ਦੇ ਅਧਾਰ, ਬ੍ਰਹਮੇ ਪਾਰਬ੍ਰਹਮ ਉਪਜਾਈਆ । ਜੁਗ ਚਾਰ ਇਕ ਜੈਕਾਰ, ਵੇਦ ਨਾਦ ਸੁਣਾਈਆ । ਜੁਗ ਚਾਰ ਕਰ ਖ਼ਬਰਦਾਰ, ਛੱਤੀ ਰਾਗ ਰਾਗ ਉਪਜਾਈਆ । ਜੁਗ ਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਸੇਵ ਕਮਾਈਆ । ਜੁਗ ਚਾਰ ਤੇਰਾ ਨਾਉਂ ਹਰਿ ਨਿਰੰਕਾਰੇ ਏਕਾ ਗਾਇਆ । ਜੁਗ ਚਾਰ ਤੇਰਾ ਥਾਉਂ, ਲੋਕਮਾਤ ਮਾਤ ਸੁਹਾਇਆ । ਜੁਗ ਚਾਰ ਫੜ ਫੜ ਬਾਂਹੋਂ ਜੀਵ ਜੰਤ ਮਾਤ ਉਠਾਇਆ । ਜੁਗ ਚਾਰ ਕਰੇ ਸਚ ਨਿਆਉਂ, ਸਚ ਸੁਨੇਹੜਾ ਇਕ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੇਰੀ ਓਟ ਰਖਾਇਆ । ਜੁਗ ਚਾਰ ਘਾਲੀ ਘਾਲ, ਕੀਤੀ ਘਾਲ ਕਹਿਣ ਨਾ ਜਾਈਆ । ਜੁਗ ਚਾਰ ਬਣ ਦਲਾਲ, ਜਗਤ ਦਲਾਲੀ ਸੇਵ ਕਮਾਈਆ । ਜੁਗ ਚਾਰ ਹੋ ਨਿਰਾਲ, ਨਿਰਮਲ ਆਪਣਾ ਰੂਪ ਦਰਸਾਈਆ । ਜੁਗ ਚਾਰ ਅਵੱਲੜੀ ਚਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੰਧਨ ਪਾਈਆ । ਜੁਗ ਚਾਰ ਤੇਰੀ ਕਰਦੀ ਰਹੀ ਭਾਲ, ਦਿਵਸ ਰੈਣ ਰੈਣ ਦਿਵਸ ਬਣ ਬਣ ਪਾਂਧੀ

ਰਾਹੀਆ । ਜੁਗ ਚਾਰ ਮੇਰਾ ਹੱਲ ਨਾ ਹੋਇਆ ਸਵਾਲ, ਲੇਖਾ ਲਿਖ ਨਾ ਕੋਇ ਮੁਕਾਈਆ । ਬਣ ਵੈਰਾਗਣ ਹੋਈ ਬੇਹਾਲ, ਬਿਰਹੋਂ ਰੋਗ ਰਿਹਾ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਮੇਰੀ ਵਡਿਆਈਆ । ਮੈਂ ਨਿਮਾਣੀ ਕਮਲੀ ਕੋੜੀ, ਗੁਣ ਅਵਗੁਣ ਨਾ ਕੋਇ ਰਖਾਈਆ । ਤੁਧ ਬਿਨ ਆਵੇ ਨਾ ਕੋਈ ਸੋਝੀ, ਬਾਲੀ ਬੁਧ ਰਹੀ ਕੁਰਲਾਈਆ । ਚਰਨ ਦੁਆਰੇ ਤੇਰੇ ਝੂਜੀ, ਆਪਣਾ ਆਪ ਆਪ ਮਿਟਾਈਆ । ਮੈਂ ਭੇਵ ਕੀ ਦੱਸਾਂ ਤੇਰਾ ਗੋਝੀ, ਬੋਧ ਅਗਾਧ ਤੇਰੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਭਿਖਕ ਫੇਰਾ ਪਾਈਆ । ਭਿਖਕ ਦਰ ਆਏ ਨਿਮਾਣੀ, ਹਰਿ ਚਰਨਾਂ ਸੀਸ ਝੁਕਾਇਆ । ਚਾਰ ਜੁਗ ਮੈਨੂੰ ਕਹਿੰਦੇ ਰਹੇ ਬਾਣੀ, ਬਾਣ ਨਿਰਾਲਾ ਤੀਰ ਚਲਾਇਆ । ਕਲਜੁਗ ਅੰਤਮ ਆਈ ਹਾਨੀ, ਮਾਣ ਮੋਹ ਨਾ ਕੋਇ ਰਖਾਇਆ । ਨਾਤਾ ਤੁਟਾ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਮੇਲਾ ਮੇਲ ਨਾ ਕੋਇ ਰਖਾਇਆ । ਮੈਂ ਲੱਖ ਚੁਰਾਸੀ ਜੀਵਾਂ ਜੰਤਾਂ ਦੱਸਦੀ ਰਹੀ ਪਦ ਨਿਰਬਾਣੀ, ਨਿਰਬਾਣ ਪਦ ਹੱਥ ਕਿਸੇ ਨਾ ਆਇਆ । ਸਾਧਾਂ ਸੰਤਾਂ ਤੇਰੀ ਬਣਾਈ ਇਕ ਕਹਾਣੀ, ਕਹਿ ਕਹਿ ਰਸਨਾ ਵਾਦ ਵਧਾਇਆ । ਕੋਈ ਚੜ੍ਹ ਕੇ ਵੇਖੇ ਨਾ ਤੇਰੀ ਸਚ ਨਿਸ਼ਾਨੀ, ਸਚ ਮਹੱਲੇ ਫੇਰਾ ਪਾਇਆ । ਆਦਿ ਜੁਗਾਦਿ ਜੁਗਾ ਜੁਗੰਤਰ ਤੂੰ ਸਾਹਿਬ ਸੱਚਾ ਸੁਲਤਾਨੀ, ਤੇਰਾ ਭੇਵ ਕਿਸੇ ਨਾ ਆਇਆ । ਪੀਰ ਪੈਗ਼ੰਬਰ ਗੁਰ ਅਵਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਰੱਖ ਹੱਥ ਸਮਰਥ ਏਕਾ ਓਟ ਤੇਰੀ ਤਕਾਇਆ । ਏਕਾ ਓਟ ਰੱਖੀ ਆਸ, ਚੌਥੇ ਜੁਗ ਜੁਗ ਕੁਰਲਾਈਆ । ਕਲਮ ਸ਼ਾਹੀ ਨਾ ਬੁਝੀ ਪਿਆਸ, ਲਿਖ ਲਿਖ ਆਪਣਾ ਲੇਖ ਚੁਕਾਈਆ । ਗੁਰ ਗੁਰ ਰਸਨਾ ਜਿਹਵਾ ਕਰ ਕਰ ਗਏ ਬਿਲਾਸ, ਬੋਲ ਬੋਲ ਸਮਝਾਈਆ । ਚਾਰ ਵੇਦ ਅੰਤ ਹੋਏ ਨਿਰਾਸ, ਪੁਰਾਨ ਅਠਾਰਾਂ ਦੇਣ ਦੁਹਾਈਆ । ਸ਼ਾਸਤਰ ਸਿਮਰਤ ਕਰੇ ਨਾ ਕੋਈ ਬੰਦ ਖੁਲਾਸ, ਗੀਤਾ ਗਿਆਨ ਨਾ ਕੋਇ ਦ੍ਰਿੜਾਈਆ । ਅੰਜ਼ੀਲ ਕੁਰਾਨ ਨਾ ਕੱਟੇ ਜਮ ਫਾਸ, ਤੀਸ ਬਤੀਸਾ ਨਾ ਕੋਇ ਸਹਾਈਆ । ਖਾਣੀ ਬਾਣੀ ਹੋਈ ਨਿਰਾਸ, ਆਸਾ ਕੋਇ ਨਜ਼ਰ ਨਾ ਆਈਆ । ਸਰਗੁਣ ਨਿਰਗੁਣ ਵਸੇ ਕਿਸੇ ਨਾ ਪਾਸ, ਖਾਲੀ ਹੱਥ ਫਿਰੇ ਸਰਬ ਲੋਕਾਈਆ । ਜਿਸ ਦੇ ਹੁਕਮੇ ਅੰਦਰ ਲੋਕਮਾਤ ਬਣੀ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਜਿਸ ਦੇ ਹੁਕਮੇ ਅੰਦਰ ਪ੍ਰਿਥਮੀ ਆਕਾਸ਼, ਸੂਰਜ ਚੰਦ ਸੇਵ ਕਮਾਈਆ । ਸੋ ਸਾਹਿਬ ਪੁਰਖ ਅਬਿਨਾਸ਼, ਲੋਕਮਾਤ ਭੇਵ ਨਾ ਕਿਸੇ ਜਣਾਈਆ । ਮੈਂ ਆਦਿ ਫੁੱਟੀ ਉਸਦੀ ਸ਼ਾਖ਼, ਫਲ ਆਪਣਾ ਜੀਵਾਂ ਜੰਤਾਂ ਰਹੀ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਆਪਣਾ ਵਰ, ਦਰ ਤੇਰੇ ਓਟ ਰਖਾਈਆ । ਇਕੋ ਓਟ ਪੁਰਖ ਸਮਰਥ, ਜਗਤ ਬਾਣੀ ਨੈਣ ਉਠਾਇਆ । ਜੁਗ ਜੁਗ ਚਲਾਇਆ ਤੇਰਾ ਰਥ, ਤੇਰਾ ਹੁਕਮ ਹੁਕਮ ਮਨਾਇਆ । ਤੇਰੀ ਮਹਿਮਾ ਅਕਥਨਾ ਅਕਥ, ਕਥ ਕਥ ਜੀਵ ਜੰਤ ਪੜ੍ਹਾਇਆ । ਅੱਖਰ ਅੱਖਰ ਭੇਤ ਦੱਸ, ਵੱਖਰ ਵੱਖਰ ਪੰਧ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਤ ਕੋਇ ਨਾ ਆਇਆ । ਤੇਰਾ ਅੰਤ ਨਾ ਦੱਸੇ ਕੋਈ ਭਗਵਾਨ, ਚਾਰੇ ਬਾਣੀ ਰਹੀ ਕੁਰਲਾਈਆ । ਪਰਾ ਪਸੰਤੀ ਨਿਗਹ ਵਿਚ ਆਏ ਤੇਰਾ ਨਿਸ਼ਾਨ, ਅਨਡਿਠੜੇ ਧਾਮ ਬੈਠੀ ਆਸਣ ਲਾਈਆ । ਮਧਮ ਆਵੇ ਨਾ ਕੋਇ ਗਿਆਨ, ਗਿਆਨ ਗਿਆਨ ਨਾ ਕੋਇ ਚਤੁਰਾਈਆ । ਬੈਖਰੀ ਸਕੇ ਗਾ ਨਾ ਤੇਰਾ ਗਾਨ, ਗਾ ਗਾ ਗੀਤ ਨਾ ਕੋਇ ਮੁਕਾਈਆ । ਮੈਂ ਚਾਰ ਜੁਗ ਤੇਰਾ ਸੁਨੇਹੜਾ ਦੇ ਦੇ ਹੋਈ ਹੈਰਾਨ, ਜੁਗ ਜੁਗ ਤੇਰਾ ਹੁਕਮ ਅਲਾਈਆ । ਕੋਈ ਕਹੇ ਮੇਰਾ

ਇਸ਼ਟ ਵੇਦ ਪੁਰਾਨ, ਕੋਈ ਗੀਤਾ ਗਿਆਨ ਰਿਹਾ ਮਨਾਈਆ । ਕੋਈ ਕਹੇ ਮੇਰਾ ਲਹਿਣਾ ਦੇਣਾ ਚੁਕਾਏ ਅੰਜੀਲ ਕੁਰਾਨ, ਸਾਚਾ ਮਸਲਾ ਇਕ ਪੜ੍ਹਾਈਆ । ਕੋਈ ਕਹੇ ਬਾਣੀ ਮਾਰੇ ਨਿਰਾਲਾ ਬਾਣ, ਤਿੰਨ ਪੰਜ ਪੈਂਤੀਸ ਅੱਖਰ ਕਰੇ ਕੁੜਮਾਈਆ । ਖਾਣੀ ਬਾਣੀ ਅੰਜੀਲ ਕੁਰਾਨ ਵੇਦ ਪੁਰਾਨ ਕਹਿਣ ਪੁਕਾਰ, ਬਿਨ ਹਰਿ ਭਗਵਾਨ, ਦੂਸਰ ਹੋਰ ਨਾ ਕੋਇ ਸਹਾਈਆ । ਅਸੀਂ ਸੇਵਕ ਬਣ ਕੇ ਆਏ ਵਿਚ ਜਹਾਨ, ਹਰਿ ਕਾ ਨਾਉਂ ਜਗਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਤ ਮਿਤ ਆਪਣੇ ਹੱਥ ਰਖਾਈਆ । ਖਾਣੀ ਬਾਣੀ ਜਗਤ ਸੰਦੇਸਾ, ਸਦੀ ਸਦੀ ਸਦੀ ਸੁਣਾਇਆ । ਕਰੇ ਖੇਲ ਇਕ ਨਰੇਸ਼ਾ, ਨਰ ਨਰਾਇਣ ਵੇਸ ਵਟਾਇਆ । ਅਸੀਂ ਜੁਗ ਜੁਗ ਕਰਦੇ ਉਸਦਾ ਪੇਸਾ, ਪੇਸ਼ਵਾ ਇਕੋ ਇਕ ਬੇਪਰਵਾਹੀਆ । ਆਦਿ ਜੁਗਾਦਿ ਰਹੇ ਹਮੇਸਾ, ਨਾ ਮਰੇ ਨਾ ਜਾਇਆ । ਤਿਸ ਸਾਹਿਬ ਸਦਾ ਆਦੇਸਾ, ਨਿਉਂ ਨਿਉਂ ਚਰਨੀਂ ਸੀਸ ਝੁਕਾਇਆ । ਕਲਜੁਗ ਅੰਤਮ ਧਰਿਆ ਵੇਸਾ, ਲੋਕਮਾਤ ਫੇਰਾ ਪਾਇਆ । ਜੁਗ ਚੌਕੜੀ ਮੁਕਾਏ ਲੇਖਾ, ਪੂਰਬ ਲਹਿਣਾ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਕਰੇ ਖ਼ਬਰਦਾਰ, ਸਚ ਸੁਨੇਹੜਾ ਇਕ ਸੁਣਾਈਆ । ਉਠੋ ਸਾਰੇ ਹੋ ਤਿਆਰ, ਚਾਰ ਜੁਗ ਦੀ ਯੁਕਤੀ ਰਿਹਾ ਜਣਾਈਆ । ਪਹਿਲੋਂ ਭਰਦਾ ਰਿਹਾ ਭੰਡਾਰ, ਅੰਤ ਖਾਲੀ ਦਏ ਕਰਾਈਆ । ਥਿਰ ਰਹੇ ਨਾ ਕੋਇ ਵਿਚ ਸੰਸਾਰ, ਜੋ ਘੜਿਆ ਭੰਨ ਵਖਾਈਆ । ਚਾਰ ਜੁਗ ਜਿਸ ਦੀ ਗੌਂਦੇ ਰਹੇ ਵਾਰ, ਸੋ ਗਾਵਣਹਾਰਾ ਆਪੇ ਆਈਆ । ਜਿਸ ਦੇ ਅੱਗੇ ਕਰਦੇ ਰਹੇ ਪੁਕਾਰ, ਸੋ ਪੁਰਖ ਨਿਰੰਜਣ ਫੇਰਾ ਪਾਈਆ । ਜਿਸ ਦੀ ਦੱਸਦੇ ਰਹੇ ਗੁਫ਼ਤਾਰ, ਗੁਫਤ ਸ਼ੁਨੀਦ ਖੇਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਦਏ ਮੁਕਾਈਆ । ਲਹਿਣਾ ਲੈਣਾ ਹਰਿ ਮੁਕੌਣਾ, ਹਰਿ ਜੂ ਹਰਿ ਹਰਿ ਜਣਾਇੰਦਾ । ਅੱਖਰ ਅੱਖਰ ਆਪਣੀ ਝੋਲੀ ਪੌਣਾ, ਅਗਲਾ ਲੇਖਾ ਪੂਰ ਕਰਾਇੰਦਾ । ਕਾਗ਼ਜ਼ ਸ਼ਾਹੀ ਤੇਰਾ ਪੰਧ ਆਪ ਮੁਕੌਣਾ, ਸਿਰ ਤੇਰੇ ਹੱਥ ਟਿਕਾਇੰਦਾ । ਚੌਦਾਂ ਵਿਦਿਆ ਮਾਣ ਗਵੌਣਾ, ਚੌਦਾਂ ਲੋਕ ਖੋਜ ਖੋਜਾਇੰਦਾ । ਚੌਦਾਂ ਤਬਕ ਡੇਰਾ ਢਾਹੁਣਾ, ਢਾਹ ਢਾਹ ਢੇਰ ਵੇਖ ਵਖਾਇੰਦਾ । ਰਾਗ ਰਾਗਨੀ ਮੋਹ ਚੁਕੌਣਾ, ਤਾਰ ਸਿਤਾਰ ਨਾ ਕੋਇ ਹਿਲਾਇੰਦਾ । ਬੋਧ ਅਗਾਧੀ ਏਕਾ ਨਾਮ ਜਪੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਦੋ ਜਹਾਨ, ਨਿਰਗੁਣ ਸਰਗੁਣ ਹੋ ਪਰਧਾਨ, ਪਰਮ ਪੁਰਖ ਪੂਰੀ ਸਭ ਦੀ ਆਸ ਕਰਾਇੰਦਾ ।

★ ੬ ਚੇਤ ੨੦੧੯ ਬਿਕ੍ਰਮੀ ਧਰਮ ਬੀਰ ਦੇ ਗ੍ਰਿਹ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ★

ਜੈ ਜੈਕਾਰ ਆਦਿ ਜੁਗਾਦਿ, ਹਰਿਜਨ ਹਰਿ ਜੂ ਆਪ ਕਰਾਇੰਦਾ । ਆਤਮ ਅੰਤਰ ਸਾਚੀ ਦਾਦ, ਨਾਮ ਨਿਧਾਨਾ ਝੋਲੀ ਪਾਇੰਦਾ । ਸ਼ਬਦ ਜਣਾਈ ਬੋਧ ਅਗਾਧ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਅਨਡਿਠੜਾ ਰਸ ਆਪ ਚਖਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਸਰਨ ਸਰਨਾਈ ਇਕ ਰਖਾਇੰਦਾ । ਭਗਤ ਸੁਹੇਲਾ ਕਰੇ ਲਾਡ, ਇਕ ਇਕੇਲਾ ਫੇਰਾ ਪਾਇੰਦਾ । ਜੁਗਾ ਜੁਗੰਤਰ ਰੱਖੇ ਯਾਦ, ਅਭੁਲ

ਭੁਲ ਕਦੇ ਨਾ ਜਾਇੰਦਾ । ਲਖਮੀ ਨਰਾਇਣ ਮਾਧਵ ਮਾਧ, ਰੂਪ ਅਨੂਪ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਕਾਰ ਇਕ ਜਣਾਇੰਦਾ । ਜੈ ਜੈਕਾਰ ਜਗਤ ਜੁਗ ਚਾਰ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਲੇਖਾ ਜਾਣੇ ਬਾਣੀ ਚਾਰ, ਚਾਰੇ ਖਾਣੀ ਰੰਗ ਰੰਗਾਇੰਦਾ । ਰਸਨਾ ਜਿਹਵਾ ਕਰ ਪੁਕਾਰ, ਨਾਦੀ ਨਾਦ ਧੁਨ ਪਰਗਟਾਇੰਦਾ । ਕਾਗਦ ਕਲਮ ਲਿਖ ਲਿਖ ਲੇਖਾ ਦਏ ਸੰਭਾਲ, ਜੀਵਣ ਜੁਗਤ ਜਗਤ ਚਲਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ, ਜੈ ਜੈਕਾਰ ਸਰਬ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਜੈ ਜੈਕਾਰ ਗੁਰੂ ਗੁਰਦੇਵ, ਦੇਵਤ ਦੇਵ ਸੀਸ ਝੁਕਾਈਆ । ਅਲਖ ਅਗੋਚਰ ਅਗੰਮ ਅਭੇਵ, ਅਲਖ ਅਲਖਣਾ ਸੱਚਾ ਸ਼ਹਿਨਸ਼ਾਹੀਆ । ਜੁਗ ਜੁਗ ਜਨ ਭਗਤਾਂ ਲਗਾਏ ਸਾਚਾ ਨੇਹੋਂ, ਨਾਤਾ ਬਿਧਾਤਾ ਜੋੜ ਜੁੜਾਈਆ । ਅੰਮ੍ਰਿਤ ਆਤਮ ਬਰਸੇ ਮੇਹੋਂ, ਮੇਘਲਾ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਕਾਰ ਇਕ ਸੁਣਾਈਆ । ਜੈ ਜੈਕਾਰ ਵੱਜੇ ਨਾਦ, ਹਰਿ ਅਨਾਦੀ ਆਪ ਵਜਾਇੰਦਾ । ਜੈ ਜੈਕਾਰ ਹੋਏ ਬ੍ਰਹਿਮਾਦ, ਵਿਸ਼ਨ ਬ੍ਰਹਮਾ ਸ਼ਿਵ ਹਰਿ ਜਸ ਗਾਇੰਦਾ । ਜੈ ਜੈਕਾਰ ਸੰਤ ਸਾਧ, ਸੰਤ ਸਾਜਣ ਢੋਲਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੈਕਾਰਾ ਇਕ ਸੁਣਾਇੰਦਾ । ਸਚ ਜੈਕਾਰਾ ਏਕਾ ਨਾਉਂ, ਨਰ ਨਿਰੰਕਾਰਾ ਹਰਿ ਜਣਾਈਆ । ਜੁਗਾ ਜੁਗੰਤਰ ਲੱਖ ਚੁਰਾਸੀ ਵੇਖੇ ਥਾਈਂ ਥਾਉਂ, ਥਾਨ ਥਨੰਤਰ ਬੈਠਾ ਸੱਚਾ ਮਾਹੀਆ । ਹਰਿ ਸੰਤ ਸੁਹੇਲੇ ਪਕੜੇ ਆਪਣੀ ਬਾਂਹੋਂ, ਲੋਕਮਾਤ ਸੇਵ ਕਮਾਈਆ । ਸਿਰ ਰੱਖੇ ਠੰਡੀ ਛਾਉਂ, ਸਮਰਥ ਪੁਰਖ ਵਡ ਵਡਿਆਈਆ । ਫੜ ਫੜ ਹੰਸ ਬਣਾਏ ਕਾਉਂ, ਸੋਹੰ ਹੰਸਾ ਚੋਗ ਚੁਗਾਈਆ । ਆਪੇ ਪਿਤਾ ਆਪੇ ਮਾਉਂ, ਹਰਿਜਨ ਬਾਲ ਅਵਾਣੇ ਗੋਦ ਬਹਾਈਆ । ਨਿਮਾਣਿਆਂ ਦੇਵੇ ਸਾਚਾ ਥਾਉਂ, ਨਿਥਾਣਿਆਂ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਕਾਰ ਇਕ ਜਣਾਈਆ । ਜੈ ਜੈਕਾਰ ਇਕ ਰਘਨਾਥ, ਰਘਪਤ ਆਪਣੀ ਆਪ ਜਣਾਇੰਦਾ । ਸਦਾ ਸੁਹੇਲਾ ਵਸੇ ਸਾਥ, ਸਗਲਾ ਸੰਗ ਨਿਭਾਇੰਦਾ । ਲੇਖਾ ਜਾਣੇ ਤ੍ਰਿਲੋਕੀ ਨਾਥ, ਲੋਆਂ ਪੁਰੀਆਂ ਖੋਜ ਖੋਜਾਇੰਦਾ । ਨਾਮ ਨਿਧਾਨਾ ਨਿਰੰਤਰ ਗਾਥ, ਨਿਰੰਤਰ ਬ੍ਰਹਮ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈਕਾਰ ਇਕ ਸੁਣਾਇੰਦਾ । ਜੈ ਜੈਕਾਰ ਸਚ ਸੰਗੀਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਹਰਿ ਭਗਤਾਂ ਕਰੇ ਸਦਾ ਪ੍ਰੀਤ, ਨਿਤ ਨਵਿਤ ਵੇਸ ਵਟਾਈਆ । ਏਕੰਕਾਰਾ ਠਾਂਡਾ ਸੀਤ, ਸਚ ਸਿੰਘਾਸਣ ਆਸਣ ਲਾਈਆ । ਆਦਿ ਨਿਰੰਜਣ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਅਬਿਨਾਸ਼ੀ ਕਰਤਾ ਲੱਖ ਚੁਰਾਸੀ ਪਰਖਣਹਾਰਾ ਨੀਤ, ਘਟ ਘਟ ਬੈਠਾ ਆਸਣ ਲਾਈਆ । ਸ੍ਰੀ ਭਗਵਾਨ ਖੇਲ ਕਰੇ ਅਨਡੀਠ, ਲਿਖਣ ਪੜ੍ਹਨ ਵਿਚ ਕਦੇ ਨਾ ਆਈਆ । ਪਾਰਬ੍ਰਹਮ ਬ੍ਰਹਮ ਨਿਭਾਏ ਸਚ ਪ੍ਰੀਤ, ਪ੍ਰੀਤੀਵਾਨ ਇਕ ਅਖਵਾਈਆ । ਹਰਿਜਨ ਮੇਲਾ ਨਾ ਕੋਈ ਮੰਦਰ ਨਾ ਮਸੀਤ, ਸ਼ਿਵਦਵਾਲਾ ਮੱਠ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈ ਜੈ ਨਾਦ ਇਕ ਸੁਣਾਈਆ । ਜੈ ਜੈਕਾਰ ਵੱਜੇ ਧੁਨਕਾਰ, ਗ੍ਰਿਹ ਆਤਮ ਆਪ ਸੁਣਾਇੰਦਾ । ਨਿਰਗੁਣ ਸਰਗੁਣ ਕਰ ਪਿਆਰ, ਦਰ ਘਰ ਸਾਚੇ ਮੇਲ ਮਿਲਾਇੰਦਾ । ਡੂੰਘੀ ਭਵਰੀ ਪਾਵੇ ਸਾਰ, ਕਾਇਆ ਕਵਰੀ ਫੋਲ ਫੁਲਾਇੰਦਾ । ਅੰਮ੍ਰਿਤ ਆਤਮ ਦੇਵੇ ਠੰਡਾ ਠਾਰ,

ਨਿਝਰ ਝਿਰਨਾ ਆਪ ਝਿਰਾਇੰਦਾ । ਜੋਤ ਨਿਰੰਜਣ ਕਰ ਉਜਿਆਰ, ਦੀਆ ਬਾਤੀ ਡਗਮਗਾਇੰਦਾ । ਆਤਮ ਸੇਜਾ ਕਰ ਤਿਆਰ, ਸਚ ਸਿੰਘਾਸਣ ਸੋਭਾ ਪਾਇੰਦਾ । ਏਕਾ ਨਾਦ ਸ਼ਬਦ ਧੁਨਕਾਰ, ਜੈ ਜੈਕਾਰ ਆਪ ਅਲਾਇੰਦਾ । ਛੱਤੀ ਰਾਗ ਨਾ ਪਾਵਣ ਸਾਰ, ਭੇਵ ਅਭੇਦਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੈਕਾਰਾ ਇਕ ਰਖਾਇੰਦਾ । ਸਚ ਜੈਕਾਰਾ ਦੋ ਜਹਾਨ, ਨਿਰਗੁਣ ਸਰਗੁਣ ਆਪ ਜਣਾਈਆ । ਜੁਗ ਚੌਕੜੀ ਖੇਲ ਮਹਾਨ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਦੇਂਦਾ ਰਿਹਾ ਧੁਰ ਫ਼ਰਮਾਣ, ਸਚ ਸੰਦੇਸਾ ਇਕ ਸੁਣਾਈਆ । ਸਾਚੇ ਤਖ਼ਤ ਬੈਠ ਸ੍ਰੀ ਭਗਵਾਨ, ਹੁਕਮੀ ਹੁਕਮ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸਚ ਜੈਕਾਰਾ, ਗੁਰ ਅਵਤਾਰਾਂ ਆਪ ਸੁਣਾਇੰਦਾ । ਪੀਰ ਪੈਗ਼ੰਬਰਾਂ ਦੇ ਸਹਾਰਾ, ਸਾਚੀ ਵੰਡਣ ਵੰਡ ਵਖਾਇੰਦਾ । ਕਾਗਦ ਕਲਮ ਕਰ ਤਿਆਰਾ, ਸ਼ਾਹੀ ਸਾਚਾ ਮੇਲ ਮਿਲਾਇੰਦਾ । ਸ਼ਬਦੀ ਗੁਰ ਬਣ ਲਿਖਾਰਾ, ਮੇਲਾ ਲਿਖ ਲਿਖ ਸਰਬ ਸਮਝਾਇੰਦਾ । ਸ੍ਰਿਸ਼ਟ ਸਬਾਈ ਬੰਨ੍ਹੇ ਧਾਰਾ, ਖਾਣੀ ਬਾਣੀ ਰਾਗ ਅਲਾਇੰਦਾ । ਆਪਣਾ ਭੇਵ ਰੱਖੇ ਨਿਆਰਾ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੈਕਾਰਾ ਏਕਾ ਗਾਇੰਦਾ । ਸਚ ਜੈਕਾਰਾ ਗਾਏ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸਾਚੇ ਭਗਤਾਂ ਦੇਵੇ ਗਿਆਨ, ਆਤਮ ਗਿਆਨ ਇਕ ਦਿਵਾਈਆ । ਸਾਚੇ ਸੰਤਾਂ ਦੇਵੇ ਨਿਸ਼ਾਨ, ਸਚ ਨਿਸ਼ਾਨਾ ਇਕ ਵਖਾਈਆ । ਗੁਰਮੁਖ ਸਾਚੇ ਦਰ ਪਰਵਾਨ, ਗੁਰ ਗੁਰ ਮੇਲਾ ਸਹਿਜ ਸੁਭਾਈਆ । ਗੁਰਸਿਖਾਂ ਦੇਵੇ ਇਕ ਧਿਆਨ, ਚਰਨ ਕਵਲ ਸੱਚੀ ਸਰਨਾਈਆ । ਤੀਰ ਨਿਰਾਲਾ ਮਾਰੇ ਬਾਣ, ਸੋਹੰ ਮੁਖੀ ਮੁਖ ਲਗਾਈਆ । ਬਿਨ ਹਰਿ ਨਾਮੇ ਦੁਖੀ ਹੋਇਆ ਸਰਬ ਜਹਾਨ, ਜੀਵ ਜੰਤ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਜਨ ਭਗਤ ਤੇਰਾ ਜੈਕਾਰਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਲੋਕਮਾਤ ਦੇ ਸਹਾਰਾ, ਸਰਗੁਣ ਆਪਣਾ ਬੰਧਨ ਪਾਇੰਦਾ । ਨਿਰਗੁਣ ਖੇਲ ਕਰੇ ਨਿਰਾਕਾਰਾ, ਅਨਭਵ ਰੂਪ ਨਾ ਕੋਇ ਜਣਾਇੰਦਾ । ਕਾਇਆ ਮੰਦਰ ਅੰਦਰ ਹੋ ਉਜਿਆਰਾ, ਸਚ ਮਹੱਲੇ ਸੋਭਾ ਪਾਇੰਦਾ । ਅਨਹਦ ਨਾਦ ਸੱਚੀ ਧੁੰਨਕਾਰਾ, ਧੁਨ ਆਤਮਕ ਆਪ ਅਲਾਇੰਦਾ । ਦਿਵਸ ਰੈਣ ਇਕ ਖ਼ੁਮਾਰਾ, ਮਦਿ ਜਾਮ ਆਪ ਪਿਆਇੰਦਾ । ਦਰਸ ਦੇਵੇ ਅਗੰਮ ਅਪਾਰਾ, ਪਰਕਾਸ਼ ਪਰਕਾਸ਼ ਵਿਚ ਸਮਾਇੰਦਾ । ਹਰਿਜਨ ਤੇਰਾ ਇਕ ਜੈਕਾਰਾ, ਸੋਹੰ ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸਿਕਦਾਰਾ, ਸੀਸ ਜਗਦੀਸ ਏਕਾ ਤਾਜ ਟਿਕਾਇੰਦਾ ।


੮੩੦
੧੧

## ★ ੬ ਚੇਤ ੨੦੧੯ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਿਹਿ ਰਾਮਪੁਰ ਜ਼ਿਲਾ ਅੰਮ੍ਰਿਤਸਰ ★

ਸੋ ਪੁਰਖ ਨਿਰੰਜਣ ਬੇਪਰਵਾਹ, ਬੇਅੰਤ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਹੁਕਮ ਵਰਤਾਇੰਦਾ । ਏਕੰਕਾਰਾ ਬਣ ਮਲਾਹ, ਖੇਵਟ ਖੇਟਾ ਬੇੜਾ ਆਪਣੇ ਹੱਥ ਰਖਾਇੰਦਾ । ਆਦਿ ਨਿਰੰਜਣ ਸਚ ਸਲਾਹ, ਸਲਾਹਗੀਰ ਇਕ ਹੋ ਜਾਇੰਦਾ । ਅਬਿਨਾਸ਼ੀ ਕਰਤਾ ਭੇਵ ਚੁਕਾ, ਅਨਭਵ ਆਪਣੀ ਧਾਰ ਰਖਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ ਝੁਲਾ, ਸਤਿ ਪੁਰਖ ਨਿਰੰਜਣ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ

ਸੀਸ ਝੁਕਾ, ਨਿਰਗੁਣ ਨਿਰਗੁਣ ਵੇਸ ਵਟਾਇੰਦਾ । ਸਚਖੰਡ ਦੁਆਰ ਇਕ ਸੁਹਾ, ਸੋਭਾਵੰਤ ਆਸਣ ਲਾਇੰਦਾ । ਸਚ ਸਿੰਘਾਸਣ ਇਕ ਵਡਿਆ, ਪਾਵਾ ਚੂਲ ਨਾ ਕੋਇ ਬਣਾਇੰਦਾ । ਨਿਰਮਲ ਦੀਪਕ ਇਕ ਜਗਾ, ਜੋਤੀ ਜਾਤਾ ਡਗਮਗਾਇੰਦਾ । ਛੱਪਰ ਛੰਨ ਨਾ ਕੋਇ ਛੁਹਾ, ਚਾਰ ਦੀਵਾਰ ਨਾ ਕੋਇ ਰਖਾਇੰਦਾ । ਰੂਪ ਅਨੂਪ ਆਪ ਵਟਾ, ਅਸੁੱਤੇ ਪਰਕਾਸ਼ ਆਪ ਕਰਾਇੰਦਾ । ਸ਼ਾਹੋ ਭੂਪ ਰਾਜਨ ਰਾਜ ਆਪ ਅਖਵਾ, ਸੀਸ ਜਗਦੀਸ ਤਾਜ ਸੁਹਾਇੰਦਾ । ਹੁਕਮੀ ਹੁਕਮ ਹੁਕਮ ਸੁਣਾ, ਧੁਰ ਫ਼ਰਮਾਣਾ ਆਪੇ ਗਾਇੰਦਾ । ਦਰ ਦਰਵੇਸ਼ ਫੇਰਾ ਪਾ, ਦਰ ਆਪਣੇ ਅਲੱਖ ਜਗਾਇੰਦਾ । ਵਡ ਦਾਤਾਰੀ ਆਪਣਾ ਨਾਉਂ ਧਰਾ, ਆਪਣੀ ਵਸਤ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਹਰਿ ਕਰਤਾਰ, ਸਚਖੰਡ ਨਿਵਾਸੀ ਆਪ ਕਰਾਈਆ । ਤਖ਼ਤ ਨਿਵਾਸੀ ਸ਼ਾਹਕਾਰ, ਸ਼ਹਿਨਸ਼ਾਹ ਬੇਪਰਵਾਹੀਆ । ਹੁਕਮੀ ਹੁਕਮ ਹੁਕਮ ਵਰਤਾਰ, ਧੁਰ ਫ਼ਰਮਾਣਾ ਆਪ ਜਣਾਈਆ । ਬੋਧ ਅਗਾਧਾ ਇਕ ਜੈਕਾਰ, ਜੈ ਜੈਕਾਰ ਆਪਣਾ ਨਾਉਂ ਵਡਿਆਈਆ । ਮਹੱਲ ਅਟੱਲ ਵੇਖ ਅਪਾਰ, ਨਿਹਚਲ ਧਾਮ ਦਏ ਵਡਿਆਈਆ । ਸਾਚੀ ਇਛਿਆ ਭਰ ਭੰਡਾਰ, ਆਪਣੀ ਇਛਿਆ ਝੋਲੀ ਪਾਈਆ । ਵੇਖੇ ਵਿਗਸੇ ਵੇਖਣਹਾਰ, ਦੂਸਰ ਸੰਗ ਨਾ ਕੋਇ ਰਲਾਈਆ । ਠਾਂਡਾ ਸੀਤਾ ਏਕੰਕਾਰ, ਘਰ ਸਾਚੇ ਸੋਭਾ ਪਾਈਆ । ਆਪ ਆਪਣਾ ਕਰ ਪਸਾਰ, ਪਸਰ ਪਸਾਰੀ ਵੇਖੇ ਚਾਈਂ ਚਾਈਂਆ । ਲੇਖਾ ਜਾਣ ਪੁਰਖ ਨਾਰ, ਨਾਰ ਕੰਤ ਸੇਜ ਹੰਢਾਈਆ । ਦਾਈ ਦਾਇਆ ਬਣ ਧੁਰ ਦਰਬਾਰ, ਸੇਵਕ ਸਾਚੀ ਸੇਵ ਕਰਾਈਆ । ਸੁਤ ਦੁਲਾਰਾ ਕਰ ਤਿਆਰ, ਪੂਤ ਸਪੂਤਾ ਗੋਦ ਉਠਾਈਆ । ਥਿਰ ਘਰ ਸਾਚੇ ਖੋਲ੍ਹ ਕਿਵਾੜ, ਥਿਰ ਦਰਬਾਰਾ ਆਪ ਬਣਾਈਆ । ਆਪੇ ਜਾਣੇ ਆਪਣੀ ਕਾਰ, ਕਰਤਾ ਪੁਰਖ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਇਕ ਸਮਝਾਈਆ । ਸਾਚੇ ਸੁਤ ਸੁਤ ਸਪੂਤ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਤੇਰਾ ਮੇਰਾ ਏਕਾ ਰੂਪ ਰੇਖ, ਰੰਗ ਨਜ਼ਰ ਕੋਇ ਨਾ ਆਇੰਦਾ । ਤੇਰਾ ਮੇਰਾ ਏਕਾ ਭੇਤ, ਅਭੇਵ ਭੇਵ ਨਾ ਕੋਇ ਖੁਲ੍ਹਾਇੰਦਾ । ਤੇਰਾ ਮੇਰਾ ਏਕਾ ਹੇਤ, ਸਾਚਾ ਹਿਤ ਆਪ ਜਣਾਇੰਦਾ । ਤੇਰਾ ਮੇਰਾ ਖੇਲ ਏਕ, ਏਕੰਕਾਰਾ ਆਪ ਸਮਝਾਇੰਦਾ । ਤੇਰਾ ਮੇਰਾ ਏਕਾ ਵੇਸ, ਵੇਸ ਅਨੇਕਾ ਆਪ ਵਟਾਇੰਦਾ । ਤੇਰਾ ਮੇਰਾ ਏਕਾ ਦੇਸ਼, ਦੇਸ਼ ਦਸੰਤਰ ਹਰਿ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਜਣਾਇੰਦਾ । ਧੁਰ ਫ਼ਰਮਾਣ ਸਚ ਸੰਦੇਸਾ, ਨਿਰਗੁਣ ਨਿਰਾਕਾਰ ਆਪ ਜਣਾਈਆ । ਸਚਖੰਡ ਨਿਵਾਸੀ ਨਰ ਨਰੇਸ਼ਾ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਥਿਰ ਘਰ ਵੇਖੇ ਆਪੇ ਦੇਸਾ, ਆਪ ਆਪਣਾ ਰੂਪ ਵਟਾਈਆ । ਬਿਨ ਕਲਮ ਸ਼ਾਹੀ ਲਿਖੇ ਲੇਖਾ, ਆਪਣਾ ਲੇਖਾ ਆਪਣੇ ਹੱਥ ਰਖਾਈਆ । ਵਸਣਹਾਰਾ ਸਾਚੇ ਦੇਸਾ, ਬੰਕ ਦੁਆਰਾ ਇਕ ਸੁਹਾਈਆ । ਆਦਿ ਜੁਗਾਦੀ ਏਕਮ ਏਕਾ, ਏਕੰਕਾਰਾ ਨਾਉਂ ਧਰਾਈਆ । ਸ਼ਬਦੀ ਸੁਤ ਸਾਚੀ ਟੇਕਾ, ਪੁਰਖ ਅਕਾਲ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਚੁਕਾਈਆ । ਆਪਣਾ ਪੜਦਾ ਆਪੇ ਚੁੱਕ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਸਚਖੰਡ ਦੁਆਰੇ ਜੋ ਬੈਠਾ ਲੁਕ, ਥਿਰ ਘਰ ਆਪਣਾ ਖੇਲ ਕਰਾਇੰਦਾ । ਥਿਰ ਘਰ ਵਾਸੀ ਆਪੇ ਬੁੱਕ, ਆਪਣਾ ਬਲ ਆਪ ਧਰਾਇੰਦਾ । ਆਪੇ ਨੂਰ ਨਿਰਮਲ ਜੋਤ, ਆਪੇ ਸ਼ਬਦੀ ਰੂਪ ਵਖਾਇੰਦਾ । ਆਪੇ ਰੱਖੇ ਸਾਚੀ ਓਟ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਵਸੇ ਸਾਚੇ ਕੋਟ, ਆਪੇ

ਬਿਨ ਛੱਪਰ ਛੰਨ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਜਣਾਇੰਦਾ । ਧੁਰ ਫ਼ਰਮਾਣਾ ਸ਼ਬਦੀ ਧਾਰ, ਹਰਿ ਸ਼ਬਦ ਸ਼ਬਦ ਜਣਾਈਆ । ਨਿਰਗੁਣ ਨਿਰਵੈਰ ਖੇਲ ਅਪਾਰ, ਨਿਰਾਕਾਰ ਆਪ ਕਰਾਈਆ । ਅਜੂਨੀ ਰਹਿਤ ਹੋ ਤਿਆਰ, ਮਾਰਗ ਪੰਧ ਇਕ ਚਲਾਈਆ । ਨਿਰਗੁਣ ਸਰਗੁਣ ਕਰ ਤਿਆਰ, ਅਲਖ ਅਗੋਚਰ ਖੇਲ ਕਰਾਈਆ । ਬ੍ਰਹਮਾ ਵਿਸ਼ਨ ਸ਼ਿਵ ਭਰ ਭੰਡਾਰ, ਵਸਤ ਅਮੋਲਕ ਝੋਲੀ ਪਾਈਆ । ਵਿਸ਼ਨੂੰ ਨਿਉਂ ਨਿਉਂ ਕਰੇ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਬ੍ਰਹਮਾ ਨੇਤਰ ਰੋਵੇ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਸ਼ੰਕਰ ਕਰੇ ਹਾਹਾਕਾਰ, ਖੁਲੜੇ ਕੇਸ ਰਿਹਾ ਵਖਾਈਆ । ਤੇਰਾ ਅੰਤ ਨਾ ਪਾਰਾਵਾਰ, ਤੇਰਾ ਭੇਵ ਨਾ ਜਾਣੇ ਕੋਇ ਰਾਈਆ । ਤੇਰੀ ਕਰੇ ਨਾ ਕੋਇ ਗੁਫ਼ਤਾਰ, ਤੇਰਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਿਸ ਬਿਧ ਹੋਏ ਤੇਰੀ ਵਡਿਆਈਆ । ਵਿਸ਼ਨੂੰ ਮੰਗੇ ਦਾਨ, ਪ੍ਰਭ ਅੱਗੇ ਝੋਲੀ ਡਾਹਿੰਦਾ । ਤੂੰ ਸਾਹਿਬ ਸੱਚਾ ਸੁਲਤਾਨ, ਤੇਰਾ ਭੇਵ ਕੋਇ ਨਾ ਆਇੰਦਾ । ਸਚਖੰਡ ਵਸੇ ਸਚ ਮਕਾਨ, ਥਿਰ ਘਰ ਸ਼ਬਦੀ ਸੁਤ ਬਹਾਇੰਦਾ । ਹਉਂ ਬਾਲੀ ਬੁਧ ਅਵਾਣ, ਬਲ ਆਪਣਾ ਨਾ ਕੋਇ ਰਖਾਇੰਦਾ । ਨੇਤਰ ਨੈਣ ਦੋਏ ਸ਼ਰਮਾਣ, ਕਵਲ ਨੈਣ ਵੇਖ ਵਖਾਇੰਦਾ । ਤੇਰੇ ਚਰਨਾਂ ਇਕ ਧਿਆਨ, ਚਰਨ ਚਰਨੋਦਕ ਮੰਗ ਮੰਗਾਇੰਦਾ । ਸਾਚੀ ਵਸਤ ਦੇ ਦੇ ਦਾਨ, ਬਣ ਭਿਖਕ ਝੋਲੀ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਭਿਖਕ ਦਰ ਬਣ ਭਿਖਾਰੀ, ਵਿਸ਼ਨੂੰ ਆਪਣੀ ਝੋਲੀ ਅੱਗੇ ਡਾਹੀਆ । ਏਕਾ ਵਸਤ ਦੇ ਥਾਰੀ, ਅਤੋਟ ਅਤੁਟ ਰਖਾਈਆ । ਤੇਰੇ ਚਰਨ ਕਵਲ ਨਿਭੇ ਯਾਰੀ, ਪ੍ਰੀਤੀਵਾਨ ਤੇਰੀ ਪ੍ਰੀਤ ਮੋਹੇ ਭਾਈਆ । ਤੇਰਾ ਪ੍ਰੇਮ ਮੇਰਾ ਬਿਵਹਾਰੀ, ਸਚ ਵਿਹਾਰਾ ਇਕ ਸਮਝਾਈਆ । ਤੂੰ ਪੁਰਖ ਮੈਂ ਤੇਰੀ ਨਾਰੀ, ਬਣ ਨਾਰ ਸੇਵ ਕਮਾਈਆ । ਤੇਰੀ ਸੇਜ ਕੰਤ ਭਤਾਰੀ, ਕੰਤ ਕੰਤੂਹਲ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਦੇਣੀ ਵਰਤਾਈਆ । ਸਾਚੀ ਵਸਤ ਝੋਲੀ ਪਾ, ਦਰ ਤੇਰੇ ਮੰਗ ਮੰਗਾਈਆ । ਤੂੰ ਘਾੜਨ ਮੇਰਾ ਲਿਆ ਘੜਾ, ਘੜ ਆਪਣਾ ਰੰਗ ਚੜ੍ਹਾਈਆ । ਮੈਂ ਦਰ ਤੇਰੇ ਡਿਗਾ ਆ, ਬਣ ਨਿਮਾਣਾ ਸੀਸ ਝੁਕਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ, ਬੇਅੰਤ ਤੇਰੀ ਵਡਿਆਈਆ । ਮੈਨੂੰ ਮਾਰਗ ਦੇਣਾ ਪਾ, ਸਾਚਾ ਪੰਧ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਜਣਾਈਆ । ਆਪਣਾ ਭੇਵ ਦੱਸੇ ਭਗਵਾਨ, ਏਕਾ ਏਕ ਦਇਆ ਕਮਾਇੰਦਾ । ਸ਼ਬਦੀ ਸ਼ਬਦ ਤੇਰਾ ਨਿਸ਼ਾਨ, ਸਚ ਨਿਸ਼ਾਨਾ ਇਕ ਵਖਾਇੰਦਾ । ਮੇਰਾ ਨਾਉਂ ਤੇਰਾ ਗਿਆਨ, ਦੂਸਰ ਅੱਖਰ ਨਾ ਕੋਇ ਪੜ੍ਹਾਇੰਦਾ । ਮੇਰਾ ਚਰਨ ਤੇਰਾ ਧਿਆਨ, ਇਸ਼ਟ ਦੇਵ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਰਤਾਇੰਦਾ । ਸਾਚੀ ਵਸਤ ਦੇਵੇ ਦਾਨ, ਹਰਿ ਦਾਨੀ ਆਪ ਵਰਤਾਈਆ । ਏਕਾ ਦੋਆਂ ਖੇਲ ਮਹਾਨ, ਨਿਰਗੁਣ ਸਰਗੁਣ ਰੂਪ ਵਟਾਈਆ । ਸਰਗੁਣ ਅੰਦਰ ਜੋਤ ਮਹਾਨ, ਸ਼ਬਦੀ ਰਾਗ ਅਲਾਈਆ । ਨਿਰਗੁਣ ਨੂਰ ਨੌਜਵਾਨ, ਨਾ ਮਰੇ ਨਾ ਜਾਈਆ । ਸੋ ਪੁਰਖ ਨਿਰੰਜਣ ਮਿਹਰਵਾਨ ਸਾਚੀ ਵਸਤ ਝੋਲੀ ਪਾਈਆ । ਹੰ ਬ੍ਰਹਮ ਦੇ ਦੇ ਦਾਨ, ਬ੍ਰਹਮਾ ਤੇਰੀ ਕਵਲ ਨਾਭ ਟਿਕਾਈਆ । ਕਵਲ ਕਵਲਾ ਖੇਲ ਮਹਾਨ, ਪਤ ਡਾਲ੍ਹੀ ਫੁਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਧਾਰ ਆਪ ਸਮਝਾਈਆ । ਸੋ

ਧਾਰ ਸਤਿ ਸਰੂਪ, ਏਕਾ ਦੋਆ ਵੰਡ ਵੰਡਾਇੰਦਾ । ਨਿਰਗੁਣ ਨਿਰਗੁਣ ਵਸੇ ਹਰਿ ਹਰ ਕੂਟ, ਘਰ ਘਰ ਆਪਣਾ ਡੇਰਾ ਲਾਇੰਦਾ । ਸਚ ਪੰਘੂੜਾ ਲੈਣਾ ਝੂਟ, ਪੁਰਖ ਅਬਿਨਾਸ਼ੀ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਬ੍ਰਹਮਾ ਵੇਤਾ ਹੋ ਤਿਆਰ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਸਾਹਿਬ ਸੱਚਾ ਦਾਤਾਰ, ਤੇਰਾ ਭੇਵ ਕੋਇ ਨਾ ਆਈਆ । ਤੇਰਾ ਰੂਪ ਨਿਰਗੁਣ ਨਿਰਾਕਾਰ, ਅਜੂਨੀ ਰਹਿਤ ਪੁਰਖ ਅਕਾਲ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਝੋਲੀ ਡਾਹੀਆ । ਤੇਰੇ ਅੱਗੇ ਝੋਲੀ ਅੱਡ, ਦੋਏ ਜੋੜ ਵਾਸਤਾ ਪਾਇਆ । ਪਰਮਾਤਮ ਆਤਮ ਕੀਤਾ ਅੱਡ, ਪਾਰਬ੍ਰਹਮ ਬ੍ਰਹਮ ਰੂਪ ਵਟਾਇਆ । ਕਿਸ ਬਿਧ ਵੇਖਾਂ ਤੇਰੀ ਹੱਦ, ਪਾਰ ਕਿਨਾਰਾ ਨਜ਼ਰ ਕੋਇ ਨਾ ਆਇਆ । ਵਿਸ਼ਨੂੰ ਵਿਸ਼ਵ ਉਪਜੀ ਯਦ, ਬੰਸ ਸਰਬੰਸ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਸਾਚੀ ਮੰਗ ਮੰਗਾਇਆ । ਮੰਗੇ ਮੰਗ ਬਣ ਭਿਖਾਰੀ, ਹਰਿ ਚਰਨਾਂ ਸੀਸ ਝੁਕਾਈਆ । ਕਰ ਕਿਰਪਾ ਹਰਿ ਨਿਰੰਕਾਰੀ, ਨਿਰਧਨ ਸਰਧਨ ਹੋ ਸਹਾਈਆ । ਤੂੰ ਸਾਹਿਬ ਵੱਡਾ ਦਰਬਾਰੀ, ਸਾਚੇ ਤਖ਼ਤ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਪਣਾ ਰਾਗ ਆਪ ਸੁਣਾਈਆ । ਦੇਵੇ ਵਰ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਵਡੀ ਵਡਿਆਈਆ । ਮੇਰਾ ਨਾਉਂ ਤੇਰੀ ਯਾਦ, ਯਾਦਗਾਰ ਇਕ ਬਣਾਈਆ । ਮੇਰੀ ਰਸਨ ਤੇਰਾ ਸਵਾਦ, ਬਿਨ ਰਸਨਾ ਜਿਹਵਾ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਜਣਾਈਆ । ਸਾਚਾ ਹੁਕਮ ਸ਼ਬਦੀ ਸੁਤ, ਨਿਰਗੁਣ ਨਿਰੰਕਾਰ ਨਿਰਾਕਾਰ ਆਪ ਸੁਣਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁਤ, ਭੇਵ ਕੋਇ ਨਾ ਪਾਇੰਦਾ । ਬ੍ਰਹਮੇ ਤੇਰੀ ਸੁਹਾਏ ਰੁੱਤ, ਪਾਰਬ੍ਰਹਮ ਦਇਆ ਕਮਾਇੰਦਾ । ਮੇਰੀ ਧਾਰ ਤੇਰੇ ਅੰਦਰ ਪਏ ਫੁੱਟ, ਆਪਣਾ ਖੇਲ ਆਪ ਸਮਝਾਇੰਦਾ । ਸ਼ਬਦੀ ਸ਼ਬਦ ਪਏ ਉਠ, ਉਠ ਉਠ ਬਲ ਵਖਾਇੰਦਾ । ਸੁਆਮੀ ਠਾਕਰ ਜਾਏ ਤੁਠ, ਸਿਰ ਆਪਣਾ ਹੱਥ ਟਿਕਾਇੰਦਾ । ਅੰਮ੍ਰਿਤ ਜਾਮ ਪਿਆਏ ਘੁੱਟ, ਸਚ ਪਿਆਲਾ ਹੱਥ ਰਖਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਤੇਰੀ ਝੋਲੀ ਪਾਇੰਦਾ । ਏਕਾ ਨਾਉਂ ਖੇਲ ਅਪਾਰਾ, ਹਰਿ ਜੂ ਹਰਿ ਹਰਿ ਜਣਾਇੰਦਾ । ਤੇਰੇ ਅੰਦਰ ਨਾਦੀ ਧਾਰਾ, ਅਨਾਦੀ ਨਾਦ ਵਜਾਇੰਦਾ । ਤੇਰਾ ਲੇਖਾ ਵੇਦ ਚਾਰਾ, ਲਿਖ ਲਿਖ ਆਪ ਸਮਝਾਇੰਦਾ । ਤੇਰਾ ਭੇਵ ਜੁਗ ਚਾਰਾ, ਜੁਗ ਚੌਕੜੀ ਬੰਧਨ ਪਾਇੰਦਾ । ਤੇਰਾ ਰੂਪ ਚਾਰ ਵਰਨ ਕਰੇ ਪਸਾਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਇੰਦਾ । ਤੇਰਾ ਨੂਰ ਚਾਰ ਕੁੰਟ ਹੋਏ ਉਜਿਆਰਾ, ਉਤਰ ਪੂਰਬ ਪੱਛਮ ਦੱਖਣ ਵੰਡ ਵੰਡਾਇੰਦਾ । ਕਰੇ ਖੇਲ ਆਪ ਨਿਰੰਕਾਰਾ, ਧੁਰ ਸੰਦੇਸਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸ਼ਬਦ ਪਰਗਟਾਇੰਦਾ । ਬ੍ਰਹਮਾ ਕਹੇ ਸੁਣ ਨਿਰੰਕਾਰ, ਦਰ ਤੇਰੇ ਸੀਸ ਝੁਕਾਇਆ । ਕਵਣ ਰੂਪ ਤੇਰੀ ਗੁਫਤਾਰ, ਕਵਣ ਸੰਦੇਸਾ ਦਏ ਅਲਾਇਆ । ਕਵਣ ਬਣੇ ਲੇਖ ਲਿਖਾਰ, ਲਿਖ ਲਿਖ ਲੇਖ ਦਏ ਜਣਾਇਆ । ਕਵਣ ਕਰੇ ਸਚ ਵਿਹਾਰ, ਬਣ ਬਿਵਹਾਰੀ ਭੇਵ ਖੁਲ੍ਹਾਇਆ । ਮੈਂ ਤੇਰਾ ਸੇਵਾਦਾਰ, ਬਣ ਸੇਵਕ ਸੇਵ ਕਮਾਇਆ । ਦੋਏ ਜੋੜ ਕਰਾਂ ਨਿਮਸਕਾਰ, ਧੂੜੀ ਟਿੱਕਾ ਮਸਤਕ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,



੮੩੩
੧੧

ਵਸਤ ਅਮੋਲਕ ਆਪ ਵਰਤਾਇਆ । ਮੇਰਾ ਨਾਉਂ ਸ਼ਬਦ ਧਾਰ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਲੇਖਾ ਜਾਣੇ ਵੇਦ ਚਾਰ, ਚਾਰ ਜੁਗ ਵੰਡ ਵੰਡਾਇੰਦਾ । ਚਾਰੇ ਖਾਣੀ ਕਰ ਤਿਆਰ, ਉਤਭੁਜ ਸੇਤਜ ਜੇਰਜ ਅੰਡ ਰੰਗ ਰੰਗਾਇੰਦਾ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਚਾਰ ਜੁਗ ਗੁਰ ਅਵਤਾਰ, ਪੰਜ ਤੱਤ ਕਾਇਆ ਸੇਵਾ ਲਾਇੰਦਾ । ਚਾਰ ਜੁਗ ਭਗਤ ਭਗਵਨ ਦਏ ਅਧਾਰ, ਭੇਵ ਅਭੇਦ ਆਪ ਖੁਲ੍ਹਾਇੰਦਾ । ਚਾਰ ਜੁਗ ਸੰਤਨ ਦੇਵੇ ਆਪ ਦੀਦਾਰ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਚਾਰ ਜੁਗ ਗੁਰਮੁਖਾਂ ਖੋਲ੍ਹ ਬੰਦ ਕਿਵਾੜ, ਆਤਮ ਪਰਮਾਤਮ ਬੂਝ ਬੁਝਾਇੰਦਾ । ਚਾਰ ਜੁਗ ਗੁਰਸਿਖ ਸਾਚੇ ਘੋੜੇ ਚਾੜ੍ਹ, ਵਾਗਾਂ ਆਪਣੇ ਹੱਥ ਰਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਵੇ ਜਾਵੇ ਵਾਰੋ ਵਾਰ, ਵੇਸ ਅਨੇਕਾ ਆਪ ਵਟਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਕਰ ਵਿਹਾਰ, ਹਰਿ ਸ਼ਬਦੀ ਖੇਲ ਕਰਾਇੰਦਾ । ਗੁਰ ਅਵਤਾਰ ਕਰ ਸੇਵਾਦਾਰ, ਪੰਜ ਤੱਤ ਸੇਵਾ ਸਚ ਜਣਾਇੰਦਾ । ਪੀਰ ਪੈਗ਼ੰਬਰ ਦੇ ਅਧਾਰ, ਦਸਤਗੀਰ ਸੰਗ ਨਿਭਾਇੰਦਾ । ਏਕਾ ਬੋਲ ਸਤਿ ਜੈਕਾਰ, ਜੈ ਜੈਕਾਰਾ ਆਪਣੇ ਨਾਉਂ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਹਿਣਾ ਖ਼ਬਰਦਾਰ, ਹਰਿ ਜੂ ਹਰਿ ਹਰਿ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸਮਝਾਇੰਦਾ । ਧੁਰ ਫ਼ਰਮਾਣਾ ਏਕਾ ਵਾਰ, ਆਦਿ ਪੁਰਖ ਆਪ ਜਣਾਈਆ । ਬ੍ਰਹਮੇ ਤੇਰਾ ਬ੍ਰਹਮ ਭੰਡਾਰ, ਲੱਖ ਚੁਰਾਸੀ ਬਣਤ ਬਣਾਈਆ । ਘਟ ਘਟ ਅੰਦਰ ਜੋਤ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਘਟ ਘਟ ਅੰਦਰ ਸ਼ਬਦ ਧੁੰਨਕਾਰ, ਅਨਹਦ ਰਾਗੀ ਰਾਗ ਅਲਾਈਆ । ਘਟ ਘਟ ਅੰਦਰ ਖੇਲ ਮਹਾਨ, ਗੋਪੀ ਕਾਹਨ ਆਪ ਨਚਾਈਆ । ਘਟ ਘਟ ਅੰਦਰ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਈਆ । ਘਟ ਘਟ ਅੰਦਰ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਕੁੜਮਾਈਆ । ਘਟ ਘਟ ਅੰਦਰ ਸੁੰਞ ਮਸਾਣ, ਧੂੰਆਂਧਾਰ ਆਪ ਰਖਾਈਆ । ਘਟ ਘਟ ਅੰਦਰ ਦੇਵੇ ਗਿਆਨ, ਆਤਮ ਪਰਮਾਤਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਨਿਰਗੁਣ ਸਰਗੁਣ ਵੇਖ ਵਖਾਈਆ । ਨਿਰਗੁਣ ਸਰਗੁਣ ਹਰਿ ਜੂ ਵੇਖੇ, ਵੇਖਣਹਾਰ ਆਪ ਕਰਤਾਰਾ । ਜੁਗਾ ਜੁਗੰਤਰ ਲਾਏ ਲੇਖੇ, ਲੇਖਾ ਜਾਣੇ ਗੁਰ ਅਵਤਾਰਾ । ਲੱਖ ਚੁਰਾਸੀ ਭਰਮ ਭੁਲੇਖੇ, ਆਪ ਬਣਾਇਆ ਭਰਮੀ ਗੜ੍ਹ ਹੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਬੋਲੇ ਸਚ ਜੈਕਾਰਾ । ਜੈ ਜੈਕਾਰ ਏਕਾ ਵਾਰ, ਆਦਿ ਪੁਰਖ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਤੇਰੀ ਰੀਤੀ ਅਗੰਮ ਅਪਾਰ, ਅਲਖ ਅਗੋਚਰ ਤੇਰੀ ਵਡਿਆਈਆ । ਤੇਰਾ ਭੇਵ ਨਾ ਪਾਏ ਕੋਈ ਸਾਰ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਹਉਂ ਸੇਵਕ ਸੇਵਾ ਕਰੀਏ ਵਿਚ ਸੰਸਾਰ, ਵੇਦ ਕਤੇਬ ਨਾਲ ਰਲਾਈਆ । ਸ਼ਾਸਤਰ ਸਿਮਰਤ ਖੋਲ੍ਹ ਕਿਵਾੜ, ਬਣ ਹਟਵਾਣਾ ਹੱਟ ਚਲਾਈਆ । ਅੱਖਰ ਅੱਖਰ ਦੇ ਗਿਆਨ, ਅੱਖ ਅੱਖ ਨਾਲ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਪੈਗ਼ਾਮ, ਸਚ ਸੰਦੇਸਾ ਮਾਤ ਸੁਣਾਈਆ । ਅੰਜੀਲ ਕੁਰਾਨ ਕਰਨ ਵਖਾਣ, ਤੀਸ ਬਤੀਸਾ ਏਕਾ ਗਾਈਆ । ਚਾਰੇ ਬਾਣੀ ਗੁਣ ਨਿਧਾਨ, ਚਾਰੇ ਖਾਣੀ ਝੋਲੀ ਪਾਈਆ । ਅੰਤਮ ਸਾਰੇ ਹੋਣ ਹੈਰਾਨ, ਗੁਰ ਪੀਰ ਪੈਗ਼ੰਬਰ ਨੇਤਰ ਨੈਣ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਕਰਤਾਰ, ਕੁਦਰਤ ਆਪਣੇ ਹੱਥ ਰਖਾਇੰਦਾ । ਲੇਖਾ ਜਾਣੇ ਜੁਗ ਜੁਗ ਚਾਰ,

ਜੁਗ ਚੌਕੜੀ ਵੰਡ ਵੰਡਾਇੰਦਾ । ਹੁਕਮੇ ਅੰਦਰ ਗੁਰ ਅਵਤਾਰ, ਹੁਕਮੀ ਹੁਕਮ ਆਪ ਫਿਰਾਇੰਦਾ । ਹੁਕਮੇ ਅੰਦਰ ਅਠ ਦਸ ਹੋਏ ਉਜਿਆਰ, ਹੁਕਮੇ ਅੰਦਰ ਪੰਜ ਤੱਤ ਆਪਣਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਵਖਾਇੰਦਾ । ਆਪਣਾ ਖੇਲ ਰੱਖੇ ਹੱਥ, ਭੇਵ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਚਲਾਇਆ ਰਥ, ਗੁਰ ਅਵਤਾਰ ਦੇਣ ਗਵਾਹੀਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਾਏ ਨਥ, ਨਾਮ ਡੋਰੀ ਹੱਥ ਰਖਾਈਆ । ਆਪਣੀ ਮਹਿਮਾ ਗਣਾਏ ਅਕਥ, ਕਥਨੀ ਕਥ ਨਾ ਸਕੇ ਰਾਈਆ । ਸਦਾ ਸੁਹੇਲਾ ਮਾਰਗ ਦੱਸ, ਏਕਾ ਏਕ ਰਾਹ ਵਖਾਈਆ । ਜੁਗ ਚੌਕੜੀ ਪੰਧ ਮੁਕਾਏ ਨੱਸ ਨੱਸ, ਬਣੇ ਪਾਂਧੀ ਸੱਚਾ ਰਾਹੀਆ । ਸੱਚਾ ਮਾਰਗ ਜਨ ਭਗਤਾਂ ਦੱਸ ਆਪਣਾ ਭੇਵ ਖੁਲ੍ਹਾਈਆ । ਏਕਾ ਨੂਰ ਕਰੇ ਪਰਕਾਸ਼, ਰਵ ਸਸ ਮੁਖ ਸ਼ਰਮਾਈਆ । ਏਕਾ ਕਰੇ ਭੋਗ ਬਲਾਸ, ਆਤਮ ਪਰਮਾਤਮ ਲਏ ਪਰਨਾਈਆ । ਏਕਾ ਪਹਿਨੇ ਸਚ ਲਿਬਾਸ, ਪੰਜ ਤੱਤ ਚੋਲਾ ਆਪ ਹੰਢਾਈਆ । ਏਕਾ ਵੇਖੇ ਖੇਲ ਤਮਾਸ਼, ਪਵਨ ਸਵਾਸ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਰਾਗ ਆਪ ਅਲਾਈਆ । ਸ਼ਬਦੀ ਰਾਗ ਗਾਏ ਕਰਤਾਰਾ, ਗਾਵਣਹਾਰਾ ਦਿਸ ਨਾ ਆਈਆ । ਜੁਗ ਚੌਕੜੀ ਬਣਦਾ ਰਿਹਾ ਵਣਜਾਰਾ, ਦੋ ਜਹਾਨਾ ਹੱਟ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਆਪੇ ਬੂਝੇ ਬੂਝਣਹਾਰਾ, ਦੂਸਰ ਸਮਝ ਵਿਚ ਨਾ ਆਈਆ । ਰਾਗੀ ਨਾਦੀ ਵਸੇ ਬਾਹਰਾ, ਕਹਿ ਕਹਿ ਕਥ ਕਥ ਅੰਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਸਮਝਾਈਆ । ਸਾਚਾ ਭੇਵ ਖੋਲ੍ਹੇ ਭਗਵਨ, ਆਪਣੀ ਦਇਆ ਕਮਾਇੰਦਾ । ਜੁਗ ਚੌਕੜੀ ਬੰਨ੍ਹੇ ਬਾਨ੍ਹਣ, ਸਿਰ ਆਪਣੇ ਭਾਰ ਉਠਾਇੰਦਾ । ਲੇਖਾ ਜਾਣੇ ਸੀਤਾ ਰਾਮਣ, ਕ੍ਰਿਸ਼ਨਾ ਕਾਹਨਨ ਵੇਖ ਵਖਾਇੰਦਾ । ਈਸਾ ਮੂਸਾ ਦੇ ਨਿਸ਼ਾਨਣ, ਸਚ ਪੈਗ਼ਾਮ ਆਪ ਅਲਾਇੰਦਾ । ਇਕ ਮੁਹੰਮਦ ਬੰਨ੍ਹੇ ਗਾਨਣ, ਚੌਦਾਂ ਤਬਕ ਤੰਦ ਵਖਾਇੰਦਾ । ਨਾਨਕ ਦੇਵੇ ਨਾਮ ਨਿਧਾਨਨ, ਨਾਮ ਸਤਿ ਸਤਿ ਵਰਤਾਇੰਦਾ । ਗੋਬਿੰਦ ਕਹੇ ਪੁਰਖ ਅਕਾਲਣ, ਦੂਜੀ ਓਟ ਨਾ ਕੋਇ ਤਕਾਇੰਦਾ । ਆਦਿ ਜੁਗਾਦੀ ਖੇਲ ਮਹਾਨਨ, ਖ਼ਾਲਕ ਖ਼ਲਕ ਆਪ ਕਰਾਇੰਦਾ । ਕਲਜੁਗ ਅੰਤ ਹੋਏ ਪਰਧਾਨਨ, ਨਿਹਕਲੰਕਾ ਨਾਉਂ ਰਖਾਇੰਦਾ । ਡੰਕ ਵਜਾਏ ਦੋ ਜਹਾਨਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਪਤਾਲਾਂ ਆਪ ਹਿਲਾਇੰਦਾ । ਇਕ ਝੁਲਾਏ ਸਚ ਨਿਸ਼ਾਨਨ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਤਖ਼ਤੋਂ ਲਾਹਿੰਦਾ । ਏਕਾ ਦੇਵੇ ਸੱਚਾ ਦਾਨਨ, ਲੱਖ ਚੁਰਾਸੀ ਬਖ਼ਸ਼ੇ ਮਾਨਨ, ਆਤਮ ਅੰਤਰ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਖੇਲ ਆਪ ਕਰਾਇੰਦਾ । ਸ਼ਬਦੀ ਖੇਲ ਗੁਰ ਗੁਰ ਸੱਜਣ, ਸਤਿਗੁਰ ਪੂਰਾ ਆਪ ਕਰਾਈਆ । ਨੌਂ ਖੰਡ ਪ੍ਰਿਥਮੀ ਏਕਾ ਸੱਜਣ, ਲੱਖ ਚੁਰਾਸੀ ਦਏ ਬਣਾਈਆ । ਸਰਬ ਜੀਆਂ ਦਾ ਪੜਦੇ ਕੱਜਣ, ਪੁਰਖ ਅਕਾਲ ਇਕ ਅਖਵਾਈਆ । ਜੋ ਘੜਿਆ ਸੋ ਅੰਤਮ ਭੱਜਣ, ਥਿਰ ਕੋਇ ਰਹਿਣ ਨਾ ਪਾਈਆ । ਜੁਗ ਜੁਗ ਕਾਲ ਨਗਾਰੇ ਸਿਰ ਤੇ ਵੱਜਣ, ਕੂਕੇ ਕਾਲ ਦਏ ਦੁਹਾਈਆ । ਲਾੜੀ ਮੌਤ ਘਰ ਘਰ ਆਏ ਸੱਦਣ, ਰਾਏ ਧਰਮ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਉਂ ਦਏ ਵਡਿਆਈਆ । ਵਿਸ਼ਨੂੰ ਕਹੇ ਤੇਰਾ ਨਾਉਂ, ਹਰਿ ਨਿਰੰਕਾਰ ਮੋਹੇ ਭਾਇਆ । ਬ੍ਰਹਮਾ ਕਹੇ ਤੂੰ ਪਿਤਾ ਮਾਉਂ, ਮੈਂ ਤੇਰੀ ਗੋਦ ਸੁਹਾਇਆ । ਆਦਿ ਅੰਤ ਫੜਨਾ ਬਾਹੋਂ, ਇਕ ਤੇਰੀ ਓਟ ਤਕਾਇਆ । ਸਦਾ

ਸਦ ਦੇਣੀ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਇਆ । ਜੁਗ ਜੁਗ ਕਰਨਾ ਹੱਕ ਨਿਆਉਂ, ਹੱਕ ਹਕੀਕਤ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਦੇ ਸਮਝਾਇਆ । ਆਪਣਾ ਮਾਰਗ ਦੇਣਾ ਦੱਸ, ਅੰਤ ਤੇਰੀ ਓਟ ਤਕਾਈਆ । ਜੁਗ ਚੌਕੜੀ ਹੋਣ ਬਸ, ਲੋਕਮਾਤ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆ ਆ ਜਾਣ ਨੱਸ, ਤੇਰੇ ਤੇਰੇ ਵਿਚ ਸਮਾਈਆ । ਲੱਖ ਚੁਰਾਸੀ ਤ੍ਰੈਗੁਣ ਮਾਇਆ ਅੰਦਰ ਰਹੀ ਫਸ, ਜਗਤ ਜੰਜਾਲ ਨਾ ਕੋਇ ਤੁੜਾਈਆ । ਹਉਮੇ ਹੰਗਤਾ ਤੀਰ ਮਾਰੇ ਕਸ, ਗੜ੍ਹ ਹੰਕਾਰ ਨਾ ਕੋਇ ਤੁੜਾਈਆ । ਜੂਠ ਝੂਠ ਦਰ ਦਰ ਘਰ ਘਰ ਰਿਹਾ ਨੱਚ, ਬਣ ਨਟੂਆ ਸਾਂਗ ਵਰਤਾਈਆ । ਕਿਸੇ ਕੰਮ ਨਾ ਆਵੇ ਭਾਂਡਾ ਕੱਚ, ਪੰਜ ਤੱਤ ਨਾ ਕੋਇ ਵਡਿਆਈਆ । ਏਕਾ ਨਾਉਂ ਦੇਣਾ ਸੱਚ, ਮੇਰੇ ਸਾਹਿਬ ਸੱਚੇ ਮਾਹੀਆ । ਮੈਂ ਤੇਰਾ ਤੂੰ ਮੇਰਾ ਇਕ ਦੂਜੇ ਅੰਦਰ ਜਾਈਏ ਰਚ, ਦੂਈ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤ ਸੰਦੇਸਾ ਇਕ ਸੁਣਾਈਆ । ਅੰਤ ਸੰਦੇਸਾ ਦੇਵੇ ਹਰਿ, ਹਰਿ ਹਰਿ ਜੂ ਦਇਆ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲੜ ਲੈਣਾ ਫੜ, ਸਾਚਾ ਪੱਲੂ ਇਕ ਫੜਾਇੰਦਾ । ਸੋਹੰ ਅੱਖਰ ਲੈਣਾ ਪੜ੍ਹ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਸਚਖੰਡ ਦੁਆਰੇ ਜਾਣਾ ਚੜ੍ਹ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਕਰ ਜੁਗ ਚੌਕੜੀ ਪੰਧ ਮੁਕਾਇੰਦਾ । ਕਲਜੁਗ ਅੰਤ ਆਵੇ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਇੰਦਾ, ਡੰਕਾ ਵਜਾਏ ਘਰ ਘਰ, ਰਾਓ ਰੰਕਾਂ ਆਪ ਉਠਾਇੰਦਾ । ਏਕਾ ਅੱਖਰ ਚਾਰ ਵਰਨ ਅੱਗੇ ਧਰ, ਚਾਰ ਜੁਗ ਦੀ ਪਿਛਲੀ ਕੀਤੀ ਆਪ ਉਲਟਾਇੰਦਾ । ਗੁਰਮੁਖ
੮੩੬ ਗੁਰਸਿਖ ਹਰਿਜਨ ਹਰਿਭਗਤ ਸੰਤ ਸੁਹੇਲੇ ਇਕ ਇਕੇਲੇ ਲੈਣ ਪੜ੍ਹ, ਜੀਵ ਜੰਤ ਲੱਖ ਚੁਰਾਸੀ ਭਰਮ ਭੁਲੇਖੇ ਪਾਇੰਦਾ । ਕਿਰਪਾ ਕਰ ਨਰਾਇਣ ੮੩੬
੧੧ ਨਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਪਰਗਟਾਇੰਦਾ । ਏਕਾ ਨਾਉਂ ਸੋਹੰ ਸੋ, ਸੋ ਪੁਰਖ ਨਿਰੰਜਣ ਆਪ ੧੧
ਪਰਗਟਾਈਆ । ਆਪਣੇ ਜਿਹਾ ਆਪੇ ਹੋ, ਹਰਿ ਭਗਤ ਆਪਣੇ ਨਾਲ ਮਿਲਾਈਆ । ਆਪਣਾ ਬੀਜ ਆਪੇ ਬੋ, ਗੁਰਮੁਖ ਫੁਲਵਾੜੀ ਆਪ ਮਹਿਕਾਈਆ । ਦੁਰਮਤ ਮੈਲ ਦੇਵੇ ਧੋ, ਗੁਰਸਿਖਾਂ ਬਖ਼ਸ਼ੇ ਚਰਨ ਸਰਨ ਸਰਨਾਈਆ । ਅੰਮ੍ਰਿਤ ਆਤਮ ਦੇਵੇ ਚੋ, ਨਿਝਰ ਝਿਰਨਾ ਆਪ ਝਿਰਾਈਆ । ਆਦਿ ਨਿਰੰਜਣ ਕਰੇ ਲੋ, ਜੋਤ ਨਿਰੰਜਣ ਦਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਪਣੇ ਹੱਥ ਰਖਾਈਆ । ਵਿਸ਼ਨ ਬ੍ਰਹਮਾ ਵੇਲਾ ਅੰਤਮ ਆਉਣਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਫੇਰਾ ਪਾਉਣਾ, ਲੋਕਮਾਤ ਵੇਸ ਵਟਾਇੰਦਾ । ਚਾਰ ਜੁਗ ਦਾ ਲਹਿਣਾ ਦੇਣਾ ਝੋਲੀ ਪਾਉਣਾ, ਗੁਰ ਅਵਤਾਰ ਦਰ ਬਹਾਇੰਦਾ । ਅੱਗੇ ਮਾਰਗ ਇਕ ਵਿਖੌਣਾ, ਜ਼ਾਤ ਪਾਤ ਨਾ ਕੋਇ ਵਖਾਇੰਦਾ । ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਘਰ ਬਹਾਉਣਾ, ਦਰ ਸਾਚਾ ਇਕ ਵਡਿਆਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਸੋਹੰ ਢੋਲਾ ਸਾਚਾ ਗਾਉਣਾ, ਦੂਜਾ ਅੱਖਰ ਨਾ ਕੋਇ ਪੜ੍ਹਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਤੋਲਾ ਬਣ ਕੇ ਫੇਰਾ ਪਾਉਣਾ, ਲੱਖ ਚੁਰਾਸੀ ਨਾਮ ਕੰਡੇ ਤੋਲ ਤੁਲਾਇੰਦਾ । ਮਨਮੁਖ ਜੀਵ ਅੰਤਮ ਰੋਣਾ, ਸਾਚੀ ਸੇਜ ਮਿਲੇ ਨਾ ਸੌਣਾ, ਆਤਮ ਖਾਟ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮੇ ਆਪ ਸਮਝਾਇੰਦਾ । ਵਿਸ਼ਨੂੰ ਤੇਰਾ ਵਿਸ਼ਵ ਰੂਪ, ਸੋ

ਪੁਰਖ ਨਿਰੰਜਣ ਦਏ ਵਖਾਈਆ । ਬ੍ਰਹਮੇ ਤੇਰਾ ਬ੍ਰਹਮ ਸਰੂਪ, ਆਤਮ ਪਰਮਾਤਮ ਕਰੇ ਕੁੜਮਾਈਆ । ਨਾਉਂ ਨਿਰੰਕਾਰਾ ਚਾਰੇ ਕੂਟ, ਵਰਨ ਬਰਨ ਸੁਣਾਈਆ । ਨਾਤਾ ਤੁਟੇ ਜੂਠ ਝੂਠ, ਸਚ ਸੁਚ ਕਰੇ ਕੁੜਮਾਈਆ । ਏਕਾ ਉਠੇ ਸਾਚਾ ਪੂਤ, ਗੁਰ ਸ਼ਬਦੀ ਨਾਉਂ ਧਰਾਈਆ । ਭਗਤ ਭਗਵੰਤ ਤਾਣਾ ਪੇਟਾ ਸੂੱਤ, ਸੂਤਰਧਾਰੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖੇ ਥਾਉਂ ਥਾਈਆ । ਕਲਜੁਗ ਅੰਤਮ ਥਾਨ ਥਨੰਤਰ, ਨਿਰਗੁਣ ਨਿਰਾਕਾਰ ਵੇਖ ਵਖਾਇੰਦਾ । ਚਾਰੇ ਕੁੰਟ ਲੱਗੇ ਬਸੰਤਰ, ਅਗਨੀ ਅੱਗ ਨਾ ਕੋਇ ਬੁਝਾਇੰਦਾ । ਲੱਖ ਚੁਰਾਸੀ ਭੁੱਲੇ ਗੁਰ ਕਾ ਮੰਤਰ, ਹਰਿ ਹਰਿ ਰਾਗ ਨਾ ਕੋਇ ਅਲਾਇੰਦਾ । ਗਾਰਾ ਮਿਟੀ ਬਣਾ ਬਣਾ ਬਣਤਰ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਘਟ ਘਟ ਵਾਸੀ ਪੁਰਖ ਅਬਿਨਾਸ਼ੀ ਸਰਬ ਜੀਆਂ ਬਿਧ ਜਾਣੇ ਅੰਤਰ, ਨਿਜ ਆਤਮ ਡੇਰਾ ਲਾਇੰਦਾ । ਅੱਖਰ ਅੱਖਰ ਪੜ੍ਹਾਏ ਆਪਣਾ ਮੰਤਰ, ਸੋਹੰ ਸਾਚਾ ਜਾਪ ਜਪਾਇੰਦਾ । ਲੇਖਾ ਜਾਣੇ ਗਗਨ ਗਗਨੰਤਰ, ਮੰਡਲ ਮੰਡਪ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਇਕੋ ਨਾਉਂ ਏਕਾ ਘਰ ਵਸਾਇੰਦਾ । ਏਕਾ ਘਰ ਇਕ ਵਸੇਰਾ, ਵਸਾਵਣਹਾਰਾ ਇਕ ਅਖਵਾਈਆ । ਏਕਾ ਮੰਦਰ ਏਕਾ ਡੇਰਾ, ਏਕਾ ਬੈਠਾ ਆਸਣ ਲਾਈਆ । ਏਕਾ ਦੂਰ ਏਕਾ ਨੇੜਾ, ਏਕਾ ਹਰ ਘਟ ਰਿਹਾ ਸਮਾਈਆ । ਏਕਾ ਨਗਰ ਏਕਾ ਖੇੜਾ, ਏਕਾ ਫੇਰਾ ਪਾਈਆ । ਏਕਾ ਦੇਵੇ ਜੁਗ ਜੁਗ ਗੇੜਾ, ਜੁਗ ਚੌਕੜੀ ਆਪ ਭੁਵਾਈਆ । ਏਕਾ ਕਰੇ ਧਰਤ ਮਾਤ ਦਾ ਖੁਲ੍ਹਾ ਵੇਹੜਾ, ਲੱਖ ਚੁਰਾਸੀ ਆਪਣੀ ਗੋਦ ਬਹਾਈਆ । ਏਕਾ ਕਰੇ ਹੱਕ ਨਬੇੜਾ, ਸਹੀ ਸਲਾਮਤ ਸੱਚਾ ਮਾਹੀਆ । ਇਕ ਚਲਾਏ ਜੁਗ ਜੁਗ ਬੇੜਾ, ਲੋਕਮਾਤ ਫੇਰਾ ਪਾਈਆ । ਏਕਾ ਨਾਉਂ ਵਖਾਏ ਸੰਝ ਸਵੇਰਾ, ਕਾਲੀ ਰੈਣ ਕੋਇ ਰਹਿਣ ਨਾ ਪਾਈਆ । ਏਕਾ ਨਾਉਂ ਚੁਕਾਏ ਮੇਰਾ ਤੇਰਾ, ਤੇਰਾ ਮੇਰਾ ਪੰਧ ਮੁਕਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਗੁਰ ਸ਼ਬਦੀ ਸ਼ਬਦ ਪਾਏ ਘੇਰਾ, ਨਵ ਨੌਂ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਰਬ ਵਰ, ਵਰ ਦਾਤਾ ਇਕ ਹੋ ਆਈਆ ।



੮੩੭
੧੧

★ ੭ ਚੇਤ ੨੦੧੯ ਬਿਕ੍ਰਮੀ ਉਤਮ ਸਿੰਘ ਦੇ ਗ੍ਰਿਹ ਵੈਰੋਵਾਲ ਜ਼ਿਲਾ ਅੰਮ੍ਰਿਤਸਰ ★

ਕਰ ਖੇਲ ਪੁਰਖ ਸਮਰਥ, ਨਿਰਗੁਣ ਆਪਣੀ ਧਾਰ ਚਲਾਇੰਦਾ । ਸਚਖੰਡ ਦੁਆਰੇ ਆਪੇ ਵਸ, ਜੋਤੀ ਜੋਤ ਡਗਮਗਾਇੰਦਾ । ਆਪਣੀ ਇਛਿਆ ਆਪੇ ਕਰ ਕਰ ਵੱਖ, ਆਪਣੀ ਵੰਡਣ ਆਪ ਵੰਡਾਇੰਦਾ । ਥਿਰ ਘਰ ਦੁਆਰੇ ਸ਼ਬਦੀ ਰੱਖ, ਸ਼ਾਹ ਸੁਲਤਾਨਾ ਆਪ ਸੁਹਾਇੰਦਾ । ਨਿਰਗੁਣ ਨਿਰਗੁਣ ਦੇਵੇ ਰਸ, ਰਸ ਰਸੀਆ ਭੇਵ ਨਾ ਆਇੰਦਾ । ਕਿਰਪਾਨਿਧ ਕਰ ਪਰਕਾਸ਼, ਨੂਰ ਨੁਰਾਨਾ ਡਗਮਗਾਇੰਦਾ । ਵੇਖਣਹਾਰਾ ਖੇਲ ਤਮਾਸ਼, ਸਾਚੀ ਰਾਸ ਆਪ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਰੂਪ ਆਪ ਧਰਾਇੰਦਾ । ਸ਼ਬਦੀ ਰੂਪ ਪੁਰਖ ਅਗੰਮ, ਅਗੰਮੜੀ ਕਾਰ ਕਮਾਈਆ । ਆਪਣਾ ਨੂਰ ਆਪੇ ਜੰਮ, ਨਾ ਕੋਈ ਪਿਤਾ ਨਾ ਕੋਈ ਮਾਈਆ । ਆਪੇ ਜਾਣੇ ਆਪਣਾ ਕੰਮ, ਕਰਤਾ ਪੁਰਖ ਨਾਉਂ ਧਰਾਈਆ । ਕਰੇ ਖੇਲ ਸ੍ਰੀ ਭਗਵਾਨ, ਬੇਅੰਤ ਵਡ ਵਡਿਆਈਆ । ਵਸਣਹਾਰਾ ਸਚ ਮਕਾਨ, ਸਚਖੰਡ ਸਾਚੇ ਸੋਭਾ ਪਾਈਆ ।

ਥਿਰ ਘਰ ਦੇਵੇ ਆਪਣਾ ਦਾਨ, ਦਾਤਾ ਦਾਨੀ ਝੋਲੀ ਪਾਈਆ । ਆਦਿ ਜੁਗਾਦੀ ਨੌਜਵਾਨ, ਸੋ ਪੁਰਖ ਨਿਰੰਜਣ ਖੇਲ ਕਰਾਈਆ । ਹਰਿ ਪੁਰਖ ਨਿਰੰਜਣ ਹੋ ਮਿਹਰਵਾਨ, ਏਕੰਕਾਰਾ ਰੰਗ ਚੜ੍ਹਾਈਆ । ਆਦਿ ਨਿਰੰਜਣ ਜੋਤ ਮਹਾਨ, ਜੋਤੀ ਜਾਤਾ ਡਗਮਗਾਈਆ । ਸ੍ਰੀ ਭਗਵਾਨ ਵੇਖੇ ਆਣ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਪੁਰਖ ਅਬਿਨਾਸ਼ੀ ਮੰਗੇ ਦਾਨ, ਭਿਖਕ ਆਪਣੀ ਝੋਲੀ ਡਾਹੀਆ । ਪਾਰਬ੍ਰਹਮ ਵੇਖੇ ਮਾਰ ਧਿਆਨ, ਧਿਆਨ ਧਿਆਨ ਵਿਚ ਮਿਲਾਈਆ । ਤਖ਼ਤ ਨਿਵਾਸੀ ਰਾਜ ਰਾਜਾਨ, ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਨਿਰਗੁਣ ਹੁਕਮਰਾਨ, ਹੁਕਮੀ ਹੁਕਮ ਇਕ ਸੁਣਾਈਆ । ਥਿਰ ਘਰ ਵੇਖੇ ਖੋਲ੍ਹ ਦੁਕਾਨ, ਦਰ ਦਰਵਾਜ਼ਾ ਆਪ ਜਣਾਈਆ । ਸ਼ਬਦੀ ਸੁਤ ਦੇਵੇ ਮਾਣ, ਬਾਲ ਨਿਧਾਨੇ ਇਹ ਸਮਝਾਈਆ । ਮੇਰਾ ਨਾਉਂ ਤੇਰਾ ਗਿਆਨ, ਤੇਰਾ ਗਿਆਨ ਜਗਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਖੋਲ੍ਹ ਕਰਤਾਰ, ਹਰਿ ਕਰਤਾ ਦਇਆ ਕਮਾਇੰਦਾ । ਥਿਰ ਘਰ ਵੇਖੇ ਵੇਖਣਹਾਰ, ਰੂਪ ਰੰਗ ਨਾ ਕੋਇ ਜਣਾਇੰਦਾ । ਸਾਚਾ ਦੀਆ ਕਰ ਉਜਿਆਰ, ਤੇਲ ਬਾਤੀ ਨਾ ਕੋਇ ਪਾਇੰਦਾ । ਕਮਲਾਪਾਤੀ ਖੇਲ ਨਿਆਰ, ਨਰ ਨਿਰੰਕਾਰ ਆਪ ਕਰਾਇੰਦਾ । ਸਾਚੀ ਸਖੀ ਬੋਲ ਜੈਕਾਰ, ਜੈ ਜੈਕਾਰਾ ਆਪ ਸੁਣਾਇੰਦਾ । ਕਰੇ ਖੇਲ ਅਪਰ ਅਪਾਰ, ਅਪਰੰਪਰ ਆਪਣਾ ਰਾਹ ਚਲਾਇੰਦਾ । ਸਾਚੀ ਸਿਖਿਆ ਗੁਰ ਵਿਚਾਰ, ਗੁਰ ਗੁਰ ਬੂਝ ਬੁਝਾਇੰਦਾ । ਏਕਾ ਨਾਦ ਏਕਾ ਧੁੰਨਕਾਰ, ਏਕਾ ਏਕ ਸੁਣਾਇੰਦਾ । ਇਕ ਮਹੱਲ ਅਟੱਲ ਮੁਨਾਰ, ਏਕਾ ਆਸਣ ਲਾਇੰਦਾ । ਏਕਾ ਖੇਲ ਕਰੇ ਨਿਰੰਕਾਰ, ਨਰ ਹਰਿ ਆਪਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਆਪਣੀ ਬਣਤ ਬਣਾਇੰਦਾ । ਥਿਰ ਘਰ ਹਰਿ ਜੂ ਘਾੜਤ ਘੜਿਆ, ਘੜਨਹਾਰ ਆਪ ਨਿਰੰਕਾਰਾ । ਸ਼ਬਦੀ ਸ਼ਬਦ ਅੰਦਰ ਵੜਿਆ, ਉਚੀ ਬੋਲ ਬੋਲ ਜੈਕਾਰਾ । ਆਪਣਾ ਦਰਸ ਆਪੇ ਕਰਿਆ, ਆਪੇ ਮੇਲਣਹਾਰਾ । ਆਪਣਾ ਪੱਲੂ ਆਪੇ ਫੜਿਆ, ਆਪੇ ਬਣੇ ਹਰਿ ਕੰਤ ਭਤਾਰਾ । ਸਾਚੀ ਸੇਜਾ ਆਪੇ ਚੜ੍ਹਿਆ, ਅਲਖ ਅਗੋਚਰ ਬੇਐਬ ਪਰਵਰਦਿਗਾਰਾ । ਸਾਚਾ ਅੱਖਰ ਆਪੇ ਪੜ੍ਹਿਆ, ਨਿਸ਼ਅੱਖਰ ਖੇਲ ਨਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਆਪਣਾ ਕਰ ਪਸਾਰਾ । ਥਿਰ ਘਰ ਪਸਾਰਾ ਸ਼ਬਦੀ ਰੂਪ, ਅਨਭਵ ਆਪਣੀ ਖੇਲ ਕਰਾਇੰਦਾ । ਆਦਿ ਜੁਗਾਦੀ ਸਤਿ ਸਰੂਪ, ਸਤਿ ਪੁਰਖ ਨਿਰੰਜਣ ਵੇਸ ਵਟਾਇੰਦਾ । ਰਾਜ ਰਾਜਾਨ ਸ਼ਾਹੋ ਭੂਪ, ਭੂਪਤ ਆਪਣਾ ਹੁਕਮ ਸੁਣਾਇੰਦਾ । ਵਸਣਹਾਰਾ ਸਾਚੀ ਕੂਟ, ਨਿਹਚਲ ਆਪਣਾ ਧਾਮ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਏਕਾ ਘਰ ਆਪ ਸੁਹਾਇੰਦਾ । ਏਕਾ ਘਰ ਸੋਭਾਵੰਤ, ਥਿਰ ਦਰਬਾਰਾ ਆਪ ਸੁਹਾਈਆ । ਪੁਰਖ ਅਬਿਨਾਸ਼ੀ ਹਰਿ ਬੇਅੰਤ, ਬੇਅੰਤ ਖੇਲ ਵਖਾਈਆ । ਆਪ ਬਣਾਏ ਨਿਰਗੁਣ ਬਣਤ, ਨਿਰਗੁਣ ਵੇਖੇ ਚਾਈਂ ਚਾਈਂਆ । ਸਦਾ ਸੁਹੇਲਾ ਏਕਾ ਕੰਤ, ਕੰਤ ਕੰਤੂਹਲ ਵਡ ਵਡਿਆਈਆ । ਏਕਾ ਨਾਉਂ ਏਕਾ ਮੰਤ, ਏਕਾ ਏਕ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਹਰਿ ਜੂ ਖੜ, ਥਿਰ ਘਰ ਆਪਣੀ ਵੰਡ ਵੰਡਾਈਆ । ਥਿਰ ਘਰ ਵੰਡੇ ਹਰਿ ਕਰਤਾਰਾ, ਆਪਣੀ ਬਣਤ ਆਪ ਬਣਾਇੰਦਾ । ਕਰੇ ਖੇਲ ਅਪਰ ਅਪਾਰਾ, ਭੇਵ ਕੋਇ ਨਾ ਪਾਇੰਦਾ । ਸੋ ਪੁਰਖ ਨਿਰੰਜਣ ਹੋ ਉਜਿਆਰਾ, ਸਾਚਾ ਨਾਅਰਾ ਏਕਾ ਲਾਇੰਦਾ । ਪਿਤਾ ਮਾਤ ਜੋਤ ਅਧਾਰਾ, ਸ਼ਬਦੀ ਪੂਤ ਗੋਦ ਸੁਹਾਇੰਦਾ । ਹੰ ਹੰ ਏਕਾ

੮੩੮
੧੧

ਧਾਰਾ, ਸੋਹੰ ਆਪਣਾ ਰੂਪ ਵਖਾਇੰਦਾ । ਜੋਤੀ ਸ਼ਬਦੀ ਇਕ ਪਿਆਰਾ, ਏਕਾ ਗੰਢ ਪੁਵਾਇੰਦਾ । ਏਕਾ ਮੰਦਰ ਇਕ ਦੁਆਰਾ, ਏਕਾ ਘਰ ਵਸਾਇੰਦਾ । ਏਕਾ ਪੁਰਖ ਏਕਾ ਨਾਰਾ, ਏਕਾ ਕੰਤ ਹੰਢਾਇੰਦਾ । ਏਕਾ ਹੁਕਮ ਇਕ ਵਰਤਾਰਾ, ਹੁਕਮੀ ਹੁਕਮ ਇਕ ਫਿਰਾਇੰਦਾ । ਏਕਾ ਡੰਕਾ ਇਕ ਜੈਕਾਰਾ, ਜੈ ਜੈਕਾਰ ਇਕ ਸੁਣਾਇੰਦਾ । ਏਕਾ ਵਣਜ ਇਕ ਵਪਾਰਾ, ਵਣਜ ਵਪਾਰੀ ਇਕ ਅਖਵਾਇੰਦਾ । ਏਕਾ ਵਸਤ ਇਕ ਭੰਡਾਰਾ, ਹਰਿ ਜੂ ਏਕਾ ਏਕ ਵਰਤਾਇੰਦਾ । ਏਕਾ ਹੋਏ ਦੇਵਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਥਿਰ ਘਰ ਸਾਚੇ ਆਪ ਕਰਾਈਆ । ਸ਼ਬਦੀ ਸੁਤ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਨਾਮ ਨਿਧਾਨਾ ਗੁਣ ਨਿਧਾਨ, ਗੁਣਵੰਤਾ ਆਪ ਸਮਝਾਈਆ । ਏਕਾ ਰਾਗ ਇਕ ਤਰਾਨ, ਸਚ ਤਰਾਨਾ ਆਪੇ ਗਾਈਆ । ਭੇਵ ਖੁਲ੍ਹਾਏ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਏਕਾ ਗੁਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਗੁਰ ਆਪ ਪਰਗਟਾਈਆ । ਸ਼ਬਦੀ ਗੁਰ ਸੂਰਬੀਰ, ਬਲਧਾਰੀ ਆਪ ਉਪਾਇੰਦਾ । ਆਪੇ ਚੋਟੀ ਚੜ੍ਹ ਬੈਠ ਅਖ਼ੀਰ, ਆਖਰ ਆਪਣੀ ਖੇਲ ਵਖਾਇੰਦਾ । ਆਪੇ ਲੱਖ ਚੁਰਾਸੀ ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਮਾਰ ਜ਼ੰਜੀਰ, ਪੰਚਮ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਗੁਰ ਇਕ ਸਮਝਾਇੰਦਾ । ਸ਼ਬਦੀ ਗੁਰ ਹਰਿ ਜਣਾ, ਏਕਾ ਗੁਣ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਝੋਲੀ ਪਾ, ਤ੍ਰੈਗੁਣ ਨਾਤਾ ਜੋੜ ਜੁੜਾਈਆ । ਲੱਖ ਚੁਰਾਸੀ ਘਾੜਨ ਲੈਣਾ ਘੜਾ, ਘੜ ਭਾਂਡੇ ਵੇਖ ਵਖਾਈਆ । ਘਟ ਘਟ ਦੀਪਕ ਜੋਤ ਜਗਾ, ਜੋਤ ਨਿਰੰਜਣ ਕਰ ਰੁਸ਼ਨਾਈਆ । ਘਟ ਘਟ ਨਾਦ ਦੇਣਾ ਵਜਾ, ਅਨਹਦ ਨਾਦ ਹਿਲਾਈਆ । ਘਰ ਘਰ ਸੁਨੇਹੜਾ ਦੇਣਾ ਸੁਣਾ, ਸੋ ਪੁਰਖ ਨਿਰੰਜਣ ਰਿਹਾ ਗਾਈਆ । ਬ੍ਰਹਮਾ ਵੇਤਾ ਦੇਣਾ ਪੜ੍ਹਾ, ਚਾਰ ਵੇਦ ਵੇਦ ਪੜ੍ਹਾਈਆ । ਲੋਕਮਾਤ ਮਾਰਗ ਲਾ, ਲੱਖ ਚੁਰਾਸੀ ਵੇਖ ਵਖਾਈਆ । ਜੁਗ ਜੁਗ ਹਰਿ ਹਰਿ ਨਾਉਂ ਪਰਗਟਾ, ਅਨਭਵ ਆਪਣੀ ਧਾਰ ਵਖਾਈਆ । ਪੰਜ ਤੱਤ ਚੋਲਾ ਮਾਣ ਦਿਵਾ, ਕਾਇਆ ਬੰਕ ਬੰਕ ਵਡਿਆਈਆ । ਨਿਰਗੁਣ ਸਰਗੁਣ ਰੰਗ ਚੜ੍ਹਾ, ਰੰਗ ਰੰਗੀਲਾ ਇਕ ਅਖਵਾਈਆ । ਆਤਮ ਪਰਮਾਤਮ ਬੰਧਨ ਪਾ, ਬ੍ਰਹਮ ਪਾਰਬ੍ਰਹਮ ਵਖਾਈਆ । ਈਸ਼ ਜੀਵ ਏਕਾ ਘਰ ਬਹਾ, ਜਗਦੀਸ ਖ਼ੁਸ਼ੀ ਕਰਾਈਆ । ਆਤਮ ਸੇਜਾ ਇਕ ਸੁਹਾ, ਸੁਹੰਜਣੀ ਸੇਜ ਆਪ ਹੰਢਾਈਆ । ਗੁਰ ਸ਼ਬਦ ਸਤਿਗੁਰ ਹੋ ਬੇਪਰਵਾਹ, ਭੇਵ ਅਭੇਦਾ ਆਪ ਖੁਲ੍ਹਾਈਆ । ਜੁਗ ਜੁਗ ਬਣੇ ਮਾਤ ਮਲਾਹ, ਵੇਸ ਅਨੇਕ ਵਟਾਈਆ । ਗੁਰ ਅਵਤਾਰ ਲਏ ਪਰਗਟਾ, ਪ੍ਰਭ ਆਪਣੀ ਬੂਝ ਬੁਝਾਈਆ । ਸਾਚਾ ਮਾਰਗ ਦਏ ਸਮਝਾ, ਜੀਵਣ ਜੁਗਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਅਖਵਾਈਆ । ਸ਼ਬਦ ਗੁਰ ਇਕੋ ਦਾਤਾ, ਜੁਗ ਜੁਗ ਦਇਆ ਕਮਾਇੰਦਾ । ਖੇਲੇ ਖੇਲ ਪੁਰਖ ਬਿਧਾਤਾ, ਬਿਧ ਆਪਣੇ ਹੱਥ ਰਖਾਇੰਦਾ । ਸਰਗੁਣ ਨਿਰਗੁਣ ਬੱਧਾ ਨਾਤਾ, ਜੋਤੀ ਜਾਤਾ ਜੋੜ ਜੁੜਾਇੰਦਾ । ਬੋਧ ਅਗਾਧ ਸੁਣਾਏ ਗਾਥਾ, ਅੱਖਰ ਅੱਖਰ ਆਪ ਪੜ੍ਹਾਇੰਦਾ । ਆਦਿ ਜੁਗਾਦੀ ਪਿਤਾ ਮਾਤਾ, ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਆਪਣੀ ਗੋਦ ਬਹਾਇੰਦਾ । ਏਕਾ ਦੇਵੇ ਸਾਚਾ ਸਾਥਾ, ਸਗਲਾ ਸੰਗ ਆਪ ਨਿਭਾਇੰਦਾ । ਏਕਾ ਪੂਜਾ ਏਕਾ ਪਾਠਾ, ਇਸ਼ਟ ਦੇਵ ਇਕ ਸਮਝਾਇੰਦਾ । ਏਕਾ ਮੰਦਰ ਏਕਾ ਹਾਟਾ, ਚੌਦਾਂ ਲੋਕ ਖੇਲ ਕਰਾਇੰਦਾ । ਏਕਾ ਤੀਰਥ ਏਕਾ ਤਾਟਾ, ਹਰਿ


੮੩੯
੧੧

ਚਰਨ ਸਰੋਵਰ ਇਕ ਬਣਾਇੰਦਾ । ਏਕਾ ਅੰਮ੍ਰਿਤ ਏਕਾ ਬਾਟਾ, ਕਵਲ ਨਾਭੀ ਆਪ ਰਖਾਇੰਦਾ । ਏਕਾ ਮੰਤਰ ਏਕਾ ਗਾਥਾ, ਰਾਮ ਨਾਮ ਇਕ ਸਮਝਾਇੰਦਾ । ਏਕਾ ਪੁਛਣਹਾਰਾ ਵਾਤਾ, ਗੁਰ ਸ਼ਬਦੀ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਖੇਲ ਕਰਾਇੰਦਾ । ਗੁਰ ਗੁਰ ਖੇਲ ਆਦਿ ਜੁਗਾਦਿ ਅਵੱਲਾ, ਜੁਗ ਜੁਗ ਭੇਵ ਕੋਇ ਨਾ ਪਾਇੰਦਾ । ਵਸਣਹਾਰਾ ਸਚਖੰਡ ਮਹੱਲਾ, ਸਤਿ ਸਤਿਵਾਦੀ ਵੇਸ ਧਰਾਇੰਦਾ । ਨਿਰਗੁਣ ਸਰਗੁਣ ਫੜਾਏ ਪੱਲਾ, ਸ਼ਬਦੀ ਡੋਰ ਆਪ ਬੰਧਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਰਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਸਚ ਸੰਦੇਸ ਗੁਰ ਅਵਤਾਰ ਪੀਰ ਪੈਗ਼ੰਬਰ ਆਪੇ ਘੱਲਾ, ਕਲਮਾ ਕਲਾਮ ਆਪ ਪੜ੍ਹਾਇੰਦਾ । ਦੋ ਜਹਾਨ ਸ੍ਰੀ ਭਗਵਾਨ ਨੂਰ ਇਲਾਹੀ ਆਪੇ ਖੱਲਾ, ਨੂਰੋ ਨੂਰ ਡਗਮਗਾਇੰਦਾ । ਨਿਰਗੁਣ ਨਿਰਾਕਾਰ ਸਰਗੁਣ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਵੇਸ ਵਟਾਇੰਦਾ । ਸ਼ਬਦ ਗੁਰ ਵੇਸ ਅਨੇਕਾ, ਜੁਗ ਕਰਤਾ ਆਪ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਧਰਿਆ ਭੇਖਾ, ਭੇਖਾਧਾਰੀ ਭੇਵ ਨਾ ਰਾਈਆ । ਕਲਜੁਗ ਪੀਰ ਪੈਗ਼ੰਬਰ ਲੇਖਾ ਜਾਣੇ ਮੁੱਲਾਂ ਸ਼ੇਖਾ, ਬਿਸਮਲ ਆਪਣਾ ਖੇਲ ਕਰਾਈਆ । ਨਰ ਨਰੈਣ ਭਗਤ ਭਗਵੰਤ ਨੇਤਰ ਲੋਚਣ ਏਕਾ ਵੇਖਾ, ਆਤਮ ਤਾਕੀ ਬੰਦ ਖੁਲ੍ਹਾਈਆ । ਭੇਵ ਜਣਾਏ ਮੂੰਡ ਮੁੰਡਾਏ ਧਾਰੀ ਕੇਸਾ, ਨਰ ਨਰੇਸ਼ਾ ਬੇਪਰਵਾਹੀਆ । ਜੁਗਾ ਜੁਗੰਤਰ ਜਾਣੇ ਲੇਖਾ, ਅਭੁੱਲ ਭੁੱਲ ਕਦੇ ਨਾ ਜਾਈਆ । ਸ਼ਬਦੀ ਗੁਰ ਖੇਡੇ ਖੇਡਾ, ਜੁਗ ਚੌਕੜੀ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਦਏ ਵਡਿਆਈਆ । ਏਕਾ ਸ਼ਬਦ ਵੱਡਾ ਵਡ, ਹਰਿ ਜੂ ਹਰਿ ਹਰਿ ਆਪ ਬਣਾਇੰਦਾ । ਸਚਖੰਡ ਦੁਆਰੇ ਆਪਣੇ ਵਿਚੋਂ ਕੱਢ, ਥਿਰ ਘਰ ਸਾਚੇ ਆਪ ਬਹਾਇੰਦਾ । ਲੱਖ ਚੁਰਾਸੀ ਜੀਵ ਜੰਤ ਖਾਣੀ ਬਾਣੀ ਲਡਾਏ ਲਡ, ਅੰਡਜ ਜੇਰਜ ਉਤਭੁਜ ਸੇਤਜ ਆਪ ਸਮਾਇੰਦਾ । ਨਾ ਕੋਈ ਜਾਣੇ ਪਾਰ ਕਿਨਾਰਾ ਹੱਦ, ਅਧਵਿਚਕਾਰ ਸਰਬ ਫਿਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਹਰਿ ਕਾ ਨਾਉਂ ਵਜਾ ਕੇ ਗਏ ਨਾਦ, ਨਾਦ ਅਨਾਦੀ ਨਾਦ ਸੁਣਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਬੋਧ ਅਗਾਧ, ਬੋਧ ਅਗਾਧਾ ਭੇਵ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰਹੇ ਅਰਾਧ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਭਗਤ ਭਗਵੰਤ ਆਪੇ ਲਾਧ, ਜੁਗ ਜੁਗ ਆਪਣਾ ਮੇਲ ਮਿਲਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਆਪਣੀ ਗੋਦ ਬਹਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਏਕਾ ਅੱਖਰ ਨਾਉਂ ਪੜ੍ਹਾਇੰਦਾ । ਏਥੇ ਓਥੇ ਦੋ ਜਹਾਨ ਸੁਨਣਹਾਰ ਫਰਯਾਦ, ਸਤਿਗੁਰ ਪੂਰਾ ਨਾਉਂ ਧਰਾਇੰਦਾ । ਸਾਚੀ ਡੋਰੀ ਆਪੇ ਬਾਂਧ, ਚਰਨ ਪ੍ਰੀਤੀ ਇਕ ਸਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਗੁਰ ਗੁਰ ਸਾਲਾਹਿੰਦਾ । ਸ਼ਬਦ ਗੁਰ ਸਲਾਹੁਣ ਜੋਗ, ਜੋਗੀ ਜਤੀ ਜੁਗੀਸ਼ਰ ਰਹੇ ਗਾਈਆ । ਸ਼ਬਦ ਗੁਰ ਧੁਰ ਸੰਜੋਗ, ਆਦਿ ਜੁਗਾਦਿ ਮੇਲ ਮਿਲਾਈਆ । ਗੁਰ ਸ਼ਬਦ ਕੱਟੇ ਰੋਗ, ਹਉਮੇ ਹੰਗਤਾ ਰਹਿਣ ਨਾ ਪਾਈਆ । ਗੁਰ ਸ਼ਬਦ ਲੇਖਾ ਚੁਕਾਏ ਚੌਦਾਂ ਲੋਕ, ਲੋਕ ਪਰਲੋਕ ਹੋਏ ਸਹਾਈਆ । ਗੁਰ ਸ਼ਬਦ ਵਖਾਏ ਸਚਖੰਡ ਦੁਆਰਾ ਸਾਚਾ ਕੋਟ, ਛੱਪਰ ਛੰਨ ਨਾ ਕੋਇ ਛੁਹਾਈਆ । ਗੁਰ ਸ਼ਬਦ ਮਿਲਾਏ ਨਿਰਮਲ ਜੋਤ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਰ ਦਏ ਵਡਿਆਈਆ । ਏਕਾ ਗੁਰ ਸ਼ਬਦੀ ਰੰਗ, ਰੰਗ ਰੰਗੀਲਾ ਹਰਿ ਬਣਾਇੰਦਾ । ਏਕਾ ਗੁਰ ਸੇਜ ਪਲੰਘ, ਪਾਵਾ ਚੂਲ ਨਾ ਕੋਇ ਰਖਾਇੰਦਾ । ਏਕਾ ਗੁਰ ਵਡ

ਤਰੰਗ, ਲੋਆਂ ਪੁਰੀਆਂ ਆਪ ਦੌੜਾਇੰਦਾ । ਏਕਾ ਗੁਰ ਡੂੰਘੀ ਕੰਦਰ ਜਾਏ ਲੰਘ, ਕਾਇਆ ਮੰਦਰ ਅੰਦਰ ਔਂਦਾ ਜਾਂਦਾ ਦਿਸ ਨਾ ਆਇੰਦਾ । ਏਕਾ ਗੁਰ ਅੰਦਰ ਵੜ ਵਜਾਏ ਮਰਦੰਗ, ਅਨਹਦ ਨਾਦੀ ਨਾਦ ਸੁਣਾਇੰਦਾ । ਏਕਾ ਗੁਰ ਸੂਰਾ ਸਰਬੰਗ, ਸੂਰਬੀਰ ਖੇਲ ਕਰਾਇੰਦਾ । ਏਕਾ ਗੁਰ ਆਵਣ ਜਾਵਣ ਲੱਖ ਚੁਰਾਸੀ ਮੁਕਾਏ ਪੰਧ, ਜਨਮ ਮਰਨ ਗੇੜ ਚੁਕਾਇੰਦਾ । ਏਕਾ ਗੁਰ ਨਾਤਾ ਤੋੜੇ ਜੇਰਜ ਅੰਡ, ਉਤਭੁਜ ਸੇਤਜ ਪਾਰ ਕਰਾਇੰਦਾ । ਏਕਾ ਗੁਰ ਸਾਚਾ ਨਾਮ ਦੇਵੇ ਵੰਡ, ਜਗਤ ਹੱਟ ਹੱਥ ਕਿਸੇ ਨਾ ਆਇੰਦਾ । ਏਕਾ ਗੁਰ ਜੁਗ ਜੁਗ ਮੇਟੇ ਭੇਖ ਪਖੰਡ, ਸਤਿਜੁਗ ਤ੍ਰੇਤਾ ਦੁਆਪਰ ਆਪ ਹੰਢਾਇੰਦਾ । ਏਕਾ ਗੁਰ ਦੂਈ ਦਵੈਤੀ ਭਰਮਾਂ ਢਾਹੇ ਕੰਧ, ਨਿਰਗੁਣ ਜੋਤ ਸਾਚਾ ਚੰਦ ਚੜ੍ਹਾਇੰਦਾ । ਏਕਾ ਗੁਰ ਆਤਮ ਪਰਮਾਤਮ ਦੇਵੇ ਸਚ ਸੁਗੰਧ, ਫੁਲ ਫੁਲਵਾੜੀ ਇਕ ਮਹਿਕਾਇੰਦਾ । ਏਕਾ ਗੁਰ ਸਚ ਅਨੰਦ, ਅਨੰਦ ਮੰਗਲ ਏਕਾ ਗਾਇੰਦਾ । ਏਕਾ ਗੁਰ ਪਰਮਾਨੰਦ, ਪਰਮ ਪੁਰਖ ਖੇਲ ਕਰਾਇੰਦਾ । ਏਕਾ ਗੁਰ ਜੁਗ ਚੌਕੜੀ ਪਾਏ ਬੰਧ, ਬੰਦੀਖਾਨਾ ਆਪਣੇ ਹੱਥ ਰਖਾਇੰਦਾ । ਏਕਾ ਗੁਰ ਟੁੱਟੀ ਦੇਵੇ ਗੰਢ, ਗੰਢਣਹਾਰ ਦਇਆ ਕਮਾਇੰਦਾ । ਏਕਾ ਗੁਰ ਨਾਤਾ ਤੋੜੇ ਜਗਤ ਦੁਹਾਗਣ ਨਾਰ ਰੰਡ, ਹਰਿ ਜੂ ਕੰਤ ਇਕ ਮਿਲਾਇੰਦਾ । ਏਕਾ ਗੁਰ ਆਦਿ ਜੁਗਾਦਿ ਸੁਣਾਏ ਸਾਚਾ ਛੰਦ, ਜੁਗ ਜੁਗ ਢੋਲਾ ਏਕਾ ਗਾਇੰਦਾ । ਏਕਾ ਗੁਰ ਦੂਰ ਦੁਰਾਡਾ ਮੁਕਾਏ ਪੰਧ, ਨੇਰਨ ਨੇਰ ਦਰਸ ਕਰਾਇੰਦਾ । ਏਕਾ ਗੁਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਬਣਾਇੰਦਾ । ਸ਼ਬਦ ਗੁਰ ਹਰਿ ਜੂ ਹਰਿ ਹਰਿ, ਏਕਾ ਏਕ ਬਣਾਈਆ । ਜੁਗ ਚੌਕੜੀ ਖੇਲ ਕਰ ਕਰ, ਨਵ ਨੌਂ ਚਾਰ ਵੇਖ ਵਖਾਈਆ । ਗੁਰ ਅਵਤਾਰ ਹੁਕਮੇ ਅੰਦਰ ਫੜ ਫੜ, ਸਾਚੀ ਸੇਵਾ ਇਕ ਸਮਝਾਈਆ । ਭਗਤ ਭਗਵੰਤ ਚੁਕਾ ਡਰ ਡਰ, ਭੈ ਭੌ ਦਏ ਮੁਕਾਈਆ । ਸੰਤ ਸਾਜਨ ਦਰਸ ਦਿਖਾਏ ਖੜ ਖੜ, ਸਵੱਛ ਸਰੂਪੀ ਰੂਪ ਵਟਾਈਆ । ਗੁਰਮੁਖ ਸੱਜਣ ਲਾਏ ਲੜ ਲੜ, ਆਪ ਆਪਣਾ ਬੰਧਨ ਪਾਈਆ । ਗੁਰਮੁਖ ਵੇਖੇ ਸਾਚੇ ਘਰ ਘਰ, ਘਰ ਮੰਦਰ ਇਕ ਸੁਹਾਈਆ । ਆਦਿ ਜੁਗਾਦੀ ਦੇਵਣਹਾਰਾ ਵਰ ਵਰ, ਵਰ ਦਾਤਾ ਬੇਪਰਵਾਹੀਆ । ਲੱਖ ਚੁਰਾਸੀ ਘਾੜਨ ਘੜ ਘੜ, ਅੰਤਮ ਆਪੇ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਏਕਾ ਸ਼ਬਦ ਸ਼ਬਦ ਜਣਾਈਆ । ਆਦਿ ਗੁਰ ਸ਼ਬਦ ਉਪਦੇਸ਼, ਪੁਰਖ ਪਰਖੋਤਮ ਕਰੇ ਪੜ੍ਹਾਈਆ । ਅੰਤ ਗੁਰ ਸ਼ਬਦ ਨਰੇਸ਼, ਸ਼ਾਹ ਸੁਲਤਾਨ ਵੇਸ ਵਟਾਈਆ । ਪਰਗਟ ਹੋਏ ਆਪਣੇ ਦੇਸ, ਦੇਸ ਦਸੰਤਰ ਭੇਵ ਖੁਲ੍ਹਾਈਆ । ਨਿਰਗੁਣ ਧਾਰੇ ਆਪਣਾ ਵੇਸ, ਪੰਜ ਤੱਤ ਨਾ ਕੋਇ ਰਖਾਈਆ । ਮੁਛ ਦਾੜ੍ਹੀ ਨਾ ਕੋਈ ਕੇਸ, ਮੂੰਡ ਮੁੰਡਾਇਆ ਨਜ਼ਰ ਨਾ ਆਈਆ । ਲੱਖ ਚੁਰਾਸੀ ਰਿਹਾ ਵੇਖ, ਘਟ ਘਟ ਡੇਰਾ ਲਾਈਆ । ਭਗਤ ਭਗਵਾਨ ਦੱਸੇ ਭੇਤ, ਅਭੇਵ ਆਪ ਜਣਾਈਆ । ਕਲਜੁਗ ਅੰਤਮ ਕਰੇ ਹੇਤ, ਹਿਤਕਾਰੀ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਏਕਾ ਗੁਰ ਅਖਵਾਈਆ । ਏਕਾ ਗੁਰ ਇਕ ਅਵਤਾਰਾ, ਗੁਰ ਗੁਰ ਕਹਿਣ ਨਾ ਜਾਈਆ । ਕਲਜੁਗ ਅੰਤਮ ਹੋ ਉਜਿਆਰਾ, ਨਿਰਗੁਣ ਆਪਣਾ ਵੇਸ ਵਟਾਈਆ । ਜਿਸ ਦੇ ਅੱਗੇ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਰਹੇ ਨਿਮਸਕਾਰਾ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਸੋ ਪੁਰਖ ਸੁਲਤਾਨ ਕਰੇ ਖੇਲ ਅਪਾਰਾ, ਅਪਰੰਪਰ ਆਪਣੀ ਧਾਰ ਵਖਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਕਰੇ ਪਾਰ ਕਿਨਾਰਾ, ਲੋਕਮਾਤ ਰਹਿਣ ਨਾ ਪਾਈਆ । ਆਦਿ ਬਣਾਏ ਵੇਦ ਪੁਰਾਨ ਸ਼ਾਸਤਰ ਸਿਮਰਤ

ਧਾਰਾ, ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਨਾਲ ਰਲਾਈਆ । ਚਾਰੇ ਖਾਣੀ ਕਰੇ ਹਾਹਾਕਾਰਾ, ਚਾਰ ਕੁੰਟ ਕੁਰਲਾਈਆ । ਚਾਰੇ ਬਾਣੀ ਰੋਵੇ ਜ਼ਾਰੋ ਜ਼ਾਰਾ, ਹਰਿ ਕਾ ਭੇਵ ਕੋਇ ਨਾ ਪਾਈਆ । ਕਲਮ ਸ਼ਾਹੀ ਕਰੇ ਪੁਕਾਰਾ, ਦੋਏ ਦੋਏ ਜੋੜ ਸੀਸ ਝੁਕਾਈਆ । ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਤੇਰੀ ਵਡਿਆਈਆ । ਲਿਖ ਲਿਖ ਲੇਖ ਵਖਾਇਆ ਸਰਬ ਸੰਸਾਰਾ, ਸੰਸਾਰ ਸਾਗਰ ਪਾਰ ਨਾ ਕੋਇ ਕਰਾਈਆ । ਕਲਜੁਗ ਹੋਇਆ ਧੂੰਆਂਧਾਰਾ, ਚਾਰੋਂ ਕੁੰਟ ਰੈਣ ਅੰਧੇਰਾ ਛਾਈਆ । ਨਾ ਕੋਈ ਦਿਸੇ ਮੀਤ ਮੁਰਾਰਾ, ਸਾਕ ਸੱਜਣ ਸੈਣ ਸਗਲਾ ਸੰਗ ਨਾ ਕੋਇ ਨਿਭਾਈਆ । ਪਿਤਾ ਪੂਤ ਨਾ ਕੋਇ ਪਿਆਰਾ, ਨਾਰ ਕੰਤ ਨਾ ਕੋਇ ਵਡਿਆਈਆ । ਏਕਾ ਭੁਲਿਆ ਹਰਿ ਨਿਰੰਕਾਰਾ, ਘਰ ਘਰ ਮਾਇਆ ਮਮਤਾ ਹੋਈ ਹਲਕਾਈਆ । ਵਰਨ ਬਰਨ ਹੋਏ ਖੁਆਰਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰਨ ਲੜਾਈਆ । ਅਠਾਰਾਂ ਬਰਨ ਰੋਵਣ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਧਰਤ ਮਾਤ ਕੱਢੇ ਹਾੜਾ, ਖੁਲ੍ਹੜੇ ਕੇਸ ਰਹੀ ਵਖਾਈਆ । ਚੋਰਾਂ ਠੱਗਾਂ ਕਲਜੁਗ ਜੀਵਾਂ ਮੇਰੇ ਉਤੇ ਲਾਇਆ ਅਖਾੜਾ, ਵੇਸਵਾ ਨਾਚ ਰਹੇ ਕਰਾਈਆ । ਚਾਰੋਂ ਕੁੰਟ ਅੱਗ ਲੱਗੀ ਤੱਤੀ ਹਾੜਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸ੍ਰੀ ਭਗਵਾਨ ਕਿਸੇ ਨਾ ਲੱਭੇ ਸਾਚਾ ਲਾੜਾ, ਲੱਖ ਚੁਰਾਸੀ ਜੀਵ ਜੰਤ ਜਗਤ ਭੋਗ ਬਿਲਾਸ ਕਰਾਈਆ । ਅੰਤਮ ਅੰਤ ਮਾਨਸ ਜਨਮ ਆਏ ਹਾਰਾ, ਲੱਖ ਚੁਰਾਸੀ ਪਾਰ ਨਾ ਕੋਇ ਕਰਾਈਆ । ਨਾ ਕੋਈ ਸਹਾਰਾ ਮੰਦਰ ਮਸਜਦ ਮੱਠ ਸ਼ਿਵਦਵਾਲਾ ਗੁਰਦੁਆਰਾ, ਗੁਰੂ ਗੁਰ ਨਜ਼ਰ ਕਿਸੇ ਨਾ ਆਈਆ । ਪੰਡਤ ਪਾਂਧੇ ਮੁੱਲਾਂ ਸ਼ੇਖ਼ ਗ੍ਰੰਥੀ ਪੰਥੀ ਹਰਿ ਕਾ ਨਾਉਂ ਨਾ ਕਿਸੇ ਵਿਚਾਰਾ, ਪੜ੍ਹ ਪੜ੍ਹ ਰਸਨਾ ਜਿਹਵਾ ਰਹੇ ਗਾਈਆ । ਘਰ ਘਰ ਅੰਦਰ ਪੰਜ ਤੱਤ ਤੱਤ ਵਿਕਾਰਾ, ਸੱਚਾ ਸਤਿਗੁਰ ਨਾ ਕੋਇ ਪਿਆਰਾ, ਗੁਰ ਗੁਰ ਰੂਪ ਨਜ਼ਰ ਨਾ ਆਈਆ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਭੇਵ ਕੋਇ ਨਾ ਪਾਈਆ । ਆਦਿ ਸ਼ਬਦ ਗੁਰ ਕਰ ਪਸਾਰਾ, ਮਧ ਆਪਣੀ ਧਾਰ ਚਲਾਈਆ । ਸੇਵਾ ਲਾਏ ਤੇਈ ਅਵਤਾਰਾ, ਭਗਤ ਅਠਾਰਾਂ ਨਾਲ ਮਿਲਾਈਆ । ਈਸਾ ਮੂਸਾ ਸੰਗ ਮੁਹੰਮਦ ਸੰਦੇਸਾ ਦੇ ਚਾਰ ਯਾਰਾ, ਚਾਰ ਯਾਰੀ ਕਰੇ ਪੜ੍ਹਾਈਆ । ਨਾਨਕ ਨਿਰਗੁਣ ਸਰਗੁਣ ਬੋਲ ਸਤਿਨਾਮ ਜੈਕਾਰਾ, ਜੈ ਜੈਕਾਰ ਗਿਆ ਸੁਣਾਈਆ । ਗੋਬਿੰਦ ਏਕਾ ਫਤਹਿ ਡੰਕਾ ਵੱਜਾ ਵਿਚ ਸੰਸਾਰਾ, ਵਰਨ ਬਰਨ ਊਚ ਨੀਚ ਰਾਓ ਰੰਕ ਗਿਆ ਜਣਾਈਆ । ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸਭ ਦਾ ਲੇਖਾ ਦਏ ਮੁਕਾਈਆ । ਚਾਰ ਵਰਨ ਦੇਵੇ ਇਕ ਸਹਾਰਾ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪਾਰ ਕਿਨਾਰਾ, ਸੁਰਪਤ ਇੰਦ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ਼ਬਦ ਗੁਰ ਇਕ ਰਹਿ ਜਾਈਆ । ਸ਼ਬਦ ਗੁਰ ਇਕੋ ਏਕ, ਏਕਾ ਏਕ ਵਡਿਆਈਆ । ਪੰਜ ਤੱਤ ਗੁਰ ਅਵਤਾਰਾਂ ਦੇਂਦਾ ਰਿਹਾ ਟੇਕ, ਸਿਰ ਆਪਣਾ ਹੱਥ ਰਖਾਈਆ । ਹੁਕਮੇ ਅੰਦਰ ਲਿਖਾਉਂਦਾ ਰਿਹਾ ਲੇਖ, ਧੁਰ ਫ਼ਰਮਾਣਾ ਆਪ ਜਣਾਈਆ । ਬੋਧ ਅਗਾਧਾ ਖੋਲ੍ਹ ਭੇਤ, ਅਨਭਵ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਸ਼ਬਦ ਗੁਰ ਪਰਗਟਾਈਆ । ਸ਼ਬਦ ਗੁਰੂ ਗੁਰ ਪਰਗਟ ਮਾਤ, ਲਗ ਮਾਤਰ ਸਰਬ ਮੁਕਾਇੰਦਾ । ਚਾਰ ਜੁਗ ਦਾ ਵੇਖੇ ਖਾਤ, ਪਿਛਲਾ ਖਾਤਾ ਪੂਰ ਕਰਾਇੰਦਾ । ਚਾਰ ਵਰਨ ਮੇਟ ਅੰਧੇਰੀ ਰਾਤ, ਸਤਿ ਸਤਿਵਾਦੀ ਸਾਚਾ ਚੰਦ ਚੜ੍ਹਾਇੰਦਾ । ਸਰਬ ਜੀਆਂ ਪ੍ਰਭ ਦੇਵੇ ਦਾਤ, ਸੋਹੰ ਅੱਖਰ ਇਕ ਪੜ੍ਹਾਇੰਦਾ । ਦਰਸ ਦਿਖਾਏ ਇਕ

ਇਕਾਂਤ, ਘਰ ਘਰ ਆਪਣਾ ਆਸਣ ਲਾਇੰਦਾ । ਭਰਮ ਭੁਲੇਖਾ ਕੱਢੇ ਭਰਾਂਤ, ਮਨ ਕਾ ਭੈ ਭੌ ਗਵਾਇੰਦਾ । ਸ੍ਰਿਸ਼ਟ ਸਬਾਈ ਇਕੋ ਜ਼ਾਤ, ਆਤਮ ਬ੍ਰਹਮ ਆਪਣੀ ਅੰਸ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸ਼ਬਦ ਧਾਰ ਚਲਾਇੰਦਾ । ਸ਼ਬਦ ਗੁਰ ਵਡ ਬਲਵਾਨ, ਲੇਖਾ ਸਭ ਦਾ ਦਏ ਚੁਕਾਈਆ । ਸਚਖੰਡ ਦਾ ਸਚ ਨਿਸ਼ਾਨ, ਲੋਕਮਾਤ ਝੁਲਾਈਆ । ਜੁਗ ਚੌਕੜੀ ਮੰਨੇ ਆਣ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਕਾਗਦ ਕਲਮ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਆਈਆ । ਗੁਰ ਪੀਰ ਅਵਤਾਰ ਨਾ ਸਕੇ ਪਛਾਣ, ਬੇਅੰਤ ਬੇਅੰਤ ਕਹਿ ਕਹਿ ਲੋਕਮਾਤ ਗਏ ਜਸ ਗਾਈਆ । ਤੇਰਾ ਹੁਕਮੇ ਅੰਦਰ ਖੇਲ ਮਹਾਨ, ਤੇਰਾ ਹੁਕਮ ਸੱਚੀ ਸ਼ਹਿਨਸ਼ਾਹੀਆ । ਕਲਜੁਗ ਅੰਤਮ ਆਪੇ ਵੇਖੇ ਆਣ, ਵੇਦ ਵਿਆਸਾ ਰੱਖ ਭਰਵਾਸਾ ਏਕਾ ਓਟ ਤਕਾਈਆ । ਈਸਾ ਕਹੇ ਦਏ ਦਿਲਾਸਾ, ਮੇਰਾ ਖ਼ੁਦਾ ਪਿਤਾ ਰੂਪ ਵਟਾਈਆ । ਮੁਹੰਮਦ ਕਹੇ ਅੰਤ ਮੇਰੇ ਵਸੇ ਪਾਸਾ, ਚੌਦਾਂ ਸਦੀਆਂ ਪੰਧ ਮੁਕਾਈਆ । ਅਮਾਮ ਅਮਾਮਾਂ ਸਿਰ ਪੁਰਖ ਅਬਿਨਾਸ਼ਾ, ਪਰਵਰਦਿਗਾਰ ਮੇਰਾ ਗੁਸਾਈਆ । ਨਾਨਕ ਕਹੇ ਨਿਰਗੁਣ ਪੂਰੀ ਕਰੇ ਆਸਾ, ਏਕਾ ਏਕੰਕਾਰ ਓਟ ਰਖਾਈਆ । ਗੋਬਿੰਦ ਕਹੇ ਪੁਰਖ ਅਕਾਲ ਦਾਸੀ ਦਾਸਾ, ਬਣ ਸੇਵਕ ਸੇਵ ਕਮਾਈਆ । ਕਲਜੁਗ ਅੰਤਮ ਵੇਖੇ ਖੇਲ ਤਮਾਸ਼ਾ, ਨਿਹਕਲੰਕਾ ਨਾਉਂ ਰਖਾਈਆ । ਜਨ ਭਗਤਾਂ ਕਰੇ ਪੂਰੀ ਆਸਾ, ਜਨਮ ਜਨਮ ਦੇ ਵਿਛੜੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਗੁਰ ਵਡਿਆਈਆ । ਏਕਾ ਸ਼ਬਦ ਹੋਏ ਪਰਕਾਸ਼, ਹਰਿ ਪਰਕਾਸ਼ੀ ਆਪ ਕਰਾਇੰਦਾ । ਬਾਕੀ ਪਿਛਲਾ ਲਹਿਣਾ ਹੋਏ ਵਿਨਾਸ, ਲੋਕਮਾਤ ਰਹਿਣ ਨਾ ਪਾਇੰਦਾ । ਏਕਾ ਨਾਉਂ ਰਸਨ ਸਵਾਸ, ਅਜੱਪਾ ਜਾਪ ਆਪ ਜਪਾਇੰਦਾ ।

ਆਤਮ ਪਰਮਾਤਮ ਵਸੇ ਪਾਸ, ਈਸ਼ ਜੀਵ ਭੇਵ ਖੁਲ੍ਹਾਇੰਦਾ । ਏਕਾ ਮੰਦਰ ਪਾਏ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਹਰਿਜਨ ਹਰਿ ਹਰਿ ਇਕੋ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਇੰਦਾ । ਬਾਤਨ ਜ਼ਾਹਰ ਪੁੱਛੇ ਵਾਤ, ਜ਼ਾਹਰ ਜ਼ਹੂਰ ਦਇਆ ਕਮਾਇੰਦਾ । ਚਰਨ ਕਵਲ ਸਾਚਾ ਨਾਤ, ਧਰਤ ਧਵਲ ਵਡਿਆਇੰਦਾ । ਕਰੇ ਖੇਲ ਬਹੁ ਬਿਧ ਭਾਂਤ, ਭੇਵ ਕੋਇ ਨਾ ਪਾਇੰਦਾ । ਸਰਬ ਜੀਆਂ ਬਣੇ ਪਿਤ ਮਾਤ, ਲੱਖ ਚੁਰਾਸੀ ਆਪਣੀ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਸ਼ਟ ਗੁਰਦੇਵ ਇਕ ਵਖਾਇੰਦਾ । ਇਸ਼ਟ ਦੇਵ ਗੁਰ ਏਕਾ ਏਕ ਓਅੰਕਾਰਾ, ਅਕਲ ਕਲਾ ਅਖਵਾਈਆ । ਕਲਜੁਗ ਅੰਤਮ ਹੋ ਉਜਿਆਰਾ, ਨਿਹਕਲੰਕਾ ਨਾਉਂ ਧਰਾਈਆ । ਸਾਚਾ ਡੰਕਾ ਵਿਚ ਸੰਸਾਰਾ, ਨਿਰਗੁਣ ਸਰਗੁਣ ਆਪ ਸੁਣਾਈਆ । ਸਰਬ ਜੀਆਂ ਦਾ ਇਕ ਜੈਕਾਰਾ, ਏਕਾ ਮੰਤਰ ਅੰਤਰ ਕਰੇ ਪੜ੍ਹਾਈਆ । ਨੌਂ ਖੰਡ ਪ੍ਰਿਥਮੀ ਸਤ ਦੀਪ ਚੌਥੇ ਜੁਗ ਆਈ ਹਾਰਾ, ਚਾਰ ਯਾਰੀ ਦਏ ਦੁਹਾਈਆ । ਪੰਚਮ ਮੀਤਾ ਇਕ ਪਿਆਰਾ, ਪੰਚਮ ਮੇਲਾ ਸਹਿਜ ਸੁਭਾਈਆ । ਜਗਤ ਜਗਦੀਸ ਪਾਵੇ ਸਾਰਾ, ਸੀਸ ਏਕਾ ਤਾਜ ਸੁਹਾਈਆ । ਰਾਓ ਰੰਕਾਂ ਕਰੇ ਖੁਆਰਾ, ਸ਼ਾਹ ਸੁਲਤਾਨ ਕੋਇ ਰਹਿਣ ਨਾ ਪਾਈਆ । ਸ੍ਰਿਸ਼ਟ ਸਬਾਈ ਬੋਲੇ ਇਕ ਜੈਕਾਰਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਜੈ, ਦੂਜਾ ਕੋਇ ਰਹਿਣ ਨਾ ਪਾਈਆ । ਪਹਿਲਾ ਏਕਾ ਏਕ ਏਕੰਕਾਰ, ਅਕਲ ਕਲ ਖੇਲ ਕਰਾਇੰਦਾ । ਦੂਆ ਨਿਰਗੁਣ ਸਰਗੁਣ ਧਾਰ, ਦੋਏ ਦੋਏ ਰੂਪ ਵਟਾਇੰਦਾ । ਤ੍ਰੈਗੁਣ ਮਾਇਆ ਪੰਜ ਤੱਤ ਏਕਾ ਆਠਾ ਕਰ ਤਿਆਰ, ਏਕਾ ਦੂਆ ਆਠਾ ਮੇਲ ਮਿਲਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਕੋਈ ਨਾ ਪਾਏ ਸਾਰ, ਬ੍ਰਹਮਾ ਵੇਤਾ ਨਿਉਂ ਨਿਉਂ ਸੀਸ ਝੁਕਾਇੰਦਾ । ਜਗਤ ਮਨਵੰਤਰ ਗਏ ਹਾਰ,

ਸਾਤਾ ਏਕਾ ਮੁਖ ਸ਼ਰਮਾਇੰਦਾ । ਪਰਲੇ ਕਰੇ ਕਰਨੇਹਾਰ, ਪਰੇ ਆਪਣਾ ਡੇਰਾ ਲਾਇੰਦਾ । ਜਿਸ ਬੁਝਾਏ ਸੋ ਬੁਝੇ ਵਿਚਾਰ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਏਕ ਦੂਆ ਆਠਾ ਅੰਕ ਅੰਕ ਨਾਲ ਕਰਿਆ ਖ਼ਬਰਦਾਰ, ਬੰਕ ਬੰਕ ਆਪ ਸੁਹਾਇੰਦਾ । ਅਠ ਤੱਤ ਰੋਵਣ ਜ਼ਾਰੋ ਜ਼ਾਰ, ਸਰਗੁਣ ਨਿਰਗੁਣ ਆਸ ਤਕਾਇੰਦਾ । ਨਿਰਗੁਣ ਨਿਰਾਕਾਰ ਕਰ ਪਿਆਰ, ਸਰਗੁਣ ਆਪਣਾ ਮੇਲ ਮਿਲਾਇੰਦਾ । ਸਰਗੁਣ ਮੇਲਾ ਪੰਜ ਤੱਤ ਅਧਾਰ, ਤ੍ਰੈਗੁਣ ਬੰਧਨ ਆਪ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਪਰਲੇ ਏਕਾ ਦੂਆ ਆਠਾ, ਆਠਾ ਦੂਆ ਏਕਾ ਆਪਣੇ ਰੰਗ ਵਖਾਇੰਦਾ । ਨਵ ਨੌਂ ਸਾਚੀ ਧਾਰ, ਚਾਰ ਚਾਰ ਸਮਝਾਈਆ । ਚਾਰ ਚਾਰ ਖੇਲ ਅਪਾਰ, ਬ੍ਰਹਮੇ ਚਾਰੇ ਮੁਖ ਗਾਈਆ । ਚਾਰੇ ਵੇਦ ਕਰ ਵਿਚਾਰ, ਚਾਰੇ ਕੁੰਟ ਕਰ ਰੁਸ਼ਨਾਈਆ । ਚਾਰੇ ਕੁੰਟ ਖ਼ਬਰਦਾਰ, ਉਤਰ ਪੂਰਬ ਪੱਛਮ ਦੱਖਣ ਦੇਣ ਦੁਹਾਈਆ । ਚਾਰੇ ਜੁਗ ਕਰ ਵਿਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਚਾਰੇ ਖਾਣੀ ਬਾਣੀ ਪਸਾਰ, ਅੰਡਜ ਜੇਰਜ ਉਤਭੁਜ ਸੇਤਜ ਰਚਨ ਰਚਾਈਆ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਈਆ । ਆਪੇ ਸਭ ਤੋਂ ਵਸੇ ਬਾਹਿਰ, ਧੁਰ ਫ਼ਰਮਾਣਾ ਆਪ ਸੁਣਾਈਆ । ਨਵ ਨੌਂ ਹੋ ਉਜਿਆਰ, ਨਵ ਨੌਂ ਆਪਣਾ ਫੇਰਾ ਪਾਈਆ । ਏਕਾ ਨੱਯਾ ਨੌਕਾ ਕਰ ਤਿਆਰ, ਨੱਯਾ ਆਪਣੇ ਨਾਮ ਚਲਾਈਆ । ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਰਵ ਸਸ ਸੂਰਜ ਚੰਨ ਦੇ ਸਹਾਰ, ਮੰਡਲ ਮੰਡਪ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਆਪਣਾ ਭੇਵ ਚੁਕਾਈਆ । ਨਵ ਨੌਂ ਚਾਰ ਭੇਵ ਕਿਸੇ ਨਾ ਆਇਆ, ਪੜ੍ਹਨ ਲਿਖਣ ਵਿਚ ਨਾ ਆਈਆ । ਪੁਰਖ ਅਬਿਨਾਸ਼ੀ ਆਪਣਾ ਭੇਵ ਆਪ ਚੁਕਾਇਆ, ਭੇਵ ਜਾਣੇ ਕਲਮ ਨਾ ਸ਼ਾਹੀਆ । ਵਿਸ਼ਨ ਬ੍ਰਹਮਾ ਸ਼ਿਵ ਦਰ ਬੈਠੇ ਸੀਸ ਝੁਕਾਇਆ, ਨੇਤਰ ਨੈਣ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਸ਼ਰਮਾਇਆ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਕਿਸੇ ਤੇਰਾ ਮਨਵੰਤਰ ਵੰਡ ਵੰਡਾਇਆ, ਕਿਸੇ ਚੌਕੜੀ ਬੰਧਨ ਪਾਈਆ । ਕਿਸੇ ਆਪਣੀ ਪਰਲੇ ਦਏ ਸਮਝਾਇਆ, ਮਹਾਂਪਰਲੇ ਆਪਣੀ ਖੇਲ ਰਖਾਈਆ । ਜਿਸ ਨੂੰ ਤੂੰ ਬਣਾਇਆ, ਤਿਸ ਤਰਲੇ ਕਰ ਕਰ ਤੈਨੂੰ ਮਨਾਇਆ, ਤੇਰੇ ਅੱਗੇ ਸੀਸ ਝੁਕਾਈਆ । ਨੌਂ ਨੌਂ ਚਾਰ ਚੌਕੜੀ ਅਗਲਾ ਪੰਧ ਆਪਣੇ ਹੱਥ ਰਖਾਇਆ, ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਨਾ ਪਾਈਆ । ਗੀਤਾ ਗਿਆਨ ਅੰਜੀਲ ਕੁਰਾਨ ਗਾ ਗਾ ਅੰਤ ਨਾ ਪਾਇਆ, ਖਾਣੀ ਬਾਣੀ ਰਸਨਾ ਜਿਹਵਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌਂ ਸੌ ਚੁਰਾਨਵੇ ਚੌਕੜੀ ਜੁਗ, ਜੁਗ ਜੁਗ ਗੇੜਾ ਆਪਣੇ ਹੱਥ ਰਖਾਈਆ ।

★ ੭ ਚੇਤ ੨੦੧੯ ਬਿਕ੍ਰਮੀ ਸਰਮੁਖ ਸਿੰਘ, ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ★

ਸਤਿ ਪੁਰਖ ਨਿਰੰਜਣ ਸਾਚੀ ਕਾਰਾ, ਹਰਿ ਕਰਤਾ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਖੇਲ ਨਿਆਰਾ, ਨਿਰਗੁਣ ਨਿਰਵੈਰ ਭੇਵ ਨਾ ਆਇੰਦਾ । ਹਰਿ ਪੁਰਖ ਨਿਰੰਜਣ ਅਗੰਮ ਅਪਾਰਾ, ਅਲੱਖ ਅਗੋਚਰ ਵੇਸ ਵਟਾਇੰਦਾ । ਆਦਿ ਨਿਰੰਜਣ ਨੂਰ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਸੇ ਧਾਮ ਨਿਆਰਾ, ਨਿਹਚਲ ਆਪਣਾ ਧਾਮ ਪਰਗਟਾਇੰਦਾ । ਸ੍ਰੀ ਭਗਵਾਨ ਵਡ ਬਲਕਾਰਾ, ਬਲ ਆਪਣਾ ਆਪ ਜਣਾਇੰਦਾ ।

ਪਾਰਬ੍ਰਹਮ ਕਰੇ ਖੇਲ ਆਪ ਸੱਚੀ ਸਰਕਾਰਾ, ਸ਼ਾਹ ਪਾਤਸ਼ਾਹ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ ਆਪਣਾ ਰੂਪ ਵਟਾਇੰਦਾ । ਅਨਭਵ ਖੇਲ ਹਰਿ ਕਰਤਾਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਆਪਣੀ ਇਛਿਆ ਭਰ ਭੰਡਾਰ, ਸਾਚੀ ਵਸਤ ਝੋਲੀ ਪਾਈਆ । ਮਹੱਲ ਅਟੱਲ ਉਚ ਮੁਨਾਰ, ਸਚਖੰਡ ਦੁਆਰਾ ਆਪ ਸੁਹਾਈਆ । ਨਿਰਮਲ ਦੀਆ ਬਾਤੀ ਜੋਤੀ ਕਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਭੂਪਤ ਭੂਪ ਰਾਜ ਰਾਜਾਨ ਸ਼ਹਿਨਸ਼ਾਹ ਬਣ ਏਕੰਕਾਰ, ਆਪਣੀ ਕਲ ਆਪ ਧਰਾਈਆ । ਤਖ਼ਤ ਨਿਵਾਸੀ ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਧੁਰ ਫ਼ਰਮਾਣਾ ਆਪ ਸੁਣਾਈਆ । ਹੁਕਮੀ ਹੁਕਮ ਵਰਤੇ ਵਰਤਾਰ, ਕਰੇ ਖੇਲ ਅਗੰਮ ਅਪਾਰ, ਬੇਅੰਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਖ਼ੁਸ਼ੀ ਮਨਾਈਆ । ਦਰ ਘਰ ਸਾਚਾ ਸਚ ਮਹੱਲਾ, ਸਚਖੰਡ ਦੁਆਰਾ ਆਪ ਸੁਹਾਇੰਦਾ । ਪੁਰਖ ਅਕਾਲ ਇਕ ਇਕੱਲਾ, ਅਕਲ ਕਲ ਆਪਣੀ ਖੇਲ ਕਰਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਸੋਭਾਵੰਤ ਸੋਭਾ ਪਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਆਪਣੀ ਧਾਰ ਆਪ ਪਰਗਟਾਇੰਦਾ । ਸਚ ਸੰਦੇਸਾ ਨਰ ਨਰੇਸ਼ਾ ਏਕਾ ਘੱਲਾ, ਹੁਕਮੀ ਹੁਕਮ ਆਪ ਸੁਣਾਇੰਦਾ । ਨਿਰਗੁਣ ਨਿਰਗੁਣ ਫੜ ਫੜ ਪੱਲਾ, ਪੱਲੂ ਆਪਣੀ ਗੰਢ ਪੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਹਰਿ ਨਿਰੰਕਾਰਾ, ਆਪਣਾ ਆਪੇ ਆਪ ਜਣਾਈਆ । ਮਹੱਲ ਅਟੱਲ ਉਚ ਮੁਨਾਰਾ, ਸਚਖੰਡ ਦੁਆਰਾ ਆਪ ਵਸਾਈਆ । ਕਰੇ ਖੇਲ ਖੇਲ ਨਿਆਰਾ, ਨਿਰਗੁਣ ਨਿਰਗੁਣ ਨੂਰ ਰੁਸ਼ਨਾਈਆ । ਕਮਲਾਪਾਤੀ ਮੀਤ ਮੁਰਾਰਾ, ਸਚ ਸਿੰਘਾਸਣ ਸੋਭਾ ਪਾਈਆ । ਨਾਰੀ ਕੰਤ ਕਰ ਪਿਆਰਾ, ਕੰਤ ਕੰਤੂਹਲ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖ਼ੁਸ਼ੀ ਮਨਾਈਆ । ਸਾਚਾ ਘਰ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਸਚਖੰਡ ਦੁਆਰ ਏਕਾ ਕੰਤ, ਕੰਤ ਕੰਤੂਹਲ ਆਸਣ ਲਾਇੰਦਾ । ਨਿਰਗੁਣ ਨਿਰਗੁਣ ਬਣਾਏ ਬਣਤ, ਘੜਨ ਭੰਨਣ ਆਪਣੀ ਖੇਲ ਕਰਾਇੰਦਾ । ਆਪਣਾ ਲੇਖਾ ਜਾਣੇ ਆਦਿ ਅੰਤ, ਬੇਅੰਤ ਆਪਣਾ ਨਾਉਂ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਸੁਹਾਇੰਦਾ । ਸਚਖੰਡ ਦੁਆਰਾ ਏਕਾ ਏਕ, ਆਦਿ ਪੁਰਖ ਆਪ ਪਰਗਟਾਈਆ । ਆਪਣੇ ਅੰਤਰ ਆਪਣਾ ਭੇਦ, ਹਰਿ ਭੇਦੀ ਆਪ ਛੁਪਾਈਆ । ਆਦਿ ਜੁਗਾਦੀ ਅਛਲ ਅਛੇਦ, ਅਛਲ ਅਛੱਲ ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਆਪ ਮਿਲਾਈਆ । ਆਪਣਾ ਮੇਲਾ ਸਾਚੇ ਘਰ, ਗ੍ਰਹਿ ਮੰਦਰ ਆਪ ਕਰਾਇੰਦਾ । ਸਚਖੰਡ ਦੁਆਰੇ ਆਪੇ ਚੜ੍ਹ, ਸਚ ਸਿੰਘਾਸਣ ਸੋਭਾ ਪਾਇੰਦਾ । ਵੇਸ ਵਟਾਏ ਨਾਰੀ ਨਰ, ਨਰ ਨਰੈਣ ਭੇਵ ਚੁਕਾਇੰਦਾ । ਆਪਣੀ ਸੇਜਾ ਆਪੇ ਚੜ੍ਹ, ਏਕੰਕਾਰਾ ਏਕਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਆਪ ਵਡਿਆਇੰਦਾ । ਦਰ ਘਰ ਸਾਚਾ ਵੱਡਾ ਵਡ, ਸੋ ਪੁਰਖ ਨਿਰੰਜਣ ਆਪ ਵਡਿਆਈਆ । ਆਪਣੇ ਵਿਚੋਂ ਆਪਾ ਕੱਢ, ਆਪੇ ਵੇਖ ਵਖਾਈਆ । ਆਪੇ ਕਰੇ ਸਾਚਾ ਲਡ, ਆਪਣੀ ਗੋਦ ਸੁਹਾਈਆ । ਆਪ ਬਣਾਏ ਸਾਚੀ ਯਦ, ਬੰਸ ਸਰਬੰਸ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਆਪਣਾ ਭੇਵ ਆਪੇ ਚੁੱਕ, ਹਰਿ ਜੂ ਆਪਣੀ ਖੇਲ ਕਰਾਇੰਦਾ । ਸਚਖੰਡ ਦੁਆਰੇ ਆਪੇ ਉਠ, ਅਬਿਨਾਸ਼ੀ ਅਚੁਤ ਨਾਉਂ

ਧਰਾਇੰਦਾ । ਆਪੇ ਜਾਣੇ ਆਪਣੀ ਰੁੱਤ, ਰੁੱਤੜੀ ਰੁੱਤ ਨਾ ਕੋਇ ਵਖਾਇੰਦਾ । ਜਨਨੀ ਜਨ ਬਣ ਕੇ ਜਾਏ ਸਾਚਾ ਸੁਤ, ਸ਼ਬਦੀ ਸ਼ਬਦ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਸ ਆਪ ਬਣਾਇੰਦਾ । ਸ਼ਬਦੀ ਸੁਤ ਆਪੇ ਜਾ, ਜਨਨੀ ਜਨ ਹਰਿ ਅਖਵਾਇੰਦਾ । ਦਾਈ ਦਾਇਆ ਸੇਵ ਕਮਾ, ਸੇਵਾ ਆਪਣੇ ਹੱਥ ਰਖਾਇੰਦਾ । ਨਿਰਗੁਣ ਨਿਰਗੁਣ ਬਣ ਮਲਾਹ, ਸਾਚਾ ਬੇੜਾ ਆਪ ਚਲਾਇੰਦਾ । ਏਕਾ ਦੇਵੇ ਸਚ ਸਲਾਹ, ਸਤਿ ਸਤਿਵਾਦੀ ਭੇਵ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਖੇਲ ਖਿਲਾਇੰਦਾ । ਸਚਖੰਡ ਦੁਆਰੇ ਖੇਲ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਇਕ ਇਕੱਲਾ, ਅਜੂਨੀ ਰਹਿਤ ਵੇਸ ਵਟਾਇੰਦਾ । ਨਾਰੀ ਕੰਤ ਫੜ ਫੜ ਪੱਲਾ, ਆਪਣਾ ਸੰਗ ਆਪ ਨਿਭਾਇੰਦਾ । ਆਪਣੇ ਦੀਪਕ ਆਪੇ ਬਲਾ, ਜੋਤੀ ਜੋਤ ਡਗਮਗਾਇੰਦਾ । ਆਪਣੇ ਦਰ ਆਪੇ ਖੱਲਾ, ਸਚਖੰਡ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਦੇਵੇ ਖੋਲ੍ਹ, ਹਰਿ ਸਤਿਗੁਰ ਵਡ ਵਡਿਆਈਆ । ਸੋ ਪੁਰਖ ਨਿਰੰਜਣ ਬੋਲੇ ਏਕਾ ਬੋਲ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਹਰਿ ਪੁਰਖ ਨਿਰੰਜਣ ਤੋਲੇ ਤੋਲ, ਸਾਚਾ ਕੰਡਾ ਹੱਥ ਉਠਾਈਆ । ਏਕੰਕਾਰਾ ਬੈਠ ਅਡੋਲ, ਡੁਲ ਕਦੇ ਨਾ ਜਾਈਆ । ਆਦਿ ਨਿਰੰਜਣ ਜਾਏ ਮੌਲ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਸ੍ਰੀ ਭਗਵਾਨ ਕਰੇ ਕੌਲ, ਨਿਰਗੁਣ ਨਿਰਗੁਣ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਖੇਲ ਵਖਾਈਆ । ਸਚਖੰਡ ਖੇਲ ਕਰਤਾਰਾ ਕਰਤਾ ਪੁਰਖ ਆਪ ਕਰਾਇੰਦਾ । ਸ਼ਬਦੀ ਸੁਤ ਸੁਤ ਦੁਲਾਰਾ, ਨਿਰਗੁਣ ਆਪਣੀ ਗੋਦ ਬਹਾਇੰਦਾ । ਸਾਚੀ ਇਛਿਆ ਭਰ ਭੰਡਾਰਾ, ਭਿਛਿਆ ਏਕਾ ਏਕ ਵਰਤਾਇੰਦਾ । ਮਹੱਲ ਅਟੱਲ ਕਰ ਉਜਿਆਰਾ, ਥਿਰ ਘਰ ਸਾਚਾ ਨਾਉਂ ਧਰਾਇੰਦਾ । ਦਰ ਦਰਵਾਜ਼ਾ ਖੋਲ੍ਹ ਕਿਵਾੜਾ, ਸ਼ਬਦੀ ਸੁਤ ਵਿਚ ਬਹਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਦੂਜਾ ਸੰਗ ਨਾ ਕੋਇ ਰਲਾਇੰਦਾ । ਆਦਿ ਪੁਰਖ ਆਦਿ ਕਰ ਪਸਾਰਾ, ਆਪਣਾ ਮਾਰਗ ਆਪੇ ਲਾਇੰਦਾ । ਸਚਖੰਡ ਵਸੇ ਆਪ ਨਿਰੰਕਾਰਾ, ਥਿਰ ਘਰ ਸ਼ਬਦੀ ਮਾਣ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਸਾਚਾ ਰੰਗ ਪੁਰਖ ਅਗੰਮ, ਸੁਤ ਸ਼ਬਦੀ ਆਪ ਚੜ੍ਹਾਈਆ । ਆਦਿ ਜੁਗਾਦੀ ਏਕਾ ਕੰਮ, ਕਰਤਾ ਪੁਰਖ ਪੁਰਖ ਸਮਝਾਈਆ । ਸਤਿ ਸਤਿਵਾਦੀ ਬੇੜਾ ਬੰਨ, ਆਪਣੇ ਕੰਧ ਉਠਾਈਆ । ਏਕਾ ਰਾਗ ਸੁਣਾਏ ਕੰਨ, ਨਾਦੀ ਨਾਦ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਦੇਵੇ ਮਾਣ ਵਡਿਆਈਆ । ਥਿਰ ਘਰ ਦੇਵੇ ਇਕੋ ਮਾਣ, ਹਰਿ ਆਪਣੀ ਦਇਆ ਕਮਾਇੰਦਾ । ਯੋਧਾ ਸੂਰਬੀਰ ਬਲਵਾਨ, ਹਰਿ ਸ਼ਬਦੀ ਸੁਤ ਪਰਗਟਾਇੰਦਾ । ਏਕਾ ਹੁਕਮ ਧੁਰ ਫ਼ਰਮਾਣ, ਏਕਾ ਵਾਰ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸ਼ਬਦ ਸੁਤ ਸੁਣ ਕਰ ਧਿਆਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਤੇਰਾ ਖੇਲ ਕਰਾਂ ਮਹਾਨ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਅੰਸ ਬਣਾਇੰਦਾ । ਤ੍ਰੈਗੁਣ ਮਾਇਆ ਦੇ ਦੇ ਦਾਨ, ਪੰਚਮ ਝੋਲੀ ਪਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਨਿਰਗੁਣ ਸਰਗੁਣ ਧਾਰ ਵਖਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੇਲ ਮਹਾਨ, ਸੂਰਜ ਚੰਦ ਕਿਰਨ ਕਿਰਨ ਚਮਕਾਇੰਦਾ । ਮੰਡਲ ਮੰਡਪ ਹੋ ਪਰਧਾਨ, ਜਲ ਥਲ ਮਹੀਅਲ ਡੇਰਾ

ਲਾਇੰਦਾ । ਤੇਰੇ ਹੱਥ ਜ਼ਿਮੀਂ ਅਸਮਾਨ, ਲੋਕ ਪਰਲੋਕ ਖੇਲ ਕਰਾਇੰਦਾ । ਮੇਰਾ ਨਾਉਂ ਤੇਰਾ ਗਿਆਨ, ਨਿਸ਼ਅੱਖਰ ਆਪ ਪੜ੍ਹਾਇੰਦਾ । ਮੇਰਾ ਚਰਨ ਤੇਰਾ ਧਿਆਨ, ਏਕੰਕਾਰਾ ਆਪ ਸਮਝਾਇੰਦਾ । ਮੇਰਾ ਮਹੱਲ ਤੇਰਾ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਮੇਰਾ ਹੁਕਮ ਤੇਰਾ ਫ਼ਰਮਾਨ, ਧੁਰ ਫ਼ਰਮਾਣਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਜਣਾਇੰਦਾ । ਸਾਚੇ ਸੁਤ ਜਾਣਾ ਜਾਗ, ਹਰਿ ਜੂ ਹਰਿ ਹਰਿ ਆਪ ਜਗਾਇੰਦਾ । ਤੇਰੀ ਗੋਦੀ ਲੱਗੇ ਭਾਗ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਗੋਦ ਸੁਹਾਇੰਦਾ । ਤੇਰੇ ਅੰਤਰ ਇਕ ਵੈਰਾਗ, ਆਪਣਾ ਨਾਉਂ ਜਣਾਇੰਦਾ । ਤੇਰਾ ਮੇਲਾ ਕੰਤ ਸੁਹਾਗ, ਹਰਿ ਜੂ ਕੰਤ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਲਗਾਇੰਦਾ । ਸਾਚੀ ਸੇਵਾ ਦੇਵੇ ਲਾ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਲੱਖ ਚੁਰਾਸੀ ਘਾੜਨ ਲੈਣਾ ਘੜਾ, ਘਟ ਘਟ ਵੇਖਣਾ ਥਾਉਂ ਥਾਈਂਆ । ਅੰਡਜ ਜੇਰਜ ਵੰਡ ਵੰਡਾ, ਉਤਭੁਜ ਸੇਤਜ ਵੇਖ ਵਖਾਈਆ । ਚਾਰੇ ਖਾਣੀ ਬਾਗ਼ ਬਣਾ, ਲੱਖ ਚੁਰਾਸੀ ਫੁਲ ਫੁਲਵਾੜੀ ਮਾਤ ਮਹਿਕਾਈਆ । ਚਾਰ ਬਾਣੀ ਰਾਗ ਅਲਾ, ਭੇਵ ਅਭੇਦ ਖੁਲ੍ਹਾਈਆ । ਚਾਰੇ ਕੁੰਟ ਫੇਰਾ ਪਾ, ਚਾਰ ਜੁਗ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਦਏ ਵਡਿਆਈਆ । ਸਾਚੇ ਸ਼ਬਦ ਤੇਰਾ ਰੂਪ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਤੇਰੀ ਮਹਿਮਾ ਸਦਾ ਅਨੂਪ, ਭੇਵ ਕੋਇ ਨਾ ਪਾਇੰਦਾ । ਤੂੰ ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਤੇਰਾ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸਮਝਾਇੰਦਾ । ਧੁਰ ਫ਼ਰਮਾਣਾ ਏਕਾ ਵਾਰ, ਹਰਿ ਜੂ ਹਰਿ ਹਰਿ



ਆਪ ਜਣਾਇਆ । ਸੁਤ ਸ਼ਬਦ ਰਹਿਣਾ ਖ਼ਬਰਦਾਰ, ਬੇਖ਼ਬਰ ਆਪ ਜਗਾਇਆ । ਲੱਖ ਚੁਰਾਸੀ ਕਰ ਤਿਆਰ, ਲੋਕਮਾਤ ਵੰਡ ਵੰਡਾਇਆ । ਨਿਰਗੁਣ ਸਰਗੁਣ ਕਰ ਪਿਆਰ, ਸਰਗੁਣ ਨਿਰਗੁਣ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਧੰਦੇ ਆਪੇ ਲਾਇਆ । ਸਾਚੇ ਧੰਦੇ ਜਾਣਾ ਲੱਗ, ਏਕੰਕਾਰਾ ਆਪ ਜਣਾਈਆ । ਕਰੇ ਖੇਲ ਸੂਰਾ ਸਰਬੱਗ, ਬੇਅੰਤ ਵਡ ਵਡਿਆਈਆ । ਤੇਰਾ ਦੀਪਕ ਘਰ ਘਰ ਜਾਏ ਜਗ, ਗ੍ਰਿਹਿ ਗ੍ਰਿਹਿ ਕਰੇ ਰੁਸ਼ਨਾਈਆ । ਤੇਰਾ ਮੰਦਰ ਜਾਏ ਸਜ, ਪੰਜ ਤੱਤ ਮਿਲੇ ਵਡਿਆਈਆ । ਪੁਰਖ ਅਬਿਨਾਸ਼ੀ ਪੜਦਾ ਲਏ ਕੱਜ, ਸਿਰ ਆਪਣਾ ਹੱਥ ਰਖਾਈਆ । ਜੁਗ ਜੁਗ ਤੇਰਾ ਨਗਾਰਾ ਜਾਏ ਵੱਜ, ਨਿਰਗੁਣ ਸਰਗੁਣ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਕਰੇ ਪੜ੍ਹਾਈਆ । ਸ਼ਬਦੀ ਸ਼ਬਦ ਏਕਾ ਦਾਤ, ਹਰਿ ਦਾਤਾ ਆਪ ਵਰਤਾਇੰਦਾ । ਜੁਗ ਚੌਕੜੀ ਤੇਰਾ ਸਾਥ, ਸਗਲਾ ਸੰਗ ਆਪ ਨਿਭਾਇੰਦਾ । ਨਿਰਗੁਣ ਸਰਗੁਣ ਗਾਏ ਗਾਥ, ਸੋਹਲਾ ਢੋਲਾ ਆਪ ਜਣਾਇੰਦਾ । ਆਤਮ ਪਰਮਾਤਮ ਮੇਲਾ ਕਮਲਾਪਾਤ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਈਸ਼ ਜੀਵ ਏਕਾ ਖਾਟ, ਸਾਚੇ ਆਸਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਲਗਾਇੰਦਾ । ਸਾਚੀ ਸੇਵਾ ਜੁਗ ਚੌਕੜੀ ਹਰਿ ਨਿਰੰਕਾਰ, ਏਕਾ ਵਾਰ ਜਣਾਈਆ । ਜੁਗ ਜੁਗ ਲੈਣਾ ਮਾਤ ਅਵਤਾਰ, ਨਿਰਗੁਣ ਸਰਗੁਣ ਰੂਪ ਧਰਾਈਆ । ਗੁਰ ਗੁਰ ਖੇਲ ਅਗੰਮ ਅਪਾਰ, ਗੁਰ ਗੁਰ ਆਪਣੀ ਵੰਡ ਵੰਡਾਈਆ । ਸਤਿਗੁਰ ਪੂਰਾ ਵੇਖਣਹਾਰ, ਸਤਿ ਸਤਿਵਾਦੀ ਸਤਿ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮਾਰਗ ਆਪੇ ਲਾਈਆ । ਸਾਚਾ

ਮਾਰਗ ਏਕਾ ਲਾਓਣਾ, ਸੋ ਪੁਰਖ ਨਿਰੰਜਣ ਆਪ ਜਣਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਓਣਾ, ਨਿਰਗੁਣ ਸਰਗੁਣ ਵੇਸ ਵਟਾਇਆ । ਗੁਰ ਗੁਰ ਡੰਕਾ ਨਾਮ ਵਜਾਓਣਾ, ਸ਼ਬਦੀ ਸ਼ਬਦ ਸ਼ਬਦ ਸੁਣਾਇਆ । ਦੁਆਰ ਬੰਕਾ ਇਕ ਸੁਹਾਓਣਾ, ਪੰਜ ਤੱਤ ਮੇਲਾ ਸਹਿਜ ਸੁਭਾਇਆ । ਨਿਰਗੁਣ ਸਰਗੁਣ ਰੰਗ ਚੜ੍ਹਾਓਣਾ, ਰੰਗ ਰੰਗੀਲਾ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਹੁਕਮ ਜਣਾਇਆ । ਧੁਰ ਫ਼ਰਮਾਣਾ ਏਕੰਕਾਰ, ਏਕ ਇਕੱਲਾ ਆਪ ਜਣਾਈਆ । ਲੇਖਾ ਜਾਣ ਗੁਰ ਅਵਤਾਰ, ਸ਼ਬਦੀ ਸ਼ਬਦ ਪੜ੍ਹਾਈਆ । ਲੱਖ ਚੁਰਾਸੀ ਬਣ ਵਣਜਾਰ, ਸਾਚਾ ਹੱਟ ਇਕ ਖੁਲ੍ਹਾਈਆ । ਤੀਰਥ ਤੱਟ ਦੇ ਸਹਾਰ, ਸਰ ਸਰੋਵਰ ਮਾਣ ਵਡਿਆਈਆ । ਏਕਾ ਓਟ ਸਮਰਥ ਪੁਰਖ ਕਰਤਾਰ, ਦੂਜੀ ਆਸ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਏਕਾ ਲਾਈਆ । ਸਾਚਾ ਮਾਰਗ ਜੁਗ ਚਾਰ, ਹਰਿ ਜੂ ਹਰਿ ਹਰਿ ਆਪ ਲਗਾਇੰਦਾ । ਸ਼ਬਦੀ ਸ਼ਬਦ ਸ਼ਬਦੀ ਧਾਰ, ਸੋ ਪੁਰਖ ਨਿਰੰਜਣ ਆਪ ਪਰਗਟਾਇੰਦਾ । ਬ੍ਰਹਮਾ ਵੇਤਾ ਦੇ ਅਧਾਰ, ਚਾਰੇ ਵੇਦਾਂ ਵੇਦ ਸੁਣਾਇੰਦਾ । ਅਛਲ ਅਛੇਦਾ ਖੇਲ ਅਪਾਰ, ਭੇਵ ਕੋਇ ਨਾ ਆਇੰਦਾ । ਸ਼ਾਸਤਰ ਸਿਮਰਤ ਕਰ ਤਿਆਰ, ਪੁਰਾਨ ਪੁਰਾਨੀ ਆਪ ਪੜ੍ਹਾਇੰਦਾ । ਲੇਖਾ ਜਾਣੇ ਗੁਰ ਅਵਤਾਰ, ਗੁਰ ਗੁਰ ਆਪਣੀ ਬੂਝ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਆਪ ਚਲਾਇੰਦਾ । ਹਰਿ ਕੀ ਇਛਿਆ ਸ਼ਬਦ ਧਾਰ, ਸ਼ਬਦ ਧਾਰ ਗੁਰੂ ਵਡਿਆਈਆ । ਗੁਰ ਗੁਰ ਰੂਪ ਆਪ ਨਿਰੰਕਾਰ, ਸਤਿਗੁਰ ਪੂਰਾ ਵੇਸ ਵਟਾਈਆ । ਲੱਖ ਚੁਰਾਸੀ ਪਾਵੇ ਸਾਰ, ਘਟ ਘਟ ਬੈਠਾ ਜੋਤ ਜਗਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਵਾਰੋ ਵਾਰ, ਨਿਰਗੁਣ ਨਿਰਾਕਾਰ ਸਰਗੁਣ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ ਸ਼ਬਦ ਗੁਰ, ਗੁਰ ਕਰਤਾ ਆਪ ਕਰਾਇੰਦਾ । ਧੁਰਦਰਗਾਹੀ ਸਾਚੀ ਸੁਰ, ਗੁਰ ਅਵਤਾਰਾਂ ਆਪ ਸੁਣਾਇੰਦਾ । ਨਿਰਗੁਣ ਨਾਲ ਨਿਰਗੁਣ ਜੁੜ, ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਵਡਿਆਇੰਦਾ । ਸ਼ਬਦ ਗੁਰ ਸੂਰਬੀਰਾ, ਮਹਾਂਬੀਰ ਇਕ ਅਖਵਾਇੰਦਾ । ਆਦਿ ਜੁਗਾਦਿ ਸਾਚਾ ਤੀਰਾ, ਤੀਰ ਨਿਰਾਲਾ ਨਾਮ ਚਲਾਇੰਦਾ । ਦੋ ਜਹਾਨਾਂ ਘੱਤ ਵਹੀਰਾ, ਲੋਆਂ ਪੁਰੀਆਂ ਫੇਰਾ ਪਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜੀਰਾ, ਸ਼ਰਅ ਸ਼ਰੀਅਤ ਮੂਲ ਚੁਕਾਇੰਦਾ । ਲੇਖਾ ਜਾਣੇ ਸ਼ਾਹ ਹਕੀਰਾ, ਊਚ ਨੀਚ ਪੜਦਾ ਲਾਹਿੰਦਾ । ਕਰੇ ਖੇਲ ਬੇਨਜ਼ੀਰਾ, ਨਜ਼ਰ ਵਿਚ ਕਿਸੇ ਨਾ ਆਇੰਦਾ । ਬਦਲਣਹਾਰ ਸਦਾ ਤਕਦੀਰਾ, ਤਕਬੀਰ ਆਪਣੇ ਹੱਥ ਰਖਾਇੰਦਾ । ਭੂਪਤ ਭੂਪ ਪੀਰਨ ਪੀਰਾ, ਦਸਤਗੀਰ ਸਿਫ਼ਤ ਸਲਾਹਿੰਦਾ । ਆਦਿ ਜੁਗਾਦੀ ਜੋਤੀ ਨੂਰਾ, ਨੂਰ ਨੁਰਾਨਾ ਡਗਮਗਾਇੰਦਾ । ਹਜ਼ਰਤ ਸਾਹਿਬ ਹਾਜ਼ਰ ਹਜ਼ੂਰਾ, ਹਰਿ ਹਰਿ ਆਪਣੀ ਖੇਲ ਕਰਾਇੰਦਾ । ਨਾਦ ਅਨਾਦੀ ਸਾਚੀ ਤੂਰਾ, ਤੁਰੀਆ ਰਾਗ ਆਪ ਸੁਣਾਇੰਦਾ । ਸਰਬ ਕਲ ਆਪੇ ਭਰਪੂਰਾ, ਭਰਤੰਬਰ ਖੇਡ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇੰਦਾ । ਆਦਿ ਜੁਗਾਦੀ ਇਕ ਅਵਤਾਰਾ, ਹਰਿ ਜੂ ਹਰਿ ਹਰਿ ਆਪ ਅਖਵਾਇੰਦਾ । ਜੁਗਾ ਜੁਗੰਤਰ ਕਰ ਪਸਾਰਾ, ਨਿਰਗੁਣ ਸਰਗੁਣ ਭੇਵ ਚੁਕਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਗੁਰ ਗੁਰ ਨਾਉਂ ਪਰਗਟਾਇੰਦਾ । ਦੋ ਜਹਾਨਾਂ ਪਾਵੇ ਸਾਰਾ, ਬ੍ਰਹਿਮੰਡਾਂ ਖੰਡਾਂ ਫੋਲ ਫੋਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਹੁਲਾਰਾ,

ਈਸ਼ ਜੀਵ ਜਗਦੀਸ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਕਾਲ ਵੇਸ ਵਟਾਇੰਦਾ । ਪੁਰਖ ਅਕਾਲ ਵੇਸ ਅਪਾਰਾ, ਹਰਿ ਜੂ ਹਰਿ ਹਰਿ ਆਪ ਵਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਨਿਮਸਕਾਰਾ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਦਰ ਦਰਵੇਸ ਬਣਨ ਭਿਖਾਰਾ, ਰਸਨਾ ਏਕਾ ਮੰਗ ਮੰਗਾਇੰਦਾ । ਤੇਰੀ ਓਟ ਪਰਵਰਦਿਗਾਰਾ, ਦੂਜੀ ਆਸ ਨਾ ਕੋਇ ਜਣਾਇੰਦਾ । ਜੁਗ ਚੌਕੜੀ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਇੰਦਾ । ਬ੍ਰਹਮਾ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਚਾਰ ਵੇਦ ਲਿਖ ਲਿਖ ਥੱਕਾ ਬਣ ਲਿਖਾਰਾ, ਚਾਰ ਜੁਗ ਵੰਡ ਵੰਡਾਇੰਦਾ । ਵੇਦ ਵਿਆਸ ਮਾਰੇ ਨਾਅਰਾ, ਉਚੀ ਕੂਕ ਕੂਕ ਸੁਣਾਇੰਦਾ । ਪੁਰਾਨ ਅਠਾਰਾਂ ਨਾ ਕੋਇ ਆਧਾਰਾ, ਪੁਰਾਨ ਪੁਰਾਨੀ ਨਾ ਕੋਇ ਮਿਲਾਇੰਦਾ । ਗਾ ਗਾ ਥੱਕਾ ਸਰਬ ਸੰਸਾਰਾ, ਆਤਮ ਰਸ ਹੱਥ ਕਿਸੇ ਨਾ ਆਇੰਦਾ । ਤੂੰ ਵਸਣਹਾਰਾ ਧਾਮ ਨਿਆਰਾ, ਨਿਹਚਲ ਆਪਣਾ ਆਸਣ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਮੰਗ ਮੰਗਾਇੰਦਾ । ਤੇਰੇ ਦਰ ਇਕੋ ਮੰਗ, ਬ੍ਰਹਮਾ ਵੇਤਾ ਝੋਲੀ ਡਾਹੀਆ । ਨਵ ਨੌਂ ਚਾਰ ਚੌਕੜੀ ਗਈ ਲੰਘ, ਸੇਵਕ ਬਣ ਬਣ ਸੇਵ ਕਮਾਈਆ । ਕਲਜੁਗ ਅੰਤਮ ਹੋਇਆ ਨੰਗ, ਆਪਣਾ ਆਪ ਰਿਹਾ ਵਖਾਈਆ । ਲੱਖ ਚੁਰਾਸੀ ਲੁਕਿਆ ਤੇਰਾ ਅਨੰਦ, ਆਤਮ ਅਨੰਦ ਨਾ ਕੋਇ ਰਸਾਈਆ । ਰਸਨਾ ਜਿਹਵਾ ਜਗਤ ਵਿਕਾਰਾ ਝੂਠਾ ਗੰਦ, ਹਰਿ ਕਾ ਨਾਉਂ ਨਾ ਕੋਇ ਧਿਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਹਕਰਮੀ ਤੇਰਾ ਕੋਈ ਨਾ ਗਾਏ ਛੰਦ, ਚੌਦਾਂ ਵਿਦਿਆ ਹੋਈ ਹਲਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਜੀਵ ਜੰਤ ਪਾਏ ਡੰਡ, ਡੰਕਾ ਨਾਮ ਨਾ ਕੋਇ ਵਜਾਈਆ । ਬਿਨ ਤੇਰੇ ਲੱਖ ਚੁਰਾਸੀ ਹੋਈ ਰੰਡ, ਹਰਿ ਕੰਤ ਨਾ ਕੋਇ ਹੰਢਾਈਆ । ਸਾਧ ਸੰਤ ਕਰਨ ਪਖੰਡ, ਭੇਖਾ ਧਾਰੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਤੇਰੀ ਓਟ ਰਖਾਈਆ । ਬ੍ਰਹਮਾ ਰੋਵੇ ਮਾਰੇ ਨਾਅਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਮੇਰਾ ਬ੍ਰਹਮ ਹੋਇਆ ਕਵਾਰਾ, ਤੁਧ ਬਿਨ ਅਵਰ ਨਾ ਕੋਇ ਪਰਨਾਇੰਦਾ । ਚਾਰੋਂ ਕੁੰਟ ਫਿਰੇ ਗਵਾਰਾ, ਸਤਿ ਸੰਤੋਖ ਨਾ ਕੋਇ ਦ੍ਰਿੜਾਇੰਦਾ । ਬੌਹੜੀ ਬੌਹੜੀ ਕੱਢੇ ਹਾੜਾ, ਕਲਜੁਗ ਵੇਲਾ ਅੰਤਮ ਆਇੰਦਾ । ਲੁੱਟਿਆ ਜਾਏ ਦਿਨ ਦਿਹਾੜਾ, ਅੱਗੇ ਹੋ ਨਾ ਕੋਇ ਬਚਾਇੰਦਾ । ਨਾਤਾ ਛੱਡ ਗਏ ਗੁਰ ਅਵਤਾਰਾ, ਪੀਰ ਪੈਗ਼ੰਬਰ ਨਜ਼ਰ ਕੋਇ ਨਾ ਆਇੰਦਾ । ਹਾਹਾਕਾਰ ਮੰਦਰ ਮਸਜਦ ਗੁਰਦੁਆਰਾ, ਸਤਿ ਸਤਿ ਨਾ ਕੋਇ ਵਖਾਇੰਦਾ । ਅਸਤਿ ਹੋਇਆ ਜਗਤ ਵਣਜਾਰਾ, ਜਗਤ ਵਸਤ ਵਸਤ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਅੱਗੇ ਝੋਲੀ ਡਾਹਿੰਦਾ । ਬ੍ਰਹਮਾ ਰੋਵੇ ਮਾਰੇ ਧਾਹ, ਉਚੀ ਕੂਕ ਕੂਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤਮ ਪੱਲੂ ਗਏ ਛਡਾ, ਸਗਲਾ ਸੰਗ ਨਾ ਕੋਇ ਨਿਭਾਈਆ । ਈਸਾ ਮੂਸਾ ਮੁਖ ਰਹੇ ਛੁਪਾ, ਮੁਹੰਮਦ ਨੈਣ ਨਾ ਕੋਇ ਵਖਾਈਆ । ਅੱਲਾ ਰਾਣੀ ਘੁੰਗਟ ਬੈਠੀ ਪਾ, ਮੁਖ ਨਕਾਬ ਟਿਕਾਈਆ । ਨਜ਼ਰ ਨਾ ਆਏ ਬੇਪਰਵਾਹ, ਪਰਦਾਨਸ਼ੀਂ ਪਰਦਾ ਨਾ ਸਕੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਰਨ ਤੇਰੀ ਸਰਨਾਈਆ । ਬ੍ਰਹਮਾ ਰੋਵੇ ਮਾਰੇ ਕੂਕ, ਕੂਕ ਕੂਕ ਸੁਣਾਇੰਦਾ । ਤ੍ਰੈਗੁਣ ਮਾਇਆ ਰਹੀ ਫੂਕ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਪਰਮਾਤਮ ਤੇਰੀ ਚੁਕੀ ਚੂਕ, ਤੇਰਾ ਨਾਉਂ ਨਾ ਕੋਇ ਧਿਆਇੰਦਾ । ਲੱਖ ਚੁਰਾਸੀ ਸੁੱਤੀ ਘੂਕ, ਬਾਂਹੋਂ ਫੜ ਨਾ ਕੋਇ ਉਠਾਇੰਦਾ । ਬਿਨ ਗੋਬਿੰਦ ਬਣਿਆ ਨਾ ਤੇਰਾ ਕੋਈ ਪੂਤ, ਪੁਰਖ

ਅਕਾਲ ਨਾ ਕੋਇ ਮਨਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਅੱਗੇ ਝੋਲੀ ਡਾਹਿੰਦਾ। ਤੇਰੇ ਅੱਗੇ ਬੈਠਾ ਝੋਲੀ ਅੱਡ, ਦੋਏ ਜੋੜ ਵਾਸਤਾ ਪਾਇਆ। ਲੱਖ ਚੁਰਾਸੀ ਵਿਚੋਂ ਮੈਨੂੰ ਕੱਢ, ਆਪ ਆਪਣਾ ਦਰਸ ਦਿਖਾਇਆ। ਨੌਂ ਸੌ ਚੁਰਾਨਵੇ ਚੌਕੜੀ ਜਾਵਾਂ ਛੱਡ, ਵੇਲਾ ਅੰਤਮ ਆਇਆ। ਕਵਣ ਵੇਲਾ ਲਏਂ ਸੱਦ, ਧੁਰ ਫ਼ਰਮਾਣਾ ਹੁਕਮ ਸੁਣਾਇਆ। ਕੋਟਨ ਕੋਟ ਬ੍ਰਹਮੇ ਗਏ ਲੱਦ, ਥਿਰ ਕੋਇ ਰਹਿਣ ਨਾ ਪਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲੇ ਅੰਤ ਹੋ ਸਹਾਇਆ। ਬ੍ਰਹਮਾ ਰੋਵੇ ਅੰਤ ਵਾਰ, ਨੇਤਰ ਨੈਣਾਂ ਨੀਰ ਵਹਾਈਆ। ਕਲਜੁਗ ਅੰਤਮ ਧੂਅੰਧਾਰ, ਸਾਚਾ ਚੰਦ ਨਾ ਕੋਇ ਚੜ੍ਹਾਈਆ। ਆਤਮ ਪਰਮਾਤਮ ਨਾ ਕੋਇ ਵਿਚਾਰ, ਚਾਰੇ ਬਾਣੀ ਨੈਣ ਨੈਣ ਸ਼ਰਮਾਈਆ। ਸਾਚਾ ਡੰਕਾ ਨਾ ਵੱਜੇ ਵਿਚ ਸੰਸਾਰ, ਜੂਠ ਝੂਠ ਪਈ ਲੜਾਈਆ। ਪੁਰਖ ਅਬਿਨਾਸ਼ੀ ਕਰਿਆ ਖੇਲ ਅਪਾਰ, ਤੇਰੇ ਹੱਥ ਤੇਰੀ ਸ਼ਹਿਨਸ਼ਾਹੀਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ। ਬ੍ਰਹਮੇ ਦੇਵੇ ਹਰਿ ਧਰਵਾਸਾ, ਏਕਾ ਸ਼ਬਦ ਜਣਾਇਆ। ਹਰਿ ਜੂ ਵੇਖੇ ਅੰਤ ਤਮਾਸ਼ਾ, ਨਿਰਗੁਣ ਆਪੇ ਵੇਖਣ ਆਇਆ। ਸਚਖੰਡ ਨਿਵਾਸੀ ਸਚਖੰਡ ਦੁਆਰੇ ਬਹਿ ਬਹਿ ਕਰੇ ਹਾਸਾ, ਲੋਕਮਾਤ ਆਸਣ ਲਾਇਆ। ਨੌਂ ਸੌ ਚੁਰਾਨਵੇ ਚੌਕੜੀ ਯੁਗ ਗੁਰ ਅਵਤਾਰਾ ਜੋ ਦੇਂਦਾ ਰਿਹਾ ਭਰਵਾਸਾ, ਏਕਾ ਆਪਣਾ ਇਸ਼ਟ ਵਖਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਸੰਦੇਸਾ ਦਏ ਸੁਣਾਇਆ। ਅੰਤ ਸੰਦੇਸਾ ਏਕਾ ਵਾਰ, ਹਰਿ ਜੂ ਆਪ ਜਣਾਇੰਦਾ। ਪਹਿਲੀ ਚੇਤ ਕੀਆ ਵਿਹਾਰ, ਭੇਵ ਅਭੇਦਾ ਆਪ ਖੁਲ੍ਹਾਇੰਦਾ। ਦਰ ਦੁਆਰੇ ਸੱਦ ਤੇਈ ਅਵਤਾਰ, ਪਿਛਲਾ ਮੂਲ ਸਰਬ ਚੁਕਾਇੰਦਾ। ਭਗਤਾਂ ਰੱਖੇ ਨਾ ਕੋਇ ਉਧਾਰ, ਲਹਿਣਾ ਸਭ ਦੇ ਹੱਥ ਫੜਾਇੰਦਾ। ਗੁਰੂ ਗੁਰ ਕਰੇ ਨਾ ਕੋਈ ਇਨਕਾਰ, ਹੁਕਮੀ ਹੁਕਮ ਸਰਬ ਮਨਾਇੰਦਾ। ਨੇਤਰ ਨੇਤਰ ਵਖਾਇਆ ਸਰਬ ਸੰਸਾਰ, ਜਗਤ ਖੇਤਰ ਪੜਦਾ ਲਾਹਿੰਦਾ। ਆਓ ਆਪਣੇ ਆਪਣੇ ਲਓ ਸੰਭਾਲ, ਹਰਿ ਜੂ ਏਕਾ ਹੁਕਮ ਸੁਣਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ। ਗੁਰ ਅਵਤਾਰ ਪੀਰ ਪੈਗ਼ੰਬਰ ਮਾਰ ਧਿਆਨ, ਲੋਕਮਾਤ ਵੇਖ ਵਖਾਇਆ। ਕਿਸੇ ਘਰ ਨਾ ਦਿਸਿਆ ਸਚ ਗਿਆਨ, ਗਿਆਨ ਧਿਆਨ ਨਜ਼ਰ ਕਿਤੇ ਨਾ ਆਇਆ। ਚਾਰੋਂ ਕੁੰਟ ਬੀਆਬਾਨ, ਸਿਮਲ ਰੁਖ ਰਿਹਾ ਲਹਿਰਾਇਆ। ਕਿਸੇ ਸੰਤ ਨਾ ਮਿਲਿਆ ਹਰਿ ਜੂ ਆਣ ਕਾਇਆ ਚੋਲੀ ਰੰਗ ਨਾ ਕੋਇ ਚੜ੍ਹਾਇਆ। ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਾਰੇ ਗਾਣ, ਗਾ ਗਾ ਹਰਿ ਜੂ ਹਰਿ ਨਾ ਕਿਸੇ ਮਨਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇਆ। ਗੁਰ ਅਵਤਾਰ ਵੇਖਣ ਆ, ਚਾਰ ਯੁਗ ਦੀ ਖੇਲ ਵਖਾਈਆ। ਉਠੋ ਵੇਖੋ ਬਣ ਮਲਾਹ, ਪੁਰਖ ਅਬਿਨਾਸ਼ੀ ਰਿਹਾ ਸਮਝਾਈਆ। ਜੋ ਆਪਣਾ ਆਪਣਾ ਨਾਮ ਗਏ ਜਪਾ, ਭੁਲਿਆ ਹਰਿ ਰਘੁਰਾਈਆ। ਸਭ ਦਾ ਪੜਦਾ ਦਏ ਉਠਾ, ਲੁਕਿਆ ਕੋਇ ਰਹਿਣ ਨਾ ਪਾਈਆ। ਰਲ ਮਿਲ ਸਾਰੇ ਕਰੋ ਸਲਾਹ, ਸਾਚੀ ਮਤ ਹਰਿ ਜਣਾਈਆ। ਵੇਲੇ ਅੰਤ ਬਣੋ ਮਲਾਹ, ਬੇੜਾ ਆਪਣੇ ਕੰਧ ਉਠਾਈਆ। ਅੱਗੋਂ ਸਾਰੇ ਕਰ ਕੇ ਗਏ ਨਾਂਹ, ਨਿਉਂ ਨਿਉਂ ਸਯਦਾ ਸੀਸ ਝੁਕਾਈਆ। ਮੁਹੰਮਦ ਕਹੇ ਮੇਰੇ ਬਖ਼ਸ਼ ਗੁਨਾਹ, ਅਧਵਿਚਕਾਰ ਬੈਠਾ ਡੇਰਾ ਢਾਹੀਆ। ਚੌਦਾਂ ਤਬਕ ਹੋਏ ਫਨਾਹ, ਚੌਦਾਂ ਸਦੀ ਨਾਲ ਪਰਨਾਈਆ। ਮੇਰੀ ਮਦਦ ਕਰ ਮੇਰੇ ਖ਼ੁਦਾ, ਦਸਤਗੀਰ ਤੇਰੀ ਵਡਿਆਈਆ। ਪਰਵਰਦਿਗਾਰ ਦਇਆ ਕਮਾ, ਮਿਹਰਵਾਨ

ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਅੰਤਮ ਲੋਕਮਾਤ ਹੋਣਾ ਜੁਦਾ, ਸਾਚਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਰਿਹਾ ਵਰਤਾਈਆ । ਏਕਾ ਹੁਕਮ ਵਰਤੇ ਨਿਰੰਕਾਰ, ਹਰਿ ਨਿਰੰਕਾਰਾ ਆਪ ਵਰਤਾਇੰਦਾ । ਗੁਰ ਅਵਤਾਰਾਂ ਲੱਭਾ ਉਧਾਰ, ਪਿਛਲਾ ਲੇਖਾ ਝੋਲੀ ਪਾਇੰਦਾ । ਅੱਗੇ ਇਕੋ ਇਕ ਇਕਰਾਰ, ਜਨ ਭਗਤਾਂ ਨਾਲ ਰਖਾਇੰਦਾ । ਸਤਿਜੁਗ ਸਾਚੀ ਚਲੇ ਧਾਰ, ਕਲਜੁਗ ਕੂੜਾ ਪੰਧ ਮੁਕਾਇੰਦਾ । ਨਾਤਾ ਤੁਟੇ ਵੇਦ ਚਾਰ, ਸ਼ਾਸਤਰ ਸਿਮਰਤ ਨਾ ਕੋਇ ਮਨਾਇੰਦਾ । ਗੀਤਾ ਗਿਆਨ ਨਾ ਕੋਇ ਅਧਾਰ ਅੰਜੀਲ ਕੁਰਾਨ ਨਾ ਕੋਇ ਪੜ੍ਹਾਇੰਦਾ । ਖਾਣੀ ਬਾਣੀ ਇਕ ਜੈਕਾਰ, ਗੁਰ ਗੁਰ ਸ਼ਬਦੀ ਨਾਉਂ ਸਲਾਹਿੰਦਾ । ਸ਼ਬਦ ਗੁਰ ਪੂਰਨ ਅਵਤਾਰ, ਆਦਿ ਜੁਗਾਦਿ ਫੇਰਾ ਪਾਇੰਦਾ । ਪੰਜ ਤੱਤ ਕਰਜ਼ਾ ਦਿਤਾ ਉਤਾਰ, ਮਕਰੂਜ਼ ਨਜ਼ਰ ਕੋਇ ਨਾ ਆਇੰਦਾ । ਪਰਗਟ ਹੋਏ ਆਪ ਨਿਰੰਕਾਰ, ਨਿਹਕਲੰਕਾ ਨਾਉਂ ਰਖਾਇੰਦਾ । ਸਯਦਾ ਕਰੇ ਸਰਬ ਸੰਸਾਰ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਆਪਣੇ ਹੱਥ ਰਖਾਇੰਦਾ । ਗੁਰ ਅਵਤਾਰਾਂ ਕਰ ਖੁਲਾਸ, ਹਰਿ ਖੁਲਾਸਾ ਆਪ ਜਣਾਈਆ । ਚਾਰੇ ਬਾਣੀ ਸੱਦੇ ਆਪਣੇ ਪਾਸ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਕਲਮ ਸ਼ਾਹੀ ਮੁੱਕੇ ਆਸ, ਆਸ ਆਸਾਵੰਦ ਪੂਰ ਕਰਾਈਆ । ਕਰੇ ਖੇਲ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਰੂ ਸਰਬ ਵਖਾਈਆ । ਏਕਾ ਗੁਰੂ ਗੁਰੂ ਗੁਰ ਸਤਿਗੁਰ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਕਲਜੁਗ ਅੰਤਮ ਜਾਏ ਬੌਹੜ, ਗੋਬਿੰਦ ਲੇਖਾ ਮੂਲ ਮੁਕਾਇੰਦਾ । ਸ਼ਬਦ ਅਗੰਮੀ ਚੜ੍ਹ ਚੜ੍ਹ ਘੋੜ, ਅਸਵ ਅਸਵਾਰਾ ਫੇਰਾ ਪਾਇੰਦਾ । ਦੋ ਜਹਾਨਾਂ ਪੰਧ ਮੁਕਾਏ ਦੌੜ ਦੌੜ, ਬਣ ਪਾਂਧੀ ਸੇਵ ਕਮਾਇੰਦਾ । ਲੱਖ ਚੁਰਾਸੀ ਵੇਖੇ ਰੀਠਾ ਮਿੱਠਾ ਕੌੜ, ਘਟ ਘਟ ਆਪਣਾ ਪੜਦਾ ਲਾਹਿੰਦਾ । ਦੋ ਜਹਾਨਾਂ ਲਾਇਆ ਇਕੋ ਪੌੜ, ਔਂਦਾ ਜਾਂਦਾ ਨਜ਼ਰ ਨਾ ਆਇੰਦਾ । ਜਨ ਭਗਤਾਂ ਹਰਿ ਜੂ ਜਾਏ ਬੌਹੜ ਸਿਰ ਆਪਣਾ ਹੱਥ ਟਿਕਾਇੰਦਾ । ਚਾਰ ਵਰਨ ਚਾਰ ਯੁਗ ਵੇਦ ਜਿਸ ਨੂੰ ਗੌਂਦੇ ਰਹੇ ਬ੍ਰਹਿਮਣ ਗੌੜ, ਸੋ ਬ੍ਰਹਿਮਣ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਰਖਾਇੰਦਾ । ਆਪਣਾ ਬਲ ਆਪੇ ਰੱਖ, ਹਰਿ ਆਪਣੀ ਖੇਲ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਨਾਲੋਂ ਕੀਤੇ ਵਖ, ਸਚਖੰਡ ਦੁਆਰੇ ਚਰਨਾਂ ਹੇਠ ਰਖਾਈਆ । ਨਿਰਗੁਣ ਨੂਰ ਹੋ ਪਰਤੱਖ, ਜੋਤੀ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਖੋਲ੍ਹੇ ਇਕੋ ਅੱਖ, ਅਗਿਆਨ ਅੰਧੇਰਾ ਦਏ ਮਿਟਾਈਆ । ਸਤਿ ਸਤਿਵਾਦੀ ਮਾਰਗ ਦੱਸ, ਸਾਚੇ ਪੌੜੇ ਦਏ ਚੜ੍ਹਾਈਆ । ਅੰਮ੍ਰਿਤ ਆਤਮ ਏਕਾ ਝੱਟ, ਅਠਸਠ ਤੀਰਥ ਪੰਧ ਮੁਕਾਈਆ । ਨਿਰਮਲ ਜੋਤ ਜਗਾਏ ਲਟ ਲਟ, ਨੂਰੋ ਨੂਰ ਕਰੇ ਰੁਸ਼ਨਾਈਆ । ਸ਼ਬਦ ਨਗਾਰਾ ਵੱਜੇ ਅਨਹਦ, ਆਤਮ ਆਤਮ ਰਾਗ ਸੁਣਾਈਆ । ਆਪ ਉਪਾਏ ਸਾਚੀ ਯੱਦ, ਵਿਸ਼ਨੂੰ ਵਿਸ਼ਵ ਦਏ ਵਡਿਆਈਆ । ਨਿਰਗੁਣ ਸਰਗੁਣ ਲਡਾਏ ਲਡ, ਪ੍ਰੇਮ ਪੰਘੂੜਾ ਇਕ ਝੁਲਾਈਆ । ਪ੍ਰੇਮ ਅੰਦਰ ਜਾਏ ਬੱਝ, ਪੀਆ ਪ੍ਰੀਤਮ ਬੇਪਰਵਾਹੀਆ । ਜਨ ਭਗਤਾਂ ਪੜਦਾ ਲਏ ਕੱਜ, ਨਾਮ ਦੁਸ਼ਾਲਾ ਉਪਰ ਪਾਈਆ । ਸਚਖੰਡ ਨਿਵਾਸੀ ਸਾਚੇ ਤਖ਼ਤ ਬਹੇ ਸਜ, ਨਿਰਗੁਣ ਨੂਰ ਕਰ ਰੁਸ਼ਨਾਈਆ । ਸਤਿਜੁਗ ਚਲਾਏ ਸਚ ਜਹਾਜ, ਚੱਪੂ ਅਪਣਾ ਨਾਮ ਲਗਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਚਾਰ ਵਰਨ ਮਾਰੇ ਇਕ ਅਵਾਜ਼, ਸੋਹੰ ਅੱਖਰ ਕਰੇ ਪੜ੍ਹਾਈਆ । ਦਇਆ ਕਰੇ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ

ਆਪਣੇ ਗਲੇ ਲਗਾਈਆ । ਨਿਰਗੁਣ ਸਰਗੁਣ ਰਚ ਰਚ ਕਾਜ, ਬ੍ਰਹਮ ਪਾਰਬ੍ਰਹਮ ਕਰੇ ਕੁੜਮਾਈਆ । ਲੇਖਾ ਜਾਣੇ ਧੁਰਦਰਗਾਹੀ ਸ਼ਹਿਨਸ਼ਾਹ ਪਾਤਸ਼ਾਹ ਸਾਚਾ ਰਾਜ, ਰਾਜ ਭੂਪ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਪਰਗਟਾਈਆ । ਸਤਿਗੁਰ ਸੱਚਾ ਹਰਿ ਹਰਿ ਨਾਉਂ, ਆਦਿ ਜੁਗਾਦਿ ਸਮਾਇਆ । ਪੁਰਖ ਅਕਾਲ ਪਿਤਾ ਮਾਉਂ, ਜਨ ਜਨਨੀ ਨਾ ਕੋਇ ਵਖਾਇਆ । ਮਹੱਲ ਅਟੱਲ ਅਗੰਮ ਅਥਾਹੋ, ਸਚਖੰਡ ਦੁਆਰਾ ਇਕ ਸੁਹਾਇਆ । ਭਗਤ ਭਗਵੰਤ ਪਕੜੇ ਬਾਂਹੋਂ, ਸੰਤ ਸੁਹੇਲੇ ਲਏ ਮਿਲਾਇਆ । ਨਿਥਾਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਆਪ ਬਹਾਇਆ । ਹੰਸ ਬਣਾਏ ਫੜ ਫੜ ਕਾਉਂ, ਕਾਗੋਂ ਹੰਸ ਓਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਰੂ ਸ਼ਬਦ ਵਖਾਇਆ । ਏਕਾ ਸ਼ਬਦ ਗੁਰੂ ਗੁਰ ਚੇਲਾ, ਗੁਰ ਚੇਲਾ ਰੂਪ ਵਟਾਈਆ । ਏਕਾ ਗੁਰੂ ਸੱਜਣ ਸੁਹੇਲਾ, ਗੁਰ ਸ਼ਬਦੀ ਨਾਉਂ ਧਰਾਈਆ । ਏਕਾ ਸਤਿਗੁਰ ਕਰੇ ਮੇਲਾ, ਮਿਲਿਆ ਮੇਲ ਵਿਛੜ ਨਾ ਜਾਈਆ । ਏਕਾ ਵਸੇ ਸਦਾ ਨਵੇਲਾ, ਏਕਾ ਘਟ ਘਟ ਰਿਹਾ ਸਮਾਈਆ । ਏਕਾ ਜਾਣੇ ਆਪਣਾ ਵੇਲਾ, ਥਿਤ ਵਾਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਤਿਗੁਰ ਇਕ ਸਮਝਾਈਆ । ਸਤਿਗੁਰ ਸੱਚਾ ਏਕੰਕਾਰ, ਆਦਿ ਜੁਗਾਦਿ ਸਮਾਇਆ । ਗੁਰ ਗੁਰ ਰੂਪ ਸ਼ਬਦੀ ਧਾਰ, ਧਾਰ ਧਾਰ ਨਾਲ ਬੰਧਾਇਆ । ਨਿਰਗੁਣ ਸਰਗੁਣ ਕਰ ਪਸਾਰ, ਬਣ ਪਸਾਰੀ ਵੇਖ ਵਖਾਇਆ । ਦੀਆ ਬਾਤੀ ਕਮਲਾਪਾਤੀ ਕਰ ਤਿਆਰ, ਮਹੱਲ ਅਟੱਲ ਕਰੇ ਰੁਸ਼ਨਾਇਆ । ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਇਆ । ਬੰਦ ਤਾਕੀ ਖੋਲ੍ਹ ਕਿਵਾੜ, ਸਾਚਾ ਮੰਦਰ ਆਪ ਸੁਹਾਇਆ । ਸਾਚੇ ਰਾਕੀ ਹੋ ਅਸਵਾਰ, ਪੁਰਖ ਅਬਿਨਾਸ਼ੀ ਫੇਰਾ ਪਾਇਆ । ਲਹਿਣਾ ਦੇਣਾ ਕਰਜ ਉਤਾਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਅੰਤਮ ਮੂਲ ਚੁਕਾਇਆ । ਅੰਤਮ ਦੇਵੇ ਨਾ ਕੋਇ ਸਹਾਰ, ਸਗਲਾ ਸੰਗ ਨਾ ਕੋਇ ਨਿਭਾਇਆ । ਪੁਰਖ ਅਬਿਨਾਸ਼ੀ ਹੋਇਆ ਖ਼ਬਰਦਾਰ, ਲੱਖ ਚੁਰਾਸੀ ਲਏ ਜਗਾਇਆ । ਵਿਸ਼ਨ ਬ੍ਰਹਮਾ ਸ਼ਿਵ ਦੋਏ ਜੋੜ ਕਰਨ ਨਿਮਸਕਾਰ, ਦਰ ਬੈਠੇ ਸੀਸ ਝੁਕਾਇਆ । ਸਾਡੀ ਆਈ ਅੰਤਮ ਵਾਰ, ਤੂੰ ਲਹਿਣਾ ਰਿਹਾ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਇਆ । ਸਾਚਾ ਖੇਲ ਵਰਤਾਏ ਭਗਵਾਨ, ਕਲਜੁਗ ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਦੇਵੇ ਸਾਚਾ ਮਾਣ, ਸਤਿ ਸਤਿਵਾਦੀ ਆਪ ਪਰਗਟਾਈਆ । ਚਾਰ ਵਰਨਾਂ ਇਕ ਗਿਆਨ, ਊਚ ਨੀਚ ਨਾ ਕੋਇ ਰਖਾਈਆ । ਚਾਰ ਕੁੰਟ ਇਕ ਪਰਧਾਨ, ਹਰਿ ਸ਼ਬਦੀ ਨਾਉਂ ਵਖਾਈਆ । ਚਾਰ ਕੁੰਟ ਇਕ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਈਆ । ਚਾਰ ਯੁਗ ਇਕ ਵਿਧਾਨ, ਸੋਹੰ ਮੁਖੀਆ ਮੁੱਖ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਪੀਰ ਅਵਤਾਰ ਨਾ ਵੰਡ ਵੰਡਾਈਆ । ਚਾਰ ਜੁਗ ਏਕਾ ਨਾਮਾ, ਨਮੋ ਮੰਤਰ ਹਰਿ ਦਿੜ੍ਹਾਇੰਦਾ । ਚਾਰ ਯੁਗ ਏਕਾ ਰਾਮਾ, ਰਾਮ ਰਮੱਯਾ ਆਪ ਅਖਵਾਇੰਦਾ । ਚਾਰ ਯੁਗ ਏਕਾ ਸ਼ਾਮਾ, ਏਕਾ ਬੰਸਰੀ ਕਾਹਨ ਵਜਾਇੰਦਾ । ਚਾਰ ਯੁਗ ਇਕ ਪੈਗ਼ਾਮਾ, ਈਸਾ ਮੂਸਾ ਸਿਫ਼ਤ ਸਲਾਹਿੰਦਾ । ਚਾਰ ਯੁਗ ਇਕ ਦਮਾਮਾ, ਨਬੀ ਰਸੂਲ ਆਪ ਅਲਾਇੰਦਾ । ਚਾਰ ਯੁਗ ਏਕਾ ਸਤਿ ਨਾਮਾ, ਨਿਰਗੁਣ ਧਾਰ ਆਪ ਸਮਝਾਇੰਦਾ । ਚਾਰ ਯੁਗ ਏਕਾ ਬਾਣਾ, ਨਿਰਗੁਣ ਸਰਗੁਣ ਆਪ ਵਖਾਇੰਦਾ । ਚਾਰ ਯੁਗ ਏਕਾ ਰਾਣਾ, ਪੁਰਖ ਅਕਾਲ ਤਖ਼ਤ ਸੁਹਾਇੰਦਾ । ਚਾਰ ਯੁਗ ਏਕਾ ਭਾਣਾ, ਹਰਿ ਕਾ ਭਾਣਾ ਨਾ ਕੋਇ

ਉਲਟਾਇੰਦਾ । ਚਾਰ ਯੁਗ ਏਕਾ ਖਾਣਾ, ਰਸਨਾ ਜਿਹਵਾ ਨਾਲ ਮਿਲਾਇੰਦਾ । ਚਾਰ ਯੁਗ ਏਕਾ ਗਾਣਾ, ਗੀਤ ਸੁਹਾਗੀ ਇਕ ਸਮਝਾਇੰਦਾ । ਚਾਰ ਯੁਗ ਇਕ ਟਿਕਾਣਾ, ਹਰਿ ਚਰਨ ਓਟ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇੰਦਾ । ਚਾਰ ਯੁਗ ਏਕਾ ਰਾਗ, ਹਰਿ ਰਾਗੀ ਆਪ ਜਣਾਈਆ । ਚਾਰ ਯੁਗ ਇਕ ਵੈਰਾਗ, ਵਡ ਵੈਰਾਗੀ ਆਪ ਵਖਾਈਆ । ਚਾਰ ਯੁਗ ਏਕਾ ਨਾਦ, ਅਨਾਦੀ ਧੁੰਨ ਸੁਣਾਈਆ । ਚਾਰ ਯੁਗ ਏਕਾ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਚਾਰ ਯੁਗ ਏਕਾ ਸਾਜ, ਬਿਨ ਤੰਦ ਸਿਤਾਰ ਵਜਾਈਆ । ਚਾਰ ਯੁਗ ਏਕਾ ਸਰਨੀ ਜਾਣਾ ਲਾਗ, ਸਤਿਗੁਰ ਪੂਰਾ ਏਕਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਚਾਰ ਯੁਗ ਏਕਾ ਰਾਹ, ਏਕਾ ਘਰ ਵਖਾਇੰਦਾ । ਚਾਰ ਯੁਗ ਇਕ ਮਲਾਹ, ਏਕਾ ਬੇੜਾ ਮਾਤ ਚਲਾਇੰਦਾ । ਚਾਰ ਯੁਗ ਇਕ ਸਲਾਹ, ਸਿਫ਼ਤ ਸਲਾਹੀ ਦਇਆ ਕਮਾਇੰਦਾ । ਚਾਰ ਯੁਗ ਏਕਾ ਨਾ, ਨਾਉਂ ਨਿਰੰਕਾਰਾ ਆਪ ਵਖਾਇੰਦਾ । ਚਾਰ ਯੁਗ ਏਕਾ ਥਾਂ, ਊਚ ਨੀਚ ਵੰਡ ਨਾ ਕੋਇ ਵੰਡਾਇੰਦਾ । ਚਾਰ ਯੁਗ ਪਕੜੇ ਬਾਂਹ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਇੰਦਾ । ਆਪਣੀ ਦਇਆ ਕਰੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਦਿ ਜੁਗਾਦੀ ਵਡ ਪਰਤਾਪ, ਵਡ ਪਰਤਾਪੀ ਖੇਲ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਜੁਗ ਚੌਕੜੀ ਗੁਰ ਅਵਤਾਰਾਂ ਦੱਸਦਾ ਰਿਹਾ ਜਾਪ, ਆਪਣੇ ਨਾਉਂ ਕਰੇ ਪੜ੍ਹਾਈਆ । ਈਸਾ ਕਹੇ ਮੇਰਾ ਬਾਪ, ਏਕਾ ਨੂਰ ਨੂਰ ਖ਼ੁਦਾਈਆ । ਮੁਹੰਮਦ ਕਹੇ ਮੇਟੇ ਸੰਤਾਪ, ਸਗਲਾ ਰੋਗ ਮਿਟਾਈਆ । ਨਾਨਕ ਕਹੇ ਕਮਲਾਪਾਤ, ਪਰਮ ਪੁਰਖ ਸੱਚਾ ਸ਼ਹਿਨਸ਼ਾਹੀਆ । ਗੋਬਿੰਦ ਕਹੇ ਵਸੇ ਸਾਥ, ਪੁਰਖ ਅਕਾਲ ਵਿਛੜ ਨਾ ਜਾਈਆ । ਜੁਗ ਜੁਗ ਵੇਖੇ ਖੇਲ ਤਮਾਸ਼, ਸਚ ਸਿੰਘਾਸਣ ਸੋਭਾ ਪਾਈਆ । ਕੋਟਨ ਕੋਟ ਕਾਹਨ ਕ੍ਰਿਸ਼ਨ ਪਾਵਣ ਰਾਸ, ਕੋਟਨ ਕੋਟ ਰਾਮ ਸੀਤਾ ਜਨਕ ਸਪੁੱਤਰੀ ਰਹੇ ਪਰਨਾਈਆ । ਏਕਾ ਪੁਰਖ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਨਾਉਂ ਧਰਾਈਆ । ਗੁਰ ਅਵਤਾਰਾਂ ਪੂਰੀ ਕਰੇ ਆਸ, ਭਗਤਾਂ ਦੇਵੇ ਮਾਣ ਵਡਿਆਈਆ । ਸੰਤਨ ਲੇਖਾ ਜਾਣੇ ਸ਼ਾਹੋ ਸਾਬਾਸ, ਗੁਰਮੁਖ ਮੇਲਾ ਸਹਿਜ ਸੁਭਾਈਆ । ਗੁਰਸਿਖ ਹੋਏ ਨਾ ਕੋਇ ਨਿਰਾਸ, ਜਿਸ ਜਨ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ ਵਖਾਈਆ । ਸਤਿਗੁਰ ਪੂਰਾ ਹਰਿ ਹਰਿ ਏਕ, ਦੂਜਾ ਅਵਰ ਨਾ ਕੋਇ ਜਣਾਇੰਦਾ । ਆਦਿ ਜੁਗਾਦਿ ਰਿਹਾ ਵੇਖ, ਨੇਤਰ ਨੈਣ ਨਾ ਕੋਇ ਰਖਾਇੰਦਾ । ਆਪਣਾ ਦੱਸੇ ਨਾ ਕਿਸੇ ਭੇਤ, ਭੇਵ ਆਪਣੇ ਵਿਚ ਛੁਪਾਇੰਦਾ । ਜਨ ਭਗਤਾਂ ਕਰੇ ਸਾਚਾ ਹੇਤ, ਨਿਤ ਨਵਿਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਇੰਦਾ । ਸਾਚਾ ਮਾਰਗ ਭਗਤ ਭਗਵਾਨ, ਸਤਿਜੁਗ ਸਚ ਜਣਾਈਆ । ਹਰਿਜਨ ਹਰਿ ਜੂ ਮਿਲੇ ਆਣ, ਆਪ ਆਪਣਾ ਵੇਸ ਵਟਾਈਆ । ਨਿਸ਼ਅੱਖਰ ਕਰੇ ਇਕ ਗਿਆਨ, ਆਤਮ ਪਰਮਾਤਮ ਮੇਲ ਮਿਲਾਈਆ । ਲੇਖਾ ਜਾਣੇ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਚਲਾਈਆ । ਸਾਚਾ ਰਾਹ ਚਲੇ ਸੰਸਾਰ, ਵਡ ਸੰਸਾਰੀ ਆਪ ਚਲਾਇੰਦਾ । ਚਾਰ ਵਰਨ ਇਕ ਪਿਆਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਇੰਦਾ । ਚਾਰ ਵਰਨ ਇਕ ਜੈਕਾਰ, ਸੋਹੰ ਢੋਲਾ ਇਕ ਸੁਣਾਇੰਦਾ । ਬਦਲਿਆ ਚੋਲਾ ਆਪ

ਨਿਰੰਕਾਰ, ਪੰਜ ਤੱਤ ਕਾਇਆ ਸੰਗ ਨਾ ਕੋਇ ਲਿਆਇੰਦਾ । ਮਹਾਂਬਲੀ ਉਤਰਿਆ ਆਪਣੀ ਵਾਰ, ਨਾਨਕ ਬੋਲਾ ਪੂਰ ਕਰਾਇੰਦਾ । ਸੰਬਲ ਵਸੇ ਧਾਮ ਨਿਆਰ, ਗੋਬਿੰਦ ਗੁਰ ਗੁਰ ਸਾਲਾਹਿੰਦਾ । ਨਿਹਕਲੰਕਾ ਏਕੰਕਾਰ, ਪਿਤਾ ਪੂਤ ਨਾ ਕੋਇ ਵਡਿਆਇੰਦਾ । ਡੰਕਾ ਵੱਜੇ ਅਗੰਮ ਅਪਾਰ, ਬ੍ਰਹਿਮੰਡਾਂ ਖੰਡਾਂ ਆਪ ਸੁਣਾਇੰਦਾ । ਚਾਰ ਯੁਗ ਦੇ ਗੁਰ ਪੀਰ ਅਵਤਾਰ ਕਰਨ ਨਿਮਸਕਾਰ, ਸੀਸ ਜਗਦੀਸ ਸਰਬ ਝੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਧੂੜੀ ਮੰਗੇ ਚਰਨ ਛਾਰ, ਮਸਤਕ ਟਿੱਕਾ ਮੰਗ ਮੰਗਾਇੰਦਾ । ਭਗਤ ਭਗਵੰਤ ਦਏ ਦੀਦਾਰ, ਦੀਦ ਈਦ ਚੰਦ ਚੜ੍ਹਾਇੰਦਾ । ਕਲਜੁਗ ਅੰਤ ਖੇਲ ਨਿਆਰ, ਭੇਵ ਕੋਇ ਨਾ ਪਾਇੰਦਾ । ਸਚ ਦੁਆਰਾ ਕਰ ਤਿਆਰ, ਤ੍ਰੈਗੁਣ ਅਤੀਤਾ ਵੇਖ ਵਖਾਇੰਦਾ । ਮੰਦਰ ਮਸੀਤਾ ਸ਼ਿਵਦਵਾਲੇ ਮੱਠ ਮਾਰੇ ਮਾਰ, ਤੀਰ ਅਣਿਆਲਾ ਇਕ ਚਲਾਇੰਦਾ । ਤੀਰਥ ਤਟ ਕਿਨਾਰਾ ਜਾਏ ਹਾਰ, ਅਠਸਠ ਮੂਲ ਨਾ ਕੋਇ ਰਖਾਇੰਦਾ । ਨੌਂ ਖੰਡ ਪ੍ਰਿਥਮੀ ਬੋਲੇ ਇਕ ਜੈਕਾਰ, ਸੱਤਾਂ ਦੀਪਾਂ ਏਕਾ ਰਾਗ ਸੁਣਾਇੰਦਾ । ਆਤਮ ਪਰਮਾਤਮ ਵੱਜਦੀ ਰਹੇ ਸਿਤਾਰ, ਤੰਦੀ ਤੰਦ ਨਾ ਕੋਇ ਵਖਾਇੰਦਾ । ਵਾਸਨਾ ਗੰਦੀ ਕੱਢੇ ਬਾਹਰ, ਜੋ ਜਨ ਰਸਨਾ ਸੋਹੰ ਗਾਇੰਦਾ । ਭਾਗਾ ਮੰਦੀ ਸੁਰਤ ਸਵਾਣੀ ਲਏ ਸੰਭਾਲ, ਸ਼ਬਦ ਹਾਣੀ ਆਪ ਮਿਲਾਇੰਦਾ । ਸਾਚੀ ਬਾਣੀ ਚਲੇ ਨਾਲ ਨਾਲ, ਜੁਗ ਜੁਗ ਵੰਡ ਨਾ ਕੋਇ ਵੰਡਾਇੰਦਾ । ਨਾਨਕ ਗਾਇਆ ਏਕਾ ਏਕੰਕਾਰ, ਗੋਬਿੰਦ ਪੁਰਖ ਅਕਾਲ ਮਨਾਇੰਦਾ । ਮੁਹਮੰਦ ਕਹੇ ਮੇਰਾ ਪਰਵਰਦਿਗਾਰ, ਮੁਕਾਮੇ ਹੱਕ ਡੇਰਾ ਲਾਇੰਦਾ । ਈਸਾ ਕਹੇ ਮੇਰਾ ਸਰਦਾਰ, ਪਿਤਾ ਪੂਤ ਗੋਦ ਰਖਾਇੰਦਾ । ਮੂਸਾ ਦੋਏ ਜੋੜ ਕਰੇ ਨਿਮਸਕਾਰ, ਕੋਹਤੂਰ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਪਾਰਬ੍ਰਹਮ ਆਪ ਕਰਾਇੰਦਾ । ਕਲਜੁਗ ਅੰਤਮ ਹੋ ਤਿਆਰ, ਤ੍ਰੈਭਵਣ ਧਨੀ ਵੇਸ ਵਟਾਇੰਦਾ । ਚਾਰ ਯੁਗ ਦੇ ਵਿਛੜੇ ਮੇਲੇ ਯਾਰ, ਯਾਰੀ ਯਾਰਾਂ ਨਾਲ ਨਿਭਾਇੰਦਾ । ਡੁੱਬਦੇ ਪਾਥਰ ਲਏ ਤਾਰ, ਪਾਹਨ ਆਪਣਾ ਚਰਨ ਛੁਹਾਇੰਦਾ । ਰਾਤੀਂ ਸੁੱਤਿਆਂ ਲਏ ਉਠਾਲ, ਸੁਰਤੀ ਸ਼ਬਦ ਸ਼ਬਦ ਮਿਲਾਇੰਦਾ । ਪੂਰਬ ਜਨਮ ਘਾਲ ਜੋ ਗਏ ਘਾਲ, ਕਲਜੁਗ ਅੰਤਮ ਲੇਖੇ ਪਾਇੰਦਾ । ਗੁਰਸਿਖ ਤੇਰੇ ਨੇੜ ਨਾ ਆਏ ਕਾਲ, ਰਾਏ ਧਰਮ ਨਾ ਹਿਸਾਬ ਵਖਾਇੰਦਾ । ਚਿਤਰ ਗੁਪਤ ਨਾ ਬਣੇ ਦਲਾਲ, ਲਾੜੀ ਮੌਤ ਨਾਲ ਨਾ ਕੋਇ ਪਰਨਾਇੰਦਾ । ਤੇਰੀ ਸਤਿਗੁਰ ਕਰੇ ਪ੍ਰਿਤਪਾਲ, ਸਤਿਗੁਰੂ ਸ਼ਬਦ ਅਖਵਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਚਲੇ ਨਾਲ ਨਾਲ, ਬਣ ਪਾਂਧੀ ਪੰਧ ਮੁਕਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੁਰ ਪੀਰ ਅਵਤਾਰਾਂ ਕੋਲੋਂ ਹੋਇਆ ਨਾ ਹੱਲ ਸੁਆਲ, ਬੇਅੰਤ ਬੇਅੰਤ ਬੇਅੰਤ ਸਰਬ ਗਾਇੰਦਾ । ਕੋਈ ਮੰਦਰ ਮਸਜਦ ਮੱਠ ਵਖਾ ਕੇ ਗਿਆ ਧਰਮਸਾਲ, ਚਾਰ ਦੀਵਾਰੀ ਬਣਤ ਬਣਾਇੰਦਾ । ਨਾਨਕ ਗੋਬਿੰਦ ਕਹੇ ਪੁਰਖ ਅਕਾਲ, ਘਟ ਘਟ ਆਪਣਾ ਆਸਣ ਲਾਇੰਦਾ । ਗੁਰਮੁਖ ਵਿਰਲਾ ਕਰੇ ਪਹਿਚਾਨ, ਜੋ ਗੁਰ ਕਾ ਸ਼ਬਦ ਕਮਾਇੰਦਾ । ਸਤਿਗੁਰ ਸੱਚਾ ਮਿਲੇ ਆਣ, ਘਰ ਘਰ ਵਿਚ ਮੇਲ ਕਰਾਇੰਦਾ । ਬਿਨ ਪੜ੍ਹਿਆਂ ਦੇਵੇ ਗਿਆਨ, ਆਪ ਆਪਣਾ ਨਾਉਂ ਸਮਝਾਇੰਦਾ । ਲੱਖ ਚੁਰਾਸੀ ਲੋਕਮਾਤ ਨਾ ਸਕੇ ਪਛਾਣ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਪੰਡਤ ਪਾਂਧਾ ਮੁੱਲਾ ਸ਼ੇਖ਼ ਗ੍ਰੰਥੀ ਪੰਥੀ ਰਾਗ ਸੁਣ ਸੁਣ ਥੱਕਾ ਕਾਨ, ਅਨਹਦ ਰਾਗ ਨਾ ਕੋਇ ਅਲਾਇੰਦਾ । ਮਾਇਆ ਮਮਤਾ ਹਉਮੇ ਹੰਗਤਾ ਜੂਠ ਝੂਠ ਮਦਿ ਪੀਣ ਖਾਣ, ਅੰਮ੍ਰਿਤ ਰਸ ਨਾ ਕੋਇ ਚਖਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਹੋਈ ਬਲਵਾਨ, ਗੁਰ ਕਾ ਖੰਡਾ ਸ਼ਬਦ ਨਾ ਕੋਇ ਉਠਾਇੰਦਾ । ਗਿਆਨੀ ਧਿਆਨੀ ਵਡ ਵਿਦਵਾਨੀ ਹੋਏ ਨਾਦਾਨ,

ਗੁਣ ਨਿਧਾਨ ਹੱਥ ਕਿਸੇ ਨਾ ਆਇੰਦਾ । ਚਾਰ ਵਰਨ ਹੋਈ ਬੇਈਮਾਨ, ਸਚ ਨਾ ਦਿਸੇ ਕੋਈ ਨਿਸ਼ਾਨ, ਸਾਚਾ ਮੰਦਰ ਨਾ ਕੋਇ ਸੁਹਾਇੰਦਾ । ਪੜ੍ਹ ਪੜ੍ਹ ਥੱਕੇ ਅੰਜੀਲ ਕੁਰਾਨ, ਕਾਇਆ ਕਾਅਬਾ ਸਾਚਾ ਹੱਜ਼ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮੇਲਾ ਆਪ ਕਰਾਇੰਦਾ । ਸਤਿਜੁਗ ਸੱਚਾ ਮੇਲ ਮਿਲਾਵਾ, ਭਗਤ ਭਗਵਾਨ ਆਪ ਕਰਾਈਆ । ਗੁਰਮੁਖ ਰੱਖੇ ਇਕੋ ਦਾਅਵਾ, ਦੂਜੀ ਓਟ ਨਾ ਕੋਇ ਤਕਾਈਆ । ਗੁਰੂ ਅਵਤਾਰ ਭਗਤ ਭਗਵੰਤ ਸਾਧ ਸੰਤ ਬਣਾ ਕੇ ਭੇਜਦਾ ਰਿਹਾ ਆਪਣੀਆਂ ਭੁਜਾਂ ਬਾਹਵਾਂ, ਆਪਣਾ ਬਲ ਨਾ ਕਿਸੇ ਜਣਾਈਆ । ਬਿਨ ਕਲਮ ਸ਼ਾਹੀ ਲਿਖਦਾ ਰਿਹਾ ਨਾਵਾਂ, ਨਾ ਸਕੇ ਕੋਇ ਮਿਟਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰਾ ਕਰ ਪਸਾਰਾ ਗੁਰ ਅਵਤਾਰਾਂ ਦੇਵੇ ਠੰਡੀਆਂ ਛਾਂਵਾਂ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜਾਤਾ ਪੁਰਖ ਬਿਧਾਤਾ ਦੇਵਣਹਾਰਾ ਨਾਮ ਦਾਤਾ, ਮੇਟਣਹਾਰ ਅੰਧੇਰੀ ਰਾਤਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਏਥੇ ਓਥੇ ਦੇਵੇ ਸਾਥਾ, ਦੋ ਜਹਾਨ ਖੇਲ ਤਮਾਸ਼ਾ, ਵੇਖਣਹਾਰਾ ਹਰਿ ਸਮਰਾਥਾ, ਮਹਿਮਾ ਅਕੱਥ ਕਥੀ ਨਾ ਜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੱਟਣਹਾਰਾ ਵਾਟਾ, ਜਨ ਭਗਤਾਂ ਕਰੇ ਪੂਰਾ ਘਾਟਾ, ਇਕੋ ਖੋਲ੍ਹੇ ਆਪਣਾ ਹਾਟਾ, ਸਾਚਾ ਨਾਮ ਹੱਟ ਵਿਕਾਈਆ । ਕਾਇਆ ਮੰਦਰ ਡੂੰਘੀ ਕੰਦਰ ਅੰਮ੍ਰਿਤ ਆਤਮ ਇਕੋ ਬਾਟਾ, ਰਸ ਰਸੀਆ ਦਏ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਈਆ । ਭਗਤਨ ਮੇਲਾ ਸਹਿਜ ਸੁਭਾ, ਸੁਬਹ ਸ਼ਾਮ ਨਾ ਕੋਇ ਰਖਾਇੰਦਾ । ਸਤਿਜੁਗ ਰੀਤੀ ਦਏ ਚਲਾ, ਚਾਲ ਨਿਰਾਲੀ ਇਕ ਰਖਾਇੰਦਾ । ਨਿਰਗੁਣ ਨੂਰ ਡਗਮਗਾ, ਸਰਗੁਣ ਅੰਧੇਰ ਮਿਟਾਇੰਦਾ । ਏਕਾ ਘਰ ਦਏ ਵਸਾ, ਘਰ ਘਰ ਵਿਚ ਸੋਭਾ ਪਾਇੰਦਾ । ਏਕਾ ਮੰਤਰ ਦਏ ਜਪਾ, ਏਕਾ ਨਾਮ ਨਾਮ ਵਡਿਆਇੰਦਾ । ਏਕਾ ਟੱਲ ਦਏ ਖੜਕਾ, ਏਕਾ ਬਾਂਗ ਸਦਾ ਅਲਾਇੰਦਾ । ਇਕ ਜੈਕਾਰਾ ਦਏ ਬੁਲਾ, ਪੁਰਖ ਅਕਾਲ ਇਕ ਮਨਾਇੰਦਾ । ਇਕ ਹੁਲਾਰਾ ਦਏ ਦਵਾ, ਪੁਰੀਆਂ ਲੋਆਂ ਪਾਰ ਕਰਾਇੰਦਾ । ਸੁੰਨ ਅਗੰਮੀ ਡੇਰਾ ਢਾਹ, ਥਿਰ ਘਰ ਆਪਣਾ ਰਾਗ ਸੁਣਾਇੰਦਾ । ਥਿਰ ਘਰ ਨਾਦ ਦਏ ਵਖਾ, ਸਚਖੰਡ ਦੁਆਰੇ ਆਪ ਬਹਾਇੰਦਾ । ਸਚਖੰਡ ਦੁਆਰੇ ਆਪ ਬਹਾ, ਸ਼ਰਨਗਤ ਇਕ ਰਖਾਇੰਦਾ । ਅੰਤਮ ਜੋਤੀ ਜੋਤ ਮੇਲ ਮਿਲਾ, ਨਿਰਗੁਣ ਨਿਰਗੁਣ ਵਿਚ ਟਿਕਾਇੰਦਾ । ਕਲਜੁਗ ਅੰਤਮ ਭਗਤ ਭਗਵਾਨ ਦੋਹਾਂ ਚੜ੍ਹਿਆ ਚਾਅ, ਲੱਖ ਚੁਰਾਸੀ ਜੀਵ ਜੰਤ ਸਰਬ ਕੁਰਲਾਇੰਦਾ । ਅੰਤਮ ਰਾਏ ਧਰਮ ਦੇਣਾ ਫਾਹ, ਅੱਗੇ ਹੋ ਨਾ ਕੋਇ ਬਚਾਇੰਦਾ । ਪੁਰਖ ਅਬਿਨਾਸ਼ੀ ਏਕਾ ਮਿਥੇ ਸਾਹ, ਦਿਵਸ ਦਿਹਾੜਾ ਆਪਣੇ ਹੱਥ ਰਖਾਇੰਦਾ । ਮਨਮੁਖ ਜੀਵਾਂ ਲਾੜੀ ਮੌਤ ਨਾਲ ਕਰੇ ਨਕਾਹ, ਕੀਤਾ ਨਕਾਹ ਟੁਟ ਕਦੇ ਨਾ ਜਾਇੰਦਾ । ਜੋ ਸਤਿਗੁਰ ਸ਼ਬਦ ਗਏ ਭੁਲਾ, ਤਿਸ ਰਾਮ ਕ੍ਰਿਸ਼ਨ ਨਾਨਕ ਗੋਬਿੰਦ ਅੱਗੇ ਹੋ ਨਾ ਕੋਇ ਛੁਡਾਇੰਦਾ । ਅਰਜਨ ਬਾਣੀ ਨਾ ਹੋਏ ਸਹਾ, ਜਮ ਕਾ ਫਾਸ ਨਾ ਕੋਇ ਤੁੜਾਇੰਦਾ । ਰਾਏ ਧਰਮ ਦਏ ਸਜ਼ਾ, ਅੱਠ ਦਸ ਕੁੰਡ ਆਪ ਭੁਵਾਇੰਦਾ । ਸਾਰੇ ਕਰਨ ਹਾਏ ਹਾ, ਹਾਹਾਕਾਰ ਆਪ ਮਚਾਇੰਦਾ । ਗੁਰ ਪੀਰ ਅਵਤਾਰ ਪੈਗ਼ੰਬਰ ਕਹਿਣ ਨਿਹਕਲੰਕ ਗਿਆ ਆ, ਸਾਡਾ ਵਸ ਕੋਇ ਨਾ ਜਾਇੰਦਾ । ਜਿਸ ਦਾ ਨਾਂ ਆਏ ਧਿਆ, ਖਾਣੀ ਬਾਣੀ ਨਾਲ ਸਲਾਹਿੰਦਾ । ਜਿਸ ਨੂੰ ਦੱਸ ਕੇ ਆਏ ਖ਼ੁਦਾ, ਸੋ ਖ਼ੁਦਾ ਫੇਰਾ ਪਾਇੰਦਾ । ਜਿਸ ਦੇ ਅੱਗੇ ਰਹਿਮਤ ਮੰਗਦੇ ਆਏ ਦੁਆ, ਸੋ ਦੋਏ ਦੋਏ ਰੂਪ ਵਟਾਇੰਦਾ । ਲੋਕਮਾਤ ਪਹਿਲੋਂ ਸਾਨੂੰ ਕੀਤਾ ਜੁਦਾ, ਦਰ ਦੁਆਰੇ ਸਦ ਨਾਤਾ ਮਾਤ ਤੁੜਾਇੰਦਾ । ਪਾਰਬ੍ਰਹਮ

ਪਤਿਪਰਮੇਸ਼ਵਰ ਆਦਿ ਜੁਗਾਦੀ ਜਾਣੇ ਆਪਣੀ ਅਦਾ, ਇਹਦਾ ਭੇਵ ਕੋਇ ਨਾ ਪਾਇੰਦਾ । ਨਾ ਕੋਈ ਵਖਾਏ ਆਪਣੀ ਪਾਰ ਹੱਦਾ, ਮਹਿਦੂਦ ਆਪਣੀ ਹੱਦ ਰਖਾਇੰਦਾ । ਚਾਰ ਜੁਗ ਬਣ ਬਣ ਸੇਵਾਦਾਰ, ਅਸੀਂ ਦੇਂਦੇ ਆਏ ਸੱਦਾ, ਧੁਰ ਫ਼ਰਮਾਣਾ ਹੁਕਮ ਮਾਤ ਸੁਣਾਇੰਦਾ । ਹੁਕਮੇ ਅੰਦਰ ਗੁਰੂ ਅਵਤਾਰ ਸਭ ਬੱਧਾ, ਪੱਲੂ ਪੱਲਾ ਨਾ ਕੋਇ ਛੁਡਾਇੰਦਾ । ਪੁਰਖ ਅਬਿਨਾਸ਼ੀ ਕਰੇ ਖੇਲ ਨਾ ਬੁੱਢਾ ਨਾ ਨੱਢਾ, ਬਾਲ ਜਵਾਨ ਨਾ ਵੇਸ ਵਟਾਇੰਦਾ । ਨੌਂ ਖੰਡ ਪ੍ਰਿਥਮੀ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਖਾਰੀ ਕਿਸੇ ਨਾ ਲੱਭਾ, ਨਿਰਗੁਣ ਹੱਥ ਕਿਸੇ ਨਾ ਆਈਆ । ਜੁਗਾ ਜੁਗੰਤਰ ਲੋਕਮਾਤ ਆਵੇ ਕਰ ਕਰ ਅਜ ਪੱਜਾ, ਜਨ ਭਗਤਾਂ ਹੋਏ ਸਹਾਈਆ । ਜੁਗ ਚੌਕੜੀ ਲੱਖ ਚੁਰਾਸੀ ਜੀਵ ਜੰਤ ਖਾ ਖਾ ਹਰਿ ਜੂ ਅਜੇ ਮੂਲ ਨਾ ਰੱਜਾ, ਆਪਣੀ ਤ੍ਰਿਸਨਾ ਨਾ ਕੋਇ ਬੁਝਾਈਆ । ਕਲਜੁਗ ਅੰਤਮ ਆਇਆ ਭੱਜਾ, ਮਹਾਂਕਾਲ ਚਰਨਾਂ ਹੇਠ ਦਬਾਈਆ । ਗੋਬਿੰਦ ਨਗਰੀ ਅੰਦਰ ਸਜਾ, ਸਚ ਸਿੰਘਾਸਣ ਸੋਭਾ ਪਾਈਆ । ਬਾਹਰੋਂ ਆਪਣਾ ਪੜਦਾ ਕੱਜਾ, ਪੰਜ ਤੱਤ ਓਢਨੀ ਇਕ ਵਖਾਈਆ । ਨਾ ਕੋਈ ਲੋਕ ਰੱਖੇ ਲੱਜਾ, ਜਨ ਭਗਤਾਂ ਲਾਜ ਆਪ ਰਖਾਈਆ । ਬਿਨ ਨਗਾਰਿਉਂ ਆਪੇ ਵੱਜਾ, ਚੋਟ ਏਕਾ ਏਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਆਪਣੇ ਹੱਥ ਰਖਾਈਆ । ਸਤਿਜੁਗ ਰੱਖੇ ਆਪਣੇ ਹੱਥ, ਹਰਿ ਮਿਹਰਵਾਨ ਮਿਹਰਵਾਨਾ । ਜੁਗ ਜੁਗ ਚਲਾਏ ਰਥ, ਲੇਖਾ ਜਾਣੇ ਦੋ ਜਹਾਨਾਂ । ਸ਼ਬਦ ਅਨਾਦੀ ਏਕਾ ਗਥ, ਬੋਧ ਅਗਾਧ ਗਾਏ ਤਰਾਨਾ । ਲੱਖ ਚੁਰਾਸੀ ਦੇਵੇ ਸਾਥ, ਘਰ ਘਰ ਅੰਤਮ ਬੰਨ੍ਹੇ ਗਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਮਰਦ ਮਰਦਾਨਾ । ਮਰਦ ਮਰਦਾਨਾ ਹਰਿ ਜੂ ਹਰਿ, ਜੋਧਾ ਸੂਰਬੀਰ ਬਲਵਾਨ । ਨਿਰਭੌ ਨਾ ਰੱਖੇ ਭੈ ਡਰ, ਜੁਗ ਜੁਗ ਖੇਲ ਕਰੇ ਮਹਾਨ । ਕਲਜੁਗ ਅੰਤਮ ਜਾਏ ਹਰ, ਨਾਤਾ ਤੁਟੇ ਵਿਚ ਜਹਾਨ । ਸਤਿਜੁਗ ਸਾਚਾ ਧਰਨੀ ਉਪਰ ਦੇਵੇ ਧਰ, ਦਇਆਵਾਨ ਹੋਏ ਭਗਵਾਨ । ਭਗਤਾਂ ਫੜਾਏ ਆਪਣਾ ਲੜ, ਲੱਖ ਚੁਰਾਸੀ ਵਿਚੋਂ ਕਰ ਪਛਾਣ । ਸਾਚੇ ਪੌੜ੍ਹੇ ਜਾਏ ਚੜ੍ਹ, ਚੜ੍ਹ ਚੜ੍ਹ ਵੇਖੇ ਸਚ ਮਕਾਨ । ਆਪਣਾ ਅੱਖਰ ਆਪੇ ਪੜ੍ਹ, ਆਤਮ ਪਰਮਾਤਮ ਦਏ ਗਿਆਨ । ਸੋ ਪੁਰਖ ਨਿਰੰਜਣ ਨਰਾਇਣ ਨਰ, ਹੰ ਬ੍ਰਹਮ ਅੰਸ ਬੰਸ ਸਰਬੰਸ ਕਰੇ ਕਲਿਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਨਾਉਂ ਕਰੇ ਪਰਧਾਨ । ਆਪਣਾ ਨਾਉਂ ਕਰੇ ਪਰਧਾਨਾ, ਪਰਧਾਨਗੀ ਦੋ ਜਹਾਨ ਵਖਾਈਆ । ਏਕਾ ਦੇਵੇ ਸਚ ਪਰਵਾਨਾ, ਲੱਖ ਚੁਰਾਸੀ ਹੱਥ ਫੜਾਈਆ । ਏਕਾ ਬੰਨ੍ਹੇ ਸਤਿ ਸਤਿਵਾਦੀ ਗਾਨਾ, ਆਤਮ ਪਰਮਾਤਮ ਹੋਏ ਕੁੜਮਾਈਆ । ਭਗਤ ਭਗਵੰਤ ਖੇਲ ਮਹਾਨਾ, ਖ਼ਾਲਕ ਖ਼ਲਕ ਵਿਚ ਵਖਾਈਆ । ਆਪਣਾ ਨਾਉਂ ਰੱਖ ਵਿਸ਼ਨੂੰ ਭਗਵਾਨਾ, ਵਿਸ਼ਵ ਆਪਣੀ ਧਾਰ ਚਲਾਈਆ । ਸੋਹੰ ਸ਼ਬਦ ਸਚ ਤਰਾਨਾ, ਤ੍ਰੈਗੁਣ ਅਤੀਤਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਹਰਿ ਕਰਨਾ, ਕਰਨਹਾਰ ਕਰਤਾਰਾ । ਲੇਖਾ ਜਾਣੇ ਚਾਰ ਵਰਨਾਂ, ਬਰਨ ਅਠਾਰਾਂ ਪਾਵੇ ਸਾਰਾ । ਜਨ ਭਗਤਾਂ ਖੋਲ੍ਹੇ ਨੇਤਰ ਹਰਨਾ ਫਰਨਾ, ਨਾਤਾ ਤੋੜੇ ਬੰਦ ਕਿਵਾੜਾ । ਭੈ ਚੁੱਕੇ ਮਰਨਾ ਡਰਨਾ, ਜੀਵਣ ਮਰਨ ਏਕਾ ਰੰਗ ਏਕਾ ਘਰ ਪਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਸਹਾਰਾ, ਸਚ ਸਹਾਰਾ ਸ਼ਰਨ ਸ਼ਰਨਾ, ਸਰਨਗਤ ਇਕ ਜਣਾਇੰਦਾ । ਭਗਵਾਨ ਭਗਤ ਮਿਲਣ ਦਾ ਰੱਖੇ

ਚਾਅ, ਚਾਉ ਘਨੇਰਾ ਨਾ ਕਿਸੇ ਜਣਾਇੰਦਾ । ਕਲਜੁਗ ਅੰਤਮ ਫੇਰਾ ਪਾ, ਨਾੜ ਬਹੱਤਰ ਫੋਲ ਫੋਲਾਇੰਦਾ । ਨਾਮੇ ਲਹਿਣਾ ਦਏ ਚੁਕਾ, ਬਹੱਤਰ ਰੂਪ ਅਨੂਪ ਵਟਾਇੰਦਾ । ਕੱਖਾਂ ਕੁਲੀ ਛੱਪਰ ਛੰਨ ਛੁਹਾ, ਛਹਿਬਰ ਆਪਣੇ ਨਾਮ ਲਗਾਇੰਦਾ । ਏਕਾ ਵਸਤ ਝੋਲੀ ਪਾ, ਖਾਲੀ ਝੋਲੀ ਆਪ ਭਰਾਇੰਦਾ । ਕੀਤਾ ਕੌਲ ਦਏ ਨਿਭਾ, ਕੀਤੀ ਹਰਿ ਭੁੱਲ ਨਾ ਜਾਇੰਦਾ । ਕਲਜੁਗ ਅੰਤਮ ਵੇਸ ਵਟਾ, ਬਹੱਤਰ ਭਗਤ ਆਪ ਉਠਾਇੰਦਾ । ਸਚ ਮਹੱਲਾ ਦਏ ਵਸਾ, ਛੱਤੀ ਯੁਗ ਦਾ ਮੂਲ ਮੁਕਾਇੰਦਾ । ਸਤਿ ਦਰਬਾਰੇ ਆਸਣ ਲਾ, ਸਚ ਸਿੰਘਾਸਣ ਇਕ ਸੁਹਾਇੰਦਾ । ਸਾਡੇ ਤਿੰਨ ਹੱਥ ਬੰਕ ਦਏ ਵਡਿਆ, ਰਵਦਾਸ ਚੁਮਾਰਾ ਨਾਲ ਮਿਲਾਇੰਦਾ । ਜਨ ਭਗਤਾਂ ਅੰਦਰ ਦਏ ਬਹਾ, ਬਾਹਰ ਫੇਰ ਨਾ ਕੋਇ ਕਢਾਇੰਦਾ । ਜਿਸ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਿਆ ਧਿਆ, ਸੋ ਜਨ ਜਨਮ ਮਰਨ ਵਿਚ ਨਾ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਗੁਰਸਿਖ ਤੇਰੇ ਅੱਗੇ ਸੀਸ ਰਹੇ ਝੁਕਾ, ਜਿਸ ਸਿਰ ਸਤਿਗੁਰ ਹੱਥ ਟਿਕਾਇੰਦਾ । ਲੱਗੀ ਪ੍ਰੀਤੀ ਤੋੜ ਲਏ ਨਿਭਾ, ਅਧਵਿਚਕਾਰ ਨਾ ਕੋਇ ਤੁੜਾਇੰਦਾ । ਜਨਮ ਜਨਮ ਦੀ ਸ਼ਾਹੀ ਦਏ ਧੁਵਾ, ਦੁਰਮਤ ਮੈਲ ਨਾ ਕੋਇ ਰਖਾਇੰਦਾ । ਜੁਗ ਜੁਗ ਵਿਛੜੇ ਲਏ ਮਿਲਾ, ਮਿਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਜਨ ਭਗਤ ਦੁਆਰਾ ਲਿਆ ਵਸਾ, ਭਗਤਾਂ ਅੰਦਰ ਆਪਣਾ ਆਸਣ ਲਾਇੰਦਾ । ਬਾਹਰੋਂ ਕਿਸੇ ਦਿਸੇ ਨਾ, ਡੂੰਘੀ ਕੰਦਰ ਉਚੇ ਮੰਦਰ ਸਾਚੀ ਸੇਜ ਸੁਹਾਇੰਦਾ । ਪਹਿਲੋਂ ਪੂਰਬ ਜਨਮ ਦੇ ਬਖ਼ਸ਼ੇ ਸਰਬ ਗੁਨਾਹ, ਫੇਰ ਆਪਣਾ ਦਰਸ ਦਿਖਾਇੰਦਾ । ਜਿਸ ਜਨ ਆਪਣਾ ਦਰਸ ਦਏ ਦਿਖਾ, ਤਿਸ ਜੋਤੀ ਜੋਤ ਮਿਲਾਇੰਦਾ । ਸਤਿਜੁਗ ਗੁਰ ਅਵਤਾਰਾਂ ਪੀਰ ਪੈਗੰਬਰਾਂ ਦਾ ਕਿਸੇ ਨਾ ਲੈਣਾ ਨਾਂ, ਭਗਤ ਭਗਵੰਤ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਕ ਆਪ ਸੁਹਾਇੰਦਾ । ਸੁਹਾਏ ਬੰਕ ਭਗਤ ਦੁਆਰਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਮਹੱਲ ਅਟੱਲ ਉਚ ਮੁਨਾਰਾ ਗ਼ਰੀਬ ਨਿਵਾਜ਼ਾ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਦਏ ਸਹਾਰਾ, ਚਰਨ ਸਰਨ ਸਰਨ ਸਰਨਾਈਆ । ਲੇਖਾ ਮੁੱਕੇ ਚਾਰ ਯਾਰਾ, ਯਾਰੀ ਯਾਰ ਨਾ ਕੋਇ ਹੰਢਾਈਆ । ਇਕੋ ਭਗਤ ਲੱਗੇ ਹਰਿ ਪਿਆਰਾ, ਪਰਮ ਪੁਰਖ ਪ੍ਰੇਮ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਦੇਵੇ ਦਾਨ, ਸਤਿ ਸਤਿਵਾਦੀ ਸੱਚਾ ਮਾਹੀਆ ।

### ★ ੮ ਚੇਤ ੨੦੧੯ ਬਿਕ੍ਰਮੀ ਹਰੀ ਸਿੰਘ ਦੇ ਗ੍ਰਿਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ★

ਹਰਿ ਮੰਤਰ ਨਾਉਂ ਸਤਿਗੁਰ ਸਤਿ, ਸਤਿ ਅਸਤਿ ਜਣਾਇੰਦਾ । ਪਾਰਬ੍ਰਹਮ ਪੁਰਖ ਪਰਮੇਸ਼ਵਰ ਪਤ, ਹਰਿ ਪਤਿਵੰਤਾ ਦਇਆ ਕਮਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਬ੍ਰਹਮ ਮਤ, ਜਨ ਭਗਤਾਂ ਆਪ ਜਣਾਇੰਦਾ । ਏਥੇ ਓਥੇ ਦੋ ਜਹਾਨਾਂ ਲਏ ਰੱਖ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਬੋਧ ਅਗਾਧ ਗੁਣ ਨਿਧਾਨਾ ਦੱਸੇ ਗਾਥ, ਅੱਖਰ ਵੱਖਰ ਆਪ ਪੜ੍ਹਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਭੇਵ ਚੁਕਾਏ ਪੁਰਖ ਸਮਰਥ, ਮਹਿਮਾ ਕਥ ਆਪ ਜਣਾਇੰਦਾ । ਜੁਗ ਚੌਕੜੀ ਨਿਰਗੁਣ ਸਰਗੁਣ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਸਚਖੰਡ ਨਿਵਾਸੀ ਸਚਖੰਡ ਦੁਆਰੇ ਰਿਹਾ ਵਸ, ਦੋ ਜਹਾਨਾਂ ਸੋਭਾ ਪਾਇੰਦਾ । ਜਨ ਭਗਤਾਂ ਏਕਾ ਦੇਵੇ ਨਾਮ ਰਸ, ਬਣ ਰਸੀਆ ਰਸ ਵਖਾਇੰਦਾ । ਜਨਮ ਜਨਮ

ਦੀ ਪੂਰੀ ਕਰੇ ਆਸ, ਪੂਰਬ ਲੇਖਾ ਆਪ ਚੁਕਾਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਡੰਕਾ ਸ਼ਬਦੀ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਦਇਆ ਕਮਾਇੰਦਾ । ਸਤਿਗੁਰ ਠਾਕਰ ਦੀਨ ਦਿਆਲਾ, ਦਇਆਨਿਧ ਬੇਪਰਵਾਹੀਆ । ਕਰੇ ਖੇਲ ਜਗਤ ਨਿਰਾਲਾ, ਭੇਵ ਕੋਇ ਨਾ ਪਾਈਆ । ਲੋਕਮਾਤ ਬਣਾਏ ਸਚਖੰਡ ਸੱਚੀ ਧਰਮਸਾਲਾ, ਸਚ ਸਿੰਘਾਸਣ ਇਕ ਸੁਹਾਈਆ । ਲਹਿਣਾ ਦੇਣਾ ਚੁਕਾਏ ਗੋਬਿੰਦ ਸੁਤ ਛੋਟੇ ਲਾਲਾ, ਲਾਲਣ ਆਪਣਾ ਰੰਗ ਰੰਗਾਈਆ । ਗੁਰਮੁਖਾਂ ਤੋੜੇ ਜਗਤ ਜੰਜਾਲਾ, ਤ੍ਰੈਗੁਣ ਬੰਧਨ ਰਹਿਣ ਨਾ ਪਾਈਆ । ਚਾਰ ਵਰਨ ਵਖਾਏ ਰਾਹ ਸੁਖਾਲਾ, ਸਾਚਾ ਮਾਰਗ ਆਪ ਲਗਾਈਆ । ਭੈ ਚੁਕਾਏ ਕਲਜੁਗ ਕਾਲਾ, ਕਾਲ ਗਰਾਸ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਦਇਆ ਕਮਾਈਆ । ਸਤਿਗੁਰ ਸੱਜਣ ਹਰਿ ਹਰਿ ਮੀਤ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਆਦਿ ਜੁਗਾਦੀ ਠੰਡਾ ਸੀਤ, ਅੰਮ੍ਰਿਤ ਝਿਰਨਾ ਆਪ ਝਿਰਾਇੰਦਾ । ਸ਼ਬਦ ਅਗੰਮੀ ਏਕਾ ਗੀਤ, ਸੋਹੰ ਢੋਲਾ ਆਪ ਸੁਣਾਇੰਦਾ । ਸਤਿ ਸਤਿਵਾਦੀ ਸਤਿ ਚਲਾਏ ਰੀਤ, ਸਤਿ ਪੁਰਖ ਖੇਲ ਕਰਾਇੰਦਾ । ਸਦੀ ਚੌਧਵੀਂ ਰਹੀ ਬੀਤ, ਬੀਸ ਬੀਸਾ ਰਾਹ ਵਖਾਇੰਦਾ । ਸ੍ਰਿਸ਼ਟ ਸਬਾਈ ਇਕ ਹਦੀਸ, ਕਲਮਾ ਨਬੀ ਆਪ ਪੜ੍ਹਾਇੰਦਾ । ਲੇਖਾ ਚੁਕੇ ਰਾਗ ਛਤੀਸ, ਛੱਤੀ ਜੁਗ ਪੰਧ ਮੁਕਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਾਤਾਨਾਂ ਖਾਲੀ ਕਰੇ ਖੀਸ, ਖਾਲੀ ਹੱਥ ਚਾਰੋਂ ਕੁੰਟ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਤਿਗੁਰ ਆਪਣੀ ਖੇਲ ਕਰਾਇੰਦਾ । ਸਤਿਗੁਰ ਸੱਜਣ ਹਰਿ ਨਿਰੰਕਾਰਾ, ਨਿਰਗੁਣ ਨਿਰਵੈਰ ਇਕ ਅਖਵਾਇੰਦਾ । ਜੁਗਾ ਜੁਗੰਤਰ ਕਰ ਪਸਾਰਾ, ਬਣ ਪਸਾਰੀ ਵੇਖ ਵਖਾਇੰਦਾ । ਭਗਤਨ ਦੇਵੇ ਦਰਸ ਅਪਾਰਾ, ਭਗਵਨ ਆਪਣੀ ਬੂਝ ਬੁਝਾਇੰਦਾ । ਸੰਤਨ ਬਣੇ ਮੀਤ ਮੁਰਾਰਾ, ਦਰ ਘਰ ਸਾਚੇ ਸੋਭਾ ਪਾਇੰਦਾ । ਗੁਰਮੁਖਾਂ ਦੇਵੇ ਏਕਾ ਨਾਮ ਅਧਾਰਾ, ਸਾਂਤਕ ਸਤਿ ਸਤਿ ਕਰਾਇੰਦਾ । ਗੁਰਸਿਖਾਂ ਬਖ਼ਸ਼ੇ ਚਰਨ ਧੂੜੀ ਛਾਰਾ, ਮਸਤਕ ਟਿੱਕਾ ਨੂਰੀ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਰੰਗ ਰੰਗਾਇੰਦਾ । ਰੰਗ ਰੰਗੀਲਾ ਮੋਹਣ ਮਾਧਵ ਮਾਧ, ਬੇਅੰਤ ਵਡ ਵਡਿਆਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲੱਖ ਚੁਰਾਸੀ ਵਿਚੋਂ ਲਾਧ, ਲਹਿਣਾ ਦੇਣਾ ਰਿਹਾ ਮੁਕਾਈਆ । ਹਰਿਜਨ ਹਰਿ ਜੂ ਆਪ ਬਣਾਏ ਸਾਚੇ ਸਾਧ, ਸੰਤਨ ਆਪਣੀ ਗੋਦ ਬਹਾਈਆ । ਤ੍ਰੈਗੁਣ ਮਾਇਆ ਵਿਚੋਂ ਕਾਢ, ਜਗਤ ਜੰਜਾਲਾ ਦਏ ਤੁੜਾਈਆ । ਆਤਮ ਪਰਮਾਤਮ ਕਰ ਕਰ ਲਾਡ, ਸਾਚਾ ਬੰਧਨ ਇਕ ਵਖਾਈਆ । ਭਗਤ ਭਗਵੰਤ ਸੁਣੇ ਫ਼ਰਯਾਦ, ਸਚ ਸਿੰਘਾਸਣ ਸੋਭਾ ਪਾਈਆ । ਜੁਗ ਚੌਕੜੀ ਰੱਖੇ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਆਪਣਾ ਨਾਉਂ ਚਲਾਇਆ ਆਦਿ, ਸ਼ਬਦੀ ਗੁਰ ਗੁਰ ਪਰਗਟਾਈਆ । ਆਪੇ ਵੇਖੇ ਅੰਤ ਜੁਗਾਦਿ, ਨਿਰਗੁਣ ਨਿਰਵੈਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਹੋ ਜਾਈਆ । ਆਦਿ ਉਪਾਇਆ ਸਤਿਗੁਰ ਹਰਿ, ਹਰਿ ਸ਼ਬਦੀ ਸ਼ਬਦ ਖੇਲ ਕਰਾਇੰਦਾ । ਅੰਤ ਵੇਖੇ ਆਪੇ ਦਰ ਦਰ, ਘਰ ਘਰ ਫੇਰੀ ਪਾਇੰਦਾ । ਯੋਧਾ ਸੂਰਬੀਰ ਬਲਵਾਨ ਆਪਣਾ ਬਲ ਆਪੇ ਧਰ ਧਰ, ਚਾਰੋਂ ਕੁੰਟ ਕੁੰਟ ਨਿਵਾਇੰਦਾ । ਨਾਮ ਖੰਡਾ ਸੂਰਾ ਸਰਬੰਗਾ ਆਪਣੇ ਹੱਥ ਆਪੇ ਫੜ ਫੜ, ਦੋ ਜਹਾਨਾ ਆਪ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਖੇਲ ਕਰਾਇੰਦਾ । ਸਤਿਗੁਰ ਸਾਹਿਬ ਸੱਚਾ ਸੁਲਤਾਨ, ਸੁਰਤੀ ਸ਼ਬਦੀ ਮੇਲ ਮਿਲਾਇੰਦਾ ।

ਸੁਰਤ ਸਵਾਣੀ ਹਾਣੀ ਏਕਾ ਮਿਲੇ ਕਾਹਨ, ਨਾਮ ਬੰਸਰੀ ਇਕ ਸੁਣਾਇੰਦਾ । ਸਾਚਾ ਸੱਯਾ ਲੇਖਾ ਜਾਣੇ ਰਮੱਯਾ ਰਾਮ, ਰਘੁਪਤ ਆਪਣੇ ਰੰਗ ਰੰਗਾਇੰਦਾ । ਨਬੀ ਰਸੂਲ ਦੇਵੇ ਸਚ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਲੱਖ ਚੁਰਾਸੀ ਜੀਵ ਜੰਤ ਦੇਵਣਹਾਰਾ ਇਲਜ਼ਾਮ, ਆਪਣਾ ਫਤਵਾ ਆਪੇ ਲਾਇੰਦਾ । ਚਾਰ ਯੁਗ ਕਰੇ ਗ਼ੁਲਾਮ, ਬਰਦਾ ਆਪਣੇ ਘਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਭੇਸ ਵਟਾਇੰਦਾ । ਭੇਸ ਵਟਾਏ ਏਕੰਕਾਰਾ, ਓਅੰਕਾਰਾ ਵੇਖ ਵਖਾਈਆ । ਆਦਿ ਗੁਰ ਸ਼ਬਦੀ ਧਾਰਾ, ਅੰਤ ਸ਼ਬਦ ਗੁਰ ਸਲਾਹੀਆ । ਸਤਿਜੁਗ ਤ੍ਰੇਤਾ ਦੁਆਪਰ ਪੰਜ ਤੱਤ ਲੇਖਾ ਗੁਰ ਅਵਤਾਰਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਬੰਧਨ ਪਾਈਆ । ਨਿਰਗੁਣ ਸਰਗੁਣ ਅੰਦਰ ਲਗਾ ਰਿਹਾ ਅਖਾੜਾ, ਆਪ ਆਪਣਾ ਨਾਚ ਨਚਾਈਆ । ਸਤਿ ਸਤਿਵਾਦੀ ਸਤਿ ਜੈਕਾਰਾ, ਬੋਧ ਅਗਾਧੀ ਨਾਉਂ ਪਰਗਟਾਈਆ । ਰਸਨਾ ਜਿਹਵਾ ਗਾਵੇ ਵਾਰਾ, ਗਾਵਤ ਗਾਵਤ ਆਪਣੀ ਖ਼ੁਸ਼ੀ ਮਨਾਈਆ । ਲੇਖਾ ਲੇਖ ਲਿਖ ਲਿਖ ਵਿਚ ਸੰਸਾਰਾ, ਜਗਤ ਲੇਖਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਚਾ ਵੇਖ ਵਖਾਈਆ । ਵੇਖਣਹਾਰਾ ਸਤਿਗੁਰ ਏਕ, ਏਕਾ ਘਰ ਸੋਭਾ ਪਾਇੰਦਾ । ਆਦਿ ਜੁਗਾਦਿ ਜੁਗ ਜੁਗ ਵੇਸ, ਵੇਸ ਅਨੇਕਾ ਆਪ ਕਰਾਇੰਦਾ । ਜਨ ਭਗਤਾਂ ਬਖ਼ਸ਼ੇ ਸਾਚੀ ਟੇਕ, ਸਾਚਾ ਦਰ ਇਕ ਸਮਝਾਇੰਦਾ । ਘਟ ਘਟ ਅੰਤਰ ਜਾਣੇ ਭੇਤ, ਭੇਦੀ ਆਪਣਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਦੀਨ ਦਿਆਲ, ਦਇਆਨਿਧ ਠਾਕਰ ਨਿਹਕਰਮੀ ਆਪਣਾ ਕਰਮ ਕਮਾਇੰਦਾ । ਨਿਹਕਰਮੀ ਕਮਾਏ ਕਰਮ, ਕਰਮ ਕਾਂਡ ਨਾ ਕੋਇ ਜਣਾਈਆ । ਚਾਰ ਵਰਨ ਦਾ ਇਕੋ ਧਰਮ, ਏਕ ਸਰਨ ਦਏ ਸਰਨਾਈਆ । ਆਤਮ ਬ੍ਰਹਮ ਸਾਚਾ ਵਰਨ, ਊਚ ਨੀਚ ਨਾ ਕੋਇ ਰਖਾਈਆ । ਇਸ਼ਟ ਗੁਰਦੇਵ ਸੁਆਮੀ ਏਕਾ ਸਰਨੀ ਪੜਨ, ਸੀਸ ਜਗਦੀਸ ਇਕ ਝੁਕਾਈਆ । ਲੱਖ ਚੁਰਾਸੀ ਜੀਵ ਜੰਤ ਹਰਿ ਕਾ ਨਾਉਂ ਸਾਚਾ ਪੜ੍ਹਨ, ਗੀਤ ਗੋਬਿੰਦ ਗੋਬਿੰਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਮਾਰਗ ਇਕ ਵਖਾਈਆ । ਸਾਚਾ ਮਾਰਗ ਸਤਿਗੁਰ ਘਾਟ, ਘਾਟਾ ਕੋਇ ਰਹਿਣ ਨਾ ਪਾਇੰਦਾ । ਮੇਟ ਮਿਟਾਏ ਅੰਧੇਰੀ ਰਾਤ, ਸਤਿ ਸਤਿਵਾਦੀ ਸਾਚਾ ਚੰਦ ਚੜ੍ਹਾਇੰਦਾ । ਨਾਮ ਨਿਧਾਨਾ ਸ੍ਰੀ ਭਗਵਾਨਾ ਅਲੱਖ ਅਗੋਚਰ ਸੁਣਾਏ ਗਾਥ, ਕਥਨੀ ਕਥ ਕਥ ਅਲਾਇੰਦਾ । ਲਹਿਣਾ ਦੇਣ ਚੁਕਾਏ ਮਸਤਕ ਮਾਥ, ਪੂਰਬ ਲੇਖਾ ਵੇਖ ਵਖਾਇੰਦਾ । ਕਰੇ ਖੇਲ ਪੁਰਖ ਸਮਰਾਥ, ਜਨ ਭਗਤਾਂ ਆਪ ਜਗਾਇੰਦਾ । ਰਾਤੀਂ ਸੁੱਤਿਆਂ ਵਸੇ ਸਾਥ, ਦਿਨੇ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਭੇਵ ਖੁਲ੍ਹਾਇੰਦਾ । ਸਤਿਗੁਰ ਖੋਲ੍ਹੇ ਆਪਣਾ ਭੇਵ, ਜਨ ਭਗਤਾਂ ਮਾਣ ਵਡਿਆਈਆ । ਨਿਰਗੁਣ ਕਰੇ ਸਰਗੁਣ ਸੇਵ, ਸਾਚੇ ਸੰਤਾਂ ਹੋਏ ਸਹਾਈਆ । ਗੁਰਮੁਖਾਂ ਅੰਮ੍ਰਿਤ ਆਤਮ ਦੇਵੇ ਸੱਚਾ ਮੇਵ, ਰਸਨਾ ਰਸ ਇਕ ਚਖਾਈਆ । ਗੁਰਸਿਖ ਲੇਖੇ ਲਾਏ ਸੇਵ, ਸੇਵਕ ਆਪਣੇ ਰੰਗ ਰੰਗਾਈਆ । ਹਰਿ ਕੀ ਮਹਿਮਾ ਗਾ ਨਾ ਸਕੇ ਰਸਨਾ ਜਿਹਵ, ਗਾ ਗਾ ਪੰਧ ਨਾ ਕੋਇ ਮੁਕਾਈਆ । ਆਦਿ ਜੁਗਾਦਿ ਸਦਾ ਨੇਹਕੇਵ, ਨਿਹਚਲ ਧਾਮ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਬੇਪਰਵਾਹੀਆ । ਨਿਹਚਲ ਆਸਣ ਗੁਰਸਿਖ ਅੰਦਰ, ਦੂਜਾ ਧਾਮ ਨਾ ਕੋਇ ਬਣਾਇੰਦਾ । ਕਰੇ ਖੇਲ ਪੁਰਖ ਅਬਿਨਾਸ਼ਨ ਚੜ੍ਹ ਕੇ ਬਹੇ ਸਾਚੇ ਮੰਦਰ, ਹਰਿ ਕਾ ਮੰਦਰ ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦਿ

੮੫੯
੧੧

ਦਾਸੀ ਦਾਸ ਵਸਣਹਾਰਾ ਡੂੰਘੀ ਕੰਦਰ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਰੰਗ ਚੜ੍ਹਾਇੰਦਾ । ਸਤਿਗੁਰ ਪੂਰਾ ਚਾੜ੍ਹੇ ਰੰਗ, ਰੰਗ ਰੰਗੀਲਾ ਸੱਚਾ ਮਾਹੀਆ । ਗੁਰਸਿਖ ਆਤਮ ਸੇਜ ਪਲੰਘ, ਸਚ ਸਿੰਘਾਸਣ ਆਪ ਸੁਹਾਈਆ । ਗੁਰਮੁਖਾਂ ਅੰਤਰ ਵਜਾਏ ਮਰਦੰਗ, ਅਨਹਦ ਨਾਦੀ ਨਾਦ ਅਲਾਈਆ । ਸਾਚੇ ਸੰਤਾਂ ਦੇਵੇ ਅਨੰਦ, ਅਨੰਦ ਅਨੰਦ ਵਿਚ ਵਖਾਈਆ । ਭਗਤ ਭਗਵੰਤ ਚੜ੍ਹਾਏ ਚੰਦ, ਬਿਨ ਸੂਰਜ ਚੰਦ ਕਰੇ ਰੁਸ਼ਨਾਈਆ । ਜਨਮ ਜੁਗ ਦੀ ਟੁੱਟੀ ਗੰਢ, ਆਪਣਾ ਬੰਧਨ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਭੌਂਦਿਆਂ ਪਾਏ ਠੰਡ, ਜਿਸ ਜਨ ਆਪਣਾ ਦਰਸ ਦਿਖਾਈਆ । ਜਗਤ ਰੰਡੇਪਾ ਚੁੱਕੇ ਰੰਡ, ਵਿਭਚਾਰ ਦਏ ਗਵਾਈਆ । ਪੰਚ ਵਿਕਾਰਾ ਖੰਡ ਖੰਡ, ਖੰਡਾ ਖੜਗ ਨਾਮ ਖੜਕਾਈਆ । ਇਕ ਸੁਣਾਏ ਸੁਹਾਗੀ ਛੰਦ, ਸੋਹਲਾ ਢੋਲਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਸਤਿਗੁਰ ਸੱਚਾ ਸ਼ਹਿਨਸ਼ਾਹ, ਹਰਿ ਹਰਿ ਸਾਜਨ ਮੀਤ । ਆਦਿ ਜੁਗਾਦੀ ਬਣ ਮਲਾਹ, ਲੋਕਮਾਤ ਚਲਾਏ ਰੀਤ । ਕਲਜੁਗ ਅੰਤਮ ਸਚ ਸਲਾਹ, ਸੋਹੰ ਗਾਉਣਾ ਸਾਚਾ ਗੀਤ । ਚਾਰ ਵਰਨ ਦਾ ਇਕੋ ਨਾਂ, ਨਾਤਾ ਤੋੜੇ ਮੰਦਰ ਮਸੀਤ । ਗ਼ਰੀਬ ਨਿਮਣਿਆਂ ਪਕੜੇ ਬਾਂਹ, ਪੱਤਤ ਪਾਪੀ ਕਰੇ ਪੁਨੀਤ । ਜਨਮ ਜਨਮ ਦੇ ਬਖ਼ਸ਼ ਗੁਨਾਹ, ਕਾਇਆ ਕਰੇ ਠੰਡੀ ਸੀਤ । ਜੋ ਜਨ ਚਰਨੀ ਸੀਸ ਲਏ ਨਿਵਾ, ਤਿਸ ਦਾ ਏਥੇ ਓਥੇ ਹੋਏ ਮੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਠੱਗਾਂ ਚੋਰਾਂ ਦੇਵਣਹਾਰ ਪਨਾਹ, ਸਾਹਿਬ ਦਿਆਲ ਸਦਾ ਅਨਡੀਠ । ਠੱਗ ਚੋਰ ਯਾਰ ਜੋ ਦਰ ਆਏ ਭੱਜ, ਏਕਾ ਓਟ ਰਖਾਈਆ । ਕਿਰਪਾ ਨਿਧ ਸਿੰਧ ਸਾਗਰ ਪੜਦਾ ਦੇਵੇ ਕਜ, ਸਿਰ ਆਪਣਾ ਹੱਥ ਟਿਕਾਈਆ । ਗ਼ਰੀਬ ਨਿਮਣਿਆਂ ਰੱਖੇ ਲਜ, ਪਤ ਆਪਣੀ ਆਪ ਵਡਿਆਈਆ । ਪ੍ਰੇਮ ਪ੍ਰੇਮ ਅੰਦਰ ਜਾਏ ਬੱਝ, ਪੁਰਖ ਅਬਿਨਾਸ਼ੀ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਦਇਆ ਕਮਾਈਆ । ਦਇਆ ਕਮਾਏ ਦੀਨਨ ਦੀਨ, ਦਇਆਨਿਧ ਹਰਿ ਅਖਵਾਇੰਦਾ । ਗੁਰਸਿਖ ਗੁਰਮੁਖ ਮੇਲਾ ਜਿਉਂ ਜਲ ਮੀਨ, ਜਲ ਮੀਨ ਵਿਛੋੜਾ ਕਦੇ ਨਾ ਭਾਇੰਦਾ । ਸਾਹਿਬ ਦਾਤਾਰ ਦਾਤਾ ਵਡ ਪਰਬੀਨ, ਪਰਮ ਪੁਰਖ ਪਰਮੇਸ਼ਵਰ ਜਨ ਭਗਤਾਂ ਵੇਖ ਵਖਾਇੰਦਾ । ਆਪਣਾ ਬਲ ਸਦ ਰੱਖੇ ਮਹੀਨ, ਜਨ ਭਗਤਾਂ ਬਲ ਮਾਤ ਵਖਾਇੰਦਾ । ਆਪ ਬਣਿਆ ਰਹੇ ਮਸਕੀਨ, ਹਰਿਜਨ ਸਾਚੇ ਆਪ ਵਡਿਆਇੰਦਾ । ਆਪ ਬਣਿਆ ਰਹੇ ਮਹੀਨ, ਬਿਨ ਭਗਤਾਂ ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਸਦਾ ਰਹੇ ਅਧੀਨ, ਨਿਰਬਲ ਆਪਣਾ ਬਲ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰੈਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਏਕੰਕਾਰਾ ਹਰਿ ਨਿਰੰਕਾਰਾ ਇਕ ਇਕੱਲਾ ਆਪ ਅਖਵਾਇੰਦਾ ।

★ ੮ ਚੇਤ ੨੦੧੯ ਬਿਕ੍ਰਮੀ ਰੂੜ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ★

ਆਦਿ ਜੁਗਾਦੀ ਹਰਿ ਹਰਿ ਤੋਲਾ, ਬ੍ਰਹਿਮੰਡ ਖੰਡ ਤੋਲ ਤੁਲਾਇੰਦਾ । ਆਦਿ ਜੁਗਾਦਿ ਹਰਿ ਵਿਚੋਲਾ, ਗੁਰ ਸ਼ਬਦੀ ਰੂਪ ਵਟਾਇੰਦਾ ।

ਆਦਿ ਜੁਗਾਦੀ ਹਰਿ ਹਰਿ ਨਾਉਂ ਸੋਹਲਾ, ਗੀਤ ਗੋਬਿੰਦ ਸੁਣਾਇੰਦਾ । ਆਦਿ ਜੁਗਾਦੀ ਚੁਕਾਏ ਪੜਦਾ ਉਹਲਾ, ਅਨਭਵ ਆਪਣਾ ਖੇਲ ਵਖਾਇੰਦਾ । ਆਦਿ ਜੁਗਾਦੀ ਪੂਰ ਕਰਾਏ ਕੌਲਾ, ਕੀਤਾ ਕੌਲ ਭੁੱਲ ਨਾ ਜਾਇੰਦਾ । ਆਦਿ ਜੁਗਾਦੀ ਪਰਗਟ ਹੋਏ ਉਪਰ ਧੌਲਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਆਦਿ ਜੁਗਾਦੀ ਏਕਾ ਰੰਗ, ਹਰਿ ਜੂ ਹਰਿ ਹਰਿ ਆਪ ਚੜ੍ਹਾਇੰਦਾ । ਆਦਿ ਜੁਗਾਦੀ ਇਕ ਅਨੰਦ, ਗ੍ਰਿਹ ਮੰਦਰ ਆਪ ਵਖਾਇੰਦਾ । ਆਦਿ ਜੁਗਾਦੀ ਇਕ ਮਰਦੰਗ, ਮਰਦ ਮਰਦਾਨਾ ਆਪ ਵਜਾਇੰਦਾ । ਆਦਿ ਜੁਗਾਦੀ ਏਕਾ ਛੰਦ, ਗੀਤ ਸੁਹਾਗੀ ਏਕਾ ਗਾਇੰਦਾ । ਆਦਿ ਜੁਗਾਦੀ ਏਕਾ ਪੰਧ, ਬਣ ਪਾਂਧੀ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਿਰਤ ਆਪ ਕਰਾਇੰਦਾ । ਆਦਿ ਜੁਗਾਦੀ ਕਰਨੀ ਕਰ, ਕਰਤਾ ਪੁਰਖ ਖੇਲ ਕਰਾਈਆ । ਨਿਰਗੁਣ ਸਰਗੁਣ ਵੇਸ ਧਰ, ਧਰਨੀ ਧਰਤ ਧਵਲ ਦਏ ਵਡਿਆਈਆ । ਭਗਤ ਭਗਵੰਤ ਆਪੇ ਫੜ, ਭੇਵ ਅਭੇਦਾ ਆਪ ਖੁਲ੍ਹਾਈਆ । ਸੰਤ ਦੁਆਰੇ ਆਪੇ ਵੜ, ਡੂੰਘੀ ਭਵਰੀ ਸੋਭਾ ਪਾਈਆ । ਗੁਰਮੁਖ ਲਗਾਏ ਆਪਣੇ ਲੜ, ਸੁਰਤੀ ਸ਼ਬਦੀ ਬੰਧਨ ਪਾਈਆ । ਗੁਰਸਿਖ ਵੇਖੇ ਆਪੇ ਖੜ, ਮਹੱਲ ਅਟੱਲ ਆਸਣ ਲਾਈਆ । ਜੁਗ ਚੌਕੜੀ ਦੇਵੇ ਵਰ, ਗੁਰ ਅਵਤਾਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਕਰੇ ਬੇਪਰਵਾਹੀਆ । ਗੁਰ ਅਵਤਾਰ ਦੇਵੇ ਗਿਆਨ, ਏਕਾ ਆਪਣਾ ਨਾਉਂ ਦ੍ਰਿੜਾਇੰਦਾ । ਧੁਰਦਰਗਾਹੀ ਸਚ ਨਿਸ਼ਾਨ, ਸਚਖੰਡ ਨਿਵਾਸੀ ਆਪ ਵਖਾਇੰਦਾ । ਸ਼ਾਹੋ ਭੂਪ ਰਾਜ ਰਾਜਾਨ, ਆਪਣਾ ਹੁਕਮ ਵਰਤਾਇੰਦਾ । ਬੋਧ ਅਗਾਧ ਗੁਣ ਨਿਧਾਨ, ਗੁਣ ਆਪਣਾ ਆਪ ਸਮਝਾਇੰਦਾ । ਸਚ ਸੰਦੇਸਾ ਸ੍ਰੀ ਭਗਵਾਨ, ਨਰ ਨਰੇਸ਼ਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਤੋਲਾ ਤੋਲੇ ਨਾਉਂ, ਨਾਉਂ ਆਪਣਾ ਆਪ ਉਠਾਈਆ । ਕਰੇ ਖੇਲ ਅਗੰਮ ਅਥਾਹੋ, ਅਲੱਖ ਅਗੰਮ ਬੇਪਰਵਾਹੀਆ । ਦੋ ਜਹਾਨ ਘਟ ਘਟ ਵੇਖੇ ਆਪਣਾ ਥਾਉਂ, ਥਾਨ ਥਨੰਤਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਨਾਮ ਦਏ ਵਡਿਆਈਆ । ਸਾਚਾ ਨਾਮ ਸਚ ਭੰਡਾਰਾ, ਸਤਿਜੁਗ ਤ੍ਰੇਤਾ ਦੁਆਪਰ ਆਪ ਵਰਤਾਇੰਦਾ । ਗੁਰ ਅਵਤਾਰ ਸੇਵਾਦਾਰਾ, ਲੋਕਮਾਤ ਸਾਚੀ ਸੇਵ ਕਮਾਇੰਦਾ । ਜੁਗ ਚੌਕੜੀ ਪਾਰ ਕਿਨਾਰਾ, ਚੌਕੜ ਆਪਣੇ ਹੱਥ ਰਖਾਇੰਦਾ । ਖਾਣੀ ਬਾਣੀ ਭੇਵ ਨਿਆਰਾ, ਭੇਵ ਅਭੇਦਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਖਰ ਨਾਮ ਸਰਬ ਪੜ੍ਹਾਇੰਦਾ । ਚਾਰ ਜੁਗ ਅੱਖਰ ਗਾਥਾ, ਹਰਿ ਜੂ ਹਰਿ ਹਰਿ ਆਪ ਜਣਾਈਆ । ਨਿਰਗੁਣ ਸਰਗੁਣ ਦੇਵੇ ਸਾਥਾ, ਸਰਗੁਣ ਖੇਲ ਕਰੇ ਬੇਪਰਵਾਹੀਆ । ਲੱਖ ਚੁਰਾਸੀ ਜੀਵ ਜੰਤ ਸਰਗੁਣ ਅੱਗੇ ਟੇਕੇ ਮਾਥਾ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਆਪ ਵਰਤਾਈਆ । ਏਕਾ ਨਾਮ ਹਰਿ ਵਰਤੰਤਾ, ਭੇਵ ਕੋਇ ਨਾ ਆਇੰਦਾ । ਖੇਲੇ ਖੇਲ ਜੁਗਾ ਜੁਗੰਤਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਮੇਲ ਮਿਲਾਏ ਸਾਚੇ ਸੰਤਾਂ, ਸਤਿਗੁਰ ਆਪਣੀ ਦਇਆ ਕਮਾਇੰਦਾ । ਵੇਖ ਵਖਾਏ ਨਾਰੀ ਕੰਤਾ, ਨਰ ਨਰਾਇਣ ਭੇਵ ਜਣਾਇੰਦਾ । ਕਾਇਆ ਚੋਲੀ ਰੰਗ ਚੜ੍ਹਾਏ ਬਸੰਤਾ, ਉਤਰ ਕਦੇ ਨਾ ਜਾਇੰਦਾ । ਗੜ੍ਹ ਤੋੜੇ ਹਉਮੇ ਹੰਗਤਾ, ਨਿਵਣ ਸੋ ਅੱਖਰ ਇਕ ਵਖਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਪ੍ਰਭ ਦੁਆਰ ਹੋਇਆ ਰਿਹਾ ਮੰਗਤਾ, ਦਰ ਸਾਚੇ ਖਾਲੀ ਝੋਲੀ ਸਰਬ

ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤੋਲਾ ਏਕਾ ਤੋਲ ਤੁਲਾਇੰਦਾ । ਸਾਚੇ ਤੋਲੇ ਤੋਲਿਆ ਤੋਲ, ਗੁਰ ਪੀਰ ਅਵਤਾਰ ਆਪਣੇ ਕੰਡੇ ਪਾਈਆ । ਆਪ ਬੈਠਾ ਰਿਹਾ ਅਡੋਲ, ਸਚਖੰਡ ਸੱਚੇ ਸੱਚਾ ਮਾਹੀਆ । ਵੇਲੇ ਅੰਤ ਕਲ ਸਭ ਦੇ ਪੜਦੇ ਦੇਵੇ ਫੋਲ, ਫੋਲਣਹਾਰਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਾਚਾ ਕੰਡਾ ਹਰਿ ਕਰਤਾਰ, ਏਕਾ ਏਕ ਉਠਾਇਆ । ਸੋ ਪੁਰਖ ਨਿਰੰਜਣ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਵਖਾਇਆ । ਚਾਰ ਯੁਗ ਦੀ ਪਾਵੇ ਸਾਰ, ਛੱਤੀ ਛੱਤੀ ਮੇਲ ਮਿਲਾਇਆ । ਨਵ ਨੌਂ ਬੇੜਾ ਪਾਰ, ਚਾਰ ਚਾਰ ਰਹੇ ਨਾ ਰਾਇਆ । ਲੇਖਾ ਜਾਣੇ ਗੁਰ ਅਵਤਾਰ, ਪੀਰ ਪੈਗ਼ੰਬਰ ਨਾਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤੋਲਾ ਇਕ ਅਖਵਾਇਆ । ਤੋਲਾ ਬਣ ਸ੍ਰੀ ਭਗਵਾਨ, ਗੁਰ ਪੀਰ ਅਵਤਾਰ ਤੋਲ ਤੁਲਾਈਆ । ਆਓ ਵੇਖੋ ਮਾਤ ਨਿਸ਼ਾਨ, ਜੋ ਬੂਟਾ ਗਏ ਲਗਾਈਆ । ਹਿੰਦੂ ਮੁਸਲਮ ਸਿੱਖ ਇਸਾਈ ਹੋਏ ਬੇਈਮਾਨ, ਹਕੀਕਤ ਹੱਕ ਨਾ ਕੋਇ ਜਣਾਈਆ । ਘਰ ਘਰ ਵੜਿਆ ਪੰਜ ਸ਼ੈਤਾਨ, ਦਿਵਸ ਰੈਣ ਕਰੇ ਲੜਾਈਆ । ਪੜ੍ਹ ਪੜ੍ਹ ਥੱਕੇ ਪੰਡਤ ਪਾਂਧੇ ਵੇਦ ਪੁਰਾਨ, ਸ਼ਾਸਤਰ ਸਿਮਰਤ ਪੜਦਾ ਦਵੈਤ ਨਾ ਕੋਇ ਮਿਟਾਈਆ । ਬਿਸਮਿਲ ਰੂਪ ਕਰੇ ਅੰਜੀਲ ਕੁਰਾਨ, ਸ਼ਰਅ ਸ਼ਰੀਅਤ ਸਾਚੀ ਸ਼ਰਅ ਨਾ ਕੋਇ ਰਖਾਈਆ । ਉਮਤੀ ਉਮਤ ਨਾ ਕੋਇ ਈਮਾਨ, ਇਬਨੁਲਵਕ਼ਤ ਨਾ ਕੋਇ ਜਣਾਈਆ । ਚਾਰੋਂ ਕੁੰਟ ਹੋਏ ਵੈਰਾਨ, ਸਾਚਾ ਘਰ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੋਲ ਦਏ ਤੁਲਾਈਆ । ਏਕਾ ਤੋਲ ਤੋਲੇ ਤੋਲਣਹਾਰਾ, ਨਿਰਗੁਣ ਆਪਣਾ ਖੇਲ ਕਰਾਇੰਦਾ । ਨਾਨਕ ਨਾਮ ਬਣੇ ਵਣਜਾਰਾ, ਬਣ ਵਣਜਾਰਾ ਹੱਟ ਚਲਾਇੰਦਾ । ਤੇਰਾ ਬੋਲੇ ਤੇਰੀ ਧਾਰਾ, ਤੇਰਾਂ ਤੇਰਾਂ ਅਲਾਇੰਦਾ । ਆਦਿ ਜੁਗਾਦੀ ਤੇਰਾ ਨਾਅਰਾ, ਤੇਰੇ ਰੰਗ ਸਮਾਇੰਦਾ । ਬੇਅੰਤ ਬੇਪਰਵਾਹ ਤਖ਼ਤ ਨਿਵਾਸੀ ਏਕੰਕਾਰਾ, ਸੱਚੇ ਸ਼ਹਿਨਸ਼ਾਹ ਤੇਰਾ ਦਰ ਮੋਹੇ ਭਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਤੇਰਾ ਪਸਾਰਾ, ਹਸਤ ਕੀਟ ਵੇਖ ਵਖਾਇੰਦਾ । ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਵਸੇ ਬਾਹਰਾ, ਸ਼ਰਅ ਬੰਧਨ ਨਾ ਕੋਇ ਜਣਾਇੰਦਾ । ਜਿਸ ਜਨ ਵਖਾਏਂ ਆਪਣਾ ਘਰ ਬਾਰਾ, ਤਿਸ ਆਪਣੀ ਬੂਝ ਬੁਝਾਇੰਦਾ । ਸੋ ਜਨ ਬੋਲੇ ਤੇਰਾ ਨਾਅਰਾ, ਨਾਨਕ ਨਿਰਗੁਣ ਨਾਨਕ ਸਰਗੁਣ ਨਾਨਕ ਨੂੰ ਸਮਝਾਇੰਦਾ । ਜੋਤੀ ਜੋਤ ਜੋਤ ਚਮਕਤਕਾਰਾ, ਨੂਰ ਨੁਰਾਨਾ ਡਗਮਗਾਇੰਦਾ । ਪਾਰਬ੍ਰਹਮ ਬ੍ਰਹਮ ਪਸਾਰਾ, ਈਸ਼ ਜੀਵ ਰਚਨ ਰਚਾਇੰਦਾ । ਨਿਰਗੁਣ ਨਿਰਗੁਣ ਹੋ ਨਿਆਰਾ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਨਿਰਗੁਣ ਜੋਤ ਨਿਰਗੁਣ ਸ਼ਬਦੀ ਧਾਰਾ, ਨਿਰਗੁਣ ਸਚਖੰਡ ਸੋਭਾ ਪਾਇੰਦਾ । ਨਿਰਗੁਣ ਥਿਰ ਘਰ ਖੋਲ੍ਹੇ ਕਿਵਾੜਾ, ਨਿਰਗੁਣ ਆਪਣਾ ਆਸਣ ਲਾਇੰਦਾ । ਨਿਰਗੁਣ ਨਿਰਗੁਣ ਕਰੇ ਪਸਾਰਾ, ਆਪਣੀ ਵੰਡ ਆਪ ਵੰਡਾਇੰਦਾ । ਨਾਨਕ ਸਤਿਗੁਰ ਦਰਗਹਿ ਸਾਚੀ ਸਚਖੰਡ ਦੁਆਰੇ ਹਰਿ ਚਰਨ ਬੋਲੇ ਏਕਾ ਨਾਅਰਾ, ਉਚੀ ਕੂਕ ਕੂਕ ਸੁਣਾਇੰਦਾ । ਤੇਰਾ ਖੇਲ ਅਗੰਮ ਅਪਾਰਾ, ਭੇਵ ਕੋਇ ਨਾ ਆਇੰਦਾ । ਪੁਰਖ ਅਬਿਨਾਸ਼ੀ ਕਿਰਪਾ ਨਿਧ ਦੇਵੇ ਇਕ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਤੇਰਾ ਮੇਰਾ ਰੂਪ ਨਿਆਰਾ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਨਾਨਕ ਗਾਉਣਾ ਸੋਹੰ ਇਕ ਜੈਕਾਰਾ, ਜੈ ਜੈਕਾਰ ਦੋ ਜਹਾਨ ਜਣਾਇੰਦਾ । ਆਤਮ ਨਾਮ ਹਰਿ ਵਿਚਾਰਾ, ਅੱਖਰ ਜੋੜ ਨਾ ਕੋਇ ਜੁੜਾਇੰਦਾ । ਆਤਮ ਪਰਮਾਤਮ ਕਰੇ ਪਿਆਰਾ, ਬ੍ਰਹਮ ਪਾਰਬ੍ਰਹਮ ਸਮਾਇੰਦਾ । ਸੋਹੰ ਸ਼ਬਦ ਜਗਤ ਵਣਜਾਰਾ, ਆਦਿ

ਜੁਗਾਦਿ ਸਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਗਾ ਗਾ ਗਏ ਆਪਣੀ ਵਾਰਾ, ਅੰਤਰ ਆਤਮ ਹਰਿ ਹਰਿ ਹਰਿ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕੰਡਾ ਇਕ ਉਠਾਇੰਦਾ । ਸਾਚਾ ਕੰਡਾ ਨਿਰਗੁਣ ਸਰਗੁਣ ਧਾਰ, ਸੋਹੰ ਹਰਿ ਜੂ ਹਰਿ ਉਠਾਈਆ । ਲੱਖ ਚੁਰਾਸੀ ਤੋਲੇ ਤੋਲਣਹਾਰ, ਏਕਾ ਵਾਰ ਭਾਰ ਵੰਡਾਈਆ । ਭਗਤ ਭਗਵੰਤ ਲਏ ਉਭਾਰ, ਪੁਰਖ ਅਬਿਨਾਸ਼ੀ ਆਪਣੀ ਦਇਆ ਕਮਾਈਆ । ਸੰਤ ਸਾਜਨ ਪੈਜ ਸੁਆਰ, ਸਿਰ ਆਪਣਾ ਹੱਥ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਛੱਡ ਕੇ ਗਏ ਘਰ ਬਾਰ, ਆਪਣਾ ਪੱਲੂ ਬੰਨ੍ਹ ਨਾ ਕਿਸੇ ਫੜਾਈਆ । ਲਿਖ ਲਿਖ ਬਾਣੀ ਬਣ ਬਣ ਗਏ ਲਿਖਾਰ, ਕਾਤਬ ਲੇਖਾ ਇਕ ਜਣਾਈਆ । ਸਰਬ ਜੀਆਂ ਦਾ ਏਕਾ ਯਾਰ, ਪਰਮ ਪੁਰਖ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਸ੍ਰੀ ਭਗਵਾਨ, ਕਲਜੁਗ ਅੰਤ ਕਰਾਇੰਦਾ । ਚਾਰ ਯੁਗ ਦਾ ਵੇਖ ਨਿਸ਼ਾਨ, ਕੂੜੀ ਕਿਰਿਆ ਮੂਲ ਚੁਕਾਇੰਦਾ । ਚਾਰ ਵਰਨ ਦਾ ਇਕ ਗਿਆਨ, ਆਤਮ ਪਰਮਾਤਮ ਆਪ ਸਮਝਾਇੰਦਾ । ਚਾਰ ਵਰਨ ਦਾ ਏਕਾ ਦਾਨ, ਏਕਾ ਵਾਰ ਝੋਲੀ ਪਾਇੰਦਾ । ਚਾਰ ਵਰਨ ਦਾ ਇਕ ਮਕਾਨ, ਕਾਇਆ ਮੰਦਰ ਆਪ ਵਖਾਇੰਦਾ । ਮੰਦਰ ਮਸਜਿਦ ਮੱਠ ਸ਼ਿਵਦਵਾਲੇ ਤਟ ਅੰਤ ਮਿਟ ਜਾਣ, ਥਿਰ ਕੋਇ ਰਹਿਣ ਨਾ ਪਾਇੰਦਾ । ਜੀਵ ਜੰਤ ਸਾਧ ਸੰਤ ਇਕੋ ਢੋਲਾ ਸਾਰੇ ਗਾਣ, ਸਤਿਗੁਰ ਸਾਚਾ ਆਪ ਪੜ੍ਹਾਇੰਦਾ । ਸੋ ਪੁਰਖ ਨਿਰੰਜਣ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਹਰਿ ਪੁਰਖ ਨਿਰੰਜਣ ਜਾਣੀ ਜਾਣ, ਘਟ ਘਟ ਆਪਣਾ ਆਸਣ ਲਾਇੰਦਾ । ਏਕੰਕਾਰਾ ਵਡ ਬਲਵਾਨ, ਬਲ ਆਪਣਾ ਆਪ ਜਣਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਘਰ ਘਰ ਦੀਆ ਬਾਤੀ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵੇਖੇ ਮਾਰ ਧਿਆਨ, ਦੂਈ ਦਵੈਤੀ ਪੜਦਾ ਲਾਹਿੰਦਾ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਨ, ਸਚ ਨਿਸ਼ਾਨਾ ਹੱਥ ਰਖਾਇੰਦਾ । ਪਾਰਬ੍ਰਹਮ ਅੰਤਮ ਦੇਵੇ ਆਪਣਾ ਆਪ ਬਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਆਪਣੇ ਸੰਗ ਮਿਲਾਇੰਦਾ । ਪਾਰਬ੍ਰਹਮ ਬ੍ਰਹਮ ਸਾਚਾ ਮੇਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਚੇਲਾ ਗੁਰੂ ਜੋੜ ਜੁੜਾਇੰਦਾ । ਸਤਿਗੁਰ ਸਾਹਿਬ ਸੱਜਣ ਸੁਹੇਲਾ, ਸਾਖਿਆਤ ਰੂਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਤੋਲਾ ਇਕ ਅਖਵਾਇੰਦਾ । ਨਿਰਗੁਣ ਤੋਲੇ ਤੋਲ, ਜੀਵ ਜੰਤ ਉਠਾਈਆ । ਸਚ ਵਸਤ ਨਾ ਕਿਸੇ ਕੋਲ, ਖਾਲੀ ਹੱਥ ਫਿਰੇ ਲੋਕਾਈਆ । ਗੁਰਮੁਖ ਵਿਰਲੇ ਸੋਹੰ ਜੈਕਾਰਾ ਰਹੇ ਬੋਲ, ਆਤਮ ਪਰਮਾਤਮ ਗੰਢ ਪੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣੇ ਵਿਚ ਮਿਲਾਈਆ । ਹਰਿਜਨ ਮੇਲਾ ਆਤਮ ਘਾਟ, ਤੀਰਥ ਤਟ ਨਾ ਕੋਇ ਵਡਿਆਈਆ । ਹਰਿਜਨ ਮੇਲਾ ਸਾਚੇ ਨਾਥ, ਅਨਾਥਾਂ ਹੋਏ ਸਹਾਈਆ । ਹਰਿਜਨ ਮੇਲਾ ਪੁਰਖ ਸਮਰਾਥ, ਸਮਰਥ ਪੁਰਖ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਸਾਚਾ ਦਾਨ, ਨਾਮ ਭੰਡਾਰਾ ਏਕਾ ਵਾਰ ਵਰਤਾਈਆ ।


੮੬੩
੧੧

ਸਤਿਗੁਰ ਸੱਚਾ ਜਾਣੀਏ, ਸੋ ਪੁਰਖ ਨਿਰੰਜਣ ਸ਼ਹਿਨਸ਼ਾਹ । ਸਤਿਗੁਰ ਸੱਚਾ ਜਾਣੀਏ, ਹਰਿ ਪੁਰਖ ਨਿਰੰਜਣ ਬੇਪਰਵਾਹ । ਸਤਿਗੁਰ ਸੱਚਾ ਜਾਣੀਏ, ਏਕੰਕਾਰਾ ਇਕ ਮਲਾਹ । ਸਤਿਗੁਰ ਸੱਚਾ ਜਾਣੀਏ, ਆਦਿ ਨਿਰੰਜਣ ਨੂਰ ਰੁਸ਼ਨਾ । ਸਤਿਗੁਰ ਸੱਚਾ ਜਾਣੀਏ, ਅਬਿਨਾਸ਼ੀ ਕਰਤਾ ਵਸੇ ਹਰ ਘਟ ਥਾਂ । ਸਤਿਗੁਰ ਸੱਚਾ ਜਾਣੀਏ, ਸ੍ਰੀ ਭਗਵਾਨ ਸਚ ਨਿਸ਼ਾਨਾ ਰਿਹਾ ਝੁਲਾ । ਸਤਿਗੁਰ ਸੱਚਾ ਜਾਣੀਏ, ਪਾਰਬ੍ਰਹਮ ਰੂਪ ਰੰਗ ਰੇਖ ਰਿਹਾ ਨਾ ਕੋਇ ਵਖਾ । ਸਤਿਗੁਰ ਸੱਚਾ ਜਾਣੀਏ, ਅਨਭਵ ਪਰਕਾਸ਼ ਰਿਹਾ ਕਰਾ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਰਿਹਾ ਡਗਮਗਾ । ਸਤਿਗੁਰ ਸੱਚਾ ਜਾਣੀਏ, ਆਪਣੀ ਇਛਿਆ ਰਿਹਾ ਪਰਗਟਾ । ਸਤਿਗੁਰ ਸੱਚਾ ਜਾਣੀਏ, ਸਚਖੰਡ ਦੁਆਰ ਰਿਹਾ ਬਣਾ । ਸਤਿਗੁਰ ਸੱਚਾ ਜਾਣੀਏ, ਸਚ ਸਿੰਘਾਸਣ ਰਿਹਾ ਸੁਹਾ । ਸਤਿਗੁਰ ਸੱਚਾ ਜਾਣੀਏ, ਸ਼ਾਹੋ ਭੂਪ ਆਪਣਾ ਨਾਉਂ ਰਿਹਾ ਧਰਾ । ਸਤਿਗੁਰ ਸੱਚਾ ਜਾਣੀਏ, ਸੀਸ ਜਗਦੀਸ ਤਾਜ਼ ਰਿਹਾ ਟਿਕਾ । ਸਤਿਗੁਰ ਸੱਚਾ ਜਾਣੀਏ, ਸਚਖੰਡ ਦੁਆਰੇ ਬਣੇ ਸਾਚਾ ਹੁਕਮਰਾਂ । ਸਤਿਗੁਰ ਸੱਚਾ ਜਾਣੀਏ, ਧੁਰ ਫ਼ਰਮਾਣਾ ਰਿਹਾ ਸੁਣਾ । ਸਤਿਗੁਰ ਸੱਚਾ ਜਾਣੀਏ, ਦਰ ਦਰਵੇਸ਼ ਰਿਹਾ ਕਹਾ । ਸਤਿਗੁਰ ਸੱਚਾ ਜਾਣੀਏ, ਨਿਉਂ ਨਿਉਂ ਸੀਸ ਰਿਹਾ ਝੁਕਾ । ਸਤਿਗੁਰ ਸੱਚਾ ਜਾਣੀਏ, ਨਾਰੀ ਕੰਤ ਰੂਪ ਰਿਹਾ ਵਟਾ । ਸਤਿਗੁਰ ਸੱਚਾ ਜਾਣੀਏ, ਨਿਰਗੁਣ ਨਿਰਗੁਣ ਸੇਜਾ ਰਿਹਾ ਹੰਢਾ । ਸਤਿਗੁਰ ਸੱਚਾ ਜਾਣੀਏ, ਮਹੱਲ ਅਟੱਲ ਰਿਹਾ ਸਮਾ । ਸਤਿਗੁਰ ਸਚ ਜਾਣੀਏ, ਆਪਣੀ ਘਾੜਤ ਰਿਹਾ ਘੜਾ । ਸਤਿਗੁਰ ਸੱਚਾ ਜਾਣੀਏ, ਦਾਈ ਦਾਇਆ ਬਣ ਬਣ ਸੇਵਾ ਰਿਹਾ ਕਮਾ । ਸਤਿਗੁਰ ਸੱਚਾ ਜਾਣੀਏ, ਆਪਣੀ ਗੋਦੀ ਰਿਹਾ ਸਹਾ । ਸਤਿਗੁਰ ਸੱਚਾ ਜਾਣੀਏ, ਸ਼ਬਦ ਦੁਲਾਰਾ ਰਿਹਾ ਜਾ । ਸਤਿਗੁਰ ਸੱਚਾ ਜਾਣੀਏ, ਥਿਰ ਘਰ ਆਪਣਾ ਰੰਗ ਰਿਹਾ ਰੰਗਾ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾ । ਸਤਿਗੁਰ ਸੱਚਾ ਜਾਣੀਏ, ਸੋ ਪੁਰਖ ਨਿਰੰਜਣ ਸਾਚਾ ਮੀਤ, ਸਤਿਗੁਰ ਸੱਚਾ ਜਾਣੀਏ, ਹਰਿ ਪੁਰਖ ਨਿਰੰਜਣ ਇਕ ਅਨਡੀਠ । ਸਤਿਗੁਰ ਸੱਚਾ ਜਾਣੀਏ, ਏਕੰਕਾਰਾ ਆਦਿ ਜੁਗਾਦਿ ਚਲਾਏ ਆਪਣੀ ਰੀਤ । ਸਤਿਗੁਰ ਸੱਚਾ ਜਾਣੀਏ, ਆਦਿ ਨਿਰੰਜਣ ਠਾਂਡਾ ਸੀਤ । ਸਤਿਗੁਰ ਸੱਚਾ ਜਾਣੀਏ, ਅਬਿਨਾਸ਼ੀ ਕਰਤਾ ਪੱਤਤ ਪੁਨੀਤ । ਸਤਿਗੁਰ ਸੱਚਾ ਜਾਣੀਏ, ਸ੍ਰੀ ਭਗਵਾਨ ਵਸਣਹਾਰਾ ਹਸਤ ਕੀਟ । ਸਤਿਗੁਰ ਸੱਚਾ ਜਾਣੀਏ, ਪਾਰਬ੍ਰਹਮ ਬ੍ਰਹਮ ਰੱਖੇ ਏਕਾ ਪ੍ਰੀਤ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਗੀਤ । ਸਤਿਗੁਰ ਸੱਚਾ ਜਾਣੀਏ, ਏਕਾ ਏਕ ਗੋਬਿੰਦ । ਸਤਿਗੁਰ ਸੱਚਾ ਜਾਣੀਏ, ਹਰਿ ਦਾਤਾ ਗੁਣੀ ਗਹਿੰਦ । ਸਤਿਗੁਰ ਸੱਚਾ ਜਾਣੀਏ, ਸੂਰਬੀਰ ਸਦਾ ਬਖ਼ਸ਼ੰਦ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਦਾ ਬਖ਼ਸ਼ੰਦ । ਸਤਿਗੁਰ ਸੱਚਾ ਜਾਣੀਏ, ਆਦਿ ਜੁਗਾਦੀ ਦੀਨ ਦਿਆਲ । ਸਤਿਗੁਰ ਸੱਚਾ ਜਾਣੀਏ, ਨਿਰਗੁਣ ਨਿਰਗੁਣ ਉਪਜਾਏ ਆਪਣਾ ਲਾਲ । ਸਤਿਗੁਰ ਸੱਚਾ ਜਾਣੀਏ, ਸਚਖੰਡ ਵਸੇ ਸੱਚੀ ਧਰਮਸਾਲ । ਸਤਿਗੁਰ ਸੱਚਾ ਜਾਣੀਏ, ਬਿਨ ਤੇਲ ਬਾਤੀ ਦੀਪਕ ਦੇਵੇ ਬਾਲ । ਸਤਿਗੁਰ ਸੱਚਾ ਜਾਣੀਏ, ਬੋਧ ਅਗਾਧੀ ਸੁਣਾਏ ਆਪਣਾ ਗਾਣ । ਸਤਿਗੁਰ ਸੱਚਾ ਜਾਣੀਏ, ਸਤਿ ਸਤਿਵਾਦੀ ਦੋ ਜਹਾਨ ਵਖਾਏ ਨਿਸ਼ਾਨ । ਸਤਿਗੁਰ ਸੱਚਾ ਜਾਣੀਏ, ਨਿਰਗੁਣ ਨਿਰਗੁਣ ਦੇਵੇ ਦਾਨ ।

ਸਤਿਗੁਰ ਸੱਚਾ ਜਾਣੀਏ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪਰਧਾਨ । ਸਤਿਗੁਰ ਸੱਚਾ ਜਾਣੀਏ, ਤ੍ਰੈਗੁਣ ਮਾਇਆ ਖੇਲ ਕਰੇ ਮਹਾਨ । ਸਤਿਗੁਰ ਸੱਚਾ ਜਾਣੀਏ, ਪੰਜ ਤੱਤ ਪਰਗਟਾਏ ਆਪਣਾ ਨਾਮ । ਸਤਿਗੁਰ ਸੱਚਾ ਜਾਣੀਏ, ਬ੍ਰਹਿਮੰਡ ਖੰਡ ਪੁਰੀ ਲੋਅ ਬਣਾਏ ਅਨਡਿਠ ਮਕਾਨ । ਸਤਿਗੁਰ ਸੱਚਾ ਜਾਣੀਏ, ਰਵ ਸਸ ਸੂਰਜ ਚੰਦ ਵੇਖੇ ਮਾਰ ਧਿਆਨ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਸ੍ਰੀ ਭਗਵਾਨ । ਸਤਿਗੁਰ ਸੱਚਾ ਜਾਣੀਏ, ਏਕਾ ਏਕ ਸ੍ਰੀ ਭਗਵਾਨਾ । ਸਤਿਗੁਰ ਸੱਚਾ ਜਾਣੀਏ, ਆਦਿ ਜੁਗਾਦਿ ਝੁਲਾਏ ਨਿਸ਼ਾਨਾ । ਸਤਿਗੁਰ ਸੱਚਾ ਜਾਣੀਏ, ਏਕਾ ਰਾਗ ਸੁਣਾਏ ਤਰਾਨਾ । ਸਤਿਗੁਰ ਸੱਚਾ ਜਾਣੀਏ, ਏਕਾ ਮੰਦਰ ਵਸੇ ਮਕਾਨਾ । ਸਤਿਗੁਰ ਸੱਚਾ ਜਾਣੀਏ, ਏਕਾ ਨੂਰ ਨੂਰ ਨੁਰਾਨਾ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਦੋ ਜਹਾਨਾ । ਸਤਿਗੁਰ ਸੱਚਾ ਜਾਣੀਏ, ਸੋ ਪੁਰਖ ਨਿਰੰਜਣ ਏਕ । ਸਤਿਗੁਰ ਸੱਚਾ ਜਾਣੀਏ, ਦੇਵਣਹਾਰਾ ਸਾਚੀ ਟੇਕ । ਸਤਿਗੁਰ ਸੱਚਾ ਜਾਣੀਏ, ਆਦਿ ਜੁਗਾਦੀ ਕਰੇ ਹੇਤ । ਸਤਿਗੁਰ ਸੱਚਾ ਜਾਣੀਏ, ਅਨਭਵ ਖੋਲ੍ਹੇ ਆਪਣਾ ਭੇਤ । ਸਤਿਗੁਰ ਸੱਚਾ ਜਾਣੀਏ, ਬਿਨ ਨੇਤਰ ਲਏ ਵੇਖ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਰੱਖੇ ਸਾਇਆ ਹੇਠ । ਸਤਿਗੁਰ ਸੱਚਾ ਜਾਣੀਏ, ਸੂਰਬੀਰ ਸੁਲਤਾਨ । ਸਤਿਗੁਰ ਸੱਚਾ ਜਾਣੀਏ, ਏਕਾ ਦੇਵੇ ਨਾਮ ਨਿਸ਼ਾਨ । ਸਤਿਗੁਰ ਸੱਚਾ ਜਾਣੀਏ, ਏਕਾ ਦੇਵੇ ਸਚ ਗਿਆਨ । ਸਤਿਗੁਰ ਸੱਚਾ ਜਾਣੀਏ, ਏਕਾ ਰਾਗ ਸੁਣਾਏ ਕਾਨ । ਸਤਿਗੁਰ ਸੱਚਾ ਜਾਣੀਏ, ਏਕਾ ਵਸਤ ਦੇਵੇ ਪੀਣ ਖਾਣ । ਸਤਿਗੁਰ ਸੱਚਾ ਜਾਣੀਏ, ਏਕਾ ਤੀਰ ਨਿਰਾਲਾ ਮਾਰੇ ਬਾਣ । ਸਤਿਗੁਰ ਸੱਚਾ ਜਾਣੀਏ, ਲੇਖਾ ਜਾਣੇ ਦੋ ਜਹਾਨ । ਸਤਿਗੁਰ ਸੱਚਾ ਜਾਣੀਏ ਦਿਵਸ ਰੈਣ, ਰੈਣ ਦਿਵਸ ਆਪਣਾ ਦਰਸ਼ਨ ਦੇਵੇ ਆਣ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਮਾਣਿਆਂ ਦੇਵੇ ਆਪਣਾ ਮਾਣ । ਸਤਿਗੁਰ ਸੱਚਾ ਜਾਣੀਏ, ਨਿਰਧਨ ਸਰਧਨ ਪਾਵੇ ਸਾਰ । ਸਤਿਗੁਰ ਸੱਚਾ ਜਾਣੀਏ, ਲੇਖਾ ਜਾਣੇ ਵਾਰੋ ਵਾਰ । ਸਤਿਗੁਰ ਸੱਚਾ ਜਾਣੀਏ, ਭਰਮ ਭੁਲੇਖਾ ਕੱਢੇ ਵਿਚ ਸੰਸਾਰ । ਸਤਿਗੁਰ ਸੱਚਾ ਜਾਣੀਏ, ਮੂੰਡ ਮੁੰਡਾਏ ਨਾ ਕੇਸ ਰਖਾਏ ਪੰਜ ਤੱਤ ਨਾ ਕੋਇ ਅਕਾਰ । ਸਤਿਗੁਰ ਸੱਚਾ ਜਾਣੀਏ, ਆਦਿ ਜੁਗਾਦੀ ਕਰੇ ਆਪਣੀ ਕਾਰ । ਸਤਿਗੁਰ ਸੱਚਾ ਜਾਣੀਏ, ਕਾਗਦ ਕਲਮ ਲਿਖ ਲਿਖ ਨਾ ਪਾਏ ਸਾਰ । ਸਤਿਗੁਰ ਸੱਚਾ ਜਾਣੀਏ, ਹਰ ਘਟ ਅੰਦਰ ਵਸੇ ਆਪੇ ਵਸੇ ਸਭ ਤੋਂ ਬਾਹਰ । ਸਤਿਗੁਰ ਸੱਚਾ ਜਾਣੀਏ, ਏਕਾ ਦੇਵੇ ਅੰਮ੍ਰਿਤ ਰਸ ਰਸ ਰਸਨਾ ਠੰਡਾ ਠਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰ । ਸਤਿਗੁਰ ਸੱਚਾ ਜਾਣੀਏ, ਏਕਾ ਏਕ ਰਖਾਏ ਓਟ । ਸਤਿਗੁਰ ਸੱਚਾ ਜਾਣੀਏ, ਜਨਮ ਜਨਮ ਦਾ ਕੱਢੇ ਖੋਟ । ਸਤਿਗੁਰ ਸੱਚਾ ਜਾਣੀਏ, ਨਾਮ ਭੰਡਾਰਾ ਦਏ ਅਤੋਟ । ਸਤਿਗੁਰ ਸੱਚਾ ਜਾਣੀਏ, ਆਲਣਿਓਂ ਡਿਗੇ ਉਠਾਏ ਬੋਟ । ਸਤਿਗੁਰ ਸੱਚਾ ਜਾਣੀਏ, ਨਿਰਮਲ ਨੂਰ ਜਗਾਏ ਜੋਤ । ਸਤਿਗੁਰ ਸੱਚਾ ਜਾਣੀਏ, ਅਜਪਾ ਜਾਪ ਜਪਾਏ ਬਿਨ ਰਸਨਾ ਹੋਟ । ਸਤਿਗੁਰ ਸੱਚਾ ਜਾਣੀਏ, ਨਾ ਕੋਈ ਵਰਨ ਨਾ ਕੋਈ ਗੋਤ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪੇ ਹੋਏ ਮੋਹਤ । ਸਤਿਗੁਰ ਸੱਚਾ ਜਾਣੀਏ, ਸੋਭਾਵੰਤ ਕਰਤਾਰ । ਸਤਿਗੁਰ ਸੱਚਾ ਜਾਣੀਏ, ਆਦਿ ਜੁਗਾਦੀ ਬੰਨੇ ਧਾਰ । ਸਤਿਗੁਰ ਸੱਚਾ ਜਾਣੀਏ, ਸ਼ਬਦੀ ਸ਼ਬਦ ਕਰੇ ਜੈਕਾਰ । ਸਤਿਗੁਰ

ਸੱਚਾ ਜਾਣੀਏ, ਬ੍ਰਹਮ ਬ੍ਰਹਿਮਾਦੀ ਖੇਲ ਕਰੇ ਨਿਆਰ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਧਾਰ । ਸਤਿਗੁਰ ਸੱਚਾ ਜਾਣੀਏ, ਰੰਗੇ ਰੰਗ ਚਲੂਲ । ਸਤਿਗੁਰ ਸੱਚਾ ਜਾਣੀਏ, ਜੁਗਾ ਜੁਗੰਤਰ ਜਾਏ ਨਾ ਭੂਲ । ਸਤਿਗੁਰ ਸੱਚਾ ਜਾਣੀਏ, ਪੂਰਬ ਲਹਿਣਾ ਚੁਕਾਏ ਮੂਲ । ਸਤਿਗੁਰ ਸੱਚਾ ਜਾਣੀਏ, ਆਪਣਾ ਦੱਸੇ ਸਚ ਅਸੂਲ । ਸਤਿਗੁਰ ਸੱਚਾ ਜਾਣੀਏ, ਲੇਖਾ ਜਾਣੇ ਕਾਤਲ ਮਕਤੂਲ । ਸਤਿਗੁਰ ਸੱਚਾ ਜਾਣੀਏ, ਏਕਾ ਦੇਵੇ ਚਰਨ ਸਾਚੀ ਧੂਲ । ਸਤਿਗੁਰ ਸੱਚਾ ਜਾਣੀਏ, ਗ਼ਰੀਬ ਨਿਮਾਣੇ ਕੋਝੇ ਕਮਲੇ ਕਰੇ ਕਬੂਲ । ਸਤਿਗੁਰ ਸੱਚਾ ਜਾਣੀਏ, ਏਕਾ ਰਾਗ ਸੁਣਾਏ ਮਾਕੂਲ । ਸਤਿਗੁਰ ਸੱਚਾ ਜਾਣੀਏ, ਗੁਰਮੁਖ ਗੁਰਸਿਖ ਵੇਖੇ ਪਤ ਡਾਲ੍ਹੀ ਸਾਚੇ ਫੂਲ । ਸਤਿਗੁਰ ਸੱਚਾ ਜਾਣੀਏ, ਦੋ ਜਹਾਨਾਂ ਕੰਤ ਕੰਤੂਹਲ । ਸਤਿਗੁਰ ਸੱਚਾ ਜਾਣੀਏ, ਕਿਰਪਾ ਕਰੇ ਰਾਏ ਧਰਮ ਨਾ ਲਏ ਮਸੂਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣਾ ਸਤਿ ਅਸੂਲ । ਸਤਿਗੁਰ ਸੱਚਾ ਜਾਣੀਏ, ਸਾਗਰ ਸਿੰਧ ਗਹਿਰ ਗੰਭੀਰ । ਸਤਿਗੁਰ ਸੱਚਾ ਜਾਣੀਏ, ਚੋਟੀ ਚਾੜ੍ਹੇ ਫੜ ਅਖ਼ੀਰ । ਸਤਿਗੁਰ ਸੱਚਾ ਜਾਣੀਏ, ਨਿਰਮਲ ਅੰਮ੍ਰਿਤ ਪਿਆਏ ਨੀਰ । ਸਤਿਗੁਰ ਸੱਚਾ ਜਾਣੀਏ, ਬਜਰ ਕਪਾਟੀ ਦੇਵੇ ਚੀਰ । ਸਤਿਗੁਰ ਸੱਚਾ ਜਾਣੀਏ, ਹਉਮੇ ਹੰਗਤਾ ਕੱਢੇ ਪੀੜ । ਸਤਿਗੁਰ ਸੱਚਾ ਜਾਣੀਏ, ਲੇਖਾ ਜਾਣੇ ਆਦਿ ਅੰਤ ਅਖ਼ੀਰ । ਸਤਿਗੁਰ ਸੱਚਾ ਜਾਣੀਏ, ਤਨ ਬਸਤਰ ਪਹਿਨਾਏ ਸਾਚਾ ਚੀਰ । ਸਤਿਗੁਰ ਸੱਚਾ ਜਾਣੀਏ, ਦੋ ਜਹਾਨਾਂ ਵੇਖੇ ਘਤ ਵਹੀਰ । ਸਤਿਗੁਰ ਸੱਚਾ ਜਾਣੀਏ, ਬਿਰਹੋਂ ਮਾਰੇ ਨਿਰਾਲਾ ਤੀਰ । ਸਤਿਗੁਰ ਸੱਚਾ ਜਾਣੀਏ, ਤ੍ਰੈਗੁਣ ਮਾਇਆ ਕੱਟੇ ਜ਼ੰਜੀਰ । ਸਤਿਗੁਰ ਸੱਚਾ ਜਾਣੀਏ, ਰਾਏ ਧਰਮ ਦੀ ਕੱਟੇ ਭੀੜ । ਸਤਿਗੁਰ ਸੱਚਾ ਜਾਣੀਏ, ਮਾਨਸ ਜਨਮ ਬੰਨ੍ਹੇ ਬੀੜ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਬਦਲ ਦਏ ਤਕਦੀਰ । ਸਤਿਗੁਰ ਸੱਚਾ ਜਾਣੀਏ, ਸੇਵਕ ਸੇਵਾਦਾਰ । ਸਤਿਗੁਰ ਸੱਚਾ ਜਾਣੀਏ, ਜੁਗ ਜੁਗ ਲਏ ਅਵਤਾਰ । ਸਤਿਗੁਰ ਸੱਚਾ ਜਾਣੀਏ, ਖਾਣੀ ਬਾਣੀ ਵਸੇ ਬਾਹਰ । ਸਤਿਗੁਰ ਸੱਚਾ ਜਾਣੀਏ, ਵੇਦ ਚਾਰ ਨਾ ਪਾਵਣ ਸਾਰ । ਸਤਿਗੁਰ ਸੱਚਾ ਜਾਣੀਏ, ਪੁਰਾਨ ਅਠਾਰਾਂ ਨਾ ਕਰਨ ਵਿਚਾਰ । ਸਤਿਗੁਰ ਸੱਚਾ ਜਾਣੀਏ, ਗੀਤਾ ਗਿਆਨ ਇਕ ਆਧਾਰ । ਸਤਿਗੁਰ ਸੱਚਾ ਜਾਣੀਏ, ਅੰਜ਼ੀਲ ਕੁਰਾਨਾਂ ਦਏ ਭੰਡਾਰ । ਸਤਿਗੁਰ ਸੱਚਾ ਜਾਣੀਏ, ਈਸਾ ਮੂਸਾ ਕਰੇ ਸ਼ਿੰਗਾਰ । ਸਤਿਗੁਰ ਸੱਚਾ ਜਾਣੀਏ, ਮੁਹੰਮਦ ਲੇਖਾ ਜਾਣੇ ਚਾਰ ਯਾਰ । ਸਤਿਗੁਰ ਸੱਚਾ ਜਾਣੀਏ, ਨਾਨਕ ਦੇਵੇ ਪਦ ਨਿਰਬਾਣ । ਸਤਿਗੁਰ ਸੱਚਾ ਜਾਣੀਏ, ਗੋਬਿੰਦ ਬਣਾਏ ਆਪਣਾ ਲਾਲ । ਸਤਿਗੁਰ ਸੱਚਾ ਜਾਣੀਏ, ਖੇਲੇ ਖੇਲ ਹਰਿ ਕਮਾਲ । ਸਤਿਗੁਰ ਸੱਚਾ ਜਾਣੀਏ, ਘਟ ਘਟ ਵਖਾਏ ਆਪਣੀ ਧਰਮਸਾਲ । ਸਤਿਗੁਰ ਸੱਚਾ ਜਾਣੀਏ, ਨੇੜ ਨਾ ਆਏ ਕਾਲ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਰਾਹ ਸੁਖਾਲ । ਸਤਿਗੁਰ ਸੱਚਾ ਜਾਣੀਏ, ਜੀਵਣ ਜੁਗਤ ਦਾਤਾ । ਸਤਿਗੁਰ ਸੱਚਾ ਜਾਣੀਏ, ਏਕੰਕਾਰਾ ਪੁਰਖ ਬਿਧਾਤਾ । ਸਤਿਗੁਰ ਸੱਚਾ ਜਾਣੀਏ, ਨਿਰਗੁਣ ਸਰਗੁਣ ਜੁੜਾਏ ਨਾਤਾ । ਸਤਿਗੁਰ ਸੱਚਾ ਜਾਣੀਏ, ਬੋਧ ਅਗਾਧ ਸੁਣਾਏ ਗਾਥਾ । ਸਤਿਗੁਰ ਸੱਚਾ ਜਾਣੀਏ, ਲੇਖਾ ਜਾਣੇ ਤ੍ਰੈਲੋਕੀ ਨਾਥਾ । ਸਤਿਗੁਰ ਸੱਚਾ ਜਾਣੀਏ, ਭੇਵ ਜਣਾਏ ਰਾਮਾ ਸੁਤ ਦਸਰਾਥਾ । ਸਤਿਗੁਰ ਸੱਚਾ ਜਾਣੀਏ, ਏਕਾ ਏਕ ਅਲਖਨਾ ਅਲਾਖਾ । ਸਤਿਗੁਰ ਸੱਚਾ ਜਾਣੀਏ, ਨਿਰਗੁਣ ਨਿਰਵੈਰ ਪੁਰਖ ਅਕਾਲ ਘਟ ਘਟ ਰੱਖੇ ਵਾਸਾ । ਸਤਿਗੁਰ

ਸੱਚਾ ਜਾਣੀਏ, ਭੇਵ ਖੁਲ੍ਹਾਏ ਪ੍ਰਿਥਮੀ ਅਕਾਸ਼ਾ । ਸਤਿਗੁਰ ਸੱਚਾ ਜਾਣੀਏ, ਵਿਸ਼ਨ ਬ੍ਰਹਮਾ ਸ਼ਿਵ ਵੇਖੇ ਤਮਾਸ਼ਾ । ਸਤਿਗੁਰ ਸੱਚਾ ਜਾਣੀਏ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਕਰੇ ਦਾਸੀ ਦਾਸਾ । ਸਤਿਗੁਰ ਸੱਚਾ ਜਾਣੀਏ, ਜਨ ਭਗਤਾਂ ਮਾਨਸ ਜਨਮ ਕਰੇ ਰਹਿਰਾਸਾ । ਸਤਿਗੁਰ ਸੱਚਾ ਜਾਣੀਏ, ਬਿਨ ਰਸਨਾ ਜਿਹਵਾ ਆਪਣਾ ਸੁਣਾਏ ਹੱਕ ਖੁਲਾਸਾ । ਸਤਿਗੁਰ ਪੂਰਾ ਜਾਣੀਏ, ਸਾਚੇ ਸੰਤਾਂ ਪੂਰੀ ਕਰੇ ਆਸਾ । ਸਤਿਗੁਰ ਸੱਚਾ ਜਾਣੀਏ, ਗੁਰਮੁਖਾਂ ਦੇਵੇ ਇਕ ਭਰਵਾਸਾ । ਸਤਿਗੁਰ ਸੱਚਾ ਜਾਣੀਏ, ਗੁਰਸਿਖਾਂ ਲੇਖੇ ਲਾਏ ਪਵਣ ਸਵਾਸਾ । ਸਤਿਗੁਰ ਸੱਚਾ ਜਾਣੀਏ, ਮੰਡਲ ਮੰਡਪ ਗੋਪੀ ਕਾਹਨ ਪਾਏ ਰਾਸਾ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਹੋਏ ਇਕੋ ਰਾਖਾ । ਸਤਿਗੁਰ ਸੱਚਾ ਜਾਣੀਏ, ਊਚੋ ਊਚ ਮਹੱਲ ਅਟੱਲ ਮੁਨਾਰ । ਸਤਿਗੁਰ ਸੱਚਾ ਜਾਣੀਏ, ਤ੍ਰੈਭਵਣ ਧਨੀ ਖੇਲ ਕਰੇ ਨਿਆਰ । ਸਤਿਗੁਰ ਸੱਚਾ ਜਾਣੀਏ, ਜੁਗ ਜੁਗ ਸੇਵਾ ਲਾਏ ਗੁਰ ਅਵਤਾਰ । ਸਤਿਗੁਰ ਸੱਚਾ ਜਾਣੀਏ, ਖੋਲ੍ਹੇ ਹੱਟ ਬਣ ਵਣਜਾਰ । ਸਤਿਗੁਰ ਸੱਚਾ ਜਾਣੀਏ, ਤੀਰਥ ਤਟ ਉਪਜਾਏ ਕਿਨਾਰ । ਸਤਿਗੁਰ ਸੱਚਾ ਜਾਣੀਏ, ਸ਼ਾਸਤਰ ਸਿਮਰਤ ਵੇਦ ਪੁਰਾਨ ਬਣੇ ਲਿਖਾਰ । ਸਤਿਗੁਰ ਸੱਚਾ ਜਾਣੀਏ, ਹੁਕਮੀ ਹੁਕਮ ਵਰਤੇ ਵਰਤਾਰ । ਸਤਿਗੁਰ ਸੱਚਾ ਜਾਣੀਏ, ਜੁਗ ਚੌਕੜੀ ਲੇਖਾ ਜਾਣੇ ਵਾਰੋ ਵਾਰ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਕਰੇ ਕਰਤਾਰ । ਸਤਿਗੁਰ ਸੱਚਾ ਜਾਣੀਏ, ਏਕਾ ਏਕ ਪੁਰਖ ਅਗੰਮ । ਸਤਿਗੁਰ ਸੱਚਾ ਜਾਣੀਏ, ਨਾ ਮਰੇ ਨਾ ਪਏ ਜੰਮ । ਸਤਿਗੁਰ ਸੱਚਾ ਜਾਣੀਏ, ਆਦਿ ਜੁਗਾਦੀ ਜਾਣੇ ਆਪਣਾ ਕੰਮ । ਸਤਿਗੁਰ ਸੱਚਾ ਜਾਣੀਏ, ਨਾਮ ਵਸਤ ਰੱਖੇ ਸਾਚਾ ਧੰਨ । ਸਤਿਗੁਰ ਸੱਚਾ ਜਾਣੀਏ, ਜਨ ਭਗਤਾਂ ਰਾਗ ਸੁਣਾਏ ਕੰਨ । ਸਤਿਗੁਰ ਸੱਚਾ ਜਾਣੀਏ, ਮਨਮੁਖਾਂ ਦੇਵੇ ਆਪੇ ਡੰਨ । ਸਤਿਗੁਰ ਸੱਚਾ ਜਾਣੀਏ, ਜੁਗ ਜੁਗ ਬੇੜਾ ਦੇਵੇ ਬੰਨ੍ਹ । ਸਤਿਗੁਰ ਸੱਚਾ ਜਾਣੀਏ, ਕਰੇ ਪਰਕਾਸ਼ ਨੇਤਰ ਅੰਨ੍ਹ । ਸਤਿਗੁਰ ਸੱਚਾ ਜਾਣੀਏ, ਬਿਨ ਮਿੰਨਤਾ ਜਾਏ ਮੰਨ । ਸਤਿਗੁਰ ਸੱਚਾ ਜਾਣੀਏ, ਨੂਰ ਵਖਾਏ ਬਿਨ ਸੂਰਜ ਚੰਨ । ਸਤਿਗੁਰ ਸੱਚਾ ਜਾਣੀਏ, ਆਪੇ ਘੜੇ ਆਪੇ ਲਏ ਭੰਨ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਖੇਲ ਭਗਵਨ । ਸਤਿਗੁਰ ਸੱਚਾ ਜਾਣੀਏ, ਏਕਾ ਏਕ ਏਕੰਕਾਰ । ਸਤਿਗੁਰ ਸੱਚਾ ਜਾਣੀਏ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰੇ ਪਸਾਰ । ਸਤਿਗੁਰ ਸੱਚਾ ਜਾਣੀਏ, ਲੱਖ ਚੁਰਾਸੀ ਦਏ ਅਧਾਰ । ਸਤਿਗੁਰ ਸੱਚਾ ਜਾਣੀਏ, ਨਾਮ ਨਿਧਾਨ ਸ੍ਰੀ ਭਗਵਾਨ ਜੁਗ ਜੁਗ ਵੰਡੇ ਵਾਰੋ ਵਾਰ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਸਤਿਗੁਰ ਸੱਚਾ ਜਾਣੀਏ, ਸ਼ਾਹੋ ਰਾਜਨ ਭੂਪ । ਸਤਿਗੁਰ ਸੱਚਾ ਜਾਣੀਏ, ਆਦਿ ਜੁਗਾਦੀ ਸਤਿ ਸਰੂਪ । ਸਤਿਗੁਰ ਸੱਚਾ ਜਾਣੀਏ, ਰੇਖ ਰੰਗ ਨਾ ਕੋਇ ਰੂਪ । ਸਤਿਗੁਰ ਸੱਚਾ ਜਾਣੀਏ, ਵਸਣਹਾਰਾ ਚਾਰੇ ਕੂਟ । ਸਤਿਗੁਰ ਸੱਚਾ ਜਾਣੀਏ, ਲੱਖ ਚੁਰਾਸੀ ਲੇਖਾ ਜਾਣੇ ਤਾਣਾ ਪੇਟਾ ਸੂਤ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇਵੇ ਆਪ ਸਬੂਤ । ਸਤਿਗੁਰ ਸੱਚਾ ਜਾਣੀਏ, ਏਕਾ ਦਾਤ ਦੇਵੇ ਵੰਡ । ਸਤਿਗੁਰ ਸੱਚਾ ਜਾਣੀਏ, ਪੰਚ ਵਿਕਾਰਾਂ ਕਰੇ ਖੰਡ ਖੰਡ । ਸਤਿਗੁਰ ਸੱਚਾ ਜਾਣੀਏ, ਨਾਤਾ ਤੋੜੇ ਸੁਰਤ ਦੁਹਾਗਣ ਰੰਡ । ਸਤਿਗੁਰ ਸੱਚਾ ਜਾਣੀਏ, ਦੂਈ ਦਵੈਤੀ ਭਰਮਾਂ ਢਾਹੇ ਕੰਧ । ਸਤਿਗੁਰ ਸੱਚਾ ਜਾਣੀਏ, ਇਕ ਜਣਾਏ ਪਰਮਾਨੰਦ । ਸਤਿਗੁਰ

੮੬੭
੧੧

ਸੱਚਾ ਜਾਣੀਏ, ਇਕ ਸੁਣਾਏ ਸੁਹਾਗੀ ਛੰਦ । ਸਤਿਗੁਰ ਸੱਚਾ ਜਾਣੀਏ, ਨਾਤਾ ਤੋੜੇ ਬੱਤੀ ਦੰਦ । ਸਤਿਗੁਰ ਸੱਚਾ ਜਾਣੀਏ, ਜਨਮ ਜਨਮ ਦੀ ਟੁੱਟੀ ਦੇਵੇ ਗੰਢ । ਸਤਿਗੁਰ ਸੱਚਾ ਜਾਣੀਏ, ਲੇਖਾ ਚੁਕਾਏ ਜੇਰਜ ਅੰਡ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਇਕ ਬਖ਼ਸ਼ੰਦ । ਸਤਿਗੁਰ ਸੱਚਾ ਜਾਣੀਏ, ਏਕਾ ਏਕ ਬੋਧ ਅਗਾਧ । ਸਤਿਗੁਰ ਸੱਚਾ ਜਾਣੀਏ, ਆਦਿ ਜੁਗਾਦਿ ਰਹੇ ਵਿਸਮਾਦ । ਸਤਿਗੁਰ ਸੱਚਾ ਜਾਣੀਏ, ਸੰਤ ਸੁਹੇਲੇ ਲਏ ਲਾਧ । ਸਤਿਗੁਰ ਸੱਚਾ ਜਾਣੀਏ, ਲੱਖ ਚੁਰਾਸੀ ਵਿਚੋਂ ਲਏ ਕਾਢ । ਸਤਿਗੁਰ ਸੱਚਾ ਜਾਣੀਏ, ਆਪਣੀ ਗੋਦ ਲਡਾਏ ਲਾਡ । ਸਤਿਗੁਰ ਸੱਚਾ ਜਾਣੀਏ, ਮੇਟ ਮਿਟਾਏ ਵਾਦ ਵਿਵਾਦ । ਸਤਿਗੁਰ ਸੱਚਾ ਜਾਣੀਏ, ਏਕਾ ਰਾਗ ਸੁਣਾਏ ਨਾਦ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਹੱਦ । ਸਤਿਗੁਰ ਸੱਚਾ ਜਾਣੀਏ, ਆਦਿ ਪੁਰਖ ਅਪਾਰਾ । ਸਤਿਗੁਰ ਸੱਚਾ ਜਾਣੀਏ, ਨਿਰਗੁਣ ਨਿਰਵੈਰ ਅਜੂਨੀ ਰਹਿਤ ਏਕੰਕਾਰਾ । ਸਤਿਗੁਰ ਸੱਚਾ ਜਾਣੀਏ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਸਰਗੁਣ ਖੇਲੇ ਖੇਲ ਅਪਾਰਾ । ਸਤਿਗੁਰ ਸੱਚਾ ਜਾਣੀਏ, ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਅਤੀਤਾ ਠਾਂਡਾ ਸੀਤਾ ਪੰਜ ਤੱਤ ਕਰੇ ਨਾ ਕਾਰਾ । ਸਤਿਗੁਰ ਸੱਚਾ ਜਾਣੀਏ, ਲੱਖ ਚੁਰਾਸੀ ਮੀਤਨ ਮੀਤਾ, ਪੱਤਤ ਪੁਨੀਤਾ, ਘਰ ਘਰ ਕਰੇ ਪਸਾਰਾ । ਸਤਿਗੁਰ ਸੱਚਾ ਜਾਣੀਏ, ਆਪਣਾ ਰਾਗ ਸੁਣਾਏ ਗੀਤਾ, ਜੁਗ ਜੁਗ ਚਲਾਏ ਆਪਣੀ ਰੀਤਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰਾ । ਸਤਿਗੁਰ ਸੱਚਾ ਜਾਣੀਏ, ਠਾਂਡਾ ਸੀਤਾ ਇਕ ਅਨਡਿਠਾ, ਸਦ ਵਸੇ ਧਾਮ ਨਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਪ ਨਿਰੰਕਾਰਾ । ਸਤਿਗੁਰ ਸੱਚਾ ਜਾਣੀਏ, ਏਕਾ ਏਕ ਮਲਾਹ । ਸਤਿਗੁਰ ਸੱਚਾ ਜਾਣੀਏ, ਨਾਉਂ ਨਿਰੰਕਾਰਾ ਦਏ ਸਲਾਹ । ਸਤਿਗੁਰ ਸੱਚਾ ਜਾਣੀਏ, ਫੜ ਫੜ ਅੰਧੇ ਪਾਏ ਰਾਹ । ਸਤਿਗੁਰ ਸੱਚਾ ਜਾਣੀਏ, ਉਜੜੇ ਖੇੜੇ ਦਏ ਵਸਾ । ਸਤਿਗੁਰ ਸੱਚਾ ਜਾਣੀਏ, ਝੂਠੇ ਝੇੜੇ ਦਏ ਮੁਕਾ । ਸਤਿਗੁਰ ਸੱਚਾ ਜਾਣੀਏ, ਖੁਲ੍ਹੇ ਵੇਹੜੇ ਦਏ ਵਖਾ । ਸਤਿਗੁਰ ਸੱਚਾ ਜਾਣੀਏ, ਲੱਖ ਚੁਰਾਸੀ ਜੇੜੇ ਦਏ ਕਟਾ । ਸਤਿਗੁਰ ਸੱਚਾ ਜਾਣੀਏ, ਨਾਮ ਬੇੜੇ ਦਏ ਚੜ੍ਹਾ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾ । ਸਤਿਗੁਰ ਸੱਚਾ ਜਾਣੀਏ, ਨਿਰਧਨ ਰੂਪ ਨਿਰੰਕਾਰ । ਸਤਿਗੁਰ ਸੱਚਾ ਜਾਣੀਏ, ਨੇਤਰ ਨਜ਼ਰ ਨਾ ਆਏ ਵਿਚ ਸੰਸਾਰ । ਸਤਿਗੁਰ ਸੱਚਾ ਜਾਣੀਏ, ਸਚਖੰਡ ਵਸੇ ਧਾਮ ਨਿਆਰ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪ ਕਰਤਾਰ । ਸਤਿਗੁਰ ਸੱਚਾ ਜਾਣੀਏ, ਗੁਰ ਅਵਤਾਰ ਰਹੇ ਜਸ ਗਾਏ । ਸਤਿਗੁਰ ਸੱਚਾ ਜਾਣੀਏ, ਕਾਗਦ ਕਲਮ ਸ਼ਾਹੀ ਲਿਖ ਲਿਖ ਰਹੀ ਸਮਝਾਏ । ਸਤਿਗੁਰ ਸੱਚਾ ਜਾਣੀਏ, ਆਦਿ ਜੁਗਾਦਿ ਕਰੇ ਸਚ ਨਿਆਏਂ । ਸਤਿਗੁਰ ਸੱਚਾ ਜਾਣੀਏ, ਵਸੇ ਹਰ ਘਟ ਥਾਏਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੇ । ਆਦਿ ਜੁਗਾਦਿ ਏਕਾ ਸਤਿਗੁਰ, ਸਤਿ ਪੁਰਖ ਨਿਰੰਜਣ ਖੇਲ ਕਰਾਇੰਦਾ । ਜੁਗ ਚੌਕੜੀ ਸੇਵਾ ਗੁਰ ਗੁਰ, ਗੁਰ ਸ਼ਬਦੀ ਸ਼ਬਦ ਜਣਾਇੰਦਾ । ਲੇਖਾ ਜਾਣੇ ਧੁਰਦਰਗਾਹੀ ਧੁਰ ਧੁਰ, ਧੁਰ ਧਾਮ ਵੇਖ ਵਖਾਇੰਦਾ । ਰਾਗ ਸੁਣਾਏ ਆਪਣੀ ਸੁਰ ਸੁਰ, ਅਨਹਦ ਨਾਦੀ ਨਾਦ ਵਜਾਇੰਦਾ । ਸੁਰਤੀ ਸ਼ਬਦ ਆਪੇ ਜੁੜ ਜੁੜ, ਭੇਵ ਅਭੇਦ ਖੁਲ੍ਹਾਇੰਦਾ । ਜੋਤੀ ਜਾਤਾ ਜੁਗ ਜੁਗ ਆਪੇ ਆਏ ਮੁੜ ਮੁੜ,

ਸਰਗੁਣ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸਤਿਗੁਰ ਇਕ ਅਖਵਾਇੰਦਾ । ਆਦਿ ਅੰਤ ਸਤਿਗੁਰ ਸੱਜਣ, ਏਕਾ ਏਕ ਅਖਵਾਇਆ । ਮਧ ਗੁਰ ਅਵਤਾਰਾਂ ਕਰਾਏ ਮਜ਼ਨ, ਚਰਨ ਧੂੜ ਮਸਤਕ ਟਿੱਕਾ ਲਾਇਆ । ਆਪੇ ਘੜੇ ਆਪੇ ਭੰਨੇ ਆਪੇ ਦੀਨ ਦਰਦ ਦੁਖ ਭੰਜਨ, ਭੌ ਆਪਣਾ ਖੇਲ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸੱਚਾ ਸਤਿਗੁਰ ਇਕ ਅਖਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਾਕਾਰ ਅਜੂਨੀ ਰਹਿਤ ਅਨਭਵ ਪਰਕਾਸ਼ ਜਨਮ ਮਰਨ ਵਿਚ ਕਦੇ ਨਾ ਆਇਆ ।

★ ੮ ਚੇਤ ੨੦੧੯ ਬਿਕ੍ਰਮੀ ਨਰੈਣ ਸਿੰਘ ਦੇ ਗ੍ਰਿਹ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ★

ਸਤਿਗੁਰ ਸੱਚਾ ਜਾਣੀਏ, ਲੇਖਾ ਜਾਣੇ ਆਦਿ ਅੰਤ । ਸਤਿਗੁਰ ਸੱਚਾ ਜਾਣੀਏ, ਨਾਮ ਦ੍ਰਿੜਾਏ ਮਣੀਆ ਮੰਤ । ਸਤਿਗੁਰ ਸੱਚਾ ਜਾਣੀਏ, ਸ਼ਬਦ ਮਿਲਾਵਾ ਨਾਰੀ ਕੰਤ । ਸਤਿਗੁਰ ਸੱਚਾ ਜਾਣੀਏ, ਗੜ੍ਹ ਤੋੜੇ ਹਉਮੇ ਹੰਗਤ । ਸਤਿਗੁਰ ਸੱਚਾ ਜਾਣੀਏ, ਨਾਤਾ ਤੋੜੇ ਭੁੱਖ ਨੰਗਤ । ਸਤਿਗੁਰ ਸੱਚਾ ਜਾਣੀਏ, ਗਿਆਨ ਬੋਧ ਦੇਵੇ ਆਤਮ ਪੰਡਤ । ਸਤਿਗੁਰ ਸੱਚਾ ਜਾਣੀਏ, ਲੱਖ ਚੁਰਾਸੀ ਕਰੇ ਖੰਡਤ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਬਣਾਏ ਬਣਤ । ਸਤਿਗੁਰ ਸੱਚਾ ਜਾਣੀਏ, ਜੋਧਾ ਸੂਰਬੀਰ ਬਲਵਾਨਾ । ਸਤਿਗੁਰ ਸੱਚਾ ਜਾਣੀਏ, ਆਦਿ ਜੁਗਾਦੀ ਗਾਏ ਸ਼ਬਦ ਤਰਾਨਾ । ਸਤਿਗੁਰ ਸੱਚਾ ਜਾਣੀਏ, ਦੋ ਜਹਾਨਾਂ ਮਾਰੇ ਇਕ ਨਿਸ਼ਾਨਾ । ਸਤਿਗੁਰ ਸੱਚਾ ਜਾਣੀਏ, ਲੇਖਾ ਜਾਣੇ ਵਿਸ਼ਨੂੰ ਭਗਵਾਨਾ । ਸਤਿਗੁਰ ਸੱਚਾ ਜਾਣੀਏ, ਸੋ ਪੁਰਖ ਨਿਰੰਜਣ ਗੁਣ ਨਿਧਾਨਾ । ਸਤਿਗੁਰ ਸੱਚਾ ਜਾਣੀਏ, ਹੰ ਬ੍ਰਹਮ ਦੇਵੇ ਮਾਣਾ । ਸਤਿਗੁਰ ਸੱਚਾ ਜਾਣੀਏ, ਘਰ ਵਿਚ ਘਰ ਵਖਾਏ ਸਚ ਮਕਾਨਾ । ਸਤਿਗੁਰ ਸੱਚਾ ਜਾਣੀਏ, ਅਨਹਦ ਰਾਗ ਸਣਾਏ ਤਰਾਨਾ । ਸਤਿਗੁਰ ਸੱਚਾ ਜਾਣੀਏ, ਅੰਮ੍ਰਿਤ ਆਤਮ ਦੇਵੇ ਪੀਣਾ ਖਾਣਾ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਵਿਚ ਜਹਾਨਾਂ । ਸਤਿਗੁਰ ਸੱਚਾ ਜਾਣੀਏ, ਦੋ ਜਹਾਨਾਂ ਵਾਲੀ । ਸਤਿਗੁਰ ਸੱਚਾ ਜਾਣੀਏ, ਆਦਿ ਜੁਗਾਦਿ ਚਲੇ ਚਾਲ ਨਿਰਾਲੀ । ਸਤਿਗੁਰ ਸੱਚਾ ਜਾਣੀਏ, ਏਕਾ ਨੂਰ ਏਕਾ ਜੋਤ ਪੁਰਖ ਅਕਾਲੀ । ਸਤਿਗੁਰ ਸੱਚਾ ਜਾਣੀਏ, ਜਨ ਭਗਤਾਂ ਕਰੇ ਸਚ ਦਲਾਲੀ । ਸਤਿਗੁਰ ਸੱਚਾ ਜਾਣੀਏ, ਜਗਤ ਅੰਧੇਰਾ ਮੇਟੇ ਰੈਣ ਕਾਲੀ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸ਼ਾਹ ਸੁਲਤਾਨੀ । ਸਤਿਗੁਰ ਸੱਚਾ ਜਾਣੀਏ, ਅਲਖ ਅਗੋਚਰ ਅਗੰਮ ਅਥਾਹ । ਸਤਿਗੁਰ ਸੱਚਾ ਜਾਣੀਏ, ਜੁਗਾ ਜੁਗੰਤਰ ਬੇਪਰਵਾਹ । ਸਤਿਗੁਰ ਸੱਚਾ ਜਾਣੀਏ, ਏਕਾ ਮੰਤਰ ਨਾਮ ਦਏ ਦ੍ਰਿੜਾ । ਸਤਿਗੁਰ ਸੱਚਾ ਜਾਣੀਏ, ਬਿਨ ਰਸਨਾ ਜਿਹਵਾ ਦਏ ਪੜ੍ਹਾ । ਸਤਿਗੁਰ ਸੱਚਾ ਜਾਣੀਏ, ਕਾਇਆ ਮੰਦਰ ਅੰਦਰ ਨਿਰਗੁਣ ਨੂਰ ਕਰੇ ਰੁਸ਼ਨਾ । ਸਤਿਗੁਰ ਸੱਚਾ ਜਾਣੀਏ, ਆਤਮ ਤਾਕੀ ਬਜਰ ਕਪਾਟੀ ਦਏ ਤੁੜਾ । ਸਤਿਗੁਰ ਸੱਚਾ ਜਾਣੀਏ, ਆਤਮ ਸੇਜਾ ਸਚ ਸਿੰਘਾਸਣ ਦਏ ਸੁਹਾ । ਸਤਿਗੁਰ ਸੱਚਾ ਜਾਣੀਏ, ਆਤਮ ਪਰਮਾਤਮ ਮੇਲਾ ਲਏ ਮਿਲਾ । ਸਤਿਗੁਰ ਸੱਚਾ ਜਾਣੀਏ, ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹ । ਸਤਿਗੁਰ ਸੱਚਾ ਜਾਣੇ ਕੋਇ, ਭੇਵ ਕਿਸੇ ਨਾ ਆਇੰਦਾ । ਸਤਿਗੁਰ ਸੱਚਾ ਦੋ ਜਹਾਨਾਂ ਦੇਵੇ ਢੋਏ, ਨਾਮ ਢੋਆ ਇਕ ਵਖਾਇੰਦਾ । ਸਤਿਗੁਰ ਸੱਚਾ ਪਰਕਾਸ਼ ਕਰੇ ਤ੍ਰੈ ਤ੍ਰੈ ਲੋਏ, ਨਿਰਗੁਣ ਨੂਰ ਨੂਰ ਪਰਗਟਾਇੰਦਾ । ਸਤਿਗੁਰ ਸੱਚਾ ਆਪੇ ਜੇਹਾ ਆਪੇ ਹੋਏ, ਦੂਸਰ ਸੰਗ ਨਾ ਕੋਇ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਇਕ ਕਰਾਇੰਦਾ । ਸਾਚਾ ਖੇਲ ਹਰਿ ਹਰਿ ਸਤਿਗੁਰ, ਸਤਿ ਸਤਿਵਾਦੀ ਆਪ ਕਰਾਈਆ । ਜੁਗਾਂ ਜੁਗੰਤਰ ਵੇਸ ਕਰ ਕਰ, ਕਰਤਾ ਪੁਰਖ ਫੇਰਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਰ ਅੰਤਰ ਆਪੇ ਵੜ ਵੜ, ਲੱਖ ਚੁਰਾਸੀ ਵੇਖ ਵਖਾਈਆ । ਪੰਜ ਤੱਤ ਕਾਇਆ ਸਾਚੇ ਮੰਦਰ ਆਪੇ ਖੜ ਖੜ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਬੋਧ ਅਗਾਧਾ ਨਿਸ਼ਅੱਖਰ ਵਿਦਿਆ ਆਪੇ ਪੜ੍ਹ ਪੜ੍ਹ, ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜ਼ੀਲ ਕੁਰਾਨ ਆਪੇ ਲਏ ਸੁਣਾਈਆ । ਨਿਰਭੌ ਚੁਕਾ ਭੈ ਡਰ ਡਰ, ਭਿਆਨਕ ਰੂਪ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਏਕਾ ਮਾਹੀਆ । ਸਤਿਗੁਰ ਸੱਚਾ ਏਕਾ ਮਾਹੀ, ਆਦਿ ਜੁਗਾਦਿ ਸਮਾਇਆ । ਜੁਗ ਜੁਗ ਵੇਸ ਨੂਰ ਇਲਾਹੀ, ਇਕ ਇਕੱਲਾ ਵੇਸ ਵਟਾਇਆ । ਗੁਰ ਅਵਤਾਰਾਂ ਦਏ ਸਲਾਹੀ, ਪੀਰ ਪੈਗ਼ੰਬਰ ਆਪ ਪੜ੍ਹਾਇਆ । ਭਗਤ ਭਗਵੰਤ ਪਕੜੇ ਬਾਂਹੀ, ਸਾਚੇ ਸੰਤਾਂ ਲਏ ਜਗਾਇਆ । ਗੁਰਮੁਖਾਂ ਦੇਵੇ ਆਪਣਾ ਥਾਈਂ, ਥਾਂਨ ਥਨੰਤਰ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਨਾਉਂ ਰਖਾਇਆ । ਸਤਿਗੁਰ ਸੱਚਾ ਏਕੰਕਾਰਾ, ਏਕਾ ਏਕ ਵਡੀ ਵਡਿਆਈਆ । ਜੁਗਾ ਜੁਗੰਤਰ ਖੇਲ ਨਿਆਰਾ, ਜੁਗ ਕਰਤਾ ਆਪ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਵੇਖਣਹਾਰਾ, ਨਿਰਗੁਣ ਸਰਗੁਣ ਰੂਪ ਵਟਾਈਆ । ਸਚ ਸੁਨੇਹੜਾ ਦੇਦਾਂ ਰਿਹਾ ਵਾਰੋ ਵਾਰਾ, ਪੁਰਖ ਅਬਿਨਾਸ਼ੀ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸਤਿਗੁਰ ਮੀਤਾ, ਏਕਾ ਰੰਗ ਸਮਾਇੰਦਾ । ਆਦਿ ਜੁਗਾਦਿ ਜਾਣੇ ਰੀਤਾ, ਜੁਗ ਜੁਗ ਵੇਸ ਵਟਾਇੰਦਾ । ਮਿਠਾ ਕਰੇ ਕੌੜਾ ਰੀਠਾ, ਅੰਮ੍ਰਿਤ ਏਕਾ ਰਸ ਭਰਾਇੰਦਾ । ਸਦਾ ਸੁਹੇਲਾ ਇਕ ਅਕੇਲਾ, ਬੈਠਾ ਰਹੇ ਅਤੀਤਾ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰੇ ਕਰਤਾਰਾ, ਕਰਨਹਾਰ ਇਕ ਅਖਵਾਇੰਦਾ । ਗੁਰ ਗੁਰ ਰੂਪ ਅਪਰ ਅਪਾਰਾ, ਸ਼ਬਦੀ ਸ਼ਬਦ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਪਾਵੇ ਸਾਰਾ, ਸਰਗੁਣ ਨਿਰਗੁਣ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਆਪਣਾ ਖੇਲ ਪੁਰਖ ਸਮਰਥ, ਸਤਿ ਸਤਿਵਾਦੀ ਆਪ ਜਣਾਈਆ । ਜੁਗਾ ਜੁਗੰਤਰ ਮਹਿਮਾ ਅਕੱਥ, ਅਕੱਥ ਕਥਾ ਆਪ ਸੁਣਾਈਆ । ਨਿਰਗੁਣ ਸਰਗੁਣ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਜਨ ਭਗਤਾਂ ਕਰੇ ਪੂਰੀ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਲੇਖਾ ਜਾਣੇ ਪਵਣ ਸਵਾਸ, ਸੋਹੰ ਹੰਸਾ ਏਕਾ ਜਾਪ ਜਪਾਈਆ । ਹੰ ਬ੍ਰਹਮ ਕਰ ਪਰਕਾਸ਼, ਪਰਕਾਸ਼ ਪਰਕਾਸ਼ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਸਾਚਾ ਖੇਲ ਕਰਨੇ ਯੋਗ, ਹਰਿ ਕਰਤਾ ਆਪ ਕਰਾਇੰਦਾ । ਆਦਿ ਜੁਗਾਦੀ ਧੁਰ ਸੰਜੋਗ, ਧੁਰ ਦਰਬਾਰੀ ਆਪ ਮਿਲਾਇੰਦਾ । ਕੱਟਣਹਾਰਾ ਹਉਮੇ ਰੋਗ, ਮਾਇਆ ਮਮਤਾ ਮੋਹ ਚੁਕਾਇੰਦਾ ।

ਇਕ ਚੁਗਾਏ ਸਾਚੀ ਚੋਗ, ਰਸਨਾ ਜਿਵਹਾ ਰਸ ਚਖਾਇੰਦਾ । ਇਕ ਕਰਾਏ ਸਾਚਾ ਭੋਗ, ਆਤਮ ਪਰਮਾਤਮ ਏਕਾ ਸੇਜ ਹੰਢਾਇੰਦਾ । ਇਕ ਸੁਣਾਏ ਸਚ ਸਲੋਕ, ਵਿਸ਼ਨ ਬ੍ਰਹਮਾ ਸ਼ਿਵ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਢੋਲਾ ਆਪੇ ਗਾਇੰਦਾ । ਸਾਚਾ ਢੋਲਾ ਆਪੇ ਬੋਲ, ਆਪਣਾ ਨਾਉਂ ਲਏ ਪਰਗਟਾਈਆ । ਆਪਣੇ ਕੰਡੇ ਆਪਣੇ ਤੋਲ, ਤੋਲਣਹਾਰਾ ਵੇਖ ਵਖਾਈਆ । ਸਚਖੰਡ ਦੁਆਰੇ ਰੱਖੇ ਆਪਣੇ ਕੋਲ, ਵਸਤ ਅਮੋਲਕ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਦਇਆ ਕਮਾਈਆ । ਸਤਿਗੁਰ ਸੱਚਾ ਏਕੰਕਾਰ, ਅਕਲ ਕਲ ਵਰਤਾਇੰਦਾ । ਨਿਰਗੁਣ ਨਾਨਕ ਕਰ ਤਿਆਰ, ਸਰਗੁਣ ਨਾਨਕ ਮੇਲ ਮਿਲਾਇੰਦਾ । ਸਾਚਾ ਢੋਲਾ ਬੋਲ ਜੈਕਾਰ, ਜੈ ਜੈਕਾਰ ਇਕ ਸੁਣਾਇੰਦਾ । ਸਚਖੰਡ ਸੁਹਾਏ ਬੰਕ ਦੁਆਰ, ਬੰਕ ਦੁਆਰੀ ਸੋਭਾ ਪਾਇੰਦਾ । ਸ਼ਾਹੋ ਭੂਪ ਬਣ ਸੱਚੀ ਸਰਕਾਰ, ਸੀਸ ਜਗਦੀਸ ਤਾਜ਼ ਸੁਹਾਇੰਦਾ । ਹੁਕਮੀ ਹੁਕਮ ਹੁਕਮ ਵਰਤਾਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਏਕਾ ਨਾਮ ਸਤਿ ਅਧਾਰ, ਸਤਿਨਾਮ ਆਪ ਪੜ੍ਹਾਇੰਦਾ । ਮਿਤ ਗਤ ਜਾਣੇ ਸੰਸਾਰ, ਗਤ ਮਿਤ ਆਪਣੀ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਬੂਝ ਬੁਝਾਇੰਦਾ । ਸਤਿਗੁਰ ਬੂਝੇ ਬੂਝਣਹਾਰਾ, ਭੇਵ ਅਭੇਦਾ ਆਪ ਖੁਲ੍ਹਾਈਆ । ਨਾਨਕ ਨਿਰਗੁਣ ਬਣ ਵਣਜਾਰਾ, ਸਰਗੁਣ ਸਾਚਾ ਹੱਟ ਚਲਾਈਆ । ਵਸਤ ਅਮੋਲਕ ਏਕਾ ਥਾਰਾ, ਥਿਰ ਘਰ ਵਾਸੀ ਝੋਲੀ ਪਾਈਆ । ਸ਼ਬਦੀ ਸ਼ਬਦ ਸ਼ਬਦ ਨਗਾਰਾ, ਸਤਿ ਅਨਾਦੀ ਨਾਦ ਵਜਾਈਆ । ਗ੍ਰਹਿ ਮੰਦਰ ਅੰਦਰ ਸਾਚੀ ਸਖ਼ੀਆਂ ਮੰਗਲਚਾਰਾ, ਗੀਤ ਗੋਬਿੰਦ ਇਕ ਅਲਾਈਆ । ਦੋ ਜਹਾਨਾਂ ਇਕੋ ਅਖਾੜਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਾਨਕ ਸਤਿਗੁਰ ਸੱਚਾ ਏਕਾ ਪਾਈਆ । ਨਾਨਕ ਨਿਰਗੁਣ ਸਤਿਗੁਰ ਸੱਚਾ ਪਾਇਆ, ਪੁਰਖ ਅਬਿਨਾਸ਼ੀ ਏਕੰਕਾਰ । ਮਹੱਲ ਅਟੱਲ ਡੇਰਾ ਲਾਇਆ, ਸਚਖੰਡ ਵਸੇ ਵਸਣਹਾਰ । ਸਾਚਾ ਖੇੜਾ ਰਿਹਾ ਵਸਾਇਆ, ਉਜੜ ਨਾ ਜਾਏ ਦੂਜੀ ਵਾਰ । ਤਖ਼ਤ ਨਿਵਾਸੀ ਸਾਚੇ ਤਖ਼ਤ ਆਸਣ ਲਾਇਆ, ਹੁਕਮ ਹੁਕਮ ਕਰੇ ਵਰਤਾਰ । ਧੁਰ ਫ਼ਰਮਾਣਾ ਇਕ ਜਣਾਇਆ, ਸ਼ਬਦ ਅਗੰਮੀ ਬੋਲ ਜੈਕਾਰ । ਜੈ ਜੈਕਾਰਾ ਰਾਗ ਅਲਾਇਆ, ਨਾ ਕੋਈ ਤੰਦ ਨਾ ਸਿਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਖੇਲ ਕਰੇ ਕਰਤਾਰ । ਸਤਿਗੁਰ ਸੱਚਾ ਜੋਤੀ ਜਾਤਾ, ਜੋਤੀ ਜੋਤ ਜੋਤ ਸਮਾਇੰਦਾ । ਆਦਿ ਜੁਗਾਦੀ ਜਾਣੇ ਗਾਥਾ, ਜੁਗ ਜੁਗ ਵਿਦਿਆ ਆਪ ਪੜ੍ਹਾਇੰਦਾ । ਗੁਰ ਪੀਰ ਅਵਤਾਰ ਦੇਵੇ ਸਾਥਾ, ਸਗਲਾ ਸੰਗ ਨਿਭਾਇੰਦਾ । ਕੋਟਨ ਕੋਟ ਪਰਗਟਾ ਤ੍ਰੈਲੋਕੀ ਨਾਥਾ, ਕੋਟਨ ਕੋਟ ਰਾਮ ਸੇਵਾ ਲਾਇੰਦਾ । ਕੋਟਨ ਕੋਟ ਬ੍ਰਹਮਾ ਵਿਸ਼ਨ ਸ਼ਿਵ ਗਾਇਣ ਗਾਥਾ, ਕੋਟਨ ਕੋਟ ਸੀਸ ਝੁਕਾਇੰਦਾ । ਕੋਟਨ ਕੋਟ ਵੇਦ ਪੁਰਾਨ ਸ਼ਾਸਤਰ ਸਿਮਰਤ ਗਾਇਣ ਬਹੁ ਬਿਧ ਭਾਂਤਾ, ਭੇਵ ਅਭੇਦ ਨਾ ਕਿਸੇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਆਪਣਾ ਰੂਪ ਵਟਾਇੰਦਾ । ਸਤਿਗੁਰ ਸਾਚਾ ਸਾਚਾ ਰੂਪ, ਅਨਭਵ ਆਪ ਵਟਾਈਆ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਈਆ । ਨਿਰਗੁਣ ਉਪਰ ਨਿਰਗੁਣ ਤੁਠ, ਨਿਰਗੁਣ ਆਪਣੀ ਦਇਆ ਕਮਾਈਆ । ਆਪਣੇ ਅੰਤਰ ਆਪੇ ਉਠ, ਆਪਣਾ ਬਲ ਪਰਗਟਾਈਆ । ਆਪੇ ਮਾਤਾ ਪਿਤਾ ਬਣੇ ਸੁਤ, ਜਨ ਜਨਣੀ ਆਪ ਅਖਵਾਈਆ । ਆਪ ਸੁਹਾਏ ਆਪਣੀ ਰੁੱਤ, ਜੋਤੀ ਜੋਤ ਜੋਤ ਰੁਸ਼ਨਾਈਆ ।

੮੭੧
੧੧

ਕਰੇ ਖੇਲ ਅਬਿਨਾਸ਼ੀ ਅਚੁਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਵੇਸ ਵਟਾਈਆ । ਸਤਿਗੁਰ ਸੱਚਾ ਪੁਰਖ ਅਕਾਲ, ਅਕਲ ਕਲਾ ਅਖਵਾਇੰਦਾ । ਸਚਖੰਡ ਵਸੇ ਦੀਨ ਦਿਆਲ, ਦੀਨਨ ਆਪਣੀ ਦਇਆ ਕਮਾਇੰਦਾ । ਇਕ ਵਸਾ ਸੱਚੀ ਧਰਮਸਾਲ, ਧਰਮ ਦੁਆਰਾ ਇਕ ਬਣਾਇੰਦਾ । ਥਿਰ ਘਰ ਸਾਚੇ ਸ਼ਬਦੀ ਸ਼ਬਦ ਆਪ ਬਹਾਲ, ਸਚ ਮਹੱਲਾ ਆਪ ਵਸਾਇੰਦਾ । ਆਦਿ ਜੁਗਾਦਿ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਇੰਦਾ । ਆਪਣੀ ਘਾਲਣਾ ਆਪੇ ਘਾਲ, ਬਣ ਸੇਵਕ ਸੇਵ ਕਮਾਇੰਦਾ । ਆਪ ਉਪਾਏ ਆਪਣਾ ਲਾਲ, ਗੋਬਿੰਦ ਨਾਉਂ ਧਰਾਇੰਦਾ । ਏਕਾ ਮਾਰਗ ਦੱਸੇ ਸੁਖਾਲ, ਪੁਰਖ ਅਬਿਨਾਸ਼ੀ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਬਣ ਦਲਾਲ, ਜਗਤ ਦਲਾਲੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਏਕਾ ਰਾਹ ਚਲਾਇੰਦਾ । ਸਤਿਗੁਰ ਸੱਚਾ ਏਕਾ ਰਾਹ, ਆਦਿ ਪੁਰਖ ਚਲਾਈਆ । ਨਾਨਕ ਨਿਰਗੁਣ ਮੇਲਾ ਸਹਿਜ ਸੁਭਾ, ਸੋ ਪੁਰਖ ਨਿਰੰਜਣ ਕਰੇ ਕੁੜਮਾਈਆ । ਹਰਿ ਪੁਰਖ ਨਿਰੰਜਣ ਸਗਨ ਮਨਾ, ਏਕੰਕਾਰਾ ਰੰਗ ਚੜ੍ਹਾਈਆ । ਆਦਿ ਨਿਰੰਜਣ ਜੋਤ ਜਗਾ, ਅਬਿਨਾਸ਼ੀ ਕਰਤਾ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਸੀਸ ਛਤਰ ਝੁਲਾ, ਪਾਰਬ੍ਰਹਮ ਪ੍ਰਭ ਵੇਖੇ ਚਾਈਂ ਚਾਈਂਆ । ਏਕਾ ਅੱਖਰ ਦਏ ਪੜ੍ਹਾ, ਏਕਾ ਨਾਮ ਨਾਮ ਜਣਾਈਆ । ਏਕਾ ਮਾਰਗ ਦੇਵੇ ਲਾ, ਲੱਖ ਚੁਰਾਸੀ ਬੰਧਨ ਪਾਈਆ । ਆਤਮ ਪਰਮਾਤਮ ਦਏ ਸਮਝਾ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਵਰਨ ਬਰਨ ਦਏ ਮਿਟਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਸਿਫ਼ਤ ਸਲਾਹੀਆ । ਸਿਫ਼ਤ ਸਲਾਹੀ ਸਤਿਗੁਰ ਮੀਤਾ, ਮਿੱਤਰ ਪਿਆਰਾ ਦਇਆ ਕਮਾਇੰਦਾ । ਕਰੇ ਖੇਲ ਇਕ ਅਨਡਿਠਾ, ਪੁਰਖ ਅਕਾਲ ਆਪ ਕਰਾਇੰਦਾ । ਕਲਜੁਗ ਅੰਤਮ ਜਾਣੇ ਰੀਤਾ, ਸਾਚੀ ਰੀਤੀ ਆਪ ਬਣਾਇੰਦਾ । ਆਦਿ ਜੁਗਾਦੀ ਪੱਤਤ ਪੁਨੀਤਾ, ਪਤਿਤ ਪਾਪੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਸਤਿਗੁਰ ਗੁਰ ਗੁਰ ਆਪ ਸਮਝਾਇੰਦਾ । ਸਤਿਗੁਰ ਦੇਵੇ ਸੱਚੀ ਦਾਤ, ਗੁਰ ਗੁਰ ਝੋਲੀ ਪਾਈਆ । ਗੁਰ ਗੁਰ ਬੰਨ੍ਹੇ ਆਪਣਾ ਨਾਤ, ਸਤਿਗੁਰ ਮੇਲਾ ਸਹਿਜ ਸੁਭਾਈਆ । ਸਤਿਗੁਰ ਬੈਠਾ ਰਹੇ ਇਕ ਇਕਾਂਤ, ਗੁਰ ਗੁਰ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਾਚੀ ਵਸਤ ਗੁਰ ਗੁਰ ਝੋਲੀ ਆਪ ਭਰਾਈਆ । ਸਤਿਗੁਰ ਪੂਰਾ ਦੀਨ ਦਿਆਲ, ਦਇਆਨਿਧ ਆਪ ਅਖਵਾਇੰਦਾ । ਖੇਲੇ ਖੇਲ ਪੁਰਖ ਅਕਾਲ, ਭੇਵ ਕੋਇ ਨਾ ਪਾਇੰਦਾ । ਗੋਬਿੰਦ ਉਠਾਏ ਆਪਣਾ ਲਾਲ, ਲਾਲਣ ਆਪਣਾ ਰੰਗ ਚੜ੍ਹਾਇੰਦਾ । ਚਾਰ ਵਰਨਾਂ ਕਰ ਦਲਾਲ, ਸਚ ਦਲਾਲੀ ਇਕ ਸਮਝਾਇੰਦਾ । ਗ਼ਰੀਬ ਨਿਮਾਣਿਆਂ ਕਰੇ ਪ੍ਰਿਤਪਾਲ, ਫੜ ਬਾਂਹੋਂ ਗਲੇ ਲਗਾਇੰਦਾ । ਅੰਮ੍ਰਿਤ ਆਤਮ ਜਾਮ ਪਿਆਲ, ਦੁਰਮਤ ਮੈਲ ਧੁਵਾਇੰਦਾ । ਸਾਚਾ ਮਾਰਗ ਇਕ ਵਖਾਲ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਬਹਾਇੰਦਾ । ਏਕਾ ਵਸਤ ਸੱਚੀ ਧੰਨ ਮਾਲ, ਸਚ ਖ਼ਜ਼ੀਨਾ ਆਪ ਲੁਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਦੇਵੇ ਵਰ, ਗੁਰ ਗੁਰ ਝੋਲੀ ਆਪ ਭਰਾਇੰਦਾ । ਗੁਰ ਗੁਰ ਝੋਲੀ ਭਰੇ ਆਪ, ਆਪਣੀ ਦਇਆ ਕਮਾਈਆ । ਗੋਬਿੰਦ ਬਣ ਪਿਤਾ ਬਾਪ, ਪੁਰਖ ਅਕਾਲ ਨਾਉਂ ਰਖਾਈਆ । ਗੋਬਿੰਦ ਜਣਾਏ ਵਡ ਪਰਤਾਪ, ਗੁਰਮੁਖ ਗੁਰ ਗੁਰ ਗੋਦ ਬਹਾਈਆ । ਗੁਰਸਿਖ ਬਣਾਏ ਸੱਜਣ ਸਾਕ, ਮਾਤ ਪਿਤ ਪਿਤਾ

੮੭੨
੧੧

ਪੂਤ ਭੇਟ ਚੜ੍ਹਾਈਆ । ਸਤਿ ਸਤਿਵਾਦੀ ਖੋਲ੍ਹ ਹਾਟ, ਸਾਚਾ ਲਾਹਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਦੇਵੇ ਸਾਚਾ ਵਰ, ਗੁਰ ਗੁਰ ਆਪਣੀ ਗੰਢ ਪੁਵਾਈਆ । ਸਤਿਗੁਰ ਗੁਰ ਏਕਾ ਗੰਢ, ਹਰਿ ਜੂ ਹਰਿ ਹਰਿ ਆਪ ਰਖਾਇੰਦਾ । ਗੁਰ ਗੁਰ ਆਪਣੀ ਦਾਤ ਦੇਵੇ ਵੰਡ, ਗੁਰਸਿਖਾਂ ਝੋਲੀ ਪਾਇੰਦਾ । ਗੁਰਸਿਖ ਨੰਗੀ ਨਾ ਹੋਵੇ ਕੰਢ, ਸਿਰ ਆਪਣਾ ਹੱਥ ਟਿਕਾਇੰਦਾ । ਆਪਣੇ ਹੱਥ ਫੜ ਤੀਰ ਕਮੰਦ ਚਿੱਲਾ ਏਕਾ ਨਾਮ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਗੁਰ ਗੁਰ ਆਪਣੀ ਖੇਲ ਖਿਲਾਇੰਦਾ । ਲਹਿਣਾ ਦੇਣਾ ਗੁਰਸਿਖ, ਗੁਰ ਗੋਬਿੰਦ ਧਾਰ ਚਲਾਈਆ । ਪੁਰਖ ਅਕਾਲ ਦਿਤੀ ਭਿਖ, ਗੁਰਸਿਖਾਂ ਆਪ ਵਰਤਾਈਆ । ਆਪਣੀ ਹੱਥੀਂ ਲੇਖਾ ਲਿਖ, ਗੁਰਮੁਖਾਂ ਦੇਵੇ ਮਾਣ ਵਡਿਆਈਆ । ਤੇਰਾ ਮੇਰਾ ਇਕੋ ਹਿਸ, ਸਾਚੀ ਵੰਡਣ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਦੇਵੇ ਸਾਚਾ ਵਰ, ਗੁਰਸਿਖ ਆਪਣੇ ਰੰਗ ਰੰਗਾਈਆ । ਗੋਬਿੰਦ ਸੂਰਾ ਗੁਰਸਿਖ ਦੇਣਾ, ਦੇਵਣਹਾਰ ਆਪ ਹੋ ਜਾਇੰਦਾ । ਸਰਬ ਕਲਾ ਕਲ ਭਰਪੂਰਾ, ਆਪਣੀ ਕਲ ਆਪ ਵਰਤਾਇੰਦਾ । ਲੇਖਾ ਜਾਣੇ ਨੇੜ ਦੂਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਨਾਤਾ ਤੋੜ ਕੂੜੇ ਕੂੜਾ, ਸਚ ਸੁੱਚ ਇਕ ਸਮਝਾਇੰਦਾ । ਕਰੇ ਖੇਲ ਜ਼ਾਹਰ ਜ਼ਹੂਰਾ, ਪੜਦਾ ਉਹਲਾ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਦੇਵੇ ਏਕਾ ਵਰ, ਗੁਰਸਿਖ ਆਪਣਾ ਰੂਪ ਬਣਾਇੰਦਾ । ਗੁਰਸਿਖ ਤੇਰਾ ਮੇਰਾ ਰੰਗ, ਗੋਬਿੰਦ ਗੁਰ ਗੁਰ ਆਪ ਜਣਾਈਆ । ਤੇਰੀ ਸੇਜ ਮੇਰਾ ਪਲੰਘ, ਤੇਰਾ ਪਿਆਰ ਮੇਰਾ ਪ੍ਰੇਮ ਹੰਢਾਈਆ । ਮੇਰਾ ਗੀਤ ਤੇਰਾ ਛੰਦ, ਤੇਰਾ ਛੰਦ ਜਗਤ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖਾਂ ਦੇਵੇ ਮਾਣ ਵਡਿਆਈਆ । ਗੁਰਸਿਖ ਦੇਵੇ ਗੋਬਿੰਦ ਮਾਣ, ਆਪਣਾ ਮਾਣ ਗਵਾਇੰਦਾ । ਭਿਛਿਆ ਮੰਗੇ ਬਣ ਬਾਲ ਅਞਾਣ, ਅੱਗੇ ਝੋਲੀ ਡਾਹਿੰਦਾ । ਪੰਚਮ ਉਤੋਂ ਹੋ ਕੁਰਬਾਨ, ਪੰਚਮ ਆਪਣੀ ਭੇਟ ਕਰਾਇੰਦਾ । ਪੰਚਮ ਦੇ ਇਕ ਨਿਸ਼ਾਨ, ਪੰਚਮ ਏਕਾ ਰੰਗ ਵਖਾਇੰਦਾ । ਪੰਚਮ ਪੰਚ ਕਰ ਪਰਧਾਨ, ਪੰਚਾਂ ਏਕਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਜਣਾਇੰਦਾ । ਗੋਬਿੰਦ ਗੁਰਸਿਖ ਦੇਵੇ ਦਾਨਾ, ਆਪਣੀ ਦਇਆ ਕਮਾਈਆ । ਭਾਗ ਲਗਾਏ ਗੜ੍ਹੀ ਚਮਕੌਰ ਕੱਚ ਮਕਾਨਾ, ਕਾਚੀ ਗਗਰੀ ਸੋਭਾ ਪਾਈਆ । ਗੁਰਸਿਖ ਸੱਚਾ ਇਕ ਪਹਿਚਾਨਾ, ਸਿੰਘ ਸੰਗਤ ਮਾਣ ਵਡਿਆਈਆ । ਆਪਣਾ ਬਦਲਿਆਂ ਆਪੇ ਜਾਮਾ, ਆਪਣਾ ਬਾਣਾ ਆਪ ਪਲਟਾਈਆ । ਕਰੇ ਖੇਲ ਗੁਣ ਨਿਧਾਨਾ, ਭੇਵ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਸੇਵਾ ਗੁਰਸਿਖਾਂ ਸੇਵ ਕਮਾਈਆ । ਗੋਬਿੰਦ ਸੰਗਤ ਸਿੰਘ ਦੇ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਸੀਸ ਨਾਲ ਜਗਦੀਸ ਵਟਾਈ, ਛਤਰ ਸੀਸ ਸੀਸ ਝੁਲਾਇੰਦਾ । ਮਿਲਿਆ ਮਾਣ ਜੱਟ ਛੀਬੇਂ ਨਾਈ, ਕਲਗੀ ਤੋੜਾ ਆਪ ਸਜਾਇੰਦਾ । ਧੰਨ ਗੁਰਸਿਖ ਤੇਰੀ ਵਡਿਆਈ, ਤੁਧ ਬਿਨ ਮੇਰਾ ਸੰਗ ਨਾ ਕੋਇ ਨਿਭਾਇੰਦਾ । ਪੁਰਖ ਅਕਾਲ ਤੇਰਾ ਹੋਏ ਸਹਾਈ, ਜੋ ਤੇਰੀ ਮੇਰੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਿੰਘ ਸੰਗਤ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਇਆ । ਗਲ ਵਿਚ ਪੱਲੂ ਚਰਨੀਂ ਡਿਗਾ ਆ, ਸਿਰ ਚਰਨਾਂ ਉਪਰ ਟਿਕਾਇਆ । ਮੇਰੀ

ਪਕੜ ਸਤਿਗੁਰ ਸੱਚੇ ਬਾਂਹ, ਤੁਧ ਬਿਨ ਨਜ਼ਰ ਕੋਇ ਨਾ ਆਇਆ । ਮੈਂ ਆਪਣੇ ਕੇਸਾਂ ਤੇਰੇ ਚਰਨਾਂ ਚਵਰ ਲਵਾਂ ਝੁਲਾ, ਬਣ ਸੇਵਕ ਸੇਵ ਕਮਾਇਆ । ਤੇਰਾ ਤਾਜ਼ ਆਪਣੇ ਸੀਸ ਨਾ ਸਕਾ ਉਠਾ, ਨਿਉਂ ਨਿਉਂ ਸਯਦਾ ਸੀਸ ਝੁਕਾਇਆ । ਮੇਰੇ ਪਿਛਲੇ ਬਖ਼ਸ਼ੇ ਗੁਨਾਹ, ਮੇਰਾ ਨੈਣ ਤੇਰੇ ਅੱਗੇ ਸ਼ਰਮਾਇਆ । ਮੈਂ ਮੰਗਾਂ ਤੇਰੇ ਚਰਨ ਪਨਾਹ, ਤੇਰਾ ਰੂਪ ਕਿਸ ਬਿਧ ਲਵਾਂ ਵਟਾਇਆ । ਗੋਬਿੰਦ ਬੋਲੇ ਸਹਿਜ ਸੁਭਾ, ਧੁਰ ਫ਼ਰਮਾਣਾ ਇਕ ਸੁਣਾਇਆ । ਪੁਰਖ ਅਕਾਲ ਪਿਛੋਂ ਰਿਹਾ ਜਣਾ, ਗੁਰਸਿਖਾਂ ਦੇ ਮਾਣ ਵਡਿਆਇਆ । ਗੁਰਸਿਖਾਂ ਬਿਨਾਂ ਗੁਰੂ ਕੰਮ ਕਿਸੇ ਨਾ ਆਇਆ, ਨਿਰਗੁਣ ਸਰਗੁਣ ਰਸਨਾ ਜਿਹਵਾ ਕੋਇ ਨਾ ਗਾਇਆ । ਸੁਰ ਨਾਲ ਸੁਰ ਲੈਣਾ ਵਟਾ, ਪਟਕਾ ਸੀਸ ਸੀਸ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੱਗੇ ਮਾਰਗ ਲੈਣਾ ਲਾ, ਹਰਿ ਕਾ ਮਾਰਗ ਦਿਸ ਕਿਸੇ ਨਾ ਆਇਆ । ਗੋਬਿੰਦ ਕਹੇ ਮੰਨ ਲੈ ਕਹਿਣਾ, ਸੰਗਤ ਸਿੰਘ ਸਮਝਾਈਆ । ਪੰਜ ਤੱਤ ਗੁਰੂ ਕੋਈ ਮਾਤ ਨਾ ਰਹਿਣਾ, ਕਲਜੁਗ ਅੰਤ ਕਰੇ ਸਫ਼ਾਈਆ । ਪੁਰਖ ਅਕਾਲ ਵੇਖਣਾ ਨੈਣਾਂ, ਨੇਤਰ ਲੋਚਣ ਦਰਸਨ ਪਾਈਆ । ਆਦਿ ਜੁਗਾਦਿ ਜਿਸ ਨੇ ਸਾਚੇ ਤਖ਼ਤ ਬਹਿਣਾ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰੀਤੀ ਤੈਨੂੰ ਰਿਹਾ ਸਮਝਾਈਆ । ਸਾਚੀ ਰੀਤੀ ਦੱਸੇ ਦਿਆਲ, ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਖੇਲ ਕਰੇ ਕਮਾਲ, ਹਰਿ ਕਰਤਾ ਵੇਸ ਵਟਾਇੰਦਾ । ਗੁਰਸਿਖ ਉਠਾਏ ਸਾਚੇ ਲਾਲ, ਲਾਲਣ ਆਪਣਾ ਰੰਗ ਚੜ੍ਹਾਇੰਦਾ । ਗੁਰਸਿਖ ਕਾਇਆ ਬਣਾਏ ਸੱਚੀ ਧਰਮਸਾਲ, ਘਰ ਮੰਦਰ ਡੇਰਾ ਲਾਇੰਦਾ । ਗੁਰਸਿਖ ਅੰਦਰ ਵੱਜੇ ਅਨਾਦੀ ਤਾਲ, ਅਨਹਦ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੂ ਆਪਣਾ ਭੇਵ ਜਣਾਇੰਦਾ । ਸੰਗਤ ਸਿੰਘ ਕਲਜੁਗ ਵੇਲਾ ਅੰਤਮ ਔਣਾ, ਗੁਰ ਸਤਿਗੁਰ ਆਪ ਸਮਝਾਈਆ । ਪੁਰਖ ਅਕਾਲ ਫੇਰਾ ਪੌਣਾ, ਤੇਰਾ ਮੇਰਾ ਜੋੜ ਜੁੜਾਈਆ । ਨਿਰਗੁਣ ਦੀਵਾ ਇਕ ਜਗੌਣਾ, ਲੱਖ ਚੁਰਾਸੀ ਕਰੇ ਰੁਸ਼ਨਾਈਆ । ਮੇਰਾ ਦੁਆਰ ਜਿਸ ਸੁਹੌਣਾ, ਸੋ ਸਾਹਿਬ ਸੱਚਾ ਮਾਹੀਆ । ਤੇਰਾ ਲਹਿਣਾ ਦੇਣਾ ਜਿਸ ਮੁਕੌਣਾ, ਨਿਰਗੁਣ ਦਾਤਾ ਪੁਰਖ ਬਿਧਾਤਾ ਏਕੰਕਾਰ ਆਪਣਾ ਬਲ ਰਖਾਈਆ । ਸਾਚਾ ਸੀਸ ਜਗਦੀਸ ਸੁਹੌਣਾ, ਸੋਭਾਵੰਤ ਖ਼ੁਸ਼ੀ ਮਨਾਈਆ । ਧੁਰਦਰਗਾਹੀ ਸੱਚਾ ਤਾਜ਼ ਲੋਕਮਾਤ ਫੇਰ ਬਣੌਣਾ, ਪੰਚਮ ਪੰਚ ਪੰਚ ਵਡਿਆਈਆ । ਤੇਰਾ ਮੇਰਾ ਕਰਜ਼ਾ ਆਪ ਮੁਕੌਣਾ, ਮੁਕਾਵਣਹਾਰ ਇਕ ਅਖਵਾਈਆ । ਤੇਰੇ ਹੱਥੀਂ ਮੇਰੇ ਸੀਸ ਬੰਧੌਣਾ, ਮੇਰਾ ਸੀਸ ਜਗਦੀਸ ਦਏ ਵਡਿਆਈਆ । ਤੇਰਾ ਨੈਣ ਇਕ ਖੁਲੌਣਾ, ਨਰ ਨਰਾਇਣ ਮੇਲ ਮਿਲਾਈਆ । ਕਲਜੁਗ ਜੀਵ ਭੇਵ ਕਿਸੇ ਨਾ ਪੌਣਾ, ਭਰਮੇ ਭੁੱਲੀ ਸਰਬ ਲੋਕਾਈਆ । ਗੁਰਮੁਖ ਵਿਰਲੇ ਗੀਤ ਗੋਬਿੰਦ ਏਕਾ ਗੌਣਾ, ਵਾਹਵਾ ਵੱਜਦੀ ਰਹੇ ਵਧਾਈਆ । ਗੁਰ ਚੇਲਾ ਗੁਰ ਰੂਪ ਵਟੌਣਾ, ਚੇਲਾ ਗੁਰ ਆਪ ਅਖਵਾਈਆ । ਸੋਹੰ ਢੋਲਾ ਏਕਾ ਗੌਣਾ, ਬ੍ਰਹਮ ਪਾਰਬ੍ਰਹਮ ਮੇਲਾ ਸਹਿਜ ਸੁਭਾਈਆ । ਪੁਰਖ ਅਕਾਲ ਖੇਲ ਖਲੌਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਚਾਰ ਜੁਗ ਦਾ ਪੰਧ ਮੁਕੌਣਾ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਗੋਦ ਬਹਾਈਆ । ਸਚ ਸੰਦੇਸਾ ਇਕ ਸੁਣੌਣਾ, ਦੋ ਜਹਾਨਾਂ ਆਪ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਪੰਧ ਮੁਕੌਣਾ, ਜੋ ਘੜਿਆ ਭੰਨ ਵਖਾਈਆ । ਵਰਨ ਬਰਨ ਮੇਟ ਮਿਟੌਣਾ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਘਰ ਬਹਾਈਆ । ਪੁਰਖ ਅਕਾਲ ਦੀਨ ਦਿਆਲ ਲੱਖ ਚੁਰਾਸੀ ਰਸਨਾ ਜਿਹਵਾ ਗੌਣਾ, ਦੂਸਰ ਹੋਰ ਨਾ ਕੋਇ ਪੜ੍ਹਾਈਆ । ਸਾਚੇ ਤਖ਼ਤ ਪੁਰਖ ਨਿਰੰਜਣ ਡੇਰਾ ਲੌਣਾ, ਗੋਬਿੰਦ ਹੁਕਮੀ

੮੭੪
੧੧

ਹੁਕਮ ਹੁਕਮ ਜਣਾਈਆ । ਨਾਮ ਖੰਡਾ ਚੰਡ ਪਰਚੰਡਾ ਖੜਗ ਇਕ ਚਮਕੌਣਾ, ਚਾਰ ਕੁੰਟ ਕੁੰਟ ਰੁਸ਼ਨਾਈਆ । ਗੜ੍ਹ ਹੰਕਾਰੀ ਸਭ ਦਾ ਢੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਸਿਖਾਂ ਦੇਵੇ ਮਾਣ ਵਡਿਆਈਆ । ਗੁਰਸਿਖ ਤੇਰੇ ਸਿਰ ਦਾ ਤਾਜ, ਸਤਿਗੁਰ ਸੱਚਾ ਆਪ ਅਖਵਾਇੰਦਾ । ਜੁਗ ਜੁਗ ਰੱਖੇ ਤੇਰੀ ਲਾਜ, ਲਾਜਾਵੰਤ ਆਪ ਹੋ ਆਇੰਦਾ । ਕਲਜੁਗ ਸਤਿਜੁਗ ਰਚੇ ਕਾਜ, ਰਚ ਰਚ ਕਾਜ ਵੇਖ ਵਖਾਇੰਦਾ । ਪਰਗਟ ਹੋਵੇ ਦੇਸ ਮਾਝ, ਸੰਬਲ ਨਗਰ ਡੇਰਾ ਲਾਇੰਦਾ । ਆਤਮ ਪਰਮਾਤਮ ਰੱਖੇ ਸਾਂਝ, ਬ੍ਰਹਮ ਪਾਰਬ੍ਰਹਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਭੇਵ ਚੁਕਾਇੰਦਾ । ਸਤਿਗੁਰ ਪੂਰਾ ਚੁਕਾਏ ਭੇਵ, ਭੇਦ ਕੋਇ ਰਹਿਣ ਨਾ ਪਾਈਆ । ਲੇਖਾ ਚੁੱਕੇ ਚਾਰ ਵੇਦ, ਸ਼ਾਸਤਰ ਸਿਮਰਤ ਪੁਰਾਨ ਨਾ ਕੋਇ ਪੜ੍ਹਾਈਆ । ਕਰੇ ਖੇਲ ਅਛੱਲ ਅਛੇਦ, ਅਛੱਲ ਛਲ ਧਾਰੀ ਹੱਥ ਕਿਸੇ ਨਾ ਆਈਆ । ਬ੍ਰਹਿਮੰਡ ਖੰਡ ਦੋ ਜਹਾਨ ਸ੍ਰੀ ਭਗਵਾਨ ਖੇਡੇ ਖੇਡ, ਬਣ ਖਿਡਾਰੀ ਆਪਣੀ ਹੱਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਕਰਤਾ ਕਰਤਾ ਜੁਗ ਆਪ ਉਲਟਾਈਆ ।

★ ੯ ਚੇਤ ੨੦੧੯ ਬਿਕ੍ਰਮੀ ਕੁੰਦਨ ਸਿੰਘ ਦੇ ਗ੍ਰਿਹ ਮਾਲ ਚੱਕ ਜ਼ਿਲਾ ਅੰਮ੍ਰਿਤਸਰ ★



ਅਲਖ ਅਗੋਚਰ ਅਗੰਮ ਅਪਰ, ਬੇਅੰਤ ਵਡ ਵਡਿਆਈਆ । ਅਸੁੱਤੇ ਪਰਕਾਸ਼ ਆਪੇ ਕਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸਚਖੰਡ ਦੁਆਰੇ ਆਪੇ ਵੜ, ਦਰ ਘਰ ਸਾਚਾ ਆਪ ਸੁਹਾਈਆ । ਜੋਤੀ ਜਾਤਾ ਨੂਰ ਉਜਾਲਾ ਏਕਾ ਕਰ, ਨੂਰੋ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਭੇਵ ਖੁਲ੍ਹਾਏ ਏਕੰਕਾਰਾ, ਅਕਲ ਕਲਾ ਵਡਿਆਈਆ । ਸਤਿ ਪੁਰਖ ਨਿਰੰਜਣ ਖੇਲ ਨਿਆਰਾ, ਸੋ ਪੁਰਖ ਨਿਰੰਜਣ ਭੇਵ ਚੁਕਾਈਆ । ਹਰਿ ਪੁਰਖ ਨਿਰੰਜਣ ਨਿਰਾਕਾਰਾ, ਨਿਰਗੁਣ ਨਿਰਵੈਰ ਨਜ਼ਰ ਨਾ ਆਈਆ । ਏਕੰਕਾਰਾ ਕਰ ਪਸਾਰਾ, ਜੋਤੀ ਧਾਰਾ ਧਾਰ ਪਰਗਟਾਈਆ । ਆਦਿ ਨਿਰੰਜਣ ਨੂਰੋ ਨੂਰ ਖੇਲ ਨਿਆਰਾ, ਜੋਤੀ ਜਾਤਾ ਇਕ ਅਖਵਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਧਾਮ ਨਿਆਰਾ, ਸਚਖੰਡ ਸਾਚੇ ਆਸਣ ਲਾਈਆ । ਸ੍ਰੀ ਭਗਵਾਨ ਸਚ ਹੁਲਾਰਾ, ਸਤਿ ਸਤਿਵਾਦੀ ਆਪ ਜਣਾਈਆ । ਪਾਰਬ੍ਰਹਮ ਸੇਵਾਦਾਰਾ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬਲ ਆਪ ਜਣਾਈਆ । ਸੋ ਪੁਰਖ ਨਿਰੰਜਣ ਖੇਲ ਅਵੱਲਾ, ਏਕਾ ਏਕ ਕਰਾਇੰਦਾ । ਆਦਿ ਜੁਗਾਦੀ ਵਸਣਹਾਰਾ ਨਿਹਚਲ ਧਾਮ ਅਟੱਲਾ, ਅਨਭਵ ਆਪਣੀ ਧਾਰ ਚਲਾਇੰਦਾ । ਜੋਤੀ ਨੂਰ ਆਪੇ ਰੱਲਾ, ਨਿਰਗੁਣ ਨਿਰਗੁਣ ਵਿਚ ਸਮਾਇੰਦਾ । ਸਚ ਸਿੰਘਾਸਣ ਏਕਾ ਮੱਲਾ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਧੁਰ ਫ਼ਰਮਾਣਾ ਏਕਾ ਘੱਲਾ, ਨਰ ਨਰੇਸ਼ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਕਰੇ ਕਰਤਾਰਾ, ਬੇਅੰਤ ਵਡ ਵਡਿਆਈਆ । ਨਿਰਗੁਣ ਨਿਰਗੁਣ ਹੋ ਉਜਿਆਰਾ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ

ਨਾਰੀ ਕੰਤ ਭਤਾਰਾ, ਨਿਰਗੁਣ ਸਾਚੀ ਸੇਜ ਹੰਢਾਈਆ । ਨਿਰਗੁਣ ਵੇਖੇ ਵਿਗਸੇ ਵੇਖਣਹਾਰਾ, ਨਿਰਗੁਣ ਆਪਣੇ ਘਰ ਸੋਭਾ ਪਾਈਆ । ਨਿਰਗੁਣ ਦਾਈ ਦਾਇਆ ਬਣੇ ਅਗੰਮ ਅਪਾਰਾ, ਬਣ ਸੇਵਕ ਸੇਵ ਕਮਾਈਆ । ਨਿਰਗੁਣ ਜਨਨੀ ਜਨ ਬਣਾਏ ਸੁਤ ਦੁਲਾਰਾ, ਗੋਦੀ ਗੋਦ ਗੋਦ ਸੁਹਾਈਆ । ਵਸਣਹਾਰਾ ਧਾਮ ਨਿਆਰਾ, ਸਚਖੰਡ ਬੈਠਾ ਸੱਚਾ ਮਾਹੀਆ । ਦੀਆ ਬਾਤੀ ਨਾ ਕੋਇ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਛੱਪਰ ਛੰਨ ਨਾ ਚਾਰ ਦੀਵਾਰਾ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਮੰਡਲ ਮੰਡਪ ਨਾ ਕੋਇ ਅਖਾੜਾ, ਲੋਆਂ ਪੁਰੀਆਂ ਨਾ ਰਚਨ ਰਚਾਈਆ । ਜੰਗਲ ਜੂਹ ਨਾ ਉਜਾੜ ਪਹਾੜਾ, ਸਮੁੰਦ ਸਾਗਰ ਨਾ ਕੋਇ ਰਖਾਈਆ । ਇਕ ਇਕੱਲਾ ਏਕੰਕਾਰਾ, ਸਚਖੰਡ ਸਾਚੇ ਆਸਣ ਲਾਈਆ । ਆਪਣਾ ਦੱਸੇ ਸਚ ਪਸਾਰਾ, ਆਪਣੀ ਇਛਿਆ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਰੇ ਖੇਲ ਬੇਪਰਵਾਹ, ਭੇਵ ਅਭੇਦ ਜਣਾਇੰਦਾ । ਸਾਚੇ ਤਖ਼ਤ ਸੋਭਾ ਪਾ, ਤਖ਼ਤ ਨਿਵਾਸੀ ਹੁਕਮ ਵਰਤਾਇੰਦਾ । ਭੂਪਤ ਭੂਪ ਰਾਜ ਰਾਜਾਨ ਸ਼ਹਿਨਸ਼ਾਹ, ਆਪਣਾ ਭੇਵ ਚੁਕਾਇੰਦਾ । ਧੁਰ ਫ਼ਰਮਾਣਾ ਹੁਕਮ ਸੁਣਾ, ਹੁਕਮੀ ਹੁਕਮ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਇੰਦਾ । ਆਪਣਾ ਪੜਦਾ ਆਪੇ ਚੁੱਕ, ਨਿਰਗੁਣ ਨਿਰਗੁਣ ਦਇਆ ਕਮਾਈਆ । ਨਿਰਗੁਣ ਅੰਦਰ ਨਿਰਗੁਣ ਉਠ, ਨਿਰਗੁਣ ਵੇਖੇ ਚਾਈਂ ਚਾਈਂਆ । ਨਿਰਗੁਣ ਭੰਡਾਰ ਨਿਰਗੁਣ ਦੇਵੇ ਅਤੁਟ, ਨਿਰਗੁਣ ਆਪਣਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਏਕੰਕਾਰਾ, ਅਕਲ ਕਲਾ ਅਖਵਾਇੰਦਾ । ਸਚਖੰਡ ਵਸੇ ਸਚ ਦੁਆਰਾ, ਸੋਭਾਵੰਤ ਸੋਭਾ ਪਾਇੰਦਾ । ਏਕਾ ਸੁਤ ਜਣੇ ਦੁਲਾਰਾ, ਬਾਲੀ ਬਾਲਾ ਗੋਦ ਸੁਹਾਇੰਦਾ । ਏਕਾ ਮੰਦਰ ਕਰ ਤਿਆਰਾ, ਥਿਰ ਘਰ ਸਾਚਾ ਆਪ ਵਡਿਆਇੰਦਾ । ਸ਼ਬਦੀ ਸ਼ਬਦ ਕਰ ਪਸਾਰਾ, ਸਾਚੇ ਧਾਮ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸਾਚੇ ਸੁਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਸੁਹਾਏ ਆਪਣੀ ਰੁੱਤ, ਏਕੰਕਾਰਾ ਵੇਖੇ ਚਾਈਂ ਚਾਈਂਆ । ਆਦਿ ਨਿਰੰਜਣ ਸਚਖੰਡ ਨਿਵਾਸੀ ਆਪੇ ਉਠ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਠਾਕਰ ਸੁਆਮੀ ਆਪੇ ਤੁਠ, ਨਿਹਕਰਮੀ ਕਰਮ ਕਮਾਈਆ । ਸ੍ਰੀ ਭਗਵਾਨ ਇਕ ਜਣਾਏ ਆਪਣੀ ਓਟ, ਸ਼ਬਦੀ ਸ਼ਬਦ ਸ਼ਬਦ ਸਮਝਾਈਆ । ਪਾਰਬ੍ਰਹਮ ਵਖਾਏ ਕਿਲਾ ਕੋਟ, ਥਿਰ ਘਰ ਸਾਚੇ ਆਪ ਬਹਾਈਆ । ਮੇਲ ਮਿਲਾਵਾ ਨਿਰਮਲ ਜੋਤ, ਪੁਰਖ ਅਕਾਲ ਅਕਾਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਕਰਤਾਰ, ਆਪਣੀ ਦਇਆ ਕਮਾਇੰਦਾ । ਨਿਰਗੁਣ ਨਿਰਗੁਣ ਕਰੇ ਵਿਹਾਰ, ਸ਼ਬਦੀ ਸ਼ਬਦ ਬਣਤ ਬਣਾਇੰਦਾ । ਸ਼ਬਦੀ ਸ਼ਬਦ ਸਚ ਸਲਾਹਕਾਰ, ਸਤਿਗੁਰ ਹਰਿ ਹਰਿ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਸਚ ਸੰਦੇਸਾ, ਆਦਿ ਪੁਰਖ ਜਣਾਈਆ । ਸ਼ਾਹੋ ਭੂਪ ਨਰ ਨਰੇਸ਼ਾ, ਏਕੰਕਾਰ ਵਡੀ ਵਡਿਆਈਆ । ਸ਼ਬਦੀ ਤੇਰਾ ਵਿਸ਼ਨ ਬ੍ਰਹਮਾ ਸ਼ਿਵ ਲੇਖਾ, ਲਿਖ ਲਿਖ ਲੇਖਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਵੰਡ ਵੰਡਾਈਆ । ਨਿਰਗੁਣ ਦਾਤਾ ਵੱਡਾ ਦਾਨੀ, ਆਪਣੀ ਦਇਆ ਕਮਾਇੰਦਾ ।

੮੭੬
੧੧

ਸਚਖੰਡ ਜੋਤ ਨੁਰਾਨੀ, ਨੂਰ ਨੂਰਾਨਾ ਡਗਮਗਾਇੰਦਾ । ਥਿਰ ਘਰ ਗਾਏ ਆਪਣੀ ਬਾਣੀ, ਬੋਧ ਅਗਾਧ ਰਾਗ ਅਲਾਇੰਦਾ । ਸਾਚੀ ਵਸਤ ਵਸਤ ਮਹਾਨੀ, ਸਤਿ ਸਤਿਵਾਦੀ ਝੋਲੀ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਗੁਣ ਨਿਧਾਨੀ, ਤੇਰਾ ਬੰਸ ਸੁਹਾਇੰਦਾ । ਤ੍ਰੈਗੁਣ ਮਾਇਆ ਕਰ ਪਰਧਾਨੀ, ਸਾਚਾ ਬੰਧਨ ਪਾਇੰਦਾ । ਪੰਜ ਤੱਤ ਖੇਲ ਮਹਾਨੀ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਆਪ ਕਰਾਇੰਦਾ । ਏਕਾ ਦੇਵੇ ਧੁਰ ਫ਼ਰਮਾਨੀ, ਸਚ ਸੰਦੇਸਾ ਆਪ ਸੁਣਾਇੰਦਾ । ਆਦਿ ਜੁਗਾਦਿ ਅਕੱਥ ਕਹਾਣੀ, ਬਿਨ ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਾਕਾਰ ਹੁਕਮ ਵਰਤਾਇੰਦਾ । ਨਿਰਾਕਾਰ ਹਰਿ ਨਿਰੰਕਾਰਾ, ਹੁਕਮੀ ਹੁਕਮ ਆਪ ਜਣਾਈਆ । ਸ਼ਬਦੀ ਸ਼ਬਦ ਕਰ ਪਸਾਰਾ, ਭੇਦ ਅਭੇਦ ਖੁਲ੍ਹਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਤੇਰਾ ਅਖਾੜਾ, ਮੰਡਲ ਮੰਡਪ ਦਏ ਵਡਿਆਈਆ । ਰਵ ਸਸ ਤੇਰੀ ਕਿਰਨ ਕਿਰਨ ਉਜਿਆਰਾ, ਇਕ ਇਕ ਇਕ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸ਼ਬਦ ਸਮਝਾਈਆ । ਸ਼ਬਦੀ ਹਰਿ ਸ਼ਬਦ ਗਿਆਨਾ, ਸ਼ਬਦ ਸ਼ਬਦ ਜਣਾਇੰਦਾ । ਸ਼ਬਦੀ ਮੰਦਰ ਸ਼ਬਦੀ ਮਕਾਨਾ, ਹਰਿ ਸ਼ਬਦੀ ਆਪ ਵਸਾਇੰਦਾ । ਸ਼ਬਦੀ ਰਾਗ ਸ਼ਬਦ ਤਰਾਨਾ, ਹਰਿ ਸ਼ਬਦੀ ਆਪੇ ਗਾਇੰਦਾ । ਸ਼ਬਦੀ ਹੁਕਮ ਸ਼ਬਦ ਫ਼ਰਮਾਣਾ, ਹਰਿ ਸ਼ਬਦੀ ਸੀਸ ਝੁਕਾਇੰਦਾ । ਸ਼ਬਦੀ ਵਿਸ਼ਨ ਸ਼ਬਦੀ ਬ੍ਰਹਮ ਨਿਸ਼ਾਨਾ, ਸ਼ਬਦ ਸ਼ੰਕਰ ਧਾਰ ਬੰਨ੍ਹਾਇੰਦਾ । ਸ਼ਬਦੀ ਤ੍ਰੈਗੁਣ ਬੰਨ੍ਹੇ ਗਾਨਾ, ਏਕਾ ਤੰਦ ਵਖਾਇੰਦਾ । ਸ਼ਬਦੀ ਪੰਜ ਤੱਤ ਵਖਾਏ ਨਿਸ਼ਾਨਾ, ਨਿਸ਼ਾਨਾ ਆਪਣਾ ਆਪ ਪਰਗਟਾਇੰਦਾ । ਸ਼ਬਦੀ ਮਹੱਲ ਅਟੱਲ ਇਕ ਮਕਾਨਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਘਾੜਤ ਆਪ ਘੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਾਕਾਰ ਅਜੂਨੀ ਰਹਿਤ ਪੁਰਖ ਅਕਾਲ ਅਕਲ ਕਲ ਆਪਣੀ ਖੇਲ ਖਿਲਾਇੰਦਾ । ਸ਼ਬਦੀ ਸ਼ਬਦ ਤੇਰਾ ਪਸਾਰਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਸ਼ਬਦੀ ਸ਼ਬਦ ਤੇਰਾ ਅਕਾਰਾ, ਹਰਿ ਪੁਰਖ ਨਿਰੰਜਣ ਆਪ ਸਮਝਾਈਆ । ਸ਼ਬਦੀ ਸ਼ਬਦ ਤੇਰਾ ਅਖਾੜਾ, ਏਕੰਕਾਰਾ ਵੇਖ ਵਖਾਈਆ । ਸ਼ਬਦੀ ਸ਼ਬਦ ਸੱਚਾ ਲਾੜਾ, ਆਦਿ ਨਿਰੰਜਣ ਸੋਭਾ ਪਾਈਆ । ਸ਼ਬਦੀ ਸ਼ਬਦ ਨੂਰ ਚਮਤਕਾਰਾ, ਅਬਿਨਾਸ਼ੀ ਕਰਤਾ ਨੂਰ ਰੁਸ਼ਨਾਈਆ । ਸ਼ਬਦੀ ਸ਼ਬਦ ਸ੍ਰੀ ਭਗਵਾਨ ਦਏ ਹੁਲਾਰਾ, ਸਾਚਾ ਝੂਲਾ ਆਪ ਝੁਲਾਈਆ । ਸ਼ਬਦੀ ਸ਼ਬਦ ਪਾਰਬ੍ਰਹਮ ਨਿਉਂ ਨਿਉਂ ਕਰੇ ਨਿਮਸਕਾਰਾ, ਦਰ ਸਾਚੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸੱਚਾ ਹਰਿ, ਸਚ ਸੰਦੇਸਾ ਨਰ ਨਰੇਸ਼ਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕਾ ਵਾਰ ਸੁਣਾਈਆ । ਸਚ ਸੰਦੇਸਾ ਹਰਿ ਹਰਿ ਰਾਣਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਨਾ, ਸ਼ਬਦੀ ਬੰਧਨ ਏਕਾ ਪਾਇੰਦਾ । ਤ੍ਰੈਗੁਣ ਤ੍ਰੈ ਕਰ ਪਰਧਾਨਾ, ਰਜੋ ਤਮੋ ਸਤੋ ਜੋੜ ਜੁੜਾਇੰਦਾ । ਪੰਚਮ ਬਣਾਏ ਇਕ ਮਕਾਨਾ, ਸੇਵਕ ਬਣ ਬਣ ਸੇਵ ਕਮਾਇੰਦਾ । ਸਤਿ ਸਤਿਵਾਦੀ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਆਪਣਾ ਹੁਕਮ ਸ਼ਬਦੀ ਧਾਰ, ਸਤਿਗੁਰ ਪੂਰਾ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਸੇਵਾਦਾਰ, ਸਾਚੀ ਸੇਵਾ ਇਕ ਲਗਾਈਆ । ਆਪੇ ਬਣੇ ਸੱਚਾ ਠਠਿਆਰ, ਘੜ ਭਾਂਡੇ ਵੇਖ ਵਖਾਈਆ । ਲੱਖ ਚੁਰਾਸੀ ਕਰ ਤਿਆਰ, ਤਿੰਨ ਪੰਜ ਮੇਲਾ ਸਹਿਜ ਸੁਭਾਈਆ । ਪੰਜ ਦੱਸ ਹੋ ਉਜਿਆਰ, ਅਠ ਤਿੰਨ ਵੱਜੇ ਵਧਾਈਆ । ਨੌਂ ਦਰ ਵੇਖੇ ਵੇਖਣਹਾਰ, ਆਸਾ ਜਗਤ ਨਾਲ ਮਿਲਾਈਆ । ਕਾਇਆ

ਮੰਦਰ ਕਰ ਤਿਆਰ, ਕਾਮ ਕਰੋਧ ਲੋਭ ਮੋਹ ਹੰਕਾਰ ਹਉਮੇ ਹੰਗਤਾ ਵਿਚ ਵਸਾਈਆ । ਸ਼ਬਦੀ ਸ਼ਬਦ ਖੇਲ ਨਿਆਰ, ਗੁਰ ਸ਼ਬਦੀ ਆਪ ਸਮਝਾਈਆ । ਘਰ ਵਿਚ ਘਰ ਕਰ ਤਿਆਰ, ਚਾਰ ਦੀਵਾਰ ਨਾ ਕੋਇ ਵਖਾਈਆ । ਡੂੰਘੀ ਕੰਦਰ ਪਾਵੇ ਸਾਰ, ਕਾਇਆ ਭਵਰੀ ਸੋਭਾ ਪਾਈਆ । ਸੁਖਮਨ ਟੇਢੀ ਕਰ ਤਿਆਰ, ਬੰਕ ਬੰਕ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਆਪ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਹਰਿ ਦੇਵੇ ਮੱਤ, ਸ਼ਬਦੀ ਸੁਤ ਦਇਆ ਕਮਾਇੰਦਾ । ਤਿੰਨਾਂ ਲੇਖਾ ਪੰਜ ਤੱਤ, ਤੱਤਵ ਤੱਤ ਨਾਲ ਮਿਲਾਇੰਦਾ । ਪੁਰਖ ਅਬਿਨਾਸ਼ੀ ਮਹਿਮਾ ਅਕੱਥ, ਭੇਵ ਕੋਇ ਨਾ ਪਾਇੰਦਾ । ਲੱਖ ਚੁਰਾਸੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਆਪਣਾ ਮਾਰਗ ਰਿਹਾ ਦੱਸ, ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਇੰਦਾ । ਸਰਗੁਣ ਅੰਦਰ ਨਿਰਗੁਣ ਜਾਏ ਵਸ, ਮਹੱਲ ਅਟੱਲ ਆਪ ਸੁਹਾਇੰਦਾ । ਨਿਰਗੁਣ ਜੋਤ ਕਰੇ ਪਰਕਾਸ਼, ਆਦਿ ਨਿਰੰਜਣ ਜੋਤ ਨਿਰੰਜਨ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਵਿਸ਼ਨ ਬ੍ਰਹਮੇ ਸ਼ਿਵ ਹਰਿ ਮਾਰਗ ਦੱਸ, ਏਕਾ ਬੂਝ ਬੁਝਾਈਆ । ਲੱਖ ਚੁਰਾਸੀ ਮੇਰਾ ਪਰਕਾਸ਼, ਰੂਪ ਨਜ਼ਰ ਕੋਇ ਨਾ ਆਈਆ । ਸਰਗੁਣ ਅੰਦਰ ਨਿਰਗੁਣ ਦਾਸ, ਬਣ ਸੇਵਕ ਸੇਵ ਕਮਾਈਆ । ਅੰਤਰ ਅੰਤਰ ਭੋਗ ਬਿਲਾਸ, ਆਤਮ ਸੇਜਾ ਇਕ ਸੁਹਾਈਆ । ਸਾਚੇ ਮੰਡਲ ਸਾਚੀ ਰਾਸ, ਬਣ ਗੋਪੀ ਕਾਹਨ ਨਚਾਈਆ । ਮੇਰਾ ਮੇਲਾ ਸੁਰਤੀ ਸ਼ਬਦੀ ਰਾਸ, ਬਣ ਬਣ ਚੇਲਾ ਗੁਰ ਗੁਰ ਆਪਣਾ ਰੰਗ ਵਖਾਈਆ । ਆਦਿ ਜੁਗਾਦਿ ਨਾ ਹੋਏ ਵਿਨਾਸ, ਖੇਲੇ ਖੇਲ ਪ੍ਰਿਥਮੀ ਅਕਾਸ਼, ਸਚਖੰਡ ਨਿਵਾਸੀ ਸ਼ਾਹੋ ਸ਼ਬਾਸ਼, ਨਿਰਗੁਣ ਨਿਰਗੁਣ ਆਪਣੀ ਵੰਡ ਵੰਡਾਈਆ । ਨਿਰਗੁਣ ਦਾਤਾ ਨਿਰਗੁਣ ਭੰਡਾਰੀ, ਨਿਰਗੁਣ ਦਇਆਵਾਨ ਅਖਵਾਇੰਦਾ । ਨਿਰਗੁਣ ਨੂਰ ਜੋਤ ਨਿਰੰਕਾਰੀ, ਨਿਰਗੁਣ ਇਸ਼ਟ ਗੁਰਦੇਵ ਰੂਪ ਵਟਾਇੰਦਾ । ਨਿਰਗੁਣ ਸਰਗੁਣ ਅੰਦਰ ਜੋਤੀ ਜਾਤਾ ਕਰੇ ਖੇਲ ਨਿਆਰੀ, ਆਪਣਾ ਰੂਪ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਆਪਣਾ ਮੇਲ ਮਿਲਾਇੰਦਾ । ਨਿਰਗੁਣ ਵੰਡ ਨਿਰੰਕਾਰ, ਪਾਰਬ੍ਰਹਮ ਪ੍ਰਭ ਆਪ ਕਰਾਈਆ । ਆਦਿ ਪੁਰਖ ਆਦਿ ਜਾਣੇ ਆਪਣਾ ਸਚ ਵਿਹਾਰ, ਦੂਸਰ ਭੇਵ ਕੋਇ ਨਾ ਰਾਈਆ । ਸ਼ਬਦੀ ਸ਼ਬਦ ਇਕ ਬਲਕਾਰ, ਜੋਧਾ ਸੂਰਬੀਰ ਬਲ ਆਪਣਾ ਆਪ ਧਰਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈਗੁਣ ਅਤੀਤਾ ਤ੍ਰੈ ਤ੍ਰੈ ਬੰਧਨ ਪਾਈਆ । ਘਾੜਨ ਘੜ ਬਣ ਠਠਿਆਰ, ਲੱਖ ਚੁਰਾਸੀ ਵੇਖੇ ਚਾਈਂ ਚਾਈਂਆ । ਘਰ ਵਿਚ ਘਰ ਖੇਲ ਅਪਾਰ, ਗ੍ਰਿਹ ਮੰਦਰ ਆਪ ਕਰਾਈਆ । ਘਰ ਸਰੋਵਰ ਠੰਡਾ ਠਾਰ, ਅੰਮ੍ਰਿਤ ਨੀਰ ਆਪ ਭਰਾਈਆ । ਘਰ ਨਾਦ ਸ਼ਬਦ ਧੁੰਨਕਾਰ, ਅਨਹਦ ਨਾਦੀ ਨਾਦ ਵਜਾਈਆ । ਘਰ ਜੋਤ ਨਿਰੰਜਣ ਕਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਘਰ ਆਤਮ ਸੇਜਾ ਪਸਰ ਪਸਾਰ, ਬ੍ਰਹਮ ਪਾਰਬ੍ਰਹਮ ਵਡਿਆਈਆ । ਘਰ ਆਤਮ ਪਰਮਾਤਮ ਕਰੇ ਪਿਆਰ, ਨਿਰਗੁਣ ਖੇਲ ਕਰੇ ਚਾਈਂ ਚਾਈਂਆ । ਘਰ ਈਸ਼ ਜੀਵ ਅਧਾਰ, ਜਗਦੀਸ ਵੇਖ ਵਖਾਈਆ । ਨਿਰਗੁਣ ਵਸੇ ਸਚਖੰਡ ਸੱਚੇ ਦਰਬਾਰ, ਸਚ ਸਿੰਘਾਸਣ ਆਸਣ ਲਾਈਆ । ਆਪਣੀ ਇਛਿਆ ਲੱਖ ਚੁਰਾਸੀ ਕਰ ਤਿਆਰ, ਸਾਚੀ ਭਿਛਿਆ ਆਪਣੀ ਝੋਲੀ ਆਪੇ ਪਾਈਆ । ਨਿਰਗੁਣ ਸਰਗੁਣ ਅੰਦਰ ਵਾੜ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਡੂੰਘੀ ਕੰਦਰ ਸੁੱਤਾ ਪੈਰ ਪਸਾਰ, ਬੇਅੰਤ ਬੇਪਰਵਾਹੀਆ । ਜਿਸ ਜਨ ਕਿਰਪਾ ਕਰੇ ਆਪ ਨਿਰੰਕਾਰ, ਤਿਸ ਆਪਣੀ ਬੂਝ ਬੁਝਾਈਆ । ਬਿਨ ਪੇਖਤ ਬਿਨ ਨੇਤਰ ਵੇਖਤ ਕੋਈ ਨਾ ਕਰੇ ਵਿਚਾਰ, ਵਿਚਾਰ


੮੭੮
੧੧

੮੭੯
੧੧

ਵਿਚ ਕਦੇ ਨਾ ਆਈਆ । ਘਟ ਘਟ ਅੰਦਰ ਕਰ ਪਸਾਰ, ਰਮੱਯਾ ਰਾਮ ਰੂਪ ਆਪ ਹੋ ਜਾਈਆ । ਅਗਲਾ ਲੇਖਾ ਆਪਣੇ ਹੱਥ ਰੱਖੇ ਕਰਤਾਰ, ਲੱਖ ਚੁਰਾਸੀ ਜੂਨ ਅਜੂਨ ਵੰਡ ਵੰਡਾਈਆ । ਅੰਡਜ ਜੇਰਜ ਉਤਭੁਜ ਸੇਤਜ ਕਰ ਤਿਆਰ, ਚਾਰੇ ਖਾਣੀ ਬੰਧਨ ਪਾਈਆ । ਚਾਰੇ ਬਾਣੀ ਨਾਦ ਧੁੰਨਕਾਰ, ਪਰਾ ਪਸੰਤੀ ਮਧਮ ਬੈਖਰੀ ਆਪ ਸੁਣਾਈਆ । ਨਿਰਗੁਣ ਸਰਗੁਣ ਪਾਵੇ ਸਾਰ, ਗੁਰ ਸ਼ਬਦੀ ਰੂਪ ਵਟਾਈਆ । ਪੰਜ ਤੱਤ ਦਏ ਅਧਾਰ, ਆਤਮ ਪਰਮਾਤਮ ਮੇਲ ਮਿਲਾਈਆ । ਜੁਗ ਰੀਤੀ ਚਲਾਏ ਵਿਚ ਸੰਸਾਰ, ਗੁਰ ਅਵਤਾਰ ਆਪ ਪਰਗਟਾਈਆ । ਆਪਣੀ ਮਹਿਮਾ ਆਪੇ ਦਏ ਵਖਾਲ, ਸਿਰ ਆਪਣਾ ਹੱਥ ਟਿਕਾਈਆ । ਆਪਣਾ ਅੱਖਰ ਆਪੇ ਦਏ ਸਿਖਾਲ, ਬਿਨ ਪੜ੍ਹਿਆਂ ਕਰੇ ਪੜ੍ਹਾਈਆ । ਸਾਚੇ ਭਗਤਾਂ ਦੇਵੇ ਆਪ ਜ਼ਮਾਲ, ਨੂਰੀ ਜਲਵਾ ਆਪ ਵਖਾਈਆ । ਸਾਚੇ ਸੰਤਾਂ ਬਣ ਦਲਾਲ, ਸਚ ਦਲਾਲੀ ਇਕ ਕਮਾਈਆ । ਸਾਚੇ ਗੁਰਮੁਖਾਂ ਚਲੇ ਨਾਲ ਨਾਲ, ਨਿਰਗੁਣ ਨਿਰਗੁਣ ਸਰਗੁਣ ਸਰਗੁਣ ਸੰਗ ਨਿਭਾਈਆ । ਨਾਨਕ ਸਤਿਗੁਰ ਸਚਖੰਡ ਵਿਖਾਈ ਇਕ ਧਰਮਸਾਲ, ਸਚਖੰਡ ਵਸੇ ਸੱਚਾ ਮਾਹੀਆ । ਬਣ ਦਾਤਾ ਦਾਨੀ ਗ੍ਰਹਿ ਗ੍ਰਹਿ ਘਟ ਘਟ ਜੀਵ ਜੰਤ ਸਾਧ ਸੰਤ ਲੱਖ ਚੁਰਾਸੀ ਕਰੇ ਪ੍ਰਿਤਪਾਲ, ਬਣ ਸੇਵਕ ਸੇਵ ਕਮਾਈਆ । ਹਰ ਘਟ ਵਸਿਆ ਦੀਨ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਬੂਝ ਬੁਝਾਈਆ । ਸਤਿਗੁਰ ਹੋਏ ਮਿਹਰਵਾਨ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਗੁਰ ਗੁਰ ਦੇਵੇ ਇਕ ਧਿਆਨ, ਏਕਾ ਘਰ ਵਖਾਈਆ । ਗੁਰ ਗੁਰ ਬੋਲੇ ਧੁਰ ਫ਼ਰਮਾਣ, ਸ਼ਬਦੀ ਸ਼ਬਦ ਢੋਲਾ ਗਾਈਆ । ਕਲਮ ਸ਼ਾਹੀ ਵਖਾਏ ਨਿਸ਼ਾਨ, ਅੱਖਰ ਅੱਖਰ ਨਾਲ ਮਿਲਾਈਆ । ਰਸਨਾ ਜਿਹਵਾ ਕਰੇ ਕਲਾਮ, ਕਲਮਾ ਨਬੀ ਆਪ ਸਮਝਾਈਆ । ਧੁਰ ਸੰਦੇਸਾ ਸਚ ਪੈਗ਼ਾਮ, ਲੋਕਮਾਤ ਮਾਤ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਦਰ ਅੱਗੇ ਕਰਨ ਸਲਾਮ, ਸਹੀ ਸਲਾਮਤ ਏਕਾ ਨਜ਼ਰੀ ਆਈਆ । ਘਟ ਘਟ ਅੰਦਰ ਕਰੇ ਬਿਸਰਾਮ, ਬਿਸਤਰ ਸੇਜ ਇਕ ਸੁਹਾਈਆ । ਸਚਖੰਡ ਵਸੇ ਆਪ ਭਗਵਾਨ, ਸਾਚੇ ਮੰਦਰ ਡੇਰਾ ਲਾਈਆ । ਆਦਿ ਜੁਗਾਦੀ ਇਕ ਨਿਸ਼ਾਨ, ਦੋ ਜਹਾਨਾ ਆਪ ਝੁਲਾਈਆ । ਜੁਗਾ ਜੁਗੰਤਰ ਧੁਰ ਫ਼ਰਮਾਣ, ਗੁਰ ਗੁਰ ਬਾਣੀ ਆਪ ਪੜ੍ਹਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਦੇ ਦੇ ਗਏ ਬਿਆਨ, ਲੇਖਾ ਲਿਖ ਲਿਖ ਜੀਵ ਜੰਤ ਸਮਝਾਈਆ । ਆਦਿ ਜੁਗਾਦੀ ਇਕ ਨਿਗਹਬਾਨ, ਨਾ ਮਰੇ ਨਾ ਜਾਈਆ । ਬਿਨ ਕਿਰਪਾ ਨਾ ਸਕੇ ਕੋਈ ਪਛਾਣ, ਜਗਤ ਨੇਤਰ ਕੰਮ ਕਿਸੇ ਨਾ ਆਈਆ । ਗੋਬਿੰਦ ਸਿੰਘ ਸੂਰਾ ਬੋਲ ਜੈਕਾਰਾ ਸੁਣਾਏ ਬਲਵਾਨ, ਪੁਰਖ ਅਕਾਲ ਇਕ ਸੱਚਾ ਸ਼ਹਿਨਸ਼ਾਹੀਆ । ਲੱਖ ਚੁਰਾਸੀ ਘਰ ਘਰ ਅੰਦਰ ਵਖਾਏ ਆਪਣੀ ਧਰਮਸਾਲ, ਸਚ ਦੁਆਰੇ ਬੈਠਾ ਆਸਣ ਲਾਈਆ । ਨਿਤ ਨਵਿਤ ਕਰ ਕਰ ਹਿਤ, ਮਾਤ ਪਿਤ ਨਾ ਕੋਈ ਜਾਣੇ ਵਾਰ ਥਿਤ, ਜਨ ਭਗਤਾਂ ਸਾਚੇ ਸੰਤਾਂ ਆਪਣੀ ਬੂਝ ਬੁਝਾਈਆ । ਸਚਖੰਡ ਵਸੇ ਧਾਮ ਅਨਡਿਠ, ਆਪਣਾ ਆਸਣ ਆਪ ਸੁਹਾਈਆ । ਬਿਨ ਨਾਨਕ ਕਬੀਰ ਦਰ ਜਾ ਕੇ ਕੋਈ ਨਾ ਸਕੇ ਵੇਖ, ਅਧਵਿਚਕਾਰੇ ਸਾਰੇ ਬੈਠੇ ਡੇਰਾ ਲਾਈਆ । ਪੁਰਖ ਅਕਾਲਾ ਦੀਨ ਦਿਆਲਾ ਲੋਕਮਾਤ ਗੁਰ ਗੋਬਿੰਦ ਨਾਲ ਕਰਿਆ ਹੇਤ, ਪੂਤ ਸਪੂਤਾ ਦਏ ਵਡਿਆਈਆ । ਵਸਣਹਾਰਾ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਬਿਨ ਸਤਿਗੁਰ ਪੂਰੇ ਗੁਰੂ ਪਾਏ ਨਾ ਕੋਈ ਭੇਤ, ਪੜ੍ਹਿਆਂ ਸੁਣਿਆਂ ਹੱਥ ਕਿਸੇ ਨਾ ਆਈਆ । ਸਦਾ ਸੁਆਮੀ ਇਕ ਨੇਹਕਾਮੀ ਲੱਖ ਚੁਰਾਸੀ ਰੱਖੇ ਆਪਣੀ ਛਾਇਆ ਹੇਠ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਘਟ ਘਟ ਰਮਿਆ ਆਪੇ ਰਾਮ, ਘਟ ਘਟ ਜਪਾਏ ਆਪਣਾ ਨਾਮ, ਘਟ ਘਟ ਪਿਆਏ ਏਕਾ ਜਾਮ, ਅੰਮ੍ਰਿਤ ਆਤਮ ਰਸ ਚਖਾਈਆ । ਸਰਬ ਵਿਆਪੀ ਹਰਿ ਭਗਵੰਤ, ਆਦਿ ਜੁਗਾਦਿ ਸਮਾਇੰਦਾ । ਸਰਬ ਜੀਆਂ ਦਾ ਸਾਚਾ ਕੰਤ, ਨਰ ਨਰਾਇਣ ਇਕ ਅਖਵਾਇੰਦਾ । ਸਰਬ ਜੀਆਂ ਬਣਾਏ ਬਣਤ, ਘੜਨ ਭੰਨਣਹਾਰ ਭੇਵ ਨਾ ਆਇੰਦਾ । ਸਰਬ ਜੀਆਂ ਦਾ ਮਣੀਆਂ ਮੰਤ, ਆਪਣਾ ਨਾਉਂ ਪੜ੍ਹਾਇੰਦਾ । ਸਰਬ ਜੀਆਂ ਦਾ ਇਕ ਭਗਵੰਤ, ਘਰ ਘਰ ਸੇਜ ਹੰਢਾਇੰਦਾ । ਸਰਬ ਜੀਆਂ ਦਾ ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਟ ਘਟ ਆਪਣਾ ਆਸਣ ਲਾਇੰਦਾ । ਘਟ ਘਟ ਆਸਣ ਏਕੰਕਾਰ, ਆਤਮ ਸੇਜ ਸੁਹਾਈਆ । ਆਤਮ ਪਰਮਾਤਮ ਅੱਗੇ ਕਰੇ ਪੁਕਾਰ, ਦੋਏ ਦੋਏ ਜੋੜ ਸੀਸ ਝੁਕਾਈਆ । ਤੇਰਾ ਖੇਲ ਅਗੰਮ ਅਪਾਰ, ਅਲੱਖ ਅਗੋਚਰ ਤੇਰੀ ਵਡਿਆਈਆ । ਤੂੰ ਵਸੇ ਧਾਮ ਨਿਆਰ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਬੈਠਾ ਚੜ੍ਹ, ਸਰਗੁਣ ਅੰਦਰ ਆਪੇ ਵੜ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਵਖਾਈਆ । ਪੰਜ ਤੱਤ ਤਨ ਕਾਇਆ ਨਾਤਾ, ਸੋ ਪੁਰਖ ਨਿਰੰਜਣ ਖੇਲ ਕਰਾਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਬਣਾਏ ਸਾਥਾ, ਤ੍ਰੈਗੁਣ ਬੰਧਨ ਬੰਧ ਬੰਧਾਈਆ । ਪਾਰਬ੍ਰਹਮ ਬ੍ਰਹਮ ਕਰ ਕਰ ਵਾਸਾ, ਈਸ਼ ਜੀਵ ਵਡਿਆਈਆ । ਜੁਗ ਚੌਕੜੀ ਵੇਖੇ ਖੇਲ ਤਮਾਸ਼ਾ, ਨਿਰਗੁਣ ਦਾਤਾ ਬੇਪਰਵਾਹੀਆ । ਆਪਣੀ ਇਛਿਆ ਆਪੇ ਕਰੇ ਪੂਰੀ ਆਸਾ, ਆਸਾਵੰਤ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਵੇਖੇ ਚਾਈਂ ਚਾਈਆ । ਪੰਜ ਤੱਤ ਮੇਲਾ ਹਰਿ ਨਿਰੰਕਾਰ, ਸਰਗੁਣ ਨਿਰਗੁਣ ਦਇਆ ਕਮਾਇੰਦਾ । ਪੰਜ ਤੱਤ ਅੰਦਰ ਸਤਿਗੁਰ ਧਾਰ, ਗੁਰ ਗੁਰ ਸ਼ਬਦ ਅਲਾਇੰਦਾ । ਪੰਜ ਤੱਤ ਅੰਦਰ ਜੋਤ ਨਿਰੰਕਾਰ, ਜੋਤੀ ਜੋਤ ਡਗਮਗਾਇੰਦਾ । ਪੰਜ ਤੱਤ ਅੰਦਰ ਅੰਮ੍ਰਿਤ ਠੰਡਾ ਠਾਰ, ਸਚ ਸਰੋਵਰ ਇਕ ਭਰਾਇੰਦਾ । ਪੰਜ ਤੱਤ ਅੰਦਰ ਸੂਰਜ ਚੰਦ ਕਰਨ ਨਿਮਸਕਾਰ, ਮੰਡਲ ਮੰਡਪ ਸੀਸ ਝੁਕਾਇੰਦਾ । ਪੰਜ ਤੱਤ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਚਰਨ ਧੂੜੀ ਮੰਗਣ ਛਾਰ, ਸੀਸ ਜਗਦੀਸ ਰਾਹ ਤਕਾਇੰਦਾ । ਪੰਜ ਤੱਤ ਅੰਦਰ ਸਚ ਗੁਫ਼ਤਾਰ, ਗੁਫ਼ਤ ਸ਼ਨੀਦ ਆਪ ਸਮਝਾਇੰਦਾ । ਪੰਜ ਤੱਤ ਗੁਰ ਅਵਤਾਰ, ਪੀਰ ਪੈਗ਼ੰਬਰ ਰੂਪ ਵਟਾਇੰਦਾ । ਪੰਜ ਤੱਤ ਅੰਦਰ ਧੁਰ ਫ਼ਰਮਾਣ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਪੰਜ ਤੱਤ ਅੰਦਰ ਨਾਮ ਗਿਆਨ, ਸਚ ਗਿਆਨਾ ਇਕ ਦ੍ਰਿੜਾਇੰਦਾ । ਪੰਜ ਤੱਤ ਅੰਦਰ ਖੇਲ ਮਹਾਨ, ਖ਼ਾਲਕ ਖ਼ਲਕ ਆਪ ਖਲਾਇੰਦਾ । ਪੰਜ ਤੱਤ ਅੰਦਰ ਚਾਰ ਜੁਗ ਦੀ ਵੇਖੇ ਆਣ, ਚਾਰੇ ਖਾਣੀ ਚਾਰੇ ਬਾਣੀ ਬਾਣ ਲਗਾਇੰਦਾ । ਪੰਜ ਤੱਤ ਅੰਦਰ ਹਰਿ ਕਾ ਮਕਾਨ, ਨਾਨਕ ਨਿਰਗੁਣ ਸਿਫ਼ਤ ਸਲਾਹਿੰਦਾ । ਪੰਜ ਤੱਤ ਅੰਦਰ ਨਾਨਕ ਅੰਗਦ ਦੇਵੇ ਦਾਨ, ਆਪਣੀ ਭਿਛਿਆ ਝੋਲੀ ਪਾਇੰਦਾ । ਪੰਜ ਤੱਤ ਅੰਦਰ ਅਮਰਦਾਸ ਕਰਾਏ ਇਸ਼ਨਾਨ, ਅਮਰਾਪਦ ਇਕ ਵਖਾਇੰਦਾ । ਪੰਜ ਤੱਤ ਅੰਦਰ ਰਾਮ ਦਾਸ ਕਰੇ ਧਿਆਨ, ਵਡ ਧਿਆਨੀ ਮੇਲ ਮਿਲਾਇੰਦਾ । ਪੰਜ ਤੱਤ ਅੰਦਰ ਗੁਰੂ ਅਰਜਨ ਧੁਰ ਬਾਣੀ ਲਾਏ ਬਾਣ, ਪੁਰਖ ਅਬਿਨਾਸ਼ੀ ਏਕਾ ਪਾਇੰਦਾ । ਪੰਜ ਤੱਤ ਅੰਦਰ ਗੁਰੂ ਗ੍ਰੰਥ ਗੁਰਦੇਵ ਬਣਾਇਆ ਵਿਚ ਜਹਾਨ, ਚਾਰ ਵਰਨ ਅਠਾਰਾਂ ਬਰਨ ਜੀਵ ਜੰਤ ਸਰਬ ਸਮਝਾਇੰਦਾ । ਪੰਜ ਤੱਤ ਅੰਦਰ ਤੀਰ ਕਮਾਨ, ਹਰਿ ਗੋਬਿੰਦ ਖੰਡਾ ਖੜਗ ਹੱਥ ਉਠਾਇੰਦਾ । ਪੰਜ ਤੱਤ ਅੰਦਰ ਹਰਿਰਾਏ ਦਏ ਬਿਆਨ, ਲਿਖ ਲਿਖ ਲੇਖ ਸਰਬ ਸਮਝਾਇੰਦਾ । ਪੰਜ ਤੱਤ ਅੰਦਰ ਹਰਿ ਕ੍ਰਿਸ਼ਨਾ ਛੋਟੇ ਬਾਲੇ ਦਏ ਗਿਆਨ, ਗੂੰਗਿਆਂ

ਗਿਆਨ ਆਪ ਸਮਝਾਇੰਦਾ । ਪੰਜ ਤੱਤ ਅੰਦਰ ਗੁਰ ਤੇਗ ਬਹਾਦਰ ਝੁਲਾਇਆ ਸਚ ਨਿਸ਼ਾਨ, ਪੰਜ ਤੱਤ ਆਪਣਾ ਭੇਟ ਚੜ੍ਹਾਇੰਦਾ । ਪੰਜ ਤੱਤ ਅੰਦਰ ਗੋਬਿੰਦ ਸੂਰਾ ਪਰਗਟਿਆ ਆਪ ਬਲਵਾਨ, ਪੁਰਖ ਅਕਾਲ ਆਪਣਾ ਸੁਤ ਬਣਾਇੰਦਾ । ਪੰਜ ਤੱਤ ਅੰਦਰ ਪੰਜ ਪਿਆਰੇ ਕਰ ਪਰਵਾਨ, ਧੁਰ ਫ਼ਰਮਾਣਾ ਹੱਥ ਫੜਾਇੰਦਾ । ਪੰਜ ਤੱਤ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਾਨ, ਪੁਰਖ ਅਬਿਨਾਸ਼ੀ ਅੱਗੇ ਝੋਲੀ ਡਾਹਿੰਦਾ । ਪੰਜ ਤੱਤ ਅੰਦਰ ਨਾਨਕ ਗੋਬਿੰਦ ਦੇ ਦੇ ਗਿਆ ਗਿਆਨ, ਅੱਖਰ ਅੱਖਰ ਜਗਤ ਸਮਝਾਇੰਦਾ । ਪੰਜ ਤੱਤ ਅੰਦਰ ਸੂਰਬੀਰ ਸੁਲਤਾਨ ਦੱਸ ਕੇ ਗਿਆ ਨਿਸ਼ਾਨ, ਸਚ ਨਿਸ਼ਾਨਾ ਇਕ ਲਗਾਇੰਦਾ । ਪੰਜ ਤੱਤ ਸੰਬਲ ਘਰ ਬਣੇ ਮਕਾਨ, ਸਾਢੇ ਤਿੰਨ ਹੱਥ ਵੰਡ ਵੰਡਾਇੰਦਾ । ਪੰਜ ਤੱਤ ਨਿਰਗੁਣ ਵੇਸ ਕਰੇ ਸ੍ਰੀ ਭਗਵਾਨ, ਪੰਜ ਤੱਤ ਆਪਣੇ ਉਪਰ ਪੜਦਾ ਪਾਇੰਦਾ । ਪੰਜ ਤੱਤ ਅੰਦਰ ਗੋਬਿੰਦ ਖੰਡਾ ਚਮਕੇ ਦੋ ਜਹਾਨ, ਨਾਮ ਖੰਡਾ ਇਕ ਉਠਾਇੰਦਾ । ਪੰਜ ਤੱਤ ਅੰਦਰ ਧੁਰ ਫ਼ਰਮਾਣ, ਪੁਰਖ ਅਬਿਨਾਸ਼ੀ ਜੁਗ ਜੁਗ ਆਪ ਸੁਣਾਇੰਦਾ । ਬਿਨਾਂ ਪੰਜ ਤੱਤ ਹਰਿ ਜੂ ਕਿਸੇ ਨਾ ਦੱਸੇ ਆਪਣਾ ਨਾਮ, ਆਪਣੀ ਇਛਿਆ ਖਾਤਰ ਪੰਜ ਤੱਤ ਆਪਣਾ ਡੇਰਾ ਲਾਇੰਦਾ । ਕਲਜੁਗ ਅੰਤਮ ਖੇਲ ਮਹਾਨ, ਭੇਵ ਕੋਇ ਨਾ ਪਾਇੰਦਾ । ਜਿਸ ਕਾਇਆ ਅੰਦਰ ਵਸੇ ਆਪ ਮਿਹਰਵਾਨ, ਤਿਸ ਉਪਰ ਮਿਹਰ ਨਜ਼ਰ ਆਪ ਟਿਕਾਇੰਦਾ । ਜੇ ਕੋਈ ਆ ਕੇ ਮੱਥਾ ਟੇਕੇ ਉਹਨੂੰ ਨਜ਼ਰੀ ਆਏ ਵਿਸ਼ਨੂੰ ਭਗਵਾਨ, ਪੂਰਨ ਸਿੰਘ ਪੰਜ ਤੱਤ ਕੰਮ ਕਿਸੇ ਨਾ ਆਇੰਦਾ । ਇਹ ਝੂਠੀ ਮਾਟੀ ਖੇਲ ਜਹਾਨ, ਜਗਤ ਖੇੜਾ ਆਪ ਵਸਾਇੰਦਾ । ਜਿਸ ਨੇ ਮਿਲਣਾ ਸਤਿਗੁਰ ਪੂਰੇ ਜਾਣੀ ਜਾਣ, ਤਿਸ ਆਪਣੀ ਬੂਝ ਬੁਝਾਇੰਦਾ । ਰਾਤੀ ਸੁੱਤਿਆਂ ਗੁਰਸਿਖਾਂ ਅੱਗੇ ਖਲੋਵੇ ਆਣ, ਗੋਬਿੰਦ ਆਪਣਾ ਰੂਪ ਵਟਾਇੰਦਾ । ਕਲਜੁਗ ਅੰਤਮ ਭਰਮ ਭੁਲੇਖੇ ਵਿਚ ਆਪ ਭੁੱਲ ਗਿਆ ਭਗਵਾਨ, ਆਪਣਾ ਜੋਤੀ ਜਾਮਾ ਪਾਇੰਦਾ । ਜਗਤ ਨੇਤਰ ਦਿਸੇ ਨਾ ਸ਼ਾਹ ਸੁਲਤਾਨ, ਆਤਮ ਪਰਮਾਤਮ ਨੇਤਰ ਖੇਤਰ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਰੰਗ ਆਦਿ ਜੁਗਾਦਿ ਸਦਾ ਸਦ ਸਮਾਇੰਦਾ ।



## ★ ੯ ਚੇਤ ੨੦੧੯ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ★

ਸੋ ਪੁਰਖ ਨਿਰੰਜਣ ਕਰੇ ਖੇਲ ਅਪਾਰਾ, ਅਭੇਵ ਭੇਦ ਆਪ ਜਣਾਇੰਦਾ । ਸਚਖੰਡ ਸਾਚੇ ਵਸੇ ਆਪ ਨਿਰੰਕਾਰਾ, ਨਿਰਗੁਣ ਨਿਰਵੈਰ ਨਿਰਾਕਾਰ ਆਸਣ ਲਾਇੰਦਾ । ਸਾਚੇ ਤਖ਼ਤ ਬਹੇ ਸੱਚੀ ਸਰਕਾਰਾ, ਪੁਰਖ ਅਕਾਲ ਦੀਨ ਦਿਆਲ ਅਜੂਨੀ ਰਹਿਤ ਡਗਮਗਾਇੰਦਾ । ਹੁਕਮੀ ਹੁਕਮ ਕਰੇ ਵਰਤਾਰਾ, ਧੁਰ ਫ਼ਰਮਾਣਾ ਸ੍ਰੀ ਭਗਵਾਨ ਆਪ ਸੁਣਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨ, ਸ਼ਹਿਨਸ਼ਾਹ ਆਪਣੀ ਕਲ ਆਪ ਧਰਾਇੰਦਾ । ਆਪਣੀ ਇਛਿਆ ਕਰੇ ਖੇਲ ਮਹਾਨਾ, ਸਾਚੀ ਭਿਛਿਆ ਆਪ ਪਰਗਟਾਇੰਦਾ । ਨਿਰਗੁਣ ਦਾਤਾ ਨਿਰਗੁਣ ਦੇਵਣਹਾਰਾ ਦਾਨਾ, ਨਿਰਗੁਣ ਭਿਖਕ ਖਾਲੀ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਅਲੱਖ ਅਗੋਚਰ ਆਪ ਕਰਾਈਆ । ਸੂਰਬੀਰ ਬਣ ਬਲਵਾਨ, ਬਲ ਆਪਣਾ ਆਪ ਜਣਾਈਆ । ਹੁਕਮੀ ਹੁਕਮ ਬਣ ਹੁਕਮਰਾਨ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਥਿਰ ਘਰ ਸਾਚਾ ਖੋਲ੍ਹ ਮਕਾਨ, ਅੰਦਰ ਮੰਦਰ ਕੁੰਡਾ ਲਾਹੀਆ । ਸ਼ਬਦੀ ਸ਼ਬਦ ਨੌਜਵਾਨ, ਹਰਿ ਨਿਰੰਕਾਰ ਆਪ ਜਗਾਈਆ ।

ਦੇਵਣਹਾਰਾ ਹਰਿ ਹਰਿ ਮਾਣ, ਸਿਰ ਆਪਣਾ ਹੱਥ ਟਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਧਿਆਨ, ਸਚ ਸੰਦੇਸਾ ਇਕ ਸੁਣਾਈਆ । ਨਿਰਗੁਣ ਨਿਰਗੁਣ ਦੇਵੇ ਗਿਆਨ, ਬਿਨ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਧਰਾਈਆ । ਆਪਣੀ ਕਲ ਆਪੇ ਰੱਖ, ਅਕਲ ਕਲ ਖੇਲ ਕਰਾਇੰਦਾ । ਸਚਖੰਡ ਨਿਵਾਸੀ ਹੋ ਪਰਤੱਖ, ਥਿਰ ਘਰ ਆਪਣਾ ਰੰਗ ਰੰਗਾਇੰਦਾ । ਸ਼ਬਦ ਦੁਲਾਰਾ ਕਰ ਕਰ ਵਸ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਵਿਸ਼ਨ ਬ੍ਰਹਮੇ ਸ਼ਿਵ ਮਾਰਗ ਦੱਸ, ਸਾਚੇ ਮਾਰਗ ਆਪੇ ਲਾਇੰਦਾ । ਕਰੇ ਖੇਲ ਪੁਰਖ ਸਮਰਥ, ਭੇਵ ਕੋਇ ਨਾ ਪਾਇੰਦਾ । ਬੋਧ ਅਗਾਧੀ ਮਹਿਮਾ ਅਕਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਸ੍ਰੀ ਭਗਵਾਨ, ਨਿਰਗੁਣ ਦਾਤਾ ਆਪ ਖੁਲ੍ਹਾਈਆ । ਧੁਰ ਦਰਗਾਹੀ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਈਆ । ਸਚਖੰਡ ਦੁਆਰੇ ਏਕਾ ਆਣ, ਥਿਰ ਘਰ ਆਪਣਾ ਹੁਕਮ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਬਖ਼ਸ਼ੇ ਚਰਨ ਧਿਆਨ, ਸਾਚੀ ਸਰਨ ਸਰਨ ਸਰਨਾਈਆ । ਸਾਚਾ ਨਾਤਾ ਜੋੜ ਸ੍ਰੀ ਭਗਵਾਨ, ਭਗਵਨ ਆਪਣੀ ਬੂਝ ਬੁਝਾਈਆ । ਵਸਤ ਅਮੋਲਕ ਇਕ ਮਹਾਨ, ਦਾਤਾ ਦਾਨੀ ਝੋਲੀ ਪਾਈਆ । ਸਚ ਭੰਡਾਰਾ ਪੀਣ ਖਾਣ, ਵਿਸ਼ਨੂੰ ਆਪਣਾ ਰੰਗ ਵਖਾਈਆ । ਪਾਰਬ੍ਰਹਮ ਬ੍ਰਹਮ ਹੋ ਪਰਧਾਨ, ਬ੍ਰਹਮ ਆਪਣਾ ਰੂਪ ਵਟਾਈਆ । ਧੂੰਆਂਧਾਰ ਵੇਖ ਸੁੰਞ ਮਸਾਣ, ਸ਼ੰਕਰ ਕੰਕਰ ਆਪਣਾ ਨਾਦ ਸੁਣਾਈਆ । ਲੇਖਾ ਜਾਣੇ ਹਰਿ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸੁਣਾਈਆ । ਧੁਰ ਫ਼ਰਮਾਣਾ ਸਚ ਸੰਦੇਸਾ, ਸ੍ਰੀ ਭਗਵਾਨ ਆਪ ਸੁਣਾਇੰਦਾ । ਤਖ਼ਤ ਨਿਵਾਸੀ ਇਕ ਨਰੇਸ਼ਾ, ਨਰ ਨਰਾਇਣ ਬਲ ਪਰਗਟਾਇੰਦਾ । ਆਪਣਾ ਧਾਰੇ ਆਪੇ ਭੇਖਾ, ਭੇਖਾਧਾਰੀ ਨਜ਼ਰ ਕਿਸੇ ਨਾ ਆਇੰਦਾ । ਆਪੇ ਬਦਲੇ ਆਪਣੀ ਰੇਖਾ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਆਦਿ ਜੁਗਾਦੀ ਇਕ ਆਦੇਸਾ, ਏਕਾ ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਹੁਕਮੇ ਅੰਦਰ ਖੇਲ ਅਪਾਰਾ, ਪੁਰਖ ਅਗੰਮੜਾ ਆਪ ਕਰਾਈਆ । ਹੁਕਮੇ ਅੰਦਰ ਜੋਤ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਹੁਕਮੇ ਅੰਦਰ ਸ਼ਬਦੀ ਧਾਰਾ, ਸ਼ਬਦੀ ਸ਼ਬਦ ਪਰਗਟਾਈਆ । ਹੁਕਮੇ ਅੰਦਰ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਅਖਾੜਾ, ਹੁਕਮੇ ਅੰਦਰ ਰਵ ਸਸ ਕਰੇ ਰੁਸ਼ਨਾਈਆ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਪਾਏ ਸਾਰਾ, ਹੁਕਮੇ ਅੰਦਰ ਆਪਣਾ ਪੜਦਾ ਲਾਹੀਆ । ਹੁਕਮੇ ਅੰਦਰ ਤ੍ਰੈਗੁਣ ਮਾਇਆ ਬਣ ਵਰਤਾਰਾ, ਰਜੋ ਤਮੋ ਸਤੋ ਸੰਗ ਮਿਲਾਈਆ । ਹੁਕਮੇ ਅੰਦਰ ਪੰਜ ਤੱਤ ਖੇਲੇ ਖੇਲ ਨਿਆਰਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਬੰਧਨ ਪਾਈਆ । ਹੁਕਮੇ ਅੰਦਰ ਨਿਰਗੁਣ ਸਰਗੁਣ ਕਰੇ ਪਸਾਰਾ, ਲੱਖ ਚੁਰਾਸੀ ਘਾੜਨ ਲਏ ਘੜਾਈਆ । ਹੁਕਮੇ ਅੰਦਰ ਧੁਰ ਫ਼ਰਮਾਣਾ, ਧੁਰ ਦਰਬਾਰੀ ਆਪ ਸੁਣਾਈਆ । ਹੁਕਮੇ ਅੰਦਰ ਅਨਹਦ ਗਾਣਾ, ਘਰ ਘਰ ਆਪਣਾ ਰਾਗ ਅਲਾਈਆ । ਹੁਕਮੇ ਅੰਦਰ ਦੀਪਕ ਦੀਪ ਮਹਾਨਾ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਹੁਕਮੇ ਅੰਦਰ ਪੀਣਾ ਖਾਣਾ, ਰਸਨਾ ਜੇਹਵਾ ਰਸ ਚਖਾਈਆ । ਹੁਕਮੇ ਅੰਦਰ ਇਕ ਰਖਾਏ ਚਰਨ ਧਿਆਨਾ, ਆਤਮ ਪਰਮਾਤਮ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਹੁਕਮੇ ਅੰਦਰ ਨਰ ਨਰਾਇਣ, ਆਪਣੀ ਦਇਆ ਕਮਾਇੰਦਾ । ਹੁਕਮੇ ਅੰਦਰ ਮੰਨੇ ਕਹਿਣ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਹੁਕਮੇ ਅੰਦਰ ਨਿਰਗੁਣ ਸਰਗੁਣ ਅੰਦਰ

੮੮੨
੧੧

ਬਹਿਣ, ਬਹਿ ਬਹਿ ਆਪਣੀ ਖ਼ੁਸ਼ੀ ਮਨਾਇੰਦਾ । ਹੁਕਮੇ ਅੰਦਰ ਖੋਲ੍ਹੇ ਨੈਣ, ਨੇਤਰ ਗਿਆਨ ਇਕ ਦ੍ਰਿੜਾਇੰਦਾ । ਹੁਕਮੇ ਅੰਦਰ ਚੁਕਾਏ ਲਹਿਣਾ ਦੇਣ, ਪਿਛਲਾ ਮੂਲ ਨਾ ਕੋਇ ਰਖਾਇੰਦਾ । ਹੁਕਮੇ ਅੰਦਰ ਲੱਖ ਚੁਰਾਸੀ ਸਾਕ ਸੱਜਣ ਸੈਣ, ਜਗਤ ਬੰਧਨ ਆਪੇ ਪਾਇੰਦਾ । ਹੁਕਮੇ ਅੰਦਰ ਮਾਤ ਪਿਤ ਭਾਈ ਭੈਣ, ਪਿਤਾ ਪੂਤ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਜਣਾਇੰਦਾ । ਹੁਕਮੇ ਅੰਦਰ ਹਰਿ ਜੂ ਰਾਗ, ਅਨਰਾਗੀ ਆਪ ਅਲਾਈਆ । ਹੁਕਮੇ ਅੰਦਰ ਸਚ ਵੈਰਾਗ, ਬਣ ਵੈਰਾਗੀ ਆਪ ਉਪਜਾਈਆ । ਹੁਕਮੇ ਅੰਦਰ ਨੇਤਰ ਜਾਗ, ਕਵਲ ਨੈਣ ਨੈਣ ਖੁਲ੍ਹਾਈਆ । ਹੁਕਮੇ ਅੰਦਰ ਕੰਤ ਸੁਹਾਗ, ਨਿਰਗੁਣ ਸਰਗੁਣ ਨਾਰ ਕੰਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਮਨਾਈਆ । ਹੁਕਮੇ ਅੰਦਰ ਗੁਰ ਗੁਰ ਧਾਰ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਹੁਕਮੇ ਅੰਦਰ ਵਿਸ਼ਨ ਭੰਡਾਰ, ਵਿਸ਼ਵ ਆਪਣੀ ਵਸਤ ਵਰਤਾਇੰਦਾ । ਹੁਕਮੇ ਅੰਦਰ ਨਾਦ ਧੁੰਨਕਾਰ, ਬ੍ਰਹਮਾ ਵੇਤਾ ਪਾਰਬ੍ਰਹਮ ਪੜ੍ਹਾਇੰਦਾ । ਹੁਕਮੇ ਅੰਦਰ ਲੇਖਾ ਚਾਰ, ਚਾਰ ਵੇਦ ਮੁਖ ਸਲਾਹਿੰਦਾ । ਹੁਕਮੇ ਅੰਦਰ ਤੇਜ ਕਟਾਰ, ਤ੍ਰੈ ਤ੍ਰੈ ਮੁਖੀ ਤ੍ਰਿਸੂਲ ਸ਼ੰਕਰ ਹੱਥ ਫੜਾਇੰਦਾ । ਹੁਕਮੇ ਅੰਦਰ ਬਾਸ਼ਕ ਤਸ਼ਕਾ ਕਰ ਸ਼ਿੰਗਾਰ, ਕੰਠ ਮਾਲਾ ਆਪ ਬਣਾਇੰਦਾ । ਹੁਕਮੇ ਅੰਦਰ ਸਾਂਗੋ ਪਾਂਗ ਬੈਠ ਸੱਚੀ ਸਰਕਾਰ, ਨਿਰਗੁਣ ਆਪਣਾ ਆਸਣ ਲਾਇੰਦਾ । ਹੁਕਮੇ ਅੰਦਰ ਤ੍ਰੈਗੁਣ ਮਾਇਆ ਤੱਤ ਵਿਚਾਰ, ਪੰਜ ਤੱਤ ਮੇਲਾ ਮੇਲ ਮਿਲਾਇੰਦਾ । ਹੁਕਮੇ ਅੰਦਰ ਲੱਖ ਚੁਰਾਸੀ ਕਰ ਅਖਾੜ, ਘਰ ਘਰ ਆਪਣਾ ਨਾਚ ਨਚਾਇੰਦਾ । ਹੁਕਮੇ ਅੰਦਰ ਬਹੱਤਰ ਨਾੜ, ਤਿੰਨ ਸੌ ਸੱਠ ਹਾਡੀ ਜੋੜ ਜੁੜਾਇੰਦਾ । ਹੁਕਮੇ ਅੰਦਰ ਘਰ ਵਿਚ ਘਰ ਕਰ ਤਿਆਰ, ਆਤਮ



ਪਰਮਾਤਮ ਸੋਭਾ ਪਾਇੰਦਾ । ਹੁਕਮੇ ਅੰਦਰ ਜੋਤ ਉਜਿਆਰ, ਘਰ ਘਰ ਦੀਪਕ ਆਪ ਜਗਾਇੰਦਾ । ਹੁਕਮੇ ਅੰਦਰ ਸ਼ਬਦ ਨਾਦ ਧੁੰਨਕਾਰ, ਅਨਹਦ ਰਾਗੀ ਰਾਗ ਸੁਣਾਇੰਦਾ । ਹੁਕਮੇ ਅੰਦਰ ਆਤਮ ਅੰਮ੍ਰਿਤ ਠੰਡਾ ਠਾਰ, ਘਰ ਸਰੋਵਰ ਆਪ ਨੁਹਾਇੰਦਾ । ਹੁਕਮੇ ਅੰਦਰ ਧੂੰਆਂਧਾਰ, ਹੁਕਮੇ ਅੰਦਰ ਰਵ ਸਸ ਆਪ ਚਮਕਾਇੰਦਾ । ਹੁਕਮੇ ਅੰਦਰ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਡੇਰਾ ਲਾਇੰਦਾ । ਹੁਕਮੇ ਅੰਦਰ ਸਮੁੰਦ ਸਾਗਰ ਡੂੰਘੀ ਗਾਰ, ਜਲ ਥਲ ਮਹੀਅਲ ਆਪਣਾ ਖੇਲ ਕਰਾਇੰਦਾ । ਹੁਕਮੇ ਅੰਦਰ ਨਿਰਗੁਣ ਸਰਗੁਣ ਕਰ ਪਸਾਰ, ਵਡ ਸੰਸਾਰੀ ਆਪਣਾ ਸੰਗ ਰਖਾਇੰਦਾ । ਹੁਕਮੇ ਅੰਦਰ ਵੰਡੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਉਂ ਪਰਗਟਾਇੰਦਾ । ਹੁਕਮੇ ਅੰਦਰ ਚਾਰ ਬਾਣੀ ਬਣ ਵਣਜਾਰ, ਪਰਾ ਪਸੰਤੀ ਮਧਮ ਬੈਖਰੀ ਸਾਚੇ ਹੱਟ ਰਖਾਇੰਦਾ । ਹੁਕਮੇ ਅੰਦਰ ਚਾਰ ਵਰਨ ਦੇ ਅਧਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰੰਗ ਵਖਾਇੰਦਾ । ਹੁਕਮੇ ਅੰਦਰ ਚਾਰ ਕੁੰਟ ਹੋਵੇ ਉਜਿਆਰ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਇੰਦਾ । ਹੁਕਮੇ ਅੰਦਰ ਗੁਰ ਗੁਰ ਲੈ ਅਵਤਾਰ, ਹਰਿ ਸਤਿਗੁਰ ਦਇਆ ਕਮਾਇੰਦਾ । ਹੁਕਮੇ ਅੰਦਰ ਜੁਗ ਚੌਕੜੀ ਕਰ ਪਸਾਰ, ਹੁਕਮੇ ਅੰਦਰ ਡੇਰਾ ਢਾਹਿੰਦਾ । ਹੁਕਮੇ ਅੰਦਰ ਘਾੜਨ ਘੜੇ ਬਣ ਠਠਿਆਰ, ਹੁਕਮੇ ਅੰਦਰ ਭੰਨ ਵਖਾਇੰਦਾ । ਹੁਕਮੇ ਅੰਦਰ ਰਾਗ ਨਾਦ ਜੈਕਾਰ, ਹੁਕਮੇ ਅੰਦਰ ਸੁੰਨ ਸਮਾਧ ਸਮਾਇੰਦਾ । ਹੁਕਮੇ ਅੰਦਰ ਬੋਧ ਅਗਾਧ ਜੈਕਾਰ, ਹੁਕਮੇ ਅੰਦਰ ਆਤਮ ਅੰਤਰ ਇਕ ਲਿਵ ਲਾਇੰਦਾ । ਹੁਕਮੇ ਅੰਦਰ ਕਰੇ ਗੁਫ਼ਤਾਰ, ਹੁਕਮੇ ਅੰਦਰ ਕੂਕ ਕੂਕ ਸੁਣਾਇੰਦਾ । ਹੁਕਮੇ ਅੰਦਰ ਸ਼ਾਸਤਰ ਸਿਮਰਤ ਵੇਦ ਦਏ ਅਧਾਰ, ਹੁਕਮੇ ਅੰਦਰ ਗੀਤਾ ਗਿਆਨ ਆਪ ਦ੍ਰਿੜਾਇੰਦਾ । ਹੁਕਮੇ ਅੰਦਰ ਅੰਜ਼ੀਲ ਕੁਰਾਨਾਂ ਕਰ ਤਿਆਰ, ਕਲਮਾ ਨਬੀ

ਆਪ ਸਿਖਾਇੰਦਾ । ਹੁਕਮੇ ਅੰਦਰ ਪੀਰ ਪੈਗ਼ੰਬਰ ਮੁੱਲਾਂ ਸ਼ੇਖ਼ ਮੁਸਾਇਕ ਪਾਏ ਸਾਰ, ਹੁਕਮੇ ਅੰਦਰ ਦਸਤਗੀਰ ਆਪਣਾ ਬੰਧਨ ਪਾਇੰਦਾ । ਹੁਕਮੇ ਅੰਦਰ ਸਤਿਨਾਮ ਕਰ ਉਜਿਆਰ, ਨਾਮ ਸਤਿ ਸਤਿ ਸਮਝਾਇੰਦਾ । ਹੁਕਮੇ ਅੰਦਰ ਵਾਹਿਗੁਰੂ ਫਤਹਿ ਬੋਲ ਜੈਕਾਰ, ਜੈ ਜੈ ਜੈਕਾਰ ਨਾਅਰਾ ਲਾਇੰਦਾ । ਹੁਕਮੇ ਅੰਦਰ ਤੇਈ ਅਵਤਾਰ, ਜੁਗ ਜੁਗ ਲੋਕਮਾਤ ਵੇਸ ਵਟਾਇੰਦਾ । ਹੁਕਮੇ ਅੰਦਰ ਅਠਾਰਾਂ ਭਗਤ ਕਰ ਸ਼ਿੰਗਾਰ, ਪੰਜ ਤੱਤ ਕਾਇਆ ਚੋਲੀ ਰੰਗ ਚੜ੍ਹਾਇੰਦਾ । ਹੁਕਮੇ ਅੰਦਰ ਈਸਾ ਮੂਸਾ ਕਰਿਆ ਖ਼ਬਰਦਾਰ, ਬੇਖ਼ਬਰ ਆਪ ਜਗਾਇੰਦਾ । ਹੁਕਮੇ ਅੰਦਰ ਲੇਖਾ ਜਾਣੇ ਸੰਗ ਮੁਹੰਮਦ ਚਾਰ ਯਾਰ, ਅੱਲਾ ਰਾਣੀ ਪੜਦਾ ਆਪ ਉਠਾਇੰਦਾ । ਹੁਕਮੇ ਅੰਦਰ ਨਾਨਕ ਗੁਰ ਗੋਬਿੰਦ ਏਕਾ ਜੋਤੀ ਜਾਣੇ ਦਸ ਅਵਤਾਰ, ਪਿਤਾ ਪੂਤ ਗੋਦ ਸੁਹਾਇੰਦਾ । ਹੁਕਮੇ ਅੰਦਰ ਖਾਣੀ ਬਾਣੀ ਕਰ ਪਸਾਰ, ਜਗਤ ਰਾਣੀ ਆਪ ਵਡਿਆਇੰਦਾ । ਹੁਕਮੇ ਅੰਦਰ ਅਠਸਠ ਤੀਰਥ ਠੰਡਾ ਪਾਣੀ ਵੇਖੇ ਵੇਖਣਹਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣੇ ਰੰਗ ਰੰਗਾਇੰਦਾ । ਹੁਕਮੇ ਅੰਦਰ ਸਚ ਵਰਤਾਰ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹੁਕਮੇ ਅੰਦਰ ਸਚ ਵਿਹਾਰ, ਹਰਿ ਪੁਰਖ ਨਿਰੰਜਣ ਖੇਲ ਕਰਾਇੰਦਾ । ਹੁਕਮੇ ਅੰਦਰ ਸਚ ਆਧਾਰ, ਏਕੰਕਾਰਾ ਆਪ ਜਣਾਇੰਦਾ । ਹੁਕਮੇ ਅੰਦਰ ਸਚ ਉਜਿਆਰ, ਆਦਿ ਨਿਰੰਜਣ ਆਪ ਕਰਾਇੰਦਾ । ਹੁਕਮੇ ਅੰਦਰ ਸਚ ਅਖਾੜ, ਪੁਰਖ ਅਬਿਨਾਸ਼ੀ ਆਪ ਲਗਾਇੰਦਾ । ਹੁਕਮੇ ਅੰਦਰ ਸਾਚਾ ਨਾਦ, ਸ੍ਰੀ ਭਗਵਾਨ ਆਪ ਸੁਹਾਇੰਦਾ । ਹੁਕਮੇ ਅੰਦਰ ਬ੍ਰਹਮ ਬ੍ਰਹਿਮਾਦ ਅਪਾਰ, ਬ੍ਰਹਮ ਪ੍ਰਭ ਵੰਡ ਵੰਡਾਇੰਦਾ । ਹੁਕਮੇ ਅੰਦਰ ਕਰੇ ਲਾਡ, ਭਗਤ ਭਗਵੰਤ ਗੋਦ ਬਹਾਇੰਦਾ । ਹੁਕਮੇ ਅੰਦਰ ਲੱਖ ਚੁਰਾਸੀ ਵਿਚੋਂ ਕਾਢ, ਆਪ ਆਪਣੇ ਘਰ ਵਸਾਇੰਦਾ । ਹੁਕਮੇ ਅੰਦਰ ਸਚ ਨਿਸ਼ਾਨਾ ਦੇਵੇ ਗਾਡ, ਜੁਗ ਚੌਕੜੀ ਆਪ ਝੁਲਾਇੰਦਾ । ਹੁਕਮੇ ਅੰਦਰ ਖੇਲ ਕਰਾਏ ਮੋਹਣ ਮਾਧਵ ਮਾਧ, ਮੁਕੰਦ ਮਨੋਹਰ ਲੱਖਮੀ ਨਰਾਇਣ ਨੈਣ ਆਪਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾਂ ਜਗੰਤਰ ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਧੁਰ ਫ਼ਰਮਾਣਾ ਏਕੋ ਏਕ, ਇਕ ਇਕੱਲਾ ਆਪ ਜਣਾਈਆ । ਆਦਿ ਜੁਗਾਦੀ ਸਾਚੀ ਟੇਕ, ਦੋ ਜਹਾਨਾਂ ਆਪ ਰਖਾਈਆ । ਜੁਗ ਚੌਕੜੀ ਆਪੇ ਵੇਖ, ਨਿਰਗੁਣ ਸਰਗੁਣ ਰੂਪ ਵਟਾਈਆ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪੇ ਜਾਣੇ ਆਪਣਾ ਲੇਖ, ਲਿਖ ਲਿਖ ਲੇਖ ਨਾ ਕੋਇ ਸਮਝਾਈਆ । ਵਸਣਹਾਰਾ ਸਚਖੰਡ ਸਾਚੇ ਦੇਸ, ਘਟ ਘਟ ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਸਾਚਾ ਹੁਕਮ ਧੁਰ ਫ਼ਰਮਾਣਾ, ਧੁਰ ਦਰਬਾਰੀ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਮੰਨਣਾ ਪਏ ਭਾਣਾ, ਹਰਿ ਭਾਣੇ ਸਦ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦੁਆਰ ਮੰਗਦੇ ਰਹੇ ਦਾਨਾ, ਦਾਤਾ ਦਾਨੀ ਵਸਤ ਅਮੋਲਕ ਝੋਲੀ ਪਾਇੰਦਾ । ਸਚ ਸੰਦੇਸ ਨਰ ਨਰੇਸ਼ ਬੋਧ ਅਗਾਧ ਦੇਂਦਾਂ ਰਿਹਾ ਤਰਾਨਾ, ਤ੍ਰੈਗੁਣ ਅਤੀਤਾ ਠਾਂਡਾ ਸੀਤ ਆਪ ਸੁਣਾਇੰਦਾ । ਪੁਰਖ ਅਗੰਮਾ ਮਰਦ ਮਰਦਾਨਾ ਸ੍ਰੀ ਭਗਵਾਨਾ, ਨੌਜਵਾਨਾ ਸਚ ਸਿੰਘਾਸਣ ਪੁਰਖ ਅਬਿਨਾਸ਼ਨ ਸੋਭਾ ਪਾਇੰਦਾ । ਕਰੇ ਖੇਲ ਸਾਚਾ ਕਾਹਨਾ, ਨੂਰੋ ਨੂਰ ਨੂਰ ਨੁਰਾਨਾ, ਆਦਿ ਜੁਗਾਦੀ ਇਕ ਤਰਾਨਾ, ਤ੍ਰੈਭਵਣ ਧਨੀ ਆਪ ਸੁਹਾਇੰਦਾ । ਖੇਲੇ ਖੇਲ ਦੋ ਜਹਾਨਾਂ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਪਾਤਾਲਾਂ ਵੇਖ ਵਖਾਨਾ, ਧਰਤ ਧਵਲ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਜੁਗ ਚੌਕੜੀ ਆਪ ਭੁਵਾਇੰਦਾ । ਹੁਕਮੇ ਅੰਦਰ ਹਰਿ ਜੂ ਗੇੜਾ, ਨਰ ਨਰਾਇਣ

ਆਪ ਰਖਾਈਆ । ਹੁਕਮੇ ਅੰਦਰ ਬੰਨ੍ਹੇ ਬੇੜਾ, ਬਣ ਖੇਵਟ ਸੇਵ ਕਮਾਈਆ । ਹੁਕਮੇ ਅੰਦਰ ਮੁਕਾਏ ਝੇੜਾ, ਜੋ ਘੜਿਆ ਭੰਨ ਵਖਾਈਆ । ਹੁਕਮੇ ਅੰਦਰ ਕਰੇ ਖੁਲ੍ਹਾ ਵੇਹੜਾ, ਖ਼ਾਲਕ ਖ਼ਲਕ ਵੇਖੇ ਖ਼ੁਦਾਈਆ । ਹੁਕਮੇ ਅੰਦਰ ਏਕਾ ਰੰਗ ਵਖਾਏ ਸੰਝ ਸਵੇਰਾ, ਰੈਣ ਦਿਵਸ ਨਾ ਕੋਇ ਵਡਿਆਈਆ । ਹੁਕਮੇ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਢਾਹਿਆ ਢੇਰਾ, ਕਲਜੁਗ ਅੰਤਮ ਵੇਖ ਵਖਾਈਆ । ਹੁਕਮੇ ਅੰਦਰ ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਲੱਖ ਚੁਰਾਸੀ ਛੇੜੇ ਛੇੜਾ, ਪੰਜ ਤੱਤ ਆਪਣਾ ਭੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਗੁਰ ਸਮਝਾਈਆ । ਸਾਚਾ ਹੁਕਮ ਸਤਿਗੁਰ ਧੁਰ, ਧੁਰ ਦਰਬਾਰੀ ਆਪ ਜਣਾਇੰਦਾ । ਲੇਖਾ ਚੁੱਕੇ ਦੇਵਤ ਸੁਰ, ਸੁਰਪਤ ਨਜ਼ਰ ਕੋਇ ਨਾ ਆਇੰਦਾ । ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨਾ ਏਕਾ ਚੜ੍ਹਿਆ ਸਾਚੇ ਘੋੜ, ਅਸਵ ਆਪਣਾ ਆਪ ਦੁੜਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲਾ ਦੀਨ ਦਿਆਲਾ ਦੋ ਜਹਾਨਾਂ ਜਨ ਭਗਤਾਂ ਆਪੇ ਜਾਏ ਬਹੁੜ, ਬਣ ਪਾਂਧੀ ਪੰਧ ਮੁਕਾਇੰਦਾ । ਹੁਕਮੇ ਅੰਦਰ ਲੱਖ ਚੁਰਾਸੀ ਜੀਵ ਜੰਤ ਵੇਖੇ ਮਿੱਠਾ ਕੌੜਾ, ਕੌੜਾ ਰੀਠਾ ਭੰਨ ਵਖਾਇੰਦਾ । ਹੁਕਮੇ ਅੰਦਰ ਏਥੇ ਓਥੇ ਰਿਹਾ ਦੌੜ, ਦੌੜਨਹਾਰਾ ਦਿਸ ਨਾ ਆਇੰਦਾ । ਹੁਕਮੇ ਅੰਦਰ ਦਰਗਹਿ ਸਾਚੀ ਸਚਖੰਡ ਦੁਆਰੇ ਲਾਏ ਏਕਾ ਪੌੜ, ਨਾਮ ਡੰਡਾ ਹੱਥ ਫੜਾਇੰਦਾ । ਹੁਕਮੇ ਅੰਦਰ ਲੱਖ ਚੁਰਾਸੀ ਅੱਗੇ ਪਿਛੇ ਦੇਵੇ ਤੋਰ, ਥਿਰ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਹੁਕਮੇ ਅੰਦਰ ਰਾਗ ਗੀਤ, ਗੀਤ ਗੋਬਿੰਦ ਆਪ ਜਣਾਈਆ । ਹੁਕਮੇ ਅੰਦਰ ਜੁਗ ਜੁਗ ਰੀਤ, ਜੁਗ ਕਰਤਾ ਆਪ ਚਲਾਈਆ । ਹੁਕਮੇ ਅੰਦਰ ਹਸਤ ਕੀਟ, ਨਿਰਧਨ ਸਰਧਨ ਰੰਗ ਵਖਾਈਆ । ਹੁਕਮੇ ਅੰਦਰ ਪਤਿਤ ਪੁਨੀਤ, ਪਾਪੀ ਆਪ ਤਰਾਈਆ । ਹੁਕਮੇ ਅੰਦਰ ਸਾਜਣ ਮੀਤ, ਬਣ ਸੇਵਕ ਸੇਵ ਕਮਾਈਆ । ਹੁਕਮੇ ਅੰਦਰ ਮੰਦਰ ਮਸੀਤ, ਸ਼ਿਵਦਵਾਲੇ ਮੱਠ ਰੰਗ ਵਖਾਈਆ । ਹੁਕਮੇ ਅੰਦਰ ਲਾਏ ਪ੍ਰੀਤ, ਪ੍ਰੀਤਮ ਪਿਆਰਾ ਵੇਸ ਵਟਾਈਆ । ਹੁਕਮੇ ਅੰਦਰ ਠਾਂਡਾ ਸੀਤ, ਅਗਨੀ ਤੱਤ ਤੱਤ ਬੁਝਾਈਆ । ਹੁਕਮੇ ਅੰਦਰ ਆਪ ਅਨਡੀਠ, ਅਨਡਿਠੜੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਸੁਣਾਈਆ । ਏਕਾ ਹੁਕਮ ਹਰਿ ਹਰਿ, ਹਰਿ ਜੂ ਆਪ ਸੁਣਾਇੰਦਾ । ਏਕਾ ਹੁਕਮ ਦਰ ਦਰਵੇਸ ਦੇਵੇ ਦਰ ਦਰ, ਦਰ ਦਰ ਆਪਣੀ ਅਲਖ ਜਗਾਇੰਦਾ । ਏਕਾ ਹੁਕਮ ਲੱਖ ਚੁਰਾਸੀ ਵੇਖੇ ਫੜ ਫੜ, ਘਰ ਘਰ ਆਪਣਾ ਫੇਰਾ ਪਾਇੰਦਾ । ਏਕਾ ਹੁਕਮ ਗ੍ਰਿਹ ਮੰਦਰ ਵੇਖੇ ਚੜ੍ਹ ਚੜ੍ਹ, ਮਹੱਲ ਅਟੱਲ ਸੋਭਾ ਪਾਇੰਦਾ । ਏਕਾ ਹੁਕਮ ਆਪਣੀ ਵਿਦਿਆ ਆਪੇ ਪੜ੍ਹ ਪੜ੍ਹ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਏਕਾ ਹੁਕਮ ਸਚਖੰਡ ਦੁਆਰੇ ਖੜ ਖੜ, ਸੋ ਪੁਰਖ ਨਿਰੰਜਣ ਆਪ ਸੁਣਾਇੰਦਾ । ਏਕਾ ਹੁਕਮ ਲੱਖ ਚੁਰਾਸੀ ਲਾਏ ਜੜ੍ਹ ਜੜ੍ਹ, ਬੂਟਾ ਲੋਕਮਾਤ ਲਹਿਰਾਇੰਦਾ । ਏਕਾ ਹੁਕਮ ਲੇਖਾ ਜਾਣੇ ਨਾਰੀ ਨਰ ਨਰ, ਨਰਾਇਣ ਭੇਵ ਚੁਕਾਇੰਦਾ । ਤ੍ਰੈਗੁਣ ਮਾਇਆ ਪੰਜ ਤੱਤ ਅਗਨੀ ਜਾਏ ਸੜ ਸੜ, ਅੰਮ੍ਰਿਤ ਸੀਤਲ ਧਾਰ ਵਹਾਇੰਦਾ । ਏਕਾ ਹੁਕਮ ਸੀਸ ਜਗਦੀਸ ਤਾਜ ਧਰ ਧਰ, ਸਾਚੇ ਤਖ਼ਤ ਸੋਭਾ ਪਾਇੰਦਾ । ਏਕਾ ਹੁਕਮ ਨਿਰਭੌ ਚੁਕਾਏ ਭੈ ਡਰ ਡਰ, ਭਿਆਨਕ ਰੂਪ ਨਜ਼ਰ ਨਾ ਆਇੰਦਾ । ਏਕਾ ਹੁਕਮ ਆਵੇ ਜਾਵੇ ਜੰਮੇ ਮਰ ਮਰ, ਜਨਮ ਮਰਨ ਆਪਣੀ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਜੁਗ ਜੁਗ ਆਪਣਾ ਹੁਕਮ ਵਰਤਾਇੰਦਾ । ਜੁਗ ਜੁਗ ਹੁਕਮ ਸ੍ਰੀ ਭਗਵੰਤ, ਸੋ ਪੁਰਖ ਨਿਰੰਜਣ

ਆਪ ਵਰਤਾਈਆ । ਲੱਖ ਚੁਰਾਸੀ ਬਣਾਏ ਬਣਤ, ਘੜ ਭਾਂਡੇ ਵੇਖ ਵਖਾਈਆ । ਲੇਖਾ ਜਾਣੇ ਆਦਿ ਅੰਤ, ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਨਾ ਰਖਾਈਆ । ਆਪਣਾ ਨਾਉਂ ਜਣਾਏ ਸਾਚਾ ਮੰਤ, ਗੁਰ ਅਵਤਾਰ ਕਰ ਪੜ੍ਹਾਈਆ । ਘਰ ਮੇਲਾ ਘਰ ਚੇਲਾ ਘਰ ਗੁਰੂ ਘਰ ਵੇਖੇ ਨਾਰ ਕੰਤ, ਸਚ ਸੁਹਾਗ ਇਕ ਹੰਢਾਈਆ । ਹੁਕਮੇ ਅੰਦਰ ਰੰਗ ਚੜ੍ਹਾਏ ਆਪ ਬਸੰਤ, ਉਤਰ ਕਦੇ ਨਾ ਜਾਈਆ । ਹੁਕਮੇ ਅੰਦਰ ਬੋਧ ਗਿਆਨਾ ਹੋਵੇ ਪੰਡਤ, ਜੀਉ ਪਿੰਡ ਕਰੇ ਰੁਸ਼ਨਾਈਆ । ਹੁਕਮੇ ਅੰਦਰ ਹੋਏ ਖੰਡਤ, ਖੰਡਾ ਖੜਗ ਖੜਗ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ, ਆਪਣਾ ਹੁਕਮ ਆਪ ਮਨਾਈਆ । ਧੁਰ ਫ਼ਰਮਾਣਾ ਸਾਰੇ ਰਹੇ ਮੰਨ, ਪ੍ਰਭ ਅੱਗੇ ਸੀਸ ਝੁਕਾਇਆ । ਪੁਰਖ ਅਕਾਲ ਧੰਨ ਧੰਨ, ਸੱਚਾ ਢੋਲਾ ਗਾਇਆ । ਆਦਿ ਜੁਗਾਦੀ ਜਨਨੀ ਜਨ, ਧੰਨ ਧੰਨ ਜਣੇਂਦੀ ਮਾਇਆ । ਜੁਗਾ ਜੁਗੰਤਰ ਬੇੜਾ ਬੰਨ੍ਹ, ਲੱਖ ਚੁਰਾਸੀ ਮਾਤ ਵਖਾਇਆ । ਏਕਾ ਰਾਗ ਸੁਣਾਏ ਕੰਨ, ਬਿਨਾਂ ਤੰਦੀ ਤੰਦ ਸਿਤਾਰ ਵਜਾਇਆ । ਏਕਾ ਨੂਰ ਸੂਰਜ ਚੰਨ, ਕਿਰਨ ਕਿਰਨ ਕਿਰਨ ਚਮਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਸਰਬ ਮਨਾਈਆ । ਹੁਕਮੇ ਅੰਦਰ ਹਰਿ ਜੂ ਰੱਖ, ਜੁਗ ਜੁਗ ਕਰੇ ਪੜ੍ਹਾਈਆ । ਸਤਿਗੁਰ ਸ਼ਬਦ ਕਰ ਪਰਤੱਖ, ਪੰਜ ਤੱਤ ਗਿਆਨ ਦ੍ਰਿੜਾਈਆ । ਨਿਰਗੁਣ ਅੰਦਰ ਜੋਤ ਰੱਖ, ਅੰਧ ਅੰਧੇਰਾ ਦਏ ਗਵਾਈਆ । ਆਤਮ ਕਰੇ ਆਪਣੇ ਵਸ, ਪਰਮਾਤਮ ਬੰਧਨ ਪਾਈਆ । ਬ੍ਰਹਮ ਪਾਰਬ੍ਰਹਮ ਅੰਦਰ ਜਾਏ ਫਸ, ਚਾਰੋਂ ਕੁੰਟ ਘੇਰਾ ਰਿਹਾ ਵਖਾਈਆ । ਸਾਚਾ ਮਾਰਗ ਆਪੇ ਦੱਸ, ਲੋਕਮਾਤ ਮਾਤ ਜਣਾਈਆ । ਦੀਨ ਦਿਆਲ ਠਾਕਰ ਸੁਆਮੀ ਭਗਤ ਭਗਵਾਨ ਗਾਏ ਜਸ, ਜਸ ਆਪ ਸੁਣਾਈਆ । ਤ੍ਰੈਗੁਣ ਮਾਇਆ ਨਾ ਸਕੇ ਡੱਸ, ਪੰਜ ਤੱਤ ਨਾ ਕੋਇ ਲੜਾਈਆ । ਮਨ ਵਾਸਨਾ ਕਰੇ ਵਸ, ਮਤ ਬੁਧ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਰੱਖੇ ਸਰਬ ਲੋਕਾਈਆ । ਹੁਕਮੇ ਅੰਦਰ ਬੈਠਾ ਲੁਕ, ਆਪਣਾ ਮੁਖ ਛੁਪਾਇੰਦਾ । ਹੁਕਮੇ ਅੰਦਰ ਬੈਠਾ ਛੁਪ, ਨਜ਼ਰ ਕਿਸੇ ਨਾ ਆਇੰਦਾ । ਹੁਕਮੇ ਅੰਦਰ ਵੇਖੇ ਰੁੱਤ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਹੁਕਮੇ ਅੰਦਰ ਖੇਲ ਕਰੇ ਅਬਿਨਾਸ਼ੀ ਅਚੁੱਤ, ਚੇਤਨ ਆਪਣੀ ਧਾਰ ਚਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਆਪੇ ਪਿਆ ਉਠ, ਆਪਣਾ ਰੂਪ ਆਪ ਪਰਗਟਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਭੇਜਦਾ ਰਿਹਾ ਆਪਣੇ ਸੁਤ, ਸਤਿ ਸਤਿਵਾਦੀ ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤਮ ਆਪ ਸੁਹਾਏ ਆਪਣੀ ਰੁੱਤ, ਨਿਰਗੁਣ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ ਆਪਣਾ ਹੁਕਮ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤ ਹੁਕਮ ਵਰਤੇ ਹਰਿ ਨਿਰੰਕਾਰ, ਸਚ ਸੰਦੇਸਾ ਆਪ ਸੁਣਾਈਆ । ਨਿਰਗੁਣ ਨਿਰਗੁਣ ਲੈ ਅਵਤਾਰ, ਜੋਤੀ ਜੋਤ ਕਰੇ ਰੁਸ਼ਨਾਈਆ । ਸ਼ਬਦੀ ਸ਼ਬਦ ਗੁਰ ਪਸਾਰ, ਗੁਰ ਕਰਤਾ ਖੇਲ ਕਰਾਈਆ । ਲਹਿਣਾ ਦੇਣਾ ਪੂਰਬ ਸਭ ਦਾ ਦਏ ਨਿਵਾਰ, ਬਾਕੀ ਕੋਇ ਨਜ਼ਰ ਨਾ ਆਈਆ । ਕਰੇ ਖੇਲ ਏਕਾ ਵਾਰ, ਏਕੰਕਾਰਾ ਵਡ ਵਡਿਆਈਆ । ਬਿਨ ਮਾਤ ਪਿਤ ਪਰਗਟ ਹੋਇਆ ਵਿਚ ਸੰਸਾਰ, ਸਾਕ ਸੱਜਣ ਸੈਣ ਨਾ ਕੋਇ ਰਖਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸਾਚਾ ਹੁਕਮ ਕਰੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਸਚਖੰਡ ਨਿਵਾਸਾ ਖੇਲ ਤਮਾਸ਼ਾ ਪੁਰਖ ਅਬਿਨਾਸ਼ਾ ਆਪੇ ਵੇਖੇ ਵੇਖਣਹਾਰ, ਦੂਜਾ ਸੰਗ ਨਾ ਕੋਇ ਰਲਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਮੁਕਾਮੇ ਹੱਕ ਹੱਕ ਕਰਾਇੰਦਾ । ਆਦਿ ਜੁਗਾਦੀ ਵਸਣਹਾਰਾ ਨਿਹਚਲ ਧਾਮ ਅਟੱਲਾ, ਮਹੱਲ ਅਟੱਲ ਇਕ ਸੁਹਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਬਿਸਮਲ ਆਪਣੀ ਧਾਰ ਵਖਾਇੰਦਾ । ਸਚ ਸੰਦੇਸ ਧੁਰ ਫ਼ਰਮਾਣਾ ਆਲਮੀਨ ਬੇਐਬ ਖ਼ੁਦਾ ਏਕਾ ਘੱਲਾ, ਮਹਿਬਾਨ ਬੀਦੋ ਆਪਣਾ ਹੁਕਮ ਵਰਤਾਇੰਦਾ । ਨਿਰਗੁਣ ਸਰਗੁਣ ਫੜਾਏ ਪੱਲਾ, ਲੇਖਾ ਜਾਣੇ ਇਲਾਹੀ ਅੱਲਾ, ਹੱਕ ਹੱਕ ਆਪਣਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਸਾਚਾ ਰਾਣਾ ਸ੍ਰੀ ਭਗਵਾਨਾ ਆਪ ਸੁਣਾਇੰਦਾ । ਧੁਰ ਫ਼ਰਮਾਣਾ ਦੇਵੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸ਼ਬਦੀ ਸੁਤ ਸੁਤ ਬਲਵਾਨ, ਸੂਰਬੀਰ ਨਾਲ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਲ, ਹੁਕਮੀ ਹੁਕਮ ਆਪ ਸੁਣਾਈਆ । ਤ੍ਰੈਗੁਣ ਮਾਇਆ ਪੰਜ ਤੱਤ ਹੋਇਆ ਕੰਗਾਲ, ਜਗਤ ਕੰਗਾਲੀ ਝੋਲੀ ਪਾਈਆ । ਗੁਰ ਅਵਤਾਰ ਕਰੋ ਸੰਭਾਲ, ਪੀਰ ਪੈਗ਼ੰਬਰ ਨਾਲ ਮਿਲਾਈਆ । ਮੁਰੀਦ ਮੁਰਸ਼ਦ ਗੁਰੂ ਗੁਰਸਿਖ ਚੇਲੇ ਲਊ ਸੰਭਾਲ, ਜੋ ਬੈਠੇ ਹਰਿ ਹਰਿ ਧਿਆਨ ਲਗਾਈਆ । ਨੇਤਰ ਨੈਣ ਹਰਿ ਜੂ ਹਰਿ ਹਰਿ ਸਭ ਨੂੰ ਲਏ ਵਖਾਲ, ਨੌਂ ਖੰਡ ਪ੍ਰਿਥਮੀ ਏਕਾ ਵਾਰ ਫਿਰਾਈਆ । ਜੀਵ ਜੰਤ ਕਲਜੁਗ ਮਾਇਆ ਝੂਠੀ ਛਾਇਆ ਕਰੇ ਬੇਹਾਲ, ਬਹਿਬਲ ਰੋਵੇ ਸਰਬ ਲੋਕਾਈਆ । ਨਾ ਕੋਈ ਸੁਣੇ ਮੁਰੀਦਾਂ ਹਾਲ, ਘਰ ਘਰ ਵੱਜੇ ਝੂਠਾ ਤਾਲ, ਮਾਇਆ ਮਮਤਾ ਹਉਮੇ ਹੰਗਤਾ ਨਾਚ ਰਹੀ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਆਪ ਜਗਾਈਆ । ਹੁਕਮੇ ਅੰਦਰ ਗਏ ਜਾਗ, ਹਰਿ ਜਾਗਰਤ ਆਪ ਜਗਾਇੰਦਾ । ਚਾਰ ਜੁਗ ਫੜਾਈ ਤੁਹਾਡੇ ਹੱਥ ਵਾਗ, ਰਾਸਾਂ ਏਕਾ ਏਕ ਵਖਾਇੰਦਾ । ਨੇਤਰ ਖੋਲ੍ਹੇ ਰਸਨਾ ਬੋਲੇ ਚਾਰ ਵਰਨ ਲੱਗਾ ਦਾਗ਼, ਦੁਰਮਤ ਮੈਲ ਨਾ ਕੋਇ ਧੁਵਾਇੰਦਾ । ਘਟ ਘਟ ਅੰਦਰ ਦੀਪਕ ਜੋਤੀ ਬੁਝਿਆ ਚਿਰਾਗ, ਨੇਤਰ ਗਿਆਨ ਨਾ ਕੋਇ ਖੁਲ੍ਹਾਇੰਦਾ । ਮਨਮੁਖਤਾ ਜੀਵ ਹੰਸ ਬਣਾਇਆ ਕਾਗ, ਜੂਠਾ ਝੂਠਾ ਵਿਸ਼ਟਾ ਮੁਖ ਰਖਾਇੰਦਾ । ਕਿਸੇ ਨਾ ਮਿਲਿਆ ਹਰਿ ਸੁਹਾਗ, ਕੰਤ ਕੰਤੂਹਲ ਨਾ ਕੋਇ ਹੰਢਾਇੰਦਾ । ਕਲਜੁਗ ਅੰਤ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰਸਨਾ ਜਿਹਵਾ ਗਾਇਣ ਗਾਥ, ਆਤਮ ਅੰਤਰ ਨਾ ਕੋਇ ਵਸਾਇੰਦਾ । ਸ੍ਰਿਸ਼ਟੀ ਭੁੱਲੀ ਜ਼ਾਤ ਪਾਤ, ਬ੍ਰਹਮ ਨਜ਼ਰ ਕਿਸੇ ਨਾ ਆਇੰਦਾ । ਵਰਨ ਅਠਾਰਾਂ ਡੁੱਬੇ ਡੂੰਘੇ ਖਾਤ, ਫੜ ਬਾਹੋਂ ਬਾਹਰ ਨਾ ਕੋਇ ਕਢਾਇੰਦਾ । ਸਰਗੁਣ ਨਾਲ ਜੁੜਿਆ ਨਾਤ, ਨਿਰਗੁਣ ਇਸ਼ਟ ਨਾ ਕੋਇ ਮਨਾਇੰਦਾ । ਆਪਣੀ ਨੇਤਰੀਂ ਵੇਖੋ ਕਿਸ ਨਾਲ ਦੇਵਾਂ ਸਾਥ, ਸਗਲਾ ਸੰਗ ਕਵਣ ਨਿਭਾਇੰਦਾ । ਕਲਜੁਗ ਅੰਤਮ ਆਇਆ ਘਾਟ, ਹਰਿ ਜੂ ਬੇੜਾ ਆਪ ਰੁੜ੍ਹਾਇੰਦਾ । ਜੂਠਾ ਝੂਠਾ ਚੋਲਾ ਜਾਣਾ ਪਾਟ, ਕਾਇਆ ਕਫ਼ਨੀ ਨਾ ਕੋਇ ਹੰਢਾਇੰਦਾ । ਪੀਰ ਪੈਗ਼ੰਬਰ ਵੇਖੋ ਆਪਣੀ ਜ਼ਮਾਤ, ਅਲਫ਼ ਯੇ ਕਵਣ ਪੜ੍ਹਾਇੰਦਾ । ਗੁਰ ਅਵਤਾਰ ਲੱਭੋ ਸਾਥ, ਗੁਰਮੁਖ ਬਣ ਸੰਗ ਕਵਣ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹੁਕਮੇ ਅੰਦਰ ਲੋਕਮਾਤ ਪੁਰਖ ਅਬਿਨਾਸ਼ੀ ਖੋਲ੍ਹ ਤਾਕ, ਝਾਤੀ ਏਕਾ ਵਾਰ ਪੁਵਾਇੰਦਾ । ਸਾਰੇ ਮਾਰਨ ਨੇਤਰ ਝਾਕੀ, ਝਲਕ ਆਪਣੀ ਨਾ ਕਿਸੇ ਦਿਖਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਝੂਠੀ ਰੈਣ ਅੰਧੇਰਾ ਪਾਈਆ । ਸਾਚਾ ਮਿਲੇ ਨਾ ਕੋਇ ਸਾਕੀ, ਮਦਿਰਾ ਜਾਮ ਪੀਵੇ ਸਰਬ ਲੋਕਾਈਆ । ਆਤਮ ਚਾੜ੍ਹੇ ਨਾ ਕੋਈ ਘਾਟੀ, ਨੌਂ ਦੁਆਰੇ ਰੋਵਣ ਮਾਰਨ ਧਾਹੀਆ । ਰਾਏ ਧਰਮ


੮੮੭
੧੧

ਮੰਗੇ ਬਾਕੀ, ਚਿੱਤਰ ਗੁਪਤ ਹਿਸਾਬ ਵਖਾਈਆ । ਲਾੜੀ ਮੌਤ ਲੱਭੇ ਸਾਥੀ, ਲੱਖ ਚੁਰਾਸੀ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਲੋਕਮਾਤ, ਆਪਣਾ ਮੁੱਖ ਛੁਪਾਇਆ । ਜੁਗ ਜੁਗ ਦੱਸ ਕੇ ਆਏ ਸਾਚੀ ਗਾਥ, ਅੱਖਰ ਅੱਖਰ ਜਗਤ ਪੜ੍ਹਾਇਆ । ਅੰਤ ਨਾ ਕੋਇ ਸੁਹੇਲਾ ਬਿਨ ਪੁਰਖ ਸਮਰਾਥ, ਸਗਲਾ ਸੰਗ ਨਾ ਕੋਇ ਨਿਭਾਇਆ । ਗੁਰ ਕਾ ਸ਼ਬਦ ਨਾ ਰੱਖਿਆ ਕਿਸੇ ਯਾਦ, ਮਨਮਤ ਆਪਣਾ ਰਾਹ ਚਲਾਇਆ । ਵੇਲੇ ਅੰਤ ਨਾ ਪੁਛੇ ਕੋਈ ਵਾਤ, ਗੁਰ ਅਵਤਾਰ ਬੈਠੇ ਮੁਖ ਭੁਵਾਇਆ । ਪੁਰਖ ਅਬਿਨਾਸ਼ੀ ਲੱਖ ਚੁਰਾਸੀ ਤੇਰੀ ਦਾਤ, ਤੇਰੀ ਵੰਡ ਵੰਡਾਇਆ । ਲੋਕਮਾਤ ਕੱਟ ਕੇ ਆਏ ਵਾਟ, ਤੇਰਾ ਨਾਉਂ ਸੁਣਾਇਆ । ਨਾਨਕ ਕਹੇ ਮੈਂ ਲੇਖਾ ਚੁੱਕਿਆ ਜਾਤ ਪਾਤ, ਊਚ ਨੀਚ ਨਾ ਕੋਇ ਵਖਾਇਆ । ਗੋਬਿੰਦ ਕਹੇ ਮੈਂ ਗ਼ਰੀਬ ਨਿਮਾਣਿਆਂ ਬਣਾਇਆ ਸੱਜਣ ਸਾਕ, ਝੀਵਰ ਛੀਬੇ ਨਾਈ ਗੋਦ ਬਹਾਇਆ । ਕਲਜੁਗ ਜੀਵ ਭੁੱਲੇ ਭਵਿਖਤ ਵਾਕ, ਪੁਰਖ ਅਕਾਲ ਨਾ ਕਿਸੇ ਮਨਾਇਆ । ਮਾਇਆ ਮਮਤਾ ਵਿਕੇ ਵਾਟ, ਕਰਤਾ ਕੀਮਤ ਕੋਇ ਨਾ ਪਾਇਆ । ਅੰਤਮ ਡੂੰਘੇ ਸੁੱਟੇ ਖਾਤ, ਲੱਖ ਚੁਰਾਸੀ ਗੇੜ ਦੁਵਾਇਆ । ਜਨ ਭਗਤਾਂ ਪੁਛੇ ਆਪੇ ਵਾਤ, ਕਰ ਕਿਰਪਾ ਮੇਲ ਮਿਲਾਇਆ । ਸ਼ਬਦ ਅਗੰਮੀ ਦੇਵੇ ਦਾਤ, ਆਪਣਾ ਹੁਕਮ ਆਪ ਸੁਣਾਇਆ । ਮਨਮਤ ਰਹੇ ਨਾ ਨਾਰ ਕਮਜ਼ਾਤ, ਚਾਰੇ ਵਰਨਾਂ ਡੇਰਾ ਢਾਹਿਆ । ਆਤਮ ਪਰਮਾਤਮ ਸਗਲਾ ਸਾਥ, ਊਚ ਨੀਚ ਨਾ ਕੋਇ ਰਖਾਇਆ । ਸਾਰੇ ਮਿਲ ਮਿਲ ਗਾਓ ਏਕਾ ਗਾਥ, ਸੋਹੰ ਅੱਖਰ ਆਪ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਆਪਣਾ ਹੁਕਮ ਆਪ ਵਡਿਆਇਆ । ਹੁਕਮੇ ਅੰਦਰ ਚੁੱਕੇ ਲਹਿਣਾ, ਲਹਿਣੇਦਾਰ ਨਜ਼ਰ ਕੋਇ ਨਾ ਆਈਆ । ਹੁਕਮੇ ਅੰਦਰ ਵਹਿਣ ਵਹਿਣਾ, ਰੋੜ੍ਹੇ ਸਰਬ ਲੋਕਾਈਆ । ਹੁਕਮੇ ਅੰਦਰ ਬ੍ਰਹਮਾ ਵਿਸ਼ਨ ਸ਼ਿਵ ਮੰਨਣਾ ਕਹਿਣਾ, ਮੰਨ ਮੰਨ ਸ਼ੁਕਰ ਮਨਾਈਆ । ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰਾਂ ਵਖਾਏ ਆਪਣੇ ਨੈਣਾਂ, ਕਲਜੁਗ ਵੇਲਾ ਅੰਤਮ ਆਈਆ । ਹੁਕਮੇ ਅੰਦਰ ਭਾਣਾ ਸਹਿਣਾ ਪੈਣਾ, ਨਾ ਕੋਈ ਸਕੇ ਸਿਰ ਉਠਾਈਆ । ਹੁਕਮੇ ਅੰਦਰ ਰਾਜਾ ਰਾਣਾ ਕੋਈ ਨਾ ਰਹਿਣਾ, ਸੀਸ ਤਾਜ ਨਾ ਕੋਇ ਟਿਕਾਈਆ । ਹੁਕਮੇ ਅੰਦਰ ਸੂਰਬੀਰ ਬਲਕਾਰੀ ਢੈਣਾ, ਬਲ ਆਪਣਾ ਨਾ ਕੋਇ ਧਰਾਈਆ । ਹੁਕਮੇ ਅੰਦਰ ਜੀਵ ਜੰਤ ਲਾੜੀ ਮੌਤ ਖਾਏ ਡੈਣਾਂ, ਘਰ ਘਰ ਆਪਣਾ ਫੇਰਾ ਪਾਈਆ । ਹੁਕਮੇ ਅੰਦਰ ਗੁਰਮੁਖ ਮਿਲੇ ਸਤਿਗੁਰ ਚਰਨੀ ਬਹਿਣਾ, ਹਰਿ ਸਤਿਗੁਰ ਦੇਵੇ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪਣੇ ਹੱਥ ਰਖਾਈਆ । ਆਪਣਾ ਹੁਕਮ ਰੱਖੇ ਹੱਥ, ਭੇਵ ਨਾ ਕਿਸੇ ਜਣਾਇੰਦਾ । ਗੁਰ ਅਵਤਾਰ ਗਾ ਗਾ ਗਏ ਗਾਥ, ਗਾਥਾ ਗਾ ਗਾ ਅੰਤ ਨਾ ਕੋਇ ਕਰਾਇੰਦਾ । ਖੇਲੇ ਖੇਲ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਧਾਰ ਰਖਾਇੰਦਾ । ਕਲਜੁਗ ਅੰਤਮ ਖੇਲ ਤਮਾਸ਼, ਬਣ ਨਟੂਆ ਨਾਚ ਨਚਾਇੰਦਾ । ਜਨ ਭਗਤਾਂ ਹੋਏ ਦਾਸੀ ਦਾਸ, ਭਗਵਨ ਸੇਵਕ ਸੇਵ ਕਮਾਇੰਦਾ । ਲੇਖਾ ਜਾਣ ਪ੍ਰਿਥਮੀ ਅਕਾਸ਼, ਗ੍ਰਿਹ ਮੰਦਰ ਅੰਦਰ ਖੋਜ ਖੋਜਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਪੂਰਬ ਲਹਿਣਾ ਝੋਲੀ ਪਾਇੰਦਾ । ਕਰਮ ਕਰਮ ਦੀ ਬੁਝੇ ਪਿਆਸ, ਨਿਹਕਰਮੀ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਮਿਲਾਇੰਦਾ । ਹਰਿਜਨ ਮੇਲਾ ਇਕੋ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਹਰਿਜਨ ਵੇਖੇ

ਇਕੋ ਘਰ, ਘਰ ਬੰਕ ਦਏ ਵਡਿਆਈਆ । ਹਰਿਜਨ ਸੱਜਣ ਲਏ ਵਰ, ਕੰਤ ਕੰਤੂਹਲ ਸੱਚਾ ਸ਼ਹਿਨਸ਼ਾਹੀਆ । ਹਰਿਜਨ ਚੁਕਾਏ ਭੈ ਡਰ, ਭੌ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਚਾਈਂ ਚਾਈਆ । ਹਰਿਜਨ ਮੇਲਾ ਹਰਿ ਹਰਿ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਆਤਮ ਸੇਜਾ ਇਕ ਪਲੰਘ, ਬਸਨ ਬਨਵਾਰੀ ਆਪ ਹੰਢਾਇੰਦਾ । ਸ਼ਬਦ ਅਗੰਮੀ ਇਕ ਤਰੰਗ, ਤ੍ਰੈਗੁਣ ਅਤੀਤਾ ਆਪ ਉਡਾਇੰਦਾ । ਸਤਿ ਸਤਿਵਾਦੀ ਇਕ ਕਮੰਦ, ਚਿੱਲਾ ਗੋਸ਼ੇ ਆਪ ਚੜ੍ਹਾਇੰਦਾ । ਨਰ ਨਿਰੰਕਾਰਾ ਏਕਾ ਛੰਦ, ਸੋ ਪੁਰਖ ਨਿਰੰਜਣ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਪਰਮਾਨੰਦ, ਪਰਮ ਪੁਰਖ ਮੇਲ ਮਿਲਾਇੰਦਾ । ਪਰਮ ਪੁਰਖ ਮੇਲ ਮਿਲੰਨਾ, ਭੇਵ ਕੋਇ ਨਾ ਪਾਈਆ । ਸਾਚਾ ਘਰ ਇਕ ਵਸੰਨਾ, ਵਸਨੀਕ ਹੋਏ ਸੱਚਾ ਸ਼ਹਿਨਸ਼ਾਹੀਆ । ਏਕਾ ਰਾਗ ਸੁਣਾਏ ਕੰਨਾ, ਗੀਤ ਗੋਬਿੰਦ ਅਲਾਈਆ । ਪੰਚ ਵਿਕਾਰਾ ਦੇਵੇ ਡੰਨਾ, ਡੰਕਾ ਏਕਾ ਨਾਮ ਵਜਾਈਆ । ਕਰ ਵਸੇਰਾ ਬਿਨ ਛੱਪਰ ਛੰਨਾ, ਮਹੱਲ ਅਟੱਲ ਇਕ ਬਹਾਈਆ । ਨਜ਼ਰੀ ਆਏ ਸ੍ਰੀ ਭਗਵੰਨਾ, ਜੋਤੀ ਜੋਤ ਜੋਤ ਰੁਸ਼ਨਾਈਆ । ਆਪਣਾ ਹੁਕਮ ਹਰਿ ਜੂ ਆਪੇ ਮੰਨਾ, ਮੰਨ ਮੰਨ ਆਪਣਾ ਸੀਸ ਝੁਕਾਈਆ । ਸਾਚਾ ਹੁਕਮ ਦੇਵੇ ਜੱਟ ਧੰਨਾ, ਗ਼ਰੀਬ ਨਿਮਾਣਿਆਂ ਨਾਲ ਮਿਲਾਈਆ । ਕਲਜੁਗ ਅੰਤਮ ਬਣ ਕੇ ਜੱਟ ਜਾਤ ਪਾਤ ਦਾ ਮੇਟਣਾ ਬੰਨਾ, ਨਾਮ ਹੱਲ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਦੋ ਜਹਾਨ, ਕਲਜੁਗ ਅੰਤ ਅੰਤ ਆਪਣਾ ਹੁਕਮ ਆਪ ਵਰਤਾਈਆ ।



★ ੧੦ ਚੇਤ ੨੦੧੯ ਬਿਕ੍ਰਮੀ ਮੱਖਣ ਸਿੰਘ ਦੇ ਗ੍ਰਹਿ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ★

ਹੁਕਮੇ ਅੰਦਰ ਤਖ਼ਤ ਰਾਜ, ਰਾਜ ਯੋਗ ਹੁਕਮੀ ਖੇਲ ਕਰਾਇੰਦਾ । ਹੁਕਮੇ ਅੰਦਰ ਬ੍ਰਹਿਮੰਡ ਕਾਜ, ਬ੍ਰਹਮ ਬ੍ਰਹਿਮਾਦ ਹੁਕਮੇ ਅੰਦਰ ਫਿਰਾਇੰਦਾ । ਹੁਕਮੇ ਅੰਦਰ ਲੱਖ ਚੁਰਾਸੀ ਸਾਜਨ ਸਾਜ, ਘਟ ਘਟ ਅੰਦਰ ਆਪਣਾ ਹੁਕਮ ਵਰਤਾਇੰਦਾ । ਹੁਕਮੇ ਅੰਦਰ ਨਿਰਗੁਣ ਸਰਗੁਣ ਰੱਖੇ ਲਾਜ, ਗੁਰ ਅਵਤਾਰ ਹੁਕਮੇ ਅੰਦਰ ਆਪ ਫਿਰਾਇੰਦਾ । ਹੁਕਮੇ ਅੰਦਰ ਸ਼ਬਦ ਅਗੰਮੀ ਸੁਣਾਏ ਅਵਾਜ਼, ਨਾਦ ਧੁਨ ਰਾਗ ਹੁਕਮੇ ਵਿਚ ਅਲਾਇੰਦਾ । ਹੁਕਮੇ ਅੰਦਰ ਖੇਲ ਤਮਾਸ਼, ਦੋ ਜਹਾਨ ਸ੍ਰੀ ਭਗਵਾਨ ਮੰਡਲ ਮੰਡਪ ਰਾਸ ਹੁਕਮੇ ਵਿਚ ਪੁਆਇੰਦਾ । ਹੁਕਮੇ ਅੰਦਰ ਸੂਰਜ ਚੰਦ ਪਰਕਾਸ਼, ਮੰਡਲ ਮੰਡਪ ਦੀਪ ਲੋਆਂ ਹੁਕਮੇ ਵਿਚ ਡਗਮਗਾਇੰਦਾ । ਹੁਕਮੇ ਅੰਦਰ ਪ੍ਰਿਥਮੀ ਅਕਾਸ਼, ਧਰਤ ਧਵਲ ਜਲ ਜਲ ਬਿੰਬ ਹੁਕਮੇ ਵਿਚ ਉਪਜਾਇੰਦਾ । ਹੁਕਮੇ ਅੰਦਰ ਆਦਿ ਜੁਗਾਦਿ ਕਰੇ ਬੰਦ ਖੁਲਾਸ, ਲੱਖ ਚੁਰਾਸੀ ਜੂਨ ਅਜੂਨ ਹੁਕਮੇ ਵਿਚ ਫਿਰਾਇੰਦਾ । ਹੁਕਮੇ ਅੰਦਰ ਘੜੇ ਭੰਨੇ ਕਰੇ ਨਾਸ, ਹੁਕਮੇ ਅੰਦਰ ਫੁਲ ਫੁਲਵਾੜੀ ਬਾਗ ਬਗੀਚਾ ਮਾਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਹੁਕਮੇ ਅੰਦਰ ਤਖ਼ਤ ਤਾਜ, ਤਖ਼ਤ ਨਿਵਾਸੀ ਆਪਣਾ ਹੁਕਮ ਮਨਾਇੰਦਾ । ਹੁਕਮੇ ਅੰਦਰ ਭੂਪਤ ਰਾਜ, ਰਾਜਨ ਰਾਜ ਵੇਸ ਵਟਾਇੰਦਾ । ਹੁਕਮੇ ਅੰਦਰ ਚਲਾਏ ਜਹਾਜ, ਬਣ ਸੇਵਕ ਸੇਵ ਕਮਾਇੰਦਾ । ਹੁਕਮੇ ਅੰਦਰ ਰੱਖੇ ਲਾਜ, ਭਗਤ ਭਗਵੰਤ ਦਇਆ ਕਮਾਇੰਦਾ । ਹੁਕਮੇ ਅੰਦਰ ਰਿਹਾ

ਭਾਜ, ਜੁਗ ਜੁਗ ਆਪਣਾ ਭੇਖ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਵਰਤਾਇੰਦਾ । ਹੁਕਮੇ ਅੰਦਰ ਰਾਗ ਨਾਦ, ਹੁਕਮੇ ਅੰਦਰ ਧੁਨ ਸ਼ਨਵਾਈਆ । ਹੁਕਮੇ ਅੰਦਰ ਕੰਤ ਸੁਹਾਗ, ਹੁਕਮੇ ਅੰਦਰ ਰੰਡੇਪਾ ਆਪ ਹੰਢਾਈਆ । ਹੁਕਮੇ ਅੰਦਰ ਬਣ ਵੈਰਾਗ, ਵੈਰਾਗੀ ਆਪਣਾ ਖੇਲ ਕਰਾਈਆ । ਹੁਕਮੇ ਅੰਦਰ ਕਰ ਤਿਆਗ, ਤ੍ਰੈਗੁਣ ਅਤੀਤਾ ਬੈਠਾ ਮੁਖ ਛੁਪਾਈਆ । ਹੁਕਮੇ ਅੰਦਰ ਜਾਏ ਜਾਗ, ਆਲਸ ਨਿੰਦਰਾ ਹੁਕਮੇ ਵਿਚ ਰਖਾਈਆ । ਹੁਕਮੇ ਅੰਦਰ ਪੰਜ ਤੱਤ ਕਾਇਆ ਲਾਏ ਭਾਗ, ਗੁਰ ਪੀਰ ਅਵਤਾਰ ਪਰਗਟਾਈਆ । ਹੁਕਮੇ ਅੰਦਰ ਜੋਤੀ ਨੂਰ ਜਗੇ ਚਿਰਾਗ, ਘਟ ਘਟ ਦੀਪ ਕਰੇ ਰੁਸ਼ਨਾਈਆ । ਹੁਕਮੇ ਅੰਦਰ ਦੁਰਮਤ ਮੈਲ ਧੋਵੇ ਦਾਗ਼, ਹੁਕਮੇ ਅੰਦਰ ਮਮਤਾ ਮੋਹ ਮੋਹ ਫਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਵਰਤਾਈਆ । ਹੁਕਮੇ ਅੰਦਰ ਦੇਵਤ ਸੁਰ, ਸੁਰਪਤ ਹੁਕਮੀ ਸੇਵ ਕਮਾਇੰਦਾ । ਹੁਕਮੇ ਅੰਦਰ ਬਲ ਜ਼ੋਰ, ਬਲ ਬਾਵਨ ਵੇਖ ਵਖਾਇੰਦਾ । ਹੁਕਮੇ ਅੰਦਰ ਅਗੰਮੀ ਡੋਰ, ਸ਼ਬਦੀ ਸ਼ਬਦੀ ਤੰਦ ਬੰਧਾਇੰਦਾ । ਹੁਕਮੇ ਅੰਦਰ ਚੜ੍ਹੇ ਘੋੜ, ਸਚ ਸਿੰਘਾਸਣ ਆਸਣ ਲਾਇੰਦਾ । ਹੁਕਮੇ ਅੰਦਰ ਜਾਏ ਬਹੁੜ, ਲੋਕਮਾਤ ਫੇਰਾ ਪਾਇੰਦਾ । ਹੁਕਮੇ ਅੰਦਰ ਲੱਖ ਚੁਰਾਸੀ ਵੇਖੇ ਮਿੱਠਾ ਕੌੜ, ਕਾਇਆ ਕਵਰੀ ਫੋਲ ਫੁਲਾਇੰਦਾ । ਹੁਕਮੇ ਅੰਦਰ ਜਨਮ ਜਨਮ ਦੀ ਲੱਗੀ ਬੁਝਾਏ ਔੜ, ਜਨ ਭਗਤਾਂ ਅੰਮ੍ਰਿਤ ਮੇਘ ਬਰਸਾਇੰਦਾ । ਹੁਕਮੇ ਅੰਦਰ ਦੋ ਜਹਾਨਾਂ ਰਿਹਾ ਦੌੜ, ਬਣ ਪਾਂਧੀ ਪੰਧ ਮੁਕਾਇੰਦਾ । ਹੁਕਮੇ ਅੰਦਰ ਸਚਖੰਡ ਦੁਆਰੇ ਲਾਏ ਏਕਾ ਪੌੜ, ਸਾਚੇ ਮੰਦਰ ਆਪ ਬਹਾਇੰਦਾ । ਹੁਕਮੇ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਹੁਕਮੇ ਅੰਦਰ ਰਾਗ ਗੀਤ, ਗੀਤ ਗੋਬਿੰਦ ਅਲਾਈਆ । ਹੁਕਮੇ ਅੰਦਰ ਖੇਲ ਅਨਡੀਠ, ਅਨਡਿਠੜੀ ਆਪ ਵਖਾਈਆ । ਹੁਕਮੇ ਅੰਦਰ ਆਪਣੀ ਰੀਤ, ਪੁਰਖ ਅਬਿਨਾਸ਼ੀ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਮਨਾਈਆ । ਸਾਚਾ ਹੁਕਮ ਆਪੇ ਮੰਨ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਸਰਗੁਣ ਕਹੇ ਧੰਨ ਧੰਨ, ਰਸਨਾ ਜਿਹਵਾ ਨਾਲ ਮਿਲਾਇੰਦਾ । ਆਪਣਾ ਬੇੜਾ ਲਿਆ ਬੰਨ੍ਹ, ਬਣ ਖੇਵਟ ਪਾਰ ਲਗਾਇੰਦਾ । ਵਸਣਹਾਰਾ ਪੰਜ ਤੱਤ ਤਨ, ਗ੍ਰਿਹਿ ਮੰਦਰ ਆਪ ਸੁਹਾਇੰਦਾ । ਸਰਗੁਣ ਹੋ ਕੇ ਸਰਗੁਣ ਦੇਵੇ ਡੰਨ, ਨਿਰਗੁਣ ਆਪਣਾ ਹੁਕਮ ਵਰਤਾਇੰਦਾ । ਸਰਗੁਣ ਨਾਦ ਸਰਗੁਣ ਕੰਨ, ਨਿਰਗੁਣ ਆਪਣਾ ਨਾਮ ਜਣਾਇੰਦਾ । ਆਪੇ ਘੜੇ ਲਏ ਭੰਨ, ਘੜਨ ਭੰਨਣ ਆਪਣੀ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਮਨਾਇੰਦਾ । ਹੁਕਮ ਮਨਾਏ ਸ੍ਰੀ ਭਗਵਾਨ, ਆਦਿ ਜੁਗਾਦਿ ਵਡੀ ਵਡਿਆਈਆ । ਗੁਰ ਅਵਤਾਰ ਸੀਸ ਝੁਕਾਨ, ਨਿਊਂ ਨਿਊਂ ਸਰਨ ਸਰਨਾਈਆ । ਦਾਤਾ ਦਾਨੀ ਦੇਵੇ ਦਾਨ, ਨਾਮ ਵਸਤ ਅਮੋਲਕ ਝੋਲੀ ਪਾਈਆ । ਲੋਕਮਾਤ ਸਾਰੇ ਗਾਣ, ਵਾਹਵਾ ਵਡੀ ਤੇਰੀ ਵਡ ਵਡਿਆਈਆ । ਸਚ ਸੰਦੇਸਾ ਧੁਰ ਫ਼ਰਮਾਣ, ਏਕਾ ਵਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਆਪਣਾ ਖੇਲ ਵਰਤਾਈਆ । ਹੁਕਮੇ ਅੰਦਰ ਧੁਰ ਫ਼ਰਮਾਣਾ, ਹਰਿ ਜੂ ਹਰਿ ਹਰਿ ਆਪ ਸੁਣਾਇੰਦਾ । ਹੁਕਮੇ ਅੰਦਰ ਚਾਰੇ ਖਾਣੀ ਗਾਏ ਗਾਣਾ, ਗਾ ਗਾ ਅੰਤ ਨਾ ਕੋਇ ਕਰਾਇੰਦਾ । ਹੁਕਮੇ ਅੰਦਰ ਰਾਜਾ ਰਾਣਾ, ਸ਼ਾਹ ਸੁਲਤਾਨ ਸੀਸ ਨਿਵਾਇੰਦਾ । ਹੁਕਮੇ ਅੰਦਰ ਮੰਨਣਾ ਭਾਣਾ, ਹਰਿ ਭਾਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ

ਅੰਦਰ ਆਪਣਾ ਸੀਸ ਝੁਕਾਇੰਦਾ । ਹੁਕਮੇ ਅੰਦਰ ਤਖ਼ਤ ਚੜ੍ਹ ਆਪਣਾ ਬਲ ਧਰਾਈਆ । ਹੁਕਮੇ ਅੰਦਰ ਸਰਨੀ ਪੜ੍ਹ, ਸੀਸ ਸੀਸ ਨਿਵਾਈਆ । ਹੁਕਮੇ ਅੰਦਰ ਅੱਗੇ ਖੜ, ਸਵੱਛ ਸਰੂਪੀ ਦਰਸ ਦਿਖਾਈਆ । ਹੁਕਮੇ ਅੰਦਰ ਮੰਗੇ ਵਰ, ਦੋਏ ਜੋੜ ਝੋਲੀ ਡਾਹੀਆ । ਹੁਕਮੇ ਅੰਦਰ ਆਪੇ ਪੜ੍ਹ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਹੁਕਮੇ ਅੰਦਰ ਮੰਨੇ ਡਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪਣੇ ਉਪਰ ਲਗਾਈਆ । ਆਪਣਾ ਹੁਕਮ ਦੇਵੇ ਆਪ, ਆਪਣੀ ਦਇਆ ਕਮਾਇੰਦਾ । ਆਪਣੇ ਹੁਕਮ ਅੰਦਰ ਜਪੇ ਜਾਪ, ਆਪਣਾ ਨਾਉਂ ਆਪ ਪਰਗਟਾਇੰਦਾ । ਆਪਣੇ ਹੁਕਮੇ ਅੰਦਰ ਕਰੇ ਵਡ ਪਰਤਾਪ, ਜੋਤੀ ਸ਼ਬਦੀ ਖੇਲ ਕਰਾਇੰਦਾ । ਆਪਣੇ ਹੁਕਮੇ ਅੰਦਰ ਬਣੇ ਮਾਈ ਬਾਪ, ਪਿਤਾ ਪੂਤ ਗੋਦ ਸੁਹਾਇੰਦਾ । ਆਪਣੇ ਹੁਕਮੇ ਅੰਦਰ ਕਰੇ ਪੂਜਾ ਪਾਠ, ਬਿਨ ਰਸਨਾ ਜਿਹਵਾ ਗੁਣ ਗੁਣ ਗਾਇੰਦਾ । ਆਪਣੇ ਹੁਕਮੇ ਅੰਦਰ ਕਰੇ ਪਰਕਾਸ਼, ਅਜੂਨੀ ਰਹਿਤ ਨੂਰੋ ਨੂਰ ਡਗਮਗਾਇੰਦਾ । ਆਪਣੇ ਹੁਕਮੇ ਅੰਦਰ ਖੇਲੇ ਖੇਲ ਖੇਲ ਤਮਾਸ਼, ਖ਼ਾਲਕ ਖ਼ਲਕ ਵੇਖ ਵਖਾਇੰਦਾ । ਆਪਣੇ ਹੁਕਮੇ ਅੰਦਰ ਪੂਰੀ ਕਰੇ ਆਸ, ਗੁਰ ਅਵਤਾਰ ਆਪਣੀ ਝੋਲੀ ਪਾਇੰਦਾ । ਆਪਣੇ ਹੁਕਮੇ ਅੰਦਰ ਘਟ ਘਟ ਅੰਦਰ ਰੱਖੇ ਵਾਸ, ਲੱਖ ਚੁਰਾਸੀ ਆਪਣਾ ਬੰਧਨ ਪਾਇੰਦਾ । ਆਪਣੇ ਹੁਕਮੇ ਅੰਦਰ ਪਵਣੀ ਪਵਣ ਚਲੇ ਸਵਾਸ, ਰਸਨਾ ਜਿਹਵਾ ਨਾਲ ਮਿਲਾਇੰਦਾ । ਆਪਣੇ ਹੁਕਮੇ ਅੰਦਰ ਨਿਰਗੁਣ ਸਰਗੁਣ ਬਣਾਏ ਸਾਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪਣੇ ਸਿਰ ਰਖਾਇੰਦਾ । ਆਪਣਾ ਹੁਕਮ ਆਪੇ ਦੇ, ਆਪੇ ਸੀਸ ਝੁਕਾਈਆ । ਹੁਕਮੇ ਅੰਦਰ ਲਾਏ ਨੇਂਹ, ਸਾਚਾ ਸੰਗ ਆਪ ਨਿਭਾਈਆ । ਹੁਕਮੇ ਅੰਦਰ ਅੰਮ੍ਰਿਤ ਬਰਸੇ ਮੇਹ, ਮੇਘਲਾ ਆਪਣੀ ਇਛਿਆ ਲਏ ਪਰਗਟਾਈਆ । ਹੁਕਮੇ ਅੰਦਰ ਲੱਖ ਚੁਰਾਸੀ ਕਰੇ ਥੇਹ, ਜਗਤ ਠੀਕਰ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਸਿਰ ਆਪਣੇ ਆਪ ਚਲਾਈਆ । ਆਪਣੇ ਸਿਰ ਆਪਣਾ ਹੁਕਮ ਹਰਿ ਜਗਦੀਸ, ਆਦਿ ਜੁਗਾਦਿ ਲਗਾਇੰਦਾ । ਜੁਗ ਜੁਗ ਆਪਣਾ ਪੀਸਨ ਪੀਸ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਚੱਕੀ ਆਪ ਚਲਾਇੰਦਾ । ਖਾਣੀ ਬਾਣੀ ਜਗਤ ਹਦੀਸ, ਰਸਨਾ ਜਿਹਵਾ ਆਪ ਸੁਣਾਇੰਦਾ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਹੁਕਮੇ ਅੰਦਰ ਤਾਜ ਪਹਿਨਾਏ ਸੀਸ, ਹੁਕਮੇ ਅੰਦਰ ਅੰਤਮ ਖ਼ਾਕੀ ਖ਼ਾਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪੇ ਮੰਨ, ਆਪਣਾ ਮਾਰਗ ਆਪੇ ਲਾਇੰਦਾ । ਆਪਣਾ ਹੁਕਮ ਮੰਨੇ ਨਿਰੰਕਾਰ, ਸਦ ਭਾਣੇ ਵਿਚ ਸਮਾਈਆ । ਸਾਚਾ ਹੁਕਮ ਦੇਵੇ ਸੱਚੀ ਸਰਕਾਰ, ਸ਼ਬਦੀ ਸ਼ਬਦ ਸ਼ਬਦ ਉਠਾਈਆ । ਧੁਰ ਫ਼ਰਮਾਣਾ ਇਕ ਜੈਕਾਰ, ਵਿਸ਼ਨ ਬ੍ਰਹਮਾ ਸ਼ਿਵ ਦਏ ਹਿਲਾਈਆ । ਬੋਧ ਅਗਾਧੀ ਹੋ ਉਜਿਆਰ, ਤ੍ਰੈ ਤ੍ਰੈ ਲੇਖਾ ਦਏ ਮੁਕਾਈਆ । ਸਾਚੀ ਸਾਖੀ ਵਿਚ ਸੰਸਾਰ, ਗੁਰ ਅਵਤਾਰ ਕਰੇ ਪੜ੍ਹਾਈਆ । ਲਹਿਣਾ ਦੇਣਾ ਬਾਕੀ ਅੰਤਮ ਵਾਰ, ਲੱਖ ਚੁਰਾਸੀ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹੁਕਮੇ ਅੰਦਰ ਗੁਰ ਅਵਤਾਰ ਸੇਵ ਕਮਾਈਆ । ਆਪਣਾ ਹੁਕਮ ਦੇਵੇ ਬਲਵਾਨਾ, ਬਲ ਆਪਣਾ ਆਪ ਜਣਾਈਆ । ਕਰੇ ਖੇਲ ਸ੍ਰੀ ਭਗਵਾਨਾ, ਹਰ ਘਟ ਬੈਠਾ ਆਸਣ ਲਾਈਆ । ਜੋਧਾ ਸੂਰਬੀਰ ਮਰਦ ਮਰਦਾਨਾ, ਵਡ ਮਰਦਾਨਗੀ ਆਪ ਵਖਾਈਆ । ਆਦਿ ਜੁਗਾਦੀ ਸਾਚਾ ਕਾਹਨਾ, ਸਤਿ ਸਰੂਪੀ ਵਡ ਵਡਿਆਈਆ । ਨਿਹਕਰਮੀ ਕਲਜੁਗ ਕਰਮ ਰਖਾਏ ਆਪਣੇ ਭਾਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਪਰਗਟ ਹੋ ਸ੍ਰੀ ਭਗਵਾਨਾ,

ਸਭ ਦਾ ਲੇਖਾ ਦਏ ਚੁਕਾਈਆ । ਆਪਣੇ ਹੱਥ ਰੱਖੇ ਆਵਣ ਜਾਣਾ, ਜੀਵਣ ਮਰਨ ਖੇਲ ਕਰਾਈਆ । ਹਰਿਜਨ ਵੇਖੇ ਚਤੁਰ ਸੁਜਾਨਾ, ਨਾਮ ਗਿਆਨਾ ਇਕ ਸਮਝਾਈਆ । ਭਗਤ ਭਗਵੰਤ ਕਰ ਪਰਧਾਨਾ, ਧੁਰ ਪਰਵਾਨਾ ਹੱਥ ਫੜਾਈਆ । ਹੁਕਮੇ ਅੰਦਰ ਸਚ ਨਿਸ਼ਾਨਾ, ਲੋਕਮਾਤ ਮਾਤ ਝੁਲਾਈਆ । ਹੁਕਮੇ ਅੰਦਰ ਭਗਤ ਮਕਾਨਾ, ਸਾਢੇ ਤਿੰਨ ਤਿੰਨ ਵੰਡ ਵੰਡਾਈਆ । ਛੱਤੀ ਜੁਗ ਲੇਖੇ ਲਾਣਾ, ਰਾਗ ਛਤੀਸਾ ਨਾਲ ਮਿਲਾਈਆ । ਹੁਕਮੇ ਅੰਦਰ ਪਰਗਟ ਹੋ ਸ੍ਰੀ ਭਗਵਾਨਾ, ਆਪਣਾ ਹੁਕਮ ਆਪ ਚਲਾਈਆ । ਹੁਕਮੇ ਅੰਦਰ ਚਾਰ ਜੁਗ ਚੌਕੜੀ ਦੇਦਾਂ ਰਿਹਾ ਗਿਆਨਾ, ਆਪਣਾ ਨਾਉਂ ਆਪ ਸਮਝਾਈਆ । ਹੁਕਮੇ ਅੰਦਰ ਕਲਜੁਗ ਅੰਤਮ ਖੇਲ ਕਰੇ ਮਹਾਨਾ, ਦੂਸਰ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸੁਣਾਈਆ । ਆਪਣਾ ਹੁਕਮ ਸੁਣਾਏ ਆ, ਔਂਦਾ ਜਾਂਦਾ ਨਜ਼ਰ ਨਾ ਆਇੰਦਾ । ਨਿਹਕਲੰਕ ਜਾਮਾ ਪਾ, ਜਨ ਭਗਤਾਂ ਕਲੰਕ ਆਪ ਮਿਟਾਇੰਦਾ । ਰਾਮਾ ਕ੍ਰਿਸ਼ਨਾ ਚਰਨਾ ਹੇਠ ਰਖਾ, ਚਰਨ ਕਵਲ ਕਵਲ ਸਮਝਾਇੰਦਾ । ਹੁਕਮੇ ਅੰਦਰ ਈਸਾ ਮੂਸਾ ਮੰਗਣ ਪਨਾਹ, ਨਿਉਂ ਨਿਉਂ ਸਯਦਾ ਸੀਸ ਝੁਕਾਇੰਦਾ । ਨਾਨਕ ਨਿਰੰਕਾਰ ਤੂ ਹੀ ਤੂ ਹੀ ਰਿਹਾ ਗਾ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਹੁਕਮੇ ਅੰਦਰ ਗੋਬਿੰਦ ਪੁਰਖ ਅਕਾਲ ਰਿਹਾ ਧਿਆ, ਇਕੋ ਇਕੋ ਓਟ ਵਖਾਇੰਦਾ । ਹੁਕਮੇ ਅੰਦਰ ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨੀ ਅੰਜ਼ੀਲ ਕੁਰਾਨੀ ਲੇਖਾ ਗਿਆ ਲਿਖਾ, ਲਿਖ ਲਿਖ ਲੇਖ ਆਪ ਜਣਾਇੰਦਾ । ਹੁਕਮੇ ਅੰਦਰ ਪੀਰ ਪੈਗ਼ੰਬਰ ਸੇਵਾਦਾਰ ਬਣਾਏ ਆਪ ਖ਼ੁਦਾ, ਖ਼ਾਲਕ ਖ਼ਲਕ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਮਨਾਇੰਦਾ । ਧੁਰ ਫ਼ਰਮਾਣਾ ਮੰਨਣਾ ਪੈਣਾ, ਹਰਿ ਜੂ ਹਰਿ ਹਰਿ ਆਪ ਸੁਣਾਈਆ । ਪੁਰਖ ਅਬਿਨਾਸ਼ੀ ਸਾਚਾ ਕਹਿਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਚਾਰ ਜੁਗ ਦਾ ਦੇਣਾ ਦੇਣਾ, ਲਹਿਣਾ ਅਗਲਾ ਆਪਣੇ ਹੱਥ ਰਖਾਈਆ । ਆਪਣੇ ਨੇਤਰ ਵੇਖੋ ਨੈਣਾ, ਭਰਮੇ ਭੁੱਲੀ ਸਰਬ ਲੋਕਾਈਆ । ਸੂਰਬੀਰ ਬਲਵਾਨਾ ਲੋਕਮਾਤ ਅੰਤਮ ਢਹਿਣਾ, ਨਾ ਕੋਈ ਸਕੇ ਬਲ ਵਖਾਈਆ । ਲਾੜੀ ਮੌਤ ਖਾਏ ਡੈਣਾਂ, ਘਰ ਘਰ ਆਪਣਾ ਡੌਰੂ ਵਾਹੀਆ । ਚਾਰ ਕੁੰਟ ਨੌਂ ਖੰਡ ਪ੍ਰਿਥਮੀ ਭਗਤ ਭਗਵੰਤ ਇਕੋ ਰਹਿਣਾ, ਦੂਸਰ ਮਿਲੇ ਨਾ ਕੋਇ ਵਡਿਆਈਆ । ਭਾਣਾ ਸਭ ਨੂੰ ਸਹਿਣਾ ਪੈਣਾ, ਪੁਰਖ ਅਬਿਨਾਸ਼ੀ ਹੁਕਮ ਵਰਤਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਭ ਨੇ ਕਹਿਣਾ, ਜੈ ਜੈ ਜੈਕਾਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਆਪਣਾ ਹੁਕਮ ਸਰਗੁਣ ਰਿਹਾ ਮਨਾਈਆ ।

### ★ ੧੦ ਚੇਤ ੨੦੧੯ ਬਿਕ੍ਰਮੀ ਦਾਰਾ ਸਿੰਘ ਦੇ ਗ੍ਰਿਹਿ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ★

ਹੁਕਮੇ ਅੰਦਰ ਗੁਣ ਭਰਪੂਰ, ਗੁਣਵੰਤਾ ਖੇਲ ਕਰਾਇੰਦਾ । ਹੁਕਮੇ ਅੰਦਰ ਨਿਰਗੁਣ ਨੂਰ, ਨੂਰ ਨੁਰਾਨਾ ਡਗਮਗਾਇੰਦਾ । ਹੁਕਮੇ ਅੰਦਰ ਲੇਖਾ ਜਾਣੇ ਨੇੜੇ ਦੂਰ, ਦੋ ਜਹਾਨਾਂ ਫੇਰਾ ਪਾਇੰਦਾ । ਹੁਕਮੇ ਅੰਦਰ ਪਰਗਟ ਹੋਏ ਜ਼ਾਹਰ ਜ਼ਹੂਰ, ਜ਼ਾਹਰਾ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਹਰਿ ਨਾਉਂ, ਸੋ ਪੁਰਖ ਨਿਰੰਜਣ ਆਪ

ਵਰਤਾਈਆ । ਲੇਖਾ ਜਾਣੇ ਅਗੰਮ ਅਥਾਹੋ, ਬੇਪਰਵਾਹ ਵਡੀ ਵਡਿਆਈਆ । ਸਚ ਸੰਦੇਸਾ ਪਿਤਾ ਮਾਉ, ਪੂਤ ਸਪੂਤਾ ਆਪ ਸਮਝਾਈਆ । ਭਗਤ ਭਗਵੰਤ ਜੁਗ ਜੁਗ ਉਠਾਏ ਫੜ ਫੜ ਬਾਂਹੋਂ, ਆਤਮ ਗਿਆਨ ਧਿਆਨ ਲਗਾਈਆ । ਸਰਨ ਸਰਨਾਈ ਦੇਵੇ ਸੱਚਾ ਥਾਉਂ, ਥਾਨ ਥਨੰਤਰ ਇਕ ਵਖਾਈਆ । ਫੜ ਫੜ ਹੰਸ ਬਣਾਏ ਕਾਉਂ, ਸੋਹੰ ਹੰਸਾ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪਣਾ ਨਾਮ ਸਮਝਾਈਆ । ਸਾਚਾ ਨਾਮ ਹਰਿ ਨਿਰੰਕਾਰ, ਜੁਗ ਜੁਗ ਆਪ ਜਣਾਇੰਦਾ । ਨਿਰਗੁਣ ਸਰਗੁਣ ਪਾਵੇ ਸਾਰ, ਵੇਸ ਅਨੇਕ ਵਟਾਇੰਦਾ । ਸੇਵਕ ਸੇਵਾ ਗੁਰ ਅਵਤਾਰ, ਲੋਕਮਾਤ ਬੂਝ ਬੁਝਾਇੰਦਾ । ਪੰਜ ਤੱਤ ਕਾਇਆ ਹੋ ਉਜਿਆਰ, ਆਤਮ ਪਰਮਾਤਮ ਜੋੜ ਜੁੜਾਇੰਦਾ । ਨਿਰਮਲ ਦੀਆ ਕਰ ਉਜਿਆਰ, ਕਾਇਆ ਮੰਦਰ ਆਪ ਜਗਾਇੰਦਾ । ਬੰਦ ਤਾਕੀ ਖੋਲ੍ਹ ਕਿਵਾੜ, ਬਜਰ ਕਪਾਟੀ ਕੁੰਡਾ ਲਾਹਿੰਦਾ । ਅਨਹਦ ਸ਼ਬਦ ਸੱਚੀ ਧੁੰਨਕਾਰ, ਗ੍ਰਿਹਿ ਮੰਦਰ ਆਪ ਸੁਹਾਇੰਦਾ । ਅੰਮ੍ਰਿਤ ਆਤਮ ਠੰਡਾ ਠਾਰ, ਸਰ ਸਰੋਵਰ ਇਕ ਨੁਹਾਇੰਦਾ । ਸਵੱਛ ਸਰੂਪੀ ਦਰਸ ਅਪਾਰ, ਆਤਮ ਸੇਜਾ ਆਪ ਵਖਾਇੰਦਾ । ਕਾਗਦ ਕਲਮ ਨਾ ਲਿਖਣਹਾਰ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਹੁਕਮੇ ਅੰਦਰ ਸਰਬ ਸੰਸਾਰ, ਲੱਖ ਚੁਰਾਸੀ ਬੰਧਨ ਪਾਇੰਦਾ । ਹੁਕਮੇ ਅੰਦਰ ਵੇਦ ਚਾਰ, ਬ੍ਰਹਮਾ ਵੇਤਾ ਮੁਖ ਸਲਾਹਿੰਦਾ । ਹੁਕਮੇ ਅੰਦਰ ਸ਼ਾਸਤਰ ਸਿਮਰਤ ਦਏ ਅਧਾਰ, ਗੀਤਾ ਗਿਆਨ ਗਿਆਨ ਦ੍ਰਿੜਾਇੰਦਾ । ਹੁਕਮੇ ਅੰਦਰ ਅੰਜੀਲ ਕੁਰਾਨ, ਕਾਇਆ ਕੁਰਾ ਵੇਖ ਵਖਾਇੰਦਾ । ਹੁਕਮੇ ਅੰਦਰ ਗੁਰ ਗੁਰ ਬਾਣੀ ਬੋਲ ਜੈਕਾਰ, ਜੈ ਜੈਕਾਰ ਨਾਅਰਾ ਲਾਇੰਦਾ । ਹੁਕਮੇ ਅੰਦਰ ਦੋ ਜਹਾਨ ਵੇਖੇ ਅਖਾੜ, ਲੋਆਂ ਪੁਰੀਆਂ ਨਾਚ ਨਚਾਇੰਦਾ । ਹੁਕਮੇ ਅੰਦਰ ਤ੍ਰੈਗੁਣ ਮਾਇਆ ਅਗਨੀ ਹਾੜ, ਤੱਤਵ ਤੱਤ ਤੱਤ ਜਲਾਇੰਦਾ । ਹੁਕਮੇ ਅੰਦਰ ਸਤਿਗੁਰ ਗੁਰ ਕਰੇ ਪਿਆਰ, ਗੁਰ ਸ਼ਬਦੀ ਬੂਝ ਬੁਝਾਇੰਦਾ । ਹੁਕਮੇ ਮੰਦਰ ਭਗਤ ਭਗਵੰਤ ਲਏ ਉਭਾਰ, ਦੀਨਨ ਆਪਣੀ ਦਇਆ ਕਮਾਇੰਦਾ । ਹੁਕਮੇ ਅੰਦਰ ਸਾਚੇ ਸੰਤਾਂ ਸੁਰਤੀ ਸ਼ਬਦੀ ਸ਼ਬਦੀ ਸੁਰਤ ਲਏ ਉਠਾਲ, ਆਲਸ ਨਿੰਦਰਾ ਆਪੇ ਲਾਹਿੰਦਾ । ਗੁਰਮੁਖਾਂ ਚਲੇ ਨਾਲ ਨਾਲ, ਜੁਗ ਜੁਗ ਵਿਛੜ ਕਦੇ ਨਾ ਜਾਇੰਦਾ । ਗੁਰਸਿਖਾਂ ਮਾਰਗ ਦੱਸੇ ਸੁਖਾਲ, ਸਾਚੀ ਰੀਤੀ ਆਪ ਚਲਾਇੰਦਾ । ਹੁਕਮੇ ਅੰਦਰ ਕਾਲ ਮਹਾਂਕਾਲ, ਜੁਗ ਚੌਕੜੀ ਸੇਵ ਕਮਾਇੰਦਾ । ਹੁਕਮੇ ਅੰਦਰ ਚਿਤਰ ਗੁਪਤ ਆਪਣਾ ਲੇਖਾ ਰਿਹਾ ਵਖਾਲ, ਲਿਖ ਲਿਖ ਲੇਖ ਸਰਬ ਜਣਾਇੰਦਾ । ਹੁਕਮੇ ਅੰਦਰ ਰਾਏ ਧਰਮ ਅਠ ਦਸ ਵਖਾਏ ਜਗਤ ਧਰਮਸਾਲ, ਅਠਾਰਾਂ ਦਸ ਮੇਲ ਮਿਲਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੇੜਾ ਗੇੜੇ ਵਿਚ ਵਖਾਇੰਦਾ । ਜੁਗ ਜੁਗ ਗੇੜਾ ਹਰਿ ਨਿਰੰਕਾਰ, ਜੁਗ ਕਰਤਾ ਆਪ ਰਖਾਈਆ । ਨੌਂ ਨੌਂ ਚਾਰ ਉਤਰੇ ਪਾਰ, ਲੋਕਮਾਤ ਰਹਿਣ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਹਾਰ, ਹਰਿ ਕਾ ਅੰਤ ਕੋਇ ਨਾ ਪਾਈਆ । ਬੇਅੰਤ ਬੇਅੰਤ ਬੇਅੰਤ ਕਹਿ ਕਹਿ ਗਏ ਪੁਕਾਰ, ਦੋਏ ਜੋੜ ਸੀਸ ਝੁਕਾਈਆ । ਜੁਗ ਜੁਗ ਸਿਖਿਆ ਦੇ ਵਿਚ ਸੰਸਾਰ, ਸਾਚੀ ਸਿਖਿਆ ਇਕ ਵਖਾਈਆ । ਕਾਗਦ ਕਲਮ ਨਾਲ ਪਿਆਰ, ਲਿਖ ਲਿਖ ਸ਼ਾਹੀ ਲੇਖ ਬਣਾਈਆ । ਨਿਰਗੁਣ ਸਰਗੁਣ ਕਰ ਪਸਾਰ, ਅੱਖਰ ਅੱਖਰ ਜੋੜ ਜੁੜਾਈਆ । ਰਸਨਾ ਜਿਹਵਾ ਦੇ ਅਧਾਰ, ਬਾਣੀ ਬਾਣੀ ਰੂਪ ਵਟਾਈਆ । ਸਿਫ਼ਤ ਸਲਾਹੀ ਸਿਫ਼ਤ ਕਰਾਏ ਅਗੰਮ ਅਪਾਰ, ਸੇਵਕ ਸਾਚੀ ਸੇਵ ਲਗਾਈਆ । ਪਹਿਲੋਂ ਦੇਵੇ

ਦਰਸ ਦੀਦਾਰ, ਦੂਜੇ ਆਪਣਾ ਰਾਹ ਚਲਾਈਆ । ਤੀਜੇ ਦੇਵੇ ਨੈਣ ਉਘਾੜ, ਚੌਥੇ ਚੌਥੇ ਪਦ ਵਡਿਆਈਆ । ਪੰਚਮ ਨਾਦ ਸ਼ਬਦ ਧੁੰਨਕਾਰ, ਛੇਵੇਂ ਛੱਪਰ ਛੰਨ ਛੁਹਾਈਆ । ਸੱਤਵੇਂ ਸਤਿ ਸਤਿਵਾਦੀ ਕਰ ਪਿਆਰ, ਸਤਿ ਪੁਰਖ ਨਿਰੰਜਣ ਮੇਲ ਮਿਲਾਈਆ । ਨਜ਼ਰੀ ਆਏ ਇਕ ਅਕਾਲ ਅਜੂਨੀ ਰਹਿਤ ਬੇਮਿਸਾਲ, ਜੋਤੀ ਜਾਤਾ ਡਗਮਗਾਈਆ । ਜੁਗ ਚੌਕੜੀ ਹੱਲ ਕਰੇ ਆਪ ਸਵਾਲ, ਦੂਸਰ ਸੰਗ ਨਾ ਕੋਇ ਰਖਾਈਆ । ਭਗਤ ਭਗਵੰਤ ਆਪੇ ਭਾਲ, ਲੱਖ ਚੁਰਾਸੀ ਵਿਚੋਂ ਲਏ ਉਠਾਈਆ । ਦੀਪਕ ਸੰਗ ਦੀਪਕ ਬਾਲ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਲੇਖਾ ਚੁੱਕੇ ਸ਼ਾਹ ਕੰਗਾਲ, ਜਿਸ ਆਪਣੀ ਬੂਝ ਬੁਝਾਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਘਰ ਸਤਿਗੁਰ ਵਸੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਈਆ । ਦਇਆ ਕਮਾ ਵਜਾਏ ਡੰਕਾ, ਏਕਾ ਨਾਮਾ ਨਾਮ ਜਣਾਇੰਦਾ । ਦੂਈ ਦਵੈਤੀ ਮੇਟੇ ਸ਼ੰਕਾ, ਸ਼ਰਅ ਸ਼ਰੀਅਤ ਨਾ ਕੋਇ ਵਖਾਇੰਦਾ । ਆਪੇ ਫੇਰੇ ਮਨ ਕਾ ਮਣਕਾ, ਮਨ ਵਾਸਨਾ ਨਾ ਕੋਇ ਰਖਾਇੰਦਾ । ਲੇਖਾ ਜਾਣੇ ਜੀਵ ਜਨ ਕਾ, ਘਟ ਏਕਾ ਰੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਉਠਾਇੰਦਾ । ਸਾਚੇ ਭਗਤਾਂ ਦੇਵੇ ਮਾਣ, ਨਿਮਾਣਿਆਂ ਗਲੇ ਲਗਾਈਆ । ਪੂਰਬ ਲਹਿਣਾ ਕਰਮ ਪਛਾਣ, ਨੇਤਰ ਨੈਣਾਂ ਦਏ ਦਰਸਾਈਆ । ਹਰਿ ਕਾ ਲੇਖਾ ਗਾ ਨਾ ਸਕੇ ਜ਼ਬਾਨ, ਬੇਜ਼ਬਾਂ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਹੋਏ ਸਹਾਈਆ । ਹਰਿਜਨ ਸਹਾਇਕ ਹੋਵੇ ਆਪ, ਸਿਰ ਆਪਣਾ ਹੱਥ ਟਿਕਾਇੰਦਾ । ਮਨ ਵਾਸਨਾ ਮੇਟੇ ਪਾਪ, ਅਪਰਾਧੀ ਗਲੇ ਲਗਾਇੰਦਾ । ਰਸਨਾ ਜਿਹਵਾ ਜਪਾਏ ਜਾਪ, ਬੱਤੀ ਦੰਦ ਨਾ ਕੋਇ ਹਿਲਾਇੰਦਾ । ਅੰਦਰ ਵੜ ਵੜ ਕਰੇ ਪਾਠ, ਸਾਚੇ ਮੰਦਰ ਸੋਭਾ ਪਾਇੰਦਾ । ਘਰ ਸਰੋਵਰ ਮਾਰੇ ਠਾਠ, ਅਠਸਠ ਤੀਰਥ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਆਪਣੀ ਦਇਆ ਕਮਾਈਆ । ਮਨ ਵਾਸਨਾ ਕਰੇ ਖੁਆਰ, ਮਤ ਮਤਵਾਲੀ ਰਹਿਣ ਨਾ ਪਾਈਆ । ਬੁਧ ਬਿਬੇਕੀ ਏਕਾ ਵਾਰ, ਹਰਿ ਜੂ ਹਰਿ ਹਰਿ ਆਪ ਕਰਾਈਆ । ਤ੍ਰੈਗੁਣ ਮਾਇਆ ਸੇਕ ਨਾ ਲਾਏ ਵਿਚ ਸੰਸਾਰ, ਅਗਨੀ ਤੱਤ ਨਾ ਕੋਇ ਜਣਾਈਆ । ਨਾਮ ਅਮੋਲਕ ਵਸਤ ਦਏ ਭੰਡਾਰ, ਸਤਿਗੁਰ ਪੂਰਾ ਆਪ ਵਰਤਾਈਆ । ਗੁਰਸਿਖ ਮੰਗਣ ਨਾ ਜਾਏ ਕਿਸੇ ਦੁਆਰ, ਜਿਸ ਸਤਿਗੁਰ ਪੂਰਾ ਮਿਲਿਆ ਸੱਚਾ ਮਾਹੀਆ । ਏਥੇ ਓਥੇ ਦੋ ਜਹਾਨਾਂ ਪੈਜ ਦਏ ਸੁਆਰ, ਸਮਰਥ ਪੁਰਖ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤਾਂ ਆਪ ਮਿਲਾਈਆ । ਸਾਚੇ ਸੰਤਾਂ ਮੇਲਾ ਜਗ, ਜੀਵਣ ਜੁਗਤ ਆਪ ਜਣਾਇੰਦਾ । ਹੰਸ ਬਣਾਏ ਫੜ ਫੜ ਕੱਗ, ਕਾਗੋਂ ਹੰਸ ਉਡਾਇੰਦਾ । ਦਰਸ ਦਿਖਾਏ ਉਪਰ ਸ਼ਾਹ ਰਗ, ਨੌਂ ਦੁਆਰੇ ਪੰਧ ਮੁਕਾਇੰਦਾ । ਆਤਮ ਸੇਜਾ ਬਹੇ ਸਜ, ਸਚ ਸਿੰਘਾਸਣ ਸੋਭਾ ਪਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਜਾਏ ਭੱਜ, ਨਾਮ ਖੰਡਾ ਇਕ ਵਖਾਇੰਦਾ । ਜਗਤ ਤ੍ਰਿਸਨਾ ਮਨ ਵਾਸਨਾ ਜਾਏ ਭੱਜ, ਅਭਿਮਾਨ ਨਾ ਕੋਇ ਵਧਾਇੰਦਾ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਗੁਰਸਿਖ ਪੜਦਾ ਦੇਵੇ ਕਜ, ਸਿਰ ਆਪਣਾ ਹੱਥ ਟਿਕਾਇੰਦਾ । ਘਰ ਮੰਦਰ ਸਚ ਨਗਾਰਾ ਜਾਵੇ ਵੱਜ, ਅਨਹਦ ਨਾਦੀ ਨਾਦ ਸੁਣਾਇੰਦਾ । ਅੰਮ੍ਰਿਤ ਪਿਆਏ ਪਿਆਲਾ ਰਜ, ਨਿਝਰ ਝਿਰਨਾ ਆਪ ਝਿਰਾਇੰਦਾ । ਸੁਰਤ ਸਵਾਣੀ ਸ਼ਬਦ ਗੁਰੂ ਕਰਾਏ ਹੱਜ, ਘਰ ਮੇਲਾ ਮੇਲ ਮਿਲਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਗੁਰਮੁਖ ਸਚ ਰੰਗਾਏ ਰੰਗ, ਰੰਗਣਹਾਰ ਕਰਤਾਰਾ । ਆਤਮ ਸੇਜਾ ਵੇਖ ਪਲੰਘ, ਮੇਲ ਮਿਲਾਏ ਨਾਰ ਕੰਤ ਭਤਾਰਾ । ਅੱਠੇ ਪਹਿਰ ਇਕ ਮਰਦੰਗ, ਦਿਵਸ ਰੈਣ ਵੱਜੇ ਨਗਾਰਾ । ਕਰੇ ਖੇਲ ਸੂਰਾ ਸਰਬੰਗ, ਪੁਰਖ ਅਬਿਨਾਸ਼ੀ ਏਕੰਕਾਰਾ । ਸੁਖਮਨ ਟੇਢੀ ਬੰਕ ਪਾਰ ਲੰਘ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਸਹਾਰਾ । ਸਚ ਸਹਾਰਾ ਨਾਮ ਓਟ, ਏਕਾ ਏਕ ਜਣਾਈਆ । ਭਾਗ ਲਗਾਏ ਕਾਇਆ ਕੋਟ, ਕੰਚਨਗੜ੍ਹ ਰੂਪ ਵਟਾਈਆ । ਨਿਰਮਲ ਨੂਰ ਜਗਾਏ ਜੋਤ, ਅੰਧ ਅੰਧੇਰ ਦਏ ਗਵਾਈਆ । ਸਤਿਗੁਰ ਪੂਰਾ ਇਕੋ ਬਹੁਤ, ਗੁਰ ਗੁਰ ਘਰ ਘਰ ਮੰਗਣ ਕੋਇ ਨਾ ਜਾਈਆ । ਹਰਿਜਨ ਆਪ ਉਠਾਏ ਆਲਣਿਉਂ ਡਿਗੇ ਬੋਟ, ਫੜ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੇਲਾ ਚਾਈਂ ਚਾਈਆ । ਗੁਰਸਿਖ ਮੇਲਾ ਆਤਮ ਘਰ, ਪਰਮਾਤਮ ਦਇਆ ਕਮਾਇੰਦਾ । ਲੇਖਾ ਜਾਣੇ ਨਾਰੀ ਨਰ, ਨਰ ਨਰਾਇਣ ਵੇਸ ਵਟਾਇੰਦਾ । ਸੁਰਤ ਸਵਾਣੀ ਲਏ ਫੜ, ਸ਼ਬਦੀ ਬੰਧਨ ਆਪੇ ਪਾਇੰਦਾ । ਨਿਰਭੌ ਚੁਕਾਏ ਭੈ ਡਰ, ਸਿਰ ਆਪਣਾ ਹੱਥ ਰਖਾਇੰਦਾ । ਪੰਚ ਵਿਕਾਰਾ ਜਾਏ ਮਰ, ਮਰ ਜੀਵਤ ਆਪਣਾ ਭੇਵ ਚੁਕਾਇੰਦਾ । ਇਕੋ ਨਜ਼ਰੀ ਆਏ ਹਰਿ, ਦੂਜਾ ਇਸ਼ਟ ਨਾ ਕੋਇ ਵਖਾਇੰਦਾ । ਜਿਸ ਜਨ ਉਪਰ ਸਤਿਗੁਰ ਪੂਰਾ ਕਿਰਪਾ ਦਏ ਕਰ, ਤਿਸ ਆਪਣੀ ਬੂਝ ਬੁਝਾਇੰਦਾ । ਜਰਮ ਕਰਮ ਮਰਨ ਡਰਨ ਦੁੱਖ ਜਾਏ ਹਰ, ਆਤਮ ਸੁਖ ਇਕ ਵਖਾਇੰਦਾ । ਦਰਸ ਦਿਖਾਏ ਅੱਗੇ ਖੜ, ਨਿਰਗੁਣ ਸਰਗੁਣ ਰੂਪ ਧਰਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਬਾਂਹੋਂ ਫੜ, ਤ੍ਰੈਭਵਣ ਧਨੀ ਪਾਰ ਕਰਾਇੰਦਾ । ਥਿਰ ਘਰ ਸਾਚੇ ਆਪੇ ਵੜ, ਸ਼ਬਦੀ ਜੋੜ ਜੁੜਾਇੰਦਾ । ਸਚਖੰਡ ਦੁਆਰ ਪੌੜੇ ਚੜ੍ਹ, ਚੜ੍ਹ ਚੜ੍ਹ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸਾਚੇ ਭਗਤ ਆਪ ਤਰਾਇੰਦਾ । ਜੁਗ ਜੁਗ ਤਾਰੇ ਹਰਿ ਜੂ ਭਗਤ, ਭਗਤਨ ਆਪਣੀ ਦਇਆ ਕਮਾਈਆ । ਲੇਖੇ ਲਾਏ ਬੂੰਦ ਰਕਤ, ਪੰਜ ਤੱਤ ਦਏ ਵਡਿਆਈਆ । ਨਿਰਗੁਣ ਨਿਰਾਕਾਰ ਆਪ ਜਣਾਏ ਆਪਣੀ ਸ਼ਕਤ, ਸ਼ਰਅ ਸ਼ਰੀਅਤ ਨਾ ਕੋਇ ਰਖਾਈਆ । ਆਪਣੇ ਹੱਥ ਰਖਾਏ ਵੇਲਾ ਵਕਤ, ਥਿਤ ਵਾਰ ਨਾ ਕੋਇ ਸਮਝਾਈਆ । ਆਪੇ ਘੜੇ ਆਪੇ ਭੰਨੇ ਆਪ ਬਣਾਏ ਬਣਤ, ਗੁਰਮੁਖ ਸੱਜਣ ਆਪ ਪਰਗਟਾਈਆ । ਲੇਖਾ ਜਾਣੇ ਆਦਿ ਅੰਤ, ਸ੍ਰੀ ਭਗਵੰਤ ਜੁਗ ਜੁਗ ਆਪਣਾ ਹੁਕਮ ਵਰਤਾਈਆ । ਗੁਰਸਿਖ ਗੁਰ ਗੁਰ ਗੜ੍ਹ ਤੋੜੇ ਹਉਮੇ ਹੰਗਤ, ਮੇਲ ਮਿਲਾਏ ਸਾਚੀ ਸੰਗਤ, ਸੰਗਤ ਹਰਿ ਹਰਿ ਆਪਣਾ ਡੇਰਾ ਲਾਈਆ । ਨਾਤਾ ਤੋੜੇ ਭੁੱਖ ਨੰਗਤ, ਨਾਮ ਭੰਡਾਰਾ ਇਕ ਵਰਤਾਈਆ । ਗੁਰਸਿਖ ਸੱਚਾ ਬੋਧ ਅਗਾਧਾ ਹੋਏ ਪੰਡਤ, ਜਗਤ ਵਿਦਿਆ ਪੜ੍ਹਨ ਕਿਤੇ ਨਾ ਜਾਈਆ । ਨਾਤਾ ਤੁਟੇ ਜੇਰਜ ਅੰਡਤ, ਉਤਭੁਜ ਸੇਤਜ ਨਾ ਕੋਇ ਫਿਰਾਈਆ । ਲੱਖ ਚੁਰਾਸੀ ਹੋਏ ਖੰਡਤ, ਮਾਤ ਗਰਭ ਨਾ ਫੇਰਾ ਪਾਈਆ । ਮਾਨਸ ਜਨਮ ਨਾ ਹੋਏ ਭੰਗਤ, ਸਤਿਗੁਰ ਆਪਣੀ ਗੋਦ ਬਹਾਈਆ । ਪ੍ਰਭ ਅੱਗੇ ਆਦਿ ਜੁਗਾਦਿ ਜੁਗ ਜੁਗ ਸਾਰੇ ਕਰਦੇ ਮਿੰਨਤ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਗੁਰਸਿਖ ਵਿਰਲਾ ਕਰਕੇ ਆਏ ਹਿੰਮਤ, ਜਗਤ ਦੁਆਰਾ ਪੰਧ ਮੁਕਾਈਆ । ਸਤਿਗੁਰ ਪੂਰਾ ਚੌਦਾਂ ਲੋਕਾਂ ਬਾਹਰ ਵਖਾਏ ਆਪਣੀ ਸੰਮਤ, ਚੌਦਾਂ ਤਬਕ ਚਰਨਾਂ ਹੇਠ ਦਬਾਈਆ । ਪੁਰਖ ਅਬਿਨਾਸ਼ੀ ਹਰਿ ਭਗਤਾਂ ਸੰਗ ਸਦਾ ਹੋਏ ਪਰਫੁਲਤ, ਫੁਲ ਫੁਲਵਾੜੀ ਮਾਤ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ



੮੯੫
੧੧

ਨਾਮ ਵਰ, ਆਦਿ ਜੁਗਾਦਿ ਆਪ ਰਹੇ ਅਡੋਲਤ, ਗੁਰਸਿਖ ਅਡੋਲ ਆਪ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਅਨਬੋਲਤ, ਅਗਲਾ ਬੋਲਿਆ ਆਪਣੇ ਲੇਖੇ ਵਿਚ ਛੁਪਾਈਆ ।

★ ੧੦ ਚੇਤ ੨੦੧੯ ਬਿਕ੍ਰਮੀ ਪ੍ਰੇਮ ਸਿੰਘ ਦੇ ਗ੍ਰਿਹ ਪਿੰਡ ਬੁਘੇ ਜ਼ਿਲਾ ਅੰਮ੍ਰਿਤਸਰ ★

ਮਨੀ ਸਿੰਘ ਆਇਆ ਬੁੱਢਾ ਨੱਢਾ ਬਾਬਾ, ਬਿਹਬਲ ਰਿਹਾ ਕੁਰਲਾਈਆ । ਮੈਂ ਨਾ ਜਾਣਾ ਤੇਰਾ ਕੇਡਾ ਵੱਡਾ ਛਾਬਾ, ਜੁਗ ਚੌਕੜੀ ਗੁਰ ਅਵਤਾਰ ਵਿਚ ਤੁਲਾਈਆ । ਮੈਂ ਹੋਕਾ ਦੇਦਾਂ ਰਿਹਾ ਨੇੜੇ ਨੇੜੇ ਮਾਝਾ ਮਾਲਵਾ ਦੁਆਬਾ, ਤੂੰ ਬ੍ਰਹਿਮੰਡਾਂ ਖੰਡਾਂ ਵਿਚ ਰਿਹਾ ਸਮਾਈਆ । ਮੈਂ ਰਸਨਾ ਜਿਹਵਾ ਵਜੌਂਦਾ ਰਿਹਾ ਤੇਰਾ ਵਾਜਾ, ਤੇਰਾ ਅਨਰਾਗੀ ਰਾਗ ਹੱਥ ਕੋਇ ਨਾ ਆਈਆ । ਮੈਂ ਲੱਤਾਂ ਪੈਰਾਂ ਨਾਲ ਫਿਰਿਆ ਭਾਜਾ, ਭੱਜ ਭੱਜ ਤੇਰਾ ਪੰਧ ਮੁਕਾਈਆ । ਮੈਂ ਵੇਖਿਆ ਤੂੰ ਮੇਰਾ ਰਾਜਾ, ਸ਼ਹਿਨਸ਼ਾਹ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਤ ਨਾ ਪਾਰਾਵਾਰ, ਤੇਰੇ ਅੱਗੇ ਚਲੇ ਨਾ ਕੋਇ ਚਤੁਰਾਈਆ । ਤੇਰੇ ਅੱਗੇ ਕੀ ਚਤੁਰਾਈ, ਚਤੁਰਭੁਜ ਭੇਵ ਨਾ ਆਇਆ । ਲਿਖ ਲਿਖ ਥੱਕੀ ਮੇਰੀ ਕਲਮ ਸ਼ਾਹੀ, ਸ਼ਹਿਨਸ਼ਾਹ ਤੇਰਾ ਰਾਗ ਨਾ ਕਿਸੇ ਮੁਕਾਇਆ । ਮੈਂ ਦੇ ਦੇ ਗਿਆ ਦੁਹਾਈ, ਦੋਹਰਾ ਇਕੋ ਇਕ ਸੁਣਾਇਆ । ਤੂੰ ਪਰਦਾ ਰਿਹਾ ਪਾਈ, ਤੇਰਾ ਪਰਦਾ ਨਾ ਕੋਇ ਉਠਾਇਆ । ਤੇਰੇ ਹੱਥ ਤੇਰੀ ਵਡਿਆਈ, ਮੇਰਾ ਕੀਤਾ ਕੁਛ ਨਾ ਹੋਇਆ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਤ ਨਾ ਪਾਰਾਵਰ, ਬੇਅੰਤ ਤੇਰੀ ਵਡਿਆਇਆ । ਬੇਅੰਤ ਵਡਿਆਈ ਮੇਰੇ ਦਾਤਾਰ, ਮਹਿਮਾ ਅਕਥ ਕਥੀ ਨਾ ਜਾਈਆ । ਤੂੰ ਮੇਰਾ ਮੈਂ ਤੇਰਾ ਤੇਰੇ ਦਰ ਮੇਰਾ ਵਿਹਾਰ, ਮੇਰਾ ਘਰ ਤੋਹੇ ਸੁਹਾਈਆ । ਤੂੰ ਸਾਹਿਬ ਕੰਤ ਮੈਂ ਕੋਝੀ ਕਮਲੀ ਨਾਰ, ਬਿਨ ਤੇਰੇ ਰੰਗ ਬਸੰਤ ਨਾ ਕੋਇ ਚੜ੍ਹਾਈਆ । ਮੈਂ ਥੱਕੀ ਮਾਂਦੀ ਵਿਚ ਸੰਸਾਰ, ਬਾਂਦੀ ਤੇਰੀ ਸੇਵ ਕਮਾਈਆ । ਚਾਰੋਂ ਕੁੰਟ ਫਿਰਾ ਗਾਂਦੀ, ਤੇਰਾ ਢੋਲਾ ਸਾਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਅੰਤ ਤੇਰਾ ਭੇਵ ਕੋਇ ਨਾ ਪਾਈਆ । ਤੇਰਾ ਭੇਵ ਨਾ ਜਾਣੇ ਕੋਇ, ਭੇਵ ਅਭੇਦ ਰਖਾਇਆ । ਪਹਿਲੋਂ ਆਪਣੇ ਸਿਰ ਤੋਂ ਲਾਹੇ ਚੰਦੋਏ, ਪੜਦਾ ਸਭ ਦਾ ਦਏ ਚੁਕਾਇਆ । ਬਿਨ ਸਤਿਗੁਰ ਮਿਲੇ ਨਾ ਕਿਸੇ ਢੋਏ, ਖਾਲੀ ਮੰਦਰ ਰਹੇ ਕੁਰਲਾਇਆ । ਬਿਨ ਸਤਿਗੁਰ ਚਰਨ ਫੂਲਨਹਾਰ ਕਿਸੇ ਗਲ ਨਾ ਸੋਹੇ, ਤਨ ਮਾਟੀ ਖ਼ਾਕੀ ਕੰਮ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਮਨੀ ਸਿੰਘ ਦੇਵੇ ਵਰ, ਤੇਰਾ ਪ੍ਰੇਮ ਪਿਆਰ ਆਪਣੇ ਚਰਨਾਂ ਵਿਚ ਰਖਾਇਆ । ਬਿਨ ਚਰਨਾਂ ਨਾ ਕੋਇ ਪਿਆਰ, ਦੂਜੀ ਓਟ ਨਾ ਕੋਇ ਜਣਾਈਆ । ਬਿਨ ਚਰਨਾਂ ਨਾ ਕੋਇ ਆਧਾਰ, ਜਗਤ ਆਧਾਰ ਨਾ ਕੋਇ ਕਰਾਈਆ । ਬਿਨ ਚਰਨਾਂ ਨਾ ਕੋਇ ਵਪਾਰ, ਦੋ ਜਹਾਨ ਨਾ ਕੋਇ ਵਡਿਆਈਆ । ਬਿਨ ਚਰਨਾਂ ਨਾ ਕੋਇ ਸਿੰਗਾਰ, ਜੋਬਨ ਮਾਤ ਨਾ ਕੋਇ ਹੰਢਾਈਆ । ਪੁਰਖ ਅਬਿਨਾਸ਼ੀ ਆਪਣਾ ਕਰਕੇ ਸਚ ਵਿਹਾਰ, ਭੇਵ ਨਾ ਕਿਸੇ ਜਣਾਈਆ । ਫੂਲਨ ਮਾਲਾ ਗੁੰਦ ਗੁੰਦ ਹਾਰ, ਗੁਰਸਿਖਾਂ ਹੱਥ ਫੜਾਈਆ । ਅਛਲ ਛਲ ਕਰਕੇ ਅੱਖਾਂ ਸਾਮ੍ਹਣੇ ਆਪ ਨਿਰੰਕਾਰ, ਵਸਤ ਅਮਾਨਤ ਇਕ ਰਖਾਈਆ । ਸੋਲਾਂ ਮੱਘਰ ਬੀਸ ਦਸ ਸਿੰਘ ਮਨਜੀਤਾ ਕਰ ਤਿਆਰ, ਸਦਾ ਅਤੀਤਾ ਇਕ

੮੯੭ ੧੧

ਵਖਾਈਆ । ਕਿਸੇ ਭੇਵ ਨਾ ਆਇਆ ਕੀ ਕਰਕੇ ਗਿਆ ਬਣ ਠੱਗ ਚੋਰ ਯਾਰ, ਚੋਰੀ ਕਰਦਾ ਨਜ਼ਰ ਕਿਸੇ ਨਾ ਆਈਆ । ਖਾਲੀ ਕਰਕੇ ਗਿਆਂ ਭਾਂਡੇ ਘੜੇ ਘੁਮਿਆਰ, ਕਾਚੀ ਮਾਟੀ ਠੀਕਰ ਕੰਮ ਕਿਸੇ ਨਾ ਆਈਆ । ਏਥੋ ਚੁਕਿਆ ਓਥੇ ਰੱਖਿਆ ਆਪਣਾ ਕੀਤਾ ਸਚ ਵਿਹਾਰ, ਨਾਨਕ ਪੂਰੀ ਆਸ ਕਰਾਈਆ । ਹਰਿ ਗੋਬਿੰਦ ਖਿਚ ਕੇ ਗਿਆ ਲਕਾਰ, ਗੋਬਿੰਦ ਮੇਲਾ ਸਹਿਜ ਸੁਭਾਈਆ । ਸ਼ਬਦ ਵਿਚੋਲਾ ਬਣੇ ਆਪ ਨਿਰੰਕਾਰ, ਤੋਲ ਤੋਲੇ ਸੱਚਾ ਮਾਹੀਆ । ਪੜਦਾ ਉਹਲਾ ਰੱਖੇ ਵਿਚ ਸੰਸਾਰ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਨੀ ਸਿੰਘ ਤੇਰੀ ਲੱਜਿਆ ਪੱਤ ਆਪ ਰਖਾਈਆ । ਮਨੀ ਸਿੰਘ ਵੇਖ ਮਾਰ ਧਿਆਨ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਤੇਰੇ ਸੰਗੀ ਸਾਥੀ ਭਗਵੰਤ ਕਰ ਪਰਵਾਨ, ਆਪਣੇ ਰੰਗ ਰੰਗਾਇੰਦਾ । ਦਰਗਹਿ ਸਾਚੀ ਦਾ ਸਚ ਨਿਸ਼ਾਨ, ਲੋਕਮਾਤ ਆਪ ਚੜ੍ਹਾਇੰਦਾ । ਸਚਖੰਡ ਦਾ ਸਚ ਮਕਾਨ, ਭਗਤ ਦੁਆਰ ਆਪ ਬਣਾਇੰਦਾ । ਅੰਦਰ ਬਾਹਰ ਬੈਠ ਭਗਵਾਨ, ਬਣ ਸੇਵਕ ਸੇਵ ਕਮਾਇੰਦਾ । ਤੇਰਾ ਲੇਖਾ ਕਰ ਪਰਧਾਨ, ਲੇਖੇ ਆਪਣੇ ਵਿਚ ਰਖਾਇੰਦਾ । ਸ਼ਬਦੀ ਮੇਲਾ ਤੇਰਾ ਕਰੇ ਆਣ, ਪੰਜ ਤੱਤ ਨਾ ਕੋਇ ਵਡਿਆਇੰਦਾ । ਚਰਨ ਕਵਲ ਦੇ ਕੇ ਜਾਏ ਇਕ ਧਿਆਨ, ਨੇਤਰ ਨੈਣ ਨਾ ਕੋਇ ਉਠਾਇੰਦਾ । ਅੱਗੇ ਦੂਜਾ ਗੁਰੂ ਨਾ ਰਹੇ ਕੋਈ ਵਿਚ ਜਹਾਨ, ਗੁਰੂਆਂ ਪੀਰਾਂ ਸਦ ਸਦ ਪਿਛਲਾ ਲੇਖਾ ਸਰਬ ਮੁਕਾਇੰਦਾ । ਫੇਰ ਆ ਕੇ ਦੇਵੇ ਤੈਨੂੰ ਮਾਣ, ਆਪਣਾ ਮਾਣ ਵਧਾਇੰਦਾ । ਬਿਨ ਨੇਤਰਾਂ ਕਰ ਪਛਾਣ, ਬਿਨਾਂ ਅੱਖੀਆਂ ਰੰਗ ਵਖਾਇੰਦਾ । ਬਿਨ ਰਸਨਾ ਬੋਲ ਫ਼ਰਮਾਣ, ਬਿਨ ਦੰਦਾਂ ਮੁਖ ਸਲਾਹਿੰਦਾ । ਪੰਚਮ ਜੇਠ ਚੰਦ ਚੰਦੋਆਂ ਦੇਣਾ ਤਾਣ, ਹੁਕਮੀ ਹੁਕਮ ਆਪ ਸੁਣਾਇੰਦਾ । ਬਿਨ ਹਰਿ ਚਰਨ ਕਿਸੇ ਮਿਲੇ ਨਾ ਕੋਈ ਮਾਣ, ਅਭਿਮਾਨ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪਣੇ ਵਿਚ ਰਖਾਇੰਦਾ ।

## ★ ੧੦ ਚੇਤ ੨੦੧੯ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹਿ ਪਿੰਡ ਉਸਮਾਂ ਜ਼ਿਲਾ ਅੰਮ੍ਰਿਤਸਰ ★

ਸੋ ਪੁਰਖ ਨਿਰੰਜਣ ਸਾਹਿਬ ਸੁਲਤਾਨ, ਆਦਿ ਜੁਗਾਦਿ ਸਮਾਇੰਦਾ । ਹਰਿ ਪੁਰਖ ਨਿਰੰਜਣ ਹੁਕਮਰਾਨ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਏਕੰਕਾਰਾ ਵਡ ਬਲਵਾਨ, ਸ਼ਾਹੋ ਭੂਪ ਆਪਣਾ ਬਲ ਆਪ ਧਰਾਇੰਦਾ । ਆਦਿ ਨਿਰੰਜਣ ਖੇਲ ਮਹਾਨ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਗੁਣ ਨਿਧਾਨ, ਭੇਵ ਅਭੇਦਾ ਭੇਵ ਰਖਾਇੰਦਾ । ਸ੍ਰੀ ਭਗਵਾਨ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਹੋ ਮਿਹਰਵਾਨ, ਦੀਨਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਕਰੇ ਕਰਤਾਰਾ, ਅਨਭਵ ਆਪਣੀ ਧਾਰ ਚਲਾਈਆ । ਆਪਣੀ ਇਛਿਆ ਭਰ ਭੰਡਾਰਾ, ਸਾਚੀ ਵਸਤ ਆਪ ਵਰਤਾਈਆ । ਆਪਣਾ ਮੰਦਰ ਖੋਲ੍ਹ ਦੁਆਰਾ, ਸਚਖੰਡ ਸਾਚਾ ਆਪ ਬਣਾਈਆ । ਛੱਪਰ ਛੰਨ ਨਾ ਚਾਰ ਦੀਵਾਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਚ ਸਿੰਘਾਸਣ ਅਗੰਮ ਅਪਾਰਾ, ਅਲੱਖ ਅਗੋਚਰ ਆਪ ਬਣਾਈਆ । ਸ਼ਾਹੋ ਭੂਪ ਬਣ ਸਿਕਦਾਰਾ, ਰਾਜ ਰਾਜਾਨ ਸੋਭਾ ਪਾਈਆ । ਹੁਕਮੀ ਹੁਕਮ ਹੁਕਮ ਵਰਤਾਰਾ,

ਧੁਰ ਫ਼ਰਮਾਣਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਊਚ ਅਗੰਮ ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਨਿਰਗੁਣ ਨਿਰਵੈਰ ਨਿਰੰਕਾਰ ਅਜੂਨੀ ਰਹਿਤ ਰੂਪ ਵਟਾਇੰਦਾ । ਜੋਤੀ ਜੋਤ ਪਰਕਾਸ਼ ਪਰਕਾਸ਼ ਆਪੇ ਬਲਾ, ਨੂਰ ਨੂਰ ਨੂਰ ਸਮਾਇੰਦਾ । ਸਚ ਸੰਦੇਸ ਨਰ ਨਰੇਸ਼ ਏਕਾ ਘੱਲਾ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਆਸਣ ਸਿੰਘਾਸਣ ਪੁਰਖ ਅਬਿਨਾਸ਼ਨ ਏਕਾ ਮੱਲਾ, ਪਾਵਾ ਚੂਲ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੰਦਰ ਆਪ ਸੁਹਾਇੰਦਾ । ਸਾਚਾ ਮੰਦਰ ਸੋਭਾਵੰਤ, ਸਤਿਗੁਰ ਪੂਰਾ ਆਪ ਸੁਹਾਈਆ । ਕਰੇ ਖੇਲ ਸ੍ਰੀ ਭਗਵੰਤ, ਨਿਰਗੁਣ ਆਪਣੀ ਧਾਰ ਚਲਾਈਆ । ਪੁਰਖ ਅਕਾਲ ਮਹਿਮਾ ਅਗਣਤ, ਲੇਖਾ ਲੇਖ ਨਾ ਕੋਇ ਰਖਾਈਆ । ਆਪ ਬਣਾਏ ਆਪਣੀ ਬਣਤ, ਘਾੜਤ ਸਾਚੀ ਲਏ ਘੜਾਈਆ । ਰੂਪ ਧਰਾਏ ਨਾਰੀ ਕੰਤ, ਨਰ ਨਰਾਇਣ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਵਡਿਆਈਆ । ਸਚਖੰਡ ਦੁਆਰਾ ਸਾਚਾ ਮਾਣ, ਸਤਿਗੁਰ ਪੂਰਾ ਆਪ ਰਖਾਇੰਦਾ । ਕਰ ਖੇਲ ਸ੍ਰੀ ਭਗਵਾਨ, ਆਪਣੀ ਖੇਲ ਆਪ ਜਣਾਇੰਦਾ । ਦਾਤਾ ਦਾਨੀ ਹੋ ਮਿਹਰਵਾਨ, ਵਸਤ ਆਪਣੀ ਝੋਲੀ ਪਾਇੰਦਾ । ਜੋਤੀ ਜਾਤਾ ਵਡ ਬਲਵਾਨ, ਬਲ ਆਪਣਾ ਆਪ ਰਖਾਇੰਦਾ । ਦਾਈ ਦਾਇਆ ਖੇਲ ਮਹਾਨ, ਸੇਵਕ ਸੇਵ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰਾ ਸਾਚਾ ਘਰ, ਹਰਿ ਜੂ ਹਰਿ ਹਰਿ ਆਪ ਉਪਾਇੰਦਾ । ਨਿਰਗੁਣ ਨਿਰਵੈਰ ਅੰਦਰ ਵੜ, ਦਰ ਘਰ ਸਾਚਾ ਆਪ ਸੁਹਾਇੰਦਾ । ਸਾਚੇ ਤਖ਼ਤ ਆਪੇ ਚੜ੍ਹ, ਤਖ਼ਤ ਨਿਵਾਸੀ ਆਸਣ ਲਾਇੰਦਾ । ਸੀਸ ਜਗਦੀਸ ਤਾਜ ਧਰ, ਰੂਪ ਅਨੂਪ ਵਟਾਇੰਦਾ । ਹੁਕਮੀ ਹਾਕਮ ਆਪੇ ਕਰ, ਨਿਉਂ ਨਿਉਂ ਸੀਸ ਆਪ ਝੁਕਾਇੰਦਾ । ਦਰ ਦਰਵੇਸ਼ ਆਪੇ ਬਣ, ਆਪਣੀ ਅਲਖ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰਾ ਏਕਾ ਏਕ, ਆਦਿ ਪੁਰਖ ਬਣਾਈਆ । ਏਕੰਕਾਰਾ ਆਪੇ ਰੱਖੇ ਆਪਣੀ ਟੇਕ, ਦੂਜੀ ਓਟ ਨਾ ਕੋਇ ਤਕਾਈਆ । ਆਪਣੇ ਨੇਤਰ ਆਪਾ ਲਏ ਪੇਖ, ਪੇਖਣਹਾਰਾ ਆਪ ਹੋ ਆਈਆ । ਨਾ ਕੋਈ ਲੇਖਾ ਨਾ ਕੋਈ ਲੇਖ, ਲਿਖ ਲਿਖ ਲੇਖ ਨਾ ਕੋਇ ਸਮਝਾਈਆ । ਆਪੇ ਨਰ ਆਪ ਨਰੇਸ਼, ਨਰ ਨਰਾਇਣ ਬੇਪਰਵਾਹੀਆ । ਵਸਣਹਾਰਾ ਸਾਚੇ ਦੇਸ, ਦਰਗਹਿ ਸਾਚੀ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੀ ਬਣਤ ਬਣਾਈਆ । ਬਣਾਏ ਬਣਤ ਆਪ ਬਨਵਾਰੀ, ਦੂਸਰ ਸੰਗ ਨਾ ਕੋਇ ਰਲਾਇੰਦਾ । ਨਿਰਮਲ ਦੀਆ ਜੋਤ ਕਰ ਉਜਿਆਰੀ, ਨੂਰੋ ਨੂਰ ਡਗਮਗਾਇੰਦਾ । ਕਰੇ ਖੇਲ ਅਗੰਮ ਅਪਾਰੀ, ਬੇਪਰਵਾਹ ਆਪਣਾ ਰਾਹ ਚਲਾਇੰਦਾ । ਮਹੱਲ ਅਟੱਲ ਉਚ ਮਨਾਰੀ, ਸੋਭਾਵੰਤ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਡਿਆਇੰਦਾ । ਸਚਖੰਡ ਦੁਆਰਾ ਵੱਡਾ ਵਡ, ਸੋ ਪੁਰਖ ਨਿਰੰਜਣ ਆਪ ਵਡਿਆਇੰਦਾ । ਆਪਣੇ ਵਿਚੋਂ ਆਪਾ ਕੱਢ, ਹਰਿ ਆਪੇ ਵੇਖ ਵਖਾਇੰਦਾ । ਆਪੇ ਜਾਣੇ ਪਾਰ ਹੱਦ, ਕਿਨਾਰਾ ਨਜ਼ਰ ਕਿਸੇ ਨਾ ਆਇੰਦਾ । ਆਪੇ ਤਖ਼ਤ ਬਹੇ ਸਜ, ਸਾਚਾ ਤਖ਼ਤ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਹਰਿ ਨਿਰੰਕਾਰਾ

ਆਪਣਾ ਮਤਾ ਆਪ ਪਕਾਇੰਦਾ । ਸਾਚਾ ਮਤਾ ਹਰਿ ਨਿੰਰਕਾਰ, ਸਚਖੰਡ ਨਿਵਾਸੀ ਆਪ ਪਕਾਈਆ । ਇਕ ਇਕੱਲਾ ਬਣ ਗਵਾਰ, ਬੈਠਾ ਆਸਣ ਲਾਈਆ । ਆਪਣੀ ਇਛਿਆ ਭਰ ਭੰਡਾਰ, ਸਾਚੀ ਵਸਤ ਆਪ ਵਰਤਾਈਆ । ਨਿਰਗੁਣ ਨਿਰਗੁਣ ਕਰੇ ਪਿਆਰ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਨਾਰੀ ਕੰਤ ਭਤਾਰ, ਨਿਰਗੁਣ ਸੇਜ ਸੁਹੰਜਣੀ ਆਪ ਹੰਢਾਈਆ । ਨਿਰਗੁਣ ਵਸੇ ਸਚਖੰਡ ਸੱਚੇ ਘਰ ਬਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਕਰਨੇਹਾਰਾ, ਕਰਤਾ ਪੁਰਖ ਦਇਆ ਕਮਾਇੰਦਾ । ਆਪਣੇ ਅੰਦਰ ਬਣ ਵਣਜਾਰਾ, ਸਾਚਾ ਹੱਟ ਇਕ ਚਲਾਇੰਦਾ । ਸਾਚੀ ਵਸਤ ਵਸਤ ਹਰਿ ਥਾਰਾ, ਨਿਰਗੁਣ ਆਪਣੀ ਆਪ ਟਿਕਾਇੰਦਾ । ਨਿਰਗੁਣ ਮੇਲਾ ਨਿਰਗੁਣ ਚੇਲਾ ਨਿਰਗੁਣ ਖੇਲ ਏਕੰਕਾਰਾ, ਅਕਲ ਕਲ ਆਪਣੀ ਆਪ ਪਰਗਟਾਇੰਦਾ । ਨਿਰਗੁਣ ਵਸਤ ਨਿਰਗੁਣ ਭੰਡਾਰਾ, ਨਿਰਗੁਣ ਹੋਏ ਦੇਵਣਹਾਰਾ, ਨਿਰਗੁਣ ਝੋਲੀ ਅੱਗੇ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਤਮਾਸ਼ਾ ਪੁਰਖ ਅਬਿਨਾਸ਼ਾ ਨਿਰਗੁਣ ਨਿਰਗੁਣ ਆਪ ਕਰਾਇੰਦਾ । ਨਿਰਗੁਣ ਖੇਲ ਪੁਰਖ ਅਗੰਮ, ਭੇਵ ਕੋਇ ਨਾ ਪਾਇੰਦਾ । ਕਰੇ ਵੇਸ ਸ੍ਰੀ ਭਗਵਨ, ਰੂਪ ਅਨੂਪ ਆਪ ਵਟਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਨ, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਸਾਇੰਦਾ । ਸਚਖੰਡ ਦੁਆਰਾ ਜਾਏ ਵਸ, ਸੋ ਪੁਰਖ ਨਿਰੰਜਣ ਆਪ ਵਸਾਈਆ । ਹਰਿ ਪੁਰਖ ਨਿਰੰਜਣ ਪੂਰੀ ਕਰੇ ਆਸ, ਏਕੰਕਾਰ ਵੇਖੇ ਚਾਈਂ ਚਾਈਆ । ਆਦਿ ਨਿਰੰਜਣ ਕਰ ਪਰਕਾਸ਼, ਨੂਰੋ ਨੂਰ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਹੋ ਹੋ ਦਾਸ, ਸੇਵਕ ਬਣ ਬਣ ਸੇਵ ਕਮਾਈਆ । ਸ੍ਰੀ ਭਗਵਾਨ ਵਸੇ ਸਾਥ, ਸਗਲਾ ਸੰਗ ਆਪ ਨਿਭਾਈਆ । ਪਾਰਬ੍ਰਹਮ ਪ੍ਰਭ ਵੇਖੇ ਖੇਲ ਤਮਾਸ਼, ਖੇਲਣਹਾਰਾ ਆਪ ਹੋ ਜਾਈਆ । ਸਾਚੇ ਮੰਦਰ ਆਪਣੀ ਰਾਸ, ਨਿਰਗੁਣ ਨਿਰਗੁਣ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵੇਖੇ ਚਾਈਂ ਚਾਈਆ । ਸਚਖੰਡ ਵਸੇ ਆਪ ਨਿਰੰਕਾਰਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਆਦਿ ਜੁਗਾਦੀ ਹੋ ਉਜਿਆਰਾ, ਰੂਪ ਅਨੂਪ ਆਪ ਵਟਾਇੰਦਾ । ਅਲਖ ਅਗੋਚਰ ਬੇਪਰਵਾਹ ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰਾ, ਅਨਭਵ ਆਪਣੀ ਧਾਰ ਚਲਾਇੰਦਾ । ਦਾਈ ਦਾਇਆ ਖੇਲ ਨਿਆਰਾ, ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਪੁਰਖ ਕਰਾਇੰਦਾ । ਜਨਨੀ ਜਨ ਬਣ ਸੱਚੀ ਸਰਕਾਰਾ, ਪੂਤ ਸਪੂਤਾ ਕਰੇ ਪਿਆਰਾ, ਪਿਤਾ ਪੂਤ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਬਿਨਾਸ਼ੀ ਅਚੁੱਤ, ਸ਼ਬਦੀ ਜਾਏ ਸਾਚਾ ਸੁਤ, ਸਾਚੀ ਗੋਦ ਆਪ ਬਹਾਇੰਦਾ । ਸ਼ਬਦੀ ਸੁਤ ਗੋਦ ਸਹਾਰਾ, ਸਤਿਗੁਰ ਪੂਰਾ ਆਪ ਰਖਾਈਆ । ਨਿਰਗੁਣ ਨਿਰਗੁਣ ਕਰੇ ਪਿਆਰਾ, ਨਿਰਗੁਣ ਪਿਤਾ ਨਿਰਗੁਣ ਮਾਈਆ । ਕਰੇ ਕਰਾਏ ਸਚ ਵਿਹਾਰਾ, ਬਿਵਹਾਰੀ ਵਡ ਵਡਿਆਈਆ । ਥਿਰ ਘਰ ਖੋਲ੍ਹੇ ਆਪ ਕਿਵਾੜਾ, ਆਪਣੀ ਸੇਵਾ ਆਪ ਕਮਾਈਆ । ਪਰਕਾਸ਼ ਵਿਚੋਂ ਪਰਕਾਸ਼ ਦੇ ਆਧਾਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਦਏ ਵਡਿਆਈਆ । ਸ਼ਬਦੀ ਸੁਤ ਹਰਿ ਛੋਟਾ ਬਾਲਾ, ਪੁਰਖ ਅਬਿਨਾਸ਼ੀ ਆਪ ਪਰਗਟਾਇੰਦਾ । ਥਿਰ ਘਰ ਬਹਾਏ ਸੱਚੀ ਧਰਮਸਾਲਾ, ਚਾਰ ਦੀਵਾਰ ਨਾ ਕੋਇ ਰਖਾਇੰਦਾ । ਆਦਿ ਪੁਰਖ ਚਲੀ ਅਵੱਲੜੀ ਚਾਲਾ, ਭੇਵ ਕੋਇ ਨਾ ਪਾਇੰਦਾ । ਸਦਾ ਸੁਹੇਲਾ ਵਸੇ ਨਾਲਾ,

ਵਿਛੜ ਕਦੇ ਨਾ ਜਾਇੰਦਾ । ਸਾਚਾ ਮਾਰਗ ਦੱਸ ਸੁਖਾਲਾ, ਭੇਵ ਅਭੇਦ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਆਪ ਉਪਜਾਇੰਦਾ । ਸ਼ਬਦੀ ਸੁਤ ਕਰ ਪਿਆਰ, ਹਰਿ ਸਤਿਗੁਰ ਖੇਲ ਕਰਾਈਆ । ਆਪਣੀ ਇਛਿਆ ਆਪੇ ਧਾਰ, ਕਰ ਕਿਰਪਾ ਮੇਲ ਮਿਲਾਈਆ । ਜਨਨੀ ਜਨ ਅਗੰਮ ਅਪਾਰ, ਦਾਈ ਦਾਇਆ ਸੇਵ ਕਮਾਈਆ । ਥਿਰ ਘਰ ਦਰਬਾਰੇ ਆਪੇ ਵਾੜ, ਸਿਰ ਆਪਣਾ ਹੱਥ ਰਖਾਈਆ । ਆਦਿ ਜੁਗਾਦਿ ਕਰੇ ਪ੍ਰਿਤਪਾਲ, ਪ੍ਰਿਤਪਾਲਕ ਵਡ ਗੁਸਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਸੁਤ ਸਮਝਾਈਆ । ਸਾਚੇ ਸੁਤ ਦੇਵੇ ਗਿਆਨ, ਹਰਿ ਜੂ ਆਪਣੀ ਦਇਆ ਕਮਾਇੰਦਾ । ਸਾਚੇ ਸੁਤ ਦੇਵੇ ਧਿਆਨ, ਹਰਿ ਜੂ ਏਕਾ ਧਿਆਨ ਜਣਾਇੰਦਾ । ਸਾਚੇ ਸੁਤ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਸਾਚੇ ਸੁਤ ਦੇਵੇ ਨਿਸ਼ਾਨ, ਸਤਿ ਨਿਸ਼ਾਨਾ ਇਕ ਵਖਾਇੰਦਾ । ਸਾਚੇ ਸੁਤ ਦੇਵੇ ਪਹਿਚਾਨ, ਸਵੱਛ ਸਰੂਪੀ ਰੂਪ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਆਪ ਉਠਾਇੰਦਾ । ਸ਼ਬਦੀ ਸੁਤ ਜਾਏ ਉਠ, ਸਚਖੰਡ ਨਿਵਾਸੀ ਆਪ ਉਠਾਈਆ । ਆਦਿ ਪੁਰਖ ਅਬਿਨਾਸ਼ੀ ਕਰਤਾ ਜਾਏ ਤੁਠ, ਅਜੂਨੀ ਰਹਿਤ ਹੋਏ ਸਹਾਈਆ । ਪੁਰਖ ਅਕਾਲਾ ਦੀਨ ਦਿਆਲਾ ਸੁਹਾਏ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਵੱਜੇ ਸਚ ਵਧਾਈਆ । ਥਿਰ ਘਰ ਵੱਜੇ ਸਾਚਾ ਵਾਜਾ, ਵਜਾਵਣਹਾਰਾ ਆਪ ਵਜਾਇੰਦਾ । ਕਰੇ ਖੇਲ ਗ਼ਰੀਬ ਨਿਵਾਜ਼ਾ, ਭੇਵ ਕੋਇ ਨਾ ਪਾਇੰਦਾ । ਭੂਪਤ ਭੂਪ ਰਾਜਨ ਰਾਜਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਪੜਦਾ ਆਪ ਉਠਾਇੰਦਾ । ਪੂਤ ਸਪੂਤਾ ਸਾਜਣ ਸਾਜਾ, ਬਾਲ ਅਵਾਣਾ ਆਪ ਜਗਾਇੰਦਾ । ਆਪੇ ਰਚ ਰਚ ਆਪਣਾ ਕਾਜਾ, ਆਪੇ ਖ਼ੁਸ਼ੀ ਵਖਾਇੰਦਾ । ਆਪੇ ਸਚਖੰਡ ਨਿਵਾਸੀ ਥਿਰ ਘਰ ਫਿਰੇ ਭਾਜਾ, ਆਪਣੀ ਅਲਖ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਆਪਣਾ ਆਪ ਖੁਲ੍ਹਾਇੰਦਾ । ਥਿਰ ਘਰ ਸਾਚਾ ਗਿਆ ਖੁਲ੍ਹ, ਹਰਿ ਜੂ ਆਪ ਖੁਲ੍ਹਾਇਆ । ਆਪ ਉਪਾਈ ਆਪਣੀ ਕੁਲ, ਸ਼ਬਦੀ ਵੇਸ ਵਟਾਇਆ । ਆਪੇ ਖੇਲ ਕਰੇ ਅਤੁਲ, ਤੋਲ ਸਕੇ ਨਾ ਕੋਇ ਰਾਇਆ । ਆਪੇ ਹੋਏ ਸਦਾ ਅਭੁੱਲ, ਭੁੱਲ ਕਦੇ ਨਾ ਜਾਇਆ । ਆਪੇ ਹੋਏ ਸਦਾ ਅਡੁਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਆਪ ਸੁਹਾਇਆ । ਸਚਖੰਡ ਸੁਹਾਏ ਆਪ ਨਿਰੰਕਾਰਾ, ਨਿਰਗੁਣ ਆਪਣਾ ਨੂਰ ਧਰਾਈਆ । ਥਿਰ ਘਰ ਖੋਲ੍ਹ ਆਪ ਕਿਵਾੜਾ, ਸ਼ਬਦੀ ਸੁਤ ਦਏ ਵਡਿਆਈਆ । ਹੁਕਮੀ ਹੁਕਮ ਸਤਿ ਜੈਕਾਰਾ, ਸਤਿ ਸਤਿਵਾਦੀ ਆਪ ਸੁਣਾਈਆ । ਮੇਰਾ ਤੇਰਾ ਇਕ ਸਹਾਰਾ, ਏਕਾ ਘਰ ਵੱਜੇ ਵਧਾਈਆ । ਤੇਰਾ ਮੇਰਾ ਏਕਾ ਨਾਅਰਾ, ਨਾਉਂ ਨਿਰੰਕਾਰਾ ਕਰੇ ਪੜ੍ਹਾਈਆ । ਤੇਰਾ ਮੇਰਾ ਇਕ ਪਸਾਰਾ, ਪਸਰ ਪਸਾਰੀ ਰਿਹਾ ਸਮਝਾਈਆ । ਤੇਰਾ ਮੇਰਾ ਇਕ ਅਖਾੜਾ, ਨਿਰਗੁਣ ਨਿਰਗੁਣ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਦਏ ਵਡਿਆਈਆ । ਦੇਵੇ ਮਾਣ ਪੁਰਖ ਅਬਿਨਾਸ਼ਾ, ਆਪਣੀ ਦਇਆ ਕਮਾਇੰਦਾ । ਸਚਖੰਡ ਨਿਵਾਸੀ ਪਾਏ ਸਾਚੀ ਰਾਸਾ, ਥਿਰ ਘਰ ਆਪਣਾ ਖੇਲ ਕਰਾਇੰਦਾ । ਤੇਰੇ ਅੰਤਰ ਕਰੇ ਵਾਸਾ, ਆਪਣਾ ਮੇਲ ਮਿਲਾਇੰਦਾ । ਕਰ ਕਰ ਮੇਲਾ ਸ਼ਾਹੋ ਸ਼ਾਬਾਸ਼ਾ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਸੁਤ ਦੁਲਾਰੇ ਤੇਰੀ ਕਰੇ ਪੂਰੀ ਆਸਾ, ਨਿਰਾਸਾ ਰੂਪ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ

ਇਕ ਸੁਣਾਇੰਦਾ । ਧੁਰ ਫ਼ਰਮਾਣਾ ਸਾਚਾ ਗੀਤ, ਬੋਧ ਅਗਾਧੀ ਹਰਿ ਜਣਾਇੰਦਾ । ਸ਼ਬਦੀ ਸੁਤ ਤੇਰੀ ਰੀਤ, ਪੁਰਖ ਅਬਿਨਾਸ਼ੀ ਆਪ ਚਲਾਇੰਦਾ । ਚਰਨ ਸਰਨ ਸਚ ਪ੍ਰੀਤ, ਪ੍ਰੀਤੀਵਾਨ ਆਪ ਬੰਨਾਇੰਦਾ । ਖੇਲ ਕਰਾਏ ਇਕ ਅਨਡੀਠ, ਨੇਤਰ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣੀ ਸਿਖਿਆ ਆਪ ਸਮਝਾਇੰਦਾ । ਆਦਿ ਪੁਰਖ ਦੇਵੇ ਸਿਖਿਆ, ਲੇਖਾ ਆਪਣਾ ਆਪ ਜਣਾਇੰਦਾ । ਸਚਖੰਡ ਨਿਵਾਸੀ ਪਾਏ ਭਿਛਿਆ, ਭਿਖਕ ਝੋਲੀ ਆਪ ਭਰਾਇੰਦਾ । ਆਪ ਵੰਡਾਏ ਸਾਚਾ ਹਿੱਸਿਆ, ਹਿੱਸਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਸੁਤ ਸਮਝਾਇੰਦਾ । ਸ਼ਬਦੀ ਸੁਤ ਦੋਏ ਜੋੜ ਕਰ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਸਾਹਿਬ ਸੁਲਤਾਨ ਤੇਰਾ ਅੰਤ ਨਾ ਪਾਰਾਵਾਰ, ਹਉਂ ਬਾਲਕ ਭੇਵ ਨਾ ਆਇੰਦਾ । ਕਰ ਕਿਰਪਾ ਚਰਨ ਕਵਲ ਦੇ ਪਿਆਰ, ਏਕਾ ਤੇਰੀ ਓਟ ਰਖਾਇੰਦਾ । ਤੇਰੇ ਹੁਕਮੇ ਅੰਦਰ ਕਰਾਂ ਕਾਰ, ਕੀਤਾ ਕੌਲ ਭੁੱਲ ਨਾ ਜਾਇੰਦਾ । ਤੂੰ ਸਾਹਿਬ ਸੁਲਤਾਨ ਪਰਵਰਦਿਗਾਰ, ਬੇਐਬ ਆਪ ਅਖਵਾਇੰਦਾ । ਮੁਕਾਮੇ ਹੱਕ ਤੇਰਾ ਪਸਾਰ, ਨੂਰ ਨੂਰਾਨਾ ਡਗਮਗਾਇੰਦਾ । ਮੈਂ ਬਰਦਾ ਚਾਕਰ ਸੇਵਾਦਾਰ, ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਪਾ ਦੇਣੀ ਕਰ, ਤੇਰੇ ਅੱਗੇ ਸੀਸ ਝੁਕਾਇੰਦਾ । ਤੇਰੇ ਚਰਨਾਂ ਸੀਸ ਅੱਗੇ ਰੱਖ, ਨੇਤਰ ਨੈਣਾਂ ਨੀਰ ਵਹਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਮੈਂ ਚਲਾਂ ਤੁਧ ਰਜ਼ਾਈਆ । ਤੂੰ ਮੇਰਾ ਨੂਰ ਕੀਤਾ ਪਰਤੱਖ, ਬਣ ਮੇਰਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਪਾ ਦੇਣੀ ਕਰ, ਇਕੋ ਤੇਰੀ ਓਟ ਤਕਾਈਆ । ਇਕੋ ਤੇਰੀ ਆਸ, ਮੇਰੇ ਹਰਿ ਪਰਵਰਦਿਗਾਰਾ । ਸਦਾ ਵਸਾਂ ਤੇਰੇ ਪਾਸ, ਮੋਹੇ ਭਾਏ ਤੇਰਾ ਦੁਆਰਾ । ਤੇਰੇ ਦਰਸ ਬੁਝੇ ਪਿਆਸ, ਤੇਰਾ ਨੂਰ ਠੰਡਾ ਠਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਥਿਰ ਘਰ ਵਸਦਾ ਰਹੇ ਦੁਆਰਾ । ਥਿਰ ਘਰ ਮੇਰਾ ਵਸੇ ਦੁਆਰ, ਸ਼ਬਦੀ ਮੰਗ ਮੰਗਾਇੰਦਾ । ਤੇਰੇ ਚਰਨ ਧੂੜੀ ਮੰਗਾ ਛਾਰ, ਮਸਤਕ ਟਿੱਕਾ ਇਕ ਲਗਾਇੰਦਾ । ਤੇਰਾ ਨਾਉਂ ਗੀਤ ਸੁਹਾਗੀ ਗਾਵਾ ਵਾਰ, ਨਾਉਂ ਨਿਰੰਕਾਰਾ ਇਕ ਸਲਾਹਿੰਦਾ । ਸਚਖੰਡ ਵੇਖਾਂ ਤੇਰਾ ਦੀਦਾਰ, ਨੇਤਰ ਨੈਣ ਨੈਣ ਮਿਲਾਇੰਦਾ । ਤੂੰ ਸਾਹਿਬ ਸੱਚਾ ਬਖ਼ਸ਼ਣਹਾਰ, ਤੇਰਾ ਭੇਵ ਕੋਇ ਨਾ ਆਇੰਦਾ । ਮੈਂ ਬਾਲ ਅਵਾਣਾ ਸੁਤ ਦੁਲਾਰ, ਤੇਰੇ ਚਰਨਾਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਭਾਇੰਦਾ । ਪੁਰਖ ਅਬਿਨਾਸ਼ੀ ਹੋ ਦਿਆਲ, ਆਪਣੀ ਦਇਆ ਕਮਾਈਆ । ਤੇਰੀ ਸਦਾ ਸਦਾ ਕਰਾਂ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਤੂੰ ਉਪਜਿਆ ਮੇਰਾ ਲਾਲ, ਲਾਲਣ ਮੇਰੀ ਗੋਦ ਸੁਹਾਈਆ । ਮੈਂ ਮਾਰਗ ਦੱਸਾਂ ਇਕ ਸੁਖਾਲ, ਰਹਿਬਰ ਤੇਰਾ ਨਾਉਂ ਵਡਿਆਈਆ । ਥਿਰ ਘਰ ਵਸਦੀ ਰਹੇ ਤੇਰੀ ਧਰਮਸਾਲ, ਧਰਮ ਦੁਆਰਾ ਇਕ ਬਣਾਈਆ । ਦੀਪਕ ਦੀਆ ਦਿਤਾ ਬਾਲ, ਨਾ ਸਕੇ ਕੋਈ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਗੁਣ ਸਮਝਾਈਆ । ਏਕਾ ਗੁਣ ਪੁਰਖ ਅਕਾਲਾ, ਆਦਿ ਆਦਿ ਜਣਾਇਆ । ਤੇਰਾ ਮਾਰਗ ਦੱਸਾਂ ਸੁਖਾਲਾ, ਆਪਣਾ ਭੇਵ ਖੁਲ੍ਹਾਇਆ । ਤੇਰੀ ਗੋਦ ਬਹਾਵਾਂ ਲਾਲਾ, ਵਿਸ਼ਨ ਬ੍ਰਹਮਾ ਸ਼ਿਵ ਨਾਉਂ ਧਰਾਇਆ । ਕਰਾਂ ਖੇਲ ਇਕ ਨਿਰਾਲਾ, ਏਕੰਕਾਰਾ ਰਿਹਾ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸ਼ਬਦੀ ਸੁਤ ਸੁਤ ਵਡਿਆਇਆ । ਸ਼ਬਦੀ ਸੁਤ ਸੁਣ ਬਾਲ ਨਿਧਾਨ, ਹਰਿ ਜੂ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਿਤਾ ਦਾਨ, ਤ੍ਰੈ ਤ੍ਰੈ ਤੇਰੀ ਝੋਲੀ ਪਾਇੰਦਾ । ਤ੍ਰੈ ਤ੍ਰੈ ਕਰਨ ਇਕ ਧਿਆਨ, ਏਕਾ ਰਾਹ ਵਖਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਤੇਰੀ ਮਹਿਮਾ ਆਪ ਜਣਾਇੰਦਾ । ਤ੍ਰੈਗੁਣ ਮਾਇਆ ਕਰ ਪਰਧਾਨ, ਪੰਚਮ ਮੇਲਾ ਮੇਲ ਮਿਲਾਇੰਦਾ । ਸ਼ਬਦੀ ਸ਼ਬਦ ਧੁਰ ਫ਼ਰਮਾਣ, ਸਚ ਸੰਦੇਸਾ ਇਕ ਅਲਾਇੰਦਾ । ਵਿਸ਼ਨੂੰ ਵਿਸ਼ਵ ਲਏ ਪਛਾਣ, ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਇੰਦਾ । ਸ਼ੰਕਰ ਕਰੇ ਇਕ ਕਲਿਆਣ, ਸੁੰਨ ਅਗੰਮ ਧੂੰਆਂਧਾਰ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਲਗਾਇੰਦਾ । ਸਾਚੀ ਸੇਵਾ ਸੁਤ ਦੁਲਾਰੇ, ਹਰਿ ਜੂ ਹਰਿ ਹਰਿ ਆਪ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰੇ, ਤ੍ਰੈ ਪੰਜ ਮੇਲ ਸਮਝਾਈਆ । ਲੱਖ ਚੁਰਾਸੀ ਭਾਂਡੇ ਘੜ ਬਣ ਠਠਿਆਰੇ, ਘਟ ਘਟ ਆਪਣਾ ਰੂਪ ਸਮਾਈਆ । ਚਾਰੇ ਖਾਣੀ ਕਰ ਵਣਜਾਰੇ, ਅੰਡਜ ਜੇਰਜ ਉਤਭੁਜ ਸੇਤਜ ਰੰਗ ਰੰਗਾਈਆ । ਚਾਰੇ ਬਾਣੀ ਬੋਲ ਜੈਕਾਰੇ, ਚਾਰੋਂ ਕੁੰਟ ਕੁੰਟ ਸੁਣਾਈਆ । ਚਾਰੋਂ ਜੁਗ ਕਰ ਪਨਿਹਾਰੇ, ਲੋਕਮਾਤ ਸੇਵ ਕਮਾਈਆ । ਚਾਰ ਵਰਨ ਦੇ ਸਹਾਰੇ, ਚਾਰ ਯਾਰੀ ਗੰਢ ਪੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਆਦਿ ਪੁਰਖ ਏਕਾ ਵਾਰ ਸੁਣਾਈਆ । ਆਦਿ ਪੁਰਖ ਸਚ ਸੰਦੇਸਾ, ਏਕਾ ਵਾਰ ਜਣਾਇੰਦਾ । ਬ੍ਰਹਿਮੰਡ ਖੰਡ ਪੁਰੀ ਲੋਆਂ ਵਸਾ ਦੇਸਾ, ਗਗਨ ਮੰਡਲ ਤੇਰਾ ਰਾਗ ਸੁਣਾਇੰਦਾ । ਖਾਣੀ ਬਾਣੀ ਬਣ ਨਰੇਸ਼ਾ, ਨਰ ਨਰਾਇਣ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਸਮਝਾਇੰਦਾ । ਸਾਚੀ ਸੇਵਾ ਜਾਣਾ ਲੱਗ, ਹਰਿ ਹਰਿ ਆਪ ਜਣਾਇੰਦਾ । ਹੁਕਮ ਵਰਤਾਏ ਸੂਰਾ ਸਰਬੱਗ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਲੱਖ ਚੁਰਾਸੀ ਨਾਤਾ ਤੋੜ ਜਗ, ਜਾਗਰਤ ਜੋਤ ਜੋਤ ਮਿਲਾਇੰਦਾ । ਤ੍ਰੈਗੁਣ ਮਾਇਆ ਅਗਨੀ ਅੱਗ, ਤੱਤਵ ਤੱਤ ਤੱਤ ਪਰਗਟਾਇੰਦਾ । ਨਿਰਗੁਣ ਸਰਗੁਣ ਅੰਦਰ ਬਹੇ ਸਜ, ਨਵ ਨੌਂ ਖੇਲ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਅਲਾਇੰਦਾ । ਸਚ ਸੰਦੇਸਾ ਏਕਾ ਵਾਰ, ਹਰਿ ਹਰਿ ਆਖ ਸੁਣਾਇਆ । ਲੱਖ ਚੁਰਾਸੀ ਕਰ ਤਿਆਰ, ਧਰਤ ਧਵਲ ਦਏ ਬਹਾਇਆ । ਜਲ ਬਿੰਬ ਪਾਏ ਸਾਰ, ਨੀਰ ਸਰੋਵਰ ਆਪਣਾ ਭੇਸ ਵਟਾਇਆ । ਰਵ ਸਸ ਕਰ ਉਜਿਆਰ, ਕਿਰਨ ਕਿਰਨ ਨਾਲ ਚਮਕਾਇਆ । ਜ਼ਿਮੀਂ ਅਸਮਾਨ ਵੇਖ ਅਖਾੜ, ਬ੍ਰਹਿਮੰਡ ਖੰਡ ਨਾਚ ਨਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਲਗਾਇਆ । ਸਾਚੀ ਸੇਵਾ ਕਰ ਪਰਵਾਨ, ਹਰਿ ਸ਼ਬਦ ਖ਼ੁਸ਼ੀ ਮਨਾਇੰਦਾ । ਤੇਰਾ ਝੁਲਾਵਾਂ ਸਚ ਨਿਸ਼ਾਨ, ਦੋ ਜਹਾਨਾਂ ਆਪ ਵਖਾਇੰਦਾ । ਲੱਖ ਚੁਰਾਸੀ ਜੀਵ ਜਹਾਨ, ਜੀਵਣ ਜੁਗਤ ਜੁਗਤ ਜਣਾਇੰਦਾ । ਖਾਣੀ ਬਾਣੀ ਹੋ ਪਰਧਾਨ, ਲੋਕਮਾਤ ਵੰਡ ਵੰਡਾਇੰਦਾ । ਆਪਣਾ ਭੇਵ ਦੱਸ ਭਗਵਾਨ, ਕਵਣ ਦੁਆਰੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਝੋਲੀ ਡਾਹਿੰਦਾ । ਤੇਰੇ ਅੱਗੇ ਮੰਗਾਂ ਮੰਗ, ਮੇਰੇ ਸਾਹਿਬ ਸੱਚੇ ਸੁਲਤਾਨਾ । ਜੁਗ ਚੌਕੜੀ ਵੰਡਾਂ ਵੰਡ, ਲੱਖ ਚੁਰਾਸੀ ਖੇਲ ਮਹਾਨਾ । ਗੀਤ ਸੁਹਾਗੀ ਸੁਣਾਵਾਂ ਛੰਦ, ਅਨਰਾਗੀ ਰਾਗ ਤਰਾਨਾ । ਲੇਖਾ ਜਾਣਾ ਬੱਤੀ ਦੰਦ, ਰਸਨਾ ਜਿਹਵਾ ਨਾਲ ਜ਼ਬਾਨਾ । ਕਰ ਪਰਕਾਸ਼ ਵੇਖਾਂ ਸੂਰਜ ਚੰਦ, ਧਰਤ ਧਵਲ ਅਕਾਸ਼ ਜ਼ਿਮੀਂ ਅਸਮਾਨਾ । ਲੱਖ ਚੁਰਾਸੀ ਪਾਵਾਂ ਬੰਦ, ਬੰਦੀਖਾਨਾ ਇਕ ਵਖਾਨਾ । ਦੋ ਜਹਾਨਾਂ ਰੱਖਾ ਕੰਧ,

ਕਰਾਂ ਖੇਲ ਜਗਤ ਮਹਾਨਾ । ਉਤਭੁਜ ਸੇਤਜ ਜੇਰਜ ਅੰਡ ਆਪੇ ਵੰਡ, ਹੁਕਮੀ ਹੁਕਮ ਦਿਆਂ ਪਰਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਸੀਸ ਝੁਕਾਨਾ । ਦਰ ਤੇਰੇ ਝੁਕਿਆ ਸੀਸ, ਮੇਰੇ ਸਤਿਗੁਰ ਸੱਚੇ ਮੀਤਾ । ਏਕਾ ਦੇ ਸਚ ਅਸੀਸ, ਮੈਂ ਚਲਾਵਾਂ ਤੇਰੀ ਰੀਤਾ । ਇਕ ਪੜ੍ਹਾਵਾਂ ਧੁਰ ਹਦੀਸ, ਇਕ ਜਪਾਵਾਂ ਤੇਰਾ ਨਾਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰਵਾਨ ਹੋ ਮਿਹਰਵਾਨਾ । ਮਿਹਰਵਾਨ ਦਿਆਲ ਪ੍ਰਭ ਮੀਤਾ, ਆਪਣੀ ਦਇਆ ਕਮਾਇੰਦਾ । ਸ਼ਬਦ ਸੁਤ ਤੇਰੀ ਸਾਚੀ ਰੀਤਾ, ਜੁਗ ਚੌਕੜੀ ਆਪ ਚਲਾਇੰਦਾ । ਆਪਣਾ ਨਾਮ ਸੁਣਾਏ ਅਨਡੀਠਾ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਸਮਝਾਇੰਦਾ । ਸਾਚੀ ਧਾਰ ਸੁਣ ਕੰਨ ਲਾ, ਹਰਿ ਜੂ ਹਰਿ ਜਣਾਈਆ । ਜੁਗ ਜੁਗ ਬਣਾਂ ਮਾਤ ਮਲਾਹ, ਰੂਪ ਅਨੂਪ ਵਟਾਈਆ । ਗੁਰ ਅਵਤਾਰ ਨਾਉਂ ਧਰਾ, ਜੀਵ ਜੰਤ ਸੇਵ ਕਮਾਈਆ । ਨਾਉਂ ਨਿਧਾਨਾ ਆਪੇ ਗਾ, ਲੱਖ ਚੁਰਾਸੀ ਕਰਾਂ ਪੜ੍ਹਾਈਆ । ਤੇਰਾ ਮਾਰਗ ਦੇਵਾਂ ਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਨ ਆਪਣੀ ਦਇਆ ਕਮਾਈਆ । ਰਹਿਮ ਕਮਾਏ ਹਰਿ ਰਹਿਮਾਨ, ਰਹਿਮਤ ਆਪਣੀ ਆਪ ਜਣਾਇੰਦਾ । ਤੇਰਾ ਖੇਲ ਦੋ ਜਹਾਨ, ਹਰਿ ਸ਼ਬਦੀ ਆਪ ਵਖਾਇੰਦਾ । ਲੋਕਮਾਤ ਰਖਾਏ ਤੇਰਾ ਮਾਣ, ਆਪਣਾ ਮਾਣ ਨਾ ਕੋਇ ਜਣਾਇੰਦਾ । ਗੁਰ ਗੁਰ ਰੂਪ ਹੋ ਪਰਧਾਨ, ਤੇਰਾ ਨਾਦ ਵਜਾਇੰਦਾ । ਬ੍ਰਹਮਾ ਵੇਤਾ ਦੇਵੇ ਇਕ ਗਿਆਨ, ਨੇਤਰ ਨੈਣ ਨੈਣ ਇਕ ਖੁਲ੍ਹਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣ, ਧੁਰ ਦਰਬਾਰੀ ਆਪ ਸੁਣਾਇੰਦਾ । ਚਾਰੇ ਵੇਦਾਂ ਕਰ ਵਖਿਆਨ, ਚਾਰੇ ਜੁਗ ਸੋਭਾ ਪਾਇੰਦਾ । ਸ਼ਾਸਤਰ ਸਿਮਰਤ ਦੇ ਧਿਆਨ, ਧਿਆਨ ਧਿਆਨ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵ ਪੁਰਾਨੀ ਦੇ ਪਰਾਨ, ਪਵਣ ਸੁਆਸੀ ਖੇਲ ਮਹਾਨ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਨਿਰਗੁਣ ਸਰਗੁਣ ਸ਼ਬਦੀ ਧਾਰ, ਹਰਿ ਨਾਮੇ ਡੰਕ ਵਜਾਈਆ । ਲਿਖ ਲਿਖ ਲੇਖਾ ਜੁਗ ਚਾਰ, ਚਾਰ ਵੇਦ ਕਰੇ ਪੜ੍ਹਾਈਆ । ਸ਼ਾਸਤਰ ਸਿਮਰਤ ਕਰ ਤਿਆਰ, ਪੁਰਾਨ ਅਠਾਰਾਂ ਨਾਲ ਵਡਿਆਈਆ । ਗੀਤਾ ਗਿਆਨ ਕਰ ਉਧਾਰ, ਅਠ ਦਸ ਬੰਧਨ ਪਾਈਆ । ਅੰਜੀਲ ਕੁਰਾਨ ਖੋਲ੍ਹ ਕਿਵਾੜ, ਤੀਸ ਬਤੀਸਾ ਢੋਲਾ ਗਾਈਆ । ਖਾਣੀ ਬਾਣੀ ਕਰ ਪਸਾਰ, ਪਸਰ ਪਸਾਰੀ ਵੇਖ ਵਖਾਈਆ । ਲੱਖ ਚੁਰਾਸੀ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਆਤਮ ਪਰਮਾਤਮ ਦਏ ਸਹਾਰ, ਈਸ਼ ਜੀਵ ਕਰੇ ਕੁੜਮਾਈਆ । ਲੇਖਾ ਜਾਣੇ ਜੁਗ ਜੁਗ ਚਾਰ, ਚੌਕੜੀ ਆਪਣਾ ਬੰਧਨ ਪਾਈਆ । ਨਵ ਨੌਂ ਖੇਲ ਵੇਖੇ ਅਖਾੜ, ਚਾਰ ਚਾਰ ਆਪਣਾ ਨਾਚ ਨਚਾਈਆ । ਨਵ ਨੌਂ ਚਾਰ ਦਏ ਆਧਾਰ, ਜਗਤ ਅਧਾਰੀ ਏਕਾ ਮਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣ ਬਣ ਸੇਵਾਦਾਰ, ਚਾਕਰ ਆਪਣੀ ਸੇਵ ਕਮਾਈਆ । ਨੌਂ ਸੌ ਚੁਰਾਨਵੇ ਚੌਕੜੀ ਆਵੇ ਜਾਵੇ ਵਾਰੋ ਵਾਰ, ਰੂਪ ਅਨੂਪ ਆਪ ਵਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਪਾਇਣ ਸਾਰ, ਲਿਖ ਲਿਖ ਲੇਖ ਨਾ ਕੋਇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਊਚੀ ਕੂਕ ਕੂਕ ਕਰਨ ਪੁਕਾਰ, ਸੋਹਲਾ ਢੋਲਾ ਇਕ ਸੁਣਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਮੁਕਾਮੇ ਹੱਕ ਡੇਰਾ ਲਾਈਆ । ਤਖ਼ਤ ਨਿਵਾਸੀ ਏਕੰਕਾਰ, ਸਾਚੇ ਤਖ਼ਤ ਬੈਠਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਗੁਰ ਖੇਲ ਵਖਾਈਆ । ਸ਼ਬਦੀ ਗੁਰ ਏਕੋ ਦਾਤਾ, ਜੁਗ ਜੁਗ ਵੇਸ ਵਟਾਇੰਦਾ ।

ਲੱਖ ਚੁਰਾਸੀ ਸੁਣਾਏ ਗਾਥਾ, ਬੋਧ ਅਗਾਧ ਆਪ ਪਰਗਟਾਇੰਦਾ । ਆਪ ਚਲਾਏ ਆਪਣਾ ਸਾਕਾ, ਦੂਸਰ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਬ ਕਲ ਆਪੇ ਸਮਰਾਥਾ, ਸਮਰਥ ਪੁਰਖ ਵੇਸ ਵਟਾਇੰਦਾ । ਸਮਰਥ ਪੁਰਖ ਹਰਿ ਖੇਲ ਅਪਾਰਾ, ਜੁਗ ਜੁਗ ਆਪ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰੇ ਪਾਰ ਕਿਨਾਰਾ, ਥਿਰ ਕੋਇ ਰਹਿਣ ਨਾ ਪਾਈਆ । ਲੇਖਾ ਜਾਣੇ ਪੀਰ ਪੈਗ਼ੰਬਰ ਗੁਰ ਅਵਤਾਰਾ, ਸਚਖੰਡ ਬੈਠਾ ਸੱਚਾ ਮਾਹੀਆ । ਭਗਤ ਭਗਵੰਤ ਦੇ ਸਹਾਰਾ, ਭਗਵਨ ਆਪਣੀ ਬੂਝ ਬੁਝਾਈਆ । ਸਾਚੇ ਸੰਤਾਂ ਖੋਲ੍ਹ ਕਿਵਾੜਾ, ਆਤਮ ਤਾਕੀ ਏਕਾ ਲਾਹੀਆ । ਗੁਰਮੁਖਾਂ ਦੇਵੇ ਦਰਸ ਅਪਾਰਾ, ਦਰਸੀ ਆਪਣੀ ਦਰਸ ਦਰਸਾਈਆ । ਗੁਰਸਿਖਾਂ ਦੇਵੇ ਚਰਨ ਸਹਾਰਾ, ਚਰਨ ਓਟ ਸੱਚੀ ਸਰਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਔਂਦਾ ਰਿਹਾ ਵਾਰੋ ਵਾਰਾ, ਵੇਸ ਅਨੇਕਾ ਰੂਪ ਵਟਾਈਆ । ਜੁਗ ਚੌਕੜੀ ਕਰ ਕਰ ਪਾਰ ਕਿਨਾਰਾ, ਹਰਿ ਜੂ ਆਪਣੀ ਖ਼ੁਸ਼ੀ ਮਨਾਈਆ । ਆਪੇ ਘੜੇ ਆਪੇ ਭੰਨੇ ਆਪੇ ਹੋਏ ਵੇਖਣਹਾਰਾ, ਆਪੇ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਈਆ । ਕਾਰ ਕਰਾਏ ਕਰਤਾ ਪੁਰਖ, ਕਰਨਹਾਰ ਅਖਵਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਦੁੱਖ ਨਾ ਕੋਇ ਜਣਾਇੰਦਾ । ਲੱਖ ਚੁਰਾਸੀ ਕਰੇ ਪਰਖ, ਹਰਿਜਨ ਸਾਚੇ ਆਪ ਉਠਾਇੰਦਾ । ਬਿਨ ਨੇਤਰ ਦੇਵੇ ਦਰਸ, ਬਿਨ ਅੱਖੋਂ ਅੱਖ ਖੁਲ੍ਹਾਇੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਸਾਂਤਕ ਸਤਿ ਸਤਿ ਵਰਤਾਇੰਦਾ । ਸਤਿ ਸਤਿਵਾਦੀ ਇਕ ਵਖਾਏ ਅਦਰਸ਼, ਇਸ਼ਟ ਆਪਣਾ ਆਪ ਜਣਾਇੰਦਾ । ਲੇਖਾ ਜਾਣੇ ਅਰਸ਼ ਫਰਸ਼, ਦੋ ਜਹਾਨਾਂ ਫੇਰੀ ਪਾਇੰਦਾ । ਜੁਗ ਜੁਗ ਤਾਰੇ ਪਿਛਲਾ ਕਰਜ਼, ਕਰਜ਼ਾ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਇਕ ਸਮਝਾਇੰਦਾ । ਸ਼ਬਦੀ ਸੁਤ ਸੁਣ ਕੰਨ ਲਾ, ਆਦਿ ਪੁਰਖ ਸੁਣਾਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਨਿਰਗੁਣ ਸਰਗੁਣ ਬਣੇ ਮਲਾਹ, ਬੇੜਾ ਲੋਕਮਾਤ ਚਲਾਇਆ । ਸ਼ਬਦੀ ਸ਼ਬਦ ਦਏ ਸਲਾਹ, ਸਲਾਹਕਾਰ ਆਪ ਹੋ ਜਾਇਆ । ਚਾਰ ਵੇਦ ਸ਼ਾਸਤਰ ਸਿਮਰਤ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਆਪ ਸੁਣਾ, ਰਾਗ ਰਾਗਨੀ ਰਾਗ ਅਲਾਇਆ । ਖਾਣੀ ਬਾਣੀ ਧੁਰ ਦੀ ਰਾਣੀ ਬੋਧ ਅਗਾਧ ਪੜਦਾ ਦਏ ਚੁਕਾ, ਚੁੱਕ ਆਪਣਾ ਮੁਖ ਵਖਾਇਆ । ਚਾਰ ਵਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼, ਚਾਰ ਕੁੰਟ ਉੱਤਰ ਪੂਰਬ ਪੱਛਮ ਦੱਖਣ, ਚਾਰ ਜੁਗ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ, ਚਾਰ ਬਾਣੀ ਪਰਾ ਪਸੰਤੀ ਮਧਮ ਬੈਖਰੀ ਦਏ ਸੁਣਾ, ਗੀਤ ਸੁਹਾਗੀ ਅਨਰਾਗੀ ਆਪਣਾ ਰਾਗ ਅਲਾਈਆ । ਅੰਤਮ ਚੌਕੜ ਵੇਖੇ ਆ, ਏਕਾ ਏਕੰਕਾਰਾ ਖੇਲ ਕਰਾ, ਚੌਥੇ ਪਦ ਰਿਹਾ ਸਮਾ, ਏਕਾ ਚੌਕਾ ਮੇਲ ਮਿਲਾ, ਚੌਦਾਂ ਹੱਟਾਂ ਵੇਖੇ ਥਾਉਂ ਥਾਂ, ਚੌਦਾਂ ਤਬਕਾਂ ਫੇਰਾ ਪਾਈਆ । ਚੌਦਾਂ ਵਿਦਿਆ ਪਕੜੇ ਬਾਂਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਰਿਹਾ ਸਮਝਾਈਆ । ਸ਼ਬਦ ਸੁਤ ਦੋਏ ਜੋੜ, ਪ੍ਰਭ ਚਰਨੀ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਆਦਿ ਜੁਗਾਦਿ ਮੋਹੇ ਤੇਰੀ ਲੋੜ, ਤੁਧ ਬਿਨ ਮੇਰਾ ਕਾਜ਼ ਨਾ ਕੋਇ ਕਰਾਇੰਦਾ । ਦੋ ਜਹਾਨਾਂ ਵੇਖਣਾ ਦੌੜ ਦੌੜ, ਇਕ ਤੇਰੀ ਓਟ ਤਕਾਇੰਦਾ । ਸਚਖੰਡ ਲਗਾਉਣਾ ਸੱਚਾ ਪੌੜ, ਉਚਾ ਡੰਡਾ ਇਕ ਬਣਾਇੰਦਾ । ਤੇਰਾ ਰੂਪ ਬ੍ਰਹਿਮਣ ਗੌੜ, ਦਿਸ ਕਿਸੇ ਨਾ ਆਇੰਦਾ । ਮੈਂ ਤੇਰਾ ਸੁਤ ਦੁਲਾਰਾ ਘਰ ਤੇਰੇ ਜੰਮਿਆ ਕੌਰ, ਏਕੋ ਤੇਰਾ ਟਿੱਕਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ

ਵੇਲਾ ਮੇਲ ਮਿਲਾਇੰਦਾ । ਕਵਣ ਵੇਲਾ ਮੇਲੇਂ ਆਣ, ਮੇਰੇ ਸਾਹਿਬ ਸੱਚੇ ਗੁਸਾਇਆ । ਮੈਂ ਜੁਗ ਜੁਗ ਮੰਨਾਂ ਤੇਰੀ ਆਣ, ਦਰ ਤੇਰੇ ਸੀਸ ਝੁਕਾਇਆ । ਤੂੰ ਦਰਸ਼ਨ ਦੇਣਾ ਆਣ, ਮੇਰੀ ਪੂਰੀ ਆਸ ਕਰਾਇਆ । ਮੈਂ ਖੇਲਾਂ ਖੇਲ ਵਿਚ ਜਹਾਨ, ਨਿਰਗੁਣ ਸਰਗੁਣ ਰੂਪ ਵਟਾਇਆ । ਤੇਰਾ ਹੱਟ ਚਲਾਵਾਂ ਦੁਕਾਨ, ਤੇਰਾ ਨਾਉਂ ਨਾਉਂ ਵਰਤਾਇਆ । ਤੂੰ ਸਾਹਿਬ ਸੱਚਾ ਸੁਲਤਾਨ, ਸਾਚੇ ਤਖ਼ਤ ਆਸਣ ਲਾਇਆ । ਕਵਣ ਵੇਲਾ ਹੋਏ ਮਿਹਰਵਾਨ, ਮੇਰਾ ਵਿਛੋੜਾ ਦਏ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਆਦਿ ਆਦਿ ਤੇਰੇ ਅੱਗੇ ਮੰਗ ਮੰਗਾਇਆ । ਦੇ ਦੇ ਵਰ ਕਰ ਇਕਰਾਰ, ਕੌਲ ਆਪਣਾ ਆਪ ਨਿਭਾਈਆ । ਜੁਗ ਚੌਕੜੀ ਸੇਵਾ ਕਰਾਂ ਵਾਰੋ ਵਾਰ, ਸੇਵਕ ਆਪਣਾ ਨਾਉਂ ਧਰਾਈਆ । ਪਰਗਟ ਕਰ ਗੁਰ ਅਵਤਾਰ, ਤੇਰਾ ਨਾਉਂ ਨਾਦ ਵਜਾਈਆ । ਪੀਰ ਪੈਗ਼ੰਬਰ ਕਰ ਖ਼ਬਰਦਾਰ, ਕਲਮਾ ਅਮਾਮ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਹੋਏ ਸਹਾਈਆ । ਦੇਵੇ ਵਰ ਹਰਿ ਨਿਰੰਕਾਰਾ, ਆਦਿ ਆਦਿ ਸੁਣਾਇਆ । ਜੁਗ ਚੌਕੜੀ ਖੇਲ ਨਿਆਰਾ, ਜੁਗ ਜੁਗ ਵੇਸ ਵਟਾਇਆ । ਅੰਤਮ ਚੌਕੜ ਪਾਵੇ ਸਾਰਾ, ਹੁਕਮੀ ਹੁਕਮ ਆਪ ਜਣਾਇਆ । ਤੇਰਾ ਰੂਪ ਵਖਾਏ ਤੇਈ ਅਵਤਾਰਾ, ਭਗਤ ਅਠਾਰਾਂ ਨਾਲ ਮਿਲਾਇਆ । ਤੇਰਾ ਨੂਰ ਈਸਾ ਮੂਸਾ ਹੋਏ ਉਜਿਆਰਾ, ਅਹਿਮਦ ਮੁਹੰਮਦ ਨਾਲ ਮਿਲਾਇਆ । ਤੇਰੇ ਨਾਉਂ ਹੱਕ ਜੈਕਾਰਾ, ਹਕ਼ੀਕ਼ਤ ਤੇਰੀ ਦਏ ਸਮਝਾਇਆ । ਤੇਰਾ ਖੇਲ ਪਰਵਰਦਿਗਾਰਾ, ਪਰਦਾਨਸ਼ੀ ਨਜ਼ਰ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਇਆ । ਆਪਣਾ ਭੇਵ ਦੱਸੇ ਭਗਵਾਨ, ਭੇਵ ਅਭੇਦ ਖੁਲ੍ਹਾਈਆ । ਸਤਿਜੁਗ ਤ੍ਰੇਤਾ ਪਰਗਟ ਹੋਵੇ ਵਿਚ ਜਹਾਨ, ਨਿਰਗੁਣ ਸਰਗੁਣ ਰੂਪ ਵਟਾਈਆ । ਸਤਿਜੁਗ ਕਲਜੁਗ ਖੇਲ ਵੇਖੇ ਆਣ, ਵੇਖਣਹਾਰਾ ਇਕ ਹੋ ਜਾਈਆ । ਏਕਾ ਨੂਰ ਵਡ ਬਲਵਾਨ, ਜੋਤੀ ਜਾਤਾ ਰੂਪ ਧਰਾਈਆ । ਗੁਰ ਗੁਰ ਖੇਲ ਸ੍ਰੀ ਭਗਵਾਨ, ਸਤਿਗੁਰ ਪੂਰਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਦਏ ਜਣਾਈਆ । ਅੰਤਮ ਲੇਖਾ ਹਰਿ ਕਰਤਾਰਾ, ਸ਼ਬਦੀ ਆਪ ਜਣਾਇੰਦਾ । ਸਤਿਜੁਗ ਉਪਜੇ ਅਠਾਰਾਂ ਵਾਰਾ, ਤ੍ਰੇਤਾ ਦੋਏ ਦੋਏ ਰੂਪ ਵਟਾਇੰਦਾ । ਦੁਆਪਰ ਦੋਏ ਲਾਏ ਅਖਾੜਾ, ਕਲਜੁਗ ਆਪਣਾ ਰੰਗ ਰੰਗਾਇੰਦਾ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਪੱਲੂ ਆਪ ਬੰਧਾਇੰਦਾ । ਨਾਨਕ ਨਿਰਗੁਣ ਕਰ ਤਿਆਰਾ, ਪੰਜ ਤੱਤ ਚੋਲਾ ਵੇਖ ਵਖਾਇੰਦਾ । ਸ਼ਬਦ ਅਗੰਮੀ ਇਕ ਜੈਕਾਰਾ, ਹਰਿ ਨਿਰੰਕਾਰਾ ਆਪ ਸੁਣਾਇੰਦਾ । ਕਰੇ ਖੇਲ ਅਗੰਮ ਅਪਾਰਾ, ਸਚਖੰਡ ਵਖਾਏ ਇਕ ਦੁਆਰਾ, ਚਰਨ ਕਵਲ ਕਵਲ ਬਹਾਇੰਦਾ । ਨਾਨਕ ਨਿਰਗੁਣ ਕਰੇ ਦੀਦਾਰਾ, ਬਿਨ ਰਸਨਾ ਜਿਹਵਾ ਗਾਏ ਏਕੰਕਾਰਾ, ਸਚਖੰਡ ਵਸੇ ਸੱਚਾ ਮਾਹੀਆ । ਤੇਰੀ ਕੁਦਰਤ ਤੇਰਾ ਪਸਾਰਾ, ਤੂੰ ਖ਼ੁਦਾਈ ਬੇਐਬ ਪਰਵਰਦਿਗਾਰਾ, ਰਾਮ ਰਹੀਮ ਤੇਰਾ ਅਖਾੜਾ ਲੱਖ ਚੁਰਾਸੀ ਚਾਰ ਕੁੰਟ ਚਾਰ ਖਾਣੀ ਚਾਰ ਵਰਨ ਲੋਕਮਾਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਜਣਾਈਆ । ਨਾਨਕ ਨਿਰਗੁਣ ਸਚਖੰਡ, ਸਚਖੰਡ ਵਾਸੀ ਆਪ ਬਹਾਇੰਦਾ । ਆਪਣਾ ਨਾਮ ਦੇਵੇ ਵੰਡ, ਸਾਚੀ ਵਸਤ ਝੋਲੀ ਪਾਇੰਦਾ । ਚਾਰ ਜੁਗ ਦਾ ਭੇਖ ਪਖੰਡ, ਏਕਾ ਵਾਰ ਮਿਟਾਇੰਦਾ । ਧੁਰ ਦਰਗਾਹੀ ਸਾਚਾ ਛੰਦ, ਸਤਿਨਾਮ ਪੜ੍ਹਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦਏ ਅਨੰਦ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਦੂਈ ਦਵੈਤੀ ਭਰਮਾਂ ਢਾਹੇ ਕੰਧ, ਹਉਮੇ

ਗੜ੍ਹ ਆਪ ਤੁੜਾਇੰਦਾ । ਆਤਮ ਪਰਮਾਤਮ ਨੰਗੀ ਹੋਣ ਨਾ ਦੇਵੇ ਕੰਡ, ਬ੍ਰਹਮ ਪਾਰਬ੍ਰਹਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਜੋਤੀ ਦਸ ਦਸ ਧਾਰ, ਕਰੇ ਖੇਲ ਅਗੰਮ ਅਪਾਰ, ਪੁਰਖ ਅਕਾਲਾ ਦੀਨ ਦਿਆਲਾ ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਦੱਸੇ ਖੋਲ੍ਹ, ਆਪਣੀ ਗਾਥਾ ਆਪ ਜਣਾਈਆ । ਚਾਰ ਜੁਗ ਤੋਲੇ ਤੋਲ, ਤੋਲਣਹਾਰਾ ਏਕਾ ਮਾਹੀਆ । ਕਲਜੁਗ ਅੰਤਮ ਲੱਖ ਚੁਰਾਸੀ ਨਾਮ ਮਧਾਣੇ ਲਏ ਵਿਰੋਲ, ਜਗਤ ਰਿੜਕਣਾ ਏਕਾ ਪਾਈਆ । ਸੁਤ ਸ਼ਬਦ ਤੇਰਾ ਦੁਆਰਾ ਦੇਵੇ ਖੋਲ੍ਹ, ਪੁਰਖ ਅਕਾਲ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦਏ ਉਠਾਈਆ । ਆਪਣਾ ਪੜਦਾ ਦੇਵੇ ਲਾਹ, ਕਿਰਪਾ ਕਰੇ ਗੁਣ ਨਿਧਾਨਾ । ਨਾਨਕ ਜੋਤੀ ਕਰ ਰੁਸ਼ਨਾ, ਖੇਲੇ ਖੇਲ ਜਹਾਨਾ । ਅੰਤਮ ਵੇਖੇ ਚੜ੍ਹੇ ਚਾਅ, ਵੇਸ ਵਟਾਏ ਜੋਧਾ ਸੂਰਬੀਰ ਬਲੀ ਬਲਵਾਨਾ । ਸੁਤ ਅਨਾਦੀ ਏਕਾ ਜਾ, ਪੰਜ ਤੱਤ ਦੇਵੇ ਸੱਚਾ ਦਾਨਾ । ਗੋਬਿੰਦ ਗੋਬਿੰਦ ਨਾਉਂ ਧਰਾ, ਗੋਬਿੰਦ ਪਿਤਾ ਗੋਬਿੰਦ ਪੂਤ ਗੋਬਿੰਦ ਮੇਲਾ ਵਿਚ ਜਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨਾ । ਸ੍ਰੀ ਭਗਵਾਨ ਰਿਹਾ ਦੱਸ, ਭੇਵ ਅਭੇਦ ਖੁਲ੍ਹਾਈਆ । ਸ਼ਬਦੀ ਗੁਰ ਹੋ ਪਰਗਟ, ਕਲਜੁਗ ਡੰਕਾ ਦਏ ਵਜਾਈਆ । ਸਤਿ ਸਤਿਵਾਦੀ ਖੋਲ੍ਹੇ ਹੱਟ, ਸਤਿ ਪੁਰਖ ਨਿਰੰਜਣ ਦਇਆ ਕਮਾਈਆ । ਵਸਣਹਾਰਾ ਘਟ ਘਟ, ਗ੍ਰਿਹ ਮੰਦਰ ਅੰਦਰ ਫੇਰਾ ਪਾਈਆ । ਲੱਖ ਚੁਰਾਸੀ ਵੇਖੇ ਖੇਲ ਬਾਜ਼ੀਗਰ ਨਟ, ਬਣ ਸਵਾਂਗੀ ਸਾਂਗ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸੁਣਾਈਆ । ਧੁਰ ਫ਼ਰਮਾਣਾ ਏਕੰਕਾਰ, ਏਕਾ ਏਕ ਜਣਾਇੰਦਾ । ਜੁਗ ਜੁਗ ਸੰਦੇਸਾ ਦੇਵਾਂ ਵਿਚ ਸੰਸਾਰ, ਵਾਕ ਭਵਿਖਤ ਆਪ ਸੁਣਾਇੰਦਾ । ਗੁਰ ਅਵਤਾਰਾਂ ਖੋਲ੍ਹ ਕਿਵਾੜ, ਪੀਰ ਪੈਗ਼ੰਬਰ ਪੜਦਾ ਲਾਹਿੰਦਾ । ਧੁਰ ਦੀ ਬਾਣੀ ਧੁਰ ਦੀ ਧਾਰ, ਧੁਰ ਦਾ ਕਲਮਾ ਆਪ ਪੜ੍ਹਾਇੰਦਾ । ਧੁਰ ਦਾ ਗੁਰ ਧੁਰ ਅਵਤਾਰ, ਧੁਰ ਦਾ ਨਬੀ ਰਸੂਲ ਬਣਾਇੰਦਾ । ਧੁਰ ਦਾ ਹੁਕਮ ਧੁਰ ਫ਼ਰਮਾਣ, ਧੁਰ ਦਰਬਾਰੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਆਪਣਾ ਕਰਮ ਆਪ ਕਮਾਇੰਦਾ । ਨਿਹਕਰਮੀ ਕਰੇ ਆਪਣੀ ਕਾਰ, ਕਰਤਾ ਪੁਰਖ ਭੇਵ ਨਾ ਆਈਆ । ਵੇਦ ਵਿਆਸਾ ਦੇ ਅਧਾਰ, ਪੁਰਾਨ ਅਠਾਰਾਂ ਚਾਰ ਲੱਖ ਹਜ਼ਾਰ ਸਤਾਰਾਂ ਸਲੋਕ ਗਣਾਈਆ । ਉਚੀ ਕੂਕ ਕਰੇ ਪੁਕਾਰ, ਕਲਜੁਗ ਆਏ ਅੰਤਮ ਵਾਰ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਨਾ ਕੋਈ ਪਿਤਾ ਨਾ ਕੋਈ ਮਾਈਆ । ਜੁਗ ਜੁਗ ਕਰਤਾ ਕਰੇ ਖ਼ਬਰਦਾਰ, ਈਸਾ ਮੂਸਾ ਨੈਣ ਖੁਲ੍ਹਾਈਆ । ਮੂਸਾ ਕਹੇ ਮੇਰਾ ਆਏ ਪਰਵਰਦਿਗਾਰ, ਨੂਰੀ ਜਲਵਾ ਨੂਰ ਵਖਾਈਆ । ਮੁਹੰਮਦ ਕਹੇ ਮੇਰਾ ਸਾਂਝਾ ਯਾਰ, ਰਸੂਲ ਰਸੂਲਾ ਸੱਚਾ ਮਾਹੀਆ । ਨਾਨਕ ਕਹੇ ਮਹਾਂਬਲੀ ਉਤਰੇ ਆਪਣੀ ਧਾਰ, ਧਾਰੋਂ ਧਾਰ ਲਏ ਪਰਗਟਾਈਆ । ਗੋਬਿੰਦ ਕਹੇ ਆਏ ਪੁਰਖ ਅਕਾਲ, ਅਕਲ ਕਲ ਆਪਣਾ ਰੂਪ ਵਟਾਈਆ । ਸੰਬਲ ਵਸੇ ਧਰਮਸਾਲ, ਧਰਮਸਾਲਾ ਇਕ ਬਣਾਈਆ । ਤ੍ਰੈਗੁਣ ਮਾਇਆ ਤੋੜੇ ਜ਼ੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਭਗਤ ਭਗਵੰਤ ਲਏ ਭਾਲ, ਲੱਖ ਚੁਰਾਸੀ ਫੋਲ ਫੋਲਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਗ਼ਰੀਬ ਨਿਮਾਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਖੋਲ੍ਹੇ ਭੇਦ, ਹਰਿ ਸਾਚਾ ਸਚ ਜਣਾਇੰਦਾ । ਅੰਤਮ ਲੇਖਾ ਚੁੱਕਣਾ ਚਾਰ ਵੇਦ, ਸ਼ਾਸਤਰ ਸਿਮਰਤ ਪੁਰਾਨ ਕੋਇ ਰਹਿਣ ਨਾ ਪਾਇੰਦਾ । ਗੁਰ

ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਸਾਧ ਸੰਤ ਵੇਖੇ ਖੇਡ, ਜੁਗ ਜੁਗ ਆਪਣਾ ਹੁਕਮ ਵਰਤਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਅਨਭਵ ਪਰਕਾਸ਼ਾ ਖੇਲ ਤਮਾਸ਼ਾ ਕਰੇ ਅਛਲ ਅਛੇਦ, ਵਲ ਛੱਲ ਆਪਣੀ ਕਾਰ ਕਮਾਇੰਦਾ । ਜੰਗਲ ਜੂਹ ਉਜਾੜ ਪਹਾੜ ਸਮੁੰਦ ਸਾਗਰ ਵੇਖਣਹਾਰਾ ਬਾਲੂ ਰੇਤ, ਉਚੇ ਟਿੱਲੇ ਪਰਬਤ ਸੋਭਾ ਪਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਲੱਖ ਚੁਰਾਸੀ ਪਰਖਣਹਾਰਾ ਅੰਦਰ ਵੜ ਵੜ ਕਾਇਆ ਖੇਤ, ਸਰਗੁਣ ਨਿਰਗੁਣ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਦੱਸੇ ਖੋਲ੍ਹ, ਖੋਲ੍ਹਣਹਾਰ ਹਰਿ ਨਿਰੰਕਾਰਾ । ਕਲਜੁਗ ਅੰਤਮ ਤੋਲੇ ਪੂਰਾ ਤੋਲ, ਤੋਲਣਹਾਰਾ ਹੋ ਉਜਿਆਰਾ । ਜੁਗ ਚੌਕੜੀ ਪੂਰਾ ਕਰੇ ਕੀਤਾ ਕੌਲ, ਭੁੱਲ ਨਾ ਜਾਏ ਵਿਚ ਸੰਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਗਟ ਹੋਏ ਆਪ ਨਿਰੰਕਾਰਾ । ਨਿਰੰਕਾਰ ਹੋਏ ਪਰਗਟ, ਪਰਗਨਾ ਆਪਣਾ ਦਏ ਜਣਾਈਆ । ਚੋਦਾਂ ਲੋਕ ਚੌਦਾਂ ਤਬਕ ਚਰਨਾਂ ਹੇਠ ਦਬਾਏ ਝੱਟ, ਸੀਸ ਸਕੇ ਨਾ ਕੋਈ ਉਠਾਈਆ । ਦੋ ਜਹਾਨਾਂ ਸ੍ਰੀ ਭਗਵਾਨ ਵੇਖੇ ਹੱਟ, ਬ੍ਰਹਿਮੰਡ ਖੰਡ ਆਪਣਾ ਫੇਰਾ ਪਾਈਆ । ਭੇਵ ਚੁਕਾਏ ਤੀਰਥ ਤਟ, ਕਿਨਾਰਾ ਕੋਇ ਨਜ਼ਰ ਨਾ ਆਈਆ । ਨਾਮ ਨਗਾਰੇ ਲਗਾਏ ਸੱਟ, ਸਾਚਾ ਡੰਕਾ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਗਣਾਈਆ । ਲੇਖਾ ਜਾਣੇ ਹਰਿ ਹਰਿ ਧਾਰ, ਦੂਸਰ ਭੇਵ ਕੋਇ ਨਾ ਆਇੰਦਾ । ਸ਼ਬਦੀ ਸੁਤ ਰਹਿਣਾ ਖ਼ਬਰਦਾਰ, ਪੁਰਖ ਅਬਿਨਾਸ਼ੀ ਆਪ ਜਗਾਇੰਦਾ । ਪਰਗਟ ਹੋਵੇ ਨਿਹਕਲੰਕ ਨਰਾਇਣ ਨਰ ਅਵਤਾਰ, ਰੂਪ ਅਨੂਪ ਵੇਸ ਵਟਾਇੰਦਾ । ਕਾਗਦ ਕਲਮ ਨਾ ਲਿਖਣਹਾਰ, ਸਮੁੰਦ ਸਾਗਰ ਮਸ ਬਣ ਬਣ ਨੇਤਰ ਨੈਣਾਂ ਨੀਰ ਵਹਾਇੰਦਾ । ਹਰਿ ਕਾ ਅੰਤ ਨਾ ਪਾਰਾਵਰ, ਬੇਅੰਤ ਕਹਿ ਕਹਿ ਗਏ ਗੁਰ ਅਵਤਾਰ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਮੇਲਾ ਆਪਣੇ ਹੱਥ ਰਖਾਇੰਦਾ । ਅੰਤਮ ਮੇਲਾ ਮਾਤ ਕਰੌਣਾ, ਹਰਿ ਸਤਿਗੁਰ ਆਪ ਜਣਾਇਆ । ਨਿਰਗੁਣ ਨਿਰਵੈਰ ਪੁਰਖ ਅਕਾਲ ਰੂਪ ਵਟੌਣਾ, ਜੋਤੀ ਜਾਮਾ ਵੇਸ ਵਟਾਇਆ । ਸਾਢੇ ਤਿੰਨ ਹੱਥ ਬੰਕ ਦੁਆਰਾ ਇਕ ਸੁਹੌਣਾ, ਸੰਬਲ ਨਗਰੀ ਨਾਉਂ ਧਰਾਇਆ । ਸ਼ਬਦੀ ਗੁਰ ਗੋਬਿੰਦ ਵੇਸ ਕਰੌਣਾ ਨਜ਼ਰ ਕਿਸੇ ਨਾ ਆਇਆ । ਜੋਤ ਉਜਾਲਾ ਇਕ ਵਖੌਣਾ, ਦੀਨ ਦਿਆਲਾ ਦਇਆ ਕਮਾਇਆ । ਚਾਰ ਜੁਗ ਦਾ ਡੇਰਾ ਢੌਹੁਣਾ, ਢਾਹ ਢਾਹ ਢੇਰ ਖ਼ਾਕ ਮਿਲਾਇਆ । ਰਾਜਾ ਰਾਣਾ ਤਖ਼ਤੋ ਲਾਹੁਣਾ, ਸੀਸ ਤਾਜ਼ ਨਾ ਕੋਇ ਟਿਕਾਇਆ । ਚਾਰ ਵਰਨ ਦਾ ਪੰਧ ਮੁਕੌਣਾ, ਆਤਮ ਬ੍ਰਹਮ ਸਰਬ ਵਖਾਇਆ । ਊਚਾਂ ਨੀਚਾਂ ਰਾਓ ਰੰਕਾਂ ਏਕਾ ਧਾਮ ਬਹੌਣਾ, ਏਕਾ ਘਰ ਦਏ ਵਡਿਆਇਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਹੁਕਮ ਸੁਣੌਣਾ, ਧੁਰ ਸੰਦੇਸਾ ਆਪ ਅਲਾਇਆ । ਲੋਕਮਾਤ ਹਰਿ ਖੇਲ ਖਿਲੌਣਾ, ਸਤਿਜੁਗ ਸਾਚਾ ਰਾਹ ਚਲਾਇਆ । ਜਨਮ ਜਨਮ ਦੇ ਵਿਛੜੇ ਮੇਲ ਮਿਲੌਣਾ, ਜੁਗ ਜੁਗ ਦਾ ਪੰਧ ਮੁਕਾਇਆ । ਬਹੱਤਰ ਭਗਤਾਂ ਆਪ ਉਠੌਣਾ, ਉਠ ਉਠ ਆਪਣੇ ਗਲੇ ਲਗਾਇਆ । ਸਾਚਾ ਮੰਦਰ ਇਕ ਬਣੌਣਾ, ਛੱਤੀ ਛੱਤੀ ਮੂਲ ਨਾ ਰਾਇਆ । ਅੰਦਰ ਵੜ ਕੇ ਆਸਣ ਲੌਣਾ, ਉਤਰ ਚੜ੍ਹ ਕੇ ਵੇਖ ਵਖੌਣਾ, ਦੋ ਜਹਾਨਾਂ ਵੰਡ ਵੰਡਾਇਆ । ਸਚ ਸਿੰਘਾਸਣ ਇਕ ਰਖੌਣਾ, ਪੁਰਖ ਅਬਿਨਾਸ਼ੀ ਦਏ ਸੁਹਾਇਆ । ਪੰਚਮ ਮੁਖ ਤਾਜ ਪਹਿਨਾਉਣਾ, ਪੰਚਮ ਆਪਣਾ ਹੁਕਮ ਵਰਤਾਇਆ । ਪੰਚ ਪਰਧਾਨ ਆਪ ਬੰਣੌਣਾ, ਪੰਚਮ ਰਾਗ ਅਲਾਇਆ । ਪੰਜਾਂ ਦਰਗਹਿ ਮਾਣ ਦਵੌਣਾ, ਪੰਜਾਂ ਏਕਾ ਘਰ ਵਸੌਣਾ, ਕਰੇ ਖੇਲ ਬੇਪਰਵਾਹਿਆ ।



੯੦੭
੧੧

ਗੋਬਿੰਦ ਸੂਰਾ ਨਾਲ ਮਿਲੌਣਾ, ਸਾਚਾ ਚਿੱਲਾ ਤੀਰ ਚੜ੍ਹੌਣਾ, ਸ਼ਬਦ ਕਮੰਦ ਆਪ ਉਠਾਇਆ । ਕਲਗੀ ਤੋੜਾ ਇਕ ਚਮਕੌਣਾ, ਜੋਤੀ ਸ਼ਬਦੀ ਜੋੜ ਜੁੜੌਣਾ, ਸਾਚਾ ਅਸਵ ਘੌੜ ਦੁੜੌਣਾ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਇਆ । ਲੱਖ ਚੁਰਾਸੀ ਰੀਠਾ ਕੌੜਾ ਵੇਖ ਵਖੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਮਿਲਾਵਾ ਦਏ ਸਮਝਾਇਆ । ਅੰਤ ਮਿਲਾਵਾ ਕਰੇ ਕਰਤਾਰ, ਕਲਜੁਗ ਅੰਤ ਵੱਜੇ ਵਧਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੱਦੇ ਸਚ ਦਰਬਾਰ, ਧੁਰ ਦਰਬਾਰੀ ਆਪ ਲਗਾਈਆ । ਚਾਰ ਜੁਗ ਦੀ ਕਰਨੀ ਕਰਤਾ ਦਏ ਵਖਾਲ, ਨੇਤਰ ਨੈਣ ਸਰਬ ਖੁਲ੍ਹਾਈਆ । ਉਠੋ ਵੇਖੋ ਆਪਣੇ ਆਪਣੇ ਲਓ ਸੰਭਾਲ, ਹਿੰਦੂ ਮੁਸਲਮ ਸਿੱਖ ਈਸਾਈ ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਨੈਣ ਵੇਖਣ ਉਠਾਲ, ਲੋਕਮਾਤ ਧਿਆਨ ਲਗਾਈਆ । ਬਿਨ ਹਰਿ ਨਾਮੇ ਹੋਏ ਸਰਬ ਕੰਗਾਲ, ਸਾਚੀ ਵਸਤ ਹੱਥ ਨਾ ਕਿਸੇ ਵਖਾਈਆ । ਮੰਦਰ ਮਸਜਦ ਮੱਠ ਸ਼ਿਵਦਵਾਲੇ ਜੂਠ ਝੂਠ ਕੂੜੀ ਕਿਰਿਆ ਵੱਜੇ ਤਾਲ, ਗੁਰੂਦੁਆਰੇ ਧੀਆਂ ਭੈਣਾਂ ਰਹੇ ਤਕਾਈਆ । ਗੁਰ ਕੀ ਬਾਣੀ ਕਿਸੇ ਨਾ ਵੱਜਾ ਬਾਣ, ਆਤਮ ਰਾਮ ਨਾ ਸਕੇ ਪਛਾਣ, ਏਕਾ ਭੁੱਲਿਆ ਹਰਿ ਭਗਵਾਨ, ਨਾਨਕ ਗੋਬਿੰਦ ਦਏ ਨਾ ਗਵਾਹੀਆ । ਉਮਤ ਨਬੀ ਹੋਈ ਹੈਰਾਨ, ਚਾਰੋਂ ਕੁੰਟ ਬੇਈਮਾਨ, ਘਰ ਘਰ ਸ਼ਰਅ ਵੜਿਆ ਸ਼ੈਤਾਨ, ਆਬੇਹਯਾਤ ਨਾ ਕੋਇ ਪਿਆਈਆ । ਤੀਸ ਬਤੀਸ ਸਾਰੇ ਗਾਣ, ਮਸਲਾ ਹੱਲ ਨਾ ਕੋਇ ਕੁਰਾਨ, ਕਾਇਆ ਕੁਰਾ ਨਾ ਕੋਈ ਵਖਾਈਆ । ਮੱਕਾ ਕਾਅਬਾ ਵੇਖ ਦੁਕਾਨ, ਹਾਜ਼ੀ ਹੱਜ਼ ਨਾ ਕਰੇ ਕੋਈ ਕਰ ਧਿਆਨ, ਨੇਤਰ ਨੈਣਾਂ ਨੂਰ ਨੂਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਮਾਰਨ ਝਾਕੀ, ਹਰਿ ਸਾਚਾ ਆਪ ਵਖਾਇੰਦਾ । ਚਾਰੋਂ ਕੁੰਟ ਵੇਖਣ ਤਾਕੀ, ਕਾਇਆ ਮੰਦਰ ਅੰਦਰ ਤਾਕ ਨਾ ਕੋਈ ਖੁਲ੍ਹਾਇੰਦਾ । ਸਾਧ ਸੰਤ ਪੜ੍ਹ ਪੜ੍ਹ ਥੱਕੇ ਵਿਦਿਆ ਸਾਖੀ, ਸਾਖਿਆਤ ਸਤਿਗੁਰ ਨਜ਼ਰ ਕਿਸੇ ਨਾ ਆਇੰਦਾ । ਲਹਿਣਾ ਦੇਣਾ ਚੁੱਕੇ ਮਾਤ ਨਾ ਬਾਕੀ, ਪਿਛਲਾ ਮੂਲ ਨਾ ਕੋਈ ਵਖਾਇੰਦਾ । ਨਾ ਕੋਈ ਪੜਦਾ ਰਿਹਾ ਢਾਕੀ, ਖੁਲ੍ਹੀ ਮੈਂਡੀ ਸਰਬ ਵਖਾਇੰਦਾ । ਚਾਰੋਂ ਕੁੰਟ ਰੈਣ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਮਿਲਿਆ ਮੇਲ ਨਾ ਕਮਲਾਪਾਤੀ, ਸਾਚੀ ਸੇਜ ਨਾ ਕੋਈ ਹੰਢਾਇੰਦਾ । ਪਿਆਲਾ ਪਿਆਏ ਨਾ ਕੋਈ ਸਾਕੀ, ਅੰਮ੍ਰਿਤ ਰਸ ਹੱਥ ਕਿਸੇ ਨਾ ਆਇੰਦਾ । ਸ਼ਬਦ ਗੁਰ ਲਹਿਣਾ ਦੇਣਾ ਦੇਣਾ ਬਾਕੀ, ਬਾਕੀ ਤੇਰੇ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਮੇਲਾ ਆਪ ਜਣਾਇੰਦਾ । ਅੰਤਮ ਮੇਲਾ ਸ੍ਰੀ ਭਗਵਾਨ, ਸ਼ਬਦੀ ਸ਼ਬਦ ਕਰਾਈਆ । ਕਲਜੁਗ ਅੰਤਮ ਮੇਟ ਨਿਸ਼ਾਨ, ਕੂੜੀ ਕਿਰਿਆ ਦਏ ਖਪਾਈਆ । ਹਉਮੇ ਹੰਗਤਾ ਮਾਇਆ ਮਮਤਾ ਨਾ ਰਹੇ ਦੁਕਾਨ, ਆਸਾ ਤ੍ਰਿਸਨਾ ਨਾ ਕੋਈ ਵਧਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਪਰਧਾਨ, ਨਿਵਣ ਸੋ ਅੱਖਰ ਕਰੇ ਪੜ੍ਹਾਈਆ । ਮੁਸਲਮ ਹਿੰਦੂ ਸਿੱਖ ਈਸਾਈ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੇਖੋ ਗਾਨ, ਏਕਾ ਨਾਮ ਏਕਾ ਰਾਮ ਏਕਾ ਕਲਮਾ ਦਏ ਪੜ੍ਹਾਈਆ । ਚਾਰ ਖਾਣੀ ਚਾਰ ਬਾਣੀ ਹੋਈ ਨਾਦਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਪਰਗਟ ਹੋਏ ਨੌਜਵਾਨ, ਸੂਰਬੀਰ ਸੱਚਾ ਸ਼ਹਿਨਸ਼ਾਹੀਆ । ਧਰਮ ਝੁਲਾਏ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਈਆ । ਜੀਵ ਜੰਤ ਸਾਧ ਸੰਤ ਲੱਖ ਚੁਰਾਸੀ ਸਾਰੇ ਗਾਣ, ਪਾਰਬ੍ਰਹਮ ਤੇਰੀ ਵਡੀ ਵਡਿਆਈਆ । ਤੂੰ ਆਦਿ ਜੁਗਾਦੀ ਇਕ ਭਗਵਾਨ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਆਪਣੇ ਹੱਥ ਰਖਾਈਆ ।

ਆਪਣਾ ਮੇਲ ਰੱਖੇ ਹੱਥ, ਹਰਿ ਸਤਿਗੁਰ ਦੀਨ ਦਿਆਲਾ । ਚਾਰ ਵਰਨ ਸੁਣਾਏ ਆਪਣੀ ਗਾਥ, ਕਰ ਕਿਰਪਾ ਗੁਰ ਗੋਪਾਲਾ । ਹੋਏ ਸਹਾਈ
ਅਨਾਥਾਂ ਨਾਥ, ਨਾਥ ਅਨਾਥਾਂ ਹੋਏ ਰਖਵਾਲਾ । ਏਕਾ ਅੱਖਰ ਏਕਾ ਪਾਠ, ਏਕਾ ਵਖਾਏ ਸੱਚੀ ਧਰਮਸਾਲਾ । ਏਕਾ ਤੀਰਥ ਏਕਾ ਤਾਟ, ਏਕਾ
ਅੰਮ੍ਰਿਤ ਪਿਆਏ ਪਿਆਲਾ । ਏਕਾ ਬ੍ਰਹਮ ਏਕਾ ਜ਼ਾਤ, ਏਕਾ ਹੋਏ ਸਦਾ ਰਖਵਾਲਾ । ਏਕਾ ਪੁਰਖ ਬੰਧਾਏ ਨਾਤ, ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਲਜੁਗ ਅੰਤਮ ਕਰੇ ਖੇਲ ਨਿਰਾਲਾ । ਕਲਜੁਗ ਅੰਤਮ ਖੇਲ ਕਰੌਣਾ, ਹਰਿ ਕਰਤਾ ਆਪ ਜਣਾਈਆ । ਚਾਰ ਜੁਗ
ਦਾ ਪੰਧ ਮੁਕੌਣਾ, ਕਲਜੁਗ ਕੂੜਾ ਦਏ ਖਪਾਈਆ । ਸਤਿਜੁਗ ਸਾਚਾ ਮਾਰਗ ਲੌਣਾ, ਸਤਿ ਸਤਿਵਾਦੀ ਹੋਏ ਸਹਾਈਆ । ਧਰਤ ਮਾਤ ਦੀ ਗੋਦ
ਬਹੌਣਾ, ਸਾਚੀ ਕੁੱਖ ਦਏ ਸੁਹਾਈਆ । ਜਗਤ ਭੁੱਲੇ ਨਾਲ ਰਲੌਣਾ, ਏਕਾ ਬੰਧਨ ਪਾਈਆ । ਧੁਰ ਦਰਗਾਹੀ ਢੋਲਾ ਇਕ ਸੁਨੌਣਾ, ਨਾਨਕ
ਗੋਬਿੰਦ ਗਿਆ ਸਮਝਾਈਆ । ਸੋ ਪੁਰਖ ਨਿਰੰਜਣ ਫੇਰਾ ਪੌਣਾ, ਹੰ ਬ੍ਰਹਮ ਲਏ ਪਰਨਾਈਆ । ਸੋਹੰ ਸਾਚਾ ਸ਼ਬਦ ਚਲੌਣਾ, ਆਤਮ ਪਰਮਾਤਮ
ਵੱਜੇ ਵਧਾਈਆ । ਵਰਨ ਬਰਨ ਕੋਈ ਰਹਿਣ ਨਾ ਪੌਣਾ, ਜ਼ਾਤ ਪਾਤ ਨਜ਼ਰ ਨਾ ਆਈਆ । ਸੋਹੰ ਸਾਚਾ ਸ਼ਬਦ ਚਲੌਣਾ, ਆਤਮ ਪਰਮਾਤਮ
ਵੱਜੇ ਵਧਾਈਆ । ਕਲਮਾ ਕਲਾਮ ਨਾ ਕਿਸੇ ਪੜ੍ਹੌਣਾ, ਸਯਦਾ ਸੀਸ ਨਾ ਕੋਈ ਝੁਕਾਈਆ । ਧਰਤ ਮਸੱਲਾ ਨਾ ਕਿਸੇ ਵਿਛੌਣਾ, ਰੋਜ਼ਾ ਨਿਮਾਜ਼
ਨਾ ਕੋਈ ਜਣਾਈਆ । ਚੌਧਵੀਂ ਸਦੀ ਪੰਧ ਮੁਕੌਣਾ, ਚੌਦਾਂ ਤਬਕਾਂ ਆਪਣੇ ਵਿਚ ਛੁਪਾਈਆ । ਸ੍ਰਿਸ਼ਟ ਸਬਾਈ ਏਕ ਸਬਕ ਪੜ੍ਹੌਣਾ, ਅਲਫ਼ ਯੇ
ਕਰੇ ਕੁੜਮਾਈਆ । ਸਾਚੀ ਯਾਦ ਇਕ ਰਖੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ ।
ਜੁਗ ਜੁਗ ਹੁਕਮ ਵਰਤੇ ਜਗ, ਜਗ ਜੀਵਣ ਦਾਤਾ ਆਪ ਵਰਤਾਇੰਦਾ । ਕਰੇ ਖੇਲ ਸੂਰਾ ਸਰਬੱਗ, ਬਲ ਆਪਣਾ ਆਪ ਪਰਗਟਾਇੰਦਾ । ਲੱਖ
ਚੁਰਾਸੀ ਫੂਕੇ ਤ੍ਰੈਗੁਣ ਮਾਇਆ ਅੱਗ, ਕੂੜੀ ਕਿਰਿਆ ਲੰਬੂ ਲਾਇੰਦਾ । ਬਿਨ ਹਰਿ ਕਿਰਪਾ ਕੋਇ ਨਾ ਸਕੇ ਬਚ, ਜੀਵ ਜੰਤ ਸਰਬ ਕੁਰਲਾਇੰਦਾ ।
ਕਾਇਆ ਭਾਂਡਾ ਟੁੱਟੇ ਕੱਚ, ਥਿਰ ਕੋਇ ਰਹਿਣ ਨਾ ਪਾਇੰਦਾ । ਗੁਰ ਗੋਬਿੰਦ ਕਹੇ ਪੁਰਖ ਅਕਾਲ ਪਰਗਟ ਹੋਵੇ ਸੱਚ, ਨਾ ਕੋਈ ਮੇਟੇ ਮੇਟ ਮਿਟਾਇੰਦਾ ।
ਸਾਚੇ ਭਗਤਾਂ ਅੰਦਰ ਜਾਏ ਵਸ, ਘਰ ਆਪਣਾ ਡੇਰਾ ਲਾਇੰਦਾ । ਕੋਟਨ ਕੋਟ ਕਰ ਪਰਕਾਸ਼, ਰਵ ਸਸ ਮੁਖ ਸ਼ਰਮਾਇੰਦਾ । ਅਗਿਆਨ ਅੰਧੇਰਾ
ਜਾਏ ਵਿਨਾਸ, ਨੂਰ ਨੁਰਾਨਾ ਚੰਦ ਚੜ੍ਹਾਇੰਦਾ । ਗੁਰਮੁਖਾਂ ਵਸੇ ਸਦਾ ਪਾਸ, ਗੋਬਿੰਦ ਵਿਛੜ ਕਦੇ ਨਾ ਜਾਇੰਦਾ । ਮਨਮੁਖ ਸਦਾ ਰਹੇ ਉਦਾਸ,
ਨਾਨਕ ਨਜ਼ਰ ਕਿਸੇ ਨਾ ਆਇੰਦਾ । ਹਰਿਮੰਦਰ ਪੁਰਖ ਅਕਾਲ ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਸੱਚੀ ਕਰੇ ਨਾ ਕੋਈ ਅਰਦਾਸ, ਜਗਤ ਵਿਹਾਰਾ
ਅਰਦਾਸਾ ਸਰਬ ਸੁਧਾਇੰਦਾ । ਅੰਤਮ ਹੋਣਾ ਪੈਣਾ ਨਾਸ, ਅੱਗੇ ਹੋ ਨਾ ਕੋਈ ਬਚਾਇੰਦਾ । ਪੁਰਖ ਅਕਾਲ ਦੀ ਪੰਥ ਖਾਲਸਾ ਸਾਖ, ਸ਼ੱਤਰੀ
ਬ੍ਰਹਮਿਣ ਸ਼ੂਦਰ ਵੈਸ਼ ਵੰਡ ਨਾ ਕੋਈ ਵੰਡਾਇੰਦਾ । ਅੰਤਮ ਅੰਤ ਖਾਲਸਾ ਖਾਲਸ ਵੇਖੇ ਆਪ, ਆਪਣਾ ਖਾਲਸ ਰੂਪ ਆਪ ਪਰਗਟਾਇੰਦਾ । ਲੱਖ
ਚੁਰਾਸੀ ਬਣ ਬਣ ਮਾਈ ਬਾਪ, ਪਿਤਾ ਪੂਤ ਗੋਦ ਸੁਹਾਇੰਦਾ । ਸਤਿਜੁਗ ਚਲਾਏ ਆਪਣਾ ਜਾਪ, ਗੁਰ ਪੀਰ ਨਾ ਕੋਇ ਪਰਗਟਾਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਕਰੇ ਕਰਤਾਰਾ, ਕਰਨਹਾਰ ਆਪ ਅਖਵਾਈਆ ।
ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਪਸਾਰਾ, ਨਾਮ ਖੰਡਾ ਇਕ ਚਮਕਾਇੰਦਾ । ਚੰਡ ਪਰਚੰਡ ਦੋਹਰੀ ਧਾਰਾ, ਨੌਂ ਖੰਡ ਆਪ ਵਖਾਈਆ । ਪ੍ਰਿਥਮੀ

ਅਕਾਸ਼ਾ ਇਕ ਅਖਾੜਾ ਆਪ ਲਗਾਏ ਵਿਚ ਸੰਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਆਪ ਖੁਲ੍ਹਾਈਆ । ਭੇਵ ਅਭੇਦ ਧਰਮ ਅਧਰਮ, ਹਰਿ ਜੂ ਵੇਖ ਵਖਾਇੰਦਾ । ਲੱਖ ਚੁਰਾਸੀ ਭੁੱਲੇ ਭਰਮ, ਭਰਮ ਗੜ੍ਹ ਨਾ ਕੋਈ ਤੁੜਾਇੰਦਾ । ਜੀਵ ਜੰਤ ਬੱਧਾ ਵਰਨ ਬਰਨ, ਸ਼ਰਅ ਸੰਗਲ ਨਾ ਕੋਈ ਤੁੜਾਇੰਦਾ । ਬਿਨ ਗੁਰਮੁਖ ਕਿਸੇ ਨਾ ਖੁਲ੍ਹੇ ਨੇਤਰ ਹਰਨ ਫਰਨ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਸਾਧ ਸੰਤ ਇਕ ਦੂਜੇ ਨਾਲ ਲੜਨ, ਜਗਤ ਹੰਕਾਰ ਵਿਕਾਰ ਨਾ ਕੋਇ ਮਿਟਾਇੰਦਾ । ਆਪਣਾ ਕੀਤਾ ਅੰਤਮ ਸਾਰੇ ਭਰਨ, ਚਿਤਰ ਗੁਪਤ ਹਿਸਾਬ ਵਖਾਇੰਦਾ । ਰਾਏ ਧਰਮ ਕੋਲੋਂ ਸਾਰੇ ਡਰਨ, ਅੱਗੇ ਸੀਸ ਨਾ ਕੋਈ ਉਠਾਇੰਦਾ । ਲਾੜੀ ਮੌਤ ਘਰ ਘਰ ਆਏ ਵਰਨ, ਸਾਚਾ ਸਗਨ ਸਗਨ ਮਨਾਇੰਦਾ । ਗੁਰਮੁਖ ਵਿਰਲੇ ਲੋਕਮਾਤ ਤਰਨ, ਜਿਸ ਜਨ ਆਪਣੀ ਦਇਆ ਕਮਾਇੰਦਾ । ਸਤਿਗੁਰ ਸ਼ਬਦ ਜੋ ਪੱਲੂ ਫੜਨ, ਅਧਵਿਚਕਾਰ ਨਾ ਕੋਈ ਡੁਬਾਇੰਦਾ । ਪਾਰ ਕਿਨਾਰਾ ਅੰਤਮ ਕਰਨ, ਔਖੀ ਘਾਟੀ ਆਪ ਚੜ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪੁਰਖ ਅਕਾਲ ਦੀ ਮੰਗਣ ਸਰਨ, ਬਿਨ ਪੁਰਖ ਅਕਾਲ ਆਪਣੀ ਜੋਤ ਨਾ ਕੋਈ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਮਿਲਾਵਾ ਆਪ ਸਮਝਾਇੰਦਾ । ਅੰਤ ਮਿਲਾਵਾ ਸਾਚੇ ਦੇਸ, ਦੇਸ ਦਸੰਤਰ ਆਪ ਸਮਝਾਈਆ । ਨਿਰਗੁਣ ਕਰੇ ਨਿਰਗੁਣ ਵੇਸ, ਸਰਗੁਣ ਨਜ਼ਰ ਕਿਸੇ ਨਾ ਆਈਆ । ਲਹਿਣਾ ਦੇਣਾ ਚੁਕਾਏ ਪੀਰ ਪੈਗ਼ੰਬਰ ਔਲੀਏ ਮੁੱਲਾਂ ਸ਼ੇਖ਼, ਮੁਸਾਇਕ ਕੋਇ ਰਹਿਣ ਨਾ ਪਾਈਆ । ਪੰਡਤ ਪਾਂਧਾ ਥੱਕਾ ਮਾਂਦਾ ਅੰਤਮ ਝੂਝੇ ਕਲਜੁਗ ਖੇਤ, ਬਚਿਆ ਕੋਇ ਰਹਿਣ ਨਾ ਪਾਈਆ । ਚਾਰ ਵਰਨ ਪੁਰਖ ਅਬਿਨਾਸ਼ੀ ਇਕੋ ਕਰੇ ਹੇਤ, ਮਿਲ ਆਤਮ ਪਰਮਾਤਮ ਖ਼ੁਸ਼ੀ ਮਨਾਈਆ । ਰੁੱਤ ਬਸੰਤੀ ਰਹੇ ਚੇਤ, ਚੇਤਨ ਫੁਲ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣੀ ਕਰਨੀ ਆਪ ਕਰਾਈਆ । ਆਪਣੀ ਕਰਨੀ ਕਰੇ ਕਰਨੇਜੋਗ, ਕਰਨਹਾਰਾ ਕਰਤਾਰਾ । ਜੁਗਾ ਜੁਗੰਤਰ ਸੰਜੋਗ ਵਿਜੋਗ, ਵੇਖੇ ਵਿਗਸੇ ਪਾਵੇ ਸਾਰਾ । ਆਦਿ ਅੰਤ ਰਸ ਭੋਗ, ਭੋਗੀ ਭੋਗੇ ਅਗੰਮ ਅਪਾਰਾ । ਹੁਕਮੀ ਹੁਕਮ ਲੋਕ ਪਰਲੋਕ, ਦੋ ਜਹਾਨਾ ਦਏ ਸਹਾਰਾ । ਸ਼ਬਦ ਅਨਾਦੀ ਨਾਦ ਸਲੋਕ, ਗੀਤ ਗਾਵੇ ਗਾਵਣਹਾਰਾ ਆਦਿ ਜੁਗਾਦਿ ਨਾ ਸਕੇ ਕੋਈ ਰੋਕ, ਹਰਿ ਕਾ ਭਾਣਾ ਅਪਰ ਅਪਾਰਾ । ਕਲਜੁਗ ਅੰਤਮ ਗੁਰਮੁਖ ਵਿਰਲਾ ਸ਼ਬਦੀ ਖੋਜੇ ਖੋਜ । ਪੜ੍ਹ ਪੜ੍ਹ ਥੱਕਾ ਸਰਬ ਸੰਸਾਰਾ । ਭਗਤ ਭਗਵੰਤ ਪੁਰਖ ਅਕਾਲ ਇਕੋ ਰੱਖੇ ਓਟ, ਇਕੋ ਮੰਗੇ ਦਰਸ ਦੀਦਾਰਾ । ਭਾਗ ਲਗਾਏ ਦਇਆ ਕਮਾਏ ਕਾਇਆ ਮੰਦਰ ਕਿਲਾ ਕੋਟ, ਮਹੱਲ ਅਟੱਲ ਅਚੱਲ ਵੇਖੇ ਮੁਨਾਰਾ । ਗੁਰਸਿਖ ਜਗਾਏ ਨਿਰਮਲ ਜੋਤ, ਮੇਟ ਮਿਟਾਏ ਅੰਧ ਅੰਧਿਆਰਾ । ਸ਼ਬਦੀ ਸ਼ਬਦ ਮਿਲਾਵਾ ਓਤ ਪੋਤ, ਪਿਤਾ ਪੂਤ ਖੇਲ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਾਚਾ ਕਾਹਨ, ਸਚਖੰਡ ਵਸੇ ਸਚ ਮਕਾਨ, ਥਿਰ ਘਰ ਦੇਵੇ ਸ਼ਬਦੀ ਦਾਨ, ਲੋਕਮਾਤ ਵੇਖੇ ਮਾਰ ਧਿਆਨ, ਆਦਿ ਅੰਤ ਇਕ ਅਵਤਾਰਾ । ਆਦਿ ਅੰਤ ਇਕ ਅਵਤਾਰਾ, ਅਵਰ ਨਾ ਕੋਇ ਵਡਿਆਈਆ । ਆਦਿ ਜੁਗਾਦੀ ਕਰ ਪਸਾਰਾ, ਜੁਗ ਜੁਗ ਵੇਖ ਵਖਾਈਆ । ਜੁਗਾ ਜੁਗੰਤਰ ਸਾਚਾ ਨਾਅਰਾ, ਬੋਧ ਅਗਾਧ ਸੁਣਾਈਆ । ਕਾਤਬ ਲੇਖਕ ਬਣ ਬਣ ਲਿਖਾਰਾ, ਲਿਖ ਲਿਖ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ

ਭਗਤ ਲਏ ਜਗਾਈਆ । ਭਗਤ ਜਗਾਏ ਆਪ ਪ੍ਰਭ, ਆਪਣੀ ਕਿਰਪਾ ਧਾਰ । ਲੱਖ ਚੁਰਾਸੀ ਵਿਚੋਂ ਲਏ ਲੱਭ, ਘਰ ਘਰ ਅੰਦਰ ਮੰਦਰ ਪਾਵੇ ਸਾਰ । ਅੰਮ੍ਰਿਤ ਚੁਆਏ ਕਵਲ ਨਭ, ਕਵਲ ਕਵਲਾ ਖਿਲੇ ਗੁਲਜਾਰ । ਸਾਚੇ ਮੰਦਰ ਬਹੇ ਫ਼ਬ, ਆਤਮ ਸੇਜਾ ਕੰਤ ਭਤਾਰ । ਅੰਮ੍ਰਿਤ ਜਾਮ ਪਿਆਏ ਮਦਿ, ਦਿਵਸ ਰੈਣ ਰਹੇ ਖੁਮਾਰ । ਅਨਹਦ ਨਾਦ ਵਜਾਏ ਨਦ, ਧੁਨ ਆਤਮਕ ਇਕ ਸੁਨਾਰ । ਬਜਰ ਕਪਾਟੀ ਪਾਰ ਹੱਦ, ਤੋੜੇ ਗੜ੍ਹ ਹੰਕਾਰ । ਪੰਚ ਵਿਕਾਰਾ ਵਿਚੋਂ ਕੱਢ, ਦੇਵੇ ਨਾਮ ਅਧਾਰ । ਕਰੇ ਪਰਕਾਸ਼ ਅੰਧੇਰੀ ਖੱਡ, ਨਾਤਾ ਤੁੱਟੇ ਧੁੰਆਂਧਾਰ । ਆਤਮ ਪਰਮਾਤਮ ਜਾਏ ਬੱਝ, ਮੇਲ ਮਿਲਾਵਾ ਸੱਚੇ ਘਰ ਬਾਹਰ । ਇਕ ਦੂਜੇ ਦੀ ਰੱਖਣਹਾਰਾ ਲੱਜ, ਈਸ਼ ਜੀਵ ਜੀਵ ਸਹਾਰ । ਅੰਤਮ ਪੜਦਾ ਲਏ ਕੱਜ, ਜਨਮ ਜਨਮ ਦੁਰਮਤ ਮੈਲ ਦਏ ਉਤਾਰ । ਸੰਤ ਸੁਹੇਲੇ ਗੁਰੂ ਗੁਰ ਚੇਲੇ ਵੇਖੇ ਭੱਜ ਭੱਜ, ਪਾਂਧੀ ਆਪਣਾ ਪੰਧ ਨਿਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਰਾਜ ਰਾਜਾਨਾ ਸ਼ਾਹ ਸੁਲਤਾਨਾ ਕਰੇ ਮਾਤ ਖੁਆਰ ।

★ ੧੧ ਚੇਤ ੨੦੧੯ ਬਿਕ੍ਰਮੀ ਪਿੰਡ ਚੰਬਲ ਸੰਗਤ ਜ਼ਿਲਾ ਅੰਮ੍ਰਿਤਸਰ ★

ਕਿਰਪਾ ਕਰੇ ਗੁਣ ਨਿਧਾਨ, ਹਰਿ ਜੂ ਆਪਣੀ ਦਇਆ ਕਮਾਇੰਦਾ । ਧੁਰ ਫ਼ਰਮਾਣ, ਧੁਰ ਦਰਬਾਰੀ ਆਪ ਸੁਣਾਇੰਦਾ । ਬੋਧ ਅਗਾਧਾ ਇਕ ਗਿਆਨ, ਅੱਖਰ ਵੱਖਰ ਆਪ ਪਰਗਟਾਇੰਦਾ । ਲੱਖ ਚੁਰਾਸੀ ਕਰ ਪਹਿਚਾਨ, ਘਟ ਘਟ ਆਪਣਾ ਫੇਰਾ ਪਾਇੰਦਾ । ਸੰਤ ਸੁਹੇਲੇ ਦੇਵੇ ਮਾਣ, ਭਗਤ ਭਗਵੰਤ ਮੇਲ ਮਿਲਾਇੰਦਾ । ਗੁਰਮੁਖਾਂ ਦੇਵੇ ਇਕ ਧਿਆਨ ਆਤਮ ਨੇਤਰ ਇਕ ਖੁਲ੍ਹਾਇੰਦਾ । ਗੁਰਸਿਖਾਂ ਹੋਏ ਜਾਣੀ ਜਾਣ, ਆਪਣੀ ਬੂਝ ਆਪ ਬੁਝਾਇੰਦਾ । ਕਿਰਪਾ ਕਰੇ ਵਡ ਮਿਹਰਵਾਨ, ਦੀਨ ਦਿਆਲ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਹਰਿ ਨਿਰੰਕਾਰਾ, ਜੁਗ ਕਰਤਾ ਆਪ ਜਣਾਈਆ । ਨਿਰਗੁਣ ਸਰਗੁਣ ਖੇਲ ਅਪਾਰਾ, ਪੁਰਖ ਅਬਿਨਾਸ਼ੀ ਵੇਖ ਵਖਾਈਆ । ਜੁਗ ਚੌਕੜੀ ਕਰੇ ਕਰਾਏ ਪਾਰ ਕਿਨਾਰਾ, ਲੋਕਮਾਤ ਰਹਿਣ ਨਾ ਪਾਈਆ । ਲਹਿਣਾ ਦੇਣਾ ਜਾਣੇ ਗੁਰ ਅਵਤਾਰਾ, ਪੀਰ ਪੈਗ਼ੰਬਰ ਭੇਵ ਚੁਕਾਈਆ । ਅਕਾਸ਼ ਪਰਕਾਸ਼ ਜਾਣੇ ਰਵ ਸਸ ਸਿਤਾਰਾ, ਮੰਡਲ ਮੰਡਪ ਵੇਖ ਵਖਾਈਆ । ਜ਼ਿਮੀ ਅਸਮਾਨ ਵੇਖੇ ਅਖਾੜਾ, ਬ੍ਰਹਿਮੰਡ ਖੰਡ ਦੋ ਜਹਾਨ ਆਪਣਾ ਨੈਣ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਜਾਣੇ ਧਾਰਾ, ਆਦਿ ਜੁਗਾਦਿ ਵਡ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪਾਵੇ ਸਾਰਾ, ਅੰਜੀਲ ਕੁਰਾਨ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਆਦਿ ਜੁਗਾਦਿ ਕਰਾਇੰਦਾ । ਜੁਗਾ ਜੁਗੰਤਰ ਦੇ ਸਹਾਰਾ, ਲੱਖ ਚੁਰਾਸੀ ਅੰਗ ਲਗਾਇੰਦਾ । ਨਾਦ ਸ਼ਬਦ ਬੋਲ ਜੈਕਾਰਾ, ਧੁਨ ਅਨਾਦੀ ਨਾਦ ਸੁਣਾਇੰਦਾ । ਲਿਖ ਲਿਖ ਲੇਖ ਅਪਰ ਅਪਾਰਾ, ਲੋਕਮਾਤ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਜੁਗ ਜੁਗ ਕਾਰ ਕਰੇ ਕਰਤਾਰ, ਕਰਤਾ ਪੁਰਖ ਸੇਵ ਕਮਾਈਆ । ਸੇਵਕ ਲਾਏ ਗੁਰ ਅਵਤਾਰ, ਸਤਿਗੁਰ ਆਪਣੀ ਬੂਝ ਬੁਝਾਈਆ । ਸ਼ਬਦ ਅਗੰਮੀ ਵਸਤ ਨਿਆਰ, ਲੋਕਮਾਤ ਮਾਤ ਵਰਤਾਈਆ । ਹੁਕਮੀ ਹੁਕਮ ਖੇਲ ਨਿਆਰ, ਖੇਲਣਹਾਰ

ਇਕ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਬੰਨ੍ਹੇ ਧਾਰ, ਕਲਜੁਗ ਆਪਣਾ ਰੰਗ ਰੰਗਾਈਆ । ਜੁਗ ਚੌਕੜੀ ਕੋਟਨ ਕੋਟ ਵਾਰ, ਕੋਟਨ ਕੋਟੀ ਰੂਪ ਵਟਾਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਦਰ ਬੈਠੇ ਸੀਸ ਝੁਕਾਈਆ । ਕੋਟਨ ਕੋਟ ਮੰਗਣ ਨੇਤਰ ਨੈਣ ਦਰਸ ਦੀਦਾਰ, ਚਰਨ ਕਵਲ ਧਿਆਨ ਲਗਾਈਆ । ਰਸਨਾ ਜਿਹਵਾ ਪੜ੍ਹ ਪੜ੍ਹ ਥੱਕੇ ਅੰਤ ਨਾ ਪਾਰਾਵਾਰ, ਬੇਅੰਤ ਬੇਅੰਤ ਬੇਅੰਤ ਗਏ ਸਮਝਾਈਆ । ਸਚਖੰਡ ਵਸੇ ਆਪ ਨਿਰੰਕਾਰ, ਤਖ਼ਤ ਨਿਵਾਸੀ ਸੋਭਾ ਪਾਈਆ । ਥਿਰ ਘਰ ਸ਼ਬਦ ਦੁਲਾਰਾ ਦੇਵੇ ਵਾੜ, ਸਿਰ ਆਪਣਾ ਹੱਥ ਟਿਕਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਲੋਕ ਪਰਲੋਕ ਆਪੇ ਵੇਖੇ ਸਚ ਅਖਾੜ, ਜਗਤ ਅਖਾੜਾ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਪਣਾ ਖੇਲ ਸ੍ਰੀ ਭਗਵਾਨਾ, ਆਦਿ ਜੁਗਾਦਿ ਕਰਾਇੰਦਾ । ਜੁਗਾ ਜੁਗੰਤਰ ਸਤਿ ਨਿਸ਼ਾਨਾ, ਸਤਿ ਸਤਿਵਾਦੀ ਆਪ ਝੁਲਾਇੰਦਾ । ਗੁਰ ਅਵਤਾਰਾਂ ਧੁਰ ਫ਼ਰਮਾਣਾ, ਪੀਰ ਪੈਗ਼ੰਬਰਾਂ ਆਪ ਪੜ੍ਹਾਇੰਦਾ । ਬੋਧ ਅਗਾਧੀ ਇਕ ਤਰਾਨਾ, ਤ੍ਰੈਗੁਣ ਅਤੀਤਾ ਆਪ ਸੁਣਾਇੰਦਾ । ਨਿਰਗੁਣ ਸਰਗੁਣ ਵਖਾਏ ਇਕ ਮਕਾਨਾ, ਕਾਇਆ ਮੰਦਰ ਆਪ ਸੁਹਾਇੰਦਾ । ਦੀਆ ਬਾਤੀ ਕਮਲਾਪਾਤੀ ਆਪ ਜਗਾਏ ਮਹਾਨਾ, ਤੇਲ ਬੱਤੀ ਨਾ ਕੋਇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੁਗ ਜੁਗ ਵੇਸ ਅਵੱਲੜਾ, ਕਰੇ ਕਰਾਏ ਕਰਨੇਹਾਰ । ਵਰਨ ਬਰਨ ਫੜਾਏ ਪਲੜਾ, ਜਾਤ ਪਾਤ ਦਏ ਅਧਾਰ । ਰਾਜ ਰਾਜਾਨਾ ਸ਼ਾਹ ਸੁਲਤਾਨਾ ਸਚ ਸੰਦੇਸ ਘੱਲੜਾ, ਧੁਰ ਦੀ ਬਾਣੀ ਧੁਰ ਦੀ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਹਰਿ ਜੁਗ ਚਾਰ । ਜੁਗ ਚਾਰ ਲੇਖਾ ਅਪਾਰਾ, ਵੇਦ ਸ਼ਾਸਤਰ ਸਿਮਰਤ ਦੇਣ ਗਵਾਹੀਆ । ਨਿਰਗੁਣ ਸਰਗੁਣ ਲਏ ਅਵਤਾਰਾ, ਰੂਪ ਅਨੂਪ ਧਰਾਈਆ । ਸ਼ਬਦ ਅਨਾਦੀ ਬੋਲ ਜੈਕਾਰਾ, ਲਿਖ ਲਿਖ ਲੇਖ ਮਾਤ ਵਖਾਈਆ । ਭਗਤਾਂ ਖੋਲ੍ਹੇ ਬੰਦ ਕਿਵਾੜਾ, ਬੰਦੀਖਾਨਾ ਦਏ ਤੁੜਾਈਆ । ਸੰਤਾਂ ਦੇਵੇ ਨਾਮ ਖ਼ੁਮਾਰਾ, ਸ਼ਬਦ ਖ਼ੁਮਾਰੀ ਇਕ ਰਖਾਈਆ । ਗੁਰਮੁਖਾਂ ਬਖ਼ਸ਼ੇ ਚਰਨ ਦੁਆਰਾ, ਚਰਨ ਸਰਨ ਸੱਚੀ ਸਰਨਾਈਆ । ਗੁਰਸਿਖਾਂ ਦੇਵੇ ਇਕ ਅਧਾਰਾ, ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰਾ, ਕੋਟਨ ਕੋਟ ਕਾਲ ਬਿਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵੰਡਣ ਆਪ ਵੰਡਾਈਆ । ਸਾਚੀ ਵੰਡਣ ਵੰਡੇ ਵੰਡ, ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਆਪਣਾ ਖੇਲ ਕਰਾਇੰਦਾ, ਚਾਰ ਜੁਗ ਚਾਰ ਵੇਦ ਚਾਰ ਖਾਣੀ ਚਾਰ ਬਾਣੀ ਸੁਣਾਏ ਛੰਦ, ਢੋਲਾ ਸੋਹਲਾ ਏਕਾ ਗਾਇੰਦਾ । ਚਾਰ ਵਰਨ ਚਾਰ ਕੁੰਟ ਚਾਰ ਯਾਰੀ ਖੇਲ ਕਰੇ ਬਖ਼ਸ਼ੰਦ, ਭੇਵ ਅਭੇਦ ਨਾ ਕੋਇ ਜਣਾਇੰਦਾ । ਨਾਮ ਨਿਧਾਨਾ ਸ੍ਰੀ ਭਗਵਾਨਾ ਖੇਲ ਮਹਾਨਾ ਜੁਗ ਚੌਕੜੀ ਆਪੇ ਵੰਡ, ਕੋਟਨ ਕੋਟ ਨਾਉਂ ਪਰਗਟਾਇੰਦਾ । ਆਤਮ ਪਰਮਾਤਮ ਜਨ ਭਗਤਾਂ ਦੇਵੇ ਇਕ ਅਨੰਦ, ਦੂਸਰ ਹੱਥ ਕਿਸੇ ਨਾ ਆਇੰਦਾ । ਲੱਖ ਚੁਰਾਸੀ ਦੂਈ ਦਵੈਤੀ ਹਉਮੇ ਹੰਗਤਾ ਭਰਮਾਂ ਕੰਧ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਤ੍ਰੈਗੁਣ ਮਾਇਆ ਬੰਦੀ ਬੰਦ, ਪੰਜ ਤੱਤ ਵਿਕਾਰਾ ਕਰੇ ਅੰਧ, ਨੇਤਰ ਗਿਆਨ ਨਾ ਕੋਇ ਖੁਲ੍ਹਾਇੰਦਾ । ਗੁਰ ਕਾ ਸ਼ਬਦ ਨਾ ਬੱਤੀ ਦੰਦ, ਰਸਨਾ ਜਿਹਵਾ ਝੂਠਾ ਗੰਦ, ਆਤਮ ਰਸ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਇੰਦਾ । ਜੁਗ ਚੌਕੜੀ ਵੇਖਣਹਾਰਾ, ਸਚਖੰਡ ਵਸੇ ਸੱਚਾ ਮਾਹੀਆ ।

ਕਲਜੁਗ ਅੰਤਮ ਹੋ ਉਜਿਆਰਾ, ਜੋਤੀ ਜਾਤਾ ਵੇਸ ਵਟਾਈਆ । ਲੱਖ ਚੁਰਾਸੀ ਪਾਵੇ ਸਾਰਾ, ਦਰ ਦਰ ਘਰ ਘਰ ਫੇਰਾ ਪਾਈਆ । ਰਾਗੀ ਨਾਦੀ ਵਸੇ ਬਾਹਰਾ, ਵੇਦ ਕਤੇਬ ਰਹੇ ਜਸ ਗਾਈਆ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਨਿਮਸਕਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਜੁਗ ਚੌਕੜੀ ਮੰਗਦੇ ਆਏ ਵਾਰੋ ਵਾਰਾ, ਬਣ ਭਿਖਕ ਝੋਲੀ ਡਾਹੀਆ । ਦੇਵਣਹਾਰ ਵਸਤ ਹਰਿ ਥਾਰਾ, ਨਾਮ ਅਮੋਲਕ ਝੋਲੀ ਪਾਈਆ । ਰਸਨਾ ਜਿਹਵਾ ਬੋਲ ਜੈਕਾਰਾ, ਜੀਵ ਜੰਤ ਜੰਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਹਰਿ ਅਪਰੰਪਰ ਆਪ ਕਰਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਨੇਤਰ ਨੈਣ ਨਾ ਕੋਇ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ ਕਿਨਾਰਾ, ਕਲਜੁਗ ਵੇਲਾ ਅੰਤਮ ਆਇੰਦਾ । ਚਾਰੋਂ ਕੁੰਟ ਧੂੰਆਂਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਰਾਜ ਭੂਪ ਨਾ ਕੋਇ ਸਿਕਦਾਰਾ, ਸ਼ਾਹ ਪਾਤਸ਼ਾਹ ਨਜ਼ਰ ਕੋਇ ਨਾ ਆਇੰਦਾ । ਘਰ ਘਰ ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰਾ, ਗੁਰ ਕਾ ਸ਼ਬਦ ਨਾ ਕੋਇ ਕਮਾਇੰਦਾ । ਪੰਜ ਤੱਤ ਤਪੇ ਅੰਗਿਆਰਾ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਲੱਗਾ ਅਖਾੜਾ, ਵਰਨ ਬਰਨ ਨਾਚ ਨਚਾਇੰਦਾ । ਊਚ ਨੀਚ ਰੋਵਣ ਜ਼ਾਰੋ ਜ਼ਾਰਾ, ਜਾਤ ਅਜਾਤੀ ਨਾ ਕੋਇ ਮਿਟਾਇੰਦਾ । ਧਰਮ ਨਾ ਦਿਸੇ ਕੋਇ ਦੁਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਕਾਲੀ ਰੈਣ, ਨੂਰ ਨਜ਼ਰ ਕੋਇ ਨਾ ਆਈਆ । ਨਾਤਾ ਤੁਟਾ ਮਾਤ ਪਿਤ ਭਾਈ ਭੈਣ, ਸਾਕ ਸੱਜਣ ਸੰਗ ਨਾ ਕੋਇ ਰਖਾਈਆ । ਜੀਵਾਂ ਜੰਤਾਂ ਸਾਧਾ ਸੰਤਾਂ ਲਾੜੀ ਮੌਤ ਖਾਏ ਡੈਣ, ਮਾਇਆ ਮਮਤਾ ਰੂਪ ਵਟਾਈਆ । ਹਰਿ ਕਾ ਦਰਸ ਨਾ ਪੇਖੇ ਕੋਈ ਨੈਣ, ਦੋਏ ਦੋਏ ਲੋਚਣ ਰਹੇ ਸ਼ਰਮਾਈਆ । ਹਉਮੇ ਹੰਗਤਾ ਝੂਠੀ ਮਮਤਾ ਉਚੀ ਕੂਕ ਕੂਕ ਸਾਰੇ ਕਹਿਣ, ਰਸਨਾ ਜਿਹਵਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਦਏ ਚੁਕਾਈਆ । ਕਲਜੁਗ ਅੰਤ ਅੰਧੇਰਾ ਅੰਧ, ਸਾਚਾ ਰੰਗ ਨਾ ਕੋਇ ਵਖਾਈਆ । ਰਸਨਾ ਜਿਹਵਾ ਖਾਏ ਗੰਦ, ਜੂਠ ਝੂਠ ਨਾਲ ਮਿਲਾਈਆ । ਸੁਰਤੀ ਸ਼ਬਦ ਨਾ ਮੁੱਕਿਆ ਪੰਧ, ਪਾਂਧੀ ਬਣ ਕੇ ਫੇਰਾ ਕੋਇ ਨਾ ਪਾਈਆ । ਗ੍ਰਿਹ ਗ੍ਰਿਹ ਵੜਿਆ ਇਕ ਘੁਮੰਡ, ਝੂਠਾ ਬੁਰਜ ਨਾ ਕੋਇ ਢਾਹੀਆ । ਚਾਰ ਵਰਨ ਪਾਇਨ ਡੰਡ, ਅਠਾਰਾਂ ਬਰਨ ਕਰਨ ਲੜਾਈਆ । ਪਾਰਬ੍ਰਹਮ ਤੇਰੀ ਘਰ ਘਰ ਵੰਡ, ਮੰਦਰ ਮਸਜਦ ਮੱਠ ਸ਼ਿਵਦਵਾਲੇ ਗੁਰੂਦੁਆਰ ਆਪਣਾ ਹੱਕ ਰਖਾਈਆ । ਆਤਮ ਸਭ ਦੀ ਹੋਈ ਰੰਡ, ਹਰਿ ਕੰਤ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਫੇਰਾ ਪਾਈਆ । ਕਲਜੁਗ ਅੰਤਮ ਆਏ ਨਿਰੰਕਾਰਾ, ਨਿਰਗੁਣ ਆਪਣਾ ਖੇਲ ਕਰਾਇੰਦਾ । ਸਤਿ ਸਤਿਵਾਦੀ ਕਰੇ ਸਤਿ ਵਿਹਾਰਾ, ਸਾਚਾ ਮਾਰਗ ਇਕ ਲਗਾਇੰਦਾ । ਜਾਤ ਪਾਤ ਊਚ ਨੀਚ ਕੂੜੀ ਕਿਰਿਆ ਮੇਟ ਪਸਾਰਾ, ਸਾਚੀ ਧਾਰਾ ਇਕ ਬੰਧਾਇੰਦਾ । ਰਾਓ ਰੰਕਾਂ ਰਾਜ ਰਾਜਾਨਾ ਸ਼ਾਹ ਸੁਲਤਾਨਾ ਵਖਾਏ ਇਕ ਦੁਆਰਾ, ਧਰਮ ਦਵਾਰਾ ਆਪ ਇਕ ਬਣਾਇੰਦਾ । ਸ੍ਰਿਸ਼ਟ ਸਬਾਈ ਏਕਾ ਨਾਮ ਏਕਾ ਸ਼ਬਦ ਇਕ ਜੈਕਾਰਾ, ਏਕਾ ਨਾਅਰਾ ਆਪ ਸੁਣਾਇੰਦਾ । ਏਕਾ ਮੰਦਰ ਏਕਾ ਮੱਠ ਸ਼ਿਵਦਵਾਲਾ ਏਕਾ ਗੁਰੂਦੁਆਰਾ, ਗੁਰ ਗੁਰ ਆਪਣਾ ਰੂਪ ਧਰਾਇੰਦਾ । ਚਾਰ ਕੁੰਟ ਦਹਿ ਦਿਸ਼ਾ ਏਕਾ ਨੂਰ ਕਰੇ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ ।

੬੧੩
੧੧

ਆਤਮ ਪਰਮਾਤਮ ਦੇ ਸਹਾਰਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪ ਦ੍ਰਿੜ੍ਹਾਇੰਦਾ । ਆਪਣਾ ਨਾਮ ਏਕਾ ਏਕ, ਹਰਿ ਜੂ ਹਰਿ ਹਰਿ ਆਪ ਪਰਗਟਾਈਆ । ਸ੍ਰਿਸ਼ਟ ਸਬਾਈ ਦੇਵੇ ਟੇਕ, ਦੂਸਰ ਓਟ ਨਾ ਕੋਇ ਜਣਾਈਆ । ਸਰਬ ਜੀਆਂ ਕਰੇ ਬੁਧ ਬਿਬੇਕ, ਵਿਵੇਕੀ ਆਪਣਾ ਖੇਲ ਕਰਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤੱਤ ਨਾ ਕੋਇ ਜਲਾਈਆ । ਪਿਛਲੀ ਮੇਟਣਹਾਰਾ ਰੇਖ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਆਪਣੇ ਨੇਤਰ ਆਪੇ ਪੇਖ, ਪੇਖਤ ਪੇਖਤ ਖ਼ੁਸ਼ੀ ਮਨਾਈਆ । ਨਾਤਾ ਤੋੜੇ ਪੀਰ ਪੈਗ਼ੰਬਰ ਔਲੀਆ ਮੁੱਲਾ ਸ਼ੇਖ, ਮੁਸਾਇਕ ਕੋਇ ਨਜ਼ਰ ਨਾ ਆਈਆ । ਪੰਡਤ ਪਾਂਧਾ ਥੱਕਾ ਮਾਂਦਾ ਅੰਤਮ ਕਲਜੁਗ ਝੂਜੇ ਖੇਤ, ਆਪਣਾ ਬਲ ਨਾ ਕੋਇ ਧਰਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਚਾਰ ਵਰਨਾਂ ਕਰੇ ਏਕਾ ਹੇਤ, ਮਿਲ ਮਿਲ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪੁਰਖ ਸਮਰਥ, ਆਪਣਾ ਖੇਲ ਆਪ ਕਰਾਇੰਦਾ । ਕਲਜੁਗ ਲਹਿਣਾ ਦੇਵੇ ਹੱਥ, ਸਤਿਜੁਗ ਆਪਣਾ ਰਾਹ ਚਲਾਇੰਦਾ । ਸ਼ਬਦ ਅਗੰਮੀ ਮਾਰਗ ਦੱਸ, ਸਾਚਾ ਮਾਰਗ ਆਪੇ ਪਾਇੰਦਾ । ਜਨ ਭਗਤਾਂ ਅੰਤਰ ਆਪੇ ਵਸ, ਹਰਿ ਜੂ ਆਪਣੀ ਬੂਝ ਬੁਝਾਇੰਦਾ । ਅੰਮ੍ਰਿਤ ਆਤਮ ਦੇਵੇ ਰਸ, ਨਿਝਰ ਝਿਰਨਾ ਆਪ ਝਿਰਾਇੰਦਾ । ਤੀਰ ਨਿਰਾਲਾ ਮਾਰੇ ਕਸ, ਮੁਖੀ ਤਿੱਖੀ ਬਜਰ ਕਪਾਟੀ ਆਪ ਤੁੜਾਇੰਦਾ । ਜੂਠ ਝੂਠ ਮਾਇਆ ਮਮਤਾ ਹਉਮੇ ਹੰਗਤਾ ਕਰੇ ਭੱਠ, ਜੋਤੀ ਅਗਨੀ ਲੰਬੂ ਲਾਇੰਦਾ । ਪੰਧ ਮੁਕਾਏ ਨੱਠ ਨੱਠ, ਕਲਜੁਗ ਅੰਤਮ ਵੇਖ ਵਖਾਇੰਦਾ । ਸਾਧ ਸੰਤ ਹਰਿ ਸੰਗਤ ਮੇਲਾ ਕਰ ਇਕੱਠ, ਏਕਾ ਅੱਖਰ ਆਪ ਪੜ੍ਹਾਇੰਦਾ । ਸਰਬ ਜੀਆਂ ਦਾ ਕਮਲਾਪਤ, ਪੁਰਖ ਅਬਿਨਾਸ਼ੀ ਆਪ ਅਖਵਾਇੰਦਾ । ਲੇਖੇ ਲਾਏ ਰੱਤੀ ਰਤ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਦੇਵੇ ਬ੍ਰਹਮ ਮਤ, ਮਨਮਤ ਡੇਰਾ ਢਾਇੰਦਾ । ਊਚ ਨੀਚ ਰਾਉ ਰੰਕ ਪੁਰਖ ਅਕਾਲ ਦਾ ਗਾਇਨ ਜਸ, ਜਸ ਵੇਦ ਪੁਰਾਨ ਨਾ ਕੋਇ ਸੁਣਾਇੰਦਾ । ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸੀ ਸਚਖੰਡ ਦੁਆਰੇ ਰਿਹਾ ਵਸ, ਲੋਕਮਾਤ ਫੇਰਾ ਪਾਇੰਦਾ । ਜੁਗ ਚੌਕੜੀ ਨਵ ਨੌਂ ਚਾਰ ਕਰੇ ਪੂਰੀ ਆਸ, ਆਸਾ ਆਸਾ ਨਾਲ ਮਿਲਾਇੰਦਾ । ਜੋਤੀ ਜਾਤਾ ਪੁਰਖ ਅਬਿਨਾਸ਼ਾ ਨਿਰਗੁਣ ਨੂਰ ਕਰੇ ਪਰਕਾਸ਼, ਪੰਜ ਤੱਤ ਨਾ ਕੋਇ ਰਖਾਇੰਦਾ । ਲੇਖਾ ਜਾਣੇ ਪ੍ਰਿਥਮੀ ਅਕਾਸ਼, ਗਗਨ ਮੰਡਲ ਸੋਭਾ ਪਾਇੰਦਾ । ਗੋਪੀ ਕਾਹਨ ਵਖਾਏ ਰਾਸ, ਬਣ ਬਣ ਨਟੂਆ ਸਾਂਗ ਵਰਤਾਇੰਦਾ । ਸੰਤ ਸੁਹੇਲਾ ਇਕ ਅਕੇਲਾ ਆਦਿ ਅੰਤ ਵਸੇ ਪਾਸ, ਜੁਗ ਜੁਗ ਵਿਛੜ ਕਦੇ ਨਾ ਜਾਇੰਦਾ । ਕਲਜੁਗ ਕੂੜੀ ਕਿਰਿਆ ਕਰੇ ਨਾਸ, ਸਤਿਜੁਗ ਸਾਚਾ ਰਾਹ ਚਲਾਇੰਦਾ । ਸੇਵਕ ਬਣ ਬਣ ਸੇਵਾ ਕਰੇ ਦਾਸੀ ਦਾਸ, ਪੁਰਖ ਅਬਿਨਾਸ਼ੀ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਤਿਜੁਗ ਸਾਚਾ ਲੋਕਮਾਤ, ਹਰਿ ਜੂ ਹਰਿ ਹਰਿ ਆਪ ਟਿਕਾਈਆ । ਨਾਮ ਨਿਧਾਨਾ ਦੇਵੇ ਦਾਤ, ਅਨਮੁਲੜੀ ਝੋਲੀ ਪਾਈਆ । ਆਦਿ ਜੁਗਾਦਿ ਸਦ ਵਸੇ ਸਾਥ, ਜੁਗ ਜੁਗ ਵਿਛੜ ਕਦੇ ਨਾ ਜਾਈਆ । ਆਪ ਚਲਾਏ ਆਪਣਾ ਰਾਥ, ਰਥ ਰਥਵਾਹੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਆਪਣੇ ਹੱਥ ਰਖਾਈਆ । ਸਤਿਜੁਗ ਸਾਚਾ ਧਰਨੀ ਧਰਨ, ਧਵਲ ਆਪ ਟਿਕਾਇੰਦਾ । ਜਨ ਭਗਤਾਂ ਖੋਲ੍ਹੇ ਹਰਨ ਫਰਨ, ਨੇਤਰ ਨੈਣ ਇਕ ਵਖਾਇੰਦਾ । ਨਾਤਾ ਛੁੱਟੇ ਵਰਨ ਬਰਨ,

ਜੀਵਣ ਮੁਕਤ ਆਪ ਕਰਾਇੰਦਾ । ਭੈ ਚੁੱਕੇ ਵਰਨ ਬਰਨ, ਜਾਤ ਪਾਤ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਹੁਕਮੇ ਅੰਦਰ ਖੇਲ ਅਪਾਰਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਹੁਕਮੇ ਅੰਦਰ ਜੁਗ ਚਾਰਾ, ਜੁਗ ਚੌਕੜੀ ਆਪ ਭੁਵਾਇੰਦਾ । ਹੁਕਮੇ ਅੰਦਰ ਵੇਦ ਚਾਰਾ, ਬ੍ਰਹਮਾ ਵੇਤਾ ਲਿਖ ਲਿਖ ਸੀਸ ਝੁਕਾਇੰਦਾ । ਹੁਕਮੇ ਅੰਦਰ ਸ਼ਾਸਤਰ ਸਿਮਰਤ ਕਰਨ ਪੁਕਾਰਾ, ਹੁਕਮੇ ਅੰਦਰ ਪੁਰਾਨ ਅਠਾਰਾਂ ਵੇਦ ਵਿਆਸਾ ਜਸ ਗਾਇੰਦਾ । ਹੁਕਮੇ ਅੰਦਰ ਗੀਤਾ ਗਿਆਨ ਦਏ ਸਹਾਰਾ, ਅਠ ਦਸ ਆਪਣਾ ਬੰਧਨ ਪਾਇੰਦਾ । ਹੁਕਮੇ ਅੰਦਰ ਅੰਜੀਲ ਕੁਰਾਨ ਲਾਏ ਨਾਅਰਾ, ਮਸਲਾ ਹੱਕ ਹੱਕ ਸਮਝਾਇੰਦਾ । ਹੁਕਮੇ ਅੰਦਰ ਨਾਨਕ ਨਿਰਗੁਣ ਬੋਲੇ ਸਤਿਨਾਮ ਜੈਕਾਰਾ, ਹੁਕਮੇ ਅੰਦਰ ਗੋਬਿੰਦ ਫਤਿਹ ਡੰਕਾ ਮਾਤ ਵਜਾਇੰਦਾ । ਹੁਕਮੇ ਅੰਦਰ ਥਿਰ ਰਹੇ ਨਾ ਕੋਇ ਵਿਚ ਸੰਸਾਰਾ, ਜੋ ਆਇਆ ਸੋ ਉਠ ਉਠ ਜਾਇੰਦਾ । ਹੁਕਮੇ ਅੰਦਰ ਖਾਣੀ ਬਾਣੀ ਰਵ ਸਸ ਸੂਰਜ ਚੰਦ ਸਿਤਾਰਾ, ਜੰਗਲ ਜੂਹ ਉਜਾੜ ਸਮੁੰਦ ਸਾਗਰ ਸੇਵ ਕਮਾਇੰਦਾ । ਹੁਕਮੇ ਅੰਦਰ ਪੁਰਖ ਨਾਰਾ, ਹੁਕਮੇ ਅੰਦਰ ਨਿਰਗੁਣ ਸਰਗੁਣ ਧਾਰਾ, ਹੁਕਮੇ ਅੰਦਰ ਲੱਖ ਚੁਰਾਸੀ ਬੰਧਨ ਪਾਇੰਦਾ । ਹੁਕਮੇ ਅੰਦਰ ਘਾੜਨ ਘੜੇ ਬਣ ਠਠਿਆਰਾ, ਹੁਕਮੇ ਅੰਦਰ ਵੇਖੇ ਵਿਗਸੇ ਵੇਖਣਹਾਰਾ, ਹੁਕਮੇ ਅੰਦਰ ਭੰਨ ਵਖਾਇੰਦਾ । ਹੁਕਮੇ ਅੰਦਰ ਰਾਤੀ ਰੁਤੀ ਥਿਤੀ ਵਾਰਾ, ਹੁਕਮੇ ਅੰਦਰ ਘੜੀ ਪਲ ਦਿਵਸ ਰੈਣ ਕਰੇ ਵਿਚਾਰਾ, ਹੁਕਮੇ ਅੰਦਰ ਆਪਣੀ ਸੇਵਾ ਆਪ ਕਮਾਇੰਦਾ । ਹੁਕਮੇ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਰ ਕਿਨਾਰਾ, ਹੁਕਮੇ ਅੰਦਰ ਵੇਸ ਵਟਾਏ ਤੇਈ ਅਵਤਾਰਾ, ਹੁਕਮੇ ਅੰਦਰ ਅਠਾਰਾਂ ਭਗਤ ਵਜਾਏ ਨਗਾਰਾ, ਹੁਕਮੇ ਅੰਦਰ ਲੇਖਾ ਜਾਣੇ ਦਸ ਗੁਰੂ ਏਕਾ ਜੋਤ ਅਧਾਰਾ, ਜੋਤੀ ਜਾਤਾ ਆਪ ਅਖਵਾਇੰਦਾ । ਹੁਕਮੇ ਅੰਦਰ ਬਣ ਵਰਤਾਰਾ, ਹੁਕਮੇ ਅੰਦਰ ਖੋਲ੍ਹ ਕਿਵਾੜਾ, ਹੁਕਮੇ ਅੰਦਰ ਦੇਵਣਹਾਰਾ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਇੰਦਾ । ਹੁਕਮੇ ਅੰਦਰ ਸ਼ਬਦ ਨਗਾਰਾ, ਹੁਕਮੇ ਅੰਦਰ ਬੋਧ ਅਗਾਧ ਲਿਖਾਰਾ, ਹੁਕਮੇ ਅੰਦਰ ਲਿਖ ਲਿਖ ਲੇਖਾ ਆਪ ਸਮਝਾਇੰਦਾ । ਹੁਕਮੇ ਅੰਦਰ ਕਲਜੁਗ ਅੰਤਮ ਪਰਗਟੇ ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਹਰਿ ਕਾ ਭੇਵ ਨਾ ਕੋਇ ਸਕੇ ਪਾ, ਲੇਖਾ ਲਿਖਤ ਵਿਚ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਸਰਗੁਣ ਗਏ ਗਾ, ਅੰਤ ਆਪਣਾ ਸੀਸ ਝੁਕਾਈਆ । ਸਦਾ ਸੁਹੇਲਾ ਇਕ ਅਕੇਲਾ ਜੁਗ ਜੁਗ ਬਣੇ ਮਲਾਹ, ਬਣ ਖੇਵਟ ਖੇਟਾ ਫੇਰਾ ਪਾਈਆ । ਬਣ ਬਣ ਪਾਂਧੀ ਪੰਧ ਦਏ ਮੁਕਾ, ਥੱਕੀ ਮਾਂਦੀ ਸ੍ਰਿਸ਼ਟੀ ਲਏ ਜਗਾ ਨਾਮ ਹਲੂਣਾ ਇਕ ਲਗਾਈਆ । ਕਾਗੋਂ ਹੰਸ ਲਏ ਬਣਾ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾ, ਆਤਮ ਪਰਮਾਤਮ ਏਕਾ ਰੰਗ ਰੰਗਾਈਆ । ਲੱਖ ਚੁਰਾਸੀ ਵੇਖੇ ਫੇਰਾ ਪਾ, ਜਨ ਭਗਤਾਂ ਹੋਏ ਆਪ ਸਹਾ, ਆਵਣ ਜਾਵਣ ਬੰਧਨ ਦਏ ਤੁੜਾ, ਰਾਏ ਧਰਮ ਨਾ ਦਏ ਸਜਾਈਆ । ਸਾਚੇ ਧੰਦੇ ਦੇਵੇ ਲਾ, ਗੀਤ ਸੁਹਾਗੀ ਛੰਦੇ ਦਏ ਸੁਣਾ, ਰਾਗ ਅਨਾਦੀ ਇਕ ਅਲਾਈਆ । ਕਲਜੁਗ ਅੰਤਮ ਕੰਢੇ ਬੈਠੇ ਆ, ਚਾਰ ਵਰਨ ਦਿਸੇ ਨਾ ਕੋਇ ਮਲਾਹ, ਸ੍ਰਿਸ਼ਟ ਸਬਾਈ ਹੋਈ ਦੁਖਦਾਈ ਨੇਤਰ ਨੈਣਾਂ ਨੀਰ ਵਹਾਈਆ । ਕਿਸੇ ਨਾ ਪਕੜੇ ਕੋਈ ਬਾਂਹ, ਬੇੜੇ ਫੜ ਨਾ ਕੋਇ ਚੜ੍ਹਾਈਆ । ਨਾਤਾ ਤੁਟਾ ਪੁੱਤਰਾਂ ਮਾਂ, ਪਿਤਾ ਪੂਤ ਨਾ ਕੋਇ ਸਹਾਈਆ । ਇਕੋ ਭੁਲਿਆਂ ਹਰਿ ਕਾ ਨਾਂ, ਕਲਜੁਗ ਕਿਰਿਆ ਰਹੀ ਭੁਲਾਈਆ । ਕੋਈ ਖਾਏ ਸੂਰ ਕੋਈ ਖਾਏ ਗਾਂ,

ਆਪਣਾ ਕੀਤਾ ਸਾਰੇ ਲੈਣ ਪਾਈਆ । ਪੁਰਖ ਅਬਿਨਾਸ਼ੀ ਰਾਏ ਧਰਮ ਹੱਥ ਛੁਰੀ ਰਿਹਾ ਫੜਾ, ਏਕਾ ਹੁਕਮ ਸੁਣਾਈਆ । ਝਟਕੇ ਵਾਲਿਆਂ ਦੇਣਾ ਝਟਕਾ, ਹਲਾਲੀ ਵਾਲਿਆਂ ਹਲਕਾ ਹਲਕਾ ਉਪਰ ਭਾਰ ਪਾਈਆ । ਤਰਸਾ ਤਰਸਾ ਕੱਢਣੀ ਜਾਨ, ਤਰਸ ਕਿਸੇ ਉਤੇ ਨਾ ਖਾਈਆ । ਕੋਈ ਗੁਰ ਪੀਰ ਅਵਤਾਰ ਅੱਗੇ ਹੋ ਨਾ ਸਕੇ ਛੁਡਾ, ਦੇਵੇ ਅੰਤ ਨਾ ਕੋਇ ਗਵਾਹੀਆ । ਨਾਨਕ ਹੁਕਮ ਗਏ ਭੁਲਾ, ਆਤਮ ਪਰਮਾਤਮ ਰੰਗ ਨਾ ਕੋਇ ਚੜ੍ਹਾਈਆ । ਅੰਤ ਸਭ ਨੇ ਹੋਣਾ ਫਨਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਮਾਰਗ ਏਕਾ ਲਾਈਆ । ਸਾਚਾ ਮਾਰਗ ਲੱਗੇ ਮਾਤ, ਲਗਾਵਣਹਾਰਾ ਆਪ ਲਗਾਇੰਦਾ । ਹਰਿਜਨ ਵੇਖੇ ਮਾਰ ਝਾਤ, ਝਾਕੀ ਏਕਾ ਨੈਣ ਪੁਵਾਇੰਦਾ । ਨਾਤਾ ਤੋੜ ਜ਼ਾਤ ਪਾਤ, ਆਤਮ ਪਰਮਾਤਮ ਭੇਵ ਖੁਲ੍ਹਾਇੰਦਾ । ਨਿਰਗੁਣ ਸਰਗੁਣ ਪੁਛੇ ਵਾਤ, ਬਾਤਨ ਜ਼ਾਹਰ ਪੜਦਾ ਲਾਹਿੰਦਾ । ਚਰਨ ਕਵਲ ਉਪਰ ਧਵਲ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਪੱਤਤ ਪੁਨੀਤ ਕਰੇ ਪਾਕੀ ਪਾਕ, ਸਿਰ ਆਪਣਾ ਹੱਥ ਟਿਕਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਮੇਲ ਮਿਲਾਏ ਸੱਜਣ ਸਾਕ, ਸਾਕਾ ਆਪਣਾ ਆਪ ਸੁਣਾਇੰਦਾ । ਸੋਹੰ ਸ਼ਬਦ ਭਵਿਖਤ ਵਾਕ, ਨਾਨਕ ਗੋਬਿੰਦ ਢੋਲਾ ਗਾਇੰਦਾ । ਕਲਜੁਗ ਅੰਤਮ ਪੁਰਖ ਅਬਿਨਾਸ਼ੀ ਕਰੇ ਖੇਲ ਤਮਾਸ਼, ਆਪਣਾ ਚੋਲਾ ਆਪ ਬਦਲਾਇੰਦਾ । ਪੁਰਖ ਅੰਗਮੜਾ ਕਦੇ ਨਾ ਹੋਵੇ ਨਾਸ, ਜਨਮ ਮਰਨ ਵਿਚ ਨਾ ਆਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ ਪ੍ਰਿਥਮੀ ਅਕਾਸ਼, ਗਗਨ ਮੰਡਲ ਆਪਣਾ ਹੁਕਮ ਵਰਤਾਇੰਦਾ ।



੬੧੬ ੧੧

## ★ ੧੧ ਚੇਤ ੨੦੧੯ ਬਿਕ੍ਰਮੀ ਤੇਜਾ ਸਿੰਘ ਦੇ ਗ੍ਰਿਹ ਚੰਬਲ ਜ਼ਿਲਾ ਅੰਮ੍ਰਿਤਸਰ ★

ਸਚਖੰਡ ਨਿਵਾਸੀ ਹਰਿ ਨਿਰੰਕਾਰਾ, ਧੁਰ ਫ਼ਰਮਾਣਾ ਹੁਕਮ ਜਣਾਈਆ । ਸ਼ਬਦੀ ਸੁਤ ਉਠ ਬਲਕਾਰਾ, ਬਲ ਆਪਣਾ ਆਪ ਪਰਗਟਾਈਆ । ਸਰਗੁਣ ਅੰਤਮ ਮਾਤ ਹਾਰਾ, ਪੰਜ ਤੱਤ ਦਏ ਦੁਹਾਈਆ । ਗੁਰ ਕਾ ਸ਼ਬਦ ਨਾ ਕਿਸੇ ਵਿਚਾਰਾ, ਨਵ ਨੌਂ ਪਈ ਲੜਾਈਆ । ਨੇਤਰ ਰੋਵਣ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਭਰਮੇ ਭੁੱਲਾ ਸਰਬ ਸੰਸਾਰਾ, ਭਰਮ ਗੜ੍ਹ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਸ਼ਬਦੀ ਸੁਤ ਹਰਿ ਹਰਿ ਆਖ ਸੁਣਾਇੰਦਾ । ਹੁਕਮ ਦੇਵੇ ਅਬਿਨਾਸ਼ੀ ਅਚੁੱਤ, ਏਕਾ ਵਾਰ ਜਣਾਇੰਦਾ । ਨਿਰਗੁਣ ਰੂਪ ਬਣਿਆ ਪੁਰਖ, ਤੱਤਵ ਤੱਤ ਨਾ ਕੋਇ ਬਣਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਨੇਤਰ ਲੋਚਣ ਪੇਖ, ਜਗਤ ਅੰਧੇਰਾ ਏਕਾ ਛਾਇੰਦਾ । ਸਚ ਸੁੱਚ ਮਿਟੀ ਰੇਖ, ਜੂਠ ਝੂਠ ਅੰਧੇਰਾ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਆਪ ਜਣਾਇੰਦਾ । ਸੁਤ ਸ਼ਬਦ ਜਾਏ ਜਾਗ, ਆਪਣੀ ਲਏ ਅੰਗੜਾਈਆ । ਥਿਰ ਘਰ ਸਾਚੇ ਲੱਗੇ ਭਾਗ, ਗ੍ਰਿਹ ਮੰਦਰ ਵੱਜੇ ਵਧਾਈਆ । ਦੋ ਜਹਾਨ ਵਜਾਏ ਨਾਦ, ਏਕਾ ਧੁੰਨ ਸੁਣਾਈਆ । ਖ਼ਬਰ ਕਰਾਏ ਬ੍ਰਹਮ ਬ੍ਰਹਿਮਾਦਿ, ਲੋਆਂ ਪੁਰੀਆਂ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਬਦ ਸੁਤ ਕਹੇ ਬੋਲ, ਪ੍ਰਭ ਅੱਗੇ ਸੀਸ

ਝੁਕਾਈਆ । ਤੂੰ ਸਾਹਿਬ ਵਸਣਾ ਮੇਰੇ ਕੋਲ, ਮੈਂ ਤੇਰੀ ਓਟ ਤਕਾਈਆ । ਲੱਖ ਚੁਰਾਸੀ ਦੇਵਾਂ ਤੋਲ, ਨਾਮ ਕੰਡਾ ਹੱਥ ਉਠਾਈਆ । ਦੋ ਜਹਾਨਾਂ ਪੜਦਾ ਦੇਵਾਂ ਖੋਲ੍ਹ, ਦਰ ਦਰਵਾਜ਼ਾ ਇਕ ਵਖਾਈਆ । ਲੱਖ ਚੁਰਾਸੀ ਅੰਦਰ ਮੰਦਰ ਵਜਾਵਾਂ ਢੋਲ, ਮਰਦੰਗਾ ਆਪਣਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਂ ਵੇਖਾਂ ਚਾਈਂ ਚਾਈਂਆ । ਸ਼ਬਦ ਸੁਤ ਕਰੇ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਤੂੰ ਤਖ਼ਤ ਨਿਵਾਸੀ ਏਕੰਕਾਰ, ਤੇਰਾ ਭੇਵ ਕੋਇ ਨਾ ਪਾਇੰਦਾ । ਜੁਗ ਜੁਗ ਪੰਜ ਤੱਤ ਦੇਂਦਾ ਰਿਹਾ ਅਧਾਰ, ਕਾਇਆ ਚੋਲਾ ਆਪ ਹੰਢਾਇੰਦਾ । ਰੂਪ ਧਰ ਧਰ ਗੁਰ ਅਵਤਾਰ, ਗੁਰ ਗੁਰ ਆਪਣਾ ਖੇਲ ਕਰਾਇੰਦਾ । ਅਨਹਦ ਨਾਦ ਸੱਚੀ ਗੁਫ਼ਤਾਰ, ਗੁਫ਼ਤ ਸ਼ੁਨੀਦ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਝੋਲੀ ਡਾਹਿੰਦਾ । ਤੇਰੇ ਅੱਗੇ ਝੋਲੀ ਡਾਹ, ਏਕਾ ਮੰਗ ਮੰਗਾਈਆ । ਤੂੰ ਪੁਰਖ ਅਬਿਨਾਸ਼ੀ ਬੇਪਰਵਾਹ, ਬੇਅੰਤ ਤੇਰੀ ਵਡਿਆਈਆ । ਤੂੰ ਸਚਖੰਡ ਵਸੇਂ ਸਾਚੇ ਥਾਂ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਮੈਂ ਥਿਰ ਘਰ ਬੈਠਾ ਡੇਰਾ ਲਾ, ਤੇਰੇ ਚਰਨਾਂ ਓਟ ਤਕਾਈਆ । ਤੂੰ ਮੇਰਾ ਮੈਂ ਤੇਰਾ ਤੁਧ ਬਿਨ ਕੋਈ ਨਾ ਦਿਸੇ ਥਾਂ, ਸੀਸ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਅੱਗੇ ਕਰਾਂ ਅਰਜ਼ੋਈਆ । ਤੁਧ ਅੱਗੇ ਕਰਾਂ ਅਰਜ਼ੋਈ ਅਰਦਾਸ, ਦੋਏ ਦੋਏ ਜੋੜ ਬੇਨੰਤੀਆ । ਮੈਂ ਸੇਵਕ ਤੇਰਾ ਦਾਸੀ ਦਾਸ, ਤੂੰ ਸਾਹਿਬ ਸੁਲਤਾਨ ਸੋਭਾਵੰਤੀਆ । ਤੂੰ ਸਦਾ ਸੁਹੇਲੇ ਵਸਣਾ ਪਾਸ, ਕਰਨਾ ਖੇਲ ਨਾਰੀ ਕੰਤੀਆ । ਮੇਰੀ ਪੂਰੀ ਕਰਨੀ ਆਸ, ਸਾਚੀ ਸੇਜਾ ਇਕ ਸੁਹੰਤੀਆ । ਤੇਰਾ ਨੂਰ ਜੋਤ ਪਰਕਾਸ਼, ਮੇਰਾ ਨਾਦ ਧੁਨ ਵਜੰਤੀਆ । ਤੂੰ ਆਦਿ ਪੁਰਖ ਅਬਿਨਾਸ਼, ਮੈਂ ਜੁਗ ਜੁਗ ਖੇਲ ਵਖੰਤੀਆ । ਤੂੰ ਸਾਹਿਬ ਸਰਬ ਗੁਣਤਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੀਨ ਦਿਆਲ ਸੁਣ ਬੇਨੰਤੀਆ । ਦੀਨ ਦਿਆਲ ਅੰਤਰਜਾਮੀ, ਤੇਰੀ ਵਡ ਵਡੀ ਵਡਿਆਈਆ । ਤੂੰ ਆਦਿ ਜੁਗਾਦਿ ਸਦਾ ਨੇਹਕਾਮੀ, ਨਿਹਚਲ ਬੈਠਾ ਆਸਣ ਲਾਈਆ । ਤੂੰ ਘਟ ਘਟ ਦਾਤਾ ਅੰਤਰਜਾਮੀ, ਤੇਰਾ ਭੇਵ ਕੋਇ ਨਾ ਆਈਆ । ਆਦਿ ਜੁਗਾਦਿ ਗੁਰ ਅਵਤਾਰ ਪੀਰ ਪੈਗ਼ੰਬਰ ਪੜ੍ਹਨ ਤੇਰੀ ਬਾਣੀ, ਤੇਰੀ ਤਾਰ ਸਿਤਾਰ ਹਿਲਾਈਆ । ਜੁਗਾ ਜੁਗੰਤਰ ਅਕਥ ਕਹਾਣੀ, ਕਥਨੀ ਕਥ ਕਥ ਆਪ ਸੁਣਾਈਆ । ਜਿਸ ਜਨ ਦੇਵੇਂ ਆਪਣੀ ਸਚ ਨਿਸ਼ਾਨੀ, ਸੋ ਜਨ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਸਰਨ ਤੇਰੀ ਤਕਾਈਆ । ਸਾਚੀ ਸਰਨ ਤੇਰੀ ਤੱਕ, ਆਸਰਾ ਤੇਰਾ ਰਖਾਇਆ । ਤੂੰ ਸਾਹਿਬ ਸੁਲਤਾਨ ਪੁਰਖ ਸਮਰਥ, ਬੇਅੰਤ ਤੇਰੀ ਸ਼ਹਿਨਸ਼ਾਹਿਆ । ਜੁਗ ਜੁਗ ਚਲਾਏ ਆਪਣਾ ਰਥ, ਬਣ ਰਥਵਾਹੀ ਸੇਵ ਕਮਾਇਆ । ਗੁਰ ਗੁਰ ਗਾਏ ਤੇਰੀ ਗਾਥ, ਸ਼ਬਦੀ ਸ਼ਬਦ ਨਾਉਂ ਪਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨਾਂ ਸੀਸ ਝੁਕਾਇਆ । ਤੇਰੇ ਚਰਨਾਂ ਸੀਸ ਗਿਆ ਝੁਕ, ਝੁਕ ਝੁਕ ਸੀਸ ਨਿਵਾਈਆ । ਜੁਗ ਚੌਕੜੀ ਪੈਂਡਾ ਰਿਹਾ ਮੁੱਕ, ਗੇੜਾ ਗੇੜੇ ਵਿਚ ਭੁਵਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖਣ ਤੇਰੀ ਰੁੱਤ, ਰੁੱਤ ਰੁੱਤੜੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਤੁਧ ਬਿਨ ਅਵਰ ਨਾ ਕੋਇ ਸਹਾਰਾ, ਗੁਰ ਸ਼ਬਦੀ ਮੰਗ ਮੰਗਾਇੰਦਾ । ਆਦਿ ਜੁਗਾਦਿ ਤੇਰਾ ਪਸਾਰਾ, ਤੂੰ

ਕਰ ਕਰ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਕਰੋੜ ਤੇਤੀਸਾ ਤੇਰਾ ਰਾਹ ਤਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨਾਮ ਅਧਾਰਾ, ਤੁਧ ਬਿਨ ਲੋਕਮਾਤ ਨਜ਼ਰ ਕੋਇ ਨਾ ਆਇੰਦਾ । ਤੇਰਾ ਰਾਗ ਤੇਰਾ ਧੁੰਨਕਾਰਾ, ਰਾਗੀ ਰਾਗ ਨਾ ਕੋਇ ਅਲਾਇੰਦਾ । ਤੇਰਾ ਮੰਗਲ ਤੇਰਾ ਅਖਾੜਾ, ਤੁਧ ਬਿਨ ਨਾਚ ਨਾ ਕੋਇ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੋਏ ਜੋੜ ਵਾਸਤਾ ਪਾਇੰਦਾ । ਦੋਏ ਜੋੜ ਚਰਨੀ ਢੱਠ, ਸੁਤ ਸ਼ਬਦੀ ਸੀਸ ਨਿਵਾਈਆ । ਏਕਾ ਦੇ ਦੇ ਆਪਣੀ ਵੱਥ, ਵਸਤ ਅਮੋਲਕ ਮੰਗ ਮੰਗਾਈਆ । ਤੇਰੇ ਅੰਦਰ ਤੇਰਾ ਹੋ ਕੇ ਜਾਵਾਂ ਵਸ, ਦੂਸਰ ਮੰਦਰ ਕੋਇ ਨਾ ਭਾਈਆ । ਤੇਰਾ ਮਾਰਗ ਦੇਵਾਂ ਦੱਸ, ਬਣ ਦਾਸੀ ਦਾਸ ਸੇਵ ਕਮਾਈਆ । ਤੇਰਾ ਪੰਧ ਮੁਕਾਵਾਂ ਨੱਸ ਨੱਸ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਸੋ ਪੁਰਖ ਨਿਰੰਜਣ ਦੀਨ ਦਿਆਲਾ, ਆਪਣੀ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਹੋ ਪ੍ਰਿਤਪਾਲਾ, ਪ੍ਰਿਤਪਾਲਕ ਸਿਰ ਆਪਣਾ ਹੱਥ ਟਿਕਾਇੰਦਾ । ਏਕੰਕਾਰਾ ਮਾਰਗ ਦੱਸੇ ਸੁਖਾਲਾ, ਸਾਚਾ ਰਾਹ ਆਪ ਜਣਾਇੰਦਾ । ਆਦਿ ਨਿਰੰਜਣ ਨੂਰ ਕਰ ਉਜਾਲਾ, ਜੋਤੀ ਜੋਤ ਡਗਮਗਾਇੰਦਾ । ਅਬਿਨਾਸ਼ੀ ਕਰਤਾ ਨਿਭੇ ਨਾਲਾ, ਸਗਲਾ ਸੰਗ ਨਿਭਾਇੰਦਾ । ਸ੍ਰੀ ਭਗਵਨ ਵਖਾਏ ਇਕ ਨਿਸ਼ਾਨਾ, ਦੋ ਜਹਾਨਾਂ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਬਣ ਪਰਧਾਨਾ, ਸਾਚੇ ਤਖ਼ਤ ਸੋਭਾ ਪਾਇੰਦਾ । ਸ਼ਾਹ ਪਾਤਸ਼ਾਹ ਬਣ ਰਾਜ ਰਾਜਾਨਾ, ਹੁਕਮੀ ਹੁਕਮ ਆਪ ਵਰਤਾਇੰਦਾ । ਸਚਖੰਡ ਸੁਹਾਏ ਸਚ ਮਕਾਨਾ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਦੀਪਕ ਦੀਆ ਇਕ ਮਹਾਨਾ, ਜੋਤੀ ਜਾਤਾ ਆਪ ਜਗਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣਾ, ਸਚ ਸੰਦੇਸਾ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਦੀਨ ਦਿਆਲ ਹਰਿ ਨਿਰੰਕਾਰਾ, ਆਪਣੀ ਦਇਆ ਕਮਾਈਆ । ਸ਼ਬਦ ਸੁਤ ਤੇਰਾ ਬਲਕਾਰਾ, ਬਲ ਤੇਰੇ ਵਿਚ ਧਰਾਈਆ । ਜੁਗ ਚੌਕੜੀ ਪਾਰ ਕਿਨਾਰਾ, ਪੰਜ ਤੱਤ ਗੁਰ ਅਵਤਾਰ ਲੋਕਮਾਤ ਗਏ ਸੇਵ ਕਮਾਈਆ । ਅੱਖਰ ਅੱਖਰ ਨਾਮ ਬੋਲ ਜੈਕਾਰਾ, ਜੀਵ ਜੰਤ ਜੰਤ ਪੜ੍ਹਾਈਆ । ਲੇਖਾ ਲਿਖ ਲਿਖ ਗਏ ਬਣ ਲਿਖਾਰਾ, ਕਲਮ ਸ਼ਾਹੀ ਨਾਲ ਮਿਲਾਈਆ । ਸਿਖਿਆ ਦੇ ਦੇ ਗਏ ਹਾਰਾ, ਮਨ ਮਤ ਬੁਧ ਸਮਝ ਨਾ ਰਾਈਆ । ਭਿਛਿਆ ਪਾ ਪਾ ਵਣਜ ਕਰ ਕਰ ਗਏ ਵਾਪਾਰਾ, ਜਗਤ ਹਟਵਾਣਾ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਨਾ ਕਿਸੇ ਜਣਾਈਆ । ਚਾਰ ਜੁਗ ਗੁਰ ਅਵਤਾਰ, ਲੋਕਮਾਤ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਿਆ ਵਾਰੋ ਵਾਰ, ਰੂਪ ਅਨੂਪ ਆਪ ਵਟਾਈਆ । ਖਾਣੀ ਬਾਣੀ ਦੋ ਜਹਾਨ ਕਰ ਤਿਆਰ, ਸ਼ਬਦੀ ਰਾਗ ਨਾਦ ਅਲਾਈਆ । ਕਾਗਜ ਕਲਮ ਨਾ ਪਾਵੇ ਸਾਰ, ਲਿਖ ਲਿਖ ਥੱਕੀ ਕਲਮ ਸ਼ਾਹੀਆ । ਬੇਅੰਤ ਬੇਅੰਤ ਬੇਅੰਤ ਸਭ ਗਏ ਪੁਕਾਰ, ਅੰਤ ਕੋਇ ਨਾ ਪਾਈਆ । ਪੰਜ ਤੱਤ ਕਾਇਆ ਚੋਲਾ ਗਏ ਪਾੜ, ਜਗਤ ਨਿਸ਼ਾਨ ਨਾ ਕੋਇ ਵਖਾਈਆ । ਇਕ ਨਿਸ਼ਾਨਾ ਦੱਸ ਕੇ ਗਏ ਵਿਚ ਸੰਸਾਰ, ਬਿਨ ਹਰਿ ਨਿਰੰਕਾਰ ਦੂਜਾ ਕੋਇ ਰਹਿਣ ਨਾ ਪਾਈਆ । ਚਾਕਰ ਚਾਕ ਦਾਸੀ ਦਾਸ ਬਣ ਬਣ ਸੇਵਾਦਾਰ, ਖਾਕੀ ਖ਼ਾਕ ਖ਼ਾਕ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਨਾ ਕਿਸੇ ਜਣਾਈਆ । ਹਰਿ ਕਾ ਭੇਵ ਨਾ ਪਾਏ ਭੇਦ, ਭੇਦ ਕਿਸੇ ਨਾ ਪਾਇਆ । ਬ੍ਰਹਮਾ ਗਾ ਗਾ ਥੱਕਾ ਵੇਦ, ਵੇਦ ਵਿਆਸਾ ਪੁਰਾਨ ਅਠਾਰਾਂ

੬੧੮
੧੧

ਸੋਹਲਾ ਗਾਇਆ । ਆਦਿ ਜੁਗਾਦੀ ਅਛਲ ਅਛੇਦ, ਗੁਰ ਅਵਤਾਰਾਂ ਧੰਦੇ ਰਿਹਾ ਲਗਾਇਆ । ਲੱਖ ਚੁਰਾਸੀ ਆਪੇ ਵੇਖ, ਘਟ ਘਟ ਆਪ ਸਮਾਇਆ । ਵਸਣਹਾਰਾ ਸਚਖੰਡ ਸਾਚੇ ਦੇਸ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਨਾਚ ਨਚਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਅਵੱਲੜਾ ਵੇਸ, ਵੇਸ ਅਨੇਕਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇਆ । ਸਾਚਾ ਖੇਲ ਕਰੇ ਕਰਤਾਰਾ, ਕੁਦਰਤ ਕਾਦਰ ਵੇਖ ਵਿਖਾਈਆ । ਨਿਰਗੁਣ ਸਰਗੁਣ ਗੁਪਤ ਜ਼ਾਹਰਾ, ਦੋਏ ਦੋਏ ਆਪਣੀ ਧਾਰ ਚਲਾਈਆ । ਜੋਤ ਸ਼ਬਦ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਸਾਚਾ ਖੇਲ ਸ੍ਰੀ ਭਗਵਾਨ, ਸ਼ਬਦੀ ਸ਼ਬਦ ਆਪ ਜਣਾਇੰਦਾ । ਪਰਗਟ ਹੋਣਾਂ ਵਿਚ ਜਹਾਨ, ਬਲ ਤੇਰਾ ਆਪ ਧਰਾਇੰਦਾ । ਨਵ ਨੌਂ ਚਾਰ ਆਈ ਹਾਣ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਗਏ ਗਿਆਨ, ਜੀਵ ਜੰਤ ਧਿਆਨ ਨਾ ਕੋਇ ਲਗਾਇੰਦਾ । ਮਨ ਬੁੱਧੀ ਹੋਈ ਪਰਧਾਨ, ਮਤ ਮਤਵਾਲੀ ਖੇਲ ਖਿਲਾਇੰਦਾ । ਹਰਿ ਕਾ ਨਾਉਂ ਨਾ ਮਿਲੇ ਕਿਸੇ ਨਿਸ਼ਾਨ, ਸਚ ਨਿਸ਼ਾਨਾ ਨਾ ਕੋਇ ਲਗਾਇੰਦਾ । ਚਾਰੇ ਖਾਣੀ ਬੇਈਮਾਨ, ਬੇਐਬ ਭੇਵ ਕੋਇ ਨਾ ਪਾਇੰਦਾ । ਚਾਰੇ ਬਾਣੀ ਹੋਈ ਹੈਰਾਨ, ਹਰਿ ਕਾ ਰੂਪ ਨਾ ਕੋਇ ਦਰਸਾਇੰਦਾ । ਚਾਰੇ ਵਰਨ ਹੋਏ ਸ਼ੈਤਾਨ, ਸ਼ਰੀਅਤ ਹੱਕ ਨਾ ਕੋਇ ਰਖਾਇੰਦਾ । ਚਾਰੇ ਜੁਗ ਹੋਏ ਪਰਧਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਬਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਵਖਾਇੰਦਾ । ਸ਼ਬਦ ਗੁਰ ਵੇਖ ਮਾਰ ਧਿਆਨ, ਸੋ ਪੁਰਖ ਨਿਰੰਜਣ ਆਪ ਜਣਾਇਆ । ਕਲਜੁਗ ਵੱਡਾ ਵਡ ਬਲਵਾਨ, ਲੱਖ ਚੁਰਾਸੀ ਰਿਹਾ ਭੁਲਾਇਆ । ਚਾਰ ਬਾਣੀ ਨਾ ਜਾਣੇ ਕੋਈ ਗਿਆਨ, ਪੜ੍ਹ ਪੜ੍ਹ ਵਾਦ ਵਧਾਇਆ । ਚਾਰੋਂ ਕੁੰਟ ਫਿਰੇ ਸ਼ੈਤਾਨ, ਘਰ ਘਰ ਆਪਣਾ ਨਾਚ ਨਚਾਇਆ । ਜੂਠ ਝੂਠ ਹੋਇਆ ਪਰਧਾਨ, ਡੌਰੂ ਡੰਕਾ ਰਿਹਾ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਇਆ । ਸਚ ਸੰਦੇਸਾ ਸੁਣ ਲੈ ਮੀਤ, ਸ਼ਬਦੀ ਸ਼ਬਦ ਜਣਾਇੰਦਾ । ਕਲਜੁਗ ਵੇਖ ਅੰਤਮ ਰੀਤ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਜਗਤ ਅੰਧੇਰਾ ਗੁਰਦੁਆਰ ਮੰਦਰ ਮਸੀਤ, ਸ਼ਿਵਦਵਾਲਾ ਮੱਠ ਸਰਬ ਕੁਰਲਾਇੰਦਾ । ਮੁੱਲਾਂ ਸ਼ੇਖ਼ ਮੁਸਾਇਕ ਪੰਡਤ ਪਾਂਧਾ ਕੋਇ ਨਾ ਰੱਖੇ ਸਾਚੀ ਨੀਤ, ਨੀਤੀਵਾਨ ਨਜ਼ਰ ਕੋਇ ਨਾ ਆਇੰਦਾ । ਸਭ ਦੀ ਬੁੱਧੀ ਹੋਈ ਪੁਲੀਤ, ਪਵਿਤ ਰੂਪ ਨਾ ਕੋਇ ਵਟਾਇੰਦਾ । ਹਰਿ ਕਾ ਗਾਏ ਨਾ ਕੋਇ ਗੀਤ, ਗੀਤ ਗੋਬਿੰਦ ਨਾ ਕੋਇ ਗਾਇੰਦਾ । ਸਦੀ ਚੌਧਵੀਂ ਰਹੀ ਬੀਤ, ਚੌਦਾਂ ਤਬਕ ਸਰਬ ਕੁਰਲਾਇੰਦਾ । ਕਰੇ ਖੇਲ ਆਪ ਅਨਡੀਠ, ਆਲਮ ਉਲਮਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਆਪ ਜਗਾਇੰਦਾ । ਸ਼ਬਦੀ ਸ਼ਬਦ ਵੇਖ ਚਾਰ ਕੁੰਟ, ਹਰਿ ਸਾਚਾ ਸਚ ਜਣਾਈਆ । ਕਿਸੇ ਕੂਟ ਦਿਸੇ ਨਾ ਰੁੱਤ ਬਸੰਤ, ਖ਼ਿਜ਼ਾ ਆਪਣੀ ਰੁੱਤ ਵਖਾਈਆ । ਲੱਖ ਚੁਰਾਸੀ ਸੇਜ ਖਾਲੀ ਬਿਨ ਹਰਿ ਜੂ ਕੰਤ, ਨਾਰ ਦੁਹਾਗਣ ਦਏ ਦੁਹਾਈਆ । ਗੁਰ ਕਾ ਸ਼ਬਦ ਨਾ ਮਣੀਆ ਮੰਤ, ਮਨ ਕੀ ਵਾਸਨਾ ਨਾ ਕੋਇ ਮਿਟਾਈਆ । ਘਰ ਘਰ ਗੜ੍ਹ ਬਣਿਆ ਹਉਮੇ ਹੰਗਤ, ਕਾਮ ਕਰੋਧ ਲੋਭ ਮੋਹ ਹੰਕਾਰ ਪਈ ਲੜਾਈਆ । ਸ੍ਰਿਸ਼ਟ ਸਬਾਈ ਹੋਈ ਨੰਗਤ, ਬਿਨ ਹਰਿ ਨਾਮੇ ਪੜਦਾ ਕੋਇ ਨਾ ਪਾਈਆ । ਮਾਨਸ ਜਨਮ ਹੋਣਾ ਭੰਗਤ, ਮਨੁਖ ਚਲੇ ਨਾ ਕੋਇ ਚਤੁਰਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਾਰ ਦਏ ਵਖਾਈਆ । ਏਕਾ ਵਾਰ ਲੈਣਾ ਵੇਖ, ਹਰਿ ਜੂ ਹਰਿ ਹਰਿ ਆਖ ਆਖ ਸੁਣਾਇਆ । ਲੱਖ ਚੁਰਾਸੀ ਮਿਟਣੀ ਰੇਖ, ਰੂਪ ਰੇਖ ਨਾ ਕੋਇ ਵਡਿਆਇਆ । ਪੁਰਖ ਅਗੰਮਾ ਧਾਰੇ ਭੇਸ, ਜੋਤੀ ਜਾਤਾ ਰੂਪ ਵਟਾਇਆ । ਸ਼ਬਦੀ ਸ਼ਬਦ ਬਣ ਨਰੇਸ਼, ਨਰ ਨਰਾਇਣ ਆਪ ਜਣਾਇਆ । ਜੀਵ ਜੰਤ ਹੋਏ ਮਲੇਛ, ਮੈਲ ਦੁਰਮਤ ਨਾ ਕੋਇ ਧੁਵਾਇਆ । ਬਾਹਰੋਂ ਕਰ ਕਰ ਬੈਠੇ ਭੇਖ, ਅੰਤਰ ਭਵਿਖਤ ਵਾਕ ਨਾ ਕੋਇ ਜਣਾਇਆ । ਕਿਸੇ ਨਜ਼ਰ ਨਾ ਆਏ ਗੁਰ ਦਸਮੇਸ਼, ਦਹਿ ਦਿਸ਼ਾ ਨੈਣ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਭੇਵ ਰਿਹਾ ਖੁਲ੍ਹਾਇਆ । ਏਕਾ ਭੇਵ ਖੋਲ੍ਹੇ ਕਰਤਾਰਾ, ਆਪਣਾ ਆਪ ਜਣਾਈਆ । ਕਲਜੁਗ ਅੰਤਮ ਕੂੜ ਕੁੜਿਆਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਭਰਮੇ ਭੁੱਲਾ ਭਰਮ ਸੰਸਾਰਾ, ਭਰਮ ਗੜ੍ਹ ਨਾ ਕੋਇ ਤੁੜਾਈਆ । ਨਾਤਾ ਤੁਟਾ ਪੁਰਖ ਨਾਰਾ, ਵਿਭਚਾਰ ਕਰੇ ਸਰਬ ਲੋਕਾਈਆ । ਨਾ ਕੋਈ ਦੀਸੇ ਹਰਿ ਮੰਦਰ ਸੱਚਾ ਗੁਰੂਦੁਆਰਾ, ਸਤਿਗੁਰ ਰੂਪ ਨਜ਼ਰ ਕਿਸੇ ਨਾ ਆਈਆ । ਪੰਜ ਤੱਤ ਕਾਇਆ ਅਗਨੀ ਲੱਗੀ ਤੱਤੀ ਹਾੜਾ, ਤੱਤਵ ਤੱਤ ਰਿਹਾ ਜਲਾਈਆ । ਅੰਮ੍ਰਿਤ ਮਿਲੇ ਨਾ ਠੰਡਾ ਠਾਰਾ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਦੀਪਕ ਦੀਆ ਨਾ ਹੋਏ ਉਜਿਆਰਾ, ਜੋਤ ਨਿਰੰਜਣ ਨਾ ਕੋਇ ਰੁਸ਼ਨਾਈਆ । ਚਰਨ ਕਵਲ ਨਾ ਦੇਵੇ ਕੋਈ ਸਹਾਰਾ, ਧਰਨੀ ਧਵਲ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਗੁਰ ਤੇਰੀ ਸੇਵਾ ਇਕ ਲਗਾਈਆ । ਸਾਚੀ ਸੇਵਾ ਜਾਣਾ ਲੱਗ, ਸਚਖੰਡ ਨਿਵਾਸੀ ਆਪ ਜਣਾਇਆ । ਪਰਗਟ ਹੋ ਸੂਰੇ ਸਰਬੱਗ, ਤੇਰਾ ਵੇਲਾ ਅੰਤਮ ਆਇਆ । ਲੱਖ ਚੁਰਾਸੀ ਹੰਸ ਹੋਇਆ ਕੱਗ, ਕਾਗ ਵਾਂਗ ਕੁਰਲਾਇਆ । ਨੌਂ ਖੰਡ ਪ੍ਰਿਥਮੀ ਲੱਗੀ ਅੱਗ, ਹਵਨ ਕੁੰਡ ਤਪਾਇਆ । ਕੂੜ ਨਗਾਰਾ ਰਿਹਾ ਵੱਜ, ਕਲਜੁਗ ਡੰਕਾ ਹੱਥ ਉਠਾਇਆ । ਕੋਈ ਨਾ ਸਕੇ ਪੜਦਾ ਕੱਜ, ਗੁਰ ਅਵਤਾਰ ਬੈਠੇ ਮੁੱਖ ਛੁਪਾਇਆ । ਮੱਕਾ ਕਾਅਬਾ ਕੋਈ ਨਾ ਹੱਜ, ਪੀਰ ਦਸਤਗੀਰ ਨਜ਼ਰ ਕੋਇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਸੁਣਾਇਆ । ਸਚ ਸੰਦੇਸਾ ਸੁਣ ਲੈ ਗੱਲ, ਹਰਿ ਜੂ ਆਪਣੀ ਦਇਆ ਕਮਾਈਆ । ਨਵ ਨੌਂ ਚਾਰ ਕਰਦਾ ਆਇਆ ਵਲ ਛਲ, ਗੁਰ ਅਵਤਾਰ ਸੇਵ ਲਗਾਈਆ । ਆਪ ਬੈਠਾ ਰਿਹਾ ਨਿਹਚਲ ਧਾਮ ਅਟੱਲ, ਸਚਖੰਡ ਡੇਰਾ ਲਾਈਆ । ਸਰਬ ਵਿਆਪੀ ਹੋ ਕੇ ਘਟ ਘਟ ਗਿਆ ਰਲ, ਰਲ ਮਿਲ ਆਪਣੀ ਖ਼ੁਸ਼ੀ ਮਨਾਈਆ । ਨਾਮ ਸੰਦੇਸਾ ਘੱਲ ਘੱਲ, ਜੀਵਾਂ ਜੰਤਾਂ ਰਾਹ ਚਲਾਈਆ । ਕਲਜੁਗ ਅੰਤਮ ਚਾਰ ਜੁਗ ਦਾ ਵੇਖੇ ਫਲ, ਸਤਿਜੁਗ ਤ੍ਰੇਤਾ ਦੁਆਪਰ ਪੂਰਬ ਲਹਿਣਾ ਵੇਖ ਵਖਾਈਆ । ਕਲਜੁਗ ਅੰਧੇਰਾ ਡੂੰਘੀ ਡਲ, ਸ੍ਰਿਸ਼ਟ ਸਬਾਈ ਨੈਣ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਏਕਾ ਗੁਣ ਜਣਾਈਆ । ਗੁਣਵੰਤਾ ਹਰਿ ਗੁਣ ਨਿਧਾਨ, ਏਕਾ ਗੁਣ ਸਮਝਾਇੰਦਾ । ਕਲਜੁਗ ਮੇਟਣਾ ਅੰਤ ਨਿਸ਼ਾਨ, ਨਿਸ਼ਾਨਾ ਜਗਤ ਰਹਿਣ ਨਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਤੁੱਟੇ ਮਾਣ, ਅਭਿਮਾਨ ਆਪਣੇ ਹੱਥ ਰਖਾਇੰਦਾ । ਚਾਰ ਵੇਦ ਹੋਣ ਹੈਰਾਨ, ਸ਼ਾਸਤਰ ਸਿਮਰਤ ਪੁਰਾਨ ਨੈਣ ਸ਼ਰਮਾਇੰਦਾ । ਗੀਤਾ ਮੁੱਕੇ ਅੰਤ ਗਿਆਨ, ਅੱਠ ਦਸ ਨਾ ਕੋਇ ਪੜ੍ਹਾਇੰਦਾ । ਅੰਜ਼ੀਲ ਕੁਰਾਨ ਸਰਬ ਕੁਰਲਾਣ, ਨੇਤਰ ਨੈਣ ਨੀਰ ਵਹਾਇੰਦਾ । ਬਾਣੀ ਮਾਰੇ ਨਿਰਾਲਾ ਬਾਣ, ਅਣਿਆਲਾ ਤੀਰ ਹੱਥ ਕਿਸੇ ਨਾ ਆਇੰਦਾ । ਜੀਵ ਜੰਤ ਹੋਏ ਨਾਦਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਕੂੜੋ ਕੂੜ ਹੋਇਆ ਪਰਧਾਨ,

੯੨੦
੧੧

ਸਚ ਸੁੱਚ ਮੁਖ ਸ਼ਰਮਾਇੰਦਾ । ਗੁਰ ਕਾ ਗਿਆਨ ਨਾ ਸਕੇ ਕੋਈ ਵਖਾਨ, ਰਸਨਾ ਜਿਹਵਾ ਸਰਬ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਆਪ ਸਮਝਾਇੰਦਾ । ਸਾਚੇ ਸ਼ਬਦ ਚੜ੍ਹਿਆ ਚਾਅ, ਸੁਣਿਆ ਹਰਿ ਫ਼ਰਮਾਣਾ । ਪੰਜ ਤੱਤ ਨਾਤਾ ਤੋੜਿਆ ਸ਼ਹਿਨਸ਼ਾਹ, ਨਜ਼ਰ ਨਾ ਆਏ ਜਗਤ ਨਿਸ਼ਾਨਾ । ਸਾਚਾ ਹੁਕਮ ਦਿਆਂ ਵਰਤਾ, ਪੁਰਖ ਅਬਿਨਾਸ਼ੀ ਤੇਰਾ ਭਾਣਾ । ਵਿਸ਼ਨ ਬ੍ਰਹਮਾ ਸ਼ਿਵ ਅੰਤ ਦਿਆਂ ਕਰਾ, ਸੁਰਪਤ ਇੰਦ ਪੰਧ ਮੁਕਾਣਾ । ਕਰੋੜ ਤੇਤੀਸਾ ਡੇਰਾ ਦੇਵਾਂ ਢਾਹ, ਬਣ ਮਰਦ ਮਰਦ ਮਰਦਾਨਾ । ਚਾਰ ਜੁਗ ਦਾ ਪਿਛਲਾ ਲੇਖਾ ਦਿਆਂ ਮੁਕਾ, ਅੱਗੇ ਗਾਏ ਨਾ ਕੋਈ ਗਾਣਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੰਧ ਦਿਆਂ ਮੁਕਾ, ਅੱਗੇ ਕਰੇ ਨਾ ਕੋਈ ਸਲਾਮਾ । ਸਚਖੰਡ ਦੁਆਰੇ ਤੇਰੇ ਚਰਨਾਂ ਦਿਆਂ ਬਹਾ, ਏਕਾ ਵਾਰ ਦਿਆਂ ਪੈਗ਼ਾਮਾ । ਭਗਤੀ ਭਗਤਾਂ ਦਿਆਂ ਦ੍ਰਿੜਾ, ਤੇਰਾ ਭੇਵ ਖੁਲਾ । ਆਪਣਾ ਮਾਰਗ ਆਪ ਲਗਾ, ਲੱਖ ਚੁਰਾਸੀ ਲਹਿਣਾ ਦਿਆਂ ਚੁਕਾ । ਮਨਮੁਖ ਜੀਵ ਦਿਆਂ ਖਪਾ, ਰਾਏ ਧਰਮ ਹੱਥ ਫੜਾ, ਲਾੜੀ ਮੌਤ ਨਾਲ ਦਿਆਂ ਪਰਨਾ । ਜੂਨ ਅਜੂਨੀ ਆਪ ਭੁਵਾ, ਲੱਖ ਚੁਰਾਸੀ ਗੇੜਾ ਪਾ । ਸਾਚੇ ਸੰਤਾਂ ਲਵਾਂ ਉਠਾ, ਆਤਮ ਅੰਤਮ ਇਕ ਗਿਆਨ ਦ੍ਰਿੜਾ । ਭੇਵ ਅਭੇਦਾ ਪੜਦਾ ਲਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਲੇਖਾ ਸਭ ਦਾ ਦਿਆਂ ਮੁਕਾ । ਸਭ ਦਾ ਲੇਖਾ ਮੁਕਾਵਾਂ ਜਗ, ਤੇਰੇ ਹੱਥ ਤੇਰੀ ਵਡਿਆਈਆ । ਕਿਸੇ ਲੌਣ ਨਾ ਦੇਵਾਂ ਅੱਜ ਪੱਜ, ਲੱਖ ਚੁਰਾਸੀ ਵੇਖਾਂ ਥਾਉਂ ਥਾਈਂਆ । ਜੋ ਘੜਿਆ ਸੋ ਜਾਏ ਭੱਜ, ਥਿਰ ਕੋਇ ਰਹਿਣ ਨਾ ਪਾਈਆ । ਕਲਜੁਗ ਅੰਤਮ ਪੜਦਾ ਸਕੇ ਨਾ ਕੋਇ ਕੱਜ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸਰਨ ਸੱਚੀ ਸਰਨਾਈਆ । ਤੇਰੀ ਸਰਨ ਮੇਰਾ ਜ਼ੋਰ, ਜ਼ੋਰਾਵਰ ਤੇਰੀ ਵਡਿਆਈਆ । ਤੇਰੇ ਹੁਕਮੇ ਅੰਦਰ ਕਲਜੁਗ ਦੇਵਾਂ ਤੋਰ, ਲੋਕਮਾਤ ਰਹਿਣ ਨਾ ਪਾਈਆ । ਤੇਰੇ ਹੁਕਮੇ ਅੰਦਰ ਲੱਖ ਚੁਰਾਸੀ ਦੇਵਾਂ ਫੇਰ, ਫੁਰਨਾ ਤੇਰਾ ਪੂਰ ਕਰਾਈਆ । ਤੇਰੇ ਹੁਕਮੇ ਅੰਦਰ ਜੀਵ ਜੰਤ ਵੇਖਾਂ ਰੀਠਾ ਕੌੜ, ਕੌੜਾ ਰੀਠਾ ਭੰਨ ਵਖਾਈਆ । ਤੇਰੇ ਹੁਕਮੇ ਅੰਦਰ ਫੇਰਾ ਪਾਵਾਂ ਦੌੜ, ਬਣ ਬਣ ਪਾਂਧੀ ਪੰਧ ਮੁਕਾਈਆ । ਤੇਰੇ ਹੁਕਮੇ ਅੰਦਰ ਵੇਸ ਵਟਾਵਾਂ ਬ੍ਰਹਿਮਣ ਗੌੜ, ਪਾਰਬ੍ਰਹਮ ਨਾਉਂ ਧਰਾਈਆ । ਤੇਰੇ ਹੁਕਮੇ ਅੰਦਰ ਦੋ ਜਹਾਨਾਂ ਲਾਵਾਂ ਪੌੜ, ਡੰਡਾ ਆਪਣੇ ਹੱਥ ਰਖਾਈਆ । ਤੇਰੇ ਹੁਕਮੇ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਏਂ ਮਾਣ ਵਡਿਆਈਆ । ਮਾਣ ਵਡਿਆਈ ਤੇਰੇ ਹੱਥ, ਮੇਰੇ ਸਾਹਿਬ ਸੱਚੇ ਸੁਲਤਾਨਾ । ਕਲਜੁਗ ਅੰਤਮ ਕਰਾਂ ਭੱਠ, ਮਿਟੇ ਮਾਤ ਨਿਸ਼ਾਨਾ । ਸਤਿਜੁਗ ਚਲੇ ਸਾਚਾ ਰਥ, ਕਰੇ ਖੇਲ ਸ੍ਰੀ ਭਗਵਾਨਾ । ਸਾਚੇ ਭਗਤਾਂ ਮਾਰਗ ਦੱਸ, ਏਕਾ ਰਾਹ ਵਖਾਨਾ । ਹਿਰਦੇ ਅੰਦਰ ਵਸ ਵਸ, ਦੇਵਾਂ ਧੁਰ ਫ਼ਰਮਾਣਾ । ਆਤਮ ਅੰਤਰ ਇਕੋ ਰਸ, ਅੰਮ੍ਰਿਤ ਰਸ ਇਕ ਮਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਗਾਂ ਸਾਚਾ ਵਰ, ਦੇ ਦੇ ਧੁਰ ਪਰਵਾਨਾ । ਧੁਰ ਪਰਵਾਨਾ ਦੇ ਸਰਕਾਰ, ਤੇਰੇ ਅੱਗੇ ਮੰਗ ਮੰਗਾਈਆ । ਚੌਥਾ ਜੁਗ ਰਹੇ ਵਿਚ ਸੰਸਾਰ, ਸੰਸਾਰੀ ਰੂਪ ਨਾ ਕੋਇ ਵਟਾਈਆ । ਕਾਗਜ ਕਲਮ ਲੇਖਾ ਦਿਆਂ ਨਿਵਾਰ, ਲੇਖਾ ਆਪਣਾ ਆਪ ਸਮਝਾਈਆ । ਗੁਰ ਪੀਰ ਪੈਗ਼ੰਬਰ ਕਰਕੇ ਗਏ ਪੁਕਾਰ, ਪੁਕਾਰ ਸੁਣੇ ਸੱਚਾ ਮਾਹੀਆ । ਕਲਜੁਗ ਅੰਤਮ ਆਵੇ ਪਰਵਰਦਿਗਾਰ, ਪਰਦਾ ਸਭ ਦਾ ਦਏ ਉਠਾਈਆ । ਮਹਾਂਬਲੀ ਉਤਰੇ ਏਕੰਕਾਰ, ਅਕਲ ਕਲ ਆਪਣੀ ਖੇਲ ਵਖਾਈਆ । ਪਰਗਟ


੯੨੧
੧੧

ਹੋਵੇ ਜੋਧਾ ਸੂਰ ਬਲੀ ਬਲਕਾਰ, ਪੁਰਖ ਅਕਾਲ ਸੱਚਾ ਸ਼ਹਿਸ਼ਾਹੀਆ । ਸਭ ਦਾ ਲਹਿਣਾ ਦਏ ਨਿਵਾਰ, ਦੇਣਾ ਕੋਇ ਨਜ਼ਰ ਨਾ ਆਈਆ । ਗੁਰ ਅਵਤਾਰਾਂ ਪੂਰਬ ਲੇਖਾ ਦਏ ਵਖਾਲ, ਜੁਗ ਚੌਕੜੀ ਕਰ ਗਏ ਜੋ ਪੜ੍ਹਾਈਆ । ਵੇਖੇ ਆਪਣੇ ਨੇਤਰਾਂ ਨਾਲ, ਕਵਣ ਮਾਰਗ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਗੁਰ ਲੇਖਾ ਜਾਣੇ ਤੇਰਾ ਧੁਰ, ਧੁਰ ਦੀ ਬਾਣ ਆਪ ਲਗਾਈਆ । ਧੁਰ ਦੀ ਬਾਣ ਸੱਚੇ ਸ਼ਹਿਨਸ਼ਾਹ, ਹੱਥ ਤੇਰੇ ਵਡਿਆਈਆ । ਕਲਜੁਗ ਅੰਤ ਦੇਣਾ ਕਰਾ, ਕਰ ਕਰ ਖ਼ੁਸ਼ੀ ਮਨਾਈਆ । ਮੁਹੰਮਦ ਮਾਰੇ ਏਕਾ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਬੇਐਬ ਮੇਰੇ ਖ਼ੁਦਾ, ਮੇਰੀ ਖ਼ੁਦੀ ਕੰਮ ਕਿਸੇ ਨਾ ਆਈਆ । ਮੇਰੀ ਉਮਤ ਤੇਰਾ ਸਬਕ ਗਈ ਭੁਲਾ, ਕਲਮਾ ਤੇਰਾ ਨਾ ਕੋਇ ਜਣਾਈਆ । ਅਲਫ਼ ਯੇ ਤੇਰੀ ਪੱਟੀ ਸਕੇ ਨਾ ਕੋਈ ਪੜ੍ਹਾ, ਆਰਫ਼ ਭੇਵ ਕੋਇ ਨਾ ਪਾਈਆ । ਕਾਤਬ ਬਣ ਕੇ ਲੇਖਾ ਸਕੇ ਨਾ ਕੋਇ ਲਿਖਾ, ਲੇਖਾ ਲਿਖਤ ਵਿਚ ਨਾ ਆਈਆ । ਬਣ ਗੁਸਤਾਖ਼ ਤੈਨੂੰ ਗਏ ਭੁਲਾ, ਗੁਸਤਾਖੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਧ ਬਿਨ ਸਹਾਈ ਨਾ ਕੋਈ ਦੋ ਜਹਾਨ, ਦੋਏ ਦੋਏ ਨੈਣ ਮੇਰੇ ਸ਼ਰਮਾਈਆ । ਨੈਣ ਮੇਰੇ ਰਹੇ ਸ਼ਰਮਾ, ਅੱਖ ਅੱਖ ਨਾ ਕੋਇ ਉਠਾਇੰਦਾ । ਤੂੰ ਕਲਮਾ ਦਿਤਾ ਪੜ੍ਹਾ, ਇਲਾਹੀ ਕਲਾਮ ਇਕ ਸਮਝਾਇੰਦਾ । ਆਬਹਯਾਤ ਦਿਤਾ ਪਿਆ, ਸਚ ਪਿਆਲਾ ਇਕ ਵਖਾਇੰਦਾ । ਨਬੀ ਰਸੂਲਾਂ ਦਿਤਾ ਸਿਖਾ, ਸਾਚੀ ਸਿਖਿਆ ਇਕ ਸਮਝਾਇੰਦਾ । ਤੀਸ ਬਤੀਸਾ ਢੋਲਾ ਗਾ, ਸ਼ਰਅ ਹਦੀਸ ਵੰਡ ਵੰਡਾਇੰਦਾ । ਮੁਖ ਨਕਾਬ ਪੜਦਾ ਪਾ, ਬੇਐਬ ਆਪਣਾ ਮੁਖ ਛੁਪਾਇੰਦਾ । ਪਰਦਾਨਸੀਂ ਨਾ ਹੋਇਆ ਖ਼ੁਦਾ, ਸੁਹਰਤ ਆਪਣੀ ਨਾ ਕੋਇ ਜਣਾਇੰਦਾ । ਰਹਿਬਰ ਬਣ ਬਣ ਮਾਰਗ ਗਿਆ ਲੱਗਾ, ਸਾਚਾ ਰਾਹ ਆਪ ਚਲਾਇੰਦਾ । ਸਾਚੀ ਵਸਤ ਚੌਦਾਂ ਸਦ ਝੋਲੀ ਪਾ, ਚੌਦਾਂ ਤਬਕ ਨਜ਼ਰ ਨਜ਼ਰ ਉਠਾਇੰਦਾ । ਬੇਸਬਰ ਹੋਇਆ ਬੇਪਰਵਾਹ, ਸਿਦਕ ਸਬੂਰੀ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਕਰੇ ਖੇਲ ਪਰਵਰਦਿਗਾਰ, ਆਪਣਾ ਭੇਵ ਜਣਾਈਆ । ਉਠ ਮੁਹੰਮਦ ਹੋ ਤਿਆਰ, ਵੇਲਾ ਅੰਤਮ ਗਿਆ ਆਈਆ । ਨਾਤਾ ਤੁਟੇ ਚਾਰ ਯਾਰ, ਚਾਰ ਯਾਰੀ ਨਾ ਸੰਗ ਨਿਭਾਈਆ । ਅੱਲਾ ਰਾਣੀ ਨਾਰ ਮੁਟਿਆਰ, ਖੁਲ੍ਹੜੇ ਕੇਸ ਰਹੀ ਵਖਾਈਆ । ਨੇਤਰ ਕੱਜਲ ਨਾ ਕੋਇ ਧਾਰ, ਨੈਣ ਨੈਣ ਨਾ ਕੋਇ ਮਟਕਾਈਆ । ਹੱਥੀਂ ਮੈਂਹਦੀ ਨਾ ਕੋਇ ਸ਼ਿੰਗਾਰ, ਸੂਹਾ ਵੇਸ ਨਾ ਕੋਇ ਕਰਾਈਆ । ਸੀਸ ਦੋਸ਼ਾਲਾ ਨਾ ਕੋਈ ਪਿਆਰ, ਸ਼ਾਲਾ ਸੰਗ ਨਾ ਕੋਇ ਨਿਭਾਈਆ । ਬੇਹਾਲਾ ਹੋ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਅੱਲਾ ਰਾਣੀ ਮਾਰੇ ਧਾਂਹ, ਨੇਤਰ ਨੈਣ ਖੁਲ੍ਹਾਈਆ । ਤੇਰਾ ਅੰਤ ਨਾ ਬੇਪਰਵਾਹ, ਬੇਅੰਤ ਤੇਰੀ ਵਡਿਆਈਆ । ਮੇਰਾ ਹੋਇਆ ਨਾ ਅਜੇ ਨਿਕਾਹ, ਕੁਵਾਰ ਕੰਨਿਆਂ ਦਏ ਦੁਹਾਈਆ । ਚੌਦਾਂ ਸਦੀਆਂ ਤੇਰਾ ਰਾਹ ਰਹੀ ਤਕਾ, ਕਵਣ ਕੂਟੇ ਆਏ ਮੇਰਾ ਮਾਹੀਆ । ਤੇਰੇ ਉਤੋਂ ਮੇਰੀ ਫਿਤਰਤ ਹੋਈ ਫ਼ਿਦਾ, ਮੇਰਾ ਰੂਪ ਰੰਗ ਕਿਸੇ ਕੰਮ ਨਾ ਆਈਆ । ਮੇਰੇ ਮੀਆਂ ਐ ਖ਼ੁਦਾ, ਖ਼ੁਦੀ ਮੇਰੀ ਮੋਹੇ ਨਾ ਭਾਈਆ । ਤੇਰੇ ਨਾਲੋਂ ਨਾ ਹੋਵਾਂ ਜੁਦਾ, ਮੁਹੰਮਦ ਸੰਗ ਨਾ ਕੋਇ ਰਖਾਈਆ । ਲੋਕਮਾਤ ਵਿਚੋਂ ਬਾਹਰ ਕਢਾ, ਤੇਰੀ ਇਕੋ ਓਟ ਤਕਾਈਆ । ਤੇਰਾ ਕਲਮਾ ਨਬੀ ਰਸੂਲਾਂ ਸਕੀ ਪੜ੍ਹਾ, ਉਮਤ ਜਾਵੇ ਨਾ ਕੋਇ ਲੋਕਾਈਆ । ਵੇਲਾ ਅੰਤ ਦਿਸੇ ਨਾ ਕੋਈ ਗਵਾਹ, ਕਾਤਲ ਮਕਤੂਲ ਭੇਵ ਕੋਇ ਨਾ ਰਾਈਆ ।


੯੨੨
੧੧

ਕੋਈ ਨਾ ਪਕੜੇ ਬਾਂਹ, ਯਾਰੀ ਯਾਰ ਨਾ ਕੋਇ ਰਖਾਈਆ । ਚਾਰ ਕੁੰਟ ਕਰ ਗਏ ਸਾਰੇ ਨਾਂਹ, ਅੱਗੇ ਹੱਥ ਨਾ ਕੋਇ ਮਿਲਾਈਆ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖਿਆ ਥਾਂ, ਜਲਵਾ ਨਜ਼ਰ ਕਿਸੇ ਨਾ ਆਈਆ । ਕੋਹਤੂਰ ਫੇਰਾ ਲਿਆ ਪਾ, ਮੂਸਾ ਨੈਣ ਨਾ ਕੋਇ ਖੁਲ੍ਹਾਈਆ । ਹਜ਼ਰਤ ਕਹੇ ਈਸਾ ਮੇਰਾ ਇਕ ਖ਼ੁਦਾ, ਸਭ ਦੀ ਹਸਰਤ ਦਏ ਮਿਟਾਈਆ । ਮੈਂ ਮੰਗਾਂ ਚਰਨ ਤੇਰੇ ਪਨਾਹ, ਦੋਏ ਜੋੜ ਸੀਸ ਝੁਕਾਈਆ । ਸਿਰ ਮੇਰੇ ਹੱਥ ਟਿਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਤੁਧ ਬਿਨ ਅਵਰ ਨਾ ਕੋਇ ਸਹਾਰਾ, ਮੇਰੇ ਸਾਹਿਬ ਸੱਚੇ ਗੁਸਾਈਆ । ਚੌਦਾਂ ਸਦੀਆਂ ਪਾਰ ਕਿਨਾਰਾ, ਮੈਂ ਦਿਆਂ ਦਰ ਤੇਰੇ ਦੁਹਾਈਆ । ਆ ਮਿਲ ਮੇਰੇ ਪਰਵਰਦਿਗਾਰਾ, ਮੈਂ ਦੋਵੇਂ ਭੁਜਾਂ ਉਠਾਈਆ । ਚੌਦਾਂ ਤਬਕਾਂ ਤੇਰਾ ਨਾਅਰਾ, ਏਕਾ ਐਨਲਹੱਕ ਸੁਣਾਈਆ । ਚਾਰੋਂ ਕੁੰਟ ਜੀਵ ਗਵਾਰਾ, ਪੰਜ ਸ਼ੈਤਾਨ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੰਗਾ ਚਰਨ ਸੱਚੀ ਸਰਨਾਈਆ । ਚਰਨ ਸਰਨ ਦੇ ਮੀਤ, ਮਿੱਤਰ ਪਿਆਰੇ ਤੇਰੀ ਓਟ ਤਕਾਈਆ । ਗਲੀ ਗਲੀ ਮੈਂ ਗਾਵਾਂ ਤੇਰੇ ਗੀਤ, ਇਕੋ ਢੋਲਾ ਸੱਚੇ ਮਾਹੀਆ । ਮੈਂ ਫਿਰ ਫਿਰ ਆਈ ਵਿਚ ਮਸੀਤ, ਤੇਰਾ ਮੁਸੱਲਾ ਨਜ਼ਰ ਕਿਤੇ ਨਾ ਆਈਆ । ਤੇਰਾ ਵੁਜ਼ੂ ਹੋਇਆ ਪਲੀਤ, ਪਾਕੀ ਪਾਕ ਨਾ ਕੋਇ ਸਫ਼ਾਈਆ । ਤੇਰਾ ਸਯਦਾ ਨਾ ਝੁਕੇ ਤੈਨੂੰ ਸੀਸ, ਹੱਕ ਨਿਮਾਜ਼ ਨਾ ਕੋਇ ਖ਼ੁਦਾਈਆ । ਤੂੰ ਬੈਠਾ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਮੈਂ ਕੀ ਜਾਣਾ ਬਾਲ ਅਵਾਣੀ ਤੇਰੀ ਰੀਤ, ਰੀਤ ਮੇਰੀ ਸਮਝ ਵਿਚ ਨਾ ਆਈਆ । ਜੁਗ ਜੁਗ ਖੇਲ ਤੇਰਾ ਬੇਪ੍ਰੀਤ, ਕੋਟਨ ਕੋਟ ਰੂਪ ਬਣਾਏ, ਕੋਟਨ ਕੋਟ ਪੀਰ ਪੈਗ਼ੰਬਰ ਸੇਵਾ ਲਾਏ, ਕੋਟਨ ਕੋਟ ਗੁਰ ਅਵਤਾਰ ਲਏ ਪਰਗਟਾਏ, ਕੋਟਨ ਕੋਟ ਘੜੇ ਭੰਨੇ ਭੰਨਣਹਾਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਸੀਸ ਝੁਕਾਈਆ । ਤੇਰੇ ਅੱਗੇ ਮੇਰਾ ਸਯਦਾ, ਸੀਸ ਤੇਰੀ ਭੇਟ ਚੜ੍ਹਾਇਆ । ਮੇਰਾ ਨੂਰ ਤੇਰਾ ਬਰਦਾ, ਬਣ ਸੇਵਕ ਸੇਵ ਕਮਾਇਆ । ਮੇਰਾ ਜ਼ੋਰ ਤੇਰੇ ਕੋਲੋ ਡਰਦਾ, ਆਪਨਾ ਬਲ ਨਾ ਕੋਇ ਰਖਾਇਆ । ਮੈਂ ਨਾਤਾ ਛੱਡਿਆ ਸੀਸ ਧੜ ਦਾ, ਇਕੋ ਤੇਰਾ ਰਾਹ ਤਕਾਇਆ । ਤੂੰ ਕਿਉਂ ਨਹੀਂ ਬਾਂਹੋਂ ਫੜਦਾ, ਬੇਰਹਿਮ ਮੇਰੇ ਖ਼ੁਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਵੇਲਾ ਅੰਤਮ ਤੇਰੇ ਅੱਗੇ ਵਾਸਤਾ ਪਾਇਆ । ਤੇਰੇ ਅੱਗੇ ਵਾਸਤਾ ਪਾਏ ਤੇਰੀ ਗੋਲੀ, ਗੁਣ ਆਪਨਾ ਨਾ ਕੋਇ ਜਣਾਈਆ । ਤੇਰੇ ਪ੍ਰੇਮ ਮੌਲਾ ਗਈ ਮੌਲੀ, ਮਿਲ ਮਿਲ ਆਪਨੀ ਖ਼ੁਸ਼ੀ ਮਨਾਈਆ । ਤੂੰ ਪੜਦਾ ਚੁੱਕ ਹੌਲੀ ਹੌਲੀ, ਮੇਰਾ ਘੁੰਗਟ ਦੇਣਾ ਉਠਾਈਆ । ਨਬੀ ਰਸੂਲਾਂ ਹਥ ਫੜੀ ਮੌਲੀ, ਤੰਦੀ ਤੰਦ ਰਹੇ ਬੰਧਾਈਆ । ਤੂੰ ਰੱਖ ਲੈ ਆਪਨੀ ਡੋਲੀ, ਇਕ ਤੇਰੀ ਓਟ ਤਕਾਈਆ । ਚਾਰ ਕਹਾਰ ਚੁੱਕ ਲੈਣ ਤੇਰੀ ਗੋਲੀ, ਚਾਰ ਜੁਗ ਚਾਰ ਯਾਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਤੇਰੀ ਗੋਲੀ ਤੇਰੇ ਦਰ, ਸਯਦਾ ਸੀਸ ਝੁਕਾਇਆ । ਰਹੀਮ ਰਹਿਮਾਨ ਦੇਣਾ ਵਰ, ਵਰ ਇਕੋ ਮੰਗ ਮੰਗਾਇਆ । ਆਪ ਲਗੌਣਾ ਆਪਨੇ ਲੜ, ਕਲਮਾ ਪੱਲੂ ਇਕ ਫੜਾਇਆ । ਤੇਰੇ ਮੰਦਰ ਜਾਵਾਂ ਵੜ, ਮੁਕਾਮੇ ਹੱਕ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਜ਼ਰ ਕੋਇ ਨਾ ਆਇਆ । ਪੁਰਖ ਅਬਿਨਾਸ਼ੀ ਵਡ ਮਿਹਰਵਾਨ, ਰਹੀਮ

ਰਹਿਮਾਨ ਦਇਆ ਕਮਾਇੰਦਾ । ਛੋਟੀ ਬਾਲੀ ਸੁਣ ਨਿਧਾਨ, ਗੁਣ ਨਿਧਾਨ ਆਪ ਸਮਝਾਇੰਦਾ । ਕਲਜੁਗ ਅੰਤਮ ਪਰਗਟ ਹੋਵੇ ਸ਼ਬਦ ਸੁਤ ਬਲਵਾਨ, ਪੀਰਨ ਪੀਰਾ ਆਪ ਪਰਗਟਾਇੰਦਾ । ਤੇਰਾ ਲੇਖਾ ਚੁਕਾਏ ਆਣ, ਪਿਛਲਾ ਮੂਲ ਝੋਲੀ ਪਾਇੰਦਾ । ਚੌਦਾਂ ਤਬਕ ਮੇਟੇ ਨਿਸ਼ਾਨ, ਚੌਦਾਂ ਸਦੀਆਂ ਡੇਰਾ ਢਾਹਿੰਦਾ । ਨਾਤਾ ਤੋੜ ਅੰਜੀਲ ਕੁਰਾਨ, ਸ਼ਰਅ ਸ਼ਰੀਅਤ ਮੂਲ ਮੁਕਾਇੰਦਾ । ਸਾਚਾ ਦੇਵੇ ਇਕ ਗਿਆਨ, ਕਲਮਾ ਕਲਾਮ ਆਪ ਪੜ੍ਹਾਇੰਦਾ । ਸਚ ਸੰਦੇਸਾ ਧੁਰ ਫ਼ਰਮਾਨ, ਸਤਿ ਸਤਿਵਾਦੀ ਆਪ ਜਣਾਇੰਦਾ । ਚਲ ਕੇ ਔਣਾ ਚਰਨ ਸ੍ਰੀ ਭਗਵਾਨ, ਸਚ ਸਿੰਘਾਸਣ ਇਕ ਵਖਾਇੰਦਾ । ਮੁਹੰਮਦ ਮੇਲਾ ਨਾਰ ਰਕਾਨ, ਏਕਾ ਹੁਕਮ ਵਰਤਾਇੰਦਾ । ਦੋਹਾਂ ਨਿਉਂ ਨਿਉਂ ਕਰਨਾ ਸਲਾਮ, ਸਲਾਮ ਅਲੈਕਮ ਆਪ ਸਮਝਾਇੰਦਾ । ਜ਼ਬਰਾਈਲ ਅਸਰਾਫ਼ੀਲ ਇਜ਼ਰਾਈਲ ਮੇਕਾਈਲ ਜੋ ਦੇਦਾਂ ਰਿਹਾ ਪੈਗ਼ਾਮ, ਪੈਗ਼ੰਬਰ ਆਪਣੀ ਝੋਲੀ ਪਾਇੰਦਾ । ਸਹੀ ਸਲਾਮਤ ਇਕ ਇਸਲਾਮ, ਇਸਮ ਆਜ਼ਮ ਆਪ ਜਣਾਇੰਦਾ । ਮਹਿਬਾਨ ਬੀਦੋ ਬੀ ਖੈਰ ਯਾ ਅੱਲਾ ਖੇਲ ਕਰੇ ਮਹਿਬਾਨ, ਰਹਿਮਤ ਆਪਣੀ ਆਪ ਕਮਾਇੰਦਾ । ਈਸਾ ਮੂਸਾ ਮੁਹੰਮਦ ਬਣਾ ਆਪਣੇ ਆਪ ਗ਼ੁਲਾਮ, ਆਪਣਾ ਬੰਧਨ ਆਪੇ ਪਾਇੰਦਾ । ਨਬੀ ਰਸੂਲ ਨਾ ਕੋਇ ਕਲਾਮ, ਕਾਇਨਾਤ ਨਾ ਕੋਇ ਜਣਾਇੰਦਾ । ਆਲਮੀਨ ਖੇਲੇ ਖੇਲ ਦੋ ਜਹਾਨ, ਨਜ਼ਰ ਨਜ਼ਰੀਆ ਇਕ ਰਖਾਇੰਦਾ । ਪੀਰਨ ਪੀਰ ਵਡ ਬਲਵਾਨ, ਕਲਮਾ ਕਲਾਮ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਵਡ ਵਡਿਆਇੰਦਾ । ਸ਼ਬਦ ਗੁਰ ਉਠੇ ਬਲ ਧਾਰ, ਬਲ ਏਕਾ ਏਕ ਵਖਾਈਆ । ਲੇਖਾ ਚੁੱਕੇ ਮੁਹੰਮਦ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਅੱਲਾ ਰਾਣੀ ਤੇਰੀ ਸੁਣ ਪੁਕਾਰ, ਪੀਆ ਤੇਰੀ ਕੂਕ ਆਪਣੇ ਵਿਚ ਰਖਾਈਆ । ਤੇਰਾ ਮੇਲਾ ਤੇਰੇ ਕੰਤ ਭਤਾਰ, ਤੇਰਾ ਮਾਹੀ ਦਏ ਕਰਾਈਆ । ਠਾਂਡਾ ਸੀਤਾ ਬੈਠ ਸੱਚੇ ਦਰਬਾਰ, ਹੱਕ ਹਕੀਕਤ ਵੇਖ ਵਖਾਈਆ । ਜਗਤ ਤਾਰੀਕ ਮਿਟੇ ਸੰਸਾਰ, ਸ਼ਰੀਕਤ ਹੋਰ ਨਾ ਕੋਇ ਵਧਾਈਆ । ਇਕ ਤੌਫ਼ੀਕ ਪਰਵਰਦਿਗਾਰ, ਸਾਚਾ ਤੋਫਾ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਆਪਣਾ ਬਲ ਧਰਾਈਆ । ਸ਼ਬਦੀ ਬਲ ਪਰਗਟ ਮਾਤ, ਆਪਣਾ ਬਲ ਵਖਾਇੰਦਾ । ਚਾਰ ਯੁਗ ਦਾ ਤੋੜੇ ਨਾਤ, ਨਾਤਾ ਆਪਣਾ ਮਾਤ ਜੁੜਾਇੰਦਾ । ਪਿਛਲਾ ਲੇਖਾ ਪਾਏ ਖ਼ਾਤ, ਆਪਣਾ ਖਾਤਾ ਨਾ ਕਿਸੇ ਵਖਾਇੰਦਾ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਗਾਥ, ਕਲਮਾ ਨਬੀ ਇਕ ਪੜ੍ਹਾਇੰਦਾ । ਨਜ਼ਰੀ ਆਏ ਏਕਾ ਕਮਲਾਪਾਤ, ਕਵਲ ਨੈਣ ਨੈਣ ਮਟਕਾਇੰਦਾ । ਦੋ ਜਹਾਨਾਂ ਸੱਜਣ ਸਾਕ, ਜਗਤ ਕੁਟੰਬ ਵੇਖ ਵਖਾਇੰਦਾ । ਭਗਤਾਂ ਦੇਵੇ ਏਕਾ ਦਾਤ, ਨਾਮ ਵਸਤ ਅਮੋਲਕ ਝੋਲੀ ਪਾਇੰਦਾ । ਰਾਤੀ ਸੁੱਤਿਆਂ ਪੁੱਛੇ ਵਾਤ, ਆਲਸ ਨਿੰਦਰਾ ਵਿਚ ਕਦੇ ਨਾ ਆਇੰਦਾ । ਲੇਖਾ ਜਾਣੇ ਆਦਿ ਜੁਗਾਦਿ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਸਤਿ ਪੁਰਖ ਨਿਰੰਜਣ ਵਜਾਏ ਸਾਚਾ ਨਾਦ, ਅਨਾਦੀ ਸੁਤ ਨਾਲ ਮਿਲਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਦੁਰਮਤ ਮੈਲ ਸਰਬ ਧੁਵਾਇੰਦਾ । ਅੱਖਰ ਵੱਖਰ ਬੋਧ ਅਗਾਧ, ਬੋਧ ਅਗਾਧਾ ਆਪ ਪੜ੍ਹਾਇੰਦਾ । ਭਗਤ ਭਗਵੰਤ ਲੱਖ ਚੁਰਾਸੀ ਵਿਚੋਂ ਕਾਢ, ਹਰਿ ਜੂ ਆਪਣਾ ਮੇਲ ਮਿਲਾਇੰਦਾ । ਸਾਚੇ ਸੰਤ ਲਡਾਏ ਲਾਡ, ਗੁਰ ਗੁਰ ਆਪਣੀ ਗੋਦ ਸੁਹਾਇੰਦਾ । ਗੁਰਮੁਖ ਸੱਜਣ ਆਪੇ ਲਾਧ, ਆਪ ਆਪਣੀ ਬੂਝ ਬੁਝਾਇੰਦਾ । ਗੁਰਸਿਖਾਂ ਸੁਣਾਏ ਏਕਾ ਰਾਗ, ਛੱਤੀ ਰਾਗ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਸਤਿਗੁਰ ਆਪਣਾ ਨਾਉਂ ਚਲਾਇੰਦਾ ।

੬੨੪
੧੧

ਸਤਿਗੁਰ ਨਾਉਂ ਚਲਾਏ ਨਿਰੰਕਾਰਾ, ਸਤਿ ਸਤਿ ਆਪ ਅਖਵਾਈਆ । ਸਤਿ ਸਤਿ ਸਰਬ ਪਸਾਰਾ, ਸਤਿ ਸਤਿ ਵੱਜੇ ਵਧਾਈਆ । ਸਤਿ ਸਤਿ ਨਿਰਗੁਣ ਉਜਿਆਰਾ, ਸਤਿ ਸਤਿ ਸਰਗੁਣ ਵਿਚ ਸਮਾਈਆ । ਸਤਿ ਸਤਿ ਨਾਮ ਭੰਡਾਰਾ, ਸਤਿ ਸਤਿ ਸਤਿ ਵਸਤੂ ਆਪਣੀ ਝੋਲੀ ਆਪ ਭਰਾਈਆ । ਸਤਿ ਪੁਰਖ ਨਿਰੰਜਣ ਸਾਚੀ ਧਾਰਾ, ਸੋਹੰ ਏਕਾ ਨਾਉਂ ਵਡਿਆਈਆ । ਆਤਮ ਪਰਮਾਤਮ ਕਰੇ ਪਿਆਰਾ, ਜ਼ਾਤ ਪਾਤ ਨਾ ਕੋਇ ਰਖਾਈਆ । ਗੁਰਸਿਖ ਕੋਈ ਨਾ ਰਹੇ ਕੁਵਾਰਾ, ਜੋ ਸੋਹੰ ਨਾਉਂ ਧਿਆਈਆ । ਹਰਿ ਜੂ ਮਿਲੇ ਕੰਤ ਭਤਾਰਾ, ਗੁਰਮੁਖ ਨਾਰੀ ਆਪ ਪਰਨਾਈਆ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਇਕ ਵਖਾਏ ਸਚ ਦੁਆਰਾ, ਸਚਖੰਡ ਸਾਚਾ ਸੱਚਾ ਮਾਹੀਆ । ਸ਼ਬਦ ਅਗੰਮ ਵੱਜੇ ਧੁੰਨਕਾਰਾ, ਅਨਹਦ ਨਾਦੀ ਨਾਦ ਸੁਣਾਈਆ । ਪੰਚਮ ਸਖੀਆਂ ਮੰਗਲਚਾਰਾ, ਗੀਤ ਗੋਬਿੰਦ ਆਪ ਅਲਾਈਆ । ਨਜ਼ਰੀ ਆਏ ਏਕਾ ਏਕੰਕਾਰਾ, ਦੂਜਾ ਇਸ਼ਟ ਨਾ ਕੋਇ ਜਣਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਪੁਰਖ ਅਕਾਲ ਬੇਪਰਵਾਹੀਆ । ਕਲਜੁਗ ਕਰੇ ਪਾਰ ਕਿਨਾਰਾ, ਸਤਿਜੁਗ ਸਾਚਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕ ਹੋ ਆਈਆ । ਸ਼ਬਦ ਗੁਰ ਏਕੋ ਏਕ, ਆਦਿ ਜੁਗਾਦਿ ਸਮਾਇੰਦਾ । ਜੁਗ ਜੁਗ ਗੁਰ ਅਵਤਾਰਾਂ ਦੇਦਾਂ ਆਇਆ ਟੇਕ, ਹਰਿ ਹਰਿ ਆਪਣਾ ਖੇਲ ਕਰਾਇੰਦਾ । ਕਲਜੁਗ ਅੰਤਮ ਸਰਬ ਚੁਕਾਏ ਲਹਿਣਾ ਲੇਖ, ਪੂਰਬ ਲੇਖਾ ਝੋਲੀ ਪਾਇੰਦਾ । ਕੋਈ ਨਾ ਰਹੇ ਪੰਡਤ ਪਾਂਧਾ ਮੁੱਲਾਂ ਸ਼ੇਖ਼, ਗ੍ਰੰਥੀ ਪੰਥੀ ਵੰਡ ਨਾ ਕੋਇ ਵੰਡਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਗੁਰ ਅਵਤਾਰਾਂ ਏਕੋ ਏਕ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਮੁਛ ਦਾੜ੍ਹੀ ਨਾ ਕੋਇ ਕੇਸ, ਨਾ ਕੋਈ ਮੂੰਡ ਮੁੰਡਾਇੰਦਾ । ਸਚਖੰਡ ਵਸੇ ਆਪਣੇ ਦੇਸ, ਜੋਤੀ ਜਾਤਾ ਡਗਮਗਾਇੰਦਾ । ਸੂਰਬੀਰ ਸੁਲਤਾਨ ਨਰ ਨਰੇਸ਼, ਨਿਹਕਲੰਕ ਆਪਣਾ ਨਾਉਂ ਰਖਾਇੰਦਾ । ਮੇਲ ਮਿਲਾਵਾ ਦਸ ਦਸਮੇਸ਼, ਗੋਬਿੰਦ ਆਪਣੇ ਰੰਗ ਰੰਗਾਇੰਦਾ । ਜਗਤ ਅਵੱਲੜਾ ਧਰਿਆ ਭੇਖ, ਭੇਖਾ ਧਾਰੀ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰੂ ਆਪ ਅਖਵਾਇੰਦਾ । ਸ਼ਬਦ ਗੁਰੂ ਆਏ ਆਖਰ, ਆਖਰ ਏਕਾ ਓਟ ਸਰਬ ਤਕਾਈਆ । ਨਿਰਗੁਣ ਨਿਰ ਨਿਰਗੁਣ ਮੌਲਿਆ ਘਟ ਘਟ ਪਾਥਰ, ਪਾਥਰ ਪਾਹਨ ਦਏ ਤਰਾਈਆ । ਸੇਜ ਹੰਢਾਈ ਯਾਰੜਾ ਸੱਥਰ, ਸੱਥਰ ਸੇਜ ਆਪ ਸੁਹਾਈਆ । ਜਗਤ ਪਿਆਰ ਨਾ ਵਹਾਇਆ ਅੱਥਰ, ਭਗਤ ਪਿਆਰ ਆਪਣਾ ਆਪ ਭੇਟ ਕਰਾਈਆ । ਸੋ ਸਤਿਗੁਰ ਆਦਿ ਜੁਗਾਦਿ ਗੁਰਮੁਖਾਂ ਨਾਲੋਂ ਨਾ ਹੋਏ ਵੱਖਰ, ਵੱਖਰ ਆਪਣੀ ਧਾਰ ਚਲਾਈਆ । ਜੁਗ ਜੁਗ ਸ਼ਬਦ ਸੁਨੇਹੜਾ ਦੇਵੇ ਅੱਖਰ, ਅੱਖਰ ਨਾਮ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੇਵੇ ਇਕ ਗਿਆਨ, ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਈਸ਼ ਜੀਵ ਏਕਾ ਘਰ ਮਿਲਾਈਆ । ਏਕਾ ਘਰ ਦਰ ਦਰਵਾਜ਼ਾ, ਹਰਿ ਦਰਦੀ ਦਰਦ ਵੰਡਾਇੰਦਾ । ਜੁਗ ਜੁਗ ਭਗਤਾਂ ਰੱਖੇ ਲਾਜਾ, ਰੂਪ ਅਨੂਪ ਵਟਾਇੰਦਾ । ਕਲਜੁਗ ਅੰਤਮ ਰਚਿਆ ਕਾਜਾ, ਰਚ ਰਚ ਆਪੇ ਵੇਖ ਵਖਾਇੰਦਾ । ਸੰਬਲ ਨਗਰੀ ਸਾਜਨ ਸਾਜਾ, ਗੋਬਿੰਦ ਏਕਾ ਰੰਗ ਚੜ੍ਹਾਇੰਦਾ । ਅੰਦਰ ਵੜ ਗ਼ਰੀਬ ਨਿਵਾਜ਼ਾ, ਸਚ ਸਿੰਘਾਸਣ ਸੋਭਾ ਪਾਇੰਦਾ । ਸ਼ਬਦ ਅਗੰਮੀ ਵੱਜੇ ਵਾਜਾ, ਸੁਰ ਤਾਲ ਨਾ ਕੋਇ ਬਣਾਇੰਦਾ । ਦੋ ਜਹਾਨਾਂ ਰਾਜਨ ਰਾਜਾ, ਲੋਕਮਾਤ ਹੁਕਮ ਵਰਤਾਇੰਦਾ । ਕਰੇ ਖੇਲ ਦੇਸ ਮਾਝਾ, ਭੇਵ ਕੋਇ ਨਾ ਪਾਇੰਦਾ । ਕਲਜੁਗ ਜੀਵ ਥੱਕਾ ਮਾਂਦਾ, ਆਪਣਾ ਨੈਣ ਨਾ ਕੋਇ ਖੁਲ੍ਹਾਇੰਦਾ । ਗੁਰਸਿਖ

ਵਿਰਲਾ ਗੀਤ ਸੁਹਾਗੀ ਗਾਂਦਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਨਜ਼ਰ ਨਾ ਆਏ ਔਂਦਾ ਜਾਂਦਾ, ਨਿਰਗੁਣ ਰੂਪ ਅਨੂਪ ਵਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਪੀਰ ਸਾਂਝਾ, ਗੁਰ ਅਵਤਾਰ ਆਪ ਅਖਵਾਇੰਦਾ ।

★ ੧੨ ਚੇਤ ੨੦੧੯ ਬਿਕ੍ਰਮੀ ਨਿਰੰਜਨ ਸਿੰਘ, ਕਰਤਾਰ ਸਿੰਘ ਦੇ ਗ੍ਰਿਹ ਚੰਬਲ ਜ਼ਿਲਾ ਅੰਮ੍ਰਿਤਸਰ ★

ਗੁਰਸਿਖ ਮੰਗ ਸਤਿਗੁਰ ਆਸ, ਆਸਾ ਪੂਰਨ ਹਰਿ ਰਘੁਰਾਈਆ । ਜਨਮ ਜਨਮ ਦੀ ਮਿਟੇ ਪਿਆਸ, ਜਿਸ ਜਨ ਆਪਣਾ ਭੇਵ ਚੁਕਾਈਆ । ਮਾਨਸ ਜਨਮ ਆਵੇ ਰਾਸ, ਜੂਨ ਅਜੂਨੀ ਪੰਧ ਮੁਕਾਈਆ । ਲੇਖੇ ਲੱਗੇ ਪਵਣ ਸਵਾਸ, ਸਵਾਸ ਸਵਾਸਾਂ ਲੇਖੇ ਪਾਈਆ । ਮੇਲ ਮਿਲਾਵਾ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਇਕੋ ਆਸ ਵਖਾਈਆ । ਇਕੋ ਆਸ ਸਤਿਗੁਰ ਚਰਨ, ਚਰਨ ਓਟ ਇਕ ਜਣਾਇੰਦਾ । ਨੇਤਰ ਖੁਲ੍ਹੇ ਹਰਨ ਫਰਨ, ਅਗਿਆਨ ਅੰਧੇਰ ਮਿਟਾਇੰਦਾ । ਦਾਤਾ ਮਿਲੇ ਕਰਨੀ ਕਰਨ, ਕਰਤਾ ਪੁਰਖ ਨਜ਼ਰੀ ਆਇੰਦਾ । ਨਾਤਾ ਤੁਟੇ ਜਨਮ ਮਰਨ, ਜੀਵਣ ਮੁਕਤ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਇਕੋ ਆਸ ਵਖਾਇੰਦਾ । ਇਕੋ ਆਸ ਸਤਿਗੁਰ ਰੰਗ, ਰੰਗ ਰੰਗੀਲਾ ਇਕ ਵਡਿਆਈਆ । ਆਤਮ ਅੰਤਰ ਮੇਲ ਮਿਲਾਵਾ ਸੇਜ ਪਲੰਘ, ਸੁਹੰਜਣੀ ਸੇਜ ਇਕ ਸੁਹਾਈਆ । ਗ੍ਰਿਹ ਮੰਦਰ ਵਜਾਏ ਅਨਹਦ ਮਰਦੰਗ, ਅਨਾਦੀ ਨਾਦ ਵਜਾਈਆ । ਪੰਚ ਵਿਕਾਰਾ ਕਰੇ ਖੰਡ ਖੰਡ, ਨਾਮ ਖੰਡਾ ਇਕ ਚਮਕਾਈਆ । ਜੂਠ ਝੂਠ ਦੇਵੇ ਦੰਡ, ਬਲ ਆਪਣਾ ਆਪ ਧਰਾਈਆ । ਸੁਰਤੀ ਸ਼ਬਦੀ ਟੁੱਟੀ ਦੇਵੇ ਗੰਢ, ਗੰਢਣਹਾਰ ਬੇਪਰਵਾਹੀਆ । ਆਤਮ ਬਖ਼ਸ਼ੇ ਇਕ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਬਿਨ ਰਸਨਾ ਜਿਹਵਾ ਸੁਣਾਏ ਛੰਦ, ਗੀਤ ਸੁਹਾਗੀ ਆਪੇ ਗਾਈਆ । ਗੁਰਸਿਖ ਅੰਤ ਹੋਵੇ ਨਾ ਨੰਗੀ ਕੰਡ, ਸਮਰਥ ਦੇਵੇ ਮਾਣ ਵਡਿਆਈਆ । ਏਥੇ ਓਥੇ ਦੋ ਜਹਾਨ ਰੱਖੇ ਠੰਡ, ਤੱਤੀ ਵਾ ਨਾ ਲੱਗੇ ਰਾਈਆ । ਸਤਿਗੁਰ ਦਿਆਲ ਠਾਕਰ ਸੁਆਮੀ ਸਾਹਿਬ ਸਦਾ ਬਖ਼ਸ਼ੰਦ, ਬਖ਼ਸ਼ਸ਼ ਆਪਣੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਸਾ ਚਰਨ ਭਰਵਾਸਾ, ਚਰਨ ਚਰਨੋਦਕ ਚਰਨਾਮਤ ਏਕਾ ਰਸ ਪਿਆਈਆ ।

★ ੧੨ ਚੇਤ ੨੦੧੯ ਬਿਕ੍ਰਮੀ ਚੰਨਣ ਸਿੰਘ ਦੇ ਗ੍ਰਿਹ ਚੰਬਲ ਜ਼ਿਲਾ ਅੰਮ੍ਰਿਤਸਰ ★

ਗੁਰਸਿਖ ਸੱਚਾ ਲਾਲ ਲਾਲਣ, ਹਰਿ ਜੂ ਹਰਿ ਹਰਿ ਆਪ ਬਣਾਇੰਦਾ । ਜੁਗ ਜੁਗ ਬਣੇ ਮਾਤ ਦਲਾਲਣ, ਜਗਤ ਦਲਾਲੀ ਜਗਤ ਕਮਾਇੰਦਾ । ਲੱਖ ਚੁਰਾਸੀ ਚੜ੍ਹੇ ਭਾਲਣ, ਨੌਂ ਖੰਡ ਪ੍ਰਿਥਮੀ ਵੇਖ ਵਖਾਇੰਦਾ । ਲਹਿਣਾ ਜਾਣੇ ਕ੍ਰਿਸ਼ਨ ਗਵਾਲਣ, ਭੇਵ ਅਭੇਦ ਨਾ ਕੋਇ ਵਖਾਇੰਦਾ । ਸਦਾ ਸੁਹੇਲਾ ਕਰੇ ਸਦਾ ਪ੍ਰਿਤਪਾਲਣ, ਪ੍ਰਿਤਪਾਲਕ ਆਪਣੀ ਦਇਆ ਕਮਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲਣ, ਜੀਵਣ ਜੁਗਤ ਇਕ ਜਣਾਇੰਦਾ । ਸਾਚਾ ਮਾਰਗ ਆਏ ਵਖਾਲਣ, ਆਪਣਾ ਪੜਦਾ ਆਪ ਉਠਾਇੰਦਾ । ਮੇਲ ਮਿਲਾਏ ਜੋਤ ਅਕਾਲਣ, ਅਕਲ ਕਲ ਆਪਣੀ ਖੇਲ ਕਰਾਇੰਦਾ ।

ਪੂਰਬ ਲਹਿਣਾ ਲੇਖੇ ਪਾਏ ਘਾਲਣ, ਕੀਤੀ ਘਾਲ ਝੋਲੀ ਪਾਇੰਦਾ । ਮਾਨਸ ਜਨਮ ਹੱਲ ਹੋਇਆ ਸੁਵਾਲਣ, ਦੂਜੀ ਵਾਰ ਜਨਮ ਫੇਰ ਨਾ ਆਇੰਦਾ । ਇਕ ਵਖਾਏ ਸੱਚੀ ਧਰਮਸਾਲਣ, ਧੁਰ ਦਰਬਾਰਾ ਆਪ ਬਣਾਇੰਦਾ । ਜਗਤ ਜੁਗ ਚਲੇ ਅਵੱਲੜੀ ਚਾਲਣ, ਹਰਿ ਕਾ ਅੰਤ ਕੋਇ ਨਾ ਪਾਇੰਦਾ । ਕਲਜੁਗ ਅੰਤਮ ਪਕੜਨ ਆਇਆ ਦਾਮਨ, ਪੱਲੂ ਆਪਣੇ ਹੱਥ ਰਖਾਇੰਦਾ । ਦਰਗਹਿ ਸਾਚੀ ਹੋਏ ਜ਼ਾਮਨ, ਰਾਏ ਧਰਮ ਨਾ ਡੰਨ ਲਗਾਇੰਦਾ । ਸਰਬ ਜੀਆਂ ਘਟ ਆਪੇ ਜਾਨਣ, ਘਰ ਘਰ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੇ ਰੰਗ ਰੰਗਾਇੰਦਾ । ਗੁਰਸਿਖ ਸੇਵਾ ਜਗਤ ਜੁਗ, ਹਰਿ ਕਰਤਾ ਆਪ ਕਰਾਈਆ । ਜੀਵਣ ਜੀਵਣ ਜੀਵਤ ਚੁਗ, ਆਪਣਾ ਬੰਧਨ ਆਪੇ ਪਾਈਆ । ਸਾਹਿਬ ਸੁਲਤਾਨ ਗੋਦੀ ਚੁੱਕ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਆਪ ਸੁਹਾਏ ਆਪਣੀ ਕੁੱਖ, ਆਪੇ ਪਿਤਾ ਆਪੇ ਮਾਈਆ । ਮੇਟਣਹਾਰਾ ਸਗਲਾ ਦੁੱਖ, ਚਿੰਤਾ ਸੋਗ ਦਏ ਗੁਵਾਈਆ । ਨਾਤਾ ਤੁਟਾ ਉਲਟਾ ਰੁਖ, ਦਸ ਦਸ ਮਾਸ ਨਾ ਕੋਇ ਤਪਾਈਆ । ਏਕਾ ਦੇਵੇ ਸਾਚਾ ਸੁਖ, ਹਰਿ ਚਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਤਰਾਈਆ । ਗੁਰਮੁਖ ਵੇਖੇ ਏਕਾ ਘਰ, ਘਰ ਮੰਦਰ ਆਪ ਸੁਹਾਇੰਦਾ । ਕਿਰਪਾ ਕਰੇ ਕਰਨੀ ਕਰ, ਕਰਤਾ ਪੁਰਖ ਵੇਸ ਵਟਾਇੰਦਾ । ਸੰਤ ਸੁਹੇਲੇ ਆਪੇ ਫੜ, ਫੜ ਫੜ ਆਪਣਾ ਬੰਧਨ ਪਾਇੰਦਾ । ਨਿਰਭੌ ਚੁਕਾਏ ਭੈ ਡਰ, ਜਗਤ ਭਿਆਨਕ ਰੂਪ ਨਾ ਕੋਇ ਵਖਾਇੰਦਾ । ਦਰਸ ਦਿਖਾਏ ਅੱਗੇ ਖੜ, ਰੂਪ ਅਨੂਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੇ ਅੰਗ ਲਗਾਇੰਦਾ । ਗੁਰਸਿਖ ਅੰਗੀਕਾਰ ਕਰੇ ਲਾਏ ਅੰਗ, ਅੰਗ ਅੰਗ ਨਾਲ ਮਿਲਾਈਆ । ਲੱਖ ਚੁਰਾਸੀ ਬੰਧਨ ਕੱਟ, ਬੰਦੀਖਾਨਾ ਇਕ ਵਖਾਈਆ । ਕਿਰਪਾ ਕਰ ਪੁਰਖ ਸਮਰਥ, ਰਥ ਆਪਣੇ ਲਏ ਚੜ੍ਹਾਈਆ । ਮੇਲ ਮਿਲਾਇਆ ਨੱਸ ਨੱਸ, ਜੁਗ ਚੌਕੜੀ ਪਾਰ ਕਰਾਈਆ । ਕਲਜੁਗ ਅੰਤਮ ਪੂਰੀ ਆਸ, ਆਸਾ ਅੰਤ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮਿਲਾਵਾ ਸਾਚੇ ਦਰ, ਦਰ ਮੰਦਰ ਹਰਿ ਨਾਮ ਵੱਜੇ ਵਧਾਈਆ ।

### ★ ੧੨ ਚੇਤ ੨੦੧੯ ਬਿਕ੍ਰਮੀ ਕੇਸ਼ੋ ਰਾਮ ਦੇ ਗ੍ਰਿਹਿ ਜੰਡੋ ਕੇ ਸਰਹਾਲੀ ★

ਸਚ ਗਿਆਨ ਹਰਿ ਕਾ ਨਾਉਂ, ਨਿਰਗੁਣ ਸਰਗੁਣ ਆਪ ਜਣਾਇੰਦਾ । ਗ਼ਰੀਬ ਨਿਮਾਣਿਆਂ ਪਕੜੇ ਬਾਂਹੋਂ, ਹਰਿ ਜੂ ਫੜ ਫੜ ਗਲੇ ਲਗਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਧਾਮ ਬਹਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਆਪ ਉਡਾਇੰਦਾ । ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਉਂ, ਅਗਨੀ ਤੱਤ ਨਾ ਕੋਇ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਜਿਸ ਦ੍ਰਿੜ੍ਹਾਇੰਦਾ । ਸਾਚਾ ਨਾਮ ਏਕਾ ਏਕ, ਓਅੰਕਾਰਾ ਆਪ ਜਣਾਈਆ । ਰਾਮ ਨਾਮ ਜਨ ਸਾਚੀ ਟੇਕ, ਬਿਨ ਹਰਿ ਨਾਮੇ ਅੰਤ ਨਾ ਕੋਇ ਸਹਾਈਆ । ਨੌਂ ਖੰਡ ਪ੍ਰਿਥਮੀ ਰਿਹਾ ਵੇਖ, ਹਰਿ ਵੱਡਾ ਵਡ ਵਡਿਆਈਆ । ਜੁਗਾ ਜੁਗੰਤਰ ਸਾਚੇ ਭਗਤਾਂ ਦੇਵੇ ਆਪਣਾ ਭੇਤ, ਅਨਭਵ ਆਪਣਾ ਭੇਵ ਖੁਲ੍ਹਾਈਆ । ਨਿਤ ਨਵਿਤ ਕਰੇ ਹੇਤ, ਨਿਰਗੁਣ ਸਰਗੁਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ

ਬੁਝਾਈਆ । ਹਰਿ ਕਾ ਨਾਮ ਸਚ ਦੁਆਰਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਕਾ ਨਾਮ ਸਚ ਭੰਡਾਰਾ, ਹਰਿ ਪੁਰਖ ਨਿਰੰਜਣ ਆਪ ਵਰਤਾਇੰਦਾ । ਹਰਿ ਕਾ ਨਾਮ ਮੀਤ ਮੁਰਾਰਾ, ਏਕੰਕਾਰਾ ਰੰਗ ਰੰਗਾਇੰਦਾ । ਹਰਿ ਕਾ ਨਾਮ ਜੋਤ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਹਰਿ ਕਾ ਨਾਮ ਵਸੇ ਸਚਖੰਡ ਸੱਚੇ ਦਰਬਾਰਾ, ਬਿਨ ਸਤਿਗੁਰ ਹੱਥ ਕਿਸੇ ਨਾ ਆਇੰਦਾ । ਹਰਿ ਕਾ ਨਾਮ ਅਲਖ ਅਗੋਚਰ ਅਗੰਮ ਅਥਾਹ, ਭੇਵ ਕੋਇ ਨਾ ਪਾਇੰਦਾ । ਹਰਿ ਕਾ ਨਾਮ ਲਿਖ ਲਿਖ ਥੱਕੇ ਵੇਦ ਚਾਰਾ, ਆਦਿ ਅੰਤ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਗਿਆਨ ਇਕ ਸਮਝਾਇੰਦਾ । ਏਕਾ ਮੰਤਰ ਨਮੋ ਦੇਵ, ਦੇਵ ਆਤਮਾ ਹਰਿ ਜਣਾਈਆ । ਆਦਿ ਜੁਗਾਦਿ ਅਲਖ ਅਭੇਵ, ਅਗੋਚਰ ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਸਰਗੁਣ ਕਰੇ ਸੇਵ, ਬਣ ਬਣ ਸੇਵਕ ਸੇਵ ਕਮਾਈਆ । ਮੇਲ ਮਿਲਾਵਾ ਰਸਨਾ ਜਿਹਵ, ਜਿਹਵਾ ਰਸਨਾ ਅੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਏਕਾ ਨਾਮ ਲੋਕਮਾਤ, ਹਰਿ ਜੂ ਹਰਿ ਹਰਿ ਆਪ ਚਲਾਇੰਦਾ । ਜਨ ਭਗਤਾਂ ਦੇਵੇ ਆਪਣੀ ਦਾਤ, ਧੁਰਦਰਗਾਹੀ ਵੰਡ ਵੰਡਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਆਤਮ ਪਰਮਾਤਮ ਸਾਚਾ ਚੰਦ ਚੜ੍ਹਾਇੰਦਾ । ਸ਼ਬਦ ਅਗੰਮੀ ਗਾਏ ਗਾਥ, ਗਾ ਗਾ ਆਪਣਾ ਭੇਵ ਖੁਲ੍ਹਾਇੰਦਾ । ਪੰਜ ਤੱਤ ਕਾਇਆ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਇੰਦਾ । ਏਕਾ ਰਾਮ ਨਾਮ ਪਰਕਾਸ਼, ਨੂਰ ਨੁਰਾਨਾ ਡਗਮਗਾਇੰਦਾ । ਏਕਾ ਰਘਪਤ ਵਸੇ ਸਾਥ, ਵਿਛੜ ਕਦੇ ਨਾ ਜਾਇੰਦਾ । ਖੇਲੇ ਖੇਲ ਤ੍ਰਿਲੋਕੀ ਨਾਥ, ਲੋਆਂ ਪੁਰੀਆਂ ਆਪਣਾ ਪੜਦਾ ਲਾਹਿੰਦਾ । ਉਤਮ ਰੱਖੇ ਆਪਣੀ ਜ਼ਾਤ, ਜ਼ਾਤ ਪਾਤ ਵਰਨ ਗੋਤ ਨਾ ਵੰਡ ਵੰਡਾਇੰਦਾ । ਆਤਮ ਪਰਮਾਤਮ ਬੰਨ੍ਹੇ ਨਾਤ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਦਰਸ ਦਿਖਾਏ ਇਕ ਇਕਾਂਤ, ਦਰ ਘਰ ਸਾਚੇ ਆਸਣ ਲਾਇੰਦਾ । ਖੇਲੇ ਖੇਲ ਬਹੁ ਬਿਧ ਭਾਂਤ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਤਰ ਨਾਮ ਇਕ ਪਰਗਟਾਇੰਦਾ । ਮੰਤਰ ਨਾਮ ਏਕਾ ਸਤਿ, ਸਤਿ ਸਤਿਵਾਦੀ ਆਪ ਪਰਗਟਾਈਆ । ਲੱਖ ਚੁਰਾਸੀ ਦੇਵੇ ਮਤ, ਜੀਵ ਜੰਤ ਜੰਤ ਸਮਝਾਈਆ । ਪਾਰਬ੍ਰਹਮ ਬ੍ਰਹਮ ਵਖਾਏ ਤੱਤ, ਤੱਤਵ ਤੱਤ ਭੇਵ ਚੁਕਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਜਿਸ ਜਨ ਆਪਣਾ ਨਾਮ ਜਪਾਈਆ । ਤ੍ਰੈਗੁਣ ਅਗਨੀ ਵਿਚੋਂ ਲਏ ਰੱਖ, ਸਮਰਥ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਇਕ ਸਮਝਾਈਆ । ਹਰਿ ਕਾ ਨਾਉਂ ਇਕ ਇਕੱਲਾ, ਆਦਿ ਜੁਗਾਦਿ ਸਮਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਅਟੱਲ ਪਦਵੀ ਏਕਾ ਪਾਇੰਦਾ । ਸਚ ਸੰਦੇਸ ਨਰ ਨਰੇਸ਼ ਜੁਗਾ ਜੁਗੰਤਰ ਗੁਰ ਅਵਤਾਰਾ ਘੱਲਾ, ਪੀਰ ਪੈਗ਼ੰਬਰ ਮਾਤ ਪੜ੍ਹਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਨਜ਼ਰ ਕਿਸੇ ਨਾ ਆਇੰਦਾ । ਰਸਨਾ ਜਿਹਵਾ ਫੜਾਏ ਪੱਲਾ, ਬੱਤੀ ਦੰਦ ਮੁੱਖ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਗਿਆਨ ਆਪ ਜਣਾਇੰਦਾ । ਸਚ ਗਿਆਨ ਸਤਿਗੁਰ ਸਰਨ, ਦੂਜੀ ਅਵਰ ਨਾ ਕੋਇ ਵਡਿਆਈਆ । ਨਾਤਾ ਤੁਟੇ ਵਰਨ ਬਰਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਵਖਾਈਆ । ਨੇਤਰ ਖੋਲ੍ਹੇ ਹਰਨ ਫਰਨ, ਆਤਮ ਤਾਕੀ ਕੁੰਡਾ ਲਾਹੀਆ । ਕਰਨੀ ਕਰੇ ਕਰਤਾ ਪੁਰਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਇਕ ਵਖਾਈਆ । ਏਕਾ ਨਾਉਂ ਵਖਾਏ ਬਿਨ ਨੇਤਰ ਅੱਖ, ਨੈਣ ਨੈਣ ਨਾ

ਕੋਇ ਰਖਾਈਆ । ਲੱਖ ਚੁਰਾਸੀ ਵਿਚੋਂ ਰੱਖੇ ਵੱਖ, ਭੇਵ ਅਭੇਦਾ ਆਪਣਾ ਭੇਵ ਛੁਪਾਈਆ । ਜਿਸ ਜਨ ਮਾਰਗ ਦੇਵੇ ਦੱਸ, ਤਿਸ ਆਪਣੀ ਬੂਝ ਬੁਝਾਈਆ । ਗੁਰ ਅਵਤਾਰਾਂ ਅੰਤਰ ਵਸ, ਬਿਨ ਅੱਖਰ ਕਰੇ ਪੜ੍ਹਾਈਆ । ਮੇਲ ਮਿਲਾਵਾ ਹੱਸ ਹੱਸ, ਆਤਮ ਸੇਜ ਸੁਹੰਜਣੀ ਇਕ ਹੰਢਾਈਆ । ਕਰ ਪਰਕਾਸ਼ ਕੋਟਨ ਰਵ ਸਸ, ਨੂਰ ਨੂਰ ਨੂਰ ਰੁਸ਼ਨਾਈਆ । ਪਾਰਬ੍ਰਹਮ ਬ੍ਰਹਮ ਗਾਏ ਜਸ, ਜਸ ਵੇਦ ਪੁਰਾਨ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਆਪਣੇ ਵਿਚ ਸਮਾਈਆ । ਏਕਾ ਨਾਉਂ ਹਰਿ ਨਿਰੰਕਾਰ, ਆਦਿ ਜੁਗਾਦਿ ਸਮਾਇੰਦਾ । ਜੁਗ ਜੁਗ ਲੋਕਮਾਤ ਕਰੇ ਉਜਿਆਰ, ਗੁਰ ਸ਼ਬਦੀ ਡੰਕ ਵਜਾਇੰਦਾ । ਸਰਗੁਣ ਸਰਗੁਣ ਪਾਵੇ ਸਾਰ, ਨਿਰਗੁਣ ਨਿਰਗੁਣ ਪੜਦਾ ਲਾਹਿੰਦਾ । ਅੱਖਰ ਅੱਖਰ ਕਰ ਪਿਆਰ, ਏਕਾ ਦੂਆ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਸਾਚੇ ਘਰ ਵਸਾਇੰਦਾ । ਸਾਚੇ ਘਰ ਨਾਉਂ ਵਸੇਰਾ, ਮਹੱਲ ਅਟੱਲ ਇਕ ਵਡਿਆਈਆ । ਆਪੇ ਜਾਣੇ ਦੂਰ ਨੇੜਾ, ਨੇੜਾ ਦੂਰ ਆਪਣੇ ਹੱਥ ਵਖਾਈਆ । ਏਥੇ ਮੇਟੇ ਜਗਤ ਅੰਧੇਰਾ, ਅੰਧ ਅੰਧਿਆਰ ਦਏ ਗਵਾਈਆ । ਏਕਾ ਰੰਗ ਵਖਾਏ ਸੰਞ ਸਵੇਰਾ, ਜਿਸ ਜਨ ਆਪਣਾ ਨਾਮ ਨਾਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਦਏ ਵਡਿਆਈਆ । ਏਕਾ ਨਾਉਂ ਪੁਰਖ ਨਿਰੰਜਣ ਸੋ, ਸਤਿ ਸਤਿਵਾਦੀ ਆਪ ਪਰਗਟਾਇੰਦਾ । ਏਕਾ ਨਾਉਂ ਕਰੇ ਪਰਕਾਸ਼ ਤ੍ਰੈ ਲੋਅ, ਲੋਆਂ ਪੁਰੀਆਂ ਆਪਣਾ ਭੇਵ ਜਣਾਇੰਦਾ । ਏਕਾ ਨਾਉਂ ਲੋਕਮਾਤ ਚੌਦਾਂ ਹੱਟ ਦੇਵੇ ਢੋਆ ਢੋ, ਬ੍ਰਹਿਮੰਡ ਖੰਡ ਇਕ ਵਸਾਇੰਦਾ । ਏਕਾ ਨਾਉਂ ਲੱਖ ਚੁਰਾਸੀ ਬੀਜ ਦੇਵੇ ਬੋ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਇੰਦਾ । ਏਕਾ ਨਾਉਂ ਆਦਿ ਜੁਗਾਦੀ ਨਵਾਂ ਨਰੋਅ, ਜਨਮ ਮਰਨ ਵਿਚ ਨਾ ਆਇੰਦਾ । ਹਰਿ ਕਾ ਨਾਮ ਨਾ ਜਾਣੇ ਕੋ, ਬਿਨ ਬੂਝੇ ਭੇਵ ਨਾ ਕੋਇ ਪਾਇੰਦਾ । ਹਰਿ ਕਾ ਨਾਮ ਧਾਰ ਵਖਾਏ ਏਕਾ ਦੋ, ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਹਰਿ ਕਾ ਨਾਉਂ ਅੰਮ੍ਰਿਤ ਮੇਘ ਦੇਵੇ ਚੋਅ, ਸਾਚਾ ਝਿਰਨਾ ਇਕ ਝਿਰਾਇੰਦਾ । ਹਰਿ ਕਾ ਨਾਮ ਕਰੇ ਸਾਚਾ ਮੋਹ, ਈਸ਼ ਜੀਵ ਜੀਵ ਈਸ਼ ਜਗਦੀਸ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਆਪਣਾ ਨਾਉਂ ਆਪ ਪਰਗਟਾਇੰਦਾ । ਸਾਚਾ ਨਾਉਂ ਹੰ ਬ੍ਰਹਮ ਧਾਰ, ਪਾਰਬ੍ਰਹਮ ਪਰਗਟਾਈਆ । ਸਾਚਾ ਨਾਉਂ ਨਿਰਗੁਣ ਨਾਦ ਧੁੰਨਕਾਰ, ਅਨਾਦੀ ਨਾਦ ਵਜਾਈਆ । ਸਾਚਾ ਨਾਉਂ ਵਿਸ਼ਨ ਬ੍ਰਹਮਾ ਸ਼ਿਵ ਦਏ ਅਧਾਰ, ਬ੍ਰਹਮਾ ਵੇਤਾ ਹਰਿ ਜਸ ਗਾਈਆ । ਸਾਚਾ ਨਾਉਂ ਰਹੇ ਜੁਗ ਚਾਰ, ਜੁਗ ਜੁਗ ਆਪਣਾ ਵੇਸ ਵਟਾਈਆ । ਸਾਚਾ ਨਾਉ ਚਾਰ ਵੇਦ ਦਏ ਅਧਾਰ, ਸ਼ਾਸਤਰ ਸਿਮਰਤ ਪੁਰਾਨ ਨਾਲ ਮਿਲਾਈਆ । ਸਾਚਾ ਨਾਉਂ ਗੀਤਾ ਗਿਆਨ ਕਰ ਉਜਿਆਰ, ਅਠ ਦਸ ਕਰੇ ਕੁੜਮਾਈਆ । ਸਾਚਾ ਨਾਉਂ ਅੰਜ਼ੀਲ ਕੁਰਾਨ ਪਾਵੇ ਸਾਰ, ਤੀਸ ਬਤੀਸਾ ਢੋਲਾ ਗਾਈਆ । ਸਾਚਾ ਨਾਉਂ ਖਾਣੀ ਬਾਣੀ ਖੋਲ੍ਹ ਕਿਵਾੜ, ਭੇਵ ਅਭੇਦਾ ਦਏ ਜਣਾਈਆ । ਸਾਚਾ ਨਾਉਂ ਵਸੇ ਸੱਚੇ ਘਰ ਬਾਹਰ, ਦਰ ਘਰ ਸਾਚੇ ਸੋਭਾ ਪਾਈਆ । ਸਾਚਾ ਨਾਉਂ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਸਾਚਾ ਨਾਉਂ ਘਟ ਘਟ ਰਿਹਾ ਪਸਾਰ, ਲੱਖ ਚੁਰਾਸੀ ਰਿਹਾ ਸਮਾਈਆ । ਸਾਚਾ ਨਾਉਂ ਲਿਖ ਲਿਖ ਪੜ੍ਹ ਪੜ੍ਹ ਥੱਕਾ ਜਗਤ ਸੰਸਾਰ, ਅੰਤ ਦੱਸ ਨਾ ਸਕੇ ਕੋਈ ਰਾਈਆ । ਹਰਿ ਕਾ ਨਾਉਂ ਅਲਖ ਅਗੋਚਰ ਅਗੰਮ ਅਪਾਰ, ਅਗੰਮ ਅਗੰਮੜੀ ਖੇਲ ਕਰਾਈਆ । ਹਰਿ ਕਾ ਨਾਉਂ ਵਸੇ ਠਾਂਡੇ ਦਰਬਾਰ, ਥਿਰ ਘਰ ਸਾਚੇ ਡੇਰਾ ਲਾਈਆ । ਹਰਿ ਕਾ ਨਾਉਂ ਰਵ ਸਸ ਰਹੇ

ਉਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਨਾਉਂ ਆਪ ਸਾਲਾਹੀਆ । ਹਰਿ ਕਾ ਨਾਉਂ ਸਿਫ਼ਤ ਸਲਾਹ, ਸਿਫ਼ਤ ਸਿਫ਼ਤ ਵਿਚ ਨਾ ਆਈਆ । ਹਰਿ ਕਾ ਨਾਉਂ ਸਚ ਮਲਾਹ, ਜੁਗ ਜੁਗ ਬੇੜਾ ਮਾਤ ਚਲਾਈਆ । ਹਰਿ ਕਾ ਨਾਉਂ ਬਖ਼ਸ਼ੇ ਸਰਬ ਗੁਨਾਹ, ਜੋ ਜਨ ਰਸਨਾ ਜਿਹਵਾ ਗਾਈਆ । ਹਰਿ ਕਾ ਨਾਉਂ ਡੁੱਬਦੇ ਪਾਥਰ ਲਏ ਤਰਾ, ਪਾਹਨ ਆਪਣੇ ਗਲੇ ਲਗਾਈਆ । ਹਰਿ ਕਾ ਨਾਉ ਅਗਨੀ ਜਲ ਲਏ ਤਰਾ, ਸਿਲ ਪੂਜਸ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਮ ਆਪਣੇ ਹੱਥ ਰਖਾਈਆ । ਏਕਾ ਨਾਮ ਰੱਖੇ ਹੱਥ, ਸੋ ਪੁਰਖ ਨਿਰੰਜਣ ਵਡ ਵਡਿਆਇਆ । ਜੁਗ ਜੁਗ ਜਨ ਭਗਤਾਂ ਦੇਵੇ ਆਪਣੀ ਵੱਥ, ਵਸਤ ਅਮੋਲਕ ਝੋਲੀ ਪਾਇਆ । ਸਤਿ ਸਤਿਵਾਦੀ ਰਾਗ ਦੱਸ, ਅੰਤਰ ਮੰਤਰ ਭੇਵ ਖੁਲ੍ਹਾਇਆ । ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਇਆ । ਸੁਰਤੀ ਸ਼ਬਦੀ ਏਕਾ ਜਸ, ਢੋਲਾ ਸੋਹਲਾ ਇਕ ਸੁਣਾਇਆ । ਨਿਰਗੁਣ ਸਰਗੁਣ ਹੋਏ ਵਸ, ਸਰਗੁਣ ਅੰਦਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਨਿਰਗੁਣ ਆਪ ਪਰਗਟਾਇਆ । ਆਪਣਾ ਨਾਉਂ ਸ੍ਰੀ ਭਗਵਾਨ, ਆਦਿ ਜੁਗਾਦਿ ਜਣਾਇੰਦਾ । ਜੁਗ ਕਰਤਾ ਖੇਲੇ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਸਾਂਤਕ ਸਤਿ ਸਤਿ ਮਿਹਰਵਾਨ, ਦੀਨਨ ਆਪਣੀ ਦਇਆ ਕਮਾਇੰਦਾ । ਰਾਮ ਰਾਮ ਰਾਮ ਪਰਧਾਨ, ਰਮਈਆ ਆਪਣਾ ਖੇਲ ਕਰਾਇੰਦਾ । ਸਰਬ ਜੀਆਂ ਦਾ ਸਾਚਾ ਕਾਹਨ, ਲੱਖ ਚੁਰਾਸੀ ਗੋਪੀ ਆਪ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਨਾਮ ਆਪ ਪਰਗਟਾਇੰਦਾ । ਏਕਾ ਨਾਮ ਆਦਿ ਪੁਰਖ ਆਦਿ ਆਦਿ ਪਰਗਟਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਰੋਗ ਨਾ ਕੋਇ ਜਣਾਈਆ । ਆਪਣੇ ਉਤੇ ਕਰਕੇ ਤਰਸ, ਪਾਰਬ੍ਰਹਮ ਬ੍ਰਹਮ ਲਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਦਰਸਾਈਆ । ਆਪਣਾ ਨਾਉਂ ਆਪੇ ਰੱਖ, ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਪਾਰਬ੍ਰਹਮ ਬ੍ਰਹਮ ਖੇਲ ਅਲਖਣਾ ਅਲੱਖ, ਹੰ ਬ੍ਰਹਮ ਵੰਡ ਵੰਡਾਇੰਦਾ । ਸੋਹੰ ਰੂਪ ਹੋ ਪਰਤੱਖ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਆਦਿ ਜੁਗਾਦੀ ਏਕਾ ਮੰਦਰ ਰਿਹਾ ਵਸ, ਸਚ ਸਿੰਘਾਸਣ ਸੋਭਾ ਪਾਇੰਦਾ । ਨਿਰਗੁਣ ਨੂਰ ਨਿਰਗੁਣ ਪਰਕਾਸ਼, ਨਿਰਗੁਣ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਏਕਾ ਨਾਉਂ ਰਖਾਇੰਦਾ । ਏਕਾ ਨਾਉਂ ਆਦਿ ਅੰਤ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਆਦਿ ਬਣਾਈ ਆਪੇ ਬਣਤ, ਅੰਤ ਆਪੇ ਵੇਖ ਵਖਾਇੰਦਾ । ਕਰੇ ਖੇਲ ਪੂਰਨ ਭਗਵੰਤ, ਭੇਵ ਕੋਇ ਨਾ ਪਾਇੰਦਾ । ਵੇਸ ਵਟਾਏ ਜੁਗਾ ਜੁਗੰਤ, ਜੁਗ ਕਰਤਾ ਰੂਪ ਵਖਾਇੰਦਾ । ਪਾਰਬ੍ਰਹਮ ਬ੍ਰਹਮ ਮੇਲਾ ਨਾਰੀ ਕੰਤ, ਆਤਮ ਪਰਮਾਤਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਰਖਾਇੰਦਾ । ਸਾਚਾ ਨਾਮ ਹੰ ਬ੍ਰਹਮ, ਪਾਰਬ੍ਰਹਮ ਸਮਾਇਆ । ਸੋ ਪੁਰਖ ਨਿਰੰਜਣ ਜਾਣੇ ਆਪਣਾ ਕਰਮ, ਨਿਹਕਰਮੀ ਭੇਵ ਕਿਸੇ ਨਾ ਆਇਆ । ਹੰ ਬ੍ਰਹਮ ਨਾ ਕੋਈ ਵਰਨ, ਅਵਰਨ ਰੂਪ ਵਟਾਇਆ । ਸੋ ਪੁਰਖ ਨਿਰੰਜਣ ਸਾਚੀ ਸਰਨ, ਸਰਨਗਤ ਇਕ ਜਣਾਇਆ । ਹੰ ਬ੍ਰਹਮ ਤਰਨੀ ਤਰਨ, ਇਕੋ ਓਟ ਤਕਾਇਆ । ਸੋ ਪੁਰਖ ਨਿਰੰਜਣ ਘਾੜਨ ਘੜਨ, ਘੜਨ ਭੰਨਣਹਾਰ ਪੁਰਖ ਸਮਰਥ ਇਕ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੯੩੦
੧੧

ਆਪਣਾ ਨਾਉਂ ਆਪ ਵਖਾਇਆ । ਆਪਣਾ ਨਾਉਂ ਸ੍ਰੀ ਭਗਵਾਨਾ, ਆਦਿ ਜੁਗਾਦਿ ਵਖਾਈਆ । ਨਿਰਗੁਣ ਸਰਗੁਣ ਕਰ ਪਰਧਾਨਾ, ਸੋਹੰ ਧਾਰ ਆਪ ਚਲਾਈਆ । ਸਚਖੰਡ ਅੰਦਰ ਥਿਰ ਘਰ ਮਕਾਨਾ, ਜੋਤੀ ਸ਼ਬਦੀ ਵੰਡ ਵੰਡਾਈਆ । ਏਕਾ ਰਾਗ ਇਕ ਤਰਾਨਾ, ਤ੍ਰੈਗੁਣ ਅਤੀਤਾ ਆਪ ਸੁਣਾਈਆ । ਖੇਲੇ ਖੇਲ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਈਆ । ਸ਼ਾਹ ਪਾਤਸ਼ਾਹ ਰਾਜ ਰਾਜਾਨਾ, ਧੁਰ ਫ਼ਰਮਾਣਾ ਆਪ ਸੁਣਾਈਆ । ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਸੇਵ ਲਗਾਨਾ, ਲੋਕਮਾਤ ਮਾਤ ਪਰਗਟਾਈਆ । ਅੰਤਮ ਪੰਜ ਤੱਤ ਮੇਟੇ ਸਰਬ ਨਿਸ਼ਾਨਾ, ਥਿਰ ਕੋਇ ਰਹਿਣ ਨਾ ਪਾਈਆ । ਆਦਿ ਜੁਗਾਦੀ ਇਕ ਭਗਵਾਨਾ, ਭਗਵਨ ਆਪਣਾ ਖੇਲ ਕਰਾਈਆ । ਆਤਮ ਪਰਮਾਤਮ ਮੇਲਾ ਦੋ ਜਹਾਨਾਂ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਦਿ ਜੁਗਾਦਿ ਵੇਸ ਵਟਾਈਆ । ਜੋਤੀ ਸ਼ਬਦੀ ਖੇਲ ਗੁਣ ਨਿਧਾਨਾ, ਗੁਣਵੰਤਾ ਆਪ ਵਖਾਈਆ । ਬਿਨ ਸਤਿਗੁਰ ਬੂਝੇ ਨਾ ਕੋਇ ਵਿਚ ਜਹਾਨਾ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਨਾਨਕ ਨਿਰਗੁਣ ਦੇ ਦੇ ਗਿਆ ਨਿਸ਼ਾਨਾ, ਸਤਿ ਅਸਤਿ ਸਮਝਾਈਆ । ਵੇਦ ਵਿਆਸ ਲਿਖ ਕੇ ਗਿਆ ਪਰਵਾਨਾ, ਜਗਤ ਪਰਵਾਨਗੀ ਹੱਥ ਫੜਾਈਆ । ਚਾਰੇ ਵੇਦ ਦੇਣ ਬਿਆਨਾ, ਆਪਣਾ ਭੇਵ ਖੁਲ੍ਹਾਈਆ । ਅੰਜ਼ੀਲ ਕੁਰਾਨ ਕਰੇ ਸਲਾਮਾ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਪੀਰ ਪੈਗ਼ੰਬਰ ਦੇਵੇ ਪੈਗ਼ਾਮਾ, ਕਰੇ ਹੱਕ ਪੜ੍ਹਾਈਆ । ਸਾਚੇ ਮੰਦਰ ਵਸੇ ਸ੍ਰੀ ਭਗਵਾਨਾ, ਪਰਵਰਦਿਗਾਰ ਸੱਚਾ ਮਾਹੀਆ । ਏਕਾ ਕਲਮਾ ਨਬੀ ਪੜ੍ਹਾਨਾ, ਰਸੂਲਾ ਕਰੇ ਆਪ ਰਸਾਈਆ । ਏਕਾ ਅਲਫ਼ੀ ਤਨ ਹੰਢਾਨਾ, ਪੰਜ ਤੱਤ ਤੱਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਏਕਾ ਨਾਉਂ ਆਪਣਾ ਆਪ ਚਲਾਈਆ । ਹਰਿ ਕਾ ਨਾਉ ਚਲੇ ਜਗ, ਜੁਗਤ ਆਪਣੇ ਹੱਥ ਰਖਾਇੰਦਾ । ਕਰੇ ਖੇਲ ਸੂਰਾ ਸਰਬੱਗ, ਸੂਰਬੀਰ ਹੁਕਮ ਵਰਤਾਇੰਦਾ । ਜਨ ਭਗਤਾਂ ਬੁਝਾਏ ਲੱਗੀ ਅੱਗ, ਅੰਮ੍ਰਿਤ ਆਤਮ ਮੇਘ ਬਰਸਾਇੰਦਾ । ਦਰਸ ਦਿਖਾਏ ਉਪਰ ਸ਼ਾਹ ਰਗ, ਬਜਰ ਕਪਾਟੀ ਕੁੰਡਾ ਲਾਹਿੰਦਾ । ਮੁਰਸ਼ਦ ਮੁਰੀਦ ਵਖਾਏ ਹੱਜ, ਕਾਇਆ ਕਾਅਬਾ ਖੋਲ੍ਹ ਖੁਲ੍ਹਾਇੰਦਾ । ਬੋਧ ਗਿਆਨਾ ਪੰਡਤ ਨਦ, ਘਰ ਮੰਦਰ ਨਾਦ ਵਜਾਇੰਦਾ । ਸਚ ਦੁਆਰੇ ਬਹੇ ਸਜ, ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਅਲਾਇੰਦਾ । ਆਪਣਾ ਨਾਉਂ ਆਲਮੀਨ, ਇਲਾਹੀ ਅੱਲਾ ਆਪ ਪਰਗਟਾਈਆ । ਲੇਖਾ ਜਾਣੇ ਲੋਕ ਤੀਨ, ਚੌਦਾਂ ਲੋਕ ਚੌਦਾਂ ਤਬਕ ਰਿਹਾ ਸਮਾਈਆ । ਨਿਰਗੁਣ ਸਰਗੁਣ ਹੋ ਅਧੀਨ, ਨਿਉਂ ਨਿਉਂ ਸੱਯਦਾ ਸੀਸ ਝੁਕਾਈਆ । ਸਾਹਿਬ ਸੁਲਤਾਨ ਵਡ ਪਰਬੀਨ, ਪਰਾ ਪਸੰਤੀ ਮਧਮ ਬੈਖਰੀ ਆਪਣਾ ਨਾਉਂ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਆਪ ਵਡਿਆਈਆ । ਹਰਿ ਕਾ ਨਾਉਂ ਵੱਡਾ ਵਡ, ਭੇਵ ਕਿਸੇ ਨਾ ਆਇਆ । ਆਪਣੇ ਅੰਤਰ ਗੁਰ ਅਵਤਾਰ ਕੱਢ, ਲੋਕਮਾਤ ਰਾਹ ਚਲਾਇਆ । ਪਾਰ ਕਿਨਾਰਾ ਨਾ ਕੋਈ ਦੱਸੀ ਹੱਦ, ਬੇਅੰਤ ਆਪ ਅਖਵਾਇਆ । ਰਾਗ ਰਾਗਨੀ ਗਾ ਗਾ ਗਏ ਛੰਦ, ਗੀਤ ਗੋਬਿੰਦ ਢੋਲਾ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਸ੍ਰੀ ਭਗਵੰਤ, ਨਾਰੀ ਕੰਤ ਏਕਾ ਰੰਗ ਵਖਾਇਆ । ਨਾਰੀ ਕੰਤ ਨਿਰਗੁਣ ਸਰਗੁਣ ਧਾਰ, ਹਰਿ ਜੂ ਹਰਿ ਹਰਿ ਆਪ ਚਲਾਇੰਦਾ । ਆਤਮ ਪਰਮਾਤਮ ਕਰੇ ਪਿਆਰ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਈਸ਼ ਜੀਵ ਕਰੇ ਸ਼ਿੰਗਾਰ, ਸੋਲਾਂ ਇਛਿਆ ਸੋਲਾਂ ਕਲੀਆਂ ਤਨ ਸਜਾਇੰਦਾ । ਸੋਲਾਂ ਕਲਾ ਜਗਤ ਅਵਤਾਰ,

ਸਤਿਜੁਗ ਤ੍ਰੇਤਾ ਦੁਆਪਰ ਬਲ ਵਧਾਇੰਦਾ । ਕਲਜੁਗ ਅੰਤਮ ਖੇਲ ਅਪਾਰ, ਅਪਰੰਪਰ ਆਪ ਵਖਾਇੰਦਾ । ਲੇਖਾ ਜਾਣੇ ਜੁਗ ਚਾਰ, ਨਵ ਨੌਂ ਚਾਰ ਚੌਕੜੀ ਪੰਧ ਮੁਕਾਇੰਦਾ । ਏਕਾ ਨਾਉਂ ਬੋਲ ਜੈਕਾਰ, ਜੈ ਜੈਕਾਰਾ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹੋਏ ਖ਼ਬਰਦਾਰ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਨਾਲ ਮਿਲਾਇੰਦਾ । ਬ੍ਰਹਿਮੰਡ ਖੰਡ ਪਾਵੇ ਸਾਰ, ਪੁਰੀ ਲੋਅ ਗਗਨ ਪਤਾਲਾਂ ਫੇਰਾ ਪਾਇੰਦਾ । ਰਵ ਸਸ ਦੇ ਹੁਲਾਰ, ਮੰਡਲ ਮੰਡਪ ਆਪ ਜਗਾਇੰਦਾ । ਸਮੁੰਦ ਸਾਗਰ ਵੇਖੇ ਡੂੰਘੀ ਗਾਰ, ਜਲ ਥਲ ਮਹੀਅਲ ਆਪਣਾ ਭੇਵ ਚੁਕਾਇੰਦਾ । ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਵੇਖੇ ਵੇਖਣਹਾਰ, ਨੇਤਰ ਲੋਚਣ ਨੈਣ ਇਕ ਉਠਾਇੰਦਾ । ਲੱਖ ਚੁਰਾਸੀ ਕਰੇ ਬੇਦਾਰ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਲਏ ਉਠਾਲ, ਚਾਰ ਵਰਨ ਅਠਾਰਾਂ ਬਰਨ ਆਪ ਜਗਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ, ਮੰਦਰ ਮਸਜਦ ਮਠ ਸ਼ਿਵਦਵਾਲੇ ਵੇਖੇ ਧਰਮਸਾਲ, ਘਰ ਘਰ ਆਪਣਾ ਫੇਰਾ ਪਾਇੰਦਾ । ਦਰ ਦਰਵੇਸ਼ ਨਰ ਨਰੇਸ਼ ਚਾਰ ਕੁੰਟ ਵੇਖੇ ਵਜਦਾ ਤਾਲ, ਤਾਲ ਤਲਵਾੜਾ ਕਵਣ ਹੱਥ ਰਖਾਇੰਦਾ । ਸ੍ਰਿਸ਼ਟ ਸਬਾਈ ਜਗਤ ਅੰਧੇਰਾ ਹਰਿ ਕਾ ਨਾਉਂ ਨਾ ਸਕੇ ਕੋਈ ਭਾਲ, ਭਰਮੇ ਭੁੱਲੀ ਸਰਬ ਲੋਕਾਈਆ । ਹਰਿ ਕੇ ਨਾਮ ਬਿਨ ਹੋਏ ਸਰਬ ਕੰਗਾਲ, ਰਮਈਆ ਰਾਮ ਨਜ਼ਰ ਕਿਸੇ ਨਾ ਆਈਆ । ਚਾਰ ਕੁੰਟ ਹੋਏ ਬੇਹਾਲ, ਸੁਰਤੀ ਸ਼ਬਦ ਨਾ ਕੋਇ ਬੰਧਾਈਆ । ਕਲਜੁਗ ਚਲੇ ਅਵੱਲੜੀ ਚਾਲ, ਪੂਰਬ ਲੇਖਾ ਸਭ ਦਾ ਰਿਹਾ ਵਖਾਈਆ । ਕਿਸੇ ਦਰ ਨਾ ਦਿਸੇ ਸੱਚਾ ਧੰਨ ਮਾਲ, ਝੂਠੀ ਮਾਇਆ ਲੁੱਟੀ ਸਰਬ ਲੋਕਾਈਆ । ਹਰਿ ਕਾ ਨਾਉਂ ਸਦਾ ਬੇਮਿਸਾਲ, ਗੁਰ ਅਵਤਾਰ ਪੀਰ ਪੈਗ਼ੰਬਰ ਗਏ ਮਿਸਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ੴ੩੨ ੧੧ ਆਦਿ ਜੁਗਾਦੀ ਏਕਾ ਹਰਿ, ਸਾਚਾ ਨਾਉਂ ਸ਼ਬਦ ਗਿਆਨ ਦੇਵਣਹਾਰਾ ਧੁਰ ਫ਼ਰਮਾਣ, ਸਚ ਸੰਦੇਸਾ ਨਰ ਨਰੇਸ਼ਾ ਸਾਚੇ ਭਗਤ ਆਪ ਸਮਝਾਈਆ । ੯੩੨ ੧੧

ਸਾਚੇ ਭਗਤਾਂ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਮੇਲ ਮਿਲਾਵਾ ਸੀਆ ਰਾਮ, ਰਘਪਤ ਆਪਣਾ ਰੂਪ ਵਟਾਇੰਦਾ । ਨੇਤਰ ਲੋਚਣ ਪੇਖਤ ਕ੍ਰਿਸ਼ਨਾ ਕਾਹਨ, ਨਾਮ ਬੰਸਰੀ ਇਕ ਵਜਾਇੰਦਾ । ਸਾਚਾ ਮੇਲਾ ਗੋਪੀ ਕਾਹਨ, ਸਾਚੀ ਸਖੀਆਂ ਮੰਡਲ ਰਾਸ ਰਚਾਇੰਦਾ । ਚਤੁਰਭੁਜ ਨੌਜਵਾਨ, ਆਦਿ ਸਕਤ ਖੇਲ ਖਿਲਾਇੰਦਾ । ਅਸ਼ਟਭੁਜ ਹੋ ਪਰਧਾਨ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਇੰਦਾ । ਏਕਾ ਨੂਰ ਸ੍ਰੀ ਭਗਵਾਨ, ਰੂਪ ਅਨੂਪ ਧਰਾਇੰਦਾ । ਜੁਗਾ ਜੁਗੰਤਰ ਖੇਲ ਮਹਾਨ, ਜੁਗ ਕਰਤਾ ਆਪ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਜਨ ਭਗਤਾਂ ਦੇਦਾਂ ਆਇਆ ਮਾਣ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਕਲਜੁਗ ਅੰਤਮ ਹੋ ਪਰਧਾਨ ਵੇਦ ਵਿਆਸਾ ਲੇਖਾ ਪੂਰ ਕਰਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜਾ ਵਸਣਹਾਰਾ ਸਚ ਮਕਾਨ, ਸਾਢੇ ਤਿੰਨ ਹੱਥ ਆਪਣਾ ਬੰਕ ਵਡਿਆਇੰਦਾ । ਉਚੇ ਟਿੱਲੇ ਪਰਬਤ ਕੋਈ ਨਾ ਸਕੇ ਪਛਾਣ, ਚੋਟੀ ਚੋਟੀ ਨਜ਼ਰ ਕਿਸੇ ਨਾ ਆਇੰਦਾ । ਏਕਾ ਨਾਉਂ ਧੁਰ ਫ਼ਰਮਾਨ, ਸਚ ਸੰਦੇਸਾ ਆਪ ਸੁਣਾਇੰਦਾ । ਹਿੰਦੂ ਮੁਸਲਮ ਸਿੱਖ ਈਸਾਈ ਸਾਰੇ ਗਾਣ, ਆਤਮ ਪਰਮਾਤਮ ਜੋੜ ਜੁੜਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੇਵੇ ਮਾਣ, ਚਾਰ ਵਰਨ ਗਲੇ ਲਗਾਇੰਦਾ । ਜਾਤ ਪਾਤ ਰਾਓ ਰੰਕ ਰਾਜ ਰਾਜਾਨ ਸਰਬ ਮਿਟ ਜਾਣ, ਸ਼ਾਹ ਪਾਤਸ਼ਾਹ ਏਕਾ ਹੁਕਮ ਸੁਣਾਇੰਦਾ । ਹਰਿ ਕਾ ਨਾਉਂ ਸਦਾ ਬਲਵਾਨ, ਬਲ ਆਪਣਾ ਆਪ ਵਖਾਇੰਦਾ । ਕੂੜੀ ਕਿਰਿਆ ਮੇਟੇ ਨਿਸ਼ਾਨ, ਜੂਠਾ ਝੂਠਾ ਮੰਦਰ ਢਾਹਿੰਦਾ । ਸਤਿਜੁਗ ਸਤਿ ਕਰੇ ਪਰਧਾਨ, ਸਚ ਪਰਧਾਨਗੀ ਇਕ ਕਮਾਇੰਦਾ । ਏਕਾ ਪੁਰਖ ਇਕ ਪਰਵਾਨ, ਤਖ਼ਤ ਨਿਵਾਸੀ ਇਕ ਸੁਣਾਇੰਦਾ ।

ਸੋਹੰ ਸ਼ਬਦ ਲੱਖ ਚੁਰਾਸੀ ਰੱਖੇ ਆਣ, ਬੇਪਹਿਚਾਨ ਨਜ਼ਰ ਕਿਸੇ ਨਾ ਆਇੰਦਾ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਬੂਝ ਬੁਝਾਇੰਦਾ । ਸਾਚੇ ਭਗਤਾਂ ਮੇਲਾ ਵਿਚ ਜਹਾਨ, ਬਿਨ ਪੂਰਨ ਭਗਤੀ ਹੱਥ ਕਿਸੇ ਨਾ ਆਇੰਦਾ । ਪੂਰਬ ਲਹਿਣਾ ਲਏ ਪਛਾਣ, ਭੇਵ ਅਭੇਦ ਆਪ ਖੁਲ੍ਹਾਇੰਦਾ । ਸਾਚੇ ਸੰਤਾਂ ਦੇਵੇ ਇਕ ਗਿਆਨ, ਨਿਝ ਨੇਤਰ ਆਪ ਖੁਲ੍ਹਾਇੰਦਾ । ਗੁਰਮੁਖ ਦਰ ਕਰੇ ਪਰਵਾਨ, ਸਿਰ ਆਪਣਾ ਹੱਥ ਟਿਕਾਇੰਦਾ । ਗੁਰਸਿਖ ਸਾਚਾ ਚਤਰ ਸੁਘੜ ਸੁਜਾਨ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਲੱਖ ਚੁਰਾਸੀ ਜੀਵ ਅਵਾਣ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਪੰਜ ਤੱਤ ਲੱਗਾ ਮਗਰ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਸਰਬ ਸੁਹਾਇੰਦਾ । ਆਤਮ ਅੰਤਰ ਨਾ ਕੋਇ ਗਿਆਨ, ਰਸਨਾ ਪੜ੍ਹ ਪੜ੍ਹ ਸਰਬ ਗਾਇੰਦਾ । ਜਿਸ ਜਨ ਹਰਿ ਜੂ ਹਰਿ ਹਰਿ ਮਿਲੇ ਆਣ, ਤਿਸ ਆਪਣਾ ਨਾਮ ਸਮਝਾਇੰਦਾ । ਏਥੇ ਓਥੇ ਦਰਗਹਿ ਸਾਚੀ ਦੇਵੇ ਮਾਣ, ਸਚਖੰਡ ਦੁਆਰੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਮੰਤਰ ਇਕ ਪੜ੍ਹਾਇੰਦਾ ।

### ★ ੧੨ ਚੇਤ ੨੦੧੯ ਬਿਕ੍ਰਮੀ ਮੱਖਣ ਸਿੰਘ ਦੇ ਗ੍ਰਿਹ ਪਿੰਡ ਜੌੜੇ ਜ਼ਿਲਾ ਅੰਮ੍ਰਿਤਸਰ ★

ਸੋ ਪੁਰਖ ਨਿਰੰਜਣ ਖੇਲ ਅਪਾਰਾ, ਆਦਿ ਆਦਿ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਕਰੇ ਖੇਲ ਅਪਾਰਾ, ਅਭੇਵ ਭੇਦ ਆਪਣੇ ਹੱਥ ਰਖਾਇੰਦਾ । ਏਕੰਕਾਰਾ ਵਸੇ ਧਾਮ ਨਿਆਰਾ, ਮਹੱਲ ਅਟੱਲ ਸੋਭਾ ਪਾਇੰਦਾ । ਆਦਿ ਨਿਰੰਜਣ ਨੂਰ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ । ਸ੍ਰੀ ਭਗਵਾਨ ਖੇਲੇ ਖੇਲ ਅਗੰਮ ਅਪਾਰਾ, ਅਗੰਮ ਅਥਾਹ ਬੇਪਰਵਾਹ ਦਿਸ ਕਿਸੇ ਨਾ ਆਇੰਦਾ । ਅਬਿਨਾਸ਼ੀ ਕਰਤਾ ਗੁਪਤ ਜ਼ਾਹਰਾ, ਅਨਭਵ ਆਪਣੀ ਧਾਰ ਚਲਾਇੰਦਾ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਸਚ ਪਸਾਰੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਕਰੇ ਕਰਤਾਰ, ਭੇਵ ਕੋਇ ਨਾ ਆਈਆ । ਨਿਰਗੁਣ ਜੋਤ ਨੂਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਸਚਖੰਡ ਕਰ ਤਿਆਰ, ਦਰ ਘਰ ਸਾਚੇ ਸੋਭਾ ਪਾਈਆ । ਸ਼ਾਹੋ ਭੂਪ ਬਣ ਸਿਕਦਾਰ, ਰਾਜ ਰਾਜਾਨ ਆਪ ਅਖਵਾਈਆ । ਹੁਕਮੀ ਹੁਕਮ ਹੁਕਮ ਵਰਤਾਰ, ਧੁਰ ਫ਼ਰਮਾਣਾ ਆਪ ਸੁਣਾਈਆ । ਦਰ ਦਰਵੇਸ ਬਣ ਭਿਖਾਰ, ਅੱਗੇ ਆਪਣੀ ਝੋਲੀ ਡਾਹੀਆ । ਦੇਵਣਹਾਰ ਵਸਤ ਥਾਰ, ਵਸਤ ਅਮੋਲਕ ਝੋਲੀ ਪਾਈਆ । ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਆਪਣਾ ਭੇਵ ਪੁਰਖ ਅਗੰਮ, ਏਕਾ ਏਕ ਜਣਾਇੰਦਾ । ਨਿਰਗੁਣ ਨਿਰਵੈਰ ਅਜੂਨੀ ਰਹਿਤ ਆਪੇ ਪਏ ਜੰਮ, ਮਾਤ ਪਿਤ ਨਾ ਕੋਇ ਬਣਾਇੰਦਾ । ਆਦਿ ਜੁਗਾਦਿ ਆਪਣਾ ਜਾਣੇ ਆਪੇ ਕੰਮ, ਕਰਤਾ ਪੁਰਖ ਆਪਣੀ ਕਾਰ ਕਰਾਇੰਦਾ । ਖੇਲੇ ਖੇਲ ਸ੍ਰੀ ਭਗਵਨ, ਭਗਵਨ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪੇ ਵੜ, ਸਚ ਸਿੰਘਾਸਣ ਸੋਭਾ ਪਾਇੰਦਾ । ਸਚ ਸਿੰਘਾਸਣ ਸੋਭਾਵੰਤ, ਸਚਖੰਡ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਮਹਿਮਾ ਅਗਣਤ, ਅਗਣਤ



੯੩੩
੧੧

ਆਪਣੀ ਖੇਲ ਜਣਾਈਆ । ਵੇਸ ਵਟਾ ਨਾਰੀ ਕੰਤ, ਕੰਤ ਕੰਤੂਹਲ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਨਭਵ ਆਪਣਾ ਭੇਵ ਖੁਲ੍ਹਾਈਆ । ਅਨਭਵ ਭੇਵ ਖੁਲ੍ਹਾਏ ਅਵੱਲਾ, ਦਿਸ ਕਿਸੇ ਨਾ ਆਇੰਦਾ । ਆਦਿ ਜੁਗਾਦੀ ਇਕ ਇਕੱਲਾ, ਆਪਣਾ ਪੜਦਾ ਆਪ ਉਠਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਏਕਾ ਮੱਲਾ, ਏਕੰਕਾਰਾ ਸੋਭਾ ਪਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਵੰਡ ਆਪ ਵੰਡਾਇੰਦਾ । ਆਪਣੀ ਵੰਡ ਵੰਡੇ ਨਿਰੰਕਾਰ, ਨਿਰਗੁਣ ਵੱਡਾ ਵਡ ਵਡਿਆਈਆ । ਸਚਖੰਡ ਦੁਆਰਾ ਕਰ ਤਿਆਰ, ਆਪਣੀ ਇਛਿਆ ਪੂਰ ਕਰਾਈਆ । ਸਾਚੀ ਭਿਛਿਆ ਪਾਏ ਅਗੰਮ ਅਪਾਰ, ਵਸਤ ਅਮੋਲਕ ਆਪ ਵਰਤਾਈਆ । ਥਿਰ ਘਰ ਸਾਚਾ ਕਰ ਤਿਆਰ, ਘਰ ਘਰ ਵਿਚ ਘਾੜਨ ਲਏ ਘੜਾਈਆ । ਜਨਨੀ ਜਨ ਬਣ ਸੱਚੀ ਸਰਕਾਰ, ਦਾਈ ਦਾਇਆ ਸੇਵ ਕਮਾਈਆ । ਪੂਤ ਸਪੂਤਾ ਸ਼ਬਦ ਦੁਲਾਰ, ਥਿਰ ਘਰ ਸਾਚੇ ਆਪ ਬਹਾਈਆ । ਏਕਾ ਹੁਕਮ ਏਕਾ ਵਾਰ, ਧੁਰ ਫ਼ਰਮਾਣਾ ਆਪ ਜਣਾਈਆ । ਬ੍ਰਹਿਮੰਡ ਖੰਡ ਤੇਰਾ ਪਸਾਰ, ਲੋਆਂ ਪੁਰੀਆਂ ਤੇਰੀ ਗੋਦ ਬਹਾਈਆ । ਰਵ ਸਸ ਤੇਰਾ ਚਮਕਾਰ, ਕਿਰਨ ਕਿਰਨ ਨਾਲ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਪਰਵਾਰ, ਤ੍ਰੈ ਤ੍ਰੈ ਲੇਖਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਪਣਾ ਖੇਲ ਕਰੇ ਸਮਰਥ, ਬੇਅੰਤ ਵਡੀ ਵਡਿਆਈਆ । ਸਚਖੰਡ ਦੁਆਰੇ ਆਪੇ ਵਸ, ਥਿਰ ਘਰ ਸ਼ਬਦੀ ਸੁਤ ਬਹਾਈਆ । ਇਕ ਸੁਣਾਏ ਸਾਚਾ ਜਸ, ਨਾਉਂ ਨਿਰੰਕਾਰਾ ਆਪ ਪੜ੍ਹਾਈਆ । ਅੰਤਰ ਅੰਤਰ ਆਪੇ ਵਸ, ਮੇਲ ਮਿਲਾਏ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਧੁਰ ਫ਼ਰਮਾਣਾ ਏਕੰਕਾਰ, ਏਕਾ ਏਕ ਜਣਾਇੰਦਾ । ਥਿਰ ਘਰ ਸਾਚਾ ਖੋਲ੍ਹ ਦੁਆਰ, ਸ਼ਬਦੀ ਵੰਡ ਵੰਡਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਸਾਰ, ਨਿਰਗੁਣ ਨਿਰਗੁਣ ਬੰਧਨ ਪਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰ, ਰਜੋ ਤਮੋ ਸਤੋ ਸੰਗ ਨਿਭਾਇੰਦਾ । ਪੰਚਮ ਮੇਲਾ ਅਗੰਮ ਅਪਾਰ, ਰੂਪ ਅਨੂਪ ਆਪ ਵਟਾਇੰਦਾ । ਨਿਰਗੁਣ ਸਰਗੁਣ ਦਏ ਅਧਾਰ, ਏਕਾ ਬੰਧਨ ਪਾਇੰਦਾ । ਘਾੜਤ ਘੜੇ ਬਣ ਠਠਿਆਰ, ਲੱਖ ਚੁਰਾਸੀ ਜੀਵ ਪਰਗਟਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਕਰ ਪਸਾਰ, ਸਿਰ ਆਪਣਾ ਹੱਥ ਟਿਕਾਇੰਦਾ । ਆਤਮ ਪਰਮਾਤਮ ਦੇ ਅਧਾਰ, ਬ੍ਰਹਮ ਪਾਰਬ੍ਰਹਮ ਈਸ਼ ਜੀਵ ਖੋਲ੍ਹ ਕਿਵਾੜ, ਸਾਚੇ ਮੰਦਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਆਪਣੇ ਹੱਥ ਰਖਾਇੰਦਾ । ਸਾਚੀ ਵੰਡ ਸ੍ਰੀ ਭਗਵਾਨ, ਆਪਣੇ ਹੱਥ ਰਖਾਈਆ । ਸ਼ਬਦੀ ਸੁਤ ਵਡ ਬਲਵਾਨ, ਹਰਿ ਸਤਿਗੁਰ ਆਪ ਉਠਾਈਆ । ਧੁਰਦਰਗਾਹੀ ਇਕ ਨਿਸ਼ਾਨ, ਸਤਿ ਪੁਰਖ ਨਿਰੰਜਣ ਇਕ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਦਾਤਾ ਦਾਨੀ ਸਹਿਜ ਸੁਖਦਾਈਆ । ਤ੍ਰੈਗੁਣ ਮਾਇਆ ਕਰ ਪਰਧਾਨ, ਪੰਚਮ ਜੋੜਾ ਜੋੜ ਜੁੜਾਈਆ । ਨਿਰਗੁਣ ਸਰਗੁਣ ਵੇਖੇ ਆਣ, ਬੇਐਬ ਨਾਉਂ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਆਪਣਾ ਮਾਰਗ ਸ਼ਬਦੀ ਧਾਰ, ਗੁਰ ਸਤਿਗੁਰ ਆਪ ਲਗਾਇੰਦਾ । ਲੱਖ ਚੁਰਾਸੀ ਕਰ ਪਸਾਰ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਇੰਦਾ । ਆਤਮ ਪਰਮਾਤਮ ਭੇਵ ਨਿਆਰ, ਕਾਇਆ ਬੰਕ ਬੰਕ ਵਡਿਆਇੰਦਾ । ਘਰ ਵਿਚ ਘਰ ਕਰ ਤਿਆਰ, ਤ੍ਰੈਗੁਣ

੬੩੪ ੧੧

ਅਤੀਤਾ ਖੇਲ ਕਰਾਇੰਦਾ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਵੇਖ ਵਖਾਇੰਦਾ । ਠਾਂਡਾ ਸੀਤਾ ਅੰਮ੍ਰਿਤ ਝਿਰਨਾ ਝਿਰੇ ਅਪਾਰ, ਨਿਝਰ ਰਸ ਆਪ ਰਖਾਇੰਦਾ । ਸਾਚੀ ਸੇਜਾ ਕਰ ਤਿਆਰ, ਕੰਤ ਕੰਤੂਹਲ ਸੋਭਾ ਪਾਇੰਦਾ । ਆਪਣਾ ਨਾਉਂ ਨਾਦ ਧੁੰਨਕਾਰ, ਧੁੰਨ ਅਗੰਮੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰਾ, ਕਰਨਹਾਰ ਇਕ ਅਖਵਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਸਣ ਲਾਇੰਦਾ । ਪਾਰਬ੍ਰਹਮ ਬ੍ਰਹਮ ਦਏ ਅਧਾਰਾ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਸਰਗੁਣ ਸਰਗੁਣ ਇਕ ਸਹਾਰਾ, ਤੱਤਵ ਤੱਤ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਸੇਵਾ ਇਕ ਸਮਝਾਇੰਦਾ । ਸ਼ਬਦ ਗੁਰ ਉਠ ਬਲਵਾਨ, ਸੋ ਪੁਰਖ ਨਿਰੰਜਣ ਆਪ ਉਠਾਈਆ । ਤੇਰਾ ਮੇਰਾ ਇਕ ਵਿਧਾਨ, ਏਕਾ ਹੁਕਮ ਰਿਹਾ ਜਣਾਈਆ । ਦੋ ਜਹਾਨਾਂ ਵੇਖਣਾ ਮਾਰ ਧਿਆਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਤੇਰਾ ਨੈਣ ਖੁਲ੍ਹਾਈਆ । ਲੱਖ ਚੁਰਾਸੀ ਦੇਣਾ ਮਾਣ, ਮੇਰਾ ਨਾਉਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਸੁਤ ਉਠਾਈਆ । ਸ਼ਬਦੀ ਸੁਤ ਗਿਆ ਉਠ, ਆਪਣਾ ਬਲ ਰਖਾਇਆ । ਪਾਰਬ੍ਰਹਮ ਪ੍ਰਭ ਗਿਆ ਤੁਠ, ਸਿਰ ਮੇਰੇ ਹੱਥ ਟਿਕਾਇਆ । ਲੱਖ ਚੁਰਾਸੀ ਵੇਖਾਂ ਸੁਤ, ਜਨ ਜਨਨੀ ਗੋਦ ਸੁਹਾਇਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਭੇਵ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਲ ਆਪ ਧਰਾਇਆ । ਸਾਚਾ ਬਲ ਏਕੰਕਾਰ, ਸ਼ਬਦੀ ਸ਼ਬਦ ਵਿਚ ਸਮਾਈਆ । ਵਿਸ਼ਨ ਵਿਸ਼ਵ ਦੇਵੇ ਧਾਰ, ਬ੍ਰਹਮਾ ਬ੍ਰਹਮ ਕਰੇ ਪੜ੍ਹਾਈਆ । ਬਿਨ ਅਧਰ ਅੱਖਰ ਕਰ ਤਿਆਰ, ਤੁਆਰਫ਼ ਆਪਣੀ ਤਾਰੀਫ਼ ਸੁਣਾਈਆ । ਬ੍ਰਹਮਾ ਵੇਤਾ ਵੇਖੇ ਮੁਖ ਚਾਰ, ਚਾਰੇ ਵੇਦ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਆਪੇ ਰਿਹਾ ਪਾਈਆ । ਆਪਣੀ ਵੰਡ ਪੁਰਖ ਅਕਾਲਾ, ਏਕਾ ਏਕ ਰਖਾਇੰਦਾ । ਆਦਿ ਜੁਗਾਦੀ ਦੀਨ ਦਿਆਲਾ, ਭੇਵ ਅਭੇਦ ਖੁਲ੍ਹਾਇੰਦਾ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਦਰਗਹਿ ਸਾਚੀ ਆਸਣ ਲਾਇੰਦਾ । ਆਪਣੀ ਇਛਿਆ ਪਰਗਟਾਏ ਕਾਲ ਮਹਾਂਕਾਲਾ, ਆਪ ਆਪਣਾ ਰੰਗ ਵਖਾਇੰਦਾ । ਨਿਰਗੁਣ ਚਲੇ ਅਵੱਲੜੀ ਚਾਲਾ, ਸਰਗੁਣ ਆਪਣੇ ਮਾਰਗ ਲਾਇੰਦਾ । ਸ਼ਬਦ ਅਗੰਮੀ ਬਣ ਦਲਾਲਾ, ਲੱਖ ਚੁਰਾਸੀ ਦਲਾਲੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਾੜਨ ਆਪ ਘੜਾਇੰਦਾ । ਸਾਚਾ ਘਾੜਨ ਹਰਿ ਜੂ ਘੜ, ਆਪਣੀ ਦਇਆ ਕਮਾਈਆ । ਸਰਗੁਣ ਅੰਦਰ ਨਿਰਗੁਣ ਵੜ, ਆਪਣਾ ਮੁਖ ਛੁਪਾਈਆ । ਨਿਰਗੁਣ ਅੰਤਰ ਰਿਹਾ ਪੜ੍ਹ, ਆਪਣਾ ਰਾਗ ਸੁਣਾਈਆ । ਸਰਗੁਣ ਸਕੇ ਨਾ ਕੋਈ ਫੜ, ਨੇਤਰ ਨਜ਼ਰ ਕੋਇ ਨਾ ਆਈਆ । ਸਚ ਮਹੱਲੇ ਬੈਠਾ ਚੜ੍ਹ, ਸਚ ਸਿੰਘਾਸਣ ਸੋਭਾ ਪਾਈਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਖੇਲ ਕਰਾਈਆ । ਨਾ ਜਨਮੇ ਨਾ ਜਾਏ ਮਰ, ਜਨਮ ਮਰਨ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਪਰਮਾਤਮ ਆਪਣੀ ਵੰਡ ਵੰਡਾਈਆ । ਆਤਮ ਪਰਮਾਤਮ ਨਿਰਗੁਣ ਧਾਰਾ, ਧਾਰ ਧਾਰ ਵਿਚ ਪਰਗਟਾਇੰਦਾ । ਆਤਮ ਪਰਮਾਤਮ ਖੇਲ ਨਿਆਰਾ, ਨਿਰਗੁਣ ਨਿਰਵੈਰ ਆਪ ਕਰਾਇੰਦਾ । ਆਤਮ ਪਰਮਾਤਮ ਕਰ ਪਸਾਰਾ, ਪਰਮ ਪੁਰਖ ਵੇਖ ਵਖਾਇੰਦਾ । ਆਤਮ ਪਰਮਾਤਮ ਕਰ ਉਜਿਆਰਾ, ਜੋਤ ਨਿਰੰਜਣ ਡਗਮਗਾਇੰਦਾ । ਆਤਮ ਪਰਮਾਤਮ ਨਾਦੀ ਧਾਰਾ, ਨਾਦ ਅਨਾਦੀ ਆਪ ਸੁਣਾਇੰਦਾ । ਆਤਮ ਪਰਮਾਤਮ

੬੩੫
੧੧

ਦੇ ਸਹਾਰਾ, ਏਕੰਕਾਰਾ ਆਪਣਾ ਬੰਧਨ ਪਾਇੰਦਾ । ਆਤਮ ਪਰਮਾਤਮ ਕਰ ਵਣਜਾਰਾ, ਸਾਚਾ ਹੱਟ ਇਕ ਵਖਾਇੰਦਾ । ਆਤਮ ਪਰਮਾਤਮ ਵੇਖੇ ਅਖਾੜਾ, ਪੰਜ ਤੱਤ ਆਪਣਾ ਨਾਚ ਨਚਾਇੰਦਾ । ਆਤਮ ਪਰਮਾਤਮ ਬੰਦ ਕਰਾਏ ਅੰਦਰ ਬਹੱਤਰ ਨਾੜਾ, ਤਿੰਨ ਸੌ ਸੱਠ ਹਾਡੀ ਜੋੜ ਜੁੜਾਇੰਦਾ । ਆਤਮ ਪਰਮਾਤਮ ਰਕਤ ਬੂੰਦ ਕਰੇ ਉਰਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਤਮ ਪਰਮਾਤਮ ਖੇਲ ਅਵੱਲਾ, ਹਰਿ ਜੂ ਆਪ ਕਰਾਇਆ । ਆਤਮ ਪਰਮਾਤਮ ਫੜਕੇ ਪੱਲਾ, ਚਰਨੀ ਸੀਸ ਝੁਕਾਇਆ । ਤੁਧ ਬਿਨ ਹੋਏ ਰਹਾਂ ਝੱਲਾ, ਮੇਰੀ ਧੀਰ ਨਾ ਕੋਇ ਧਰਾਇਆ । ਮੈਨੂੰ ਰੱਖਿਆ ਡੂੰਘੀ ਡੱਲਾ, ਪੰਜ ਤੱਤ ਅੰਦਰ ਬੰਦ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਇਆ । ਦੇ ਮੰਗ ਮੇਰੇ ਭਗਵਾਨ, ਆਤਮਾ ਨੈਣਾਂ ਨੀਰ ਵਹਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਬੇਅੰਤ ਤੇਰੀ ਵਡਿਆਈਆ । ਹਉਂ ਬਾਲੀ ਬਾਲ ਨਾਦਾਨ, ਮੇਰੀ ਚਲੇ ਨਾ ਕੋਇ ਚਤੁਰਾਈਆ । ਤੁਧ ਬਿਨ ਸੁੰਞਾ ਦਿਸੇ ਮਕਾਨ, ਕਾਇਆ ਬੰਕ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਤੁਧ ਬਿਨ ਸਹਾਈ ਨਾ ਕੋਇ ਮੀਤਾ, ਸੰਗ ਨਜ਼ਰ ਕੋਇ ਨਾ ਆਇੰਦਾ । ਤੇਰੀ ਕੋਈ ਨਾ ਜਾਣੇ ਰੀਤਾ, ਭੇਵ ਕੋਇ ਨਾ ਪਾਇੰਦਾ । ਤੂੰ ਸਦਾ ਰਹੇਂ ਅਤੀਤਾ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਤੇਰਾ ਮੰਦਰ ਠਾਂਡਾ ਸੀਤਾ, ਅਗਨੀ ਤੱਤ ਨਾ ਕੋਇ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਵਿਛੋੜਾ ਝੱਲਿਆ ਨਾ ਜਾਇੰਦਾ । ਤੇਰਾ ਵਿਛੋੜਾ ਡੂੰਘਾ ਸਾਗਰ, ਭੇਵ ਕੋਇ ਨਾ ਆਇੰਦਾ । ਮੈਂ ਇਕ ਇਕੱਲਾ ਕੀ ਕਰਾਂ ਕਾਇਆ ਗਾਗਰ, ਤੁਧ ਬਿਨ ਕੰਮ ਕਿਸੇ ਨਾ ਆਇੰਦਾ । ਤੂੰ ਸਾਹਿਬ ਸੁਲਤਾਨ ਮਿਹਰਵਾਨ ਮੇਰਾ ਨੂਰ ਕਰ ਉਜਾਗਰ, ਤੁਧ ਬਿਨ ਨੂਰ ਨਾ ਕੋਇ ਚਮਕਾਇੰਦਾ । ਮੈਂ ਤੇਰੇ ਦਰ ਬਣਾਂ ਸੌਦਾਗਰ, ਹੱਟ ਤੇਰੇ ਫੇਰਾ ਪਾਇੰਦਾ । ਤੂੰ ਨਿਮਾਣੇ ਦੇਣਾ ਆਦਰ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਤੇਰਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਦੇਵੇ ਵਰ ਸ੍ਰੀ ਭਗਵਾਨਾ, ਆਪਣੀ ਦਇਆ ਕਮਾਈਆ । ਬ੍ਰਹਮ ਪਾਰਬ੍ਰਹਮ ਕਰੇ ਪਰਵਾਨਾ, ਨਾਮ ਪਰਵਾਨਾ ਹੱਥ ਫੜਾਈਆ । ਵੇਸ ਵਟਾਏ ਨੌਜਵਾਨਾ, ਨਵ ਨੌ ਆਪਣੀ ਧਾਰ ਚਲਾਈਆ । ਪੰਜ ਤੱਤ ਵਖਾਏ ਇਕ ਨਿਸ਼ਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਆਪਣਾ ਭੇਵ ਦੇਵੇ ਖੋਲ੍ਹ, ਆਦਿ ਪੁਰਖ ਅਬਿਨਾਸ਼ਾ । ਆਦਿ ਜੁਗਾਦਿ ਤੋਲੇ ਤੇਰਾ ਤੋਲ, ਲੱਖ ਚੁਰਾਸੀ ਅੰਤਰ ਵਸੇ ਪਾਸਾ । ਆਪਣਾ ਪੜਦਾ ਦੇਵੇ ਖੋਲ੍ਹ, ਮੰਡਲ ਸਾਚੇ ਪਾਵੇ ਰਾਸਾ, ਸ਼ਬਦੀ ਸ਼ਬਦ ਜਾਏ ਮੌਲ, ਤੇਰੀ ਪੂਰੀ ਕਰੇ ਆਸਾ । ਸਤਿ ਸਤਿਵਾਦੀ ਏਕਾ ਕਰੇ ਕੌਲ, ਵੇਲੇ ਅੰਤ ਨਾ ਹੋਏ ਨਿਰਾਸਾ । ਨਿਰਗੁਣ ਸਰਗੁਣ ਪਰਗਟੇ ਉਪਰ ਧੌਲ, ਪੰਜ ਤੱਤ ਕਰੇ ਵਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਦਿਲਾਸਾ । ਸਚ ਦਿਲਾਸਾ ਦੇ ਭਗਵਾਨ, ਆਪਣੀ ਦਇਆ ਕਮਾਈਆ । ਆਪਣਾ ਲੇਖਾ ਦੱਸੇ ਮਹਾਨ, ਲੇਖਾ ਲਿਖਣ ਵਿਚ ਨਾ ਆਈਆ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਕਰੇ ਪਰਵਾਨ, ਚਾਰੇ ਬਾਣੀ ਦਏ ਪੜ੍ਹਾਈਆ । ਚਾਰ ਕੁੰਟ ਝੁਲਾਏ ਨਿਸ਼ਾਨ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਈਆ । ਚਾਰ ਜੁਗ ਦਏ ਗਿਆਨ, ਚਾਰ ਵੇਦ ਰਾਗ ਅਲਾਈਆ ।


੯੩੬
੧੧

੯੩੭
੧੧

ਚਾਰ ਵਰਨ ਦੇਵੇ ਮਾਣ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਸਮਝਾਈਆ । ਧੁਰ ਦੀ ਧਾਰ ਏਕੰਕਾਰ, ਆਪਣੀ ਆਪ ਜਣਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਤੇਰਾ ਮੇਲ ਮਿਲਾਇੰਦਾ । ਬੋਧ ਅਗਾਧਾ ਨਾਮ ਜੈਕਾਰ, ਲੋਕਮਾਤ ਸੁਣਾਇੰਦਾ । ਘਰ ਘਰ ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਵੇਖ ਵਖਾਇੰਦਾ । ਔਖੀ ਘਾਟੀ ਦੇਵੇ ਚਾੜ੍ਹ, ਪਾਰ ਕਿਨਾਰਾ ਇਕ ਜਣਾਇੰਦਾ । ਨਾਉਂ ਰਖਾਏ ਗੁਰ ਅਵਤਾਰ, ਗੁਰ ਸ਼ਬਦੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪੇ ਲਾਹਿੰਦਾ । ਆਪਣਾ ਪੜਦਾ ਦੇਵੇ ਲਾਹ, ਪਾਰਬ੍ਰਹਮ ਵਡੀ ਵਡਿਆਈਆ । ਸ਼ਬਦੀ ਗੁਰ ਬਣ ਮਲਾਹ, ਲੱਖ ਚੁਰਾਸੀ ਬੇੜਾ ਲਏ ਤਰਾਈਆ । ਜੁਗ ਚੌਕੜੀ ਵੰਡ ਵੰਡਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾ, ਕੋਟਨ ਕੋਟ ਕਾਲ ਬਿਤਾਈਆ । ਵਿਸ਼ਨ ਬ੍ਰਹਮਾ ਸ਼ਿਵ ਲਏ ਪਰਗਟਾ, ਜੁਗ ਚੌਕੜੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਚੌਕੜ ਦਏ ਸਮਝਾਈਆ । ਅੰਤਮ ਚੌਕੜ ਆਏ ਮਾਤ, ਥਿਰ ਕੋਇ ਰਹਿਣ ਨਾ ਪਾਈਆ । ਨਿਰਗੁਣ ਸਰਗੁਣ ਦੇਵੇ ਦਾਤ, ਪੰਜ ਤੱਤ ਮਿਲੇ ਵਡਿਆਈਆ । ਗੁਰ ਅਵਤਾਰ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਨਾਮ ਜਣਾਏ ਪੂਜਾ ਪਾਠ, ਅੱਖਰ ਵੱਖਰ ਕਰ ਪੜ੍ਹਾਈਆ । ਜੁਗ ਜੁਗ ਚਲਾਏ ਆਪਣਾ ਰਾਥ, ਬਣ ਰਥਵਾਹੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਸਨਕ ਸਨੰਦਨ ਸੰਨਾਤਨ ਕੁਮਾਰਾ, ਪਹਿਲਾ ਰੂਪ ਵਟਾਈਆ । ਬਰਾਹ ਰੂਪ ਕਰ ਪਸਾਰਾ, ਦੂਜਾ ਨਾਉਂ ਧਰਾਈਆ । ਯਗੇ ਪੁਰਸ਼ ਹਰਿ ਖੇਲ ਨਿਆਰਾ, ਤੀਜੀ ਵੰਡ ਵੰਡਾਈਆ । ਚੌਥਾ ਖੇਲ ਕਰੇ ਨਿਆਰਾ, ਹਾਵ ਗ਼ਰੀਬ ਸੱਚੀ ਸਰਨਾਈਆ । ਪੰਚਮ ਨਰ ਨਰਾਇਣ ਕਰ ਪਸਾਰਾ, ਕਪਲ ਮੁਨ ਛੇਵਾਂ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡ ਆਪ ਵੰਡਾਈਆ । ਸਾਚੀ ਵੰਡ ਹਰਿ ਨਿਰੰਕਾਰ, ਆਪਣੀ ਆਪ ਵੰਡਾਇੰਦਾ । ਭੇਵ ਨਾ ਪਾਏ ਵੇਦ ਚਾਰ, ਭੇਵ ਅਭੇਦ ਆਪ ਜਣਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰ ਜੋਤੀ ਜਾਤਾ ਡਗਮਗਾਇੰਦਾ । ਲੇਖਾ ਜਾਣੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਚੁਕਾਇੰਦਾ । ਭੇਵ ਚੁਕਾਏ ਕਪਲ ਮੁਨ, ਮੁਨ ਮੁਨੀਸ਼ਰ ਭੇਵ ਨਾ ਰਾਈਆ । ਰਿਖਵ ਦੇਵ ਆਪੇ ਚੁਣ, ਆਪਣੀ ਬੂਝ ਬੁਝਾਈਆ । ਪਿਰਥੂ ਜਾਣੇ ਹਰਿ ਜੂ ਗੁਣ, ਮਸਤਕ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਛਪ ਦੇਵੇ ਮਾਣ ਵਡਿਆਈਆ । ਕਛਪ ਦੇਵੇ ਆਪਣਾ ਮਾਣ, ਧਨੰਤਰ ਮਾਣ ਦਿਵਾਇੰਦਾ । ਮੋਹਣੀ ਰੂਪ ਸ੍ਰੀ ਭਗਵਾਨ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਦ ਅਭੇਦਾ ਆਪ ਜਣਾਇੰਦਾ । ਭੇਵ ਅਭੇਦਾ ਅਗੰਮ ਅਥਾਹ, ਏਕਾ ਏਕ ਖੁਲ੍ਹਾਈਆ । ਅਛਲ ਅਛੇਦਾ ਸ਼ਹਿਨਸ਼ਾਹ, ਵਲ ਛਲ ਆਪਣੀ ਧਾਰ ਚਲਾਈਆ । ਬਾਵਨ ਰੂਪ ਆਪ ਵਟਾ, ਬਲ ਦੁਆਰੇ ਮੰਗਣ ਜਾਈਆ । ਹੰਸਾ ਖੇਲ ਕਰੇ ਵੇਸ ਵਟਾ, ਸੁਤ ਬ੍ਰਹਮਾ ਦਏ ਪੜ੍ਹਾਈਆ । ਨਰ ਸਿੰਘ ਮੇਲਾ ਸਹਿਜ ਸੁਭਾ, ਪ੍ਰਹਿਲਾਦ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰੀ ਨਰਾਇਣ ਰੂਪ ਵਟਾਈਆ । ਹਰੀ ਨਰਾਇਣ ਵੇਸ ਅਵੱਲਾ, ਹਰਿ ਜੂ

ਹਰਿ ਹਰਿ ਆਪ ਕਰਾਇੰਦਾ । ਸਤਿਜੁਗ ਫੜਾਇਆ ਆਪਣਾ ਪੱਲਾ, ਵਾਰ ਅਠਾਰਾਂ ਨੂਰ ਚਮਕਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਲੋਕਮਾਤ ਵੇਖ ਵਖਾਇੰਦਾ । ਤ੍ਰੇਤਾ ਫੜਾਏ ਆਪਣਾ ਪੱਲਾ, ਤ੍ਰੈਗੁਣ ਅਤੀਤਾ ਆਪਣਾ ਵੇਸ ਵਟਾਇੰਦਾ । ਧੁਰ ਸੰਦੇਸ ਏਕਾ ਘੱਲਾ, ਪਰਸਰਾਮ ਰਾਮ ਮਿਲਾਇੰਦਾ । ਰਘਪਤ ਰਘਨਾਥ ਲੇਖਾ ਜਾਣੇ ਦੋ ਜਹਾਨਾ, ਗੜ੍ਹ ਹੰਕਾਰੀ ਆਪ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਏ ਦੋਏ ਆਪਣੀ ਧਾਰ ਚਲਾਇੰਦਾ । ਦੋਏ ਦੋਏ ਰੂਪ ਅਠਾਰਾਂ ਦੋ ਬੀਸ, ਬੀਸ ਖੇਲ ਕਰਾਈਆ । ਤ੍ਰੇਤੇ ਮੁਕੀ ਤੇਰੀ ਹਦੀਸ, ਦੁਆਪਰ ਆਪਣਾ ਮਾਣ ਵਧਾਈਆ । ਵੇਦ ਵਿਆਸਾ ਪੀਸਣ ਗਿਆ ਪੀਸ, ਪੁਰਾਨ ਅਠਾਰਾਂ ਢੋਲਾ ਗਾਈਆ । ਨਾਰਦ ਮੁਨ ਝੁਕਾਏ ਸੀਸ, ਬ੍ਰਹਮਾ ਵੇਤਾ ਰਿਹਾ ਸਲਾਹੀਆ । ਸੁਰਸਤੀ ਮੰਗੇ ਇਕ ਅਸੀਸ, ਨਿਉਂ ਨਿਉਂ ਸੀਸ ਝੁਕਾਈਆ । ਕਰੇ ਖੇਲ ਆਪ ਜਗਦੀਸ, ਮੁਕੰਦ ਮਨੋਹਰ ਲੱਖਮੀ ਨਰਾਇਣ ਰੂਪ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੋਏ ਦੋਏ ਆਪਣਾ ਨੂਰ ਦਰਸਾਈਆ । ਦੋਏ ਦੋਏ ਰੂਪ ਕ੍ਰਿਸ਼ਨਾ ਕਾਹਨਾ, ਏਕਾ ਬੰਸਰੀ ਨਾਮ ਵਜਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਭਗਵਨ ਆਪਣੀ ਧਾਰ ਚਲਾਇੰਦਾ । ਏਕਾ ਮੰਤਰ ਸਚ ਗਿਆਨਾ, ਅਠ ਦਸ ਆਪ ਪੜ੍ਹਾਇੰਦਾ । ਏਕਾ ਤੀਰ ਸਚ ਨਿਸ਼ਾਨਾ, ਬਿਨ ਚਿੱਲੇ ਆਪ ਚਲਾਇੰਦਾ । ਰਥ ਰਥਵਾਹੀ ਖੇਲ ਮਹਾਨਾ, ਬਣ ਸੇਵਕ ਸੇਵ ਕਮਾਇੰਦਾ । ਜਨ ਭਗਤਾਂ ਦੇਵੇ ਮਾਣਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਦੁਆਪਰ ਮਿਟੇ ਅੰਤ ਨਿਸ਼ਾਨਾ, ਕਲਜੁਗ ਆਪਣਾ ਬਲ ਵਖਾਇੰਦਾ । ਕੂੜੋ ਕੂੜ ਹੋਇਆ ਪਰਧਾਨਾ, ਚਾਰੋਂ ਕੁੰਟ ਡੰਕ ਵਜਾਇੰਦਾ । ਧਰਮ ਸ਼ਰਮ ਮਿਟੇ ਨਿਸ਼ਾਨਾ, ਆਪਣਾ ਬਲ ਵਖਾਇੰਦਾ । ਚਾਰ ਵਰਨ ਦਏ ਅਭਿਮਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਸ ਅਵੱਲਾ ਆਪ ਕਰਾਇੰਦਾ । ਵੇਸ ਅਵੱਲਾ ਬੋਧਨ ਬੋਧ, ਗਿਆਨ ਗਿਆਨ ਨਾਲ ਮਿਲਾਈਆ । ਆਤਮ ਪਰਮਾਤਮ ਆਪੇ ਸੋਧ, ਭੇਵ ਅਭੇਦ ਖੁਲ੍ਹਾਈਆ । ਪੰਜ ਤੱਤ ਵਿਕਾਰਾ ਕਰਕੇ ਜੋਧ, ਏਕਾ ਨੂਰ ਦਏ ਦਰਸਾਈਆ । ਭੇਵ ਖੁਲ੍ਹਾਏ ਆਪਣਾ ਗੋਝ, ਦਵੈਤੀ ਪੜਦਾ ਆਪਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਈਆ । ਆਪਣਾ ਪੜਦਾ ਆਪੇ ਲਾਹ, ਹਰਿ ਜੂ ਖੇਲ ਕਰਾਇੰਦਾ । ਨੂਰੀ ਜਲਵਾ ਨੂਰ ਪਰਗਟਾ, ਨੂਰੋ ਨੂਰ ਨੂਰ ਪਰਗਟਾਇੰਦਾ । ਮੁਕਾਮੇ ਹੱਕ ਆਪ ਖ਼ੁਦਾ, ਆਪਣੀ ਇਛਿਆ ਆਪ ਧਰਾਇੰਦਾ । ਮੌਲਾ ਰੂਪ ਬਣ ਮਲਾਹ, ਬਿਸਮਲ ਆਪਣਾ ਖੇਲ ਕਰਾਇੰਦਾ । ਮੁਸੱਲਾ ਲਏ ਉਠਾ, ਕੋਹਤੂਰ ਜਲਵਾ ਆਪ ਜਣਾਇੰਦਾ । ਈਸਾ ਰੰਗ ਦਏ ਰੰਗਾ, ਪੂਰੀ ਆਸਾ ਆਪ ਕਰਾਇੰਦਾ । ਆਪਣਾ ਭੇਵ ਦਏ ਖੁਲ੍ਹਾ, ਨੂਰੀ ਨੂਰ ਨਜ਼ਰੀ ਆਇੰਦਾ । ਦੋਏ ਜੋੜ ਪਏ ਸਰਨਾ, ਪਿਤਾ ਪੂਤ ਖ਼ੁਸ਼ੀ ਮਨਾਇੰਦਾ । ਮੇਰੇ ਪਿਛੇ ਆਏ ਮੇਰਾ ਬੇਪਰਵਾਹ, ਲੋਕਮਾਤ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਆਪਣਾ ਰੰਗ ਨੂਰੀ ਅੱਲਾ, ਆਲਮੀਨ ਆਪ ਰੰਗਾਈਆ । ਨਿਰਗੁਣ ਸਰਗੁਣ ਫੜਾਏ ਆਪਣਾ ਪੱਲਾ, ਕਲਮਾ ਨਬੀ ਰਸੂਲ ਪੜ੍ਹਾਈਆ । ਖੇਲ ਕਰਾਏ ਇਕ ਅਵੱਲਾ, ਐਨਲਹਕ ਹੱਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਹੰਮਦ ਮੇਲਾ ਸਹਿਜ ਸੁਭਾਈਆ । ਮੁਹੰਮਦ ਮੇਲਾ ਪਰਵਰਦਿਗਾਰ, ਪਰਵਾਨਾ ਹੱਥ ਇਕ ਫੜਾਇੰਦਾ । ਧੁਰ ਸੰਦੇਸਾ ਸਾਚਾ ਯਾਰ, ਏਕਾ ਵਾਰ, ਜਣਾਇੰਦਾ । ਧੁਰ ਫ਼ਰਮਾਨਾ ਧੁਰ ਦੀ ਧਾਰ, ਧੁਰਦਰਗਾਹੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਆਪ ਆਪਣਾ ਰੰਗ ਰੰਗਾਇੰਦਾ । ਆਪਣਾ ਰੰਗ ਰੰਗੇ ਕਰਤਾਰਾ, ਭੇਵ ਅਭੇਦ ਜਣਾਇਆ । ਮੁਹੰਮਦ ਬਣੇ ਦਰ ਭਿਖਾਰਾ, ਨਿਉਂ ਨਿਉਂ ਸੀਸ ਝੁਕਾਇਆ । ਸਾਚਾ ਸਯਦਾ ਪਰਵਰਦਿਗਾਰਾ, ਦਰ ਬਰਦਾ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਇਆ । ਧੁਰ ਫ਼ਰਮਾਣਾ ਏਕਾ ਵਾਰ, ਪੁਰਖ ਅਕਾਲਾ ਆਪ ਸੁਣਾਈਆ । ਮੁਹੰਮਦ ਤੇਰੀ ਮੁਹੰਮਦੀ ਧਾਰ, ਚੌਦਾਂ ਚੌਦਾਂ ਦਏ ਵਡਿਆਈਆ । ਅੰਤਮ ਲੇਖਾ ਦਏ ਨਿਵਾਰ, ਥਿਰ ਕੋਇ ਰਹਿਣ ਨਾ ਪਾਈਆ । ਨਾਨਕ ਨਿਰਗੁਣ ਪਰਗਟੇ ਵਿਚ ਸੰਸਾਰ, ਪੰਜ ਤੱਤ ਕਾਇਆ ਚੋਲਾ ਲਏ ਹੰਢਾਈਆ । ਪੁਰਖ ਅਬਿਨਾਸ਼ੀ ਕਰੇ ਪਿਆਰ, ਸਚਖੰਡ ਦੁਆਰੇ ਲਏ ਬੁਲਾਈਆ । ਏਕਾ ਦੇਵੇ ਵਸਤ ਥਾਰ, ਨਾਮ ਸਤਿ ਝੋਲੀ ਪਾਈਆ । ਚਾਰ ਵਰਨ ਕਰੇ ਪਿਆਰ ਊਚ ਨੀਚ ਰਾਉ ਰੰਕ ਨਾ ਕੋਇ ਰਖਾਈਆ । ਸਾਚੀ ਸਿਖਿਆ ਵਿਚ ਸੰਸਾਰ, ਸਾਖਆਤ ਰੂਪ ਪਰਗਟਾਈਆ । ਅੰਤਮ ਬੋਲੇ ਇਕ ਜੈਕਾਰ, ਜੀਵ ਜੰਤ ਸੁਣਾਈਆ । ਮਹਾਂਬਲੀ ਉਤਰੇ ਆਪਣੀ ਵਾਰ, ਮਾਤ ਪਿਤਾ ਨਾ ਕੋਇ ਜਾਈਆ । ਨਿਹਕਲੰਕ ਜੋਧਾ ਸੂਰਾ ਬਲੀ ਬਲਕਾਰ, ਨਾਮ ਖੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਲਹਿਣਾ ਦਏ ਮੁਕਾਈਆ । ਏਕਾ ਜੋਤੀ ਦਸ ਅਵਤਾਰਾ, ਗੁਰ ਗੁਰ ਵੇਸ ਵਟਾਇੰਦਾ । ਪੁਰਖ ਅਕਾਲ ਵੇਖਣਹਾਰਾ, ਪੇਖ ਪੇਖ ਆਪਣੀ ਖ਼ੁਸ਼ੀ ਮਨਾਇੰਦਾ । ਸ਼ਬਦੀ ਸ਼ਬਦ ਸੁਤ ਦੁਲਾਰਾ, ਗੋਬਿੰਦ ਆਪ ਪਰਗਟਾਇੰਦਾ । ਲੋਕਮਾਤ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਇਸ਼ਟ ਅਗੰਮ ਅਪਾਰਾ, ਦੂਸਰ ਓਟ ਨਾ ਕੋਇ ਤਕਾਇੰਦਾ । ਉਚੀ ਕੂਕ ਬੋਲ ਜੈਕਾਰਾ, ਫਤਹਿ ਡੰਕਾ ਇਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਗੋਬਿੰਦ ਧਾਰ, ਪੁਰਖ ਨਿਰੰਜਣ ਆਪ ਕਰਾਈਆ । ਧੁਰ ਸੰਦੇਸਾ ਪਹਿਲੀ ਵਾਰ, ਲੋਕਮਾਤ ਸੁਣਾਈਆ । ਚੌਥੇ ਜੁਗ ਆਏ ਹਾਰ, ਚਾਰ ਯਾਰੀ ਰਹਿਣ ਨਾ ਪਾਈਆ । ਪੰਚਮ ਮੀਤਾ ਪੰਚ ਕਰੇ ਪਿਆਰ, ਪੰਚਮ ਸਾਚਾ ਢੋਲਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਗੁਰ ਮਾਣ ਵਡਿਆਈਆ । ਸ਼ਬਦੀ ਗੁਰ ਗੁਰ ਗੋਬਿੰਦ, ਸਿੰਘ ਆਪਣਾ ਰੂਪ ਵਟਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਆਪ ਅਖਵਾਇੰਦਾ । ਅੰਮ੍ਰਿਤ ਆਤਮ ਸਾਗਰ ਸਿੰਧ, ਭਰ ਪਿਆਲਾ ਜਾਮ ਪਿਆਇੰਦਾ । ਗੁਰਸਿਖ ਬਣਾਏ ਆਪਣੀ ਬਿੰਦ, ਮਾਤ ਪਿਤ ਆਪ ਹੋ ਜਾਇੰਦਾ । ਦੀਨ ਦਿਆਲ ਸਦਾ ਬਖ਼ਸ਼ੰਦ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਕਰੇ ਖੇਲ ਪੁਰਖ ਅਕਾਲਾ, ਗੋਬਿੰਦ ਧਾਰ ਚਲਾਈਆ । ਲੇਖਾ ਜਾਣੇ ਦੋ ਜਹਾਨਾਂ, ਅਨਭਵ ਭੇਵ ਚੁਕਾਈਆ । ਸਚ ਸੰਦੇਸਾ ਨਰ ਨਰੇਸਾ ਦੇਵੇ ਇਕ ਸੁਖਾਲਾ, ਮੁਹੱਬਤ ਆਪਣੀ ਆਪ ਜਣਾਈਆ । ਕਲਜੁਗ ਅੰਤਮ ਮਿਟੇ ਝੂਠ ਜੰਜਾਲਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਨੌਂ ਖੰਡ ਪ੍ਰਿਥਮੀ ਦੱਸੇ ਏਕਾ ਧਰਮਸਾਲਾ, ਸੱਤ ਦੀਪ ਏਕਾ ਗੁਰੂ ਇਸ਼ਟ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਖੋਲ੍ਹੇ ਕਰਤਾਰਾ, ਗੋਬਿੰਦ ਹਰਿ ਹਰਿ ਭੇਵ ਚੁਕਾਇੰਦਾ । ਗੁਰ ਗੋਬਿੰਦ ਬੋਲ ਜੈਕਾਰਾ, ਸਿੰਘ ਆਪਣੀ ਭਬਕ ਲਗਾਇੰਦਾ । ਪੁਰਖ ਅਕਾਲ ਇਕ ਬਲਕਾਰਾ, ਬਲ ਆਪਣਾ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਇਕ ਜਣਾਇੰਦਾ । ਆਪਣਾ ਖੇਲ ਸ੍ਰੀ ਭਗਵਾਨ, ਆਦਿ ਜੁਗਾਦਿ ਕਰਾਈਆ ।

ਗੁਰ ਗੋਬਿੰਦ ਦੱਸੇ ਸਚ ਨਿਸ਼ਾਨ, ਸ੍ਰਿਸ਼ਟ ਸਬਾਈ ਦਏ ਜਣਾਈਆ । ਕਲਜੁਗ ਅੰਤਮ ਆਏ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਈਆ । ਕਲਜੁਗ ਵੇਲਾ ਅੰਤਮ ਔਣਾ, ਗੁਰ ਗੋਬਿੰਦ ਆਖ ਸੁਣਾਇੰਦਾ । ਪੁਰਖ ਅਬਿਨਾਸ਼ੀ ਜਾਮਾ ਪੌਣਾ, ਰੂਪ ਅਨੂਪ ਵਟਾਇੰਦਾ । ਕਲ ਕਲਕੀ ਅਵਤਾਰ ਅਖਵੌਣਾ, ਨੌਂ ਖੰਡ ਪ੍ਰਿਥਮੀ ਵੇਖ ਵਖਾਇੰਦਾ । ਸੱਤਾਂ ਦੀਪਾਂ ਡੇਰਾ ਢਾਹੁਣਾ, ਦੋ ਜਹਾਨਾਂ ਚਰਨਾਂ ਹੇਠ ਦਬਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵਕਤ ਚੁਕੌਣਾ, ਕਰੋੜ ਤੇਤੀਸਾ ਸੁਰਪਤ ਇੰਦ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਸ ਵਟਾਇੰਦਾ । ਕਲਜੁਗ ਅੰਤਮ ਆਏ ਜਗ, ਹਰਿ ਜਾਗਰਤ ਜੋਤ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਤਪੇ ਅੱਗ, ਤ੍ਰੈਗੁਣ ਅਗਨੀ ਤੱਤ ਜਲਾਈਆ । ਕੋਈ ਨਾ ਕਰੇ ਸਾਚਾ ਹੱਜ, ਕਾਇਆ ਕਾਅਬਾ ਨਜ਼ਰ ਕਿਸੇ ਨਾ ਆਈਆ । ਗੁਰ ਚਰਨ ਦੁਆਰ ਬਹੇ ਨਾ ਕੋਈ ਸਜ, ਭਰਮੇ ਭੁੱਲੀ ਸਰਬ ਲੋਕਾਈਆ । ਆਤਮ ਰਸ ਨਾ ਹੋਏ ਕੋਈ ਮਦਿ, ਨਾਮ ਰਸ ਨਾ ਕੋਇ ਚਖਾਈਆ । ਆਪਣਾ ਪੜਦਾ ਨਾ ਸਕੇ ਕੋਈ ਕੱਜ, ਬੇਪੜਦ ਫਿਰੇ ਲੋਕਾਈਆ । ਪੁਰਖ ਅਬਿਨਾਸ਼ੀ ਦੀਨ ਦਿਆਲਾ ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਸਕੇ ਕੋਈ ਨਾ ਲੱਭ, ਗੁਰ ਗੋਬਿੰਦ ਗਿਆ ਸਮਝਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪਣਾ ਇਸ਼ਟ ਜਾਣ ਛੱਡ, ਦ੍ਰਿਸ਼ਟ ਸਕੇ ਨਾ ਕੋਇ ਖੁਲ੍ਹਾਈਆ । ਬਿਨ ਹਰਿ ਨਾਮੇ ਖਾਲੀ ਹੋਵਣ ਹੱਡ, ਪੰਜ ਤੱਤ ਕਾਇਆ ਕੰਮ ਕਿਸੇ ਨਾ ਆਈਆ । ਪਰਗਟ ਹੋਏ ਪੁਰਖ ਸਮਰਥ, ਨਿਹਕਲੰਕਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਫੇਰਾ ਪਾਈਆ । ਕਲਜੁਗ ਆਰਯੂ ਲੱਖ ਚਾਰ ਬੱਤੀ ਹਜ਼ਾਰ, ਵੇਦ ਪੁਰਾਨ ਰਹੇ ਗਾਈਆ । ਗੋਬਿੰਦ ਲਿਖ ਲਿਖ ਲੇਖਾ ਗਿਆ ਨਿਵਾਰ, ਕਲਜੁਗ ਕਰਮ ਨਾਲ ਮਿਲਾਈਆ । ਭਰਮ ਭੁਲੇਖੇ ਜੀਵ ਗਵਾਰ, ਭਰਮ ਗੜ੍ਹ ਨਾ ਕੋਇ ਤੁੜਾਈਆ । ਅੰਤਮ ਆਇਆ ਕਲ ਕਲਕੀ ਅਵਤਾਰ, ਨਿਹਕਲੰਕ ਨਾਉਂ ਰਖਾਈਆ । ਸ਼ਬਦ ਡੰਕਾ ਵੱਜਾਏ ਵਿਚ ਸੰਸਾਰ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਸਾਚਾ ਖੰਡਾ ਤੇਜ਼ ਕਟਾਰ, ਬ੍ਰਹਿਮੰਡਾਂ ਰਿਹਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਆਪਣਾ ਖੇਲ ਕਰੇ ਨਿਰੰਕਾਰ, ਦੂਸਰ ਓਟ ਨਾ ਕੋਇ ਰਖਾਈਆ । ਜੁਗ ਚੌਕੜੀ ਕਰੇ ਪਾਰ, ਲੋਕਮਾਤ ਰਹਿਣ ਨਾ ਪਾਈਆ । ਕਲਜੁਗ ਮੇਟੇ ਧੂੰਆਂਧਾਰ, ਰੈਣ ਅੰਧੇਰੀ ਦਏ ਮਿਟਾਈਆ । ਲਹਿਣਾ ਦੇਣਾ ਮੁਕਾਏ ਤੇਈ ਅਵਤਾਰ, ਭਗਤ ਅਠਾਰਾਂ ਨਾਲ ਮਿਲਾਈਆ । ਗੁਰ ਦਸ ਬੋਲ ਜੈਕਾਰ, ਜੈ ਜੈਕਾਰ ਰਹੇ ਸੁਣਾਈਆ । ਵਾਹ ਵਾ ਤੇਰੀ ਕੁਦਰਤ ਪਰਵਰਦਿਗਾਰ, ਈਸਾ ਮੂਸਾ ਮੁਹੰਮਦ ਸੀਸ ਝੁਕਾਈਆ । ਸਦੀ ਚੌਧਵੀਂ ਆਈ ਹਾਰ, ਚੌਦਾਂ ਤਬਕ ਦੇਣ ਦੁਹਾਈਆ । ਅੱਲਾ ਰਾਣੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਨਾਤਾ ਛੁਟੇ ਅੰਤ ਸੰਸਾਰ, ਅੰਤ ਕੰਮ ਕਿਸੇ ਨਾ ਆਈਆ । ਪਰਗਟ ਹੋਇਆ ਇਕ ਪਰਵਰਦਿਗਾਰ, ਜਿਸ ਦਾ ਕਲਮਾ ਰਹੇ ਗਾਈਆ । ਅਮਾਮ ਅਮਾਮਾ ਸਿਰ ਸਿਕਦਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਲਾਏ ਇਕ ਦਰਬਾਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਪਹਿਲੀ ਚੇਤ ਦਿਵਸ ਵਿਚਾਰ, ਸਾਚਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਤਾ ਇਕ ਰਘੁਰਾਈਆ । ਨਿਹਕਲੰਕ ਏਕਾ ਏਕ, ਆਦਿ ਜੁਗਾਦਿ ਸਮਾਇੰਦਾ । ਕਲਜੁਗ ਅੰਤਮ ਧਾਰੇ ਭੇਖ, ਰੂਪ ਰੰਗ ਰੇਖ ਨਾ ਕੋਇ

ਰਖਾਇੰਦਾ । ਮੁਛ ਦਾੜ੍ਹੀ ਨਾ ਕੋਇ ਕੇਸ, ਮੂੰਡ ਮੁੰਡਾਇਆ ਭੇਵ ਛੁਪਾਇੰਦਾ । ਪੂਰਾ ਲੇਖਾ ਕਰੇ ਦਸ ਦਸਮੇਸ, ਨਾਨਕ ਲੇਖਾ ਨਾ ਕੋਇ ਮਿਟਾਇੰਦਾ । ਲਹਿਣਾ ਦੇਣਾ ਚੁਕਾਏ ਮੁੱਲਾਂ ਸ਼ੇਖ਼, ਪੀਰ ਦਸਤਗੀਰ ਨਜ਼ਰ ਕੋਇ ਨਾ ਆਇੰਦਾ । ਜਨ ਭਗਤਾਂ ਕਰੇ ਸੱਚਾ ਹੇਤ, ਗੁਰਸਿਖ ਸੱਜਣ ਆਪ ਮਿਲਾਇੰਦਾ । ਲੱਖ ਚੁਰਾਸੀ ਝੂਜੇ ਕਲਜੁਗ ਖੇਤ, ਬਚਿਆ ਕੋਇ ਰਹਿਣ ਨਾ ਪਾਇੰਦਾ । ਕਲਜੁਗ ਅਗਨੀ ਤਪੇ ਬਾਲੂ ਰੇਤ, ਸਤਿਗੁਰ ਅਰਜਨ ਗੁਰ ਗੁਰ ਬਾਣੀ ਬਾਣ ਲਗਾਇੰਦਾ । ਕਲਜੁਗ ਜੀਵ ਵੇਖਣ ਖੇਡ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਹਰਿ ਅਖਵਾਇੰਦਾ । ਨਿਹਕਲੰਕ ਸ੍ਰੀ ਭਗਵਾਨਾ, ਕਲਜੁਗ ਅੰਤਮ ਵੇਸ ਵਟਾਈਆ । ਵਸਣਹਾਰਾ ਧਾਮ ਮਕਾਨਾ, ਸੰਬਲ ਬੈਠਾ ਆਸਣ ਲਾਈਆ । ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਆਪਣਾ ਆਪ ਪਰਗਟਾਈਆ । ਤਖ਼ਤੋਂ ਲਾਹੇ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਈਆ । ਨੌਂ ਖੰਡ ਪ੍ਰਿਥਮੀ ਸੁਣਾਏ ਏਕਾ ਗਾਣਾ, ਪੁਰਖ ਅਕਾਲ ਕਰੇ ਪੜ੍ਹਾਈਆ । ਏਕਾ ਮਰਦ ਇਕ ਮਰਦਾਨਾ, ਸਚ ਮਰਦਾਨਗੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਾਉਂ ਧਰਾਈਆ । ਨਿਹਕਲੰਕ ਨਾਉਂ ਰੱਖ, ਹਰਿ ਆਪਣਾ ਖੇਲ ਕਰਾਇੰਦਾ । ਸਤਿਜੁਗ ਸਾਚਾ ਮਾਰਗ ਦੱਸ, ਪਿਛਲਾ ਮੂਲ ਚੁਕਾਇੰਦਾ । ਸੰਤ ਸੁਹੇਲੇ ਲਏ ਰੱਖ, ਗੁਰ ਚੇਲੇ ਮੇਲ ਮਿਲਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਭਾਂਡਾ ਭਰਮ ਭੌ ਭੰਨਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਫੇਰਾ ਪਾਇੰਦਾ । ਕਲਜੁਗ ਅੰਤਮ ਫੇਰਾ ਪਾ, ਪਾਰਬ੍ਰਹਮ ਪ੍ਰਭ ਵੇਖ ਵਖਾਈਆ । ਗੁਰ ਗੋਬਿੰਦ ਸੂਰੇ ਚੜ੍ਹੇ ਚਾਅ, ਘਰ ਆਪਣੇ ਖ਼ੁਸ਼ੀ ਮਨਾਈਆ । ਚਾਰ ਜੁਗ ਦਾ ਲਹਿਣਾ ਦਏ ਚੁਕਾ, ਬਾਕੀ ਕੋਇ ਰਹਿਣ ਨਾ ਪਾਈਆ । ਸ੍ਰਿਸ਼ਟ ਸਬਾਈ ਦਏ ਇਕ ਸਲਾਹ, ਪੁਰਖ ਅਕਾਲ ਇਸ਼ਟ ਵਖਾਈਆ । ਗੁਰੂ ਸ਼ਬਦ ਦਏ ਪਨਾਹ, ਪੰਜ ਤੱਤ ਨਾ ਕੋਇ ਵਡਿਆਈਆ । ਹਿੰਦੂ ਮੁਸਲਮ ਸਿੱਖ ਈਸਾਈ ਏਕਾ ਕਲਮਾ ਦਏ ਪੜ੍ਹਾ, ਏਕਾ ਨਾਉਂ ਕਰੇ ਰੁਸ਼ਨਾਈਆ । ਖੜਗ ਖੰਡਾ ਵਿਚ ਬ੍ਰਹਿਮੰਡਾਂ ਦਏ ਚਮਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਅਪਰੰਪਰ ਆਪ ਕਰਾਇੰਦਾ । ਕਲਜੁਗ ਅੰਤਮ ਲਏ ਅਵਤਾਰਾ, ਨਿਰਗੁਣ ਨਿਰਗੁਣ ਵੇਸ ਵਟਾਇੰਦਾ । ਸ਼ਬਦ ਅਗੰਮੀ ਇਕ ਜੈਕਾਰਾ, ਦੋ ਜਹਾਨਾਂ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਪਾਰ ਕਿਨਾਰਾ, ਜੋਤੀ ਜੋਤ ਮੇਲ ਮਿਲਾਇੰਦਾ । ਗੁਰਮੁਖ ਸਾਚੇ ਦੇ ਸਹਾਰਾ, ਤਖ਼ਤ ਨਿਵਾਸੀ ਤਖ਼ਤ ਬਹਾਇੰਦਾ । ਵੇਖੇ ਵਿਗਸੇ ਵੇਖਣਹਾਰਾ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਪੁਰਖ ਅਕਾਲਾ, ਚਲੇ ਚਲਾਏ ਅਵੱਲੜੀ ਚਾਲਾ, ਭੇਵ ਕੋਇ ਨਾ ਪਾਇੰਦਾ । ਭੇਵ ਨਾ ਪਾਏ ਕੋਈ ਜੀਵ, ਜਗਤ ਪੜਦਾ ਨਾ ਕੋਇ ਉਠਾਈਆ । ਅੰਤਮ ਸਭ ਦਾ ਲਹਿਣਾ ਮੁਕਣਾ ਸਾਢੇ ਤਿੰਨ ਤਿੰਨ ਹੱਥ ਸੀਂਵ, ਦੂਸਰ ਵੰਡ ਨਾ ਕੋਇ ਰਖਾਈਆ । ਸੀਸ ਬਹਾ ਬੰਨ੍ਹੇ ਨੀਂਵ, ਗੋਬਿੰਦ ਬਾਲੇ ਛੋਟੇ ਨੀਹਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਖੇਲ ਕਰਾਈਆ । ਨੀਹਾਂ ਹੇਠ ਛੋਟੇ ਬਾਲ, ਗੋਬਿੰਦ ਸੇਵ ਲਗਾਈਆ । ਗੁਰ ਗੋਬਿੰਦ ਆਪਣਾ ਦੇ ਕੇ ਗਿਆ ਇਕਬਾਲ, ਅੰਤਮ ਆਵੇ ਸੱਚਾ ਮਾਹੀਆ । ਕਾਲ ਮਹਾਂਕਾਲ ਰੱਖੇ ਨਾਲ ਨਾਲ, ਆਪਣੇ ਚਰਨਾਂ ਸੇਵ ਲਗਾਈਆ । ਜਨ ਭਗਤਾਂ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ

ਕਮਾਈਆ । ਤ੍ਰੈਗੁਣ ਮਾਇਆ ਤੋੜ ਜ਼ੰਜਾਲ, ਜੀਵਣ ਜੁਗਤ ਇਕ ਸਮਝਾਈਆ । ਸ੍ਰਿਸ਼ਟ ਸਬਾਈ ਮਾਰਗ ਦਏ ਵਖਾਲ, ਵਰਨ ਬਰਨ ਰਹਿਣ ਕੋਇ ਨਾ ਪਾਈਆ । ਇਕੋ ਪੂਜਾ ਰਹੇ ਅਕਾਲ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਬਣ ਪਾਂਧੀ ਪੰਧ ਮੁਕਾਈਆ । ਕਲਜੁਗ ਅੰਤਮ ਹਰਿ ਅਵਤਾਰਾ, ਅਵਰ ਅਵਰ ਨਾ ਕੋਇ ਜਣਾਇੰਦਾ । ਡੂੰਘੀ ਭਵਰੀ ਜਗਤ ਸਾਗਰ ਵੇਖੇ ਗਾਰਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਨਜ਼ਰ ਨਾ ਆਏ ਵਿਚ ਸੰਸਾਰਾ, ਬੇਨਜ਼ੀਰ ਆਪਣੀ ਨਜ਼ਰ ਛੁਪਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਗੁਰਮੁਖ ਵਿਰਲਾ ਬੂਝੇ ਕਰ ਵਿਚਾਰਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੁਰਖ ਅਬਿਨਾਸ਼ੀ ਇਕ ਅਖਵਾਇੰਦਾ । ਨਿਹਕਲੰਕ ਪੁਰਖ ਅਬਿਨਾਸ਼, ਪੰਜ ਤੱਤ ਨਾ ਕੋਇ ਰਖਾਈਆ । ਨਿਹਕਲੰਕ ਹਰਿ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਹਕਲੰਕ ਹਰਿ ਸਰਬ ਗੁਣਤਾਸ, ਗੁਣਵੰਤਾ ਵਡ ਵਡਿਆਈਆ । ਨਿਹਕਲੰਕ ਹਰਿ ਆਦਿ ਜੁਗਾਦਿ ਆਪਣੀ ਪੂਰੀ ਕਰੇ ਆਪੇ ਆਸ, ਨਿਰਾਸਾ ਰੂਪ ਨਾ ਕੋਇ ਵਟਾਈਆ । ਨਿਹਕਲੰਕ ਹਰਿ ਲਹਿਣਾ ਦੇਣਾ ਚੁਕਾਏ ਪ੍ਰਿਥਮੀ ਅਕਾਸ਼, ਗਗਨ ਮੰਡਲ ਪੰਧ ਮੁਕਾਈਆ । ਨਿਹਕਲੰਕ ਹਰਿ ਦੋ ਜਹਾਨਾਂ ਪਾਵੇ ਆਪਣੀ ਰਾਸ, ਲੱਖ ਚੁਰਾਸੀ ਗੋਪੀ ਕਾਹਨ ਨਚਾਈਆ । ਨਿਹਕਲੰਕ ਹਰਿ ਨਿਰਗੁਣ ਹਰਿ ਨਿਰਵੈਰ ਪੁਰਖ ਅਕਾਲ ਜਨ ਭਗਤਾਂ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਗੁਰਮੁਖ ਤੇਰੀ ਪੂਰੀ ਕਰੇ ਆਸ, ਮੇਲ ਮਿਲਾਵਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬਿਨ ਪਵਣ ਸਵਾਸ ਆਪਣੀ ਧਾਰ ਚਲਾਈਆ । ਪਵਣ ਸਵਾਸ ਨਾ ਕੋਇ ਪਾਣੀ, ਅਗਨੀ ਤੱਤ ਨਾ ਕੋਇ ਰਖਾਇੰਦਾ । ਸ਼ਬਦ ਗੁਰ ਗੁਰ ਬਲਵਾਨੀ, ਬਲ ਆਪਣਾ ਆਪ ਧਰਾਇੰਦਾ । ਗੋਬਿੰਦ ਗੁਰ ਇਕ ਨਿਸ਼ਾਨੀ, ਸਚ ਨਿਸ਼ਾਨਾ ਇਕ ਵਖਾਇੰਦਾ । ਕਰੇ ਖੇਲ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸੱਚਾ ਸੁਲਤਾਨੀ, ਲੋਕਮਾਤ ਵੇਸ ਵਟਾਇੰਦਾ । ਅਗਲੀ ਗਾਏ ਅਕਥ ਕਹਾਣੀ, ਚਾਰ ਵਰਨਾਂ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਪੰਧ ਮੁਕਾਇੰਦਾ । ਕਲਜੁਗ ਅੰਤਮ ਮੁਕਣਾ ਪੰਧ, ਹਰਿ ਪਾਂਧੀ ਆਪ ਮੁਕਾਈਆ । ਨੌਂ ਖੰਡ ਪ੍ਰਿਥਮੀ ਹੋਏ ਖੰਡ ਖੰਡ, ਗੋਬਿੰਦ ਖੰਡਾਂ ਇਕ ਚਮਕਾਈਆ । ਲੱਖ ਚੁਰਾਸੀ ਹੋਏ ਰੰਡ, ਆਤਮ ਪਰਮਾਤਮ ਨਾ ਕੋਇ ਹੰਢਾਈਆ । ਕਿਸੇ ਹੱਥ ਨਾ ਆਏ ਨਿਜਾਨੰਦ, ਨਿਜ ਘਰ ਮਿਲੇ ਨਾ ਸੱਚਾ ਮਾਹੀਆ । ਰਸਨਾ ਖਾ ਖਾ ਥੱਕੀ ਗੰਦ, ਜੂਠ ਝੂਠ ਰੰਗ ਵਖਾਈਆ । ਮਾਇਆ ਮਮਤਾ ਹਉਮੇ ਹੰਗਤਾ ਝੂਠੀ ਕੰਧ, ਭਾਂਡਾ ਭਰਮ ਨਾ ਕੋਇ ਭੰਨਾਈਆ । ਫਿਰੇ ਦੁਹਾਈ ਵਿਚ ਵਰਭੰਡ, ਬ੍ਰਹਿਮੰਡ ਰਹੇ ਕੁਰਲਾਈਆ । ਨਾਤਾ ਤੁਟੇ ਜੇਰਜ ਅੰਡ, ਸਗਲਾ ਮੇਲ ਨਾ ਕੋਇ ਮਿਲਾਈਆ । ਝੂਠੀ ਕਿਰਿਆ ਮਿਟੇ ਪਖੰਡ, ਸਚ ਸੁੱਚ ਲਏ ਪਰਗਟਾਈਆ । ਕਰੇ ਪਰਕਾਸ਼ ਸਾਚਾ ਚੰਦ, ਚੰਦ ਚਾਂਦਨੀ ਆਪ ਰੁਸ਼ਨਾਈਆ । ਸਰਬ ਜੀਆਂ ਦਾ ਇਕੋ ਛੰਦ, ਏਕਾ ਗੀਤ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਡੇਰਾ ਦੇਵੇ ਢਾਹੀਆ । ਕਲਜੁਗ ਡੇਰਾ ਜਾਏ ਢੱਠ, ਸਤਿਗੁਰ ਪੂਰਾ ਆਪੇ ਢਾਹਿੰਦਾ । ਨਾ ਕੋਈ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਕੋਇ ਨਾ ਪਾਇੰਦਾ । ਨਾ ਕੋਈ ਸ਼ਿਵਦਵਾਲਾ ਦਿਸੇ

੯੪੨
੧੧

ਮੱਠ, ਮੰਦਰ ਮਸਜਦ ਨਾ ਕੋਇ ਵਡਿਆਇੰਦਾ । ਪਰਗਟ ਹੋਏ ਇਕ ਪੁਰਖ ਸਮਰਥ, ਸਮਰਥ ਆਪਣੀ ਖੇਲ ਕਰਾਇੰਦਾ । ਲੱਖ ਚੁਰਾਸੀ ਪਾਏ ਨੱਥ, ਚਾਰੋਂ ਕੁੰਟ ਆਪ ਭੁਵਾਇੰਦਾ । ਲਹਿਣਾ ਦੇਣਾ ਹੱਥੋਂ ਹੱਥ, ਬੀਸ ਬੀਸਾ ਆਪ ਚੁਕਾਇੰਦਾ । ਵਸਣਹਾਰਾ ਘਟ ਘਟ, ਭੇਵ ਅਭੇਦਾ ਆਪ ਜਣਾਇੰਦਾ । ਜਨ ਭਗਤਾਂ ਮਾਰੇ ਇਕੋ ਸੱਟ, ਨਾਮ ਖੰਡਾ ਹੱਥ ਉਠਾਇੰਦਾ । ਦੂਈ ਦਵੈਤੀ ਮੇਟੇ ਫੱਟ, ਬਜਰ ਕਪਾਟੀ ਪੜਦਾ ਲਾਹਿੰਦਾ । ਘਰ ਵਖਾਏ ਚੌਦਾਂ ਹੱਟ, ਲੋਕ ਪਰਲੋਕ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਿਰਿਆ ਆਪ ਖਪਾਇੰਦਾ । ਕਲਜੁਗ ਕਿਰਿਆ ਜਾਏ ਮੁੱਕ, ਜੂਠ ਝੂਠ ਰਹਿਣ ਨਾ ਪਾਈਆ । ਮਨਮੁਖਤਾ ਬੂਟਾ ਜਾਏ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ਬਦ ਗੁਰ ਸੂਰਬੀਰ ਜਾਏ ਉਠ, ਏਕਾ ਚਿੱਲਾ ਨਾਮ ਚੜ੍ਹਾਈਆ । ਸਭ ਦੀ ਜੜ੍ਹ ਦੇਵੇ ਪੁੱਟ, ਨਾ ਕੋਈ ਸਕੇ ਮਾਤ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣਾ ਫੇਰਾ ਪਾਈਆ । ਆਪਣਾ ਫੇਰਾ ਪਾਏ ਹਰਿ ਹਰਿ, ਭੇਵ ਕੋਇ ਨਾ ਪਾਇੰਦਾ । ਲੱਖ ਚੁਰਾਸੀ ਵੇਖੇ ਘਰ ਘਰ, ਡੂੰਘੀ ਕੰਦਰ ਵੇਸ ਵਟਾਇੰਦਾ । ਸੰਤ ਸੁਹੇਲੇ ਆਪੇ ਫੜ ਫੜ, ਗੁਰ ਚੇਲੇ ਨਾਲ ਮਿਲਾਇੰਦਾ । ਲਹਿਣਾ ਚੁਕਾਏ ਸੀਸ ਧੜ ਧੜ, ਧਰਨੀ ਧਰਤ ਧਵਲ ਵਡਿਆਇੰਦਾ । ਦਰਸ ਦਿਖਾਏ ਅੱਗੇ ਖੜ ਖੜ, ਸਵੱਛ ਸਰੂਪੀ ਨਜ਼ਰੀ ਆਇੰਦਾ । ਵੇਖੇ ਖੇਲ ਜਨਮੇ ਮਰ ਮਰ, ਮਰਨ ਜਨਮ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਚਾਰ ਜੁਗ ਦੀ ਕੀਤੀ ਆਪ ਉਲਟਾਇੰਦਾ । ਚਾਰ ਯੁਗ ਦਾ ਉਲਟਾ ਗੇੜਾ, ਚੌਥੇ ਜੁਗ ਰਖਾਈਆ । ਚਾਰ ਵਰਨ ਦਾ ਚੁੱਕੇ ਝੇੜਾ, ਚਾਰ ਯਾਰੀ ਰਹਿਣ ਨਾ ਪਾਈਆ । ਚਾਰ ਵੇਦ ਹੋਏ ਨਿਬੇੜਾ, ਚਾਰੇ ਬਾਣੀ ਦਏ ਗਵਾਹੀਆ । ਧਰਤ ਮਾਤ ਦਾ ਖੁਲ੍ਹਾ ਵੇਹੜਾ, ਪੁਰਖ ਅਬਿਨਾਸ਼ੀ ਆਪ ਕਰਾਈਆ । ਜਨ ਭਗਤਾਂ ਬੰਨ੍ਹੇ ਹਰਿ ਜੂ ਬੇੜਾ, ਬਿਨ ਚੱਪੂ ਮਾਤ ਚਲਾਈਆ । ਅੰਤ ਵੇਲਾ ਆ ਗਿਆ ਨੇੜਾ, ਬੀਸ ਬੀਸਾ ਰਾਹ ਤਕਾਈਆ । ਪੁਰਖ ਅਕਾਲ ਨਾ ਲਾਏ ਦੇਰਾ, ਦੂਰ ਦੁਰਾਡਾ ਪੰਧ ਨਾ ਕੋਇ ਰਖਾਈਆ । ਗੁਰਸਿਖ ਵੇਖੋ ਕਰਕੇ ਜੇਰਾ, ਨਿਹਕਲੰਕ ਕਵਣ ਖੇਲ ਵਖਾਈਆ । ਬਿਨ ਹਥਿਆਰੋਂ ਬਿਨ ਹੱਥਾਂ ਭੇੜ ਭੇੜਾ, ਸ਼ਾਹ ਸੁਲਤਾਨਾ ਦੇਵੇ ਖ਼ਾਕ ਮਿਲਾਈਆ । ਹਰਿ ਕਾ ਭੇਵ ਜਾਣੇ ਕੇਹੜਾ, ਬਿਨ ਨਾਨਕ ਗੋਬਿੰਦ ਸਮਝ ਕਿਸੇ ਨਾ ਆਈਆ । ਨਾਨਕ ਸਤਿਗੁਰ ਗੁਰ ਗੋਬਿੰਦ ਕਹੇ ਪੁਰਖ ਅਕਾਲ ਤੂੰ ਮੇਰਾ ਮੈਂ ਤੇਰਾ, ਸੋਹੰ ਢੋਲਾ ਗਾਈਆ । ਅੰਤ ਵਿਚੋਲਾ ਬਣ ਕੇ ਪਾਏ ਫੇਰਾ, ਏਥੇ ਓਥੇ ਦੋ ਜਹਾਨ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਪੁਰਖ ਇਕ ਅਖਵਾਈਆ । ਬੁੱਢਾ ਨੱਢਾ ਨਾ ਜਵਾਨ, ਜਗਤ ਜਵਾਨੀ ਨਾ ਕੋਇ ਹੰਢਾਈਆ । ਪੰਜ ਤੱਤ ਅੰਤਰ ਹੋ ਗ਼ਲਤਾਨ, ਗਤ ਮਿਤ ਆਪਣੀ ਮੂਲ ਨਾ ਪਾਈਆ । ਦਰ ਦਰ ਮੰਗਦਾ ਰਿਹਾ ਦਾਨ, ਬਣ ਭਿਖਾਰੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦਏ ਸਮਝਾਈਆ । ਪੂਰਬ ਲੇਖੇ ਲੇਖੇ ਲੱਗੀ ਨਾ ਬੁੱਧ, ਬੁੱਧੀ ਕੰਮ ਕਿਸੇ ਨਾ ਆਈਆ । ਆਪਣੇ ਆਪ ਨਾਲ ਕਰਦਾ ਰਿਹਾ ਯੁੱਧ, ਹਾਰ ਜਿਤ ਨਾ ਕੋਇ ਵਖਾਈਆ । ਆਤਮ ਪਰਮਾਤਮ ਨਾ ਆਈ ਸੁਧ, ਬੇਸੁਧ ਦਏ ਦੁਹਾਈਆ । ਡੂੰਘੀ ਕੰਦਰ ਕਾਇਆ ਲੁਕ, ਆਪਣਾ ਮੁਖ ਸ਼ਰਮਾਈਆ । ਅੰਤ ਚੋਲਾ ਗਿਆ

ਛੁੱਟ, ਕਾਇਆ ਕੰਮ ਕਿਸੇ ਨਾ ਆਈਆ । ਬਿਨ ਸੱਦਿਆਂ ਮਾਤ ਗਿਆ ਉਠ, ਅੱਗੇ ਮਿਲੇ ਨਾ ਕੋਇ ਢੋਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਜਣਾਈਆ । ਪੂਰਬ ਲੇਖਾ ਦੱਸੇ ਹਾਲ, ਅਹਿਵਾਲ ਨਾਲ ਮਿਲਾਈਆ । ਜਗਤ ਬੁਢੇਪੇ ਕਰਿਆ ਕੰਗਾਲ, ਕੰਗਾਲੀ ਮੂਲ ਨਾ ਕਿਸੇ ਚੁਕਾਈਆ । ਬਿਨ ਨਾਮੇ ਹੋਇਆ ਬੇਹਾਲ, ਬਹਿਬਲ ਦਏ ਦੁਹਾਈਆ । ਅੰਤਮ ਸਿਰ ਤੇ ਆਇਆ ਕਾਲ, ਕਾਲ ਰਿਹਾ ਕੁਰਲਾਈਆ । ਦੋਏ ਜੋੜ ਕਰਿਆ ਇਕ ਸਵਾਲ, ਨੇਤਰ ਨੈਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਜਣਾਈਆ । ਦੋਏ ਜੋੜ ਬਣ ਸਵਾਲੀ, ਏਕਾ ਮੰਗ ਮੰਗਾਈਆ । ਮੇਰੀ ਝੋਲੀ ਦਿਸੇ ਖਾਲੀ, ਖਾਲੀ ਝੋਲੀ ਨਾ ਕੋਇ ਭਰਾਈਆ । ਮੈਂ ਜੀਵਾਂ ਜੰਤਾਂ ਕਰਦਾ ਰਿਹਾ ਦਲਾਲੀ, ਬਣ ਦਲਾਲ ਲਈ ਵਡਿਆਈਆ । ਅੰਤ ਆਈ ਰੈਣ ਅੰਧੇਰੀ ਕਾਲੀ, ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖਾ ਰਿਹਾ ਜਣਾਈਆ । ਅੰਤਮ ਰੋਵੇ ਮਾਰੇ ਧਾਹ, ਨੈਣ ਨੈਣ ਕੁਰਲਾਇਆ । ਜਗਤ ਬੁਢੇਪਾ ਗਿਆ ਆ, ਨਾ ਸਕੇ ਕੋਈ ਬਚਾਇਆ । ਜਿਸ ਦਾ ਢੋਲਾ ਰਿਹਾ ਗਾ, ਸੋ ਬੈਠਾ ਮੁਖ ਛੁਪਾਇਆ । ਛੋਟੀ ਸਪੁੱਤਰੀ ਪੱਲੂ ਫੜਿਆ ਆ, ਗਲਵਕੜੀ ਏਕਾ ਪਾਇਆ । ਮੇਰੇ ਪਿਤਾ ਰੋ ਨਾ, ਮੈਂ ਤੇਰੀ ਤੂੰ ਮੇਰਾ ਮੈਂ ਤੇਰੀ ਗੋਦ ਸੁਹਾਇਆ । ਸਤਿਗੁਰ ਤੇਰਾ ਹੋਏ ਸਹਾ, ਨਾਲ ਮੇਰਾ ਮੇਲ ਮਿਲਾਇਆ । ਬਿਰਧ ਗਿਆ ਪਰਾਣ ਤਜਾ, ਆਸ ਪੁੱਤਰੀ ਵਿਚ ਰਖਾਇਆ । ਪੁੱਤਰੀ ਬੋਲਿਆ ਸਹਿਜ ਸੁਭਾ, ਪੁਰਖ ਅਬਿਨਾਸ਼ੀ ਪੂਰਾ ਦਏ ਕਰਾਇਆ । ਅੰਤਮ ਵੇਖੇ ਬਿਨ ਨੇਤਰ ਆ, ਨੈਣ ਆਪਣਾ ਆਪ ਖੁਲ੍ਹਾਇਆ । ਬਿਨ ਕਰਮਾਂ ਲਹਿਣਾ ਦਏ ਚੁਕਾ, ਸਿਰ ਆਪਣਾ ਹੱਥ ਟਿਕਾਇਆ । ਬਿਨ ਮਰਿਆਂ ਮਰਨਾ ਦਏ ਮਿਟਾ, ਮਰਨ ਜਨਮ ਨਾ ਕੋਇ ਜਣਾਇਆ । ਬਿਨ ਪੜ੍ਹਿਆਂ ਦਏ ਪੜ੍ਹਾ, ਅੱਖਰ ਵੱਖਰ ਆਪ ਸੁਣਾਇਆ । ਜਨਮ ਜਨਮ ਦੀ ਮੈਲ ਦਏ ਧੁਵਾ, ਮਿਹਰ ਨਜ਼ਰ ਇਕ ਟਿਕਾਇਆ । ਕਾਇਆ ਵਿਚੋਂ ਕਾਇਆ ਚੋਲਾ ਦਏ ਬਦਲਾ, ਉਹਲਾ ਪੜਦਾ ਆਪ ਉਠਾਇਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਢੋਲਾ ਲੈਣਾ ਗਾ, ਮੁਕਤੀ ਚਰਨਾਂ ਹੇਠ ਰਖਾਇਆ ।



੯੪੪
੧੧

ਸਾਧ ਸੰਤ ਕੀ ਕਰੇ ਵਿਚਾਰਾ, ਹਰਿ ਜੂ ਗੇੜੇ ਵਿਚ ਭੁਵਾਈਆ । ਆਰ ਪਾਰ ਨਾ ਕੋਈ ਕਿਨਾਰਾ, ਮੰਝਧਾਰ ਰਿਹਾ ਫਿਰਾਈਆ । ਪੰਜ ਤੱਤ ਅੰਦਰ ਡੂੰਘੀ ਗਾਰਾ, ਡੂੰਘੀ ਭਵਰੀ ਰਿਹਾ ਸਮਝਾਈਆ । ਅੱਠੇ ਪਹਿਰ ਨੇਤਰ ਰੋਵੇ ਜ਼ਾਰੋ ਜ਼ਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਭੇਵ ਨਾ ਜਾਣੇ ਅੰਦਰ ਬਾਹਰਾ, ਗੁਪਤ ਜ਼ਾਹਰ ਨਾ ਕੋਇ ਰਖਾਈਆ । ਗੱਲੀ ਬਾਤੀਂ ਨਾ ਮਿਲੇ ਪਿਆਰਾ, ਮੰਜ਼ਲ ਹੱਥ ਕਿਸੇ ਨਾ ਆਈਆ । ਅੰਦਰ ਅੰਦਰ ਧੂੰਆਂਧਾਰਾ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਦਰਸਨ ਦਰਸ ਕਿਸੇ ਨਾ ਪਾਈਆ । ਔਣਾ ਜਾਣਾ ਕਿਸ ਘਰ, ਪਾਂਧੀ ਪੰਧ ਨਾ ਕੋਇ ਰਖਾਇੰਦਾ । ਆਪਣੇ ਕੋਲੋਂ ਜੋ ਆਪੇ ਰਿਹਾ ਡਰ, ਭੈ ਅਵਰ ਕਿਆ ਵਖਾਇੰਦਾ । ਪੰਜ ਤੱਤ ਅੰਦਰ ਬੈਠਾ ਵੜ, ਚੋਲਾ ਕਾਇਆ ਨਾ ਕੋਇ ਬਦਲਾਇੰਦਾ । ਨਾ ਕੋਈ ਚੋਟੀ ਨਾ ਕੋਈ ਜੜ, ਚੇਤਨ ਰੰਗ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ ਦਰਸ ਵੰਡ ਨਾ ਕੋਇ ਵੰਡਾਇੰਦਾ । ਨਾ ਕੋਈ ਸਾਧ ਨਾ ਕੋਈ ਸੰਤ, ਪੰਜ ਤੱਤ

ਰਿਹਾ ਕੁਰਲਾਈਆ । ਨਾਰ ਨਾ ਮਿਲਿਆ ਸਾਚਾ ਕੰਤ, ਨੇਤਰ ਨੈਣਾਂ ਨੀਰ ਵਹਾਈਆ । ਭਰਮੇ ਭੁੱਲਾ ਜੰਤ, ਜੰਤ ਜੰਤ ਮਿਲੀ ਵਡਿਆਈਆ । ਕਲਜੁਗ ਮਾਇਆ ਪਾਈ ਬੇਅੰਤ, ਨਾ ਕੋਈ ਪੜਦਾ ਸਕੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੂਰਖ ਮੂਰਖ ਧੰਦੇ ਲਾਈਆ । ਮੂਰਖ ਧੰਦੇ ਗਿਆ ਲੱਗ, ਗਿਆਨ ਨਜ਼ਰ ਕੋਇ ਨਾ ਆਇੰਦਾ । ਪੰਜ ਤੱਤ ਅੰਦਰ ਕੀਤਾ ਬੰਦ, ਪੱਲੂ ਨਾ ਕੋਇ ਛੁਡਾਇੰਦਾ । ਰਸਨਾ ਨਾਲ ਮਿਲਾਏ ਬੱਤੀ ਦੰਦ, ਆਤਮ ਪਰਮਾਤਮ ਨਜ਼ਰ ਕੋਇ ਨਾ ਆਇੰਦਾ । ਅਨਰਸ ਫਿੱਕਾ ਦਿਸੇ ਚੰਦ, ਬਿਨ ਸਤਿਗੁਰ ਪੂਰੇ ਸਾਚੇ ਸੰਤ ਸਤਿ ਸਲੋਕ ਨਾ ਕੋਇ ਗਾਇੰਦਾ ।

★ ੧੩ ਚੇਤ ੨੦੧੯ ਬਿਕ੍ਰਮੀ ਬਲੀ ਸਿੰਘ ਦੇ ਗ੍ਰਿਹ ਪਿੰਡ ਕੈਰੋਂ ਜ਼ਿਲਾ ਅੰਮ੍ਰਿਤਸਰ ★

ਹਰਿ ਕਾ ਨਾਉਂ ਵਸੇ ਅੰਦਰ, ਅੰਧ ਅੰਧੇਰ ਦਏ ਗਵਾਈਆ । ਭਾਗ ਲਗਾਏ ਕਾਇਆ ਮੰਦਰ, ਪੰਜ ਤੱਤ ਮਿਲੇ ਵਡਿਆਈਆ । ਦੂਈ ਦਵੈਤੀ ਤੋੜੇ ਜ਼ਿੰਦਰ, ਏਕਾ ਘਰ ਵਖਾਈਆ । ਮਨ ਮਨੂਆ ਨਾ ਦੌੜੇ ਬੰਦਰ, ਨਾਮ ਡੋਰੀ ਬੰਨ੍ਹ ਵਖਾਈਆ । ਕਰ ਪਰਕਾਸ਼ ਡੂੰਘੀ ਕੰਦਰ, ਨਿਰਗੁਣ ਨੂਰ ਜੋਤ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਆਪ ਸਮਝਾਈਆ । ਹਰਿ ਕਾ ਨਾਉਂ ਵਸੇ ਤਨ, ਪੰਜ ਤੱਤ ਆਪਣੀ ਦਇਆ ਕਮਾਇੰਦਾ । ਏਕਾ ਰਾਗ ਸੁਣਾਏ ਕੰਨ, ਅਨਾਦੀ ਨਾਦ ਵਜਾਇੰਦਾ । ਭਾਂਡਾ ਭਰਮ ਭੌ ਦੇਵੇ ਭੰਨ, ਗੜ੍ਹ ਹੰਕਾਰ ਤੁੜਾਇੰਦਾ । ਕਰੇ ਪਰਕਾਸ਼ ਬਿਨ ਸੂਰਜ ਚੰਨ, ਜੋਤੀ ਜਾਤਾ ਡਗਮਗਾਇੰਦਾ । ਵਸਤ ਅਮੋਲਕ ਦੇਵੇ ਧਨ, ਸੋ ਪੁਰਖ ਨਿਰੰਜਣ ਝੋਲੀ ਪਾਇੰਦਾ । ਮਾਨਸ ਜਨਮ ਬੇੜਾ ਬੰਨ੍ਹ, ਲੱਖ ਚੁਰਾਸੀ ਫੰਦ ਕਟਾਇੰਦਾ । ਪੰਚ ਵਿਕਾਰਾ ਦੇਵੇ ਡੰਨ, ਮਮਤਾ ਮੋਹ ਮੋਹ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਆਪ ਦ੍ਰਿੜਾਇੰਦਾ । ਸਾਚਾ ਨਾਉਂ ਸਾਚੇ ਘਰ, ਸਤਿਗੁਰ ਪੂਰਾ ਆਪ ਵਸਾਈਆ । ਮੇਲ ਮਿਲਾਏ ਨਰਾਇਣ ਨਰ, ਨਰ ਹਰਿ ਵਡੀ ਵਡਿਆਈਆ । ਜੁਗ ਚੌਕੜੀ ਖੇਲ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੇ ਨਾਉਂ ਬੰਧਨ ਪਾਈਆ । ਲੱਖ ਚੁਰਾਸੀ ਘਾੜਨ ਘੜ, ਘਟ ਘਟ ਆਪਣਾ ਨਾਉਂ ਧਰਾਈਆ । ਸਚ ਮਹੱਲੇ ਆਪੇ ਚੜ੍ਹ, ਪੁਰਖ ਅਬਿਨਾਸ਼ੀ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਇਕ ਸਮਝਾਈਆ । ਸਾਚਾ ਨਾਉਂ ਹਰਿ ਗੋਬਿੰਦ, ਗੋਬਿੰਦ ਧਾਰ ਜਣਾਇੰਦਾ । ਜਨਮ ਜਨਮ ਦੀ ਮੇਟੇ ਚਿੰਦ, ਸਗਲਾ ਦੁੱਖ ਗੁਵਾਇੰਦਾ । ਮੇਲ ਮਿਲਾਵਾ ਗਹਿਰ ਗੰਭੀਰ ਗੁਣੀ ਗਹਿੰਦ, ਗੁਰ ਸ਼ਬਦੀ ਰੰਗ ਵਖਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਲੱਖ ਚੁਰਾਸੀ ਬੰਧਨ ਮਾਤ ਤੁੜਾਇੰਦਾ । ਆਤਮ ਪਰਮਾਤਮ ਇਕ ਅਨੰਦ, ਨਿਝਾਨੰਦ ਆਪ ਸਮਝਾਇੰਦਾ । ਦੂਈ ਦੁਵੈਤੀ ਢਾਹੇ ਕੰਧ, ਕੂੜੀ ਕਿਰਿਆ ਮੇਟ ਮਿਟਾਇੰਦਾ । ਚਾਰ ਵਰਨ ਏਕੋ ਛੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਜਣਾਇੰਦਾ । ਸਾਚਾ ਨਾਉਂ ਹਰਿ ਨਿਰੰਕਾਰ, ਆਦਿ ਜੁਗਾਦਿ ਚਲਾਈਆ । ਗਾ ਗਾ ਗਏ ਗੁਰ ਅਵਤਾਰ, ਰਸਨਾ ਜਿਹਵਾ ਢੋਲਾ ਸੁਣਾਈਆ । ਲੇਖਾ ਲਿਖ ਲਿਖ ਗਏ ਬਣ ਲਿਖਾਰ, ਕਾਗ਼ਜ਼ ਮੇਲਾ ਨਾਲ ਸ਼ਾਹੀਆ । ਰਸਨਾ ਜਿਹਵਾ ਜੀਵ ਕਰਨ ਪੁਕਾਰ, ਬੱਤੀ ਦੰਦ ਮਿਲਾਈਆ । ਪੀਰ ਪੈਗ਼ੰਬਰ

ਲਾ ਲਾ ਨਾਅਰ, ਨਾਅਰਾ ਹੱਕ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪਣੇ ਹੱਥ ਰਖਾਈਆ । ਸਾਚਾ ਨਾਉਂ ਹਰਿ ਕਾ ਨਾਮ, ਚਾਰ ਵਰਨ ਜਸ ਗਾਇਆ । ਚਾਰ ਜੁਗ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਭੇਸ ਵਟਾਇਆ । ਗੁਰ ਅਵਤਾਰਾਂ ਦੇ ਦੇ ਦਾਨ, ਮੰਤਰ ਅੰਤਰ ਆਪ ਪੜ੍ਹਾਇਆ । ਲੋਕਮਾਤ ਕਰ ਪਰਧਾਨ, ਖਾਣੀ ਬਾਣੀ ਸਿਫ਼ਤ ਸਾਲਾਹਿਆ । ਭੇਵ ਨਾ ਪਾਏ ਕੋਇ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਛੁਪਾਇਆ । ਆਪਣਾ ਨਾਉਂ ਰੱਖੇ ਉਹਲੇ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਪੰਜ ਤੱਤ ਅੰਦਰ ਵੜ ਵੜ ਬੋਲੇ, ਗੁਰ ਅਵਤਾਰ ਸੇਵ ਕਮਾਇੰਦਾ । ਬ੍ਰਹਿਮੰਡ ਖੰਡ ਜੇਰਜ ਅੰਡ ਆਪੇ ਫੋਲੇ, ਘਟ ਘਟ ਹਰਿ ਜੂ ਵੇਖ ਵਖਾਇੰਦਾ । ਨਿਰਗੁਣ ਨਿਰਾਕਾਰ ਲੱਖ ਚੁਰਾਸੀ ਆਪੇ ਤੋਲੇ, ਤੋਲਣਹਾਰਾ ਦਿਸ ਨਾ ਆਇੰਦਾ । ਜੁਗਾ ਜੁਗੰਤਰ ਸਚ ਭੰਡਾਰਾ ਸਰਗੁਣ ਖੋਲ੍ਹੇ, ਆਪ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਵਡਿਆਇੰਦਾ । ਸਾਚਾ ਨਾਉਂ ਹਰਿ ਕਰਤਾਰ, ਆਦਿ ਜੁਗਾਦਿ ਵਰਤਾਈਆ । ਸਤਿਗੁਰ ਗੁਰ ਗੁਰ ਸੇਵਾਦਾਰ, ਬਣ ਸੇਵਕ ਸੇਵ ਕਮਾਈਆ । ਭਗਤ ਭਗਵੰਤ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਸੰਤ ਮੰਗਣ ਬਣ ਭਿਖਾਰ, ਖਾਲੀ ਅੱਗੇ ਝੋਲੀ ਡਾਹੀਆ । ਗੁਰਮੁਖ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਗੁਰਸਿਖ ਮੰਗਣ ਦਰਸ ਦੀਦਾਰ, ਏਕਾ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਵਿਚ ਰਖਾਈਆ । ਆਪਣਾ ਭੇਵ ਏਕਾ ਨਾਉਂ, ਹਰਿ ਜੂ ਆਪਣੇ ਵਿਚ ਛੁਪਾਇੰਦਾ । ਜੁਗ ਜੁਗ ਜਨ ਭਗਤਾਂ ਪਕੜੇ ਬਾਂਹੋਂ, ਦੂਸਰ ਹੱਥ ਕਿਸੇ ਨਾ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰਦਾ ਗਿਆ ਨਿਆਉਂ, ਤਖਤ ਨਿਵਾਸੀ ਦਇਆ ਕਮਾਇੰਦਾ । ਕਲਜੁਗ ਅੰਤਮ ਖੇਲ ਕਰੇ ਬੇਪਰਵਾਹੋ, ਬੇਅੰਤ ਵੇਸ ਵਟਾਇੰਦਾ । ਆਦਿ ਜੁਗਾਦੀ ਲੱਖ ਚੁਰਾਸੀ ਪਿਤਾ ਮਾਉਂ, ਪੂਤ ਸਪੂਤਾ ਗੋਦ ਸੁਹਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਧਾਮ ਵਖਾਇੰਦਾ । ਹੰਸ ਬਣਾਏ ਫੜ ਫੜ ਕਾਉਂ, ਕਾਗ ਕਾਗ ਨਾ ਕੋਇ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਇਕ ਦ੍ਰਿੜਾਇੰਦਾ । ਸਾਚਾ ਨਾਉਂ ਹਰਿ ਕਾ ਰੂਪ, ਹਰਿ ਸਤਿਗੁਰ ਆਪ ਦਰਸਾਈਆ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਈਆ । ਕਲਜੁਗ ਅੰਤਮ ਜਾਏ ਤੁਠ, ਨਿਰਗੁਣ ਆਪਣਾ ਰੂਪ ਵਟਾਈਆ । ਜਨ ਭਗਤਾਂ ਅੰਮ੍ਰਿਤ ਦੇਵੇ ਘੁੱਟ, ਨਾਮ ਪਿਆਲਾ ਆਪ ਪਿਆਈਆ । ਲੱਖ ਚੁਰਾਸੀ ਆਵਣ ਜਾਵਣ ਜਾਏ ਛੁਟ, ਗੇੜਾ ਗੇੜ ਨਾ ਕੋਇ ਵਖਾਈਆ । ਮੇਲ ਮਿਲਾਏ ਅਬਿਨਾਸ਼ੀ ਅਚੁੱਤ, ਚੇਤਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਚਲਾਈਆ । ਸਾਚਾ ਨਾਉਂ ਚਲੇ ਮਾਤ, ਚਾਰ ਵਰਨ ਆਪ ਜਣਾਇੰਦਾ । ਚਾਰ ਜੁਗ ਦੀ ਸਾਚੀ ਗਾਥ, ਚਾਰ ਕੁੰਟ ਆਪ ਸੁਣਾਇੰਦਾ । ਚਾਰ ਵੇਦ ਦਾ ਏਕਾ ਪਾਠ, ਏਕਾ ਅੱਖਰ ਹਰਿ ਪੜ੍ਹਾਇੰਦਾ । ਲੇਖਾ ਜਾਣੇ ਤੀਰਥ ਤਾਟ, ਸਰ ਸਰੋਵਰ ਵੇਖ ਵਖਾਇੰਦਾ । ਕਲਜੁਗ ਮੇਟੇ ਰੈਣ ਅੰਧੇਰੀ ਰਾਤ, ਸਾਚਾ ਚੰਦ ਇਕ ਚੜ੍ਹਾਇੰਦਾ । ਜਨ ਭਗਤਾਂ ਪੁੱਛੇ ਆਪੇ ਵਾਤ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਵਸਣਹਾਰਾ ਇਕ ਇਕਾਂਤ, ਇਕ ਇਕੱਲਾ ਖੇਲ ਕਰਾਇੰਦਾ । ਘਟ ਘਟ ਵੇਖੇ ਮਾਰ ਝਾਤ, ਸਚ ਸਿੰਘਾਸਣ ਆਸਣ ਲਾਇੰਦਾ । ਆਤਮ ਬ੍ਰਹਮ ਪਾਰਬ੍ਰਹਮ ਇਕੋ ਜ਼ਾਤ, ਵਰਨ ਬਰਨ ਨਾ ਵੰਡ ਵੰਡਾਇੰਦਾ । ਜਨ ਭਗਤਾਂ

੯੪੬
੧੧

ਦੇਵੇ ਸੱਚਾ ਸਾਥ, ਸਗਲਾ ਸੰਗ ਨਿਭਾਇੰਦਾ । ਲਹਿਣਾ ਦੇਣਾ ਚੁੱਕੇ ਮਾਥ, ਮਸਤਕ ਰੇਖਾ ਆਪ ਮਿਟਾਇੰਦਾ । ਆਪ ਚੜ੍ਹਾਏ ਸਾਚੇ ਘਾਟ, ਜਿਸ ਜਨ ਆਪਣਾ ਨਾਮ ਜਪਾਇੰਦਾ । ਜਨਮ ਜਨਮ ਦੀ ਮੁੱਕੇ ਵਾਟ, ਪਾਂਧੀ ਪੰਧ ਨਾ ਕੋਇ ਰਖਾਇੰਦਾ । ਆਤਮ ਸੇਜਾ ਸਾਚੀ ਖਾਟ, ਸਚ ਸਿੰਘਾਸਣ ਆਪ ਸੁਹਾਇੰਦਾ । ਮੇਲ ਮਿਲਾਵਾ ਕਮਲਾਪਾਤ, ਕਵਲ ਨੈਣ ਨੈਣ ਮਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਪਰਗਟਾਇੰਦਾ । ਸਾਚਾ ਨਾਉਂ ਏਕਾ ਏਕ, ਸੋ ਪੁਰਖ ਨਿਰੰਜਣ ਕਰੇ ਪੜ੍ਹਾਈਆ । ਹੰ ਬ੍ਰਹਮ ਆਪੇ ਵੇਖ, ਪਾਰਬ੍ਰਹਮ ਹੋਏ ਸਹਾਈਆ । ਚਾਰ ਜੁਗ ਗੁਰ ਅਵਤਾਰ ਲਿਖ ਲਿਖ ਲੇਖ, ਜੀਵ ਜੰਤ ਗਏ ਸਮਝਾਈਆ । ਪ੍ਰਭ ਸਾਚੇ ਕੋ ਇਕ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਜੁਗ ਜੁਗ ਕਰੇ ਅਵੱਲੜਾ ਭੇਸ, ਭੇਵ ਕੋਇ ਨਾ ਪਾਈਆ । ਨਾ ਕੋਈ ਰੰਗ ਰੂਪ ਨਾ ਰੇਖ, ਅਨਭਵ ਆਪਣੀ ਧਾਰ ਚਲਾਈਆ । ਵੇਖ ਨਾ ਸਕੇ ਕੋਈ ਪੰਡਤ ਪਾਂਧਾ ਮੁੱਲਾਂ ਸ਼ੇਖ਼, ਨੇਤਰ ਨੈਣ ਨਾ ਕੋਇ ਦਰਸਾਈਆ । ਜਨ ਭਗਤਾਂ ਕਰੇ ਸਾਚਾ ਹੇਤ, ਨਿਤ ਨਵਿਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਆਪਣਾ ਨਾਉਂ ਚਲਾਈਆ । ਏਕਾ ਨਾਉਂ ਹਰਿ ਨਿਰੰਕਾਰ, ਨਿਰਗੁਣ ਆਪਣਾ ਆਪ ਚਲਾਇੰਦਾ । ਏਕਾ ਜੋਤੀ ਸ਼ਬਦੀ ਧਾਰ, ਗੁਰ ਸ਼ਬਦੀ ਵੇਖ ਵਖਾਇੰਦਾ । ਏਕਾ ਬ੍ਰਹਮ ਕਰੇ ਪਿਆਰ, ਪਾਰਬ੍ਰਹਮ ਪ੍ਰਭ ਮੇਲ ਮਿਲਾਇੰਦਾ । ਏਕਾ ਆਤਮ ਦਏ ਸਹਾਰ, ਪਰਮਾਤਮ ਖੇਲ ਕਰਾਇੰਦਾ । ਏਕਾ ਈਸ਼ ਹੋਏ ਉਜਿਆਰ, ਜੀਵ ਆਪਣਾ ਰੰਗ ਵਖਾਇੰਦਾ । ਏਕਾ ਨਾਦ ਸ਼ਬਦ ਧੁਨਕਾਰ, ਜਗਦੀਸ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਆਪ ਚਲਾਇੰਦਾ । ਸਾਚਾ ਨਾਉਂ ਚਲਾਏ ਹਰਿ, ਹਰਿ ਵੱਡਾ ਵਡ ਵਡਿਆਈਆ । ਗੁਰ ਅਵਤਾਰਾਂ ਦੇ ਦੇ ਵਰ, ਲੋਕਮਾਤ ਬੂਝ ਬੁਝਾਈਆ । ਨੌਂ ਖੰਡ ਪ੍ਰਿਥਮੀ ਏਕਾ ਘਰ, ਦਰ ਦਰਵਾਜ਼ਾ ਆਪ ਜਣਾਈਆ । ਆਤਮ ਪਰਮਾਤਮ ਬੰਨ੍ਹੇ ਲੜ, ਪੱਲੂ ਏਕਾ ਗੰਢ ਦਿਵਾਈਆ । ਲੇਖਾ ਜਾਣੇ ਨਾਰੀ ਨਰ, ਨਰ ਨਰਾਇਣ ਸੱਚਾ ਸ਼ਹਿਨਸ਼ਾਹੀਆ । ਜਗਤ ਵਿਚੋਲਾ ਆਪੇ ਬਣ, ਸਾਚਾ ਢੋਲਾ ਏਕਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਨਾਉਂ ਇਕ ਪਰਗਟਾਈਆ । ਸਾਚਾ ਨਾਉਂ ਹਰਿ ਜੂ ਰੱਖ, ਰੱਖਕ ਆਪਣੀ ਦਇਆ ਕਮਾਇੰਦਾ । ਨਿਰਗੁਣ ਨੂਰ ਕਰ ਪਰਤੱਖ, ਸਰਗੁਣ ਆਪਣਾ ਆਪ ਛੁਪਾਇੰਦਾ । ਚਾਰ ਜੁਗ ਨਾਉਂ ਕਰ ਕਰ ਵੱਖ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਇੰਦਾ । ਭਗਤਾਂ ਅੰਦਰ ਆਪੇ ਵਸ, ਆਪਣਾ ਪਰਦਾ ਲਾਹਿੰਦਾ । ਏਕਾ ਦੇਵੇ ਨਾਮ ਰਸ, ਨਿਝਰ ਝਿਰਨਾ ਆਪ ਝਿਰਾਇੰਦਾ । ਤੀਰ ਨਿਰਾਲਾ ਮਾਰੇ ਕਸ, ਬਜਰ ਕਪਾਟੀ ਤੋੜ ਤੁੜਾਇੰਦਾ । ਪੰਚ ਵਿਕਾਰਾ ਜਾਏ ਢੱਠ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਧੀਰਜ ਦੇਵੇ ਸਾਚਾ ਸਤਿ, ਸੰਤੋਖ ਆਪਣਾ ਨਾਉਂ ਧਰਾਇੰਦਾ । ਕਰੇ ਪਰਕਾਸ਼ ਅੰਧੇਰੇ ਪੱਖ, ਕਿਸ਼ਨਾ ਸੁਖਲਾ ਆਪਣੇ ਰੰਗ ਰੰਗਾਇੰਦਾ । ਚਾਰ ਵਰਨ ਦੀ ਪੂਰੀ ਕਰੇ ਆਸ, ਸ਼ੱਤਰੀ ਬ੍ਰਿਹਮਣ ਸ਼ੂਦਰ ਵੈਸ਼ ਏਕਾ ਨਾਉਂ ਪੜ੍ਹਾਇੰਦਾ । ਸਰਬ ਜੀਆਂ ਹਰਿ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਦਾਤਾ ਦਾਨੀ ਸਰਬ ਗੁਣ ਤਾਸ, ਗੁਣਵੰਤਾ ਨਾਉਂ ਧਰਾਇੰਦਾ । ਕਲਜੁਗ ਅੰਤਮ ਵੇਖੇ ਖੇਲ ਤਮਾਸ਼, ਨੌਂ ਖੰਡ ਪ੍ਰਿਥਮੀ ਫੇਰਾ ਪਾਇੰਦਾ । ਸੱਤਾਂ ਦੀਪਾਂ ਏਕਾ ਰਾਸ, ਬਣ ਗੋਪੀ ਕਾਹਨ ਨਚਾਇੰਦਾ । ਜੀਵ ਜੰਤ ਲੇਖਾ ਜਾਣੇ ਪਵਣ ਸਵਾਸ, ਪਵਣ ਪਵਣਾਂ ਵਿਚ ਰਹਾਇੰਦਾ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਅਕਾਸ਼, ਗਗਨ ਮੰਡਲ

ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਹੋਏ ਨਿਰਾਸ, ਕਲਜੁਗ ਵੇਲਾ ਅੰਤਮ ਆਇੰਦਾ । ਸੁਰਪਤ ਇੰਦ ਰੋਵੇ ਕੋਈ ਨਾ ਦੇਵੇ ਸਾਥ, ਕਰੋੜ ਤੇਤੀਸਾ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਨਾਉਂ ਆਪ ਵਡਿਆਇੰਦਾ । ਏਕਾ ਨਾਉਂ ਪੁਰਖ ਅਕਾਲ, ਅਕਲ ਕਲਾ ਅਖਵਾਈਆ । ਵਸਣਹਾਰਾ ਲੱਖ ਚੁਰਾਸੀ ਧਰਮਸਾਲ, ਕਾਇਆ ਬੰਕ ਬੰਕ ਵਡਿਆਈਆ । ਅਨਹਦ ਨਾਦ ਵਜਾਏ ਤਾਲ, ਤਲਵਾੜਾ ਆਪਣਾ ਰਾਗ ਅਲਾਈਆ । ਦੀਪਕ ਦੀਆ ਏਕਾ ਬਾਲ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਊਚ ਨੀਚ ਭੇਵ ਮਿਟਾਈਆ । ਲਹਿਣਾ ਦੇਣਾ ਚੁੱਕੇ ਕਾਲ ਮਹਾਂਕਾਲ, ਜਿਸ ਜਨ ਆਪਣੀ ਦਇਆ ਕਮਾਈਆ । ਏਕਾ ਦੇਵੇ ਨਾਮ ਸੱਚਾ ਧੰਨ ਮਾਲ, ਠੱਗ ਚੋਰ ਯਾਰ ਲੁੱਟ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਏਕਾ ਨਾਮ ਜਪਾਈਆ । ਸ੍ਰਿਸ਼ਟ ਸਬਾਈ ਏਕਾ ਜਾਪ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਮੇਟ ਮਿਟਾਏ ਤੀਨੋ ਤਾਪ, ਤ੍ਰੈਗੁਣ ਬੰਧਨ ਆਪ ਕਟਾਇੰਦਾ । ਜਨਮ ਜਨਮ ਦਾ ਮੇਟੇ ਪਾਪ, ਪੱਤਤ ਪਾਪੀ ਆਪ ਤਰਾਇੰਦਾ । ਇਕ ਬੁਝਾਏ ਆਪਾ ਆਪ, ਆਪਣਾ ਪੜਦਾ ਆਪ ਉਠਾਇੰਦਾ । ਪੁਰਖ ਅਬਿਨਾਸ਼ੀ ਦਿਸੇ ਮਾਈ ਬਾਪ, ਸਗਲਾ ਸੰਗ ਨਾ ਕੋਈ ਵਖਾਇੰਦਾ । ਮੇਲ ਮਿਲਾਏ ਕਮਲਾਪਾਤ, ਕਵਲ ਆਪਣਾ ਨੂਰ ਦਰਸਾਇੰਦਾ । ਬੰਦ ਕਿਵਾੜਾ ਖੋਲ੍ਹੇ ਤਾਕ, ਅਗਿਆਨ ਅੰਧੇਰ ਮਿਟਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਆਪਣੀ ਗੋਦ ਬਹਾਇੰਦਾ । ਨਿਰਗੁਣ ਸਰਗੁਣ ਕਰੇ ਲਾਡ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਨਾਉਂ ਰੱਖਣਾ ਯਾਦ, ਲੱਖ ਚੁਰਾਸੀ ਜੀਵ ਜੰਤ ਸਮਝਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਹਰਿ ਜੂ ਸੁਣਦਾ ਰਿਹਾ ਫ਼ਰਯਾਦ, ਲੇਖਾ ਸਭ ਦਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਦੱਸ, ਪ੍ਰਭ ਅੱਗੇ ਸੀਸ ਝੁਕਾਈਆ । ਲੋਕਮਾਤ ਕਿਸੇ ਨਾ ਚਲੇ ਕੋਈ ਵਸ, ਭਰਮੇ ਭੁੱਲੀ ਤੇਰੀ ਲੋਕਾਈਆ । ਦੀਨਾਂ ਮਜ਼੍ਹਬਾਂ ਵਿਚ ਗਏ ਫਸ, ਵਰਨ ਬਰਨ ਪਈ ਲੜਾਈਆ । ਨਾ ਕੋਈ ਧੀਰਜ ਨਾ ਕੋਈ ਜਤ, ਸਤਿ ਸੰਤੋਖ ਨਾ ਕੋਇ ਰਖਾਈਆ । ਹੋਈ ਪਰਧਾਨ ਮਨਮਤ, ਗੁਰਮਤ ਬੈਠੀ ਮੁਖ ਛੁਪਾਈਆ । ਬਹੱਤਰ ਨਾੜੀ ਉਬਲੇ ਰੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਨਾ ਕੋਈ ਡਾਲ੍ਹੀ ਨਾ ਕੋਈ ਪਤ, ਫੁਲ ਫੁਲਵਾੜੀ ਨਾ ਕੋਇ ਮਹਿਕਾਈਆ । ਰਾਜ ਰਾਜਾਨ ਸੱਥਰ ਬੈਠੇ ਘਤ, ਸਾਚਾ ਰੰਗ ਨਾ ਕੋਇ ਰੰਗਾਈਆ । ਕਲਜੁਗ ਮਾਇਆ ਤ੍ਰੈਗੁਣ ਪੰਜ ਤੱਤ ਪਾਈ ਨੱਥ, ਚਾਰੋਂ ਕੁੰਟ ਰਹੀ ਭੁਵਾਈਆ । ਸਾਧ ਸੰਤ ਬਿਨ ਤੇਰੇ ਨਾਉਂ ਗਏ ਢੱਠ, ਮੂੰਹ ਦੇ ਭਾਰ ਆਪਣਾ ਆਪ ਸੁਟਾਈਆ । ਸਰ ਸਰੋਵਰ ਰੋਵਣ ਤੀਰਥ ਤਟ, ਨੇਤਰ ਨੈਣਾਂ ਨੀਰ ਵਹਾਈਆ । ਹਰਿ ਕਾ ਨਾਉਂ ਕਿਸੇ ਮਿਲੇ ਨਾ ਮੰਦਰ ਮਸਜਦ ਮੱਠ, ਸ਼ਿਵਦਵਾਲੇ ਦੇਣ ਦੁਹਾਈਆ । ਪੁਰਖ ਅਬਿਨਾਸ਼ੀ ਵੇਖੇ ਖੇਲ ਸਮਰਥ, ਧਰਨੀ ਧਰਤ ਧਵਲ ਖੁਲ੍ਹੜੇ ਕੇਸ ਰਹੀ ਵਖਾਈਆ । ਤੇਰਾ ਖੇੜਾ ਹੋਇਆ ਭੱਠ, ਕਲਜੁਗ ਭਠਿਆਰਾ ਅਗਨੀ ਰਿਹਾ ਲਗਾਈਆ । ਕਿਰਪਾ ਕਰ ਸਾਹਿਬ ਸੁਲਤਾਨ ਸਰਬ ਜੀਆਂ ਦੇ ਮੱਤ, ਮਤ ਮਨ ਵਾਸਨਾ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭੇਵ ਆਪ ਖੁਲ੍ਹਾਈਆ । ਕਲਜੁਗ ਅੰਤਮ ਚਾਰ ਵਰਨ ਰੋਵੇ ਮਾਰੇ ਧਾਹ, ਕੂਕ ਕੂਕ ਕੁਰਲਾਇੰਦਾ । ਕੋਈ ਨਾ ਦਿਸੇ ਸਚ ਮਲਾਹ, ਬੇੜਾ ਪਾਰ

ਨਾ ਕੋਇ ਕਰਾਇੰਦਾ । ਏਕਾ ਭੁੱਲਿਆ ਤੇਰਾ ਨਾ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਕਲਜੁਗ ਰੈਣ ਅੰਧੇਰੀ ਗਈ ਛਾਂ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਖਾ ਖਾ ਬੱਕੇ ਸੂਰ ਗਾਂ, ਗੀਤ ਗੋਬਿੰਦ ਨਾ ਕੋਇ ਗਾਇੰਦਾ । ਨਾਤਾ ਤੁਟਾ ਪੁੱਤਰਾਂ ਮਾਂ, ਪਿਤਾ ਪੂਤ ਨਾ ਗੋਦ ਸੁਹਾਇੰਦਾ । ਹੋਏ ਵਿਭਚਾਰ ਥਾਂ ਥਾਂ, ਤੀਰਥ ਤਟ ਸਰਬ ਕੁਰਲਾਇੰਦਾ । ਗੁਰਦਰ ਮੰਦਰ ਮਸਜਦ ਅੰਦਰ ਧੀਆਂ ਭੈਣਾਂ ਰਹੇ ਤਕਾ, ਤੇਰਾ ਭੈ ਨਾ ਕੋਇ ਰਖਾਇੰਦਾ । ਪੁਰਖ ਅਬਿਨਾਸ਼ੀ ਹੋ ਸਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਚਾਰ ਵੇਦ ਕਰਨ ਪੁਕਾਰ, ਪੁਰਾਨ ਅਠਾਰਾਂ ਨਾਲ ਮਿਲਾਈਆ । ਛੇ ਸ਼ਾਸਤਰ ਰੋਵਣ ਜ਼ਾਰੋ ਜ਼ਾਰ, ਉਚੀ ਕੂਕ ਕੂਕ ਸੁਣਾਈਆ । ਅਠ ਦਸ ਨਾ ਕੋਇ ਵਿਚਾਰ, ਅਠਾਰਾਂ ਧਿਆਏ ਨਾ ਕੋਇ ਪੜ੍ਹਾਈਆ । ਅੰਜੀਲ ਕੁਰਾਨ ਹੋਏ ਬੇਜ਼ਾਰ, ਮਸਲਾ ਹੱਕ ਨਾ ਕੋਇ ਸੁਣਾਈਆ । ਨੂਰ ਇਲਾਹੀ ਨਜ਼ਰ ਨਾ ਆਏ ਕਲਾਮ, ਕਲਮਾ ਨਬੀ ਨਾ ਕੋਇ ਪੜ੍ਹਾਈਆ । ਮੁਹੰਮਦ ਦੇ ਦੇ ਗਿਆ ਪੈਗ਼ਾਮ, ਪੈਗ਼ੰਬਰ ਏਕਾ ਰਾਹ ਚਲਾਈਆ । ਕਲਜੁਗ ਅੰਤਮ ਝੂਠ ਅਡੰਬਰ, ਉਮਤ ਉਮਤੀ ਗਈ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਨਾਮ ਵਰ, ਜਗਤ ਬੰਧਨ ਦੇਣਾ ਤੁੜਾਈਆ । ਤੇਰਾ ਨਾਉਂ ਅਨਕ ਕਲ ਧਾਰ, ਕੋਟਨ ਕੋਟ ਰੂਪ ਵਟਾਇੰਦਾ । ਵਰਨ ਬਰਨ ਕਰਨ ਪੁਕਾਰ, ਕੂਕ ਕੂਕ ਨੇਤਰ ਰੋ ਰੋ ਤੇਰਾ ਧਿਆਨ ਲਗਾਇੰਦਾ । ਕੋਈ ਨਾ ਦਿਸੇ ਮਾਤ ਸਹਾਰ, ਚਾਰ ਕੁੰਟ ਹਾਹਾਕਾਰ, ਦਹਿ ਦਿਸ਼ਾ ਪੱਲੂ ਨਾ ਕੋਇ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੇਣਾ ਵਰ, ਤੁਧ ਬਿਨ ਪਾਰ ਨਾ ਕੋਇ ਲਗਾਇੰਦਾ । ਤੁਧ ਬਿਨ ਦਿਸੇ ਨਾ ਪਾਰ ਕਿਨਾਰਾ, ਚਾਰ ਵਰਨ ਰਹੇ ਕੁਰਲਾਈਆ । ਪਰਗਟ ਹੋ ਵਿਚ ਸੰਸਾਰਾ, ਇਕ ਤੇਰੀ ਓਟ ਤਕਾਈਆ । ਨਾਨਕ ਗੋਬਿੰਦ ਬੋਲ ਗਿਆ ਜੈਕਾਰਾ, ਜੈ ਜੈਕਾਰ ਸੁਣਾਈਆ । ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਦਾਤਾ ਬੇਪਰਵਾਹੀਆ । ਜੂਠ ਝੂਠ ਸੁੱਟੇ ਡੂੰਘੀ ਗਾਰਾ, ਸ਼ੌਹ ਦਰਿਆਏ ਆਪ ਰੁੜ੍ਹਾਈਆ । ਜਨ ਭਗਤਾਂ ਦੇਵੇ ਇਕ ਸਹਾਰਾ, ਆਪਣੇ ਕੰਧ ਉਠਾਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਨੌਂ ਖੰਡ ਪ੍ਰਿਥਮੀ ਕਰੇ ਪੜ੍ਹਾਈਆ । ਸੱਤਾਂ ਦੀਪਾਂ ਇਕ ਹੁਲਾਰਾ, ਰਸਨਾ ਬੋਲ ਬੋਲ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਲਾਏ ਨਾਅਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਚਲਾਈਆ । ਕਲਜੁਗ ਅੰਤ ਆ ਭਗਵਾਨ, ਆਪਣੀ ਦਇਆ ਕਮਾਇੰਦਾ । ਸਰਬ ਜੀਆਂ ਦਾ ਇਕ ਗਿਆਨ, ਨਿਸ਼ਅੱਖਰ ਆਪ ਪੜ੍ਹਾਇੰਦਾ । ਆਤਮ ਪਰਮਾਤਮ ਦੇਵੇ ਮਾਣ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਸਚ ਭੂਮਕਾ ਸਚ ਅਸਥਾਨ, ਘਰ ਸਾਚੇ ਸੋਭਾ ਪਾਇੰਦਾ । ਸਚ ਮੰਦਰ ਸਚ ਮਕਾਨ, ਘਰ ਸਾਚੇ ਆਸਣ ਲਾਇੰਦਾ । ਘਰ ਦੀਪਕ ਜੋਤ ਜਗੇ ਮਹਾਨ, ਘਰ ਰਾਗੀ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨ ਪੱਲੂ ਫੜ, ਸਾਚੇ ਪੌੜੇ ਜਾਏ ਚੜ੍ਹ, ਸਾਚਾ ਬੰਕ ਆਪ ਸੁਹਾਇੰਦਾ । ਆਪ ਸੁਹਾਏ ਸਾਚਾ ਬੰਕ, ਸੋ ਪੁਰਖ ਨਿਰੰਜਣ ਵਡੀ ਵਡਿਆਈਆ । ਏਕਾ ਨਾਉਂ ਵਜਾਏ ਡੰਕ, ਦੋ ਜਹਾਨਾਂ ਦਏ ਸੁਣਾਈਆ । ਪਕੜ ਉਠਾਏ ਰਾਓ ਰੰਕ, ਸ਼ਾਹ ਸੁਲਤਾਨ ਸੋਇਆ ਕੋਇ ਰਹਿਣ ਨਾ ਪਾਈਆ । ਭੇਵ ਖੁਲ੍ਹਾਏ ਮੁੱਲਾਂ ਸ਼ੇਖ਼ ਪੰਡਤ, ਬੋਧ ਅਗਾਧ ਕਰੇ ਪੜ੍ਹਾਈਆ । ਲੇਖਾ ਜਾਣੇ ਜੇਰਜ ਅੰਡਤ, ਉਤਭੁਜ ਸੇਤਜ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਉਂ ਮਾਤ ਚਲਾਈਆ ।

ਏਕਾ ਨਾਉਂ ਸੋਹੰ ਢੋਲਾ, ਸੋ ਪੁਰਖ ਨਿਰੰਜਣ ਮਾਤ ਚਲਾਇੰਦਾ । ਚਾਰ ਜੁਗ ਦਾ ਚੁੱਕੇ ਉਹਲਾ, ਦੋ ਜਹਾਨਾਂ ਪੜਦਾ ਲਾਹਿੰਦਾ । ਨਾਨਕ ਸਤਿਗੁਰ ਅੰਤਰ ਬੋਲਾ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਆਤਮ ਪਰਮਾਤਮ ਆਪੇ ਮੌਲਾ, ਮੌਲਾ ਰੂਪ ਵਟਾਇੰਦਾ । ਕਿਰਪਾ ਨਿਧ ਠਾਕਰ ਸੁਆਮੀ ਉਲਟਾ ਕਰੇ ਨਾਭ ਕਵਲਾ, ਅੰਮ੍ਰਿਤ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਇਕੋ ਨਾਮ ਸਮਝਾਇੰਦਾ । ਏਕਾ ਨਾਮ ਸੋਹੰ ਸੋ, ਸੋ ਪੁਰਖ ਨਿਰੰਜਣ ਆਪ ਜਣਾਈਆ । ਚਾਰ ਜੁਗ ਦੀ ਮੈਲ ਧੋ, ਨਿਰਮਲ ਨਿਰਮਲ ਨੂਰ ਵਖਾਈਆ । ਸਤਿਜੁਗ ਦਾ ਸਾਚਾ ਢੋ, ਢੋਆ ਲੈ ਕੇ ਆਇਆ ਸੱਚਾ ਮਾਹੀਆ । ਹਰਿ ਕਾ ਭੇਵ ਨਾ ਜਾਣੇ ਕੋ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਕਰੇ ਪਰਕਾਸ਼ ਤ੍ਰੈ ਲੋ, ਤ੍ਰੈਗੁਣ ਅਤੀਤਾ ਇਕ ਰਘੁਰਾਈਆ । ਜਨ ਭਗਤਾਂ ਅੰਤਰ ਆਤਮ ਬੀਜ ਦੇਵੇ ਬੋ, ਫੁਲ ਫੁਲਵਾੜੀ ਮਾਤ ਮਹਿਕਾਈਆ । ਆਪਣੇ ਜੇਹਾ ਆਪੇ ਹੋ, ਗੁਰਮੁਖ ਸਾਚੇ ਆਪਣੇ ਰੰਗ ਰੰਗਾਈਆ । ਅੰਮ੍ਰਿਤ ਮੇਘ ਦੇਵੇ ਚੋ, ਸਾਂਤਕ ਸਤਿ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਇਕ ਪੜ੍ਹਾਈਆ । ਚਾਰ ਵਰਨ ਏਕਾ ਨਾਮਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਚਾਰ ਵਰਨਾਂ ਏਕਾ ਰਾਮਾ, ਘਟ ਘਟ ਆਪਣਾ ਖੇਲ ਕਰਾਇੰਦਾ । ਚਾਰ ਵਰਨਾਂ ਏਕਾ ਸ਼ਾਮਾ, ਗ੍ਰਿਹਿ ਗ੍ਰਿਹਿ ਆਪਣੀ ਬੰਸਰੀ ਨਾਮ ਵਜਾਇੰਦਾ । ਘਰ ਘਰ ਅੰਦਰ ਇਕ ਅਮਾਮਾ, ਪੀਰ ਪੈਗ਼ੰਬਰ ਕਲਮਾ ਨਬੀ ਆਪ ਪੜ੍ਹਾਇੰਦਾ । ਘਰ ਘਰ ਅੰਦਰ ਸਤਿਨਾਮਾ, ਨਾਮ ਸਤਿ ਨਾਨਕ ਨਿਰਗੁਣ ਆਪ ਸੁਣਾਇੰਦਾ । ਘਟ ਘਟ ਅੰਦਰ ਵੱਜੇ ਦਮਾਮਾ, ਗੋਬਿੰਦ ਡੰਕਾ ਆਪ ਸੁਣਾਇੰਦਾ । ਕਰੇ ਖੇਲ ਸ੍ਰੀ ਭਗਵਾਨਾ, ਚਾਰ ਜੁਗ ਦਾ ਪਿਛਲਾ ਪੰਧ ਮੁਕਾਇੰਦਾ । ਅੱਗੇ ਲੇਖਾ ਜਾਣੇ ਦੋ ਜਹਾਨਾਂ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਹੁਕਮ ਵਰਤਾਇੰਦਾ । ਸਰਬ ਜੀਆਂ ਦਾ ਇਕੋ ਗਾਣਾ, ਸੋ ਪੁਰਖ ਨਿਰੰਜਣ ਆਪ ਪਰਗਟਾਇੰਦਾ । ਹੰ ਬ੍ਰਹਮ ਦੇਵੇ ਮਾਣਾ, ਪਾਰਬ੍ਰਹਮ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਕਾ ਮੰਤਰ ਇਕ ਸਮਝਾਇੰਦਾ । ਹਰਿ ਕਾ ਮੰਤਰ ਏਕਾ ਓਟ, ਨਾਮ ਨਾਮ ਵਡਿਆਈਆ । ਨਿਰਮਲ ਨੂਰ ਜਗਾਏ ਜੋਤ, ਅੰਧ ਅੰਧੇਰ ਦਏ ਗਵਾਈਆ । ਜਗਤ ਵਾਸਨਾ ਕੱਢੇ ਖੋਟ, ਕੂੜੀ ਕਿਰਿਆ ਦਏ ਮਿਟਾਈਆ । ਸਤਿ ਭੰਡਾਰਾ ਦਏ ਅਤੋਟ, ਨਿਖੁਟ ਕਦੇ ਨਾ ਜਾਈਆ । ਨਾਤਾ ਤੋੜ ਵਰਨ ਗੋਤ, ਏਕਾ ਬ੍ਰਹਮ ਦਏ ਦਰਸਾਈਆ । ਸ਼ਬਦੀ ਗੁਰ ਜਾਣੇ ਓਤ ਪੋਤ, ਪਿਤਾ ਪੂਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਉਂ ਜਨ ਭਗਤਾਂ ਅੰਦਰ ਆਪ ਟਿਕਾਈਆ । ਭਗਤਾਂ ਅੰਦਰ ਨਾਮ ਧਾਰ, ਭਗਤ ਭਗਵੰਤ ਆਪ ਚਲਾਇੰਦਾ । ਜੁਗ ਚੌਕੜੀ ਖੇਲ ਨਿਆਰ, ਸਤਿਜੁਗ ਤ੍ਰੇਤਾ ਦੁਆਪਰ ਵੰਡ ਵੰਡਾਇੰਦਾ । ਕਲਜੁਗ ਅੰਤਮ ਹੋ ਉਜਿਆਰ, ਘਰ ਘਰ ਫੇਰਾ ਪਾਇੰਦਾ । ਫੜ ਫੜ ਬਾਂਹੋਂ ਲਏ ਉਠਾਲ, ਬਣ ਸੇਵਕ ਸੇਵ ਕਮਾਇੰਦਾ । ਨਾਤਾ ਤੋੜ ਸ਼ਾਹ ਕੰਗਾਲ, ਹਸਤ ਕੀਟ ਰੰਗ ਰੰਗਾਇੰਦਾ । ਏਥੇ ਓਥੇ ਦੋ ਜਹਾਨਾਂ ਬਣੇ ਦਲਾਲ, ਜਿਸ ਜਨ ਆਪਣਾ ਨਾਉਂ ਜਪਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲ, ਰਾਏ ਧਰਮ ਨਾ ਡੰਨ ਲਗਾਇੰਦਾ । ਚਿਤਰ ਗੁਪਤ ਲੇਖਾ ਸਕੇ ਨਾ ਕੋਇ ਵਖਾਲ, ਲਾੜੀ ਮੌਤ ਨਾ ਕੋਇ ਪਰਨਾਇੰਦਾ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਆਦਿ ਅੰਤ ਸ੍ਰੀ ਭਗਵੰਤ ਜਨ ਭਗਤਾਂ ਚਲੇ ਨਾਲ ਨਾਲ, ਬਣ ਪਾਂਧੀ ਪੰਧ ਮੁਕਾਇੰਦਾ । ਸਤਿਜੁਗ ਮਾਰਗ ਇਕ ਵਖਾਲ, ਜੀਵ ਜੰਤ

ਜੰਤ ਸਮਝਾਇੰਦਾ । ਸਰਬ ਜੀਆਂ ਦੀ ਇਕ ਧਰਮਸਾਲ, ਗੁਰਦੁਆਰਾ ਇਕ ਬਣਾਇੰਦਾ । ਇਕ ਅਨਾਦੀ ਵੱਜੇ ਤਾਲ, ਤਾਲ ਤਲਵਾੜਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਵਸਤ ਅਮੋਲਕ ਕਾਇਆ ਗੋਲਕ ਆਪ ਰਖਾਇੰਦਾ । ਕਾਇਆ ਅੰਦਰ ਕਰ ਕਰ ਵਾਸ, ਆਪਣਾ ਨਾਉਂ ਜਣਾਈਆ । ਨਿਰਗੁਣ ਨੂਰ ਨੂਰ ਪਰਕਾਸ਼, ਅੰਧ ਅੰਧੇਰ ਮਿਟਾਈਆ । ਲੇਖਾ ਜਾਣੇ ਪਵਣ ਸਵਾਸ, ਸਵਾਸ ਸਵਾਸਾਂ ਵਿਚ ਸਮਾਈਆ । ਜਨ ਭਗਤਾਂ ਕਰੇ ਪੂਰੀ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਬੰਦ ਖੁਲਾਸ, ਜਨਮ ਮਰਨ ਗੇੜ ਚੁਕਾਈਆ । ਮਾਤ ਗਰਭ ਨਾ ਉਲਟਾ ਵਾਸ, ਜੂਨੀ ਜੂਨ ਨਾ ਕੋਇ ਭੁਵਾਈਆ । ਵੇਖਣਹਾਰ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸ, ਡੂੰਘੀ ਕੰਦਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਿਸ ਜਨ ਆਪਣਾ ਸੋਹੰ ਨਾਮ ਜਪਾਈਆ । ਸੋਹੰ ਨਾਉਂ ਆਤਮ ਪਰਮਾਤਮ ਨਾਤਾ, ਦੂਜਾ ਖੇਲ ਨਾ ਕੋਇ ਵਖਾਇੰਦਾ । ਮੇਲ ਮਿਲਾਏ ਪੁਰਖ ਬਿਧਾਤਾ, ਪੁਰਖ ਪਰਖੋਤਮ ਵੇਖ ਵਖਾਇੰਦਾ । ਏਥੇ ਓਥੇ ਨਿਰਗੁਣ ਸਰਗੁਣ ਸੁਣਾਏ ਗਾਥਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਲੇਖਾ ਜਾਣੇ ਪੁਰਖ ਸਮਰਾਥਾ, ਦੂਸਰ ਭੇਵ ਕੋਇ ਨਾ ਆਇੰਦਾ । ਸਤਿਜੁਗ ਸਤਿ ਸਤਿਵਾਦੀ ਖੋਲ੍ਹੇ ਹਾਟਾ, ਵਣਜ ਵਣਜ਼ਾਰਾ ਇਕ ਜਣਾਇੰਦਾ । ਚਾਰ ਵਰਨਾਂ ਦੇਵੇ ਸਾਥਾ, ਦੂਸਰ ਵੰਡ ਨਾ ਕੋਇ ਵੰਡਾਇੰਦਾ । ਸਦਾ ਸਹਾਈ ਅਨਾਥ ਅਨਾਥਾਂ ਦੀਨਨ ਆਪਣੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਨਾਉਂ ਪਰਗਟਾਇੰਦਾ ।



## ★ ੧੩ ਚੇਤ ੨੦੧੯ ਬਿਕ੍ਰਮੀ ਗੰਡਾ ਸਿੰਘ ਦੇ ਗ੍ਰਿਹਿ ਪਿੰਡ ਦਰਾਜ਼ਕੇ ਜ਼ਿਲਾ ਅੰਮ੍ਰਿਤਸਰ ★

ਪੁਰਖ ਅਬਿਨਾਸ਼ੀ ਬੇਪਰਵਾਹ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਕਲਜੁਗ ਕੂੜੀ ਕਿਰਿਆ ਦਏ ਮਿਟਾ, ਜੂਠ ਝੂਠ ਰਹਿਣ ਨਾ ਪਾਇੰਦਾ । ਧੁਰ ਫ਼ਰਮਾਣਾ ਹੁਕਮ ਦਏ ਸੁਣਾ, ਬੋਧ ਅਗਾਧੀ ਸ਼ਬਦ ਅਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾ, ਭੇਵ ਅਭੇਵ ਖੁਲ੍ਹਾਇੰਦਾ । ਨਿਰਗੁਣ ਸਰਗੁਣ ਰੂਪ ਵਟਾ, ਲੋਕਮਾਤ ਵੇਖ ਵਖਾਇੰਦਾ । ਲੱਖ ਚੁਰਾਸੀ ਪੜਦਾ ਲਾਹ, ਆਪਣੀ ਬੂਝ ਬੁਝਾਇੰਦਾ । ਚਾਰੇ ਵਰਨ ਦਏ ਸਮਝਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਕਲਜੁਗ ਅੰਤਮ ਹੋਏ ਅੰਤ, ਲੋਕਮਾਤ ਰਹਿਣ ਨਾ ਪਾਈਆ । ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਆਪ ਉਠਾਏ ਗੁਰਮੁਖ ਸਾਚੇ ਸੰਤ, ਮਿਲ ਸਾਜਣ ਖ਼ੁਸ਼ੀ ਮਨਾਈਆ । ਆਪਣੀ ਮਹਿਮਾ ਜਣਾਏ ਅਗਣਤ, ਅਕੱਥ ਕਰੇ ਪੜ੍ਹਾਈਆ । ਆਤਮ ਅੰਤਰ ਏਕਾ ਮੰਤ, ਹਰਿ ਮੰਤਰ ਨਾਮ ਦ੍ਰਿੜ੍ਹਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਗੜ੍ਹ ਤੋੜੇ ਹਉਮੇ ਹੰਗਤ, ਸਾਚਾ ਮਾਰਗ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਦਏ ਚੁਕਾਈਆ । ਕਲਜੁਗ ਲੇਖਾ ਚੁਕੇ ਮਾਤ, ਥਿਰ ਕੋਇ ਰਹਿਣ ਨਾ ਪਾਇਆ । ਅੰਤ ਮਿਟੇ ਅੰਧੇਰੀ ਰਾਤ, ਅੰਧ ਅੰਧੇਰ ਦਏ ਗਵਾਇਆ । ਨਾਨਕ ਗੋਬਿੰਦ ਵੇਖੇ ਭਵਿਖਤ ਵਾਕ, ਬਣ ਪਾਂਧੀ ਪੰਧ

ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਏਕਾ ਹੁਕਮ ਸੁਣਾਇਆ । ਕਲਜੁਗ ਹੁਕਮ ਧੁਰ ਫ਼ਰਮਾਣਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਵੇਲੇ ਅੰਤ ਛੱਡਣਾ ਪਏ ਟਿਕਾਣਾ, ਲੋਕਮਾਤ ਰਹਿਣ ਨਾ ਪਾਈਆ । ਨੌਂ ਖੰਡ ਪ੍ਰਿਥਮੀ ਬਾਲ ਅਵਾਣਾ, ਲੱਖ ਚੁਰਾਸੀ ਦਏ ਦੁਹਾਈਆ । ਤਖ਼ਤੋਂ ਲਾਹੇ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਈਆ । ਜੂਠਾ ਝੂਠਾ ਮੁੱਕੇ ਗਾਣਾ, ਕੂੜੀ ਕਿਰਿਆ ਦਏ ਖਪਾਈਆ । ਦੀਨ ਮਜ਼੍ਹਬ ਰਹਿਣ ਨਾ ਪਾਣਾ, ਊਚ ਨੀਚ ਨਾ ਕੋਇ ਰਖਾਈਆ । ਸ੍ਰਿਸ਼ਟ ਸਬਾਈ ਨੌਂ ਖੰਡ ਹਰਿ ਕਾ ਨਾਉਂ ਇਕ ਧਿਆਣਾ, ਏਕਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਰਿਹਾ ਮੁਕਾਈਆ । ਕਲਜੁਗ ਉਠ ਉਠ ਬਲ ਧਾਰ, ਹਰਿ ਜੂ ਹਰਿ ਹਰਿ ਆਖ ਸੁਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਉਤਰੇ ਪਾਰ, ਵੇਲਾ ਅੰਤ ਅੰਤ ਜਣਾਇੰਦਾ । ਰੈਣ ਅੰਧੇਰੀ ਮਿਟੇ ਧੂੰਆਂਧਾਰ, ਚੰਦ ਚਾਂਦਨਾ ਇਕ ਚਮਕਾਇੰਦਾ । ਨਾਤਾ ਤੁਟੇ ਜੂਠ ਝੂਠ ਠੱਗ ਚੋਰ ਯਾਰ, ਸਚ ਸੁੱਚ ਇਕ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਆਪ ਮਿਟਾਇੰਦਾ । ਕੂੜੀ ਕਿਰਿਆ ਹਰਿ ਭਗਵਾਨ, ਅੰਤ ਅੰਤ ਮਿਟਾਈਆ । ਸਤਿਜੁਗ ਸਾਚੇ ਦੇਵੇ ਦਾਨ, ਧੁਰ ਦੀ ਦਾਤ ਆਪ ਜਣਾਈਆ । ਏਕਾ ਅੱਖਰ ਨਾਮ ਗਿਆਨ, ਹਰਿ ਸਤਿਗੁਰ ਆਪ ਪੜ੍ਹਾਈਆ । ਏਕਾ ਮੰਦਰ ਸਚ ਮਕਾਨ, ਸਚਖੰਡ ਨਿਵਾਸੀ ਆਪ ਸੁਹਾਈਆ । ਏਕਾ ਹੁਕਮ ਧੁਰ ਫ਼ਰਮਾਣ, ਸੋਹੰ ਢੋਲਾ ਆਪ ਜਣਾਈਆ । ਬਣੇ ਵਿਚੋਲਾ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣੀ ਸੇਵ ਕਮਾਈਆ । ਲੱਖ ਚੁਰਾਸੀ ਤੋਲਾ ਬਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਦਏ ਚੁਕਾਈਆ । ਕਲਜੁਗ ਲੇਖਾ ਚੁੱਕੇ ਜਗ, ਹਰਿ ਜਾਗਰਤ ਜੋਤ ਜਗਾਇੰਦਾ । ਨੌਂ ਖੰਡ ਪ੍ਰਿਥਮੀ ਲੱਗੀ ਬੁਝੇ ਅੱਗ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਸੰਤ ਸੁਹੇਲੇ ਸਾਚੇ ਸਦ, ਗੁਰ ਚੇਲੇ ਸੰਗ ਮਿਲਾਇੰਦਾ । ਨਾਮ ਪਿਆਏ ਸਾਚੀ ਮਦਿ, ਅੰਤਰ ਰਸ ਇਕ ਵਖਾਇੰਦਾ । ਵਿਸ਼ਨੂੰ ਤੇਰੀ ਵਿਸ਼ਵ ਯਦ, ਬੰਸਾਵਲੀ ਆਪ ਸਮਝਾਇੰਦਾ । ਬ੍ਰਹਮੇ ਤੇਰੀ ਬ੍ਰਹਮ ਹੱਦ, ਪਾਰਬ੍ਰਹਮ ਵੰਡ ਵੰਡਾਇੰਦਾ । ਸ਼ਬਦੀ ਸ਼ਬਦ ਕਰੇ ਲਾਡ, ਨਿਰਗੁਣ ਨਿਰਗੁਣ ਵੇਖ ਵਖਾਇੰਦਾ । ਲੇਖਾ ਜਾਣੇ ਆਦਿ ਜੁਗਾਦਿ, ਜੁਗ ਕਰਤਾ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲਹਿਣਾ ਆਪ ਚੁਕਾਇੰਦਾ । ਕਲਜੁਗ ਲਹਿਣਾ ਮੁਕਾਵਣਹਾਰਾ, ਏਕਾ ਏਕ ਏਕ ਅਖਵਾਇੰਦਾ । ਜੁਗਾ ਜੁਗੰਤਰ ਖੇਲ ਕਰੇ ਨਿਆਰਾ, ਭੇਵ ਕੋਇ ਨਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਲੈ ਅਵਤਾਰਾ, ਜੁਗ ਜੁਗ ਵੇਸ ਵਟਾਇੰਦਾ । ਕਲਜੁਗ ਅੰਤਮ ਖੇਲ ਕਰੇ ਨਿਆਰਾ, ਨਿਰਗੁਣ ਆਪਣੀ ਧਾਰ ਚਲਾਇੰਦਾ । ਰਾਗਾ ਨਾਦਾਂ ਵਸੇ ਬਾਹਰਾ, ਛੱਤੀ ਰਾਗ ਭੇਵ ਨਾ ਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰਾ, ਉਚੀ ਕੂਕ ਕੂਕ ਸਰਬ ਸੁਣਾਇੰਦਾ । ਅੰਜ਼ੀਲ ਕੁਰਾਨ ਲਾਏ ਨਾਅਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖੇਲ ਕਰਾਇੰਦਾ । ਕਲਜੁਗ ਅੰਤਮ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਚਖੰਡ ਬੈਠਾ ਆਸਣ ਲਾਈਆ । ਸਚ ਸੰਦੇਸ ਏਕਾ ਘੱਲਾ, ਚੌਦਾਂ ਲੋਕ ਰਿਹਾ ਹਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਫੜਾਇਆ ਪੱਲਾ, ਏਕਾ ਬੰਧਨ ਪਾਈਆ । ਕਲਜੁਗ ਅੰਤਮ ਲੇਖਾ ਜਾਣੇ ਮੀਆਂ ਅੱਲਾ, ਇਲਾਹੀ ਨੂਰ ਵੇਖ ਵਖਾਈਆ । ਵਸਣਹਾਰਾ ਬਲਾ ਬਲਾ, ਘਟ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਲਜੁਗ ਲੇਖਾ ਦਏ ਚੁਕਾਈਆ । ਕਲਜੁਗ ਲੇਖਾ ਨੂਰ ਇਲਾਹੀ , ਇਲਾਹੀ ਨੂਰ ਆਪ ਮਿਟਾਇੰਦਾ । ਪਰਗਟ ਹੋਏ ਜ਼ਾਹਰ ਜ਼ਹੂਰਾ, ਜ਼ਾਹਰਾ ਖੇਲ ਕਰਾਇੰਦਾ । ਵੇਖਣਹਾਰਾ ਨੇੜੇ ਦੂਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਆਪ ਮੁਕਾਇੰਦਾ । ਕਲਜੁਗ ਲੇਖਾ ਅੰਤਮ ਵਾਰ, ਚੌਥੇ ਜੁਗ ਦਏ ਸਮਝਾਈਆ । ਚਾਰ ਵੇਦ ਉਤਰੇ ਪਾਰ, ਚਾਰ ਵਰਨ ਰਹਿਣ ਨਾ ਪਾਈਆ । ਚਾਰੇ ਖਾਣੀ ਮਾਰੇ ਮਾਰ, ਚਾਰੇ ਬਾਣੀ ਲਏ ਪੜ੍ਹਾਈਆ । ਅੱਲਾ ਰਾਣੀ ਨੈਣ ਉਘਾੜ, ਨੇਤਰ ਨੈਣ ਦਏ ਖੁਲ੍ਹਾਈਆ । ਸਦੀ ਚੌਧਵੀਂ ਆਈ ਹਾਰ, ਚੌਦਸ ਚੰਦ ਨਾ ਕੋਇ ਚੜ੍ਹਾਈਆ । ਚੌਦਾਂ ਤਬਕ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਨਬੀਂ ਰਸੂਲਾ ਆਈ ਹਾਰ, ਪੀਰ ਪੈਗੰਬਰ ਬੈਠੇ ਨੈਣ ਸ਼ਰਮਾਈਆ । ਕਲਮਾ ਕਲਾਮ ਨਾ ਕੋਇ ਪਿਆਰ, ਕਾਇਨਾਤ ਨਾ ਕੋਇ ਪੜ੍ਹਾਈਆ । ਨਾਤਾ ਤੁਟੇ ਚਾਰ ਯਾਰ, ਯਾਰੀ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਰਿਹਾ ਮਿਟਾਈਆ । ਕਲਜੁਗ ਲੇਖਾ ਹੋਏ ਪੂਰ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਚਾਰੋਂ ਕੁੰਟ ਕੁੜਿਆਰਾ ਕੂੜ, ਨਵ ਖੰਡ ਆਪਣਾ ਡੇਰਾ ਲਾਇੰਦਾ । ਕਿਸੇ ਗ੍ਰਿਹਿ ਨਾ ਦਿਸੇ ਜੋਤੀ ਨੂਰ, ਅੰਧ ਅੰਧੇਰਾ ਚਾਰੋਂ ਕੁੰਟ ਛਾਇੰਦਾ । ਪੁਰਖ ਅਬਿਨਾਸ਼ੀ ਸਰਬ ਕਲਾ ਭਰਪੂਰ, ਭੇਵ ਅਭੇਦ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖ ਸ੍ਰੀ ਭਗਵਾਨ, ਆਪਣੀ ਦਇਆ ਕਮਾਇੰਦਾ । ਪਰਗਟ ਹੋ ਵਿਚ ਜਹਾਨ, ਨਿਰਗੁਣ ਵੇਸ ਅਵੱਲੜਾ ਆਪ ਧਰਾਇੰਦਾ । ਧੁਰਦਰਗਾਹੀ ਧੁਰ ਫ਼ਰਮਾਣ, ਧੁਰਦਰਬਾਰੀ ਆਪ ਸੁਣਾਇੰਦਾ । ਚਾਰ ਵਰਨ ਦੀ ਚੁੱਕੇ ਕਾਣ, ਚਾਰ ਜੁਗ ਦਾ ਪੰਧ ਮੁਕਾਇੰਦਾ । ਚਾਰ ਵੇਦ ਨਾ ਕੋਇ ਗਿਆਨ, ਚਾਰ ਖਾਣੀ ਨਾ ਕੋਇ ਸਮਝਾਇੰਦਾ । ਚਾਰੇ ਬਾਣੀ ਦੇਵੇ ਇਕ ਗਿਆਨ, ਬਿਨ ਹਰਿ ਪਾਰ ਨਾ ਕੋਇ ਕਰਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਕਲਜੁਗ ਆਪਣਾ ਬਲ ਆਪ ਧਰਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪੜਦਾ ਆਪੇ ਲਾਹਿੰਦਾ । ਸਚਖੰਡ ਨਿਵਾਸੀ ਦੇਵਣਹਾਰਾ ਧੁਰ ਫ਼ਰਮਾਣ, ਸਚ ਸੰਦੇਸਾ ਇਕ ਸੁਣਾਇੰਦਾ । ਚਾਰੋਂ ਕੁੰਟ ਹੋਏ ਵੈਰਾਨ, ਬਚਿਆ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜਾ ਲੇਖਾ ਆਪ ਮੁਕਾਇੰਦਾ । ਕੂੜ ਕੁੜਿਆਰਾ ਜਾਏ ਨੱਠ, ਲੋਕਮਾਤ ਰਹਿਣ ਨਾ ਪਾਈਆ । ਨਾਤਾ ਤੁਟੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਹਾਵਣ ਕੋਇ ਨਾ ਜਾਈਆ । ਪਰਗਟ ਹੋ ਪੁਰਖ ਸਮਰਥ, ਮਹਿਮਾ ਅਕਥ ਇਕ ਸੁਣਾਈਆ । ਸਗਲ ਵਿਸੂਰੇ ਜਾਇਣ ਲੱਥ, ਜੋ ਜਨ ਹਰਿ ਹਰਿ ਦਰਸਨ ਪਾਈਆ । ਜਨਮ ਜਨਮ ਦੀ ਉਤਰੇ ਵਿਸ, ਸਗਲਾ ਵਿਸੂਰਾ ਦਏ ਗਵਾਈਆ । ਨੌਂ ਖੰਡ ਪ੍ਰਿਥਮੀ ਏਕਾ ਸਿਖਿਆ ਲਏ ਲਿਖ, ਸਾਚੀ ਵਿਦਿਆ ਆਪ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਅੰਤਮ ਲਹਿਣਾ ਤੇਰੀ ਚੋਲੀ ਆਪ ਭਰਾਈਆ । ਤੇਰਾ ਲਹਿਣਾ ਤੇਰੀ ਗੋਦ, ਕਲਜੁਗ ਅੰਤ ਭਰਾਇੰਦਾ । ਚਾਰ ਵਰਨ ਕੀਤਾ ਬੋਧ, ਨੌਂ ਖੰਡ ਪ੍ਰਿਥਮੀ ਖੇਲ ਕਰਾਇੰਦਾ । ਸਤਿਜੁਗ ਦਾਨ ਦੇਵੇ ਗਿਆਨ ਬੋਧ, ਬੋਧ ਗਿਆਨ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਲਾਏ ਜਹਾਨ, ਦੋ ਜਹਾਨਾਂ ਵਾਲੀ ਦਇਆ ਕਮਾਈਆ । ਕਲਜੁਗ ਕੂੜਾ ਮਿਟੇ ਨਿਸ਼ਾਨ, ਸਤਿਜੁਗ ਸਾਚਾ ਚੰਦ

ਚੜ੍ਹਾਈਆ । ਸਰਬ ਜੀਆਂ ਦਾ ਇਕ ਭਗਵਾਨ, ਪੁਰਖ ਅਕਾਲ ਫੇਰਾ ਪਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੇਵੇ ਦਾਨ, ਏਕਾ ਨਾਉਂ ਕਰੇ ਪੜ੍ਹਾਈਆ । ਏਕਾ ਮੰਦਰ ਗੁਰਦੁਆਰ ਵਖਾਏ ਮਕਾਨ, ਸ਼ਿਵਦਵਾਲਾ ਮੱਠ ਇਕ ਜਣਾਈਆ । ਏਕਾ ਗੀਤ ਗੋਬਿੰਦ ਰਸਨਾ ਜਿਹਵਾ ਗਾਣ, ਸੋਹੰ ਢੋਲਾ ਇਕ ਸੁਣਾਈਆ । ਜੀਵ ਜੰਤ ਸਾਧ ਸੰਤ ਰਸਨਾ ਬਹਿ ਬਹਿ ਸਾਰੇ ਗਾਣ, ਪੁਰਖ ਅਕਾਲ ਇਕ ਮਨਾਈਆ । ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਦੇਵੇ ਏਕਾ ਮਾਣ, ਦੂਸਰ ਅਵਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲਹਿਣਾ ਦਏ ਚੁਕਾਈਆ । ਕਲਜੁਗ ਲਹਿਣਾ ਬੀਸ ਬੀਸਾ, ਹਰਿ ਸਤਿਗੁਰ ਆਪ ਚੁਕਾਇੰਦਾ । ਸਤਿਜੁਗ ਸੁਣਾਏ ਸਚ ਹਦੀਸਾ, ਕਲਮਾ ਨਬੀ ਆਪ ਪੜ੍ਹਾਇੰਦਾ । ਲੇਖਾ ਜਾਣੇ ਰਾਗ ਛਤੀਸਾ, ਅਨਰਾਗੀ ਰਾਗ ਅਲਾਇੰਦਾ । ਏਕਾ ਛਤਰ ਝੁਲਾਏ ਸੀਸਾ, ਸ਼ਾਹ ਪਾਤਸ਼ਾਹ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਬੀਸ ਬੀਸ, ਹਰਿ ਸਾਚਾ ਸਚ ਜਣਾਈਆ । ਲੱਖ ਚੁਰਾਸੀ ਜਾਏ ਪੀਸ, ਕਲਜੁਗ ਚੱਕੀ ਅੰਤ ਚਲਾਈਆ । ਤ੍ਰੈਗੁਣ ਮਾਇਆ ਸਭ ਦਾ ਖਾਲੀ ਕਰੇ ਖੀਸ, ਸ਼ਾਹ ਸੁਲਤਾਨ ਦਰ ਦਰ ਦੇਣ ਦੁਹਾਈਆ । ਨੌਂ ਖੰਡ ਪ੍ਰਿਥਮੀ ਇਕ ਹਦੀਸ, ਸੱਤਾਂ ਦੀਪਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਪੰਧ ਮੁਕਾਈਆ । ਕਲਜੁਗ ਮੁੱਕੇ ਅੰਤਮ ਪੰਧ, ਪਾਂਧੀ ਆਪਣਾ ਪੰਧ ਮੁਕਾਇੰਦਾ । ਕੋਈ ਨਾ ਖਾਏ ਰਸਨਾ ਜੂਠਾ ਝੂਠਾ ਗੰਦ, ਅੰਮ੍ਰਿਤ ਰਸ ਇਕ ਚਖਾਈਆ । ਮੇਟ ਮਿਟਾਏ ਭੇਖ ਪਖੰਡ, ਭੇਖੀ ਕੋਇ ਨਜ਼ਰ ਨਾ ਆਇੰਦਾ । ਆਤਮ ਪਰਮਾਤਮ ਗਾਏ ਛੰਦ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਬੀਸ ਬੀਸਾ ਅੰਤਮ ਧਾਰ, ਸੋ ਪੁਰਖ ਨਿਰੰਜਣ ਆਪ ਚਲਾਈਆ । ਹਰਿ ਪੁਰਖ ਨਿਰੰਜਣ ਖੇਲ ਅਪਾਰ, ਮਹਿਮਾ ਅਗਣਤ ਗਿਣੀ ਨਾ ਜਾਈਆ । ਏਕੰਕਾਰਾ ਭੇਵ ਨਿਆਰ, ਆਪਣਾ ਪੜਦਾ ਦਏ ਉਠਾਈਆ । ਆਦਿ ਨਿਰੰਜਣ ਹੋ ਤਿਆਰ, ਤ੍ਰੈਭਵਣ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜ, ਆਪਣਾ ਨੂਰ ਦਏ ਦਰਸਾਈਆ । ਸ੍ਰੀ ਭਗਵਾਨ ਸਤ ਰੰਗ ਨਿਸ਼ਾਨਾ ਦਏ ਚਾੜ੍ਹ, ਦੋ ਜਹਾਨਾਂ ਆਪ ਵਖਾਈਆ । ਪਾਰਬ੍ਰਹਮ ਬ੍ਰਹਮ ਖੇਲ ਨਿਆਰ, ਅਨਭਵ ਆਪਣਾ ਖੇਲ ਜਣਾਈਆ । ਗੁਰਮੁਖ ਸਾਜਣ ਕਰ ਪਿਆਰ, ਸਗਲਾ ਸੰਗ ਨਿਭਾਈਆ । ਸਾਚੇ ਸੰਤਾਂ ਖੋਲ੍ਹ ਕਿਵਾੜ, ਆਤਮ ਪਰਮਾਤਮ ਪੜਦਾ ਲਾਹੀਆ । ਜਨ ਭਗਤਾਂ ਦੇਵੇ ਇਕ ਦੀਦਾਰ, ਸਵੱਛ ਸਰੂਪੀ ਰੂਪ ਧਰਾਈਆ । ਚਾਰ ਵਰਨਾਂ ਇਕ ਅਧਾਰ, ਘਰ ਏਕਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਗ ਅਲਾਈਆ । ਸਤਿਜੁਗ ਗਾਏ ਸਾਚਾ ਰਾਗ, ਰਾਗ ਰਾਗਨੀ ਭੇਵ ਨਾ ਆਇੰਦਾ । ਪੁਰਖ ਅਬਿਨਾਸ਼ੀ ਕੰਤ ਸੁਹਾਗ, ਲੱਖ ਚੁਰਾਸੀ ਨਾਰ ਆਪ ਹੰਢਾਇੰਦਾ । ਆਤਮ ਦੇਵੇ ਇਕ ਵੈਰਾਗ, ਪਰਮਾਤਮ ਖੇਲ ਕਰਾਇੰਦਾ । ਜਨਮ ਜਨਮ ਦਾ ਧੋਵੇ ਦਾਗ਼, ਦੁਰਮਤ ਮੈਲ ਆਪ ਧੁਵਾਇੰਦਾ । ਸੁਰਤੀ ਸ਼ਬਦੀ ਡੋਰ ਪਕੜੇ ਵਾਗ, ਵਾਗਾਂ ਆਪਣੇ ਹੱਥ ਰਖਾਇੰਦਾ । ਦੀਪਕ ਜੋਤ ਜਗਾਏ ਚਿਰਾਗ਼, ਅੰਧ ਅੰਧੇਰ ਗਵਾਇੰਦਾ । ਏਥੇ ਓਥੇ ਦੋ ਜਹਾਨ ਸੱਜਣ ਸਾਕ, ਹਰਿ ਸਤਿਗੁਰ ਸੰਗ ਰਖਾਇੰਦਾ । ਬੰਦ ਕਿਵਾੜੀ ਖੋਲ੍ਹ ਤਾਕ, ਗੁਰਮੁਖ ਆਪਣੀ ਬੂਝ ਬੁਝਾਇੰਦਾ । ਨੇਤਰ ਹਰਨ ਫਰਨ ਖੁਲ੍ਹੇ ਜਾਗ, ਜਾਗਰਤ ਜੋਤ ਇਕ ਜਗਾਇੰਦਾ । ਆਪੇ ਕਰੇ ਪੂਰਾ ਭਵਿਖਤ ਵਾਕ, ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਤਿਜੁਗ ਸਾਚਾ ਚਲੇ ਰਾਹ, ਰਹਿਬਰ ਹਰਿ ਹਰਿ ਆਪ ਅਖਵਾਈਆ । ਨਿਰਗੁਣ ਦੇਵੇ ਸਰਗੁਣ ਸਲਾਹ, ਸ਼ਬਦ ਸੁਨੇਹੜਾ ਇਕ ਸੁਣਾਈਆ । ਸਰਬ ਜੀਆਂ ਦਾ ਸਚ ਮਲਾਹ, ਸੋ ਪੁਰਖ ਨਿਰੰਜਣ ਆਪ ਅਖਵਾਈਆ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖੇ ਥਾਉਂ ਥਾਂ, ਜਲ ਥਲ ਮਹੀਅਲ ਫੇਰਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਹਰਿਜਨ ਸਾਚੇ ਪਕੜੇ ਬਾਂਹ, ਘਰ ਘਰ ਵਿਚ ਮੇਲ ਮਿਲਾਈਆ । ਸਤਿ ਜਪਾਏ ਇਕ ਨਾਂ, ਨਾਉਂ ਨਿਰੰਕਾਰਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੰ ਬ੍ਰਹਮ ਦਏ ਪਰਗਟਾਈਆ । ਹੰ ਬ੍ਰਹਮ ਏਕਾ ਅੱਖਰ, ਬਿਨ ਅੱਕਸ਼ਰ ਆਪ ਜਣਾਇੰਦਾ । ਤੋੜਨਹਾਰਾ ਬਜਰ ਕਪਾਟੀ ਪੱਥਰ, ਨਾਮ ਖੰਡਾ ਇਕ ਚਮਕਾਇੰਦਾ । ਨੇਤਰ ਨੀਰ ਵਿਰੋਲੇ ਅੱਥਰ, ਭੇਵ ਕੋਇ ਨਾ ਪਾਇੰਦਾ । ਪੰਜ ਵਿਕਾਰਾ ਕਰੇ ਸੱਥਰ, ਬਲ ਆਪਣਾ ਆਪ ਜਣਾਇੰਦਾ । ਆਪੇ ਚੋਟੀ ਚੜ੍ਹ ਕੇ ਬੈਠਾ ਸਿਖਰ, ਦਿਸ ਕਿਸੇ ਨਾ ਆਇੰਦਾ । ਆਦਿ ਜੁਗਾਦੀ ਮਾਤ ਪਿਤ ਪਿਸਰ, ਪਿਤਾ ਪੂਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਭੇਵ ਖੁਲ੍ਹਾਇੰਦਾ । ਸਤਿਜੁਗ ਭੇਵ ਜਾਏ ਖੁਲ੍ਹ, ਸ੍ਰੀ ਭਗਵਾਨ ਆਪ ਖੁਲ੍ਹਾਈਆ । ਹਰਿ ਭਗਤ ਬਣਾਏ ਸਾਚੀ ਕੁਲ, ਕੁਲਵੰਤਾ ਇਕ ਰਘੁਰਾਈਆ । ਸਚ ਫੁਲਵਾੜੀ ਜਾਏ ਫੁਲ, ਪੱਤ ਡਾਲ੍ਹੀ ਆਪ ਮਹਿਕਾਈਆ । ਸੰਤ ਸੁਹੇਲਾ ਸਾਚੇ ਕੰਡੇ ਜਾਏ ਤੁਲ, ਨਾਮ ਤੋਲਾ ਏਕਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਲਏ ਪਰਗਟਾਈਆ । ਸਤਿਜੁਗ ਪਰਗਟੇ ਵਿਚ ਜੱਗ, ਜੀਵਣ ਜੁਗਤ ਹਰਿ ਜਣਾਇੰਦਾ । ਹੰਸ ਬਣਾਏ ਫੜ ਫੜ ਕਗ, ਸੋਹੰ ਹੰਸਾ ਚੋਗ ਚੁਗਾਇੰਦਾ । ਤ੍ਰੈਗੁਣ ਮਾਇਆ ਬੁਝੇ ਅੱਗ, ਅਗਨੀ ਤੱਤ ਨਾ ਕੋਇ ਰਖਾਇੰਦਾ । ਸੰਤ ਸੁਹੇਲੇ ਆਪੇ ਸੱਦ, ਆਪਣੀ ਬੂਝ ਬੁਝਾਇੰਦਾ । ਅਨਹਦ ਨਾਦ ਵਜਾਏ ਨਦ, ਧੁਨ ਆਤਮਕ ਰਾਗ ਸੁਣਾਇੰਦਾ । ਆਤਮ ਸੇਜਾ ਬਹੇ ਸਜ, ਪਰਮਾਤਮ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਮਾਰਗ ਲਾਇੰਦਾ । ਸਾਚਾ ਮਾਰਗ ਏਕੰਕਾਰ, ਏਕਾ ਏਕ ਲਗਾਈਆ । ਲੇਖਾ ਚੁੱਕੇ ਜੁਗ ਚੌਕੜੀ ਚਾਰ, ਨਵ ਨੌਂ ਰਹਿਣ ਨਾ ਪਾਈਆ । ਸ੍ਰਿਸ਼ਟ ਸਬਾਈ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣ ਰਹੀ ਵਹਾਈਆ । ਪੀਰ ਪੈਗ਼ੰਬਰ ਮੁੱਲਾ ਸ਼ੇਖ਼ ਮੁਸਾਇਕ ਦਸਤਗੀਰ ਨਾ ਕੋਇ ਅਧਾਰ, ਦਸਤ ਬਰਦਾਰ ਹੋਈ ਲੋਕਾਈਆ । ਜਗਤ ਅੰਧੇਰਾ ਧੂੰਆਂਧਾਰ, ਸਚ ਪਰਕਾਸ਼ ਨਾ ਕੋਇ ਵਖਾਈਆ । ਕਾਗਦ ਕਲਮ ਲਿਖ ਲਿਖ ਗਏ ਹਾਰ, ਹਰਿ ਕਾ ਨਾਮ ਹਿਰਦੇ ਨਾ ਕੋਇ ਵਸਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ, ਵਸਣ ਠੱਗ ਚੋਰ ਯਾਰ, ਠਾਕਰ ਨਜ਼ਰ ਕੋਇ ਨਾ ਆਈਆ । ਧਰਨੀ ਧਰਤ ਧਵਲ ਨੇਤਰ ਰੋਵੇ ਜ਼ਾਰੋ ਜ਼ਾਰ, ਪ੍ਰਭ ਅੱਗੇ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਪੁਕਾਰ, ਬੇਅੰਤ ਤੇਰੀ ਵਡਿਆਈਆ । ਅਸੀਂ ਲਿਖ ਲਿਖ ਲੇਖਾ ਦੱਸ ਕੇ ਗਏ ਵਿਚ ਸੰਸਾਰ, ਪੜ੍ਹ ਪੜ੍ਹ ਭੇਵ ਕੋਇ ਨਾ ਪਾਈਆ । ਤੇਰਾ ਭੁਲਿਆ ਨਾਉਂ ਹਰਿ ਨਿਰੰਕਾਰ, ਸਾਚਾ ਵਣਜ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਹੁਕਮ ਆਪ ਵਰਤਾਈਆ । ਕਲਜੁਗ ਤੇਰੀ ਅੰਤਮ ਕਾਰ, ਕਰਤਾ ਪੁਰਖ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਨਾਰ ਵਿਭਚਾਰ, ਹਰਿ ਕੰਤ ਨਾ ਕੋਇ ਹੰਢਾਇੰਦਾ । ਗੁਰ ਕਾ ਸ਼ਬਦ ਨਾ ਸਕੇ ਕੋਇ


੯੫੫
੧੧

ਵਿਚਾਰ, ਰਸਨਾ ਪੜ੍ਹ ਪੜ੍ਹ ਵਾਦ ਵਧਾਇੰਦਾ । ਕਾਇਆ ਮੰਦਰ ਅੰਦਰ ਬੰਦ ਨਾ ਖੋਲ੍ਹੇ ਕੋਈ ਕਿਵਾੜ, ਗੁਰਦਰ ਮੰਦਰ ਮਸਜਦ ਸ਼ਿਵਦਵਾਲੇ ਜੀਵ ਜੰਤ ਫੇਰਾ ਪਾਇੰਦਾ । ਤ੍ਰੈਗੁਣ ਅਗਨੀ ਤਪੇ ਹਾੜ, ਸਾਂਤਕ ਸਤਿ ਨਾ ਕੋਇ ਕਰਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਲਗਾਇਆ ਅਖਾੜ, ਧੀਰਜ ਧੀਰ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਪੜਦਾ ਆਪ ਉਠਾਇੰਦਾ । ਕਲਜੁਗ ਪੜਦਾ ਜਾਏ ਉਠ, ਲੋਕਮਾਤ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਸਤਿਜੁਗ ਉਪਰ ਗਿਆ ਤੁਠ, ਸਿਰ ਆਪਣਾ ਹੱਥ ਟਿਕਾਈਆ । ਕੂੜ ਕੁੜਿਆਰਾ ਕੱਢੇ ਕੁੱਟ, ਨਾਮ ਚੰਡ ਪਰਚੰਡ ਚਮਕਾਈਆ । ਨੌਂ ਖੰਡ ਪ੍ਰਿਥਮੀ ਪਏ ਲੁੱਟ, ਸ਼ਾਹ ਸੁਲਤਾਨ ਰਹਿਣ ਕੋਇ ਨਾ ਪਾਈਆ । ਸ੍ਰਿਸ਼ਟ ਸਬਾਈ ਭਾਗ ਗਏ ਨਿਖੁਟ, ਭਾਵੀ ਕੂਕ ਕੂਕ ਸੁਣਾਈਆ । ਮਾਨਸ ਨਾਤਾ ਜਾਏ ਤੁਟ, ਬੰਧਨ ਫੇਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਖੇਲ ਕਰਾਈਆ । ਸਤਿਜੁਗ ਉਠੇ ਸਾਚਾ ਸੁਤ, ਸਤਿ ਪੁਰਖ ਨਿਰੰਜਣ ਆਪ ਉਠਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਭੇਵ ਕੋਇ ਨਾ ਪਾਈਆ । ਭਗਤਾਂ ਮੌਲੇ ਸਾਚੀ ਰੁੱਤ, ਰੁੱਤ ਬਸੰਤੀ ਇਕ ਵਖਾਈਆ । ਭਾਗ ਲਗਾਏ ਪੰਜ ਤੱਤ ਕਾਇਆ ਬੁੱਤ, ਘਰ ਮੰਦਰ ਵੱਜੇ ਵਧਾਈਆ । ਨਿਰਗੁਣ ਸਰਗੁਣ ਅੰਦਰ ਪਏ ਉਠ, ਬ੍ਰਹਮ ਪਾਰਬ੍ਰਹਮ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਆਪਣਾ ਖੇਲ ਕਰਾਈਆ । ਸਤਿਜੁਗ ਖੇਲ ਕਰੇ ਸਮਰਥ, ਕਲਜੁਗ ਕੂੜਾ ਪਾਰ ਕਰਾਈਆ । ਸਤਿ ਸਤਿਵਾਦੀ ਚਲਾਏ ਰਥ, ਸਤਿਗੁਰ ਪੂਰਾ ਹੋ ਸਹਾਈਆ । ਚਾਰ ਵਰਨਾਂ ਏਕਾ ਮਾਰਗ ਦੱਸ, ਏਕਾ ਰਾਹ ਦਏ ਵਖਾਈਆ । ਇਕ ਸੁਣਾਏ ਸਾਚੀ ਗਥ, ਸੋਹੰ ਢੋਲਾ ਆਪੇ ਗਾਈਆ । ਦਰਗਹਿ ਸਾਚੀ ਦੀ ਸਾਚੀ ਵਥ, ਸ੍ਰਿਸ਼ਟ ਸਬਾਈ ਝੋਲੀ ਆਪੇ ਪਾਈਆ । ਘਰ ਮੰਦਰ ਬਹਿ ਬਹਿ ਗਾਏ ਜਸ, ਕਾਇਆ ਬੰਕ ਬੰਕ ਸੁਹਾਈਆ । ਸੁਰਤੀ ਸ਼ਬਦੀ ਮੇਲ ਮਿਲਾਵਾ ਹੱਸ ਹੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਮਾਰਗ ਏਕਾ ਲਾਈਆ । ਸਤਿਜੁਗ ਮਾਰਗ ਆਤਮ ਪਰਮਾਤਮ ਨਾਤਾ, ਨਰ ਨਰਾਇਣ ਜੋੜ ਜੁੜਾਇੰਦਾ । ਪੁਰਖ ਅਬਿਨਾਸ਼ੀ ਵੇਖਣਹਾਰਾ ਖੇਲ ਤਮਾਸ਼ਾ, ਤ੍ਰੈਗੁਣ ਆਪਣਾ ਪੜਦਾ ਲਾਹਿੰਦਾ । ਸਾਚੇ ਮੰਦਰ ਬਹਿ ਬਹਿ ਪਾਏ ਰਾਸਾ, ਗੋਪੀ ਕਾਹਨ ਆਪ ਨਚਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦਏ ਭਰਵਾਸਾ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਬੰਧਨ ਪਾਇੰਦਾ । ਸਤਿਜੁਗ ਸਾਚਾ ਬੰਧਨ ਪਾਏ ਡੋਰ, ਡੋਰੀ ਆਪਣੇ ਹੱਥ ਰਖਾਈਆ । ਸ਼ਬਦੀ ਗੁਰ ਬੰਨ੍ਹਣਹਾਰਾ ਪੰਜ ਚੋਰ, ਚੋਰੀ ਕਰਨ ਕੋਇ ਨਾ ਜਾਈਆ । ਤੱਤ ਵਿਕਾਰ ਨਾ ਪਾਏ ਸ਼ੋਰ, ਛੁਰੀ ਹੱਕ ਆਪ ਚਲਾਈਆ । ਲਹਿਣਾ ਚੁਕਾਏ ਤੋਰ ਮੋਰ, ਤੇਰਾ ਮੇਰਾ ਆਪਣਾ ਰੂਪ ਵਖਾਈਆ । ਪਾਵੇ ਸਾਰ ਅੰਧ ਘੋਰ, ਡੂੰਘੀ ਭਵਰੀ ਫੋਲ ਫੋਲਾਈਆ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਚੜ੍ਹੇ ਸਾਚੇ ਘੋੜ, ਅਗੰਮੀ ਘੋੜਾ ਆਪ ਦੁੜਾਈਆ । ਕਲਜੁਗ ਅੰਤਮ ਚੌਥੇ ਜੁਗ ਜੋਤੀ ਮਾਰੇ ਪੌੜ, ਗੋਬਿੰਦ ਮੀਤਾ ਸੱਚਾ ਮਾਹੀਆ । ਲੱਖ ਚੁਰਾਸੀ ਵੇਖੇ ਰੀਠਾ ਕੌੜ, ਕੌੜਾ ਰੀਠਾ ਭੰਨ ਵਖਾਈਆ । ਪੂਤ ਸਪੂਤਾ ਬ੍ਰਹਿਮਣ ਗੌੜ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਜਣਾਏ ਜਨ, ਜਨ ਜਨਨੀ ਆਪ ਅਖਵਾਇੰਦਾ । ਏਕਾ ਰਾਗ ਸੁਣਾਏ ਕੰਨ, ਨਾਦੀ


੯੫੬
੧੧

ਨਾਦ ਵਜਾਇੰਦਾ । ਬੰਨਣਹਾਰਾ ਮਨੂਆਂ ਮਨ, ਮਨ ਵਾਸਨਾ ਆਪ ਮਿਟਾਇੰਦਾ । ਭਾਗ ਲਗਾਏ ਕਾਇਆ ਪੰਜ ਤੱਤ ਤਨ, ਸੋਹੰ ਢੋਲਾ ਆਪ ਸੁਣਾਇੰਦਾ । ਪੰਚ ਵਿਕਾਰਾ ਦੇਵੇ ਡੰਨ, ਸ਼ਰਅ ਸ਼ਰੀਅਤ ਨਾ ਕੋਇ ਵਖਾਇੰਦਾ । ਸਚ ਵਸੇਰਾ ਬਿਨ ਛੱਪਰੀ ਛੰਨ, ਸਚਖੰਡ ਦੁਆਰੇ ਸੋਭਾ ਪਾਇੰਦਾ । ਜੋ ਘੜੇ ਸੋ ਦੇਵੇ ਭੰਨ, ਥਿਰ ਕੋਇ ਰਹਿਣ ਨਾ ਪਾਇੰਦਾ । ਸਤਿਜੁਗ ਬੇੜਾ ਆਪੇ ਬੰਨ੍ਹ, ਬਣ ਖੇਵਟ ਖੇਟਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਆਪ ਚਲਾਇੰਦਾ । ਸਾਚੀ ਧਾਰਾ ਭਗਤ ਭਗਵੰਤ, ਲੋਕਮਾਤ ਚਲਾਈਆ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਖੇਲ ਕਰਾਈਆ । ਨਿਰਗੁਣ ਸਰਗੁਣ ਵੇਸ ਵਟਾਏ ਜੁਗਾ ਜੁਗੰਤ, ਗੁਰ ਅਵਤਾਰ ਨਾਉਂ ਧਰਾਈਆ । ਕਲਜੁਗ ਅੰਤਮ ਖੇਲ ਕਰੇ ਸ੍ਰੀ ਭਗਵੰਤ, ਮਹਿਬਾਨ ਬੀਦੋ ਬੀ ਖੈਰ ਯਾ ਅੱਲਾਹ, ਭੇਵ ਕੋਇ ਨਾ ਪਾਈਆ । ਆਪ ਉਠਾਏ ਗੁਰਮੁਖ ਸਾਚੇ ਸੰਤ, ਸਤਿਗੁਰ ਆਪਣੀ ਦਇਆ ਕਮਾਈਆ । ਏਕਾ ਨਾਉਂ ਮਣੀਆਂ ਮੰਤ, ਮਨ ਕਾ ਮਣਕਾ ਦਏ ਭੁਵਾਈਆ । ਮੇਲ ਮਿਲਾਵਾ ਸਾਚੀ ਸੰਗਤ, ਹਰਿ ਸੰਗਤ ਮੇਲਾ ਸਹਿਜ ਸੁਭਾਈਆ । ਨਾਤਾ ਤੁੱਟੇ ਭੁੱਖ ਨੰਗਤ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੇਸ ਕਰ, ਸਤਿਜੁਗ ਸਾਚਾ ਮਾਤ ਧਰ, ਸੋਹੰ ਸੋ ਕਰੇ ਕੁੜਮਾਈਆ । ਸੋਹੰ ਸ਼ਬਦ ਧੁਰ ਦੀ ਧਾਰ, ਧਰਨੀ ਧਰਤ ਧਵਲ ਟਿਕਾਇੰਦਾ । ਨਿਰਗੁਣ ਸਰਗੁਣ ਕਰੇ ਪਿਆਰ, ਜਗਤ ਨੇਤਰ ਦਿਸ ਨਾ ਆਇੰਦਾ । ਅੰਤਰ ਅੰਤਰ ਵੱਜੇ ਸਿਤਾਰ, ਤੰਦੀ ਤੰਦ ਨਾ ਕੋਇ ਰਖਾਇੰਦਾ । ਰਸਨਾ ਜਿਹਵਾ ਨਾ ਕੋਇ ਵਿਚਾਰ, ਬੱਤੀ ਦੰਦ ਨਾ ਕੋਇ ਸਲਾਹਿੰਦਾ । ਗੁਫ਼ਤ ਸ਼ਨੀਦ ਏਕਾ ਕਾਰ, ਜ਼ਾਹਰ ਜ਼ਹੂਰ ਵੇਸ ਵਟਾਇੰਦਾ । ਜਨ ਭਗਤਾਂ ਪੈਜ ਦਏ ਸਵਾਰ, ਭਗਵਨ ਆਪਣੀ ਦਇਆ ਕਮਾਇੰਦਾ । ਸਚ ਮਹੱਲਾ ਕਰ ਤਿਆਰ, ਉਚ ਅਟੱਲਾ ਆਪ ਬਣਾਇੰਦਾ । ਛੱਤੀ ਯੁਗ ਦਾ ਕਰਜ਼ ਉਤਾਰ, ਮਕਰੂਜ ਆਪਣਾ ਕਰਜ਼ ਅਦਾ ਕਰਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਹੁਕਮੀ ਹੁਕਮ ਦੇਵੇ ਏਕਾ ਵਾਰ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਕਲਜੁਗ ਰਹੇ ਨਾ ਵਿਚ ਸੰਸਾਰ, ਸਤਿਜੁਗ ਸਾਚਾ ਮਾਰਗ ਲਾਇੰਦਾ । ਦੋਹਾਂ ਵਿਚੋਲਾ ਆਪ ਨਿਰੰਕਾਰ, ਲਹਿਣਾ ਦੇਣਾ ਦੇਣਾ ਲਹਿਣਾ ਸਭ ਦੀ ਝੋਲੀ ਪਾਇੰਦਾ । ਭਾਣਾ ਸਹਿਣਾ ਸਰਬ ਸੰਸਾਰ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਮਾਤ ਧਰ, ਸਾਚਾ ਸ਼ਬਦ ਆਪ ਵਰਤਾਇੰਦਾ । ਸਾਚਾ ਸ਼ਬਦ ਸਾਚੀ ਵਸਤ, ਹਰਿ ਸਤਿਗੁਰ ਆਪ ਵਰਤਾਈਆ । ਗੁਰਮੁਖਾਂ ਦੇਵੇ ਦਸਤ ਬਦਸਤ, ਜਗਤ ਉਧਾਰ ਨਾ ਕੋਇ ਕਰਾਈਆ । ਏਕਾ ਰੰਗ ਵਖਾਏ ਕੀਟ ਹਸਤ, ਊਚਾਂ ਨੀਚਾਂ ਏਕਾ ਘਰ ਬਹਾਈਆ । ਏਕਾ ਨਾਮ ਖੁਮਾਰੀ ਦੇਵੇ ਮਸਤ, ਜੋ ਜਨ ਸੋਹੰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥ, ਸਮਰਥ ਪੁਰਖ ਵਡੀ ਵਡਿਆਈਆ । ਸਮਰਥ ਪੁਰਖ ਸਾਚਾ ਨਾਉਂ, ਕਲਜੁਗ ਅੰਤ ਆਪ ਚਲਾਇੰਦਾ । ਨਿਥਾਂਵਿਆਂ ਦੇਵੇ ਸਾਚਾ ਥਾਉਂ, ਦਰਗਹਿ ਸਾਚੀ ਆਪ ਬਹਾਇੰਦਾ । ਚਾਰ ਵਰਨਾਂ ਪਕੜੇ ਬਾਂਹੋਂ, ਵਰਨ ਬਰਨ ਨਾ ਕੋਇ ਰਖਾਇੰਦਾ । ਜਨ ਭਗਤਾਂ ਬਣੇ ਪਿਤਾ ਮਾਉਂ, ਸਾਚੇ ਸੰਤ ਗੋਦ ਸੁਹਾਇੰਦਾ । ਗੁਰਮੁਖ ਜਪਾਏ ਏਕਾ ਨਾਉਂ, ਨਿਰਗੁਣ ਨਿਰੰਕਾਰ ਏਕਾ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ

੯੫੭
੧੧

ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਦੇਵੇ ਜੀਆ ਦਾਨ, ਨੌਂ ਖੰਡ ਪ੍ਰਿਥਮੀ ਇਕ ਗਿਆਨ, ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਈਸ਼ ਜੀਵ ਜਗਦੀਸ ਮੇਲ ਮਿਲਾਇੰਦਾ ।

### ★ ੧੪ ਚੇਤ ੨੦੧੯ ਬਿਕ੍ਰਮੀ ਸਮੁੰਦ ਸਿੰਘ ਦੇ ਗ੍ਰਹਿ ਪਿੰਡ ਮਾੜੀ ਮੇਘਾ ਜ਼ਿਲਾ ਅੰਮ੍ਰਿਤਸਰ ★

ਸਚਖੰਡ ਨਿਵਾਸੀ ਏਕੰਕਾਰ, ਅਕਲ ਕਲ ਹਰਿ ਅਖਵਾਇੰਦਾ । ਵਸਣਹਾਰਾ ਧਾਮ ਨਿਆਰ, ਮਹੱਲ ਅਟੱਲ ਡੇਰਾ ਲਾਇੰਦਾ । ਨਿਰਗੁਣ ਨਿਰਗੁਣ ਖੇਲ ਕਰੇ ਅਪਾਰ, ਭੇਵ ਕੋਇ ਨਾ ਪਾਇੰਦਾ । ਸ਼ਬਦੀ ਸ਼ਬਦ ਖੇਲ ਅਪਾਰ, ਬ੍ਰਹਿਮੰਡ ਖੰਡ ਆਪਣਾ ਰਾਗ ਅਲਾਇੰਦਾ । ਲੱਖ ਚੁਰਾਸੀ ਕਰ ਤਿਆਰ, ਤ੍ਰੈਗੁਣ ਮਾਇਆ ਬੰਧਨ ਪਾਇੰਦਾ । ਪੰਚਮ ਮੇਲਾ ਜੋੜ ਸੰਸਾਰ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਆਪ ਕਰਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਆਦਿ ਪੁਰਖ ਕਰਾਈਆ । ਲੇਖਾ ਜਾਣੇ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪਣਾ ਭੇਵ ਚੁਕਾਈਆ । ਰਵ ਸਸ ਸੂਰਜ ਚੰਦ ਮੰਡਲ ਮੰਡਪ ਦੇਵੇ ਦਾਨ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਲੱਖ ਚੁਰਾਸੀ ਕਰ ਪਰਵਾਨ, ਜੋਤ ਨਿਰੰਜਣ ਦੀਆ ਬਾਤੀ ਇਕ ਟਿਕਾਈਆ । ਨਾਦ ਅਨਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਧੁਰ ਫ਼ਰਮਾਣ, ਗ੍ਰਹਿ ਮੰਦਰ ਆਪ ਸੁਣਾਈਆ । ਨਿਰਗੁਣ ਸਰਗੁਣ ਕਰ ਪਰਵਾਨ, ਲੇਖਾ ਜਾਣੇ ਜੀਵ ਜਹਾਨ, ਈਸ਼ ਜੀਵ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਬੰਧਨ ਆਪੇ ਪਾਈਆ । ਆਪਣਾ ਬੰਧਨ ਪੰਜ ਤੱਤ, ਨਿਰਗੁਣ ਸਰਗੁਣ ਆਪ ਰਖਾਇੰਦਾ । ਪੁਰਖ ਅਕਾਲ ਇਕ ਸਮਰਥ, ਮਹਿਮਾ ਅਕਥ ਆਪ ਜਣਾਇੰਦਾ । ਜੁਗ ਜੁਗ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਗੁਰ ਅਵਤਾਰਾਂ ਮਾਰਗ ਦੱਸ, ਸਾਚੇ ਧੰਦੇ ਆਪੇ ਲਾਇੰਦਾ । ਹਿਰਦੇ ਅੰਤਰ ਆਪੇ ਵਸ, ਆਪਣੀ ਬੂਝ ਬੁਝਾਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰ ਗਵਾਇੰਦਾ । ਸਦਾ ਸੁਹੇਲਾ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਦੋ ਜਹਾਨ ਸ੍ਰੀ ਭਗਵਾਨ ਆਪੇ ਪਾਏ ਆਪਣੀ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਆਪਣੀ ਖੇਲ ਕਰੇ ਕਰਤਾਰ, ਕੁਦਰਤ ਕਰਤਾ ਵੇਖ ਵਖਾਈਆ । ਲੱਖ ਚੁਰਾਸੀ ਕਰ ਤਿਆਰ, ਤ੍ਰੈਗੁਣ ਅਤੀਤਾ ਵੇਖੇ ਚਾਈਂ ਚਾਈਂਆ । ਮੰਦਰ ਅੰਦਰ ਖੋਲ੍ਹ ਕਿਵਾੜ, ਸਾਚੀ ਸੇਜਾ ਆਸਣ ਲਾਈਆ । ਸ਼ਬਦ ਅਗੰਮੀ ਇਕ ਧੁੰਨਕਾਰ, ਧੁੰਨ ਅਨਾਦੀ ਆਪ ਸੁਣਾਈਆ । ਸਾਚੀ ਸਖੀਆਂ ਮੰਗਲਚਾਰ, ਗੀਤ ਗੋਬਿੰਦ ਅਲਾਈਆ । ਆਤਮ ਪਰਮਾਤਮ ਕਰ ਪਿਆਰ, ਬ੍ਰਹਮ ਪਾਰਬ੍ਰਹਮ ਮਿਲਾਈਆ । ਵਸਣਹਾਰਾ ਧਾਮ ਨਿਆਰ, ਲੋਕਮਾਤ ਵੇਸ ਵਟਾਈਆ । ਜੁਗ ਕਰਤਾ ਹੋਏ ਖ਼ਬਰਦਾਰ, ਆਪਣੀ ਖ਼ਬਰ ਆਪ ਸੁਣਾਈਆ । ਲੇਖਾ ਜਾਣੇ ਵੇਦ ਚਾਰ, ਸ਼ਾਸਤਰ ਸਿਮਰਤ ਪੁਰਾਨ ਅਠਾਰਾਂ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਭੇਵ ਅਭੇਦਾ ਰੱਖੇ ਹੱਥ, ਭੇਵ ਕੋਇ ਨਾ ਪਾਇੰਦਾ । ਪਾਰਬ੍ਰਹਮ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਜੁਗ ਚੌਕੜੀ ਮਹਿਮਾ ਅਕੱਥ, ਕਥਨੀ ਕਥ ਕਥ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੯੫੮
੧੧

ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਕਰੇ ਭਗਵੰਤ, ਮਹਿਮਾ ਅਕੱਥ ਕਥੀ ਨਾ ਜਾਈਆ । ਲੇਖਾ ਜਾਣੇ ਆਦਿ ਅੰਤ, ਜੁਗ ਜੁਗ ਆਪਣਾ ਵੇਸ ਵਟਾਈਆ । ਭੇਵ ਖੁਲ੍ਹਾਏ ਸਾਚੇ ਸੰਤ, ਭਗਤ ਭਗਵੰਤ ਦਏ ਵਡਿਆਈਆ । ਜੁਗ ਜੁਗ ਤੋੜੇ ਗੜ੍ਹ ਹਉਮੇ ਹੰਗਤ, ਮਾਇਆ ਮਮਤਾ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪਣੀ ਕਿਰਤ ਕਮਾਈਆ । ਕਰਨੀ ਕਰਤਾ ਕਰਨੇਹਾਰਾ, ਆਦਿ ਜੁਗਾਦੀ ਖੇਲ ਕਰਾਇੰਦਾ । ਲੱਖ ਚੁਰਾਸੀ ਕਰ ਪਸਾਰਾ, ਘਟ ਘਟ ਆਸਣ ਲਾਇੰਦਾ । ਗੁਰ ਅਵਤਾਰ ਸੇਵਾਦਾਰਾ, ਸਾਚੀ ਸੇਵਾ ਇਕ ਸਮਝਾਇੰਦਾ । ਆਦਿ ਪੁਰਖ ਅਬਿਨਾਸ਼ੀ ਕਰਤਾ ਅਲਖ ਅਗੋਚਰ ਅਗੰਮ ਅਥਾਹ, ਭੇਵ ਅਭੇਦਾ ਭੇਵ ਨਾ ਕੋਇ ਜਣਾਇੰਦਾ । ਮੇਲ ਮਿਲਾਵਾ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸ ਦੇਵੀ ਦੇਵ ਸੁਰਪਤ ਰਾਜਾ ਇੰਦ ਗੁਣੀ ਗਹਿੰਦਾ ਆਪਣਾ ਖੇਲ ਕਰਾਇੰਦਾ । ਆਦਿ ਸ਼ਕਤ ਨੂਰ ਨੁਰਾਨਾ ਚਤੁਰਭੁਜ ਭੇਵ ਖੁਲ੍ਹਾਏ ਗੁਝ, ਆਪਣਾ ਪੜਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਆਪਣਾ ਰਾਹ ਚਲਾਇੰਦਾ । ਜੁਗਾ ਜੁਗੰਤਰ ਚਲੇ ਰਾਹ, ਰਹਿਬਰ ਹਰਿ ਰਘੁਰਾਈਆ । ਨਿਰਗੁਣ ਸਰਗੁਣ ਦਏ ਸਲਾਹ, ਏਕਾ ਅੱਖਰ ਕਰ ਪੜ੍ਹਾਈਆ । ਪੱਤਤ ਪੁਨੀਤਾ ਠਾਂਡਾ ਸੀਤਾ ਬਣੇ ਆਪ ਮਲਾਹ, ਲੱਖ ਚੁਰਾਸੀ ਬੇੜਾ ਆਪ ਉਠਾਈਆ । ਏਕੰਕਾਰਾ ਹਰਿ ਨਿਰੰਕਾਰਾ ਸਤਿ ਜੈਕਾਰਾ ਸ਼ਬਦ ਸੁਣਾਏ ਆਪਣਾ ਨਾਂ, ਸਾਚਾ ਢੋਲਾ ਆਪੇ ਗਾਈਆ । ਨਿਰਗੁਣ ਸਰਗੁਣ ਪੜਦਾ ਉਹਲਾ ਦਏ ਚੁਕਾ, ਦੂਈ ਦਵੈਤੀ ਆਤਮ ਤਾਕੀ ਕੁੰਡਾ ਲਾਹੀਆ । ਮਹੱਲ ਅਟੱਲ ਕਰ ਰੁਸ਼ਨਾ, ਘਰ ਵਿਚ ਘਰ ਦਏ ਵਖਾ, ਆਤਮ ਪਰਮਾਤਮ ਮੇਲ ਮਿਲਾਈਆ । ਕੂੜਾ ਧੰਦਾ ਆਪ ਲਗਾ, ਖ਼ਾਕੀ ਪੰਧ ਦਏ ਭੁਲਾ, ਮਨਮਤ ਨਾਲ ਰਲਾਈਆ । ਪੰਚ ਵਿਕਾਰਾਂ ਦਏ ਤਪਾ, ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਹਲਕਾ, ਸਾਂਤਕ ਸਤਿ ਨਾ ਕੋਇ ਕਰਾਈਆ । ਜੁਗਾ ਜੁਗੰਤਰ ਦੀਨਨ ਦੁਖੀਆਂ ਦਰਦ ਲਏ ਵੰਡਾ, ਹੰਕਾਰੀ ਗੜ੍ਹ ਦਏ ਤੁੜਾ, ਨਾਮ ਖੰਡਾ ਵਿਚ ਬ੍ਰਹਿਮੰਡਾਂ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਕਰੇ ਖੇਲ ਇਕ ਇਕੱਲਾ, ਬੇਪਰਵਾਹ ਬੇਅੰਤ ਅਖਵਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਚ ਸਿੰਘਾਸਣ ਸੋਭਾ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਫੜੌਂਦਾ ਆਇਆ ਪੱਲਾ, ਸਾਚੇ ਭਗਤਾਂ ਸੰਗ ਨਿਭਾਇੰਦਾ । ਜੋਤੀ ਸ਼ਬਦੀ ਨਿਰਗੁਣ ਸਰਗੁਣ ਆਪੇ ਰਲਾ, ਲੱਖ ਚੁਰਾਸੀ ਕਾਇਆ ਮੰਦਰ ਡੂੰਘੀ ਕੰਦਰ ਸੋਭਾ ਪਾਇੰਦਾ । ਸਚ ਸੰਦੇਸ ਨਰ ਨਰੇਸ਼ ਸ੍ਰੀ ਭਗਵਾਨ ਏਕਾ ਘੱਲਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਵਸਣਹਾਰਾ ਜਲਾਂ ਥਲਾਂ, ਸਮੁੰਦ ਸਾਗਰ ਉਚੇ ਟਿੱਲੇ ਪਰਬਤ ਫੋਲ ਫੋਲਾਇੰਦਾ । ਆਪਣੇ ਦੀਪਕ ਆਪੇ ਬਲਾ, ਨੂਰੀ ਨੂਰ ਇਲਾਹੀ ਅੱਲਾ, ਨੂਰ ਨੁਰਾਨਾ ਡਗਮਗਾਇੰਦਾ । ਮੁਕਾਮੇ ਹੱਕ ਆਪੇ ਖੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦ ਆਪ ਖੁਲ੍ਹਾਇੰਦਾ । ਭੇਵ ਅਭੇਦਾ ਖੋਲ੍ਹ ਦਾਤਾਰਾ, ਹਰਿ ਜੂ ਆਪਣੀ ਦਇਆ ਕਰਾਈਆ । ਲੇਖਾ ਜਾਣੇ ਜੁਗ ਚਾਰਾ, ਚੌਕੜੀ ਆਪਣਾ ਬੰਧਨ ਪਾਈਆ । ਵੇਖ ਵਖਾਣੇ ਵੇਦ ਚਾਰਾ, ਸ਼ਾਸਤਰ ਸਿਮਰਤ ਨਾਲ ਰਲਾਈਆ । ਲਹਿਣਾ ਦੇਣਾ ਚੁਕਾਏ ਗੁਰ ਅਵਤਾਰਾ, ਪੀਰ ਪੈਗ਼ੰਬਰ ਔਲੀਏ ਮੁੱਲਾਂ ਸ਼ੇਖ਼ ਮੁਸਾਇਕ ਬਾਕੀ ਕੋਇ ਰਹਿਣ ਨਾ ਪਾਈਆ । ਵੇਖੇ ਵਿਗਸੇ ਵੇਖਣਹਾਰਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਵਟਾਈਆ । ਕਲਜੁਗ ਅੰਤਮ ਹੋ ਉਜਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਅਗੰਮ ਅਪਾਰਾ, ਆਪਣੀ ਧਾਰ ਆਪ ਸਮਝਾਈਆ । ਅਲੱਖ ਅਗੋਚਰ ਅਗੰਮ ਅਥਾਹ, ਆਪਣੀ ਖੇਲ ਖਿਲਾਇੰਦਾ । ਵਸਣਹਾਰਾ ਸਚਖੰਡ ਸਚ ਮਕਾਨ, ਬੇਮਕਾਨ ਫੇਰਾ ਪਾਇੰਦਾ । ਆਦਿ ਜੁਗਾਦਿ ਨਾ ਹੋਏ ਫਨਾਹ, ਬਿਸਮਲ ਆਪਣੀ ਧਾਰ ਚਲਾਇੰਦਾ । ਰਹਿਬਰ ਬਣ ਆਪ ਖ਼ੁਦਾ, ਖ਼ੁਦੀ ਤਕਬਰ ਸਰਬ ਮਿਟਾਇੰਦਾ । ਏਕਾ ਹਕੀਕਤ ਦਏ ਜਣਾ, ਸਹੀ ਸਲਾਮਤ ਨਜ਼ਰੀ ਆਇੰਦਾ । ਕਲਮਾ ਅਮਾਮ ਦਏ ਪੜ੍ਹਾ, ਕਾਇਨਾਤ ਆਪ ਸੁਣਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਚੌਦਾਂ ਤਬਕ ਚੌਦਾਂ ਲੋਕ ਫੇਰਾ ਪਾ, ਤ੍ਰੈਭਵਣ ਧਨੀ ਆਪਣੀ ਖੇਲ ਕਰਾਇੰਦਾ । ਕਾਗਦ ਕਲਮ ਲਿਖ ਲਿਖ ਥੱਕੀ ਛਾਹ, ਅੰਤ ਨਾ ਪਾਇਆ ਬੇਪਰਵਾਹ, ਬੇਅੰਤ ਬੇਅੰਤ ਨਾਨਕ ਨਿਰਗੁਣ ਨਿਰਗੁਣ ਗਾਇੰਦਾ । ਸਾਚਾ ਢੋਲਾ ਇਕ ਸੁਣਾ, ਚਾਰ ਵਰਨ ਗਿਆ ਸਮਝਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਰੰਗਾ, ਆਤਮ ਪਰਮਾਤਮ ਕਰ ਕੁੜਮਾਈਆ । ਜਗਤ ਵਿਚੋਲਾ ਬਣ ਮਲਾਹ, ਜੋਤੀ ਜੋਤ ਕਰ ਰੁਸ਼ਨਾ, ਸ਼ਬਦੀ ਸੁਰਤ ਮੇਲ ਮਿਲਾ, ਆਤਮ ਅੰਤਰ ਜਗਤ ਬਸੰਤਰ ਦਏ ਬੁਝਾ, ਅੰਮ੍ਰਿਤ ਮੇਘ ਦਏ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਈਆ । ਜੁਗ ਜੁਗ ਖੇਲ ਕਰੇ ਕਰਤਾਰਾ, ਕਰਨਹਾਰ ਆਪ ਅਖਵਾਇੰਦਾ । ਨੌਂ ਸੌ ਚੁਰਾਨਵੇ ਜੁਗ ਵਿਸ਼ਨ ਬ੍ਰਹਮਾ ਸ਼ਿਵ ਦਏ ਸਹਾਰਾ, ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵੰਤ ਨਾਲ ਮਿਲਾਇੰਦਾ । ਸਾਚੇ ਸੰਤਾਂ ਖੋਲ੍ਹ ਕਿਵਾੜਾ, ਅੰਤਰ ਮੰਤਰ ਬੂਝ ਬੁਝਾਇੰਦਾ । ਆਦਿ ਜੁਗਾਦਿ ਖੇਲ ਬ੍ਰਹਿਮਾਦ, ਸ਼ਬਦ ਅਨਾਦ ਦੋ ਜਹਾਨਾਂ ਆਪ ਸੁਣਾਇੰਦਾ । ਆਪਣੇ ਵਿਚੋਂ ਆਪਾ ਕਾਢ, ਪੂਤ ਸਪੂਤਾ ਕਰੇ ਲਾਡ, ਜੋਤੀ ਜਾਤਾ ਪੁਰਖ ਬਿਧਾਤਾ ਲੱਖ ਚੁਰਾਸੀ ਬੰਨ੍ਹੇ ਨਾਤਾ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਧ ਆਪ ਹੰਢਾਇੰਦਾ । ਕਲਜੁਗ ਮਧ ਖੇਲ ਅਵੱਲਾ, ਏਕਾ ਏਕ ਏਕ ਕਰਾਈਆ । ਆਪ ਫੜਾਏ ਆਪਣਾ ਪੱਲਾ, ਪੱਲੂ ਆਪਣੇ ਨਾਲ ਬੰਧਾਈਆ । ਬਿਸਮਲ ਹੋ ਕੇ ਆਪੇ ਰੱਲਾ, ਆਲਮੀਨ ਇਕ ਖ਼ੁਦਾਈਆ । ਸਚ ਸੰਦੇਸ ਨਰ ਨਰੇਸ ਏਕਾ ਘੱਲਾ, ਮੁਹੰਮਦ ਕਰੇ ਸਚ ਪੜ੍ਹਾਈਆ । ਤੀਸ ਬੱਤੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹਦੀਸ ਇਕ ਸੁਣਾਈਆ । ਸਚ ਹਦੀਸ ਏਕਾ ਵਾਰ, ਏਕੰਕਾਰਾ ਆਪ ਜਣਾਇੰਦਾ । ਬੰਦ ਕਿਵਾੜਾ ਖੋਲ੍ਹ ਦਵਾਰ, ਦਰ ਦਰਵਾਜ਼ਾ ਆਪ ਵਖਾਇੰਦਾ । ਦਰ ਦਰਵੇਸ਼ ਬਣੇ ਭਿਖਾਰ, ਨਰ ਨਰੇਸ਼ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਮੁਹੰਮਦ ਉਠ ਕਰੇ ਵਿਚਾਰ, ਪ੍ਰਭ ਅੱਗੇ ਸੀਸ ਝੁਕਾਈਆ । ਤੇਰੀ ਕਿਰਪਾ ਪਰਵਰਦਿਗਾਰ, ਤੇਰਾ ਨੂਰ ਮੋਹੇ ਨਜ਼ਰੀ ਆਈਆ । ਤੇਰਾ ਜਲਵਾ ਅਪਰ ਅਪਾਰ, ਬੇਪਰਵਾਹ ਤੇਰੀ ਸ਼ਹਿਨਸ਼ਾਹੀਆ । ਮੈਂ ਬੈਠਾ ਦਰ ਭਿਖਾਰ, ਤੇਰੇ ਅੱਗੇ ਝੋਲੀ ਡਾਹੀਆ । ਕਲਜੁਗ ਮਿਲਿਆ ਮੀਤ ਮੁਰਾਰ, ਗਲਵਕੜੀ ਰਿਹਾ ਪਾਈਆ । ਆਪਣਾ ਦੱਸੇ ਸਾਰਾ ਹਾਲ, ਚਾਰ ਲੱਖ ਬੱਤੀ ਹਜ਼ਾਰ ਮੇਰੀ ਆਯੂ ਲਿਖ ਲਿਖ ਲੇਖ ਸਮਝਾਈਆ । ਮੈਂ ਕੂੜ ਕੁੜਿਆਰਾ ਗਿਆ ਹਾਰ, ਚਾਰੋਂ ਕੁੰਟ ਕੁੰਟ ਲਲਕਾਰ, ਜੀਵ ਜੰਤ ਜੰਤ ਸਮਝਾਈਆ । ਮੇਰਾ ਕੋਈ ਨਾ ਕਰੇ ਪਿਆਰ, ਰਲੀਆਂ ਮਾਣੇ ਨਾ ਵਿਚ ਸੰਸਾਰ, ਦੁਹਾਗਣ ਨਾਰ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਗਤ ਵਿਚੋਲਾ ਸਾਚਾ ਢੋਲਾ ਕਲਜੁਗ ਪੜਦਾ ਓਹਲਾ ਦਏ ਚੁਕਾਈਆ । ਕਲਜੁਗ ਮੇਲਾ ਸੰਗ ਮੁਹੰਮਦ, ਮੁਹੰਮਦ ਸੰਗ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਚਾੜ੍ਹੇ ਰੰਗ,

ਰੰਗ ਰੰਗੀਲਾ ਆਪ ਰੰਗਾਇੰਦਾ । ਚਾਰ ਕੁੰਟ ਦਹਿ ਦਿਸ਼ਾ ਵਜਾਏ ਮਰਦੰਗ, ਘਰ ਘਰ ਨਾਦ ਸੁਣਾਇੰਦਾ । ਦਾਤਾ ਦਾਨੀ ਸੂਰਾ ਸਰਬੰਗ, ਦਇਆਵਾਨ ਆਪਣੀ ਦਇਆ ਕਮਾਇੰਦਾ । ਤੇਰਾ ਲੇਖਾ ਚੌਧਵੀਂ ਚੰਦ, ਚੰਦ ਚਾਂਦਨੀ ਆਪ ਚਮਕਾਇੰਦਾ । ਚੌਦਾਂ ਸਦ ਤੇਰਾ ਪੰਧ, ਬਣ ਪਾਂਧੀ ਰਾਹ ਚਲਾਇੰਦਾ । ਚੌਦਾਂ ਤਬਕਾਂ ਤੇਰਾ ਛੰਦ, ਹੱਕ ਹਕ਼ੀਕ਼ਤ ਇਕ ਵਖਾਇੰਦਾ । ਅੰਤਮ ਕਰੇ ਖੰਡ ਖੰਡ, ਖੰਡਾ ਖੜਗ ਹੱਥ ਰਖਾਇੰਦਾ । ਨਾਨਕ ਗੋਬਿੰਦ ਕਰੇ ਤੇਰੀ ਵੰਡ, ਵੰਡਣ ਵੰਡ ਆਪ ਵੰਡਾਇੰਦਾ । ਲੇਖਾ ਚੁੱਕੇ ਜੇਰਜ ਅੰਡ, ਉਤਭੁਜ ਸੇਤਜ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦਾ ਜਗਤ ਲੇਖਾ ਜੁਗ ਕਰਤਾ ਆਪ ਰਖਾਇੰਦਾ । ਜੁਗ ਕਰਤਾ ਕਰਨੇ ਯੋਗ, ਯੋਗ ਜੁਗੀਸ਼ਰ ਭੇਵ ਨਾ ਆਈਆ । ਹਰਿ ਕਰਤਾ ਜਾਣੇ ਧੁਰ ਸੰਜੋਗ, ਗੁਰ ਅਵਤਾਰਾਂ ਮੇਲ ਮਿਲਾਈਆ । ਗੁਰ ਕਰਤਾ ਕੱਟਣਹਾਰਾ ਦੂਈ ਦਵੈਤੀ ਰੋਗ, ਪੀਰ ਪੈਗ਼ੰਬਰ ਆਪ ਪੜ੍ਹਾਈਆ । ਹਰਿ ਕਰਤਾ ਲੇਖਾ ਜਾਣੇ ਚੌਦਾਂ ਲੋਕ, ਚੌਦਾਂ ਤਬਕਾਂ ਚਰਨਾਂ ਹੇਠ ਦਬਾਈਆ । ਹਰਿ ਕਰਤਾ ਆਦਿ ਜੁਗਾਦਿ ਇਕ ਜਣਾਏ ਆਪਣੀ ਓਟ, ਦੂਸਰ ਨਜ਼ਰ ਕੋਇ ਨਾ ਆਈਆ । ਆਦਿ ਪੁਰਖ ਨਿਰਮਲ ਜੋਤ, ਸ਼ਬਦ ਗੁਰੂ ਗੁਰੂ ਸਮਝਾਈਆ । ਲੱਖ ਚੁਰਾਸੀ ਕਿਲਾ ਕੋਟ, ਬੰਕ ਦੁਵਾਰਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਕਰੇ ਖੇਲ ਸਾਚਾ ਨਰ, ਨਰ ਨਰਾਇਣ ਵਡੀ ਵਡਿਆਈਆ । ਹਰਿ ਜੂ ਹਰਿ ਨਰ ਨਰਾਇਣ, ਨਿਰਗੁਣ ਆਪਣਾ ਖੇਲ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ, ਰਸਨਾ ਕਹਿ ਕਹਿ ਸਰਬ ਸੁਣਾਇੰਦਾ । ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਪੁਰਖ ਅਕਾਲ ਨੇਤਰ ਪੇਖੇ ਨੈਣ, ਨੈਣ ਨੈਣ ਨਾਲ ਮਿਲਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤਮ ਸਭ ਦਾ ਚੁਕਾਏ ਲਹਿਣ ਦੇਣ, ਬਾਕੀ ਨਜ਼ਰ ਕੋਇ ਨਾ ਆਇੰਦਾ । ਸ੍ਰਿਸ਼ਟ ਸਬਾਈ ਬਣੇ ਸਾਕ ਸੱਜਣ ਸੈਣ, ਹਿੰਦੂ ਮੁਸਲਮ ਸਿੱਖ ਈਸਾਈ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਆਪਣੇ ਗਲੇ ਲਗਾਇੰਦਾ । ਜ਼ਾਤ ਪਾਤ ਬਣਾਏ ਸਾਕ ਸੱਜਣ ਭਾਈ ਭੈਣ, ਘਰ ਸਾਚੇ ਮੇਲ ਮਿਲਾਇੰਦਾ । ਤਨ ਬਸਤਰ ਇਕ ਪਹਿਨਾਏ ਸਾਚਾ ਗਹਿਣ, ਨਾਮ ਖੰਡਾਂ ਤਨ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲੇਖਾ ਆਪ ਮੁਕਾਇੰਦਾ । ਜੁਗ ਜੁਗ ਲੇਖਾ ਜਾਏ ਚੁੱਕ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਗਏ ਉਠ, ਆਪਣਾ ਪੰਧ ਮੁਕਾਈਆ । ਕਲਜੁਗ ਅੰਤ ਅੰਧੇਰਾ ਘੁਪ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਛੁਪ, ਕਲਜੁਗ ਜੀਵ ਕੂੜੀ ਕਿਰਿਆ ਰਹੇ ਕਮਾਈਆ । ਨਾ ਕੋਈ ਮਾਨਸ ਨਾ ਮਨੁਖ, ਮਾਨਵ ਆਪਣਾ ਰੰਗ ਨਾ ਕੋਇ ਵਖਾਈਆ । ਸ੍ਰਿਸ਼ਟ ਸਬਾਈ ਭੁਲਿਆ ਅਬਿਨਾਸ਼ੀ ਅਚੁੱਤ, ਚੇਤਨ ਰੂਪ ਨਾ ਕੋਇ ਵਖਾਈਆ । ਆਪਣੀ ਜੜ੍ਹ ਆਪੇ ਰਹੇ ਪੁੱਟ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਮਿਲਾਈਆ । ਨਾਤਾ ਜੁੜਿਆ ਜੂਠ ਝੂਠ, ਸਚ ਸੁੱਚ ਨਾ ਕੋਇ ਕੁੜਮਾਈਆ । ਕਿਸੇ ਦਰ ਨਾ ਦਿਸੇ ਬਸੰਤੀ ਰੁੱਤ, ਪੱਤ ਡਾਲ੍ਹੀ ਨਾ ਕੋਇ ਮਹਿਕਾਈਆ । ਸੇਜ ਸੁਹਾਏ ਮਾਤ ਪੁੱਤ, ਭੈਣ ਭਾਈ ਨਾ ਕੋਇ ਵਖਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ੍ਰੀ ਭਗਵਾਨਾ ਵਾਲੀ ਦੋ ਜਹਾਨਾਂ, ਕਲਜੁਗ ਅੰਤਮ ਮਨਮੁਖ ਜੀਵ ਧਰਤ ਮਾਤ ਦੀ ਗੋਦ ਰਹਿਣ ਨਾ ਪਾਈਆ । ਘਰ ਘਰ ਦਰ ਦਰ ਪਈ ਫੁੱਟ, ਜਗਤ ਵਾਸਨਾ ਰਹੀ ਲੁੱਟ, ਸਾਂਤਕ ਸਤਿ ਨਾ ਕੋਇ ਕਰਾਈਆ । ਬਿਨ ਹਰਿ ਨਾਮੇ ਖਾਲੀ ਬੁੱਤ, ਰਾਮ ਕ੍ਰਿਸ਼ਨ ਨਾਨਕ ਗੋਬਿੰਦ ਈਸਾ ਮੂਸਾ ਮੁਹੰਮਦ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਕਲਜੁਗ ਅੰਤਮ ਖੇਲ ਕਰੇ ਕਰਤਾਰਾ, ਕੁਦਰਤ ਕਾਦਰ ਵੇਖ ਵਖਾਇੰਦਾ । ਲਹਿਣਾ ਚੁੱਕੇ ਚਾਰ ਯਾਰਾ, ਯਾਰੀ ਜਗਤ ਨਾ ਕੋਇ ਨਿਭਾਇੰਦਾ । ਚਾਰ ਕੁੰਟ ਝੂਠ ਅਖਾੜਾ, ਆਸਾ ਤ੍ਰਿਸਨਾ ਨਾਚ ਨਚਾਇੰਦਾ । ਤ੍ਰੈਗੁਣ ਮਾਇਆ ਤੱਤੀ ਹਾੜਾ, ਪੰਚਮ ਤੱਤ ਤੱਤ ਜਲਾਇੰਦਾ । ਨਾ ਕੋਈ ਪੁਰਖ ਨਾ ਕੋਈ ਨਾਰਾ, ਸਾਚੀ ਸੇਜ ਨਾ ਕੋਇ ਹੰਢਾਇੰਦਾ । ਨਾ ਕੋਈ ਸ਼ਬਦ ਨਾਦ ਜੈਕਾਰਾ, ਜੈ ਜੈਕਾਰ ਨਾ ਕੋਇ ਅਲਾਇੰਦਾ । ਨੇਤਰ ਰੋਵੇ ਮੰਦਰ ਮਸਜਦ ਮੱਠ ਸ਼ਿਵਦਵਾਲ ਗੁਰਦੁਆਰਾ, ਹਰਿ ਗੁਰੂ ਗੁਰ ਨਜ਼ਰ ਕਿਸੇ ਨਾ ਆਇੰਦਾ । ਪੜ੍ਹ ਪੜ੍ਹ ਕਰੇ ਨਾ ਕੋਇ ਵਿਚਾਰਾ, ਰਸਨਾ ਵਾਦ ਸਰਬ ਵਖਾਇੰਦਾ । ਗੋਬਿੰਦ ਨਾਨਕ ਲਿਖ ਲਿਖ ਗਿਆ ਲਿਖਾਰਾ, ਲੇਖਾ ਲੇਖ ਨਾ ਕੋਇ ਸਮਝਾਇੰਦਾ । ਵੇਦ ਵਿਆਸ ਕਰੇ ਪੁਕਾਰਾ, ਕਲਜੁਗ ਅੰਤਮ ਪਰਗਟ ਹੋਵੇ ਪੂਤ ਸਪੂਤਾ ਬ੍ਰਹਿਮਣ ਗੌੜਾ ਉਚੇ ਟਿੱਲੇ ਪਰਬਤ ਦਏ ਸਹਾਰਾ, ਨਿਹਕਲੰਕ ਨਾਉਂ ਰਖਾਇੰਦਾ । ਈਸਾ ਦੋਏ ਜੋੜ ਕਰੇ ਨਿਮਸਕਾਰਾ, ਮੇਰਾ ਪਰਵਰਦਿਗਾਰ ਮੇਰੇ ਪਿਛੇ ਮੇਰਾ ਰਾਹ ਤਕਾਇੰਦਾ । ਮੁਹੰਮਦ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣ ਨਾ ਕੋਇ ਉਘਾੜਾ, ਅਮਾਮ ਅਮਾਮਾ ਮਿਹਬਾਨ ਬੀਦੋ ਆਪਣਾ ਖੇਲ ਖਿਲਾਇੰਦਾ । ਲੋਕਮਾਤ ਆਏ ਏਕੰਕਾਰਾ, ਅਕਲ ਕਲ ਆਪਣੀ ਆਪ ਵਰਤਾਇੰਦਾ । ਸ੍ਰਿਸ਼ਟ ਸਬਾਈ ਵੇਖੇ ਵਿਚ ਸੰਸਾਰਾ, ਅਭੁੱਲ ਭੁੱਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਪੁਰਖ ਸਮਰਥ, ਕਲਜੁਗ ਅੰਤ ਅੰਤ ਕਰਾਈਆ । ਲੱਖ ਚੁਰਾਸੀ ਪਾਏ ਨੱਥ, ਨਾਮ ਡੋਰੀ ਹੱਥ ਰਖਾਈਆ । ਪੂਰਬ ਲਹਿਣਾ ਹੋਵੇ ਬਸ, ਅੱਗੇ ਪੰਧ ਨਾ ਕੋਇ ਰਖਾਈਆ । ਚਾਰ ਵਰਨਾਂ ਪੂਰੀ ਕਰੇ ਆਸ, ਇਕ ਇਕੱਲਾ ਸ਼ਹਿਨਸ਼ਾਹੀਆ । ਘਟ ਘਟ ਜੋਤ ਕਰੇ ਪਰਕਾਸ਼, ਅੰਧ ਅੰਧੇਰ ਗਵਾਈਆ । ਜਨ ਭਗਤਾਂ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਲੇਖਾ ਜਾਣੇ ਪ੍ਰਿਥਮੀ ਅਕਾਸ਼, ਗਗਨ ਮੰਡਲ ਆਪ ਸੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਰੱਖੇ ਪਾਸ, ਸਗਲਾ ਸੰਗ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਆਪਣਾ ਨਾਉਂ ਪਰਗਟਾਈਆ । ਨਿਰਗੁਣ ਨਾਉਂ ਹਰਿ ਨਿਰੰਕਾਰਾ, ਆਪਣਾ ਆਪ ਜਣਾਇੰਦਾ । ਜੋਤੀ ਜੋਤ ਹੋ ਉਜਿਆਰਾ, ਪੰਜ ਤੱਤ ਚੋਲਾ ਆਪ ਤਜਾਇੰਦਾ । ਸੰਬਲ ਵਸਿਆ ਧਾਮ ਨਿਆਰਾ, ਸਾਢੇ ਤਿੰਨ ਹੱਥ ਆਸਣ ਲਾਇੰਦਾ । ਨਾਮ ਖੰਡਾ ਤੇਜ਼ ਕਟਾਰਾ, ਦੋ ਜਹਾਨਾਂ ਆਪ ਵਖਾਇੰਦਾ । ਤਿੱਖੀਆਂ ਰੱਖੇ ਆਪੇ ਧਾਰਾ, ਲੋਹਾਰ ਤਰਖਾਣ ਨਾ ਕੋਇ ਬਣਾਇੰਦਾ । ਬਾਡੀ ਬਣਿਆ ਆਪ ਕਰਤਾਰਾ, ਲੋਕਮਾਤ ਵੇਸ ਵਟਾਇੰਦਾ । ਇਕੋ ਰੱਖਿਆ ਤਿੱਖਾ ਆਰਾ, ਦੋ ਜਹਾਨਾਂ ਚੀਰ ਚਿਰਾਇੰਦਾ । ਕਲਜੁਗ ਮੇਟੇ ਰੈਣ ਅੰਧਿਆਰਾ, ਅੰਧ ਅੰਧੇਰਾ ਮਾਤ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੰਡਾ ਆਪ ਸਮਝਾਇੰਦਾ । ਸਾਚਾ ਖੰਡਾ ਨਾਮ ਨਿਧਾਨ, ਹਰਿ ਜੂ ਹਰਿ ਹਰਿ ਆਪ ਬਣਾਇੰਦਾ । ਲਹਿਣਾ ਦੇਣਾ ਚੁਕਾਏ ਜ਼ਿਮੀਂ ਅਸਮਾਨ, ਜ਼ਾਬਰ ਜ਼ਬਰ ਖੇਲ ਕਰਾਇੰਦਾ । ਹੰਕਾਰੀਆਂ ਤੋੜੇ ਗੜ੍ਹ ਅਭਿਮਾਨ, ਅਭਿਮਾਨੀ ਕੋਇ ਰਹਿਣ ਨਾ ਪਾਇੰਦਾ । ਰਾਜ ਰਾਜਾਨਾਂ ਮੇਟੇ ਨਿਸ਼ਾਨ, ਸੀਸ ਤਾਜ ਨਾ ਕੋਇ ਟਿਕਾਇੰਦਾ । ਨੌਂ ਖੰਡ ਪ੍ਰਿਥਮੀ ਕਰੇ ਵੀਰਾਨ, ਆਪਣਾ ਤਰਸ ਨਾ ਕੋਇ ਕਮਾਇੰਦਾ । ਗੁਰਮੁਖ ਸੱਜਣ ਲਏ ਪਛਾਣ, ਲੱਖ ਚੁਰਾਸੀ ਵਿਚੋਂ ਆਪ ਉਠਾਇੰਦਾ । ਏਕਾ ਦੇਵੇ ਸਾਚਾ ਦਾਨ, ਨਾਮ ਦਾਨ ਝੋਲੀ ਪਾਇੰਦਾ । ਆਤਮ ਅੰਤਰ ਇਕ ਧਿਆਨ, ਧਿਆਨ ਧਿਆਨ ਨਾਲ ਮਿਲਾਇੰਦਾ । ਬ੍ਰਹਮ ਪਾਰਬ੍ਰਹਮ ਕਰ ਪਰਵਾਨ, ਆਪ ਆਪਣਾ ਰੰਗ


੯੬੨
੧੧

ਵਖਾਇੰਦਾ । ਸਾਚਾ ਮੰਦਰ ਇਕ ਮਕਾਨ, ਗ੍ਰਿਹ ਹੱਟ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਆਪਣਾ ਖੇਲ ਕਰਾਇੰਦਾ । ਨਿਰਗੁਣ ਖੇਲ ਨਿਹਕਲੰਕ, ਸੋ ਪੁਰਖ ਨਿਰੰਜਣ ਆਪ ਕਰਾਈਆ । ਦੋ ਜਹਾਨਾਂ ਵਜਾਏ ਡੰਕ, ਡੌਰੂ ਆਪਣੇ ਹੱਥ ਉਠਾਈਆ । ਆਪ ਉਠਾਏ ਰਾਓ ਰੰਕ, ਸੋਇਆ ਕੋਇ ਰਹਿਣ ਨਾ ਪਾਈਆ । ਸਾਚਾ ਨਾਮ ਫੜੇ ਧਨਸ਼, ਚਿੱਲਾ ਹੋਰ ਨਾ ਕੋਇ ਉਠਾਈਆ । ਰਥ ਰਥਵਾਹੀ ਬਣੇ ਬੇਅੰਤ, ਕਲਜੁਗ ਅੰਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਸਾਚਾ ਖੇਲ ਕਰ ਅੰਤਮ ਅੰਤ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਲੱਖ ਚੁਰਾਸੀ ਵੇਖੇ ਜੀਵ ਜੰਤ, ਘਟ ਘਟ ਪੜਦਾ ਆਪੇ ਲਾਹਿੰਦਾ । ਗੁਰਮੁਖ ਮੇਲੇ ਸਾਚੇ ਸੰਤ, ਬਣ ਵਿਚੋਲਾ ਦਇਆ ਕਮਾਇੰਦਾ । ਲੇਖਾ ਜਾਣੇ ਨਾਰ ਕੰਤ, ਕੰਤ ਕੰਤੂਹਲ ਸੇਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੱਲਾ ਵੇਸ ਵਟਾਇੰਦਾ । ਇਕ ਇਕੱਲਾ ਏਕੰਕਾਰਾ, ਦੂਜੀ ਕੁਦਰਤ ਆਪ ਵਖਾਈਆ । ਤੀਜੇ ਨੈਣ ਖੋਲ੍ਹ ਕਿਵਾੜਾ, ਚੌਥੇ ਪਦ ਕਰੇ ਰਸਾਈਆ । ਪੰਚਮ ਵੇਖ ਇਕ ਅਖਾੜਾ, ਛੇਵੇਂ ਘਰ ਖ਼ੁਸ਼ੀ ਮਨਾਈਆ । ਸੱਤਵੇਂ ਸਤਿ ਸਤਿਵਾਦੀ ਸਾਚੀ ਧਾਰਾ, ਅੱਠਾਂ ਤੱਤਾਂ ਆਪ ਜਣਾਈਆ । ਨੌਂਵੇ ਨੌਂ ਦਰ ਖੋਲ੍ਹੇ ਆਪ ਕਿਵਾੜਾ, ਦਸਵੇਂ ਆਪਣਾ ਰੰਗ ਰੰਗਾਈਆ । ਬੀਸ ਸੌ ਹੋ ਉਜਿਆਰਾ, ਵੀਹ ਦਸ ਖ਼ੁਸ਼ੀ ਮਨਾਈਆ । ਦਸ ਇਕ ਦੇ ਸਹਾਰਾ, ਸਾਢੇ ਤਿੰਨ ਹੱਥ ਮੂਲ ਚੁਕਾਈਆ । ਦਸ ਦੋ ਦੇ ਅਧਾਰਾ, ਨੌਂ ਦੁਆਰੇ ਪੰਧ ਮੁਕਾਈਆ । ਦਸ ਤਿੰਨ ਇਕ ਅਖਾੜਾ, ਰਾਜ ਰਾਜਾਨਾ ਸ਼ਾਹ ਸੁਲਤਾਨਾ ਮਾਟੀ ਖ਼ਾਕ ਵਖਾਈਆ । ਦਸ ਚਾਰ ਚੌਦਾਂ ਸਚ ਬਹਾਰਾ, ਜਨ ਭਗਤਾਂ ਏਕਾ ਇਕੀ ਪਾਈਆ । ਦਸ ਪੰਜ ਪੰਦਰਾਂ ਅਠਸਠ ਤੀਰਥ ਵੇਖੇ ਵੇਖਣਹਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣੇ ਚਰਨਾਂ ਹੇਠ ਰਖਾਈਆ । ਦਸ ਛੇ ਸੋਲਾਂ ਸੋਲਾਂ ਸ਼ਿਗਾਰ ਸੋਲਾਂ ਇਛਿਆ ਭਰ ਭੰਡਾਰਾ, ਕਲਜੁਗ ਕੂੜੀ ਕਿਰਿਆ ਦਏ ਵਖਾਈਆ । ਦਸ ਸੱਤ ਸਤਾਰਾਂ ਕਰੇ ਖੇਲ ਨਿਆਰਾ, ਪਰਗਟ ਹੋ ਵਿਚ ਸੰਸਾਰਾ, ਜਗਤ ਜਗਦੀਸ ਸੀਸ ਤਾਜ਼ ਇਕ ਟਿਕਾਈਆ । ਦਸ ਅਠ ਅਠਾਰਾਂ ਵੀਹ ਸੌ ਬਿਕ੍ਰਮੀ ਕਰੇ ਪਿਆਰਾ, ਰਾਸ਼ਟਰਪਤਿ ਕਰੇ ਖ਼ਬਰਦਾਰਾ, ਖੜਗ ਖੰਡਾ ਇਕ ਵਖਾਈਆ । ਬੀਸ ਬੀਸ ਅਪਰ ਅਪਾਰਾ, ਇਕ ਨੌਂ ਵਣਜ ਵਣਜਾਰਾ ਨੌਂ ਇਕ ਜਗਤ ਅਖਾੜਾ, ਜੀਵ ਜੰਤ ਜੰਤ ਜਣਾਈਆ । ਅੱਗ ਲੱਗੇ ਤੱਤੀ ਹਾੜਾ, ਨਾ ਕੋਈ ਸਕੇ ਮਾਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਇਆ ਨਾਇਆ ਇਕ ਉਨੀਸਾ, ਲੇਖਾ ਜਾਣੇ ਮੂਸਾ ਈਸਾ ਕਾਲਾ ਸੂਸਾ ਤਨ ਪਹਿਨਾਈਆ । ਕਾਲਾ ਸੂਸਾ ਤਨ ਮੁਖ ਨਕ਼ਾਬ, ਬੇਨਕ਼ਾਬ ਖੇਲ ਕਰਾਇੰਦਾ । ਲੇਖਾ ਜਾਣੇ ਦੋ ਦੋ ਆਬ, ਦੋ ਜਹਾਨਾਂ ਵੇਖ ਵਖਾਇੰਦਾ । ਭੇਵ ਚੁਕਾਏ ਜ਼ਾਹਰ ਬਾਤਨ ਬਾਤ, ਅਨਭਵ ਆਪਣੀ ਧਾਰ ਚਲਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਨ ਚੜ੍ਹਾਇੰਦਾ । ਚਾਰ ਵਰਨ ਸੁਣਾਏ ਏਕਾ ਗਾਥ, ਸਾਚਾ ਢੋਲਾ ਆਪ ਸੁਣਾਇੰਦਾ । ਲਹਿਣਾ ਦੇਣਾ ਸਭ ਦਾ ਚੁੱਕੇ ਮਸਤਕ ਮਾਥ, ਪੂਰਬ ਝੋਲੀ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਨਾਇਆ ਨਾਇਆ ਏਕਾ ਘਰ ਘਰ ਭੇੜ ਭਿੜਾਇੰਦਾ । ਘਰ ਘਰ ਭੇੜ ਦੇਵੇ ਭੇੜ, ਭੇਵ ਨਾ ਕਿਸੇ ਜਣਾਈਆ । ਸੰਮਤ ਉਨੀਂ ਮਾਸ ਦਸ ਦਰ ਦਰ ਛੇੜਾਂ ਦੇਵੇ ਛੇੜ, ਛੇਕੜ ਆਪਣੇ ਹੱਥ ਰਖਾਈਆ । ਦੇਵਣਹਾਰਾ ਉਲਟਾ ਗੇੜ, ਨੌਂ ਖੰਡ ਰਿਹਾ ਭੁਵਾਈਆ । ਧਰਤ ਮਾਤ ਦਾ

ਖੁਲ੍ਹਾ ਵੇਹੜ, ਏਕਾ ਵਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੀਸ ਬੀਸਾ ਬੇਪਰਵਾਹੀਆ । ਬੀਸ ਬੀਸਾ ਚੜ੍ਹੇ ਸੰਮਤ, ਸਿੰਮਤ ਹਰਿ ਹਰਿ ਵੇਖ ਵਖਾਇੰਦਾ । ਉਤਰ ਪੂਰਬ ਪੱਛਮ ਦੱਖਣ ਲੇਖਾ ਜਾਣੇ ਕਰ ਕਰ ਆਪਣੀ ਹਿੰਮਤ, ਦੂਜਾ ਬਲ ਨਾ ਕੋਇ ਜਣਾਇੰਦਾ । ਭੇਵ ਨਾ ਜਾਣੇ ਕੋਈ ਪੰਡਤ, ਮੁੱਲਾਂ ਸ਼ੇਖ਼ ਮੁਸਾਇਕ ਪੀਰ ਮਸਲਾ ਹੱਲ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੇਖਾ ਚੁਕਾਏ ਜੇਰਜ ਅੰਡਤ ਅੰਡਤ ਜੇਰਜ ਆਪਣੇ ਲੇਖੇ ਪਾਇੰਦਾ । ਬੀਸ ਬੀਸਾ ਹਾੜ ਸਤਾਰਾਂ, ਸਤਿ ਸਤਿ ਸਮਝਾਈਆ । ਸ੍ਰਿਸ਼ਟ ਸਬਾਈ ਕਰ ਖੁਆਰਾ, ਏਕਾ ਨਾਅਰਾ ਦਏ ਲਗਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਪਰਵਰਦਿਗਾਰ ਆਪ ਖ਼ੁਦਾਈਆ । ਰਾਮ ਰਹੀਮ ਨਜ਼ਰੀ ਆਏ ਅਗੰਮ ਅਪਾਰਾ, ਕਾਹਨਾ ਕ੍ਰਿਸ਼ਨਾ ਬੰਸਰੀ ਨਾਮ ਵਜਾਈਆ । ਮੁਕੰਦ ਮਨੋਹਰ ਲੱਖਮੀ ਨਰਾਇਣ ਦੇ ਸਹਾਰਾ, ਕਵਲ ਨੈਣ ਨੈਣ ਮਿਲਾਈਆ । ਕਲਮਾ ਕਲਾਮ ਕਾਇਨਾਤ ਬੋਲ ਜੈਕਾਰਾ, ਹੱਕ ਹੱਕ ਇਕ ਵਖਾਈਆ । ਸਤਿਨਾਮ ਨਾਮ ਸਤਿ ਵਣਜਾਰਾ, ਸਤਿ ਸਰੂਪ ਨਜ਼ਰੀ ਆਈਆ । ਫਤਹਿ ਡੰਕਾ ਅੰਤਮ ਵਾਰਾ, ਵਾਹਿਗੁਰੂ ਆਪਣੇ ਨਾਮ ਵਜਾਈਆ । ਸ੍ਰਿਸ਼ਟ ਸਬਾਈ ਚਾਰ ਵਰਨ ਚਾਰ ਕੁੰਟ ਚਾਰ ਖਾਣੀ ਚਾਰ ਬਾਣੀ ਏਕਾ ਗਾਏ ਨਾਅਰਾ, ਆਤਮ ਪਰਮਾਤਮ ਵਡ ਵਡਿਆਈਆ । ਬੀਸ ਬੀਸਾ ਹਰਿ ਜਗਦੀਸਾ ਛਤਰ ਝੁਲਾਏ ਏਕਾ ਸੀਸਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਤਿ ਜੈਕਾਰਾ, ਦੋ ਜਹਾਨ ਸੁਣਾਏ ਏਕਾ ਵਾਰਾ, ਬਿਨ ਰਸਨਾ ਜਿਹਵਾ ਕਰੇ ਪੜ੍ਹਾਈਆ । ਊਚ ਨੀਚ ਜ਼ਾਤ ਪਾਤ ਵਰਨ ਬਰਨ ਨਾ ਕੋਇ ਅਖਾੜਾ, ਬ੍ਰਹਮ ਪਾਰਬ੍ਰਹਮ ਏਕਾ ਘਰ ਵਖਾਈਆ । ਗੁਰਮੁਖ ਵਿਰਲਾ ਪਾਵੇ ਸਾਰਾ, ਸਤਿਗੁਰ ਬੁਝਾਏ ਬੁੱਝਣਹਾਰਾ, ਏਕਾ ਦੂਜਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਏਕਾ ਏਕ ਸੁਣਾਈਆ । ਸਚ ਸੰਦੇਸਾ ਸੁਨਣਾ ਕਾਨ, ਬਿਨ ਕੰਨਾਂ ਆਪ ਜਣਾਇੰਦਾ । ਸੋ ਪੁਰਖ ਨਿਰੰਜਣ ਸਦਾ ਮਿਹਰਵਾਨ, ਮਿਹਰ ਆਪਣੀ ਆਪ ਰਖਾਇੰਦਾ । ਹਰਿ ਪੁਰਖ ਨਿਰੰਜਣ ਦਾਨੀ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਏਕੰਕਾਰਾ ਵਡ ਬਲਵਾਨ, ਬਲ ਆਪਣਾ ਆਪ ਵਖਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਸਤਿ ਸਤਿਵਾਦੀ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਕਰੇ ਪਰਵਾਨ, ਧੁਰ ਪਰਵਾਨਾ ਇਕ ਸੁਣਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਮਾਣ, ਨਿਰਧਨ ਆਪਣੇ ਗਲੇ ਲਗਾਇੰਦਾ । ਨੌਂ ਖੰਡ ਪ੍ਰਿਥਮੀ ਇਕ ਦੁਕਾਨ, ਹਰਿ ਜੂ ਆਪਣੇ ਹੱਟ ਵਿਕਾਇੰਦਾ । ਚਾਰ ਵਰਨ ਦਾ ਇਕ ਮਕਾਨ, ਗ੍ਰਿਹਿ ਮੰਦਰ ਇਕ ਵਖਾਇੰਦਾ । ਸ੍ਰਿਸ਼ਟ ਸਬਾਈ ਇਕ ਇਮਾਨ, ਏਕਾ ਇਸ਼ਟ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਕਾਲ ਏਕਾ ਨਜ਼ਰੀ ਆਇੰਦਾ । ਪੁਰਖ ਅਕਾਲ ਏਕੋ ਏਕ, ਏਕਾ ਏਕ ਅਖਵਾਇੰਦਾ । ਜੁਗਾ ਜੁਗੰਤਰ ਗੁਰ ਅਵਤਾਰਾਂ ਦੇਵੇ ਟੇਕ, ਸਿਰ ਆਪਣਾ ਹੱਥ ਟਿਕਾਇੰਦਾ । ਭਗਤ ਭਗਵੰਤ ਕਰ ਬੁਧ ਬਿਬੇਕ, ਵਿਵੇਕੀ ਆਪਣਾ ਰੰਗ ਰੰਗਾਇੰਦਾ । ਬਿਨ ਨੇਤਰ ਲਏ ਵੇਖ, ਲੋਚਣ ਨੈਣ ਨਾ ਕੋਇ ਖੁਲ੍ਹਾਇੰਦਾ । ਹਰਿ ਕਾ ਰੂਪ ਮੁੱਛ ਦਾੜ੍ਹੀ ਨਾ ਕੋਈ ਕੇਸ, ਮੂੰਡ ਮੁੰਡਾਏ ਨਾ ਸੋਭਾ ਪਾਇੰਦਾ । ਆਦਿ ਜੁਗਾਦਿ ਰਹੇ ਹਮੇਸ, ਜੁਗ ਜੁਗ ਸੇਵ ਕਮਾਇੰਦਾ । ਸਦਾ ਸੁਹੇਲਾ ਇਕ ਅਕੇਲਾ ਨਰ ਨਰੇਸ਼, ਤਖ਼ਤ ਨਿਵਾਸੀ ਸਚਖੰਡ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ,

ਨਿਹਕਲੰਕ ਨਰਾਇਣ ਨਰ, ਚਾਰ ਵਰਨ ਇਕ ਗਿਆਨ, ਸਚ ਉਪਦੇਸ਼ ਆਪ ਸੁਣਾਇੰਦਾ । ਸਚ ਸੰਦੇਸ ਇਕ ਉਪਦੇਸ਼ ਕਰ ਉਤਪਤ, ਆਪਣੀ ਉਤਪਤ ਲਏ ਸਮਝਾਈਆ । ਸਰਬ ਜੀਆਂ ਦੇਵੇ ਬ੍ਰਹਮ ਮਤ, ਪਾਰਬ੍ਰਹਮ ਕਰੇ ਪੜ੍ਹਾਈਆ । ਨਿਰਗੁਣ ਨਿਰਗੁਣ ਬੁਝੇ ਤੱਤ, ਈਸ਼ ਜੀਵ ਹੋਏ ਕੁੜਮਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਅਗਨੀ ਤੱਤ ਨਾ ਕੋਇ ਜਲਾਈਆ । ਸਰਬ ਜੀਆਂ ਪ੍ਰਭ ਰੱਖੇ ਪੱਤ, ਸਿਰ ਆਪਣਾ ਹੱਥ ਟਿਕਾਈਆ । ਲੱਖ ਚੁਰਾਸੀ ਗਾਏ ਇਕੋ ਜਸ, ਜਸ ਵੇਦ ਪੁਰਾਨਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦੇਵੇ ਇਕ ਗਿਆਨ, ਦੂਸਰ ਵੰਡ ਨਾ ਕੋਇ ਵੰਡਾਈਆ ।

★ ੧੪ ਚੇਤ ੨੦੧੯ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਨਾਰਲਾ ਜ਼ਿਲਾ ਅੰਮ੍ਰਿਤਸਰ ★

ਸਤਿ ਪੁਰਖ ਨਿਰੰਜਣ ਸ਼ਾਹ ਸੁਲਤਾਨ, ਹਰਿ ਜੂ ਹਰਿ ਹਰਿ ਖੇਲ ਕਰਾਇੰਦਾ । ਸੋ ਪੁਰਖ ਨਿਰੰਜਣ ਵਡ ਬਲਵਾਨ, ਸਾਚੇ ਤਖ਼ਤ ਸੋਭਾ ਪਾਇੰਦਾ । ਹਰਿ ਪੁਰਖ ਨਿਰਜੰਣ ਹੁਕਮਰਾਨ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਏਕੰਕਾਰ ਵਡ ਬਲਵਾਨ, ਬਲ ਆਪਣਾ ਆਪ ਧਰਾਇੰਦਾ । ਆਦਿ ਨਿਰੰਜਣ
ਜਾਣੀ ਜਾਣ, ਜਾਨਣਹਾਰ ਇਕ ਅਖਵਾਇੰਦਾ । ਅਬਿਨਾਸ਼ੀ ਕਰਤਾ ਮਰਦ ਮਰਦਾਨ, ਸਾਚਾ ਬਲ ਆਪ ਪਰਗਟਾਇੰਦਾ । ਸ੍ਰੀ ਭਗਵਾਨ ਧੁਰ ੯੬੫
੧੧ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਇੰਦਾ । ਪਾਰਬ੍ਰਹਮ ਦਰ ਬਣ ਦਰਬਾਨ, ਅਲੱਖ ਅਲੱਖ ਇਕ ਜਗਾਇੰਦਾ । ਸਚਖੰਡ ਦੁਆਰੇ ਖੇਲ ਮਹਾਨ, ੧੧
ਨਿਰਗੁਣ ਨਿਰਵੈਰ ਆਪ ਕਰਾਇੰਦਾ । ਪੁਰਖ ਅਕਾਲ ਹੋ ਮਿਹਰਵਾਨ, ਆਪਣੀ ਭਿਛਿਆ ਆਪ ਵਰਤਾਇੰਦਾ । ਦੇਵਣਹਾਰਾ ਸਾਚਾ ਦਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚੇ ਘਰ ਵੰਡੇ ਵੰਡ, ਸਚਖੰਡ ਵੱਜੇ ਵਧਾਈਆ । ਥਿਰ ਘਰ ਬੈਠ ਸੂਰਾ ਸਰਬੰਗ, ਆਪਣੀ ਬਣਤ ਆਪ ਬਣਾਈਆ । ਲੇਖਾ ਜਾਣੇ ਸੂਰਜ ਚੰਦ, ਰਵ ਸਸ ਕਿਰਨ ਕਿਰਨ ਕਿਰਨ ਰੁਸ਼ਨਾਈਆ । ਭੇਵ ਖੁਲ੍ਹਾਏ ਕੋਟਨ ਬ੍ਰਹਿਮੰਡ, ਗਗਨ ਮੰਡਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਸੁਹਾਈਆ । ਸਚਖੰਡ ਦੁਆਰਾ ਸੋਭਾਵੰਤ, ਸ੍ਰੀ ਭਗਵਾਨ ਆਪ ਸੁਹਾਇੰਦਾ । ਆਪਣੀ ਮਹਿਮਾ ਜਾਣੇ ਅਗਣਤ, ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣਾ ਖੇਲ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣਾਏ ਬਣਤ, ਘਾੜਤ ਆਪਣੇ ਹੱਥ ਰਖਾਇੰਦਾ । ਨਾਉਂ ਨਿਰੰਕਾਰਾ ਮਣੀਆਂ ਮੰਤ, ਅੱਖਰ ਵੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪੇ ਵੇਖ ਵਖਾਇੰਦਾ । ਆਪਣਾ ਖੇਲ ਵੇਖਣਹਾਰਾ, ਏਕਾ ਏਕ ਅਖਵਾਈਆ । ਵਸਣਹਾਰਾ ਧਾਮ ਨਿਆਰਾ, ਦਰਗਹਿ ਬੈਠਾ ਆਸਣ ਲਾਈਆ । ਹੁਕਮੀ ਹੁਕਮ ਹੁਕਮ ਵਰਤਾਰਾ, ਧੁਰ ਫ਼ਰਮਾਣਾ ਆਪ ਸੁਣਾਈਆ । ਸ਼ਬਦ ਸੁਤ ਸੁਤ ਦੁਲਾਰਾ, ਅਬਿਨਾਸ਼ੀ ਅਚੁੱਤ ਸੇਵ ਸਮਝਾਈਆ । ਰਾਤੀ ਰੁੱਤ ਜਾਣੇ ਵਿਚ ਸੰਸਾਰਾ, ਅਨਭਵ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਕਥ, ਕਥਨੀ ਕਥ

ਨਾ ਕੋਇ ਸੁਣਾਇੰਦਾ । ਸਾਚੇ ਮੰਦਰ ਆਪੇ ਵਸ, ਆਪਣਾ ਪੜਦਾ ਲਾਹਿੰਦਾ । ਆਪਣੇ ਅੰਤਰ ਆਪੇ ਹੋਇਆ ਵਸ, ਦੂਸਰ ਹੋਰ ਨਾ ਕੋਇ ਰਖਾਇੰਦਾ । ਆਪਣਾ ਮਾਰਗ ਆਪੇ ਦੱਸ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਆਪਣਾ ਨੂਰ ਕਰ ਪਰਕਾਸ਼, ਜੋਤੀ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਆਪਣਾ ਹੁਕਮ ਅੰਤਰ ਧਾਰ, ਹਰਿ ਜੂ ਹਰਿ ਹਰਿ ਆਪ ਮਨਾਈਆ । ਨਿਰਗੁਣ ਸਰਗੁਣ ਵੇਖਣਹਾਰ, ਨਿਰਾਕਾਰ ਵਡੀ ਵਡਿਆਈਆ । ਅਜੂਨੀ ਰਹਿਤ ਖੇਲ ਕਰੇ ਅਪਾਰ, ਮੂਰਤ ਅਕਾਲ ਨੂਰ ਰੁਸ਼ਨਾਈਆ । ਘਟ ਘਟ ਵੇਖੇ ਵੇਖਣਹਾਰ, ਭੇਵ ਅਭੇਦਾ ਭੇਵ ਖੁਲ੍ਹਾਈਆ । ਧੁਰ ਸੰਦੇਸਾ ਏਕਾ ਵਾਰ, ਨਰ ਨਰੇਸ਼ਾ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਖ਼ਬਰਦਾਰ, ਆਲਸ ਨਿੰਦਰਾ ਦਏ ਗਵਾਈਆ । ਸ਼ਬਦੀ ਨਾਦ ਧੁੰਨ ਜੈਕਾਰ, ਗੁਰ ਸ਼ਬਦੀ ਸ਼ਬਦ ਅਲਾਈਆ । ਨਾਲ ਰਲਾਏ ਵੇਦ ਚਾਰ, ਸ਼ਾਸਤਰ ਸਿਮਰਤ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਏਕੰਕਾਰ, ਅਕਲ ਕਲ ਆਪਣਾ ਆਪ ਜਣਾਇੰਦਾ । ਚਾਰ ਜੁਗ ਦੀ ਪਾਵੇ ਸਾਰ, ਚੌਕੜ ਆਪਣੇ ਹੱਥ ਰਖਾਇੰਦਾ । ਚਾਰ ਵਰਨ ਦੇ ਅਧਾਰ, ਚਾਰੋਂ ਕੁੰਟ ਵੇਖ ਵਖਾਇੰਦਾ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਅਲਾਇੰਦਾ । ਧੁਰ ਫ਼ਰਮਾਣਾ ਸਚ ਸੰਦੇਸਾ, ਪਾਰਬ੍ਰਹਮ ਜਣਾਈਆ । ਨਰ ਨਰਾਇਣ ਧਰਿਆ ਵੇਸਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਮੁੱਛ ਦਾੜ੍ਹੀ ਨਾ ਕੋਇ ਕੇਸਾ, ਮੂੰਡ ਮੂੰਡਾ ਨਾ ਰੂਪ ਵਟਾਈਆ । ਸਚਖੰਡ ਦੁਆਰੇ ਏਕਾ ਬੈਠਾ, ਥਿਰ ਘਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਹਰਿ ਵਡਿਆਈ ਵੱਡਾ ਵਡ, ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਆਪਣੇ ਵਿਚੋਂ ਕੱਢ, ਪੰਜ ਤੱਤ ਆਪਣਾ ਬੰਧਨ ਪਾਇੰਦਾ । ਸ਼ਬਦ ਅਨਾਦ ਵਿਚ ਬ੍ਰਹਿਮਾਦ ਸੁਣਾਏ ਨਦ, ਅਨਾਦੀ ਨਾਦ ਆਪ ਵਜਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਪਤਾਲਾਂ ਜਾਣੇ ਪਾਰ ਹੱਦ, ਹਦੂਦ ਆਪਣੀ ਆਪ ਵੰਡਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਜੁਗ ਜੁਗ ਵੇਖੇ ਹੋ ਪਰਗਟ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਲੋਕ ਪਰਲੋਕ ਦੋ ਜਹਾਨ ਖੋਲ੍ਹਣਹਾਰਾ ਹੱਟ, ਸਾਚੀ ਵਸਤ ਇਕ ਵਰਤਾਇੰਦਾ । ਵਸਣਹਾਰਾ ਤੀਰਥ ਤਟ, ਤਟ ਕਿਨਾਰਾ ਸੋਭਾ ਪਾਈਆ । ਕਰੇ ਖੇਲ ਪੁਰਖ ਸਮਰਥ, ਮਹਿਮਾ ਅਕਥ ਆਪ ਜਣਾਇੰਦਾ । ਸਦਾ ਸੁਹੇਲਾ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਦੇਵੇ ਪਰਕਾਸ਼ ਰਵ ਸਸ, ਕਿਰਨ ਕਿਰਨ ਚਮਕਾਇੰਦਾ । ਆਪਣੀ ਕਰੇ ਆਪੇ ਪੂਰੀ ਆਸ, ਨਿਰਾਸਾ ਰੂਪ ਨਾ ਕੋਇ ਵਖਾਇੰਦਾ । ਹੁਕਮੇ ਅੰਦਰ ਪ੍ਰਿਥਮੀ ਅਕਾਸ਼, ਅਕਾਸ਼ ਅਕਾਸ਼ਾਂ ਉਪਰ ਡੇਰਾ ਲਾਇੰਦਾ । ਕਰੇ ਖੇਲ ਹਰਿ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣਾ ਬਲ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਜਣਾਇੰਦਾ । ਸਚ ਸੁਨੇਹੜਾ ਏਕਾ ਵਾਰ, ਇਕ ਇਕੱਲਾ ਦਏ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਣਾ ਖ਼ਬਰਦਾਰ, ਬੇਖ਼ਬਰ ਆਪ ਜਗਾਈਆ । ਕਰੋੜ ਤੇਤੀਸਾ ਦਏ ਹੁਲਾਰ, ਸੁਰਪਤ ਇੰਦ ਨਾਲ ਮਿਲਾਈਆ । ਚਾਰੇ ਜੁਗ ਨੇਤਰ ਦਏ ਉਘਾੜ, ਆਲਸ ਨਿੰਦਰਾ ਰਹਿਣ ਨਾ ਪਾਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦਰਬਾਰੀ ਬੇਪਰਵਾਹੀਆ । ਕਾਗਦ ਕਲਮ ਨਾ ਲਿਖਣਹਾਰ, ਹਰਿ ਕਾ ਲੇਖ ਨਾ ਕੋਇ ਜਣਾਈਆ ।

ਰਾਹ ਤੱਕਣ ਵੇਦ ਚਾਰ, ਪੁਰਾਨ ਅਠਾਰਾਂ ਰਹੇ ਜਸ ਗਾਈਆ । ਅਠ ਦਸ ਇਕ ਗਿਆਨ, ਗੀਤਾ ਗਿਆਨ ਇਕ ਪਰਗਟਾਈਆ । ਏਕਾ ਹੁਕਮ ਏਕਾ ਹੁਕਮਰਾਨ, ਏਕਾ ਸੇਵਕ ਸੇਵਾ ਸਚ ਸਮਝਾਈਆ । ਇਕ ਤੌਫ਼ੀਕ ਮਿਹਰਵਾਨ, ਮਹਿਬਾਨ ਵਡ ਵਡਿਆਈਆ । ਏਕਾ ਦੇਵੇ ਧੁਰ ਫ਼ਰਮਾਣ, ਸ਼ਬਦ ਸੰਦੇਸਾ ਮਾਤ ਸੁਣਾਈਆ । ਏਕਾ ਕਲਮਾ ਅੰਜੀਲ ਕੁਰਾਨ, ਏਕਾ ਤੁਲਬਾ ਈਸਾ ਮੂਸਾ ਮੁਹੰਮਦ ਰਿਹਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸਮਝਾਈਆ । ਧੁਰ ਫ਼ਰਮਾਣਾ ਸ੍ਰੀ ਭਗਵਾਨਾ, ਏਕਾ ਏਕ ਜਣਾਇੰਦਾ । ਚਾਰ ਜੁਗ ਵੇਖੇ ਮਾਰ ਧਿਆਨਾ, ਬਿਨ ਨੇਤਰ ਆਪ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੰਨਦਾ ਆਇਆ ਗਾਨਾ, ਸਾਚਾ ਸਗਨ ਮਨਾਇੰਦਾ । ਨੌਂ ਖੰਡ ਪ੍ਰਿਥਮੀ ਰਾਜ ਰਾਜਾਨਾ, ਸੱਤਾਂ ਦੀਪਾਂ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ ਇਕ ਸੁਣਾਇੰਦਾ । ਸਚ ਸੰਦੇਸਾ ਅੰਤਮ ਕਲ, ਕਲ ਕਲਕੀ ਹਰਿ ਸੁਣਾਇੰਦਾ । ਚਾਰ ਜੁਗ ਕਰਦਾ ਰਿਹਾ ਵਲ ਛਲ, ਕੋਟਨ ਕੋਟ ਕਾਲ ਬਿਤਾਇੰਦਾ । ਨਿਰਗੁਣ ਸਰਗੁਣ ਅੰਦਰ ਰਲ, ਸਰਗੁਣ ਲੋਕਮਾਤ ਪਰਗਟਾਇੰਦਾ । ਨਿਰਗੁਣ ਸਵਾਲ ਕਰਦਾ ਗਿਆ ਹੱਲ, ਆਪਣਾ ਭੇਵ ਨਾ ਕਿਸੇ ਜਣਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲ, ਮਹੱਲ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਇੰਦਾ । ਆਪਣਾ ਰੰਗ ਹਰਿ ਨਿਰੰਕਾਰਾ, ਨਿਰਗੁਣ ਨਿਰਾਕਾਰ ਆਪ ਰੰਗਾਈਆ । ਰੂਪ ਰੰਗ ਤੇ ਵਸੇ ਬਾਹਿਰਾ, ਦਿਸ ਕਿਸੇ ਨਾ ਆਈਆ । ਕਰੇ ਖੇਲ ਗੁਪਤ ਜ਼ਾਹਰਾ, ਭੇਵ ਕੋਇ ਨਾ ਪਾਈਆ । ਜੁਗ ਜੁਗ ਪਰਗਟਾਏ ਪੀਰ ਪੈਗ਼ੰਬਰ ਗੁਰ ਅਵਤਾਰਾ, ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਸੁਣਾਏ ਏਕਾ ਨਾਅਰਾ, ਬੋਧ ਗਿਆਨ ਕਰੇ ਪੜ੍ਹਾਈਆ । ਨਿਰਮਲ ਦੀਆ ਕਰ ਉਜਿਆਰਾ, ਜੋਤ ਨਿਰੰਜਣ ਆਦਿ ਨਿਰੰਜਣ ਕਰੇ ਰੁਸ਼ਨਾਈਆ । ਅੰਮ੍ਰਿਤ ਬਖ਼ਸ਼ੇ ਠੰਡਾ ਠਾਰਾ, ਨਿਝਰ ਝਿਰਨਾ ਇਕ ਝਿਰਾਈਆ । ਅਨਹਦ ਨਾਦ ਸੁਣੇ ਧੁੰਨਕਾਰਾ, ਰਾਗੀ ਰਾਗ ਆਪ ਅਲਾਈਆ । ਸਾਚਾ ਮੰਦਰ ਕਰ ਤਿਆਰਾ, ਘਰ ਘਰ ਵਿਚ ਬੰਕ ਸੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੇਲ ਮਿਲਾਏ ਅਗੰਮ ਅਪਾਰਾ, ਅਲੱਖ ਅਗੋਚਰ ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਈਆ । ਸਾਚਾ ਭੇਵ ਹਰਿ ਭਗਵੰਤ, ਆਪਣਾ ਆਪ ਜਣਾਇੰਦਾ । ਵੇਸ ਵਟਾਇਆ ਜੁਗਾ ਜੁਗੰਤ, ਜੁਗ ਕਰਤਾ ਨਾਉਂ ਧਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣਾਏ ਬਣਤ, ਆਪਣਾ ਗੇੜਾ ਆਪ ਚਲਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਕੀਤਾ ਅੰਤ, ਥਿਰ ਕੋਇ ਰਹਿਣ ਨਾ ਪਾਇੰਦਾ । ਕੋਟਨ ਕੋਟ ਨਾਉਂ ਮਣੀਆਂ ਮੰਤ, ਰਸਨਾ ਜਿਹਵਾ ਮਿਲ ਮਿਲ ਗਾਇੰਦਾ । ਲੱਖ ਚੁਰਾਸੀ ਏਕਾ ਕੰਤ, ਕੰਤ ਕੰਤੂਹਲ ਖੇਲ ਕਰਾਇੰਦਾ । ਭਗਤਾਂ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਜੁਗ ਜੁਗ ਆਪਣਾ ਰੰਗ ਰੰਗਾਇੰਦਾ । ਸਾਚੇ ਸੰਤਾਂ ਗੜ੍ਹ ਤੋੜ ਹਉਮੇ ਹੰਗਤ, ਨਿਵਣ ਸੋ ਅੱਖਰ ਇਕ ਪੜ੍ਹਾਇੰਦਾ । ਗੁਰਮੁਖਾਂ ਬਣਾਏ ਸਾਚੀ ਬਣਤ, ਗੁਰ ਗੁਰ ਆਪਣਾ ਭੇਵ ਖੁਲ੍ਹਾਇੰਦਾ । ਗੁਰਸਿਖ ਨਾਤਾ ਤੋੜ ਭੁੱਖ ਨੰਗਤ, ਨਾਮ ਨਿਧਾਨਾ ਝੋਲੀ ਪਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਮਨ ਮਤ ਬੁਧ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਰਾਇੰਦਾ । ਜੁਗ ਜੁਗ ਕਾਰ ਕਰਾਵਣਹਾਰਾ, ਤਖ਼ਤ ਨਿਵਾਸੀ ਇਕ ਅਖਵਾਈਆ । ਗੁਰ ਅਵਤਾਰ ਪਰਗਟਾਵਣਹਾਰਾ, ਪੀਰ ਪੈਗ਼ੰਬਰ ਦਏ ਸਹਾਰਾ, ਦਸਤਗੀਰ



੯੬੭
੧੧

ਸੱਚਾ ਮਾਹੀਆ । ਸ਼ਬਦੀ ਸ਼ਬਦ ਬੋਲ ਜੈਕਾਰਾ, ਵੇਦ ਪੁਰਾਨ ਸ਼ਾਸਤਰ ਸਿਮਰਤ ਖਾਣੀ ਬਾਣੀ ਕਰੇ ਪੜ੍ਹਾਈਆ । ਆਪੇ ਵਸੇ ਸਭ ਤੋਂ ਬਾਹਿਰਾ, ਬੇਅੰਤ ਕਹੇ ਲੋਕਾਈਆ । ਹੁਕਮੇ ਅੰਦਰ ਸਤਿ ਵਰਤਾਰਾ, ਸਤਿ ਸਤਿਵਾਦੀ ਕਾਰ ਕਰਾਈਆ । ਕੋਈ ਨਾ ਦਿਸੇ ਹੁਕਮੇ ਬਾਹਰਾ, ਗੁਰ ਅਵਤਾਰ ਸੀਸ ਝੁਕਾਈਆ । ਜੁਗ ਚੌਕੜੀ ਬੀਤੇ ਵਾਰੋ ਵਾਰਾ, ਬਣ ਪਾਂਧੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਿਰਤ ਆਪ ਕਮਾਈਆ । ਕਰਨੀ ਕਿਰਤ ਕਰਤਾ ਪੁਰਖ, ਕਰਨਹਾਰ ਕਮਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤ ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਲਏ ਪਰਖ, ਨਾਮ ਕਸਵਟੀ ਹੱਥ ਰਖਾਇੰਦਾ । ਜਨ ਭਗਤਾਂ ਦੇਵੇ ਆਪਣਾ ਦਰਸ, ਨੇਤਰ ਨੈਣ ਨੈਣ ਖੁਲ੍ਹਾਇੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਅਗਨੀ ਤੱਤ ਬੁਝਾਇੰਦਾ । ਜਨਮ ਜਨਮ ਦੀ ਮੇਟੇ ਹਰਸ, ਹਵਸ ਹੋਰ ਨਾ ਕੋਇ ਰਖਾਇੰਦਾ । ਲੇਖਾ ਜਾਣੇ ਅਰਸ਼ ਫਰਸ਼, ਕਾਇਆ ਕੁਰਾ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਏਕਾ ਏਕ ਸੁਣਾਇੰਦਾ । ਇਕ ਸੰਦੇਸਾ ਏਕਾ ਵਾਰ, ਏਕਾ ਏਕ ਜਣਾਈਆ । ਚਾਰੋਂ ਕੁੰਟ ਅੰਧ ਅੰਧਿਆਰ, ਰੈਣ ਅੰਧੇਰਾ ਛਾਈਆ । ਸੂਰਜ ਚੰਨ ਨਾ ਕੋਈ ਪਾਏ ਕੋਈ ਸਾਰ, ਤੱਤਵ ਤੱਤ ਗਿਆਨ ਨਾ ਕੋਇ ਦ੍ਰਿੜਾਈਆ । ਬ੍ਰਹਮ ਮਤ ਭੁੱਲਾ ਸਰਬ ਸੰਸਾਰ, ਮਨਮਤ ਕਰੀ ਕੁੜਮਾਈਆ । ਗ੍ਰਿਹ ਗ੍ਰਿਹ ਮੰਦਰ ਧੂੰਆਂਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਹਰਿ ਨਿਰੰਕਾਰਾ, ਕਲਜੁਗ ਅੰਤ ਅੰਤ ਵਰਤਾਇੰਦਾ । ਪਰਗਟ ਹੋ ਨਿਹਕਲੰਕ ਨਰ ਅਵਤਾਰਾ, ਨਿਰਗੁਣ ਆਪਣੀ ਧਾਰ ਚਲਾਇੰਦਾ । ਸਚਖੰਡ ਦਾ ਸਚ ਵਣਜਾਰਾ, ਲੋਕਮਾਤ ਵੇਖ ਵਖਾਇੰਦਾ । ਚਾਰ ਜੁਗ ਦਾ ਜਗ ਪਨਿਹਾਰਾ, ਸੇਵਕ ਆਪਣੀ ਸੇਵ ਕਮਾਇੰਦਾ । ਦੋ ਜਹਾਨ ਦਾ ਇਕ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਆਪਣੀ ਖੇਲ ਕਰੇ ਕਰਤਾਰਾ, ਭੇਵ ਕੋਇ ਨਾ ਪਾਇੰਦਾ । ਪਰਗਟ ਹੋ ਵਿਚ ਸੰਸਾਰਾ, ਨਿਹਚਲ ਆਪਣਾ ਧਾਮ ਸੁਹਾਇੰਦਾ । ਪੂਰਬ ਜੁਗ ਪਾਵੇ ਸਾਰਾ, ਲਹਿਣਾ ਹਰ ਘਟ ਵੇਖ ਵਖਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਭੂਪਤ ਭੂਪ ਰਾਜ ਰਾਜਾਨਾ ਸ੍ਰੀ ਭਗਵਾਨਾ, ਹੁਕਮਰਾਨਾ ਇਕ ਅਖਵਾਇੰਦਾ । ਸ਼ਬਦ ਅਗੰਮੀ ਹਰਿ ਬਿਬਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਰਖਾਇੰਦਾ । ਇਕ ਬਿਬਾਣਾ ਆਪੇ ਰੱਖ, ਆਪਣੀ ਦਇਆ ਕਮਾਈਆ । ਨਿਰਗੁਣ ਨਿਰਾਕਾਰ ਹੋ ਪਰਤੱਖ, ਅਕਲ ਕਲ ਵਡੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵੰਤ ਮਾਰਗ ਦੱਸ, ਰਹਿਬਰ ਬਣੇ ਆਪ ਖ਼ੁਦਾਈਆ । ਚਾਰ ਜੁਗ ਚਾਰ ਵਰਨ ਚਾਰ ਵੇਦ ਕਰੇ ਵੇਸ, ਬਚਿਆ ਕੋਇ ਰਹਿਣ ਨਾ ਪਾਈਆ । ਚੌਦਾਂ ਲੋਕ ਚੌਦਾਂ ਤਬਕ ਦੋ ਜਹਾਨ ਵੇਖੇ ਨੱਸ, ਬਣ ਬਣ ਪਾਂਧੀ ਰਾਹੀਆ । ਪੰਧ ਮੁਕਾਏ ਨੱਸ ਨੱਸ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਤੀਰ ਨਿਰਾਲਾ ਪੁਰਖ ਅਕਾਲਾ ਸ਼ਬਦ ਅਗੰਮੀ ਮਾਰੇ ਕਸ, ਲੱਖ ਚੁਰਾਸੀ ਆਰ ਪਾਰ ਵਖਾਈਆ । ਕਿਰਨੀ ਕਿਰਨ ਨੂਰ ਜਾਣੇ ਰਵ ਸਸ, ਮੰਡਲ ਮੰਡਪ ਧਰਤ ਧਵਲ ਪ੍ਰਿਥਮੀ ਆਕਾਸ਼ ਗਗਨ ਮੰਡਲ ਆਪਣਾ ਖੇਲ ਕਰਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਕਰੇ ਦਾਸ, ਖੇਲੇ ਖੇਲ ਖੇਲ ਤਮਾਸ਼, ਗੋਪੀ ਕਾਹਨ ਸ੍ਰੀ ਭਗਵਾਨ ਆਪਣਾ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਸੰਦੇਸਾ

੯੬੮
੧੧

ਇਕ ਸੁਣਾਈਆ । ਸਚ ਸੰਦੇਸਾ ਧੁਰ ਦੀ ਬਾਣ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਚਾਰ ਜੁਗ ਦੇ ਵਿਛੜੇ ਗੁਰ ਅਵਤਾਰ ਇਕੱਠੇ ਕਰੇ ਆਣ, ਇਕ ਇਕ ਨਾਲ ਮੇਲ ਮਿਲਾਈਆ । ਨੇਤਰ ਖੋਲ੍ਹੋ ਕਰੋ ਧਿਆਨ, ਵੇਖੋ ਮਾਤ ਲੋਕਾਈਆ । ਆਪਣਾ ਦਿਓ ਬਿਆਨ, ਸਚ ਬਿਆਨਾ ਲਿਖ ਲਿਖ ਲੇਖੇ ਪਾਈਆ । ਉਚੀ ਕੂਕ ਸਰਬ ਕੁਰਲਾਣ, ਕੂਕ ਕੂਕ ਦੇਣ ਦੁਹਾਈਆ । ਲਿਖ ਲਿਖ ਆਏ ਵੇਦ ਪੁਰਾਨ, ਸ਼ਾਸਤਰ ਸਿਮਰਤ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਜੀਵਾਂ ਜੰਤਾਂ ਕਰ ਪੜ੍ਹਾਈਆ । ਕਲਜੁਗ ਅੰਤ ਹੋਇਆ ਬਲਵਾਨ, ਚਾਰੋਂ ਕੁੰਟ ਫਿਰੇ ਸ਼ੈਤਾਨ, ਸ਼ਰਅ ਹਦੀਸ ਨਾ ਕੋਇ ਰਖਾਈਆ । ਪੰਜ ਤੱਤ ਬੇ ਈਮਾਨ ਤੇਰਾ ਨਾਉਂ ਭੁੱਲਿਆ ਗੁਣ ਨਿਧਾਨ, ਸਾਡੀ ਚਲੇ ਨਾ ਕੋਇ ਚਤੁਰਾਈਆ । ਨੇਤਰ ਨੈਣ ਸਰਬ ਸ਼ਰਮਾਣ, ਤੇਰਾ ਭੇਵ ਕੋਇ ਨਾ ਪਾਣ, ਬੇਅੰਤ ਤੇਰੀ ਵਡਿਆਈਆ । ਧੁਰਦਰਗਾਹੀ ਤੂੰ ਸੱਚਾ ਹੁਕਮਰਾਨ, ਆਦਿ ਜੁਗਾਦਿ ਤੇਰੀ ਮੰਨ ਕੇ ਆਏ ਆਣ, ਸੀਸ ਜਗਦੀਸ ਤੇਰਾ ਹੱਥ ਟਿਕਾਈਆ । ਤੇਰੇ ਚਰਨ ਕਵਲ ਇਕ ਧਿਆਨ, ਤੇਰਾ ਸ਼ਬਦ ਸਚ ਬਿਬਾਣ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਕਿਰਪਾ ਕਰ ਸ੍ਰੀ ਭਗਵਾਨ, ਆਪੇ ਦੇ ਜੀਆ ਦਾਨ, ਜੀਵਣ ਜੁਗਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਅਛਲ ਅਛੇਦਾ, ਆਪਣਾ ਪੜਦਾ ਆਪ ਉਠਾਈਆ । ਆਪਣਾ ਪੜਦਾ ਦੇਵੇ ਲਾਹ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਸਚ ਸੰਦੇਸਾ ਦਏ ਸੁਣਾ, ਕਲਜੁਗ ਵੇਲਾ ਅੰਤਮ ਆਈਆ । ਸਭ ਦਾ ਪੰਧ ਦਏ ਮੁਕਾ, ਪਾਂਧੀ ਕੋਇ ਨਜ਼ਰ ਨਾ ਆਈਆ । ਦਰ ਦੁਆਰ ਲਏ ਬੁਲਾ, ਸਚ ਸੰਦੇਸਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਰਹੇ ਝੁਕਾ, ਚਰਨ ਕਵਲ ਧਿਆਨ ਲਗਾਈਆ । ਸਮੁੰਦ ਸਾਗਰ ਨੇਤਰ ਨੈਣਾਂ ਨੀਰ ਰਹੇ ਵਹਾ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਧਰਤ ਧਵਲ ਰਹੀ ਕੁਰਲਾ, ਖੁਲ੍ਹੜੇ ਕੇਸ ਰਹੀ ਵਖਾਈਆ । ਪਰਬਤ ਉਚੇ ਟਿੱਲੇ ਮਾਰਨ ਧਾਹ, ਸਮੇਰੂ ਏਕਾ ਨੈਣ ਨੈਣ ਚਰਨ ਵਿਚ ਲਗਾਈਆ । ਰਵ ਸਸ ਰਹੇ ਸ਼ਰਮਾ, ਸਾਡਾ ਨੂਰ ਕੰਮ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਉਤੇ ਪੜਦਾ ਬੈਠੇ ਪਾ, ਪੱਲੂ ਕਿਸੇ ਨਾ ਕੋਇ ਉਠਾਈਆ । ਤ੍ਰੈਗੁਣ ਮਾਇਆ ਆਪਣਾ ਘੁੰਗਟ ਰਹੀ ਵਖਾ, ਲੱਖ ਚੁਰਾਸੀ ਪੜਦਾ ਪਾਈਆ । ਪੰਜ ਤੱਤ ਰਹੇ ਜਲਾ, ਅਗਨੀ ਅੱਗ ਅੱਗ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤਮ ਵੇਖ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਅਸੀਂ ਦੇ ਕੇ ਆਏ ਸਚ ਨਿਸ਼ਾਨ, ਲਿਖ ਲਿਖ ਲੇਖ ਜਗਤ ਸਮਝਾਈਆ । ਭਗਤ ਨੇਤਰ ਖੋਲ੍ਹ ਵੇਖਣ ਆਣ, ਨੈਣ ਨੈਣ ਮਿਲਾਈਆ । ਗ਼ਰੀਬ ਨਿਮਾਣਿਆ ਮਿਲੇ ਨਾ ਕੋਈ ਥਾਂ, ਥਾਨ ਥਨੰਤਰ ਮਿਲੇ ਨਾ ਕੋਇ ਵਡਿਆਈਆ । ਨਿਰਧਨ ਪਕੜੇ ਨਾ ਕੋਈ ਬਾਂਹ, ਸਿਰ ਹੱਥ ਨਾ ਕੋਇ ਟਿਕਾਈਆ । ਸਾਚੀ ਦਿਸੇ ਨਾ ਕੋਈ ਮਾਂ, ਪਿਤਾ ਪੂਤ ਨਾ ਕੋਇ ਭਾਈਆ । ਕਲਜੁਗ ਜੀਵ ਕਾਗ ਵਾਂਗ ਰਹੇ ਕੁਰਲਾ, ਜੂਠ ਝੂਠ ਮੁਖ ਵਿਸ਼ਟੇ ਨਾਲ ਭਰਾਈਆ । ਚਾਰੋਂ ਕੁੰਟ ਅੰਧੇਰਾ ਗਿਆ ਛਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਕਰੇ ਖੇਲ ਬੇਪਰਵਾਹ, ਆਪਣਾ ਬਲ ਆਪ ਪਰਗਟਾਈਆ । ਤੇਈ ਅਵਤਾਰ ਲਏ ਉਠਾ, ਸੰਤ ਕੁਮਾਰਾ ਹੁਕਮ ਸੁਣਾਈਆ । ਬਰਾਹ ਹਾਵ ਗਰੀਵ ਯਗੇ ਪੁਰਸ਼ ਨਰਾਇਣ ਏਕਾ ਕਲਮਾ ਦਏ ਪੜ੍ਹਾ, ਦੱਤਾ ਤ੍ਰੈ ਏਕਾ ਰੰਗ ਵਖਾਈਆ । ਰਿਖਪ ਦੇਵ ਪਿਰਥੂ ਲਏ ਸੁਣਾ, ਮਤਸ ਕਛਪ ਆਪਣਾ ਹੁਕਮ ਵਰਤਾਈਆ । ਧਨੰਤਰ ਏਕਾ ਹੁਕਮ ਦਏ ਜਣਾ, ਮੋਹਣੀ ਆਪਣਾ ਰੂਪ ਵਟਾਈਆ । ਹੰਸਾ ਚੋਗ ਦਏ ਚੁਗਾ, ਸੋਹੰ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਨਰ ਸਿੰਘ ਆਪਣੀ ਖੇਲ ਵਖਾਈਆ । ਨਰ ਸਿੰਘ ਖੇਲ ਬਲ ਬਾਵਨ, ਬਲਧਾਰੀ ਆਪ ਕਰਾਇੰਦਾ । ਆਪੇ ਹੋਇਆ ਸਤਿਜੁਗ ਜਾਮਨ, ਸਤਿਜੁਗ ਵੇਲਾ ਅੰਤ ਲਿਆਇੰਦਾ । ਕਰੇ ਖੇਲ ਸ੍ਰੀ ਭਗਵਾਨਨ, ਭੇਵ ਕੋਇ ਨਾ ਆਇੰਦਾ । ਭਗਤ ਭਗਵੰਤ ਪਕੜੇ ਦਾਮਨ, ਪੱਲੂ ਆਪਣਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰੀ ਨਰਾਇਣ ਆਪਣਾ ਰੂਪ ਵਟਾਇੰਦਾ । ਹਰੀ ਨਰਾਇਣ ਰੂਪ ਧਰ, ਧਰਨੀ ਧਰਤ ਧਵਲ ਵੇਖ ਵਖਾਇੰਦਾ । ਸਤਿਜੁਗ ਚੁਕਾਏ ਭੌ ਡਰ, ਭਿਆਨਕ ਰੂਪ ਨਾ ਕੋਇ ਵਟਾਇੰਦਾ । ਭਗਤ ਭਗਵੰਤ ਅੱਗੇ ਖੜ, ਸਵੱਛ ਸਰੂਪੀ ਦਰਸ ਕਰਾਇੰਦਾ । ਤ੍ਰੇਤਾ ਤਿਰਯਾ ਮਾਤ ਧਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਆਪਣਾ ਰੰਗ ਰੰਗਾਇੰਦਾ । ਏਕਾ ਪੰਡਤ ਲਏ ਫੜ, ਪਰਸ ਪਰਸਰਾਮ ਪਰਨਾਇੰਦਾ । ਰਾਮ ਰੂਪ ਆਪੇ ਧਰ, ਦਸਰਥ ਬੇਟਾ ਘਟ ਘਟ ਲੇਟਾ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਸਾਚਾ ਰਾਣਾ, ਵੇਦ ਵਿਆਸਾ ਕਰੇ ਖੁਲਾਸਾ, ਲੱਖ ਚਾਰ ਹਜ਼ਾਰ ਸਤਾਰਾਂ ਸਲੋਕ ਆਪ ਗਿਣਾਇੰਦਾ । ਗੋਬਿੰਦ ਮੇਲਾ ਸੱਚੇ ਸ਼ਾਹੀ, ਪੁਰਖ ਅਕਾਲ ਇਕ ਮਿਲਾਈਆ । ਪੂਤ ਸਪੂਤਾ ਗੋਦ ਬਹਾਈ, ਫਤਹਿ ਡੰਕਾ ਇਕ ਵਜਾਈਆ । ਵਾਹਵਾ ਵਾਹਿਗੁਰੂ ਰਿਹਾ ਧਿਆਈ, ਜਾਤ ਪਾਤ ਵਰਨ ਗੋਤ ਪੰਧ ਮੁਕਾਈਆ । ਜੁਗ ਕਰਤਾ ਆਪਣਾ ਖੇਲ ਗਿਆ ਸਮਝਾਈ, ਗੁਰ ਅਵਤਾਰ ਸੇਵਾ ਲਾਈ, ਸਾਚੀ ਸੇਵਾ ਇਕ ਰਖਾਈਆ । ਕਲਜੁਗ ਅੰਤਮ ਸ੍ਰਿਸ਼ਟ ਸਬਾਈ ਗਈ ਭੁਲਾਈ, ਜੀਵ ਜੰਤ ਸਾਧ ਸੰਤ ਸਾਚਾ ਭੇਵ ਕੋਇ ਨਾ ਪਾਈਆ । ਦੁਰਮਤ ਮੈਲ ਮਸਤਕ ਲੱਗੀ ਸ਼ਾਹੀ, ਵੇਲੇ ਅੰਤ ਨਾ ਕੋਈ ਧੁਵਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪੂਰਬ ਲੇਖਾ ਕੱਢਣਹਾਰਾ ਭਰਮ ਭੁਲੇਖਾ, ਭਰਮ ਆਪਣਾ ਆਪ ਤੁੜਾਈਆ । ਭਰਮ ਭੁਲੇਖਾ ਕੱਢੇ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਕਲ ਕਲਕੀ ਅੰਤਮ ਲਏ ਅਵਤਾਰ, ਕਲ ਕਲੇਸ਼ ਸਰਬ ਗੁਵਾਇੰਦਾ । ਡੰਕ ਵਜਾਏ ਏਕੰਕਾਰ, ਰਾਓ ਰੰਕ ਆਪ ਸੁਣਾਇੰਦਾ । ਦੋ ਜਹਾਨਾਂ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਇੰਦਾ । ਹੁਕਮੀ ਹੁਕਮ ਕਰੇ ਵਰਤਾਰ, ਹੁਕਮੇ ਅੰਦਰ ਸਰਬ ਭੁਵਾਇੰਦਾ । ਭਾਣਾ ਮੰਨਣਾ ਪਏ ਅੰਤਮ ਵਾਰ, ਅੱਗੇ ਸੀਸ ਨਾ ਕੋਇ ਉਠਾਇੰਦਾ । ਗੁਰ ਅਵਤਾਰ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਤੂੰ ਸਾਹਿਬ ਸੱਚੀ ਸਰਕਾਰ, ਸਾਚੇ ਤਖ਼ਤ ਸੋਭਾ ਪਾਇੰਦਾ । ਤੇਰੀ ਗਾ ਕੇ ਆਏ ਵਾਰ, ਬੱਤੀ ਦੰਦ ਦੰਦ ਸਲਾਹਿੰਦਾ । ਕਲਜੁਗ ਔਣਾ ਅੰਤਮ ਵਾਰ, ਨਿਰਗੁਣ ਆਪਣਾ ਖੇਲ ਕਰਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਸਗਲਾ ਸੰਗ ਨਿਭਾਇੰਦਾ । ਕੂੜੀ ਕਿਰਿਆ ਕਰੇ ਖੁਆਰ, ਸਾਚਾ ਰਾਹ ਚਲਾਇੰਦਾ । ਵਰਨ ਬਰਨ ਜਾਤ ਪਾਤ ਮਾਰੇ ਮਾਰ, ਕਮਲਾਪਾਤ ਮੇਲ ਮਿਲਾਇੰਦਾ । ਏਕਾ ਨੈਣ ਖੋਲ੍ਹ ਕਿਵਾੜ, ਨਿਜ ਨੇਤਰ ਮੇਲ ਮਿਲਾਇੰਦਾ । ਬਜਰ ਕਪਾਟੀ ਦੇਵੇ ਪਾੜ, ਦੂਈ ਦਵੈਤੀ ਪੜਦਾ ਲਾਹਿੰਦਾ । ਅੰਮ੍ਰਿਤ ਬਖ਼ਸ਼ੇ ਠੰਡਾ ਠਾਰ, ਸਚ ਸਰੋਵਰ ਇਕ ਨੁਹਾਇੰਦਾ । ਘਰ ਘਰ ਵਿਚ ਦੀਆ ਬਾਤੀ ਕਰ ਉਜਿਆਰ, ਅੰਧ ਅੰਧੇਰ ਗਵਾਇੰਦਾ । ਸਾਚਾ ਸਾਕੀ ਬਣ ਗੁਰ ਦਾਤਾਰ, ਨਾਮ ਪਿਆਲਾ ਇਕ ਪਿਆਇੰਦਾ । ਅੱਠੇ ਪਹਿਰ ਰਹੇ ਖੁਮਾਰ, ਏਕਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਪੰਧ ਆਪ ਮੁਕਾਇੰਦਾ । ਪਿਛਲਾ ਪੰਧ ਮੁੱਕੇ ਧੰਦਾ, ਲੋਕਮਾਤ ਰਹਿਣ ਨਾ ਪਾਈਆ । ਮਾਨਸ ਕੋਈ ਨਾ ਰਹੇ ਗੰਦਾ, ਜੂਠ ਝੂਠ ਦਏ ਮਿਟਾਈਆ । ਬਣ ਤਰਖਾਣ ਫੜਿਆ

ਹੱਥ ਵਿਚ ਰੰਦਾ, ਲੱਖ ਚੁਰਾਸੀ ਸਾਫ਼ ਕਰਾਈਆ । ਆਪਣੀ ਹੱਥੀਂ ਵੱਢੇ ਗੰਢਾ, ਨਾਮ ਕੁਹਾੜਾ ਹੱਥ ਉਠਾਈਆ । ਮੇਟ ਮਿਟਾਏ ਭੇਖ ਪਖੰਡਾ, ਤਿੱਖੀ ਆਰੀ ਰਿਹਾ ਚਲਾਈਆ । ਇਕ ਸੁਣਾਏ ਸਾਚਾ ਛੰਦਾ, ਜੀਵ ਜੰਤ ਕਰੇ ਪੜ੍ਹਾਈਆ । ਇਕ ਉਠਾਏ ਸਾਚਾ ਖੰਡਾਂ, ਦੋ ਜਹਾਨਾਂ ਰਿਹਾ ਚਮਕਾਈਆ । ਸਾਹਿਬ ਦਿਆਲ ਸਦਾ ਬਖ਼ਸ਼ੰਦਾ, ਹਰਿਜਨ ਸਾਚੇ ਲਏ ਤਰਾਈਆ । ਠਾਕਰ ਸੁਆਮੀ ਦੇਵੇ ਇਕ ਅਨੰਦਾ, ਨਿਝ ਆਤਮ ਕਰੇ ਰਸਾਈਆ । ਪਤਿਪਰਮੇਸ਼ਵਰ ਪਰਕਾਸ਼ ਕਰੇ ਬਿਨ ਸੂਰਜ ਚੰਦਾ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਪੂਰਬ ਲੇਖਾ ਦਏ ਮੁਕਾਈਆ । ਪੂਰਬ ਲੇਖਾ ਜਾਏ ਮੁੱਕ, ਸ੍ਰੀ ਭਗਵਾਨ ਆਪ ਚੁਕਾਇੰਦਾ । ਕਲਜੁਗ ਕੂੜਾ ਜਾਏ ਉਠ, ਲੋਕਮਾਤ ਰਹਿਣ ਨਾ ਪਾਇੰਦਾ । ਸਤਿ ਸਤਿਵਾਦੀ ਸਾਚਾ ਸੁਤ, ਸਤਿਜੁਗ ਸਾਚਾ ਹਰਿ ਜਗਾਇੰਦਾ । ਧਰਤ ਮਾਤ ਦੀ ਰੱਖੇ ਕੁੱਖ, ਕੁੱਖ ਸੁਲੱਖਣੀ ਆਪ ਕਰਾਇੰਦਾ । ਉਜਲ ਕਰੇ ਮਾਤ ਮੁੱਖ, ਮੁੱਖ ਮੁਖੜਾ ਆਪ ਵਡਿਆਇੰਦਾ । ਚਾਰ ਵਰਨ ਦਾ ਮੇਟੇ ਦੁੱਖ, ਜਾਤ ਪਾਤ ਨਾ ਕੋਇ ਜਣਾਇੰਦਾ । ਭਗਤ ਸੁਹੇਲੇ ਗੋਦੀ ਚੁੱਕ, ਚੁੱਕ ਚੁੱਕ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਅੰਤਮ ਵਾਰ, ਹਰਿ ਕਲਜੁਗ ਆਪ ਕਰਾਈਆ । ਹਰਿਜਨ ਮੇਲੇ ਚਾਰ ਜੁਗ ਦੇ ਵਿਛੜੇ ਯਾਰ, ਗੁਰਸਿਖ ਆਪਣਾ ਬੰਧਨ ਪਾਈਆ । ਭਗਤ ਭਗਵੰਤ ਲਏ ਉਧਾਰ, ਭਗਤਨ ਆਪਣੇ ਲੇਖੇ ਲਾਈਆ । ਸਾਚੀ ਸ਼ਕਤੀ ਇਕ ਉਜਿਆਰ, ਆਦਿ ਸ਼ਕਤ ਸ਼ਕਤ ਰੁਸ਼ਨਾਈਆ । ਚਤਰਭੁਜ ਖੇਲ ਬਲਕਾਰ, ਹਰਿਜਨ ਭੁਜਾਂ ਉਪਰ ਉਠਾਈਆ । ਲੇਖਾ ਜਾਣੇ ਵਿਚ ਸੰਸਾਰ, ਵਡ ਸੰਸਾਰੀ ਸੱਚਾ ਮਾਹੀਆ । ਆਦਿ ਭਵਾਨੀ ਖੇਲ ਨਿਆਰ, ਸਚ ਨਿਸ਼ਾਨੀ ਦਏ ਜਣਾਈਆ । ਨੂਰ ਨੁਰਾਨੀ ਹੋ ਉਜਿਆਰ, ਅੱਲਾ ਮੀਆਂ ਖੇਲ ਕਰਾਈਆ । ਬਿਸਮਲ ਜਾਣੇ ਆਪਣੀ ਕਾਰ, ਬਿਨ ਕਰਦ ਹਲਾਲ ਕਰਾਈਆ । ਮੁਕਾਮੇ ਹੱਕ ਪਰਵਰਦਿਗਾਰ, ਸਚ ਭੂਮਿਕਾ ਰਿਹਾ ਸੁਣਾਈਆ । ਹੱਕ ਹਕ਼ੀਕ਼ਤ ਖੋਲ੍ਹ ਕਿਵਾੜ, ਭੇਵ ਅਭੇਦ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਗਤ ਅੰਧੇਰਾ ਦਏ ਗਵਾਈਆ । ਜਗਤ ਅੰਧੇਰਾ ਹੋਏ ਦੂਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਸਭ ਦਾ ਤੋੜੇ ਮਾਣ ਗਰੂਰ, ਗੁਰਬਤ ਕੋਈ ਨਾ ਹੋਰ ਵਖਾਇੰਦਾ । ਪਰਗਟ ਹੋਏ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਵੇਸ ਵਟਾਇੰਦਾ । ਸਰਬ ਕਲਾ ਆਪੇ ਭਰਪੂਰ, ਆਪਣੀ ਕਲ ਆਪ ਵਰਤਾਇੰਦਾ । ਜਨ ਭਗਤਾਂ ਮੇਲੇ ਫੜ ਜ਼ਰੂਰ, ਜ਼ਰੂਰਤ ਆਪਣੀ ਪੂਰ ਕਰਾਇੰਦਾ । ਜਿਸ ਨੂੰ ਕਹਿੰਦੇ ਗਏ ਅੱਲਾ ਮੀਆਂ ਨਿਰਮਲ ਨੂਰ, ਅਲਾਹੀ ਨੂਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਆਪ ਚੁਕਾਇੰਦਾ । ਕਲਜੁਗ ਲੇਖਾ ਚੁਕਾਏ ਮਾਤ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਜਨ ਭਗਤਾਂ ਬਣੇ ਸੱਜਣ ਸਾਕ, ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਪੂਰਾ ਕਰੇ ਨਾਨਕ ਗੋਬਿੰਦ ਭਵਿਖਤ ਵਾਕ, ਵੇਦ ਵਿਆਸਾ ਲਿਖਿਆ ਮੇਟ ਨਾ ਕੋਇ ਮਿਟਾਈਆ । ਜੁਗ ਜੁਗ ਪੂਰੀ ਕਰੇ ਆਸ, ਆਸਾਵੰਤ ਤ੍ਰਿਖਾ ਸਰਬ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਲਏ ਜਗਾਈਆ । ਸਤਿਜੁਗ ਸਾਚਾ ਜਾਏ ਜਾਗ, ਜਗਾਵਣਹਾਰਾ ਆਪ ਜਗਾਇੰਦਾ । ਲੋਕਮਾਤ ਲੱਗੇ ਭਾਗ, ਵਡਭਾਗੀ ਆਪਣੀ ਦਇਆ ਕਮਾਇੰਦਾ । ਜਨ ਭਗਤਾਂ ਅੰਤਰ ਇਕ ਵੈਰਾਗ, ਬਣ

ਵੈਰਾਗੀ ਆਪ ਉਪਜਾਇੰਦਾ । ਜਨਮ ਜਨਮ ਦਾ ਧੋਵੇ ਦਾਗ਼, ਦੁਰਮਤ ਮੈਲ ਆਪ ਧੁਵਾਇੰਦਾ । ਨੂਰ ਨੁਰਾਨਾ ਜਗੇ ਚਿਰਾਗ਼, ਚੰਦ ਚਾਂਦਨੀ ਮੁਖ ਸ਼ਰਮਾਇੰਦਾ । ਤ੍ਰੈਗੁਣ ਅਗਨੀ ਬੁਝੇ ਆਗ, ਤੱਤਵ ਤੱਤ ਨਾ ਕੋਇ ਜਣਾਇੰਦਾ । ਏਕਾ ਮੇਲਾ ਕੰਤ ਸੁਹਾਗ, ਹਰਿ ਜੂ ਨਾਰੀ ਕੰਤ ਖੇਲ ਕਰਾਇੰਦਾ । ਜੁਗ ਜੁਗ ਦੀ ਰੱਖੇ ਯਾਦ, ਆਪਣੀ ਯਾਦ ਨਾ ਕਦੇ ਭੁਲਾਇੰਦਾ । ਵੇਖਣਹਾਰਾ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਆਪਣੀ ਖੇਲ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬੰਨ੍ਹੇ ਤਾਗ, ਅੰਤਮ ਸਗਨ ਮਨਾਇੰਦਾ । ਲੱਖ ਚੁਰਾਸੀ ਦਿਤੀ ਦਾਦ, ਝੋਲੀ ਆਪਣੀ ਫੇਰ ਪਾਇੰਦਾ । ਸਾਚੇ ਭਗਤਾਂ ਕਰੇ ਲਾਡ, ਦੂਸਰ ਹੱਥ ਕਿਸੇ ਨਾ ਆਇੰਦਾ । ਸਤਿ ਨਿਸ਼ਾਨਾ ਦੇਵੇ ਗਾਡ, ਦੋ ਜਹਾਨਾਂ ਆਪ ਝੁਲਾਇੰਦਾ । ਕਰੇ ਖੇਲ ਮੋਹਣ ਮਾਧਵ ਮਾਧ, ਮਧੁਰ ਬੈਣ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰੇ ਆਪ, ਭੇਵ ਨਾ ਕਿਸੇ ਜਣਾਈਆ । ਸ੍ਰਿਸ਼ਟ ਸਬਾਈ ਮਾਈ ਬਾਪ, ਪਿਤਾ ਪੂਤ ਖੇਲ ਕਰਾਈਆ । ਆਪੇ ਜਾਣੇ ਆਪਣਾ ਵਡ ਪਰਤਾਪ, ਆਪੇ ਬੈਠਾ ਮੁੱਖ ਛੁਪਾਈਆ । ਆਪ ਪਰਗਟਾਏ ਸਾਚਾ ਜਾਪ, ਸਤਿਜੁਗ ਸਾਚੇ ਮਾਣ ਦਿਵਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪੇ ਨਾਪ, ਚਰਨਾਂ ਹੇਠ ਰਖਾਈਆ । ਨਿਰਗੁਣ ਸਰਗੁਣ ਕਮਲਾਪਾਤ ਕਵਲ ਨੈਣ ਨੈਣ ਮਟਕਾਈਆ । ਵੇਖਣਹਾਰਾ ਮਾਰ ਝਾਤ, ਦੋ ਜਹਾਨਾਂ ਤਾਕੀ ਆਪ ਖੁਲ੍ਹਾਈਆ । ਆਦਿ ਜੁਗਾਦੀ ਪਾਕੀ ਪਾਕ, ਪੱਤਤ ਪੁਨੀਤ ਬੇਪਰਵਾਹੀਆ । ਸਤਿਜੁਗ ਖੋਲ੍ਹੇ ਸਾਚਾ ਹਾਟ, ਬਣ ਹਟਵਾਣਾ ਹੱਟ ਚਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਏਕਾ ਲਾਹਾ ਲੈਣ ਖਾਟ, ਹਰਿ ਨਾਮਾ ਵਣਜ ਆਪ ਕਰਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਜਾਤ, ਅਜ਼ਾਤੀ ਰੂਪ ਨਾ ਕੋਇ ਵਟਾਈਆ । ਨਾਮ ਨਿਧਾਨਾ ਸਾਚੀ ਗਾਥ, ਸੋਹੰ ਅੱਖਰ ਕਰੇ ਪੜ੍ਹਾਈਆ । ਆਤਮ ਪਰਮਾਤਮ ਨਿਭਾਏ ਸਾਥ, ਨਿਰਗੁਣ ਮੇਲਾ ਚਾਈਂ ਚਾਈਂਆ । ਬ੍ਰਹਮ ਪਾਰਬ੍ਰਹਮ ਉਤਾਰੇ ਆਪਣੇ ਘਾਟ, ਸਾਚੇ ਪੱਤਣ ਬੈਠਾ ਸੱਚਾ ਮਾਹੀਆ । ਸ੍ਰਿਸ਼ਟ ਸਬਾਈ ਏਕਾ ਜਾਪ, ਏਕਾ ਮਾਰਗ ਦਏ ਲਾਈਆ । ਏਕਾ ਮਾਈ ਏਕਾ ਬਾਪ, ਏਕਾ ਗੋਦ ਸੁਹਾਈਆ । ਏਕਾ ਦਿਵਸ ਏਕਾ ਰਾਤ, ਏਕਾ ਵੰਡ ਵੰਡਾਈਆ । ਏਕਾ ਸੇਜਾ ਏਕਾ ਖਾਟ, ਘਰ ਘਰ ਆਸਣ ਲਾਈਆ । ਏਕਾ ਪੂਜਾ ਏਕਾ ਪਾਠ, ਏਕਾ ਪੜ੍ਹ ਪੜ੍ਹ ਕਰੇ ਪੜ੍ਹਾਈਆ । ਏਕਾ ਮੰਦਰ ਮਸਜਦ ਦੱਸੇ ਮਾਠ, ਗੁਰਦੁਆਰਾ ਇਕ ਵਖਾਈਆ । ਏਕਾ ਸਾਹਿਬ ਪੁਰਖ ਸਮਰਾਥ, ਕੋਟਨ ਕੋਟ ਰੂਪ ਵਟਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਗੌਂਦੇ ਆਏ ਜਸ, ਕਲਜੁਗ ਅੰਤਮ ਆਪਣਾ ਰੂਪ ਵਟਾਈਆ । ਆਪਣਾ ਖੇਲ ਕਰੇ ਹੱਸ ਹੱਸ, ਚਿੰਤਾ ਗ਼ਮ ਨਾ ਕੋਇ ਜਣਾਈਆ । ਜਨ ਭਗਤਾਂ ਮਾਰਗ ਦੱਸ ਦੱਸ, ਸਾਚੇ ਪੌੜ੍ਹੇ ਰਿਹਾ ਚੜ੍ਹਾਈਆ । ਪ੍ਰੀਤੀਵਾਨ ਪ੍ਰੀਤ ਅੰਦਰ ਫਸ ਫਸ, ਆਪਣਾ ਬੰਧਨ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਣ ਜੁਗਤ ਜਾਗਰਤ ਜੋਤ ਜੋਤੀ ਜਾਤਾ ਇਕ ਸਮਝਾਈਆ । ਜੋਤੀ ਜਾਤਾ ਪੁਰਖ ਅਕਾਲ, ਅਗੰਮ ਅਗੰਮੜੀ ਖੇਲ ਕਰਾਇੰਦਾ । ਲੇਖਾ ਜਾਣੇ ਕਾਲ ਮਹਾਂਕਾਲ, ਦੀਨ ਦਿਆਲ ਭੇਵ ਨਾ ਆਇੰਦਾ । ਸਚਖੰਡ ਵਸਣਹਾਰਾ ਸੱਚੀ ਧਰਮਸਾਲ, ਲੋਕਮਾਤ ਸਚਖੰਡ ਦੁਆਰਾ ਆਪ ਬਣਾਇੰਦਾ । ਛੱਤੀ ਯੁਗ ਦਾ ਇਕ ਨਿਸ਼ਾਨ, ਛੱਤੀ ਛੱਤੀ ਬੰਧਨ ਪਾਇੰਦਾ । ਬਹੱਤਰ ਭਗਤ ਕਰ ਪਰਧਾਨ, ਬਹੱਤਰ ਨਾੜੀ ਜੋਤ ਜਗਾਇੰਦਾ । ਏਕਾ ਨਾਮਾ ਕਰ ਪਰਵਾਨ, ਛੱਪਰ ਛੰਨ ਲੇਖਾ ਲਾਇੰਦਾ । ਏਕਾ ਧੰਨੇ ਦੇਵੇ ਦਾਨ, ਜੱਟ ਆਪਣੇ ਰੰਗ ਰੰਗਾਇੰਦਾ । ਵਾਹਵਾ ਖੇਲ ਕਰੇ ਸ੍ਰੀ ਭਗਵਾਨ, ਭੇਵ ਕੋਇ ਨਾ ਪਾਇੰਦਾ । ਵਿਸ਼ਨ

ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਕਵਲ ਬੈਠੇ ਜਸ ਸਾਰੇ ਗਾਣ, ਵਾਹਵਾ ਵਡੀ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ ਵੇਖੇ ਖੇਲ ਪ੍ਰਿਥਮੀ ਅਕਾਸ਼ਾ, ਆਪ ਆਪਣਾ ਫੇਰਾ ਪਾਈਆ । ਆਪਣਾ ਫੇਰਾ ਪਾਏ ਜਗ, ਦਿਸ ਕਿਸੇ ਨਾ ਆਇੰਦਾ । ਨਿਰਗੁਣ ਨੂਰ ਸੂਰਾ ਸਰਬੱਗ, ਸਾਢੇ ਤਿੰਨ ਹੱਥ ਡੇਰਾ ਲਾਇੰਦਾ । ਹਰਿਜਨ ਮੇਲ ਮਿਲਾਏ ਹੰਸ ਬਣਾਏ ਫੜ ਫੜ ਕੱਗ, ਸੋਹੰ ਹੰਸਾ ਚੋਗ ਚੁਗਾਇੰਦਾ । ਦੋ ਜਹਾਨਾਂ ਰੱਖੇ ਲਜ, ਸਿਰ ਆਪਣਾ ਹੱਥ ਟਿਕਾਇੰਦਾ । ਪੰਜ ਤੱਤ ਕਾਇਆ ਸਿੰਘ ਸ਼ੇਰ ਜੂਠਾ ਝੂਠਾ ਭਾਂਡਾ ਗਿਆ ਭੱਜ, ਤੱਤਵ ਤੱਤ ਨਾ ਕੋਇ ਰਖਾਇੰਦਾ । ਨਿਰਗੁਣ ਸੇਜੇ ਬੈਠਾ ਸਜ, ਸਚ ਸਿੰਘਾਸਣ ਆਸਣ ਲਾਇੰਦਾ । ਧੁਰ ਦਰਗਾਹੀ ਨਗਾਰਾ ਗਿਆ ਵੱਜ, ਤਾਲ ਤਲਵਾੜਾ ਨਾ ਕੋਇ ਸੁਣਾਇੰਦਾ । ਸਰਗੁਣ ਨਾਲੋਂ ਨਿਰਗੁਣ ਹੋਇਆ ਅੱਡ, ਅੱਡ ਹੋ ਕੇ ਨਿਰਗੁਣ ਸਰਗੁਣ ਵਿਚ ਡੇਰਾ ਲਾਇੰਦਾ । ਸੰਗੀ ਸਾਥੀ ਭਾਈ ਭੈਣ ਸਾਕ ਸੱਜਣ ਮਾਤ ਪਿਤ ਪੁੱਤਰ ਧੀਆਂ ਗਿਆ ਛੱਡ, ਆਪਣਾ ਸੰਗ ਨਾ ਕੋਇ ਰਖਾਇੰਦਾ । ਦੋ ਜਹਾਨਾਂ ਮੁਕਾ ਪੰਧ, ਸਚਖੰਡ ਦੁਆਰੇ ਆਸਣ ਲਾਇੰਦਾ । ਗੋਬਿੰਦ ਢੋਲਾ ਸੁਣਾਏ ਛੰਦ, ਨਿਰਗੁਣ ਆਪਣੀ ਖੇਲ ਕਰਾਇੰਦਾ । ਸਾਢੇ ਤਿੰਨ ਹੱਥ ਵੰਡਣ ਵੰਡ, ਸੰਬਲ ਆਪਣਾ ਡੇਰਾ ਲਾਇੰਦਾ । ਨੰਗੀ ਨਾ ਹੋਵੇ ਕੰਢ, ਆਪਣੀ ਕਰਵਟ ਆਪ ਬਦਲਾਇੰਦਾ । ਲਹਿਣਾ ਦੇਣਾ ਚੁਕਾਏ ਸੂਰਜ ਚੰਦ, ਬ੍ਰਹਮਾ ਸ਼ਿਵ ਪੰਧ ਮੁਕਾਇੰਦਾ । ਲੇਖਾ ਚੁਕੇ ਸੁਰਪਤ ਇੰਦ, ਕਰੋੜ ਤੇਤੀਸਾ ਵੇਖ ਵਖਾਇੰਦਾ । ਕਲਜੁਗ ਅੰਤਮ ਹੋਏ ਰੰਡ, ਜਗਤ ਰੰਡੇਪਾ ਛਾਇੰਦਾ । ਟੁੱਟੀ ਸਕੇ ਨਾ ਕੋਈ ਗੰਢ, ਗੰਢਣਹਾਰਾ ਆਪ ਤੁੜਾਇੰਦਾ । ਸਤਿਜੁਗ ਸੀਤਲ ਚੜ੍ਹੇ ਚੰਦ, ਸੀਤਲ ਧਾਰਾ ਆਪ ਪਰਗਟਾਇੰਦਾ । ਜਨ ਭਗਤਾਂ ਕਰੇ ਖ਼ੁਸ਼ੀ ਬੰਦ ਬੰਦ, ਜ਼ਾਤ ਪਾਤ ਨਾ ਕੋਇ ਵਖਾਇੰਦਾ । ਅੱਠੇ ਪਹਿਰ ਦਿਵਸ ਰੈਣ ਇਕ ਅਨੰਦ, ਅਨੰਦ ਮੰਗਲ ਏਕਾ ਗਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਸ੍ਰੀ ਭਗਵਾਨ ਨੌਜਵਾਨ ਗੀਤ ਸੁਹਾਗੀ ਗਾਏ ਛੰਦ, ਸੋਹਲਾ ਢੋਲਾ ਆਪੇ ਗਾਇੰਦਾ । ਸਾਚੀ ਵੰਡਣ ਮਾਤ ਵੰਡ, ਵਸਤ ਅਮੋਲਕ ਸਤਿਜੁਗ ਝੋਲੀ ਪਾਇੰਦਾ । ਸੋਹੰ ਸ਼ਬਦ ਸਦਾ ਅਖੰਡ, ਗੋਬਿੰਦ ਖੰਡਾ ਇਕ ਖੜਕਾਇੰਦਾ । ਨਾਨਕ ਨਿਰਗੁਣ ਗਾਇਆ ਬੱਤੀ ਦੰਦ, ਰਸਨਾ ਜਿਹਵਾ ਨਾਲ ਮਿਲਾਇੰਦਾ । ਕਲਜੁਗ ਅੰਤ ਪਰਗਟਾਏ ਗੁਣੀ ਗਹਿੰਦ, ਗਹਿਰ ਗੰਭੀਰ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਤਮ ਪਰਮਾਤਮ ਸਚ ਗਿਆਨ ਸਰਬ ਦ੍ਰਿੜਾਇੰਦਾ । ਆਤਮ ਪਰਮਾਤਮ ਸਾਚਾ ਮੇਲਾ, ਮਿਲ ਮਿਲ ਖ਼ੁਸ਼ੀ ਮਨਾਈਆ । ਪਾਰਬ੍ਰਹਮ ਬ੍ਰਹਮ ਗੁਰੂ ਚੇਲਾ, ਗੁਰ ਗੁਰ ਰੂਪ ਵਟਾਈਆ । ਪੁਰਖ ਅਬਿਨਾਸ਼ੀ ਸੱਜਣ ਸੁਹੇਲਾ ਸਗਲਾ ਸੰਗ ਨਿਭਾਈਆ । ਏਕੰਕਾਰਾ ਇਕ ਅਕੇਲਾ, ਸਚਖੰਡ ਵਸੇ ਸੱਚਾ ਮਾਹੀਆ । ਜੁਗ ਚੌਕੜੀ ਆਪੇ ਜਾਣੇ ਆਪਣਾ ਵੇਲਾ, ਥਿਤ ਵਾਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਖੇਲ ਕਰਾਈਆ । ਨਰ ਹਰਿ ਨਰਾਇਣ ਵਡ ਬਲਕਾਰੀ, ਬਲ ਆਪਣਾ ਆਪ ਧਰਾਇੰਦਾ । ਆਦਿ ਜੁਗਾਦੀ ਖੇਲ ਨਿਆਰੀ, ਜੁਗ ਕਰਤਾ ਆਪ ਕਰਾਇੰਦਾ । ਕਲਜੁਗ ਬਾਜੀ ਗਈ ਹਾਰੀ, ਹਾਰ ਜਿਤ ਆਪਣੇ ਹੱਥ ਵਖਾਇੰਦਾ । ਲੁੱਟੀ ਜਾਏ ਚਾਰ ਯਾਰੀ, ਯਾਰੀ ਯਾਰ ਨਾ ਕੋਇ ਰਖਾਇੰਦਾ । ਪੰਚਮ ਪੰਚ ਕਰੇ ਜੈਕਾਰੀ, ਪੰਚ ਪਰਵਾਨ ਪੰਚ ਪਰਧਾਨ ਪੰਚੇ ਦਰਗਹਿ ਆਪ ਸੁਹਾਇੰਦਾ । ਪੰਚਾਂ ਉਪਰ ਇਕ ਹੁਕਮਰਾਨ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਸਤਿਜੁਗ ਸਾਚਾ ਚਲੇ ਵਿਚ

ਜਹਾਨ, ਜੀਵ ਜੀਵ ਜੀਵ ਦਇਆ ਕਮਾਇੰਦਾ । ਹੰ ਬ੍ਰਹਮ ਪਾਰਬ੍ਰਹਮ ਸੋਹੰ ਅੱਖਰ ਸਾਰੇ ਗਾਣ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਰਬ ਜੀਆਂ ਦਾ ਇਕੋ ਦਾਤਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਮਰਨ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਦੋ ਜਹਾਨ ਵੇਖੇ ਖੇਲ ਤਮਾਸ਼ਾ, ਲਹਿਣਾ ਦੇਣਾ ਚੁਕਾਏ ਪ੍ਰਿਥਮੀ ਅਕਾਸ਼ਾ, ਲੱਖ ਚੁਰਾਸੀ ਆਪਣੀ ਝੋਲੀ ਆਪੇ ਪਾਇੰਦਾ ।



### ★ ੧੫ ਚੇਤ ੨੦੧੯ ਬਿਕ੍ਰਮੀ ਮਨੀ ਸਿੰਘ ਦੇ ਗ੍ਰਿਹ ਪਿੰਡ ਸਿਧਵਾਂ ਜ਼ਿਲਾ ਅੰਮ੍ਰਿਤਸਰ ★

ਸਤਿਗੁਰ ਪੂਰਾ ਸੱਚਾ ਹਰਿ, ਆਦਿ ਪੁਰਖ ਇਕ ਅਖਵਾਇੰਦਾ । ਸਤਿ ਪੁਰਖ ਨਿਰੰਜਣ ਦੇਵਣਹਾਰਾ ਵਰ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਵਸਣਹਾਰਾ ਸਾਚੇ ਘਰ, ਏਕੰਕਾਰਾ ਸਚਖੰਡ ਦੁਆਰੇ ਸੋਭਾ ਪਾਇੰਦਾ । ਆਦਿ ਨਿਰੰਜਣ ਨਿਰਮਲ ਦੀਆ ਬਾਤੀ ਜੋਤ ਧਰ, ਬਿਨ ਤੇਲ ਬਾਤੀ ਡਗਮਗਾਇੰਦਾ । ਅਬਿਨਾਸ਼ੀ ਕਰਤਾ ਸਚ ਸਿੰਘਾਸਣ ਆਪੇ ਖੜ, ਰਾਜਨ ਰਾਜ ਸ਼ਾਹ ਸੁਲਤਾਨ ਆਪਣਾ ਵੇਸ ਵਟਾਇੰਦਾ । ਸ੍ਰੀ ਭਗਵਾਨ ਹੋ ਮਿਹਰਵਾਨ ਨਿਰਗੁਣ ਨਿਰੰਕਾਰ ਆਪਣਾ ਨਾਉਂ ਪੜ੍ਹ, ਬਿਨ ਅੱਖਸ਼ਰ ਆਪੇ ਗਾਇੰਦਾ । ਪਾਰਬ੍ਰਹਮ ਪ੍ਰਭ ਸਰਨ ਸਰਨਾਈ ਆਪੇ ਪੜ, ਨਿਉਂ ਨਿਉਂ ਆਪਣਾ ਸੀਸ ਝੁਕਾਇੰਦਾ । ਤਖ਼ਤ ਨਿਵਾਸੀ ਕਿਰਪਾ ਨਿਧ ਠਾਕਰ ਸੁਆਮੀ ਦਇਆ ਕਰ, ਆਪਣੀ ਦਇਆ ਆਪ ਕਮਾਇੰਦਾ । ਆਪਣੀ ਇਛਿਆ ਦੇਵੇ ਵਰ, ਨਿਰਗੁਣ ਝੋਲੀ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਅਖਵਾਇੰਦਾ । ਸਤਿਗੁਰ ਸੱਚਾ ਏਕੰਕਾਰਾ, ਆਦਿ ਜੁਗਾਦਿ ਸਮਾਈਆ । ਸਚਖੰਡ ਵਸੇ ਸਚ ਮਨਾਰਾ, ਮਹੱਲ ਅਟੱਲ ਕਰੇ ਰੁਸ਼ਨਾਈਆ । ਤਖ਼ਤ ਨਿਵਾਸੀ ਵਡ ਸਿਕਦਾਰਾ, ਹੁਕਮੀ ਹੁਕਮ ਆਪ ਸੁਣਾਈਆ । ਆਪਣੀ ਇਛਿਆ ਕਰ ਵਰਤਾਰਾ, ਥਿਰ ਘਰ ਸਾਚੀ ਬਣਤ ਬਣਾਈਆ । ਅਲੱਖ ਅਗੋਚਰ ਅਗੰਮ ਅਪਾਰਾ, ਬੇਅੰਤ ਬੇਪਰਵਾਹੀਆ । ਵੇਸ ਵਟਾਏ ਨਾਰੀ ਨਾਰਾ, ਕੰਤ ਕੰਤੂਹਲ ਸਾਚੀ ਸੇਜ ਆਪ ਸੁਹਾਈਆ । ਦਾਈ ਦਾਇਆ ਬਣ ਕਰਤਾਰਾ, ਆਪਣਾ ਖੇਲ ਆਪ ਕਰਾਈਆ । ਪੂਤ ਸਪੂਤਾ ਏਕਾ ਜਾਇਆ, ਸ਼ਬਦੀ ਨਾਉਂ ਰਖਾਈਆ । ਸਮਰਥ ਪੁਰਖ ਸਿਰ ਹੱਥ ਟਿਕਾਇਆ, ਥਿਰ ਘਰ ਸਾਚੇ ਦਏ ਬਹਾਈਆ । ਸਚ ਸੰਦੇਸਾ ਇਕ ਸੁਣਾਇਆ, ਏਕੰਕਾਰਾ ਕਰੇ ਪੜ੍ਹਾਈਆ । ਨਿਰਗੁਣ ਨਿਰਗੁਣ ਬੰਧਨ ਆਪੇ ਪਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸੱਚਾ ਸ਼ਹਿਨਸ਼ਾਹੀਆ । ਸਤਿਗੁਰ ਸੱਚਾ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਹਰਿ ਅਖਵਾਇੰਦਾ । ਸਚਖੰਡ ਨਿਵਾਸੀ ਬਣ ਮਲਾਹ, ਥਿਰ ਘਰ ਬੇੜਾ ਆਪ ਚਲਾਇੰਦਾ । ਸੋ ਪੁਰਖ ਨਿਰੰਜਣ ਖੇਲ ਕਰਾ, ਆਦਿ ਪੁਰਖ ਨਿਰੰਜਣ ਰੰਗ ਰੰਗਾਇੰਦਾ । ਵਸਣਹਾਰਾ ਸਾਚੇ ਥਾਂ, ਦਰਗਹਿ ਸਾਚੀ ਧਾਮ ਵਡਿਆਇੰਦਾ । ਆਪਣਾ ਪੜਦਾ ਦਏ ਖੁਲ੍ਹਾ, ਭੇਵ ਅਭੇਦ ਜਣਾਇੰਦਾ । ਸ਼ਬਦੀ ਸੁਤ ਮੇਲਾ ਮੇਲ ਮਿਲਾ, ਮਿਲ ਮਿਲ ਆਪਣੀ ਖ਼ੁਸ਼ੀ ਮਨਾਇੰਦਾ । ਸਾਚੇ ਮਾਰਗ ਦੇਵੇ ਪਾ, ਧੰਦਾ ਹਰਿ ਜੂ ਇਕ ਰਖਾਇੰਦਾ । ਨਿਰਗੁਣ ਛੰਦਾ ਦਏ ਸੁਣਾ, ਅੱਖਰ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਦਇਆ ਕਮਾਇੰਦਾ । ਸਤਿਗੁਰ

ਸੱਚਾ ਦੀਨ ਦਿਆਲ, ਆਦਿ ਪੁਰਖ ਵਡੀ ਵਡਿਆਈਆ । ਸਚਖੰਡ ਵਸੇ ਸੱਚੀ ਧਰਮਸਾਲ, ਘਰ ਮੰਦਰ ਸੋਭਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸੁਰਤੀ ਸ਼ਬਦ ਵੇਖੇ ਲਾਲ, ਲਾਲਨ ਆਪਣੀ ਗੋਦ ਸੁਹਾਈਆ । ਥਿਰ ਘਰ ਕਰੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਗੁਣ ਆਪ ਸਮਝਾਈਆ । ਆਪਣਾ ਗੁਣ ਸ੍ਰੀ ਭਗਵੰਤ, ਸ਼ਬਦੀ ਸ਼ਬਦ ਜਣਾਇੰਦਾ । ਨਿਰਮਲ ਜੋਤ ਮਹਿਮਾ ਅਗਣਤ, ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਤੇਰੀ ਧਾਰ ਚਲਾਇੰਦਾ । ਆਪ ਬਣਾਈ ਤੇਰੀ ਬਣਤ, ਘੜ ਘੜ ਆਪੇ ਵੇਖ ਵਖਾਇੰਦਾ । ਆਪੇ ਨਾਉਂ ਆਪੇ ਮੰਤ, ਨਾਮ ਨਾਮਾ ਆਪ ਦ੍ਰਿੜਾਇੰਦਾ । ਆਪੇ ਹੋਏ ਸੋਭਾਵੰਤ, ਸਚ ਭੂਮਕਾ ਥਾਨ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਪੜਦਾ ਲਾਹਿੰਦਾ । ਸਤਿਗੁਰ ਆਪਣਾ ਪੜਦਾ ਲਾਹ, ਨਿਰਗੁਣ ਨਿਰਗੁਣ ਖੇਲ ਕਰਾਈਆ । ਸ਼ਬਦ ਦੁਲਾਰਾ ਏਕਾ ਜਾ, ਜਨ ਜਨਨੀ ਬਣੇ ਪਿਤਾ ਮਾਈਆ । ਸਿਫ਼ਤੀ ਸਿਫ਼ਤ ਦੇਵੇ ਸਿਫ਼ਤ ਸਲਾਹ, ਆਪਣੀ ਸਿਫ਼ਤ ਆਪ ਜਣਾਈਆ । ਨਿਰਗੁਣ ਨਿਰਗੁਣ ਮਾਰਗ ਦੇਣਾ ਲਾ, ਏਕਾ ਮਾਰਗ ਰਿਹਾ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਰਚਨ ਰਚਾ, ਕੋਟਨ ਕੋਟ ਬ੍ਰਹਿਮੰਡ ਖੰਡ ਲੋਆਂ ਪੁਰੀਆਂ ਆਪਣਾ ਬੰਧਨ ਪਾਈਆ । ਤ੍ਰੈਗੁਣ ਮਾਇਆ ਝੋਲੀ ਪਾ, ਪੰਜ ਤੱਤ ਨਾਤਾ ਜੋੜ ਜੁੜਾਈਆ । ਪ੍ਰਿਥਮੀ ਅਕਾਸ਼ ਖੇਲ ਕਰਾ, ਜਲ ਥਲ ਮਹੀਅਲ ਰੂਪ ਵਟਾਈਆ । ਰਵ ਸਸ ਨੂਰ ਚਮਕਾ, ਦੋ ਜਹਾਨਾਂ ਵੇਸ ਵਟਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਧਾਰ ਵਖਾਈਆ । ਲੱਖ ਚੁਰਾਸੀ ਘਾੜਤ ਲੈਣਾ ਘੜਾ, ਘੜ ਭਾਂਡੇ ਵੇਖੇ ਥਾਉਂ ਥਾਂ, ਜੇਰਜ ਅੰਡ ਵੰਡ ਵੰਡਾ, ਉਤਭੁਜ ਸੇਤਜ ਬੰਧਨ ਪਾ, ਆਪਣਾ ਨਾਉਂ ਆਪੇ ਗਾ, ਬ੍ਰਹਮਾ ਵੇਤਾ ਲਏ ਪੜ੍ਹਾ, ਚਾਰੇ ਵੇਦ ਸਮਝਾਈਆ । ਚਾਰੇ ਬਾਣੀ ਰਾਗ ਅੱਲਾ, ਕਰੇ ਖੇਲ ਬੇਪਰਵਾਹ, ਨਿਰਗੁਣ ਸਰਗੁਣ ਦਏ ਸਮਝਾ, ਤੱਤਵ ਤੱਤ ਤੱਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਸੱਚਾ ਮਾਹੀਆ । ਸਤਿਗੁਰ ਸੱਚਾ ਏਕਾ ਏਕ, ਇਕ ਇਕੱਲਾ ਖੇਲ ਕਰਾਇੰਦਾ । ਵਸਣਹਾਰਾ ਸਾਚੇ ਦੇਸ, ਦੇਸ ਦਸੰਤਰ ਸੋਭਾ ਪਾਇੰਦਾ । ਨਿਰਗੁਣ ਸਰਗੁਣ ਕਰ ਕਰ ਵੇਸ, ਲੱਖ ਚੁਰਾਸੀ ਘਾੜਤ ਆਪ ਘੜਾਇੰਦਾ । ਘਟ ਘਟ ਅੰਦਰ ਹੋ ਪਰਵੇਸ਼, ਜੋਤ ਨਿਰੰਜਣ ਵੰਡ ਵੰਡਾਇੰਦਾ । ਨੌਂ ਦੁਆਰੇ ਨੌਂ ਖੰਡ ਰੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਬੰਕ ਬੰਕ ਵਡਿਆਇੰਦਾ । ਕਾਇਆ ਬੰਕ ਘਾੜਨ ਘੜ, ਸਤਿਗੁਰ ਆਪਣੀ ਖੇਲ ਖਿਲਾਇੰਦਾ । ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਫੜ, ਆਪਣਾ ਮੇਲਾ ਆਪ ਮਿਲਾਇੰਦਾ । ਰਕਤ ਬੂੰਦ ਦੇਵੇ ਵਰ, ਹੱਡ ਮਾਸ ਨਾੜੀ ਰੱਤ ਜੋੜ ਜੁੜਾਇੰਦਾ । ਨੌਂ ਦੁਆਰੇ ਖੋਲ੍ਹ ਕਿਵਾੜ, ਜਗਤ ਵਾਸਨਾ ਵਿਚ ਭਰਾਇੰਦਾ । ਆਸਾ ਤ੍ਰਿਸਨਾ ਹਉਮੇ ਹੰਗਤਾ ਕਾਮ ਕਰੋਧ ਲੋਭ ਮੋਹ ਹੰਕਾਰ ਬਹਾਏ ਘਰ ਘਰ, ਸਾਚੀ ਖੇਲ ਖਿਲਾਇੰਦਾ । ਸਰਗੁਣ ਉਪਰ ਨਿਰਗੁਣ ਕਿਰਪਾ ਕਰ, ਆਪਣੀ ਦਇਆ ਆਪ ਕਮਾਇੰਦਾ । ਮਨ ਮਤ ਬੁਧ ਬੰਧਾਏ ਲੜ, ਪੱਲੂ ਏਕਾ ਏਕ ਫੜਾਇੰਦਾ । ਘਰ ਵਿਚ ਕਰੇ ਤਿਆਰ ਘਰ, ਘਰ ਘਰ ਵਿਚ ਸੋਭਾ ਪਾਇੰਦਾ । ਸੁਖਮਨ ਟੇਢੀ ਬੰਕ ਅਧਵਿਚਕਾਰੇ ਰੱਖੇ ਘੜ, ਈੜਾ ਪਿੰਗਲ ਪਹਿਰੇਦਾਰ ਬਣਾਇੰਦਾ । ਨਿਰਗੁਣ ਦੀਆ ਬਾਤੀ ਕਮਲਾਪਾਤੀ ਜੋਤ ਨਿਰੰਜਣ ਅੰਦਰ ਧਰ, ਬਜਰ ਕਪਾਟੀ ਕੁੰਡਾ ਲਾਇੰਦਾ । ਅਨਹਦ ਸ਼ਬਦ ਅਨਾਦੀ ਧੁਨ, ਰਾਗ ਰਾਗਨੀ ਹਰਿ ਜੂ ਏਕਾ ਏਕ ਅਲਾਇੰਦਾ । ਆਤਮ ਪਰਮਾਤਮ ਖੇਲ ਕਰ, ਸਰਗੁਣ ਅੰਦਰ ਨਿਰਗੁਣ ਵੜ, ਸਾਚੀ

ਸੇਜਾ ਸੋਭਾ ਪਾਇੰਦਾ । ਬ੍ਰਹਮ ਪਾਰਬ੍ਰਹਮ ਵੇਖੇ ਖੜ, ਵੇਖਣਹਾਰਾ ਦਿਸ ਨਾ ਆਇੰਦਾ । ਈਸ਼ ਜੀਵ ਚੇਤਨ ਜੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਕਾਇਆ ਸਤਿਗੁਰ ਪੂਰਾ ਆਪਣਾ ਵੇਸ ਵਟਾਇੰਦਾ । ਪੰਜ ਤੱਤ ਕਾਇਆ ਖੇਲ ਅਸਬੂਲ, ਹਰਿ ਕਰਤਾ ਆਪ ਖਿਲਾਈਆ । ਸੂਖਮ ਰੂਪ ਨਾ ਜਾਏ ਭੂਲ, ਅਭੁਲ ਬੇਪਰਵਾਹੀਆ । ਕਾਰਨ ਜਾਣੇ ਆਪਣਾ ਅਸੂਲ, ਤ੍ਰੈਗੁਣ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਘਾੜਨ ਘੜ, ਘਟ ਘਟ ਵਸੇ ਸੱਚਾ ਮਾਹੀਆ । ਲੱਖ ਚੁਰਾਸੀ ਘਾੜਨ ਘੜਿਆ, ਘੜ ਘੜ ਹਰਿ ਜੀ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵੇਸ ਕਰਿਆ, ਕਰ ਕਰ ਵੇਸ ਅਨੇਕ ਵਟਾਇੰਦਾ । ਪੰਜ ਤੱਤ ਚੋਲਾ ਆਪੇ ਫੜਿਆ, ਤ੍ਰੈਗੁਣ ਬੰਧਨ ਪਾਇੰਦਾ । ਨਿਰਭੌ ਭੈ ਲੱਖ ਚੁਰਾਸੀ ਵਖਾਏ ਡਰਿਆ, ਡਰ ਏਕਾ ਏਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਕਾਇਆ ਘਾੜਨ ਘੜ, ਮਨ ਮਤ ਬੁਧ ਡੇਰਾ ਲਾਇੰਦਾ । ਮਨ ਮਤ ਬੁਧ ਰੱਖ ਆਪਣੀ ਧਾਰ, ਧਾਰ ਧਾਰ ਵਿਚ ਪਰਗਟਾਈਆ । ਦਿਸ ਨਾ ਆਏ ਵਿਚ ਸੰਸਾਰ, ਨੇਤਰ ਨੈਣ ਨਾ ਕੋਇ ਵਖਾਈਆ । ਮਨੂਆਂ ਮਨ ਫਿਰੇ ਸਿਕਦਾਰ, ਨੌਂ ਦੁਆਰੇ ਫਿਰੇ ਚਾਈਂ ਚਾਈਆ । ਮਤ ਮਤਵਾਲੀ ਦੇ ਸਹਾਰ, ਜਗਤ ਬੁਧੀ ਬੂਝ ਬੁਝਾਈਆ । ਕਰੇ ਖੇਲ ਆਪ ਕਰਤਾਰ, ਭੇਵ ਨਾ ਕਿਸੇ ਜਣਾਈਆ । ਆਪਣੀ ਇਛਿਆ ਹੋ ਤਿਆਰ, ਸਾਚੀ ਭਿਛਿਆ ਦਏ ਵਰਤਾਈਆ । ਨਾਮ ਨਿਧਾਨਾ ਗੁਣ ਵਿਚਾਰ, ਘਟ ਘਟ ਅੰਦਰ ਆਪ ਟਿਕਾਈਆ । ਤ੍ਰੈਗੁਣ ਮਾਇਆ ਪੜਦਾ ਦੇਵੇ ਡਾਰ, ਨਾ ਸਕੇ ਕੋਇ ਉਠਾਈਆ । ਕਾਇਆ ਕਵਰੀ ਡੂੰਘੀ ਭਵਰੀ ਕਰੇ ਖੇਲ ਅਪਾਰ, ਗਹਿਰ ਗਵਰੀ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਸਤ ਆਪਣੇ ਹੱਥ ਰਖਾਈਆ । ਆਪਣੀ ਵਸਤ ਨਾਮ ਨਿਧਾਨ, ਹਰਿ ਆਪਣੇ ਹੱਥ ਰਖਾਇੰਦਾ । ਕਾਇਆ ਮੰਦਰ ਵੇਖ ਮਕਾਨ, ਘਰ ਸਾਚੇ ਆਪ ਟਿਕਾਇੰਦਾ । ਆਪੇ ਹੋਏ ਨਿਗਹਬਾਨ, ਸਦਾ ਸੁਹੇਲਾ ਦਇਆ ਕਮਾਇੰਦਾ । ਇਕ ਇਕੱਲਾ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਸਚ ਸੰਦੇਸਾ ਦੇਵੇ ਆਣ, ਧੁਰ ਫ਼ਰਮਾਣਾ ਛੰਦ ਜਣਾਇੰਦਾ । ਸ਼ਬਦ ਜਣਾਈ ਸ੍ਰੀ ਭਗਵਾਨ, ਗੁਰ ਗੁਰ ਵੇਖ ਵਖਾਇੰਦਾ । ਗੁਰ ਗੁਰ ਰੂਪ ਆਪ ਮਿਹਰਵਾਨ, ਨਿਰਗੁਣ ਨਿਰਗੁਣ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਇੰਦਾ । ਆਪਣਾ ਖੇਲ ਰੱਖੇ ਹੱਥ, ਭੇਵ ਕੋਇ ਨਾ ਪਾਇੰਦਾ । ਆਦਿ ਪੁਰਖ ਹੋ ਪਰਤੱਖ, ਪਰਤੱਖ ਰੂਪ ਵਟਾਇੰਦਾ । ਸ਼ਬਦੀ ਗੁਰ ਮਾਰਗ ਦੱਸ, ਲੱਖ ਚੁਰਾਸੀ ਆਪ ਪੜ੍ਹਾਇੰਦਾ । ਘਟ ਘਟ ਅੰਦਰ ਆਪੇ ਵਸ, ਆਪਣਾ ਬੰਧਨ ਪਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨੂਰ ਕਰੇ ਪਰਕਾਸ਼, ਅੰਧ ਅੰਧੇਰ ਗਵਾਇੰਦਾ । ਵੇਖਣਹਾਰਾ ਖੇਲ ਤਮਾਸ਼, ਲੱਖ ਚੁਰਾਸੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਕਰੇ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਪਾਰਬ੍ਰਹਮ ਬ੍ਰਹਮ ਦੇ ਨਿਸ਼ਾਨਾ, ਲੋਕਮਾਤ ਵੇਖ ਵਖਾਈਆ । ਆਤਮ ਪਰਮਾਤਮ ਕਰ ਪਰਵਾਨਾ, ਸਚ ਪਰਵਾਨਾ ਇਕ ਫੜਾਈਆ । ਨਿਰਗੁਣ ਨਿਰਗੁਣ ਬੰਨ੍ਹੇ ਗਾਨਾ, ਸਰਗੁਣ ਸਗਨ ਮਨਾਈਆ । ਵੰਡੇ ਵੰਡ ਦੋ ਜਹਾਨਾਂ, ਵੰਡਣਹਾਰਾ ਸੱਚਾ ਮਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਕਰੇ ਮਹਾਨਾ, ਖ਼ਾਲਕ ਖ਼ਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸੱਚਾ ਹਰਿ,

ਸਤਿਗੁਰ ਸੱਚਾ ਇਕ ਸਲਾਹੀਆ । ਸਤਿਗੁਰ ਸੱਚਾ ਆਦਿ ਜੁਗਾਦਿ, ਹਰਿ ਹਰਿ ਆਪ ਅਖਵਾਇੰਦਾ । ਗੁਰ ਗੁਰ ਦੇਵੇ ਸਾਚੀ ਦਾਦ, ਗੁਰ ਸ਼ਬਦ ਰੂਪ ਪਰਗਟਾਇੰਦਾ । ਵੇਖਣਹਾਰਾ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਖੇਲ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਅੰਦਰ ਵਜਾਏ ਨਾਦ, ਧੁਨ ਅਨਾਦੀ ਇਕ ਅਲਾਇੰਦਾ । ਭੇਵ ਅਭੇਦਾ ਅਛਲ ਅਛੇਦਾ ਆਪੇ ਦੱਸੇ ਬੋਧ ਅਗਾਧ, ਅੱਖਰ ਵੱਖਰ ਆਪ ਪੜ੍ਹਾਇੰਦਾ । ਭਗਤ ਭਗਵੰਤ ਆਪੇ ਲਾਧ, ਨਿਰਗੁਣ ਸਰਗੁਣ ਸੰਤ ਸੁਹੇਲੇ ਮੇਲ ਮਿਲਾਇੰਦਾ । ਗੁਰ ਗੁਰ ਦੇਵੇ ਆਪਣੀ ਦਾਦ, ਗੁਰਮੁਖ ਝੋਲੀ ਪਾਇੰਦਾ । ਗੁਰਸਿਖ ਰੱਖਣਹਾਰਾ ਲਾਜ, ਸਿਰ ਆਪਣਾ ਹੱਥ ਟਿਕਾਇੰਦਾ । ਦੋ ਜਹਾਨਾਂ ਸ੍ਰੀ ਭਗਵਾਨਾ ਸ਼ਬਦ ਅਗੰਮੀ ਮਾਰੇ ਅਵਾਜ਼, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਸਤਿਗੁਰ ਸੱਜਣ ਰਚ ਰਚ ਕਾਜ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਦਇਆ ਕਮਾਇੰਦਾ । ਸਤਿਗੁਰ ਸੱਚਾ ਸਰਬ ਗੁਣਵੰਤ, ਏਕਾ ਏਕ ਅਖਵਾਈਆ । ਗੁਰ ਗੁਰ ਮੇਲਾ ਜੁਗਾ ਜੁਗੰਤ, ਜੁਗ ਕਰਤਾ ਵੇਸ ਵਟਾਈਆ । ਸਤਿ ਪੁਰਖ ਨਿਰੰਜਣ ਬਣਾਏ ਬਣਤ, ਸਤਿ ਸਤਿਵਾਦੀ ਸੱਚਾ ਸ਼ਹਿਨਸ਼ਾਹੀਆ । ਲੇਖਾ ਜਾਣੇ ਗੁਰਮੁਖ ਸੰਤ, ਭਗਤ ਭਗਵੰਤ ਭੇਵ ਚੁਕਾਈਆ । ਗੁਰ ਅਵਤਾਰ ਗਾਇਣ ਬੇਅੰਤ, ਹਰਿ ਕਾ ਭੇਵ ਕੋਇ ਨਾ ਪਾਈਆ । ਗੁਰਮੁਖ ਮੇਲਾ ਨਾਰੀ ਕੰਤ, ਸੁਰਤੀ ਸ਼ਬਦ ਕਰੇ ਕੁੜਮਾਈਆ । ਗੜ੍ਹ ਤੋੜੇ ਹਉਮੇ ਹੰਗਤ, ਮਾਇਆ ਮਮਤਾ ਮੋਹ ਚੁਕਾਈਆ । ਨਾਤਾ ਤੋੜੇ ਭੁੱਖ ਨੰਗਤ, ਨਾਮ ਨਿਧਾਨਾ ਝੋਲੀ ਪਾਈਆ । ਮਾਨਸ ਜਨਮ ਨਾ ਹੋਏ ਭੰਗਤ, ਲੱਖ ਚੁਰਾਸੀ ਲਏ ਕਟਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਨਿਰਗੁਣ ਸਰਗੁਣ ਲਾਏ ਅੰਗਤ, ਅੰਗੀਕਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਸਤਿਗੁਰ ਮੀਤ, ਗੁਰ ਗੁਰ ਦਇਆ ਕਮਾਇੰਦਾ । ਗੁਰ ਗੁਰ ਚਲਾਏ ਆਪਣੀ ਰੀਤ, ਜੁਗ ਜੁਗ ਨਾਉਂ ਪਰਗਟਾਇੰਦਾ । ਵਸਣਹਾਰਾ ਘਰ ਠਾਂਡੇ ਸੀਤ, ਘਰ ਸਾਚੇ ਸੋਭਾ ਪਾਇੰਦਾ । ਆਦਿ ਜੁਗਾਦੀ ਇਕ ਅਤੀਤ, ਤ੍ਰੈਗੁਣ ਆਪਣਾ ਖੇਲ ਖਿਲਾਇੰਦਾ । ਬਨਾਵਣਹਾਰਾ ਮੰਦਰ ਮਸਜਦ ਮੱਠ ਸ਼ਿਵਦਵਾਲੇ ਮਸੀਤ, ਅੰਤਮ ਆਪੇ ਹਰਿ ਹਰਿ ਢਾਹਿੰਦਾ । ਲੱਖ ਚੁਰਾਸੀ ਪਰਖਣਹਾਰਾ ਕੌੜੇ ਰੀਠ, ਘਰ ਘਰ ਬੈਠਾ ਵੇਖ ਵਖਾਇੰਦਾ । ਆਦਿ ਜੁਗਾਦੀ ਪੱਤਤ ਪੁਨੀਤ, ਪੱਤਤ ਪਾਵਣ ਲੇਖਾ ਜਾਣੇ ਬਲ ਬਾਵਨ, ਤੋੜਣਹਾਰਾ ਗੜ ਹੰਕਾਰੀ ਰਾਵਣ, ਰਾਮ ਰਮਈਆ ਆਪਣਾ ਖੇਲ ਕਰਾਇੰਦਾ । ਰਾਧਾ ਕ੍ਰਿਸ਼ਨਾ ਏਕਾ ਦਾਮਨ, ਸੁਰਤੀ ਸ਼ਬਦੀ ਹੋਏ ਜ਼ਾਮਨ, ਦੋ ਜਹਾਨਾਂ ਪੱਲੂ ਆਪਣੀ ਗੰਢ ਪੁਵਾਇੰਦਾ । ਨੂਰ ਇਲਾਹੀ ਇਕ ਕਲਾਮਣ, ਦੇਵਣਹਾਰ ਸ੍ਰੀ ਭਗਵਾਨਨ , ਮੁਕਾਮੇ ਹੱਕ ਹੱਕ ਹਕੀਕਤ ਵੇਖ ਵਖਾਇੰਦਾ । ਜਪਾਵਣਹਾਰਾ ਸਤਿ ਨਾਮਨ, ਦੇਵਣਹਾਰਾ ਬ੍ਰਹਮ ਗਿਆਨਨ, ਦੱਸਣਹਾਰਾ ਧਰਮ ਨਿਸ਼ਾਨਨ, ਸਚ ਨਿਸ਼ਾਨਾ ਇਕ ਜਣਾਇੰਦਾ । ਲੇਖਾ ਜਾਣੇ ਦੋ ਜਹਾਨਨ, ਲੋਆਂ ਪੁਰੀਆਂ ਬ੍ਰਹਿਮੰਡਾਂ ਦੇਵੇ ਚਾਨਣ, ਜੋਤੀ ਜਾਤਾ ਆਪ ਅਖਵਾਇੰਦਾ । ਏਕਾ ਸਤਿਗੁਰ ਵਡ ਬਲਵਾਨਨ, ਗੁਰ ਗੁਰ ਦੇਵੇ ਜੁਗ ਜੁਗ ਦਾਨਨ, ਦਾਤਾ ਦਾਨੀ ਆਪਣੀ ਵਸਤ ਆਪ ਵਰਤਾਇੰਦਾ । ਖਾਣੀ ਬਾਣੀ ਅੰਜੀਲ ਕੁਰਾਨੀ ਵੇਦ ਪੁਰਾਨੀ ਰਸਨਾ ਗਾ ਗਾ ਸਰਬ ਵਖਾਨਣ, ਖਾਣੀ ਬਾਣੀ ਨਾਲ ਮਿਲਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਭਗਤਾਂ ਸੰਤਾਂ ਦੇਵੇ ਆਪਣੀ ਸਚ ਨਿਸ਼ਾਨੀ, ਆਪਣਾ ਅੰਤ ਨਾ ਕਿਸੇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਖੇਲ ਬ੍ਰਹਿਮਾਦ, ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਸੇਵ ਲਗਾਇੰਦਾ ।

ਪੀਰ ਪੈਗ਼ੰਬਰ ਸੇਵਾਦਾਰ, ਹਰਿ ਸੇਵਕ ਇਕ ਸਮਝਾਈਆ । ਸਚ ਸੰਦੇਸਾ ਕਰੇ ਖ਼ਬਰਦਾਰ, ਬੇਖ਼ਬਰ ਆਪ ਸੁਣਾਈਆ । ਬੇਸਬਰ ਹੋਏ ਪਰਵਰਦਿਗਾਰ, ਸਬਰ ਵਿਚ ਕਦੇ ਨਾ ਆਈਆ । ਲੱਖ ਚੁਰਾਸੀ ਘੜੇ ਭੰਨੇ ਬਣ ਠਠਿਆਰ, ਜੁਗ ਜੁਗ ਆਪਣਾ ਵੇਸ ਵਟਾਈਆ । ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰ, ਦਰ ਬੈਠੇ ਸੀਸ ਝੁਕਾਈਆ । ਕੋਟਨ ਕੋਟ ਰਵ ਸਸ ਪਾਂਧੀ ਬਣ ਬਣ ਗਏ ਹਾਰ, ਆਪਣਾ ਪੰਧ ਨਾ ਕੋਇ ਮੁਕਾਈਆ । ਕੋਟਨ ਕੋਟ ਬੋਲ ਜੈ ਜੈਕਾਰ, ਲੋਕਮਾਤ ਡੰਕਾ ਗਏ ਵਜਾਈਆ । ਕੋਟਨ ਕੋਟ ਪੰਜ ਤੱਤ ਕਾਇਆ ਕਰ ਅਕਾਰ, ਅੰਤਮ ਖ਼ਾਕੀ ਖ਼ਾਕ ਸਮਾਈਆ । ਕੋਟਨ ਕੋਟ ਬਣ ਬਣ ਲਿਖਾਰ, ਲਿਖ ਲਿਖ ਲੇਖਾ ਜਗਤ ਲੋਕਾਈਆ । ਹਰਿ ਕਾ ਅੰਤ ਨਾ ਪਾਰਾਵਾਰ, ਬੇਅੰਤ ਕਹੇ ਲੋਕਾਈਆ । ਜੁਗ ਚੌਕੜੀ ਵੇਖੇ ਵਾਰੋ ਵਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਨੌਂ ਸੌ ਚੁਰਾਨਵੇ ਚੌਕੜੀ ਯੁਗ ਲੇਖਾ ਦਏ ਉਤਾਰ, ਕਰਜ਼ਾ ਕੋਇ ਰਹਿਣ ਨਾ ਪਾਈਆ । ਪਰਗਟ ਹੋਏ ਆਪ ਨਿਰੰਕਾਰ, ਨਿਰਗੁਣ ਦਾਤਾ ਬੇਪਰਵਾਹੀਆ । ਰੂਪ ਰੰਗ ਨਾ ਵੇਖੇ ਕੋਈ ਵਿਚ ਸੰਸਾਰ, ਨੇਤਰ ਨੈਣ ਨਜ਼ਰ ਨਾ ਆਈਆ । ਚਾਰੋਂ ਕੁੰਟ ਧੁੰਆਂਧਾਰ, ਅੰਧ ਅੰਧੇਰ ਨਾ ਕੋਇ ਮਿਟਾਈਆ । ਨੌਂ ਖੰਡ ਪ੍ਰਿਥਮੀ ਕੋਟਨ ਕੋਟ ਸਾਧ ਸੰਤ ਜੰਗਲ ਜੂਹ ਫਿਰਨ ਉਜਾੜ ਪਹਾੜ, ਤੀਰਥ ਤੱਟਾਂ ਫੇਰਾ ਪਾਈਆ । ਅੰਦਰ ਵੜ ਵੜ ਗਾਇਣ ਤੇਰੀ ਵਾਰ, ਤੇਰਾ ਭੇਵ ਕਿਸੇ ਨਾ ਆਈਆ । ਸੁੰਨ ਸਮਾਧੀ ਨਾ ਪਾਏ ਕੋਇ ਸਾਰ, ਅੱਖੀਂ ਮੀਟ ਮੀਟ ਧਿਆਨ ਲਗਾਈਆ । ਪੰਜ ਨਾਦ ਨਾ ਵੱਜੇ ਧੁੰਨਕਾਰ, ਧੁੰਨ ਆਤਮਕ ਨਾ ਕੋਇ ਸੁਣਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਰਿਆ ਖੇਲ ਆਪ ਅਪਾਰ, ਸਭ ਦਾ ਲੇਖਾ ਦਏ ਮੁਕਾਈਆ । ਸੱਤਾਂ ਦੀਪਾਂ ਕਾਇਆ ਮੰਦਰ ਅੰਦਰ ਧੁੰਆਂਧਾਰ, ਨਿਰਮਲ ਨੂਰ ਨਾ ਕੋਇ ਰੁਸ਼ਨਾਈਆ । ਫੜ ਫੜ ਸੁੱਟੇ ਡੂੰਘੀ ਗਾਰ, ਬਾਹਰ ਸਕੇ ਨਾ ਕੋਇ ਕਢਾਈਆ । ਕਲਜੁਗ ਕੂੜਾ ਕੂਕ ਕਰੇ ਪੁਕਾਰ, ਉਚੀ ਕੂਕ ਰਿਹਾ ਸੁਣਾਈਆ । ਕਲਜੁਗ ਜੀਵਾਂ ਆਈ ਹਾਰ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਈਆ । ਰਸਨਾ ਜਿਹਵਾ ਝੂਠ ਵਿਕਾਰ, ਰਸ ਨਾਮ ਨਾ ਕੋਇ ਚਖਾਈਆ । ਗੜ੍ਹ ਹੰਕਾਰਾ ਕਾਮ ਕਰੋਧ ਲੋਭ ਮੋਹ ਬਲਵਾਨ, ਬਲ ਆਪਣਾ ਆਪ ਜਣਾਈਆ । ਮਗਰ ਲੱਗਾ ਪੰਜ ਸ਼ੈਤਾਨ, ਸ਼ਰਅ ਸ਼ਰੀਅਤ ਰਹੀ ਕੁਰਲਾਈਆ । ਮੁੱਲਾਂ ਸ਼ੇਖ ਮੁਸਾਇਕ ਨਾ ਦਿਸੇ ਕੋਈ ਈਮਾਨ, ਸੂਰਤ ਸਤਿ ਨਾ ਕੋਇ ਸਮਝਾਈਆ । ਪੰਡਤ ਪਾਂਧੇ ਥੱਕੇ ਮਾਂਦੇ ਹੋਏ ਬੇਈਮਾਨ, ਸਾਚੇ ਤੀਰਥ ਤਟ ਨਾ ਕੋਇ ਨੁਹਾਈਆ । ਗ੍ਰੰਥੀ ਪੰਥੀ ਕਿਸੇ ਨਾ ਮਿਲਿਆ ਸਚ ਨਿਸ਼ਾਨ, ਪੁਰਖ ਅਕਾਲ ਨਾ ਵੇਖ ਵਖਾਈਆ । ਕਲਜੁਗ ਅੰਤਮ ਜੋਧਾ ਸੂਰਬੀਰ ਬਲੀ ਬਲਵਾਨ, ਸਤਿਗੁਰ ਪੂਰਾ ਏਕਾ ਏਕ ਆਪਣਾ ਵੇਸ ਵਟਾਈਆ । ਜਨ ਭਗਤਾਂ ਦੇਵੇ ਸਤਿ ਸਰੂਰਾ, ਅੰਮ੍ਰਿਤ ਮੇਘ ਇਕ ਬਰਸਾਈਆ । ਆਤਮ ਅੰਤਰ ਨੂਰੀ ਨੂਰਾ, ਨੂਰ ਨੁਰਾਨਾ ਕਰੇ ਰੁਸ਼ਨਾਈਆ । ਨਾਤਾ ਤੋੜੇ ਕੂੜੋ ਕੂੜਾ, ਕੂੜੀ ਕਿਰਿਆ ਦਏ ਮਿਟਾਈਆ । ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹਾ, ਉਤਰ ਕਦੇ ਨਾ ਜਾਈਆ । ਦਿਵਸ ਰੈਣ ਆਤਮ ਪਰਮਾਤਮ ਹਾਜ਼ਰ ਹਜ਼ੂਰਾ, ਹਰਿ ਜੂ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਗੁਰ ਪੂਰਾ ਫੇਰਾ ਪਾਈਆ । ਸਤਿਗੁਰ ਪੂਰਾ ਪਾਏ ਫੇਰੀ, ਏਕੰਕਾਰ ਆਪਣੀ ਦਇਆ ਕਮਾਇੰਦਾ । ਕਲਜੁਗ ਮਿਟੇ ਰੈਣ ਅੰਧੇਰੀ, ਅਮਾਵਸ ਰੂਪ ਨਾ ਕੋਇ ਵਟਾਇੰਦਾ । ਲੱਖ ਚੁਰਾਸੀ ਮਨਮੁਖਤਾਂ ਕਰੇ ਖ਼ਾਕ ਢੇਰੀ, ਖ਼ਾਕੀ ਖ਼ਾਕ ਖ਼ਾਕ ਮਿਲਾਇੰਦਾ । ਦੋ ਜਹਾਨਾਂ ਕਰੇ ਖੇਲ ਸ੍ਰੀ ਭਗਵਾਨਾ ਆਪੇ ਜਾਣੇ ਆਪਣੀ ਹੇਰੀ ਫੇਰੀ, ਅਛਲ ਅਛੱਲ ਭੇਵ ਕੋਇ ਨਾ

੯੭੯
੧੧

ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕੋ ਹਰਿ, ਜੁਗ ਜੁਗ ਆਪਣਾ ਨਾਉਂ ਪਰਗਟਾਇੰਦਾ । ਜੁਗ ਜੁਗ ਨਾਉਂ ਹਰਿ ਨਿਰੰਕਾਰਾ, ਆਪਣਾ ਆਪ ਪਰਗਟਾਈਆ । ਕਲਜੁਗ ਅੰਤਮ ਹੋ ਉਜਿਆਰਾ, ਭੇਵ ਅਭੇਦ ਖੁਲ੍ਹਾਈਆ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰਾ, ਆਪਣਾ ਪੜਦਾ ਰਿਹਾ ਉਠਾਈਆ । ਹੰ ਬ੍ਰਹਮ ਕਰ ਪਿਆਰਾ, ਆਪਣਾ ਮੇਲ ਮਿਲਾਈਆ । ਸੋਹੰ ਸ਼ਬਦ ਸਚ ਜੈਕਾਰਾ, ਸੁਰਤੀ ਸ਼ਬਦੀ ਬੰਧਨ ਪਾਈਆ । ਸਤਿਨਾਮ ਨਾਮ ਵਣਜਾਰਾ, ਘਰ ਏਕਾ ਹੱਟ ਵਖਾਈਆ । ਗੁਰਮੁਖਾਂ ਦੇਵੇ ਆਪ ਅਧਾਰਾ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਤਿਗੁਰ ਵੱਡਾ ਵਡ ਵਡਿਆਈਆ । ਸਤਿਗੁਰ ਵੱਡਾ ਸਤਿ ਪੁਰਖ, ਪੁਰਖ ਅਬਿਨਾਸ਼ੀ ਖੇਲ ਕਰਾਇੰਦਾ । ਜਨ ਭਗਤਾਂ ਦੇਵੇ ਅੰਤਰ ਦਰਸ, ਬੰਦ ਤਾਕੀ ਆਪੇ ਲਾਹਿੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਦਸਮ ਦੁਆਰੀ ਸੋਭਾ ਪਾਇੰਦਾ । ਜਨਮ ਜਨਮ ਦੀ ਮੇਟੇ ਹਰਸ, ਆਪ ਆਪਣਾ ਤਰਸ ਕਮਾਇੰਦਾ । ਜਨ ਭਗਤਾਂ ਮਿਲਣ ਦੀ ਰੱਖੇ ਗ਼ਰਜ਼, ਗ਼ਰਜ਼ ਆਪਣੀ ਆਪ ਵਧਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪੂਰਾ ਕਰਦਾ ਆਇਆ ਫਰਜ਼, ਕਲਜੁਗ ਅੰਤਮ ਸੇਵ ਕਮਾਇੰਦਾ । ਚਾਰ ਵਰਨ ਚਾਰ ਜੁਗ ਚਾਰ ਵੇਦ ਚਾਰ ਕੁੰਟ ਚਾਰ ਖਾਣੀ ਚਾਰ ਬਾਣੀ ਦੇਵੇ ਵਰਜ਼, ਧੁਰ ਫ਼ਰਮਾਨਾ ਇਕ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਪੁਰਖ ਅਬਿਨਾਸ਼ੀ ਅੱਗੇ ਕਰ ਕਰ ਗਏ ਅਰਜ਼, ਓਟ ਏਕ ਸਰਬ ਤਕਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਤੁਧ ਬਿਨ ਨੌਂ ਖੰਡ ਪ੍ਰਿਥਮੀ ਸਾਚਾ ਰਾਗ ਸੁਣਾਏ ਨਾ ਕੋਈ ਏਕ ਤਰਜ਼, ਤਾਲ ਤਲਵਾੜਾ ਜਗਤ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੇਵਣਹਾਰਾ ਜੀਆਂ ਦਾਨ, ਲੱਖ ਚੁਰਾਸੀ ਕਰ ਪਰਵਾਨ, ਚਾਰ ਵਰਨਾਂ ਦੇਵੇ ਇਕ ਗਿਆਨ, ਸੁਰਤੀ ਸ਼ਬਦ ਖੇਲ ਮਹਾਨ, ਮੰਦਰ ਅੰਦਰ ਕਾਇਆ ਮਕਾਨ, ਘਟ ਘਟ ਵਾਸਾ ਪੁਰਖ ਅਬਿਨਾਸ਼ਾ, ਖੇਲ ਤਮਾਸ਼ਾ ਮੰਡਲ ਰਾਸਾ, ਜੋਤੀ ਜਾਤਾ ਪੁਰਖ ਬਿਧਾਤਾ, ਮੇਟਣਹਾਰ ਅੰਧੇਰੀ ਰਾਤਾ, ਏਕਾ ਨਾਮ ਸੁਣਾਏ ਗਾਥਾ, ਲਹਿਣਾ ਦੇਣ ਚੁਕਾਏ ਮਸਤਕ ਮਾਥਾ, ਚਾਰ ਵਰਨ ਚੜ੍ਹਾਏ ਏਕਾ ਰਾਥਾ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸਤਿਗੁਰ ਏਕਾ ਨਜ਼ਰੀ ਆਇੰਦਾ ।

### ★ ੧੫ ਚੇਤ ੨੦੧੯ ਬਿਕ੍ਰਮੀ ਮੋਤਾ ਸਿੰਘ ਦੇ ਗ੍ਰਿਹ ਕਲਸੀਆਂ ਜ਼ਿਲਾ ਅੰਮ੍ਰਿਤਸਰ ★

ਸੋ ਪੁਰਖ ਨਿਰੰਜਣ ਪੂਰਨ ਭਗਵੰਤ, ਨਰ ਹਰਿ ਆਪਣੀ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਆਦਿ ਅੰਤ, ਰੂਪ ਅਨੂਪ ਆਪ ਵਟਾਇੰਦਾ । ਏਕੰਕਾਰਾ ਮਹਿਮਾ ਅਗਣਤ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਆਦਿ ਨਿਰੰਜਣ ਸੋਭਾਵੰਤ, ਜੋਤੀ ਜਾਤਾ ਡਗਮਗਾਇੰਦਾ । ਸ੍ਰੀ ਭਗਵਾਨ ਲੇਖਾ ਜਾਣੇ ਨਾਰੀ ਕੰਤ, ਕੰਤ ਕੰਤੂਹਲ ਸੇਜ ਸੁਹਾਇੰਦਾ । ਸ੍ਰੀ ਭਗਵਾਨ ਸਦ ਬੇਅੰਤ, ਬੇਅੰਤ ਆਪਣੀ ਧਾਰ ਵਖਾਇੰਦਾ । ਪਾਰਬ੍ਰਹਮ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪਣੇ ਵਿਚ ਸਮਾਇੰਦਾ । ਆਪਣੀ ਧਾਰ ਹਰਿ ਨਿਰੰਕਾਰ, ਆਦਿ ਪੁਰਖ ਆਪਣੇ ਵਿਚ ਰਖਾਈਆ । ਨਿਰਗੁਣ ਨਿਰਵੈਰ ਅਜੂਨੀ ਰਹਿਤ ਹੋ ਤਿਆਰ, ਅਨਭਵ ਪਰਕਾਸ਼ ਕਰਾਈਆ । ਸਚਖੰਡ ਦੁਆਰ ਏਕੰਕਾਰ ਕਰ ਉਜਿਆਰ,

ਨੂਰ ਨੁਰਾਨਾ ਏਕਾ ਏਕ ਕਰੇ ਰੁਸ਼ਨਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਸੋਭਾ ਪਾਈਆ । ਹੁਕਮੀ ਹੁਕਮ ਹੁਕਮ ਵਰਤਾਰ, ਸਤਿ ਸਤਿਵਾਦੀ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਭੇਵ ਖੁਲ੍ਹਾਈਆ । ਨਿਰਗੁਣ ਖੇਲ ਪੁਰਖ ਅਗੰਮ, ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦਿ ਜਾਣੇ ਆਪਣਾ ਕੰਮ, ਕਰਤਾ ਪੁਰਖ ਕਾਰ ਕਮਾਇੰਦਾ । ਆਪਣੀ ਕੁੱਖੋਂ ਆਪੇ ਜੰਮ, ਪਿਤਾ ਪੂਤ ਖੇਲ ਕਰਾਇੰਦਾ । ਆਪ ਪਰਗਟਾਏ ਆਪਣਾ ਨਾਮ, ਨਾਉਂ ਨਿਰੰਕਾਰ ਆਪ ਅਖਵਾਇੰਦਾ । ਆਪਣਾ ਬੇੜਾ ਆਪੇ ਬੰਨ੍ਹ, ਸਚਖੰਡ ਨਿਵਾਸੀ ਦਰਗਹਿ ਸਾਚੀ ਆਪ ਚਲਾਇੰਦਾ । ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣਾ ਪੜਦਾ ਲਾਹਿੰਦਾ । ਨਿਰਗੁਣ ਨਿਰਗੁਣ ਦੇਵੇ ਦਾਨ, ਦਾਤਾ ਦਾਨੀ ਸਾਚੀ ਵਸਤ ਇਕ ਵਰਤਾਇੰਦਾ । ਸ਼ਬਦੀ ਸ਼ਬਦ ਸ਼ਬਦ ਪਰਧਾਨ, ਸਚ ਪਰਧਾਨਾ ਆਪ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਖੇਲ ਪੁਰਖ ਅਬਿਨਾਸ਼ਾ, ਹਰਿ ਹਰਿ ਆਪੇ ਆਪ ਕਰਾਈਆ । ਸਾਚੇ ਮੰਡਲ ਪਾਵੇ ਰਾਸਾ, ਕਰੇ ਖੇਲ ਬੇਪਰਵਾਹੀਆ । ਆਪੇ ਵੇਖੇ ਆਪਣਾ ਸਤਿ ਤਮਾਸ਼ਾ, ਸਤਿ ਸਤਿਵਾਦੀ ਸਾਚਾ ਮਾਹੀਆ । ਆਪੇ ਇਛਿਆ ਆਪੇ ਆਸਾ, ਆਸਾ ਪੂਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪਣੇ ਵਿਚ ਸਮਾਈਆ । ਆਪਣੀ ਇਛਿਆ ਆਪੇ ਧਾਰ, ਆਪਣੀ ਖੇਲ ਕਰਾਇੰਦਾ । ਸ਼ਬਦੀ ਸ਼ਬਦ ਹੋ ਉਜਿਆਰ, ਥਿਰ ਘਰ ਸਾਚੇ ਸੋਭਾ ਪਾਇੰਦਾ । ਅਲਖ ਅਗੋਚਰ ਅਗੰਮ ਅਪਾਰ, ਆਪਣੀ ਕਲ ਆਪ ਧਰਾਇੰਦਾ । ਨਿਰਗੁਣ ਨਿਰਗੁਣ ਕਰ ਪਿਆਰ, ਸਾਚੀ ਸੇਜ ਹੰਢਾਇੰਦਾ । ਲੇਖਾ ਜਾਣੇ ਅੰਦਰ ਬਾਹਰ, ਗੁਪਤ ਜ਼ਾਹਰ ਆਪਣਾ ਰੂਪ ਧਰਾਇੰਦਾ । ਪਰਗਟ ਹੋ ਹਰਿ ਨਿਰੰਕਾਰ, ਨਿਰਾਕਾਰ ਨਿਰਵੈਰ ਆਪਣੀ ਖੇਲ ਕਰਾਇੰਦਾ । ਦਾਈ ਦਾਇਆ ਅਗੰਮ ਅਪਾਰ, ਸੇਵਕ ਸਾਚੀ ਸੇਵ ਕਮਾਇੰਦਾ । ਜਨਨੀ ਜਨ ਬਣ ਨਿਰੰਕਾਰ, ਸਾਚੀ ਗੋਦ ਆਪ ਸੁਹਾਇੰਦਾ । ਬੰਸ ਸਰਬੰਸ ਕਰ ਤਿਆਰ, ਆਪਣਾ ਲੇਖਾ ਆਪੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕੇਲਾ ਸੱਜਣ ਸੁਹੇਲਾ ਵਿਸ਼ਵ ਆਪਣਾ ਰੂਪ ਵਟਾਇੰਦਾ । ਵਿਸ਼ਵ ਰੂਪ ਵਿਸ਼ਵ ਧਾਰ, ਏਕਾ ਏਕ ਪਰਗਟਾਈਆ । ਅਬਿਨਾਸ਼ੀ ਕਰਤਾ ਹੋ ਉਜਿਆਰ, ਆਪਣਾ ਮਾਰਗ ਆਪੇ ਲਾਈਆ । ਆਪੇ ਵੇਖੇ ਵੇਖਣਹਾਰ, ਸਚਖੰਡ ਨਿਵਾਸੀ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਡਗਮਗਾਈਆ । ਜੋਤੀ ਜਾਤਾ ਪੁਰਖ ਬਿਧਾਤਾ, ਰੂਪ ਅਨੂਪ ਧਰਾਇੰਦਾ । ਸ਼ਬਦੀ ਸ਼ਬਦ ਦੇਵੇ ਦਾਤਾ, ਵਸਤ ਅਮੋਲਕ ਆਪ ਵਰਤਾਇੰਦਾ । ਨਿਰਗੁਣ ਨਿਰਗੁਣ ਚਲਾਏ ਰਾਥਾ, ਬਣ ਰਥਵਾਹੀ ਸੇਵ ਕਮਾਇੰਦਾ । ਕਰੇ ਖੇਲ ਪੁਰਖ ਸਮਰਾਥਾ, ਆਪਣਾ ਬਲ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦੀ ਧਾਰ ਏਕੰਕਾਰ, ਜੋਤੀ ਜੋਤ ਕਰ ਪਸਾਰ, ਵਿਸ਼ਨ ਆਪਣਾ ਰੂਪ ਵਟਾਇੰਦਾ । ਆਪੇ ਵਿਸ਼ਨ ਆਪੇ ਵਿਸ਼ਨੂੰ, ਵਿਸ਼ਵ ਆਪਣੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕਾ ਬੰਧਨ ਪਾਈਆ । ਏਕਾ ਜੋਤੀ ਏਕਾ ਜ਼ਾਤ, ਏਕਾ ਖੇਲ ਕਰਾਇੰਦਾ । ਏਕਾ ਪਿਤਾ ਏਕਾ ਮਾਤ, ਪੂਤ ਸਪੂਤਾ ਇਕ ਅਖਵਾਇੰਦਾ । ਏਕਾ ਦਾਨ ਏਕਾ ਦਾਤ, ਬਣ ਦਾਤਾਰ ਆਪ ਵਰਤਾਇੰਦਾ । ਏਕਾ ਨਾਉਂ ਏਕਾ ਗਾਥ, ਬਿਨ ਅੱਖਰ ਆਪ ਪੜ੍ਹਾਇੰਦਾ । ਏਕਾ ਮੰਦਰ ਏਕਾ ਦੇਵੇ ਸਾਥ,

ਸਗਲਾ ਸੰਗ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਸੁਤ ਧਾਰ, ਵਿਸ਼ਨੂੰ ਵਿਸ਼ਵ ਕਰ ਤਿਆਰ, ਸਿਰ ਆਪਣਾ ਹੱਥ ਟਿਕਾਇੰਦਾ । ਸ਼ਬਦੀ ਸੁਤ ਵਿਸ਼ਨੂੰ ਬਾਲਾ, ਹਰਿ ਹਰਿ ਆਪ ਉਪਾਈਆ । ਕਰੇ ਖੇਲ ਆਪ ਨਿਰਾਲਾ ਦਿਸ ਕਿਸੇ ਨਾ ਆਈਆ । ਸ੍ਰੀ ਭਗਵਾਨ ਇਕ ਅਕਾਲਾ, ਅਕਲ ਕਲ ਵਰਤਾਈਆ । ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਥਿਰ ਘਰ ਆਪਣੀ ਬਣਤ ਬਣਾਈਆ । ਸੁੰਨ ਅਗੰਮੀ ਹੋ ਉਜਾਲਾ, ਨੂਰ ਨੂਰ ਕਰੇ ਰੁਸ਼ਨਾਈਆ । ਸਾਚਾ ਮਾਰਗ ਇਕ ਸੁਖਾਲਾ, ਵਿਸ਼ਨੂੰ ਵਿਸ਼ਵ ਦਏ ਸਮਝਾਈਆ । ਆਪਣੀ ਇਛਿਆ ਮਹਾਂਕਾਲਾ, ਆਪਣਾ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਖੇਲ ਆਪ ਖਿਲਾਈਆ । ਆਦਿ ਪੁਰਖ ਖੇਲ ਅਪਾਰਾ, ਨਿਰਗੁਣ ਨਿਰਗੁਣ ਆਪ ਕਰਾਇੰਦਾ । ਵਿਸ਼ਨੂੰ ਹਰਿ ਕਰ ਪਸਾਰਾ, ਭਗਵਨ ਆਪਣੀ ਧਾਰ ਚਲਾਇੰਦਾ । ਧੁਰਦਰਗਾਹੀ ਧੁਰ ਫ਼ਰਮਾਣਾ, ਸਚ ਸੰਦੇਸਾ ਇਕ ਸੁਣਾਇੰਦਾ । ਤੇਰਾ ਮੇਰਾ ਇਕ ਟਿਕਾਣਾ, ਚਰਨ ਕਵਲ ਕਵਲ ਚਰਨ ਇਕ ਵਖਾਇੰਦਾ । ਮੇਰਾ ਨਾਉਂ ਤੇਰਾ ਬਿਬਾਣਾ, ਸਚ ਬਿਬਾਣੇ ਆਪ ਬਿਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਏਕਾ ਵਾਰ, ਏਕੰਕਾਰਾ ਆਪ ਜਣਾਈਆ । ਉਠ ਦੁਲਾਰੇ ਹੋ ਤਿਆਰ, ਸਾਚੀ ਸਿਖਿਆ ਹਰਿ ਸਮਝਾਈਆ । ਸਾਚੀ ਵਸਤ ਦਏ ਭੰਡਾਰ, ਅਮੋਲਕ ਆਪ ਵਰਤਾਈਆ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਬੇਪਰਵਾਹੀਆ । ਹੁਕਮੀ ਹੁਕਮ ਹੁਕਮ ਵਰਤਾਰ, ਹੁਕਮ ਹਾਕਮ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਸ ਬੰਸ ਆਪਣੀ ਖੇਲ ਕਰਾਈਆ । ਵਿਸ਼ਨੂੰ ਤੇਰਾ ਨੂਰ ਬੰਸ, ਨੂਰ ਨੁਰਾਨਾ ਹਰਿ ਜਣਾਇੰਦਾ । ਅਕਾਲ ਪੁਰਖ ਆਪਣੀ ਅੰਸ, ਤੇਰਾ ਰੰਗ ਰੰਗਾਇੰਦਾ । ਖੇਲੇ ਖੇਲ ਰੂਪ ਸਹੰਸ, ਸਹੰਸਰ ਆਪਣੀ ਧਾਰ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਏਕਾ ਗੁਣ ਸਮਝਾਇੰਦਾ । ਵਿਸ਼ਨੂੰ ਸੁਣ ਕਰ ਧਿਆਨ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਸਚਖੰਡ ਮੰਦਰ ਇਕ ਮਕਾਨ, ਸਚਖੰਡ ਨਿਵਾਸੀ ਆਪ ਵਖਾਇੰਦਾ । ਦੀਵਾ ਬਾਤੀ ਜਗੇ ਮਹਾਨ, ਗੁਰ ਗੁਰ ਨੂਰ ਡਗਮਗਾਇੰਦਾ । ਦੂਸਰ ਅਵਰ ਨਾ ਕੋਇ ਨਿਸ਼ਾਨ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਆਦਿ ਪੁਰਖ ਅਬਿਨਾਸ਼ੀ ਕਰਤਾ ਦੇਵਣਹਾਰਾ ਸਾਚਾ ਦਾਨ, ਵਸਤ ਅਮੋਲਕ ਇਕ ਵਰਤਾਇੰਦਾ । ਵੇਖੇ ਵਿਗਸੇ ਮਾਰ ਧਿਆਨ, ਨੇਤਰ ਨੈਣ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਆਪਣਾ ਗੁਣ ਜਣਾਇੰਦਾ । ਵਿਸ਼ਨੂੰ ਨੇਤਰ ਨੈਣ ਖੋਲ੍ਹ, ਹਰਿ ਸਾਚਾ ਸਚ ਜਣਾਈਆ । ਮੇਰਾ ਨਾਉਂ ਅਗੰਮੀ ਢੋਲ, ਸਚਖੰਡ ਵਜਾਏ ਸੱਚਾ ਮਾਹੀਆ । ਤੋਲਣਹਾਰਾ ਤੋਲੇ ਤੋਲ, ਏਕਾ ਤੋਲਾ ਬਣਕੇ ਆਈਆ । ਆਦਿ ਜੁਗਾਦਿ ਰਹੇ ਅਡੋਲ, ਨਾ ਡੋਲੇ ਕੋਇ ਡੁਲਾਈਆ । ਤੇਰੇ ਅੰਤਰ ਜਾਏ ਮੌਲ, ਭੇਵ ਅਭੇਦ ਖੁਲ੍ਹਾਈਆ । ਏਕਾ ਵਸਤ ਦੇਵੇ ਨਾਭ ਕੌਲ, ਅੰਮ੍ਰਿਤ ਆਤਮ ਇਕ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਵਿਸ਼ਨੂੰ ਉਠ ਉਠ ਬਲ ਧਾਰ, ਹਰਿ ਸਾਚਾ ਸਚ ਜਣਾਇੰਦਾ । ਤੇਰੇ ਅੰਤਰ ਮੇਰਾ ਪਿਆਰ, ਪਿਆਰ ਪ੍ਰੇਮ ਨਾਲ ਵੰਡਾਇੰਦਾ । ਤੇਰੇ ਅੰਤਰ ਅੰਮ੍ਰਿਤ ਧਾਰ, ਆਪਣਾ ਰਸ ਆਪ ਚਖਾਇੰਦਾ । ਤੇਰੇ ਅੰਦਰ ਮੇਰੀ ਗੁਲਜ਼ਾਰ, ਪੱਤ ਡਾਲ੍ਹੀ ਆਪ ਮਹਿਕਾਇੰਦਾ । ਤੇਰੇ ਮੰਦਰ ਮੇਰੇ ਵਿਹਾਰ, ਬਿਵਹਾਰੀ ਆਪ ਸਮਝਾਇੰਦਾ । ਪਾਰਬ੍ਰਹਮ ਕਰੇ ਖੇਲ ਅਪਰ ਅਪਾਰ, ਬ੍ਰਹਮ ਆਪਣੀ

ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨੂੰ ਏਕਾ ਗੁਣ ਜਣਾਇੰਦਾ । ਵਿਸ਼ਨੂੰ ਗੁਣ ਗੁਣ ਭਗਵਾਨ, ਹਰਿ ਸਾਚਾ ਸਚ ਜਣਾਈਆ । ਖੇਲੇ ਖੇਲ ਵਾਲੀ ਦੋ ਜਹਾਨ, ਦੋਏ ਦੋਏ ਤੇਰਾ ਰੂਪ ਵਖਾਈਆ । ਤੇਰੇ ਅੰਤਰ ਹੋ ਪਰਧਾਨ, ਆਪਣਾ ਬਲ ਲਏ ਪਰਗਟਾਈਆ । ਕਵਲ ਕਵਲਾਂ ਗੁਣ ਨਿਧਾਨ, ਗੁਣ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੂਰ ਜ਼ਹੂਰ ਆਪ ਪਰਗਟਾਈਆ । ਨੂਰ ਜ਼ਹੂਰ ਏਕੰਕਾਰ, ਪਾਰਬ੍ਰਹਮ ਪ੍ਰਭ ਖੇਲ ਕਰਾਇੰਦਾ । ਵਿਸ਼ਨੂੰ ਅੰਦਰ ਜੋਤੀ ਧਾਰ, ਸ਼ਬਦੀ ਰੰਗ ਚੜ੍ਹਾਇੰਦਾ । ਅੰਮ੍ਰਿਤ ਸਰੋਵਰ ਠੰਡਾ ਠਾਰ, ਹਰਿ ਜੂ ਆਪਣਾ ਆਪ ਸੁਹਾਇੰਦਾ । ਕਵਲ ਕਵਲਾ ਕਰ ਉਜਿਆਰ, ਬ੍ਰਹਮਾ ਵੇਤਾ ਪਾਰਬ੍ਰਹਮ ਪਰਗਟਾਇੰਦਾ । ਸਾਚਾ ਮੀਤਾ ਅਗੰਮ ਅਪਾਰ, ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁੰਆਂਧਾਰ ਸੁੰਨ ਅਗੰਮ ਆਪਣਾ ਭੇਵ ਚੁਕਾਇੰਦਾ । ਸੁੰਨ ਅਗੰਮ ਖੇਲ ਨਿਆਰਾ, ਨਿਰਗੁਣ ਹਰਿ ਹਰਿ ਆਪ ਕਰਾਈਆ । ਸੂਰਜ ਚੰਦ ਨਾ ਕੋਇ ਸਿਤਾਰਾ, ਮੰਡਲ ਮੰਡਪ ਨਾ ਕੋਇ ਵਖਾਈਆ । ਪੀਰ ਪੈਗ਼ੰਬਰ ਨਾ ਕੋਈ ਗੁਰ ਅਵਤਾਰਾ, ਸਾਧ ਸੰਤ ਨਜ਼ਰ ਕੋਇ ਨਾ ਆਇੰਦਾ । ਸਮੁੰਦ ਸਾਗਰ ਨਾ ਕੋਈ ਖਾਰਾ, ਜੰਗਲ ਜੂਹ ਉਜਾੜ ਉਜਾੜ ਪਹਾੜ ਉਚਾ ਟਿੱਲਾ ਪਰਬਤ ਨਾ ਕੋਇ ਬਣਾਈਆ । ਲੋਅ ਪੁਰੀ ਬ੍ਰਹਿਮੰਡ ਖੰਡ ਨਾ ਕੋਇ ਅਖਾੜਾ, ਪੰਜ ਤਿੰਨ ਅੱਠ ਨਾਚ ਨਾ ਕੋਇ ਨਚਾਈਆ । ਕਰੇ ਖੇਲ ਆਪ ਕਰਤਾਰਾ, ਆਪਣੀ ਕਰਨੀ ਆਪਣੇ ਹੱਥ ਰਖਾਈਆ । ਆਪਣੀ ਕੁੱਖੋਂ ਹੋ ਉਜਿਆਰਾ, ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁੰਆਂਧਾਰ ਖੇਲ ਅਪਾਰ, ਵਿਸ਼ਨ ਬ੍ਰਹਮਾ ਦਏ ਅਧਾਰ, ਸ਼ੰਕਰ ਆਪਣੀ ਧੂੜ ਬਣਾਈਆ । ਸ਼ੰਕਰ ਧੂੜ ਚਰਨ ਖ਼ਾਕ, ਹਰਿ ਖ਼ਾਲਕ ਆਪ ਬਣਾਇੰਦਾ । ਆਦਿ ਜੁਗਾਦੀ ਪਾਕੀ ਪਾਕ, ਪੁਨੀਤ ਆਪਣਾ ਨਾਉਂ ਧਰਾਇੰਦਾ । ਤਿੰਨਾਂ ਮੇਲਾ ਏਕਾ ਸਾਕ, ਸੱਜਣ ਏਕਾ ਘਰ ਵਖਾਇੰਦਾ । ਏਕਾ ਖੋਲ੍ਹੇ ਆਪਣਾ ਤਾਕ, ਆਪਣਾ ਪੜਦਾ ਆਪ ਉਠਾਇੰਦਾ । ਧੁਰਦਰਗਾਹੀ ਭਵਿਖਤ ਵਾਕ, ਸਚ ਸੰਦੇਸਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਵਿਸ਼ਨ ਬ੍ਰਹਮਾ ਸ਼ਿਵ ਸ਼ਬਦੀ ਗੋਦ ਬਹਾਇੰਦਾ । ਸ਼ਬਦੀ ਗੁਰ ਗੁਰ ਗੁਰ ਖੇਲ, ਹਰਿ ਕਰਤਾ ਆਪ ਕਰਾਈਆ । ਨਿਰਗੁਣ ਨਿਰਗੁਣ ਕਰ ਕਰ ਮੇਲ, ਮੇਲ ਮਿਲਾਵਾ ਵੇਖੇ ਸਹਿਜ ਸੁਭਾਈਆ । ਕਰੇ ਪਰਕਾਸ਼ ਬਿਨ ਬਾਤੀ ਤੇਲ, ਜੋਤੀ ਜਾਤਾ ਡਗਮਗਾਈਆ । ਤਿੰਨਾਂ ਵਿਚੋਲਾ ਸੱਜਣ ਸੁਹੇਲ, ਵਿਸ਼ਨੂੰ ਆਪਣੇ ਚਰਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਈਆ । ਧੁਰ ਦੀ ਧਾਰ ਹਰਿ ਭਗਵੰਤ, ਵਿਸ਼ਨੂੰ ਆਪ ਜਣਾਇੰਦਾ । ਤੇਰਾ ਮੇਰਾ ਖੇਲ ਨਾਰੀ ਕੰਤ, ਨਰ ਨਰਾਇਣ ਖ਼ੁਸ਼ੀ ਮਨਾਇੰਦਾ । ਤੇਰੀ ਸੇਜਾ ਮੇਰੀ ਬਣਤ, ਬਸਨ ਬਨਵਾਰੀ ਦਇਆ ਕਮਾਇੰਦਾ । ਮੇਰਾ ਨਾਉਂ ਤੇਰੀ ਮੰਤ, ਏਕਾ ਓਟ ਜਣਾਇੰਦਾ । ਮੇਰੀ ਮਹਿਮਾ ਸਦਾ ਅਗਣਤ, ਲੇਖਾ ਲੇਖ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨੂੰ ਝੋਲੀ ਆਪ ਭਰਾਇੰਦਾ । ਵਿਸ਼ਨੂੰ ਝੋਲੀ ਦੇਵੇ ਭਰ, ਸਚ ਭੰਡਾਰ ਹਰਿ ਵਰਤਾਈਆ । ਨਿਰਭੌ ਚੁਕਾਏ ਭੌ ਡਰ, ਭਿਆਨਕ ਰੂਪ ਨਾ ਕੋਇ ਜਣਾਈਆ । ਇਕ ਨੁਹਾਏ ਸਾਚੇ ਸਰ, ਚਰਨ ਸਰਨ ਸੱਚੀ ਸਰਨਾਈਆ । ਆਪਣਾ ਘਾੜਨ ਆਪੇ ਘੜ, ਆਪੇ ਵੇਖ ਵਖਾਈਆ । ਨਿਰਗੁਣ ਅੰਦਰ ਨਿਰਗੁਣ ਵੜ, ਨਿਰਗੁਣ ਸੇਜ

ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸਚ ਸੰਦੇਸ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਹਰਿ ਪੁਰਖ ਨਿਰੰਜਣ ਇਕ ਨਰੇਸ਼, ਨਰ ਨਰਾਇਣ ਨਾਉਂ ਧਰਾਇੰਦਾ । ਆਦਿ ਅਵੱਲੜਾ ਕਰਿਆ ਵੇਸ, ਏਕੰਕਾਰਾ ਰੂਪ ਵਟਾਇੰਦਾ । ਆਦਿ ਨਿਰੰਜਣ ਵਸੇ ਸਾਚੇ ਦੇਸ, ਸਚਖੰਡ ਸਾਚੇ ਸੋਭਾ ਪਾਇੰਦਾ । ਅਬਿਨਾਸ਼ੀ ਕਰਤਾ ਤਖ਼ਤ ਨਿਵਾਸੀ ਰਿਹਾ ਵੇਖ, ਸਚ ਸਿੰਘਾਸਣ ਆਸਣ ਲਾਇੰਦਾ । ਸ੍ਰੀ ਭਗਵਾਨ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਪਾਰਬ੍ਰਹਮ ਖੋਲ੍ਹਣਹਾਰਾ ਭੇਤ, ਆਪਣਾ ਪੜਦਾ ਆਪ ਚੁਕਾਇੰਦਾ । ਵਿਸ਼ਨੂੰ ਤੇਰੇ ਸੰਗ ਕਰੇ ਹੇਤ, ਆਪਣਾ ਬੰਧਨ ਪਾਇੰਦਾ । ਵਸੇ ਸਦਾ ਨੇਤਨ ਨੇਤ, ਦੂਰ ਦੁਰਾਡਾ ਪੰਧ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਆਪ ਸਮਝਾਇੰਦਾ । ਧੁਰ ਫ਼ਰਮਾਣਾ ਏਕੰਕਾਰ, ਆਪਣਾ ਆਪ ਜਣਾਈਆ । ਵਿਸ਼ਨੂੰ ਤੇਰਾ ਵਿਸ਼ਵ ਪਸਾਰ, ਹਰਿ ਜੂ ਹਰਿ ਹਰਿ ਆਪ ਜਣਾਈਆ । ਵਿਸ਼ਨ ਬ੍ਰਹਮਾ ਕਰ ਤਿਆਰ, ਸ਼ੰਕਰ ਮੇਲਾ ਸਹਿਜ ਸੁਭਾਈਆ । ਤਿੰਨਾਂ ਵਿਚੋਲਾ ਹਰਿ ਕਰਤਾਰ, ਸ਼ਬਦੀ ਡੋਰ ਬੰਧਾਈਆ । ਤ੍ਰੈਗੁਣ ਮਾਇਆ ਦਏ ਸਿਕਦਾਰ, ਪੰਜ ਤੱਤ ਆਪ ਵਰਤਾਈਆ । ਲੱਖ ਚੁਰਾਸੀ ਘਾੜਤ ਘੜ ਬਣ ਠਠਿਆਰ, ਸਾਚੀ ਸੇਵਾ ਇਕ ਸਮਝਾਈਆ । ਨਿਰਗੁਣ ਸਰਗੁਣ ਦਏ ਅਧਾਰ, ਆਪ ਆਪਣਾ ਪੜਦਾ ਲਾਹੀਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਖੇਲ ਅਪਾਰ, ਰਵ ਸਸ ਦਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਚਨਾ ਆਪ ਰਚਾਈਆ । ਆਪਣੀ ਰਚਨ ਰਚਾਏ ਭਗਵਾਨ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਵਿਸ਼ਨ ਵੇਖਣਾ ਮਾਰ ਧਿਆਨ, ਨੇਤਰ ਨੈਣ ਇਕ ਜਣਾਈਆ । ਪੁਰਖ ਅਬਿਨਾਸ਼ੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਵਸਣਹਾਰਾ ਸਚਖੰਡ ਸਚ ਮਕਾਨ, ਸਾਚੇ ਤਖ਼ਤ ਡੇਰਾ ਲਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਧਰਾਈਆ । ਦੇਵਣਹਾਰਾ ਸਾਚਾ ਦਾਨ, ਵਸਤ ਅਮੋਲਕ ਝੋਲੀ ਪਾਈਆ । ਲੱਖ ਚੁਰਾਸੀ ਕਰ ਪਰਧਾਨ, ਨੌਂ ਖੰਡ ਪ੍ਰਿਥਮੀ ਵੰਡ ਵੰਡਾਈਆ । ਸੱਤਾਂ ਦੀਪਾਂ ਇਕ ਨਿਸ਼ਾਨ, ਸਤਿ ਸਤਿਵਾਦੀ ਹੱਥ ਵਖਾਈਆ । ਸਰਬ ਜੀਆਂ ਦਾ ਏਕਾ ਕਾਹਨ, ਲੱਖ ਚੁਰਾਸੀ ਗੋਪੀ ਨਾਚ ਨਚਾਈਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਰੂਪ ਆਪ ਵਟਾਈਆ । ਸ਼ਬਦ ਸੰਦੇਸਾ ਧੁਰ ਫ਼ਰਮਾਣ, ਬ੍ਰਹਮਾ ਵੇਤਾ ਕਰੇ ਪੜ੍ਹਾਈਆ । ਚਾਰੇ ਵੇਦ ਕਰੇ ਕਲਿਆਣ, ਚਾਰੇ ਜੁਗ ਦਏ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾਏ ਆਣ, ਚਾਰੇ ਖਾਣੀ ਨਾਲ ਰਲਾਈਆ । ਅੰਡਜ ਜੇਰਜ ਉਤਭੁਜ ਸੇਤਜ ਕਰ ਪਰਧਾਨ, ਲੋਕਮਾਤ ਮਾਤ ਵਖਾਈਆ । ਸਚ ਸੰਦੇਸਾ ਢੋਲਾ ਗਾਏ ਆਣ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਜੁਗ ਚੌਕੜੀ ਖੇਲ ਮਹਾਨ, ਹਰਿ ਜੂ ਆਪਣਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਆਪਣਾ ਭੇਵ ਖੁਲ੍ਹਾਈਆ । ਵਿਸ਼ਨੂੰ ਨੇਤਰ ਆਪਣਾ ਖੋਲ੍ਹ, ਬਿਨ ਨੇਤਰ ਹਰਿ ਜਣਾਇੰਦਾ । ਆਦਿ ਪੁਰਖ ਸੁਣਾਇਆ ਅਗੰਮੀ ਬੋਲ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਸਚਖੰਡ ਨਿਵਾਸੀ ਤੋਲਿਆ ਤੋਲ, ਤੋਲਣਹਾਰਾ ਨਜ਼ਰ ਨਾ ਆਇੰਦਾ । ਲੱਖ ਚੁਰਾਸੀ ਅੰਦਰ ਜਾਏ ਮੌਲ, ਘਟ ਘਟ ਆਪਣਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਲੱਖ ਚੁਰਾਸੀ ਖੇਲ ਕਰਤਾਰ, ਕੁਦਰਤ ਕਾਦਰ ਆਪ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸ਼ਬਦੀ ਸ਼ਬਦ ਵੰਡ ਵੰਡਾਈਆ । ਲੇਖਾ ਜਾਣੇ

ਜੁਗ ਚੌਕੜੀ ਚਾਰ, ਕੋਟਨ ਕੋਟ ਕਾਲ ਨਾਲ ਰਲਾਈਆ । ਗੁਰ ਅਵਤਾਰ ਕਰ ਤਿਆਰ, ਪੰਜ ਤੱਤ ਦਏ ਵਡਿਆਈਆ । ਬ੍ਰਹਮ ਪਾਰਬ੍ਰਹਮ ਲਏ ਉਧਾਰ, ਆਤਮ ਪਰਮਾਤਮ ਰੰਗ ਚੜ੍ਹਾਈਆ । ਸਾਚਾ ਸੋਹਲਾ ਗਾਏ ਆਪਣੀ ਵਾਰ, ਜੁਗ ਜੁਗ ਨਾਉਂ ਪਰਗਟਾਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਬਾਣੀ ਆਪ ਸੁਣਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਵਿਚ ਸੰਸਾਰ, ਵਿਸ਼ਨੂੰ ਤੇਰੀ ਸੇਵਾ ਇਕੋ ਵਾਰ ਸਮਝਾਈਆ । ਗੇੜਾ ਆਵੇ ਜਾਵੇ ਵਾਰੋ ਵਾਰ, ਬਣ ਪਾਂਧੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਇਕ ਲਗਾਈਆ । ਸਾਚੀ ਸੇਵਾ ਸ੍ਰੀ ਭਗਵਾਨ, ਪੁਰਖ ਅਬਿਨਾਸ਼ੀ ਆਪ ਲਗਾਇੰਦਾ । ਵਿਸ਼ਨ ਦਰ ਕਰੇ ਪਰਵਾਨ, ਨਿਉਂ ਨਿਉਂ ਸੀਸ ਚੁਕਾਇੰਦਾ । ਤੂੰ ਸਾਹਿਬ ਮੇਰਾ ਸੁਲਤਾਨ, ਹਉਂ ਸੇਵਕ ਸੇਵ ਕਮਾਇੰਦਾ । ਤੂੰ ਰਹਿਣਾ ਨਿਗਹਬਾਨ, ਇਕ ਤੇਰੀ ਓਟ ਤਕਾਇੰਦਾ । ਮੈਂ ਮੰਨਾਂ ਤੇਰੀ ਆਣ, ਦੂਜਾ ਹੁਕਮ ਨਾ ਕੋਇ ਮਨਾਇੰਦਾ । ਤੇਰੇ ਚਰਨ ਰੱਖਾਂ ਧਿਆਨ, ਦੂਸਰ ਓਟ ਨਾ ਕੋਇ ਤਕਾਇੰਦਾ । ਮੈਂ ਸੁਣਦਾ ਰਹਾਂ ਧੁਰ ਫ਼ਰਮਾਣ, ਧੁਰਦਰਗਾਹੀ ਜੋ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਦੇਣੀ ਕਰ, ਤੇਰੇ ਚਰਨਾਂ ਸੀਸ ਨਿਵਾਇੰਦਾ । ਤੇਰੇ ਚਰਨਾਂ ਰੱਖਾਂ ਸੀਸ, ਵਿਸ਼ਨੂੰ ਰੋ ਰੋ ਨੀਰ ਵਹਾਇੰਦਾ । ਤੂੰ ਸਾਹਿਬ ਸੱਚਾ ਜਗਦੀਸ, ਤੇਰਾ ਭੇਵ ਕੋਇ ਨਾ ਆਇੰਦਾ । ਮੈਂ ਛਤਰ ਵੇਖਾਂ ਤੇਰੇ ਸੀਸ, ਤੇਰਾ ਮੰਦਰ ਮੋਹੇ ਭਾਇੰਦਾ । ਤੇਰੀ ਕੋਈ ਨਾ ਕਰੇ ਰੀਸ, ਤੁਧ ਜੇਹਾ ਹੋਰ ਨਜ਼ਰ ਕੋਇ ਨਾ ਆਇੰਦਾ । ਜੁਗ ਚੌਕੜੀ ਮੈਂ ਤੇਰਾ ਪੀਸਣ ਲਵਾ ਪੀਸ, ਬਣ ਸੇਵਕ ਚੱਕੀ ਚਲਾਇੰਦਾ । ਜੁਗ ਜੁਗ ਮੰਨਾਂ ਤੇਰੀ ਹਦੀਸ, ਤੇਰੇ ਹੁਕਮੇ ਕਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਦਰ ਤੇਰੇ ਇਕੋ ਮੰਗ ਮੰਗਾਇੰਦਾ । ਦਰ ਤੇਰੇ ਮੰਗਾਂ ਮੰਗ, ਮੇਰੇ ਸਾਹਿਬ ਸੱਚੇ ਸੁਲਤਾਨਾ । ਆਪਣੇ ਚਰਨ ਧੂੜੀ ਦੇਣਾ ਰੰਗ, ਰੰਗ ਚੜ੍ਹੇ ਇਕ ਮਹਾਨਾ । ਤੇਰਾ ਨਾਮ ਮਿਲੇ ਤਰੰਗ, ਲੇਖਾ ਚੁੱਕੇ ਵਿਚ ਜਹਾਨਾ । ਤੇਰਾ ਸ਼ਬਦ ਵੱਜੇ ਮਰਦੰਗ, ਤੇਰਾ ਧੁੰਨ ਤਰਾਨਾ । ਮੈਂ ਤੇਰਾ ਦਰਸ਼ਨ ਕਰਾਂ ਲੰਘ, ਦਰ ਆ ਤੇਰੇ ਦਰਬਾਨਾ । ਤੂੰ ਮੇਰੀ ਕੱਟੀ ਭੁੱਖ ਨੰਗ, ਦੇਵਣਹਾਰਾ ਸੱਚਾ ਦਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਿਰਪਾ ਦੇਣੀ ਕਰ, ਵਿਸ਼ਨੂੰ ਦਰ ਹੋਏ ਨਿਮਾਣਾ । ਹੋਏ ਨਿਮਾਣਾ ਦੋਏ ਜੋੜ, ਚਰਨਾਂ ਸੀਸ ਝੁਕਾਈਆ । ਸਤਿ ਪੁਰਖ ਤੇਰੀ ਸਾਚੀ ਲੋੜ, ਤੁਧ ਬਿਨ ਹੋਰ ਨਾ ਕੋਇ ਸਹਾਈਆ । ਮੈਂ ਪੰਧ ਮੁਕਾਵਾਂ ਦੌੜ ਦੌੜ, ਜੁਗ ਚੌਕੜੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਹੋਏ ਸਹਾਈਆ । ਕਵਣ ਵੇਲਾ ਹੋਏ ਸਹਾਇਆ, ਦੀਨਨ ਦਇਆ ਕਮਾ । ਆਦਿ ਪੁਰਖ ਪ੍ਰਭ ਬੇਪਰਵਾਹਿਆ, ਆਪਣਾ ਭੇਵ ਦੇ ਜਣਾ । ਆਦਿ ਮਾਰਗ ਤੂੰ ਹੀ ਲਾਇਆ, ਅੰਤ ਦੇਵੇ ਕਿਵੇਂ ਮੁਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਸਮਝਾ । ਆਪਣਾ ਲੇਖਾ ਦੱਸ ਭਗਵਾਨ, ਤੇਰੇ ਅੱਗੇ ਝੋਲੀ ਡਾਹੀਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਸੇਵਾ ਕਰਾਂ ਵਿਚ ਜਹਾਨ, ਬਣ ਸੇਵਕ ਸੇਵ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਆਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੇਰਾ ਪਾਈਆ । ਤੇਰੇ ਭਗਤ ਹੋਣ ਪਰਧਾਨ, ਤੇਰੀ ਭਗਤੀ ਤੇਰਾ ਜਸ ਗਾਈਆ । ਤੇਰੇ ਸੰਤ ਤੇਰੇ ਨਿਸ਼ਾਨ, ਲੋਕਮਾਤ ਮਿਲੇ ਵਡਿਆਈਆ । ਤੇਰੇ ਗੁਰਮੁਖ ਤੇਰੀ ਕਰਨ ਪਛਾਣ, ਦੂਸਰ ਭੇਵ ਕੋਇ ਨਾ ਪਾਈਆ । ਗੁਰਸਿਖ ਰੱਖਣ ਚਰਨ ਧਿਆਨ, ਅੰਤਰ ਆਤਮ ਇਕ ਲਿਵ ਲਾਈਆ ।

੯੮੪
੧੧

ਤੂੰ ਪਾਰਬ੍ਰਹਮ ਸ਼ਹਿਨਸ਼ਾਹ ਸੁਲਤਾਨ, ਬ੍ਰਹਮ ਤੇਰੀ ਅੰਸ ਵਡਿਆਈਆ । ਤੇਰਾ ਸਰਬੰਸ ਵਿਚ ਜਹਾਨ, ਵਿਸ਼ਨ ਬ੍ਰਹਮਾ ਸ਼ਿਵ ਢਹਿ ਢਹਿ ਪਏ ਸਰਨਾਈਆ । ਵਿਸ਼ਨੂੰ ਮੰਗੇ ਏਕਾ ਦਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਅੰਤ ਮੇਰੇ ਭਗਵੰਤ ਆਪਣਾ ਮੇਲਾ ਮੇਲੇ ਸਹਿਜ ਸੁਭਾਈਆ । ਸਹਿਜ ਸੁਭਾਈ ਹਰਿ ਹਰਿ ਮੇਲਾ, ਕਵਣ ਵਕ਼ਤ ਕਰਾਇੰਦਾ । ਜੁਗ ਚੌਕੜੀ ਖੇਲ ਖੇਲੇ ਗੁਰੂ ਗੁਰ ਚੇਲਾ, ਚੇਲਾ ਗੁਰ ਰੂਪ ਵਟਾਇੰਦਾ । ਨਿਰਗੁਣ ਸਰਗੁਣ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇੰਦਾ । ਪਾਰਬ੍ਰਹਮ ਮੇਰਾ ਦੱਸ ਅੰਤਮ ਵੇਲਾ, ਮੇਰਾ ਅੰਤ ਕਵਣ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਇੰਦਾ । ਵਿਸ਼ਨੂੰ ਸੁਣਦਾ ਰਹੇ ਯਾਦ, ਹਰਿ ਜੂ ਹਰਿ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਸੁਣਦਾ ਰਹੇ ਫ਼ਰਯਾਦ, ਹਰਿ ਜੂ ਸਾਚੀ ਸੇਵ ਲਗਾਇੰਦਾ । ਨਿਰਗੁਣ ਸਰਗੁਣ ਦੇ ਦੇ ਦਾਦ, ਲੋਕਮਾਤ ਪਰਗਟਾਇੰਦਾ । ਆਪਣੇ ਵਿਚੋਂ ਆਪਾ ਕਾਢ, ਸ਼ਬਦ ਗੁਰ ਸਲਾਹਿੰਦਾ । ਲੇਖਾ ਲਿਖ ਸੰਤ ਸਾਧ, ਭਗਤ ਭਗਵੰਤ ਦਇਆ ਕਮਾਇੰਦਾ । ਗ੍ਰਿਹਿ ਗ੍ਰਿਹਿ ਆਪਣਾ ਵਜਾਏ ਨਾਦ, ਅਨਾਦੀ ਧੁੰਨ ਆਪ ਸੁਣਾਇੰਦਾ । ਗੁਰਮੁਖ ਸੱਜਣ ਆਪੇ ਲਾਧ, ਹਰਿ ਜੂ ਹਰਿ ਹਰਿ ਮੇਲ ਮਿਲਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਗੁਰਸਿਖ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਖੇਲ ਕਰਾਇੰਦਾ । ਜੁਗ ਚੌਕੜੀ ਵਿਚ ਸੰਸਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਅੰਤਮ ਚੌਕੜ ਵੇਖੇ ਆਪ ਨਿਰੰਕਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਪੰਜ ਤੱਤ ਕਾਇਆ ਚੋਲਾ ਦੇਵੇ ਤੇਈ ਅਵਤਾਰ, ਭਗਤ ਅਠਾਰਾਂ ਬੰਧਨ ਪਾਈਆ । ਏਕਾ ਜੋਤੀ ਦਸ ਗੁਰ ਧਾਰ, ਗੁਰ ਗੁਰ ਰੂਪ ਵਟਾਈਆ । ਏਕਾ ਜਲਵਾ ਨੂਰ ਕਰ ਉਜਿਆਰ, ਈਸਾ ਮੂਸਾ ਸੰਗ ਮੁਹੰਮਦ ਕਾਲਾ ਸੂਸਾ ਤਨ ਛੁਹਾਈਆ । ਕਲਜੁਗ ਅੰਤਮ ਨੌਂ ਖੰਡ ਪ੍ਰਿਥਮੀ ਧੂੰਆਂਧਾਰ, ਸੱਤਾਂ ਦੀਪਾਂ ਅੰਧੇਰਾ ਛਾਈਆ । ਚਾਰ ਜੁਗ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਜਾਏ ਹਾਰ, ਹਰਿ ਕਾ ਭੇਵ ਨਾ ਕੋਇ ਖੁਲ੍ਹਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨਾਰ ਕੰਤ ਹੋਏ ਵਿਭਚਾਰ, ਧੀਰਜ ਜਤ ਨਾ ਕੋਇ ਰਖਾਈਆ । ਨਾਤਾ ਤੁਟੇ ਗੁਰ ਅਵਤਾਰ, ਪੀਰ ਪੈਗ਼ੰਬਰ ਨਾ ਕੋਇ ਸਹਾਰ, ਮੁੱਲਾ ਸ਼ੇਖ਼ ਪੰਡਤ ਪਾਂਧਾ ਸਾਚਾ ਮਾਰਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਿਸ਼ਨ ਤੇਰਾ ਭੇਵ ਜਣਾਈਆ । ਵਿਸ਼ਨ ਵੇਖਣਾ ਕਰ ਵਿਚਾਰ, ਹਰਿ ਜੂ ਹਰਿ ਹਰਿ ਆਪ ਸੁਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਉਤਰੇ ਪਾਰ, ਕਲਜੁਗ ਵੇਲਾ ਅੰਤਮ ਆਇੰਦਾ । ਚਾਰ ਜੁਗ ਦਾ ਲੇਖਾ ਸਭ ਨੂੰ ਦਏ ਵਖਾਲ, ਵਾਕ ਭਵਿਖਤ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਆਪ ਰਖਾਇੰਦਾ । ਸੰਗ ਰਖਾਏ ਕਾਲ ਮਹਾਂਕਾਲ, ਦੀਨ ਦਿਆਲ ਦਇਆ ਕਮਾਇੰਦਾ । ਰਾਏ ਧਰਮ ਦਏ ਬਹਾਲ, ਅਧਵਿਚਕਾਰੇ ਡੰਡਾ ਲਾਇੰਦਾ । ਚਿੱਤਰ ਗੁਪਤ ਲੱਖ ਚੁਰਾਸੀ ਲੇਖਾ ਦਏ ਵਖਾਲ, ਲਿਖ ਲਿਖ ਆਪਣੇ ਹੱਥ ਰਖਾਇੰਦਾ । ਲਾੜੀ ਮੌਤ ਕਰੇ ਸ਼ਿੰਗਾਰ, ਧਰਮ ਰਾਏ ਦੀ ਜਗਤ ਸਪੁੱਤਰੀ ਏਕਾ ਏਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਦੇਵੇ ਏਕਾ ਵਰ, ਸਾਚੀ ਸਿਖਿਆ ਦਏ ਸਮਝਾਈਆ । ਸਾਚੀ ਸਿਖਿਆ ਲੈਣੀ ਸਿਖ, ਹਰਿ ਸਤਿਗੁਰ ਆਪ ਜਣਾਇੰਦਾ । ਜੁਗ ਚੌਕੜੀ ਪਾਏ ਭਿਖ, ਆਪਣੀ ਭਿਛਿਆ ਨਾਮ ਵਰਤਾਇੰਦਾ । ਲੱਖ ਚੁਰਾਸੀ ਲੇਖਾ ਲਿਖ, ਲਿਖ

੯੮੫
੧੧

ਲਿਖ ਆਪਣੇ ਵਿਚ ਰਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡੇ ਹਿਸ, ਸਾਚਾ ਬੰਧਨ ਆਪ ਰਖਾਇੰਦਾ । ਕਲਜੁਗ ਅੰਤਮ ਜੂਠੀ ਝੂਠੀ ਚੱਕੀ ਜੀਵ ਜੰਤ ਜਾਣ ਪਿਸ, ਪੀਸਣ ਪੀਸ ਹਰਿ ਜੂ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਤੇਰਾ ਲੇਖਾ ਅੰਤ ਜਣਾਇੰਦਾ । ਅੰਤਮ ਲੇਖਾ ਹਰਿ ਕਰਤਾਰਾ, ਏਕਾ ਏਕ ਜਣਾਈਆ । ਕਲਜੁਗ ਅੰਤਮ ਹੋਏ ਉਜਿਆਰਾ, ਨਿਰਗੁਣ ਆਪਣਾ ਰੂਪ ਵਟਾਈਆ । ਨਾਉਂ ਰਖਾਏ ਨਿਹਕਲੰਕ ਅਵਤਾਰਾ, ਕਲ ਕਲਕੀ ਫੇਰਾ ਪਾਈਆ । ਜੋਧਾ ਸੂਰਬੀਰ ਬਲੀ ਬਲਕਾਰਾ, ਬਲ ਆਪਣਾ ਆਪ ਰਖਾਈਆ । ਸਾਢੇ ਤਿੰਨ ਹੱਥ ਹੱਥ ਮੁਨਾਰਾ, ਲੋਕਮਾਤ ਦਏ ਵਡਿਆਈਆ । ਆਪੇ ਬਣੇ ਲੱਕੜਹਾਰਾ, ਬਣ ਬਾਡੀ ਸੇਵ ਕਮਾਈਆ । ਤਿੱਖਾ ਰੱਖੇ ਨਾਮ ਆਰਾ, ਦੋ ਜਹਾਨਾ ਚੀਰ ਵਖਾਈਆ । ਕਰੇ ਖੇਲ ਅਗੰਮ ਅਪਾਰਾ, ਬਣ ਤਰਖਾਣ ਵੇਸ ਵਟਾਈਆ । ਏਕਾ ਨਾਉਂ ਬੋਲ ਜੈਕਾਰਾ, ਸਿੰਘ ਸ਼ੇਰ ਨਾਉਂ ਰਖਾਈਆ । ਸ੍ਰਿਸ਼ਟ ਸਬਾਈ ਵੇਖੇ ਧੂੰਆਂਧਾਰਾ, ਰੈਣ ਅੰਧੇਰੀ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਰਿਹਾ ਜਣਾਈਆ । ਅੰਤਮ ਲੇਖਾ ਹਰਿ ਨਿਰੰਕਾਰ, ਨਿਰਗੁਣ ਆਪ ਜਣਾਇੰਦਾ । ਵਿਸ਼ਨੂੰ ਰਹਿਣਾ ਖ਼ਬਰਦਾਰ, ਸਚ ਸੰਦੇਸਾ ਇਕ ਸੁਣਾਇੰਦਾ । ਚਾਰ ਜੁਗ ਲਿਖ ਲਿਖ ਲੇਖਾ ਜਾਣ ਗੁਰ ਅਵਤਾਰ, ਲੋਕਮਾਤ ਸਰਬ ਜਸ ਗਾਇੰਦਾ । ਪਰਗਟ ਹੋਵੇ ਮਹਾਂਬਲੀ ਅਵਤਾਰ, ਨਿਰਗੁਣ ਆਪਣਾ ਰੂਪ ਵਟਾਇੰਦਾ । ਸਰਗੁਣ ਲੇਖਾ ਜਗਤ ਵਿਹਾਰ, ਪੰਜ ਤੱਤ ਕਾਇਆ ਚੋਲਾ ਜਗਤ ਹੰਢਾਇੰਦਾ । ਯਾਰਾਂ ਨਾਲ ਬਣਿਆ ਰਹੇ ਯਾਰ, ਆਪਣਾ ਭੇਵ ਨਾ ਕਿਸੇ ਜਣਾਇੰਦਾ । ਬਣ ਸ਼ਿਕਾਰੀ ਖੇਡੇ ਸ਼ਿਕਾਰ, ਆਪਣਾ ਸ਼ਿਕਾਰ ਕਿਸੇ ਨਾ ਹੱਥ ਫੜਾਇੰਦਾ । ਅੰਦਰੇ ਅੰਦਰ ਮਾਰ ਲਲਕਾਰ, ਲਹਿਣਾ ਆਪਣਾ ਆਪ ਚੁਕਾਇੰਦਾ । ਸੰਤ ਮਨੀ ਸਿੰਘ ਖੋਲ੍ਹ ਕਿਵਾੜ, ਆਪਣਾ ਭੇਵ ਜਣਾਇੰਦਾ । ਕਰ ਪਰਕਾਸ਼ ਬਹੱਤਰ ਨਾੜ, ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਆਪਣਾ ਖੇਲ ਦੱਸੇ ਭਗਵਾਨ, ਭੇਵ ਕੋਇ ਨਾ ਪਾਈਆ । ਕਲਜੁਗ ਜੂਹ ਵਿਚ ਫਿਰੇ ਜਵਾਨ, ਨਜ਼ਰ ਕਿਸੇ ਨਾ ਆਈਆ । ਜਾਮਾ ਲਏ ਘਰ ਤਰਖਾਣ, ਤ੍ਰਿਖਾ ਸਭ ਦੀ ਦਏ ਬੁਝਾਈਆ । ਸੰਤ ਮਨੀ ਸਿੰਘ ਦੇ ਗਿਆਨ, ਨੇਤਰ ਗਿਆਨ ਇਕ ਖੁਲ੍ਹਾਈਆ । ਸੱਜਣ ਘਰ ਸਾਕ ਸੈਣ ਨਾ ਸਕੇ ਕੋਈ ਪਛਾਣ, ਪਹਿਚਾਨ ਵਿਚ ਕਦੇ ਨਾ ਆਈਆ । ਝੂਲੇ ਦੇ ਦੇ ਪੰਜ ਤੱਤ ਕਰਿਆ ਖੇਲ ਮਹਾਨ, ਹੱਥ ਪੈਰ ਅੰਗ ਅੰਗ ਅੰਗ ਹਿਲਾਈਆ । ਜੜ੍ਹ ਪੁਟਦਾ ਰਿਹਾ ਜ਼ਿਮੀਂ ਅਸਮਾਨ, ਨਜ਼ਰ ਕਿਸੇ ਨਾ ਆਈਆ । ਖਾਣ ਖੀਣ ਰੱਖਿਆ ਵਿਚ ਜਹਾਨ, ਜੂਠਾ ਝੂਠਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਏਕਾ ਗੁਣ ਸਮਝਾਈਆ । ਵਿਸ਼ਨੂੰ ਵੇਲਾ ਅੰਤਮ ਔਣਾ, ਹਰਿ ਹਰਿ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਵੇਸ ਵਟੌਣਾ, ਨਾਨਕ ਗੋਬਿੰਦ ਰਾਹ ਤਕਾਇੰਦਾ । ਮੁਹੰਮਦ ਸਯਦਾ ਇਕ ਕਰੌਣਾ, ਕਲਮਾ ਇਕ ਪੜ੍ਹਾਇੰਦਾ । ਈਸਾ ਆਸਾ ਪੂਰ ਕਰੌਣਾ, ਪਰਵਰਦਿਗਾਰ ਵੇਸ ਵਟਾਇੰਦਾ । ਵੇਦ ਵਿਆਸਾ ਲੇਖਾ ਲੇਖੇ ਲੌਣਾ, ਉਚੇ ਟਿੱਲੇ ਪਰਬਤ ਪੂਤ ਸਪੂਤਾ ਬ੍ਰਹਿਮਣ ਗੌੜਾ ਆਪਣਾ ਰੂਪ ਵਟਾਇੰਦਾ । ਸਿੰਘ ਸ਼ੇਰ ਨਾਉਂ ਰਖੌਣਾ, ਸ਼ੇਰ ਸਿੰਘ ਭੇਵ ਨਾ ਕਿਸੇ ਜਣਾਇੰਦਾ । ਕਲਜੁਗ ਚੋਲਾ ਆਪ ਹੰਢੌਣਾ, ਬਾਵਨ ਅੱਖਰੀ ਬਵਿੰਜਾ ਸਾਲ ਅੰਕ ਅੰਕ ਨਾਲ ਵੰਡਾਇੰਦਾ । ਆਪਣਾ ਲੇਖਾ ਆਪ ਮਿਟੌਣਾ, ਭਸਮੜ ਆਪਣਾ ਰੂਪ ਵਟਾਇੰਦਾ । ਪੰਜ ਤੱਤ ਅਗਨੀ ਭੇਟ ਚੜ੍ਹੌਣਾ, ਤ੍ਰੈਗੁਣ ਲੰਬੂ ਆਪੇ ਲਾਇੰਦਾ । ਆਪਣਾ ਲੇਖਾ ਆਪ ਮੁਕੌਣਾ, ਖ਼ਾਕੀ ਖ਼ਾਕ ਤਨ

ਮਿਲਾਇੰਦਾ । ਜੋਤੀ ਜੋਤ ਹਰਿ ਅਖਵੌਣਾ, ਨੂਰੋ ਨੂਰ ਡਗਮਗਾਇੰਦਾ । ਸਚਖੰਡ ਦੁਵਾਰੇ ਫੇਰਾ ਪੌਣਾ, ਸਾਚੇ ਤਖ਼ਤ ਸੋਭਾ ਪਾਇੰਦਾ । ਵੀਹ ਸੌ ਬਿਕ੍ਰਮੀ ਆਪਣਾ ਹੁਕਮ ਆਪ ਵਰਤੌਣਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਛੱਬੀ ਪੋਹ ਦਿਵਸ ਸੁਹੌਣਾ, ਰੁੱਤ ਬਸੰਤੀ ਆਪਣੇ ਲੇਖੇ ਲਾਇੰਦਾ । ਆਪਣਾ ਰੂਪ ਆਪ ਵਟੌਣਾ, ਸਚਖੰਡ ਨਿਵਾਸੀ ਥਿਰ ਘਰ ਆਪਣਾ ਕੁੰਡਾ ਲਾਹਿੰਦਾ । ਥਿਰ ਘਰ ਦਵਾਰਿਉਂ ਸ਼ਬਦ ਗੁਰ ਨਾਲ ਮਿਲੌਣਾ, ਗੋਬਿੰਦ ਖੇਲ ਕਰਾਇੰਦਾ । ਲੋਕਮਾਤ ਫੇਰਾ ਪੌਣਾ, ਸੰਬਲ ਆਪਣਾ ਬੰਕ ਵਡਿਆਇੰਦਾ । ਤੇਰਾ ਮੇਲਾ ਆਪ ਕਰੌਣਾ, ਆਪਣਾ ਪੱਲੂ ਹੱਥ ਫੜਾਇੰਦਾ । ਤੇਰਾ ਲੇਖਾ ਤੇਰੇ ਨੇਤਰ ਵਖੌਣਾ, ਲੋਕਮਾਤ ਫਿਰਾਇੰਦਾ । ਲੱਖ ਚੁਰਾਸੀ ਡੇਰਾ ਢਾਹੁਣਾ, ਬ੍ਰਹਮਾ ਮੂਲ ਨਾ ਕੋਇ ਰਖਾਇੰਦਾ । ਸ਼ੰਕਰ ਜੋਤੀ ਜੋਤ ਮਿਲੌਣਾ, ਭੋਲਾ ਨਾਥ ਪੰਧ ਮੁਕਾਇੰਦਾ । ਕਰੋੜ ਤੇਤੀਸਾ ਆਪਣੇ ਵਿਚ ਛੁਪਾਉਣਾ, ਸੁਰਪਤ ਇੰਦ ਰਹਿਣ ਨਾ ਪਾਇੰਦਾ । ਸਾਚਾ ਮਾਰਗ ਏਕਾ ਲੌਣਾ, ਏਕਾ ਰਾਹ ਚਲਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚਾਰ ਜੁਗ ਦਾ ਲਹਿਣਾ ਦੇਣਾ ਮਾਤ ਮੁਕੌਣਾ, ਪੂਰਬ ਲੇਖਾ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਨਿਹਕਲੰਕ ਨਰਾਇਣ ਨਰ ਕਲਜੁਗ ਅੰਤਮ ਆਪਣਾ ਨਾਉਂ ਧਰਾਉਣਾ, ਨਾਮ ਖੰਡਾ ਇਕ ਚਮਕਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਉਠੌਣਾ, ਸੋਇਆ ਕੋਇ ਰਹਿਣ ਨਾ ਪਾਇੰਦਾ । ਸਚ ਸੰਦੇਸ ਨਰ ਨਰੇਸ਼ ਦੋ ਜਹਾਨਾਂ ਆਪ ਸੁਣੌਣਾ, ਸੋ ਪੁਰਖ ਨਿਰੰਜਣ ਆਪੇ ਗਾਇੰਦਾ । ਹੰ ਬ੍ਰਹਮ ਆਤਮ ਪਰਮਾਤਮ ਈਸ਼ ਜੀਵ ਏਕਾ ਘਰ ਬਹੌਣਾ, ਗ੍ਰਿਹ ਮੰਦਰ ਇਕ ਪਰਗਟਾਇੰਦਾ । ਵਿਸ਼ਨੂੰ ਤੇਰਾ ਰੰਗ ਚੜ੍ਹੌਣਾ, ਰੰਗ ਰੰਗੀਲਾ ਆਪਣੀ ਦਇਆ ਕਮਾਇੰਦਾ । ਭਗਵਨ ਢੋਲਾ ਸਭ ਨੇ ਗੌਣਾ, ਜੈ ਜੈਕਾਰ ਆਪ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਪੁਰਖ ਅਕਾਲ ਦੀਨ ਦਿਆਲ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਇਸ਼ਟ ਨਜ਼ਰੀ ਔਣਾ, ਦੂਸਰ ਅਵਰ ਨਾ ਕੋਇ ਰਖਾਇੰਦਾ । ਮੰਦਰ ਮਸਜਦ ਸ਼ਿਵਦਵਾਲ ਮੱਠ ਗੁਰਦੁਆਰ ਆਪਣਾ ਨੂਰ ਟਿਕੌਣਾ, ਨੂਰੋ ਨੂਰ ਨੂਰ ਪਰਗਟਾਇੰਦਾ । ਤੀਰਥ ਤਟ ਅਠਸਠ ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣਾ ਚਰਨ ਛੁਹੌਣਾ, ਚਰਨ ਦੁਵਾਰੇ ਖਿਚ ਬਹਾਇੰਦਾ । ਰਵ ਸਸ ਮੁਖ ਸ਼ਰਮਾਉਣਾ, ਕਲਜੁਗ ਅੰਤਮ ਅੰਧ ਅੰਧੇਰ ਨਾ ਕੋਇ ਮਿਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੋ ਜਹਾਨਾਂ ਫੇਰਾ ਪੌਣਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਧਰਾਇੰਦਾ । ਨਿਰਗੁਣ ਸਰਗੁਣ ਖੇਲ ਕਰਤਾਰ, ਹਰਿ ਕਰਤਾ ਆਪ ਕਰਾਈਆ । ਸਰਗੁਣ ਰੂਪ ਅਗੰਮ ਅਪਾਰ, ਪੰਚਮ ਜੇਠ ਦਏ ਵਡਿਆਈਆ । ਛੱਬੀ ਪੋਹ ਹੋ ਤਿਆਰ, ਸਚਖੰਡ ਵਸਿਆ ਸੱਚਾ ਮਾਹੀਆ । ਜੋਤੀ ਜੋਤ ਦੇ ਅਧਾਰ, ਸ਼ਬਦੀ ਮੇਲਾ ਗੋਬਿੰਦ ਮਾਹੀਆ । ਜਗਤ ਵਿਚੋਲਾ ਬਣ ਨਿਰੰਕਾਰ, ਸਾਢੇ ਤਿੰਨ ਹੱਥ ਬੰਕ ਵਡਿਆਈਆ । ਨੌਂ ਖੰਡ ਪ੍ਰਿਥਮੀ ਕਲਜੁਗ ਅੰਤਮ ਕਰੇ ਖੁਆਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਹੁਕਮੀ ਹੁਕਮ ਹੁਕਮ ਵਰਤਾਰ, ਧੁਰ ਫ਼ਰਮਾਣਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਏਕਾ ਆਸਣ ਲਾਈਆ । ਏਕਾ ਆਸਣ ਗਿਆ ਲੱਗ, ਹਰਿ ਜੂ ਹਰਿ ਹਰਿ ਖੇਲ ਕਰਾਇੰਦਾ । ਪਰਗਟ ਹੋ ਸੂਰਾ ਸਰਬੱਗ, ਰੂਪ ਅਨੂਪ ਵਟਾਇੰਦਾ । ਸੰਤ ਸੁਹੇਲੇ ਫੜੇ ਜੱਗ, ਜਾਗਰਤ ਜੋਤ ਇਕ ਜਗਾਇੰਦਾ । ਸੰਤ ਮਨੀ ਸਿੰਘ ਅੰਦਰ ਨਾਦ ਨਗਾਰਾ ਗਿਆ ਵੱਜ, ਸੋ ਪੁਰਖ ਨਿਰੰਜਣ ਆਪ ਵਜਾਇੰਦਾ । ਭਗਤ ਭਗਵੰਤ ਲਏ ਸਦ, ਜੁਗ ਜੁਗ ਦਾ ਪੰਧ ਮੁਕਾਇੰਦਾ । ਗੁਰਮੁਖਾਂ ਕਰੇ ਪਾਰ ਹੱਦ,

ਅਧਵਿਚਕਾਰ ਨਾ ਕੋਇ ਅਟਕਾਇੰਦਾ । ਗੁਰਸਿਖ ਸੱਜਣ ਬਣਾਏ ਸਾਚੀ ਯੱਦ, ਬੰਸ ਸਰਬੰਸ ਆਪ ਵਡਿਆਇੰਦਾ । ਨਾਮ ਨਿਧਾਨਾ ਅੰਮ੍ਰਿਤ ਪਿਆਏ ਸਾਚੀ ਮਦਿ, ਮਧੁਰ ਰਸ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤੱਤ ਚੋਲਾ ਰੱਖਿਆ ਪੜਦਾ ਉਹਲਾ ਆਪਣਾ ਭੇਵ ਨਾ ਕਿਸੇ ਜਣਾਇੰਦਾ । ਪੰਜ ਤੱਤ ਅੰਦਰ ਉਹਲਾ ਰੱਖ, ਆਪਣਾ ਆਪ ਗਿਆ ਛੁਪਾਈਆ । ਨਿਰਗੁਣ ਰੂਪ ਹੋ ਪਰਤੱਖ, ਕਰੇ ਖੇਲ ਬੇਪਰਵਾਹੀਆ । ਘਨਕਪੁਰ ਵਾਸੀ ਬੋਲ ਅਲੱਖ, ਇਕ ਜੈਕਾਰਾ ਦਏ ਲਗਾਈਆ । ਸੰਤ ਮਨੀ ਸਿੰਘ ਮਾਰਗ ਦੱਸ, ਆਪਣਾ ਭੇਵ ਗਿਆ ਸਮਝਾਈਆ । ਨਿਰਗੁਣ ਨੂਰ ਕਰੇ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਜਨ ਭਗਤਾਂ ਵਸੇ ਸਦਾ ਪਾਸ, ਵਿਛੜ ਕਦੇ ਨਾ ਜਾਈਆ । ਵਿਸ਼ਨੂੰ ਹੋਣਾ ਨਾ ਅੰਤ ਉਦਾਸ, ਪ੍ਰਭ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਗਤ ਸਿੰਘਾਸਣ ਪੁਰਖ ਅਬਿਨਾਸ਼ਨ ਆਪਣਾ ਆਪ ਹੰਢਾਈਆ । ਜਗਤ ਸਿੰਘਾਸਣ ਜਗਤ ਰੀਤ, ਨੀਤੀਵਾਨ ਖੇਲ ਕਰਾਇੰਦਾ । ਨਿਰਗੁਣ ਸਰਗੁਣ ਕਰੇ ਪ੍ਰੀਤ, ਸਾਚੀ ਪ੍ਰੀਤ ਆਪ ਨਿਭਾਇੰਦਾ । ਵਸਣਹਾਰਾ ਧਾਮ ਅਨਡੀਠ, ਲੋਕਮਾਤ ਫੇਰਾ ਪਾਇੰਦਾ । ਚਾਰ ਜੁਗ ਚਾਰ ਵਰਨ ਚਾਰ ਕੁੰਟ ਜਿਸ ਦੇ ਗੌਂਦੇ ਰਹੇ ਗੀਤ, ਸੋ ਗੋਬਿੰਦ ਵੇਸ ਵਟਾਇੰਦਾ । ਕਿਸੇ ਹੱਥ ਨਾ ਆਏ ਮੰਦਰ ਮਸੀਤ, ਸ਼ਿਵਦਵਾਲੇ ਮੱਠ ਬੰਦ ਨਾ ਕੋਇ ਕਰਾਇੰਦਾ । ਆਦਿ ਜੁਗਾਦਿ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਸਦੀ ਚੌਧਵੀਂ ਰਹੀ ਬੀਤ, ਚੌਦਾਂ ਤਬਕਾਂ ਭੇਵ ਚੁਕਾਇੰਦਾ । ਚੌਦਾਂ ਲੋਕਾਂ ਇਕ ਹਦੀਸ, ਸਚ ਸੰਦੇਸਾ ਇਕ ਸੁਣਾਇੰਦਾ । ਜੂਠ ਝੂਠ ਕੂੜ ਕੁੜਿਆਰੀ ਜੀਵ ਜੰਤ ਚੱਕੀ ਰਿਹਾ ਪੀਸ, ਕਲਜੁਗ ਹੱਥਾ ਆਪਣੇ ਹੱਥ ਰਖਾਇੰਦਾ । ਪੁਰਖ ਅਬਿਨਾਸ਼ੀ ਲੇਖਾ ਜਾਣੇ ਏਕਾ ਨਾਇਆ ਉਨੀਸ, ਦੂਆ ਸਿਫ਼ਰਾ ਬੀਸਾ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਏਕਾ ਗੁਣ ਸਮਝਾਇੰਦਾ । ਵਿਸ਼ਨੂੰ ਏਕਾ ਗੁਣ ਜਾਣ, ਜਾਨਣਹਾਰਾ ਆਪ ਜਣਾਈਆ । ਕਲਜੁਗ ਅੰਤਮ ਖੇਲ ਕਰੇ ਮਹਾਨ, ਭੇਵ ਕੋਇ ਨਾ ਪਾਈਆ । ਸਚਖੰਡ ਦਾ ਸਚ ਨਿਸ਼ਾਨ, ਲੋਕਮਾਤ ਦਏ ਝੁਲਾਈਆ । ਚਾਰ ਜੁਗ ਦੇ ਕਰ ਪਰਵਾਨ, ਭਗਤ ਭਗਵੰਤ ਲਏ ਮਿਲਾਈਆ । ਏਕਾ ਦੇਵੇ ਧੁਰ ਫ਼ਰਮਾਣ, ਧੁਰ ਦੀ ਬਾਣੀ ਆਪ ਸੁਣਾਈਆ । ਏਕਾ ਮੰਦਰ ਇਕ ਮਕਾਨ, ਏਕਾ ਗ੍ਰਿਹਿ ਦਏ ਵਡਿਆਈਆ । ਏਕਾ ਨਾਦ ਏਕਾ ਧੁੰਨਕਾਨ, ਏਕਾ ਰਾਗ ਦਏ ਸੁਣਾਈਆ । ਏਕਾ ਹੁਕਮ ਇਕ ਫ਼ਰਮਾਣ, ਧੁਰ ਫ਼ਰਮਾਣਾ ਇਕ ਪਰਗਟਾਈਆ । ਏਕਾ ਵਿਸ਼ਨੂੰ ਇਕ ਭਗਵਾਨ, ਏਕਾ ਆਪਣਾ ਬੰਧਨ ਪਾਈਆ । ਏਕਾ ਹੋਏ ਨਿਗਹਬਾਨ, ਮਿਹਰ ਨਜ਼ਰ ਇਕ ਉਠਾਈਆ । ਏਕਾ ਲੇਖਾ ਚੁਕਾਏ ਆਣ, ਬਾਕੀ ਕੋਇ ਰਹਿਣ ਨਾ ਪਾਈਆ । ਏਕਾ ਸਾਚੇ ਸੰਤਾਂ ਲਏ ਪਛਾਣ, ਲੱਖ ਚੁਰਾਸੀ ਫੋਲ ਫੋਲਾਈਆ । ਕਲਜੁਗ ਅੰਤਮ ਹੋ ਪਰਧਾਨ, ਸਚ ਪਰਧਾਨਗੀ ਸ਼ਬਦ ਗੁਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਖੇਲ ਕਰਨਾ, ਕਰਤਾ ਪੁਰਖ ਕਾਰ ਕਮਾਇੰਦਾ । ਜ਼ਾਤ ਪਾਤ ਊਚ ਨੀਚ ਗੜ੍ਹ ਤੋੜੇ ਵਰਨਾ ਬਰਨਾ, ਆਤਮ ਬ੍ਰਹਮ ਸਰਬ ਜਣਾਈਆ । ਦੋ ਜਹਾਨ ਸ੍ਰੀ ਭਗਵਾਨ ਨੌਂ ਖੰਡ ਪ੍ਰਿਥਮੀ ਰਖਾਏ ਏਕਾ ਸਰਨਾ, ਇਸ਼ਟ ਦੇਵ ਇਕ ਜਣਾਈਆ । ਰਸਨਾ ਜਿਹਵਾ ਆਤਮ ਪਰਮਾਤਮ ਅੱਖਰ ਏਕਾ ਪੜ੍ਹਨਾ, ਸੋਹੰ ਢੋਲਾ ਸਾਚਾ ਗਾਈਆ । ਜੀਵ ਜੰਤ ਸਾਧ ਸੰਤ ਕਲਜੁਗ ਅੰਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈ ਜੈਕਾਰ ਸਭ ਨੇ

੯੮੮
੧੧

ਕਰਨਾ, ਬਚਿਆ ਕੋਇ ਰਹਿਣ ਨਾ ਪਾਈਆ । ਨਿਰਗੁਣ ਰੂਪ ਸਰਗੁਣ ਅੰਦਰ ਆਪੇ ਵੜਨਾ, ਸੁਰਤੀ ਸ਼ਬਦ ਮੇਲ ਮਿਲਾਈਆ । ਸਾਚੇ ਪੌੜੇ ਆਪੇ ਚੜ੍ਹਨਾ, ਚੜ੍ਹ ਚੜ੍ਹ ਆਪਣੇ ਮਹੱਲ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਸੋਹਲਾ ਇਕ ਸੁਣਾਈਆ । ਸਾਚਾ ਸੋਹਲਾ ਸੁਣਾਏ ਗੀਤ, ਭੇਵ ਅਭੇਦ ਖੁਲ੍ਹਾਇੰਦਾ । ਸਤਿਜੁਗ ਸਾਚੀ ਚਲੇ ਰੀਤ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਨਜ਼ਰੀ ਆਏ ਪੁਰਖ ਅਕਾਲ ਇਕ ਅਤੀਤ, ਤ੍ਰੈਭਵਣ ਧਨੀ ਵੇਸ ਵਟਾਇੰਦਾ । ਲੱਖ ਚੁਰਾਸੀ ਲਏ ਜੀਤ, ਸਿੰਘ ਸ਼ੇਰ ਬਲ ਵਖਾਇੰਦਾ । ਸਿੰਘ ਸ਼ੇਰ ਹੋਇਆ ਅਨਡੀਠ, ਨਜ਼ਰ ਕਿਸੇ ਨਾ ਆਇੰਦਾ । ਲੇਖਾ ਜਾਣੇ ਹਸਤ ਕੀਟ, ਘਟ ਘਟ ਆਪਣੀ ਜੋਤ ਜਗਾਇੰਦਾ । ਗੁਰਮੁਖਾਂ ਕਰੇ ਸਚ ਪ੍ਰੀਤ, ਗ਼ਰੀਬ ਨਿਮਾਣੇ ਕਮਲੇ ਕੋੜ੍ਹੇ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨੂੰ ਲੇਖਾ ਆਪ ਚੁਕਾਇੰਦਾ । ਵਿਸ਼ਨੂੰ ਲੇਖਾ ਜਾਣਾ ਚੁਕ, ਅੰਤ ਰਹਿਣ ਨਾ ਪਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਗੁਰਸਿਖ ਗੋਦੀ ਲਏ ਚੁੱਕ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਨੌਂ ਖੰਡ ਪ੍ਰਿਥਮੀ ਸਿੰਘ ਸ਼ੇਰ ਪਏ ਬੁੱਕ, ਏਕਾ ਭਬਕ ਲਗਾਈਆ । ਰਾਜ ਰਾਜਾਨ ਨਾ ਸਕੇ ਕੋਈ ਲੁਕ, ਲੁਕਿਆ ਪੜਦਾ ਦਏ ਉਠਾਈਆ । ਕੂੜੀ ਕਿਰਿਆ ਲੋਕਮਾਤ ਵਿਚੋਂ ਕੱਢੇ ਕੁੱਟ, ਜੂਠ ਝੂਠ ਦਏ ਖਪਾਈਆ । ਕਲਜੁਗ ਜੜ੍ਹ ਦੇਵੇ ਪੁੱਟ, ਸਤਿਜੁਗ ਬੂਟਾ ਆਪੇ ਲਾਈਆ । ਸੰਤ ਮਨੀ ਸਿੰਘ ਸੁਹਾਏ ਤੇਰੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਲੇਖਾ ਜਾਣੇ ਅਬਿਨਾਸ਼ੀ ਅਚੁੱਤ, ਭੇਵ ਕੋਇ ਨਾ ਰਾਈਆ । ਹਰਿ ਸੰਗਤ ਬਣਾਏ ਆਪਣੇ ਸੁਤ, ਨਾਰੀ ਕੰਤ ਨਾ ਕੋਇ ਵਖਾਈਆ । ਚੇਤ ਬਸੰਤੀ ਰਹੇ ਰੁੱਤ, ਫੁਲ ਫੁਲਵਾੜੀ ਆਪ ਮਹਿਕਾਈਆ । ਗੁਰਸਿਖ ਲੋਕਮਾਤ ਵਿਚੋਂ ਆਪੇ ਚੁੱਕ, ਸਚਖੰਡ ਦੁਆਰੇ ਦਏ ਬਹਾਈਆ । ਧਰੂ ਨਿਉਂ ਨਿਉਂ ਰਿਹਾ ਪੁੱਛ, ਪ੍ਰਭ ਮੇਰੀ ਚਲੀ ਅੰਤ ਨਾ ਕੋਇ ਚਤੁਰਾਈਆ । ਮੈਂ ਤੇਰੇ ਚਰਨਾਂ ਬਹਾਂ ਝੁਕ, ਏਕਾ ਮੰਗ ਮੰਗਾਈਆ । ਮੇਰੇ ਧਾਮ ਆਇਆ ਤੇਰਾ ਸੱਚਾ ਸੁਤ, ਸਿੰਘ ਸਵਰਨ ਮਿਲੀ ਵਡਿਆਈਆ । ਬ੍ਰਹਮਾ ਨੇਤਰ ਰੋ ਰੋ ਪਿਆ ਉਠ, ਉਚੀ ਕੂਕ ਦਏ ਦੁਹਾਈਆ । ਮੇਰਾ ਬ੍ਰਹਮ ਬੂਟਾ ਰਿਹਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਮੇਰਾ ਪੈਂਡਾ ਗਿਆ ਮੁੱਕ, ਤੇਰੇ ਗੁਰਮੁਖ ਮਿਲੀ ਵਡਿਆਈਆ । ਸਿੰਘ ਪਾਲ ਗਿਆ ਢੁਕ, ਮੇਰਾ ਲੇਖਾ ਗਿਆ ਚੁਕਾਈਆ । ਤੇਰੇ ਚਰਨਾਂ ਹੇਠਾਂ ਬਹਾਂ ਲੁਕ, ਉਪਰ ਤੇਰਾ ਪੜਦਾ ਪਾਈਆ । ਸ਼ੰਕਰ ਰੋਵੇ ਮਾਰੇ ਧਾਂਹ, ਨੇਤਰ ਨੈਣਾਂ ਨੀਰ ਵਹਾਇੰਦਾ । ਕਲਜੁਗ ਅੰਤਮ ਗਿਆ ਆ, ਜੁਗ ਚੌਕੜੀ ਪੰਧ ਮੁਕਾਇੰਦਾ । ਪੁਰਖ ਅਬਿਨਾਸ਼ੀ ਬੇਪਰਵਾਹ, ਆਪਣਾ ਖੇਲ ਕਰਾਇੰਦਾ । ਲੋਕਮਾਤ ਜਾਮਾ ਪਾ, ਸਿੰਘ ਸ਼ੇਰ ਨਾਉਂ ਧਰਾਇੰਦਾ । ਨੌਂ ਖੰਡ ਪ੍ਰਿਥਮੀ ਜੰਗਲ ਜੂਹ ਵੇਖਿਆ ਥਾਂ ਥਾਂ, ਸੱਤ ਦੀਪ ਚਰਨਾਂ ਹੇਠ ਦਬਾਇੰਦਾ । ਗੁਰਮੁਖ ਸੂਰਾ ਲਿਆ ਉਠਾ, ਸਿਰ ਆਪਣਾ ਹੱਥ ਟਿਕਾਇੰਦਾ । ਮੇਰਾ ਵੇਲਾ ਲਿਆ ਚੁਕਾ, ਵੇਲਾ ਗਿਆ ਹੱਥ ਨਾ ਆਇੰਦਾ । ਹੱਥੋਂ ਤ੍ਰਿਸੂਲ ਰਿਹਾ ਸੁਟਾ, ਬਾਸ਼ਕ ਤਸ਼ਕਾ ਗਲੋਂ ਲਾਹਿੰਦਾ । ਮੈਂ ਚਲਾ ਤੇਰੀ ਰਜਾ, ਜਿਉਂ ਭਾਵੇਂ ਤਿਉਂ ਚਲਾਇੰਦਾ । ਤੇਰਾ ਗੁਰਮੁਖ ਮੇਰੇ ਆਸਣ ਬੈਠਾ ਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸੁਰਪਤ ਰੋਵੇ ਕਰੇ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਕਰੋੜ ਤੇਤੀਸਾ ਨਾ ਕੋਇ ਅਧਾਰ, ਬੈਠਾ ਮੁਖ ਛੁਪਾਈਆ । ਸਚ ਸੰਦੇਸਾ ਆਇਆ ਏਕਾ ਵਾਰ, ਏਕਾ ਹੁਕਮ ਜਣਾਈਆ । ਬੀਸ ਦਸ ਖੇਲ ਅਪਾਰ, ਸੋਲਾਂ ਸੋਲਾਂ ਵੰਡ ਵੰਡਾਈਆ । ਇਕ ਉਨੀਸਾਂ ਕਰ

ਤਿਆਰ, ਠਾਂਡਾ ਸੀਤਾ ਲਏ ਉਠਾਈਆ । ਮਨਜੀਤਾ ਆਏ ਚਲ ਦੁਆਰ, ਮੇਰਾ ਲਹਿਣਾ ਦਏ ਮੁਕਾਈਆ । ਮੰਗਾਂ ਭਿਖ ਬਣ ਦੁਆਰ, ਖਾਲੀ ਝੋਲੀ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਮਿਲੇ ਸਰਨ ਸਰਨਾਈਆ । ਮਿਲੇ ਸਰਨਾਈ ਸਰਨਗਤ, ਇਕੋ ਓਟ ਤਕਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਰੱਤ, ਤੇਰੇ ਵਿਚ ਸਮਾਈਆ । ਗੁਰਮੁਖ ਤੇਰਾ ਨੂਰ ਹੋਏ ਉਤਪਤ, ਦੋ ਜਹਾਨ ਕਰਨ ਰੁਸ਼ਨਾਈਆ । ਬਲ ਬਾਵਨ ਸੱਥਰ ਬੈਠਾ ਘੱਤ, ਏਕਾ ਸੇਜ ਵਿਛਾਈਆ । ਤੂੰ ਸਾਹਿਬ ਪੁਰਖ ਸਮਰਥ, ਲਹਿਣਾ ਦੇਣਾ ਰਿਹਾ ਚੁਕਾਈਆ । ਮੇਰਾ ਲਹਿਣਾ ਚੁਕੌਣਾ ਹੱਥੋ ਹੱਥ, ਦੂਆ ਅੱਧ ਵੰਡ ਵੰਡਾਈਆ । ਤਿੰਨ ਯੁਗ ਸੱਥਰ ਰਿਹਾ ਘਤ, ਤੇਰੇ ਚਰਨਾਂ ਹੇਠ ਸੀਸ ਟਿਕਾਈਆ । ਕਲਜੁਗ ਅੰਤਮ ਏਕਾ ਵਸਤ ਝੋਲੀ ਘੱਤ, ਰਾਜਨ ਰਾਜ ਮੰਗ ਮੰਗਾਈਆ । ਆਪਣਿਆਂ ਭਗਤਾਂ ਰੱਖ ਪਤ, ਲੋਕਮਾਤ ਦੇ ਵਡਿਆਈਆ । ਤੇਰੇ ਦੁਆਰੇ ਜਾਣ ਵਸ, ਭਗਤ ਦੁਆਰਾ ਇਕ ਬਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣੇ ਦਰ ਲੈਣਾ ਸੱਦ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਸੱਚੋ ਸਚ ਕਹਿਣਾ ਵੀਹ ਸੌ ਵੀਹ ਬਿਕ੍ਰਮੀ ਚੁੱਕੇ ਹੱਦ, ਅੱਗੇ ਲੇਖਾ ਕੋਇ ਰਹਿਣ ਨਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਭਗਤਾਂ ਦੇਵੇ ਜੀਆਂ ਦਾਨ, ਸਾਚੇ ਸੰਤਾਂ ਜੋਤੀ ਨੂਰ ਨੂਰ ਮਹਾਨ, ਗੁਰਮੁਖ ਦਰ ਦੁਆਰੇ ਮੇਲੇ ਆਣ, ਸਾਚੇ ਸਿਖਾਂ ਦੇਵੇ ਇਕ ਨਿਸ਼ਾਨ, ਸਚ ਨਿਸ਼ਾਨਾ ਸ੍ਰੀ ਭਗਵਾਨਾ ਵਾਲੀ ਦੋ ਜਹਾਨਾਂ ਏਕਾ ਏਕ ਵਖਾਈਆ । ਸਚ ਨਿਸ਼ਾਨਾ ਸੋਹੰ ਢੋਲਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਆਪ ਚੁਕਾਏ ਪੜਦਾ ਓਹਲਾ, ਦੂਈ ਦਵੈਤ ਨਾ ਕੋਇ ਰਖਾਇੰਦਾ । ਚਾਰ ਵਰਨਾਂ ਊਚਾਂ ਨੀਚਾਂ ਰਾਓ ਰੰਕਾਂ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੁਆਰਾ ਏਕਾ ਖੋਲ੍ਹਾ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਨਿਰਗੁਣ ਨਿਰਾਕਾਰ ਸਰਗੁਣ ਬਣਿਆ ਤੇਰਾ ਤੋਲਾ, ਨਾਮ ਕੰਡਾ ਹੱਥ ਉਠਾਇੰਦਾ । ਸ਼ਬਦੀ ਹੋ ਕੇ ਬਣਿਆ ਵਿਚੋਲਾ, ਪੰਜ ਤੱਤ ਨਜ਼ਰ ਕਿਸੇ ਨਾ ਆਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੱਚਾ ਬੋਲਾ, ਸਤਿ ਸਤਿਵਾਦੀ ਆਪ ਸੁਣਾਇੰਦਾ । ਸਤਿਗੁਰ ਪਰਸਾਦਿ ਸਤਿ ਵਸਤ, ਸਤਿ ਸਤਿਵਾਦੀ ਹਰਿ ਵਰਤਾਇੰਦਾ । ਗੁਰਮੁਖਾਂ ਰੱਖੇ ਸਦਾ ਮਸਤ, ਨਾਮ ਮਸਤੀ ਇਕ ਚੜ੍ਹਾਇੰਦਾ । ਏਕਾ ਰੰਗ ਰੰਗਾਏ ਕੀਟ ਹਸਤ, ਹਸਤ ਕੀਟ ਵਿਚ ਆਪ ਸਮਾਇੰਦਾ । ਖੋਲ੍ਹਣਹਾਰਾ ਹਰਿ ਜੂ ਦ੍ਰਿਸ਼ਟ, ਆਪਣੀ ਦ੍ਰਿਸ਼ਟੀ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪਰਸਾਦਿ ਆਪ ਬਣਾਇੰਦਾ । ਸਤਿ ਪਰਸਾਦਿ ਸਚ ਸਿੰਘਾਸਣ, ਸਤਿ ਪੁਰਖ ਨਿਰੰਜਣ ਆਪ ਬਣਾਈਆ । ਲਹਿਣਾ ਦੇਣਾ ਚੁੱਕੇ ਪ੍ਰਿਥਮੀ ਅਕਾਸ਼ਨ, ਜੋ ਜਨ ਰਸਨਾ ਰਸ ਰਸ ਖਾਈਆ । ਲੱਖ ਚੁਰਾਸੀ ਕੱਟੇ ਫਾਸਨ, ਰਾਏ ਧਰਮ ਨਾ ਦਏ ਸਜਾਈਆ । ਜਨਮ ਜਨਮ ਦੀ ਪੂਰੀ ਕਰੇ ਆਸਨ, ਨਿਰਾਸਾ ਗੁਰਸਿਖ ਕੋਇ ਰਹਿਣ ਨਾ ਪਾਈਆ । ਲੇਖਾ ਜਾਣੇ ਪਵਣ ਸੁਵਾਸਣ, ਰਸਨਾ ਜਿਹਵਾ ਵੇਖ ਵਖਾਈਆ । ਜਨ ਭਗਤਾਂ ਹੋਵੇ ਦਾਸੀ ਦਾਸਨ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪਰਸਾਦਿ ਇਕ ਬਣਾਈਆ । ਸਤਿ ਪਰਸਾਦਿ ਹਰਿ ਕਾ ਰਸ, ਗੁਰ ਸਤਿਗੁਰ ਆਪ ਬਣਾਇੰਦਾ । ਜਨ ਭਗਤਾਂ ਅੰਤਰ ਜਾਏ ਵਸ, ਵਸ ਕਿਸੇ ਨਾ ਆਇੰਦਾ । ਗੁਰਸਿਖ ਤੇਰਾ ਗਾਏ ਜਸ, ਜਸ ਵੇਦ ਪੁਰਾਨ ਨਾ ਕੋਇ ਅਲਾਇੰਦਾ । ਸਾਚਾ ਮਾਰਗ ਇਕੋ ਦੱਸ, ਲੱਖ ਚੁਰਾਸੀ ਰਾਹ ਵਖਾਇੰਦਾ । ਪੰਧ ਮੁਕਾਇਆ ਨੱਸ ਨੱਸ, ਜੁਗ ਚੌਕੜੀ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪਰਸਾਦਿ ਆਪ ਵਰਤਾਇੰਦਾ ।


੯੯੦ ੧੧

ਸਤਿ ਪਰਸਾਦਿ ਸਤਿ ਸਤਿ ਭੋਗ, ਸਤਿ ਸਤਿਵਾਦੀ ਆਪ ਲਗਾਈਆ । ਨਿਰਗੁਣ ਸਰਗੁਣ ਹੋਇਆ ਸੰਜੋਗ, ਮਹਾਰਾਜ ਸ਼ੇਰ ਸਿੰਘ ਕਰੇ ਕੁੜਮਾਈਆ । ਨਾਤਾ ਤੁਟਾ ਲੋਕ ਪਰਲੋਕ, ਅਵਣ ਗਵਣ ਨਾ ਕੋਈ ਫਿਰਾਈਆ । ਸਚਖੰਡ ਗੌਣਾ ਇਕ ਸਲੋਕ, ਸਾਚਾ ਸੋਹਲਾ ਸੱਚੇ ਮਾਹੀਆ । ਅਧਵਿਚਕਾਰ ਨਾ ਸਕੇ ਕੋਈ ਰੋਕ, ਵਿਸ਼ਨ ਬ੍ਰਹਮਾ ਸ਼ਿਵ ਰਾਏ ਧਰਮ ਗੁਰਸਿਖ ਨਿਉਂ ਨਿਉਂ ਸੀਸ ਝੁਕਾਈਆ । ਪੁਰਖ ਅਕਾਲ ਦੀਨ ਦਿਆਲ ਅਗੰਮ ਅਥਾਹ ਏਕਾ ਓਟ, ਏਕਾ ਮਿਲੇ ਸਚ ਸਰਨਾਈਆ । ਸ਼ਬਦ ਮਿਲਾਵਾ ਨਿਰਮਲ ਜੋਤ, ਜੋਤੀ ਜੋਤ ਆਪ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪਰਸਾਦਿ ਜਿਸ ਖੁਵਾਈਆ । ਸਤਿ ਪਰਸਾਦਿ ਸਤਿ ਸਵਾਦ, ਰਸਨਾ ਜਿਹਵਾ ਨਾ ਗੁਣ ਜਣਾਇੰਦਾ । ਜਨ ਭਗਤਾਂ ਦੇਵੇ ਆਦਿ ਜੁਗਾਦਿ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਲੱਖ ਚੁਰਾਸੀ ਵਿਚੋਂ ਕਾਢ, ਸੰਤ ਸੁਹੇਲੇ ਮੇਲ ਮਿਲਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਗੁਰਮੁਖ ਆਪਣੀ ਗੋਦ ਬਹਾਇੰਦਾ । ਗੁਰ ਚੇਲੇ ਲਡਾਏ ਲਾਡ, ਗੁਰਸਿਖ ਆਪਣਾ ਭੇਵ ਖੁਲ੍ਹਾਇੰਦਾ । ਸਦਾ ਸੁਹੇਲਾ ਹਰਿਜਨ ਵਿਚ ਰਿਹਾ ਆਦਿ ਜੁਗਾਦਿ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪਰਸਾਦਿ ਜਿਸ ਅੰਤਰ ਆਪ ਟਿਕਾਇੰਦਾ । ਸਤਿ ਪਰਸਾਦਿ ਅੰਤਰ ਰੱਖੇ ਆਪ, ਆਪਣੀ ਦਇਆ ਕਮਾਈਆ । ਜਨਮ ਜਨਮ ਦਾ ਕੱਟੇ ਪਾਪ, ਦੁਰਮਤ ਮੈਲ ਧੋਵੇ ਸ਼ਾਹੀਆ । ਇਕ ਜਣਾਏ ਪੂਜਾ ਪਾਠ, ਸੋਹੰ ਅੱਖਰ ਕਰੇ ਪੜ੍ਹਾਈਆ । ਬਜਰ ਕਪਾਟੀ ਜਾਏ ਪਾਟ, ਦਵੈਤੀ ਪੜਦਾ ਰਹੇ ਨਾ ਰਾਈਆ । ਇਕ ਵਖਾਏ ਸਾਚਾ ਹਾਟ, ਸਤਿਗੁਰ ਪੂਰਾ ਆਪ ਖੁਲ੍ਹਾਈਆ । ਗੁਰਮੁਖ ਤੇਰੀ ਅੰਤਮ ਕੱਟੇ ਵਾਟ, ਪਾਂਧੀ ਬਣ ਬਣ ਨਾ ਫੇਰਾ ਪਾਈਆ । ਗੁਰ ਕਾ ਰਸ ਲੈਣਾ ਚਾਟ, ਰਸਕ ਰਸਕ ਏਕਾ ਮੁਖ ਸਲਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਲਾਏ ਆਪਣੇ ਘਾਟ, ਬਣ ਖੇਵਟ ਖੇਟਾ ਜਗਤ ਮਲਾਹ ਬੇਪਰਵਾਹ ਪਾਰ ਕਿਨਾਰਾ ਇਕ ਰਖਾਈਆ ।



## ★ ੧੬ ਚੇਤ ੨੦੧੫ ਬਿਕ੍ਰਮੀ ਸ਼ਿੰਗਾਰਾ ਸਿੰਘ ਦੇ ਗ੍ਰਿਹ ਕਲਸੀਆਂ ਜ਼ਿਲਾ ਅੰਮ੍ਰਿਤਸਰ ★

ਸਤਿਗੁਰ ਨਿਸ਼ਾਨਾ ਗੁਰਸਿਖ, ਸਤਿ ਸਤਿਵਾਦੀ ਆਪ ਝੁਲਾਇੰਦਾ । ਵਸਤ ਅਮੋਲਕ ਨਾਮ ਭਿਖ, ਹਰਿ ਭਿਖਕ ਝੋਲੀ ਆਪ ਭਰਾਇੰਦਾ । ਏਥੇ ਉਥੇ ਦੋ ਜਹਾਨਾਂ ਲੇਖਾ ਲਿਖ, ਲਿਖ ਲਿਖ ਆਪੇ ਵੇਖ ਵਖਾਇੰਦਾ । ਲੱਖ ਚੁਰਾਸੀ ਨੇਤਰ ਪੇਖ, ਹਰਿਜਨ ਆਪਣੇ ਬਾਹਰ ਕਢਾਇੰਦਾ । ਪੂਰਬ ਲਹਿਣਾ ਮਸਤਕ ਰੇਖ, ਜਗਤ ਰੇਖਾ ਆਪ ਮਿਟਾਇੰਦਾ । ਸ਼ਬਦ ਅਗੰਮੀ ਨਾਮ ਸੰਦੇਸ, ਸਦਾ ਸੁਹੇਲਾ ਆਪ ਸੁਣਾਇੰਦਾ । ਜੁਗ ਚੌਕੜੀ ਅਵੱਲੜਾ ਵੇਸ, ਨਿਰਗੁਣ ਸਰਗੁਣ ਆਪ ਵਟਾਇੰਦਾ । ਸਚਖੰਡ ਨਿਵਾਸੀ ਨਰ ਨਰੇਸ਼, ਹੁਕਮੀ ਹੁਕਮ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਨਿਸ਼ਾਨਾ ਗੁਰਮੁਖ ਇਕ ਵਖਾਇੰਦਾ । ਗੁਰਮੁਖ ਨਿਸ਼ਾਨਾ ਲੋਕਮਾਤ ਤ੍ਰੈਗੁਣ ਅਤੀਤਾ ਆਪ ਝੁਲਾਈਆ । ਸਤਿ ਪੁਰਖ ਨਿਰੰਜਣ ਦੇ ਦੇ ਦਾਤ, ਆਪਣਾ ਨਾਉਂ ਵਡਿਆਈਆ । ਸੇਵਾ ਕਰੇ ਬਣ ਬਣ ਪਿਤਾ ਮਾਤ, ਗੁਰਸਿਖ ਆਪਣੀ ਗੋਦ ਬਹਾਈਆ । ਮੇਟ ਮਿਟਾਏ ਅੰਧੇਰੀ ਰਾਤ, ਅੰਧ ਅੰਧੇਰ ਦਏ ਗਵਾਈਆ । ਚਰਨ ਕਵਲ ਉਪਰ ਧਵਲ ਏਕਾ ਬੰਨ੍ਹੇ ਸਾਚਾ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਸਦਾ

ਸੁਹੇਲਾ ਇਕ ਇਕੇਲਾ ਪੁਰਖ ਅਬਿਨਾਸ਼ੀ ਦੇਵੇ ਸਾਥ, ਆਪਣਾ ਸੰਗ ਨਿਭਾਈਆ । ਸਾਢੇ ਤਿੰਨ ਹੱਥ ਚਲਾਏ ਕਾਇਆ ਰਾਥ, ਬਣ ਰਥਵਾਹੀ ਸੇਵ ਕਮਾਈਆ । ਅੱਠੇ ਪਹਿਰ ਪੂਜਾ ਪਾਠ, ਧਿਆਨ ਧਿਆਨ ਵਿਚ ਰਖਾਈਆ । ਦੁਰਮਤ ਮੈਲ ਆਪੇ ਕਾਟ, ਪੱਤਤ ਪਾਪੀ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦੇਵੇ ਮਾਣ ਵਡਿਆਈਆ । ਗੁਰਸਿਖ ਨਿਸ਼ਾਨਾ ਝੁੱਲੇ ਜਗ, ਸਤਿਗੁਰ ਸੱਚਾ ਆਪ ਝੁਲਾਈਆ । ਸ਼ਾਹ ਪਾਤਸ਼ਾਹ ਸੂਰਾ ਸਰਬੱਗ, ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਸਰਗੁਣ ਖੇਲ ਅਲੱਗ ਅਲੱਗ, ਜਗਤ ਵਿਛੋੜਾ ਆਪਣਾ ਭੇਵ ਨਾ ਕਿਸੇ ਜਣਾਈਆ । ਜਿਸ ਜਨ ਬੁਝਾਏ ਲੱਗੀ ਅੱਗ, ਤਿਸ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦੇਵੇ ਮਾਣ ਵਡਿਆਈਆ । ਗੁਰਸਿਖ ਨਿਸ਼ਾਨਾ ਰਿਹਾ ਝੁੱਲ, ਜੁਗ ਕਰਤਾ ਆਪ ਝੁਲਾਇੰਦਾ । ਦੋ ਜਹਾਨਾਂ ਪਾਏ ਮੁਲ, ਕੀਮਤ ਕਰਤਾ ਆਪ ਚੁਕਾਇੰਦਾ । ਭਾਗ ਲਗਾਏ ਸਾਚੀ ਕੁਲ, ਕੁਲਵੰਤਾ ਖੇਲ ਕਰਾਇੰਦਾ । ਸਤਿ ਸਤਿਵਾਦੀ ਬੂਟਾ ਨਾ ਜਾਏ ਹੁਲ, ਪੱਤ ਡਾਲ੍ਹੀ ਫੁੱਲ ਆਪ ਲਗਾਇੰਦਾ । ਲੋਕਮਾਤ ਨਾ ਜਾਏ ਰੁਲ, ਹਰਿ ਜੂ ਆਪਣੀ ਗੋਦ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਦਰ ਰਖਾਇੰਦਾ । ਗੁਰਸਿਖ ਤੇਰਾ ਸੱਚਾ ਦਰ, ਪੁਰਖ ਅਬਿਨਾਸ਼ੀ ਵੇਖਣ ਆਈਆ । ਜੁਗਾ ਜੁਗੰਤਰ ਵੇਸ ਕਰ, ਲੋਕਮਾਤ ਫੇਰਾ ਪਾਈਆ । ਡੂੰਘੀ ਭਵਰੀ ਅੰਦਰ ਵੜ, ਸਚ ਦੁਆਰੇ ਕੁੰਡਾ ਲਾਹੀਆ । ਨਿਰਭੌ ਭੈ ਰਖਾਏ ਨਾ ਕੋਇ ਡਰ, ਚਿੰਤਾ ਸੋਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੇ ਦਰ ਮੰਗਾਈਆ । ਗੁਰਸਿਖ ਤੇਰਾ ਸਾਚਾ ਦਰ, ਹਰਿ ਮੰਦਰ ਆਪ ਬਣਾਇੰਦਾ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਆਦਿ ਅੰਤ ਲਏ ਫੜ, ਆਪਣਾ ਪੱਲੂ ਹੱਥ ਵਖਾਇੰਦਾ । ਸਾਚੇ ਪੌੜੇ ਜਾਏ ਚੜ੍ਹ, ਰਾਹ ਵਿਚਕਾਰ ਨਾ ਕੋਇ ਅਟਕਾਇੰਦਾ । ਰਸਨਾ ਜਿਹਵਾ ਰਹੀ ਲੜ, ਆਤਮ ਪਰਮਾਤਮ ਬੰਧਨ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਸਿਖ ਆਪਣੇ ਸੰਗ ਰਖਾਇੰਦਾ । ਗੁਰਸਿਖ ਤੇਰਾ ਸੱਚਾ ਸੰਗ, ਏਥੇ ਓਥੇ ਘਟ ਨਾ ਜਾਈਆ । ਤੇਰੀ ਮੇਰੀ ਇਕੋ ਮੰਗ, ਤੂੰ ਮੇਰਾ ਮੈਂ ਤੇਰਾ ਦੂਜਾ ਸਾਕ ਨਾ ਕੋਇ ਬਣਾਈਆ । ਤੇਰਾ ਘਰ ਮੇਰਾ ਅਨੰਦ, ਅਨੰਦ ਤੇਰਾ ਚੰਦ ਸੀਤਲ ਧਾਰ ਵਹਾਈਆ । ਮੇਰਾ ਨਾਉਂ ਤੇਰਾ ਛੰਦ, ਤੇਰਾ ਛੰਦ ਖੇਲ ਸੂਰਾ ਸਰਬੰਗ, ਕਰੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਦੇਵੇ ਮਾਣ ਵਡਿਆਈਆ । ਗੁਰਸਿਖ ਤੇਰਾ ਵੱਡਾ ਮਾਣ, ਹਰਿ ਵੱਡਾ ਵਡ ਵਡਿਆਇੰਦਾ । ਲੱਖ ਚੁਰਾਸੀ ਪੁਣ ਛਾਣ, ਤੇਰੀ ਬਣਤ ਬਣਾਇੰਦਾ । ਤੇਰੀ ਘਾੜਤ ਘੜੀ ਬਣ ਤਰਖਾਣ, ਬਾਢੀ ਆਪਣਾ ਰੂਪ ਵਟਾਇੰਦਾ । ਲੋਕਮਾਤ ਨਾ ਸਕੇ ਕੋਈ ਪਹਿਚਾਨ, ਨਜ਼ਰੀਆ ਨਜ਼ਰ ਕਿਸੇ ਨਾ ਆਇੰਦਾ । ਲੇਖਾ ਜਾਣੇ ਸ੍ਰੀ ਭਗਵਾਨ, ਲੇਖਾ ਆਪਣੇ ਹੱਥ ਰਖਾਇੰਦਾ । ਗੁਰਮੁਖ ਸੱਜਣ ਚਤੁਰ ਸੁਜਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੱਚਾ ਆਪ ਸਾਲਾਹਿੰਦਾ । ਹਰਿਜਨ ਸੱਚਾ ਸਾਲਾਹਣ ਯੋਗ, ਗੁਰਸਿਖ ਤੇਰੇ ਨਾਮ ਵਡਿਆਈਆ । ਬਿਨ ਗੁਰਸਿਖ ਤੇਰੇ ਸਤਿਗੁਰ ਕਿਸੇ ਨਾਲ ਨਾ ਕਰੇ ਸੰਜੋਗ, ਲੋਕਮਾਤ ਨਾ ਹੋਏ ਕੁੜਮਾਈਆ । ਆਤਮ ਸੇਜਾ ਭੋਗੇ ਨਾ ਭੋਗ, ਪਰਮਾਤਮ ਮੇਲ ਨਾ ਕਿਸੇ ਥਾਈਆ । ਗੁਰਸਿਖ ਗੁਰ ਗੁਰ ਇਕ ਦੂਜੇ ਦੀ ਰੱਖਣ ਓਟ, ਬਿਨ ਗੁਰਸਿਖ ਸਤਿਗੁਰ ਕੰਮ ਕਿਸੇ ਨਾ ਆਈਆ ।

ਗੁਰਸਿਖ ਤੇਰਾ ਨੂਰ ਮੇਰੀ ਜੋਤ, ਮੇਰੀ ਜੋਤ ਤੇਰੀ ਰੁਸ਼ਨਾਈਆ । ਗੁਰਸਿਖ ਤੇਰੀ ਕਾਇਆ ਮੇਰਾ ਕੋਟ, ਮੇਰਾ ਕੋਟ ਤੇਰਾ ਗੜ੍ਹ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸੱਚਾ ਇਕ ਬਣਾਈਆ । ਗੁਰਮੁਖ ਸੱਚਾ ਬਣਾਏ ਆਪ, ਦੂਸਰ ਹੋਰ ਨਾ ਕੋਇ ਜਣਾਇੰਦਾ । ਆਪੇ ਜਾਣੇ ਵਡ ਪਰਤਾਪ, ਵਡ ਪਰਤਾਪੀ ਵੇਖ ਵਖਾਇੰਦਾ । ਕੋਟਨ ਕੋਟ ਜਨਮ ਦੇ ਉਤਾਰੇ ਪਾਪ, ਦੁਰਮਤ ਮੈਲ ਆਪ ਧੁਵਾਇੰਦਾ । ਮੇਟਣਹਾਰਾ ਰੋਗ ਸੰਤਾਪ, ਸਾਚੀ ਸਿਖਿਆ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੇ ਰੰਗ ਰੰਗਾਇੰਦਾ । ਗੁਰਸਿਖ ਰੰਗੇ ਆਪਣੇ ਰੰਗ, ਰੰਗਣਹਾਰ ਕਰਤਾਰਾ । ਆਤਮ ਸੇਜਾ ਵੇਖ ਪਲੰਘ, ਕਰੇ ਖੇਲ ਨਿਆਰਾ । ਅਨਹਦ ਸ਼ਬਦ ਧੁੰਨ ਮਰਦੰਗ, ਹਰਿ ਵਜਾਏ ਵਜਾਵਣਹਾਰਾ । ਆਪੇ ਵੇਖੇ ਅੰਦਰ ਲੰਘ, ਆਵਣ ਜਾਵਣ ਕਰੇ ਖੇਲ ਅਪਾਰਾ । ਮਿਹਰਵਾਨ ਮਿਹਰਵਾਨ ਮਿਹਰਵਾਨ ਦੇਵੇ ਇਕ ਅਨੰਦ, ਅਨੰਦ ਮੰਗਲ ਸੁਣਾਏ ਸਾਚੀ ਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖ ਨਿਸ਼ਾਨਾ ਝੁੱਲੇ ਯੁਗ ਚਾਰਾ । ਯੁਗ ਚਾਰ ਝੁੱਲੇ ਨਿਸ਼ਾਨ, ਸਤਿਗੁਰ ਪੂਰਾ ਆਪ ਝੁਲਾਈਆ । ਕਰੇ ਖੇਲ ਸ੍ਰੀ ਭਗਵਾਨ, ਆਪਣੇ ਹੱਥ ਰੱਖੇ ਵਡਿਆਈਆ । ਸਿੰਘ ਸ਼ੇਰ ਸ਼ੇਰ ਨੌਜਵਾਨ, ਬਿਰਧ ਬਾਲ ਰੂਪ ਨਜ਼ਰ ਕੋਇ ਨਾ ਆਈਆ । ਲੇਖਾ ਜਾਣੇ ਜ਼ਿਮੀਂ ਅਸਮਾਨ, ਗਗਨ ਮੰਡਲ ਆਪਣਾ ਹੁਕਮ ਵਰਤਾਈਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖੇ ਮਾਰ ਧਿਆਨ, ਘਰ ਘਰ ਆਪਣਾ ਪੜਦਾ ਲਾਹੀਆ । ਸੱਤ ਦੀਪ ਝੂਠੀ ਦਿਸੇ ਦੁਕਾਨ, ਸਾਚਾ ਹੱਟ ਨਾ ਕੋਇ ਖੁਲ੍ਹਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਦੀਨਨ ਆਪਣੀ ਦਇਆ ਕਮਾਈਆ । ਗੁਰਮੁਖ ਸਾਚੇ ਆਪ ਪਹਿਚਾਨ, ਆਪਣੀ ਬੂਝ ਬੁਝਾਈਆ । ਜਨਮ ਜਨਮ ਦਾ ਲਹਿਣਾ ਦੇਣਾ ਚੁਕਿਆ ਆਣ, ਕਰਮ ਕਰਮਗਤ ਕੋਇ ਰਹਿਣ ਨਾ ਪਾਈਆ । ਧੂੜੀ ਚਰਨ ਕਰਾਇਆ ਸਚ ਇਸ਼ਨਾਨ, ਅਠਸਠ ਤੀਰਥ ਨਾਤਾ ਤੋੜ ਤੁੜਾਈਆ । ਚਰਨ ਛੁਹਾਇਆ ਜਿਸ ਦਰ ਆਣ, ਸੋ ਦਰ ਦੋ ਜਹਾਨ ਸੋਭਾ ਪਾਈਆ । ਦੇਵਤ ਸੁਰ ਰਿਖ ਮੁਨ ਵਿਸ਼ਨ ਬ੍ਰਹਮਾ ਸ਼ਿਵ ਸਰਬ ਜਸ ਗਾਨ, ਜੈ ਜੈਕਾਰ ਸੁਣਾਈਆ । ਧਰੂ ਪ੍ਰਹਿਲਾਦ ਨੇਤਰ ਨੈਣ ਸ਼ਰਮਾਣ, ਦੂਰ ਦੁਰਾਡੇ ਵੇਖਣ ਚਾਈਂ ਚਾਈਂਆ । ਕਰਿਆ ਖੇਲ ਸ੍ਰੀ ਭਗਵਾਨ, ਲੋਕਮਾਤ ਜੋਤ ਜਗਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆ ਦੇਵੇ ਦਾਨ, ਸਾਚਾ ਨਾਮ ਇਕ ਵਰਤਾਈਆ । ਚਾਰ ਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਭਗਤਾਂ ਸੰਤਾਂ ਦੇਦਾਂ ਆਇਆ ਆਪਣਾ ਗਿਆਨ, ਅੱਖਰ ਅੱਖਰ ਕਰ ਪੜ੍ਹਾਈਆ । ਕਲਜੁਗ ਅੰਤਮ ਹੋ ਮਿਹਰਵਾਨ, ਕਿਰਪਾ ਕਰੇ ਵਾਲੀ ਦੋ ਜਹਾਨ, ਗੁਰਸਿਖਾਂ ਏਕਾ ਵਾਰ ਆਪਣੀ ਬੂਝ ਬੁਝਾਈਆ । ਜੋ ਜਨ ਗਾਏ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਮਰਨ ਵਿਚ ਕਦੇ ਨਾ ਆਈਆ । ਸਚਖੰਡ ਵਸੇ ਸਚ ਮਕਾਨ, ਗੁਰਸਿਖ ਸਾਚਾ ਗਿਆ ਸਮਝਾਈਆ । ਸਤਿਗੁਰ ਮੀਤਾ ਠਾਂਡਾ ਸੀਤਾ ਨਿਰਗੁਣ ਦਾਤਾ ਪੁਰਖ ਬਿਧਾਤਾ ਅੱਗੋਂ ਮਿਲੇ ਆਣ, ਆਪ ਆਪਣਾ ਕੁੰਡਾ ਲਾਹੀਆ । ਲੋਕਮਾਤ ਦੇ ਗੁਰਸਿਖ ਪਰਧਾਨ, ਸਚਖੰਡ ਦੁਆਰੇ ਰਿਹਾ ਵਸਾਈਆ । ਸਿੰਘ ਚੇਤ ਚੇਤਨ ਰੂਪ ਕਰ ਪਰਵਾਨ, ਪਿਛਲਾ ਚੇਤਾ ਭੁੱਲ ਕਦੇ ਨਾ ਜਾਈਆ । ਹੱਥ ਵਿਚ ਖੂੰਡਾ ਦੇ ਦੇ ਡਾਂਗ, ਵੇਖਣਹਾਰਾ ਜੀਵ ਸ਼ੈਤਾਨ, ਜਗਤ ਸ਼ਰਅ ਨਾਲ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਆਪਣੇ ਦਰ ਬਹਾਈਆ । ਗੁਰਮੁਖ ਦਰ ਵੜਿਆ ਜਾ, ਜਾ ਜਾ ਖ਼ੁਸ਼ੀ ਮਨਾਇੰਦਾ । ਵਾਹਵਾ ਤੇਰੀ ਮਹਿਮਾ ਬੇਪਰਵਾਹ, ਅੰਤ ਕੋਇ

੯੯੩
੧੧

ਨਾ ਪਾਇੰਦਾ । ਅਸੀਂ ਲੋਕਮਾਤ ਸ਼ਰਮਿੰਦੇ ਹੋ ਹੋ ਤੈਨੂੰ ਕਹਿੰਦੇ ਰਹੇ ਸੱਚੇ ਪਾਤਸ਼ਾਹ, ਨਿਉਂ ਨਿਉਂ ਚਰਨਾਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਵਿਖਾਇਆ ਏਕਾ ਘਰ, ਘਰ ਸਾਚਾ ਇਕ ਵਡਿਆਇੰਦਾ । ਗੁਰਸਿਖ ਕਹੇ ਅੱਗੋਂ ਪੁਕਾਰ, ਸਤਿਗੁਰ ਤੇਰੀ ਵਡ ਵਡਿਆਈਆ । ਤੇਰਾ ਭੇਤ ਨਾ ਪਾਇਆ ਵਿਚ ਸੰਸਾਰ, ਬਣ ਸੰਗੀ ਸੰਗ ਨਿਭਾਈਆ । ਧੰਨ ਭਾਗ ਤੂੰ ਸਾਡੀ ਨਿਮਸਕਾਰ ਕਰੀ ਪਰਵਾਨ, ਅੰਤ ਪਰਵਾਨਾ ਹੱਥ ਫੜਾਈਆ । ਆਪਣੇ ਨਾਲ ਮਿਲਾਇਆ ਆਣ, ਮਿਲ ਮਿਲ ਆਪਣੀ ਖ਼ੁਸ਼ੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲੇਖਾ ਲੇਖੇ ਪਾਈਆ । ਸਤਿਗੁਰ ਪੂਰਾ ਪਿਆ ਹੱਸ, ਹੱਸ ਹੱਸ ਸੁਣਾਇੰਦਾ । ਮੈਂ ਏਥੇ ਓਥੇ ਸਿਖਾਂ ਵਸ, ਮੇਰਾ ਵਸ ਕੋਇ ਨਾ ਜਾਇੰਦਾ । ਪ੍ਰੇਮ ਪਿਆਰ ਅੰਦਰ ਗਿਆ ਫਸ, ਰਾਹ ਖਹਿੜਾ ਨਜ਼ਰ ਕੋਇ ਨਾ ਆਇੰਦਾ । ਨਿਰਗੁਣ ਸਰਗੁਣ ਹੋ ਹੋ ਗਾਵਾਂ ਤੁਹਾਡਾ ਜਸ, ਕਾਗ਼ਜ਼ ਕਲਮ ਸ਼ਾਹੀ ਨਾਲ ਰਲਾਇੰਦਾ । ਜਸ ਗਾ ਗਾ ਕਰਾਂ ਨਾ ਬਸ, ਤੁਹਾਡਾ ਨਿਸ਼ਾਨ ਮਾਤ ਝੁਲਾਇੰਦਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਚਾਰ ਜੁਗ ਦਾ ਮਾਰਗ ਦੱਸ, ਸਾਚਾ ਰਾਹ ਆਪ ਚਲਾਇੰਦਾ । ਅੰਦਰੇ ਅੰਦਰ ਜਾਵਾਂ ਵਸ, ਰੂਪ ਰੇਖ ਰੰਗ ਨਾ ਕੋਇ ਰਖਾਇੰਦਾ । ਭਾਗ ਲਗਾਵਾਂ ਸਾਢੇ ਤਿੰਨ ਹੱਥ, ਹੱਥੋ ਹੱਥ ਲੇਖਾ ਆਪ ਚੁਕਾਇੰਦਾ । ਸ਼ਬਦ ਅਗੰਮੀ ਇਕ ਅਕੱਥ, ਸਾਚੀ ਕਥਨੀ ਆਪ ਸੁਣਾਇੰਦਾ । ਗੁਰਸਿਖ ਚਲਾਵਾਂ ਸਾਚਾ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਹੋਏ ਨਿਮਾਣਾ ਗੁਰਸਿਖ ਦੁਆਰੇ ਜਾਵਾਂ ਢੱਠ, ਆਪਣਾ ਬਲ ਨਾ ਕੋਇ ਰਖਾਇੰਦਾ । ਗੁਰਸਿਖ ਨਿਸ਼ਾਨਾ ਮੰਦਰ ਗੁਰਦੁਆਰਾ ਮਸਜਦ ਮੱਠ, ਅਠਸਠ ਤੇਰਾ ਨਾਉਂ ਪਰਗਟਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਗੁਰਮੁਖ ਆਪ ਪਛਾਣ, ਆਪਣਾ ਲੇਖਾ ਗੁਰਸਿਖਾਂ ਹੱਥ ਰਖਾਇੰਦਾ । ਗੁਰਸਿਖ ਮੇਰੀ ਸੱਚੀ ਜ਼ਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਗੁਰਸਿਖ ਮੇਰੀ ਵਡ ਕਰਾਮਾਤ, ਲੋਕਮਾਤ ਕਰੇ ਰੁਸ਼ਨਾਈਆ । ਗੁਰਸਿਖ ਮੇਰੀ ਸਾਚੀ ਗਾਥ, ਪੜ੍ਹ ਪੜ੍ਹ ਥੱਕੇ ਲੋਕਾਈਆ । ਗੁਰਸਿਖ ਮੇਰੀ ਸਾਚੀ ਦਾਤ, ਲੱਖ ਚੁਰਾਸੀ ਭੰਡਾਰਾ ਇਕ ਵਖਾਈਆ । ਗੁਰਸਿਖ ਮੇਟੇ ਅੰਧੇਰੀ ਰਾਤ, ਆਪਣਾ ਨੂਰ ਚੰਦ ਚੜ੍ਹਾਈਆ । ਗੁਰਸਿਖ ਮੇਰਾ ਸੱਜਣ ਸਾਕ, ਦੂਜਾ ਬੰਧਪ ਨਾ ਕੋਇ ਰਖਾਈਆ । ਗੁਰਸਿਖ ਮੇਰਾ ਪਾਕੀ ਪਾਕ, ਪੱਤਤ ਪੁਨੀਤ ਆਪ ਵਖਾਈਆ । ਗੁਰਸਿਖ ਮੇਰਾ ਜਾਣੇ ਭਵਿਖਤ ਵਾਕ, ਦੂਸਰ ਭੇਵ ਨਾ ਕੋਇ ਰਾਈਆ । ਮੈਂ ਵਸਾਂ ਗੁਰਸਿਖ ਘਾਟ, ਦੂਜਾ ਖੇੜਾ ਨਾ ਮੋਹੇ ਭਾਈਆ । ਮੈਂ ਵਿਕਿਆ ਗੁਰਸਿਖ ਹਾਟ, ਆਪਣਾ ਤਨ ਭੇਟ ਚੜ੍ਹਾਈਆ । ਜੋਤੀ ਅਗਨੀ ਬਣ ਲਿਲਾਟ, ਧੂੰਆਂਧਾਰ ਵਿਚ ਸਮਾਈਆ । ਦੋ ਜਹਾਨਾਂ ਕੱਟ ਕੇ ਵਾਟ, ਰੂਪ ਅਨੂਪ ਵਟਾਈਆ । ਗੁਰਸਿਖ ਅੰਦਰ ਖੋਲ੍ਹ ਤਾਕ, ਆਪਣਾ ਆਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵੇ ਮਾਣ ਵਡਿਆਈਆ । ਗੁਰਮੁਖ ਅੰਦਰ ਆਪੇ ਵੜ, ਵੜ ਵੜ ਖ਼ੁਸ਼ੀ ਮਨਾਇੰਦਾ । ਲੋਕਮਾਤ ਨਾ ਸਕੇ ਕੋਈ ਫੜ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਸ਼ਬਦ ਅਗੰਮੀ ਸਾਚਾ ਢੋਲਾ ਆਪੇ ਪੜ੍ਹ, ਪੜ੍ਹ ਪੜ੍ਹ ਆਪਣਾ ਰਾਗ ਅਲਾਇੰਦਾ । ਜਨ ਭਗਤਾਂ ਉਪਰ ਕਿਰਪਾ ਕਰ, ਕਿਰਪਨ ਆਪਣਾ ਮੇਲ ਮਿਲਾਇੰਦਾ । ਦਰਸ ਦਿਖਾਏ ਅੱਗੇ ਖੜ, ਰੂਪ ਅਨੂਪ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ

੯੯੪
੧੧

ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦੇਵੇ ਮਾਣ, ਨਿਮਾਣਿਆਂ ਆਪਣੇ ਗਲੇ ਲਗਾਇੰਦਾ । ਤੇਰੇ ਅੰਦਰ ਆਪਣਾ ਆਪ ਦੇਵਾਂ ਰੱਖ, ਘਰ ਖ਼ਜ਼ਾਨਾ ਦਿਆਂ ਵਰਤਾਈਆ । ਤੇਰਾ ਰੂਪ ਕਰ ਪਰਤੱਖ, ਪਰਮ ਪੁਰਖ ਸਲਾਹੀਆ । ਤੇਰੇ ਮੰਦਰ ਸਾਚਾ ਰਸ, ਛੱਤੀ ਭੋਜਨ ਰਹੇ ਸ਼ਰਮਾਈਆ । ਚਾਰ ਪਦਾਰਥ ਹੋਵਣ ਵਸ, ਘਰ ਵੱਜੇ ਸੱਚੀ ਵਧਾਈਆ । ਪੁੱਤਰ ਧੀਆਂ ਪਿਆਰ ਪ੍ਰੇਮ ਅੰਦਰ ਜਾਇਣ ਫਸ, ਗਲਵਕੜੀ ਇਕੋ ਪਾਈਆ । ਦੂਜੀ ਵਾਰ ਮਿਲਣਾ ਹੱਸ ਹੱਸ, ਸਤਿਗੁਰ ਪੂਰੇ ਦਇਆ ਕਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਬੂਟਾ ਆਪੇ ਲਾਈਆ ।

### ★ ੧੬ ਚੇਤ ੨੦੧੯ ਬਿਕ੍ਰਮੀ ਬੀਬੀ ਪਾਰੋ ਖਾਲੜਾ ਜ਼ਿਲਾ ਅੰਮ੍ਰਿਤਸਰ ★

ਕਾਇਆ ਅੰਤਰ ਬ੍ਰਹਮ ਪਰਕਾਸ਼, ਪਾਰਬ੍ਰਹਮ ਪ੍ਰਭ ਨੂਰ ਦਰਸਾਈਆ । ਅਗਿਆਨ ਅੰਧੇਰ ਹੋਏ ਵਿਨਾਸ, ਸਤਿਗੁਰ ਪੂਰਾ ਦਇਆ ਕਮਾਈਆ । ਸੁਰਤੀ ਸ਼ਬਦੀ ਸਾਚੀ ਰਾਸ, ਗੋਪੀ ਕਾਹਨ ਖੇਲ ਕਰਾਈਆ । ਜਨਮ ਜਨਮ ਦੀ ਪੂਰੀ ਕਰੇ ਆਸ, ਜਿਸ ਜਨ ਆਪਣਾ ਰੰਗ ਵਖਾਈਆ । ਸਦਾ ਸੁਹੇਲਾ ਇਕ ਅਕੇਲਾ ਨਿਰਗੁਣ ਸਰਗੁਣ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਲੱਖ ਚੁਰਾਸੀ ਜਮ ਕੀ ਫਾਸੀ ਕੱਟਣਹਾਰਾ ਬੰਦ ਖ਼ੁਲਾਸ, ਬੰਦੀਖਾਨਾ ਦਏ ਤੁੜਾਈਆ । ਮਾਤ ਗਰਭ ਨਾ ਦਸ ਦਸ ਮਾਸ, ਉਲਟਾ ਬਿਰਖ ਨਾ ਅਗਨ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਕਾਸ਼ ਜਿਸ ਦਿਵਾਈਆ । ਸਚ ਪਰਕਾਸ਼ ਸਾਚੇ ਘਰ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਕਾਇਆ ਅੰਤਰ ਆਪੇ ਵੜ, ਡੂੰਘੀ ਭਵਰੀ ਵੇਖ ਵਖਾਇੰਦਾ । ਪੰਚ ਵਿਕਾਰਾ ਲਏ ਫੜ, ਆਸਾ ਤ੍ਰਿਸ਼ਨਾ ਮਾਇਆ ਮਮਤਾ, ਹਉਮੇ ਹੰਗਤਾ ਡੇਰਾ ਢਾਹਿੰਦਾ । ਆਪਣੀ ਕਿਰਪਾ ਆਪੇ ਕਰ, ਘਰ ਘਰ ਵਿਚ ਖੇਲ ਕਰਾਇੰਦਾ । ਸੁਖਮਨ ਟੇਢੀ ਬੰਕ ਪਾਰ ਕਰ, ਰੂਪ ਅਨੂਪ ਆਪ ਦਰਸਾਇੰਦਾ । ਨਿਰਮਲ ਜੋਤ ਦੀਆ ਬਾਤੀ ਆਪੇ ਧਰ, ਜੋਤ ਨਿਰੰਜਣ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਕਾਇਆ ਅੰਤਰ ਖੇਲ ਅਪਾਰਾ, ਘਰ ਘਰ ਵਿਚ ਆਪ ਜਣਾਈਆ । ਖੋਲ੍ਹਣਹਾਰਾ ਬੰਦ ਕਿਵਾੜਾ, ਆਤਮ ਤਾਕੀ ਕੁੰਡਾ ਲਾਹੀਆ । ਸ਼ਬਦ ਅਨਾਦੀ ਧੁੰਨ ਜੈਕਾਰਾ, ਰਾਗੀ ਰਾਗ ਸੁਣਾਈਆ । ਅੱਠੇ ਪਹਿਰ ਮੰਗਲਾਚਾਰਾ, ਦਿਵਸ ਰੈਣ ਖ਼ੁਸ਼ੀ ਮਨਾਈਆ । ਬਿਨ ਤੇਲ ਬਾਤੀ ਏਕਾ ਦੀਪਕ ਕਰ ਉਜਿਆਰਾ, ਘਰ ਘਰ ਵਿਚ ਕਰੇ ਰੁਸ਼ਨਾਈਆ । ਆਤਮ ਸੇਜਾ ਕਰ ਪਿਆਰਾ, ਸੇਜ ਸੁਹੰਜਣੀ ਦਏ ਵਡਿਆਈਆ । ਸੁਰਤੀ ਸ਼ਬਦ ਪੁਰਖ ਨਾਰਾ, ਨਾਰੀ ਕੰਤ ਮੇਲ ਮਿਲਾਈਆ । ਪਾਰਬ੍ਰਹਮ ਬ੍ਰਹਮ ਦਏ ਅਧਾਰਾ, ਅੰਸ ਬੰਸ ਆਪ ਸੁਹਾਈਆ । ਆਤਮ ਪਰਮਾਤਮ ਬਣ ਵਣਜਾਰਾ, ਸਾਚਾ ਵਣਜ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਬੂਝ ਬੁਝਾਈਆ । ਕਰੇ ਪਰਕਾਸ਼ ਬਿਨ ਤੇਲ ਬਾਤੀ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਭਗਤਨ ਮੇਲਾ ਭਗਵੰਤ ਕਮਲਾਪਾਤੀ, ਕਵਲ ਨੈਣ ਨੈਣ ਆਪਣਾ ਆਪ ਖੁਲ੍ਹਾਇੰਦਾ । ਅੰਮ੍ਰਿਤ ਦੇਵੇ ਬੂੰਦ ਸਵਾਂਤੀ, ਨਿਝਰ ਝਿਰਨਾ ਆਪ ਝਿਰਾਇੰਦਾ । ਮੇਟ ਮਿਟਾਏ ਅੰਧੇਰੀ ਰਾਤੀ, ਕੂੜੀ ਕਿਰਿਆ ਮੋਹ ਚੁਕਾਇੰਦਾ । ਸ਼ਬਦ ਅਗੰਮੀ ਸੁਣਾਏ ਸਾਖੀ, ਆਪਣਾ ਭੇਵ ਆਪ ਖੁਲ੍ਹਾਇੰਦਾ । ਖੋਲ੍ਹਣਹਾਰਾ ਬੰਦ ਤਾਕੀ, ਦਰ ਦਰਵਾਜ਼ਾ ਇਕ ਰਖਾਇੰਦਾ । ਆਤਮ ਪਰਮਾਤਮ ਦੇਵੇ ਝਾਕੀ, ਪੜਦਾ

ਓਹਲਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਕਾਸ਼ ਇਕ ਸਮਝਾਇੰਦਾ । ਸਚ ਪਰਕਾਸ਼ ਗੁਰ ਕਾ ਗਿਆਨ, ਗੁਰ ਗੁਰ ਸ਼ਬਦ ਸ਼ਬਦ ਵਡਿਆਈਆ । ਦਿਵਸ ਰੈਣ ਇਕ ਧਿਆਨ, ਸੁਰਤੀ ਸ਼ਬਦੀ ਬੰਧਨ ਪਾਈਆ । ਕਾਇਆ ਮੰਦਰ ਸਚ ਮਕਾਨ, ਘਰ ਠਾਕਰ ਨਜ਼ਰੀ ਆਈਆ । ਸੁਆਮੀ ਖੇਲ ਕਰੇ ਮਿਹਰਵਾਨ, ਅਨਭਵ ਆਪਣਾ ਰੂਪ ਦਰਸਾਈਆ । ਸਤਿ ਸਤਿਵਾਦੀ ਹੋ ਪਰਧਾਨ, ਸਤਿ ਪੁਰਖ ਨਿਰੰਜਣ ਆਪਣੀ ਖੇਲ ਵਖਾਈਆ । ਈਸ਼ ਜੀਵ ਦੇਵੇ ਦਾਨ, ਜਗਦੀਸ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਨੂਰ ਨੂਰ ਦਰਸਾਈਆ । ਨੂਰ ਨੁਰਾਨਾ ਏਕੰਕਾਰ, ਕਵਲ ਨੈਣ ਆਪ ਅਖਵਾਇੰਦਾ । ਜਨ ਭਗਤਾਂ ਦੇਵੇ ਦਰਸ ਦੀਦਾਰ, ਭਗਤਾਂ ਦਰਸਨ ਆਪੇ ਪਾਇੰਦਾ । ਜੁਗਾ ਜੁਗੰਤਰ ਸਾਚੀ ਕਾਰ, ਸਤਿਜੁਗ ਤ੍ਰੇਤਾ ਦੁਆਪਰ ਆਪ ਹੰਢਾਇੰਦਾ । ਰੂਪ ਅਨੂਪ ਰਾਮ ਰਮਈਆ ਖੇਲ ਅਪਾਰ, ਗ਼ਰੀਬ ਨਿਮਾਣੇ ਆਪਣੇ ਗਲੇ ਲਗਾਇੰਦਾ । ਗੜ੍ਹ ਹੰਕਾਰੀ ਤੋੜ ਸੰਸਾਰ, ਸਾਚਾ ਖੇਲ ਆਪ ਜਣਾਇੰਦਾ । ਮੁਕੰਦ ਮਨੋਹਰ ਲੱਖਮੀ ਨਰਾਇਣ ਨੇਤਰ ਆਪਣਾ ਇਕ ਉਘਾੜ, ਚੌਦਾਂ ਲੋਕ ਚਰਨਾਂ ਹੇਠ ਰਖਾਇੰਦਾ । ਭਗਤ ਭਗਵੰਤ ਮੇਲ ਮਿਲਾਏ ਵਿਚ ਸੰਸਾਰ, ਆਤਮ ਪਰਮਾਤਮ ਬੂਝ ਬੁਝਾਇੰਦਾ । ਨਾਮ ਬੰਸਰੀ ਅਗੰਮ ਅਪਾਰ, ਮਧੁਰ ਧੁੰਨ ਆਪ ਸੁਣਾਇੰਦਾ । ਸਾਚੀ ਸਖ਼ੀਆਂ ਮੰਗਲਾਚਾਰ, ਗੀਤ ਗੋਬਿੰਦ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਕਾਸ਼ ਆਤਮ ਪਰਮਾਤਮ ਪੜਦਾ ਆਪ ਉਠਾਇੰਦਾ । ਆਤਮ ਪਰਮਾਤਮ ਪੜਦਾ ਚੁੱਕ, ਆਪਣਾ ਭੇਵ ਖੁਲ੍ਹਾਈਆ । ਕਾਇਆ ਮੰਦਰ ਅੰਦਰ ਜੋ ਬੈਠਾ ਲੁਕ, ਰੂਪ ਅਨੂਪ ਲਏ ਪਰਗਟਾਈਆ । ਜਨਮ ਜਨਮ ਦੀ ਮੇਟੇ ਤ੍ਰਿਸ਼ਨਾ ਭੁੱਖ, ਜਿਸ ਜਨ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਕਾਸ਼ ਜੁਗਾ ਜੁਗੰਤਰ ਆਪਣੇ ਨਾਮ ਦਏ ਵਡਿਆਈਆ । ਹਰਿ ਕਾ ਨਾਉਂ ਵੱਡਾ ਵਡ, ਭੇਵ ਕੋਇ ਨਾ ਪਾਇੰਦਾ । ਜੁਗਾ ਜੁਗੰਤਰ ਦੋ ਜਹਾਨਾਂ ਨਿਸ਼ਾਨਾ ਗੱਡ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਝੁਲਾਇੰਦਾ । ਭੇਵ ਅਭੇਦਾ ਕਿਸੇ ਨਾ ਜਣਾਏ ਆਪਣੀ ਹੱਦ, ਪਾਰ ਕਿਨਾਰਾ ਆਪਣੇ ਹੱਥ ਰਖਾਇੰਦਾ । ਬੋਧ ਅਗਾਧਾ ਇਕ ਵਜਾਏ ਸਾਚਾ ਨੱਦ, ਤੁਰੀਆ ਰਾਗ ਨਾਦ ਅਲਾਇੰਦਾ । ਵੇਖਣਹਾਰਾ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਖੋਜ ਖੁਜਾਇੰਦਾ । ਜਨ ਭਗਤਾਂ ਸਾਚਾ ਸਾਜਣ ਸਾਜ, ਭਗਵਨ ਆਪਣਾ ਭੇਵ ਖੁਲ੍ਹਾਇੰਦਾ । ਨਾਮ ਅਮੋਲਕ ਦੇਵੇ ਦਾਤ, ਕਾਇਆ ਚੋਲੀ ਆਪ ਭਰਾਇੰਦਾ । ਬੈਠਾ ਰਹੇ ਇਕ ਇਕਾਂਤ, ਅਕਲ ਕਲ ਆਪਣੀ ਖੇਲ ਕਰਾਇੰਦਾ । ਸੰਤ ਸੁਹੇਲਾ ਸਾਚੇ ਸੰਤਾਂ ਪੁੱਛੇ ਵਾਤ, ਸਤਿਗੁਰ ਆਪਣਾ ਰੂਪ ਵਟਾਇੰਦਾ । ਚਰਨ ਕਵਲ ਬੰਧਾਏ ਨਾਤ, ਨਾਤਾ ਬਿਧਾਤਾ ਨਾ ਕੋਇ ਤੁੜਾਇੰਦਾ । ਅੰਤਰ ਆਤਮ ਇਕ ਪਰਕਾਸ਼, ਬਣ ਪਰਕਾਸ਼ੀ ਆਪ ਪਰਗਟਾਇੰਦਾ । ਹਰਿ ਕਾ ਨੂਰ ਨਾ ਹੋਏ ਵਿਨਾਸ਼, ਅਬਿਨਾਸ਼ੀ ਆਪਣਾ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਸਾਚਾ ਖੇਲ ਕਰਾਇੰਦਾ । ਕਾਇਆ ਮੰਦਰ ਸਾਚਾ ਰੰਗ, ਹਰਿ ਰੰਗ ਰੰਗੀਲਾ ਆਪ ਰੰਗਾਈਆ । ਆਤਮ ਸੇਜਾ ਵੇਖ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਨਾਦ ਅਨਾਦੀ ਇਕ ਮਰਦੰਗ, ਅਨਹਦ ਰਾਗ ਸੁਣਾਈਆ । ਡੂੰਘੀ ਭਵਰੀ ਆਪੇ ਲੰਘ, ਆਪਣੇ ਮੰਦਰ ਆਪੇ ਸੋਭਾ ਪਾਈਆ । ਕਰੇ ਖੇਲ ਸੂਰਾ ਸਰਬੰਗ, ਪੁਰਖ ਅਕਾਲ ਵਡੀ ਵਡਿਆਈਆ । ਅੰਦਰ ਬਾਹਰ ਇਕੋ ਅਨੰਦ, ਨਿਜਾਨੰਦ ਅਨੰਦ ਰਸਾਈਆ । ਕਰੇ ਪਰਕਾਸ਼ ਬਿਨ ਸੂਰਜ ਚੰਦ, ਕੋਟਨ ਕੋਟ ਰਵ ਸਸ ਪਰਕਾਸ਼

ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਭਗਤੀ ਲਾਈਆ । ਸਾਚੀ ਭਗਤੀ ਹਰਿ ਭਗਵਾਨ, ਆਦਿ ਜੁਗਾਦਿ ਦ੍ਰਿੜਾਇੰਦਾ । ਸਤਿ ਸਤਿਵਾਦੀ ਧੁਰ ਫ਼ਰਮਾਣ, ਨਾਮ ਨਿਧਾਨਾ ਆਪ ਸੁਣਾਇੰਦਾ । ਲੇਖਾ ਜਾਣੇ ਦੋ ਜਹਾਨ, ਜੀਵ ਜੰਤ ਲੱਖ ਚੁਰਾਸੀ ਘਰ ਘਰ ਆਪਣਾ ਆਸਣ ਲਾਇੰਦਾ । ਗੁਰਮੁਖ ਵਿਰਲਾ ਚਤਰ ਸੁਘੜ ਸੁਜਾਨ, ਜਿਸ ਜਨ ਆਪਣੀ ਦਇਆ ਕਮਾਇੰਦਾ । ਆਤਮ ਪਰਮਾਤਮ ਕਰ ਪਰਵਾਨ, ਨਿਰਗੁਣ ਨਿਰਗੁਣ ਸਰਗੁਣ ਸਰਗੁਣ ਬੰਧਨ ਪਾਇੰਦਾ । ਬਣੇ ਵਿਚੋਲਾ ਵਿਚ ਜਹਾਨ, ਜੀਵਣ ਜੁਗਤ ਇਕ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਆਪੇ ਵੇਖੇ ਆਣ, ਰਾਮਾ ਕ੍ਰਿਸ਼ਨਾ ਰੂਪ ਵਟਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਨੌਂ ਖੰਡ ਪ੍ਰਿਥਮੀ ਖੇਲ ਕਰਾਇੰਦਾ । ਸੱਤਾਂ ਦੀਪਾਂ ਏਕਾ ਆਣ, ਧੁਰ ਫ਼ਰਮਾਣਾ ਆਪ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਦੇਵੇ ਗਿਆਨ, ਆਪ ਆਪਣੀ ਬੂਝ ਬੁਝਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੋਕਮਾਤ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣ, ਸਚ ਸੰਦੇਸਾ ਇਕ ਜਣਾਇੰਦਾ । ਲੇਖਾ ਜਾਣੇ ਵੇਦ ਪੁਰਾਨ, ਸ਼ਾਸਤਰ ਸਿਮਰਤ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਆਪਣਾ ਹੁਕਮ ਵਰਤਾਇੰਦਾ । ਭਗਤ ਭਗਵੰਤ ਲਏ ਪਛਾਣ, ਸਾਚੇ ਸੰਤਾਂ ਦੇਵੇ ਮਾਣ, ਚਰਨ ਕਵਲ ਉਪਰ ਧਵਲ ਏਕਾ ਓਟ ਰਖਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਨਿਰਗੁਣ ਰੂਪ ਸ੍ਰੀ ਭਗਵਾਨ, ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਰਖਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨ, ਚਾਰੋਂ ਕੁੰਟ ਆਪਣਾ ਨੈਣ ਉਠਾਇੰਦਾ । ਰੈਣ ਅੰਧੇਰੀ ਮੇਟੇ ਆਣ, ਕੂੜੀ ਕਿਰਿਆ ਮੋਹ ਮਿਟਾਇੰਦਾ । ਸਾਚਾ ਮਾਰਗ ਸ੍ਰੀ ਭਗਵਾਨ, ਲੋਕਮਾਤ ਇਕ ਲਗਾਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਦੇਵੇ ਇਕ ਗਿਆਨ, ਊਚ ਨੀਚ ਜਾਤ ਪਾਤ ਵਰਨ ਬਰਨ ਨਾ ਕੋਇ ਰਖਾਇੰਦਾ । ਸਰਬ ਜੀਆਂ ਇਕ ਨਿਸ਼ਾਨ, ਸਚ ਨਿਸ਼ਾਨਾ ਇਕ ਬਣਾਇੰਦਾ । ਏਕਾ ਮੰਦਰ ਇਕ ਮਕਾਨ, ਏਕਾ ਘਰ ਸੋਭਾ ਪਾਇੰਦਾ । ਏਕਾ ਤੀਰਥ ਤਟ ਇਸ਼ਨਾਨ, ਸਰ ਸਰੋਵਰ ਇਕ ਵਖਾਇੰਦਾ । ਏਕਾ ਰਸਨਾ ਏਕਾ ਗਾਣ, ਏਕਾ ਨਾਮ ਜਪਾਇੰਦਾ । ਏਕਾ ਇਸ਼ਟ ਸ੍ਰੀ ਭਗਵਾਨ, ਦ੍ਰਿਸ਼ਟ ਸਭ ਦੀ ਆਪ ਖੁਲ੍ਹਾਇੰਦਾ । ਘਟ ਘਟ ਆਪ ਕਰੇ ਬਿਸਰਾਮ, ਗ੍ਰਿਹ ਗ੍ਰਿਹ ਆਪਣੀ ਸੇਜ ਸੁਹਾਇੰਦਾ । ਖੇਲੇ ਖੇਲ ਰਮਈਆ ਰਾਮ, ਰਮਈਆ ਰਾਮ ਨਜ਼ਰ ਕਿਸੇ ਨਾ ਆਇੰਦਾ । ਲੇਖਾ ਜਾਣੇ ਘਨਈਆ ਸ਼ਾਮ, ਛਹਿਬਰ ਆਪਣੇ ਨਾਮ ਲਗਾਇੰਦਾ । ਪੀਰ ਪੈਗ਼ੰਬਰ ਦੇ ਪੈਗ਼ਾਮ, ਹੱਕ ਹਕੀਕ਼ਤ ਆਪ ਸਮਝਾਇੰਦਾ । ਆਦਿ ਜੁਗਾਦੀ ਏਕਾ ਨਾਮ, ਜੁਗ ਜੁਗ ਲੋਕਮਾਤ ਵਰਤਾਇੰਦਾ । ਕਲਜੁਗ ਅੰਤਮ ਖੇਲ ਮਹਾਨ, ਹਰਿ ਕਰਤਾ ਆਪ ਕਰਾਇੰਦਾ । ਏਕਾ ਮੰਤਰ ਏਕਾ ਗਿਆਨ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਅੰਧ ਅੰਧੇਰਾ ਮਿਟੇ ਵਿਚ ਜਹਾਨ, ਕਾਇਆ ਬੰਕ ਬੰਕ ਵਡਿਆਇੰਦਾ । ਨੂਰੀ ਜੋਤ ਪਰਕਾਸ਼ ਕਰੇ ਮਹਾਨ, ਪਰਕਾਸ਼ੀ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਦੇਵੇ ਬ੍ਰਹਮ ਗਿਆਨ, ਆਤਮ ਪਰਮਾਤਮ ਸੋਹੰ ਢੋਲਾ ਜਗਤ ਵਿਚੋਲਾ ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਸਚ ਪਰਕਾਸ਼ ਮਿਲੇ ਘਰ, ਘਰ ਘਰ ਵਿਚ ਆਪ ਵਖਾਈਆ । ਪੰਚ ਵਿਕਾਰਾ ਚੁੱਕੇ ਡਰ, ਪੰਚਮ ਨਾਦ ਸ਼ਬਦ ਧੁੰਨ ਸ਼ਨਵਾਈਆ । ਪੰਚਮ ਮੇਲਾ ਆਪੇ ਕਰ, ਪੰਚਮ ਵੱਜੇ ਸਚ ਵਧਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਦੀਨ ਦਿਆਲਾ ਆਪਣੀ ਕਿਰਪਾ ਦੇਵੇ ਕਰ, ਕਿਰਪਾਨਿਧ ਠਾਕਰ ਸਵਾਮੀ ਆਪਣੀ ਬੂਝ ਬੁਝਾਈਆ ।


੬੯੭
੧੧

ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਏਕਾ ਰੰਗ ਰੰਗਾਏ ਸੰਞ ਸਵੇਰਾ, ਦਿਵਸ ਰੈਣ ਨਾ ਕੋਇ ਵਖਾਈਆ । ਭਗਤ ਭਗਵੰਤ ਇਕ ਦੂਜੇ ਨੂੰ ਕਹਿਣ ਤੂੰ ਮੇਰਾ ਮੈਂ ਤੇਰਾ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਵਿਚ ਸਚ ਪਰਕਾਸ਼, ਪਰਕਾਸ਼ਵਾਨ ਆਪ ਵਖਾਈਆ ।

ਮੁਕਤ ਵਿਚਾਰੀ ਜਗਤ ਨਿਮਾਣੀ, ਨੇਤਰ ਨੈਣਾਂ ਰੋ ਰੋ ਨੀਰ ਵਹਾਈਆ । ਜਿਸ ਜਨ ਸਤਿਗੁਰ ਸੱਚਾ ਮਿਲੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਚਰਨ ਕਵਲ ਕਵਲ ਚਰਨ ਰਖਾਏ ਇਕ ਧਿਆਨੀ, ਧਿਆਨ ਧਿਆਨ ਵਿਚ ਮਿਲਾਈਆ । ਸ਼ਬਦ ਅਗੰਮੀ ਚਾੜ੍ਹ ਬਿਬਾਣੀ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਸਚਖੰਡ ਵਖਾਏ ਸਚ ਨਿਸ਼ਾਨੀ ਸਾਚੇ ਤਖ਼ਤ ਬੈਠਾ ਸੱਚਾ ਮਾਹੀਆ । ਗੁਰਸਿਖ ਤੇਰੀ ਮੁੱਕੇ ਆਵਣ ਜਾਣੀ, ਲੱਖ ਚੁਰਾਸੀ ਫੰਦ ਕਟਾਈਆ । ਇਕ ਵਖਾਏ ਪਦ ਨਿਰਬਾਣੀ, ਪਦ ਨਿਰਬਾਣ ਆਪਣਾ ਰੂਪ ਦਰਸਾਈਆ । ਗੁਰਮੁਖ ਮੇਲਾ ਗੁਰ ਗੁਰ ਹਾਣੀ, ਸਤਿਗੁਰ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਸੋ ਗੁਰਮੁਖ ਜਗਤ ਮੁਕਤੀ ਆਪਣਿਆਂ ਚਰਨਾਂ ਹੇਠ ਦਬਾਈਆ । ਜਗਤ ਮੁਕਤੀ ਗੁਰਮੁਖਾਂ ਕੋਲੋਂ ਰਹੀ ਡਰ, ਨੇਤਰ ਵੇਖਣ ਨਾ ਪਾਈਆ । ਜਿਨਾਂ ਪੁਰਖ ਅਕਾਲ ਏਕੰਕਾਰ ਏਕ ਲਿਆ ਵਰ, ਏਕਾ ਘਰ ਵੱਜੀ ਵਧਾਈਆ । ਨਾਤਾ ਬਣਾਇਆ ਪੁਰਖ ਨਾਰ, ਨਾਰ ਕੰਤ ਏਕਾ ਰੂਪ ਸਮਾਈਆ । ਸਚਖੰਡ ਦੁਆਰੇ ਸੋਭਾਵੰਤ, ਸਾਚੇ ਮੰਦਰ ਵੱਜੇ ਵਧਾਈਆ । ਗੁਰਮੁਖ ਲੇਖਾ ਚੁੱਕੇ ਆਦਿ ਅੰਤ, ਅੰਤ ਆਪਣੀ ਜੋਤ ਮਿਲਾਈਆ । ਸਤਿਗੁਰ ਪੂਰਾ ਸ੍ਰੀ ਭਗਵੰਤ, ਗੁਰਸਿਖ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਦਰ, ਸੋ ਗੁਰਸਿਖ ਕਿਸੇ ਦੁਆਰੇ ਮੁਕਤੀ ਮੰਗਣ ਨਾ ਜਾਈਆ । ਮੁਕਤੀ ਜੁਗਤੀ ਭਗਤਾਂ ਦਾਸੀ, ਦਾਸੀ ਬਣ ਬਣ ਸੇਵ ਕਮਾਈਆ । ਗੁਰਮੁਖ ਸੱਚਾ ਸਚਖੰਡ ਦਾ ਸੱਚਾ ਵਾਸੀ, ਕਬੀਰ ਜੁਲਾਹਾ ਕੂਕ ਕੂਕ ਗਿਆ ਸੁਣਾਈਆ । ਨਿਰਗੁਣ ਮੇਲਾ ਨਿਰਗੁਣ ਪੁਰਖ ਅਬਿਨਾਸ਼ੀ, ਆਤਮ ਪਰਮਾਤਮ ਏਕਾ ਦਰ ਸੋਭਾ ਪਾਈਆ । ਜਿਸ ਜਨ ਕਲਜੁਗ ਅੰਤ ਮਿਲਿਆ ਘਨਕਪੁਰ ਵਾਸੀ, ਸੋ ਜਨ ਜਨਮ ਮਰਨ ਵਿਚ ਨਾ ਆਈਆ । ਲੱਖ ਚੁਰਾਸੀ ਕੱਟੇ ਫਾਸੀ, ਰਾਏ ਧਰਮ ਨਾ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪੇ ਫੜ, ਫੜ ਫੜ ਆਪਣਾ ਮੇਲ ਮਿਲਾਈਆ । ਪੜ੍ਹੇ ਪੜ੍ਹਾਏ ਜੀਵ ਜੰਤ, ਜਗਤ ਵਿਦਿਆ ਨਾਲ ਕੁੜਮਾਈਆ । ਹਰਿ ਕਾ ਰੂਪ ਹਰਿ ਭਗਵੰਤ, ਹਰਿ ਸ਼ਬਦ ਕਰੇ ਸ਼ਨਵਾਈਆ । ਖੇਲੇ ਖੇਲ ਆਦਿ ਅੰਤ, ਜੁਗ ਜੁਗ ਵੇਸ ਵਟਾਈਆ । ਗੁਰਮੁਖ ਵਿਰਲਾ ਜਾਣੇ ਸੰਤ, ਜਿਸ ਜਨ ਆਪਣੀ ਬੂਝ ਬੁਝਾਈਆ । ਘਰ ਮੇਲਾ ਘਰ ਸੁਹਾਗ ਘਰ ਸੇਜ ਨਾਰੀ ਕੰਤ, ਘਰ ਕੰਤ ਕੰਤੂਹਲ ਖ਼ੁਸ਼ੀ ਮਨਾਈਆ । ਗੱਲਾਂ ਬਾਤਾਂ ਕਰੇ ਜੀਵ ਜੰਤ, ਜੀਵਣ ਜੁਗਤੀ ਸਤਿਗੁਰ ਆਪਣੀ ਸ਼ਬਦ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਖੇਲ ਕਰ, ਰਸਨਾ ਭੇੜ ਨਾ ਕੋਇ ਵਖਾਈਆ ।


੯੯੮
੧੧

੯੯੯
੧੧

## ★ ੧੬ ਚੇਤ ੨੦੧੯ ਬਿਕ੍ਰਮੀ ਸੁਰਜਨ ਸਿੰਘ ਦੇ ਗ੍ਰਿਹ ਪਿੰਡ ਭੁੱਚਰ ਜ਼ਿਲਾ ਅੰਮ੍ਰਿਤਸਰ ★

ਸਤਿਗੁਰ ਪੂਰਾ ਹਰਿ ਸਰਬੰਗ, ਜਨ ਭਗਤਾਂ ਦਇਆ ਕਮਾਇੰਦਾ । ਸਾਚੇ ਸੰਤਾਂ ਦੇਵੇ ਇਕ ਅਨੰਦ, ਅਨੰਦ ਆਪਣਾ ਰਸ ਚਖਾਇੰਦਾ । ਗੁਰਮੁਖਾਂ ਸੇਜ ਸੁਹਾਏ ਇਕ ਪਲੰਘ, ਆਤਮ ਸੇਜਾ ਸੋਭਾ ਪਾਇੰਦਾ । ਜਨ ਭਗਤਾਂ ਸਾਚੇ ਮੰਦਰ ਵਜਾਏ ਮਰਦੰਗ, ਨਾਮ ਮਰਦੰਗਾ ਹੱਥ ਉਠਾਇੰਦਾ । ਦੋ ਜਹਾਨਾਂ ਮੇਟੇ ਪੰਧ, ਪਾਂਧੀ ਆਪਣਾ ਪੰਧ ਮੁਕਾਇੰਦਾ । ਨਿਰਗੁਣ ਸਰਗੁਣ ਸੁਣਾਏ ਛੰਦ, ਗੀਤ ਗੋਬਿੰਦ ਆਪੇ ਗਾਇੰਦਾ । ਜਨਮ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸੁਆਮੀ ਆਪਣਾ ਬੰਧਨ ਪਾਇੰਦਾ । ਕਰੇ ਪਰਕਾਸ਼ ਸਾਚਾ ਚੰਦ, ਨੂਰ ਨੁਰਾਨਾ ਨੂਰ ਧਰਾਇੰਦਾ । ਜਗਤ ਵਿਕਾਰਾ ਖੰਡ ਖੰਡ, ਨਾਮ ਖੰਡਾ ਇਕ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਵੇਖ ਵਖਾਇੰਦਾ । ਭਗਤਨ ਮੇਲਾ ਆਦਿ ਜੁਗਾਦਿ, ਹਰਿ ਭਗਵਨ ਆਪ ਕਰਾਈਆ । ਸਾਚੇ ਸੰਤਾਂ ਦੇਵੇ ਦਾਦ, ਸਾਚੀ ਵਸਤ ਆਪਣੇ ਹੱਥ ਰਖਾਈਆ । ਗੁਰਮੁਖ ਸੱਜਣ ਲੱਖ ਚੁਰਾਸੀ ਵਿਚੋਂ ਲਾਧ, ਨਿਰਗੁਣ ਸਰਗੁਣ ਜੋੜ ਜੁੜਾਈਆ । ਗੁਰਸਿਖ ਮਾਰੇ ਇਕ ਅਵਾਜ਼, ਬਿਨ ਰਸਨਾ ਜਿਹਵਾ ਆਪ ਸੁਣਾਈਆ । ਲੇਖਾ ਜਾਣੇ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣੇ ਗਲੇ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਸਾਜਣ ਸਾਜ, ਜੁਗ ਜੁਗ ਆਪਣਾ ਭੇਵ ਚੁਕਾਈਆ । ਤ੍ਰੈਗੁਣ ਆਪਣਾ ਰਚ ਰਚ ਕਾਜ਼, ਨੌਂ ਖੰਡ ਪ੍ਰਿਥਮੀ ਵੇਖੇ ਥਾਉਂ ਥਾਈਂਆ । ਲੱਖ ਚੁਰਾਸੀ ਆਪ ਚਲਾਏ ਜਹਾਜ਼, ਸਾਚਾ ਬੇੜਾ ਆਪਣੇ ਕੰਧ ਉਠਾਈਆ । ਗੁਰਸਿਖ ਵਿਰਲੇ ਰੱਖੇ ਲਾਜ, ਜਿਸ ਜਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਭਗਤ ਭਗਵੰਤ, ਆਪਣੀ ਧਾਰ ਚਲਾਇੰਦਾ । ਲੇਖਾ ਜਾਣੇ ਸਾਚੇ ਸੰਤ, ਹਰਿ ਸੱਜਣ ਦਇਆ ਕਮਾਇੰਦਾ । ਗੁਰਮੁਖ ਮਹਿਮਾ ਗਾਏ ਅਗਣਤ, ਅਗਣਤ ਕਲ ਆਪਣੀ ਖੇਲ ਵਖਾਇੰਦਾ । ਗੁਰਸਿਖਾਂ ਦੇਵੇ ਏਕਾ ਮੰਤ, ਸਾਚਾ ਮੰਤਰ ਨਾਮ ਦ੍ਰਿੜਾਇੰਦਾ । ਮਾਨਸ ਜਨਮ ਬਣਾਏ ਬਣਤ, ਆਪ ਆਪਣੀ ਬੂਝ ਬੁਝਾਇੰਦਾ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਵੇਖ ਵਖਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਚਾਰ ਵੇਦ ਅੰਤ ਕਿਸੇ ਨਾ ਆਇੰਦਾ । ਲੇਖਾ ਜਾਣੇ ਖਾਣੀ ਬਾਣੀ ਉਤਭੁਜ ਸੇਤਜ ਜੇਰਜ ਅੰਡਤ, ਘਟ ਘਟ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਧੁਰਦਰਗਾਹੀ ਸਾਚਾ ਮੰਤਰ ਸਾਚੇ ਭਗਤਾਂ ਆਪ ਸੁਣਾਇੰਦਾ । ਸਾਚਾ ਮੰਤਰ ਸਾਚਾ ਨਾਦ, ਅਨਾਦੀ ਆਪ ਜਣਾਈਆ । ਵੇਖਣਹਾਰਾ ਬ੍ਰਹਮ ਬ੍ਰਹਿਮਾਦ, ਆਪਣੀ ਖੋਜ ਆਪੇ ਖੋਜ ਖੁਜਾਈਆ । ਲੱਖ ਚੁਰਾਸੀ ਸਾਜਣ ਸਾਜ, ਘਰ ਘਰ ਵਸੇ ਸੱਚਾ ਮਾਹੀਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਦੋ ਜਹਾਨ ਸ੍ਰੀ ਭਗਵਾਨ ਰੱਖੇ ਲਾਜ, ਲਾਜਾਵੰਤ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਹੋਏ ਸਹਾਈਆ । ਗੁਰਸਿਖ ਸੱਚੇ ਦਇਆਵਾਨ, ਦੀਨਨ ਆਪਣੀ ਦਇਆ ਕਮਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭੇਵ ਅਭੇਦ ਆਪਣੇ ਹੱਥ ਰਖਾਇੰਦਾ । ਕਲਜੁਗ ਤ੍ਰੇਤਾ ਦੁਆਪਰ ਸਤਿਜੁਗ ਆਪੇ ਵੇਖੇ ਆਣ, ਜੁਗ ਜੁਗ ਆਪਣਾ ਰੂਪ ਵਟਾਇੰਦਾ । ਨੌਂ ਖੰਡ ਪ੍ਰਿਥਮੀ ਦੇਵੇ ਨਾਮ ਨਿਧਾਨ, ਖਾਣੀ ਬਾਣੀ ਆਪਣਾ ਰਾਹ ਚਲਾਇੰਦਾ । ਵੇਦ ਪੁਰਾਨ ਜਗਤ ਨਿਸ਼ਾਨ, ਅੰਜੀਲ ਕੁਰਾਨ ਸਚ ਨਿਸ਼ਾਨਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ ਜੀਵ ਜੰਤ

ਆਪ ਸਮਝਾਇੰਦਾ । ਜੀਵ ਜੰਤ ਸੰਤ ਸਾਧ, ਹਰਿ ਸਤਿਗੁਰ ਦਇਆ ਕਮਾਈਆ । ਸ਼ਬਦ ਅਗੰਮੀ ਦੇਵੇ ਦਾਦ, ਜੁਗ ਜੁਗ ਆਪਣੀ ਆਪ ਵਰਤਾਈਆ । ਨਿਰਗੁਣ ਸਰਗੁਣ ਚਲਾਏ ਜਹਾਜ਼, ਸਾਚਾ ਚੱਪੂ ਨਾਮ ਲਗਾਈਆ । ਸ਼ਾਹੋ ਭੂਪ ਰਾਜਨ ਰਾਜ, ਹੁਕਮੀ ਹੁਕਮ ਧੁਰ ਫ਼ਰਮਾਣਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ ਪੁਰਖ ਬੇਪਰਵਾਹ ਆਦਿ ਜੁਗਾਦੀ ਸਿਫ਼ਤ ਸਲਾਹ, ਸਲਾਹਗੀਰ ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਮਿਲਾਈਆ । ਪੀਰ ਪੈਗ਼ੰਬਰ ਸ਼ਬਦ ਸਲਾਹ, ਜੁਗ ਜੁਗ ਆਪ ਜਣਾਇੰਦਾ । ਗੁਰ ਅਵਤਾਰ ਨਾਲ ਮਿਲਾ, ਜੋਤੀ ਜਾਤਾ ਡਗਮਗਾਇੰਦਾ । ਰਹਿਬਰ ਬਣ ਆਪ ਖ਼ੁਦਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਘਰ ਘਰ ਨਾਅਰਾ ਦਏ ਲਗਾ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਜੁਗ ਜੁਗ ਵੇਸ ਆਪ ਵਟਾ, ਪੰਜ ਤੱਤ ਚੋਲਾ ਆਪ ਹੰਢਾਇੰਦਾ । ਲਿਖ ਲਿਖ ਲੇਖਾ ਦਏ ਸਮਝਾ, ਖਾਣੀ ਬਾਣੀ ਰਾਹ ਚਲਾਇੰਦਾ । ਅੰਤਮ ਸਭ ਦਾ ਪੰਧ ਦਏ ਮੁਕਾ, ਲੋਕਮਾਤ ਰਹਿਣ ਕੋਇ ਨਾ ਪਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਇਕੋ ਓਟ ਗਏ ਤਕਾ, ਬਿਨ ਪੁਰਖ ਅਕਾਲ ਸਿਰ ਹੱਥ ਨਾ ਕੋਇ ਟਿਕਾਇੰਦਾ । ਹਰਿ ਕਾ ਢੋਲਾ ਗਏ ਗਾ, ਕਾਇਆ ਚੋਲਾ ਸਰਬ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਜਗਤ ਬਸੰਤਰ ਆਪ ਬੁਝਾਇੰਦਾ । ਜਗਤ ਬਸੰਤਰ ਬੁਝੇ ਅੱਗ, ਅਗਨੀ ਤੱਤ ਰਹਿਣ ਨਾ ਪਾਈਆ । ਕਿਰਪਾ ਕਰੇ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਸਰਗੁਣ ਹੋ ਪਰਗਟ, ਪਰਮ ਪੁਰਖ ਵੇਸ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਚਲਾਇਆ ਹੱਟ, ਬਣ ਹਟਵਾਣਾ ਸੇਵ ਕਮਾਈਆ । ਕਲਜੁਗ ਅੰਤਮ ਕਰੇ ਖੇਲ ਪੁਰਖ ਸਮਰਥ, ਪਾਰਬ੍ਰਹਮ ਬੇਪਰਵਾਹੀਆ । ਨਿਰਗੁਣ ਨਿਰਾਕਾਰ ਅਜੂਨੀ ਰਹਿਤ ਪੁਰਖ ਅਕਾਲ ਦੀਨ ਦਿਆਲ ਆਪਣਾ ਨੂਰ ਕਰ ਪਰਕਾਸ਼, ਜੋਤੀ ਜੋਤ ਜੋਤ ਨੂਰ ਰੁਸ਼ਨਾਈਆ । ਜਨ ਭਗਤਾਂ ਹੋਵੇ ਦਾਸੀ ਦਾਸ, ਗੁਰਮੁਖਾਂ ਬਣ ਸੇਵਕ ਸੇਵ ਕਮਾਈਆ । ਜਨਮ ਜਨਮ ਦੀ ਪੂਰੀ ਕਰੇ ਆਸ, ਪੂਰਬ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਰੂਪ ਆਪ ਵਟਾਈਆ । ਕਲਜੁਗ ਅੰਤਮ ਰੂਪ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਵਸਣਹਾਰਾ ਸਚਖੰਡ ਸਚ ਮਹੱਲਾ, ਲੋਕਮਾਤ ਫੇਰਾ ਪਾਇੰਦਾ । ਪਾਵੇ ਸਾਰ ਜਲਾਂ ਥਲਾਂ, ਜਲ ਥਲ ਮਹੀਅਲ ਆਪਣੀ ਧਾਰ ਵਖਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਨੂਰ ਨੂਰ ਵਿਚ ਟਿਕਾਇੰਦਾ । ਕਲਜੁਗ ਅੰਤਮ ਗੁਰਮੁਖਾਂ ਫੜਾਏ ਆਪਣਾ ਪੱਲਾ, ਸ਼ਬਦੀ ਡੋਰ ਨਾਲ ਬੰਧਾਇੰਦਾ । ਦੂਈ ਦਵੈਤੀ ਮੇਟੇ ਸੱਲਾ, ਮਾਇਆ ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਹਰਿਜਨ ਰੰਗੇ ਸਾਚਾ ਲਾਲ, ਲਾਲਨ ਆਪਣੀ ਦਇਆ ਕਮਾਈਆ । ਗੁਰਮੁਖ ਉਠਾਏ ਅਞਾਣੇ ਬਾਲ, ਬਾਲੀ ਬੁੱਧ ਦਏ ਸਮਝਾਈਆ । ਚਰਨ ਕਵਲ ਵਖਾਏ ਸੱਚੀ ਧਰਮਸਾਲ, ਗ੍ਰਿਹਿ ਮੰਦਰ ਸੋਭਾ ਪਾਈਆ । ਸਦਾ ਸਹਾਈ ਚਲੇ ਨਾਲ ਨਾਲ, ਵਿਛੜ ਕਦੇ ਨਾ ਜਾਈਆ । ਆਤਮ ਅੰਤਰ ਵੱਜੇ ਤਾਲ, ਧੁੰਨ ਅਨਾਦੀ ਅਨਹਦ ਰਾਗ ਅਲਾਈਆ । ਦੀਆ ਬਾਤੀ ਏਕਾ ਬਾਲ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਨਾਤਾ ਤੋੜ ਸ਼ਾਹ ਕੰਗਾਲ, ਊਚ ਨੀਚ ਡੇਰਾ ਢਾਹੀਆ । ਏਕਾ ਮਾਰਗ ਦਏ ਵਖਾਲ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰਾਹ ਚਲਾਈਆ । ਏਕਾ ਨਾਮ ਦਏ ਸਖਾਲ, ਸਾਚੀ ਸਿਖਿਆ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ


੧੦੦੦
੧੧

ਤੇਰੀ ਅੰਤਮ ਵਰ, ਹਰਿਜਨ ਆਪਣੇ ਸੰਗ ਮਿਲਾਈਆ । ਹਰਿਜਨ ਮੇਲਾ ਸਗਲਾ ਸਾਥਾ, ਹਰਿ ਜੂ ਆਪਣੀ ਦਇਆ ਕਮਾਇੰਦਾ । ਖੇਲੇ ਖੇਲ ਤ੍ਰੈਲੋਕੀ ਨਾਥਾ, ਤ੍ਰੈਲੋਕੀ ਨੰਦਨ ਭੇਵ ਚੁਕਾਇੰਦਾ । ਭਗਤ ਭਗਵੰਤ ਲਹਿਣਾ ਦੇਣਾ ਜਾਣੇ ਮਸਤਕ ਮਾਥਾ, ਪੂਰਬ ਲੇਖਾ ਆਪਣੇ ਹੱਥ ਰਖਾਇੰਦਾ । ਗੁਰਸਿਖ ਵੇਖੇ ਜਨਮ ਜਨਮ ਦਾ ਘਾਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਅਮੋਲਕ ਆਪ ਵਰਤਾਇੰਦਾ । ਵਸਤ ਅਮੋਲਕ ਨਾਮ ਧਨ, ਸਤਿਗੁਰ ਪੂਰਾ ਆਪ ਵਰਤਾਈਆ । ਵੇਖ ਵਖਾਏ ਜਨਨੀ ਜਨ, ਹਰਿ ਵੱਡਾ ਬੇਪਰਵਾਹੀਆ । ਗੁਰਸਿਖ ਭਾਗ ਲਗਾਏ ਕਾਇਆ ਤਨ, ਪੰਚਮ ਤੱਤ ਤੱਤ ਵਡਿਆਈਆ । ਏਕਾ ਰਾਗ ਸੁਣਾਏ ਕੰਨ, ਅਨਰਾਗੀ ਆਪ ਅਲਾਈਆ । ਮਨ ਵਾਸਨਾ ਕੱਢੇ ਮਨ, ਮਨ ਮਮਤਾ ਦਏ ਚੁਕਾਈਆ । ਕਰੇ ਪਰਕਾਸ਼ ਨੇਤਰ ਅੰਨ, ਅੰਧ ਅੰਧੇਰ ਦਏ ਗਵਾਈਆ । ਨਜ਼ਰੀ ਆਏ ਸ੍ਰੀ ਭਗਵਾਨ, ਮਹਾਰਾਜ ਸ਼ੇਰ ਸਿੰਘ ਹੋਏ ਸਹਾਈਆ । ਸੋਹੰ ਨਾਅਰਾ ਸਤਿ ਜੈਕਾਰਾ ਆਪ ਸੁਣਾਏ ਦੋ ਜਹਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਏਕਾ ਨਾਦ ਸੁਣਾਈਆ । ਕੂੜ ਕੁੜਿਆਰਾ ਦੇਵੇ ਡੰਨ, ਜੂਠ ਝੂਠ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਵਿਰਲੇ ਲਏ ਤਰਾਈਆ । ਗੁਰਮੁਖ ਤਾਰੇ ਆਪ ਪ੍ਰਭ, ਲੱਖ ਚੁਰਾਸੀ ਫੋਲ ਫੋਲਾਇੰਦਾ । ਲੱਖ ਚੁਰਾਸੀ ਵਿਚੋਂ ਲੱਭ, ਆਪਣਾ ਮੇਲ ਮਿਲਾਇੰਦਾ । ਲੇਖਾ ਜਾਣੇ ਸਾਚੀ ਯੱਦ, ਸਾਚਾ ਬੰਸ ਆਪ ਵਡਿਆਇੰਦਾ । ਵੇਖਣਹਾਰਾ ਆਰ ਪਾਰ ਕਿਨਾਰਾ ਹੱਦ, ਸਾਚੇ ਪੱਤਣ ਆਪਣਾ ਡੇਰਾ ਲਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਕਲਜੁਗ ਅੰਤ ਸ੍ਰੀ ਭਗਵੰਤ ਚਰਨ ਦੁਆਰੇ ਆਪੇ ਸੱਦ, ਏਕਾ ਸੱਦਾ ਨਾਮ ਰਖਾਇੰਦਾ । ਅੰਮ੍ਰਿਤ ਰਸ ਆਤਮ ਪਿਆਏ ਸਾਚੀ ਮਦਿ, ਦਿਵਸ ਰੈਣ ਖ਼ੁਮਾਰ ਰਖਾਇੰਦਾ । ਜੀਵਾਂ ਜੰਤਾਂ ਨਾਲੋਂ ਕਰੇ ਅੱਡ, ਆਪ ਆਪਣਾ ਬੰਧਨ ਪਾਇੰਦਾ । ਨਾਤਾ ਤੁਟੇ ਅੰਧੇਰੀ ਖੱਡ, ਡੂੰਘੀ ਕੰਦਰ ਨਾ ਕੋਇ ਭੁਵਾਇੰਦਾ । ਗੁਰਸਿਖ ਗਾਏ ਸੋਹੰ ਛੰਦ, ਆਤਮ ਪਰਮਾਤਮ ਮੇਲ ਮਿਲਾਇੰਦਾ । ਨਿਝ ਆਤਮ ਦੇਵੇ ਨਿਜਾਨੰਦ, ਨਿਜ ਆਪਣਾ ਰਸ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨੇਹਕੰਲਕ ਨਰਾਇਣ ਨਰ, ਗੁਰਸਿਖ ਆਪਣੇ ਅੰਗ ਲਗਾਇੰਦਾ । ਗੁਰਸਿਖ ਅੰਗੀ ਅੰਗੀਕਾਰ, ਆਪਣੇ ਅੰਗਨ ਆਪ ਬਹਾਈਆ । ਨਾਮ ਸਰੰਗੀ ਸਚ ਸਿਤਾਰ, ਬਹੁਰੰਗੀ ਆਪ ਸੁਣਾਈਆ । ਵਰਭੰਡੀ ਖੇਲ ਕਰੇ ਅਪਾਰ, ਬ੍ਰਹਿਮੰਡੀ ਵੇਖੇ ਚਾਈਂ ਚਾਈਂਆ । ਲੱਖ ਚੁਰਾਸੀ ਨਾਰ ਰੰਡੀ ਰੋਵੇ ਜ਼ਾਰੋ ਜ਼ਾਰ, ਹਰਿ ਜੂ ਕੰਤ ਨਜ਼ਰ ਕਿਸੇ ਨਾ ਆਈਆ । ਭੇਖ ਪਖੰਡੀ ਕਰਨ ਖ਼ਵਾਰ, ਦਰ ਦਰ ਘਰ ਘਰ ਬੈਠੇ ਧੂਣੀਆਂ ਤਾਈਆ । ਵਾਸਨਾ ਮੰਦੀ ਜਗਤ ਦੁਆਰ, ਮੰਦਰ ਮਸਜਦ ਮੱਠ ਸਚ ਸੁਗੰਧੀ ਨਜ਼ਰ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਕਿਰਪਾ ਨਿਧ ਠਾਕਰ ਸੁਆਮੀ ਸਾਚਾ ਬੰਦੀਖਾਨਾ ਕਰ ਤਿਆਰ, ਕਲਜੁਗ ਵੇਲੇ ਅੰਤ ਏਕਾ ਹੁਕਮ ਸੁਣਾਈਆ । ਚਾਰੋਂ ਕੁੰਟ ਹਾਹਾਕਾਰ, ਨਵ ਨੌਂ ਕਰੇ ਪੁਕਾਰ, ਸਤਿ ਸਤਿ ਨਾ ਕੋਇ ਅਧਾਰ, ਬ੍ਰਹਮ ਮਤ ਨਾ ਕੋਇ ਜਣਾਈਆ । ਪਰਗਟ ਹੋਵੇ ਆਪ ਨਿਰੰਕਾਰ, ਵੇਖੇ ਵਿਗਸੇ ਵੇਖਣਹਾਰ, ਗੁਰਮੁਖ ਸੱਜਣ ਲਏ ਉਭਾਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਦੇਵੇ ਮਾਣ ਵਡਿਆਈਆ । ਗੁਰਮੁਖ ਤੇਰਾ ਵੱਡਾ ਮਾਣਾ, ਹਰਿ ਸਤਿਗੁਰ ਆਪਣੇ ਘਰ ਰਖਾਇੰਦਾ । ਤੇਰਾ ਮਾਨਸ ਜਨਮ ਹੋਇਆ ਪਰਵਾਨਾ, ਪ੍ਰਭ ਜੂ ਆਪਣੇ ਲੇਖੇ ਪਾਇੰਦਾ । ਤੇਰਾ ਅੰਤਰ ਆਤਮ ਇਕੋ ਗਾਨਾ, ਸੋਹੰ ਅੱਖਰ


੧੦੦੧
੧੧

ਆਪ ਪੜ੍ਹਾਇੰਦਾ । ਤੇਰਾ ਸੁਹੇਲਾ ਮਰਦ ਮਰਦਾਨਾ, ਪੁਰਖ ਅਬਿਨਾਸ਼ੀ ਏਕਾ ਮਰਦ ਰੂਪ ਵਟਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਦੋਏ ਦੋਏ ਆਪਣੀ ਖੇਲ ਚਲਾਇੰਦਾ । ਤਖ਼ਤ ਨਿਵਾਸੀ ਤਖ਼ਤੋ ਲਾਹੇ ਰਾਜਾ ਰਾਣਾ, ਸ਼ਾਹ ਸੁਲਤਾਨ ਸੀਸ ਤਾਜ ਨਾ ਕੋਇ ਟਿਕਾਇੰਦਾ । ਲੱਖ ਚੁਰਾਸੀ ਮੰਨਣਾ ਪੈਣਾ ਭਾਣਾ, ਸਦ ਭਾਣੇ ਵਿਚ ਰਖਾਇੰਦਾ । ਗੁਰਮੁਖ ਵਿਰਲਾ ਚਤੁਰ ਸੁਘੜ ਸੁਜਾਨਾ, ਜਿਸ ਜਨ ਆਪਣਾ ਭੇਵ ਖੁਲ੍ਹਾਇੰਦਾ । ਅੱਠੇ ਪਹਿਰ ਦਿਵਸ ਰੈਣ ਚਰਨ ਕਵਲ ਦਏ ਧਿਆਨਾ, ਨੇਤਰ ਨੈਣ ਇਕ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚਾ ਆਪ ਵਡਿਆਇੰਦਾ । ਗੁਰਸਿਖ ਵਡਿਆਈ ਤੇਰੀ ਜਗ, ਜਗ ਜੀਵਣ ਦਾਤਾ ਆਪ ਕਰਾਈਆ । ਤੇਰੀ ਬੁਝੇ ਤ੍ਰੈਗੁਣ ਅੱਗ, ਤੇਰੇ ਅੰਤਰ ਅੰਮ੍ਰਿਤ ਮੇਘ ਬਰਸਾਈਆ । ਮੇਲ ਮਿਲਾਵਾ ਉਪਰ ਸ਼ਾਹ ਰਗ, ਰਘੁਬੰਸ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਆਪਣਾ ਨੂਰ ਆਪਣੇ ਨਾਲ ਮਿਲਾਈਆ ।

ਪ੍ਰੇਮ ਪਿਆਰ ਸੱਚਾ ਸਵਾਗਤ, ਸਚਖੰਡ ਨਿਵਾਸੀ ਏਕਾ ਏਕ ਰਖਾਈਆ । ਜੁਗ ਜੁਗ ਪਹਿਲੋਂ ਗੁਰ ਅਵਤਾਰਾਂ ਪਾਈ ਆਦਤ, ਆਪਣਾ ਰਾਹ ਚਲਾਈਆ । ਬਿਨ ਰਸਨਾ ਜਿਹਵਾ ਦੱਸ ਦੱਸ ਇਬਾਦਤ, ਨਿਸ਼ਅੱਖਰ ਕਰ ਪੜ੍ਹਾਈਆ । ਲੋਕਮਾਤ ਨਿਰਗੁਣ ਸਰਗੁਣ ਨਿਰਗੁਣ ਕਰਦਾ ਗਿਆ ਸਿਫ਼ਾਰਸ, ਹਰਿ ਕਾ ਨਾਉਂ ਢੋਲਾ ਗਾਈਆ । ਗੁਰਸਿਖ ਤੇਰਾ ਮੇਰਾ ਇਕ ਤੁਆਰਫ਼, ਤਰਫ਼ ਬਤਰਫ਼ ਵੰਡ ਨਾ ਕੋਇ ਵੰਡਾਈਆ । ਬਿਨ 
ਗੁਰਸਿਖ ਸਤਿਗੁਰ ਪੂਰੇ ਨੂੰ ਦੇਵੇ ਕੋਈ ਨਾ ਢਾਰਸ, ਲੱਖ ਚੁਰਾਸੀ ਕੰਮ ਕਿਸੇ ਨਾ ਆਈਆ । ਇਕ ਦੂਜੇ ਦੇ ਦੋਵੇ ਵਾਰਸ, ਵਸੀਅਤ ਲਿਖ ਲਿਖ ਆਪਣੀ ਹਥੀਂ ਹੱਥ ਫੜਾਈਆ । ਕਲਜੁਗ ਅੰਤ ਨਾ ਮੰਗੇ ਕੋਈ ਆੜ੍ਹਤ, ਸੌਦਾ ਹੋਰ ਨਾ ਕੋਇ ਕਰਾਈਆ । ਜਿਸ ਘੜਿਆ ਤੇਰਾ ਘਾੜਤ, ਸੋ ਤੈਨੂੰ ਵੇਖਣ ਆਈਆ । ਤੂੰ ਰਲ ਕੇ ਮੇਰੀ ਕਰ ਸਿਫ਼ਾਰਸ਼, ਗੁਰਸਿਖ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਗੁਰਸਿਖ ਦਰਸ ਦਰਸ ਗੁਰਸਿਖ ਆਪਣੀ ਆਪਣੇ ਲੇਖੇ ਪਾਈਆ । ਸਤਿਗੁਰ ਘਰ ਨਾ ਕੋਈ ਵੰਡ, ਘੜੀ ਪਲ ਥਿਤ ਵਾਰ ਬਰਸ ਮਾਸ ਨਾ ਕੋਇ ਰਖਾਈਆ । ਵਸਣਹਾਰਾ ਵਿਚ ਬ੍ਰਹਿਮੰਡ, ਘਟ ਘਟ ਆਪਣਾ ਆਸਣ ਲਾਈਆ । ਦੀਨ ਦਿਆਲ ਸਰਬ ਗੁਣਵੰਤਾ ਜਨ ਭਗਤਾਂ ਸਦਾ ਬਖ਼ਸ਼ੰਦ, ਸਿਰ ਆਪਣਾ ਹੱਥ ਟਿਕਾਈਆ । ਜਗਤ ਲੋਚਣ ਭੇਖ ਪਖੰਡ, ਬਿਨ ਸਤਿਗੁਰ ਅੰਤ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਗੁਰਸਿਖਾਂ ਜਗਤ ਰੀਤੀ ਕੋਲੋਂ ਪੱਲਾ ਰਿਹਾ ਛੁਡਾਈਆ ।

### ★ ੧੬ ਚੇਤ ੨੦੧੯ ਬਿਕ੍ਰਮੀ ਅਰਜਣ ਸਿੰਘ ਦੇ ਗ੍ਰਿਹਿ ਭਰੋਭਾਲ ਜ਼ਿਲਾ ਅੰਮ੍ਰਿਤਸਰ ★

ਸਤਿ ਪੁਰਖ ਨਿਰੰਜਣ ਸਤਿ ਸਤਿਵਾਦ, ਸਤਿ ਸਰੂਪੀ ਖੇਲ ਕਰਾਇੰਦਾ । ਸੋ ਪੁਰਖ ਨਿਰੰਜਣ ਆਦਿ ਜੁਗਾਦਿ, ਨਿਰਗੁਣ ਆਪਣੀ ਧਾਰ ਚਲਾਇੰਦਾ । ਹਰਿ ਪੁਰਖ ਨਿਰੰਜਣ ਵੇਖਣਹਾਰਾ ਖੇਲ ਤਮਾਸ਼, ਭੇਵ ਅਭੇਦਾ ਆਪ ਖੁਲ੍ਹਾਇੰਦਾ । ਏਕੰਕਾਰਾ ਸਰਬ ਗੁਣਤਾਸ, ਗੁਣਵੰਤਾ ਆਪਣਾ

ਨਾਉਂ ਪਰਗਟਾਇੰਦਾ । ਆਦਿ ਨਿਰੰਜਣ ਕਰ ਪਰਕਾਸ਼, ਨੂਰ ਨੁਰਾਨਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣੀ ਆਸ, ਆਸਾ ਆਪਣੀ ਆਪ ਪਰਗਟਾਇੰਦਾ । ਸ੍ਰੀ ਭਗਵਾਨ ਪਾਵੇ ਰਾਸ, ਸਾਚਾ ਮੰਡਲ ਆਪ ਸੁਹਾਇੰਦਾ । ਪਾਰਬ੍ਰਹਮ ਦਾਸੀ ਦਾਸ, ਸੇਵਕ ਸੇਵਕ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣਾ ਖੇਲ ਆਪ ਕਰਾਇੰਦਾ । ਆਦਿ ਆਦਿ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਨਿਰਗੁਣ ਆਪਣਾ ਵੇਸ ਵਟਾਈਆ । ਅਜੂਨੀ ਰਹਿਤ ਭੇਵ ਨਿਆਰਾ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਆਪਣੀ ਇਛਿਆ ਕਰ ਪਸਾਰਾ, ਕਰੇ ਖੇਲ ਬੇਪਰਵਾਹੀਆ । ਸਚਖੰਡ ਦੁਵਾਰਾ ਕਰ ਤਿਆਰਾ, ਮਹੱਲ ਅਟੱਲ ਇਕ ਸੁਹਾਈਆ । ਨਿਰਮਲ ਦੀਆ ਬਾਤੀ ਕਰ ਉਜਿਆਰਾ, ਕਮਲਾਪਾਤੀ ਆਪ ਸੁਹਾਈਆ । ਵੇਖੇ ਵਿਗਸੇ ਵੇਖਣਹਾਰਾ, ਇਕ ਇਕੱਲਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਇਕ ਇਕੱਲਾ, ਅਕਲ ਕਲ ਖੇਲ ਕਰਾਇੰਦਾ । ਵਸਣਹਾਰਾ ਸਾਚੇ ਧਾਮ ਉਚ ਮਹੱਲਾ, ਅਟੱਲ ਆਪਣੀ ਧਾਰ ਵਖਾਇੰਦਾ । ਦੀਪਕ ਦੀਪਕ ਜੋਤੀ ਆਪੇ ਬਲਾ, ਤੇਲ ਬਾਤੀ ਨਾ ਕੋਇ ਰਖਾਇੰਦਾ । ਨਿਰਗੁਣ ਨਿਰਗੁਣ ਪਕੜੇ ਪੱਲਾ, ਆਪਣਾ ਬੰਧਨ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਰੂਪ ਅਨੂਪ ਪਰਗਟਾਇੰਦਾ । ਰੂਪ ਅਨੂਪ ਹਰਿ ਕਰਤਾਰਾ, ਆਪਣਾ ਆਪ ਧਰਾਈਆ । ਸਾਚੇ ਮੰਦਰ ਕਰ ਪਸਾਰਾ, ਆਪੇ ਵਸੇ ਚਾਈਂ ਚਾਈਂਆ । ਸ਼ਾਹੋ ਭੂਪ ਬਣ ਸਿਕਦਾਰਾ, ਰਾਜ ਰਾਜਾਨ ਆਪਣਾ ਨਾਉਂ ਧਰਾਈਆ । ਸਚ ਸਿੰਘਾਸਣ ਅਗੰਮ ਅਪਾਰਾ, ਅਲੱਖ ਅਗੋਚਰ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਵਸੇ ਚਾਈਂ ਚਾਈਂਆ । ਸਚਖੰਡ ਸਾਚਾ ਸਚ ਦੁਆਰ, ਹਰਿ ਸਾਚਾ ਖੇਲ ਕਰਾਇੰਦਾ । ਇਕ ਇਕੱਲਾ ਏਕੰਕਾਰ, ਪੁਰਖ ਅਕਾਲਾ ਆਸਣ ਲਾਇੰਦਾ । ਤਖ਼ਤ ਨਿਵਾਸੀ ਵਡ ਸਿਕਦਾਰ, ਧੁਰ ਫ਼ਰਮਾਣ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਆਪਣਾ ਭੇਵ ਰੱਖੇ ਹੱਥ, ਮਹਿਮਾ ਅਗਣਤ ਗਣੀ ਨਾ ਜਾਈਆ । ਦੀਨ ਦਿਆਲ ਠਾਕਰ ਸੁਆਮੀ ਪੁਰਖ ਸਮਰਥ, ਸਮਰਥ ਆਪਣਾ ਨਾਉਂ ਪਰਗਟਾਈਆ । ਸਚਖੰਡ ਦੁਆਰੇ ਚਲਾਏ ਸਾਚਾ ਰਥ, ਬਣ ਰਥਵਾਹੀ ਸੇਵ ਕਮਾਈਆ । ਤਖ਼ਤ ਨਿਵਾਸੀ ਸਾਚੇ ਤਖ਼ਤ ਬਹੇ ਸਜ, ਆਪ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣਾ ਘਾੜਨ ਆਪ ਘੜਾਈਆ । ਆਪਣਾ ਘਾੜਨ ਆਪੇ ਘੜ, ਹਰਿ ਜੂ ਆਪੇ ਵੇਖ ਵਖਾਇੰਦਾ । ਸਚਖੰਡ ਦੁਆਰੇ ਆਪੇ ਵੜ, ਹਰਿ ਜੂ ਆਪੇ ਸੋਭਾ ਪਾਇੰਦਾ । ਵੇਸ ਵਟਾਏ ਨਾਰੀ ਨਰ, ਕੰਤ ਕੰਤੂਹਲ ਸਾਚੀ ਸੇਜ ਆਪ ਸੁਹਾਇੰਦਾ । ਨਿਰਗੁਣ ਅੰਦਰ ਨਿਰਗੁਣ ਧਰ, ਨਿਰਗੁਣ ਮੇਲਾ ਆਪਣਾ ਬੰਧਨ ਪਾਇੰਦਾ । ਦਾਈ ਦਾਇਆ ਆਪੇ ਬਣ, ਦਰ ਘਰ ਸਾਚੇ ਸਾਚੀ ਸੇਵਾ ਆਪਣੇ ਹੱਥ ਰਖਾਇੰਦਾ । ਜਨਨੀ ਜਨ ਏਕਾ ਘਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਵਡਿਆਇੰਦਾ । ਸਚਖੰਡ ਦੁਆਰੇ ਪੁਰਖ ਨਾਰ, ਨਰ ਹਰਿ ਆਪਣਾ ਖੇਲ ਕਰਾਈਆ । ਆਪਣੀ ਇਛਿਆ ਕਰ ਸ਼ਿੰਗਾਰ, ਸੋਭਾਵੰਤ ਵਡੀ ਵਡਿਆਈਆ । ਇਕ ਇਕੱਲਾ ਖੇਲ ਅਪਾਰ, ਅਕਲ ਕਲ ਆਪਣਾ ਭੇਵ ਚੁਕਾਈਆ । ਨਿਰਗੁਣ ਅੰਦਰ ਨਿਰਗੁਣ ਪਿਆਰ, ਨਿਰਗੁਣ ਵੇਖੇ ਚਾਈਂ ਚਾਈਂਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਰੇ ਖੇਲ ਬੇਪਰਵਾਹ, ਪਾਰਬ੍ਰਹਮ ਵਡੀ ਵਡਿਆਈਆ । ਅਬਿਨਾਸ਼ੀ ਕਰਤਾ ਚਲਾਏ ਰਾਹ, ਆਪਣਾ ਮਾਰਗ ਆਪੇ ਲਾਈਆ । ਸ੍ਰੀ ਭਗਵਾਨ ਹੋਏ ਸਹਾ, ਸਿਰ ਆਪਣਾ ਹੱਥ ਟਿਕਾਈਆ । ਆਦਿ ਨਿਰੰਜਣ ਕਰ ਰੁਸ਼ਨਾ, ਜੋਤੀ ਜਾਤਾ ਡਗਮਗਾਈਆ । ਏਕੰਕਾਰਾ ਸਚ ਵਖਾਏ ਏਕਾ ਥਾਂ, ਸਚਖੰਡ ਸਾਚੇ ਵੱਜੇ ਵਧਾਈਆ । ਹਰਿ ਪੁਰਖ ਨਿਰੰਜਣ ਆਪਣਾ ਨਾਉਂ ਆਪ ਪਰਗਟਾ, ਆਪ ਆਪਣਾ ਬਲ ਸਮਝਾਈਆ । ਸੋ ਪੁਰਖ ਨਿਰੰਜਣ ਸੱਚਾ ਸ਼ਹਿਨਸ਼ਾਹ, ਸੀਸ ਜਗਦੀਸ ਤਾਜ ਸੁਹਾਈਆ । ਧੁਰ ਫ਼ਰਮਾਣਾ ਇਕ ਸੁਣਾ, ਹੁਕਮੀ ਹੁਕਮ ਆਪਣਾ ਬੰਧਨ ਪਾਈਆ । ਜਨਨੀ ਜਨ ਬਣ ਸੁਤ ਦੁਲਾਰਾ ਲਏ ਜਾ, ਗੋਦੀ ਗੋਦ ਆਪ ਸੁਹਾਈਆ । ਨਿਰਗੁਣ ਪਿਤਾ ਨਿਰਗੁਣ ਮਾਂ, ਨਿਰਗੁਣ ਬਾਲਾ ਆਪਣੇ ਅੰਗ ਲਗਾਈਆ । ਸ਼ਬਦ ਦੁਲਾਰਾ ਪਕੜੇ ਬਾਂਹ, ਹਰਿ ਜੂ ਹਰਿ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਉਪਜਾਏ ਸਾਚਾ ਸੁਤ, ਕਰੇ ਖੇਲ ਅਬਿਨਾਸ਼ੀ ਅਚੁੱਤ, ਦੂਸਰ ਭੇਵ ਕੋਇ ਨਾ ਪਾਈਆ । ਸੁਤ ਦੁਲਾਰਾ ਏਕਾ ਬਾਲ, ਸਚਖੰਡ ਨਿਵਾਸੀ ਇਕ ਪਰਗਟਾਈਆ । ਆਪਣੀ ਗੋਦੀ ਲਏ ਉਠਾਲ, ਨਿਰਗੁਣ ਮੇਲਾ ਚਾਈਂ ਚਾਈਂਆ । ਆਪਣੀ ਇਛਿਆ ਆਪ ਪਰਗਟਾਏ ਸੱਚੀ ਧਰਮਸਾਲ, ਘਰ ਘਰ ਵਿਚ ਬਣਤ ਬਣਾਈਆ । ਥਿਰ ਘਰ ਦੁਆਰਾ ਕਰ ਤਿਆਰ, ਨਿਰਗੁਣ ਦੀਵਾ ਬਾਤੀ ਇਕ ਟਿਕਾਈਆ । ਸੁਤ ਦੁਲਾਰਾ ਦਏ ਬਹਾਲ, ਏਕਾ ਆਪਣਾ ਹੁਕਮ ਸੁਣਾਈਆ । ਸਦਾ ਸੁਹੇਲਾ ਵਸੇ ਨਾਲ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸ਼ਬਦ ਸੁਤ ਦਏ ਵਡਿਆਈਆ । ਸ਼ਬਦ ਸੁਤ ਦੇ ਦਿਲਾਸਾ, ਥਿਰ ਘਰ ਸਾਚੇ ਹਰਿ ਬਹਾਇੰਦਾ । ਸਚਖੰਡ ਨਿਵਾਸੀ ਇਕ ਭਰਵਾਸਾ, ਚਰਨ ਕਵਲ ਕਵਲ ਜਣਾਇੰਦਾ । ਮੇਰਾ ਨੂਰ ਤੇਰਾ ਪਰਕਾਸ਼ਾ, ਤੇਰਾ ਪਰਕਾਸ਼ ਮੇਰਾ ਨੂਰ ਧਰਾਇੰਦਾ । ਤੇਰੇ ਅੰਤਰ ਮੇਰਾ ਵਾਸਾ, ਮੇਰਾ ਵਾਸਾ ਤੇਰੀ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਥਿਰ ਘਰ ਆਪਣਾ ਹੁਕਮ ਵਰਤਾਇੰਦਾ । ਥਿਰ ਘਰ ਹੁਕਮ ਸ੍ਰੀ ਭਗਵਾਨ, ਆਪਣਾ ਆਪ ਜਣਾਈਆ । ਸੁਤ ਦੁਲਾਰੇ ਉਠ ਨਾਦਾਨ, ਨਰ ਨਰਾਇਣ ਆਪ ਉਠਾਈਆ । ਸਤਿ ਸਤਿਵਾਦੀ ਇਕ ਨਿਸ਼ਾਨ, ਸਤਿ ਪੁਰਖ ਨਿਰੰਜਣ ਰਿਹਾ ਵਖਾਈਆ । ਭੂਪਤ ਭੂਪ ਰਾਜ ਰਾਜਾਨ, ਤਖ਼ਤ ਨਿਵਾਸੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਹਰਿ ਹਰਿ ਗੀਤ, ਨਰ ਨਿਰੰਕਾਰਾ ਆਪ ਜਣਾਇੰਦਾ । ਨਿਰਗੁਣ ਚਲਾਏ ਨਿਰਗੁਣ ਰੀਤ, ਨਿਰਗੁਣ ਆਪਣੀ ਵੰਡ ਵੰਡਾਇੰਦਾ । ਨਿਰਗੁਣ ਵਸੇ ਸਦਾ ਅਤੀਤ, ਸਤਿ ਸਤਿਵਾਦੀ ਖੇਲ ਕਰਾਇੰਦਾ । ਨਿਰਗੁਣ ਸੱਜਣ ਨਿਰਗੁਣ ਮੀਤ, ਪਿਤਾ ਪੂਤ ਨਿਰਗੁਣ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਆਪਣਾ ਰੰਗ ਰੰਗਾਇੰਦਾ । ਥਿਰ ਘਰ ਰੰਗਾਏ ਆਪਣਾ ਰੰਗ, ਸਚਖੰਡ ਨਿਵਾਸੀ ਦਇਆ ਕਮਾਈਆ । ਨਿਰਗੁਣ ਰੂਪ ਨਿਰਗੁਣ ਸੇਜ ਨਿਰਗੁਣ ਪਲੰਘ, ਨਿਰਗੁਣ ਬੈਠਾ ਆਸਣ ਲਾਈਆ । ਨਿਰਗੁਣ ਨਾਮ ਨਿਰਗੁਣ ਮਰਦੰਗ, ਨਿਰਗੁਣ ਸ਼ਬਦ ਧੁੰਨ ਸ਼ਨਵਾਈਆ । ਨਿਰਗੁਣ ਸੂਰਬੀਰ ਸੂਰਾ ਸਰਬੰਗ, ਨਿਰਗੁਣ ਮੰਦਰ ਅੰਦਰ ਵੇਖੇ ਲੰਘ, ਨਿਰਗੁਣ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸ਼ਬਦ ਸੁਤ ਦਏ ਵਡਿਆਈਆ ।

ਸ਼ਬਦ ਸੁਤ ਹਰਿ ਦੇਵੇ ਮਾਣ, ਪਾਰਬ੍ਰਹਮ ਬੇਪਰਵਾਹਿਆ । ਤੇਰਾ ਮੇਰਾ ਇਕ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇਆ । ਚਾਰ ਦਿਵਾਰ ਨਾ ਕੋਇ ਨਿਸ਼ਾਨ, ਦਰ ਦਰਵਾਜ਼ਾ ਨਜ਼ਰ ਕੋਇ ਨਾ ਆਇਆ । ਨਿਰਮਲ ਦੀਆ ਇਕ ਮਹਾਨ, ਜੋਤੀ ਜੋਤ ਡਗਮਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ ਨਰ ਨਰੇਸ਼ ਏਕਾ ਏਕਾ ਵਾਰ ਸੁਣਾਇਆ । ਏਕਾ ਏਕ ਖੇਲ ਅਪਾਰਾ, ਇਕ ਇਕੱਲਾ ਆਪ ਕਰਾਈਆ । ਲੇਖਾ ਜਾਣੇ ਸੁਤ ਦੁਲਾਰਾ, ਬਿਨ ਲਿਖਿਆਂ ਦਏ ਸਮਝਾਈਆ । ਤੇਰਾ ਕਰੇ ਵਡ ਪਸਾਰਾ, ਪਸਰ ਪਸਾਰੀ ਬੇਪਰਵਾਹੀਆ । ਤੇਰਾ ਹੱਟ ਤੇਰਾ ਵਣਜਾਰਾ, ਤੇਰੇ ਦਰ ਖੁਲ੍ਹਾਈਆ । ਤੇਰਾ ਘਰ ਤੇਰਾ ਭੰਡਾਰਾ, ਤੇਰੇ ਹੱਥ ਵਰਤਾਈਆ । ਤੇਰਾ ਨਾਉਂ ਤੇਰਾ ਨਗਾਰਾ, ਤੇਰਾ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਸੁਣਾਈਆ । ਸਚ ਸੁਨੇਹੜਾ ਏਕੰਕਾਰ, ਏਕਾ ਏਕ ਜਣਾਇੰਦਾ । ਸ਼ਬਦ ਸੁਤ ਹੋ ਤਿਆਰ, ਪੁਰਖ ਅਬਿਨਾਸ਼ੀ ਦਇਆ ਕਮਾਇੰਦਾ । ਤੇਰਾ ਕਰੇ ਸਚ ਪਿਆਰ, ਪਿਆਰ ਪਿਆਰ ਨਾਲ ਮਿਲਾਇੰਦਾ । ਨਿਰਗੁਣ ਨਿਰਗੁਣ ਦੇਵੇ ਧਾਰ, ਧਾਰ ਧਾਰ ਵਿਚੋਂ ਪਰਗਟਾਇੰਦਾ । ਆਪਣੀ ਇਛਿਆ ਭਰ ਭੰਡਾਰ, ਵਸਤ ਅਮੋਲਕ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਹਰਿ ਸਮਝਾਇੰਦਾ । ਸ਼ਬਦ ਸੁਤ ਉਠ ਕਰ ਧਿਆਨ, ਹਰਿ ਸਾਚਾ ਸਚ ਜਣਾਈਆ । ਤੇਰਾ ਝੁਲਾਵਾਂ ਸਤਿ ਨਿਸ਼ਾਨ, ਸਤਿ ਸਤਿਵਾਦੀ ਰੰਗ ਰੰਗਾਈਆ । ਤੇਰਾ ਖੇਲ ਕਰਾਂ ਮਹਾਨ, ਆਪਣਾ ਬਲ ਧਰਾਈਆ । ਤੇਰੀ ਗੋਦੀ ਤੇਰਾ ਰੂਪ ਧਰਾਂ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਖੇਲ ਸਮਝਾਈਆ । ਸ਼ਬਦ ਸੁਤ ਦੇਵੇ ਦਾਤ, ਮਿਹਰਵਾਨ ਦਇਆ ਕਮਾਇੰਦਾ । ਥਿਰ ਦੁਆਰੇ ਪੁੱਛੇ ਵਾਤ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਤੇਰੀ ਮੇਰੀ ਇਕੋ ਜ਼ਾਤ, ਅਜ਼ਾਤੀ ਵੰਡ ਨਾ ਕੋਇ ਰਖਾਇੰਦਾ । ਤੇਰਾ ਮੇਰਾ ਇਕੋ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਤੇਰਾ ਮੇਰਾ ਇਕੋ ਸਾਕ, ਪਿਤਾ ਪੂਤ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਤੇਰਾ ਰਥ ਬਣਾਇੰਦਾ । ਸ਼ਬਦੀ ਰਥ ਲਏ ਬਣਾ, ਪ੍ਰਭ ਆਪਣੀ ਦਇਆ ਕਮਾਈਆ । ਸਚਖੰਡ ਨਿਵਾਸੀ ਦੇ ਸਲਾਹ, ਸਾਚੀ ਸਿਖਿਆ ਇਕ ਸਮਝਾਈਆ । ਨਿਰਗੁਣ ਬਣਿਆ ਨਿਰਗੁਣ ਮਲਾਹ, ਨਿਰਗੁਣ ਬੇੜਾ ਆਪ ਚਲਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਝੋਲੀ ਦੇਵਾਂ ਪਾ, ਤੇਰਾ ਬੰਸ ਵਡਿਆਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਤੇਰੀ ਇਛਿਆ ਘਾੜਨ ਦੇਵਾਂ ਘੜਾ, ਗਗਨ ਮੰਡਲ ਸੋਭਾ ਪਾਈਆ । ਤ੍ਰੈਗੁਣ ਰੰਗ ਦੇਵਾਂ ਰੰਗਾ, ਰੰਗ ਉਤਰ ਕਦੇ ਨਾ ਜਾਈਆ । ਪੰਚਮ ਮੇਲਾ ਦਿਆਂ ਮਿਲਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਤੇਰਾ ਸੰਗ ਨਿਭਾਈਆ । ਸਾਚੀ ਸੇਵਾ ਇਕ ਸਮਝਾ, ਏਕਾ ਰਾਹ ਚਲਾਈਆ । ਲੱਖ ਚੁਰਾਸੀ ਘਾੜਨ ਲੈਣਾ ਘੜਾ, ਘੜ ਘੜ ਆਪੇ ਵੇਖ ਵਖਾਈਆ । ਪੁਰਖ ਅਬਿਨਾਸ਼ੀ ਹੋਏ ਸਹਾ, ਸਿਰ ਤੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੇਵਾ ਇਕ ਲਗਾਈਆ । ਸ਼ਬਦ ਸੁਤ ਉਠ ਬਲਵਾਨ, ਆਪਣਾ ਖੇਲ ਕਰਾਇੰਦਾ । ਏਕਾ ਸੁਣਿਆ ਧੁਰ ਫ਼ਰਮਾਣ, ਨਿਉਂ ਨਿਉਂ ਸੀਸ ਝੁਕਾਇੰਦਾ । ਵਿਸ਼ਨੂੰ ਵਿਸ਼ਵ ਕਰ ਪਰਵਾਨ, ਬ੍ਰਹਮ ਪਾਰਬ੍ਰਹਮ ਪਰਗਟਾਇੰਦਾ । ਸ਼ੰਕਰ ਮੇਲਾ ਸੁੰਞ ਮਸਾਣ, ਧੂੰਆਂਧਾਰ ਖੇਲ ਕਰਾਇੰਦਾ । ਤਿੰਨਾਂ ਵਿਚੋਲਾ ਬਣ ਮਿਹਰਵਾਨ, ਸ਼ਬਦ ਢੋਲਾ ਏਕਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਧਨ ਇਕ ਵਖਾਇੰਦਾ । ਸਾਚਾ

ਬੰਧਨ ਏਕਾ ਡੋਰ, ਸ਼ਬਦ ਤੰਦ ਬੰਧਾਈਆ । ਹੁਕਮੇ ਅੰਦਰ ਆਪੇ ਤੋਰ, ਹੁਕਮੀ ਹੁਕਮ ਰਿਹਾ ਸਮਝਾਈਆ । ਨਿਰਗੁਣ ਨਿਰਗੁਣ ਵੇਖੇ ਦੌੜ, ਦੋ ਜਹਾਨਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸ਼ਬਦ ਦਏ ਵਡਿਆਈਆ । ਸਾਚੇ ਸ਼ਬਦ ਤੇਰਾ ਪਸਾਰਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਅਧਾਰਾ, ਤ੍ਰੈਗੁਣ ਸਾਚਾ ਸੰਗ ਨਿਭਾਇੰਦਾ । ਪੰਚਮ ਖੇਲ ਕਰੇ ਅਪਾਰਾ, ਘਾੜਤ ਘੜਨ ਆਪ ਘੜਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰਾ, ਤੱਤਵ ਤੱਤ ਵੇਸ ਵਟਾਇੰਦਾ । ਲੱਖ ਚੁਰਾਸੀ ਬਣ ਠਠਿਆਰਾ, ਘੜ ਭਾਂਡੇ ਆਪਣੇ ਰੰਗ ਰੰਗਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ, ਨੂਰ ਕਰ ਉਜਿਆਰਾ ਘਰ ਘਰ ਮੰਦਰ ਅੰਦਰ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਗੁਰ ਦੇਵੇ ਵਰ, ਧੁਰ ਫ਼ਰਮਾਣਾ ਇਕ ਸੁਣਾਇੰਦਾ । ਸ਼ਬਦ ਗੁਰ ਕਰ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਮੈਂ ਸੇਵਾ ਕਰਾਂ ਬਣ ਸੇਵਾਦਾਰ, ਭੁੱਲ ਕਦੇ ਨਾ ਜਾਈਆ । ਲੱਖ ਚੁਰਾਸੀ ਕਰ ਤਿਆਰ, ਘਟ ਘਟ ਆਪਣਾ ਬੰਧਨ ਪਾਈਆ । ਚਾਰੇ ਖਾਣੀ ਵੰਡ ਵਿਚ ਸੰਸਾਰ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਹੁਕਮ ਵਰਤਾਈਆ । ਚਾਰੇ ਬਾਣੀ ਬੋਲ ਜੈਕਾਰ, ਸਾਚਾ ਨਾਅਰਾ ਇਕ ਸੁਣਾਈਆ । ਏਕਾ ਨਾਦ ਸ਼ਬਦ ਧੁਨਕਾਰ, ਧੁੰਨ ਅਨਾਦੀ ਆਪੇ ਗਾਈਆ । ਪਾਰਬ੍ਰਹਮ ਬ੍ਰਹਮ ਦੇ ਅਧਾਰ, ਬ੍ਰਹਮ ਵੇਤਾ ਕਰੇ ਪੜ੍ਹਾਈਆ । ਚਾਰੇ ਵੇਦ ਕਰ ਉਜਿਆਰ, ਜਾਗਰਤ ਜੋਤ ਜੋਤ ਜਗਾਈਆ । ਚਾਰੇ ਯੁਗ ਕਰ ਪਰਧਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੰਧਨ ਪਾਈਆ । ਚਾਰੇ ਵਰਨ ਵਰਨ ਨਿਸ਼ਾਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਮਾਰਗ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਮੰਗ ਮੰਗਾਈਆ । ਗੁਰ ਸ਼ਬਦ ਸੂਰਾ ਵਡ ਬਲਵਾਨ, ਪ੍ਰਭ ਅੱਗੇ ਸੀਸ ਝੁਕਾਇੰਦਾ । ਜੁਗ ਚੌਕੜੀ ਖੇਲ ਕਰਾਂ ਮਹਾਨ, ਲੋਕਮਾਤ ਵੇਖ ਵਖਾਇੰਦਾ । ਘਰ ਘਰ ਅੰਦਰ ਹੋ ਪਰਧਾਨ, ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਅੰਤ ਮਿਲਾਇੰਦਾ । ਕਵਣ ਵੇਲਾ ਹੋਏ ਮੇਲਾ, ਸ਼ਬਦੀ ਸ਼ਬਦ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਸੱਜਣ ਸੁਹੇਲਾ, ਆਪਣੀ ਦਇਆ ਕਮਾਇੰਦਾ । ਸਰਗੁਣ ਨਿਰਗੁਣ ਨਿਰਗੁਣ ਸਰਗੁਣ ਅਚਰਜ ਖੇਲ ਆਪੇ ਖੇਲਾ, ਖੇਲਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਦੇਵੇ ਮਾਤ, ਸ਼ਬਦੀ ਸ਼ਬਦ ਵਡ ਵਡਿਆਈਆ । ਯੁਗ ਚੌਕੜੀ ਖੇਲ ਦਿਵਸ ਰਾਤ, ਰਾਤੀ ਰੁੱਤੀ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵੇ ਦਾਤ, ਦਾਤ ਅਨਮੁਲੜੀ ਆਪ ਵਰਤਾਈਆ । ਵੇਖਣਹਾਰਾ ਖੇਲ ਤਮਾਸ਼, ਨਿਰਗੁਣ ਸਰਗੁਣ ਰੂਪ ਵਟਾਈਆ । ਆਪਣੀ ਇਛਿਆ ਆਪੇ ਪੂਰੀ ਕਰੇ ਆਸ, ਆਪਣੀ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਈਆ । ਆਪਣਾ ਖੇਲ ਰੱਖੇ ਹੱਥ, ਆਪਣੀ ਦਇਆ ਆਪ ਕਮਾਇੰਦਾ । ਜੁਗ ਜੁਗ ਚਲਾਏ ਸਾਚਾ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਨਿਰਗੁਣ ਸਰਗੁਣ ਮਾਰਗ ਦੱਸ, ਰੂਪ ਅਨੂਪ ਆਪ ਵਟਾਇੰਦਾ । ਗੁਰ ਗੁਰ ਰੂਪ ਹੋ ਪਰਗਟ, ਸ਼ਬਦੀ ਸ਼ਬਦ ਡੰਕ ਵਜਾਇੰਦਾ । ਆਤਮ ਪਰਮਾਤਮ ਕਰ ਕਰ ਦਾਸ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਪਾਰਬ੍ਰਹਮ ਬ੍ਰਹਮ ਕਰ ਨਿਵਾਸ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਗੁਰ ਸ਼ਬਦੀ ਮਾਣ ਦਿਵਾਇੰਦਾ । ਗੁਰ ਸ਼ਬਦੀ ਤੇਰਾ ਰੰਗ, ਹਰਿ ਜੂ ਹਰਿ ਹਰਿ ਆਪ ਚੜ੍ਹਾਇੰਦਾ । ਲੱਖ ਚੁਰਾਸੀ ਵੱਜੇ ਮਰਦੰਗ, ਗ੍ਰਿਹ ਤੇਰਾ ਨਾਦ ਸੁਣਾਇੰਦਾ । ਸ਼ਾਹ ਪਾਤਸ਼ਾਹ ਸੂਰਾ ਸਰਬੰਗ, ਸਤਿ ਸਿੰਘਾਸਣ ਸੋਭਾ ਪਾਇੰਦਾ । ਕਰ ਪਰਕਾਸ਼ ਬਿਨ ਸੂਰਜ ਚੰਦ, ਕਿਰਨ ਕਿਰਨ ਨਾ ਕੋਇ ਰੁਸ਼ਨਾਇੰਦਾ । ਬੋਧ ਅਗਾਧਾ ਏਕਾ ਛੰਦ, ਪੁਰਖ ਅਬਿਨਾਸ਼ੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਮਾਰਗ ਏਕਾ ਲਾਇੰਦਾ । ਸ਼ਬਦੀ ਮਾਰਗ ਗੁਰ ਅਵਤਾਰ, ਸਤਿ ਪੁਰਖ ਨਿਰੰਜਣ ਆਪ ਜਣਾਈਆ । ਜੁਗ ਜੁਗ ਸੇਵਾ ਵਿਚ ਸੰਸਾਰ, ਨਿਰਗੁਣ ਸਰਗੁਣ ਲਏ ਕਮਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਜੀਵ ਜੰਤ ਕਰੇ ਪੜ੍ਹਾਈਆ । ਧੁਰ ਫ਼ਰਮਾਣਾ ਸਤਿ ਲਿਖਾਰ, ਲਿਖ ਲਿਖ ਲੇਖਾ ਮਾਤ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਵਾਰੋ ਵਾਰ, ਕਲਜੁਗ ਆਪਣਾ ਰੂਪ ਵਟਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਕਰੇ ਖੇਲ ਅਗੰਮ ਅਪਾਰ, ਅਪਰੰਪਰ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਦੇਵੇ ਮਾਣ ਵਡਿਆਈਆ । ਗੁਰ ਸ਼ਬਦ ਤੇਰਾ ਨਾਦ, ਅਨਾਦੀ ਆਪ ਵਜਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਬੋਧ ਅਗਾਧ, ਗੀਤਾ ਗਿਆਨ ਆਪ ਦ੍ਰਿੜਾਇੰਦਾ । ਅੰਜੀਲ ਕੁਰਾਨ ਬਿਸਮਲ ਰੂਪ ਹੋ ਵਿਸਮਾਦ, ਕਲਮਾ ਕਲਾਮ ਨਬੀ ਰਸੂਲ ਆਪ ਪੜ੍ਹਾਇੰਦਾ । ਨਾਮ ਸਤਿ ਸਾਚੀ ਦਾਦ, ਧੁਰ ਮੰਤਰ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰੀ ਵੰਡ ਵੰਡਾਇੰਦਾ । ਸ਼ਬਦੀ ਵੰਡ ਅਗੰਮ ਅਪਾਰ, ਹਰਿ ਸਾਚਾ ਆਪ ਕਰਾਈਆ । ਜੁਗ ਚੌਕੜੀ ਰਹਿਣਾ ਖ਼ਬਰਦਾਰ, ਆਲਸ ਨਿੰਦਰਾ ਨਾ ਕੋਇ ਜਣਾਈਆ । ਜੋਤੀ ਜਾਤਾ ਹੋ ਉਜਿਆਰ, ਲੋਕਮਾਤ ਕਰੇ ਰੁਸ਼ਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਦੇ ਅਧਾਰ, ਆਪਣਾ ਭੇਵ ਖੁਲ੍ਹਾਈਆ । ਵੇਸ ਵਟਾਏ ਗੁਰ ਅਵਤਾਰ, ਜੀਵ ਜੰਤ ਜੰਤ ਪੜ੍ਹਾਈਆ । ਕਾਗ਼ਜ਼ ਕਲਮ ਸ਼ਾਹੀ ਕਰ ਤਿਆਰ, ਲਿਖ ਲਿਖ ਲੇਖਾ ਜਗਤ ਸਮਝਾਈਆ । ਉਚੀ ਕੂਕ ਕੂਕ ਪੁਕਾਰ, ਭੇਵ ਅਭੇਦ ਖੁਲ੍ਹਾਈਆ । ਜੁਗ ਚੌਕੜੀ ਕਰ ਖੁਆਰ, ਨਾਤਾ ਮਾਤਲੋਕ ਤੁੜਾਈਆ । ਲੱਖ ਚੁਰਾਸੀ ਜੀਵ ਜੰਤ ਕਰਨਾ ਖ਼ਬਰਦਾਰ, ਸਚ ਸੰਦੇਸਾ ਇਕ ਸੁਣਾਈਆ । ਭਗਤ ਭਗਵੰਤ ਲਏ ਉਠਾਲ, ਆਪ ਆਪਣੀ ਬੂਝ ਬੁਝਾਈਆ । ਸਾਚੇ ਸੰਤਾਂ ਵਸੇ ਨਾਲ ਨਾਲ, ਸਾਂਤਕ ਸਤਿ ਕਰਾਈਆ । ਸਾਚੇ ਗੁਰਮੁਖਾਂ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਗੁਰਸਿਖ ਵੇਖੇ ਸ਼ਾਹ ਕੰਗਾਲ, ਨਾਮ ਨਿਧਾਨਾ ਝੋਲੀ ਪਾਈਆ । ਸ਼ਬਦ ਸੁਤ ਚਾਰ ਜੁਗ ਤੇਰਾ ਹੱਲ ਕਰਾਏ ਤੇਰੇ ਕੋਲੋਂ ਸਵਾਲ, ਦੂਸਰ ਪੱਟੀ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਇਕ ਸਮਝਾਈਆ । ਸੁੱਤ ਦੁਲਾਰੇ ਕਰ ਵਿਚਾਰ, ਹਰਿ ਸਾਚਾ ਸਚ ਜਣਾਇੰਦਾ । ਸੇਵਾ ਲਾਏ ਨੌਂ ਸੌ ਚੁਰਾਨਵੇ ਚੌਕੜੀ ਜੁਗ ਵਾਰੋ ਵਾਰ, ਹੁਕਮੀ ਹੁਕਮ ਇਕ ਸਮਝਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰ ਉਜਿਆਰ, ਗੁਰ ਪੀਰ ਅਵਤਾਰ ਤੇਰਾ ਬੰਧਨ ਪਾਇੰਦਾ । ਪੰਜ ਤੱਤ ਕਾਇਆ ਚੋਲਾ ਖੇਲ ਨਿਆਰ, ਨਿਰਾਕਾਰ ਆਪ ਕਰਾਇੰਦਾ । ਸਾਚਾ ਨਾਉਂ ਵੇਖ ਵਿਚਾਰ, ਜੀਵਾਂ ਜੰਤਾਂ ਸਾਧਾਂ ਸੰਤਾਂ ਝੋਲੀ ਪਾਇੰਦਾ । ਅੰਤਮ ਸਭ ਦਾ ਲਹਿਣਾ ਦੇਣਾ ਕਰਜ਼ ਉਤਾਰ, ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਹਰਿ ਸੁਣਾਇੰਦਾ । ਏਕਾ ਹੁਕਮ ਅੰਤਮ ਸੁਣ, ਗੁਰ ਸ਼ਬਦੀ ਸੀਸ ਨਿਵਾਇੰਦਾ । ਕਵਣ ਜਾਣੇ ਪ੍ਰਭ ਤੇਰੇ ਗੁਣ, ਭੇਵ ਕੋਇ ਨਾ ਆਇੰਦਾ । ਮੈਂ ਲੱਖ ਚੁਰਾਸੀ ਜੁਗ ਜੁਗ ਵੇਖਾਂ ਛਾਣ ਪੁਣ, ਨਾਮ

੧੦੦੭
੧੧

ਮਧਾਣਾ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਅੰਤ ਮਿਲਾਇੰਦਾ । ਅੰਤਮ ਵੇਲਾ ਦੱਸ ਭਗਵਾਨ, ਤੇਰੇ ਅੱਗੇ ਸੀਸ ਨਿਵਾਇਆ । ਜੁਗ ਚੌਕੜੀ ਸੇਵਾ ਕਰਾਂ ਵਿਚ ਜਹਾਨ, ਬਣ ਸੇਵਕ ਸੇਵ ਕਮਾਇਆ । ਭਗਤਾਂ ਦੇਵਾਂ ਭਗਤੀ ਦਾਨ, ਸੰਤਨ ਸਾਚਾ ਨਾਮ ਦ੍ਰਿੜਾਇਆ । ਗੁਰਮੁਖਾਂ ਦੇਵਾਂ ਇਕ ਗਿਆਨ, ਗੁੰਗ ਮੁਖ ਆਪ ਪੜ੍ਹਾਇਆ । ਗੁਰਸਿਖਾਂ ਰਾਗ ਸੁਣਾਵਾਂ ਕਾਨ, ਰਸਨਾ ਜਿਹਵਾ ਨਾ ਕੋਇ ਹਿਲਾਇਆ । ਅੰਮ੍ਰਿਤ ਆਤਮ ਦੇਵਾਂ ਪੀਣ ਖਾਣ, ਨਿਝਰ ਝਿਰਨਾ ਇਕ ਝਿਰਾਇਆ । ਸ਼ਬਦ ਅਨਾਦੀ ਧੁਰ ਫ਼ਰਮਾਣ, ਜੁਗ ਜੁਗ ਆਪ ਸੁਣਾਇਆ । ਲਿਖ ਲਿਖ ਲੇਖਾ ਕਰ ਪਰਵਾਨ, ਜਗਤ ਪਰਵਾਨਾ ਦਿਆਂ ਫੜਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਝੂਲੇ ਤੇਰਾ ਨਿਸ਼ਾਨ, ਨਿਸ਼ਾਨਾ ਨਜ਼ਰ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਅੰਤ ਹੋਏ ਸਹਾਇਆ । ਆਪਣਾ ਵੇਲਾ ਦੱਸ ਅੰਤ, ਤੇਰੇ ਅੱਗੇ ਮੰਗ ਮੰਗਾਈਆ । ਤੂੰ ਸਾਹਿਬ ਸੱਚਾ ਸ੍ਰੀ ਭਗਵੰਤ, ਬੇਅੰਤ ਤੇਰੀ ਵਡਿਆਈਆ । ਤੂੰ ਆਦਿ ਬਣਾਈ ਮੇਰੀ ਬਣਤ, ਆਪੇ ਬਨਿਆ ਪਿਤਾ ਮਾਈਆ । ਮੈਂ ਤੇਰੀ ਮਹਿਮਾ ਗਾ ਗਾ ਥੱਕਾ ਅਨਕ, ਭੇਵ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਆਪਣਾ ਨੂਰ ਨੂਰ ਮਿਲਾਈਆ । ਵੇਲਾ ਅੰਤਮ ਦੱਸ ਮੇਰੇ ਮੀਤ, ਤੁਧ ਅੱਗੇ ਮੇਰੀ ਅਰਜ਼ੋਈਆ । ਚਾਰ ਜੁਗ ਗਾਵਾਂ ਤੇਰੇ ਗੀਤ, ਵਿਸ਼ਨ ਬ੍ਰਹਮਾ ਸ਼ਿਵ ਕਰ ਪੜ੍ਹਾਈਆ । ਗੁਰ ਅਵਤਾਰ ਚਲਾਵਣ ਰੀਤ, ਧੁਰ ਫ਼ਰਮਾਣਾ ਇਕ ਸੁਣਾਈਆ । ਤੇਰਾ ਖੇਲ ਕਰਾਂ ਅਨਡੀਠ, ਨਜ਼ਰ ਕਿਸੇ ਨਾ ਆਈਆ । ਮੈਂ ਇਕੋ ਮੰਗਾਂ ਸਚ ਪ੍ਰੀਤ, ਚਰਨ ਕਵਲ ਸੱਚੀ ਸਰਨਾਈਆ । ਤੂੰ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਮੈਂ ਖੇਲ ਕਰਾਵਾਂ ਲੋਕਮਾਤ ਮੰਦਰ ਮਸੀਤ, ਸ਼ਿਵਦੁਵਾਲੇ ਮੱਠ ਜਗਤ ਬਣਾਈਆ । ਜੁਗ ਚੌਕੜੀ ਵੇਖ ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਕਵਣ ਵਕਤ ਆਪਣਾ ਬੰਧਨ ਆਪੇ ਪਾਈਆ । ਕਵਣ ਵੇਲਾ ਪਾਏ ਬੰਧਨ, ਦੋਏ ਜੋੜ ਬੰਧਨ ਸੀਸ ਝੁਕਾਇੰਦਾ । ਜੁਗ ਜੁਗ ਤੇਰਾ ਨਾਉਂ ਦੇਵਾਂ ਸਾਚਾ ਨੰਦਨ, ਅਨੰਦ ਅਨੰਦ ਅਨੰਦ ਇਕ ਵਖਾਇੰਦਾ । ਤੂੰ ਆਦਿ ਜੁਗਾਦੀ ਟੁੱਟੀ ਗੰਢਣ, ਤੇਰਾ ਭੇਵ ਕੋਇ ਨਾ ਪਾਇੰਦਾ । ਦੀਨ ਦਿਆਲ ਠਾਕਰ ਸੁਆਮੀ ਸਦਾ ਬਖ਼ਸ਼ੰਦਨ, ਹਉਂ ਭਿਖਕ ਮੰਗ ਮੰਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਸੁਣਾਵਾਂ ਛੰਦਨ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਾਤ ਪਰਗਟਾਇੰਦਾ । ਤੂੰ ਸਭ ਨੂੰ ਦੇਵਣਹਾਰਾ ਦੰਡਨ, ਤੇਰੀ ਕੀਤੀ ਨਾ ਕੋਇ ਉਲਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅੰਤਮ ਤੇਰੇ ਮਿਲਣ ਦੀ ਇਕੋ ਆਸ ਰਖਾਇੰਦਾ । ਤੇਰੇ ਮਿਲਣ ਦੀ ਇਕੋ ਆਸ, ਮੈਂ ਹਰਿ ਜੂ ਹਰਿ ਰਖਾਈਆ । ਜੁਗ ਚੌਕੜੀ ਪਾਵਾਂ ਰਾਸ, ਗੋਪੀ ਕਾਹਨ ਮਾਤ ਨਚਾਈਆ । ਲੱਖ ਚੁਰਾਸੀ ਵੇਖ ਖੇਲ ਤਮਾਸ਼, ਗ੍ਰਿਹ ਗ੍ਰਿਹ ਆਪਣਾ ਫੇਰਾ ਪਾਈਆ । ਜੁਗ ਚੌਕੜੀ ਕਰੇ ਨਾਸ, ਤੇਰੀ ਖ਼ੁਸ਼ੀ ਮਨਾਈਆ । ਸੇਵਾਂ ਕਰਾਂ ਬਣ ਦਾਸੀ ਦਾਸ, ਚਲਾਂ ਤੇਰੀ ਹੁਕਮ ਰਜ਼ਾਈਆ । ਕਵਣ ਵੇਲਾ ਸੱਦੇਂ ਆਪਣੇ ਪਾਸ, ਆਪਣਾ ਮੇਲਾ ਲਏਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਓਟ ਰਖਾਈਆ । ਤੇਰੀ ਓਟ ਮੇਰੇ ਭਗਵਾਨ, ਦੂਜੀ ਆਸ ਨਾ ਕੋਇ ਰਖਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਮਾਤ ਨਿਸ਼ਾਨ, ਨਿਰਗੁਣ ਸਰਗੁਣ

ਆਪ ਝੁਲਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਾਂ ਦਾਨ, ਨਾਮ ਤੇਰਾ ਝੋਲੀ ਪਾਇੰਦਾ । ਲੋਕਮਾਤ ਦੇ ਕੇ ਜਾਣ ਸਾਰੇ ਬਿਆਨ, ਬਿਨ ਹਰਿ ਅੰਤ ਪਾਰ ਨਾ ਕੋਇ ਕਰਾਇੰਦਾ । ਤੇਰਾ ਜਸ ਰਸਨਾ ਜਿਹਵਾ ਸਾਰੇ ਗਾਣ, ਅੰਤਰ ਆਤਮ ਧਿਆਨ ਸਰਬ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਝੋਲੀ ਡਾਹਿੰਦਾ । ਤੇਰੇ ਅੱਗੇ ਝੋਲੀ ਇਕੋ ਰੱਖ, ਏਕਾ ਆਸ ਰਖਾਈਆ । ਕਵਣ ਵੇਲਾ ਹੋਏਂ ਪਰਤੱਖ, ਮੇਰੇ ਸਾਹਿਬ ਸੱਚੇ ਗੁਸਾਈਆ । ਮੇਰੀ ਪੂਰੀ ਕਰਨੀ ਆਸ, ਇਕੋ ਤੇਰੀ ਵਡ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਦੋ ਜਹਾਨ ਚੋਦਾਂ ਲੋਕ ਆਪਣਾ ਮਾਰਗ ਦੱਸ, ਅਵਣ ਗਵਣ ਫੇਰਾ ਪਾਈਆ । ਸਚਖੰਡ ਦੁਆਰੇ ਬਹੇ ਹੱਸ, ਥਿਰ ਘਰ ਮੇਰਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਪਣਾ ਪੜਦਾ ਦੇ ਖੁਲ੍ਹਾਈਆ । ਆਪਣਾ ਪੜਦਾ ਆਪੇ ਖੋਲ੍ਹ, ਦਰ ਤੇਰੇ ਸੀਸ ਨਿਵਾਇਆ । ਆਪਣਾ ਅੱਖਰ ਆਪੇ ਬੋਲ, ਨਿਸ਼ਅੱਖਰ ਲਏ ਪਰਗਟਾਇਆ । ਆਪਣਾ ਤੋਲ ਆਪੇ ਤੋਲ, ਤੋਲਣਹਾਰ ਬੇਪਰਵਾਹਿਆ । ਆਪਣਾ ਕਰ ਆਪੇ ਕੌਲ, ਕੀਤਾ ਕੌਲ ਭੁੱਲ ਨਾ ਜਾਇਆ । ਕਵਣ ਵੇਲਾ ਉਪਰ ਆਏ ਧੌਲ, ਧਰਨੀ ਧਰਨ ਧਵਲ ਚਰਨ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇ ਜਣਾਇਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਈਆ । ਸ਼ਬਦੀ ਸੁਣ ਲਾ ਕਾਨ, ਇਕ ਧਿਆਨ ਲਗਾਈਆ । ਨਵ ਨੌਂ ਚਾਰ ਸਰਬ ਮਿਟ ਜਾਣ, ਥਿਰ ਕੋਇ ਰਹਿਣ ਨਾ ਪਾਈਆ । ਅੰਤਮ ਚੌਕੜ ਖੇਲ ਕਰੇ ਮਹਾਨ, ਸ੍ਰੀ ਭਗਵਾਨ ਬੇਪਰਵਾਹੀਆ । ਚਾਰ ਵੇਦ ਕਰ ਪਰਧਾਨ, ਸ਼ਾਸਤਰ ਸਿਮਰਤ ਨਾਲ ਮਿਲਾਈਆ । ਪੁਰਾਣ ਅਠਾਰਾਂ ਜਗਤ ਗਿਆਨ, ਗੀਤਾ ਗਿਆਨ ਕਰੇ ਰੁਸ਼ਨਾਈਆ । ਸਾਚਾ ਕਲਮਾ ਅੰਜੀਲ ਕੁਰਾਨ, ਕਾਇਆ ਕੁਰਾ ਆਪ ਵਖਾਈਆ । ਨਾਮ ਸਤਿ ਕਰ ਪਰਧਾਨ, ਵਾਹਿਗੁਰੂ ਡੰਕਾ ਇਕ ਵਜਾਈਆ । ਫਤਹਿ ਆਪਣੇ ਹੱਥ ਰੱਖੇ ਬਲਵਾਨ, ਆਪਣਾ ਭੇਵ ਨਾ ਕਿਸੇ ਜਣਾਈਆ । ਤੇਈ ਅਵਤਾਰ ਕਰ ਪਰਧਾਨ, ਤੇਰਾ ਸੰਗ ਰਖਾਈਆ । ਭਗਤ ਅਠਾਰਾਂ ਦੇਵੇ ਮਾਣ, ਬਖ਼ਸ਼ੇ ਚਰਨ ਸਰਨ ਸੱਚੀ ਸਰਨਾਈਆ । ਦੱਸ ਗੁਰ ਏਕਾ ਜੋਤੀ ਨੂਰ ਮਹਾਨ, ਨੂਰ ਨੁਰਾਨਾ ਨੂਰ ਕਰੇ ਰੁਸ਼ਨਾਈਆ । ਚਾਰ ਵਰਨਾਂ ਇਕ ਗਿਆਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪੜ੍ਹਾਈਆ । ਅਠਾਰਾਂ ਬਰਨ ਇਕ ਨਿਸ਼ਾਨ, ਹਰਿ ਕਾ ਨਾਉਂ ਦਏ ਸਮਝਾਈਆ । ਸਚ ਸੰਦੇਸਾ ਵਿਚ ਜਹਾਨ, ਬਿਨ ਪੜ੍ਹਿਆਂ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਅੰਤ ਦਏ ਜਣਾਈਆ । ਸ਼ਬਦੀ ਸੁਤ ਸੁਣ ਲੈ ਬਾਤ, ਦਾਤਾ ਦਾਨੀ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਜਾਣ ਗਾਥ, ਗਾਥਾ ਹਰਿ ਜੂ ਆਪਣੀ ਆਪ ਸੁਣਾਇੰਦਾ । ਨਿਰਗੁਣ ਸਰਗੁਣ ਹੋ ਹੋ ਚਲਾ ਕੇ ਜਾਏ ਰਾਥ, ਬਣ ਰਥਵਾਹੀ ਸੇਵ ਕਮਾਇੰਦਾ । ਅੱਖਰ ਵੱਖਰ ਦੇ ਦੇ ਜਾਏ ਪਾਠ, ਪੂਜਾ ਆਪਣਾ ਨਾਉਂ ਸਮਝਾਇੰਦਾ । ਦੇਵੇ ਸਾਰ ਤੀਰਥ ਤਾਟ, ਅਠਸਠ ਆਪਣਾ ਖੇਲ ਕਰਾਇੰਦਾ । ਚੌਦਾਂ ਲੋਕ ਖੋਲ੍ਹ ਹਾਟ, ਬਣ ਵਣਜਾਰਾ ਸੇਵ ਕਮਾਇੰਦਾ । ਚੌਦਾਂ ਤਬਕ ਏਕਾ ਦਾਤ, ਨੂਰ ਇਲਾਹੀ ਆਪ ਧਰਾਇੰਦਾ । ਆਪੇ ਬਣ ਪਾਕੀ ਪਾਕ, ਮੁਕਾਮੇ ਹੱਕ ਡੇਰਾ ਲਾਇੰਦਾ । ਪਰਵਰਦਿਗਾਰ ਖੋਲ੍ਹ ਤਾਕ, ਪੀਰ ਪੈਗ਼ੰਬਰ ਦਸਤਗੀਰ ਆਪ ਪੜ੍ਹਾਇੰਦਾ । ਆਪਣੀ ਰੱਖੇ ਇਕੋ ਜ਼ਾਤ, ਦੂਸਰੀ ਜਾਤ ਨਾ ਕੋਇ ਬਣਾਇੰਦਾ । ਲਿਖ ਲਿਖ ਲੇਖਾ ਕਲਮ ਦਵਾਤ, ਕਾਇਨਾਤ ਆਪ ਪੜ੍ਹਾਇੰਦਾ । ਤੇਈ ਅਵਤਾਰ ਅੰਤਮ ਮੰਗਣ ਸਾਥ, ਨਿਉਂ ਨਿਉਂ ਸੀਸ


੧੦੦੯
੧੧

ਸਰਬ ਝੁਕਾਇੰਦਾ । ਭਗਤ ਅਠਾਰਾਂ ਟੇਕਣ ਮਾਥ, ਚਰਨ ਧੂੜ ਮੰਗ ਮੰਗਾਇੰਦਾ । ਗੁਰ ਦਸ ਪੁੱਛਣਹਾਰਾ ਆਪੇ ਵਾਤ, ਨਿਰਗੁਣ ਆਪਣਾ ਮੇਲ ਮਿਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਮਾਰ ਝਾਤ, ਝਾਕੀ ਆਪਣੀ ਆਪ ਜਣਾਇੰਦਾ । ਕਲਜੁਗ ਵੇਖ ਅੰਧੇਰੀ ਰਾਤ, ਨਿਰਗੁਣ ਆਪਣਾ ਵੇਸ ਵਟਾਇੰਦਾ । ਸ਼ਬਦੀ ਤੇਰਾ ਰੱਖੇ ਸਾਥ, ਵਿਛੜ ਕਦੇ ਨਾ ਜਾਇੰਦਾ । ਜਿਸ ਨੂੰ ਲੱਭਦੇ ਰਹੇ ਤ੍ਰਿਲੋਕੀ ਨਾਥ, ਸੋ ਤਿੰਨਾਂ ਲੋਕਾਂ ਚਰਨਾਂ ਹੇਠ ਦਬਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵਣਹਾਰਾ ਦਾਤ, ਰੂਪ ਅਨੂਪ ਆਪ ਵਟਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਤ, ਗੋਦੀ ਗੋਦ ਨਾ ਕੋਇ ਸੁਹਾਇੰਦਾ । ਨਾ ਕੋਈ ਵਰਨ ਨਾ ਕੋਈ ਜਾਤ, ਦੀਨ ਮਜ਼੍ਹਬ ਨਾ ਕੋਇ ਰਖਾਇੰਦਾ । ਕਰੇ ਖੇਲ ਪੁਰਖ ਅਬਿਨਾਸ਼, ਸਚ ਸੰਦੇਸਾ ਨਰ ਨਰੇਸ਼ਾ ਵਿਸ਼ਨ ਬ੍ਰਹਮਾ ਸ਼ਿਵ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਬਿਨ ਦੂਜਾ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਦੂਜਾ ਹੋਏ ਜਗ, ਜੀਵਣ ਜੁਗਤ ਨਾ ਕੋਇ ਜਣਾਈਆ । ਲੱਖ ਚੁਰਾਸੀ ਵੇਖਣਹਾਰਾ ਵੇਖੇ ਸੂਰਾ ਸਰਬੱਗ, ਸੂਰਬੀਰ ਬੇਪਰਵਾਹੀਆ । ਨਿਰਗੁਣ ਖੋਲ੍ਹੇ ਸਰਗੁਣ ਹੱਟ, ਸਾਚੀ ਵਸਤ ਇਕ ਟਿਕਾਈਆ । ਕਰੇ ਖੇਲ ਪੁਰਖ ਸਮਰਥ, ਆਪਣਾ ਵੇਲਾ ਅੰਤ ਦਏ ਸਮਝਾਈਆ । ਵੇਦ ਵਿਆਸਾ ਲਿਖ ਲਿਖ ਗਿਆ ਗਾਥ, ਕਲਜੁਗ ਅੰਤਮ ਆਏ ਨਿਹਕਲੰਕ ਸੱਚਾ ਮਾਹੀਆ । ਈਸਾ ਕਹੇ ਮੇਰਾ ਖ਼ੁਦਾਵੰਦ ਮੇਰਾ ਦੇਵੇ ਸਾਥ, ਕਦੇ ਨਾ ਹੋਏ ਜੁਦਾਈਆ । ਨਾਨਕ ਕਹੇ ਮਹਾਂਬਲੀ ਉਤਰੇ ਆਪਣੇ ਘਾਟ, ਜਨਨੀ ਜਨ ਨਾ ਕੋਇ ਵਡਿਆਈਆ । ਗੋਬਿੰਦ ਕਹੇ ਕਲ ਕਲਕੀ ਦੇਵੇ ਮੇਰਾ ਸਾਥ, ਸਗਲਾ ਸੰਗ ਨਿਭਾਈਆ । ਪੁਰਖ ਅਬਿਨਾਸ਼ੀ ਕਹੇ ਮੇਰਾ ਖੇਲ ਆਦਿ ਜੁਗਾਦਿ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪੇ ਲਾਹੀਆ । ਆਪਣਾ ਪੜਦਾ ਦੇਵੇ ਲਾਹ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਸ਼ਬਦੀ ਓਟ ਲੈਣੀ ਰਖਾ, ਏਕਾ ਓਟ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਹਿਣਾ ਦੇਣਾ ਦਏ ਚੁਕਾ, ਥਿਰ ਕੋਇ ਰਹਿਣ ਨਾ ਪਾਇੰਦਾ । ਸੁਰਪਤ ਰਾਜਾ ਇੰਦ ਦਏ ਮਿਟਾ, ਕਰੋੜ ਤੇਤੀਸਾ ਮੁਖ ਛੁਪਾਇੰਦਾ । ਗੁਰ ਅਵਤਾਰਾਂ ਚਾਰ ਜੁਗ ਦਾ ਲਹਿਣਾ ਦਏ ਮੁਕਾ, ਪੀਰ ਪੈਗ਼ੰਬਰ ਝੋਲੀ ਆਪ ਭਰਾਇੰਦਾ । ਖਾਣੀ ਬਾਣੀ ਅੰਜੀਲ ਕੁਰਾਨੀ ਵੇਖੇ ਥਾਉਂ ਥਾਂ, ਲੇਖਾ ਸਭ ਦਾ ਆਪ ਮੁਕਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇਵੇ ਹਿਲਾ, ਆਪਣਾ ਹੁਕਮ ਇਕ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਵੇਲਾ ਅੰਤਮ ਇਕ ਸਮਝਾਇੰਦਾ । ਵੇਲਾ ਅੰਤਮ ਸ੍ਰੀ ਭਗਵੰਤ, ਏਕਾ ਏਕ ਜਣਾਈਆ । ਕਲਜੁਗ ਅੰਤਮ ਮਾਇਆ ਪਏ ਬੇਅੰਤ, ਪੜਦਾ ਸਕੇ ਨਾ ਕੋਇ ਉਠਾਈਆ । ਭਰਮੇ ਭੁੱਲੇ ਸਾਧ ਸੰਤ, ਹਰਿ ਕਾ ਭੇਵ ਕੋਇ ਨਾ ਪਾਈਆ । ਨਾਰੀ ਸੇਜ ਨਾ ਮਾਣੇ ਕੰਤ, ਵਿਭਚਾਰ ਸਰਬ ਲੋਕਾਈਆ । ਘਰ ਘਰ ਹੋਏ ਗੜ੍ਹ ਹਉਮੇ ਹੰਗਤ, ਨਿਵਣ ਸੋ ਅੱਖਰ ਨਾ ਕੋਇ ਪੜ੍ਹਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਮੁੱਲਾ ਸ਼ੇਖ਼ ਨਾ ਕੋਇ ਚਤੁਰਾਈਆ । ਮਾਨਸ ਜਨਮ ਸਭ ਦਾ ਹੋਏ ਖੰਡਤ, ਨਾਮ ਖੰਡਾ ਹੱਥ ਨਾ ਕੋਇ ਉਠਾਈਆ । ਕਲਜੁਗ ਜੀਵ ਨਾਰ ਦੁਹਾਗਣ ਹੋਏ ਰੰਡਤ, ਸਚ ਸੁਹਾਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਕਲਜੁਗ ਅੰਤ ਅੰਧੇਰੀ ਰਾਤ, ਲੋਕਮਾਤ ਅੰਧੇਰਾ ਛਾਇੰਦਾ । ਕੋਈ ਨਾ ਗਾਏ ਸਾਚੀ ਗਾਥ, ਰਸਨਾ ਜਿਹਵਾ ਸਰਬ ਹਿਲਾਇੰਦਾ । ਨਾ ਕੋਈ ਸਹਾਈ ਤੀਰਥ ਤਾਟ, ਤਟ ਕਿਨਾਰਾ ਨਾ ਕੋਇ ਵਡਿਆਇੰਦਾ ।

੧੦੧੦
੧੧

ਕਿਸੇ ਨਾ ਮਿਲੇ ਸਾਚਾ ਨਾਤ, ਸਤਿਗੁਰ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਅੰਤ ਆਪ ਸਮਝਾਇੰਦਾ । ਅੰਤਮ ਹਰਿ ਜੂ ਦੇਵੇ ਦੱਸ, ਆਪਣਾ ਭੇਵ ਖੁਲ੍ਹਾਈਆ । ਪੰਜ ਤੱਤ ਕਾਇਆ ਪੰਜ ਵਿਕਾਰਾ ਹੋਏ ਵਸ, ਮਨ ਮਨੂਆ ਆਪ ਭੁਵਾਈਆ । ਗੁਰ ਕਾ ਸ਼ਬਦ ਗੁਰਦੁਆਰਿਉਂ ਜਾਏ ਨੱਸ, ਸਤਿਗੁਰ ਨਜ਼ਰ ਕਿਸੇ ਨਾ ਆਈਆ । ਤ੍ਰੈਗੁਣ ਮਾਇਆ ਅੰਦਰ ਜੀਵ ਜਾਣ ਫਸ, ਨਾ ਕੋਈ ਸਕੇ ਫੰਦ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਦਏ ਵਡਿਆਈਆ । ਸ਼ਬਦ ਗੁਰ ਹਰਿ ਖੋਲ੍ਹੇ ਭੇਵ, ਅਭੇਦ ਆਪ ਜਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਤੇਰੀ ਸੇਵ, ਨਿਰਗੁਣ ਸਰਗੁਣ ਵਿਚ ਵਖਾਇੰਦਾ । ਤੇਰਾ ਨਾਉਂ ਅੰਮ੍ਰਿਤ ਰਸ ਮੇਵ, ਲੱਖ ਚੁਰਾਸੀ ਜਿਹਵਾ ਆਪ ਚਖਾਇੰਦਾ । ਲੇਖਾ ਜਾਣੇ ਵਡ ਦੇਵੀ ਦੇਵ, ਦੇਵਤ ਸੁਰ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਰੂਪ ਅੰਤ ਸਮਝਾਇੰਦਾ । ਤੇਰਾ ਰੂਪ ਸੁਤ ਦੁਲਾਰੇ, ਅੰਤ ਹਰਿ ਜਣਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰੇ, ਕਿਰਪਾ ਨਿਧ ਬੇਪਰਵਾਹੀਆ । ਗੋਬਿੰਦ ਲਾਲ ਕਰਕੇ ਤੈਨੂੰ ਪੁਕਾਰੇ, ਲੋਕਮਾਤ ਦਏ ਵਡਿਆਈਆ । ਚਾਰੇ ਜੁਗ ਬਣਾਏ ਤੇਰੇ ਦੁਲਾਰੇ, ਅੰਤਮ ਤੇਰੀਆਂ ਨੀਹਾਂ ਹੇਠ ਦਬਾਈਆ । ਚਾਰ ਵਰਨ ਹੋਣ ਖੁਆਰੇ, ਧੀਰਜ ਧੀਰ ਨਾ ਕੋਇ ਰਖਾਈਆ । ਚਾਰੋਂ ਕੁੰਟ ਝੂਠ ਲਲਕਾਰੇ, ਸਚ ਸੁੱਚ ਨਜ਼ਰ ਕੋਇ ਨਾ ਆਈਆ । ਗੁਰ ਕਾ ਸ਼ਬਦ ਨਾ ਕੋਇ ਵਿਚਾਰੇ, ਭਰਮੇ ਭੁੱਲੀ ਸਰਬ ਲੋਕਾਈਆ । ਧੀਆਂ ਭੈਣਾਂ ਕਰਨ ਵਣਜ ਵਪਾਰੇ, ਲੋਕਮਾਤ ਹੱਟ ਚਲਾਈਆ । ਮੰਦਰ ਮਸਜਦ ਮੱਠ ਸ਼ਿਵਦਵਾਲੇ ਹੋਣ ਖੁਆਰੇ, ਧੀਆਂ ਭੈਣਾਂ ਨੈਣ ਤਕਾਈਆ । ਚਾਰੋਂ ਕੁੰਟ ਹੋਏ ਅੰਧਿਆਰੇ, ਸਾਚਾ ਚੰਦ ਨਾ ਕੋਇ ਚਮਕਾਈਆ । ਧਰਨੀ ਧਰਤ ਧਵਲ ਕਰੇ ਪੁਕਾਰੇ, ਖੁਲ੍ਹੜੇ ਕੇਸ ਦਏ ਦੁਹਾਈਆ । ਕਲਜੁਗ ਜੀਵ ਮੇਰੀ ਪੱਤ ਰਹੇ ਲਿਤਾੜੇ, ਮੇਰੇ ਨੱਕ ਨੱਥ ਸੁਹਾਗ ਰਹਿਣ ਨਾ ਪਾਈਆ । ਚਾਰੋਂ ਕੁੰਟ ਲੱਗੇ ਵੇਸਵਾ ਅਖਾੜੇ, ਕਲਜੁਗ ਡੌਰੂ ਡੰਕਾ ਰਿਹਾ ਵਜਾਈਆ । ਸਾਧ ਸੰਤ ਕਰਨ ਵਿਭਚਾਰੇ, ਧੀਰਜ ਜਤ ਸਤਿ ਸੰਤੋਖ ਨਾ ਕੋਇ ਨਿਭਾਈਆ । ਸਰ ਸਰੋਵਰ ਅਠਸਠ ਤੀਰਥ ਨਾਰੀ ਪੁਰਸ਼ ਨੰਗੇ ਛਾਲਾ ਰਹੇ ਮਾਰੇ, ਅਛਲ ਅਛਲ ਤੇਰਾ ਭੈ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਸ਼ਬਦੀ ਸੁਤ ਤੇਰਾ ਰੂਪ, ਗੋਬਿੰਦ ਧਾਰ ਚਲਾਇੰਦਾ । ਤੇਰਾ ਨਾਉਂ ਚਾਰ ਕੂਟ, ਨੌਂ ਖੰਡ ਪ੍ਰਿਥਮੀ ਡੰਕਾ ਇਕ ਵਜਾਇੰਦਾ । ਇਕੋ ਤਾਣਾ ਪੇਟਾ ਹੋਏ ਸੂਤ, ਏਕਾ ਚਰਖਾ ਨਾਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਤੇਰਾ ਸਾਚਾ ਰੂਪ, ਗੋਬਿੰਦ ਨਾਉਂ ਧਰਾਇੰਦਾ । ਆਪਣਾ ਪੜਦਾ ਦੇਵੇ ਚੁੱਕ, ਕਰੇ ਮਿਹਰ ਮਿਹਰ ਮਿਹਰਵਾਨਾ । ਗੋਬਿੰਦ ਸੂਰਾ ਜਾਏ ਉਠ, ਜੋਧਾ ਮਰਦ ਮਰਦ ਮਰਦਾਨਾ । ਨੌਂ ਖੰਡ ਪ੍ਰਿਥਮੀ ਵੇਖੇ ਚਾਰੇ ਗੁਠ, ਦਹਿ ਦਿਸ਼ਾ ਹੋ ਪਰਧਾਨਾ । ਸ਼ਬਦੀ ਸ਼ਬਦ ਸੁਹਾਏ ਰੁੱਤ, ਰੁੱਤ ਰੁੱਤੜੀ ਆਪ ਮਹਿਕਾਨਾ । ਕਰੇ ਖੇਲ ਅਬਿਨਾਸ਼ੀ ਅਚੁੱਤ, ਲੇਖਾ ਜਾਣੇ ਦੋ ਜਹਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖੇ ਮਾਰ ਧਿਆਨਾ । ਕਲਜੁਗ ਅੰਤਮ ਮਾਰ ਧਿਆਨ, ਲੱਖ ਚੁਰਾਸੀ ਵੇਖ ਵਖਾਈਆ । ਸ਼ਰਅ ਸ਼ਰੀਅਤ ਹੋਈ ਬੇਈਮਾਨ, ਬੇਪਰਵਾਹ ਨਾ ਕੋਇ ਮਿਲਾਈਆ । ਘਰ ਘਰ ਵੜਿਆ ਜਗਤ ਸ਼ੈਤਾਨ, ਪੰਚਮ ਤੱਤ ਕਰੇ ਲੜਾਈਆ । ਮੇਰਾ ਨਾਉਂ ਗੁਰ ਕਾ ਸ਼ਬਦ ਨਾ ਵੱਜੇ ਕਿਸੇ ਬਾਣ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਉਚੀ ਕੂਕ ਕੂਕ ਸਰਬ ਗਾਣ, ਆਪਣੀ ਕੂਕ ਨਾ ਸੁਣਾਏ ਕੋਇ ਸੱਚੇ ਮਾਹੀਆ । ਜੀਵ ਜੰਤਾਂ ਦੇ ਦੇ ਥੱਕੇ

ਗਿਆਨ, ਆਪਣਾ ਗਿਆਨ, ਨੇਤਰ ਨਾ ਕੋਇ ਖੁਲ੍ਹਾਈਆ । ਬਿਨ ਹਰਿਨਾਮੇ ਹੋਏ ਖਿਜ਼ਾ, ਬਸੰਤੀ ਰੁੱਤ ਨਾ ਕੋਇ ਵਡਿਆਈਆ । ਸਿੰਮਲ ਰੁੱਖ ਜਗਤ ਲਹਿਰਾਣ, ਫਲ ਫੁਲ ਰਹਿਣ ਨਾ ਪਾਈਆ । ਗੋਬਿੰਦ ਮੰਗੇ ਏਕਾ ਦਾਨ, ਪੁਰਖ ਅਕਾਲ ਅੱਗੇ ਝੋਲੀ ਡਾਹੀਆ । ਮੇਰਾ ਨਾਉਂ ਤੇਰਾ ਗਿਆਨ, ਤੇਰਾ ਗਿਆਨ ਜਗਤ ਵਡਿਆਈਆ । ਤੇਰਾ ਮੰਦਰ ਸਚ ਅਸਥਾਨ, ਸਚ ਭੂਮਕਾ ਇਕ ਸੁਹਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਮੈਂ ਤੱਕਾਂ ਤੇਰੀ ਆਣ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਤੂੰ ਔਣਾ ਵਿਚ ਜਹਾਨ, ਕਲਜੁਗ ਅੰਤਮ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਆਪਣੇ ਹੱਥ ਰਖਾਈਆ । ਅੰਤਮ ਲੇਖਾ ਹਰਿ ਨਿਰੰਕਾਰ, ਆਪਣਾ ਆਪ ਜਣਾਇੰਦਾ । ਕਲਜੁਗ ਆਏ ਅੰਤਮ ਵਾਰ, ਅੰਤ ਸਭ ਦਾ ਆਪ ਕਰਾਇੰਦਾ । ਨਿਰਗੁਣ ਨਿਰਵੈਰ ਹੋ ਤਿਆਰ, ਲੋਕਮਾਤ ਵੇਸ ਵਟਾਇੰਦਾ । ਨਾਉਂ ਰੱਖ ਨਿਹਕਲੰਕ ਨਰਾਇਣ ਨਰ ਅਵਤਾਰ, ਕਲ ਕਲਕੀ ਫੇਰਾ ਪਾਇੰਦਾ । ਨਾਮ ਖੰਡਾ ਤੇਜ਼ ਕਟਾਰ, ਬ੍ਰਹਿਮੰਡਾਂ ਆਪ ਵਖਾਇੰਦਾ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਜੇਰਜ ਅੰਡਜ ਆਪ ਹਿਲਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਮਾਰੇ ਮਾਰ, ਸੀਸ ਤਾਜ ਨਾ ਕੋਇ ਟਿਕਾਇੰਦਾ । ਭਗਤਾਂ ਸੰਤਾਂ ਕਰੇ ਪਿਆਰ, ਸਿਰ ਆਪਣਾ ਹੱਥ ਟਿਕਾਇੰਦਾ । ਆਤਮ ਬ੍ਰਹਮ ਕਰੇ ਬਹਾਲ, ਪਾਰਬ੍ਰਹਮ ਆਪਣਾ ਮੇਲ ਮਿਲਾਇੰਦਾ । ਨਿਹਕਰਮੀ ਕਰੇ ਸਾਚਾ ਕਰਮ, ਕਰਮ ਕਾਂਡ ਨਾ ਕੋਇ ਜਣਾਇੰਦਾ । ਨਾਤਾ ਤੋੜੇ ਵਰਨ ਬਰਨ, ਏਕਾ ਰੂਪ ਵਖਾਇੰਦਾ । ਪੁਰਖ ਅਬਿਨਾਸ਼ੀ ਸਾਚੀ ਸਰਨ, ਗੋਬਿੰਦ ਗੁਰ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਸ਼ਬਦੀ ਆਪ ਭਰਾਇੰਦਾ । ਆਦਿ ਪੁਰਖ ਆਦਿ ਦਿਤਾ ਵਰ, ਅੰਤਮ ਮੇਲਾ ਸਹਿਜ ਸੁਭਾਈਆ । ਜੁਗ ਚੌਕੜੀ ਜਾਏ ਹਰ, ਗੁਰ ਪੀਰ ਅਵਤਾਰ ਜਾਵਣ ਪੰਧ ਮੁਕਾਈਆ । ਗੋਬਿੰਦ ਪੱਲੂ ਲਏ ਫੜ, ਦਰ ਘਰ ਸਾਚੇ ਵੱਜੇ ਵਧਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ, ਸਾਚੀ ਭੂਮਕਾ ਸੋਭਾ ਪਾਈਆ । ਕਲਜੁਗ ਕੂੜੀ ਕਿਰਿਆ ਜਾਏ ਝੜ, ਜੂਠ ਝੂਠ ਦਏ ਖਪਾਈਆ । ਰੈਣ ਅੰਧੇਰੀ ਚੁੱਕੇ ਡਰ, ਭਿਆਨਕ ਰੂਪ ਨਾ ਕੋਇ ਜਣਾਈਆ । ਮਨਮੁਖਤਾ ਦੂਰ ਦੇਵੇ ਕਰ, ਮਨ ਵਾਸਨਾ ਦਏ ਖਪਾਈਆ । ਗੁਰਮਤ ਮਾਤ ਇਕੋ ਧਰ, ਨਾਨਕ ਗੋਬਿੰਦ ਕਰੇ ਪੜ੍ਹਾਈਆ । ਪੁਰਖ ਅਬਿਨਾਸ਼ੀ ਮਿਲੇ ਘਰ, ਘਰ ਘਰ ਵੱਜੇ ਵਧਾਈਆ । ਏਕਾ ਅੱਖਰ ਜੀਵ ਜੰਤ ਸਾਧ ਸੰਤ ਭਗਤ ਭਗਵੰਤ ਲੈਣ ਪੜ੍ਹ, ਦੂਸਰ ਹੋਰ ਨਾ ਕੋਇ ਪੜ੍ਹਾਈਆ । ਚੌਦਾਂ ਵਿਦਿਆ ਚੁਕਾਏ ਡਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਦਏ ਸਮਝਾਈਆ । ਕਲਜੁਗ ਵੇਲਾ ਅੰਤਮ ਔਣਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਨਿਰਗੁਣ ਨਿਰਗੁਣ ਜਾਮਾ ਪੌਣਾ, ਜੋਤੀ ਜੋਤ ਡਗਮਗਾਇੰਦਾ । ਈਸਾ ਮੂਸਾ ਪੰਧ ਮੁਕੌਣਾ, ਕਾਲਾ ਸੂਸਾ ਤਨ ਛੁਹਾਇੰਦਾ । ਸੰਗ ਮੁਹੰਮਦ ਡੇਰਾ ਢਾਹੁਣਾ, ਚਾਰ ਯਾਰੀ ਪੰਧ ਮੁਕਾਇੰਦਾ । ਹਕ ਹਕ਼ੀਕ਼ਤ ਵੇਖ ਵਖੌਣਾ, ਲਾਸ਼ਰੀਕ ਫੇਰਾ ਪਾਇੰਦਾ । ਜਗਤ ਤਾਰੀਕ ਮੇਟ ਮਿਟੌਣਾ, ਨੂਰੀ ਚੰਦ ਇਕ ਚੜ੍ਹਾਇੰਦਾ । ਚੌਦਾਂ ਤਬਕ ਪੜਦਾ ਲਾਹੁਣਾ, ਮੁਖ ਨਕ਼ਾਬ ਨਾ ਕੋਇ ਰਖਾਇੰਦਾ । ਸਾਚਾ ਅਸਵ ਇਕ ਦੁੜਾਉਣਾ, ਦੋ ਜਹਾਨਾਂ ਚਰਨਾਂ ਹੇਠ ਦਬਾਇੰਦਾ । ਸਾਚਾ ਢੋਲਾ ਏਕਾ ਗੌਣਾ, ਨਬੀ ਰਸੂਲਾਂ ਆਪ ਪੜ੍ਹਾਇੰਦਾ । ਦੀਨ ਮਜ਼੍ਹਬ ਕੋਈ ਰਹਿਣ ਨਾ ਪੌਣਾ, ਇਸਮ ਆਜ਼ਮ ਆਪਣਾ ਰੂਪ ਜਣਾਇੰਦਾ । ਮਿਹਬਾਨ ਬੀਦੋ ਖੇਲ ਕਰੌਣਾ, ਬਿਸਮਲ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭੇਵ ਆਪ ਸਮਝਾਇੰਦਾ। ਕਲਜੁਗ ਅੰਤ ਆਏ ਭਗਵਾਨ, ਆਪਣਾ ਰੂਪ ਵਟਾਈਆ। ਸਚਖੰਡ ਦਾ ਸਚ ਨਿਸ਼ਾਨ, ਲੋਕਮਾਤ ਝੁਲਾਈਆ। ਗੁਰ ਅਵਤਾਰ ਪੀਰ ਪੈਗ਼ੰਬਰ ਰੱਖੇ ਆਣ, ਹੁਕਮੀ ਹੁਕਮ ਹੁਕਮ ਮਨਾਈਆ। ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸਰਬ ਜਸ ਗਾਣ, ਹਰਿ ਕਾ ਭੇਵ ਕੋਇ ਨਾ ਪਾਈਆ। ਸ਼ਰਅ ਹਦੀਸ ਨਾ ਦਿਸੇ ਕੋਇ ਈਮਾਨ, ਅਮਾਨਤ ਸਾਚਾ ਨਾਮ ਨਾ ਕੋਇ ਰਖਾਈਆ। ਪੰਚ ਵਿਕਾਰਾ ਹੋਏ ਗ਼ੁਲਾਮ, ਜਗਤ ਗ਼ੁਲਾਮੀ ਨਾ ਕੋਇ ਤੁੜਾਈਆ। ਸਾਚੇ ਨਬੀ ਨਾ ਕੋਇ ਸਲਾਮ, ਅਸਰਾਈਲ ਜ਼ਬਰਾਈਲ ਮੇਕਾਈਲ ਅਸਰਾਫ਼ੀਲ ਨਾ ਦੇਵੇ ਕੋਈ ਪੈਗ਼ਾਮ, ਸਚ ਸੰਦੇਸਾ ਨਾ ਕੋਇ ਅਲਾਈਆ। ਮੁਕਾਮੇ ਹਕ ਹਕ ਪੈਗ਼ਾਮ, ਪੁਰਖ ਅਬਿਨਾਸ਼ੀ ਇਕ ਸੁਣਾਈਆ। ਦਾਮਨਗੀਰ ਸਭ ਦਾ ਪਕੜੇ ਦਾਮਨ ਦਾਮ, ਸਾਚੀ ਜਾਮਨੀ ਆਪ ਨਿਭਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸ਼ਬਦ ਸ਼ਬਦ ਵਡਿਆਈਆ। ਸ਼ਬਦ ਸੁਤ ਰੱਖਣਾ ਯਾਦ, ਹਰਿ ਜੂ ਹਰਿ ਹਰਿ ਆਪ ਜਣਾਇੰਦਾ। ਕਲਜੁਗ ਅੰਤ ਸੁਣੇ ਫ਼ਰਯਾਦ, ਨਿਰਗੁਣ ਆਪਣਾ ਵੇਸ ਵਟਾਇੰਦਾ। ਆਪਣੇ ਵਿਚੋਂ ਆਪਾ ਕਾਢ, ਲੋਕਮਾਤ ਸੋਭਾ ਪਾਇੰਦਾ। ਨੌਂ ਖੰਡ ਪ੍ਰਿਥਮੀ ਦੇਵੇ ਆਪਣਾ ਦਾਨ, ਲੱਖ ਚੁਰਾਸੀ ਆਪ ਵਰਤਾਇੰਦਾ। ਏਕਾ ਸ਼ਬਦ ਏਕਾ ਗਾਥ, ਏਕਾ ਮੰਤਰ ਸਚ ਜਣਾਇੰਦਾ। ਏਕਾ ਖੇਲ ਇਕ ਤਮਾਸ਼, ਏਕਾ ਵੇਸ ਵਟਾਇੰਦਾ। ਇਕ ਰਥਵਾਹੀ ਏਕਾ ਰਾਥ, ਏਕਾ ਬਣ ਬਣ ਸੇਵ ਕਮਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦੀ ਸੁਤ ਮੇਲ ਮਿਲਾਇੰਦਾ। ਸ਼ਬਦੀ ਸੁਤ ਤੇਰਾ ਮੇਲਾ, ਸ੍ਰੀ ਭਗਵਾਨ ਆਪ ਕਰਾਈਆ। ਨਿਰਗੁਣ ਗੁਰੂ ਨਿਰਗੁਣ ਚੇਲਾ, ਗੋਬਿੰਦ ਮੇਲਾ ਪੁਰਖ ਅਕਾਲ ਸਚ ਸਮਝਾਈਆ। ਨਿਰਗੁਣ ਸੱਜਣ ਨਿਰਗੁਣ ਸੁਹੇਲਾ, ਨਿਰਗੁਣ ਸਗਲਾ ਸੰਗ ਨਿਭਾਈਆ। ਨਿਰਗੁਣ ਜਾਣੇ ਆਪਣਾ ਵਕਤ ਵੇਲਾ, ਸਰਗੁਣ ਭੇਵ ਕੋਇ ਨਾ ਪਾਈਆ। ਅਚਰਜ ਖੇਲ ਪਾਰਬ੍ਰਹਮ ਕਲਜੁਗ ਅੰਤਮ ਆਪਣਾ ਖੇਲਾ, ਰੂਪ ਅਨੂਪ ਵਟਾਈਆ। ਵਸਣਹਾਰਾ ਧਾਮ ਨਵੇਲਾ, ਸੰਬਲ ਬੈਠਾ ਆਸਣ ਲਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਦੇਵੇ ਵਰ, ਅੰਤਮ ਬਾਂਹੋਂ ਫੜ ਫੜ, ਬਾਂਹੋਂ ਗਲੇ ਲਗਾਈਆ। ਅੰਤਮ ਬਾਂਹੋਂ ਲਏ ਫੜ, ਸਮਰਥ ਦਇਆ ਕਮਾਇੰਦਾ। ਸੰਬਲ ਨਗਰ ਆਪੇ ਵੜ, ਆਪਣਾ ਆਸਣ ਲਾਇੰਦਾ। ਸਾਚੇ ਪੌੜੇ ਆਪੇ ਚੜ੍ਹ, ਸਚ ਸਿੰਘਾਸਣ ਸੋਭਾ ਪਾਇੰਦਾ। ਅਧਵਿਚਕਾਰ ਨਾ ਜਾਏ ਅੜ, ਸਚਖੰਡ ਦੁਆਰੇ ਆਪਣਾ ਚਰਨ ਟਿਕਾਇੰਦਾ। ਥਿਰ ਘਰ ਆਪਣਾ ਅੱਖਰ ਪੜ੍ਹ, ਸ਼ਬਦੀ ਗੁਰ ਆਪ ਪੜ੍ਹਾਇੰਦਾ। ਕਲਜੁਗ ਅੰਤਮ ਲੇਖਾ ਜਾਣੇ ਨਾਰੀ ਨਰ, ਅਭੁੱਲ ਭੁੱਲ ਕਦੇ ਨਾ ਜਾਇੰਦਾ। ਕਿਲ੍ਹਾ ਤੋੜੇ ਹੰਕਾਰੀ ਗੜ੍ਹ, ਨਾਮ ਖੰਡਾ ਇਕ ਚਮਕਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸੰਮਤ ਸੰਮਤੀ ਆਪਣਾ ਖੇਲ ਕਰਾਇੰਦਾ। ਸੰਮਤੀ ਸੰਮਤੀ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਈਆ। ਚਾਰ ਜੁਗ ਦਾ ਅੰਤ ਕਿਨਾਰਾ, ਆਪੇ ਦਏ ਵਖਾਈਆ। ਸ਼ਾਸਤਰ ਸਿਮਰਤ ਕਹਿਣ ਆਯੂ ਲੱਖ ਚਾਰ ਬੱਤੀ ਹਜ਼ਾਰਾ, ਲਿਖ ਲਿਖ ਕਲਮ ਸ਼ਾਹੀਆ। ਗੁਣ ਅਵਗੁਣ ਗੋਬਿੰਦ ਵਿਚਾਰਾ, ਕਰਮਾਂ ਲੱਗੀ ਝੂਠੀ ਛਾਹੀਆ। ਪਾਰਬ੍ਰਹਮ ਪਤਿਪਰਮੇਸ਼ਵਰ ਕਰੇ ਖੁਆਰਾ, ਵੇਖਣਹਾਰਾ ਖ਼ਲਕ ਖ਼ੁਦਾਈਆ। ਚਾਰੋਂ ਕੁੰਟ ਸਾਚੇ ਭਗਤ ਕਰਨ ਪੁਕਾਰਾ, ਨੇਤਰ ਨੈਣਾਂ ਨੀਰ ਵਹਾਈਆ। ਤੁਧ ਬਿਨ ਅਵਰ ਨਾ ਕੋਇ ਸਹਾਰਾ, ਮੰਦਰ ਮਸਜਦ ਮੱਠ ਤੇਰਾ ਰੂਪ ਨਜ਼ਰ ਕਿਤੇ ਨਾ ਆਈਆ।

ਨੌਂ ਖੰਡ ਪ੍ਰਿਥਮੀ ਘਰ ਘਰ ਹੋਇਆ ਹੰਕਾਰਾ, ਹਰਿ ਕੇ ਪੌੜੇ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੇਖੇ ਥਾਉਂ ਥਾਈਆ । ਕਲਜੁਗ ਵੇਖੇ ਅੰਤਮ ਥਾਨ ਥਨੰਤਰ, ਦੋ ਜਹਾਨਾਂ ਫੇਰਾ ਪਾਇੰਦਾ । ਲੋਕਮਾਤ ਲੱਗੀ ਬਸੰਤਰ, ਅਗਨੀ ਤੱਤ ਸਰਬ ਜਲਾਇੰਦਾ । ਚਾਰ ਵਰਨ ਪੜ੍ਹ ਪੜ੍ਹ ਥੱਕੇ ਮੰਤਰ, ਮਨ ਵਾਸਨਾ ਬੰਦ ਨਾ ਕੋਇ ਕਰਾਇੰਦਾ । ਕੋਈ ਨਾ ਚੜ੍ਹੇ ਸਾਚੇ ਗਗਨ ਗਗਨੰਤਰ, ਘਰ ਬੰਕ ਨਾ ਕੋਇ ਸੁਹਾਇੰਦਾ । ਆਪਣੀ ਬਿਧ ਨਾ ਜਾਣੇ ਕੋਈ ਅੰਤਰ, ਆਤਮ ਪਰਮਾਤਮ ਨਾ ਕੋਇ ਮਿਲਾਇੰਦਾ । ਕਲਜੁਗ ਆਪਣੇ ਹੱਥ ਰੱਖਾ ਜਗਤ ਮੰਤਰ, ਜੂਠ ਝੂਠ ਨਾਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁਤ ਦੇਵੇ ਵਰ, ਕਲਜੁਗ ਅੰਤਮ ਤੇਰਾ ਮੇਰਾ ਇਕੋ ਘਰ, ਲੋਕਮਾਤ ਸਮਝਾਇੰਦਾ । ਲੋਕਮਾਤ ਇਕ ਦੁਆਰਾ, ਹਰਿ ਸ਼ਬਦ ਸੁਤ ਜਣਾਇੰਦਾ । ਸਾਢੇ ਤਿੰਨ ਹੱਥ ਵਸੇ ਮੁਨਾਰਾ, ਮੁਨੀ ਰਿਖੀ ਭੇਵ ਕੋਇ ਨਾ ਪਾਇੰਦਾ । ਤੇਰਾ ਨਾਦ ਵੱਜੇ ਧੁਨਕਾਰਾ, ਧੁਨ ਅਨਾਦੀ ਆਪ ਅਲਾਇੰਦਾ । ਮੇਰਾ ਨੂਰ ਹੋਏ ਚਮਤਕਾਰਾ, ਜੋਤੀ ਜੋਤ ਡਗਮਗਾਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਘਰ ਘਰ ਵੇਖ ਵਖਾਇੰਦਾ । ਗੁਰਮੁਖ ਸਾਚੇ ਲਏ ਉਭਾਰਾ, ਆਪ ਆਪਣਾ ਭੇਵ ਚੁਕਾਇੰਦਾ । ਚਰਨ ਕਵਲ ਦੇ ਸਹਾਰਾ, ਧਰਤ ਧਵਲ ਆਪ ਵਡਿਆਇੰਦਾ । ਅੰਮ੍ਰਿਤ ਆਤਮ ਠੰਡਾ ਠਾਰਾ, ਨਿਝਰ ਝਿਰਨਾ ਰਸ ਝਿਰਾਇੰਦਾ । ਨਿਰਗੁਣ ਦੀਆ ਕਰ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਆਤਮ ਸੇਜਾ ਕਰ ਪਿਆਰਾ, ਸੇਜ ਸੁਹੰਜਣੀ ਸੋਭਾ ਪਾਇੰਦਾ । ਸੁਰਤੀ ਸ਼ਬਦੀ ਇਕ ਦੁਆਰਾ, ਕੰਤ ਭਤਾਰ ਮੇਲ ਮਿਲਾਇੰਦਾ । ਰੰਗ ਰਲੀਆਂ ਮਾਣੇ ਅਗੰਮ ਅਪਾਰਾ, ਦਿਸ ਕਿਸੇ ਨਾ ਆਇੰਦਾ । ਕਲਜੁਗ ਜੀਵ ਕਰੇ ਖ਼ੁਆਰਾ, ਨੌਂ ਖੰਡ ਪ੍ਰਿਥਮੀ ਏਕਾ ਧੱਕਾ ਲਾਇੰਦਾ । ਸੰਮਤ ਸੰਮਤੀ ਖੇਲ ਕਰੇ ਅਪਾਰਾ, ਭੇਵ ਕੋਇ ਨਾ ਪਾਇੰਦਾ । ਵੀਹ ਸੌ ਅਠਾਰਾ ਬਿਕ੍ਰਮੀ ਪਾਰ ਕਿਨਾਰਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਏਕਾ ਨਾਇਆ ਲਗਾ ਅਖਾੜਾ, ਨੌਂ ਇਕ ਆਪਣਾ ਬੰਧਨ ਵਖਾਇੰਦਾ । ਦਸ ਦਸ ਬੀਸ ਬੀਸ ਬੀਸ ਜਗਦੀਸ ਆਪਣਾ ਪੜਦਾ ਲਾਹਿੰਦਾ । ਨਵ ਨੌਂ ਵੱਜੇ ਨਗਾਰਾ, ਚਾਰ ਚਾਰ ਸੁਣਾਇੰਦਾ । ਕਲਜੁਗ ਕਰੇ ਪਾਰ ਕਿਨਾਰਾ, ਲੋਕਮਾਤ ਰਹਿਣ ਨਾ ਪਾਇੰਦਾ । ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸੋਹਣ ਇਕ ਦੁਆਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਏਕਾ ਨਾਉਂ ਹਰ ਘਟ ਥਾਉਂ ਸੁਣਾਏ ਆਪ ਜੈਕਾਰਾ, ਸੋ ਪੁਰਖ ਨਿਰੰਜਣ ਹੰ ਬ੍ਰਹਮ ਆਪ ਪੜ੍ਹਾਇੰਦਾ । ਹੰ ਬ੍ਰਹਮ ਦਏ ਅਧਾਰਾ, ਪਾਰਬ੍ਰਹਮ ਸਚ ਸਹਾਰਾ, ਦੋ ਜਹਾਨਾਂ ਪਾਰ ਕਿਨਾਰਾ ਸੋਹੰ ਨਾਉਂ ਜਣਾਇੰਦਾ । ਸਤਿਜੁਗ ਚਲੇ ਸਚ ਵਿਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ਼ਬਦੀ ਚੇਲਾ ਹਰਿ ਹਰਿ ਗੁਰ ਗੁਰ ਗੁਰ ਚੇਲਾ ਆਪਣੇ ਘਰ ਬਹਾਇੰਦਾ ।

ਆਪੇ ਘਰ ਆਪੇ ਤਾਕੀ, ਆਪੇ ਬੰਕ ਸੁਹਾਈਆ । ਆਪੇ ਭਵਿਖਤ ਵਾਕੀ, ਆਪੇ ਪੂਰ ਕਰਾਈਆ । ਆਪੇ ਗੋਬਿੰਦ ਬਣਿਆ ਸਾਕੀ, ਭਰ ਪਿਆਲਾ ਅੰਮ੍ਰਿਤ ਜਾਮ ਪਿਆਈਆ । ਆਪੇ ਲਹਿਣਾ ਦੇਣਾ ਚੁਕਾਏ ਬਾਕੀ, ਪੂਰਬ ਲੇਖਾ ਆਪਣੇ ਹੱਥ ਰਖਾਈਆ । ਆਪੇ ਕਰੇ ਵਸੇਰਾ ਤਨ ਖ਼ਾਕੀ, ਆਪੇ ਨੂਰੋ ਨੂਰ ਡਗਮਗਾਈਆ । ਆਪੇ ਖੇਲ੍ਹੇ ਚੌਦਾਂ ਹਾਟੀ, ਆਪੇ ਚੌਦਾਂ ਤਬਕ ਵਣਜ ਕਰਾਈਆ । ਆਪੇ ਕਰੇ ਖੇਲ ਬਾਜ਼ੀਗਾਰ ਨਾਟੀ, ਸਵਾਂਗੀ ਆਪਣਾ ਸਾਂਗ ਰਚਾਈਆ । ਆਪੇ ਗੁਰਮੁਖਾਂ ਚਾੜ੍ਹੇ ਸਾਚੀ ਘਾਟੀ, ਸਚਖੰਡ ਆਪ ਬਹਾਈਆ । ਆਪੇ ਦੀਆ ਆਪੇ ਬਾਤੀ, ਆਪੇ ਨੂਰ ਕਰੇ

ਰੁਸ਼ਨਾਈਆ । ਆਪੇ ਅੰਮ੍ਰਿਤ ਬੂੰਦ ਸਵਾਂਤੀ, ਗੁਰਮੁਖਾਂ ਮੁਖ ਚੁਆਈਆ । ਆਪੇ ਮੇਟੇ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਆਪ ਸੁਣਾਏ ਸਾਚੀ ਗਾਥੀ, ਸੋਹੰ ਅੱਖਰ ਕਰੇ ਪੜ੍ਹਾਈਆ । ਆਪੇ ਸੱਜਣ ਸਾਚਾ ਸਾਖੀ, ਸਗਲਾ ਸੰਗ ਨਿਭਾਈਆ । ਆਪੇ ਖੇਲ ਕਰੇ ਬਹੁ ਬਿਧ ਭਾਂਤੀ, ਆਪੇ ਉਤਮ ਰੱਖੇ ਜ਼ਾਤੀ, ਵਰਨ ਬਰਨ ਨਾ ਵੰਡ ਵੰਡਾਈਆ । ਆਪੇ ਹੋਏ ਕਮਲਾਪਾਤੀ ਗੁਰਮੁਖ ਨਾਰ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ਼ਬਦੀ ਧਾਰ ਜੋਤ ਉਜਿਆਰ, ਆਪਣਾ ਰੂਪ ਵਟਾਈਆ । ਆਪੇ ਸ਼ਬਦ ਆਪੇ ਨਾਦ, ਧੁੰਨ ਨਾਦ ਆਪ ਅਲਾਈਆ । ਆਪੇ ਸੰਤ ਆਪੇ ਸਾਧ, ਆਪੇ ਸਤਿਗੁਰ ਰੂਪ ਵਟਾਈਆ । ਆਪੇ ਨਾਮ ਨਿਧਾਨਾ ਗਾਏ ਬੋਧ ਅਗਾਧ, ਬੋਧ ਅਗਾਧ ਆਪੇ ਕਰੇ ਪੜ੍ਹਾਈਆ । ਆਪੇ ਮੋਹਣ ਮਾਧਵ ਮਾਧ, ਮੁਕੰਦ ਮਨੋਹਰ ਲੱਖਮੀ ਨਰਾਇਣ ਆਪ ਅਖਵਾਈਆ । ਆਪੇ ਜੁਗ ਜੁਗ ਰੱਖੇ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਆਪੇ ਸ਼ਾਹ ਪਾਤਸ਼ਾਹ ਕਰੇ ਸੱਚਾ ਰਾਜ, ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤ ਭਗਤ ਭਗਵੰਤ ਲੱਖ ਚੁਰਾਸੀ ਵਿਚੋਂ ਲਏ ਕਾਢ, ਆਪ ਆਪਣੀ ਗੋਦ ਬਹਾਈਆ । ਏਥੇ ਓਥੇ ਕਰੇ ਲਾਡ, ਦੋ ਜਹਾਨਾਂ ਹੋਏ ਸਹਾਈਆ । ਸ਼ਬਦੀ ਗੁਰ ਵੇਖੇ ਹਰਿ ਰਘੁਨਾਥ, ਰਘੁਪਤ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤ ਦਏ ਸਮਝਾਈਆ । ਕਲਜੁਗ ਅੰਤ ਮੁੱਕਣਾ, ਮੁਕਾਵਣਹਾਰ ਕਰਤਾਰਾ । ਹਰਿ ਕਾ ਭਾਣਾ ਕਦੇ ਨਾ ਰੁਕਣਾ, ਨਾ ਕੋਈ ਮੇਟ ਮਿਟਾਵਣਹਾਰਾ । ਤੀਰ ਨਿਸ਼ਾਨਾ ਕਦੇ ਨਾ ਉਕਣਾ, ਗੋਬਿੰਦ ਮਾਰੇ ਅੰਤਮ ਵਾਰਾ । ਕੂੜੀ ਕਿਰਿਆ ਬੇੜਾ ਡੁੱਬਣਾ, ਜੂਠ ਝੂਠ ਰਹੇ ਨਾ ਵਿਚ ਸੰਸਾਰਾ । ਪੁਰਖ ਅਕਾਲ ਸ਼ੇਰ ਏਕਾ ਬੁੱਕਣਾ, ਨੌਂ ਖੰਡ ਪ੍ਰਿਥਮੀ ਮਾਰੇ ਨਾਮ ਭਬਕਾਰਾ । ਸ਼ਾਹ ਸੁਲਤਾਨ ਦਿਨ ਦਿਹਾੜੇ ਲੁੱਟਣਾ, ਰਾਜ ਰਾਜਾਨਾਂ ਕਰੇ ਖੁਆਰਾ । ਜੂਠਾ ਝੂਠਾ ਬੂਟਾ ਪੁਟਣਾ, ਦੇਵੇ ਅੰਤ ਹੁਲਾਰਾ । ਲੱਖ ਚੁਰਾਸੀ ਕਲਜੁਗ ਪੌਦਾ ਸੁਕਣਾ, ਅੰਮ੍ਰਿਤ ਦੇਵੇ ਨਾ ਕੋਇ ਠੰਡਾ ਠਾਰਾ । ਗੁਰਮੁਖ ਵਿਰਲੇ ਆਵਣ ਜਾਵਣ ਚੁੱਕਣਾ, ਜਿਸ ਮਿਲਿਆ ਆਪ ਨਿਰੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਦਿ ਜੁਗਾਦੀ ਆਪੇ ਗੁਰ ਅਵਤਾਰਾ । ਆਦਿ ਜੁਗਾਦੀ ਏਕਾ ਗੁਰ, ਸਤਿਗੁਰ ਆਪਣਾ ਖੇਲ ਕਰਾਈਆ । ਆਦਿ ਜੁਗਾਦੀ ਲੇਖਾ ਜਾਣੇ ਧੁਰ, ਧੁਰ ਦੀ ਬਾਣ ਆਪ ਰਖਾਈਆ । ਚਾਰ ਵਰਨ ਦੀ ਸਾਚੀ ਸੁਰ, ਹਰਿ ਸੁਰਤੀ ਸ਼ਬਦ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਨਾਇਆ ਨਾਇਆ ਏਕਾ, ਇਕ ਨੌਂ ਵੇਖੇ ਥਾਉਂ ਥਾਈਂਆ । ਥਾਉਂ ਥਾਈਂ ਵੇਖਣਹਾਰਾ, ਦਿਸ ਕਿਸੇ ਨਾ ਆਇੰਦਾ । ਕਲਜੁਗ ਅੰਤਮ ਕਰੇ ਖੁਆਰਾ, ਲੋਕਮਾਤ ਮੇਟ ਮਿਟਾਇੰਦਾ । ਈਸਾ ਮੂਸਾ ਸੰਗ ਮੁਹੰਮਦ ਪਾਰ ਕਿਨਾਰਾ, ਅੱਲਾ ਰਾਣੀ ਮੁਖ ਨਕ਼ਾਬ ਪੜਦਾ ਆਪੇ ਲਾਹਿੰਦਾ । ਕਲਜੁਗ ਖੇਲ ਕਰੇ ਅਪਾਰਾ, ਆਪ ਆਪਣੀ ਬੂਝ ਬੁਝਾਇੰਦਾ । ਬੀਸ ਬੀਸਾ ਠਾਂਡਾ ਦਰਬਾਰਾ, ਸਤਿ ਸਤਿਵਾਦੀ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚੇ ਭਗਤਾਂ ਆਪ ਜਗਾਇੰਦਾ । ਗੁਰਮੁਖ ਸਾਚੇ ਜਾਣਾ ਜਾਗ, ਸਤਿਗੁਰ ਸ਼ਬਦ ਆਪ ਜਗਾਈਆ । ਅੰਤਰ ਆਤਮ ਇਕ ਵੈਰਾਗ, ਬਣ ਵੈਰਾਗੀ ਆਪ ਵਖਾਈਆ । ਆਤਮ ਪਰਮਾਤਮ ਵੱਜੇ ਨਾਦ, ਅਨਾਦੀ ਧੁਨ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਜਗਾਈਆ ।


੧੦੧੫
੧੧

ਗੁਰਮੁਖ ਜਾਗੇ ਦਇਆਨਿਧ ਜਗਾਏ ਦੀਨਨ ਆਪਣੀ ਦਇਆ ਕਮਾਈਆ । ਜੁਗ ਜਨਮ ਦੇ ਵਿਛੜੇ ਲਏ ਮਿਲਾਏ, ਮੇਲਣਹਾਰਾ ਬੇਪਰਵਾਹੀਆ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਪਰਬਤ ਨਜ਼ਰ ਕਿਸੇ ਨਾ ਆਏ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਜਿਸ ਜਨ ਰਹਿਮਤ ਰਹੀਮ ਰਹਿਮਾਨ ਆਪ ਕਰਾਏ, ਤਿਸ ਆਪਣੀ ਬੂਝ ਬੁਝਾਈਆ । ਰਾਤੀ ਸੁੱਤਿਆ ਲਏ ਮਿਲਾਏ, ਘਰ ਘਰ ਫੇਰਾ ਪਾਈਆ । ਰਾਮਾ ਕ੍ਰਿਸ਼ਨਾ ਨਾਨਕ ਗੋਬਿੰਦ ਈਸਾ ਮੂਸਾ ਮੁਹੰਮਦ ਰੂਪ ਆਪ ਵਟਾਏ, ਅਨੂਪ ਆਪਣਾ ਖੇਲ ਕਰਾਈਆ । ਏਕਾ ਸ੍ਰਿਸ਼ਟ ਸਰਬ ਸੁਖਦਾਏ, ਦ੍ਰਿਸ਼ਟ ਇਸ਼ਟ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਲਏ ਫੜ, ਗੁਰ ਚੇਲੇ ਆਪਣੇ ਘਰ ਬਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਵਿਚ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ, ਨਿਰਗੁਣ ਆਪਣਾ ਆਪ ਸੇਵਾ ਲਾਈਆ ।

## ★ ੧੭ ਚੇਤ ੨੦੧੯ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ ★

ਸ਼ਬਦ ਸੁਤ ਤੇਰਾ ਸਾਥ, ਪੁਰਖ ਅਕਾਲ ਆਪ ਨਿਭਾਇੰਦਾ । ਕਿਰਪਾ ਕਰ ਲੋਕਮਾਤ, ਅਲੌਕਕ ਆਪਣੀ ਖੇਲ ਕਰਾਇੰਦਾ । ਸਚ ਭੰਡਾਰਾ ਇਕੋ ਖ਼ਾਤ, ਗੁਣ ਨਿਧਾਨਾ ਆਪ ਰਖਾਇੰਦਾ । ਜਨ ਭਗਤਾਂ ਪੁਛੇ ਅੰਤਮ ਵਾਤ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਏਕਾ ਬਖ਼ਸ਼ੇ ਨਾਮ ਦਾਤ, ਨਾਉਂ ਨਿਰੰਕਾਰਾ ਆਪ ਵਰਤਾਇੰਦਾ । ਚਾਰ ਵਰਨਾਂ ਮੇਟੇ ਜ਼ਾਤ ਪਾਤ, ਊਚ ਨੀਚ ਭੇਵ ਚੁਕਾਇੰਦਾ । ਨਿਰਗੁਣ ਨੂਰ ਕਰੇ ਪਰਕਾਸ਼, ਹਰਿ ਜੂ ਸਾਚਾ ਚੰਦ ਚੜ੍ਹਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰੀ ਕਰੇ ਆਸ, ਲਹਿਣਾ ਦੇਣਾ ਸਰਬ ਮੁਕਾਇੰਦਾ । ਵੇਖਣਹਾਰਾ ਪ੍ਰਿਥਮੀ ਅਕਾਸ਼, ਗਗਨ ਮੰਡਲ ਖੋਜ ਖੋਜਾਇੰਦਾ । ਦੋ ਜਹਾਨਾਂ ਖੇਲ ਤਮਾਸ਼, ਪੁਰਖ ਅਬਿਨਾਸ਼ੀ ਆਪਣਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਆਪ ਕਰਾਇੰਦਾ । ਸ਼ਬਦ ਸੁਤ ਸਾਚੇ ਗੁਣ, ਸੋ ਪੁਰਖ ਨਿਰੰਜਣ ਆਪ ਜਣਾਈਆ । ਅੰਤ ਪੁਕਾਰ ਲਏ ਸੁਣ, ਬੇਅੰਤ ਵੱਡਾ ਸ਼ਹਿਨਸ਼ਾਹੀਆ । ਲੱਖ ਚੁਰਾਸੀ ਛਾਣ ਪੁਣ, ਭਗਤ ਭਗਵੰਤ ਲਏ ਜਗਾਈਆ । ਰਾਗ ਸੁਣਾਏ ਸਾਚੀ ਧੁਨ, ਅਨਾਦੀ ਆਪਣਾ ਨਾਦ ਵਜਾਈਆ । ਭੇਵ ਨਾ ਜਾਣੇ ਕੋਇ ਰਿਖ ਮੁਨ, ਅਭੇਦ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਨਾ, ਕਲਜੁਗ ਅੰਤ ਅੰਤ ਜਣਾਈਆ । ਨਿਰਗੁਣ ਨੂਰ ਏਕਾ ਧਰਨਾ, ਧਰਨੀ ਧਰਤ ਧਵਲ ਵਡਿਆਈਆ । ਜੀਵ ਜੰਤ ਚਾਰ ਵਰਨ ਆਪੇ ਵਰਨਾ, ਕੰਤ ਕੰਤੂਹਲ ਆਪਣਾ ਨਾਉਂ ਧਰਾਈਆ । ਗੁਰ ਅਵਤਾਰਾਂ ਆਪੇ ਫੜਨਾ, ਘਟ ਘਟ ਆਪਣਾ ਫੇਰਾ ਪਾਈਆ । ਸ਼ਬਦ ਅਗੰਮੀ ਦੋ ਜਹਾਨਾਂ ਏਕਾ ਪੜਨਾ, ਪੜ੍ਹ ਪੜ੍ਹ ਆਪਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਸਹਿਜ ਸੁਭਾਈਆ । ਮੇਲ ਮਿਲਾਵਾ ਅੰਤਮ ਕਲ, ਨਰ ਹਰਿ ਆਪਣਾ ਆਪ ਜਣਾਇੰਦਾ । ਕਰੇ ਖੇਲ ਅਕਲ ਕਲ, ਭੇਵ ਕੋਇ ਨਾ ਪਾਇੰਦਾ । ਨਿਰਗੁਣ ਜੋਤੀ ਸ਼ਬਦੀ ਆਪੇ ਰਲ, ਸਰਗੁਣ ਆਪਣਾ ਰੰਗ ਰੰਗਾਇੰਦਾ । ਸੰਬਲ ਨਗਰੀ ਧਾਮ ਮੱਲ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਭੇਵ ਖੁਲ੍ਹਾਇੰਦਾ । ਸੰਬਲ ਨਗਰ ਸਚ ਮਕਾਨਾ, ਬੇਮੁਕਾਮ ਆਪ ਬਣਾਈਆ । ਵਸਣਹਾਰ

ਸ੍ਰੀ ਭਗਵਾਨਾ, ਦਿਸ ਕਿਸੇ ਨਾ ਆਈਆ । ਤੇਰਾ ਨਾਉਂ ਮਰਦ ਮਰਦਾਨਾ, ਗੁਰ ਗੁਰ ਆਪਣਾ ਰੰਗ ਵਖਾਈਆ । ਜੋਧਾ ਸੂਰਬੀਰ ਬਲੀ ਬਲਵਾਨਾ, ਬਲ ਏਕਾ ਏਕ ਜਣਾਈਆ । ਪਾਵੇ ਸਾਰ ਦੋ ਜਹਾਨਾ, ਦੋਏ ਦੋਏ ਆਪਣੀ ਧਾਰ ਚਲਾਈਆ । ਸ਼ਬਦ ਅਗੰਮੀ ਇਕ ਤਰਾਨਾ, ਤ੍ਰੈਗੁਣ ਅਤੀਤਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤ ਮਿਲਾਵਾ ਆਪਣੇ ਹੱਥ ਰਖਾਈਆ । ਅੰਤ ਮਿਲਾਵਾ ਹੱਥ ਕਰਤਾਰ, ਨਿਰਗੁਣ ਨਿਰਗੁਣ ਆਪ ਜਣਾਇੰਦਾ । ਸ਼ਬਦ ਸੁਤ ਤੇਰੀ ਸੇਵਾ ਅਪਰ ਅਪਾਰ, ਜੁਗ ਚੌਕੜੀ ਆਪ ਲਗਾਇੰਦਾ । ਤੇਰੇ ਹੁਕਮੇ ਅੰਦਰ ਗੁਰ ਅਵਤਾਰ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਬੰਧਨ ਆਪੇ ਪਾਇੰਦਾ । ਤੇਰਾ ਬੰਧਨ ਪਾਏ ਹਰਿ, ਆਪਣੇ ਹੱਥ ਰੱਖੇ ਵਡਿਆਈਆ । ਜੁਗ ਚੌਕੜੀ ਪਾਰ ਕਰ, ਪਾਰ ਕਿਨਾਰਾ ਦਏ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਤਾ ਨਿਰਗੁਣ ਰੂਪ ਮਾਤ ਧਰ, ਆਪ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੇਲਾ ਆਪਣੇ ਘਰ ਵਖਾਈਆ । ਤੇਰਾ ਮੇਲਾ ਸਾਚੇ ਘਰ, ਘਰ ਮੰਦਰ ਆਪ ਸੁਹਾਇੰਦਾ । ਜੁਗ ਚੌਕੜੀ ਜਾਣ ਹਰਿ, ਹਰਿ ਜੂ ਆਪਣਾ ਪੰਧ ਮੁਕਾਇੰਦਾ । ਪਰਗਟ ਹੋਏ ਨਰਾਇਣ ਨਰ, ਨਰ ਨਾਰੀ ਖੇਲ ਕਰਾਇੰਦਾ । ਸੰਤ ਸੁਹੇਲੇ ਆਪੇ ਫੜ, ਗੁਰਮੁਖ ਆਪਣਾ ਬੰਧਨ ਪਾਇੰਦਾ । ਗੁਰਸਿਖਾਂ ਅੰਦਰ ਆਪੇ ਵੜ, ਆਪਣੀ ਬੂਝ ਆਪ ਬੁਝਾਇੰਦਾ । ਅਲਖ ਅਗੋਚਰ ਨਾ ਜਨਮੇ ਨਾ ਜਾਏ ਮਰ, ਜੀਵਣ ਮਰਨ ਆਪਣੀ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਮੇਲਾ ਗੁਰੂ ਗੁਰ ਚੇਲਾ, ਹਰਿ ਸਤਿਗੁਰ ਆਪ ਜਣਾਇੰਦਾ । ਹਰਿ ਸਤਿਗੁਰ ਜਾਣੇ ਜਾਣੀ ਜਾਣ, ਜਾਨਣਹਾਰ ਆਪ ਅਖਵਾਈਆ । ਕਲਜੁਗ ਅੰਤ ਕਰੇ ਪਹਿਚਾਨ, ਬੇਪਹਿਚਾਨ ਆਪਣੀ ਦਇਆ ਕਮਾਈਆ । ਦਰ ਘਰ ਸਾਚੇ ਮੇਲੇ ਆਣ, ਮੇਲ ਮਿਲਾਵਾ ਸਹਿਜ ਸੁਭਾਈਆ । ਆਤਮ ਪਰਮਾਤਮ ਵੇਖੇ ਮਾਰ ਧਿਆਨ, ਬ੍ਰਹਮ ਪਾਰਬ੍ਰਹਮ ਦਏ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸਰਬ ਮਿਟ ਜਾਣ, ਥਿਰ ਕੋਇ ਰਹਿਣ ਨਾ ਪਾਈਆ । ਖਾਣੀ ਬਾਣੀ ਨਾ ਕੋਇ ਗਿਆਨ, ਧਿਆਨ ਧਿਆਨ ਨਾ ਕੋਇ ਜਣਾਈਆ । ਨੌਂ ਖੰਡ ਪ੍ਰਿਥਮੀ ਜਗਤ ਵਾਸਨਾ ਹੋਏ ਸ਼ੈਤਾਨ, ਸ਼ਰਅ ਘਰ ਘਰ ਕਰੇ ਲੜਾਈਆ । ਰਾਜ ਭੂਪ ਹੋਣ ਬੇਈਮਾਨ, ਸਚ ਸੁੱਚ ਨਾ ਕੋਇ ਰਖਾਈਆ । ਜੂਠ ਝੂਠ ਝੁੱਲੇ ਨਿਸ਼ਾਨ, ਸਚ ਨਿਸ਼ਾਨਾ ਨਾ ਕੋਇ ਉਠਾਈਆ । ਨੇਤਰ ਰੋਵਣ ਜ਼ਿਮੀਂ ਅਸਮਾਨ, ਕੂਕ ਕੂਕ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵੇਲੇ ਅੰਤ ਤੇਰਾ ਰੂਪ ਆਪੇ ਵੇਖ ਵਖਾਈਆ । ਅੰਤਮ ਵੇਖੇ ਤੇਰਾ ਰੂਪ ਹਰਿ ਜੂ ਆਪਣੀ ਦਇਆ ਕਮਾਇੰਦਾ । ਕਰੇ ਖੇਲ ਸ਼ਾਹੋ ਭੂਪ, ਸ਼ਹਿਨਸ਼ਾਹ ਆਪਣੀ ਧਾਰ ਚਲਾਇੰਦਾ । ਆਦਿ ਜੁਗਾਦੀ ਸਤਿ ਸਰੂਪ, ਸਤਿ ਸਤਿ ਆਪਣਾ ਰੰਗ ਰੰਗਾਇੰਦਾ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੋਲ ਫੋਲਾਇੰਦਾ । ਆਪਣਾ ਅੰਤਮ ਕਲਜੁਗ ਦੇਵੇ ਆਪ ਸਬੂਤ, ਵੇਦ ਪੁਰਾਣ ਭੇਵ ਕੋਇ ਨਾ ਪਾਇੰਦਾ । ਪੰਜ ਤੱਤ ਕਾਇਆ ਨਾ ਕੋਇ ਕਲਬੂਤ, ਬਿਨ ਰਸਨਾ ਜਿਹਵਾ ਕਲਮਾ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਮਿਲਾਵਾ ਆਪਣੇ ਹੱਥ ਰਖਾਇੰਦਾ । ਸਾਚੇ ਸੁਤ ਰੱਖਣੀ ਆਸ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਕਲਜੁਗ ਅੰਤਮ ਪਰਗਟ ਹੋਏ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣਾ ਖੇਲ ਆਪ ਕਰਾਇੰਦਾ ।

ਨਿਰਗੁਣ ਹੋ ਕੇ ਵਸੇ ਨਿਰਗੁਣ ਪਾਸ, ਨਿਰਗੁਣ ਆਪਣਾ ਬੰਧਨ ਪਾਇੰਦਾ । ਏਥੇ ਓਥੇ ਦੋ ਜਹਾਨ, ਬ੍ਰਹਿਮੰਡ ਖੰਡ ਲੋਅ ਪੁਰੀ ਦੇਵੇ ਧਰਵਾਸ, ਚਰਨ ਦਵਾਰ ਇਕ ਵਖਾਇੰਦਾ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਅਕਾਸ਼, ਗਗਨ ਮੰਡਲ ਪਾਵਣਹਾਰਾ ਰਾਸ, ਤੇਰਾ ਲੇਖਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਬੂਝ ਆਪ ਬੁਝਾਇੰਦਾ । ਸਾਚੀ ਬੂਝ ਲੈਣੀ ਬੁਝ, ਹਰਿ ਸਤਿਗੁਰ ਆਪ ਜਣਾਈਆ । ਤੇਰਾ ਮੇਰਾ ਏਕਾ ਨੂਰ ਕਿਸੇ ਨਾ ਆਵੇ ਕੋਈ ਸੁੱਧ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਕਲਜੁਗ ਅੰਤਮ ਨਿਰਗੁਣ ਨਿਰਾਕਾਰ ਤੇਰੇ ਅਸਵ ਉਪਰ ਬਹੇ ਕੁੱਦ, ਸਚ ਸਿੰਘਾਸਣ ਏਕਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਸ਼ਬਦੀ ਮੇਲ ਮਿਲਾਈਆ । ਜੋਤੀ ਸ਼ਬਦੀ ਨਿਰਗੁਣ ਮੇਲਾ, ਹਰਿ ਜੂ ਹਰਿ ਹਰਿ ਆਪ ਕਰਾਈਆ । ਆਪੇ ਗੁਰੂ ਆਪੇ ਚੇਲਾ, ਚੇਲਾ ਗੁਰ ਆਪ ਅਖਵਾਈਆ । ਏਥੇ ਓਥੇ ਸੱਜਣ ਸੁਹੇਲਾ, ਸਗਲਾ ਸੰਗ ਰਖਾਈਆ । ਨਵ ਨੌਂ ਚਾਰ ਚੌਕੜੀ ਅੰਤਮ ਵੇਲਾ, ਥਿਤ ਵਾਰ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਤਾਰਾ, ਕਲਜੁਗ ਅੰਤ ਅੰਤ ਕਰਾਇੰਦਾ । ਨਾਉਂ ਨਿਹਕਲੰਕ ਨਰਾਇਣ ਨਰ ਅਵਤਾਰਾ, ਲੋਕਮਾਤ ਫੇਰਾ ਪਾਇੰਦਾ । ਜੂਠ ਝੂਠ ਕਰਾਏ ਪਾਰ ਕਿਨਾਰਾ, ਹਉਮੇਂ ਹੰਗਤਾ ਗੜ੍ਹ ਤੁੜਾਇੰਦਾ । ਸ੍ਰਿਸ਼ਟ ਸਬਾਈ ਦਏ ਆਧਾਰਾ, ਲੱਖ ਚੁਰਾਸੀ ਏਕਾ ਓਟ ਜਣਾਇੰਦਾ । ਚਾਰ ਵਰਨਾਂ ਕਰੇ ਪਾਰ ਕਿਨਾਰਾ, ਆਤਮ ਬ੍ਰਹਮ ਸਰਬ ਸਮਝਾਇੰਦਾ । ਸ਼ਬਦ ਅਨਾਦ ਬੋਲ ਜੈਕਾਰਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਮਹੱਲ ਅਟੱਲ ਉਚ ਮੁਨਾਰਾ, ਘਰ ਘਰ ਵਿਚ ਆਪ ਵਖਾਇੰਦਾ । ਦੀਆ ਬਾਤੀ ਇਕ ਉਜਿਆਰਾ, ਕਮਲਾਪਾਤੀ ਡਗਮਗਾਇੰਦਾ । ਸ਼ਬਦ ਅਗੰਮੀ ਸਚ ਧੁਨਕਾਰਾ, ਧੁਨ ਆਤਮਕ ਰਾਗ ਅਲਾਇੰਦਾ । ਵੱਜਦੀ ਰਹੇ ਇਕ ਸਿਤਾਰਾ, ਤੰਦੀ ਤੰਦ ਨਾ ਕੋਇ ਰਖਾਇੰਦਾ । ਆਪੇ ਗਾਵਤ ਗਾਵਣਹਾਰਾ, ਸੁਨਣਹਾਰ ਆਪ ਹੋ ਜਾਇੰਦਾ । ਆਪੇ ਵੇਖੇ ਵੇਖਣਹਾਰਾ, ਆਪਣਾ ਮੰਦਰ ਆਪ ਸੁਹਾਇੰਦਾ । ਕਰੇ ਖੇਲ ਅਗੰਮ ਅਪਾਰਾ, ਅਗੰਮੜੀ ਕਾਰ ਆਪ ਕਰਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰਾ, ਹਕ ਹਕੀਕ਼ਤ ਇਕ ਵਖਾਇੰਦਾ । ਲਾਸ਼ਰੀਕ ਪਰਵਰਦਿਗਾਰਾ, ਆਪਣਾ ਪੜਦਾ ਆਪ ਉਠਾਇੰਦਾ । ਸੀਤਾ ਸੁਰਤੀ ਰਾਮ ਪਿਆਰਾ, ਰਹਿਮਤ ਆਪਣੀ ਆਪ ਕਮਾਇੰਦਾ । ਨਾਮ ਬੰਸਰੀ ਇਕ ਜੈਕਾਰਾ, ਕਾਹਨਾ ਕ੍ਰਿਸ਼ਨਾ ਨਾਦ ਸੁਣਾਇੰਦਾ । ਨਾਮ ਸਤਿ ਵਣਜ ਵਪਾਰਾ, ਸਤਿ ਸਤਿਵਾਦੀ ਵੰਡ ਵੰਡਾਇੰਦਾ । ਫਤਹਿ ਡੰਕਾ ਵਿਚ ਸੰਸਾਰਾ, ਵਾਹਵਾ ਸਤਿਗੁਰ ਆਪ ਵਜਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਵੇਖਣਹਾਰਾ, ਸੱਤਾਂ ਦੀਪਾਂ ਫੇਰਾ ਪਾਇੰਦਾ । ਲੱਖ ਚੁਰਾਸੀ ਖੋਲ੍ਹਣਹਾਰਾ ਬੰਦ ਕਿਵਾੜਾ, ਘਰ ਘਰ ਆਪਣੀ ਤਾਕੀ ਲਾਹਿੰਦਾ । ਗੁਰਮੁਖ ਸਾਚੇ ਲਏ ਉਭਾਰਾ, ਗੁਰਸਿਖ ਆਪਣੇ ਰੰਗ ਰੰਗਾਇੰਦਾ । ਸਾਚੇ ਸੰਤਾਂ ਦਏ ਹੁਲਾਰਾ, ਨਾਮ ਹਲੂਣਾ ਇਕ ਲਗਾਇੰਦਾ । ਸਾਚੇ ਭਗਤਾਂ ਲਗਾਏ ਇਕ ਅਖਾੜਾ, ਪੁਰਖ ਅਬਿਨਾਸ਼ੀ ਖੇਲ ਕਰਾਇੰਦਾ । ਮੇਲ ਮਿਲਾਵਾ ਸੁਤ ਦੁਲਾਰਾ, ਜੋਤੀ ਜੋਤ ਬੰਧਨ ਪਾਇੰਦਾ । ਹੁਕਮੀ ਹੁਕਮ ਹੁਕਮ ਵਰਤਾਰਾ, ਆਪਣਾ ਹੁਕਮ ਆਪ ਸੁਣਾਇੰਦਾ । ਰਾਜ ਭੂਪ ਬਣ ਸਿਕਦਾਰਾ, ਆਪੇ ਨਿਉਂ ਨਿਉਂ ਸੀਸ ਝੁਕਾਇੰਦਾ । ਜੁਗ ਚੌਕੜੀ ਖੇਲ ਕਰਦਾ ਰਿਹਾ ਵਾਰੋ ਵਾਰਾ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਪਤਿਪਰਮੇਸ਼ਵਰ ਦੋਏ ਜੋੜ ਕਰ ਕਰ ਗਏ ਨਿਮਸਕਾਰਾ, ਸੀਸ ਜਗਦੀਸ ਸਰਬ ਝੁਕਾਇੰਦਾ । ਅੰਤਰ ਆਤਮ

ਪਰਮਾਤਮ ਅੱਗੇ ਮੰਗਦੇ ਰਹੇ ਬਣ ਭਿਖਾਰਾ, ਖਾਲੀ ਝੋਲੀ ਸਰਬ ਵਖਾਇੰਦਾ । ਕਿਰਪਾਨਿਧ ਠਾਕਰ ਸੁਆਮੀ ਦੇਵੇ ਵਸਤ ਦੇਵਣਹਾਰਾ, ਨਾਮ ਅਮੋਲਕ ਆਪ ਵਰਤਾਇੰਦਾ । ਰਸਨਾ ਜਿਹਵਾ ਬੋਲ ਜੈਕਾਰਾ, ਅੱਖਰ ਅੱਖਰ ਬਣ ਲਿਖਾਰਾ, ਚਾਰ ਜੁਗ ਦੀ ਜੁਗਤੀ ਧਾਰਾ, ਜੀਵਣ ਜੁਗਤ ਸਰਬ ਸਮਝਾਇੰਦਾ । ਪੜ੍ਹ ਪੜ੍ਹ ਲੇਖਾ ਅਗੰਮ ਅਪਾਰਾ, ਰਸਨਾ ਜਿਹਵਾ ਗਾਏ ਵਾਰਾ, ਬੱਤੀ ਦੰਦ ਮੁੱਖ ਸਾਲਾਹਿੰਦਾ । ਏਕੋ ਓਟ ਏਕੰਕਾਰਾ, ਇਕੋ ਚੋਟ ਸ਼ਬਦ ਨਗਾਰਾ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਇਕ ਇਕੱਲਾ ਆਪ ਲਗਾਇੰਦਾ । ਕਲਜੁਗ ਅੰਤਮ ਵੇਖੇ ਵੇਖਣਹਾਰਾ, ਗੁਰ ਸ਼ਬਦ ਮੇਲ ਮਿਲਾਏ ਵਿਚ ਸੰਸਾਰਾ, ਜੋਤੀ ਨੂਰ ਨੂਰ ਚਮਤਕਾਰਾ, ਅੰਧ ਅੰਧੇਰ ਅੰਧੇਰ ਮਿਟਾਇੰਦਾ । ਰਾਗੀ ਨਾਦੀ ਵੱਸੇ ਬਾਹਰਾ, ਧਰਤ ਧਵਲ ਨਾ ਕੋਇ ਮੁਨਾਰਾ, ਕਿਸੇ ਹੱਥ ਨਾ ਆਏ ਮੰਦਰ ਮਸਜਦ ਗੁਰੂਦੁਆਰਾ, ਘਟ ਘਟ ਆਪਣਾ ਡੇਰਾ ਲਾਈਆ । ਚਾਰ ਜੁਗ ਦਾ ਬਣ ਵਣਜਾਰਾ, ਨਿਰਗੁਣ ਸਰਗੁਣ ਕਰਦਾ ਆਇਆ ਉਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੁਰ ਸ਼ਬਦੀ ਆਪਣਾ ਰੰਗ ਰੰਗਾਈਆ । ਜੋਤੀ ਸ਼ਬਦੀ ਏਕਾ ਧਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਨਵ ਨੌਂ ਚਾਰ ਉਤਰਿਆ ਪਾਰ, ਅਗਲਾ ਮਾਰਗ ਆਪਣੇ ਹੱਥ ਰਖਾਈਆ । ਪਿਛਲਾ ਲਹਿਣਾ ਕਰਜ਼ ਉਤਾਰ, ਅੱਗੇ ਏਕਾ ਹੁਕਮ ਵਰਤਾਈਆ । ਆਤਮ ਬ੍ਰਹਮ ਸਰਬ ਪਸਾਰ, ਈਸ਼ ਜੀਵ ਜੀਵ ਸਮਝਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪਰਵਰਦਿਗਾਰ ਇਕ ਅਖਵਾਈਆ । ਸਚਖੰਡ ਵਸੇ ਧਾਮ ਨਿਆਰ, ਸਚ ਮਹੱਲੇ ਸੋਭਾ ਪਾਈਆ । ਨਿਰਗੁਣ ਨੂਰ ਨੂਰ ਉਜਿਆਰ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸ਼ਬਦੀ ਸੁਤ ਸੁਤ ਬਲਕਾਰ, ਆਦਿ ਜੁਗਾਦੀ ਆਪ ਪਰਗਟਾਈਆ । ਜੁਗ ਚੌਕੜੀ ਦੇ ਸਹਾਰ, ਸਰਗੁਣ ਆਪਣੀ ਧਾਰ ਵਖਾਈਆ । ਕਲਜੁਗ ਅੰਤਮ ਖੇਲ ਕਰੇ ਅਪਾਰ, ਆਪ ਆਪਣਾ ਬਲ ਧਰਾਈਆ । ਸ਼ਬਦ ਦੁਲਾਰਾ ਲਏ ਉਠਾਲ, ਸਿਰ ਆਪਣਾ ਹੱਥ ਟਿਕਾਈਆ । ਨਿਰਗੁਣ ਜੋਤ ਦੀਪਕ ਆਪੇ ਬਾਲ, ਘਰ ਮੰਦਰ ਕਰੇ ਰੁਸ਼ਨਾਈਆ । ਕਿਰਪਾਨਿਧ ਦੀਨ ਦਿਆਲ, ਅਚਰਜ ਖੇਲ ਆਪ ਕਰਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਕਰਦੇ ਰਹੇ ਭਾਲ, ਸੋ ਪੁਰਖ ਨਿਰੰਜਣ ਆਪਣਾ ਫੇਰਾ ਪਾਈਆ । ਲੇਖਾ ਜਾਣੇ ਗੋਬਿੰਦ ਲਾਲ, ਲਾਲਨ ਭੁੱਲ ਕਦੇ ਨਾ ਜਾਈਆ । ਅੰਤਮ ਆਪਣਾ ਹੱਲ ਕਰੇ ਆਪ ਸਵਾਲ, ਚਾਰ ਜੁਗ ਲਿਖ ਲਿਖ ਪੱਟੀ ਗਏ ਪੜ੍ਹਾਈਆ । ਹੁਕਮੇ ਅੰਦਰ ਕਾਲ ਮਹਾਂਕਾਲ, ਤ੍ਰੈਕਾਲ ਦਰਸੀ ਆਪਣੀ ਖੇਲ ਕਰਾਈਆ । ਆਪਣੀ ਚਲੇ ਅਵੱਲੜੀ ਚਾਲ, ਭੇਵ ਕੋਇ ਨਾ ਪਾਈਆ । ਜਨ ਭਗਤਾਂ ਮਾਰਗ ਦੱਸੇ ਸੁਖਾਲ, ਨਿਰਗੁਣ ਆਪਣੀ ਬੂਝ ਬੁਝਾਈਆ । ਕਾਇਆ ਮੰਦਰ ਸੱਚੀ ਧਰਮਸਾਲ, ਗੁਰ ਸ਼ਬਦੀ ਸੇਵ ਕਮਾਈਆ । ਸੁਰਤ ਸੁਵਾਣੀ ਨਾ ਹੋਏ ਬੇਹਾਲ, ਗੁਰ ਗੁਰ ਏਕਾ ਕੰਤ ਮਨਾਈਆ । ਸਤਿਗੁਰ ਸਾਹਿਬ ਦੀਨ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਲੇਖਾ ਜਾਣ ਸ਼ਾਹ ਕੰਗਾਲ, ਗੁਰਮੁਖ ਆਪਣੇ ਸੰਗ ਮਿਲਾਈਆ । ਸ਼ਬਦ ਵਿਚੋਲਾ ਬਣ ਦਲਾਲ, ਪੁਰਖ ਅਕਾਲ ਪੱਲੂ ਦਏ ਫੜਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਵੱਡਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਗੁਰ ਮੇਲਾ ਸਹਿਜ ਸੁਭਾਈਆ । ਸ਼ਬਦ ਗੁਰ ਜੋਤੀ ਧਾਰ, ਜੋਤੀ ਜਾਤਾ ਆਪ ਬਣਾਇੰਦਾ । ਏਕਾ ਮੰਦਰ ਕਰ ਪਿਆਰ, ਏਕਾ ਘਰ ਸੋਭਾ ਪਾਇੰਦਾ । ਏਕਾ ਹੁਕਮ ਸਤਿ ਵਰਤਾਰ, ਸਤਿ ਸਤਿਵਾਦੀ ਆਪ ਜਣਾਇੰਦਾ । ਏਕਾ ਨਾਮ ਸ਼ਬਦ ਜੈਕਾਰ, ਜੈ ਜੈਕਾਰਾ ਆਪ ਅਲਾਇੰਦਾ । ਏਕਾ ਵਿਸ਼ਨ

ਬ੍ਰਹਮਾ ਸ਼ਿਵ ਦਏ ਪਿਆਰ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਜੁਗ ਚੌਕੜੀ ਹੋਏ ਉਜਿਆਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਏਕਾ ਸੇਵਾ ਲਾਏ ਗੁਰ ਅਵਤਾਰ, ਸਾਚੀ ਸਿਖਿਆ ਇਕ ਸਮਝਾਇੰਦਾ । ਏਕਾ ਸ਼ਾਸਤਰ ਸਿਮਰਤ ਵੇਦ ਪੁਰਾਨ ਬੋਲੇ ਜੈਕਾਰ, ਜੈ ਜੈਕਾਰ ਆਪਣੇ ਨਾਉਂ ਕਰਾਇੰਦਾ । ਏਕਾ ਲੱਖ ਚੁਰਾਸੀ ਕਰੇ ਪਸਾਰ, ਤ੍ਰੈਗੁਣ ਆਪਣਾ ਬੰਧਨ ਪਾਇੰਦਾ । ਏਕਾ ਪੰਜ ਤੱਤ ਘੜੇ ਘਾੜ, ਘੜਨਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਖੇਲ ਆਪ ਸਮਝਾਇੰਦਾ । ਸ਼ਬਦੀ ਖੇਲ ਹਰਿ ਜੂ ਅੰਤ, ਏਕਾ ਏਕ ਜਣਾਈਆ । ਵੇਸ ਵਟਾਏ ਸ੍ਰੀ ਭਗਵੰਤ, ਨੂਰ ਨੁਰਾਨਾ ਕਰ ਰੁਸ਼ਨਾਈਆ । ਤੇਰੀ ਮਹਿਮਾ ਜਣਾਏ ਅਗਣਤ, ਬੇਅੰਤ ਵਡ ਵਡਿਆਈਆ । ਪਕੜ ਉਠਾਏ ਸਾਚੇ ਸੰਤ, ਸੰਤ ਸੁਹੇਲਾ ਸੱਚਾ ਮਾਹੀਆ । ਦੇਵੇ ਵਡਿਆਈ ਵਿਚੋਂ ਜੀਵ ਜੰਤ, ਜੀਵਣ ਜੁਗਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਵਸਤ ਆਪ ਵਰਤਾਈਆ । ਏਕਾ ਵਸਤ ਦੇਵੇ ਨਿਰੰਕਾਰ, ਸ਼ਬਦੀ ਸ਼ਬਦ ਜਣਾਇੰਦਾ । ਕਲਜੁਗ ਅੰਤਮ ਆਏ ਵਾਰ, ਪਿਛਲੀ ਵਾਰਤਾ ਸਰਬ ਮੁਕਾਇੰਦਾ । ਤੇਰਾ ਮੇਰਾ ਹੋਏ ਪਿਆਰ, ਦੂਜਾ ਵਿਚ ਨਾ ਕੋਇ ਰਖਾਇੰਦਾ । ਤੇਰਾ ਮੇਰਾ ਨਾਉਂ ਹੋਏ ਉਜਿਆਰ, ਦੂਜਾ ਡੰਕ ਨਾ ਕੋਇ ਵਜਾਇੰਦਾ । ਤੇਰਾ ਮੇਰਾ ਵਸੇ ਘਰ ਬਾਹਰ, ਸਚ ਘਰਾਨਾ ਇਕ ਬਣਾਇੰਦਾ । ਤੇਰਾ ਮੇਰਾ ਲੱਗੇ ਦਰਬਾਰ, ਦਰਬਾਨ ਦਰਵੇਸ ਦੂਜਾ ਨਜ਼ਰ ਕੋਇ ਨਾ ਆਇੰਦਾ । ਤੇਰਾ ਮੇਰਾ ਹੋਏ ਅਧਾਰ, ਸਚ ਅਧਾਰਤਾ ਇਕ ਵਖਾਇੰਦਾ । ਤੇਰਾ ਮੇਰਾ ਸਚ ਸ਼ਿੰਗਾਰ, ਦੂਜੀ ਇਛਿਆ ਨਾ ਕੋਇ ਵਧਾਇੰਦਾ । ਤੇਰਾ ਮੇਰਾ ਇਕ ਪਸਾਰ, ਬਣ ਪਸਾਰੀ ਖੇਲ ਕਰਾਇੰਦਾ । ਤੇਰਾ ਮੇਰਾ ਇਕ ਵਿਹਾਰ, ਬਿਵਹਾਰੀ ਆਪਣੀ ਧਾਰ ਚਲਾਇੰਦਾ । ਤੇਰਾ ਮੇਰਾ ਇਕ ਜੈਕਾਰ, ਜੈ ਜੈਕਾਰ ਹਰਿ ਜਣਾਇੰਦਾ । ਮੇਰਾ ਨਾਉਂ ਪੁਰਖ ਅਗੰਮ ਅਪਾਰ, ਮੇਰੀ ਸੋ ਕੋਇ ਨਾ ਪਾਇੰਦਾ । ਤੂੰ ਸ਼ਬਦੀ ਮੇਰਾ ਸੁਤ ਦੁਲਾਰ, ਜਨ ਜਨਨੀ ਮੈਂ ਅਖਵਾਇੰਦਾ । ਤੇਰਾ ਘਾੜਨ ਘੜਿਆ ਅਪਰ ਅਪਾਰ, ਘੜ ਆਪੇ ਵੇਖ ਵਖਾਇੰਦਾ । ਤੇਰਾ ਮਹੱਲ ਅਟੱਲ ਮੁਨਾਰ, ਥਿਰ ਘਰ ਸਾਚਾ ਆਪ ਬਣਾਇੰਦਾ । ਆਪਣੇ ਵਿਚੋਂ ਕੱਢੀ ਤੇਰੀ ਧਾਰ, ਧਾਰ ਧਾਰ ਵਿਚੋਂ ਉਪਾਇੰਦਾ । ਰੰਗ ਚਾੜ੍ਹ ਅਪਰ ਅਪਾਰ, ਰੰਗਤ ਤੇਰੀ ਇਕ ਵਖਾਇੰਦਾ । ਆਪਣਾ ਰੰਗ ਕਰ ਤਿਆਰ, ਮਰਦੰਗ ਹੱਥ ਫੜਾਇੰਦਾ । ਆਪਣਾ ਅਨੰਦ ਅਪਰ ਅਪਾਰ, ਤੇਰੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੁਰਖ ਅਕਾਲ ਏਕਾ ਨਰ, ਸ਼ਬਦੀ ਸੁਤ ਅੱਗੇ ਧਰ, ਨਿਰਗੁਣ ਨਿਰਗੁਣ ਆਪਣਾ ਭੇਵ ਆਪ ਚੁਕਾਇੰਦਾ । ਸੋ ਪੁਰਖ ਨਿਰੰਜਣ ਨਿਰਗੁਣ ਧਾਰ, ਨਿਰਾਕਾਰ ਆਪ ਜਣਾਈਆ । ਸਚਖੰਡ ਦੁਆਰੇ ਕਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਥਿਰ ਘਰ ਖੋਲ੍ਹ ਆਪ ਕਿਵਾੜ, ਸ਼ਬਦ ਦੁਲਾਰਾ ਇਕ ਬਹਾਈਆ । ਕਰੇ ਖੇਲ ਅਪਰ ਅਪਾਰ, ਜੁਗ ਚੌਕੜੀ ਭੇਵ ਕੋਇ ਨਾ ਪਾਈਆ । ਕਲਜੁਗ ਆਏ ਅੰਤਮ ਵਾਰ, ਦਇਆਵਾਨ ਆਪਣੀ ਦਇਆ ਕਮਾਈਆ । ਲੋਕਮਾਤ ਮਹੱਲ ਉਸਾਰ, ਸਾਢੇ ਤਿੰਨ ਹੱਥ ਬਣਤ ਬਣਾਈਆ । ਗੁਰ ਚੇਲਾ ਵਸੇ ਇਕ ਦੁਆਰ, ਘਰ ਸਾਚੇ ਵੱਜੇ ਵਧਾਈਆ । ਪੁਰਖ ਅਕਾਲ ਕਰੇ ਪਿਆਰ, ਗੋਬਿੰਦ ਸ਼ਬਦੀ ਮੇਲ ਮਿਲਾਈਆ । ਸਾਚਾ ਢੋਲਾ ਵਿਚ ਸੰਸਾਰ, ਬਣ ਵਿਚੋਲਾ ਆਪ ਸੁਣਾਈਆ । ਪੜਦਾ ਉਹਲਾ ਦਏ ਉਤਾਰ, ਮੁਖ ਘੁੰਗਟ ਨਾ ਕੋਇ ਰਖਾਈਆ । ਨਿਰਗੁਣ ਚੋਲਾ ਬਦਲੇ ਆਪ ਨਿਰੰਕਾਰ, ਪੰਜ ਤੱਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਸ਼ਬਦੀ ਸ਼ਬਦੀ ਜੋਤ ਆਪਣਾ ਰੰਗ ਵਟਾਈਆ । ਸੋ ਪੁਰਖ ਨਿਰੰਜਣ ਅੰਤਮ ਧਾਰ, ਆਪਣੀ ਆਪ ਜਣਾਇੰਦਾ । ਸ਼ਬਦੀ ਸੁਤ ਕਰ ਪਿਆਰ, ਨੂਰ ਨੂਰ ਵੰਡ ਵੰਡਾਇੰਦਾ । ਚਾਰ ਜੁਗ ਕਿਸੇ ਨਾ ਪਾਈ ਸਾਰ, ਹਰਿ ਕਾ ਭੇਵ ਨਾ ਕੋਇ ਖੁਲ੍ਹਾਇੰਦਾ । ਸੋਹੰ ਰੂਪ ਆਪ ਨਿਰੰਕਾਰ, ਪਿਤਾ ਪੂਤ ਵੰਡ ਵੰਡਾਇੰਦਾ । ਸੋ ਰੂਪ ਪੁਰਖ ਅਕਾਲ, ਹੰ ਸ਼ਬਦੀ ਗੋਦ ਸੁਹਾਇੰਦਾ । ਕਲਜੁਗ ਅੰਤਮ ਮੇਲਾ ਵਿਚ ਸੰਸਾਰ, ਸਾਚੇ ਘਰ ਆਪ ਕਰਾਇੰਦਾ । ਨੇਤਰ ਨੈਣ ਨਾ ਕੋਈ ਵੇਖੇ ਪਾਵੇ ਸਾਰ, ਰੂਪ ਰੰਗ ਨਾ ਕਿਸੇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਆਪਣਾ ਮੇਲ ਮਿਲਾਇੰਦਾ । ਸ਼ਬਦ ਸੁਤ ਮੇਲ ਮਿਲਾਵਾ, ਹਰਿ ਜੂ ਹਰਿ ਹਰਿ ਆਪ ਜਣਾਈਆ । ਕਲਜੁਗ ਅੰਤਮ ਰੱਖਣਾ ਦਾਅਵਾ, ਏਕਾ ਓਟ ਰਖਾਈਆ । ਨਿਰਗੁਣ ਪਕੜੇ ਤੇਰੀਆਂ ਬਾਹਵਾਂ, ਆਪਣੀ ਗੋਦ ਸੁਹਾਈਆ । ਸਦਾ ਸੁਹੇਲਾ ਦੇਵੇ ਠੰਡੀਆਂ ਛਾਂਵਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਧਾਰ ਆਪ ਵਹਾਈਆ । ਸ਼ਬਦੀ ਧਾਰ ਸੋਹੰ ਰੂਪ, ਜੋਤੀ ਨੂਰ ਦਰਸਾਇੰਦਾ । ਆਪੇ ਜਾਣੇ ਹਰਿ ਜੂ ਭੂਪ, ਦੂਸਰ ਭੇਵ ਕੋਇ ਨਾ ਪਾਇੰਦਾ । ਲੇਖਾ ਲਿਖੇ ਪੂਤ ਸਪੂਤ, ਪਿਤਾ ਪੂਤ ਖੇਲ ਖਿਲਾਇੰਦਾ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਵੰਡ ਵੰਡਾਇੰਦਾ । ਆਤਮ ਪਰਮਾਤਮ ਤਾਣਾ ਪੇਟਾ ਇਕੋ ਸੂਤ, ਏਕਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਮੇਲਾ ਆਪ ਮਿਲਾਇੰਦਾ । ਹੰ ਬ੍ਰਹਮ ਮੇਲਣਹਾਰਾ, ਸੋ ਪੁਰਖ ਨਿਰੰਜਣ ਆਪ ਅਖਵਾਈਆ । ਸ਼ਬਦੀ ਸ਼ਬਦ ਬਣ ਵਣਜਾਰਾ, ਹਰਿ ਹਰਿ ਆਪਣਾ ਹੱਟ ਚਲਾਈਆ । ਖੇਲੇ ਖੇਲ ਅਗੰਮ ਅਪਾਰਾ, ਆਪਣਾ ਪੜਦਾ ਆਪ ਉਠਾਈਆ । ਕਲਜੁਗ ਅੰਤ ਕਰੇ ਸਚ ਵਿਹਾਰਾ, ਬਿਵਹਾਰੀ ਆਪਣੀ ਕਾਰ ਕਮਾਈਆ । ਸਾਚੇ ਭਗਤਾਂ ਦਏ ਹੁਲਾਰਾ, ਨਾਮ ਧੱਕਾ ਏਕਾ ਲਾਈਆ । ਨੇਤਰ ਨੈਣ ਇਕ ਉਘਾੜਾ, ਆਲਸ ਨਿੰਦਰਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਸਮਝਾਈਆ । ਭਗਤ ਭਗਵਾਨ ਏਕਾ ਰੰਗ, ਹਰਿ ਹਰਿ ਆਪਣਾ ਭੇਵ ਖੁਲ੍ਹਾਇੰਦਾ । ਸੰਤ ਸਾਜਨ ਮੰਗੇ ਮੰਗ, ਵਸਤ ਅਮੋਲਕ ਝੋਲੀ ਪਾਇੰਦਾ । ਗੁਰਮੁਖ ਦੁਆਰਾ ਵੇਖੇ ਲੰਘ, ਆਪਣਾ ਪੰਧ ਮੁਕਾਇੰਦਾ । ਗੁਰਸਿਖ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਜਣਾਇੰਦਾ । ਜਗਤ ਵਿਕਾਰਾ ਖੰਡ ਖੰਡ, ਨਾਮ ਖੰਡਾ ਇਕ ਚਮਕਾਇੰਦਾ । ਜਨਮ ਜਨਮ ਦੀ ਟੁੱਟੀ ਗੰਢ, ਹਰਿ ਸਤਿਗੁਰ ਆਪਣੀ ਗੰਢ ਪੁਵਾਇੰਦਾ । ਮਾਨਸ ਜਨਮ ਦੇਵੇ ਠੰਡ, ਅਗਨੀ ਤੱਤ ਨਾ ਕੋਇ ਜਲਾਇੰਦਾ । ਗੁਰਸਿਖ ਨਾਰ ਸਦਾ ਸੁਹਾਗਣ ਲੋਕਮਾਤ ਨਾ ਹੋਏ ਰੰਡ, ਜਗਤ ਰੰਡੇਪਾ ਆਪ ਮੁਕਾਇੰਦਾ । ਭਗਤ ਭਗਵੰਤ ਨਾ ਦੇਵੇ ਕੰਡ, ਕਰਵਟ ਆਪਣੀ ਨਾ ਕਦੇ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸ਼ਬਦੀ ਸ਼ਬਦ ਮੇਲ ਮਿਲਾਇੰਦਾ । ਸ਼ਬਦੀ ਜੋਤੀ ਏਕਾ ਰਾਸ, ਏਕਾ ਘਰ ਵੱਜੇ ਵਧਾਈਆ । ਏਕਾ ਨੂਰ ਇਕ ਪਰਕਾਸ਼, ਏਕਾ ਦੀਪਕ ਰਿਹਾ ਜਗਾਈਆ । ਏਕਾ ਖੇਲ ਇਕ ਤਮਾਸ਼, ਏਕਾ ਖ਼ਾਲਕ ਖ਼ਲਕ ਰਿਹਾ ਵਖਾਈਆ । ਏਕਾ ਭਗਤਾਂ ਕਰੇ ਪੂਰੀ ਆਸ, ਜੁਗ ਜੁਗ ਆਪਣਾ ਵੇਸ ਵਟਾਈਆ । ਏਕਾ ਨਿਰਗੁਣ ਸਰਗੁਣ ਵਸੇ ਪਾਸ, ਆਪਣਾ ਪੜਦਾ ਆਪੇ ਲਾਹੀਆ । ਕਲਜੁਗ ਅੰਤਮ ਗੁਰਮੁਖਾਂ ਕਰੇ ਬੰਦ ਖੁਲਾਸ, ਬੰਦੀਖਾਨਾ ਦਏ ਤੁੜਾਈਆ । ਮਾਤ ਗਰਭ ਨਾ ਫੇਰਾ ਪਾਏ ਦਸ ਦਸ ਮਾਸ, ਉਲਟਾ ਬਿਰਖ ਨਾ ਰੂਪ ਵਟਾਈਆ । ਲੇਖੇ ਲੱਗੇ ਰਸਨ ਸਵਾਸ, ਜੋ ਜਨ ਰਸਨਾ ਹਰਿ ਗੁਣ ਗਾਈਆ ।


੧੦੨੧
੧੧

ਜਨਮ ਜਨਮ ਦੀ ਬੁਝਾਏ ਪਿਆਸ, ਅੰਮ੍ਰਿਤ ਮੇਘ ਇਕ ਬਰਸਾਈਆ । ਕਾਇਆ ਕਰੇ ਸਾਂਤਕ ਸਾਂਤ, ਸਤਿ ਸਤਿ ਆਪਣਾ ਨੂਰ ਸਮਾਈਆ । ਪੰਚ ਵਿਕਾਰਾ ਪਾਸ਼ ਪਾਸ਼, ਖੰਡਾ ਖੜਗ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਆਪ ਤਰਾਈਆ । ਗੁਰਮੁਖ ਸਾਚਾ ਤਰੇ ਜਗ, ਸਤਿਗੁਰ ਪੂਰਾ ਆਪ ਤਰਾਇੰਦਾ । ਫੜ ਫੜ ਹੰਸ ਬਣਾਏ ਕੱਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਇੰਦਾ । ਆਪ ਚੜ੍ਹਾਏ ਸਚ ਜਹਾਜ਼, ਸਾਚਾ ਬੇੜਾ ਆਪ ਭਰਾਇੰਦਾ । ਵੇਲੇ ਅੰਤਮ ਰੱਖੇ ਲਾਜ, ਸਵੱਛ ਸਰੂਪੀ ਦਰਸ ਦਿਖਾਇੰਦਾ । ਗੁਰਸਿਖ ਤੇਰਾ ਰਚ ਰਚ ਕਾਜ, ਹਰਿ ਜੂ ਆਪਣੀ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਵਾ ਸਾਚੇ ਘਰ, ਗੁਰ ਸ਼ਬਦੀ ਦਇਆ ਕਮਾਇੰਦਾ । ਸ਼ਬਦ ਗੁਰ ਸਾਚਾ ਮੀਤਾ, ਪੁਰਖ ਅਕਾਲ ਜੋਤ ਰੁਸ਼ਨਾਈਆ । ਆਦਿ ਜੁਗਾਦਿ ਜਾਣੇ ਆਪਣੀ ਰੀਤਾ, ਜੁਗ ਜੁਗ ਆਪਣਾ ਖੇਲ ਕਰਾਈਆ । ਕਲਜੁਗ ਅੰਤਮ ਖੇਲ ਕਰੇ ਅਨਡੀਠਾ, ਦਿਸ ਕਿਸੇ ਨਾ ਆਈਆ । ਭੰਨਣਹਾਰਾ ਕੌੜਾ ਰੀਠਾ, ਕੂੜੀ ਕਿਰਿਆ ਦਏ ਮਿਟਾਈਆ । ਗੁਰਮੁਖਾਂ ਬਣੇ ਸਾਚਾ ਮੀਤਾ, ਮਿੱਤਰ ਪਿਆਰਾ ਨਾਉਂ ਧਰਾਈਆ । ਮੇਟ ਮਿਟਾਏ ਲਹਿਣਾ ਦੇਣਾ ਹਸਤ ਕੀਟਾ, ਊਚ ਨੀਚ ਨਾ ਕੋਇ ਵਖਾਈਆ । ਗੁਰਮੁਖ ਵਿਰਲੇ ਵਸਿਆ ਚੀਤਾ, ਚੇਤਨ ਆਪਣੀ ਬੂਝ ਬੁਝਾਈਆ । ਲੱਖ ਚੁਰਾਸੀ ਪਰਖੇ ਨੀਤਾ, ਨੀਤੀਵਾਨ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ
੧੦੨੨ ਨਰ, ਗੁਰਮੁਖ ਸੱਜਣ ਆਪ ਉਠਾਈਆ । ਗੁਰਮੁਖ ਵਿਰਲਾ ਜਾਏ ਉਠ, ਜਿਸ ਜਨ ਸਤਿਗੁਰ ਦਇਆ ਕਮਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ੧੦੨੨
੧੧ ਰਸ ਰਸੀਆਂ ਰਸ ਵਖਾਈਆ । ਨਿਰਮਲ ਨੂਰ ਜੋਤ ਕਰੇ ਪਰਕਾਸ਼, ਅੰਧ ਅੰਧੇਰ ਗਵਾਈਆ । ਨਿਜ ਆਤਮ ਕਰ ਕਰ ਵਾਸ, ਆਪਣਾ ਭੇਵ ੧੧
ਖੁਲ੍ਹਾਈਆ । ਸਦਾ ਸੁਹੇਲਾ ਵਸੇ ਪਾਸ, ਗ੍ਰਿਹਿ ਮੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਆਪਣਾ ਸੰਗ ਨਿਭਾਈਆ । ਗੁਰਮੁਖ ਨਿਭਾਏ ਤੇਰਾ ਸੰਗ, ਹਰਿ ਮਿਹਰਵਾਨ ਮਿਹਰਵਾਨਾ । ਕਲਜੁਗ ਅੰਤਮ ਨੌਂ ਖੰਡ ਪ੍ਰਿਥਮੀ ਭੁੱਖ ਨੰਗ, ਹਰਿ ਕਾ ਨਾਮ ਦੇਵੇ ਨਾ ਕੋਈ ਦਾਨਾ । ਸਾਧਾ ਸੰਤਾਂ ਨੰਗੀ ਹੋਈ ਕੰਡ, ਘਰ ਮਿਲੇ ਨਾ ਸ੍ਰੀ ਭਗਵਾਨਾ । ਜੀਵਾਂ ਜੰਤਾਂ ਛੱਡਿਆ ਪਰਮਾਨੰਦ, ਜੂਠ ਝੂਠ ਰਸਨਾ ਗੁਣ ਵਖਾਨਾ । ਦੀਨ ਦਿਆਲ ਸਾਹਿਬ ਸਦਾ ਬਖ਼ਸ਼ੰਦ, ਗੁਰਮੁਖਾਂ ਬਖ਼ਸ਼ੇ ਏਕਾ ਚਰਨ ਧਿਆਨਾ । ਜਨਮ ਜੁਗ ਦੀ ਟੁੱਟੀ ਦੇਵੇ ਗੰਢ, ਕਿਰਪਾ ਕਰੇ ਗੁਣ ਨਿਧਾਨਾ । ਇਕ ਸੁਣਾਏ ਸੁਹਾਗੀ ਛੰਦ, ਸਤਿ ਪੁਰਖ ਨਿਰੰਜਣ ਧੁਰ ਫ਼ਰਮਾਣਾ । ਲੇਖੇ ਲੱਗੇ ਬੱਤੀ ਦੰਦ, ਜੋ ਜਨ ਰਸਨਾ ਗਾਏ ਗਾਣਾ । ਨਿਮਸਕਾਰ ਨਿਮਸਕਾਰ ਕਰਨ ਸੂਰਜ ਚੰਦ, ਵਿਸ਼ਨ ਬ੍ਰਹਮਾ ਸ਼ਿਵ ਕਰੇ ਧਿਆਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਵਿਰਲੇ ਦੇਵੇ ਏਕਾ ਬ੍ਰਹਮ ਗਿਆਨਾ । ਏਕਾ ਬ੍ਰਹਮ ਗਿਆਨ ਦੇਵੇ ਗਿਆਨਤ, ਗਿਆਨ ਧਿਆਨ ਭੇਵ ਨਾ ਰਾਈਆ । ਪੁਰਖ ਅਬਿਨਾਸ਼ੀ ਆਤਮ ਪਰਮਾਤਮ ਦੇਵੇ ਸਚ ਪਛਾਨਤ, ਆਪਣੀ ਪਹਿਚਾਨ ਹੋਰ ਨਾ ਕਿਸੇ ਸਮਝਾਈਆ । ਏਕਾ ਨਾਮ ਦੇਵੇ ਸਚ ਅਮਾਨਤ, ਵੇਲੇ ਅੰਤ ਆਪਣੇ ਖਾਤੇ ਲਏ ਪਾਈਆ । ਸ਼ਬਦ ਵਿਚੋਲਾ ਬਣ ਬਣ ਦਏ ਜਮਾਨਤ, ਸਾਚੀ ਜਾਮਨੀ ਆਪ ਰਖਾਈਆ । ਆਦਿ ਪੁਰਖ ਪੁਰਖ ਅਬਿਨਾਸ਼ਾ ਸਹੀ ਸਲਾਮਤ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਕਰੇ ਪੜ੍ਹਾਈਆ । ਹਰਿਜਨ ਪੜ੍ਹਨਾ ਇਕੋ ਅੱਖਰ, ਸੋ ਪੁਰਖ ਨਿਰੰਜਣ ਆਪ ਪੜ੍ਹਾਇੰਦਾ । ਬਜਰ ਕਪਾਟੀ ਤੋੜੇ ਪੱਥਰ, ਹੰ ਬ੍ਰਹਮ ਪਾਰਬ੍ਰਹਮ ਮੇਲ ਮਿਲਾਇੰਦਾ । ਪੰਚ ਵਿਕਾਰਾ ਲਾਹੇ ਸੱਥਰ, ਸੀਸ ਫੇਰ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਤਰਾਇੰਦਾ । ਗੁਰਮੁਖ ਤਰੇ ਤਰੇ ਵਿਚ ਸੰਸਾਰ, ਤਾਰਨਹਾਰਾ ਸਤਿਗੁਰ ਇਕ ਅਖਵਾਈਆ । ਕਲਜੁਗ ਅੰਤ ਸੁਣ ਪੁਕਾਰ, ਬੇਅੰਤ ਫੇਰਾ ਪਾਈਆ । ਸਾਧ ਸੰਤ ਗਏ ਹਾਰ, ਹਰਿ ਕਾ ਪੱਲੂ ਨਾ ਕੋਇ ਫੜਾਈਆ । ਘਰ ਘਰ ਕਰਨ ਝੂਠ ਵਿਭਚਾਰ, ਸਤਿ ਸਤਿ ਨਾ ਕੋਇ ਵਡਿਆਈਆ । ਗੁਰ ਅਵਤਾਰ ਕਰਨ ਪੁਕਾਰ, ਪ੍ਰਭ ਅੱਗੇ ਝੋਲੀ ਡਾਹੀਆ । ਨੌਂ ਖੰਡ ਪ੍ਰਿਥਮੀ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਫੇਰਾ ਆਪੇ ਪਾਈਆ । ਕਲਜੁਗ ਅੰਤਮ ਪਾਏ ਫੇਰਾ, ਮਹਾਂਬਲੀ ਹਰਿ ਬਲਵਾਨਾ । ਮੇਟਣਹਾਰਾ ਅੰਧ ਅੰਧੇਰਾ, ਨਿਰਗੁਣ ਨਿਰਗੁਣ ਕਰੇ ਖੇਲ ਮਹਾਨਾ । ਗੁਰਮੁਖ ਮੇਲੇ ਨਾ ਲਾਏ ਦੇਰਾ, ਭੇਵ ਖੁਲ੍ਹਾਏ ਵਾਲੀ ਦੋ ਜਹਾਨਾਂ । ਸਤਿ ਪੁਰਖ ਨਿਰੰਜਣ ਹੋਏ ਦਲੇਰਾ, ਨਿਰਗੁਣ ਨੂਰ ਜੋਤ ਮਹਾਨਾ । ਏਕਾ ਨਾਉਂ ਨੌਂ ਖੰਡ ਪ੍ਰਿਥਮੀ ਪਾਏ ਘੇਰਾ, ਜੂਠ ਝੂਠ ਮਿਟੇ ਨਿਸ਼ਾਨਾ । ਗੁਰਸਿਖ ਲੇਖਾ ਚੁਕੇ ਤੇਰਾ ਮੇਰਾ ਮੇਰਾ ਤੇਰਾ, ਰਸਨਾ ਜਿਹਵਾ ਗਾਏ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ ।



★ ੧੭ ਚੇਤ ੨੦੧੯ ਬਿਕ੍ਰਮੀ ਮੰਗਲ ਸਿੰਘ, ਦਰਬਾਰਾ ਸਿੰਘ ਦੇ ਗ੍ਰਿਹਿ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ ★

ਜੁਗ ਜੁਗ ਜੋ ਰਿਹਾ ਲੁਕਿਆ, ਲੁਕਣਹਾਰਾ ਆਪਣਾ ਪੜਦਾ ਲਾਹੀਆ । ਨਿਰਵੈਰ ਹੋ ਕੇ ਆਪੇ ਬੁੱਕਿਆ, ਨਾਉਂ ਨਿਰੰਕਾਰਾ ਡੰਕ ਵਜਾਈਆ । ਸੂਰਬੀਰ ਹੋ ਕੇ ਉਠਿਆ, ਬਲ ਆਪਣਾ ਆਪ ਧਰਾਈਆ । ਦੋ ਜਹਾਨਾਂ ਵੇਖੇ ਚਾਰ ਗੁਠਿਆ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਰਾਜਾ ਇੰਦ ਸਾਧ ਸੰਤ ਗੁਰ ਅਵਤਾਰ ਕੋਇ ਨਾ ਰਹੇ ਸੁੱਤਿਆ, ਆਲਸ ਨਿੰਦਰਾ ਸਭ ਦਾ ਰਿਹਾ ਮੁਕਾਈਆ । ਕਰੇ ਖੇਲ ਅਬਿਨਾਸ਼ੀ ਅਚੁਤਿਆ, ਬੇਅੰਤ ਬੇਪਰਵਾਹੀਆ । ਕਲਜੁਗ ਆਪੇ ਜਾਣੇ ਆਪਣੀ ਰੁੱਤਿਆ, ਰੁੱਤ ਰੁੱਤੜੀ ਆਪੇ ਵੇਖ ਵਖਾਈਆ । ਕੋਟਨ ਕੋਟਾਂ ਵਿਚੋਂ ਗੁਰਮੁਖ ਵਿਰਲੇ ਆਪੇ ਪੁਛਿਆ, ਆਪਣਾ ਦੁਖੜਾ ਆਪ ਸੁਣਾਈਆ । ਅੰਤ ਮਿਲਣ ਦਾ ਵੇਲਾ ਢੁਕਿਆ, ਢੋਆ ਲੈ ਕੇ ਆਇਆ ਸੱਚਾ ਮਾਹੀਆ । ਨਿਰਗੁਣ ਬਣ ਬਣ ਲਾਗੀ ਕੱਟਦਾ ਫਿਰੇ ਬੁਤੀਆਂ, ਘਰ ਘਰ ਫੇਰਾ ਪਾਈਆ । ਪਹਿਲੋਂ ਰਵਦਾਸ ਚੁਮਾਰੇ ਕੋਲੋਂ ਗੰਢਵੌਂਦਾ ਰਿਹਾ ਜੁਤੀਆਂ, ਹੁਣ ਕੱਠਿਆਂ ਗੰਢ ਵਖਾਈਆ । ਆਪ ਉਠਾਏ ਰੂਹਾਂ ਸੁਤੀਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਲੁਕਵਾ ਖੇਲ ਪੁਰਖ ਅਬਿਨਾਸ਼ਾ, ਜੁਗ ਜੁਗ ਆਪ ਕਰਾਇੰਦਾ । ਸਰਗੁਣ ਵੇਂਹਦਾ ਆਇਆ ਤਮਾਸ਼ਾ, ਸਚਖੰਡ ਨਿਵਾਸੀ ਸਚਖੰਡ ਆਸਣ ਲਾਇੰਦਾ । ਆਪਣਾ ਨਾਉਂ ਦੇ ਦੇ ਭਰਵਾਸਾ, ਜਗਤ ਧਰਵਾਸ ਇਕ ਵਖਾਇੰਦਾ । ਲੇਖਾ ਜਾਣ ਪ੍ਰਿਥਮੀ ਅਕਾਸਾ, ਅਕਾਸ਼ ਆਪਣਾ ਨੂਰ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਇੰਦਾ । ਲੁਕਿਆ ਰਿਹਾ ਬੈਕੁੰਠ ਧਾਮ, ਬੁਰਕਾ ਆਪਣਾ ਨਾ ਆਪ ਉਠਾਈਆ ।

ਕੋਟਨ ਕੋਟ ਲੱਭ ਲੱਭ ਗਏ ਰਾਮ, ਰਮਈਆ ਰਾਮ ਰਾਮ ਧਿਆਈਆ । ਕੋਟਨ ਕੋਟ ਰਾਸ ਪਾ ਪਾ ਗਏ ਘਨਈਆ ਸ਼ਾਮ, ਸਾਚਾ ਕਾਹਨ ਆਪਣੀ ਸੇਵਾ ਰਿਹਾ ਲਗਾਈਆ । ਕੋਟਨ ਕੋਟ ਈਸਾ ਮੂਸਾ ਮੁਹੰਮਦ ਦੇ ਦੇ ਗਏ ਪੈਗ਼ਾਮ, ਆਪਣਾ ਪੈਗ਼ਾਮ ਧੁਰ ਦਰਗਹਿ ਨਾ ਸਕੇ ਪੁਚਾਈਆ । ਨਾਨਕ ਨਿਰਗੁਣ ਪਾਇਆ ਏਕਾ ਮਾਣ, ਸਰਗੁਣ ਨਾਨਕ ਨਾਲ ਮਿਲਾਈਆ । ਲੁੱਕਿਆ ਰਿਹਾ ਸ੍ਰੀ ਭਗਵਾਨ, ਨਜ਼ਰ ਕਿਸੇ ਨਾ ਆਈਆ । ਆਪੇ ਹੋ ਅੰਤ ਮਿਹਰਵਾਨ, ਨਾਨਕ ਸੱਦਿਆ ਚਾਈਂ ਚਾਈਂਆ । ਕਰਿਆ ਖੇਲ ਅਨਡਿਠ ਮਕਾਨ, ਆਪਣਾ ਨੂਰ ਨੂਰ ਦਰਸਾਈਆ । ਨਿਰਗੁਣ ਨਾਨਕ ਨਿਰਗੁਣ ਚਰਨੀ ਡਿਗਾ ਆਣ, ਨਿਰਗੁਣ ਆਪਣੇ ਅੰਗ ਲਗਾਈਆ । ਵਾਹਵਾ ਤੇਰੀ ਖੇਲ ਮੇਰੇ ਮਿਹਰਵਾਨ, ਭੇਵ ਕੋਇ ਨਾ ਪਾਈਆ । ਬਿਨ ਨੇਤਰ ਪੇਖਿਆ ਦੱਸਿਆ ਜਾਏ ਨਾ ਸਚ ਨਿਸ਼ਾਨ, ਤੇਰਾ ਲੁਕਿਆ ਰੂਪ ਨਜ਼ਰ ਕਿਤੇ ਨਾ ਆਈਆ । ਬਣ ਭਿਖਕ ਮੰਗਾਂ ਦਾਨ, ਤੂੰ ਦੇਵਣਹਾਰ ਵਡ ਬਲਵਾਨ, ਦੇਦਿਆਂ ਤੋਟ ਕੋਇ ਨਾ ਆਈਆ । ਕੋਟਨ ਕੋਟੀ ਜੀਵ ਤੇਰਾ ਦੱਸਿਆ ਨਾਉਂ ਲੋਕਮਾਤ ਸਾਰੇ ਗਾਣ, ਤੇਰਾ ਦਰਸ ਨਜ਼ਰ ਕਿਤੇ ਨਾ ਆਈਆ । ਤੇਰੀ ਦੱਸ ਕੇ ਨਾ ਗਿਆ ਕੋਈ ਸਚ ਪਹਿਚਾਨ, ਪੰਜ ਤੱਤ ਚੋਲਾ ਗੁਰੂ ਗੁਰੂ ਰੂਪ ਧਰਾਈਆ । ਮੈਂ ਤੇਰੀ ਕਿਰਪਾ ਤੇਰਾ ਦਰਸਨ ਡਿਠਾ ਆਣ, ਤੇਰਾ ਰੂਪ ਰੰਗ ਨਜ਼ਰ ਕੋਇ ਨਾ ਆਈਆ । ਏਕਾ ਨੂਰ ਜੋਤ ਮਹਾਨ, ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਿਉਂ ਲੁਕ ਲੁਕ ਮੁਖ ਛੁਪਾਈਆ । ਕਿਉਂ ਲੁਕਿਆ ਮੇਰੇ ਗੋਪਾਲ, ਤੇਰਾ ਭੇਵ ਕੋਇ ਨਾ ਪਾਇੰਦਾ । ਕਿਉਂ ਭੁੱਲੇ ਆਪਣੇ ਲਾਲ, ਗੁਰ ਅਵਤਾਰ ਤੇਰਾ ਰਾਹ ਤਕਾਇੰਦਾ । ਤੇਰਾ ਨਾਉਂ ਜਗਤ ਦਲਾਲ, ਸਚ ਦਲਾਲੀ ਮਾਤ ਕਰਾਇੰਦਾ ।

ਮੈਂ ਕੀਤਾ ਇਕ ਸਵਾਲ, ਤੇਰੇ ਅੱਗੇ ਝੋਲੀ ਡਾਹਿੰਦਾ । ਕਵਣ ਵੇਲਾ ਲੋਕਮਾਤ ਮਿਲੇਂ ਆਣ, ਆਪਣਾ ਨੂਰੀ ਨੂਰ ਦਰਸ ਵਖਾਇੰਦਾ । ਪੁਰਖ ਅਬਿਨਾਸ਼ੀ ਹੋ ਦਿਆਲ ਆਪਣੀ ਦਇਆ ਕਮਾਇੰਦਾ । ਨਾਨਕ ਤੇਰਾ ਰੂਪ ਦਸ ਦਸ ਧਾਰ, ਜੋਤ ਨਿਰੰਕਾਰ ਆਪ ਉਠਾਏ ਆਪਣਾ ਲਾਲ, ਗੋਬਿੰਦ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਇੰਦਾ । ਨਾਨਕ ਸੁਣ ਸਾਚੇ ਮੀਤ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਤੇਰੀ ਮੇਰੀ ਸਾਚੀ ਰੀਤ, ਦੂਸਰ ਭੇਵ ਕੋਇ ਨਾ ਪਾਇੰਦਾ । ਮੈਂ ਬੈਠਾ ਰਹਾਂ ਅਤੀਤ, ਅਤੀਤ ਤੇਰਾ ਦੁਆਰਾ ਸੁਹਾਇੰਦਾ । ਮੈਂ ਸੁਣਾਵਾਂ ਸੱਚਾ ਗੀਤ, ਤੂੰ ਸੁਣ ਸੁਣ ਰਾਗ ਅਲਾਇੰਦਾ । ਤੇਰਾ ਲੇਖਾ ਵਿਚ ਹਸਤ ਕੀਟ, ਕੀਟ ਜੀਵ ਜੰਤ ਵਿਚ ਸਮਾਇੰਦਾ । ਤੇਰੀ ਜੋਤੀ ਕਰੇ ਪ੍ਰੀਤ, ਪ੍ਰੀਤਮ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਨਾਨਕ ਨਿਰਗੁਣ ਅੱਗੋਂ ਬੋਲ, ਪ੍ਰਭ ਅੱਗੇ ਸੀਸ ਝੁਕਾਈਆ । ਤੂੰ ਆਦਿ ਜੁਗਾਦਿ ਰਹੇਂ ਅਡੋਲ, ਨਾ ਡੋਲੇ ਨਾ ਕੋਇ ਡੁਲਾਈਆ । ਮੇਰੇ ਨਾਲ ਕਰੀਂ ਕੌਲ, ਕਵਣ ਵੇਲੇ ਆਪਣਾ ਦਰਸ ਦਏਂ ਵਖਾਈਆ । ਪਰਗਟ ਹੋਵੇਂ ਉਪਰ ਧਵਲ, ਧਰਨੀ ਦੇਵੇਂ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਲੁਕ ਛੁਪ ਕਰੀ ਕਾਰ, ਜੁਗ ਜੁਗ ਖੇਲ ਕਰਾਇਆ । ਨਿਰਗੁਣ ਸਰਗੁਣ ਕਰ ਤਿਆਰ, ਸਾਚੀ ਸੇਵਾ ਮਾਤ ਸਮਝਾਇਆ । ਵੇਂਹਦਾ ਰਿਹਾ ਜੁਗ ਚੌਕੜੀ ਜੁਗ ਚਾਰ, ਨਵ ਨਵ ਆਪਣੀ ਧਾਰ ਰਖਾਇਆ । ਸ਼ਬਦੀ ਸ਼ਬਦ ਸੰਦੇਸਾ ਦੇ ਸੰਸਾਰ, ਸਾਚੀ ਸਿਖਿਆ ਸਿਖ ਸਮਝਾਇਆ । ਨਾਨਕ ਤੇਰੇ ਨਾਲ ਕਰਾਂ ਇਕਰਾਰ,

ਕੀਤਾ ਕੌਲ ਭੁੱਲ ਨਾ ਜਾਇਆ । ਕਲਜੁਗ ਆਵੇ ਅੰਤਮ ਵਾਰ, ਆਪਣਾ ਪੜਦਾ ਦਿਆਂ ਉਠਾਇਆ । ਨਿਰਗੁਣ ਨੂਰ ਕਰ ਉਜਿਆਰ, ਲੋਕਮਾਤ ਵੇਖ ਵਖਾਇਆ । ਜੁਗ ਜੁਗ ਦੇ ਵਿਛੜੇ ਸਾਚੇ ਸੰਤ ਮੇਲਾ ਆਣ, ਭਗਤ ਆਪਣੇ ਰੰਗ ਰੰਗਾਇਆ । ਅੰਦਰ ਵੜ ਵੜ ਕਰਾਂ ਪਛਾਣ, ਲੱਖ ਚੁਰਾਸੀ ਕੋਲੋਂ ਮੁੱਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਵਖਾਇਆ ਏਕਾ ਘਰ, ਧੁਰਦਰਗਾਹੀ ਦਿਤਾ ਵਰ, ਹੁਕਮੀ ਹੁਕਮ ਆਪ ਸੁਣਾਇਆ । ਸੁਣਿਆ ਹੁਕਮ ਧੁਰ ਦਰਬਾਰ, ਸਤਿਗੁਰ ਨਾਨਕ ਖ਼ੁਸ਼ੀ ਮਨਾਈਆ । ਰਸਨਾ ਕਹੇ ਮਹਾਂਬਲੀ ਉਤਰੇ ਆਪਣੀ ਵਾਰ, ਖੇਲ ਆਪਣੇ ਹੱਥ ਰਖਾਈਆ । ਆਪਣੇ ਬੱਚਿਆਂ ਕਰੇ ਪਿਆਰ, ਗੁਰਮੁਖ ਸਾਚੇ ਸੁਤ ਉਠਾਈਆ । ਕਲਜੁਗ ਭਾਂਡੇ ਕੱਚਿਆਂ ਜੀਵਾਂ ਕਰੇ ਖੁਆਰ, ਖੁਆਰੀ ਮੇਟੇ ਨਾ ਕੋਇ ਲੋਕਾਈਆ । ਆਪਣਾ ਦਰਸ ਦਏ ਵਖਾਲ, ਨਿਰਗੁਣ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭੇਵ ਆਪ ਚੁਕਾਈਆ । ਆਪਣਾ ਪੜਦਾ ਦੇਵੇ ਲਾਹ, ਮੁਖ ਨਕ਼ਾਬ ਨਾ ਕੋਇ ਰਖਾਇੰਦਾ । ਕੂੜਾ ਘੁੰਗਟ ਦਏ ਉਠਾ, ਨੇਤਰ ਨੈਣ ਨੈਣ ਮਟਕਾਇੰਦਾ । ਸਵੱਛ ਸਰੂਪੀ ਦਰਸ ਦਏ ਦਿਖਾ, ਸ਼ਾਹੋ ਭੂਪੀ ਆਪਣੀ ਦਇਆ ਕਮਾਇੰਦਾ । ਨੌਂ ਖੰਡ ਪ੍ਰਿਥਮੀ ਫੇਰਾ ਪਾ, ਦਹਿ ਦਿਸ਼ਾ ਪੜਦਾ ਲਾਹਿੰਦਾ । ਸੰਤ ਸੁਹੇਲੇ ਲਏ ਜਗਾ, ਜੀਵਣ ਜੁਗਤ ਆਪ ਜਣਾਇੰਦਾ । ਬਾਂਹੋਂ ਫੜ ਫੜ ਲਏ ਉਠਾ, ਆਪਣਾ ਲੇਖਾ ਆਪ ਸਮਝਾਇੰਦਾ । ਗੁਰਸਿਖ ਤੂੰ ਮੇਰਾ ਮੈਂ ਤੇਰਾ ਦੋਹਾਂ ਵਸਣਾ ਏਕਾ ਥਾਂ, ਸਾਚਾ ਧਾਮ ਆਪ ਵਡਿਆਇੰਦਾ । ਓਥੇ ਦੂਸਰ ਕੋਈ ਜਾਏ ਨਾ, ਬਣ ਪਾਂਧੀ ਪੰਧ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਮਾਤ ਧਰ, ਆਪ ਆਪਣਾ ਨੂਰ ਪਰਗਟਾਇੰਦਾ । ਨਿਰਗੁਣ ਨੂਰ ਜ਼ਾਹਰ ਜ਼ਹੂਰ, ਜ਼ਾਹਰਾ ਅਪਣਾ ਖੇਲ ਕਰਾਈਆ । ਲੁਕ ਲੁਕ ਜੁਗ ਚੌਕੜੀ ਕਰਦਾ ਰਿਹਾ ਕਸੂਰ, ਆਪਣਾ ਕਸੂਰ ਨਾ ਕਿਸੇ ਸਮਝਾਈਆ । ਹੁਕਮੀ ਹੁਕਮ ਦੇਂਦਾ ਰਿਹਾ ਜ਼ਰੂਰ, ਆਪਣੀ ਜ਼ਰੂਰਤ ਨਾ ਕਿਸੇ ਬੁਝਾਈਆ । ਕੋਟਨ ਕੋਟ ਉਤਾਰੇ ਆਪਣੇ ਪੂਰ, ਆਪਣਾ ਬੇੜਾ ਭਰ ਕੇ ਆਪਣਾ ਅੰਤ ਕਦੇ ਨਾ ਕਰਾਈਆ । ਕਲਜੁਗ ਅੰਤ ਪਰਗਟ ਹੋ ਸਰਬ ਕਲਾ ਭਰਪੂਰ, ਆਪਣੀ ਦਇਆ ਆਪ ਕਮਾਈਆ । ਜਨ ਭਗਤਾਂ ਦੇਵੇ ਇਕ ਸਰੂਰ, ਅੰਮ੍ਰਿਤ ਰਸ ਰਸ ਚਖਾਈਆ । ਜਿਸ ਨੂੰ ਕਹਿੰਦੇ ਗਏ ਵਸੇ ਦੂਰ, ਸੋ ਨੇਰਨ ਨੇਰਾ ਹੋ ਹੋ ਦਰਸ ਕਰਾਈਆ । ਨਾਤਾ ਤੋੜੇ ਕੂੜੇ ਕੂੜ, ਸਚ ਸੁੱਚ ਗੰਢ ਏਕਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਬਣ ਪੰਜ ਤੱਤ ਕਾਇਆ ਗੁਰਸਿਖਾਂ ਦੇਂਦਾ ਰਿਹਾ ਚਰਨ ਧੂੜ, ਕਲਜੁਗ ਅੰਤਮ ਨਿਰਗੁਣ ਰੂਪ ਗੁਰਸਿਖਾਂ ਚਰਨ ਧੂੜ ਲੈਣ ਆਪੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਬਣਿਆ ਰਿਹਾ ਮੂੜ੍ਹ, ਬੇਅਕਲ ਆਪਣੀ ਅਕਲ ਨਾ ਕਿਸੇ ਜਣਾਈਆ । ਹਰਿ ਕਾ ਕੋਈ ਨਾ ਜਾਣੇ ਸਚ ਸ਼ਊਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੁਕ ਲੁਕ ਆਪਣਾ ਵਕ਼ਤ ਲੰਘਾਈਆ । ਲੁਕ ਲੁਕ ਵਕ਼ਤ ਲੰਘਾਏ ਸੰਸਾਰ, ਆਪਣਾ ਭੇਵ ਨਾ ਕਿਸੇ ਜਣਾਈਆ । ਗੁਰਮੁਖ ਵਿਰਲਾ ਕਰੇ ਅੰਗੀਕਾਰ, ਜਿਸ ਜਨ ਆਪਣੇ ਅੰਗ ਲਗਾਈਆ । ਅੰਦਰ ਵੜ ਵੜ ਖੋਲ੍ਹੇ ਆਪ ਕਿਵਾੜ, ਘਰ ਮੰਦਰ ਫੇਰਾ ਪਾਈਆ । ਕਿਸੇ ਨਜ਼ਰ ਨਾ ਆਏ ਕਰਤਾ ਪੁਰਖ ਕਰਨੇਹਾਰ, ਲੱਖ ਚੁਰਾਸੀ ਰਹੀ ਕੁਰਲਾਈਆ । ਗੁਰਮੁਖ ਵਿਰਲੇ ਕਰੇ ਆਪ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ

ਵਿਸ਼ਨੂੰ ਭਗਵਾਨ, ਦਰ ਘਰ ਦਰਸ਼ਨ ਦੇਵੇ ਆਣ, ਆਪਣਾ ਪੜਦਾ ਨਾ ਕੋਇ ਰਖਾਈਆ । ਵੇਖੋ ਪੜਦਾ ਗਿਆ ਲੱਥ, ਹਰਿ ਜੂ ਹਰਿ ਹਰਿ ਆਪ ਉਠਾਇੰਦਾ । ਜਿਸ ਦੀ ਗੌਂਦੇ ਰਹੇ ਗਾਥ, ਸੋ ਗਾਥਾ ਆਪਣੀ ਆਪ ਸੁਣਾਇੰਦਾ । ਜਿਸਨੂੰ ਕਹਿੰਦੇ ਰਹੇ ਪੁਰਖ ਸਮਰਥ, ਸੋ ਸਮਰਥ ਪੁਰਖ ਆਪਣਾ ਵੇਸ ਵਟਾਇੰਦਾ । ਬਿਨ ਪਕੜਿਆਂ ਬਿਨ ਬੰਨ੍ਹਿਆਂ ਜਨ ਭਗਤਾਂ ਹੋਇਆ ਵਸ, ਵਸ ਹੋ ਹੋ ਸੇਵ ਕਮਾਇੰਦਾ । ਸੇਵਾ ਕਰ ਕਰੇ ਨਾ ਬਸ, ਆਪਣਾ ਫਰਜ਼ ਪੂਰ ਕਰਾਇੰਦਾ । ਸਚਖੰਡ ਲੈ ਜਾਏ ਹੱਸ ਹੱਸ, ਹੰਸ ਮੁਖ ਆਪਣਾ ਰਾਗ ਸੁਣਾਇੰਦਾ । ਗੁਰਸਿਖ ਮਾਰਗ ਦੇਵੇ ਦੱਸ, ਕੋਲ ਬਹਿ ਬਹਿ ਸਮਝਾਇੰਦਾ । ਪਿਤਾ ਪੂਤ ਇਕੇ ਘਰ ਜਾਈਏ ਵਸ, ਫੇਰ ਵਿਛੋੜਾ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਆਪਣੀ ਗੋਦ ਸੁਹਾਇੰਦਾ ।

## ★ ੧੭ ਚੇਤ ੨੦੧੯ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਿਹ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ ★

ਨਿਰਗੁਣ ਆਪਣਾ ਪੜਦਾ ਦੇਵੇ ਲਾਹ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਸ਼ਬਦੀ ਗੁਰ ਬਣਾਏ ਮਲਾਹ, ਸਾਚਾ ਮਾਰਗ ਏਕਾ ਲਾਈਆ । ਨਿਰਗੁਣ ਸਰਗੁਣ ਦਏ ਸਲਾਹ, ਸਾਚੀ ਸਿਖਿਆ ਇਕ ਪਰਗਟਾਈਆ । ਲੱਖ ਚੁਰਾਸੀ ਏਕਾ ਨਾਂ, ਨਾਉਂ ਨਿਰੰਕਾਰਾ ਆਪ ਪੜ੍ਹਾਈਆ । ਕਾਇਆ ਮੰਦਰ ਵਖਾਏ ਸਚ ਮਕਾਂ, ਘਰ ਘਰ ਵਿਚ ਬੰਕ ਸੁਹਾਈਆ । ਸਤਿ ਸਤਿਵਾਦੀ ਇਕ ਨਿਸ਼ਾ, ਸਚ ਨਿਸ਼ਾਨਾ ਇਕ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਈਆ । ਹਰਿ ਕਾ ਪੜਦਾ ਜਾਏ ਲੱਥ, ਹਰਿ ਜੂ ਹਰਿ ਹਰਿ ਆਪੇ ਲਾਹਿੰਦਾ । ਕਰੇ ਖੇਲ ਪੁਰਖ ਸਮਰਥ, ਨਿਰਗੁਣ ਆਪਣਾ ਬਲ ਧਰਾਇੰਦਾ । ਸ਼ਬਦ ਅਗੰਮੀ ਏਕਾ ਵਥ, ਦੋ ਜਹਾਨਾਂ ਆਪ ਵਰਤਾਇੰਦਾ । ਜੁਗਾ ਜੁਗੰਤਰ ਮਹਿਮਾ ਅਕੱਥ, ਕਥ ਕਥਨੀ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਆਪਣਾ ਪੜਦਾ ਹਰਿ ਜੂ ਲਾਹੁਣਾ, ਨਿਰਗੁਣ ਆਪਣੀ ਦਇਆ ਕਮਾਈਆ । ਲੋਕਮਾਤ ਫੇਰਾ ਪੌਣਾ, ਰੂਪ ਅਨੂਪ ਵੇਸ ਵਟਾਈਆ । ਸਾਚੀ ਨਗਰੀ ਆਸਣ ਲਾਉਣਾ, ਸੰਬਲ ਦੇਵੇ ਮਾਣ ਵਡਿਆਈਆ । ਸਾਢੇ ਤਿੰਨ ਹੱਥ ਬੰਕ ਵਡਿਔਣਾ, ਵਡ ਵਡਾ ਖੇਲ ਕਰਾਈਆ । ਆਪਣਾ ਭੇਵ ਆਪ ਖੁਲ੍ਹੌਣਾ, ਅਭੇਦ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਪੜਦਾ ਲਾਹੇ ਹਰਿ ਕਰਤਾਰ, ਆਪਣੀ ਦਇਆ ਕਮਾਇੰਦਾ । ਨਿਰਗੁਣ ਜੋਤ ਕਰ ਉਜਿਆਰ, ਨੂਰ ਨੁਰਾਨਾ ਡਗਮਗਾਇੰਦਾ । ਤਖ਼ਤ ਨਿਵਾਸੀ ਬੈਠ ਸੱਚੀ ਸਰਕਾਰ, ਧੁਰ ਫ਼ਰਮਾਣਾ ਹੁਕਮ ਜਣਾਇੰਦਾ । ਜੁਗ ਚੌਕੜੀ ਸਚ ਵਿਹਾਰ, ਨਿਰਗੁਣ ਸਰਗੁਣ ਰਾਹ ਚਲਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਖਾਣੀ ਬਾਣੀ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰ ਕਰ ਪਾਰ, ਲੇਖਾ ਸਭ ਦਾ ਆਪਣੇ ਵਿਚ ਛੁਪਾਇੰਦਾ । ਕਲਜੁਗ ਅੰਤਮ ਆਏ ਵਾਰ, ਦੋ ਜਹਾਨਾਂ ਵਾਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਆਪਣਾ ਆਪ ਕਰਾਈਆ । ਕਲਜੁਗ ਅੰਤਮ ਹੋ ਪਰਧਾਨ, ਨਿਹਕਲੰਕਾ ਨਾਉਂ ਰਖਾਈਆ । ਸ਼ਬਦ ਅਗੰਮੀ ਧੁਰ ਫ਼ਰਮਾਣ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਆਪ ਸੁਣਾਈਆ । ਲੱਖ

ਚੁਰਾਸੀ ਜੀਵ ਜੰਤ ਸਾਧ ਸੰਤ, ਆਤਮ ਪਰਮਾਤਮ ਦੇਵੇ ਇਕ ਗਿਆਨ, ਬ੍ਰਹਮ ਪਾਰਬ੍ਰਹਮ ਮਿਲਾਈਆ । ਈਸ਼ ਜੀਵ ਕਰੇ ਕਲਿਆਣ, ਇਕ ਵਖਾਏ ਸਚ ਮਕਾਨ, ਗ੍ਰਿਹ ਮੰਦਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਦੇਵੇ ਖੋਲ੍ਹ, ਖੋਲ੍ਹਣਹਾਰ ਕਰਤਾਰਾ । ਸ਼ਬਦ ਅਗੰਮੀ ਏਕਾ ਬੋਲ, ਚਾਰ ਵਰਨ ਸੁਣਾਏ ਸਚ ਜੈਕਾਰਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਤੋਲੇ ਏਕਾ ਤੋਲ, ਨਿਰਗੁਣ ਸਰਗੁਣ ਬਣੇ ਵਣਜਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰਾ । ਅਗੰਮ ਅਪਾਰ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਕਲਜੁਗ ਅੰਤਮ ਪਰਗਟ ਹੋ ਇਕ ਇਕੱਲਾ, ਅਕਲ ਕਲ ਆਪਣੀ ਧਾਰ ਚਲਾਈਆ । ਲੱਖ ਚੁਰਾਸੀ ਦੂਈ ਦਵੈਤੀ ਮੇਟੇ ਸੱਲਾ, ਹਉਮੇ ਹੰਗਤਾ ਮਾਇਆ ਮਮਤਾ ਦਏ ਗਵਾਈਆ । ਸ਼ਬਦੀ ਗੁਰ ਫੜਾਏ ਪੱਲਾ, ਘਰ ਘਰ ਆਪਣਾ ਬੰਧਨ ਪਾਈਆ । ਪੰਚ ਵਿਕਾਰ ਕਰੇ ਨਾ ਹੱਲਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਲੜਾਈਆ । ਧਾਮ ਵਖਾਏ ਇਕ ਅਟੱਲਾ, ਮਹੱਲ ਅਚੱਲ ਬੇਪਰਵਾਹੀਆ । ਆਪਣੇ ਨੂਰ ਆਪੇ ਬਲਾ, ਦੀਵਾ ਬਾਤੀ ਨਾ ਕੋਇ ਟਿਕਾਈਆ । ਸਚ ਸੰਦੇਸ ਏਕਾ ਘੱਲਾ, ਧੁਰ ਫ਼ਰਮਾਣਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਈਆ । ਪੜਦਾ ਉਠਾਏ ਸ੍ਰੀ ਭਗਵਾਨ, ਦੂਈ ਦਵੈਤੀ ਮੇਟ ਮਿਟਾਇੰਦਾ । ਨੌਂ ਖੰਡ ਪ੍ਰਿਥਮੀ ਇਕ ਗਿਆਨ, ਚਾਰ ਵਰਨ ਅਠਾਰਾਂ ਬਰਨ ਆਪ ਸਮਝਾਇੰਦਾ । ਏਕਾ ਨਾਉਂ ਧੁਰ ਫ਼ਰਮਾਣ, ਸਚ ਸੰਦੇਸਾ ਰਾਗ ਅਲਾਇੰਦਾ । ਆਤਮ ਪਰਮਾਤਮ ਖੇਲ ਮਹਾਨ, ਪੰਜ ਤੱਤ ਕਾਇਆ ਚੋਲਾ ਸੇਜ ਹੰਢਾਇੰਦਾ । ਘਰ ਲੇਖਾ ਚੁੱਕੇ ਸਚ ਮਕਾਨ, ਗ੍ਰਿਹ ਮੰਦਰ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪੇ ਲਾਹਿੰਦਾ । ਪੜਦਾ ਲਾਹੇ ਦੀਨ ਦਿਆਲ, ਆਪਣੀ ਦਇਆ ਕਮਾਈਆ । ਘਰ ਵਿਚ ਘਰ ਵਖਾਏ ਸੱਚੀ ਧਰਮਸਾਲ, ਘਰ ਬੈਠਾ ਸੱਚਾ ਮਾਹੀਆ । ਘਰ ਦੀਵਾ ਬਾਤੀ ਜਗਾਏ ਲਾਲ ਗੁਲਾਲ, ਰੰਗ ਰੰਗੀਲਾ ਆਪਣਾ ਰੰਗ ਰੰਗਾਈਆ । ਅਨਹਦ ਸ਼ਬਦ ਵਜਾਏ ਤਾਲ, ਤਾਲ ਤਲਵਾੜਾ ਆਪਣਾ ਆਪ ਵਖਾਈਆ । ਅੰਮ੍ਰਿਤ ਆਤਮ ਠਾਂਡਾ ਦਏ ਪਿਆਲ, ਨਿਝਰ ਝਿਰਨਾ ਆਪ ਪਿਆਈਆ । ਸਾਚੇ ਤਖ਼ਤ ਦਏ ਬਹਾਲ, ਤਖ਼ਤ ਨਿਵਾਸੀ ਹੋਏ ਸਹਾਈਆ । ਨਾਤਾ ਤੋੜੇ ਅੰਤਮ ਕਾਲ, ਰਾਏ ਧਰਮ ਨਾ ਦਏ ਸਜਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਗੁਰਮੁਖ ਗੁਰਸਿਖ ਕਰੇ ਸਦਾ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਪੰਜ ਤੱਤ ਕਰੇ ਕੁੜਮਾਈਆ । ਬ੍ਰਹਮ ਮਤ ਇਕ ਸਿਖਾਲ, ਮਨ ਮਤ ਦਏ ਗਵਾਈਆ । ਸ਼ਬਦੀ ਗੁਰ ਚਲੇ ਨਾਲ ਨਾਲ, ਸੁਰਤੀ ਸ਼ਬਦ ਸ਼ਬਦ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਈ ਦਵੈਤੀ ਡੇਰਾ ਆਪੇ ਢਾਹੀਆ । ਦੂਈ ਢਾਹੇ ਕੰਧ, ਮਾਇਆ ਪੜਦਾ ਆਪ ਉਠਾਇੰਦਾ । ਗੀਤ ਸੁਣਾਏ ਸੁਹਾਗੀ ਛੰਦ, ਬਿਨ ਰਸਨਾ ਜਿਹਵਾ ਗਾਇੰਦਾ । ਜਨ ਭਗਤਾਂ ਦੇਵੇ ਇਕ ਅਨੰਦ, ਪਰਮਾਨੰਦ ਆਪ ਵਖਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਬੰਦੀਖਾਨਾ ਤੋੜ ਤੁੜਾਇੰਦਾ । ਹੋਏ ਪਰਕਾਸ਼ ਬਿਨ ਸੂਰਜ ਚੰਦ, ਜੋਤ ਨਿਰੰਜਣ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣਾ ਦਰਸ ਦਿਖਾਇੰਦਾ । ਗੁਰਸਿਖ ਦੇਵੇ ਹਰਿ ਜੂ ਦਰਸ, ਸਤਿਗੁਰ ਆਪਣੀ ਦਇਆ ਕਮਾਇੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਅਗਨੀ ਤੱਤ ਬੁਝਾਇੰਦਾ । ਜਨਮ ਜਨਮ ਦੀ ਮੇਟੇ

ਹਰਸ, ਪੂਰਬ ਲੇਖਾ ਝੋਲੀ ਪਾਇੰਦਾ । ਕਲਜੁਗ ਅੰਤਮ ਕਰਿਆ ਤਰਸ, ਨਿਰਗੁਣ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਭੇਵ ਆਪ ਖੁਲ੍ਹਾਇੰਦਾ । ਹਰਿਜਨ ਭੇਵ ਖੋਲ੍ਹੇ ਆਪ, ਹਰਿ ਆਪਣੀ ਦਇਆ ਕਮਾਈਆ । ਸਤਿ ਜਪਾਏ ਏਕਾ ਜਾਪ, ਸੋਹੰ ਅੱਖਰ ਕਰੇ ਪੜ੍ਹਾਈਆ । ਆਤਮ ਪਰਮਾਤਮ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਧੁਰਦਰਗਾਹੀ ਇਕੋ ਦਾਤ, ਜਨ ਸਾਚੇ ਝੋਲੀ ਆਪੇ ਪਾਈਆ । ਕਲਜੁਗ ਮੇਟੇ ਰੈਣ ਅੰਧੇਰੀ ਰਾਤ, ਚੰਦ ਚਾਂਦਨੀ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਦਇਆ ਕਮਾਈਆ । ਦਇਆ ਕਮਾਏ ਸੁਆਮੀ ਠਾਕਰ, ਸਿਰ ਆਪਣਾ ਹੱਥ ਰਖਾਇੰਦਾ । ਭਾਗ ਲਗਾਏ ਕਾਇਆ ਗਾਗਰ, ਘਰ ਘਰ ਵਿਚ ਖੇਲ ਕਰਾਇੰਦਾ । ਨਿਰਮਲ ਕਰਮ ਕਰ ਉਜਾਗਰ, ਹਰਿਜਨ ਆਪਣੀ ਬੂਝ ਬੁਝਾਇੰਦਾ । ਵਣਜ ਕਰਾਏ ਬਣ ਸੌਦਾਗਰ, ਨਾਮ ਵਸਤ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਨਾਮ ਸਤਿ ਸਮਝਾਇੰਦਾ । ਸਾਚਾ ਨਾਮ ਸੋਹੰ ਢੋਲਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਸਤਿਜੁਗ ਬਣੇ ਜਗਤ ਵਿਚੋਲਾ ਦੋ ਜਹਾਨਾਂ ਮੇਲ ਮਿਲਾਈਆ । ਆਪ ਉਠਾਏ ਪੜਦਾ ਉਹਲਾ, ਭੇਵ ਅਭੇਦ ਖੁਲ੍ਹਾਈਆ । ਉਲਟਾ ਕਰੇ ਨਾਭ ਕਵਲਾ, ਅੰਮ੍ਰਿਤ ਮੇਘ ਬਰਸਾਈਆ । ਦੇਵੇ ਵਡਿਆਈ ਉਪਰ ਧਵਲਾ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸੋਹੰ ਨਿਸ਼ਅੱਖਰ ਆਪ ਪੜ੍ਹਾਈਆ । ਸੋਹੰ ਅੱਖਰ ਅਜੱਪਾ ਜਾਪ, ਹਰਿ ਜਾਪਤ ਜਪਤ ਕਰਾਇੰਦਾ । ਮੇਟਣਹਾਰ ਤੀਨੋ ਤਾਪ, ਤ੍ਰੈਗੁਣ ਅਗਨੀ ਆਪ ਬੁਝਾਇੰਦਾ । ਜਨਮ ਜਨਮ ਦੇ ਲਾਹੇ ਪਾਪ, ਪੱਤਤ ਪਾਪੀ ਪਾਰ ਕਰਾਇੰਦਾ । ਆਤਮ ਪਰਮਾਤਮ ਬਣਾਏ ਸੱਜਣ ਸਾਕ, ਸਗਲਾ ਸੰਗ ਵਖਾਇੰਦਾ । ਬੰਦ ਕਿਵਾੜਾ ਖੋਲ੍ਹੇ ਤਾਕ, ਬਜਰ ਕਪਾਟੀ ਕੁੰਡਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਜਾਪ ਆਪ ਪਰਗਟਾਇੰਦਾ । ਸਾਚਾ ਜਾਪ ਸੋਹੰ ਸੋ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਆਪਣੇ ਜੇਹਾ ਆਪੇ ਹੋ, ਗੁਰਮੁਖ ਆਪਣੇ ਨਾਲ ਮਿਲਾਈਆ । ਜਨਮ ਜਨਮ ਦੀ ਮੈਲ ਧੋ, ਨਿਰਮਲ ਨੀਰ ਨੀਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਵਡਿਆਈਆ । ਏਕਾ ਨਾਮ ਹਰਿ ਕਾ ਰੰਗ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਨਿਰਗੁਣ ਨਿਰਗੁਣ ਖੇਲ ਕਰੇ ਸੂਰਾ ਸਰਬੰਗ, ਸਰਗੁਣ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤਮ ਮੁਕਣਾ ਪੰਧ, ਥਿਰ ਮਾਤ ਰਹਿਣ ਨਾ ਪਾਇੰਦਾ । ਸਤਿਜੁਗ ਚੜ੍ਹਨਾ ਸਾਚਾ ਚੰਦ, ਸਤਿ ਸਤਿਵਾਦੀ ਆਪ ਚੜ੍ਹਾਇੰਦਾ । ਨੌਂ ਖੰਡ ਪ੍ਰਿਥਮੀ ਗੌਣਾ ਏਕਾ ਛੰਦ, ਸੋਹੰ ਢੋਲਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਬਿਨਾਸ਼ੀ ਕਰਤਾ ਕਰਤਾ ਪੁਰਖ ਜਗਤ ਵਿਚੋਲਾ ਆਪ ਅਖਵਾਇੰਦਾ ।

★ ੧੭ ਚੇਤ ੨੦੧੯ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਿਹ ਗਗੋਬੂਆ ਜ਼ਿਲਾ ਅੰਮ੍ਰਿਤਸਰ ★

ਗੁਰਸਿਖ ਗੁਰ ਗੁਰ ਦੇਵੇ ਦੇਣਾ, ਦੇਵਣਹਾਰ ਇਕ ਅਖਵਾਇੰਦਾ । ਜਨਮ ਜਨਮ ਦਾ ਮੁੱਕੇ ਲਹਿਣਾ, ਲਹਿਣਾ ਆਪਣੇ ਖਾਤੇ ਪਾਇੰਦਾ ।

ਦਰਸ ਦਿਖਾਏ ਨੇਤਰ ਨੈਣਾਂ, ਨੈਣ ਨੈਣਾਂ ਨਾਲ ਮਿਲਾਇੰਦਾ । ਤਨ ਬਸਤਰ ਪਾਏ ਇਕੋ ਗਹਿਣਾ, ਨਾਮ ਰੰਗੀਲਾ ਰੰਗ ਚੜ੍ਹਾਇੰਦਾ । ਸਤਿਗੁਰ ਸ਼ਬਦ ਸਾਕ ਸੱਜਣ ਸਾਚਾ ਸੈਣਾ, ਸਗਲਾ ਸੰਗ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਝੋਲੀ ਆਪ ਭਰਾਇੰਦਾ । ਗੁਰਸਿਖ ਝੋਲੀ ਮਾਤ ਭਰ, ਹਰਿ ਜੂ ਆਪਣੀ ਦਇਆ ਕਮਾਈਆ । ਜੁਗ ਜੁਗ ਦੇਵਣਹਾਰਾ ਵਰ, ਦਾਤਾ ਦਾਨੀ ਬੇਪਰਵਾਹੀਆ । ਨਿਰਭੌ ਚੁਕਾਏ ਭੈ ਡਰ, ਭੈ ਆਪਣਾ ਇਕ ਰਖਾਈਆ । ਚਰਨ ਸਰੋਵਰ ਨੁਹਾਏ ਸਾਚੇ ਸਰ, ਦੁਰਮਤ ਮੈਲ ਧੁਵਾਈਆ । ਕਾਇਆ ਮੰਦਰ ਆਪੇ ਵੜ, ਆਪਣਾ ਪੜਦਾ ਲਾਹੀਆ । ਸਾਚੇ ਪੌੜੇ ਆਪੇ ਚੜ੍ਹ, ਸਾਚਾ ਬੰਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਸਹਿਜ ਸੁਭਾਈਆ । ਲਹਿਣਾ ਦੇਣਾ ਹੱਥ ਨਿਰੰਕਾਰ, ਜੁਗ ਜੁਗ ਖੇਲ ਕਰਾਇੰਦਾ । ਸਾਚੇ ਭਗਤਾਂ ਕਰੇ ਪਿਆਰ, ਪ੍ਰੇਮ ਆਪਣਾ ਇਕ ਸਿਖਾਇੰਦਾ । ਸਾਚੇ ਹੱਟ ਬਣੇ ਵਣਜਾਰ, ਨਾਮ ਹੱਟ ਇਕ ਖੁਲ੍ਹਾਇੰਦਾ । ਸਾਚੇ ਘਰ ਕਰ ਉਜਿਆਰ, ਘਰ ਘਰ ਵਿਚ ਦੀਪ ਜਗਾਇੰਦਾ । ਗ੍ਰਿਹ ਮੰਦਰ ਸੁਣਾਏ ਨਾਦ ਸ਼ਬਦ ਧੁੰਨਕਾਰ, ਅਨਹਦ ਨਾਦੀ ਨਾਦ ਵਜਾਇੰਦਾ । ਸਾਚੀ ਸਖ਼ੀਆਂ ਮੰਗਲਾਚਾਰ, ਘਰ ਸਾਚੇ ਰਾਸ ਰਚਾਇੰਦਾ । ਗੁਰਸਿਖ ਪ੍ਰੇਮ ਵੱਜੇ ਤਾਰ, ਬਿਨ ਤੰਦੀ ਤਾਰ ਇਕ ਹਲਾਇੰਦਾ । ਆਤਮ ਪਰਮਾਤਮ ਦੇ ਅਧਾਰ, ਸਿਰ ਆਪਣਾ ਹੱਥ ਟਿਕਾਇੰਦਾ । ਪਾਰਬ੍ਰਹਮ ਬ੍ਰਹਮ ਪਾਵੇ ਸਾਰ, ਦੂਈ ਦਵੈਤੀ ਪੜਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਲਹਿਣਾ ਗੁਰ ਗੁਰ ਦੇਣਾ, ਸਾਚਾ ਖੇਲ ਆਪ ਕਰਾਇੰਦਾ । ਦੇਵਣਹਾਰ ਪੁਰਖ ਸਮਰਥ, ਆਦਿ ਜੁਗਾਦਿ ਵਡੀ ਵਡਿਆਈਆ । ਜੁਗ ਜੁਗ ਜਨ ਭਗਤਾਂ ਦੇਵੇ ਨਾਮ ਵਥ, ਵਸਤ ਅਮੋਲਕ ਝੋਲੀ ਪਾਈਆ । ਸਾਚੇ ਸੰਤਾਂ ਮਾਰਗ ਦੱਸ, ਆਪਣਾ ਭੇਵ ਖੁਲ੍ਹਾਈਆ । ਗੁਰਮੁਖਾਂ ਅੰਤਰ ਆਪੇ ਵਸ, ਆਪਣੀ ਬੂਝ ਬੁਝਾਈਆ । ਗੁਰਸਿਖਾਂ ਦੇਵੇ ਇਕੋ ਰਸ, ਨਿਝਰ ਝਿਰਨਾ ਅੰਮ੍ਰਿਤ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਏਕਾ ਘਰ ਵਖਾਈਆ । ਏਕਾ ਘਰ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣਾ ਆਪ ਪਰਗਟਾਇੰਦਾ । ਨਿਰਗੁਣ ਸਰਗੁਣ ਰੱਖੇ ਵਾਸ, ਸਰਗੁਣ ਨਿਰਗੁਣ ਮੇਲ ਮਿਲਾਇੰਦਾ । ਜਨਮ ਜਨਮ ਭਗਤਾਂ ਪੂਰੀ ਕਰੇ ਆਸ, ਆਪਣੀ ਆਸਾ ਪੂਰ ਆਪ ਵਖਾਇੰਦਾ । ਲਹਿਣਾ ਦੇਣਾ ਤੋੜ ਪ੍ਰਿਥਮੀ ਅਕਾਸ਼, ਗਗਨ ਮੰਡਲ ਪੰਧ ਆਪ ਮੁਕਾਇੰਦਾ । ਘਰ ਵਿਚ ਘਰ ਵਖਾਏ ਰਾਸ, ਗੋਪੀ ਕਾਹਨ ਨਚਾਏ ਨਾਚ, ਮਧੁਰ ਧੁਨ ਆਪ ਸੁਣਾਇੰਦਾ । ਸਦਾ ਸੁਹੇਲਾ ਇਕ ਅਕੇਲਾ ਸਤਿਗੁਰ ਪੂਰਾ ਵਸੇ ਪਾਸ, ਸਾਚੇ ਮੰਦਰ ਆਸਣ ਪੁਰਖ ਅਬਿਨਾਸਣ ਆਪਣਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲਹਿਣਾ ਆਪਣੇ ਹੱਥ ਰਖਾਇੰਦਾ । ਗੁਰਸਿਖ ਲਹਿਣਾ ਲੋਕਮਾਤ, ਗੁਰ ਸਤਿਗੁਰ ਆਪ ਚੁਕਾਈਆ । ਆਵਣ ਜਾਵਣ ਚੁੱਕੇ ਵਾਟ, ਲੱਖ ਚੁਰਾਸੀ ਰਹਿਣ ਨਾ ਪਾਈਆ । ਏਕਾ ਨਾਮ ਸੁਣਾਏ ਸਾਚੀ ਗਾਥ, ਲਿਖਣ ਪੜ੍ਹਨ ਵਿਚ ਨਾ ਆਈਆ । ਮੇਟੇ ਰੈਣ ਅੰਧੇਰੀ ਰਾਤ, ਸਤਿ ਸਤਿਵਾਦੀ ਸਾਚਾ ਚੰਦ ਚੜ੍ਹਾਈਆ । ਏਥੇ ਓਥੇ ਦੋ ਜਹਾਨਾਂ ਪੁੱਛੇ ਵਾਤ, ਪਾਰਬ੍ਰਹਮ ਬ੍ਰਹਮ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਹੋਏ ਸਹਾਈਆ । ਗੁਰਮੁਖ ਲਹਿਣਾ ਦੇਵੇ ਜੱਗ, ਜਗ ਜੀਵਣ ਦਾਤਾ ਦਇਆ ਕਮਾਇੰਦਾ । ਜਗਤ ਤ੍ਰਿਸਨਾ ਮੇਟੇ ਅੱਗ, ਦੂਜੀ ਹਵਸ ਨਾ ਕੋਇ ਵਖਾਇੰਦਾ । ਸਤਿ ਸੰਤੋਖੀ ਬੰਨ੍ਹੇ ਤੱਗ, ਨਾਮ ਡੋਰ ਇਕ ਰਖਾਇੰਦਾ ।

ਫੜ ਫੜ ਹੰਸ ਬਣਾਏ ਕੱਗ, ਸਿਰ ਆਪਣਾ ਹੱਥ ਟਿਕਾਇੰਦਾ । ਲੱਖ ਚੁਰਾਸੀ ਨਾਲੋਂ ਕਰੇ ਅਲੱਗ, ਆਪਣਾ ਬੰਧਨ ਆਪੇ ਪਾਇੰਦਾ । ਦਰਸ ਦਿਖਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਰੂਪ ਪਰਗਟਾਇੰਦਾ । ਤ੍ਰੈਗੁਣ ਮਾਇਆ ਡੱਸੇ ਨਾ ਡਸਣੀ ਨਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲੇਖਾ ਆਪ ਵਖਾਇੰਦਾ । ਗੁਰਸਿਖ ਲੇਖਾ ਧੁਰ ਦਰਬਾਰ, ਧੁਰ ਦਰਬਾਰੀ ਆਪ ਜਣਾਈਆ । ਮਾਨਸ ਜਨਮ ਪੈਜ ਦਏ ਸਵਾਰ, ਜਿਸ ਜਨ ਆਪਣਾ ਮੇਲ ਮਿਲਾਈਆ । ਮਾਤ ਗਰਭ ਉਲਟਾ ਰੁਖ ਦੁੱਖ ਦਏ ਨਿਵਾਰ, ਹਵਨ ਕੁੰਡ ਨਾ ਕੋਇ ਤਪਾਈਆ । ਦਰਸ ਦਿਖਾਏ ਆਪ ਨਿਰੰਕਾਰ, ਨਿਰਗੁਣ ਆਪਣਾ ਰੂਪ ਵਟਾਈਆ । ਗੁਰਮੁਖ ਤੇਰਾ ਲੇਖਾ ਲਿਖਿਆ ਨਾ ਜਾਏ ਵਿਚ ਸੰਸਾਰ, ਬ੍ਰਹਮਾ ਵੇਤਾ ਦਏ ਦੁਹਾਈਆ । ਭੇਵ ਨਾ ਪਾਇਨ ਵੇਦ ਚਾਰ, ਪੁਰਾਨ ਅਠਾਰਾਂ ਰਹੇ ਕੁਰਲਾਈਆ । ਭਗਤ ਭਗਵਾਨ ਵਸਣ ਇਕ ਦੁਆਰ, ਸਚਖੰਡ ਸਾਚੇ ਡੇਰਾ ਲਾਈਆ । ਮਹੱਲ ਅਟੱਲ ਉਚ ਮੁਨਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਤਖ਼ਤ ਨਿਵਾਸੀ ਏਕੰਕਾਰ, ਸਾਚੇ ਤਖ਼ਤ ਬੈਠਾ ਸ਼ਹਿਨਸ਼ਾਹੀਆ । ਹੁਕਮੀ ਹੁਕਮ ਕਰੇ ਵਰਤਾਰ, ਹੁਕਮੇ ਹੁਕਮ ਸਰਬ ਭੁਵਾਈਆ । ਹੁਕਮੇ ਅੰਦਰ ਲਹਿਣਾ ਦੇਣਾ ਕਰਜ਼ ਦਏ ਉਤਾਰ, ਮਕਰੂਜ਼ ਆਪਣਾ ਪੱਲਾ ਆਪ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਵੇਖੇ ਥਾਉਂ ਥਾਈਂਆ । ਹਰਿਜਨ ਲੇਖਾ ਥਾਨ ਥਨੰਤਰ, ਦੋ ਜਹਾਨਾਂ ਵਾਲੀ ਵੇਖ ਵਖਾਇੰਦਾ । ਪਾਵੇ ਸਾਰ ਗਗਨ ਗਗਨੰਤਰ, ਗਗਨ ਮੰਡਲ ਆਪਣਾ ਫੇਰਾ ਪਾਇੰਦਾ । ਨੌਂ ਖੰਡ ਪ੍ਰਿਥਮੀ ਵੇਖੇ ਲੱਗੀ ਬਸੰਤਰ, ਅਗਨੀ ਤੱਤ ਨਾ ਕੋਇ ਬੁਝਾਇੰਦਾ । ਚਾਰ ਜੁਗ ਦਾ ਭੁੱਲਿਆ ਮੰਤਰ, ਨਮੋ ਸਤਿ ਸਤਿ ਨਾਮ ਰਾਮ ਅਕਸਰ ਨਜ਼ਰ ਕਿਸੇ ਨਾ ਆਇੰਦਾ । ਚਾਰ ਵਰਨ ਅਠਾਰਾਂ ਬਰਨ ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਗ਼ੁਲਾਮ, ਜਗਤ ਗ਼ੁਲਾਮੀ ਨਾ ਕੋਇ ਤੁੜਾਇੰਦਾ । ਪੀਰ ਪੈਗ਼ੰਬਰ ਕਾਇਆ ਮੰਦਰ ਅੰਦਰ ਸੁਣਾਏ ਨਾ ਕੋਇ ਪੈਗ਼ਾਮ, ਸ਼ਰਅ ਸ਼ਰੀਅਤ ਘਰ ਘਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਵਿਰਲਾ ਆਪ ਉਠਾਇੰਦਾ । ਗੁਰਮੁਖ ਉਠੇ ਜਾਏ ਜਾਗ, ਸਤਿਗੁਰ ਸਾਚਾ ਆਪ ਜਗਾਈਆ । ਆਤਮ ਅੰਤਰ ਦਏ ਵੈਰਾਗ, ਵੈਰਾਗੀ ਆਪਣਾ ਭੇਵ ਖੁਲ੍ਹਾਈਆ । ਪੰਜ ਤੱਤ ਕਾਇਆ ਸਾਜਣ ਸਾਜ, ਨਿਰਗੁਣ ਸਰਗੁਣ ਆਪਣਾ ਬੰਧਨ ਪਾਈਆ । ਘਰ ਘਰ ਵਿਚ ਕਰੇ ਆਪਣਾ ਕਾਜ਼, ਸੁਰਤੀ ਸ਼ਬਦ ਸ਼ਬਦ ਕੁੜਮਾਈਆ । ਸਚ ਸੰਦੇਸਾ ਦੇਵੇ ਮਾਰ ਅਵਾਜ਼, ਬੋਧ ਅਗਾਧਾ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੀ ਬੂਝ ਬੁਝਾਈਆ । ਗੁਰਮੁਖ ਬੁਝੇ ਗੁਰ ਗੁਰ ਗਿਆਨ, ਗੁਰ ਦੀਨਨ ਦਇਆ ਕਮਾਇੰਦਾ । ਚਰਨ ਕਵਲ ਇਕ ਧਿਆਨ, ਸਰਨ ਸਰਨਾਈ ਇਕ ਸਮਝਾਇੰਦਾ । ਧੁਰ ਫ਼ਰਮਾਣਾ ਸਤਿ ਨਿਸ਼ਾਨ, ਦੋ ਜਹਾਨਾਂ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲਹਿਣਾ ਗੁਰਮੁਖ ਝੋਲੀ ਆਪ ਭਰਾਇੰਦਾ । ਗੁਰਮੁਖ ਝੋਲੀ ਭਰੇ ਕਰਤਾਰਾ, ਕਰਤਾ ਆਪਣੀ ਕਿਰਤ ਕਮਾਈਆ । ਲੋਕਮਾਤ ਜੁਗ ਜੁਗ ਬਣੇ ਵਰਤਾਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਕਲਜੁਗ ਅੰਤਮ ਖੇਲ ਕਰੇ ਨਿਰਾਕਾਰਾ, ਨਿਰਗੁਣ ਆਪਣਾ ਵੇਸ ਵਟਾਈਆ । ਸ਼ਬਦ ਅਗੰਮੀ ਇਕ ਭੰਡਾਰਾ, ਧੁਰਦਰਗਾਹੀ ਲੈ ਕੇ ਆਈਆ । ਸੋਹੰ ਨਾਉਂ ਬੋਲ ਜੈਕਾਰਾ, ਆਤਮ ਪਰਮਾਤਮ ਕਰੇ ਕੁੜਮਾਈਆ । ਸਾਚੇ ਮੰਦਰ ਮੇਲ ਮਿਲਾਏ ਮੇਲਣਹਾਰਾ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਨਾਦ ਅਨਾਦੀ ਇਕ ਧੁਨਕਾਰਾ, ਧੁਨ ਆਤਮਕ

ਰਾਗ ਸੁਣਾਈਆ । ਗੁਰਮੁਖ ਤੇਰਾ ਪਿਛਲਾ ਲਹਿਣਾ ਕਰਜ਼ ਉਤਾਰਾ, ਅਗਲਾ ਲੇਖਾ ਆਪਣੇ ਹੱਥ ਰਖਾਈਆ । ਬਾਂਹੋਂ ਪਕੜ ਉਠਾਏ ਅਗੰਮ ਅਪਾਰਾ, ਅਗੰਮ ਅਗੰਮੜਾ ਰਾਹ ਚਲਾਈਆ । ਏਕਾ ਵਣਜ ਇਕ ਵਪਾਰਾ, ਏਕਾ ਹੱਟ ਦਏ ਵਖਾਈਆ । ਏਕਾ ਸਤਿਗੁਰ ਸੱਜਣ ਮੀਤ ਮੁਰਾਰਾ, ਪੁਰਖ ਅਕਾਲ ਨਜ਼ਰੀ ਆਈਆ । ਪੰਜ ਤੱਤ ਨਾ ਕੋਇ ਸਹਾਰਾ, ਗੁਰ ਸ਼ਬਦ ਹੋਏ ਸਹਾਈਆ । ਲਹਿਣਾ ਦੇਣਾ ਚੁਕੇ ਵਿਚ ਸੰਸਾਰਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵੇਖੇ ਚਤੁਰ ਸੁਘੜ ਸੁਜਾਨ, ਲੱਖ ਚੁਰਾਸੀ ਵਿਚੋਂ ਆਪ ਪਛਾਣ, ਆਪਣਾ ਬੰਧਨ ਨਾਮ ਡੋਰ ਏਕਾ ਪਾਈਆ ।

★ ੧੭ ਚੇਤ ੨੦੧੯ ਬਿਕ੍ਰਮੀ ਗੁਰਬਖ਼ਸ਼ ਸਿੰਘ ਦੇ ਗ੍ਰਿਹਿ ਗਗੋਬੂਆ ਜ਼ਿਲਾ ਅੰਮ੍ਰਿਤਸਰ ★

ਗੁਰ ਕਿਰਪਾ ਹਰਿ ਜਾਣਿਆ, ਹਰਿ ਕਿਰਪਾ ਗੁਰ ਮੀਤ । ਗੁਰ ਕਿਰਪਾ ਰੰਗ ਮਾਣਿਆ, ਹਰਿ ਕਿਰਪਾ ਘਰ ਮਿਲਿਆ ਠਾਂਡਾ ਸੀਤ । ਗੁਰ ਕਿਰਪਾ ਹਰਿ ਜਾਣਿਆ, ਹਰਿ ਕਿਰਪਾ ਗੁਰ ਮਿਲਿਆ ਇਕ ਅਤੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਕਰੇ ਸਚ ਪ੍ਰੀਤ । ਗੁਰ ਕਿਰਪਾ ਹਰਿ ਪੇਖਿਆ, ਹਰਿ ਕਿਰਪਾ ਗੁਰ ਸੱਜਣ ਪਾਇਆ ਏਕ । ਗੁਰ ਕਿਰਪਾ ਮਿਟੀ ਰੇਖਿਆ, ਹਰਿ ਕਿਰਪਾ ਸਤਿਗੁਰ ਸਾਚੇ ਲਿਖਿਆ ਲੇਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪਣੇ ਦੇਸ । ਹਰਿ ਕਾ ਦੇਸ ਅਗੰਮ ਅਥਾਹ, ਹਰਿ ਜੂ ਹਰਿ ਹਰਿ ਆਪ ਬਣਾਈਆ । ਗੁਰ ਗੁਰ ਵੇਸ ਆਪ ਪਰਗਟਾ, ਪੰਜ ਤੱਤ ਦਏ ਵਡਿਆਈਆ । ਬਣ ਵਿਚੋਲਾ ਸ਼ਹਿਨਸ਼ਾਹ, ਸਾਚਾ ਹੁਕਮ ਸੁਣਾਈਆ । ਨਿਰਗੁਣ ਸਰਗੁਣ ਬਣ ਮਲਾਹ, ਸਾਚਾ ਬੇੜਾ ਆਪ ਚਲਾਈਆ । ਏਕਾ ਨਾਉਂ ਦਏ ਸਲਾਹ, ਸਾਚੀ ਸਿਖਿਆ ਸਿਖ ਸਮਝਾਈਆ । ਗੁਰ ਕਿਰਪਾ ਹਰਿ ਮਿਲਿਆ ਆ, ਹਰਿ ਕਿਰਪਾ ਗੁਰ ਹਰਿ ਜਸ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰਾ ਆਪਣੇ ਹੱਥ ਰਖਾਈਆ । ਹਰਿ ਕਿਰਪਾ ਗੁਰ ਮੇਲਾ ਜਗ, ਗੁਰ ਕਿਰਪਾ ਹਰਿ ਵੇਖੇ ਚਾਈਂ ਚਾਈਂਆ । ਹਰਿ ਕਿਰਪਾ ਗੁਰ ਚਰਨੀ ਜਾਏ ਜਨ ਲੱਗ, ਗੁਰ ਕਿਰਪਾ ਦੇਵੇ ਸਚ ਨਿਸ਼ਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥ, ਆਪਣੀ ਜਾਣੇ ਅਕਥ ਕਹਾਣੀਆ । ਅਕਥ ਕਹਾਣੀ ਸਤਿਗੁਰ ਧਾਰ, ਗੁਰ ਗੁਰ ਸ਼ਬਦੀ ਰੂਪ ਵਟਾਈਆ । ਨਾਮ ਨਾਮ ਨਾਮ ਜੈਕਾਰ, ਜੈ ਜੈਕਾਰ ਗੀਤ ਅਲਾਈਆ । ਅੱਖਰ ਵੱਖਰ ਕਰ ਉਜਿਆਰ, ਸਾਚੀ ਘਾੜਤ ਆਪ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਹਰਿ ਹਰਿ ਆਪਣਾ ਨਾਉਂ ਰਖਾਈਆ । ਆਪੇ ਹਰਿ ਨਰਾਇਣ, ਨਿਰਗੁਣ ਆਪਣਾ ਖੇਲ ਖਲਾਇੰਦਾ । ਆਪੇ ਗੁਰ ਗੁਰ ਖੋਲ੍ਹੇ ਆਪਣਾ ਨੈਣ, ਆਪਣੀ ਬੂਝ ਆਪ ਬੁਝਾਇੰਦਾ । ਆਪੇ ਸਰਗੁਣ ਸੱਜਣ ਸੈਣ, ਸਗਲਾ ਬੰਧਪ ਆਪੇ ਪਾਇੰਦਾ । ਆਪੇ ਰਸਨਾ ਆਪੇ ਕਹਿਣ, ਆਪੇ ਗਾ ਗਾ ਗੀਤ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਰੰਗ ਰੰਗਾਇੰਦਾ । ਹਰਿ ਕਿਰਪਾ ਗੁਰ ਵੇਖੇ ਰੰਗ, ਗੁਰ ਕਿਰਪਾ ਹਰਿ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਹਰਿ ਕਿਰਪਾ ਗੁਰ ਮੇਲਾ ਸੇਜ ਪਲੰਘ, ਗੁਰ ਕਿਰਪਾ ਹਰਿ ਦੇਵੇ ਮਾਣ ਵਡਿਆਈਆ । ਹਰਿ

ਕਿਰਪਾ ਗੁਰ ਗੁਰ ਇਕ ਅਨੰਦ, ਗੁਰ ਕਿਰਪਾ ਸੂਰਾ ਸਰਬੰਗ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਆਪਣੀ ਖੇਲ ਕਰਾਈਆ । ਆਪਣਾ ਖੇਲ ਸਤਿਗੁਰ ਸਤਿ, ਸਤਿ ਪੁਰਖ ਨਿਰੰਜਣ ਆਪ ਕਰਾਇੰਦਾ । ਆਪਣੀ ਕਿਰਪਾ ਗੁਰ ਗੁਰ ਮਤ, ਗੁਰ ਗਿਆਨ ਗਿਆਨ ਦ੍ਰਿੜਾਇੰਦਾ । ਆਪ ਵਿਰੋਲਣਹਾਰਾ ਤੱਤ, ਤੱਤਵ ਆਪਣਾ ਭੇਵ ਖੁਲ੍ਹਾਇੰਦਾ । ਆਪ ਪਰਗਟਾਏ ਬ੍ਰਹਮ ਰੱਤ, ਰੱਤੀ ਰੱਤ ਨਾ ਕੋਇ ਜਣਾਇੰਦਾ । ਆਪੇ ਕਰਨਹਾਰ ਉਤਪਤ, ਆਪੇ ਆਪਣੇ ਵਿਚ ਛੁਪਾਇੰਦਾ । ਆਪੇ ਖਾਲੀ ਭਾਡੇਂ ਕਰੇ ਸਖ, ਖਾਲੀ ਭਰ ਆਪ ਵਖਾਇੰਦਾ । ਆਪੇ ਦੇਵਣਹਾਰਾ ਵਥ, ਸਾਚੀ ਝੋਲੀ ਆਪ ਭਰਾਇੰਦਾ । ਹਰਿ ਕਿਰਪਾ ਗੁਰ ਮਾਰਗ ਦੇਵੇ ਦੱਸ, ਗੁਰ ਕਿਰਪਾ ਹਰਿ ਹੋਏ ਅੰਤ ਸਹਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਗੁਰ ਕਿਰਪਾ ਹਰਿ ਬੂਝੇ ਬੂਝ, ਗੁਰ ਸਤਿਗੁਰ ਆਪ ਬੁਝਾਇੰਦਾ । ਨਾਤਾ ਤੁਟੇ ਏਕਾ ਦੂਜ, ਦੂਜ ਏਕਾ ਨਜ਼ਰ ਕੋਇ ਨਾ ਆਇੰਦਾ । ਨੇਤਰ ਖੋਲ੍ਹੇ ਏਕਾ ਤੀਜ, ਤ੍ਰੈਲੋਆਂ ਪੰਧ ਮੁਕਾਇੰਦਾ । ਚੌਥੇ ਪਦ ਆਪੇ ਭੇਜ, ਭਿੰਨੜਾ ਰੰਗ ਆਪ ਰੰਗਾਇੰਦਾ । ਪੰਚਮ ਨਾਤਾ ਤੋੜ ਹਸਤ ਕੀਟ, ਹੱਦ ਏਕਾ ਏਕ ਬੁਝਾਇੰਦਾ । ਛੇਵੇਂ ਛਹਿਬਰ ਲਾਏ ਅਨਡੀਠ, ਆਪਣੀ ਰਹਿਮਤ ਆਪ ਕਮਾਇੰਦਾ । ਸੱਤਵੇ ਸਤਿ ਸਤਿਵਾਦੀ ਠਾਂਡਾ ਸੀਤ, ਅਤੀਤ ਆਪਣਾ ਆਸਣ ਲਾਇੰਦਾ । ਨੌਂ ਦੁਆਰ ਮੰਦਰ ਮਸਜਦ ਚਾਰ ਦੀਵਾਰੀ ਗਾਇਣ ਗੀਤ, ਰਸਨਾ ਜਿਹਵਾ ਸਰਬ ਹਲਾਇੰਦਾ । ਦਸਮ ਦੁਆਰਾ ਘਰ ਅਨਡੀਠ, ਬਿਨ ਗੁਰ ਕਿਰਪਾ ਨਜ਼ਰ ਕਿਸੇ ਨਾ ਆਇੰਦਾ । ਹਰਿ ਕਿਰਪਾ ਗੁਰ ਪਾਇਆ ਪੱਤਤ ਪੁਨੀਤ, ਗੁਰ ਕਿਰਪਾ ਹਰਿ ਪੱਤਤ ਪਾਪੀ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਖੇਲ ਕਰਾਇੰਦਾ । ਗੁਰ ਕਿਰਪਾ ਮਿਲੇ ਭਗਵਾਨ, ਭਗਵਨ ਕਿਰਪਾ ਗੁਰ ਗੁਰ ਸੰਗ ਰਖਾਈਆ । ਗੁਰ ਕਿਰਪਾ ਹਰਿ ਜਾਣੀ ਜਾਣ, ਹਰਿ ਕਿਰਪਾ ਗੁਰ ਗੁਰ ਬੂਝ ਬੁਝਾਈਆ । ਗੁਰ ਕਿਰਪਾ ਮਿਲੇ ਨਾਮ ਨਿਸ਼ਾਨ, ਹਰਿ ਕਿਰਪਾ ਜੋਤੀ ਜੋਤ ਜੋਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਆਪਣਾ ਬੰਧਨ ਪਾਈਆ । ਗੁਰ ਸਤਿਗੁਰ ਗੁਰ ਗੁਰ ਏਕਾ ਬੰਧਨ, ਸ਼ਬਦੀ ਸ਼ਬਦ ਡੋਰ ਬੰਧਾਇੰਦਾ । ਭੇਵ ਨਾ ਪਾਏ ਤ੍ਰੈਲੋਕੀ ਨੰਦਨ, ਹਰਿ ਜੂ ਆਪਣਾ ਪੜਦਾ ਨਾ ਕੋਇ ਉਠਾਇੰਦਾ । ਦੋਏ ਜੋੜ ਸਰਬ ਕਰਨ ਬੰਧਨ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਦੀਨ ਦਿਆਲ ਠਾਕਰ ਸੁਆਮੀ ਆਪੇ ਹੋਏ ਬਖ਼ਸ਼ੰਦਨ, ਬਖ਼ਸ਼ਿਸ਼ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਤਾਣਾ ਪੇਟਾ ਜਾਣੇ ਤੰਦਨ, ਤੰਦੀ ਤੰਦ ਨਾਲ ਬੰਧਾਇੰਦਾ । ਜਨ ਭਗਤਾਂ ਚਾੜ੍ਹੇ ਆਪਣੇ ਨਾਮ ਰੰਗਣ, ਰੰਗ ਰੰਗੀਲਾ ਏਕਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਦਇਆ ਕਮਾਇੰਦਾ । ਸਤਿਗੁਰ ਦੀਆ ਗੁਰ ਗੁਰ ਹਿਤ, ਹਰਿ ਸੱਜਣ ਆਪ ਜਣਾਈਆ । ਕਰੇ ਖੇਲ ਨਿਤ ਨਵਿਤ, ਜੁਗ ਜੁਗ ਵੇਸ ਵਟਾਈਆ । ਸੰਤ ਪਿਆਰਾ ਕਰੇ ਖੇਲ ਮਾਤ ਪਿਤ, ਪਿਤਾ ਪੂਤ ਪੂਤ ਸਹਾਈਆ । ਪਰਗਟ ਹੋ ਅਬਿਨਾਸ਼ੀ ਅਚੁੱਤ, ਸਾਚੀ ਰੁੱਤ ਆਪ ਵਖਾਈਆ । ਗੁਰਮੁਖ ਫੁਲਵਾੜੀ ਪਈ ਫੁਟ, ਪੱਤ ਡਾਲ੍ਹੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਭੇਵ ਖੁਲ੍ਹਾਈਆ । ਗੁਰਮੁਖ ਫੁਲਵਾੜੀ ਫੁੱਲਿਆ ਫੁਲ, ਫੂਲਨ ਬਰਖਾ ਹਰਿ ਹਰਿ ਲਾਇੰਦਾ । ਭਾਗ ਲਗਾਏ ਸਾਚੀ ਕੁਲ, ਕੁਲਵੰਤਾ ਦਇਆ ਕਮਾਇੰਦਾ । ਗੁਰਸਿਖ

ਤੇਰੀ ਕੀਮਤ ਪਾਏ ਮੁਲ, ਦੂਸਰ ਕੀਮਤ ਨਾ ਕੋਇ ਚੁਕਾਇੰਦਾ । ਨਾਮ ਕੰਡੇ ਤੋਲੇ ਤੋਲ, ਤੋਲਣਹਾਰਾ ਫੇਰਾ ਪਾਇੰਦਾ । ਲੱਖ ਚੁਰਾਸੀ ਵਿਚੋਂ ਵਿਰੋਲ, ਤੇਰੀ ਸੁਗੰਧੀ ਆਪਣੇ ਵਿਚ ਟਿਕਾਇੰਦਾ । ਸੋਹੰ ਧਾਰਾ ਆਪੇ ਬੋਲ, ਆਤਮ ਪਰਮਾਤਮ ਜੋੜ ਜੁੜਾਇੰਦਾ । ਨਿਝ ਘਰ ਵਾਸੀ ਵਸੇ ਕੋਲ, ਘਨਕਪੁਰ ਵਾਸੀ ਵੇਖ ਵਖਾਇੰਦਾ । ਜੋਤ ਪਰਕਾਸ਼ ਸਦਾ ਅਡੋਲ, ਅਨਡੋਲਤ ਆਪਣੀ ਧਾਰ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਸਾਹਿਬ ਸੁਲਤਾਨ ਇਕ ਅਖਵਾਇੰਦਾ । ਸਾਹਿਬ ਸੁਲਤਾਨ ਸਤਿਗੁਰ ਮਿਤ, ਮਿੱਤਰ ਪਿਆਰਾ ਆਪ ਅਖਵਾਈਆ । ਜਨ ਭਗਤਾਂ ਕਰੇ ਸਾਚਾ ਹਿਤ, ਕਲਜੁਗ ਅੰਤਮ ਫੇਰਾ ਪਾਈਆ । ਕਾਇਆ ਮੌਲੀ ਖਿੜੀ ਰੁੱਤ ਵੇਖੇ ਫੁਲਵਾੜੀ ਅਬਿਨਾਸ਼ੀ ਅਚੁੱਤ, ਅਬਗਤ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਏਕਾ ਨਾਉਂ ਵਡਿਆਈਆ । ਗੁਰ ਸਤਿਗੁਰ ਨਾਉਂ ਵੱਡਾ ਵਡ, ਹਰਿ ਜੂ ਹਰਿ ਹਰਿ ਆਪ ਪਰਗਟਾਇੰਦਾ । ਜੁਗਾ ਜੁਗੰਤਰ ਆਪਣੇ ਵਿਚੋਂ ਕੱਢ, ਲੋਕਮਾਤ ਧਰਾਇੰਦਾ । ਅੰਤ ਅੰਤ ਅੱਖਰ ਰੂਪ ਜਾਏ ਛੱਡ, ਸਤਿ ਆਪਣੇ ਵਿਚ ਮਿਲਾਇੰਦਾ । ਆਪਣੇ ਨਾਲੋਂ ਕਰ ਅੱਡ, ਆਪੇ ਵਿਚ ਛੁਪਾਇੰਦਾ । ਅੱਗੇ ਮਾਰਗ ਆਪੇ ਦੱਸ, ਜੁਗ ਜੁਗ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਤਿਗੁਰ ਖੇਲ ਕਰਾਇੰਦਾ । ਜੁਗ ਜੁਗ ਰਾਹ ਇਕ ਇਕੱਲਾ, ਸਦਾ ਸਦਾ ਸਮਝਾਈਆ । ਸਤਿਜੁਗ ਫੜਾਏ ਸੱਚਾ ਪੱਲਾ, ਏਕਾ ਪੱਲੂ ਗੰਢ ਬੰਧਾਈਆ । ਸਚ ਸੰਦੇਸ ਏਕਾ ਘੱਲਾ, ਨਰ ਨਰੇਸ਼ ਕਰੇ ਪੜ੍ਹਾਈਆ । ਸਚ ਸਿੰਘਾਸਣ ਸਾਚੇ ਮੱਲਾ, ਸਾਚੇ ਤਖ਼ਤ ਸੋਭਾ ਪਾਈਆ । ਜੋਤੀ ਸ਼ਬਦੀ ਆਪੇ ਰੱਲਾ, ਰਲ ਮਿਲ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਢੋਲਾ ਆਪੇ ਗਾਈਆ । ਸ਼ਬਦੀ ਢੋਲਾ ਸਤਿਗੁਰ ਰੰਗ, ਹਰਿ ਹਰਿ ਆਪ ਜਣਾਇੰਦਾ । ਨਿਰਗੁਣ ਨਿਰੰਕਾਰ ਨਿਰਾਕਾਰ ਵਜਾਏ ਮਰਦੰਗ, ਸਾਰੰਗੀ ਸਾਰੰਗ ਹੱਥ ਨਾ ਕੋਇ ਉਠਾਇੰਦਾ । ਸਾਚੇ ਤਖ਼ਤ ਬੈਠ ਸੂਰਾ ਸਰਬੰਗ, ਰਾਗ ਨਾਦ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਪਰਗਟਾਇੰਦਾ । ਸਤਿਗੁਰ ਸੱਚਾ ਸੋਹੰ ਰੂਪ, ਗੁਰ ਗੁਰ ਨਾਉਂ ਰਖਾਈਆ । ਪਾਵੇ ਸਾਰ ਚਾਰ ਕੂਟ, ਉਤਰ ਪੂਰਬ ਪੱਛਮ ਦੱਖਣ ਆਪਣਾ ਹੁਕਮ ਵਰਤਾਈਆ । ਨਾਤਾ ਤੋੜੇ ਜੂਠ ਝੂਠ, ਏਕਾ ਵਣਜ ਦਏ ਵਖਾਈਆ । ਗੁਰਸਿਖ ਬਣਾਏ ਸਚ ਸਪੂਤ, ਪੁਰਖ ਅਬਿਨਾਸ਼ੀ ਪਿਤਾ ਗੋਦ ਸੁਹਾਈਆ । ਲੱਖ ਚੁਰਾਸੀ ਮਾਨਸ ਮਾਨੁਖ ਜੀਵ ਜੰਤ ਚਾਰੇ ਖਾਣੇ ਜਾਏ ਊਤ, ਵੇਲੇ ਅੰਤ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਆਪ ਮਿਲਾਈਆ । ਸਤਿਗੁਰ ਮੇਲਾ ਵਿਚ ਸੰਸਾਰ, ਗੁਰ ਸ਼ਬਦੀ ਸੇਵ ਕਮਾਇੰਦਾ । ਕਲਜੁਗ ਅੰਤਮ ਕਰ ਪਿਆਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਮਾਨਸ ਜਨਮ ਪੈਜ ਸਵਾਰ, ਆਪਣਾ ਬੰਧਨ ਪਾਇੰਦਾ । ਏਕਾ ਸ਼ਬਦ ਗੁਣ ਵਿਚਾਰ, ਗੁਰ ਗੁਰ ਬੂਝ ਬੁਝਾਇੰਦਾ । ਏਕਾ ਅੱਖਰ ਬੋਲ ਜੈਕਾਰ, ਸੋਹੰ ਢੋਲਾ ਆਪ ਸੁਣਾਇੰਦਾ । ਬਣ ਵਿਚੋਲਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵਿਚੋਂ ਬਾਹਰ ਕਢਾਇੰਦਾ ।

## ★ ੧੭ ਚੇਤ ੨੦੧੯ ਬਿਕ੍ਰਮੀ ਕਰਮ ਸਿੰਘ ਦੇ ਘਰ ਗਗੋਬੂਆ ਜ਼ਿਲਾ ਅੰਮ੍ਰਿਤਸਰ ★



ਨਿਰਗੁਣ ਸਰਗੁਣ ਇਕ ਅਧਾਰ, ਹਰਿ ਜੂ ਹਰਿ ਹਰਿ ਆਪ ਰਖਾਇੰਦਾ । ਨਿਰਗੁਣ ਸਰਗੁਣ ਕਰ ਪਿਆਰ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਨਿਰਗੁਣ ਸਰਗੁਣ ਕਰ ਉਜਿਆਰ, ਹਰਿ ਜੂ ਜੋਤੀ ਦੀਪ ਦੀਪ ਜਗਾਇੰਦਾ । ਨਿਰਗੁਣ ਸਰਗੁਣ ਕਰ ਵਣਜਾਰ, ਨਾਮ ਨਿਧਾਨਾ ਵਸਤ ਵਰਤਾਇੰਦਾ । ਨਿਰਗੁਣ ਸਰਗੁਣ ਬੋਲ ਜੈਕਾਰ, ਅਨਹਦ ਨਾਦੀ ਨਾਦ ਸੁਣਾਇੰਦਾ । ਨਿਰਗੁਣ ਸਰਗੁਣ ਕਿਰਪਾ ਧਾਰ, ਅੰਮ੍ਰਿਤ ਰਸ ਰਸ ਚੁਆਇੰਦਾ । ਨਿਰਗੁਣ ਸਰਗੁਣ ਖੋਲ੍ਹ ਕਿਵਾੜ, ਆਪਣਾ ਪੜਦਾ ਲਾਹਿੰਦਾ । ਨਿਰਗੁਣ ਸਰਗੁਣ ਅਗਨੀ ਅੱਗ ਦੇਵੇ ਸਾੜ, ਸੀਤਲ ਸਤਿ ਸਤਿ ਕਰਾਇੰਦਾ । ਨਿਰਗੁਣ ਸਰਗੁਣ ਅੰਦਰ ਪਾਵੇ ਸਾਰ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਬ੍ਰਹਮ ਕਰ ਤਿਆਰ, ਪਾਰਬ੍ਰਹਮ ਨਿਰਗੁਣ ਆਪਣੇ ਰੰਗ ਰੰਗਾਇੰਦਾ । ਨਿਰਗੁਣ ਆਤਮ ਕਰ ਉਜਿਆਰ, ਨਿਰਗੁਣ ਪਰਮਾਤਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖੇਲ ਕਰਾਇੰਦਾ । ਸਾਚਾ ਘਰ ਸਚ ਮਹੱਲਾ, ਹਰਿ ਜੂ ਹਰਿ ਹਰਿ ਆਪ ਵਸਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਨਿਰਗੁਣ ਨਿਰਗੁਣ ਵੰਡ ਵੰਡਾਇੰਦਾ । ਸਰਗੁਣ ਫੜਾਏ ਆਪਣਾ ਪੱਲਾ, ਪੱਲੂ ਹੱਥ ਨਾ ਕਿਸੇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਆਪਣਾ ਖੇਲ ਕਰਾਇੰਦਾ । ਨਿਰਗੁਣ ਦਾਤਾ ਬਣ ਵਰਤਾਰ, ਸਰਗੁਣ ਇਛਿਆ ਪੂਰ ਕਰਾਈਆ । ਸਰਗੁਣ ਮੰਗੇ ਬਣ ਭਿਖਾਰ, ਨਿਰਗੁਣ ਅੱਗੇ ਝੋਲੀ ਡਾਹੀਆ । ਨਿਰਗੁਣ ਦੇਵਣਹਾਰਾ ਏਕੰਕਾਰ, ਸਰਗੁਣ ਸਦਾ ਸਦਾ ਸਹਾਈਆ । ਸਰਗੁਣ ਢਹਿ ਢਹਿ ਪਏ ਦੁਆਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਨਿਰਗੁਣ ਇਕ ਬੋਲ ਜੈਕਾਰ, ਆਪਣਾ ਨਾਉਂ ਨਾਉਂ ਸਮਝਾਈਆ । ਸਰਗੁਣ ਪਾਵੇ ਸਾਚੀ ਸਾਰ, ਸਾਰੰਗ ਧਰ ਆਪਣਾ ਖੇਲ ਕਰਾਈਆ । ਨਿਰਗੁਣ ਅੰਦਰ ਨਿਰਗੁਣ ਕਰ ਉਜਿਆਰ, ਨਿਰਗੁਣ ਮੇਲ ਮਿਲਾਏ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਵੇਖੇ ਖੇਲ ਬੇਪਰਵਾਹੀਆ । ਨਿਰਗੁਣ ਮੰਡਲ ਨਿਰਗੁਣ ਰਾਸਾ, ਨਿਰਗੁਣ ਗੋਪੀ ਕਾਹਨ ਨਚਾਇੰਦਾ । ਨਿਰਗੁਣ ਪ੍ਰਿਥਮੀ ਨਿਰਗੁਣ ਅਕਾਸਾ, ਨਿਰਗੁਣ ਮੰਡਲ ਮੰਡਪ ਸੋਭਾ ਪਾਇੰਦਾ । ਨਿਰਗੁਣ ਆਦਿ ਜੁਗਾਦਿ ਜੁਗਾ ਜੁਗੰਤਰ ਸਰਗੁਣ ਤੇਰਾ ਵੇਖੇ ਤਮਾਸ਼ਾ, ਬਣ ਨਟੂਆ ਨਾਟ ਨਚਾਇੰਦਾ । ਸਰਗੁਣ ਮੰਗੇ ਇਕ ਧਰਵਾਸਾ, ਨਿਰਗੁਣ ਅੱਗੇ ਝੋਲੀ ਡਾਹਿੰਦਾ । ਨਿਰਗੁਣ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸ਼ਾਹ ਸ਼ਾਬਾਸਾ, ਆਪਣੀ ਰਹਿਮਤ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਨਿਰਗੁਣ ਦਾਤਾ ਨਿਰਗੁਣ ਦਾਨੀ, ਨਿਰਗੁਣ ਝੋਲੀ ਆਪ ਭਰਾਈਆ । ਨਿਰਗੁਣ ਨੂਰ ਨੂਰ ਨਿਰਗੁਣ ਜੋਤ ਨੁਰਾਨੀ, ਨਿਰਗੁਣ ਪਰਕਾਸ਼ ਪਰਕਾਸ਼ ਸਮਾਈਆ । ਨਿਰਗੁਣ ਅਕਥ ਕਥਾ ਜਾਣੇ ਸਚ ਕਹਾਣੀ, ਕਹਿ ਕਹਿ ਆਪਣਾ ਹੁਕਮ ਵਰਤਾਈਆ । ਸਰਗੁਣ ਸੁਣ ਸੁਣ ਗਾਏ ਬਾਣੀ, ਰਸਨਾ ਜਿਹਵਾ ਨਾਮ ਮਿਲਾਈਆ । ਨਿਰਗੁਣ ਦੇਵੇ ਸਚ ਨਿਸ਼ਾਨੀ, ਸਰਗੁਣ ਲੋਕਮਾਤ ਵਖਾਈਆ । ਕਰੇ ਖੇਲ ਬੇਪਹਿਚਾਨੀ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਬੰਧਨ ਪਾਈਆ । ਸਰਗੁਣ ਰੱਖੇ ਨਿਰਗੁਣ ਆਸ, ਨਿਰਗੁਣ ਸਰਗੁਣ ਓਟ ਤਕਾਈਆ । ਦੋਹਾਂ ਮੇਲਾ ਏਕਾ ਰਾਸ, ਏਕਾ ਘਰ ਵੱਜੇ ਵਧਾਈਆ ।

ਬਣੇ ਵਿਚੋਲਾ ਪੁਰਖ ਅਬਿਨਾਸ਼, ਸੇਵਕ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਨਿਰਗੁਣ ਖੇਲ ਸਰਗੁਣ ਰੰਗ, ਹਰਿ ਸਾਚਾ ਸਚ ਜਣਾਇੰਦਾ । ਸਰਗੁਣ ਸੇਜ ਨਿਰਗੁਣ ਪਲੰਘ, ਸਚ ਸਿੰਘਾਸਣ ਸੋਭਾ ਪਾਇੰਦਾ । ਨਿਰਗੁਣ ਨਾਉਂ ਸਰਗੁਣ ਮਰਦੰਗ, ਬਣ ਮਰਦੰਗਾ ਆਪ ਵਜਾਇੰਦਾ । ਕਰੇ ਖੇਲ ਸੂਰਾ ਸਰਬੰਗ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਵੇਸ ਵਟਾਇੰਦਾ । ਨਿਰਗੁਣ ਸਰਗੁਣ ਵੇਸ ਅਵੱਲਾ, ਭੇਖਾਧਾਰੀ ਆਪ ਕਰਾਈਆ । ਆਦਿ ਜੁਗਾਦਿ ਅਛਲ ਅਛੱਲਾ, ਵਲ ਛਲ ਆਪਣੀ ਖੇਲ ਵਖਾਈਆ । ਜੋਤੀ ਸ਼ਬਦੀ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਸ਼ਬਦੀ ਗੁਰ ਪੰਜ ਤੱਤ ਗੁਰ ਅਵਤਾਰ ਫੜਾਏ ਪੱਲਾ, ਨਾਮ ਡੋਰੀ ਬੰਧਨ ਪਾਈਆ । ਸਚ ਸੰਦੇਸ ਨਰ ਨਰੇਸ਼ ਏਕਾ ਘੱਲਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਲੋਕਮਾਤ ਕਰੇ ਪੜ੍ਹਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਚਖੰਡ ਵਸੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਦਏ ਸਮਝਾਈਆ । ਨਿਰਗੁਣ ਸਰਗੁਣ ਲਾਏ ਬਾਣ, ਤੀਰ ਨਿਰਾਲਾ ਇਕ ਚਲਾਇੰਦਾ । ਸ਼ਬਦ ਅਗੰਮੀ ਇਕ ਨਿਸ਼ਾਨ, ਜਗਤ ਨਿਸ਼ਾਨਾ ਇਕ ਵਖਾਇੰਦਾ । ਗੁਰ ਅਵਤਾਰ ਦੇ ਗਿਆਨ, ਗੁਰ ਆਪਣੀ ਬੂਝ ਬੁਝਾਇੰਦਾ । ਰਸਨਾ ਜਿਹਵਾ ਗਾਏ ਵਖਾਨ, ਲਿਖ ਲਿਖ ਲੇਖ ਮਾਤ ਰਖਾਇੰਦਾ । ਰਸਨਾ ਜਿਹਵਾ ਕਰ ਕਲਿਆਣ, ਸਾਚਾ ਕਲਮਾ ਸਰਬ ਪੜ੍ਹਾਇੰਦਾ । ਵੇਖਣਹਾਰ ਇਕ ਭਗਵਾਨ, ਨੇਤਰ ਨੈਣ ਦਿਸ ਕਿਸੇ ਨਾ ਆਇੰਦਾ । ਜੁਗ ਚੌਕੜੀ ਵੇਖੇ ਆਣ, ਨਿਤ ਨਵਿਤ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਪਰਗਟ ਹੋ ਵਿਚ ਜਹਾਨ, ਨਿਰਗੁਣ ਸਰਗੁਣ ਆਪਣਾ ਹੁਕਮ ਸੁਣਾਇੰਦਾ । ਕਲਜੁਗ ਅੰਤਮ ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਧਰਾਇੰਦਾ । ਨਿਹਕਲੰਕ ਸ੍ਰੀ ਭਗਵਾਨ, ਭਗਵਨ ਆਪਣੀ ਖੇਲ ਕਰਾਇੰਦਾ । ਨਿਰਗੁਣ ਦੇਵੇ ਨਿਰਗੁਣ ਦਾਤ, ਨਿਰਗੁਣ ਝੋਲੀ ਆਪ ਭਰਾਇੰਦਾ । ਸਰਗੁਣ ਬੱਧਾ ਸਰਗੁਣ ਨਾਤ, ਸਰਗੁਣ ਨਾਤਾ ਮਾਤ ਜੁੜਾਇੰਦਾ । ਸ਼ਬਦ ਅਗੰਮੀ ਗਾਏ ਗਾਥ, ਸਾਚਾ ਢੋਲਾ ਆਪ ਸੁਣਾਇੰਦਾ । ਨਿਰਗੁਣ ਨਿਰਗੁਣ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਇੰਦਾ । ਸਤਿ ਸਤਿਵਾਦੀ ਸਾਚੀ ਗਾਥ, ਅੱਖਰ ਵੱਖਰ ਆਪ ਪੜ੍ਹਾਇੰਦਾ । ਸੋਹੰ ਸ਼ਬਦ ਨਾਤਾ ਤੋੜੇ ਜਾਤ ਪਾਤ, ਵਰਨ ਬਰਨ ਵਿਚ ਨਾ ਆਇੰਦਾ । ਆਤਮ ਪਰਮਾਤਮ ਇਕੋ ਜ਼ਾਤ, ਅਜ਼ਾਤ ਅਜ਼ਾਤੀ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਸਰਗੁਣ ਆਪ ਪੜ੍ਹਾਇੰਦਾ । ਨਿਰਗੁਣ ਸਰਗੁਣ ਪੜ੍ਹਾਏ ਅੱਖਰ, ਆਖ਼ਰ ਆਪਣਾ ਭੇਵ ਜਣਾਈਆ । ਜਗਤ ਵਿਕਾਰਾ ਕਰੇ ਸੱਥਰ, ਨਾਮ ਖੰਡਾ ਇਕ ਚਮਕਾਈਆ । ਤੋੜਣਹਾਰਾ ਤੋੜੇ ਬਜਰ ਕਪਾਟੀ ਪੱਥਰ, ਆਪਣਾ ਪੜਦਾ ਦਏ ਉਠਾਈਆ । ਨੇਤਰ ਨੀਰ ਵਿਰੋਲੇ ਅੱਥਰ, ਨੈਣ ਨੈਣਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਦਏ ਸਮਝਾਈਆ । ਨਿਰਗੁਣ ਸਰਗੁਣ ਬਣਾਏ ਤੱਤ, ਤੱਤਵ ਤੱਤ ਆਪ ਰਖਾਇੰਦਾ । ਆਦਿ ਜੁਗਾਦੀ ਬ੍ਰਹਮ ਮਤ, ਪਾਰਬ੍ਰਹਮ ਵਡਿਆਇੰਦਾ । ਨਿਰਗੁਣ ਰੂਪ ਸਦਾ ਸਤਿ, ਅਸਤਿ ਰੂਪ ਨਾ ਕੋਇ ਵਖਾਇੰਦਾ । ਕਲਜੁਗ ਅੰਤ ਹੋਏ ਉਤਪਤ, ਜੋਤੀ ਜਾਮਾ ਭੇਖ ਵਟਾਇੰਦਾ । ਭਗਤ ਸੁਹੇਲੇ ਆਪੇ ਰੱਖ, ਆਪਣੀ ਬੂਝ ਬੁਝਾਇੰਦਾ । ਸਾਹਿਬ ਦਿਆਲ ਸੁਆਮੀ ਕਰ ਪਰਤੱਖ, ਲੱਖ ਚੁਰਾਸੀ ਵਿਚੋਂ ਆਪ ਵਡਿਆਇੰਦਾ । ਸਾਚਾ

ਮਾਰਗ ਏਕਾ ਦੱਸ, ਸੋਹੰ ਅੱਖਰ ਆਪ ਪੜ੍ਹਾਇੰਦਾ । ਹਿਰਦੇ ਅੰਤਰ ਆਤਮ ਆਪੇ ਵਸ, ਆਪਣਾ ਮੇਲ ਮਿਲਾਇੰਦਾ । ਘਰ ਪਰਕਾਸ਼ ਕਰ ਰਵ ਸਸ, ਨੂਰੋ ਨੂਰ ਡਗਮਗਾਇੰਦਾ । ਗੁਰਮੁਖ ਪੂਰੀ ਕਰੇ ਆਸ, ਜਨਮ ਜਨਮ ਦਾ ਫੰਦ ਕਟਾਇੰਦਾ । ਲੱਖ ਚੁਰਾਸੀ ਬੰਦ ਖੁਲਾਸ, ਮਾਤ ਗਰਭ ਨਾ ਫੇਰ ਤਪਾਇੰਦਾ । ਗੁਰਸਿਖ ਕੋਈ ਨਾ ਰਹੇ ਨਿਰਾਸ, ਜਿਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣਾ ਦਰਸ ਕਰਾਇੰਦਾ ।

### ★ ੧੭ ਚੇਤ ੨੦੧੯ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ ਗਗੋਬੂਆ ਜ਼ਿਲਾ ਅੰਮ੍ਰਿਤਸਰ ★

ਸਤਿਗੁਰ ਪੂਰਾ ਸ੍ਰੀ ਭਗਵਾਨ, ਆਦਿ ਜੁਗਾਦਿ ਅਖਵਾਇੰਦਾ । ਸਤਿਗੁਰ ਪੂਰਾ ਸਚ ਮਕਾਨ, ਸਚਖੰਡ ਦੁਆਰ ਆਪ ਸੁਹਾਇੰਦਾ । ਸਤਿਗੁਰ ਪੂਰਾ ਰਾਜ ਰਾਜਾਨ, ਸ਼ਾਹੋ ਭੂਪ ਵੇਸ ਵਟਾਇੰਦਾ । ਸਤਿਗੁਰ ਪੂਰਾ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਸਤਿਗੁਰ ਪੂਰਾ ਵਡ ਮਿਹਰਵਾਨ, ਮਿਹਰ ਨਜ਼ਰ ਇਕ ਪਰਗਟਾਇੰਦਾ । ਸਤਿਗੁਰ ਪੂਰਾ ਵਸੇ ਸਚ ਅਸਥਾਨ, ਸਚ ਭੂਮਕਾ ਆਪ ਬਣਾਇੰਦਾ । ਸਤਿਗੁਰ ਪੂਰਾ ਵਡ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਸਤਿਗੁਰ ਪੂਰਾ ਨੂਰ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਸਤਿਗੁਰ ਪੂਰਾ ਗੁਣ ਨਿਧਾਨ, ਗੁਣ ਅਵਗੁਣ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਨਾਉਂ ਰਖਾਇੰਦਾ । ਸਤਿਗੁਰ ਪੂਰਾ ਪਾਰਬ੍ਰਹਮ, ਵੱਡਾ ਵਡ ਵਡਿਆਈਆ । ਸਤਿਗੁਰ ਪੂਰਾ ਨਾ ਮਰੇ ਨਾ ਪਏ ਜੰਮ, ਜਨਮ ਮਰਨ ਵਿਚ ਨਾ ਆਈਆ । ਸਤਿਗੁਰ ਪੂਰਾ ਬੇੜਾ ਆਪੇ ਬੰਨ੍ਹ, ਆਦਿ ਜੁਗਾਦਿ ਚਲਾਈਆ । ਸਤਿਜੁਗ ਪੂਰਾ ਕਰੇ ਪਰਕਾਸ਼ ਬਿਨ ਸੂਰਜ ਚੰਨ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸਤਿਗੁਰ ਪੂਰਾ ਵਸਣਹਾਰਾ ਬਿਨ ਛੱਪਰ ਛੰਨ, ਚਾਰ ਦੀਵਾਰ ਨਾ ਕੋਇ ਵਡਿਆਈਆ । ਸਤਿਗੁਰ ਪੂਰਾ ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣੀ ਧਾਰ ਵਖਾਈਆ । ਸਤਿਗੁਰ ਪੂਰਾ ਏਕਾ ਏਕ ਸ੍ਰੀ ਭਗਵਾਨ, ਦੂਜਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਖੇਲ ਕਰਾਈਆ । ਸਤਿਗੁਰ ਪੂਰਾ ਸੋ ਪੁਰਖ, ਬੇਅੰਤ ਵਡੀ ਵਡਿਆਈਆ । ਸਤਿਗੁਰ ਪੂਰਾ ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਦੁਖ ਨਾ ਕੋਈ ਜਣਾਈਆ । ਸਤਿਗੁਰ ਪੂਰਾ ਆਦਿ ਜੁਗਾਦਿ ਜੁਗਾ ਜੁਗੰਤਰ ਆਪੇ ਜਾਣੇ ਆਪਣੀ ਪਰਖ, ਪਰਖਣਹਾਰਾ ਬੇਪਰਵਾਹੀਆ । ਸਤਿਗੁਰ ਪੂਰਾ ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਕਰਾਏ ਦਰਸ, ਦਰਸੀ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਇਕ ਵਡਿਆਈਆ । ਸਤਿਗੁਰ ਪੂਰਾ ਸ੍ਰੀ ਭਗਵਾਨ, ਏਕਾ ਏਕ ਖੇਲ ਕਰਾਇੰਦਾ । ਸਤਿਗੁਰ ਪੂਰਾ ਸਚ ਨਿਸ਼ਾਨ, ਸਚਖੰਡ ਦੁਆਰੇ ਆਪ ਝੁਲਾਇੰਦਾ । ਸਤਿਗੁਰ ਪੂਰਾ ਹੁਕਮਰਾਨ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਸਤਿਗੁਰ ਪੂਰਾ ਦਰ ਦਰਬਾਨ, ਦਰ ਆਪਣੇ ਸੀਸ ਝੁਕਾਇੰਦਾ । ਸਤਿਗੁਰ ਪੂਰਾ ਦਾਤਾ ਦਾਨੀ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਸਤਿਗੁਰ ਪੂਰਾ ਕਰੇ ਪਰਵਾਨ, ਆਪਣੀ ਇਛਿਆ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਭੇਵ ਛੁਪਾਇੰਦਾ । ਸਤਿਗੁਰ ਪੂਰਾ ਏਕੰਕਾਰ, ਅਕਲ ਕਲ ਅਖਵਾਈਆ । ਸਤਿਗੁਰ ਪੂਰਾ ਅਗੰਮ ਅਪਾਰ, ਅਲੱਖ ਅਗੋਚਰ ਆਪਣਾ ਨਾਉਂ ਰਖਾਈਆ । ਸਤਿਗੁਰ ਪੂਰਾ ਸ਼ਾਹ ਸਿਕਦਾਰ, ਤਖ਼ਤ ਨਿਵਾਸੀ ਵਡ ਵਡਿਆਈਆ ।

ਸਤਿਗੁਰ ਪੂਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਲਏ ਪਰਗਟਾਈਆ । ਸਤਿਗੁਰ ਪੂਰਾ ਸਾਚਾ ਨਾਉਂ, ਆਦਿ ਆਦਿ ਪਰਗਟਾਇੰਦਾ । ਸਤਿਗੁਰ ਪੂਰਾ ਅਗੰਮ ਅਥਾਹੋ, ਬੇਪਰਵਾਹ ਭੇਵ ਨਾ ਆਇੰਦਾ । ਸਤਿਗੁਰ ਪੂਰਾ ਆਪੇ ਪਿਤਾ ਆਪੇ ਮਾਉਂ, ਬਾਲਕ ਆਪਣੀ ਗੋਦ ਬਹਾਇੰਦਾ । ਸਤਿਗੁਰ ਪੂਰਾ ਦੇਵਣਹਾਰਾ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਇੰਦਾ । ਸਤਿਗੁਰ ਪੂਰਾ ਵਸਣਹਾਰਾ ਸਾਚੀ ਦਰਗਾਹ ਕਰੇ ਸਚ ਨਿਆਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਸਤਿਗੁਰ ਪੂਰਾ ਸ੍ਰੀ ਭਗਵੰਤ, ਇਕ ਇਕੱਲਾ ਬੇਪਰਵਾਹੀਆ । ਸਤਿਗੁਰ ਪੂਰਾ ਆਦਿ ਅੰਤ, ਮਧ ਆਪਣੀ ਧਾਰ ਚਲਾਈਆ । ਸਤਿਗੁਰ ਪੂਰਾ ਮਹਿਮਾ ਅਗਣਤ, ਲੇਖਾ ਲਿਖ ਨਾ ਕੋਇ ਸਮਝਾਈਆ । ਸਤਿਗੁਰ ਪੂਰਾ ਖੇਲੇ ਖੇਲ ਨਾਰ ਕੰਤ, ਕੰਤ ਸੁਹਾਗ ਆਪ ਹੋ ਜਾਈਆ । ਸਤਿਗੁਰ ਪੂਰਾ ਆਪਣਾ ਨਾਉਂ ਆਪੇ ਮੰਤ, ਮੰਤਰ ਆਪਣਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਸਤਿਗੁਰ ਵੱਡਾ ਦੀਨ ਦਿਆਲਾ, ਦੂਸਰ ਅਵਰ ਨਾ ਕੋਇ ਜਣਾਇੰਦਾ । ਸਤਿਗੁਰ ਵੱਡਾ ਵਸੇ ਸਚਖੰਡ ਸੱਚੀ ਧਰਮਸਾਲਾ, ਸਚ ਸਿੰਘਾਸਣ ਆਸਣ ਲਾਇੰਦਾ । ਸਤਿਗੁਰ ਵੱਡਾ ਦੀਆ ਬਾਤੀ ਕਰੇ ਉਜਾਲਾ, ਨੂਰ ਨੂਰ ਨੂਰ ਧਰਾਇੰਦਾ । ਸਤਿਗੁਰ ਵੱਡਾ ਆਪੇ ਜਾਣੇ ਆਪਣਾ ਰਾਹ ਸੁਖਾਲਾ, ਸਾਚਾ ਮਾਰਗ ਆਪੇ ਲਾਇੰਦਾ । ਸਤਿਗੁਰ ਵੱਡਾ ਕਰੇ ਕਰਾਏ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਆਪਣਾ ਨਾਉਂ ਧਰਾਇੰਦਾ । ਸਤਿਗੁਰ ਵੱਡਾ ਆਦਿ ਜੁਗਾਦਿ ਹੋਏ ਰਖਵਾਲਾ, ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਧਰਾਇੰਦਾ । ਸਤਿਗੁਰ ਸੱਚਾ ਆਪਣਾ ਨਾਉਂ ਰੱਖ, ਪੁਰਖ ਅਕਾਲ ਖ਼ੁਸ਼ੀ ਮਨਾਈਆ । ਨਿਰਗੁਣ ਦੁਆਰੇ ਨਿਰਗੁਣ ਹੋ ਪਰਤੱਖ, ਆਪਣਾ ਰੂਪ ਆਪ ਪਰਗਟਾਈਆ । ਆਪਣੇ ਮੰਦਰ ਆਪੇ ਵਸ, ਆਪੇ ਬੰਕ ਸੁਹਾਈਆ । ਆਪਣਾ ਮਾਰਗ ਆਪੇ ਦੱਸ, ਆਪੇ ਰਾਹ ਚਲਾਈਆ । ਆਪੇ ਪੰਧ ਮੁਕਾਏ ਨੱਸ ਨੱਸ, ਬਣ ਪਾਂਧੀ ਫੇਰਾ ਪਾਈਆ । ਆਪਣਾ ਗਾਏ ਆਪੇ ਜਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਇਛਿਆ ਆਪ ਪਰਗਟਾਈਆ । ਸਤਿਗੁਰ ਪੂਰਾ ਸਾਚੀ ਇਛਿਆ, ਸਚਖੰਡ ਨਿਵਾਸੀ ਆਪਣੀ ਆਪ ਪਰਗਟਾਇੰਦਾ । ਆਪੇ ਪਾਏ ਨਿਰਗੁਣ ਭਿੱਛਾ, ਭਿਖਕ ਆਪਣੀ ਝੋਲੀ ਆਪ ਭਰਾਇੰਦਾ । ਆਪਣੀ ਸਿਖਿਆ ਆਪੇ ਸਿਖਾ, ਸਿਖ ਸਿਖ ਆਪਣੀ ਖ਼ੁਸ਼ੀ ਮਨਾਇੰਦਾ । ਆਪਣਾ ਲੇਖ ਆਪੇ ਲਿਖਾ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਆਪਣਾ ਵੰਡਿਆ ਆਪੇ ਹਿੱਸਾ, ਸਚਖੰਡ ਸਾਚੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਖੇਲ ਕਰਾਇੰਦਾ । ਸਤਿਗੁਰ ਕਰੇ ਸਾਚਾ ਖੇਲ, ਖੇਲਣਹਾਰ ਇਕ ਅਖਵਾਇੰਦਾ । ਨਿਰਗੁਣ ਨਿਰਗੁਣ ਕਰ ਕਰ ਮੇਲ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਧਾਰ ਰਖਾਏ ਗੁਰ ਗੁਰ ਚੇਲ, ਚੇਲਾ ਗੁਰ ਰੂਪ ਵਟਾਇੰਦਾ । ਵਸਣਹਾਰਾ ਧਾਮ ਨਵੇਲ, ਦਰ ਘਰ ਸਾਚਾ ਆਪ ਸੁਹਾਇੰਦਾ । ਅਚਰਜ ਕਰੇ ਪਾਰਬ੍ਰਹਮ ਪ੍ਰਭ ਖੇਲ, ਆਪਣਾ ਰੂਪ ਧਰਾਇੰਦਾ । ਕਰ ਪਰਕਾਸ਼ ਬਿਨ ਬਾਤੀ ਤੇਲ, ਨਿਰਗੁਣ ਨੂਰ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਦਇਆ ਕਮਾਇੰਦਾ । ਆਪਣੀ ਦਇਆ ਆਪ ਕਮਾ, ਆਪੇ ਵੇਖ ਵਖਾਇੰਦਾ । ਸਤਿਗੁਰ ਪੂਰਾ ਬੇਪਰਵਾਹ, ਆਪਣਾ ਬੇੜਾ ਆਪ ਚਲਾਇੰਦਾ । ਸਾਚੀ ਨੱਯਾ ਦਏ ਟਿਕਾ, ਸਚਖੰਡ ਦੁਆਰੇ ਆਪ ਸੁਹਾਇੰਦਾ । ਸਾਚਾ ਸਈਆ

੧੦੩੭
੧੧

ਲਏ ਮਿਲਾ, ਆਪ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਰ ਆਪਣੀ ਸਿਖਿਆ ਆਪੇ ਪਾਇੰਦਾ । ਆਪਣੀ ਸਿਖਿਆ ਆਪੇ ਪਾ, ਸਚਖੰਡ ਸਾਚੀ ਖ਼ੁਸ਼ੀ ਮਨਾਈਆ । ਸਤਿਗੁਰ ਪੂਰਾ ਕਰੇ ਖੇਲ ਸਹਿਜ ਸੁਭਾ, ਭੇਵ ਕੋਇ ਨਾ ਰਾਈਆ । ਆਪਣਾ ਨਾਤਾ ਲਏ ਜੁੜਾ, ਪੁਰਖ ਬਿਧਾਤਾ ਅੰਗ ਲਗਾਈਆ । ਨਾਰੀ ਕੰਤ ਸੇਜ ਹੰਢਾ, ਸੇਜ ਸੁਹੰਜਣੀ ਇਕ ਸੁਹਾਈਆ । ਜਨਨੀ ਜਨ ਬਣ ਬੇਪਰਵਾਹ, ਸੁਤ ਦੁਲਾਰਾ ਏਕਾ ਜਾਈਆ । ਦਾਈ ਦਾਇਆ ਸੇਵ ਰਿਹਾ ਕਮਾ, ਸਾਚੀ ਸੇਵਾ ਆਪਣੇ ਹੱਥ ਰਖਾਈਆ । ਸਚਖੰਡ ਦੁਆਰੇ ਜੋਤ ਜਗਾ, ਥਿਰ ਘਰ ਘਾੜਤ ਲਏ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਵੰਡ ਆਪ ਵੰਡਾਈਆ । ਸਤਿਗੁਰ ਵੰਡੇ ਸਾਚੀ ਵੰਡ, ਵੰਡਣਹਾਰਾ ਆਪ ਅਖਵਾਇੰਦਾ । ਥਿਰ ਘਰ ਰਖਾਏ ਆਪਣਾ ਅਨੰਦ, ਅਨੰਦ ਆਪਣੇ ਵਿਚੋਂ ਪਰਗਟਾਇੰਦਾ । ਲੇਖਾ ਜਾਣੇ ਸੁਤ ਦੁਲਾਰੇ ਚੰਦ, ਪੂਤ ਸਪੂਤੇ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਖੇਲ ਕਰਾਇੰਦਾ । ਸਤਿਗੁਰ ਖੇਲ ਸ਼ਬਦੀ ਗੁਰ, ਪੂਤ ਸਪੂਤਾ ਜਾਇਆ । ਨਿਰਗੁਣ ਨਾਲ ਨਿਰਗੁਣ ਜੁੜ, ਆਪਣਾ ਬੰਧਨ ਪਾਇਆ । ਆਪੇ ਆਸਾ ਆਪੇ ਤ੍ਰਿਸਨਾ ਆਪੇ ਮੰਦਰ ਆਪੇ ਬੌਹੜ, ਆਪਣਾ ਮੇਲਾ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਸਾਚੀ ਸੇਵ ਲਗਾਇਆ । ਸਾਚੀ ਸੇਵਾ ਗੁਰ ਗੁਰ ਧਾਰ, ਸ਼ਬਦੀ ਵੰਡ ਵੰਡਾਇੰਦਾ । ਤਖ਼ਤ ਨਿਵਾਸੀ ਏਕਾ ਵਾਰ, ਧੁਰ ਫ਼ਰਮਾਣਾ ਹੁਕਮ ਜਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਤ੍ਰੈਗੁਣ ਆਪਣਾ ਬੰਧਨ ਪਾਇੰਦਾ । ਪੰਜ ਤੱਤ ਦੇਵੇ ਇਕ ਅਧਾਰ, ਲੱਖ ਚੁਰਾਸੀ ਘਾੜਨ ਘੜ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣੀ ਦਇਆ ਕਮਾਇੰਦਾ । ਸਤਿਗੁਰ ਪੂਰਾ ਪੁਰਖ ਅਕਾਲ, ਏਕਾ ਏਕ ਅਖਵਾਈਆ । ਸ਼ਬਦੀ ਸੁਤ ਸਾਚਾ ਲਾਲ, ਆਪਣੀ ਗੋਦ ਸੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਪਰਗਟਾਏ ਹੋ ਦਿਆਲ, ਦਿਆਲ ਆਪਣੀ ਦਇਆ ਕਮਾਈਆ । ਤ੍ਰੈਗੁਣ ਮਾਇਆ ਸੰਗ ਰਖਾਏ ਨਾਲ ਨਾਲ, ਪੰਚਮ ਏਕਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਸ਼ਬਦ ਦਏ ਸਮਝਾਈਆ । ਸ਼ਬਦ ਗੁਰ ਦਿਤੀ ਵਡਿਆਈ, ਹਰਿ ਵੱਡਾ ਵਡ ਵਡਿਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਆਪ ਉਪਜਾਈ, ਧੀ ਜਵਾਈ ਖੇਲ ਕਰਾਇੰਦਾ । ਏਕਾ ਮੰਗਲ ਏਕਾ ਢੋਲਾ ਏਕਾ ਸੋਹਲਾ ਰਿਹਾ ਗਾਈ, ਗੀਤ ਗੋਬਿੰਦ ਆਪ ਅਲਾਇੰਦਾ । ਏਕਾ ਘਰ ਰਿਹਾ ਵਸਾਈ, ਏਕਾ ਜੋੜ ਜੁੜਾਇੰਦਾ । ਏਕਾ ਕਰਤਾ ਏਕਾ ਭੁਗਤਾ ਏਕਾ ਕਾਰ ਰਿਹਾ ਕਮਾਈ, ਕਰਨੀ ਕਿਰਤ ਇਕ ਸਮਝਾਇੰਦਾ । ਏਕਾ ਰਾਗ ਏਕਾ ਨਾਦ ਏਕਾ ਸ਼ਬਦ ਧੁੰਨ ਰਿਹਾ ਸੁਣਾਈ, ਨਾਉਂ ਨਿਰੰਕਾਰਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਗੁਰ ਗੁਰ ਸੇਵਾ ਇਕ ਲਗਾਇੰਦਾ । ਗੁਰ ਗੁਰ ਸੇਵਾ ਕਰ ਪਰਵਾਨ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਖਾਣੀ ਬਾਣੀ ਵੰਡ ਵੰਡਾਇੰਦਾ । ਧੁਰਦਰਗਾਹੀ ਧੁਰ ਫ਼ਰਮਾਣ, ਗੁਰ ਗੁਰ ਰਾਗ ਅਲਾਇੰਦਾ । ਗੁਰ ਗੁਰ ਦੇਵੇ ਆਪਣਾ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਜੁਗ ਚੌਕੜੀ ਜਗ ਨਿਸ਼ਾਨ, ਅੱਖਰ ਵੱਖਰ ਆਪ ਧਰਾਇੰਦਾ । ਆਤਮ ਪਰਮਾਤਮ ਦੇ ਗਿਆਨ, ਸਚ ਨਿਸ਼ਾਨਾ ਇਕ ਵਖਾਇੰਦਾ । ਤਖ਼ਤ ਨਿਵਾਸੀ ਸ੍ਰੀ ਭਗਵਾਨ, ਸਾਚੇ ਤਖ਼ਤ ਬੈਠਾ ਸੋਭਾ ਪਾਇੰਦਾ । ਏਕਾ ਹੁਕਮ ਧੁਰ ਫ਼ਰਮਾਣ, ਗੁਰ ਸ਼ਬਦੀ ਸ਼ਬਦ ਅਲਾਇੰਦਾ । ਜੋਤੀ ਜੋਤ

੧੦੩੮
੧੧

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਸੇਵਾ ਮਾਤ ਕਰਾਇੰਦਾ । ਗੁਰ ਗੁਰ ਸੇਵਾ ਚਾਰ ਜੁਗ, ਜੁਗ ਚੌਕੜੀ ਰਾਹ ਚਲਾਈਆ । ਅੰਤਮ ਔਧ ਜਾਏ ਪੁਗ, ਥਿਰ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਬੂਟਾ ਜਾਏ ਸੁੱਕ, ਪੱਤ ਡਾਲ੍ਹੀ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਲੇਖਾ ਵੇਖ ਵਖਾਈਆ । ਗੁਰ ਗੁਰ ਲੇਖਾ ਵਿਚ ਸੰਸਾਰ, ਸਤਿਜੁਗ ਤ੍ਰੇਤਾ ਦੁਆਪਰ ਮੰਗ ਮੰਗਾਇੰਦਾ । ਅੱਖਰ ਅੱਖਰ ਕਰ ਆਧਾਰ, ਵੱਖਰ ਵੱਖਰ ਖੇਲ ਕਰਾਇੰਦਾ । ਅਲਫ਼ ਯੇ ਏਕਾ ਧਾਰ, ਨੁਕਤਾ ਨੂਨ ਨਾ ਕੋਇ ਬਣਾਇੰਦਾ । ਕਰੇ ਖੇਲ ਅਗੰਮ ਅਪਾਰ, ਤਿੰਨ ਪੰਜ ਜੋੜ ਜੁੜਾਇੰਦਾ । ਪੈਂਤੀ ਅੰਕ ਕਰ ਤਿਆਰ, ਅੰਕ ਅੰਕ ਨਾਲ ਪਰਗਟਾਇੰਦਾ । ਗੁਰ ਗੁਰ ਨਾਦ ਸ਼ਬਦ ਧੁੰਨਕਾਰ, ਗੁਰ ਗੁਰ ਆਪਣਾ ਰਾਗ ਅਲਾਇੰਦਾ । ਹੁਕਮੀ ਹੁਕਮ ਵਰਤੇ ਨਿਰੰਕਾਰ, ਸਤਿਗੁਰ ਆਪਣਾ ਹੁਕਮ ਸੁਣਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤੱਤ ਚੋਲਾ ਦੇਣਾ ਵਿਚ ਸੰਸਾਰ, ਸ਼ਬਦੀ ਗੁਰ ਗੁਰ ਸਮਝਾਇੰਦਾ । ਸਚ ਭੰਡਾਰਾ ਬਣ ਵਰਤਾਰ, ਮੇਰਾ ਨਾਉਂ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਬੂਝ ਬੁਝਾਇੰਦਾ । ਸਤਿਗੁਰ ਪੂਰਾ ਬੁਝਾਏ ਬੂਝ, ਭੇਵ ਅਭੇਦ ਖੁਲ੍ਹਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਜਾਣ ਝੂਝ, ਹਰਿ ਚਰਨ ਦੁਆਰੇ ਆਪਣਾ ਆਪ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸੁਣਾਈਆ । ਧੁਰ ਫ਼ਰਮਾਣਾ ਗੁਰ ਗੁਰ ਧਾਰ, ਸਤਿਗੁਰ ਸਾਚਾ ਆਪ ਜਣਾਇੰਦਾ । ਕਲਜੁਗ ਸਤਿਜੁਗ ਤ੍ਰੇਤਾ ਦੁਆਪਰ ਆਵੇ ਜਾਵੇ ਵਾਰੋ ਵਾਰ, ਜੁਗ ਜੁਗ ਵੇਸ ਵਟਾਇੰਦਾ । ਵੇਖੇ ਵਿਗਸੇ ਵੇਖਣਹਾਰ, ਸਚਖੰਡ ਨਿਵਾਸੀ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਸੇਵਾ ਆਪੇ ਲਾਇੰਦਾ । ਗੁਰ ਗੁਰ ਸੇਵਾ ਜਾਏ ਲੱਗ, ਸ਼ਬਦੀ ਆਪਣੀ ਸੇਵ ਕਮਾਈਆ । ਤੇਰਾ ਹੁਕਮ ਸਾਹਿਬ ਸਰਬੱਗ, ਸਿਰ ਆਪਣੇ ਲਏ ਟਿਕਾਈਆ । ਜਿਉਂ ਭਾਵੇ ਤਿਉਂ, ਲੈਣਾ ਰੱਖ, ਮੈਂ ਚਲਾਂ ਤੁਧ ਰਜ਼ਾਈਆ । ਜੁਗਾ ਜੁਗੰਤਰ ਮਾਰਗ ਦੱਸ, ਜੀਵਾਂ ਜੰਤਾਂ ਕਰਾਂ ਪੜ੍ਹਾਈਆ । ਸਾਚੇ ਭਗਤਾਂ ਅੰਤਰ ਵਸ, ਤੇਰਾ ਭੇਵ ਖੁਲ੍ਹਾਈਆ । ਸਾਚੇ ਸੰਤਾਂ ਮੇਲਾ ਹੱਸ ਹੱਸ, ਆਤਮ ਪਰਮਾਤਮ ਕਰ ਕੁੜਮਾਈਆ । ਗੁਰਮੁਖਾਂ ਮਾਰਗ ਏਕਾ ਦੱਸ, ਸਾਚਾ ਮੰਦਰ ਦਿਆਂ ਵਖਾਈਆ । ਗੁਰਸਿਖਾਂ ਪੂਰੀ ਕਰਾਂ ਆਸ, ਗੁਰ ਗੁਰ ਆਪਣਾ ਭੇਵ ਚੁਕਾਈਆ । ਜੁਗ ਜੁਗ ਵੇਖਾਂ ਖੇਲ ਤਮਾਸ਼, ਚੌਕੜੀ ਆਪਣਾ ਬੰਧਨ ਪਾਈਆ । ਅੰਤਮ ਕਰ ਕਰ ਵਿਨਾਸ, ਅਬਿਨਾਸ਼ੀ ਤੇਰੇ ਵਿਚ ਮਿਲਾਈਆ । ਦੋਏ ਜੋੜ ਕਰਾਂ ਅਰਦਾਸ, ਅੰਤ ਅਰਦਾਸਾ ਦਿਆਂ ਸੁਧਾਈਆ । ਤੂੰ ਸਾਹਿਬ ਵਸੇਂ ਮੇਰੇ ਪਾਸ, ਤੇਰਾ ਵਿਛੋੜਾ ਝੱਲਿਆ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਗੁਰ ਸ਼ਬਦੀ ਮੰਗ ਮੰਗਾਈਆ । ਗੁਰ ਸ਼ਬਦ ਮੰਗੇ ਇਕੋ ਮੰਗ, ਸਤਿਗੁਰ ਅੱਗੇ ਝੋਲੀ ਡਾਹਿੰਦਾ । ਤੇਰਾ ਮੇਰਾ ਮੇਲਾ ਡੋਰ ਪਤੰਗ, ਦੋ ਜਹਾਨਾਂ ਖੇਲ ਕਰਾਇੰਦਾ । ਮੈਂ ਸੁਣਾਵਾਂ ਤੇਰਾ ਛੰਦ, ਢੋਲਾ ਸੋਹਲਾ ਤੇਰਾ ਨਾਉਂ ਵਡਿਆਇੰਦਾ । ਜੁਗ ਚੌਕੜੀ ਮੁੱਕੇ ਪੰਧ, ਥਿਰ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਸਤਿਗੁਰ ਗੁਰ ਆਪਣੇ ਵਿਚ ਮਿਲਾਇੰਦਾ । ਸਤਿਗੁਰ ਪੂਰਾ ਹੋ ਮਿਹਰਵਾਨ, ਆਪਣੀ ਦਇਆ ਕਮਾਈਆ । ਗੁਰ ਸ਼ਬਦ ਰੱਖਣਾ ਇਕ ਧਿਆਨ, ਨੇਤਰ ਨੈਣ ਨੈਣ ਉਠਾਈਆ । ਜੁਗ ਚੌਕੜੀ ਰਹੇ ਨਾ ਵਿਚ ਜਹਾਨ, ਲੋਕਮਾਤ ਨਿਸ਼ਾਨ

੧੦੩੯ ੧੧

ਮਿਟਾਈਆ । ਗੁਰ ਅਵਤਾਰ ਪੀਰ ਪੈਗੰਬਰ ਨਿਰਗੁਣ ਸਰਗੁਣ ਸਾਰੇ ਗਾਣ, ਗਾ ਗਾ ਖ਼ੁਸ਼ੀ ਮਨਾਈਆ । ਏਥੇ ਓਥੇ ਦੋ ਜਹਾਨ ਮੰਨਣ ਆਣ, ਹੁਕਮੇ ਅੰਦਰ ਸੇਵ ਕਮਾਈਆ । ਅੰਤਮ ਕਲਜੁਗ ਸਾਰੇ ਕੱਠੇ ਹੋ ਕੇ ਮੰਗਣ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਚਾਰ ਜੁਗ ਦਾ ਵਿਗੜੇ ਅੰਤ ਵਿਧਾਨ, ਸਾਚੀ ਹਕੂਮਤ ਹਾਕਮ ਨਾ ਕੋਇ ਕਮਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਹੋਣ ਬੇਈਮਾਨ, ਸਚ ਸੁੱਚ ਨਾ ਕੋਇ ਰਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਪੜ੍ਹ ਥੱਕੇ ਜੀਵ ਜਹਾਨ, ਜੀਵਣ ਜੁਗਤ ਹੱਥ ਕਿਸੇ ਨਾ ਆਈਆ । ਉਚੀ ਕੂਕ ਕੂਕ ਕੁਰਲਾਏ ਅੰਜੀਲ ਕੁਰਾਨ, ਕਲਮਾ ਨਬੀ ਨਾ ਕੋਇ ਪੜ੍ਹਾਈਆ । ਸਤਿਨਾਮ ਨਾ ਕਰੇ ਕੋਈ ਪਰਵਾਨ, ਨਾਮ ਸਤਿ ਨਾ ਕੋਈ ਸਮਾਈਆ । ਪੰਚ ਵਿਕਾਰਾ ਮਗਰ ਸ਼ੈਤਾਨ, ਘਰ ਘਰ ਡੌਰੂ ਡੰਕਾ ਰਿਹਾ ਵਜਾਈਆ । ਗੁਰ ਪੀਰ ਅਵਤਾਰ ਦੂਰ ਦੁਰਾਡੇ ਵੇਖਣ ਮਾਰ ਧਿਆਨ, ਲੋਕਮਾਤ ਨਾ ਕੋਇ ਸਹਾਈਆ । ਸਾਰੇ ਕਹਿਣ ਪਰਗਟ ਹੋ ਸ੍ਰੀ ਭਗਵਾਨ, ਇਕੋ ਤੇਰੀ ਓਟ ਤਕਾਈਆ । ਤੁਧ ਬਿਨ ਤੇਰਾ ਝੁਲਾਏ ਨਾ ਕੋਇ ਸਚ ਨਿਸ਼ਾਨ, ਲੋਕਮਾਤ ਸਚਖੰਡ ਦੁਆਰਾ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਰਿਹਾ ਸਮਝਾਈਆ । ਗੁਰ ਸ਼ਬਦੀ ਸੁਣਨਾ ਲਾ ਕਰ ਕੰਨ, ਹਰਿ ਕਰਤਾ ਆਪ ਜਣਾਇੰਦਾ । ਆਦਿ ਬੇੜਾ ਦਿਤਾ ਬੰਨ੍ਹ, ਮਧ ਗੁਰ ਅਵਤਾਰ ਸੇਵ ਕਮਾਇੰਦਾ । ਅੰਤਮ ਠੀਕਰ ਦੇਵੇ ਭੰਨ, ਘੜਨ ਭੰਨਣਹਾਰ ਆਪ ਹੋ ਜਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਨਿਰਗੁਣ ਏਕਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਆਪ ਖੇਲ ਦੱਸੇ ਭਗਵੰਤ, ਗੁਰ ਸ਼ਬਦੀ ਸਚ ਜਣਾਇਆ । ਕਲਜੁਗ ਵੇਲਾ ਆਏ ਅੰਤ, ਨਿਰਗੁਣ ਨੂਰ ਕਰੇ ਰੁਸ਼ਨਾਇਆ ।
ਲੱਖ ਚੁਰਾਸੀ ਵੇਖੇ ਜੀਵ ਜੰਤ, ਨੌਂ ਖੰਡ ਪ੍ਰਿਥਮੀ ਫੇਰਾ ਪਾਇਆ । ਭੇਵ ਖੁਲ੍ਹਾਏ ਮੁੱਲਾ ਸ਼ੇਖ਼ ਪਾਂਧੇ ਪੰਡਤ, ਜਗਤ ਵਿਦਿਆ ਮਾਤ ਭੁਲਾਇਆ । ਲਹਿਣਾ ਦੇਣਾ ਚੁਕਾਏ ਜੇਰਜ ਅੰਡਤ, ਅੰਡਜ ਜੇਰਜ ਉਤਭੁਜ ਸੇਤਜ ਆਪਣੇ ਹੁਕਮ ਰਖਾਇਆ । ਕੂੜ ਕੁੜਿਆਰਾ ਕਰੇ ਖੰਡਤ, ਨਾਮ ਖੰਡਾ ਇਕ ਚਮਕਾਇਆ । ਕਿਸੇ ਦੁਆਰੇ ਨਾ ਜਾਏ ਮੰਗਤ, ਸਰਬ ਕਲਾ ਭਰਪੂਰ ਆਪ ਹੋ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਲੇਖਾ ਦਏ ਵਖਾਇਆ । ਅੰਤਮ ਲੇਖਾ ਲੋਕਮਾਤ, ਹਰਿ ਸਤਿਗੁਰ ਆਪ ਜਣਾਈਆ । ਸ਼ਬਦ ਗੁਰ ਤੇਰੀ ਪੁਛੇ ਵਾਤ, ਪੁਰਖ ਅਕਾਲ ਹੋਏ ਸਹਾਈਆ । ਕਲਜੁਗ ਵੇਖ ਅੰਧੇਰੀ ਰਾਤ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਗਤ ਅੰਧੇਰਾ ਦੇਵੇ ਕਾਟ, ਅਗਿਆਨ, ਅੰਧ ਦਏ ਮੁਕਾਈਆ । ਕਲਜੁਗ ਪੂਰੀ ਕਰੇ ਵਾਟ, ਸਤਿਜੁਗ ਸਾਚਾ ਰਾਹ ਚਲਾਈਆ । ਗੁਰ ਗੁਰ ਸ਼ਬਦੀ ਤੇਰੀ ਗਾਥ, ਸਤਿਗੁਰ ਪੂਰਾ ਆਪ ਪੜ੍ਹਾਈਆ । ਆਤਮ ਪਰਮਾਤਮ ਦੇਵੇ ਸਾਥ, ਬ੍ਰਹਮ ਪਾਰਬ੍ਰਹਮ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੇਲਾ ਲਏ ਮਿਲਾਈਆ । ਤੇਰਾ ਮੇਲਾ ਹਰਿ ਮਿਲੌਣਾ, ਸਤਿਗੁਰ ਸੱਚਾ ਸਚ ਜਣਾਇੰਦਾ । ਕਲਜੁਗ ਵੇਲਾ ਅੰਤਮ ਔਣਾ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਨਿਹਕਲੰਕ ਨਾਉਂ ਰਖਾਉਣਾ, ਸਾਚਾ ਡੰਕਾ ਨਾਮ ਵਜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਉਠੌਣਾ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਲੱਖ ਚੁਰਾਸੀ ਪੜਦਾ ਲਾਹੁਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਸਮਝਾਇੰਦਾ । ਕਲਜੁਗ ਅੰਤਮ ਸਤਿਗੁਰ ਧਾਰ, ਸੋ ਪੁਰਖ ਨਿਰੰਜਣ ਆਪਣੀ ਆਪ ਚਲਾਈਆ । ਹਰਿ ਪੁਰਖ ਨਿਰੰਜਣ ਹੋ ਤਿਆਰ, ਏਕੰਕਾਰਾ ਨਾਲ ਮਿਲਾਈਆ । ਆਦਿ ਨਿਰੰਜਣ ਕਰ ਪਸਾਰ,

ਜੋਤੀ ਜਾਤਾ ਘਰ ਘਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਇਕ ਵਖਾਏ ਠਾਂਡਾ ਦਰਬਾਰ, ਲੋਕਮਾਤ ਵੱਜੇ ਵਧਾਈਆ । ਸਤਿਜੁਗ ਝੁਲਾਏ ਸਚ ਨਿਸ਼ਾਨ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਇਕ ਨਿਸ਼ਾਨ ਉਠਾਈਆ । ਪਾਰਬ੍ਰਹਮ ਬ੍ਰਹਮ ਖੇਲ ਆਦਿ ਜੁਗਾਦਿ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਜਣਾਈਆ । ਆਪਣਾ ਭੇਵ ਸਤਿਗੁਰ ਖੋਲ੍ਹੇ, ਆਪਣਾ ਪੜਦਾ ਆਪ ਉਠਾਈਆ । ਸਚਖੰਡ ਨਿਵਾਸੀ ਸਾਚਾ ਨਾਉਂ ਇਕੋ ਬੋਲੇ, ਬਿਨ ਰਸਨਾ ਜਿਹਵਾ ਗਾਈਆ । ਦੋ ਜਹਾਨ ਸ੍ਰੀ ਭਗਵਾਨ ਬ੍ਰਹਿਮੰਡ ਖੰਡ ਆਪੇ ਤੋਲੇ, ਤੋਲਣਹਾਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਵੇਸ ਵਟਾਈਆ । ਸਤਿਗੁਰ ਆਪਣਾ ਵੇਸ ਵਟੌਣਾ, ਹਰਿ ਸਤਿਗੁਰ ਆਪ ਵਟਾਇੰਦਾ । ਕਲ ਕਲਕੀ ਆਪ ਅਖਵੌਣਾ, ਗੋਬਿੰਦ ਮੇਲਾ ਮੇਲ ਮਿਲਾਇੰਦਾ । ਸਾਚਾ ਮੰਦਰ ਆਪ ਸੁਹੌਣਾ, ਸੰਬਲ ਆਪਣਾ ਡੇਰਾ ਲਾਇੰਦਾ । ਗੁਰ ਸ਼ਬਦੀ ਖੰਡਾ ਇਕ ਚਮਕੌਣਾ, ਬ੍ਰਹਿਮੰਡਾਂ ਆਪ ਵਖਾਇੰਦਾ । ਤਿੱਖੀਆਂ ਦੋਵੇਂ ਧਾਰ ਕਰੌਣਾ, ਲੁਹਾਰ ਤਰਖਾਣ ਨਾ ਕੋਇ ਘੜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕੌਣਾ, ਨਿਉਂ ਨਿਉਂ ਸੱਜਦਾ ਸਰਬ ਕਰਾਇੰਦਾ । ਗੁਰ ਪੀਰ ਅਵਤਾਰ ਪੈਗੰਬਰ ਨੇਤਰ ਨੈਣ ਨਾ ਕਿਸੇ ਉਠੌਣਾ, ਚਰਨ ਧਿਆਨ ਸਰਬ ਲਗਾਇੰਦਾ । ਪਿਛਲਾ ਕੀਤਾ ਆਪ ਉਲਟੌਣਾ, ਅਗਲਾ ਮਾਰਗ ਆਪੇ ਲਾਇੰਦਾ । ਸਤਿਜੁਗ ਸਾਚਾ ਰਾਹ ਚਲੌਣਾ, ਕਲਜੁਗ ਕੂੜਾ ਖਾਤੇ ਪਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰਾ ਆਪ ਅਖਵੌਣਾ, ਪੁਰਖ ਅਕਾਲ ਰੂਪ ਵਟਾਇੰਦਾ । ਦੋ ਜਹਾਨਾਂ ਨਾਮ ਇਕ ਜਪਾਉਣਾ, ਇਸ਼ਟ ਦੇਵ ਇਕ ਵਖਾਇੰਦਾ । ਸਾਚਾ ਮੰਦਰ ਇਕ ਬਣੌਣਾ, ਨੌਂ ਖੰਡ ਪ੍ਰਿਥਮੀ ਆਪ ਵਡਿਆਇੰਦਾ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਘਰ ਬਹੌਣਾ, ਜਾਤ ਪਾਤ ਨਾ ਕੋਇ ਰਖਾਇੰਦਾ । ਵਰਨ ਬਰਨ ਡੇਰਾ ਢਾਹੁਣਾ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਮਾਣ ਦਵਾਇੰਦਾ । ਸਾਚਾ ਛੰਦ ਇਕ ਸੁਣੌਣਾ, ਖ਼ੁਸ਼ੀ ਬੰਦ ਬੰਦ ਕਰੌਣਾ, ਬੰਦੀਖਾਨਾ ਤੋੜ ਤੋੜਾਇੰਦਾ । ਗੁਰਮੁਖ ਸਾਚਾ ਚੰਦ ਚੜ੍ਹੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਆਪਣੀ ਦਇਆ ਆਪ ਕਰਾਇੰਦਾ । ਸਤਿਗੁਰ ਸਾਚਾ ਸਰਬ ਕਲਾ ਭਰਪੂਰ, ਪੁਰਖ ਅਕਾਲ ਇਕ ਅਖਵਾਈਆ । ਭਗਤ ਭਗਵੰਤ ਉਪਜਾਏ ਆਪਣਾ ਨੂਰ, ਨੂਰ ਨੂਰ ਵਿਚੋਂ ਪਰਗਟਾਈਆ । ਸਾਚੇ ਸੰਤ ਆਪਣਾ ਭੇਵ ਦੱਸੇ ਜ਼ਰੂਰ, ਦੂਈ ਦਵੈਤੀ ਪੜਦਾ ਦਏ ਉਠਾਈਆ । ਗੁਰਮੁਖਾਂ ਵਸੇ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਗੁਰਸਿਖਾਂ ਜਨਮ ਜਨਮ ਦੇ ਬਖ਼ਸ਼ੇ ਸਰਬ ਕਸੂਰ, ਜਿਸ ਜਨ ਆਪਣਾ ਦਰਸ ਕਰਾਈਆ । ਲੱਖ ਚੁਰਾਸੀ ਤ੍ਰੈਗੁਣ ਮਾਇਆ ਤਪੇ ਇਕ ਤੰਦੂਰ, ਅਗਨੀ ਤੱਤੀ ਆਪੇ ਲਾਈਆ । ਲੇਖਾ ਵਾਚੇ ਆਪ ਹਜ਼ੂਰ, ਸਾਚੇ ਤਖ਼ਤ ਬੈਠਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਹੋ ਪਰਤੱਖ, ਆਪਣਾ ਹੁਕਮ ਆਪ ਵਰਤਾਈਆ । ਸਤਿਗੁਰ ਪੂਰਾ ਹੋ ਪਰਤੱਖ, ਆਪਣਾ ਖੇਲ ਕਰਾਇੰਦਾ । ਸੰਤ ਸੁਹੇਲੇ ਲਏ ਰੱਖ, ਭਗਤ ਦੁਆਰੇ ਆਪ ਬਹਾਇੰਦਾ । ਸ਼ਬਦ ਅਗੰਮੀ ਅੰਤਰ ਆਤਮ ਪਾਏ ਨੱਥ, ਡੋਰੀ ਤੰਦ ਆਪ ਖਿਚਾਇੰਦਾ । ਕਰੇ ਵਾਸਾ ਮੰਦਰ ਸਾਢੇ ਤਿੰਨ ਹੱਥ, ਲਹਿਣਾ ਹੱਥੋ ਹੱਥ ਮੁਕਾਇੰਦਾ । ਬੋਧ ਅਗਾਧਾ ਨਾਉਂ ਦੱਸ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਨੂਰ ਨੁਰਾਨਾ ਕਰ ਪਰਕਾਸ਼, ਅੰਧ ਅੰਧੇਰ ਗਵਾਇੰਦਾ । ਗੁਰਮੁਖ ਸੱਜਣ ਪੂਰੀ ਆਸ, ਆਸਾਵੰਤ ਆਪ ਕਰਾਇੰਦਾ । ਸਤਿਗੁਰ ਪੂਰਾ ਵਸੇ ਪਾਸ, ਜਗਤ ਵਿਛੋੜਾ ਮਾਤ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੧੦੪੧
੧੧

ਕਿਰਪਾ ਕਰ, ਸਤਿਗੁਰ ਆਪਣਾ ਭੇਵ ਚੁਕਾਇੰਦਾ । ਸਤਿਗੁਰ ਭੇਵ ਦੇਵੇ ਚੁੱਕ, ਲੋਕਮਾਤ ਰਹਿਣ ਨਾ ਪਾਈਆ । ਸਿੰਘ ਰੂਪ ਪਏ ਬੁੱਕ, ਸ਼ੇਰ ਆਪਣੀ ਭਬਕ ਲਗਾਈਆ । ਪੁਰਖ ਅਕਾਲ ਦੀਨ ਦਿਆਲ ਸੂਰਬੀਰ ਪਏ ਉਠ, ਬਲ ਆਪਣਾ ਆਪ ਧਰਾਈਆ । ਜਨ ਭਗਤਾਂ ਉਪਰ ਪਏ ਤੁਠ, ਦੀਨ ਦਿਆਲ ਹੋਏ ਸਹਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਸਤਿ ਸਰੂਰ ਇਕ ਵਖਾਈਆ । ਆਵਣ ਜਾਵਣ ਜਾਏ ਮੁੱਕ, ਲੱਖ ਚੁਰਾਸੀ ਪੰਧ ਮੁਕਾਈਆ । ਲੋਕਮਾਤ ਚੋਂ ਬੂਟਾ ਪੁੱਟ, ਸਚਖੰਡ ਦੁਆਰ ਲਗਾਈਆ । ਕਬੀਰ ਜੁਲਾਹਾ ਅੱਗੇ ਰਿਹਾ ਪੁੱਛ, ਪ੍ਰਭ ਤੇਰੀ ਵਡ ਵਡਿਆਈਆ । ਸਾਨੂੰ ਆਪਣਾ ਨਾਉਂ ਦੱਸਦਾ ਰਿਹੋਂ ਕੁਛ, ਤੇਰਾ ਭੇਤ ਕੋਇ ਨਾ ਆਈਆ । ਦਰਸ਼ਨ ਦੇਂਦਾ ਰਿਹੋਂ ਲੁਕ ਲੁਕ, ਲੋਕ ਲੱਜਿਆ ਰੱਖੀ ਇਕ ਸ਼ਰਮਾਈਆ । ਕਲਜੁਗ ਅੰਤਮ ਆਪਣਾ ਖੇਲ ਕਰੇ ਅਤੁਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਪੂਰਾ ਸਿਫ਼ਤ ਸਲਾਹੀਆ । ਸਤਿਗੁਰ ਪੂਰਾ ਸਿਫ਼ਤ ਸਲਾਹ, ਸਿਫ਼ਤ ਵਿਚ ਕਦੇ ਨਾ ਆਇੰਦਾ । ਨਾ ਕੋਈ ਗ੍ਰਿਫ਼ਤ ਕਰ ਸਕੇ ਖ਼ੁਦਾ, ਬੰਧਨ ਮਾਤ ਕੋਇ ਨਾ ਪਾਇੰਦਾ । ਜਨ ਭਗਤਾਂ ਮਾਰਗ ਦਏ ਵਖਾ, ਸਾਚਾ ਰਾਹ ਆਪ ਚਲਾਇੰਦਾ । ਕਲਜੁਗ ਅੰਤਮ ਵੇਸ ਵਟਾ, ਨਿਹਕਲੰਕਾ ਨਾਉਂ ਰਖਾਇੰਦਾ । ਚਾਰ ਵਰਨ ਅਠਾਰਾਂ ਬਰਨ ਦਏ ਪੜ੍ਹਾ, ਸੋਹੰ ਢੋਲਾ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਗੁਰ ਗੁਰ ਰੰਗ ਰੰਗਾਇੰਦਾ । ਸਤਿਗੁਰ ਰੂਪ ਏਕਾ ਸੋ, ਸੋ ਪੁਰਖ ਨਿਰੰਜਣ ਵਡ ਵਡਿਆਈਆ । ਗੁਰ ਗੁਰ ਰੂਪ ਹੰ ਬ੍ਰਹਮ ਬੀਜ ਬੋ, ਲੱਖ ਚੁਰਾਸੀ ਫੁਲਵਾੜੀ ਮਾਤ ਲਗਾਈਆ । ਦੋਹਾਂ ਵਿਚੋਲਾ ਆਪੇ ਹੋ, ਨਿਰਗੁਣ ਸਰਗੁਣ ਖੇਲ ਕਰਾਈਆ । ਅੰਤਮ ਕਲਜੁਗ ਧੁਰਦਰਗਾਹੀ ਢੋਆ ਦੇਵੇ ਢੋ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਆਪਣਾ ਨਾਉਂ ਆਪ ਸਮਝਾਈਆ । ਸਤਿਗੁਰ ਨਾਉਂ ਸਦਾ ਸਤਿ, ਸਤਿ ਸਤਿ ਵਿਚ ਸਮਾਇੰਦਾ । ਸਤਿਗੁਰ ਨਾਉਂ ਇਕ ਮਤ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਸਤਿਗੁਰ ਨਾਉਂ ਸਦਾ ਸਮਰਥ, ਮਹਿਮਾ ਅਕੱਥ ਕਥ ਜਣਾਇੰਦਾ । ਸਤਿਗੁਰ ਨਾਉਂ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਸਤਿਗੁਰ ਨਾਉਂ ਹਰ ਘਟ ਜਾਏ ਵਸ, ਘਟ ਘਟ ਆਪਣਾ ਆਸਣ ਲਾਇੰਦਾ । ਸਤਿਗੁਰ ਨਾਉਂ ਮਨਮੁਖਾਂ ਕੋਲੋਂ ਜਾਏ ਨੱਸ, ਦਿਸ ਕਿਸੇ ਨਾ ਆਇੰਦਾ । ਸਤਿਗੁਰ ਨਾਉਂ ਪ੍ਰੇਮ ਪਿਆਰ ਅੰਦਰ ਜਾਏ ਫਸ, ਫਸਿਆ ਬਾਹਰ ਨਾ ਕੋਇ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਗੁਰ ਸਾਚਾ ਨਾਉਂ ਇਕ ਪਰਗਟਾਇੰਦਾ । ਅੰਤਮ ਨਾਉਂ ਸਤਿਗੁਰ ਮੀਤ, ਏਕਾ ਏਕ ਜਣਾਈਆ । ਨਾਤਾ ਤੋੜ ਮੰਦਰ ਮਸੀਤ, ਕਾਇਆ ਬੰਕ ਦੁਆਰ ਇਕ ਵਖਾਈਆ । ਸਤਿਗੁਰ ਬੈਠਾ ਵਿਚ ਅਤੀਤ, ਸਚ ਸਿੰਘਾਸਣ ਸੋਭਾ ਪਾਈਆ । ਸਤਿਜੁਗ ਚਲਾਏ ਸਾਚੀ ਰੀਤ, ਸਤਿ ਪੁਰਖ ਨਿਰੰਜਣ ਬੇਪਰਵਾਹੀਆ । ਨੌਂ ਖੰਡ ਪ੍ਰਿਥਮੀ ਜੀਵ ਜੰਤ ਚਾਰ ਖਾਣੀ ਚਾਰ ਬਾਣੀ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਸੋਹੰ ਗਾਏ ਗੀਤ, ਗੀਤ ਸੁਹਾਗੀ ਇਕ ਸੁਣਾਈਆ । ਆਤਮ ਪਰਮਾਤਮ ਹੋਏ ਪ੍ਰੀਤ, ਪ੍ਰੀਤੀਵਾਨ ਸਚ ਪ੍ਰੀਤ ਲਗਾਈਆ । ਗੁਰਮੁਖਾਂ ਕਾਇਆ ਠਾਂਡੀ ਸੀਤ, ਠਾਂਡੇ ਦਰਬਾਰ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਸਾਚਾ ਰਾਹ ਚਲਾਈਆ । ਸਤਿਗੁਰ ਪੂਰਾ ਠਾਕਰ ਸੁਆਮੀ, ਠੋਕਰ ਨਾਮ ਲਗਾਇੰਦਾ । ਆਦਿ ਅੰਤ ਸਦਾ ਨਿਹਕਾਮੀ, ਨਿਹਕਰਮੀ ਆਪਣਾ ਕਰਮ ਕਮਾਇੰਦਾ । ਜੁਗਾ ਜੁਗੰਤਰ ਅੰਤਰਜਾਮੀ, ਆਪਣਾ ਭੇਵ ਨਾ ਕਿਸੇ

੧੦੪੨ ੧੧

ਜਣਾਇੰਦਾ । ਬੋਧ ਅਗਾਧ ਨਿਸ਼ਅੱਖਰ ਆਪੇ ਪੜ੍ਹੇ ਬਾਣੀ, ਸਾਚੀ ਬਾਣੀ ਆਪ ਸੁਣਾਇੰਦਾ । ਆਪੇ ਹੋਏ ਅਕਥ ਕਹਾਣੀ, ਗੀਤ ਗੋਬਿੰਦ ਆਪ ਅਲਾਇੰਦਾ । ਕਰੇ ਖੇਲ ਆਪ ਸੁਲਤਾਨੀ, ਸ਼ਹਿਨਸ਼ਾਹ ਆਪਣੇ ਹੁਕਮ ਵਰਤਾਇੰਦਾ । ਸਤਿਗੁਰ ਪੂਰਾ ਕਰੇ ਮਿਹਰਵਾਨੀ, ਜਾਤ ਪਾਤ ਪੰਧ ਮੁਕਾਇੰਦਾ । ਸਤਿਜੁਗ ਦੇਵੇ ਸਚ ਨਿਸ਼ਾਨੀ, ਸਾਚਾ ਮਾਰਗ ਏਕਾ ਲਾਇੰਦਾ । ਚਾਰ ਵਰਨਾਂ ਬਣੇ ਆਪ ਬਾਨੀ, ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤ ਜੀਵ ਰਹੇ ਨਾ ਕੋਇ ਅਭਿਮਾਨੀ, ਹੰਗਤਾ ਗੜ੍ਹ ਸਰਬ ਤੁੜਾਇੰਦਾ । ਦੀਨ ਮਜ਼੍ਹਬ ਸ਼ਰਅ ਨਾ ਰਹੇ ਸ਼ੈਤਾਨੀ, ਲਾਸ਼ਰੀਕ ਖੇਲ ਕਰਾਇੰਦਾ । ਤੀਰ ਨਿਸ਼ਾਨਾ ਮਾਰੇ ਇਕੋ ਕਾਨੀ, ਤੁਫੰਗ ਮਰਦੰਗ ਇਕ ਵਜਾਇੰਦਾ । ਸ੍ਰਿਸ਼ਟ ਸਬਾਈ ਦਿਸੇ ਫਾਨੀ, ਲਾਸਾਨੀ ਆਪਣੇ ਜੇਹਾ ਹੋਰ ਨਾ ਕੋਇ ਬਣਾਇੰਦਾ । ਸਤਿਗੁਰ ਪੂਰਾ ਸਤਿਜੁਗ ਸਾਚੇ ਦੇਵੇ ਇਕ ਨਿਸ਼ਾਨੀ, ਗੁਰਮੁਖ ਸਾਚੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਪੂਰਾ ਇਕ ਅਖਵਾਇੰਦਾ ।

### ★ ੧੮ ਚੇਤ ੨੦੧੯ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹ ਝਬਾਲ ਜ਼ਿਲਾ ਅੰਮ੍ਰਿਤਸਰ ★

ਕਿਰਪਾ ਕਰੇ ਪੁਰਖ ਸਮਰਥ, ਹਰਿ ਸਤਿਗੁਰ ਦਇਆ ਕਮਾਇੰਦਾ । ਧੁਰਦਰਗਾਹੀ ਸਾਚੀ ਵਥ, ਸਤਿ ਸਤਿਵਾਦੀ ਆਪ ਵਰਤਾਇੰਦਾ । ਜੁਗ ਜੁਗ ਖੇਲ ਅਲੱਖਣਾ ਅਲੱਖ, ਅਲਖ ਅਗੋਚਰ ਆਪ ਕਰਾਇੰਦਾ । ਕਲਜੁਗ ਅੰਤਮ ਹੋ ਪਰਗਟ, ਨਿਰਗੁਣ ਆਪਣਾ ਰੂਪ ਵਟਾਇੰਦਾ ।



ਸਤਿ ਸਤਿਵਾਦੀ ਮਾਰਗ ਦੇਵੇ ਦੱਸ, ਸਾਚਾ ਰਾਹ ਆਪ ਚਲਾਇੰਦਾ । ਚਾਰ ਵਰਨਾਂ ਮੇਲ ਮਿਲਾਏ ਹੱਸ ਹੱਸ, ਸ਼ੱਤਰੀ ਬ੍ਰਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਇੰਦਾ । ਜਨ ਭਗਤਾਂ ਪੂਰੀ ਕਰੇ ਆਸ, ਆਤਮ ਪਰਮਾਤਮ ਰੰਗ ਰੰਗਾਇੰਦਾ । ਗ੍ਰਿਹ ਮੰਦਰ ਕਾਇਆ ਅੰਦਰ ਕਰ ਜੋਤ ਪਰਕਾਸ਼, ਅੰਧ ਅੰਧੇਰ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਸਮਰਥ ਪੁਰਖ ਇਕ ਦਾਤਾਰ, ਦਾਤਾ ਦਾਨੀ ਹਰਿ ਅਖਵਾਈਆ । ਜੁਗਾ ਜੁਗੰਤਰ ਲੈ ਅਵਤਾਰ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਜੀਵ ਜੰਤ ਜੰਤ ਸਮਝਾਈਆ । ਲੇਖਾ ਲਿਖ ਅਗੰਮ ਅਪਾਰ, ਸਾਚੀ ਸਿਖਿਆ ਸਿਖ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਜੁਗ ਜੁਗ ਲਹਿਣਾ ਦੇਣਾ ਕਰਜ਼ ਉਤਾਰ, ਕਲਜੁਗ ਵੇਖੇ ਚਾਈਂ ਚਾਈਂਆ । ਸਚਖੰਡ ਨਿਵਾਸੀ ਹੋ ਤਿਆਰ, ਪੁਰਖ ਅਬਿਨਾਸ਼ੀ ਫੇਰਾ ਪਾਈਆ । ਸੋ ਪੁਰਖ ਨਿਰੰਜਣ ਵਸਣਹਾਰਾ ਠਾਂਡੇ ਦਰਬਾਰ, ਹਰਿ ਪੁਰਖ ਨਿਰੰਜਣ ਆਪਣਾ ਪੜਦਾ ਆਪੇ ਲਾਹੀਆ । ਏਕੰਕਾਰਾ ਕਰ ਪਸਾਰ, ਨਿਰਗੁਣ ਵੇਖੇ ਚਾਈਂ ਚਾਈਂਆ । ਆਦਿ ਨਿਰੰਜਣ ਜੋਤ ਅਧਾਰ, ਜੋਤੀ ਜਾਤਾ ਡਗਮਗਾਈਆ । ਅਬਿਨਾਸ਼ੀ ਕਰਤਾ ਖੇਲ ਕਰੇ ਅਪਾਰ, ਅਜੂਨੀ ਰਹਿਤ ਰੂਪ ਰੰਗ ਰੇਖ ਨਾ ਕੋਇ ਵਖਾਈਆ । ਪਾਰਬ੍ਰਹਮ ਪ੍ਰਭ ਹੋਇਆ ਖ਼ਬਰਦਾਰ, ਆਪਣਾ ਹੁਕਮ ਆਪ ਵਰਤਾਈਆ । ਲੱਖ ਚੁਰਾਸੀ ਕਰੇ ਬੇਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪੁਰਖ ਅਕਾਲ ਇਕ ਅਖਵਾਈਆ । ਜੁਗਾ ਜੁਗੰਤਰ ਪਾਵੇ ਸਾਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਕਲਜੁਗ ਅੰਤਮ ਹੋ ਤਿਆਰ, ਤ੍ਰੈਗੁਣ ਅਤੀਤਾ ਆਪਣਾ ਭੇਖ ਵਟਾਈਆ । ਨਾਉਂ ਰੱਖ ਨਿਹਕਲੰਕ ਨਰਾਇਣ ਨਰ ਅਵਤਾਰ, ਨਿਰਗੁਣ ਆਪਣੀ ਖੇਲ ਖਿਲਾਈਆ ।

ਮਾਤ ਪਿਤ ਨਾ ਕੋਇ ਸੰਸਾਰ, ਜਨਨੀ ਜਨ ਨਾ ਕੋਇ ਅਖਵਾਈਆ । ਸ਼ਬਦ ਅਗੰਮੀ ਸਾਚੀ ਧਾਰ, ਧੁਰ ਦਰਬਾਰੀ ਆਪ ਪਰਗਟਾਈਆ । ਮਹੱਲ ਅਟੱਲ ਅਟੱਲ ਮੁਨਾਰ, ਸਾਢੇ ਤਿੰਨ ਹੱਥ ਬੰਕ ਦਏ ਵਡਿਆਈਆ । ਗੋਬਿੰਦ ਲੇਖਾ ਅਪਰ ਅਪਾਰ, ਅਪਰੰਪਰ ਆਪੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਦਿ ਜੁਗਾਦਿ ਜੁਗਾ ਜਗੰਤਰ ਆਪਣਾ ਮਾਰਗ ਆਪੇ ਲਾਈਆ । ਜੁਗਾ ਜੁਗੰਤਰ ਸੱਚਾ ਰਾਹ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਬਣ ਮਲਾਹ, ਨਿਰਗੁਣ ਸਰਗੁਣ ਸੇਵ ਕਮਾਇੰਦਾ । ਏਕੰਕਾਰਾ ਆਪਣਾ ਭੇਵ ਦਏ ਖੁਲ੍ਹਾ, ਭੇਵ ਅਭੇਦਾ ਆਪ ਜਣਾਇੰਦਾ । ਆਦਿ ਨਿਰੰਜਣ ਅੰਧ ਅੰਧੇਰਾ ਦਏ ਗਵਾ, ਸਾਚਾ ਨੂਰ ਇਕ ਚਮਕਾਇੰਦਾ । ਅਬਿਨਾਸ਼ੀ ਕਰਤਾ ਸਾਚਾ ਨਾਉਂ ਦਏ ਸਮਝਾ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨਾ ਦਏ ਝੁਲਾ, ਦੋ ਜਹਾਨਾਂ ਇਕ ਵਖਾਇੰਦਾ । ਪਾਰਬ੍ਰਹਮ ਖੇਲ ਕਰੇ ਬੇਪਰਵਾਹ, ਬੇਅੰਤ ਆਪਣੀ ਕਲ ਆਪ ਵਰਤਾਇੰਦਾ । ਸਚਖੰਡ ਦੁਆਰੇ ਸੋਭਾ ਪਾ, ਸਾਚੇ ਤਖ਼ਤ ਆਸਣ ਲਾਇੰਦਾ । ਸ਼ਾਹੋ ਭੂਪ ਬਣ ਹੁਕਮੀ ਦਏ ਸੁਣਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਆਪ ਕਰਾਇੰਦਾ । ਸਾਚੀ ਕਾਰ ਹਰਿ ਨਿਰੰਕਾਰ, ਆਦਿ ਜੁਗਾਦਿ ਆਪ ਕਰਾਈਆ । ਸ਼ਬਦ ਗੁਰ ਗੁਰੂ ਕਰ ਤਿਆਰ, ਗੁਰ ਗੁਰ ਆਪਣਾ ਨਾਉਂ ਵਟਾਈਆ । ਸਚ ਸੰਦੇਸਾ ਏਕਾ ਵਾਰ, ਸਚਖੰਡ ਨਿਵਾਸੀ ਆਪ ਸੁਣਾਈਆ । ਪੁਰਖ ਅਬਿਨਾਸ਼ੀ ਵਸਣਹਾਰਾ ਠਾਂਡੇ ਦਰਬਾਰ, ਮਹੱਲ ਅਟੱਲ ਬੈਠਾ ਆਸਣ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਅਧਾਰ, ਤ੍ਰੈਗੁਣ ਆਪਣਾ ਬੰਧਨ ਪਾਈਆ । ਪੰਜ ਤੱਤ ਕਾਇਆ ਵੇਖ ਅਖਾੜ, ਘਰ ਘਰ ਆਪਣਾ ਭੇਵ ਚੁਕਾਈਆ । ਕਰ ਪਰਕਾਸ਼ ਬਹੱਤਰ ਨਾੜ, ਨਾੜੀ ਨਾੜ ਕਰੇ ਰੁਸ਼ਨਾਈਆ । ਘਰ ਵਿਚ ਘਰ ਕਰ ਤਿਆਰ, ਬੈਠਾ ਬੰਕ ਸੁਹਾਈਆ । ਨਿਰਗੁਣ ਸਰਗੁਣ ਦਏ ਅਧਾਰ, ਆਪਣੀ ਬੂਝ ਬੁਝਾਈਆ । ਅਨਹਦ ਸ਼ਬਦ ਨਾਦ ਸੱਚੀ ਧੁੰਨਕਾਰ, ਬਿਨ ਤੰਦੀ ਤੰਦ ਵਜਾਈਆ । ਅੰਮ੍ਰਿਤ ਆਤਮ ਠੰਡਾ ਠਾਰ, ਨਿਝਰ ਝਿਰਨਾ ਆਪ ਝਿਰਾਈਆ । ਜੋਤ ਨਿਰੰਜਣ ਕਰ ਉਜਿਆਰ, ਬਿਨ ਤੇਲ ਬਾਤੀ ਦੀਪਕ ਕਰੇ ਰੁਸ਼ਨਾਈਆ । ਆਤਮ ਸੇਜਾ ਹੋ ਉਜਿਆਰ, ਬ੍ਰਹਮ ਪਾਰਬ੍ਰਹਮ ਉਠਾਈਆ । ਆਤਮ ਪਰਮਾਤਮ ਖੇਲ ਅਪਾਰ, ਘਰ ਸਾਚੇ ਵੱਜੇ ਵਧਾਈਆ । ਸਾਚੀ ਸਖ਼ੀਆਂ ਮੰਗਲਚਾਰ, ਪੰਚਮ ਮੇਲਾ ਸਹਿਜ ਸੁਭਾਈਆ । ਜੁਗਾ ਜੁਗੰਤਰ ਸਾਚੀ ਕਾਰ, ਕਰਤਾ ਪੁਰਖ ਆਪ ਕਰਾਈਆ । ਨਿਰਗੁਣ ਸਰਗੁਣ ਲੇਖਾ ਵਿਚ ਸੰਸਾਰ, ਹਰਿ ਜੂ ਆਪਣਾ ਆਪ ਉਪਾਈਆ । ਨਾਉਂ ਰੱਖ ਗੁਰ ਅਵਤਾਰ, ਲੱਖ ਚੁਰਾਸੀ ਜੀਵ ਜੰਤ ਸੇਵ ਕਮਾਈਆ । ਧੁਰ ਫ਼ਰਮਾਣਾ ਬੋਲ ਜੈਕਾਰ, ਹਰਿ ਕਾ ਨਾਉਂ ਕਰੇ ਪੜ੍ਹਾਈਆ । ਸ੍ਰਿਸ਼ਟ ਸਬਾਈ ਇਕ ਅਧਾਰ, ਏਕਾ ਇਸ਼ਟ ਵਖਾਈਆ । ਏਕਾ ਸਾਹਿਬ ਸੱਚਾ ਸੁਲਤਾਨ, ਸਾਚੇ ਤਖ਼ਤ ਬੈਠਾ ਆਸਣ ਲਾਈਆ । ਏਕਾ ਹੋਏ ਹੁਕਮਰਾਨ, ਆਦਿ ਜੁਗਾਦਿ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਤੇਰੀ ਮੰਨਣ ਆਣ, ਹੁਕਮੇ ਚਲਣ ਸਰਬ ਰਜ਼ਾਈਆ । ਸ਼ਬਦੀ ਗੁਰੂ ਗੁਰ ਬਲਵਾਨ, ਨਾ ਮਰੇ ਨਾ ਜਾਈਆ । ਨਿਰਗੁਣ ਸਰਗੁਣ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਈਆ । ਸੁਰਤੀ ਸ਼ਬਦੀ ਖੇਲ ਗੋਪੀ ਕਾਹਨ, ਨਾਮ ਬੰਸਰੀ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਪੁਰਖ ਆਪਣੇ ਹੱਥ ਰੱਖੇ ਵਡਿਆਈਆ । ਸਮਰਥ ਪੁਰਖ ਏਕੰਕਾਰ, ਅਕਲ ਕਲਾ ਅਖਵਾਇੰਦਾ । ਵਸਣਹਾਰਾ ਸਚਖੰਡ

੧੦੪੪
੧੧

ਦੁਆਰ, ਥਿਰ ਘਰ ਆਪਣਾ ਰੂਪ ਵਟਾਇੰਦਾ । ਸ਼ਬਦ ਅਗੰਮੀ ਕਰ ਤਿਆਰ, ਪੂਤ ਸਪੂਤਾ ਸੇਵਾ ਲਾਇੰਦਾ । ਬ੍ਰਹਿਮੰਡ ਖੰਡ ਗਗਨ ਪਾਤਾਲ, ਲੋਆਂ ਪੁਰੀਆਂ ਕਰ ਪਸਾਰ, ਰਵ ਸਸ ਸੂਰਜ ਚੰਦ ਮੰਡਲ ਮੰਡਲ ਆਪਣਾ ਨੂਰ ਧਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਅਧਾਰ, ਕਰੇ ਖੇਲ ਅਗੰਮ ਅਪਾਰ, ਸਾਚੀ ਸੇਵਾ ਏਕਾ ਵਾਰ, ਨਿਰਗੁਣ ਆਪ ਸਮਝਾਇੰਦਾ । ਲੱਖ ਚੁਰਾਸੀ ਘਾੜਨ ਘੜ ਬਣ ਠਠਿਆਰ, ਆਪੇ ਵੇਖੇ ਵੇਖਣਹਾਰ, ਮਹੱਲ ਅਟੱਲ ਆਪਣਾ ਆਪ ਛੁਹਾਇੰਦਾ । ਧੁਰ ਫ਼ਰਮਾਣਾ ਧੁਰ ਦੀ ਧਾਰ, ਸ਼ਬਦ ਅਨਾਦ ਸੱਚੀ ਧੁੰਨਕਾਰ, ਅਨਹਦ ਰਾਗੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਨਾਉਂ ਆਪ ਪਰਗਟਾਇੰਦਾ । ਆਪਣਾ ਨਾਉਂ ਆਪੇ ਰੱਖ, ਨਰ ਨਿਰੰਕਾਰ ਖ਼ੁਸ਼ੀ ਮਨਾਈਆ । ਸਰਗੁਣ ਰੂਪ ਹੋ ਪਰਤੱਖ, ਆਪਣਾ ਪੜਦਾ ਦਏ ਉਠਾਈਆ । ਲੱਖ ਚੁਰਾਸੀ ਨਾਲੋਂ ਵਸਣਹਾਰਾ ਵੱਖ, ਲੱਖ ਚੁਰਾਸੀ ਅੰਦਰ ਆਪਣਾ ਆਪ ਦਏ ਛੁਪਾਈਆ । ਸਤਿਗੁਰ ਮਾਰਗ ਆਪੇ ਦੱਸ, ਗੁਰ ਗੁਰ ਕਰੇ ਪੜ੍ਹਾਈਆ । ਘਟ ਘਟ ਅੰਦਰ ਕਰ ਪਰਕਾਸ਼, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨੌਂ ਖੰਡ ਪ੍ਰਿਥਮੀ ਖੇਲ ਤਮਾਸ਼, ਨੌਂ ਦਰ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਪੁਰਖ ਆਪਣੀ ਖੇਲ ਕਰਾਈਆ । ਸਮਰਥ ਪੁਰਖ ਕਰਨੇਯੋਗ, ਕਰਤਾ ਪੁਰਖ ਆਪ ਕਰਾਇੰਦਾ । ਨਿਰਗੁਣ ਸਰਗੁਣ ਕਰੇ ਸੰਯੋਗ, ਸਚ ਸੰਯੋਗ ਆਪ ਹੰਢਾਇੰਦਾ । ਨਾਰੀ ਕੰਤ ਆਤਮ ਪਰਮਾਤਮ ਭੋਗੇ ਭੋਗ, ਭਸਮੜ ਆਪਣਾ ਖੇਲ ਵਖਾਇੰਦਾ । ਆਦਿ ਜੁਗਾਦਿ ਨਾ ਹੋਏ ਵਿਯੋਗ, ਜਿਸ ਆਪਣਾ ਰੰਗ ਰੰਗਾਇੰਦਾ । ਨਾ ਕੋਈ ਚਿੰਤਾ ਹਰਖ਼ ਸੋਗ, ਦੁਖ ਰੂਪ ਨਾ ਕੋਇ ਵਟਾਇੰਦਾ । ਲਹਿਣਾ ਦੇਣ ਚੁਕਾਏ ਚੌਦਾਂ ਲੋਕ, ਤ੍ਰੈਭਵਣ ਧਨੀ ਆਪਣਾ ਮੇਲ ਮਿਲਾਇੰਦਾ । ਗੁਰ ਕਾ ਸ਼ਬਦ ਇਕ ਸਲੋਕ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਏਕਾ ਹੁਕਮ ਵਰਤਾਇੰਦਾ । ਹਰਿ ਕਾ ਭਾਣਾ ਸਕੇ ਨਾ ਕੋਈ ਰੋਕ, ਗੁਰ ਗੁਰ ਸਿਖਿਆ ਮਾਤ ਸਮਝਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਇਕੋ ਓਟ, ਦੂਸਰ ਅੰਤ ਨਾ ਕੋਇ ਛੁਡਾਇੰਦਾ । ਜੁਗਾ ਜੁਗੰਤਰ ਤਨ ਨਗਾਰੇ ਲਾਏ ਚੋਟ, ਸ਼ਬਦ ਡੰਕਾ ਇਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਪੁਰਖ ਆਪਣੀ ਧਾਰ ਚਲਾਇੰਦਾ । ਸਮਰਥ ਪੁਰਖ ਇਕ ਇਕੱਲਾ, ਆਦਿ ਜੁਗਾਦਿ ਖੇਲ ਕਰਾਇੰਦਾ । ਜੁਗ ਜੁਗ ਖੇਲ ਕਰੇ ਅਛਲ ਅਛੱਲਾ, ਭੇਵ ਕੋਇ ਨਾ ਪਾਇੰਦਾ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਏਕਾ ਮੱਲਾ, ਸਚਖੰਡ ਦੁਆਰੇ ਸੋਭਾ ਪਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਪੁਰਖ ਅਕਾਲ ਦੀਨ ਦਿਆਲ ਪੰਜ ਤੱਤ ਫੜਾਏ ਆਪਣਾ ਪੱਲਾ, ਨਾਮ ਬੰਧਨ ਏਕਾ ਪਾਇੰਦਾ । ਬਿਨ ਤੇਲ ਬਾਤੀ ਸਾਚਾ ਦੀਪਕ ਆਪੇ ਬਲਾ, ਘਰ ਘਰ ਪਰਕਾਸ਼ ਵਖਾਇੰਦਾ । ਸਚ ਸੰਦੇਸ ਨਰ ਨਰੇਸ਼ ਜੁਗਾ ਜੁਗੰਤਰ ਏਕਾ ਘੱਲਾ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਸਾਚਾ ਰਾਹ ਪੁਰਖ ਸਮਰਥ, ਜੁਗ ਜੁਗ ਆਪਣਾ ਆਪ ਚਲਾਈਆ । ਆਪਣੀ ਮਹਿਮਾ ਜਾਣੇ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਲੱਖ ਚੁਰਾਸੀ ਪਾਏ ਨੱਥ, ਸ਼ਬਦ ਡੋਰੀ ਤੰਦ ਰਖਾਈਆ । ਬੋਧ ਅਗਾਧਾ ਨਿਰਗੁਣ ਸਰਗੁਣ ਸੁਣਾਏ ਆਪਣਾ ਜਸ, ਜਸ ਵੇਦ ਪੁਰਾਨ ਗਾ ਨਾ ਸਕੇ ਕੋਈ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਚਲਾਏ ਮਾਤ ਰਥ, ਬਣ ਰਥਵਾਹੀ ਸੇਵ ਕਮਾਈਆ । ਰਥ ਰਥਵਾਹੀ ਹਰਿ ਨਿਰੰਕਾਰ, ਜੁਗ ਜੁਗ ਸੇਵ ਕਮਾਇੰਦਾ । ਜਨ ਭਗਤਾਂ ਪਾਵੇ

੧੦੪੫
੧੧

ਆਪੇ ਸਾਰ, ਲੱਖ ਚੁਰਾਸੀ ਵਿਚੋਂ ਵੇਖ ਵਖਾਇੰਦਾ। ਸਾਚੇ ਸੰਤਾਂ ਕਰੇ ਪਿਆਰ, ਸਤਿਗੁਰ ਆਪਣੀ ਦਇਆ ਕਮਾਇੰਦਾ। ਬੰਕ ਦੁਆਰੀ ਖੋਲ੍ਹ ਕਿਵਾੜ, ਆਤਮ ਬੰਦ ਤਾਕੀ ਆਪੇ ਲਾਹਿੰਦਾ। ਤ੍ਰੈਗੁਣ ਮਾਇਆ ਦੇਵੇ ਸਾੜ, ਅਗਨੀ ਤੱਤ ਨਾ ਕੋਇ ਜਲਾਇੰਦਾ। ਘਰ ਵਿਚ ਘਰ ਦਏ ਵਖਾਲ, ਘਰ ਮੰਦਰ ਸੋਭਾ ਪਾਇੰਦਾ। ਗੁਰਮੁਖ ਵੇਖੇ ਆਪਣੇ ਲਾਲ, ਲਾਲਨ ਆਪਣਾ ਰੰਗ ਚੜ੍ਹਾਇੰਦਾ। ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਸਤਿਗੁਰ ਪੂਰਾ ਸਚ ਸਿੰਘਾਸਣ ਸੋਭਾ ਪਾਇੰਦਾ। ਨੂਰੀ ਜਲਵਾ ਜੋਤ ਜਲਾਲ, ਅੰਧ ਅੰਧੇਰ ਨਾ ਕੋਇ ਰਖਾਇੰਦਾ। ਨਾਤਾ ਤੋੜ ਕਾਲ ਮਹਾਂਕਾਲ, ਆਪ ਆਪਣਾ ਮੇਲ ਮਿਲਾਇੰਦਾ। ਗੁਰਸਿਖਾਂ ਰਾਹ ਦਏ ਵਖਾਲ, ਨੇਤਰ ਨੈਣ ਇਕ ਖੁਲ੍ਹਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੋੜਨਹਾਰਾ ਜਗਤ ਜੰਜਾਲ, ਜਾਗਰਤ ਜੋਤ ਜੋਤ ਜਗਾਇੰਦਾ। ਸਤਿਗੁਰ ਪੂਰਾ ਦੀਨ ਦਿਆਲਾ, ਦੀਨਨ ਆਪਣੀ ਦਇਆ ਕਮਾਈਆ। ਜਨ ਭਗਤਾਂ ਹੋਏ ਸਦਾ ਰਖਵਾਲਾ, ਸਮਰਥ ਪੁਰਖ ਸਿਰ ਆਪਣਾ ਹੱਥ ਟਿਕਾਈਆ। ਸਤਿਜੁਗ ਤ੍ਰੇਤਾ ਦੁਆਪਰ ਜੁਗ ਜੁਗ ਚਲੀ ਅਵੱਲੜੀ ਚਾਲਾ, ਰਾਮਾ ਕ੍ਰਿਸ਼ਨਾ ਸੇਵਾ ਲਾਈਆ। ਕਲਜੁਗ ਅੰਤਮ ਹੋਏ ਨਿਰਾਲਾ, ਨਿਰਗੁਣ ਆਪਣਾ ਰੂਪ ਵਟਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ। ਬੇਪਰਵਾਹ ਖੇਲ ਅਗੰਮ, ਭੇਵ ਕੋਇ ਨਾ ਪਾਇੰਦਾ। ਜੁਗਾ ਜੁਗੰਤਰ ਜਾਣੇ ਆਪਣਾ ਕੰਮ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ। ਬਿਨ ਮਾਤ ਪਿਤਾ ਪਏ ਜੰਮ, ਜਨਮ ਮਰਨ ਵਿਚ ਕਦੇ ਨਾ ਆਇੰਦਾ। ਸਤਿਜੁਗ ਤ੍ਰੇਤਾ ਦੁਆਪਰ ਬੇੜਾ ਬੰਨ੍ਹ, ਕਲਜੁਗ ਅੰਤਮ ਫੇਰਾ ਪਾਇੰਦਾ। ਕਰੇ ਪਰਕਾਸ਼ ਬਿਨ ਸੂਰਜ ਚੰਨ, ਜੋਤੀ ਜੋਤ ਜੋਤ ਰੁਸ਼ਨਾਇੰਦਾ। ਜਨ ਭਗਤਾਂ ਬੇੜਾ ਆਪੇ ਬੰਨ੍ਹ, ਆਪਣੇ ਕੰਧ ਉਠਾਇੰਦਾ। ਏਕਾ ਵਸਤ ਦੇਵੇ ਨਾਮ ਧਨ, ਚੋਰ ਯਾਰ ਲੁੱਟ ਕੋਇ ਨਾ ਜਾਇੰਦਾ। ਦਿਵਸ ਰੈਣ ਲਾਏ ਨਾ ਕੋਈ ਸੰਨ, ਸਾਚੇ ਮੰਦਰ ਆਪ ਰਖਾਇੰਦਾ। ਗੁਰਮੁਖ ਵਾਸਨਾ ਮਾਰੇ ਮਨ, ਮਨ ਮਨਸਾ ਮੇਟ ਮਿਟਾਇੰਦਾ। ਭਾਗ ਲਗਾਏ ਪੰਜ ਤੱਤ ਤਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਦਇਆ ਕਮਾਇੰਦਾ। ਜੁਗ ਜੁਗ ਦਇਆਨਿਧ ਕਿਰਪਾ ਕਰ, ਹਰਿਜਨ ਹਰਿ ਹਰਿ ਵੇਖ ਵਖਾਇੰਦਾ। ਲੇਖਾ ਜਾਣੇ ਘਰ ਘਰ, ਗ੍ਰਿਹ ਗ੍ਰਿਹ ਆਪਣਾ ਫੇਰਾ ਪਾਇੰਦਾ। ਭਗਤ ਭਗਵੰਤ ਆਪੇ ਫੜ ਫੜ, ਸਾਚਾ ਬੰਧਨ ਆਪ ਬੰਧਾਇੰਦਾ। ਕਾਇਆ ਮੰਦਰ ਅੰਦਰ ਡੂੰਘੀ ਕੰਦਰ ਉਚੇ ਪੌੜੇ ਆਪੇ ਚੜ੍ਹ ਚੜ੍ਹ, ਸਚ ਮਹੱਲੇ ਡੇਰਾ ਲਾਇੰਦਾ। ਨਿਸ਼ਅੱਖਰ ਵਿਦਿਆ ਆਪੇ ਪੜ੍ਹ ਪੜ੍ਹ, ਲੱਖ ਚੁਰਾਸੀ ਜੀਵ ਜੰਤ ਆਪ ਸੁਣਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ। ਜੁਗ ਜੁਗ ਵੇਸ ਸ੍ਰੀ ਭਗਵਾਨ, ਨਿਰਗੁਣ ਆਪਣਾ ਆਪ ਵਟਾਈਆ। ਨੌਂ ਸੌ ਚੁਰਾਨਵੇ ਚੌਕੜੀ ਅੰਤ ਮਿਟਿਆ ਨਿਸ਼ਾਨ, ਲੋਕਮਾਤ ਰਹਿਣ ਨਾ ਪਾਈਆ। ਗੁਰ ਅਵਤਾਰ ਦੇ ਦੇ ਗਏ ਗਿਆਨ, ਜੀਵ ਜੰਤ ਜੰਤ ਸਮਝਾਈਆ। ਹਰਿ ਕਾ ਸ਼ਬਦ ਗੁਰ ਬਲਵਾਨ, ਆਦਿ ਜੁਗਾਦਿ ਆਪਣਾ ਬਲ ਰਖਾਈਆ। ਪੰਜ ਤੱਤ ਮਿਟੇ ਨਿਸ਼ਾਨ, ਥਿਰ ਕੋਇ ਰਹਿਣ ਨਾ ਪਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਈਆ। ਜੁਗ ਜੁਗ ਖੇਲ ਪੁਰਖ ਅਬਿਨਾਸ਼ਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ। ਨਵ ਨੌਂ ਚਾਰ ਵੇਖ ਤਮਾਸ਼ਾ, ਜੁਗ ਚੌਕੜੀ ਪੰਧ ਮੁਕਾਇੰਦਾ। ਗੁਰ ਅਵਤਾਰਾਂ ਦੇ ਦਿਲਾਸਾ, ਰਹਿਬਰ ਆਪਣਾ ਰਾਹ ਵਖਾਇੰਦਾ। ਚਰਨ ਕਵਲ ਇਕ ਭਰਵਾਸਾ, ਪੁਰਖ ਅਕਾਲ ਓਟ ਜਣਾਇੰਦਾ। ਪ੍ਰਭ ਮਿਲਣ

ਦੀ ਸਾਰੇ ਰੱਖ ਕੇ ਗਏ ਆਸਾ, ਲੋਕਮਾਤ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਆਪਣਾ ਭੇਵ ਸ੍ਰੀ ਭਗਵੰਤ, ਆਦਿ ਜੁਗਾਦਿ ਆਪ ਖੁਲ੍ਹਾਈਆ । ਮੇਲ ਮਿਲਾਏ ਸਾਚੇ ਸੰਤ, ਸਤਿ ਸਤਿਵਾਦੀ ਰੰਗ ਚੜ੍ਹਾਈਆ । ਬੰਧਨ ਪਾਏ ਨਾਰੀ ਕੰਤ, ਆਤਮ ਸੇਜਾ ਆਪ ਸੁਹਾਈਆ । ਏਕਾ ਨਾਉਂ ਮਣੀਆ ਮੰਤ, ਮਨ ਵਾਸਨਾ ਦਏ ਗਵਾਈਆ । ਗੜ੍ਹ ਤੋੜੇ ਹਉਮੇ ਹੰਗਤ, ਮਾਇਆ ਮਮਤਾ ਦਏ ਮਿਟਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਚੌਦਾਂ ਵਿਦਿਆ ਰਹੀ ਕੁਰਲਾਈਆ । ਸਾਹਿਬ ਦਿਆਲ ਠਾਕਰ ਸੁਆਮੀ ਸਦਾ ਅਖੰਡਤ, ਅਖੰਡ ਅਖੰਡ ਆਪਣੀ ਧਾਰ ਚਲਾਈਆ । ਵਸਣਹਾਰਾ ਜੇਰਜ ਅੰਡਤ, ਉਤਭੁਜ ਸੇਤਜ ਆਪਣਾ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਵਖਾਈਆ । ਜੁਗ ਜੁਗ ਖੇਲ ਕਰੇ ਕਰਤਾਰਾ, ਸਤਿਜੁਗ ਤ੍ਰੇਤਾ ਦੁਆਪਰ ਆਪ ਹੰਢਾਇੰਦਾ । ਕਲਜੁਗ ਅੰਤਮ ਹੋ ਉਜਿਆਰਾ, ਨਿਹਕਲੰਕ ਆਪਣਾ ਨਾਉਂ ਰਖਾਇੰਦਾ । ਨਾਮ ਖੰਡਾ ਤੇਜ ਕਟਾਰਾ, ਬ੍ਰਹਿਮੰਡਾਂ ਆਪ ਚਮਕਾਇੰਦਾ । ਜੋਧਾ ਸੂਰਾ ਵਡ ਬਲਕਾਰਾ, ਗੁਰ ਗੋਬਿੰਦ ਨਾਲ ਮਿਲਾਇੰਦਾ । ਨਾਨਕ ਨਿਰਗੁਣ ਸਤਿਨਾਮ ਬੋਲ ਗਿਆ ਜੈਕਾਰਾ, ਜੈ ਜੈਕਾਰ ਚਾਰ ਵਰਨ ਜਣਾਇੰਦਾ । ਨੌਂ ਖੰਡ ਪ੍ਰਿਥਮੀ ਬੰਨ੍ਹਣਹਾਰਾ ਸਾਚੀ ਧਾਰਾ, ਜਾਤ ਪਾਤ ਵਰਨ ਗੋਤ ਨਾ ਕੋਇ ਰਖਾਇੰਦਾ । ਇਕੋ ਨਾਮ ਬੋਲ ਜੈਕਾਰਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਏਕਾ ਮੰਦਰ ਖੋਲ੍ਹ ਦੁਆਰਾ, ਭਗਤ ਭਗਵੰਤ ਆਪ ਬਹਾਇੰਦਾ । ਏਕਾ ਦਰਸ ਅਗੰਮ ਅਪਾਰਾ, ਸਾਚੇ ਸੰਤਾਂ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੀ ਗੋਦ ਸੁਹਾਇੰਦਾ । ਗੁਰਮੁਖ ਗੋਦ ਗੋਦੀ ਚੁੱਕ, ਜੁਗ ਜੁਗ ਖ਼ੁਸ਼ੀ ਮਨਾਈਆ । ਹਰਿ ਕਾ ਬੂਟਾ ਗੁਰਮੁਖ ਕਦੇ ਨਾ ਜਾਏ ਸੁੱਕ, ਦੋ ਜਹਾਨ ਸਦਾ ਲਹਿਰਾਈਆ । ਲੋਕਮਾਤ ਲਏ ਪੁਟ, ਸਚਖੰਡ ਸਾਚੇ ਦਏ ਲਗਾਈਆ । ਕਰੇ ਖੇਲ ਅਬਿਨਾਸ਼ੀ ਅਚੁੱਤ, ਭੇਵ ਕੋਇ ਨਾ ਪਾਈਆ । ਕਲਜੁਗ ਆਈ ਅੰਤਮ ਰੁੱਤ, ਪੁਰਖ ਅਬਿਨਾਸ਼ੀ ਵੇਖੇ ਚਾਈਂ ਚਾਈਆ । ਗੁਰਮੁਖ ਉਠਾਏ ਆਪਣੇ ਸੁਤ, ਸਤਿਗੁਰ ਗੁਰ ਪੂਰਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਦੇਵੇ ਮਾਣ ਵਡਿਆਈਆ । ਮਾਣ ਵਡਿਆਈ ਭਗਤ ਜਨ, ਹਰਿ ਸਤਿਗੁਰ ਆਪ ਦਵਾਇੰਦਾ । ਭਾਂਡਾ ਭਰਮ ਭੌ ਦੇਵੇ ਭੰਨ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਆਪਣਾ ਰਾਗ ਸੁਣਾਏ ਕੰਨ, ਚਾਰੇ ਬਾਣੀ ਵਿਚ ਮਿਲਾਇੰਦਾ । ਸਚ ਵਸੇਰਾ ਬਿਨ ਛੱਪਰੀ ਛੰਨ, ਗੁਰ ਚਰਨ ਦੁਆਰਾ ਇਕ ਵਖਾਇੰਦਾ । ਗੁਰਮੁਖ ਸੱਚਾ ਜਾਏ ਮੰਨ, ਜਿਸ ਜਨ ਆਪਣਾ ਭੇਵ ਖੁਲ੍ਹਾਇੰਦਾ । ਰਾਏ ਧਰਮ ਨਾ ਦੇਵੇ ਡੰਨ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਸਾਚੇ ਸੰਤਾਂ ਆਪ ਤਰਾਇੰਦਾ । ਸਾਚੇ ਸੰਤਾਂ ਦੇਵੇ ਤਾਰ, ਸਤਿ ਪੁਰਖ ਨਿਰੰਜਣ ਹੱਥ ਵਡਿਆਈਆ । ਇਕ ਵਖਾਏ ਸੱਚਾ ਘਰ ਬਾਰ, ਘਰ ਆਪਣੇ ਲਏ ਮਿਲਾਈਆ । ਅੱਠੇ ਪਹਿਰ ਜੋਤ ਉਜਿਆਰ, ਦਿਵਸ ਰੈਣ ਨਾ ਵੰਡ ਵੰਡਾਈਆ । ਏਕਾ ਨਾਦ ਸ਼ਬਦ ਧੁੰਨਕਾਰ, ਏਕਾ ਵੱਜਦੀ ਰਹੇ ਸ਼ਨਵਾਈਆ । ਏਕਾ ਨਜ਼ਰੀ ਆਏ ਏਕੰਕਾਰ, ਦੂਸਰ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤਾਂ ਆਪਣੇ ਦਰ ਬਹਾਈਆ । ਸਾਚਾ ਦਰ ਦਰ ਦਰਵਾਜ਼ਾ, ਹਰਿ ਦਰਦੀ ਆਪ ਖੁਲ੍ਹਾਇੰਦਾ । ਆਦਿ ਜੁਗਾਦਿ ਹੋਏ ਗ਼ਰੀਬ ਨਿਵਾਜਾ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਨਿਰਗੁਣ ਸਰਗੁਣ ਹੋ ਹੋ ਕਰੇ ਕਾਜਾ, ਕਰਤਾ ਪੁਰਖ ਕਾਰ ਕਮਾਇੰਦਾ । ਗ੍ਰਿਹਿ

ਮੰਦਰ ਅੰਦਰ ਵਜਾਏ ਆਪਣਾ ਵਾਜਾ, ਅਨਹਦ ਨਾਦੀ ਰਾਗ ਸੁਣਾਇੰਦਾ । ਨਿਤ ਨਵਿਤ ਕਰ ਕਰ ਹਿਤ ਜਨ ਭਗਤਾਂ ਫਿਰੇ ਪਿਛੇ ਭਾਜਾ, ਸਾਚੀ ਸੇਵ ਕਮਾਇੰਦਾ । ਸੇਵਾਦਾਰ ਬਣੇ ਵਡ ਰਾਜਨ ਰਾਜਾ, ਗੁਰਮੁਖਾਂ ਸਾਚੀ ਸੇਵ ਆਪ ਕਮਾਇੰਦਾ । ਏਥੇ ਓਥੇ ਦੋ ਜਹਾਨਾਂ ਗੁਰਸਿਖ ਤੇਰੀ ਰੱਖੇ ਲਾਜਾ, ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤਮ ਵੇਸ ਕੀਆ ਦੇਸ ਵਿਚ ਮਾਝਾ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਬੰਧਨ ਆਪੇ ਪਾਇੰਦਾ । ਬੰਧਨ ਪਾਏ ਨਾਮ ਡੋਰ, ਡੋਰੀ ਆਪਣੇ ਹੱਥ ਰਖਾਈਆ । ਬੰਨਣਹਾਰਾ ਪੰਜੇ ਚੋਰ, ਪੰਚਮ ਵਾਸਨਾ ਦਏ ਮਿਟਾਈਆ । ਕਰ ਪਰਕਾਸ਼ ਅੰਧੇਰੇ ਘੋਰ, ਆਪਣਾ ਨੂਰ ਦਏ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਚਾਈਂ ਚਾਈਂਆ । ਹਰਿਜਨ ਮੇਲਾ ਅੰਤ ਕਲ, ਪੁਰਖ ਅਬਿਨਾਸ਼ੀ ਆਪ ਕਰਾਇੰਦਾ । ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛਲ, ਅਛਲ ਅਛੱਲ ਆਪਣਾ ਖੇਲ ਕਰਾਇੰਦਾ । ਜਨ ਭਗਤਾਂ ਅੰਦਰ ਜੋਤੀ ਸ਼ਬਦੀ ਸੁਰਤੀ ਧਾਰ ਆਪੇ ਰਲ, ਅਕਾਲ ਮੂਰਤ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਮੇਲ ਮਿਲਾਇੰਦਾ । ਗੁਰਸਿਖ ਮੇਲਾ ਸਤਿਗੁਰ ਸੰਗ, ਹਰਿ ਸਤਿਗੁਰ ਦਇਆ ਕਮਾਈਆ । ਗੁਰਸਿਖ ਨੂਰ ਸਤਿਗੁਰ ਰੰਗ, ਹਰਿ ਰੰਗ ਆਪ ਚੜ੍ਹਾਈਆ । ਗੁਰਸਿਖ ਨਾਦ ਸਤਿਗੁਰ ਮਰਦੰਗ, ਹਰਿ ਅਗੰਮੀ ਅਗੰਮ ਕਰੇ ਪੜ੍ਹਾਈਆ । ਗੁਰਸਿਖ ਮੰਦਰ ਸਤਿਗੁਰ ਵੇਖੇ ਲੰਘ, ਘਰ ਘਰ ਵਿਚ ਫੇਰਾ ਪਾਈਆ । ਗੁਰਸਿਖ ਪ੍ਰੇਮ ਸਤਿਗੁਰ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਗੁਰਸਿਖ ਆਪਣੇ ਸੰਗ ਮਿਲਾਈਆ । ਗੁਰਸਿਖ ਸੰਗ ਸਤਿਗੁਰ ਸਾਥ, ਸਗਲਾ ਸੰਗ ਨਿਭਾਇੰਦਾ । ਲਹਿਣਾ ਦੇਣਾ ਚੁਕਾਏ ਮਸਤਕ ਮਾਥ, ਪੂਰਬ ਲੇਖਾ ਝੋਲੀ ਪਾਇੰਦਾ । ਅੰਤ ਉਤਾਰੇ ਆਪਣੇ ਘਾਟ, ਘਾਟਾ ਮਾਨਸ ਜਨਮ ਕੋਇ ਰਹਿਣ ਨਾ ਪਾਇੰਦਾ । ਲੱਖ ਚੁਰਾਸੀ ਮੁੱਕੇ ਵਾਟ, ਮਾਤ ਗਰਭ ਨਾ ਫੇਰ ਫਿਰਾਇੰਦਾ । ਚਰਨ ਕਵਲ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਭਰਮ ਭੁਲੇਖਾ ਚੁਕਿਆ ਜਾਤ ਪਾਤ, ਵਰਣ ਗੋਤ ਨਾ ਕੋਇ ਰਖਾਇੰਦਾ । ਪੁਰਖ ਅਬਿਨਾਸ਼ੀ ਬਣਿਆ ਸੱਜਣ ਸਾਕ, ਮਾਤ ਪਿਤ ਭਾਈ ਭੈਣ ਨਾਰ ਕੰਤ ਆਪਣਾ ਰੂਪ ਵਖਾਇੰਦਾ । ਗੁਰਸਿਖ ਦੂਜੇ ਵਿਕੇ ਨਾ ਹਾਟ, ਸਤਿਗੁਰ ਪੂਰਾ ਕੀਮਤ ਆਪਣੇ ਘਰ ਪਾਇੰਦਾ । ਕਲਜੁਗ ਅੰਤ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਚਾਰ ਵਰਨ ਜਣਾਏ ਏਕਾ ਪੂਜਾ ਪਾਠ, ਸਰੋਵਰ ਸਰ ਇਕ ਵਖਾਇੰਦਾ । ਨੌਂ ਖੰਡ ਪ੍ਰਿਥਮੀ ਮੰਦਰ ਮਸਜਿਦ ਗੁਰਦੁਆਰਾ ਵਖਾਏ ਇਕੋ ਮੱਠ, ਕਾਇਆ ਅੰਦਰ ਸਾਚੀ ਧਰਮਸਾਲ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਮਾਰਗ ਇਕ ਵਖਾਇੰਦਾ । ਲੱਖ ਚੁਰਾਸੀ ਮਾਰਗ ਇਕ, ਏਕੰਕਾਰਾ ਇਕ ਜਣਾਈਆ । ਧੁਰ ਫ਼ਰਮਾਣਾ ਦੇਵੇ ਸਾਚੀ ਸਿਖ, ਸਿਖਿਆ ਇਕੋ ਇਕ ਪੜ੍ਹਾਈਆ । ਚਾਰ ਵਰਨਾਂ ਊਚਾਂ ਨੀਚਾਂ ਪਾਏ ਨਾਮ ਭਿਖ, ਖਾਲੀ ਕੋਇ ਰਹਿਣ ਨਾ ਪਾਈਆ । ਕਰੇ ਖੇਲ ਸਾਹਿਬ ਅਨਡਿਠ, ਨੇਤਰ ਨਜ਼ਰ ਕਿਸੇ ਨਾ ਆਈਆ । ਗੁਰਮੁਖ ਵਿਰਲੇ ਕਰ ਕਰ ਹਿਤ, ਆਪ ਆਪਣਾ ਮੇਲ ਮਿਲਾਈਆ । ਬਣ ਬਣ ਆਪੇ ਮਾਤ ਪਿਤ, ਪੂਤ ਆਪਣੀ ਗੋਦ ਸੁਹਾਈਆ । ਮਾਨਸ ਜਨਮ ਗੁਰਮੁਖ ਲਏ ਜਿਤ, ਜਿਸ ਮਿਲਿਆ ਹਰਿ ਰਘਰਾਈਆ । ਬਿਨ ਨੇਤਰ ਪਏ ਦਿਸ, ਘਰ ਸਾਚੇ ਫੇਰਾ ਪਾਈਆ । ਸਤਿਗੁਰ ਪੂਰਾ ਕਦੇ ਨਾ ਕਰੇ ਪਿਠ, ਮਿਹਰਵਾਨ

੧੦੪੮
੧੧

ਆਪਣੀ ਕਰਵਟ ਨਾ ਕਦੇ ਬਦਲਾਈਆ । ਗੁਰਮੁਖ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਦੁਸ਼ਾਲੇ ਲਏ ਲਪੇਟ, ਕਲਜੁਗ ਖ਼ਾਕੀ ਖ਼ਾਕ ਨੇੜ ਲੱਗਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਆਪਣੇ ਰੰਗ ਰੰਗਾਈਆ । ਗੁਰਸਿਖ ਰੰਗੇ ਹਰਿ ਜੂ ਰੰਗ, ਰੰਗਣਹਾਰਾ ਇਕ ਅਖਵਾਇੰਦਾ । ਆਤਮ ਸੇਜਾ ਵੇਖ ਪਲੰਘ, ਸਚ ਸਿੰਘਾਸਣ ਆਪ ਸੁਹਾਇੰਦਾ । ਆਤਮ ਪਰਮਾਤਮ ਇਕ ਅਨੰਦ, ਨਿਜਾਨੰਦ ਆਪ ਦਰਸਾਇੰਦਾ । ਬ੍ਰਹਮ ਪਾਰਬ੍ਰਹਮ ਗਾਏ ਛੰਦ, ਢੋਲਾ ਸੋਹਲਾ ਬਣ ਵਿਚੋਲਾ ਆਪ ਸੁਣਾਇੰਦਾ । ਲੇਖਾ ਚੁਕੇ ਬੱਤੀ ਦੰਦ, ਜਿਸ ਜਨ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖ ਵੱਡਾ ਵਡ ਵਡਿਆਇੰਦਾ । ਗੁਰਸਿਖ ਵੱਡਾ ਵਡ ਬਲਵਾਨ, ਸਿੰਘ ਇੰਦਰ ਨਾਉਂ ਰਖਾਈਆ । ਨਾਮ ਗੁਰਜ ਹੱਥ ਵਿਚ ਜਹਾਨ, ਬੁਰਜ ਹੰਕਾਰੀ ਦੇਵੇ ਢਾਹੀਆ । ਸੂਰਜ ਚੰਨ ਰਵ ਸਸ ਸੀਸ ਝੁਕਾਣ, ਵਿਸ਼ਨ ਬ੍ਰਹਮਾ ਸ਼ਿਵ ਨੈਣ ਉਠਾਈਆ । ਧੰਨ ਭਾਗ ਜਿਸ ਮਿਲਿਆ ਲੋਕਮਾਤ ਭਗਵਾਨ, ਸ੍ਰੀ ਭਗਵਾਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਹੋਏ ਸਹਾਈਆ ।



## ★ ੧੮ ਚੇਤ ੨੦੧੯ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹਿ ਪਿੰਡ ਭੋਜੀਆਂ ਜ਼ਿਲਾ ਅੰਮ੍ਰਿਤਸਰ ★

੧੦੪੯ ੧੧

ਸਚਖੰਡ ਨਿਵਾਸੀ ਸਾਚੀ ਕਾਰਾ, ਹਰਿ ਕਰਤਾ ਆਪ ਕਰਾਇੰਦਾ । ਤਖ਼ਤ ਨਿਵਾਸੀ ਬਣ ਸਿਕਦਾਰਾ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਹੁਕਮੀ ਹੁਕਮ ਹੁਕਮ ਵਰਤਾਰਾ, ਦੋ ਜਹਾਨਾਂ ਆਪ ਜਣਾਇੰਦਾ । ਜੁਗਾ ਜੁਗੰਤਰ ਹੋ ਉਜਿਆਰਾ, ਦੋ ਜਹਾਨਾਂ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਪਾਵੇ ਸਾਰਾ, ਲੋਆਂ ਪੁਰੀਆਂ ਆਪਣਾ ਹੁਕਮ ਵਰਤਾਇੰਦਾ । ਨਿਰਗੁਣ ਸਰਗੁਣ ਕਰ ਪਸਾਰਾ, ਲੱਖ ਚੁਰਾਸੀ ਡੇਰਾ ਲਾਇੰਦਾ । ਸ਼ਬਦੀ ਸ਼ਬਦ ਗੁਰ ਅਵਤਾਰਾ, ਪੁਰਖ ਅਕਾਲ ਖੇਲ ਕਰਾਇੰਦਾ । ਵੰਡਣ ਵੰਡ ਵੰਡੇ ਅਗੰਮ ਅਪਾਰਾ, ਭੇਵ ਅਭੇਦ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਸ੍ਰੀ ਭਗਵਾਨ, ਆਦਿ ਜੁਗਾਦਿ ਆਪ ਕਰਾਈਆ । ਸਚਖੰਡ ਵਸਣਹਾਰਾ ਸਚ ਮਕਾਨ, ਸਾਚੇ ਮੰਦਰ ਸੋਭਾ ਪਾਈਆ । ਭੂਪਤ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਇਕ ਅਖਵਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਾਹੀਆ । ਬੇਪਰਵਾਹ ਖੇਲ ਅਪਾਰਾ, ਹਰਿ ਜੂ ਏਕਾ ਏਕ ਕਰਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰਾ, ਦੋਏ ਦੋਏ ਆਪਣਾ ਖੇਲ ਵਖਾਇੰਦਾ । ਲੱਖ ਚੁਰਾਸੀ ਵੇਖੇ ਵਿਗਸੇ ਵੇਖਣਹਾਰਾ, ਨੇਤਰ ਲੋਚਣ ਨੈਣ ਨਾ ਕੋਇ ਰਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਬਣ ਸੇਵਕ ਸੇਵ ਕਮਾਇੰਦਾ । ਤ੍ਰੈਗੁਣ ਮਾਇਆ ਜਗਤ ਅਖਾੜਾ, ਪੰਚਮ ਤੱਤ ਨਾਚ ਨਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਪੁਰਖ ਅਬਿਨਾਸ਼, ਆਦਿ ਜੁਗਾਦਿ ਆਪਣੇ ਹੱਥ ਰਖਾਈਆ । ਸਚਖੰਡ ਦੁਆਰੇ ਕਰ ਪਰਕਾਸ਼, ਥਿਰ ਘਰ ਆਪਣਾ ਨੂਰ ਵਖਾਈਆ । ਮੰਡਲ ਮੰਡਪ ਪਾਵੇ ਰਾਸ,

ਬ੍ਰਹਿਮੰਡਾਂ ਖੰਡਾਂ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਈਆ । ਧੁਰ ਦੀ ਧਾਰ ਸਾਹਿਬ ਸੁਲਤਾਨ, ਸਾਹਿਬ ਆਪਣੇ ਹੱਥ ਰਖਾਇੰਦਾ । ਸਾਚੇ ਤਖ਼ਤ ਬੈਠ ਸੁਲਤਾਨ, ਧੁਰ ਫ਼ਰਮਾਣਾ ਹੁਕਮ ਜਣਾਇੰਦਾ । ਨਿਰਗੁਣ ਨਿਰਗੁਣ ਕਰ ਪਰਵਾਨ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਨਿਰਗੁਣ ਨਾਮ ਸ਼ਬਦ ਧੁਨਕਾਨ, ਨਿਰਗੁਣ ਨਾਦੀ ਨਾਦ ਸੁਣਾਇੰਦਾ । ਨਿਰਗੁਣ ਥਿਰ ਘਰ ਵਸੇ ਮਕਾਨ, ਪੂਤ ਸਪੂਤਾ ਵੇਸ ਵਟਾਇੰਦਾ । ਨਿਰਗੁਣ ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਨਿਰਗੁਣ ਲੱਖ ਚੁਰਾਸੀ ਹੋ ਪਰਧਾਨ, ਤੱਤਵ ਤੱਤ ਖੇਲ ਕਰਾਇੰਦਾ । ਨਿਰਗੁਣ ਵੰਡੇ ਵੰਡ ਮਹਾਨ, ਆਪਣੀ ਵੰਡ ਆਪ ਕਰਾਇੰਦਾ । ਜੇਰਜ ਅੰਡਜ ਉਤਭੁਜ ਸੇਤਜ ਕਰ ਪਰਵਾਨ, ਸਚ ਪਰਵਾਨਾ ਹੱਥ ਫੜਾਇੰਦਾ । ਸ਼ਬਦ ਅਗੰਮੀ ਇਕ ਬਬਾਣ, ਪੁਰਖ ਅਬਿਨਾਸ਼ੀ ਆਪ ਵਖਾਇੰਦਾ । ਨਾਉਂ ਨਿਰੰਕਾਰਾ ਕਰ ਪਰਧਾਨ, ਗ੍ਰਿਹ ਗ੍ਰਿਹ ਆਪਣਾ ਡੰਕ ਵਜਾਇੰਦਾ । ਪਰਾ ਪਸੰਤੀ ਮਧਮ ਬੈਖਰੀ ਦੇਵੇ ਗਾਨ, ਚਾਰੇ ਖਾਣੀ ਸੋਭਾ ਪਾਇੰਦਾ । ਚਾਰੇ ਵੇਦ ਕਰ ਪਰਧਾਨ, ਚਾਰੇ ਮੁਖ ਮੁਖ ਸਾਲਾਹਿੰਦਾ । ਚਾਰੋਂ ਕੁੰਟ ਕੁੰਟ ਨਿਸ਼ਾਨ, ਉਤਰ ਪੂਰਬ ਪੱਛਮ ਦੱਖਣ ਵੇਖ ਵਖਾਇੰਦਾ । ਨਿਰਗੁਣ ਸਰਗੁਣ ਬਣ ਕਾਹਨ, ਆਤਮ ਪਰਮਾਤਮ ਆਪਣਾ ਬੰਧਨ ਪਾਇੰਦਾ । ਪਾਰਬ੍ਰਹਮ ਲੇਖਾ ਜਾਣੇ ਈਸ਼ ਜੀਵ ਜਗਤ ਮਹਾਨ, ਜੋਤੀ ਜਾਤਾ ਪੁਰਖ ਬਿਧਾਤਾ ਨੂਰ ਨੂਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣੀ ਕਲ ਆਪ ਵਰਤਾਇੰਦਾ । ਆਪਣੀ ਕਲ ਅਕਲ ਕਲ ਧਾਰ, ਭੇਵ ਅਭੇਦ ਜਣਾਈਆ । ਨਿਰਗੁਣ ਸਰਗੁਣ ਕਰ ਪਸਾਰਾ, ਆਪੇ ਵੇਖੇ ਚਾਈਂ ਚਾਈਂਆ । ਕਾਇਆ ਮਹੱਲ

੧੦੫੦ ੧੧ ਅਟੱਲ ਮੁਨਾਰ, ਘਰ ਘਰ ਵਿਚ ਸੋਭਾ ਪਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਗ੍ਰਿਹ ਮੰਦਰ ਕਰੇ ਰੁਸ਼ਨਾਈਆ । ਬੂੰਦ ਸਵਾਂਤੀ ਠੰਡੀ ਠਾਰ, ਅੰਮ੍ਰਿਤ ਰਸ ਚੁਆਈਆ । ਬੋਧ ਅਗਾਧੀ ਏਕਾ ਧੁੰਨਕਾਰ, ਧੁੰਨ ਆਤਮਕ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਬੰਧਨ ਪਾਈਆ । ਨਿਰਗੁਣ ਬੰਧਨ ਸਰਗੁਣ ਤੰਦ, ਭੇਵ ਕੋਇ ਨਾ ਪਾਇੰਦਾ । ਪੁਰਖ ਅਬਿਨਾਸ਼ੀ ਕਰੇ ਖੇਲ ਸੂਰਾ ਸਰਬੰਗ, ਦੋ ਜਹਾਨਾਂ ਵੇਸ ਵਟਾਇੰਦਾ । ਵੇਖਣਹਾਰਾ ਖੰਡ ਬ੍ਰਹਿਮੰਡ, ਲੋਅ ਪੁਰੀ ਗਗਨ ਪਤਾਲ ਬ੍ਰਹਿਮਾਂਡ ਆਪਣਾ ਨਾਦ ਵਜਾਇੰਦਾ । ਲੇਖਾ ਜਾਣੇ ਆਦਿ ਜੁਗਾਦਿ, ਮਧ ਆਪਣੀ ਖੇਲ ਕਰਾਇੰਦਾ । ਸੁਤ ਦੁਲਾਰੇ ਦੇਵੇ ਦਾਦ, ਸ਼ਬਦੀ ਸ਼ਬਦ ਗੁਰ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇੰਦਾ । ਆਪਣਾ ਮਾਰਗ ਨਿਰਗੁਣ ਧਾਰ, ਸਰਗੁਣ ਕਰੇ ਮਾਤ ਕੁੜਮਾਈਆ । ਗੁਰ ਸ਼ਬਦ ਕਰ ਤਿਆਰ, ਸਤਿਗੁਰ ਸਾਚੀ ਸੇਵ ਸਮਝਾਈਆ । ਲਹਿਣਾ ਦੇਣਾ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚਾ ਹਰਿ, ਆਪਣਾ ਪੜਦਾ ਆਪ ਉਠਾਈਆ । ਸਾਚਾ ਪੜਦਾ ਪੁਰਖ ਅਗੰਮ, ਆਪਣਾ ਆਪ ਉਠਾਇੰਦਾ । ਨਾ ਮਰੇ ਨਾ ਪਏ ਜੰਮ, ਨੇਤਰ ਲੋਚਣ ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦਿ ਕਰੇ ਆਪਣਾ ਕੰਮ, ਕਰਤਾ ਪੁਰਖ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਬੇੜਾ ਬੰਨ੍ਹ ਆਪਣੇ ਕੰਧ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਸਮਝਾਇੰਦਾ । ਧੁਰ ਦੀ ਧਾਰ ਏਕੰਕਾਰ, ਆਪਣੇ ਹੱਥ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਸ਼ਬਦੀ ਬੰਧਨ ਏਕਾ ਪਾਈਆ । ੜ੍ਰੈਗੁਣ ਮਾਇਆ ਭਰ

੧੦੫੦ ੧੧

ਭੰਡਾਰ, ਪੰਜ ਤੱਤ ਕਰੇ ਕੁੜਮਾਈਆ । ਲੱਖ ਚੁਰਾਸੀ ਤਨ ਸ਼ਿੰਗਾਰ, ਤੱਤਵ ਤੱਤ ਮੇਲ ਮਿਲਾਈਆ । ਚਾਰੇ ਖਾਣੀ ਕਰ ਉਜਿਆਰ, ਅੰਡਜ ਜੇਰਜ ਉਤਭੁਜ ਸੇਤਜ ਸੋਭਾ ਪਾਈਆ । ਚਾਰੇ ਬਾਣੀ ਬੋਲ ਜੈਕਾਰ, ਨਾਉਂ ਨਿਰੰਕਾਰਾ ਦਏ ਸਮਝਾਈਆ । ਵੇਸ ਕਰੇ ਅਪਰ ਅਪਾਰ, ਅਲੱਖ ਅਗੋਚਰ ਬੇਪਰਵਾਹੀਆ । ਨਿਰਗੁਣ ਸਰਗੁਣ ਲੈ ਅਵਤਾਰ, ਜੀਵ ਜੰਤ ਕਰੇ ਪੜ੍ਹਾਈਆ । ਪੁਰਖ ਅਬਿਨਾਸ਼ੀ ਹੁਕਮੀ ਹੁਕਮ ਕਰੇ ਖੇਲ ਅਪਾਰ, ਖੇਲਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਏਕਾ ਦਏ ਵਡਿਆਈਆ । ਸ਼ਬਦ ਗੁਰ ਕਰ ਪਰਧਾਨ, ਲੋਕਮਾਤ ਸੇਵ ਲਗਾਇੰਦਾ । ਚੌਦਾਂ ਲੋਕ ਦੇ ਗਿਆਨ, ਤ੍ਰੈਭਵਣ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਪਾਏ ਆਣ, ਸੂਰਜ ਚੰਨ ਹੁਕਮੇ ਵਿਚ ਫਿਰਾਇੰਦਾ । ਨਾਉਂ ਨਿਰੰਕਾਰਾ ਧੁਰ ਫ਼ਰਮਾਣ, ਜੀਵ ਜੰਤ ਜੰਤ ਜਣਾਇੰਦਾ । ਆਪਣੀ ਵੰਡ ਵੰਡੇ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਉਂ ਰਖਾਇੰਦਾ । ਦੇਵਣਹਾਰਾ ਜੀਆ ਦਾਨ, ਜੀਵਣ ਜੁਗਤ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਨਾਉਂ ਨਿਰੰਕਾਰਾ ਆਪੇ ਰੱਖ, ਸਚਖੰਡ ਸਾਚੀ ਖ਼ੁਸ਼ੀ ਮਨਾਈਆ । ਥਿਰ ਘਰ ਦੁਆਰੇ ਹੋ ਪਰਤੱਖ, ਆਪਣਾ ਰੂਪ ਵਟਾਈਆ । ਪੁਰਖ ਅਬਿਨਾਸ਼ੀ ਟੇਕ ਮੱਥ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਸਾਹਿਬ ਸੁਲਤਾਨ ਸਮਰਥ, ਬੇਅੰਤ ਤੇਰੀ ਵਡਿਆਈਆ । ਤੇਰੇ ਦੁਆਰੇ ਗਿਆ ਢੱਠ, ਗੁਰ ਸ਼ਬਦੀ ਮੰਗ ਮੰਗਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਇਕ ਤੇਰੀ ਓਟ ਰਖਾਈਆ । ਮੈਂ ਆਦਿ ਜੁਗਾਦਿ ਗਾਵਾਂ ਤੇਰਾ ਜਸ, ਤੇਰਾ ਨਾਉਂ ਸਿਫ਼ਤ ਸਾਲਾਹੀਆ । ਤੂੰ ਮੇਰੇ ਅੰਤਰ ਜਾਣਾ ਵਸ, ਮੈਂ ਇਕੋ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਦੇਵੇ ਮਾਣ ਵਡਿਆਈਆ । ਥਿਰ ਘਰ ਵਸੇ ਸੁਤ ਦੁਲਾਰਾ, ਸ਼ਬਦੀ ਨਾਉਂ ਧਰਾਇੰਦਾ । ਸਚਖੰਡ ਵਸੇ ਹਰਿ ਨਿਰੰਕਾਰਾ, ਸਚ ਸਿੰਘਾਸਣ ਸੋਭਾ ਪਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਪੁਰਖ ਬਿਧਾਤਾ ਆਪਣਾ ਹੁਕਮ ਵਰਤਾਇੰਦਾ । ਛੋਟਾ ਬਾਲਾ ਸ਼ਬਦੀ ਸੁਤ ਚਰਨ ਕਵਲ ਬੰਧਾਏ ਨਾਤਾ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਦਰਸ ਦਿਖਾਏ ਇਕ ਇਕਾਂਤਾ, ਅਨਭਵ ਆਪਣਾ ਰੂਪ ਵਖਾਇੰਦਾ । ਆਪੇ ਪਿਤਾ ਆਪੇ ਮਾਤਾ, ਪੂਤ ਸਪੂਤਾ ਆਪਣੀ ਗੋਦ ਬਹਾਇੰਦਾ । ਪੁਰਖ ਅਬਿਨਾਸ਼ੀ ਦੇਵਣਹਾਰਾ ਦਾਤਾ, ਸਾਚੀ ਵਸਤ ਆਪ ਵਰਤਾਇੰਦਾ । ਸਾਚੇ ਸੁਤ ਛੋਟੇ ਬਾਲੇ ਚਾਰ ਜੁਗ ਗਾਉਂਣੀ ਗਾਥਾ, ਗੁਰ ਅਵਤਾਰ ਰੂਪ ਵਟਾਇੰਦਾ । ਧੁਰ ਦੀ ਬਾਣੀ ਧੁਰ ਦਾ ਸਾਕਾ, ਧੁਰ ਦਰਬਾਰੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਥਿਰ ਘਰ ਸ਼ਬਦੀ ਸੁਤ ਸਮਝਾਇੰਦਾ । ਸ਼ਬਦੀ ਸੁਤ ਸੁਣ ਛੋਟੇ ਬਾਲ, ਹਰਿ ਸਾਚਾ ਸਚ ਜਣਾਈਆ । ਸਰਗੁਣ ਬਣਾਏ ਤੇਰੀ ਧਰਮਸਾਲ, ਨਿਰਗੁਣ ਆਪਣੀ ਵੰਡ ਵੰਡਾਈਆ । ਕਰੇ ਖੇਲ ਦੀਨ ਦਿਆਲ, ਆਪਣੀ ਦਇਆ ਆਪ ਕਮਾਈਆ । ਆਪੇ ਚਲੇ ਅਵੱਲੜੀ ਚਾਲ, ਲਿਖ ਲਿਖ ਲੇਖ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਗੁਰ ਕਰੇ ਪੜ੍ਹਾਈਆ । ਸ਼ਬਦੀ ਗੁਰ ਜਾਣਾ ਪੜ੍ਹ, ਨਿਸ਼ਅੱਖਰ ਹਰਿ ਪੜ੍ਹਾਇੰਦਾ । ਲੱਖ ਚੁਰਾਸੀ ਅੰਦਰ ਜਾਣਾ ਵੜ ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਸਰਗੁਣ ਰੂਪ ਲੈਣਾ ਵਰ, ਨਿਰਗੁਣ ਬੰਧਨ ਪਾਇੰਦਾ । ਜੋਤ ਪਰਕਾਸ਼ ਏਕਾ ਕਰ, ਨੂਰ ਨੁਰਾਨਾ ਨੂਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਨਰ ਨਰੇਸ਼ਾ

ਆਦਿ ਪੁਰਖ ਏਕੰਕਾਰ, ਏਕਾ ਵਾਰ ਸੁਣਾਇੰਦਾ । ਏਕਾ ਵਾਰ ਹਰਿ ਜੂ ਮੀਤ, ਸ਼ਬਦੀ ਸ਼ਬਦ ਸ਼ਬਦ ਪੜ੍ਹਾਈਆ । ਦੋ ਜਹਾਨਾਂ ਚਲੇ ਰੀਤ, ਸਾਚੀ ਰੀਤ ਇਕ ਵਖਾਈਆ । ਪੁਰਖ ਅਬਿਨਾਸ਼ੀ ਕਹੇ ਮੈਂ ਬੈਠਾ ਰਹਾਂ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਲੱਖ ਚੁਰਾਸੀ ਤੇਰੀ ਕਰੇ ਪ੍ਰੀਤ, ਪ੍ਰੀਤੀਵਾਨ ਪ੍ਰੀਤ ਸਿਖਾਈਆ । ਤੂੰ ਗਾਉਣਾ ਢੋਲਾ ਗੀਤ, ਏਕਾ ਰਾਮ ਨਾਮ ਪੜ੍ਹਾਈਆ । ਤੇਰਾ ਮੇਲਾ ਕਰ ਅਨਡੀਠ, ਗ੍ਰਹਿ ਮੰਦਰ ਨਜ਼ਰ ਕਿਸੇ ਨਾ ਆਈਆ । ਤੂੰ ਵਸਣਾ ਹਸਤ ਕੀਟ, ਰਾਓ ਰੰਕ ਏਕਾ ਰੰਗ ਰੰਗਾਈਆ । ਤੂੰ ਰਹਿਣਾ ਠਾਂਡਾ ਸੀਤ, ਅਗਨੀ ਤੱਤ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਦਏ ਵਡਿਆਈਆ । ਸ਼ਬਦ ਗੁਰ ਵੱਡਾ ਵਡ, ਹਰਿ ਜੂ ਆਪਣਾ ਆਪ ਪਰਗਟਾਇੰਦਾ । ਆਪਣੀ ਕੁੱਖੇ ਆਪੇ ਕੱਢ, ਬ੍ਰਹਿਮੰਡ ਖੰਡ ਆਪ ਵਸਾਇੰਦਾ । ਦੋ ਜਹਾਨ ਲਡਾਏ ਲਡ, ਸਿਰ ਆਪਣਾ ਹੱਥ ਟਿਕਾਇੰਦਾ । ਪਾਰ ਕਿਨਾਰਾ ਨਾ ਕੋਈ ਜਾਣੇ ਹੱਦ, ਬੇਅੰਤ ਆਪਣਾ ਨਾਉਂ ਰਖਾਇੰਦਾ । ਪੂਤ ਸਪੂਤਾ ਆਪੇ ਸਦ, ਧੁਰ ਫ਼ਰਮਾਣਾ ਆਪ ਜਣਾਇੰਦਾ । ਲੋਕਮਾਤ ਬਣਾਉਣੀ ਸਾਚੀ ਯਦ, ਭਗਤ ਭਗਵੰਤ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਸੇਵਾ ਇਕ ਸਮਝਾਇੰਦਾ । ਸਾਚੇ ਸੁਤ ਸੇਵਾ ਕਰ, ਹਰਿ ਕਰਤਾ ਆਪ ਜਣਾਈਆ । ਸਚਖੰਡ ਨਿਵਾਸੀ ਦੇਵੇ ਵਰ, ਥਿਰ ਘਰ ਤੇਰੀ ਝੋਲੀ ਭਰਾਈਆ । ਨਿਰਭੌ ਚੁਕਾਏ ਭੈ ਡਰ, ਭੈ ਆਪਣਾ ਇਕ ਵਖਾਈਆ । ਅਜੂਨੀ ਰਹਿਤ ਨਾ ਜਨਮੇ ਨਾ ਜਾਏ ਮਰ, ਜਨਮ ਮਰਨ ਨਾ ਕੋਇ ਰਖਾਈਆ । ਸਾਚੇ ਤਖ਼ਤ ਬਹਿਣਾ ਚੜ੍ਹ, ਤਖ਼ਤ ਏਕਾ ਸੋਭਾ ਪਾਈਆ । ਜੁਗ ਚੌਕੜੀ ਖੇਲ ਕਰ, ਨਿਰਗੁਣ ਸਰਗੁਣ ਰੂਪ ਧਰਾਈਆ । ਗੁਰ ਅਵਤਾਰ ਆਪਣਾ ਖੇਲ ਕਰ, ਜੀਵ ਜੰਤ ਜੰਤ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਦਏ ਵਡਿਆਈਆ । ਗੁਰ ਸ਼ਬਦ ਹੋ ਤਿਆਰ, ਹਰਿ ਸਾਚਾ ਸਚ ਜਣਾਇੰਦਾ । ਲੋਕਮਾਤ ਲੈ ਅਵਤਾਰ, ਗੁਰ ਗੁਰ ਤੇਰਾ ਵੇਸ ਵਟਾਇੰਦਾ । ਪੀਰ ਪੈਗ਼ੰਬਰ ਤੇਰੀ ਧਾਰ, ਧਾਰ ਧਾਰ ਨਾਲ ਮਿਲਾਇੰਦਾ । ਭਗਤ ਭਗਵੰਤ ਤੇਰਾ ਖੇਲ ਨਿਆਰ, ਭਗਵਨ ਆਪਣਾ ਵੇਸ ਵਟਾਇੰਦਾ । ਸਾਚੇ ਸੰਤ ਕਰ ਤਿਆਰ, ਤ੍ਰੈਗੁਣ ਅਤੀਤਾ ਆਪ ਬੁਝਾਇੰਦਾ । ਗੁਰਮੁਖਾਂ ਖੋਲ੍ਹ ਮਾਤ ਕਿਵਾੜ, ਸਾਚੀ ਹਾਟੀ ਆਪ ਜਣਾਇੰਦਾ । ਗੁਰਸਿਖਾਂ ਮਾਰਗ ਦੱਸ ਸੁਖਾਲ, ਸਾਚਾ ਰਾਹ ਆਪ ਚਲਾਇੰਦਾ । ਆਦਿ ਜੁਗਾਦੀ ਇਕ ਅਵਤਾਰ ਗੁਰ ਸਤਿਗੁਰ ਬੂਝ ਬੁਝਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰ, ਰੂਪ ਅਨੂਪ ਵੇਸ ਵਟਾਇੰਦਾ । ਨਾਮ ਨਿਧਾਨਾ ਬੋਲ ਜੈਕਾਰ, ਖਾਣੀ ਬਾਣੀ ਰਾਹ ਚਲਾਇੰਦਾ । ਵੇਦ ਸ਼ਾਸਤਰ ਸਿਮਰਤ ਕਰ ਤਿਆਰ, ਪੁਰਾਨ ਪੁਰਾਨੀ ਪੁਰਾਨ ਮਿਲਾਇੰਦਾ । ਗੀਤਾ ਗਿਆਨ ਇਕ ਅਧਾਰ, ਅਠ ਦਸ ਬੰਧਨ ਆਪੇ ਪਾਇੰਦਾ । ਅੰਜੀਲ ਕੁਰਾਨ ਬੋਲ ਨਾਅਰਾ, ਸਚ ਹਦੀਸ ਆਪ ਜਣਾਇੰਦਾ । ਲਾਸ਼ਰੀਕ ਪਰਵਰਦਿਵਾਰ, ਸ਼ਰਅ ਵਿਚ ਕਦੇ ਨਾ ਆਇੰਦਾ । ਸਤਿ ਨਾਮ ਬੋਲ ਜੈਕਾਰ, ਨਾਮ ਸੰਦੇਸਾ ਸਰਬ ਸਮਝਾਇੰਦਾ । ਏਕਾ ਡੰਕਾ ਵੱਜੇ ਸੰਸਾਰ, ਆਦਿ ਪੁਰਖ ਆਪ ਵਜਾਇੰਦਾ । ਨੌਂ ਸੌ ਚੁਰਾਨਵੇ ਚੌਕੜੀ ਯੁਗ ਰਹਿਣਾ ਖ਼ਬਰਦਾਰ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਇੰਦਾ । ਕਰੋੜ ਤੇਤੀਸਾ ਪਣਹਾਰ, ਇੰਦ ਨਿਉਂ ਨਿਉਂ ਸੀਸ ਝੁਕਾਇੰਦਾ । ਮਰਗਿੰਦ ਖੇਲ ਕਰੇ ਅਪਾਰ, ਗੁਣੀ ਗਹਿੰਦ ਭੇਵ ਕੋਇ ਨਾ ਪਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਸਚਖੰਡ ਸਾਚੇ ਆਸਣ ਲਾਇੰਦਾ । ਹੁਕਮੀ ਹੁਕਮ ਕਰੇ ਵਰਤਾਰ, ਧੁਰ ਫ਼ਰਮਾਣਾ ਆਪ ਜਣਾਇੰਦਾ । ਲੱਖ ਚੁਰਾਸੀ ਪਾਉਣੀ ਸਾਰ, ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਆਪ ਲਗਾਇੰਦਾ । ਸਾਚੀ ਸੇਵਾ ਜਾਣਾ ਲੱਗ, ਹਰਿ ਜੂ ਹਰਿ ਹਰਿ ਆਖ ਸੁਣਾਇਆ । ਕਰਾਏ ਖੇਲ ਸੂਰਾ ਸਰਬੱਗ, ਧੁਰ ਫ਼ਰਮਾਣਾ ਹੁਕਮ ਜਣਾਇਆ । ਨਿਰਗੁਣ ਨਿਰਗੁਣ ਹੋਏ ਅਲੱਗ, ਨਿਰਗੁਣ ਸਰਗੁਣ ਜੋੜ ਜੁੜਾਇਆ । ਨਾਮ ਨਗਾਰਾ ਜਾਏ ਵੱਜ, ਵਜਾਵਣਹਾਰਾ ਰਿਹਾ ਸਮਝਾਇਆ । ਲੋਕਮਾਤ ਹੋ ਪਰਗਟ, ਗੁਰ ਅਵਤਾਰ ਨਾਉਂ ਧਰਾਇਆ । ਸਾਚਾ ਖੋਲ੍ਹਣਾ ਏਕਾ ਹੱਟ, ਬਣ ਵਣਜਾਰਾ ਹੱਟ ਚਲਾਇਆ । ਇਕ ਵਖਾਉਣਾ ਸਾਚਾ ਤਟ, ਹਰਿ ਚਰਨ ਦੁਆਰਾ ਸੋਭਾ ਪਾਇਆ । ਏਕਾ ਨਾਮ ਲੈਣਾ ਰਟ, ਨਾਉਂ ਨਿਰੰਕਾਰਾ ਕਰੇ ਪੜ੍ਹਾਇਆ । ਏਕਾ ਮੇਲਾ ਕਮਲਾਪਤ, ਪੁਰਖ ਅਬਿਨਾਸ਼ੀ ਕੰਤ ਹੰਢਾਇਆ । ਚਾਰ ਜੁਗ ਗਾਓਣਾ ਜਸ, ਸ਼ਾਸਤਰ ਸਿਮਰਤ ਵੇਦ ਪੁਰਾਨ ਨਾਲ ਮਿਲਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨਾ ਖੇਲ ਹੱਸ ਹੱਸ, ਹੰਸ ਮੁਖ ਆਪ ਸੁਣਾਇਆ । ਅੰਤਮ ਬੋਲ ਇਕ ਅਲੱਖ, ਅਲੱਖ ਅਲੱਖਣਾ ਲੈਣਾ ਮਨਾਇਆ । ਸਿਰ ਚਰਨਾਂ ਹੇਠਾਂ ਰੱਖ, ਪੁਰਖ ਅਬਿਨਾਸ਼ੀ ਲੈਣਾ ਧਿਆਇਆ । ਕਰੇ ਖੇਲ ਹਰਿ ਸਮਰਥ, ਸਮਰਥ ਆਪਣਾ ਰਾਹ ਚਲਾਇਆ । ਜੁਗ ਚੌਕੜੀ ਦੇਵੇ ਮੱਥ, ਮਥਣਹਾਰਾ ਭੇਵ ਨਾ ਆਇਆ । ਲੱਖ ਚੁਰਾਸੀ ਪਾਏ ਨੱਥ, ਨਾਮ ਡੋਰੀ ਹੱਥ ਉਠਾਇਆ । ਵਸਣਹਾਰਾ ਘਟ ਘਟ, ਲੱਖ ਚੁਰਾਸੀ ਰਿਹਾ ਸਮਾਇਆ । ਕਰੇ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਾਂਗ ਵਰਤਾਇਆ । ਸਾਚਾ ਮਾਰਗ ਹਰਿ ਜੂ ਦੱਸ, ਸੁਤ ਸ਼ਬਦੀ ਸੇਵਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਆਪਣਾ ਰਾਹ ਆਪ ਚਲਾਇਆ । ਚਲੇ ਰਾਹ ਵਿਚ ਸੰਸਾਰ, ਸੋ ਪੁਰਖ ਨਿਰੰਜਣ ਆਪ ਚਲਾਈਆ । ਹਰਿ ਪੁਰਖ ਨਿਰੰਜਣ ਕਰੇ ਸਾਚੀ ਕਾਰ, ਕਰਤਾ ਪੁਰਖ ਸੇਵ ਕਮਾਈਆ । ਏਕੰਕਾਰਾ ਕਰ ਪਸਾਰ, ਅਕਲ ਕਲ ਧਾਰੀ ਵੇਖ ਵਖਾਈਆ । ਆਦਿ ਨਿਰੰਜਣ ਹੋ ਉਜਿਆਰ ਦੋ ਜਹਾਨ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਠਾਂਡੇ ਦਰਬਾਰ, ਸਚਖੰਡ ਸਿੰਘਾਸਣ ਇਕ ਸੁਹਾਈਆ । ਸ੍ਰੀ ਭਗਵਾਨ ਸਤਿ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਈਆ । ਪਾਰਬ੍ਰਹਮ ਬ੍ਰਹਮ ਦੇਵੇ ਇਕ ਗਿਆਨ, ਆਤਮ ਅੰਤਰ ਕਰ ਪੜ੍ਹਾਈਆ । ਨਿਰਗੁਣ ਸਰਗੁਣ ਹੋ ਪਰਧਾਨ, ਗੁਰ ਅਵਤਾਰ ਨਾਉਂ ਧਰਾਈਆ । ਧੁਰਦਰਗਾਹੀ ਗਾਏ ਗਾਨ, ਅੱਖਰ ਅੱਖਰ ਨਾਲ ਮਿਲਾਈਆ । ਸ਼ਬਦੀ ਸ਼ਬਦ ਕਰ ਪਰਵਾਨ, ਸਾਚਾ ਢੋਲਾ ਇਕ ਸੁਣਾਈਆ । ਬਣ ਵਿਚੋਲਾ ਸ੍ਰੀ ਭਗਵਾਨ, ਪੜਦਾ ਉਹਲਾ ਦਏ ਉਠਾਈਆ । ਜੁਗ ਚੌਕੜੀ ਵੇਖੇ ਆਣ, ਰੂਪ ਅਨੂਪ ਆਪ ਵਟਾਈਆ । ਸਾਚੇ ਭਗਤ ਕਰੇ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਸਾਚੇ ਸੰਤਾਂ ਵੇਖੇ ਆਣ, ਨਿਰਗੁਣ ਸਰਗੁਣ ਮੇਲ ਮਿਲਾਈਆ । ਗੁਰਮੁਖ ਚਰਨ ਕਵਲ ਰਹੇ ਧਿਆਨ, ਧਿਆਨ ਧਿਆਨ ਵਿਚ ਮਿਲਾਈਆ । ਗੁਰਸਿਖ ਵੇਖੇ ਬਾਲ ਅੰਞਾਣ, ਫੜ ਬਾਂਹੋਂ ਗੋਦ ਬਹਾਈਆ । ਸਤਿਜੁਗ ਤ੍ਰੇਤਾ ਦੁਆਪਰ ਖੇਲ ਕਰੇ ਮਹਾਨ, ਜੁਗ ਚੌਕੜੀ ਪੰਧ ਮੁਕਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਅੰਤ ਮਿਟੇ ਨਿਸ਼ਾਨ, ਸਤਿਗੁਰ ਸਾਚਾ ਹਰਿ ਸਮਝਾਈਆ । ਸ਼ਬਦੀ ਸੁਤ ਵੇਖਣਾ ਮਾਰ ਧਿਆਨ, ਅਬਿਨਾਸ਼ੀ ਅਚੁੱਤ ਖੇਲ ਕਰਾਈਆ । ਰੁੱਤ ਬਸੰਤੀ ਹੋਏ ਜਹਾਨ, ਫੁਲ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਧੁਰ ਸੰਦੇਸਾ ਸੱਜਣ ਸੁਹੇਲਾ, ਪੁਰਖ ਅਬਿਨਾਸ਼ੀ ਆਪ ਜਣਾਇੰਦਾ । ਹਰਿ ਕਾ ਅੰਤ ਨਾ ਜਾਣੇ ਕੋਈ ਵੇਲਾ, ਬੇਅੰਤ ਬੇਅੰਤ ਸਰਬ ਗੁਣ ਗਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਵਸਣਹਾਰਾ ਧਾਮ ਨਵੇਲਾ, ਦਰ ਘਰ ਸਾਚੇ ਆਸਣ ਲਾਇੰਦਾ । ਅੰਤ ਕਰੇ

ਖੇਲ ਗੁਰੂ ਗੁਰ ਚੇਲਾ, ਅਵਤਾਰ ਪੀਰ ਪੈਗ਼ੰਬਰ ਜੋਤੀ ਸ਼ਬਦੀ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਆਪ ਵਖਾਇੰਦਾ । ਸ਼ਬਦ ਦੁਲਾਰ ਵੇਖ ਨੇਤ, ਹਰਿ ਨੈਣ ਨੈਣ ਜਣਾਈਆ । ਕੋਟਨ ਕੋਟ ਜੁਗ ਝੂਜਣ ਆਪਣੇ ਖੇਤ, ਅੰਤ ਕੋਇ ਰਹਿਣ ਨਾ ਪਾਈਆ । ਬਿਨ ਪੁਰਖ ਅਕਾਲ ਕੋਏ ਨਾ ਕਰੇ ਸਾਚਾ ਹੇਤ, ਸਾਚਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੰਧ ਆਪ ਸਮਝਾਈਆ । ਸ਼ਬਦ ਸੁਤ ਬਣ ਪਾਂਧੀ, ਹਰਿ ਸਾਚਾ ਸਚ ਜਣਾਇੰਦਾ । ਲੱਖ ਚੁਰਾਸੀ ਢੋਲਾ ਤੇਰਾ ਗਾਂਦੀ, ਗੀਤ ਗੀਤ ਨਾਲ ਮਿਲਾਇੰਦਾ । ਸੁਰਤ ਸਵਾਣੀ ਹੋਈ ਆਂਧੀ, ਅੰਧ ਅੰਧੇਰ ਨਾ ਕੋਇ ਗਵਾਇੰਦਾ । ਲੱਖ ਚੁਰਾਸੀ ਭੌਂਦੀ ਥੱਕੀ ਮਾਂਦੀ, ਅੰਤਮ ਪੰਧ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸੇਵਾ ਆਪ ਲਗਾਇੰਦਾ । ਸਾਚੀ ਸੇਵ ਕਰਾਂ ਭਗਵਾਨ, ਸੁਤ ਸ਼ਬਦ ਕਰੇ ਅਰਜ਼ੋਈਆ । ਤੇਰਾ ਝੁਲਾਵਾਂ ਸਚ ਨਿਸ਼ਾਨ, ਦੋ ਜਹਾਨਾਂ ਦੇਵਾਂ ਢੋਈਆ । ਤੇਰਾ ਨਾਉਂ ਕਰਾਂ ਪਰਧਾਨ, ਬ੍ਰਹਿਮੰਡ ਖੰਡ ਤ੍ਰੈ ਲੋਈਆ । ਲੱਖ ਚੁਰਾਸੀ ਹੋਣਾ ਪਰਧਾਨ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਚਾਰੇ ਬਾਣੀ ਬੋਲ ਗਾਣ, ਪਰਾ ਪਸੰਤੀ ਮਧਮ ਬੈਖਰੀ ਦਿਆਂ ਸੁਣਾਈਆ । ਚਾਰੇ ਕੁੰਟ ਵੇਖਾਂ ਮਾਰ ਧਿਆਨ, ਦਹਿ ਦਿਸ਼ਾ ਫੋਲ ਫੋਲਾਈਆ । ਸਰਗੁਣ ਅੰਦਰ ਕਰਾਂ ਆਪਣਾ ਆਪ ਮਕਾਮ, ਨਿਰਗੁਣ ਹੋ ਹੋ ਡੇਰਾ ਲਾਈਆ । ਧੁਰ ਸੰਦੇਸਾ ਦੇਵਾਂ ਆਣ, ਗੁਰ ਅਵਤਾਰ ਪੀਰ ਪੈਗ਼ੰਬਰ ਨਾਉਂ ਧਰਾਈਆ । ਸਾਚਾ ਕਲਮਾ ਪੜ੍ਹਾਵਾਂ ਆਣ, ਕਾਇਨਾਤ ਕਰਾਂ ਸ਼ੁਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਇਕੋ ਤੇਰੀ ਓਟ ਰਖਾਈਆ । ਇਕੋ ਰੱਖੀ ਤੇਰੀ ਓਟ, ਸੁਤ ਸ਼ਬਦ ਸੀਸ ਝੁਕਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ, ਘਰ ਘਰ ਆਪਣਾ ਫੇਰਾ ਪਾਇੰਦਾ । ਤੇਰੀ ਵੰਡ ਨਿਰਮਲ ਜੋਤ, ਜੋਤੀ ਜਾਤਾ ਨੂਰ ਧਰਾਇੰਦਾ । ਮੇਰਾ ਛੰਦ ਇਕ ਸਰੋਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਝੋਲੀ ਡਾਹਿੰਦਾ । ਦੇਣਾ ਵਰ ਮੇਰੇ ਨਿਰੰਕਾਰ, ਸੁਤ ਸ਼ਬਦੀ ਮੰਗ ਮੰਗਾਈਆ । ਸੇਵਾ ਕਰਾਂ ਬਣ ਸੇਵਾਦਾਰ, ਸਾਚੀ ਚਾਕਰੀ ਆਪ ਨਿਭਾਈਆ । ਅੰਤਮ ਚੌਕੜ ਵੇਖਾਂ ਵਿਚ ਸੰਸਾਰ, ਲੋਕਮਾਤ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖਾ ਜਾਣਾ ਤੇਈ ਅਵਤਾਰ, ਤਰਫ਼ ਬਤਰਫ਼ ਨਾ ਕੋਇ ਬਣਾਈਆ । ਭਗਤ ਅਠਾਰਾਂ ਦਏ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਮਾਰਗ ਸਾਚਾ ਲਾਈਆ । ਤੇਰਾ ਮਾਰਗ ਗੁਰ ਅਵਤਾਰ, ਲੋਕਮਾਤ ਮਾਤ ਚਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖਾਂ ਵਾਰੋ ਵਾਰ, ਵੇਸ ਅਨੇਕ ਵਟਾਇੰਦਾ । ਰਾਮਾ ਕ੍ਰਿਸ਼ਨਾ ਦਏ ਅਧਾਰ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਕਲਜੁਗ ਖੇਲ ਕਰਾਂ ਅਪਾਰ, ਤੇਰਾ ਹੁਕਮ ਇਕ ਸੁਣਾਇੰਦਾ । ਮੁਕਾਮੇ ਹੱਕ ਹੋ ਤਿਆਰ, ਲਾਸ਼ਰੀਕ ਨਾਉਂ ਧਰਾਇੰਦਾ । ਤੇਰਾ ਰੂਪ ਪਰਵਰਦਿਗਾਰ, ਪਾਰਬ੍ਰਹਮ ਆਪ ਵਟਾਇੰਦਾ । ਸਾਚਾ ਕਲਮਾ ਕਰ ਤਿਆਰ, ਨਬੀ ਰਸੂਲਾਂ ਆਪ ਪੜ੍ਹਾਇੰਦਾ । ਬਿਸਮਲ ਰਹੇ ਆਪ ਨਿਰੰਕਾਰ, ਆਪਣਾ ਬਲ ਨਾ ਕੋਇ ਧਰਾਇੰਦਾ । ਪੰਜ ਤੱਤ ਕਾਇਆ ਕਰ ਸ਼ਿੰਗਾਰ, ਈਸਾ ਮੂਸਾ ਸੋਭਾ ਪਾਇੰਦਾ । ਕਾਲਾ ਸੂਸਾ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਗੁਰ ਵੰਡ ਵੰਡਾਇੰਦਾ । ਸ਼ਬਦੀ ਗੁਰ ਵਡ ਬਲਵਾਨਾ, ਪ੍ਰਭ ਅੱਗੇ ਸੀਸ ਝੁਕਾਈਆ । ਕਲਜੁਗ ਕਰਾਂ ਖੇਲ ਮਹਾਨਾ, ਭੇਵ ਕੋਇ ਨਾ ਪਾਈਆ ।

ਧੁਰ ਧੁਰਗਾਹੀ ਇਕ ਤਰਾਨਾ, ਤੇਰਾ ਰਾਗ ਸੁਣਾਈਆ । ਸਚ ਸੰਦੇਸਾ ਦਿਆਂ ਪੈਗ਼ਾਮਾ, ਪੀਰ ਪੈਗ਼ੰਬਰ ਕਰ ਪੜ੍ਹਾਈਆ । ਬਣ ਕੇ ਬਹਿਵਾਂ ਸਚ ਅਮਾਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਇਕ ਤੇਰੀ ਆਸ ਤਕਾਈਆ । ਤੇਰੀ ਆਸ ਰੱਖੀ ਮੀਤ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਮੈਂ ਖੇਲ ਕਰਾਵਾਂ ਮੰਦਰ ਮਸੀਤ, ਸ਼ਿਵਦਵਾਲੇ ਮੱਠ ਬਣਤ ਬਣਾਇੰਦਾ । ਲੱਖ ਚੁਰਾਸੀ ਪਰਖਾਂ ਨੀਤ, ਘਟ ਘਟ ਆਪਣੀ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਸੀਸ ਝੁਕਾਇੰਦਾ । ਤੇਰੇ ਅੱਗੇ ਸੀਸ ਜਾਏ ਝੁਕ, ਮੇਰੇ ਸਾਹਿਬ ਸੱਚੇ ਸੁਲਤਾਨਾ ਜੁਗ ਚੌਕੜੀ ਪੈਂਡਾ ਜਾਏ ਮੁੱਕ, ਰਹਿਣ ਨਾ ਪਾਏ ਵਿਚ ਜਹਾਨਾ । ਕਵਣ ਵੇਲਾ ਪਏ ਉਠ, ਬਣੇ ਮਰਦ ਮਰਦ ਮਰਦਾਨਾ । ਪੂਤ ਸਪੂਤੇ ਉਪਰ ਜਾਏਂ ਤੁੱਠ, ਕਰੇਂ ਖੇਲ ਦੋ ਜਹਾਨਾਂ । ਨਾਉਂ ਰਖਾਏਂ ਅਬਿਨਾਸ਼ੀ ਅਚੁੱਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨ ਸੀਸ ਝੁਕਾਨਾ । ਦੇਣਾ ਵਰ ਮੇਰੇ ਗੋਬਿੰਦ, ਤੇਰੇ ਅੱਗੇ ਝੋਲੀ ਡਾਹੀਆ । ਕਵਣ ਵੇਲਾ ਮੇਟੇਂ ਚਿੰਦ, ਸਗਲੀ ਚਿੰਦ ਗਵਾਈਆ । ਪਰਗਟ ਹੋਏਂ ਗੁਣੀ ਗੁਹਿੰਦ, ਗਹਿਰ ਗੰਭੀਰ ਆਪਣਾ ਪੜਦਾ ਦਏਂ ਉਠਾਈਆ । ਆਪਣਾ ਨਾਉਂ ਰਖਾਏਂ ਸਾਗਰ ਸਿੰਧ, ਸਾਗਰ ਇਕ ਦਏਂ ਸਮਝਾਈਆ । ਲਹਿਣਾ ਦੇਣਾ ਚੁਕਾਏਂ ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦ, ਕਰੋੜ ਤੇਤੀਸਾ ਰਹਿਣ ਨਾ ਪਾਈਆ । ਭਗਤ ਭਗਵਾਨ ਬਣਾਏਂ ਆਪਣੀ ਬਿੰਦ, ਸੁਤ ਅਨਾਦੀ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਜ਼ਰ ਕੋਇ ਨਾ ਆਈਆ । ਦੇ ਵਰ ਮੇਰੇ ਨਿਰੰਕਾਰ, ਹਉਂ ਬਾਲਕ ਮੰਗ ਮੰਗਾਇੰਦਾ । ਸੇਵਾ ਕਰਾਂ ਜੁਗ ਚੌਕੜੀ ਵਾਰੋ ਵਾਰ, ਕੋਟਨ ਕੋਟ ਕਾਲ ਬਿਤਾਇੰਦਾ । ਅੰਤਮ ਚੌਕੜ ਖੇਲ ਅਪਾਰ, ਤੇਈ ਅਵਤਾਰ ਸੇਵ ਲਗਾਇੰਦਾ । ਭਗਤ ਅਠਾਰਾਂ ਦੇ ਅਧਾਰ, ਈਸਾ ਮੂਸਾ ਮੁਹੰਮਦ ਜੋੜ ਜੁੜਾਇੰਦਾ । ਏਕਾ ਜੋਤੀ ਦਸ ਅਵਤਾਰ, ਗੁਰ ਗੁਰ ਨਾਦ ਵਜਾਇੰਦਾ । ਭੇਵ ਖੁਲ੍ਹਾ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਸਮਝਾਇੰਦਾ । ਨਾਮ ਸੱਤ ਪਾਈ ਦਾਦ, ਨਿਰਗੁਣ ਨਾਨਕ ਸਰਗੁਣ ਆਪ ਪੜ੍ਹਾਇੰਦਾ । ਚਾਰ ਵਰਨਾਂ ਏਕਾ ਹਾਟ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਕੋਇ ਵਖਾਇੰਦਾ । ਮਿਟੇ ਰੈਣ ਅੰਧੇਰੀ ਰਾਤ, ਆਤਮ ਪਰਮਾਤਮ ਜੋੜ ਜੁੜਾਇੰਦਾ । ਪੁਰਖ ਅਬਿਨਾਸ਼ੀ ਸੱਜਣ ਸਾਕ, ਹਰਿਜਨ ਸਾਚੇ ਮੇਲ ਮਿਲਾਇੰਦਾ । ਕਰੇ ਕਰਾਏ ਪਾਕੀ ਪਾਕ, ਪਤਿਤ ਪੁਨੀਤ ਆਪ ਕਰਾਇੰਦਾ । ਨਿਰਧਨ ਸਰਧਨ ਪੁਛੇ ਵਾਤ, ਸਿਰ ਆਪਣਾ ਹੱਥ ਟਿਕਾਇੰਦਾ । ਸਾਚਾ ਢੋਲਾ ਸਾਚੀ ਗਾਥ, ਗੁਰ ਸੂਰਾ ਆਪ ਜਣਾਇੰਦਾ । ਏਥੇ ਓਥੇ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਏਕਾ ਮੰਗਾਂ ਸਾਚੀ ਦਾਤ, ਮੇਰੇ ਸਾਹਿਬ ਸੱਚੇ ਗੁਸਾਈਆ । ਕਵਣ ਵੇਲਾ ਵੇਖੇਂ ਮਾਰ ਝਾਤ, ਮੇਰੇ ਸਾਹਿਬ ਬੇਪਰਵਾਹੀਆ । ਕਵਣ ਵੇਲਾ ਲੱਖ ਚੁਰਾਸੀ ਦਏਂ ਨਜ਼ਾਤ, ਨਿਝ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਅੱਗੋਂ ਪਿਆ ਹੱਸ, ਸੁਤ ਸ਼ਬਦੀ ਆਪ ਜਣਾਇੰਦਾ । ਗੁਰ ਅਵਤਾਰਾਂ ਮਾਰਗ ਦੇਵਾਂ ਦੱਸ, ਆਪਣੀ ਬੂਝ ਆਪ ਬੁਝਾਇੰਦਾ । ਵੇਦ ਵਿਆਸਾ ਜਾਏ ਲਿਖ, ਮੂਸਾ ਨੈਣ ਨੈਣ ਉਠਾਇੰਦਾ । ਈਸਾ ਵੰਡ ਕੇ ਜਾਏ ਹਿਸ, ਮੁਹੰਮਦ ਸ਼ਰਅ ਨਾਲ ਬੰਧਾਇੰਦਾ । ਜੋਤੀ ਜੋਤ ਸਰੂਪ

੧੦੫੬ ੧੧

ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਆਪਣਾ ਭੇਵ ਜਾਣੀ ਜਾਣ, ਸੋ ਪੁਰਖ ਨਿਰੰਜਣ ਰਿਹਾ ਜਣਾਈਆ । ਨਾਨਕ ਨਿਰਗੁਣ ਦੱਸ ਕੇ ਜਾਏ ਪਦ ਨਿਰਬਾਣ, ਬੇਅੰਤ ਵਡ ਵਡਿਆਈਆ । ਮਹਾਂਬਲੀ ਉਤਰੇ ਅੰਤਮ ਆਣ, ਮਾਤ ਪਿਤ ਨਾ ਕੋਇ ਬਣਾਈਆ । ਸੁਤ ਦੁਲਾਰਾ ਏਕਾ ਓਟ ਰੱਖੇ ਅਕਾਲ, ਪੁਰਖ ਅਬਿਨਾਸ਼ੀ ਇਕ ਮਨਾਈਆ । ਗੋਬਿੰਦ ਸੂਰਾ ਨੌਜਵਾਨ, ਨੌਂ ਖੰਡ ਡੇਰਾ ਆਪੇ ਢਾਹੀਆ । ਸਾਚਾ ਚਿੱਲਾ ਤੀਰ ਕਮਾਨ, ਦੋ ਜਹਾਨਾਂ ਆਪ ਵਖਾਈਆ । ਏਕਾ ਮੰਗੇ ਸਾਚਾ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਕਲਜੁਗ ਅੰਤ ਆਏ ਸ੍ਰੀ ਭਗਵਾਨ, ਕਲ ਕਲਕੀ ਵੇਸ ਵਟਾਈਆ । ਸੰਬਲ ਵਸੇ ਸਚ ਮਕਾਨ, ਸਚ ਸਿੰਘਾਸਣ ਆਸਣ ਲਾਈਆ । ਨਾਤਾ ਤੋੜੇ ਜ਼ਿਮੀਂ ਅਸਮਾਨ, ਗਗਨ ਮੰਡਲ ਭੇਵ ਚੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਅੰਤ ਕੁਰਲਾਣ, ਨੇਤਰ ਨੈਣਾਂ ਨੀਰ ਵਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਧਿਆਨ, ਪ੍ਰਭ ਚਰਨ ਧਿਆਨ ਲਗਾਈਆ । ਭਗਤ ਸੰਤ ਮੰਨਣ ਆਣ, ਦਰ ਬੈਠਣ ਸੀਸ ਝੁਕਾਈਆ । ਨੌਂ ਖੰਡ ਪ੍ਰਿਥਮੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਜੀਵ ਜੰਤ ਹੋਣ ਸ਼ੈਤਾਨ, ਪੰਜ ਚੋਰ ਕਰੇ ਲੜਾਈਆ । ਵਰਨ ਬਰਨ ਕਰੇ ਬੇਈਮਾਨ, ਬੇਐਬ ਖ਼ੁਦਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਆਪਣਾ ਭੇਵ ਦੱਸੇ ਭੇਤ, ਅਨਭਵ ਆਪਣੀ ਖੇਲ ਕਰਾਇੰਦਾ । ਸੁਤ ਦੁਲਾਰੇ ਲੈਣਾ ਵੇਖ, ਕਲਜੁਗ ਅੰਤਮ ਚਾਰੋਂ ਕੁੰਟ ਅੰਧੇਰਾ ਛਾਇੰਦਾ । ਕਿਸੇ ਨਾ ਕਰੇ ਕੋਈ ਹੇਤ, ਪਿਤਾ ਪੂਤ ਬੰਧਨ ਨਾ ਕੋਇ ਵਖਾਇੰਦਾ । ਕੂੜੀ ਕਿਰਿਆ ਖੇਡੇ ਖੇਡ, ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਨਾਚ ਨਚਾਇੰਦਾ । ਗੁਰ ਕਾ ਦਰਸ ਨਾ ਸਕੇ ਕੋਈ ਪੇਖ, ਜਗਤ ਨੇਤਰ ਜਗਤ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਆਪਣਾ ਭੇਵ ਦੱਸੇ ਗੋਪਾਲ, ਪ੍ਰਭ ਆਪਣੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਹੋਏ ਬੇਹਾਲ, ਬਹਿਬਲ ਰੋਵੇ ਦਏ ਦੁਹਾਈਆ । ਕੋਈ ਨਾ ਕਰੇ ਕਿਸੇ ਪ੍ਰਿਤਪਾਲ, ਰਾਜ ਰਾਜਾਨ ਨਾ ਹੋਏ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਜਣਾਈਆ । ਸਾਚਾ ਲੇਖਾ ਸਾਹਿਬ ਸੁਲਤਾਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਕਲਜੁਗ ਅੰਤਮ ਕੂੜ ਕੁੜਿਆਰ ਹੋਏ ਬਲਵਾਨ, ਆਪਣਾ ਬਲ ਰਖਾਇੰਦਾ । ਸਾਚਾ ਮੰਦਰ ਦਿਸੇ ਨਾ ਕੋਇ ਮਕਾਨ, ਗੁਰ ਦਰ ਹੱਟ ਨਾ ਕੋਇ ਚਲਾਇੰਦਾ । ਨਾਮ ਵਣਜ ਨਾ ਕੋਇ ਜਹਾਨ, ਜੀਵਣ ਜੁਗਤ ਨਾ ਕੋਇ ਸਮਝਾਇੰਦਾ । ਗੁਰ ਕਾ ਸ਼ਬਦ ਨਾ ਕੋਇ ਧਿਆਨ, ਸੁਰਤੀ ਸ਼ਬਦ ਨਾ ਕੋਇ ਮਿਲਾਇੰਦਾ । ਕੂੜ ਕੁੜਿਆਰਾ ਰਸਨਾ ਜਿਹਵਾ ਪੀਣ ਖਾਣ, ਅੰਮ੍ਰਿਤ ਰਸ ਨਾ ਕੋਇ ਚਖਾਇੰਦਾ । ਧੀਆਂ ਭੈਣਾਂ ਸਰਬ ਤਕਾਣ, ਨੇਤਰ ਨੈਣ ਨਾ ਕੋਇ ਸ਼ਰਮਾਇੰਦਾ । ਮੰਦਰ ਮਸਜਦ ਮੱਠ ਸ਼ਿਵਦਵਾਲੇ ਸਾਰੇ ਰੋਵਣ ਜ਼ਾਰੋ ਜ਼ਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਇਹ ਸਮਝਾਇੰਦਾ । ਗੁਰ ਸ਼ਬਦੀ ਰੱਖਣਾ ਯਾਦ, ਸੋ ਪੁਰਖ ਨਿਰੰਜਣ ਆਪ ਜਣਾਈਆ । ਤੇਰੀ ਕਿਸੇ ਕੋਲ ਨਾ ਰਹੇ ਦਾਦ, ਸੁੰਞੀ ਹੋਏ ਜਗਤ ਲੋਕਾਈਆ । ਸਾਧ ਸੰਤ ਕਰਨ ਅਪਰਾਧ, ਜੂਠੀਆਂ ਝੂਠੀਆਂ ਧੂਣੀਆਂ ਤਾਈਆ । ਕਿਸੇ ਗ੍ਰਿਹਿ ਨਾ ਵੱਜੇ ਸਾਚਾ ਨਾਦ, ਆਤਮ ਧੁੰਨ ਨਾ ਕੋਇ ਸੁਣਾਈਆ । ਰਸਨਾ ਜਿਹਵਾ ਸਾਰੇ ਰਹੇ ਅਰਾਧ, ਅੰਤਰ ਆਤਮ ਨਾ ਕੋਇ ਵਸਾਈਆ । ਮੇਟ ਮਿਟਾਏ ਨਾ ਕੋਇ ਵਾਦ ਵਿਵਾਦ, ਜਗਤ ਵਾਸਨਾ ਹੋਏ ਹਲਕਾਈਆ । ਕਾਮ ਕਰੋਧ ਕੋਈ ਨਾ ਸਕੇ ਵਿਚੋਂ ਕਾਢ, ਆਸਾ ਤ੍ਰਿਸਨਾ ਪੱਲੂ ਨਾ

ਕੋਇ ਛੁਡਾਈਆ । ਸਤਿਗੁਰ ਸ਼ਬਦ ਕਰੇ ਨਾ ਕੋਈ ਲਾਡ, ਨਾਨਕ ਗੋਬਿੰਦ ਜਾਣ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਆਪ ਖੁਲ੍ਹਾਈਆ । ਆਪਣਾ ਭੇਵ ਦੱਸੇ ਖੋਲ੍ਹ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਪੁਰਖ ਅਬਿਨਾਸ਼ੀ ਤੋਲਣਹਾਰਾ ਸਾਚਾ ਤੋਲ, ਨਾਮ ਕੰਡਾ ਹੱਥ ਉਠਾਇੰਦਾ । ਜੁਗਾ ਜੁਗੰਤਰ ਲੱਖ ਚੁਰਾਸੀ ਲਏ ਫੋਲ, ਪੜਦਾ ਉਹਲਾ ਆਪ ਚੁਕਾਇੰਦਾ । ਜਨ ਭਗਤਾਂ ਵਸੇ ਸਦਾ ਕੋਲ ਵਿਛੜ ਕਦੇ ਨਾ ਜਾਇੰਦਾ । ਗੁਰਮੁਖ ਸੱਜਣ ਲਏ ਵਿਰੋਲ, ਲੱਖ ਚੁਰਾਸੀ ਆਪਣਾ ਨਾਮ ਮਧਾਣਾ ਪਾਇੰਦਾ । ਉਚੇ ਟਿੱਲੇ ਪਰਬਤ ਚੜ੍ਹ ਚੜ੍ਹ ਵਜਾਏ ਢੋਲ, ਸਮੁੰਦ ਸਾਗਰ ਡੂੰਘੀ ਕੰਦਰ ਆਪਣਾ ਹੁਕਮ ਸੁਣਾਇੰਦਾ । ਕਲਜੁਗ ਅੰਤਮ ਸਾਚੀ ਵਸਤ ਰਹੇ ਨਾ ਕਿਸੇ ਕੋਲ, ਖਾਲੀ ਭਾਂਡੇ ਸਰਬ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤਮ ਲੇਖਾ ਆਪ ਸਮਝਾਇੰਦਾ । ਅੰਤਮ ਲੇਖਾ ਲਿਖੇ ਲੇਖ, ਲਿਖਣਹਾਰ ਕਰਤਾਰਾ । ਗੁਰ ਸ਼ਬਦੀ ਨੇਤਰ ਨੈਣ ਪੇਖ, ਕਲਜੁਗ ਧੰਦੂਕਾਰਾ । ਸਚ ਸੁੱਚ ਮਿਟੇ ਰੇਖ, ਜੂਠ ਝੂਠ ਹੋਏ ਪਸਾਰਾ । ਪਿਤਾ ਪੂਤ ਧੀਆਂ ਰਿਹਾ ਵੇਖ, ਨਾਰ ਕੰਤ ਕਰੇ ਵਿਭਚਾਰਾ । ਕੋਈ ਨਾ ਦਿਸੇ ਮੁੱਲਾਂ ਸ਼ੇਖ਼, ਮੁਸਾਇਕ ਪੀਰ ਦਸਤਗੀਰ ਕੋਈ ਨਾ ਹੋਏ ਜ਼ਾਹਰਾ । ਬਿਨ ਸਤਿਗੁਰ ਪੂਰੇ ਕੋਈ ਨਾ ਦੱਸੇ ਭੇਤ, ਪੜ੍ਹ ਪੜ੍ਹ ਥੱਕੇ ਜੀਵ ਗਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮ ਅਪਾਰਾ । ਅਗੰਮ ਅਪਾਰਾ ਅੰਤਮ ਅੰਤ, ਹਰਿ ਜੂ ਆਪਣਾ ਖੇਲ ਕਰਾਈਆ । ਵੇਖਣਹਾਰਾ ਸਾਧ ਸੰਤ, ਲੱਖ ਚੁਰਾਸੀ ਫੋਲ ਫੋਲਾਈਆ । ਆਪਣੀ ਮਾਇਆ ਪਾ ਬੇਅੰਤ, ਬੇਅੰਤ ਦਏ ਭੁਲਾਈਆ । ਘਰ ਘਰ ਬਣਾਏ ਗੜ੍ਹ ਹਉਮੇ ਹੰਗਤ, ਮਾਣ ਅਭਿਮਾਨ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹਰਿ ਕਾ ਨਾਉਂ ਭੁੱਲੇ ਸਰਬ ਲੋਕਾਈਆ । ਸਰਬ ਲੋਕਾਈ ਜਾਣਾ ਭੁੱਲ, ਅਭੁੱਲ ਆਪ ਭੁਲਾਇੰਦਾ । ਕੋਈ ਨਾ ਤੁਲੇ ਸਾਚਾ ਤੁਲ, ਕਲਜੁਗ ਆਪਣਾ ਹਿੱਸਾ ਆਪ ਵੰਡਾਇੰਦਾ । ਭਾਗ ਲੱਗੇ ਗੁਰਮੁਖ ਕੁਲ, ਜਿਸ ਜਨ ਹਰਿ ਜੂ ਆਪਣਾ ਭੇਵ ਖੁਲ੍ਹਾਇੰਦਾ । ਏਕਾ ਦੇਵੇ ਨਾਮ ਅਨਮੁਲ, ਤੇਰਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਤੇਰਾ ਲਹਿਣਾ ਦੇਣਾ ਆਪ ਮੁਕਾਇੰਦਾ । ਲਹਿਣਾ ਦੇਣਾ ਸ਼ਬਦੀ ਸੁਤ, ਤੇਰਾ ਆਪ ਚੁਕਾਈਆ । ਪਰਗਟ ਹੋ ਅਬਿਨਾਸ਼ੀ ਅਚੁੱਤ, ਨਿਰਗੁਣ ਆਪਣਾ ਰੂਪ ਵਟਾਈਆ । ਸਚਖੰਡ ਨਿਵਾਸੀ ਆਪੇ ਪਏ ਉਠ, ਮਾਤ ਪਿਤਾ ਨਾ ਕੋਇ ਬਣਾਈਆ । ਆਪ ਸੁਹਾਏ ਸਾਚੀ ਰੁੱਤ, ਰੁੱਤ ਰੁੱਤੜੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਖੋਲ੍ਹੇ ਭੇਵ ਹਰਿ ਨਿਰੰਕਾਰਾ, ਨਿਰਗੁਣ ਆਪਣੀ ਦਇਆ ਕਮਾਇੰਦਾ । ਕਲਜੁਗ ਆਏ ਅੰਤਮ ਵਾਰਾ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਨਿਰਗੁਣ ਨੂਰ ਕਰੇ ਉਜਿਆਰਾ, ਜੋਤੀ ਜੋਤ ਡਗਮਗਾਇੰਦਾ । ਨਾਉਂ ਰੱਖ ਨਿਹਕਲੰਕ ਨਰਾਇਣ ਨਰ ਅਵਤਾਰਾ, ਲੋਕਮਾਤ ਫੇਰਾ ਪਾਇੰਦਾ । ਸਚਖੰਡ ਬਣਾਏ ਸਚ ਦਰਬਾਰਾ, ਧੁਰ ਦਰਬਾਰੀ ਆਸਣ ਲਾਇੰਦਾ । ਲਹਿਣਾ ਦੇਣਾ ਚੁਕਾਏ ਤੇਈ ਅਵਤਾਰਾ, ਭਗਤ ਅਠਾਰਾਂ ਨਾਲ ਮਿਲਾਇੰਦਾ । ਲੇਖਾ ਜਾਣੇ ਦਸ ਗੁਰੂ ਗੁਰ ਧਾਰਾ, ਗੁਰ ਸ਼ਬਦੀ ਵੰਡ ਵੰਡਾਇੰਦਾ । ਪੁਰਖ ਅਬਿਨਾਸ਼ੀ ਅਗੰਮ ਅਪਾਰਾ, ਅਲੱਖ ਅਗੋਚਰ ਆਪਣਾ ਹੁਕਮ ਆਪ ਵਰਤਾਇੰਦਾ । ਪੂਰਬ ਲਹਿਣਾ ਕਰਮ ਵਿਚਾਰਾ, ਨਿਹਕਰਮੀ ਕਰਮ ਕਮਾਇੰਦਾ । ਪਰਗਟ ਹੋ ਵਿਚ ਸੰਸਾਰਾ, ਆਪਣਾ ਮਾਰਗ ਆਪੇ ਲਾਇੰਦਾ । ਏਕਾ ਨਾਮ

ਬੋਲ ਜੈਕਾਰਾ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਇਕ ਕਰਾਏ ਵਣਜ ਵਪਾਰਾ, ਸਾਚਾ ਹੱਟ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਚੁਕਾਇੰਦਾ । ਆਪਣਾ ਪੜਦਾ ਚੁੱਕੇ ਓਹਲਾ, ਭੇਦ ਅਭੇਦ ਖੁਲ੍ਹਾਈਆ । ਨੌਂ ਖੰਡ ਪ੍ਰਿਥਮੀ ਚਾਰ ਕੁੰਟ ਲੱਖ ਚੁਰਾਸੀ ਆਪੇ ਮੌਲਾ, ਘਟ ਘਟ ਆਪਣਾ ਨੂਰ ਧਰਾਈਆ । ਸ਼ਬਦ ਅਨਾਦ ਸੁਣਾਏ ਬ੍ਰਹਿਮਾਦ ਆਪੇ ਗਾਏ ਆਪਣਾ ਢੋਲਾ, ਢੋਲਾ ਸਾਚਾ ਆਪ ਸੁਣਾਈਆ । ਸਚ ਦੁਆਰਾ ਏਕੰਕਾਰਾ ਆਦਿ ਜੁਗਾਦਿ ਏਕਾ ਖੋਲ੍ਹਾ, ਗੁਰ ਅਵਤਾਰਾਂ ਰਿਹਾ ਦਸਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਪਾਇਣ ਰੌਲਾ, ਅੰਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੰਤ ਆਪ ਜਣਾਈਆ । ਕਲਜੁਗ ਆਏ ਅੰਤਮ ਅੰਤ, ਹਰਿ ਜੂ ਹਰਿ ਹਰਿ ਖੇਲ ਕਰਾਇੰਦਾ । ਪਰਗਟ ਹੋਏ ਸ੍ਰੀ ਭਗਵੰਤ, ਨਿਹਕਲੰਕ ਨਾਉਂ ਰਖਾਇੰਦਾ । ਸਤਿਜੁਗ ਬਣਾਏ ਸਾਚੀ ਬਣਤ, ਕਲਜੁਗ ਕੂੜਾ ਮੇਟ ਮਿਟਾਇੰਦਾ । ਚਾਰ ਵਰਨ ਇਕੋ ਮੰਤ, ਹਰਿ ਆਪਣਾ ਨਾਉਂ ਦ੍ਰਿੜਾਇੰਦਾ । ਭਗਤ ਭਗਵੰਤ ਵੇਖੇ ਸੰਤ, ਸੰਤ ਸਾਜਣ ਮੇਲ ਮਿਲਾਇੰਦਾ । ਸੁਰਤੀ ਸ਼ਬਦੀ ਮੇਲਾ ਨਾਰੀ ਕੰਤ, ਆਤਮ ਸੇਜਾ ਆਪ ਹੰਢਾਇੰਦਾ । ਗੁਰਸਿਖ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਮਾਨਸ ਜਨਮ ਨਾ ਹੋਏ ਭੰਗਤ, ਲੱਖ ਚੁਰਾਸੀ ਫੇਰਾ ਫੇਰ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਜੋਤੀ ਮੇਲਾ ਆਪ ਮਿਲਾਇੰਦਾ । ਸ਼ਬਦੀ ਜੋਤੀ ਸਾਚਾ ਮੇਲਾ, ਹਰਿ ਜੂ ਹਰਿ ਹਰਿ ਆਪ ਮਿਲਾਈਆ । ਗੋਬਿੰਦ ਮੇਲਾ ਗੁਰੂ ਗੁਰ ਚੇਲਾ, ਗੁਰ ਸਤਿਗੁਰ ਆਪ ਜਣਾਈਆ । ਨਿਰਗੁਣ ਸਰਗੁਣ ਸੱਜਣ ਸੁਹੇਲਾ, ਸਾਚਾ ਸੰਗ ਨਿਭਾਈਆ । ਕਲਜੁਗ ਆਇਆ ਅੰਤਮ ਵੇਲਾ, ਭੇਵ ਕੋਇ ਨਾ ਪਾਈਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਦਿਸ ਕਿਸੇ ਨਾ ਆਈਆ । ਗੁਰਮੁਖ ਵਿਰਲੇ ਚੜ੍ਹੇ ਤੇਲਾ, ਜਿਸ ਸਾਚਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਆਪਣਾ ਨਾਉਂ ਡੰਕ ਵਜਾਈਆ । ਸਾਚਾ ਡੰਕਾ ਵੱਜੇ ਮਾਤ, ਸੋ ਪੁਰਖ ਨਿਰੰਜਣ ਆਪ ਵਜਾਇੰਦਾ । ਕਲਜੁਗ ਮਿਟੇ ਅੰਧੇਰੀ ਰਾਤ, ਜਗਤ ਅੰਧੇਰਾ ਰਹਿਣ ਨਾ ਪਾਇੰਦਾ । ਸਤਿਜੁਗ ਸਾਚੇ ਬੰਨ੍ਹੇ ਨਾਤ, ਧਰਤ ਮਾਤ ਗੋਦ ਬਹਾਇੰਦਾ । ਕਿਰਪਾ ਕਰੇ ਕਮਲਾਪਾਤ, ਕਵਲ ਨੈਣ ਆਪ ਖੁਲ੍ਹਾਇੰਦਾ । ਜਨ ਭਗਤ ਬਣਾਏ ਸਾਚੇ ਸਾਕ, ਭਗਤ ਦੁਆਰਾ ਆਪ ਸੁਹਾਇੰਦਾ । ਨਾਤਾ ਤੁਟੇ ਜਾਤ ਪਾਤ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਇੰਦਾ । ਸਰਬ ਜੀਆਂ ਵਖਾਏ ਇਕੋ ਘਾਟ, ਤੀਰਥ ਤਟ ਸਰ ਸਰੋਵਰ ਅਵਰ ਨਾ ਕੋਇ ਵਡਿਆਇੰਦਾ । ਆਤਮ ਪਰਮਾਤਮ ਸਾਚਾ ਪਾਠ, ਇਸ਼ਟ ਦੇਵ ਇਕ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਇੰਦਾ । ਕਰੇ ਖੇਲ ਪੁਰਖ ਅਕਾਲ, ਕਲਜੁਗ ਅੰਤਮ ਵੇਖ ਵਖਾਈਆ । ਨਾਉਂ ਰੱਖ ਦੀਨ ਦਿਆਲ, ਦੀਨਨ ਹੋਏ ਸਹਾਈਆ । ਸੇਵਾ ਲਾਏ ਕਲਜੁਗ ਕਾਲ, ਲੱਖ ਚੁਰਾਸੀ ਦਏ ਮਿਟਾਈਆ । ਰਾਏ ਧਰਮ ਲੇਖਾ ਦਏ ਵਖਾਲ, ਚਿਤਰ ਗੁਪਤ ਨਾਲ ਮਿਲਾਈਆ । ਲਾੜੀ ਮੌਤ ਕਰੇ ਸ਼ਿੰਗਾਰ, ਨੇਤਰ ਨੈਣਾਂ ਕਜਲਾ ਪਾਈਆ । ਚਾਰੋਂ ਕੁੰਟ ਵੇਖੇ ਵਾਰੋ ਵਾਰ, ਬਚਿਆ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਆਈ ਹਾਰ, ਜੀਵ ਜੰਤ ਦੇਣ ਦੁਹਾਈਆ । ਉਮਤ ਉਮਤੀ ਗਈ ਹਾਰ, ਨਬੀ ਰਸੂਲ ਦਏ ਨਾ ਕੋਇ ਗਵਾਹੀਆ । ਅੱਲਾ ਰਾਣੀ ਨੇਤਰ ਰੋਵੇ ਜ਼ਾਰੋ ਜ਼ਾਰ, ਖੁਲੜੇ ਕੇਸ ਰਹੀ ਵਖਾਈਆ । ਚੌਦਾਂ ਤਬਕ ਕਰਨ ਪੁਕਾਰ, ਸਚ ਤਬਲੀਗ ਨਾ

ਕੋਇ ਸੁਣਾਈਆ । ਖ਼ਾਲਕ ਖ਼ਲਕ ਵੇਖੇ ਵੇਖਣਹਾਰ, ਬੇਐਬ ਪਰਵਰਦਿਗਾਰ ਸਾਚਾ ਮਾਹੀਆ । ਸਦੀ ਚੌਧਵੀ ਆਈ ਹਾਰ, ਚੌਦਸ ਚੰਦ ਨਾ ਕੋਇ ਚੜ੍ਹਾਈਆ । ਲਹਿਣਾ ਦੇਣਾ ਚੁੱਕੇ ਚਾਰ ਯਾਰ, ਚੌਥੇ ਜੁਗ ਵੰਡ ਵੰਡਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪੰਚਮ ਪੰਚ ਕਰੇ ਪਰਵਾਨ, ਦਰਗਾਹ ਸਾਚੀ ਵੱਜੇ ਵਧਾਈਆ । ਪੰਜਾਂ ਦੇਵੇ ਏਕਾ ਮਾਣ, ਪੰਚ ਬਣਾਏ ਸਚ ਵਿਧਾਨ, ਜਗਤ ਵਿਦਿਆ ਨਾ ਕੋਇ ਵਡਿਆਈਆ । ਸਤਿ ਸਤਿਵਾਦੀ ਫੜਾਏ ਹੱਥ ਨਿਸ਼ਾਨ, ਸੱਤਰੰਗਾ ਆਪ ਝੁਲਾਈਆ । ਸੱਤ ਦੀਪ ਮੰਨਣ ਆਣ, ਨਿਉਂ ਨਿਉਂ ਸੀਸ ਝੁਕਾਈਆ । ਸ਼ਾਹੋ ਭੂਪ ਬਣੇ ਭਗਵਾਨ, ਸੀਸ ਜਗਦੀਸ ਤਾਜ ਟਿਕਾਈਆ । ਲੱਖ ਚੁਰਾਸੀ ਵੇਖੇ ਕਾਹਨ, ਮੁਕੰਦ ਮਨੋਹਰ ਲੱਖਮੀ ਨਰਾਇਣ ਰੂਪ ਵਟਾਈਆ । ਸਰਬ ਜੀਆਂ ਦੇਵੇ ਇਕ ਗਿਆਨ, ਆਤਮ ਪਰਮਾਤਮ ਮੇਲ ਮਿਲਾਈਆ । ਸੋਹੰ ਅੱਖਰ ਕਰ ਪਰਧਾਨ, ਸਤਿਜੁਗ ਪਰਧਾਨਗੀ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਚਾਰ ਵਰਨਾਂ ਏਕਾ ਗੁਣ ਸਮਝਾਈਆ । ਏਕਾ ਗੁਣ ਚਾਰ ਵਰਨ, ਨਰ ਹਰਿ ਨਰਾਇਣ ਆਪ ਜਣਾਇੰਦਾ । ਖੇਲਣਹਾਰਾ ਹਰਨ ਫਰਨ, ਨੇਤਰ ਗਿਆਨ ਆਪ ਖੁਲ੍ਹਾਇੰਦਾ । ਨਾਤਾ ਤੋੜੇ ਮਰਨ ਡਰਨ, ਲੱਖ ਚੁਰਾਸੀ ਫੰਦ ਕਟਾਇੰਦਾ । ਕਿਰਪਾ ਕਰੇ ਕਰਨੀ ਕਰਨ, ਕਰਤਾ ਪੁਰਖ ਦਇਆ ਕਮਾਇੰਦਾ । ਤ੍ਰੈਗੁਣ ਅਗਨੀ ਗੁਰਮੁਖ ਕਦੇ ਨਾ ਸੜਨ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਦਰਗਾਹ ਸਾਚੀ ਸਾਚੇ ਵੜਨ, ਹਰਿ ਸਾਚਾ ਮੇਲ ਮਿਲਾਇੰਦਾ । ਸਤਿਗੁਰ ਚਰਨ ਜੋ ਜਨ ਫੜਨ, ਪੁਰਖ ਅਕਾਲ ਗੋਦ ਸੁਹਾਇੰਦਾ । ਸੋਹੰ ਅੱਖਰ ਜੋ ਜਨ ਪੜ੍ਹਨ, ਜਨਮ ਮਰਨ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਦੇਵੇ ਦਾਨ, ਦਾਤਾ ਦਾਨੀ ਆਪਣੀ ਵਸਤ ਆਪ ਵਰਤਾਇੰਦਾ ।


੧੦੫੯
੧੧

★ ੨੦ ਚੇਤ ੨੦੧੯ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹ ਡੱਲੇ ਵਾਲ ਜ਼ਿਲਾ ਜਲੰਧਰ ★

ਸੋ ਪੁਰਖ ਨਿਰੰਜਣ ਸਾਹਿਬ ਸੁਲਤਾਨ, ਸਤਿ ਸਤਿਵਾਦੀ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਵਡ ਮਿਹਰਵਾਨ, ਅਨਭਵ ਆਪਣੀ ਧਾਰ ਚਲਾਇੰਦਾ । ਏਕੰਕਾਰਾ ਸ਼ਾਹ ਸੁਲਤਾਨ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਸ੍ਰੀ ਭਗਵਾਨ ਸਤਿ ਨਿਸ਼ਾਨ, ਦਰਗਾਹ ਸਾਚੀ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨ, ਸਚਖੰਡ ਸਾਚੇ ਸੋਭਾ ਪਾਇੰਦਾ । ਇਕ ਇਕੱਲਾ ਬਣ ਹੁਕਮਰਾਨ, ਧੁਰ ਫ਼ਰਮਾਣਾ ਆਪ ਜਣਾਇੰਦਾ । ਲੇਖਾ ਜਾਣੇ ਦੋ ਜਹਾਨ, ਧੁਰਦਰਗਾਹੀ ਭੇਵ ਨਾ ਆਇੰਦਾ । ਆਪਣੀ ਇਛਿਆ ਕਰ ਗੁਣ ਨਿਧਾਨ, ਸਾਚੀ ਇਛਿਆ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਆਪਣਾ ਖੇਲ ਪੁਰਖ ਸਮਰਥ, ਆਦਿ ਜੁਗਾਦਿ ਆਪਣੇ ਹੱਥ ਰਖਾਈਆ । ਸਚਖੰਡ ਦੁਆਰੇ ਆਪੇ ਵਸ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸਾਚਾ ਮਾਰਗ ਆਪੇ ਦੱਸ, ਬਣ ਪਾਂਧੀ ਆਪ ਚਲਾਈਆ । ਨਿਰਗੁਣ ਨਿਰਗੁਣ ਪੂਰੀ ਕਰੇ ਆਸ, ਆਸਾ ਪੂਰ ਆਪ ਹੋ ਜਾਈਆ । ਗ੍ਰਿਹ ਮੰਦਰ ਇਕ

ਪਰਕਾਸ਼, ਬਿਨ ਬਾਤੀ ਤੇਲ ਕਰਾਈਆ । ਕਰੇ ਖੇਲ ਸ਼ਾਹੋ ਸ਼ਾਬਾਸ਼, ਨਰ ਨਰਾਇਣ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਈਆ । ਆਪਣਾ ਭੇਵ ਹਰਿ ਨਿਰੰਕਾਰ, ਇਕ ਇਕੱਲਾ ਆਪਣੇ ਹੱਥ ਰਖਾਇੰਦਾ । ਵੇਸ ਵਟਾਏ ਪੁਰਖ ਨਾਰ, ਨਾਰੀ ਕੰਤ ਆਪ ਹੋ ਜਾਇੰਦਾ । ਪੂਤ ਸਪੂਤਾ ਇਕ ਦੁਲਾਰ, ਸ਼ਬਦੀ ਸੁਤ ਆਪੇ ਜਾਇੰਦਾ । ਦਾਈ ਦਾਇਆ ਅਗੰਮ ਅਪਾਰ, ਬਣ ਸੇਵਕ ਸੇਵ ਕਮਾਇੰਦਾ । ਦੇਵੇ ਵਸਤ ਵਸਤ ਅਪਾਰ, ਅਨਡਿਠ ਆਪ ਵਰਤਾਇੰਦਾ । ਥਿਰ ਘਰ ਖੋਲ੍ਹ ਆਪ ਕਿਵਾੜ, ਘਰ ਘਰ ਵਿਚ ਸੋਭਾ ਪਾਇੰਦਾ । ਛੱਪਰ ਛੰਨ ਨਾ ਕੋਇ ਦੀਵਾਰ, ਸੂਰਜ ਚੰਦ ਨਾ ਕੋਇ ਚੜ੍ਹਾਇੰਦਾ । ਇਕ ਇਕੱਲਾ ਖੇਲ ਅਪਾਰ, ਅਕਲ ਕਲ ਧਾਰੀ ਆਪ ਕਰਾਇੰਦਾ । ਸਾਚੇ ਸੁਤ ਦੇ ਪਿਆਰ, ਸੀਸ ਜਗਦੀਸ ਆਪਣਾ ਹੱਥ ਟਿਕਾਇੰਦਾ । ਸਚ ਮਹੱਲ ਦਏ ਬਹਾਲ, ਉਚ ਅਟੱਲ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇੰਦਾ । ਨਿਰਗੁਣ ਜੋਤ ਵੇਸ ਅਵੱਲਾ, ਸ਼ਬਦੀ ਧਾਰ ਚਲਾਈਆ । ਸ਼ਬਦ ਗੁਰ ਵਸੇ ਸਚ ਮਹੱਲਾ, ਸਤਿ ਪੁਰਖ ਨਿਰੰਜਣ ਸਤਿਗੁਰ ਸਾਚਾ ਆਪ ਬਹਾਈਆ । ਨਿਰਗੁਣ ਨਾਲ ਨਿਰਗੁਣ ਰਲਾ, ਨਿਰਗੁਣ ਵੰਡ ਨਿਰਗੁਣ ਵੇਖੇ ਚਾਈਂ ਚਾਈਂਆ । ਪੁਰਖ ਅਕਾਲ ਸਚ ਸੰਦੇਸ ਨਰ ਨਰੇਸ਼ ਏਕਾ ਘੱਲਾ, ਭੇਵ ਅਭੇਦ ਆਪ ਖੁਲ੍ਹਾਈਆ । ਬ੍ਰਹਿਮੰਡ ਖੰਡ ਪੁਰੀ ਲੋਆਂ ਅਕਾਸ਼ ਪਰਕਾਸ਼ ਬਿਨ ਤੇਲ ਬਾਤੀ ਦੀਪਕ ਆਪੇ ਬਲਾ, ਨੂਰ ਨੂਰ ਨੂਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਈਆ । ਆਪਣਾ ਖੇਲ ਸ੍ਰੀ ਭਗਵਾਨ, ਹਰਿ ਜੂ ਆਪਣੇ ਹੱਥ ਰਖਾਇੰਦਾ । ਸ਼ਬਦ ਸੁਤ ਵਡ ਬਲਵਾਨ, ਜੋਧਾ ਸੂਰਬੀਰ ਆਪ ਪਰਗਟਾਇੰਦਾ । ਧੁਰ ਫ਼ਰਮਾਣਾ ਵਡ ਪਰਵਾਨ, ਏਕੰਕਾਰਾ ਏਕਾ ਵਾਰ ਸੁਣਾਇੰਦਾ । ਸਤਿ ਸਤਿਵਾਦੀ ਦੇ ਦੇ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਧਾਨ, ਤ੍ਰੈ ਪੰਜ ਮੇਲਾ ਜੋੜ ਜੋੜਾਇੰਦਾ । ਸ਼ਬਦ ਅਗੰਮੀ ਇਕ ਗਿਆਨ, ਬਿਨ ਅੱਖਰ ਆਪ ਪੜ੍ਹਾਇੰਦਾ । ਨੇਤਰ ਨੈਣ ਇਕ ਧਿਆਨ, ਨਿਝ ਨੇਤਰ ਆਪ ਖੁਲ੍ਹਾਇੰਦਾ । ਬੋਧ ਅਗਾਧ ਧੁਰ ਫ਼ਰਮਾਣ, ਪੁਰਖ ਅਬਿਨਾਸ਼ੀ ਆਪ ਸੁਣਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇੰਦਾ । ਚਾਰੇ ਬਾਣੀ ਦੋ ਜਹਾਨ, ਪਰਾ ਪਸੰਤੀ ਮਧਮ ਬੈਖਰੀ ਸਾਚਾ ਢੋਲਾ ਆਪੇ ਗਾਇੰਦਾ । ਨਿਰਗੁਣ ਸਰਗੁਣ ਖੇਲ ਮਹਾਨ, ਤੱਤਵ ਤੱਤ ਆਪਣੀ ਗੰਢ ਪੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੇ ਰੰਗ ਵਖਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਲੱਖ ਚੁਰਾਸੀ ਦੇ ਅਧਾਰਾ, ਘਟ ਘਟ ਆਪਣਾ ਵੇਸ ਵਟਾਈਆ । ਮੰਦਰ ਅੰਦਰ ਹੋ ਉਜਿਆਰਾ, ਗ੍ਰਿਹਿ ਗ੍ਰਿਹਿ ਕਰੇ ਰੁਸ਼ਨਾਈਆ । ਧੁਨ ਅਨਾਦ ਨਾਦੀ ਧਾਰਾ, ਬ੍ਰਹਮ ਬ੍ਰਹਿਮਾਦੀ ਆਪ ਸੁਣਾਈਆ । ਅੰਮ੍ਰਿਤ ਆਤਮ ਠੰਡਾ ਠਾਰਾ, ਨਿਝਰ ਝਿਰਨਾ ਆਪ ਰਖਾਈਆ । ਬਜਰ ਕਪਾਟੀ ਲਾਏ ਤਾਲਾ, ਮਾਇਆ ਪੜਦਾ ਆਪੇ ਪਾਈਆ । ਆਪੇ ਵਸੇ ਡੂੰਘੀ ਗਾਰਾ, ਅੰਧ ਅੰਧੇਰ ਨਾ ਕੋਇ ਚੁਕਾਈਆ । ਆਪੇ ਕਰੇ ਖੇਲ ਨਿਰਾਲਾ, ਆਤਮ ਸੇਜਾ ਇਕ ਸੁਹਾਈਆ । ਆਪੇ ਹੋਏ ਗੁਰ ਗੋਪਾਲਾ, ਗੋਬਿੰਦ ਆਪਣਾ ਰੂਪ ਧਰਾਈਆ । ਆਪੇ ਵਸੇ ਕਾਇਆ ਸੱਚੀ ਧਰਮਸਾਲਾ, ਸਚਖੰਡ ਵਸਣਹਾਰਾ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਆਪਣੀ ਧਾਰ ਚਲਾਈਆ । ਨਿਰਗੁਣ ਸਰਗੁਣ ਗੁਰ ਗੁਰ ਵੇਸ, ਗੁਰ ਸ਼ਬਦੀ ਖੇਲ

ਕਰਾਇੰਦਾ । ਸਚਖੰਡ ਨਿਵਾਸੀ ਏਕੰਕਾਰਾ ਨਰ ਨਰੇਸ਼, ਵੇਸ ਅਤੀਤ ਆਪ ਵਟਾਇੰਦਾ । ਧੁਰ ਫ਼ਰਮਾਣਾ ਧੁਰ ਦਾ ਰਾਣਾ ਸਦਾ ਸਦ ਸੁਣਾਏ ਸੰਦੇਸ, ਨਾਮ ਢੋਲਾ ਸਾਚਾ ਸੋਹਲਾ ਏਕਾ ਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਆਪੇ ਵੇਖ, ਕੋਟਨ ਕੋਟ ਆਪਣੇ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਪਾਏ ਬੰਧਨ, ਨਾਮ ਨਿਧਾਨਾ ਲਾਏ ਚੰਦਨ, ਨੇਤਰ ਨੈਣ ਗਿਆਨ ਧਿਆਨ ਸ੍ਰੀ ਭਗਵਾਨ ਆਪਣਾ ਭੇਵ ਖੁਲ੍ਹਾਇੰਦਾ । ਸਾਚਾ ਭੇਵ ਸਰਗੁਣ ਧਾਰ, ਗੁਰ ਗੁਰ ਬੂਝ ਬੁਝਾਈਆ । ਗੁਰ ਗੁਰ ਅੰਤਰ ਹੋ ਉਜਿਆਰ, ਹਰਿ ਜੂ ਆਪਣਾ ਰੂਪ ਵਖਾਈਆ । ਜੁਗਾ ਜੁਗੰਤਰ ਲੈ ਅਵਤਾਰ, ਸਤਿ ਸੰਦੇਸਾ ਦਏ ਸੁਣਾਈਆ । ਪੁਰਖ ਅਕਾਲ ਮੀਤ ਮੁਰਾਰ, ਦੂਸਰ ਅਵਰ ਨਾ ਕੋਇ ਵਡਿਆਈਆ । ਹਰਿ ਕਾ ਨਾਮ ਸਚ ਜੈਕਾਰ, ਚਾਰੇ ਖਾਣੀ ਚਾਰ ਵਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਤਿਗੁਰ ਆਪਣਾ ਖੇਲ ਵਖਾਈਆ । ਆਦਿ ਜੁਗਾਦਿ ਜੁਗਾ ਜੁਗੰਤਰ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸਰਗੁਣ ਰੂਪ ਸਤਿਗੁਰ ਜਗਤ ਬੁਝਾਏ ਲੱਗੀ ਬਸੰਤਰ, ਬਿਨ ਸਤਿਗੁਰ ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਸਤਿਗੁਰ ਪੂਰਾ ਸਰਬ ਜੀਆਂ ਬਿਧ ਜਾਣੇ ਅੰਤਰ, ਪੜਦਾ ਉਹਲਾ ਨਾ ਕੋਇ ਰਖਾਇੰਦਾ । ਸਾਚਾ ਨਾਮ ਜਪਾਏ ਮੰਤਰ, ਹਰਿ ਨਾਮੋ ਮੰਤਰ ਆਪ ਦ੍ਰਿੜ੍ਹਾਇੰਦਾ । ਮਾਨਸ ਜਨਮ ਬਣਾਏ ਬਣਤਰ, ਸਿਰ ਆਪਣਾ ਹੱਥ ਟਿਕਾਇੰਦਾ । ਲਹਿਣਾ ਦੇਣਾ ਤੋੜ ਗਗਨ ਗਗਨੰਤਰ, ਗ੍ਰਹਿ ਮੰਦਰ ਅੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਜੁਗ ਜੁਗ ਖੇਲ ਸ੍ਰੀ ਭਗਵਾਨ, ਆਪਣਾ ਆਪ ਜਣਾਈਆ । ਭਗਤ

੧੦੬੧

੧੧

੧੦੬੧

੧੧

ਭਗਵੰਤ ਲਏ ਪਛਾਣ, ਸੰਤ ਸੁਹੇਲੇ ਸਾਚੇ ਸੱਜਣ ਮੇਲ ਮਿਲਾਈਆ । ਗੁਰਮੁਖਾਂ ਦੇਵੇ ਨਾਮ ਦਾਨ, ਨਾਮ ਵਸਤ ਝੋਲੀ ਪਾਈਆ । ਗੁਰਸਿਖ ਗੁਰ ਗੁਰ ਆਪੇ ਵੇਖੇ ਆਣ, ਦੀਨਨ ਆਪਣੀ ਦਇਆ ਕਮਾਈਆ । ਚਰਨ ਕਵਲ ਕਵਲ ਚਰਨ ਬਖ਼ਸ਼ੇ ਇਕ ਧਿਆਨ, ਨੇਤਰ ਨੈਣ ਅਵਰ ਨਾ ਕੋਇ ਰਖਾਈਆ । ਸੋ ਪੁਰਖ ਨਿਰੰਜਣ ਹੰ ਬ੍ਰਹਮ ਨਾਮ ਸਤਿ ਸਤਿ ਸਤਿ ਦੇਵੇ ਇਕ ਗਿਆਨ, ਵਾਹ ਵਾ ਗੁਰੂ ਵਡੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਹਰਿ, ਗੁਰ ਗੁਰ ਆਪਣਾ ਖੇਲ ਕਰਾਈਆ । ਗੁਰ ਸਤਿਗੁਰ ਖੇਲ ਅਵੱਲਾ, ਭੇਵ ਕੋਇ ਨਾ ਪਾਇੰਦਾ । ਬਿਨ ਗੁਰਮੁਖ ਸੱਚੇ ਕੋਈ ਨਾ ਫੜੇ ਪੱਲਾ, ਦੂਸਰ ਨਜ਼ਰ ਕਿਸੇ ਨਾ ਆਇੰਦਾ । ਗੁਰਸਿਖ ਜੋਤੀ ਸਤਿਗੁਰ ਰੱਲਾ, ਸਤਿਗੁਰ ਗੁਰ ਸ਼ਬਦ ਆਪਣਾ ਨਾਉਂ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਏਕਾ ਹਰਿ, ਸਤਿਗੁਰ ਆਪਣਾ ਭੇਸ ਵਟਾਇੰਦਾ । ਸਤਿਗੁਰ ਭੇਖ ਵਟਾਏ ਪੰਜ ਤੱਤ, ਤੱਤਵ ਤੱਤ ਨਾ ਕੋਇ ਜਣਾਈਆ । ਅੰਤਰ ਰੱਖੇ ਬ੍ਰਹਮ ਮਤ, ਪਾਰਬ੍ਰਹਮ ਬੇਪਰਵਾਹੀਆ । ਸ੍ਰਿਸ਼ਟ ਸਬਾਈ ਮਾਰਗ ਦੇਵੇ ਦੱਸ, ਚਾਰ ਵਰਨ ਕਰੇ ਪੜ੍ਹਾਈਆ । ਜਨ ਭਗਤਾਂ ਅੰਤਰ ਜਾਏ ਵਸ, ਆਪ ਆਪਣਾ ਪੜਦਾ ਲਾਹੀਆ । ਗੁਰਮੁਖਾਂ ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਇਕ ਚਲਾਈਆ । ਪੰਚ ਵਿਕਾਰਾ ਜਾਏ ਢੱਠ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਕਰੇ ਪਰਕਾਸ਼ ਬਿਨ ਰਵ ਸਸ, ਨੂਰ ਨੂਰ ਨੂਰ ਰੁਸ਼ਨਾਈਆ । ਜਨਮ ਜਨਮ ਦੀ ਪੂਰੀ ਕਰੇ ਆਸ, ਜਿਸ ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਪੂਰਾ ਸ਼ਾਹੋ ਸ਼ਾਬਾਸ਼, ਡੁੱਬਦੇ ਪਾਥਰ ਪਾਰ ਕਰਾਈਆ । ਬਿਨ ਸਤਿਗੁਰ ਪੂਰੇ ਅੰਤ ਕੋਈ ਨਾ ਚਲੇ ਸਾਥ,

ਸਾਕ ਸੱਜਣ ਸੈਣ ਸਗਲਾ ਸੰਗ ਨਾ ਕੋਇ ਨਿਭਾਈਆ । ਹਰਿ ਕਾ ਨਾਉਂ ਗੁਰ ਕਾ ਮੰਤਰ ਗੁਰਸਿਖ ਤੇਰਾ ਪੂਜਾ ਪਾਠ, ਸਾਚੀ ਸਿਖਿਆ ਗੁਰ ਸਮਝਾਈਆ । ਮਿਟੇ ਅੰਧੇਰਾ ਝੂਠੀ ਰਾਤ, ਕਲਜੁਗ ਰੈਣ ਰਹਿਣ ਨਾ ਪਾਈਆ । ਮੇਲ ਮਿਲਾਵਾ ਹਰਿ ਕਮਲਾਪਾਤ, ਕਵਲ ਨੈਣ ਨੈਣ ਆਪਣੇ ਅੰਗ ਲਗਾਈਆ । ਏਥੇ ਓਥੇ ਦੋ ਜਹਾਨ ਪੁੱਛੇ ਵਾਤ, ਸਤਿਗੁਰ ਪੂਰਾ ਸਦਾ ਸਦਾ ਸਹਾਈਆ । ਸਗਲ ਵਿਸੂਰੇ ਜਾਇਣ ਲਾਥ, ਜੋ ਜਨ ਸਤਿਗੁਰ ਸਾਚੇ ਦਰਸਨ ਪਾਈਆ । ਅੰਤਮ ਉਤਰੇ ਆਪਣੇ ਘਾਟ, ਮੰਝਧਾਰ ਨਾ ਕੋਇ ਰੁੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਮੁੱਕੇ ਵਾਟ, ਲੋਕਮਾਤ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਰੇ ਖੇਲ ਬਹੁ ਬਿਧ ਭਾਂਤ, ਨਿਰਗੁਣ ਸਰਗੁਣ ਆਪਣਾ ਰੰਗ ਰੰਗਾਈਆ । ਨਾਤਾ ਤੋੜੇ ਜਾਤ ਪਾਤ, ਵਰਨ ਗੋਤ ਨਾ ਕੋਈ ਦਾਤ, ਆਤਮ ਬ੍ਰਹਮ ਸ੍ਰੀ ਭਗਵਾਨ, ਜੀਵ ਜੰਤ ਸਾਧ ਸੰਤ ਦਏ ਜਣਾਈਆ । ਏਕਾ ਰਾਗ ਸੁਣਾਏ ਕੰਨ, ਪੰਚ ਵਿਕਾਰਾ ਦੇਵੇ ਡੰਨ, ਭਾਂਡਾ ਭਰਮ ਭੌ ਦੇਵੇ ਭੰਨ, ਸਾਂਤਕ ਸਤਿ ਸਤਿ ਕਰਾਈਆ । ਸਾਚਾ ਦੇਵੇ ਨਾਮ ਧੰਨ, ਆਪ ਵਸਾਏ ਬਿਨ ਛੱਪਰੀ ਛੰਨ, ਸਚ ਮਹੱਲ ਅਟੱਲ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਸਦਾ ਸਦਾ ਸਹਾਈਆ । ਸਤਿਗੁਰ ਪੂਰਾ ਦੀਨ ਦਿਆਲ, ਦਇਆਨਿਧ ਆਪਣੀ ਦਇਆ ਕਮਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਹਰਿ ਜੂ ਸਗਲਾ ਸੰਗ ਨਿਭਾਇੰਦਾ । ਤ੍ਰੈਗੁਣ ਮਾਇਆ ਕੱਟ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਪੰਚਮ ਪੰਚ ਨਾ ਹੋਏ ਬੇਹਾਲ, ਪੰਚਮ ਨਾਦ ਧੁੰਨ ਸੁਣਾਇੰਦਾ । ਪੰਚਮ ਵੇਖੇ ਗੁਰਸਿਖ ਲਾਲ, ਗੁਰ ਗੁਰ ਆਪਣੀ ਗੋਦ ਬਹਾਇੰਦਾ । ਸਤਿਗੁਰ ਪੂਰਾ ਗੁਰਸਿਖ ਤੇਰੀ ਕਰੇ ਸਦਾ ਪ੍ਰਿਤਪਾਲ, ਬਣ ਸੇਵਕ ਸੇਵ ਕਮਾਇੰਦਾ । ਸਦਾ ਸੁਹੇਲਾ ਇਕ ਇਕੇਲਾ ਚਲੇ ਨਾਲ ਨਾਲ, ਬਣ ਪਾਂਧੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਜੁਗ ਜੁਗ ਗੁਰ ਸਤਿਗੁਰ ਆਪਣਾ ਨਾਉਂ ਰਖਾਇੰਦਾ । ਸਤਿਗੁਰ ਨਾਉਂ ਆਪਣਾ ਰੱਖ, ਗੁਰ ਗੁਰ ਦਏ ਵਡਿਆਈਆ । ਕਲਜੁਗ ਅੰਤਮ ਹੋ ਪਰਤੱਖ, ਨੌਂ ਖੰਡ ਪ੍ਰਿਥਮੀ ਸੱਤ ਦੀਪ ਕਰੇ ਰੁਸ਼ਨਾਈਆ । ਇਕ ਜੈਕਾਰਾ ਬੋਲ ਅਲੱਖ, ਅਲੱਖ ਅਲੱਖਣਾ ਦਏ ਸੁਣਾਈਆ । ਹਰਿਜਨ ਹਰਿ ਜੂ ਕਰ ਕਰ ਵੱਖ, ਵਸਤ ਅਮੋਲਕ ਇਕ ਵਰਤਾਈਆ । ਸਤਿ ਸਤਿਵਾਦੀ ਮਾਰਗ ਦੱਸ, ਦਸਮ ਦੁਆਰਾ ਮੇਲ ਮਿਲਾਈਆ । ਸੁਰਤੀ ਸ਼ਬਦੀ ਮੇਲਾ ਹੱਸ ਹੱਸ, ਹੰਸ ਮੁਖ ਮੁਖ ਸਲਾਹੀਆ । ਗੁਰਮੁਖ ਗੁਰਸਿਖ ਸਤਿਗੁਰ ਗੁਰ ਇਕ ਦੁਆਰੇ ਜਾਇਣ ਵਸ, ਏਕਾ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵੇ ਮਾਣ ਵਡਿਆਈਆ । ਗੁਰਸਿਖ ਗੁਰ ਗੁਰ ਇਕੋ ਰੰਗ, ਸਤਿਗੁਰ ਪੂਰਾ ਆਪ ਚੜ੍ਹਾਈਆ । ਇਕ ਸੇਜ ਇਕ ਪਲੰਘ, ਏਕਾ ਬੈਠਾ ਆਸਣ ਲਾਈਆ । ਏਕਾ ਨਾਮ ਇਕ ਮਰਦੰਗ, ਧੁੰਨ ਨਾਦ ਇਕ ਸੁਣਾਈਆ । ਏਕਾ ਸੂਰਬੀਰ ਸਰਬੰਗ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਏਕਾ ਜੁਗ ਜੁਗ ਵੰਡੇ ਵੰਡ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੇ ਹੱਥ ਰਖਾਈਆ । ਏਕਾ ਘਟ ਘਟ ਗ੍ਰਿਹਿ ਗ੍ਰਿਹਿ ਤਨ ਮੰਦਰ ਅੰਦਰ ਦੇਵੇ ਸਚ ਅਨੰਦ, ਨਿਜਾਨੰਦ ਇਕ ਵਖਾਈਆ । ਏਕਾ ਵਾਹਿਗੁਰੂ ਵਾਹ ਵਾ ਗੁਰ ਗੁਰ ਗਾਏ ਛੰਦ, ਬੰਦੀ ਬੰਦ ਬੰਦ ਤੁੜਾਈਆ । ਏਕਾ ਨਾਮ ਖੰਡਾ ਰਖਾਏ ਚੰਡ ਪਰਚੰਡ, ਤਿੱਖੀ ਧਾਰ ਰਖਾਈਆ । ਸਤਿਗੁਰ ਪੂਰਾ ਜਨਮ ਜਨਮ ਦੀ ਟੁੱਟੀ ਦੇਵੇ ਗੰਢ, ਆਪਣੀ ਹੱਥੀਂ ਗੰਢ ਪੁਵਾਈਆ । ਗੁਰਸਿਖ ਨਾਰ ਹੋਏ ਨਾ ਰੰਡ, ਸਤਿਗੁਰ ਕੰਤ ਇਕ ਹੰਢਾਈਆ । ਦੀਨ ਦਿਆਲ ਸਾਹਿਬ ਸਦਾ

ਬਖ਼ਸ਼ੰਦ, ਬਖ਼ਸ਼ਸ਼ ਆਪਣੀ ਆਪ ਕਰਾਈਆ । ਜੋ ਜਨ ਦਰ ਦੁਆਰੇ ਮੰਗੇ ਮੰਗ, ਗੁਰੂ ਗੁਰ ਦੇਵਣਹਾਰਾ ਅਭੁੱਲ ਭੁੱਲ ਕਦੇ ਨਾ ਜਾਈਆ । ਲੇਖਾ ਜਾਣੇ ਡੂੰਘੀ ਕੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਏਕਾ ਘਰ ਵਸਾਈਆ । ਗੁਰਸਿਖ ਗੁਰ ਗੁਰ ਸਾਚਾ ਘਰ, ਗ੍ਰਹਿ ਮੰਦਰ ਵੱਜੇ ਵਧਾਈਆ । ਸਰਗੁਣ ਅੰਦਰ ਨਿਰਗੁਣ ਵੜ, ਰਲ ਮਿਲ ਆਪਣੀ ਖ਼ੁਸ਼ੀ ਮਨਾਈਆ । ਗੁਰਮੁਖ ਸੇਜਾ ਸਤਿਗੁਰ ਚੜ੍ਹ, ਸਤਿਗੁਰ ਸੇਜਾ ਗੁਰਸਿਖ ਪੱਲੂ ਲਏ ਫੜ, ਫੜਿਆ ਪੱਲੂ ਛੁਟ ਕਦੇ ਨਾ ਜਾਈਆ । ਸਤਿਗੁਰ ਰੂਪ ਨਾ ਪੁਰਖ ਨਾ ਨਾਰੀ ਨਰ, ਨਰ ਨਰਾਇਣ ਏਕਾ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰ ਗੁਰ ਏਕਾ ਨਾਦ ਸੁਣਾਈਆ । ਗੁਰ ਕਾ ਨਾਦ ਗੁਰਸਿਖ ਧੁਨ, ਸ਼ਬਦ ਸ਼ਬਦ ਸ਼ਨਵਾਈਆ । ਹਰਿਜਨ ਵਿਰਲਾ ਲਏ ਸੁਣ, ਜਿਸ ਜਨ ਆਪਣੀ ਬੂਝ ਬੁਝਾਈਆ । ਲੱਖ ਚੁਰਾਸੀ ਛਾਣ ਪੁਣ, ਜੀਵ ਜੰਤ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਗੁਰ ਸਤਿਗੁਰ ਸੱਚਾ ਇਕ ਅਖਵਾਈਆ । ਸਤਿਗੁਰ ਸੱਚਾ ਪੁਰਖ ਸਮਰਥ, ਸਮਰਥ ਹੱਥ ਵਡਿਆਈਆ । ਜੁਗ ਚੌਕੜੀ ਚਲਾਏ ਰਥ, ਨਵ ਨੌਂ ਚਾਰ ਵੇਖ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜ਼ੀਲ ਕੁਰਾਨ ਖਾਣੀ ਬਾਣੀ ਗਾਏ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਗੁਰ ਅਵਤਾਰਾਂ ਮਾਰਗ ਦੱਸ, ਪੀਰ ਪੈਗ਼ੰਬਰਾਂ ਅੰਦਰ ਵਸ, ਦਸਤਗੀਰਾਂ ਆਪਣਾ ਪੱਲੂ ਨਾਮ ਫੜਾਈਆ । ਦੋ ਜਹਾਨ ਸ੍ਰੀ ਭਗਵਾਨ, ਨਿਰਗੁਣ ਸਰਗੁਣ ਵੇਖੇ ਨੱਸ ਨੱਸ, ਚੌਦਾਂ ਲੋਕ ਚੌਦਾਂ ਭਵਨ ਚੌਦਾਂ ਤਬਕ ਚੌਦਾਂ ਵਿਦਿਆ ਆਪਣੇ ਵਿਚ ਛੁਪਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਅਨਡਿਠੜਾ ਦੇਵੇ ਆਪਣਾ ਸਬਕ, ਬਿਨ ਲਿਖਣ ਪੜ੍ਹਨ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਚੇ ਦੇਵੇ ਵਰ, ਏਕਾ ਰਾਮ ਰਾਮ ਨਾਮ ਵਡਿਆਈਆ । ਰਾਮ ਨਾਮ ਹਰਿ ਕਾ ਨਾਉਂ, ਪੰਜ ਤੱਤ ਰਾਮ ਨਜ਼ਰ ਕੋਇ ਨਾ ਆਈਆ । ਸਾਹਿਬ ਦਿਆਲ ਠਾਕਰ ਸੁਆਮੀ ਵਸੇ ਹਰ ਘਟ ਥਾਉਂ, ਘਟ ਘਟ ਆਪਣਾ ਆਸਣ ਲਾਈਆ । ਜੁਗਾ ਜੁਗੰਤਰ ਕਰੇ ਸਚ ਨਿਆਉਂ, ਗੁਰ ਸ਼ਬਦੀ ਵੇਸ ਵਟਾਈਆ । ਭਗਤ ਸੁਹੇਲੇ ਪਕੜੇ ਬਾਂਹੋਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੁਰਖ ਅਕਾਲਾ ਦੀਨ ਦਿਆਲਾ ਵਸਣਹਾਰਾ ਸਚਖੰਡ ਸੱਚੀ ਧਰਮਸਾਲਾ, ਗੁਰਮੁਖ ਵੇਖੇ ਸਾਚਾ ਲਾਲਾ, ਲਾਲਨ ਲਾਲ ਆਪਣੀ ਗੋਦ ਬਹਾਈਆ । ਗੁਰਸਿਖ ਲਾਲ ਲਾਲ ਅਨਮੁਲਾ, ਕਰਤਾ ਕੀਮਤ ਆਪੇ ਪਾਇੰਦਾ । ਲੋਕਮਾਤ ਕਦੇ ਨਾ ਰੁਲਾ, ਖਾਕੀ ਖ਼ਾਕ ਨਾ ਕੋਇ ਮਿਲਾਇੰਦਾ । ਸਾਚੇ ਕੰਡੇ ਨਾਮ ਤੁਲਾ, ਤੋਲਣਹਾਰਾ ਆਪ ਤੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਸ੍ਰੀ ਭਗਵੰਤ ਗੁਰਸਿਖ ਮੇਲਾ ਨਾਰੀ ਕੰਤ, ਆਤਮ ਸੇਜਾ ਗ੍ਰਹਿ ਮੰਦਰ ਅੰਦਰ ਆਪ ਸੁਹਾਇੰਦਾ । ਗ੍ਰਹਿ ਮੰਦਰ ਅੰਦਰ ਸਤਿਗੁਰ ਮੀਤ, ਹਰਿ ਸੱਜਣ ਆਸਣ ਲਾਈਆ । ਸ਼ਬਦ ਅਗੰਮੀ ਢੋਲਾ ਗਾਏ ਗੀਤ, ਤਾਰ ਸਿਤਾਰ ਨਾ ਕੋਇ ਹਿਲਾਈਆ । ਕਰੇ ਖੇਲ ਆਪ ਅਨਡੀਠ, ਅਨਡਿਠੜੀ ਧਾਰ ਚਲਾਈਆ । ਜੀਵਣ ਜੁਗਤ ਦੱਸੇ ਰੀਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਪੱਤਤ ਪਾਪੀ ਕਰ ਪੁਨੀਤ, ਪਵਣ ਏਕਾ ਰਸਨ ਸਵਾਸ ਚਲਾਈਆ । ਉਨੰਜਾ ਗਾਏ ਏਕਾ ਗੀਤ, ਚਾਰ ਨੌਂ ਵੱਜੇ ਵਧਾਈਆ । ਨੌਂ ਨੌਂ ਚਾਰ ਹਰਿ ਜੂ ਜਾਏ ਜੀਤ, ਜਿਤ ਹਾਰ ਆਪਣੇ ਹੱਥ ਰਖਾਈਆ । ਸਦੀ ਚੌਧਵੀ ਜਾਏ ਬੀਤ, ਬੀਸ ਬੀਸਾ ਖ਼ੁਸ਼ੀ ਮਨਾਈਆ । ਗੋਬਿੰਦ ਮੇਲਾ ਇਕ ਅਤੀਤ,

ਤ੍ਰੈਗੁਣ ਅਤੀਤਾ ਆਪ ਕਰਾਈਆ । ਸਤਿ ਸਤਿਵਾਦੀ ਸਤਿਜੁਗ ਚਲਾਏ ਸਾਚੀ ਰੀਤ, ਨੌਂ ਖੰਡ ਪ੍ਰਿਥਮੀ ਏਕਾ ਇਸ਼ਟ ਗੁਰੂ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਸ਼ਬਦ ਸ਼ਬਦ ਸਲਾਹੀਆ । ਗੁਰ ਸ਼ਬਦ ਸਾਚਾ ਸੁਤ, ਮਿੱਤਰ ਪਿਆਰਾ ਇਕ ਅਖਵਾਇੰਦਾ । ਘਰ ਘਰ ਕਰੇ ਲੱਖ ਚੁਰਾਸੀ ਹਿਤ, ਜੋ ਜਨ ਧਿਆਨ ਲਗਾਇੰਦਾ । ਨਾ ਕੋਈ ਪੁੱਛੇ ਵਾਰ ਥਿਤ, ਘੜੀ ਪਲ ਨਾ ਵੰਡ ਵੰਡਾਇੰਦਾ । ਵੇਸ ਵਟਾਏ ਨਿਤ ਨਵਿਤ, ਜੁਗ ਜੁਗ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਗੁਰਸਿਖ ਗੁਰ ਗੁਰ ਏਕਾ ਘਰ ਵਸਾਇੰਦਾ ।

★ ੨੦ ਚੇਤ ੨੦੧੯ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹਿ ਠੀਕਰੀ ਛੰਨਾ ਜ਼ਿਲਾ ਕਰਨਾਲ ★

ਸਤਿ ਪੁਰਖ ਨਿਰੰਜਣ ਬੇਪਰਵਾਹ, ਹਰਿ ਹਰਿ ਆਪਣੀ ਧਾਰ ਚਲਾਇੰਦਾ । ਨਿਰਗੁਣ ਸਰਗੁਣ ਬਣ ਮਲਾਹ, ਖੇਵਟ ਖੇਟਾ ਖੇਲ ਕਰਾਇੰਦਾ । ਦੋ ਜਹਾਨਾਂ ਵੇਸ ਵਟਾ, ਅਨਭਵ ਆਪਣਾ ਨੂਰ ਧਰਾਇੰਦਾ । ਅਜੂਨੀ ਰਹਿਤ ਆਪ ਅਖਵਾ, ਨਿਰਭੌ ਨਿਰਵੈਰ ਆਪਣਾ ਭੇਵ ਆਪ ਖੁਲ੍ਹਾਇੰਦਾ । ਜੁਗ ਚੌਕੜੀ ਪੰਧ ਮੁਕਾ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਵੇਖ ਵਖਾ, ਸਚਖੰਡ ਨਿਵਾਸੀ ਆਪਣਾ ਪੜਦਾ ਲਾਹਿੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫੇਰਾ ਪਾ, ਗਗਨ ਪਾਤਾਲਾਂ ਏਕਾ ਨੈਣ ਉਠਾਇੰਦਾ । ਖਾਣੀ ਬਾਣੀ ਵੇਦ ਪੁਰਾਨ ਸ਼ਾਸਤਰ ਸਿਮਰਤ ਅੰਜ਼ੀਲ ਕੁਰਾਨ ਜਾਣੇ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਜੁਗਾ ਜੁਗੰਤਰ ਬੁਝਾਏ ਬਸੰਤਰ, ਸਰਬ ਜੀਆਂ ਬਿਧ ਜਾਣੇ ਅੰਤਰ, ਨਿਰਗੁਣ ਰੂਪ ਕਿਸੇ ਵਸੇ ਨਾ ਘਟ, ਘਟ ਘਟ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਆਪ ਚਲਾਇੰਦਾ । ਸਤਿ ਸਤਿਵਾਦੀ ਦੀਨ ਦਿਆਲਾ, ਦਇਆਨਿਧ ਵਡ ਵਡਿਆਈਆ । ਆਦਿ ਜੁਗਾਦਿ ਮਧ ਚਲੇ ਅਵੱਲੜੀ ਚਾਲਾ, ਭੇਵ ਕੋਇ ਨਾ ਪਾਈਆ । ਗੁਰ ਅਵਤਾਰ ਸ਼ਬਦੀ ਸ਼ਬਦ ਰਾਹ ਦਏ ਸੁਖਾਲਾ, ਸਾਚੀ ਸਿਖਿਆ ਇਕ ਸਮਝਾਈਆ । ਆਤਮ ਪਰਮਾਤਮ ਸਦਾ ਸੁਹੇਲਾ ਚਲੇ ਨਾਲ ਨਾਲਾ, ਵਿਛੜ ਕਦੇ ਨਾ ਜਾਈਆ । ਭਗਤ ਭਗਵੰਤ ਬਣ ਦਲਾਲਾ, ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਅਵੱਲੜਾ, ਕਰੇ ਕਰਾਏ ਕਰਨੇਹਾਰ । ਨਿਰਗੁਣ ਸਰਗੁਣ ਫੜਾਏ ਪਲੜਾ, ਲੱਖ ਚੁਰਾਸੀ ਪਾਏ ਸਾਰ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਸੰਦੇਸ ਏਕਾ ਘਲੜਾ, ਬੋਧ ਅਗਾਧੀ ਬੋਲ ਜੈਕਾਰ । ਕਾਇਆ ਮੰਦਰ ਅੰਦਰ ਆਤਮ ਪਰਮਾਤਮ ਆਪੇ ਰਲੜਾ, ਬ੍ਰਹਮ ਪਾਰਬ੍ਰਹਮ ਵੇਖੇ ਵੇਖਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲ ਕਰੇ ਅਪਾਰ । ਜੁਗ ਜੁਗ ਖੇਲ ਕਰੇ ਅਪਾਰਾ, ਕਰਤਾ ਪੁਰਖ ਵਡੀ ਵਡਿਆਈਆ । ਸ਼ਬਦ ਅਗੰਮੀ ਬੋਲ ਜੈਕਾਰਾ, ਜੀਵ ਜੰਤ ਕਰੇ ਪੜ੍ਹਾਈਆ । ਦੋ ਜਹਾਨਾ ਸ੍ਰੀ ਭਗਵਾਨਾ ਨਿਰਗੁਣ ਸਰਗੁਣ ਦਏ ਇਸ਼ਾਰਾ, ਸ਼ਰਅ ਵੰਡ ਨਾ ਕੋਇ ਵੰਡਾਈਆ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਅੰਤ ਨਾ ਕੋਇ ਮੁਕਾਈਆ । ਅਲੱਖ ਅਗੋਚਰ ਅਗੰਮ ਅਪਾਰਾ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਚਾਰ ਵੇਦ ਰੋਵਣ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ

੧੦੬੪
੧੧

ਵਹਾਈਆ । ਪੁਰਾਨ ਅਠਾਰਾਂ ਕਰਨ ਪੁਕਾਰਾ, ਸ਼ਾਸਤਰ ਸਿਮਰਤ ਨਾਲ ਮਿਲਾਈਆ । ਗੀਤਾ ਗਿਆਨ ਨਾ ਕੋਇ ਕਿਨਾਰਾ, ਅਠ ਦਸ ਕੁਰਲਾਈਆ । ਅੰਜ਼ੀਲ ਕੁਰਾਨ ਸਰਬ ਕੁਰਲਾਣ, ਤੀਸ ਬਤੀਸਾ ਜਗਤ ਹਦੀਸਾ ਸਚ ਅਮਾਮ ਪੈਗ਼ਾਮ ਪੈਗ਼ੰਬਰ ਸਰਬ ਸੁਣਾਈਆ । ਨਾਮ ਸਤਿ ਸਤਿ ਵਣਜ਼ਾਰਾ, ਸ਼ਬਦੀ ਸ਼ਬਦ ਡੰਕ ਅਪਾਰਾ, ਆਪ ਵਜਾਏ ਵਜਾਵਣਹਾਰਾ ਗੁਰ ਗੁਰ ਮੇਲਾ ਸਹਿਜ ਸੁਭਾਈਆ । ਆਪਣੀ ਇਛਿਆ ਦਏ ਭੰਡਾਰਾ, ਭਗਤ ਭਗਵੰਤ ਸਤਿ ਵਰਤਾਰਾ, ਸਤਿ ਸਤਿਵਾਦੀ ਵਸਤ ਅਮੋਲਕ ਇਕ ਵਰਤਾਈਆ । ਸੰਤਨ ਮੇਲਾ ਉਚ ਦਰਬਾਰਾ, ਘਰ ਵਿਚ ਖੋਲ੍ਹੇ ਆਪ ਕਿਵਾੜਾ, ਬੰਦ ਤਾਕੀ ਕੁੰਡਾ ਲਾਹੀਆ । ਗੁਰਮੁਖ ਤਾਰ ਸੱਚੀ ਧੁੰਨਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਈਆ । ਸਾਚਾ ਖੇਲ ਪੁਰਖ ਸਮਰਥ, ਆਦਿ ਜੁਗਾਦਿ ਆਪਣੇ ਹੱਥ ਰਖਾਇੰਦਾ । ਕਲਜੁਗ ਅੰਤਮ ਹੋ ਪਰਗਟ, ਨਿਰਗੁਣ ਸਾਚਾ ਖੇਲ ਵਖਾਇੰਦਾ । ਵੇਖਣਹਾਰਾ ਨੌਂ ਖੰਡ ਪ੍ਰਿਥਮੀ ਦੀਪ ਸਤ, ਸਤਿ ਸਤਿਵਾਦੀ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਭੇਵ ਚੁਕਾਇੰਦਾ । ਕਲਜੁਗ ਅੰਤਮ ਭੇਵ ਅਵੱਲਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਨਿਰਗੁਣ ਸਰਗੁਣ ਫੜਾਏ ਪੱਲਾ, ਅਨਡਿਠ ਨਜ਼ਰ ਕਿਸੇ ਨਾ ਆਈਆ । ਸਚ ਸਿੰਘਾਸਣ ਏਕਾ ਮੱਲਾ, ਭਗਤ ਦੁਆਰੇ ਦਏ ਵਡਿਆਈਆ । ਜੋਤੀ ਸ਼ਬਦੀ ਆਪੇ ਰੱਲਾ, ਜੋਤੀ ਜਾਤਾ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਭਗਤਨ ਮੀਤਾ, ਆਪਣੀ ਦਇਆ ਕਮਾਇੰਦਾ । ਲੇਖਾ ਜਾਣੇ ਹਸਤ ਕੀਟਾ, ਊਚ ਨੀਚ ਆਪਣਾ ਰੂਪ ਦਰਸਾਇੰਦਾ । ਕਰਨਹਾਰਾ ਮਿੱਠਾ ਰੀਠਾ, ਕੂੜ ਕੁੜਿਆਰਾ ਆਪ ਮਿਟਾਇੰਦਾ ।



ਸਦਾ ਸੁਹੇਲਾ ਠਾਂਡਾ ਸੀਤਾ, ਸਤਿਗੁਰ ਆਪਣਾ ਨਾਉਂ ਧਰਾਇੰਦਾ । ਜੁਗ ਚੌਕੜੀ ਚਲਾਏ ਰੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਕਲਜੁਗ ਅੰਤਮ ਪਾਵੇ ਸਾਰ, ਨੌਂ ਨੌਂ ਚਾਰ ਪੰਧ ਮੁਕਾਈਆ । ਲੇਖਾ ਜਾਣ ਗੁਰ ਅਵਤਾਰ, ਪੂਰਬ ਲਹਿਣਾ ਝੋਲੀ ਪਾਈਆ । ਪੀਰ ਪੈਗ਼ੰਬਰ ਦਏ ਸਹਾਰ, ਚਰਨ ਕਵਲ ਬਖ਼ਸ਼ੇ ਇਕ ਸਰਨਾਈਆ । ਭਗਤ ਭਗਵੰਤ ਦੇ ਸਹਾਰ, ਸਿਰ ਆਪਣਾ ਹੱਥ ਟਿਕਾਈਆ । ਸੰਤ ਸਾਜਣ ਲਏ ਉਭਾਰ, ਘਰ ਮੰਦਰ ਸਹਿਜ ਸੁਭਾਈਆ । ਗੁਰਮੁਖ ਸਾਚਾ ਕਰ ਤਿਆਰ, ਗੁਰ ਸਤਿਗੁਰ ਗੋਦ ਬਹਾਈਆ । ਗੁਰਸਿਖ ਵੇਖੇ ਆਪਣੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਸਾਹਿਬ ਦਿਆਲ ਠਾਕਰ ਸੁਆਮੀ ਹੋਏ ਦਿਆਲ, ਦਇਆਨਿਧ ਵਡੀ ਵਡਿਆਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਇਕ ਸਮਝਾਈਆ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਸਤਿਗੁਰ ਬੈਠਾ ਦਿਵਸ ਰੈਣ ਵੇਖੇ ਚਾਈਂ ਚਾਈਂਆ । ਅਠਸਠ ਤੀਰਥ ਗ੍ਰਿਹਿ ਮੰਦਰ ਦਏ ਵਖਾਲ, ਜਗਤ ਨਹਾਵਣ ਨਾ ਕੋਇ ਨਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਗੁਰਮੁਖ ਦੇਵੇ ਮਾਣ ਵਡਿਆਈਆ । ਗੁਰਮੁਖ ਮਾਣ ਬ੍ਰਹਮ ਮਤ, ਪਾਰਬ੍ਰਹਮ ਜਣਾਇੰਦਾ । ਆਤਮ ਅੰਤਰ ਏਕਾ ਤੱਤ, ਤੱਤਵ ਆਪਣਾ ਨਾਉਂ ਰਖਾਇੰਦਾ । ਸਤਿ ਸੰਤੋਖ ਦੇਵੇ ਧੀਰਜ ਜਤ, ਮਨ ਮਣਕਾ ਆਪ ਭੁਵਾਇੰਦਾ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਨਾ ਕੋਇ ਤਪਾਇੰਦਾ । ਜਾਨਣਹਾਰਾ ਮਿਤ ਗਤ, ਗਤ ਮਿਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਆਪਣੇ ਰੰਗ ਰੰਗਾਇੰਦਾ । ਗੁਰਮੁਖ ਰੰਗ ਅਪਰ ਅਪਾਰ,

ਅਨਡਿਠੜਾ ਆਪ ਚੜ੍ਹਾਈਆ । ਨੇਤਰ ਪੇਖੇ ਨਾ ਕੋਇ ਸੰਸਾਰ, ਲੋਚਣ ਨਜ਼ਰ ਕਿਸੇ ਨਾ ਆਈਆ । ਜਨਮ ਜਨਮ ਦਏ ਸੁਆਰ, ਮਰਨ ਮਰਨ ਦਏ ਕਟਾਈਆ । ਵਰਨ ਬਰਨ ਕਰ ਖੁਆਰ, ਸਾਚੀ ਸਰਨ ਆਪ ਸਮਝਾਈਆ । ਧਰਨੀ ਧਰ ਏਕੰਕਾਰ, ਅਕਲ ਕਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਸਾਚਾ ਭੇਵ ਪੁਰਖ ਅਕਾਲ, ਆਦਿ ਅੰਤ ਜਣਾਇੰਦਾ । ਗੁਰਮੁਖ ਸੱਜਣ ਵੇਖੇ ਲਾਲ, ਆਪ ਆਪਣੀ ਗੋਦ ਬਹਾਇੰਦਾ । ਕਲਜੁਗ ਅੰਤਮ ਮਾਰਗ ਦੇਵੇ ਇਕ ਸੁਖਾਲ, ਸ਼ਾਸਤਰ ਸਿਮਰਤ ਵੇਦ ਭੇਵ ਨਾ ਪਾਇੰਦਾ । ਮਾਣ ਤੋੜ ਕਾਲ ਮਹਾਂਕਾਲ, ਕਾਲਖ ਟਿੱਕਾ ਮਸਤਕ ਲਾਹਿੰਦਾ । ਸਤਿਗੁਰ ਸਾਹਿਬ ਹੋ ਦਿਆਲ, ਦੀਨਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਸਿਰ ਰੱਖੇ ਹੱਥ ਪੁਰਖ ਸਮਰਥ, ਸਮਰਥ ਵਡੀ ਵਡਿਆਈਆ । ਆਪਣਾ ਨਾਉਂ ਜਣਾਏ ਅਕਥ, ਕਥਨੀ ਕਥ ਨਾ ਸਕੇ ਰਾਈਆ । ਕਲਜੁਗ ਅੰਤ ਚਲਾਏ ਰਥ, ਸਾਚਾ ਬੇੜਾ ਆਪ ਉਠਾਈਆ । ਪੰਧ ਮੁਕਾਏ ਨੱਠ ਨੱਠ, ਦੋ ਜਹਾਨਾਂ ਲੋਆਂ ਪੁਰੀਆਂ ਚਰਨਾਂ ਹੇਠ ਦਬਾਈਆ । ਹਿਰਦੇ ਅੰਦਰ ਆਪੇ ਵਸ, ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਭੇਵ ਅਭੇਦਾ ਦੇਵੇ ਖੋਲ੍ਹ, ਹਰਿ ਜੂ ਹਰਿ ਹਰਿ ਦਇਆ ਕਮਾਇੰਦਾ । ਗੁਰਮੁਖ ਤੋਲੇ ਆਪਣੇ ਤੋਲ, ਨਾਮ ਕੰਡਾ ਇਕ ਰਖਾਇੰਦਾ । ਆਤਮ ਪਰਮਾਤਮ ਧਾਰਾ ਸਾਚੀ ਬੋਲ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਨਿਰਗੁਣ ਸਰਗੁਣ ਵਸੇ ਕੌਲ, ਵਿਛੜ ਕਦੇ ਨਾ ਜਾਇੰਦਾ । ਸਦਾ ਸੁਹੇਲਾ ਰੱਖੇ ਆਪ ਅਡੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਤ ਆਪ ਵਡਿਆਇੰਦਾ । ਜਨ ਭਗਤਾਂ ਦੇਵੇ ਨਾਮ ਦਾਤ, ਹਰਿ ਨਾਮਾ ਆਪ ਵਰਤਾਇੰਦਾ । ਕਲ ਮਿਟੇ ਅੰਧੇਰੀ ਰਾਤ, ਸਤਿ ਸਤਿ ਸਤਿ ਪਰਗਟਾਇੰਦਾ । ਏਕਾ ਅੱਖਰ ਪਰਗਟਾਏ ਗਾਥ, ਹੰ ਬ੍ਰਹਮ ਆਪ ਸਮਝਾਇੰਦਾ । ਸੋ ਪੁਰਖ ਨਿਰੰਜਣ ਦੇਵੇ ਸਾਥ, ਸਗਲਾ ਸੰਗ ਆਪ ਹੋ ਜਾਇੰਦਾ । ਹਰਿਜਨ ਮੇਲਾ ਸਾਚੇ ਘਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਆਪ ਵਡਿਆਇੰਦਾ । ਗੁਰਮੁਖ ਤੇਰਾ ਵੱਡਾ ਮਾਣ, ਹਰਿ ਸੰਗਤ ਸੰਗ ਸਮਾਈਆ । ਕਲਜੁਗ ਅੰਤ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਮਿਲਿਆ ਮੇਲ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸਚਖੰਡ ਦਾ ਸਚ ਨਿਸ਼ਾਨ, ਲੋਕਮਾਤ ਦਏ ਝੁਲਾਈਆ । ਚਾਰ ਵਰਨ ਦਾ ਇਕ ਧਿਆਨ, ਏਕਾ ਇਸ਼ਟ ਪਰਗਟਾਈਆ । ਚਾਰ ਬਾਣੀ ਇਕ ਬਿਆਨ, ਚਾਰੇ ਖਾਣੀ ਦਏ ਸਮਝਾਈਆ । ਚਾਰੋਂ ਕੁੰਟ ਇਕ ਗਿਆਨ, ਚਾਰ ਵਰਨ ਆਪ ਜਣਾਈਆ । ਚਾਰ ਯਾਰੀ ਮੇਟ ਨਿਸ਼ਾਨ, ਚੌਥੇ ਜੁਗ ਪੰਧ ਮੁਕਾਈਆ । ਜਨ ਭਗਤਾਂ ਨਿਝ ਆਤਮ ਨਿਝ ਘਰ ਦਰਸਨ ਦੇਵੇ ਆਣ, ਦਰਦੀ ਆਪਣਾ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਦਾ ਸਦਾ ਸਲਾਹੀਆ । ਗੁਰਸਿਖ ਸਦਾ ਸਲਾਹਵਣ ਯੋਗ, ਹਰਿ ਸਤਿਗੁਰ ਆਪ ਸਲਾਹਿੰਦਾ । ਜਨਮ ਜਨਮ ਦਾ ਕੱਟ ਕੱਟ ਰੋਗ, ਅਨਰਾਗੀ ਆਪਣਾ ਮੇਲ ਮਿਲਾਇੰਦਾ । ਮੇਲ ਮਿਲਾਵਾ ਧੁਰ ਸੰਜੋਗ, ਧੁਰ ਸੰਜੋਗੀ ਆਪ ਅਖਵਾਇੰਦਾ । ਨਾਤਾ ਤੋੜ ਚੌਦਾਂ ਲੋਕ, ਤ੍ਰੈਭਵਣ ਧਨੀ ਆਪਣਾ ਰੰਗ ਰੰਗਾਇੰਦਾ । ਕਾਇਆ ਬੰਕ ਵੇਖੇ ਸਾਚਾ ਕਿਲਾ ਕੋਟ, ਗ੍ਰਿਹਿ ਮੰਦਰ ਆਪ ਵਡਿਆਇੰਦਾ । ਸੰਤਨ ਨਗਾਰੇ ਲੱਗੇ ਚੋਟ, ਨਾਦ ਅਨਾਦੀ ਆਪ ਸੁਣਾਇੰਦਾ । ਆਲ੍ਹਣਿਉਂ ਡਿਗੇ ਉਠਾਏ ਬੋਟ, ਸਾਚੀ ਗੋਦ ਆਪ ਸੁਹਾਇੰਦਾ । ਮੇਲ ਮਿਲਾਵਾ

ਨਿਰਮਲ ਜੋਤ, ਨੂਰ ਨੂਰ ਨੂਰ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਵਡਿਆਇੰਦਾ । ਗੁਰਸਿਖ ਵਡਿਆਈ ਲੋਕਮਾਤ, ਹਰਿ ਸਾਚਾ ਸਚ ਜਣਾਇੰਦਾ । ਨਾਮ ਨਿਧਾਨਾ ਇਕੋ ਦਾਤ, ਏਕਾ ਦਾਨ ਵਰਤਾਇੰਦਾ । ਕਲ ਮਿਟੇ ਅੰਧੇਰੀ ਰਾਤ, ਭਗਤਨ ਸਾਚਾ ਚੰਦ ਚੜ੍ਹਾਇੰਦਾ । ਦੋ ਜਹਾਨਾਂ ਵੇਖੇ ਖਾਤ, ਡੂੰਘਾ ਖਾਤਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਵਡਿਆਇੰਦਾ । ਗੁਰਮੁਖ ਵੱਡਾ ਸਚਖੰਡ, ਹਰਿ ਸਾਚਾ ਦਏ ਵਡਿਆਈਆ । ਲੇਖਾ ਚੁੱਕੇ ਕੋਟ ਬ੍ਰਹਿਮੰਡ, ਬ੍ਰਹਿਮਾਂਡ ਨਜ਼ਰ ਕੋਇ ਨਾ ਆਈਆ । ਚਰਨਾਂ ਹੇਠ ਰਖਾਏ ਸੂਰਜ ਚੰਦ, ਮੰਡਲ ਮੰਡਪ ਪੰਧ ਮੁਕਾਈਆ । ਅੱਖਰ ਅੱਖਰ ਨਾ ਕੋਇ ਛੰਦ, ਬਿਨ ਅੱਖਰ ਕਰੇ ਪੜ੍ਹਾਈਆ । ਦੂਈ ਦਵੈਤੀ ਬਜਰ ਕਪਾਟੀ ਨਾ ਕੋਈ ਪੱਥਰ, ਸਿਲਾ ਰੂਪ ਨਾ ਕੋਇ ਵਟਾਈਆ । ਆਤਮ ਸੇਜਾ ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਆਪ ਵਖਾਏ ਆਪਣਾ ਸੱਥਰ, ਦੂਜਾ ਸੱਥਰ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਦੇਵੇ ਵਡਿਆਈਆ । ਕਲਜੁਗ ਵਡਿਆਈ ਅੰਤ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਆਤਮ ਪਰਮਾਤਮ ਨਾਉਂ ਮਣੀਆ ਮੰਤ, ਮਨ ਕਾ ਮਣਕਾ ਆਪ ਭੁਵਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ । ਪਾਰਸ ਕਰੇ ਸਾਚੇ ਸੰਤ, ਕੰਚਨ ਆਪਣਾ ਰੂਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਆਪ ਤਰਾਇੰਦਾ । ਗੁਰਸਿਖ ਤੇਰਾ ਵੇਖ ਤੇਜ, ਦੋ ਜਹਾਨ ਨੈਣ ਉਠਾਈਆ । ਪੁਰਖ ਅਬਿਨਾਸ਼ੀ ਸ਼ਬਦ ਸੁਨੇਹੜਾ ਰਿਹਾ ਭੇਜ, ਗੁਰ ਅਵਤਾਰ ਦੇਣ ਗਵਾਹੀਆ । ਭਗਤ ਭਗਵਾਨ ਸੁੰਞੀ ਹੋਣ ਨਾ ਦੇਵੇ ਸੇਜ, ਕੰਤ ਕੰਤੂਹਲ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰਾ ਨੂਰ ਆਪ ਚਮਕਾਈਆ । ਗੁਰਸਿਖ ਤੇਰਾ ਨੂਰ ਨੁਰਾਨਾ, ਪੀਰ ਪੈਗ਼ੰਬਰ ਵੇਖ ਵਖਾਇੰਦਾ । ਚੌਦਾਂ ਤਬਕ ਕਰਨ ਸਲਾਮਾ, ਸੱਯਦਾ ਸੀਸ ਸਰਬ ਝੁਕਾਇੰਦਾ । ਈਸਾ ਮੂਸਾ ਮੁਹੰਮਦ ਜ਼ਬਰਾਈਲ ਮੇਕਾਈਲ ਅਸਰਾਈਲ ਅਸਰਾਫ਼ੀਲ ਦੇਦਾਂ ਰਿਹਾ ਪੈਗ਼ਾਮਾ, ਕਲਮਾ ਨਬੀ ਨਬੀ ਪੜ੍ਹਾਇੰਦਾ । ਕਲਜੁਗ ਅੰਤਮ ਪਰਵਰਦਿਗਾਰ ਖੇਲ ਕਰੇ ਮਹਾਨਾ, ਬੇਐਬ ਨਜ਼ਰ ਕਿਸੇ ਨਾ ਆਇੰਦਾ । ਮੁਰਸ਼ਦ ਮੁਰੀਦ ਸੁਣਾਏ ਗਾਣਾ, ਧੁਰ ਫ਼ਰਮਾਣਾ ਆਪ ਅਲਾਇੰਦਾ । ਤੀਰਥ ਤਟ ਹੋਏ ਹੈਰਾਨਾ, ਕਰੇ ਖੇਲ ਸ੍ਰੀ ਭਗਵਾਨਾ, ਦੂਜਾ ਸੰਗ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਆਪਣੀ ਖੇਲ ਕਰਾਇੰਦਾ । ਤੀਰਥ ਤਟ ਮਾਰਨ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਖੁਲ੍ਹੜੇ ਕੇਸ ਰਹੀ ਵਖਾ, ਭੋਲਾ ਨਾਥ ਨਾ ਨੈਣ ਉਠਾਈਆ । ਤ੍ਰਿਬੈਣੀ ਨੈਣੀ ਕੋਈ ਨਾ ਵੇਖੇ ਆ, ਸੰਗਮ ਫੇਰਾ ਕੋਇ ਨਾ ਪਾਈਆ । ਦੁਰਮਤ ਮੈਲ ਸਕੇ ਨਾ ਕੋਈ ਧੁਵਾ, ਨਿਰਮਲ ਨੀਰ ਨਾ ਕੋਇ ਕਰਾਈਆ । ਚਾਰੋਂ ਕੁੰਟ ਹੋਏ ਹੈਰਾਂ, ਧੀਰਜ ਧੀਰ ਨਾ ਕੋਇ ਧਰਾਈਆ । ਕਲਜੁਗ ਅੰਤਮ ਸਾਡਾ ਮਿਟਦਾ ਜਾਏ ਨਿਸ਼ਾਂ, ਸਚ ਨਿਸ਼ਾਨਾ ਨਾ ਕੋਇ ਝੁਲਾਈਆ । ਅੰਤ ਪਕੜੇ ਨਾ ਕੋਈ ਬਾਂਹ, ਰਵਦਾਸ ਕਸੀਰਾ ਭੇਟ ਨਾ ਕੋਇ ਚੜ੍ਹਾਈਆ । ਏਥੇ ਓਥੇ ਮਿਲੇ ਨਾ ਕੋਈ ਥਾਂ, ਦੋ ਜਹਾਨਾਂ ਨਜ਼ਰ ਕੋਇ ਨਾ ਆਈਆ । ਉਚੀ ਕੂਕ ਰਹੇ ਕੁਰਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਤੀਰਥ ਤਟ ਰਹੇ ਰੋ, ਨੇਤਰ ਨੈਣ ਨੀਰ ਵਹਾਇਆ । ਨੌਂ ਖੰਡ ਪ੍ਰਿਥਮੀ ਮਿਲੇ ਨਾ ਢੋਆ

ਢੋ, ਸਾਚਾ ਸੰਗ ਨਾ ਕੋਇ ਨਿਭਾਇਆ । ਨਿਰਗੁਣ ਸਰਗੁਣ ਟੁੱਟਾ ਮੋਹ, ਮਾਇਆ ਮਮਤਾ ਪੜਦਾ ਪਾਇਆ । ਆਤਮ ਪਰਮਾਤਮ ਸਕੇ ਨਾ ਛੋਹ, ਜਗਤ ਅੰਧੇਰਾ ਨਾ ਕੋਇ ਗਵਾਇਆ । ਸਾਚੀ ਕਰੇ ਨਾ ਕੋਇ ਲੋ, ਨੇਤਰ ਗਿਆਨ ਨਾ ਕੋਇ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਵੇਸ ਆਪ ਧਰਾਇਆ । ਤੀਰਥ ਤਟ ਹੋ ਇਕੱਠੇ, ਸਾਰੇ ਦੇਣ ਦੁਹਾਈਆ । ਕਲਜੁਗ ਅੰਤਮ ਮੂੰਹ ਦੇ ਭਾਰ ਢੱਠੇ, ਨਾ ਸਕੇ ਕੋਇ ਉਠਾਈਆ । ਪਰਗਟ ਹੋਇਆ ਪੁਰਖ ਸਮਰਥੇ, ਜਿਨ੍ਹ ਸਾਡੀ ਬਣਤ ਬਣਾਈਆ । ਜਿਉਂ ਭਾਵੇ ਤਿਉਂ ਸਾਨੂੰ ਰੱਖੇ, ਸਾਡੀ ਚਲੇ ਨਾ ਕੋਇ ਚਤੁਰਾਈਆ । ਸਾਡੇ ਭਾਂਡੇ ਹੋਏ ਸਖੇ, ਅੰਮ੍ਰਿਤ ਨਜ਼ਰ ਕਿਤੇ ਨਾ ਆਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਚੀਰ ਲੱਥੇ, ਉਤੇ ਪੜਦਾ ਕੋਇ ਨਾ ਪਾਈਆ । ਸਾਧ ਸੰਤ ਜਗਤ ਵਿਕਾਰ ਵਿਚ ਫਸੇ, ਤੱਟ ਬੈਠੇ ਡੇਰਾ ਲਾਈਆ । ਕੂੜ ਕੁੜਿਆਰਾ ਕੰਢੇ ਉਤੇ ਹੱਸੇ, ਸਚ ਸੁੱਚ ਨਜ਼ਰ ਕਿਸੇ ਨਾ ਆਈਆ । ਕਾਮ ਕਰੋਧ ਲੋਭ ਮੋਹ ਹੰਕਾਰ ਅੰਦਰ ਵੜ ਵੜ ਨੱਚੇ, ਨਟੂਆ ਆਪਣਾ ਸਾਂਗ ਵਰਤਾਈਆ । ਗੁਰਮੁਖ ਵਿਰਲਾ ਕੋਈ ਬਚੇ, ਜਿਸ ਸਤਿਗੁਰ ਆਪਣੀ ਗੋਦ ਬਹਾਈਆ । ਕਲਜੁਗ ਅੰਤਮ ਭਾਂਡੇ ਕੱਚੇ, ਥਿਰ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਗੰਗਾ ਉਠੀ ਨੇਤਰ ਖੋਲ੍ਹ, ਆਪਣਾ ਨੈਣ ਖੁਲ੍ਹਾਈਆ । ਜਮਨਾ ਕਹੇ ਇਕੋ ਬੋਲ, ਕੂਕ ਕੂਕ ਸੁਣਾਈਆ । ਸੁਰਸਤੀ ਕਹੇ ਮੇਰੇ ਕੁਛ ਨਾ ਕੋਲ, ਖਾਲੀ ਹੱਥ ਰਹੀ ਵਖਾਈਆ । ਗੋਦਾਵਰੀ ਕਹੇ ਗੋਬਿੰਦ ਮੇਰੇ ਕੋਲੋਂ ਉਠ ਗਿਆ ਅਡੋਲ, ਮੈਂ ਕੋਝੀ ਕਮਲੀ ਸਾਰ ਨਾ ਪਾਈਆ । ਭੋਲਾ ਨਾਥ ਸੁੱਤਾ ਰਹਿ ਗਿਆ ਅਨਭੋਲ, ਸ਼ੰਕਰ ਨੈਣ ਨਾ ਕੋਇ ਖੁਲ੍ਹਾਈਆ । ਕਲਜੁਗ ਅੰਤਮ ਸਾਰਿਆਂ ਨਾਲ ਮਾਰ ਗਿਆ ਰੌਲ, ਭੇਵ ਕਿਸੇ ਨਾ ਆਈਆ । ਦਰ ਦਰ ਆ ਕੇ ਤੋਲ ਗਿਆ ਤੋਲ, ਸਾਚਾ ਕੰਡਾ ਹੱਥ ਉਠਾਈਆ । ਸਾਡੇ ਖਾਲੀ ਕਰ ਗਿਆ ਖੋਲ, ਵਸਤ ਵਿਚ ਰਹਿਣ ਨਾ ਪਾਈਆ । ਉਚੀ ਸੁਣਾ ਕੇ ਗਿਆ ਇਕੋ ਬੋਲ, ਔਣਾ ਚਲ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਆਪ ਵਡਿਆਈਆ । ਜਮਨਾ ਗੰਗਾ ਸੁਰਸਤੀ ਗੋਦਾਵਰੀ ਰੋਵਣ ਅੱਥ, ਨੇਤਰ ਨੈਣਾਂ ਨੀਰ ਵਹਾਇਆ । ਤੀਰਥ ਤਟ ਬੈਠੇ ਸੱਥਰ ਘਤ, ਵੇਲੇ ਅੰਤ ਨਾ ਕੋਇ ਸਹਾਇਆ । ਕਲਜੁਗ ਮਾਰੀ ਸਭ ਦੀ ਮਤ, ਬੁਧੀ ਸਤਿ ਨਾ ਕੋਇ ਰਖਾਇਆ । ਚਾਰੋਂ ਕੁੰਟ ਖਾਲੀ ਹੱਟ, ਵਸਤ ਹੱਥ ਕਿਸੇ ਨਾ ਆਇਆ । ਕੂੜੀ ਕਿਰਿਆ ਰਹੀ ਨੱਚ, ਕਲਜੁਗ ਡੌਰੂ ਡੰਕਾ ਨਾਲ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਕਲਜੁਗ ਤੇਰੀ ਕੂੜੀ ਧਾਰ, ਸੋ ਪੁਰਖ ਨਿਰੰਜਣ ਪਾਰ ਕਰਾਈਆ । ਨਿਰਗੁਣ ਸਰਗੁਣ ਲਏ ਅਵਤਾਰ, ਜੋਤੀ ਜਾਤਾ ਭੇਖ ਵਟਾਈਆ । ਸੰਤ ਸੁਹੇਲੇ ਲਏ ਵਿਚਾਰ, ਗੁਰ ਚੇਲੇ ਮੇਲ ਮਿਲਾਈਆ । ਨਾਤਾ ਤੋੜ ਤੀਰਥ ਤਟ ਕਿਨਾਰ, ਆਪਣਾ ਦੁਆਰ ਦਏ ਸਮਝਾਈਆ । ਦੇਵੇ ਮਾਣ ਵਿਚ ਸੰਸਾਰ, ਵਡ ਸੰਸਾਰੀ ਦਇਆ ਕਮਾਈਆ । ਜਿਸ ਦਾ ਗੁਰ ਪੀਰ ਅਵਤਾਰ ਮੰਗਦੇ ਰਹੇ ਦੀਦਾਰ, ਸੋ ਸਾਹਿਬ ਸਤਿਗੁਰ ਲੋਕਮਾਤ ਫੇਰਾ ਪਾਈਆ । ਸਾਨੂੰ ਅੰਤਮ ਆਈ ਹਾਰ, ਤੀਰਥ ਤਟ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਰਿਹਾ ਪਰਗਟਾਈਆ । ਤੀਰਥ ਤਟ ਸਾਰੇ ਕਹਿਣ ਏਕਾ ਮਤਾ ਪਕਾਇਆ । ਚਲੋ ਚਲ ਕੇ ਵੇਖੀਏ ਨੈਣ, ਪੁਰਖ ਅਕਾਲ ਕਵਣ ਵੇਸ ਵਟਾਇਆ । ਗੁਰਮੁਖਾਂ ਚੁਕਾਏ ਲਹਿਣ ਦੇਣ, ਆਪਣਾ ਨਾਉਂ ਝੋਲੀ ਪਾਇਆ । ਸਾਡਾ ਬਣੇ

ਨਾ ਕੋਈ ਸਾਕ ਸੈਣ, ਸੱਜਣ ਕੋਇ ਨਜ਼ਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਤੀਰਥ ਤਟ ਕਰਨ ਵਿਚਾਰ, ਨੇਤਰ ਨੈਣ ਨੈਣ ਸ਼ਰਮਾਈਆ । ਕਿਸ ਬਿਧ ਜਾਈਏ ਸਚ ਦਰਬਾਰ, ਸਚ ਵਸਤ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਕਰਿਆ ਵਿਭਚਾਰ, ਦੁਰਮਤ ਮੈਲ ਨਾ ਕੋਇ ਧੁਵਾਈਆ । ਆਪਣਾ ਆਪ ਗਏ ਹਾਰ, ਹਰਿ ਕੀ ਪੌੜੀ ਦੂਜੇ ਕਿਸੇ ਨਾ ਸਕੇ ਚੜ੍ਹਾਈਆ । ਜੀਵ ਜੰਤ ਮਾਰੇ ਠਾਰ ਠਾਰ, ਠੋਕਰ ਨਾਮ ਨਾ ਕਿਸੇ ਲਗਾਈਆ । ਮਾਨਸ ਹੋਏ ਅੰਤ ਖੁਆਰ, ਜਗਤ ਖੁਵਾਰੀ ਨਾ ਕੋਇ ਚੁਕਾਈਆ । ਆਪਣਾ ਆਪ ਗਏ ਹਾਰ, ਸਾਡਾ ਬਲ ਨਜ਼ਰ ਕੋਇ ਨਾ ਆਈਆ । ਇਕ ਇਕੱਲਾ ਪਰਗਟ ਹੋਇਆ ਹਰਿ ਨਿਰੰਕਾਰ, ਸਭ ਦਾ ਲਹਿਣਾ ਗਿਆ ਮੁਕਾਈਆ । ਲੱਖ ਚੁਰਾਸੀ ਕਰੇ ਭਾਲ, ਗੁਰਮੁਖ ਆਪਣੇ ਲਏ ਜਗਾਈਆ । ਚਾਰ ਜੁਗ ਦੇ ਵਿਛੜੇ ਮੇਲੇ ਆਪਣੇ ਨਾਲ, ਜਨਮ ਜਨਮ ਲੇਖਾ ਦਏ ਚੁਕਾਈਆ । ਗੁਰਸਿਖਾਂ ਪਿਛੇ ਆਪਣੀ ਘਾਲ ਰਿਹਾ ਘਾਲ, ਨਿਰਗੁਣ ਨਿਰਵੈਰ ਪੁਰਖ ਅਕਾਲ ਘਰ ਘਰ ਆਏ ਦਰਸ ਦਿਖਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਹਰਿ ਜੂ ਵੱਡਾ ਮਾਹੀਆ । ਚਰਨ ਧੂੜ ਏਕਾ ਵਾਰ ਦਏ ਨੁਹਾਲ, ਦੂਜੀ ਵਾਰ ਮੈਲ ਨਾ ਲਾਗੇ ਰਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਕਾਲ ਫਾਸ ਰਿਹਾ ਕਟਾਈਆ । ਚਲੋ ਚਲ ਕੇ ਕਰੀਏ ਸਾਰੇ ਸਵਾਲ, ਪ੍ਰਭ ਚਰਨਾਂ ਸੀਸ ਟਿਕਾਈਆ । ਸਾਨੂੰ ਫੇਰ ਕਦੋਂ ਕਰੇ ਬਹਾਲ, ਸਿਰ ਸਾਡੇ ਹੱਥ ਟਿਕਾਈਆ । ਅਸੀਂ ਤੇਰੇ ਨਿੱਕੇ ਬਾਲ, ਨਿੱਕੀ ਨਿੱਕੀ ਚਾਲ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਜਗਾਈਆ । ਵੇਖੋ ਗੁਰਸਿਖ ਗਿਆ ਜਾਗ, ਹਰਿ ਸਤਿਗੁਰ ਆਪ ਜਗਾਇੰਦਾ । ਘਰ ਸਾਚੇ ਲੱਗਾ ਭਾਗ, ਵਡ ਭਾਗੀ ਆਪ ਲਗਾਇੰਦਾ । ਜਨਮ ਜਨਮ ਦਾ ਧੋਵੇ ਦਾਗ਼, ਨਿਰਮਲ ਨੀਰ ਨੀਰ ਪਿਆਇੰਦਾ । ਹੰਸ ਬਣਾਏ ਫੜ ਫੜ ਕਾਗ, ਹੰਸ ਮੁਖ ਮੁੱਖ ਸਲਾਹਿੰਦਾ । ਲੇਖਾ ਜਾਣੇ ਆਦਿ ਜੁਗਾਦਿ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਇਕੋ ਨਾਦ, ਪਾਰਬ੍ਰਹਮ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਇਕੋ ਦਾਨ, ਗੁਰਸਿਖ ਦੂਜੇ ਘਰ ਮੰਗਣ ਨਾ ਜਾਇੰਦਾ ।



੧੦੬੯
੧੧

### ★ ੨੧ ਚੇਤ ੨੦੧੯ ਬਿਕ੍ਰਮੀ ਸੌਦਾਗਰ ਸਿੰਘ ਦੇ ਗ੍ਰਿਹਿ ਠੀਕਰੀ ਛੰਨਾ ਜ਼ਿਲਾ ਕਰਨਾਲ ★

ਦਰ ਦਰਵੇਸ਼ ਤੀਰਥ ਤਟ, ਆਪਣੀ ਦਰਦ ਰਹੇ ਜਣਾਈਆ । ਪੁਰਖ ਅਬਿਨਾਸ਼ੀ ਮੈਲ ਕੱਟ, ਸਗਲਾ ਸੰਗ ਨਾ ਕੋਇ ਨਿਭਾਈਆ । ਕੂੜ ਕੁੜਿਆਰਾ ਰੱਖਿਆ ਹੱਟ, ਸਤਿ ਅਸਤਿ ਹੋਈ ਲੜਾਈਆ । ਨਵ ਨੌ ਖੇੜਾ ਦਿਸੇ ਭੱਠ, ਸਾਚੇ ਗ੍ਰਿਹਿ ਨਾ ਵਡਿਆਈਆ । ਮਨ ਵਾਸਨਾ ਸ੍ਰਿਸ਼ਟ ਸਬਾਈ ਰਹੀ ਨੱਠ, ਆਤਮ ਤ੍ਰਿਪਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਕਿਰਪਾ ਕਰ ਗੁਣ ਨਿਧਾਨ, ਗੁਣ ਅਵਗੁਣ ਨਾ ਕੋਇ ਵਡਿਆਈਆ । ਸ਼ਾਹ ਪਾਤਸ਼ਾਹ ਤੂੰ ਸਚ ਸੁਲਤਾਨ, ਤਖ਼ਤ ਨਿਵਾਸੀ ਬੇਪਰਵਾਹੀਆ । ਸਦਾ ਸੁਹੇਲਾ ਇਕ ਇਕੇਲਾ ਦੇਵਣਹਾਰਾ ਦਾਨ, ਦਾਤਾ ਦਾਨੀ ਇਕ ਅਖਵਾਈਆ । ਨੇਤਰ ਪੇਖਿਆ ਦੋ ਜਹਾਨ, ਪੇਖ ਪੇਖ ਨੈਣ ਰਹੇ ਸ਼ਰਮਾਈਆ ।

ਧਰਤੀ ਧਵਲ ਨਾ ਮਿਲੇ ਮਾਣ, ਧਰਨੀ ਧੂੜੀ ਖ਼ਾਕ ਖ਼ਾਕ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਦੇ ਵਰ ਸਚ ਭਗਵਾਨ, ਤੇਰੇ ਅੱਗੇ ਇਕ ਅਰਜ਼ੋਈਆ । ਸਾਡਾ ਮਿਟਦਾ ਜਾਏ ਨਿਸ਼ਾਨ, ਨਿਸ਼ਾਨਾ ਮਾਤ ਨਾ ਕੋਇ ਝੁਲਾਈਆ । ਸਾਧ ਸੰਤ ਕਲਜੁਗ ਜੰਤ ਹੋਏ ਬੇਈਮਾਨ, ਸਾਚੀ ਸ਼ਰਅ ਨਾ ਕੋਇ ਵਡਿਆਈਆ । ਕੂੜੀ ਕਿਰਿਆ ਕਰ ਇਸ਼ਨਾਨ, ਦੁਰਮਤ ਮੈਲ ਨਾ ਕੋਇ ਧੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਖਾਲੀ ਝੋਲੀ ਰਹੇ ਵਖਾਈਆ । ਖਾਲੀ ਝੋਲੀ ਕਲਜੁਗ ਅੰਤ, ਵਸਤ ਕੋਇ ਨਜ਼ਰ ਨਾ ਆਈਆ । ਤੇਰੀ ਮਹਿਮਾ ਪ੍ਰਭ ਬੇਅੰਤ, ਬੇਅੰਤ ਤੇਰੀ ਵਡਿਆਈਆ । ਗੜ੍ਹ ਤੁੱਟਾ ਹਉਮੇ ਹੰਗਤ, ਸਾਡੀ ਚਲੇ ਨਾ ਕੋਇ ਚਤੁਰਾਈਆ । ਅਠਸਠ ਭੁੱਖ ਨੰਗਤ, ਸਾਚਾ ਨਾਮ ਧਨ ਹੱਥ ਨਾ ਕੋਇ ਫੜਾਈਆ । ਤਟ ਕਿਨਾਰਾ ਖੰਡਰ ਖੰਡਤ, ਡੂੰਘੀ ਭਵਰ ਰਿਹਾ ਦਰਸਾਈਆ । ਗਿਆਨ ਬੋਧਾ ਨਜ਼ਰ ਨਾ ਆਏ ਕੋਇ ਪੰਡਤ, ਪਿੰਡੀ ਪਿੰਡ ਨਾ ਕੋਇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਅੱਗੇ ਮੰਗ ਮੰਗਾਈਆ । ਤੁਧ ਅੱਗੇ ਸਰਬ ਅਰਦਾਸ, ਨਿਉਂ ਨਿਉਂ ਸੀਸ ਝੁਕਾਇਆ । ਸਚ ਵਸਤ ਨਾ ਕਿਸੇ ਪਾਸ, ਖਾਲੀ ਹੱਥ ਰਹੇ ਵਖਾਇਆ । ਕਲਜੁਗ ਅੰਤਮ ਹੋਣਾ ਨਾਸ, ਜਿਤ ਨਜ਼ਰ ਕੋਇ ਨਾ ਆਇਆ । ਕਰੇ ਨਾ ਕੋਇ ਬੰਦ ਖੁਲਾਸ, ਬੰਦੀਖਾਨਾ ਨਾ ਕੋਇ ਤੁੜਾਇਆ । ਸ਼ਿਵ ਜੀ ਨਜ਼ਰ ਨਾ ਆਏ ਉਪਰ ਕੈਲਾਸ, ਕੇਸ਼ਵ ਤੇਰਾ ਭੇਵ ਕੋਇ ਨਾ ਪਾਇਆ । ਜੁਗ ਚੌਕੜੀ ਰੱਖਦੇ ਰਹੇ ਤੇਰੀ ਆਸ, ਨੇਤਰ ਨੈਣ ਉਠਾਈਆ । ਅੰਤ ਬੁਝਾਏ ਨਾ ਕੋਈ ਪਿਆਸ, ਤ੍ਰਿਸਨਾ ਜਗਤ ਨਾ ਕੋਈ ਮਿਟਾਇਆ । ਬਿਨ ਤੇਰੇ ਹੋਏ ਨਿਰਾਸ, ਆਸਾ ਪੂਰ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨਾਂ ਓਟ ਰਖਾਇਆ । ਤੇਰੇ ਚਰਨਾਂ ਇਕੋ ਓਟ ਦੋਏ ਜੋੜ ਜੋੜ ਨਿਮਸਕਾਰ । ਜਨਮ ਜਨਮ ਦਾ ਕੱਟ ਖੋਟ, ਦੁਰਮਤ ਮੈਲ ਮੈਲ ਉਤਾਰ । ਇਕ ਲਗੌਣੀ ਸਾਚੀ ਚੋਟ, ਸਾਚਾ ਨਾਮ ਜੈ ਜੈਕਾਰ । ਇਕ ਭੰਡਾਰਾ ਦੇਣਾ ਅਤੋਟ, ਨਿਖੁਟ ਨਾ ਜਾਏ ਵਿਚ ਸੰਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਬਣੀਏ ਅੰਤ ਭਿਖਾਰ । ਬਣੇ ਭਿਖਾਰੀ ਦਰ ਦਰਵੇਸ, ਅਲਫ਼ੀ ਨਜ਼ਰ ਕੋਇ ਨਾ ਆਈਆ । ਤੀਰਥ ਤਟ ਖੁਲ੍ਹੜੇ ਕੇਸ, ਮੀਢੀਂ ਸੀਸ ਨਾ ਕੋਇ ਗੁੰਦਾਈਆ । ਕਲਜੁਗ ਅੰਤ ਚਲੇ ਨਾ ਕੋਇ ਪੇਸ਼, ਚਾਰ ਜੁਗ ਦਾ ਪੇਸ਼ਾ ਰਹਿਣ ਨਾ ਪਾਈਆ । ਨਾ ਕੋਈ ਸਹਾਈ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਗਣੇਸ਼, ਗਣਪਤ ਸੰਗ ਨਾ ਕੋਇ ਨਿਭਾਈਆ । ਨਵ ਨੌਂ ਖਾਲੀ ਦਿਸੇ ਦੇਸ, ਚਾਰ ਚਾਰ ਨਾ ਕੋਇ ਸ਼ਨਵਾਈਆ । ਨਜ਼ਰ ਨਾ ਆਏ ਬਾਸ਼ਕ ਸ਼ੇਸ਼, ਸਾਂਗੋ ਪਾਂਗ ਨਾ ਕੋਇ ਵਖਾਈਆ । ਅੰਤ ਕਰੇ ਨਾ ਕੋਈ ਹੇਤ, ਬੈਠੇ ਮੁਖ ਭੁਵਾਈਆ । ਤੀਰਥ ਤਟ ਕਿਨਾਰਾ ਸੁੰਞਾ ਖੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਮਿਲੇ ਕੋਇ ਨਾ ਢੋਈਆ । ਦੇਣਾ ਵਰ ਹਰਿ ਨਿਰੰਕਾਰ, ਏਕਾ ਮੰਗ ਮੰਗਾਈਆ । ਕਲਜੁਗ ਅੰਤਮ ਆਈ ਹਾਰ, ਬਲ ਬੈਠੇ ਆਪ ਗਵਾਈਆ । ਚਾਰੋਂ ਕੁੰਟ ਧੂੰਆਂਧਾਰ, ਸਾਚਾ ਚੰਦ ਨਜ਼ਰ ਕੋਇ ਨਾ ਆਈਆ । ਅੰਤ ਨਾ ਕਰੇ ਕੋਈ ਪਿਆਰ, ਮਿੱਤਰ ਪਿਆਰਾ ਸੰਗ ਨਾ ਕੋਇ ਰਖਾਈਆ । ਲੇਖਾ ਲਿਖ ਲਿਖ ਮਾਰ ਰਿਹਾ ਮਾਰ, ਤੇਰਾ ਹੁਕਮ ਚਲੇ ਸਚ ਰਜ਼ਾਈਆ । ਪਾਣਾ ਗੰਢਣਹਾਰਾ ਰਵਦਾਸ ਚੁਮਾਰ, ਸਾਡਾ ਚਮੜਾ ਰਿਹਾ ਲਾਹੀਆ । ਤੇਰਾ

ਹੁਕਮ ਹੁਕਮ ਵਰਤਾਰ, ਤੇਰੇ ਹੁਕਮੇ ਅੰਦਰ ਤੇਰੀ ਸ਼ਾਹੀਆ । ਤੂੰ ਆਦਿ ਜੁਗਾਦਿ ਖੇਲਣਹਾਰ, ਤੇਰੀ ਖੇਲ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਬਣ ਗਏ ਤੇਰੇ ਸੇਵਾਦਾਰ, ਬਣ ਯਾਚਕ ਸੇਵ ਕਮਾਈਆ । ਅੰਤਮ ਮੰਗਦੇ ਰਹੇ ਦਰ ਦੁਆਰ, ਦੋਏ ਜੋੜ ਜੋੜ ਸਰਨਾਈਆ । ਬੇਅੰਤ ਬੇਅੰਤ ਬੇਅੰਤ ਕਹੇ ਪੁਕਾਰ, ਆਪਣਾ ਪੱਲੂ ਗਏ ਛੁਡਾਈਆ । ਤੇਰਾ ਅੰਤ ਨਾ ਪਾਰਾਵਾਰ, ਆਦਿ ਜੁਗਾਦਿ ਜੁਗਾ ਜੁਗੰਤਰ ਤੇਰੀ ਵਡੀ ਵਡ ਵਡਿਆਈਆ । ਹਉਂ ਪਾਪੀ ਅਪਰਾਧੀ ਗੁਨਾਹਗਾਰ, ਆਪਣਾ ਗੁਣ ਨਾ ਕੋਇ ਜਣਾਈਆ । ਤੂੰ ਸਾਹਿਬ ਸੁਲਤਾਨ ਬਖ਼ਸ਼ਣਹਾਰ, ਬਖ਼ਸ਼ਸ਼ ਰਹਿਮਤ ਤੇਰੀ ਸਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਥਾਵਿਆਂ ਦੇਣਾ ਸੱਚਾ ਥਾਈਆ । ਨਿਥਾਵਿਆਂ ਦੇਣਾ ਸੱਚਾ ਥਾਉਂ, ਥਾਨ ਥਨੰਤਰ ਨਜ਼ਰ ਕੋਇ ਨਾ ਆਇੰਦਾ । ਕਲਜੁਗ ਅੰਤ ਭਗਵੰਤ ਪਕੜਨਾ ਬਾਂਹੋਂ, ਤੁਧ ਬਿਨ ਅਵਰ ਨਾ ਕੋਇ ਉਠਾਇੰਦਾ । ਤਖ਼ਤ ਨਿਵਾਸੀ ਕਰਨਾ ਸਚ ਨਿਆਉਂ, ਹੱਕ ਹਕੀਕਤ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੁਕਮੇ ਅੰਦਰ ਸਰਬ ਚਲਾਇੰਦਾ ।

## ★ ੨੧ ਚੇਤ ੨੦੧੯ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹ ਗੜ੍ਹੀ ਲਾਗਰੀ ਜ਼ਿਲਾ ਕਰਨਾਲ ★

ਸਚਖੰਡ ਹਰਿ ਸਚ ਵਸਨੀਕ, ਸੋ ਪੁਰਖ ਨਿਰੰਜਣ ਡੇਰਾ ਲਾਇੰਦਾ । ਮਹਿਬਾਨ ਬੀਦੋ ਇਕ ਤੌਫ਼ੀਕ, ਮਿਹਰਵਾਨ ਖੇਲ ਕਰਾਇੰਦਾ । ਆਦਿ ਪੁਰਖ ਲਾਸ਼ਰੀਕ, ਬੇਐਬ ਪਰਵਰਦਿਗਾਰ ਨਾਉਂ ਧਰਾਇੰਦਾ । ਆਦਿ ਜੁਗਾਦਿ ਵਸਣਹਾਰਾ ਮੁਰਸ਼ਦ ਮੁਰੀਦ, ਨਜ਼ਦੀਕ ਦੂਰ ਨੇੜ ਨਾ ਕੋਇ ਰਖਾਇੰਦਾ । ਚੌਦਾਂ ਤਬਕ ਦੋ ਜਹਾਨ ਲੋਕ ਚੌਦਾਂ ਮਿਟਾਏ ਤਾਰੀਕ, ਪਰਕਾਸ਼ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਆਪਣਾ ਆਸਣ ਲਾਇੰਦਾ । ਸਚਖੰਡ ਦੁਆਰਾ ਮੁਕਾਮੇ ਹੱਕ, ਇਕ ਇਕੱਲਾ ਬੇਪਰਵਾਹੀਆ । ਨੂਰ ਇਲਾਹੀ ਪੁਰਖ ਸਮਰਥ, ਸਮਰਥ ਵਡੀ ਵਡਿਆਈਆ । ਏਕਾ ਨਾਅਰਾ ਬੋਲ ਅਲੱਖ, ਹੂ ਹੂ ਆਪਣਾ ਨਾਉਂ ਸਮਝਾਈਆ । ਮਹੱਲ ਅਟੱਲ ਆਪੇ ਵਸ, ਸਚ ਮਹਿਰਾਬ ਕਰੇ ਰੁਸ਼ਨਾਈਆ । ਜੁਗ ਜੁਗ ਮਾਰਗ ਮਾਤ ਦੱਸ, ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਬ੍ਰਹਿਮੰਡ ਖੰਡ ਪੁਰੀਆਂ ਲੋਆਂ ਵੇਖੇ ਨੱਸ ਨੱਸ, ਜ਼ਿਮੀਂ ਅਸਮਾਨ ਫੇਰਾ ਪਾਈਆ । ਭਗਤ ਭਗਵੰਤ ਅੰਤਰ ਵਸ, ਮੁਰੀਦ ਮੁਰਸ਼ਦ ਲਏ ਮਿਲਾਈਆ । ਤੀਰ ਅਣਿਆਲਾ ਮਾਰੇ ਕਸ, ਨਾਮ ਨਿਧਾਨਾ ਇਕ ਰਖਾਈਆ । ਜੁਗ ਚੌਕੜੀ ਸੁਣਾਏ ਆਪਣਾ ਜਸ, ਜਸ ਵੇਦ ਪੁਰਾਨ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਆਪਣਾ ਖੇਲ ਆਪਣੇ ਹੱਥ ਰਖਾਈਆ । ਸਾਚਾ ਖੇਲ ਪੁਰਖ ਅਥਾਹ, ਏਕੰਕਾਰਾ ਆਪਣੇ ਹੱਥ ਰਖਾਇੰਦਾ । ਬੇਐਬ ਬਣ ਮਲਾਹ, ਬੇਪਰਵਾਹੀ ਰੂਪ ਧਰਾਇੰਦਾ । ਸਿਫ਼ਤੀ ਸਿਫ਼ਤ ਸਿਫ਼ਤ ਸਲਾਹ, ਸਾਚੀ ਸਿਖਿਆ ਇਕ ਵਖਾਇੰਦਾ । ਨਵ ਨੌਂ ਚਾਰ ਫੇਰਾ ਪਾ, ਸਤਿ ਸਤਿ ਆਪਣਾ ਰੰਗ ਵਖਾਇੰਦਾ । ਪੰਜ ਤਿੰਨ ਜੋੜ ਜੁੜਾ, ਅਠ ਤੱਤ ਵੰਡ ਵੰਡਾਇੰਦਾ । ਬੰਕ ਦੁਆਰਾ ਇਕ ਸੁਹਾ, ਘਰ ਸਿੰਘਾਸਣ ਸੋਭਾ ਪਾਇੰਦਾ । ਨਿਰਗੁਣ ਸਰਗੁਣ ਵੇਸ ਵਟਾ, ਸਰਗੁਣ ਨਿਰਗੁਣ ਆਪਣਾ ਬੰਧਨ ਪਾਇੰਦਾ । ਨਾਮ ਮਰਦੰਗ ਇਕ ਵੱਜਾ, ਅਨਹਦ ਨਾਦੀ ਨਾਦ ਅਲਾਇੰਦਾ । ਸਰ ਸਰੋਵਰ ਇਕ ਪਰਗਟਾ,

ਤੀਰਥ ਤਟ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਆਪਣਾ ਖੇਲ ਕਰਾਇੰਦਾ । ਤੀਰਥ ਤਟ ਸਚ ਕਿਨਾਰਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਹੋ ਉਜਿਆਰਾ, ਮੰਦਰ ਮਸਜਦ ਸ਼ਿਵਦਵਾਲਾ ਮੱਠ ਦਏ ਸਮਝਾਈਆ । ਕਾਇਆ ਅੰਦਰ ਖੋਲ੍ਹ ਕਿਵਾੜਾ, ਘਰ ਘਰ ਵਿਚ ਦਏ ਵਖਾਈਆ । ਦੀਆ ਬਾਤੀ ਇਕ ਉਜਿਆਰਾ, ਜੋਤ ਨਿਰੰਜਣ ਨੂਰ ਰੁਸ਼ਨਾਈਆ । ਆਤਮ ਪਰਮਾਤਮ ਕਰੇ ਪਿਆਰਾ, ਘਰ ਮੇਲਾ ਸਹਿਜ ਸੁਭਾਈਆ । ਅਲੱਖ ਅਗੋਚਰ ਅਗੰਮ ਵਜਾਏ ਸੱਚੀ ਸਿਤਾਰਾ, ਨਿਰਗੁਣ ਤੰਦੀ ਤੰਦ ਹਿਲਾਈਆ । ਸਾਚੀ ਸਖੀਆਂ ਮੰਗਲਾਚਾਰਾ, ਘਰ ਸਾਚੇ ਵੱਜੇ ਵਧਾਈਆ । ਨੂਰ ਇਲਾਹੀ ਹੋ ਉਜਿਆਰਾ, ਨੂਰੋ ਨੂਰ ਡਗਮਗਾਈਆ । ਹੱਕ ਹਕ਼ੀਕ਼ਤ ਏਕਾ ਨਾਅਰਾ, ਬਹੱਕ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਆਪਣੀ ਧਾਰ ਚਲਾਈਆ । ਸਚਖੰਡ ਨਿਵਾਸੀ ਸਾਚੀ ਧਾਰ, ਸੋ ਪੁਰਖ ਨਿਰਜੰਣ ਆਪ ਚਲਾਇੰਦਾ । ਹਰਿ ਪੁਰਖ ਨਿਰੰਜਣ ਹੋ ਤਿਆਰ, ਏਕੰਕਾਰਾ ਨੂਰ ਪਰਗਟਾਇੰਦਾ । ਆਦਿ ਨਿਰੰਜਣ ਵੇਖੇ ਵਿਗਸੇ ਕਰੇ ਵਿਚਾਰ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਠਾਂਡੇ ਦਰਬਾਰ, ਸਚਖੰਡ ਸਾਚੇ ਆਸਣ ਲਾਇੰਦਾ । ਸ੍ਰੀ ਭਗਵਾਨ ਸਤਿ ਸਤਿਵਾਦੀ ਸਤਿ ਹੁਲਾਰ, ਦੋ ਜਹਾਨਾਂ ਆਪ ਰਖਾਇੰਦਾ । ਪਾਰਬ੍ਰਹਮ ਪ੍ਰਭ ਮੀਤ ਮੁਰਾਰ, ਸਗਲਾ ਸੰਗ ਆਪ ਹੋ ਜਾਇੰਦਾ । ਬ੍ਰਹਮ ਬ੍ਰਹਮ ਦਏ ਅਧਾਰ, ਆਤਮ ਪਰਮਾਤਮ ਜੋੜ ਜੁੜਾਇੰਦਾ । ਨਿਰਗੁਣ ਸਰਗੁਣ ਦੇ ਅਧਾਰ, ਸਰਗੁਣ ਨਿਰਗੁਣ ਸੰਗ ਰਖਾਇੰਦਾ । ਜਗਤ ਵਿਚੋਲਾ ਬਣ ਏਕੰਕਾਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਸ਼ਬਦ ਗੁਰ ਗੁਰ ਕਰ ਤਿਆਰ, ਗੁਰ ਕਰਤਾ ਖੇਲ ਕਰਾਇੰਦਾ । ਪੰਜ ਤੱਤ ਕਾਇਆ ਦੇਵੇ ਮਾਣ, ਤੱਤਵ ਤੱਤ ਤੱਤ ਸਮਝਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਵਸਤ ਅਮੋਲਕ ਨਾਮ ਸੱਚਾ ਧਨ ਮਾਲ, ਸਚ ਖਜਾਨੇ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਆਪਣਾ ਰਾਹ ਚਲਾਇੰਦਾ । ਸਚਖੰਡ ਨਿਵਾਸੀ ਰਾਹ ਅਵੱਲਾ, ਜੁਗ ਕਰਤਾ ਆਪ ਚਲਾਈਆ । ਸਰਗੁਣ ਨਿਰਗੁਣ ਫੜਾਏ ਪੱਲਾ, ਪੱਲੂ ਨਜ਼ਰ ਕਿਸੇ ਨਾ ਆਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਲੋਕਮਾਤ ਫੇਰਾ ਪਾਈਆ । ਪਾਵੇ ਸਾਰ ਜਲਾਂ ਥਲਾਂ, ਘਟ ਘਟ ਆਪਣਾ ਆਪ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਜੁਗ ਜੁਗ ਆਪ ਕਰਾਇੰਦਾ । ਨਿਰਗੁਣ ਸਰਗੁਣ ਲਏ ਅਵਤਾਰਾ, ਗੁਰ ਗੁਰ ਵੇਸ ਵਟਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦਏ ਹੁਲਾਰਾ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਵੇਖੇ ਅਖਾੜਾ, ਨੌਂ ਖੰਡ ਪ੍ਰਿਥਮੀ ਪੜਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਜੁਗ ਜੁਗ ਖੇਲ ਪੁਰਖ ਸਮਰਥ, ਨਿਰਗੁਣ ਸਰਗੁਣ ਆਪ ਕਰਾਈਆ । ਬ੍ਰਹਮਾ ਵੇਤਾ ਦੇਵੇ ਵਥ, ਚਾਰ ਵੇਦ ਝੋਲੀ ਪਾਈਆ । ਚਾਰ ਖਾਣੀ ਵੰਡੇ ਹੱਥੋ ਹੱਥ, ਅੰਡਜ ਜੇਰਜ ਉਤਭੁਜ ਸੇਤਜ ਨਾਉਂ ਧਰਾਈਆ । ਚਾਰ ਬਾਣੀ ਬੋਲ ਅਕੱਥ, ਪਰਾਂ ਪਸੰਤੀ ਮਧਮ ਬੈਖਰੀ ਆਪੇ ਗਾਈਆ । ਪੰਜ ਤੱਤ ਕਾਇਆ ਵੇਖੇ ਤੱਤ, ਤੱਤੀ ਰੱਤ, ਰੱਤ ਰੱਤ ਰੰਗਾਈਆ । ਵਸਤ ਅਮੋਲਕ ਮਨ ਬੁਧ ਮਤ, ਹਰਿ ਆਪਣੀ ਅਨਕ ਟਿਕਾਈਆ । ਨਿਰਗੁਣ ਮੇਲਾ ਬ੍ਰਹਮ ਤੱਤ, ਪਾਰਬ੍ਰਹਮ ਆਪਣੀ ਅੰਸ ਸੁਹਾਈਆ । ਕਰੇ ਖੇਲ ਕਮਲਾਪਤ, ਦੂਸਰ ਸੰਗ ਨਾ ਕੋਇ ਰਲਾਈਆ । ਬੋਧ ਅਗਾਧ ਮਹਿਮਾ

੧੦੭੨
੧੧

ਅਕੱਥ, ਬਿਨ ਰਸਨਾ ਜਿਹਵਾ ਗਾਈਆ । ਸਾਚਾ ਮਾਰਗ ਆਪੇ ਦੱਸ, ਨਿਰਗੁਣ ਸਰਗੁਣ ਧੰਦੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਦੇਵੇ ਮਾਣ ਵਡਿਆਈਆ । ਗੁਰ ਕਰਤਾ ਗੁਰ ਕਰਨੇਹਾਰਾ, ਗੁਰ ਸ਼ਬਦੀ ਵਡ ਵਡਿਆਈਆ । ਗੁਰ ਸੇਵਕ ਗੁਰ ਭਿਖਕ ਮੰਗਣ ਮੰਗਣਹਾਰਾ, ਆਦਿ ਜੁਗਾਦਿ ਭੇਵ ਕੋਇ ਨਾ ਪਾਈਆ । ਗੁਰਸਿਖ ਗੁਰ ਗੁਰ ਅਵਤਾਰਾ, ਗੁਰ ਸਮਰਥ ਪੁਰਖ ਨਾਮ ਵਡਿਆਈਆ । ਆਦਿ ਜੁਗਾਦੀ ਇਕ ਅਵਤਾਰਾ, ਗੁਰ ਗੁਰ ਆਪਣਾ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰਾ, ਜੁਗ ਚੌਕੜੀ ਵੇਸ ਵਟਾਈਆ । ਨਵ ਨੌਂ ਚਾਰ ਖੇਲ ਨਿਆਰਾ, ਅਨਭਵ ਆਪਣੀ ਧਾਰ ਰਖਾਈਆ । ਭੇਵ ਨਾ ਜਾਣੇ ਕੋਈ ਪਰਵਰਦਿਗਾਰਾ, ਬੇਅੰਤ ਬੇਅੰਤ ਕਹੇ ਸਰਬ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਯਦਾ ਸੀਸ ਜਗਦੀਸ ਦੋਏ ਜੋੜ ਕਰਨ ਨਿਮਸਕਾਰਾ, ਚਰਨ ਕਵਲ ਧਿਆਨ ਲਗਾਈਆ । ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਤੂੰ ਵਸੇ ਸਚਖੰਡ ਸੱਚੇ ਦੁਆਰਾ, ਤਖ਼ਤ ਨਿਵਾਸੀ ਤਖ਼ਤ ਸੋਭਾ ਪਾਈਆ । ਦਰ ਦਰਵੇਸ਼ ਬਣ ਭਿਖਾਰਾ, ਭਿਖਕ ਝੋਲੀ ਸਰਬ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਈਆ । ਜੁਗ ਜੁਗ ਖੇਲ ਵਿਚ ਸੰਸਾਰ, ਨਿਰਗੁਣ ਸਰਗੁਣ ਧਾਰ ਚਲਾਇੰਦਾ । ਗੁਰ ਗੁਰ ਰੂਪ ਲਏ ਅਵਤਾਰ, ਸ਼ਬਦੀ ਸ਼ਬਦ ਡੰਕ ਵਜਾਇੰਦਾ । ਭਗਤ ਭਗਵੰਤ ਲਏ ਉਠਾਲ, ਸਾਚੇ ਸੰਤ ਵੇਖ ਵਖਾਇੰਦਾ । ਗੁਰਮੁਖ ਵੇਖੇ ਆਪਣੇ ਲਾਲ, ਗੁਰਸਿਖ ਸਾਚੀ ਗੋਦ ਸੁਹਾਇੰਦਾ । ਤ੍ਰੈ ਤ੍ਰੈ ਨਾਤਾ ਤੋੜ ਜੰਜਾਲ, ਪੰਚਮ ਪੰਚ ਮੋਹ ਚੁਕਾਇੰਦਾ । ਨਿਰਗੁਣ ਸਰਗੁਣ ਬਣ ਦਲਾਲ, ਜਗਤ ਵਣਜਾਰਾ ਫੇਰੀ ਪਾਇੰਦਾ । ਵੇਖਣਹਾਰਾ ਹੱਕ ਹਲਾਲ, ਹਕ਼ੀਕਤ
੧੦੭੩ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਵੇਖ ਵਖਾਇੰਦਾ । ਜੁਗ ਚੌਕੜੀ ਵੇਖੇ ਨੈਣ, ੧੦੭੩
੧੧ ਹਰਿ ਜੂ ਨਜ਼ਰ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜ਼ੀਲ ਕੁਰਾਨ ਖਾਣੀ ਬਾਣੀ ਸਾਰੇ ਕਹਿਣ, ਸਚਖੰਡ ਵਸੇ ਸੱਚਾ ਮਾਹੀਆ । ੧੧
ਭਗਤ ਭਗਵੰਤ ਆਦਿ ਜੁਗਾਦਿ ਬਣੇ ਸਾਚਾ ਸਾਕ ਸੱਜਣ ਸੈਣ, ਸਗਲਾ ਸੰਗ ਆਪ ਅਖਵਾਈਆ । ਕਬੀਰ ਜੁਲਾਹਾ ਕਹੇ ਪਾਰਬ੍ਰਹਮ ਪਤਿਪਰਮੇਸ਼ਵਰ ਹਰਿਜਨ ਸਾਚੇ ਆਵੇ ਲੈਣ, ਰੂਪ ਅਨੂਪ ਆਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਈਆ । ਜੁਗ ਜੁਗ ਵੇਸ ਅਵੱਲੜਾ, ਕਰੇ ਕਰਾਏ ਕਰਨੇਹਾਰ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੜਾਇਆ ਪਲੜਾ, ਸੇਵਾ ਲਾ ਗੁਰ ਅਵਤਾਰ । ਪੀਰ ਪੈਗ਼ੰਬਰ ਸਚ ਸੰਦੇਸ ਏਕਾ ਘਲੜਾ, ਧੁਰ ਦੀ ਬਾਣੀ ਧੁਰ ਦੀ ਧਾਰ । ਘਟ ਘਟ ਅੰਦਰ ਆਪੇ ਰਲੜਾ, ਕਰੇ ਖੇਲ ਗੁਪਤ ਜ਼ਾਹਰ । ਸਚ ਸਿੰਘਾਸਣ ਏਕਾ ਮਲੜਾ, ਆਤਮ ਸੇਜਾ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਜੁਗਾ ਜੁਗੰਤ ਕਰੇ ਕਰਾਏ ਸਾਚੀ ਕਾਰ । ਸਾਚੀ ਕਾਰ ਅੰਤਮ ਕਲ, ਹਰਿ ਜੂ ਆਪਣੇ ਹੱਥ ਰਖਾਇੰਦਾ । ਨਿਰਗੁਣ ਰੂਪ ਅਛਲ ਅਛੱਲ, ਭੇਵ ਕੋਇ ਨਾ ਪਾਇੰਦਾ । ਉਚ ਮਹੱਲੇ ਬੈਠਾ ਚੜ੍ਹ, ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਲਏ ਫੜ, ਏਕਾ ਡੋਰੀ ਨਾਮ ਬੰਧਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸਚਖੰਡ ਨਿਵਾਸੀ ਸੱਦੇ ਆਪਣੇ ਘਰ, ਘਰ ਸਾਚਾ ਅੰਤ ਵਖਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਖੇਲ ਰਿਹਾ ਕਰ, ਦੋ ਜਹਾਨਾਂ ਫੇਰਾ ਪਾਇੰਦਾ । ਨਵ ਖੰਡ ਜੀਵ ਜੰਤ ਸਾਧ ਸੰਤ ਆਪਣਾ ਲੇਖਾ ਗਿਆ ਹਰ,

ਹਰਿ ਕਾ ਭੇਵ ਕੋਇ ਨਾ ਆਇੰਦਾ, ਤ੍ਰੈਗੁਣ ਅਗਨੀ ਰਹੇ ਸੜ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣ, ਹਰਿ ਵੱਡਾ ਵਡ ਵਡਿਆਈਆ । ਕਲਜੁਗ ਅੰਤਮ ਖੇਲ ਕਰੇ ਮਹਾਨ, ਮਹਿਮਾ ਗਣਤ ਗਣੀ ਨਾ ਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਿਖ ਲਿਖ ਦੇ ਕੇ ਗਏ ਬਿਆਨ, ਆਪਣੀ ਜਾਮਨੀ ਮਾਤ ਭਰਾਈਆ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨ, ਬਲ ਆਪਣਾ ਆਪ ਰਖਾਈਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਝੁਲਾਏ ਇਕ ਨਿਸ਼ਾਨ, ਸੱਤਾਂ ਦੀਪਾਂ ਕਰ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਗਵਾਏ ਮਾਣ, ਅਭਿਮਾਨ ਕੋਇ ਰਹਿਣ ਨਾ ਪਾਈਆ । ਏਕਾ ਇਸ਼ਟ ਵਖਾਏ ਸ੍ਰੀ ਭਗਵਾਨ, ਪੁਰਖ ਅਕਾਲ ਬੇਪਰਵਾਹੀਆ । ਏਕਾ ਅੱਖਰ ਦਏ ਗਿਆਨ, ਜਗਤ ਵੱਖਰ ਕਰੇ ਪੜ੍ਹਾਈਆ । ਏਕਾ ਮਾਰੇ ਤੀਰ ਨਿਸ਼ਾਨ, ਅਣਿਆਲਾ ਆਪ ਚਲਾਈਆ । ਏਕਾ ਮੰਦਰ ਇਕ ਮਕਾਨ, ਏਕਾ ਬੰਕ ਦਏ ਸਮਝਾਈਆ । ਏਕਾ ਨਾਦ ਸ਼ਬਦ ਧੁੰਨਕਾਨ, ਏਕ ਰਾਗੀ ਰਾਗ ਅਲਾਈਆ । ਏਕਾ ਅੰਮ੍ਰਿਤ ਆਤਮ ਰਸ ਪੀਣ ਖਾਣ, ਜਗਤ ਤ੍ਰਿਸਨਾ ਦਏ ਬੁਝਾਈਆ । ਏਕਾ ਆਤਮ ਸੇਜਾ ਕਰੇ ਪਰਵਾਨ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੂਪ ਆਪ ਪਰਗਟਾਈਆ । ਸਾਚਾ ਰੂਪ ਸ੍ਰੀ ਭਗਵੰਤ, ਪੁਰਖ ਅਬਿਨਾਸ਼ੀ ਆਪ ਧਰਾਇੰਦਾ । ਗੁਰਮੁਖ ਵੇਖੇ ਸਾਚੇ ਸੰਤ, ਸੰਤ ਸੁਹੇਲੇ ਆਪ ਪਰਗਟਾਇੰਦਾ । ਹਰਿਜਨ ਮੇਲਾ ਨਾਰੀ ਕੰਤ, ਗ੍ਰਿਹਿ ਮੰਦਰ ਵੇਖ ਵਖਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ । ਮੇਲ ਮਿਲਾਵਾ ਸਾਚੀ ਸੰਗਤ, ਸੰਕਟ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਗਤ ਬਸੰਤਰ ਆਪ ਬੁਝਾਇੰਦਾ । ਜਗਤ ਬਸੰਤਰ ਪਾਏ ਠੰਡ, ਅਗਨੀ ਅੱਗ ਨਾ ਕੋਇ ਤਪਾਈਆ । ਜਨ ਭਗਤਾਂ ਏਕਾ ਨਾਮ ਦੇਵੇ ਵੰਡ, ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੈਣ ਨੈਣ ਸ਼ਰਮਾਈਆ । ਜੁਗ ਚੌਕੜੀ ਟੁੱਟੀ ਗੰਢ, ਅੰਤਮ ਆਪਣਾ ਬੰਧਨ ਪਾਈਆ । ਗੁਰਮੁਖ ਨੰਗੀ ਨਾ ਹੋਵੇ ਕੰਡ, ਸਮਰਥ ਦਏ ਮਾਣ ਵਡਿਆਈਆ । ਲੱਖ ਚੁਰਾਸੀ ਖੰਡ ਖੰਡ, ਖੜਗ ਖੰਡਾਂ ਇਕ ਚਮਕਾਈਆ । ਜੀਵ ਜੰਤ ਨਾਰ ਦੁਹਾਗਣ ਦਿਸੇ ਰੰਡ, ਹਰਿ ਜੂ ਕੰਤ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖੇ ਆਪ, ਸੋ ਪੁਰਖ ਨਿਰਜੰਣ ਬੇਪਰਵਾਹਿਆ । ਲੱਖ ਚੁਰਾਸੀ ਮਾਈ ਬਾਪ, ਪਿਤਾ ਪੂਤ ਭੇਵ ਚੁਕਾਇਆ । ਜਾਨਣਹਾਰਾ ਪੂਜਾ ਪਾਠ, ਤੀਰਥ ਤਟ ਫੋਲ ਫੋਲਾਇਆ । ਬੈਠਣਹਾਰਾ ਇਕ ਇਕਾਂਤ, ਘਰ ਘਰ ਆਪਣਾ ਫੇਰਾ ਪਾਇਆ । ਕਲਜੁਗ ਵੇਖ ਅੰਧੇਰੀ ਰਾਤ, ਨਿਰਗੁਣ ਆਪਣਾ ਰੂਪ ਧਰਾਇਆ । ਜਨ ਭਗਤਾਂ ਪੁਛੇ ਆਪੇ ਵਾਤ, ਆਪ ਆਪਣਾ ਮੇਲ ਮਿਲਾਇਆ । ਆਤਮ ਪਰਮਾਤਮ ਇਕੋ ਗਾਥ, ਏਕਾ ਮੰਤਰ ਦਏ ਦ੍ਰਿੜਾਇਆ । ਆਪ ਉਤਾਰੇ ਸਾਚੇ ਘਾਟ, ਮੰਝਧਾਰ ਨਾ ਕੋਇ ਰੁੜ੍ਹਾਇਆ । ਖੇਲੇ ਖੇਲ ਬਾਜ਼ੀਗਾਰ ਨਾਟ, ਸਵਾਂਗੀ ਆਪਣਾ ਸਾਂਗ ਵਰਤਾਇਆ । ਸਤਿਜੁਗ ਖੋਲ੍ਹੇ ਸਾਚਾ ਹਾਟ, ਬਣ ਹਟਵਾਣਾ ਹੱਟ ਚਲਾਇਆ । ਗੁਰਮੁਖ ਵਿਰਲਾ ਲਾਹਾ ਲਏ ਖਾਟ, ਕਲਜੁਗ ਜੀਵ ਗੂੜ੍ਹੀ ਨੀਂਦ ਆਪ ਸੁਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਜੁਗ ਆਪਣਾ ਮਾਰਗ ਆਪੇ ਲਾਇਆ । ਆਪਣਾ ਮਾਰਗ ਸ੍ਰੀ ਭਗਵਾਨ, ਕਲਜੁਗ ਅੰਤ ਦਏ ਜਣਾਈਆ । ਨਾਤਾ ਤੁਟੇ ਜੀਵ ਜਹਾਨ, ਬੰਧਨ

ਫੇਰ ਨਾ ਕੋਇ ਬੰਧਾਈਆ । ਲੇਖਾ ਚੁਕੇ ਜੂਠ ਝੂਠ ਪੀਣ ਖਾਣ, ਸਚ ਸੁੱਚ ਦਏ ਵਖਾਈਆ । ਤੀਰਥ ਤਟ ਨਾ ਕੋਇ ਇਸ਼ਨਾਨ, ਆਤਮ ਸਰੋਵਰ ਦਏ ਨੁਹਾਈਆ । ਗ੍ਰਿਹ ਮੰਦਰ ਅੰਦਰ ਇਕ ਧੁਨਕਾਨ, ਧੁਨ ਅਨਾਦੀ ਦਏ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜ਼ੀਲ ਕੁਰਾਨ ਖਾਣੀ ਬਾਣੀ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਾਣ, ਰਸਨਾ ਜਿਹਵਾ ਤਨ ਹਿਲਾਈਆ । ਸਰਬ ਜੀਆਂ ਦਾ ਇਕ ਭਗਵਾਨ, ਦੂਸਰ ਅਵਰ ਨਾ ਕੋਇ ਵਡਿਆਈਆ । ਨਾਨਕ ਗੋਬਿੰਦ ਲੇਖਾ ਲਿਖ ਲਿਖ ਜੀਵ ਜਹਾਨ, ਜੀਵਣ ਜੁਗਤ ਗਿਆ ਸਮਝਾਈਆ । ਅੰਤਮ ਆਏ ਨਿਹਕਲੰਕ ਬਲੀ ਬਲਵਾਨ, ਬਲ ਆਪਣਾ ਆਪ ਧਰਾਈਆ । ਕੂੜੀ ਕਿਰਿਆ ਮੇਟੇ ਨਿਸ਼ਾਨ, ਸਤਿ ਨਿਸ਼ਾਨਾ ਦਏ ਚੜ੍ਹਾਈਆ । ਚਾਰ ਵਰਨਾਂ ਊਚਾਂ ਨੀਚਾਂ ਰਾਓ ਰੰਕਾਂ ਦੇਵੇ ਇਕ ਗਿਆਨ, ਏਕਾ ਨਾਮ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਆਪਣਾ ਵੇਸ ਆਪ ਧਰਾਈਆ । ਆਪਣਾ ਵੇਸ ਕਰੇ ਕਰਤਾਰ, ਨਿਰਗੁਣ ਨਿਰਗੁਣ ਭੇਵ ਨਾ ਰਾਇਆ । ਕਲਜੁਗ ਆਏ ਅੰਤਮ ਵਾਰ, ਕਲ ਕਲਕੀ ਨਾਉਂ ਰਖਾਇਆ । ਸੰਬਲ ਵਸੇ ਧਾਮ ਨਿਆਰ, ਬੰਕ ਦੁਆਰਾ ਸੋਭਾ ਪਾਇਆ । ਸ਼ਬਦ ਅਨਾਦ ਸੱਚੀ ਧੁੰਨਕਾਰ, ਧੁਰ ਦੀ ਬਾਣੀ ਆਪ ਅਲਾਇਆ । ਨਾਮ ਖੰਡਾ ਤੇਜ ਕਟਾਰ, ਬ੍ਰਹਿਮੰਡਾਂ ਆਪ ਚਮਕਾਇਆ । ਦੋ ਜਹਾਨਾਂ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਸ ਵਟਾਇਆ । ਕਲਜੁਗ ਅੰਤਮ ਹੋ ਪਰਤੱਖ, ਪ੍ਰਭ ਆਪਣੀ ਖੇਲ ਕਰਾਈਆ । ਸੰਤ ਸੁਹੇਲੇ ਕਰੇ ਵੱਖ, ਗੁਰ ਗੁਰ ਆਪਣੀ ਦਇਆ ਕਮਾਈਆ । ਇਕੋ ਮਾਰਗ ਦੇਵੇ ਦੱਸ, ਏਕਾ ਹਰਿ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸ੍ਰੀ ਭਗਵੰਤ, ਕਲਜੁਗ ਅੰਤ ਆਪ ਜਣਾਇੰਦਾ । ਨਾਤਾ ਤੁਟਾ ਜੀਵ ਜੰਤ, ਜੀਵਣ ਜੁਗਤ ਨਾ ਕੋਇ ਸਮਝਾਇੰਦਾ । ਜਗਤ ਮਾਇਆ ਪਈ ਬੇਅੰਤ, ਬੇਅੰਤ ਨਜ਼ਰ ਕਿਸੇ ਨਾ ਆਇੰਦਾ । ਘਰ ਘਰ ਗੜ੍ਹ ਹਉਮੇ ਹੰਗਤ, ਜੂਠੀ ਝੂਠੀ ਕਿਰਿਆ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਨੂਰ ਆਪ ਪਰਗਟਾਇੰਦਾ । ਆਪਣਾ ਨੂਰ ਆਪੇ ਧਰ, ਨੂਰ ਨੁਰਾਨਾ ਵੇਖ ਵਖਾਈਆ । ਗੁਰਮੁਖ ਸੱਜਣ ਲਏ ਵਰ, ਆਪ ਆਪਣਾ ਮੇਲ ਮਿਲਾਈਆ । ਦਰ ਦਰਵੇਸ਼ ਆਏ ਦਰ, ਦਰ ਆਪਣੀ ਅਲੱਖ ਜਗਾਈਆ । ਨਰ ਨਰੇਸ ਲਏ ਫੜ, ਫੜ ਫੜ ਆਪਣਾ ਬੰਧਨ ਪਾਈਆ । ਕਾਇਆ ਬੰਕ ਸਚ ਮਹੱਲੇ ਜਾਏ ਚੜ੍ਹ, ਸਚ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਲੇਖਾ ਸਭ ਦਾ ਲੇਖੇ ਪਾਈਆ ।



★ ੨੧ ਚੇਤ ੨੦੧੯ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹ ਕੌਮੀ ਫਾਰਮ ਜ਼ਿਲਾ ਕਰਨਾਲ ★

ਸੋ ਪੁਰਖ ਨਿਰੰਜਣ ਹਰਿ ਬੇਅੰਤਾ, ਬੇਅੰਤ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਆਦਿ ਅੰਤਾ, ਨਿਰਗੁਣ ਨਿਰਵੈਰ ਆਪਣਾ ਖੇਲ ਕਰਾਈਆ । ਏਕੰਕਾਰ ਜੁਗਾ ਜੁਗੰਤਰ ਸੋਭਾਵੰਤਾ, ਸਚ ਸਿੰਘਾਸਣ ਸਾਚੇ ਆਸਣ ਲਾਈਆ । ਆਦਿ ਨਿਰੰਜਣ ਨੂਰ ਨੁਰੰਤਾ, ਦੋ ਜਹਾਨ ਕਰੇ

ਰੁਸ਼ਨਾਈਆ । ਅਬਿਨਾਸ਼ੀ ਕਰਤਾ ਧੁਰ ਫ਼ਰਮਾਣਾ ਸਾਚਾ ਹੁਕਮ ਇਕ ਸੁਣੰਤਾ, ਜੈ ਜੈਕਾਰ ਆਪ ਕਰਾਈਆ । ਸ੍ਰੀ ਭਗਵਾਨ ਆਪ ਬਣਾਏ ਆਪਣੀ ਬਣਤਾ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਪਾਰਬ੍ਰਹਮ ਖੇਲੇ ਖੇਲ ਸ੍ਰੀ ਭਗਵੰਤਾ, ਅਲੱਖ ਅਗੋਚਰ ਅਗੰਮ ਅਥਾਹ ਬੇਪ੍ਰਵਾਹ ਏਕਾ ਧਾਰ ਚਲਾਈਆ । ਸਚਖੰਡ ਦੁਆਰਾ ਸੋਭਾਵੰਤਾ, ਅਜੂਨੀ ਰਹਿਤ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸਾਚਾ ਖੇਲ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਵਸਣਹਾਰਾ ਸਚਖੰਡ ਸੱਚੇ ਅਸਥਾਨ, ਨਿਰਗੁਣ ਨੂਰ ਨੂਰ ਪਰਗਟਾਇੰਦਾ । ਤਖ਼ਤ ਨਿਵਾਸੀ ਸ੍ਰੀ ਭਗਵਾਨ, ਸਾਚੇ ਤਖ਼ਤ ਸੋਭਾ ਪਾਇੰਦਾ । ਰਾਜ ਰਾਜਾਨ ਭੂਪਤ ਭੂਪ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਵਡ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਨਾਦ ਅਨਾਦੀ ਬੋਧ ਅਗਾਧੀ ਸ਼ਬਦ ਅਗੰਮੀ ਧੁਰ ਫ਼ਰਮਾਣ, ਸਚ ਸੰਦੇਸਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰੇ ਕਰਤਾਰਾ, ਆਦਿ ਪੁਰਖ ਵਡੀ ਵਡਿਆਈਆ । ਵਸਣਹਾਰਾ ਸਚਖੰਡ ਸੱਚੇ ਦੁਆਰਾ, ਨਿਰਗੁਣ ਨਿਰਗੁਣ ਆਪਣਾ ਵੇਸ ਧਰਾਈਆ । ਖੋਲ੍ਹਣਹਾਰਾ ਥਿਰ ਘਰ ਕਿਵਾੜਾ, ਘਰ ਵਿਚ ਘਰ ਘਾੜਨ ਲਏ ਘੜਾਈਆ । ਕਰ ਪਰਕਾਸ਼ ਖੇਲ ਤਮਾਸ਼ ਵੇਖੇ ਵੇਖਣਹਾਰਾ, ਸ਼ਬਦੀ ਸੁਤ ਅਬਿਨਾਸ਼ੀ ਅਚੁਤ, ਥਿਰ ਘਰ ਸਾਚੇ ਆਪ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਈਆ । ਸਾਚਾ ਖੇਲ ਸ੍ਰੀ ਭਗਵਾਨ, ਆਦਿ ਜੁਗਾਦੀ ਆਪਣੇ ਹੱਥ ਰਖਾਇੰਦਾ । ਸਾਚੇ ਤਖ਼ਤ ਬੈਠ ਮਿਹਰਵਾਨ, ਮਿਹਰ ਨਜ਼ਰ ਇਕ ਤਕਾਇੰਦਾ । ਸੁਤ ਦੁਲਾਰਾ ਕਰ ਬਲਵਾਨ, ਬਲ ਆਪਣਾ ਆਪ ਜਣਾਇੰਦਾ । ਕਰੇ ਖੇਲ ਦੋ ਜਹਾਨ, ਅਨਭਵ ਆਪਣਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਇੰਦਾ । ਸਾਚਾ ਰੰਗ ਰੰਗ ਚਲੂਲ, ਸੋ ਪੁਰਖ ਨਿਰੰਜਣ ਆਪ ਰੰਗਾਈਆ । ਆਦਿ ਅੰਤ ਸ੍ਰੀ ਭਗਵੰਤ ਕਰਤਾ ਕਰਨੀ ਨਾ ਜਾਏ ਭੂਲ, ਸਾਚੀ ਕਿਰਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਚੜ੍ਹ, ਮਹੱਲ ਅਟੱਲ ਕਰੇ ਆਪ ਰੁਸ਼ਨਾਈਆ । ਕਰੇ ਰੁਸ਼ਨਾਈ ਸਾਚੇ ਬੰਕ, ਬੰਕ ਦੁਆਰੀ ਸੋਭਾ ਪਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਧਾਰ ਚਲਾਇੰਦਾ । ਨਿਰਗੁਣ ਨੂਰ ਹਰਿ ਭਗਵੰਤ, ਜੋਤ ਉਜਾਲਾ ਡਗਮਗਾਇੰਦਾ । ਲੇਖਾ ਜਾਣੇ ਨਾਰੀ ਕੰਤ, ਗ੍ਰਿਹਿ ਮੰਦਰ ਸੋਭਾ ਪਾਇੰਦਾ । ਨਿਰਗੁਣ ਨਿਰਗੁਣ ਬਣਾਏ ਬਣਤ, ਸ਼ਬਦੀ ਸ਼ਬਦ ਆਪਣਾ ਭੇਵ ਖੁਲ੍ਹਾਇੰਦਾ । ਨਾਉਂ ਨਿਰੰਕਾਰਾ ਏਕਾ ਮੰਤ, ਨਾਮ ਮੰਤਰ ਸਤਿ ਦ੍ਰਿੜਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣਾਏ ਬਣਤ, ਤ੍ਰੈ ਤ੍ਰੈ ਮੇਲਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਆਪਣਾ ਭੇਵ ਆਪ ਚੁਕਾਇੰਦਾ । ਆਦਿ ਜੁਗਾਦੀ ਭੇਵ ਅਭੇਦਾ, ਪੁਰਖ ਅਬਿਨਾਸ਼ੀ ਆਪਣੇ ਵਿਚ ਛੁਪਾਈਆ । ਕਰੇ ਖੇਲ ਅਛਲ ਅਛੇਦਾ, ਅਛਲ ਅਛੱਲ ਆਪਣਾ ਰੂਪ ਵਟਾਈਆ । ਵਿਸ਼ਨੂੰ ਵਿਸ਼ਵ ਧਾਰ ਵੇਖਾ, ਸਾਚੀ ਰੇਖਾ ਆਪ ਲਿਖਾਈਆ । ਬ੍ਰਹਮੇ ਲਾਏ ਮਸਤਕ ਲੇਖਾ, ਪਾਰਬ੍ਰਹਮ ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਭੇਵ ਅਭੇਦ ਚਾਰੇ ਵੇਦਾ, ਬਿਨ ਅੱਖਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਸਚ ਸੰਦੇਸਾ ਨਰ ਨਰੇਸਾ ਏਕੰਕਾਰਾ ਆਪ ਸੁਣਾਈਆ । ਏਕੰਕਾਰਾ ਸਤਿ ਗਿਆਨ, ਹਰਿ ਸ਼ਬਦੀ ਸ਼ਬਦ ਜਣਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਮਾਣ, ਆਤਮ ਪਰਮਾਤਮ ਵੇਸ ਵਟਾਇੰਦਾ । ਅਨਾਦ ਅਨਾਦੀ


੧੦੭੬
੧੧

ਏਕਾ ਗਿਆਨ, ਧੁਨ ਆਤਮਕ ਆਪ ਸੁਣਾਇੰਦਾ । ਲਿਖ ਲਿਖ ਲੇਖਾ ਲਿਖਤ ਮਹਾਨ, ਲੋਕਮਾਤ ਮਾਤ ਪਰਗਟਾਇੰਦਾ । ਵੰਡੇ ਵੰਡ ਜੀਵ ਜਹਾਨ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਰੰਗ ਰੰਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਚਾਰੇ ਬਾਣੀ ਇਕ ਫ਼ਰਮਾਣ, ਚਾਰੇ ਖਾਣੀ ਆਪ ਸਮਝਾਇੰਦਾ । ਚਾਰੇ ਵੇਦ ਕਰ ਪਰਧਾਨ, ਚਾਰੋਂ ਕੁੰਟ ਰਾਹ ਵਖਾਇੰਦਾ । ਚਾਰ ਵਰਨ ਵਰਨ ਨਿਸ਼ਾਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅਲੱਖ ਨਿਰੰਜਣ ਆਪਣੀ ਖੇਲ ਕਰਾਇੰਦਾ । ਅਲੱਖ ਨਿਰੰਜਣ ਅਗੰਮ ਅਥਾਹ, ਭੇਵ ਅਭੇਦ ਜਣਾਈਆ । ਨਿਰਗੁਣ ਸਰਗੁਣ ਬਣ ਮਲਾਹ, ਲੱਖ ਚੁਰਾਸੀ ਬੇੜਾ ਆਪ ਚਲਾਈਆ । ਗੁਰ ਗੁਰ ਰੂਪ ਆਪ ਪਰਗਟਾ, ਸ਼ਬਦੀ ਢੋਲਾ ਲਏ ਗਾ, ਸਚ ਸੰਦੇਸਾ ਇਕ ਸੁਣਾਈਆ । ਕਾਇਆ ਚੋਲਾ ਲਏ ਹੰਢਾ, ਪੜਦਾ ਓਹਲਾ ਏਕਾ ਪਾ, ਤੱਤਵ ਤੱਤ ਵਿਚ ਸਮਾਈਆ । ਜੋਤੀ ਨੂਰ ਕਰ ਰੁਸ਼ਨਾ, ਅਨਹਦ ਨਾਦੀ ਨਾਦ ਵਜਾ, ਬ੍ਰਹਮ ਬ੍ਰਹਿਮਾਦੀ ਖੋਜ ਖੁਜਾ, ਭੇਵ ਅਭੇਦਾ ਅਪਣਾ ਭੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਵਸੇ ਘਰ, ਘਰ ਮੇਲਾ ਸਹਿਜ ਸੁਭਾਈਆ । ਘਰ ਮੇਲਾ ਸਚ ਮਹੱਲ, ਕਾਇਆ ਬੰਕ ਬੰਕ ਵਡਿਆਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲ, ਪੰਜ ਤੱਤ ਆਪਣਾ ਸੰਗ ਨਿਭਾਇੰਦਾ । ਸਚ ਸੰਦੇਸਾ ਏਕਾ ਘਲ, ਗੁਰ ਗੁਰ ਗਿਆਨ ਆਪ ਦ੍ਰਿੜਾਇੰਦਾ । ਵਸਣਹਾਰਾ ਜਲ ਥਲ, ਮਹੀਅਲ ਆਪਣਾ ਖੇਲ ਕਰਾਇੰਦਾ । ਜੋਤੀ ਸ਼ਬਦੀ ਆਪੇ ਰਲ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣਾ ਭੇਵ ਆਪ ਖੁਲ੍ਹਾਇੰਦਾ । ਆਦਿ ਅੰਤ ਭੇਵ ਅਵੱਲਾ, ਭੇਵ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਦੋ ਜਹਾਨਾਂ ਵੇਖ ਵਖਾਈਆ । ਸਚ ਸੰਦੇਸ ਜੁਗਾ ਜੁਗੰਤਰ ਆਪੇ ਘੱਲਾ, ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਫੜਾਏ ਆਪਣਾ ਪੱਲਾ, ਨਾਉਂ ਨਿਰੰਕਾਰਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਕਰਤਾ ਆਪਣੀ ਕਰਨੀ ਕਿਰਤ ਕਮਾਈਆ । ਜੁਗ ਕਰਤਾ ਹਰਿ ਕਰਨੇਹਾਰਾ, ਏਕਾ ਏਕ ਅਖਵਾਇੰਦਾ । ਵਸਣਹਾਰਾ ਧਾਮ ਨਿਆਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਸ਼ਬਦੀ ਸੁਤ ਸੁਤ ਦੁਲਾਰਾ, ਥਿਰ ਘਰ ਸਾਚੀ ਬਣਤ ਬਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਘਾੜਨ ਘੜੇ ਬਣ ਠਠਿਆਰਾ, ਪੰਜ ਤੱਤ ਆਪਣਾ ਮੇਲ ਮਿਲਾਇੰਦਾ । ਲੱਖ ਚੁਰਾਸੀ ਵੇਖੇ ਵਿਗਸੇ ਵੇਖਣਹਾਰਾ, ਘਟ ਘਟ ਆਪਣੀ ਜੋਤ ਜਗਾਇੰਦਾ । ਗੁਰ ਅਵਤਾਰ ਦੇ ਸਹਾਰਾ, ਪੰਚਮ ਤੱਤ ਤੱਤ ਅਖਾੜਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਸ਼ਬਦ ਅਨਾਦਿ ਸੱਚੀ ਧੁੰਨਕਾਰਾ, ਰਾਗੀ ਨਾਦੀ ਵਸੇ ਬਾਹਰਾ ਏਕਾ ਰਾਗ ਅਨਡਿਠੜਾ ਆਪ ਅਲਾਇੰਦਾ । ਪੀਰ ਪੈਗ਼ੰਬਰ ਕਰਨ ਨਿਮਸਕਾਰਾ, ਬੇਐਬ ਖ਼ੁਦਾਈ ਪਰਵਰਦਿਗਾਰਾ, ਸਯਦਾ ਸੀਸ ਸਰਬ ਝੁਕਾਇੰਦਾ । ਮੁਕਾਮੇ ਹੱਕ ਵਸੇ ਵਸਣਹਾਰਾ, ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਰੂਪ ਅਨੂਪ ਦਿਸ ਕਿਸੇ ਨਾ ਆਇੰਦਾ । ਜੁਗ ਚੌਕੜੀ ਪਾਵੇ ਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਨਿਰਗੁਣ ਸਰਗੁਣ ਗੁਰ ਗੁਰ ਧਾਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰ, ਜੁਗ ਚੌਕੜੀ ਫੇਰਾ ਪਾਈਆ । ਨੌਂ ਸੌ ਚੁਰਾਨਵੇ ਚੌਕੜੀ ਕਰ ਖੁਵਾਰ, ਬਣ ਪਾਂਧੀ ਪੰਧ ਮੁਕਾਈਆ ।

ਕਲਜੁਗ ਅੰਤਮ ਵੇਖੇ ਆਪਣੀ ਵਾਰ, ਵਾਰ ਥਿਤ ਨਾ ਕੋਇ ਰਖਾਈਆ । ਸੀਸ ਨਵਾਇਣ ਤੇਈ ਅਵਤਾਰ, ਭਗਤ ਅਠਾਰਾਂ ਧਿਆਨ ਲਗਾਈਆ । ਦਸ ਦਸ ਗੁਰ ਕਰਨ ਨਿਮਸਕਾਰ, ਪਾਰਬ੍ਰਹਮ ਵਡੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਚਾਰੇ ਖਾਣੀ ਕਰੇ ਪੁਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਚਾਰੇ ਬਾਣੀ ਆਈ ਹਾਰ, ਹਰਿ ਕਾ ਰੂਪ ਨਾ ਕੋਇ ਦਰਸਾਈਆ । ਰਵ ਸਸ ਸੂਰਜ ਚੰਦ ਚਲ ਚਲ ਹੋਏ ਖੁਆਰ, ਅੰਤ ਪਾਂਧੀ ਬਣ ਪੰਧ ਨਾ ਕੋਇ ਮੁਕਾਈਆ । ਜ਼ਿਮੀਂ ਅਸਮਾਨ ਡਿਗਣ ਮੂੰਹ ਦੇ ਭਾਰ, ਬ੍ਰਹਿਮੰਡ ਖੰਡ ਨਾ ਸਕੇ ਕੋਈ ਖਲਾਰ, ਲੋਆਂ ਪੁਰੀਆਂ ਗਗਨ ਪਾਤਾਲਾਂ ਪਈ ਦੁਹਾਈਆ । ਨੌਂ ਖੰਡ ਪ੍ਰਿਥਮੀ ਰੋਵੇ ਜ਼ਾਰੋ ਜ਼ਾਰ, ਧਰਤ ਧਵਲ ਖੁਲੜੇ ਕੇਸ ਰਹੀ ਵਖਾਲ, ਮੀਢੀਂ ਸੀਸ ਨਾ ਕੋਇ ਗੁੰਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਆਪਣੇ ਹੱਥ ਰਖਾਈਆ । ਜੁਗ ਜੁਗ ਖੇਲ ਖੇਲ ਅਵੱਲਾ, ਹਰਿ ਜੂ ਹਰਿ ਹਰਿ ਆਪ ਕਰਾਇੰਦਾ । ਆਦਿ ਜੁਗਾਦੀ ਇਕ ਇਕੱਲਾ, ਕੋਟਨ ਕੋਟ ਰੂਪ ਵਟਾਇੰਦਾ । ਜਨ ਭਗਤ ਫੜਾਏ ਏਕਾ ਪੱਲਾ, ਦੂਸਰ ਹੱਥ ਕਿਸੇ ਨਾ ਆਇੰਦਾ । ਸਾਚੇ ਸੰਤਾਂ ਆਪੇ ਮਿਲਾ, ਮਿਲ ਮਿਲ ਖ਼ੁਸ਼ੀ ਮਨਾਇੰਦਾ । ਗੁਰਮੁਖ ਜੋਤੀ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਧਰਾਇੰਦਾ । ਗੁਰਸਿਖਾਂ ਦੇਵੇ ਏਕਾ ਨਾਮ ਸੁਖੱਲਾ, ਹਰਿ ਨਾਮ ਮੰਤਰ ਦ੍ਰਿੜਾਇੰਦਾ । ਲੱਖ ਚੁਰਾਸੀ ਭੁਲਾਏ ਕਰ ਕਰ ਵਲ ਛੱਲਾ, ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਰਾਣੀ ਅੱਲਾ, ਆਲਮੀਨ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਇੰਦਾ । ਸਾਚਾ ਖੇਲ ਪੁਰਖ ਅਗੰਮ, ਏਕੰਕਾਰਾ ਆਪ ਕਰਾਈਆ । ਨਾ ਮਰੇ ਨਾ ਪਏ ਜੰਮ, ਜੂਨੀ ਜੂਨ ਨਾ ਕੋਇ ਫਿਰਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਜਾਣੇ ਆਪਣਾ ਕੰਮ, ਕਰਤਾ ਪੁਰਖ ਆਪਣੀ ਕਰਨੀ ਕਿਰਤ ਕਮਾਈਆ । ਦੋ ਜਹਾਨਾਂ ਬੇੜਾ ਬੰਨ੍ਹ, ਨਿਰਗੁਣ ਸਰਗੁਣ ਰਿਹਾ ਤਰਾਈਆ । ਆਪੇ ਘੜੇ ਆਪੇ ਲਏ ਭੰਨ, ਸਮਰਥ ਪੁਰਖ ਵਡੀ ਵਡਿਆਈਆ । ਲੇਖਾ ਜਾਣੇ ਸੂਰਜ ਚੰਨ, ਜ਼ਿਮੀਂ ਅਸਮਾਨਾ ਫੋਲ ਫੋਲਾਈਆ । ਵਿਸ਼ਨ ਬ੍ਰਹਮਾ ਸ਼ਿਵ ਰਾਗ ਸੁਣਾਏ ਕੰਨ, ਕਰੋੜ ਤੇਤੀਸਾ ਆਲਸ ਨਿੰਦਰਾ ਦੇਵੇ ਲਾਹੀਆ । ਆਪੇ ਬਣ ਜਨਨੀ ਜਨ, ਪਿਤਾ ਪੂਤ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਆਪਣਾ ਵੇਸ ਆਪ ਵਟਾਈਆ । ਜੁਗ ਕਰਤਾ ਹਰਿ ਕਰਨੇ ਯੋਗ, ਆਦਿ ਪੁਰਖ ਆਪ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਗੁਰ ਅਵਤਾਰ ਪੀਰ ਪੈਗ਼ੰਬਰ ਕਰਦਾ ਰਿਹਾ ਸੰਜੋਗ, ਬਣ ਸੰਜੋਗੀ ਖੇਲ ਕਰਾਈਆ । ਅੰਤਮ ਦੋ ਜਹਾਨ ਸ੍ਰੀ ਭਗਵਾਨ ਕੱਟਦਾ ਰਿਹਾ ਵਿਯੋਗ, ਜਗਤ ਵਿਛੋੜਾ ਰਹਿਣ ਨਾ ਪਾਈਆ । ਲੇਖਾ ਜਾਣੇ ਚੌਦਾਂ ਲੋਕ, ਚੌਦਾਂ ਤਬਕਾਂ ਚਰਨਾਂ ਹੇਠ ਰਖਾਈਆ । ਆਦਿ ਜੁਗਾਦੀ ਸਤਿ ਸਲੋਕ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਇਕੋ ਓਟ, ਪੁਰਖ ਅਕਾਲ ਰਖਾਈਆ । ਤਨ ਨਗਾਰੇ ਲਾਏ ਚੋਟ, ਜਗਤ ਨਗਾਰਾ ਦਏ ਵਜਾਈਆ । ਵੇਖਣਹਾਰਾ ਕੋਟਨ ਕੋਟੀ ਕੋਟ, ਘਰ ਘਰ ਆਪਣਾ ਆਸਣ ਲਾਈਆ । ਏਕਾ ਨੂਰ ਨਿਰਮਲ ਜੋਤ, ਅੰਧ ਅੰਧੇਰ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪੁਰਖ ਸਮਰਥ, ਏਕੰਕਾਰ ਆਪਣਾ ਨਾਉਂ ਧਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਚਲਾਇਆ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਕਲਜੁਗ ਅੰਤ ਹੋ ਪਰਗਟ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਇੰਦਾ । ਧੁਰ ਫ਼ਰਮਾਣਾ

ਏਕਾ ਦੱਸ, ਲੱਖ ਚੁਰਾਸੀ ਜੀਵ ਜੰਤ ਆਪ ਪੜ੍ਹਾਇੰਦਾ । ਭਗਤ ਜਨਾਂ ਹਰਿ ਹਿਰਦੇ ਵਸ, ਆਤਮ ਅੰਤਰ ਮੇਲ ਮਿਲਾਇੰਦਾ । ਸਾਚੇ ਸੰਤਾਂ ਕਰੇ ਪਰਕਾਸ਼, ਕੋਟਨ ਰਵ ਸਸ, ਨਿਰਗੁਣ ਨੂਰ ਜੋਤ ਡਗਮਗਾਇੰਦਾ । ਗੁਰਮੁਖਾਂ ਪੂਰੀ ਕਰੇ ਆਸ, ਜਨਮ ਜਨਮ ਦਾ ਲਹਿਣਾ ਝੋਲੀ ਪਾਇੰਦਾ । ਗੁਰਸਿਖਾਂ ਹੋਏ ਦਾਸੀ ਦਾਸ, ਬਣ ਸੇਵਕ ਸੇਵ ਕਮਾਇੰਦਾ । ਸਾਚੇ ਮੰਡਲ ਪਾਵੇ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਲੇਖਾ ਜਾਣੇ ਪ੍ਰਿਥਮੀ ਅਕਾਸ਼, ਗਗਨ ਮੰਡਲ ਵੇਖ ਵਖਾਇੰਦਾ । ਏਕਾ ਵਸਤ ਰੱਖੇ ਪਾਸ, ਆਦਿ ਜੁਗਾਦਿ ਆਪ ਵਰਤਾਇੰਦਾ । ਬ੍ਰਹਿਮੰਡ ਖੰਡ ਕਰ ਨਿਵਾਸ, ਤ੍ਰੈਭਵਣ ਧਨੀ ਆਪਣਾ ਭੇਵ ਨਾ ਕਿਸੇ ਜਣਾਇੰਦਾ । ਲੱਖ ਚੁਰਾਸੀ ਪਵਣ ਸਵਾਸ, ਪਵਣ ਉਣੰਜਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਆਪਣੇ ਹੱਥ ਰਖਾਇੰਦਾ । ਆਦਿ ਅੰਤ ਅੰਤਮ ਕਲ, ਕਲ ਕਰਤਾ ਵੇਖ ਵਖਾਈਆ । ਵਸਣਹਾਰਾ ਸਚ ਮਹੱਲ, ਉਚ ਅਗੰਮ ਬੇਪਰਵਾਹੀਆ । ਨਿਰਗੁਣ ਰੂਪ ਲੋਕਮਾਤ ਆਇਆ ਚਲ, ਰੇਖ ਰੰਗ ਨਾ ਕੋਇ ਜਣਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਬੈਠਾ ਮੱਲ, ਬੰਕ ਦੁਆਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਚਾਰ ਵੇਖੇ ਥਾਉਂ ਥਾਈਂਆ । ਥਾਨ ਥਨੰਤਰ ਪਾਵੇ ਸਾਰਾ, ਤ੍ਰੈਗੁਣ ਅਤੀਤਾ ਵਡ ਵਡਿਆਈਆ । ਲੱਖ ਚੁਰਾਸੀ ਜਗਤ ਬਿਵਹਾਰਾ, ਬਣ ਬਿਵਹਾਰੀ ਖੇਲ ਕਰਾਈਆ । ਪਰਗਟ ਹੋ ਗੁਰ ਅਵਤਾਰਾ, ਗੁਰ ਅਵਤਾਰ ਨਾਉਂ ਜਣਾਈਆ । ਸ਼ਬਦੀ ਸ਼ਬਦ ਬੋਲ ਜੈਕਾਰਾ, ਜੈ ਜੈਕਾਰ ਕਰੇ ਲੋਕਾਈਆ । ਹੱਕ ਹਕ਼ੀਕ਼ਤ ਬੋਲ ਨਾਅਰਾ, ਮਿਹਬਾਨ ਬੀਦੋ ਬੀ ਖੈਰ ਯਾ ਅੱਲਾ, ਏਕਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਅੰਤ ਆਪਣਾ ਆਪਣੇ ਲੇਖੇ ਲਾਈਆ । ਅੰਤ ਵੇਖੇ ਵੇਖਣਹਾਰਾ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਦੋ ਜਹਾਨ ਕਰੇ ਪਸਾਰਾ, ਬਣ ਪਸਾਰੀ ਵੇਖ ਵਖਾਇੰਦਾ । ਲੱਖ ਚੁਰਾਸੀ ਬਣ ਠਠਿਆਰਾ, ਘੜ ਘੜ ਆਪੇ ਭੰਨ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰਾ, ਬਣ ਜਾਚਕ ਸੇਵ ਕਮਾਇੰਦਾ । ਗੁਰ ਅਵਤਾਰ ਸਚ ਸੰਦੇਸਾ ਦੇਵਣਹਾਰਾ, ਹਰਿ ਕਾ ਨਾਉਂ ਮਾਤ ਪਰਗਟਾਇੰਦਾ । ਹਰਿ ਕਾ ਨਾਉਂ ਜਗਤ ਵਣਜਾਰਾ, ਸਾਚਾ ਹੱਟ ਇਕ ਖੁਲ੍ਹਾਇੰਦਾ । ਵਸਤ ਅਗੰਮੀ ਏਕਾ ਥਾਰਾ, ਥਿਰ ਘਰ ਵਾਸੀ ਆਪ ਵਖਾਇੰਦਾ । ਗੁਰਮੁਖ ਵਿਰਲਾ ਆਏ ਦੁਆਰਾ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਆਪਣੀ ਧਾਰਾ, ਕਲਜੁਗ ਅੰਤਮ ਖੇਲ ਕਰਾਇੰਦਾ । ਨੌਂ ਖੰਡ ਪ੍ਰਿਥਮੀ ਵੇਖ ਅਖਾੜਾ, ਸੱਤਾਂ ਦੀਪਾਂ ਪੜਦਾ ਲਾਹਿੰਦਾ । ਬਹੱਤਰ ਨਾੜੀ ਵੱਜੇ ਤਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਇੰਦਾ । ਬਹੱਤਰ ਨਾੜ ਅਗਨੀ ਤੱਤ, ਤੱਤਵ ਤੱਤ ਰਿਹਾ ਜਲਾਈਆ । ਗ੍ਰਿਹਿ ਗ੍ਰਿਹਿ ਉਬਲੇ ਜਗਤ ਰੱਤ, ਰੱਤੀ ਰੱਤ ਨਾ ਕੋਇ ਸੁਕਾਈਆ । ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਾ ਦੇਵੇ ਕੋਇ ਬ੍ਰਹਮ ਮਤ, ਮਨ ਮਤ ਕਰੀ ਕੁੜਮਾਈਆ । ਜੂਠੇ ਝੂਠੇ ਵਿਕੇ ਹੱਟ, ਸਾਚਾ ਹੱਟ ਨਾ ਕੋਇ ਖੁਲ੍ਹਾਈਆ । ਫਿਰ ਫਿਰ ਥੱਕੇ ਤੀਰਥ ਤਟ, ਦੁਰਮਤ ਮੈਲ ਨਾ ਕੋਇ ਧੁਵਾਈਆ । ਦੂਈ ਦਵੈਤ ਨਾ ਨਿਕਲਿਆ ਵਟ, ਮਾਇਆ ਮਮਤਾ ਮੋਹ ਨਾ ਕੋਇ ਚੁਕਾਈਆ । ਰਸਨਾ ਜਿਹਵਾ ਮਣਕਾ ਮਣਕਾ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਵੇਖਣਹਾਰਾ ਥਾਉਂ ਥਾਈਆ । ਵੇਖੇ ਵਿਗਸੇ ਕਰੇ ਵਿਚਾਰ, ਵੇਖਣਹਾਰਾ ਹਰਿ ਜੂ ਆਇਆ । ਨੌਂ ਖੰਡ ਪ੍ਰਿਥਮੀ ਧੂੰਆਂਧਾਰ, ਸਾਚਾ ਚੰਦ

ਨਾ ਕੋਇ ਚੜ੍ਹਾਇਆ । ਸਾਕ ਸੱਜਣ ਸੈਣ ਨਾ ਕਰੇ ਕੋਈ ਪਿਆਰ, ਪਿਤਾ ਪੂਤ ਹਿਤ ਨਾ ਕੋਇ ਰਖਾਇਆ । ਨਾਰ ਕੰਤ ਨਾ ਕੋਇ ਭਤਾਰ, ਜਗਤ ਵਿਭਚਾਰ ਰਿਹਾ ਕਮਾਇਆ । ਆਤਮ ਧੁੰਨ ਨਾ ਕੋਇ ਜੈਕਾਰ, ਰਸਨਾ ਜਿਹਵਾ ਹੋਈ ਹਲਕਾਇਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਹਰਿ ਕਾ ਭੇਵ ਕਿਸੇ ਨਾ ਆਇਆ । ਚਾਰ ਵਰਨ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਈ ਧਰਾਈਆ । ਬਰਨ ਅਠਾਰਾਂ ਡਿਗੇ ਮੂੰਹ ਦੇ ਭਾਰ, ਨਾ ਸਕੇ ਕੋਇ ਉਠਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਧੱਕਾ ਰਹੇ ਮਾਰ, ਜੋ ਹਰਿ ਹਰਿ ਨਾਉਂ ਗਏ ਭੁਲਾਇਆ । ਕਲਜੁਗ ਹੋਇਆ ਵਡ ਬਲਕਾਰ, ਆਪਣਾ ਬਲ ਰਿਹਾ ਰਖਾਇਆ । ਨਾਲ ਰਲਾਇਆ ਮੁਹੰਮਦੀ ਯਾਰ, ਚਾਰ ਯਾਰੀ ਗੰਢ ਪੁਵਾਇਆ । ਈਸਾ ਮੂਸਾ ਏਕਾ ਨਾਅਰ, ਕਾਲਾ ਸੂਸਾ ਤਨ ਛੁਹਾਇਆ । ਹੱਕ ਹਕੀਕ਼ਤ ਨਾ ਸਕੇ ਕੋਈ ਵਿਚਾਰ, ਲਾਸ਼ਰੀਕ ਨਜ਼ਰ ਕਿਸੇ ਨਾ ਆਇਆ । ਕਾਗਦ ਕਲਮ ਲਿਖ ਲਿਖ ਗਈ ਹਾਰ, ਬਣ ਕਾਤਬ ਲੇਖ ਨਾ ਕਿਸੇ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਸ ਵਟਾਇਆ । ਕਲਜੁਗ ਵੇਖੇ ਅੰਤਮ ਵਾਰ, ਹਰਿ ਵੱਡਾ ਵਡ ਵਡਿਆਈਆ । ਗੁਰ ਸਤਿਗੁਰ ਕਰੇ ਨਾ ਕੋਈ ਪਿਆਰ, ਭਰਮੇ ਭੁੱਲੀ ਸਰਬ ਲੋਕਾਈਆ । ਨਾਨਕ ਗੋਬਿੰਦ ਘਰ ਮੰਦਰ ਨਾ ਦਿਸੇ ਕਿਸੇ ਸੰਸਾਰ, ਨੇਤਰ ਮੁੰਦ ਸੁੱਤੀ ਸਰਬ ਲੋਕਾਈਆ । ਨਾਮ ਸਤਿ ਨਾ ਕੋਇ ਅਹਾਰ, ਜੂਠ ਝੂਠ ਵਿਸ਼ਟਾ ਮੁਖ ਰਖਾਈਆ । ਫਤਹਿ ਡੰਕਾ ਨਾ ਕੋਇ ਜੈਕਾਰ, ਮਨ ਵਾਸਨਾ ਨਾ ਕੋਇ ਮਿਟਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਬਲਵਾਨ, ਕਲਜੁਗ ਜੀਵਾਂ ਰਿਹਾ ਅੰਤ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵੇਖ ਵਖਾਈਆ । ਖੇਲ ਵੇਖੇ ਸਚਖੰਡ ਨਿਵਾਸੀ, ਦਿਸ ਕਿਸੇ ਨਾ ਆਇੰਦਾ । ਏਕਾ ਨੂਰ ਜੋਤ ਪਰਕਾਸ਼ੀ, ਪਰਕਾਸ਼ਵਾਨ ਭੇਵ ਖੁਲ੍ਹਾਇੰਦਾ । ਤ੍ਰੈਭਵਣ ਅਵਣ ਗਵਣ ਬ੍ਰਹਿਮੰਡ ਖੰਡ ਕਰੇ ਦਾਸਨ ਦਾਸੀ ਵਿਸ਼ਨ ਬ੍ਰਹਮਾ ਸ਼ਿਵ ਹੁਕਮ ਸੁਣਾਇੰਦਾ । ਗੁਰ ਅਵਤਾਰਾਂ ਕਰੇ ਪੂਰੀ ਆਸੀ, ਅੰਤਰ ਅੰਤਰ ਜੋ ਧਿਆਨ ਲਗਾਇੰਦਾ । ਪੀਰ ਪੈਗ਼ੰਬਰ ਹੋਏ ਬੰਦ ਖੁਲਾਸੀ, ਬੰਦੀਖਾਨਾ ਆਪ ਤੁੜਾਇੰਦਾ । ਲੇਖਾ ਜਾਣੇ ਧਰਤ ਅਕਾਸ਼ੀ, ਅਕਾਸ਼ ਅਕਾਸ਼ਾ ਉਪਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਸਭ ਦਾ ਆਪ ਚੁਕਾਇੰਦਾ । ਲਹਿਣਾ ਦੇਣਾ ਚੁਕੌਣਾ ਮਾਤ, ਸੋ ਪੁਰਖ ਨਿਰੰਜਣ ਖੇਲ ਕਰਾਇੰਦਾ । ਕਲਜੁਗ ਅੰਤਮ ਸਭ ਦੀ ਪੁਛੇ ਵਾਤ, ਲੁਕਿਆ ਕੋਇ ਰਹਿਣ ਨਾ ਪਾਇੰਦਾ । ਲੱਖ ਚੁਰਾਸੀ ਖੋਲ੍ਹਣਹਾਰਾ ਤਾਕ, ਬਜਰ ਕਪਾਟੀ ਤੋੜ ਤੁੜਾਇੰਦਾ । ਆਤਮ ਪਰਮਾਤਮ ਸਾਚਾ ਸਾਕ, ਬ੍ਰਹਮ ਪਾਰਬ੍ਰਹਮ ਸਾਕ ਸੈਣ ਆਪ ਹੋ ਜਾਇੰਦਾ । ਸ਼ਬਦੀ ਸ਼ਬਦੀ ਬੰਨ੍ਹੇ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਅੱਖਰ ਵੱਖਰ ਸੁਣਾਏ ਗਾਥ, ਸਾਚਾ ਢੋਲਾ ਆਪੇ ਗਾਇੰਦਾ । ਮੇਟਣਹਾਰਾ ਜਾਤ ਪਾਤ, ਵਰਨ ਗੋਤ ਨਾ ਕੋਇ ਰਖਾਇੰਦਾ । ਪਾਏ ਸਾਰ ਕਾਇਨਾਤ, ਨੌਂ ਖੰਡ ਪ੍ਰਿਥਮੀ ਫੋਲ ਫੋਲਾਇੰਦਾ । ਸਰਬ ਜੀਆਂ ਦਾ ਕਮਲਾਪਾਤ, ਲੱਖ ਚੁਰਾਸੀ ਨਾਰੀ ਕੰਤ ਆਪ ਹੰਢਾਇੰਦਾ । ਅੰਤਮ ਵੇਖੇ ਆਪਣਾ ਘਾਟ, ਪਾਰ ਕਿਨਾਰਾ ਨਾ ਕਿਸੇ ਜਣਾਇੰਦਾ । ਗੁਰ ਅਵਤਾਰ ਗਾ ਗਾ ਥੱਕੇ ਗਾਥ, ਪੁਰਖ ਅਕਾਲ ਓਟ ਸਰਬ ਧਰਾਇੰਦਾ । ਕਲਜੁਗ ਅੰਤਮ ਆਏ ਅੰਧੇਰੀ ਰਾਤ, ਜਗਤ ਅੰਧੇਰਾ ਚਾਰੋਂ ਕੁੰਟ ਛਾਇੰਦਾ । ਪਰਗਟ ਹੋਏ ਪੁਰਖ ਸਮਰਾਥ, ਨਿਹਕਲੰਕ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਇੰਦਾ । ਆਪਣਾ ਖੇਲ ਰਚੇ ਨਿਰੰਕਾਰਾ, ਨਿਰਗੁਣ ਭੇਵ ਕੋਇ ਨਾ ਪਾਇੰਦਾ । ਨੌਂ ਸੌ

੧੦੮੦
੧੧

ਚੁਰਾਨਵੇ ਚੌਕੜੀ ਜੁਗ ਕਰਿਆ ਪਾਰ ਕਿਨਾਰਾ, ਕਲਜੁਗ ਵੇਲਾ ਅੰਤਮ ਆਇੰਦਾ । ਕਰੇ ਖੇਲ ਅਗੰਮ ਅਪਾਰਾ, ਅਪਰੰਪਰ ਆਪਣਾ ਰੂਪ ਵਟਾਇੰਦਾ । ਜਨਨੀ ਜਨ ਨਾ ਕੋਇ ਸੁਤ ਦੁਲਾਰਾ, ਮਾਤ ਕੁੱਖ ਨਾ ਕੋਇ ਵਡਿਆਇੰਦਾ । ਪਿਤਾ ਪੂਤ ਨਾ ਕੋਇ ਹੁਲਾਰਾ, ਬਾਲੀ ਬੁਧ ਨਾ ਕੋਇ ਜਣਾਇੰਦਾ । ਨਿਰਗੁਣ ਅੰਦਰ ਨਿਰਗੁਣ ਧਾਰਾ, ਨੂਰ ਨੁਰਾਨਾ ਡਗਮਗਾਇੰਦਾ । ਗੋਬਿੰਦ ਮੇਲਾ ਵਿਚ ਸੰਸਾਰਾ, ਪੁਰਖ ਅਕਾਲ ਆਪ ਕਰਾਇੰਦਾ । ਸੰਬਲ ਵੇਖੇ ਧਾਮ ਨਿਆਰਾ, ਸਾਢੇ ਤਿੰਨ ਹੱਥ ਬੰਕ ਵਡਿਆਇੰਦਾ । ਲੇਖਾ ਚੁਕੇ ਰਵਦਾਸ ਚੁਮਾਰਾ, ਗੰਗਾ ਆਪਣੇ ਚਰਨ ਦਬਾਇੰਦਾ । ਭਗਤਨ ਖੋਲ੍ਹੇ ਬੰਦ ਕਿਵਾੜਾ, ਨੇਤਰ ਨੈਣ ਨੈਣ ਜਣਾਇੰਦਾ । ਮੇਟ ਮਿਟਾਏ ਅਗਨੀ ਹਾੜਾ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖੇ ਹਰਿ, ਦੂਸਰ ਅਵਰ ਨਾ ਕੋਇ ਵਡਿਆਈਆ । ਨਿਰਭੌ ਚੁਕਾਏ ਭੈ ਡਰ, ਭਿਆਨਕ ਆਪਣਾ ਨਾਉਂ ਜਣਾਈਆ । ਲੱਖ ਚੁਰਾਸੀ ਘੈ ਕਰ, ਖੰਡਾ ਖੜਗ ਖੜਗ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਧਾਰ ਆਪ ਪਰਗਟਾਈਆ । ਸਾਚੀ ਧਾਰ ਪੁਰਖ ਅਕਾਲ, ਏਕਾ ਏਕ ਏਕ ਪਰਗਟਾਇੰਦਾ । ਕਲਜੁਗ ਅੰਤਮ ਹੋ ਦਿਆਲ, ਦੀਨ ਦਿਆਲ ਦਇਆ ਕਮਾਇੰਦਾ । ਨੌਂ ਖੰਡ ਪ੍ਰਿਥਮੀ ਇਕ ਧਰਮਸਾਲ, ਸਾਚਾ ਮੰਦਰ ਇਕ ਸੁਹਾਇੰਦਾ । ਏਕਾ ਦੀਪਕ ਦੀਆ ਬਾਲ, ਜੋਤੀ ਜਾਤਾ ਡਗਮਗਾਇੰਦਾ । ਏਕਾ ਮਾਰਗ ਲਾਏ ਸੁਖਾਲ, ਸੁਖ ਆਤਮ ਇਕ ਜਣਾਇੰਦਾ । ਏਕਾ ਨਾਤਾ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਇੰਦਾ । ਏਕਾ ਵਸਤ ਨਾਮ ਧਨ ਮਾਲ, ਜੀਵਾਂ ਜੰਤਾਂ ਆਪ ਵਰਤਾਇੰਦਾ । ਏਕਾ ਸਿਖਿਆ ਦਏ ਸਿਖਾਲ, ਸਾਚੀ ਸਿਖਿਆ ਗੁਰ ਗੁਰ ਸ਼ਬਦ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੇਸ ਅਵੱਲਾ ਆਪ ਧਰਾਇੰਦਾ । ਵੇਸ ਅਵੱਲਾ ਆਪੇ ਰੱਖ, ਰੱਖਕ ਆਪਣਾ ਖੇਲ ਕਰਾਇੰਦਾ । ਸਚ ਦੁਆਰੇ ਹੋ ਪਰਤੱਖ, ਪਰਤੱਖ ਆਪਣੀ ਧਾਰ ਚਲਾਇੰਦਾ । ਤੀਰਥ ਤਟ ਸਰ ਸਰੋਵਰ ਭਾਂਡੇ ਕਰੇ ਸਖ, ਅੰਮ੍ਰਿਤ ਏਕਾ ਨਾਮ ਵਖਾਇੰਦਾ । ਨੌਂ ਖੰਡ ਪ੍ਰਿਥਮੀ ਸਾਧ ਸੰਤ, ਕਲਜੁਗ ਜੀਵ ਕੋਇ ਨਾ ਸਕੇ ਰੱਖ, ਸਿਰ ਹੱਥ ਨਾ ਕੋਇ ਟਿਕਾਇੰਦਾ । ਅੰਤਮ ਖੇੜਾ ਹੋਏ ਭਠ, ਸੱਥਰ ਯਾਰ ਨਾ ਕੋਇ ਹੰਢਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਗੁਰਮੁਖ ਵੇਖੇ ਨੱਠ ਨੱਠ, ਬਣ ਪਾਂਧੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਨਾਮ ਵਜਾਇੰਦਾ । ਏਕਾ ਡੰਕਾ ਵੱਜੇ ਨਾਦ, ਸੋ ਪੁਰਖ ਨਿਰੰਜਣ ਆਪ ਜਣਾਈਆ । ਵੇਖਣਹਾਰਾ ਬ੍ਰਹਮ ਬ੍ਰਹਿਮਾਦ, ਹਰ ਘਟ ਰਿਹਾ ਸਮਾਈਆ । ਲੇਖਾ ਜਾਣੇ ਆਦਿ ਜੁਗਾਦਿ, ਜੁਗ ਜੁਗ ਆਪਣਾ ਵੇਸ ਵਟਾਈਆ । ਕਲਜੁਗ ਅੰਤਮ ਨਿਰਗੁਣ ਜੋਤ ਕਰ ਪਰਕਾਸ਼, ਨਿਹਕਲੰਕਾ ਨਾਉਂ ਰਖਾਈਆ । ਲੇਖਾ ਚੁਕਾਏ ਪ੍ਰਿਥਮੀ ਅਕਾਸ਼, ਪ੍ਰਿਥਮ ਆਪਣੇ ਨਾਉਂ ਦਏ ਵਡਿਆਈਆ । ਸਾਚੇ ਮੰਡਲ ਪਾਵੇ ਰਾਸ, ਰੂਪ ਅਨੂਪ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕਾ ਦਏ ਸੁਣਾਈਆ । ਏਕਾ ਡੰਕਾ ਹਰਿ ਕਾ ਨਾਉਂ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਆਪ ਸੁਣਾਏ ਸਭਨੀ ਥਾਉਂ, ਆਪਣਾ ਹੁਕਮ ਆਪ ਵਰਤਾਇੰਦਾ । ਤਖ਼ਤ ਨਿਵਾਸੀ ਕਰੇ ਸਚ ਨਿਆਉਂ, ਅਦਲ ਅਦਾਲਤ ਇਕ ਕਮਾਇੰਦਾ । ਗ਼ਰੀਬ ਨਿਮਾਣਿਆਂ ਪਕੜੇ ਬਾਂਹੋਂ, ਨਿਰਧਨ ਆਪਣੇ ਗਲੇ ਲਗਾਇੰਦਾ । ਨਿਥਾਵਿਆਂ

੧੦੮੧
੧੧

੧੦੮੨
੧੧

ਦੇਵੇ ਸਾਚਾ ਥਾਉਂ, ਦਰਗਾਹ ਸਾਚੀ ਆਪ ਬਹਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਜਿਸ ਜਨ ਸੋਹੰ ਹੰਸਾ ਮਾਣਕ ਮੋਤੀ ਆਪਣਾ ਨਾਉਂ ਚੋਗ ਚੁਗਾਇੰਦਾ । ਸਦਾ ਸੁਹੇਲਾ ਏਥੇ ਓਥੇ, ਦੋ ਜਹਾਨਾਂ ਦੇਵੇ ਠੰਡੀ ਛਾਉਂ, ਸਮਰਥ ਪੁਰਖ ਮਹਿਮਾ ਅਕੱਥ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਆਪਣਾ ਹੁਕਮ ਵਰਤੇ ਨਿਰੰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਚਾਰ ਯੁਗ ਰੋਵਣ ਜ਼ਾਰੋ ਜ਼ਾਰ, ਚਾਰ ਯਾਰੀ ਦਏ ਦੁਹਾਈਆ । ਚਾਰ ਕੁੰਟ ਕਰੇ ਪੁਕਾਰ, ਚਾਰ ਵਰਨ ਪਈ ਲੜਾਈਆ । ਚਾਰੇ ਖਾਣੀ ਹੋਈ ਗਵਾਰ, ਚਾਰੇ ਬਾਣੀ ਗਈ ਭੁਲਾਈਆ । ਚੌਥੇ ਪਦ ਨਾ ਪਾਏ ਕੋਈ ਸਾਰ, ਸਾਚਾ ਮੰਦਰ ਨਾ ਕੋਇ ਵਖਾਈਆ । ਮਾਰਗ ਦੱਸ ਦੱਸ ਗਏ ਗੁਰ ਅਵਤਾਰ, ਲੋਕਮਾਤ ਕਰ ਪੜ੍ਹਾਈਆ । ਪੀਰ ਪੈਗ਼ੰਬਰ ਕਰ ਕਰ ਗਏ ਖ਼ਬਰਦਾਰ, ਬੇਖ਼ਬਰ ਸਾਰ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਵੇਸ ਆਪ ਵਟਾਈਆ । ਆਪਣਾ ਵੇਸ ਵਟਾਏ ਕਰਤਾਰ, ਕਰਤਾ ਪੁਰਖ ਭੇਵ ਨਾ ਆਇੰਦਾ । ਸਚਖੰਡ ਲਗਾਏ ਸਚ ਦਰਬਾਰ, ਲੋਕਮਾਤ ਆਪ ਸਮਝਾਇੰਦਾ । ਭਗਤ ਭਗਵੰਤ ਕਰ ਪਿਆਰ, ਸਾਚਾ ਬੰਕ ਆਪ ਵਡਿਆਇੰਦਾ । ਤਖ਼ਤ ਨਿਵਾਸੀ ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਧੁਰ ਫ਼ਰਮਾਣਾ ਸ਼ਬਦ ਸੁਣਾਇੰਦਾ । ਕਲਜੁਗ ਅੰਤਮ ਸਭ ਦਾ ਲੇਖਾ ਲਿਖਿਆ ਵਿਚ ਸੰਸਾਰ, ਬਾਕੀ ਕੋਇ ਲੈਣ ਨਾ ਆਇੰਦਾ । ਲਹਿਣਾ ਦੇਣਾ ਦੇਵੇ ਆਪ ਨਿਰੰਕਾਰ, ਮਕਰੂਜ਼ ਕਰਜਾ ਸਭ ਦਾ ਵੇਖ ਵਖਾਇੰਦਾ । ਖੜਗ ਖੰਡਾ ਤੇਜ਼ ਕਟਾਰ, ਨਾਮ ਨਿਧਾਨ ਆਪ ਚਮਕਾਇੰਦਾ । ਤਿੱਖੀਆਂ ਰਖੇ ਦੋਵੇਂ ਧਾਰ, ਨਿਰਗੁਣ ਸਰਗੁਣ ਖੇਲ ਕਰਾਇੰਦਾ । ਗੁਰਮੁਖ ਸਾਚੇ ਲਏ ਉਭਾਰ, ਮਨਮੁਖ ਸ਼ੌਹ ਦਰਿਆਏ ਆਪ ਰੁੜ੍ਹਾਇੰਦਾ । ਈਸਾ ਮੂਸਾ ਸੰਗ ਮੁਹੰਮਦ ਅਧ ਵਿਚਕਾਰੇ ਕਰਨ ਵਿਚਾਰ, ਪਾਰ ਕਿਨਾਰਾ ਨਾ ਕੋਇ ਜਣਾਇੰਦਾ । ਤੇਰੇ ਅੱਗੇ ਸਯਦਾ ਪਰਵਰਦਿਗਾਰ, ਸਹੀ ਸਲਾਮਤ ਤੂ ਹੀ ਨਜ਼ਰੀ ਆਇੰਦਾ । ਤੇਰੀ ਨਜ਼ਰ ਮਿਹਰ ਕਰਮ ਦੇਵੇ ਤਾਰ, ਨਜ਼ਰੀਆ ਨਜ਼ਰ ਇਕ ਵਖਾਇੰਦਾ । ਬਣ ਖਾਦਮ ਹੋਈਏ ਖਿਦਮਤਗਾਰ, ਦੂਜਾ ਖਿਤਾਬ ਨਾ ਕੋਇ ਭਾਇੰਦਾ । ਸਯਦਾ ਕਰੀਏ ਤੇਰੇ ਦਰਬਾਰ, ਦਰ ਦਰਬਾਰਾ ਤੇਰਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਖਾਲੀ ਝੋਲੀ ਸਰਬ ਵਖਾਇੰਦਾ । ਖਾਲੀ ਝੋਲੀ ਬੈਠੇ ਅੱਡ, ਪਰਵਰਦਿਗਾਰ ਰਹੇ ਵਖਾਈਆ । ਬਹੁੜੀ ਬਹੁੜੀ ਲੋਕਮਾਤ ਵਿਚੋਂ ਨਾ ਕੱਢ, ਦੋਏ ਜੋੜ ਵਾਸਤਾ ਪਾਈਆ । ਮੁਹੰਮਦ ਕਹੇ ਚੌਧਵੀਂ ਸਦੀ ਮੇਰੇ ਖਾਲੀ ਹੋਏ ਹੱਡ, ਰੱਤੀ ਰੱਤ ਨਜ਼ਰ ਕੋਇ ਨਾ ਆਈਆ । ਚਾਰ ਯਾਰੀ ਸਾਥ ਗਈ ਛੱਡ, ਅੱਲਾ ਰਾਣੀ ਮੁਖ ਸ਼ਰਮਾਈਆ । ਉਮਤ ਉਮਤੀ ਹੋਈ ਬਸ, ਨਬੀ ਰਸੂਲ ਨਾ ਕੋਇ ਸਫ਼ਾਈਆ । ਇਕ ਕਲਮਾ ਤੇਰਾ ਗਾਈਏ ਜਸ, ਸਚ ਕਲਾਮ ਮੋਹੇ ਭਾਈਆ । ਮੇਰੀ ਪੂਰੀ ਕਰ ਆਸ, ਸਦੀ ਚੌਧਵੀ ਦਏ ਦੁਹਾਈਆ । ਚੌਦਾਂ ਤਬਕ ਨਾ ਹੋਣ ਨਿਰਾਸ, ਆਸਾ ਆਸਾ ਵਿਚ ਮਿਲਾਈਆ । ਮੈਂ ਕਲਜੁਗ ਦਿਤਾ ਸਾਥ, ਤੇਰੇ ਚਲਿਆ ਹੁਕਮ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਚਰਨਾ ਸਯਦਾ ਸੀਸ ਝੁਕਾਈਆ । ਤੇਰੇ ਚਰਨਾਂ ਸੀਸ ਜਾਏ ਝੁਕ, ਦੂਸਰ ਓਟ ਨਾ ਕੋਇ ਤਕਾਈਆ । ਮੇਰਾ ਪੈਂਡਾ ਰਿਹਾ ਮੁੱਕ, ਅੰਤ ਦਿਸੇ ਨਾ ਕੋਇ ਸਹਾਈਆ । ਉਮਤੀ ਬੂਟਾ ਰਿਹਾ ਸੁੱਕ, ਆਬੇ ਹਯਾਤ ਨਾ ਕੋਇ ਪਿਆਈਆ । ਜੁਗ ਚੌਕੜੀ ਤੂੰ ਬੈਠਾ ਰਿਹਾ ਲੁਕ, ਮੁਕਾਮੇ ਹੱਕ ਡੇਰਾ ਲਾਈਆ । ਕਲਜੁਗ

ਅੰਤਮ ਪਿਆ ਉਠ, ਨੂਰੀ ਜਲਵਾ ਕਰ ਰੁਸ਼ਨਾਈਆ । ਇਕ ਪਿਆਰ ਕਰਿਆ ਸਾਚੇ ਸੁਤ, ਗੋਬਿੰਦ ਆਪਣਾ ਪੂਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਢਹਿ ਢਹਿ ਪਏ ਸਰਨਾਈਆ । ਤੇਰੀ ਸਰਨਾਈ ਗਏ ਢੱਠ, ਹੋਏ ਬਾਲ ਨਾਦਾਨ । ਲੇਖਾ ਚੁਕੇ ਤੱਤ ਅੱਠ, ਅਠ ਤੱਤ ਕਰ ਪਰਵਾਨ । ਤੂੰ ਵਸਣਹਾਰਾ ਘਟ ਘਟ, ਘਟ ਘਟ ਮੇਰਾ ਰਮਜ਼ਾਨ । ਮੈਂ ਪੰਧ ਮੁਕਾਇਆ ਨੱਠ ਨੱਠ, ਤੇਰੀ ਚਰਨੀਂ ਡਿਗਾ ਆਣ । ਆਪਣੀ ਵਸਤ ਝੋਲੀ ਘਤ, ਮੈਂ ਬਾਲੀ ਬੁਧ ਅਞਾਣ । ਸਾਚੀ ਦੇ ਆਪਣੀ ਮਤ, ਤੇਰੀ ਮਤ ਕਰਾਂ ਪਰਵਾਨ । ਪੁਰਖ ਅਬਿਨਾਸ਼ੀ ਕਹੇ ਆਪ ਸਮਰਥ, ਲੇਖਾ ਚੁਕੇ ਅੰਜ਼ੀਲ ਕੁਰਾਨ । ਸਭ ਨੇ ਏਕਾ ਨਾਉਂ ਲੈਣਾ ਰਟ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਚਾਰ ਜੁਗ ਦਾ ਮਿਟੇ ਫਟ, ਚਾਰ ਵਰਨ ਹੋਏ ਕਲਿਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਅੰਤ ਸ੍ਰੀ ਭਗਵੰਤ ਜੁਗ ਜੁਗ ਆਪਣਾ ਖੇਲ ਜਾਣੇ ਆਪ ਭਗਵਾਨ ।

## ★ ੨੨ ਚੇਤ ੨੦੧੯ ਬਿਕ੍ਰਮੀ ਚਾਨਣ ਸਿੰਘ ਦੇ ਘਰ ਪਿੰਡ ਹੰਡੋਲਾ ਜ਼ਿਲਾ ਕਰਨਾਲ ★

ਪੰਜ ਤੱਤ ਕਾਇਆ ਜਗਤ ਸਰੀਰ, ਤ੍ਰੈਗੁਣ ਬੰਧਨ ਤੱਤ ਰਖਾਈਆ । ਆਤਮ ਅੰਤਰ ਸਾਚਾ ਨੀਰ, ਸਚ ਸਰੋਵਰ ਇਕ ਜਣਾਈਆ । ਕਾਇਆ ਹਾਡੀ ਤਨ ਜਗਤ ਪੀੜ, ਦੁਖੜਾ ਦੁਖ ਦੁਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਖੀਆਂ ਦਰਦ ਦਏ ਮਿਟਾਈਆ ।



ਕਾਇਆ ਰੋਗ ਜਾਏ ਲੱਥ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਮਸਤਕ ਲੇਖ ਲੇਖਾ ਦੇਵੇ ਲਿਖ, ਪੂਰਬ ਲੇਖਾ ਆਪ ਚੁਕਾਇੰਦਾ । ਜਨਮ ਕਰਮ ਦੀ ਲੱਥੇ ਵਿਸ, ਵਿਖ ਅੰਮ੍ਰਿਤ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁੱਖ ਸੁਖ ਏਕਾ ਰੰਗ ਵਖਾਇੰਦਾ । ਦੁਖ ਸੁਖ ਏਕਾ ਰੰਗ, ਗੁਰਮੁਖ ਹਰਿ ਹਰਿ ਦਇਆ ਕਮਾਈਆ । ਜਨਮ ਜਨਮ ਦੀ ਪੂਰੀ ਕਰੇ ਮੰਗ, ਆਸਾ ਤ੍ਰਿਸਨਾ ਨਾਲ ਮਿਲਾਈਆ । ਆਤਮ ਸੇਜਾ ਸਚ ਪਲੰਘ, ਘਰ ਮੰਦਰ ਦਏ ਵਖਾਈਆ । ਨਾਦ ਸ਼ਬਦ ਵੱਜੇ ਮਰਦੰਗ, ਧੁੰਨ ਆਤਮਕ ਇਕ ਸੁਣਾਈਆ । ਕੱਟਣਹਾਰਾ ਭੁੱਖ ਨੰਗ, ਜਗਤ ਤ੍ਰਿਸਨਾ ਦਏ ਬੁਝਾਈਆ । ਸਚ ਮਹੱਲੇ ਇਕ ਅਨੰਦ, ਏਕਾ ਘਰ ਵੱਜੇ ਵਧਾਈਆ । ਰੋਗ ਸੋਗ ਹੋਏ ਖੰਡ, ਜੋ ਜਨ ਹਰਿ ਹਰਿ ਨਾਮ ਧਿਆਈਆ । ਰਸਨਾ ਜਿਹਵਾ ਗਾਏ ਹਰਿ ਹਰਿ ਛੰਦ, ਬੱਤੀ ਦੰਦ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੁੱਖ ਦਰਦ ਦਏ ਗਵਾਈਆ । ਦੁੱਖ ਦਰਦ ਲੱਥੇ ਤਨ, ਤੱਤੀ ਵਾਉ ਨਾ ਲਾਗੇ ਰਾਈਆ । ਸਾਂਤਕ ਸਤਿ ਕਰ ਕੇ ਮਨ, ਮਨ ਵਾਸਨਾ ਦਏ ਮਿਟਾਈਆ । ਏਕਾ ਦੇਵੇ ਨਾਮ ਧਨ, ਸਾਚੀ ਵਸਤ ਝੋਲੀ ਪਾਈਆ । ਜਗਤ ਵਿਕਾਰਾ ਦੇਵੇ ਡੰਨ, ਏਕਾ ਡੰਕਾ ਨਾਮ ਵਜਾਈਆ । ਕੂੜੀ ਕਿਰਿਆ ਕਰੇ ਖੰਨ ਖੰਨ, ਖੰਡਾ ਖੜਗ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਦੁਖ ਪੰਜ ਤੱਤ ਨਾੜ ਬਹੱਤਰ ਵੇਖੇ ਰੱਤ, ਰੱਤੀ ਰੱਤ ਆਪਣਾ ਭੇਵ ਖੁਲ੍ਹਾਈਆ । ਰੋਗ ਸੋਗ ਮਿਟੇ ਚਿੰਤਾ ਦੁੱਖ, ਦਰਦੀ ਦਰਦ ਆਪ ਗਵਾਇੰਦਾ । ਕਾਇਆ ਅੰਦਰ ਸਾਚਾ ਸੁਖ, ਘਰ ਘਰ ਵਿਚ ਮੇਲ ਮਿਲਾਇੰਦਾ । ਉਜਲ ਕਰੇ ਮਾਤ ਮੁੱਖ, ਜਿਸ ਜਨ ਆਪਣਾ ਨਾਉਂ ਜਪਾਇੰਦਾ । ਆਵਣ ਜਾਵਣ ਲੱਖ

ਚੁਰਾਸੀ ਕੱਟੇ ਦੁੱਖ, ਦੂਜਾ ਦੁੱਖ ਨੇੜ ਨਾ ਕੋਇ ਆਇੰਦਾ । ਸਫ਼ਲ ਕਰੇ ਮਾਤ ਕੁੱਖ, ਜਨ ਜਨਨੀ ਵੇਖ ਵਖਾਇੰਦਾ । ਮਾਤ ਗਰਭ ਨਾ ਹੋਏ ਉਲਟਾ ਰੁਖ਼, ਜੋ ਜਨ ਰਸਨਾ ਸੋਹੰ ਢੋਲਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਣ ਜੁਗਤ ਜਗ ਦਾਤਾ ਇਕ ਸਮਝਾਇੰਦਾ । ਜੀਵਣ ਜੀਵਣ ਸਤਿ ਸਤਿ, ਸਾਂਤਕ ਸਤਿ ਕਰਾਈਆ । ਗੁਰ ਉਪਦੇਸ਼ ਬ੍ਰਹਮ ਮਤ, ਪਾਰਬ੍ਰਹਮ ਵਡਿਆਈਆ । ਹਰਿ ਸਰਨਾਈ ਏਕਾ ਨਾਤ, ਦੂਜਾ ਨਾਤਾ ਨਾ ਕੋਇ ਬਣਾਈਆ । ਰਸਨਾ ਜਿਹਵਾ ਗਾਏ ਗਾਥ, ਆਤਮ ਪਰਮਾਤਮ ਵੱਜੇ ਵਧਾਈਆ । ਸਗਲ ਵਿਸੂਰੇ ਜਾਇਨ ਲਾਥ, ਜੋ ਜਨ ਆਏ ਸਰਨਾਈਆ । ਲਹਿਣਾ ਚੁਕਾਏ ਮਸਤਕ ਮਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦੁੱਖ ਦਰਦ ਦਲਿੱਦਰ ਤਨ ਮੰਦਰ ਅੰਦਰ ਰਹਿਣ ਨਾ ਪਾਈਆ ।

ਸੋ ਪੁਰਖ ਨਿਰਜੰਣ ਸਾਚੀ ਧਾਰ, ਸਤਿ ਸਤਿਵਾਦੀ ਆਪ ਚਲਾਇੰਦਾ । ਨਿਰਗੁਣ ਸਰਗੁਣ ਲਏ ਅਵਤਾਰ, ਜੁਗਾ ਜੁਗੰਤਰ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰ ਕਰ ਪਾਰ, ਅੰਤਮ ਆਪਣੇ ਵਿਚ ਛੁਪਾਇੰਦਾ । ਕਲਜੁਗ ਖੇਲ ਕਰੇ ਅਗੰਮ ਅਪਾਰ, ਜੁਗ ਚੌਕੜੀ ਵੇਖ ਵਖਾਇੰਦਾ । ਨੌਂ ਖੰਡ ਪ੍ਰਿਥਮੀ ਧੂੰਆਂਧਾਰ, ਜਗਤ ਅੰਧੇਰਾ ਏਕਾ ਛਾਇੰਦਾ । ਸਾਚਾ ਨੂਰ ਨਾ ਕੋਇ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਨਿਰਗੁਣ ਵੇਸ ਪੁਰਖ ਸਮਰਥ, ਏਕੰਕਾਰਾ ਆਪ ਵਟਾਈਆ । ਚਾਰ ਜੁਗ ਦੀ ਮਹਿਮਾ ਜਾਣੇ ਅਕੱਥ, ਕਥਨੀ ਕਥ ਨਾ ਕੋਇ ਜਣਾਈਆ । ਜੁਗ ਚੌਕੜੀ ਚਲਾਵਣਹਾਰਾ ਰਥ, ਬਣ ਰਥਵਾਹੀ ਵੇਸ ਵਟਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮਾਰਗ ਰਿਹਾ ਦੱਸ, ਸਚ ਸੰਦੇਸਾ ਇਕ ਸੁਣਾਈਆ । ਦੋ ਜਹਾਨ ਰੱਖੇ ਵਸ, ਨਾਮ ਡੋਰੀ ਬੰਧਨ ਪਾਈਆ । ਕਲਜੁਗ ਅੰਤਮ ਕਰ ਪਰਕਾਸ਼, ਨਿਰਗੁਣ ਆਪਣਾ ਨੂਰ ਪਰਗਟਾਈਆ । ਬ੍ਰਹਿਮੰਡ ਖੰਡ ਕਰ ਨਿਵਾਸ, ਜੇਰਜ ਅੰਡਜ ਉਤਭੁਜ ਸੇਤਜ ਵੇਖੇ ਥਾਉਂ ਥਾਈਂਆ । ਜਨ ਭਗਤਾਂ ਕਰੇ ਪੂਰੀ ਆਸ, ਸਾਚੇ ਸੰਤਾਂ ਮੇਲ ਮਿਲਾਵਾ ਸਹਿਜ ਸੁਭਾਈਆ । ਗੁਰਮੁਖਾਂ ਹੋਏ ਦਾਸੀ ਦਾਸ, ਗੁਰ ਗੁਰ ਆਪਣੀ ਸੇਵ ਕਮਾਈਆ । ਗੁਰਸਿਖ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਸਾਹਿਬ ਦਿਆਲ ਸੁਖ ਅਨੰਦ ਸਰਬ ਗੁਣਤਾਸ, ਗੁਣਵੰਤਾ ਬੇਪਰਵਾਹੀਆ । ਲੇਖਾ ਜਾਣੇ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਵੇਖ ਵਖਾਈਆ । ਨਿਰਗੁਣ ਸਰਗੁਣ ਅੰਦਰ ਪਾਏ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਕਲਜੁਗ ਅੰਤਮ ਕਰੇ ਬੰਦ ਖੁਲਾਸ, ਕੂੜੀ ਕਿਰਿਆ ਦਏ ਗਵਾਈਆ । ਜੂਠ ਝੂਠ ਹੋਏ ਨਾਸ, ਮਾਇਆ ਮਮਤਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰਾਹ ਚਲਾਈਆ । ਜੁਗ ਜੁਗ ਮਾਰਗ ਹਰਿ ਗੋਬਿੰਦ, ਗੋਬਿੰਦ ਆਪਣੀ ਧਾਰ ਚਲਾਇੰਦਾ । ਦੀਨ ਦਿਆਲ ਠਾਕਰ ਸੁਆਮੀ ਸਾਹਿਬ ਬਖ਼ਸ਼ੰਦ, ਬਖ਼ਸ਼ਸ਼ ਆਪਣੇ ਹੱਥ ਰਖਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਭੇਵ ਅਭੇਦ ਆਪ ਖੁਲ੍ਹਾਇੰਦਾ । ਕਲਜੁਗ ਧਾਰ ਵੇਖੇ ਸਾਗਰ ਸਿੰਧ, ਨੌਂ ਖੰਡ ਪ੍ਰਿਥਮੀ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਜੁਗ ਜੁਗ ਖੇਲ ਹਰਿ ਨਿਰੰਕਾਰਾ, ਆਦਿ ਜੁਗਾਦਿ ਕਰਾਈਆ । ਕਲਜੁਗ ਅੰਤਮ ਹੋ ਉਜਿਆਰਾ, ਨਿਰਗੁਣ

ਨੂਰ ਕਰੇ ਰੁਸ਼ਨਾਈਆ । ਲੇਖਾ ਜਾਣੇ ਤੇਈ ਅਵਤਾਰਾਂ, ਭਗਤ ਅਠਾਰਾਂ ਭੇਵ ਚੁਕਾਈਆ । ਈਸਾ ਮੂਸਾ ਸੰਗ ਮੁਹੰਮਦ ਖੋਲ੍ਹ ਕਿਵਾੜਾ, ਚਾਰ ਯਾਰੀ ਵੇਖੇ ਥਾਉਂ ਥਾਈਂਆ । ਨਾਨਕ ਗੋਬਿੰਦ ਇਕ ਸਿਤਾਰਾ ਸਤਿ ਨਾਮ ਜਗਤ ਵਣਜਾਰਾ, ਚਾਰ ਵਰਨ ਅਠਾਰਾਂ ਬਰਨ ਏਕਾ ਰਾਹ ਚਲਾਈਆ । ਧੁਰਦਰਗਾਹੀ ਇਕ ਜੈਕਾਰਾ, ਡੰਕਾ ਵੱਜੇ ਅਗੰਮ ਅਪਾਰਾ, ਫਤਹਿ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਜੋੜ ਕਰਨ ਪੁਕਾਰਾ, ਪੁਰਖ ਅਬਿਨਾਸ਼ੀ ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਕਹਿ ਕਹਿ ਲੋਕਮਾਤ ਗਏ ਜਸ ਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜ਼ੀਲ ਕੁਰਾਨ ਲਿਖ ਲਿਖ ਗਏ ਵਾਰਾ, ਖਾਣੀ ਬਾਣੀ ਬੋਧ ਅਗਾਧ ਇਕ ਸਮਝਾਈਆ । ਗੁਰ ਗੁਰ ਰੂਪ ਸਦਾ ਨਿਆਰਾ, ਸ਼ਬਦੀ ਸ਼ਬਦ ਸ਼ਬਦ ਜੈਕਾਰਾ, ਡੰਕਾ ਏਕਾ ਨਾਮ ਵਜਾਈਆ । ਦੀਆ ਬਾਤੀ ਕਰੇ ਉਜਿਆਰਾ, ਕਮਲਾਪਾਤੀ ਖੇਲ ਨਿਆਰਾ ਗ੍ਰਿਹਿ ਮੰਦਰ ਅੰਦਰ ਮਹੱਲ ਅਟੱਲ ਬੈਠਾ ਆਸਣ ਲਾਈਆ । ਵਸਣਹਾਰਾ ਸਚਖੰਡ ਦੁਆਰਾ, ਥਿਰ ਘਰ ਪਾਵੇ ਆਪੇ ਸਾਰਾ, ਸੁੰਨ ਅਗੰਮ ਵੇਖਣਹਾਰਾ ਧੁੰਆਂਧਾਰਾ, ਲੋਕ ਪਰਲੋਕ ਆਪਣਾ ਹੁਕਮ ਵਰਤਾਈਆ । ਅਵਣ ਗਵਣ ਵੇਖ ਅਖਾੜਾ, ਬ੍ਰਹਿਮੰਡ ਖੰਡ ਦਏ ਸਹਾਰਾ, ਜ਼ਿਮੀਂ ਅਸਮਾਨਾ ਇਕ ਨਿਸ਼ਾਨਾ ਸ੍ਰੀ ਭਗਵਾਨਾ ਆਪ ਝੁਲਾਈਆ । ਕਲਜੁਗ ਅੰਤਮ ਹੋ ਪਰਧਾਨਾ, ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨਾ, ਲੱਖ ਚੁਰਾਸੀ ਬੰਨ੍ਹੇ ਗਾਨਾ, ਜੀਵ ਜੰਤ ਸਾਧ ਸੰਤ ਲੁਕਿਆ ਕੋਇ ਰਹਿਣ ਨਾ ਪਾਈਆ । ਮੰਦਰ ਮਸਜਦ ਮੱਠ ਸ਼ਿਵਦਵਾਲ ਵੇਖ ਵਖਾਨਾ, ਤੀਰਥ ਤਟ ਹੋਏ ਪਰਧਾਨਾ, ਅਠ ਸਠ ਵੇਖੇ ਗੁਣ ਨਿਧਾਨਾ, ਗੁਣ ਆਪਣਾ ਨਾ ਕਿਸੇ ਜਣਾਈਆ । ਏਕਾ ਰਾਗ ਸ਼ਬਦ ਤਰਾਨਾ, ਆਤਮ ਪਰਮਾਤਮ ਦੇਵੇ ਗਿਆਨਾ, ਬ੍ਰਹਮ ਪਾਰਬ੍ਰਹਮ ਵਖਾਨਾ, ਈਸ਼ ਜੀਵ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਗੁਰ ਅਵਤਾਰ ਆਪਣੀ ਸੇਵਾ ਲਾਈਆ । ਗੁਰ ਅਵਤਾਰ ਸਾਚੀ ਸੇਵਾ ਲਾ, ਹਰਿ ਜੂ ਆਪਣਾ ਹੁਕਮ ਵਰਤਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਖੇਲ ਕਰਾ, ਕਲਜੁਗ ਅੰਤਮ ਵੰਡ ਵੰਡਾਇੰਦਾ । ਰਸਨਾ ਜਿਹਵਾ ਕੂਕ ਕੂਕ ਸਰਬ ਗਏ ਸੁਣਾ, ਹਰਿ ਕੀ ਓਟ ਓਟ ਸਰਬ ਤਕਾਇੰਦਾ । ਮਹਾਂਬਲੀ ਨਰ ਨਰਾਇਣ ਕਲਜੁਗ ਅੰਤਮ ਉਤਰੇ ਆ, ਲੋਕਮਾਤ ਦਿਸ ਕਿਸੇ ਨਾ ਆਇੰਦਾ । ਪੁਰਖ ਅਕਾਲ ਵੇਸ ਵਟਾ, ਸੰਬਲ ਬੈਠੇ ਡੇਰਾ ਲਾ, ਗੋਬਿੰਦ ਇਕੋ ਆਸ ਰਖਾਇੰਦਾ । ਕਲਜੁਗ ਕੂੜਾ ਦਏ ਮਿਟਾ, ਸਤਿਜੁਗ ਸਾਚਾ ਰਾਹ ਚਲਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਏਕਾ ਖੋਜ ਖੁਜਾਇੰਦਾ । ਧੁਰ ਫ਼ਰਮਾਣਾ ਨਾਦ ਅਨਾਦੀ ਨਾਉਂ ਨਿਧਾਨਾ ਬੋਧ ਅਗਾਧੀ ਬਿਨ ਅੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਜੁਗ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਹਰਿ, ਹਰੀ ਹਰਿ ਆਪਣਾ ਖੇਲ ਕਰਾਇੰਦਾ । ਨਾਉਂ ਰੱਖਾ ਨਰਾਇਣ ਨਰ, ਨਰ ਹਰਿ ਆਪਣਾ ਰੂਪ ਵਟਾਇੰਦਾ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਭੇਵ ਨਾ ਆਇੰਦਾ । ਸਚ ਮਹੱਲੇ ਆਪੇ ਚੜ੍ਹ, ਸ਼ਾਹ ਪਾਤਸ਼ਾਹ ਰਾਜ ਰਾਜਾਨ ਆਪਣਾ ਨਾਉਂ ਧਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦ ਕਰੋੜ ਤੇਤੀਸਾ ਲਏ ਫੜ, ਫੜ ਫੜ ਆਪਣਾ ਬੰਧਨ ਪਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜ਼ੀਲ ਕੁਰਾਨ ਖਾਣੀ ਬਾਣੀ ਵੇਖੇ ਚੋਟੀ ਜੜ੍ਹ, ਮਧ ਆਪਣੀ ਧਾਰ ਚਲਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਗੁਰਸਿਖ ਸੱਜਣ ਲਏ ਫੜ, ਫੜ ਫੜ ਆਪਣੀ ਬੂਝ ਬੁਝਾਇੰਦਾ । ਪੰਚ ਵਿਕਾਰਾ ਕਾਮ ਕਰੋਧ ਲੋਭ ਮੋਹ ਜਾਏ ਝੜ, ਝੂਠੀ ਤ੍ਰਿਸਨਾ ਆਸਾ ਨਾਲ ਮਿਟਾਇੰਦਾ । ਏਕਾ ਨਾਦ

ਸੁਣਾਏ ਸ਼ਬਦ ਧੁੰਨਕਾਰਾ, ਨਿਰਮਲ ਦੀਆ ਕਰ ਉਜਿਆਰਾ ਕਾਇਆ ਮੰਦਰ ਅੰਦਰ ਸਾਚਾ ਬੰਕ ਆਪ ਵਡਿਆਇੰਦਾ । ਲੱਖ ਚੁਰਾਸੀ ਹਾਹਾਕਾਰਾ, ਨੌਂ ਖੰਡ ਪ੍ਰਿਥਮੀ ਰੋਵੇ ਜ਼ਾਰੋ ਜ਼ਾਰਾ, ਆਤਮ ਪਰਮਾਤਮ ਮੇਲ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਆਪ ਧਰਾਇੰਦਾ । ਜੁਗ ਜੁਗ ਨਾਉਂ ਹਰਿ ਨਿਰੰਕਾਰ, ਆਪਣਾ ਆਪ ਪਰਗਟਾਈਆ । ਕੋਟਨ ਕੋਟ ਰਸਨਾ ਜਿਹਵਾ ਰਹੇ ਉਚਾਰ, ਅੰਤ ਕੋਇ ਨਾ ਪਾਈਆ । ਲਿਖ ਲਿਖ ਲੇਖ ਨਾ ਸਕੇ ਕੋਈ ਵਿਚਾਰ, ਬਣ ਲੇਖਕ ਪੰਧ ਨਾ ਕੋਇ ਮੁਕਾਈਆ । ਬ੍ਰਹਮਾ ਵੇਤਾ ਗਿਆ ਹਾਰ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਈਆ । ਜਗਤ ਵਿਦਿਆ ਚੌਦਾਂ ਲੋਕ ਚੌਦਾਂ ਤਬਕ ਹੋਈ ਖੁਆਰ, ਚੌਦਸ ਚੰਦ ਨਾ ਕੋਇ ਚੜ੍ਹਾਈਆ । ਆਤਮ ਪਰਮਾਤਮ ਨਾ ਕੋਇ ਅਧਾਰ, ਈਸ਼ ਜੀਵ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਆਪਣਾ ਵੇਸ ਆਪ ਵਟਾਈਆ । ਕਲਜੁਗ ਅੰਤਮ ਵੇਸ ਅਵੱਲਾ, ਸ੍ਰੀ ਭਗਵਾਨ ਆਪ ਕਰਾਇੰਦਾ । ਲੇਖਾ ਜਾਣੇ ਰਾਣੀ ਅੱਲਾ, ਐਨਲਹਕ ਖੋਜ ਖੋਜਾਇੰਦਾ । ਮੁਹੰਮਦ ਮੁਹੰਮਦੀ ਫੜਾਏ ਪੱਲਾ, ਯਾਰ ਯਾਰੀ ਪੜਦਾ ਲਾਹਿੰਦਾ । ਸਚ ਸਿੰਘਾਸਣ ਏਕਾ ਮੱਲਾ, ਮੁਕਾਮੇ ਹੱਕ ਸੋਭਾ ਪਾਇੰਦਾ । ਪਰਵਰਦਿਗਾਰ ਨਰ ਨਰੇਸ਼ ਆਪ ਫੜਾਏ ਆਪਣਾ ਪੱਲਾ, ਨੂਰ ਨੂਰ ਨਾਲ ਮਿਲਾਇੰਦਾ । ਨਵ ਨੌਂ ਹੋਏ ਝੱਲਾ, ਦਹਿ ਦਿਸ਼ਾ ਫੇਰਾ ਪਾਇੰਦਾ । ਵੇਖਣਹਾਰਾ ਡੂੰਘੀ ਡੱਲਾ, ਕਾਇਆ ਭਵਰੀ ਫੋਲ ਫੋਲਾਇੰਦਾ । ਆਪੇ ਖਾਹਿਸ਼ ਆਪੇ ਅੱਲਾ, ਆਪੇ ਮੁਹੰਮਦ ਨੂਰ ਵਖਾਇੰਦਾ । ਆਪੇ ਵਸੇ ਨਿਹਚਲ ਧਾਮ ਅਟੱਲਾ, ਕੋਹਤੂਰ ਆਪਣੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਸਾਚਾ ਮੰਤਰ ਆਪ ਦ੍ਰਿੜਾਇੰਦਾ । ਸਾਚਾ ਮੰਤਰ ਇਕੋ ਨਾਮ, ਹਰਿਜਨ ਹਰਿ ਹਰਿ ਕਰੇ ਪੜ੍ਹਾਈਆ । ਸ਼ਬਦ ਅਗੰਮੀ ਧੁਰ ਪੈਗ਼ਾਮ, ਪੀਰ ਪੈਗ਼ੰਬਰ ਦਏ ਸਮਝਾਈਆ । ਸ਼ਾਹ ਸੁਲਤਾਨਾ ਸਚ ਇਮਾਮ, ਸਚ ਸਿੰਘਾਸਣ ਸੋਭਾ ਪਾਈਆ । ਨਿਹਕਰਮੀ ਕਰੇ ਆਪਣਾ ਕਾਮ, ਕਰਮ ਕਾਂਡ ਨਾ ਕੋਇ ਵਖਾਈਆ । ਚਾਰ ਵਰਨ ਭੁੱਲੇ ਹਰਿ ਕਾ ਨਾਮ, ਸਤਿਨਾਮ ਸਤਿ ਸਤਿ ਨਜ਼ਰ ਕਿਸੇ ਨਾ ਆਈਆ । ਪੰਚ ਵਿਕਾਰੇ ਪਾਈ ਸ਼ਾਮ, ਅੰਧ ਅੰਧੇਰਾ ਗਿਆ ਛਾਈਆ । ਮਨ ਮਤ ਬੁਧ ਨਾ ਕੋਈ ਸਿਆਣ, ਸਾਚੀ ਸਿਖਿਆ ਨਾ ਕੋਇ ਵਖਾਈਆ । ਵੇਖਣਹਾਰ ਸ੍ਰੀ ਭਗਵਾਨ, ਲੱਖ ਚੁਰਾਸੀ ਅੰਦਰ ਬੈਠਾ ਧਿਆਨ ਲਗਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਹੋਏ ਬੇਈਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਕੂੜੀ ਕਿਰਿਆ ਦਏ ਮਿਟਾਈਆ । ਕੂੜੀ ਕਿਰਿਆ ਮਿਟੇ ਪੰਧ, ਕਲਜੁਗ ਅੰਤ ਰਹਿਣ ਨਾ ਪਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਦੋ ਜਹਾਨ ਨੂਰ ਨੁਰਾਨਾ ਚੜ੍ਹੇ ਸਾਚਾ ਚੰਦ, ਸੋ ਪੁਰਖ ਨਿਰੰਜਣ ਇਕ ਚੜ੍ਹਾਈਆ । ਰਸਨਾ ਜਿਹਵਾ ਏਕਾ ਗੀਤ ਬੱਤੀ ਦੰਦ, ਬੰਧਨ ਸਭ ਦੇ ਦਏ ਤੁੜਾਈਆ । ਸਤਿ ਸਤਿਵਾਦੀ ਇਕ ਵਖਾਏ ਆਤਮ ਅਨੰਦ, ਅਨੰਦ ਅਨੰਦ ਵਿਚ ਮਿਲਾਈਆ । ਜਨਮ ਜਨਮ ਦੀ ਟੁੱਟੀ ਗੰਢ, ਗੁਰਮੁਖ ਸਾਚੇ ਲਏ ਉਠਾਈਆ । ਆਪ ਸੁਣਾਏ ਸੁਹਾਗੀ ਛੰਦ, ਸੋਹੰ ਢੋਲਾ ਆਪੇ ਗਾਈਆ । ਨਾਤਾ ਤੁਟੇ ਨਾਰ ਦੁਹਾਗਣ ਰੰਡ, ਹਰਿ ਕੰਤ ਕੰਤੂਹਲ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਰੂਪ ਅਨੂਪ ਆਪ ਵਟਾਈਆ । ਨਿਹਕਲੰਕ ਨਰ ਨਰਾਇਣ, ਹਰਿ ਜੂ ਨਜ਼ਰ ਕਿਸੇ ਨਾ ਆਇੰਦਾ । ਰਸਨਾ ਕੋਈ ਨਾ ਸਕੇ ਕਹਿਣ, ਕਹਿ

ਕਹਿ ਸਿਫ਼ਤ ਨਾ ਕੋਇ ਸਾਲਾਹਿੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਆਪ ਚੁਕਾਏ ਲਹਿਣਾ ਦੇਣ, ਲਹਿਣਾ ਦੇਣਾ ਆਪਣੇ ਹੱਥ ਰਖਾਇੰਦਾ । ਜਨ ਭਗਤਾਂ ਬਣੇ ਸਾਕ ਸੱਜਣ ਸੈਣ, ਕੂੜਾ ਬੰਧਨ ਮੋਹ ਮਿਟਾਇੰਦਾ । ਦਰਸ ਦਿਖਾਏ ਲੋਚਣ ਨੇਤਰ ਨੈਣ, ਅੱਖ ਪਰਤੱਖ ਆਪ ਖੁਲ੍ਹਾਇੰਦਾ । ਗੀਤ ਸੁਹਾਗੀ ਏਕਾ ਗਾਇਣ, ਗੋਬਿੰਦ ਗੁਰ ਗੁਰ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪੁਰਖ ਅਕਾਲ ਇਕ ਅਖਵਾਇੰਦਾ । ਪੁਰਖ ਅਕਾਲ ਨਿਹਕਲੰਕ, ਪੰਜ ਤੱਤ ਨਾ ਕੋਇ ਵਡਿਆਈਆ । ਨਾਮ ਨਿਧਾਨ ਵਜਾਏ ਡੰਕ, ਵਿਸ਼ਨ ਬ੍ਰਹਮਾ ਸ਼ਿਵ ਲਏ ਉਠਾਈਆ । ਲੇਖਾ ਜਾਣੇ ਰਾਓ ਰੰਕ, ਊਚ ਨੀਚ ਵੇਖੇ ਥਾਉਂ ਥਾਈਂਆ । ਨਵ ਨੌਂ ਕੱਢੇ ਸ਼ੰਕ, ਸੰਸਾ ਕੋਇ ਰਹਿਣ ਨਾ ਪਾਈਆ । ਇਕ ਸੁਹਾਏ ਸਾਚਾ ਬੰਕ, ਜਿਸ ਦੁਆਰੇ ਆਸਣ ਲਾਈਆ । ਗੁਰਸਿਖ ਦੇਵੇ ਵਡਿਆਈ ਜਿਉਂ ਜਨ ਜਨਕ, ਜਨ ਜਨਨੀ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਨਾਉਂ ਲਏ ਪਰਗਟਾਈਆ । ਏਕਾ ਨਾਉਂ ਹਰਿ ਨਿਰੰਕਾਰ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਇੰਦਾ । ਏਕਾ ਨਾਮ ਵਣਜ ਵਪਾਰ, ਏਕਾ ਵਸਤ ਅਮੋਲਕ ਝੋਲੀ ਪਾਇੰਦਾ । ਏਕਾ ਮੰਦਰ ਖੋਲ੍ਹ ਕਿਵਾੜ, ਘਰ ਘਰ ਵਿਚ ਆਪ ਵਖਾਇੰਦਾ । ਮੇਟ ਮਿਟਾਏ ਅਗਨੀ ਤੱਤੀ ਹਾੜ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਲੇਖਾ ਜਾਣੇ ਪੁਰਖ ਨਾਰ, ਨਾਰੀ ਨਰ ਨਾ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕੂੜੀ ਕਿਰਿਆ ਮੋਹ ਚੁਕਾਇੰਦਾ । ਕੂੜੀ ਕਿਰਿਆ ਹੋਏ ਦੂਰ, ਕਲਜੁਗ ਅੰਤ ਰਹਿਣ ਨਾ ਪਾਈਆ । ਗ਼ਰੀਬ ਨਿਮਾਣਿਆਂ ਪ੍ਰਭ ਬਖ਼ਸ਼ੇ ਏਕਾ ਨੂਰ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਦਰਸ਼ਨ ਦੇਵੇ ਹਾਜ਼ਰ ਹਜ਼ੂਰ, ਹਰਿ ਕੇ ਪੌੜੇ ਲਏ ਚੜ੍ਹਾਈਆ । ਮਨ ਵਾਸਨਾ ਤੁਟੇ ਗਰੂਰ, ਗਫ਼ਲਤ ਕੋਇ ਨਜ਼ਰ ਨਾ ਆਈਆ । ਆਤਮ ਅੰਤਰ ਇਕ ਸਰੂਰ, ਸਚ ਖੁਮਾਰੀ ਦਏ ਚੜ੍ਹਾਈਆ । ਸਰਬ ਕਲਾ ਆਪ ਭਰਪੂਰ, ਸਮਰਥ ਪੁਰਖ ਵਡੀ ਵਡਿਆਈਆ । ਵਸਣਹਾਰਾ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਲੇਖੇ ਲਾਈਆ । ਗੁਰਮੁਖ ਲੇਖਾ ਸਦਾ ਅਲੱਗ, ਲੱਖ ਚੁਰਾਸੀ ਬੰਧਨ ਨਾ ਕੋਇ ਰਖਾਇੰਦਾ । ਕਿਰਪਾ ਕਰੇ ਸੂਰਾ ਸਰਬੱਗ, ਸਮਰਥ ਸਿਰ ਆਪਣਾ ਹੱਥ ਟਿਕਾਇੰਦਾ । ਦੀਪਕ ਜੋਤੀ ਜਾਏ ਜਗ, ਅਗਿਆਨ ਅੰਧੇਰ ਗਵਾਇੰਦਾ । ਫੜ ਫੜ ਹੰਸ ਬਣਾਏ ਕੱਗ, ਕਾਗ ਹੰਸ ਰੂਪ ਵਖਾਇੰਦਾ । ਤ੍ਰੈਗੁਣ ਮਾਇਆ ਬੁਝਾਏ ਅੱਗ, ਤੱਤਵ ਤੱਤ ਨਾ ਕੋਇ ਬੁਝਾਇੰਦਾ । ਧੁਰ ਦਰਬਾਰੇ ਆਪੇ ਸੱਦ, ਨਾਮ ਸਦਾ ਇਕ ਰਖਾਇੰਦਾ । ਨੌਂ ਦੁਆਰੇ ਕਰੇ ਪਾਰ ਹੱਦ, ਜਗਤ ਤ੍ਰਿਸਨਾ ਮੋਹ ਮੁਕਾਇੰਦਾ । ਦਸਮ ਦੁਆਰੀ ਬਹੇ ਸਜ, ਗੁਰਮੁਖ ਸਾਚਾ ਸੋਭਾ ਪਾਇੰਦਾ । ਏਕਾ ਨਾਦ ਅਨਾਦੀ ਜਾਏ ਵੱਜ, ਅਨਹਦ ਆਪਣੀ ਸੇਵ ਕਮਾਇੰਦਾ । ਅੰਮ੍ਰਿਤ ਜਾਮ ਪਿਆਏ ਰੱਜ, ਤ੍ਰਿਸਨਾ ਭੁੱਖ ਸਰਬ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਗੁਰਸਿਖ ਤੇਰਾ ਰੰਗ ਅਮੋਲ, ਨਜ਼ਰ ਕਿਸੇ ਨਾ ਆਈਆ । ਜਗਤ ਕੰਡਾ ਨਾ ਸਕੇ ਕੋਈ ਤੋਲ, ਤੋਲਾ ਨਜ਼ਰ ਕੋਇ ਨਾ ਪਾਈਆ । ਜੋ ਜਨ ਹਰਿ ਕਾ ਨਾਉਂ ਰਸਨਾ ਜਿਹਵਾ ਰਿਹਾ ਬੋਲ, ਅਨਬੋਲਤ ਆਪ ਸਮਝਾਈਆ । ਨੌਂ ਖੰਡ ਪ੍ਰਿਥਮੀ ਚਾਰ ਵਰਨ ਅਠਾਰਾਂ

੧੦੮੭
੧੧

ਬਰਨ ਸਾਚੀ ਵਸਤ ਕਿਸੇ ਨਾ ਕੌਲ, ਭਰਮੇ ਭੁਲੀ ਸਰਬ ਲੋਕਾਈਆ । ਨੇਤਰ ਰੋਵੇ ਧਰਨੀ ਧਰਤ ਧੌਲ, ਪ੍ਰਭ ਅੱਗੇ ਸੀਸ ਝੁਕਾਈਆ । ਗੋਬਿੰਦ ਕੀਤਾ ਸੱਚਾ ਕੌਲ, ਕਲਜੁਗ ਵੇਲੇ ਅੰਤਮ ਪਰਗਟ ਹੋਏ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸਾਚੀ ਓਟ ਤਕਾਈਆ । ਸਾਚੀ ਓਟ ਰੱਖੀ ਆਸ, ਏਕਾ ਨੈਣ ਨੈਣ ਉਠਾਇਆ । ਕਲਜੁਗ ਅੰਤ ਬੁਝਾ ਪਿਆਸ, ਜਗਤ ਤ੍ਰਿਸਨਾ ਦੇ ਗਵਾਇਆ । ਸਦ ਵਸਾਂ ਤੇਰੇ ਪਾਸ, ਪੁਰਖ ਅਬਿਨਾਸ਼ੀ ਦਰ ਤੇਰਾ ਮੋਹੇ ਭਾਇਆ । ਸਤਿਜੁਗ ਸਾਚਾ ਕਰ ਪਰਕਾਸ਼, ਜਨ ਭਗਤਾਂ ਮੇਲ ਮਿਲਾਇਆ । ਤੇਰੇ ਸੰਤ ਹੋਏ ਉਦਾਸ, ਕਲਜੁਗ ਠੋਕਰ ਰਿਹਾ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਇਆ । ਸਿਰ ਰੱਖ ਹੱਥ ਕਰਤਾਰ, ਆਪਣੀ ਦਇਆ ਕਮਾਈਆ । ਧਰਨੀ ਤੇਰੀ ਸੁਣ ਪੁਕਾਰ, ਨਿਹਕਲੰਕ ਫੇਰਾ ਪਾਈਆ । ਮੇਟ ਮਿਟਾਏ ਜਗਤ ਵਿਭਚਾਰ, ਵਿਭਚਾਰੀ ਕੋਇ ਰਹਿਣ ਨਾ ਪਾਈਆ । ਭਗਤ ਭਗਵੰਤ ਲਏ ਉਠਾਲ, ਸਾਚੇ ਸੰਤ ਸੰਗ ਨਿਭਾਈਆ । ਗੁਰਮੁਖਾਂ ਬਣੇ ਆਪ ਦਲਾਲ, ਜਗਤ ਵਣਜ਼ਾਰਾ ਆਪ ਅਖਵਾਈਆ । ਗੁਰਸਿਖ ਵੇਖੇ ਸਾਚੇ ਲਾਲ, ਲਾਲਨ ਆਪਣੀ ਗੋਦ ਉਠਾਈਆ । ਸਚਖੰਡ ਵਖਾਏ ਸੱਚੀ ਧਰਮਸਾਲ, ਸਚਖੰਡ ਬੈਠਾ ਸੱਚਾ ਮਾਹੀਆ । ਨਾਤਾ ਤੋੜੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਈਆ । ਸਦਾ ਸੁਹੇਲਾ ਵਸੇ ਨਾਲ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਇਕ ਗਿਆਨ, ਆਤਮ ਪਰਮਾਤਮ ਦੇਵੇ ਮਾਣ, ਬ੍ਰਹਮ ਪਾਰਬ੍ਰਹਮ ਮਿਲਾਈਆ ।

੧੦੮੮

੧੦੮੮

੧੧

੧੧

## ★ ੨੨ ਚੇਤ ੨੦੧੯ ਬਿਕ੍ਰਮੀ ਕਰਨੈਲ ਸਿੰਘ ਦੇ ਘਰ ਪਿੰਡ ਖਰਕਾ ★

ਸੋ ਪੁਰਖ ਨਿਰੰਜਣ ਖੇਲ ਅਪਾਰ, ਹਰਿ ਪੁਰਖ ਨਿਰੰਜਣ ਆਪ ਕਰਾਇੰਦਾ । ਏਕੰਕਾਰਾ ਧੁਰ ਫ਼ਰਮਾਣਾ, ਧੁਰ ਦਰਗਾਹੀ ਆਪ ਜਣਾਇੰਦਾ । ਤਖ਼ਤ ਨਿਵਾਸੀ ਰਾਜ ਰਾਜਾਨ, ਸ਼ਾਹੋ ਭੂਪ ਭੇਵ ਖੁਲ੍ਹਾਇੰਦਾ । ਥਿਰ ਘਰ ਵੇਖੇ ਮਾਰ ਧਿਆਨ, ਸ਼ਬਦੀ ਸੁਤ ਆਪ ਸਮਝਾਇੰਦਾ । ਵਿਸ਼ਨੂੰ ਦੇਵੇ ਇਕ ਗਿਆਨ, ਬਿਨ ਅੱਖਰ ਆਪ ਸੁਣਾਇੰਦਾ । ਬ੍ਰਹਮੇ ਉਠ ਬਾਲ ਨਾਦਾਨ, ਪੁਰਖ ਅਬਿਨਾਸ਼ੀ ਖੇਲ ਵਰਤਾਇੰਦਾ । ਸ਼ੰਕਰ ਦੇਵੇ ਇਕ ਫ਼ਰਮਾਣ, ਸਚ ਸੰਦੇਸਾ ਆਪ ਅਲਾਇੰਦਾ । ਆਦਿ ਜੁਗਾਦੀ ਇਕ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਸਾਚਾ ਹੁਕਮ ਵਰਤਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਇਕ ਇਕੱਲਾ ਵਡ ਜਰਵਾਣਾ, ਬਲ ਆਪਣਾ ਆਪ ਵਖਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖੇ ਮਾਰ ਧਿਆਨਾ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਤ੍ਰੈਗੁਣ ਮਾਇਆ ਦੇਵੇ ਤਰਾਨਾ, ਰਾਗੀ ਆਪਣਾ ਰਾਗ ਸੁਣਾਈਆ । ਪੰਜ ਤੱਤ ਤੱਤ ਨਿਸ਼ਾਨਾ, ਸਚ ਨਿਸ਼ਾਨਾ ਆਪ ਲਗਾਈਆ । ਲੱਖ ਚੁਰਾਸੀ ਵੇਖੇ ਮਾਰ ਧਿਆਨਾ, ਘਟ ਘਟ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਚਖੰਡ ਨਿਵਾਸੀ ਆਪਣਾ ਹੁਕਮ ਆਪ ਵਰਤਾਈਆ । ਸਚਖੰਡ ਨਿਵਾਸੀ ਖੇਲ ਅਪਾਰਾ, ਏਕੰਕਾਰ ਆਪ ਕਰਾਇੰਦਾ । ਨਿਰਗੁਣ ਨੂਰ ਹੋ ਉਜਿਆਰਾ, ਜੋਤੀ ਜਾਤਾ ਡਗਮਗਾਇੰਦਾ ।

ਸ਼ਬਦੀ ਸ਼ਬਦ ਸਤਿ ਜੈਕਾਰਾ, ਬੋਧ ਅਗਾਧਾ ਆਪ ਅਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਖ਼ਬਰਦਾਰਾ, ਤ੍ਰੈ ਪੰਜ ਨਾਲ ਉਠਾਇੰਦਾ । ਕਰੋੜ ਤੇਤੀਸਾ ਦਏ ਹੁਲਾਰਾ, ਸੁਰਪਤ ਨੈਣ ਆਪ ਖੁਲ੍ਹਾਇੰਦਾ । ਰਵ ਸਸ ਸੂਰਜ ਚੰਦ ਪਾਵੇ ਸਾਰਾ, ਮੰਡਲ ਮੰਡਪ ਖੋਜ ਖੁਜਾਇੰਦਾ । ਜ਼ਿਮੀਂ ਅਸਮਾਨ ਵੇਖੇ ਅਖਾੜਾ, ਗਗਨ ਮੰਡਲ ਆਪਣਾ ਫੇਰਾ ਪਾਇੰਦਾ । ਧੁਰਦਰਗਾਹੀ ਧੁਰ ਦੀ ਕਾਰਾ, ਕਰਤਾ ਪੁਰਖ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸ੍ਰੀ ਭਗਵਾਨ, ਆਦਿ ਪੁਰਖ ਆਪ ਜਣਾਈਆ । ਲੱਖ ਚੁਰਾਸੀ ਏਕਾ ਗਾਣ, ਹਰਿ ਮੰਤਰ ਨਾਮ ਦ੍ਰਿੜਾਈਆ । ਗ੍ਰਹਿ ਮੰਦਰ ਅੰਦਰ ਵੇਖੇ ਮਾਰ ਧਿਆਨ, ਬੰਕ ਦੁਆਰੀ ਸੋਭਾ ਪਾਈਆ । ਨਿਰਗੁਣ ਸਰਗੁਣ ਖੇਲ ਮਹਾਨ, ਖੇਲਣਹਾਰਾ ਦਿਸ ਨਾ ਆਈਆ । ਪੰਚਮ ਤੱਤ ਤੱਤ ਬਲਵਾਨ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਬੰਧਨ ਪਾਈਆ । ਮਨ ਮਤ ਬੁਧ ਖੇਲ ਮਹਾਨ, ਨਿਰਗੁਣ ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪੇ ਰਿਹਾ ਵਖਾਈਆ । ਸਾਚਾ ਰੰਗ ਪੁਰਖ ਅਗੰਮ, ਅਲੱਖ ਅਗੋਚਰ ਆਪ ਜਣਾਇੰਦਾ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਇੰਦਾ । ਪਵਣ ਸਵਾਸ ਨਾ ਲਏ ਦਮ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਜੁਗਾ ਜੁਗੰਤਰ ਜਾਣੇ ਆਪਣਾ ਕੰਮ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਦੋ ਜਹਾਨਾਂ ਬੇੜਾ ਬੰਨ੍ਹ, ਆਪਣੇ ਕੰਧ ਉਠਾਇੰਦਾ । ਦੇ ਪਰਕਾਸ਼ ਸੂਰਜ ਚੰਨ, ਕਿਰਨ ਕਿਰਨ ਕਿਰਨ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਸਮਝਾਇੰਦਾ । ਆਪਣਾ ਹੁਕਮ ਹਰਿ ਨਿਰੰਕਾਰ, ਆਦਿ ਜੁਗਾਦਿ ਚਲਾਈਆ । ਨਿਰਗੁਣ ਸਰਗੁਣ ਕਰ ਤਿਆਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਵੇਖੇ ਚਾਈਂ ਚਾਈਆ । ਗੁਰ ਅਵਤਾਰ ਦੇ ਅਧਾਰ ਨਾਮ ਸ਼ਬਦ ਬੋਲ ਜੈਕਾਰ, ਜੈ ਜੈਕਾਰ ਆਪ ਸੁਣਾਈਆ । ਧੁਰ ਦੀ ਬਾਣੀ ਧੁਰ ਦੀ ਧਾਰ, ਬੋਧ ਅਗਾਧ ਇਕ ਵਿਚਾਰ, ਲਿਖ ਲਿਖ ਲੇਖ ਦਏ ਸਮਝਾਈਆ । ਨਿਸ਼ਅੱਖਰ ਵੱਖਰ ਹੋ ਤਿਆਰ, ਕਰੇ ਖੇਲ ਅਪਰ ਅਪਾਰ, ਅਪਰੰਪਰ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਆਪਣਾ ਭੇਵ ਆਪੇ ਦੱਸ, ਨਰ ਹਰਿ ਆਪਣੀ ਖੇਲ ਕਰਾਇੰਦਾ । ਨਿਰਗੁਣ ਨੂਰ ਕਰ ਪਰਕਾਸ਼, ਲੱਖ ਚੁਰਾਸੀ ਡੇਰਾ ਲਾਇੰਦਾ । ਆਤਮ ਪਰਮਾਤਮ ਦੇਵੇ ਧਰਵਾਸ, ਬ੍ਰਹਮ ਪਾਰਬ੍ਰਹਮ ਜਣਾਇੰਦਾ । ਨਵ ਨੌਂ ਖੇਲ ਤਮਾਸ਼, ਚਾਰ ਚਾਰ ਆਪਣਾ ਰੰਗ ਰੰਗਾਇੰਦਾ । ਆਦਿ ਜੁਗਾਦਿ ਦੇ ਧਰਵਾਸ, ਧਰਨੀ ਧਰਤ ਧਵਲ ਵਡਿਆਇੰਦਾ । ਗੁਰ ਅਵਤਾਰਾਂ ਪੂਰੀ ਕਰੇ ਆਸ, ਆਪਣੀ ਇਛਿਆ ਸਾਚੀ ਭਿਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਇੰਦਾ । ਸਚ ਸੰਦੇਸਾ ਏਕਾ ਵਾਰ, ਏਕੰਕਾਰ ਆਪ ਜਣਾਈਆ । ਸ਼ਬਦੀ ਸ਼ਬਦ ਕਰ ਤਿਆਰ, ਸਾਚੀ ਸਿਖਿਆ ਇਕ ਸਮਝਾਈਆ । ਵਿਸ਼ਨੂੰ ਦੇਵੇ ਭੰਡਾਰ, ਵਿਸ਼ਵ ਆਪਣਾ ਰੂਪ ਦਰਸਾਈਆ । ਬ੍ਰਹਮਾ ਵੇਤਾ ਖੋਲ੍ਹ ਕਿਵਾੜ, ਚਾਰੇ ਵੇਦਾਂ ਕਰੇ ਪੜ੍ਹਾਈਆ । ਸ਼ੰਕਰ ਭੋਲਾ ਨਾਥ ਬਾਸ਼ਕ ਤਸ਼ਕਾ ਤਨ ਸ਼ਿੰਗਾਰ, ਕੰਠ ਮਾਲਾ ਇਕ ਸਮਝਾਈਆ । ਨਿਰਗੁਣ ਸਰਗੁਣ ਕਰ ਉਜਿਆਰ, ਘਟ ਘਟ ਦੀਪਕ ਜੋਤੀ ਬਾਲ, ਗ੍ਰਹਿ ਮੰਦਰ ਕਰੇ ਰੁਸ਼ਨਾਈਆ । ਪਰਗਟ ਕਰ ਗੁਰ ਅਵਤਾਰ, ਆਪਣੀ ਜੋਤੀ ਆਪੇ ਬਾਲ, ਸ਼ਬਦੀ ਗੁਰ ਬਣ ਦਲਾਲ, ਲੋਕਮਾਤ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ

ਹੁਕਮ ਆਪ ਸਮਝਾਈਆ । ਸਾਚਾ ਹੁਕਮ ਧੁਰ ਫ਼ਰਮਾਣਾ, ਹਰਿ ਜੂ ਹਰਿ ਹਰਿ ਆਪ ਜਣਾਇੰਦਾ । ਵੇਖਣਹਾਰਾ ਮਾਰ ਧਿਆਨਾ, ਧਿਆਨ ਧਿਆਨ
ਵਿਚ ਮਿਲਾਇੰਦਾ । ਚਾਰੇ ਖਾਣੀ ਸੁਣਾਏ ਏਕਾ ਗਾਣਾ, ਚਾਰੇ ਬਾਣੀ ਆਪ ਪਰਗਟਾਇੰਦਾ । ਚਾਰੇ ਜੁਗ ਦੇਵੇ ਮਾਣਾ, ਸਤਿਜੁਗ ਤ੍ਰੇਤਾ ਦੁਆਪਰ
ਕਲਜੁਗ ਆਪ ਹੰਢਾਇੰਦਾ । ਜੁਗ ਚੌਕੜੀ ਖੇਲ ਮਹਾਨਾ, ਰੂਪ ਅਨੂਪ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਆਪਣਾ ਮਾਰਗ ਆਪੇ ਲਾਇੰਦਾ । ਆਪਣਾ ਮਾਰਗ ਲੋਕਮਾਤ, ਨਿਰਗੁਣ ਸਰਗੁਣ ਆਪ ਲਗਾਈਆ । ਜੁਗ ਜੁਗ ਵੇਖੇ ਮਾਰ ਝਾਤ,
ਬੰਦ ਤਾਕੀ ਆਪ ਖੁਲ੍ਹਾਈਆ । ਭਗਤ ਭਗਵੰਤ ਵਸੇ ਸਾਥ, ਸਗਲਾ ਸੰਗ ਆਪ ਨਿਭਾਈਆ । ਸੰਤਨ ਦੇਵੇ ਸਾਚੀ ਦਾਤ, ਨਾਮ ਅਮੋਲਕ ਝੋਲੀ
ਪਾਈਆ । ਗੁਰਮੁਖਾਂ ਸੁਣਾਏ ਅਗੰਮੀ ਗਾਥ, ਅਨਹਦ ਨਾਦੀ ਨਾਦ ਵਜਾਈਆ । ਗੁਰਸਿਖ ਚੜ੍ਹਾਏ ਸਾਚੇ ਰਾਥ, ਬਣ ਰਥਵਾਹੀ ਸੇਵ ਕਮਾਈਆ ।
ਕਰੇ ਖੇਲ ਪ੍ਰਭ ਕਮਲਾਪਾਤ, ਕਵਲ ਨੈਣ ਵਡੀ ਵਡਿਆਈਆ । ਜੁਗ ਜੁਗ ਵੇਖੇ ਖੇਲ ਤਮਾਸ਼, ਵੇਖਣਹਾਰਾ ਬੇਪਰਵਾਹੀਆ । ਗੁਰ ਅਵਤਾਰ
ਆਤਮ ਪਰਮਾਤਮ ਪਾਏ ਰਾਸ, ਗੋਪੀ ਕਾਹਨ ਆਪ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪਣੇ
ਹੱਥ ਰਖਾਈਆ । ਸਾਚਾ ਹੁਕਮ ਸ੍ਰੀ ਭਗਵੰਤ, ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਖੇਲ ਬੇਅੰਤ, ਭੇਵ ਕੋਇ ਨਾ ਪਾਇੰਦਾ । ਆਪਣੀ
ਮਹਿਮਾ ਜਣਾਏ ਅਗਣਤ, ਗੁਰ ਅਵਤਾਰ ਸੇਵ ਲਗਾਇੰਦਾ । ਇਕੋ ਅੱਖਰ ਨਾਮ ਮੰਤ, ਮਨ ਮਣੀਆ ਆਪ ਦ੍ਰਿੜਾਇੰਦਾ । ਲੇਖਾ ਜਾਣੇ ਲੱਖ
ਚੁਰਾਸੀ ਜੀਵ ਜੰਤ, ਜਾਗਰਤ ਜੋਤ ਜੋਤ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਵੇਸ ਵਟਾਇੰਦਾ ।

ਜੁਗ ਜੁਗ ਵੇਸ ਹਰਿ ਨਿਰੰਕਾਰ, ਏਕਾ ਏਕਾ ਏਕ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਵਾਰੋ ਵਾਰ, ਕੋਟਨ ਕੋਟ ਕਾਲ ਬਿਤਾਈਆ ।
ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਦਰ ਬੈਠੇ ਸੀਸ ਝੁਕਾਈਆ । ਕੋਟਨ ਕੋਟ ਬ੍ਰਹਮਾ ਬ੍ਰਹਮ ਕਰ ਪਸਾਰ, ਅੰਤਮ ਬੈਠੇ ਡੇਰਾ ਢਾਹੀਆ ।
ਕੋਟਨ ਕੋਟ ਸ਼ੰਕਰ ਦੋਏ ਜੋੜ ਕਰਨ ਨਿਮਸਕਾਰ, ਨੇਤਰ ਨੈਣ ਨੈਣ ਝੁਕਾਈਆ । ਕੋਟਨ ਕੋਟ ਵਿਸ਼ਨੂੰ ਦੇ ਭੰਡਾਰ, ਪ੍ਰਭ ਇਕੋ ਓਟ ਰਖਾਈਆ ।
ਕੋਟਨ ਕੋਟ ਗੁਰ ਅਵਤਾਰ, ਚਰਨ ਕਵਲ ਮੰਗਣ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।
ਬੇਪਰਵਾਹ ਖੇਲ ਅਪਾਰਾ, ਨਿਰਗੁਣ ਨਰ ਹਰਿ ਨਰਾਇਣ ਆਪ ਕਰਾਇੰਦਾ । ਜੁਗ ਚੌਕੜੀ ਵੇਖੇ ਵਿਗਸੇ ਵੇਖਣਹਾਰਾ, ਆਪਣਾ ਭੇਵ ਨਾ ਕਿਸੇ
ਜਣਾਇੰਦਾ । ਸ਼ਾਸਤਰ ਸਿਮਰਤ ਬਣ ਲਿਖਾਰਾ, ਵੇਦ ਪੁਰਾਨ ਸਰਬ ਜਸ ਗਾਇੰਦਾ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਸਭ ਤੋਂ ਵਸੇ
ਨਿਆਰਾ, ਬੇਅੰਤ ਆਪਣੀ ਧਾਰ ਰਖਾਇੰਦਾ । ਦੋ ਜਹਾਨਾਂ ਪਾਵੇ ਸਾਰਾ, ਦੋਏ ਦੋਏ ਆਪਣਾ ਰੂਪ ਵਟਾਇੰਦਾ । ਜੋਧਾ ਸੂਰਬੀਰ ਬਲੀ ਬਲਕਾਰਾ,
ਬਲ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਘਾੜਨ ਘੜੇ ਬਣ ਠਠਿਆਰਾ, ਅੰਤਮ ਆਪੇ ਭੰਨ ਵਖਾਇੰਦਾ । ਕਾਗਦ ਕਲਮ ਨਾ ਲਿਖਣਹਾਰਾ,
ਹਰਿ ਕਾ ਭੇਵ ਕੋਇ ਨਾ ਪਾਇੰਦਾ । ਪੀਰ ਪੈਗ਼ੰਬਰ ਉਚੀ ਕੂਕ ਰਸਨਾ ਬੋਲ ਨਾਅਰਾ, ਕਲਮਾ ਅਮਾਮ ਇਕ ਸੁਣਾਇੰਦਾ । ਮੁਕਾਮੇ ਹੱਕ ਪਰਵਰਦਿਗਾਰਾ,
ਲਾਸ਼ਰੀਕ ਡੇਰਾ ਲਾਇੰਦਾ । ਤੌਫੀਕ ਇਕ ਸਾਂਝੇ ਯਾਰਾ, ਦਰ ਸਾਚੇ ਸੋਭਾ ਪਾਇੰਦਾ । ਸਚ ਪੈਗ਼ਾਮ ਏਕਾ ਵਾਰਾ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ ।
ਉਮਤੀ ਉਮਤ ਕਰ ਪਸਾਰਾ, ਪਰਮ ਪੁਰਖ ਹਰਿ ਵੇਖ ਵਖਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਦਰਗਾਹ ਸਾਚੀ ਆਸਣ ਲਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਧੁਰ ਦੀ ਧਾਰ, ਕਰਤਾ ਪੁਰਖ ਆਪ ਵਰਤਾਈਆ । ਨਾ ਕੋਈ ਮੇਟੇ ਮੇਟਣਹਾਰਾ, ਬੇਅੰਤ ਵਡੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰ, ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਹੁਕਮ ਫਰਾਈਆ । ਭਗਤ ਭਗਵੰਤ ਦੇ ਹੁਲਾਰ, ਸਾਚੇ ਸੰਤਨ ਖੋਲ੍ਹ ਕਿਵਾੜ, ਨਿਝ ਆਤਮ ਮੇਲ ਮਿਲਾਈਆ । ਗੁਰਮੁਖਾਂ ਗੁਰ ਗੁਰ ਕਰੇ ਪਿਆਰ, ਗੁਰਸਿਖ ਦੇਵੇ ਦਰਸ ਦੀਦਾਰ, ਨੈਣ ਨੈਣ ਨਾਲ ਮਿਲਾਈਆ । ਨਾਤਾ ਤੋੜ ਸਰਬ ਸੰਸਾਰ, ਸਾਖਿਆਤ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਆਪਣਾ ਬੰਧਨ ਪਾਈਆ । ਜੁਗ ਚੌਕੜੀ ਪਾਏ ਬੰਧਨ, ਬੰਧਨਹਾਰ ਆਪ ਨਿਰੰਕਾਰਾ । ਗੁਰ ਅਵਤਾਰਾਂ ਲਾਏ ਚੰਦਨ, ਨਾਮ ਸਤਿ ਸਤਿ ਵਣਜਾਰਾ । ਨਾਨਕ ਮੇਲਾ ਅਲੱਖ ਨਿਰੰਜਣ, ਅਲੱਖ ਅਗੋਚਰ ਅਗੰਮ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਖੇਲ ਅਪਾਰਾ, ਨਿਰਗੁਣ ਖੇਲ ਅਵੱਲੜਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਸਰਗੁਣ ਫੜਾਏ ਪਲੜਾ, ਹਰਿ ਪੁਰਖ ਨਿਰੰਜਣ ਵੇਖ ਵਖਾਇੰਦਾ । ਏਕੰਕਾਰਾ ਸਚ ਸੰਦੇਸ ਏਕਾ ਘਲੜਾ, ਧੁਰ ਫ਼ਰਮਾਣਾ ਆਪ ਜਣਾਇੰਦਾ । ਆਦਿ ਨਿਰੰਜਣ ਆਪਣੇ ਦੀਪਕ ਆਪੇ ਬਲੜਾ, ਅਗਿਆਨ ਅੰਧੇਰ ਮਿਟਾਇੰਦਾ । ਅਬਿਨਾਸ਼ੀ ਕਰਤਾ ਸਚ ਸਿੰਘਾਸਣ ਏਕਾ ਮਲੜਾ, ਸਚਖੰਡ ਸਾਚੇ ਆਸਣ ਲਾਇੰਦਾ । ਸ੍ਰੀ ਭਗਵਾਨ ਦਰ ਦੁਆਰੇ ਆਪੇ ਖਲੜਾ, ਦਰ ਦਰਵੇਸ਼ ਨਰ ਨਰੇਸ਼ ਆਪਣੀ ਫੇਰੀ ਪਾਇੰਦਾ । ਪਾਰਬ੍ਰਹਮ ਬ੍ਰਹਮ ਫੜਾਏ ਆਪਣਾ ਪਲੜਾ, ਈਸ਼ ਜੀਵ ਗੰਢ ਪੁਵਾਇੰਦਾ । ਸਤਿ ਸੰਦੇਸ ਹਰਿ ਕਾ ਨਾਉਂ ਜੁਗੋ ਜੁਗ ਆਪੇ ਘਲੜਾ, ਲਿਖ ਲਿਖ ਆਪਣਾ ਹੁਕਮ ਵਰਤਾਇੰਦਾ । ੧੦੯੧ ੧੧
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਇੰਦਾ । ਆਪਣਾ ਖੇਲ ਹਰਿ ਨਿਰੰਕਾਰ, ਏਕਾ ਏਕ ਜਣਾਈਆ । ਨਵ ਨੌਂ ਚਾਰ ਉਤਰੇ ਪਾਰ, ਨੌਂ ਸੌ ਚੁਰਾਨਵੇ ਚੌਕੜੀ ਜੁਗ ਰਹਿਣ ਨਾ ਪਾਈਆ । ਕਲਜੁਗ ਆਵੇ ਅੰਤਮ ਵਾਰ, ਨੌਂ ਖੰਡ ਪ੍ਰਿਥਮੀ ਅੰਧੇਰਾ ਛਾਈਆ । ਸੱਤ ਦੀਪ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਗੋਬਿੰਦ ਸੂਰਾ ਵਡ ਬਲਕਾਰ, ਏਕਾ ਲੇਖਾ ਲੇਖ ਜਣਾਈਆ । ਕਲ ਕਲਕੀ ਲਏ ਅਵਤਾਰ, ਪੁਰਖ ਅਕਾਲ ਸੱਚਾ ਮਾਹੀਆ । ਵਸਣਹਾਰਾ ਧਾਮ ਨਿਆਰ, ਸੰਬਲ ਆਪਣਾ ਡੇਰਾ ਲਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖੁਆਰ, ਸੀਸ ਤਾਜ ਨਾ ਕੋਇ ਟਿਕਾਈਆ । ਕੂੜੀ ਕਿਰਿਆ ਮਾਰੇ ਮਾਰ, ਜੂਠ ਝੂਠ ਦਏ ਨਿਵਾਰ, ਜਗਤ ਤ੍ਰਿਸਨਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਆਪਣੀ ਖੇਲ ਕਰਾਈਆ । ਹੁਕਮੇ ਅੰਦਰ ਆਪ ਭਗਵਾਨ, ਆਪਣਾ ਹੁਕਮ ਆਪ ਮਨਾਇੰਦਾ । ਹੁਕਮੇ ਅੰਦਰ ਖੋਲ੍ਹ ਦੁਕਾਨ, ਬ੍ਰਹਿਮੰਡ ਖੰਡ ਆਪਣੀ ਰਚਨ ਰਚਾਇੰਦਾ । ਹੁਕਮੇ ਅੰਦਰ ਧੁਰ ਫ਼ਰਮਾਣ, ਚਾਰੇ ਵੇਦ ਵੇਦ ਪੜ੍ਹਾਇੰਦਾ । ਹੁਕਮੇ ਅੰਦਰ ਸ਼ਾਸਤਰ ਸਿਮਰਤ ਲੇਖ ਪੁਰਾਨ, ਗੀਤਾ ਗਿਆਨ ਆਪ ਸਮਝਾਇੰਦਾ । ਹੁਕਮੇ ਅੰਦਰ ਅੰਜ਼ੀਲ ਕੁਰਾਨ, ਤੀਸ ਬਤੀਸਾ ਆਪੇ ਗਾਇੰਦਾ । ਹੁਕਮੇ ਅੰਦਰ ਖਾਣੀ ਬਾਣੀ ਕਰ ਪਰਧਾਨ, ਆਤਮ ਪਰਮਾਤਮ ਜੋੜ ਜੋੜਾਇੰਦਾ । ਹੁਕਮੇ ਅੰਦਰ ਤੇਈ ਅਵਤਾਰਾਂ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਹੁਕਮੇ ਅੰਦਰ ਭਗਤ ਅਠਾਰਾਂ ਦਏ ਗਿਆਨ, ਗੁਰ ਸ਼ਬਦੀ ਨਾਦ ਵਜਾਇੰਦਾ । ਹੁਕਮੇ ਅੰਦਰ ਈਸਾ ਮੂਸਾ ਸੰਗ ਮੁਹੰਮਦ ਦਏ ਪੈਗ਼ਾਮ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ ।

ਹੁਕਮੇ ਅੰਦਰ ਨਾਨਕ ਨਿਰਗੁਣ ਸਰਗੁਣ ਦੇਵੇ ਸਤਿਨਾਮ, ਨਾਮ ਸਤਿ ਆਪ ਰਖਾਇੰਦਾ । ਹੁਕਮੇ ਅੰਦਰ ਗੋਬਿੰਦ ਮੇਲਾ ਵਿਚ ਜਹਾਨ, ਪਿਤਾ ਪੂਤ ਖੇਲ ਕਰਾਇੰਦਾ । ਹੁਕਮੇ ਅੰਦਰ ਚਾਰ ਜੁਗ ਕਰੇ ਪਰਧਾਨ, ਹੁਕਮੇ ਹੁਕਮ ਆਪ ਫਿਰਾਇੰਦਾ । ਹੁਕਮੇ ਅੰਦਰ ਚਾਰ ਵਰਨ ਖੇਲ ਮਹਾਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਵੰਡਾਇੰਦਾ । ਹੁਕਮੇ ਅੰਦਰ ਸਭ ਦਾ ਲੇਖਾ ਚੁਕਾਏ ਆਣ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚਾ ਹਰਿ, ਧੁਰ ਫ਼ਰਮਾਣਾ ਆਪਣੇ ਹੱਥ ਰਖਾਇੰਦਾ । ਧੁਰ ਫ਼ਰਮਾਣਾ ਸਚ ਸੰਦੇਸ, ਸਤਿ ਸਤਿਵਾਦੀ ਆਪ ਜਣਾਈਆ । ਤਖ਼ਤ ਨਿਵਾਸੀ ਇਕ ਨਰੇਸ਼, ਏਕੰਕਾਰਾ ਵਡ ਵਡਿਆਈਆ । ਕਲਜੁਗ ਅੰਤ ਅਵੱਲੜਾ ਵੇਸ, ਪੁਰਖ ਅਕਾਲਾ ਆਪ ਵਟਾਈਆ । ਲੇਖਾ ਜਾਣੇ ਸਾਂਗੋ ਪਾਂਗ ਬਾਸ਼ਕ ਸ਼ੇਸ਼, ਵਿਸ਼ਨੂੰ ਵਿਸ਼ਵ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪਣੇ ਹੱਥ ਰਖਾਈਆ । ਆਪਣਾ ਖੇਲ ਰੱਖੇ ਹੱਥ, ਦੂਸਰ ਸੰਗ ਨਾ ਕੋਇ ਰਲਾਇੰਦਾ । ਜੁਗ ਜੁਗ ਚਲਾਏ ਆਪਣਾ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਨਾਮ ਨਿਧਾਨਾ ਮਹਿਮਾ ਅਕਥ, ਕਥਨੀ ਕਥ ਨਾ ਕੋਇ ਜਣਾਇੰਦਾ । ਸਰਬ ਕਲਾ ਆਪੇ ਸਮਰਥ, ਸਮਰਥ ਪੁਰਖ ਭੇਵ ਕੋਇ ਨਾ ਪਾਇੰਦਾ । ਕਲਜੁਗ ਅੰਤਮ ਹੋ ਪਰਗਟ, ਨਿਹਚਲ ਧਾਮ ਡੇਰਾ ਲਾਇੰਦਾ । ਸ਼ਬਦ ਅਗੰਮੀ ਮਾਰੇ ਸੱਟ, ਦੋ ਜਹਾਨਾਂ ਨਾਦ ਅਲਾਇੰਦਾ । ਚੌਦਾਂ ਲੋਕ ਵੇਖੇ ਹੱਟ, ਚੌਦਾਂ ਤਬਕ ਕੁੰਡਾ ਲਾਹਿੰਦਾ । ਜ਼ਿਮੀਂ ਅਸਮਾਨਾ ਮੇਟੇ ਫਟ, ਆਪਣਾ ਪੜਦਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਅੰਤ ਆਪਣੀ ਖੇਲ ਕਰਾਇੰਦਾ । ਆਦਿ ਅੰਤ ਖੇਲ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਕਲਜੁਗ ਅੰਤਮ ਹੋ ਤਿਆਰ, ਤ੍ਰੈਗੁਣ ਅਤੀਤਾ ਆਪਣਾ ਵੇਸ ਵਟਾਈਆ । ਨਿਹਕਲੰਕਾ ਲਏ ਅਵਤਾਰ, ਮਾਤ ਪਿਤ ਨਾ ਕੋਇ ਬਣਾਈਆ । ਸਾਕ ਸੱਜਣ ਸੈਣ ਨਾ ਕੋਇ ਸੰਸਾਰ, ਬੰਧਪ ਭਾਈ ਨਾ ਕੋਇ ਅਖਵਾਈਆ । ਕਰੇ ਖੇਲ ਅਗੰਮ ਅਪਾਰ, ਜੋਤੀ ਜਾਤਾ ਆਪਣਾ ਨੂਰ ਧਰਾਈਆ । ਹੁਕਮੇ ਅੰਦਰ ਕਰ ਅਵਤਾਰ, ਲੋਕਮਾਤ ਦਏ ਵਡਿਆਈਆ । ਪੂਰਬ ਲਹਿਣਾ ਕਰਮ ਵਿਚਾਰ, ਗੁਰਮੁਖ ਸਾਚੇ ਲਏ ਜਗਾਈਆ । ਆਤਮ ਤਾਕੀ ਖੋਲ੍ਹ ਕਿਵਾੜ, ਅੰਧ ਅੰਧੇਰਾ ਦਏ ਮਿਟਾਈਆ । ਅੰਮ੍ਰਿਤ ਆਤਮ ਠੰਡਾ ਠਾਰ, ਨਿਝਰ ਝਿਰਨਾ ਦਏ ਝਿਰਾਈਆ । ਅਨਹਦ ਨਾਦ ਸ਼ਬਦ ਧੁੰਨਕਾਰ, ਅਨਰਾਗੀ ਰਾਗ ਸੁਣਾਈਆ । ਆਤਮ ਸੇਜਾ ਕਰ ਪਿਆਰ, ਬ੍ਰਹਮ ਪਾਰਬ੍ਰਹਮ ਗੋਦ ਉਠਾਈਆ । ਸਾਚੀ ਸਖ਼ੀਆਂ ਮੰਗਲਚਾਰ, ਗੀਤ ਗੋਬਿੰਦ ਆਪ ਸੁਣਾਈਆ । ਕਲਜੁਗ ਅੰਤਮ ਵੇਖਣਹਾਰ, ਨਵ ਨੌਂ ਆਪਣਾ ਫੇਰਾ ਪਾਈਆ । ਚਾਰੋਂ ਕੁੰਟ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਵਰਨ ਬਰਨ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਤੀਰਥ ਤਟ ਨਾ ਕੋਇ ਸਹਾਰ, ਅਠਸਠ ਬੈਠੇ ਮੁੱਖ ਭੁਵਾਈਆ । ਜਗਤ ਅੰਧੇਰਾ ਧੂੰਆਂਧਾਰ, ਰੈਣ ਅੰਧੇਰੀ ਏਕਾ ਛਾਈਆ । ਹਰਿ ਕਾ ਨਾਉਂ ਨਾ ਕੋਇ ਪਿਆਰ, ਗੁਰ ਕਾ ਸ਼ਬਦ ਨਾ ਕੋਇ ਕਮਾਈਆ । ਘਰ ਘਰ ਦਿਸੇ ਜਗਤ ਵਿਭਚਾਰ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਨਾਤਾ ਤੁਟਾ ਪੁਰਖ ਨਾਰ, ਨਾਰ ਕੰਤ ਸੇਜ ਨਾ ਕੋਇ ਸੁਹਾਈਆ । ਧਰਨੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਕਲਜੁਗ ਜੀਵ ਕੂੜੇ ਕੁੜਿਆਰ, ਕੂੜੀ ਕਿਰਿਆ ਰਹੇ ਕਮਾਈਆ । ਆਤਮ ਬ੍ਰਹਮ ਨਾ ਕੋਇ ਉਜਿਆਰ, ਪਾਰਬ੍ਰਹਮ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।

ਕਲਜੁਗ ਅੰਤਮ ਧਾਰੇ ਬਲ, ਬਲ ਆਪਣਾ ਆਪ ਰਖਾਇੰਦਾ । ਸ੍ਰਿਸ਼ਟ ਸਬਾਈ ਰਿਹਾ ਛਲ, ਅਛਲ ਅਛੱਲ ਆਪਣੀ ਧਾਰ ਚਲਾਇੰਦਾ । ਮਨ ਵਾਸਨਾ ਗਿਆ ਰਲ, ਮਨ ਮਮਤਾ ਮੋਹ ਵਧਾਇੰਦਾ । ਕੂੜੀ ਕਿਰਿਆ ਗਿਆ ਫਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਵਖਾਇੰਦਾ । ਕਲਜੁਗ ਕੂੜਾ ਵਡ ਬਲਵਾਨ, ਆਪਣਾ ਬਲ ਰਖਾਈਆ । ਨੌਂ ਖੰਡ ਪ੍ਰਿਥਮੀ ਝੂਠ ਨਿਸ਼ਾਨ, ਚਾਰ ਕੁੰਟ ਜਣਾਈਆ । ਚਾਰ ਵਰਨ ਹੋਏ ਬੇਈਮਾਨ, ਬੇਵਾ ਰੂਪ ਸਰਬ ਲੋਕਾਈਆ । ਆਪਣਾ ਆਪ ਨਾ ਸਕੇ ਕੋਈ ਪਹਿਚਾਨ, ਮਾਇਆ ਪੜਦਾ ਨਾ ਕੋਇ ਉਠਾਈਆ । ਨਾਨਕ ਗੋਬਿੰਦ ਦੇ ਕੇ ਗਿਆ ਧੁਰ ਫ਼ਰਮਾਣ, ਨਾਮ ਸਤਿ ਸਤਿ ਸਮਝਾਈਆ । ਚਾਰ ਵਰਨਾਂ ਏਕਾ ਮਾਣ, ਊਚ ਨੀਚ ਨਾ ਕੋਇ ਵਡਿਆਈਆ । ਏਕਾ ਮੰਦਰ ਇਕ ਮਕਾਨ, ਗੁਰਦੁਆਰਾ ਇਕ ਸਮਝਾਈਆ । ਏਕਾ ਨਾਦ ਇਕ ਧੁੰਨਕਾਨ, ਏਕਾ ਰਾਗ ਰਾਗ ਅਲਾਈਆ । ਛੱਤੀ ਰਾਗ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਜੀਵ ਜੰਤ ਸਰਬ ਕੁਰਲਾਣ, ਉਚੀ ਕੂਕ ਕੂਕ ਸੁਣਾਈਆ । ਨਾਤਾ ਛੁੱਟਾ ਅੰਜੀਲ ਕੁਰਾਨ, ਕਾਇਆ ਕਾਅਬਾ ਨਾ ਕੋਇ ਵਖਾਈਆ । ਭੇਵ ਚੁਕਿਆ ਜ਼ਿਮੀਂ ਅਸਮਾਨ, ਸਤ ਸਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੇਖਣਹਾਰਾ ਹਰ ਘਟ ਥਾਈਂਆ । ਹਰ ਘਟ ਵੇਖੇ ਥਾਨ ਥਨੰਤਰ, ਹਰਿ ਜੂ ਆਪਣਾ ਵੇਸ ਵਟਾਇੰਦਾ । ਨੌਂ ਖੰਡ ਪ੍ਰਿਥਮੀ ਲੱਗੀ ਬਸੰਤਰ, ਤ੍ਰੈਗੁਣ ਅਗਨ ਨਾ ਕੋਇ ਬੁਝਾਇੰਦਾ । ਹਰਿ ਕਾ ਨਾਉਂ ਨਾ ਗਾਏ ਕੋਈ ਮੰਤਰ, ਰਸਨਾ ਜਿਹਵਾ ਸਰਬ ਕੁਰਲਾਇੰਦਾ । ਫਿਰੀ ਦਰੋਹੀ ਗਗਨ ਗਗਨੰਤਰ, ਜ਼ਿਮੀਂ ਅਸਮਾਨ ਅੰਧੇਰਾ ਛਾਇੰਦਾ । ਲੱਖ ਚੁਰਾਸੀ ਨਾ ਬਣਾਏ ਕੋਈ ਬਣਤਰ, ਤੀਰ ਨਿਰਾਲਾ ਬਾਣ ਨਾ ਕੋਇ ਲਗਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਰਬ ਜੀਆਂ ਬਿਧ ਜਾਣੇ ਅੰਤਰ, ਕਲਜੁਗ ਅੰਤਮ ਵੇਸ ਵਟਾਇੰਦਾ । ਵੇਖਣਹਾਰਾ ਪਾਰਬ੍ਰਹਮ ਬ੍ਰਹਮ ਨਿਰੰਤਰ, ਨਿਰਗੁਣ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਸ ਵਟਾਇੰਦਾ । ਕਲਜੁਗ ਅੰਤਮ ਵੇਸ ਰੱਖ, ਅਵੱਲੜੀ ਧਾਰ ਚਲਾਈਆ । ਨਿਰਗੁਣ ਰੂਪ ਹੋ ਪਰਤੱਖ, ਦੋ ਜਹਾਨਾਂ ਕਰੇ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਦ, ਧੁਰ ਫ਼ਰਮਾਣਾ ਆਪ ਜਣਾਈਆ । ਕਲਜੁਗ ਅੰਤਮ ਆਈ ਹੱਦ, ਪਾਰ ਕਿਨਾਰਾ ਰਿਹਾ ਵਖਾਈਆ । ਆਪਣਾ ਆਪਣਾ ਭਾਰ ਜਾਣਾ ਲਦ, ਥਿਰ ਕੋਇ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਏਕੰਕਾਰਾ ਇਕ ਇਕੱਲਾ ਪਏ ਗੱਜ, ਫਤਹਿ ਡੰਕਾ ਇਕ ਵਜਾਈਆ । ਜੋ ਘੜਿਆ ਸੋ ਜਾਏ ਭੱਜ, ਭੰਨਣਹਾਰ ਵੇਖ ਵਖਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਉਚੇ ਮੰਦਰ ਜਾਣੇ ਤਜ, ਤਖ਼ਤ ਤਾਜ ਕੋਇ ਰਹਿਣ ਨਾ ਪਾਈਆ । ਨਾਤਾ ਤੁਟਣਾ ਮੱਕਾ ਕਾਅਬਾ ਹਾਜੀ ਹੱਜ, ਨਿਉਂ ਨਿਉਂ ਸਯਦਾ ਸੀਸ ਨਾ ਕੋਇ ਝੁਕਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਰੇ ਖੇਲ ਸੂਰਾ ਸਰਬੱਗ, ਧੁਰ ਫ਼ਰਮਾਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਇਕ ਸੰਦੇਸਾ ਦਏ ਸੁਣਾਈਆ । ਇਕ ਸੰਦੇਸਾ ਸ੍ਰੀ ਭਗਵਾਨ, ਚਾਰ ਜੁਗ ਆਪ ਸੁਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਚੁੱਕੀ ਕਾਣ, ਕਲਜੁਗ ਵੇਲਾ ਅੰਤਮ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਧਿਆਨ, ਨੇਤਰ ਨੈਣ ਹਰਿ ਖੁਲ੍ਹਾਇੰਦਾ । ਲੋਕਮਾਤ ਖੇਲ ਮਹਾਨ, ਪੁਰਖ ਅਕਾਲ ਆਪ ਕਰਾਇੰਦਾ । ਸਚਖੰਡ ਨਿਵਾਸੀ ਹੋ ਪਰਧਾਨ, ਸਾਚੇ ਤਖ਼ਤ ਸੋਭਾ ਪਾਇੰਦਾ । ਭਗਤ ਭਗਵੰਤ ਕਰ ਪਰਵਾਨ, ਆਪਣਾ ਲੇਖਾ ਆਪੇ ਲਾਇੰਦਾ ।

੧੦੬੩
੧੧

ਗੁਰ ਅਵਤਾਰ ਇਕ ਨਿਸ਼ਾਨ, ਨਾਮ ਨਿਸ਼ਾਨਾ ਆਪ ਜਣਾਇੰਦਾ । ਪੀਰ ਪੈਗ਼ੰਬਰ ਇਕ ਈਮਾਨ, ਸਹੀ ਸਲਾਮਤ ਨਜ਼ਰੀ ਆਇੰਦਾ । ਚਾਰ ਵੇਦ ਵੇਖੇ ਆਣ, ਬਣ ਪਾਂਧੀ ਪੰਧ ਮੁਕਾਇੰਦਾ । ਸ਼ਾਸਤਰ ਸਿਮਰਤ ਹੋਏ ਹੈਰਾਨ, ਹਰਿ ਜੂ ਕੀ ਖੇਲ ਵਰਤਾਇੰਦਾ । ਕਲਜੁਗ ਅੰਤਮ ਪਰਗਟ ਹੋਇਆ ਵਿਚ ਜਹਾਨ, ਨਿਹਕਲੰਕਾ ਨਾਉਂ ਰਖਾਇੰਦਾ । ਵੇਦ ਵਿਆਸਾ ਮੰਗੇ ਦਾਨ, ਖਾਲੀ ਝੋਲੀ ਅੱਗੇ ਡਾਹਿੰਦਾ । ਮੂਸਾ ਨਿਉਂ ਨਿਉਂ ਕਰੇ ਸਲਾਮ, ਈਸਾ ਏਕਾ ਮੰਗ ਮੰਗਾਇੰਦਾ । ਮੁਹੰਮਦ ਕਹੇ ਮੇਰਾ ਅਮਾਮ, ਮੁਕਾਮੇ ਹੱਕ ਡੇਰਾ ਲਾਇੰਦਾ । ਸਤਿਗੁਰ ਨਾਨਕ ਕਹੇ ਸ੍ਰੀ ਭਗਵਾਨ, ਮਹਾਂਬਲੀ ਆਪਣਾ ਖੇਲ ਕਰਾਇੰਦਾ । ਗੁਰੂ ਗੋਬਿੰਦ ਮੰਗੇ ਦਾਨ, ਪੁਰਖ ਅਕਾਲ ਏਕਾ ਵਸਤ ਝੋਲੀ ਪਾਇੰਦਾ । ਅੰਤਮ ਮੇਲਾ ਵਿਚ ਜਹਾਨ, ਦੋਏ ਦੋਏ ਆਪਣਾ ਰੂਪ ਵਖਾਇੰਦਾ । ਪਰਗਟ ਹੋਏ ਵਿਚ ਜਹਾਨ, ਦੋ ਜਹਾਨਾਂ ਵਾਲੀ ਫੇਰਾ ਪਾਇੰਦਾ । ਤੇਰੀ ਸੇਜਾ ਕਰੇ ਪਰਵਾਨ, ਸਾਚੇ ਤਖ਼ਤ ਆਸਣ ਲਾਇੰਦਾ । ਨਾਮ ਖੰਡਾ ਤੇਜ਼ ਕਿਰਪਾਨ, ਬ੍ਰਹਿਮੰਡਾਂ ਆਪ ਚਮਕਾਇੰਦਾ । ਕਲਜੁਗ ਨਾਤਾ ਤੋੜੇ ਵਿਚ ਜਹਾਨ, ਸਤਿਜੁਗ ਸਾਚਾ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਆਏ ਅੰਤ, ਅੰਤ ਅੰਤ ਦਏ ਕਰਾਈਆ । ਪਰਗਟ ਹੋ ਸ੍ਰੀ ਭਗਵੰਤ, ਭਗਵਾਨ ਭਗਤ ਲਏ ਮਿਲਾਈਆ । ਲੇਖਾ ਚੁਕੇ ਜੁਗਾ ਜੁਗੰਤ, ਜੁਗ ਕਰਤਾ ਆਪ ਚੁਕਾਈਆ । ਸਤਿਜੁਗ ਬਣਾਏ ਸਾਚੀ ਬਣਤ, ਸਾਚਾ ਮਾਰਗ ਆਪੇ ਲਾਈਆ । ਲੱਖ ਚੁਰਾਸੀ ਗੜ੍ਹ ਤੋੜੇ ਹਉਮੇ ਹੰਗਤ, ਨਿਵਣ ਸੋ ਅੱਖਰ ਇਕ ਸਮਝਾਈਆ । ਮੁੱਲਾਂ ਸ਼ੇਖ਼ ਮੁਸਾਇਕ ਨਾ ਕੋਈ ਰਹੇ ਪੰਡਤ, ਗੁਰ ਕਾ ਸ਼ਬਦ ਗਿਆਨ ਦ੍ਰਿੜ੍ਹਾਈਆ । ਏਕਾ ਮਾਣ ਉਤਭੁਜ ਸੇਤਜ ਜੇਰਜ ਅੰਡਤ, ਚਾਰ ਖਾਣੀ ਏਕਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਲਹਿਣਾ ਦਏ ਮੁਕਾਈਆ । ਕਲਜੁਗ ਅੰਤਮ ਲਹਿਣਾ ਜਾਏ ਮੁਕ, ਸੋ ਪੁਰਖ ਨਿਰੰਜਣ ਆਪ ਚੁਕਾਈਆ । ਮਨਮੁਖਾਂ ਮੁਖ ਪਏ ਥੁੱਕ, ਮੁਖ ਥੁੱਕੀ ਸਰਬ ਭਰਾਈਆ । ਗੁਰਮੁਖ ਸੱਜਣ ਸੁਹੇਲੇ ਗੁਰੂ ਗੁਰ ਚੇਲੇ ਸਤਿਗੁਰ ਗੋਦੀ ਲਏ ਚੁੱਕ, ਚੁੱਕ ਚੁੱਕ ਆਪਣੀ ਖ਼ੁਸ਼ੀ ਮਨਾਈਆ । ਪੁਰਖ ਅਕਾਲ ਦੀਨ ਦਿਆਲ ਸਿੰਘ ਸ਼ੇਰ ਹੋ ਪਏ ਬੁੱਕ, ਚੌਦਾਂ ਲੋਕ ਚੌਦਾਂ ਤਬਕ ਏਕਾ ਭਬਕ ਲਗਾਈਆ । ਲੱਖ ਚੁਰਾਸੀ ਬੂਟਾ ਜਾਏ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਸਤਿਜੁਗ ਸਾਚਾ ਧਰਤ ਮਾਤ ਦੀ ਵਾਰੇ ਕੁੱਖ, ਜਨ ਜਨਨੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਆਪਣਾ ਖੇਲ ਵਰਤਾਈਆ । ਅੰਤਮ ਵਰਤੇ ਖੇਲ ਜਗ, ਜੀਵਣ ਦਾਤਾ ਆਪ ਵਰਤਾਇੰਦਾ । ਸ੍ਰਿਸ਼ਟ ਸਬਾਈ ਲੱਗੇ ਅੱਗ, ਅਗਨੀ ਤੱਤ ਨਾ ਕੋਇ ਬੁਝਾਇੰਦਾ । ਨਵ ਨੌਂ ਹੋਇਆ ਹੰਸ ਕੱਗ, ਕਾਗ ਹੰਸ ਰੂਪ ਨਾ ਕੋਇ ਵਟਾਇੰਦਾ । ਜਗਤ ਖੁਆਰੀ ਪੀਤੀ ਮਦਿ, ਨਾਮ ਖੁਮਾਰੀ ਨਾ ਕੋਇ ਚੜ੍ਹਾਇੰਦਾ । ਨੇਤਰ ਨੈਣ ਮੰਦਰ ਮਸਜਦ ਗੁਰਦੁਆਰ ਧੀਆਂ ਭੈਣਾਂ ਰਹੇ ਤੱਕ, ਸਤਿ ਸੰਤੋਖ ਨਾ ਕੋਇ ਰਖਾਇੰਦਾ । ਕਲਜੁਗ ਅੰਤ ਮਨ ਮੁਖਤਾ ਪਾਈ ਨਕੇਲ ਨੱਕ, ਚਾਰੋਂ ਕੁੰਟ ਸਰਬ ਫਿਰਾਇੰਦਾ । ਕਰੇ ਨਿਬੇੜਾ ਹੱਕੋ ਹੱਕ, ਸਾਚੇ ਤਖ਼ਤ ਆਸਣ ਲਾਇੰਦਾ । ਗੁਰਮੁਖ ਵਿਰਲੇ ਲਏ ਰੱਖ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜੁਗ ਕਰਤਾ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਆਪ ਕਰਤਾਰਾ, ਕਰਨੀ ਕਿਰਤ ਆਪ ਕਮਾਈਆ । ਭਗਤਾਂ ਖੋਲ੍ਹੇ ਇਕ ਦੁਆਰਾ, ਦਰ ਦਰਵਾਜ਼ਾ ਦਏ ਸਮਝਾਈਆ । ਮਹੱਲ ਅਟੱਲ ਉਚ ਮੁਨਾਰਾ,

ਮਹਿਫਲ ਆਪਣੀ ਇਕ ਵਖਾਈਆ । ਦੀਪਕ ਦੀਆ ਇਕ ਉਜਿਆਰਾ, ਤੇਲ ਬਾਤੀ ਨਾ ਕੋਇ ਟਿਕਾਈਆ । ਸ਼ਬਦ ਅਨਾਦ ਸੱਚੀ ਧੁੰਨਕਾਰਾ, ਤੰਦੀ ਤੰਦ ਸਿਤਾਰ ਨਾ ਕੋਇ ਹਿਲਾਈਆ । ਸਾਚੀ ਸਖ਼ੀਆਂ ਇਕ ਅਖਾੜਾ, ਗੁਰਮੁਖ ਮਿਲ ਮਿਲ ਰਾਗ ਅਲਾਈਆ । ਨਾਤਾ ਤੁੱਟੇ ਪੁਰਖ ਨਾਰਾ, ਆਤਮ ਪਰਮਾਤਮ ਹੋਏ ਕੁੜਮਾਈਆ । ਸ਼ਬਦ ਅਗੰਮੀ ਇਕ ਨਗਾਰਾ, ਅਪਰੰਪਰ ਆਪ ਵਜਾਈਆ । ਗੁਰਮੁਖ ਸਾਚੇ ਕਰੇ ਪਿਆਰਾ, ਮੁਖ ਗੁਰ ਆਪ ਸਾਲਾਹੀਆ । ਲੱਖ ਚੁਰਾਸੀ ਉਤਰੇ ਪਾਰਾ, ਰਾਏ ਧਰਮ ਨਾ ਦਏ ਸਜ਼ਾਈਆ । ਆਵਣ ਜਾਵਣ ਰਹੇ ਨਾ ਵਿਚ ਸੰਸਾਰਾ, ਚਿਤਰ ਗੁਪਤ ਲੇਖਾ ਲਿਖ ਨਾ ਕੋਇ ਵਖਾਈਆ । ਲਾੜੀ ਮੌਤ ਨਾ ਕਰੇ ਸ਼ੰਗਾਰਾ, ਨੇਤਰ ਨੈਣ ਕੱਜਲ ਧਾਰ ਨਾ ਕੋਇ ਪਵਾਈਆ । ਸਤਿਗੁਰ ਗੁਰਸਿਖਾਂ ਕਰੇ ਸਚ ਪਿਆਰਾ, ਵੇਲੇ ਅੰਤ ਅੰਤ ਸਹਾਈਆ । ਨਾਮ ਵਖਾਏ ਇਕ ਬਿਬਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਭ ਦਾ ਲੇਖਾ ਆਪ ਚੁਕਾਈਆ । ਸਭ ਦਾ ਲੇਖਾ ਮਾਤ ਚੁਕੌਣਾ, ਸੰਮਤ ਸੰਮਤੀ ਵੇਖ ਵਖਾਇੰਦਾ । ਗੁਰਮੁਖ ਗੁਰਸਿਖ ਆਪ ਮਿਲੌਣਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਾਚਾ ਬੰਕ ਇਕ ਸੁਹੌਣਾ, ਘਰ ਘਰ ਵਿਚ ਸੋਭਾ ਪਾਇੰਦਾ । ਜਾਤ ਪਾਤ ਵਰਨ ਗੋਤ ਪੰਧ ਮੁਕੌਣਾ, ਨਿਰਮਲ ਜੋਤ ਇਕ ਵਖਾਇੰਦਾ । ਗੜ੍ਹ ਹੰਕਾਰੀ ਆਪੇ ਢਾਹੁਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸਾਚਾ ਹਰਿ, ਆਪਣਾ ਹੁਕਮ ਆਪ ਵਰਤਾਇੰਦਾ । ਹੁਕਮੇ ਅੰਦਰ ਸਾਚੀ ਕਾਰ, ਹਰਿ ਕਰਤਾ ਆਪ ਕਮਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਉਤਰੇ ਪਾਰ, ਲੋਕਮਾਤ ਰਹਿਣ ਨਾ ਪਾਈਆ । ਕਲਜੁਗ ਕਿਰਿਆ ਕਰ ਖੁਆਰ, ਜਗਤ ਖੁਆਰੀ ਦਏ ਵਖਾਈਆ । ਸਤਿਜੁਗ ਸਾਚੇ ਕਰ ਪਿਆਰ, ਲੋਕਮਾਤ ਦਏ ਵਡਿਆਈਆ । ਦੋਹਾਂ ਵਿਚੋਲਾ ਸਿਰਜਣਹਾਰ, ਜੁਗ ਜੁਗ ਆਪਣੀ ਕਾਰ ਕਰਾਈਆ । ਕਲਜੁਗ ਕਰੇ ਅੰਤ ਨਿਮਸਕਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਬੀਸ ਬੀਸਾ ਹੋਇਆ ਖ਼ਬਰਦਾਰ, ਜਗਤ ਜਗਦੀਸਾ ਵਡ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਉਂ ਨਿਉਂ ਕਰਨ ਸਰਬ ਨਿਮਸਕਾਰ, ਸਯਦਾ ਸੀਸ ਜਗਦੀਸ ਕਰਾਈਆ । ਆਪਣਾ ਹੁਕਮ ਵਰਤੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰਸਿਖ ਸਾਚੇ ਲਏ ਨਿਕਾਲ, ਲੱਖ ਚੁਰਾਸੀ ਆਪੇ ਮਥ ਵਖਾਈਆ । ਗੋਬਿੰਦ ਮੇਲਾ ਗੋਬਿੰਦ ਲਾਲ, ਲਾਲਨ ਆਪਣਾ ਰੰਗ ਚੜ੍ਹਾਈਆ । ਨਾਤਾ ਤੋੜ ਕਾਲ ਮਹਾਂਕਾਲ, ਦੀਨ ਦਿਆਲ ਦੇਵੇ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਏਕਾ ਹੁਕਮ ਆਪ ਸਮਝਾਈਆ ।

ਜਿੰਨਾਂ ਚਿਰ ਨਾ ਕਰੇ ਹਾਂ, ਮੈਂ ਲੈਣਾ ਨਾ ਮੁਖ ਭੁਵਾਇਆ । ਮੈਂ ਉਠ ਕੇ ਪਕੜਾਂ ਤੇਰੀ ਬਾਂਹ, ਕਿਉਂ ਦੇਵੇ ਧੱਕਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਸੁਤ ਸ਼ਬਦ ਰਿਹਾ ਸੁਣਾਇਆ । ਪੁਰਖ ਅਬਿਨਾਸ਼ੀ ਗਿਆ ਹਾਰ, ਬੱਚੇ ਆਪਣੀ ਜਿਦ ਨਾ ਛੱਡੀ । ਤੇਰਾ ਨਿਰਗੁਣ ਬਣ ਕੇ ਕਰਾਂ ਪਿਆਰ, ਨਾਤਾ ਤੋੜਾਂ ਪੰਜ ਤੱਤ ਕਾਇਆ ਹੱਡੀ । ਕਰਾਂ ਖੇਲ ਵਿਚ ਸੰਸਾਰ, ਮੇਰੀ ਜੋਤ ਆਏ ਤੇਰੇ ਪ੍ਰੇਮ ਬੱਧੀ । ਨਾਉਂ ਰੱਖਾਂ ਨਿਹਕਲੰਕ ਨਰਾਇਣ ਨਰ ਅਵਤਾਰ, ਚਾਰ ਜੁਗ ਦੀ ਬਣੀ ਰਹਿਣ ਨਾ ਦੇਵਾਂ ਕੋਈ ਗੱਦੀ । ਸਾਚਾ

ਕਰਾਂ ਇਕ ਵਿਹਾਰ, ਪਿਛਲੀ ਮੇਟਾਂ ਵਦੀ ਸੁਦੀ । ਵਿਸ਼ਨ ਬ੍ਰਹਮਾ ਸ਼ਿਵ ਦਿਆਂ ਉਠਾਲ, ਵਰਭੰਡੀ ਪਾਵਾਂ ਆਪਣੀ ਡੰਡੀ । ਕਰਾਂ ਖੇਲ ਇਕ ਕਮਾਲ, ਲੱਖ ਚੁਰਾਸੀ ਕਰਾਂ ਰੰਡੀ । ਤੇਰੇ ਮਿੱਤਰ ਲਵਾਂ ਉਠਾਲ, ਦੀਨ ਦਿਆਲ ਬਣ ਬਣ ਬਖ਼ਸ਼ੰਦੀ । ਗੋਬਿੰਦ ਸੁਣਾਏ ਮੁਰੀਦਾਂ ਹਾਲ, ਸੁਣਿਆ ਆਪ ਸੂਰੇ ਸਰਬੰਗੀ । ਚਰਨਾਂ ਹੇਠ ਦਬਾ ਕੇ ਕਾਲ ਮਹਾਂਕਾਲ, ਜਨ ਭਗਤਾਂ ਵੰਡ ਵੰਡੀ । ਤੇਰਾ ਹੱਲ ਕਰਾਂ ਸਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਸ਼ਾਹ ਸੁਲਤਾਨ ਨੂਰ ਨੁਰਾਨਾ ਸ੍ਰੀ ਭਗਵਾਨਾ ਵਸਣਹਾਰਾ ਦੁਆਰਾ ਸਚਖੰਡੀ । ਸੁਣ ਸੁਤ ਮੇਰੇ ਸਾਚੇ ਲਾਲ, ਤੇਰਾ ਪਿਆਰ ਦਿਆਂ ਜਣਾਈਆ । ਜੁਗ ਚੌਕੜੀ ਬੀਤਨ ਚਾਰ, ਨੌਂ ਨੌਂ ਡੇਰਾ ਢਾਹੀਆ । ਗੋਬਿੰਦ ਸੁਤ ਹੋਏ ਉਜਿਆਰ, ਲੋਕਮਾਤ ਖੇਲ ਕਰਾਈਆ । ਕਲਜੁਗ ਜੜ੍ਹ ਦਏ ਉਖਾੜ, ਆਪਣੀ ਆਹੁਤੀ ਏਕਾ ਪਾਈਆ । ਆਪਣੇ ਬਾਲੇ ਨੀਹਾਂ ਹੇਠਾਂ ਦਏ ਸੁਆਲ, ਚਲੇ ਹੁਕਮ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਸੁਤ ਸ਼ਬਦ ਕਹੇ ਪੁਕਾਰ, ਕੀ ਪ੍ਰਭ ਖੇਲ ਰਚਾਇਆ । ਗੋਬਿੰਦ ਬਣੇ ਸੁਤ ਦੁਲਾਰ, ਕਿਉਂ ਬਾਲੇ ਨੀਹਾਂ ਹੇਠ ਦਬਾਇਆ । ਜਿਸ ਨੇ ਤੱਕਿਆ ਤੇਰਾ ਸਹਾਰ, ਤਿਸ ਨੂੰ ਦੇਵੇ ਕਿਉਂ ਕੋਈ ਸਜਾਇਆ । ਜਿਵੇਂ ਤੂੰ ਮੇਰੇ ਨਾਲ ਕਰੇ ਪਿਆਰ, ਤਿਉਂ ਪੁੱਤਰਾਂ ਗੋਬਿੰਦ ਗੋਦ ਬਹਾਇਆ । ਪੁਰਖ ਅਬਿਨਾਸ਼ੀ ਕਰੇ ਖ਼ਬਰਦਾਰ, ਸੁਣ ਮੇਰੇ ਸ਼ਹਿਜਾਦੇ ਤੈਨੂੰ ਆਪਣੇ ਦੱਸੇ ਨਾ ਨਾਨਕੇ ਦਾਦੇ, ਦਾਦਾ ਨਜ਼ਰ ਕੋਈ ਨਾ ਆਇਆ । ਕਲਜੁਗ ਅੰਤਮ ਮੈਂ ਆਪਣੇ ਕਰੇ ਵਾਹਦੇ, ਗੋਬਿੰਦ ਪਿਤਾ ਤੇਗ ਬਹਾਦਰ ਉਹਦਰੇ ਏਕਾ ਘਰ ਲਾਦੇ ਸਾਚੀ ਸੇਵਾ ਆਪ ਕਰਾਇਆ । ਅੰਤ ਬਹਾਏ ਇਕ ਅਹਾਤੇ, ਮਹਿਦੂਦ ਆਪਣੀ ਹੱਦ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਇਆ । ਵਾਹ ਮੇਰੇ ਦਾਤਾ ਬੇਪਰਵਾਹ, ਮੈਂ ਭੁਲਿਆ ਬਾਲ ਅੰਞਾਣਾ । ਜਿਉਂ ਭਾਵੇਂ ਤਿਉਂ ਲੈ ਚਲਾ, ਤੂੰ ਦਾਤਾ ਸੁਘੜ ਸਿਆਣਾ । ਮੈਂ ਜੁਗ ਜੁਗ ਸੇਵ ਲਵਾਂ ਕਮਾ, ਮੰਨਾ ਤੇਰਾ ਭਾਣਾ । ਤੂੰ ਵੇਲੇ ਅੰਤ ਲੈਣਾ ਮਿਲਾ, ਮੈਂ ਹੋਇਆ ਦਰ ਨਿਮਾਣਾ । ਪੁਰਖ ਅਬਿਨਾਸ਼ੀ ਦਇਆ ਕਮਾ, ਏਕਾ ਦੇ ਸਚ ਫ਼ਰਮਾਣਾ । ਕਲਜੁਗ ਵੇਲਾ ਅੰਤਮ ਜਾਣਾ ਆ, ਕਰੇ ਖੇਲ ਹਰਿ ਮਹਾਨਾ । ਗੋਬਿੰਦ ਲੇਖਾ ਜਾਣਾ ਲਿਖਾ, ਪੁਰਖ ਅਕਾਲ ਓਟ ਤਕਾਣਾ । ਅੰਤਮ ਆਵੇ ਬੇਪਰਵਾਹ, ਜਿਸ ਦਾ ਭੇਵ ਕਿਸੇ ਨਾ ਪਾਣਾ । ਸੰਬਲ ਡੇਰਾ ਲਏ ਲਾ, ਨਾ ਕੋਈ ਮੰਦਰ ਨਾ ਮਕਾਨਾ । ਉਚੇ ਟਿੱਲੇ ਬੈਠੇ ਆ, ਪਰਬਤ ਦਿਸੇ ਨਾ ਕੋਈ ਨਿਸ਼ਾਨਾ । ਤੇਰਾ ਮੇਰਾ ਢੋਲਾ ਲਵੇ ਗਾ, ਸੋਹੰ ਇਕ ਅੱਖਰ ਪੜ੍ਹਾਨਾ । ਆਪਣੀ ਕਿਰਪਾ ਆਪੇ ਲਏ ਕਮਾ, ਪਰਗਟ ਹੋ ਸ੍ਰੀ ਭਗਵਾਨਾ । ਤੇਰਾ ਮੇਲਾ ਲਏ ਮਿਲਾ, ਨਾਤਾ ਤੋੜ ਜਹਾਨਾ । ਲੋਕਮਾਤ ਜੋਤ ਦਏ ਜਗਾ, ਜੋਤੀ ਜੋਤ ਜੋਤ ਰੰਗਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪ ਖੁਲਾਨਾ । ਸਾਚਾ ਸੁਤ ਹੋਇਆ ਦਿਆਲ, ਪ੍ਰਭ ਤੇਰੀ ਵਡ ਵਡਿਆਈਆ । ਕਲਜੁਗ ਅੰਤਮ ਮੇਲੇ ਆਪਣਾ ਲਾਲ, ਤੂੰ ਲਾਲਨ ਗੋਦ ਬਹਾਈਆ । ਏਥੇ ਓਥੇ ਮੇਰੀ ਕਰੇ ਪ੍ਰਿਤਪਾਲ, ਪ੍ਰਿਤਪਾਲਕ ਵਡ ਵਡਿਆਈਆ । ਮੈਂ ਐਥੇ ਵੇਖਾਂ ਤੇਰਾ ਸਚਖੰਡ ਸੱਚੀ ਧਰਮਸਾਲ, ਜਿਥੇ ਬੈਠਾ ਡੇਰਾ ਲਾਈਆ । ਜਗਤ ਅੰਤਮ ਸਾਰੇ ਹੋਏ ਕੰਗਾਲ, ਤੇਰਾ ਨਾਉਂ ਹੱਟ ਕਿਸੇ ਨਜ਼ਰ ਨਾ ਆਈਆ । ਤੇਰਾ ਦੁਆਰ ਕਿਥੋਂ ਲਊਂ ਭਾਲ, ਨਿਤ ਉਠ ਉਠ ਦਰਸਨ ਕਿਸ ਦੁਆਰੇ ਕਰਨ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲੋਂ ਦੇ ਦੇ ਇਕੋ ਵਰ, ਬਿਨ ਤੇਰੇ ਦੁਆਰੇ ਕੋਈ

ਹੋਰ ਨਾ ਮਾਣ ਵਡਿਆਈਆ । ਪੁਰਖ ਅਬਿਨਾਸ਼ੀ ਗਿਆ ਮੰਨ, ਅੱਗੋਂ ਆਖ ਸੁਣਾਇਆ । ਉਠ ਲਾਡਲੇ ਪੁੱਤ ਮੇਰੇ ਚੰਨ, ਤੇਰਾ ਨੂਰ ਕਰਾਂ ਰੁਸ਼ਨਾਇਆ । ਤੇਰੀ ਦਾਤ ਸਾਚਾ ਧਨ, ਲੋਕਮਾਤ ਦਿਆਂ ਵਡਿਆਈਆ । ਤੇਰਾ ਰਾਗ ਭਗਤਾਂ ਕੰਨ, ਏਕਾ ਵਾਰ ਦਿਆਂ ਸੁਣਾਇਆ । ਕਲਜੁਗ ਅੰਤਮ ਬੇੜਾ ਬੰਨ੍ਹ, ਗੁਰਮੁਖ ਸਾਚੇ ਲਵਾਂ ਪਰਗਟਾਇਆ । ਪੰਜ ਵਿਕਾਰਾ ਦੇਵਾਂ ਡੰਨ, ਮਾਇਆ ਮਮਤਾ ਮੋਹ ਤੁੜਾਇਆ । ਭਾਗ ਲਗਾਵਾਂ ਪੰਜ ਤੱਤ ਤਨ, ਥਿਰ ਘਰ ਨੂਰ ਜੋਤ ਰੁਸ਼ਨਾਇਆ । ਇਕ ਵਜਾਵਾਂ ਅਨਹਦ ਧੁਨ, ਧੁਨ ਆਤਮਕ ਰਾਗ ਸੁਣਾਇਆ । ਲੱਖ ਚੁਰਾਸੀ ਛਾਣ ਪੁਣ, ਹਰਿ ਭਗਤ ਲਵਾਂ ਉਠਾਇਆ । ਆਪੇ ਜਾਣਾਂ ਆਪਣਾ ਗੁਣ, ਹਰਿ ਕਾ ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਾਚੇ ਹਰਿ, ਆਪਣਾ ਹੁਕਮ ਆਪ ਸੁਣਾਇਆ । ਸੁਣ ਸੁਤ ਮੇਰੇ ਛੋਟੇ ਲਾਲੇ, ਬਾਲੀ ਬੁਧ ਜਣਾਈਆ । ਕਲਜੁਗ ਅੰਤਮ ਕਰੇ ਖੇਲ ਨਿਰਾਲੇ, ਕਰੇ ਬੇਪਰਵਾਹੀਆ । ਗੁਰਮੁਖ ਸਾਚੇ ਆਪ ਉਠਾਏ, ਭਗਤਾਂ ਨਾਉਂ ਵਡਿਆਈਆ । ਗੋਬਿੰਦ ਚਲੇ ਨਾਲ ਨਾਲੇ, ਆਪਣੀ ਸੇਵ ਕਮਾਈਆ । ਮੰਦਰ ਮਸਜਦ ਮੱਠ ਸ਼ਿਵਦਵਾਲੇ ਕਰੇ ਖਾਲੇ, ਵਾਹਵਾ ਵਡ ਵਡਿਆਈਆ । ਸਾਧ ਸੰਤਾਂ ਕੱਢੇ ਦਵਾਲੇ, ਨੇਤਰ ਨੈਣਾਂ ਨੀਰ ਵਹਾਈਆ । ਅਠਸਠ ਤੀਰਥ ਮਰਨ ਪਾਲੇ, ਪੜਦਾ ਉਪਰ ਨਾ ਕੋਇ ਪਾਈਆ । ਕਾਗ਼ਜ਼ਾਂ ਉਪਰ ਪਾਏ ਦੋਸ਼ਾਲੇ, ਹਰਿ ਕਾ ਰੂਪ ਨਜ਼ਰ ਕਦੇ ਨਾ ਆਈਆ । ਗੋਬਿੰਦ ਦੱਸਿਆ ਪੁਰਖ ਅਕਾਲੇ, ਇਕੋ ਇਸ਼ਟ ਵਖਾਈਆ । ਤੇਰੇ ਪਿਛੇ ਘਾਲਨ ਘਾਲੇ, ਭਗਤਾਂ ਲਏ ਮਿਲਾਈਆ । ਚਾਰੋਂ ਕੁੰਟ ਫੇਰੀ ਪਾਏ, ਰਾਤੀ ਸੁੱਤਿਆਂ ਵੇਖ ਵਖਾਈਆ । ਪਹਿਲੋਂ ਆਪਣਾ ਹਾਲ ਸੁਣਾਏ, ਫੇਰ ਹਾਲ ਪੁੱਛਣ ਜਾਈਆ । ਗੁਰਮੁਖ ਰੱਖੇ ਆਪਣੇ ਨਾਲੇ, ਆਪਣਾ ਸੰਗ ਨਿਭਾਈਆ । ਦੇਵੇ ਵਡਿਆਈ ਸਿੰਘ ਪਾਲੇ, ਬ੍ਰਹਮਾ ਮਾਣ ਚੁਕਾਈਆ । ਸ਼ੰਕਰ ਤੁਟੇ ਆਪੇ ਡਾਲ੍ਹੇ, ਜਗਦੀਸੇ ਵੱਜੇ ਵਧਾਈਆ । ਇੰਦਰ ਨਿਭੇ ਨਾ ਅੰਤਮ ਨਾਲੇ, ਗਿਆ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਤੇਰਾ ਵਰ, ਤੇਰੇ ਅੱਗੇ ਵਖਾਈਆ । ਤੇਰਾ ਵਰ ਤੇਰੇ ਅੱਗੇ ਧਰਨਾ, ਹਰਿ ਜੂ ਆਖ ਸੁਣਾਇਆ । ਪੁਰਖ ਅਬਿਨਾਸ਼ੀ ਮੇਲ ਕਰਨਾ, ਭੇਵ ਕਿਸੇ ਨਾ ਪਾਇਆ । ਚਾਰ ਕੁੰਟ ਵੰਡੀ, ਚਾਰ ਵਰਨਾ, ਬਰਨ ਅਠਾਰਾਂ ਨਾਲ ਮਿਲਾਇਆ । ਚਾਰ ਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਕੁਰਾਨ ਸਭ ਨੇ ਪੜ੍ਹਨਾ, ਖਾਣੀ ਬਾਣੀ ਓਟ ਰਖਾਇਆ । ਗੋਬਿੰਦ ਕਹਿ ਕੇ ਜਾਏ ਇਕੋ ਸਰਨਾ, ਪੁਰਖ ਅਕਾਲ ਬੇਪਰਵਾਹਿਆ । ਕਲਜੁਗ ਅੰਤਮ ਆਵੇ ਤਰਨੀ ਤਰਨਾ, ਗੁਰਮੁਖ ਸਾਚੇ ਲਏ ਤਰਾਇਆ । ਨਿਰਭੌ ਹੋਏ ਕਦੇ ਨਾ ਡਰਨਾ, ਭੈ ਸ੍ਰਿਸ਼ਟ ਸਬਾਈ ਰਿਹਾ ਵਖਾਈਆ । ਆਦਿ ਜੁਗਾਦੀ ਜਿਸ ਘਾੜਨ ਘੜਨਾ, ਸੋ ਭਾਂਡੇ ਰਿਹਾ ਭੰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸੁਣਾਇਆ । ਛੋਟਾ ਬਾਲਾ ਕਹੇ ਪੁਕਾਰ, ਹਰਿ ਪੁਰਖ ਸੁਣਾਈਆ । ਮੇਰੇ ਨਾਲ ਕਰ ਇਕਰਾਰ, ਕੀਤਾ ਕੌਲ ਭੁੱਲ ਨਾ ਜਾਈਆ । ਕਲਜੁਗ ਆਵੇਂ ਅੰਤਮ ਵਾਰ, ਨਿਰਗੁਣ ਨੂਰ ਲਵੇਂ ਪਰਗਟਾਈਆ । ਮੇਰਾ ਮੇਲਾ ਮੇਲੇਂ ਵਿਚ ਸੰਸਾਰ, ਆਪਣੀ ਧਾਰ ਧਾਰ ਵਿਚ ਛੁਪਾਈਆ । ਸਾਚੇ ਭਗਤਾਂ ਕਰੇਂ ਪਿਆਰ, ਮੇਰਾ ਬੰਸ ਬਣਾਈਆ । ਰਾਹ ਤੱਕਣ ਜੁਗ ਚਾਰ, ਨੇਤਰ ਨੈਣ ਉਠਾਈਆ । ਕੋਟਨ ਕੋਟ ਬੀਤਣ ਕਾਲ, ਥਿਰ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰ ਸੇਵਾਦਾਰ, ਜੁਗ ਜੁਗ ਸੇਵ ਕਮਾਈਆ । ਨਾਨਕ ਨਿਰਗੁਣ ਕਰੇ ਪੁਕਾਰ, ਮਹਾਂਬਲੀ ਉਤਰੇ ਆਏ ਵਾਹੋ ਦਾਹੀਆ । ਗੋਬਿੰਦ ਤੱਕਿਆ ਇਕ ਸਹਾਰ, ਪੁਰਖ ਅਬਿਨਾਸ਼ੀ ਸਭ ਦਾ ਲੇਖਾ ਦਏ

ਮੁਕਾਈਆ । ਮੈਂ ਕਰਾਂ ਤੇਰਾ ਪਿਆਰ, ਨੇਤਰ ਤੇਰੇ ਦਰਸਨ ਪਾਈਆ । ਸਚਖੰਡ ਦਿਸੇ ਨਾ ਕੋਇ ਦਰਬਾਰ, ਲੋਕਮਾਤ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਢਹਿ ਕੇ ਜਾਣਾ ਦਰ, ਬਿਨ ਤੇਰੇ ਦਰ ਨਾ ਕੋਈ ਮੇਰੀ ਵਡਿਆਈਆ । ਏਕਾ ਵਰ ਦੇ ਭਗਵਾਨ, ਮੈਂ ਸਾਚੀ ਮੰਗ ਮੰਗਾਈਆ । ਏਥੇ ਝੁੱਲੇ ਤੇਰਾ ਸਤਿ ਨਿਸ਼ਾਨ, ਲੋਕਮਾਤ ਨਜ਼ਰ ਨਾ ਆਈਆ । ਏਥੇ ਵੇਸ ਸ਼ਾਹ ਸੁਲਤਾਨ, ਸੀਸ ਆਪਣੇ ਤਾਜ ਟਿਕਾਈਆ । ਏਥੇ ਹੋਵੇਂ ਹੁਕਮਰਾਨ, ਧੁਰ ਫ਼ਰਮਾਣਾ ਹੁਕਮ ਸੁਣਾਈਆ । ਏਥੇ ਵਸੇਂ ਸਚਖੰਡ ਮਕਾਨ, ਸਚ ਸਿੰਘਾਸਣ ਆਸਣ ਲਾਈਆ । ਓਥੇ ਦੱਸ ਤੇਰਾ ਕੀ ਨਿਸ਼ਾਨ, ਕਿਸ ਬਿਧ ਆਪਣਾ ਨਾਮ ਲਏਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਇਕੋ ਆਸ ਰਖਾਈਆ । ਇਕੋ ਆਸ ਲਈ ਰੱਖ, ਮੇਰੇ ਮਿਹਰਵਾਨਾ । ਕਿਵੇਂ ਰੂਪ ਹੋਏਂ ਪਰਤੱਖ, ਲੋਕਮਾਤ ਮਾਤ ਪਰਧਾਨਾ । ਕਵਣ ਬਿਧ ਭਗਤਾਂ ਕਰੇਂ ਪੱਖ, ਦੇਵੇਂ ਨਾਮ ਗੁਣ ਨਿਧਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਕਵਣ ਨਗਰ ਡੇਰਾ ਲਾਉਣਾ । ਪੁਰਖ ਅਬਿਨਾਸ਼ੀ ਖੋਲ੍ਹੇ ਭੇਤ, ਆਪਣਾ ਭੇਵ ਖੁਲ੍ਹਾਈਆ । ਤੇਰੇ ਸੰਗ ਕਰਾਂ ਹੇਤ, ਆਪਣਾ ਮੇਲ ਮਿਲਾਈਆ । ਜਨ ਭਗਤਾਂ ਵੇਖਾਂ ਕਾਇਆ ਖੇਤ, ਅਕਾਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਸਮਝਾਈਆ । ਆਪਣਾ ਲੇਖਾ ਦੱਸੇ ਹਾਲ, ਹਰਿ ਜੂ ਦਇਆ ਕਮਾਇੰਦਾ । ਕਲਜੁਗ ਅੰਤਮ ਖੇਲ ਮਹਾਨ, ਨਿਰਗੁਣ ਵੇਸ ਵਟਾਇੰਦਾ । ਤੇਰੀ ਪ੍ਰੀਤੀ ਨਿਭੇ ਨਾਲ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਗੁਰਮੁਖ ਸਾਚੇ ਲਏ ਪਛਾਣ, ਲੱਖ ਚੁਰਾਸੀ ਵੇਖ ਵਖਾਇੰਦਾ । ਆਪਣੀ ਕਿਰਪਾ ਦੇਵੇ ਦਾਨ, ਅਭਿਆਸ ਜੋਗ ਨਾ ਕੋਈ ਕਰਾਇੰਦਾ । ਧੂੜੀ ਬਖ਼ਸ਼ੇ ਇਕ ਇਸ਼ਨਾਨ, ਦੁਰਮਤ ਮੈਲ ਧੁਵਾਇੰਦਾ । ਦਰਸ਼ਨ ਦੇਵੇ ਦਰ ਘਰ ਆਣ, ਤ੍ਰਿਖਾ ਭੁੱਖ, ਮਿਟਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭੇਵ ਕੋਇ ਨਾ ਪਾਇੰਦਾ । ਪਹਿਲੋਂ ਬਣਾਏ ਸਚ ਨਿਸ਼ਾਨ, ਲੋਕਮਾਤ ਚੜ੍ਹਾਇੰਦਾ । ਸਤਿ ਸਤਿਵਾਦੀ ਇਕ ਧਿਆਨ, ਏਕਾ ਘਰ ਵਖਾਇੰਦਾ । ਪੰਚਮ ਮੁਖ ਕਰ ਪਰਵਾਨ, ਪੰਚਮ ਤਾਜ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਆਪ ਉਠਾਇੰਦਾ । ਆਪਣਾ ਪੜਦਾ ਦੇਵੇ ਲਾਹ, ਰੱਖੇ ਮਾਣ ਵਡਿਆਈਆ । ਭਗਤ ਭਗਵੰਤ ਲਏ ਜਗਾ, ਨੇਤਰ ਨੈਣ ਖੁਲ੍ਹਾਈਆ । ਸਾਚੀ ਸੰਗਤ ਲਏ ਬਣਾ, ਹਰਿ ਸੰਗਤ ਨਾਉਂ ਰਖਾਈਆ । ਏਕਾ ਸੰਗਤ ਵਿਚ ਲਏ ਬਹਾ, ਆਪਣੀ ਹੱਥੀਂ ਸੇਵ ਕਮਾਈਆ । ਮੰਗਤ ਬਣੇ ਬੇਪਰਵਾਹ, ਅੱਗੇ ਆਪਣੀ ਝੋਲੀ ਡਾਹੀਆ । ਭੁਖਾਂ ਨੰਗਾ ਲਭੇ ਥਾਂ, ਪੁਰਖ ਅਬਿਨਾਸ਼ੀ ਫੇਰਾ ਪਾਈਆ । ਹਉਮੇਂ ਹੰਗਤਾ ਗੜ੍ਹ ਤੁੜਾ, ਏਕਾ ਵਾਰ ਦਰਸਾਈਆ । ਹੰ ਬ੍ਰਹਮ ਭੇਵ ਚੁਕਾ, ਕਰ ਪ੍ਰੇਮ ਮਿਲਾਈਆ । ਸਤਿਜੁਗ ਢੋਲਾ ਸਾਚਾ ਗਾ, ਪਿਛਲੀ ਕਰੇ ਸਫ਼ਾਈਆ । ਸਭ ਦਾ ਹੌਲਾ ਭਾਰ ਦਏ ਕਰਾ, ਖਾਲ੍ਹੀ ਹੱਥ ਫਰਾਈਆ । ਅੰਤਮ ਡੋਲਾ ਕੋਈ ਚੁਕੇ ਨਾ, ਚਾਰ ਜੁਗ ਦੇਣ ਦੁਹਾਈਆ । ਸਾਚਾ ਸੋਹਲਾ ਕੋਈ ਨਾ ਸਕੇ ਗਾ, ਭੁਲਿਆ ਬੇਪਰਵਾਹੀਆ । ਭੋਲੇ ਭਾਲੇ ਲਏ ਮਿਲਾ, ਗੁਰਮੁਖ ਆਪਣੇ ਆਪ ਜਗਾਈਆ । ਸ੍ਰਿਸ਼ਟ ਸਬਾਈ ਵਿਚੋਂ ਲਏ ਉਠਾ, ਸੁੱਤਿਆਂ ਜਾਗ ਨਾ ਕਿਸੇ ਖੁਲ੍ਹਾਈਆ । ਮਨਮੁਖਾਂ ਦਰ ਦਏ ਦੁਰਕਾ, ਲਹਿਣਾ ਦੇਣਾ ਆਪਣੇ ਹੱਥ ਰਖਾਈਆ । ਸੁਤ ਸ਼ਬਦ ਤੇਰੀ ਆਸਾ ਪੂਰੀ ਦਏ ਕਰਾ, ਤੇਰੀ ਤ੍ਰਿਸਨਾ ਭੁੱਖ ਮਿਟਾਈਆ । ਜਿਵੇਂ ਸਚਖੰਡ ਦੁਆਰ ਲਿਆ ਬਣਾ, ਇਕ ਘਰ ਤ੍ਰੈ ਤ੍ਰੈ ਵੰਡ ਵੰਡਾਈਆ । ਪਹਿਲੋਂ ਘਰ ਚਰਨ ਟਿਕਾ, ਦੂਜੇ ਨੇਤਰ ਨੈਣ ਰੁਸ਼ਨਾਈਆ । ਤੀਜੇ ਸੀਸ

ਰਿਹਾ ਤਾਜ਼ ਟਿਕਾ, ਏਕਾ ਕਰੇ ਸੱਚੀ ਸ਼ਹਿਨਸ਼ਾਹੀਆ । ਚੌਥੇ ਚਰਨਾਂ ਹੇਠ ਦਬਾ, ਚਾਰ ਕੁੰਟਾਂ ਵੇਖ ਵਖਾਈਆ । ਸ਼ਬਦੀ ਵਿਸ਼ਨ ਬ੍ਰਹਮਾ ਸ਼ਿਵ ਏਕਾ ਧਾਰ ਬਨ੍ਹਾ, ਚਾਰ ਚਾਰ ਕੁੜਮਾਈਆ । ਚਾਰੇ ਵੇਦ ਆਪ ਸੁਣਾ, ਆਪਣਾ ਹੁਕਮ ਵਰਤਾਈਆ । ਕਲਜੁਗ ਅੰਤਮ ਸਚਖੰਡ ਦੁਆਰਾ ਲਏ ਬਣਾ, ਜਨ ਭਗਤਾਂ ਦਏ ਮਾਣ ਵਡਿਆਈਆ । ਬਹੱਤਰ ਨਾੜੀ ਤਾਣਾ ਪੇਟਾ ਜੋ ਲਿਆ ਰਚਾ, ਬਹੱਤਰ ਦੇਵਾਂ ਇਕ ਸਰਨਾਈਆ । ਸਾਤਾ ਸਤਿ ਸਤਿਵਾਦੀ ਖੇਲ ਕਰਾ, ਸਿਫ਼ਰਾ ਅੱਗੇ ਜੋੜ ਜੁੜਾਈਆ । ਸੱਤਰ ਲਿਖਿਆ ਸਹਿਜ ਸੁਭਾ, ਸੋ ਪੁਰਖ ਨਿਰੰਜਣ ਪੂਰ ਕਰਾਈਆ । ਅੰਤ ਸਿਫ਼ਰਾ ਅੱਗੋਂ ਦਏ ਉਠਾ, ਸਤਿਵਾਦੀ ਆਪਣਾ ਨਾਉਂ ਧਰਾਈਆ । ਸ੍ਰਿਸ਼ਟੀ ਸਾਰੀ ਹੋਈ ਫ਼ਨਾਹ, ਨਜ਼ਰ ਕੋਇ ਨਾ ਆਈਆ । ਪੀਰ ਪੈਗ਼ੰਬਰ ਨਾ ਦੇਵੇ ਕੋਈ ਪਨਾਹ, ਗੁਰ ਅਵਤਾਰ ਮੁਖ ਸ਼ਰਮਾਈਆ । ਚਾਰ ਜੁਗ ਦੀ ਕਿਰਿਆ ਦਏ ਮਿਟਾ, ਪਿਛਲੀ ਮੁਕੇ ਸਰਬ ਪੜ੍ਹਾਈਆ । ਅੱਗੇ ਆਪਣਾ ਨਾਮ ਧਰਾ, ਪੁਰਖ ਅਕਾਲ ਦਏ ਸਾਲਾਹੀਆ । ਏਕਾ ਇਸ਼ਟ ਦਏ ਵਖਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸਭ ਦਾ ਝੇੜਾ ਦਏ ਮੁਕਾ, ਹਿੰਦੂ ਮੁਸਲਮ ਸਿੱਖ ਨਾ ਕੋਇ ਅਖਵਾਈਆ । ਚਾਰੇ ਵਰਨ ਦਏ ਖਪਾ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਰਹਿਣ ਨਾ ਪਾਈਆ । ਏਕਾ ਮੰਦਰ ਦਏ ਵਖਾ, ਜਿਥੇ ਵਸੇ ਹਰਿ ਰਘੁਰਾਈਆ । ਕੋਈ ਪਾਂਧਾ ਪੱਤਰੀ ਨਾ ਸਕੇ ਖੁਲ੍ਹਾ, ਮਸਤਕ ਤਿਲਕ ਨਾ ਕੋਈ ਲਗਾਈਆ । ਕੋਈ ਜੰਞੂ ਨਾ ਰਿਹਾ ਵਖਾ, ਧਰਤੀ ਬੇੜਾ ਨਾ ਕੋਇ ਬੰਧਾਈਆ । ਹੱਥ ਯੰਤਰੀ ਨਾ ਰਿਹਾ ਉਠਾ, ਕੁੰਡਲ ਰੇਖ ਨਾ ਕੋਇ ਵਖਾਈਆ । ਨਾ ਕੋਈ ਰਿਹਾ ਹਿਸਾਬ ਲਗਾ, ਨਛੱਤਰ ਗ੍ਰਹਿ ਨਾ ਵੰਡ ਵੰਡਾਈਆ । ਸੂਰਜ ਚੰਦ ਨਾ ਕੋਈ ਰਿਹਾ ਸੀਸ ਝੁਕਾ, ਜਲ ਪਾਣੀ ਨਾ ਭੇਟ ਚੜ੍ਹਾਈਆ । ਤੇਰੀ ਮੰਨਤ ਨਾ ਕੋਈ ਰਿਹਾ ਮਨਾ, ਸਰੋਵਰ ਤਾਰੀ ਕੋਇ ਨਾ ਲਾਈਆ । ਤਸਬੀ ਮਾਲਾ ਨਾ ਕੋਈ ਦਿਤੀ ਫੜਾ, ਮਨ ਕਾ ਮਣਕਾ ਨਾ ਕੋਇ ਭੁਵਾਈਆ । ਬਸਤਰ ਪੀਲੇ ਨਾ ਦਏ ਰੰਗਾ, ਨਿਹਕਲੰਕ ਨੇੜ ਨਾ ਕੋਇ ਰਖਾਈਆ । ਪਟਕਾ ਸੀਸ ਦਿਤਾ ਬੰਧਾ, ਅਲਫ਼ੀ ਨਜ਼ਰ ਨਾ ਕੋਇ ਆਈਆ । ਲਬ ਦਿਤੀ ਨਾ ਕਿਸੇ ਕਟਾ, ਦਾੜ੍ਹੀ ਮੁਛ ਨਾ ਮੂੰਡ ਮੁੰਡਾਈਆ । ਕਲਮਾ ਦਿਤਾ ਨਾ ਕਿਸੇ ਪੜ੍ਹਾ, ਸਯਦਾ ਕਰੇ ਨਾ ਕੋਇ ਟਿਕਾਈਆ । ਮਸੱਲਾ ਦਿਤਾ ਨਾ ਕੋਇ ਵਛਾ, ਵੁਜ਼ੂ ਬਾਂਗ ਨਾ ਕੋਇ ਲਗਾਈਆ । ਕੰਨਾਂ ਵਿਚ ਨਾ ਦੇਣ ਅਜ਼ਾਂ, ਨਾ ਕੋਈ ਮੰਗੇ ਖ਼ੁਦਾਈਆ । ਛਾਤੀ ਉਪਰ ਗੋਡੇ ਆਪਣੇ ਨਾ ਲਏ ਝੁਕਾ, ਨੱਕ ਖ਼ਾਕ ਨਾਲ ਨਾ ਕੋਇ ਰਗੜਾਈਆ । ਨਿਡਰ ਹੋਇਆ ਬੇਪਰਵਾਹ, ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਾ ਕੋਇ ਮੰਤਰ ਰਿਹਾ ਪੜ੍ਹਾ, ਨਾ ਕੋਇ ਆਹੁਤੀ ਰਿਹਾ ਪਾਈਆ । ਨਾ ਕੋਈ ਜਵਾਲਾ ਰਿਹਾ ਮਨਾ, ਨਾ ਕੋਈ ਜੋਤ ਕਰੇ ਰੁਸ਼ਨਾਈਆ । ਨਾ ਕੋਈ ਸ਼ੰਕਰ ਸੰਧੂਰ ਰਿਹਾ ਲਗਾ, ਨਾ ਕੋਇ ਬ੍ਰਹਮਾ ਵਡ ਵਡਿਆਈਆ । ਨਾ ਕੋਈ ਵਿਸ਼ਨੂੰ ਰਿਹਾ ਮਨਾ, ਦੋਏ ਦੋਏ ਜੋੜ ਪਏ ਸਰਨਾਈਆ । ਨਾ ਕੋਈ ਪੂਜਾ ਪਾਠ ਰਿਹਾ ਕਰਾ, ਪੰਜ ਵੇਲੇ ਨਿਮਾਜ਼ ਨਾ ਕੋਇ ਪੜ੍ਹਾਈਆ । ਨਾ ਕੋਈ ਸਰਘੀ ਵੇਲਾ ਰਿਹਾ ਉਠਾ, ਖਿਜ਼ਰ ਨਿਝਰ ਵੇਲਾ ਨਾ ਕੋਇ ਜਣਾਈਆ । ਹਿਜ਼ਰੀ ਆਪਣਾ ਹਜ ਕਰੇ ਆਪੇ ਬੇਪਰਵਾਹ, ਫਿਕਰਾ ਫਿਕਰ ਨਾ ਕੋਇ ਰਖਾਈਆ । ਨਾ ਕੋਈ ਸੰਖ ਲਿਆ ਵਜਾ, ਕੂਕ ਕੂਕ ਨਾ ਕੋਈ ਸੁਣਾਈਆ । ਆਸਾ ਵਾਰ ਨਾ ਰਿਹਾ ਲਗਾ, ਸਭ ਦੀ ਪੂਰੀ ਆਸ ਕਰਾਈਆ । ਬਿਨ ਪੜ੍ਹਿਆਂ ਬਿਨ ਪਾਣੀ ਠਰਿਆ ਬਿਨ ਅਗਨੀ ਸੜਿਆ ਸਭ ਦੇ ਦੁਖੜੇ ਦਏ ਗਵਾ, ਉਜਲ ਮੁਖੜੇ ਦੇ ਕਰਾ, ਬਖ਼ਸ਼ੇ ਸਰਬ ਸੱਚੀ ਸਰਨਾਈਆ । ਜੁਗ ਜੁਗ ਦੇ ਭੁੱਖੜੇ ਦਏ ਰਜ਼ਾ, ਏਕਾ ਅੰਮ੍ਰਿਤ ਜਾਮ ਪਿਆਈਆ । ਰੁਲਦੇ ਫਿਰਦੇ ਆਪਣੀ

ਗੋਦੀ ਲਏ ਉਠਾ, ਗੁਰਮੁਖ ਬਾਲ ਅਵਾਣੇ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਡਤ ਪਾਧੇ ਮੁੱਲਾਂ
ਸ਼ੇਖ਼ ਗ੍ਰੰਥੀ ਪੰਥੀ ਪੁੱਟੀ ਮੇਖ਼, ਸਾਚੀ ਵਿਦਿਆ ਏਕਾ ਏਕ ਪੜ੍ਹਾਈਆ । ਸਾਚੀ ਵਿਦਿਆ ਹਰਿ ਜੂ ਢੋਲਾ, ਏਕਾ ਆਖ ਸੁਣਾਇੰਦਾ । ਜਿਸ ਵਖਾਇਆ
ਗੋਬਿੰਦ ਹੋਲਾ, ਸੋ ਆਪਣਾ ਸੁਤ ਨਾਲ ਰਲਾਇੰਦਾ । ਨਿਰਗੁਣ ਤੋਲਾ ਨਾਨਕ ਨਾਮ ਸਚ ਦੁਆਰਾ ਇਕੋ ਖੋਲ੍ਹਾ, ਹਰਿ ਸ਼ਬਦੀ ਸੁਤ ਵਸਾਇੰਦਾ ।
ਆਪੇ ਬਣਿਆ ਭਾਲਾ ਭੋਲਾ, ਦਿਸ ਕਿਸੇ ਨਾ ਆਇੰਦਾ । ਪੰਜ ਤੱਤ ਅੰਦਰ ਕਰਿਆ ਉਹਲਾ, ਪੂਰਨ ਕਹਿ ਕਹਿ ਨਾਮ ਸੁਣਾਇੰਦਾ । ਵੇਖੋ ਹਰਿ
ਜੀ ਖੇਲ ਖੇਲਾ, ਗੋਬਿੰਦ ਭੌ ਚੁਕਾਇੰਦਾ । ਚਾਰੋਂ ਕੁੰਟ ਪੈਂਦਾ ਰੌਲਾ, ਹਰਿ ਹਰਿ ਨਜ਼ਰ ਕਿਸੇ ਨਾ ਆਇੰਦਾ । ਸਿਖ ਕਹਿੰਦੇ ਸਾਡੇ ਨਾਲ ਕਰ
ਕੇ ਗਿਆ ਕੌਲਾ, ਅੰਤਮ ਕਲ ਮੇਲ ਮਿਲਾਇੰਦਾ । ਪੰਡਤ ਕਹਿੰਦੇ ਬ੍ਰਹਿਮਣ ਗੌੜ ਉਚੇ ਟਿੱਲੇ ਪਰਬਤ ਵਸਿਆ ਓਹਲਾ, ਆਪਣਾ ਪੜਦਾ ਪਾਇੰਦਾ ।
ਮੁੱਲਾ ਸ਼ੇਖ਼ ਕਹਿੰਦੇ ਸਾਡਾ ਮੌਲਾ, ਇਕ ਅਮਾਮ ਵੇਸ ਵਟਾਇੰਦਾ । ਪੁਰਖ ਅਬਿਨਾਸ਼ੀ ਕਹੇ ਮੈਂ ਸਭ ਤੋਂ ਵਸਾਂ ਉਹਲਾ, ਬਿਨ ਭਗਤਾਂ ਹੱਥ ਕਿਸੇ
ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਸੱਜਣ ਤੇਰਾ ਕਰੇ ਵਿਹਾਰ, ਲੋਕਮਾਤ ਹਰਿ ਸਾਚੀ ਕਾਰ, ਸਚ
ਦੁਆਰਾ ਅਗੰਮ ਅਪਾਰ, ਪੁਰਖ ਅਬਿਨਾਸ਼ੀ ਆਪ ਬਣਾਇੰਦਾ । ਆਦਿ ਬਣਾਇਆ ਸਚਖੰਡ, ਸਚ ਸਚ ਵੱਜੇ ਵਧਾਈਆ । ਕਲਜੁਗ ਅੰਤ ਵਿਚ
ਵਰਭੰਡ, ਪੁਰਖ ਅਬਿਨਾਸ਼ੀ ਕਰੇ ਰੁਸ਼ਨਾਈਆ । ਜਨ ਭਗਤਾਂ ਵੰਡੀ ਇਕੋ ਵੰਡ, ਪਿਛਲਾ ਲੇਖਾ ਪੂਰ ਕਰਾਈਆ । ਅੰਦਰ ਅੰਦਰ ਵੜੇ ਸਾਹਿਬ
ਬਖ਼ਸ਼ਿੰਦ, ਬਿਨ ਪੁਛਿਆਂ ਅੱਗੇ ਲੰਘ ਕਦੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਧਾਰ ਆਦਿ ਜੁਗਾਦੀ
ਕਾਰ, ਸਾਰ ਆਪਣੇ ਹੱਥ ਰਖਾਈਆ । ਸਾਰ ਸ਼ਬਦ ਤੇਰੀ ਸਾਰੀ ਲਏ ਸਾਰ, ਸਾਰ ਕੋਇ ਨਾ ਪਾਇੰਦਾ । ਚਾਰ ਜੁਗ ਹੱਦ, ਸ਼ਬਦੋ ਸ਼ਬਦੀ
ਖੇਲ ਖਿਲਾਇੰਦਾ । ਸਾਰ ਸ਼ਬਦ ਰੱਖੇ ਸਭ ਨੂੰ ਬਾਹਰ, ਆਪਣੇ ਵਿਚ ਛੁਪਾਇੰਦਾ । ਕਲਜੁਗ ਅੰਤਮ ਕਰ ਤਿਆਰ, ਭਗਤਾਂ ਝੋਲੀ ਪਾਇੰਦਾ ।
ਦਰਗਾਹ ਉਪਰ ਹੋਏ ਤੇਰਾ ਵਿਹਾਰ, ਬਿਨ ਤੇਰੇ ਨਾ ਕਿਸੇ ਸਿਖਾਇੰਦਾ । ਮੇਰੇ ਭਗਤ ਤੇਰਾ ਕਰਨ ਦੀਦਾਰ, ਤੇਰੀ ਈਦ ਚੰਦ ਖ਼ੁਸ਼ੀ ਮਨਾਇੰਦਾ ।
ਤੇਰੀ ਗਫ਼ਲਤ ਹੋਈ ਬੇਦਾਰ, ਦਰਦੀਆਂ ਦਰਦ ਵੰਡਾਇੰਦਾ । ਤੇਰੀ ਉਲਫ਼ਤ ਕਰ ਕਰ ਥੱਕਾ ਸੰਸਾਰ, ਤੂੰ ਉਲਫ਼ਤ ਵਿਚ ਕਦੇ ਨਾ ਆਇੰਦਾ ।
ਤੂੰ ਜਗਤ ਮੁਹੱਬਤ ਤੋਂ ਵਸਿਆ ਬਾਹਰ, ਤੇਰਾ ਭੇਵ ਕੋਇ ਨਾ ਪਾਇੰਦਾ । ਤੇਰਾ ਕਲਬੂਤ ਨਾ ਕੋਈ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਸ਼ਬਦ ਸੁਤ ਵੇਖ ਮਨਾਰਾ, ਛੱਬੀ ਪੋਹ ਖ਼ੁਸ਼ੀ ਮਨਾਈਆ । ਵਾਹਵਾ ਕੁਦਰਤ ਤੇਰੀ ਮੇਰੇ ਪਰਵਰਦਿਗਾਰਾ,
ਬੇਐਬ ਤੇਰੀ ਖ਼ੁਦਾਈਆ । ਤੇਰੇ ਭਗਤਾਂ ਵੇਖਿਆ ਕਰਿਆ ਦੀਦਾਰਾ, ਦ੍ਰਿਸ਼ਟ ਇਸ਼ਟ ਨਾਲ ਮਿਲਾਈਆ । ਤੂੰ ਢਾਡੀ ਬਣ ਬਣ ਗਾਵੇਂ ਵਾਰਾਂ, ਜੁਗ
ਜੁਗ ਆਪਣੀ ਸਿਫ਼ਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ
ਵਰ, ਸਚ ਮੁਨਾਰਾ ਇਕੋ ਇਕ ਵਖਾਈਆ । ਸਚ ਮੁਨਾਰਾ ਇਕੋ ਰਹਿਣਾ, ਏਕਾ ਏਕ ਸੁਹਾਈਆ । ਹਰਿ ਕਾ ਮੰਨਣਾ ਸਭ ਨੇ ਕਹਿਣਾ, ਭੁੱਲ
ਕੋਇ ਨਾ ਜਾਈਆ । ਬ੍ਰਹਿਮੰਡ ਖੰਡ ਸਰਬ ਢਹਿਣਾ, ਖ਼ਾਕੀ ਖ਼ਾਕ ਉਡਾਈਆ । ਅੰਤ ਭਗਤ ਭਗਵੰਤ ਇਕੱਠੇ ਹੋ ਕੇ ਬਹਿਣਾ, ਵੱਜੇ ਸਦਾ ਵਧਾਈਆ ।
ਏਥੇ ਓਥੇ ਓਥੇ ਏਥੇ ਇਕ ਦੂਜੇ ਦੇ ਦਰਸਨ ਕਰਨੇ ਨੈਣਾ, ਨੇਤਰ ਨੇਤਰ ਨਾਲ ਮਿਲਾਈਆ । ਇਹ ਹਰਿ ਸੰਗਤ ਬਣੀ ਭਾਈ ਭੈਣਾ, ਪੁਰਖ ਅਬਿਨਾਸ਼ੀ

ਮੇਲ ਮਿਲਾਈਆ । ਚਾਰ ਵਰਨ ਦਾ ਚੁਕਿਆ ਲਹਿਣਾ ਦੇਣਾ, ਊਚ ਨੀਚ ਨਾ ਕੋਇ ਰਖਾਈਆ । ਪਾਓ ਨੇਤਰ ਨਾਮ ਸਾਚਾ ਗਹਿਣਾ, ਤਨ ਬਸਤਰ ਦਏ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਵਾਹ ਭਗਤ ਤੂੰ ਵੱਡਾ ਵਡ, ਹਰਿ ਵੱਡਾ ਆਪ ਵਡਿਆਇੰਦਾ । ਜਿਸ ਸਚਖੰਡ ਦੁਆਰਿਉਂ ਲਿਆਂਦਾ ਕੱਢ, ਆਪਣੀ ਸੇਵਾ ਲਾਇੰਦਾ । ਜਿਸ ਆਦਿ ਬਣਾਈ ਆਪਣੀ ਯੱਦ, ਸੋ ਅੰਤਮ ਬੰਸ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਭਗਤ ਦੁਆਰੇ ਆਪ ਬਹਾਇੰਦਾ । ਭਗਤ ਦੁਆਰੇ ਭਗਤ ਬਹਿਣ, ਹਰਿ ਹਰਿ ਖੇਲ ਕਰਾਇਆ । ਇਕ ਦੂਜੇ ਨੂੰ ਉਠ ਉਠ ਕਹਿਣ, ਹਰਿ ਕਾ ਭੇਵ ਕਿਸੇ ਨਾ ਪਾਇਆ । ਕੀ ਪਤਾ ਕੀ ਦੇਵੇ ਦੇਣ, ਦੇਵਣਹਾਰ ਇਕੋ ਆਇਆ । ਸਾਡੀ ਇਕੋ ਭਗਤੀ ਦਰਸਨ ਕੀਤਾ ਨੈਣ, ਪੂਜਾ ਪਾਠ ਨਾ ਕੋਇ ਵਖਾਇਆ । ਧੰਨ ਭਾਗ ਪ੍ਰਭ ਆਇਆ ਲੈਣ, ਆਪਣੀ ਡੋਲੀ ਲਏ ਬਹਾਇਆ । ਗੁਰਮੁਖ ਤੈਨੂੰ ਕੋਈ ਨਾ ਪਾਵੇ ਵੈਣ, ਤੇਰੇ ਸੀਸ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਦੁਆਰੇ ਭਗਤ ਸੁਹਾਇਆ । ਵਾਹ ਭਗਤ ਤੇਰਾ ਵਡ ਬਲ, ਬਲ ਬਾਵਨ ਮਿਲੀ ਵਡਿਆਈਆ । ਜਿਸ ਨੂੰ ਛਲਿਆ ਕਰਕੇ ਛਲ, ਸੋ ਅਛਲ ਅਛੱਲ ਬਣ ਕੇ ਆਇਆ ਪਾਂਧੀ ਰਾਹੀਆ । ਜਿਸ ਦੀ ਆਦਿ ਜੁਗਾਦਿ ਜੁਗ ਜੁਗ ਸੁਣਦੇ ਰਹੇ ਗੱਲ, ਸੋ ਗਲਵਕੜੀ ਰਿਹਾ ਪਾਈਆ । ਜਿਸ ਦਾ ਸਵਾਲ ਕਿਸੇ ਕੋਲੋਂ ਨਾ ਹੋਇਆ ਹੱਲ, ਸੋ ਗੁਰਮੁਖਾਂ ਹੱਲ ਸਵਾਲ ਕਰਾਈਆ । ਜਿਸ ਦੇ ਅੰਦਰ ਬਿਨ ਨਾਨਕ ਨਾ ਕੋਈ ਗਿਆ ਰਲ, ਸੋ ਗੁਰਮੁਖਾਂ ਅੰਦਰ ਰਲ ਰਲ ਆਪਣੀ ਖ਼ੁਸ਼ੀ ਮਨਾਈਆ । ਜਿਸ ਦਾ ਪੀਰ ਪੈਗ਼ੰਬਰ ਲੱਭਦੇ ਗਏ ਫਲ, ਸੋ ਗ਼ਰੀਬ ਨਿਮਾਣਿਆਂ ਘਰ ਘਰ ਆ ਫਲ ਖੁਵਾਈਆ । ਜਿਸ ਦੇ ਕੋਲੋਂ ਮੰਗਦੇ ਗਏ ਬਲ, ਸੋ ਬਲ ਧਾਰੀ ਗੁਰਮੁਖਾਂ ਦੇਵੇ ਮਾਣ ਵਡਿਆਈਆ । ਜਿਸ ਨੂੰ ਕਹਿੰਦੇ ਰਮਿਆ ਜਲ ਥਲ, ਸੋ ਗੁਰਮੁਖਾਂ ਅੰਦਰ ਡੇਰਾ ਲਾਈਆ । ਕਲਜੁਗ ਅੰਤਮ ਨਿਰਧਨਾਂ ਹੋਇਆ ਵਲ, ਨਿਰੰਕਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਦਇਆ ਕਮਾਈਆ । ਦਇਆ ਕਮਾਏ ਦੀਨ ਹਰਿ ਦਾਤਾ, ਭਗਤ ਮਾਣ ਵਡਿਆਈਆ । ਅੰਤਮ ਆ ਕੇ ਪੁਛੇ ਵਾਤਾ, ਨਿਰਗੁਣ ਫੇਰਾ ਪਾਈਆ । ਇਕੋ ਘਰ ਸੁਣਾਏ ਸਾਚਾ ਸਾਕਾ, ਏਕਾ ਨਾਮ ਵਡਿਆਈਆ । ਅੰਤਮ ਪੜਦਾ ਹਰਿ ਜੂ ਢਾਕਾ, ਸਿਰ ਆਪਣਾ ਹੱਥ ਰਖਾਈਆ । ਉਤੇ ਚੜ੍ਹ ਕੇ ਬਣਿਆ ਰਹੇ ਰਾਖਾ, ਦਿਵਸ ਰੈਣ ਸੇਵ ਕਮਾਈਆ । ਏਥੇ ਓਥੇ ਗਾਵੇ ਗਾਥਾ, ਜਨ ਭਗਤਾਂ ਰਿਹਾ ਸਲਾਹੀਆ । ਨੌਂ ਸੌ ਚੁਰਾਨਵੇ ਚੌਕੜੀ ਯੁਗ ਸਭ ਤੋਂ ਟਿਕਾਉਂਦਾ ਰਿਹਾ ਮਾਥਾ, ਕਲਜੁਗ ਅੰਤਮ ਆਪਣਾ ਸੀਸ ਭਗਤਾਂ ਅੱਗੇ ਝੁਕਾਈਆ । ਮੇਲ ਮਿਲਾਇਆ ਪਿਤਾ ਪਿਤ ਮਾਤਾ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਕਲਜੁਗ ਮਿਟੀ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਜਿਸ ਅੰਮ੍ਰਿਤ ਪਿਆਇਆ ਫੜ ਕੇ ਬਾਟਾ, ਸੋ ਵੇਖੇ ਚਾਈਂ ਚਾਈਆ । ਚਾਰੋਂ ਕੁੰਟ ਪਿਆ ਘਾਟਾ, ਏਕਾ ਰੂਪ ਨਜ਼ਰ ਕਿਸੇ ਨਾ ਆਈਆ । ਬਾਲੂ ਰੇਤ ਅੰਦਰ ਰਲਿਆ ਆਟਾ, ਨਾ ਕੋਈ ਸਕੇ ਬਾਹਰ ਕਢਾਈਆ । ਅੰਤਮ ਰਾਏ ਧਰਮ ਤੋਂ ਖੁਲ੍ਹਾਵੇ ਖਾਤਾ, ਆਪਣਾ ਹੁਕਮ ਸੁਣਾਈਆ । ਗੁਰ ਅਵਤਾਰ ਕਰਨ ਬਾਤਾਂ, ਇਕ ਦੂਜੇ ਹਾਲ ਸੁਣਾਈਆ । ਅਸੀਂ ਦੀਨ ਮਜ਼੍ਹਬ ਦੇ ਦੇ ਆਏ ਦਾਤਾਂ, ਜਗਤ ਵੰਡ ਵੰਡਾਈਆ । ਅੰਤ ਤੋੜਨ ਆਇਆ ਨਾਤਾ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਮਿਲੀ ਵਡਿਆਈਆ । ਹਰਿ

ਭਗਤ ਤੇਰਾ ਪੂਜਾ ਪਾਠ, ਹਰਿ ਜੂ ਇਕ ਬਣਾਇਆ । ਆਪੇ ਜਪੇ ਦਿਵਸ ਰਾਤ, ਆਪਣੀ ਸੇਵ ਕਮਾਇਆ । ਤੁਸੀਂ ਸੌਣਾ ਬਣ ਇਕਾਂਤ, ਡਰ ਭੌ ਨਾ ਕੋਇ ਜਣਾਇਆ । ਦਰਸ ਦਿਖਾਏ ਬਿਧ ਬਿਧ ਭਾਂਤ, ਰੂਪ ਅਨੂਪ ਆਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਇਆ । ਸਾਚਾ ਮੰਦਰ ਗਿਆ ਸਜ, ਹਰਿ ਸੱਜਣ ਆਪ ਸੁਹਾਇਆ । ਛੱਬੀ ਪੋਹ ਪੜਦਾ ਕਜ, ਜਨ ਭਗਤਾਂ ਦਇਆ ਕਮਾਇਆ । ਨਿਰਗੁਣ ਵਿਚੋਂ ਗਿਆ ਵੱਜ, ਦੂਜਾ ਡੰਕਾ ਨਾਮ ਲਗਾਇਆ । ਗੁਰਮੁਖਾਂ ਕਰਾਇਆ ਇਕੋ ਹਜ, ਮੱਕਾ ਕਾਅਬਾ ਡੇਰਾ ਢਾਇਆ । ਮੁਹੰਮਦ ਦਰ ਦੁਆਰੇ ਸੱਦ, ਭਗਤਾਂ ਚਰਨੀ ਰਿਹਾ ਪਵਾਇਆ । ਅੰਤਮ ਕੀਤਾ ਅੱਡ, ਪਿਛੇ ਦਿਤਾ ਭੁਵਾਇਆ । ਕਰਿਆ ਖੇਲ ਪੁਰਖ ਸਮਰਥ, ਵੇਦ ਕਿਤਾਬ ਭੇਵ ਨਾ ਆਇਆ । ਜਾ ਕੇ ਅੱਲਾ ਰਾਣੀ ਰਿਹਾ ਦੱਸ, ਨੇਤਰ ਨੈਣਾਂ ਨੀਰ ਵਹਾਇਆ । ਮੇਰਾ ਕੋਈ ਨਾ ਚਲਿਆ ਵਸ, ਖਾਲੀ ਹੱਥ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਸਾਚਾ ਮੰਦਰ ਇਕ ਬਣਾਇਆ । ਹਰਿ ਕਾ ਮੰਦਰ ਡਿਠਾ ਅਪਾਰਾ, ਮੁਹੰਮਦ ਦਏ ਦੁਹਾਈਆ । ਉਪਰ ਓਥੇ ਚਲੇ ਨਾ ਕੋਈ ਚਾਰਾ, ਹਰਿਜਨ ਬੈਠੇ ਡੇਰਾ ਲਾਈਆ । ਜਿਨ੍ਹਾਂ ਮਿਲਿਆ ਮੀਤ ਮੁਰਾਰਾ, ਸਿਰ ਬੈਠਾ ਹੱਥ ਟਿਕਾਈਆ । ਮੈਂ ਚੌਦਾਂ ਸਦੀਆਂ ਰਿਹਾ ਕੁਵਾਰਾ, ਮੇਰੀ ਸਾਰ ਕਿਸੇ ਨਾ ਪਾਈਆ । ਨਾਤਾ ਛੱਡ ਗਏ ਚਾਰ ਯਾਰਾ, ਵਿਚ ਭਗਤਾਂ ਬੈਠੇ ਡੇਰਾ ਲਾਈਆ । ਮੇਰੀ ਕੋਈ ਨਾ ਸੁਣੇ ਪੁਕਾਰਾ, ਦਰੋਹੀ ਖ਼ੁਦਾ ਦੀ ਪਈ ਦੁਹਾਈਆ । ਮੇਰਾ ਨਜ਼ਰ ਨਾ ਆਏ ਪਰਵਰਦਿਗਾਰਾ, ਮੇਰੀ ਚੋਟੀ ਰਿਹਾ ਮੁਨਾਈਆ । ਮੇਰਾ ਮਕਬਰਾ ਕਰੇ ਹਾਹਾਕਾਰਾ, ਕੰਨੀ ਤਨ ਨਾ ਕੋਇ ਦਸਾਈਆ । ਅਲਫ਼ ਯੇ ਵਕਤ ਵਿਚਾਰਾ, ਮੇਰੀ ਖਤਮ ਹੋਈ ਪੜ੍ਹਾਈਆ । ਕਾਤਬ ਬਣ ਬਣ ਬਨਿਆ ਲਿਖਾਰਾ, ਲਿਖ ਲਿਖ ਆਇਤ ਸ਼ਰਾਇਤ ਸੁਣਾਈਆ । ਅੰਤਮ ਹਰਿ ਜੂ ਵਰਕਾ ਪਾੜਾ, ਲੇਖਾ ਰਿਹਾ ਮੁਕਾਈਆ । ਬਣਕੇ ਆਇਆ ਸੱਚਾ ਲਾੜਾ, ਬੇਐਬ ਸੱਚਾ ਮਾਹੀਆ । ਲੁੱਟੀ ਜਾਏ ਦਿਨ ਦਿਹਾੜਾ, ਨਾ ਸਕੇ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਮਿਲਿਆ ਮਾਣ ਹਰਿ ਦੁਆਰ, ਦੁਆਰਕਾ ਵਾਸੀ ਚਰਨੀ ਸੀਸ ਝੁਕਾਇੰਦਾ । ਚਲ ਕੇ ਆਏ ਘਨਈਆ ਲਾਲ, ਕ੍ਰਿਸ਼ਨ ਕ੍ਰਿਸ਼ਨ ਫੇਰਾ ਪਾਇੰਦਾ । ਰਾਮ ਦੋਏ ਜੋੜ ਕਰੇ ਪਰਨਾਮ, ਨੈਣ ਚਰਨਾਂ ਨਾਲ ਰਗੜਾਇੰਦਾ । ਈਸਾ ਮੂਸਾ ਦਰ ਦੁਆਰੇ ਕਰਨ ਸਲਾਮ, ਸਯਦਾ ਹਰਿ ਜੂ ਇਕ ਵਖਾਇੰਦਾ । ਮੁਹੰਮਦ ਜਨ ਭਗਤਾਂ ਕਰੇ ਪਹਿਚਾਨ, ਪੁਰਖ ਅਬਿਨਾਸ਼ੀ ਰਾਹ ਵਖਾਇੰਦਾ । ਦਰ ਆ ਕੇ ਮੰਗੇ ਦਾਨ, ਖਾਲੀ ਝੋਲੀ ਅੱਗੇ ਡਾਹਿੰਦਾ । ਅੱਗੇ ਚਾਰ ਬੈਠੇ ਜਵਾਨ, ਜਿਨ੍ਹਾਂ ਵੇਖ ਨੈਣ ਸ਼ਰਮਾਇੰਦਾ । ਅਜੀਤ ਸਿੰਘ ਵਡ ਬਲਵਾਨ, ਮੁਹੰਮਦ ਦਾੜ੍ਹੀ ਅਧ ਵਿਚ ਰਖਾਇੰਦਾ । ਨਾ ਹਿੰਦੂ ਨਾ ਮੁਸਲਮਾਨ, ਸਿੱਖ ਰੂਪ ਨਾ ਕੋਇ ਰਖਾਇੰਦਾ । ਮੇਰਾ ਸਾਂਝੇ ਯਾਰ ਨਾਲ ਇਮਾਨ, ਸ਼ਰੀਅਤ ਵਿਚ ਕਦੇ ਨਾ ਆਇੰਦਾ । ਚਾਰੋਂ ਕੁੰਟ ਦਿਸੇ ਬੇਈਮਾਨ, ਬੇਪਰਵਾਹ ਪੜਦਾ ਪਾਇੰਦਾ । ਅੱਗੇ ਸਵਰਨ ਸਿੰਘ ਦੱਸੇ ਮਕਾਨ, ਤੀਰ ਤੰਬਰ ਨਾ ਕੋਇ ਰਖਾਇੰਦਾ । ਸਮਲਾ ਸੱਥਰ ਦਿਸੇ ਨਾ ਕੋਈ ਮਿਆਨ, ਖੰਜਰ ਕੋਈ ਨਾ ਬਾਹਰ ਚਮਕਾਇੰਦਾ । ਗੋਬਿੰਦ ਦਿਤਾ ਇਕ ਗਿਆਨ, ਪੁਰਖ ਅਕਾਲ ਮਨਾਇੰਦਾ । ਮੁਹੰਮਦ ਤੇਰਾ ਛੱਡਿਆ ਈਮਾਨ, ਈਮਾਨਾ ਵਾਲਾ ਨਜ਼ਰੀ ਆਇੰਦਾ । ਜਿਸ ਨੂੰ ਝੁਕ ਕੇ ਇਕ ਵਾਰ ਕਰੀ ਸਲਾਮ, ਸੋ ਸਹੀ ਸਲਾਮਤ ਆਪਣੀ ਗੋਦ ਬਹਾਇੰਦਾ । ਘਰ ਆ ਕੇ ਦੇਵੇ ਪੈਗ਼ਾਮ, ਸੁੱਤਿਆਂ ਆਪ ਜਗਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਨਰਾਇਣ ਸਿੰਘ ਨਾ ਖੋਲ੍ਹਿਆ ਨੈਣ, ਅੱਖ ਨਾਲ ਨਾ ਅੱਖ ਮਿਲਾਈਆ । ਜਿਸ ਦਾ ਗੋਬਿੰਦ ਬਣਿਆ ਸਾਕ ਸੱਜਣ ਸੈਣ, ਸੀਸ ਸੀਸ ਨਾਲ ਵਟਾਈਆ । ਅੰਤਮ ਆਇਆ ਲਹਿਣਾ ਦੇਣਾ ਦੇਣ, ਨਿਰਗੁਣ ਰੂਪ ਧਰਾਈਆ । ਮੁਹੰਮਦ ਏਥੇ ਕੀ ਆਇਆ ਲੈਣ, ਅੱਗੋਂ ਬੋਲ ਰਿਹਾ ਸੁਣਾਈਆ । ਜਿਸ ਪੀਰ ਪੈਗ਼ੰਬਰ ਸਾਰੇ ਸਾਚਾ ਮੁਰਸ਼ਦ ਕਹਿਣ, ਸੋ ਮੁਰਸ਼ਦ ਮੁਰੀਦਾਂ ਹਾਲ ਰਿਹਾ ਸੁਣਾਈਆ । ਜਾ ਮਿਲ ਆਪਣੀ ਅੱਲਾ ਰਾਣੀ ਡਾਇਣ, ਜੋ ਤੈਨੂੰ ਰਹੀ ਖਾਈਆ । ਸਾਡੀ ਸੰਗਤ ਜੁੜੀ ਭਾਈ ਭੈਣ, ਨਾ ਸਕੇ ਨਾਤਾ ਤੁੜਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਦੂਰ ਸ਼ਰਮਾਇਨ, ਪੁਰਖ ਅਬਿਨਾਸ਼ੀ ਰਿਹਾ ਡਰਾਈਆ । ਅਸੀਂ ਛੱਡ ਦਿਤੇ ਸਾਕ ਸੱਜਣ ਸੈਣ, ਨਾਤਾ ਤੁਟਾ ਸਰਬ ਲੋਕਾਈਆ । ਪੜ੍ਹਾਈ ਛੱਡੀ ਐਨ ਗੈਨ, ਏਕਾ ਅਲਫ਼ ਆਪਣਾ ਹੱਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਚਬੂਤਰੇ ਬੈਠਾ ਆਸਣ ਲਾਈਆ । ਚਬੂਤਰੇ ਬੈਠਾ ਹਰਿ ਜੀ ਚੜ੍ਹ, ਏਕਾ ਚੌਕੜੀ ਲਈ ਲਗਾਈਆ । ਫੇਰ ਅੱਗੇ ਦਾ ਹਾਲ ਸੁਣਾਇਆ ਮੇਰੀ ਕਟਾਰ ਨਾ ਆਵੇ ਕਿਸੇ ਕੰਮ, ਮੇਰੀ ਸ਼ਮਸ਼ੀਰ ਦਏ ਦੁਹਾਈਆ । ਮੇਰੀ ਚਮੜੀ ਤੇਰੇ ਬਾਂਝੋਂ ਗਈ ਸੜ, ਮੁਹੰਮਦ ਕਾਅਬਾ ਗਿਆ ਮੈਂ ਅਧਵਿਚਕਾਰ ਬੈਠਾ ਆਰ ਮੈਨੂੰ ਪਾਰ ਨਾ ਕੋਇ ਲੰਘਾਈਆ । ਪੁਛ ਪੁਛ ਕੇ ਆਇਆ ਤੇਰਾ ਦਰ, ਲੋਕਲਾਜ ਗਵਾਈਆ । ਪਾਰਬ੍ਰਹਮ ਪ੍ਰਭ ਕਿਰਪਾ ਕਰ, ਮੇਰੇ ਖ਼ਲਕ ਖ਼ੁਦਾਈਆ । ਤੱਕ ਖਲਕ ਮੈਂ ਰਿਹਾ ਡਰ, ਮੇਰੀ ਸ਼ਖਸ਼ੀਅਤ ਨਾ ਕੋਇ ਵਡਿਆਈਆ । ਮੇਰੀ ਹੈਸੀਅਤ ਗਈ ਹਰ, ਤੇਰੀ ਅਸਲੀਅਤ ਨਜ਼ਰ ਨਾ ਆਈਆ । ਤੂੰ ਨੂਰ ਨੁਰਾਨਾ ਨੂਰ ਧਰ, ਲੋਕਮਾਤ ਫੇਰਾ ਪਾਈਆ । ਭਗਤਾਂ ਅੰਦਰ ਬੈਠਾ ਵੜ, ਦਿਸ ਕਿਸੇ ਨਾ ਆਈਆ । ਤੋਬਾ ਤੋਬਾ ਤੋਬਾ ਕਿਸ ਬਿਧ ਲਈਏ ਫੜ, ਤੇਰਾ ਰੂਪ ਰੰਗ ਨਜ਼ਰ ਕੋਇ ਨਾ ਆਈਆ । ਝੁਕ ਝੁਕ ਸਯਦਾ ਕਰੀਏ ਦਰ, ਬੇਦਰਦ ਦਰਦ ਲਿਤਾ ਵੰਡਾਈਆ । ਮੂੰਹ ਦੇ ਭਾਰ ਡਿਗਿਆਂ ਲੈਣਾ ਫੜ, ਤੂੰ ਬਖ਼ਸ਼ਣਹਾਰ ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਏਕਾ ਹਾਲ ਸੁਣਾਈਆ । ਤੇਰਾ ਵਿਖਾਵਾ ਇਕੋ ਯਾਰ, ਜਿਸ ਨਾਲ ਤੇਰੀ ਚਤੁਰਾਈਆ । ਤਿਸ ਕਲਮੇ ਕਰ ਪਿਆਰ, ਜੋ ਕਲਮਾ ਅਮਾਮ ਅਖਵਾਈਆ । ਤੂੰ ਬਣ ਸਾਢਨੀ ਅਸਵਾਰ, ਦਲਾਲ ਸਾਚੇ ਦਏ ਚੜ੍ਹਾਈਆ । ਮੁੱਲ ਪਾਵੇ ਆਪ ਨਿਰੰਕਾਰ, ਕੀਮਤ ਦਏ ਚੁਕਾਈਆ । ਚਲ ਕੇ ਔਣਾ ਦੂਜੀ ਵਾਰ, ਪਹਿਲੀ ਚੇਤ ਦਿਵਸ ਸੁਣਾਈਆ । ਫਿਰ ਪਾਏ ਸਭ ਦੀ ਸਾਰ, ਬੇਖ਼ਬਰ ਰਹਿਣ ਕੋਇ ਨਾ ਪਾਈਆ । ਬੇਸਬਰ ਪਿਆਲਾ ਠੋਕਰ ਦੇਵੇ ਮਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਵਾਹਵਾ ਗੁਰਸਿਖ ਤੇਰਾ ਜਾਮਾ ਜਨਮ ਜਨਮ ਵਿਚ ਆਇਆ ।

★ ★ ★ ★ ★